

ਆਤਮ ਮਾਰਗ ਪਬਲੀਕੇਸ਼ਨ
ਜੀਵਨ ਸੰਗਤਿ
ਲੇਖਕ- ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ

# ਜੀਵਨ ਜੁਗਤਿ

-: ਕਰਤਾ :-

ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਰਤਵਾੜਾ ਸਾਹਿਬ

ਏਕੋ ਬ੍ਰਹਮੰ ਦੁਤੀਯ ਨਾਸਤਿ

ੴ

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਭੇਟਾ - ਪ੍ਰਤੀ ਕਾਪੀ - 440/-

ਪਹਿਲੀ ਵਾਰ - ਅਕਤੂਬਰ 2010 - 500

ਦੂਜੀ ਵਾਰ - ਅਕਤੂਬਰ 2016 - 500

- ਪ੍ਰਕਾਸ਼ਕ -

ਵਿਸ਼ਵ ਗੁਰਮਿਤ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਗੁਰਦੁਆਰਾ ਈਸ਼ਰ ਪ੍ਰਕਾਸ਼, ਰਤਵਾੜਾ ਸਹਿਬ (ਨਿਊ ਚੰਡੀਗੜ੍ਹ)

# ਤਤਕਰਾ


| ਲੜੀ ਨੰ. | ਸਿਰਲੇਖ | ਪੰਨਾ ਨੰ. |
|---|---|---|
| 1. | ਅਵਰਿ ਕਾਜ ਤੇਰੈ ਕਿਤੈ ਨ ਕਾਮ ॥ | 1 |
| 2. | ਬਾਹਰਿ ਭੀਤਰਿ ਏਕੋ ਜਾਨਹੁ | 10 |
| 3. | ਸਾਕਾ ਸਰਹਿੰਦ | 23 |
| 4. | ਪ੍ਰਕਾਸ਼ ਉਤਸਵ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ | 40 |
| 5. | ਪ੍ਰਸੰਗ - ਭਾਈ ਦੀਪਾ, ਭਾਈ ਨਰਾਇਣ ਦਾਸ, ਭਾਈ ਬੁੱਲਾ | 56 |
| 6. | ਹਰਿ ਕੀਰਤਿ ਸਾਧਸੰਗਤਿ ਹੈ | 83 |
| 7. | ਵਡ ਜੋਧਾ ਬਹੁ ਪਰਉਪਕਾਰੀ | 103 |
| 8. | ਜਪੁਜੀ ਸਾਹਿਬ ਦਾ ਮਹਾਤਮ | 119 |
| 9. | ਵਿਸਾਖੀ | 150 |
| 10. | ਜੁਗਤੀ ਸੇਵਾ ਸਿਮਰਨ | 165 |
| 11. | ਵਿਚਿ ਦੁਨੀਆ ਸੇਵ ਕਮਾਈਐ...... | 192 |
| 12. | ਜਪ੍ਹਉ ਜਿਨ੍ ਅਰਜੁਨ ਦੇਵ ਗੁਰੂ.... | 218 |
| 13. | ਗੁਰੂ ਹਰਿਗੋਬਿੰਦ ਸਾਹਿਬ ਜੀ | 240 |
| 14. | ਧੰਨੁ ਧੰਨੁ ਧੰਨੁ ਜਨੁ ਆਇਆ ॥ | 262 |
| 15. | ਪਰਿਆ ਤਉ ਸਰਨਾਇ ॥ | 286 |
| 16. | ਬਿਨੁ ਹਰਿ ਨਾਮ ਨ ਸਾਂਤਿ ਹੋਇ | 310 |
| 17. | ਤਬ ਹਮ ਜਨਮ ਕਲੂ ਮਹਿ ਲੀਆ | 329 |
| 18. | ਭੋਗੇ ਬਿਨ ਭਾਗੇ ਨਹੀ ਕਰਮ ਗਤੀ ਬਲਵਾਨ | 348 |
| 19. | ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ ॥ | 365 |
| 20. | ਬਾਬਾ ਸਾਹਿਬ ਸਿੰਘ ਜੀ ਬੇਦੀ ਊਨਾ ਸਾਹਿਬ | 380 |
| 21. | ਸ਼ਬਦ ਗੁਰੂ | 396 |
| 22. | ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ | 411 |
| 23. | ਵੈਦ ਸੁਜਾਨ ਰਾਇ ਜੀ | 429 |
| 24. | ਸ੍ਰੀ ਗੁਰੂ ਨਾਨਕ ਦੇਵ ਜੀ-ਮਾਤਾ ਪਿਤਾ ਨੂੰ ਉਪਦੇਸ਼ | 448 |
| 25. | ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ ॥ | 470 |
| 26. | ਸ੍ਰੀ ਗੁਰੂ ਨਾਨਕ ਦੇਵ ਜੀ - ਹਰਿਦੁਆਰ ਫੇਰੀ | 482 |
| 27. | ਸ੍ਰੀ 108 ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ | 503 |
| 28. | ਭਾਈ ਘਨੱਈਆ ਜੀ | 512 |
| 29. | ਨਾਮ ਤੇ ਸੇਵਾ | 530 |
| 30. | ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ | 546 |
| 31. | ਸਾਕਾ ਚਮਕੌਰ ਸਾਹਿਬ | 570 |
| 32. | ਜੋ ਜੋ ਸਰਣਿ ਪਰੈ ਸਾਧੂ ਕੀ ਸੋ ਪਾਰਗਰਾਮੀ ਕੀਆ ॥ | 586 |
| 33. | ਭਈ ਪਰਾਪਤਿ ਮਾਨੁਖ ਦੇਹੁਰੀਆ | 608 |
| 34. | ਪ੍ਰਭ ਇਹੈ ਮਨੋਰਥੁ ਮੇਰਾ | 629 |
| 35. | ਰੇ ਚਿਤ ਚੇਤਿ ਚੇਤ ਅਚੇਤ ॥ | 643 |
| 36. | ਮਨ ਜਿਤੇ ਜਗ ਜੀਤ | 649 |

| ਲੜੀ ਨੰ. | ਸਿਰਲੇਖ | ਪੰਨਾ ਨੰ. |
|---|---|---|
| 37. | ਕਬਹੂ ਜੀਅੜਾ ਊਭਿ ਚੜਤੁ ਹੈ | 655 |
| 38. | ਫਿਰਤ ਫਿਰਤ ਬਹੁਤੇ ਜੁਗ ਹਾਰਿਓ | 662 |
| 39. | ਮਿਟੀ ਧੁੰਧੁ ਜਗਿ ਚਾਨਣੁ ਹੋਆ। | 668 |
| 40. | ਗੁਰਮੁਖਿ ਕੋਟਿ ਉਧਾਰਦਾ | 672 |
| 41. | ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ॥ | 676 |
| 42. | ਮਿਲੁ ਜਗਦੀਸ ਮਿਲਨ ਕੀ ਬਰੀਆ॥ | 680 |
| 43. | ਸਾਈ ਨਾਮੁ ਅਮੋਲੁ | 685 |
| 44. | ਜੈਸੀ ਕਲਮ ਵੁੜੀ ਹੈ ਮਸਤਕਿ | 687 |
| 45. | ਕਹੁ ਨਾਨਕ ਕਰਤੇ ਕੀਆ ਬਾਤਾ | 692 |
| 46. | ਸਤਿਸੰਗਤਿ ਕੈਸੀ ਜਾਣੀਐ॥ | 695 |
| 47. | ਪ੍ਰਭ ਕੀ ਸਰਣਿ | 702 |
| 48. | ਕਲਜੁਗ ਮਹਿ ਕੀਰਤਨੁ ਪਰਧਾਨਾ॥ | 704 |
| 49. | ਮੁਖਹੁ ਹਰਿ ਹਰਿ ਸਭੁ ਕੋ ਕਰੈ | 712 |
| 50. | ਏਕ ਏਕੁ ਕਹੈ ਸਭੁ ਕੋਈ | 716 |
| 51. | ਅਉਖੀ ਘੜੀ ਨਾ ਦੇਖਣ ਦੇਈ | 722 |
| 52. | ਕੋਟਨ ਮੈ ਨਾਨਕ ਕੋਊ | 729 |
| 53. | ਏਕ ਚਿਤ ਜਿਹ ਇਕ ਛਿਨ ਧਿਆਇਓ | 735 |
| 54. | ਸਾਧਸੰਗਿ ਧਰਮ ਰਾਇ ਕਰੇ ਸੇਵਾ ॥ | 738 |
| 55. | ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ | 740 |
| 56. | ਕਬੀਰ ਸਭ ਤੇ ਹਮ ਬੁਰੇ | 745 |
| 57. | ਫਿਰਤ ਫਿਰਤ ਬਹੁਤੇ ਜੁਗ ਹਾਰਿਓ | 749 |
| 58. | ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ | 754 |
| 59. | ਅਉਖੀ ਘੜੀ ਨ ਦੇਖਣ ਦੇਈ | 758 |
| 60. | ਕਈ ਕੋਟਿਕ ਜਗ ਫਲਾ | 765 |
| 61. | ਸਿਰਿ ਕਰਮਨ ਕੈ ਕਰਮਾ ॥ | 768 |
| 62. | ਚਾਰਿ ਪਦਾਰਥ ਜੇ ਕੋ ਮਾਗੈ ॥ | 769 |
| 63. | ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ | 773 |
| 64. | ਕੋਈ ਜਨੁ ਹਰਿ ਸਿਉ ਦੇਵੈ ਜੋਰਿ | 780 |
| 65. | ਇਛਾ ਪੂਰਕੁ ਸਰਬ ਸੁਖਦਾਤਾ | 786 |
| 66. | ਅਕਾਲ ਮੂਰਤਿ ਹੈ ਸਾਧ ਸੰਤਨ ਕੀ | 791 |
| 67. | ਮਤੁ ਦੇਖਿ ਭੂਲਾ ਵੀਸਰੈ | 795 |
| 68. | ਲਾਗੀ ਹੋਇ ਸੁ ਜਾਨੈ ਪੀਰ ॥ | 801 |
| 69. | ਇਸ ਕਾ ਬਲੁ ਨਾਹੀ ਇਸੁ ਹਾਥ ॥ | 805 |
| 70. | ਅਬ ਕਲੂ ਆਇਓ ਰੇ ॥ | 809 |
| 71. | ਮਨਮੁਖੁ ਦੁਖ ਕਾ ਖੇਤੁ ਹੈ | 811 |
| 72. | ਸਤਸੰਗਤਿ ਕੈਸੀ ਜਾਣੀਐ ॥ | 814 |

# ਭੂਮਿਕਾ

ਪਿਆਰੇ ਮਹਾਂਪੁਰਸ਼ (ਸ੍ਰੀ ਮਾਨ ਸੰਤ ਵਰਿਆਮ ਸਿੰਘ ਜੀ) ਦੇ 72 ਧਾਰਮਿਕ ਦੀਵਾਨਾਂ 825 ਪੰਨਿਆਂ ਦਾ ਸੰਗ੍ਰਹਿ, ਪੁਸਤਕ ਰੂਪ ਵਿਚ, ਪਹਿਲੀ ਵਾਰ ਅਕਤੂਬਰ 2010 ਵਿਚ ਛਪਿਆ ਸੀ। ਇਸ ਦੀ ਦੂਜੀ ਛਾਪ, 30, 31 ਅਕਤੂਬਰ ਅਤੇ 1, 2 ਨਵੰਬਰ 2016 ਨੂੰ ਹੋ ਰਹੇ ਮਹਾਨ ਗੁਰਮਤਿ ਸਮਾਗਮਾਂ ਸਮੇਂ ਸੰਗਤਾਂ ਨੂੰ ਭੇਟਾ ਕੀਤੀ ਜਾ ਰਹੀ ਹੈ। ਸਾਰੇ ਦੀਵਾਨਾਂ ਵਿਚ ਜੀਵਨ ਨੂੰ ਸਫਲਾ ਕਰਨ ਲਈ, ਗੁਰਬਾਣੀ, ਗੁਰਸ਼ਬਦ, ਨਾਮ-ਸਿਮਰਨ ਨਾਲ ਜੁੜਨ ਦੀ ਪ੍ਰੇਰਨਾ ਕੀਤੀ ਹੈ। ਇਨ੍ਹਾਂ ਪ੍ਰਵਚਨਾਂ ਵਿਚ ਸੰਸਾਰਕ ਉਲਝਣਾਂ ਵਿਚ ਚਿੰਤਤ ਮਨੁੱਖ ਦਾ ਮਾਰਗ ਦਰਸ਼ਨ ਕੀਤਾ ਗਿਆ ਹੈ। ਮਨੁੱਖਾ ਜੀਵਨ ਨੂੰ ਪ੍ਰਾਪਤ ਹੋਇਆ ਇਕ ਦੁਰਲੱਭ ਅਵਸਰ ਦਸ ਕੇ, ਗੁਰੂ ਦੀ ਸ਼ਰਨ ਵਿਚ ਆ ਕੇ, ਨਾਮ-ਜਪ ਦੇ ਅਭਿਆਸ ਲਈ ਨਾ ਕੇਵਲ ਪ੍ਰੇਰਿਤ ਕੀਤਾ ਹੈ ਸਗੋਂ ਨਾਮ-ਸਿਮਰਨ ਦੀਆਂ ਜੁਗਤੀਆਂ ਦੱਸੀਆਂ ਹਨ ਅਤੇ ਅਗਵਾਈ ਕਰਕੇ, ਸੰਗਤ ਨੂੰ ਨਾਮ-ਸਿਮਰਨ ਦੇ ਵਾਰ-ਵਾਰ ਅਭਿਆਸ ਕਰਾਏ ਹਨ। 72 ਦੀਵਾਨਾਂ ਵਿਚੋਂ 30 ਦੀਵਾਨਾਂ ਦਾ ਵਿਸ਼ਾ ਨਾਮ-ਸਿਮਰਨ ਅਭਿਆਸ ਹੈ - ਗੁਰਬਾਣੀ ਰਾਹੀਂ ਪ੍ਰੇਰਨਾ ਕੀਤੀ ਹੈ ਕਿ ਮਨੁੱਖਾ ਜਨਮ ਬੜੀ ਘਾਲਣਾ ਉਪਰੰਤ ਪ੍ਰਾਪਤ ਹੁੰਦਾ ਹੈ। ਪ੍ਰਭੂ ਮਿਲਾਪ ਲਈ ਮਿਲਿਆ ਇਹ ਦੁਰਲੱਭ ਅਵਸਰ ਹੈ। ਏਥੇ ਆ ਕੇ ਇਹ ਮਹਿਸੂਸ ਕਰਨਾ ਹੈ ਕਿ - ***(ਅਵਰਿ ਕਾਜ ਤੇਰੈ ਕਿਤੈ ਨ ਕਾਮ)***।

ਐਸਾ ਅੰਮ੍ਰਿਤ-ਨਾਮ ਦਾ ਨਿਵਾਸ ਮਨੁੱਖ ਦੇ ਅੰਦਰ ਹੈ -

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥ ਦੇਹੀ ਮਹਿ ਇਸ ਕਾ ਬਿਸ੍ਰਾਮੁ ॥*** ***ਅੰਗ - ੨੯੩***

ਸੰਗਤ ਵਿਚ ਕੀਤਾ ਹੋਇਆ ਸਿਮਰਨ, ਹਰੀ-ਜਸ-ਕੀਰਤਨ, ਜਲਦੀ ਫਲੀਭੂਤ ਹੁੰਦਾ ਹੈ ***(ਹਰਿ ਕੀਰਤ ਸਾਧ ਸੰਗਤਿ ਹੈ)*** ਸੇਵਾ ਤੇ ਸਿਮਰਨ ਦਾ ਗਾੜ੍ਹਾ ਸਬੰਧ ਹੈ (ਜੁਗਤੀ ਸੇਵਾ ਸਿਮਰਨ, ***ਵਿਚਿ ਦੁਨੀਆ ਸੇਵ ਕਮਾਈਐ*** ਅਤੇ ਨਾਮ ਤੇ ਸੇਵਾ) ਮਨ ਨੂੰ ਵਿਸ਼ੇ-ਵਿਕਾਰਾਂ ਤੋਂ ਰੋਕ ਕੇ ਹੀ ਸਿਮਰਨ ਵਿਚ ਧਿਆਨ ਜੁੜਦਾ ਹੈ (ਮਨ ਨੂੰ ਜਿੱਤਣਾ), ਸਿਮਰਨ ਲਈ ਅੰਮ੍ਰਿਤ ਵੇਲਾ ਸਭ ਤੋਂ ਸ੍ਰੇਸ਼ਠ ਹੈ (ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ), ਮਾਇਆ ਦੇ ਚਾਰ ਰੂਪ ਮਨੁੱਖ ਦੀ ਬਿਰਤੀ ਨੂੰ ਪ੍ਰਭੂ ਨਾਲੋਂ ਤੋੜ ਕੇ ਮਾਇਆ ਨਾਲ ਜੋੜਦੇ ਹਨ, ***(ਮਤ ਦੇਖਿ ਭੂਲਾ ਵੀਸਰੈ)*** ਕਲਯੁਗ ਵਿਚ ਕੇਵਲ ਨਾਮ-ਸਿਮਰਨ ਹੀ ਪ੍ਰਭੂ ਮਿਲਾਪ ਦਾ ਸਾਰਥਕ ਤਰੀਕਾ ਹੈ। ***(ਅਬ ਕਲੂ ਆਇਓ ਰੇ)*** ਸਾਧੂ, ਸੰਤ, ਹਰਿ ਜਨ ਦੀ ਸੰਗਤਿ ਪ੍ਰਭੂ ਮਿਲਾਪ ਵਿਚ, ਨਾਮ-ਸਿਮਰਨ ਵਿਚ ਜੁੜਨ ਹਿਤ ਬਹੁਤ ਸਹਾਈ ਹੁੰਦੀ ਹੈ ***(ਕੋਈ ਜਨੁ ਹਰਿ ਸਿਉ ਦੇਵੈ ਜੋਰਿ),*** ਗੁਰਮੁਖਿ ਕੋਟਿ ਉਧਾਰਦਾ, ਮਹਿਮਾ ਸਾਧੂ ਸੰਗ ਕੀ), ਸਿਮਰਨ ਵਿਚ ਜੁੜਿਆਂ ਪ੍ਰਭੂ ਨਾਮ-ਅਭਿਆਸੀ ਨੂੰ ਔਖੀਆਂ ਘਾਟੀਆਂ ਤੋਂ ਬਚਾ ਕੇ ਰਖਦਾ ਹੈ। ***(ਅਉਖੀ ਘੜੀ ਨ ਦੇਖਣ ਦੇਈ)***। ਸਾਰੇ ਦੀਵਾਨ ਸਾਡੇ ਜੀਵਨ ਨੂੰ ਸੁਖੀ, ਸੁਹੇਲਾ, ਸਹਜਮਈ, ਰਹੱਸਮਈ, ਅਨੰਦਮਈ ਬਣਨ ਵਿਚ ਸੇਧ ਬਖਸ਼ਦੇ ਹਨ। ਇਹ ਬਚਨ ਪ੍ਰਭੂ ਨਾਲ ਜੁੜੀ, ਨਾਮ-ਅੰਮ੍ਰਿਤ ਨਾਲ ਸਰਸ਼ਾਰ ਹਸਤੀ ਦੀ ਰਸਨਾ ਤੋਂ ਉਚਾਰਨ ਹੋਏ ਹਨ, ਇਸ ਲਈ ਸਾਰਥਕ ਹਨ, ਅਨਮੋਲ ਹਨ, ਸਫਲ-ਜੀਵਨ ਘੜਨ ਦੇ ਸਮਰੱਥ ਹਨ।

ਕੁਝ ਦੀਵਾਨ ਗੁਰੂ ਮਹਾਰਾਜ ਜੀ ਦੀਆਂ ਜੀਵਨੀਆਂ ਨਾਲ ਸਬੰਧਿਤ ਹਨ। ਤਿੰਨ ਦੀਵਾਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੀਵਨੀ, ਉਦਾਸੀਆਂ, ਸਿੱਧਾਂ ਨਾਲ ਹੋਈ ਗੋਸ਼ਟੀ (ਸਿਧਿ ਗੋਸ਼ਟ), ਵੈਦ ਨਾਲ ਚਰਚਾ ਨਾਲ ਸਬੰਧਿਤ ਹਨ ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ (22), ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮਾਤਾ ਪਿਤਾ ਨੂੰ ਉਪਦੇਸ਼ (24) ਹਰਿਦੁਆਰ ਫੇਰੀ (26) ਵੈਦ ਸੁਜਾਨ ਰਾਇ (23)। ਇਨ੍ਹਾਂ ਦੀਵਾਨਾਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਮਨੁੱਖਤਾ ਨੂੰ ਫੋਕਟ ਕਰਮ ਕਾਂਡਾਂ ਵਿਚੋਂ ਕੱਢ ਕੇ ਪ੍ਰਭੂ ਦੀ ਮਹਿਮਾ ਨਾਮ ਸਿਮਰਨ ਦੀ ਮਹਿਮਾ ਨਾਲ ਜੋੜਿਆ। ਕੁਝ ਦੀਵਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ, ਸਾਹਿਬਜ਼ਾਦਿਆਂ ਦੀ ਸ਼ਹਾਦਤ ਅਤੇ ਵਿਸਾਖੀ ਦੇ ਮਹਾਨ ਪੁਰਬ ਤੇ ਖਾਲਸੇ ਦੀ ਸਿਰਜਨਾ ਦੀ ਮਹਾਨਤਾ ਪ੍ਰਗਟ ਕਰਦੇ ਹਨ - ਪ੍ਰਕਾਸ਼ ਉਤਸਵ ਗੁਰੂ ਗੋਬਿੰਦ ਸਿੰਘ ਜੀ (4) ***ਤਬ ਹਮ ਜਨਮ ਕਲੂ ਮਹਿ ਲੀਆ*** (17) ਸਾਕਾ ਚਮਕੌਰ ਸਾਹਿਬ (31) ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ (30) ਸਾਕਾ ਸਰਹੰਦ (3)

ਇਨ੍ਹਾਂ ਇਤਿਹਾਸਕ ਦੀਵਾਨਾਂ ਵਿਚ ਸਿੱਖ ਗੁਰੂਆਂ ਦੀ ਸਖਸ਼ੀਅਤ ਦੇ ਰੂਹਾਨੀ ਪੱਖ ਨੂੰ ਉਜਾਗਰ ਕੀਤਾ ਗਿਆ ਹੈ। ਜਪ੍ਹਉ ਜਿਨ੍ਹ ਅਰਜਨ ਦੇਵ ਗੁਰੂ (12) ਵਿਚ ਆਪ ਜੀ ਨੇ ਰੱਬੀ ਹੁਕਮ ਦੀ ਖਿੜੇ ਮੱਥੇ ਪਾਲਨਾ ਕਰਨੀ,

ਭਾਣੇ ਨੂੰ ਮਿੱਠਾ ਕਰਕੇ ਮੰਨਣ ਦਾ ਸਿਧਾਂਤ ਦ੍ਰਿੜ੍ਹ ਕਰਵਾਇਆ। 'ਗੁਰੂ ਹਰਿਗੋਬਿੰਦ ਸਾਹਿਬ ਜੀ' (੧੩) ਆਪ ਜੀ ਨੇ ਮੀਰੀ-ਪੀਰੀ ਦੇ ਸਿਧਾਂਤ ਨੂੰ ਸਪੱਸ਼ਟ ਕੀਤਾ ਹੈ। ਇਨ੍ਹਾਂ ਦੀਵਾਨਾਂ ਵਿਚ ਗੁਰ ਇਤਿਹਾਸ ਵੀ ਹੈ ਪਰ ਇਸ ਤੋਂ ਵੱਧ ਰੂਹਾਨੀ ਪੱਖ ਵਧੇਰੇ ਦ੍ਰਿਸ਼ਟਮਾਨ ਹੋਇਆ ਹੈ।

ਆਸ ਹੈ ਸੰਗਤ ਇਨ੍ਹਾਂ ਪ੍ਰਵਚਨਾਂ ਤੋਂ ਪੂਰਾ-ਪੂਰਾ ਲਾਭ ਪ੍ਰਾਪਤ ਕਰਕੇ ਜੀਵਨ ਨੂੰ ਸਫਲ ਤੇ ਸੁਹੇਲਾ ਬਣਾਏਗੀ।

ਗੁਰੂ ਜੀ ਦੀ ਬਖਸ਼ਿਸ਼ ਅਤੇ ਪਿਆਰੇ ਮਹਾਂਪੁਰਸ਼ਾਂ ਦੀ ਅਸੀਸ ਸਦਕਾ ਧਾਰਮਿਕ ਦੀਵਾਨਾਂ ਦਾ ਸਿਲਸਿਲਾ, ਰਤਵਾੜਾ ਸਾਹਿਬ ਅਤੇ ਦੇਸ, ਵਿਦੇਸ਼ ਵਿਚ ਨਿਰੰਤਰ ਜਾਰੀ ਹੈ। ਹੋਰ ਸਭ ਸੇਵਾਵਾਂ, ਸਕੂਲ ਕਾਲਜ, ਬਿਰਧ ਆਸ਼ਰਮ, ਫਰੀ ਸਿਲਾਈ ਸੈਂਟਰ, ਫਰੀ ਹਸਪਤਾਲ, ਲੈਬੋਰੇਟਰੀ ਆਦਿ ਸਹੂਲਤਾਂ ਵੀ ਨਿਰੰਤਰ ਦਿਤੀਆਂ ਜਾ ਰਹੀਆਂ ਹਨ। ਸੰਗਤਾਂ ਦੀ ਸਹੂਲਤ ਲਈ ਨਵੀਆਂ ਇਮਾਰਤਾਂ ਦਾ ਨਿਰਮਾਣ ਹੋਇਆ ਹੈ। ਗੁਰੂ ਨਾਨਕ ਸਾਹਿਬ ਦਾ ਲਾਇਆ ਰੂਹਾਨੀਅਤ ਦਾ ਇਹ ਬਿਰਖ ਜਿਸ ਦਾ ਪ੍ਰਚਾਰ ਪਿਆਰੇ ਮਹਾਂਪੁਰਸ਼ਾਂ ਨੇ ਦੇਸ ਵਿਦੇਸ਼ ਵਿਚ ਕੀਤਾ ਪ੍ਰਫੁੱਲਤ ਹੋ ਕੇ ਮਨੁੱਖਤਾ ਨੂੰ ਠੰਢੀ ਛਾਂ, ਰੂਹਾਨੀ ਸ਼ਾਂਤੀ ਅਤੇ ਅਨੰਦ ਬਖਸ਼ਿਸ਼ ਕਰ ਰਿਹਾ ਹੈ। ਇਸ ਸਫਲਤਾ ਵਿਚ ਆਪ ਜੀ ਸਮੂੰਹ ਸੰਗਤ ਦਾ ਦਿਲੀ ਸਹਿਯੋਗ ਹੈ। ਗੁਰੂ ਮਹਾਰਾਜ ਆਪ ਕਿਰਪਾ ਕਰਕੇ ਸੰਗਤ ਨੂੰ ਅਤੇ ਸੇਵਕਾਂ ਨੂੰ ਸੇਵਾ ਕਰਨ ਦਾ ਬਲ ਬਖਸ਼ਿਸ਼ ਕਰਨ।

(ਬਾਬਾ) ਲਖਬੀਰ ਸਿੰਘ , ਚੇਅਰਮੈਨ

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ,

ਰਤਵਾੜਾ ਸਾਹਿਬ।

ਸੰਪਾਦਕ -

ਭਾਈ ਸੁਖਵਿੰਦਰ ਸਿੰਘ

ਮੈਨੇਜਿੰਗ ਐਡੀਟਰ

ਅਦਾਰਾ 'ਆਤਮ ਮਾਰਗ'

ਮਿਤੀ : 05-10-2016

ਰਤਵਾੜਾ ਸਾਹਿਬ

## ਮੁਖ ਬੰਦ

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ, ਰਤਵਾੜਾ ਸਾਹਿਬ ਦੇ ਫਾਊਂਡਰ ਚੇਅਰਮੈਨ ਸਚਖੰਡਵਾਸੀ ਸ੍ਰੀ ਮਾਨ ਸੰਤ ਵਰਿਆਮ ਸਿੰਘ ਜੀ ਬਹੁਪੱਖੀ ਸ਼ਖਸ਼ੀਅਤ ਦੇ ਮਾਲਕ ਸਨ। ਜਿਥੇ ਉਨ੍ਹਾਂ ਨੇ ਗੁਰਮਤਿ ਪ੍ਰਚਾਰ ਦੇ ਰੂਹਾਨੀ ਖੇਤਰ ਵਿਚ ਦੇਸ਼ ਵਿਦੇਸ ਦੀਆਂ ਸੰਗਤਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ ਉਥੇ ਇਲੈਕਟਰੋਨਿਕ ਮੀਡੀਏ ਅਤੇ ਲਿਟਰੇਚਰ ਦੇ ਖੇਤਰ ਵਿਚ ਭਰਪੂਰ ਯੋਗਦਾਨ ਪਾ ਕੇ ਪੰਥ ਦੀ ਸੇਵਾ ਕੀਤੀ। ਗੁਰਮਤਿ ਦੀ ਸੇਧ ਤੇ ਸੋਝੀ ਦੇਣ ਵਾਲੇ ਉਨ੍ਹਾਂ ਦੇ ਕੀਰਤਨ ਅਤੇ ਪ੍ਰਬਚਨ ਇੰਟਰਨੈਟ ਦੇ ਮੀਡੀਏ ਰਾਹੀਂ ਜਗਿਆਸੂਆਂ ਦੀ ਆਤਮਿਕ ਮੰਗ ਨੂੰ ਪੂਰਾ ਕਰ ਰਹੇ ਹਨ। ਲਿਟਰੇਚਰ ਦੇ ਖੇਤਰ ਵਿਚ ਜਿਥੇ ਅਨੇਕਾਂ ਪੁਸਤਕਾਂ ਉਪਲਬਧ ਹਨ ਉਥੇ ਆਤਮ ਮਾਰਗ ਮੈਗਜ਼ੀਨ ਹਰ ਮਹੀਨੇ ਸੰਗਤਾਂ ਦੇ ਘਰੋਂ-ਘਰੀਂ ਪਹੁੰਚ ਕੇ ਗੁਰਮਤਿ ਦਾ ਸੰਦੇਸ਼ ਦੇ ਰਿਹਾ ਹੈ ਤੇ ਆਉਣ ਵਾਲੇ ਸਮੇਂ ਵਿਚ ਵੀ ਦਿੰਦਾ ਰਹੇਗਾ। ਪ੍ਰਚਾਰ ਹਿਤ ਨੂੰ ਮੁੱਖ ਰੱਖ ਕੇ ਗੁਰਮਤਿ ਲਿਟਰੇਚਰ ਲਗਾਤਾਰ ਸੰਗਤਾਂ ਤੇ ਜਗਿਆਸੂਆਂ ਨੂੰ ਕੇਵਲ ਲਾਗਤ ਕੀਮਤ ਤੋਂ ਵੀ ਘੱਟ ਮੋਖ ਵਿਚ ਮੁਹੱਈਆ ਕਰਵਾਇਆ ਜਾ ਰਿਹਾ ਹੈ ਤਾਂਕਿ ਮਹਾਂਪੁਰਸ਼ਾਂ ਦੇ ਬਚਨਾਂ ਨੂੰ ਪੜ੍ਹ ਕੇ ਜਗਿਆਸੂ ਜੀਵਨ ਜੁਗਤੀ ਨੂੰ ਸਮਝ ਕੇ ਸਤਿਗੁਰੂ ਜੀ ਦਾ ਸੱਚਾ-ਸੁੱਚਾ ਸਿੰਘ ਬਣ ਕੇ ਦੇਸ਼ ਕੌਮ ਤੇ ਸਮਾਜ ਦੀ ਸੇਵਾ ਕਰਕੇ ਜੀਵਨ ਸਫਲ ਕਰ ਸਕੇ।

ਜੀਵਨ ਦੇ ਅਸਲੀ ਮੰਤਵ ਨੂੰ ਸਮਝਣਾ ਹੀ ਜੀਵਨ ਜੁਗਤਿ ਨੂੰ ਸਮਝਣਾ ਹੈ। ਜੀਵਨ ਦਾ ਅਸਲੀ ਮੰਤਵ ਹੈ -

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥* ਅੰਗ - ੧੨

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥* ਅੰਗ - ੪੪੧

ਇਸ ਦੀ ਪ੍ਰਾਪਤੀ ਲਈ ਕਿਸੇ ਖਾਸ ਜੀਵਨ ਦੇ ਗਾਡੀ ਰਾਹ ਦੀ ਲੋੜ ਹੈ। ਸਮਰੱਥ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਵਲੋਂ ਇਸ ਪ੍ਰਤੀ ਅਨੇਕਾਂ ਫੁਰਮਾਨ ਪ੍ਰਾਪਤ ਹਨ। ਇਹ ਜੁਗਤਿ ਹੈ ਸਾਰੀਆਂ ਜ਼ਿੰਮੇਵਾਰੀਆਂ ਸੰਭਾਲਦੇ ਹੋਏ ਨਿਰਲੇਪ ਅਵਸਥਾ ਵਿਚ ਰਹਿਣਾ ਹੈ।

*ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥*
*ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥* ਅੰਗ - ੯੩੮

*ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥*
*ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥* ਅੰਗ - ੫੨੨

'ਗੁਰਮੁਖ ਮਾਇਆ ਵਿਚ ਉਦਾਸੀ' ਦੀ ਅਵਸਥਾ ਵਾਲੀ ਜੁਗਤਿ ਹੈ। ਅਨੇਕਤਾ ਵਿਚ ਏਕਤਾ ਹੈ। ਇਹਨਾਂ ਸਿਧਾਂਤਾਂ ਦੀ ਪੁਸ਼ਟੀ ਹਿੱਤ ਮਹਾਂਪੁਰਸ਼ਾਂ ਦੇ ਪ੍ਰਬਚਨ ਹਥਲੀ ਪੁਸਤਕ ਵਿਚ ਸੁਭਾਇਮਾਨ ਹਨ।

'ਜੀਵਨ ਜੁਗਤਿ' ਪੁਸਤਕ ਦੇ ਇਸ ਸਿਰਲੇਖ ਤੋਂ ਸਹਿਜੇ ਹੀ ਅੰਦਾਜ਼ਾ ਲਗ ਜਾਂਦਾ ਹੈ ਕਿ ਇਸ ਵਿਚ ਪਿਆਰੇ ਮਹਾਂਪੁਰਸ਼ਾਂ ਵਲੋਂ ਨਿਵੇਕਲੀ ਗੁਰਮਤਿ ਦੀ ਰਹਿਣੀ, ਬਹਿਣੀ ਵਾਲੀ ਜੁਗਤਿ ਦ੍ਰਿੜ੍ਹ ਕਰਵਾਈ ਗਈ ਹੈ। ਇਸ ਪੁਸਤਕ ਵਿਚ ਸਿੱਖ ਇਤਿਹਾਸ ਵਿਚੋਂ ਬਹੁਤ ਸਾਰੇ ਪ੍ਰਸੰਗਾਂ ਅਤੇ ਸਾਖੀਆਂ ਰਾਹੀਂ ਗੁਰਮਤਿ ਦੀ ਰੋਸ਼ਨੀ ਵਿਚ ਜੀਵਨ ਦੀ ਸਾਰਥਕਤਾ ਪ੍ਰਤੀ ਜੁਗਤੀਆਂ ਨੂੰ ਸਰਲ ਸ਼ਬਦਾਂ ਵਿਚ ਪ੍ਰਗਟਾਇਆ ਗਿਆ ਹੈ। ਦੁਨੀਆਂ ਦੇ ਤਮਾਮ ਕਾਰਜਾਂ ਦੀ ਸਫਲਤਾ ਲਈ ਕੋਈ ਨਾ ਕੋਈ ਫਾਰਮੂੱਲਾ, ਅਸੂਲ, ਨਿਯਮ ਨਿਰਧਾਰਤ ਕੀਤੇ ਜਾਂਦੇ ਹਨ। ਇਸੇ ਤਰ੍ਹਾਂ ਸਮੁੱਚੇ ਜੀਵਨ ਦੀ ਸਫਲਤਾ ਲਈ ਵੀ ਕਿਸੇ ਜੁਗਤੀ ਦਾ ਹੋਣਾ ਜ਼ਰੂਰੀ ਹੈ। ਲੋੜ ਹੈ ਦੁਨਿਆਵੀ ਕਾਰਜਾਂ ਅਤੇ ਜ਼ਿੰਮੇਵਾਰੀਆਂ ਨੂੰ ਸੰਭਾਲਦੇ ਹੋਏ ਜੀਵਨ ਦੀ ਸਾਰਥਿਕਤਾ ਨੂੰ ਜਾਨਣ ਦੀ।

ਇਸ ਪੁਸਤਕ ਵਿਚ ਪਿਆਰੇ ਮਹਾਂਪੁਰਸ਼ਾਂ ਵਲੋਂ ਆਏ ਅਨੁਭਵੀ ਪ੍ਰਵਚਨਾਂ ਰਾਹੀਂ ਜੀਵਨ ਪ੍ਰਤੀ ਸੁਚੱਜੀ ਨਿਵੇਕਲੀ ਗੁਰਮਤਿ ਦੇ ਪ੍ਰਕਾਸ਼ ਵਿਚ ਜੁਗਤੀਆਂ ਦੱਸੀਆਂ ਗਈਆਂ ਹਨ। ਲੋਕ ਵਿਚ ਰਹਿੰਦੇ ਹੋਏ ਕਿਵੇਂ ਪ੍ਰਲੋਕ ਸੰਵਾਰਨਾ ਹੈ? ਸਾਡੇ ਜੀਵਨ ਦਾ ਕੀ ਮਨੋਰਥ ਹੈ? ਇਸ ਮਨੁੱਖਾ ਸਰੀਰ ਨੂੰ ਕਿਵੇਂ ਸਫਲ ਕਰਨਾ ਹੈ? ਇਸ ਪ੍ਰਤੀ ਪਿਆਰੇ ਮਹਾਂਪੁਰਸ਼ਾਂ ਨੇ ਵਿਸਥਾਰ ਸਹਿਤ ਚਾਨਣਾ ਪਾਇਆ ਕਿ *'ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥ ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥'* ਸਮਰੱਥ ਗੁਰੂ ਦੀ ਸ਼ਰਨ ਵਿਚ ਜਾ ਕੇ ਉਸ ਕੋਲੋਂ ਗੁਰਮੰਤ੍ਰ, ਮੂਲਮੰਤ੍ਰ ਦੀ ਦਾਤ ਲੈ ਕੇ, ਕਮਾਈ ਕਰਕੇ, ਨਾਮ ਤੱਕ ਪਹੁੰਚਣਾ ਹੈ। ਸਮਰੱਥ ਸਤਿਗੁਰੂ ਵਲੋਂ ਮਿਲੇ ਗੁਰਮੰਤ੍ਰ ਦੀ ਕਮਾਈ ਰਾਹੀਂ ਨਾਮ ਨੇ ਅੰਦਰੋਂ ਪ੍ਰਗਟ ਹੋਣਾ ਹੈ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥ ਦੇਹੀ ਮਹਿ ਇਸ ਕਾ ਬਿਸ੍ਰਾਮੁ ॥*

*ਅੰਗ- ੨੯੩*

ਨਾਮ ਅੰਮ੍ਰਿਤ ਤੱਕ ਕਿਵੇਂ ਪਹੁੰਚਿਆ ਜਾਵੇ? ਨਾਮ ਅੰਮ੍ਰਿਤ ਦੀ ਪ੍ਰਾਪਤੀ ਹੀ ਜੀਵਨ ਦੀ ਸਾਰਥਿਕਤਾ ਹੈ। ਪਿਆਰੇ ਮਹਾਂਪੁਰਸ਼ਾਂ ਦੇ ਅਨੁਭਵੀ ਪ੍ਰਵਚਨਾਂ ਦੀਆਂ ਹੋਰ ਵੀ ਅਨੇਕਾਂ ਪੁਸਤਕਾਂ ਰਤਵਾੜਾ ਸਾਹਿਬ ਟਰੱਸਟ ਵਲੋਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਇਨ੍ਹਾਂ ਸਾਰੀਆਂ ਪੁਸਤਕਾਂ ਵਿਚ ਆਏ ਪ੍ਰਵਚਨਾਂ ਦਾ ਸਾਰ ਅੰਸ਼ ਸੇਵਾ ਸਿਮਰਨ ਅਤੇ ਜੀਵਨ ਦੀ ਸਫਲਤਾ ਹੈ। ਗੁਰਮਤਿ ਦਾ ਗਾਡੀ ਰਾਹ ਦ੍ਰਿੜ੍ਹ ਕਰਵਾਇਆ ਗਿਆ ਹੈ। ਅੱਜ ਦੇ ਪਦਾਰਥਵਾਦੀ ਅਤੇ ਟੈਕਨੋਲਜੀ ਦੇ ਯੁੱਗ ਵਿਚ ਕੇਵਲ 'ਨਾਮ' ਨਾਲ ਹੀ ਸ਼ਾਂਤੀ ਮਿਲ ਸਕਦੀ ਹੈ।

*ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ ॥* *ਅੰਗ - ੭੦੭*

ਇਸ ਨਜ਼ਰੀਏ ਤੋਂ ਵੀ ਇਕ 'ਜੀਵਨ ਜੁਗਤਿ' ਦੀ ਲੋੜ ਹੈ। ਮਨ ਦੀ ਸ਼ਾਂਤੀ ਪਦਾਰਥਾਂ ਦੀ ਬਹੁਤਾਤ ਵਿਚ ਨਹੀਂ। ਪਦਾਰਥਾਂ ਦੀ ਬਹੁਤਾਤ, ਚਕਾਚੌਂਧ ਮਨ ਦੇ ਖਿੰਡਾਅ ਵਲ ਲੈ ਕੇ ਜਾਂਦੀ ਹੈ ਪਰ 'ਨਾਮ' ਇਸ ਖਿੰਡੇ ਮਨ ਨੂੰ ਟਿਕਾਅ ਬਖਸ਼ਦਾ ਹੈ। ਇਨ੍ਹਾਂ ਹੀ ਸੰਕਲਪਾਂ ਦੀ ਪੂਰਤੀ ਹਥਲੀ ਪੁਸਤਕ ਆਪ ਸਭ ਜਗਿਆਸੂਆਂ ਲਈ ਲਾਹੇਵੰਦ ਸਿੱਧ ਹੈ।

ਇਸੇ ਲੜੀ ਵਿਚ ਪੁਸਤਕ 'ਜੀਵਨ ਜੁਗਤਿ' ਪ੍ਰਿੰਟ ਕਰਵਾ ਕੇ ਸੰਗਤਾਂ ਦੇ ਹੱਥਾਂ ਵਿਚ ਪਹੁੰਚਣ ਦਾ ਯਤਨ ਕੀਤਾ ਜਾ ਰਿਹਾ ਹੈ। ਪਿਆਰੀਆਂ ਗੁਰ ਸੰਗਤਾਂ ਨੇ ਪੁਰਜ਼ੋਰ ਹੁੰਗਾਰੇ ਕਾਰਨ ਪਹਿਲੀਆਂ 500 ਪੁਸਤਕਾਂ ਗੁਰਮਤਿ ਦੇ ਪ੍ਰੇਮੀ ਪੜ੍ਹਨ ਲਈ ਲੈ ਚੁੱਕੇ ਹਨ ਤੇ ਜੀਵਨ ਨੂੰ ਸੇਧ ਦੇ ਕੇ, ਅਪਣਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰ ਰਹੇ ਹਨ ਅਤੇ ਉਮੀਦ ਹੈ ਪਿਆਰੀਆਂ ਸੰਗਤਾਂ ਮਹਾਂਪੁਰਸ਼ਾਂ ਦੇ ਅਮੋਲਕ ਬਚਨ ਪੜ੍ਹ ਕੇ ਗੁਰਮਤਿ ਗਾਡੀ ਰਾਹ ਤੇ ਚੱਲ ਕੇ ਆਪਣਾ ਜੀਵਨ ਸਫਲਾ ਕਰਨਗੀਆਂ।

ਧੰਨਵਾਦ ਸਹਿਤ

ਸੰਗਤਾਂ ਦਾ ਦਾਸ

ਬਾਬਾ ਹਰਪਾਲ ਸਿੰਘ

ਐਡੀਟਰ-ਇਨ-ਚੀਫ, ਆਤਮ ਮਾਰਗ।

# ਅਵਰਿ ਕਾਜ ਤੇਰੈ ਕਿਤੈ ਨ ਕਾਮ

ਮੈਂ ਆਪ ਨੂੰ ਬਹੁਤ ਹੀ ਭਰਪੂਰ ਹਿਰਦੇ ਦੇ ਨਾਲ ਵਧਾਈ ਦਿੰਦਾ ਹਾਂ ਕਿ ਆਪ ਜੀ ਨੇ 84 ਲੱਖ ਜੂਨੀਆਂ ਵਿਚ ਫਿਰਦਿਆਂ-ਫਿਰਦਿਆਂ ਨੇ ਕਲਜੁਗ ਦੇ ਅੰਦਰ ਆ ਕੇ ਗੁਰੂ ਗ੍ਰੰਥ ਸਾਹਿਬ ਜੀ ਨੂੰ, ਗੁਰੂ ਨਾਨਕ ਸਾਹਿਬ ਨੂੰ ਗੁਰੂ ਧਾਰਨ ਕਰ ਲਿਆ। ਜਿੰਨੀ ਦੇਰ ਤੱਕ ਇਸ ਤਰ੍ਹਾਂ ਵਿਧੀ ਪੂਰਵਕ ਗੁਰੂ ਨਹੀਂ ਸੀ ਧਾਰਨ ਕੀਤਾ ਜਾਂਦਾ, ਓਨੀਂ ਦੇਰ ਤੱਕ ਤੁਸੀਂ ਸਤਿਕਾਰ ਕਰਦੇ ਸੀ ਗੁਰੂ ਗ੍ਰੰਥ ਸਾਹਿਬ ਜੀ ਦਾ, ਗੁਰੂ ਨਾਨਕ ਸਾਹਿਬ ਦਾ ਲੇਕਿਨ ਉਨ੍ਹਾਂ ਦੇ ਨਾਲ ਜੁੜੇ ਨਹੀਂ ਸੀ ਹੋਏ। ਸੋ ਅੱਜ ਜੋ ਗੁਰੂ ਦਸਵੇਂ ਪਾਤਸ਼ਾਹ ਜੀ ਨੇ ਆਪਣੇ ਸਰੀਰਕ ਤੌਰ ਤੇ ਅਲੋਪ ਹੋਣ ਤੋਂ ਬਾਅਦ ਪੰਥ ਵਾਸਤੇ ਮਰਿਆਦਾ ਕਾਇਮ ਕੀਤੀ ਸੀ ਕਿ ਮੇਰੀ ਥਾਂ ਤੇ ਗੁਰੂ ਗ੍ਰੰਥ ਸਾਹਿਬ ਨੂੰ ਜੀ ਸਮਝਣਾ ਤੇ ਇਹ ਮੇਰਾ ਪੰਥ ਜੋ ਪੰਜ ਪਿਆਰੇ ਹੋਣਗੇ, ਜਦੋਂ ਅਰਦਾਸ ਕਰਕੇ ਗੁਰੂ ਦੇ ਹਾਜ਼ਰ ਹੋਣਗੇ ਉਨ੍ਹਾਂ ਦੇ ਵਿਚ ਮੈਂ ਵਰਤਾਂਗਾ। ਉਨ੍ਹਾਂ ਦੇ ਰਾਹੀਂ ਜੋ ਨਾਮ ਅਕਾਲਪੁਰਖ ਦੀ ਦਰਗਾਹ 'ਚੋਂ ਆਇਆ ਹੈ ਉਹ ਮੈਂ ਦੇਵਾਂਗਾ। ਅੱਜ ਆਪ ਨੂੰ ਪਹਿਲਾਂ ਅੰਮ੍ਰਿਤ ਛਕਾਇਆ ਗਿਆ। ਉਸ ਦੇ ਨਾਲ ਜੋ ਆਪ ਜੀ ਦੇ ਪਿਛਲੇ ਸੰਸਕਾਰ ਸੀ, ਪਿਛਲੇ ਸਬੰਧ ਸੀ 84 ਨਾਲ ਉਹ ਸਾਰੇ ਕੱਟ ਦਿਤੇ ਗਏ ਨੇ। ਜਦੋਂ ਧਰਮਰਾਜ ਦੇ ਅਰਬਾਂ-ਖਰਬਾਂ ਸਾਲ ਦੀਆਂ ਫਾਇਲਾਂ ਆਪ ਦੇ ਰੱਖੀਆਂ ਹੋਈਆਂ ਸੀ, ਉਹ ਸਾਰੀਆਂ ਇਥੇ ਬੰਦ ਕਰ ਦਿਤੀਆਂ ਗਈਆਂ। ਅੱਜ ਆਪ ਜੀ ਦਾ ਨਾਮ ਗੁਰੂ ਦਰਬਾਰ ਦੇ ਅੰਦਰ, ਗੁਰੂ ਦਸ਼ਮੇਸ਼ ਪਿਤਾ ਦੀ ਦਰਗਾਹ ਦੇ ਅੰਦਰ ਲਿਖਿਆ ਗਿਆ ਹੈ।

ਬਿਲਕੁਲ ਏਸ ਗੱਲ ਦਾ ਫਿਕਰ ਨਾ ਕਰਨਾ, ਜੋ ਕੁਛ ਪਿਛੇ ਹੋ ਗਿਆ, ਉਹ ਹੋ ਗਿਆ। ਸੁੱਤਾ ਪਿਆ ਆਦਮੀ ਬਹੁਤ ਸਾਰੇ ਭੈੜੇ ਸੁਪਨੇ ਲੈ ਲੈਂਦਾ ਹੈ। ਜਾਗਣ ਤੋਂ ਬਾਅਦ ਉਨ੍ਹਾਂ ਸੁਪਨਿਆਂ ਨੂੰ ਯਾਦ ਕਰਕੇ ਅਫਸੋਸ ਦੇ ਵਿਚ ਜਾਵੇ ਜਾਂ ਉਨ੍ਹਾਂ ਨੂੰ ਯਾਦ ਕਰੀ ਜਾਵੇ ਤਾਂ ਉਸ ਨੂੰ ਮੂਰਖ ਆਖਿਆ ਜਾਂਦਾ ਹੈ।

***ਸੁਪਨੇ ਸੇਤੀ ਚਿਤੁ ਮੂਰਖਿ ਲਾਇਆ ॥***
***ਬਿਸਰੇ ਰਾਜ ਰਸ ਭੋਗ ਜਾਗਤ ਭਖਲਾਇਆ ॥***
***ਅੰਗ - ੭੦੭***

ਜਾਗ ਜਦੋਂ ਆ ਜਾਂਦੀ ਹੈ ਉਸ ਵੇਲੇ ਪਛਤਾਵਾ ਜ਼ਰੂਰ ਹੁੰਦਾ ਹੈ ਕਿ ਕਿਹੋ ਜਿਹੇ ਸੁਪਨੇ ਦੇਖੇ। ਆਪਾਂ ਅਰਬਾਂ ਖਰਬਾਂ ਸੁਪਨੇ ਦੇਖ ਚੁੱਕੇ ਹਾਂ। ਕਦੇ ਇਹ ਕੁੱਤਿਆਂ, ਬਿੱਲਿਆਂ ਦੇ ਸਰੀਰ ਵਿਚ ਦੇਖੇ, ਕਦੇ ਗਧਿਆਂ ਦੇ ਸਰੀਰ, ਕਦੇ ਸੱਪਾਂ ਦੇ, ਕਦੇ ਉਡਣ ਵਾਲੇ ਪੰਛੀਆਂ ਦੇ -

***ਕੇਤੇ ਰੁਖ ਬਿਰਖ ਹਮ ਚੀਨੇ***
***ਕੇਤੇ ਪਸੂ ਉਪਾਏ ॥***
***ਕੇਤੇ ਨਾਗ ਕੁਲੀ ਮਹਿ ਆਏ***
***ਕੇਤੇ ਪੰਖ ਉਡਾਏ ॥ ਅੰਗ - ੧੫੬***

ਬਹੁਤ ਵਾਰੀ ਮਨੁੱਖ ਬਣੇ, ਬਹੁਤ ਵਾਰੀ ਤਿਲ੍ਹਕੇ, ਕਿਸੇ ਗੁਰੂ ਦਾ ਲੜ ਸਾਡੇ ਤੋਂ ਨਾ ਫੜਿਆ ਜਾ ਸਕਿਆ। ਸੰਸਾਰ 'ਚ ਗੁਰੂ ਹੁੰਦੇ ਆਏ ਜਦੋਂ ਤੋਂ ਸੰਸਾਰ ਰਚਿਆ। ਲੇਕਿਨ ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ ਕਲਜੁਗ ਦਾ ਬਲ ਦੇਖ ਕੇ ਅਕਾਲ ਪੁਰਖ ਨੇ ਆਪ ਆਪਣਾ ਸਰੂਪ ਧਾਰਨ ਕੀਤਾ, ਗੁਰੂ ਨਾਨਕ ਦੇ ਸਰੀਰ ਦੇ ਅੰਦਰ ਤੇ ਆਪ ਸਾਰੇ ਜਗਤ ਦੇ ਸਤਿਗੁਰੂ ਹੋ ਕੇ ਗੁਰੂ ਨਾਨਕ 'ਚ ਪ੍ਰਗਟ ਹੋਏ। ਗੁਰੂ ਦਸ਼ਮੇਸ਼ ਪਿਤਾ ਨੂੰ ਪੁੱਛਿਆ ਕਿ ਤੁਹਾਡਾ ਗੁਰੂ ਕੌਣ ਹੈ? ਆਪ ਨੇ ਫੁਰਮਾਇਆ -

***ਆਦਿ ਅੰਤ ਏਕੈ ਅਵਤਾਰਾ***
***ਸੋਈ ਗੁਰੂ ਸਮਝਿਯਹੁ ਹਮਾਰਾ।***

ਮੇਰਾ ਗੁਰੂ ਅਕਾਲ ਪੁਰਖ ਹੈ, ਉਹ ਅਕਾਲ ਪੁਰਖ ਹੀ ਦਸਾਂ ਜੋਤੀਆਂ 'ਚ ਵਰਤਦਾ ਹੋਇਆ ਗੁਰੂ ਗ੍ਰੰਥ ਸਾਹਿਬ ਦੇ ਵਿਚ ਸਮਾਇਆ ਹੋਇਆ ਹੈ। ਇਹ ਗੱਲ ਯਾਦ ਰੱਖਣੀ ਕਿ ਤੁਸੀਂ ਹਰ ਸਾਹ ਵਾਹਿਗੁਰੂ ਦੇ ਵਿਚ ਲੈ ਰਹੇ ਹੋ, ਵਾਹਿਗੁਰੂ ਕੋਈ ਦੇਖਣ ਵਾਲੀ ਚੀਜ਼ ਨਹੀਂ ਹੈ ਕਿਉਂਕਿ ਇਹ ਰੂਪ, ਰੰਗ, ਰੇਖ, ਭੇਖ ਤੋਂ ਨਿਆਰਾ ਹੈ। ਉਹਦੀ ਕੋਈ ਸ਼ਕਲ ਨਹੀਂ, ਉਹਦਾ ਕੋਈ ਚੱਕਰ ਨਹੀਂ, ਕੋਈ ਚਿਹਨ ਨਹੀਂ, ਲੇਕਿਨ ਉਹਦੇ ਗੁਣ ਹੈਗੇ, ਉਹਦੇ ਗੁਣਾਂ ਨੂੰ ਯਾਦ ਕਰੋ। ਪਹਿਲਾ ਗੁਣ ਉਹਦਾ ਹੈ ਕਿ ਉਹ ਇਕ ਹੈ ਦੋ ਨਹੀਂ ਬਣਦਾ ਕਦੇ ਵੀ। ਇਹ ਜਿੰਨਾ ਸੰਸਾਰ ਤੁਹਾਨੂੰ ਨਜ਼ਰ ਆਉਂਦਾ ਹੈ, ਸਭ ਆਪੇ ਹੀ ਹੈ। ਦੂਸਰਾ ਉਹ ਸਤਿ ਹੈ, ਕਦੇ ਅਲੋਪ ਨਹੀਂ ਹੁੰਦਾ, ਤੀਸਰਾ ਉਹ ਨਾਮ ਹੈ, ਨਾਮ ਉਹ ਸ਼ਕਤੀ ਹੈ ਜਿਸਨੇ ਸੰਸਾਰ ਨੂੰ ਬਣਾਇਆ ਹੈ। ਚੌਥਾ ਉਹ ਕਰਤਾ ਹੈ, ਜਿਵੇਂ ਆਪਾਂ ਕਰਤੇ ਬਣਦੇ ਹਾਂ, ਕੋਈ ਚੀਜ਼ ਬਣਾਉਂਦੇ ਹਾਂ ਏਸ ਤਰ੍ਹਾਂ ਦੇ ਨਾਲ ਉਹ ਕਰਤਾ ਆਪ ਹੀ ਹੈ। ਆਪੇ ਹੀ ਮਾਰਨ ਵਾਲਾ ਆਪੇ ਹੀ ਪੈਦਾ ਕਰਨ ਵਾਲਾ, ਆਪੇ ਹੀ ਪਾਲਣਾ ਕਰਨ ਵਾਲਾ, ਉਥੇ ਤਿੰਨ ਦੇਵਤੇ ਨਹੀਂ ਹੈਗੇ। ਓਅੰਕਾਰ, ਸਤਿ ਨਾਮ ਕਰਤਾ ਪੁਰਖ। ਪੁਰਖ ਓਸਨੂੰ ਕਹਿੰਦੇ ਨੇ ਜਿਹੜਾ ਕੋਈ ਵੀ ਥਾਂ ਐਸੀ ਨਾ ਹੋਵੇ, ਜਿੱਥੇ ਉਹ ਨਾ ਹੋਵੇ, ਕੋਈ ਦੁਨੀਆਂ ਦੇ ਵਿਚ ਸਿਆਣਾ ਇਹ ਨਾ ਦੱਸ ਸਕੇ ਕਿ ਇਥੇ

ਵਾਹਿਗੁਰੂ ਨਹੀਂ ਹੈ ਪੁਰਖ ਸਮਾਈ ਹੋਈ ਹਸਤੀ ਤੇ ਸ਼ਕਤੀ ਹੈ, ਜਿਹੜੀ ਹਰੇਕ ਦੇ ਅੰਦਰ ਆਲੇ-ਦੁਆਲੇ, ਚਾਰੇ ਪਾਸੇ ਫੈਲੀ ਹੋਈ ਹੈ, ਲੇਕਿਨ ਆਦਮੀ ਦਾ ਮਨ ਉਹਦੇ ਨਾਲੋਂ ਟੁੱਟਣ ਕਰਕੇ ਇਸ ਨੂੰ ਭੁਲੇਖਾ ਪੈ ਗਿਆ ਕਿ ਵਾਹਿਗੁਰੂ ਕਿੱਥੇ ਹੈ। ਵਾਹਿਗੁਰੂ ਕਹਿੰਦੇ, ਨਾਲ ਹੈ ਹਰ ਵਕਤ। ਨਿਰਭਉ ਹੈ, ਉਸ ਨੂੰ ਕਿਸੇ ਦਾ ਡਰ ਨਹੀਂ। ਜਦੋਂ ਅਸੀਂ ਉਸਦੇ ਨਾਲ ਮਨ ਲਾਵਾਂਗੇ, ਸਾਨੂੰ ਵੀ ਕਿਸੇ ਦਾ ਡਰ ਨਹੀਂ ਰਹਿਣਾ। ਨਿਰਵੈਰ ਹੈ, ਉਹ ਕਿਸੇ ਨਾਲ ਵੀ ਵੈਰ ਭਾਵਨਾ ਨਹੀਂ ਰੱਖਦਾ। ਸਾਰੀ ਸ੍ਰਿਸ਼ਟੀ ਉਸਦੀ ਆਪਣੀ ਰਚੀ ਹੋਈ ਆਪਣਾ ਆਪ ਹੈ।

*ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥*
*ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥*

***ਅੰਗ - ੪੬੩***

ਇਸ ਕਰਕੇ ਵੈਰ ਕਿਸੇ ਨਾਲ ਤਾਂ ਹੋਵੇ ਜੇ ਦੂਸਰਾ ਕੋਈ ਉਸਦੇ ਵਿਚ ਸ਼ਰੀਕ ਹੋਵੇ। 'ਅਜੂਨੀ' ਹੈ ਉਹ ਕਦੇ ਜੂਨੀਆਂ 'ਚ ਨਹੀਂ ਆਉਂਦਾ। 'ਸੈਭੰ' ਉਸ ਨੂੰ ਕੋਈ ਗਿਆਨ ਨਹੀਂ ਦਿੰਦਾ ਉਹ ਆਪ ਹੀ ਗਿਆਨ ਸਰੂਪ ਹੈ। ਲੇਕਿਨ ਸ਼ਰਤ ਪਿਛੇ ਇਹ ਹੈ ਕਿ 'ਗੁਰ ਪ੍ਰਸਾਦਿ' ਉਹ ਗੁਰੂ ਦੀ ਕ੍ਰਿਪਾ ਤੋਂ ਬਗੈਰ ਨਹੀਂ ਮਿਲ ਸਕਿਆ ਕਰਦਾ। ਜਦੋਂ ਤੱਕ ਆਦਮੀ ਗੁਰੂ ਦੀ ਸ਼ਰਨ ਵਿਚ ਨਹੀਂ ਆਉਂਦਾ, ਗੁਰੂ ਦੇ ਰਾਹੀਂ ਨਾਮ ਦੀ ਦਾਤ ਪ੍ਰਾਪਤ ਨਹੀਂ ਕਰਦਾ। ਓਨੀਂ ਦੇਰ ਤੱਕ ਉਹ ਮਿਲਿਆ ਨਹੀਂ ਕਰਦਾ। ਜਿਸ ਤਰ੍ਹਾਂ ਆਪਾਂ ਬਹੁਤ ਗੱਲਾਂ ਤੇ ਵਿਚਾਰ ਕਰਦੇ ਆਏ ਹਾਂ ਕਿ ਨਾਮ ਹਰੇਕ ਬੰਦੇ ਦੇ ਅੰਦਰ ਹੈ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ॥*

***ਅੰਗ - ੨੯੩***

ਲੇਕਿਨ ਇਹ ਨਾਮ ਪ੍ਰਗਟ ਨਹੀਂ ਹੁੰਦਾ, ਜਿੰਨੀ ਦੇਰ ਤੱਕ ਗੁਰੂ ਮੰਤਰ ਨਾ ਦੇਵੇ। ਇਹਦੇ ਨਾਲ ਹੌਲੀ-ਹੌਲੀ, ਪਉੜੀ-ਪਉੜੀ ਚੜ੍ਹਦੇ ਜਾਈਦਾ ਹੈ। ਜੇ ਇਹ ਕਹਿ ਦਿਤਾ ਜਾਵੇ ਕਿ ਸਾਰੇ ਵਾਹਿਗੁਰੂ ਹੈ, ਉਹ ਨਾ ਤੁਸੀਂ ਮੰਨ ਸਕਦੇ ਹੋ ਨਾ ਤੁਹਾਡੇ ਵਿਚ ਤਾਕਤ ਹੈ ਏਸ ਚੀਜ਼ ਨੂੰ ਮੰਨਣ ਦੀ। ਇਹਦੀ ਤਾਕਤ ਤਾਂ ਬਣਨੀ ਹੈ ਜਿਸ ਵਕਤ ਮਾਇਆ ਤੋਂ ਮਨ ਨੇ ਨਿਰਲੇਪ ਹੋ ਜਾਣਾ ਹੈ, ਸਿਮਰਨ ਦੀ ਸ਼ਕਤੀ ਤੁਹਾਡੇ ਵਿਚ ਆ ਜਾਣੀ ਹੈ। ਉਸ ਵੇਲੇ ਹੌਲੀ-ਹੌਲੀ ਮੰਨੀਦਾ ਹੈ। ਪਹਿਲਾਂ ਸਮਾਧੀ 'ਚ ਮੰਨੀਦਾ ਹੈ, ਫੇਰ ਥੋੜ੍ਹੀ ਜਿਹੀ ਦੇਰ ਤੱਕ, ਫੇਰ ਇਥੇ ਤੱਕ ਵੱਧਦਾ-ਵੱਧਦਾ ਆ ਜਾਂਦਾ ਹੈ ਕਿ ਸਾਰੀ ਸ੍ਰਿਸ਼ਟੀ ਆਪਣਾ ਹੀ ਰੂਪ ਨਜ਼ਰ ਆਉਂਦੀ ਹੈ। ਕੋਈ ਸ਼ੱਕ ਨਹੀਂ ਰਹਿੰਦਾ, ਕੋਈ ਸ਼ੋਰ ਨਹੀਂ ਰਹਿੰਦਾ ਸਭ ਆਪਣਾ ਆਪ ਹੀ ਨਜ਼ਰ ਆਉਂਦਾ ਹੈ, ਦੂਸਰਾ ਖਤਮ ਹੀ ਹੋ ਜਾਂਦਾ ਹੈ। ਇਹ ਹੁੰਦਾ ਤਾਂ ਹੈ ਜੇ ਅਕਾਲ ਪੁਰਖ ਦੇ ਰਾਹੀਂ ਨਾਮ ਦੀ ਦਾਤ ਗੁਰੂ ਤੋਂ ਪ੍ਰਾਪਤ ਕੀਤੀ ਜਾਵੇ। ਉਹ ਆਦਿ ਸਚੁ ਹੈ, ਪਹਿਲਾਂ ਵੀ ਸੱਚ ਸੀ। 'ਜੁਗਾਦਿ ਸਚੁ' ਜਦੋਂ ਟਾਈਮ ਸ਼ੁਰੂ ਹੋਇਆ, ਗਿਣਤੀਆਂ-ਮਿਣਤੀਆਂ, ਜੁਗ ਸ਼ੁਰੂ ਹੋਏ ਓਸ ਵੇਲੇ ਵੀ ਇਸ ਵੇਲੇ ਵੀ ਉਹ ਸੱਚ ਹੈ, 'ਹੈ ਭੀ ਸਚੁ' ਐਸ ਵੇਲੇ ਵੀ ਉਹ ਸੱਚ ਹੈ। 'ਹੋਸੀ ਭੀ ਸਚੁ' ਆਉਣ ਵਾਲੇ ਸਮੇਂ ਵਿਚ ਵੀ ਉਸਦਾ ਕਦੇ ਨਾਸ਼ ਨਹੀਂ ਹੋਣਾ। ਇਹ ਵਾਹਿਗੁਰੂ ਦਾ ਸਰੂਪ ਤੁਹਾਨੂੰ ਪੰਜ ਪਿਆਰਿਆਂ ਨੇ ਦਿਤਾ ਹੈ। ਸਾਰਿਆਂ ਨੇ ਇਕੱਠੇ ਹੋ ਕੇ ਪੜ੍ਹਿਆ, ਤੁਸੀਂ ਸਮਝਿਆ। ਵਾਹਿਗੁਰੂ ਦਾ ਇਹ ਰੱਖਣਾ ਹੈ ਕਿ ਆਹ ਕੁਆਲਿਟੀਆਂ ਹੈਗੀਆਂ? ਉਹਦਾ ਰੂਪ, ਰੰਗ, ਰੇਖ, ਭੇਖ ਕੋਈ ਨਹੀਂ। ਉਹ ਐਸੀ ਸ਼ਕਤੀ ਹੈ ਸੂਖਸ਼ਮ ਜਿਹੜੀ ਸਾਰੇ ਸਮਾਈ ਹੋਈ ਹੈ। ਉਹ ਵੀ ਪ੍ਰਗਟ ਕਰਨ ਵਾਸਤੇ ਤੁਹਾਨੂੰ ਗੁਰਮੰਤ੍ਰ ਦਿਤਾ ਹੈ। ਵਾਹਿਗੁਰੂ ਮੰਤਰ ਤੁਹਾਨੂੰ ਦਿਤਾ ਹੈ। ਹੁਣ ਧਿਆਨ ਰੱਖਿਓ ਤੁਸੀਂ ਫੇਰ ਅੰਮ੍ਰਿਤ ਛਕ ਲਿਆ, ਇਹਦੇ ਨਾਲ ਤੁਹਾਨੂੰ ਕਈ ਥਾਂਈ ਐਸੇ ਭੁਲੇਖੇ ਪੈਣੇ ਨੇ ਕਿ ਅਸੀਂ ਫਲਾਣੇ ਤੋਂ ਜਾ ਕੇ ਤਰੀਕਾ ਪੁੱਛੀਏ ਕਿ ਵਾਹਿਗੁਰੂ ਦਾ ਮੰਤ੍ਰ ਕਿਵੇਂ ਜਪੀਦਾ ਹੈ। ਇਹ ਪੰਜ ਪਿਆਰਿਆਂ ਦੀ ਡਿਊਟੀ ਹੁੰਦੀ ਹੈ ਕਿ ਵਾਹਿਗੁਰੂ ਦੇ ਮੰਤਰ ਦਾ ਜਾਪ ਦ੍ਰਿੜ੍ਹ ਕਰਾ ਦੇਣ ਕਿਉਂਕਿ ਅੰਮ੍ਰਿਤ ਛਕਿਆ ਹੀ ਤਾਂ ਜਾਂਦਾ ਹੈ ਕਿ ਗੁਰਮੰਤ੍ਰ ਦੀ ਦਾਤ ਪ੍ਰਾਪਤ ਹੋਵੇ, ਅੰਮ੍ਰਿਤ ਏਸ ਵਾਸਤੇ ਨਹੀਂ ਛਕਿਆ ਜਾਂਦਾ ਕਿ ਅਸੀਂ ਕੋਈ ਖਾਸ ਸ਼ਕਲ ਧਾਰਨ ਕਰੀਏ, ਅੰਮ੍ਰਿਤ ਇਕ ਬੁਨਿਆਦ ਹੈ ਨਾਮ ਜਪਣ ਵਾਸਤੇ। ਜੇ ਤੁਸੀਂ ਅੰਮ੍ਰਿਤ ਛਕਿਆ ਹੈ ਤਾਂ ਇਹ ਨਾਮ ਜਪਣ ਵਾਸਤੇ ਛਕਿਆ ਹੈ। ਤੁਹਾਨੂੰ ਨਾਮ ਮਿਲ ਗਿਆ, ਤੁਸੀਂ ਸਾਰਿਆਂ ਨੇ ਦੱਸ ਦਿਤਾ ਕਿ ਸਾਨੂੰ 'ਵਾਹਿਗੁਰ' ਨਾਮ ਮਿਲਿਆ ਹੈ। ਹੁਣ ਤੋਂ ਪਹਿਲਾਂ ਵੀ ਤੁਸੀਂ ਵਾਹਿਗੁਰੂ-ਵਾਹਿਗੁਰੂ ਕਰਦੇ ਸੀ, ਲੇਕਿਨ ਇਸ ਵਾਹਿਗੁਰੂ-ਵਾਹਿਗੁਰੂ ਕਰਨ ਦਾ ਫਲ ਨਹੀਂ ਸੀਗਾ ਕੋਈ। ਕਿਉਂਕਿ ਨਿਗੁਰਾ ਜੋ ਪੁਰਸ਼ ਹੈ ਉਹ ਜਿੰਨਾ ਜੀਅ ਕਰਦਾ ਹੈ ਭਗਤੀ ਕਰੀ ਜਾਵੇ, ਉਹਦਾ ਕੋਈ ਫਲ ਨਹੀਂ ਹੋਇਆ ਕਰਦਾ ਕਿਉਂਕਿ ਉਹਦੇ ਪਿੱਛੇ ਸ਼ਕਤੀ ਨਹੀਂ ਹੈ। ਹੁਣ ਤੋਂ ਤੁਹਾਡੀ ਭਗਤੀ ਸ਼ੁਰੂ ਹੋਣੀ ਹੈ। ਤੁਸੀਂ ਉਸ ਵਾਹਿਗੁਰੂ ਮੰਤਰ ਨੂੰ ਜਪਣਾ ਹੈ। ਓਸ ਦਾ ਜਾਪ ਕਰਨਾ ਹੈ ਭੁੱਲਣਾ ਨਹੀਂ ਹੈ ਬਿਲਕੁਲ ਵੀ ਕਿਉਂਕਿ ਗੁਰਸਿੱਖੀ ਦਾ ਮਨੋਰਥ ਇਹੀ ਹੈ ਨਾਮ ਜਪਣਾ। ਬਾਕੀ ਤੁਹਾਡੀ ਪਰਾਲਬਧ ਮੱਥੇ ਵਿਚ ਪ੍ਰਮੇਸ਼ਰ ਨੇ ਲਿਖ ਕੇ ਭੇਜੀ ਹੈ। ਐਸੇ ਸੰਜੋਗ ਬਣ ਜਾਂਦੇ ਨੇ, ਐਸੇ ਕਾਰਨ ਬਣ ਜਾਂਦੇ ਨੇ ਕਿ ਇਹਦੀ ਪਰਾਲਬਧ ਅਵੱਸ਼ ਇਸਨੂੰ ਮਿਲਦੀ ਹੈ। ਰੋਟੀ ਦੀ ਚਿੰਤਾ ਕਦੇ ਨਹੀਂ

ਕਰਨੀ, ਰੋਟੀ ਦੀ ਚਿੰਤਾ ਸਾਡੇ ਮਾਲਕ ਨੂੰ ਹੈ ਜਿਹਨੇ ਸਾਨੂੰ ਸਾਜਿਆ ਹੈ। ਚਿੰਤਾ ਜੇ ਕਰਨੀ ਹੈ ਤਾਂ ਨਾਮ ਦਾ ਧਨ ਇਕੱਠਾ ਕਰਨ ਦੀ ਕਰਨੀ ਹੈ। ਨਾਮ ਦੇ ਤਰੀਕੇ ਮੈਂ ਦੱਸਦਾ ਹਾਂ ਧਿਆਨ ਦੇ ਨਾਲ ਸੁਣ ਲੈਣਾ ਤਾਂ ਕਿ ਹੋਰ ਕਿਤੇ ਤੁਹਾਨੂੰ ਐਸਾ ਭੁਲੇਖਾ ਨਾ ਲਗ ਜਾਏ, ਤੁਸੀਂ ਕਹੋ ਕਿ ਐਥੋਂ ਨਾਮ ਲਈਏ, ਐਥੋਂ ਲਈਏ। ਨਾਮ ਕਿਤੇ ਨਹੀਂ ਮਿਲਦਾ, ਨਾਮ ਪੰਜ ਪਿਆਰਿਆਂ ਤੋਂ ਮਿਲਦਾ ਹੈ। ਇਹ ਗੁਰੂ ਦਸ਼ਮੇਸ਼ ਪਿਤਾ ਨੇ ਟਰੱਸਟੀਸ਼ਿਪ ਜਿਹੜੀ ਹੈ ਨਾਮ ਦੀ ਉਹ ਪੰਜਾਂ ਸਿੰਘਾਂ ਦੇ ਹਵਾਲੇ ਕਰ ਦਿਤੀ, ਗੁਰੂ ਗ੍ਰੰਥ ਸਾਹਿਬ ਦੇ ਰਾਹੀਂ। ਜਦੋਂ ਤੱਕ ਪੰਜ ਨਹੀਂ ਇਸ ਤਰ੍ਹਾਂ ਖੜ੍ਹੇ ਹੋਣਗੇ, ਜਿਸ ਤਰ੍ਹਾਂ ਹੁਣ ਖੜ੍ਹੇ ਨੇ, ਓਨੀਂ ਦੇਰ ਤੱਕ ਨਾਮ ਨਹੀਂ ਮਿਲਿਆ ਕਰਦਾ। ਇਕੱਲਾ ਵੀ ਕਹਿ ਦਿੰਦਾ ਹੈ ਕਿ ਤੁਸੀਂ ਨਾਮ ਜਪਿਆ ਕਰੋ, ਲੇਕਿਨ ਉਸ ਵਿਚ ਸ਼ਕਤੀ ਨਹੀਂ ਹੋਇਆ ਕਰਦੀ। ਅੱਜ ਤੋਂ ਬਾਅਦ ਤੁਸੀਂ ਗੁਰੂ ਵਾਲੇ ਹੋ ਕੇ ਨਾਮ ਜਪਣਾ ਹੈ। ਉਹਦਾ ਪਹਿਲਾ ਤਰੀਕਾ ਇਹ ਹੁੰਦਾ ਹੈ ਕਿ ਮਾਲਾ ਲੈ ਲਓ, ਪਹਿਲੀ ਜਮਾਤ ਦੇ ਵਿਦਿਆਰਥੀ ਦੀ ਮੈਂ ਗੱਲ ਕਰਦਾ ਹਾਂ। ਉਹ ਹੁੰਦੀ ਹੈ ਕਿ ਮਾਲਾ ਲੈ ਲਓ, ਹਰ ਮਣਕੇ ਦੇ ਨਾਲ ਵਾਹਿਗੁਰੂ-ਵਾਹਿਗੁਰੂ, ਚਾਹੇ ਤੇਜ਼ੀ ਨਾਲ ਕਹੋ, ਚਾਹੇ ਹੌਲੀ ਕਹੋ। ਇਹ ਢਾਈ ਘੰਟੇ ਜ਼ਰੂਰ ਨਾਮ ਜਪਣਾ ਚਾਹੀਦਾ ਹੈ ਘੱਟ ਤੋਂ ਘੱਟ। ਬਾਕੀ ਜਿੰਨਾ ਵੱਧ ਤੋਂ ਵੱਧ ਜਪ ਸਕਦੇ ਹੋ ਜਪੋ।

ਫੇਰ ਇਹ ਸਵਾਲ ਕੀਤਾ ਜਾਂਦਾ ਹੈ ਕਿ ਅਸੀਂ ਕੰਮਾਂ ਕਾਰਾਂ ਵਾਲੇ ਬੰਦੇ ਹਾਂ। ਅਸੀਂ ਢਾਈ ਘੰਟੇ ਕਿਵੇਂ ਨਾਮ ਜਪਾਂਗੇ? ਇਸ ਤਰ੍ਹਾਂ ਦੇ ਸਵਾਲ ਆ ਜਾਂਦੇ ਨੇ, ਉਹਦਾ ਤਰੀਕਾ ਇਹ ਹੈ ਕਿ ਤੁਸੀਂ ਕੋਈ ਸਮਾਂ ਮਿੱਥ ਲਵੋ ਕਿ ਐਨਾ ਚਿਰ ਤਾਂ ਜ਼ਰੂਰ ਜਪਣਾ ਹੈ, ਕੁਛ ਹੋ ਜਾਏ। ਨੇਮ ਬੰਨ੍ਹ ਲਓ, ਤੁਸੀਂ ਵਾਹਿਗੁਰੂ-ਵਾਹਿਗੂਰੂ ਮਾਲਾ ਦੇ ਨਾਲ ਜਪੀ ਜਾਣਾ ਹੈ। ਬਾਕੀ ਜਿਹੜਾ ਹੈ ਕਿ ਤੁਸੀਂ ਕਿਤੇ ਜਾਂਦੇ ਓਂ, ਬਾਹਰ ਕਿਤੇ ਜਾਂਦੇ ਓਂ, ਸਾਇਕਲ ਚਲਾ ਰਹੇ ਓਂ, ਖੱਬੇ ਪੈਰ ਨਾਲ ਸਤਿਨਾਮ ਕਹੋ, ਸੱਜੇ ਨਾਲ ਵਾਹਿਗੁਰੂ ਕਹੋ, ਹਲ ਚਲਾ ਰਿਹਾ ਹੈ ਆਦਮੀ ਸੱਜੇ ਨਾਲ ਸਤਿਨਾਮ ਕਹੋ, ਖੱਬੇ ਨਾਲ ਵਾਹਿਗੁਰੂ ਕਹੋ। ਪੈਦਲ ਤੁਰਿਆ ਜਾ ਰਿਹਾ ਹੈ ਖੱਬੇ ਨਾਲ ਸਤਿਨਾਮ ਤੇ ਦੂਜੇ ਨਾਲ ਵਾਹਿਗੁਰੂ ਕਹੋ। ਗੈਰਹਾਜ਼ਰ ਨਹੀਂ ਹੋਣਾ, ਨਾਮ ਜਪਦੇ ਹੀ ਰਹਿਣਾ ਹੈ, ਸਮਾਂ ਵਾਹਿਗੁਰੂ ਨੇ ਬਹੁਤ ਦਿਤਾ ਹੈ। ਏਸ ਤਰ੍ਹਾਂ ਦੇ ਨਾਲ ਸਹਿਜ-ਸੁਭਾਅ ਹੀ ਤੁਸੀਂ ਸਾਰਾ ਦਿਨ ਨਾਮ ਜਪਦੇ ਰਹੋਂਗੇ। ਏਸ ਤੋਂ ਅਗਲੀ ਜੋ ਜਮਾਤ ਹੈ ਜਿਸਨੂੰ ਪੰਜਵੀਂ ਜਮਾਤ ਕਹਿੰਦੇ ਨੇ ਨਾਮ ਦੀ। ਉਹ ਹੁੰਦਾ ਹੈ ਕਿ ਚੌਂਕੜਾ ਮਾਰ ਕੇ ਸਿੱਧੇ ਬੈਠ ਜਾਈਦਾ ਹੈ। ਓਸ ਤੋਂ ਰਸਨਾ ਦੇ ਨਾਲ ਨਾਮ ਜਪੀਦਾ ਹੈ। ਲੇਕਿਨ ਬਹੁਤ ਹਲਕੀ ਆਵਾਜ਼ ਦੇ ਅੰਦਰ ਜਿਹਨੂੰ ਮਧਮਾ ਬਾਣੀ ਕਹਿੰਦੇ ਨੇ। ਮਧਮਾ ਬਾਣੀ ਦੇ ਨਾਲ ਜਦੋਂ ਤੁਸੀਂ ਰਸਨਾ ਨਾਲ ਨਾਮ ਜਪੋਂਗੇ ਤਾਂ ਉਹਦਾ ਅਸਰ ਇਹ ਹੋਇਆ ਕਰਦਾ ਹੈ ਕਿ ਰਸਨਾ ਦੇ ਉਤੇ ਰਸ ਆ ਜਾਇਆ ਕਰਦਾ ਹੈ, ਰਸ ਆ ਕੇ ਥੋੜ੍ਹੀ ਦੇਰ ਤੋਂ ਬਾਅਦ ਖੁਮਾਰੀ ਆਉਣ ਲਗ ਜਾਇਆ ਕਰਦੀ ਹੈ, ਫੇਰ ਜਦੋਂ ਇਥੇ ਨਾਮ ਆ ਜਾਵੇ ਫੇਰ ਆਦਮੀ ਨੂੰ ਐਉਂ ਲਗਦਾ ਹੈ ਕਿ ਮੈਂ ਅੱਜ ਨਾਮ ਨਹੀਂ ਜਪਿਆ, ਮੈਨੂੰ ਕੋਈ ਨਸ਼ਾ ਜਿਹਾ ਨਹੀਂ ਚੜ੍ਹਿਆ। ਇਕ ਵਾਰੀ ਜਪਿਆ ਹੋਇਆ ਢਾਈ ਘੰਟੇ, ਚੌਵੀ ਘੰਟੇ ਦੀ ਚਾਬੀ ਮਿਲ ਜਾਇਆ ਕਰਦੀ ਹੈ। ਉਸ ਤੋਂ ਅੱਗੇ ਹੁੰਦਾ ਹੈ ਅੱਠਵੀਂ ਜਮਾਤ ਦਾ ਨਾਮ। ਉਹ ਹੁੰਦਾ ਹੈ ਕਿ ਸੁਆਸ ਨਾਲ ਨਾਮ ਜਪੀਦਾ ਹੈ। ਉਹਦਾ ਮੈਂ ਤੁਹਾਨੂੰ ਤਰੀਕਾ ਦੱਸ ਦਿੰਦਾ ਹਾਂ। ਸਾਰੇ ਚੌਂਕੜੀ ਮਾਰ ਕੇ ਬੈਠ ਜਾਓ, ਜਿੰਨੇ ਵੀ ਪ੍ਰੇਮੀ ਬੈਠੇ ਨੇ ਤੇ ਦੋਵੇਂ ਬਾਹਵਾਂ ਆਪਣੇ ਗੋਡਿਆਂ ਤੇ ਰੱਖ ਲਓ, ਸਿੱਧੇ ਹੋ ਕੇ ਬੈਠੋ, ਰੀੜ੍ਹ ਦੀ ਹੱਡੀ ਬਿਲਕੁਲ ਸਿੱਧੀ ਕਰਕੇ। ਗਰਦਨ ਵੀ ਸਿੱਧੀ। ਹੁਣ ਤੁਸੀਂ ਸੁਆਸ ਖਿੱਚੋ ਅੰਦਰ ਨੂੰ।..........ਹੁਣ ਛੱਡ ਦਿਓ। ਫੇਰ ਖਿੱਚੋ ਅੰਦਰ ਨੂੰ............ਫੇਰ ਛੱਡ ਦਿਓ। ਹੁਣ ਜਦੋਂ ਤੁਸੀਂ ਅੰਦਰ ਨੂੰ ਸੁਆਸ ਲਿਜਾਓਂਗੇ, ਉਹਦੇ ਨਾਲ ਤੁਸੀਂ ਕਹੋ 'ਸਤਿਨਾਮ......' ਬਾਹਰ ਨੂੰ ਆਓ, ਵਾਹਿਗੁਰੂ......। 'ਰ' ਜਿਹੜਾ ਕਹਿਣਾ ਹੈ ਗੁਰੂ ਦਾ ਉਹ ਜ਼ੁਬਾਨ ਦੇ ਨਾਲ ਲਾ ਕੇ ਕਹਿਣਾ ਹੈ। ਇਹਦੇ ਨਾਲ ਜਦੋਂ 'ਰ' ਲੱਗੇਗਾ ਇਹਦੇ ਨਾਲ ਰਸ ਆਏਗਾ ਜ਼ੁਬਾਨ ਦੇ ਅੰਦਰ। ਫੇਰ ਕਰੋ। ਮੈਂ ਕਹੂੰਗਾ ਸਤਿਨਾਮ ਤੁਸੀਂ ਸਾਹ ਅੰਦਰ ਨੂੰ ਖਿਚ ਲੈਣਾ, ਜਦੋਂ ਮੈਂ ਵਾਹਿਗੁਰੂ ਕਹਾਂਗਾ ਉਸ ਵੇਲੇ ਬਾਹਰ ਨੂੰ ਛੱਡ ਦੇਣਾ । ਸਤਿਨਾਮ.........ਵਾਹਿਗੁਰੂ..........। ਸਤਿਨਾਮ......... ਵਾਹਿਗੁਰੂ..........। ਨੇਤਰ ਬੰਦ ਕਰ ਲਓ ਸਾਰੇ। ਸਤਿਨਾਮ..........ਵਾਹਿਗੁਰੂ...........। ਸਤਿਨਾਮ......... ਵਾਹਿਗੁਰੂ..........। ਹੁਣ ਬਿਨਾਂ ਬੋਲੇ ਸੁਰਤੀ ਨਾਲ ਨਾਮ ਜਪੋ। ਜਿਹੜੀ ਆਵਾਜ਼ ਮੈਂ ਬੋਲੀ ਹੈ ਉਸਨੂੰ ਸੁਣਨ ਦੀ ਕੋਸ਼ਿਸ਼ ਕਰੋ। ਇਸ ਤਰ੍ਹਾਂ ਸੁਆਸ ਦੇ ਨਾਲ ਨਾਮ ਜਪਣਾ ਹੈ, ਇਹ ਅੱਠਵੀਂ ਜਮਾਤ ਦਾ ਨਾਮ ਕਹਿ ਲਓ। ਇਸ ਤੋਂ ਬਾਅਦ ਬਿਰਤੀ ਸੂਖਸ਼ਮ ਹੋ ਜਾਂਦੀ ਹੈ, ਜੇ ਨੀਂਦ ਆ ਜਾਵੇ ਨਾਮ ਜਪਦਿਆਂ ਨੂੰ ਫੇਰ ਏਸ ਤਰ੍ਹਾਂ ਕਰਨਾ ਹੈ ਸੁਆਸ ਖਿੱਚ ਲਓ ਅੰਦਰ ਨੂੰ, ਉਸ ਤੋਂ ਬਾਅਦ ਰੋਕ ਲਓ, ਡਬਲ ਟਾਈਮ ਰੋਕਣਾ ਹੈ ਜਿੰਨਾ ਟਾਈਮ ਖਿੱਚਣ ਨੂੰ ਲਗਦਾ ਹੈ। ਉਸ ਤੋਂ ਬਾਅਦ ਫੇਰ ਛੱਡ ਦਿਓ। ਹੁਣ ਮੈਂ ਤਿੰਨ ਵਾਰ ਵਾਹਿਗੁਰੂ-ਵਾਹਿਗੁਰੂ ਕਹਾਂਗਾ। ਓਨਾਂ ਚਿਰ ਸੁਆਸ ਰੋਕ ਕੇ ਰੱਖਣਾ ਹੈ। ਹੁਣ ਮੈਂ ਛੇ ਵਾਰੀ ਵਾਹਿਗੁਰੂ-ਵਾਹਿਗੁਰੂ ਕਹਾਂਗਾ ਓਨਾਂ ਚਿਰ ਸੁਆਸ ਰੋਕ ਕੇ ਰੱਖਣਾ ਹੈ। ਓਸ ਤੋਂ ਬਾਅਦ ਮੈਂ ਤਿੰਨ ਵਾਰੀ ਕਹਾਂਗਾ ਛੇ ਤੋਂ ਬਾਅਦ

ਫੇਰ ਸ੍ਵਾਸ ਛੱਡ ਦੇਣਾ ਹੈ।

ਇਹ ਨਾਮ ਜਦ ਜਪਣਾ ਹੈ ਜਦੋਂ ਨੀਂਦ ਆਉਣ ਲਗ ਜਾਵੇ। ਝੂਟੇ ਆਉਣ ਲਗ ਜਾਂਦੇ ਨੇ ਨੀਂਦ ਦੇ। ਇਹਦੇ ਨਾਲ ਨੀਂਦ ਬਿਲਕੁਲ ਨਹੀਂ ਆਏਗੀ। ਇਹਦੇ ਨਾਲ ਇਸ ਤਰ੍ਹਾਂ ਕਰਨਾ ਹੈ ਕਿ ਜੇ ਸ੍ਵਾਸ ਬਚਦਾ ਹੈ ਬਾਕੀ, ਬੱਚਿਆਂ ਦਾ ਸ੍ਵਾਸ ਰੁਕ ਜਾਇਆ ਕਰਦਾ ਹੈ, ਸਿਆਣਿਆਂ ਦਾ ਘੱਟ ਰੁਕਦਾ ਹੈ। ਉਹ ਚਾਰ ਵਾਰੀ ਅੰਦਰ ਨੂੰ ਜਾਂਦੇ ਨੂੰ ਕਹਿਣ, ਅੱਠ ਵਾਰੀ ਰੋਕਣ। ਚਾਰੀ ਵਾਰੀ ਛਡਦੇ ਹੋਏ ਕਹਿਣ। ਇਸ ਤੋਂ ਅੱਗੇ ਪੰਜ ਵਾਰੀ, ਦੱਸ ਵਾਰੀ, ਫੇਰ ਪੰਜ ਵਾਰੀ। ਫੇਰ ਛੇ ਵਾਰੀ ਅੰਦਰ ਨੂੰ ਜਾਂਦੇ, 12 ਵਾਰੀ ਅੰਦਰ ਰੋਕ ਕੇ, ਛੇ ਵਾਰੀ ਬਾਹਰ ਨੂੰ। ਇਸ ਤਰ੍ਹਾਂ ਹੌਲੀ-ਹੌਲੀ ਸਾਹ ਦੇ ਅੰਦਰ-ਅੰਦਰ ਦਸ ਵਾਰੀ ਲੈ ਜਾਣਾ ਹੈ। ਦੱਸ ਵਾਰੀ ਵਾਹਿਗੁਰੂ ਸਾਹ ਖਿੱਚਦੇ-ਖਿੱਚਦੇ, 20 ਵਾਰੀ ਰੋਕ ਕੇ ਤੇ ਦਸ ਵਾਰੀ ਛੱਡ ਕੇ। ਇਹ ਸ੍ਵਾਸ ਦਾ ਨਾਮ ਉਹ ਹੁੰਦਾ ਹੈ ਜਿਨ੍ਹਾਂ ਦਾ ਮਨ ਨਹੀਂ ਟਿਕਦਾ। ਉਹ ਫੇਰ ਕਹਿੰਦੇ ਨੇ ਕਿ ਜੀ ਮੇਰਾ ਮਨ ਨਹੀਂ ਟਿਕਦਾ। ਇਹਦੇ ਨਾਲ ਮਨ ਕਿਤੇ ਨਹੀਂ ਜਾਂਦਾ ਕਿਉਂਕਿ ਮਨ ਜਿਹੜਾ ਹੈ ਇਹ ਪੌਣ ਦਾ ਸਵਾਰ ਹੁੰਦਾ ਹੈ। ਪੌਣ ਰੋਕ ਦਿਓ ਮਨ ਰੁਕ ਜਾਂਦਾ ਹੈ। ਜੇ ਇਹ ਘੋੜੇ ਤੇ ਚੜ੍ਹਿਆ ਹੋਇਆ ਹੈ ਇਹਦੀਆਂ ਵਾਗਾਂ ਰੋਕ ਦਿਓ, ਮਨ ਕਿੱਥੇ ਨੱਠ ਜਾਏਗਾ ਕਿਤੇ ਨਹੀਂ ਜਾਂਦਾ। ਇਸ ਤਰ੍ਹਾਂ ਦੇ ਨਾਲ ਏਸ ਤੋਂ ਅੱਗੇ ਜਿਹੜਾ ਹੈ ਮੈਟ੍ਰਿਕ ਦਾ ਨਾਮ ਮੈਂ ਤੁਹਾਨੂੰ ਦੱਸਦਾ ਹਾਂ। ਉਹ ਹੁੰਦਾ ਹੈ ਅੱਧਾ ਸਾਹ ਅੰਦਰ ਨੂੰ ਲੈ ਜਾਈਦਾ ਹੈ, ਜਦੋਂ ਸਾਹ ਅੰਦਰ ਨੂੰ ਖਿੱਚ ਲਿਆ ਤਾਂ ਫੇਰ ਉਹਦੇ ਨਾਲ ਕਹਿਣਾ ਹੈ ਵਾਹਿ.........ਜਦੋਂ ਛੱਡਣਾ ਹੈ ਤਾਂ ਕਹਿਣਾ ਹੈ ਗੁਰੂ...............। ਇਹਦੇ ਨਾਲ ਧੁਨੀ ਬਣ ਜਾਂਦੀ ਹੁੰਦੀ ਹੈ, ਜਿਹਨੂੰ ਧੁਨ 'ਚ ਧਿਆਨ ਕਹਿੰਦੇ ਨੇ। ਜਿਹੜਾ ਗੱਗਾ ਹੈ ਉਹ ਉਤੇ ਥੱਲੇ ਨੂੰ ਲਿਆਉਣਾ ਹੈ, ਜਿਹੜਾ 'ਹ' ਹੈ ਉਹ ਨਾਭੀ ਤੱਕ ਲੈ ਜਾਣਾ ਹੈ। ਇਹਦੇ ਨਾਲ ਨਿਗ੍ਹਾ ਮੱਥੇ 'ਚ ਟਿਕਾ ਕੇ ਰੱਖਣੀ ਹੈ ਇਹਨੂੰ ਆਗਿਆ ਚੱਕਰ ਕਹਿੰਦੇ ਹੋ। ਇਥੇ ਓਸ ਸ਼ਬਦ ਦਾ ਧਿਆਨ ਸੁਣਨਾ ਹੈ ਜੇ ਨਾ ਸੁਣੇ, ਉਥੇ ਦੋ ਚੀਜ਼ਾਂ ਆਇਆ ਕਰਦੀਆਂ ਨੇ ਇਕ ਸੁਰਤ ਹੁੰਦੀ ਹੈ ਨਾਮ ਨਾਲ ਲੱਗੀ ਰਹਿੰਦੀ ਹੈ, ਜਿਹੜੀ ਨਿਰਤ ਹੁੰਦੀ ਹੈ ਉਹ ਕੁਛ ਦੇਖਣਾ ਚਾਹੁੰਦੀ ਹੈ, ਉਹਨੂੰ ਪ੍ਰਕਾਸ਼ ਦਿੱਸਣ ਲਗ ਜਾਂਦਾ ਹੈ। ਬਹੁਤ ਕਿਸਮ ਦੇ ਪ੍ਰਕਾਸ਼ ਦਿਸਦੇ ਨੇ। ਜੇ ਅਸੀਂ ਪ੍ਰਕਾਸ਼ਾਂ ਨੂੰ ਦੇਖਣ ਲੱਗ ਜਾਈਏ ਤਾਂ ਸਾਡੀ ਸੁਰਤ ਖਿੰਡ ਜਾਂਦੀ ਹੈ ਤਾਂ ਅਸੀਂ ਉਥੇ ਗੁਰੂ ਨਾਨਕ ਸਾਹਿਬ ਦਾ ਧਿਆਨ ਟਿਕਾ ਲੈਣਾ ਹੈ। ਉਹਦੇ ਨਾਲ ਸੁਰਤ ਨੂੰ ਬੰਨ੍ਹ ਕੇ ਖੜ੍ਹਾ ਦੇਣਾ ਹੈ। ਇਸ ਤਰ੍ਹਾਂ ਨਾਮ ਜਪੀ ਜਾਣਾ ਹੈ।

ਦੋਵੇਂ ਅੱਖਾਂ ਦੇ ਭਰਵੱਟਿਆਂ ਵਿਚਾਲੇ ਗੁਰੂ ਨਾਨਕ ਦਾ ਧਿਆਨ ਰੱਖਣਾ ਹੈ, ਹੌਲੀ-ਹੌਲੀ ਬਣ ਜਾਂਦਾ ਹੁੰਦਾ ਹੈ ਧਿਆਨ। ਸਾਲ ਦੋ ਸਾਲ ਲਗ ਜਾਂਦੇ ਨੇ ਧਿਆਨ ਬਣਦੇ ਨੂੰ। ਉਹ ਫੇਰ ਅਵਸਥਾ ਆਉਂਦੀ ਹੈ ਜਦੋਂ ਗੁਰੂ ਨਾਨਕ ਪ੍ਰਕਾਸ਼ ਬਣ ਜਾਂਦਾ ਹੁੰਦਾ ਹੈ। ਪ੍ਰਕਾਸ਼ ਬਣ ਕੇ ਤੁਹਾਨੂੰ ਆਪਣਾ ਸਰੀਰ ਐਉਂ ਲੱਗਣ ਲਗ ਜਾਏਗਾ ਕਿ ਗੁਰੂ ਨਾਨਕ ਸਾਹਿਬ ਦਾ ਸਰੀਰ ਹੋ ਗਿਆ, ਉਸ ਤੋਂ ਬਾਅਦ ਜੋਤੀ ਦਾ ਧਿਆਨ ਆ ਜਾਂਦਾ ਹੈ, ਇਥੇ ਕੁ ਤੱਕ ਪਹੁੰਚਣ ਦੀ ਕੋਸ਼ਿਸ਼ ਕਰੋ। ਏਸ ਤੋਂ ਬਾਅਦ ਅਨਹਦ ਸ਼ਬਦ ਬੋਲਿਆ ਕਰਦਾ ਹੈ ਕੰਨ ਦੇ ਕੋਲ। ਬਹੁਤ ਤਾਂ ਕੰਨ ਬੰਦ ਕਰਕੇ ਬੋਲਦੇ ਨੇ। ਰਾਧਾ ਸੁਆਮੀਆਂ ਦਾ ਤਰੀਕਾ ਹੈ ਉਹ ਕੰਨ ਬੰਦ ਕਰ ਲੈਂਦੇ ਨੇ। ਇਹਦੇ 'ਚੋਂ ਆਵਾਜ਼ ਸੁਣਦੀ ਹੈ। ਲੇਕਿਨ ਆਪਣੇ ਗੁਰਮਤਿ ਦਾ ਤਰੀਕਾ ਇਹ ਹੈ ਕਿ ਆਪਣੇ ਮਨ ਦੀ ਇਕਾਗਰਤਾ ਦੇ ਨਾਲ ਜਿਹੜੀ ਆਵਾਜ਼ ਬੋਲੇ ਉਹ ਆਵਾਜ਼ ਫੇਰ ਕਿਤੇ ਜਾਇਆ ਨਹੀਂ ਕਰਦੀ। ਹੁਣ ਹਰ ਵਕਤ ਕੰਨ ਕੌਣ ਬੰਦ ਕਰੇ, ਹਰ ਵਕਤ ਇਹ ਨਹੀਂ ਹੋ ਸਕਦਾ। ਇਹ ਬਿਰਤੀ ਇਕਾਗਰ ਹੋ ਕੇ ਆਪਣੇ ਆਪ ਹੀ ਸਾਊਂਡ ਆ ਜਾਏਗੀ। ਉਹ ਧੁਨੀ ਐਉਂ ਹੋਏਗੀ ਜਿਵੇਂ ਘੰਟਾ ਵਜਦਾ ਹੁੰਦਾ ਹੈ ਪਹਿਲਾਂ-ਪਹਿਲਾਂ। ਉਸ ਤੋਂ ਬਾਅਦ ਜਿਵੇਂ ਸਤਾਰ ਹੁੰਦੀ ਹੈ, ਇਹਦੀ ਆਵਾਜ਼ ਦੀ ਜਿਹੜੀ ਪਿਛਲੀ ਧੁਨੀ ਹੁੰਦੀ ਹੈ, ਓਸ ਤਰ੍ਹਾਂ ਦੀ ਧੁਨੀ ਬਣ ਜਾਂਦੀ ਹੈ, ਹੌਲੀ-ਹੌਲੀ ਬੰਸਰੀ ਬਣ ਜਾਂਦੀ ਹੈ, ਏਸ ਤਰ੍ਹਾਂ ਕਰਕੇ ਪੰਜ ਸ਼ਬਦ ਹੁੰਦੇ ਨੇ ਇਹ। ਇਹਦੇ ਨਾਲ ਗੁਰਮੰਤ੍ਰ ਜੋੜ ਦੇਣਾ ਹੈ। ਫੇਰ ਇਸ ਤੋਂ ਬਾਅਦ ਜਦੋਂ ਇਥੇ ਬਿਰਤੀ ਪਹੁੰਚ ਗਈ, ਫੇਰ ਸੁਰਤੀ ਉਪਰ ਨੂੰ ਚੜ੍ਹਨ ਲਗ ਜਾਂਦੀ ਹੈ। ਗੁਰੂ ਨਾਨਕ ਸਾਹਿਬ ਦਾ ਧਿਆਨ ਧਰੀਦਾ ਹੈ। ਇਸ ਤਰ੍ਹਾਂ ਦਸਵੇਂ ਦੁਆਰ 'ਚ ਬਿਰਤੀ ਪਹੁੰਚਦੀ ਹੈ।

ਜੋਗੀਆਂ ਦੇ ਸ੍ਵਾਸ ਪਹੁੰਚਦੇ ਨੇ, ਅਸੀਂ ਹੱਠ ਯੋਗ ਨਹੀਂ ਕਰਦੇ, ਅਸੀਂ ਸਬਦਿ ਸੁਰਤਿ ਮਾਰਗ ਰਾਹੀਂ ਜਪਦੇ ਹਾਂ। ਇਸ ਤੋਂ ਬਾਅਦ ਸੁਰਤੀ ਤੁਹਾਡੀ ਉਥੇ ਪਹੁੰਚ ਜਾਏਗੀ। ਇਥੇ ਇਕ ਹੋਰ ਚੀਜ਼ ਜਾਗਦੀ ਹੈ ਜਿਸ ਨੂੰ ਗਿਆਨ ਕਹਿੰਦੇ ਨੇ, ਗਿਆਨ ਜੇ ਕੋਈ ਪੜ੍ਹਿਆ ਬੰਦਾ ਹੈ ਉਸਨੂੰ ਵੱਧ ਗਿਆਨ ਹੁੰਦਾ ਹੈ, ਉਹ ਗਿਆਨ ਕੋਈ ਕੰਮ ਨਹੀਂ ਕਰਦਾ। ਇਕ ਗੱਲ ਸਮਝ ਵਿਚ ਆ ਜਾਂਦੀ ਹੈ ਕਿ ਆਹ ਵਾਹਿਗੁਰੂ ਹੈ ਸਾਰੇ। ਇਹ ਸਮਝ ਵਿਚ ਆਉਣ ਨਾਲ ਕੋਈ ਫਰਕ ਨਹੀਂ ਪੈਂਦਾ ਜੇ ਸਾਨੂੰ ਪਤਾ ਲਗ ਜਾਏ ਕਿ ਧਰਤੀ 'ਚ ਪਾਣੀ ਹੈ, ਅਸੀਂ ਇਥੇ ਪਿਆਸੇ ਖੜ੍ਹੇ ਹਾਂ ਕੋਈ ਮਤਲਬ ਨਹੀਂ ਸਾਰਦਾ, ਕਹੀ ਜਾਓ ਕਿ ਧਰਤੀ 'ਚ ਪਾਣੀ ਹੈ। ਪਾਣੀ ਦਾ ਫਾਇਦਾ ਤਾਂ ਹੈ ਜੇ ਬੋਰ ਕਰਕੇ ਤੁਹਾਡੇ ਹੱਥ ਵਿਚ ਆ

ਜਾਏ। ਇਥੇ ਗਿਆਨ ਦੀ ਬਿਰਤੀ ਨੂੰ ਵਿਵੇਕ ਬਿਰਤੀ ਕਹਿੰਦੇ ਨੇ ਉਹ ਜਾਗਿਆ ਕਰਦੀ ਹੈ, ਉਹ ਫੇਰ ਗੁਰੂ ਗ੍ਰੰਥ ਸਾਹਿਬ ਆਪੇ ਹੀ ਗਿਆਨ ਦਿੰਦੇ ਨੇ। ਕੋਈ ਮਹਾਂਪੁਰਸ਼ ਤੁਹਾਡੇ ਕੋਲ ਆਵੇਗਾ, ਤੁਹਾਡੀ ਬਿਰਤੀ ਦੇ ਮੁਤਾਬਿਕ ਆਪੇ ਹੀ ਬੋਲਣਾ ਸ਼ੁਰੂ ਕਰ ਦੇਵੇਗਾ। Automatic ਵਾਹਿਗੁਰੂ ਦਾ ਪ੍ਰਬੰਧ ਹੈ, ਗੁਰੂ ਘਰ ਦੇ ਅੰਦਰ। ਤੁਸੀਂ ਐਸੇ ਸਤਿਸੰਗ 'ਚ ਚਲੇ ਜਾਓਂਗੇ ਜਿਥੇ ਤੁਹਾਨੂੰ ਗਿਆਨ ਦੀਆਂ ਬਾਤਾਂ ਸਮਝ 'ਚ ਆ ਜਾਣਗੀਆਂ। ਫੇਰ ਕਿਸੇ ਮਹਾਂਪੁਰਸ਼ ਦੇ ਨਾਲ ਤੁਹਾਡਾ ਸੰਗ ਹੋ ਜਾਏਗਾ, ਤੁਸੀਂ ਉਨ੍ਹਾਂ ਨੂੰ ਪੁੱਛੀ ਜਾਓਂਗੇ ਉਨ੍ਹਾਂ ਨੇ ਫਟਾਫਟ ਦੱਸ ਦੇਣਾ ਹੈ ਕਿ ਆਹ ਚੀਜ਼ਾਂ ਨੇ। ਗੁਰੂ ਗ੍ਰੰਥ ਸਾਹਿਬ ਉਹਦੇ ਤੇ ਮੋਹਰ ਲਾ ਦਿੰਦੇ ਨੇ ਕਿ ਭਾਈ! ਸਾਰੇ ਵਾਹਿਗੁਰੂ ਹੈ। ਕੋਈ ਵਾਹਿਗੁਰੂ ਤੋਂ ਬਗੈਰ ਹੈ ਨਹੀਂ। ਫੇਰ ਇਹਨੂੰ ਪ੍ਰਪੱਕ ਕਰੀਦਾ ਹੈ, ਸਮਾਧੀ 'ਚ। ਫੇਰ ਸਮਾਧੀ ਲਗਦੀ ਹੈ ਪਹਿਲਾਂ ਢਾਈ ਮਿੰਟ ਦੀ ਲਗਦੀ ਹੈ। ਜਿਹੜਾ ਢਾਈ ਮਿੰਟ ਦੀ ਸਮਾਧੀ ਲਾ ਲਏ ਸਮਝੋ ਸਮਾਧੀ ਦੇ ਰਾਹ ਪੈ ਗਿਆ। ਉਹਨੂੰ ਇਕ ਧਾਰਨਾ ਕਿਹਾ ਕਰਦੇ ਨੇ। ਇਸ ਤਰ੍ਹਾਂ 12 ਧਾਰਨਾ ਅੱਧੇ ਘੰਟੇ ਦੀਆਂ ਜਦੋਂ ਲਗਣ ਲੱਗ ਜਾਣ, ਲਗਾਤਾਰ ਲੱਗ ਜਾਣ ਫੇਰ ਸਮਾਧੀ ਬਣ ਜਾਇਆ ਕਰਦੀ ਹੈ। ਜਦੋਂ ਢਾਈ ਘੰਟੇ ਦੀ ਸਮਾਧੀ ਲੱਗ ਜਾਵੇ, ਉਹਨੂੰ ਸੰਪਰਗਿਆਤ ਸਮਾਧ ਕਹਿੰਦੇ ਨੇ। ਜਾਨਣ ਵਾਲੀ ਸਮਾਧੀ। ਇਸ ਤੋਂ ਬਾਅਦ ਜਿਹੜੀ ਸਮਾਧੀ ਲਗਦੀ ਹੈ ਉਹਨੂੰ ਜਾਣਦਾ ਨਹੀਂ ਕੋਈ ਵੀ। ਬਿਰਤੀ ਰਸ 'ਚ ਲੀਨ ਹੋ ਜਾਂਦੀ ਹੈ ਤੇ ਜਦੋਂ ਥੱਲੇ ਆਉਂਦੀ ਹੈ ਫੇਰ ਪਤਾ ਲਗਦਾ ਹੈ। ਇਸ ਤਰ੍ਹਾਂ ਭਾਈ ਹੌਲੀ-ਹੌਲੀ ਚਲਦੇ-ਚਲਦੇ, ਤੁਹਾਡਾ ਆਪਣਾ ਆਪ ਖਤਮ ਹੋ ਜਾਣਾ ਹੈ, ਇਥੇ ਵਾਹਿਗੁਰੂ ਹੀ ਰਹਿ ਜਾਣਾ ਹੈ, ਅੰਦਰ ਵੀ ਵਾਹਿਗੁਰੂ ਬਾਹਰ ਵੀ ਵਾਹਿਗੁਰੂ।

*ਬਾਹਰਿ ਭੀਤਰਿ ਏਕੋ ਜਾਨਹੁ*
*ਇਹੁ ਗੁਰ ਗਿਆਨੁ ਬਤਾਈ ॥ ਅੰਗ - ੬੮੪*

ਆਖਰੀ ਅਵਸਥਾ ਗਿਆਨ ਦੀ ਹੁੰਦੀ ਹੈ, ਇਸ ਤੋਂ ਅੱਗੇ ਹੁੰਦਾ ਹੈ ਵਿਗਿਆਨ। ਵਿਗਿਆਨ ਉਹ ਅਵਸਥਾ ਹੁੰਦੀ ਹੈ ਜਿਹੜਾ ਵਾਹਿਗੁਰੂ ਦੇ ਵਿਚ ਲੀਨ ਹੋ ਜਾਵੇ, ਆਪਣਾ ਆਪ ਮੁੱਕ ਜਾਵੇ ਇਹ ਰਸਤਾ ਜਿਹੜਾ ਹੈ ਆਪਣਾ ਇਹ ਹੈ, ਇਹਦੇ ਵਿਚ ਭਰਮ ਭੁਲੇਖਾ ਨਹੀਂ ਖਾਣਾ, ਮਿਹਨਤ ਤੁਸੀਂ ਕਰਨੀ ਹੈ, ਰਸਤਾ ਗੁਰੂ ਗ੍ਰੰਥ ਸਾਹਿਬ 'ਚ ਸਾਰਾ ਲਿਖਿਆ ਹੋਇਆ ਹੈ। ਜੋ ਕੁਛ ਮੈਂ ਬੋਲਿਆ ਹੈ ਉਹ ਜੋ ਗੁਰੂ ਗ੍ਰੰਥ ਸਾਹਿਬ 'ਚ ਆਉਂਦਾ ਹੈ ਉਸ ਦੇ ਮੁਤਾਬਿਕ ਹੀ ਹੈ ਜਾਂ ਮਹਾਂਪੁਰਸ਼ਾਂ ਨੇ ਜਿਹੜੀਆਂ ਕਰਨੀਆਂ ਕਮਾਈਆਂ ਕੀਤੀਆਂ ਉਨ੍ਹਾਂ ਦੇ ਮੁਤਾਬਿਕ ਹੈ। ਏਸ ਉਪਰੇ ਭੁਲੇਖਾ ਨਹੀਂ ਖਾਣਾ ਬਿਲਕੁਲ ਵੀ। ਬਾਕੀ ਦੂਸਰੀ ਗੱਲ ਇਹ ਰਹੀ ਜਿਸਦਾ ਮੈਂ ਆਪ ਨੂੰ ਧੰਨਵਾਦ ਕਰਦਾ ਹਾਂ। ਵਧਾਈਆਂ ਦਿੰਦਾ ਹਾਂ ਉਹ ਇਹ ਹੈ ਕਿ ਸਾਧਸੰਗਤ ਜੀ! ਕੁਛ ਐਸਾ ਕੌਤਕ ਵਰਤਿਆ ਬਾਜ ਦਾ। ਪਹਿਲੀ ਵਾਰੀ ਮਕਰੌਨੇ ਪਿੰਡ ਐਸ ਤਰ੍ਹਾਂ ਹੀ ਅੰਮ੍ਰਿਤ ਛਕਾ ਰਹੇ ਸੀ, ਜਿਸ ਵਕਤ ਗੁਰਮੰਤ੍ਰ ਦੇਣ ਲੱਗੇ ਬਾਜ ਆ ਕੇ ਬੈਠ ਗਿਆ ਇਕ ਦਮ। ਸ਼ਾਮਿਆਨੇ ਦੇ ਉਤੇ ਆ ਕੇ ਗੇੜੇ ਦੇਣ ਲੱਗ ਗਿਆ। ਸਾਮ੍ਹਣੇ ਬਹਿ ਗਿਆ ਸਾਰੀ ਸੰਗਤ ਨੂੰ ਨਜ਼ਰ ਆਉਂਦਾ ਸੀ। ਉਸ ਤੋਂ ਬਾਅਦ ਤਿਊੜ ਚਲੇ ਗਏ ਉਥੇ ਵੀ ਏਸ ਤਰ੍ਹਾਂ ਹੀ ਹੋਇਆ। ਜਦੋਂ ਅੰਮ੍ਰਿਤ ਛਕਾਉਣ ਲੱਗੇ ਉਸੇ ਵੇਲੇ ਬਾਜ ਆ ਗਿਆ। ਫੇਰ ਉਹਨੂੰ ਬੇਨਤੀ ਕੀਤੀ ਕਿ ਹੇਠਾਂ ਆ ਕੇ ਦਰਸ਼ਨ ਦਿਓ। ਉਹ ਫੇਰ ਹੇਠਾਂ ਆ ਗਿਆ, ਕਲਾਬਾਜ਼ੀਆਂ ਖਾਣ ਲੱਗ ਗਿਆ ਸਿੰਘਾਂ ਦੇ ਉਤੇ, ਖੁਸ਼ੀ 'ਚ ਆ ਕੇ। ਤੀਸਰੀ ਵਾਰੀ ਅਸੀਂ ਖਿਜਰਾਬਾਦ ਅੰਮ੍ਰਿਤ ਛਕਾ ਰਹੇ ਸੀ, ਉਥੇ ਦੋ ਆ ਗਏ। ਉਹ ਵੀ ਬੜੇ ਪ੍ਰਸੰਨ ਹੋਏ ਤੇ ਸਿੰਘਾਂ ਨੂੰ ਨੇੜੇ ਆ ਕੇ ਦਰਸ਼ਨ ਦਿੰਦੇ ਰਹੇ ਤੇ ਸ਼ਾਮਿਆਨੇ ਦੇ ਉਤੇ ਘੁੰਮਦੇ ਰਹੇ। ਹੁਣ ਵਾਹਿਗੁਰੂ ਨੇ ਐਸੀ ਮਿਹਰ ਕੀਤੀ ਹੈ ਗੁਰੂ ਮਹਾਰਾਜ ਨੇ ਕਿ ਮੇਰੇ ਸਿੰਘਾਂ ਨੂੰ ਇਹ ਪਤਾ ਲੱਗ ਜਾਵੇ ਕਿ ਮੈਂ ਤੁਹਾਡੇ ਤੋਂ ਦੂਰ ਨਹੀਂ ਗਿਆ ਹੋਇਆ। ਕਿਉਂਕਿ ਸੰਦੇਸ਼ ਪਹੁੰਚਾਉਣ ਦੇ ਤਰੀਕੇ ਹੁੰਦੇ ਨੇ, ਕੋਈ ਕਬੂਤਰਾਂ ਦੇ ਰਾਹੀਂ ਪਹੁੰਚਾਉਂਦਾ ਹੈ, ਕੋਈ ਕੁੱਤਿਆਂ ਦੇ ਰਾਹੀਂ ਪਹੁੰਚਾਉਂਦਾ ਹੈ। ਜਿਹੜਾ ਗੁਰੂ ਘਰ ਦਾ ਸਾਡਾ ਇਤਿਹਾਸ ਇਹ ਹੈ ਕਿ ਉਹ ਸੂਰਮਿਆਂ ਦਾ ਪੰਥ ਹੈ, ਪੰਛੀਆਂ ਦਾ ਰਾਜਾ ਹੈ ਬਾਜ, ਉਹਦੇ ਰਾਹੀਂ ਸੁਨੇਹਾ ਆਉਂਦਾ ਹੈ।

ਇਥੇ ਵੀ ਤੁਹਾਡੇ ਬਡਹੇੜੀ ਚੰਡੀਗੜ੍ਹ ਬਾਜ ਆਇਆ, ਉਹ ਬਾਜ ਚਾਰ ਦਿਨ ਇਥੇ ਰਿਹਾ। ਸਾਰੇ ਸਿੱਖ ਸੰਸਾਰ ਦੇ ਅੰਦਰ ਧੂਮ ਪੈ ਗਈ, ਅਖਬਾਰਾਂ 'ਚ ਆ ਗਿਆ। ਹਰ ਕੋਈ ਦੌੜਿਆ ਫਿਰਦਾ ਸੀ, ਜਿਨ੍ਹਾਂ ਨੇ ਦਰਸ਼ਨ ਕੀਤੇ ਉਹ ਆਪਣੇ ਆਪ ਨੂੰ ਧੰਨਭਾਗੀ ਸਮਝਦੇ ਨੇ, ਜਿਹੜੇ ਕਰ ਨਹੀਂ ਸਕੇ ਉਹ ਪਛਤਾਅ ਰਹੇ ਨੇ। ਸੋ ਇਹ ਗੁਰੂ ਮਹਾਰਾਜ ਦਾ ਸੁਨੇਹਾ ਲੈ ਕੇ ਤੁਹਾਡੇ ਕੋਲ ਆਇਆ ਸੀ, ਬਈ ਜੋ ਤੁਸੀਂ ਕਰ ਰਹੇ ਓਂ, ਉਹ ਅਸੀਂ approve ਕਰ ਰਹੇ ਹਾਂ। ਠੀਕ ਹੈ ਤੁਸੀਂ ਲੱਗੇ ਰਹੋ। ਇਹ ਜਿਹੜਾ ਮਿਸ਼ਨ ਹੈ ਇਹ ਬਿਲਕੁਲ ਨਿਸ਼ਕਾਮ ਚੱਲ ਰਿਹਾ ਹੈ। ਪੈਸੇ ਦੀ ਕਿਸੇ ਨੂੰ ਝਾਕ ਹੀ ਨਹੀਂ। ਕਿਸੇ ਪਦਵੀ, ਕਿਸੇ ਅਹੁਦੇ ਦੀ ਕਿਸੇ ਨੂੰ ਝਾਕ ਨਹੀਂ।। ਸਾਰੇ ਗੁਰੂ ਦੇ ਸਿੱਖ ਬਣ ਕੇ ਚਲ ਰਹੇ ਹਨ, ਗੁਰੂ ਗ੍ਰੰਥ ਸਾਹਿਬ ਦੇ ਲੜ ਈਮਾਨਦਾਰੀ ਨਾਲ ਲੱਗ ਰਹੇ ਨੇ। ਇਹ ਗੁਰੂ ਮਹਾਰਾਜ ਨੇ ਬੜਾ ਕੌਤਕ ਰਚ ਕੇ ਸਾਨੂੰ ਇਹ ਦਿਖਾ ਦਿਤਾ। ਫੇਰ ਉਹਨੂੰ ਖੁਲ੍ਹਾ ਛੱਡ ਦਿਤਾ ਗਿਆ, ਕਿਉਂਕਿ ਕਈਆਂ ਦੇ ਮਨ ਵਿਚ ਭਰਮ ਸੀ ਕਿ ਥੱਕ

ਕੇ ਆ ਕੇ ਬਹਿ ਗਿਆ ਹੋਣਾ। ਥੱਕ ਕੇ ਆ ਕੇ ਸਾਡੇ ਹੀ ਦੀਵਾਨ ਤੇ ਬਹਿਣਾ ਸੀ? ਹੋਰ ਥੋੜ੍ਹਾ ਪਿਆ ਹੈ ਸ਼ਹਿਰ। ਜੇ ਬੰਦਿਆਂ ਤੇ ਹੀ ਬਹਿਣਾ ਸੀ ਤਾਂ ਸਿਨਮਿਆਂ 'ਚ ਬਹੁਤ ਭੀੜ ਹੁੰਦੀ, ਹੋਰ ਹਰ ਥਾਂ ਦੇ ਉਤੇ ਬੰਦਿਆਂ ਦਾ ਬੜਾ ਇਕੱਠ ਹੁੰਦਾ ਹੈ, ਕਿਤੇ ਰੋਹੀ 'ਚ ਬਹਿ ਜਾਂਦਾ। ਬੰਦਿਆਂ 'ਚ ਬੈਠ ਕੇ ਤਾਂ ਉਹਨੂੰ ਖਤਰਾ ਸੀ ਲੇਕਿਨ ਇਹ ਸਿੰਘਾਂ ਦੇ ਵਿਚ ਆ ਕੇ ਬੈਠਿਆ। ਸੰਤੋਖ ਸਿੰਘ ਉਨ੍ਹਾਂ ਨੇ ਚੁੱਕ ਲਿਆ ਸੀ, ਉਸਨੇ ਛੁੱਟਣ ਦੀ ਕੋਸ਼ਿਸ਼ ਨਹੀਂ ਕਰੀ, ਨੱਠਣ ਦੀ ਕੋਸ਼ਿਸ਼ ਨਹੀਂ ਕਰੀ। ਉਸ ਤੋਂ ਬਾਅਦ ਜੋ ਕੁਛ ਉਹਨੂੰ ਬੇਨਤੀ ਕੀਤੀ ਕਿ ਸਾਡੇ ਕੋਲ ਤਾਂ ਦਲੀਆ ਤੇ ਪ੍ਰਸ਼ਾਦ ਹੈ, ਉਹ ਛੱਕ ਲਓ, ਓਹੀ ਛਕ ਲਿਆ। ਫਲ ਪਾ ਦਿਤਾ, ਫਲ ਛਕ ਲਿਆ ਤੇ ਆਖਰੀ ਦਿਨ ਉਹਨੂੰ ਬੇਨਤੀ ਕੀਤੀ ਕਿ ਜੇ ਤਾਂ ਮਹਾਰਾਜ ਤੁਸੀਂ ਰਹਿਣਾ ਹੈ ਤਾਂ, ਤਾਂ ਫੇਰ ਤੁਸੀਂ ਪ੍ਰਸ਼ਾਦ ਛੱਕ ਲਓ ਸਾਡਾ ਦਿਤਾ ਹੋਇਆ। ਜੇ ਤੁਸੀਂ ਜਾਣਾ ਹੈ ਤਾਂ ਭੋਗ ਲਾ ਦਿਓ, ਸਾਨੂੰ ਪਤਾ ਲਗ ਜਾਏਗਾ ਕਿ ਤੁਸੀਂ ਜਾਣਾ ਹੈ।

ਇਹ ਗੱਲ ਵੀ ਦੱਸਦੇ ਨੇ ਕਿ ਜਦੋਂ ਇਹ ਗੱਲ ਕਹੀ ਕਿ ਤੁਸੀਂ ਪ੍ਰਸ਼ਾਦ ਛਕਣਾ ਹੈ, ਤਾਂ ਨਾਂਹ ਵਿਚ ਸਿਰ ਮਾਰ ਦਿਤਾ ਕਿ ਨਹੀਂ ਛਕਣਾ। ਉਸ ਤੋਂ ਬਾਅਦ ਕਿਹਾ ਕਿ ਤੁਸੀਂ ਫੇਰ ਭੋਗ ਲਾ ਦਿਓ, ਭੋਗ ਲਾ ਦਿਤਾ। ਇਹ ਮੇਰੇ ਕੋਲ ਆ ਗਏ ਕਹਿਣ ਲੱਗੇ ਕਿ ਜੀ, ਹੁਣ ਕੀ ਹੁਕਮ ਹੈ? ਮੈਂ ਕਿਹਾ ਕਿ ਹੁਣ ਇਨ੍ਹਾਂ ਨੂੰ ਬੇਨਤੀ ਕਰੋ, ਅਰਦਾਸ ਕਰੋ, ਆਪਾਂ ਜਾ ਕੇ ਛੱਡ ਆਉਂਦੇ ਹਾਂ, ਬੇਨਤੀ ਕਰ ਦਿੰਦੇ ਹਾਂ। ਉਹ ਬਾਹਰ ਵੀ ਨਿਕਲਦੇ ਸੀ, ਖਿੜਕੀ ਵਿਚ ਵੀ ਬੈਠਦੇ ਸੀ। ਉਡਣ ਨੂੰ ਉਨ੍ਹਾਂ ਨੂੰ ਹਰ ਵਕਤ ਥਾਉਂ ਸੀ, ਉਨ੍ਹਾਂ ਦੇ ਮੂਹਰੇ ਪੰਛੀ ਵੀ ਉਡਦੇ ਫਿਰਦੇ ਸੀ, ਚਿੜੀਆਂ ਵਗੈਰਾ ਹੋਰ ਪੰਛੀ। ਝਪਟਾ ਮਾਰਨ ਨੂੰ ਉਨ੍ਹਾਂ ਨੂੰ ਹੋਰ ਥਾਉਂ ਸੀ। ਲੇਕਿਨ ਇਸ ਤਰ੍ਹਾਂ ਬੈਠੇ ਰਹੇ ਜਿਸ ਤਰ੍ਹਾਂ ਨਾਲ ਸਿੰਘ ਬੈਠੇ ਹੁੰਦੇ ਨੇ ਉਨ੍ਹਾਂ ਦੇ ਨਾਲ। ਸ਼ਹੀਦ ਸਿੰਘਾਂ ਦਾ ਪਹਿਰਾ ਸੀ, ਉਨ੍ਹਾਂ ਨੇ ਆਪਣੇ ਬਾਜ ਨੂੰ ਰੋਕ ਕੇ ਰੱਖਿਆ ਤੇ ਜਦੋਂ ਤੱਕ ਅਰਦਾਸ ਨਹੀਂ ਕੀਤੀ, ਉਸ ਵੇਲੇ ਤੱਕ ਨਹੀਂ ਉਹ ਗਏ। ਜਦੋਂ ਅਰਦਾਸ ਕੀਤੀ ਗਈ, ਬਾਹਰ ਅਸੀਂ ਲੈ ਗਏ, ਬਾਹਰ ਲਿਜਾ ਕੇ ਕਿਹਾ ਕਿ ਮਹਾਰਾਜ! ਤੁਸੀਂ ਹੁਣ ਸਾਨੂੰ ਖੁਸ਼ੀਆਂ ਬਖਸ਼ੋ ਤੇ ਜਿੱਥੋਂ ਆਏ ਹੋ ਆਪਣੇ ਨਿਜ ਅਸਥਾਨ ਨੂੰ ਜਾਓ। ਓਸ ਵੇਲੇ ਉਹਨੇ ਐਡੀ ਵੱਡੀ ਉਡਾਰੀ ਮਾਰੀ, ਜਿਹੜੇ ਲੋਕ ਕਹਿੰਦੇ ਸੀ ਕਿ ਪਤਾ ਨਹੀਂ ਇਸ ਤੋਂ ਉਡ ਨਹੀਂ ਹੁੰਦਾ, ਤਾਂ ਬੈਠਾ ਹੈ, ਉਹ ਹੈਰਾਨ ਹੋ ਗਏ। ਦੂਰ ਚਲੇ ਗਏ ਜੰਗਲ 'ਚ। ਸਾਡੇ ਮਨ ਉਦਾਸ ਹੋ ਗਏ। ਸਾਡੇ ਨਾਲ ਜਿੰਨੇ ਸੀ ਸਾਰਿਆਂ ਦੇ ਚਿੱਤ ਉਦਾਸ ਹੋ ਗਏ ਕਿ ਐਸ ਤਰ੍ਹਾਂ ਲੱਗਿਆ ਕਿ ਕੋਈ ਬਹੁਤ ਵੱਡੀ ਚੀਜ਼ ਗੁਆਚ ਗਈ ਹੁੰਦੀ ਹੈ।

ਤੁਹਾਡੇ ਬੀਜੀ ਨੇ ਕਿਹਾ ਕਿ ਨਿਹਚੇ ਨਾਲ ਖੜ੍ਹੇ ਰਹੋ, ਜਦ ਅੱਗੇ ਆ ਸਕਦੇ ਨੇ, ਤਾਂ ਹੁਣ ਵੀ ਆ ਸਕਦੇ ਨੇ, ਅਸੀਂ ਆਰਾਮ ਨਾਲ ਉਥੇ ਖੜ੍ਹੇ ਰਹੇ। ਲੇਕਿਨ ਐਉਂ ਲਗਦਾ ਸੀ ਕਿ ਜਿਵੇਂ ਕੋਈ ਚੀਜ਼ ਗੁਆਚ ਗਈ ਹੁੰਦੀ ਹੈ, ਕੋਈ ਬਹੁਤ ਵੱਡਾ ਘਾਟਾ ਪੈ ਗਿਆ ਹੁੰਦਾ ਹੈ। ਕੋਈ ਬਹੁਤ ਪਿਆਰਾ ਵਿਛੜ ਗਿਆ ਹੁੰਦਾ ਹੈ। ਜਦੋਂ ਦੇਖਿਆ ਕਿ ਇਹ ਉਦਾਸ ਹੋ ਗਏ, ਉਸੇ ਵੇਲੇ ਜੰਗਲ 'ਚੋਂ ਉਡਾਰੀ ਮਾਰ ਕੇ ਦੁਬਾਰਾ ਫੇਰ ਆ ਗਏ। ਫੇਰ ਸਾਨੂੰ ਖੁਸ਼ੀ ਆ ਗਈ। ਉਸ ਤੋਂ ਬਾਅਦ ਫੇਰ ਚਲੇ ਗਏ। ਫੇਰ ਕਹਿਣ ਲੱਗੇ, ਜੀ ਇਕ ਵਾਰੀ ਫੇਰ ਦਰਸ਼ਨ ਕਰਨੇ ਨੇ। ਅਸੀਂ ਕਾਰਾਂ ਲੈ ਕੇ ਅੱਗੇ ਚਲੇ ਗਏ, ਅੱਗੇ ਆ ਕੇ ਫੇਰ ਦਰਖਤ ਦੇ ਬਹੁਤ ਨੇੜੇ ਆ ਕੇ ਬਹਿ ਗਏ। ਜਿਥੇ ਅਸੀਂ ਆਰਾਮ ਨਾਲ ਦੇਖ ਸਕਦੇ ਸੀ। ਉਥੇ ਫੇਰ ਫੋਟੋ ਲਈ ਗਈ। ਇਸ ਤਰ੍ਹਾਂ ਬਾਜ ਤਾਂ ਪ੍ਰਤੀਕ ਹੈ, ਲੇਕਿਨ ਗੁਰੂ ਮਹਾਰਾਜ ਹਰ ਥਾਂ ਹਾਜ਼ਰ ਨੇ। ਬਹੁਤ ਸਾਰੇ ਕੌਤਕ ਇਥੇ ਵਰਤ ਚੁੱਕੇ ਨੇ, ਕਿਤੇ ਬੀਬੀਆਂ ਨੂੰ ਲਾਈਟ ਲਗਾ ਕੇ ਲੰਘਾਇਆ, ਕਿਸੇ ਥਾਂ ਦੇ ਉਤੇ ਸ਼ਹੀਦ ਸਿੰਘਾਂ ਨੇ ਸ਼ਰਾਬ ਪੀ ਕੇ ਦੀਵਾਨ 'ਚ ਆਏ ਨੂੰ ਡੰਡੇ ਮਾਰੇ ਨੇ, ਬਹੁਤ ਕੁੱਟਿਆ ਕਜਹੇੜੀ ਦੇ ਜਗੀਰ ਸਿੰਘ ਨੂੰ। ਬਹੁਤ ਸਾਰੇ ਪ੍ਰੇਮੀ ਕੋਈ ਅੱਠ ਦੱਸ ਮੈਨੂੰ ਦੱਸੇ ਗਏ ਨੇ, ਅੱਠ ਦੱਸ ਕੌਤਕ ਵਰਤੇ ਨੇ, ਮੇਰਾ ਤਾਂ ਇਹ ਪੱਕਾ ਭਰੋਸਾ ਹੋ ਗਿਆ ਕਿ ਇਥੇ ਗੁਰੂ ਨਾਨਕ ਸਾਹਿਬ ਹੁੰਦੇ ਨੇ ਦੀਵਾਨ ਵਿਚ। ਜਦੋਂ ਕੀਰਤਨ ਹੁੰਦਾ ਹੈ ਉਹ ਦੀਵਾਨ 'ਚ ਆਉਂਦੇ ਨੇ, ਸ਼ਹੀਦ ਸਿੰਘ ਆਉਂਦੇ ਨੇ, ਇਹ ਜਿਹੜਾ ਮਿਸ਼ਨ ਚੱਲ ਰਿਹਾ ਹੈ ਗੁਰੂ ਦੇ ਲੜ ਲਾਉਣ ਦਾ, ਇਹ ਕੁਦਰਤ ਵਲੋਂ ਚੱਲ ਰਿਹਾ ਹੈ ਮੇਰੀ ਤਾਕਤ ਨਹੀਂ ਕਿ ਮੈਂ ਐਨੇ ਦੀਵਾਨ ਲਾ ਸਕਾਂ। ਐਨਾ ਖਰਚ ਕਰ ਸਕਾਂ। ਤਿੰਨ ਚਾਰ ਦਿਨ ਦਾ ਮੈਨੂੰ ਬੁਖਾਰ ਹੋ ਰਿਹਾ ਹੈ, ਜਿਸ ਵਕਤ ਮੈਂ ਦੀਵਾਨ ਵਿਚ ਸਟੇਜ ਤੇ ਬੈਠਦਾ ਹਾਂ ਉਹ ਬੁਖਾਰ ਪਤਾ ਨਹੀਂ ਕਿੱਥੇ ਜਾਂਦਾ ਹੈ, ਮੁੜ ਕੇ ਨੌਂ ਬਰ ਨੌਂ ਹੋ ਜਾਂਦਾ ਹਾਂ, ਪਤਾ ਹੀ ਨਹੀਂ ਕੀ ਹੋ ਗਿਆ। ਇਹ ਜੇ ਮੈਂ ਦੀਵਾਨ ਲਾਉਂਦਾ ਹੋਵਾਂ ਤਾਂ ਮੈਂ ਥੱਕ ਜਾਵਾਂ ਤੇ ਜੇ ਬਿਰਤੀ ਬਣੀ ਰਹੇ ਫੇਰ ਕੋਈ ਥਕੇਵਾਂ ਨਹੀਂ। ਮੈਂ ਹੈਰਾਨ ਹੁੰਦਾ ਹਾਂ ਕਿ ਮੈਂ ਥੱਕਿਆ ਕਿਉਂ ਨਹੀਂ ਹਾਂ। ਹਾਲੇ ਮੈਂ ਘਰ ਥੱਕਿਆ ਹੁੰਦਾ ਹਾਂ, ਦੀਵਾਨ ਵਿਚ ਨਹੀਂ ਥੱਕਿਆ ਹੁੰਦਾ। ਸੋ ਇਹ ਕੋਈ ਐਸੀ ਸ਼ਕਤੀ ਵਰਤ ਰਹੀ ਹੈ, ਜਿਹੜੀ ਤੁਹਾਨੂੰ ਪ੍ਰੇਮੀਆਂ ਨੂੰ, ਜਿਹੜੇ ਗੁਰੂ ਤੋਂ ਵਿਛੜੇ ਹੋਏ ਨੇ, ਜਿਨ੍ਹਾਂ ਨੇ ਪਤਾ ਨਹੀਂ ਕਿੰਨੇ ਯੁੱਗ ਲੰਘਾ ਦਿਤੇ ਗੁਰੂ ਤੋਂ ਵਿਛੜ ਕੇ, ਉਨ੍ਹਾਂ ਨੂੰ ਸਤਿਗੁਰੂ ਨੇ ਆਪਣੇ ਚਰਨਾਂ ਨਾਲ ਲਾਉਣ ਵਾਸਤੇ ਆਹ ਸਾਰਾ ਕੌਤਕ ਰਚਿਆ ਹੈ। ਸੋ ਆਪ ਦੇ ਉਤੇ ਗੁਰੂ ਮਹਾਰਾਜ

ਦੀ ਦ੍ਰਿਸ਼ਟੀ ਹੈ। ਇਸ ਕਰਕੇ ਮੈਂ ਤੁਹਾਨੂੰ ਵਧਾਈ ਜ਼ਿਆਦਾ ਦਿੰਦਾ ਹਾਂ, ਤੁਸੀਂ ਵਧਾਈ ਦੇ ਪਾਤਰ ਹੋਂ ਕਿ ਇਕ ਤਾਂ ਕਲਜੁਗ ਦੇ ਅੰਦਰ, ਇਕ ਐਸੇ ਗੁਰੂ ਮਹਾਰਾਜ ਦੀ ਹਾਜ਼ਰੀ ਦੇ ਅੰਦਰ ਆਪ ਉਨ੍ਹਾਂ ਦੇ ਸਿੰਘ ਬਣੇ। ਦੂਸਰਾ ਮੈਂ ਇਕ ਦੇਖਿਆ ਹੈ ਕਿ ਇਕ ਬੱਚੇ ਨੇ ਵੀ ਕਿਰਪਾਨ ਨਹੀਂ ਲਾਹੀ। ਸਕੂਲਾਂ 'ਚ ਵੀ ਪੜ੍ਹਨ ਜਾਂਦੇ ਨੇ। ਕੋਈ ਭੁੱਲਿਆ-ਭਟਕਿਆ ਇਕ ਅੱਧਾ ਬੰਦਾ ਹੈ, ਜਿਹੜਾ ਗਿਰ ਗਿਆ। ਇਹ ਗੁਰੂ ਮਹਾਰਾਜ ਦਾ ਕੌਤਕ ਹੈ ਖਾਸ ਕਰਕੇ ਇਸ ਇਲਾਕੇ ਦੇ ਉਤੇ। ਪੁਰਾਣੇ ਬਜ਼ੁਰਗ ਕਹਿੰਦੇ ਨੇ ਕਿ ਇਥੇ ਸਿੱਖੀ ਆਏਗੀ, ਇਹ ਦੁਨੀਆਂ ਜਿਹੜੀ ਹੈ ਬਹੁਤ ਗੁਮਰਾਹ ਹੋ ਜਾਏਗੀ, ਇਸ ਨੂੰ ਕਹਿੰਦੇ ਨੇ ਪਛੜਿਆ ਹੋਇਆ ਇਲਾਕਾ। ਮੈਂ ਇਹ ਦੇਖਿਆ ਹੈ ਕਿ ਇਹ ਪਛੜਿਆ ਹੋਇਆ ਨਹੀਂ ਹੈ ਇਹ ਤਾਂ ਸਭ ਤੋਂ forward ਇਲਾਕਾ ਹੈ, ਇਨ੍ਹਾਂ ਦੇ ਮਨ ਵਿਚ ਜਿੰਨਾ ਪਿਆਰ ਤੇ ਸ਼ਰਧਾ ਹੈ ਓਨਾਂ ਸ਼ਾਇਦ ਹੀ ਕਿਤੇ ਹੋਵੇ। ਭਾਈ ਹਰਪ੍ਰਕਾਸ਼ ਸਿੰਘ 35 ਸੈਕਟਰ ਚੰਡੀਗੜ੍ਹ ਰਹਿੰਦੇ ਨੇ, ਉਨ੍ਹਾਂ ਦੀ ਗੁੱਡੀ ਨੇ ਪਿਛਲੀ ਵਾਰੀ ਅੰਮ੍ਰਿਤ ਛਕਿਆ ਇਥੇ, ਇਸ਼ਨਾਨ ਵੇਲੇ ਉਨ੍ਹਾਂ ਨੇ ਕੱਪੜਿਆਂ ਦੇ ਉਤੇ ਕਿਰਪਾਨ ਰੱਖ ਦਿਤੀ, ਛੋਟੀ ਜਿਹੀ ਬੱਚੀ ਆਈ ਆ ਕੇ ਕਹਿਣ ਲੱਗੀ ਡੈਡੀ! ਤੁਸੀਂ ਬਹੁਤ ਪਾਪ ਕੀਤਾ ਹੈ। ਕਹਿੰਦੀ ਕੀ ਕਰ ਦਿਤਾ। ਕਹਿੰਦੀ, ਤੁਸੀਂ ਕਿਰਪਾਨ ਇਥੇ ਕਿਉਂ ਰੱਖੀ ਹੈ? ਇਕ ਨਿੱਕੇ ਜਿਹੇ ਬੱਚੇ ਦੇ ਮਨ ਵਿਚ ਐਨਾ ਗਿਆਨ ਕਕਾਰਾਂ ਵਾਸਤੇ ਇਹ ਗੁਰੂ ਦੀ ਮਿਹਰ ਤੋਂ ਬਿਨਾਂ ਨਹੀਂ ਹੋ ਸਕਦਾ। ਏਸ ਕਰਕੇ ਤੁਸੀਂ ਸਾਰੇ ਹੀ ਬਹੁਤ ਹੀ ਵਧਾਈ ਦੇ ਪਾਤਰ ਹੋ ਤੇ ਬਾਕੀ ਜਿਹੜਾ ਹੈ ਪੰਜ ਪਿਆਰਿਆਂ ਨੇ ਆਪ ਨੂੰ ਦੱਸ ਦਿਤਾ ਹੈ ਕਿ ਆਹ ਮੜ੍ਹੀਆਂ ਮਸਾਣੀਆਂ ਨੂੰ ਨਹੀਂ ਮੰਨਣਾ, ਉਹਦਾ ਕਾਰਨ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਚਾਰ ਸਾਹਿਬਜ਼ਾਦੇ ਸ਼ਹੀਦ ਕਰਾਏ ਹਨ। ਜੇ ਬਚਾਉਣਾ ਚਾਹੁੰਦੇ, ਉਨ੍ਹਾਂ ਨੂੰ ਸਭ ਪਤਾ ਸੀ, ਉਹ ਪਹਿਲਾਂ ਹੀ ਕੱਢ ਦਿੰਦੇ ਮਾਲਵੇ ਵਲ ਦੋ ਸਾਹਿਬਜ਼ਾਦਿਆਂ ਨੂੰ ਕਿ ਆਹ ਸੰਕਟ ਆ ਰਿਹਾ ਹੈ। ਆਹ ਹੁਣ ਜਿਹੜੇ ਆਪਣੇ ਫੌਜ ਵਾਲੇ ਨੇ ਇਹ ਕਦੇ ਨਹੀਂ ਬੈਠਣ ਦਿੰਦੇ ਅਫਸਰਾਂ ਨੂੰ ਇਕੱਠਿਆਂ ਨੂੰ, ਇਕੱਠਿਆਂ ਨੂੰ ਵੱਡਿਆਂ ਨੂੰ ਜਾਣ ਨਹੀਂ ਦਿੰਦੇ ਕਿ ਇਕ ਨੂੰ ਇਧਰ ਰੱਖੋ, ਇਕ ਨੂੰ ਉਧਰ ਰੱਖੋ ਤੇ ਮਹਾਰਾਜ ਪਹਿਲਾਂ ਹੀ ਛੋਟੇ ਸਾਹਿਬਜ਼ਾਦਿਆਂ ਜਾਂ ਵੱਡਿਆਂ ਨੂੰ ਕੱਢ ਦਿੰਦੇ ਕਿ ਮਾਲਵੇ ਚਲੇ ਜਾਓ ਇਥੇ ਯੁੱਧ ਲਗਣੇ ਨੇ ਪਤਾ ਨਹੀਂ ਕੀ ਹੋਣਾ ਹੈ। ਸਾਡੇ ਬਾਅਦ ਤੁਸੀਂ ਸਿੱਖੀ ਦੀ ਵਾਗਡੋਰ ਸੰਭਾਲਿਓ। ਲੇਕਿਨ ਮਹਾਰਾਜ ਜੀ ਨੇ ਇਹ ਨਹੀਂ ਕੀਤਾ। ਬਹੁਤ ਤਰੀਕੇ ਸੀਗੇ ਕੱਢਣ ਦੇ। ਲੇਕਿਨ ਆਪ ਨੇ ਇਹ ਨਹੀਂ ਕਰਿਆ। ਆਪਣੇ ਸਾਹਿਬਜ਼ਾਦੇ ਉਨ੍ਹਾਂ ਨੇ ਸ਼ਹੀਦ ਕਰਾ ਲਏ। ਸ਼ਹੀਦ ਕਰਾਉਣ ਤੋਂ ਬਾਅਦ ਜਦੋਂ ਦਮਦਮੇ ਸਾਹਿਬ ਪਹੁੰਚਦੇ ਨੇ ਉਥੇ ਮਾਤਾ ਸੁੰਦਰ ਕੌਰ ਜੀ ਤੇ ਮਾਤਾ ਸਾਹਿਬ ਕੌਰ ਜੀ ਉਥੇ ਪਹੁੰਚਦੇ ਨੇ। ਦੀਵਾਨ ਲੱਗਿਆ ਹੋਇਆ ਹੈ ਬਹੁਤ ਵੱਡਾ। ਆਪ ਗੁਰੂ ਮਹਾਰਾਜ ਵਲ ਤੁਰਦੇ ਵੀ ਜਾਂਦੇ ਨੇ, ਲੇਕਿਨ ਉੱਚੀ ਗਰਦਨ ਕਰਕੇ ਐਉਂ ਦੇਖਦੇ ਵੀ ਜਾਂਦੇ ਨੇ। ਐਧਰ ਦੇਖਦੇ ਨੇ ਓਧਰ ਦੇਖਦੇ ਨੇ। ਮਹਾਰਾਜ ਨੂੰ ਨਮਸਕਾਰ ਕੀਤੀ। ਜਾਣ ਤੋਂ ਬਾਅਦ ਫੇਰ ਵੀ ਉਨ੍ਹਾਂ ਦਾ ਖਿਆਲ ਐਸ ਤਰ੍ਹਾਂ ਰਿਹਾ। ਮਹਾਰਾਜ ਕਹਿੰਦੇ, ਕੀ ਦੇਖਦੇ ਓਂ? ਕਹਿਣ ਲੱਗੇ, ਮਹਾਰਾਜ! ਅਜੀਤ ਸਿੰਘ ਨਜ਼ਰ ਨਹੀਂ ਆ ਰਿਹਾ। ਜੁਝਾਰ ਸਿੰਘ ਨਜ਼ਰ ਨਹੀਂ ਆ ਰਿਹਾ, ਜ਼ੋਰਾਵਰ ਸਿੰਘ ਕਿਤੇ ਖੇਲ੍ਹਦੇ ਨਜ਼ਰ ਨਹੀਂ ਆ ਰਹੇ। ਫਤਹਿ ਸਿੰਘ ਕਿਤੇ ਨਜ਼ਰ ਨਹੀਂ ਆ ਰਹੇ। ਮਹਾਰਾਜ ਕਹਿੰਦੇ ਉਹ ਤਾਂ ਆਪਣੇ ਦਾਦਾ ਜੀ ਕੋਲ ਚਲੇ ਗਏ। ਸੰਸਾਰ 'ਚ ਜੋ ਕਾਰਜ ਉਨ੍ਹਾਂ ਨੇ ਕਰਨਾ ਸੀ ਉਹ ਕਰਕੇ ਚਲੇ ਗਏ। ਐਨਾ ਕਹਿਣ ਦੇ ਨਾਲ ਵੈਰਾਗ ਆ ਗਿਆ, ਮਾਤਾਵਾਂ ਦੇ ਅੱਖਾਂ 'ਚੋਂ ਜਲ ਜਾਣਾ ਸ਼ੁਰੂ ਹੋ ਗਿਆ। ਮਹਾਰਾਜ ਕਹਿਣ ਲੱਗੇ, ਕੀ ਗੱਲ? ਤੁਸੀਂ ਕਿਉਂ ਅਫਸੋਸ ਕਰਦੇ ਓਂ। ਕਹਿਣ ਲੱਗੇ -

***ਇਨ ਪੁਤਰਨ ਕੇ ਸੀਸ ਪਰ***
***ਵਾਰ ਦੀਏ ਸੁਤ ਚਾਰ।***
***ਚਾਰ ਮੂਏ ਤੋ ਕਿਆ ਹੂਆ***
***?ਜਉ ਜੀਵਤ ਕਈ ਹਜ਼ਾਰ।***

ਕਹਿੰਦੇ ਤੁਹਾਡੀ ਗੋਦ ਖਾਲੀ ਨਹੀਂ ਰਹਿਣੀ। ਮੇਰੇ ਐਨੇ ਗੁਰਸਿੱਖ ਆਉਣੇ ਨੇ ਤੁਹਾਡੀ ਗੋਦ ਵਿਚ ਬੈਠਣ ਵਾਸਤੇ। ਇਸ ਵਾਸਤੇ ਮੈਂ ਆਪਣੀ ਗੋਦ ਖਾਲੀ ਕਰ ਦਿਤੀ। ਮਤਾ ਸੰਸਾਰ ਨੂੰ ਇਹ ਸ਼ੱਕ ਪੈ ਜਾਵੇ ਕਿ ਗੁਰੂ ਗੋਬਿੰਦ ਸਿੰਘ ਤੇ ਮਾਤਾ ਸਾਹਿਬ ਕੌਰ, ਆਪਣੇ ਪੁੱਤਰਾਂ ਨੂੰ ਪਿਆਰ ਸਾਡੇ ਨਾਲੋਂ ਜ਼ਿਆਦਾ ਕਰਦੇ ਹੋਣ। ਕਹਿੰਦੇ, ਮੈਂ ਤਾਂ ਇਹ ਭੁਲੇਖਾ ਹੀ ਲਾਹ ਦਿਤਾ, ਮੇਰੇ ਪੁੱਤਰ ਨੇ ਜਿਹੜੇ ਮੇਰੇ ਸਿੰਘ ਹੋਣਗੇ। ਉਨ੍ਹਾਂ ਨੇ ਮੇਰੀ ਦਰਗਾਹ 'ਚ ਆਉਣਾ ਹੈ। ਮੈਂ ਉਨ੍ਹਾਂ ਦਾ ਇੰਤਜ਼ਾਰ ਕਰਨਾ ਹੈ ਤੇ ਅੱਜ ਤੋਂ ਬਾਅਦ ਤੁਸੀਂ ਸਿੱਖੀ 'ਚ ਪੱਕੇ ਰਹਿਣ ਦੀ ਅਰਦਾਸ ਕਰਿਆ ਕਰੋ ਕਿ ਅਸੀਂ ਸਿੱਖੀ 'ਚ ਪੱਕੇ ਰਹੀਏ। ਧਰਮਰਾਜ ਨੇ, ਜਮਦੂਤ ਨੇ ਤੁਹਾਡੇ ਪਰਛਾਵੇਂ ਵਿਚ ਵੀ ਨਹੀਂ ਆਉਣਾ ਅਰ ਤੁਹਾਨੂੰ ਲੈਣ ਵਾਸਤੇ ਆਪ ਗੁਰੂ ਦੇ ਸਿੰਘ ਆਉਣੇ ਨੇ ਤੇ ਇਹ ਅਤਿਕਥਨੀ ਬਾਤ ਨਹੀਂ।

ਮੇਰਾ ਇਕ ਦੋਸਤ ਸੀ ਕਰਨਲ ਲਾਲ ਸਿੰਘ। ਪਟਿਆਲੇ ਦੀ ਫੌਜ ਵਿਚ ਹੁੰਦਾ, ਉਹਦਾ ਫਾਰਮ ਸੀ ਮੇਰੇ ਫਾਰਮ ਦੇ ਨਾਲ। ਜਿਸ ਵਕਤ ਉਹਦਾ ਅੰਤ ਸਮਾਂ ਆਇਆ ਤਾਂ ਉਹਨੂੰ ਪੁੱਛਣ ਲੱਗੇ, ਉਹਦਾ ਭਰਾ ਮੇਜਰ

ਸੀ ਡਾਕਟਰ। ਲੜਕਾ ਉਹਦਾ ਮੇਜਰ ਜਰਨਲ ਹੈ, ਇਕ ਉਹਦਾ ਲੜਕਾ ਏਅਰ ਕੌਮੋਡਰ ਹੈ। ਉਹ ਸਾਰੇ ਖੜ੍ਹੇ ਨੇ ਕਹਿਣ ਲੱਗੇ, ਲਾਲ ਸਿੰਘ! ਤੂੰ ਸਾਨੂੰ ਪਛਾਣਦਾ ਹੈਂ? ਉਹ ਕਹਿੰਦਾ, ਕੀ ਕਮਾਲ ਗੱਲ ਕਰਦੇ ਓਂ। ਆਹ ਮੁਨਸ਼ੀ ਸਿੰਘ ਹੈ, ਆਹ ਰਜਿੰਦਰ ਸਿੰਘ ਹੈ। ਸਾਰਿਆਂ ਦੇ ਨਾਉਂ ਲੈ ਦਿਤੇ। ਕਹਿੰਦਾ ਲੈ ਬਈ ਹੁਣ ਚੁੱਪ ਕਰ ਜਾਓ, ਕਹਿੰਦਾ ਗੁਰੂ ਨਾਨਕ ਸਾਹਿਬ ਆ ਗਏ। ਉੱਚੀ ਦੇ ਕੇ ਬੋਲਣ ਲੱਗ ਗਿਆ ਕਿ ਬੋਲ ਗੁਰੂ ਨਾਨਕ ਦੇਵ ਕੀ ਜੈ, ਜੈਕਾਰੇ ਬੁਲਾਉਣ ਲੱਗ ਗਿਆ, ਦਸਾਂ ਪਾਤਸ਼ਾਹੀਆਂ ਦੀ ਜੈ ਬੁਲਾ ਕੇ ਕਹਿੰਦਾ ਲਓ ਬਈ ਅਸੀਂ ਤਾਂ ਹੁਣ ਚੱਲੇ ਮਹਾਰਾਜ ਦੇ ਨਾਲ। 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।' ਫਤਹਿ ਬੁਲਾ ਦਿਤੀ, ਇਕ ਹੱਥ ਓਧਰ ਕਰ ਲਿਆ, ਇਕ ਐਧਰ ਕਰ ਲਿਆ। ਐਉਂ ਸਰੀਰ ਛੱਡ ਦਿਤਾ ਜਿਵੇਂ ਸੱਪ ਕੰਜ 'ਚੋਂ ਬਾਹਰ ਆ ਜਾਂਦਾ ਹੈ। ਸੋ ਉਹ ਬਹੁਤਾ ਚਿਰ ਦੇ ਸਿੱਖ ਨਹੀਂ ਸੀਗੇ। 1950 'ਚ ਉਨ੍ਹਾਂ ਨੂੰ ਸਿੱਖੀ ਦੀ ਲਾਗ ਲੱਗੀ ਸੀ। ਉਥੋਂ 1972-73 'ਚ ਉਹ ਸਰੀਰ ਛੱਡ ਗਏ। ਲੇਕਿਨ ਉਹ ਗੁਰੂ ਘਰ ਦੇ ਸੇਵਕ ਬੜੇ ਜ਼ਬਰਦਸਤ ਸੀ, ਨਾਨਕ ਮਤੇ ਦਾ ਗੁਰਦੁਆਰਾ ਬਹੁਤ ਜ਼ਬਰਦਸਤ, ਅੰਗੀਠਾ ਸਾਹਿਬ ਦਾ ਗੁਰਦੁਆਰਾ, ਅਲਮੋੜੇ ਦਾ ਗੁਰਦੁਆਰਾ, ਆਪਣੇ ਕੰਮਾਂ 'ਚੋਂ ਨਿਕਲ ਕੇ ਸੇਵਾ ਕਰਦੇ ਸੀ। ਅਖੀਰ ਨਤੀਜਾ ਕੀ ਹੋਇਆ ਗੁਰੂ ਮਹਾਰਾਜ ਆਪ ਆਏ।

ਏਸੇ ਤਰ੍ਹਾਂ ਬਹੁਤ ਸਾਰੇ ਪ੍ਰੇਮੀ ਨੇ ਜਿਨ੍ਹਾਂ ਇਹ ਗੱਲ ਦੱਸੀ ਹੈ ਕਿ ਸਾਨੂੰ ਗੁਰੂ ਮਹਾਰਾਜ ਲੈਣ ਆਏ ਨੇ, ਜਾਂ ਪੰਜ ਪਿਆਰੇ ਲੈਣ ਆਏ ਨੇ ਜਾਂ ਸਿੰਘ ਲੈਣ ਆਏ ਨੇ। ਸੋ ਇਹ ਜਮਦੂਤਾਂ ਵਾਲਾ ਹਿਸਾਬ-ਕਿਤਾਬ ਤੁਹਾਡਾ ਖਤਮ ਹੋ ਗਿਆ, ਮੁੜ ਕੇ ਚੌਰਾਸੀ 'ਚ ਨਾ ਪੈ ਜਾਇਓ ਭਾਈ। ਹੋਰ ਕੁਛ ਨਹੀਂ ਹੁੰਦਾ ਤਾਂ ਸਿੰਘ ਬਣ ਜਾਓ। ਜੇ ਨਾਮ ਜਪ ਲਓ ਤਾਂ ਫੇਰ ਸਮਝ ਲਓ ਕਿ ਤੁਸੀਂ ਬਹੁਤ ਖੱਟ ਗਏ। ਸੋ ਨਾਮ ਜਪਣ ਵਾਸਤੇ ਗੁਰੂ ਧਾਰਨਾ ਪੈਂਦਾ ਹੈ, ਗੁਰੂ ਧਾਰਨ ਦਾ ਮਤਲਬ ਇਹ ਹੁੰਦਾ ਹੈ ਕਿ ਗੁਰੂ ਤੋਂ ਨਾਮ ਮਿਲੇ ਤੇ ਤੁਸੀਂ ਨਾਮ ਜਪੋਂ। ਸੋ ਇਸ ਤਰ੍ਹਾਂ ਚੜ੍ਹਦੀ ਕਲਾ 'ਚ ਰਹਿਣਾ। ਗੁਰੂ ਗੋਬਿੰਦ ਸਿੰਘ ਜੀ ਦਾ ਪੁੱਤਰ ਹੋਵੇ, ਮਾਤਾ ਸਾਹਿਬ ਕੌਰ ਜੀ ਦੀ ਗੋਦ ਵਿਚ ਉਹਦੀ ਪੁੱਤਰੀ ਬੈਠੀ ਹੋਵੇ ਤੇ ਜਾ ਕੇ ਮੱਥੇ ਟੇਕੇ ਮਾਤਾ ਰਾਣੀਆਂ ਨੂੰ। ਮਾਂ ਬਾਪ ਨਰਾਜ਼ ਨਹੀਂ ਹੋਣਗੇ?

ਇਕ ਰਾਜੇ ਦਾ ਲੜਕਾ ਹੋਵੇ ਉਹ ਬਜ਼ਾਰ ਵਿਚ ਜਾ ਕੇ ਲੋਕਾਂ ਨੂੰ ਕਹੇ ਅਰੇ ਬਾਬਾ, ਦੋ ਪੈਸੇ ਦੇ ਜਾ। ਉਹ ਬਾਪ ਰਾਜਾ ਨਰਾਜ਼ ਹੋਏਗਾ ਕਿ ਨਹੀਂ। ਉਹ ਕਹੇਗਾ ਕਿ ਇਹਨੂੰ ਪਤਾ ਹੀ ਨਹੀਂ ਆਪਣੀ ਹਸਤੀ ਦਾ।

ਸੋ ਤੁਸੀਂ ਸਾਰੀਆਂ ਬੇਟਾ, ਜਿੰਨੀਆਂ ਵੀ ਬੈਠੀਆਂ ਹੋ ਤੁਸੀਂ ਗੁਰੂ ਦਸ਼ਮੇਸ਼ ਪਿਤਾ ਜੀ ਦੇ ਪੁੱਤਰ ਓਂ, ਮਾਤਾ ਸਾਹਿਬ ਕੌਰ ਜੀ ਤੁਹਾਡੀ ਮਾਤਾ ਹੈ। ਕੋਈ ਔਖ ਸੌਖ ਆਉਂਦੀ ਹੈ ਆਪਣੇ ਪਿਤਾ ਨੂੰ ਕਹਿ ਦਿਓ। ਆਪਣੇ ਗੁਰੂ ਨੂੰ ਕਹਿ ਦਿਓ ਉਹ ਆਪੇ ਰਾਖੀ ਕਰਨਗੇ। ਬਾਕੀ ਹੁੰਦੀ ਹੈ ਭੂਤਾਂ-ਪ੍ਰੇਤਾਂ ਦੀ ਗੱਲ। ਇਹ ਜਿਹੜਾ ਜਲ ਛਕਾਇਆ ਗਿਆ ਮੰਤਰਿਆ ਹੋਇਆ ਜਿਹਨੂੰ ਅੰਮ੍ਰਿਤ ਕਹਿੰਦੇ ਨੇ, ਇਹ ਤੰਤ੍ਰ, ਮੰਤ੍ਰ, ਜੰਤਰ ਤਿੰਨ ਚੀਜ਼ਾਂ ਹੁੰਦੀਆਂ ਨੇ ਇਕੱਠੀਆਂ। ਇਹਦੇ ਨਾਲ ਉਨਾਂ ਚਿਰ ਛਾਇਆ ਮਾਇਆ ਨਹੀਂ ਹੋਣੀ ਜਿੰਨਾਂ ਚਿਰ ਤੁਸੀਂ ਆਪ ਗਲਤੀ ਨਹੀਂ ਕਰਦੇ। ਅੰਮ੍ਰਿਤ ਦੇ ਵਿਚ ਪੱਕੇ ਰਹਿਣਾ ਹੈ ਤੇ ਇਹਦੇ ਨਾਲ ਨਾਮ ਜਪਣਾ ਹੈ, ਜਦੋਂ ਗੁਰੂ ਨਾਨਕ ਤੁਹਾਡੇ ਅੰਦਰ ਵਸ ਗਿਆ, ਪ੍ਰੇਤ ਨੇ ਕਿੱਥੇ ਵਸਣਾ ਹੈ। ਪ੍ਰੇਤ ਤਾਂ ਤੁਹਾਨੂੰ ਦੇਖ ਕੇ ਹੀ ਨਿਕਲ ਜਾਏਗਾ। ਤੁਸੀਂ ਪ੍ਰੇਤ ਕੱਢ ਦਿਓਂਗੇ।

ਇਕ ਵਾਰੀ ਯੂ.ਪੀ. ਦੇ ਅੰਦਰ ਇਕ ਬੀਬੀ ਆਈ ਮੇਰੇ ਕੋਲ ਕਹਿਣ ਲੱਗੀ, ਬਾਪੂ ਜੀ! ਤੁਹਾਡਾ ਪੁੱਤਰ ਫੜ ਲਿਆ ਪ੍ਰੇਤ ਨੇ। ਸਿਆਲਕੋਟੀਏ ਸੀਗੇ। ਮੈਂ ਕਿਹਾ ਕੀ ਗੱਲ? ਕਹਿੰਦਾ, ਦਰਖਤ ਵੱਢ ਦਿਤੇ ਸੀ ਸਾਰਾ ਹੀ ਪਿੰਡ ਫੜ ਲਿਆ। ਉਹ ਕੀ ਕਰਦਾ ਹੈ ਇਕ 'ਚ ਆ ਜਾਂਦਾ ਹੈ, ਫੇਰ ਸਾਰੇ ਪਿੰਡ ਦਾ ਗੇੜਾ ਕਢਾ ਕੇ ਫੇਰ ਦੂਜੇ ਨੂੰ ਫੜ ਲੈਂਦਾ ਹੈ। ਐਉਂ ਨੱਠੇ ਫਿਰਦੇ ਨੇ ਸਭ।

ਮੈਂ ਕਿਹਾ, ਬੀਬੀ! ਤੂੰ ਤਾਂ ਐਨੇ ਪਾਠ ਕੀਤੇ ਨੇ ਮੂਲਮੰਤਰ ਦੇ। ਸਵਾ ਲੱਖ ਕੀਤਾ ਹੈ? ਕਹਿੰਦੀ ਹਾਂ। ਮੈਂ ਕਿਹਾ, 'ਤਾਤੀ ਵਾਉ ਨ ਲਾਗਈ' ਸ਼ਬਦ ਵੀਹ ਵਾਰੀ ਪੜ੍ਹ ਲੈ। ਮੂਲਮੰਤਰ ਪੜ੍ਹ ਲੈ ਜਲ ਦੇ ਉਤੇ ਨਿਗ੍ਹਾ ਟਿਕਾ ਕੇ, ਉਹ ਜਲ ਪਿਲਾ ਦੇ। ਪ੍ਰੇਤ ਕਿੱਥੇ ਰਹਿ ਜਾਏਗਾ। ਘਰ ਚਲੀ ਗਈ, ਜਾ ਕੇ ਆਪੇ ਹੀ ਜਲ ਪਿਲਾ ਦਿਤਾ ਬਣਾ ਕੇ। ਉਹ ਪ੍ਰੇਤ ਨੱਠ ਗਿਆ। ਦੂਸਰੇ ਉਹਦੇ ਦਿਓਰ ਸੀ ਉਹ ਕਹਿਣ ਲੱਗੇ ਸਾਨੂੰ ਵੀ ਕੁੱਛ ਕਰ ਦੇ, ਕਿੱਥੋਂ ਹੋਇਆ ਹੈ? ਉਹਨੇ ਦੱਸਿਆ ਨਾ। ਲਕੋ ਲਈ ਗੱਲ? ਲਕੋਣੀ ਹੀ ਠੀਕ ਹੈ ਨਹੀਂ ਤਾਂ ਫੇਰ ਦੁਨੀਆਂ ਸਾਰੀ ਮਗਰ ਪੈ ਜਾਂਦੀ ਹੈ। ਤੁਹਾਨੂੰ ਤਾਂ ਦੇਖ ਕੇ ਪ੍ਰੇਤ ਨੱਠਣਗੇ ਤੇ ਇਨ੍ਹਾਂ ਤੋਂ ਡਰਨਾ ਨਹੀਂ ਹੈ। ਭੂਤਾਂ, ਪ੍ਰੇਤਾਂ, ਸੀਤਲਾ ਮਾਤਾ ਕੋਈ ਬੀਮਾਰੀ ਨਹੀਂ ਅੱਜਕਲ੍ਹ ਰਹੀ, ਇਹ ਵਾਇਰਸ ਦੀ ਬਿਮਾਰੀ ਹੁੰਦੀ ਹੈ, ਕੋਈ ਦੇਵੀ ਦੇਵਤਾ ਕੋਈ ਨਹੀਂ ਇਹਦਾ। ਐਵੇਂ ਭਰਮ 'ਚ ਲੱਗ ਕੇ ਅਸੀਂ ਲੱਗ ਜਾਂਦੇ ਹਾਂ। ਦੂਸਰਾ ਸਾਡੀ ਸਰਕਾਰ ਨੇ ਇਥੋਂ ਕੱਢ ਦਿਤੀ ਹੈ। ਇਕ ਹਜ਼ਾਰ ਰੁਪਈਆਂ ਦਿੰਦੇ ਨੇ ਜਿਹੜਾ ਦੱਸ ਦੇਵੇ ਕਿ small pox ਕਿਸੇ ਨੂੰ ਹੋਈ ਹੋਈ ਹੈ। ਇਨ੍ਹਾਂ ਵਹਿਮਾਂ 'ਚ ਨਹੀਂ ਰਹਿਣਾ। ਦੂਜਾ ਇਕ ਪੀਰ ਹੋਇਆ ਹੈ ਚੌਹਾਨ। ਚੌਹਾਨ

ਕਰਾਮਾਤਾਂ ਜਾਣਦਾ ਸੀ। ਉਹ ਛਪਾਰ ਦੇ ਵਿਚ ਆ ਕੇ ਛਪਾਰਾ ਦੇ ਨਾਲ, ਚੌਧਰੀ ਸੀ ਛੱਪਾ ਰਾ, ਔਲਖਾਂ ਦਾ ਵਡੇਰਾ ਉਹ ਚੜ੍ਹਾਈ ਕਰ ਗਿਆ ਸੀ ਉਹ ਵੀ ਉਹਦੀ ਥਾਂ ਤੇ ਬੈਠਾ-ਬੈਠਾ ਚਲਾ ਗਿਆ। ਗੁੱਗੇ ਨੂੰ ਮੰਨਣ ਦਾ ਰਿਵਾਜ ਪੈ ਗਿਆ, ਸੱਪ ਨੂੰ ਮੰਨੀ ਜਾਂਦੇ ਨੇ। ਗੁੱਗਾ ਚੌਹਾਨ ਹੋਇਆ ਹੈ ਬੜਾ ਭਾਰੀ ਸਰਦਾਰ ਸੀ ਉਹ, ਰਾਜਪੂਤ ਸੀ, ਉਹਦੇ ਮੱਥੇ ਵੀ ਪੂੜੇ ਪਾਈ ਜਾਂਦੇ ਨੇ। ਐਹੋ ਜਿਹਾ ਕੋਈ ਕੰਮ ਨਹੀਂ ਕਰਨਾ ਭਾਈ, ਚੜ੍ਹਦੀ ਕਲਾ 'ਚ ਰਹਿਣਾ ਹੈ। ਕੋਈ ਔਖ ਸੌਖ ਆਉਂਦੀ ਹੈ, ਮੰਗਣ ਨੂੰ ਜੀਅ ਕਰਦਾ ਹੈ, ਗੁਰੂ ਗ੍ਰੰਥ ਸਾਹਿਬ ਤੋਂ ਮੰਗ ਲਓ। ਇਹ ਨਹੀਂ ਮੈਂ ਕਹਿੰਦਾ ਕਿ ਨਾ ਮੰਗੋ। ਮੰਗਾਂ ਪੂਰੀਆਂ ਕਰਦੇ ਨੇ ਗੁਰੂ ਗ੍ਰੰਥ ਸਾਹਿਬ। ਕਾਰੋਬਾਰ ਨਹੀਂ ਚਲਦਾ ਗੁਰੂ ਗ੍ਰੰਥ ਸਾਹਿਬ ਤੋਂ ਚਲਾ ਲਓ। ਬਾਣੀ ਵਿਚ ਸਾਰਾ ਕੁਛ ਹੀ ਲਿਖਿਆ ਹੋਇਆ ਹੈ। ਇਥੇ ਨਿਹਚਾ ਰੱਖੋ, ਜਿਹੜਾ 100% ਵਿਸ਼ਵਾਸ਼ ਰੱਖੇਗਾ, ਉਹਦੇ ਦੁਨੀਆਂ ਦੇ ਵੀ ਕੰਮ ਹੋਣਗੇ। ਜਿਹੜਾ ਗੁਰੂਆਂ ਦੇ ਨਾਲ ਪਿਆਰ ਕਰੇਗਾ ਉਹਦੀ ਰੂਹਾਨੀਅਤ ਵੀ ਤੁਰੇਗੀ। ਸਤਿਸੰਗ ਜਿੱਥੇ ਕਿਤੇ ਨੇੜੇ-ਤੇੜੇ ਹੋਵੇ, ਉਥੇ ਜ਼ਰੂਰ ਸੁਣੋ। ਸਤਿਸੰਗ ਦੀ ਨਿਸ਼ਾਨੀ ਇਹ ਹੁੰਦੀ ਹੈ, ਉਥੇ ਮਨ ਲਗ ਜਾਇਆ ਕਰਦਾ ਹੈ। ਆਵਾਜ਼ਾਂ ਨਹੀਂ ਹੁੰਦੀਆਂ, ਰੌਲੇ ਗੌਲੇ ਨਹੀਂ ਹੁੰਦੇ, ਉਥੇ ਕਿਸੇ ਦੀ ਨਿੰਦਿਆ ਨਹੀਂ ਹੁੰਦੀ, ਸਭ ਨੂੰ ਸਾਂਝਾ ਉਪਦੇਸ਼ ਹੁੰਦਾ ਹੈ। ਐਹੋ ਜਿਹਾ ਸਤਿਸੰਗ ਜਿਥੇ ਤੁਹਾਨੂੰ ਮਿਲੇ ਉਥੇ ਜਾਓ। ਬਾਕੀ ਮਹਾਂਪੁਰਸ਼ਾਂ ਦਾ ਸਤਿਕਾਰ ਜਿੰਨਾ ਕਰ ਸਕਦੇ ਹੋ, ਕਰੋ। ਪਾਖੰਡੀਆਂ ਤੋਂ ਬਚੋ, ਪਾਖੰਡੀਆਂ ਨੂੰ ਨਾ ਲੁਟਾਓ। ਤਾਂਤਰੀਆਂ, ਮੰਤਰੀਆਂ ਨੂੰ ਨਾ ਲੁਟਾਓ। ਗੁਰੂ ਮਹਾਰਾਜ ਆਪਣੇ ਸਮਰੱਥ ਨੇ। ਆਪ ਨੇ ਅੱਜ ਨਵਾਂ ਜਨਮ ਧਾਰਨ ਕੀਤਾ ਹੈ। ਚਾਰ ਵੱਡੇ ਸਮਾਗਮ ਹੁੰਦੇ ਨੇ। ਪਹਿਲਾ ਸਮਾਗਮ ਜਦੋਂ ਆਦਮੀ ਜਨਮ ਲੈਂਦਾ ਹੈ। ਉਹ ਮਾਂ-ਬਾਪ ਮਨਾਉਂਦੇ ਨੇ, ਦੂਸਰਾ ਸਮਾਗਮ ਜਦੋਂ ਚੜ੍ਹਾਈ ਕਰ ਜਾਂਦਾ ਹੈ। ਉਦੋਂ ਪੁੱਤਰ-ਪੋਤਰੇ ਰਲ ਕੇ ਮਨਾਉਂਦੇ ਨੇ। ਤੀਸਰਾ ਸਮਾਗਮ ਸ਼ਾਦੀ ਦਾ ਹੁੰਦਾ ਹੈ ਉਹ ਆਪ ਮਨਾਉਂਦਾ ਹੈ। ਚੌਥਾ ਸਭ ਤੋਂ ਵੱਡਾ ਜੋ ਮਹੱਤਵਪੂਰਨ ਸਮਾਗਮ ਹੁੰਦਾ ਹੈ ਕਿ ਜਦੋਂ ਅੰਮ੍ਰਿਤ ਛਕ ਲਵੇ। ਇਹਦੇ ਲਈ ਬੈਂਡ-ਵਾਜੇ ਵੱਜਣੇ ਚਾਹੀਦੇ ਨੇ ਬਾਹਰ ਕਿ ਅੱਜ ਐਨੇ ਪ੍ਰਾਣੀ 84 'ਚੋਂ ਨਿਕਲ ਕੇ ਗੁਰੂ ਵਾਲੇ ਬਣ ਗਏ। ਖੁਸ਼ੀਆਂ ਮਨਾਉਣੀਆਂ ਚਾਹੀਦੀਆਂ ਹਨ। ਇਹ ਬਹੁਤ ਵੱਡੀ ਖੁਸ਼ੀ ਹੋ ਜਾਣੀ ਚਾਹੀਦੀ ਹੈ ਕਿ ਅੱਜ ਅਸੀਂ ਗੁਰੂ ਦੇ ਲੜ ਲੱਗ ਗਏ। ਅੱਜ ਸਾਡਾ ਦਸ਼ਮੇਸ਼ ਪਿਤਾ ਵਾਲੀਵਾਰਸ ਹੋ ਗਿਆ। ਇਸ ਤਰ੍ਹਾਂ ਦੀ ਬਿਰਤੀ 'ਚ ਰਹਿ ਕੇ ਤੁਸੀਂ ਆਪਣਾ ਸਮਾਂ ਬਤੀਤ ਕਰਨਾ ਹੈ।

*ਵਾਹਿਗੁਰੂ ਜੀ ਕਾ ਖਾਲਸਾ।*

*ਵਾਹਿਗੁਰੂ ਜੀ ਕੀ ਫਤਹਿ।*

# ਬਾਹਰਿ ਭੀਤਰਿ ਏਕੋ ਜਾਨਹੁ

ਸਾਧਸੰਗਤ ਜੀ!

***ਵਾਹਿਗੁਰੂ ਜੀ ਕਾ ਖਾਲਸਾ***
***ਵਾਹਿਗੁਰੂ ਜੀ ਕੀ ਫਤਹਿ।***

ਆਦਮੀ ਐਨਾ ਰੁਝ ਗਿਆ ਹੈ ਕਿ ਉਸਨੂੰ ਇਹ ਨਹੀਂ ਪਤਾ ਲਗਦਾ ਕਿ ਮੈਂ ਕੌਣ ਹਾਂ, ਮੇਰੇ ਸੰਸਾਰ ਵਿਚ ਆਉਣ ਦਾ ਕੀ ਮਨੋਰਥ ਹੈ? ਜਿਸ ਨੂੰ ਏਸ ਗੱਲ ਦਾ ਪਤਾ ਲੱਗ ਗਿਆ ਕਿ ਮੇਰਾ ਮਨੋਰਥ ਹੈ –

***ਭਈ ਪਰਾਪਤਿ ਮਾਨੁਖ ਦੇਹੁਰੀਆ ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥***
***ਅੰਗ - ੧੨***

ਉਸਨੂੰ ਰਸਤਾ ਨਹੀਂ ਲੱਭ ਰਿਹਾ। ਬੜੀ ਸਮੱਸਿਆ ਹੈ ਸਾਡੇ ਸਾਮ੍ਹਣੇ। ਪਹਿਲਾਂ ਤਾਂ ਵਾਹਿਗੁਰੂ ਦੀ ਜਾਣ ਪਛਾਣ ਨਹੀਂ ਹੈ ਸਾਨੂੰ ਕਿ ਕਿੱਥੇ ਰਹਿੰਦਾ ਹੈ, ਕਿਹੋ ਜਿਹੀ ਉਹਦੀ ਸ਼ਕਲ ਹੈ, ਕੋਈ ਚਾਰ ਬਾਹਾਂ ਵਾਲਾ ਗਿਣਦਾ ਹੈ, ਅਨੇਕਾਂ ਕਿਸਮ ਦੇ ਖਿਆਲ ਨੇ। ਅਸੀਂ ਚਾਹੁੰਦੇ ਹਾਂ ਕਿ ਮਿਲੇ ਤਾਂ ਸਹੀ। ਪਰ ਉਹ ਸਾਡੇ ਵਰਗਾ ਹੀ ਹੋਣਾ ਚਾਹੀਦਾ ਹੈ, ਜਿਹਦੇ ਚਰਨਾਂ ਨੂੰ ਹੱਥ ਲਾ ਸਕੀਏ, ਜਿਹੜਾ ਸਾਨੂੰ ਘੁੱਟ ਕੇ ਪਿਆਰ ਕਰ ਸਕੇ। ਐਹੋ ਜਿਹਾ ਰੱਬ ਅਸੀਂ ਭਾਲਦੇ ਹਾਂ, ਇਹ ਸਾਡਾ ਆਪਣਾ ਖਿਆਲ ਹੈ। ਗੁਰੂ ਮਹਾਰਾਜ ਜੀ ਇਸ ਮਸਲੇ ਵਿਚ ਸਾਨੂੰ ਗਾਈਡ ਕਰਦੇ ਨੇ। ਕਾਰੋਬਾਰ ਛੱਡ ਕੇ ਅਸੀਂ ਇਥੇ ਆਉਂਦੇ ਹਾਂ, ਇਕੋ ਮਸਲਾ ਹੈ ਸਾਡੇ ਸਾਮ੍ਹਣੇ ਕਿ ਕਿਵੇਂ ਮਿਲਿਆ ਜਾਵੇ। ਕੌਣ ਮਿਲਾਵੇ ਕਿੱਥੇ ਇਹ ਹੈਗਾ ਜਾਂ ਕਿਹੋ ਜਿਹਾ ਸਾਨੂੰ ਅਨੁਭਵ ਹੋਏਗਾ। ਇਨ੍ਹਾਂ ਗੱਲਾਂ ਦੇ ਕੋਈ ਨਬੇੜੇ ਨਹੀਂ ਹੁੰਦੇ ਹੈਗੇ। ਲਗਾਤਾਰ ਸਤਿਸੰਗ ਕਰਦੇ ਤੁਰੇ ਆ ਰਹੇ ਹਾਂ। ਸਾਲਾਂ ਦੇ ਸਾਲ ਬੀਤ ਗਏ। ਪਰ ਉਹ ਮਿਲਦਾ ਕਿਉਂ ਨਹੀਂ ਹੈ। ਫੇਰ ਮਹਾਂਪੁਰਸ਼ ਇਹ ਦਸਦੇ ਨੇ, ਗੁਰੂ ਦਸਦੇ ਨੇ ਕਿ ਜੇ ਕੋਈ ਸਭ ਤੋਂ ਨੇੜੇ ਚੀਜ਼ ਹੈ, ਉਹ ਤਾਂ ਪ੍ਰਮੇਸ਼ਰ ਹੈ। ਅੱਖ ਦੀ ਪੁਤਲੀ ਵੀ ਦੂਰ ਹੈ, ਉਸ ਤੋਂ ਵੀ ਨੇੜੇ ਹੈ। ਹੱਥ ਦੇ ਉਤੇ ਪਈ ਚੀਜ਼ ਨਾਲੋਂ ਵੀ ਨੇੜੇ ਹੈ। ਮਹਾਰਾਜ ਕਹਿੰਦੇ ਤੈਨੂੰ ਉਹ ਬੁੱਧੀ ਪ੍ਰਾਪਤ ਨਹੀਂ ਹੈ, ਉਹ ਅੱਖ ਨਹੀਂ ਤੈਨੂੰ ਮਿਲੀ, ਜਿਹਦੇ ਨਾਲ ਤੂੰ ਪ੍ਰਮੇਸ਼ਰ ਨੂੰ ਅਨੁਭਵ ਕਰ ਸਕੇ। ਤੈਨੂੰ ਜਿਹੜੇ ਔਜ਼ਾਰ ਮਿਲੇ ਨੇ ਪ੍ਰਗਟ ਨੇ, ਉਹ ਪੰਜ ਔਜ਼ਾਰ ਨੇ। ਦੋ ਅੱਖਾਂ ਨੇ, ਨੱਕ ਹੈ, ਕੰਨ ਨੇ, ਜਿਹਬਾ ਹੈ ਇਹ ਚੀਜ਼ਾਂ ਸਾਨੂੰ ਮਿਲੀਆਂ ਹੋਈਆਂ ਨੇ। ਸਪਰਸ਼ ਸ਼ਕਤੀ ਹੈ, ਇਨ੍ਹਾਂ ਦੇ ਵਿਚ ਪ੍ਰਮੇਸ਼ਰ ਨਹੀਂ ਆਉਂਦਾ। ਸਾਨੂੰ ਉਸ ਚੀਜ਼ ਦਾ ਹੀ ਨਹੀਂ ਪਤਾ ਜਿਸ ਨਾਲ ਅਸੀਂ ਪ੍ਰਮੇਸ਼ਰ ਨੂੰ ਦੇਖ ਸਕੀਏ। ਤਾਂ ਫੇਰ ਅਸੀਂ ਇਸੇ ਤਰ੍ਹਾਂ ਬਿਨਾਂ ਦਰਸ਼ਨ ਕਰੇ ਹੀ ਸੰਸਾਰ ਤੋਂ ਚਲੇ ਜਾਵਾਂਗੇ। ਸਾਡੀ ਵਾਰੀ ਜੋ ਹੈ ਉਹ ਏਸ ਤਰ੍ਹਾਂ ਹੀ ਲੰਘ ਜਾਏਗੀ। ਮਹਾਰਾਜ ਕਹਿੰਦੇ ਤੇਰੀ ਵਾਰੀ ਆਈ ਹੋਈ ਹੈ, ਤੂੰ ਮਿਲ ਤੇਰਾ ਕੰਮ ਇਹੀ ਹੈ।

***ਅਵਰਿ ਕਾਜ ਤੇਰੈ ਕਿਤੈ ਨ ਕਾਮ ॥***
***ਅੰਗ - ੧੨***

ਇਸ ਕੰਮ ਨੂੰ ਛੱਡ ਕੇ ਜਿੰਨੇ ਤੂੰ ਹੋਰ ਕੰਮ ਕਰ ਰਿਹਾ ਹੈਂ ਉਹ worthless ਨੇ, ਕਿਸੇ ਲੇਖੇ 'ਚ ਨਹੀਂ ਆਉਂਦੇ, ਕਿਸੇ ਕੰਮ ਵਿਚ ਨਹੀਂ ਆਉਂਦੇ। ਦਿਨ-ਦਿਨ ਕਰਕੇ, ਛਿਨ-ਛਿਨ ਕਰਕੇ ਤੇਰੀ ਅਉਧ ਬੀਤਦੀ ਜਾਂਦੀ ਹੈ। ਇਹਦੇ ਲਈ ਤੈਨੂੰ ਗਹਿਰੀਆਂ ਫਿਲਾਸਫੀਆਂ 'ਚ ਜਾਣ ਦੀ ਤੈਨੂੰ ਲੋੜ ਨਹੀਂ ਹੈ, ਪ੍ਰਕ੍ਰਿਤੀ ਜਦੋਂ ਤੋਂ ਉਪਜੀ ਹੈ ਇਹਦੀ ਹਰ ਛਿਨ ਦੇ ਵਿਚ ਤਬਦੀਲੀ ਹੋ ਰਹੀ ਹੈ। ਇਹਦੀਆਂ ਤਿੰਨ ਹਾਲਤਾਂ ਹੁੰਦੀਆਂ ਨੇ ਇਕ ਨਜ਼ਰ ਆ ਜਾਣਾ, ਵਜੂਦ ਗਾਇਬ ਹੋ ਜਾਣਾ। ਦੂਸਰਾ ਹੋਇਆ ਕਰਦਾ ਹੈ ਕਿ ਵਧਦੇ ਜਾਣਾ, ਤੀਸਰਾ ਹੋਇਆ ਕਰਦੀ ਹੈ ਘਟਦੇ ਜਾਣਾ। ਚੌਥੀ ਹੋਇਆ ਕਰਦੀ ਹੈ ਦਿਸਣ ਤੋਂ ਹਟ ਜਾਣਾ। ਉਹ ਚੀਜ਼ ਹੀ ਨਿਕਲ ਜਾਣੀ। ਇਹ ਪ੍ਰਕ੍ਰਿਤੀ ਦਾ ਸੁਭਾਅ ਹੈ ਇਸੇ ਤਰ੍ਹਾਂ ਚਲਦੀ ਹੈ, ਇਸ ਤਰ੍ਹਾਂ ਚਲ ਕੇ ਇਹ ਆਪਣੇ ਨਿਯਮ ਦੇ ਮੁਤਾਬਿਕ ਚਲ ਰਹੀ ਹੈ। ਇਹਦੇ ਵਿਚ ਜਿਹੜਾ ਪੰਛੀ ਆ ਕੇ ਵਸਦਾ ਹੈ ਜਿਹਨੂੰ ਜੀਵ ਆਤਮਾ ਕਹਿੰਦੇ ਨੇ, ਉਹਦਾ ਛੁਟਕਾਰਾ ਨਹੀਂ ਹੁੰਦਾ ਜਦੋਂ ਤੱਕ ਪ੍ਰਮੇਸ਼ਰ ਦਾ ਮਿਲਾਪ ਨਾ ਹੋਵੇ। ਇਹ ਘੁੰਮਦਾ ਹੀ ਰਹਿੰਦਾ ਹੈ। ਕਿੰਨਾ ਚਿਰ ਹੋਇਆ ਹੈ ਕੋਈ ਨਹੀਂ ਦੱਸ ਸਕਦਾ।

***ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ ॥***
***ਏਤੀ ਨ ਜਾਨਉ ਕੇਤੀਕ ਮੁਦਤਿ***
***ਚਲਤੇ ਖਬਰਿ ਨ ਪਾਇਓ॥ ਅੰਗ - ੯੯੯***

ਇਹ ਹੋਇਆ ਕੀ ਫੇਰ ਸਵਾਲ ਸਾਡਾ ਕਿਵੇਂ ਹੱਲ ਹੋਵੇ? ਇਹ ਤਾਂ ਫੇਰ ਦੁਨੀਆਂ ਦੇ ਵਿਚ ਰਹਿ ਕੇ ਤੁਰੇ ਜਾਣਾ, ਤੁਰਿਆ ਜਾਂਦਾ ਹੈ ਸਮਾਂ ਲੰਘਿਆ ਜਾਂਦਾ ਹੈ।

ਜਦੋਂ ਮੈਂ ਇਥੇ ਚੰਡੀਗੜ੍ਹ ਆਇਆ ਸੀ 1978 ਵਿਚ, ਬਹੁਤ ਫਰਕ ਪੈ ਗਿਆ, ਉਸ ਵੇਲੇ ਤੋਂ ਪਤਾ ਹੀ ਨਹੀਂ ਲੱਗਿਆ ਕਿ ਸਮਾਂ ਕਦ ਲੰਘ ਗਿਆ। ਇਕ-ਇਕ ਛਿਨ ਕਰਕੇ ਗਿਆ ਹੈ, ਐਉਂ ਨਹੀਂ ਕਿ ਇਕ ਦਮ ਹੀ ਗਿਆ ਹੈ। ਛਿਨ ਕਹਿੰਦੇ ਨੇ ਅੱਖ ਦੇ ਝਮਕੇ ਜਿੰਨੇ ਚਿਰ ਨੂੰ। ਐਨੇ ਚਿਰ ਵਿਚ ਉਹਨੇ ਸਮਾਂ ਕੱਟ ਦਿਤਾ। ਜਿਹੜੀ ਚੀਜ਼ ਹਾਸਲ ਕਰਨੀ ਸੀ ਉਹ ਕਰ ਨਹੀਂ ਸਕੇ। ਹੈ ਸਭ ਤੋਂ ਨੇੜੇ ਤੇ ਫੇਰ ਮਿਲੇ ਕਿਵੇਂ? ਗੁਰੂ ਗ੍ਰੰਥ ਸਾਹਿਬ ਗਾਈਡ ਕਰਦੇ ਨੇ ਜੇ ਕੋਈ

ਸੱਚਮੁੱਚ ਇਨ੍ਹਾਂ ਨੂੰ ਗੁਰੂ ਮੰਨ ਲਵੇ। ਵਾਸ਼ਨਾਵਾਂ ਛੱਡ ਦੇਵੇ, ਮੰਗੇ ਨਾ ਕੁੱਛ ਵੀ ਇਨ੍ਹਾਂ ਤੋਂ। ਜੇ ਮੰਗੇ ਤਾਂ ਇਕੋ ਚੀਜ਼ ਮੰਗੇ ਕਿ ਮੇਰਾ ਮਿਲਾਪ ਕਿਵੇਂ ਹੋ ਸਕਦਾ ਹੈ, ਮੈਨੂੰ ਦੱਸ ਤਾਂ ਸਹੀ। ਮੈਂ ਤੇਰੀ ਸ਼ਰਨ ਆਇਆ ਹਾਂ। ਆਹ ਜਿਹੜਾ ਸ਼ਬਦ ਤੁਸੀਂ ਸੁਣਿਆ ਹੈ ਨਾ ਜੇ ਇਹਨੂੰ ਹੀ ਵਿਚਾਰ ਲਵੋ, ਸਾਰਾ ਮਸਲਾ ਹੱਲ ਹੋ ਜਾਂਦਾ ਹੈ। ਆਹ ਇਕੋ ਹੀ ਸ਼ਬਦ। ਬਹੁਤੇ ਲੰਮੇ ਚੌੜੇ ਜਾਣ ਦੀ ਲੋੜ ਨਹੀਂ ਹੈ। ਇਹੀ ਜੋ ਬਚਨ ਆਇਆ ਹੈ ਸਾਰਿਆਂ ਨੇ ਹੀ ਸੁਣਿਆ ਹੈ ਕਿ ਕਿਸੇ ਨੂੰ ਇਹ ਕਾਟ ਕਰ ਗਿਆ ਕਿਸੇ ਨੂੰ ਇਹ ਤੁਕਾਂ ਅੱਗੇ ਤੋਂ ਅੱਗੇ ਲਜਾਈ ਗਈਆਂ। ਭਾਵ ਕਿ ਸਾਡੇ ਸਮਝ ਵਿਚ ਨਹੀਂ ਆ ਸਕਿਆ। ਕਿਉਂਕਿ ਗੁਰਬਾਣੀ ਅਗਾਧ ਬੋਧ ਹੈ ਨਾ ਇਹਨੂੰ ਕੋਈ ਸਮਝ ਸਕਦਾ ਹੈ, ਜਿਹੜਾ ਸਮਝ ਗਿਆ ਉਹਦੇ ਕੋਲ ਅੱਖਰ ਨਹੀਂ ਹਨ, ਸਮਝਾ ਨਹੀਂ ਸਕਦਾ। ਬਹੁਤੀ ਵੱਡੀ ਚੀਜ਼ ਹੈ ਇਹ। ਪਰ ਇਕੋ ਹੀ ਸ਼ਬਦ ਮਿਲਾਪ ਕਰਾ ਸਕਦਾ ਹੈ। ਇਥੇ ਸਭ ਤੋਂ ਪਿਆਰੇ ਨੂੰ ਪਿਆਰਾ ਕਹਿ ਕੇ ਕਿਹਾ ਗਿਆ ਹੈ –

***ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਣਾ॥***
***ਤੁਧੁ ਬਿਨੁ ਰੋਗ ਰਜਾਈਆਂ ਦਾ ਓਢਣ***
***ਨਾਗ ਨਿਵਾਸਾਂ ਦੇ ਰਹਣਾ।।***
***ਸੂਲ ਸੁਰਾਹੀ ਖੰਜਰ ਪਿਆਲਾ***
***ਬਿੰਗ ਕਸਾਈਆਂ ਦਾ ਸਹਣਾ॥***
***ਯਾਰੜੇ ਦਾ ਸਾਨੂੰ ਸਥਰ ਚੰਗਾ ਭਠ***
***ਖੇੜਿਆਂ ਦਾ ਰਹਣਾ।***

ਮਿੱਤਰ ਕੌਣ ਹੈ, ਮਿੱਤਰ ਆਪਣੇ ਵਰਗਾ ਹੀ ਹੈ, ਜਿਹੋ ਜਿਹਾ ਸਾਡਾ ਪੰਜ ਤੱਤ ਦਾ ਸਰੀਰ ਹੈ, ਐਹੋ ਜਿਹਾ ਹੀ ਮਿੱਤਰ ਹੈ। ਉਹਦੇ ਵਿਚ ਬਾਰ-ਬਾਰ ਬੇਨਤੀ ਕੀਤੀ ਹੈ ਕਿ –

*ਏਕੁ ਪਿਤਾ ਏਕਸ ਕੇ ਹਮ ਬਾਰਿਕ*
*ਤੂ ਮੇਰਾ ਗੁਰ ਹਾਈ ॥*
*ਸੁਣਿ ਮੀਤਾ ਜੀਉ ਹਮਾਰਾ ਬਲਿ ਬਲਿ ਜਾਸੀ*
*ਹਰਿ ਦਰਸਨੁ ਦੇਹੁ ਦਿਖਾਈ ॥ ੧ ॥*
*ਸੁਣਿ ਮੀਤਾ ਧੂਰੀ ਕਉ ਬਲਿ ਜਾਈ ॥*
*ਇਹੁ ਮਨੁ ਤੇਰਾ ਭਾਈ ॥ ਰਹਾਉ ॥*
*ਪਾਵ ਮਲੋਵਾ ਮਲਿ ਮਲਿ ਧੋਵਾ*
*ਇਹੁ ਮਨੁ ਤੈ ਕੂ ਦੇਸਾ ॥*
*ਸੁਣਿ ਮੀਤਾ ਹਉ ਤੇਰੀ ਸਰਣਾਈ*
*ਆਇਆ ਪ੍ਰਭ ਮਿਲਉ ਦੇਹੁ ਉਪਦੇਸਾ ॥ ੨ ॥*
*ਮਾਨੁ ਨ ਕੀਜੈ ਸਰਣਿ ਪਰੀਜੈ*
*ਕਰੈ ਸੁ ਭਲਾ ਮਨਾਈਐ ॥*
*ਸੁਣਿ ਮੀਤਾ ਜੀਉ ਪਿੰਡੁ ਸਭੁ ਤਨੁ ਅਰਪੀਜੈ*
*ਇਉ ਦਰਸਨੁ ਹਰਿ ਜੀਉ ਪਾਈਐ ॥ ੩ ॥*
*ਭਇਓ ਅਨੁਗ੍ਰਹੁ ਪ੍ਰਸਾਦਿ ਸੰਤਨ ਕੈ*
*ਹਰਿ ਨਾਮਾ ਹੈ ਮੀਠਾ ॥*
*ਜਨ ਨਾਨਕ ਕਉ ਗੁਰਿ ਕਿਰਪਾ ਧਾਰੀ*
*ਸਭੁ ਅਕੁਲ ਨਿਰੰਜਨੁ ਡੀਠਾ ॥ ਅੰਗ- ੬੧੨*

ਤੂੰ ਮੇਰੀ ਗੱਲ ਸੁਣ। ਕਿਹੜਾ ਤਰੀਕਾ ਹੈ ਜਿਹਦੇ ਨਾਲ ਦਰਸ਼ਨ ਹੋ ਸਕਦਾ ਹੈ। ਦੋ ਲਾਈਨਾਂ ਦੇ ਵਿਚ ਮਹਾਰਾਜ ਨੇ ਜਵਾਬ ਦਿਤਾ ਹੈ, ਇਹਦੀ ਵਿਆਖਿਆ ਚਾਹੇ ਘੰਟਿਆਂ ਬੱਧੀ ਕਰੀ ਜਾਓ, ਕਿੰਨੀ ਹੀ ਕਰੀ ਜਾਓ। ਜਿਹਨੂੰ ਲਗਨ ਹੈ ਉਹਨੂੰ ਥੋੜ੍ਹੀ ਜਿਹੀ ਹੋਸ਼ ਆ ਗਈ ਕਿ ਹੈਂ ਮਹਾਰਾਜ ਤਾਂ ਐਉਂ ਕਹਿੰਦੇ ਨੇ ਮੈਂ ਨਹੀਂ ਇਹ ਗੱਲ ਕਰੀ ਅਜੇ ਤੱਕ। ਮਹਾਰਾਜ ਕਹਿੰਦੇ ਇਕ ਤਾਂ ਜਿਹੜਾ ਹਉਂ ਦਾ ਮਾਣ ਹੈ ਨਾ ਤੈਨੂੰ, I am, ਇਹ ਤੈਨੂੰ ਵਾਧੂ ਮਿਲਿਆ ਹੋਇਆ ਹੈ, ਦਰਅਸਲ ਹੈ ਨਹੀਂ। ਇਹ ਹੋਇਆ ਹੁਕਮ ਵਿਚ ਹੀ ਹੈ–

*ਜਿਨਿ ਰਚਿ ਰਚਿਆ ਪੁਰਖਿ ਬਿਧਾਤੈ*
*ਨਾਲੇ ਹਉਮੈ ਪਾਈ ॥*
*ਜਨਮ ਮਰਣੁ ਉਸ ਹੀ ਕਉ ਹੈ ਰੇ*
*ਓਹਾ ਆਵੈ ਜਾਈ ॥ ਅੰਗ - ੯੯੯*

ਇਹ ਤਾਂ 'ਮਾਨੁ ਨ ਕੀਜੈ' ਜਿਹਨੂੰ ਮਹਾਰਾਜ ਕਹਿੰਦੇ ਨੇ। ਇਹ ਮਾਣ ਉਹ ਮਾਣ ਨਹੀਂ ਹੈ ਜਿਹੜਾ ਪੈਸੇ ਵਾਲਾ ਵੱਡਾ ਅਫਸਰ ਕਰਦਾ ਹੈ, ਜਾਂ ਜ਼ੋਰ ਵਾਲਾ ਬੰਦਾ ਕਰਦਾ ਹੈ, ਰਾਜ ਮਾਲ, ਰੂਪ, ਜਾਤ, ਜੋਬਨ ਪੰਜੇ ਠੱਗ। ਉਹ ਠੱਗਾਂ ਵਾਲਾ ਮਾਣ ਨਹੀਂ ਹੈ। ਇਹ ਮਾਣ ਆਪਣੀ ਹਉਂ ਦਾ ਹੈ, ਮੈਂ ਫਲਾਣਾ ਸਿੰਘ ਹਾਂ, ਫਲਾਣੇ ਥਾਉਂ ਦਾ ਹਾਂ, ਮੇਰੀ ਐਨੀ ਜ਼ਮੀਨ ਹੈ, ਮੈਂ ਅਮੀਰ ਹਾਂ ਮੈਂ ਕਿਸੇ ਤੋਂ ਘੱਟ ਨਹੀਂ ਹਾਂ, ਮੈਨੂੰ ਇਹ ਗੱਲ ਕਿਉਂ ਕਹੀ ਜਾਵੇ, ਇਹ ਕੂੜ ਕਬਾੜ ਬਹੁਤ ਭਰਿਆ ਪਿਆ ਹੈ ਅੰਦਰ। ਇਹ ਹੋਂਦ ਨੂੰ ਅਣਹੋਂਦ ਵਿਚ ਬਦਲਣਾ ਬਹੁਤ ਹੀ ਔਖਾ ਹੈ। ਮਹਾਂਪੁਰਸ਼ਾਂ ਨੇ ਇਸ਼ਾਰੇ ਕਰੇ ਨੇ ਕਿ ਹੋਂਦ ਅਣਹੋਂਦ 'ਚ ਕਿਵੇਂ ਬਦਲਦੀ ਹੈ। ਜਿਹੜਾ 'ਮੈਂ' ਹੈ ਅਣਹੋਈ 'ਮੈਂ' ਉਹ ਅਸਲੀ ਮੈਂ ਦੇ ਵਿਚ ਕਿਵੇਂ ਬਦਲਦਾ ਹੈ। ਉਹਦਾ ਤਰੀਕਾ ਬੜਾ ਸੁਖਾਲਾ ਦੱਸਿਆ ਹੈ –

***ਵਾਹਿਗੁਰੂ ਗੁਰਮੰਤ੍ਰ ਹੈ ਜਪੁ ਹਉਮੈ ਖੋਈ।***
***ਵਾਰ ਭਾਈ ਗੁਰਦਾਸ ਜੀ***

ਮੰਤ੍ਰ ਲੈਣਾ ਪੈਂਦਾ ਹੈ, ਇਸੇ ਸ਼ਬਦ ਵਿਚ ਆਇਆ ਹੈ ਕਿ ਗੁਰੂ, ਮੰਤਰ ਦਿੰਦਾ ਹੈ। ਜਿਹੜੇ ਮਿੱਤਰ ਨਾਲ ਗੱਲ ਹੁੰਦੀ ਹੈ, ਮਿੱਤਰ ਮੰਤਰ ਦਿੰਦਾ ਹੈ। ਕਹਿੰਦੇ, ਉਹਦੇ ਜਾਪ ਨਾਲ ਤੇਰਾ ਕੰਮ ਬਣਨਾ ਹੈ। ਵੀਚਾਰ ਨਾਲ ਨਹੀਂ ਬਣਨਾ ਵੀਚਾਰ ਤਾਂ ਅਗਾਂਹ ਦੀ ਅਵਸਥਾ 'ਚ ਆਉਂਦੀ ਹੈ। ਪਹਿਲਾਂ ਕਰਮ ਹੁੰਦਾ ਹੈ, ਕਰਮ ਦੇ ਵਿਚ ਤੁਸੀਂ ਸਾਰੇ ਲੱਗੇ ਹੋਏ ਓਂ। ਸਤਿਸੰਗ 'ਚ ਆਉਂਦੇ ਓਂ, ਸੇਵਾ ਕਰਦੇ ਓਂ, ਦਾਨ ਪੁੰਨ ਕਰਦੇ ਓਂ, ਇਹ ਕਰਮ ਨੂੰ ਜੇ ਅਸੀਂ ਸਮਝ ਜਾਈਏ ਅੱਗੇ

ਪੌੜੀ ਦਾ ਡੰਡਾ ਤਾਂ ਚੁੱਕ ਹੁੰਦਾ ਹੈ, ਨਹੀਂ ਤਾਂ ਅਸੀਂ ਨਹੀਂ ਚੜ੍ਹ ਸਕਦੇ। ਮਹਾਰਾਜ ਕਹਿੰਦੇ –

*ਸੇਵਾ ਕਰਤ ਹੋਇ ਨਿਹਕਾਮੀ ॥*
*ਤਿਸ ਕਉ ਹੋਤ ਪਰਾਪਤਿ ਸੁਆਮੀ ॥*

*ਅੰਗ - ੨੮੬*

ਗੱਲਾਂ ਸਮਝਣ ਵਾਲੀਆਂ ਨੇ ਇਹ। ਕਰਮ ਕਰਦਾ ਹੋਇਆ ਬੰਦਾ ਉਹਦੇ ਅਭਿਮਾਨ ਵਿਚ ਨਾ ਆਵੇ, ਮੈਂ ਵਿਚ ਨਾ ਆਵੇ, ਮੈਂ ਐਨਾ ਕਰਿਆ, ਮੈਂ ਗੁਰਦੁਆਰੇ ਸੇਵਾ ਕਰੀ, ਮੈਂ ਪ੍ਰਚਾਰ ਕਰਿਆ, ਮੈਂ ਐਨਾ ਨਾਮ ਜਪਿਆ। ਮੈਂ ਚੰਗੇ ਕਰਮਾਂ ਦੀ ਗੱਲ ਕਰਦਾ ਹਾਂ, ਮਾੜਿਆਂ ਦੀ ਨਹੀਂ। ਕਿਉਂਕਿ ਕਰਮ ਹਰੇਕ ਹੀ ਬੰਨ੍ਹ ਲੈਂਦਾ ਹੈ। ਕਰਮ ਸ਼ੁੱਭ ਤੇ ਅਸ਼ੁੱਭ ਦੋ ਨੇ। ਇਕ ਤਾਂ ਉਹ ਨੇ ਜਿਹੜੇ ਸਜ਼ਾ ਦਿਵਾਉਂਦੇ ਨੇ ਤੇ ਪ੍ਰਾਕ੍ਰਿਤੀ ਦਾ ਨੇਮ –

As you sow, sow shall you reap.

ਕਣਕ ਬੀਜਣ ਤੇ ਕਣਕ ਉਗੇਗੀ, ਛੋਲੇ ਬੀਜਣ ਤੇ ਛੋਲੇ ਉੱਗਣਗੇ। ਛੋਲਿਆਂ ਦੀ ਥਾਂ ਅੰਗੂਰ ਨਹੀਂ ਕਦੇ ਉੱਗਦੇ।

*ਫਰੀਦਾ ਲੋੜੈ ਦਾਖ ਬਿਜਉਰੀਆਂ*
*ਕਿਕਰਿ ਬੀਜੈ ਜਟੁ ॥*
*ਹੰਢੈ ਉੰਨ ਕਤਾਇਦਾ ਪੈਧਾ ਲੋੜੈ ਪਟੁ ॥*

*ਅੰਗ - ੧੩੭੯*

ਉਹੀ ਚੀਜ਼ ਹੋਣੀ ਹੈ ਜਿਹੜੀ ਤੂੰ ਬੀਜੇਂਗਾ। ਹੁਣ ਕਰਮ ਬੀਜ ਦਿਤਾ ਹੈ, ਕਰਮ ਬੀਜ ਕੇ ਨਾਲ ਮੈਂ ਕਹੀ ਗਏ ਕਿ ਮੈਂ ਕਰਿਆ ਹੈ। ਉਹਦੇ ਨਾਲ ਕੀ ਹੋਏਗਾ, ਜੇ ਤਾਂ ਕਰਮ ਉਹ ਗਲਤ ਹੈ ਤਾਂ ਵੀ ਬੰਨ੍ਹਿਆ ਜਾਏਗਾ, ਜੇ ਚੰਗਾ ਹੈ ਤਾਂ ਵੀ ਬੰਨ੍ਹਿਆ ਜਾਏਗਾ। ਇਕ ਸੋਨੇ ਦੀ ਬੇੜੀ ਹੈ ਇਕ ਲੋਹੇ ਦੀ ਬੇੜੀ ਹੈ। ਹੈਂ ਦੋਵੇਂ ਬੇੜੀਆਂ। ਚੰਗੇ ਕਰਮ ਨੇ ਤੁਹਾਨੂੰ ਸਵਰਗਾਂ 'ਚ ਲੈ ਜਾਣਾ ਹੈ, ਚੰਗੇ ਅਮੀਰ ਘਰ ਦੇ ਵਿਚ ਜਨਮ ਦਿਵਾ ਦੇਣਾ ਹੈ। ਲੇਕਿਨ ਛੁੱਟੇ ਤਾਂ ਫੇਰ ਵੀ ਨਾ। ਚੱਕਰ ਤਾਂ ਫੇਰ ਵੀ ਸਾਡੇ ਗਲ ਪਿਆ ਰਹਿਣਾ ਹੈ। ਹੁਣ ਨਿਹਕਰਮ ਕਿਵੇਂ ਹੋਵੇ? ਕੋਈ ਤਰੀਕਾ ਨਹੀਂ ਇਹਦਾ, ਗੱਲਾਂ ਨਾਲ ਤਾਂ ਨਿਹਕਰਮੀ ਸਾਰੇ ਹੋ ਜਾਂਦੇ ਨੇ। ਸਾਡੇ ਅੰਦਰ ਕਰਮ ਦਾ ਮਾਣ ਐਨਾ ਧੁੱਸ ਜਾਂਦਾ ਹੈ ਕਿ ਜੇ ਕੋਈ ਗੁਰਦੁਆਰਾ ਬਣਾਉਣ ਵਿਚ ਸੇਵਾ ਕਰਦਾ ਹੈ, ਦਾਨ ਕਰਿਆ ਉਹਨੇ। ਬਹੁਤ ਸੇਵਾ ਕਰੀ, ਉਹਨੂੰ ਪ੍ਰਬੰਧਕਾਂ ਨੇ ਸਾਰਿਆਂ ਨੇ ਖੁਸ਼ ਹੋ ਕੇ ਪ੍ਰੈਜ਼ੀਡੈਂਟ ਬਣਾ ਦਿਤਾ, ਉਸ ਤੋਂ ਬਾਅਦ ਦੂਜੇ ਆਏ ਉਹ ਕਹਿੰਦੇ ਲਾਹੋ ਇਹਨੂੰ ਇਹਦਾ ਇੰਤਜ਼ਾਮ ਅੱਛਾ ਨਹੀਂ। ਸੇਵਾ ਤਾਂ ਠੀਕ ਹੈ ਇੰਤਜ਼ਾਮ ਨਹੀਂ ਕਰ ਸਕਦਾ। ਜਦੋਂ ਲਾਹਿਆ ਉਹਨੇ ਉਦਾਸ ਹੋ ਜਾਣਾ ਹੈ ਕਿ ਮੈਂ ਐਨੀ ਸੇਵਾ ਕਰੀ ਮੇਰਾ ਕੱਖ ਨਹੀਂ ਬਣਿਆ। ਗਿਣਿਆ ਹੀ ਨਹੀਂ ਮੈਨੂੰ। ਇਹ ਖਿਆਲ ਕਿਉਂ ਆਇਆ? ਕਿਉਂਕਿ ਉਹ ਬੰਨ੍ਹਿਆ ਗਿਆ ਕਰਮ ਦੇ ਨਾਲ। ਨੇਕ ਕਰਮ ਦੇ ਨਾਲ। ਨੇਕ ਕਰਮ ਨੇ ਵੀ ਉਸਨੂੰ ਦੁੱਖ ਦਿਤਾ। ਇਹ ਜਦੋਂ ਭੋਗਣਾ ਹੈ ਸਵਰਗ 'ਚ ਚਲੇ ਜਾਓ, ਅਮੀਰ ਘਰ ਜਨਮ ਲੈ ਲਓ, ਬੇਅੰਤ ਪੈਸਾ ਆ ਜਾਵੇ ਤਾਂ ਵੀ ਭੁੱਲ ਜਾਏਗਾ। ਫੇਰ ਅਗਲੇ ਜਨਮ ਵਿਚ ਫੇਰ ਨਹੀਂ chances ਹੈਗੇ ਵਾਹਿਗੁਰੂ ਨੂੰ ਮਿਲਣ ਦੇ। ਮਹਾਰਾਜ ਕਹਿੰਦੇ ਜੇ ਮਿਲਣਾ ਹੈ –

*ਸੇਵਾ ਕਰਤ ਹੋਇ ਨਿਹਕਾਮੀ ॥*
*ਤਿਸ ਕਉ ਹੋਤ ਪਰਾਪਤਿ ਸੁਆਮੀ ॥*

*ਅੰਗ - ੨੮੬*

ਸੇਵਾ ਕਰਦਾ ਹੋਇਆ ਨਿਸ਼ਕਰਮ ਹੋ ਜਾ, ਕਰਮਾਂ ਨੂੰ ਤੂੰ own ਨਾ ਕਰ। ਉਹਦਾ ਤਰੀਕਾ ਕੋਈ ਨਹੀਂ ਹੈ। ਜੇ ਮੈਂ ਕਹਾਂ ਕਿ ਐਉਂ ਕਰ ਲਿਆ ਕਰੋ, ਕਹੇਗਾ ਬਿਲਕੁਲ ਨਹੀਂ ਇਹ ਤਾਂ ਗੱਲ ਕਹਿਣ ਵਾਸਤੇ ਹੈ ਕਿ ਮੈਂ ਤਾਂ ਜੀ ਕੁਛ ਨਹੀਂ ਕਰਦਾ, ਮੇਰੇ ਤੋਂ ਤਾਂ ਵਾਹਿਗੁਰੂ ਜੀ ਕਰਾਉਂਦੇ ਨੇ। ਦੇਖਦੇ ਨੇ ਕਿਸੇ ਦੇ ਥੱਪੜ ਮਾਰ ਦਿਤਾ, ਤੂੰ ਫਲਾਣੇ ਦੇ ਮਾਰ ਦਿਤਾ। ਉਥੇ ਵਾਹਿਗੁਰੂ ਜੀ ਕਿਧਰੇ ਹੀ ਚਲੇ ਗਏ। ਇਹ ਗੱਲਾਂ ਨਾਲ ਨਹੀਂ ਹੋਇਆ ਕਰਦਾ। ਇਹ ਹੁੰਦਾ ਹੈ ਜੇ ਪ੍ਰਮੇਸ਼ਰ ਦੇ ਨਾਮ ਦੇ ਵਿਚ, ਐਨੀ ਬਿਰਤੀ ਗਹਿਰੀ ਚਲੀ ਜਾਵੇ ਕਿ ਜੋ ਲਿਵ ਦੀ ਅਵਸਥਾ ਵਿਚ ਪਹੁੰਚ ਜਾਵੇ। ਉਥੇ ਆਪਣੇ ਅੰਦਰ ਹੀ ਇਕ ਹੋਰ ਚੀਜ਼ ਹੈ। ਉਹਨੂੰ ਅਨੁਭਵ ਕਹਿੰਦੇ ਨੇ ਇਹ ਵਿਸ਼ਾ ਅਨੁਭਵ ਦਾ ਹੈ। ਤਜਰਬਾ ਸਾਰਿਆਂ ਨੂੰ ਹੈ ਅਨੁਭਵ ਦਾ, ਕੋਈ ਐਸਾ ਨਹੀਂ ਜਿਹਨੂੰ ਨਾ ਹੋਵੇ।

ਕਹਿਣ ਲੱਗਿਆ, ਮਰਦਾਨਾ, ਹੇ ਗੁਰੂ ਨਾਨਕ! ਤੁਸੀਂ ਮੈਨੂੰ ਹਰ ਥਾਂ ਦਿਸਦੇ ਹੋ। ਤੁਸੀਂ ਕਹਿੰਦੇ ਹੋ ਕਿ ਜਿੱਧਰ ਦੇਖੋ ਪ੍ਰਮੇਸ਼ਰ ਹੀ ਪ੍ਰਮੇਸ਼ਰ ਹੈ। ਹੋਰ ਹੈ ਨਹੀਂ ਕੋਈ। ਉਹ ਆਪੇ ਹੀ ਆਪ ਹੈ। ਪਰ ਮੈਨੂੰ ਤਾਂ ਨਜ਼ਰ ਨਹੀਂ ਆ ਰਿਹਾ। ਮੈਂ ਤਾਂ ਬੜਾ ਯਤਨ ਕਰਿਆ ਹੈ। ਮੈਂ ਨੀਝ ਲਾ-ਲਾ ਕੇ ਵੀ ਦੇਖਦਾ ਹਾਂ, ਅਸਮਾਨ ਵਿਚ ਵੀ ਝਾਕਦਾ ਹਾਂ। ਪਰ ਮਹਾਰਾਜ ਮੈਨੂੰ ਥੋੜ੍ਹਾ ਬਹੁਤ ਟਿਕਾਅ ਤਾਂ ਆ ਜਾਂਦਾ ਹੈ, ਕੀਰਤਨ ਕਰਦੇ ਨੂੰ। ਲੇਕਿਨ ਇਥੇ ਤਾਂ ਮੈਨੂੰ ਦਰਖਤ ਦਿਸਦੇ, ਬੰਦੇ ਦਿਸਦੇ ਨੇ, ਜਾਨਵਰ ਦਿਸਦੇ ਨੇ, ਉਤੇ ਨੂੰ ਅਸਮਾਨ ਵਲ ਝਾਕਦਾ ਹਾਂ ਤਾਂ ਬੱਦਲ ਦਿਸਦੇ ਨੇ, ਤੁਸੀਂ ਕਹਿੰਦੇ ਓਂ ਕਿ ਅੱਖਾਂ ਹੈਗੀਆਂ ਅੰਦਰ ਜਿਹੜੀਆਂ ਦੇਖ ਲੈਂਦੀਆਂ ਨੇ।

ਮਹਾਰਾਜ ਕਹਿੰਦੇ, ਮਰਦਾਨਿਆ! ਅਨੁਭਵ ਦੀ ਅੱਖ ਹੁੰਦੀ ਹੈ।

ਕਹਿਣ ਲੱਗਿਆ, ਮਹਾਰਾਜ! ਮੈਂ ਤਾਂ ਅਨਪੜ੍ਹ ਹਾਂ, ਪੜ੍ਹਿਆ ਹੋਇਆ ਨਹੀਂ ਹਾਂ। ਮੈਨੂੰ ਤਾਂ ਪਤਾ ਹੀ ਨਹੀਂ ਕਿ ਅਨੁਭਵ ਕਿਸਨੂੰ ਕਹਿੰਦੇ ਨੇ।

ਕਹਿੰਦੇ ਮਰਦਾਨਿਆ! ਤੈਨੂੰ ਇਕ ਮਿਸਾਲ ਨਾਲ ਦੱਸਦੇ ਹਾਂ।

ਤੂੰ ਐਉਂ ਦੱਸ ਜਦੋਂ ਅਸੀਂ ਤੈਨੂੰ ਕਹਿੰਦੇ ਹਾਂ ਮਰਦਾਨਿਆ ਧਨਾਸਰੀ ਰਾਗ ਦੇ ਵਿਚ ਬਾਣੀ ਆ ਰਹੀ ਹੈ। ਤੂੰ ਰਬਾਬ ਸੁਰ ਕਰ, ਉਹ ਕਿਵੇਂ ਕਰਦਾ ਹੈ?

ਕਹਿੰਦਾ, ਜੀ ਮੇਰੇ ਅੰਦਰ ਆ ਜਾਂਦੀ ਹੈ।

ਕਹਿੰਦੇ, ਲਿਖਿਆ ਹੋਇਆ ਹੈ ਕਿਤੇ?

ਕਹਿੰਦਾ ਨਹੀਂ।

ਫੇਰ ਤੇਰੇ ਅੰਦਰ ਕਿਵੇਂ ਆ ਜਾਂਦੀ ਹੈ ਇਹ ਗੱਲ? ਉਹ ਜਿਹੜੀ ਤੇਰੇ ਅੰਦਰ ਆਉਂਦੀ ਹੈ ਨਾ, ਦੇਖ ਲੈ ਫੇਰ ਤੂੰ ਉਵੇਂ ਜਿਵੇਂ ਉਂਗਲੀਆਂ ਮਾਰਦਾ ਹੈਂ, ਸਿਤਾਰ ਉਹੋ ਅਵਾਜ਼ ਕੱਢਦੀ ਹੈ, ਉਹਦੀ ਤਾਲ ਕੱਢਦੀ ਹੈ ਜਿਥੇ ਅਸੀਂ ਬੋਲਣਾ ਹੁੰਦਾ ਹੈ। ਜਿਸ ਥਾਂ ਤੇ ਸ਼ਬਦ ਗਾਇਨ ਕਰਨਾ ਹੁੰਦਾ ਹੈ। ਤੇਰੇ ਅੰਦਰ ਕੋਈ ਕਿਤਾਬ ਹੈ ਜਿੱਥੋਂ ਪੜ੍ਹਦਾ ਹੈਂ?

ਕਹਿੰਦਾ, ਨਹੀਂ ਮਹਾਰਾਜ।

ਕਹਿੰਦੇ, ਫੇਰ?

ਕਹਿੰਦਾ, ਮਹਾਰਾਜ! ਸੁੱਝ ਜਿਹਾ ਜਾਂਦਾ ਹੈ ਮੈਨੂੰ।

ਕਹਿੰਦੇ, ਜਿਹੜਾ ਸੁੱਝ ਜਿਹਾ ਜਾਂਦਾ ਹੈ ਇਹਨੂੰ ਹੀ ਅਨੁਭਵ ਕਹਿੰਦੇ ਨੇ।

ਬੀਬੀ ਨੂੰ ਦੱਸਿਆ ਕਿ ਆਪਣੇ ਅੱਜ ਪੰਜ ਪ੍ਰਾਹੁਣੇ ਆ ਰਹੇ ਨੇ, ਮਹਿਮਾਨ। ਜ਼ਰਾ ਦਾਲ ਸਬਜ਼ੀ ਜ਼ਿਆਦਾ ਬਣਾ ਲਈਂ। ਉਹ ਦਾਲ ਸਬਜ਼ੀ ਧਰ ਦਿੰਦੀ ਹੈ, ਨਮਕ ਮਿਰਚ ਪਾਉਣ ਲਗਦੀ ਹੈ। ਉਹਨੂੰ ਐਉਂ ਤਾਂ ਪਤਾ ਹੀ ਨਹੀਂ ਕਿ ਕਿੰਨਾ ਨਮਕ ਪਾਉਣਾ ਹੈ, ਕਿਹੜਾ ਉਹਨੇ ਕੂਕਿੰਗ ਸਿੱਖੀ ਹੋਈ ਹੈ ਕਿ ਐਨਾ ਨਮਕ ਪਾਈਦੀ ਹੈ, ਐਨੀ ਮਿਰਚ ਪਾਈਦੀ ਹੈ। ਰੋਜ਼ ਦਾ ਵਾਹ ਹੈ ਸਾਡਾ ਇਨ੍ਹਾਂ ਗੱਲਾਂ ਨਾਲ। ਉਹਨੂੰ ਆਪਣੇ ਆਪ ਹੀ ਚੁਟਕੀ ਪਾਉਂਦੇ-ਪਾਉਂਦੇ ਪਤਾ ਲੱਗ ਜਾਂਦਾ ਹੈ ਕਿ ਬੱਸ ਜ਼ਿਆਦਾ ਹੋ ਜਾਏਗਾ। ਉਹ ਕਿਹੜੀ ਚੀਜ਼ ਹੈ ਜਿਹੜੀ ਦੱਸਦੀ ਹੈ? ਲਿਖਿਆ ਹੋਇਆ ਤਾਂ ਹੈ ਨਹੀਂ, ਤੋਲਿਆ ਉਹਨੇ ਨਹੀਂ ਹੈ। ਉਹਦੇ ਅੰਦਰ ਜਿਹੜਾ ਸੁੱਝਦਾ ਹੈ ਜਿਹਨੂੰ ਅਨੁਭਵ ਕਹਿੰਦੇ ਨੇ, ਉਹਨੇ ਕੰਮ ਕਰਿਆ।

ਕਹਿਣ ਲੱਗੇ, ਮਰਦਾਨਿਆ! ਪ੍ਰਮੇਸ਼ਰ ਤਾਂ ਸਾਰੇ ਹੀ ਹੈ। ਪਰ ਅਨੁਭਵ ਦੀ ਅੱਖ ਜਿਹਨੂੰ ਤੀਸਰਾ ਤਿਲ, ਤੀਸਰਾ ਨੇਤਰ, third eye, ਬਿਅੰਨ ਅੱਖੜੀਆਂ ਕਹਿੰਦੇ ਨੇ ਉਹ ਇਹਦਾ ਖੁੱਲ੍ਹਿਆ ਨਹੀਂ ਹੈ, ਖੁੱਲ੍ਹ ਨਹੀਂ ਸਕਿਆ। ਹਨ੍ਹੇਰਾ ਕਿਸ ਗੱਲ ਨੇ ਪਾਇਆ ਹੋਇਆ ਹੈ? ਕਹਿੰਦੇ, 'ਮਾਣ ਨ ਕੀਜੈ'। ਜਿਹੜਾ ਅਸਲੀਅਤ ਨੂੰ ਛੱਡ ਕੇ ਨਕਲੀ ਚੀਜ਼ ਦੇ ਵਿਚ ਪਿਆ ਹੋਇਆ ਹੈ। ਇਹਦੀ ਹੋਂਦ ਤਾਂ ਕੋਈ ਹੈ ਨਹੀਂ। ਇਹਦੀ ਹੋਂਦ ਕੇਵਲ ਮਾਣ ਨੇ, ਅਹੰ ਨੇ, ਮੈਂ ਨੇ ਬਣਾਈ ਹੋਈ ਹੈ। ਪ੍ਰਕ੍ਰਿਤੀ ਦੇ ਉਤੇ ਜਦੋਂ ਚੇਤਨ ਦਾ ਤੱਤ ਪੈਂਦਾ ਹੈ। ਅਨਾਦੀ ਕਾਲ ਤੋਂ ਪ੍ਰਵਾਹ ਚੱਲਦਾ ਹੈ। ਕਦੇ ਤਾਂ ਇਹ ਬਣ ਜਾਂਦਾ ਹੈ ਕਦੇ ਇਹ ਹੁੰਦਾ ਹੀ ਨਹੀਂ। ਕਰੋੜਾਂ ਅਰਬਾਂ ਖਰਬਾਂ ਸਾਲ, ਕਦੇ ਫੇਰ ਸਭ ਕੁਛ ਬਣ ਜਾਂਦਾ ਹੈ ਫੇਰ ਖਰਬਾਂ ਸਾਲ ਨਹੀਂ ਕੁਛ ਹੁੰਦਾ। ਇਹ ਚੱਕਰ ਚਲਦਾ ਹੈ। ਕੋਈ ਕਹਿ ਨਹੀਂ ਸਕਦਾ -

***ਥਿਤਿ ਵਾਰੁ ਨਾ ਜੋਗੀ ਜਾਣੈ***
***ਰੁਤਿ ਮਾਹੁ ਨਾ ਕੋਈ॥***
***ਜਾ ਕਰਤਾ ਸਿਰਠੀ ਕਉ ਸਾਜੇ***
***ਆਪੇ ਜਾਣੈ ਸੋਈ ॥ ਅੰਗ - ੪***

ਇਹ ਪ੍ਰਵਾਹ ਲਗਾਤਾਰ ਚੱਲ ਰਿਹਾ ਹੈ। ਇਹ ਰੁਕਣ 'ਚ ਨਹੀਂ ਆ ਰਿਹਾ। ਹੋਇਆ ਕੀ? ਪ੍ਰਕ੍ਰਿਤੀ ਜੜ੍ਹ ਹੈ, ਮਾਇਆ ਜੜ੍ਹ ਹੈ। ਪੰਜ ਤੱਤ ਉਹਦੇ ਵਿਚੋਂ ਬਣੇ ਨੇ, ਪੰਜੇ ਤੱਤ ਜੜ੍ਹ ਨੇ, ਪ੍ਰਕ੍ਰਿਤੀ ਤੋਂ ਆਕਾਸ਼ ਹੋਇਆ। ਆਕਾਸ਼ ਦੇ ਵਿਚੋਂ -

***ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥***
***ਅੰਗ - ੧੯***

ਗੈਸਾਂ ਬਣੀਆਂ। ਹਾਈਡਰੋਜਨ ਤੇ ਆਕਸੀਜਨ ਤੋਂ ਜਲ ਬਣਿਆ -

***............ਜਲ ਤੇ ਤ੍ਰਿਭਵਣੁ ਸਾਜਿਆ॥***
***ਅੰਗ - ੧੯***

ਅਣਹੋਂਦ ਦੇ ਵਿਚੋਂ ਸਾਰੀਆਂ ਚੀਜ਼ਾਂ ਹੋ ਗਈਆਂ। ਪ੍ਰਕ੍ਰਿਤੀ ਦੇ ਉਤੇ ਜਦੋਂ ਅਸਰ ਪਿਆ ਤਾਂ ਉਸ ਵੇਲੇ ਤਿੰਨ ਕੰਮ ਇਹਦੇ ਵਿਚ ਆਉਂਦੇ ਨੇ, ਪਹਿਲਾਂ ਤਾਂ ਇਹ ਹੈ ਕਿ ਜੜ੍ਹ ਦੇ ਵਿਚ ਗਿਆਨ ਆ ਜਾਂਦਾ ਹੈ। ਸਰੀਰ ਸਾਡਾ ਜੜ੍ਹ ਹੈ, ਚੇਤਨ ਨਿਕਲ ਜਾਵੇ ਜੜ੍ਹ ਖਤਮ ਹੈ। ਪੰਜ ਤੱਤ ਪਏ ਨੇ, ਬਣਤਰ ਉਵੇਂ ਜਿਵੇਂ ਹੈ, ਸਭ ਕੁੱਛ ਉਵੇਂ ਹੀ ਹੈ ਅੱਖਾਂ ਵੀ, ਨੱਕ ਵੀ, ਕੰਨ ਵੀ। ਇਹ ਜੜ੍ਹ ਕਿਉਂ ਹੋ ਗਿਆ? ਇਹਦਾ ਸੰਪਰਕ ਨਾਲੋਂ ਟੁੱਟ ਗਿਆ। ਜਦੋਂ ਚੇਤਨ ਨਾਲ ਸੰਪਰਕ ਹੁੰਦਾ ਹੈ ਪ੍ਰਕ੍ਰਿਤੀ ਵਿਚ, ਉਸ ਵੇਲੇ ਤਿੰਨ ਚੀਜ਼ਾਂ ਆਇਆ ਕਰਦੀਆਂ ਨੇ। ਪਹਿਲਾਂ ਪ੍ਰਕਾਸ਼ awareness, ਜਿਸ ਵਿਚ ਜਾਗ੍ਰਤ ਆ ਗਈ, ਪ੍ਰਕ੍ਰਿਤੀ ਦੇ ਵਿਚ ਹਰਕਤ ਹੈ ਐਸਾ ਤਾਂ ਹੈ ਨਹੀਂ ਕਿ ਅਸਰ ਨਾ ਹੋਵੇ। ਆਰਸੀ, ਸ਼ੀਸ਼ਾ ਹੈ ਸੂਰਜ ਦੇ ਸਾਮ੍ਹਣੇ ਅਸੀਂ ਕਰ ਦਿਤਾ, ਹੇਠਾਂ ਕਾਲਾ ਕੱਪੜਾ ਪਿਆ ਹੈ, ਸੂਰਜ ਦੀਆਂ ਕਿਰਨਾਂ ਦੇ ਨਾਲ ਉਹਦੇ ਵਿਚ ਹਰਕਤ ਆ ਜਾਣੀ

ਹੈ, ਉਸ ਸ਼ੀਸ਼ੇ 'ਚ ਉਹਨੇ ਹਰਕਤ ਕੀ ਕਰਨੀ ਹੈ ਕਿ ਕੱਪੜਾ ਜਾਲ ਦੇਣਾ ਹੈ। ਉਂਝ ਤੁਸੀਂ ਸੂਰਜ ਵਲ ਕਰਕੇ ਨਾ ਰੱਖੋ, ਕੱਪੜਾ ਰੱਖ ਦਿਓ, ਵਿਚ ਵਲੇਟ ਦਿਓ, ਕਦੇ ਨਹੀਂ ਹੁੰਦਾ। ਐਵੇਂ ਜਿਵੇਂ ਪ੍ਰਕ੍ਰਿਤੀ ਦੇ ਉਤੇ ਚੇਤਨ ਤੱਤ ਦਾ ਪਰਛਾਵਾਂ ਪੈਂਦਾ ਹੈ, ਅਸਰ ਪੈਂਦਾ ਹੈ, ਉਸ ਵੇਲੇ ਉਹਦੇ ਵਿਚ awareness ਆ ਜਾਂਦੀ ਹੈ, ਪ੍ਰਕਾਸ਼ ਆ ਜਾਂਦਾ ਹੈ। ਉਸ ਪ੍ਰਕਾਸ਼ ਦੇ ਵਿਚ ਸਭ ਤੋਂ ਪਹਿਲੀ ਗੱਲ ਜੋ ਹੈ ਉਹ 'ਮੈਂ' ਆਉਂਦੀ ਹੈ, ਅਹੰ। ਮਹਾਰਾਜ ਕਹਿੰਦੇ, ਸਭ ਤੋਂ ਪਹਿਲਾਂ ਹਉਮੈ ਆਉਣ ਕਰਕੇ ਬੰਨ੍ਹਿਆ ਗਿਆ ਇਹ। ਗੱਲ ਸਮਝਣੀ ਚਾਹੀਦੀ ਹੈ ਇਹ ਵੀ। ਕਿ ਆਈ ਕਿੱਥੋਂ ਇਹ? ਇਹ ਜਾਵੇ ਕਿਵੇਂ?

***ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥***
***ਕਿਰਪਾ ਕਰੇ ਜੇ ਆਪਣੀ***
***ਤਾ ਗੁਰ ਕਾ ਸਬਦੁ ਕਮਾਹਿ ॥ ਅੰਗ - ੪੬੬***

ਮਹਾਰਾਜ ਨੇ ਸਾਫ ਦੱਸਿਆ ਹੋਇਆ ਹੈ, ਅਸੀਂ ਪੜ੍ਹ ਲੈਂਦੇ ਹਾਂ ਗਾ-ਗਾ ਕੇ ਚੰਗੀ ਤਰ੍ਹਾਂ। ਰੁਕਦੇ ਨਹੀਂ ਹਾਂ।

***ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ ॥***
***ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ ॥***
***ਅੰਗ - ੪੬੬***

ਆਉਂਦੀ ਕਿੱਥੋਂ ਹੈ, ਕਿਵੇਂ ਜਾਂਦੀ ਹੈ? ਇਹ ਦੀਰਘ ਰੋਗ ਹੈ ਖਰਬਾਂ-ਖਰਬਾਂ ਸਾਲ ਚੱਲਣ ਵਾਲਾ। ਬਹੁਤ ਵੱਡਾ ਰੋਗ ਹੈ। ਜਿਹਨੂੰ ਵੱਡਾ ਰੋਗ ਕਹਿੰਦੇ ਨੇ, ਇਸ ਤੋਂ ਵੱਡਾ ਰੋਗ ਦੁਨੀਆਂ ਵਿਚ ਹੋਰ ਕੋਈ ਨਹੀਂ ਹੈ। ਪਰ ਦਾਰੂ ਇਹਦੇ ਵਿਚ ਹੈ ਰੱਖੀ ਹੋਈ। ਜਿਸ ਵਕਤ ਪਹਿਲਾਂ ਹੀ ਹੋਸ਼ ਆਉਂਦੀ ਹੈ ਪ੍ਰਕ੍ਰਿਤੀ ਵਿਚ, ਇਹਦੇ ਵਿਚ ਕਰੋੜਾਂ, ਅਰਬਾਂ-ਖਰਬਾਂ ਚਿੱਤ ਨੇ। ਉਹ ਸਾਰੇ ਚਿੱਤ ਜਦੋਂ awareness 'ਚ ਆਉਂਦੇ ਨੇ, ਉਹਦੇ 'ਮੈਂ' ਆਉਂਦੀ ਹੈ। 'ਮੈਂ' ਆਉਣ ਨਾਲ ਟੋਟਲ ਜਿਹੜੀ ਹੈ ਚੇਤਨਤਾ ਉਸ ਨਾਲੋਂ ਵੱਖਰਾ ਹੋ ਕੇ, ਵੱਖਰਾ ਘੇਰਾ ਬਣਾ ਲੈਂਦਾ ਹੈ। ਵੱਖਰਾ ਹੋ ਗਿਆ -

***ਜਿਨਿ ਰਚਿ ਰਚਿਆ ਪੁਰਖਿ ਬਿਧਾਤੈ***
***ਨਾਲੇ ਹਉਮੈ ਪਾਈ ॥ ਅੰਗ - ੯੯੯***

ਉਹਨੇ ਹਉਮੈ ਪਾ ਦਿਤੀ। ਹੁਣ ਚੱਕਰ ਸ਼ੁਰੂ ਹੋ ਗਿਆ -

***ਜਨਮ ਮਰਣੁ ਉਸ ਹੀ ਕਉ ਹੈ ਰੇ***
***ਓਹਾ ਆਵੈ ਜਾਈ ॥ ਅੰਗ - ੯੯੯***

ਤੀਸਰਾ ਇਹ ਕੰਮ ਕਰਦੀ ਹੈ ਕ੍ਰਿਆਸ਼ੀਲ ਹੋ ਜਾਂਦੀ ਹੈ, ਉਸੇ ਵੇਲੇ। ਉਸੇ ਵੇਲੇ ਇਹਦੇ ਵਿਚ ਪਰਿਵਰਤਨ ਹੋਣਾ ਸ਼ੁਰੂ ਹੋ ਜਾਂਦਾ ਹੈ। ਕਿਤੇ ਵਧਦੀ ਹੈ, ਕਿਤੇ ਰਹਿੰਦੇ ਹੀ, ਫੇਰ ਘਟ ਜਾਂਦੀ ਹੈ, ਫੇਰ ਨਾਸ਼ ਹੋ ਜਾਂਦੀ ਹੈ। ਤੱਤ ਤੱਤਾਂ 'ਚ ਰਲ ਜਾਂਦੇ ਨੇ, ਸਰਕਲ ਚਲਦਾ ਹੈ। ਇਹ ਚੱਲੀ ਜਾਣਾ ਹੈ ਅਨਾਦੀ ਕਾਲ ਤੱਕ। ਇਹਦੇ ਵਿਚ ਇਕ ਸਵਾਲ ਹੈ ਜਿਸ ਵਿਚ ਜਾਣ ਦੀ ਸਾਨੂੰ ਲੋੜ ਨਹੀਂ ਹੈ। ਸਾਨੂੰ ਲੋੜ ਹੈ ਕਿ 'ਮੈਂ' ਕਿੱਥੋਂ ਆ ਗਈ? ਹੁਣ ਆਹੀ ਤਾਂ ਸਾਨੂੰ ਪਤਾ ਨਹੀਂ। ਮੈਨੂੰ ਤਾਂ ਐਉਂ ਹੋ ਗਿਆ, ਮੈਂ ਕਿੱਥੋਂ ਆ ਕੇ ਫਸ ਗਿਆ ਇਹਦੇ ਵਿਚ। ਮਹਾਰਾਜ ਕਹਿੰਦੇ, ਤੂੰ ਆਪਣੇ ਆਪ ਨੂੰ ਪਛਾਣ ਲੈ, ਤਾਂ ਛੁਟਕਾਰਾ ਹੋ ਜਾਏਗਾ। ਪਰ ਗੱਲਾਂ ਬਾਤਾਂ ਨਾਲ ਨਹੀਂ ਪਛਾਣਿਆ ਜਾਣਾ, ਲੈਕਚਰ ਦੇ ਕੇ ਨਹੀਂ। ਦੁਨੀਆਂ ਨੂੰ ਰਿਝਾ ਕੇ ਨਹੀਂ ਪਛਾਣਿਆ ਜਾਣਾ, ਇਹ ਤਾਂ ਖਾਸ ਤਰੀਕਾ ਹੈ, ਜੋ ਇਹ ਸ਼ਬਦ ਦੇ ਵਿਚ ਦੱਸਿਆ ਹੈ ਮਹਾਰਾਜ ਜੀ ਨੇ। ਸੁਣਿਆ ਸਾਰਿਆਂ ਨੇ ਹੈ ਕਿਸੇ ਨੂੰ ਸਮਝ ਵਿਚ ਆਈ, ਕਿਸੇ ਨੂੰ ਨਹੀਂ ਆਈ। ਵਿਆਖਿਆ ਇਹਦੀ ਬੇਅੰਤ ਵੱਡੀ ਹੈ, ਕਿਤਾਬ ਪੂਰੀ ਲਿਖੀ ਜਾ ਸਕਦੀ ਹੈ ਇਕੋ ਸ਼ਬਦ 'ਤੇ। ਹੁਣ ਮਹਾਰਾਜ ਨੇ ਤੱਤ ਦੀ ਗੱਲ ਸਮਝਾਈ ਕਹਿੰਦੇ ਪਿਆਰਿਆ! ਜਿਹੜਾ ਤੂੰ ਮੈਂ ਕਹਿੰਦਾ ਹੈਂ ਨਾ ਇਹਨੂੰ ਛੱਡ। ਕਿਸੇ ਤਰੀਕੇ ਨਾਲ ਇਹਦੇ ਵਿਚੋਂ ਨਿਕਲ। ਇਹ ਤੈਨੂੰ ਬੰਨ੍ਹੀਂ ਬੈਠੀ ਹੈ। ਮੈਂ ਸਿੱਖ ਹਾਂ, ਮੈਂ ਪਾਠ ਕਰਦਾ ਹਾਂ। ਪਾਠ ਕਰਨ ਵਾਲਿਆਂ ਨੂੰ ਵੀ ਮਾਣ ਹੁੰਦਾ ਹੈ ਕਿ ਆਹ ਸੁੱਤੇ ਪਏ ਨੇ। ਮਹਾਰਾਜ ਨੇ ਸਮਝਾਇਆ ਕਿ ਸੁੱਤਿਆਂ ਜਾਗਦਿਆਂ ਦੀ ਗੱਲ ਨਹੀਂ ਹੁੰਦੀ। ਗੱਲ ਹੁੰਦੀ ਹੈ ਮਿਹਰ ਦੀ। ਇਹਦਾ ਤੈਨੂੰ ਕਾਹਦਾ ਮਾਣ ਹੋ ਗਿਆ ਕਿ ਮੈਂ ਦੋ ਵਜੇ ਉਠਦਾ ਹਾਂ ਤੇ ਮੇਰਾ ਪੜੌਸੀ ਦਿਨ ਚੜ੍ਹੇ ਉਠਦਾ ਹੈ। ਇਹ ਨਹੀਂ ਗੱਲਾਂ ਰੱਬ ਦੇ ਦਰਬਾਰ ਤੇ ਪੈਂਦੀਆਂ, ਸਾਧਨਾ ਹੈ ਤੇਰੀ ਜੇ ਸਾਧਨਾ ਮੈਂ ਤੋਂ ਰਹਿਤ ਹੈ ਫੇਰ ਛੁਟ ਜਾਏਂਗਾ, ਜੇ ਮੈਂ ਨਾਲ ਹੈ ਫੇਰ ਨਹੀਂ ਛੁਟਦਾ। ਫੇਰ ਉਹ ਫਲ ਬਣ ਜਾਂਦਾ ਹੈ ਉਹਦਾ। ਸੋ ਮਹਾਰਾਜ ਕਹਿੰਦੇ, ਪਿਆਰਿਆ! ਜੇ ਛੁੱਟਣਾ ਹੈ ਨਾ, ਤੂੰ ਪਰਮ ਪੁਰਖ ਦੀ ਓਟ ਲੈ ਜਿਹੜਾ ਸਭ ਤੋਂ ਉੱਚਾ ਪੁਰਖ ਹੈ ਨਾ ਸੱਚਾ ਮਿੱਤਰ, ਸੱਚਾ ਮਿੱਤਰ ਕਿਹੜਾ ਹੈ?

ਮਹਾਰਾਜ ਕੱਚੇ ਮਿਤਰ ਵੀ ਹੈਗੇ?

ਮਹਾਰਾਜ ਕਹਿੰਦੇ, ਕੱਚੇ ਮਿੱਤਰਾਂ ਦੀ ਗੱਲ ਛੱਡ ਦੇ।

***ਨਾਨਕ ਕਚੜਿਆ ਸਿਉ ਤੋੜਿ***
***ਢੂਢਿ ਸਜਣ ਸੰਤ ਪਕਿਆ ॥***
***ਓਇ ਜੀਵੰਦੇ ਵਿਛੁੜਹਿ***
***ਓਇ ਮੁਇਆ ਨ ਜਾਹੀ ਛੋੜਿ॥ ਅੰਗ - ੧੧੦੨***

ਇਥੇ 'ਸੰਤ' ਦਾ ਅੱਖਰ ਵਰਤਿਆ ਹੈ, ਹਰ ਬੰਦਾ ਹੀ ਸੰਤ ਕਹਾਉਣਾ ਸ਼ੁਰੂ ਕਰਦਾ ਹੈ। ਇਹ ਬਹੁਤ ਹੀ ਵੱਡੀ ਗੱਲ ਹੋਈ ਹੋਈ ਹੈ। ਉਹ ਆਪ ਤਾਂ ਫਸੇ

ਨੇ ਲੋਕਾਂ ਨੂੰ ਵੀ ਧੋਖਾ ਹੋ ਜਾਂਦਾ ਹੈ। ਸੰਤ ਜੇ ਮੰਨਣਾ ਹੈ ਤਾਂ ਗੁਰੂ ਗ੍ਰੰਥ ਸਾਹਿਬ ਨੂੰ ਮੰਨ ਲਓ, ਬਹੁਤ ਵਧੀਆ, safe ਰਹਾਂਗੇ, ਬੰਦਾ ਸੰਤ ਨਹੀਂ ਹੁੰਦਾ। ਬੰਦੇ ਦੇ ਵਿਚ ਤਿੰਨ ਗੁਣ ਚਲਦੇ ਨੇ ਰਜੋ ਗੁਣ, ਤਮੋ ਗੁਣ, ਸਤੋ ਗੁਣ। ਜੇ ਉਹ ਚੌਥੇ ਪਦ ਦੇ ਵਿਚ ਨਹੀਂ ਪਹੁੰਚਿਆ, ਉਹਦੇ ਡਿੱਗਣ ਦਾ ਫੇਰ ਸਕੋਪ ਹੈ, ਗਿਰ ਜਾਏਗਾ ਉਹ। ਜਦੋਂ ਮੁਆਫਕ ਹਾਲਾਤ ਆਉਣਗੇ ਉਹਦੀਆਂ ਰੁਚੀਆਂ ਦੇ ਮੁਤਾਬਿਕ ਉਥੇ ਗਿਰ ਜਾਏਗਾ। ਫੇਰ ਸੰਤ ਤਾਂ ਕਹਾਇਆ ਨਾ ਉਸ ਨੇ। ਅਸੀਂ ਭਾਈ ਸਾਹਿਬ, ਸੰਤ ਜੀ ਨਾਮ ਲੈਂਦੇ ਹਾਂ, ਨਾ? ਉਹ ਕਹਿੰਦੇ ਉਸ ਪੁਰਖ ਦੇ ਲੜ ਲੱਗ ਜਿਹੜੇ ਪੱਕੇ ਨੇ। ਇਕ ਨਰਦ ਪਾਸੇ ਦੇ ਵਿਚ ਜਿਹੜੀਆਂ ਘੁੰਮਦੀਆਂ ਫਿਰਦੀਆਂ ਨੇ, ਕਹਿੰਦੇ ਅਜੇ ਪੱਕੀ ਨਹੀਂ ਹੈ, ਪੁੱਗੀ ਨਹੀਂ ਹੈ ਨਰ। ਸਾਰੇ ਪਾਸਾ ਖੇਲ੍ਹਣ ਵਾਲੇ ਜਾਣਦੇ ਨੇ। ਇਕ ਨਰਦ ਉਹ ਹੈ ਜਿਹੜੀ ਆਪਣਾ ਸਫਰ ਤਹਿ ਕਰਕੇ ਮਰਦੀ ਮਾਰਦੀ, ਚਲਦੀ-ਚਲਦੀ ਆ ਕੇ ਉਹ ਸੈਂਟਰ ਦੇ ਵਿਚ ਆ ਜਾਂਦੀ ਹੈ, ਉਹ ਪੱਕੇ ਹੋ ਗਏ, ਦੂਜੇ ਕੱਚੇ। ਫਿਲਮ ਵਾਲੇ ਕਹਿੰਦੇ ਨੇ ਕਿ ਮੈਂ ਪੱਕੀ ਨਰਦ ਨੂੰ ਕੱਚੀ ਕਰਦਾਂ ਹੁਣ, ਉਹ ਫੇਰ ਚਲਾ ਲੈਂਦੇ ਨੇ। ਉਹ ਇਕ idea ਹੈ ਜਿਥੋਂ ਅਸੀਂ ਗੱਲ ਸਮਝ ਲੈਂਦੇ ਹਾਂ। ਪੱਕੇ ਉਹ ਨੇ ਜਿਨ੍ਹਾਂ ਦਾ ਜੰਮਣ-ਮਰਨ ਖਤਮ ਹੋ ਗਿਆ। ਜਿਨ੍ਹਾਂ ਨੂੰ ਪ੍ਰਮੇਸ਼ਰ ਇਥੇ ਉਥੇ ਹਰ ਥਾਂ ਦੇ ਉਤੇ ਖੁਲ੍ਹੀਆਂ ਅੱਖਾਂ ਨਾਲ ਨਜ਼ਰ ਆ ਰਿਹਾ ਹੈ। ਬਾਕੀ ਸਾਰੇ ਕੱਚੇ ਨੇ। ਚਾਹੇ ਲੈਕਚਰ ਦਿੰਦੇ ਨੇ, ਚਾਹੇ ਕੀਰਤਨ ਕਰਦੇ ਨੇ, ਚਾਹੇ ਉਨ੍ਹਾਂ ਦੇ ਗਲੇ ਬਹੁਤ ਵਧੀਆ ਨੇ, ਚਾਹੇ ਵਿਆਖਿਆ ਬਹੁਤ ਕਮਾਲ ਦਰਜੇ ਦੀ ਹੈ। ਲੇਕਿਨ ਜੇ ਅੰਦਰ ਜੋਤ ਨਹੀਂ ਜਗੀ, ਜਾਣੀ ਨਹੀਂ, ਗੱਲ ਪਛਾਣੀ ਨਹੀਂ ਹੈ ਤਾਂ ਕੱਚਿਆਂ ਵਿਚ ਹੈ। ਅਸੀਂ ਉਪਦੇਸ਼ ਕਰਦੇ ਹਾਂ ਕਿ ਕੱਚਿਆਂ ਨਾਲੋਂ ਤੋੜ, ਅਸੀਂ ਤਾਂ ਆਪ ਕੱਚੇ ਹਾਂ ਦੂਜੇ ਨੂੰ ਕੀ ਉਪਦੇਸ਼? ਜਿਹੜਾ ਹੈ ਹੀ ਕੱਚਾ ਉਹ ਕਹਿ ਦੇਵੇ ਕਿ ਮੇਰੇ ਨਾਲੋਂ ਤੋੜ ਲਓ, ਮੇਰੇ 'ਚ ਓਹ ਗੱਲਾਂ ਨਹੀਂ ਮੈਂ ਤਾਂ ਕੱਚਾ ਹਾਂ। ਐਨੀ ਜੁਰਅੱਤ ਕਿਸੇ 'ਚ ਹੀ ਹੈ। ਜਿਹੜਾ ਸਾਫ-ਸਾਫ ਗੱਲ ਕਹਿ ਦੇਵੇ। ਨਾ ਆਪ ਧੋਖਾ ਖਾਵੇ ਨਾ ਕਿਸੇ ਨੂੰ ਧੋਖਾ ਦੇਵੇ। ਉਹ ਕਹਿੰਦੇ, 'ਕਚੜਿਆ ਸਿਉ ਤੋੜਿ' ਸਾਥੀ ਤੂੰ ਬਣਾਉਣਾ ਹੈ ਕਹਿੰਦੇ, 'ਢੂੰਢਿ ਸੰਤ ਪਕਿਆ' ਪੁੱਗੀਆਂ ਹੋਈਆਂ ਰੂਹਾਂ ਟੋਲ੍ਹ, ਜੇ ਲੱਭ ਜਾਵੇ। ਉਹ ਜੇ ਤੈਨੂੰ ਲੱਭ ਗਿਆ ਨਾ, ਉਹ ਰਸਤਾ ਦੱਸ ਸਕਦਾ ਹੈਂ, ਦੂਜਾ ਕੋਈ ਦੱਸ ਨਹੀਂ ਸਕਦਾ ਤੈਨੂੰ ਰਾਹ ਇਸ ਚੀਜ਼ ਦਾ। ਉਥੇ ਕਰੀਏ ਕੀ? ਕਹਿੰਦੇ ਪਹਿਲਾਂ ਤਾਂ 'ਮੈਂ' ਛੱਡੀਂ ਉਹਦੇ ਚਰਨਾਂ 'ਚ ਜਾ ਕੇ। ਮੈਂ ਜੇ ਬਣਿਆ ਰਿਹਾ ਮੈਂ ਗਿਆਨੀ ਹਾਂ, ਮੈਂ ਲੈਕਚਰਾਰ ਹਾਂ, ਮੈਂ ਸੰਤ ਹਾਂ ਮੈਨੂੰ ਲੋਕ ਬੜਾ ਚੰਗਾ ਕਹਿੰਦੇ ਨੇ, ਮੈਂ ਮਾਲਦਾਰ ਹਾਂ, ਮੈਂ ਵੱਡਾ ਅਫਸਰ ਹਾਂ ਇਹ ਤਾਂ ਗੱਲਾਂ ਦੁਨੀਆਂ ਦੀਆਂ ਨੇ ਸਾਰੀਆਂ। ਮੈਂ ਦੂਜੀਆਂ ਗੱਲਾਂ ਲੈਂਦਾ ਹਾਂ ਜਿਹੜੀਆਂ ਛੱਡਣੀਆਂ ਔਖੀਆਂ ਨੇ, ਮੇਰੇ ਵਿਚ ਸ਼ਕਤੀ ਹੈ, ਮੈਂ ਉਡ ਜਾਂਦਾ ਹਾਂ, ਮੈਂ ਗੁਪਤ ਹੋ ਜਾਂਦਾ ਹਾਂ, ਮੇਰਾ ਬਚਨ ਸਿੱਧ ਹੋ ਜਾਂਦਾ ਹੈ, ਇਹ ਕੁਛ ਨਹੀਂ ਹੈਗੀਆਂ ਗੱਲਾਂ ਐਵੇਂ ਫੌਕੀਆਂ ਨੇ ਸਾਰੀਆਂ। ਉਹ ਜਿਹੜਾ ਪੱਕਾ ਹੈ ਨਾ ਉਹ ਇਨ੍ਹਾਂ ਗੱਲਾਂ ਤੋਂ ਵਾਕਫ ਹੁੰਦਾ ਹੈ ਉਹ ਚੌਥੇ ਪਦ 'ਚ ਰਹਿੰਦਾ ਹੈ, ਤਿੰਨ ਗੁਣਾਂ ਦੇ ਅਧੀਨ ਨਹੀਂ ਰਹਿੰਦਾ। ਤਿੰਨ ਗੁਣਾਂ ਦੇ ਅਧੀਨ ਵਾਲਾ ਡਾਵਾਂਡੋਲ ਰਹਿੰਦਾ ਹੈ ਹਮੇਸ਼ਾ। ਉਹ ਕਹਿੰਦੇ ਪੱਕਾ ਟੋਲ੍ਹ ਲੈ। ਫੇਰ ਕੀ ਕਰਨ? ਕਹਿੰਦੇ, ਮੈਂ ਛੱਡ ਦੇ।

ਮੇਰੇ ਤੋਂ ਤਾਂ ਮਹਾਰਾਜ ਛੱਡੀ ਨਹੀਂ ਜਾਂਦੀ, ਮੈਂ ਤਾਂ ਲੱਖਾਂ ਯਤਨ ਕਰ ਲਏ, ਪੜ੍ਹ-ਪੜ੍ਹ ਕੇ ਵੀ ਥੱਕ ਗਿਆ, ਵੇਦ ਵੀ ਪੜ੍ਹ ਲਏ, ਸ਼ਾਸਤਰ ਵੀ ਪੜ੍ਹ ਲਏ, ਕੋਈ ਕਿਤਾਬ ਛੱਡੀ ਹੀ ਨਹੀਂ ਜਿਹੜੀ ਮੈਂ ਪੜ੍ਹੀ ਨਾ ਹੋਵੇ। ਮਹਾਰਾਜ ਕਹਿੰਦੇ, ਪੜ੍ਹਿਆਂ ਤੋਂ ਤਾਂ ਹੋਰ ਵਧਦੀ ਹੈ, ਤੂੰ ਹੋਰ ਸੰਗਲ ਪਾ ਲਏ ਆਪਣੇ ਉਪਰ। ਬਹੁਤਾ ਤੈਨੂੰ ਗਿਆਨ ਹੋ ਗਿਆ ਤਿੱਖੀ ਤੇਰੀ ਸੁਰਤ ਹੋ ਗਈ ਪਿਆਰਿਆ! ਤੂੰ ਤਾਂ ਹੋਰ ਬੰਨ੍ਹਿਆ ਗਿਆ। ਪੜ੍ਹਿਆਂ ਨਾਲ ਨਹੀਂ ਇਹ ਜਾਣੀ। ਇਹਦੇ ਜਾਣ ਦਾ ਇਕੋ ਹੀ ਤਰੀਕਾ ਹੈ ਕਿ ਲਿਵ ਦੀ ਅਵਸਥਾ 'ਚ ਆ ਜਾਵੇ। ਇਹਨੂੰ ਸੰਗਤ ਮਿਲ ਜਾਵੇ। 'ਕਬਹੂੰ ਸਾਧਸੰਗਤਿ ਇਹ ਪਾਵੈ' ਦਸ ਜਨਮ, ਵੀਹ ਜਨਮ, ਪੰਜਾਹ ਜਨਮ ਘੁੰਮਦੇ-ਘੁੰਮਦੇ ਨੂੰ ਅਸ਼ਟਪਦੀ ਪੜ੍ਹਿਓ ਕਦੇ ਧਿਆਨ ਦੇ ਨਾਲ। ਕਿਤੇ ਵੱਡਾ ਰਾਜਾ ਬਣ ਜਾਂਦਾ ਹੈ, ਕਿਤੇ ਭੇਖਾਰੀ ਬਣ ਜਾਂਦਾ ਹੈ। ਕਿਤੇ ਉਪਦੇਸ਼ਕ ਬਣ ਜਾਂਦਾ ਹੈ। ਕਿਤੇ ਕੁਛ ਕਰਦਾ ਹੈ, ਕਿਤੇ ਆਤਮ ਗਿਆਨੀ ਹੈ, ਛੁੱਟਿਆ ਤਾਂ ਫੇਰ ਵੀ ਨਾ, ਫੇਰ ਵੀ ਗੇੜੇ ਹੀ ਖਾਂਦਾ ਫਿਰਦਾ ਹੈ। ਕਹਿੰਦੇ, ਕਦੇ ਪੁੱਗਿਆ ਹੋਇਆ ਮਿਲ ਜਾਵੇ ਇਹਨੂੰ।

***ਕਬਹੂ ਸਾਧਸੰਗਤਿ ਇਹੁ ਪਾਵੈ ॥***
***ਉਸੁ ਅਸਥਾਨ ਤੇ ਬਹੁਰਿ ਨ ਆਵੈ ॥***

***ਅੰਗ - ੨੭੮***

ਹੋਏਗਾ ਕੀ, ਕਹਿੰਦੇ ਤੇਰਾ ਅਨੁਭਵ ਜਾਗ ਪਏਗਾ।

***ਅੰਤਰਿ ਹੋਇ ਗਿਆਨ ਪਰਗਾਸੁ ॥***
***ਉਸੁ ਅਸਥਾਨ ਕਾ ਨਹੀ ਬਿਨਾਸੁ ॥ ਅੰਗ-੨੭੮***

ਉਹਦੇ ਵਾਸਤੇ way ਰੱਖਿਆ ਗਿਆ ਹੈ ਏਸ ਸ਼ਬਦ ਦੇ ਅੰਦਰ। ਕਹਿੰਦੇ ਨੇ 'ਮਾਨੁ ਨ ਕੀਜੈ'। ਆਪਣੀ ਹਉਂ ਦਾ ਮਾਣ ਛੱਡ ਦਿਓ, ਆਪਣੀ ਹੋਂਦ ਦਾ ਮਾਣ ਛੱਡ ਦਿਓ। I am nothing ਜ਼ੁਬਾਨ ਨਾਲ ਨਾ ਕਹਿ, ਪ੍ਰੈਕਟੀਕਲੀ ਹੋ ਜਾ ਏਸ ਚੀਜ਼ ਦੇ ਅੰਦਰ,

ਫੇਰ ਦੂਜਾ 'ਸਰਣਿ ਪਰੀਜੈ' ਸਭ ਕੁੱਛ ਛੱਡ ਕੇ ਉਹਦੀ ਸ਼ਰਨ ਵਿਚ ਆ ਜਾ। ਫੇਰ ਅਗਲਾ ਕਦਮ ਆ ਗਿਆ ਕਿ ਉਹਨੇ ਚੰਗਾ ਵੀ ਕਰਨਾ ਹੈ, ਮਾੜਾ ਵੀ ਕਰਨਾ ਹੈ, ਫੇਰ ਭਲਾ ਕਿਵੇਂ ਮਨਾਏ? ਭਲਾ ਮਨਾਇਆ ਗੁਰੂ ਦਸ਼ਮੇਸ਼ ਪਿਤਾ ਨੇ।

ਡੋਲ੍ਹਦੇ ਦੇਖੇ ਨੇ, ਮੈਂ ਸਾਰੇ ਇਤਿਹਾਸ ਪੜ੍ਹ ਕੇ ਦੇਖੇ ਨੇ, ਡੋਲ੍ਹ ਜਾਂਦੇ ਨੇ, ਇਹ ਗੁਰੂ ਦਸਵੇਂ ਪਾਤਸ਼ਾਹ ਹੀ ਸੀ ਜਿਹਨੇ ਕਹਿ ਦਿਤਾ 'ਮਿਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਇਹ ਲਾਈਨ ਪੜ੍ਹ ਕੇ ਇਹ ਲਗਦਾ ਹੈ ਕਿ ਹੁਣ ਗੁਰੂ ਮਹਾਰਾਜ ਕਹਿਣਗੇ ਕਿ ਸਾਹਿਬਜ਼ਾਦੇ ਵੀ ਸ਼ਹੀਦ ਹੋ ਗਏ, ਸਿੰਘ ਵੀ ਸ਼ਹੀਦ ਹੋ ਗਏ, ਮੈਂ ਤਾਂ ਤੇਰਾ ਭੇਜਿਆ ਹੋਇਆ ਇਥੇ ਆਇਆ ਸੀ, ਤੂੰ ਕਿਹਾ ਸੀ ਕਿ -

***ਮੈ ਅਪੁਨਾ ਸੁਤ ਤੁਹਿ ਨਿਵਾਜਾ।***
***ਪੰਥ ਪ੍ਰਚੁਰ ਕਰਬੇ ਕਉ ਸਾਜਾ।***
***ਜਹਾ ਤਹਾ ਤੈ ਧਰਮੁ ਚਲਾਇ।***
***ਕਬੁਧਿ ਕਰਨ ਤੇ ਲੋਕ ਹਟਾਇ।***

ਹੇ ਪ੍ਰਭੂ! ਮੈਂ ਤਾਂ ਖਾਲਸਾ pure man ਲਿਆਂਦਾ ਇਥੇ ਆਦਰਸ਼, ਜਿਹੜਾ ਹਉਮੈ ਤੋਂ ਰਹਿਤ ਪੂਰਾ ਆਤਮ ਗਿਆਨੀ ਹੈ। ਉਹਨੂੰ ਮੈਂ ਫਾਰਸੀ ਦਾ ਅੱਖਰ ਵਰਤਿਆ ਹੈ ਖਾਲਸਾ। ਬ੍ਰਹਮਗਿਆਨੀ ਮੈਂ ਪੈਦਾ ਕਰਿਆ ਤੇ ਤੇਰਾ ਆਦਰਸ਼ ਪੂਰਾ ਕਰਿਆ। ਮੈਂ ਕਿਹੜਾ ਗੁਨਾਹ ਕਰਿਆ ਸੀ ਜਿਹਦੇ ਕਰਕੇ ਮੈਨੂੰ ਅਨੰਦਪੁਰ ਸਾਹਿਬ 'ਚ ਐਨੀਆਂ ਤਕਲੀਫਾਂ ਆਈਆਂ, ਚੌਦਾਂ ਵਾਰੀ ਮੇਰੇ ਤੇ ਫੌਜਾਂ ਚੜ੍ਹਾਈਆਂ, ਮਾਤਾ ਜੀ ਕਿਧਰੇ ਚਲੇ ਗਏ, ਛੋਟੇ ਬੱਚੇ ਕਿਧਰੇ ਗਏ। ਵੱਡੇ ਮੇਰੀਆਂ ਅੱਖਾਂ ਦੇ ਸਾਮ੍ਹਣੇ ਸ਼ਹੀਦ ਹੋ ਗਏ। ਸ਼ਿਕਵਾ ਦੇਣਾ ਸੀ? ਕਮਜ਼ੋਰ ਬੰਦਾ ਹੁੰਦਾ ਸ਼ਿਕਵਾ ਦਿੰਦਾ ਕਿ ਤੂੰ ਮੇਰੇ ਨਾਲ ਚੰਗੀ ਕਰੀ ਇਥੇ ਭੇਜ ਕੇ ਮੇਰੀ ਰਾਖੀ ਨਹੀਂ ਕਰੀ। ਉਹ ਵਡਿਆਈ ਫੇਰ ਉਛਲਦੀ ਰਹੀ ਵੱਡੀ ਬਣ ਗਈ, ਚੰਗਿਆਈ ਨੂੰ ਤੂੰ ਜਿਹਨੂੰ ਕਹਿੰਦੈਂ ਕਿ ਹਾਰ ਨਹੀਂ ਹੁੰਦੀ-

***ਜਿਸ ਦੈ ਹੋਵੈ ਵਲਿ ਸੁ ਕਦੇ ਨ ਹਾਰਦਾ ॥***
***ਸਦਾ ਅਭਗੁ ਦੀਬਾਣੁ ਹੈ ਹਉ ਤਿਸੁ ਨਮਸਕਾਰਦਾ ॥***
***ਅੰਗ - ੫੧੯***

ਮੈਨੂੰ ਤਾਂ ਤੂੰ ਇਕੱਲੇ ਨੂੰ ਕਰਕੇ ਇਥੇ ਪਾ ਦਿਤਾ। ਐਸ ਵੇਲੇ ਮੇਰਾ ਕੋਈ attendant ਵੀ ਨਹੀਂ ਜਿਹੜਾ ਮੇਰੇ ਉਤੇ ਕੱਪੜਾ ਲਿਆ ਕੇ ਦੇ ਦੇਵੇ। ਖਾਣ ਨੂੰ ਕੁਛ ਲਿਆ ਦੇਵੇ, ਪੈਰ ਮੇਰੇ ਨਹੀਂ ਚੱਲ ਸਕਦੇ, ਛਾਲੇ ਹੋਏ ਪਏ ਨੇ, ਕਿਲ੍ਹੇ ਵਿਚ ਮੈਂ ਨਹੀਂ ਹਾਂ। ਮੇਰੇ ਕੋਲ ਕੋਈ ਜਗ੍ਹਾ ਨਹੀਂ ਹੈ, ਗਿੱਲਾ ਥਾਉਂ ਹੈ ਜਿਥੇ ਮੈਂ ਪਿਆ ਹਾਂ। ਨਾ ਸਾਧਸੰਗਤ ਜੀ! ਕੋਈ ਸ਼ਿਕਵਾ ਨਹੀਂ। ਗੱਲ ਸਮਝਣ ਵਾਲੀ ਹੈ ਇਥੇ, ਗਾ ਕੇ ਪੜ੍ਹ ਲੈਣ ਨਾਲ ਕੁਝ ਵੀ ਨਹੀਂ ਹੁੰਦਾ। ਉਹ ਕਹਿੰਦੇ -

***ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਣਾ।***
***ਤੁਧੁ ਬਿਨੁ ਰੋਗ ਰਜਾਈਆਂ ਦਾ ਓਢਣ***
***ਨਾਗ ਨਿਵਾਸਾਂ ਦੇ ਰਹਣਾ।***

ਹੇ ਵਾਹਿਗੁਰੂ! ਜੇ ਮੈਂ ਤੇਰੇ ਨਾਲੋਂ ਟੁੱਟ ਕੇ ਬਹੁਤ ਹੀ ਚੀਜ਼ਾਂ ਖਾਵਾਂ ਪੀਵਾਂ, ਉਹ ਕੁਛ ਨਹੀਂ ਹੈਗੀਆਂ। ਮੇਰੇ ਅੰਦਰ ਉਹ ਰੋਗ ਹੈ ਤੇ ਜਿਹੜਾ ਮੈਂ ਸੁੱਖ ਦੇ ਨਾਲ ਰਹਿੰਦਾ ਹਾਂ ਉਹ ਨਾਗਾਂ ਦੇ ਰਹਿਣ ਦੇ ਬਰਾਬਰ ਹੈ। ਕਿਉਂਕਿ ਤੂੰ ਭੁੱਲਿਆ ਹੋਇਆ ਹੈਂ। ਅਸੀਂ ਤਾਂ ਨਹੀਂ ਕਹਿੰਦੇ ਕਦੇ। ਸਾਡੇ ਤਾਂ ਰੱਬ ਯਾਦ ਹੀ ਨਹੀਂ ਆਉਂਦਾ ਕਦੇ। ਉਹ ਪਿਆਰਾ ਸਾਨੂੰ ਕਦੇ ਵੀ ਪਿਆਰਾ ਨਹੀਂ ਲੱਗਿਆ। ਸ਼ਿਕਵਾ ਹੀ ਰਹਿੰਦਾ ਹੈ, ਉਹਦੇ ਕੋਲੋਂ ਮੰਗਦੇ ਹੀ ਰਹਿੰਦੇ ਹਾਂ ਕਿ ਮੈਨੂੰ ਕਿਉਂ ਬਿਮਾਰ ਕਰਿਆ ਹੈ।

***ਸੂਲ ਸੁਰਾਹੀ ਖੰਜਰ ਪਿਆਲਾ***

ਇਹ ਖਾਣ ਪੀਣ ਦੀਆਂ ਗੱਲਾਂ ਆ ਗਈਆਂ।

***ਬਿੰਗ ਕਸਾਈਆਂ ਦਾ ਸਹਣਾ।***

ਜਿਵੇਂ ਬੱਕਰੇ ਦੀ ਗਰਦਨ ਮਰੋੜਦਾ ਹੈ ਕਸਾਈ ਐਹੋ ਜਿਹੀਆਂ ਚੰਗੀਆਂ ਖੁਰਾਕਾਂ ਤੇਰੇ ਬਿਨਾਂ ਖਾਵਾਂ।

***ਯਾਰੜੇ ਦਾ ਸਾਨੂੰ ਸਥਰ ਚੰਗਾ***
***ਭਠ ਖੇੜਿਆਂ ਦਾ ਰਹਣਾ।***

ਮੈਨੂੰ ਆਹ ਜਿਹੜਾ ਤੂੰ ਗਿੱਲਾ ਥਾਉਂ ਦਿਤਾ ਹੈ ਨਾ, ਮੀਂਹ ਪਿਆ ਹੋਇਆ, ਠਰ੍ਹਿਆ ਹੋਇਆ, ਸੀਤ ਲਹਿਰ ਚਲਦੀ ਹੈ, ਹੱਥ ਮੁੜਦੇ ਜਾਂਦੇ ਨੇ। ਇਹ ਮੈਂ ਬੜਾ ਖੁਸ਼ ਹੋ ਕੇ ਮਨਜ਼ੂਰ ਕਰਿਆ ਹੈ। ਕਿਉਂਕਿ ਤੂੰ ਦਿਤਾ ਹੈ ਮੈਨੂੰ ਮੇਰੇ ਮਿੱਤਰ ਨੇ ਦਿਤਾ ਹੈ ਮੈਨੂੰ।

ਸੁਦਾਮੇ ਤੇ ਕ੍ਰਿਸ਼ਨ ਮਹਾਰਾਜ ਦੀ ਸਾਖੀ ਆਉਂਦੀ ਹੈ? ਕ੍ਰਿਸ਼ਨ ਮਹਾਰਾਜ ਮਿੱਤਰ ਸੀ, ਜਿਸ ਵਕਤ ਸੁਦਾਮਾ ਜਾਂਦਾ ਹੈ ਉਥੇ ਉਹਦੇ ਫਟੀ ਹੋਈ ਧੋਤੀ ਪਾਈ ਹੋਈ ਸੀ, ਪੈਰਾਂ ਵਿਚ ਜੁੱਤੀ ਨਹੀਂ, ਕੰਡੇ ਵਗੈਰਾ ਲੱਗੇ ਹੋਏ ਸੀ, ਜ਼ਖਮੀ ਹੋਏ-ਹੋਏ ਸੀ ਪੈਰ ਥਾਂ-ਥਾਂ ਤੋਂ। ਤੁਰਦਾ ਵੀ ਬੜੀ ਮੁਸ਼ਕਲ ਨਾਲ ਸੀ, ਭੁੱਖ ਦਾ ਮਾਰਿਆ ਡਾਵਾਂਡੋਲ ਸੀ। ਉਥੇ ਉਸਨੇ ਸੁਨੇਹਾ ਭੇਜਿਆ ਕਿ ਮੈਂ ਕ੍ਰਿਸ਼ਨ ਮਹਾਰਾਜ ਨੂੰ ਮਿਲਣਾ ਹੈ। ਪਹਿਲਾਂ ਤਾਂ ਉਹ ਜਿਹੜੇ ਪਹਿਰੇਦਾਰ ਸੀ ਉਹ ਕਹਿੰਦੇ ਜਾਹ-ਜਾਹ ਆਹ ਮੂੰਹ ਤੇਰਾ ਕ੍ਰਿਸ਼ਨ ਨੂੰ ਮਿਲਣ ਦਾ ਹੈ। ਬਹੁਤ ਮਿੰਨਤਾਂ ਬੇਨਤੀਆਂ ਕੀਤੀਆਂ, ਇਕ ਦੇ ਮਨ 'ਚ ਆਇਆ ਕਿ ਚਲੋ ਆਪਾਂ ਕਹਿ ਦਿੰਦੇ ਹਾਂ ਕ੍ਰਿਸ਼ਨ ਮਹਾਰਾਜ ਨੂੰ ਜਾ ਕੇ ਆਪਣਾ ਕੀ ਹਰਜ਼ ਹੈ ਇਸ ਗੱਲ ਦੇ ਅੰਦਰ। ਸੋਚਦਾ ਆਉਂਦਾ ਸੀ ਕਿ ਮੈਂ ਕਿਵੇਂ ਪਹੁੰਚਾਂ, ਕੌਣ ਮਿਲਾਵੇਗਾ ਉਥੇ ਮੈਨੂੰ। ਉਹ ਬਾਦਸ਼ਾਹ ਹੈ ਮੈਂ ਗਰੀਬ ਬ੍ਰਾਹਮਣ ਹਾਂ। ਉਥੇ ਸੁਨੇਹਾ ਦੇਣ ਵਿਚ ਦੇਰ ਹੋ ਗਈ। ਇਹਨੂੰ ਗੁੱਸਾ ਆ ਗਿਆ। ਜੇ ਤਾਂ ਸਹੀ ਮਿੱਤਰ ਹੁੰਦਾ

ਤਾਂ ਆਪਣੇ ਪਿਆਰੇ ਦਾ ਦਰ ਨਾ ਛੱਡਦਾ ਕਿ ਮੈਂ ਨਹੀਂ ਜਾਣਾ ਮੇਰਾ ਪਿਆਰਾ ਇਸ ਦੇ ਅੰਦਰ ਬੈਠਾ ਹੈ। ਤੁਸੀਂ ਖਬਰ ਕਰਨੀ ਹੈ ਕਰ ਦਿਓ ਨਹੀਂ ਤਾਂ ਮੈਂ ਇਥੇ ਹੀ ਬੈਠਾ ਹਾਂ। ਮੈਂ ਉਹਦੇ ਦਰਸ਼ਨ ਕਰੇ ਬਿਨਾਂ ਉਹਨੂੰ ਮਿਲੇ ਬਿਨਾਂ ਨਹੀਂ ਜਾਣਾ। ਥੋੜ੍ਹਾ ਗੁੱਸਾ ਆਇਆ ਮਨ 'ਚ ਛੱਡੋ ਪਰ੍ਹੇ ਇਹ ਰਾਜਸੀ ਬੰਦਾ ਹੈ। ਸਾਡੇ ਵੀ ਆ ਜਾਂਦਾ ਹੈ। ਕੁਦਰਤੀ ਆਉਂਦਾ ਹੈ ਆਦਮੀ ਦੇ ਮਨ ਵਿਚ ਜਿੰਨਾ ਚਿਰ 'ਹਉਂ' ਹੈ ਉਹਨੂੰ ਗੁੱਸਾ ਜ਼ਰੂਰ ਆਉਂਦਾ ਹੈ। ਜਦ ਨੂੰ ਕ੍ਰਿਸ਼ਨ ਮਹਾਰਾਜ ਨੂੰ ਪਤਾ ਲੱਗਿਆ ਤਦ ਨੂੰ ਤਿੰਨ-ਚਾਰ ਮੀਲ ਨਿਕਲ ਗਿਆ ਵਾਪਸ, ਆਪਣੇ ਘਰ ਵਲ ਨੂੰ। ਕ੍ਰਿਸ਼ਨ ਮਹਾਰਾਜ ਨੂੰ ਦੱਸਿਆ ਇਕ ਨੇ ਜਾ ਕੇ ਕਿ ਮਹਾਰਾਜ ਇਕ ਇਥੇ ਆਇਆ ਸੀ ਬੰਦਾ ਫਟੀ ਹੋਈ ਧੋਤੀ ਸੀ, ਪੈਰ ਫਟੇ ਹੋਏ ਸੀ, ਕੰਡੇ ਲੱਗੇ ਹੋਏ ਸੀ, ਸ਼ੁੱਧ ਬੋਲਦਾ ਨਹੀਂ ਸੀ, ਵਿੰਗ ਖਾ ਕੇ, ਲੰਗੜਾ ਹੋ ਕੇ ਤੁਰਦਾ ਸੀ ਤੇ ਉਹ ਕਹਿੰਦਾ ਸੀ ਕਿ ਕ੍ਰਿਸ਼ਨ ਮੇਰਾ ਮਿੱਤਰ ਹੈ। ਕਹਿੰਦੇ, ਨਾਉਂ ਕੀ ਹੈ? ਉਨ੍ਹਾਂ ਨੇ ਕਿਹਾ ਕਿ ਸੁਦਾਮਾ।

ਸੁਦਾਮਾ?

ਉਸੇ ਵੇਲੇ ਤਖਤ ਤੋਂ ਕ੍ਰਿਸ਼ਨ ਮਹਾਰਾਜ ਕਾਹਲੀ ਨਾਲ ਉਤਰੇ। ਸਾਰੇ ਰੋਕ ਰਹੇ ਨੇ ਕਿ ਮਹਾਰਾਜ, ਪੈਰਾਂ 'ਚ ਤਾਂ ਕੁੱਛ ਪਾ ਲਓ। ਨਾਲ ਲੈ ਲਓ, ਕਿਸੇ ਨੂੰ ਨਹੀਂ ਰਲਣ ਦਿਤਾ। ਇਕੋ ਆਵਾਜ਼ ਵਿਚ ਤੁਰੇ ਜਾਂਦੇ ਨੇ ਸੁਦਾਮੇ, ਸੁਦਾਮੇ! ਤਿੰਨ ਚਾਰ ਮੀਲ ਤੇ ਜਾ ਕੇ ਮਿਲੇ, ਕਹਿੰਦੇ ਮਿੱਤਰ, ਤੂੰ ਐਡੀ ਦੂਰ ਆ ਕੇ ਬਿਨਾਂ ਮਿਲੇ ਚਲਿਆ ਗਿਆ? ਉਸਨੂੰ ਲੈ ਆਉਂਦੇ ਹਨ। ਗੱਲਾਂ ਕਰਦੇ ਰਹੇ ਸਾਰੀਆਂ? ਜਦੋਂ ਪੜ੍ਹਦੇ ਸੀ ਗੁਰੂ ਕੋਲ। ਇਥੇ ਆ ਕੇ ਉਨ੍ਹਾਂ ਨੇ ਆਪਣੇ ਥਾਉਂ ਬਿਠਾ ਕੇ, ਚਰਨ ਦੇਖੇ ਕੰਡੇ ਕੱਢਣੇ ਸ਼ੁਰੂ ਕਰੇ। ਕੱਢ ਲੈਂਦੇ ਨੇ, ਰੋਈ ਜਾਂਦੇ ਨੇ ਕਿ ਮੇਰੇ ਮਿੱਤਰ ਨੂੰ ਮੈਨੂੰ ਮਿਲਣ ਵਾਸਤੇ ਕਿੰਨੀ ਤਕਲੀਫ ਝੱਲਣੀ ਪਈ। ਪਰਾਤ ਰੱਖੀ ਹੋਈ ਸੀ ਕੋਲ ਕਿ ਚਰਨ ਧੋਣੇ ਨੇ। ਪਰਾਤ ਨੂੰ ਹੱਥ ਤਾਂ ਲਾਉਣ ਪਰ ਹੰਝੂ ਹੀ ਐਨੇ ਗਿਰੇ, ਹੰਝੂਆਂ ਨਾਲ ਚਰਨ ਧੋਣੇ ਸ਼ੁਰੂ ਕਰ ਦਿਤੇ। ਉਹ ਮਿੱਤਰ ਭਗਤੀ ਸੀ, ਮਿੱਤਰ ਸੀ। ਉਥੇ ਉਹਨੇ ਸ਼ਿਕਵਾ ਕੀਤਾ, ਜਿਥੋਂ ਸੁਦਾਮੇ ਦਾ ਪਿਆਰ ਕੱਚਾ ਗਿਣਿਆ ਗਿਆ, ਕ੍ਰਿਸ਼ਨ ਮਹਾਰਾਜ ਦਾ ਪਿਆਰ ਪੱਕਾ ਗਿਣਿਆ ਗਿਆ। ਹੁਣ ਗੁਰੂ ਦਸਵੇਂ ਪਾਤਸ਼ਾਹ ਨੇ ਸ਼ਿਕਵਾ ਨਹੀਂ ਕੀਤਾ। ਉਹ ਕਹਿੰਦੇ -

***ਯਾਰੜੇ ਦਾ ਸਾਨੂੰ ਸਥਰ ਚੰਗਾ***
***ਭੱਠ ਖੇੜਿਆਂ ਦਾ ਰਹਣਾ।***

ਕਿਉਂਕਿ ਮਿੱਤਰ ਤਾਂ ਉਹ ਹੈ ਜੋ 'ਕਰੈ ਸੁ ਭਲਾ ਮਨਾਈਐ॥' ਇਸੇ ਸ਼ਬਦ ਵਿਚ ਆਉਂਦੈ। ਜਦੋਂ ਅਸੀਂ ਉਸਦੇ ਕਰੇ ਹੋਏ ਦਾ ਭਲਾ ਮਨਾਵਾਂਗੇ, ਹਿਕਮਤਿ ਤੇ ਹੁਕਮ ਅਸੀਂ ਚੁਕਾ ਦਿਤਾ, ਫੇਰ ਉਹ ਤਾਂ ਸਾਡੇ ਨਾਲ ਰਹਿੰਦਾ ਹੈ, ਉਹ ਦਿਆਲੂ ਹੋ ਕੇ ਸਾਨੂੰ ਦਰਸ਼ਨ ਦਿਖਾ ਦੇਵੇਗਾ। ਸੋ ਮਹਾਰਾਜ ਕਹਿੰਦੇ, ਇਹ ਉਨੀਂ ਦੇਰ ਤੱਕ ਨਹੀਂ ਤੈਨੂੰ ਮਿਲਣਾ ਜਿੰਨੀ ਦੇਰ ਤੱਕ ਤੈਨੂੰ ਪੱਕਾ ਨਹੀਂ ਮਿਲ ਜਾਂਦਾ। ਉਹ ਪੱਕੇ ਨੇ ਤੈਨੂੰ ਅਨੁਭਵ ਕਰਾ ਦੇਣਾ ਹੈ। ਮਹਾਰਾਜ ਕਹਿੰਦੇ ਜਦੋਂ ਮੇਰੇ ਮਿੱਤਰ ਦੀ ਮੇਰੇ ਉਤੇ ਕ੍ਰਿਪਾ ਹੋਈ ਨਾ, 'ਮੀਤਾ' ਕਿਹਾ ਹੈ ਮਹਾਰਾਜ ਨੇ। ਮਿੱਤਰ ਗੁਰੂ ਨੂੰ ਕਿਹਾ ਹੈ ਇਥੇ। ਉਸਨੇ ਕੀ ਕਰਿਆ ਕਿ ਉਹ ਅੱਖ ਦੇ ਦਿਤੀ ਜਿਹਦੇ ਨਾਲ ਮੈਨੂੰ ਪ੍ਰਮੇਸ਼ਰ ਦਿਸਦਾ ਹੈ, ਮੇਰੀ ਅੱਖ ਖੁਲ੍ਹ ਗਈ।

***ਜਨ ਨਾਨਕ ਕਉ ਗੁਰਿ ਕਿਰਪਾ ਧਾਰੀ***
***ਸਭੁ ਅਕੁਲ ਨਿਰੰਜਨੁ ਡੀਠਾ ॥ ਅੰਗ- ੬੧੨***

ਫੇਰ ਤਾਂ ਵਾਹਿਗੁਰੂ-ਵਾਹਿਗੁਰੂ, ਜਿੱਧਰ ਦੇਖਦਾ ਹਾਂ ਵਾਹਿਗੁਰੂ-ਵਾਹਿਗੁਰੂ। ਇਹ ਹੋਇਆ ਕਦੋਂ ਜਦੋਂ ਮੈਂ ਮਿਟ ਗਈ। ਜਿੰਨੀ ਦੇਰ ਤੱਕ ਮੈਂ ਨਹੀਂ ਮਿਟਦੀ ਓਨੀਂ ਦੇਰ ਤੱਕ ਗੱਲ ਨਹੀਂ ਬਣਿਆ ਕਰਦੀ। ਸਾਧਸੰਗਤ ਜੀ! ਆਪਾਂ ਸਾਰੇ ਸਫਰ ਕਰ ਰਹੇ ਹਾਂ। ਵਾਹਿਗੁਰੂ ਨੂੰ ਮਿਲਣ ਵਾਸਤੇ ਤੁਰੇ ਜਾ ਰਹੇ ਹਾਂ। ਕਾਰੋਬਾਰ ਵੀ ਕਰਦੇ ਹਾਂ। ਇਕ ਉਹ ਨੇ ਜਿਨ੍ਹਾਂ ਨੂੰ ਹਰ ਵਕਤ ਹੀ ਲਗਨ ਲੱਗੀ ਰਹਿੰਦੀ ਹੈ -

***ਸੀਨੇ ਖਿੱਚ ਜਿਨ੍ਹਾਂ ਨੇ ਖਾਧੀ***
***ਓ ਕਰ ਅਰਾਮ ਨਹੀਂ ਬਹਿੰਦੇ।***
***ਨਿਹੁੰ ਵਾਲੇ ਨੈਣਾਂ ਕੀ ਨੀਂਦਰ***
***ਓ ਦਿਨੇ ਰਾਤ ਪਏ ਵਹਿੰਦੇ।***
***ਇਕੋ ਲਗਨ ਲਗੀ ਲਈ ਜਾਂਦੀ***
***ਹੈ ਟੋਰ ਅਨੰਤ ਉਨ੍ਹਾਂ ਦੀ,***
***ਵਸਲੋਂ ਉਰੇ ਮੁਕਾਮ ਨ ਕੋਈ***
***ਸੋ ਚਾਲ ਪਏ ਨਿਤ ਰਹਿੰਦੇ।***
***(ਡਾ. ਭਾਈ ਵੀਰ ਸਿੰਘ ਜੀ)***

ਜਿੰਨੀ ਦੇਰ ਤੱਕ ਮੰਜ਼ਲ-ਏ-ਮਕਸੂਦ ਤੱਕ ਨਹੀਂ ਪਹੁੰਚਦੇ, ਉਹ ਚਲਦੇ ਹੀ ਨੇ, ਚਲਦੇ ਹੀ ਨੇ। ਇਕ ਉਹ ਰਾਹੀ ਨੇ ਜਿਹੜੇ ਚੱਲ ਤਾਂ ਪਏ ਨੇ, ਲੇਕਿਨ ਵਿਸ਼ੇ-ਵਾਸ਼ਨਾ ਨੇ ਘੇਰ ਕੇ, ਮੈਂ ਨੇ, ਨਿੱਜ ਨੇ ਉਨ੍ਹਾਂ ਦਾ ਰਾਹ ਰੋਕਿਆ ਹੋਇਆ ਹੈ ਤੁਰਨ ਨਹੀਂ ਦੇ ਰਹੀ ਉਹ। ਇਸ ਤਰ੍ਹਾਂ ਦੇ ਨਾਲ ਚਾਹੇ ਤੁਸੀਂ ਸ਼ਬਦ ਹਜ਼ਾਰੇ ਪੜ੍ਹ ਲਓ -

***ਇਆਨੜੀਏ ਮਾਨੜਾ ਕਾਇ ਕਰੇਹਿ ॥***
***ਆਪਨੜੈ ਘਰਿ ਹਰਿ ਰੰਗੋ ਕੀ ਨ ਮਾਣੇਹਿ ॥***
***ਸਹੁ ਨੇੜੈ ਧਨ ਕੰਮਲੀਏ ਬਾਹਰੁ ਕਿਆ ਢੂਢੇਹਿ ॥***
***ਅੰਗ - ੭੨੨***

ਜਦੋਂ ਉਹ ਨੇੜੇ ਹੈ ਫੇਰ ਸਾਨੂੰ ਟੋਲ੍ਹ ਲੈਣਾ ਚਾਹੀਦਾ ਹੈ। ਉਹ ਕਹਿੰਦੇ, ਨਹੀਂ ਲੱਭਦਾ ਜਿੰਨੀ ਦੇਰ ਤੱਕ ਤੂੰ ਮੰਤਕ ਨਾਲ, ਦਲੀਲ ਨਾਲ, ਸਾਸ਼ਤਰ ਪੜ੍ਹ ਕੇ ਵੇਦ ਪੜ੍ਹ ਕੇ, ਕਥਾ ਪੜ੍ਹ ਕੇ ਗਿਆਨੀ ਬਣ ਕੇ

ਨਹੀਂ ਲੱਭਦਾ। ਉਹ ਤਾਂ ਹੀ ਲੱਭੇਗਾ ਜਿੰਨੀ ਦੇਰ ਤੱਕ ਗੁਰੂ ਦੀ ਕ੍ਰਿਪਾ ਨਹੀਂ ਹੁੰਦੀ। **ਗੁਰੂ ਮਿਲਦਾ ਨਹੀਂ ਹੈ, ਇਹ ਜਿਹੜਾ ਅਨੁਭਵ ਹੈ ਇਹਨੂੰ ਨਾਮ ਕਹਿੰਦੇ ਨੇ, ਇਹ ਕਿਸੇ ਵਿਰਲੇ ਨੂੰ ਹੀ ਪ੍ਰਾਪਤ ਹੁੰਦਾ ਹੈ ਨਾਮ।** ਜਪਦੇ ਅਸੀਂ ਵੀ ਹਾਂ, ਮੰਤਰ ਜਪਦੇ ਹਾਂ ਵਾਹਿਗੁਰੂ ਗੁਰਮੰਤ੍ਰ ਹੈ ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ। ਬਹੁਤ ਜਪਦੇ ਹਾਂ, ਲਗਾਤਾਰ ਵੀ ਜਪਦੇ ਹਾਂ ਪਰ ਨਾਮ ਦੀ ਅਜੇ ਪ੍ਰਾਪਤੀ ਨਹੀਂ ਹੋਈ। ਨਾਮ ਦੀ ਪ੍ਰਾਪਤੀ ਜਦੋਂ ਸੋਝੀ ਪੱਕ ਜਾਣੀ ਹੈ, ਅੰਤਸ਼ਕਰਣ ਦੇ ਵਿਚ ਅਨੁਭਵ ਜਾਗ ਪੈਣਾ, ਤੀਸਰੀ ਅੱਖ, ਤੀਸਰਾ ਤਿਲ ਖੁਲ੍ਹ ਜਾਣਾ ਹੈ, ਇਥੇ ਨਹੀਂ ਮਿਲ ਜਾਣਾ ਕਿ ਮੱਥੇ 'ਚ ਹੈ ਤੀਸਰਾ ਤਿਲ ਹੈ। ਉਹ ਇਕ ਸੋਝੀ ਹੈ, ਇਕ ਥਾਉਂ ਸੀਮਤ ਹੀ ਨਹੀਂ ਕੀਤੀ ਜਾ ਸਕਦੀ। ਪਰ ਉਹਦੇ ਸੋਚਣ ਦਾ ਰਸਤਾ ਇਹੀ ਹੈ ਜਿਥੋਂ ਅਸੀਂ ਪੌੜੀ ਤੇ ਚੜ੍ਹ ਸਕਦੇ ਹਾਂ। ਉਹ ਵਿਸ਼ਾਲ ਹੈ, infinity ਹੈ, infinity 'ਚ ਦਾਖਲ ਹੋਣਾ ਪੈਣਾ ਹੈ ਸਾਨੂੰ। ਉਹਦੇ ਨਾਲ ਜਿਹੜਾ ਇਹ ਕੁੱਲ ਨਿਰੰਜਨ ਹੈ ਨਾ ਸਾਰੇ ਥਾਵਾਂ ਦੇ ਉਤੇ ਪਰੀਪੂਰਨ ਵਾਹਿਗੁਰੂ ਉਹ ਦਿਸਿਆ ਤਾਂ ਜਦੋਂ ਮਿੱਤਰ ਨੇ ਕ੍ਰਿਪਾ ਕੀਤੀ। ਫੇਰ ਅਨੁਭਵ ਕੀ ਹੋਇਆ? ਅਨੁਭਵ ਹੋਇਆ ਫੇਰ ਤਾਂ ਕਿ ਸਾਰੇ ਆਪਸ ਵਿਚ ਇਕੋ ਹੀ ਹਾਂ। ਇਥੇ ਦੂਸਰਾ ਹੈ ਹੀ ਕੋਈ ਨਹੀਂ ਹੈ। ਜਿੱਧਰ ਦੇਖਦਾ ਹਾਂ ਓਹੀ ਉਹ ਹੈ ਬਾਕੀ ਪ੍ਰਾਕ੍ਰਿਤੀ ਹੈ, ਜਿਹਦਾ ਗਿਆਨ ਅਗਾਹਾਂ ਲੰਘ ਗਿਆ, ਉਹ ਪ੍ਰਕ੍ਰਿਤੀ ਨੂੰ ਵੀ ਪ੍ਰਮੇਸ਼ਰ ਹੀ ਦੇਖਦਾ ਹੈ, ਨਿਰਗੁਣ ਨੂੰ ਤਾਂ ਦੇਖਣਾ ਹੀ ਹੈ ਉਹਨੇ, ਉਹ ਇਹਨੂੰ ਵੀ ਦੇਖਦਾ ਹੈ ਕਿ ਇਹ ਕਿੱਥੋਂ ਆ ਗਈਆਂ ਚੀਜ਼ਾਂ, ਅਕਾਸ਼ 'ਚੋਂ ਪੈਦਾ ਹੋਈਆਂ। ਹਵਾ ਪੈਦਾ ਹੋਈ, ਇਹਦੇ 'ਚੋਂ ਗੈਸਾਂ ਪੈਦਾ ਹੋਈਆਂ ਇਸ ਤੋਂ ਪਾਨੀ ਬਣਿਆ, ਪਾਨੀ 'ਚ ਮਿੱਟੀ ਬਣੀ, ਮਿੱਟੀ 'ਚੋਂ ਘਾਹ ਉੱਗਿਆ, ਘਾਹ ਕੀ ਹੈ ਪਾਨੀ ਹੈ। ਪਹਿਲਾਂ ਮਿੱਟੀ ਹੈ, ਮਿੱਟੀ ਤੋਂ ਪਿੱਛੋਂ ਜਾਓ ਪਾਨੀ ਹੈ, ਪਾਨੀ ਤੋਂ ਪਿੱਛੇ ਜਾਓ ਗੈਸਾਂ ਨੇ, ਜਿਹਨੂੰ ਅਗਨ ਕਹਿੰਦੇ ਨੇ, ਉਸ ਤੋਂ ਹੋਰ ਪਿੱਛੇ ਜਾਓ ਤਾਂ ਹਵਾ ਹੈ, ਜੇ ਹੋਰ ਪਿੱਛੇ ਜਾਓ ਤਾਂ ਆਕਾਸ਼ ਹੈ, ਆਕਾਸ਼ ਬ੍ਰਹਮ ਹੈ, ਉਹ ਇਸ ਤਰ੍ਹਾਂ ਪੁੱਠੇ ਰਾਹ ਚੱਲ ਕੇ ਨਾ Back to soruse ਆਪਣੇ ਟਿਕਾਣੇ ਤੇ ਪਹੁੰਚ ਜਾਂਦਾ ਹੈ, ਪਰ ਇਹਨੂੰ ਹੀ ਕਹਿੰਦੇ ਨੇ ਜੋਤ ਜਗਦੀ। ਦੂਜੀ ਜੋਤ imaginary ਤੁਸੀਂ ਜਗਾ ਸਕਦੇ ਓਂ। ਕੋਈ ਬੰਦਾ ਵੀ ਧਿਆਨ ਧਰ ਲਓ, ਮੋਮਬੱਤੀ ਸਾਮ੍ਹਣੇ ਰੱਖ ਕੇ ਨਾਮ ਜਪੋ। ਉਹ ਤੁਹਾਡੀ ਥੋੜ੍ਹੀ ਪ੍ਰੈਕਟਿਸ ਦੇ ਨਾਲ ਜੋਤ ਜਗ ਜਾਏਗੀ। ਉਹ ਤਾਂ ਬਾਹਰ ਵੀ ਹੈਗੀ ਜੇ ਲਾਈਟਾਂ ਅੰਦਰ ਦੇਖਣੀਆਂ ਨੇ ਬਾਹਰ ਵੀ ਹੈਗੀਆਂ ਨੇ। ਉਹ ਲਾਈਟ ਹੋਰ ਹੈ ਚਾਨਣਾ ਹੋਰ ਹੈ, ਪ੍ਰਕਾਸ਼ ਹੋਰ ਹੈ, ਉਹ ਪ੍ਰਕਾਸ਼ ਹੈ ਗਿਆਨ ਦਾ -

***ਕਬਹੂ ਸਾਧਸੰਗਤਿ ਇਹੁ ਪਾਵੈ ॥***
***ਉਸੁ ਅਸਥਾਨ ਤੇ ਬਹੁਰਿ ਨ ਆਵੈ ॥***
***ਅੰਤਰਿ ਹੋਇ ਗਿਆਨ ਪਰਗਾਸੁ ॥***
***ਉਸੁ ਅਸਥਾਨ ਕਾ ਨਹੀ ਬਿਨਾਸੁ ॥***
***ਮਨ ਤਨ ਨਾਮਿ ਰਤੇ ਇਕ ਰੰਗਿ ॥***
***ਸਦਾ ਬਸਹਿ ਪਾਰਬ੍ਰਹਮ ਕੈ ਸੰਗਿ॥ ਅੰਗ-੨੭੮***

ਫੇਰ ਹੁੰਦਾ ਕੀ ਹੈ?

***ਜਿਉ ਜਲ ਮਹਿ ਜਲੁ ਆਇ ਖਟਾਨਾ ॥***
***ਤਿਉ ਜੋਤੀ ਸੰਗਿ ਜੋਤਿ ਸਮਾਨਾ ॥***
***ਮਿਟਿ ਗਏ ਗਵਨ ਪਾਏ ਬਿਸ੍ਰਾਮ ॥***
***ਨਾਨਕ ਪ੍ਰਭ ਕੈ ਸਦ ਕੁਰਬਾਨ ॥ ਅੰਗ - ੨੭੮***

ਮੈਂ ਮਿਟ ਗਈ, ਅਸਲੀਅਤ ਜਿਹੜੀ ਸੀ ਉਹਦਾ ਪਤਾ ਲੱਗ ਗਿਆ। ਵਿਛੋੜਾ ਤਾਂ ਹੈ ਹੀ ਨਹੀਂ, ਉਹ ਤਾਂ ਆਪਣੇ ਆਪ ਹੀ, ਆਕਾਸ਼ ਨੂੰ ਕਿਹੜਾ ਹੈ ਜਿਹੜਾ ਤੋੜ ਦੇਵੇ? ਆਹ ਸ਼ਾਮਿਆਨੇ ਅਸੀਂ ਲਾਏ ਨੇ, ਇਹ ਇਕ ਯਤਨ ਕਰਿਆ ਹੈ ਕਿ ਆਕਾਸ਼ ਨੂੰ ਤੋੜ ਦਿਤਾ, ਇਹਨੂੰ ਪੰਡਾਲ ਦਾ ਆਕਾਸ਼ ਕਹਿੰਦੇ ਨੇ ਜੇ ਬੱਦਲ ਹੋ ਜਾਣ ਇਹਨੂੰ ਮੇਘਾ ਆਕਾਸ਼ ਕਹਿੰਦੇ ਨੇ, ਜੇ ਕਿਸੇ ਬਰਤਨ ਦੇ ਵਿਚ ਕਹਿੰਦੇ ਨੇ ਉਹਨੂੰ ਮਟਾ ਆਕਾਸ਼ ਕਹਿੰਦੇ ਨੇ, ਘਟਾ ਆਕਾਸ਼ ਕਹਿੰਦੇ ਨੇ ਭਾਂਡੇ 'ਚ ਹੈ ਜੇ। ਜੇ ਸਾਰਾ ਹੀ ਹਟ ਜਾਵੇ ਇਹਨੂੰ ਮਹਾਂ ਆਕਾਸ਼ ਕਹਿੰਦੇ ਨੇ। ਆਕਾਸ਼ ਤਾਂ ਵੰਡਿਆ ਹੀ ਨਹੀਂ ਜਾਂਦਾ, ਇਸੇ ਤਰ੍ਹਾਂ ਵਾਹਿਗੁਰੂ ਦੀ ਜੋਤ ਵੰਡ ਨਹੀਂ ਹੁੰਦੀ। ਇਹ ਸਿਰਫ ਅੰਦਰ ਭਾਵਨਾ ਜਾਗਦੀ ਹੈ, ਪ੍ਰਕ੍ਰਿਤੀ ਦੀ, ਮਾਇਆ ਦੀ; ਉਹ ਮੈਂ ਬਣ ਕੇ ਕੰਮ ਕਰ ਰਹੀ ਹੈ। ਮਹਾਰਾਜ ਕਹਿੰਦੇ ਇਹਨੂੰ ਛੱਡ ਦੇ ***'ਮਾਨੁ ਨ ਕੀਜੈ ਸਰਣਿ ਪਰੀਜੈ ਕਰੈ ਸੁ ਭਲਾ ਮਨਾਈਐ॥'*** ਕਹਿੰਦੇ ਸੁਣ ਮਿੱਤਰ! ਜੇ ਤੂੰ ਇਹ ਗੱਲ ਸਾਡੀ ਪੱਲੇ ਬੰਨ੍ਹ ਲਵੇਂ ਨਾ ਤਾਂ ***ਇਉ ਦਰਸਨੁ ਹਰਿ ਜੀਉ ਪਾਈਐ॥*** ਐਉਂ ਤੈਨੂੰ ਦਰਸ਼ਨ ਹੋ ਜਾਣਗੇ। ਸੋ ਸਾਡਾ ਸਫਰ ਤਾਂ ਬੜਾ ਲੰਮਾ ਹੈ, ਬੜੀ ਦੇਰ ਤੋਂ ਅਸੀਂ ਸੰਗਤ 'ਚ ਆ ਰਹੇ ਹਾਂ, ਬੜੇ ਬਚਨ ਸੁਣ ਰਹੇ ਹਾਂ, ਬੜੀਆਂ ਸਾਖੀਆਂ ਸੁਣਦੇ, ਬੜਾ ਪੜ੍ਹਦੇ ਹਾਂ ਲਿਖਦੇ ਹਾਂ, ਕਿਨਾਰੇ ਕਿਉਂ ਨਹੀਂ ਪਹੁੰਚਦੇ? ਕਿਉਂਕਿ ਸਾਨੂੰ ਪੱਕਾ ਮਿਤਰ ਨਹੀਂ ਮਿਲਿਆ। ਗੁਰੂ ਗ੍ਰੰਥ ਸਾਹਿਬ ਜੀ ਉਤੇ ਸਾਡਾ ਵਿਸ਼ਵਾਸ਼ ਨਹੀਂ ਹੈ, ਜੇ ਇਹਨੂੰ ਹੀ ਮਿੱਤਰ ਬਣਾ ਲਿਆ ਜਾਵੇ, ਮੱਥੇ ਟੇਕਣ ਤੋਂ ਨਹੀਂ ਮਿੱਤਰ ਬਣਨਾ। ਇਹਦੇ ਜਿਹੜੇ ਬਚਨ ਨੇ ਨਾ ਜਿੰਨਾ ਚਿਰ ਉਹ ਹਿਰਦੇ 'ਚ ਨਹੀਂ ਵਸਦੇ, ਵਿਚਾਰ ਨਹੀਂ ਹੁੰਦੀ,

***ਸਤਿਗੁਰ ਨੋ ਸਭੁ ਕੋ ਵੇਖਦਾ***
***ਜੇਤਾ ਜਗਤੁ ਸੰਸਾਰੁ ॥***
***ਡਿਠੈ ਮੁਕਤਿ ਨ ਹੋਵਈ***
***ਜਿਚਰੁ ਸਬਦਿ ਨ ਕਰੇ ਵੀਚਾਰੁ॥ ਅੰਗ - ੫੯੪***

ਜਿੰਨਾ ਚਿਰ ਵਿਚਾਰ ਨਹੀਂ ਅੰਦਰ ਜਾਗਦੀ, ਉਹ ਜਿਹੜਾ ਸਾਖੀਪੁਣਾ ਅੰਦਰ ਜਾਗਦਾ ਨਹੀਂ ਹੈ, ਉਨੀ ਦੇਰ ਤੱਕ ਅਸੀਂ ਕਿਸੇ ਕਿਨਾਰੇ ਨਹੀਂ ਪਹੁੰਚੇ, ਅੱਧਸੁੱਤੇ ਜਿਹੇ ਤੁਰੇ ਫਿਰਦੇ ਹਾਂ। ਇਕ ਗੱਲ ਹੈਗੀ ਇਹਦੀ ਕਿ ਤੁਸੀਂ ਸਤਿਸੰਗ ਕੀਤਾ ਹੈ, ਮਹਾਰਾਜ ਦਾ ਜੋ ਬਚਨ ਹੈ ਉਹਨੂੰ ਕੋਈ ਝੂਠਾ ਨਹੀਂ ਕਰ ਸਕਦਾ। ਉਹ ਕਹਿੰਦੇ -

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥*

*ਅੰਗ - ੫੪੬*

ਕਈ ਕਰੋੜ ਜੱਗਾਂ ਦਾ ਫਲ ਤੁਹਾਨੂੰ ਮਿਲ ਗਿਆ। ਪਰ ਉਹ ਅਸੀਂ ਲੈਣਾ ਕੀ ਹੈ, ਕਰਨਾ ਕੀ ਹੈ? ਸਾਨੂੰ ਤਾਂ ਪ੍ਰਮੇਸ਼ਰ ਮਿਲਣਾ ਚਾਹੀਦਾ ਹੈ, ਅਸੀਂ ਜੱਗਾਂ ਦੇ ਫਲ, ਪੁੰਨਾਂ ਦੇ ਫਲ ਇੱਕਠੇ ਕਰਕੇ ਅੱਗੇ ਫਸੇ ਹੋਏ ਹਾਂ। ਸਾਨੂੰ ਚਾਹੀਦਾ ਹੈ ਕਿ ਸਾਡੀ ਮੈਂ ਟੁੱਟ ਜਾਵੇ ਕਿਸੇ ਤਰੀਕੇ ਨਾਲ। ਮਹਾਰਾਜ ਕਹਿੰਦੇ-

*ਕਿਰਪਾ ਕਰੇ ਜੇ ਆਪਣੀ*
*ਤਾ ਗੁਰ ਕਾ ਸਬਦੁ ਕਮਾਹਿ ॥ ਅੰਗ - ੪੯੯*

ਆਪਣੀ ਕ੍ਰਿਪਾ ਆਪਣੇ ਤੇ ਕਰਕੇ, ਗੁਰੂ ਦੀ ਓਟ ਵਿਚ ਰਹਿ ਕੇ ਬੰਦਗੀ ਕਰਕੇ ਉਹ ਅੱਖ ਖੁਲ੍ਹਦੀ ਹੈ ਜਿਹਦੇ ਨਾਲ ਹਰ ਥਾਂ ਦੇ ਉਤੇ ਇੱਕੋ ਨਿਰੰਜਨ ਦੇ ਦਰਸ਼ਨ ਹੁੰਦੇ ਨੇ। ਇਹਦੇ ਵਾਸਤੇ ਆਪਾਂ ਸਤਿਸੰਗ 'ਚ ਆਉਂਦੇ ਹਾਂ। ਇਕੱਠੇ ਹੁੰਦੇ ਹਾਂ, ਕੰਮ ਛੱਡਦੇ ਹਾਂ, ਖੇਚਲ ਝੱਲਦੇ ਹਾਂ, ਉਹ ਬਿਰਥਾ ਨਹੀਂ ਜਾ ਰਹੀ, ਤੁਹਾਡੇ ਪੁੰਨ ਬਣ ਰਹੇ ਨੇ, ਉਹ ਜੇ ਪੁੰਨਾਂ ਨੂੰ ਗਿਣਿਆ ਉਹ ਬੇਹਿਸਾਬ ਵੱਡੇ ਬਣ ਜਾਣੇ ਨੇ, ਉਹਦੇ 'ਚ ਅਸੀਂ ਬੰਨ੍ਹੇ ਜਾਣਾ ਹੈ। ਇਨ੍ਹਾਂ ਪੁੰਨਾਂ ਨੂੰ ਅਰਪੋ ਗੁਰੂ ਦੇ ਕੋਲ।

*ਸੇਵਾ ਕਰਤ ਹੋਇ ਨਿਹਕਾਮੀ ॥*
*ਤਿਸ ਕਉ ਹੋਤ ਪਰਾਪਤਿ ਸੁਆਮੀ ॥*

*ਅੰਗ- ੨੮੬*

*ਕਾਹੂ ਫਲ ਕੀ ਇਛਾ ਨਹੀ ਬਾਛੈ ॥*
*ਕੇਵਲ ਭਗਤਿ ਕੀਰਤਨ ਸੰਗਿ ਰਾਚੈ ॥*

*ਅੰਗ- ੨੭੪*

ਇਹਦੇ ਬਦਲੇ ਅਸੀਂ ਪੁੰਨਾਂ ਦਾ ਫਲ ਨਹੀਂ ਚਾਹੁੰਦੇ। ਅਸੀਂ ਕੁੱਛ ਨਹੀਂ ਮੰਗਦੇ ਇਹਦੇ ਬਦਲੇ ਕਿਉਂਕਿ ਬੜਾ ਫਿੱਕਾ ਹੈ ਇਹ। ਜੇ ਖਰਚਣਾ ਹੈ ਖਰਚ ਲਓ ਖਰਚ ਕੇ ਵੀ ਸਭ ਕੁਛ ਹੋ ਜਾਂਦਾ ਹੈ। ਪਰ ਗੱਲ ਜਿਹੜੀ ਵਾਸਤੇ ਕਰ ਰਹੇ ਹਾਂ ਉਥੇ ਸਭ ਕੁਝ ਖਤਮ ਹੋ ਜਾਂਦਾ ਹੈ। ਸੋ ਨਿਹਕਾਮੀ ਜਿੰਨਾ ਚਿਰ ਨਹੀਂ ਹੁੰਦਾ ਨਾ, ਇਹਦੇ ਅੰਦਰ ਨਿਹਕਾਮਤਾ ਨਹੀਂ ਆਉਂਦੀ, 'ਕਰੈ ਸੁ ਭਲਾ ਮਨਾਈਐ' ਦਾ ਖੇੜਾ ਨਹੀਂ ਆਉਂਦਾ। ਓਨਾਂ ਚਿਰ ਪ੍ਰਮੇਸ਼ਰ ਮਿੱਤਰ ਜਿਹੜਾ ਹੈ ਨਾ ਲਾਂਭੇ ਰਹਿੰਦਾ ਹੈ, ਪ੍ਰਮੇਸ਼ਰ ਵੀ ਮਿੱਤਰ ਹੈ, ਗੁਰੂ ਵੀ ਮਿੱਤਰ ਹੈ, ਗੁਰੂ ਤੇ ਪ੍ਰਮੇਸ਼ਰ ਇੱਕੋ ਹੈ-

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ ॥ ਅੰਗ - ੪੪੨*

ਸੋ ਮੈਂ ਜਿਹੜੀਆਂ ਬੇਨਤੀਆਂ ਕਰੀਆਂ ਨੇ, ਛੋਟੀਆਂ-ਛੋਟੀਆਂ ਇਹਨੂੰ ਸਮਝਣ ਦਾ ਯਤਨ ਕਰੀਏ ਮੈਂ ਵੀ ਕਰਾਂ। ਤੁਸੀਂ ਵੀ ਕਰੋ। ਮੈਨੂੰ ਤਾਂ ਸਾਰੀ ਜ਼ਿੰਦਗੀ ਲੰਘ ਗਈ ਸਮਝਣ ਦਾ ਯਤਨ ਕਰਦੇ ਨੂੰ। ਔਖੀ ਹੈ ਗੱਲ, ਸੁਖਾਲੀ ਜਿਹੀ ਨਹੀਂ ਹੈ। ਜੇ ਕੋਈ ਕਹੇ ਕਿ ਮੈਨੂੰ ਮਿਲ ਜਾਏ, ਜਨਮਾਂ-ਜਨਮਾਂਤਰਾਂ ਦੀ ਕਮਾਈ ਹੋਵੇ ਤਾਂ ਬੰਦਾ ਕਿਨਾਰੇ ਲਗਦਾ ਹੈ ਨਹੀਂ ਤਾਂ ਗਿਰ ਜਾਂਦਾ ਹੈ। ਮਾਇਆ ਇਹੋ ਜਿਹੇ ਥਪੇੜੇ ਮਾਰਦੀ ਹੈ ਕਿ ਚੁੱਕ ਕੇ ਮਾਰਦੀ ਹੈ। ਜਿੱਡਾ ਕੱਚਾ ਬੰਦਾ ਅਭਿਮਾਨ ਕਰਦਾ ਹੈ ਓਡਾ ਹੀ ਥੱਲੇ ਗਿਰਦਾ ਹੈ।

*ਊਚਾ ਚੜੈ ਸੁ ਪਵੈ ਪਇਆਲਾ ॥*
*ਧਰਨਿ ਪੜੈ ਤਿਸੁ ਲਗੈ ਨ ਕਾਲਾ ॥*

*ਅੰਗ - ੩੭੪*

ਜਿਹੜਾ ਪਹਿਲਾਂ ਹੀ ਨਿਸ਼ਕਾਮ ਬਣਿਆ ਹੋਇਆ ਹੈ ਉਸਨੂੰ ਕੁਛ ਵੀ ਨਹੀਂ ਲਗਦਾ, ਕਿਉਂਕਿ ਬਣਦਾ ਹੀ ਨਹੀਂ ਉਹ। ਜਿਹੜਾ ਬਣਦਾ ਹੈ ਉਹ ਗਿਰੇਗਾ। ਸੋ ਇਸ ਕਰਕੇ ਸਾਧਸੰਗਤ ਜੀ! ਜਿੰਨਾ ਚਿਰ ਤੱਕ ਸਾਨੂੰ ਕਰਮ ਦੀ ਸਮਝ ਨਹੀਂ ਨਾ ਆਉਂਦੀ। ਕਰਮ ਪਹਿਲੀ ਪੌੜੀ ਹੈ, ਅਸੀਂ ਉਪਾਸਨਾ ਵਿਚ ਨਹੀਂ ਜਾ ਸਕਦੇ। ਜਿੰਨਾ ਚਿਰ ਸਾਨੂੰ ਉਪਾਸਨਾ ਦੀ ਸਮਝ ਨਹੀਂ ਆਉਂਦੀ ਅਸੀਂ ਗਿਆਨ ਵਿਚ ਨਹੀਂ ਜਾ ਸਕਦੇ, ਜਿੰਨਾ ਚਿਰ ਸਾਡੇ ਅੰਦਰ ਗਿਆਨ ਪੈਦਾ ਨਹੀਂ ਹੁੰਦਾ ਅਸੀਂ ਪ੍ਰਭੂ ਦੇ ਦਰਸ਼ਨ ਨਹੀਂ ਕਰ ਸਕਦੇ। ਤਿੰਨ step ਨੇ। ਕਰਮ, ਉਪਾਸਨਾ, ਗਿਆਨ, ਵਿਗਿਆਨ। ਇਨ੍ਹਾਂ ਨੂੰ ਸੰਤ ਪੂਰਾ ਮਿਲ ਜਾਏ ਉਹ ਤਾਂ ਦਿੰਦਾ ਹੈ ਸਮਝਾ। ਕਿਉਂਕਿ ਉਹ ਆਪ ਵੀ ਲੰਘਿਆ ਹੋਇਆ ਹੁੰਦਾ ਹੈ, ਉਹ ਟੀਚਰ ਬਣਿਆ ਹੋਇਆ ਹੈ, ਜਿਵੇਂ ਪੀ ਟੀ ਮਾਸਟਰ ਹੁੰਦਾ ਹੈ ਫੌਜਾਂ ਦੇ ਅੰਦਰ। ਉਹਨੇ ਤਾਂ exam ਪਾਸ ਕਰਿਆ ਹੁੰਦਾ ਹੈ ਪੀ ਟੀ ਦਾ। ਜਿਹੜੇ ਨਵੇਂ ਰੰਗਰੂਟ ਆਉਂਦੇ ਨੇ ਉਨ੍ਹਾਂ ਨੂੰ ਉਹਨੇ ਨੱਚ ਕੇ ਟੱਪ ਕੇ ਦਿਖਾਲਣਾ ਹੈ। ਸੰਤ ਦਾ ਕੰਮ ਹੁੰਦਾ ਹੈ, ਸੰਤ ਨੂੰ ਵੈਸੇ ਕੋਈ ਲੋੜ ਨਹੀਂ ਹੁੰਦੀ ਕਿਸੇ ਚੀਜ਼ ਦੀ ਵੀ, ਕਿਉਂਕਿ ਜਿਹੜਾ ਕੁਛ ਜਾਣਨਾ ਸੀ ਜਾਣ ਲਿਆ, ਜਿਹੜਾ ਕੁਛ ਕਰਨਾ ਸੀ ਕਰ ਲਿਆ, ਉਹਦੇ 'ਚੋਂ ਅੰਦਰੋਂ ਮੈਂ ਨਿਕਲ ਗਈ ਖਤਮ ਹੋ ਗਿਆ। ਸਰੀਰ ਉਹਦਾ ਜਿਹੜਾ ਹੈ ਉਹ ਚਾਹੇ ਰਹੇ ਚਾਹੇ ਨਾ ਰਹੇ, ਉਹਨੇ ਅਸਲੀ ਤੱਤ ਨੂੰ ਬੁੱਝ ਲਿਆ। ਪਰ ਜਦੋਂ ਉਹ ਕਰਮ ਯੋਗ 'ਚ ਆਉਂਦਾ ਹੈ ਨਾ, ਕਰਮ ਯੋਗ ਤੋਂ ਉਪਰ -

*ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥*

*ਅੰਗ - ੬੨*

ਉਹ ਕਰਮ ਯੋਗ ਵਿਚ ਆ ਕੇ ਮੁੜ ਕੇ ਉਹਨੂੰ ਫੇਰ ਸਾਰੇ ਕੰਮ ਕਰਨੇ ਪੈਂਦੇ ਨੇ।

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥*

*ਅੰਗ - ੩੦੬*

ਗੁਰੂ ਤੀਸਰੇ ਪਾਤਸ਼ਾਹ ਨੂੰ ਕਿਹਾ ਕਿ ਸੱਚੇ ਪਾਤਸ਼ਾਹ! ਤੁਸੀਂ ਕਿੱਡੀ ਖੇਚਲ ਕਰਦੇ ਓਂ, ਸਾਖੀ ਹੈ ਇਹ, ਇਹ ਕਿੰਨੀ ਸਤਿ ਹੈ, ਅਸਤਿ ਹੈ ਇਹਦੇ ਵਾਦ-ਵਿਵਾਦ 'ਚ ਨਹੀਂ ਪੈਂਦਾ। ਲਿਖੀਆਂ ਹੋਈਆਂ ਪੜ੍ਹ ਰਹੇ ਹਾਂ ਅਸੀਂ ਤਾਂ। ਜੇ ਉਸ ਵੇਲੇ ਹੁੰਦੇ ਤਾਂ ਸੱਚ ਜਾਣ ਜਾਂਦੇ।

ਗੁਰੂ ਤੀਸਰੇ ਪਾਤਸ਼ਾਹ ਮਹਾਰਾਜ ਨੂੰ ਪੁੱਛਿਆ ਗਿਆ ਕਿ ਮਹਾਰਾਜ! ਤੁਸੀਂ ਅਜੇ ਵੀ ਕਠਨ ਤਪਸਿਆ ਕਿੱਲੀ ਦੇ ਨਾਲ ਕੇਸ ਬੰਨ੍ਹ ਕੇ ਕਰਦੇ ਓਂ, ਤੁਹਾਨੂੰ ਤਾਂ ਲੋੜ ਨਹੀਂ ਕਰਨ ਦੀ। ਕ੍ਰਿਸ਼ਨ ਮਹਾਰਾਜ ਨੂੰ ਅਰਜਨ ਨੇ ਕਿਹਾ ਕਿ ਮਹਾਰਾਜ! ਤੁਹਾਨੂੰ ਧਿਆਨ ਵਿਚ ਜਾਣ ਦੀ ਕੀ ਲੋੜ ਹੈ? ਤੁਸੀਂ ਤਾਂ ਸਭ ਕੁਛ ਆਪੇ ਹੀ ਆਪ ਹੋਂ?

ਗੁਰੂ ਤੀਸਰੇ ਪਾਤਸ਼ਾਹ ਨੇ ਕਿਹਾ, ਅਸੀਂ ਓਸ ਟੀਚਰ ਵਾਂਗੂੰ ਆਪ ਕਰਕੇ ਦੂਸਰਿਆਂ ਨੂੰ ਸਿਖਾਲਦੇ ਹਾਂ, ਜੋ ਅਸੀਂ ਕੁਛ ਨਾ ਕਰੀਏ ਨਾ, ਇਹ ਸਾਰੀ ਸੰਗਤ ਪਤਿਤ ਹੋ ਜਾਏਗੀ। ਕ੍ਰਿਸ਼ਨ ਮਹਾਰਾਜ ਕਹਿੰਦੇ ਮੈਨੂੰ ਕਰਨਾ ਪੈਂਦਾ ਹੈ ਨਹੀਂ ਤਾਂ ਇਹ ਸਾਰਾ ਜਿਹੜਾ ਸਿਸਟਮ ਹੈ ਨਾ ਵਿਗੜ ਜਾਏਗਾ। ਸੋ ਮਹਾਂਪੁਰਸ਼ ਦੱਸਦੇ ਨੇ ਜਿਹੜੇ ਪੂਰੇ ਨੇ, ਉਹ ਆਪ ਕਰਦੇ ਨੇ ਦੂਸਰਿਆਂ ਨੂੰ ਲੈ ਕੇ ਜਾਂਦੇ ਨੇ, ਜਨਮ ਕਿੰਨੇ ਲਗਦੇ ਨੇ ਇਹਦੇ ਬਾਰੇ ਗਿਣਤੀ ਕੋਈ ਨਹੀਂ। ਬਈ ਦਸ ਜਨਮ 'ਚ ਰੱਬ ਮਿਲਦਾ ਹੈ, ਕਿ ਪੰਜਾਹ 'ਚ ਮਿਲਦਾ ਹੈ, ਜਾਂ ਹਜ਼ਾਰ ਵਿਚ ਕਿਉਂਕਿ ਅਸੀਂ ਇਕ ਜਨਮ 'ਚ ਸੌ ਪੌੜੀ ਚੜ੍ਹ ਗਏ। ਸੌ ਡੰਡਾ ਚੜ੍ਹ ਕੇ ਕੁਛ ਐਸਾ ਹੋ ਗਿਆ ਕਿ ਥੱਲੇ ਫੇਰ ਆ ਗਏ। ਜਨਮ ਤਾਂ ਬੜਾ ਵਧੀਆ ਲੰਘਾਇਆ ਸੀ ਪਰ ਥੱਲੇ ਗਿਰ ਗਏ। ਅਗਲਾ ਜਨਮ ਲੈ ਲਿਆ, ਹੁਣ ਅਗਲਾ ਜਨਮ ਉਸ ਪਤਨ ਅਵਸਥਾ ਤੋਂ ਚੱਲਣਾ ਹੈ, ਫੇਰ ਮਿਹਨਤ ਕਰਦੇ ਨੇ, ਫੇਰ ਚੜ੍ਹ ਗਏ, ਫੇਰ ਗਿਰ ਗਏ। ਬਾਣੀ 'ਚ ਆਉਂਦਾ ਹੈ ਇਹ ਕਿ ਕਦੇ ਦਸ ਕਦਮਾਂ ਅੱਗੇ ਵੱਧਦਾ ਹੈ ਕਦੇ ਵੀਹ ਕਦਮਾਂ ਪਿੱਛੇ ਨੂੰ ਹੱਟ ਜਾਂਦਾ ਹੈ। ਸਾਡੇ ਕਦਮ ਤਾਂ ਰੱਸੇ ਦੀ ਮਹਿਜ ਵਾਲੀ ਹੈ ਕਦੇ ਆਹ ਟੀਮ ਅੱਗੇ ਨੂੰ ਲੈ ਜਾਂਦੀ ਹੈ ਕਦੇ ਏਧਰ ਨੂੰ ਲੈ ਜਾਂਦੀ ਹੈ। ਉਹ ਫਾਈਨਲ ਕਦੇ ਹੀ ਆਉਂਦਾ ਹੈ, ਸਾਰਾ ਜ਼ੋਰ ਲੱਗਣ ਤੋਂ ਬਾਅਦ ਜਦੋਂ ਦੂਜੀ ਟੀਮ ਹਾਰ ਜਾਂਦੀ ਹੈ ਫੇਰ ਖਿੱਚ ਲੈਂਦਾ ਹੈ ਉਹਨੂੰ। ਇਸੇ ਤਰ੍ਹਾਂ ਜਨਮਾਂ-ਜਨਮਾਂਤਰਾਂ ਦੀ ਖੇਲ੍ਹ ਹੈ। ਇਸੇ ਕਰਕੇ ਮਹਾਰਾਜ ਨੇ ਇਹ ਨਹੀਂ ਲਿਖਿਆ ਕਿ ਕਦੇ ਸਾਧਸੰਗਤਿ, ਕਬਹੂੰ ਸਾਧਸੰਗਤਿ, ਲਿਖਿਆ ਹੈ। ਤਦ ਇਹਦਾ ਛੁਟਕਾਰਾ ਹੋ ਜਾਂਦਾ ਹੈ। ਹੁਣ ਸਾਡਾ ਕੀ ਹੋਇਆ, ਅਸੀਂ ਕੀ ਕਰੀਏ, ਕੋਈ ਰਾਹ ਤਾਂ ਹੈ ਨਹੀਂ ਸਾਡੇ ਸਾਮ੍ਹਣੇ। ਮਹਾਰਾਜ ਕਹਿੰਦੇ, ਤੁਸੀਂ ਹੌਲੀ-ਹੌਲੀ ਕੋਸ਼ਿਸ਼ ਕਰੋ 'ਕਰੈ ਸਿਉ ਭਲਾ ਮਨਾਈਐ' ਇਕ ਜੀਉ ਪਿੰਡ ਹੈ ਨਾ ਜਿਹੜਾ ਤੁਹਾਡਾ ਮੈਂ ਹੈ, ਸਰੀਰ ਹੈ ਤੁਹਾਡੀ ਅਕਲ ਹੈ ਤੁਹਾਡੀ ਬੁੱਧੀ ਹੈ, ਤੁਹਾਡੀ ਦੌਲਤ ਹੈ, ਤੁਹਾਡੀ ਪ੍ਰਭਤਾ ਹੈ ਇਹਨੂੰ ਗੁਰੂ ਦੇ ਚਰਨਾਂ 'ਚ ਅਰਪਣ ਕਰ ਦਿਓ। ਜਦੋਂ ਸੱਚੇ ਦਿਲ ਨਾਲ ਅਰਪਣ ਕਰ ਦਿਓਂਗੇ ਨਾ, ਰਾਹ ਲੱਭ ਜਾਏਗਾ, ਮੂਹਰਿਓਂ ਪੜਦਾ ਹੱਟ ਜਾਏਗਾ। ਅਸੀਂ ਕੂੜ-ਕਬਾੜ ਸਾਰਾ ਲਈਂ ਬੈਠੇ ਹਾਂ ਚਾਹੇ ਸੋਨਾ ਇਕੱਠਾ ਕਰਿਆ, ਚਾਹੇ ਪੱਥਰ ਇਕੱਠੇ ਕਰੇ ਨੇ, ਇਕ ਮਣ ਪੱਥਰ ਇਕ ਨੇ, ਇਕ ਨੇ ਇਕ ਮਣ ਸੋਨਾ ਇਕੱਠਾ ਕਰਿਆ ਹੈ, ਦੋਹਾਂ ਨੇ ਪਹਾੜ ਦੀ ਚੜ੍ਹਾਈ ਚੜ੍ਹਨੀ ਹੈ ਹੁਣ ਦੱਸੋ ਸੋਨੇ ਵਾਲਾ ਛੇਤੀ ਚੜ੍ਹੇਗਾ ਕਿ ਪੱਥਰ ਵਾਲਾ। ਸਿਆਣੇ ਹੋਰ ਦੱਸਦੇ ਹੁੰਦੇ ਨੇ ਕਿ ਇਕ ਮਣ ਰੂੰ ਹੈ, ਇਕ ਮਣ ਦਾ ਪੱਥਰ ਹੈ ਦੱਸੋ ਪਹਾੜ ਤੇ ਕਿਹੜਾ ਚੜ੍ਹੇਗਾ। ਸਿਆਣਾ ਕਹਿੰਦਾ ਹੈ ਕਿ ਦੋਹਾਂ ਕੋਲ ਇਕੋ ਜਿਹਾ ਹੀ ਵਜ਼ਨ ਹੈ, ਦੋਵੇਂ ਨਹੀਂ ਚੜ੍ਹ ਸਕਦੇ। ਜਿਹੜਾ ਅਣਜਾਣ ਹੈ ਉਹ ਕਹੇਗਾ ਕਿ ਰੂੰ ਵਾਲਾ ਚੜ੍ਹ ਜਾਏਗਾ। ਬਈ ਰੂੰ ਵਾਲਾ ਕਿਵੇਂ ਚੜ੍ਹ ਜਾਏਗਾ ਉਹਦੇ ਕੋਲ ਵੀ ਤਾਂ ਓਨਾ ਹੀ ਹੈ। ਚਾਹੇ ਸ਼ੁੱਭ ਕਰਮਾਂ ਦਾ ਬੋਝ ਬੰਨ੍ਹਿਆ ਹੋਇਆ ਹੈ, ਚਾਹੇ ਮਾੜੇ ਕਰਮਾਂ ਦਾ ਬੋਝ ਬੰਨਿਆ ਹੋਇਆ ਹੈ, ਇਹ ਦੋਵੇਂ, ਰੁਕਾਵਟਾਂ ਨੇ। ਪਹਿਲਾਂ ਕਰਮ ਨੂੰ ਸਮਝੋ ਕਿ ਕਰਮ ਕੀ ਹੁੰਦਾ ਹੈ। ਜਦ ਸਾਨੂੰ ਇਹ ਸੋਝੀ ਆ ਗਈ -

*ਸੇਵਾ ਕਰਤ ਹੋਇ ਨਿਹਕਾਮੀ ॥*

ਮਹਾਰਾਜ ਕਹਿੰਦੇ ਜਿਹੜੇ ਉਹਦੇ action ਨੇ ਨਾ ਉਹ ਫਲ ਦੇਣਾ ਸ਼ੁਰੂ ਕਰ ਦਿੰਦੇ ਨੇ।

*ਸੇਵਾ ਕਰਤ ਹੋਇ ਨਿਹਕਾਮੀ ॥*
*ਤਿਸ ਕਉ ਹੋਤ ਪਰਾਪਤਿ ਸੁਆਮੀ ॥*

*ਅੰਗ - ੨੮੬*

ਸੋ ਮੈਂ ਕਿਵੇਂ ਛੱਡੀ ਜਾਂਦੀ ਹੈ? ਬੇਅੰਤ ਮਿਸਾਲਾਂ ਨੇ, ਟੇਪਾਂ ਭਰੀਆਂ ਪਈਆਂ ਨੇ, ਮੈਗਜ਼ੀਨ ਆਤਮ ਮਾਰਗ ਭਰਿਆ ਪਿਆ ਹੈ ਕਿ ਮੈਂ ਕਿਵੇਂ ਛੱਡਣੀ ਹੈ। ਆਹ ਜਿਹੜੀ ਪੁਸਤਕ ਤੁਸੀਂ ਪੜ੍ਹਦੇ ਹੋਂ 'ਕਿਵ ਸਚਿਆਰਾ ਹੋਈਐ' ਮੇਰਾ ਖਿਆਲ ਹੈ ਸੱਤ-ਅੱਠ ਸੌ ਪੰਨੇ ਦੀ ਉਹ ਕਿਤਾਬ ਹੈ, ਉਹਦੇ ਵਿਚ ਬਹੁਤ ਹੀ ਵਿਸਥਾਰ ਦੇ ਨਾਲ ਭਾਈ ਤਿਲੋਕੇ ਨੇ ਰਾਜਕੁਮਾਰੀ ਨੂੰ ਸਮਝਾਇਆ ਇਕ ਅੱਲੜ੍ਹ ਨੂੰ ਜਿਹਨੂੰ ਪਤਾ ਹੀ ਨਹੀਂ ਸੀ ਕਿ ਰੱਬ ਕੀ ਹੁੰਦਾ ਹੈ ਤੇ ਮਿਲਣਾ ਕੀ ਹੁੰਦਾ ਹੈ, ਆਤਮਾ ਕੀ ਹੁੰਦੀ ਹੈ? ਪਤਾ ਹੀ ਨਹੀਂ। ਉਸ ਕਿਤਾਬ ਦੇ ਅੰਦਰ 800 ਪੰਨੇ ਅੰਦਰ ਆਹੀ ਗੱਲ ਸਮਝਾਈ ਗਈ ਹੈ ਕਿ ਅਸੀਂ ਨਿਸ਼ਕਾਮਤਾ ਤੱਕ ਕਿਵੇਂ ਪਹੁੰਚਣਾ ਹੈ। ਇਸੇ ਤਰ੍ਹਾਂ ਬਾਕੀ ਨੇ ਜਿੰਨੀਆਂ ਪੁਸਤਕਾਂ

ਆਤਮ ਮਾਰਗ ਦੀਆਂ ਛਪੀਆਂ ਨੇ। ਉਹਨੂੰ ਵਿਚਾਰ ਨਾਲ ਪੜ੍ਹੋ, ਪੜ੍ਹ ਕੇ ਚੱਲੋ, ਰਸਤੇ ਵੀ ਉਹਦੇ ਵਿਚ ਸਾਰੇ ਹੈਗੇ, ਜਿਹੜੀਆਂ ਆਪਣੀਆਂ ਟੇਪਾਂ ਨੇ, ਇਕ ਹਜ਼ਾਰ ਟੇਪ ਹੈ, ਜਿਹੜੇ ਹਜ਼ਾਰ ਟੇਪ ਦੇ ਨਿਸ਼ਾਨੇ ਇਕ target ਤੇ ਲੱਗੇ ਹੋਏ ਨੇ। ਇਹ ਐਧਰ ਓਧਰ ਨਹੀਂ ਲੱਗੇ, ਕਿ ਇਕ ਬਾਹੀਂ ਲੈ ਲਈ ਤੇ ਭੰਨੀ ਇਥੋਂ। ਉਹ ਗੇਟ ਤੋਂ ਲੱਗੇ ਹੋਏ ਨੇ, ਦਰਵਾਜ਼ਾ ਭੰਨਣ ਤੇ ਉਹ ਆਲੇ ਦੁਆਲੇ ਨਹੀਂ ਲੱਗੇ, ਹਜ਼ਾਰ ਟੇਪ 'ਚ। ਉਹ ਟੇਪਾਂ ਰਸਤਾ ਦੱਸਦੀਆਂ ਨੇ ਸਾਰੀਆਂ ਹੀ ਕਿਉਂਕਿ ਉਹ ਮੇਰੇ ਵਲੋਂ ਨਹੀਂ ਹਨ ਸਾਰੀਆਂ ਗੁਰਬਾਣੀ ਤੇ ਆਧਾਰਿਤ ਨੇ, ਮੈਂ ਆਪਣੇ ਵਲੋਂ ਕੁੱਛ ਨਹੀਂ ਕਿਹਾ। ਆਪਣੇ ਵਲੋਂ ਮੈਂ ਕਦੇ ਹਉਂ ਨਹੀਂ ਧਾਰੀ ਕਿ ਮੈਂ ਦੱਸ ਰਿਹਾ ਹਾਂ, ਮੈਂ ਉਪਦੇਸ਼ ਕਰ ਰਿਹਾ ਹਾਂ। ਮੈਂ ਤਾਂ ਗੁਰਬਾਣੀ ਦੀ ਵਿਆਖਿਆ ਕਰ ਰਿਹਾ ਹਾਂ। ਮੇਰੇ ਤੋਂ ਕਰਾਈ ਜਾ ਰਹੀ ਹੈ, ਮੈਨੂੰ ਉਹ ਬੁੱਧੀ ਦਿਤੀ ਹੈ ਜਿਹਦੇ ਨਾਲ ਮੈਂ ਇਹ ਸੂਖਮ ਤੱਤ ਨੂੰ ਫੜ ਲਵਾਂ। ਫੜ ਕੇ ਤੁਹਾਡੇ ਤੱਕ ਪਹੁੰਚਾ ਦੇਵਾਂ। ਹੁਣ ਵੀ ਇਹੀ ਗੱਲ ਹੈ। ਹੁਣੇ ਹੁਕਮ ਸੁਣਿਆ ਹੈ ਸੁਣਦੇ ਸਾਰ ਇਹ ਆਇਆ ਕਿ ਮਹਾਰਾਜ ਨੇ ਆਹ ਆਦੇਸ਼ ਦਿਤਾ ਹੈ, ਇਹ ਸਾਡੀ ਸਮਝ 'ਚ ਕਿਵੇਂ ਪਵੇ, ਇਹਦੇ action ਕਿਵੇਂ ਲਈਏ, ਕਿਵੇਂ ਚੱਲੀਏ। ਹੁਣ ਸਾਡੇ ਸਾਮ੍ਹਣੇ ਜਿਹੜਾ ਸੁਖਾਲਾ ਰਸਤਾ ਹੈ, ਉਹ ਹੈ ਕਿ ਬਾਣੀ ਨੂੰ ਵਿਚਾਰੋ। ਸਾਧੂ ਦੀ ਸੰਗਤ ਕਰੋ। ਜੇ ਪੂਰਾ ਨਹੀਂ ਮਿਲਦਾ, ਗੁਰਸਿੱਖ ਦੀ ਸੰਗਤ ਕਰੋ। ਗੁਰਸਿੱਖ ਵੀ ਸਾਧੂ ਤੋਂ ਘੱਟ ਨਹੀਂ ਹੁੰਦਾ। ਬਹੁਤ ਵੱਡੀ ਚੀਜ਼ ਹੈ ਜੇ ਗੁਰਸਿੱਖ ਹੋਵੇ, ਉਹ ਜਿਹੜਾ ਤੁਰ ਰਿਹਾ ਹੈ ਨਾ, ਅੱਗੇ ਵੱਧ ਰਿਹਾ ਹੈ ਉਹਦੀ ਸੰਗਤ ਕਰੋ। ਹੋਰ ਸੁਖਾਲੇ ਅੱਖਰਾਂ 'ਚ ਦੱਸ ਦਿੰਦਾ ਹਾਂ। ਉਹਦੇ ਮਗਰ ਲੱਗੋ ਕਿ ਇਹ ਕਿਵੇਂ ਖਾਂਦਾ ਹੈ, ਕਿਵੇਂ ਜੀਉਂਦਾ ਹੈ, ਕਿਵੇਂ ਪਹਿਨਦਾ ਹੈ, ਕਿਵੇਂ ਰਹਿੰਦਾ ਹੈ, ਕਿਵੇਂ ਵਰਤਦਾ ਹੈ, ਕਿਵੇਂ ਸੰਸਾਰ ਦੇ ਵਿਚ ਇਹਦੀ ਕ੍ਰਿਆ ਹੈ ਕਿਉਂਕਿ ਉਹਨੇ ਕਿਸੇ ਮੰਜ਼ਿਲ ਤੇ ਪਹੁੰਚਣਾ ਹੈ, ਆਪਣੀ ਕ੍ਰਿਆ ਸੋਧ ਕੇ ਜਾਣੀ ਹੈ। ਕਹਿੰਦੇ ਗੁਰਮੁਖ ਦੇ ਨਾਲ ਮਿਲ ਕੇ ਰਾਹ ਤੁਹਾਨੂੰ ਲੱਭ ਜਾਏਗਾ। ਤੁਸੀਂ ਗੁਰਮੁਖ ਦੇ ਨਾਲ ਜੇ ਪਿਆਰ ਕਰਦੇ ਹੋਂ, ਪਿਆਰ ਨਾਲ ਜਿਹੜੀ suspense ਸ਼ਕਤੀ ਹੈ ਨਾ, ਉਹ ਵੱਧ ਜਾਏਗੀ। objection ਹੈ ਤਾਂ ਕਿੱਡਾ ਹੀ ਉਪਦੇਸ਼ ਹੋਵੇ ਤਾਂ ਨਹੀਂ ਵਧਦਾ। ਸੋ ਗੁਰਮੁਖਾਂ ਦੀ ਸੰਗਤ ਕਰੋ। ਇਸੇ ਕਰਕੇ ਗੁਰੂ ਮਹਾਰਾਜ ਨੇ ਸੰਗਤ ਪ੍ਰਥਾ ਤੋਰੀ ਹੈ ਕਿ ਸਾਰੇ ਵਧੇ ਹੋਏ ਤੁਰ ਰਹੇ ਨੇ, ਸਾਰਿਆਂ ਦਾ ਓਰਾ ਇਥੇ ਕਾਇਮ ਹੋ ਰਿਹਾ ਹੈ, ਏਸ ਓਰੇ ਦਾ ਅਸਰ ਪੈ ਰਿਹਾ ਹੈ ਸਾਰਿਆਂ 'ਤੇ। ਸੋ ਇਹ ਗੁਰਬਾਣੀ ਦੀ ਵਿਚਾਰ ਕਰਦੇ ਹੋਏ ਹੌਲੀ-ਹੌਲੀ ਅੱਗੇ ਵਧਦੇ ਚਲੇ ਜਾਓ, ਦੁਨੀਆਂ ਦੇ ਰੁਝੇਵਿਆਂ ਨੂੰ ਨਾਸ਼ਵਾਨ ਜਾਣਦੇ ਹੋਏ ਉਨ੍ਹਾਂ ਦੇ ਵਿਚੋਂ ਆਪਣਾ ਮਨ ਖਿੱਚ ਲਓ, ਕਰਨਾ ਸਭ ਕੁਛ ਹੈ। ਇਹ ਨਹੀਂ ਹੈ ਕਿ ਕਿਸੇ ਸਕੂਲ ਦਾ ਮੈਨੇਜਰ ਹੈ, ਮੈਂ ਮੈਨੇਜਰੀ ਛੱਡ ਦੇਵਾਂ, ਕਿਸੇ ਸੰਸਥਾ ਦਾ ਚੇਅਰਮੈਨ ਹੈ ਕਿ ਮੈਂ ਛੱਡ ਦੇਵਾਂ, ਕਰਨਾ ਉਹਨੇ ਸਭ ਕੁਛ ਹੈ ਨਹੀਂ ਤਾਂ ਇੰਤਜ਼ਾਮ ਸਾਰਾ ਹੀ ਵਿਗੜ ਜਾਂਦਾ ਹੈ, ਉਹ ਦੋਸ਼ੀ ਹੁੰਦਾ ਹੈ, ਕਿਉਂਕਿ ਉਹਦਾ ਨਿੱਜ ਧਰਮ ਬਣ ਜਾਂਦਾ ਹੈ ਆਪਣੀ ਡਿਊਟੀ ਦੇਣਾ। ਡਿਊਟੀ ਦਿੰਦੇ ਹੋਏ ਅੱਗੇ ਵਧਦੇ ਚਲੇ ਜਾਓ, ਸਤਿ ਦਾ ਮਾਰਗ ਲੈ ਕੇ, ਉਹਦਾ ਤਰੀਕਾ ਜਿਹੜਾ ਸਭ ਤੋਂ ਸੁਖਾਲਾ ਇਹ ਹੈ ਕਿ ਪੰਜ ਪਿਆਰਿਆਂ ਤੋਂ ਨਾਮ ਲੈ ਕੇ ਮੰਤਰ ਲੈ ਕੇ ਉਹਦਾ ਜਾਪ ਕਰੋ। ਜਾਪ ਕਰਕੇ ਬਾਣੀ ਦੇ ਦੱਸੇ ਹੋਏ ਰਸਤੇ ਤੇ ਚੱਲੋ। ਇਹ high road ਹੈ ਇਹਨੂੰ ਗਾਡੀ ਰਾਹ ਕਿਹਾ ਹੈ ਭਾਈ ਗੁਰਦਾਸ ਜੀ ਨੇ, ਏਸ ਰਸਤੇ ਤੇ ਚੱਲੇ ਚੱਲੋ, ਚਲਦੇ-ਚਲਦੇ ਅੱਗੇ ਨੂੰ ਤਾਂ ਪੈਰ ਰੱਖੋ ਪਿਛੇ ਨਾ ਕਰੋ। ਮਨ ਦਾ ਨਰੀਖਸ਼ਣ ਕਰੋ ਕਿ ਹੁਣ ਮੇਰੇ ਮਨ 'ਚ ਕਿਹੜੀ ਗੱਲ ਆ ਰਹੀ ਹੈ ਕਿ ਨਹੀਂ ਇਹ ਤਾਂ ਗੱਲ ਮੈਨੂੰ ਸੁੱਟ ਦਏਗੀ। ਜਿਹੜਾ ਬੰਦਾ ਮਨ ਦਾ ਨਰੀਖਸ਼ਣ ਨਹੀਂ ਕਰਦਾ ਉਹ ਗਿਰ ਜਾਂਦਾ ਹੈ। ਕਿਉਂਕਿ ਮਨ ਫਤਹਿ ਪਾ ਲੈਂਦਾ ਹੈ ਉਹਦੇ ਉਤੇ ਜਦੋਂ ਅਸੀਂ ਸਾਵਧਾਨ ਹੋ ਕੇ ਚੱਲਾਂਗੇ। ਪੈਰ-ਪੈਰ ਵਧਦੇ ਜਾਵਾਂਗੇ। ਕੁਦਰਤ ਦਾ ਇਹ ਨੇਮ ਹੈ ਕਿ ਕਿਸੇ ਦਾ ਘਾਲਿਆ ਹੋਇਆ ਇਕ ਤਿਲ ਵੀ ਗਵਾਇਆ ਨਹੀਂ ਜਾਂਦਾ। ਜਿੰਨੀ ਤਰੱਕੀ ਤੁਸੀਂ ਹੁਣ ਕਰ ਲਈ ਅਗਲੇ ਜਨਮ ਵਿਚ ਇਥੋਂ ਹੀ ਸ਼ੁਰੂ ਹੋਏਗਾ।

ਸਤਨਾਮ ਸਿੰਘ ਚੜ੍ਹਾਈ ਕਰ ਗਏ, ਪੁਲਿਸ ਵਿਚ ਸੀਗੇ, ਲੇਕਿਨ ਪੁਲਿਸ ਵਾਲਿਆਂ ਵਰਗਾ ਸੁਭਾਅ ਨਹੀਂ ਸੀ ਉਨ੍ਹਾਂ ਦਾ, ਇਥੇ ਅਖੰਡਪਾਠ ਦੀ ਡਿਊਟੀ ਦੇਣ ਰਾਤ ਨੂੰ ਆਉਣਾ ਉਨ੍ਹਾਂ ਨੇ। ਬੜੀ ਸੇਵਾ ਕਰਦਾ ਸੀ, ਬਹੁਤ ਕੁਛ ਕਰਦਾ ਸੀ। ਉਹਦਾ ਸਰੀਰ ਤਾਂ ਬਿਨਸ ਗਿਆ ਐਕਸੀਡੈਂਟ ਨਾਲ ਪਰ ਉਹਦਾ ਕੁਛ ਜਿਹੜਾ ਬਣ ਚੁੱਕਿਆ ਹੈ ਨਾ ਉਹਦਾ, ਕੋਲ ਆ ਗਿਆ, ਉਹ ਨਹੀਂ ਜਾਣਾ ਨਵਾਂ ਸਰੀਰ ਮਿਲੇਗਾ, ਉਹ ਛੇਤੀ ਨਾਲ ਸ਼ੁਰੂ ਹੋ ਜਾਏਗਾ ਫੇਰ। ਆਪਾਂ ਤਾਂ ਮਰਦੇ ਨਹੀਂ ਹਾਂ ਕੱਪੜਾ ਪਾਉਂਦੇ ਹਾਂ, ਇਕ ਕੱਪੜਾ ਛੱਡਿਆ, ਖਰਾਬ ਹੋ ਗਿਆ, ਦਵਾਈਆਂ ਵਗੈਰਾ ਦੇ ਕੇ ਸਭ ਦੇਖ ਲਿਆ ਕਿ ਪ੍ਰਮੇਸ਼ਰ ਨੂੰ ਕਿਹਾ ਕਿ ਹੁਣ ਤੇਰੀ ਮਰਜ਼ੀ ਹੈ ਕਿ ਜਿਹੋ ਜਿਹਾ ਕੱਪੜਾ ਦੇਣਾ ਹੈ ਦੇ ਦੇ। ਦੇਣਾ ਉਹਨੇ ਹੈ -

***ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥***

***ਅੰਗ - ੨***

ਕਰਮਾਂ ਅਨੁਸਾਰ ਸਾਨੂੰ ਕੱਪੜਾ ਮਿਲਣਾ ਹੈ, ਕਿਤੇ ਆਦਮੀ ਨੂੰ ਬੀਬੀ ਦਾ ਮਿਲ ਜਾਵੇ, ਬੀਬੀ ਨੂੰ ਆਦਮੀ ਦਾ ਮਿਲ ਜਾਏਗਾ, ਕਿਸੇ ਆਦਮੀ ਨੂੰ ਸ਼ੇਰ ਦਾ ਮਿਲ ਜਾਏਗਾ, ਕਿਤੇ ਸ਼ੇਰ ਨੂੰ ਆਦਮੀ ਦਾ ਮਿਲ ਜਾਏਗਾ। ਇਹ ਕੱਪੜਾ ਉਹਨੇ ਦੇਣਾ ਹੈ ਲੇਕਿਨ

ਇਹਦੇ ਜਿਹੜੇ ਕੀਤੇ ਹੋਏ ਕਰਮ ਨੇ ਉਹ ਨਹੀਂ ਜਾਂਦੇ ਉਹ ਉਵੇਂ ਜਿਵੇਂ ਜਮ੍ਹਾਂ ਰਹਿੰਦੇ ਨੇ।

ਐਸੀਆਂ ਸਾਖੀਆਂ ਨੇ ਜੜ੍ਹ ਭਰਤ ਸੀ, ਇਕ ਜਨਮ ਉਹਨੇ ਹਰਨ ਦਾ ਕੱਟਿਆ। ਪਰ ਉਹਦਾ ਗਿਆਨ ਨਾਸ਼ ਨਾ ਹੋਇਆ, ਹਰਨ ਦਾ ਕੱਟ ਲਿਆ ਕਿਉਂਕਿ ਵਾਸ਼ਨਾ ਬਣ ਗਈ। ਉਹ ਵਾਸ਼ਨਾ ਬਣਨ ਨਾਲ ਹਰਨ ਬਣ ਗਿਆ, ਜਦੋਂ ਉਹਨੂੰ ਦੁਬਾਰਾ ਸਰੀਰ ਮਿਲਿਆ ਸਾਰੇ ਦਾ ਸਾਰਾ ਗਿਆਨ ਉਹਦੇ ਪੱਲੇ ਸੀ, ਉਹ ਨਾਸ਼ ਨਹੀਂ ਹੁੰਦਾ। ਤੁਹਾਡੇ ਕਰਮ ਨਹੀਂ ਨਾਸ਼ ਹੁੰਦੇ ਕਦੇ ਵੀ, ਤੁਹਾਡੇ ਨਾਲ ਰਹਿਣੇ ਨੇ ਇਹ, ਚਾਹੇ ਕਰੋੜ ਜਨਮ ਕਰ ਲਓ, ਚਾਹੇ ਲੱਖ ਜਨਮ ਕਰ ਲਓ, ਉਹਦੇ ਵਿਚ ਤੁਹਾਡੇ ਕਰਮ ਚੱਲੀ ਜਾਣੇ ਨੇ, ਜੋ ਤੁਸੀਂ ਸ਼ੁੱਭ ਕਰਮ ਕਰੇ ਨੇ ਨਾ ਇਹ ਨਿਸ਼ਕਾਮ ਕਰਮ ਗੱਲਾਂ ਨਾਲ ਤਾਂ ਨਹੀਂ ਆਉਂਦਾ, ਇਕ ਅਵਸਥਾ ਗਿਆਨ ਦੀ ਜਿਥੇ ਆਦਮੀ ਕਰਮ ਤੋਂ ਉੱਚਾ ਹੋ ਜਾਂਦਾ ਹੈ, ਉਥੇ ਫੇਰ 'ਕਰੈ ਸੁ ਭਲਾ ਮਨਾਈਐ' 'ਚ ਹੁੰਦਾ ਹੈ। ਇਸ ਤਰ੍ਹਾਂ ਜਦੋਂ ਅਸੀਂ ਜੀਵਨ ਬਤੀਤ ਕਰਦੇ ਹਾਂ, ਬਾਣੀ ਪੜ੍ਹੋ, ਅੰਮ੍ਰਿਤ ਵੇਲੇ ਉਠੋ, ਸਤਿਸੰਗ ਨਾ ਕਦੇ ਵੀ ਛੱਡੋ, ਕਿੰਨਾ ਹੀ ਨੁਕਸਾਨ ਹੁੰਦਾ ਹੋਵੇ ਸਤਿਸੰਗ ਜ਼ਰੂਰ ਕਰੋ। ਕਿਉਂਕਿ ਉਥੇ ਹੀ ਰਾਹ ਲੱਭਣਾ ਹੈ ਸਾਨੂੰ, ਜਿਹਦੇ ਵਾਸਤੇ ਅਸੀਂ ਆਏ ਹਾਂ। ਬਾਕੀ ਦਿਨ ਤਾਂ ਮੈਲ ਪੈ ਰਹੀ ਹੈ ਸਾਡੇ ਉਤੇ, ਕਲਜੁਗ ਦੀਆਂ waves, black waves ਚੱਲ ਰਹੀਆਂ ਨੇ। ਲਾਈਟ ਤਾਂ ਇਥੇ ਹੈ ਜਿੱਥੇ ਤੁਸੀਂ ਹੁਣ ਬੈਠੇ ਓ। ਇਥੋਂ ਚਿੱਟੀ wave ਉਠ ਰਹੀ ਹੈ, ਜਿਹੜੀ ਸਾਡੇ ਮਨਾਂ ਦੇ ਵਿਚ ਆ ਕੇ ਸਾਡੇ ਅੰਦਰੋਂ ਹਨ੍ਹੇਰਾ ਦੂਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਸੱਤਵੇਂ ਦਿਨ ਅਸੀਂ ਆਉਂਦੇ ਹਾਂ, ਇਹ ਚੰਗਾ ਹੋਇਆ ਮਹੀਨੇ 'ਚ ਛੇ ਸਤਿਸੰਗ 'ਚ ਇਕੱਠੇ ਹੋ ਜਾਂਦੇ ਹਾਂ। ਇਹ ਕਰਦੇ ਰਹੋ ਇਹਦੇ ਵਿਚੋਂ ਰਾਹ ਲੱਭ ਜਾਣਾ ਹੈ। ਏਸ ਕਰਕੇ ਜਿਸ ਕੰਮ ਨੂੰ ਆਪਾਂ ਕਰਨਾ ਹੈ ਉਹ ਯਾਦ ਰੱਖੋ ਕਿ ਪ੍ਰਮੇਸ਼ਰ ਨੂੰ ਮਿਲਣਾ ਹੈ, ਅਜੇ ਬਣਿਆ ਕੁਛ ਨਹੀਂ ਹੈ, ਚੱਲੋ ਸਤਿਸੰਗ 'ਚ ਰਾਹ ਲੱਭੋ ਉਹਦਾ। ਦਰਅਸਲ ਤਾਂ ਗੁਰੂ ਗ੍ਰੰਥ ਸਾਹਿਬ ਦੇ ਨਾਲ ਜਿਹਦਾ ਜੁੜ ਜਾਵੇ ਨਾ ਸੰਪਰਕ ਇਹ ਰਾਹ ਦੱਸਦੇ ਨੇ, ਹਰ ਸ਼ਬਦ 'ਚ ਰਾਹ ਦੱਸਦੇ ਨੇ, ਕੋਈ ਸ਼ਬਦ ਐਸਾ ਨਹੀਂ ਜਿਥੇ ਨਹੀਂ ਰਾਹ ਦੱਸਿਆ। ਹੁਣ ਇਹ ਪੰਜ ਸੱਤ ਤੁਕਾਂ ਦਾ ਸ਼ਬਦ ਹੈ, ਕਿੱਡਾ ਰਾਹ ਹੈ ਇਹਦੇ ਵਿਚ। ਕਿੱਡੀਓ ਪੁਸਤਕ ਲਿਖ ਲਓ, ਕਿੰਨੀਓ ਵਿਚਾਰ ਕਰ ਲਓ, ਸਾਰਾ ਗਿਆਨ ਇਕ ਥੋੜ੍ਹੀਆਂ ਜਿਹੀਆਂ ਲਾਈਨਾਂ 'ਚ ਬੰਦ ਕਰ ਦਿਤਾ ਮਹਾਰਾਜ ਨੇ। ਹੁਣ ਇਹਨੂੰ ਸਮਝਣ ਦੀ ਲੋੜ ਹੈ, ਕਮਾਉਣ ਦੀ ਲੋੜ ਹੈ ਸਾਧਸੰਗਤ ਜੀ। ਐਨਾ ਕੁ ਹੀ ਬਹੁਤ ਹੈ।

ਵਾਹਿਗੁਰੂ ਜੀ ਕਾ ਖਾਲਸਾ

ਵਾਹਿਗੁਰੂ ਜੀ ਕੀ ਫਤਹਿ।

# ਸਾਕਾ ਸਰਹਿੰਦ

***ਸਤਿਨਾਮ ਸ੍ਰੀ ਵਾਹਿਗੁਰੂ***
***ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ***

***ਧਾਰਨਾ - ਆਪ ਮੁਕਤ ਮੋਹਿ ਤਾਰੇ ਜੀ***
***ਐਸੇ ਗੁਰ ਕੋ ਬਲ ਬਲ ਜਾਈਏ।***

*ਨਾਰਾਇਨ ਨਰਪਤਿ ਨਮਸਕਾਰੈ ॥*
*ਐਸੇ ਗੁਰ ਕਉ ਬਲਿ ਬਲਿ ਜਾਈਐ*
*ਆਪਿ ਮੁਕਤੁ ਮੋਹਿ ਤਾਰੈ ॥ ੧ ॥ ਰਹਾਉ ॥*
*ਕਵਨ ਕਵਨ ਕਵਨ ਗੁਨ ਕਹੀਐ*
*ਅੰਤੁ ਨਹੀ ਕਛੁ ਪਾਰੈ ॥*
*ਲਾਖ ਲਾਖ ਲਾਖ ਕਈ ਕੋਰੈ*
*ਕੋ ਹੈ ਐਸੋ ਬੀਚਾਰੈ ॥ ੧ ॥*
*ਬਿਸਮ ਬਿਸਮ ਬਿਸਮ ਹੀ ਭਈ ਹੈ*
*ਲਾਲ ਗੁਲਾਲ ਰੰਗਾਰੈ ॥*
*ਕਹੁ ਨਾਨਕ ਸੰਤਨ ਰਸੁ ਆਈ ਹੈ*
*ਜਿਉ ਚਾਖਿ ਗੂੰਗਾ ਮੁਸਕਾਰੈ ॥ ਅੰਗ - ੧੩੦੧*

***ਧਾਰਨਾ - ਨਿਰਵੈਰ ਨਿਰਾਲਾ ਜੀ,***
***ਸਤਿਗੁਰ ਪੁਰਖ ਅਗੰਮ ਹੈ।***

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ ਵਿਚ ਪਹੁੰਚੇ ਹੋ।

***ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।***
***ਜਾਣਹੁ ਧਰਤੀ ਧਰਮ ਕੀ, ਸਚੀ ਧਰਮਸਾਲਾ।***
***ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮਾਲਾ।***
***ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।***
***ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।***
***ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹ ਕਾਲਾ।***
***ਭਾਈ ਗੁਰਦਾਸ ਜੀ, ਵਾਰ 34/1***

ਗੁਰੂ ਸਤਿਗੁਰੂ, ਗੁਰੂ ਨਾਨਕ ਸਾਹਿਬ ਦਾ ਗੁਰੂਆਂ ਵਿਚ ਦਰਜਾ ਹੁੰਦਾ ਹੈ। ਇਹ ਇਕ ਬੜੇ ਭੁਲੇਖੇ ਦੀ ਗੱਲ ਹੈ। ਗੁਰੂ ਜਦੋਂ ਤੋਂ ਸੰਸਾਰ ਰਚਿਆ ਹੈ ਉਸ ਵੇਲੇ ਤੋਂ ਹੀ ਹੁੰਦੇ ਆਏ ਨੇ। ਜਦੋਂ ਤੱਕ ਸੰਸਾਰ ਰਹਿਣਾ ਹੈ ਉਸ ਵੇਲੇ ਤੱਕ ਉਨ੍ਹਾਂ ਨੇ ਰਹਿਣਾ ਹੈ। ਚਾਹੇ ਹਿਸਾਬ ਪੜ੍ਹਾਉਣ ਵਾਲਾ ਹੈ, ਚਾਹੇ ਮੈਡੀਕਲ ਸਾਇੰਸ ਪੜ੍ਹਾਉਣ ਵਾਲਾ ਹੈ, ਚਾਹੇ ਇੰਜਨੀਰਿੰਗ ਪੜ੍ਹਾਉਣ ਵਾਲਾ ਹੈ। ਅੰਗ੍ਰੇਜ਼ੀ 'ਚ ਅਸੀਂ ਉਹਨੂੰ ਮਾਸਟਰ ਕਹਿੰਦੇ ਹਾਂ, ਟੀਚਰ ਕਹਿੰਦੇ ਹਾਂ, ਪ੍ਰੋਫੈਸਰ ਕਹਿੰਦੇ ਹਾਂ, ਉਸਤਾਦ ਕਹਿੰਦੇ ਹਾਂ। ਲੇਕਿਨ ਇਹ ਜੋ ਭਾਰਤ ਵਰਸ਼ ਦੀ ਸੰਸਕ੍ਰਿਤੀ ਸੀ। ਇਹਦੇ ਵਿਚ ਕੁਛ ਆਦਰ ਜ਼ਿਆਦਾ ਸੀ ਇਨ੍ਹਾਂ ਵਾਸਤੇ। ਜਦੋਂ ਤੋਂ ਟੀਚਰ ਅੱਖਰ ਆ ਗਿਆ, ਵਿਦਿਆਰਥੀ ਦਾ ਸਬੰਧ ਟੀਚਰ ਨਾਲੋਂ ਬਹੁਤ ਪਤਲਾ ਹੋ ਗਿਆ, ਮਾਸਟਰ ਨਾਲ ਪਤਲਾ ਹੋ ਗਿਆ। ਲੇਕਿਨ ਜੋ ਗੁਰੂ ਸੀ ਉਸ ਦੇ ਨਾਲ ਸਬੰਧ ਬਹੁਤ ਗਾੜ੍ਹਾ ਹੋਇਆ ਕਰਦਾ ਸੀ। ਸੇਵਾ ਕਰਨੀ, ਉਹਦਾ ਹੁਕਮ ਮੰਨਣਾ, ਉਸਦੀ ਦੱਸੀ ਹੋਈ ਮਰਿਆਦਾ ਤੇ ਚੱਲਣਾ, ਭਾਵੇਂ ਉਹ ਪਰਾ ਵਿਦਿਆ ਦਾ ਉਸਤਾਦ ਹੈ, ਚਾਹੇ ਅਪਰਾ ਵਿਦਿਆ ਦਾ। ਜੋ ਪਰਾ ਵਿਦਿਆ ਦਾ ਉਸਤਾਦ ਹੁੰਦਾ ਹੈ, ਜਿਸਨੂੰ ਗੁਰੂ ਆਖਦੇ ਸੀ, ਉਹਦੀ ਖਾਸ ਵਡਿਆਈ ਹੋਇਆ ਕਰਦੀ ਸੀ, ਖਾਸ ਸ਼ਰਧਾ ਹੋਇਆ ਕਰਦੀ ਸੀ। ਕਿਉਂਕਿ ਉਸ ਨੇ ਇਸ ਜੀਵ ਨੂੰ ਰਾਹ ਦੱਸਣਾ ਹੁੰਦਾ, ਹਨ੍ਹੇਰੇ 'ਚੋਂ ਕੱਢਣਾ ਹੁੰਦਾ, ਪ੍ਰਕਾਸ਼ 'ਚ ਪਾਉਣਾ ਹੁੰਦਾ। ਇਹ ਆਦਿ ਜੁਗਾਦਿ ਤੋਂ ਚਲਿਆ ਆਉਂਦਾ ਹੈ, ਏਸੇ ਤਰ੍ਹਾਂ ਦੇ ਨਾਲ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਅਨੰਦਪੁਰ ਦਾ ਘੋਰ ਸੰਗਰਾਮ ਹੋ ਰਿਹਾ ਹੈ। ਚਿੱਠੀ ਆਉਂਦੀ ਹੈ ਕਿ ਤੁਸੀਂ ਕਾਹਨੂੰ ਐਨੀ ਤਕਲੀਫ ਕੱਟ ਰਹੇ ਹੋ। ਝਗੜਾ ਐਨਾ ਹੀ ਹੈ ਕਿ ਤੁਸੀਂ ਕਿਲ੍ਹਾ ਖਾਲੀ ਕਰ ਦਿਓ ਤੇ ਸਾਰਾ ਭਾਰਤ ਵਰਸ਼ ਹੀ ਤੁਹਾਡਾ ਹੈ, ਜਿਥੇ ਤੁਹਾਡਾ ਜੀਅ ਕਰਦਾ ਹੈ, ਚਲੇ ਜਾਓ ਤੇ ਅਸੀਂ safety ਨਾਲ ਤੁਹਾਨੂੰ ਜਾਣ ਦਿਆਂਗੇ। ਮਹਾਰਾਜ ਕਹਿੰਦੇ, ਛਲ ਹੈ ਇਹ। ਕਪਟ ਹੈ। ਕਪਟ ਨੰਗਾ ਕਰ ਦਿਤਾ। ਦੂਜੀ ਵਾਰੀ ਫੇਰ ਆਇਆ ਉਸ ਤੋਂ ਵੱਧ ਕਸਮਾਂ ਖਾਧੀਆਂ ਗਈਆਂ, ਕੁਰਾਨ ਸ਼ਰੀਫ ਬੜੇ ਆਦਰ ਤੇ ਸਤਿਕਾਰ ਨਾਲ ਲੈ ਕੇ ਉਥੇ ਪਹੁੰਚਦੇ ਨੇ, ਮਹਾਰਾਜ ਜੀ ਨੇ ਇਕ ਬਚਨ ਕਿਹਾ ਉਥੇ, ਇਤਿਹਾਸਾਂ 'ਚ ਆਉਂਦਾ ਹੈ। ਮਹਾਰਾਜ ਕਹਿੰਦੇ, ਜੇ ਕੁਰਾਨ ਦੀ ਇੱਜ਼ਤ ਅਸੀਂ ਨਾ ਰੱਖੀ ਤਾਂ ਸੰਸਾਰ 'ਚ ਕੌਣ ਰੱਖੇਗਾ। ਇਹ ਸਾਡਾ ਫਰਜ਼ ਬਣ ਜਾਂਦਾ ਹੈ ਕਿ ਧਰਮ ਪੁਸਤਕਾਂ ਦੀ ਇੱਜ਼ਤ ਕਰਨੀ, ਵੇਦ ਦੀ, ਕੁਰਾਨ ਦੀ, ਇਹ ਮੂਰਖ ਲੋਕ ਨੇ ਜਿਹੜੇ ਬੇਅਦਬੀਆਂ ਕਰਦੇ ਨੇ, ਗੁਰੂ ਗ੍ਰੰਥ ਸਾਹਿਬ ਦੀ, ਕੁਰਾਨ ਸ਼ਰੀਫ ਦੀ, ਵੇਦਾਂ ਦੀ। ਮਹਾਰਾਜ ਕਹਿੰਦੇ, ਜਦੋਂ ਇਹ ਜਾਮਨ ਆ ਗਿਆ ਹੁਣ ਸਾਨੂੰ ਕਿੰਨੀਆਂ ਹੀ ਤਕਲੀਫਾਂ ਕਿਉਂ ਨਾ ਹੋਣ ਅਸੀਂ ਇਹਦਾ ਮਾਣ ਰੱਖਣਾ ਹੈ, ਕੁਰਾਨ ਸ਼ਰੀਫ ਦਾ। ਜਿਨ੍ਹਾਂ ਨਾਲ ਸਾਡਾ ਯੁੱਧ ਹੋ ਰਿਹਾ ਹੈ, ਉਨ੍ਹਾਂ ਦਾ ਇਸ਼ਟ ਹੈ ਇਹ। ਇਸ਼ਟ ਦਾ ਅਸੀਂ ਮਾਨ ਰੱਖਣਾ ਹੈ। ਭਾਵੇਂ ਛਲ ਦਿਸਦਾ ਸੀ ਪਰ ਮਹਾਰਾਜ ਨੇ ਬਚਨ ਵੀ ਕੀਤਾ ਸੀ ਕਿ ਸੱਤ ਦਿਨ ਹੋਰ ਠਹਿਰੋ ਪਰ ਕਾਹਲ ਬਹੁਤ ਪਈ ਹੋਈ ਸੀ। ਅਖੀਰ ਕਿਲ੍ਹਾ ਛੱਡ ਦਿਤਾ। ਕਾਫੀ ਦੂਰ ਆ ਜਾਂਦੇ ਨੇ ਤੇ ਪਿੱਛੋਂ ਹੱਲਾ ਕਰ ਦਿਤਾ। ਭਾਈ ਉਦੈ ਸਿੰਘ ਜਿਸਨੇ ਰਾਜੇ ਦਾ ਸੀਸ ਕੱਟਿਆ ਸੀ, ਜਸਵਾਲੀਏ ਦਾ ਉਹ ਪਿਛੇ ਰੁਕ ਗਿਆ। ਸਾਹਿਬਜ਼ਾਦੇ ਦਾ ਉਸਨੂੰ ਪਤਾ ਲੱਗਿਆ ਕਿ ਘਿਰ ਗਿਆ। ਸਾਹਿਬ ਅਜੀਤ ਸਿੰਘ ਨੂੰ

ਕੱਢ ਦਿਤਾ ਗਿਆ, ਘੇਰੇ ਦੇ ਵਿਚ ਆਪ ਆ ਗਿਆ। ਉਸ ਤੋਂ ਬਾਅਦ ਉਥੇ ਸ਼ਹਾਦਤ ਪ੍ਰਾਪਤ ਹੋ ਗਈ। ਉਹਦਾ ਥਾਂ ਜੀਵਨ ਸਿੰਘ ਜੀ ਨੇ ਲੈ ਲਿਆ। ਜੋ ਸੀਸ ਲੈ ਕੇ ਆਏ ਸੀ ਗੁਰੂ ਨੌਵੇਂ ਪਾਤਸ਼ਾਹ ਦਾ।

ਇਧਰ ਸਰਸਾ ਚੜ੍ਹਿਆ ਹੋਇਆ ਹੈ, ਗੁਰੂ ਮਹਾਰਾਜ ਨਾਲ ਜਿਨ੍ਹਾਂ ਲਿਟਰੇਚਰ 102 ਲਿਖਾਰੀਆਂ ਨੇ ਲਿਖਿਆ ਸੀ, ਉਹ ਗੱਡਿਆਂ ਦੇ ਉਤੇ ਲੱਦਿਆ ਹੋਇਆ ਨਾਲ ਹੈ। ਬਹੁਤ ਵੱਡਾ ਲਿਟਰੇਚਰ ਮਹਾਰਾਜ ਨੇ ਸਾਡੇ ਵਾਸਤੇ, ਸਾਡੀ ਗਿਆਤ ਵਾਸਤੇ 52 ਕਵੀ ਤੇ 50 ਲਿਖਾਰੀ, ਲਗਾਤਾਰ ਲਿਖਦੇ ਰਹੇ ਤੇ ਖਰਚ ਕਿੰਨਾ ਕਰਿਆ। ਇਕੱਲੇ ਮਹਾਂਭਾਰਤ ਦੇ ਉਤੇ ਦੋ ਲੱਖ ਰੁਪਈਆ ਖਰਚ ਹੋਇਆ। ਜਦੋਂ ਮੰਗਲ ਕਵੀ ਨੂੰ ਭੇਜਿਆ ਗਿਆ, ਸੌ ਦੋ ਸੌ ਬੰਦਾ ਉਹਦੀ ਰਾਖੀ ਵਾਸਤੇ ਭੇਜਿਆ ਗਿਆ। ਰਾਇਪੁਰ ਦੀ ਰਾਣੀ ਨੂੰ ਭੁਲੇਖਾ ਪੈ ਗਿਆ ਕਿ ਕੋਈ ਦੁਸ਼ਮਣ ਚੜ੍ਹਿਆ ਆਉਂਦਾ ਹੈ ਉਹਨੇ ਕਿਲ੍ਹੇ 'ਚੋਂ ਫਾਇਰ ਕਰਿਆ, ਉਨ੍ਹਾਂ ਨੇ ਚਿੱਟਾ ਝੰਡਾ ਕੱਢਿਆ, ਰਾਣੀ ਦੇ ਕੋਲ ਆ ਗਏ ਤੇ ਕਹਿਣ ਲੱਗੇ ਕਿ ਅਸੀਂ ਤਾਂ ਗੁਰੂ ਦਸ਼ਮੇਸ਼ ਪਿਤਾ ਦੇ ਦਰਬਾਰ 'ਚੋਂ ਆਏ ਹਾਂ, ਉਸ ਪਾਤਸ਼ਾਹ ਨੇ ਲਿਟਰੇਚਰ ਦੀ ਕਦਰ ਕਰਦਿਆਂ ਹੋਇਆਂ ਐਨਾ ਧਨ ਦੇ ਦਿਤਾ ਕਿ ਰਾਜਿਆਂ ਨੂੰ ਭੁਲੇਖਾ ਪੈ ਗਿਆ ਕਿ ਕੋਈ ਦੁਸ਼ਮਣ ਚੜ੍ਹਿਆ ਆ ਰਿਹਾ ਹੈ। ਐਨੇ ਦਿਆਲੂ, ਕ੍ਰਿਪਾਲੂ ਪਾਤਸ਼ਾਹ। ਬੜਾ ਲਿਟਰੇਚਰ ਤਿਆਰ ਹੋਇਆ ਲੇਕਿਨ ਸਰਸਾ ਅੱਗੇ ਚੜ੍ਹਿਆ ਹੋਇਆ, ਕੋਈ ਤਰੀਕਾ ਨਹੀਂ ਸੀ ਲੰਘਣ ਦਾ। ਉਸ ਵੇਲੇ ਦੁਸ਼ਮਣ ਆ ਰਿਹਾ ਹੈ ਤੇ ਮਹਾਰਾਜ ਨੇ ਕਿਹਾ ਭਾਈ, ਠੀਕ ਹੈ ਆਤਮਕ ਖੁਰਾਕ ਅੱਜ ਨਹੀਂ ਮਿਲੀ, ਆਸਾ ਜੀ ਦੀ ਵਾਰ ਦਾ ਕੀਰਤਨ ਸ਼ੁਰੂ ਹੋ ਜਾਵੇ। ਸਰਸੇ ਦੇ ਕੰਢੇ ਤੇ ਆਸਾ ਜੀ ਦੀ ਵਾਰ ਦਾ ਕੀਰਤਨ ਸ਼ੁਰੂ ਹੋ ਗਿਆ ਤੇ ਨੇੜੇ ਹੀ ਲੜਾਈ ਹੋ ਰਹੀ ਹੈ। ਭੋਗ ਪਿਆ ਤੇ ਤਿੰਨ ਹਿੱਸਿਆਂ ਵਿਚ ਮਹਾਰਾਜ ਜੀ ਨੇ ਵੰਡ ਦਿਤੇ। ਮਾਤਾਵਾਂ, ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਕੌਰ ਜੀ ਮਨੀ ਸਿੰਘ ਜੀ ਦੇ ਨਾਲ ਤੋਰ ਦਿਤੇ ਕਿ ਤੁਸੀਂ ਇਨ੍ਹਾਂ ਨੂੰ ਲੈ ਕੇ ਦਿੱਲੀ ਪਹੁੰਚੋ। ਪਹਿਲਾਂ ਉਹ ਹਰਿਦੁਆਰ ਪਹੁੰਚਦੇ ਨੇ, ਉਥੋਂ ਫੇਰ ਭੇਸ ਵਟਾ ਕੇ ਦਿੱਲੀ ਤੱਕ ਜਾਂਦੇ ਨੇ, ਛੋਟੇ ਸਾਹਿਬਜ਼ਾਦਿਆਂ ਨੂੰ ਤੇ ਮਾਤਾ ਜੀ ਨੂੰ ਦੂਸਰੇ ਦਲ ਵਿਚ ਕਰ ਦਿਤਾ, ਹਦਾਇਤਾਂ ਦੇ ਦਿਤੀਆਂ ਕਿ ਕਿੱਥੇ ਪਹੁੰਚਣਾ ਹੈ। ਆਪ ਥੋੜ੍ਹੇ ਜਿਹੇ ਸਿੰਘਾਂ ਦੇ ਨਾਲ ਸਰਸਾ ਪਾਰ ਕਰ ਰਹੇ ਨੇ। ਪਾਲਕੀਆਂ ਨੂੰ ਪਾਰ ਕਰਦੇ ਬਹੁਤ ਸਾਰੇ ਸਿੰਘ ਦਰਿਆ ਦੇ ਵਿਚ ਹੜ੍ਹ ਗਏ। ਮਹਾਰਾਜ ਜੀ ਦੇ ਨਾਲ ਸਿਰਫ ਥੋੜ੍ਹੇ ਜਿਹੇ ਸਿੰਘ ਬਾਹਰ ਨਿਕਲੇ। ਜਿਨ੍ਹਾਂ 'ਚੋਂ ਕਾਫੀ ਆ ਕੇ ਰੋਪੜ ਤੱਕ ਸ਼ਹੀਦੀਆਂ ਹੀ ਪ੍ਰਾਪਤ ਕਰ ਗਏ, ਅਖੀਰ ਆਪ ਨਿਹੰਗ ਖਾਨ ਦੇ ਕਿਲ੍ਹੇ ਵਿਚ ਠਹਿਰੇ। ਇਕ ਰਾਤ ਕੱਟੀ ਉਥੇ ਮਹਾਰਾਜ ਨੇ। ਨਿਹੰਗ ਖਾਨ ਪਠਾਨ ਉਸ ਨੇ ਆਪਣੀ ਜਾਨ ਦੀ ਬਾਜ਼ੀ ਲਾ ਕੇ ਰਾਖੀ ਕਰੀ। ਕਿਲ੍ਹੇ ਤੇ ਸਖਤ ਪਹਿਰੇ ਲਾ ਦਿਤੇ।

ਇਥੇ ਇਕ ਬੇਨਤੀ ਹੈ ਕਿ ਕਈ ਪ੍ਰੇਮੀ ਇਹ ਕਹਿੰਦੇ ਨੇ ਕਿ ਜੀ, ਮੁਸਲਮਾਨ ਦਾ ਇਤਬਾਰ ਨਾ ਕਰੋ, ਭਾਵੇਂ ਉਹ ਲੱਖਾਂ ਸੁਗੰਧਾਂ ਖਾ ਲਏ। ਬੜੀ ਗਲਤੀ ਹੈ ਉਨ੍ਹਾਂ ਪ੍ਰੇਮੀਆਂ ਦੀ। ਕਿਉਂਕਿ ਇਤਿਹਾਸਕ ਤੱਥਾਂ ਤੋਂ ਜੇ ਅਸੀਂ ਦੇਖੀਏ ਤਾਂ ਗੁਰੂ ਨਾਨਕ ਮਹਾਰਾਜ ਨਾਲ ਜਿੰਨੀ ਬਾਣੀ ਸਾਡੀ ਰਾਗਾਂ 'ਚ ਆਈ ਹੈ, ਭਾਈ ਮਰਦਾਨੇ ਕਰਕੇ ਆਈ ਹੈ। ਉਹ ਤਾਂ ਅਮਰ ਯਾਦ ਹੈ ਉਸਦੀ। ਜੇ ਉਸੇ ਕੌਮ ਨੂੰ ਨਫਰਤ ਕਰੀਏ ਤਾਂ ਫੇਰ ਤਾਂ ਅਸੀਂ ਗਲਤ ਹਾਂ। ਬਾਬਾ ਫਰੀਦ ਵਿਚ ਬੈਠੇ ਨੇ, ਬੇਅੰਤ ਬੈਠੇ ਨੇ ਤੇ ਜੇ ਮਹਾਰਾਜ ਇਹ ਗੱਲ ਕਹਿੰਦੇ ਤਾਂ ਨਿਹੰਗ ਖਾਨ ਦੇ ਕਿਲ੍ਹੇ ਵਿਚ ਕਿਵੇਂ ਆ ਜਾਂਦੇ, ਇਹ ਨਿਰਮੂਲ ਗੱਲਾਂ ਨੇ ਸਾਰੀਆਂ। ਬਾਅਦ ਵਿਚ ਚਾਲਾਕ ਬੰਦਿਆਂ ਨੇ ਪੱਖ ਕਰਕੇ, ਮਿਲਾਵਟਾਂ ਕਰਕੇ, ਸਾਨੂੰ ਧੋਖੇ ਵਿਚ ਰੱਖਣ ਲਈ ਪਾ ਦਿਤੀਆਂ। ਉਸੇ ਵੇਲੇ ਗੁਰੂ ਮਹਾਰਾਜ ਦਾ ਜਦੋਂ ਪਤਾ ਲਗਦਾ ਹੈ, ਬੁੱਧ ਚੰਦ ਚਮਕੌਰ ਸਾਹਿਬ ਦਾ ਚੌਧਰੀ ਗੁਰੂ ਮਹਾਰਾਜ ਕੋਲ ਆਉਂਦਾ ਹੈ ਕਹਿੰਦਾ ਸੱਚੇ ਪਾਤਸ਼ਾਹ! ਤੁਸੀਂ ਬਹੁਤ ਵੱਡੀ ਕੁਰਬਾਨੀ ਕਰੀ ਹੈ। ਹੋਰ ਤਾਂ ਅਸੀਂ ਤੁਹਾਡੀ ਮਦਦ ਕੋਈ ਨਹੀਂ ਕਰ ਸਕਦੇ। ਤੁਸੀਂ ਇਥੇ ਰੋਪੜ ਨਾ ਠਹਿਰੋ, ਚਮਕੌਰ ਚੱਲੋ। ਉਚੀ ਗੜ੍ਹੀ ਹੈ, ਉਸ ਥਾਂ ਕੁਛ ਮੁਕਾਬਲਾ ਹੋ ਸਕਦਾ ਹੈ, ਇਹ ਮੈਦਾਨ ਵਿਚ ਨਹੀਂ ਹੋਣਾ। ਮਹਾਰਾਜ ਜੀ ਚਮਕੌਰ ਸਾਹਿਬ ਨੂੰ ਚੱਲ ਪੈਂਦੇ ਨੇ। ਬੜਾ ਭਿਆਨਕ ਉਥੇ ਯੁੱਧ ਹੁੰਦਾ ਹੈ, ਸਾਹਿਬਜ਼ਾਦੇ ਦੋ ਸ਼ਹੀਦ ਹੋ ਜਾਂਦੇ ਨੇ। ਦਿਨ ਭਰ ਲੜਾਈ ਹੁੰਦੀ ਹੈ, ਗੁਰੂ ਮਹਾਰਾਜ ਜੀ ਪੰਜ ਸਿੰਘਾਂ ਦਾ ਹੁਕਮ ਮੰਨ ਕੇ ਏਸ ਸ਼ਰਤ ਤੇ ਬਾਹਰ ਜਾਂਦੇ ਨੇ ਕਿ ਅਸੀਂ ਚੋਰੀ ਨਹੀਂ ਜਾਣਾ। ਅਸੀਂ ਦੱਸ ਕੇ ਜਾਣਾ ਹੈ, ਉਸ ਵੇਲੇ ਮਹਾਰਾਜ ਜੀ ਨੇ ਅਧੀ ਰਾਤ ਨੂੰ ਨਰਸਿੰਗਾ ਵਜਾਇਆ। ਪਤਾ ਲੱਗਿਆ ਕਿ ਹਮਲਾ ਹੋਣ ਵਾਲਾ ਹੈ ਅੰਦਰੋਂ। ਫੌਜਾਂ ਖਬਰਦਾਰ ਹੋ ਗਈਆਂ ਸਾਰੀਆਂ। ਮਹਾਰਾਜ ਜੀ ਨਿਕਲ ਜਾਂਦੇ ਨੇ ਤਿੰਨ ਸਿੰਘਾਂ ਦੇ ਨਾਲ ਤੇ ਉੱਚੀ ਟਿੱਬੀ ਤੇ ਜਾ ਕੇ ਉਨ੍ਹਾਂ ਨੇ 'ਪੀਰ-ਏ-ਹਿੰਦ ਮੇ ਰਵੀ' ਹਿੰਦੁਸਤਾਨ ਦਾ ਪੀਰ ਜਾ ਰਿਹਾ ਹੈ, ਫੜ ਲਓ ਜਿਹਨੇ ਫੜਨਾ ਹੈ। ਆਪ ਮਾਛੀਵਾੜੇ ਪਹੁੰਚਦੇ ਨੇ ਓਸ ਥਾਂ ਤੇ ਕੌਤਕ ਹੁੰਦਾ ਹੈ ਤੇ ਉਥੋਂ ਨਿਕਲ ਕੇ ਆਪ ਆਹਿਸਤਾ-ਆਹਿਸਤਾ ਆਪ ਰਾਏ ਕੱਲੇ ਦੇ ਪਾਸ ਪਹੁੰਚ ਜਾਂਦੇ ਨੇ। ਰਾਏ ਕੱਲਾ ਮੁਸਲਮਾਨ ਨਵਾਬ ਸੀ, ਸ਼ਰਧਾਲੂ ਸੀ ਤੇ ਉਹ ਲੈ ਜਾਂਦਾ ਹੈ। ਕੱਢਣ ਵਾਲੇ ਕੌਣ ਨੇ, ਗਨੀ ਖਾਂ, ਨਬੀ ਖਾਂ। ਗਵਾਹੀ ਦੇਣ ਵਾਲਾ ਕੌਣ ਹੈ, ਸਲੋਹ ਵਾਲਾ ਪੀਰ। A Friend in need is a friend indeed. ਵਕਤ ਪਏ ਤੇ ਜਿਹੜਾ ਕੰਮ ਆਵੇ ਉਹ ਮਿਤਰ ਹੋਇਆ ਕਰਦਾ ਹੈ। ਕਿਸ ਤਰ੍ਹਾਂ ਅਸੀਂ ਕਿਸੇ ਕੌਮ ਨੂੰ ਬੁਰਾ ਕਹਿ ਸਕਦੇ ਹਾਂ।

ਗੱਲਾਂ ਨੇ ਜੋਸ਼ ਦਿਵਾਉਣ ਵਾਲੀਆਂ। ਜਦੋਂ ਅਸੀਂ ਪਰਖਦੇ ਹਾਂ ਤਾਂ ਗੱਲ ਹੋਰ ਨਿਕਲਦੀ ਹੈ। ਸੋ ਏਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਨੇ ਉਥੋਂ ਭੇਜਿਆ ਮਾਹੀ ਨੂੰ ਕਿ ਅੱਜ ਤੂੰ ਸਰਹੰਦ ਜਾ ਕੇ ਪਤਾ ਕਰ, ਕਿਉਂਕਿ ਉਡਦੀ-ਉਡਦੀ ਗੱਲ ਦਾ ਪਤਾ ਲੱਗ ਗਿਆ ਸੀ ਕਿ ਮਾਤਾ ਗੁਜਰੀ ਜੀ ਦਰਿਆ ਦੇ ਕੰਢੇ, ਉਥੇ ਇਕ ਝੌਂਪੜੀ ਸੀ ਮੁਆਸ਼ਕੀ ਦੀ। ਉਸ ਮੁਆਸ਼ਕੀ ਦੀ ਝੌਂਪੜੀ ਵਿਚ ਦੋ ਦਿਨ ਰਹੇ। ਠੰਢ ਦੇ ਵਿਚ ਕੱਪੜਾ ਕੋਈ ਨਹੀਂ ਹੈ। ਉਥੋਂ ਆ ਕੇ ਗੰਗੂ ਬ੍ਰਾਹਮਣ ਨਾਲ ਲੈ ਗਿਆ। ਬੜਾ ਉਸ ਨੇ ਕਿਹਾ ਕਿ ਮਾਤਾ ਜੀ ਮੇਰਾ ਘਰ ਬਹੁਤ ਸੁਰਖੱਸ਼ਿਤ ਹੈ, ਤੁਸੀਂ ਉਥੇ ਚੱਲੋ। ਨਿਗ੍ਹਾ ਉਸਦੀ ਕਾਹਦੇ ਤੇ ਸੀ ਇਕ ਖੱਚਰ ਧਨ ਦੀ ਭਰੀ ਹੋਈ ਸੀ। ਇਹ ਕੰਮ ਮੁਆਸ਼ਕੀ ਜੋ ਸੀ ਇਸਨੇ ਬੜੀ ਗੁਪਤ ਤਰੀਕੇ ਨਾਲ ਸੇਵਾ ਕਰੀ ਤੇ ਉਥੇ ਇਕ ਲਛਮਣੀ ਬ੍ਰਾਹਮਣੀ ਸੀ। ਜਿਹੜੀ ਵੇਲੇ ਕੁਵੇਲੇ ਪ੍ਰਸ਼ਾਦੇ ਲਿਆ ਕੇ ਸਾਹਿਬਜ਼ਾਦਿਆਂ ਤੇ ਮਾਤਾ ਜੀ ਨੂੰ ਛਕਾ ਜਾਂਦੀ ਸੀ ਕਿਸੇ ਨੂੰ ਸ਼ੱਕ ਵੀ ਨਾ ਪਵੇ, ਐਸੇ ਤਰ੍ਹਾਂ ਨਾਲ ਆਉਂਦੀ ਸੀ।

ਪਰ ਅੱਗੇ ਗੰਗੂ ਅਪਣੇ ਘਰ ਲੈ ਆਇਆ, ਇਹਨੇ ਆਉਂਦੇ ਹੀ ਰੌਲਾ ਪਾ ਦਿਤਾ। ਚੋਰ ਲੈ ਗਏ ਪੈਸਾ। ਮਾਤਾ ਜੀ ਕਹਿਣ ਲੱਗੇ, ਬੇਟਾ! ਪੈਸੇ ਦੀ ਤੈਨੂੰ ਲੋੜ ਹੈ, ਤੂੰ ਰੱਖ ਲੈ। ਆਹ ਗੱਲ ਨਾ ਕਰ। ਐਸ ਵੇਲੇ ਸਮਾਂ ਬੜਾ ਨਾਜ਼ੁਕ ਹੈ। ਕੋਠੇ ਤੇ ਚੜ੍ਹ ਕੇ ਰੌਲਾ ਨਾ ਪਾ। ਉਹ ਜਾ ਕੇ ਮੁਰਿੰਡੇ ਸ਼ਿਕਾਇਤ ਕਰ ਦਿੰਦਾ ਹੈ ਤੇ ਉਥੋਂ ਆ ਕੇ ਸਾਹਿਬਜ਼ਾਦਿਆਂ ਨੂੰ ਗ੍ਰਿਫਤਾਰ ਕੀਤਾ ਜਾਂਦਾ ਹੈ, ਇਕ ਰਾਤ ਜੇਲ੍ਹ ਦੇ ਵਿਚ ਰੱਖਦੇ ਨੇ। ਐਸਾ ਇਤਿਹਾਸ ਵਿਚ ਲਿਖਿਆ ਹੈ ਕਿ ਮਾਤਾ ਜੀ ਨੂੰ ਤੇ ਸਾਹਿਬਜ਼ਾਦਿਆਂ ਨੂੰ ਹੱਥਕੜੀਆਂ ਵੀ ਲਾ ਦਿਤੀਆਂ ਤੇ ਬੇੜੀਆਂ ਵੀ। ਜਿਵੇਂ ਕੋਈ ਬਹੁਤ ਵੱਡੇ ਗੁਨਹਗਾਰ ਹੱਥ ਆਏ ਹੁੰਦੇ ਨੇ।

ਸੰਤ ਬਾਬਾ ਅਜੀਤ ਸਿੰਘ ਨਥਲਪੁਰ ਵਾਲਿਆਂ ਦੇ ਬਜ਼ੁਰਗਾਂ ਤੋਂ ਰੱਥ ਮੰਗਾਇਆ ਉਸ ਰੱਥ 'ਚ ਬਿਠਾ ਕੇ ਆਪ ਬਸੀ ਲੈ ਗਏ, ਬਸੀ ਤੋਂ ਅਗਲੇ ਦਿਨ ਇਹੀ ਠਾਣੇਦਾਰ ਜਿਹੜਾ ਸੀ ਇਹ ਸਰਹੰਦ ਲੈ ਆਉਂਦਾ ਹੈ। ਸੋ ਇਹ ਜੋ ਸਾਰਾ ਵਾਕਾ ਸੀ, ਜਿਸ ਵਕਤ ਮਹਾਰਾਜ ਜੀ ਨੇ ਭੇਜਿਆ ਮਾਹੀ ਨੂੰ ਕਿ ਤੂੰ ਜਾਹ ਜਾ ਕੇ ਖਬਰ ਲੈ ਕੇ ਆ। ਬੜਾ ਚੁਸਤ ਬੰਦਾ ਸੀ, ਹੁਸ਼ਿਆਰ ਸੀ। ਉਹ ਜਦੋਂ ਖਬਰ ਲੈ ਕੇ ਜਾਂਦਾ ਹੈ। ਮਹਾਰਾਜ ਜੀ ਉਸਦਾ ਇੰਤਜ਼ਾਰ ਕਰ ਰਹੇ ਨੇ। ਥੋੜ੍ਹਾ ਲੇਟ ਹੋ ਗਿਆ, ਮਹਾਰਾਜ ਜੀ ਨੇ ਕਿਹਾ ਦੇਖੋ ਮਾਹੀ ਆ ਰਿਹਾ ਹੈ। ਆਪ ਬਾਹਰ ਪਲੰਘ ਤੇ ਬੈਠੇ ਨੇ। ਕਹਿੰਦੇ ਮਹਾਰਾਜ! ਦਿਸਦਾ ਨਹੀਂ। ਫੇਰ ਮਹਾਰਾਜ ਜੀ ਨੇ ਦੂਜੀ ਵਾਰੀ, ਤੀਜੀ ਵਾਰੀ, ਪੰਜਵੀਂ ਵਾਰੀ ਕਿਹਾ ਕਿ ਦੇਖੋ ਤਾਂ। ਅਖੀਰ ਕਿਹਾ ਕਿ ਦਰਖਤ ਦੇ ਉਤੇ ਚੜ੍ਹ ਕੇ ਦੇਖੋ। ਉਚਾ ਬੋਹੜ ਦਾ ਦਰਖਤ ਸੀ ਉਹਦੇ ਉਤੇ ਚੜ੍ਹੇ ਤਾਂ ਪਤਾ ਲੱਗਿਆ ਤੇ ਕਹਿਣ ਲੱਗੇ, ਹਾ ਜੀ ਆ ਰਿਹਾ ਹੈ। ਖਬਰ ਲੈ ਕੇ ਆ ਰਿਹਾ ਹੈ।

ਉਸ ਵੇਲੇ ਮਾਹੀ ਗੁਰੂ ਮਹਾਰਾਜ ਦੇ ਹਜ਼ੂਰ ਪੇਸ਼ ਹੁੰਦਾ ਹੈ ਤੇ ਉਹ ਬਚਨ ਨਹੀਂ ਕਰਦਾ ਰੋਈ ਜਾਂਦਾ ਹੈ। ਰੋ-ਰੋ ਕੇ ਬਚਨ ਕਰਦਾ ਹੈ। ਮਹਾਰਾਜ ਕਹਿੰਦੇ ਗੱਲ ਤਾਂ ਦੱਸ ਕੀ ਹੋਇਆ, ਕਿਵੇਂ ਹੋਇਆ? ਕਹਿੰਦਾ, ਮਹਾਰਾਜ! ਮੈਂ ਦੱਸ ਨਹੀਂ ਸਕਦਾ। ਜਿਹੜਾ ਕੰਮ ਤੁਹਾਡੇ trusted ਬੰਦਿਆਂ ਨੇ ਕੀਤਾ ਹੈ, ਭਰੋਸੇ ਵਾਲਿਆਂ ਨੇ, ਗੰਗੂ ਤੁਹਾਡੇ ਕੋਲ ਲੰਗਰ 'ਚ ਸੇਵਾ ਕਰਨ ਵਾਲਾ ਬੰਦਾ, ਸੱਚੇ ਪਾਤਸ਼ਾਹ ਉਸ ਨੇ ਬਹੁਤ ਬੁਰਾ ਕੀਤਾ ਹੈ। ਬੇਮੁਖ ਹੋ ਗਿਆ, ਮਨਮੁਖ ਹੋ ਗਿਆ। ਸੋ ਉਸ ਨੇ ਮਹਾਰਾਜ ਜਾ ਕੇ ਖਬਰ ਕਰ ਦਿਤੀ, ਕਹਿੰਦੇ ਬਿਪਰ ਜਿਹੜਾ ਸੀ ਜਨਮ ਬਿਪਰਦਾ ਸੀ ਤੇ ਕੰਮ ਉਸਨੇ ਚੰਡਾਲਾ ਵਾਲਾ ਕੀਤਾ।

ਸੋ ਐਸਾ ਜੋ ਬੰਦਾ ਹੁੰਦਾ ਹੈ ਲੂਣ ਖਾ ਕੇ ਬੁਰਾ ਕਰਨ ਵਾਲਾ, ਭਰੋਸਾ ਦੇ ਕੇ ਅਕ੍ਰਿਤਘਣ ਬਣਨ ਵਾਲਾ, ਬੇਵਫਾ ਬਣਨ ਵਾਲਾ ਬਾਣੀ ਦੇ ਵਿਚ ਏਸ ਤਰ੍ਹਾਂ ਫੁਰਮਾਨ ਹੁੰਦਾ ਹੈ-

***ਧਾਰਨਾ - ਤੇਰੀ ਹੱਤਿਆ ਕਿਤੇ ਨਾ ਲਹਿਣੀ,***
***ਲੂਣ ਹਰਾਮੀ ਪਾਪੀਆ।***

***ਨਰਕ ਘੋਰ ਬਹੁ ਦੁਖ ਘਣੇ***
***ਅਕਿਰਤਘਣਾ ਕਾ ਥਾਨੁ॥ ਅੰਗ - ੩੧੫***

ਜਿਹੜੇ ਕੀਤੇ ਹੋਏ ਨੂੰ ਭੁਲਾ ਦੇਣ, ਕਹਿੰਦੇ ਉਨ੍ਹਾਂ ਦਾ ਥਾਂ ਦਰਗਾਹ ਦੇ ਵਿਚ ਘੋਰ ਨਰਕ ਹੁੰਦਾ ਹੈ, ਜਿਥੇ ਹੱਦ ਤੋਂ ਜ਼ਿਆਦਾ ਦੁਖ ਮਿਲਦਾ ਹੈ।

***ਅਕਿਰਤਘਣੈ ਕਉ ਰਖੈ ਨ ਕੋਈ***
***ਨਰਕ ਘੋਰ ਮਹਿ ਪਾਵਣਾ ॥ ਅੰਗ - ੧੦੮੬***

ਨਰਕ ਘੋਰ ਦੇ ਵਿਚ ਪੈਂਦਾ ਹੈ, ਉਹਦੀ ਹੱਤਿਆਂ ਨਹੀਂ ਲਹਿੰਦੀ ਤੇ ਐਸੇ ਜੋ ਬੰਦੇ ਨੇ ਭਾਈ ਗੁਰਦਾਸ ਜੀ ਉਨ੍ਹਾਂ ਬਾਰੇ ਐਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਧਰਤੀ ਭਾਰ ਨਾ ਝੱਲਦੀ,***
***ਅਕ੍ਰਿਤਘਣ ਬੰਦਿਆਂ ਦਾ।***

***ਨਾ ਤਿਸੁ ਭਾਰੇ ਪਰਬਤਾਂ ਅਸਮਾਨ ਖਹੰਦੇ।***
***ਨਾ ਤਿਸੁ ਭਾਰੇ ਕੋਟ ਗੜ੍ਹ ਘਰਬਾਰ ਦਿਸੰਦੇ।***
***ਨਾ ਤਿਸੁ ਭਾਰੇ ਸਾਇਰਾਂ ਨਦ ਵਾਹ ਵਹੰਦੇ।***
***ਨਾ ਤਿਸੁ ਭਾਰੇ ਤਰੁਵਰਾਂ ਫਲ ਸੁਫਲ ਫਲੰਦੇ।***
***ਨਾ ਤਿਸੁ ਭਾਰੇ ਜੀਅ ਜੰਤ ਅਣਗਣਤ ਫਿਰੰਦੇ।***
***ਭਾਰੇ ਭੁਈ ਅਕਿਰਤਘਣ ਮੰਦੀ ਹੂ ਮੰਦੇ॥***
***ਭਾਈ ਗੁਰਦਾਸ ਜੀ ਵਾਰ, 35/9***

ਕੇਵਲ ਧਰਤੀ ਤੋਂ ਭਾਰ ਜੇ ਨਹੀਂ ਸਹਿ ਹੁੰਦਾ, ਡਾਵਾਂਡੋਲ ਹੁੰਦੀ ਹੈ, ਇਹਦਾ ਸੰਤੁਲਨ ਵਿਗੜਦਾ ਹੈ,

gravity ਦੇ ਵਿਚੋਂ ਜੇ out ਹੁੰਦੀ ਹੈ ਤਾਂ ਹੁੰਦੀ ਹੈ ਜੇ ਅਕ੍ਰਿਤਘਣ ਬੰਦੇ ਬਹੁਤੇ ਹੋ ਜਾਣ। ਉਹਦਾ ਨਹੀਂ ਭਾਰ ਸਹਿ ਸਕਦੀ। ਸੋ ਐਸ ਤਰ੍ਹਾਂ ਨਾਲ ਐਡਾ ਉਸ ਨੇ ਮਾੜਾ ਕੰਮ ਕਰਿਆ। ਕਾਹਦੇ ਵਾਸਤੇ? ਪੈਸੇ ਵਾਸਤੇ। ਪੈਸੇ ਨੇ ਤਾਂ ਨਾਲ ਨਹੀਂ ਜਾਣਾ।

***ਕਬੀਰ ਇਹੁ ਤਨੁ ਜਾਇਗਾ***
***ਸਕਹੁ ਤ ਲੇਹੁ ਬਹੋਰਿ॥***
***ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ ॥***
***ਅੰਗ - ੧੩੬੫***

ਲੱਖ ਕਰੋੜ ਸੌ ਖਰਬ ਵਾਲੇ ਨੂੰ ਕਹਿੰਦੇ ਨੇ, ਐਨਿਆਂ-ਐਨਿਆਂ ਕੋਲ ਪੈਸਾ ਨਹੀਂ ਰਿਹਾ ਪ੍ਰੇਮੀਆਂ। ਗੁਰੂ ਕੋਲ ਐਨੀ ਦੇਰ ਰਹਿ ਕੇ ਤੈਨੂੰ ਮੱਤ ਨਾ ਆਈ। ਪੱਥਰ ਦਾ ਪੱਥਰ ਬਣਿਆ ਰਿਹਾ। ਕਿੰਨਾ ਘੋਰ ਪਾਪ ਤੂੰ ਕਰ ਦਿਤਾ, ਜੋ ਇਤਿਹਾਸ ਵਿਚੋਂ ਕਦੇ ਨਹੀਂ ਨਿਕਲਣਾ ਤੇ ਨਾ ਤੂੰ ਕਦੇ ਮਾਫ ਹੋਣਾ ਹੈ।

ਉਸ ਵੇਲੇ ਮਾਤਾ ਜੀ ਮਨ ਵਿਚ ਥੋੜ੍ਹਾ ਵਿਚਾਰ ਕਰਦੇ ਨੇ ਕਿ ਦੇਖੋ, ਗੁਰੂ ਕਲਗੀਧਰ ਪਾਤਸ਼ਾਹ ਨੇ ਕਿਹਾ ਸੀ ਕਿ ਬਹੁਤ ਦੁਖ ਪਾਵੋਂਗੇ, ਸੱਤ ਦਿਨ ਹੋਰ ਠਹਿਰ ਜਾਓ। ਅਕਾਲ ਪੁਰਖ ਦਾ ਭਾਣਾ ਦੂਸਰੀ ਤਰ੍ਹਾਂ ਵਰਤਣ ਵਾਲਾ ਹੈ। ਆਪ ਹੀ ਅਕਾਲ ਪੁਰਖ ਹੋ। ਤੁਸੀਂ ਤਪ ਬਹੁਤ ਕਰ ਲਿਆ, ਦਰਖਤਾਂ ਦੇ ਪੱਤੇ ਖਾ ਲਏ. ਛਿੱਲਾਂ ਖਾ ਲਈਆਂ, ਐਡਾ ਤਪ ਅੱਜ ਤੱਕ ਕਿਸੇ ਤਪੀਏ ਨੇ ਨਹੀਂ ਕੀਤਾ, ਜਿੰਨਾ ਤੁਸੀਂ ਕਰ ਲਿਆ। ਹੁਣ ਏਸ ਤਪ ਨੂੰ ਫਲ ਲੱਗਣਾ ਹੈ, ਸੱਤ ਦਿਨਾਂ ਤੋਂ ਬਾਅਦ। ਐਸਾ ਕ੍ਰਿਸ਼ਮਾ ਵਰਤਣਾ ਹੈ ਕਿ ਤੁਸੀਂ ਸੁਖ ਲਵੋਂਗੇ ਤੇ ਤੁਹਾਡਾ ਰਾਜ ਤੇਜ਼ ਵੱਧ ਜਾਏਗਾ। ਪਰ ਬਚਨ ਨਾ ਮੰਨਿਆ ਗੁਰੂ ਮਹਾਰਾਜ ਦਾ, ਪਰ ਡੋਲ ਗਏ ਉਸ ਵੇਲੇ ਇਮਤਿਹਾਨ ਵਿਚੋਂ ਤੇ ਮਾਤਾ ਜੀ ਵੀ ਪਹਿਲਾਂ ਤੁਰ ਪਏ ਸੀ। ਪਹਿਲਾਂ ਕਿਹਾ, ਫੇਰ ਆਪ ਤੁਰ ਪਏ ਸਾਹਿਬਜ਼ਾਦਿਆਂ ਨੂੰ ਨਾਲ ਲੈ ਕੇ, ਮਹਾਰਾਜ ਨੂੰ ਫੇਰ ਆਉਣਾ ਪਿਆ। ਕਹਿਣ ਲੱਗੇ, ਜੇ ਉਸ ਵੇਲੇ ਬਚਨ ਮੰਨ ਲੈਂਦੇ, ਐਸਾ ਇਤਿਹਾਸ 'ਚ ਜ਼ਿਕਰ ਆਉਂਦਾ ਹੈ ਕਿ -

***ਸੁਤ ਕੀ ਮਾਨੀ ਬਾਤ ਨਹਿੰ ਤੌ ਅਪਦਾ ਪਾਈ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5949***

ਤੂੰ ਆਪਣੇ ਪੁੱਤਰ ਗੁਰੂ ਦਸ਼ਮੇਸ਼ ਪਿਤਾ ਦੀ ਗੱਲ ਨਾ ਮੰਨੀ ਤਾਂ ਸਾਨੂੰ ਅਪਦਾ ਪਈ।

***ਭਏ ਕ੍ਰੋਧ ਕਿਤ ਬਿਛੁਰਿਗੇ,***
***ਜਿਨ ਸੁਧਿ ਨਹਿੰ ਕਾਈ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5949***

ਹੁਣ ਪਤਾ ਹੀ ਨਹੀਂ ਲਗਦਾ ਕਿ ਕੌਣ ਕਿੱਥੇ ਚਲਿਆ ਗਿਆ, ਕੌਣ ਕਿੱਥੇ ਚਲਿਆ। ਪਰਿਵਾਰ ਦਾ ਕੀ ਹੋਇਆ ਤੇ ਗੁਰੂ ਦਸ਼ਮੇਸ਼ ਪਿਤਾ ਦਾ ਕੀ ਹੋਇਆ। ਵੱਡੇ ਸਾਹਿਬਜ਼ਾਦਿਆਂ ਨਾਲ ਕੀ ਵਰਤਿਆ ਤੇ ਮਾਤਾਵਾਂ ਕਿੱਥੇ ਗਈਆਂ, ਕੁਛ ਨਹੀਂ ਪਤਾ ਲਗਦਾ।

***ਰਹਿਤ ਦੁਰਗ ਮਹਿੰ ਲਰਤਿ***
***ਜਬਿ ਸੁਤ ਕਹਤਿ ਬਚੰਨਾ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5949***

ਜਿੰਨਾ ਚਿਰ ਕਿਲ੍ਹੇ ਵਿਚ ਬੈਠ ਕੇ ਲੜਦੇ ਰਹੇ, ਓਨੀਂ ਦੇਰ ਤੱਕ ਗੁਰੂ ਮਹਾਰਾਜ ਨੇ ਬਚਾਈ ਰੱਖਿਆ।

***ਸਪਤ ਦਿਵਸ ਮਹਿੰ ਸਕਲ ਸੁਖ,***
***ਹਮ ਕਿਯ ਨ ਅਮੰਨਾ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5949***

ਸੱਤਾਂ ਦਿਨਾਂ ਦੇ ਵਿਚ ਸਾਰੇ ਹੀ ਸੁੱਖ ਮਿਲ ਜਾਣਗੇ, ਆਹ ਬਚਨ ਅਸੀਂ ਗੁਰੂ ਮਹਾਰਾਜ ਦਾ ਮੰਨਿਆ ਨਾ। ਬੜੀ ਬਿਪਤਾ ਪੈ ਗਈ। ਸੋ ਇਸ ਤਰ੍ਹਾਂ ਦੇ ਨਾਲ, ਜਿਸ ਵਕਤ ਆਪ ਸਰਹੰਦ ਦੇ ਕਿਲ੍ਹੇ ਦੇ ਅੰਦਰ ਆ ਜਾਂਦੇ ਨੇ। ਠੰਢੇ ਬੁਰਜ ਦੇ ਵਿਚ ਕੈਦ ਕਰ ਦਿਤਾ, ਵਸਤਰ ਕੋਲ ਕੋਈ ਨਹੀਂ ਹੈ। ਜੋ ਵਸਤਰ ਪਾਏ ਹੋਏ ਨੇ, ਓਹੀ ਵਸਤਰ ਨੇ। ਉਸ ਵੇਲੇ ਬਾਬਾ ਜ਼ੋਰਾਵਰ ਸਿੰਘ ਜੀ ਦੀ ਉਮਰ ਸੱਤ ਸਾਲ ਗਿਆਰ੍ਹਾਂ ਮਹੀਨੇ ਅੱਠ ਦਿਨ ਦੀ ਸੀ। ਬਾਬਾ ਫਤਹਿ ਸਿੰਘ ਜੀ ਦੀ ਉਮਰ ਪੰਜ ਸਾਲ ਦੱਸ ਮਹੀਨੇ ਦੱਸ ਦਿਨ ਦੀ ਸੀ। ਐਸ ਛੋਟੀ ਉਮਰ ਦੇ ਅੰਦਰ ਦਾਦੀ ਦੇ ਨਾਲ ਕਿਲ੍ਹੇ ਦੇ ਵਿਚ ਬੈਠੇ ਨੇ। ਸਾਰੀ ਰਾਤ ਮਾਤਾ ਜੀ ਨੂੰ ਸੋਚਦਿਆਂ ਲੰਘ ਗਈ ਕਿ ਕੀ ਹੋਇਆ ਪਰਿਵਾਰ ਦਾ। ਬਚਨ ਨਾ ਮੰਨਿਆ।

ਉਸ ਵੇਲੇ ਸਵੇਰਾ ਹੀ ਹੁੰਦਾ ਹੈ, ਕੁਛ ਖਾਣ ਪੀਣ ਨੂੰ ਨਾ ਦਿਤਾ ਗਿਆ। ਪਹਿਲੇ ਦਿਨ ਵੀ ਨਾ ਦਿਤਾ, ਦੂਸਰੇ ਦਿਨ ਵੀ ਨਾ ਦਿਤਾ। ਉਸ ਵੇਲੇ ਇਕ ਪ੍ਰੇਮੀ ਗੁਰਸਿੱਖ ਸੀ ਉਸ ਨੂੰ ਪਤਾ ਲੱਗਿਆ, ਉਸ ਨੇ ਕਿਹਾ ਕਿ ਛਕਣ ਨੂੰ ਕੁੱਛ ਤਾਂ ਮੈਂ ਜ਼ਰੂਰ ਪਹੁੰਚਾਵਾਂ। ਬੇਅੰਤ ਤਰੀਕੇ ਕੀਤੇ, ਸਿਪਾਹੀਆਂ ਨਾਲ ਗੱਲਬਾਤ ਕੀਤੀ। ਕੋਈ ਨਾ ਮੰਨਿਆ। ਕਹਿੰਦੇ ਕਿਲ੍ਹੇ ਦੇ ਅੰਦਰ ਇਥੇ ਤਾਂ ਚਿੜੀ ਵੀ ਨਹੀਂ ਫਰਕਦੀ, ਇਥੇ ਜਾ ਕਿਵੇਂ ਸਕਦੇ ਹਾਂ ਅਸੀਂ, ਪਹਿਰਾ ਐਨਾ ਜ਼ਬਰਦਸਤ ਲੱਗਿਆ ਹੋਇਆ ਹੈ ਹੇਠਾਂ ਤੇ ਆਪ ਬੁਰਜ ਵਿਚ ਕੈਦ ਨੇ। ਉਸ ਨੇ ਕਮੰਦ ਫਸਾਈ, ਉਹ ਰੱਸੇ ਦੇ ਬਲ ਨਾਲ ਚੜ੍ਹ ਕੇ ਚਲਿਆ ਗਿਆ ਤੇ ਜਾ ਕੇ ਉਸ ਮੋਤੀ ਮਹਿਰੇ ਨੇ ਦੁੱਧ ਪਿਲਾਇਆ ਤੇ ਕੁਛ ਛਕਣ ਨੂੰ ਲੈ ਕੇ ਗਿਆ। ਬਾਹਰਲੀ ਖਬਰ ਦਿਤੀ ਸਾਰੀ, ਅੰਦਰਲੀ ਖਬਰ ਜਾ ਕੇ ਬਾਹਰ ਦਿਤੀ। ਸੋ ਉਸ ਵੇਲੇ ਸਾਹਿਬਜ਼ਾਦਿਆਂ ਨੂੰ ਦਰਬਾਰ ਦੇ ਵਿਚ ਲਿਜਾਇਆ ਗਿਆ ਕਿ ਪੁੱਛੀਏ, ਇਨ੍ਹਾਂ ਤੋਂ। ਜਿਸ ਵਕਤ ਆਪ ਜਾਂਦੇ ਨੇ ਤਾਂ ਸਾਹਿਬ ਜ਼ੋਰਾਵਰ ਸਿੰਘ ਕਹਿਣ ਲੱਗੇ, ਫਤਹਿ ਸਿੰਘਾ ਆਪਾਂ ਗੁਰੂ ਕੀ ਫਤਹਿ ਬੁਲਾਉਣੀ ਹੈ। ਇਹ ਜਿਹੜੇ ਸਾਨੂੰ ਦੱਸਦੇ ਨੇ ਨਾ ਕਿ ਐਉਂ ਝੁਕ ਕੇ ਸੱਤ ਸਲਾਮਾਂ ਕਰਨੀਆਂ ਨੇ ਇਹ ਨਹੀਂ ਆਪਾਂ ਕਰਨੀਆਂ। ਆਪਾਂ

ਫਤਹਿ ਬੁਲਾਉਣੀ ਹੈ। ਉਸ ਵੇਲੇ ਦਰਬਾਰ 'ਚ ਜਾਂਦੇ ਨੇ ਜਾ ਕੇ ਗੱਜ ਵੱਜ ਕੇ ਫਤਹਿ ਬੁਲਾਉਂਦੇ ਨੇ ਤੇ ਨਵਾਬ ਨੇ ਦੇਖਿਆ, ਸਾਰਿਆਂ ਨੇ ਦੇਖਿਆ ਕਿ ਕਿੰਨੇ ਸੁੰਦਰ ਬੱਚੇ ਜਿਵੇਂ ਵਾਹਿਗੁਰੂ ਨੇ ਵਿਹਲੇ ਬੈਠ ਕੇ ਆਪ ਬਣਾਏ ਹੋਣ। ਨਿਗ੍ਹਾ ਨਹੀਂ ਹਟਦੀ, ਉਨ੍ਹਾਂ ਨੂੰ ਦੇਖ ਕੇ ਆਪਣੇ ਬੱਚੇ ਸਭ ਦੇ ਯਾਦ ਆਉਂਦੇ ਨੇ ਕਿ ਐਨੇ ਸੁੰਦਰ ਬੱਚੇ । ਆਹ ਬਿਪਤਾ ਇਨ੍ਹਾਂ ਤੇ ਪੈ ਗਈ ਸਾਰੇ ਤਾਂ ਦੋਖੀ ਨਹੀਂ ਸੀਗੇ। ਲੜਾਈਆਂ ਲੜੀਆਂ ਜਾਂਦੀਆਂ ਨੇ, ਸਾਰੇ ਵੈਰੀ ਨਹੀਂ ਹੁੰਦੇ। ਦਰਦ ਵਾਲੇ ਬੰਦੇ ਵੀ ਵਿਚ ਹੁੰਦੇ ਨੇ। ਦੇਖਦੇ ਨੇ ਬੱਚਿਆਂ ਵਲ ਤੇ ਨਾਲ ਇਹ ਦੇਖਦੇ ਨੇ ਦਲੇਰੀ ਵੀ ਕਿ ਗੱਜ ਵੱਜ ਕੇ ਇਨ੍ਹਾਂ ਨੇ ਆਪਣੇ ਨਾਅਰਾ ਵਜਾਇਆ ਹੈ, 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' Pure Man ਹੈ ਨਾ ਜਿਹੜਾ, ਆਦਰਸ਼ਕ man, ਉਹ ਪ੍ਰਮੇਸ਼ਰ ਦਾ ਹੈ, ਉਹ ਕਿਸੇ ਹੋਰ ਦਾ ਨਹੀਂ ਹੈਗਾ। ਜਿਹੜਾ ਪ੍ਰਮੇਸ਼ਰ ਦਾ ਹੈ, ਫਤਹਿ ਪ੍ਰਮੇਸ਼ਰ ਦੀ ਹੈ। ਗੱਲ ਤਾਂ ਸਿੱਧੀ ਸੀ, ਇਹਦੇ ਵਿਚ ਨਾ ਕਿਸੇ ਨੂੰ challege ਸੀ ਨਾ ਕਿਸੇ ਨੂੰ ਕੋਈ ਦੁਖ ਦੇਣ ਵਾਲੀ ਗੱਲ ਸੀ, ਉਹ ਇਹ ਸੀ ਕਿ ਜਿਹੜਾ super man ਹੈ ਉਹ ਪ੍ਰਮੇਸ਼ਰ ਦਾ ਹੈ। ਸੁਪਰ ਮੈਨ ਨੂੰ ਖਾਲਸਾ ਕਹਿੰਦੇ ਸੀ ਜਿਹਦੇ ਮਨ ਵਿਚ ਕੋਈ ਭਰਮ ਨਹੀਂ ਸੀ। ਜਿਹਦੇ ਮਨ ਵਿਚ ਕੋਈ ਦ੍ਵੈਤ ਨਹੀਂ ਸੀ। ਜਿਹਨੂੰ ਪੂਰਨ ਗਿਆਨ ਸੀ।

*ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥*
*ਅੰਗ - ੧੪੨੭*

ਜਿਨ੍ਹਾਂ ਦੇ ਅੰਦਰ ਪੂਰਨ ਜੋਤ ਜਗਦੀ ਸੀ, ਜਿਨ੍ਹਾਂ ਨੂੰ ਦੂਜਾ ਨਜ਼ਰ ਨਹੀਂ ਸੀ ਆਉਂਦਾ।

*ਮਨਿ ਸਾਚਾ ਮੁਖਿ ਸਾਚਾ ਸੋਇ ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥*
*ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥*
*ਅੰਗ - ੨੭੨*

ਦੂਜਾ ਨਹੀਂ ਦੇਖਦੇ ਪ੍ਰਭੂ ਤੋਂ ਬਗੈਰ। ਐਸੇ ਜੋ ਪੁਰਸ਼ ਸੀ -

***ਪੂਰਨ ਜੋਤ ਜਗੈ ਘਟ ਮੈ***
***ਤਬ ਖ਼ਾਲਸ ਤਾਹਿ ਨਖ਼ਾਲਸ ਜਾਨੈ॥***

ਜਿਹਦੇ ਅੰਦਰ ਪੂਰਨ ਗਿਆਨ ਦੀ ਜੋਤ ਜਗੀ ਹੋਈ ਹੈ, ਆਪਾ ਭਾਵ ਹੈ ਨਹੀਂ ਜਿਹਦੇ ਅੰਦਰ ਉਹ ਹੈ ਕੀਹਦਾ ਵਾਹਿਗੁਰੂ ਦਾ। ਅਸੀਂ ਤਾਂ ਬਾਲ-ਬੱਚਿਆਂ ਦੇ ਹੋਵਾਂਗੇ। ਕਿਸੇ ਹੋਰ ਦੇ ਹੋਵਾਂਗੇ, ਉਹ ਤਾਂ ਵਾਹਿਗੁਰੂ ਦਾ ਹੁੰਦਾ ਹੈ। ਕਿਸੇ ਹੋਰ ਦਾ ਨਹੀਂ ਹੁੰਦਾ ਤੇ ਜੋ ਵਾਹਿਗੁਰੂ ਦਾ ਹੈ, ਵਾਹਿਗੁਰੂ ਦੀ ਹਮੇਸ਼ਾ ਹੀ ਫਤਹਿ ਹੈਗੀ। ਇਹ ਤਾਂ ਸਿੱਧੀ ਗੱਲ ਸੀ। ਲੇਕਿਨ ਉਹ ਕਈਆਂ ਨੂੰ ਚੁਭੀ ਜਿਹੜੇ ਕੱਟੜ ਸੀਗੇ। ਜਿਹੜੇ ਦੂਸਰੇ ਸੀ ਉਨ੍ਹਾਂ ਨੇ ਕਿਹਾ ਕਿ ਬੜੀ ਦਲੇਰੀ ਹੈ ਬੱਚਿਆਂ ਦੇ ਅੰਦਰ।

ਉਸ ਵੇਲੇ ਨਵਾਬ ਨੇ ਕਿਹਾ ਕਿ ਬੱਚਿਓ! ਸਾਨੂੰ ਬੜਾ ਅਫਸੋਸ ਹੈ ਕਿ ਤੁਹਾਡੇ ਕੋਲ ਅਸੀਂ ਅਫਸੋਸ ਕਰਦੇ ਹਾਂ ਕਿ ਤੁਹਾਨੂੰ ਫੜ ਲਿਆ ਹੁਣ ਤੁਸੀਂ ਫਿਕਰ ਨਾ ਕਰੋ। ਡਰੋ ਨਾ ਤੁਸੀਂ। ਤੁਹਾਡੀ ਪਾਲਣਾ ਹੋਏਗੀ, ਪੂਰੀ ਤਰ੍ਹਾਂ ਤੁਹਾਡੀ ਸੰਭਾਲ ਹੋਏਗੀ। ਜੋ ਸਟੇਟਸ ਗੁਰੂ ਗੋਬਿੰਦ ਸਿੰਘ ਮਹਾਰਾਜ ਦਾ ਹੈ ਉਹਦੇ ਮੁਤਾਬਿਕ ਹੀ ਤੁਹਾਡੇ ਨਾਲ ਵਰਤਾਅ ਹੋਵੇਗਾ ਤੇ ਹੁਣ ਤੁਹਾਨੂੰ ਅਸੀਂ ਦਸਦੇ ਹਾਂ ਕਿ ਗੁਰੂ ਗੋਬਿੰਦ ਸਿੰਘ ਤਾਂ ਲੜਾਈ ਵਿਚ ਮਾਰੇ ਗਏ, ਕੋਈ ਸਿੱਖ ਨਹੀਂ ਬਚਿਆ। ਤੁਹਾਡੇ ਵੱਡੇ ਭਰਾ ਵੀ ਉਥੇ ਹੀ ਸ਼ਹੀਦ ਹੋ ਗਏ ਨੇ, ਸਿਰਫ ਤੁਸੀਂ ਤਿੰਨ ਜਣੇ ਬਚੇ ਹੋਂ। ਤੁਹਾਡੇ ਦਾਦੀ ਜੀ ਤੇ ਤੁਸੀਂ ਦੋਵੇਂ। ਐਨਾ ਜਦੋਂ ਬਚਨ ਨਵਾਬ ਨੇ ਕਰਿਆ, ਉਸ ਵੇਲੇ ਜ਼ੋਰਾਵਰ ਸਿੰਘ ਜੀ ਕਹਿਣ ਲੱਗੇ, ਨਵਾਬ ਸਾਹਿਬ! ਐਹ ਤੁਹਾਡੀ ਗੱਲ ਅਸੀਂ ਨਹੀਂ ਮੰਨਦੇ ਹੈਗੇ। ਗੁਰੂ ਦੀ ਝਾਲ ਝੱਲਣ ਵਾਲਾ ਸੰਸਾਰ 'ਚ ਕੋਈ ਨਹੀਂ। ਗੁਰੂ ਜੇ ਚਾਹੇ ਤਾਂ ਇਕ ਅੱਖ ਦੇ ਫੋਰ ਦੇ ਵਿਚ ਸਭ ਕੁਛ ਖਤਮ ਕਰ ਸਕਦਾ ਹੈ। ਉਨ੍ਹਾਂ ਨੂੰ ਤੁਸੀਂ ਕੀ ਸਮਝਦੇ ਹੋਂ, ਉਹ ਮਾਮੂਲੀ ਮਨੁੱਖ ਨਹੀਂ, ਉਨ੍ਹਾਂ ਦੀ ਝਾਲ ਨਹੀਂ ਝੱਲੀ ਜਾਂਦੀ।

***ਧਾਰਨਾ - ਐਸਾ ਜੰਮਿਆਂ ਨਾ ਜਗਤ ਉੱਤੇ***
***ਕੋਈ, ਜਿਹੜਾ ਝਾਲ ਝੱਲੇ ਉਨ੍ਹਾਂ ਦੀ।***

ਐਸੀਆਂ ਮਿੱਠੀਆਂ-ਮਿੱਠੀਆਂ ਗੱਲਾਂ, ਨਾਲ ਇਹ ਗੱਲ ਸੁਣ ਕੇ ਕਿ ਤੁਹਾਡੇ ਪਿਤਾ ਤਾਂ ਸ਼ਹੀਦ ਹੋ ਚੁੱਕੇ ਨੇ, ਭਰਾ ਤੁਹਾਡੇ ਸ਼ਹੀਦ ਹੋ ਚੁੱਕੇ ਨੇ, ਸਿਰਫ ਤੁਸੀਂ ਬਚਦੇ ਹੋ। ਉਸ ਵੇਲੇ ਬੱਚੇ ਐਉਂ ਨਹੀਂ ਹੈ ਕਿ ਉਨ੍ਹਾਂ ਦਾ ਦਿਲ ਟੁੱਟ ਜਾਵੇ ਜਾਂ ਗੱਲ ਮੰਨ ਲੈਣ। ਪੂਰੇ ਜੋਸ਼ ਵਿਚ ਆ ਗਿਆ, ਜ਼ੋਰਾਵਰ ਸਿੰਘ। ਕਹਿਣ ਲੱਗਿਆ, ਨਵਾਬ ਸਾਹਿਬ -

***ਸੁਨਿ ਜੁਝਾਰ ਸਿੰਘ ਬਨਿ ਸਵਧਾਨ।***
***ਸਭਿਨਿ ਸੁਨਾਵਤਿ ਬਾਕ ਬਖਾਨ।***
***ਸ਼੍ਰੀ ਸਤਿਗੁਰ ਜੋ ਪਿਤਾ ਹਮਾਰਾ।***
***ਜਗ ਮਹਿਂ ਕੌਨ ਸਕਹਿ ਤਿਹ ਮਾਰਾ।***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5951***

ਕਹਿਣ ਲੱਗੇ, ਨਾ ਆਕਾਸ਼, ਹਨ੍ਹੇਰੀ, ਪਰਬਤ, ਪਹਾੜ ਸੂਰਜ, ਚੰਦ ਇਹ ਫੜੇ ਨਹੀਂ ਜਾਂਦੇ ਕਦੇ ਵੀ। ਜਿਹੜੇ ਸਾਡੇ ਪਿਤਾ ਜੀ ਨੇ ਉਹ ਤਾਂ ਅਕਾਲ -

***ਕਰਤਾ ਪੁਰਖ ਅਕਾਲ ਕ੍ਰਿਪਾਲੂ।***
***ਸਭਿ ਤੇ ਬਡੋ ਕਾਲ ਕੋ ਕਾਲੂ।***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5951***

ਉਹ ਤਾਂ ਕਾਲ ਦੇ ਵੀ ਕਾਲ ਨੇ ਉਨ੍ਹਾਂ ਨੂੰ

ਕੌਣ ਮਾਰ ਸਕਦਾ ਹੈ ਕਿਉਂਕਿ ਉਹ ਤਾਂ ਅਕਾਲ ਪੁਰਖ ਦਾ ਨਿਜ ਰੂਪ ਨੇ।

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ ॥ ਅੰਗ - ੪੪੨*

ਉਹ ਤਾਂ ਆਪ ਆਏ ਨੇ ਸੰਸਾਰ ਤੇ, ਅਕਾਲ ਪੁਰਖ ਨੇ ਕਿਹਾ ਹੈ -

***ਮੈ ਅਪਨਾ ਸੁਤ ਤੁਹਿ ਨਿਵਾਜਾ।***
***ਪੰਥ ਪ੍ਰਚੁਰ ਕਰਬੇ ਕਉ ਸਾਜਾ।***

ਬਚਨ ਸੁਣੇ ਤੇ ਨਾਲ ਦਰਬਾਰੀਆਂ ਨੇ ਉਠ ਕੇ ਜੋ ਨੇੜੇ ਸੀ, ਕਹਿਣ ਲੱਗਿਆ, ਬੱਚਿਓ! ਤੁਸੀਂ ਮਾਣ ਮਰਿਆਦਾ ਭੰਗ ਕਰ ਦਿਤੀ ਕੋਰਟ ਦੀ। ਇਥੇ ਆਉਣ ਦਾ ਤਰੀਕਾ ਹੈ ਕਿ ਪਹਿਲਾਂ ਸੱਤ ਵਾਰੀ ਸੀਸ ਨਿਵਾਉਣਾ ਪੈਂਦਾ ਹੈ। ਅੱਧੇ ਕੋਡੇ ਹੋ ਕੇ ਛਾਤੀ ਨਾਲ ਸੱਤ ਵਾਰੀ ਹੱਥ ਲਾਉਂਦੇ ਸੀ ਤੇ ਫੇਰ ਜਾ ਕੇ ਦੋਵੇਂ ਹੱਥ ਬੰਨ੍ਹ ਕੇ ਸਲਾਮ ਕਹਿ ਕੇ ਫੇਰ ਸਿੱਧੇ ਹੁੰਦੇ ਸੀ। ਤੁਸੀਂ ਮਰਿਆਦਾ ਨੂੰ ਭੰਗ ਕਰ ਦਿਤਾ ਤੇ ਤੁਸੀਂ ਸੀਸ ਨਿਵਾਓ। ਸਲਾਮ ਕਰੋ ਨਿਵਾ ਕੇ ਸੀਸ। ਉਸ ਵੇਲੇ ਕਹਿਣ ਲੱਗੇ ਦੋਵੇਂ ਭਰਾਵਾਂ ਨੇ ਇਕ ਦੂਜੇ ਵਲ ਦੇਖਿਆ, ਜ਼ੋਰਾਵਰ ਸਿੰਘ ਕਹਿਣ ਲੱਗੇ, ਫਤਹਿ ਸਿੰਘ! ਕਿਹੜਾ ਸੀਸ ਨਿਵਾਈਏ, ਇਹ ਸੀਸ ਤਾਂ ਆਪਣਾ ਨਹੀਂ ਹੈ।

***ਧਾਰਨਾ - ਇਹ ਸੀਸ ਨਾ ਮੇਰਾ ਹੈ,***
***ਇਹ ਨਹੀਂ ਨਿਵਣਾ ਪਾਪੀਆਂ ਅੱਗੇ।***

ਕਹਿਣ ਲੱਗੇ, ਫਤਹਿ ਸਿੰਘ ਕੀ ਕਹਿੰਦੇ ਨੇ ਇਹ। ਭਰਾਤਾ ਸੀਸ ਨਿਵਾਉਣ ਨੂੰ ਕਹਿੰਦੇ ਨੇ। ਕਹਿੰਦੇ ਯਾਦ ਹੈ, ਇਹ ਸੀਸ ਤਾਂ ਆਪਣਾ ਹੈ ਹੀ ਨਹੀਂ। ਆਪਾਂ ਤਾਂ ਇਹ ਗੁਰੂ ਨੂੰ ਅਰਪਣ ਕਰ ਦਿਤਾ ਸੀ। ਜਿਸ ਵਕਤ ਅੰਮ੍ਰਿਤ ਦੀ ਘੁੱਟ ਮੰਗੀ ਸੀ, ਆਪਣਾ ਤਾਂ ਸੀਸ ਰਿਹਾ ਹੀ ਨਾ-

*ਤਿਸ ਆਗੇ ਹਮ ਅਰਪੇ ਸੀਸ।*
*ਸਕਲ ਕਲਾ ਸਮਰਥ ਜਗਦੀਸ਼।*
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5951***

ਸਮਰੱਥ ਨੂੰ ਅਸੀਂ ਸੀਸ ਅਰਪ ਚੁੱਕੇ ਹਾਂ, ਸੀਸ ਸਾਡੇ ਨਹੀਂ।

*ਇਹ ਨਰ ਪਾਮਰ ਪਾਪ ਕਮਾਵੈਂ।*
*ਕਿਮ ਇਨ ਆਗੇ ਸੀਸ ਨਿਵਾਵੈਂ।*
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5951***

ਇਹ ਤਾਂ ਪਾਮਰ ਨੇ, ਝੂਠੇ ਨੇ ਵਾਅਦਾ ਕਰਕੇ, ਅਹਿਦਨਾਮਾ ਕਰਕੇ ਫੇਰ ਮੁਕਰ ਗਏ। ਧੋਖਾ ਦੇ ਕੇ ਕਿੱਡਾ ਵੱਡਾ ਇਨ੍ਹਾਂ ਨੇ ਮਾੜਾ ਕੰਮ ਕਰਿਆ ਹੈ। ਗੁਰਮੁਖਾਂ ਦੇ ਅੱਗੇ ਤਾਂ ਸੀਸ ਨਿਵ ਸਕਦਾ ਹੈ, ਪ੍ਰਮੇਸ਼ਰ ਦੇ ਪਿਆਰਿਆਂ ਅੱਗੇ ਪਰ ਇਨ੍ਹਾਂ ਪਾਮਰਾਂ ਅੱਗੇ ਸੀਸ ਕਿਵੇਂ ਨਿਵੇਗਾ? ਜਵਾਬ ਦੇ ਦਿਤਾ।

ਵਿਚਾਰ ਕੀਤੀ ਗਈ, ਅਖੀਰ ਹੋਇਆ ਕਿ ਬੱਚੇ ਨੇ ਇਨ੍ਹਾਂ ਨੂੰ ਭੇਜ ਦੇਵੋ। ਕੱਲ੍ਹ ਨੂੰ ਫੇਰ ਕਚਹਿਰੀ ਲੱਗੇਗੀ, ਬਾਹਰ ਪਤਾ ਲੱਗ ਗਿਆ ਸਾਰੇ। ਦੂਸਰੇ ਦਿਨ ਮਾਤਾ ਜੀ ਤੋਂ ਅਲਹਿਦਾ ਰੱਖ ਦਿਤੇ ਗਏ ਕਿ ਉਹ ਸਿਖਾਉਂਦੇ ਨੇ। ਇਨ੍ਹਾਂ ਨੂੰ ਅੱਡ ਰਖੋ।

ਸੋ ਦੂਸਰਾ ਦਿਨ ਜਦੋਂ ਆਉਂਦਾ ਹੈ, ਫੇਰ ਕੋਰਟ ਦੇ ਵਿਚ ਆਉਂਦੇ ਨੇ, ਉਥੇ ਇਹ ਗੱਲ ਮਨਾਈ ਗਈ ਕਿ ਇਨ੍ਹਾਂ ਦਾ ਸੀਸ ਨਿਵਾਉਣਾ ਹੈ, ਵੱਡਾ ਦਰਵਾਜ਼ਾ ਬੰਦ ਕਰ ਲਓ ਤੇ ਖਿੜਕੀ ਥਾਈਂ ਲੰਘਾਓ। ਜਦੋਂ ਖਿੜਕੀ ਥਾਣੀਂ ਲੰਘਾਉਣਾ ਹੈ, ਦੱਸੋ ਇਸ ਤਰ੍ਹਾਂ ਕਿ ਪਹਿਲਾਂ ਸਿਰ ਅੰਦਰ ਕਰਨਾ ਹੈ ਫੇਰ ਜਾ ਕੇ ਲੰਘਣਾ ਹੈ। ਸੋ ਜਿਹੜਾ ਪਹਿਰੇਦਾਰ ਨਾਲ ਲਈ ਜਾਂਦਾ ਸੀ, ਉਸ ਨੇ ਕਿਹਾ ਦੇਖੋ ਬੱਚਿਓ, ਆਹ ਹੁਣ ਛੋਟੇ ਦਰਵਾਜ਼ੇ ਥਾਣੀਂ ਆਪਾਂ ਹੁਣ ਲੰਘਣਾ ਹੈ, ਛੋਟੀ ਖਿੜਕੀ ਹੈ, ਮੈਂ ਤੁਹਾਨੂੰ ਲੰਘ ਕੇ ਦਿਖਾਉਂਦਾ ਹਾਂ, ਤੁਸੀਂ ਇਸ ਤਰ੍ਹਾਂ ਕਰਨਾ ਹੈ ਤੇ ਉਹ ਜਦੋਂ ਲੰਘਿਆ ਤਾਂ ਪਹਿਲਾਂ ਸਿਰ ਨੀਵਾਂ ਕਰਿਆ ਉਸ ਨੇ। ਫੇਰ ਜਾ ਕੇ ਉਹ ਖਿੜਕੀ ਥਾਣੀਂ ਲੰਘਿਆ, ਇਕ ਦੂਜੇ ਵਲ ਦੇਖਦੇ ਨੇ ਕਹਿੰਦੇ ਇਹ ਤਾਂ ਸੀਸ ਨਿਵ ਗਿਆ ਉਨ੍ਹਾਂ ਅੱਗੇ ਆਪਣਾ। ਇਹ ਸੀਸ ਤਾਂ ਗੁਰੂ ਕਲਗੀਧਰ ਪਾਤਸ਼ਾਹ ਤੋਂ, ਗੁਰਮੁਖਾਂ ਤੋਂ ਬਗੈਰ ਗੁਰਸਿੱਖਾਂ ਤੋਂ ਬਗੈਰ ਹੋਰ ਕਿਸੇ ਅੱਗੇ ਨਹੀਂ ਨਿਵਣਾ ਹੈ। ਜ਼ੋਰਾਵਰ ਸਿੰਘ ਕਹਿਣ ਲੱਗੇ, ਚਲਾਕੀ ਕਰਦੇ ਨੇ ਆਪਣੇ ਨਾਲ। ਐਉਂ ਨਹੀਂ ਆਪਾਂ ਲੰਘਣਾ। ਮੈਂ ਪਹਿਲਾਂ ਲੰਘਾਂਗਾ, ਤੂੰ ਪਿਛੋਂ ਲੰਘ ਕੇ ਆਈਂ ਉਸੇ ਤਰ੍ਹਾਂ ਹੀ। ਸੋ ਉਨ੍ਹਾਂ ਨੇ ਖਿੜਕੀ ਦਾ ਉਪਰਲਾ ਹਿੱਸਾ ਫੜਿਆ, ਪਹਿਲਾਂ ਪੈਰ ਅੱਗੇ ਕਰਿਆ, ਫੇਰ ਬਾਕੀ ਹਿੱਸਾ ਲੰਘਾਇਆ। ਉਸ ਵੇਲੇ ਉਹ ਸਮਝ ਗਏ ਕਿ ਇਹ ਬੱਚੇ ਤਾਂ ਬਹੁਤ ਨਿਡਰ ਨੇ। ਉਸ ਵੇਲੇ ਜਿਸ ਵਕਤ ਜਾਂਦੇ ਨੇ, ਕੋਲ ਜਾਂਦੇ ਨੇ, ਫੇਰ ਫਤਹਿ ਬੁਲਾਈ। ਪਹਿਲਾਂ ਸਵਾਲ ਇਹ ਕਰਿਆ ਗਿਆ ਕਿ ਤੁਹਾਨੂੰ ਰਾਜ ਦਾ ਡਰ ਨਹੀਂ ਹੈ। ਕਾਨੂੰਨ ਦਾ ਡਰ ਨਹੀਂ ਹੈ, ਤੁਸੀਂ ਸੀਸ ਨਹੀਂ ਨਿਵਾਉਂਦੇ, ਉਸ ਵੇਲੇ ਵੱਡੇ ਸਾਹਿਬਜ਼ਾਦੇ ਕਹਿਣ ਲੱਗੇ, ਬਾਬਾ ਜ਼ੋਰਾਵਰ ਸਿੰਘ ਕਹਿਣ ਲੱਗੇ, ਨਵਾਬ ਡਰ ਨਾਮ ਦੀ ਚੀਜ਼ ਸਾਨੂੰ ਦੱਸੀ ਨਹੀਂ ਗਈ। ਸਾਡੇ ਗੁਰੂ ਨੇ ਨਹੀਂ ਦੱਸੀ ਡਰਨ ਦੀ ਗੱਲ, ਨਾ ਡਰਾਉਣ ਦੀ ਗੱਲ। ਦੋਵੇਂ ਗੱਲਾਂ ਨਹੀਂ ਹਨ। ਐਸ ਤਰ੍ਹਾਂ ਨਾਲ ਕਹਿੰਦੇ ਨੇ -

***ਧਾਰਨਾ - ਡਰ ਅਸੀਂ ਨਾ ਕਿਸੇ ਦਾ ਮੰਨਦੇ,***
***ਇਹ ਹੈ ਹੁਕਮ ਪੂਰੇ ਸਾਹਿਬ ਦਾ।***

ਕਹਿਣ ਲੱਗੇ, ਨਵਾਬ ਸਾਹਿਬ! ਡਰਦਾ ਉਹ ਹੁੰਦਾ ਹੈ, ਜੋ ਪਾਪ ਕਰਿਆ ਕਰਦਾ ਹੈ, ਜਿਹੜਾ ਉਲਟੀਆਂ ਗੱਲਾਂ ਕਰਦਾ ਹੋਵੇ।

***ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ ॥***
***ਅੰਗ - ੮੪***

ਜਿਹਨੇ ਕੋਈ ਕਸੂਰ ਕਰਿਆ ਹੋਵੇ, ਡਰਦਾ ਉਹ ਹੁੰਦਾ ਹੈ ਤੇ ਸਾਡੇ ਸਤਿਗੁਰੂ ਦਾ ਹੁਕਮ ਹੈ -

***ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥***
***ਅੰਗ - ੧੪੨੭***

ਨਾ ਤਾਂ ਕਿਸੇ ਨੂੰ ਡਰਾਉਣਾ ਹੈ ਸੰਸਾਰ ਦੇ ਅੰਦਰ। ਨਾ ਕਿਸੇ ਦਾ ਡਰ ਹੀ ਮੰਨਣਾ ਹੈ। ਕਿਉਂਕਿ ਗਲਤ ਗੱਲ ਤਾਂ ਗੁਰਸਿੱਖ ਕਰਦਾ ਨਹੀਂ ਕਦੇ ਵੀ। ਆਪਣੇ ਹੱਕ ਤੇ ਰਹਿੰਦਾ ਹੈ। ਕੋਈ ਵੀ ਗਲਤ ਗੱਲ ਨਹੀਂ ਕਰਦਾ। ਮਹਾਰਾਜ ਕਹਿੰਦੇ ਡਰ ਉਹਨੂੰ ਹੈ ਜਿਹੜਾ ਗਲਤ ਗੱਲ ਕਰਦਾ ਹੈ। ਜਿਹੜਾ ਡਰ ਤੋਂ ਉਪਰ ਲੰਘ ਗਿਆ, ਉਹ ਨਿਡਰ ਹੋ ਜਾਂਦਾ ਹੈ ਕਿਉਂਕਿ ਵਾਹਿਗੁਰੂ ਜੋ ਹੈ, ਵਾਹਿਗੁਰੂ ਦਾ ਨਾਮ ਜਪ ਕੇ ਨਿਰਭਉ ਸ਼ਕਤੀ ਅੰਦਰ ਆ ਜਾਂਦੀ ਹੈ। ਉਹ ਡਰ ਖਤਮ ਹੋ ਜਾਂਦਾ ਹੈ। ਨਾ ਮੌਤ ਦਾ ਡਰ ਰਹਿੰਦਾ ਹੈ, ਨਾ ਕਿਸੇ ਹੋਰ ਚੀਜ਼ ਦਾ ਡਰ ਰਹਿੰਦਾ ਹੈ, ਮਹਾਰਾਜ ਕਹਿੰਦੇ -

***ਭੈ ਕਾਹੂ ਕਉ ਦੇਤ ਨਹਿ***
***ਨਹਿ ਭੈ ਮਾਨਤ ਆਨ ॥***
***ਕਹੁ ਨਾਨਕ ਸੁਨਿ ਰੇ ਮਨਾ***
***ਗਿਆਨੀ ਤਾਹਿ ਬਖਾਨਿ॥ ਅੰਗ - ੧੪੨੭***

ਗਿਆਨੀ ਗਿਆਨਵਾਨ ਦੀ ਅਵਸਥਾ ਇਹੀ ਹੁੰਦੀ ਹੈ ਕਿ ਨਾ ਡਰਨਾ ਤੇ ਨਾ ਕਿਸੇ ਨੂੰ ਡਰ ਦੇਣਾ। ਸੋ ਕਹਿਣ ਲੱਗੇ ਡਰ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਅਸੀਂ ਕੋਈ ਗੱਲ ਕਰੀ ਹੈ ਮਾੜੀ ਕਿ ਅਸੀਂ ਡਰੀਏ। ਜਦੋਂ ਕੁਛ ਕਰਿਆ ਹੀ ਨਹੀਂ ਹੈ ਫੇਰ ਡਰ ਕਿਸ ਗੱਲ ਦਾ। ਜਦੋਂ ਇਹ ਬਚਨ ਸੁਣੇ -

***ਸੁਨਿ ਕਰਿ ਸਭਾ ਸਕਲ ਬਿਸਮਾਈ॥***
***ਇਹ ਬਾਰਿਕ ਕਜਾ ਸਮੁਝਿ ਸਕਾਈ॥***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, 5951***

ਕਹਿਣ ਲੱਗੇ, ਕਿੰਨੀ ਸਮਝ ਹੈ ਛੋਟੇ-ਛੋਟੇ ਬੱਚਿਆਂ ਨੂੰ। ਕਮਾਲ ਦੀ ਗੱਲ ਹੈ ਕਿਹੜੇ ਵੇਲੇ ਇਨ੍ਹਾਂ ਨੇ ਗੱਲਾਂ ਸਿੱਖ ਲਈਆਂ। ਉਸ ਵੇਲੇ ਨਵਾਬ ਵਿਚਾਰ ਕਰਨ ਲੱਗ ਗਿਆ ਕੁਛ। ਕਹਿਣ ਲੱਗੇ, ਇਨ੍ਹਾਂ ਬੱਚਿਆਂ ਨੇ ਕਸੂਰ ਤਾਂ ਕੋਈ ਕਰਿਆ ਨਹੀਂ ਹੈ। ਕਾਜ਼ੀ ਨੂੰ ਕਿਹਾ ਕਿ ਕੋਈ ਦੇਖ ਤਾਂ ਦਫਾ ਲਗਦੀ ਹੈ ਇਨ੍ਹਾਂ ਦੇ ਉਤੇ ਕੋਈ, ਚਾਰਜ ਲਗਦਾ ਹੈ, ਉਸ ਵੇਲੇ ਕਾਜ਼ੀ ਨੇ ਸੋਚਿਆ, ਸੋਚ ਕੇ ਕਹਿਣ ਲੱਗਿਆ, ਨਵਾਬ ਸਾਹਿਬ ਇਨ੍ਹਾਂ ਤੇ ਚਾਰਜ ਕੋਈ ਨਹੀਂ ਲਗਦਾ। ਬਾਕੀ ਇਹ ਹੈ ਕਿ ਇਨ੍ਹਾਂ ਦੀ ਉਮਰ ਅਜੇ ਐਨੀ ਨਹੀਂ ਹੈ ਕਿ ਇਨ੍ਹਾਂ ਦੇ ਉਤੇ ਦੋਸ਼ ਲਾ ਦਿਤਾ ਜਾਵੇ। ਇਹ ਠੀਕ ਹੀ ਕਹਿੰਦੇ ਨੇ ਕਿ ਡਰੀਏ ਅਸੀਂ ਤਾਂ ਜੇ ਗਲਤ ਗੱਲ ਕਰੀ ਹੋਵੇ।

ਆਹ ਤਾਂ ਕੁਰਾਨ ਸ਼ਰੀਫ ਦੇ ਅੰਦਰ ਆਉਂਦਾ ਹੀ ਨਹੀਂ ਹੈ ਕਿ ਕੋਈ ਦਫਾ ਲੱਗ ਜਾਵੇ। ਫੇਰ ਇਹ ਬੱਚੇ ਆਪਣੇ ਧਰਮ ਦੇ ਮੁਤਾਬਿਕ ਫਤਹਿ ਬੁਲਾਉਂਦੇ ਨੇ। ਆਹ ਵੀ ਦੋਸ਼ ਨਹੀਂ ਲਗਦਾ। ਫੇਰ ਛੋਟੇ ਬੱਚੇ ਨੇ ਨਾ ਇਨ੍ਹਾਂ ਨੂੰ ਲੜਨ ਦਾ ਪਤਾ ਹੈ ਕਿ ਲੜਨ ਦੇ ਨਤੀਜੇ ਕੀ ਹੁੰਦੇ ਨੇ, ਇਹ ਸ਼ੀਰਖੋਰ ਬੱਚੇ ਨੇ, ਇਨ੍ਹਾਂ ਨੇ ਕੁਛ ਵਿਗਾੜਿਆ ਨਹੀਂ ਹੈ। ਨਵਾਬ ਕਹਿਣ ਲੱਗਿਆ ਕਿ ਜੇ ਇਹ ਇਸਲਾਮ ਦੇ ਵਿਚ ਆ ਜਾਣ ਫੇਰ ਤਾਂ ਇਨ੍ਹਾਂ ਦਾ ਬਹੁਤ ਆਦਰ ਸਤਿਕਾਰ ਹੋਵੇ। ਬੜੇ ਅਹੁਦੇ ਮਿਲ ਜਾਣ ਤੇ ਇਹ ਗੱਲ ਹੋ ਜਾਵੇ ਫੇਰ ਬਹੁਤ ਵੱਡੀ ਗੱਲ ਹੈ। ਕਿਉਂਕਿ ਉਨ੍ਹਾਂ ਦੇ ਮਨ ਵਿਚ ਇਹ ਸੀਗਾ ਕਿ ਕੁਦਰਤੀ ਤੌਰ ਦੇ ਉਤੇ, ਦੂਸਰੇ ਧਰਮਾਂ ਨੂੰ ਉਹ ਮੰਨਦੇ ਨਹੀਂ ਸੀਗੇ। ਉਨ੍ਹਾਂ ਦਾ ਸੀ ਕਿ ਇਹ ਜਿਹੜੇ ਲੋਕ ਨੇ ਇਹ ਪ੍ਰਮੇਸ਼ਰ ਤੋਂ ਬੇਮੁਖ ਹੋ ਕੇ ਮੂਰਤਾਂ ਵਗੈਰਾ ਨੂੰ ਮੰਨਦੇ ਨੇ ਤੇ ਇਹ ਕੁਫਰ ਕਰਦੇ ਨੇ, ਕੁਫਰ ਕਰਕੇ ਕਾਫਰ ਨੇ। ਇਹ ਨਰਕਾਂ ਨੂੰ ਜਾਣਗੇ। ਇਸਲਾਮ ਵਿਚ ਲਿਆ ਦਿਤੇ ਜਾਣ, ਜੋ ਧਰਮ ਹੈ। ਸੋ ਉਨ੍ਹਾਂ ਨੇ ਜਿਸ ਵਕਤ ਇਹ ਗੱਲ ਕਹੀ, ਉਸ ਵੇਲੇ ਸਾਹਿਬਜ਼ਾਦੇ ਕਹਿਣ ਲੱਗੇ, ਕਿਹੜੀ ਚੀਜ਼ ਨੂੰ ਤੁਸੀਂ ਮੁਸਲਮਾਨ ਬਣਾਉਣਾ ਚਾਹੁੰਦੇ ਓਂ। ਆਤਮਾ ਦਾ ਕੋਈ ਧਰਮ ਨਹੀਂ ਹੋਇਆ ਕਰਦਾ, ਨਾ ਹਿੰਦੂ ਹੁੰਦੀ ਹੈ, ਨਾ ਮੁਸਲਮਾਨ। ਨਾ ਉਹ ਸਿੱਖ ਹੁੰਦੀ ਹੈ, ਨਾ ਈਸਾਈ ਹੁੰਦੀ ਹੈ ਉਹ ਤਾਂ ਆਤਮਾ ਆਤਮਾ ਹੀ ਹੈ। ਬਾਕੀ ਬੇਅੰਤ ਤਰੀਕੇ ਨੇ ਪ੍ਰਮੇਸ਼ਰ ਨੂੰ ਮਿਲਣ ਦੇ, ਧਰਮ ਤਾਂ ਧਾਰੀਦਾ ਹੈ ਕਿ ਇਹਦੇ ਵਿਚ ਜਾ ਕੇ ਪ੍ਰਮੇਸ਼ਰ ਛੇਤੀ ਮਿਲ ਜਾਏਗਾ। ਹੁਣ ਤਾਂ ਇਹ ਹੋ ਨਹੀਂ ਸਕਦਾ, ਇਹ ਬਦਲਿਆ ਨਹੀਂ ਜਾ ਸਕਦਾ ਹੁਣ।

ਨਾਮਦੇਵ ਜੀ ਨੂੰ ਜਿਸ ਵਕਤ ਫੜ ਲਿਆਂਦਾ ਤੇ ਗਊ ਨੂੰ ਮਾਰ ਕੇ ਅੱਗੇ ਰੱਖ ਦਿਤਾ। ਉਸ ਵੇਲੇ ਕਿਹਾ ਕਿ ਨਾਮਦੇਵ ਤਿੰਨ ਸ਼ਰਤਾਂ ਨੇ ਪਹਿਲੀ ਇਹ ਹੈ ਕਿ ਗਊ ਜੀਉਂਦੀ ਕਰ ਦੇ। ਦੂਸਰੀ ਇਹ ਹੈ ਕਿ ਜੇ ਜੀਉਣਾ ਹੈ ਤਾਂ ਇਸਲਾਮ ਵਿਚ ਆ ਜਾ ਤੇ ਤੀਸਰੀ ਗੱਲ ਇਹ ਹੈ ਕਿ ਜਿੱਥੇ ਗਊ ਮਰੀ ਹੋਈ ਹੈ ਉਥੇ ਨਾਲ ਹੀ ਤੈਨੂੰ ਮਾਰ ਦੇਣਾ ਹੈ। ਉਸ ਵੇਲੇ ਨਾਮਦੇਵ ਜੀ ਕਹਿਣ ਲੱਗੇ ਕਿ ਮੈਨੂੰ ਇਹ ਗੱਲ ਮਨਜ਼ੂਰ ਨਹੀਂ ਹੈ। ਗਊ ਮੈਂ ਨਹੀਂ ਜੀਉਂਦੀ ਕਰ ਸਕਦਾ ਉਹ ਪ੍ਰਮੇਸ਼ਰ ਨੇ ਕਰਨੀ ਹੈ, ਬਾਕੀ ਜਿਹੜੀ ਤੁਸੀਂ ਮੇਰੇ ਜੀਉਣ ਵਾਸਤੇ ਸ਼ਰਤ ਹੈ, ਉਹ ਮੈਨੂੰ ਮਨਜ਼ੂਰ ਨਹੀਂ ਹੈ। ਤੀਸਰੀ ਸ਼ਰਤ ਜਿਹੜੀ ਹੈ ਉਹ ਠੀਕ ਹੈ ਮੈਂ ਉਹਦੇ ਵਾਸਤੇ ਤਿਆਰ ਹਾਂ। ਉਸ ਵੇਲੇ ਮਾਤਾ ਆਉਂਦੀ ਹੈ, ਮਾਂ ਆ ਕੇ ਕਹਿਣ ਲੱਗੀ, ਨਾਮਦੇਵ! ਕਾਹਨੂੰ ਤੂੰ ਜਾਨ ਗਵਾਉਂਦਾ ਹੈਂ। ਨਾਮਦੇਵ ਨੇ ਕਿਹਾ ਮਾਤਾ! ਹੁਣ ਮੈਂ ਨਾਮ ਨਹੀਂ ਜਪਦਾ, ਨਾਮ ਦੀ ਧੁਨ ਆਪੇ ਹੀ ਹੋ ਰਹੀ ਹੈ, ਮੇਰੇ ਅਖਤਿਆਰ ਤੋਂ ਬਾਹਰ ਹੈ। ਹੁਣ ਉਹ ਛੱਡ ਨਹੀਂ ਹੁੰਦਾ। ਉਹ ਸਾਰੇ ਸਰੀਰ ਦੇ ਵਿਚ ਸਮਾਅ ਗਿਆ।

***ਧਾਰਨਾ - ਛੋਡਿਆ ਨਾ ਜਾਏ ਜੀ,***
***ਸਹਿਜ ਸਮਾਨਾ ਭੀਤਰੇ।***

*ਲਾਲ ਰੰਗੁ ਤਿਸ ਕਉ ਲਗਾ*
*ਜਿਸ ਕੇ ਵਡਭਾਗਾ ॥*
*ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ ॥ ੧ ॥*
*ਪ੍ਰਭੁ ਪਾਇਆ ਸੁਖਦਾਈਆ*
*ਮਿਲਿਆ ਸੁਖ ਭਾਇ ॥*
*ਸਹਜਿ ਸਮਾਨਾ ਭੀਤਰੇ*
*ਛੋਡਿਆ ਨਹ ਜਾਇ ॥ ੧ ॥ ਰਹਾਉ ॥*
*ਜਰਾ ਮਰਾ ਨਹ ਵਿਆਪਈ*
*ਫਿਰਿ ਦੂਖੁ ਨ ਪਾਇਆ॥*
*ਪੀ ਅੰਮ੍ਰਿਤੁ ਆਘਾਨਿਆ*
*ਗੁਰਿ ਅਮਰੁ ਕਰਾਇਆ॥ ੨ ॥*
*ਸੋ ਜਾਨੈ ਜਿਨਿ ਚਾਖਿਆ*
*ਹਰਿ ਨਾਮੁ ਅਮੋਲਾ ॥*
*ਕੀਮਤਿ ਕਹੀ ਨ ਜਾਈਐ*
*ਕਿਆ ਕਹਿ ਮੁਖਿ ਬੋਲਾ॥ ੩ ॥*
*ਸਫਲ ਦਰਸੁ ਤੇਰਾ ਪਾਰਬ੍ਰਹਮ*
*ਗੁਣ ਨਿਧਿ ਤੇਰੀ ਬਾਣੀ ॥*
*ਪਾਵਉ ਧੂਰਿ ਤੇਰੇ ਦਾਸ ਕੀ ਨਾਨਕ ਕੁਰਬਾਣੀ ॥*
*ਅੰਗ - ੮੦੯*

ਨਾਮ ਅੰਦਰ ਰਚ ਗਿਆ, ਪੂਰਨ ਗਿਆਨ ਹੋ ਗਿਆ, ਦੂਜਾ ਨਜ਼ਰ ਨਹੀਂ ਆਉਂਦਾ। ਉਹਨੂੰ ਕੀ ਕਹਿਣਾ ਕਿ ਤੂੰ ਫਲਾਣੇ ਧਰਮ 'ਚ ਆ ਜਾ। ਉਹਦੀ ਦ੍ਰਿਸ਼ਟੀ 'ਚ ਤਾਂ ਸਾਰੇ ਧਰਮ ਇਕੋ ਹੁੰਦੇ ਨੇ। ਧਰਮ ਦੀ ਪਰਿਭਾਸ਼ਾ ਬਹੁਤ ਨੀਵੀਂ ਰਹਿ ਜਾਂਦੀ ਹੈ। ਜਿਵੇਂ ਇਕ ਬੀ.ਏ 'ਚ ਪੜ੍ਹਦੇ ਬੰਦੇ ਨੂੰ ਕੋਈ ਕਹੇ ਕਿ ਤੂੰ ਪਹਿਲੀ ਜਮਾਤ 'ਚ ਲਗ ਜਾ, ਮਖੌਲ ਹੈ ਉਹਦੇ ਨਾਲ, ਉਹ ਪੂਰਨ ਪਦ ਤੇ ਪਹੁੰਚੇ ਹੋਏ ਸੀ, ਸਾਹਿਬਜ਼ਾਦੇ ਐਵੇਂ ਨਹੀਂ ਸੀ। ਜੇ ਧਰੂੰ ਨੂੰ ਪੰਜ ਸਾਲ ਦੇ ਵਿਚ ਪੂਰਨ ਗਿਆਨ ਹੋ ਸਕਦਾ ਹੈ, ਇਹ ਗੁਰੂ ਗੋਬਿੰਦ ਸਿੰਘ ਮਹਾਰਾਜ ਦੀ ਆਪਣੀ ਓਲਾਦ ਸੀ, ਪੂਰਨ ਗਿਆਨਵਾਨ ਸੀ।

ਮੁਸਕਰਾ ਪਏ ਕਹਿੰਦੇ, ਕਿਹੜੀ ਚੀਜ਼ ਨੂੰ ਕਹਿੰਦੇ ਨੇ। ਸੋ ਏਸੇ ਤਰ੍ਹਾਂ ਪ੍ਰਹਿਲਾਦ ਨੂੰ ਕਹਿੰਦੀ ਹੈ ਮਾਂ ਕਿ ਤੂੰ -

*ਤੂ ਰਾਮ ਕਹਨ ਕੀ ਛੋਡੁ ਬਾਨਿ ॥*
*ਤੁਝੁ ਤੁਰਤੁ ਛਡਾਊ ਮੇਰੋ ਕਹਿਓ ਮਾਨਿ ॥*
*ਅੰਗ - ੧੧੯੪*

ਕਹਿੰਦੇ ਮਾਤਾ! ਹੁਣ ਨਾਮ ਦੇ ਛੱਡਣ ਦੀ ਬਾਤ ਕਰਦੀ ਹੈ ਇਹ ਤਾਂ ਨਹੀਂ ਛੱਡ ਹੁੰਦਾ। ਇਹ ਤਾਂ ਰੋਮ-ਰੋਮ 'ਚ ਰਚ ਗਿਆ।

ਏਸ ਤਰ੍ਹਾਂ ਦੇ ਨਾਲ ਜਵਾਬ ਦੇ ਦਿਤਾ, ਕਹਿੰਦੇ ਤੁਸੀਂ ਤਾਂ ਬਹੁਤ ਛੋਟੀ ਗੱਲ ਕਰਦੇ ਹੋ। ਇਹ ਸ਼ਰਤ ਲਾ ਕੇ ਕਿ ਤੁਸੀਂ ਬਚ ਜਾਓਗੇ, ਜੇ ਇਸਲਾਮ ਵਿਚ ਆ ਜਾਓਂ, ਤੁਸੀਂ ਇਕ ਗੱਲ ਸਾਨੂੰ ਸਮਝਾ ਦਿਓ ਕਿ ਇਸਲਾਮ 'ਚ ਆ ਕੇ ਅਸੀਂ ਮਰਨਾ ਤਾਂ ਨਹੀਂ ਫੇਰ ਮੁੜ ਕੇ ਆ ਕੇ?

ਇਕ ਦੂਜੇ ਦੇ ਮੂੰਹ ਵਲ ਦੇਖਣ ਲੱਗ ਗਏ ਸਾਰੇ। ਕਹਿੰਦੇ ਜਵਾਬ ਦਿਓ ਬੱਚਿਆਂ ਦਾ ਕਿ ਫੇਰ ਤਾਂ ਨਹੀਂ ਮਰਾਂਗੇ।

ਕਹਿਣ ਲੱਗੇ, ਮਰਨ ਤੋਂ ਬਾਅਦ ਕੀ ਹੁੰਦਾ ਹੈ, ਉਹ ਵੀ ਸਾਨੂੰ ਸਮਝਾ ਦਿਓ। ਕਹਿਣ ਲੱਗੇ, ਜਦੋਂ ਮਰ ਜਾਂਦਾ ਹੈ ਨਾ, ਫੇਰ ਰੂਹ ਕਬਰਾਂ 'ਚ ਪਈ ਰਹਿੰਦੀ ਹੈ ਤੇ ਰੋਜ਼ੇ ਆਖਰ ਜਿਸ ਦਿਨ ਕਿਆਮਤ ਆਉਂਦੀ ਹੈ, ਉਸ ਦਿਨ ਹਿਸਾਬ ਕਿਤਾਬ ਹੋਣਾ ਹੈ, ਜਿਨ੍ਹਾਂ ਦੀ ਤਾਂ ਗਵਾਹੀ ਮੁਹੰਮਦ ਸਾਹਿਬ ਭਰ ਦੇਣਗੇ। ਉਹ ਤਾਂ ਹੋ ਜਾਣਗੇ ਪਾਰ, ਜਿਨ੍ਹਾਂ ਦੀ ਨਹੀਂ ਭਰਨਗੇ ਉਹ ਫੇਰ ਦੋਜ਼ਕ ਦੇ ਵਿਚ ਸੜਨਗੇ। ਕਹਿਣ ਲੱਗੇ, ਇਹ ਤਾਂ ਗੱਲ ਹੀ ਕੁਛ ਨਾ ਰਹੀ, ਅਸੀਂ ਤਾਂ ਜਾਣਾ ਹੀ ਨਹੀਂ ਦੋਜ਼ਕ ਵਿਚ। ਸਾਡੇ ਵਾਸਤੇ ਤਾਂ ਦੋਜ਼ਕ ਨਹੀਂ, ਨਾ ਧਰਮਰਾਜ ਦੀ ਦਰਗਾਹ ਹੈ -

*ਧਰਮ ਰਾਇ ਨੋ ਹੁਕਮੁ ਹੈ*
*ਬਹਿ ਸਚਾ ਧਰਮੁ ਬੀਚਾਰਿ ॥*
*ਦੂਜੈ ਭਾਇ ਦੁਸਟੁ ਆਤਮਾ*
*ਓਹੁ ਤੇਰੀ ਸਰਕਾਰ ॥ ਅੰਗ - ੩੮*

ਅਜ਼ਰਾਈਲ ਕੋਲ ਤਾਂ ਉਨ੍ਹਾਂ ਨੇ ਜਾਣਾ ਹੈ ਜਿਹੜੇ ਦ੍ਵੈਤ ਵਿਚ ਰਹੇ ਨੇ। ਜਿਨ੍ਹਾਂ ਨੇ ਗਲਤ ਕੰਮ ਕਰੇ ਨੇ। ਸਾਡਾ ਤਾਂ ਰਸਤਾ ਹੀ ਨਹੀਂ ਹੈ, ਅਸੀਂ ਕਿਸੇ ਕਬਰ 'ਚ ਨਹੀਂ ਪੈਣਾ, ਕਿਸੇ ਥਾਂ ਰਹਿਣਾ ਨਹੀਂ। ਇਹ ਤਾਂ ਜੀਵਨ ਮੁਕਤੀ ਦੀ ਅਵਸਥਾ ਸਾਨੂੰ ਪ੍ਰਾਪਤ ਹੈ, ਜਦੋਂ ਤੱਕ ਅਸੀਂ ਸਰੀਰ ਵਿਚ ਹਾਂ ਸਰੀਰ ਵਿਚ ਹਾਂ, ਜਦੋਂ ਸਰੀਰ 'ਚੋਂ ਅਸੀਂ ਨਿਕਲ ਗਏ ਆਪਣੇ ਨਿਜ ਘਰ ਚਲੇ ਜਾਵਾਂਗੇ ਅਸੀਂ ਵਿਚਾਲੇ ਤਾਂ ਰੁਕਣਾ ਨਹੀਂ। ਨਾ ਕਿਸੇ ਦੀ ਗਵਾਹੀ ਹੋਣੀ ਹੈ। ਫੇਰ ਤਾਂ ਬਹੁਤ ਛੋਟੀ ਚੀਜ਼ ਤੁਸੀਂ ਸਾਨੂੰ ਕਹਿ ਰਹੇ ਹੋ। ਦੂਜੀ ਗੱਲ ਇਹ ਹੈ ਕਿ ਜੇ ਮਰਨਾ ਹੀ ਹੈ ਸਰੀਰ ਨੇ ਜਾਣਾ ਹੀ ਹੈ, ਸਾਨੂੰ ਤਾਂ ਇਹ ਪਤਾ ਲੱਗ ਚੁੱਕਿਆ ਹੈ ਕਿ ਮੌਤ ਹੈ ਹੀ ਨਹੀਂ। ਕਾਲ ਜਿਹੜਾ ਹੈ ਓਨਾ ਚਿਰ ਹੈ ਜਿੰਨਾ ਚਿਰ ਆਦਮੀ ਦੇ ਅੰਦਰ ਹਉਮੈ ਦਾ ਜਜ਼ਬਾ ਹੈ, ਜਦੋਂ ਤੱਕ ਦੋਹਾਂ ਦੇ ਵਿਚ ਖੇਲ੍ਹਦਾ ਹੈ।

*ਜਬ ਲਗੁ ਮੋਹ ਮਗਨ ਸੰਗਿ ਮਾਇ ॥*
*ਤਬ ਲਗੁ ਧਰਮੁ ਰਾਇ ਦੇਇ ਸਜਾਇ ॥*
*ਅੰਗ - ੨੭੮*

ਉਸ ਵੇਲੇ ਤੱਕ ਧਰਮਰਾਜ ਦੇ ਜਾਣਾ ਹੈ, ਜਦੋਂ ਇਹਨੂੰ ਗਿਆਨ ਹੋ ਗਿਆ, ਆਪਣੇ ਸਰੂਪ ਨੂੰ ਪ੍ਰਾਪਤ ਕਰ ਲਿਆ, ਫੇਰ ਕਿਹੜਾ ਧਰਮਰਾਜ ਹੈ, ਕਿਹੜੀ ਮੌਤ ਹੈ। ਫੇਰ ਤਾਂ ਮਰਦਾ ਹੀ ਨਹੀਂ, ਫੇਰ ਤਾਂ ਅਮਰ ਜੀਵਨ ਪ੍ਰਾਪਤ ਹੋ ਜਾਂਦਾ ਹੈ।

ਉਹ ਅਮਰ ਹੋ ਜਾਂਦਾ ਹੈ, ਅੰਮ੍ਰਿਤ ਪੀਣ ਵਾਲਾ। ਸਾਨੂੰ ਨਾਮ ਦਾ ਅੰਮ੍ਰਿਤ ਪ੍ਰਾਪਤ ਹੋ ਗਿਆ ਨਵਾਬ ਸਾਹਿਬ! ਅਸੀਂ ਮਰਨਾ ਨਹੀਂ ਹੈ। ਸਾਨੂੰ ਨਹੀਂ

ਲੋੜ, ਇਹ ਬੱਚਿਆਂ ਵਾਲੀਆਂ ਗੱਲਾਂ ਤੁਸੀਂ ਕਰਦੇ ਹੋ ਕਿ ਆਹ ਲੈ ਲਓ, ਇਸਲਾਮ ਧਾਰਨ ਕਰ ਲਓ। ਇਹ ਚੀਜ਼ ਸਾਨੂੰ ਕਬੂਲ ਨਹੀਂ।

ਛੋਟੇ ਭਰਾ ਨੇ ਵੱਡੇ ਵਲ ਦੇਖਿਆ ਫਤਹਿ ਸਿੰਘ। ਕਹਿੰਦੇ ਭਰਾਤਾ ਜੀ! ਮੇਰੀ ਇਕ ਗੱਲ ਸੁਣੋ, ਮੈਂ ਕਹਿ ਸਕਦਾ ਹਾਂ? ਕਹਿੰਦੇ ਦੱਸ ਫਤਹਿ ਸਿੰਘਾ! ਕੀ ਕਹਿਣਾ ਚਾਹੁੰਦਾ ਹੈਂ। ਤਾਂ ਉਸ ਵੇਲੇ ਉਨ੍ਹਾਂ ਨੇ ਕਿਹਾ ਜੋ ਇਤਿਹਾਸ 'ਚ ਲਿਖਿਆ ਹੈ-

***ਧਰਮ ਪਿਤਾਮੇ ਜਸੌਂ ਰਖਿ ਲੀਨਾ।***
***ਸ਼ੁਭ ਜਸ ਤੇ ਜਗ ਪੂਰਨ ਕੀਨਾ।***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5951***

ਆਪਣੇ ਬਾਬਾ ਜੀ ਦੀ ਗੱਲ ਯਾਦ ਹੈ ਨਾ, ਉਨ੍ਹਾਂ ਦੇ ਅੱਗੇ ਵੀ ਆਹੀ ਸਵਾਲ ਰੱਖਿਆ ਸੀ, ਉਨ੍ਹਾਂ ਨੇ ਸੀਸ ਦੇ ਦਿਤਾ ਲੇਕਿਨ ਧਰਮ ਨਹੀਂ ਹਾਰਿਆ।

***ਤੀਨਿ ਲੋਕ ਮਹਿਂ ਸ਼ਾਕਾ ਚੀਨਾ॥***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5951***

ਤਿੰਨਾਂ ਲੋਕਾਂ ਦੇ ਵਿਚ, ਸਾਰਿਆਂ ਦੇ ਵਿਚ ਇਹ ਸਾਕੇ ਨੂੰ ਚੀਨਿਆਂ ਜਾਂਦਾ ਹੈ। ਉਸ ਵੇਲੇ ਜਵਾਬ ਦੇ ਦਿਤਾ ਕਹਿਣ ਲੱਗੇ ਜਿਹੜਾ ਸਿੱਖੀ ਸਿਦਕ ਹੈ ਸਾਡਾ ਇਹ ਸਾਡਾ ਬਹੁਤ ਉਚਾ ਹੈ ਇਹ ਜਾਨ ਦੇ ਨਾਲ ਸਬੰਧ ਨਹੀਂ ਰੱਖਦਾ -

***ਧਾਰਨਾ - ਸਿਰ ਜਾਵੇ ਤਾਂ ਜਾਵੇ***
***ਸਿੱਖੀ ਸਿਦਕ ਨਾ ਜਾਵੇ।***
***ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ॥***
***ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥***
***ਅੰਗ - ੧੩੬੫***

ਕਹਿਣ ਲੱਗੇ, ਨਵਾਬ ਸਾਹਿਬ! ਸੀਸ ਦੀ ਨਹੀਂ ਕੋਈ ਪਰਵਾਹ ਪਰ ਸਿਦਕ ਨਾ ਸਾਡਾ ਡੋਲੇ। ਅਸੀਂ ਸਿਦਕ ਦੇ ਉਤੋਂ ਸੀਸ ਕੁਰਬਾਨ ਕਰ ਦੇਣਾ ਹੈ। ਮਰਨ ਤੋਂ ਨਹੀਂ ਸਾਨੂੰ ਡਰ ਲਗਦਾ ਕਿਉਂਕਿ ਮਰਨ ਤੋਂ ਬਾਅਦ ਅਸੀਂ ਆਪਣੇ ਘਰ ਨੂੰ ਜਾਣਾ ਹੈ, ਨਿਜ ਘਰ ਦੇ ਅੰਦਰ। ਉਹ ਘਰ ਦੀ ਪ੍ਰਾਪਤੀ ਸਾਨੂੰ ਗੁਰੂ ਨੇ ਕਰਾ ਦਿਤੀ ਹੈ। ਆਹ ਗੱਲਾਂ ਸਮਝ ਵਿਚ ਨਹੀਂ ਆਉਂਦੀਆਂ ਬਹੁਤਿਆਂ ਦੇ। ਉਸ ਵੇਲੇ ਕਹਿਣ ਲੱਗੇ ਕਿ ਬੱਚਿਓ! ਦੇਖ ਲਓ ਬੜੀ ਕਰੜੀ ਗੱਲ ਹੈ ਅਸੀਂ ਤੁਹਾਨੂੰ ਛੱਡ ਰਹੇ ਹਾਂ, ਤੇ ਤੁਸੀਂ ਐਨਾ ਹੀ ਹੈ ਕਿ ਹੁਣ ਵਾਹਿਗੁਰੂ-ਵਾਹਿਗੁਰੂ ਕਹਿੰਦੇ ਹੋ, ਫੇਰ ਅੱਲਾਹ-ਅੱਲਾਹ ਕਹਿ ਲਿਓ। ਫਰਕ ਤਾਂ ਕੋਈ ਨਹੀਂ, ਤੁਹਾਡੇ ਹੀ ਗੁਰੂ ਕਹਿੰਦੇ ਨੇ, ਫਰਕ ਨਹੀਂ ਕੋਈ। ਉਹ ਕਹਿੰਦੇ ਸਾਡੇ ਗੁਰੂ ਇਹੀ ਗੱਲ ਕਹਿੰਦੇ ਨੇ ਕਿ ਸਾਰੇ ਇਕ ਨੇ-

ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ,
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ।

***ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ***
***ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ॥***
***ਏਕੈ ਨੈਨ ਏਕੈ ਕਾਨ, ਏਕੈ ਦੇਹ ਏਕੈ ਬਾਨ***
***ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ॥***
***ਅਲਹ ਅਭੇਖ ਸੋਈ ਪੁਰਾਨ ਐ ਕੁਰਾਨ ਓਈ,***
***ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ॥***
***ਅਕਾਲ ਉਸਤਤਿ***

ਪੂਜਾ ਵੀ ਤੇ ਦੇਹੁਰਾ ਵੀ, ਨਮਾਜ਼ ਵੀ ਇਹ ਸਾਰੀ ਇਕ ਹੈ, ਮਾਨਸ ਸਾਰੇ ਇਕ ਨੇ। ਪਰ ਪਿਆਰਿਓ! ਤੁਹਾਨੂੰ ਕੀ ਹੱਕ ਹੈ ਕਿ ਅਸੀਂ ਜਿਸ ਰਸਤੇ ਤੇ ਚੱਲੇ ਹੋਏ ਹਾਂ ਉਸ ਤੋਂ ਸਾਨੂੰ ਬਦਲਾ ਦਿਓਂ। ਬਾਕੀ ਜਿਹੜੀ ਤੁਸੀਂ ਸੀਸ ਦੇਣ ਦੀ ਗੱਲ ਕਹਿੰਦੇ ਹੋ। ਇਹ ਅਸੀਂ ਦੇਣ ਵਾਸਤੇ ਤਿਆਰ ਹਾਂ ਧਰਮ ਨਹੀਂ ਅਸੀਂ ਹਾਰਨਾ।

***ਧਾਰਨਾ - ਸੀਸ ਦੇਵਾਂਗੇ ਧਰਮ ਨਹੀਓਂ ਹਾਰਨਾ,***
***ਇਹ ਹੈ ਰੀਤ ਗੁਰਸਿੱਖੀ ਦੀ।***

ਕਹਿਣ ਲੱਗੇ, ਸਾਡੇ ਰੀਤ ਚਲੀ ਆਈ ਹੈ। ਸਾਡੇ ਦਾਦਾ ਜੀ ਨਾਲ ਮਤੀ ਦਾਸ, ਸਤੀ ਦਾਸ, ਭਾਈ ਦਇਆਲਾ ਸਾਰਿਆਂ ਨੇ ਸੀਸ ਦੇ ਦਿਤੇ, ਤਨ ਦੇ ਉਤੇ ਬੇਅੰਤ ਤਸੀਹੇ ਸਹਿ ਲਏ ਪਰ ਧਰਮ ਤੋਂ ਬੇਮੁਖ ਨਹੀਂ ਹੋਏ। ਕਹਿਣ ਲੱਗੇ, ਰੀਤ ਹੈ -

***ਹਮਰੇ ਬੰਸ ਰੀਤਿ ਇਮ ਆਈ।***
***ਸੀਸ ਦੇਤਿ ਪਰ ਧਰਮ ਨ ਜਾਈ॥***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5952***

ਜਿਵੇਂ -

ਰਘੂਕੁਲ ਰੀਤ ਚਲੀ ਆਈ, ਉਹ ਬਚਨ ਤੋਂ ਨਹੀਂ ਸੀ ਹਟਦੇ। ਜੋ ਬਚਨ ਕਰ ਲਿਆ ਉਹ ਪੂਰਾ ਕਰਦੇ ਸੀ। ਕਹਿੰਦੇ, ਉਹੀ ਰੀਤ ਸਾਡੇ ਚਲੀ ਜਾ ਰਹੀ ਹੈ। ਸਾਡੇ ਪਿਤਾ ਜੀ ਦੇ ਪੜਦਾਦਾ ਜੀ ਉਹ ਵੀ ਤੱਤੀਆਂ ਤਵੀਆਂ ਤੇ ਬੈਠ ਗਏ। ਉਨ੍ਹਾਂ ਨੇ ਧਰਮ ਨਹੀਂ ਹਾਰਿਆ, ਸਾਡੇ ਦਾਦਾ ਜੀ ਨੇ ਧਰਮ ਨਾ ਹਾਰਿਆ, ਗੁਰਸਿੱਖਾਂ ਨੇ ਧਰਮ ਨਾ ਹਾਰਿਆ, ਬੰਦ-ਬੰਦ ਕਟਾ ਲਏ ਤਾਂ ਨਹੀਂ ਧਰਮ ਹਾਰਿਆ। ਬਾਕੀ ਤੁਸੀਂ ਜ਼ੁਲਮ ਕਰਦੇ ਹੋ, ਬਗੈਰ ਕਿਸੇ ਕਸੂਰ ਤੋਂ ਜਿਸ ਰਾਜ ਵਿਚ ਜ਼ੁਲਮ ਹੋਵੇ ਤੇ ਬਗੈਰ ਕਿਸੇ ਕਸੂਰ ਤੋਂ ਹੋਵੇ, ਤਾਂ ਉਹ ਰਾਜ ਆਪਣੀਆਂ ਜੜ੍ਹਾਂ ਖੋਖਲੀਆਂ ਕਰ ਰਿਹਾ ਹੁੰਦਾ ਹੈ।

***ਤੁਮਰੀ ਜਰਾਂ ਉਖਾਰਨਿ ਹੇਤ।***
***ਹਮ ਨਹਿਂ ਡਰਪਹਿੰਗੇ ਸਿਰ ਦੇਤਿ॥***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5952***

ਅਸੀਂ ਨਹੀਂ ਡਰਨਾ ਸਿਰ ਦਿੰਦਿਆਂ ਨੇ, ਕਿਉਂਕਿ ਸਾਡੇ ਸੀਸ ਦੇਣ ਨਾਲ ਇਹ ਜ਼ੁਲਮੀ ਰਾਜ ਦੀਆਂ ਜੜ੍ਹਾਂ ਉਖੜਣੀਆਂ ਨੇ, ਸਾਡੀ ਸ਼ਹੀਦੀ ਐਵੇਂ ਨਹੀਂ ਜਾਣੀ।

ਸੋ ਬਚਨ ਸੁਣੇ ਤੇ ਨਾਲ ਕਹਿਣ ਲੱਗੇ, ਨਵਾਬ ਸਾਹਿਬ! ਇਹ ਇਸਲਾਮ ਦੇ ਵਿਚ ਆ ਕੇ ਫੇਰ ਜੀਉਂਦੇ ਰਹਿ ਜਾਈਦੈ? ਕੋਈ ਨਹੀਂ ਰਹਿੰਦਾ, ਕਿੱਥੇ ਨੇ

ਮੁਹੰਮਦ ਸਾਹਿਬ, ਕਿੱਥੇ ਨੇ ਪੀਰ ਪੈਗੰਬਰ ਵੱਡੇ-ਵੱਡੇ ਆਉਲੀਏ –

***ਜਿਮੀ ਪੁਛੈ ਅਸਮਾਨ***
***ਫਰੀਦਾ ਖੇਵਟ ਕਿੰਨਿ ਗਏ ॥ ਅੰਗ - ੪੮੮***

ਦੁਨੀਆਂ ਦੇ ਉਤੇ ਵੱਡੇ-ਵੱਡੇ ਆਏ, ਵੱਡਿਆਂ-ਵੱਡਿਆਂ ਨੇ ਆ ਕੇ ਵੱਡੇ-ਵੱਡੇ ਉਪਦੇਸ਼ ਦਿਤੇ, ਵੱਡੇ-ਵੱਡੇ ਕਾਰਨਾਮੇ ਕੀਤੇ। ਇਹ ਤਾਂ ਨੇਤ ਬਣਿਆ ਹੋਇਆ ਹੈ-

***ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ***
***ਕਾਲਿ॥ ਨਾਨਕ ਹਰਿ ਗੁਨ ਗਾਇ ਲੇ***
***ਛਾਡਿ ਸਗਲ ਜੰਜਾਲ ॥ ਅੰਗ - ੧੪੨੯***

ਉਹਨੇ ਤਾਂ ਜਾਣਾ ਹੀ ਜਾਣਾ ਹੈ। ਜੋ ਉਪਜਿਆ ਹੈ ਉਹਨੇ ਜਾਣਾ ਹੀ ਹੈ। ਇਥੇ ਰਹਿਣ ਵਾਲਾ ਥਾਉਂ ਨਹੀਂ ਹੈ ਕੋਈ ਵੀ –

***ਧਾਰਨਾ – ਇਥੇ ਬੈਠ ਨਾ ਕਿਸੇ ਨੇ ਰਹਿਣਾ***
***ਵਾਰੀ ਆਈ ਤੁਰ ਜਾਵਣਾ।***
***ਏਕ ਸ਼ਿਵ ਭਏ ਏਕ ਗਏ ਏਕ ਫੇਰ ਭਏ,***
***ਰਾਮ ਚੰਦ੍ਰ ਕ੍ਰਿਸ਼ਨ ਕੇ***
***ਅਵਤਾਰ ਭੀ ਅਨੇਕ ਹੈਂ।***
***ਬ੍ਰਹਮਾ ਅਰੁ ਬਿਸ਼ਨ ਕੇਤੇ***
***ਬੇਦ ਔ ਕੁਰਾਨ ਕੇਤੇ***
***ਸਿੰਮ੍ਰਿਤਿ ਸਮੂਹਨ ਕੇ***
***ਹੁਇ ਹੁਇ ਬਿਤਾਏ ਹੈਂ।***
***ਮੋਨਦੀ ਮਦਾਰ ਕੇਤੇ***
***ਅਸੁਨੀ ਕੁਮਾਰ ਕੇਤੇ***
***ਅੰਸਾ ਅਵਤਾਰ ਕੇਤੇ***
***ਕਾਲ ਬਸ ਭਏ ਹੈਂ।***
***ਪੀਰ ਔ ਪਿਕਾਂਬਰ ਕੇਤੇ***
***ਗਨੇ ਨ ਪਰਤ ਏਤੇ,***
***ਭੂਮ ਹੀ ਤੇ ਹੁਇਕੈ***
***ਫੇਰ ਭੂਮ ਹੀ ਮਿਲਏ ਹੈਂ। ਅਕਾਲ ਉਸਤਤਿ***

ਕਹਿਣ ਲੱਗੇ, ਸੰਸਾਰ 'ਚ ਨਹੀਂ ਰਹਿਣਾ, ਧਰਮ ਨੇ ਨਾਲ ਰਹਿਣਾ ਹੈ। ਬਾਕੀ ਜਿਹੜੀਆਂ ਚੀਜ਼ਾਂ ਤੁਸੀਂ ਕਹਿੰਦੇ ਓਂ, ਮਾਇਆ ਦੇਵਾਂਗੇ, ਬੜਾ ਸੋਹਣਾ ਪਾਲਾਂਗੇ, ਇਹ ਤਾਂ ਇਥੇ ਹੀ ਰਹਿ ਜਾਣੀਆਂ ਨੇ ਸਾਰੀਆਂ। ਇਹ ਗੱਲ ਨਹੀਂ ਹੋ ਸਕਦੀ। ਉਸ ਵੇਲੇ ਸਾਰੇ ਚੁੱਪ ਬੈਠੇ ਨੇ, ਨਵਾਬ ਨੇ ਇਧਰ ਉਧਰ ਦੇਖਣਾ ਸ਼ੁਰੂ ਕਰ ਦਿਤਾ। ਸਾਰੀ ਜਿੰਨੀ ਵੀ ਸਭਾ ਬੈਠੀ ਹੈ ਸਭ ਚੁੱਪ ਬੈਠੀ ਹੈ, ਕੋਈ ਕੁਛ ਸੋਚ ਰਿਹਾ ਹੈ, ਕੋਈ ਕੁਛ ਸੋਚ ਰਿਹਾ ਹੈ। ਕੋਈ ਮਨਮੋਹਣੀਆਂ ਸ਼ਕਲਾਂ ਨੂੰ ਦੇਖ ਰਿਹਾ ਹੈ। ਕੋਈ ਬੱਚਿਆਂ ਦੀ ਦਲੇਰੀ ਨੂੰ ਦੇਖ ਕੇ ਸਾਬਾਸ਼-ਸਾਬਾਸ਼ ਕਹਿ ਰਿਹਾ ਹੈ। ਕੋਈ ਉਨ੍ਹਾਂ ਦੇ ਉਤਰ ਸੁਣ ਕੇ, ਵਿਚਾਰ ਵਾਲੇ ਉਨ੍ਹਾਂ ਦੇ ਵਿਚਾਰ ਸੁਣ ਕੇ ਚੁੱਪ ਬੈਠੇ ਨੇ। ਨਵਾਬ ਵੀ ਚੁੱਪ ਬੈਠਾ ਹੈ। ਉਸ ਵੇਲੇ ਨਿਗ੍ਹਾ ਪੈ ਗਈ ਉਹਦੀ ਮਲੇਰਕੋਟਲੀਆਂ ਤੇ। ਉਹਨੇ ਸ਼ੇਰ ਮੁਹੰਮਦ ਨੂੰ ਬੁਲਾਇਆ ਕਹਿੰਦੇ, ਸ਼ੇਰ ਮੁਹੰਮਦ ਆਹ ਬੱਚਿਆਂ ਨੂੰ ਅਸੀਂ ਤੇਰੇ ਹਵਾਲੇ ਕਰਦੇ ਹਾਂ ਤੇ ਜਿਵੇਂ ਤੇਰਾ ਜੀਅ ਕਰਦਾ ਹੈ ਇਨ੍ਹਾਂ ਤੋਂ ਬਦਲਾ ਕੱਢ ਲੈ। ਤੇਰਾ ਭਰਾ ਇਨ੍ਹਾਂ ਦੇ ਪਿਤਾ ਨੇ ਮਾਰਿਆ ਹੈ। ਕਹਿਣ ਲੱਗਿਆ, ਨਵਾਬ ਸਾਹਿਬ! ਇਹ ਕੋਈ ਸੂਰਮਿਆਂ ਦੀ ਰੀਤ ਨਹੀਂ ਹੈ। ਸੂਰਮੇ ਮੈਦਾਨੇ ਜੰਗ ਦੇ ਵਿਚ ਲੜਦੇ ਨੇ, ਜਦੋਂ ਚੈਲੰਜ ਕਰਦੇ ਨੇ, ਇਹ ਕਾਇਰਾਂ ਵਾਲੀ ਗੱਲ ਤੁਸੀਂ ਕਿਵੇਂ ਕਹਿ ਦਿਤੀ। ਇਨ੍ਹਾਂ ਸ਼ੀਰ ਖੋਰ ਬੱਚਿਆਂ ਦਾ ਕੋਈ ਕਸੂਰ ਹੈ? =

***ਬਾਲਕ ਸ਼ੀਰ ਖੋਰ ਕਜਾ ਦੋਸ਼।***
***ਹਾਨ ਲਾਭ ਕੀ ਇਨਹਿਂ ਨ ਹੋਸ਼।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5953***

ਇਨ੍ਹਾਂ ਨੂੰ ਤਾਂ ਹੋਸ਼ ਹੀ ਨਹੀਂ, ਨਾ ਹਾਨ ਦੀ ਨਾ ਲਾਭ ਦੀ। ਜਿਹੋ ਜਿਹੇ ਵਾਤਾਵਰਣ 'ਚ ਪਲੇ ਨੇ, ਉਹ ਗੱਲਾਂ ਇਹ ਕਰ ਰਹੇ ਨੇ ਤੇ ਮੈਂ ਕੋਈ ਬੁਜ਼ਦਿਲ ਹਾਂ? ਇਹ ਤੁਸੀਂ ਬੜਾ ਮਾੜਾ ਕੰਮ ਕਰ ਰਹੇ ਹੋ। ਬੱਚਿਆਂ ਦੇ ਉਤੇ ਪਿਤਾ ਦਾ ਦੋਸ਼ ਕੱਢ ਰਹੇ ਹੋ। ਇਨ੍ਹਾਂ ਨੇ ਕੀ ਵਿਗਾੜਿਆ ਹੈ। ਇਸਲਾਮ ਦੇ ਵਿਚ ਕੱਢ ਕੇ ਦਿਖਾਓ ਮੈਨੂੰ ਕੁਰਾਨ ਸ਼ਰੀਫ 'ਚ, ਕੋਈ ਐਸਾ ਕਾਨੂੰਨ ਹੈ ਜਿਹੜਾ ਕਿਸੇ ਤਰ੍ਹਾਂ ਨਾਲ ਵੀ ਇਨ੍ਹਾਂ ਨੂੰ ਕਸੂਰਵਾਰ ਠਹਿਰਾਏ? ਸ਼ਸਤਰ ਇਨ੍ਹਾਂ ਨੇ ਨਹੀਂ ਚੁੱਕੇ, ਚੈਲੰਜ ਇਨ੍ਹਾਂ ਨੇ ਨਹੀਂ ਕਰਿਆ। ਬੱਚੇ ਕਹਿ ਹੀ ਦਿੰਦੇ ਨੇ, ਜੋ ਕੁਛ ਇਨ੍ਹਾਂ ਨੇ ਸਿਖਿਆ ਹੈ ਉਹਦੇ ਮੁਤਾਬਿਕ ਕਹਿੰਦੇ ਨੇ। ਵੱਡੇ ਹੋਣਗੇ, ਹੋਸ਼ ਆਏਗੀ ਫੇਰ ਜਾ ਕੇ ਕੋਈ ਗੱਲ ਬਣਦੀ ਹੈ। ਸ਼ੀਰਖੋਰ ਪੰਜ ਸਾਲ ਦਾ ਬੱਚਾ ਹੈ ਕਿੰਨਾ ਛੋਟਾ ਹੈ। ਆਹ ਤਾਂ ਬੱਚੇ ਗੋਦੀ ਚੁੱਕੀਦੇ ਨੇ, ਨਾਲ ਸੁਲਾਈਦੇ ਨੇ। ਤੁਸੀਂ ਇਨ੍ਹਾਂ ਦੇ ਉਤੇ ਦੋਸ਼ ਲਾ ਰਹੇ ਹੋ। ਮੈਂ ਐਹੋ ਜਿਹਾ ਬੁਜ਼ਦਿਲ ਨਹੀਂ ਹਾਂ। ਸਾਡਾ ਖਾਨਦਾਨ ਐਨਾ ਬੁਜ਼ਦਿਲ ਨਹੀਂ ਕਿ ਅਸੀਂ ਆਹ ਬੱਚਿਆਂ ਦੇ ਉਤੇ ਦੋਸ਼ ਕੱਢੀਏ? ਹਾਂ ਗੁਰੂ ਗੋਬਿੰਦ ਸਿੰਘ ਇਕੱਲੇ ਯੁੱਧ ਵਿਚ ਆ ਜਾਣ, ਫੇਰ ਅਸੀਂ ਆਪਣਾ ਜੋਸ਼ ਕੱਢਾਂਗੇ, ਲੜਾਂਗੇ ਪੂਰੇ ਤਰੀਕੇ ਨਾਲ। ਐਨੀ ਗੱਲ ਹੀ ਨਹੀਂ ਕਹੀ, ਕਹਿਣ ਲੱਗੇ, ਮੈਂ ਇਸ ਸਭਾ ਵਿਚ ਬੈਠਣਾ ਹੱਤਕ ਸਮਝਦਾ ਹਾਂ ਜਿਥੇ ਇਨਸਾਫ ਨਹੀਂ ਹੈ। ਸੋ ਉਸ ਵੇਲੇ ਨਵਾਬ ਦੇ ਮਨ ਵਿਚ ਆਈ ਕਿ ਬੱਚਿਆਂ ਨੂੰ ਛੱਡ ਦੇਈਏ। ਇਰਾਦਾ ਦੇਖਿਆ ਉਸ ਵੇਲੇ, ਦੋ ਬੰਦੇ ਬੈਠੇ ਸੀ ਉਹਦੇ ਵਿਚ ਇਕ ਦਾ ਨਾਉਂ ਸੁੱਚਾ ਨੰਦ ਸੀ ਜਿਹਨੂੰ ਝੂਠਾ ਨੰਦ ਕਹਿੰਦੇ ਨੇ। ਉਹ ਵੀ ਵਜ਼ੀਰ ਸੀ, ਇਕ ਹਰਜਸ ਸੀਗਾ ਤੇ ਸੁੱਚਾ ਨੰਦ, ਝੂਠਾ ਨੰਦ, ਉਸ ਵੇਲੇ ਖੜ੍ਹਾ ਹੋ ਜਾਂਦਾ ਹੈ, ਉਹ ਕਹਿਣ ਲੱਗਿਆ ਇਹ ਬੱਚੇ ਦੋਸ਼ਦਾਰ ਨੇ ਨਾ ਛੱਡੋ ਨਵਾਬ ਸਾਹਿਬ! ਰਾਜਨੀਤੀ ਇਹ ਕਹਿੰਦੀ ਹੈ ਕਿ ਇਨ੍ਹਾਂ ਨੂੰ ਛੱਡਣਾ ਨਹੀਂ ਚਾਹੀਦਾ, ਇਨ੍ਹਾਂ ਨੂੰ ਛੋਟੇ-ਛੋਟੇ ਨਾ ਜਾਣੋ –

ਇਹ ਤਾਂ ਨਾਗਾਂ ਦੇ ਪੁੱਤਰ ਨੇ। ਨਾਗ ਦਾ ਪੁੱਤਰ ਨਾਗ ਹੀ ਬਣਨਾ ਹੈ। ਤੁਹਾਡੇ ਹੱਥ 'ਚ ਬੜੀ

ਮੁਸ਼ਕਲ ਨਾਲ ਆਏ ਨੇ, ਮਨ ਦੀ ਭਾਉਣੀ ਕਰੋ –

ਸੁੱਚਾ ਪੁਰੀ ਖੱਤਰੀ ਸੀਗਾ ਤੇ ਉਸ ਵੇਲੇ ਹਰਜਸ ਕਹਿਣ ਲੱਗਿਆ, ਨਵਾਬ ਸਾਹਿਬ! ਇਹ ਸੁੱਚਾ ਨੰਦ ਜੀ ਨੇ ਬਿਲਕੁਲ ਗੱਲ ਸਹੀ ਕਹੀ ਹੈ। ਕਾਜ਼ੀ ਕਹਿਣ ਲੱਗਿਆ ਕਿ ਮੇਰੇ ਕੋਲ ਕੋਈ ਦਫਾ ਨਹੀਂ ਜਿਹੜੀ ਮੈਂ ਇਨ੍ਹਾਂ ਤੇ ਲਾ ਦੇਵਾਂ, ਕਹਿੰਦਾ ਦਫਾ ਤਾਂ ਮੈਂ ਇਨ੍ਹਾਂ ਤੇ ਲਵਾ ਦੇਵਾਂ। ਹੁਣੇ ਲਵਾ ਦਿੰਦਾ ਹਾਂ ਸਭਾ 'ਚ। ਹੁਕਮ ਕਰ ਦਿਤਾ, ਬੱਚਿਆਂ ਨੂੰ ਭੇਜ ਦਿਤਾ। ਸਭਾ ਜਾ ਰਹੀ ਹੈ, ਥੋੜ੍ਹੀ ਦੇਰ ਬਾਅਦ ਤਿੰਨ ਦੁਕਾਨਾਂ ਲਵਾ ਦਿਤੀਆਂ। ਇਕ ਦੁਕਾਨ ਮਠਿਆਈ ਦੀ ਲਾ ਦਿਤੀ, ਇਕ ਖਿਡੌਣਿਆਂ ਦੀ ਲਾ ਦਿਤੀ, ਫੇਰ ਬੁਲਾ ਲਏ ਕਹਿੰਦੇ, ਬੱਚਿਓ! ਤੁਹਾਨੂੰ ਛੱਡ ਦਿਤਾ, ਤੁਸੀਂ ਐਉਂ ਕਰੋ ਆਹ ਤਿੰਨ ਦੁਕਾਨਾਂ ਲੱਗੀਆਂ ਹੋਈਆਂ ਨੇ, ਆਹ ਖਾਣਾ ਹੈ ਕੁਛ ਖਾ ਲਓ। ਖੇਲ੍ਹਾਂ ਲੈਣੀਆਂ ਨੇ ਖੇਲ੍ਹਾਂ ਲੈ ਲਓ ਤੇ ਹੋਰ ਕੁਛ ਲੈਣਾ ਹੈ, ਤੁਸੀਂ ਉਹ ਲੈ ਲਓ। ਉਸ ਵੇਲੇ ਦੋਵੇਂ ਭਰਾ ਬਾਹਰ ਨਿਕਲਦੇ ਨੇ, ਸਿਪਾਹੀ ਪਾਸੇ ਹੋ ਗਏ। ਤਾਂ ਵੱਡਾ ਤੇ ਛੋਟਾ, ਨਿਗ੍ਹਾ ਕਰੀ ਮਠਿਆਈ ਵਲ, ਝਾਕੇ ਵੀ ਨਹੀਂ ਓਧਰ। ਮੋਢਾ ਮਾਰਿਆ ਤੇ ਅੱਗੇ ਹੋ ਗਏ। ਅੱਗੇ ਖਿਡੌਣਿਆਂ ਦੀ ਦੁਕਾਨ ਹੈ, ਬੜੇ ਖਿਡੌਣੇ ਪਏ ਨੇ, ਉਨ੍ਹਾਂ ਵਲ ਵੀ ਨਹੀਂ ਦੇਖਿਆ। ਅੱਗੇ ਆ ਗਈ ਹੱਥਿਆਰਾਂ ਵਾਲੀ, ਛੋਟੇ-ਛੋਟੇ ਹਥਿਆਰ ਪਏ ਨੇ, ਕਮਾਣਾਂ ਪਈਆਂ ਨੇ, ਤੀਰ ਪਏ ਨੇ, ਛੋਟੀਆਂ ਸਿਰੀ ਸਾਹਿਬਾਂ ਪਈਆਂ ਨੇ, ਰਾਈਫਲਾਂ ਪਈਆਂ ਨੇ, ਉਸ ਵੇਲੇ ਕਹਿਣ ਲੱਗੇ ਜੋ ਤੁਹਾਡਾ ਜੀਅ ਕਰਦਾ ਹੈ, ਤੁਸੀਂ ਲੈ ਲਓ। ਉਨ੍ਹਾਂ ਨੇ ਉਸੇ ਵੇਲੇ ਸ਼ਸਤਰ ਧਾਰਨ ਕਰ ਲਏ। ਪੂਰੇ ਸ਼ਸਤਰ ਧਾਰਨ ਕਰ ਲਏ। ਕਟਾਰਾਂ, ਕ੍ਰਿਪਾਨ ਪਹਿਨ ਲਈ, ਭੱਥਾ ਲੈ ਲਿਆ ਤੇ ਕਮਾਨ ਪਿੱਛੇ ਪਾ ਲਈ, ਰਾਈਫਲ ਲੈ ਲਈ। ਢਾਲ ਚੁੱਕ ਲਈ, ਸੁੱਚਾ ਨੰਦ ਤੇ ਨਵਾਬ ਵੀ ਨਾਲ ਹੈ, ਸੁੱਚਾ ਨੰਦ ਕਹਿਣ ਲੱਗਿਆ, ਬੱਚਿਓ! ਬੱਚਿਆਂ ਦਾ ਕੰਮ ਹੁੰਦਾ ਹੈ ਮਠਿਆਈ ਖਾਣੀ, ਤੁਸੀਂ ਮਠਿਆਈ ਨਹੀਂ ਖਾਂਦੇ, ਫੇਰ ਉਸ ਤੋਂ ਦੂਜਾ ਕੰਮ ਹੁੰਦਾ ਹੈ, ਖੇਲ੍ਹਾਂ ਲੈ ਕੇ ਖੇਲ੍ਹਣਾ। ਇਹ ਤੁਸੀਂ ਕੀ ਕਰਦੇ ਹੋ? ਕਹਿਣ ਲੱਗੇ, ਕਹਿੰਦੇ ਅਸੀਂ ਸ਼ਸਤਰ ਲਏ ਨੇ, ਕਹਿੰਦੇ ਫੇਰ ਕੀ ਕਰੋਂਗੇ, ਅਸੀਂ ਜੇ ਤੁਹਾਨੂੰ ਛੱਡ ਦਿੰਦੇ ਹਾਂ? ਕਹਿੰਦੇ, ਅਸੀਂ ਜਾਵਾਂਗੇ ਬਾਹਰ, ਸਿੰਘਾਂ ਨੂੰ ਇਕੱਠੇ ਕਰਾਂਗੇ ਤੇ ਅਸੀਂ ਜ਼ੁਲਮ ਜਿਹੜੇ ਕਰਦੇ ਨੇ ਉਨ੍ਹਾਂ ਨੂੰ ਜ਼ੁਲਮ ਤੋਂ ਹਟਾਵਾਂਗੇ, ਯੁੱਧ ਕਰਾਂਗੇ। ਜਦੋਂ ਐਨਾ ਬਚਨ ਸੁਣਿਆ ਕਹਿਣ ਲੱਗਿਆ ਕਿਉਂ ਕਾਜ਼ੀ ਸਾਹਿਬ! ਫੇਰ ਬਾਗੀ ਹੋਏ ਨਾ ਇਹ। ਬਗਾਵਤ ਦਾ ਦੋਸ਼ ਲਗਦਾ ਹੈ ਕਿ ਨਹੀਂ ਹੁਣ। ਉਸ ਵੇਲੇ ਕਾਜ਼ੀ ਨੇ ਕਿਹਾ ਕਿ ਹਾਂ ਹੁਣ ਬਗਾਵਤ ਦਾ ਦੋਸ਼ ਲਗਦਾ ਹੈ। ਉਮਰ ਦਾ ਖਿਆਲ ਫੇਰ ਨਹੀਂ ਕਿਸੇ ਨੇ ਕਰਿਆ। ਕਹਿੰਦੇ ਜਵਾਬ ਦੇਣ ਲੱਗੇ –

***ਬਡੇ ਹੋਇੰਗੇ ਪਿਤਾ ਸਮਾਨਾ।***
***ਲਾਖਹੁੰ ਲਸ਼ਕਰ ਕੀਨਸਿ ਹਾਨਾ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5953***

ਕਹਿਣ ਲੱਗਿਆ, ਸੁੱਚਾ ਨੰਦ ਕਿ ਜਦੋਂ ਇਹ ਵੱਡੇ ਹੋ ਗਏ, ਪਿਤਾ ਵਰਗੇ, ਇਨ੍ਹਾਂ ਦੇ ਪਿਤਾ ਨੇ ਲੱਖਾਂ ਲਸ਼ਕਰ ਹਾਨ ਕਰ ਦਿਤੇ। ਇਹ ਵੀ –

***ਨਿਤ ਊਧਮ ਕੋ ਦੇਸ਼ ਉਠਾਵੈਂ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5953***

ਇਹ ਨਿੱਤ ਝਗੜੇ ਕਰਨਗੇ –

***ਏਹ ਨਹਿਂ ਕਸੋਂਹੂੰ ਸੀਸ ਨਿਵਾਵੈਂ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5953***

ਹੁਣੇ ਨਹੀਂ ਸੀਸ ਨਿਵਾਉਂਦੇ। ਇਨ੍ਹਾਂ ਨੇ ਡਰ ਕੀ ਮੰਨਣਾ ਹੈ।

***ਅਬਿ ਪਕਰੇ ਬਸ ਆਇ ਤੁਮਾਰੇ।***
***ਛੂਟ ਨ ਜਾਹਿਂ ਮਵਾਸ ਮਝਾਰੇ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5953***

ਕਹਿੰਦੇ ਫੇਰ ਤਾਂ ਇਹ ਬਾਗੀ ਹੋ ਜਾਣਗੇ। ਉਸ ਵੇਲੇ ਹੁਕਮ ਕਰ ਦਿਤਾ ਕਾਜ਼ੀ ਨੇ ਕਿ ਹਕੂਮਤ ਦੇ ਸਾਮ੍ਹਣੇ ਬਗਾਵਤ ਕਰਨ ਦਾ ਦੋਸ਼ ਕੰਧਾਂ 'ਚ ਚਿਣਨ ਦਾ ਹੁੰਦਾ ਹੈ ਤੇ ਇਨ੍ਹਾਂ ਨੂੰ ਕੰਧਾਂ ਵਿਚ ਚਿਣ ਦਿਓ। ਉਸੇ ਵੇਲੇ ਹੁਕਮ ਦੀ ਤਾਮੀਲ ਹੋ ਗਈ, ਇੱਟਾਂ ਮੰਗਾਂ ਲਈਆਂ ਗਈਆਂ, ਗਾਰਾ ਮੰਗਾ ਲਿਆ ਤੇ ਦੇਖਦੇ ਨੇ ਸਾਹਿਬਜ਼ਾਦੇ ਉਸ ਵੇਲੇ ਚਿਣਦਾ ਨਹੀਂ ਕੋਈ। ਆਲੇ-ਦੁਆਲੇ ਝਾਕਦੇ ਨੇ ਕੋਈ ਤਿਆਰ ਨਹੀਂ ਹੁੰਦਾ ਚਿਣਨ ਵਾਸਤੇ। ਉਸ ਵੇਲੇ ਦੋ ਜਲਾਦ ਦਿੱਲੀ ਤੋਂ ਆਏ ਜਿਨ੍ਹਾਂ ਦਾ ਉਥੇ ਮੁਕੱਦਮਾ ਸੀ, ਇਕ ਦਾ ਨਾਉਂ ਸ਼ਾਸ਼ਲ ਬੇਗ ਸੀ, ਇਕ ਦਾ ਨਾਉਂ ਬਾਸ਼ਲ ਬੇਗ ਸੀ। ਉਹ ਜਿਸ ਵਕਤ ਆਏ ਤਾਂ ਨਵਾਬ ਨੇ ਕਿਹਾ ਕਿ ਆਹ ਕੰਮ ਤੁਹਾਡੇ ਜ਼ਿੰਮੇ ਲਾਉਂਦੇ ਹਾਂ ਅਸੀਂ। ਕਹਿੰਦੇ, ਲਓ ਅਸੀਂ ਤਾਂ ਰੋਜ਼ ਹੀ ਕਰਦੇ ਹਾਂ। ਕਹਿੰਦੇ, ਕੰਧ ਵਿਚ ਚਿਣਨਾ ਹੈ। ਕੰਧ ਦੇ ਵਿਚ ਚਿਣਾਈ ਸ਼ੁਰੂ ਹੋ ਗਈ ਸਾਧਸੰਗਤ ਜੀ! ਚਿਣਦੇ ਜਾਂਦੇ ਨੇ ਤੇ ਆਪਸ ਵਿਚ ਦੋਵੇਂ ਬਚਨ ਕਰਦੇ ਨੇ ਕਿ ਡੋਲਣਾ ਨਹੀਂ ਆਪਾਂ, ਆਪਾਂ ਗੁਰੂਪੁਰੀ 'ਚ ਜਾਵਾਂਗੇ ਜੇ ਆਪਣਾ ਸਰੀਰ ਛੁੱਟ ਜਾਏਗਾ। ਘਬਰਾਉਣਾ ਨਹੀਂ ਹੈ। ਉਸ ਵੇਲੇ ਕੰਧ ਚਿਣਦੇ-ਚਿਣਦੇ ਕੰਧ ਗਿਰ ਜਾਂਦੀ ਹੈ। ਬੇਹੋਸ਼ ਹੋ ਜਾਂਦੇ ਨੇ ਦੋਵੇਂ ਸਾਹਿਬਜ਼ਾਦੇ, ਉਧਰੋਂ ਸ਼ਾਮ ਹੋ ਜਾਂਦੀ ਹੈ, ਕਚਹਿਰੀ ਬਰਖਾਸਤ ਹੋ ਜਾਂਦੀ ਹੈ, ਕੰਬਲਾਂ ਦੇ ਵਿਚ ਵਲੇਟ ਦਿਤਾ ਉਨ੍ਹਾਂ ਨੂੰ। ਰਾਤ ਨੂੰ ਉਨ੍ਹਾਂ ਨੂੰ ਗਰਮ ਦੁੱਧ, ਹੋਰ ਗਰਮ ਚੀਜ਼ਾਂ ਦਿੰਦੇ ਨੇ ਤਾਂ ਕਿ ਹੋਸ਼ ਵਿਚ ਆ ਜਾਣ। ਉਸ ਵੇਲੇ ਦੂਸਰਾ ਦਿਨ ਹੋ ਗਿਆ, ਫੇਰ ਬੁਲਾ ਲਏ। ਓਹੀ ਸਵਾਲ ਫੇਰ ਦੁਹਰਾਏ ਗਏ। ਉਨ੍ਹਾਂ ਨੇ ਕਿਹਾ ਕਿ ਜਦੋਂ ਅਸੀਂ ਇਕ ਵਾਰ ਕਹਿ ਦਿਤਾ ਹੁਣ ਤੁਸੀਂ ਬਾਰ-ਬਾਰ ਕਿਉਂ ਕਹੀ ਜਾਂਦੇ ਓਂ। ਅਸੀਂ ਤਾਂ ਚਾਹੁੰਦੇ ਹਾਂ –

***ਧਰਮ ਹੇਤ ਸਿਰ ਚਾਹਤਿ ਦੀਯੋ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5953***

ਇਹ ਸਾਡੇ ਸਿਰ ਦੇਣ ਦੇ ਨਾਲ –

***ਤੁਰਕਨਿ ਜਰਾਂ ਬਿਨਾਸ਼ੀ ਕੀਯੋ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ- 5953***

ਤੁਹਾਡੇ ਰਾਜ ਦਾ ਵਿਨਾਸ਼ ਹੋ ਜਾਏਗਾ, ਸਾਡੇ ਸ਼ਹੀਦ ਹੁੰਦੇ ਸਾਰ। ਅਸੀਂ ਤਾਂ ਯਾਦ ਕਰਦੇ ਹਾਂ –

***ਸਿਮਰਹਿਂ ਬਾਤ ਪਿਤਾਮੇ ਕੇਰੀ।***
***ਲਾਜ ਬੰਸ ਕੀ ਚਹੈਂ ਬਡੇਰੀ॥***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5953***

ਅਸੀਂ ਆਪਣੇ ਬੰਸ ਦੀ ਲਾਜ ਰੱਖਣੀ ਹੈ, ਧਰਮ ਤੋਂ ਨਹੀਂ ਹਾਰਨਾ। ਓਸ ਵੇਲੇ ਇਨ੍ਹਾਂ ਜਲਾਦਾਂ ਨੂੰ ਕਿਹਾ ਗਿਆ ਤੇ ਇਨ੍ਹਾਂ ਨੇ ਦੋਹਾਂ ਸਾਹਿਬਜ਼ਾਦਿਆਂ ਨੂੰ, ਦੋਹਾਂ ਜਲਾਦਾਂ ਨੇ ਗੋਡਿਆਂ ਥੱਲੇ ਲੈ ਲਿਆ, ਜਿਵੇਂ ਬੱਕਰੇ ਨੂੰ ਜਿਹਵਾ ਕਰੀਦਾ ਹੈ, ਐਸ ਤਰ੍ਹਾਂ ਦੇ ਨਾਲ ਇਨ੍ਹਾਂ ਨੇ ਛੁਰੀ ਚਲਾਈ।

***ਅਧਮ ਤਬੈ ਤਰਵਾਰ ਚਲਾਈ।***
***ਸਿਰ ਜ਼ੋਰਾਵਰ ਸਿੰਘ ਦਯੋ ਗਿਰਾਈ।***
***ਬਹੁਰ ਦੂਸਰੋ ਵਾਰ ਪ੍ਰਹਾਰਾ।***
***ਫਤੇ ਸਿੰਘ ਕੋ ਸੀਸ ਉਤਾਰਾ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5954***

ਉਸ ਵੇਲੇ ਬੇਅੰਤ ਸਭਾ ਇਕੱਠੀ ਹੋਈ-ਹੋਈ ਸੀ, ਸ਼ਹਿਰ ਵੀ ਆ ਗਿਆ ਸੀ, ਸਾਰੇ ਹਾਹਾਕਾਰ ਮਚ ਗਈ, ਕੀ ਮੁਸਲਮਾਨ, ਕੀ ਹਿੰਦੂ, ਦਿਲ ਵਾਲੇ ਬੰਦੇ ਜਿਨ੍ਹਾਂ ਦੇ ਅੰਦਰ ਦਿਲ ਸੀ, ਦਰਦ ਸੀ, ਸਾਰੇ ਅਫਸੋਸ ਕਰਦੇ ਨੇ, ਹੰਝੂ ਜਾਂਦੇ ਨੇ, ਰੁਮਾਲਾਂ ਦੇ ਨਾਲ ਪੂੰਝਦੇ ਨੇ।

ਇਧਰ ਹਾਹਾਕਾਰ ਮਚ ਗਈ ਤੇ ਓਧਰ ਦਰਗਾਹ ਦੇ ਵਿਚ ਸਾਰੇ ਲੋਕਾਂ 'ਚ ਜੈ-ਜੈਕਾਰ ਹੁੰਦੀ ਹੈ। ਇਸ ਤਰ੍ਹਾਂ ਪੜ੍ਹ ਲਓ –

***ਧਾਰਨਾ – ਜੈ ਜੈਕਾਰ ਸੁਰਗਾਂ ਵਿਚ ਹੋਵੇ,***
***ਹਾਇ-ਹਾਇ ਕਰੇ ਸਾਰੀ ਦੁਨੀਆਂ***

***ਹਾਹਾਕਾਰ ਜਹਾਂ ਕਹਿਂ ਭਯੋ।***
***ਜੈ ਜੈ ਸ਼ਬਦ ਸੁਰਨਿ ਮਹਿਂ ਥਿਯੋ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5954***

ਗੰਧਰਭ ਲੋਕ, ਦੇਵ ਗੰਧਰਭ ਲੋਕ, ਪਿਤਰ ਲੋਕ, ਸਵਰਗ ਲੋਕ, ਇੰਦਰ ਲੋਕ, ਕਰਮ ਦੇਵ ਲੋਕ, ਅਜਾਨ ਦੇਵ ਲੋਕ, ਬ੍ਰਹਮ ਦੇਵ ਲੋਕ, ਕਰਮ ਦੇਵ ਲੋਕ, ਸ਼ਿਵ ਲੋਕ, ਬੈਕੁੰਠ ਧਾਮ ਤੱਕ ਜਿੰਨੀ ਸ੍ਰਿਸ਼ਟੀ ਸੀ ਸਾਰੀ ਫੁੱਲ ਵਰਸਾਉਂਦੀ ਹੈ। ਦੇਵਤੇ ਆਏ ਨੇ ਫੁੱਲ ਬਰਸਾ ਰਹੇ ਨੇ, ਨਾਦ ਵਜਾ ਰਹੇ ਨੇ। ਓਸ ਵੇਲੇ ਸਾਹਿਬਜ਼ਾਦੇ ਮਾਤਾ ਜੀ ਨੂੰ ਨਮਸਕਾਰ ਕਰਨ ਵਾਸਤੇ ਜਾਂਦੇ ਨੇ, ਕਿਉਂਕਿ ਅਮਰ ਰੂਹਾਂ ਨੇ। ਮਾਤਾ ਜੀ ਦੇਖਦੇ ਨੇ ਭੁਲੇਖਾ ਪਿਆ, ਕਹਿੰਦੇ ਪੁੱਤਰੋ! ਤੁਸੀਂ ਆ ਗਏ। ਕਹਿੰਦੇ, ਨਹੀਂ ਮਾਤਾ ਜੀ! ਅਸੀਂ ਜਾ ਰਹੇ ਹਾਂ, ਸਾਨੂੰ ਅਸ਼ੀਰਵਾਦ ਦਿਓ। ਕਹਿੰਦੀ, ਤੁਸੀਂ ਜਾ ਰਹੇ ਹੋ? ਕਹਿੰਦੇ ਹਾਂ। ਫੇਰ ਦਾਦੀ ਨੂੰ ਨਾਲ ਲੈ ਕੇ ਚੱਲਿਓ, ਮੈਂ ਵੀ ਤੁਹਾਡੇ ਨਾਲ ਚਲਦੀ ਹਾਂ। ਆਪ ਨੇ 28 ਸਾਲ ਯੋਗ ਸਾਧਨਾ ਸਾਧੀ ਸੀ ਮਾਤਾ ਜੀ ਨੇ, ਪੂਰੇ 28 ਸਾਲ। ਸਾਰਾ ਅੰਦਰ ਖੁਲ੍ਹਿਆ ਹੋਇਆ ਸੀ, ਦਸਮ ਦੁਆਰ, ਸਰੀਰ ਵਿਚ ਆਉਣਾ, ਸਰੀਰ ਤੋਂ ਬਾਹਰ ਚਲੇ ਜਾਣਾ ਮਾਮੂਲੀ ਕ੍ਰਿਆ ਹੁੰਦੀ ਹੈ ਇਹ, ਸਾਧੂਆਂ ਵਾਸਤੇ। ਆਪ ਨੇ ਉਸ ਵੇਲੇ ਸਮਾਧੀ ਲਾਈ ਤੇ ਸੁਆਸ ਚਾੜ੍ਹੇ ਤੇ ਬ੍ਰਹਮ-ਰੁਦਰ ਤੋੜ ਕੇ ਆਪ ਪੋਤਿਆਂ ਦੇ ਨਾਲ ਚਲੇ ਜਾਂਦੇ ਨੇ।

ਕਿਉਂਕਿ ਗੁਰਮੁਖ ਜਿਹੜਾ ਹੁੰਦਾ ਹੈ ਉਹਨੂੰ ਕਾਲ ਨਹੀਂ ਆਇਆ ਕਰਦਾ। ਗੁਰਮੁਖ ਹਮੇਸ਼ਾਂ ਆਪਣੀ ਮਰਜ਼ੀ ਨਾਲ ਜਾਂਦਾ ਹੈ –

***ਧਾਰਨਾ – ਆਵੈ ਜਾਏ ਨਿਸੰਗ***
***ਗੁਰਮੁਖ ਪਿਆਰਾ-ਗੁਰਮੁਖ ਪਿਆਰਾ।***

ਤਿੰਨੋ ਧਰਮ ਦੇ ਉਤੋਂ ਬਲੀਦਾਨ ਦੇ ਕੇ ਸਾਨੂੰ ਸਿੱਖਿਆ ਦੇ ਕੇ ਆਪ ਆਪਣੇ ਸੁਰ ਲੋਕ ਨੂੰ ਚਲੇ ਜਾਂਦੇ ਨੇ। ਅਮਰ ਲੋਕ ਦੇ ਅੰਦਰ।

ਇਹ ਵਾਰਤਾ ਜਿਸ ਵਕਤ ਮਾਹੀ ਸੁਣਾ ਰਿਹਾ ਹੈ, ਸੁਣਨ ਵਾਲੇ ਸਾਰਿਆਂ ਦੇ ਨੇਤਰਾਂ 'ਚੋਂ ਜਲ ਜਾ ਰਿਹਾ ਹੈ। ਸਾਰੇ ਰੋ ਰਹੇ ਨੇ, ਰਾਏ ਕੱਲਾ ਵੀ ਤੇ ਹੋਰ ਜਿੰਨੇ ਵੀ ਬੈਠੇ ਸੀ। ਤੇ ਗੁਰੂ ਮਹਾਰਾਜ ਇਕ ਪਲੰਘ ਤੇ ਬੈਠੇ ਛੋਟੀ ਕਰਦ ਦੇ ਨਾਲ ਆਪ ਇਕ ਬੂਟੇ ਦੀ ਜੜ੍ਹ ਦੇ ਨਾਲ ਘੁੰਮਾਈ ਜਾਂਦੇ ਨੇ ਤੇ ਜਿਸ ਵਕਤ ਗੱਲ ਸੁਣਾ ਹਟਿਆ ਕਿ ਮੇਰੇ ਤੋਂ ਮਹਾਰਾਜ ਹੋਰ ਨਹੀਂ ਬੋਲਿਆ ਜਾਂਦਾ। ਜਿੰਨੇ ਪ੍ਰੇਮੀ ਬੈਠੇ ਨੇ ਸਾਰਿਆਂ ਦੇ ਨੇਤਰਾਂ 'ਚੋਂ ਜਲ ਜਾਂਦਾ ਹੈ। ਕੋਈ ਨਹੀਂ ਬੋਲਦਾ, ਗੁਰੂ ਮਹਾਰਾਜ ਆਪ ਆਪਣੇ ਧਿਆਨ ਵਿਚ ਨੇ, ਜਦੋਂ ਇਸ ਨੇ ਕਿਹਾ ਕਿ ਸੱਚੇ ਪਾਤਸ਼ਾਹ! ਉਸ ਤੋਂ ਬਾਅਦ ਮੋਹਰਾਂ ਵਿਛਾ ਕੇ ਥਾਂ ਲਿਆ ਗਿਆ ਤੇ ਉਥੇ ਸਸਕਾਰ ਕੀਤਾ ਗਿਆ ਤੇ ਦੋਹਾਂ ਸਾਹਿਬਜ਼ਾਦਿਆਂ ਦਾ ਸਸਕਾਰ ਦੂਜੇ ਪਾਸੇ ਹੈ ਤੇ ਮਾਤਾ ਗੁਜਰੀ ਜੀ ਦਾ ਸਸਕਾਰ ਦੂਸਰੇ ਪਾਸੇ ਹੈ ਤੇ ਐਉਂ ਲਗਦਾ ਹੈ ਕਿ ਉਹ ਹੁਣ ਵੀ ਉਨ੍ਹਾਂ ਦੀ ਰਾਖੀ ਕਰਨ ਵਾਸਤੇ ਦਰਵਾਜ਼ੇ ਦੇ ਅੱਗੇ ਹੁੰਦੇ ਨੇ।

ਐਨਾ ਜਦੋਂ ਬਚਨ ਹੋਇਆ ਮਹਾਰਾਜ ਜੀ ਨੇ ਉਹ ਜਿਹੜਾ ਬੂਟਾ ਉਹਦੇ ਦੁਆਲੇ ਛੁਰੀ ਫੇਰਦੇ ਸੀ, ਕਰਦ ਫੇਰਦੇ ਉਹ ਉਪਰ ਨੂੰ ਪੁੱਟ ਲਿਆ। ਉਧਰੋਂ ਬਚਨ ਸਮਾਪਤ ਹੁੰਦਾ ਹੈ ਤੇ ਉਧਰੋਂ ਇਹ ਬੂਟਾ ਪੁੱਟਿਆ ਜਾਂਦਾ ਹੈ। ਉਸ ਵੇਲੇ ਐਸਾ ਫੁਰਮਾਨ ਹੋਇਆ –

***ਧਾਰਨਾ – ਹੱਥੀਂ ਆਪਣੇ ਉਖਾੜੀ ਜੜ੍ਹ***
***ਪਾਪੀਆ, ਕਰ ਲਿਆ ਨਾਸ਼ ਆਪਣਾ।***

ਮਹਾਰਾਜ ਕਹਿਣ ਲੱਗੇ ਪਿਆਰਿਓ! ਮੁਗਲ ਖਾਨਦਾਨ ਦੇ ਰਾਜ ਨੇ ਆਪਣਾ ਨਾਸ਼ ਕਰ ਲਿਆ। ਆਪ ਹੀ ਆਪਣੇ ਹੱਥਾਂ ਦੇ ਨਾਲ ਜੜ੍ਹ ਉਖੇੜ ਦਿਤੀ।

*ਸੁਨਿ ਕਰਿ ਸ਼੍ਰੀ ਗੁਰ ਬਾਕ ਬਖਾਨਾ।*
*'ਭਯੋ ਨਾਸ਼ ਅਬਿ ਸਭਿ ਤੁਰਕਾਨਾ।*
*ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5957*

ਕਹਿੰਦੇ ਹਾਅ ਦਾ ਨਾਅਰਾ ਮਲੇਰਕੋਟਲੀਆਂ ਨੇ ਮਾਰਿਆ ਸੀ ਕਹਿੰਦੇ ਇਕ –

***ਇਕ ਮਲੇਰੀਅਨ ਕੀ ਜੜ੍ਹ ਰਹੈ।***
***ਅਪਰ ਤੁਰਕ ਸਭਿ ਹੀ ਜਰ ਦਹੈ।***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5957***

ਬਾਕੀ ਸਾਰਿਆਂ ਦੀ ਜੜ੍ਹ ਪੁੱਟੀ ਜਾਏਗੀ, ਨਾਮ ਨਿਸ਼ਾਨ ਨਹੀਂ ਰਹਿਣਾ, ਰਾਜ ਭਾਗ ਨਹੀਂ ਰਹਿਣਾ। ਇਹ ਪਾਪਾਂ ਦਾ ਫਲ ਸਦੀਆਂ ਤੱਕ ਭੋਗਣਗੇ ਤੇ ਮਲੇਰਕੋਟਲੀਆਂ ਦੀ ਜੜ੍ਹ ਜਿਹੜੀ ਹੈ ਉਹ ਸਦਾ ਹਰੀ ਰਹੇਗੀ ਕਿਉਂਕਿ ਉਨ੍ਹਾਂ ਨੇ ਸੂਰਮਿਆਂ ਵਾਲਾ ਕੰਮ ਕਰਿਆ, ਬਹਾਦਰਾਂ ਵਾਲਾ ਕੰਮ ਕਰਿਆ, ਭਾਵੇਂ ਸਾਡੇ ਨਾਲ ਲੜਦੇ ਨੇ, ਪਰ ਮਰਦਾਂ ਵਾਲਾ ਕੰਮ ਕਰਿਆ ਉਨ੍ਹਾਂ ਨੇ, ਗੀਦੀਆਂ ਵਾਲਾ ਕੰਮ ਨਹੀਂ ਕਰਿਆ। ਬਾਕੀ ਤੁਸੀਂ ਅਫਸੋਸ ਨਾ ਕਰੋ, ਉਨ੍ਹਾਂ ਦੀ ਤਾਂ ਮਹਿਮਾ ਗਾਓ।

***ਧਾਰਨਾ – ਵਾਹਵਾ-ਵਾਹਵਾ ਬਈ***
***ਜਸ ਗਾਉ ਸਾਰੀ ਦੁਨੀਆਂ।***
***ਐਸੀ ਕਰਨੀ ਕਰ ਗਏ ਪਿਆਰੇ,***
***ਜਸ ਗਾਉ ਸਾਰੀ ਦੁਨੀਆਂ***

ਕਹਿਣ ਲੱਗੇ, ਇਹ ਅਫਸੋਸ ਕਰਨ ਦਾ ਥਾਉਂ ਨਹੀਂ ਹੈ। ਖੁਸ਼ੀ ਹੋਣੀ ਚਾਹੀਦੀ ਹੈ ਕਿ ਬੱਚੇ ਛੋਟੇ-ਛੋਟੇ ਕਿੱਡਾ ਵੱਡਾ ਰਸਤਾ ਦਿਖਾ ਗਏ।

ਇਸ ਤਰ੍ਹਾਂ ਦੇ ਨਾਲ ਸਾਧਸੰਗਤ ਜੀ! ਕੀ ਸੋਚਦੇ ਹਾਂ ਅਸੀਂ। ਸਾਡੇ ਮਨ ਵਿਚ ਕੀ ਆਉਂਦਾ ਹੈ ਇਨ੍ਹਾਂ ਗੱਲਾਂ ਨੂੰ ਸੁਣ ਕੇ ਅਸੀਂ ਕਿੱਥੇ ਕੁ ਖੜ੍ਹੇ ਹਾਂ। ਧੰਨ ਨੇ ਦਸ਼ਮੇਸ਼ ਪਿਤਾ! ਸਾਰਾ ਹੀ ਪਰਿਵਾਰ ਵਾਰ ਦਿਤਾ। ਉਹ ਵੀ ਖੁਸ਼ੀ-ਖੁਸ਼ੀ। ਨਾਲ ਕਹਿ ਰਹੇ ਨੇ, ਹੇ ਪ੍ਰਭੂ! ਤੇਰੀ ਅਮਾਨਤ ਅਦਾ ਹੋ ਗਈ, ਆਪਣੀ ਅਮਾਨਤ ਨੂੰ ਸਾਂਭ। ਅਮਾਨਤ ਦੇਣ ਵੇਲੇ ਸਾਰੇ ਹੀ ਔਖੇ ਹੁੰਦੇ ਨੇ। ਕੋਈ ਬੰਦਾ ਨਹੀਂ ਜਿਹੜਾ ਅਮਾਨਤ ਲੈ ਕੇ ਦੁਬਾਰਾ ਮੋੜਨ ਵੇਲੇ ਖੁਸ਼ ਹੋ ਕੇ ਦੇਵੇ। ਜਦੋਂ ਅਮਾਨਤ ਮੋੜਨੀ ਪੈਂਦੀ ਹੈ ਔਖੀ ਹੈ ਫੇਰ ਮੋੜਨੀ।

*ਦਸ ਬਸਤੂ ਲੇ ਪਾਛੈ ਪਾਵੈ ॥*
*ਏਕ ਬਸਤੁ ਕਾਰਨਿ ਬਿਖੋਟਿ ਗਵਾਵੈ ॥*
*ਏਕ ਭੀ ਨ ਦੇਇ ਦਸ ਭੀ ਹਿਰਿ ਲੇਇ ॥*
*ਤਉ ਮੂੜਾ ਕਹੁ ਕਹਾ ਕਰੇਇ ॥*
*ਅੰਗ - ੨੬੮*

ਇਕ ਚੀਜ਼ ਵੀ ਪ੍ਰਮੇਸ਼ਰ ਦੀ ਵਾਪਸ ਨਹੀਂ ਕਰ ਸਕਦਾ। ਉਸੇ ਵੇਲੇ ਮੈਂ ਧਾਰ ਲੈਂਦਾ ਹੈ, ਮੇਰੀ ਬਣ ਜਾਂਦੀ ਹੈ। ਬਈ ਦਿੱਤੀ ਤਾਂ ਪ੍ਰਮੇਸ਼ਰ ਨੇ ਹੀ ਹੈ। ਇਹ ਤਾਂ ਗੁਰੂ ਮਹਾਰਾਜ ਜੀ ਹੀ ਸੀ ਜਿਨ੍ਹਾਂ ਨੇ ਆਪਣਾ ਆਪ ਸਾਰਾ ਹੀ ਵਾਰ ਦਿਤਾ। ਦੇਸ਼ ਦੇ ਵਿਚ ਉਹ ਕਲਚਰ ਜਿਹੜੀ ਦੇ ਇਹ ਮਾਲਕ ਸੀ ਲਿਆਉਣ ਵਾਸਤੇ। ਜਿਹੜਾ ਭੂਤਕਾਲ ਸੀ ਉਹ ਬਹੁਤ ਹੀ ਸ਼ਾਨਦਾਰ ਸੀ, ਲੇਕਿਨ ਗੁਲਾਮੀ 'ਚ ਆ ਕੇ, ਪ੍ਰਮੇਸ਼ਰ ਨਾਲੋਂ ਟੁੱਟ ਕੇ ਬਹੁਤ ਧੁੰਧਲਾ ਹੋ ਚੁੱਕਿਆ ਸੀ। ਆਦਮੀ ਦਾ ਚਰਿੱਤਰ ਬਿਲਕੁਲ ਗਿਰ ਚੁੱਕਿਆ ਸੀ। ਉਸ ਵੇਲੇ ਲੋੜ ਸੀ ਕੁਰਬਾਨੀ ਦੇਣ ਦੀ। ਆਪ ਨੇ ਜੋ ਵੱਡੀ, ਸੁਪਰੀਮ ਕੁਰਬਾਨੀ ਦਿਤੀ ਹੈ ਸਾਧਸੰਗਤ ਜੀ! ਅਸੀਂ ਕੋਈ ਉਸ ਦੀ ਕਦਰ ਨਹੀਂ ਪਾ ਸਕੇ।

***ਧਾਰਨਾ – ਪਿਤਾ ਵਾਰਿਆ ਪੁੱਤਰ ਚਾਰੇ ਵਾਰੇ,***
***ਦੇਸਾ ਤੇਰੀ ਸ਼ਾਨ ਬਦਲੇ।***

ਉਸ ਦਾ ਸਦਕਾ ਅੱਜ ਸਾਰਾ ਭਾਰਤ ਵਰਸ਼ ਹੋਰ ਤਰ੍ਹਾਂ ਦੇ ਹਾਲਤ ਵਿਚ ਹੈ, ਮਹਿਸੂਸ ਕਰ ਰਿਹਾ ਹੈ ਕਿ ਅਸੀਂ ਆਜ਼ਾਦ ਹੋ ਗਏ। ਕੌਣ ਸੀ ਇਹਨੂੰ ਕਰਾਉਣ ਵਾਲਾ। ਜਿਹੜੀਆਂ ਬੁਨਿਆਦਾਂ ਹੁੰਦੀਆਂ ਨੇ। ਇਕ ਵਾਰੀ ਮੈਂ ਬੇਨਤੀ ਕਰਦਾ ਸੀ ਨਾਮਧਾਰੀ ਰਾਮ ਸਿੰਘ ਜੀ ਦਾ ਦਿਨ ਮਨਾ ਰਹੇ ਸੀ। ਮੈਂ ਕਿਹਾ ਆਜ਼ਾਦੀ ਦੇ ਜਿਹੜੇ ਬੁਨਿਆਦ ਵਿਚ ਪੱਥਰ ਨੇ, ਉਨ੍ਹਾਂ ਨੂੰ ਤਾਂ ਕੋਈ ਦੇਖਦਾ ਨਹੀਂ ਹੈ। ਕਿਸ ਤਰ੍ਹਾਂ ਦੇ ਨਾਲ ਮਲੇਰਕੋਟਲੇ ਦੇ ਅੰਦਰ ਤੋਪਾਂ ਦੇ ਨਾਲ ਉਡਾ ਦਿਤੇ ਗਏ। ਨਾ ਕੋਈ ਕਾਨੂੰਨ ਨਾ ਕੋਈ ਕੁਛ ਹੋਰ। ਕਾਹਦੇ ਵਾਸਤੇ ਇਹ ਸ਼ਹੀਦੀਆਂ ਦਿਤੀਆਂ। ਲੱਖਾਂ ਸਿਰਾਂ ਦੀਆਂ ਸ਼ਹੀਦੀਆਂ ਸਿੰਘਾਂ ਨੇ ਦਿਤੀਆਂ। ਫੇਰ ਵੀ ਦਿੱਤੀਆਂ। ਉਹਦੇ ਵਿਚ ਆਪਣੀ ਗਰਜ਼ ਕੋਈ ਨਹੀਂ। ਜਿਹੜਾ ਸ਼ਹੀਦ ਹੁੰਦਾ ਹੈ ਉਹ ਤਾਂ ਤੁਰ ਜਾਂਦਾ ਹੈ, ਉਹਦਾ ਫਲ ਤਾਂ ਦੂਜੇ ਖਾਂਦੇ ਨੇ। ਉਹਨੇ ਤਾਂ ਨਾ ਇਥੇ ਮੁੜ ਕੇ ਆਉਣਾ, ਨਾ ਉਹਦੀ ਕੋਈ ਵਾਕਫੀ, ਪਤਾ ਨਹੀਂ ਕਿੱਥੇ ਦਾ ਕਿੱਥੇ ਜਾਵੇ। ਦੂਸਰਿਆਂ ਨੂੰ ਸੁਖ ਦੇਣ ਵਾਸਤੇ ਸੁਪਰੀਮ ਕੁਰਬਾਨੀ ਹੈ ਸਾਧਸੰਗਤ ਜੀ! ਜਿਹੜਾ ਸੱਚ ਦੀ ਗੱਲ ਦੇ ਉਤੇ ਕੁਰਬਾਨ ਹੋ ਜਾਂਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਇਹ ਕਥਾਵਾਂ ਨਿਆਰੀਆਂ ਨੇ। ਜਿਹੜੇ ਪ੍ਰਮੇਸ਼ਰ ਨੂੰ ਭਾਅ ਜਾਂਦੇ ਨੇ-

***ਧਾਰਨਾ – ਹਰਿ ਕੇ ਸੇਵਕ ਜੋ ਹਰਿ ਭਾਏ***
***ਤਿਨ ਕੀ ਕਥਾ ਨਿਰਾਰੀ ਰੇ।***

*ਹਰਿ ਕੇ ਸੇਵਕ ਜੋ ਹਰਿ ਭਾਏ*
*ਤਿਨ੍ ਕੀ ਕਥਾ ਨਿਰਾਰੀ ਰੇ ॥*
*ਆਵਹਿ ਨ ਜਾਹਿ ਨ ਕਬਹੂ ਮਰਤੇ*
*ਪਾਰਬ੍ਰਹਮ ਸੰਗਾਰੀ ਰੇ ॥ ਅੰਗ - ੮੫੫*

ਉਹ ਤਾਂ ਅੱਜ ਵੀ ਅੱਖਾਂ ਦੇ ਸਾਮ੍ਹਣੇ ਓਵੇਂ ਜਿਵੇਂ ਨੇ। ਮਰਦਾ ਕੌਣ ਹੈ ਜੋ ਪ੍ਰਮੇਸ਼ਰ ਤੋਂ ਭੁੱਲਿਆ ਹੁੰਦਾ ਹੈ। ਸਤਿਪੁਰਸ਼ ਨਹੀਂ ਮਰਿਆ ਕਰਦੇ ਉਹ ਸਦਾ ਜੀਉਂਦੇ ਨੇ।

*ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥*
*ਅੰਗ - ੨੭੩*

ਮੌਤ ਹੋਇਆ ਕਰਦੀ ਹੈ ਗੁਨਹਗਾਰ ਬੰਦਿਆਂ ਵਾਸਤੇ। ਜਿਨ੍ਹਾਂ ਨੇ ਅਮਰ ਅਵਸਥਾ ਪ੍ਰਾਪਤ ਕਰ ਲਈ ਉਹ ਨਹੀਂ ਮਰਿਆ ਕਰਦੇ।

*ਆਵਹਿ ਨ ਜਾਹਿ ਨ ਕਬਹੂ ਮਰਤੇ*
*ਪਾਰਬ੍ਰਹਮ ਸੰਗਾਰੀ ਰੇ ॥ ਅੰਗ - ੮੫੫*

ਇਸ ਤਰ੍ਹਾਂ ਦੇ ਨਾਲ ਸੁਰਤ ਜਿਹਦੀ ਜਾਗ ਪੈਂਦੀ ਹੈ, ਉਹਦੀ ਕਥਾ ਨਿਆਰੀ ਹੋਇਆ ਕਰਦੀ ਹੈ। ਕਿਉਂਕਿ ਉਹ ego ਤੋਂ ਉਪਰ ਲੰਘ ਜਾਂਦਾ ਹੈ। ਦੇਹ ਅਧਿਆਸ ਤੋਂ ਉਪਰ ਲੰਘ ਜਾਂਦਾ ਹੈ। ਗੱਲਾਂ ਨਾਲ ਤਾਂ ਸਾਰੇ ਹੀ ਲੰਘਦੇ ਨੇ ਪਰ ਜੋ ਆਪਾਂ ਬਚਨ ਸੁਣੇ ਨੇ ਛੋਟੀ ਉਮਰ ਦੀ ਕੁਰਬਾਨੀ ਸੁਣੀ ਹੈ ਆਪਾਂ, ਸਾਡੇ ਉਤੇ ਅਸਰ ਚਾਹੀਦਾ ਹੈ। ਸਾਡਾ ਕੀ ਹਾਲ ਹੈ, ਅਸੀਂ ਤਾਂ ਕੁਛ ਵੀ ਨਹੀਂ ਹਾਂ। ਬਹੁਤ ਗਲਤ ਹਾਂ। ਮਹਾਰਾਜ ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ –

*ਗਲੀਂ ਅਸੀ ਚੰਗੀਆ ਆਚਾਰੀ ਬੁਰੀਆਹ ॥*
*ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ ॥*
*ਰੀਸਾ ਕਰਿਹ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ॥*
*ਨਾਲਿ ਖਸਮੈ ਰਤੀਆ ਮਾਣਹਿ ਸੁਖਿ ਰਲੀਆਹ ॥*
*ਹੋਦੈ ਤਾਣਿ ਨਿਤਾਣੀਆ ਰਹਹਿ ਨਿਮਾਨਣੀਆਹ ॥*
*ਨਾਨਕ ਜਨਮੁ ਸਕਾਰਥਾ ਜੇ ਤਿਨ ਕੈ ਸੰਗਿ ਮਿਲਾਹ॥*
*ਅੰਗ - ੮੫*

ਭੇਖ ਸਾਡੇ ਕੋਲ ਬਹੁਤ ਵੱਡਾ ਹੈ, ਗੱਲਾਂ-ਬਾਤਾਂ 'ਚ ਅਸੀਂ ਪੂਰੇ ਬਣੇ ਹੋਏ ਹਾਂ ਤੇ ਰੀਸਾਂ ਵੀ ਉਨ੍ਹਾਂ ਦੀਆਂ ਕਰਦੀਆਂ ਹਾਂ 'ਜੋ ਸੇਵੈ ਨਿਤ ਖੜੀਆਹ'। ਜੋ ਸੇਵਾ ਕਰਦੀਆਂ ਨੇ। ਹਰ ਵਕਤ ਪ੍ਰਭੂ ਦਾ ਨਾਮ ਜਪਦੇ ਨੇ ਅਸੀਂ ਉਨ੍ਹਾਂ ਦੀਆਂ ਰੀਸਾਂ ਕਰਦੇ ਹਾਂ। ਸਾਡਾ ਅਸਲੀ ਹਾਲ ਕੀ ਹੈ, ਅਸੀਂ ਅੰਮ੍ਰਿਤ ਛਕ ਲੈਂਦੇ ਕਹੇ ਕਹਾਏ ਤੇ। ਧੱਕੇ ਨਾਲ ਅੰਮ੍ਰਿਤ ਛਕਾਉਂਦੇ ਹਾਂ ਤਦ ਕਰਕੇ ਐਹੋ ਜਿਹੜੀਆਂ ਗੱਲਾਂ, ਡਰਾਉਣੀਆਂ ਜਿਹੀਆਂ ਗੱਲਾਂ ਕਰਦੇ ਨੇ, ਗੱਲ ਨਹੀਂ ਸਮਝਾਉਂਦੇ ਕਿ ਅੰਮ੍ਰਿਤ ਕਿਉਂ ਛਕਿਆ ਜਾਂਦਾ ਹੈ। ਇਹਦੇ ਵਿਚ ਕੀ ਹੁੰਦਾ ਹੈ, ਨਾ ਛਕੋ ਤਾਂ ਕੀ ਹੁੰਦਾ ਹੈ। ਗੱਲ ਨਹੀਂ ਅਸੀਂ ਸਮਝਾਉਂਦੇ। ਇਹਦੇ ਨਾਲ ਹੁੰਦਾ ਕੀ ਹੈ, ਉਥੋਂ ਆਉਂਦੇ ਨੇ, ਦੋ ਕੁ ਦਿਨ ਰਹਿੰਦਾ ਹੈ ਸਿੰਘਾਂ ਨਾਲ ਮੁੜ ਕੇ ਪੁਰਾਣੀ ਆਦਤ ਫੇਰ ਜਾਗਦੀ ਹੈ ਫੇਰ ਪਹਿਲਾਂ ਸ਼ਰਾਬ ਲੈ ਕੇ ਚੋਰੀ ਪੀਣ ਲਗ ਜਾਂਦਾ ਹੈ, ਫੇਰ ਜਦੋਂ ਦੇਖਦਾ ਹੈ ਕਿ ਕਿਸੇ ਨੇ ਨਹੀਂ ਟੋਕਿਆ ਫੇਰ ਬਾਹਰ ਪੀਣ ਲਗ ਜਾਂਦਾ ਹੈ। ਕ੍ਰਿਪਾਨ ਲਾਹ ਕੇ ਪਰ੍ਹੇ ਰੱਖ ਦਿੰਦਾ ਹੈ, ਕਹਿੰਦਾ ਹੈ ਇਹਦੀ ਤਾਂ ਲੋੜ ਹੀ ਨਹੀਂ ਸਾਨੂੰ, ਆਹ ਪਿਆਰੀ ਹੈ, ਇਹਨੇ ਲੱਭਣਾ ਹੈ ਫੇਰ ਕਦੇ ਮੁੜਕੇ।

ਆਹ ਇਕ ਇਥੇ ਸਾਡੇ ਜਦੋਂ ਕੋਠੀ ਬਣਾਉਂਦੇ ਸੀ, ਉਹ ਰੇੜ੍ਹੇ ਦੇ ਉਤੇ ਸਮਾਨ ਲੈ ਕੇ ਆਉਂਦਾ ਸੀ, ਸਾਡੇ ਦੀਵਾਨ ਲਗਦੇ ਸੀ ਮਟੌਰ, ਤੇ ਅੰਮ੍ਰਿਤ ਛਕਣ ਦਾ ਦਿਨ ਆ ਗਿਆ ਤੇ ਇਥੇ ਜਿਹੜੇ ਸਾਡੇ ਰਾਜ ਮਿਸਤਰੀ ਵਗੈਰਾ ਸੀ, ਮਜ਼ਦੂਰ ਸੀ, ਜਿਹੜਾ ਆਉਂਦਾ ਸੀ, ਸਾਰੇ ਹੀ ਅੰਮ੍ਰਿਤ ਛਕ ਲੈਂਦੇ ਸੀ। ਉਹ ਇਕੱਠੇ ਹੋ ਕੇ ਉਹਨੂੰ ਕਹਿਣ ਲੱਗੇ ਕਿ ਤੂੰ ਵੀ ਛੱਕ ਲੈ। ਤੂੰ ਤਾਂ ਆਹ ਕੋਠੀ ਵਿਚ ਸਮਾਨ ਲੈ ਕੇ ਆਉਂਦਾ ਹੈਂ। ਉਹ ਕਹਿੰਦਾ, ਤੁਹਾਨੂੰ ਇਕ ਗੱਲ ਦੱਸਾਂ, ਤੁਸੀਂ ਤਾਂ ਸਾਰੇ ਹੀ ਕਮਲੇ ਹੋਂ। ਮੈਂ ਵੀ ਖੜ੍ਹਾ ਸੀ, ਮੈਂ ਦੇਖਣ ਲੱਗ ਗਿਆ ਕਿ ਇਹ ਕੀ ਕਹਿੰਦਾ ਹੈ। ਕਹਿੰਦਾ –

*ਹੁੱਕਾ ਹਜ਼ਾਮਤ ਦਹੀਂ, ਔਰ ਜਨਮ ਮੇਂ ਨਹੀਂ।*

ਉਹਦੀ ਥਿਊਰੀ ਸੁਣ ਲਓ। ਕਹਿੰਦਾ ਤਿੰਨ ਚੀਜ਼ਾਂ ਡੰਗਰਾਂ ਨੂੰ ਤਾਂ ਹੈ ਹੀ ਨਹੀਂ ਰੱਖੀਆਂ ਹੋਈਆਂ। ਉਹਨੇ ਹੁੱਕਾ ਪੀ ਲੈਣਾ ਹੈ ਕਿਤੇ, ਹਜ਼ਾਮਤ ਕਰਾ ਲੈਣੀ ਹੈ, ਕਹਿੰਦਾ ਹੋਰ ਜਨਮ 'ਚ ਨਹੀਂ। ਦੀਵਾਨ ਰੋਜ਼ ਸੁਣਨ ਜਾਇਆ ਕਰੇ। ਉਹ ਜਦੋਂ ਚੌਥੇ ਕੁ ਦਿਨ ਇਥੇ ਮੇਰੇ ਕੋਲ ਆ ਗਿਆ। ਕਹਿੰਦਾ ਜੀ, ਕਕਾਰ ਕਿੱਥੋਂ ਮਿਲਦੇ ਨੇ। ਮੈਂ ਕਿਹਾ ਉਥੇ ਹੀ ਮਿਲ ਜਾਂਦੇ ਨੇ। ਮੈਂ ਕਿਹਾ ਕੀ ਗੱਲ?

ਕਹਿੰਦਾ, ਮੈਂ, ਮੇਰੀ ਘਰਵਾਲੀ, ਮੇਰੀਆਂ ਕੁੜੀਆਂ, ਮੇਰੇ ਮੁੰਡੇ ਅਸੀਂ ਤਾਂ ਹੁਣ ਅੰਮ੍ਰਿਤ ਹੀ ਛਕਣਾ ਹੈ। ਮੈਂ ਕਿਹਾ, ਹੁੱਕਾ ਹਜ਼ਾਮਤ ਕਿੱਧਰ ਗਿਆ। ਕਹਿੰਦਾ, ਉਹ ਤਾਂ ਅਸੀਂ ਭੁੱਲੇ ਹੀ ਪਏ ਸੀ, ਆਹ ਤੁਹਾਡੇ ਵਾਲੀਆਂ ਗੱਲਾਂ ਮੇਰੇ ਮਨ 'ਚ ਬਹਿ ਗਈਆਂ। ਸੋ ਗੱਲ ਸਮਝਾਉਣੀ ਚਾਹੀਦੀ ਹੈ ਕਿ ਅੰਮ੍ਰਿਤ ਕਿਉਂ ਛਕਾਉਂਦੇ ਹਾਂ। ਉਥੇ ਹੀ ਨਹੀਂ ਬੱਸ ਚਾਹੀਦੀ। ਕਿਉਂਕਿ ਅੰਮ੍ਰਿਤ ਤਾਂ ਛਕ ਲਿਆ, serious thought ਦਿਓ ਜਿੰਨੇ ਸਤਿਸੰਗ 'ਚ ਆਉਂਦੇ ਹੋ। ਬਾਕੀਆਂ ਨੂੰ ਤਾਂ ਮੈਂ ਦੱਸ ਨਹੀਂ ਸਕਦਾ। ਉਹ ਇਹ ਹੈ ਕਿ ਅੰਮ੍ਰਿਤ ਛਕਣਾ ਗੁਰੂ ਧਾਰਨਾ ਹੁੰਦਾ ਹੈ। ਗੁਰੂ ਘਰ ਦੀ ਰੀਤ ਦੇ ਮੁਤਾਬਿਕ, ਸਿੰਘਾਂ ਵਾਸਤੇ। ਸਹਿਜਧਾਰੀਆਂ ਦਾ ਆਪਣਾ ਅਸੂਲ ਹੈ। ਮਹਾਰਾਜ ਨੇ ਕਿਹਾ, ਇਹ ਇਕ ਵਿੰਗ ਹੈ ਸਹਿਜਧਾਰੀਆਂ ਦਾ। ਇਹ ਹੌਲੀ-ਹੌਲੀ ਇਧਰ ਆ ਜਾਣਗੇ, ਜ਼ੋਰ ਨਾ ਪਾਓ ਇਨ੍ਹਾਂ ਨੂੰ ਉਲ੍ਹਾਮੇ ਨਾ ਦਿਓ। ਇਹ ਵੀ ਓਨੇ ਹੀ ਪਿਆਰੇ ਨੇ ਜਿੰਨੇ ਦੂਜੇ ਨੇ। ਹੁਣ ਇਹਦੇ ਵਿਚ ਪੰਜ ਪਿਆਰੇ ਨਾਮ ਦਿੰਦੇ ਨੇ, ਫੇਰ ਸਾਨੂੰ ਨਾਮ ਲੈਣ ਵਾਸਤੇ ਹੋਰ ਭਟਕਣਾ ਨਹੀਂ ਪੈਂਦਾ। ਜਾਣਾ ਨਹੀਂ ਪੈਂਦਾ ਕਿ ਉਥੋਂ ਨਾਮ ਲਈਏ, ਉਥੋਂ ਲਈਏ। ਇਹ ਫੇਰ ਸਾਨੂੰ ਦੱਸਦੇ ਨੇ ਕਿ ਗੁਰੂ ਗ੍ਰੰਥ ਸਾਹਿਬ ਗੁਰੂ ਨੇ ਤੁਹਾਡੇ ਅੱਜ ਤੋਂ। ਜਦੋਂ ਅਸੀਂ ਗੁਰੂ ਗ੍ਰੰਥ ਸਾਹਿਬ ਕੋਲ ਆਉਂਦੇ ਹਾਂ, ਗੁਰੂ ਗ੍ਰੰਥ ਸਾਹਿਬ ਕਹਿੰਦੇ ਦੇਖੋ ਪਿਆਰਿਓ! ਜੇ ਤੁਸੀਂ ਮੇਰੇ ਤੋਂ ਕੁਛ ਲੈਣਾ ਹੈ ਨਾ ਤਾਂ ਮੇਰੀ ਆਗਿਆ ਨੂੰ ਸਤਿ ਕਰਕੇ ਮੰਨਣਾ ਤਾਂ ਮੇਰਾ ਲੇਖੇ 'ਚ ਪੈ ਜਾਏਗਾ, ਤੁਹਾਡਾ ਗਾਣਾ, ਸੁਣਨਾ, ਪੜ੍ਹਨਾ।

*ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ*
*ਜਿਨ ਸਤਿਗੁਰ ਕੀ ਆਗਿਆ*
*ਸਤਿ ਸਤਿ ਕਰਿ ਮਾਨੀ ॥ ਅੰਗ - ੬੬੯*

ਉਹ ਇਹ ਕਹਿੰਦੇ ਨੇ ਕਿ ਤੁਸੀਂ, ਮੈਂ ਤੁਹਾਨੂੰ ਮਿਸਾਲ ਦਿੰਦਾ ਹਾਂ ਕਿ –

*ਗੁਰਸਿਖਾਂ ਕੀ ਹਰਿ ਧੂੜਿ ਦੇਹਿ*
*ਹਮ ਪਾਪੀ ਭੀ ਗਤਿ ਪਾਂਹਿ ॥ ਅੰਗ – ੧੪੨੪*

ਗੁਰਸਿੱਖਾਂ ਦੀ, ਜਿਹੜੇ ਗੁਰਸਿੱਖ ਨੇ ਸਹੀ ਮਾਇਅਨਿਆਂ 'ਚ ਉਹਦੀ ਧੂੜ ਨੂੰ ਲੋਚਦੇ ਹਾਂ, ਸਾਨੂੰ ਦੱਸਦੇ ਨੇ ਕਿ ਤੁਸੀਂ ਆਹ ਬਿਰਤੀ ਧਾਰਨ ਕਰੋ ਜਿਹੜੀ ਅਸੀਂ ਤੁਹਾਨੂੰ ਦੱਸਦੇ ਹਾਂ। ਦੂਸਰੀ ਕਹਿੰਦੇ ਨੇ –

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥*
*ਅੰਗ – ੩੦੬*

ਇਹਦਾ ਮਤਲਬ ਇਹ ਹੋ ਗਿਆ ਕਿ ਸਾਡੇ ਵਿਚ ਕੋਈ ਕਮਿਊਨਟੀ, ਕੋਈ ਵਰਗ ਐਸਾ ਹੈ ਜਿਹਦੀ ਧੂੜ ਗੁਰੂ ਨਾਨਕ ਸਾਹਿਬ ਵੀ ਮੰਗਦੇ ਨੇ, ਗੁਰੂਆਂ ਨੇ ਵੀ ਕਹਿ ਦਿਤਾ ਸੀ ਕਿ ਅਸੀਂ ਧੂੜ ਮੰਗਦੇ ਹਾਂ ਤੇ ਉਨ੍ਹਾਂ ਦੀ ਮੰਗਦੇ ਹਾਂ ਜਿਹੜੇ ਆਪ ਨਾਮ ਜਪਦੇ ਨੇ, ਦੂਸਰਿਆਂ ਨੂੰ ਜਪਾਉਂਦੇ ਨੇ।

*ਕਬੀਰ ਸੇਵਾ ਕਉ ਦੁਇ ਭਲੇ*
*ਏਕੁ ਸੰਤੁ ਇਕੁ ਰਾਮੁ ॥*
*ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥*
*ਅੰਗ – ੧੩੭੩*

ਉਨ੍ਹਾਂ ਦੀ ਸੰਗਤ ਦੇ ਵਿਚ ਜਿਹੜੇ ਬੰਦਗੀ ਕਰਦੇ ਨੇ, ਉਨ੍ਹਾਂ ਦੀ ਸੰਗਤ 'ਚ ਬੈਠਦੇ ਸਾਰ ਪ੍ਰਮੇਸ਼ਰ ਦਾ ਨਾਮ ਚਿੱਤ ਆ ਜਾਂਦਾ ਹੈ।

*ਆਵੈ ਸਾਹਿਬੁ ਚਿਤਿ*
*ਤੇਰਿਆ ਭਗਤਾ ਡਿਠਿਆ ॥ ਅੰਗ – ੫੨੦*

ਹੁਣ ਜਦੋਂ ਗੁਰੂ ਦੀ ਆਗਿਆ ਅਸੀਂ ਮੰਨਦੇ ਹਾਂ ਤਾਂ ਉਹ ਇਹ ਕਹਿੰਦੇ ਨੇ ਕਿ ਜਿਹੜੇ ਬੰਦਗੀ ਕਰਨ ਵਾਲੇ ਗੁਰਸਿੱਖੀ ਵਿਚ ਨੇ, ਤੁਹਾਡੇ ਵਰਗ ਵਿਚ ਨੇ। ਦੂਸਰਿਆਂ ਦਾ ਏਸ ਕਰਕੇ ਨਹੀਂ ਕਿਉਂਕਿ ਰਹੁ-ਰੀਤਾਂ ਦਾ ਫਰਕ ਪੈ ਜਾਂਦਾ ਹੈ –

*ਆਸਾ ਈਸ਼ਟ ਉਪਾਸਨਾ ਖਾਨ ਪੀਣ ਪਹਿਰਾਨ*

ਛੇ ਗੱਲਾਂ ਜਿੱਥੇ ਮਿਲਦੀਆਂ ਹੋਣ ਉਥੇ ਸਾਂਝ ਪੈ ਜਾਂਦੀ ਹੈ। ਸਾਡੀ ਰਹਿਤ ਇਕ ਹੋਣ ਕਰਕੇ, ਸਾਡੀ ਸਾਂਝ ਕੁਦਰਤੀ ਪੈ ਜਾਂਦੀ ਹੈ। ਉਹ ਪੈਣ ਦੇ ਨਾਲ ਕਹਿੰਦੇ ਉਨ੍ਹਾਂ ਦੇ ਕੋਲ ਜਾਹ ਜਿਨ੍ਹਾਂ ਨੂੰ ਪ੍ਰਮੇਸ਼ਰ ਨਹੀਂ ਵਿਸਰਦਾ। ਜਿਨ੍ਹਾਂ ਦੇ ਗਿਆਨ ਦੇ ਚਕਸ਼ੂ ਖੁਲ੍ਹ ਗਏ ਨੇ, ਜਿਨ੍ਹਾਂ ਨੂੰ ਦਿਬਯ ਦ੍ਰਿਸ਼ਟ ਪ੍ਰਗਟ ਹੋ ਗਈ ਹੈ। ਉਨ੍ਹਾਂ ਦੀ ਬੋਲ ਚਾਲ, ਗੱਲ ਬਾਤ ਸੋਚਣੀ ਸਾਰੀ ਬ੍ਰਹਮ ਨੇਸ਼ਟੀ, ਬ੍ਰਹਮ ਬਕਤਾ, ਬ੍ਰਹਮ ਸ੍ਰੋਤਰੀ ਹੋ ਜਾਂਦੀ ਹੈ। ਪ੍ਰਮੇਸ਼ਰ ਤੋਂ ਬਿਨਾਂ ਹੋਰ ਗੱਲ ਨਹੀਂ ਕਰਦੇ। ਉਹਦੇ ਅੰਦਰ ਜੋਤ ਜਗਦੀ ਹੁੰਦੀ ਹੈ –

*ਪੂਰਨ ਜੋਤ ਜਗੈ ਘਟ ਮੈ*
*ਤਬ ਖ਼ਾਲਸ ਤਾਹਿ ਨਖ਼ਾਲਸ ਜਾਨੈ॥*

ਉਹ ਖਾਲਸਾ ਕਹਿ ਲਓ, ਮਹਾਰਾਜ ਕਹਿੰਦੇ –

*ਜਿਨਾ ਸਾਸਿ ਗਿਰਾਸਿ ਨ ਵਿਸਰੈ*
*ਹਰਿ ਨਾਮਾਂ ਮਨਿ ਮੰਤੁ ॥*
*ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥*
*ਅੰਗ – ੩੧੯*

ਫੇਰ ਭੁਲੇਖਾ ਕੱਢਦੇ ਨੇ ਕਿ ਉਨ੍ਹਾਂ ਦਾ ਦਰਜਾ ਕਿੱਡਾ ਕੁ ਹੈ, ਮਹਾਰਾਜ ਕਹਿੰਦੇ –

*ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਅੰਗ – ੩੯੭*

ਜਿਨ੍ਹਾਂ ਨੂੰ 24 ਘੰਟੇ ਨਾਮ ਨਹੀਂ ਵਿਸਰਦਾ, ਅਗਿਆਨ ਜਿਨ੍ਹਾਂ ਦੇ ਉਤੇ ਛਾਉਂਦਾ ਨਹੀਂ, ਮਾਇਆ ਅਸਰ ਨਹੀਂ ਕਰਦੀ। ਉਹ ਕਿਹੋ ਜਿਹੇ ਨੇ।

*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥*
*ਅੰਗ – ੩੯੭*

ਉਹ ਰੱਬ ਵਰਗੇ ਹੀ ਹੋਇਆ ਕਰਦੇ ਨੇ –

*ਆਤਮ ਰਸ ਜਿਹ ਜਾਨਹੀ ਸੋ ਹੈ ਖ਼ਾਲਸ ਦੇਵ॥*
*ਪ੍ਰਭ ਮਹਿ ਮੋ ਮਹਿ ਤਾਸ ਮਹਿ ਰੰਚਕ ਨਾਹਨ ਭੇਵ॥*

ਗੁਰੂ ਗ੍ਰੰਥ ਸਾਹਿਬ ਇਹ ਕਹਿੰਦੇ ਨੇ ਕਿ ਗੁਰਮੁਖਾਂ ਦੀ ਸੰਗਤ 'ਚ ਜਾਓ ਜਦੋਂ ਗੋਰਖਨਾਥ ਨੇ ਗੁਰੂ ਮਹਾਰਾਜ ਨਾਲ ਸਿੱਧ ਗੋਸ਼ਟ ਕੀਤੀ, ਉਸ ਵੇਲੇ ਉਹਨੇ ਕਿਹਾ ਕਿ ਤੁਹਾਡੇ ਸਿੱਖ ਤੁਸੀਂ ਤਾਂ ਚਲੇ ਜਾਣਾ ਹੈ। ਫੇਰ ਇਹ ਪਾਰ ਕਿਵੇਂ ਲੰਘਣਗੇ। ਮਹਾਰਾਜ ਕਹਿੰਦੇ, ਗੁਰਮੁਖ ਵਰਗ ਪੈਦਾ ਹੋਏਗਾ ਸਾਡੇ ਵਿਚ। Realise soul ਹੋਣਗੀਆਂ। ਉਹ ਲੰਘਾ ਦੇਣਗੀਆਂ। ਸਹਾਇਤਾ ਕਰਨਗੇ ਗੁਰਸਿੱਖਾਂ ਦੀ ਗੁਰਸਿੱਖ। ਸੋ ਉਨ੍ਹਾਂ ਦੀ ਸੰਗਤ ਤੋਂ ਬਗੈਰ ਰਸਤਾ ਨਹੀਂ ਲੱਭਦਾ। ਲੰਘ ਨਹੀਂ ਸਕਦੇ, ਸੋ ਇਹ ਸਾਨੂੰ ਅਵੱਸ਼ ਕਰਨਾ ਪੈਣਾ ਹੈ ਜਿੰਨੀ ਦੇਰ ਅਸੀਂ ਨਹੀਂ ਕਰਦੇ, ਅਸੀਂ ਭਟਕੇ ਫਿਰੀ ਜਾਂਦੇ ਹਾਂ। ਸਾਨੂੰ ਨਹੀਂ ਪਤਾ ਲਗਦਾ, ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਦੇ ਹਾਂ, ਗੁਰੂ ਦਾ ਹੁਕਮ ਨਹੀਂ ਮੰਨਦੇ, ਉਹ ਹੁਕਮ ਦਿੰਦੇ ਨੇ ਕਿ ਉਨ੍ਹਾਂ ਦੀ ਸੰਗਤ ਵਿਚ ਜਾਹ।

*ਜਿਸੁ ਜਨ ਕਉ ਪ੍ਰਭ ਦਰਸ ਪਿਆਸਾ ॥*
*ਨਾਨਕ ਤਾ ਕੈ ਬਲਿ ਬਲਿ ਜਾਸਾ ॥*
*ਅੰਗ – ੨੯੬*

ਜਿਹਦੇ ਪਿਆਸ ਲੱਗੀ ਹੋਈ ਹੈ, ਮਹਾਰਾਜ ਕਹਿੰਦੇ ਬਲਿਹਾਰ-ਬਲਿਹਾਰ। ਦੂਸਰਿਆਂ ਨਾਲੋਂ ਉਪਰ ਹੀ ਹੋਏ ਨਾ ਫੇਰ ਉਹ। ਗੁਰਬਾਣੀ ਪੜ੍ਹ ਲਓ ਇਕ ਪਾਸਿਓਂ ਲੱਗ ਜਾਓ ਉਹਦੇ ਵਿਚ ਬੰਦਗੀ ਕਰਨ ਵਾਲਿਆਂ ਦੀ ਮਹਿਮਾ ਆਏਗੀ, ਬੰਦਗੀ ਕਰਨ ਵਾਲਿਆਂ ਦੀ ਜਦੋਂ ਤੁਸੀਂ ਸੰਗਤ ਕਰੋਗੇ, ਆਪਾਂ ਕਰਾਂਗੇ, ਉਸ ਵੇਲੇ ਸਾਡੇ ਚਿੱਤ ਦੇ ਵਿਚ ਉਨ੍ਹਾਂ ਦਾ ਅਸਰ ਪਏਗਾ, ਉਨ੍ਹਾਂ ਦੀ ਸੰਗਤ ਦਾ ਜਿਹੜਾ ਓਰਾ ਹੈ,

ਉਹਦਾ ਅਸਰ ਪਵੇਗਾ। ਉਹਦੀ ਮਦਦ ਦੇ ਨਾਲ ਅਸੀਂ ਨਾਮ ਜਪ ਸਕਦੇ ਹਾਂ। ਸੋ ਇਹ ਸਿੱਧਾ ਜਿਹਾ ਰਸਤਾ ਗੁਰੂ ਮਹਾਰਾਜ ਨੇ ਦੱਸਿਆ ਹੈ, ਸੰਗਤ ਏਸੇ ਕਰਕੇ ਕਰੀ ਹੈ, ਚਾਰ ਦਰਵਾਜ਼ੇ ਨੇ ਪ੍ਰਮੇਸ਼ਰ ਦੇ। ਪਹਿਲਾ ਦਰਵਾਜ਼ਾ ਹੈ ਸੰਗਤ। ਦੂਸਰਾ ਦਰਵਾਜ਼ਾ ਹੋਇਆ ਕਰਦਾ ਹੈ ਸੰਤੋਖ। ਤੀਸਰਾ ਦਰਵਾਜ਼ਾ ਹੈ ਸਮ, ਚੌਥਾ ਹੈ ਵੀਚਾਰ। ਉਹਦੇ ਦਰ ਤੇ ਪਹੁੰਚਣ ਵਾਸਤੇ ਚਾਰ ਦਰਵਾਜ਼ਿਆਂ ਵਿਚੋਂ ਸਾਨੂੰ ਲੰਘਣਾ ਹੀ ਪੈਣਾ ਹੈ। ਸੰਗਤ ਕੈਸੀ ਹੈ-

***ਸਤਸੰਗਤਿ ਕੈਸੀ ਜਾਣੀਐ ॥***
***ਜਿਥੈ ਏਕੋ ਨਾਮੁ ਵਖਾਣੀਐ ॥ ਅੰਗ - ੭੨***

ਜਿਥੇ ਨਾਮ ਦੇ ਬਚਨ ਚੱਲਣ ਉਥੇ ਸੰਗਤ ਹੋਇਆ ਕਰਦੀ ਹੈ। ਜਾਂ ਨਾਮ ਜਪਣ ਵਾਲਿਆਂ ਦੇ, ਬੰਦਗੀ ਕਰਨ ਵਾਲਿਆਂ ਦੇ ਜੀਵਨ ਦੀ ਵਿਚਾਰ ਹੋਵੇ ਸੋ ਇਸ ਤਰ੍ਹਾਂ ਦੇ ਨਾਲ ਸਤਿਸੰਗ ਕਰਕੇ ਆਹ ਜਿਹੜਾ ਥੋੜ੍ਹਾ ਜਿਹਾ ਸਮਾਂ ਸਾਨੂੰ ਪ੍ਰਾਪਤ ਹੈ। ਆਹ ਪ੍ਰਮੇਸ਼ਰ ਅੰਦਰ ਰਹਿੰਦਾ ਹੈ ਦੂਰ ਨਹੀਂ ਹੈਗਾ। ਨੇੜੇ ਜਿਹੇ ਹੈ ਬਹੁਤਾ ਦੂਰ ਨਹੀਂ ਹੈ। ਜਿਥੇ ਮੈਂ ਮੁੱਕਦੀ ਹੈ ਉਸ ਤੋਂ ਅੱਗੇ ਪ੍ਰਮੇਸ਼ਰ ਸ਼ੁਰੂ ਹੋ ਜਾਂਦਾ ਹੈ। ਜਿਥੇ ਹਉਮੈ ਦਾ ਮੰਡਲ ਖਤਮ ਹੁੰਦਾ ਹੈ ਉਥੋਂ ਉਪਰ ਆਤਮਕ ਮੰਡਲ ਸ਼ੁਰੂ ਹੋ ਜਾਂਦਾ ਹੈ। ਬਹੁਤਾ ਦੂਰ ਨਹੀਂ ਹੈ, ਭੁਲੇਖਾ ਇਹਦੇ ਵਿਚ ਕੋਈ ਨਹੀਂ ਹੈ। ਅੱਗੇ ਪ੍ਰਮੇਸ਼ਰ ਦਿਆਲੂ ਹੈ, ਦਰਵਾਜ਼ਾ ਖੜਕਾਓ, ਦਰਵਾਜ਼ਾ ਖੋਲ੍ਹ ਦਿੰਦਾ ਹੈ। ਉਹਦੇ ਵਾਸਤੇ ਅਸੀਂ ਯਤਨ ਕਰਨਾ ਹੈ, ਪੰਜ ਬਾਣੀਆਂ ਅਸੀਂ ਪੜ੍ਹਦੇ ਹਾਂ। ਇਹ elemantry things ਨੇ, ਪੰਜ ਬਾਣੀਆਂ ਪੜ੍ਹ ਕੇ ਜਿਵੇਂ ਘਰ ਵਿਚ ਝਾੜੂ ਦੇਈਦਾ ਹੈ, ਝਾੜੂ ਦੇ ਦਿਤਾ। ਖੇਤ ਵਾਹੀਦਾ ਹੈ ਖੇਤ ਵਾਹ ਲਿਆ, ਨਦੀਨ ਪੁੱਟ ਦਿਤਾ, ਉਹਦੇ ਵਿਚ ਬੀਜ ਵੀ ਪਾਉਣਾ ਹੈ, ਬੀਜ ਜਿਹੜਾ ਮੰਤਰ ਦਿਤਾ ਹੈ ਵਾਹਿਗੁਰੂ ਮੰਤਰ ਉਹਦਾ ਜਾਪ ਕਰਨਾ, ਉਹਦਾ ਜਾਪ ਕਰਕੇ ਸੁਰਤ ਨੇ ਅੰਦਰ ਚੜ੍ਹਨਾ ਹੈ। ਚੜ੍ਹਾਈ ਕਰਨੀ ਹੈ, ਅੰਦਰ ਹੀ ਅੰਦਰ ਜਾਣਾ ਹੈ, ਜਿਥੇ ਗੁਰੂ ਮਹਾਰਾਜ ਇਸ਼ਾਰਾ ਕਰਦੇ ਨੇ -

***ਕਾਇਆ ਨਗਰੁ ਨਗਰ ਗੜ ਅੰਦਰਿ ॥***
***ਸਾਚਾ ਵਾਸਾ ਪੁਰਿ ਗਗਨੰਦਰਿ ॥***
***ਅਸਥਿਰੁ ਥਾਨੁ ਸਦਾ ਨਿਰਮਾਇਲੁ***
***ਆਪੇ ਆਪੁ ਉਪਾਇਦਾ ॥ ੧ ॥***
***ਅੰਦਰਿ ਕੋਟ ਛਜੇ ਹਟਨਾਲੇ ॥***
***ਆਪੇ ਲੇਵੈ ਵਸਤੁ ਸਮਾਲੇ ॥***
***ਬਜਰ ਕਪਾਟ ਜੜੇ ਜੜਿ***
***ਜਾਣੈ ਗੁਰ ਸਬਦੀ ਖੋਲਾਇਦਾ ॥ ਅੰਗ - ੧੦੩੩***

ਇਹਦੇ ਵਿਚ ਬੇਅੰਤ ਚੀਜ਼ਾਂ ਪਈਆਂ ਨੇ, ਤੁਸੀਂ ਧਿਆਨ ਦੇ ਕੇ ਦੇਖੋ, ਕਿਸੇ ਨੇ ਦਸ ਸਾਲ ਪਹਿਲਾਂ ਅੰਬ ਚੂਪਿਆ ਹੋਵੇ, ਦਸ ਸਾਲ ਬਾਅਦ ਉਹਨੂੰ ਫੇਰ ਮਿਲੇ, ਉਹ ਇਕ ਦਮ ਪਛਾਣ ਜਾਏਗਾ ਕਿ ਇਹ ਅੰਬ ਹੈ। ਇਥੇ ਤੱਕ ਕਹਿ ਦਿੰਦਾ ਹੈ ਕਿ ਇਹ ਲੰਗੜਾ ਬਨਾਰਸੀ ਹੈ। ਇਹ ਦੁਸਹਿਰੀ ਹੈ, ਉਸੇ ਵੇਲੇ ਪਤਾ ਲਗ ਜਾਂਦਾ ਹੈ। ਕਿਉਂਕਿ ਉਹ ਅੰਦਰ ਸਾਂਭ ਕੇ ਰੱਖੀ ਪਈ ਹੈ ਚੀਜ਼। ਬੇਅੰਤ ਸ਼ਕਲਾਂ ਅਸੀਂ ਬਚਪਨ ਤੋਂ ਦੇਖਦੇ ਆਏ ਹਾਂ ਸਾਰੀਆਂ ਅੰਦਰ ਪਈਆਂ ਨੇ। ਸਾਰਿਆਂ ਦੇ ਸੁਭਾਅ ਅੰਦਰ ਪਏ ਨੇ, ਜਿਨ੍ਹਾਂ ਨੇ ਸਾਡੇ ਨਾਲ ਦੁਰਵਿਹਾਰ ਕਰਿਆ ਹੈ ਉਹ ਵੀ ਅੰਦਰ ਹੀ ਬੈਠੇ ਨੇ। ਉਨ੍ਹਾਂ ਦਾ ਧਿਆਨ ਆਉਂਦੇ ਸਾਰ ਹਿਲਜੁਲ ਅੰਦਰ ਸ਼ੁਰੂ ਹੋ ਜਾਂਦੀ ਹੈ। ਕਹਿੰਦੇ, ਐਨੀ ਚੀਜ਼ ਹੈ ਅੰਦਰ ਦੱਸੀ ਨਹੀਂ ਜਾਂਦੀ। ਦਸ ਸਾਲ ਪਹਿਲਾਂ ਤੁਸੀਂ ਕਿਸੇ ਦੀ ਆਵਾਜ਼ ਸੁਣੀ ਹੈ, ਦਸ ਸਾਲ ਬਾਅਦ ਫੇਰ ਉਹ ਬੋਲਦਾ ਹੈ। ਉਸੇ ਵੇਲੇ ਪਤਾ ਲੱਗ ਜਾਏਗਾ ਕਿ ਫਲਾਣਾ ਬੋਲ ਰਿਹਾ ਹੈ। ਉਹ ਕਿੱਥੇ ਪਈ ਹੈ ਅੰਦਰ ਸਾਰੇ। ਕਿਸ ਤਰ੍ਹਾਂ ਦੇ ਨਾਲ ਦਿਮਾਗ ਕੰਮ ਕਰਦਾ ਹੈ। ਉਹ ਕਹਿੰਦੇ ਇਸੇ ਤਰ੍ਹਾਂ ਦੇ ਨਾਲ ਬਹੁਤ ਕੀਮਤੀ ਚੀਜ਼ਾਂ ਅੰਦਰ ਪਈਆਂ ਨੇ।

***ਆਪੇ ਲੇਵੈ ਵਸਤੁ ਸਮਾਲੇ ॥ ਅੰਗ - ੧੦੦੩***

ਉਹ ਜਿਹੜੀਆਂ ਚੀਜ਼ਾਂ ਨੇ ਸੰਭਾਲ ਕੇ ਰੱਖੀਆਂ ਹੋਈਆਂ ਨੇ।

***ਬਜਰ ਕਪਾਟ ਜੜੇ ਜੜਿ***
***ਜਾਣੈ ਗੁਰ ਸਬਦੀ ਖੋਲਾਇਦਾ ॥ ਅੰਗ - ੧੦੦੩***

ਉਨ੍ਹਾਂ ਨੂੰ ਸੰਭਾਲਣ ਵਾਸਤੇ, ਰੱਖਣ ਵਾਸਤੇ ਬਜਰ ਕਪਾਟ ਬੰਦ ਨੇ ਕਿ ਐਰਾ ਗੈਰਾ ਨਾ ਇਥੇ ਆ ਕੇ ਲੁੱਟ ਲਏ, ਐਰੇ ਗੈਰੇ ਕਿਹੜੇ ਨੇ ? -

***ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ***
***ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥***
***ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ***
***ਕੋਇ ਨ ਸੁਣੈ ਪੂਕਾਰਾ ॥ ਅੰਗ - ੬੦੦***

ਉਹ ਨਾਮ ਧਨ ਨੂੰ ਲੁੱਟ ਰਹੇ ਨੇ। ਮਨਮੁਖ ਨੂੰ ਪਤਾ ਨਹੀਂ ਲਗਦਾ। ਗੁਰੂ ਤੋਂ ਬਗੈਰ ਹੋਰ ਉਥੇ ਕੋਈ ਪੁਕਾਰ ਨਹੀਂ ਸੁਣਦਾ।

ਹੁਣ ਚਾਬੀ ਲੱਗ ਗਈ ਨੰਬਰਾਂ ਦੀ। ਮੇਰਾ ਇਕ ਅਟੈਚੀ ਹੈ ਉਹਨੂੰ ਲੱਗੇ ਹੋਏ ਨੇ ਨੰਬਰ। ਮੈਂ ਅੱਜ ਭੁੱਲ ਗਿਆ, ਮੈਨੂੰ ਯਾਦ ਹੀ ਨਾ ਆਵੇ ਕਿ ਇਹ ਖੁਲ੍ਹਣਾ ਕਿਵੇਂ ਹੈ। ਕਿਉਂਕਿ ਚਾਰ-ਪੰਜ ਸਾਲ ਤੋਂ ਦੇਖਿਆ ਹੀ ਨਹੀਂ ਸੀ। ਫੇਰ ਮੇਰੇ ਮਨ ਵਿਚ ਆਇਆ ਕਿ ਮੈਂ ਸੋਚ ਕੇ ਚਾਬੀ ਲਾਈ ਸੀ ਇਹਦੀ, ਉਹ ਚਾਬੀ ਕੀ ਸੀ, 781 ਨੰਬਰ ਉਹਦੀ ਚਾਬੀ ਸੀ। ਜਦੋਂ! ਮੈਂ 781 ਕਰਿਆ ਉਹ ਉਦੋਂ ਹੀ ਖੁਲ੍ਹ ਗਿਆ। ਐਸੇ ਤਰ੍ਹਾਂ ਦੇ ਨਾਲ ਸਾਡੇ ਬਜਰ ਕਪਾਟਾਂ ਦੀ ਚਾਬੀ ਵਾਹਿਗੁਰੂ ਮੰਤਰ ਹੈ, ਇਹ ਵਾਹਿਗੁਰੂ ਮੰਤਰ ਦੇ ਨਾਲ 'ਗੁਰ ਸਬਦੀ ਖੋਲਾਇੰਦਾ'। ਉਹਦੇ ਨਾਲ ਇਹ ਖੁਲ੍ਹ ਜਾਣਾ ਹੈ।

***ਭੀਤਰਿ ਕੋਟ ਗੁਫਾ ਘਰ ਜਾਈ ॥***
***ਨਉ ਘਰ ਥਾਪੇ ਹੁਕਮਿ ਰਜਾਈ ॥***
***ਅੰਗ - ੧੦੩੩***

ਜਦੋਂ ਅਸੀਂ ਇਹਦੇ ਕੋਰਟ ਦੇ ਵਿਚ ਦਾਖਲ ਹੋ ਜਾਂਦੇ ਹਾਂ, ਕਿਲ੍ਹੇ 'ਚ। ਕਹਿੰਦੇ ਗੁਫਾ ਹੈ ਇਹ ਅੰਦਰ। ਗੁਫਾ ਦੇ ਵਿਚ ਨਾਮ ਦੇ ਬਲ ਨਾਲ, ਨਾਮ ਦੀ ਰੋਸ਼ਨੀ

ਨਾਲ ਅਸੀਂ ਅੰਦਰ ਦਾਖਲ ਹੋ ਜਾਂਦੇ ਹਾਂ। ਉਥੇ ਜਿਹੜੇ ਨੌਵੇਂ ਹੀ ਘਰ ਨੇ ਇਹ ਥਾਪੇ ਜਾਂਦੇ ਨੇ। ਠਾਕ ਦਿਤੇ ਜਾਂਦੇ ਨੇ, ਹੁਕਮ ਤੇ ਰਜ਼ਾ ਵਿਚ ਠਾਕਦੇ ਨੇ। ਫੇਰ ਅੱਖਾਂ ਮਾੜਾ ਨਹੀਂ ਦੇਖਦੀਆਂ, ਕੰਨ ਮਾੜੀ ਗੱਲ ਨਹੀਂ ਸੁਣਦੇ-

*ਦਸਵੈ ਪੁਰਖੁ ਅਲੇਖੁ ਅਪਾਰੀ*
*ਆਪੇ ਅਲਖੁ ਲਖਾਇਦਾ ॥ ਅੰਗ - ੧੦੩੩*

ਦਸਵੇਂ ਦੇ ਵਿਚ ਜਦੋਂ ਅਸੀਂ ਪਹੁੰਚਦੇ ਹਾਂ ਉਥੇ ਪ੍ਰਮੇਸ਼ਰ ਆਪ ਹੈ, ਉਹ ਤਾਂ ਉਡੀਕ ਰਿਹਾ ਹੈ ਕਿ ਕਿਹੜੇ ਵੇਲੇ ਇਹ ਭਟਕਿਆ ਹੋਇਆ ਜੀਵ ਆਵੇ ਤੇ ਕਿਹੜੇ ਵੇਲੇ ਉਹਨੂੰ ਮੈਂ ਆਪਣੇ ਨਾਲ ਮਿਲਾਵਾਂ। ਸੋ ਉਹ ਗੁਰੂ ਕੋਲ ਚਾਬੀ ਹੈ, ਚਾਬੀ ਲੈ ਕੇ ਅੰਮ੍ਰਿਤ ਛਕ ਕੇ, ਇਥੇ ਹੀ ਰਹਿ ਜਾਣਾ, ਮੈਂ ਜੀ ਪੰਜ ਬਾਣੀਆਂ ਪੜ੍ਹਦਾ ਹਾਂ, ਮੈਂ ਸੱਤ ਪੜ੍ਹਦਾ ਹਾਂ, ਮੈਂ ਦੱਸ ਪੜ੍ਹਦਾ ਹਾਂ, ਬਾਣੀ ਦਾ ਆਪਣਾ ਥਾਉਂ ਹੈ, ਨਾਮ ਦਾ ਆਪਣਾ ਥਾਉਂ ਹੈ, ਇਹ ਅਭਿਆਸ ਕਰਨਾ ਪੈਂਦਾ ਹੈ, ਅੰਦਰ ਜਾਣਾ ਪੈਂਦਾ ਹੈ, ਅਭਿਆਸ ਕਰੋ। ਅੰਦਰਲੀ ਖੋਜ ਕਰੋ-

*ਜਨ ਨਾਨਕ ਬਿਨੁ ਆਪਾ ਚੀਨੈ*
*ਮਿਟੈ ਨ ਭ੍ਰਮ ਕੀ ਕਾਈ ॥ ਅੰਗ - ੬੮੪*

ਜਿੰਨਾਂ ਚਿਰ ਆਪਾ ਨਹੀਂ ਚੀਨਦੇ, ਪੰਜਾਂ ਭਰਮਾਂ ਦਾ ਨਾਸ਼ ਨਹੀਂ ਹੋਣਾ। ਪੰਜੇ ਭਰਮ ਪ੍ਰਤੱਖ ਰੂਪ ਵਿਚ ਜਦੋਂ ਜੋਤ ਦਿਸਦੀ ਹੈ ਤਾਂ ਨਾਸ਼ ਹੁੰਦਾ ਹੈ, ਨਹੀਂ ਤਾਂ ਹੁੰਦਾ ਨਹੀਂ ਹੈ। ਸੋ ਇਹ ਐਨਾ ਕੁ ਕੰਮ ਹੈ ਆਪਣੇ ਜ਼ੁੰਮੇ ਜੇ ਗੁਰਸਿੱਖੀ ਧਾਰਨ ਕਰੀ ਹੈ, ਸਤਿਸੰਗ 'ਚ ਆਉਂਦੇ ਹੋਂ ਤਾਂ ਪੜ੍ਹਾਈ ਕਰੋ ਭਾਈ। ਮਿਹਨਤ ਕਰੋ। ਮਿਹਨਤ ਕਰਨ ਤੇ ਦਰ ਖੁਲ੍ਹ ਜਾਣਾ ਹੈ, ਜਦੋਂ ਖੁਲ੍ਹ ਗਿਆ, ਅੱਖ ਨਾਲ ਦੀ ਨਾਲ ਦਿਬਜ ਦ੍ਰਿਸ਼ਟ ਖੁਲ੍ਹ ਜਾਣੀ ਹੈ, ਆਹੀ ਸੰਸਾਰ ਮੁੜ ਕੇ ਪ੍ਰਮੇਸ਼ਰ ਦਾ ਰੂਪ ਬਣ ਜਾਣਾ ਹੈ। ਨਾ ਮੈਂ ਰਹਿਣਾ ਹੈ, ਨਾ ਕਿਸੇ ਹੋਰ ਨੇ ਰਹਿਣਾ ਹੈ, ਇਥੇ ਇਕੋ ਹੀ ਪ੍ਰਮੇਸ਼ਰ ਆਪਣਾ ਆਪ ਕਰ ਰਿਹਾ ਹੈ -

***ਏਕ ਮੂਰਤ ਅਨੇਕ ਦਰਸਨ ਕੀਨ ਰੂਪ ਅਨੇਕ***
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ***

*ਬਾਜੀਗਰਿ ਜੈਸੇ ਬਾਜੀ ਪਾਈ ॥*
*ਨਾਨਾ ਰੂਪ ਭੇਖ ਦਿਖਲਾਈ ॥*
*ਸਾਂਗੁ ਉਤਾਰਿ ਥੰਮ੍ਹਿਓ ਪਾਸਾਰਾ ॥*
*ਤਬ ਏਕੋ ਏਕੰਕਾਰਾ ॥ ੧ ॥*
*ਕਵਨ ਰੂਪ ਦ੍ਰਿਸਟਿਓ ਬਿਨਸਾਇਓ ॥*
*ਕਤਹਿ ਗਇਓ ਉਹੁ ਕਤ ਤੇ ਆਇਓ ॥*
*ਅੰਗ - ੭੩੬*

ਐਸੇ ਵਾਕ ਨੇ ਮਹਾਰਾਜ ਦੇ ਇਨ੍ਹਾਂ ਨੂੰ ਵਿਚਾਰੋ, ਵੀਚਾਰ ਕੇ ਕਮਾਈ ਕਰੋ। ਫੇਰ ਅਸੀਂ ਚੜ੍ਹਾਈ ਕਰਾਂਗੇ, ਅੰਦਰ ਦਾਖਲ ਹੋ ਜਾਵਾਂਗੇ, ਜਿਸ ਕੰਮ ਨੂੰ ਆਏ ਹਾਂ।

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅੰਗ - ੧੨*

ਉਹ ਮਿਲ ਜਾਣਾ ਹੈ ਅੰਦਰੋਂ ਹੀ, ਟੋਲ੍ਹਦਿਆਂ ਨੂੰ, ਐਸੀ ਗੱਲ ਨਹੀਂ ਹੈ, ਜਿੰਨਾ ਦ੍ਰਿੜ੍ਹ ਇਰਾਦਾ ਹੈ ਓਨੀਂ ਪ੍ਰਾਪਤੀ ਛੇਤੀ ਹੁੰਦੀ ਹੈ, ਜਿੰਨਾ ਸਿਥਲ ਇਰਾਦਾ ਹੈ, ਦੱਸ ਜਨਮ ਵੀ ਲੱਗ ਸਕਦੇ ਨੇ, ਸੌ ਵੀ ਲੱਗ ਸਕਦੇ ਨੇ। ਐਸਾ ਵੀ ਸੁਣਨ ਵਿਚ ਆਇਆ ਹੈ ਕਿ ਸੌ-ਸੌ ਜਨਮ ਭਗਤੀ ਕਰਨ ਤੋਂ ਬਾਅਦ ਪ੍ਰਾਪਤ ਹੁੰਦਾ ਹੈ। ਐਸਾ ਵੀ ਆਇਆ ਹੈ ਕਿ ਇਕੋ ਜਨਮ 'ਚ ਪ੍ਰਾਪਤੀ ਹੋ ਗਈ। ਸੋ ਸਮਰੱਥ ਗੁਰੂ ਹੋਵੇ, ਕਹਿੰਦੇ ਜੇ ਗੁਰੂ ਸਮਰੱਥ ਹੈ ਸਾਡੇ ਵਿਚ ਵਿਸ਼ਵਾਸ਼ ਨਹੀਂ ਹੈ ਕਹਿੰਦੇ-

*ਕਬੀਰ ਸਾਚਾ ਸਤਿਗੁਰੁ ਕਿਆ ਕਰੈ*
*ਜਉ ਸਿਖਾ ਮਹਿ ਚੂਕ ॥*
*ਅੰਧੇ ਏਕ ਨ ਲਾਗਈ*
*ਜਿਉ ਬਾਂਸੁ ਬਜਾਈਐ ਫੂਕ ॥ ਅੰਗ - ੧੩੭੨*

ਗੁਰੂ ਤਾਂ ਕਹਿੰਦਾ ਹੈ ਕਿ ਤੈਨੂੰ ਮੈਂ ਅਮਰ ਕਰ ਦੇਣਾ ਹੈ। ਤੈਨੂੰ ਐਸੀ ਅਵਸਥਾ 'ਚ ਪਹੁੰਚਾ ਦੇਣਾ ਹੈ ਜਿਥੇ ਸਾਰੀਆਂ ਲੋੜਾਂ ਤੇਰੀਆਂ ਆਪੇ ਪੂਰੀਆਂ ਹੋਣ।

*ਨਵ ਨਿਧੀ ਅਠਾਰਹ ਸਿਧੀ*
*ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ ॥ ਅੰਗ-੬੪੯*

ਫੇਰ ਗੁਰੂ ਕੀ ਕਰੇ ਗੁਰੂ ਤਾਂ ਸਭ ਕੁਛ ਦੇਣ ਨੂੰ ਤਿਆਰ ਹੈ, ਰਾਜਾ ਮਿਲ ਗਿਆ, ਰਾਜਾ ਕਹਿੰਦਾ ਕਿ ਤਖਤ ਤੇ ਬਿਠਾ ਦਿਓ। ਰਾਜਾ ਕਹਿੰਦਾ, ਮੰਗ ਕੀ ਮੰਗਦਾ ਹੈਂ। ਅੰਦਰੋਂ ਇਰਾਦਾ ਹੈ ਕਿ ਮੈਂ ਇਹਨੂੰ ਤਖਤ ਦੇ ਦੇਵਾਂ। ਇਹ ਕਹਿੰਦਾ ਕਿ ਜੀ ਮੇਰੀ ਮੱਝਾਂ ਭੁੱਖੀਆਂ ਨੇ ਇਕ ਤੂੜੀ ਦੀ ਪੰਡ ਮੈਨੂੰ ਦੇ ਦਿਓ। ਕਿੱਡੀ ਵੱਡੀ ਗੱਲ ਹੋਈ, ਕਉਡੀ ਮੰਗਦਾ ਹੈ।

ਸੋ ਮੰਗਣਾ ਕਿਸੇ-ਕਿਸੇ ਨੂੰ ਆਉਂਦਾ ਹੈ।

*ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ ॥*
*ਅੰਗ - ੯੫੮*

# ਪ੍ਰਕਾਸ਼ ਉਤਸਵ ਗੁਰੂ ਗੋਬਿੰਦ ਸਿੰਘ ਜੀ

*ਸਤਿਗੁਰ ਪੁਰਖ ਅਗੰਮੁ ਹੈ, ਨਿਰਵੈਰੁ ਨਿਰਾਲਾ।*
*ਜਾਣਹੁ ਧਰਤੀ ਧਰਮ ਕੀ, ਸਚੀ ਧਰਮਸਾਲਾ।*
*ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮਾਲਾ।*
*ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।*
*ਜੇਹਾ ਮੁਹੁ ਕਰਿ ਭਾਲੀਐ, ਤੇਹੋ ਵੇਖਾਲਾ।*
*ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹ ਕਾਲਾ।*
*ਭਾਈ ਗੁਰਦਾਸ ਜੀ, ਵਾਰ 34/1*

ਸਾਧਸੰਗਤ ਜੀ ਚਿੱਤ ਬਿਰਤੀਆਂ ਇਕਾਗਰ ਕਰੋ, ਗੱਜ ਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਹੋ। ਆਹ ਸੰਸਾਰ ਦੇ ਅੰਦਰ ਬਹੁਤ ਹੀ ਮਹੱਤਵਪੂਰਨ ਦਿਨ ਗਿਣਿਆ ਗਿਆ ਹੈ। ਕਿਉਂਕਿ ਇਸ ਦਿਨ ਦੀ ਉਡੀਕ ਦੇ ਵਿਚ ਹਜ਼ਾਰ੍ਹਾਂ ਸਾਲ ਮਨੁੱਖ ਨੂੰ ਇੰਤਜ਼ਾਰ ਕਰਨਾ ਪਿਆ ਤੇ ਜੋ ਵੱਡੇ ਮਹਾਂਪੁਰਸ਼ ਸੀ ਸਾਰਿਆਂ ਨੇ ਇਸ ਗੱਲ ਨੂੰ ਅਨੁਭਵ ਕਰ ਲਿਆ ਸੀ ਕਿ ਕੁਝ ਸਮਾਂ ਲੰਘਣ ਦੇ ਨਾਲ ਸੰਸਾਰ ਦੇ ਉਤੇ ਇਕ ਐਸੀ ਹਸਤੀ ਪ੍ਰਗਟ ਹੋ ਰਹੀ ਹੈ, ਜਿਸ ਨੇ ਸੰਸਾਰ ਨੂੰ ਐਸਾ ਰਾਹ ਦੱਸਣਾ ਹੈ, ਭਰਮਾਂ ਤੇ ਭੇਖਾਂ ਤੋਂ ਨਿਆਰਾ ਤੇ ਨਾਲ ਮਨੁੱਖ ਨੂੰ ਆਪਣੇ ਹੱਕਾਂ ਦੀ ਰਾਖੀ ਕਰਨ ਵਾਸਤੇ ਵੀ ਅਜੀਬ ਸਬਕ ਦੇਣਾ ਹੈ।

ਈਸਾ ਜੀ ਦੋ ਹਜ਼ਾਰ ਸਾਲ ਪਹਿਲਾਂ ਇਕ ਦਿਨ ਇਬਾਦਤ 'ਚੋਂ ਉਠੇ ਤਾਂ ਆਪ ਦੇ ਨਕਸ਼ ਬਹੁਤ ਗੰਭੀਰ ਹੋਏ-ਹੋਏ ਸਨ। ਨਾਲ ਦੇ ਜੋ ਪਿਤਰਸ ਵਗੈਰਾ ਸਨ ਉਨ੍ਹਾਂ ਨੇ ਪੁੱਛਿਆ ਕਿ ਹਜ਼ਰਤ! ਆਪ ਅੱਜ ਐਨੇ ਗੰਭੀਰ ਹੋਂ, ਕ੍ਰਿਪਾ ਕਰੋ ਜੇ ਕੋਈ ਅਲੌਕਿਕ ਬਾਤ ਅੱਜ ਖੁਦਾ ਦੇ ਦਰ ਤੇ ਤੁਸੀਂ ਦੇਖੀ ਹੈ? ਸਾਡੇ ਨਾਲ ਉਹ ਸਾਂਝੀ ਕਰੋ।

ਕਿਉਂਕਿ ਈਸਾ ਜੀ ਦੇ ਜਿੰਨੇ ਉਪਦੇਸ਼ ਨੇ ਬਾਈਬਲ ਦੇ ਅੰਦਰ ਉਹ ਇਸ ਤਰ੍ਹਾਂ ਨਹੀਂ ਹੈ ਜਿਵੇਂ ਗੁਰੂ ਨਾਨਕ ਸਾਹਿਬ ਨੇ ਬਾਣੀ ਉਚਾਰੀ ਹੈ। ਮਹਾਰਾਜ ਨੇ ਤਾਂ ਇਕੋ ਵਾਰੀ ਕਹਿ ਦਿਤਾ ਕਿ -

*ਜੈਸੀ ਮੈ ਆਵੈ ਖਸਮ ਕੀ ਬਾਣੀ*
*ਤੈਸੜਾ ਕਰੀ ਗਿਆਨੁ ਵੇ ਲਾਲੋ॥ ਅੰਗ - ੭੨੨*

*ਹਉ ਆਪਹੁ ਬੋਲਿ ਨ ਜਾਣਦਾ*
*ਮੈ ਕਹਿਆ ਸਭੁ ਹੁਕਮਾਉ ਜੀਉ॥ ਅੰਗ - ੭੬੩*

*ਧੁਰ ਕੀ ਬਾਣੀ ਆਈ ॥*
*ਤਿਨਿ ਸਗਲੀ ਚਿੰਤ ਮਿਟਾਈ ॥ ਅੰਗ - ੬੨੮*

ਈਸਾ ਜੀ ਬਾਰ-ਬਾਰ ਦੱਸਿਆ ਕਰਦੇ ਸੀ ਕਿ ਅੱਜ ਸਾਨੂੰ ਫਰਿਸ਼ਤੇ ਨੇ ਆ ਕੇ ਆਹ ਗੱਲ ਕਹੀ ਹੈ, ਉਨ੍ਹਾਂ ਦੀ ਸਾਰੀ ਬਾਈਬਲ ਇਸੇ ਤਰ੍ਹਾਂ ਨਾਲ ਹੈ ਕਿ ਅੱਜ ਫਰਿਸ਼ਤੇ ਨੇ ਆਹ ਗੱਲ ਕਹੀ, ਅੱਜ ਇਹ ਗੱਲ ਕਹੀ। ਉਹ ਜੋੜਨੀ ਤੋੜਨੀ ਪੈਂਦੀ ਹੈ, ਆਪ ਸਮਝਣੀ ਪੈਂਦੀ ਹੈ ਕਿ ਕੀ ਬਣੀ ਗੱਲ। ਮੁਹੰਮਦ ਸਾਹਿਬ ਅੰਦਰ ਹੋ ਕੇ ਦੱਸ ਦਿਆ ਕਰਦੇ ਸੀ ਕਿ ਅੱਜ ਅਸਮਾਨ ਦੇ ਅੰਦਰ ਜੋ ਲੋਹ ਕਲਮ ਹੈ ਫੱਟੀ ਦੇ ਉਤੇ ਅੱਜ ਆਹ ਚੀਜ਼ ਲਿਖੀ ਹੋਈ ਹੈ। ਇਹਨੂੰ ਕਹਿੰਦੇ ਸੀ ਆਇਤਾ ਉਤਰਦੀਆਂ ਨੇ, ਇਲਹਾਮ ਆਉਂਦਾ ਹੈ, ਰਿਸ਼ੀਆਂ-ਮੁਨੀਆਂ ਨੂੰ ਵੀ ਇਲਹਾਮ ਆਉਂਦਾ ਸੀ। ਵੇਦਾਂ ਦੀ ਰਚਨਾ ਸਾਰੀ ਈਸ਼ਵਰ ਕਿਰਤ ਦੱਸਦੇ ਨੇ। ਕੋਈ ਰਿਸ਼ੀ ਨਹੀਂ ਮੰਨਦਾ ਕਿ ਮੈਂ ਇਹ ਉਚਾਰੀ ਹੈ। ਉਹ ਕਹਿੰਦੇ ਨੇ ਇਹ ਬ੍ਰਹਮਾ ਵਲੋਂ ਆਈ ਹੈ, ਇਲਹਾਮ ਆਇਆ ਹੈ ਸਾਡੇ ਦੁਆਰਾ ਆਇਆ ਹੈ, ਅਸੀਂ ਉਹ ਤੁਹਾਨੂੰ ਪ੍ਰਗਟ ਕਰ ਦਿੰਦੇ ਹਾਂ। ਮੁਹੰਮਦ ਸਾਹਿਬ ਕਹਿੰਦੇ ਸੀ ਕਿ ਲੋਹ ਕਲਮ ਦੇ ਉਤੇ ਅੱਜ ਆਹ ਲਿਖਿਆ ਹੋਇਆ ਹੈ, ਅਸਮਾਨ ਨੂੰ ਇਕ ਫੱਟੀ ਗਿਣਦੇ ਸੀ, ਉਹਦੇ ਉਤੇ ਆਇਤਾਂ ਪੜ੍ਹ ਕੇ ਸੁਣਾ ਦਿਆ ਕਰਦੇ ਸੀ।

ਸੋ ਉਸ ਦਿਨ ਜਦੋਂ ਪੁੱਛਿਆ ਕਿ ਮਹਾਰਾਜ! ਤੁਸੀਂ ਅੱਜ ਕੋਈ ਅਲੌਕਿਕ ਬਾਤ ਦੇਖੀ ਹੈ?

ਕਹਿਣ ਲੱਗੇ, "ਹਾਂ। ਅੱਜ ਦਰਗਾਹ ਤੋਂ ਇਕ ਹਸਤੀ ਨਮੋਦਾਰ ਹੋਈ ਹੈ, ਜਿਸਦੇ ਚਿਹਰੇ ਉਤੇ ਬਹੁਤ ਹੀ ਸੁੰਦਰ ਦਾੜ੍ਹਾ ਹੈ, ਨੂਰਾਨੀ ਚਿਹਰਾ ਹੈ, ਬਹੁਤ ਹੀ ਸੁੰਦਰ ਮਨ ਨੂੰ ਮੋਹਣ ਵਾਲਾ, ਸਿਰ ਦੇ ਉਤੇ ਕੇਸ ਹਨ ਪਰ ਢਕੇ ਹੋਏ ਹਨ, ਖੁੱਲ੍ਹੇ ਨਹੀਂ ਹਨ ਤੇ ਪੱਗ ਬੰਨ੍ਹੀ ਹੋਈ ਹੈ। ਪੱਗ ਦੇ ਉਤੇ ਜੋ ਸਾਜੋ ਸ਼ਿੰਗਾਰ ਜੋ ਹੈ ਉਹ ਮਹਾਰਾਜਿਆਂ ਵਰਗੀ ਹੈ ਤੇ ਕਲਗੀ ਲੱਗੀ ਹੋਈ ਹੈ ਤੇ ਉਹ ਮੋਹਣੀ ਸੂਰਤ ਜੋ ਹੈ ਘੋੜੇ ਦੇ ਉਤੇ ਸਵਾਰ ਹੈ। ਗਲ ਦੇ ਵਿਚ ਬਾਂਹ ਦੇ ਮੋਢੇ ਦੇ ਉਤੇ ਧਨੁਸ਼ ਬਾਣ ਲਟਕਦਾ ਹੈ ਤੇ ਪਿਛੇ ਸਵਰਨ ਦੇ ਤੀਰਾਂ ਦਾ ਭੱਥਾ ਹੈ, ਸੋਨੇ ਦੀਆਂ ਮੁਖੀਆਂ ਵਾਲੇ ਤੀਰ ਤੇ ਉਸ ਦੇ ਉਤੇ ਖੁਦਾ ਦੀ ਖਾਸ ਰਹਿਮਤ ਹੋ ਰਹੀ ਹੈ। ਉਹ ਸਮਾਂ ਆਇਗਾ ਕਿ ਉਹ ਸੰਸਾਰ ਦੇ ਅੰਦਰ ਪ੍ਰਗਟ ਹੋਏਗਾ। ਪਰ ਅਜੇ ਸਮਾਂ ਹੈ।

ਸਮੇਂ ਦਾ ਹਿਸਾਬ-ਕਿਤਾਬ ਲਾਉਣਾ ਬੜਾ ਔਖਾ ਹੋਇਆ ਕਰਦਾ ਹੈ। ਗੁਰੂ ਮਹਾਰਾਜ ਵੀ ਜਦੋਂ ਬਚਨ ਬੋਲਿਆ ਕਰਦੇ ਸੀ, ਉਸ ਵੇਲੇ ਸਮੇਂ ਦਾ

ਹਿਸਾਬ-ਕਿਤਾਬ ਲਾਉਣਾ ਬਹੁਤ ਔਖਾ ਕੰਮ ਸੀ। ਕਹਿ ਦਿੰਦੇ ਸੀ ਕਿ ਸਮਾਂ ਦੇਖੋਂਗੇ, ਆਏਗਾ ਐਸਾ। ਹੌਲੀ-ਹੌਲੀ ਓਹੀ ਆਈ ਜਾਂਦਾ ਹੈ, ਕਿਉਂਕਿ ਸੌ ਸਾਖੀ ਜੋ ਹੈ ਅੰਗਰੇਜ਼ ਬੜਾ ਸਿਆਣਾ ਸ਼ਾਸਕ ਸੀ, ਉਹਨੇ ਕਿਹਾ ਕਿ ਜੇ ਸੌ ਸਾਖੀ ਰਹਿ ਗਈ ਤਾਂ ਇਨ੍ਹਾਂ ਨੂੰ ਪਹਿਲਾਂ ਹੀ ਪਤਾ ਲਗ ਜਾਣਾ ਹੈ ਕਿ ਹੁਣ ਐਉਂ ਹੋਣਾ ਹੈ।

ਇਕ ਬੇਦੀ ਸੀ ਲਾਹੌਰ ਦੇ, ਅੱਠ ਜ਼ੁਬਾਨਾਂ ਜਾਨਣ ਵਾਲੇ। ਉਨ੍ਹਾਂ ਨੂੰ ਲੱਖਾਂ ਰੁਪਏ ਦੇ ਕੇ ਕੋਠੀਆਂ ਦੇ ਕੇ ਵੱਡੀਆਂ ਸਵਾਰੀਆਂ ਵਗੈਰਾ ਦੇ ਕੇ ਇਹ ਉਸ ਤੋਂ ਕੰਮ ਕਰਾਇਆ ਕਿ ਤੂੰ ਸੌ ਸਾਖੀ ਨੂੰ ਸਮਝ ਪਹਿਲਾਂ। ਕਿਉਂਕਿ ਸੌ ਸਾਖੀ ਦੇ ਜੋ ਸੰਮਤ ਨੇ ਉਹ ਅੱਖਰਾਂ ਦੇ ਵਿਚ ਨਹੀਂ ਆਏ ਹੋਏ, ਸਿਫਰਾਂ, ਏਕੇ ਦੂਏ 'ਚ ਨਹੀਂ ਆਏ। ਉਹ ਸ਼ਬਦਾਂ ਦੇ ਵਿਚ ਆਏ ਹੋਏ ਨੇ, ਜੇ ਵੇਦ ਅੱਖਰ ਆ ਗਿਆ, ਤਾਂ ਇਹਦਾ ਮਤਲਬ ਹੈ ਕਿ ਚਾਰ ਹੋ ਗਿਆ। ਕਿਉਂਕਿ ਚਾਰ ਵੇਦ ਨੇ, ਇਸ ਤਰ੍ਹਾਂ ਦੇ ਨਾਲ। ਜੇ ਸੁੰਨ ਆ ਗਿਆ ਤਾਂ ਜ਼ੀਰੋ ਬਣ ਗਿਆ। ਆਕਾਸ਼ ਆ ਗਿਆ, ਆਕਾਸ਼ ਜ਼ੀਰੋ ਨੂੰ ਕਹਿੰਦੇ ਨੇ। ਉਹਨੇ ਸਾਰੇ ਸੰਮਤ ਵਿਗਾੜ ਕੇ ਜਿੰਨੇ ਵੀ ਵਾਕਿਆਤ ਸੀ, ਅੱਧਾ ਕਿਸੇ ਨਾਲ ਜੋੜ ਦਿਤਾ, ਅੱਧਾ ਕਿਸੇ ਨਾਲ ਤੇ ਉਹ ਸੌ ਸਾਖੀ ਦੀ ਕੋਈ ਵੀ ਮਹੱਤਤਾ ਨਾ ਰਹਿਣ ਦਿਤੀ। ਬਿਲਕੁਲ ਗਲਤ ਕਰ ਦਿਤੀ। ਉਸ ਤੋਂ ਬਾਅਦ ਇਹਨੂੰ ਬੜੀ ਜਾਇਦਾਦ ਮਿਲੀ, ਲੱਖਾਂ ਰੁਪਿਆ ਇਨਾਮ ਮਿਲਿਆ, ਬੱਗੀ ਮਿਲੀ, ਘੋੜੇ ਸਵਾਰੀਆਂ, ਚਾਰ ਕੋਠੀਆਂ ਦਿਤੀਆਂ। ਪਿਛਲੀ ਉਮਰ ਦੇ ਵਿਚ ਆ ਕੇ ਇਸਨੂੰ ਅਧਰੰਗ ਹੋ ਗਿਆ, ਪਾਪ ਦਾ ਫਲ ਮਿਲ ਗਿਆ। ਉਸ ਵੇਲੇ ਬਹੁਤ ਸਾਰੇ ਸਿਆਣਿਆਂ ਨੇ ਕਿਹਾ ਕਿ ਇਹ ਸੂਰਜ ਡੁੱਬ ਰਿਹਾ ਹੈ। ਹੁਣ ਜੇ ਪ੍ਰਾਸ਼ਚਿਤ ਕਰ ਲਵੇ ਤੇ ਦੱਸ ਦੇਵੇ ਸਹੀ ਸੰਮਤ, ਕਿਹੜੀ ਤੁਕ ਕੀਹਦੇ ਨਾਲ ਜੋੜੀ ਹੈ, ਕਿਹੜੀ ਕੀਹਦੇ ਨਾਲ, ਤਾਂ ਵੀ ਆਪਾਂ ਕੁਛ ਕੋਸ਼ਿਸ਼ ਕਰਕੇ ਦੇਖ ਲਈਏ। ਗੁਰੂ ਮਹਾਰਾਜ ਦੇ ਬਚਨ ਕਾਇਮ ਰਹਿ ਜਾਣ। ਉਸ ਵੇਲੇ ਇਸ ਨੇ ਦੱਸਿਆ ਕਿ ਮੈਂ ਤਾਂ ਖੁਦ ਭੁੱਲ ਚੁੱਕਿਆ ਹਾਂ, ਮੈਨੂੰ ਨਹੀਂ ਪਤਾ ਕਿਉਂਕਿ ਮੈਂ ਕੋਈ ਕਾਪੀ ਨਹੀਂ ਰੱਖੀ ਇਸ ਕਰਕੇ ਮੈਨੂੰ ਨਹੀਂ ਪਤਾ ਕਿ ਮੈਂ ਕੀ ਵਿਗਾੜ ਕਰਿਆ ਹੈ, ਪੰਜ ਮੈਂ ਸੌ ਸਾਖੀਆਂ ਲਿਖੀਆਂ ਸੀ, ਪੰਜਾਂ ਹੀ ਤਖਤਾਂ ਤੇ ਭੇਟਾਂ ਕਰ ਦਿਤੀਆਂ ਸੀ। ਲੇਕਿਨ ਈਸਾ ਜੀ ਦਾ ਜੋ ਬਚਨ ਹੈ ਉਹ ਕਾਇਮ ਹੈ ਉਵੇਂ ਜਿਵੇਂ ਕਿ 17ਵੀਂ ਸਦੀ ਆਏਗੀ, ਉਸ ਵੇਲੇ ਇਹ ਰੂਹ ਜੋ ਮੈਂ ਦੇਖੀ ਹੈ ਅੱਜ, ਉਹ ਪ੍ਰਗਟ ਹੋਏਗੀ ਤੇ ਸੰਸਾਰ ਦੇ ਅੰਦਰ ਇਕ ਨਿਆਰਾ ਕਿਸਮ ਦਾ ਮਨੁੱਖ ਪੈਦਾ ਕਰੇਗੀ। ਜਿਹਦਾ ਚਰਿੱਤਰ ਨਿਆਰਾ ਹੋਏਗਾ, ਸੋਚ ਨਿਆਰੀ ਹੋਏਗੀ। ਰੂਹਾਨੀਅਤ ਦੇ ਨਾਲ ਸੂਝ ਨਿਆਰੀ ਹੋਏਗੀ। ਜੋ ਜਾਬਰ ਨਹੀਂ ਹੋਏਗਾ, ਧੱਕਾ ਨਹੀਂ ਕਰੇਗਾ, ਕਿਸੇ ਨਾਲ ਧੋਖਾ ਨਹੀਂ ਕਰੇਗਾ, ਬੇਈਮਾਨੀ ਨਹੀਂ ਕਿਸੇ ਨਾਲ ਕਰੇਗਾ। ਇਕ ਦੇਵਤਿਆਂ ਵਰਗਾ ਮਨੁੱਖ ਦਾ ਚਿੱਤਰ ਸੰਸਾਰ 'ਚ ਉਸ ਨੇ ਲਿਆਉਣਾ ਹੈ।

ਸੋ ਅੱਜ ਦਾ ਦਿਨ ਜੋ ਹੈ ਇਹ ਭਾਗਾਂ ਭਰਿਆ ਹੋਣ ਕਰਕੇ ਕਿਉਂਕਿ ਗੁਰੂ ਦਸ਼ਮੇਸ਼ ਪਿਤਾ ਅੱਜ ਦੇ ਦਿਨ ਸੰਸਾਰ ਦੇ ਅੰਦਰ ਪ੍ਰਕਾਸ਼ਤ ਹੋਏ। ਜਨਮ ਇਸ ਕਰਕੇ ਨਹੀਂ ਹੁੰਦਾ, ਜਨਮ ਦਿਨ ਸਾਡੇ ਮਨਾਏ ਜਾਂਦੇ ਨੇ। ਪ੍ਰਕਾਸ਼ ਉਤਸਵ ਕਹਾਉਂਦਾ ਹੈ ਇਹ। ਕਿਉਂਕਿ ਅੱਜ ਇਕ ਪ੍ਰਕਾਸ਼ ਦੀ ਲੋਅ ਆਈ, ਜੋ ਭੀਖਣਸ਼ਾਹ ਨੇ ਦੇਖੀ, ਅੱਜ ਨਮਾਜ਼ ਪੱਛਮ ਵੱਲ ਨੂੰ ਨਹੀਂ ਪੜ੍ਹਦਾ। ਪੂਰਬ ਵਲ ਨੂੰ ਪੜ੍ਹਦਾ ਹੈ। ਬੜਾ ਦ੍ਰਿੜ੍ਹ ਬੰਦਾ ਸੀ, ਸ਼ਰ੍ਹਾ ਤੋਂ ਉੱਚਾ ਸੀ, ਪ੍ਰਵਾਹ ਨਾ ਕਰੀ ਸ਼ਰ੍ਹਾ ਦੀ। ਅੱਜ ਪੱਛਮ ਵਲ ਨੂੰ ਸੀਸ ਨਹੀਂ ਨਿਵਾਇਆ, ਪੂਰਬ ਵੱਲ ਨਿਵਾਇਆ।

ਮੁਰੀਦਾਂ ਨੇ ਬੇਨਤੀ ਕੀਤੀ ਕਿ ਹਜ਼ਰਤ! ਆਪ ਨੇ ਅੱਜ ਸ਼ਰ੍ਹਾ ਦੀ ਜੋ ਮਰਿਆਦਾ ਹੈ ਉਹ ਭੰਗ ਕਰ ਦਿਤੀ। ਕਿਉਂਕਿ ਸ਼ਰ੍ਹਾ ਦੇ ਅਨੁਸਾਰ ਜੋ ਨਮਾਜ਼ ਪੜ੍ਹੀ ਜਾਂਦੀ ਹੈ, ਉਹ ਮਗਰਬ ਨੂੰ ਪੜ੍ਹੀ ਜਾਂਦੀ ਹੈ, ਤੁਸੀਂ ਮਸ਼ਰਕ ਨੂੰ ਪੜ੍ਹੀ ਹੈ। ਕਾਰਨ ਕੀ ਹੈ?

ਕਹਿਣ ਲੱਗੇ, "ਅੱਜ ਇਕ ਮਹਾਨ ਪ੍ਰਕਾਸ਼ ਸੰਸਾਰ 'ਚੋਂ ਉਤਰਿਆ। ਜਦੋਂ ਮੈਂ ਸਮਾਧੀ ਵਿਚ ਸੀ ਉਸ ਵੇਲੇ ਮੈਂ ਉਹ ਪ੍ਰਕਾਸ਼ ਦੇਖਿਆ।"

ਪੁੱਛਿਆ, "ਕਿੱਥੇ ਉਤਰਿਆ?

ਪਟਨਾ ਹੈ ਨਗਰ। ਐਸ-ਐਸ ਤਰ੍ਹਾਂ ਦਾ ਗਲੀ ਮਹੱਲਾ ਹੈ। ਐਹੋ ਜਿਹਾ ਥਾਉਂ ਹੈ, ਮੈਂ ਸਭ ਪਛਾਣ ਲਿਆ ਹੈ, ਇਸ ਕਰਕੇ ਅੱਜ ਜਿੰਨੇ ਵੀ ਸੰਸਾਰ ਤੇ ਆਏ ਨੇ, ਸਭ ਤੋਂ ਇਕ ਮਹਾਨ ਆਤਮਾ ਆਈ ਹੈ। ਬਹੁਤ ਵੱਡਾ ਕੰਮ ਕਰਨ ਵਾਸਤੇ ਤੇ ਉਨ੍ਹਾਂ ਦੀ ਆਮਦ ਦੇ ਵਿਚ ਮੈਂ ਨਮਾਜ਼ ਇੱਧਰ ਪੜ੍ਹੀ ਹੈ। ਅੱਜ ਮਗਰਬ ਜਿਹੜਾ ਹੈ ਉਹ ਮਸ਼ਰਕ ਵਿਚ ਆ ਗਿਆ।

ਵੈਸੇ ਤਾਂ ਜੇ ਵਿਚਾਰ ਕਰੋ ਲੰਮੀ ਤਾਂ ਜਿਹੜਾ ਮਗਰਬ ਜਿਹੜਾ ਹੈ ਮਗਰਬ ਕਰੀ ਜਾਓ, ਮਗਰਬ ਕਿੱਥੇ ਚਲਿਆ ਗਿਆ। ਪਹਿਲਾਂ ਤਾਂ ਮੱਕੇ 'ਚ ਹੈ, ਉਸ ਤੋਂ ਬਾਅਦ ਇੰਗਲੈਂਡ 'ਚ ਆ ਗਿਆ। ਉਸ ਤੋਂ ਅੱਗੇ ਹੋਰ ਚਲੇ ਜਾਓ ਮਗਰਬ ਵਲ ਨੂੰ ਤਾਂ ਕੈਨੇਡਾ, ਅਮਰੀਕਾ ਆ ਗਿਆ। ਅਮਰੀਕਾ ਤੋਂ ਅੱਗੇ ਮਗਰਬ ਵਲ ਨੂੰ ਵਧੋ ਤਾਂ ਜਾਪਾਨ ਆ ਗਿਆ, ਜਪਾਨ ਤੋਂ ਅੱਗੇ ਮਗਰਬ ਵਲ ਨੂੰ ਵਧੋ, ਸਿੰਘਾਪੁਰ ਆ ਗਿਆ, ਫੇਰ ਹਿੰਦੁਸਤਾਨ ਆ ਗਿਆ। ਇਹ ਕਥੀਆਂ ਹੋਈਆਂ ਨੇ ਸੀਮਤਾਂ ਕਿ ਇਧਰ ਮਸ਼ਰਕ ਹੈ, ਮਗਰਬ ਹੈ। ਜਿੰਨਾ ਕੁ ਆਦਮੀ ਨੂੰ ਪਤਾ ਹੈ ਉਨਾਂ ਹੀ ਹੈ। ਨਾ ਕਿਤੇ

ਸੂਰਜ ਛਿਪਦਾ ਹੈ ਨਾ ਕਿਤੇ ਚੜ੍ਹਦਾ ਹੈ, ਕੇਵਲ ਧਰਤੀ ਦਾ ਹੇਰ ਫੇਰ ਹੈ, ਚੱਕਰ ਮਾਰਦੀ ਹੈ ਉਹਦੇ ਨਾਲ ਹਨ੍ਹੇਰਾ ਹੋ ਜਾਂਦਾ ਹੈ, ਚਾਨ੍ਹਣਾ ਹੋ ਜਾਂਦਾ ਹੈ। ਇਹ ਸੀਮਤਾਂ ਨੂੰ ਮੰਨਦੇ ਨੇ।

ਉਹ ਬੰਦਾ ਬਿਲਕੁਲ ਸਹੀ ਸੀ ਉਸ ਨੇ ਗੁਰੂ ਦੀ ਆਮਦ ਨੂੰ ਪਛਾਣ ਕੇ ਸਿਜਦਾ ਕੀਤਾ, ਫੇਰ ਚੱਲ ਕੇ ਗਿਆ। ਤਿੰਨ ਮਹੀਨੇ ਲੱਗੇ ਉਸਨੂੰ। ਜਾ ਕੇ ਗੁਰੂ ਦੇ ਦਰਸ਼ਨ ਕਰੇ, ਮਨ ਵਿਚ ਤਸੱਲੀ ਆਈ। ਸੋ ਅੱਜ ਦੇ ਦਿਨ ਉਹ ਮਹਾਨ ਹਸਤੀ ਸੰਸਾਰ ਦੇ ਉਤੇ ਆਈ ਜਿਸਨੂੰ ਅਸੀਂ 'ਗੁਰੂ ਗੋਬਿੰਦ ਸਿੰਘ ਜੀ' ਦਾ ਨਾਮ ਦੇ ਕੇ, 'ਦੁਸ਼ਟ ਦਮਨ' ਦਾ ਨਾਮ ਦੇ ਕੇ ਪੁਕਾਰਦੇ ਹਾਂ ਤੇ ਉਨ੍ਹਾਂ ਦੇ ਜੋ ਸਿਧਾਂਤ ਨੇ ਉਨ੍ਹਾਂ ਨੂੰ ਸਮਝਣ ਦਾ ਯਤਨ ਕਰਨਾ ਚਾਹੀਦਾ ਹੈ ਸਾਨੂੰ। ਕਿਉਂਕਿ ਹਰ ਮਹਾਂਪੁਰਸ਼ ਦੇ ਜੀਵਨ ਦੇ ਅੰਦਰ ਕੁਛ ਘਟਨਾਵਾਂ ਹੁੰਦੀਆਂ ਨੇ। ਜਿਹੜੀਆਂ ਸਾਡੇ ਵਰਗਾ ਸਰੀਰ ਧਾਰ ਕੇ ਕੀਤੀਆਂ ਹੁੰਦੀਆਂ ਨੇ ਤੇ ਸਾਨੂੰ ਸਿਖਿਆਦਾਇਕ ਹੋਇਆ ਕਰਦੀਆਂ ਹਨ।

ਗੁਰੂ ਦਸਵੇਂ ਪਾਤਸ਼ਾਹ ਦੇ ਕੌਤਕ ਐਨੇ ਨਿਰਾਲੇ ਸੀ -

*ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।*

ਕਿ ਦੁਨੀਆਂ ਦੇ ਅੰਦਰ ਮਹਾਨ ਹਸਤੀ ਹੈ ਜਿਸਨੂੰ ਸੰਸਾਰ ਨੇ ਅੱਜ ਤੱਕ ਨਹੀਂ ਸਮਝਿਆ। ਨਾ ਸਮਝਣ ਦੇ ਯਤਨ ਹੋਏ ਨੇ, ਨਾ ਸਮਝੇ ਨੇ।

ਕਿਉਂਕਿ ਮਹਾਂਪੁਰਸ਼ ਜਦੋਂ ਸੰਸਾਰ ਤੇ ਆਉਂਦੇ ਨੇ, ਉਸ ਵੇਲੇ ਸੰਸਾਰ ਉੱਲੂਆਂ ਵਰਗਾ ਹੁੰਦਾ ਹੈ। ਉੱਲੂ ਦੇਖ ਨਹੀਂ ਸਕਦਾ ਸੂਰਜ ਨੂੰ, ਐਸੇ ਤਰ੍ਹਾਂ ਸੰਸਾਰ ਦੀ ਤਰਕ ਭਰੀ ਅੱਖ ਹੁੰਦੀ ਹੈ, ਉਹ ਨਹੀਂ ਮੰਨਦਾ ਹੈਗਾ। ਬਾਅਦ ਵਿਚ ਬੜੇ ਮੇਲੇ ਲਗਦੇ ਨੇ, ਬੜੀਆਂ ਵਿਚਾਰਾਂ ਹੁੰਦੀਆਂ ਨੇ। ਗੋਸ਼ਟੀਆਂ ਹੁੰਦੀਆਂ ਨੇ, ਫੇਰ ਪ੍ਰਗਟ ਹੁੰਦਾ ਹੈ। ਜਿਉਂ-ਜਿਉਂ ਸਮਾਂ ਲੰਘਦਾ ਹੈ, ਤਿਉਂ-ਤਿਉਂ ਨਵੇਂ ਤੋਂ ਨਵੇਂ ਆਦਰਸ਼ ਉਹਦੇ ਜੀਵਨ 'ਚੋਂ ਅਨੁਭਵ ਹੁੰਦੇ ਨੇ। ਸੋ ਗੁਰੂ ਦਸ਼ਮੇਸ਼ ਪਿਤਾ ਨੂੰ ਨਹੀਂ ਸਮਝਿਆ ਗਿਆ। ਅੱਜ ਤੱਕ ਨਹੀਂ ਸਮਝਿਆ ਗਿਆ। ਕੁਝ ਹਸਤੀਆਂ ਨੇ ਬਾਬਾ ਬੰਦਾ ਸਿੰਘ ਬਹਾਦਰ ਹੈ ਇਨ੍ਹਾਂ ਨੂੰ ਨਹੀਂ ਸਮਝਿਆ ਗਿਆ। ਬਾਬਾ ਰਾਮ ਸਿੰਘ ਜੀ ਨਾਮਧਾਰੀ ਹੋਏ ਨੇ ਇਨ੍ਹਾਂ ਨੂੰ ਨਹੀਂ ਸਮਝਿਆ ਗਿਆ। ਰੌਲਾ-ਰੱਪਾ ਹੀ ਪਈ ਜਾਂਦਾ ਹੈ। ਸੋ ਇਸ ਤਰ੍ਹਾਂ ਗੁਰੂ ਮਹਾਰਾਜ ਦੇ ਅਨੇਕ ਕੋਨੇ ਨੇ ਜੀਵਨ ਦੇ। ਜਿਧਰੋਂ ਕੋਈ ਦੇਖਦਾ ਹੈ ਉਹੋ ਜਿਹਾ ਹੀ ਦੇਖਦਾ ਹੈ, ਜੇ ਕੋਈ ਸੂਰਮਾ ਦੇਖਦਾ ਹੈ ਤਾਂ ਉਹ ਇਹੀ ਚਿੱਤਰ ਮਨ ਵਿਚ ਬਣਾਉਂਦਾ ਹੈ ਕਿ ਗੁਰੂ ਸਾਹਿਬ ਹਰ ਵਕਤ ਸ਼ਸਤਰਧਾਰੀ ਹੋ ਕੇ, ਹਰ ਵਕਤ ਹੀ ਕਮਾਨ ਮੋਢੇ 'ਚ ਰੱਖਦੇ ਸੀ। ਧਨੁਸ਼ ਬਾਣ ਤੀਰ ਰੱਖਦੇ ਸੀ, ਕਿਰਪਾਨ ਰੱਖਦੇ ਸੀ ਤੇ ਯੁੱਧ ਵਾਸਤੇ ਤਿਆਰ ਹੀ ਰਹਿੰਦੇ ਸੀ, ਘੋੜੇ ਤੇ ਚੜ੍ਹੇ ਹੋਏ। ਉਨ੍ਹਾਂ ਦਾ ਦ੍ਰਿਸ਼ ਇਹੀ ਪੱਕਾ ਹੋ ਗਿਆ। ਉਸੇ ਤਰ੍ਹਾਂ ਦੀਆਂ ਗੱਲਾਂ ਉਨ੍ਹਾਂ ਨੇ ਗੁਰੂ ਸਾਹਿਬ ਦੇ ਨਾਮ ਲਾ ਦਿਤੀਆਂ। ਜੇ ਕੋਈ ਵਿਦਵਾਨ ਦੇਖਦਾ ਹੈ ਤਾਂ ਉਹ ਕਹਿੰਦਾ ਹੈ ਕਿ ਐਨਾ ਮਹਾਨ ਵਿਦਵਾਨ ਕੋਈ ਨਹੀਂ, ਉਹ ਗੁਰੂ ਸਾਹਿਬ ਨੂੰ ਹਰ ਵਕਤ ਚੌਂਕੜਾ ਮਾਰ ਕੇ ਲਿਖਦੇ ਹੀ ਦੇਖਦਾ ਹੈ। ਕਿਉਂਕਿ ਮਹਾਰਾਜ ਨੇ ਐਨਾ ਲਿਖਿਆ ਹੈ ਕਿ ਗਿਣਤੀ ਤੋਂ ਬਾਹਰ ਹੈ। ਹੁਣ ਤਾਂ ਸਾਡੇ ਕੋਲ 'ਦਸਮ ਗ੍ਰੰਥ' ਬਹੁਤ ਥੋੜ੍ਹਾ ਜਿਹਾ ਰਹਿ ਗਿਆ। 9 ਮਣ ਗ੍ਰੰਥ ਹੋਇਆ ਸੀ, ਜਿਹਦਾ ਨਾਉਂ ਵਿਦਿਆਧਰ ਗ੍ਰੰਥ ਸੀ। 102 ਲਿਖਾਰੀਆਂ 'ਚ ਗੁਰੂ ਗੋਬਿੰਦ ਸਿੰਘ ਬੈਠੇ ਨੇ, ਪੰਜਾਹ ਨਸਰ ਲਿਖਣ ਵਾਲੇ ਨੇ, 52 ਕਵਿਤਾ ਲਿਖਣ ਵਾਲੇ ਨੇ। ਗ੍ਰੰਥਾਂ ਦੇ ਢੇਰਾਂ ਦੇ ਢੇਰ ਅੱਗੇ ਪਏ ਨੇ ਇਨ੍ਹਾਂ ਦੇ। ਅਨੁਵਾਦ ਕਰਦੇ ਨੇ ਗੁਰੂ ਸਾਹਿਬ ਛਾਂਟ ਕੇ ਦਿੰਦੇ ਨੇ ਕਿ ਇਹਦਾ ਅਨੁਵਾਦ ਕਰੋ, ਜਾਂ ਮਹਾਂਭਾਰਤ ਦੇ 18ਵੇਂ ਪਰਬ ਦਾ ਜਿਸ ਵਕਤ ਅਨੁਵਾਦ ਕਰਿਆ, ਮੰਗਲ ਕਵੀ ਨੇ। ਗੁਰੂ ਮਹਾਰਾਜ ਨੇ ਐਨਾ ਧਨ ਦਿਤਾ, 200 ਸਿੰਘ ਉਸਨੂੰ ਘਰ ਛੱਡਣ ਜਾਂਦਾ ਹੈ। ਰਾਇਪੁਰ ਦੇ ਵਿਚੋਂ ਜਦੋਂ ਲੰਘਣ ਲੱਗਿਆ ਤਾਂ ਰਾਇਪੁਰ ਦੀ ਰਾਣੀ ਨੇ ਇਹ ਸਮਝ ਕੇ ਕਿ ਦੁਸ਼ਮਣ ਲੰਘ ਰਿਹਾ ਹੈ, ਤੋਪ ਦਾ ਫਾਇਰ ਕਰ ਦਿਤਾ। ਉਸ ਵੇਲੇ ਮੰਗਲ ਕਵੀ ਨੇ ਚਿੱਟਾ ਝੰਡਾ ਕੱਢਿਆ। ਉਧਰੋਂ ਘੋੜ ਸਵਾਰ ਆਇਆ, ਗੱਲ ਹੋਈ ਤਾਂ ਉਸ ਨੇ ਕਿਲ੍ਹੇ 'ਚ ਬੁਲਾ ਲਏ ਸਾਰੇ। ਕਹਿਣ ਲੱਗਿਆ, ਮਹਾਰਾਣੀ ਸਾਹਿਬ! ਮੈਂ ਕੋਈ ਗਲੀਮ ਨਹੀਂ ਚੜ੍ਹ ਕੇ ਜਾ ਰਿਹਾ, ਮੈਂ ਤਾਂ ਇਕ ਵਿਦਵਾਨ ਹਾਂ, ਗੁਰੂ ਦਸ਼ਮੇਸ਼ ਪਿਤਾ ਦੇ ਦਰ ਤੋਂ ਵਰੋਸਾਇਆ ਹੋਇਆ ਤੇ ਮੈਨੂੰ ਇਕ ਪਰਬ ਲਿਖਣ ਦਾ ਐਨਾ ਧਨ ਦੇ ਦਿਤਾ, ਐਨੀਆਂ ਮੈਨੂੰ ਚੀਜ਼ਾਂ ਦੇ ਦਿਤੀਆਂ ਕਿ ਦੋ ਸੌ ਘੋੜ ਸਵਾਰ ਮੈਨੂੰ ਘਰ ਛੱਡਣ ਜਾ ਰਿਹਾ ਹੈ।

ਕਿੰਨੀ ਕਦਰ ਸੀ ਗੁਰੂ ਮਹਾਰਾਜ ਨੂੰ ਲਿਟਰੇਚਰ ਦੀ, ਵਿਦਿਆ ਦੀ। ਜਿਸ ਵਕਤ ਰਾਮਾਅਵਤਾਰ ਦਾ ਲਿਖਾਇਆ ਹੈ ਉਸ ਵੇਲੇ ਦੋ ਲੱਖ ਦਿਨਾਰ ਦਿਤਾ ਸੀ ਮਹਾਰਾਜ ਨੇ। ਆਪ ਕਿੰਨਾ ਲਿਖਿਆ ਹੋਇਆ ਹੈ, ਕ੍ਰਿਸ਼ਨਾਅਵਤਾਰ 2800 ਤੋਂ ਉਤੇ ਸ਼ਬਦ ਲਿਖਿਆ ਹੋਇਆ ਹੈ, ਰਾਮਾਅਵਤਾਰ, ਦੇਵੀਆਂ ਦੇ ਪ੍ਰਸੰਗ, ਹੋਰ ਅਨੇਕਾਂ ਜਿਹੜੇ ਗੁੰਮ ਹੋ ਗਏ, ਬੇਅੰਤ ਲਿਖੇ ਹੋਏ। ਲਿਖਾਰੀਆਂ ਨੂੰ, ਫਿਲਾਸਫਰਾਂ ਨੂੰ ਗੁਰੂ ਸਾਹਿਬ ਤੀਰ ਅੰਦਾਜ਼ ਨਜ਼ਰ ਨਹੀਂ ਆਉਂਦੇ, ਤਲਵਾਰਾਂ ਚਲਾਉਣ ਵਾਲੇ ਨਜ਼ਰ ਨਹੀਂ ਆਉਂਦੇ ਉਨ੍ਹਾਂ ਨੂੰ ਇਕ ਬਹੁਤ ਭਾਰੀ ਲਿਟਰੇਰੀ ਨਜ਼ਰ ਆ ਰਹੇ ਨੇ, ਸਾਹਿਤਕਾਰ ਨਜ਼ਰ ਆ ਰਿਹਾ ਹੈ। ਜਦੋਂ ਸੁਮੱਤਾਂ ਦਿੰਦੇ ਨੇ, ਗੁਰਮਤਿ ਦੇ

ਭੇਤ ਖੋਲ੍ਹਦੇ ਨੇ, ਉਸ ਵੇਲੇ ਵੱਡੇ ਮਹਾਨ ਆਤਮਾ ਪੂਰਨ ਗਿਆਨਵਾਨ ਬ੍ਰਹਮਗਿਆਨੀ ਨੂੰ ਬ੍ਰਹਮਗਿਆਨੀ ਨਜ਼ਰ ਆ ਗਿਆ। ਜੋ ਭਾਈ ਘਨਈਏ ਦੇ ਪਾਣੀ ਪਿਲਾਉਣ ਦੇ ਨਾਲ ਖੁਸ਼ ਹੋ ਕੇ ਮਲ੍ਹਮ ਵੀ ਦੇ ਰਿਹਾ ਹੈ ਤੇ ਪੱਟੀਆਂ ਵੀ ਦੇ ਰਿਹਾ ਹੈ। ਮਲ੍ਹਮ ਦੀਆਂ ਡੱਬੀਆਂ ਸੰਭਾਲ ਰਿਹਾ ਹੈ, ਘਨਈਆ! ਤੂੰ ਸਮਝ ਗਿਆ ਅਸਲੀ ਸਿਧਾਂਤ ਤੇ ਬੁੱਧੂਸ਼ਾਹ ਦੇ ਨਾਲ ਬਚਨ ਕਰਕੇ ਇਕ ਮਹਾਨ ਫਿਲਾਸਫਰ ਨਜ਼ਰ ਆ ਰਹੇ ਨੇ। ਬਹੁਪੱਖ ਹੈ, ਗੁਰੂ ਗੋਬਿੰਦ ਸਿੰਘ ਜੀ ਦਾ। ਆਪ ਨੇ ਜੋ ਸਾਨੂੰ ਸਿਧਾਂਤ ਦਿਤਾ, ਸੁਭਾਵਿਕ ਹੀ ਸਿਧਾਂਤ ਦਿਤਾ। ਜੋ ਗੁਰਬਾਣੀ ਦੇ ਉਤੇ ਆਧਾਰਿਤ ਹੈ ਕਿਉਂਕਿ ਗੁਰੂ ਸਾਹਿਬ ਦਾ ਕੋਈ ਵੀ ਬਚਨ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਨਹੀਂ ਜਾਂਦਾ। ਇਹੀ ਵਜ੍ਹਾ ਹੈ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਦੇ ਲੜ ਲਾ ਦਿਤੇ ਗਏ ਹਾਂ। ਜੇ ਬਚਨ ਬਾਹਰ ਜਾਂਦੇ ਤਾਂ ਫੇਰ ਸਾਡੇ ਵਾਸਤੇ ਦੁਬਿਧਾ ਪੈਦਾ ਹੋ ਜਾਣੀ ਸੀ ਕਿ ਗੁਰੂ ਗ੍ਰੰਥ ਸਾਹਿਬ ਨੂੰ ਮੰਨੀਏ ਕਿ ਗੁਰੂ ਦਸਵੇਂ ਪਾਤਸ਼ਾਹ ਦੇ ਬਚਨਾਂ ਨੂੰ ਮੰਨੀਏ। ਰਲਾਵਟਾਂ ਹੋ ਸਕਦੀਆਂ ਨੇ, misunderstanding ਹੋ ਸਕਦੀ ਹੈ ਲੇਕਿਨ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਨਹੀਂ ਹੈ ਤੇ ਆਪ ਦਾ ਐਸਾ ਫੁਰਮਾਨ ਹੈ -

***ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ***
***ਨਿਆਰੇ ਨਿਆਰੇ ਹੋਇ ਕੈ***
***ਫੇਰਿ ਆਗ ਮੈ ਮਿਲਾਹਿੰਗੇ॥।***
***ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈਂ,***
***ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ॥***
***ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ***
***ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿੰਗੇ॥***
***ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ***
***ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ॥***
***ਅਕਾਲ ਉਸਤਤਿ***

***ਕਤਹੂੰ ਸੁਚੇਤ ਹੁਇਕੈ ਚੇਤਨਾ ਕੋ ਚਾਰ ਕੀਓ***
***ਕਤਹੂੰ ਅਚਿੰਤ ਹੁਇਕੈ ਸੋਵਤ ਅਚੇਤ ਹੋ॥***
***ਕਤਹੂੰ ਭਿਖਾਰੀ ਹੁਇਕੈ ਮਾਂਗਤ ਫਿਰਤ ਭੀਖ,***
***ਕਹੂੰ ਮਹਾਂ ਦਾਨ ਹੁਇਕੈ ਮਾਂਗਿਓ ਧਨ ਦੇਤ ਹੋ॥***
***ਕਹੂੰ ਮਹਾਰਾਜਨ ਕੋ ਦੀਜਤ ਅਨੰਤ ਦਾਨ,***
***ਕਹੂੰ ਮਹਾਰਾਜਨ ਤੇ ਛੀਨ ਛਿਤ ਲੇਤ ਹੋ॥***
***ਕਹੂੰ ਬੇਦ ਰੀਤ ਕਹੂੰ ਤਾ ਸਿਉ ਬਿਪ੍ਰੀਤ***
***ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰਗੁਨ ਸਮੇਤ ਹੋ॥***
***ਅਕਾਲ ਉਸਤਤਿ***

ਹਜ਼ਾਰਾਂ ਚੰਗਿਆੜੀਆਂ ਇਕ ਅੱਗ 'ਚੋਂ ਉਠਦੀਆਂ ਨੇ, ਜਾਣਾ ਕਿੱਥੇ ਹੈ ਉਹ ਚੰਗਿਆੜੇ ਫੇਰ ਅੱਗ ਵਿਚ ਸਮਾਅ ਜਾਂਦੇ ਨੇ। ਧੂੜ ਉਡਦੀ ਅਸਮਾਨਾਂ 'ਚ ਚੜ੍ਹ ਗਈ। ਮੁੜ ਕੇ ਕਿੱਥੇ ਆਉਂਦੀ ਹੈ? ਧਰਤੀ ਤੇ ਫੇਰ ਆ ਜਾਂਦੀ ਹੈ। ਕਰੋੜਾਂ ਤਰੰਗਾਂ ਉਠ ਰਹੀਆਂ ਨੇ ਸਮੁੰਦਰ ਦੇ ਉਤੇ, ਜਾਂਦੀਆਂ ਕਿੱਥੇ ਨੇ ਸਮੁੰਦਰ ਵਿਚ ਹੀ ਸਮਾਅ ਜਾਂਦੀਆਂ ਨੇ।

***ਕਤਹੂੰ ਸੁਚੇਤ ਹੁਇਕੈ ਚੇਤਨਾ ਕੋ ਚਾਰ ਕੀਓ***
***ਕਤਹੂੰ ਅਚਿੰਤ ਹੁਇਕੈ ਸੋਵਤ ਅਚੇਤ ਹੋ॥***

ਇਹ ਕ੍ਰਿਆ ਹੈ ਉਹਦੀ ਕਿਤੇ ਸੁੱਤਾ ਪਿਆ ਹੈ, ਕਿਤੇ ਬਹੁਤ ਹੀ ਚੇਤਨ ਹੋਇਆ ਹੋਇਆ ਹੈ। ਕਿਤੇ ਮਹਾਰਾਜਿਆਂ ਨੂੰ ਦਿੰਦਾ ਹੈ, ਕਿ ਮਹਾਰਾਜਿਆਂ ਤੋਂ ਖੋਹ ਲੈਂਦਾ ਹੈ। ਸਾਰੇ ਰੂਪ ਨੇ ਕਿਤੇ ਵੇਦਾਂ, ਸ਼ਾਸਤਰਾਂ, ਧਰਮ ਗ੍ਰੰਥਾਂ ਨੂੰ ਮੰਨਦਾ ਹੈ ਕਿਤੇ ਇਸ ਤੋਂ ਬਿਲਕੁਲ ਹੀ ਵਿਪਰੀਤ ਹੋਇਆ ਹੋਇਆ ਹੈ। ਮਹਾਰਾਜ ਕਹਿੰਦੇ ਸਾਰੇ ਦ੍ਵੈਤ ਦੇ ਕੰਮ ਕਰਦਾ ਹੋਇਆ ਵੀ ਸਾਨੂੰ ਫਰਕ ਨਹੀਂ। ਸਾਨੂੰ ਸਰਬ ਕਾਲ, ਸਰਬ ਠੌਰ ਏਕ ਸੇ ਲਗਤ ਹੋ। ਇਕੋ ਹੀ ਲਗਦਾ ਹੈ -

***ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥***
***ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥***
***ਅੰਗ - ੧੨੯੧***

***ਨਾਮ ਕਾਮ ਬਿਹੀਨ ਪੇਖਤ ਧਾਮ ਹੂੰ ਨਹਿ ਜਾਹਿ॥***
***ਸਰਬ ਮਾਨ ਸਰਬੱਤ੍ਰ ਮਾਨ ਸਦੈਵ ਮਾਨਤ ਤਾਹਿ॥***
***ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥***
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥***
***ਅਕਾਲ ਉਸਤਤਿ***

ਐਸਾ ਜੋ ਗੁਰੂ ਹੈ ਜਿਹਦੀ ਨਿਗ੍ਹਾ ਦੇ ਵਿਚ ਦੂਜਾ ਹੈ ਹੀ ਕੋਈ ਨਹੀਂ। ਫੇਰ ਉਹਦੇ ਬਾਰੇ ਐਹੋ ਜਿਹੀਆਂ ਗੱਲਾਂ ਲਿਖਣੀਆਂ ਜਿਵੇਂ ਬੜਾ ਭਾਰਾ ਦੁਸ਼ਮਣ ਹੁੰਦਾ ਹੈ, ਕਈਆਂ ਨੇ ਤਾਂ ਲਿਖਾਰੀਆਂ ਨੇ ਐਉਂ ਕਰ ਦਿਤਾ ਕਿ ਗੁਰੂ ਦਸਵੇਂ ਪਾਤਸ਼ਾਹ, deadly ਮੁਸਲਮਾਨਾਂ ਦੇ ਖਿਲਾਫ ਸੀ। ਮਹਾਰਾਜ ਕਹਿੰਦੇ, ਅਸੀਂ ਕਿਸੇ ਦੇ ਖਿਲਾਫ ਨਹੀਂ ਸੀਗੇ। ਜੇ ਮੁਸਲਮਾਨਾਂ ਦੇ ਖਿਲਾਫ ਹੁੰਦੇ ਤਾਂ ਗੁਰੂ ਨਾਨਕ ਨੇ ਸਾਰੀ ਜ਼ਿੰਦਗੀ ਮਰਦਾਨਾ ਨਾਲ ਰੱਖਿਆ ਹੈ ਤੇ ਰਾਗੀ ਸਾਰੇ ਹੀ ਮੁਸਲਮਾਨ ਹੋਇਆ ਕਰਦੇ ਸੀ। ਉਹ ਗੁਰੂ ਦਰਬਾਰ 'ਚ ਕੀਰਤਨ ਕਰਦੇ ਰਹੇ ਨੇ। ਫੇਰ ਇਹ A friend in need is a friend indeed. ਲੋੜ ਪਏ ਤਾਂ ਮਿੱਤਰ ਦਾ ਪਤਾ ਲਗਦਾ ਹੈ।

ਜਦੋਂ ਗੁਰੂ ਮਹਾਰਾਜ ਪਾਉਂਟੇ ਸਾਹਿਬ ਅਕਾਰਨ ਯੁੱਧ ਆਪ ਨਾਲ ਛਿੜ ਗਿਆ ਤੇ ਪਠਾਣ ਜਿਹੜੇ ਨੌਕਰ ਸੀ ਉਹ ਧੋਖਾ ਦੇ ਗਏ। ਰਿਸ਼ਵਤ ਦੇ ਵਿਚ ਆ ਗਏ, ਰਾਜਿਆਂ ਦੇ ਨਾਲ ਮਿਲ ਗਏ। ਉਸ ਵੇਲੇ ਕੌਣ ਸੀਗਾ। 700 ਮੁਰੀਦ ਲੈ ਕੇ, ਪੀਰ ਬੁੱਧੂਸ਼ਾਹ ਮੈਦਾਨ-ਏ-ਜੰਗ 'ਚ ਆ ਕੇ ਲੜਾਈ ਕਰਦਾ ਹੈ। ਆਪਣੇ ਦੋ ਪੁੱਤਰ ਇਕ ਸਾਲਾ ਏਸ ਲੜਾਈ ਦੀ ਭੇਟਾ

ਚਾੜ੍ਹ ਦਿੰਦਾ ਹੈ ਤੇ ਜਦੋਂ ਗੁਰੂ ਸਾਹਿਬ ਕਹਿੰਦੇ ਨੇ ਕਿ ਬੁੱਧੂਸ਼ਾਹ! ਕੁਛ ਮੰਗ ਤਾਂ ਸਹੀ। ਕਹਿੰਦਾ, ਮਹਾਰਾਜ! ਮੈਂ ਮੰਗਾ? ਮੈਨੂੰ ਜੋ ਤੁਸੀਂ ਦੇਣਾ ਸੀ ਦੇ ਦਿਤਾ। ਇਸ ਤੋਂ ਅੱਗੇ ਮੈਂ ਕੀ ਮੰਗ ਸਕਦਾ ਹਾਂ? ਆਪ ਨੇ ਤਾਂ ਆਵ-ਏ-ਹਿਆਤ ਦਾ ਜਾਮ ਮੇਰੇ ਪੁੱਤਰਾਂ ਨੂੰ ਪਿਲਾ ਦਿਤਾ, ਮੇਰੇ ਮੁਰੀਦਾਂ ਨੂੰ ਪਿਲਾ ਦਿਤਾ ਤੇ ਓਸ ਵਾਰ-ਏ-ਖਾਸ ਖੁਦਾ ਦੇ ਵਿਚ ਉਨ੍ਹਾਂ ਦਾ ਦਾਖਲਾ ਕਰਾ ਦਿਤਾ ਹੁਣ ਦੱਸੋ ਇਸ ਤੋਂ ਵੱਡਾ ਮੰਗਣ ਨੂੰ ਹੈ ਕੁਛ ਮੈਨੂੰ? ਕਹਿੰਦੇ, ਨਹੀਂ ਮੰਗ! ਸਾਡਾ ਮਨ ਪ੍ਰਸੰਨ ਹੁੰਦਾ ਹੈ, ਜਦ ਤੂੰ ਕੁਛ ਮੰਗ ਲਵੇਂ। ਕਹਿੰਦਾ, ਪਾਤਸ਼ਾਹ! ਜੇ ਦੇਣਾ ਹੈ ਤਾਂ ਆਹ ਜਿਹੜੇ ਕੰਘੇ ਦੇ ਵਿਚ ਰੋਮ ਟੁੱਟ ਕੇ ਆ ਗਏ ਨੇ, ਕ੍ਰਿਪਾ ਕਰ ਮੈਨੂੰ ਇਹ ਦੇ ਦੇ। ਮੇਰੇ ਵਾਸਤੇ ਇਹ ਸਾਰੀਆਂ ਬਹਿਸ਼ਤਾਂ ਦੀ ਦੌਲਤ ਹੈ। ਜੇ ਉਹਦੇ ਮਨ ਵਿਚ ਪਛਤਾਵਾ ਹੁੰਦਾ ਹਾਂ ਉਹ ਫੇਰ ਇਸ ਤਰ੍ਹਾਂ ਦੇ ਬਚਨ ਨਾ ਕਰਦਾ। ਉਹ ਮਹਾਂ ਪ੍ਰਸੰਨ ਸੀ ਕਿ ਮੇਰੇ ਪੁੱਤਰ ਗੁਰੂ ਦੇ ਲੇਖੇ, ਧਰਮ ਦੇ ਲੇਖੇ ਲੱਗ ਗਏ ਕਿਉਂਕਿ ਉਹ ਦੇਖਦਾ ਸੀ ਕਿ ਅਧਰਮ ਵਾਲਿਆਂ ਨੇ ਧਰਮ ਦਾ ਜੋ ਬੂਟਾ ਪਲਮ ਰਿਹਾ ਹੈ ਉਹਦੀ ਜੜ੍ਹ ਉਖੇੜਨ ਵਾਸਤੇ ਹੱਲਾ ਕਰ ਦਿਤਾ। ਮਹਾਰਾਜ ਕਹਿੰਦੇ-

***ਫਤੇ ਸਾਹ ਕੋਪਾ ਤਬਿ ਰਾਜਾ।***
***ਲੋਹ ਪਰਾ ਹਮ ਸੋ ਬਿਨੁ ਕਾਜਾ।***
***ਬਚਿਤ੍ਰ ਨਾਟਕ***

ਬਗੈਰ ਕਿਸੇ ਮਤਲਬ ਤੋਂ ਸਾਡੇ ਤੇ ਹਮਲਾ ਕਰ ਦਿਤਾ। ਕੋਈ ਮਤਲਬ ਨਹੀਂ ਸੀ। ਨਾ ਅਸੀਂ ਕਿਸੇ ਨੂੰ ਕੁਛ ਕਹਿੰਦੇ ਸੀ। ਸਾਡਾ ਤਾਂ ਰੋਜ਼ ਦਾ ਨਾਅਰਾ ਸੀ।

***ਨਾਨਕ ਨਾਮ ਚੜ੍ਹਦੀ ਕਲਾ***
***ਤੇਰੇ ਭਾਣੇ ਸਰਬੱਤ ਕਾ ਭਲਾ।***

ਰਾਜੇ ਦਾ ਵੀ ਭਲਾ ਮੰਗਦੇ ਸੀ, ਪਰਜਾ ਦਾ ਵੀ ਮੰਗਦੇ ਸੀ। ਮਾੜੇ ਬੰਦਿਆਂ ਦਾ ਵੀ ਮੰਗਦੇ ਸੀ, ਚੰਗਿਆਂ ਦਾ ਵੀ ਮੰਗਦੇ ਸੀ। ਕੋਈ ਕਾਰਨ ਨਹੀਂ ਸੀ ਕਿ ਯੁੱਧ ਹੁੰਦਾ ਸਾਡੇ ਨਾਲ। ਲੇਕਿਨ ਬਗੈਰ ਕਿਸੇ ਕਾਰਨ ਤੋਂ। ਅਸੀਂ ਉਹਦੀ ਲੜਕੀ ਦੀ ਸ਼ਾਦੀ ਦੇ ਵਿਚ ਤਿੰਨ ਲੱਖ ਦਾ ਤੰਬੋਲ ਭੇਜਿਆ। ਹੁਣ ਤਿੰਨ ਕਰੋੜ ਦਾ ਹੈ ਅੱਜਕਲ੍ਹ। ਐਨੇ ਜ਼ਿਆਦਾ ਤੋਹਫੇ ਭੇਜੇ। ਉਹਦੀ ਲੜਕੀ ਨੂੰ ਆਪਣੀ ਲੜਕੀ ਦੀ ਸ਼ਾਦੀ ਸਮਝ ਕੇ। ਤੇ ਉਹ ਸਾਡੇ ਉਤੇ ਫੌਜਾਂ ਨਾਲ ਸਾਡੇ ਉਤੇ ਹਮਲਾ ਕਰਦਾ ਹੈ। ਹਮਲੇ ਦਾ ਮੁਕਾਬਲਾ, ਦੋਵੇਂ ਤਰੀਕੇ ਨੇ, ਇਕ ਤਾਂ ਚੌਂਕੜੇ ਮਾਰ ਕੇ ਬਹਿ ਜਾਣਾ ਗਲ ਵੱਢ ਲੈਣੇ, ਇਹਦੇ ਨਾਲ ਦੁਸ਼ਮਣ ਜਿਹੜਾ ਹੈ ਉਹ ਹੋਰ ਅੱਗੇ ਵਧਦਾ ਹੈ। ਇਹ ਹੁੰਦਾ ਹੈ ਬੰਦਾ ਕਿ ਹਾਂ ਤੂੰ ਹੋਰ ਜ਼ੁਲਮ ਕਰ ਲੈ। ਦੂਜਾ ਹੈ ਕਿ ਮਰਦਾਨਗੀ ਦੇ ਨਾਲ ਟਾਕਰਾ ਕਰਨਾ। ਆਪਣੀ ਕੁਰਬਾਨੀ ਦੇਣੀ ਤੇ ਜ਼ੁਲਮ ਨੂੰ ਰੋਕ ਦੇਣਾ। ਠੱਲ੍ਹ ਪਾ ਦੇਣੀ। ਜ਼ੁਲਮੀ ਦੇ ਹਿਰਦੇ ਦੇ ਵਿਚ ਡਰ ਪੈਦਾ ਕਰ ਦੇਣਾ। ਡਰਨਾ ਉਸ ਨੇ ਕਿ ਮੂਹਰੇ ਵੀ ਬੜੇ ਤਕੜੇ ਨੇ, ਮੇਰਾ ਕੰਮ ਇਹ ਚੱਲਣਾ ਨਹੀਂ ਹੈ। ਜੰਗਲੀ ਬੰਦੇ, ਹਲਕੇ ਹੋਏ ਕੁੱਤੇ ਪੈ ਜਾਣ ਤਾਂ ਘਰਵਾਲਿਆਂ ਨੂੰ, ਬੰਦਿਆਂ ਨੂੰ ਕੋਈ ਚਾਰਾ ਕਰਨਾ ਹੀ ਪੈਂਦਾ ਹੈ ਕਿ ਬਚਾਓ ਆਪਣਾ ਆਪ, ਇਨ੍ਹਾਂ ਨੇ ਕਿਹੜਾ ਜ਼ਖਮੀ ਹੋ ਜਾਣਾ ਹੈ, ਹਲਕ ਜਾਣਾ ਹੈ ਅਸੀਂ। ਸੋ ਜੇ ਕੁੱਤੇ ਮਾਰ ਲਏ ਜਾਣ ਤਾਂ ਅਸੀਂਓਂ ਨਹੀਂ ਬਚਣਾ ਬੇਅੰਤ ਹੋਰ ਬਚ ਜਾਣਗੇ। ਸੋ ਗੁਰੂ ਸਾਹਿਬ ਦੇ ਜੰਗਾਂ ਦੇ ਬਾਰੇ ਦੁਨੀਆਂ ਦੇ ਅੰਦਰ ਬਹੁਤ ਖਿਆਲ ਨੇ।

ਗੁਰੂ ਮਹਾਰਾਜ ਨੇ ਇਕ ਇੰਚ ਜਗ੍ਹਾ ਤੇ ਵੀ ਕਦੇ ਕਬਜ਼ਾ ਨਹੀਂ ਸੀ ਕਰਿਆ। ਜੇ ਚਾਹੁੰਦੇ ਜਦ ਬਾਈ ਧਾਰ ਦੇ ਰਾਜਿਆਂ ਨੂੰ ਹਾਰ ਦੇ ਦਿਤੀ ਸੀ, ਉਸ ਵੇਲੇ ਹੀ ਉਨ੍ਹਾਂ ਦੀਆਂ ਰਾਜਧਾਨੀਆਂ ਤੇ ਕਬਜ਼ਾ ਕਰ ਲੈਂਦੇ, ਪੈਸਾ ਵੀ ਹੱਥ ਵਿਚ ਆ ਜਾਂਦਾ, ਫੌਜਾਂ ਵੀ ਬੇਅੰਤ ਭਰਤੀ ਕਰ ਲੈਂਦੇ, ਪਹਾੜ ਦੀ ਓਟ ਵੀ ਬੜੀ ਜ਼ਬਰਦਸਤ ਮਿਲ ਜਾਂਦੀ। 12-13 ਲੜਾਈਆਂ 'ਚ ਪਹਾੜੀ ਰਾਜੇ ਹਾਰਦੇ ਰਹੇ ਨੇ ਤੇ ਹਾਰਨ ਵਾਲਿਆਂ ਦੀ ਜਾਇਦਾਦ ਤੇ ਸਾਰੀ ਤੇ ਕਬਜ਼ਾ ਕਰਦੇ, ਮੁੜ ਕੇ ਕਿਉਂ ਉਠਣ ਦਿੰਦੇ ਉਨ੍ਹਾਂ ਨੂੰ। ਲੇਕਿਨ ਆਪ ਨੇ ਨਹੀਂ ਇਹ ਗੱਲਾਂ ਕਰੀਆਂ। ਕਿਉਂਕਿ ਉਨ੍ਹਾਂ ਦਾ ਮੰਤਵ ਜੁੱਧ ਜੰਗ ਕਰਨਾ ਨਹੀਂ ਸੀ, ਉਨ੍ਹਾਂ ਦਾ ਮੰਤਵ ਸੀ ਸੰਸਾਰ ਨੂੰ ਸਿੱਧੇ ਰਸਤੇ ਪਾਉਣਾ ਤੇ ਆਪ ਇਹ ਫੁਰਮਾਨ ਕਰਦੇ ਨੇ ਕਿ ਸਾਡੀ ਡਿਊਟੀ ਹੀ ਇਹ ਲੱਗੀ ਸੀ ਕਿ ਸੰਸਾਰ ਨੂੰ ਸਿੱਧੇ ਰਸਤੇ ਪਾਓ। ਅਧਰਮ ਦੇ ਵਿਚ ਸੰਸਾਰ ਜ਼ਿਆਦਾ ਚਲਿਆ ਗਿਆ ਤੇ ਅਕਾਲ ਪੁਰਖ ਨੇ ਜਦੋਂ ਭੇਜੇ ਪਹਿਲਾਂ ਹੀ ਸਪਸ਼ਟ ਕਰ ਦਿਤਾ ਸੀ ਕਿ ਤੁਸੀਂ ਸੰਸਾਰ ਤੇ ਜਾ ਕੇ ਜੋ ਕੁੱਛ ਕਰਨਾ ਹੈ, ਉਹਦੇ ਬਾਰੇ ਤੁਹਾਨੂੰ ਅਸੀਂ ਵਿਸ਼ੇ ਦਿੰਦੇ ਹਾਂ, ਜਿੰਨੇ ਮੈਂ ਅੱਜ ਤੱਕ ਭੇਜੇ ਨੇ ਉਨ੍ਹਾਂ ਨੇ ਆਪਣੀ ਪੂਜਾ ਤਾਂ ਕਰਾ ਲਈ, ਆਪ ਹੀ ਮੂਹਰੇ ਹੋ ਗਏ ਤੇ ਜੋ ਮੈਂ ਪਰੀਪੂਰਨ ਸੰਸਾਰ ਦਾ ਪ੍ਰਮੇਸ਼ਰ ਹਾਂ ਜਿਹਨੇ ਪੈਦਾ ਕਰੇ ਨੇ, ਉਹਨੂੰ ਕਿਸੇ ਨੇ ਨਹੀਂ ਦ੍ਰਿੜ੍ਹ ਕਰਾਇਆ। ਆਪ ਦੀ ਪੂਜਾ ਕਰਾ ਲਈ, ਆਪ ਹੀ ਮੂਹਰੇ ਆ ਗਏ। ਆਪ ਹੀ ਭਗਵਾਨ ਬਣ ਗਏ ਤੇ ਪ੍ਰਮੇਸ਼ਰ ਦੇ ਲੜ ਨਹੀਂ ਲਾਇਆ -

***ਜੋ ਕੋਈ ਹੋਤ ਭਇਓ ਜਗ ਸਿਆਣਾ***
***ਤਿਨ ਤਿਨ ਅਪਨੋ ਪੰਥ ਚਲਾਨਾ।***
***ਪਰਮ ਪੁਰਖ ਕਿਨਹੂੰ ਨ ਪਾਇਓ***
***ਬੈਰ ਵਾਦ ਹੰਕਾਰ ਬਡਾਇਓ।***

ਆਪਸ ਵਿਚ ਏਕਤਾ ਨਹੀਂ ਲਿਆਂਦੀ, ਆਪਸ ਵਿਚ ਵੈਰ ਵਧਾ ਦਿਤਾ। ਜਿੰਨੀਆਂ ਸੰਪਰਦਾਵਾਂ ਚੱਲੀਆਂ ਲੜ ਪਈਆਂ, ਜਿੰਨੇ ਪੰਥ ਚੱਲੇ ਉਹ ਆਪ ਵਿਚ ਜੁੱਧ ਜੰਗ ਕਰਦੇ ਰਹੇ। ਇਕ ਦੂਜੇ ਨੂੰ ਮਾਰਨ ਵਾਸਤੇ ਧਰਮ ਕਹਿੰਦਾ ਰਿਹਾ। ਦੂਜਿਆਂ ਦਾ ਖੂਨ ਬਹਾਅ ਕੇ ਕਹਿੰਦੇ

ਧਰਮ ਦਾ ਕੰਮ ਕਰ ਰਹੇ ਨੇ। ਕਹਿੰਦੇ, ਆਪਣੇ ਪੱਤਿਆਂ ਤੋਂ ਹੀ ਦਰਖਤ ਜਲਣ ਲੱਗ ਗਿਆ।

ਰੱਬ ਦੇ ਰਸਤੇ ਤੇ ਕੋਈ ਨਹੀਂ ਚਲਦਾ। ਰੱਬ ਦੇ ਰਸਤੇ ਵੀ ਇਹੋ ਜਿਹੇ ਹੋ ਗਏ, ਹਨ੍ਹੇਰ ਗੁਬਾਰ ਛਾ ਗਿਆ, ਕੋਈ ਪਰਬਤਾਂ ਨੂੰ ਮੱਥੇ ਟੇਕਦਾ ਹੈ, ਕੋਈ ਦਰਖਤਾਂ ਨੂੰ ਟੇਕਦਾ ਹੈ, ਕਿਸੇ ਨੇ ਸੱਪ ਨੂੰ ਸਿਰ ਨਿਵਾ ਦਿਤਾ, ਕਿਸੇ ਨੇ ਮਾਤਾ ਰਾਣੀ ਵਰਗੀ ਬਿਮਾਰੀ ਨੂੰ ਮੱਥਾ ਟੇਕ ਦਿਤਾ। ਕੋਈ ਸੂਰਜ ਨੂੰ ਮੱਥਾ ਟੇਕੀ ਜਾਂਦਾ ਹੈ, ਕੋਈ ਚੰਦਰਮਾ ਨੂੰ ਮੱਥਾ ਟੇਕੀ ਜਾਂਦਾ ਹੈ। ਕੋਈ ਤਾਰਿਆਂ ਨੂੰ ਮੱਥੇ ਟੇਕਦਾ ਹੈ, ਕੋਈ ਧਰਮਰਾਜ ਦੀ ਪੂਜਾ ਕਰਦਾ ਹੈ, ਕੋਈ ਹਨੂੰਮਾਨ ਦੀ ਕਰਦਾ ਹੈ, ਕੋਈ ਭੈਰੋਂ ਦੀ ਕਰਦਾ ਹੈ, ਰੱਬ ਤਾਂ ਛੱਡ ਹੀ ਦਿਤਾ।

***ਜਿਨਿ ਜਿਨਿ ਤਨਕਿ ਸਿੱਧ ਕੋ ਪਾਯੋ।***
***ਤਿਨ ਤਿਨਿ ਅਪਨਾ ਰਾਹੁ ਚਲਾਯੋ।***

**ਬਚਿੱਤ੍ਰ ਨਾਟਕ**

ਮਾੜੀ ਜਿਹੀ ਸਿੱਧੀ ਆ ਗਈ, ਆਹ ਸਰਵਰੀਆ ਪੀਰ ਸੀ ਜਿਨ੍ਹਾਂ ਨੂੰ ਸੁਲਤਾਨੀਏ ਕਹਿੰਦੇ ਨੇ, ਅਹਿਮਦ ਸੀ ਇਹਦਾ ਨਾਉਂ। ਇਹਨੇ ਚਿੱਲ੍ਹੇ ਕੱਟ ਲਏ। ਥੋੜ੍ਹੀ ਜਿਹੀ ਸਿੱਧੀ ਆ ਗਈ, ਸਾਰੇ ਪੰਜਾਬ ਨੂੰ ਹੀ ਆਪਣੇ ਪਿੱਛੇ ਲਾ ਲਿਆ, ਕਬਰ ਦੀ ਪੂਜਾ ਕਰਾਉਣੀ ਸ਼ੁਰੂ ਕਰ ਦਿਤੀ। ਰੱਬ ਤਾਂ ਭੁੱਲ ਹੀ ਗਿਆ। ਗੋਰਖ ਵਗੈਰਾ ਦੇ ਕੋਲ ਸਿੱਧੀ ਆ ਗਈ, ਉਹ ਵੀ ਆਪਣੀ ਪੂਜਾ ਕਰਾਉਣ ਲੱਗ ਗਏ। ਰੱਬ ਦੇ ਰਾਹ ਤੇ ਨਹੀਂ ਕੋਈ ਪਾਉਂਦਾ।

***ਪਰਮੇਸਰ ਨ ਕਿਨਹੂੰ ਪਹਿਚਾਨਾ।*** **ਬਚਿਤ੍ਰ ਨਾਟਕ**

ਘਟ-ਘਟ 'ਚ ਵਿਆਪਕ ਜੋ ਪ੍ਰਮੇਸ਼ਰ ਸੀ ਉਹ ਨਹੀਂ ਕਿਸੇ ਨੇ ਪਛਾਨਿਆ।

***ਮਮ ਉਚਾਰਤੇ ਭਯੋ ਦਿਵਾਨਾ।*** **ਬਚਿਤ੍ਰ ਨਾਟਕ**

ਆਪਣੇ ਪਿੱਛੇ ਹੀ ਲਾਉਂਦੇ ਰਹੇ।

ਆਪਣੇ ਆਪ ਵਿਚ ਹੀ ਉਲਝ ਗਏ, ਆਪਣੇ ਹੀ ਧਰਮ ਬਣਾ ਲਏ, ਆਪਣੇ ਹੀ ਪੰਥ ਬਣਾ ਲਏ। ਰੱਬ ਨਾ ਕਿਸੇ ਨੇ ਵੀ ਪਛਾਨਿਆ। ਕਹਿਣ ਲੱਗੇ, ਤੁਸੀਂ ਜਾਓ -

***ਮੈ ਅਪਨਾ ਸੁਤ ਤੁਹਿ ਨਿਵਾਜਾ।***
***ਪੰਥ ਪ੍ਰਚੁਰ ਕਰਬੇ ਕਉ ਸਾਜਾ।***
***ਜਹਾ ਤਹਾ ਤੈ ਧਰਮੁ ਚਲਾਇ।***
***ਕਬੁਧਿ ਕਰਨ ਤੇ ਲੋਕ ਹਟਾਇ।***

ਆਹ ਜਿਹੜੀਆਂ ਕਬੁੱਧੀਆਂ ਕਰ ਰਹੇ ਨੇ ਨਾ, ਪਾਰਬ੍ਰਹਮ ਪ੍ਰਮੇਸ਼ਰ ਜਿਹੜਾ ਘਟ-ਘਟ ਦੇ ਵਿਚ ਵਸਦਾ ਹੈ, ਅੰਦਰ ਵਸਦਾ ਹੈ ਹਰੇਕ ਦੇ, ਉਹਦੀ ਪਛਾਣ ਨਹੀਂ ਕਰਾਈ। ਬਾਹਰ-ਬਾਹਰ ਕੱਢ ਲਏ ਸਾਰੇ। ਮਹਾਰਾਜ ਕਹਿੰਦੇ, ਅੰਦਰ ਵਸਦਾ ਹੈ।

***ਧਨ ਪਿਰ ਕਾ ਇਕ ਹੀ ਸੰਗਿ ਵਾਸਾ***
***ਵਿਚਿ ਹਉਮੈ ਭੀਤਿ ਕਰਾਰੀ ॥***

***ਅੰਗ - ੧੨੬੩***

ਕਹਿੰਦੇ ਪਿਆਰਿਆ! ਤੂੰ ਵੀ ਉਥੇ ਹੀ ਵਸਦਾ ਹੈਂ, ਰੱਬ ਵੀ ਉਥੇ ਹੀ ਵਸਦਾ ਹੈ ਲੇਕਿਨ ਹਉਮੈ ਦੀ ਕੰਧ ਹੋਣ ਕਰਕੇ, ਇਕ ਦੂਜੇ ਨਾਲ ਤੁਸੀਂ ਮਿਲਦੇ ਨਹੀਂ ਹੋਂ -

***ਹਉ ਹਉ ਭੀਤਿ ਭਇਓ ਹੈ ਬੀਚੋ***
***ਸੁਨਤ ਦੇਸਿ ਨਿਕਟਾਇਓ ॥***
***ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥***

***ਅੰਗ - ੬੨੪***

ਤੇਰੇ ਅੰਦਰ ਵਸਦਾ ਹੈ।

***ਗੁਰਿ ਪੂਰੈ ਹਉਮੈ ਭੀਤਿ ਤੋਰੀ***
***ਜਨ ਨਾਨਕ ਮਿਲੇ ਬਨਵਾਰੀ ॥ ਅੰਗ - ੧੨੬੩***

ਪੂਰਾ ਸਤਿਗੁਰੂ ਮਿਲ ਜਾਂਦਾ ਹੈ, ਪੂਰਾ ਸਤਿਗੁਰੂ ਸ਼ਬਦ ਦੇ ਦਿੰਦਾ ਹੈ, ਸ਼ਬਦ ਦੇ ਬਲ ਦੇ ਨਾਲ ਹਉਮੈ ਦੀ ਕੰਧ ਟੁੱਟ ਜਾਂਦੀ ਹੈ।

***ਨਉ ਦਰਵਾਜੇ ਕਾਇਆ ਕੋਟੁ ਹੈ***
***ਦਸਵੈ ਗੁਪਤੁ ਰਖੀਜੈ ॥***
***ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥***
***ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥***
***ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ॥***
***ਸਭ ਮਹਿ ਏਕੁ ਵਰਤਦਾ***
***ਜਿਨਿ ਆਪੇ ਰਚਨ ਰਚਾਈ ॥ ਅੰਗ - ੯੫੪***
***ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥***

***ਅੰਗ - ੯੪੭***

ਪਾਰਬ੍ਰਹਮ ਪ੍ਰਮੇਸ਼ਰ ਕਹਿਣ ਲੱਗੇ ਕਿ ਮੈਨੂੰ ਨਹੀਂ ਕਿਸੇ ਨੇ ਪਛਾਨਿਆ, ਮੈਂ ਹਰੇਕ ਦੇ ਅੰਦਰ ਵਸਦਾ ਹਾਂ ਤੇ ਮੇਰਾ ਗਿਆਨ ਨਹੀਂ ਉਨ੍ਹਾਂ ਨੇ ਦਿਤਾ। ਆਪਣਾ ਵਜੂਦ ਮੂਹਰੇ ਲੈ ਆਂਦਾ। ਆਪਣਾ ਹੀ ਉਨ੍ਹਾਂ ਨੇ ਕ੍ਰਿਆਕ੍ਰਮ ਸਿਖਾ ਦਿਤਾ। ਆਪਣਾ ਹੀ ਵਜੂਦ, ਸ਼ਕਲ ਤੋਂ ਬੇਸ਼ਕਲ ਬਣਾ ਦਿਤੀ। ਕਿਸੇ ਨੇ ਕੇਸ ਸਾਰੇ ਹੀ ਕਟਾ ਦਿਤੇ, ਕਿਸੇ ਨੇ ਲਬਾਂ ਕੱਟ ਦਿਤੀਆਂ, ਕਿਸੇ ਨੇ ਕੁਛ ਕਿਸੇ ਨੇ ਕੁਛ, ਕਿਸੇ ਨੇ ਮੁੰਦਰਾਂ ਪਾ ਲਈਆਂ, ਨਵੀਂ ਸ਼ਕਲ ਬਣਾ ਦਿਤੀ, ਅਸਲੀ ਚੀਜ਼ ਨੂੰ ਭੰਨ ਤੋੜ ਦਿਤਾ ਤੇ ਮੇਰਾ ਗਿਆਨ ਤਾਂ ਦਿਤਾ ਨਹੀਂ। ਆਪਣਾ ਹੀ ਦੇ ਦਿਤਾ। ਜਿਹੜਾ-ਜਿਹੜਾ ਵੀ ਹੋਇਆ ਹੈ -

***ਜੇ ਕੋਈ ਹੋਤ ਭਇਓ ਜਗ ਸਿਆਨਾ***
***ਤਿਨ ਤਿਨ ਅਪਨੋ ਪੰਥ ਚਲਾਨਾ।***

ਤੁਸੀਂ ਜਾਓ ਜਾ ਕੇ ਸੰਸਾਰ ਨੂੰ ਦੱਸੋ ਕਿ ਮੈਂ ਤਾਂ ਦੂਰ ਨਹੀਂ ਹਾਂ ਕਿਸੇ ਦੇ। ਬਿਲਕੁਲ ਅੰਦਰ ਰਹਿੰਦਾ ਹਾਂ।

*ਕਾਇਆ ਨਗਰੁ ਨਗਰ ਗੜ ਅੰਦਰਿ ॥*
*ਸਾਚਾ ਵਾਸਾ ਪੁਰਿ ਗਗਨੰਦਰਿ ॥*
*ਅਸਥਿਰੁ ਥਾਨੁ ਸਦਾ ਨਿਰਮਾਇਲੁ*
*ਆਪੇ ਆਪੁ ਉਪਾਇਦਾ ॥ ੧ ॥*
*ਅੰਦਰਿ ਕੋਟ ਛਜੇ ਹਟਨਾਲੇ ॥*
*ਆਪੇ ਲੇਵੈ ਵਸਤੁ ਸਮਾਲੇ ॥*
*ਬਜਰ ਕਪਾਟ ਜੜੇ ਜੜਿ*
*ਜਾਣੈ ਗੁਰ ਸਬਦੀ ਖੋਲਾਇਦਾ ॥ ੨ ॥*
*ਅੰਗ - ੧੦੩੩*

ਮੇਰੇ ਤੱਕ ਨਹੀਂ ਪਹੁੰਚ ਸਕਦਾ ਜਦ ਤਕ ਸਮਰੱਥ ਗੁਰੂ ਤੋਂ ਸ਼ਬਦ ਦੀ ਪ੍ਰਾਪਤੀ ਨਹੀਂ ਹੁੰਦੀ। ਨਾਮ ਦੀ, ਮੰਤਰ ਦੀ ਪ੍ਰਾਪਤੀ ਨਹੀਂ ਹੁੰਦੀ। ਕਿਉਂਕਿ ਬਜਰ ਕਪਾਟ ਲੱਗੇ ਹੋਏ ਨੇ, main ਵੱਡੀ ਚਾਬੀ ਗੁਰੂ ਨੂੰ ਦਿਤੀ ਹੋਈ ਹੈ ਮੈਂ।

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ*
*ਕੁੰਜੀ ਗੁਰ ਸਉਪਾਈ ॥*
*ਅਨਿਕ ਉਪਾਵ ਕਰੇ ਨਹੀ ਪਾਵੈ*
*ਬਿਨੁ ਸਤਿਗੁਰ ਸਰਣਾਈ ॥ ਅੰਗ - ੨੦੫*

ਦੱਸ ਇਨ੍ਹਾਂ ਨੂੰ ਜਾ ਕੇ ਕਿ ਮੈਂ ਚਾਬੀ ਸਤਿਗੁਰੂ ਨੂੰ ਦਿਤੀ ਹੋਈ ਹੈ। ਆਪਣੇ ਦਰ ਦੀ, ਕਿਉਂ ਭਟਕਦਾ ਹੈ ਸੰਸਾਰ। ਕਿਉਂ ਦੁਖੀ ਹੋ ਰਿਹਾ ਹੈ, ਮੈਂ ਦੂਰ ਨਹੀਂ ਹਾਂ ਮੈਂ ਸਭ ਦੇ ਅੰਦਰ ਹਾਂ। ਮੇਰੇ ਗਿਆਨ ਤੋਂ ਬਗੈਰ ਹਨ੍ਹੇਰਾ ਰਹੇਗਾ ਮਨ ਦੇ ਅੰਦਰ, ਆਪਸ ਵਿਚ ਲੜਨਗੇ, ਝਗੜਨਗੇ। ਇਹ ਦੁਖੀ ਹੋਣਗੇ।

*ਬਿਨੁ ਸਬਦੈ ਅੰਤਰਿ ਆਨੇਰਾ ॥*
*ਨ ਵਸਤੁ ਲਹੈ ਨ ਚੂਕੈ ਫੇਰਾ ॥*
*ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ*
*ਗੁਰੁ ਪੂਰੈ ਭਾਗਿ ਮਿਲਾਵਣਿਆ ॥*
*ਅੰਗ - ੧੨੪*

ਪੂਰੇ ਭਾਗ ਹੋਣ ਤਾਂ ਸਤਿਗੁਰੂ ਮਿਲਦਾ ਹੈ। ਸਤਿਗੁਰੂ ਨੂੰ ਭੇਜਿਆ ਗਿਆ ਹੈ, ਕਲਜੁਗ ਦੇ ਅੰਦਰ। ਅਕਾਲ ਪੁਰਖ ਦਾ ਹੁਕਮ ਹੈ ਕਿ ਹੇ ਨਾਨਕ! ਮੈਂ ਪਾਰਬ੍ਰਹਮ ਪ੍ਰਮੇਸ਼ਰ ਤੇ ਤੂੰ ਗੁਰੂ ਪ੍ਰਮੇਸ਼ਰ। ਇਹ ਜੋ ਮੈਂ ਆਪਣਾ ਸਰੂਪ ਤੈਨੂੰ ਦੱਸਿਆ ਹੈ, ੧ੳ ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ। ਸੰਸਾਰ ਨੂੰ ਸਮਝਾਓ ਕਿ ਮੈਂ ਕਲਪਤ ਚਿੱਤਰਾਂ ਦੇ ਅੰਦਰ ਨਹੀਂ, ਮੇਰਾ ਕੋਈ ਰੂਪ ਨਹੀਂ, ਰੰਗ ਨਹੀਂ, ਰੇਖ ਨਹੀਂ, ਭੇਖ ਨਹੀਂ।

*ਚੱਕ੍ਰ ਚਿਹਨ ਅਰੁ ਬਰਨ ਜਾਤਿ*
*ਅਰੁ ਪਾਤਿ ਨਹਿਨ ਜਿਹ॥*
*ਰੂਪ ਰੰਗ ਅਰੁ ਰੇਖ ਭੇਖ*
*ਕੋਊ ਕਹਿ ਨ ਸਕਤਿ ਕਿਹ॥ ਜਾਪੁ ਸਾਹਿਬ*

ਕਹਿਣ ਲੱਗੇ, ਮੇਰਾ ਰੂਪ ਰੰਗ ਨਹੀਂ ਹੈ, ਮੈਂ ਬੋਲੀ ਵਿਚ ਨਹੀਂ ਆਉਂਦਾ, ਮੈਂ ਦੁਨੀਆਂ ਦੀਆਂ ਚੀਜ਼ਾਂ ਵਾਂਗੂੰ ਸਮਝਾਇਆ ਹੋਇਆ ਸਮਝਾਇਆ ਨਹੀਂ ਜਾ ਸਕਦਾ।

*ਨਹੀਂ ਜਾਨ ਜਾਈ ਕਛੂ ਰੂਪ ਰੇਖੰ॥*
*ਕਹਾਂ ਬਾਸੁ ਤਾਂ ਕੋ ਫਿਰਿ ਕਉਨ ਭੇਖੰ॥*
*ਕਹਾ ਨਾਮ ਤਾਂ ਕੈ ਕਹਾਂ ਕੈ ਕਹਾਵੈ॥*
*ਕਹਾ ਕੈ ਬਖਾਨੋ ਕਹੇ ਮੋ ਨਾ ਆਵੈ॥*
*ਅਕਾਲ ਉਸਤਤਿ*

ਮੈਂ ਤਾਂ ਅੰਦਰ ਵਸ ਰਿਹਾ ਹਾਂ, ਜੋ ਸਰੂਪ ਇਸ ਜੀਵ ਦਾ ਹੈ। ਓਹੀ ਸਰੂਪ ਮੇਰਾ ਹੈ। ਦੁਨੀਆਂ ਭਟਕ ਗਈ ਮੇਰੇ ਤੋਂ, ਬਹੁਤ ਅੰਧਕਾਰ ਦੇ ਵਿਚ ਛਾ ਗਈ। ਕਬੁੱਧ ਆ ਗਈ ਇਨ੍ਹਾਂ ਦੇ ਅੰਦਰ। ਇਨ੍ਹਾਂ ਨੂੰ ਦੱਸ ਜਾ ਕੇ ਕਿ ਮੈਂ ਤਾਂ ਅੰਦਰ ਵਸਦਾ ਹਾਂ, ਬਜਰ ਕਪਾਟ ਦੀ ਚਾਬੀ ਗੁਰੂ ਕੋਲੋਂ ਲੈ ਕੇ ਖੋਲ੍ਹ ਲਓ ਦਰਵਾਜ਼ੇ।

*ਭੀਤਰਿ ਕੋਟ ਗੁਫਾ ਘਰ ਜਾਈ ॥*
*ਨਉ ਘਰ ਥਾਪੇ ਹੁਕਮਿ ਰਜਾਈ ॥*
*ਦਸਵੈ ਪੁਰਖੁ ਅਲੇਖੁ ਅਪਾਰੀ*
*ਆਪੇ ਅਲਖੁ ਲਖਾਇਦਾ ॥ ਅੰਗ - ੧੦੩੩*

ਮੈਂ ਤਾਂ ਸਭ ਦੇ ਅੰਦਰ ਬੈਠਾ ਹਾਂ, ਸੋ ਜਾਓ ਤੁਸੀਂ ਜਾ ਕੇ ਸਮਝਾਓ ਦੁਨੀਆਂ ਨੂੰ ਕਿ ਪ੍ਰਮੇਸ਼ਰ ਨੂੰ ਦੂਰ ਨਾ ਭਾਲੋ –

*ਫਰੀਦਾ ਜੰਗਲੁ ਜੰਗਲੁ ਕਿਆ ਭਵਹਿ*
*ਵਣਿ ਕੰਡਾ ਮੋੜੇਹਿ ॥*
*ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥*
*ਅੰਗ - ੧੩੭੮*

ਸੋ ਇਸ ਤਰ੍ਹਾਂ ਆਪ ਨੇ ਬਚਨ ਕੀਤੇ ਤੇ ਫੁਰਮਾਨ ਕੀਤਾ –

*ਮੈ ਅਪਨਾ ਸੁਤ ਤੁਹਿ ਨਿਵਾਜਾ।*
*ਪੰਥ ਪ੍ਰਚੁਰ ਕਰਬੇ ਕਉ ਸਾਜਾ।*

ਜਾਓ ਇਹ ਰਸਤਾ ਦੱਸੋ ਸੰਸਾਰ ਨੂੰ ਤੇ ਮੈਂ ਤੁਹਾਨੂੰ ਪੁੱਤਰ ਦੀ ਪਦਵੀ ਦਿੰਦਾ ਹਾਂ।

*ਜਹਾਂ ਤਹਾ ਤੈ ਧਰਮੁ ਚਲਾਇ।*
*ਕਬੁਧਿ ਕਰਨ ਤੇ ਲੋਕ ਹਟਾਇ।*

ਧਰਮ ਦੀਆਂ ਕਦਰਾਂ-ਕੀਮਤਾਂ ਕਾਇਮ ਕਰੋ। ਕਿਉਂਕਿ ਸੰਸਾਰ ਅਧਰਮ ਦੇ ਵਿਚ ਹੋ ਗਿਆ। ਧਰਮ ਹੋਰ ਹੀ ਬਣਾ ਲਏ, ਰਹੁਰੀਤਾਂ ਹੋਰ ਹੀ ਬਣਾ ਲਈਆਂ। ਧਰਮ ਦੀ ਗੱਲ ਜਾਂਦੀ ਰਹੀ। ਸਾਰੇ ਅਧਰਮ ਹੀ ਅਧਰਮ ਹੋ ਗਿਆ। ਗੁਰੂ ਨਾਨਕ ਪਾਤਸ਼ਾਹ

ਫੁਰਮਾਉਂਦੇ ਨੇ –

*ਕਲਿ ਕਾਤੀ ਰਾਜੇ ਕਾਸਾਈ*
*ਧਰਮੁ ਪੰਖ ਕਰਿ ਉਡਰਿਆ ॥   ਅੰਗ – ੧੪੫*

ਧਰਮ ਨਾਮ ਦੀ ਚੀਜ਼ ਤਾਂ ਫੰਘ (ਖੰਭ) ਲਾ ਕੇ ਉਡ ਗਈ।

*ਕੂੜੁ ਅਮਾਵਸ ਸਚੁ ਚੰਦ੍ਰਮਾ*
*ਦੀਸੈ ਨਾਹੀ ਕਹ ਚੜਿਆ ॥    ਅੰਗ – ੧੪੫*

ਅਲੋਪ ਹੋ ਗਿਆ ਸੰਸਾਰ ਤੋਂ ਧਰਮ ਦਾ ਚੰਦਰਮਾ। ਮੱਸਿਆ ਫੈਲ ਗਈ, ਹਨ੍ਹੇਰ ਗਵਾਰ ਮਨਾਂ 'ਚ ਪੈ ਗਿਆ।

*ਹਉ ਭਾਲਿ ਵਿਕੁੰਨੀ ਹੋਈ ॥*
*ਆਧੇਰੈ ਰਾਹੁ ਨ ਕੋਈ ॥       ਅੰਗ – ੧੪੫*

ਅੰਧੇਰੇ ਵਿਚ ਕੋਈ ਰਾਹ ਨਹੀਂ ਲੱਭਦਾ, ਸੰਸਾਰ ਦੁਖੀ ਹੋ ਰਿਹਾ ਹੈ। ਜੰਮਦਾ-ਮਰਦਾ ਹੈ, ਜੰਮਦਾ ਮਰਦਾ ਹੈ, ਹਉਮੈ ਦੇ ਅੰਦਰ ਤੇ ਸਾਂਤੀ ਵਿਚ ਨਹੀਂ ਆ ਰਿਹਾ ਮਨੁੱਖ। ਮਨੁੱਖ ਭਟਕ ਗਿਆ, ਜਾਓ ਇਹਨੂੰ ਜਾ ਕੇ ਤੁਸੀਂ ਸਿੱਧੇ ਰਸਤੇ ਧਰਮ ਦੇ ਪਾਓ। ਜਿਹੜੀ ਆਹ ਕੁਬੱਧ ਲੋਕਾਂ 'ਚ ਆ ਗਈ ਹੈ, ਹਟਾਓ ਇਹ ਕਰਨ ਤੋਂ ਤੇ –

*ਮੈ ਅਪਨਾ ਸੁਤ ਤੁਹਿ ਨਿਵਾਜਾ।*
*ਪੰਥ ਪ੍ਰਚੁਰ ਕਰਬੇ ਕਉ ਸਾਜਾ।*

ਉਸ ਵੇਲੇ ਆਪ ਪਾਤਸ਼ਾਹ, ਲਿਖਦੇ ਨੇ ਕਿ ਜਦੋਂ ਇਹ ਮਹੱਤਵ (magnitued) ਦੇਖਿਆ ਅਸੀਂ ਕੰਮ ਦਾ, ਇਹ ਤਾਂ ਸਾਰਾ ਸੰਸਾਰ ਹੀ ਉਲਟ ਰਾਹਾਂ ਤੇ ਪਿਆ ਹੈ। ਇਹ ਤਾਂ ਇਕ ਬੜਾ ਭਾਰਾ flood (ਹੜ੍ਹ) ਆ ਰਿਹਾ ਹੈ, ਜਿਹੜਾ ਕਿਸੇ ਤਰੀਕੇ ਨਾਲ ਰੋਕਿਆ ਨਹੀਂ ਜਾ ਸਕਦਾ। ਇਹ ਖਿਆਲਾਂ ਦਾ ਹੜ੍ਹ ਤੇ ਅੰਧਕਾਰ ਦਾ ਹੜ੍ਹ ਕਿਵੇਂ ਰੋਕਿਆ ਜਾਏਗਾ। ਉਸ ਵੇਲੇ ਕਹਿੰਦੇ ਅਸੀਂ ਖੜ੍ਹੇ ਹੋ ਗਏ ਅਕਾਲ ਪੁਰਖ ਦੇ ਅੱਗੇ।

*ਠਾਢ ਭਯੋ ਮੈ ਜੋਰਿ ਕਰ*
*ਬਚਨ ਕਹਾ ਸਿਰ ਨਿਆਇ।*

ਦੋਵੇਂ ਹੱਥ ਜੋੜ ਲਏ ਅਸੀਂ। ਸਾਮ੍ਹਣੇ ਖੜ੍ਹੇ ਹੋ ਗਏ ਤੇ ਸਿਰ ਨਿਵਾਇਆ ਤੇ ਬਚਨ ਕਿਹਾ।

*ਪੰਥ ਚਲੈ ਤਬ ਜਗਤ ਮੈ*
*ਜਬ ਤੁਮ ਕਰਹੁ ਸਹਾਇ।*

ਹੇ ਪ੍ਰਭੂ ਜਿਹੜਾ ਤੇਰਾ ਰਸਤਾ ਹੈ, ਤੈਨੂੰ ਮਿਲਣ ਦਾ ਜੋ ਰਾਹ ਹੈ, ਇਹ ਦੁਨੀਆਂ ਤਾਂ ਆਉਗੀ ਇਸ ਰਸਤੇ ਦੇ ਉਤੇ ਜੇ ਤੁਸੀਂ ਮੇਰੀ ਸਹਾਇਤਾ ਕਰੋਂਗੇ। ਨਿਰਮਾਨਤਾ ਦੇ ਵਿਚ ਆਪ ਨੇ ਬੇਨਤੀ ਕਰੀ ਤੇ ਸੰਸਾਰ ਤੇ ਆ ਕੇ ਜੋ ਆਪ ਨੇ ਦੱਸਿਆ ਕਿ ਮੈਂ ਕਿਉਂ ਆਇਆ ਹਾਂ, ਮੈਂ ਰਾਜ ਲੈਣ ਨਹੀਂ ਆਇਆ, ਮੈਂ ਪਾਖੰਡ ਕਰਾਉਣ ਨਹੀਂ ਆਇਆ। ਮੈਂ ਅੱਖਾਂ ਹੀ ਮਿਚਾ ਕੇ ਨਹੀਂ ਤੁਹਾਨੂੰ ਬਿਠਾਉਣਾ। ਨਾ ਮੈਂ ਕੋਈ ਮੂੰਡ ਮੁੰਡਾਉਣੇ ਨੇ, ਨਾ ਮੈਂ ਕੋਈ ਟੋਪੀਆਂ ਦੇਣੀਆਂ ਨੇ, ਨਾ ਕੋਈ ਰੂਪ ਰੇਖਾ ਬਦਲਣੀ ਹੈ। ਸੁਭਾਵਿਕ ਜਿਵੇਂ ਮਨੁੱਖ ਪੈਦਾ ਹੋਇਆ ਹੈ, ਠੀਕ ਹੈ ਉਹ ਪੈਦਾ ਹੋਇਆ ਹੈ, ਉਹਦੇ ਵਿਚ ਕੋਈ ਪਰਿਵਰਤਨ ਨਹੀਂ ਕਰਨਾ ਤੇ ਮੈਂ ਇਸ ਕੰਮ ਵਾਸਤੇ ਆਇਆ ਹਾਂ –

*ਹਮ ਇਹ ਕਾਜ ਜਗਤ ਮੋ ਆਏ।*
*ਧਰਮ ਹੇਤ ਗੁਰਦੇਵ ਪਠਾਏ।*
*ਜਹਾਂ ਤਹਾਂ ਤੁਮ ਧਰਮ ਬਿਥਾਰੋ।*
*ਦੁਸਟ ਦੋਖੀਅਨਿ ਪਕਰਿ ਪਛਾਰੋ।*

ਦੂਜਾ ਇਹ ਕਿ ਜੋ ਦੁਸ਼ਟਤਾਈ ਕਰਦੇ ਨੇ, ਉਨ੍ਹਾਂ 'ਚੋਂ ਦੁਸ਼ਟਤਾਈ ਕੱਢਣੀ ਹੈ, ਜੋ ਦੋਖੀ ਨੇ ਉਨ੍ਹਾਂ ਵਿਚੋਂ ਦੋਖਪੁਣੇ ਦਾ ਜੋ ਅਵਗੁਣ ਹੈ, ਉਹ ਵੀ ਕੱਢਣਾ ਹੈ। ਸੋ ਭਾਈਓ! ਕਿਤੇ ਧੋਖਾ ਨਾ ਖਾ ਜਾਇਓ। ਅਸਲੀ ਗੱਲ ਭੁੱਲ ਕੇ ਮੈਨੂੰ ਹੀ ਪਾਰਬ੍ਰਹਮ ਪ੍ਰਮੇਸ਼ਰ ਨਾ ਕਹਿਣ ਲੱਗ ਜਾਇਓ।

*ਜੋ ਹਮ ਕੋ ਪਰਮੇਸਰ ਉਚਰਿ ਹੈਂ।*
*ਤੇ ਸਭ ਨਰਕ ਕੁੰਡ ਮਹਿ ਪਰਿ ਹੈਂ।*
*ਮੋ ਕੋ ਦਾਸ ਤਵਨ ਕਾ ਜਾਨੋ।*
*ਯਾ ਮੈ ਭੇਦ ਨ ਰੰਚ ਪਛਾਨੋ।*
*ਮੈ ਹੋ ਪਰਮ ਪੁਰਖ ਕੋ ਦਾਸਾ।*
*ਦੇਖਨ ਆਯੋ ਜਗਤ ਤਮਾਸਾ।*
*ਜੋ ਪ੍ਰਭ ਜਗਤਿ ਕਹਾ ਸੋ ਕਹਿ ਹੌਂ।*
*ਮ੍ਰਿਤ ਲੋਕ ਤੇ ਮੋਨ ਨ ਰਹਿ ਹੌਂ।*

ਕਹਿਣ ਲੱਗੇ, ਦੋ ਗੱਲਾਂ ਦਾ ਧਿਆਨ ਰੱਖਿਓ ਇਕ ਤਾਂ ਇਹ ਕਿ ਮੈਂ ਪ੍ਰਮੇਸ਼ਰ ਨਹੀਂ ਹਾਂ, ਜਿਹੜਾ ਮੈਨੂੰ ਪ੍ਰਮੇਸ਼ਰ ਕਹੇਗਾ ਉਹਨੂੰ ਰੱਬ ਨਹੀਂ ਮਿਲਣਾ। ਨਰਕਾਂ ਦੇ ਵਿਚ ਜਾਏਗਾ, ਕਿਉਂਕਿ ਝੂਠ ਬੋਲਦਾ ਹੈ। ਭਾਵੇਂ ਪ੍ਰਮੇਸ਼ਰ ਦਾ ਤੇ ਸਾਧੂਆਂ ਦਾ ਫਰਕ ਨਹੀਂ ਹੁੰਦਾ। ਲੇਕਿਨ ਪ੍ਰਮੇਸ਼ਰ ਬਹੁਤ-ਬਹੁਤ ਵੱਡਾ ਹੈ। ਜਿਹਦਾ ਕੋਈ ਪਾਰਾਵਾਰ ਨਹੀਂ ਹੈ। ਗਿਲਾਸ ਦਾ ਪਾਣੀ ਤੇ ਸਮੁੰਦਰ ਦਾ ਪਾਣੀ ਭੇਦ ਦੋਹਾਂ 'ਚ ਨਹੀਂ ਹੋਇਆ ਕਰਦਾ, ਪਾਣੀ ਦੇ ਰੂਪ ਨਾਲ ਇਕੋ ਨੇ, ਲੇਕਿਨ ਮਾਤਰਾ ਵਿਚ ਫਰਕ ਹੁੰਦਾ ਹੈ। ਜੇ ਅਸੀਂ ਗਿਲਾਸ ਦੇ ਪਾਣੀ ਨੂੰ ਕਹੀਏ ਕਿ ਸਮੁੰਦਰ ਹੈ, ਸਮੁੰਦਰ ਦੀ ਉਪਾਧੀ ਉਹਦੇ ਉਤੇ ਘਟਦੀ ਨਹੀਂ, ਉਹ ਤਾਂ ਗਿਲਾਸ ਦਾ ਪਾਣੀ ਹੈ। ਬਾਲਟੀ ਦਾ ਪਾਣੀ, ਚੁਬੱਚੇ ਦਾ ਪਾਣੀ ਹੈ, ਟੋਭਾ ਹੈ ਉਹ। ਟੋਭੇ ਦੀ ਆਪਣੀ limit ਹੁੰਦੀ ਹੈ, ਝੀਲ ਦੀ ਆਪਣੀ ਤੇ ਸਮੁੰਦਰ ਦੀ ਆਪਣੀ limit ਹੁੰਦੀ ਹੈ। ਲੇਕਿਨ ਝੀਲ ਦਾ ਤੇ ਸਮੁੰਦਰ ਦਾ ਫਰਕ ਤਾਂ ਕੋਈ ਨਹੀਂ ਹੁੰਦਾ।

ਮਾਤਰਾ ਵਿਚ ਫਰਕ ਹੋਇਆ ਕਰਦਾ ਹੈ। ਮਹਾਰਾਜ ਕਹਿੰਦੇ –

*ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥*
*ਅੰਗ – ੩੯੭*

ਉਹ ਸਾਂਈ ਦਾ ਅੰਗ ਹੀ ਹੁੰਦੇ ਨੇ, ਲੇਕਿਨ ਜੇ ਕੋਈ ਉਨ੍ਹਾਂ ਨੂੰ ਕਹੇ ਪ੍ਰਮੇਸ਼ਰ ਹੈ ਤਾਂ ਗੱਲ ਗਲਤ ਹੋ ਜਾਂਦੀ ਹੈ। ਕਿਉਂਕਿ ਪ੍ਰਮੇਸ਼ਰ ਕਿਸੇ ਅੰਤ ਵਿਚ ਨਹੀਂ ਆਉਂਦਾ, ਉਹ ਬੇਅੰਤ ਹੈ। ਅਸੀਂ ਜਦੋਂ ਕਿਸੇ ਨੂੰ ਪ੍ਰਮੇਸ਼ਰ ਕਹਾਂਗੇ, ਉਹਦੇ ਸਰੀਰ ਨੂੰ ਮੁੱਖ ਰੱਖ ਕੇ ਕਹਾਂਗੇ। ਕਿਉਂਕਿ ਸਾਨੂੰ ਸੋਝੀ ਨਹੀਂ ਹੈ, ਆਤਮ ਦ੍ਰਿਸ਼ਟੀ ਨਹੀਂ ਹੈ। ਬ੍ਰਹਮ ਦ੍ਰਿਸ਼ਟੀ ਨਾ ਹੋਣ ਕਰਕੇ ਅਸੀਂ ਸਰੀਰ ਨੂੰ ਪ੍ਰਮੇਸ਼ਰ ਕਹਾਂਗੇ। ਸੋ ਇਸ ਗੱਲ ਤੋਂ ਵਰਜ ਦਿਤਾ ਮਹਾਰਾਜ ਨੇ, ਦੇਖਿਓ ਸਾਡੇ ਸਰੀਰ ਨੂੰ ਕਿਤੇ ਪ੍ਰਮੇਸ਼ਰ ਕਹੋਂ। ਜਿਹੜਾ ਨਾਉਂ ਸੰਸਾਰ ਨੇ ਸਾਡਾ ਧਰਿਆ ਹੈ ਕਿਤੇ ਇਸ ਨਾਉਂ ਨੂੰ ਪ੍ਰਮੇਸ਼ਰ ਨਾ ਕਹਿਓ ਤੇ ਜਿਹੜਾ ਇਸ ਸਿਧਾਂਤ ਤੇ ਆਇਗਾ, ਉਹਨੂੰ ਰਾਹ ਨਹੀਂ ਲੱਭਣਾ।

***ਮੋ ਕੋ ਦਾਸ ਤਵਨ ਕਾ ਜਾਨੋ।***
***ਯਾ ਮੈ ਭੇਦ ਨ ਰੰਚ ਪਛਾਨੋ।***
***ਮੈ ਹੋ ਪਰਮ ਪੁਰਖ ਕੋ ਦਾਸਾ।***
***ਦੇਖਨ ਆਯੋ ਜਗਤ ਤਮਾਸਾ।***

ਫਸਣ ਵਾਸਤੇ ਨਹੀਂ ਮੈਂ ਆਇਆ ਜਗਤ ਵਿਚ। ਮੈਂ ਇਕ ਖੇਲ੍ਹ ਖੇਲ੍ਹਣ ਆਇਆ ਹਾਂ, ਖੇਲ੍ਹ ਦੇਖਣ ਆਇਆ ਹਾਂ। ਸੋ ਇਸ ਤਰ੍ਹਾਂ ਦੇ ਨਾਲ –

***ਜੋ ਪ੍ਰਭ ਜਗਤਿ ਕਹਾ ਸੋ ਕਹਿ ਹੋਂ।***
***ਮ੍ਰਿਤ ਲੋਕ ਤੇ ਮੋਨ ਨ ਰਹਿ ਹੋਂ।***

ਮੈਨੂੰ ਜਿਹੜੇ ਆਦੇਸ਼ ਦਿਤੇ ਨੇ ਉਹ ਮੈਂ ਕਹਿ ਦੇਣੇ ਨੇ, ਸੰਸਾਰ ਨੂੰ।

ਮੈਂ ਚੁੱਪ ਨਹੀਂ ਕਰਨਾ, ਕਿਉਂਕਿ ਚੁੱਪ ਕਰਨਾ ਮੇਰਾ ਕੰਮ ਨਹੀਂ ਹੈ, ਮੇਰੀ ਡਿਊਟੀ ਨਹੀਂ ਇਹ, ਮੈਂ ਬੋਲ ਕੇ ਦੱਸਣਾ ਹੈ ਸਾਰਿਆਂ ਨੂੰ। ਐਸੇ ਗੁਰੂ ਦਸ਼ਮੇਸ਼ ਪਿਤਾ ਜਿਨ੍ਹਾਂ ਦੇ ਬਾਰੇ ਆਪਾਂ ਵਿਚਾਰ ਕਰੀ ਹੈ, ਉਹ ਇਸ ਤਰ੍ਹਾਂ ਦਾ ਸੁਭਾਅ, ਇਸ ਤਰ੍ਹਾਂ ਦਾ ਕੰਮ ਕਰਨ ਆਏ ਸੀ। ਸੋ ਬਹੁਪੱਖੀ ਜੀਵਨ ਹੋਣ ਕਰਕੇ ਇਨ੍ਹਾਂ ਨੂੰ ਸਮਝਿਆ ਨਹੀਂ ਗਿਆ। ਇਕ ਵੱਡਾ ਜਰਨੈਲ ਉਨ੍ਹਾਂ ਨੂੰ ਜਰਨੈਲ ਕਹਿੰਦਾ ਹੈ। ਵੱਡਾ ਯੋਧਾ ਉਨ੍ਹਾਂ ਨੂੰ ਯੋਧਾ ਕਹਿੰਦਾ ਹੈ, ਵੱਡਾ ਲਿਖਾਰੀ ਉਨ੍ਹਾਂ ਨੂੰ ਲਿਖਾਰੀਆਂ ਦਾ ਸ਼੍ਰੋਮਣੀ ਕਹਿੰਦਾ ਹੈ। ਵੱਡਾ ਕਵੀ ਜਿਹੜਾ ਹੈ ਉਨ੍ਹਾਂ ਨੂੰ ਕਵੀਆਂ ਦਾ ਸ਼੍ਰੋਮਣੀ ਕਹਿੰਦਾ ਹੈ। ਵੱਡਾ ਜੋ ਫਿਲਾਸਫਰ ਹੈ ਉਹ ਉਨ੍ਹਾਂ ਨੂੰ ਵੱਡਾ ਫਿਲਾਸਫਰ ਕਹਿੰਦਾ ਹੈ। ਆਪਣਾ-ਆਪਣਾ ਪੱਖ ਆਪਣੇ ਆਪਣੇ angle (ਦ੍ਰਿਸ਼ਟੀਕੋਣ) ਤੋਂ ਗੁਰੂ ਸਾਹਿਬ ਦੀ ਬਹੁਪੱਖੀ ਸ਼ਖਸ਼ੀਅਤ ਨੂੰ ਦੇਖ ਕੇ ਮਨੁੱਖ ਸਮਝ ਨਹੀਂ ਸਕਿਆ ਕਿ ਗੁਰੂ ਦਸ਼ਮੇਸ਼ ਪਿਤਾ ਕੀ ਸੀ। ਕੁਝ-ਕੁਝ ਸਮਝਣ ਦਾ ਅਸੀਂ ਯਤਨ ਕਰਦੇ ਹਾਂ, ਜਿੰਨੇ ਕੁ ਸਾਡੇ ਸਮਝ ਵਿਚ ਆਉਂਦੇ ਨੇ।

ਗੁਰੂ ਮਹਾਰਾਜ ਨਿਰੀ ਹੀ ਪਿਆਰ ਦੀ ਮੂਰਤ ਸੀ, ਕਿਸੇ ਨਾਲ ਉਨ੍ਹਾਂ ਦਾ ਵੈਰ ਨਹੀਂ ਸੀ, ਕਿਸੇ ਨੂੰ ਡਰਾਉਂਦੇ ਨਹੀਂ ਸੀ, ਨਾਲ ਇਹ ਵੀ ਸੀ ਕਿ ਕਿਸੇ ਤੋਂ ਡਰਦੇ ਨਹੀਂ ਸੀ।

***ਭੈ ਕਾਹੂ ਕਉ ਦੇਤ ਨਹਿ***
***ਨਹਿ ਭੈ ਮਾਨਤ ਆਨ ॥        ਅੰਗ – ੧੪੨੭***

ਡਰਾਉਂਦੇ ਨਹੀਂ ਸੀ ਕਿਸੇ ਨੂੰ ਡਰ ਪਾ ਕੇ। ਪਿਆਰ ਕਰਦੇ ਸੀ ਛੋਟੇ ਤੋਂ ਛੋਟੇ ਨੂੰ, ਵੱਡੇ ਤੋਂ ਵੱਡੇ ਨੂੰ। ਨਿੱਕੇ ਤੋਂ ਵੀ ਨਿੱਕੇ ਬੱਚੇ ਨੂੰ ਗੁਰੂ ਮਹਾਰਾਜ ਪਿਆਰ ਕਰਦੇ ਸੀ। ਜਿਹਦਾ ਸੰਸਾਰ 'ਚ ਕੋਈ ਨਹੀਂ ਉਹੋ ਜਿਹੇ ਬੰਦਿਆਂ ਨੂੰ ਵੀ ਗੁਰੂ ਮਹਾਰਾਜ ਪਿਆਰ ਕਰਦੇ ਸੀ। ਜਿਸ ਵਕਤ ਗੁਰੂ ਮਹਾਰਾਜ ਮਾਲਵੇ 'ਚ ਜਾਂਦੇ ਨੇ। ਡੱਲ੍ਹੇ ਦੇ ਕੋਲ ਆਪ ਠਹਿਰੇ ਹੋਏ ਨੇ ਉਥੇ ਭਾਈ ਭਗਤੂ ਦੀ ਓਲਾਦ ਦੇ ਵਿਚੋਂ ਭਾਈ ਜੀਵਨ ਦੇ ਪੁੱਤਰ ਆਉਂਦੇ ਨੇ। ਮਹਾਰਾਜ ਜੀ ਕਹਿਣ ਲੱਗੇ, ਭਾਈ ਫਤਹਿ ਸਿੰਘ ਅੰਮ੍ਰਿਤ ਛਕ ਕੇ ਸਿੰਘ ਸਜ ਗਏ, ਫਤਹਿ ਸਿੰਘ ਰਾਮ ਸਿੰਘ ਤ੍ਰਿਲੋਕ ਸਿੰਘ, ਤਖਤ ਸਿੰਘ ਚਾਰ ਭਰਾ ਸੀਗੇ, ਦੋ ਮਾਵਾਂ ਤੋਂ। ਕਹਿੰਦੇ, ਬਈ ਤੁਹਾਡੇ ਪਿੰਡ ਚੱਲਣਾ ਹੈ ਅਸੀਂ, ਕਦੇ ਮਹਾਰਾਜ ਨੇ ਕਿਸੇ ਨੂੰ ਨਹੀਂ ਸੀ ਕਿਹਾ ਕਿ ਤੇਰੇ ਪਿੰਡ ਜਾਣਾ ਹੈ। ਉਹ ਹੈਰਾਨ ਹੋ ਗਏ, ਕਹਿੰਦੇ, "ਸੱਚੇ ਪਾਤਸ਼ਾਹ! ਆਹ ਮਾਲਵਾ ਕਿਤੇ ਰਹਿਣ ਵਾਲਾ ਥਾਉਂ ਹੈ? ਇਥੇ ਤਾਂ ਐਨੀ ਧੁੱਪ ਪੈਂਦੀ ਹੈ, ਐਨੀ ਓਡਾਰ ਹੈ, ਰੇਤਾ ਉਡਦਾ ਹੈ ਕਿ ਅਸੀਂ ਤਾਂ ਰੋਟੀ ਨਹੀਂ ਲਾਹ ਸਕਦੇ। ਸਾਰੇ ਦਰਵਾਜ਼ੇ ਬੰਦ ਕਰਕੇ, ਝੀਥਾਂ ਦੇ ਵਿਚ ਕੱਪੜੇ ਦਿੰਦੇ ਹਾਂ, ਕੋਠੇ ਦੇ ਮੋਘੇ ਬੰਦ ਕਰਦੇ ਹਾਂ, ਫੇਰ ਸੱਚੇ ਪਾਤਸ਼ਾਹ! ਰੋਟੀ ਖਾ ਲਈਏ ਤਾਂ ਖਾ ਲਈਏ, ਨਹੀਂ ਤਾਂ ਦੰਦ ਨਹੀਂ ਲਗਦੇ ਐਨੀ ਧੂੜ ਅੰਦਰ ਆ ਜਾਂਦੀ ਹੈ। ਫੇਰ ਗਰਮੀ ਕਿੰਨੀ ਹੈ, ਬੇਅੰਤ ਗਰਮੀ ਹੈ ਸੱਚੇ ਪਾਤਸ਼ਾਹ। ਸਹਿ ਨਹੀਂ ਹੁੰਦੀ, ਐਨੀ ਜ਼ਿਆਦਾ ਗਰਮੀ ਹੈ। ਆਹ ਤਾਂ ਬੜਾ ਸੋਹਣਾ ਥਾਉਂ ਹੈ, ਜਵਾਬ ਦੇ ਦਿਤਾ ਉਨ੍ਹਾਂ ਨੇ।

ਮਹਾਰਾਜ ਕਹਿੰਦੇ, ਨਹੀਂ ਫਤਹਿ ਸਿੰਘਾ! ਅਸੀਂ ਤੇਰੇ ਪਿੰਡ ਆਉਣਾ ਜ਼ਰੂਰ ਹੈ। ਕੋਈ ਪਤਾ ਨਹੀਂ ਸੀ ਕਿ ਗੁਰੂ ਮਹਾਰਾਜ ਕਿਉਂ ਕਹਿੰਦੇ ਨੇ। ਕਹਿੰਦੇ, ਜਾਓ ਤਿਆਰੀ ਕਰੋ। ਬਠਿੰਡੇ ਤੋਂ ਆਪ ਨੇ ਤਿਆਰੀ ਕਰਾ ਦਿਤੀ। ਉਨ੍ਹਾਂ ਨੇ ਇਕ ਦਰਖਤ ਵੱਢ-ਵੱਢ ਕੇ ਆਲੇ-ਦੁਆਲੇ ਵਾੜ ਬਹੁਤ ਸੰਘਣੀ ਕਰ ਦਿਤੀ। ਸਰਕੜਾ ਲਾ ਦਿਤਾ ਕਿ ਅੰਦਰ ਨਾ ਜਾਵੇ ਰੇਤਾ ਮਹਾਰਾਜ ਜੀ ਤੱਕ। ਓਡਾਰ ਨਾ ਪਹੁੰਚੇ। ਰੇਤੇ ਦੇ ਉਤੇ ਐਨਾ ਪਾਣੀ

ਛਿੜਕਿਆ, ਆਲੇ-ਦੁਆਲੇ ਹਵਾ ਬੰਦ ਕਰ ਦਿਤੀ ਤੇ ਉਹ ਐਉਂ ਲਗਦਾ ਹੈ ਬਹੁਤ ਠੰਢਾ ਜਿਵੇਂ Air condition ਘਰ ਹੁੰਦਾ ਹੈ। ਝੌਂਪੜੀ ਦੇ ਅੰਦਰ ਗੁਰੂ ਮਹਾਰਾਜ ਜਾ ਕੇ ਬਿਰਾਜ ਗਏ, ਕਹਿਣ ਲੱਗੇ, ਪਿਆਰਿਓ! ਤੁਸੀਂ ਤਾਂ ਕਹਿੰਦੇ ਸੀ ਇਥੇ ਤਾਂ ਅੱਗ ਵਰ੍ਹਦੀ ਹੈ, ਆਹ ਤਾਂ ਪਾਉਂਟੇ ਸਾਹਿਬ ਦਾ ਨਜ਼ਾਰਾ ਦਿੰਦੀ ਹੈ, ਆਹ ਜਿਹੜੀ ਝੁੱਗੀ ਬਣਾਈ ਹੈ ਤੁਸੀਂ। ਸਾਨੂੰ ਤਾਂ ਇਹ ਪਿਆਰੀ ਲਗਦੀ ਹੈ। ਦੋ ਦਿਨ ਰਹਿਣ ਤੋਂ ਬਾਅਦ ਮਹਾਰਾਜ ਕਹਿੰਦੇ, ਫਤਹਿ ਸਿੰਘ! ਅੱਜ ਪ੍ਰਸ਼ਾਦਾ ਅਸੀਂ ਤੁਹਾਡੇ ਘਰ ਛਕਾਂਗੇ। ਉਸ ਵੇਲੇ ਮਹਾਰਾਜ ਜੀ ਘੋੜੇ ਤੇ ਸਵਾਰ ਹੁੰਦੇ ਨੇ। ਪ੍ਰਸ਼ਾਦਾ ਤਿਆਰ ਹੋ ਗਿਆ। ਫਤਹਿ ਸਿੰਘ ਅੱਗੇ-ਅੱਗੇ ਜਾਂਦਾ ਹੈ। ਰਾਮ ਸਿੰਘ ਅੱਗੇ-ਅੱਗੇ ਜਾਂਦਾ ਹੈ ਤੇ ਮਹਾਰਾਜ ਜੀ ਨੂੰ ਘਰ ਲਿਜਾ ਰਹੇ ਨੇ, ਲੇਕਿਨ ਮਹਾਰਾਜ ਜੀ ਜਾਂਦੇ-ਜਾਂਦੇ ਇਕ ਦਮ ਘੋੜੇ ਤੋਂ ਉਤਰ ਗਏ। ਪਿੱਛੇ ਮੁੜ ਕੇ ਦੇਖਿਆ, ਕਹਿੰਦੇ ਸੱਚੇ ਪਾਤਸ਼ਾਹ ਸਾਡੇ ਪਿਛੇ-ਪਿਛੇ ਆ ਜਾਓ ਆਪਣਾ ਘਰ ਤਾਂ ਅੱਗੇ ਹੈ। ਇਹ ਨਹੀਂ ਆਪਣਾ ਘਰ। ਗੁਰੂ ਮਹਾਰਾਜ ਘੋੜੇ ਤੋਂ ਉਤਰ ਕੇ ਇਕ ਗਰੀਬ ਜਿਹੇ ਘਰ ਵਿਚ, ਕੱਚੇ ਘਰ ਤਾਂ ਸੀਗੇ ਸਾਰਿਆਂ ਦੇ। ਉਹ ਬਹੁਤਾ ਕੋਈ ਵੱਡਾ ਘਰ ਨਹੀਂ ਸੀ, ਛੋਟਾ ਜਿਹਾ ਘਰ ਸੀ। ਉਸ ਘਰ ਦੇ ਵਿਚ ਦਾਖਲ ਹੋ ਜਾਂਦੇ ਨੇ। ਦਰਵਾਜ਼ੇ ਦੇ ਓਹਲੇ ਇਕ ਬੀਬੀ ਖੜ੍ਹੀ ਹੈ, ਮੋਢੇ ਤੇ ਖੇਸ ਰੱਖਿਆ ਹੋਇਆ ਹੈ, ਹੱਥ ਜੋੜੇ ਹੋਏ ਨੇ। ਅੱਖਾਂ 'ਚੋਂ ਜਲ ਜਾਂਦਾ ਹੈ।

ਕਹਿਣ ਲੱਗੀ, ਸੱਚੇ ਪਾਤਸ਼ਾਹ! ਮੈਂ ਗਰੀਬਣੀ ਹਾਂ, ਮੇਰਾ ਕੋਈ ਨਹੀਂ। ਤੁਸੀਂ ਵੱਡਿਆਂ-ਵੱਡਿਆਂ ਦੇ ਆਏ ਓਂ, ਕ੍ਰਿਪਾ ਕਰੋ ਮੇਰੇ ਘਰ ਚਰਨ ਪਾ ਦਿਓ। ਇਧਰੋਂ ਫਤਹਿ ਸਿੰਘ ਆਵਾਜ਼ ਦਿੰਦਾ ਹੈ ਕਿ ਮਹਾਰਾਜ! ਆਪਣਾ ਘਰ ਅੱਗੇ ਹੈ। ਕਹਿੰਦੇ, ਠਹਿਰੋ। ਪਿਆਰ ਦਿਤਾ ਮਹਾਰਾਜ ਨੇ, ਸੀਸ ਤੇ ਹੱਥ ਰੱਖਿਆ, ਕਹਿੰਦੇ ਬੇਟਾ! ਕੀ ਚਾਹੁੰਦੀ ਹੈਂ, ਮਹਾਰਾਜ! ਮੇਰੇ ਵੀ ਪ੍ਰਸ਼ਾਦਾ ਛਕੋ। ਕਹਿੰਦੇ, ਅਸੀਂ ਤੇਰੇ ਵੀ ਆਵਾਂਗੇ। ਕੱਲ੍ਹ ਦਾ ਪ੍ਰਸ਼ਾਦਾ ਅਸੀਂ ਤੇਰੇ ਹੀ ਛਕਾਂਗੇ। ਤਿਆਰ ਕਰਕੇ ਰੱਖੀਂ।

ਮਹਾਰਾਜ! ਆਹ ਮੈਂ ਭੇਟਾ ਬਣਾਈ ਹੈ, ਇਕ-ਇਕ ਤੰਦ ਦੇ ਉਤੇ ਤੇਰਾ ਨਾਮ ਜਪਿਆ ਹੈ, ਤੇਰਾ ਧਿਆਨ ਧਰਿਆ ਹੈ, ਉਹਦੀ ਮੈਂ ਭੇਟਾ ਹਾਜ਼ਰ ਕਰਦੀ ਹਾਂ, ਖੇਸ ਬਣਾਇਆ ਹੈ, ਮਹਾਰਾਜ ਕਹਿੰਦੇ, ਖੇਸ ਵੀ ਅਸੀਂ ਕੱਲ੍ਹ ਨੂੰ ਹੀ ਲਵਾਂਗੇ। ਉਨ੍ਹਾਂ ਦੇ ਚਲੇ ਜਾਂਦੇ ਨੇ ਜਾ ਕੇ ਮਹਾਰਾਜ ਕਹਿੰਦੇ, ਕਿੱਥੇ ਰਹੀਏ ਬਈ? ਕਹਿੰਦੇ, ਮਹਾਰਾਜ! ਚੁਬਾਰਾ ਹੈ ਉਤੇ। ਨਾਲ ਦੇ ਘਰ ਜਿਹੜਾ ਤਖਤ ਸਿੰਘ ਦਾ ਤੇ ਉਨ੍ਹਾਂ ਦਾ ਸੀ, ਉਸ ਘਰ ਦੇ ਵਿਚ ਲੈ ਕੇ ਨਹੀਂ ਗਏ ਕਿਉਂਕਿ ਸ਼ਰੀਕ ਸੀ, ਸ਼ਰਾਕਤ (ਸ਼ਰੀਕੇਬਾਜ਼ੀ) ਬੜੀ ਮਾੜੀ ਗੱਲ ਪਿੰਡਾਂ 'ਚ ਹੁੰਦੀ ਹੈ। ਈਰਖਾ ਹੁੰਦੀ ਹੈ, ਦੋ ਮਾਵਾਂ ਦੇ ਪੁੱਤਰ ਸੀ ਤੇ ਓਧਰ ਨਹੀਂ ਜਾਣ ਦਿੱਤੇ, ਉਨ੍ਹਾਂ ਦੇ ਘਰ ਨੂੰ ਪੌੜੀ ਲੱਗੀ ਹੋਈ ਸੀ ਕੱਚੀ। ਮਹਾਰਾਜ ਨੂੰ ਲੱਕੜੀ ਦੀ ਪੌੜੀ ਤੇ ਚੜ੍ਹਾ ਦਿਤਾ, ਮਹਾਰਾਜ ਜੀ ਨੇ ਉਪਰ ਚੜ੍ਹ ਕੇ ਜਦੋਂ ਨਿਗ੍ਹਾ ਮਾਰੀ, ਕਹਿੰਦੇ ਓ ਰਾਮ ਸਿੰਘਾ! ਐਨੀ ਈਰਖਾ ਤੁਹਾਡੇ ਅੰਦਰ। ਆਹ ਤੁਹਾਡੇ ਭਰਾਵਾਂ ਦੇ ਪੌੜੀਆਂ ਦੂਜੀਆਂ ਲੱਗੀਆਂ ਹੋਈਆਂ ਨੇ ਤੇ ਗੁਰੂਆਂ ਪੀਰਾਂ ਨੂੰ ਔਡੇ ਔਖੇ ਥਾਉਂ ਤੋਂ ਲੰਘਾਇਆ, ਪੌੜੀ ਲੱਕੜ ਦੀ ਚੜ੍ਹਾਅ ਕੇ। ਰਾਤ ਕੱਟੀ, ਦੂਸਰੇ ਦਿਨ ਮਹਾਰਾਜ ਜੀ ਪਰਲੇ ਵਿਹੜੇ ਵਿਚ ਉਤਰ ਗਏ। ਉਤਰ ਕੇ ਦੀਵਾਰਾਂ ਸੀ ਵਿਚ, ਮਹਾਰਾਜ ਨੇ ਉਹ ਦੀਵਾਰ ਤੋੜ ਦਿਤੀ, ਸਾਰੇ ਇਕੱਠੇ ਹੋ ਗਏ ਕਹਿੰਦੇ ਮਹਾਰਾਜ! ਪ੍ਰਸ਼ਾਦਾ ਤਿਆਰ ਹੈ।

ਮਹਾਰਾਜ ਕਹਿੰਦੇ, "ਪਹਿਲਾਂ ਈਰਖਾ ਛੱਡੋ ਤੁਸੀਂ, ਤੁਹਾਡਾ ਪ੍ਰਸ਼ਾਦਾ ਤਾਂ ਹੀ ਛਕਾਂਗੇ, ਜਦੋਂ ਤੁਹਾਡੇ ਵਿਚ ਵੈਰ ਨਹੀਂ ਰਹੇਗਾ ਕੋਈ। ਅਸੀਂ ਮਿਲਾਉਣ ਆਏ ਹਾਂ ਕਿ ਤੋੜਨ ਆਏ ਹਾਂ।"

ਭਰਾਵਾਂ ਦਾ ਮੇਲ ਕਰਾ ਕੇ ਅੱਗੇ ਚਲੇ ਗਏ ਮਹਾਰਾਜ, ਦੂਸਰੇ ਪਾਸੇ ਕੰਧ ਦੇ ਵਿਚ ਇਕ ਦਰਵਾਜ਼ਾ ਬੰਦ ਕਰਿਆ ਹੋਇਆ ਸੀ। ਮਹਾਰਾਜ ਜੀ ਨੇ ਜ਼ੋਰ ਦੀ ਲੱਤ ਮਾਰੀ, ਸਾਰੀਆਂ ਇੱਟਾਂ ਗਿਰ ਗਈਆਂ। ਕਹਿੰਦੇ, ਸਾਡੇ ਪਿੱਛੇ ਆ ਜਾਓ ਸਾਰੇ। ਅੱਗੇ ਕੀਹਦਾ ਘਰ ਹੈ, ਮਾਈ ਦੇਸਾਂ ਦਾ। ਬੈਠੀ ਹੈ ਪ੍ਰਸ਼ਾਦਾ ਤਿਆਰ ਕਰ ਲਿਆ, ਥਾਲ ਵਿਚ ਪਾ ਦਿਤਾ, ਰੁਮਾਲ ਦੇ ਨਾਲ ਢਕ ਦਿਤਾ। ਇਕ ਚੌਂਕੀਂ ਦੇ ਉਤੇ ਖੇਸ ਰੱਖ ਦਿਤਾ, ਇੰਤਜ਼ਾਰ ਕਰਦੀ ਹੈ, ਅੰਦਰ ਹੀ ਅੰਦਰ ਮਹਾਰਾਜ ਜੀ ਨੂੰ ਪ੍ਰਸ਼ਾਦਾ ਛਕਾ ਰਹੀ ਹੈ। ਮਹਾਰਾਜ ਜੀ! ਅਛੋਪਲੇ ਹੀ ਜਾ ਕੇ ਪੀੜ੍ਹੀ ਤੇ ਬੈਠ ਗਏ, ਪੀੜ੍ਹੀ ਤੇ ਜਿਹੜਾ ਪ੍ਰਸ਼ਾਦਾ ਤਿਆਰ ਕਰਕੇ ਰੱਖਿਆ ਹੋਇਆ ਸੀ ਚੌਂਕੀਂ ਤੇ ਆਰਾਮ ਨਾਲ ਛੱਕਣ ਲੱਗ ਗਏ, ਉਹਨੂੰ ਕੋਈ ਪਤਾ ਨਹੀਂ ਹੈ। ਜਦੋਂ ਪ੍ਰਸ਼ਾਦਾ ਛਕ ਹਟੇ ਕਹਿੰਦੇ ਬੀਬਾ! ਪਾਣੀ ਤਾਂ ਲਿਆ ਦਿਓ। ਹੈਰਾਨ ਹੋ ਗਈ ਕਿ ਗੁਰੂ ਕਲਗੀਧਰ ਪਾਤਸ਼ਾਹ ਨੇ ਪ੍ਰਸ਼ਾਦਾ ਤਾਂ ਛਕ ਹੀ ਲਿਆ ਆਪੇ ਹੀ, ਮੈਨੂੰ ਪਤਾ ਹੀ ਨਹੀਂ ਲੱਗਿਆ। ਬੜਾ ਰੋਣ ਲੱਗੀ, ਕਹਿੰਦੇ ਨਾ ਵੈਰਾਗ ਨਾ ਕਰ, ਦੇਖ ਅਸੀਂ ਆਪ ਆ ਗਏ ਹਾਂ, ਆ ਕੇ ਅਸੀਂ ਪ੍ਰਸ਼ਾਦਾ ਛਕ ਲਿਆ, ਹੁਣ ਪਿਲਾ ਦਿਓ। ਉਹ ਚਾਰੋ ਭਰਾ ਵੀ ਅੰਦਰ ਬੁਲਾ ਲਏ। ਕਹਿੰਦੇ, ਆਹ ਬੀਬੀ ਨੂੰ ਤੁਸੀਂ, ਤੁਹਾਡੀ ਤਾਈ, ਚਾਚੀ ਲੱਗਦੀ ਹੈ, ਤੁਸੀਂ ਐਸ ਤਰ੍ਹਾਂ ਦਾ ਸਲੂਕ ਇਹਦੇ ਨਾਲ ਕਰਦੇ ਓਂ। ਆਹ ਤਾਂ ਬਈ ਗੁਰਸਿੱਖੀ 'ਚ ਨਹੀਂ ਭਾਉਂਦਾ। ਗੁਰਸਿੱਖੀ ਜਿਹੜੀ ਹੈ ਉਹ ਹੋਰ ਚੀਜ਼ ਹੈ ਉਹ ਸਾਰਿਆਂ ਦਾ ਭਲਾ ਮੰਗਦੀ ਹੈ। ਹਰ ਰੋਜ਼ ਕਹਿੰਦੀ ਹੈ-

*ਨਾਨਕ ਨਾਮ ਚੜ੍ਹਦੀ ਕਲਾ,*
*ਤੇਰੇ ਭਾਣੇ ਸਰਬੱਤ ਕਾ ਭਲਾ।*

ਸੋ ਐਸੇ ਪਿਆਰਾਂ ਦੇ ਕੌਤਕ ਗੁਰੂ ਮਹਾਰਾਜ ਦੇ ਜੀਵਨ ਵਿਚ ਇਕ-ਦੋ ਚਾਰ ਨਹੀਂ, ਆਪ ਨੇ ਇਹ ਗੱਲ ਫੁਰਮਾਨ ਕੀਤੀ ਹੈ, ਕਿ ਜੇ ਰੱਬ ਨੂੰ ਮਿਲਣਾ ਹੈ ਸਭ ਤੋਂ ਸੁਖਾਲਾ, ਉਹ ਐਵੇਂ ਨਾ ਆਪਣਾ ਸਰੀਰ ਹਿਮਾਲੀਆ 'ਚ ਬੈਠ ਕੇ ਬਰਫਾਂ 'ਚ ਬੈਠ ਕੇ ਗਾਲਿਓ। ਭੌਰਿਆਂ 'ਚ ਬੈਠ-ਬੈਠ ਕੇ ਨਿਕੰਮੇ ਨਾ ਹੋ ਜਾਇਓ। ਪਿਆਰਿਓ! ਐਉਂ ਰੱਬ ਨਹੀਂ ਮਿਲਦਾ। ਰੱਬ ਤਾਂ ਪਿਆਰ ਦੀ ਚੀਜ਼ ਹੈ।

ਸੋ ਮਹਾਰਾਜ! ਬੱਚਿਆਂ ਨੂੰ ਨਾਲ ਲੈ ਕੇ ਬਹੁਤ ਹੀ ਕੌਤਕ ਕਰਦੇ ਨੇ। ਉਥੇ ਦਾ ਜੋ ਹਾਕਮ ਸੀ ਮੁਸਲਮਾਨ ਹਾਕਮ ਨਵਾਬ ਰਹੀਮ ਖਾਂ ਜਾਂਦਾ ਹੈ ਤਾਂ ਕਹਿਣ ਲੱਗੇ ਕਿ ਸਲਾਮ ਨਹੀਂ ਕਰਨੀ। ਸੱਤ ਸਲਾਮਾਂ ਝੁਕ ਕੇ ਕਰਦੇ ਹੁੰਦੇ ਸੀ। ਕਹਿੰਦੇ ਸਲਾਮ ਨਹੀਂ ਕਰਨੀ। ਕਿਸੇ ਨੇ ਨਹੀਂ ਕਰਨੀ। ਸਗੋਂ ਚਿੜਾਉਂਦੇ ਨੇ, ਉਹ ਪਿਛੇ ਦੌੜਦੇ ਨੇ ਆਪ ਗਲੀਆਂ ਦੇ ਵਿਚ ਹੀ ਛਾਈਂ ਮਾਈਂ ਹੋ ਜਾਂਦੇ ਨੇ। ਅਖੀਰ ਨਵਾਬ ਨਾਲ ਐਸਾ ਕੌਤਕ ਵਰਤਿਆ ਕਿ ਨਵਾਬ ਆਪ ਦਾ ਸ਼ਰਧਾਲੂ ਬਣ ਗਿਆ।

ਅੱਜ ਗੁਰੂ ਮਹਾਰਾਜ ਗੁਰੂ ਨੌਵੇਂ ਪਾਤਸ਼ਾਹ, ਆਪ ਜੀ ਏਧਰ ਅਨੰਦਪੁਰ ਸਾਹਿਬ ਵਿਚ ਬੈਠੇ ਨੇ ਤੇ ਆਪ ਨੇ ਹੁਕਮ ਦੇ ਦਿਤਾ ਕਿ ਵਾਪਸ ਆ ਜਾਓ ਆਨੰਦਪੁਰ ਸਾਹਿਬ। ਜਿਸ ਵਕਤ ਆਪ ਚੱਲਣ ਲੱਗੇ, ਓਸ ਵੇਲੇ ਜਿੰਨਾਂ ਪਿਆਰ ਪਟਨੇ ਵਿਚ ਆਪ ਦਾ ਪਿਆ ਸੀ, ਜਿੰਨੀ ਗੁਰਸਿੱਖੀ ਸੀ ਸਾਰਿਆਂ ਦੇ ਨੇਤਰਾਂ 'ਚੋਂ ਝੜੀਆਂ ਲੱਗ ਗਈਆਂ। ਬਾਰ-ਬਾਰ ਅਰਦਾਸਾਂ ਕਰਦੇ ਨੇ। ਸਾਰਿਆਂ ਤੋਂ ਵੱਧ ਜੋ ਮਾੜਾ ਹਾਲ ਸੀ ਉਹ ਸ਼ਿਵਦੱਤ ਬ੍ਰਾਹਮਣ ਦਾ, ਨਵਾਬ ਰਹੀਮ ਖਾਂ ਦਾ ਜਿਨ੍ਹਾਂ ਦਾ ਬਿਰਹਾ ਠਹਿਰਦਾ ਹੀ ਨਹੀਂ ਸੀ ਤੇ ਰਾਣੀ ਜੋ ਹੈ ਉਹ ਐਨੀ ਉਦਾਸ ਹੋਈ ਕਿ ਸੁਣਦੇ ਸਾਰ ਮੂਰਛਤ ਹੋ ਕੇ ਗਿਰ ਗਈ। ਹੈਂ ਹੁਣ ਚਲੇ ਜਾਣਗੇ, ਮੁੜ ਸਾਡਾ ਮੇਲਾ ਨਹੀਂ ਹੋਣਾ।

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥ ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥ ਅੰਗ - ੭੦੮*

ਸਹਿ ਨਹੀਂ ਹੁੰਦਾ। ਆਪ ਨੇ ਪੂਰੇ ਵਸਤਰ ਪਹਿਨੇ ਹੋਏ, ਜਿਗਾ ਕਲਗੀ ਲੱਗੀ ਹੋਈ, ਮੋਢੇ ਦੇ ਉਤੇ ਛੋਟੀ ਜਿਹੀ ਕਮਾਨ ਹੈ, ਛੋਟਾ ਜਿਹਾ ਭੱਥਾ ਹੈ, ਆ ਕੇ ਰਾਣੀ ਨੂੰ ਸਾਵਧਾਨ ਕਰਦੇ ਨੇ ਕਿ ਮਾਤਾ! ਮਾਤਾ! ਕਿਉਂ ਐਨਾ ਬਿਰਹੋਂ ਮਹਿਸੂਸ ਕਰਦੇ ਓਂ? ਕਹਿਣ ਲੱਗੀ, ਮੈਂ ਜੀਉਂ ਨਹੀਂ ਸਕਣਾ। ਮੇਰਾ ਜੀਵਨ ਤੂੰ ਹੈਂ। ਕਹਿੰਦੇ, ਐਉਂ ਨਾ ਕਰੋ, ਜਿਸ ਵਕਤ ਬੱਚੇ ਆਉਣਗੇ, ਸਤਿਸੰਗ ਕਰਿਓ ਮੇਰੇ ਪਿਛੋਂ ਤੇ ਭੂੰਗਣੀਆਂ ਦਾ ਪ੍ਰਸ਼ਾਦ ਵਰਤਾਇਓ। ਆਹ ਮੇਰੇ ਜਿਹੜੇ ਸਾਥੀ ਬੱਚੇ ਨੇ ਇਨ੍ਹਾਂ ਨੂੰ ਪਿਆਰ ਕਰਿਓ, ਜਦ ਇਹ ਆਉਣਗੇ ਪ੍ਰਸ਼ਾਦ ਵਰਤਾਓਂਗੇ, ਵਿਚ ਬੈਠਾ ਮੈਂ ਪ੍ਰਸ਼ਾਦ ਲਿਆ ਕਰਾਂਗਾ।

ਰਹੀਮ ਖਾਂ ਨਵਾਬ ਦੋ ਭਰਾ ਸੀਗੇ, ਦੋਵੇਂ ਬਿਰਹੁੰ ਕਰਦੇ ਨੇ ਕਿ ਪਾਤਸ਼ਾਹ! ਅਸੀਂ ਕਿਵੇਂ ਜੀਊਂਏ?

ਕਹਿਣ ਲੱਗੇ, ਜਦੋਂ ਤੁਸੀਂ ਨਮਾਜ਼ ਪੜ੍ਹੋਂਗੇ ਉਸ ਵੇਲੇ ਤੁਹਾਡੇ ਸਾਮ੍ਹਣੇ ਮੈਂ ਖੜ੍ਹਾ ਹੋਇਆ ਕਰਾਂਗਾ। ਪੰਡਤ ਸ਼ਿਵਦੱਤ ਨੇ ਕਿਹਾ ਤਾਂ ਆਪ ਨੇ ਕਿਹਾ ਪੰਡਤ ਜੀ! ਜਦੋਂ ਨੇਤਰ ਬੰਦ ਕਰਕੇ ਗੰਗਾ ਦੇ ਕਿਨਾਰੇ ਆਪ ਬੈਠੋਂਗੇ ਤੇ ਜਦੋਂ ਭਜਨ ਬੰਦਗੀ ਕਰਕੇ ਨੇਤਰ ਖੋਲ੍ਹੋਂਗੇ ਤਾਂ ਤੁਹਾਡੇ ਸਾਮ੍ਹਣੇ ਖੜ੍ਹਾ ਹੋਇਆ ਕਰਾਂਗਾ। ਸਾਰਿਆਂ ਨੂੰ ਧਰਵਾਸ ਦਿੰਦੇ ਹੋਏ ਆਪ ਸਨੇ-ਸਨੇ ਚਲਦੇ-ਚਲਦੇ ਘੜਾਮ ਪਿੰਡ ਆ ਜਾਂਦੇ ਨੇ। ਉਥੇ ਹੁਕਮ ਹੋ ਗਿਆ ਕੁਛ ਦਿਨ ਠਹਿਰਨ ਦਾ। ਆਪ ਠਹਿਰੇ ਹੋਏ ਨੇ ਤੇ ਬੱਚੇ ਗੁਰੂ ਪਰਿਵਾਰ ਦੇ ਤੇ ਗੁਰਸਿੱਖਾਂ ਦੇ ਆਪ ਉਨ੍ਹਾਂ ਦੇ ਨਾਲ ਖੇਲ੍ਹ ਰਹੇ ਨੇ। ਸੱਤ ਸਾਲ ਦੀ ਉਮਰ ਹੈ, ਤਾਂ ਪੀਰ ਭੀਖਣਸ਼ਾਹ ਇਲਾਕੇ ਦਾ ਮੰਨਿਆ ਪ੍ਰਮੰਨਿਆ ਪੀਰ ਸੀ ਉਹਨੇ ਜਿਸ ਵਕਤ ਦੇਖਿਆ ਹਾਕੀ ਖੇਲ੍ਹਦਿਆਂ ਨੂੰ, ਉਸ ਵੇਲੇ ਸੱਤ ਸਲਾਮਾਂ ਕੀਤੀਆਂ। ਮੁਰੀਦਾਂ ਨੇ ਕਿਹਾ ਕਿ ਹੈਂ ਸਾਡੇ ਪੀਰ ਨਾਲੋਂ ਵੀ ਕੋਈ ਵੱਡਾ ਆ ਗਿਆ? ਪੀਰ ਜੀ! ਇਹ ਕੀ ਗੱਲ ਹੈ, ਕੀਹਨੂੰ ਤੁਸੀਂ ਸਲਾਮਾਂ ਕੀਤੀਆਂ ਨੇ। ਕਹਿੰਦੇ, ਉਹ ਬਾਲਕ ਜਿਹੜੇ ਦਿਸਦੇ ਨੇ ਤੁਹਾਨੂੰ, ਤੁਹਾਨੂੰ ਬਾਲਕ ਦਿਸਦੇ ਨੇ ਪਰ ਉਹ ਪਰਮ ਪੁਰਖ ਹੈ। ਕਹਿੰਦੇ, ਸਲਾਮਾਂ ਕਿਉਂ ਕੀਤੀਆਂ ਨੇ? ਕਹਿੰਦੇ ਕਿ ਇਸ ਕਰਕੇ ਕਿ ਇਹ ਆਦਰ ਹੈ ਇਨ੍ਹਾਂ ਦਾ। ਚਲੋ ਤੁਹਾਨੂੰ ਦਿਖਾ ਦਿੰਦੇ ਹਾਂ।

ਕਹਿੰਦੇ, ਦੋ ਭਾਂਡੇ ਲਿਆਓ ਮਠਿਆਈ ਦੇ। ਇਕ ਹਿੰਦੂਆਂ ਦਾ ਤੇ ਇਕ ਮੁਸਲਮਾਨਾਂ ਦਾ। ਦੋ ਭਾਂਡੇ ਲੈ ਆਉਂਦੇ ਨੇ, ਖੇਲ੍ਹ ਖਤਮ ਹੋ ਗਈ। ਤੇ ਗੁਰੂ ਮਹਾਰਾਜ ਦੇ ਕੋਲ ਆ ਕੇ ਸਿਜਦਾ ਕੀਤਾ ਤੇ ਸਾਮ੍ਹਣੇ ਦੋ ਭਾਂਡੇ ਰੱਖ ਦਿਤੇ। ਮਹਾਰਾਜ ਕਹਿਣ ਲੱਗੇ, ਇਕ ਹੋਰ ਲਿਆਓ। ਤਿੰਨ ਲੈ ਆਏ। ਮਹਾਰਾਜ ਜੀ ਨੇ ਪਹਿਲਾਂ ਦੋਵੇਂ ਹੱਥ ਇਕ ਦੇ ਉਤੇ ਰੱਖ ਦਿਤੇ। ਫੇਰ ਇਕ-ਇਕ ਹੱਥ ਦੋਹਾਂ ਤੇ ਰੱਖ ਦਿੱਤਾ। ਹੁਣ ਪੀਰ ਸਮਝਦਾ ਹੈ, ਕਰਨੀ ਕਮਾਈ ਵਾਲਾ ਪੀਰ ਸੀ। ਸਿਜਦਾ

ਕੀਤਾ। ਉਸ ਵੇਲੇ ਮੁਰੀਦਾਂ ਨੇ ਪੁੱਛਿਆ ਕਿ ਪੀਰ ਜੀ! ਸਾਡੇ ਤਾਂ ਸਮਝ ਵਿਚ ਨਹੀਂ ਆਈ ਕੁਛ ਗੱਲ? ਸਾਨੂੰ ਵੀ ਸਮਝਾ ਦਿਓ ਕਿ ਕੀ ਤੁਹਾਡੀ ਗੱਲਬਾਤ ਹੋਈ ਹੈ? ਇਸ਼ਾਰੇ ਨਾਲ ਗੱਲਬਾਤ ਹੋਈ ਹੈ, ਤੁਸੀਂ ਵੀ ਕੋਈ ਇਸ਼ਾਰਾ ਕਰ ਰਹੇ ਸੀ, ਉਹ ਵੀ ਕੋਈ ਇਸ਼ਾਰਾ ਕਰ ਰਹੇ ਸੀ। ਕਹਿੰਦੇ, ਮੁਰੀਦੋ! ਮੈਂ ਇਹ ਜਾਨਣ ਦੀ ਕੋਸ਼ਿਸ਼ ਕਰੀ ਸੀ ਕਿ ਇਹ ਹਿੰਦੂਆਂ ਦਾ ਹੋਏਗਾ ਜਾਂ ਇਸਲਾਮ ਵਾਲਿਆਂ ਦਾ ਹੋਏਗਾ। ਪਰ ਉਨ੍ਹਾਂ ਨੇ ਇਕ ਬਰਤਨ ਹੋਰ ਮੰਗਾ ਕੇ ਕਿਹਾ ਕਿ ਅਸੀਂ ਦੋਹਾਂ ਵਾਸਤੇ ਇਕ ਸਾਂਝਾ ਰਸਤਾ ਚਲਾਵਾਂਗੇ। ਉਹਦੇ ਉਤੇ ਤਾਂ ਦੋਵੇਂ ਹੱਥ ਰੱਖ ਦਿਤੇ, ਫੇਰ ਮੈਂ ਕਿਹਾ ਕਿ ਹਿੰਦੂਆਂ ਦਾ ਤੇ ਇਸਲਾਮ ਦਾ ਤੁਹਾਡੇ ਨਾਲ ਕੀ ਸਬੰਧ ਹੋਏਗਾ? ਉਸ ਵੇਲੇ ਆਪ ਨੇ ਦੋਵੇਂ ਹੱਥ ਦੋਹਾਂ ਤੇ ਰੱਖ ਦਿਤੇ, ਇਕ ਓਧਰ ਇਕ ਓਧਰ ਕਿ ਸਾਨੂੰ ਸਾਰੇ ਸਮ ਨੇ। ਸਾਡਾ ਕਿਸੇ ਨਾਲ ਵਿਰੋਧ ਨਹੀਂ। ਸਾਡੀ ਨਿਗ੍ਹਾ ਵਿਚ ਨਾ ਕੋਈ ਹਿੰਦੂ ਹੈ, ਨਾ ਕੋਈ ਤੁਰਕ ਹੈ।

*ਕੋਊ ਭਇਓ ਮੁੰਡੀਆ*
*ਸੰਨਿਆਸੀ ਕੋਊ ਜੋਗੀ ਭਇਓ*
*ਕੋਈ ਬ੍ਰਹਮਚਾਰੀ ਕੋਊ ਜਤੀਅਨੁ ਮਾਨਬੋ॥*
*ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸ਼ਾਫੀ*
*ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ॥*
*ਕਰਤਾ ਕਰੀਮ ਸੋਈ ਰਾਜਕ ਰਹੀਮ ਓਈ*
*ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ॥*
*ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ*
*ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ॥*
*(ਅਕਾਲ ਉਸਤਿਤ)*

*ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ*
*ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥*
*ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ*
*ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ॥*
*ਏਕੈ ਨੈਨ ਏਕੈ ਕਾਨ, ਏਕੈ ਦੇਹ ਏਕੈ ਬਾਨ*
*ਖਾਕ ਬਾਦ ਆਤਮ ਔ ਆਬ ਕੋ ਰਲਾਉ ਹੈ॥*
*ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ*
*ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ॥*
***ਅਕਾਲ ਉਸਤਤਿ***

ਗੁਰੂ ਘਰ ਦੇ ਅੰਦਰ ਜਾਤਾਂ ਨਾਲ ਮਨੁੱਖਾਂ ਦੀ ਵੰਡ ਨਹੀਂ ਹੈ। ਨਾ ਹਿੰਦੂ ਬਹੁਤਾ ਨੇੜੇ ਨਾ ਮੁਸਲਮਾਨ ਦੂਰ, ਸਾਰੇ ਹੀ ਨੇੜੇ ਨੇ। ਨਾ ਮਸਜਿਦ ਦਾ ਤ੍ਰਿਸਕਾਰ, ਦੇਹੁਰਾ ਤੇ ਮਸਜਿਦ ਦੋਵੇਂ ਹੀ ਪ੍ਰਮੇਸ਼ਰ ਦੇ ਬੰਦਗੀ ਕਰਨ ਦੇ ਥਾਉਂ ਨੇ। ਦੋਹਾਂ ਦਾ ਹੀ ਸਤਿਕਾਰ ਬਣਦਾ ਹੈ, ਸੋ ਐਸਾ ਜੋ ਗੁਰੂ ਮਹਾਰਾਜ ਦਸ਼ਮੇਸ਼ ਪਿਤਾ ਦਾ ਆਦਰਸ਼ ਸੀ, ਆਪ ਨੇ ਸੰਸਾਰ ਵਿਚ ਲਿਆਂਦਾ ਤੇ ਸੰਸਾਰ 'ਚ ਲਿਆ ਕੇ, ਐਸੇ-ਐਸੇ ਕੌਤਕ ਨੇ ਆਪ ਦੇ ਕਿ ਸੰਸਾਰ ਗਿਣਦਾ ਚਲਿਆ ਜਾਵੇ, ਇਕ ਤੋਂ ਇਕ ਉਪਰ ਚੜ੍ਹ ਕੇ, ਨੌਂ ਸਾਲ ਦੀ ਆਪ ਦੇ ਸਰੀਰ ਦੀ ਉਮਰ ਹੋ ਗਈ ਤੇ ਅੱਜ ਕੀ ਦੇਖਦੇ ਨੇ ਬਾਹਰੋਂ ਖੇਲ੍ਹ ਕੇ ਆਉਂਦੇ ਨੇ। ਗੁਰੂ ਮਹਾਰਾਜ ਦਾ ਦਰਬਾਰ ਲੱਗਿਆ ਹੋਇਆ ਹੈ, ਬਹੁਤ ਵੱਡੇ-ਵੱਡੇ ਧੁਰੰਤਰ ਵਿਦਵਾਨ, ਵੱਡੀਆਂ ਹਸਤੀਆਂ ਸਤਿਕਾਰਯੋਗ, ਕਿਉਂਕਿ ਉਨ੍ਹਾਂ ਦਿਨਾਂ ਦੇ ਅੰਦਰ ਬ੍ਰਾਹਮਣ ਪੂਰੇ ਕੇਸਾਧਾਰੀ ਹੋਇਆ ਕਰਦੇ ਸੀ। ਬ੍ਰਾਹਮਣ ਵਾਸਤੇ ਜ਼ਰੂਰੀ ਸੀ ਕੇਸ ਰੱਖਣੇ ਤੇ ਬਹੁਤ ਸੋਹਣੀ ਸ਼ਕਲਾਂ ਸੂਰਤਾਂ, ਚੰਗੇ ਬੰਦੇ ਗੁਰੂ ਮਹਾਰਾਜ ਦੇ ਹਜ਼ੂਰ ਬੈਠੇ ਨੇ। ਲੇਕਿਨ ਸਾਰਿਆਂ ਦੇ ਹੱਥਾਂ 'ਚ ਰੁਮਾਲ ਨੇ। ਥੋੜ੍ਹੀ-ਥੋੜ੍ਹੀ ਦੇਰ ਤੋਂ ਬਾਅਦ ਅੱਖਾਂ ਤੇ ਰੁਮਾਲ ਚਲੇ ਜਾਂਦੇ ਨੇ ਇਕ ਵਾਰਤਾ ਸੁਣਾਉਂਦਾ ਹੈ, ਗੁਰੂ ਮਹਾਰਾਜ ਧਿਆਨ ਦੇ ਨਾਲ ਸਰਵਣ ਕਰਦੇ ਨੇ ਕਿ ਮਹਾਰਾਜ! ਹੁਣ ਤਾਂ ਜੀਉਣ ਦਾ ਹੀ ਕੋਈ ਹੱਜ ਨਾ ਰਿਹਾ। ਧਰਮ ਖਤਰੇ 'ਚ ਹੋ ਗਿਆ, ਖਤਰਾ ਹੀ ਨਹੀਂ ਧਰਮ ਖਤਮ ਹੋ ਰਿਹਾ ਹੈ। ਕਸ਼ਮੀਰ ਦੀ ਨੇ ਹਾਲਤ ਦੱਸੀ ਕਿ ਜ਼ਾਲਮ ਖਾਨ (ਸ਼ੇਰ ਅਫਗਾਨ) ਸ੍ਰੀ ਨਗਰ ਦਾ ਜੋ ਗਵਰਨਰ ਹੈ, ਉਹਨੇ ਇਹ ਕੰਮ ਫੜਿਆ ਹੈ ਕਿ ਸੌ ਵੱਡੇ ਮਹਾਂਪੁਰਸ਼ ਜਿਹੜੇ ਹਿੰਦੂ ਨੇ ਉਨ੍ਹਾਂ ਨੂੰ ਫੜ ਕੇ ਜੇਲ੍ਹਮ ਦਰਿਆ ਦੇ ਕੰਢੇ ਤੇ ਲੈ ਆਂਦਾ ਹੈ ਤੇ ਉਥੇ ਬੇਅੰਤ ਮੁਲਖਈਆ ਇਕੱਠਾ ਹੋਇਆ ਹੁੰਦਾ ਹੈ ਤੇ ਉਨ੍ਹਾਂ ਨੂੰ ਸਾਰਿਆਂ ਦੇ ਸਾਮ੍ਹਣੇ ਪੁੱਛਿਆ ਜਾਂਦਾ ਹੈ ਕਿ ਧਰਮ ਤਿਆਗ ਕਰਦੇ ਓਂ? ਧਰਮ ਨਾਲੋਂ ਜਾਨ ਦੇਣੀ ਤਰਜੀਹ ਬਹੁਤੇ ਕਰਦੇ ਨੇ। ਸੱਚੇ ਪਾਤਸ਼ਾਹ! ਉਥੇ ਸੰਗਲ ਦੇ ਨਾਲ ਇਕੋ ਭਰਾ ਬੰਨ੍ਹ ਲਿਆ ਜਾਂਦਾ ਹੈ ਸਾਰੇ ਬੰਦਿਆਂ ਦਾ, ਧੱਕ ਕੇ ਦਰਿਆ ਦੇ ਵਿਚ ਕਰ ਦਿੰਦੇ ਨੇ, ਉਹ ਪਾਣੀ ਹੈ ਕਿਸੇ ਦੇ ਗਲ-ਗਲ ਆਉਂਦਾ ਹੈ, ਕਿਸੇ ਦੇ ਮੂੰਹ ਵਿਚ ਪੈਣਾ ਸ਼ੁਰੂ ਹੋ ਜਾਂਦਾ ਹੈ। ਉਹ ਡੁੱਬਦੇ ਨੇ, ਹੱਥ ਪੈਰ ਮਾਰਦੇ ਨੇ ਬਚਣ ਵਾਸਤੇ ਤੇ ਅਖੀਰ ਇਹ ਹੁੰਦਾ ਹੈ ਕਿ ਸਾਰੇ ਹੀ ਡੁੱਬ ਜਾਂਦੇ ਨੇ ਤੇ ਅੱਗੇ ਜਾ ਕੇ ਸੰਗਲ ਖੋਲ੍ਹ ਲਿਆਉਂਦੇ ਨੇ ਤੇ ਬੰਦੇ ਰੁੜ੍ਹ ਜਾਂਦੇ ਨੇ। ਆਹ ਸਾਡਾ ਹਾਲ ਹੋ ਗਿਆ -

***ਏਹੁ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖੁ ॥***
***ਅੰਗ - ੧੩੭੯***

ਇੱਜ਼ਤ ਸਾਡੀ ਕੋਈ ਨਹੀਂ ਹੈ, ਡੋਲਾ ਆਉਂਦਾ ਹੈ ਪਹਿਲੇ ਦਿਨ ਹੀ ਚਲਿਆ ਜਾਂਦਾ ਹੈ ਹਾਕਮਾਂ ਦੇ ਘਰ। ਨਾ ਕੋਈ ਬੱਚੀ ਦਾ ਸਤਿ ਧਰਮ ਕਾਇਮ ਹੈ, ਨਾ ਕਿਸੇ ਹੋਰ ਦਾ ਹੈ। ਨਾ ਅਸੀਂ ਪੂਜਾ ਕਰ ਸਕਦੇ ਹਾਂ, ਨਾ ਸੰਖ ਵਜਾ ਸਕਦੇ ਹਾਂ। ਪੂਜਾ ਤੇ ਪਾਬੰਦੀਆਂ ਲਗ ਗਈਆਂ, ਕੋਈ ਬਚਨ ਨਹੀਂ ਕਰ ਸਕਦੇ, ਕੋਈ ਸ਼ਾਸਤਰ ਨਹੀਂ ਪੜ੍ਹ ਸਕਦੇ, ਸ਼ਾਸਤਰ ਖੋਹ ਲਏ ਜਾਂਦੇ ਨੇ। ਜਾਲ ਦਿਤੇ ਜਾਂਦੇ ਨੇ।

ਪਾਤਸ਼ਾਹ! ਸਾਰੇ ਦੁਖੀ ਹੋ ਕੇ ਅਮਰਨਾਥ ਦੀ ਗੁਫਾ 'ਚ ਗਏ ਤੇ ਉਥੇ ਜਾ ਕੇ ਸ਼ਿਵਜੀ ਮਹਾਰਾਜ ਕੋਲ ਬੜੀਆਂ ਪੁਕਾਰਾਂ ਕੀਤੀਆਂ, ਹੇ ਪ੍ਰਭੂ! ਹੁਣ ਤੀਸਰਾ ਨੇਤਰ ਖੋਲ੍ਹ ਤੇ ਇਨ੍ਹਾਂ ਦੁਸ਼ਟਾਂ ਦਾ ਖਾਤਮਾ ਕਰ। ਮਹੀਨਾ ਲੰਘ ਗਿਆ ਪਾਤਸ਼ਾਹ! ਅਰਦਾਸਾਂ ਕਰਦਿਆਂ ਨੇ। ਕਿਸੇ ਨੇ ਜਵਾਬ ਨਹੀਂ ਦਿਤਾ, ਕੋਈ ਜਵਾਬ ਨਹੀਂ ਆਇਆ। ਐਉਂ ਲੱਗਿਆ ਜਿਵੇਂ ਰੱਬ ਹੁੰਦਾ ਹੀ ਨਹੀਂ, ਬੋਲਾ ਹੋ ਗਿਆ ਹੁੰਦਾ ਹੈ ਰੱਬ, ਕੁਛ ਨਹੀਂ ਸੁਣ ਰਿਹਾ। ਇਕ ਦਿਨ ਆਵਾਜ਼ ਆਈ ਹੈ, ਸਾਡੇ ਸਿਆਣਿਆਂ ਵਿਚੋਂ ਸੁਣੀ ਹੈ, ਸਾਰਿਆਂ ਨੇ ਨਹੀਂ ਸੁਣੀ। ਉਹ ਇਹ ਆਈ ਹੈ ਕਿ ਐ ਪੰਡਤੋ! ਐਸ ਵੇਲੇ ਹਿੰਦੂ ਧਰਮ ਦਾ ਰਾਖਾ ਕੋਈ ਦੇਵੀ ਦੇਵਤਾ ਨਹੀਂ ਰਿਹਾ। ਕਿਉਂਕਿ ਯੁੱਗ ਬਦਲ ਚੁੱਕਿਆ ਹੈ, ਕਲਜੁਗ ਆ ਚੁੱਕਿਆ ਹੈ। ਸੋ ਦੇਵਤੇ ਨੇ ਕਿਸੇ ਨੇ ਮਦਦ ਨਹੀਂ ਕਰਨੀ। ਨਾ ਸ਼ਿਵ ਜੀ ਨੇ ਕਰਨੀ ਹੈ, ਨਾ ਕਿਸੇ ਹੋਰ ਦੇਵਤੇ ਨੇ ਕਰਨੀ ਹੈ। ਹੁਣ ਤੁਹਾਡਾ ਰਾਖਾ ਅਨੰਦਪੁਰ ਸਾਹਿਬ ਗੁਰੂ ਨਾਨਕ ਦੀ ਗੱਦੀ ਤੇ ਨੌਵਾਂ ਸਰੂਪ ਧਾਰ ਕੇ ਬੈਠਾ ਹੈ ਜਾਓ ਉਹਦੀ ਸ਼ਰਨ ਦੇ ਵਿਚ। ਉਨ੍ਹਾਂ ਕੋਲ ਬੇਨਤੀ ਕਰੋ।

ਸੋ ਸੱਚੇ ਪਾਤਸ਼ਾਹ! ਸਾਰੇ ਭਾਰਤ ਵਰਸ਼ ਵਿਚੋਂ ਕ੍ਰਿਪਾ ਰਾਮ ਨੂੰ ਅਸੀਂ ਮੁਖੀ ਬਣਾ ਕੇ ਲਿਆਏ ਹਾਂ। ਜੋ ਗੁਰੂ ਘਰ ਦਾ ਪੰਡਤ ਵੀ ਹੈ ਤੇ ਆਪ ਦਾ ਵਿਸ਼ਵਾਸ਼ਪਾਤਰ ਵੀ ਹੈ। ਸੱਚੇ ਪਾਤਸ਼ਾਹ! ਐਸ ਵੇਲੇ ਸਾਡੀ ਬਾਂਹ ਫੜੋ, ਕੋਈ ਸੰਸਾਰ ਤੇ ਬਾਂਹ ਫੜਨ ਵਾਲਾ ਨਹੀਂ ਹੈ। ਓਸ ਵੇਲੇ ਗੁਰੂ ਦਸ਼ਮੇਸ਼ ਪਿਤਾ, ਬਾਹਰੋਂ ਖੇਲ੍ਹਦੇ ਹੋਏ ਆ ਜਾਂਦੇ ਨੇ, ਗੁਰੂ ਮਹਾਰਾਜ ਦਾ ਚੌਂਤਰੇ ਤੇ ਆਸਣ ਲੱਗਿਆ ਹੋਇਆ ਹੈ। ਸਟੇਜ ਜਿਹਨੂੰ ਅੱਜਕਲ੍ਹ ਕਹਿੰਦੇ ਨੇ ਤੇ ਸਾਰੇ ਜਿੰਨੇ ਵੀ ਨੁਮਾਇੰਦੇ ਆਏ ਨੇ, ਹਿੰਦੂ ਧਰਮ ਦੇ, ਭਾਰਤ ਵਰਸ਼ ਵਿਚੋਂ ਸਾਰੇ ਮੁਖੀ-ਮੁਖੀ ਪੁਰਸ਼ ਬੈਠੇ, ਬਹੁਤ ਉਦਾਸ ਗਮਗੀਨ ਬੈਠੇ ਨੇ ਤੇ ਦਿਲ ਤੋੜਨ ਵਾਲੀਆਂ ਕਥਾਵਾਂ ਕਹਿ ਰਹੇ ਨੇ। ਮਹਾਰਾਜ ਵੀ ਬਹੁਤ ਡੂੰਘੇ ਧਿਆਨ ਦੇ ਨਾਲ ਸਰਵਣ ਕਰਦੇ ਖਾਮੋਸ਼ ਨੇ। ਇਸ ਖਾਮੋਸ਼ੀ ਨੂੰ ਤੋੜਨ ਵਾਸਤੇ ਗੁਰੂ ਮਹਾਰਾਜ ਦਸ਼ਮੇਸ਼ ਪਿਤਾ ਪਿਛਲੇ ਪਾਸਿਓਂ ਸਟੇਜ ਤੇ ਚੜ੍ਹੇ, ਚੜ੍ਹ ਕੇ ਆ ਕੇ ਪਹਿਲਾਂ ਖੜ੍ਹੇ ਦੇਖਦੇ ਰਹੇ ਥੋੜ੍ਹੀ ਦੇਰ ਤੋਂ ਬਾਅਦ ਦੋਵੇਂ ਬਾਹਵਾਂ ਪਿਤਾ ਦੇ ਗਲ ਵਿਚ ਪਾਈਆਂ। ਇਸ ਤੋਂ ਪਹਿਲਾਂ ਕੁਛ ਉਹ ਕਹਿੰਦੇ ਤੇ ਆਪ ਇਕ ਦਮ ਗੋਦੀ 'ਚ ਆ ਕੇ ਬੈਠ ਗਏ। ਮਹਾਰਾਜ ਨੇ ਨੇਤਰ ਖੋਲ੍ਹੇ ਤੇ ਉਨ੍ਹਾਂ ਵਲ ਨੇਤਰ ਕਰੇ। ਬੜੇ ਭੇਦ ਭਰੇ ਢੰਗ ਦੇ ਨਾਲ ਇਕ ਦੂਜੇ ਨੂੰ ਦੇਖਿਆ, ਉਸ ਵੇਲੇ ਆਪ ਨੇ ਬੇਨਤੀ ਕਰੀ ਕਿ ਪਾਤਸ਼ਾਹ! ਗੁਰੂ ਪਿਤਾ ਜੀ! ਕੀ ਗੱਲ ਹੈ? ਐਨੀ ਉਦਾਸੀ? ਕੌਣ ਨੇ ਇਹ ਲੋਕ? ਕੀ ਮੰਗਦੇ ਨੇ, ਕਿਹੜੀ ਚੀਜ਼ ਹੈ ਜਿਹੜੀ ਤੁਹਾਡੇ ਕੋਲ ਨਹੀਂ ਹੈ ਇਨ੍ਹਾਂ ਨੂੰ ਦੇਣ ਵਾਸਤੇ? ਓਸ ਵੇਲੇ ਸਾਰੀ ਵਿਥਿਆ ਦੱਸੀ ਕਿ ਐਸ ਤਰ੍ਹਾਂ ਇਹ ਕਹਿੰਦੇ ਨੇ, ਬੜੀ ਆਸਾ ਨਾਲ ਆਏ ਨੇ।

ਕਹਿਣ ਲੱਗੇ ਕਿ ਮਹਾਰਾਜ! ਇਨ੍ਹਾਂ ਦਾ ਇਲਾਜ ਆਪ ਨੇ ਕੀ ਸੋਚਿਆ ਹੈ?

ਆਪ ਨੇ ਕਿਹਾ ਕਿ ਇਸਦਾ ਇਲਾਜ ਜੋ ਹੈ, ਉਹ ਇਹ ਹੈ ਕਿ ਕੋਈ ਪੂਰਨ ਮਹਾਂਪੁਰਸ਼ ਬਲੀ ਦੇਵੇ ਆਪਣੇ ਸੀਸ ਦੀ। ਆਹ ਪਹਾੜ ਦਾ ਜਿਹੜਾ ਹੜ੍ਹ ਚਲ ਰਿਹਾ ਹੈ, ਇਹਦੇ ਅੱਗੇ ਛਾਤੀ ਤਾਣ ਕੇ ਖੜ੍ਹਾ ਹੋ ਜਾਵੇ। ਉਹ ਇਸ ਹੜ੍ਹ ਨੂੰ ਠੱਲ੍ਹ ਸਕਦਾ ਹੈ, ਉਹਦਾ ਵਗਿਆ ਹੋਇਆ ਖ਼ੂਨ, ਹੋਰ ਕੋਈ ਤਰੀਕਾ ਨਹੀਂ ਹੈ। ਉਸ ਵੇਲੇ ਆਪ ਨੇ ਬਹੁਤਾ ਨਹੀਂ ਸੋਚਿਆ। ਇਕ ਦਮ ਚਰਨਾਂ 'ਚ ਬੇਨਤੀ ਕਰ ਦਿਤੀ।

ਕਹਿਣ ਲੱਗੇ, ਪਿਤਾ ਜੀ! ਗੁਰੂ ਘਰ ਦਾ ਅਸੂਲ ਹੈ -

***ਜੋ ਸਰਣਿ ਆਵੈ ਤਿਸੁ ਕੰਠਿ ਲਾਵੈ***
***ਇਹੁ ਬਿਰਦੁ ਸੁਆਮੀ ਸੰਦਾ ॥ ਅੰਗ - ੫੪੪***

ਆਪ ਦੀ ਸ਼ਰਨ ਆਏ ਨੇ, ਜਿਸ-ਜਿਸ ਨੇ ਵੀ ਆਪ ਦੀ ਸ਼ਰਨ ਲਈ ਹੈ ਕਿਉਂਕਿ ਆਪ ਜੀ ਦੀ ਕੇਵਲ ਪਿਤਾ ਭਾਵਨਾ ਨਹੀਂ ਸੀ, ਪ੍ਰਮੇਸ਼ਰ ਭਾਵਨਾ ਸੀ। ਜੋ ਵੀ ਆਪ ਦੀ ਸ਼ਰਨ ਵਿਚ ਆਇਆ ਹੈ, ਜਿਸ ਨੇ ਵੀ ਆਪ ਦੀ ਸ਼ਰਨ ਲਈ ਹੈ ਉਹ ਫੇਰ ਦੁਖੀ ਨਹੀਂ ਹੋਇਆ ਕਰਦਾ।

ਕਹਿੰਦੇ, ਪੁੱਤਰ ਬਲੀਦਾਨ ਦੇਣਾ ਹੈ।

ਕਹਿੰਦੇ ਹਾਂ, ਤੁਹਾਡੇ ਨਾਲੋਂ ਮਹਾਂਪੁਰਖ ਦੁਨੀਆਂ ਤੇ ਹੋਰ ਹੈ ਹੀ ਕੋਈ ਨਹੀਂ। ਤੁਸੀਂ ਆਪਣੇ ਸੀਸ ਦਾ ਬਲੀਦਾਨ ਦੇ ਕੇ ਰੁੜ੍ਹਦੀ ਹਿੰਦ ਨੂੰ ਬਚਾ ਲਓ, ਸੋ ਐਸਾ ਕੌਤਕ ਗੁਰੂ ਮਹਾਰਾਜ ਕਰ ਜਾਂਦੇ ਨੇ, ਸ਼ਹਾਦਤ ਦਾ ਜਾਮ ਆਪ ਦੇ ਹਿੱਸੇ ਆਉਂਦਾ ਹੈ, ਉਸ ਤੋਂ ਬਾਅਦ ਬੜੀ ਛੋਟੀ ਉਮਰ ਹੈ ਗਿਆਰ੍ਹਾਂ ਸਾਲ ਦੀ। ਨੌਂ ਸਾਲ ਦੀ ਜਦੋਂ ਆਪ ਪੰਥ ਦੀ ਵਾਗਡੋਰ ਸੰਭਾਲਦੇ ਨੇ, ਮਸੰਦਾਂ ਨਾਲ ਆਪ ਦਾ ਵਾਹ ਪੈਂਦਾ ਹੈ ਪਹਿਲਾਂ। ਮਸੰਦ ਪੂਜਾ ਦਾ ਧਾਨ ਖਾ-ਖਾ ਕੇ, ਐਨੇ ਖੋਟੀ ਮਤ ਦੇ ਹੋ ਗਏ ਸੀ। ਉਨ੍ਹਾਂ ਵਿਚ ਇਹ ਹੋ ਗਿਆ ਸੀ ਕਿ ਗੁਰੂ ਨੂੰ ਬਣਾ ਦੇਣਾ ਤੇ ਹਟਾ ਦੇਣਾ ਸਾਡੇ ਖੱਬੇ ਹੱਥ ਦੀ ਖੇਲ੍ਹ ਹੈ। ਮਹਾਰਾਜ ਨੇ ਉਹ ਮਸੰਦਪੁਣਾ ਦੂਰ ਕੀਤਾ। ਸਿੱਖਾਂ ਨਾਲ ਸਿੱਧਾਂ ਸਬੰਧ ਪੈਦਾ ਕਰਕੇ ਆਪ ਜੀ ਨੇ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ ਤੇ ਅੱਗੇ ਵਾਸਤੇ ਹੁਕਮ ਕੀਤਾ ਕਿ ਹੁਣ ਤੱਕ ਦੋ ਤਰ੍ਹਾਂ ਦੇ ਸਿੱਖ ਸੀਗੇ। ਇਕ ਨੂੰ ਤਾਂ ਪਹਿਲਾਂ ਗੁਰੂ ਕੇ ਕਿਹਾ ਜਾਂਦਾ ਸੀ, ਜਿਹੜੇ ਗੁਰੂ ਕੇ ਸਿੱਖ ਸੀ ਉਹ ਮਸੰਦਾਂ ਦੇ ਸਿੱਖ ਹੋਇਆ ਕਰਦੇ ਸੀ। ਮਸੰਦ ਨਾਮ ਦਿੰਦੇ ਸੀ ਉਨ੍ਹਾਂ ਨੂੰ। ਮਸੰਦ ਕਿਉਂਕਿ ਕਰਨੀ ਕਮਾਈ ਤੋਂ ਹੀਣੇ ਐਨੇ ਹੋ ਚੁੱਕੇ ਸੀ, ਉਨ੍ਹਾਂ ਦੀਆਂ ਗੱਲਾਂ ਕਰਨ ਵਿਚ ਵੀ

ਮਹਿਸੂਸ ਹੁੰਦਾ ਸੀ ਕਿ ਸਮਾਂ ਬਰਬਾਦ ਕਰਨਾ ਹੈ। ਐਨੇ ਗਿਰੇ ਹੋਏ ਜੀਵਨ ਗੁਰੂ ਮਹਾਰਾਜ ਵੇਲੇ ਹੋ ਗਏ। ਉਨ੍ਹਾਂ ਨੂੰ ਤਾਂ ਕਹਿੰਦੇ ਸੀ ਗੁਰੂ ਕੇ। ਇਕ ਨੂੰ ਖਾਲਸਾ ਕਹਿੰਦੇ ਸੀ, ਜਿਹੜੇ ਸਿੱਧੇ ਗੁਰੂ ਤੋਂ ਨਾਮ ਲੈਂਦੇ ਸੀ।

ਹੁਣ ਗੁਰੂ ਮਹਾਰਾਜ ਨੇ ਕਿਹਾ ਪਿਆਰਿਓ! ਇਹ ਵਿਚਾਲੇ ਜਿਹੜੀ ਇਕ ਦੀਵਾਰ ਬਣੀ ਹੋਈ ਹੈ ਇਹ ਦੀਵਾਰ ਨਹੀਂ ਰਹਿਣ ਦੇਣੀ ਤੇ ਤੁਸੀਂ ਸਾਰੇ ਹੁਣ ਤਿਆਰੀ ਕਰਕੇ ਅੰਮ੍ਰਿਤ ਛਕੋ।

*ਹਰਿ ਸੱਚੇ ਤਖਤ ਰਚਾਇਆ ਸਤਿ ਸੰਗਤਿ ਮੇਲਾ।*
*ਨਾਨਕ ਨਿਰਭਉ ਨਿਰੰਕਾਰ ਵਿਚਿ ਸਿਧਾਂ ਖੇਲਾ।*
*ਗੁਰੂ ਸਿਮਰਿ ਮਨਾਈ ਕਾਲਕਾ ਖੰਡੇ ਕੀ ਵੇਲਾ।*
*ਪੀਵਹੁ ਪਾਹੁਲ ਖੰਡਧਾਰ ਹੁਇ ਜਨਮ ਸੁਹੇਲਾ।*
*ਗੁਰ ਸੰਗਤਿ ਕੀਨੀ ਖ਼ਾਲਸਾ ਮਨਮੁਖੀ ਦੁਹੇਲਾ।*
*ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ।*
*ਭਾਈ ਗੁਰਦਾਸ ਜੀ, ਵਾਰ 41/1*

ਗੁਰੂਆਂ ਦਾ ਕੋਈ ਹਿਸਾਬ-ਕਿਤਾਬ ਨਹੀਂ ਸੀ ਰਹਿਣਾ। ਜੇ ਗੁਰੂ ਮਹਾਰਾਜ ਖੰਡੇ ਬਾਟੇ ਦੇ ਅੰਮ੍ਰਿਤ ਦੀ ਰੀਤ ਨਾ ਤੋਰਦੇ। ਦੂਜਾ ਇਹ ਸੀ ਕਿ ਬ੍ਰਹਮਗਿਆਨ ਦੇ ਵਿਚ ਤਾਂ ਗੁਰਸਿੱਖ ਪੂਰੇ ਹੋ ਗਏ ਸੀ। ਦੇਹ-ਅਧਿਆਸ ਟੁੱਟ ਚੁੱਕਿਆ ਸੀ। ਦੇਹ ਨੂੰ ਵੀ ਕਿਸੇ ਕੰਮ ਵਿਚ ਲਾਉਣ ਵਾਸਤੇ ਆਪ ਨੇ ਬੀਰ ਰਸ ਦਾ ਟੀਕਾ ਲਾਇਆ ਕਿ ਜ਼ੁਲਮ ਨੂੰ ਚੁੱਪ ਕਰਕੇ ਨਹੀਂ ਸਹਿਣਾ। ਧਰਮ ਦੀ ਹਾਨੀ ਹੁੰਦੀ ਦੇਖ ਕੇ ਨੱਠਣਾ-ਭੱਜਣਾ ਨਹੀਂ ਉਥੇ ਆਪਣੀ ਦੇਹ ਦਾ ਬਲੀਦਾਨ ਦੇਣਾ ਹੈ। ਪਹਿਲਾਂ ਦਿਵਾ ਕੇ ਦਿਖਾਇਆ ਆਪਣੇ ਪਿਤਾ ਦਾ। ਫੇਰ ਆਪਣੇ ਚਾਰੇ ਸਾਹਿਬਜ਼ਾਦਿਆਂ ਦਾ ਬਲੀਦਾਨ ਦਿਵਾ ਕੇ ਦਿਖਾਇਆ। ਬੇਅੰਤ ਆਪਣੇ ਪਿਆਰੇ ਗੁਰਸਿੱਖਾਂ ਦਾ, ਰਿਸ਼ਤੇਦਾਰਾਂ ਦਾ, ਮਾਤਾ ਜੀ ਦਾ ਪਿਤਾ ਜੀ ਦਾ। ਸਾਰੇ ਬਲੀਦਾਨ ਦੇ ਕੇ ਪਹਿਲਾਂ ਦਿਖਾਏ। ਜਾਂਚ ਸਿਖਾਈ ਕਿ ਪਿਆਰਿਓ! ਨਾ ਕਿਸੇ ਨੂੰ ਡਰਾਉਣਾ ਹੈ ਤੇ ਨਾ ਕਿਸੇ ਤੋਂ ਡਰਨਾ ਹੈ। ਨਾਲ ਇਹ ਫੁਰਮਾਨ ਕੀਤਾ ਕਿ ਤੁਸੀਂ ਕਿਸੇ ਹੋਰ ਦਾ ਜਾਪ ਨਹੀਂ ਕਰਨਾ, ਹੋਰ ਕੋਈ ਮੰਤਰ ਨਹੀਂ ਸਿਮਰਨਾ। ਅਕਾਲ ਪੁਰਖ ਜਾਗਦੀ ਜੋਤ ਹੈ ਹਰੇਕ ਦੇ ਨਾਲ ਹੈ। ਘਟ-ਘਟ ਵਿਚ ਵਿਆਪਕ ਹੈ। ਅੰਦਰ ਬਾਹਰ ਓਹੀ ਹੈ।

*ਸੋ ਅੰਤਰਿ ਸੋ ਬਾਹਰਿ ਅਨੰਤ ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ ॥*
*ਧਰਨਿ ਮਾਹਿ ਆਕਾਸ ਪਇਆਲ ॥*
*ਸਰਬ ਲੋਕ ਪੂਰਨ ਪ੍ਰਤਿਪਾਲ ॥*
*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥*
*ਜੈਸੀ ਆਗਿਆ ਤੈਸਾ ਕਰਮੁ ॥*
*ਪਉਣ ਪਾਣੀ ਬੈਸੰਤਰ ਮਾਹਿ ॥*
*ਚਾਰਿ ਕੁੰਟ ਦਹ ਦਿਸੇ ਸਮਾਹਿ ॥*
*ਤਿਸ ਤੇ ਭਿੰਨ ਨਹੀ ਕੋ ਠਾਉ ॥*
*ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥*
*ਅੰਗ - ੨੯੩*

ਐਸਾ ਜੋ ਅਕਾਲਪੁਰਖ ਹੈ, ਤੁਹਾਡੇ ਨਾਲ ਰਹਿਣ ਵਾਲਾ, ਤੁਹਾਡੀ ਸਾਸ-ਸਾਸ ਪ੍ਰਤਿਪਾਲਣਾ ਕਰਨ ਵਾਲਾ, ਹਰ ਥਾਂ ਤੇ ਤੁਹਾਡੀ ਸਹਾਇਤਾ ਕਰਨ ਵਾਲਾ, ਉਹਦਾ ਧਿਆਨ ਧਰੋ, ਹੋਰ ਨਾ ਕਿਸੇ ਨੂੰ ਜਪਿਓ -

*ਜਾਗਤ ਜੋਤਿ ਜਪੈ ਨਿਸ ਬਾਸੁਰ*
*ਏਕ ਬਿਨਾਂ ਮਨ ਨੈਕ ਨ ਆਨੈ॥*
*ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ*
*ਗੋਰ ਮੜੀ ਮਟ ਭੂਲ ਨ ਮਾਨੈ॥*
*ਤੀਰਥ ਦਾਨ ਦਇਆ ਤਪ ਸੰਜਮ*
*ਏਕ ਬਿਨਾ ਨਹਿ ਏਕ ਪਛਾਨੈ॥*
*ਪੂਰਨ ਜੋਤ ਜਗੈ ਘਟ ਮੈ*
*ਤਬ ਖ਼ਾਲਸ ਤਾਹਿ ਨਖ਼ਾਲਸ ਜਾਨੈ॥*

ਦੋ ਗੱਲਾਂ ਮਹਾਰਾਜ ਕਹਿੰਦੇ, ਇਕ ਤਾਂ ਪੂਰੀ ਪ੍ਰਤੀਤ ਹੋਵੇ, ਵਾਹਿਗੁਰੂ ਮੇਰੇ ਨਾਲ ਸਦਾ ਅੰਗ ਸੰਗ ਹੈ। ਇਕ ਖਾਲੀ ਨਾ ਹੋਵੇ ਪਿਆਰ ਵੀ ਉਹਦੇ ਨਾਲ ਹੋਵੇ। ਬਾਕੀ ਕਿਸੇ ਕਬਰ ਨੂੰ, ਕਿਸੇ ਮੜ੍ਹੀ ਨੂੰ, ਕਿਸੇ ਗੁਫਾ ਨੂੰ ਕਿਸੇ ਨੂੰ ਮੱਥਾ ਨਹੀਂ ਟੇਕਣਾ, ਜਦ ਸੀਸ ਗੁਰੂ ਨੂੰ ਦੇ ਦਿਤਾ। ਇਹ ਸੀਸ ਜਾਂ ਤਾਂ ਗੁਰੂ ਦੇ ਪਿਆਰਿਆਂ ਅੱਗੇ ਨਿਵੇਗਾ ਜਾਂ ਗੁਰੂ ਅੱਗੇ ਨਿਵੇਗਾ, ਹੋਰ ਕਿਸੇ ਅੱਗੇ ਨਹੀਂ ਨਿਵਣਾ, ਨਾ ਦੁਨੀਆਂ ਦੇ ਬਾਦਸ਼ਾਹਾਂ ਦੇ ਅੱਗੇ ਨਿਵਣਾ ਹੈ, ਕਿਉਂਕਿ ਸਿੱਖ ਬੇਗਰਜ਼ ਹੁੰਦਾ ਹੈ-

*ਜੋ ਜਨੁ ਨਿਰਦਾਵੈ ਰਹੈ ਸੋ ਗਨੈ ਇੰਦ੍ਰ ਸੋ ਰੰਕ ॥*
*ਅੰਗ - ੧੩੭੩*

ਬੁਰਾ ਕਿਸੇ ਦਾ ਨਹੀਂ ਕਰਨਾ, ਭਲਾ ਸਭ ਦਾ ਮਨਾਉਣਾ ਹੈ, ਦਿਲੋਂ ਅਰਦਾਸ ਕਰਨੀ ਹੈ -

***ਨਾਨਕ ਨਾਮ ਚੜ੍ਹਦੀ ਕਲਾ***
***ਤੇਰੇ ਭਾਣੇ ਸਰਬੱਤ ਕਾ ਭਲਾ।***

ਕਿਸੇ ਨਾਲ ਵੈਰ ਨਹੀਂ ਕਰਨੀ, ਕਿਸੇ ਦਾ ਬੁਰਾ ਨਹੀਂ ਚਿਤਵਣਾ, ਕਿਸੇ ਦੀ ਨਿੰਦਿਆ ਨਹੀਂ ਕਰਨੀ, ਈਰਖਾ 'ਚ ਨਹੀਂ ਆਉਣਾ, ਜਿਹੜਾ ਈਰਖਾ ਦੇ ਵਿਚ ਆਉਂਦਾ ਹੈ ਸਿੱਖ, ਉਹ ਸਿੱਖ ਹੀ ਨਹੀਂ ਹੈ, ਜਿਹੜਾ ਗੁਰਸਿੱਖ ਗੁਰਸਿੱਖ ਦੀ ਨਿੰਦਿਆ ਕਰਦਾ ਹੈ, ਉਹ ਸਿੱਖ ਹੀ ਨਹੀਂ ਹੈਗਾ ਕਿਉਂਕਿ ਉਹਨੂੰ ਪਤਾ ਹੀ ਨਹੀਂ, ਸਿਧਾਂਤ ਦਾ ਹੀ ਨਹੀਂ ਪਤਾ ਗੁਰੂ ਦੇ ਕਿ ਗੁਰੂ ਮਹਾਰਾਜ ਕਹਿੰਦੇ ਕੀ ਨੇ। ਐਵੇਂ ਹੀ ਹੁੰਦੇ ਨੇ ਉਤੋਂ ਭੇਖ ਧਾਰੇ ਹੋਏ। ਉਂਞ ਨਿੰਦਿਆ ਕਰਦੇ, ਚੁਗਲੀਆਂ ਕਰਦੇ, ਈਰਖਾ ਕਰਦੇ ਹਨ। ਈਰਖਾ ਦੇ ਨਾਲ ਸ਼ਬਦ-ਕੁਸ਼ਬਦ ਬੋਲਦੇ ਨੇ। ਮਹਾਰਾਜ ਕਹਿੰਦੇ ਐਉਂ ਗੁਰਸਿੱਖ ਦਾ ਜੀਵਨ ਨਹੀਂ ਹੁੰਦਾ। ਗੁਰਸਿੱਖ ਨੇ ਤਾਂ ਅਕਾਲ ਪੁਰਖ

ਨੂੰ ਘਟ-ਘਟ 'ਚ ਵਿਆਪਕ ਦੇਖਣਾ ਹੈ।

***ਤੀਰਥ ਦਾਨ ਦਇਆ ਤਪ ਸੰਜਮ***
***ਏਕ ਬਿਨਾ ਨਹਿ ਏਕ ਪਛਾਨੈ॥***

ਇਕ ਨਾਮ ਤੋਂ ਬਗੈਰ ਹੋਰ ਕਿਸੇ ਚੀਜ਼ ਦੀ ਮਹਾਨਤਾ ਨਾ ਲਿਆਵੇ ਮਨ ਵਿਚ। ਜਦ ਪੂਰਨ ਜੋਤ ਜਗ ਜਾਏ ਸਾਰੇ ਤੇ ਅੰਦਰ ਬਾਹਰ ਸਾਰੇ ਪ੍ਰਮੇਸ਼ਰ ਦੇ ਦਰਸ਼ਨ ਹੋਣ ਲਗ ਜਾਣ।

*ਗੁਰਹਿ ਦਿਖਾਇਓ ਲੋਇਨਾ ॥ ੧ ॥ ਰਹਾਉ ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ ॥ ਅੰਗ - ੪੦੭*
*ਗਿਆਨ ਅੰਜਨੁ ਗੁਰਿ ਦੀਆ*
*ਅਗਿਆਨ ਅੰਧੇਰ ਬਿਨਾਸੁ ॥*
*ਹਰਿ ਕਿਰਪਾ ਤੇ ਸੰਤ ਭੇਟਿਆ*
*ਨਾਨਕ ਮਨਿ ਪਰਗਾਸੁ ॥ ਅੰਗ - ੨੯੩*

ਇਹ ਜਦੋਂ ਮਨ ਦੇ ਪ੍ਰਕਾਸ਼ ਦੀ ਜੋਤ ਜਗ ਪਵੇ ਨਾ ਅੰਦਰ ਕਹਿੰਦੇ -

***ਤਬ ਖ਼ਾਲਸ ਤਾਹਿ ਨਖ਼ਾਲਸ ਜਾਨੈ॥***

ਉਨ੍ਹਾਂ ਨਖਾਲਸ ਬੰਦਿਆਂ 'ਚੋਂ ਓਸ ਨੂੰ ਖਾਲਸਾ ਜਾਣੋ। ਸੋ ਇਸ ਤਰ੍ਹਾਂ ਦਾ ਉਪਦੇਸ਼ ਦੇਣ ਤੋਂ ਬਾਅਦ ਮਹਾਰਾਜ ਕਹਿੰਦੇ ਪਿਆਰਿਓ! ਜੇ ਤੁਸੀਂ ਅਕਾਲ ਪੁਰਖ ਦੇ ਲੜ ਲੱਗੋਗੇ। ਗੁਰੂ ਦੇ ਨਾਲ ਮਿਲ ਕੇ ਰਹੋਗੇ ਤਾਂ ਗੁਰੂ ਦੀ ਸ਼ਕਤੀ ਤੁਹਾਡੇ ਵਿਚ ਪ੍ਰਵੇਸ਼ ਕਰਦੀ ਰਹੇਗੀ ਤੇ ਮੇਰਾ ਤੇਜ ਤੁਹਾਡੇ ਵਿਚ ਵਰਤੇਗਾ-

*ਖਾਲਸਾ ਅਕਾਲ ਪੁਰਖ ਕੀ ਫੌਜ।*
*ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ।।*
*ਜਬ ਲਗ ਖ਼ਾਲਸਾ ਰਹੇ ਨਿਆਰਾ।*
*ਤਬ ਲਗ ਤੇਜ ਦੀਉ ਮੈਂ ਸਾਰਾ॥*
*ਜਬ ਇਹ ਗਹੈ ਬਿਪਰਨ ਕੀ ਰੀਤ।*
*ਮੈਂ ਨ ਕਰੋਂ ਇਨ ਕੀ ਪ੍ਰਤੀਤ॥*

ਐਸੇ ਸਤਿਗੁਰੂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਜਿਹਨੇ ਆਪਣਾ ਤੇਜ ਵੀ ਦੇ ਦਿਤਾ, ਆਪਣੀ ਸ਼ਕਤੀ ਵੀ ਦੇ ਦਿਤੀ, ਇਥੇ ਹੀ ਬਸ ਨਹੀਂ ਗੁਰੂ ਪਦਵੀ ਗੁਰੂ ਗ੍ਰੰਥ ਸਾਹਿਬ ਦੇ ਤਾਬੇ ਪੰਜ ਸਿੰਘਾਂ ਨੂੰ ਦੇ ਦਿਤੀ। ਅਧਿਕਾਰ ਦੇ ਦਿਤਾ ਕਿ ਤੁਸੀਂ ਅੱਗੇ ਤੋਂ ਅੰਮ੍ਰਿਤ ਛਕਾ ਕੇ ਗੁਰੂ ਵਾਲਾ ਕੰਮ ਕਰੋ। ਨਾਮ ਦੀ ਦਾਤ ਦੇਵੋ।

ਮਹਾਰਾਜ! ਸਾਡੇ ਉਤੇ ਔਕੜਾਂ ਆਉਂਦੀਆਂ ਨੇ, ਵਿਘਨ ਆਉਂਦੇ ਨੇ? ਮੰਤਰਾਂ-ਜੰਤਰਾਂ ਵਾਲੇ ਸਾਨੂੰ ਤੰਗ ਕਰਦੇ ਨੇ, ਕੋਈ ਵਿਧੀ ਦੱਸੋ। ਮਹਾਰਾਜ ਕਹਿੰਦੇ ਜਿਥੇ ਪੰਜ ਸਿੰਘ ਕਰਨੀ ਕਮਾਈ ਵਾਲੇ ਆ ਕੇ ਪ੍ਰਵੇਸ਼ ਕਰਨਗੇ ਉਨ੍ਹਾਂ ਦੀ ਸੇਵਾ ਕਰੋ, ਪ੍ਰਸ਼ਾਦ ਛਕਾਓ। ਜੋ ਮੰਗਣਾ ਹੈ ਉਨ੍ਹਾਂ ਤੋਂ ਮੰਗ ਲਓ, ਮੈਂ ਉਨ੍ਹਾਂ ਦੀ ਰਸਨਾ ਤੇ ਹੋਵਾਂਗਾ।

***ਪੰਥ ਖਾਲਸਾ ਖੇਤੀ ਮੇਰੀ***
***ਕਰਹੂੰ ਸੰਭਾਲ ਮੈ ਤਿਸ ਖੇਰੀ।***

ਮੈਂ ਸੰਭਾਲ ਕਰਨੀ ਹੈ ਛੱਡ ਕੇ ਨਹੀਂ ਚਲਿਆ ਜਾਣਾ ਕਿ ਹਾਕਾਂ ਮਾਰੋ ਮੈਨੂੰ। ਸ਼ਬਦ ਦੇ ਵਿਚ ਮੈਂ ਆਪਣੇ ਆਪ ਨੂੰ ਲੀਨ ਕਰ ਲਵਾਂਗਾ। ਸ਼ਬਦ ਦੀ ਕਮਾਈ ਕਰੋ, ਸ਼ਬਦ ਨੂੰ ਸਮਝੋ, ਸ਼ਬਦ ਨੂੰ ਹਿਰਦੇ ਵਿਚ ਵਸਾਓ, ਫੇਰ ਤੁਹਾਡਾ ਇਥੇ ਹੀ ਰਾਜ ਨਹੀਂ ਹੋਣਾ, ਰਾਜ ਤੁਹਾਡਾ ਆਕਾਸ਼ਾਂ ਵਿਚ ਵੀ ਹੋਏਗਾ -

*ਜਾ ਕਾ ਕਹਿਆ ਦਰਗਹ ਚਲੈ ॥*
*ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥*
*ਅੰਗ - ੧੮੬*

ਲੇਕਿਨ ਖਾਲਸਾ ਬਣ -

***ਆਤਮ ਰਸ ਜਿਹ ਜਾਨਹੀ ਸੋ ਹੈ ਖ਼ਾਲਸ ਦੇਵ॥***
***ਪ੍ਰਭ ਮਹਿ ਮੋ ਮਹਿ ਤਾਸ ਮਹਿ ਰੰਚਕ ਨਾਹਨ ਭੇਵ॥***

ਜੋ ਆਤਮ ਰਸੀਆ ਹੋ ਗਿਆ, ਜਿਹਨੇ ਦ੍ਵੈਤ ਦੀ ਕੰਧ ਢਾਹ ਦਿਤੀ, ਇਕੋ ਪ੍ਰਮੇਸ਼ਰ ਸਾਰਿਆਂ ਵਿਚ ਦੇਖਣ ਲੱਗ ਗਿਆ। ਕਹਿੰਦੇ, ਜੋ ਆਤਮਾ ਦੇ ਮੰਡਲ ਦੇ ਵਿਚ ਪ੍ਰਵੇਸ਼ ਕਰਕੇ ਓਸ ਮਹਾਨ ਰਸ ਨੂੰ ਮਾਣਦਾ ਹੈ, ਉਹ ਖਾਲਸਾ ਹੋਇਆ ਕਰਦਾ ਹੈ। ਭੇਖ ਨੂੰ ਖਾਲਸਾ ਨਹੀਂ ਅਸੀਂ ਕਿਹਾ ਕਿ ਖਾਲਸਾ ਹੋ ਗਿਆ ਜੀ। ਬਹੁਤਾ ਉੱਭਲ-ਉੱਭਲ ਬੋਲਦਾ ਹੈ ਕਿ ਇਹ ਖਾਲਸਾ ਹੈ। ਖਾਲਸਾ ਉਹ ਹੈ ਜਿਹਦੇ ਅੰਦਰ ਗਿਆਨ ਹੈ। ਜਿਹਨੂੰ ਇਕੋ ਪ੍ਰਮੇਸ਼ਰ ਹਰ ਥਾਂ ਨਜ਼ਰ ਆਉਂਦਾ ਹੈ। ਕਹਿੰਦੇ, ਉਹ ਖਾਲਸਾ ਹੈ -

***ਪ੍ਰਭ ਮਹਿ, ਮੋਹ ਮੈ ਤਾਸ ਮਹਿ ਰੰਚਕ ਨਾਹਨ ਭੇਦ।***

ਮੇਰੇ ਵਿਚ ਤੇ ਵਾਹਿਗੁਰੂ ਵਿਚ ਤੇ ਉਹਦੇ ਵਿਚ ਕੋਈ ਭੇਦ ਨਾ ਜਾਣੇ। ਅਸੀਂ ਇਕੋ ਰੂਪ ਹਾਂ ਤਿੰਨੋ। ਸੋ ਇਸ ਤਰ੍ਹਾਂ ਦੇ ਸਿਧਾਂਤ ਗੁਰੂ ਮਹਾਰਾਜ ਨੇ ਸੰਸਾਰ ਨੂੰ ਦਿਤੇ। ਜਿਨ੍ਹਾਂ ਦਾ ਅਸੀਂ ਪ੍ਰਚਾਰ ਨਹੀਂ ਕਰ ਸਕੇ ਸਾਧਸੰਗਤ ਜੀ। ਕੋਈ ਤਾਂ ਉਨ੍ਹਾਂ ਦੇ ਯੁੱਧਾਂ ਦਾ ਹੀ ਹਾਲ ਦੱਸੀ ਜਾਂਦਾ ਹੈ ਕਿ ਐਉਂ ਉਨ੍ਹਾਂ ਨੇ ਕੁਰਬਾਨੀਆਂ ਦਿਤੀਆਂ, ਐਉਂ ਲੜਾਈ ਲੜੀ, ਐਉਂ ਲੜੀ। ਬੜੇ ਜਰਨੈਲਾਂ ਨੇ ਲੜੀਆਂ ਪਰ ਉਨ੍ਹਾਂ ਦੀ ਵਿਸ਼ੇਸ਼ਤਾ ਸੀ। ਸ਼ਹੀਦੀਆਂ ਵੀ ਬਹੁਤ ਨੇ ਦਿਤੀਆਂ ਨੇ, ਇਸਲਾਮ ਵਾਲਿਆਂ ਨੇ ਬਹੁਤ ਸ਼ਹੀਦੀਆਂ ਦਿਤੀਆਂ ਨੇ, ਲੇਕਿਨ ਇਹ ਇਕ ਨਿਵੇਕਲੀ ਜਿਹੀ ਚੀਜ਼ ਹੈ ਕਿ ਹੋਣ ਤਾਂ ਬ੍ਰਹਮਗਿਆਨੀ ਤੇ ਸੰਸਾਰ ਦੇ ਵਿਚੋਂ ਨੱਠਣ ਨਾ ਭੱਜਣ ਨਾ, ਵਿਚ ਰਹਿਣ ਤੇ ਰਾਖੀ ਕਰਨ। ਜਦੋਂ ਸੰਸਾਰ ਤੇ ਕੋਈ ਦੁੱਖ ਆ ਪਵੇ, ਫੇਰ ਇਹ ਨਹੀਂ ਕਿ ਦੂਰੋਂ ਬੈਠੇ ਦੇਖਦੇ ਰਹਿਣ। ਨਾਹ ਵਿਚ ਜਾਣ ਉਹਦੇ। ਦੁਖੀਆਂ ਦੇ ਨਾਲ ਮਿਲਣਾ, ਉਨ੍ਹਾਂ ਦਾ ਦੁੱਖ

ਦੂਰ ਕਰਨ। ਜਿਥੇ ਤੱਕ ਤਾਣ ਦਿਤਾ ਹੈ –

*ਜੈਸਾ ਬਿਤੁ ਤੈਸਾ ਹੋਇ ਵਰਤੈ*
*ਅਪੁਨਾ ਬਲੁ ਨਹੀ ਹਾਰੈ ॥ ਅੰਗ - ੬੭੯*

ਜਿੰਨਾਂ ਕੁ ਤਾਣ ਦਿਤਾ ਹੈ ਸਾਂਝਾ ਕਰਨ ਸਾਰਿਆਂ ਦੇ ਨਾਲ, ਆਪਣੇ ਸੁਖ ਨੂੰ ਛੱਡਣ ਥੋੜ੍ਹਾ-ਥੋੜ੍ਹਾ। ਖਾਲਸੇ ਦਾ ਧਰਮ ਹੁੰਦਾ ਹੈ ਦੁਖਾਂ ਨੂੰ ਨਵਿਰਤ ਕਰਨਾ, ਉਨ੍ਹਾਂ ਦੇ ਵਿਚ ਜਾਣਾ। ਉਨ੍ਹਾਂ ਦੇ ਦੁਖਾਂ ਨੂੰ ਅਨੁਭਵ ਕਰਕੇ ਆਪਣੇ ਬਣਾਉਣਾ। ਸੋ ਇਹ ਆਦਰਸ਼ ਹੈ। ਜਦੋਂ ਇਹ ਆਦਰਸ਼ ਫੈਲੇਗਾ, ਸਾਰੇ ਸੰਸਾਰ ਨੂੰ ਆਪਣੇ ਕਲਾਵੇ 'ਚ ਲੈ ਲਏਗਾ। ਲੌਸਐਂਜਲਸ (ਅਮਰੀਕਾ) 'ਚ ਭੁਚਾਲ ਆ ਗਏ। ਬਹੁਤ ਸਾਰੇ ਘਰ ਹਜ਼ਾਰਾਂ ਦੀ ਤਾਦਾਦ ਵਿਚ ਗਿਰ ਗਏ, ਕਰੋੜਾਂ ਮਿਲੀਅਨ ਅਰਬਾਂ ਡਾਲਰਾਂ ਦਾ ਨੁਕਸਾਨ ਹੋ ਗਿਆ। ਦਰਦ ਹੋਣਾ ਦਰਦਵੰਦਾਂ ਦੇ ਮਨਾਂ ਵਿਚ ਕਿ ਮਾੜਾ ਹੋਇਆ। ਅਮਰੀਕਾ ਵਿਚ ਅਸੀਂ ਚਾਹੇ ਜਾਣਦੇ ਹਾਂ ਚਾਹੇ ਨਹੀਂ ਜਾਣਦੇ। ਪਰ ਖਾਲਸੇ ਦੇ ਮਨ ਵਿਚ ਦਰਦ ਹੈ ਕਿ ਕਿਵੇਂ ਕਰਿਆ ਜਾਵੇ, ਕਿਵੇਂ ਉਨ੍ਹਾਂ ਦੀ ਮਦਦ ਕੀਤੀ ਜਾਵੇ। ਇਹ ਜੇ ਜਜ਼ਬਾ ਅੰਦਰ ਨਹੀਂ ਨਾ ਤਾਂ ਆਦਮੀ ਪਸ਼ੂ ਬਰਾਬਰ ਹੋਇਆ ਕਰਦਾ ਹੈ। ਉਹ ਖੁਦਗਰਜ਼ ਹੋਇਆ ਕਰਦਾ ਹੈ। ਆਪਣੇ ਵਾਸਤੇ ਜੀਉਂਦਾ ਹੈ, universal man ਨਹੀਂ ਹੁੰਦਾ। ਗੁਰੂ ਦਸ਼ਮੇਸ਼ ਪਿਤਾ ਨੇ ਖਾਲਸੇ ਨੂੰ universal man ਬਣਾਇਆ ਹੈ। ਇਹਦਾ ਜੋ ਸਿਧਾਂਤ ਹੈ ਸਾਰੇ Universe ਵਾਸਤੇ ਹੈ, ਅੱਜ ਦੀ ਦੁਨੀਆਂ ਨੂੰ ਜੇ ਸ਼ਾਂਤੀ ਦੇ ਸਕਦਾ ਹੈ ਤਾਂ ਇਹ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦਾ ਸਿਧਾਂਤ ਸ਼ਾਂਤੀ ਦੇ ਸਕਦਾ ਹੈ। ਵੈਰ ਨਹੀਂ ਕਰਨਾ –

*ਬਿਸਰਿ ਗਈ ਸਭ ਤਾਤਿ ਪਰਾਈ ॥*
*ਜਬ ਤੇ ਸਾਧਸੰਗਤਿ ਮੋਹਿ ਪਾਈ ॥੧॥ ਰਹਾਉ*
*॥ ਨਾ ਕੋ ਬੈਰੀ ਨਹੀ ਬਿਗਾਨਾ*
*ਸਗਲ ਸੰਗਿ ਹਮ ਕਉ ਬਨਿ ਆਈ ॥*
*ਅੰਗ - ੧੨੯੯*

ਜਦੋਂ ਗੁਰੂ ਸਾਹਿਬ ਅਨੰਦਪੁਰ ਸਾਹਿਬ ਤੋਂ ਮਾਛੀਵਾੜੇ ਜਾਂਦੇ ਨੇ। ਉਥੇ ਗਵਾਹੀਆਂ ਲੈਂਦੇ ਨੇ ਕਿ ਇਹ ਗੁਰੂ ਗੋਬਿੰਦ ਸਿੰਘ ਹੈ, ਕੌਣ ਹੈ? ਗਵਾਹੀ ਦੇਣ ਵਾਲੇ ਕੌਣ ਆਉਂਦੇ ਨੇ, ਉਹ ਮੁਸਲਮਾਨ ਆਉਂਦੇ ਨੇ। ਮੰਜਾ ਚੁੱਕਣ ਵਾਲੇ ਕੌਣ ਆਉਂਦੇ ਨੇ, ਮੁਸਲਮਾਨ ਆਉਂਦੇ ਨੇ। ਜਿਥੇ ਜਾ ਕੇ ਮਹਾਰਾਜ ਤਿੰਨ ਚਾਰ ਮਹੀਨੇ ਰਹੇ, ਰਾਏ ਕੱਲੇ ਦੇ ਪਾਸ, ਉਹ ਕੌਣ ਸੀ? ਮੁਸਲਮਾਨ ਸੀ। ਪਰਵਾਹ ਨਹੀਂ ਕਰੀ ਕਿ ਉਪਰੋਂ ਹੁਕਮ ਆਉਣਗੇ, ਮੈਂ ਰਾਜਾ ਹਾਂ ਮੇਰਾ ਰਾਜ ਜ਼ਬਤ ਹੋ ਜਾਏਗਾ। ਨਾਹ! ਐਨੀ ਗੁਰੂ ਦਸ਼ਮੇਸ਼ ਪਿਤਾ ਦੀ ਸ਼ਖਸ਼ੀਅਤ ਹਿੰਦੂਆਂ ਤੇ ਮੁਸਲਮਾਨਾਂ ਕੀ ਦੇਸ਼ ਵਾਸੀਆਂ ਦੇ ਮਨਾਂ ਵਿਚ ਘਰ ਕਰ ਗਈ ਸੀ ਕਿ ਆਪਣੇ ਆਪ ਨੂੰ ਵੱਡੀ ਤੋਂ ਵੱਡੀ ਤਕਲੀਫ ਵਿਚ ਪਾ ਕੇ ਵੀ ਗੁਰੂ ਮਹਾਰਾਜ ਦੀ ਮਦਦ ਕਰਕੇ ਖੁਸ਼ੀਆਂ ਪ੍ਰਾਪਤ ਕਰਨ ਦਾ ਇਕੋ ਆਸ਼ਾ ਸੀ। ਸੋ ਐਸੀ ਸ਼ਖਸ਼ੀਅਤ ਸੰਸਾਰ ਦੇ ਅੰਦਰ ਬਹੁਤ ਘੱਟ ਆਉਂਦੀ ਹੈ।

ਸੋ ਅਸੀਂ ਭਾਗਾਂ ਵਾਲੇ ਕਹਿ ਸਕਦੇ ਹਾਂ ਆਪਣੇ ਆਪ ਨੂੰ ਕਿ ਅਸੀਂ ਓਸ ਖਾਨਦਾਨ ਨਾਲ ਸਬੰਧ ਰਖਦੇ ਹਾਂ, ਸਾਡਾ ਸਬੰਧ ਹੈ, ਸਬੰਧ ਵੀ ਕਿੰਨਾ ਹੈ ਕਿ ਸਾਡਾ ਨਾਦੀ ਪਿਤਾ ਹੈ ਗੁਰੂ ਦਸ਼ਮੇਸ਼ ਪਿਤਾ, ਮਾਤਾ ਸਾਹਿਬ ਕੌਰ ਸਾਡੀ ਮਾਤਾ ਹੈ। ਅਨੰਦਪੁਰ ਦੇ ਅਸੀਂ ਵਾਸੀ ਹਾਂ ਕਿੰਨਾ ਨੇੜੇ ਆ ਕੇ, ਫੇਰ ਦੂਰ ਹੋਏ ਫੇਰ ਇਕ ਦੂਜੇ ਦਾ ਵਿਸ਼ਵਾਸ਼ ਨਾ ਕਰੇ, ਇਕ ਦੂਜੇ ਦੀ ਨਿੰਦਿਆ ਕਰੇ ਤਾਂ ਉਹ ਮੂਰਖ ਨਹੀਂ ਤਾਂ ਹੋਰ ਕੀ ਹੈ। ਮਹਾਂਮੂਰਖ ਹੈ, ਉਹਨੇ ਗੁਰਸਿੱਖੀ ਨੂੰ ਜਾਣਿਆ ਹੀ ਨਹੀਂ ਕਿ ਗੁਰਸਿੱਖੀ ਕੀ ਹੁੰਦੀ ਹੈ? ਸੋ ਇਸ ਕਰਕੇ ਸਾਧਸੰਗਤ ਜੀ! ਆਪ ਨੇ ਸਾਰਿਆਂ ਨੇ ਗੁਰੂ ਦਸ਼ਮੇਸ਼ ਪਿਤਾ ਬਾਰੇ ਜਿੰਨਾ ਕੁ ਵੀ ਹੋ ਸਕਿਆ ਹੈ ਸਰਵਣ ਕਰਿਆ ਹੈ।

*ਵਾਹਿਗੁਰੂ ਜੀ ਕਾ ਖਾਲਸਾ।*
*ਵਾਹਿਗੁਰੂ ਜੀ ਕੀ ਫਤਹਿ।*

# ਭਾਈ ਦੀਪਾ, ਭਾਈ ਨਰਾਇਣ ਦਾਸ, ਭਾਈ ਬੁੱਲਾ

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ ੧ ॥*
*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥ ਅੰਗ - ੧੭੬*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਮਹਾਰਾਜ ਦੀ ਅਪਾਰ ਕ੍ਰਿਪਾ ਦੇ ਸਦਕੇ ਗੁਰੂ ਦਰਬਾਰ 'ਚ ਪਹੁੰਚੇ ਓਂ। ਇਕ ਬਹੁਤ ਵੱਡਾ ਸਹਿਜ ਤਪ ਗਰਮੀ ਦੇ ਮਹੀਨੇ ਦੇ ਅੰਦਰ ਆਪ ਸਾਰੇ ਇਸ ਪੰਡਾਲ ਦੇ ਅੰਦਰ ਬੈਠੇ ਕਰ ਰਹੇ ਓਂ, ਜਿਸ ਦਾ ਮਹਾਨ-ਮਹਾਨ ਫਲ ਪ੍ਰਾਪਤ ਹੋਇਆ ਕਰਦਾ। ਜੇ ਸਤਿਸੰਗ ਚਿੱਤ ਲਾ ਕੇ ਸਰਵਣ ਕਰੇ -

*ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥*
*ਸਾਵਧਾਨ ਏਕਾਗਰ ਚੀਤ ॥ ਅੰਗ - ੨੯੫*

ਸਾਵਧਾਨ ਹੋ ਕੇ ਚਿੱਤ ਨੂੰ ਏਕਾਗਰ ਕਰਕੇ ਜੇ ਹਰੀ ਦਾ ਜਸ ਸਰਵਣ ਕਰ ਲਵੇ ਤਾਂ ਫਲ ਹੁੰਦਾ ਹੈ -

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥*
*ਅੰਗ - ੫੪੬*

ਕਈ ਕਰੋੜ ਜੱਗਾਂ ਦਾ ਫਲ ਜਿਹੜੇ ਸੁਣਦੇ ਨੇ ਤੇ ਫੇਰ ਪਿਆਰ ਦੇ ਨਾਲ ਗਾਉਂਦੇ ਨੇ। ਸੋ ਐਸਾ ਇਕ ਮਹਾਨ ਤਪ ਸਹਿਜ ਤਪ ਸਤਿਸੰਗ ਦਾ ਜਿਸ ਦਾ ਕਿ ਫਲ ਬਹੁਤ ਮਹਾਨ ਹੈ। ਇਹ ਨਿਰਨਾ ਹੋ ਚੁੱਕਿਆ ਹੈ ਕਿ 58000 ਸਾਲ ਦਾ ਕਠਿਨ ਤਪ ਚਾਰ ਘੜੀ ਦੇ ਸਤਿਸੰਗ ਦਾ ਮੁਕਾਬਲਾ ਨਹੀਂ ਕਰ ਸਕਦਾ। ਕਲਜੁਗ ਦੇ ਅੰਦਰ ਇਹ ਦੁਰਲੱਭ ਚੀਜ਼ ਆਪਾਂ ਨੂੰ ਪ੍ਰਾਪਤ ਹੋਈ ਹੈ। ਸੋ ਬੇਨਤੀ ਸੀ ਕਿ ਪਾਤਸ਼ਾਹ! ਬੜੀ ਦੇਰ ਹੋ ਗਈ ਸਾਨੂੰ ਘੁੰਮਦਿਆਂ ਨੂੰ, ਹੁਣ ਤੇਰੀ ਸ਼ਰਨ ਲਈ, ਹੁਣ ਕ੍ਰਿਪਾ ਕਰ ਆਪਣੀ ਭਗਤੀ ਲਾ ਲੈ, ਆਪਣਾ ਨਾਮ ਜਪਾ ਤੇ ਹੁਣ ਨਾ ਅਸੀਂ ਕਿਤੇ ਖੁੰਝ ਜਾਈਏ, ਕਿਉਂਕਿ ਸਾਡਾ ਸਫਰ ਬਹੁਤ ਲੰਮਾ ਹੋ ਗਿਆ। ਜਿਹੜਾ ਸਿਆਣਾ ਬੰਦਾ ਹੁੰਦਾ ਹੈ, ਸੰਜੀਦਾ ਬੰਦਾ ਹੁੰਦਾ ਹੈ, ਜਿਹਦੇ 'ਚ ਮਨੁੱਖ ਬੁੱਧੀ ਹੈ। ਉਹ ਕੁਦਰਤੀ ਤੌਰ ਤੇ ਸੋਚੇਗਾ ਕਿ ਮੈਂ ਕਿੱਥੋਂ ਆ ਗਿਆ, ਕੀ ਜਿਸ ਦਿਨ ਤੋਂ ਮੇਰਾ ਜਨਮ ਹੋਇਆ ਹੈ ਉਸ ਦਿਨ ਤੋਂ ਪੈਦਾ ਹੋਇਆ ਹਾਂ ਜਾਂ ਉਸ ਤੋਂ ਪਹਿਲਾਂ ਵੀ ਸੀਗਾ, ਜੇ ਪਹਿਲਾਂ ਸੀ ਤਾਂ ਮੇਰਾ ਘਰ-ਬਾਰ ਕਿਹੜਾ ਸੀ ਕਿੱਥੇ ਮੈਂ ਰਹਿੰਦਾ ਸੀ, ਮੇਰੇ ਮਾਂ ਬਾਪ ਕਿਹੜੇ ਸੀ। ਮੇਰਾ ਪਰਿਵਾਰ ਕਿਹੜਾ ਸੀ? ਆਹ ਵਾਹਿਗੁਰੂ ਨੇ ਪੜਦਾ ਪਾ ਦਿਤਾ ਸਾਰੀਆਂ ਚੀਜ਼ਾਂ ਦਾ, ਕਿਸੇ-ਕਿਸੇ ਨੂੰ ਪਤਾ ਹੁੰਦਾ ਹੈ ਜਿਥੇ ਪਤਾ ਹੁੰਦਾ ਹੈ ਉਥੇ ਫੇਰ ਰੌਲਾ ਪੈ ਜਾਂਦਾ ਹੈ।

ਇਕ ਵਾਰੀ ਲਾਇਲਪੁਰ ਇਕ ਛੇ ਸਾਲ ਦਾ ਬੱਚਾ, ਆਪਣੇ ਅੱਬਾ ਜਾਨ ਦੀ ਉਂਗਲੀ ਫੜੀ ਜਾਂਦਾ ਹੈ, ਇਸਲਾਮ ਵਾਲਾ ਹੈ ਤੇ ਜਾਂਦੇ-ਜਾਂਦੇ ਇਕ ਬੰਦਾ ਉਹਦੀ ਨਿਗ੍ਹਾ 'ਚ ਆਇਆ ਉਹਨੇ ਉਹਦੀ ਉਂਗਲੀ ਛੱਡ ਕੇ ਇਕ ਦਮ ਜਾ ਕੇ ਉਸ ਦਾ ਹੱਥ ਫੜ ਲਿਆ। ਨਾਲ ਰੋਣ ਲੱਗ ਗਿਆ, ਲੱਤਾਂ ਨੂੰ ਚਿੰਬੜ ਗਿਆ ਤੇ ਬਾਰ-ਬਾਰ ਕਹਿੰਦਾ ਹੈ ਕਿ ਪਿਤਾ ਜੀ ਮੈਨੂੰ ਬਚਾ ਲਓ, ਮੈਨੂੰ ਬਚਾ ਲਓ। ਉਹ ਹੈਰਾਨ ਹੈ ਕਿ ਮੇਰਾ ਪੁੱਤਰ, ਉਹਦਾ ਪਿਤਾ ਵੀ ਹੈਰਾਨ ਹੈ ਕਿ ਕੀ ਕਾਰਨ ਵਰਤ ਗਿਆ। ਭੀੜ ਇਕੱਠੀ ਹੋ ਗਈ। ਉਹ ਉਹਦਾ ਪਿੱਛਾ ਨਹੀਂ ਛੱਡਦਾ। ਉਹ ਕਹਿੰਦਾ ਹੈ ਕਿ ਇਹ ਮੇਰਾ ਪੁੱਤਰ ਨਹੀਂ। ਉਹ ਕਹਿੰਦਾ ਹੈ ਕਿ ਮੈਂ ਤੇਰਾ ਲੜਕਾ ਹਾਂ। ਉਧਰ ਉਹ ਕਹਿੰਦਾ ਹੈ ਕਿ ਇਹ ਮੇਰਾ ਲੜਕਾ ਹੈ, ਬੱਚਾ ਕਹਿੰਦਾ ਹੈ ਕਿ ਇਹ ਮੇਰਾ ਪਿਤਾ ਨਹੀਂ। ਅਖੀਰ ਸਾਰੇ ਇਕੱਠੇ ਹੋ ਗਏ, ਸਿਆਣੇ ਬੰਦੇ ਸੀ ਕਹਿਣ ਲੱਗੇ ਕਾਕਾ! ਗੱਲ ਸਮਝ 'ਚ ਨਹੀਂ ਆ ਰਹੀ, ਤੂੰ ਠੀਕ ਤਰ੍ਹਾਂ ਨਾਲ ਸਮਝਾਅ। ਕਹਿਣ ਲੱਗਿਆ, ਮੇਰਾ ਘਰ ਫਲਾਣੇ ਥਾਉਂ ਹੈ, ਫਲਾਣਾ ਮਹੱਲਾ ਹੈ, ਮੈਂ ਇਹਨੂੰ ਵੀ ਦੱਸਦਾ ਹਾਂ ਜਿਹਨੂੰ ਮੈਂ ਅੱਬਾ ਕਹਿੰਦਾ ਹਾਂ ਤੇ ਪਤਾ ਨਹੀਂ ਮੈਨੂੰ ਉਥੇ ਕੀ ਹੋਇਆ ਤੇ ਮੈਂ ਇਥੇ ਆ ਗਿਆ, ਇਨ੍ਹਾਂ ਦੇ ਘਰ ਛੋਟਾ ਜਿਹਾ ਬਣ ਕੇ, ਮੈਂ ਪੜ੍ਹਦਾ ਸੀ ਏਸ ਜਮਾਤ ਵਿਚ, ਐਹੋ ਜਿਹੇ ਕੱਪੜੇ ਪਹਿਨਦਾ ਸੀ, ਆਹ ਮੇਰੇ ਦੋਸਤਾਂ ਦਾ ਨਾਉਂ ਸੀ। ਪੜਤਾਲ ਕਰੀ ਗੱਲ ਠੀਕ ਨਿਕਲੀ। ਹੁਣ ਬੱਚਾ ਕਹਿੰਦਾ ਹੈ ਕਿ ਮੈਂ ਆਪਣੇ ਪੁਰਾਣੇ ਘਰ ਜਾਣਾ ਹੈ। ਬਹੁਤ ਮੁਸ਼ਕਲ ਹੋ ਜਾਂਦਾ ਹੈ ਐਸ ਤਰ੍ਹਾਂ। ਬੜੀ ਦੇਰ ਤੱਕ ਇਹ ਗੱਲ ਦੀ ਚਰਚਾ ਰਹੀ, ਆਹ ਥੋੜ੍ਹਾ ਜਿਹਾ ਚਿਰ ਹੋਇਆ, ਪਿਛਲੇ ਸਾਲ ਇਹ ਮੈਨੂੰ ਦੱਸਦੇ ਸੀ, ਸਾਡੇ ਪਿੰਡਾਂ ਵਲ ਵੀ ਐਸਾ ਕੌਤਕ ਵਰਤਿਆ ਹੋਇਆ ਹੈ ਕਿ ਇਕ ਇੰਜਨੀਅਰ ਸੀ, ਉਹ ਆਪਣੇ ਨਾਨਕੇ ਈਸੜੂ ਆਇਆ, ਈਸੜੂ ਆ ਕੇ ਉਹਨੇ ਟਰੈਕਟਰ ਤੇ ਜਾਂਦੇ ਨੇ ਸ਼ਰਾਬ ਪੀਤੀ ਹੋਈ ਸੀ, ਟਰੈਕਟਰ ਦਾ ਐਕਸੀਡੈਂਟ ਕਰ ਦਿਤਾ ਜਿਹੜਾ ਚਲਾਉਂਦਾ ਸੀ। ਉਹ ਵੀ ਚੜ੍ਹਾਈ ਕਰ ਗਿਆ, ਉਹ ਵੀ ਕਰ ਗਿਆ। ਦੋਵੇਂ ਟਰੈਕਟਰ ਦੇ ਥੱਲੇ ਆ ਗਏ, ਉਸ ਤੋਂ ਬਾਅਦ ਉਹ ਬੱਚਾ ਥੋੜ੍ਹੇ ਮੀਲਾਂ ਦੇ ਉਤੇ ਜਾ ਕੇ ਉਹਨੇ ਜਨਮ ਲੈ ਲਿਆ,

ਲੇਕਿਨ ਉਹਦੇ ਪਿਛਲਾ ਜਨਮ ਯਾਦ ਰਹਿ ਗਿਆ। ਉਹ ਇਹੀ ਗੱਲ ਕਿਹਾ ਜਾਇਆ ਕਰੇ ਕਿ ਮੇਰਾ ਤਾਂ ਆਹ ਪਿੰਡ ਹੈ, ਮੇਰਾ ਆਹ ਪਿੰਡ ਹੈ। ਅਖੀਰ ਜਦੋਂ ਪੜ੍ਹਦਾ-ਪੜ੍ਹਦਾ ਕਾਫੀ ਵੱਡਾ ਹੋ ਗਿਆ, ਸੱਤਵੀਂ ਅੱਠਵੀਂ 'ਚ ਹੋ ਗਿਆ, ਉਸ ਵੇਲੇ ਉਥੇ ਟੂਰਨਾਮੈਂਟ ਖੇਲ੍ਹਣ ਵਾਸਤੇ ਜਾਂਦੇ ਨੇ ਨੇੜੇ ਤੇ ਉਨ੍ਹਾਂ ਨੂੰ ਕਹਿੰਦਾ ਹੈ ਕਿ ਮੇਰਾ ਪਿੰਡ ਤਾਂ ਨਾਲ ਹੀ ਹੈ, ਨੇੜੇ ਹੀ ਹੈ। ਮਾਸਟਰ ਨੇ ਕਿਹਾ ਕਿ ਤੇਰਾ ਪਿੰਡ ਤਾਂ ਉਹ ਸੀ? ਕਹਿੰਦਾ ਨਾ ਮੇਰਾ ਤਾਂ ਉਹ ਐਵੇਂ ਹੀ ਹੈ, ਮੇਰਾ ਅਸਲੀ ਪਿੰਡ ਇਹ ਹੈ। ਅਖੀਰ ਹੋਇਆ ਫੈਸਲਾ ਕਿ ਪਤਾ ਕਰੋ, ਪਤਾ ਕੀਤਾ ਤਾਂ ਉਹਨੇ ਦੱਸ ਦਿਤਾ ਕਿ ਮੇਰੇ ਪਿਤਾ ਦਾ ਨਾਉਂ ਆ ਹੈ, ਮਾਂ ਦਾ ਆਹ ਹੈ। ਸਾਡਾ ਘਰ ਏਧਰ ਹੈ, ਬੰਦਾ ਭੇਜਿਆ ਤੇ ਜਾ ਕੇ ਪੁੱਛਿਆ ਕਿ ਐਸ ਤਰ੍ਹਾਂ ਦੀ ਕੋਈ ਗੱਲ ਹੈ, ਉਹ ਕਹਿੰਦੇ ਨਾ ਸਾਡਾ ਕੋਈ ਬੱਚਾ ਨਹੀਂ। ਅਖੀਰ ਓਸ ਬੱਚੇ ਨੂੰ ਨਾਲ ਲੈ ਕੇ ਉਥੇ ਆਉਂਦੇ ਨੇ, ਕਹਿੰਦਾ ਆਹ ਮੇਰਾ ਘਰ ਹੈ, ਆਹ ਮਾਸੀ ਦਾ ਘਰ ਹੈ, ਆਹ ਮੇਰੇ ਚਾਚੇ ਦਾ ਮੇਰੇ ਤਾਏ ਦਾ। ਘਰ ਵਿਚ ਚਲਿਆ ਜਾਂਦਾ ਹੈ, ਦਰਵਾਜ਼ੇ ਮੂਹਰੇ ਖੜ੍ਹ ਕੇ ਸਾਰੀਆਂ ਗੱਲਾਂ ਦੱਸਦਾ ਹੈ ਕਿ ਮੈਂ ਉਥੇ ਪੜ੍ਹਦਾ ਸੀ, ਉਥੇ ਮੇਰੀਆਂ ਕਿਤਾਬਾਂ ਪਈਆਂ ਨੇ, ਮੈਂ ਉਥੇ ਇੰਜਨੀਅਰ ਲੱਗਿਆ ਹੋਇਆ ਸੀਗਾ, ਰੂੜਕੇਲੇ ਪਲਾਂਟ ਦੇ ਅੰਦਰ। ਅਖੀਰ ਪਤਾ ਲੱਗਿਆ ਕਿ ਹਾਂ ਸਾਡਾ ਲੜਕਾ ਉਥੇ ਇੰਜਨੀਅਰ ਸੀ ਤੇ ਉਹ ਐਕਸੀਡੈਂਟ ਨਾਲ ਚੜ੍ਹਾਈ ਕਰ ਗਿਆ ਸੀ। ਹੁਣ ਉਹ ਛੁੱਟੀਆਂ ਦੇ ਵਿਚ ਤਾਂ ਆਪਣੇ ਪੁਰਾਣੇ ਪਿੰਡ ਜਾਂਦਾ ਹੈ, ਪੁਰਾਣੇ ਮਾਂ ਬਾਪ ਕੋਲ ਤੇ ਬਾਕੀ ਇਨ੍ਹਾਂ ਕੋਲ ਰਹਿੰਦਾ ਹੈ। ਏਸੇ ਤਰ੍ਹਾਂ ਆਪਣੇ ਡੇਰੇ ਦੇ ਨੇੜੇ ਵੀ ਏਸੇ ਤਰ੍ਹਾਂ ਹੋਇਆ ਹੈ । ਉਹ ਬੱਚਾ ਦੱਸਦਾ ਹੈ ਕਿ ਚਮਕੌਰ ਸਾਹਿਬ ਉਹਦਾ ਪਹਿਲਾ ਪਿੰਡ ਹੈ, ਓਧਰ ਦੂਜਾ ਪਿੰਡ ਹੈ, ਮੈਂ ਇਥੋਂ ਸਿੰਘਾਂ ਨੂੰ ਪੁੱਛਿਆ ਕਿ ਤੂੰ ਪਤਾ ਕਰਕੇ ਆ ਪੂਰੀ ਤਰ੍ਹਾਂ, ਉਸ ਨੇ ਜਾ ਕੇ ਸਾਰੀ ਗੱਲ ਦਾ ਪਤਾ ਕਰਿਆ। ਸਕੂਲ ਵੀ ਗਿਆ, ਉਥੋਂ ਬੱਚੇ ਨੂੰ ਲਿਆ, ਛੇਵੀਂ ਜਮਾਤ ਵਿਚ ਪੜ੍ਹਦਾ ਸੀ, ਉਹਨੂੰ ਕਾਰ ਵਿਚ ਬਿਠਾ ਕੇ ਜਿਥੇ ਦਾ ਉਹ ਪਹਿਲਾਂ ਸੀ ਉਥੇ ਲੈ ਗਿਆ। ਉਹ ਕਹਿੰਦਾ ਕਿ ਜੀ ਕੀ ਇਹ ਤੁਹਾਡਾ ਕਾਕਾ ਹੈ? ਕਹਿੰਦੀ ਜੀ ਕਾਕਾ ਨਾ ਕਹੋ ਇਹ ਮੇਰਾ ਪਤੀ ਹੈ। ਇਹ ਹੁਣ ਵੀ ਮੈਨੂੰ ਆ ਕੇ ਦੱਸਦਾ ਰਹਿੰਦਾ ਹੈ ਕਿ ਇਥੇ ਘਰ ਪਾਉਣਾ ਹੈ, ਆਹ ਬੱਚਿਆਂ ਨੂੰ ਵੀ ਦੱਸਦਾ ਹੈ, ਹੈ ਛੋਟਾ ਲੇਕਿਨ ਗੱਲ ਬਹੁਤ ਆਉਂਦੀ ਹੈ।

ਸੋ ਇਹ ਵਾਹਿਗੁਰੂ ਜੀ ਨੇ ਕੁਛ ਪੜਦਾ ਪਾ ਦਿਤਾ, ਜੇ ਆਪਾਂ ਸਾਰਿਆਂ ਨੂੰ ਪਤਾ ਹੁੰਦਾ ਰੌਲਾ ਪੈ ਜਾਣਾ ਸੀ। ਕੋਈ ਓਧਰ ਨੂੰ ਨੱਠਿਆ ਜਾਂਦਾ ਹੈ ਕੋਈ ਓਧਰ ਨੂੰ ਨੱਠਿਆ ਜਾਂਦਾ ਹੈ। ਕਿਸੇ ਨੇ ਪਾਖੰਡ ਹੀ ਕਰਨਾ ਸੀ, ਝੂਠ ਬੋਲਣਾ ਸੀ, ਲੇਕਿਨ ਆਪ ਨੇ ਇਹ ਦੱਸ ਦਿਤਾ ਕਿ ਤੁਹਾਡਾ ਸਫਰ ਅਨਾਦੀ ਕਾਲ ਤੋਂ ਤੁਰਿਆ ਹੋਇਆ ਹੈ, ਜਦੋਂ ਕਾਲ ਵੀ ਅਜੇ ਬਣਿਆ ਨਹੀਂ ਸੀ ਉਸ ਵੇਲੇ ਵੀ ਤੁਸੀਂ ਸੀ, ਤੁਹਾਡੇ ਪੈਦਾ ਹੋਣ ਤੋਂ ਬਾਅਦ ਕਾਲ ਬਣਿਆ। ਫੇਰ ਅਸੀਂ ਰਹੇ ਕਿੱਥੇ? ਮਹਾਰਾਜ ਕਹਿੰਦੇ ਰਹੇ ਕਿੱਥੇ, ਐਸ ਤਰ੍ਹਾਂ ਤਾਂ ਨਹੀਂ ਦੱਸਿਆ ਜਾ ਸਕਦਾ ਕਿਉਂਕਿ ਛੋਟੀ ਜਿਹੀ ਗੱਲ ਹੋਵੇ ਤਾਂ ਦੱਸਦੇ। ਖਰਬਾਂ-ਖਰਬਾਂ ਜਨਮ ਤੁਸੀਂ ਚੱਕਰ ਕੱਟਿਆ ਹੈ ਪਰ ਇਹ ਦੱਸ ਦਿੰਦੇ ਹਾਂ ਕਿ -

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ ੧ ॥*
*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥ ਅੰਗ - ੧੭੬*

ਕਿੰਨੇ ਜਨਮ ਤੂੰ ਕੀੜੇ ਮਕੌੜੇ ਬਣਦਾ ਰਿਹਾ ਹੈਂ, ਕਿੰਨੇ ਜਨਮ ਮੱਛੀਆਂ, ਹਾਥੀ ਤੇ ਹਰਨ ਵਗੈਰਾ ਬਣਦਾ ਰਿਹਾ ਹੈਂ ਤੇ ਏਸੇ ਤਰ੍ਹਾਂ ਕਿੰਨੇ ਵਾਰੀ ਤੂੰ ਪੰਖੀ, ਘੋੜੇ, ਬਲਦ ਬਣਦਾ ਰਿਹਾ।

*ਕਈ ਜਨਮ ਸੈਲ ਗਿਰਿ ਕਰਿਆ ॥*
*ਕਈ ਜਨਮ ਗਰਭ ਹਿਰਿ ਖਰਿਆ ॥*
*ਕਈ ਜਨਮ ਸਾਖ ਕਰਿ ਉਪਾਇਆ ॥*
*ਲਖ ਚਉਰਾਸੀਹ ਜੋਨਿ ਭ੍ਰਮਾਇਆ ॥*
*ਅੰਗ - ੧੭੬*

ਮਹਾਰਾਜ ਕਹਿੰਦੇ ਇਥੇ ਹੀ ਨਹੀਂ, ਕਈ ਜਨਮ ਤੂੰ ਪੱਥਰ ਵੀ ਬਣਦਾ ਰਿਹਾ, ਪਹਾੜ ਵੀ ਬਣਦਾ ਰਿਹਾ ਹੈਂ। ਕਈ ਜਨਮ ਤੂੰ ਮਾਤਾ ਦੇ ਗਰਭ ਵਿਚ ਆਉਂਦਾ ਸੀ, ਲੇਕਿਨ ਖਿਰ ਜਾਂਦਾ ਸੀ, ਟਿਕਦਾ ਨਹੀਂ ਸੀ, ਜਨਮ ਲੈਣ ਤੋਂ ਪਹਿਲਾਂ ਹੀ ਮਰ ਜਾਂਦਾ ਸੀ, ਕਿੰਨੇ ਜਨਮ ਤੂੰ ਦਰਖਤ ਬਣਦਾ ਰਿਹਾ, ਖੜ੍ਹਾ ਦੇਖਦਾ ਰਿਹਾ ਸਭ ਕੁਛ। ਕੀ ਸੋਝੀ ਵੀ ਸੀ? ਕਹਿੰਦੇ ਪੱਥਰ ਨੂੰ ਤਾਂ ਹੁੰਦੀ ਹੈ .001%, ਜਿਹੜਾ ਹੈ ਦਰਖਤ ਇਹਨੂੰ 1% ਤੋਂ ਲੈ ਕੇ 25% ਤੱਕ ਹੋਸ਼ ਹੁੰਦੀ ਹੈ, ਦੁੱਖ ਮੰਨਦਾ ਹੈ ਥੋੜ੍ਹਾ ਜਿਹਾ। ਜੇ ਇਹਦੇ ਕੋਲ ਰਾਗ ਵੱਜਦਾ ਰਹੇ, ਮਿਊਜ਼ਿਕ ਦੀਆਂ ਲਹਿਰਾਂ ਨੂੰ ਇਹ ਸਮਝਦਾ ਹੈ ਤੇ ਫੇਰ ਇਹ ਫੈਲਦਾ, ਫੁਲਦਾ ਬਹੁਤ ਹੈ। ਇਹਦਾ ਮਾਲਕ ਮਿਹਰਬਾਨ ਹੋਵੇ, ਚੰਗੀ ਦ੍ਰਿਸ਼ਟੀ ਨਾਲ ਦੇਖਦਾ ਰਹੇ, ਇਹ ਵਧਣ ਲਗ ਜਾਂਦਾ ਹੈ। ਜੇ ਇਰਾਦਾ ਕਰੇ ਇਹਨੂੰ ਕੱਟ ਲੈਣਾ ਹੈ ਇਹ ਸੁੰਗੜਨ ਲਗ ਜਾਂਦਾ ਹੈ। ਅਮਰੀਕਾ ਦੇ ਅੰਦਰ waves ਦੇ ਨਾਲ ਤਜਰਬਾ ਕਰਿਆ, ਆਦਮੀ ਦੇ ਸੁਭਾਅ ਦੇ ਨਾਲ। ਕੁਹਾੜਾ ਲੈ ਕੇ ਜਾਂਦੇ ਨੇ ਕਿ ਦਰਖਤ ਕੱਟ ਦੇਣਾ ਹੈ, ਦਰਖਤ ਦਿਖਾਇਆ

ਵੀ, ਕਿ ਆਹ ਸੁੰਗੜਦਾ ਜਾਂਦਾ ਹੈ, ਜਦੋਂ ਪਾਣੀ ਦੇਣ ਵਾਸਤੇ ਜਾਂਦੇ ਨੇ, ਖਾਦ ਪਾਉਣ ਵਾਸਤੇ ਜਾਂਦੇ ਨੇ, ਪਹਿਲਾਂ ਹੀ ਦਰਖਤ ਫੈਲਦਾ ਹੈ, ਪੱਤੇ ਹਿਲਦੇ ਨੇ, ਯਾਨਿ ਉਹਨੂੰ ਮਹਿਸੂਸ ਹੁੰਦਾ ਹੈ, ਐਨੀ ਕੁ ਸਮਝ ਹੈਗੀ ਉਹਨੂੰ ਕਿ ਇਹ ਮੇਰਾ ਘਾਤ ਕਰਨ ਵਾਸਤੇ ਆ ਰਿਹਾ ਹੈ ਬੰਦਾ। ਸੋ ਇਸ ਤਰ੍ਹਾਂ ਦੇ ਨਾਲ 25 ਤੋਂ ਲੈ ਕੇ 50% ਤੱਕ ਸੋਝੀ ਹੋਇਆ ਕਰਦੀ ਹੈ, ਪਸ਼ੂਆਂ ਨੂੰ ਪੰਛੀਆਂ ਨੂੰ, 50% ਤੋਂ ਲੈ ਕੇ 75% ਤੱਕ ਹੋਇਆ ਕਰਦੀ ਹੈ ਮਨੁੱਖ ਨੂੰ। ਮਨੁੱਖ ਨੂੰ ਤਾਂ ਹੁੰਦੀ ਹੈ ਜਿਹੜਾ ਮਨੁੱਖ ਬਣ ਜਾਵੇ, ਜੇ ਮਨੁੱਖ ਬਣਿਆ ਹੀ ਨਹੀਂ ਉਹਨੂੰ ਪਸ਼ੂ ਸੋਝੀ ਹੁੰਦੀ ਹੈ, ਉਹ ਸੋਝੀ ਤੋਂ ਹੇਠਾਂ ਹੋਇਆ ਕਰਦਾ ਹੈ, ਪਸ਼ੂਆਂ ਵਾਲੀ ਸੋਝੀ ਹੁੰਦੀ ਹੈ ਏਸੇ ਕਰਕੇ ਮਨੁੱਖ ਨੂੰ ਕਿਹਾ ਜਾਂਦਾ ਹੈ ਕਿ ਤੂੰ ਬੰਦਾ ਬਣ ਜਾ, ਪਸ਼ੂਆਂ ਨੂੰ ਕੋਈ ਨਹੀਂ ਕਹਿੰਦਾ, ਗਧੇ ਨੂੰ ਕੋਈ ਨਹੀਂ ਕਹਿੰਦਾ ਕਿ ਤੂੰ ਗਧਾ ਬਣ ਜਾ, ਬੈਲ ਨੂੰ ਕੋਈ ਨਹੀਂ ਕਹਿੰਦਾ ਕਿ ਬੈਲ ਬਣ ਜਾ, ਸਿਰਫ ਮਨੁੱਖ ਹੈ ਜਿਹਨੂੰ ਐਸੀ ਗੱਲ ਕਹੀ ਜਾਂਦੀ ਹੈ, ਇਹਦਾ ਮਤਲਬ ਹੈ ਕਿ ਉਹ ਮਨੁੱਖ ਨਹੀਂ ਹੈ, ਮਨੁੱਖ ਤੋਂ ਛੋਟੇ ਪੱਧਰ ਤੇ ਹੈ। ਗੁਰੂ ਮਹਾਰਾਜ ਵੀ ਐਵੇਂ ਕਹਿੰਦੇ ਨੇ ਕਿ ਸਾਰੇ ਮਨੁੱਖ ਨਹੀਂ ਹੋਇਆ ਕਰਦੇ, ਸਰੀਰ ਮਨੁੱਖ ਦਾ ਹੈ, ਲੇਕਿਨ ਇਹਦੇ ਵਿਚ ਬੁੱਧੀ ਜਿਹੜਾ intellectual level ਹੈ ਉਹ ਪਸ਼ੂ ਦੀ ਹੈ। ਉਹਦਾ ਪਤਾ ਕਿਵੇਂ ਲੱਗੇ ਕਿ ਇਹ ਪਸ਼ੂ ਪੱਧਰ ਦਾ ਹੈ ਜਾਂ ਇਹ ਮਨੁੱਖ ਪੱਧਰ ਦਾ ਹੈ। ਉਹਦੇ ਬਾਰੇ ਮਹਾਰਾਜ ਫੁਰਮਾਨ ਕਰਦੇ ਨੇ –

***ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ॥***
***ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ ॥***
***ਅੰਗ – ੨੫੧***

ਕਹਿੰਦੇ ਜੇ ਉਹਨੇ ਬੁੱਝੀ ਨਹੀਂ ਨਾ ਗੱਲ, ਤਾਂ ਉਹ ਪਸ਼ੂ ਵੀ lower level ਦਾ ਪਸ਼ੂ ਹੈ, ਉਹ ਪਸ਼ੂ ਸਾਰੀ ਮਨੁੱਖਤਾ ਨੂੰ ਖਤਮ ਕਰ ਸਕਦਾ ਹੈ। ਐਸੀਆਂ ਚੀਜ਼ਾਂ ਬਣਾ ਸਕਦਾ ਹੈ ਜਿਹਦੇ ਨਾਲ ਮਨੁੱਖ ਜਾਤੀ, ਦੂਸਰੀਆਂ ਜਾਤੀਆਂ ਸਭ ਖਤਮ ਹੋ ਜਾਣ ਕਿਉਂਕਿ ਪਸ਼ੂ level ਦਾ ਬੰਦਾ ਹੈ ਮਨੁੱਖ level ਅਜੇ ਉਹਦੇ ਵਿਚ ਪੈਦਾ ਨਹੀਂ ਹੋਇਆ।

***ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ ॥***
***ਅੰਗ – ੨੫੧***

ਕਿਹੜੀ ਗੱਲ ਬੁੱਝਣੀ ਹੈ? ਮਹਾਰਾਜ ਕਹਿੰਦੇ –

***ਯਾ ਜੁਗ ਮਹਿ ਏਕਹਿ ਕਉ ਆਇਆ ॥***
***ਜਨਮਤ ਮੋਹਿਓ ਮੋਹਨੀ ਮਾਇਆ ॥***
***ਅੰਗ – ੨੫੧***

ਆਇਆ ਤਾਂ ਸੀ ਤੂੰ ਇਕ ਪ੍ਰਮੇਸ਼ਰ ਨੂੰ ਬੁੱਝਣ ਵਾਸਤੇ, ਗੱਲ ਬੁੱਝਣੀ ਸੀ –

***ਭਈ ਪਰਾਪਤਿ ਮਾਨੁਖ ਦੇਹੁਰੀਆ ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥***
***ਅੰਗ – ੧੨***

ਲੇਕਿਨ ਗੋਬਿੰਦ ਤਾਂ ਕਿੱਥੇ ਰਹਿ ਗਿਆ, ਗੋਬਿੰਦ ਦਾ ਹੀ ਨਹੀਂ ਪਤਾ ਕਿ ਕੋਈ ਹੈਗਾ ਵੀ ਰੱਬ, ਉਹਨੂੰ ਮਿਲਣਾ ਜ਼ਰੂਰੀ ਹੈ ਕਿ ਨਹੀਂ ਜ਼ਰੂਰੀ। ਹੈਰਾਨ ਰਹਿ ਜਾਂਦਾ ਹਾਂ ਮੈਨੂੰ ਸਾਰਾ ਦਿਨ ਮਿਲਦੇ ਨੇ ਬੰਦੇ। ਐਸੇ-ਐਸੇ ਮਿਲਦੇ ਨੇ ਜਿਨ੍ਹਾਂ ਨੂੰ ਮੈਂ ਪੁੱਛਦਾ ਹਾਂ ਕਿ ਤੂੰ ਕਦੇ ਪਾਠ ਕਰਿਆ ਹੈ, ਕਹਿੰਦੇ ਨਾ ਜੀ! ਸਾਨੂੰ ਤਾਂ ਆਉਂਦਾ ਹੀ ਨਹੀਂ, ਅਸੀਂ ਤਾਂ ਅਨਪੜ੍ਹ ਹਾਂ, ਮੈਂ ਕਿਹਾ ਮਹਾਰਾਜ ਤਾਂ ਕਹਿੰਦੇ ਪੜ੍ਹੇ ਤੇ ਨਾ ਪੜ੍ਹੇ ਦੀ ਕੋਈ ਗੱਲ ਹੀ ਨਹੀਂ –

***ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥***
***ਅੰਗ – ੧੪੦***

ਜਿਨ੍ਹਾਂ ਨੂੰ ਤੂੰ ਪੜਿਆ ਹੋਇਆ ਕਹਿੰਦਾ ਹੈਂ ਉਹ ਤਾਂ ਮੂਰਖ ਹੁੰਦੇ ਨੇ, ਜਿਨ੍ਹਾਂ 'ਚ ਲੋਭ ਹੋਵੇ ਅਹੰਕਾਰ ਹੋਵੇ, ਅਭਿਮਾਨ ਹੋਵੇ, ਲਭ ਹੋਵੇ, ਕ੍ਰੋਧ ਹੋਵੇ, ਮੋਹ ਹੋਵੇ। ਇਹ ਨਹੀਂ ਉਹ ਤਾਂ ਗੱਲ ਹੀ ਕੁਛ ਨਹੀਂ, ਰੱਬ ਨੂੰ ਜਾਣਦਾ ਹੈਂ? ਕਹਿੰਦਾ ਨਾ, ਮੈਨੂੰ ਰੱਬ ਦਾ ਤਾਂ ਪਤਾ ਨਹੀਂ ਕੌਣ ਹੈ ਕਿੱਥੇ ਰਹਿੰਦਾ ਹੈ। ਤੂੰ ਆਇਆ ਤਾਂ ਏਸੇ ਵਾਸਤੇ ਸੀ?

***ਯਾ ਜੁਗ ਮਹਿ ਏਕਹਿ ਕਉ ਆਇਆ ॥***
***ਜਨਮਤ ਮੋਹਿਓ ਮੋਹਨੀ ਮਾਇਆ ॥***
***ਗਰਭ ਕੁੰਟ ਮਹਿ ਉਰਧ ਤਪ ਕਰਤੇ ॥***
***ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ ॥***
***ਅੰਗ – ੨੫੧***

ਜਦੋਂ ਪੁੱਠਾ ਲਟਕਦਾ ਸੀ ਮਾਂ ਦੇ ਪੇਟ 'ਚ ਉਸ ਵੇਲੇ ਤੂੰ ਹਰ ਵਕਤ 24 ਘੰਟੇ ਨਾਮ ਦੇ ਆਧਾਰ ਤੇ ਜੀਉਂਦਾ ਰਹਿੰਦਾ ਸੀ, ਜੇ ਨਾਮ ਦੀ ਸ਼ਕਤੀ ਤੇਰੇ ਨਾਲ ਹੁੰਦੀ, ਹੁਣ ਲਟਕਾ ਕੇ ਦੇਖ ਲਓ ਦਸ ਦਿਨ ਇਹਨੂੰ ਪੁੱਠਾ, ਜੇ ਨਾ ਮਰ ਜਾਏ, ਬੱਚੇ ਨੂੰ ਹੀ ਲਟਕਾ ਕੇ ਦੇਖ ਲਓ, ਇਕ ਦਿਨ ਦਾ ਬੱਚਾ, ਦੋ ਦਿਨ ਦਾ ਬੱਚਾ, ਉਹਨੂੰ ਪੁੱਠਾ ਲਟਕਾ ਕੇ ਦੇਖ ਲਓ, ਫੇਰ ਦੇਖ ਲਓ ਇਕ ਦਿਨ ਕੱਟ ਲਏਗਾ ਕਿ ਨਹੀਂ, ਕਿਉਂਕਿ ਨਾਮ ਦੀ ਸ਼ਕਤੀ ਉਥੇ ਕੰਮ ਨਹੀਂ ਕਰ ਰਹੀ। ਉਹਦੇ ਅੰਦਰ ਨਾਮ ਸੀ, ਇਕ ਦਿਨ ਦੇ ਬੱਚੇ ਅੰਦਰ ਨਾਮ ਨਹੀਂ ਹੁੰਦਾ ਕਹਿੰਦੇ ਉਹ ਭੁੱਲ ਜਾਂਦਾ ਹੈ। ਕਿਉਂ ਭੁੱਲਦਾ ਹੈ? ਕਹਿੰਦੇ–

***ਪਹਿਲੈ ਪਿਆਰਿ ਲਗਾ ਥਣ ਦੁਧਿ ॥***
***ਦੂਜੈ ਮਾਇ ਬਾਪ ਕੀ ਸੁਧਿ ॥ ਅੰਗ – ੧੩੭***

ਉਹਨੂੰ ਦੁੱਧ ਦਾ ਪਿਆਰ ਲਗ ਜਾਂਦਾ ਹੈ ਦੁੱਧ ਦਾ ਪਿਆਰ ਜਿਹੜਾ ਹੈ ਉਹ ਨਾਮ ਨਾਲੋਂ ਤੋੜ ਦਿੰਦਾ ਹੈ, ਜਦੋਂ ਗਰਭ ਕੁੰਟ ਵਿਚ ਹੁੰਦਾ ਹੈ ਉਸ ਵੇਲੇ ਪੁੱਠਾ ਲਟਕਦਾ ਹੈ, ਮਹਾਰਾਜ ਕਹਿੰਦੇ ਉਰਧ, ਉਰਧ ਕਹਿੰਦੇ ਨੇ ਪੁੱਠਾ ਲਟਕਦੇ ਨੂੰ, ਪੁੱਠਾ ਲਟਕ ਕੇ ਤਪ ਕਰਦਾ ਸੀ –

*ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ ॥*

*ਅੰਗ – ੨੫੧*

ਹਰ ਸ੍ਵਾਸ ਪ੍ਰਮੇਸ਼ਰ ਦੇ ਨਾਮ ਵਿਚ ਰਹਿੰਦਾ ਸੀ, ਇਹ ਤਾਂ ਫੇਰ ਗੱਲ ਸਮਝਣ ਵਾਲੀ ਹੈ, ਬਹੁਤ ਵਿਚਾਰ ਵਾਲੀ ਹੈ, ਤਰਕ ਵਾਲੀ ਵੀ ਹੈ, ਅਸੀਂ ਤਾਂ ਕਹਿੰਦੇ ਹਾਂ ਕਿ ਨਾਮ ਪੰਜ ਪਿਆਰੇ ਦਿੰਦੇ ਨੇ, ਉਥੇ ਨਾਮ ਕਿਹਨੇ ਦੇ ਦਿਤਾ ਇਹਨੂੰ। ਜੇ ਨਾਮ ਦੇ ਦਿਤਾ ਫੇਰ ਉਹ ਗੁਰੂ ਵਾਲਾ ਸੀਗਾ। ਬੜੀ ਡੂੰਘੀ ਵਿਚਾਰ ਹੈ ਇਹ ਕਿ ਇਥੇ ਨਾਮ ਕਿਵੇਂ ਹੋ ਗਿਆ? ਉਹ ਪ੍ਰਮੇਸ਼ਰ ਨੇ ਨਾਮ ਸਾਰਿਆਂ ਦੇ ਅੰਦਰ ਰੱਖਿਆ ਹੋਇਆ ਹੈ, ਕੋਈ ਐਸਾ ਨਹੀਂ ਜਿਹਦੇ ਅੰਦਰ ਨਾਮ ਨਾ ਹੋਵੇ –

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥ ਅੰਗ – ੨੯੩*

ਆਹ ਦੇਹੀ 'ਚ ਹੀ ਹੈ ਨਾਮ –

*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥*

*ਅੰਗ – ੨੯੩*

ਐਨਾ ਅਨੰਦ ਹੈ ਕਿ ਜਿਹੜਾ ਕਿਹਾ ਨਹੀਂ ਜਾ ਸਕਦਾ। ਉਹ ਨਾਮ ਜਿਹੜਾ ਸੀ ਉਸ ਵੇਲੇ ਪ੍ਰਗਟ ਸੁਣਾਈ ਦਿੰਦਾ ਸੀ, ਸ਼ਬਦ ਜਿਹੜਾ ਹੈ ਕਿਉਂਕਿ ਸ਼ਬਦ ਤੋਂ ਸਾਰਾ ਸੰਸਾਰ ਬਣਿਆ ਹੈ, 'ਏਕ ਕਵਾਵੈ ਤੇ ਸਭ ਹੋਆ' ਸੋ ਓਸ ਨਾਮ ਦੇ ਨਾਲ ਸੁਰਤ ਲੱਗੀ ਹੋਈ ਸੀ ਇਹਦੀ ਕਿਉਂਕਿ ਹੋਰ ਫੁਰਨਾ ਹੀ ਕੋਈ ਨਹੀਂ ਸੀ। ਏਥੇ ਤਾਂ ਪਹਿਲੇ ਦਿਨ ਹੀ ਮਹਾਰਾਜ ਕਹਿੰਦੇ –

*ਲਿਵ ਛੁੜਕੀ ਲਗੀ ਤ੍ਰਿਸਨਾ*
*ਮਾਇਆ ਅਮਰੁ ਵਰਤਾਇਆ ॥ ਅੰਗ – ੯੨੧*

ਇਹਦੀ ਲਿਵ ਜਿਹੜੀ ਲੱਗੀ ਹੋਈ ਸੀ ਉਹ ਟੁੱਟ ਗਈ। ਬਣਿਆ ਤਾਂ ਮਨੁੱਖ ਹੈ ਲੇਕਿਨ ਨਾਮ ਨੂੰ ਭੁੱਲ ਗਿਆ, ਐਨਾ ਭੁੱਲਦਾ ਗਿਆ ਕਿ ਬਿਲਕੁਲ ਹੀ ਇਹਨੂੰ ਧਿਆਨ ਹੀ ਨਾ ਰਿਹਾ ਕਿ ਨਾਮ ਕੋਈ ਚੀਜ਼ ਹੈ ਕਿ ਨਹੀਂ ਹੈ। ਮਹਾਂਪੁਰਸ਼ ਇਹਨੂੰ ਬਾਰ-ਬਾਰ ਦੱਸਦੇ ਨੇ ਕਿ ਤੂੰ ਨਾਮ ਜਪਣ ਵਾਸਤੇ ਆਇਆ ਹੈਂ, ਉਹ ਕੰਮ ਤੂੰ ਕਰ ਨਹੀਂ ਰਿਹਾ ਤੇ ਹੋਰ ਹੀ ਪਾਸੇ ਪਿਆ ਹੋਇਆ ਹੈਂ।

*ਬੈਰ ਬਿਰੋਧ ਕਾਮ ਕ੍ਰੋਧ ਮੋਹ ॥*
*ਝੂਠ ਬਿਕਾਰ ਮਹਾ ਲੋਭ ਧ੍ਰੋਹ ॥*
*ਇਆਹੂ ਜੁਗਤਿ ਬਿਹਾਨੇ ਕਈ ਜਨਮ ॥*
*ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥*

*ਅੰਗ – ੨੬੮*

ਸੋ ਨਾਮ ਦੇ ਆਧਾਰ ਤੇ ਜਿਹੜਾ ਜੀਉਂਦਾ ਹੈ, ਜੇ ਉਹਨੂੰ ਪੈਦਾ ਹੋਣ ਤੋਂ ਬਾਅਦ ਵੀ ਨਾਮ ਦਾ ਪਤਾ ਰਹੇ ਕਿ ਮੈਂ ਆਇਆ ਹੀ ਏਸ ਵਾਸਤੇ ਹਾਂ –

*ਯਾ ਜੁਗ ਮਹਿ ਏਕਹਿ ਕਉ ਆਇਆ ॥*
*ਜਨਮਤ ਮੋਹਿਓ ਮੋਹਨੀ ਮਾਇਆ ॥*
*ਗਰਭ ਕੁੰਟ ਮਹਿ ਉਰਧ ਤਪ ਕਰਤੇ ॥*
*ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ ॥*

*ਅੰਗ – ੨੫੧*

ਜੰਮਦਾ ਹੀ ਮਾਇਆ ਨੇ ਮੋਹ ਲਿਆ –

*ਉਰਝਿ ਪਰੇ ਜੋ ਛੋਡਿ ਛਡਾਨਾ ॥ ਅੰਗ – ੨੫੧*

ਜਿਹੜੀਆਂ ਚੀਜ਼ਾਂ ਛੱਡਣੀਆਂ ਸੀ, ਨਾਲ ਜਿਨ੍ਹਾਂ ਦਾ ਕੋਈ ਸਬੰਧ ਹੀ ਨਹੀਂ ਸੀ ਉਨ੍ਹਾਂ ਦੇ ਵਿਚ ਫਸ ਗਿਆ –

*ਦੇਵਨਹਾਰੁ ਮਨਹਿ ਬਿਸਰਾਨਾ ॥ ਅੰਗ – ੨੫੧*

ਸੋ ਜਿਹੜਾ ਏਸ ਗੱਲ ਨੂੰ ਨਹੀਂ ਨਾ ਸਮਝਦਾ, ਮਹਾਰਾਜ ਕਹਿੰਦੇ ਉਹ ਪਸ਼ੂ ਹੈ –

*ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ॥*
*ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ ॥*

*ਅੰਗ – ੨੫੧*

ਕਹੇਗਾ ਤਾਂ ਸਹੀ ਕਿ ਮੇਰੀ ਇਜ਼ਤ ਹੈ, ਮੇਰੀ ਬੇਇਜ਼ਤੀ ਨਾ ਹੋ ਜਾਏ, ਆਹ ਨਾ ਹੋ ਜਾਏ ਮੇਰਾ ਨੱਕ ਨਹੀਂ ਰਹਿਣਾ ਆਹ ਗੱਲ ਕਰੇ ਤੇ। ਨੱਕ ਤਾਂ ਕਟਿਆ ਹੋਇਆ ਹੈ। ਮਹਾਰਾਜ ਕਹਿੰਦੇ ਜਿਹੜੇ ਬੰਦਗੀ ਨਹੀਂ ਕਰਦੇ ਸਭ ਨਕਟੇ ਨੇ। ਨੱਕ ਕਟੇ ਹੋਏ ਨੇ ਦਰਗਾਹ ਦੇ ਵਿਚ ਇਨ੍ਹਾਂ ਦੇ ਵਿਚ ਮੁੱਖ ਉਜਲਾ ਨਹੀਂ ਹੋਣਾ, ਮੁਖ ਮੈਲਾ ਹੋਣਾ ਹੈ। ਕਿਸੇ-ਕਿਸੇ ਬੰਦੇ ਦੇ ਮਨ ਵਿਚ ਇਹ ਵਿਚਾਰ seriously ਆਉਂਦੀ ਹੈ ਕਿ ਮੈਂ ਸੰਸਾਰ ਤੇ ਆਇਆ ਸੀ, ਬਣਿਆ ਕੀ, ਹੁਣ ਤੱਕ ਤਾਂ ਮੇਰਾ ਕੁਛ ਬਣਿਆ ਨਹੀਂ। ਜਿਹੜੇ ਕੰਮਾਂ 'ਚ ਮੈਂ ਪਿਆ ਹਾਂ ਉਹ ਪੂਰੇ ਨਹੀਂ ਹੋ ਸਕੇ। ਅੱਜ ਤੱਕ ਕਿਸੇ ਗ੍ਰਹਿਸਤੀ ਦਾ ਕੰਮ ਠੀਕ ਹੋਇਆ ਹੈ? ਇਕ ਠੀਕ ਕਰਦਾ ਹੈ, ਦੂਜਾ ਗਲਤ ਹੋ ਜਾਂਦਾ ਹੈ, ਦੂਜਾ ਠੀਕ ਕਰਦਾ ਹੈ ਤੀਸਰਾ ਗਲਤ ਹੋ ਜਾਂਦਾ ਹੈ। ਜੀਵ ਆਪਣੇ-ਆਪਣੇ ਕਰਮ ਲੈ ਕੇ ਆਉਂਦੇ ਨੇ, ਉਨ੍ਹਾਂ ਦੇ ਅਨੁਸਾਰ ਉਹ ਭੋਗਦੇ ਨੇ, ਉਹਦੇ ਮੁਤਾਬਿਕ ਅਕਲ ਹੁੰਦੀ ਹੈ ਓਸ ਅਕਲ ਦੇ

ਮੁਤਾਬਿਕ ਕ੍ਰਿਆ ਕਰਦੇ ਨੇ, ਕਰਮ ਕਰਦੇ ਨੇ, ਕਰਮਾਂ ਦਾ ਫਲ ਭੋਗਦੇ ਨੇ। ਕੌਣ ਹੈ ਜਿਹੜਾ ਸਾਰਿਆਂ ਨੂੰ ਇਕ ਰਸਤੇ ਤੇ ਲੰਘਾ ਦੇਵੇ, ਕੋਈ ਨਹੀਂ ਦੁਨੀਆਂ ਦੇ ਅੰਦਰ ਐਸਾ ਆਇਆ। ਸੋ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਆਪਣੇ ਸਿਰ ਤੇ ਲੈ ਕੇ ਦੁਖੀ ਹੁੰਦਾ ਫਿਰਦਾ ਹੈ ਆਦਮੀ, ਕਲਪਨਾ 'ਚ ਪੈਂਦਾ ਹੈ। ਅਖੀਰ ਹੁੰਦਾ ਕੀ ਹੈ ਸਮਾਂ ਲੰਘ ਜਾਂਦਾ ਹੈ, ਉਮਰ ਲੇਖੇ 'ਚ ਨਹੀਂ ਪੈਂਦੀ, ਇਥੋਂ ਫੇਰ ਹੱਥ ਝਾੜ ਕੇ ਪਛਤਾਉਂਦਾ ਹੋਇਆ ਜਾਂਦਾ ਹੈ। ਜਿਹਨੂੰ ਸਮਝ ਹੈ ਉਹ ਫਿਕਰ ਕਰਦਾ ਹੈ, ਉਹ ਫੇਰ ਇਹਦਾ ਇਲਾਜ ਸੋਚਦਾ ਹੈ ਕਿ ਕੋਈ ਇਲਾਜ ਕਰੀਏ, ਇਹ ਤਾਂ ਬੜੀ ਬਿਮਾਰੀ ਹੈ ਗਲੋਂ ਨਹੀਂ ਲਹਿਣੀ, ਕਰੋੜਾਂ ਅਰਬਾਂ ਖਰਬਾਂ ਸਾਲ ਦੀ ਗਲ ਪਈ ਹੋਈ ਹੈ, ਜੰਮ ਪਈਦਾ ਹੈ ਮਰ ਜਾਈਦਾ ਹੈ, ਜੰਮ ਪਈਦਾ ਹੈ ਮਰ ਜਾਈਦਾ ਹੈ। ਕਿਤੇ ਜਾ ਕੇ ਕੋਈ ਛੁਟਕਾਰਾ ਵੀ ਹੋਏਗਾ? ਸੋ ਐਸੇ ਜਿਹੜੇ ਪੁਰਸ਼ ਨੇ ਉਹ ਫੇਰ ਇਹਦਾ ਇਲਾਜ ਸੰਤ ਰੂਪ ਡਾਕਟਰਾਂ ਤੋਂ, ਗੁਰੂ ਰੂਪ ਡਾਕਟਰਾਂ ਕੋਲ ਜਾ ਕੇ, ਇਹਦੀ ਦਵਾਈ ਪੁੱਛਦੇ ਨੇ ਕਿ ਸਾਨੂੰ ਆਹ ਦੁੱਖ ਹੈ।

ਇਸੇ ਤਰ੍ਹਾਂ ਦੇ ਨਾਲ ਤਿੰਨ ਗੁਰਸਿੱਖ ਗੁਰੂ ਅੰਗਦ ਸਾਹਿਬ ਵੇਲੇ ਭਾਈ ਦੀਪਾ ਇਕ ਦਾ ਨਾਮ, ਦੂਸਰੇ ਦਾ ਨਾਮ ਭਾਈ ਨਰਾਇਣ ਦਾਸ, ਤੀਸਰੇ ਦਾ ਨਾਮ ਭਾਈ ਬੁੱਲਾ ਉਹ ਤਿੰਨੋ ਹੀ ਇਕੱਠੇ ਸਤਿਸੰਗ ਕਰਿਆ ਕਰਦੇ ਸੀ। ਜਦੋਂ ਵੀ ਕੋਈ ਸਾਧੂ ਮਹਾਤਮਾ ਆਉਣਾ, ਜਿਥੇ ਸੁਣਨਾ ਉਥੇ ਹੀ ਚਲੇ ਜਾਂਦੇ ਸੀ। ਚਲਦੇ-ਚਲਦੇ ਸ਼ੁੱਭ ਸੰਸਕਾਰ ਵਧ ਗਏ। ਜਦੋਂ ਸੰਸਕਾਰ ਤੇ ਪੁੰਨ ਵਧ ਜਾਣ ਉਸ ਵੇਲੇ ਗੁਰੂ ਦਾ ਮਿਲਾਪ ਹੋਇਆ ਕਰਦਾ ਹੈ।

***ਪੂਰਬ ਕਰਮ ਅੰਕੁਰ ਜਬ ਪ੍ਰਗਟੇ***
***ਭੇਟਿਓ ਪੁਰਖੁ ਰਸਿਕ ਬੈਰਾਗੀ ॥***
***ਮਿਟਿਓ ਅੰਧੇਰੁ ਮਿਲਤ ਹਰਿ ਨਾਨਕ***
***ਜਨਮ ਜਨਮ ਕੀ ਸੋਈ ਜਾਗੀ ॥ ਅੰਗ - ੨੦੪***

ਪੂਰੇ ਗੁਰੂ ਦਾ ਮਿਲਾਪ ਹੁੰਦਾ ਹੈ ਤੇ ਇਨ੍ਹਾਂ ਨੇ ਕਿਸੇ ਗੁਰਸਿੱਖ ਤੋਂ ਸੁਣਿਆ ਕਿ ਐਸ ਵੇਲੇ ਕਲਜੁਗ ਦੇ ਅੰਦਰ ਗੁਪਤ ਰੂਪ 'ਚ ਰਹਿ ਰਹੇ ਨੇ, ਬਹੁਤਾ ਪ੍ਰਗਟ ਨਹੀਂ ਹੋ ਰਹੇ ਤੇ ਉਹ ਗੁਰੂ ਅੰਗਦ ਸਾਹਿਬ ਗੁਰੂ ਨਾਨਕ ਪਾਤਸ਼ਾਹ ਤੋਂ ਬਾਅਦ ਜੋ ਸਿੱਖੀ ਨੂੰ ਸੰਭਾਲ ਰਹੇ ਨੇ ਉਹ ਪੂਰਨ ਨੇ ਸਮਰੱਥ ਨੇ, ਧੁਰ ਦਰਗਾਹ ਤੋਂ ਆਪ ਨਿਰੰਕਾਰ ਗੁਰੂ ਦਾ ਰੂਪ ਧਾਰ ਕੇ ਪ੍ਰਗਟ ਹੋਏ-ਹੋਏ ਨੇ ਸੰਸਾਰ ਦੇ ਉਧਾਰ ਵਾਸਤੇ। ਜਦੋਂ ਐਨੀ ਗੱਲ ਸੁਣੀ ਉਸ ਵੇਲੇ ਮਨ ਵਿਚ ਸ਼ਰਧਾ ਆ ਗਈ, ਸੋ ਗੁਰੂ ਦੇ ਪਾਸ ਜਾਣ ਵਾਸਤੇ ਸਭ ਤੋਂ ਪਹਿਲੀ ਚੀਜ਼ ਇਹ ਹੋਇਆ ਕਰਦੀ ਹੈ ਕਿ ਘਰੋਂ ਤੁਰਨ ਵੇਲੇ ਪੂਰੀ ਸ਼ਰਧਾ ਮਨ ਵਿਚ ਹੋਵੇ ਤਾਂ ਸਮਝ ਲਓ ਝੋਲੀ ਲੈ ਲਈ ਉਹਨੇ, ਉਸ ਝੋਲੀ ਵਿਚ ਫਲ ਕੀ ਪੈਂਦਾ ਹੈ, ਇਕ ਕਦਮ ਤੁਰਦਾ ਹੈ ਇਕ ਜਗ ਦਾ ਫਲ ਮਿਲ ਜਾਂਦਾ ਹੈ, ਇਕ ਕਦਮ ਤੁਰਦਾ ਹੈ ਇਕ ਜਗ ਦਾ ਫਲ ਮਿਲ ਜਾਂਦਾ ਹੈ। ਫੇਰ ਇਥੇ ਆ ਕੇ ਨਿਮਰਤਾ ਦੇ ਨਾਲ ਨਮਸਕਾਰ ਕਰਦਾ ਹੈ, ਉਸੇ ਭਾਵਨਾ ਦੇ ਵਿਚ। ਜਦੋਂ ਨਮਸ਼ਕਾਰ ਕਰਦਾ ਹੈ ਫੇਰ ਮਾੜੇ ਲੇਖ ਦਬ ਜਾਂਦੇ ਨੇ, ਜਿਹੜੇ ਚੰਗੇ ਲੇਖ ਦਬੇ ਹੋਏ ਨੇ, ਸ਼ੁਭ ਕਰਮਾਂ ਦੇ ਨਾਲ ਉਹ ਉਘੜ ਆਉਂਦੇ ਨੇ। ਫੇਰ ਜਿਥੇ ਬੈਠਦਾ ਹੈ ਨਿਰਅਭਿਮਾਨ ਹੋ ਕੇ ਨਿਮਰਤਾ ਦੇ ਨਾਲ ਆਪਣੇ ਹਿਰਦੇ ਨੂੰ ਨੀਵਾਂ ਕਰਦਾ ਹੈ। ਓਸ ਨੀਵੇਂ ਹਿਰਦੇ 'ਚ ਫੇਰ ਗੁਰੂ ਦਾ ਸ਼ਬਦ, ਉਪਦੇਸ਼ ਰੂਪੀ ਸ਼ਬਦ ਉਹਦੇ ਵਿਚ ਜਾ ਕੇ ਜਮ੍ਹਾਂ ਹੋਣ ਲਗ ਜਾਂਦਾ ਹੈ, ਜਿਹੜੇ ਉੱਚੇ ਮਨ ਨੇ ਉਥੇ ਨਹੀਂ ਟਿਕਿਆ ਕਰਦਾ।

***ਫਰੀਦਾ ਗਰਬੁ ਜਿਨ੍ਹਾ ਵਡਿਆਈਆ***
***ਧਨਿ ਜੋਬਨਿ ਆਗਾਹ ॥***
***ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ ॥***
***ਅੰਗ - ੧੩੮੩***

ਜਿਵੇਂ ਉਚਿਆਂ ਟਿੱਬਿਆਂ ਤੇ ਪਾਣੀ ਪੈਂਦਾ ਹੈ ਰੁੜ੍ਹ ਜਾਂਦਾ ਹੈ, ਉੱਚਿਆਂ ਹਿਰਦਿਆਂ ਵਿਚ ਗੁਰੂ ਦਾ ਉਪਦੇਸ਼ ਨਹੀਂ ਠਹਿਰਿਆ ਕਰਦਾ।

***ਕਬੀਰ ਬਾਂਸੁ ਬਡਾਈ ਬੂਡਿਆ***
***ਇਉ ਮਤ ਡੂਬਹੁ ਕੋਇ ॥***
***ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ ॥***
***ਅੰਗ - ੧੩੬੫***

ਚੰਦਨ ਦੇ ਨੇੜੇ ਰਹਿੰਦਾ ਹੋਇਆ ਸੁਗੰਧੀ ਤੋਂ ਖਾਲੀ ਬਾਂਸ ਰਹਿ ਜਾਂਦਾ ਹੈ। ਸੋ ਇਨ੍ਹਾਂ ਦੇ ਕਰਮ ਜਾਗੇ, ਸ਼ਰਧਾ ਦੇ ਨਾਲ ਚੱਲੇ। ਮਨ ਵਿਚ ਬੜੀ ਭਾਵਨਾ ਹੈ ਕਿ ਅਸੀਂ ਗੁਰੂ ਪ੍ਰਮੇਸ਼ਰ ਦੇ ਦਰਸ਼ਨ ਕਰਨੇ ਨੇ ਤੇ ਉਨ੍ਹਾਂ ਦਾ ਬਚਨ ਜਿਹੜਾ ਹੋਏਗਾ ਸਾਡੇ ਨਮਿੱਤ, ਉਹ ਸਾਡੇ ਤਾਰਨ ਨੂੰ ਸਮਰੱਥਾ ਰੱਖਦਾ ਹੋਏਗਾ। ਸੋ ਜਦੋਂ ਅੱਗੇ ਆਏ ਤਾਂ ਗੁਰੂ ਮਹਾਰਾਜ ਦਾ ਦੀਵਾਨ ਲੱਗਿਆ ਹੋਇਆ ਹੈ, ਬੇਅੰਤ ਸੰਗਤਾਂ ਦੂਰ-ਦਰਾਜ਼ ਤੋਂ ਆ ਕੇ ਇਕ ਟੱਕ ਗੁਰੂ ਮਹਾਰਾਜ ਦੇ ਨੂਰਾਨੀ ਚਿਹਰੇ ਵਲ ਦੇਖ ਰਹੀਆਂ ਨੇ, ਜਿਵੇਂ ਹਜ਼ਾਰਾਂ ਚਕੋਰਾਂ ਚੰਦਰਮਾਂ ਵਲ ਦੇਖਦੀਆਂ ਨੇ ਤੇ ਗੁਰੂ ਮਹਾਰਾਜ ਦੇ ਮੁੱਖ ਤੋਂ ਨਿਕਲਿਆ ਹੋਇਆ ਇਕ-ਇਕ ਬਚਨ, ਹਿਰਦੇ ਦੇ ਵਿਚ ਧਾਰਨ ਕਰਦੇ ਯਾਦ ਦੀ ਪੱਟੀ ਤੇ ਲਿਖਦੇ ਤੁਰੇ ਜਾਂਦੇ ਨੇ ਕਿ ਕਿਤੇ ਭੁੱਲ ਨਾ ਜਾਈਏ, ਕਿਉਂਕਿ ਹੁਣ ਅੱਜ ਕਲ੍ਹ ਤਾਂ ਟੇਪ ਰਿਕਾਰਡਰ ਨੇ, ਜੇ ਕੋਈ ਸ਼ੌਕ ਵਾਲਾ ਬੰਦਾ ਹੋਵੇ ਉਹ ਟੇਪ ਕਰ ਲੈਂਦਾ ਹੈ ਕਿ ਫੇਰ ਯਾਦ ਕਰਾਂਗੇ, ਫੇਰ ਯਾਦ ਕਰਾਂਗੇ। ਸਾਡੀ ਯਾਦਾਸ਼ਤ ਵੀ

ਬਹੁਤ ਕਮਜ਼ੋਰ ਹੋ ਗਈ। ਜਿਹੜਾ ਟਿਕ ਕੇ ਸੁਣਦਾ ਹੈ ਉਹਨੂੰ ਸਾਰਾ ਯਾਦ ਰਹਿ ਜਾਇਆ ਕਰਦਾ ਹੈ। ਜਿਹੜਾ ਟਿਕ ਕੇ ਨਹੀਂ ਸੁਣਦਾ ਉਹਨੂੰ ਕੁਛ ਨਹੀਂ ਯਾਦ ਰਹਿੰਦਾ। ਮੈਂ ਕਿੰਨੀ ਵਾਰੀ ਦੀਵਾਨ ਤੋਂ ਬਾਅਦ ਪੁੱਛਦਾ ਹਾਂ ਕਿ ਤੁਸੀਂ ਪੰਜ ਮਿੰਟ ਦੱਸੋ ਭਾਈ, ਸਿਆਣਿਆਂ ਨੂੰ ਪੁੱਛਦਾ ਹਾਂ ਜਿਹੜੇ ਬਹੁਤੇ ਮੁਖੀ ਨੇ, ਮੈਂ ਹੈਰਾਨ ਹੋ ਜਾਂਦਾ ਹਾਂ ਪਤਾ ਹੀ ਨਹੀਂ ਹੈ, ਉਥੇ ਹੀ ਖੜ੍ਹ ਜਾਂਦੇ ਨੇ, ਸੋਚਣ ਲਗ ਜਾਂਦੇ ਨੇ, ਇਹਦਾ ਮਤਲਬ ਹੈ ਸੁਣਿਆ ਨਹੀਂ ਹਿਰਦੇ ਦਾ ਜਿਹੜਾ ਤਲ ਹੈ ਨਾ ਉਹ ਵਿਚੋਂ ਪਾਟਿਆ ਹੋਇਆ ਹੈ। ਉਹ ਲੀਕ ਹੋਈ ਜਾਂਦਾ ਹੈ ਸਭ ਨਿਕਲ ਜਾਂਦਾ ਹੈ, ਕੋਈ ਚੀਜ਼ ਰਹਿੰਦੀ ਨਹੀਂ ਹੈ, ਨਾ ਰਹਿਣ ਕਰਕੇ ਉਹ ਦੱਸ ਨਹੀਂ ਸਕਦੇ ਜਿਹੜਾ ਹਿਰਦਾ ਸਾਬਤ ਹੁੰਦਾ ਹੈ, ਜਿਹਦਾ ਤਲ ਠੀਕ ਹੈ, ਉਹਦੇ 'ਚ ਤਾਂ ਇਕ-ਇਕ ਚੀਜ਼ ਸਿੰਜਰ ਕੇ ਉਹ ਯਾਦ ਦੀ ਪੱਟੀ ਤੇ ਆ ਜਾਂਦਾ ਹੈ, ਉਸ ਤੋਂ ਸੁਣ ਲਓ ਜਿੰਨਾ ਸੁਣਨਾ ਹੈ, ਉਵੇਂ ਜਿਵੇਂ ਸੁਣਾ ਦਏਗਾ, ਕਿਉਂਕਿ ਉਹ ਵਿਚਾਰ ਦੇ ਨਾਲ, ਸ਼ਰਧਾ ਦੇ ਨਾਲ ਸੁਣ ਰਿਹਾ ਹੈ, ਜਿਹੜਾ ਰੁਟੀਨ ਨਾਲ ਸੁਣ ਰਿਹਾ ਹੈ ਉਹਦੇ ਹਿਰਦੇ 'ਚ ਚੀਜ਼ ਨਹੀਂ ਠਹਿਰਿਆ ਕਰਦੀ। ਉਹ ਭੁੱਲ ਜਾਂਦਾ ਹੈ ਇਹੀ ਨਿਸ਼ਾਨੀ ਹੁੰਦੀ ਹੈ, ਸੋ ਮਹਾਰਾਜ ਦੇ ਦਰਬਾਰ 'ਚ ਬੈਠੇ, ਇਕ-ਇਕ ਸ਼ਬਦ ਨੂੰ ਹਿਰਦੇ 'ਚ ਸਾਂਭ ਕੇ, ਰੱਖ ਕੇ ਯਾਦ ਦੇ ਸਟੋਰ ਵਿਚ ਜਮ੍ਹਾਂ ਕਰਦੇ ਜਾਂਦੇ ਨੇ। ਇਨ੍ਹਾਂ ਨੇ ਵੀ ਬਚਨ ਸੁਣੇ, ਜਦੋਂ ਗੁਰੂ ਮਹਾਰਾਜ ਨੇ ਬਚਨ ਸਮਾਪਤ ਕੀਤੇ ਉਸ ਵੇਲੇ ਸੰਗਤ ਦੂਰ-ਦਰਾਜ਼ ਦੀ ਆਈ ਹੋਈ ਸੀ, ਹਰੇਕ ਗੁਰੂ ਮਹਾਰਾਜ ਕੋਲ ਜਾਂਦਾ ਹੈ, ਆਪਣੀ-ਆਪਣੀ ਅਵਸਥਾ ਕਹਿੰਦੇ ਨੇ। ਸੰਤਾਂ ਕੋਲ ਦੋ ਕਿਸਮ ਦੇ ਬੰਦੇ ਆਉਂਦੇ ਨੇ ਇਕ ਤਾਂ ਉਹ ਆਉਂਦੇ ਨੇ, ਜਿਹੜੇ ਪਹਿਲੇ ਦਿਨ ਹੀ ਆ ਕੇ ਕਹਿੰਦੇ ਨੇ ਕਿ ਸਾਡੇ 'ਤੇ ਬਖਸ਼ਿਸ਼ ਕਰ ਦਿਓ, ਅਸੀਂ ਬਿਮਾਰ ਹਾਂ ਸਾਡੀ ਬਿਮਾਰੀ ਠੀਕ ਹੋ ਜਾਏ, ਜਿਵੇਂ ਇਥੇ ਫਰੀ ਹਸਪਤਾਲ ਹੁੰਦਾ ਹੈ। ਉਹਦੇ ਵਾਸਤੇ ਅਸੀਂ ਹਾਸਪੀਟਲ ਬਣਾਇਆ ਹੋਇਆ ਹੈ, ਡਿਸਪੈਂਸਰੀ, ਦਵਾਈ ਲਓ ਭਾਈ ਠੀਕ ਹੋ ਜਾਓ। ਇਕ ਐਸੇ ਹੁੰਦੇ ਨੇ ਕਿ ਆਹ ਚੀਜ਼ ਸਾਨੂੰ ਮਿਲ ਜਾਏ, ਔਹ ਮਿਲ ਜਾਏ, ਉਂਝ ਨਾ ਸੰਗਤ 'ਚ ਆਉਂਦਾ ਹੈ ਨਾ ਸੇਵਾ ਕਰਨੀ ਹੈ, ਨਾ ਕੋਈ ਕੁਰਬਾਨੀ ਕਰਨੀ ਹੈ, ਇਕ ਦਮ ਆਉਂਦੇ ਹੀ ਜਿਵੇਂ ਕਿਤੇ ਦੁਕਾਨ ਖੁੱਲ੍ਹੀ ਹੁੰਦੀ ਹੈ ਉਥੋਂ ਇਹ ਸੌਦਾ ਲੈਣ ਦੀ ਕੋਸ਼ਿਸ਼ ਕਰਦਾ ਹੈ। ਲੇਕਿਨ ਕੋਈ-ਕੋਈ ਜਗਿਆਸੂ ਹੁੰਦਾ ਹੈ ਜਿਹੜਾ ਸਹੀ ਤਰੀਕੇ ਨਾਲ ਆ ਕੇ ਰੂਹਾਨੀਅਤ ਦੀ ਗੱਲ ਸਮਝਣੀ ਚਾਹੁੰਦਾ ਹੈ। ਉਹਦੀ ਨਿਜੀ ਮੰਗ ਕੋਈ ਨਹੀਂ ਹੁੰਦੀ, ਉਹ ਕਹਿੰਦਾ ਹੈ ਸਾਰੀਆਂ ਮੰਗਾਂ ਇਹਦੇ ਵਿਚ ਆ ਜਾਣਗੀਆਂ। ਜੇ ਇਕ ਚੀਜ਼ ਮਿਲ ਜਾਏ ਸਭ ਕੁਝ ਆ ਜਾਏ, ਸੋ ਇਸ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਤੋਂ ਸਾਰੇ ਆਪਣੀ ਅਵਸਥਾ ਦੇ ਮੁਤਾਬਿਕ ਬਚਨ ਕਰਕੇ ਮੰਗਦੇ ਨੇ ਤੇ ਉਸ ਵੇਲੇ ਜਦੋਂ ਥੋੜ੍ਹੀ ਜਿਹੀ ਭੀੜ ਘਟੀ ਤਾਂ ਉਹ ਤਿੰਨੇ ਸਿੱਖ ਭਾਈ ਦੀਪਾ, ਭਾਈ ਨਰਾਇਣ ਦਾਸ ਜੀ ਤੇ ਭਾਈ ਬੁੱਲਾ ਗੁਰੂ ਮਹਾਰਾਜ ਦੇ ਹਜ਼ੂਰ ਗਲ ਵਿਚ ਪੱਲੇ ਪਾਏ ਹੋਏ ਨੇ, ਹੱਥ ਬੰਨ੍ਹੇ ਹੋਏ ਨੇ, ਤਿੰਨੋਂ ਸਨਮੁੱਖ ਹੋ ਕੇ ਖੜ੍ਹੇ ਹੋ ਗਏ, ਆਪਣਾ ਪਰੀਚਾ ਦਿਤਾ ਕਿ ਸੱਚੇ ਪਾਤਸ਼ਾਹ! ਅਸੀਂ ਐਸ ਪਿੰਡ ਤੋਂ ਆਏ ਹਾਂ, ਸਤਿਸੰਗ ਵੀ ਅਸੀਂ ਕਰਦੇ ਹਾਂ ਸਾਧੂ ਮਹਾਤਮਾ ਦਾ ਤੇ ਆਪ ਦੇ ਬਾਰੇ ਅਸੀਂ ਸੁਣ ਕੇ ਆਪ ਦੀ ਚਰਨ ਸ਼ਰਨ ਆਏ ਹਾਂ, ਆਪ ਕ੍ਰਿਪਾ ਕਰੋ। ਮਹਾਰਾਜ ਕਹਿਣ ਲੱਗੇ, ਪ੍ਰੇਮੀਓ! ਦੱਸੋ ਗੁਰੂ ਨਾਨਕ ਦੇ ਘਰ ਵਿਚੋਂ ਜੋ ਤੁਸੀਂ ਮੰਗੋਂਗੇ ਉਹ ਪ੍ਰਾਪਤ ਹੋਏਗਾ, ਆਪਣੀ ਜੋ ਆਸ਼ਾ ਹੈ ਉਹ ਪ੍ਰਗਟ ਕਰੋ, ਉਸ ਵੇਲੇ ਤਿੰਨਾਂ ਨੇ ਐਸ ਤਰ੍ਹਾਂ ਦੇ ਨਾਲ ਬੇਨਤੀ ਕੀਤੀ। ਪਾਤਸ਼ਾਹ! ਬਹੁਤ ਵੱਡਾ ਦੁੱਖ ਲੱਗਿਆ ਹੋਇਆ ਹੈ, ਆਪ ਦੀ ਚਰਨ ਸ਼ਰਨ ਆਏ ਹਾਂ ਕਿ ਇਹ ਦੁੱਖ ਕੱਟ ਦਿਓ। ਕਹਿੰਦੇ-

***ਜਿਹ ਮੁਖਿ ਪਾਂਚਉ ਅੰਮ੍ਰਿਤ ਖਾਏ ॥***

***ਅੰਗ - ੩੨੯***

ਜਿਸ ਮੂੰਹ ਦੇ ਨਾਲ ਪੰਜ ਅੰਮ੍ਰਿਤ ਦੁੱਧ, ਦਹੀਂ, ਘੀ, ਖੰਡ, ਸ਼ਹਿਦ, ਇਹ ਖਾਂਦੇ ਹਾਂ ਕਹਿੰਦੇ

***ਤਿਹ ਮੁਖ ਦੇਖਤ ਲੂਕਟ ਲਾਏ ॥***

***ਅੰਗ - ੩੨੯***

ਕਹਿੰਦੇ ਉਸ ਮੁਖ ਨੂੰ ਦੇਖਦੇ-ਦੇਖਦੇ ਸਾਰੇ ਹਿਤੂ ਇਕੱਠੇ ਹੋ ਕੇ ਅੱਗ ਲਾ ਦਿੰਦੇ ਨੇ, ਅੱਗ ਵਿਚ ਜਾਲ ਦਿੰਦੇ ਨੇ ਉਸ ਮੁੱਖ ਨੂੰ ਤੇ -

***ਇਕੁ ਦੁਖੁ ਰਾਮ ਰਾਇ ਕਾਟਹੁ ਮੇਰਾ ॥***

***ਅੰਗ - ੩੨੯***

ਆਹ ਇਕ ਦੁੱਖ ਸਾਨੂੰ ਲੱਗਿਆ ਹੋਇਆ ਹੈ, ਕ੍ਰਿਪਾ ਕਰਕੇ ਕੱਟ ਦਿਓ -

***ਅਗਨਿ ਦਹੈ ਅਰੁ ਗਰਭ ਬਸੇਰਾ ॥***

***ਅੰਗ - ੩੨੯***

ਤ੍ਰਿਸ਼ਨਾ ਦੀ ਅੱਗ ਨਹੀਂ ਬੁੱਝਦੀ ਉਹਦੇ ਵਿਚ ਅਸੀਂ ਜਲਦੇ ਚਲੇ ਜਾਂਦੇ ਹਾਂ।

***ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ ॥੧॥ਰਹਾਉ***
***॥ ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ ॥***
***ਪਰੈ ਪਰੈ ਹੀ ਕਉ ਲੁਝੀ ਹੇ ॥ ਅੰਗ - ੨੧੩***

ਪਹਿਲਾਂ ਬੰਦਾ ਕਹਿੰਦਾ ਹੈ ਕਿ ਜੇ ਦੋ ਕੁ ਹਜ਼ਾਰ ਮਿਲ ਜਾਵੇ ਮਹੀਨੇ ਦਾ ਬਹੁਤ ਹੈ, ਦੋ ਹਜ਼ਾਰ ਮਿਲ ਜਾਂਦਾ ਹੈ ਫੇਰ ਕਹਿੰਦਾ ਹੈ ਥੋੜ੍ਹਾ ਹੈ ਪੰਜ ਹਜ਼ਾਰ ਚਾਹੀਦਾ ਹੈ, ਪੰਜ

ਹੋ ਜਾਂਦਾ ਹੈ ਫੇਰ ਕਹਿੰਦਾ ਹੈ ਦੱਸ ਚਾਹੀਦਾ ਹੈ, ਲੱਖ ਚਾਹੀਦਾ ਹੈ ਮਹੀਨੇ ਦਾ, ਮੇਰੀ ਆਮਦਨ ਵੀਹ ਲੱਖ ਦੀ ਚਾਹੀਦੀ ਹੈ, ਪੰਜਾਹ ਲੱਖ ਦੀ ਚਾਹੀਦੀ ਹੈ, ਮੁੱਕਦਾ ਹੀ ਨਹੀਂ ਕਹਿੰਦੇ ਅੱਗ 'ਚ ਆਦਮੀ ਹਰ ਵਕਤ ਜਲਦਾ ਹੀ ਰਹਿੰਦਾ ਹੈ। ਕਦੇ ਟਾਈਮ ਨਹੀਂ ਮਿਲਦਾ ਕਿ ਰੋਟੀ ਪਾਣੀ ਤਾਂ ਹੁਣ ਪ੍ਰਮੇਸ਼ਰ ਨੇ ਦੇ ਦਿਤੀ, ਹੁਣ ਭਜਨ ਕਰੀਏ ਟਿੱਕ ਕੇ, ਕੋਈ ਵਿਰਲਾ ਬੰਦਾ ਹੈ ਜਿਹੜਾ ਇਸ ਗੱਲ ਤੇ ਆਉਂਦਾ ਹੈ ਕਿ ਹੁਣ ਬਥੇਰਾ ਵਾਹਿਗੁਰੂ ਨੇ ਦੇ ਦਿਤਾ ਤੇ ਹੁਣ ਭਜਨ ਕਰੀਏ, ਹੁਣ ਉਹ ਕੰਮ ਕਰੀਏ ਜਿਹੜੇ ਕੰਮ ਨੂੰ ਕਰਨ ਵਾਸਤੇ ਆਏ ਹਾਂ, ਕਰਨਾ ਤਾਂ ਪਹਿਲਾਂ ਹੀ ਚਾਹੀਦਾ ਸੀ, ਪਰ ਉਸ ਪ੍ਰਮੇਸ਼ਰ ਨੇ ਇਹ ਸਮਾਂ ਦੇ ਦਿਤਾ ਕਿ ਕਾਲ ਦਾ ਗੁਲੇਲਾ ਨਹੀਂ ਮਾਰਿਆ ਪਰ ਹੁਣ ਤਾਂ ਟਿਕ ਜਾਈਏ ਮਹਾਰਾਜ। ਇਕ ਤਾਂ ਮਹਾਰਾਜ ਇਹ ਅੱਗ ਨਹੀਂ ਛੱਡਦੀ ਤ੍ਰਿਸ਼ਨਾ ਦੀ, ਇਕ ਮਾਤਾ ਦੇ ਗਰਬ ਦੀ ਜਠਰ ਅਗਨ ਹੈ ਜਿਹੜਾ ਉਹਦੇ ਵਿਚ ਬਾਰ-ਬਾਰ ਸਾਨੂੰ ਜਾਣਾ ਪੈਂਦਾ ਹੈ, ਪੁੱਠੇ ਲਟਕਣਾ ਪੈਂਦਾ ਹੈ -

*ਅਗਨਿ ਦਹੈ ਅਰੁ ਗਰਭ ਬਸੇਰਾ ॥ ੧ ॥*
*ਰਹਾਉ॥ ਕਾਇਆ ਬਿਗੂਤੀ ਬਹੁ ਬਿਧਿ ਭਾਤੀ ॥*
*ਕੋ ਜਾਰੇ ਕੋ ਗਡਿ ਲੇ ਮਾਟੀ ॥ ਅੰਗ - ੩੨੯*

ਮਹਾਰਾਜ ਇਹ ਕਾਇਆ ਨੂੰ ਬੜੇ ਤਰੀਕਿਆਂ ਦੇ ਨਾਲ ਆਦਮੀ ਪਾਲਦਾ ਹੈ, ਪਲੋਸਦਾ ਹੈ, ਪਰ ਇਹ ਫੇਰ ਨਸ਼ਟ ਹੋ ਜਾਂਦੀ ਹੈ, ਬੜੇ ਤਰੀਕਿਆਂ ਨਾਲ ਹੋ ਜਾਂਦੀ ਹੈ, ਕੋਈ ਜਾਲ ਦਿੰਦਾ ਹੈ, ਕੋਈ ਮਿੱਟੀ 'ਚ ਦੱਬ ਦਿੰਦਾ ਹੈ, ਕੋਈ ਪਾਣੀ 'ਚ ਬਹਾਅ ਦਿੰਦਾ ਹੈ -

*ਕਹੁ ਕਬੀਰ ਹਰਿ ਚਰਣ ਦਿਖਾਵਹੁ ॥*
*ਪਾਛੈ ਤੇ ਜਮੁ ਕਿਉ ਨ ਪਠਾਵਹੁ ॥*
*ਅੰਗ - ੩੨੯*

ਹੇ ਪਾਤਸ਼ਾਹ! ਇਹ ਜਮ੍ਹਾਂ ਤੋਂ ਸਾਡਾ ਛੁਟਕਾਰਾ ਕਰਾ ਦਿਓ, ਉਸ ਵੇਲੇ ਗੁਰੂ ਮਹਾਰਾਜ ਜੀ ਨੇ ਉਨ੍ਹਾਂ ਦੇ ਚਿਹਰਿਆਂ ਵਲ ਦੇਖਿਆ ਕਿ ਇਹ ਤਾਂ ਜਗਿਆਸੂ ਨੇ ਤਿੰਨੋਂ ਹੀ, ਏਸ ਚੀਜ਼ ਦੀ ਭਾਲ ਕਰਦੇ-ਕਰਦੇ ਇਸ ਥਾਂ ਤੇ ਪਹੁੰਚੇ ਨੇ। ਮਹਾਰਾਜ ਕਹਿਣ ਲੱਗੇ, ਬਹਿ ਜਾਓ ਤੁਸੀਂ, ਧਿਆਨ ਦੇ ਨਾਲ ਸਰਵਣ ਕਰਿਓ। ਜੋ ਬਚਨ ਅਸੀਂ ਕਹਿੰਦੇ ਹਾਂ ਉਹ ਤੁਸੀਂ ਉਸੇ ਤਰੀਕੇ ਨਾਲ ਜਦੋਂ ਕਰੋਂਗੇ, ਉਸ ਵੇਲੇ ਤੁਹਾਡਾ ਛੁਟਕਾਰਾ ਹੋ ਜਾਏਗਾ, ਮਹਾਰਾਜ ਕਹਿੰਦੇ, ਦੇਖੋ ਦੁਨੀਆਂ ਦੇ ਅੰਦਰ, ਪ੍ਰਮੇਸ਼ਰ ਨੂੰ ਮਿਲਣ ਦੇ ਅਨੇਕਾਂ ਰਸਤੇ ਨੇ, ਪਰ ਉਹ ਜਿਹੜੇ ਰਸਤੇ ਨੇ ਕੋਈ ਰਸਤਾ ਤਾਂ ਐਸਾ ਹੈ ਜਿਹੜਾ ਨੇੜੇ ਹੀ ਹੈ ਮਿਲਾ ਦਿੰਦਾ ਹੈ ਛੇਤੀ ਹੀ। ਕੋਈ ਰਸਤਾ ਐਸਾ ਹੈ ਜਿਸ ਵਿਚ ਖੇਚਲ ਬਹੁਤੀ ਹੁੰਦੀ ਹੈ, ਲੇਕਿਨ purpose ਹੱਲ ਨਹੀਂ ਹੁੰਦਾ, ਪ੍ਰਮੇਸ਼ਰ ਮਿਲਦਾ ਨਹੀਂ ਹੈ ਤੇ ਉਹ ਸਿਆਣਿਆਂ ਨੂੰ ਪਤਾ ਹੁੰਦਾ ਹੈ, ਮਹਾਂਪੁਰਸ਼ਾਂ ਨੂੰ ਪਤਾ ਹੁੰਦਾ ਹੈ ਅਨੁਭਵੀਆਂ ਨੂੰ ਕਿ ਕਿਹੜਾ ਰਸਤਾ ਛੇਤੀ ਮਿਲਾ ਸਕਦਾ ਹੈ ਤੇ ਖਤਰੇ ਤੋਂ ਖਾਲੀ ਹੈ। ਸੋ ਮਹਾਰਾਜ ਕਹਿਣ ਲੱਗੇ, ਦੇਖੋ ਪ੍ਰੇਮੀਓ! ਇਹਦੇ ਵਿਚ ਹੱਠ ਯੋਗ ਵੀ ਹੈ, ਹੱਠ ਦੇ ਨਾਲ ਧੂਣੀਆਂ ਤਾਪਣੀਆਂ, ਜਲ ਧਾਰੇ ਕਰਨੇ, ਠੰਢੇ ਪਾਣੀ 'ਚ ਖੜ੍ਹਨਾ। ਪੁੱਠੇ ਲਟਕਣਾ, ਭੁੱਖੇ ਰਹਿਣਾ ਤੇ ਅਨੇਕਾਂ ਤਰ੍ਹਾਂ ਦੇ ਕਸ਼ਟ ਸਰੀਰ ਤੇ ਸਹਿ ਕੇ ਸਰੀਰ ਨੂੰ ਸੁਕਾ ਲੈਣਾ, ਸਰੀਰ ਦੀਆਂ ਜਿਹੜੀਆਂ ਸ਼ਕਤੀਆਂ ਨੇ ਉਨ੍ਹਾਂ ਨੂੰ ਕਮਜ਼ੋਰ ਕਰ ਲੈਣਾ। ਲੇਕਿਨ ਉਹਦਾ ਫਲ ਬਹੁਤ ਘੱਟ ਹੁੰਦਾ ਹੈ, ਮਾਮੂਲੀ ਹੁੰਦਾ ਹੈ ਜਿਵੇਂ ਇਕ ਆਦਮੀ ਹੀਰਿਆਂ ਦਾ ਵਪਾਰ ਕਰਦਾ ਹੈ, ਇਕ ਲੱਕੜੀਆਂ ਦਾ ਕਰਦਾ ਹੈ, ਇਕ ਤੂੜੀ ਦਾ ਕਰਦਾ ਹੈ ਕਿੰਨੀ ਉਹਨੂੰ ਖੇਚਲ ਹੁੰਦੀ ਹੈ, ਤੂੜੀ ਲਿਆਉਣ ਵਿਚ, ਫੇਰ ਵੇਚਦਾ ਹੈ ਮੁਨਾਫਾ ਕਿੰਨਾ ਕੁ ਹੁੰਦਾ ਹੈ? ਥੋੜ੍ਹਾ ਜਿਹਾ ਹੁੰਦਾ ਹੈ। ਜਿਹੜਾ ਹੀਰਿਆਂ ਦਾ ਵਪਾਰ ਕਰਦਾ ਹੈ, ਉਹਦਾ ਇਕ ਹੀਰਾ ਵਿਕ ਜਾਵੇ, ਹਫਤੇ 'ਚ, ਬੇਅੰਤ ਧਨ ਕੱਢ ਲੈਂਦਾ ਹੈ। ਸੋ ਮਹਾਰਾਜ ਕਹਿੰਦੇ ਏਸ ਤਰ੍ਹਾਂ ਦੇ ਨਾਲ, ਸਾਧਨ ਨੇ ਬੇਅੰਤ, ਗਿਆਨ ਯੋਗ ਹੈ ਕਰਮ ਯੋਗ ਹੈ ਬੁੱਧ ਯੋਗ ਹੈ, ਧਿਆਨ ਯੋਗ ਹੈ, ਕਸ਼ਟ ਯੋਗ ਹੈ, ਰਾਜ ਯੋਗ ਹੈ, ਸੋ ਇਨ੍ਹਾਂ ਸਾਰਿਆਂ ਦੇ ਵਿਚ ਆਦਮੀ ਕੋਸ਼ਿਸ਼ ਕਰਦਾ ਹੈ ਪ੍ਰਮੇਸ਼ਰ ਨੂੰ ਮਿਲਣ ਦੀ। ਲੇਕਿਨ ਕਲਜੁਗ ਦੇ ਅੰਦਰ, ਸਾਧਨ ਜਿਹੜਾ ਸਾਰਿਆਂ ਨਾਲੋਂ ਸੁਖਾਲਾ ਹੈ ਉਹ ਭਗਤੀ ਦਾ ਸਾਧਨ ਸੁਖਾਲਾ ਹੈ। ਮਹਾਰਾਜ ਕਹਿਣ ਲੱਗੇ, ਪ੍ਰੇਮੀਓ! ਦੇਖੋ ਸਾਧਨ ਅਨੇਕ ਨੇ, ਲੇਕਿਨ ਜਿਹਦੇ ਨਾਲ ਸੁਖਾਲਾ ਪਹੁੰਚ ਜਾਵੇ, ਜੇ ਹਵਾਈ ਜਹਾਜ਼ ਤੇ ਚੜ੍ਹ ਜਾਵੇ ਤਾਂ ਹਜ਼ਾਰਾਂ ਮੀਲਾਂ ਦਾ ਸਫਰ ਕੁਛ ਘੰਟਿਆਂ 'ਚ ਨਿਬੜ ਜਾਏਗਾ, ਜੇ ਗੱਡੇ ਤੇ ਚੜ੍ਹ ਕੇ ਕਰੇ, ਅਵਲ (ਪਹਿਲਾਂ) ਤਾਂ ਗੱਡਾ ਐਨੀ ਦੂਰ ਪਹੁੰਚਦਾ ਹੀ ਨਹੀਂ, ਪੰਦਰਾਂ ਵੀਹ ਹਜ਼ਾਰ ਮੀਲ ਬੈਲ ਰਾਹ 'ਚ ਹੀ ਮਰ ਜਾਣਗੇ, ਆਪ ਬਿਮਾਰ ਹੋ ਜਾਏਗਾ, ਥੱਕ ਜਾਏਗਾ, ਸੋ ਸਫਰ-ਸਫਰ ਕਰਨ ਦੇ ਵਹੀਕਲ ਦੇ ਨਾਲ ਤੁਅੱਲਕ ਰੱਖਦਾ ਹੈ। ਸੋ ਆਪ ਕਹਿਣ ਲੱਗੇ ਕਿ ਜਿਹੜੀ ਭਗਤੀ ਹੈ ਇਹਦੇ ਨਾਲ ਨਿਰੰਕਾਰ ਦੇ ਘਰ ਵਿਚ ਵਾਸਾ ਮਿਲ ਜਾਂਦਾ ਹੈ। ਕਹਿੰਦੇ ਸੁਣੋ ਇਹਨੂੰ ਸਾਰੇ, ਸਾਰੇ ਲੋਕ ਸੁਣ ਲਓ ਤੁਹਾਨੂੰ ਇਕੱਲਿਆਂ ਨੂੰ ਨਹੀਂ ਅਸੀਂ ਸੁਣਾਉਂਦੇ। ਸਾਰੀ ਦੁਨੀਆਂ ਨੂੰ ਸੁਣਾਉਂਦੇ ਹਾਂ -

*ਬੂਡੀ ਘਰੁ ਘਾਲਿਓ ਗੁਰ ਕੈ ਭਾਇ ਚਲੋ ॥*
*ਸਾਚਾ ਨਾਮੁ ਧਿਆਇ ਪਾਵਹਿ ਸੁਖਿ ਮਹਲੋ ॥*
*ਹਰਿ ਨਾਮੁ ਧਿਆਏ ਤਾ ਸੁਖੁ ਪਾਏ*
*ਪੇਈਅੜੈ ਦਿਨ ਚਾਰੇ ॥*
*ਨਿਜ ਘਰਿ ਜਾਇ ਬਹੈ ਸਚੁ ਪਾਏ*
*ਅਨਦਿਨੁ ਨਾਲਿ ਪਿਆਰੇ ॥*

***ਵਿਣੁ ਭਗਤੀ ਘਰਿ ਵਾਸੁ ਨ ਹੋਵੀ***
***ਸੁਣਿਅਹੁ ਲੋਕ ਸਬਾਏ ॥***
***ਨਾਨਕ ਸਰਸੀ ਤਾ ਪਿਰੁ ਪਾਏ ਰਾਤੀ ਸਾਚੈ ਨਾਏ॥***
***ਅੰਗ - ੬੮੯***

ਕਹਿਣ ਲੱਗੇ, ਭਗਤੀ ਦੇ ਨਾਲ ਪ੍ਰਮੇਸ਼ਰ ਛੇਤੀ ਮਿਲਦਾ ਹੈ, ਉਸ ਵੇਲੇ ਉਨ੍ਹਾਂ ਨੇ ਬੇਨਤੀ ਕੀਤੀ ਕਹਿਣ ਲੱਗੇ ਮਹਾਰਾਜ! ਅਸੀਂ ਅਣਜਾਣ ਬੰਦੇ ਹਾਂ, ਸਾਨੂੰ ਨਹੀਂ ਪਤਾ ਕਿ ਭਗਤੀ ਕੀ ਹੁੰਦੀ ਹੈ ਤੇ ਕਿਵੇਂ ਭਗਤੀ ਕਰੀਦੀ ਹੈ। ਕ੍ਰਿਪਾ ਕਰਕੇ ਆਪ ਇਸ ਗੱਲ ਦੇ ਉਤੇ ਕੋਈ ਚਾਨਣਾ ਪਾਓ ਤਾਂ ਕਿ ਸਾਨੂੰ ਪਤਾ ਲਗ ਜਾਏ ਕਿ ਭਗਤੀ ਕੀ ਹੋਈ। ਸੁਣਦੇ ਤਾਂ ਆਉਂਦੇ ਹਾਂ ਕਿ ਭਗਤੀ ਕਰਦਾ ਹੈ, ਫਲਾਣਾ ਭਗਤੀ ਕਰਦਾ ਹੈ, ਲੇਕਿਨ ਇਹਦੇ ਬਾਰੇ ਠੀਕ ਤਰ੍ਹਾਂ ਨਾਲ ਅਸੀਂ ਜਾਣਦੇ ਨਹੀਂ। ਨਾ ਪਤਾ ਹੋਣ ਕਰਕੇ ਅਸੀਂ ਕਿਸ ਤਰ੍ਹਾਂ ਭਗਤੀ ਕਰਾਂਗੇ, ਕ੍ਰਿਪਾ ਕਰਕੇ ਆਪ ਸੂਝ ਦਿਓ। ਮਹਾਰਾਜ ਕਹਿਣ ਲੱਗੇ ਕਿ ਦੇਖੋ, ਧਿਆਨ ਨਾਲ ਸੁਣੋਗੇ ਤਾਂ ਗੱਲ ਤੁਹਾਡੇ ਸਮਝ ਵਿਚ ਪੈ ਜਾਏਗੀ। ਕਹਿਣ ਲੱਗੇ, ਇਹ ਜਿਹੜਾ ਤੁਹਾਨੂੰ ਸੰਸਾਰ ਦਿਸਦਾ ਹੈ ਨਾ ਸਾਰਾ ਹੀ, ਇਹਦੇ ਵਿਚ ਅਨੇਕਾਂ ਜੀਵ ਨਜ਼ਰ ਆਉਂਦੇ ਨੇ, ਇਹ ਸਾਰਾ ਇਕ ਸਮਾਂ ਸੀ ਜਿਸ ਵਕਤ ਕੋਈ ਚੀਜ਼ ਨਹੀਂ ਸੀ ਇਥੇ, ਕੇਵਲ ਨਿਰੰਕਾਰ ਸੀ, ਵਾਹਿਗੁਰੂ ਸੀ ਆਪ ਹੀ ਆਪਣੇ ਸਰੂਪ ਦੇ ਵਿਚ ਸਥਿਤ ਤੇ ਜਦੋਂ ਉਹਨੂੰ ਮੌਜ ਆਈ ਉਸ ਵੇਲੇ ਆਪਣੇ ਆਪ ਤੋਂ ਹੀ ਉਹਨੇ ਕੁਦਰਤ ਪੈਦਾ ਕਰ ਦਿਤੀ ਤੇ ਕੁਦਰਤ ਪੈਦਾ ਕਰਕੇ ਅੱਡ ਨਹੀਂ ਹੋ ਗਿਆ, ਉਹਨੇ ਬਣਾਇਆ ਉਹਦਾ ਨਾਉਂ ਕਰਤਾ ਪੁਰਖ ਹੈ। ਕਰਤਾ ਕਹਿੰਦੇ ਨੇ ਬਣਾਉਣ ਵਾਲੇ ਨੂੰ, ਪੁਰਖ ਕਹਿੰਦੇ ਨੇ ਜਿਹੜਾ ਬਣਾ ਕੇ ਵਿਚ ਰਹੇ, ਲਾਂਭੇ ਨਾ ਹੋਵੇ। ਬਣਾਉਣ ਵਾਲੇ ਤਾਂ ਬਹੁਤ ਨੇ ਦੁਨੀਆਂ 'ਚ। ਕੁਰਸੀ ਬਣਾਉਂਦਾ ਹੈ, ਕੋਈ ਮੇਜ਼ ਬਣਾਉਂਦਾ ਹੈ, ਕੋਈ ਮਕਾਨ ਬਣਾਉਂਦਾ ਹੈ, ਕੁਰਸੀ ਬਣਾਉਣ ਵਾਲਾ ਕੁਰਸੀ ਦੇ ਵਿਚ ਨਹੀਂ ਸਮਾਇਆ ਹੋਇਆ। ਮਕਾਨ ਬਣਾਉਣ ਵਾਲਾ ਕੰਧਾਂ ਦੇ ਵਿਚ ਨਹੀਂ ਸਮਾਇਆ ਹੋਇਆ, ਵੱਖਰਾ ਹੈ। ਬੇਅੰਤ ਚੀਜ਼ਾਂ ਮਸ਼ੀਨਾਂ 'ਚ ਬਣ ਕੇ ਆਉਂਦੀਆਂ ਨੇ ਉਹਦੇ ਮਾਲਕ ਦਾ ਨਾਉਂ ਤਾਂ ਉਥੇ ਲਿਖਿਆ ਹੋਏਗਾ ਪਰ ਉਹਦੇ ਮਾਲਕ ਨੂੰ ਇਹ ਪਤਾ ਨਹੀਂ ਕਿ ਕਿੱਥੇ-ਕਿੱਥੇ ਚੀਜ਼ਾਂ ਚਲੀਆਂ ਗਈਆਂ ਕਿਉਂਕਿ ਉਹ ਵਿਚ ਨਹੀਂ ਹੈਗਾ, ਇਹ ਜਿਹੜਾ ਵਾਹਿਗੁਰੂ ਜੀ ਹੈ ਇਹਨੇ ਕੁਦਰਤ ਬਣਾਈ ਜਿੰਨੀ ਤੁਹਾਨੂੰ ਨਜ਼ਰ ਆਉਂਦੀ ਹੈ, ਜੋ ਕੁਛ ਵੀ ਤੁਹਾਨੂੰ ਨਜ਼ਰ ਆਉਂਦਾ ਹੈ, ਜੋ ਬੋਲਦੇ ਓਂ, ਜੋ ਪੜ੍ਹਦੇ ਓਂ, ਜੋ ਸੁਣਦੇ ਓਂ ਇਹ ਸਾਰੀ ਨੂੰ ਕੁਦਰਤ ਕਹਿੰਦੇ ਨੇ। ਇਹ ਕੁਦਰਤ ਨੂੰ ਆਪੇ ਹੀ ਸਾਜ ਕੇ ਉਹਦੇ ਵਿਚ ਆਪ ਹੀ ਆਪੇ ਆਸਨ ਲਾ ਕੇ ਬੈਠਾ ਹੋਇਆ ਹੈ।

***ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ ॥***
***ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ***
***॥ ਦਾਤਾ ਕਰਤਾ ਆਪਿ ਤੂੰ***
***ਤੁਸਿ ਦੇਵਹਿ ਕਰਹਿ ਪਸਾਉ ॥***
***ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥***
***ਕਰਿ ਆਸਣੁ ਡਿਠੋ ਚਾਉ ॥ ਅੰਗ - ੪੬੩***

ਮਹਾਰਾਜ ਕਹਿਣ ਲੱਗੇ, ਪਿਆਰਿਓ! ਪਹਿਲਾਂ ਆਹ ਗੱਲ ਸਮਝੋ ਤੁਸੀਂ, ਜੇ ਇਹ ਗੱਲ ਪਹਿਲੀ ਸਮਝ ਲਈ ਫੇਰ ਅਗਾਹਾਂ ਦੀਆਂ ਗੱਲਾਂ ਤੁਹਾਡੇ ਸਮਝ ਵਿਚ ਆ ਜਾਣਗੀਆਂ। ਉਹ ਜੋ ਵਾਹਿਗੁਰੂ ਹੈ ਉਸਨੇ ਆਪਣੇ ਆਪ ਤੋਂ ਪਹਿਲਾਂ ਨਾਮ ਪ੍ਰਗਟ ਕੀਤਾ। ਜਦੋਂ ਕੁਦਰਤ ਸਾਜਣੀ ਸੀ ਸਾਰੀ ਚੀਜ਼ ਨਾਮ 'ਚੋਂ ਪੈਦਾ ਹੋਈ, ਹੁਣ ਸਾਨੂੰ ਐਉਂ ਨਹੀਂ ਪਤਾ ਲਗਦਾ ਕਿ ਨਾਉਂ ਕਿਹੜਾ ਪ੍ਰਗਟ ਕਰਿਆ। ਉਹਦੇ ਬਾਰੇ ਭਾਈ ਗੁਰਦਾਸ ਜੀ ਫੁਰਮਾਨ ਕਰਦੇ ਨੇ ਕਿ -

***ਨਿਰੰਕਾਰੁ ਆਕਾਰੁ ਹੋਇ***
***ਏਕੰਕਾਰੁ ਅਪਾਰੁ ਸਦਾਇਆ।***
***ਭਾਈ ਗੁਰਦਾਸ ਜੀ ਵਾਰ 26/2***

ਜਦੋਂ ਸੰਸਾਰ ਨੂੰ ਬਣਾਉਣਾ ਸੀ ਉਦੋਂ ਏਕੰਕਾਰ ਦੇ ਰੂਪ ਦੇ ਵਿਚ ਆਪ ਨੇ ਆਪਣੇ ਆਪ ਨੂੰ ਪ੍ਰਗਟ ਕਰਿਆ।

***ਏਕੰਕਾਰਹੁ ਸਬਦ ਧੁਨਿ***
***ਓਅੰਕਾਰ ਅਕਾਰੁ ਬਣਾਇਆ।***
***ਭਾਈ ਗੁਰਦਾਸ ਜੀ ਵਾਰ 26/2***

ਉਥੋਂ ਫੇਰ ਸ਼ਬਦ ਧੁਨ ਹੋਈ, ਕੋਈ ਸ਼ਬਦ ਹੋਇਆ ਤੇ ਉਹਦੀ ਧੁਨ ਕਿਹੋ ਜਿਹੀ ਸੀ ਉਹਨੂੰ ਕੋਈ ਦੱਸ ਨਹੀਂ ਸਕਦਾ ਕਿਉਂਕਿ ਪ੍ਰਕ੍ਰਿਤਕ ਧੁਨ ਨਹੀਂ ਹੈ, ਜੇ ਤਾਂ ਪ੍ਰਾਕ੍ਰਿਤਕ ਧੁਨ ਹੋਵੇ ਤਾਂ ਅਸੀਂ ਦੱਸ ਦੇਈਏ ਕਿ ਐਉਂ ਧਮਾਕਾ ਪਿਆ ਜਿਹੜੇ ਸਾਇੰਸ ਵਾਲੇ ਕਹਿੰਦੇ ਨੇ ਕਿ ਇਕ big bang ਹੋਇਆ, ਇਕ ਧਮਾਕਾ ਹੋਇਆ ਉਹ ਪ੍ਰਕ੍ਰਿਤੀ ਜਦੋਂ ਹੋਈ ਉਸ ਵੇਲੇ ਹੋਇਆ। ਉਸ ਤੋਂ ਪਹਿਲਾਂ ਜਿਹੜਾ ਸ਼ਬਦ ਸੀ ਉਹਨੂੰ ਨਹੀਂ ਕੋਈ ਸਮਝ ਸਕਦਾ ਕਿਹੜਾ ਸ਼ਬਦ ਸੀ, ਲੇਕਿਨ ਮਹਾਂਪੁਰਸ਼ਾਂ ਦੇ ਅਨੁਭਵ ਨੇ ਮੁਹੰਮਦ ਸਾਹਿਬ, ਐਸਾ ਕੁਰਾਨ ਸ਼ਰੀਫ ਵਿਚ ਲਿਖਿਆ ਹੋਇਆ ਹੈ ਕਿ ਅੱਲਾਹ ਜਦੋਂ ਸੀ ਆਪ ਹੀ ਆਪ ਉਸ ਵੇਲੇ ਉਹਦੇ ਨਾਲ ਸ਼ਬਦ ਸੀਗਾ। ਇਸੇ ਤਰ੍ਹਾਂ ਇਸਾਈਅਤ ਵਾਲਿਆਂ ਨੇ ਲਿਖਿਆ ਹੈ ਕਿ ਜਦੋਂ ਪ੍ਰਮੇਸ਼ਰ ਸੀ ਆਪਣੇ ਆਪ ਉਹਦੇ ਨਾਲ ਸ਼ਬਦ ਸੀ, ਲੇਕਿਨ ਗੁਰੂ ਮਹਾਰਾਜ ਦਾ ਮਤ ਇਹਦੇ ਨਾਲੋਂ ਥੋੜ੍ਹਾ ਜਿਹਾ differ ਕਰਦਾ ਹੈ। ਉਹ ਇਹ ਕਰਦਾ ਹੈ ਕਿ ਨਿਰੰਕਾਰ ਆਪੇ ਆਪ ਸੀ, ਉਸ ਵੇਲੇ ਕੋਈ ਸ਼ਬਦ ਨਹੀਂ ਸੀਗਾ, ਸ਼ਬਦ ਕਿੱਥੇ ਸੀ

ਉਹਦੇ ਵਿਚ ਸਮਾਇਆ ਹੋਇਆ ਸੀ। ਜਿਵੇਂ ਖਿਆਲ ਸਾਡੇ ਅੰਦਰ ਸਮਾਇਆ ਹੋਇਆ ਹੈ, ਉਹ ਸਾਡਾ ਹੀ part and parcel ਹੈ ਕੋਈ ਅਲਹਿਦਾ ਨਹੀਂ ਸੀਗਾ ਲੇਕਿਨ ਜਦੋਂ ਪ੍ਰਗਟ ਹੋਇਆ ਉਸ ਵੇਲੇ ਉਹ ਸ਼ਬਦ ਨੇ ਆਪਣਾ ਰੂਪ ਧਾਰਿਆ ਤੇ ਉਹਦਾ ਨਾਉਂ ਹੋਇਆ, ਓਅੰਕਾਰ।

***ਏਕੰਕਾਰਹੁ ਸਬਦ ਧੁਨਿ***
***ਓਅੰਕਾਰ ਅਕਾਰੁ ਬਣਾਇਆ।***
***ਭਾਈ ਗੁਰਦਾਸ ਜੀ ਵਾਰ 26/2***

ਤੇ ਇਕ ਥਾਉਂ ਫੁਰਮਾਨ ਕਰਦੇ ਨੇ ਕਿ –

***ਗੁਰਮੁਖਿ ਏਕੰਕਾਰੁ ਆਪਿ ਉਪਾਇਆ।***
***ਓਅੰਕਾਰਿ ਅਕਾਰੁ ਪਰਗਟੀ ਆਇਆ।***
***ਭਾਈ ਗੁਰਦਾਸ ਜੀ ਵਾਰ 19/1***

ਪਹਿਲਾਂ ਏਕੰਕਾਰ ਦੇ ਰੂਪ ਵਿਚ ਪ੍ਰਗਟ ਹੋਇਆ, ਫੇਰ ਓਅੰਕਾਰ ਸ਼ਬਦ ਧੁਨ ਦੇ ਨਾਲ ਸਾਰੇ ਆਕਾਰ ਬਣੇ,

***ਪੰਜ ਤਤ ਵਿਸਥਾਰੁ ਚਲਤੁ ਰਚਾਇਆ।***
***ਖਾਣੀ ਬਾਣੀ ਚਾਰਿ ਜਗਤੁ ਉਪਾਇਆ।***
***ਭਾਈ ਗੁਰਦਾਸ ਜੀ ਵਾਰ 19/1***

ਚਾਰ ਖਾਣੀਆਂ–ਅੰਡਜ, ਜੇਰਜ, ਸੇਤਜ, ਉਤਭੁਜ। ਅੰਡਿਆਂ ਤੋਂ ਪੈਦਾ ਹੋਣ ਵਾਲੀਆਂ ਚੀਜ਼ਾਂ, ਜੇਰ ਤੋਂ ਪੈਦਾ ਹੋਣ ਵਾਲੀਆਂ ਚੀਜ਼ਾਂ, ਗਰਮੀ ਤੋਂ ਪੈਦਾ ਹੋਣ ਵਾਲੀਆਂ ਚੀਜ਼ਾਂ, ਧਰਤੀ 'ਚੋਂ ਪੈਦਾ ਹੋਣ ਵਾਲੀਆਂ ਚੀਜ਼ਾਂ, ਚਾਰ ਖਾਣੀਆਂ ਬਣਾਈਆਂ, ਚਾਰ ਬਾਣੀਆਂ ਬਣਾਈਆਂ, ਚਾਰ ਤਰੀਕਿਆਂ ਨਾਲ ਅਸੀਂ ਬੋਲਦੇ ਹਾਂ, ਪਹਿਲੀ ਬਾਣੀ ਸਾਡੀ ਨੂੰ ਟੈਲੀਪੈਥੀ ਕਹਿੰਦੇ ਨੇ, ਜਿਹਨੂੰ ਪਰਾ ਬਾਣੀ ਕਹਿੰਦੇ ਨੇ, ਬਗੈਰ ਬੋਲੇ, ਬੁੱਲ੍ਹ ਹਿਲਾਏ ਗੱਲ ਕਰੀ ਜਾਣੀ, ਗੱਲ ਓਧਰੋਂ ਆ ਜਾਣੀ, ਲੇਕਿਨ ਟੈਲੀਪੈਥੀ ਤੋਂ ਇਹ ਥੋੜ੍ਹਾ ਅੱਗੇ ਹੈ, ਜਿਹਨੂੰ ਪਰਾ ਬਾਣੀ ਕਹਿੰਦੇ ਨੇ, ਪਰਾ ਬਾਣੀ ਜਿਹੜੀ ਹੈ ਉਹ ਹਿਰਦੇ ਦੀ ਬਾਣੀ ਹੈ, ਜਿਹਨੂੰ ਪਸੰਤੀ ਕਹਿੰਦੇ ਨੇ, ਉਹ ਵੀ ਬੋਲੀ ਨਹੀਂ ਜਾਂਦੀ, ਅੰਦਰ ਹੀ ਅੰਦਰ ਗੱਲ ਚਲਦੀ ਰਹਿੰਦੀ ਹੈ, ਇਸ਼ਾਰੇ ਦੀ ਵੀ ਨਹੀਂ ਲੋੜ, ਅੱਖਾਂ ਨਾਲ ਵੀ ਲੋਕ ਗੱਲਾਂ ਕਰਦੇ ਨੇ, ਉਂਗਲੀਆਂ ਨਾਲ ਵੀ ਗੱਲਾਂ ਕਰਦੇ ਨੇ, ਸਰੀਰ ਨੂੰ ਹਿਲਾ ਕੇ ਵੀ ਗੱਲ ਕਰਦੇ ਨੇ, ਲੇਕਿਨ ਬੋਲੀ ਹੈ ਨਹੀਂ, ਪਰ ਉਹ ਬੋਲੀ ਹੈਗੀ, ਭਾਵ ਨੇ। ਪਰ ਜਿਹੜੀ ਪਸੰਤੀ ਬਾਣੀ ਹੈ ਇਹ ਹਿਰਦੇ ਦੀ ਬਾਣੀ ਹੋਇਆ ਕਰਦੀ ਹੈ, ਲੇਕਿਨ ਅਜੇ ਪ੍ਰਗਟ ਨਹੀਂ ਹੋਇਆ ਕਰਦੀ, ਉਹਦੇ ਉਪਰਲੇ ਪਾਸੇ ਫੇਰ ਮਧਮਾ ਬਾਣੀ ਹੁੰਦੀ ਹੈ, ਜੋ ਗਲ 'ਚ ਹੁੰਦੀ ਹੈ, ਉਹਦੇ ਬਾਅਦ ਜਿਵੇਂ ਮੈਂ ਬੋਲਦਾ ਹਾਂ ਇਹ ਬੈਖਰੀ ਬਾਣੀ ਹੈ, ਕਹਿੰਦੇ –

***ਖਾਣੀ ਬਾਣੀ ਚਾਰਿ ਜਗਤੁ ਉਪਾਇਆ।***
***ਭਾਈ ਗੁਰਦਾਸ ਜੀ ਵਾਰ 19/1***

ਚਾਰ ਖਾਣੀਆਂ ਚਾਰ ਬਾਣੀਆਂ –

***ਕੁਦਰਤਿ ਅਗਮ ਅਪਾਰੁ ਅੰਤੁ ਨ ਪਾਇਆ।***
***ਭਾਈ ਗੁਰਦਾਸ ਜੀ ਵਾਰ 19/1***
***ਸਚੁ ਨਾਉ ਕਰਤਾਰੁ ਸਚਿ ਸਮਾਇਆ॥***
***ਭਾਈ ਗੁਰਦਾਸ ਜੀ ਵਾਰ 19/1***

ਸੱਚਾ ਨਾਉਂ ਪ੍ਰਗਟ ਹੋਇਆ, ਉਹ ਸੱਚਾ ਨਾਉਂ ਸੀ –

***ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥***
***ਅੰਗ – ੪੬੩***

ਹੁਣ ਜਿਹੜਾ ਤਾਂ ਏਕੰਕਾਰ ਹੈ, ਨਿਰੰਕਾਰ ਹੈ ਵਾਹਿਗੁਰੂ ਜੀ ਨੇ ਏਕੰਕਾਰ ਦੇ ਰੂਪ ਦੇ ਅੰਦਰ ਉਨ੍ਹਾਂ ਨੇ ਸ਼ਬਦ ਤੋਂ ਮਾਇਆ ਪ੍ਰਕ੍ਰਿਤੀ ਨੂੰ ਸਾਜਿਆ। ਪੰਜੇ ਤੱਤ ਸਾਜੇ, ਪਹਿਲਾਂ ਤ੍ਰਿਗੁਣ ਮਾਇਆ ਸਾਜੀ। ਰਜੋ ਗੁਣ, ਤਮੋ ਗੁਣ, ਸਤੋ ਗੁਣ। ਮਹਿਤੱਤ ਸਾਜਿਆ। ਅਭਿਮਾਨ, ਅਹੰਕਾਰ ਸਾਜਿਆ ਜਿਹਨੂੰ ਹਉਮੈ ਕਹਿੰਦੇ ਨੇ, ਉਹਦੇ ਤੋਂ ਫੇਰ ਸਾਰੀ ਪ੍ਰਕ੍ਰਿਤੀ ਤੇ ਸਾਰਾ ਕੁਛ ਪੈਦਾ ਹੋ ਕੇ ਆਹ ਸੰਸਾਰ ਦੇ ਅੰਦਰ –

***ਪੰਜ ਤਤ ਵਿਸਥਾਰੁ ਚਲਤੁ ਰਚਾਇਆ।***
***ਖਾਣੀ ਬਾਣੀ ਚਾਰਿ ਜਗਤੁ ਉਪਾਇਆ।***
***ਭਾਈ ਗੁਰਦਾਸ ਜੀ ਵਾਰ 19/1***

ਪੰਜ ਤੱਤ, 25 ਪ੍ਰਕ੍ਰਿਤੀਆਂ। ਇਕੋ ਵਾਰ ਬੋਲੇ ਨੇ, ਮਹਾਰਾਜ ਕਹਿੰਦੇ –

***ਪ੍ਰਥਮ ਓਅੰਕਾਰ ਤਿਨ ਕਹਾ***
***ਸੋ ਧੁਨ ਪੁਰ ਜਗਤ ਮੋ ਰਹਾ।***

ਇਕੋ ਸ਼ਬਦ ਬੋਲਿਆ, ਓਅੰਕਾਰ। ਇਹ ਤਾਂ ਅਸੀਂ ਕਹਿੰਦੇ ਹਾਂ ਨਾ ਲੇਕਿਨ ਉਹ ਕਿਵੇਂ ਸੀਗਾ, ਉਹ ਤਾਂ ਅੰਦਰ ਜਿਹਦੀ ਸੁਰਤੀ ਜਾਂਦੀ ਹੈ ਉਹਨੂੰ ਪਤਾ ਹੈ। ਕਿਉਂਕਿ ਅੰਦਰ ਸਾਰਿਆਂ ਦੇ ਵਜਦਾ ਹੈ ਉਹ। ਉਹਦੇ ਤੱਕ ਜਦੋਂ ਅਸੀਂ ਪਹੁੰਚ ਜਾਈਏ, ਫੇਰ ਅਸੀਂ ਸਮਝ ਜਾਂਦੇ ਹਾਂ ਕਿ ਆਹ ਸ਼ਬਦ ਹੈ, ਲੇਕਿਨ ਉਹ ਦੱਸਣਾ ਨਹੀਂ ਆਉਂਦਾ, ਕੋਈ ਸਾਜ ਨਹੀਂ ਉਹਦਾ ਜਿਹੜਾ ਉਹੋ ਜਿਹਾ ਬੋਲਦਾ ਹੋਵੇ। ਉਹ ਆਦਮੀ ਆਪੇ ਹੀ ਜਾਣਦਾ ਹੈ ਜਿਹਦੇ ਅੰਦਰ ਸ਼ਬਦ ਹੈ। ਜਿੰਨਾ ਚਿਰ ਸ਼ਬਦ ਨਹੀਂ ਪ੍ਰਗਟ ਹੁੰਦਾ –

***ਬਿਨੁ ਸਬਦੈ ਅੰਤਰਿ ਆਨੇਰਾ ॥***
***ਨ ਵਸਤੁ ਲਹੈ ਨ ਚੂਕੈ ਫੇਰਾ ॥***
***ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ***
***ਗੁਰੁ ਪੂਰੈ ਭਾਗਿ ਮਿਲਾਵਣਿਆ॥ ਅੰਗ – ੧੨੪***

ਸੋ ਓਅੰਕਾਰ ਨੇ ਆਕਾਰ ਕੀਤਾ।

***ਓਅੰਕਾਰੁ ਆਕਾਰੁ ਕਰਿ***
***ਏਕ ਕਵਾਉ ਪਸਾਉ ਪਸਾਰਾ।***
***ਭਾਈ ਗੁਰਦਾਸ ਜੀ, ਵਾਰ 4/1***

ਜਦੋਂ ਓਅੰਕਾਰ ਅਵਸਥਾ ਵਿਚ ਵਾਹਿਗੁਰੂ ਆਇਆ।

ਇਕ ਕਵਾਉ ਇਕ ਧੁਨ ਪ੍ਰਗਟ ਹੋਈ। ਉਸ ਤੋਂ ਪਸਾਰਾ ਹੋਇਆ –

***ਪੰਜ ਤਤ ਪਰਵਾਣੁ ਕਰਿ....।***
***ਭਾਈ ਗੁਰਦਾਸ ਜੀ, ਵਾਰ 4/1***

ਪੰਜਾਂ ਤੱਤਾਂ ਨੂੰ ਬਰਾਬਰ ਦਾ ਬਣਾਇਆ ਸੰਤੁਲਨ। ਉਹ ਪੰਜਾਂ ਦੇ ਵਿਚੋਂ ਜੇ ਵੱਧ ਘੱਟ ਹੁੰਦਾ ਹੈ ਤਾਂ ਗੜਬੜ ਹੁੰਦੀ ਹੈ। ਤਿੰਨ ਗੁਣਾਂ ਨੂੰ ਸਮਾਨਤਾ ਦਿਤੀ ਜਦੋਂ ਤਿੰਨਾਂ ਦੇ ਵਿਚ ਹਿਲਜੁਲ ਆਈ, ਉਸ ਵੇਲੇ ਸ੍ਰਿਸ਼ਟੀ ਪੈਦਾ ਹੋਣੀ ਸ਼ੁਰੂ ਹੋ ਗਈ। 25 ਪ੍ਰਕ੍ਰਿਤੀਆਂ ਦੇ ਨਾਲ ਗਿਆਨ ਇੰਦਰੇ ਬਣਾਏ।

***ਘਟਿ ਘਟਿ ਅੰਦਰਿ ਤ੍ਰਿਭਵਣੁ ਸਾਰਾ।***
***ਭਾਈ ਗੁਰਦਾਸ ਜੀ, ਵਾਰ 4/1***

ਹਰੇਕ ਦੇ ਅੰਦਰ ਤਿੰਨ ਭਵਨ ਨੇ ਸਾਰੇ ਦੇ ਸਾਰੇ ਲੁਕੇ ਹੋਏ।

***ਕਾਦਰੁ ਕਿਨੇ ਨ ਲਖਿਆ***
***ਕੁਦਰਤਿ ਸਾਜਿ ਕੀਆ ਅਵਤਾਰਾ।***
***ਭਾਈ ਗੁਰਦਾਸ ਜੀ, ਵਾਰ 4/1***

ਵਾਹਿਗੁਰੂ ਤਾਂ ਕਦੇ ਕਿਸੇ ਨੇ ਦੇਖਿਆ ਹੀ ਨਹੀਂ ਕਹਿੰਦੇ। ਲੇਕਿਨ ਆਹ ਕੁਦਰਤ ਤੋਂ ਨਜ਼ਰ ਆਉਂਦਾ ਹੈ।

***ਬਲਿਹਾਰੀ ਕੁਦਰਤਿ ਵਸਿਆ ॥***
***ਤੇਰਾ ਅੰਤੁ ਨ ਜਾਈ ਲਖਿਆ ॥ ਅੰਗ – ੪੬੯***

***ਇਕਦੂ ਕੁਦਰਤਿ ਲਖ ਕਰਿ***
***ਲਖ ਬਿਅੰਤ ਅਸੰਖ ਅਪਾਰਾ॥***
***ਭਾਈ ਗੁਰਦਾਸ ਜੀ, ਵਾਰ 4/1***

ਕਹਿੰਦੇ, ਐਨੀ ਕੁਦਰਤ ਸਾਜ ਦਿਤੀ ਕਿ ਕਿਤੇ ਅੰਤ ਹੀ ਨਹੀਂ ਹੈ, ਨਾ ਬ੍ਰਹਿਮੰਡਾਂ ਦਾ ਨਾ ਖੰਡਾਂ ਦਾ, ਨਾ ਕਿਤੇ ਆਬਾਦੀਆਂ ਦਾ ਕੋਈ ਅੰਤ ਹੀ ਨਹੀਂ ਹੈ। ਬੇਅੰਤ-ਬੇਅੰਤ ਹੈ

***ਰੋਮ ਰੋਮ ਵਿਚਿ ਰਖਿਓਨਿ***
***ਕਰਿ ਬ੍ਰਹਿਮੰਡਿ ਕਰੋੜਿ ਸੁਮਾਰਾ।***
***ਭਾਈ ਗੁਰਦਾਸ ਜੀ, ਵਾਰ 4/1***

ਕ੍ਰੋੜਾਂ ਬ੍ਰਹਿਮੰਡ ਇਕ-ਇਕ ਰੋਮ 'ਚ ਰੱਖੇ ਹੋਏ ਨੇ,

***ਇਕਸ ਇਕਸ ਬ੍ਰਹਿਮੰਡਿ ਵਿਚਿ***
***ਦਸ ਦਸ ਕਰਿ ਅਵਤਾਰ ਉਤਾਰਾ।***
***ਭਾਈ ਗੁਰਦਾਸ ਜੀ, ਵਾਰ 4/1***

ਹਰੇਕ ਬ੍ਰਹਿਮੰਡ ਦੇ ਅੰਦਰ ਦੱਸ-ਦੱਸ ਅਵਤਾਰ ਭੇਜੇ ਨੇ।

***ਕੇਤੇ ਬੇਦ ਬਿਆਸ ਕਰਿ***
***ਕਈ ਕਤੇਬ ਮੁਹੰਮਦ ਯਾਰਾ।***
***ਭਾਈ ਗੁਰਦਾਸ ਜੀ, ਵਾਰ 4/1***

ਬੇਅੰਤ ਵਿਦਵਤਾ ਦੇ ਅਵਤਾਰ ਭੇਜੇ, ਬੇਅੰਤ ਧਰਮ ਨੂੰ ਚਲਾਉਣ ਵਾਲੇ ਮੁਹੰਮਦ ਤੇ ਅਉਲੀਆ ਭੇਜੇ।

***ਕੁਦਰਤਿ ਇਕੁ ਏਤਾ ਪਾਸਾਰਾ।***
***ਭਾਈ ਗੁਰਦਾਸ ਜੀ, ਵਾਰ 4/1***

ਸੋ ਮਹਾਰਾਜ ਕਹਿਣ ਲੱਗੇ ਪ੍ਰੇਮੀਓ! ਇਹਦੇ ਵਿਚ ਜਿਹੜਾ ਮਾਇਆ ਦਾ ਤੱਤ ਹੈ ਇਹ ਇਸਤ੍ਰੀ ਤੱਤ ਹੈ ਤੇ ਜਿਹੜੇ ਸਾਧਨ ਨੇ ਪ੍ਰਮੇਸ਼ਰ ਨੂੰ ਮਿਲਣ ਵਾਲੇ, ਉਹ ਪੁਰਖ ਤੱਤ ਨੇ। ਸੋ ਇਸਤ੍ਰੀ ਤੱਤ ਜਿਹੜਾ ਹੈ ਇਹ ਸਾਰੀ ਕੁਦਰਤ ਨੂੰ ਮੋਹਿਤ ਕਰ ਲੈਂਦਾ ਹੈ, ਸਭ ਨੂੰ ਇਹਨੇ ਵਸ ਕੀਤਾ ਹੋਇਆ ਹੈ ਤੇ ਇਹਦਾ ਕੰਮ ਹੀ ਹੈ ਸਭ ਤੋਂ ਪਹਿਲਾ ਕਿ ਨਿਰੰਕਾਰ ਜੀ ਨੇ ਸਾਰੀਆਂ ਸ੍ਰਿਸ਼ਟੀਆਂ ਸਾਜੀਆਂ ਨੇ, ਉਹਨੂੰ ਭੁਲਾਉਣਾ। ਉਸ ਮਾਇਆ ਨੇ ਜਿਹਦੇ ਰੂਪਾਂ ਦਾ ਕੋਈ ਅੰਤ ਨਹੀਂ ਹੈ। ਕਿਤੇ ਪੁੱਤਰ ਦੇ ਰੂਪ 'ਚ ਹੈ, ਕਿਤੇ ਪਤੀ ਵਿਚ, ਕਿਤੇ ਪਤਨੀ ਦੇ ਰੂਪ 'ਚ, ਕਿਤੇ ਭਰਾ ਦੇ ਰੂਪ 'ਚ, ਕਿਤੇ ਮਾਇਆ ਦੇ ਰੂਪ, ਕਿਤੇ ਪ੍ਰਭਤਾ ਦੇ ਰੂਪ, ਕਿਤੇ ਸਰੀਰ ਦੀ ਸੁੰਦਰਤਾ ਦੇ ਰੂਪ 'ਚ, ਅਨੇਕਾਂ ਹੀ ਰੂਪ ਇਸਨੇ ਧਾਰਨ ਕਰੇ ਹੋਏ ਨੇ, ਇਸ ਤ੍ਰਿਗੁਣੀ ਮਾਇਆ ਨੇ ਇਸ ਜੀਵ ਨੂੰ ਭੁਲਾ ਦਿਤਾ। ਵਾਹਿਗੁਰੂ ਹਾਜ਼ਰ ਨਾਜ਼ਰ ਹੈ, ਐਨੀ ਸ਼ਕਤੀ ਦਾ ਮਾਲਕ, ਉਸਨੂੰ ਤਾਂ ਸੰਸਾਰ ਭੁੱਲ ਗਿਆ ਜਿਹੜੀ ਉਹਨੇ ਚੀਜ਼ ਬਣਾਈ ਹੈ ਉਸਨੇ ਭੁਲਾ ਦਿਤਾ। ਆਪਣੇ ਵਲ ਮੋਹਿਤ ਕਰ ਲਿਆ –

***ਇਨਿ ਮਾਇਆ ਜਗਦੀਸ ਗੁਸਾਈ***
***ਤੁਮ੍ਰੇ ਚਰਨ ਬਿਸਾਰੇ ॥ ਅੰਗ – ੮੫੭***

ਭੋਰਾ ਜਿੰਨਾ ਵਿਚ ਪਿਆਰ ਪ੍ਰਮੇਸ਼ਰ ਦੇ ਨਾਲ ਨਹੀਂ ਕਰ ਰਿਹਾ। ਮਾਇਆ ਨਾਲ ਬੇਅੰਤ ਪਿਆਰ ਹੈ, ਦੇਖਣ ਵਾਲੀਆਂ ਚੀਜ਼ਾਂ ਨਾਲ ਬੇਅੰਤ ਪਿਆਰ ਹੈ ਤੇ ਵਾਹਿਗੁਰੂ ਨਾਲ ਨਹੀਂ ਪਿਆਰ। ਮਹਾਰਾਜ ਕਹਿਣ ਲੱਗੇ, ਦੇਖੋ ਪ੍ਰੇਮੀਓ! ਆਹ ਮਾਇਆ ਨੇ ਪ੍ਰਮੇਸ਼ਰ ਨੂੰ ਛੁਪਾ ਲਿਆ।

ਕ੍ਰਿਸ਼ਨ ਮਹਾਰਾਜ ਅਰਜਨ ਨੂੰ ਕਹਿਣ ਲੱਗੇ, ਹੇ ਅਰਜਨ! ਕਿਉਂਕਿ ਬ੍ਰਹਮ ਭਾਵ ਵਿਚ ਬੋਲ ਰਹੇ ਸੀ

ਆਪ ਇਕ ਜੀਵ ਭਾਵ ਹੁੰਦਾ ਹੈ, ਜੀਵ ਭਾਵ 'ਚ ਬੋਲਣਾ ਹੋਰ ਹੁੰਦਾ ਹੈ, ਬ੍ਰਹਮ ਭਾਵ 'ਚ ਬੋਲਣਾ ਹੋਰ ਹੁੰਦਾ ਹੈ। ਸੋ ਆਪ ਕਹਿਣ ਲੱਗੇ ਕਿ ਆਹ ਸਾਰਾ ਸੰਸਾਰ ਜਿਹੜਾ ਹੈ ਇਹਦੇ ਵਿਚ ਮੈਂ ਯੋਗ ਮਾਇਆ ਦੇ ਓਹਲੇ ਹੋ ਕੇ ਮੈਂ ਹੀ ਕੰਮ ਕਰ ਰਿਹਾ ਹਾਂ। ਮੈਂ ਸਾਰੇ ਕੰਮ ਕਰ ਰਿਹਾ ਹਾਂ ਜਿੰਨੇ ਹੋ ਰਹੇ ਨੇ, ਇਹ ਮੇਰੀ ਹੀ ਸੱਤਾ ਦੇ ਨਾਲ ਹੋ ਰਹੇ ਨੇ, ਮੈਂ ਹੀ ਮਾਇਆ ਨੂੰ ਸੱਤਾ ਦਿੰਦਾ ਹਾਂ, ਇਹ ਮਾਇਆ ਲੜਾਈ, ਝਗੜੇ-ਝਾਟੇ ਸਭ ਕਰਾ ਰਹੀ ਹੈ। ਇਹ ਤ੍ਰਿਗੁਣੀ ਮਾਇਆ ਜਿਹੜੀ ਮਿਲੀ ਹੈ ਇਹਨੂੰ ਤਰਨਾ ਬਹੁਤ ਕਠਿਨ ਹੈ, ਕੋਈ ਤਰ ਨਹੀਂ ਸਕਦਾ। ਕੋਈ ਇਹਦੇ ਸਾਮ੍ਹਣੇ ਠਹਿਰ ਨਹੀਂ ਸਕਦਾ ਤੇ ਮੈਨੂੰ ਭੁੱਲ ਜਾਂਦਾ ਹੈ। ਅਰਜਨ ਕਹਿਣ ਲੱਗਿਆ, ਮਹਾਰਾਜ! ਮੈਨੂੰ ਤਾਂ ਤੁਸੀਂ ਨਹੀਂ ਭੁੱਲਦੇ। ਮੈਂ ਤੁਹਾਡੇ ਕੋਲ ਬੈਠਾ ਹਾਂ, ਤੁਸੀਂ ਮੇਰੇ ਨਾਲ ਰਹਿੰਦੇ ਓ। ਮੇਰਾ ਤੁਹਾਡੇ ਨਾਲ ਸਖਾ ਦਾ ਤੁਅਲਕ ਹੈ। ਕਹਿਣ ਲੱਗੇ, ਅਰਜਨ! ਇਹ ਤਾਂ ਮੇਰੀਓ ਮਿਹਰ ਹੈ ਕਿ ਤੂੰ ਨਾ ਭੁੱਲੇਂ। ਜੇ ਮੇਰੀ ਨਾ ਮਿਹਰ ਹੋਵੇ ਤਾਂ ਤੂੰ ਮੈਨੂੰ ਤਾਂ ਭੁਲਣਾ ਹੀ ਹੈ, ਤੂੰ ਆਪਣੇ ਆਪ ਨੂੰ ਵੀ ਭੁੱਲ ਸਕਦਾ ਹੈਂ। ਕੋਈ ਬੰਦਾ ਨਹੀਂ ਜਿਹੜਾ ਮੇਰੀ ਮਾਇਆ ਦੇ ਅੱਗੇ ਟਿਕ ਸਕੇ।

ਕਹਿਣ ਲੱਗੇ, ਅਰਜਨ! ਤੂੰ ਤਾਂ ਕੀ ਹੈਂ, ਸੰਸਾਰ ਦੇ ਅੰਦਰ ਵੱਡੇ-ਵੱਡੇ ਯੋਗੀ, ਵੱਡੇ-ਵੱਡੇ ਸਿੱਧ ਇਥੇ ਤੱਕ ਕਿ ਜਿਹੜੇ ਵੱਡੇ ਦੇਵਤੇ ਨੇ, ਇਹ ਵੀ ਮਾਇਆ ਦੇ ਅੱਗੇ ਟਿਕ ਨਹੀਂ ਸਕਦੇ। ਕਿਉਂਕਿ ਮਾਇਆ ਐਨੀ ਪ੍ਰਬਲ ਹੈ, ਬਹੁਤ ਵੱਡੀ ਸ਼ਕਤੀ ਹੈ ਭੁਲਾਉਣ ਵਾਲੀ। ਮਾਇਆ ਕਹਿੰਦੇ ਕਿਹਨੂੰ ਨੇ, ਕਹਿੰਦੇ ਇਹਦਾ ਨਾਉਂ ਹੀ ਇਹੀ ਹੈ –

*ਏਹ ਮਾਇਆ ਜਿਤੁ ਹਰਿ ਵਿਸਰੈ*
*ਮੋਹੁ ਉਪਜੈ ਭਾਉ ਦੂਜਾ ਲਾਇਆ ॥*
*ਅੰਗ - ੯੨੧*

ਇਕ ਨੂੰ ਛੱਡ ਕੇ ਜਦੋਂ ਦੂਜਾ ਦਿਸਣ ਲਗ ਜਾਂਦਾ ਹੈ, ਸਮਝ ਲਓ ਮਾਇਆ ਹੈ, ਮਾਇਆ ਪਈ ਹੋਈ ਹੈ। ਸੋ ਤ੍ਰਿਗੁਣੀ ਮਾਇਆ ਦੇ ਅੱਗੇ ਕੋਈ ਟਿਕ ਨਹੀਂ ਸਕਦਾ। ਉਹ ਐਡੀ ਬਲਵਾਨ ਹੈ ਕਿ –

*ਜਿਨਿ ਕੀਨੇ ਵਸਿ ਅਪੁਨੈ*
*ਤ੍ਰੈ ਗੁਣ ਭਵਣ ਚਤੁਰ ਸੰਸਾਰਾ ॥ ਅੰਗ - ੬੭੩*

ਰਜੋ ਗੁਣ, ਤਮੋ ਗੁਣ, ਸਤੋ ਗੁਣ ਤਿੰਨੇ ਗੁਣ ਵਸ ਕਰਕੇ, ਸਾਰੇ ਸੰਸਾਰ ਨੂੰ ਵਸ ਕੀਤਾ ਹੋਇਆ ਹੈ, ਜਿੰਨਾ ਵੀ ਨਜ਼ਰ ਆਉਂਦਾ ਹੈ।

*ਜਗ ਇਸਨਾਨ ਤਾਪ ਥਾਨ*
*ਖੰਡੇ ਕਿਆ ਇਹੁ ਜੰਤੁ ਵਿਚਾਰਾ ॥*
*ਅੰਗ - ੬੭੩*

ਜਗ ਦੇ ਜਿੰਨੇ ਧਰਮ ਤੀਰਥ ਸੀਗੇ, ਜਿੰਨੇ ਜਪ ਨੇ ਜਿੰਨੇ ਤਪ ਨੇ, ਜਿੰਨੇ ਇਸ਼ਨਾਨ ਨੇ ਸਾਰਿਆਂ ਨੂੰ ਫਤਹਿ ਕਰ ਲਿਆ ਮਾਇਆ ਨੇ। ਕਹਿੰਦੇ, ਇਹ ਜੀਵ ਕੀ ਹੈ ਵਿਚਾਰਾ। ਇਹ ਤਾਂ ਛੁਟਦਾ ਤਾਂ ਹੈ ਜੇ ਵਾਹਿਗੁਰੂ ਦੀ ਓਟ ਲੈ ਲਵੇ।

*ਪ੍ਰਭ ਕੀ ਓਟ ਗਹੀ ਤਉ ਛੂਟੋ ॥*
*ਸਾਧ ਪ੍ਰਸਾਦਿ ਹਰਿ ਹਰਿ ਹਰਿ ਗਾਏ*
*ਬਿਖੈ ਬਿਆਧਿ ਤਬ ਹੂਟੋ ॥ ਅੰਗ - ੬੭੩*

ਜਦੋਂ ਕੋਈ ਪੂਰਾ ਸਤਿਗੁਰੂ ਮਿਲ ਜਾਵੇ। ਫੇਰ ਹਰੀ ਦਾ ਜਸ ਗਾਉਂਦਾ ਹੈ ਫੇਰ ਕਹਿੰਦੇ, ਵਿਸ਼ਿਆਂ ਦੀ ਜਿਹੜੀ ਬਿਆਧੀ ਲੱਗੀ ਹੋਈ ਹੈ ਇਹ ਥੱਕ ਜਾਂਦੀ ਹੈ। ਫੇਰ ਇਹਦਾ ਅਸਰ ਨਹੀਂ ਚਲਦਾ ਪਰ ਇਹ ਜਿਹੜੀ ਮਾਇਆ ਹੈ ਕਹਿੰਦੇ ਕਿੱਥੇ ਹੈ ਜੀ, ਪਤਾ ਤਾਂ ਲੱਗੇ ਕਿ ਆਹ ਮੋਹਣ ਵਾਲੀ ਕਿੱਥੋਂ ਆ ਗਈ।

ਮਹਾਰਾਜ ਕਹਿੰਦੇ ਨਾ –

*ਨਹ ਸੁਣੀਐ ਨਹ ਮੁਖ ਤੇ ਬਕੀਐ*
*ਨਹ ਮੋਹੈ ਉਹ ਡੀਠੀ ॥ ਅੰਗ - ੬੭੩*

ਕਹਿੰਦੇ ਨਾ ਤਾਂ ਉਹ ਸੁਣੀ ਹੈ ਕਿ ਉਥੇ ਬੈਠੀ ਹੈ, ਨਾ ਮੂੰਹ ਤੋਂ ਬੋਲਦੀ ਹੈ, ਨਾ ਉਹ ਦੇਖੀ ਹੋਈ ਮੋਂਹਦੀ ਹੈ, ਲੇਕਿਨ ਉਹਦੇ ਕੋਲ ਇਕ ਐਸੀ ਚੀਜ਼ ਹੈ, ਉਹਦੇ ਕੋਲ ਇਕ ਬੂਟੀ ਹੈ ਜਿਹਨੂੰ ਠਗਮੂਰੀ ਕਹਿੰਦੇ ਨੇ, ਉਹ ਜਦੋਂ ਸੁੰਘਾ ਦਿੰਦੀ ਹੈ ਕੁਛ ਤੋਂ ਕੁਛ ਦਿਸਣ ਲਗ ਜਾਂਦਾ ਹੈ। ਆਹ ਜਿਹੜੇ drug ਖਾਂਦੇ ਨੇ, ਇਕ ਦਿਨ ਮੈਂ ਪੁੱਛਿਆ ਕਿ ਤੈਨੂੰ ਅਸਰ ਕੀ ਹੁੰਦਾ ਹੈ, ਕਹਿੰਦਾ ਅਸਰ? ਕਹਿੰਦਾ ਦੁਨੀਆਂ ਹੀ ਹੋਰ ਹੋ ਜਾਂਦੀ ਹੈ, ਆਹ ਜਿਹੜੇ ਖੰਭੇ ਨੇ ਨੱਚਦੇ ਨਜ਼ਰ ਆਉਂਦੇ ਨੇ, ਤੁਹਾਨੂੰ ਟਿਕੇ ਲਗਦੇ ਨੇ, ਸਾਨੂੰ ਨੱਚਦੇ ਲਗਦੇ ਨੇ। ਆਹ ਜਿਹੜੀ ਰੋਸ਼ਨੀ ਹੈ ਸੱਤ-ਸੱਤ ਰੋਸ਼ਨੀਆਂ ਨਜ਼ਰ ਆਉਂਦੀਆਂ ਨੇ, ਇਕ-ਇਕ ਦੇ ਵਿਚ। ਕਿਉਂਕਿ ਠਗਮੂਰੀ ਚੜ੍ਹ ਗਈ ਓਸਨੂੰ। ਇਸੇ ਤਰ੍ਹਾਂ ਨਾਲ ਸੀਗਾ ਤਾਂ ਵਾਹਿਗੁਰੂ ਹੀ ਇਥੇ, ਪਰ ਮਾਇਆ ਦੀ ਬੂਟੀ ਜਦੋਂ ਸੁੰਘੀ ਇਸ ਜੀਵ ਨੇ। ਓਸ ਵੇਲੇ ਇਹ ਭੁੱਲ ਗਿਆ। ਕਹਿੰਦੇ –

*ਐਸੀ ਠਗਉਰੀ ਪਾਇ ਭੁਲਾਵੈ*
*ਮਨਿ ਸਭ ਕੈ ਲਾਗੈ ਮੀਠੀ ॥*
*ਮਾਇ ਬਾਪ ਪੂਤ ਹਿਤ ਭ੍ਰਾਤਾ*
*ਉਨਿ ਘਰਿ ਘਰਿ ਮੇਲਿਓ ਦੂਆ ॥*
*ਅੰਗ - ੬੭੩*

ਮਾਂ-ਬਾਪ, ਪੁੱਤ-ਧੀਆਂ ਇਕੱਠੇ ਹੋ ਗਏ, ਦ੍ਵੈਤ ਹੀ ਦ੍ਵੈਤ ਹੋ ਗਏ।

*ਕਿਸ ਹੀ ਵਾਧਿ ਘਾਟਿ*

*ਕਿਸ ਹੀ ਪਹਿ ਸਗਲੇ ਲਰਿ ਲਰਿ ਮੂਆ ॥*
*ਅੰਗ - ੬੭੩*

ਕਿਸੇ ਕੋਲ ਥੋੜ੍ਹੀ ਹੈ, ਕਿਸੇ ਕੋਲ ਬਹੁਤੀ ਹੈ, ਕਹਿੰਦੇ ਲੜ-ਲੜ ਕੇ ਮਰ ਰਿਹਾ ਹੈ।

*ਹਉ ਬਲਿਹਾਰੀ ਸਤਿਗੁਰ ਅਪੁਨੇ*
*ਜਿਨਿ ਇਹੁ ਚਲਤੁ ਦਿਖਾਇਆ॥ ਅੰਗ - ੬੭੩*

ਬਲਿਹਾਰ ਜਾਂਦੇ ਹਾਂ ਗੁਰੂ ਤੋਂ ਜਿਹਨੇ ਇਹ ਸਾਨੂੰ ਪ੍ਰਗਟ ਕਰਕੇ ਖੇਲ੍ਹ ਦਿਖਾ ਦਿਤਾ।

*ਗੁਝੀ ਭਾਹਿ ਜਲੈ ਸੰਸਾਰਾ*
*ਭਗਤ ਨ ਬਿਆਪੈ ਮਾਇਆ ॥ ਅੰਗ - ੬੭੩*

ਸਾਰਾ ਸੰਸਾਰ ਇਸ ਗੁੱਝੀ ਅੱਖ ਦੇ ਵਿਚ ਜਲ ਰਿਹਾ ਹੈ।

*ਸੰਤ ਪ੍ਰਸਾਦਿ ਮਹਾ ਸੁਖੁ ਪਾਇਆ*
*ਸਗਲੇ ਬੰਧਨ ਕਾਟੇ ॥*
*ਹਰਿ ਹਰਿ ਨਾਮੁ ਨਾਨਕ ਧਨੁ ਪਾਇਆ*
*ਅਪੁਨੈ ਘਰਿ ਲੈ ਆਇਆ ਖਾਟੇ ॥*
*ਅੰਗ - ੬੭੩*

ਕਹਿਣ ਲੱਗੇ ਅਰਜਨ! ਤੂੰ ਕਿਹਦਾ ਵਿਚਾਰਾ ਹੈਂ। ਕਹਿਣ ਲੱਗਿਆ, ਮਹਾਰਾਜ! ਤੁਸੀਂ ਮਹਾਂਭਾਰਤ ਦੇ ਯੁੱਧ ਦੇ ਅੰਦਰ ਗਿਆਨ ਕਰਾਇਆ ਹੈ, ਮੇਰੇ ਤਾਂ ਗਿਆਨ ਸਾਰਾ ਯਾਦ ਹੈ। ਕਹਿੰਦੇ, ਨਾ ਗਿਆਨ ਵਗੈਰਾ ਤਾਂ ਕਿਧਰੇ ਹੀ ਜਾਂਦਾ ਹੈ। ਇਹ ਐਡੀ ਪ੍ਰਬਲ ਹੈ ਜਦੋਂ ਸੁੱਟਣ ਤੇ ਆਉਂਦੀ ਹੈ ਫੇਰ ਨਹੀਂ ਆਦਮੀ ਬਚਦਾ। ਕੋਈ ਬੰਦਾ ਨਹੀਂ ਦ੍ਰਿੜ੍ਹਤਾ ਨਾਲ ਕਹਿ ਸਕਦਾ ਕਿ ਮੈਂ ਬਚ ਸਕਦਾ ਹਾਂ। ਕਹਿੰਦੇ, ਮੂਰਖ ਹੈ ਜੇ ਇਹ ਦਾਹਵਾ ਕਰੇ। ਪਤਾ ਨਹੀਂ ਕਿਹੜੇ ਵੇਲੇ ਗਿਰ ਜਾਵੇ ਆਦਮੀ। ਸੋ ਏਸ ਨੇ ਬਾਰ-ਬਾਰ ਜਦੋਂ ਏਸ ਗੱਲ ਦਾ ਹੱਠ ਕਰਿਆ ਕਿ ਮੈਨੂੰ ਤੁਸੀਂ ਆਪਣੀ ਤ੍ਰਿਗੁਣੀ ਮਾਇਆ ਦਿਖਾ ਤਾਂ ਦਿਓ। ਉਹ ਕਹਿੰਦੇ, ਤੂੰ ਮੈਨੂੰ ਤਾਂ ਭੁੱਲਣਾ ਹੀ ਹੈ ਤੂੰ ਆਪਣੇ ਆਪ ਨੂੰ ਵੀ ਭੁੱਲ ਜਾਏਂਗਾ। ਜਦੋਂ ਹੱਠ ਕਰਿਆ, ਤਾਂ ਕਹਿੰਦੇ ਚੰਗਾ ਫੇਰ ਕਦੇ ਮੌਕਾ ਆਇਆ ਤਾਂ ਤੈਨੂੰ ਦਿਖਾਵਾਂਗੇ। ਦੂਸਰੇ ਦਿਨ ਰੱਥ ਤੇ ਚੜ੍ਹ ਕੇ ਆ ਗਏ। ਕਹਿਣ ਲੱਗੇ, ਆਹ ਸੋਹਣਾ ਥਾਉਂ ਹੈ, ਸਰੋਵਰ ਬਹੁਤ ਵਧੀਆ ਹੈ, ਇਥੇ ਆਪਾਂ ਦਾਤਣ ਕੁਰਲਾ ਕਰ ਲਈਏ ਤੇ ਦਾਤਣ ਕਰਨ ਵਾਸਤੇ ਬੈਠ ਗਏ। ਇਹਨੂੰ ਕਹਿੰਦੇ ਤੂੰ ਐਉਂ ਕਰ ਮਾਇਆ ਦੇਖਣੀ ਹੈ, ਕਹਿੰਦਾ ਹਾਂ ਮਹਾਰਾਜ, ਮਾਇਆ ਮੈਨੂੰ ਦਿਖਾ ਦਿਓ। ਕਹਿੰਦੇ, ਦੇਖ ਮੈਂ ਇਥੇ ਬੈਠਣਾ ਹੈ, ਨਾ ਕਿਤੇ ਜਾਣਾ ਹੈ, ਇਹ ਮੇਰੀ ਹੈਗੀ ਪ੍ਰਤਿਗਿਆ ਤੇਰੇ ਨਾਲ। ਮੈਂ ਨਹੀਂ ਕਿਤੇ ਵੀ ਜਾਂਦਾ। ਆਹ ਰੱਥ ਨਹੀਂ ਜਾਂਦਾ ਕਿਤੇ। ਐਥੇ ਹੀ ਬੈਠਾ ਮੈਂ ਤੈਨੂੰ ਨਜ਼ਰ ਨਹੀਂ ਆਉਣਾ, ਤੂੰ ਭੁੱਲ ਜਾਏਂਗਾ, ਕਹਿੰਦਾ ਮਹਾਰਾਜ ਤੁਸੀਂ ਐਥੇ ਬੈਠੇ ਹੋਵੋਂਗੇ ਤੇ ਮੈਨੂੰ ਕਿਵੇਂ ਨਹੀਂ ਨਜ਼ਰ ਆਵੋਂਗੇ। ਕਹਿੰਦੇ ਮੇਰੀ ਮਾਇਆ ਐਸੀ ਪ੍ਰਬਲ ਹੈ ਹੁਣ ਮੈਂ ਸਾਰੀ ਸ੍ਰਿਸ਼ਟੀ 'ਚ ਰਹਿੰਦਾ ਹਾਂ, ਕਿਹਨੂੰ ਨਜ਼ਰ ਆਉਂਦਾ ਹਾਂ, ਕੋਈ ਹੈ ਬੰਦਾ ਜਿਹੜਾ ਕਹਿ ਦੇਵੇ ਕਿ ਮੈਨੂੰ ਨਜ਼ਰ ਆਉਂਦਾ ਹੈ ਵਾਹਿਗੁਰੂ। ਸਾਰੇ ਹੀ ਭੁੱਲੇ ਪਏ ਨੇ, ਮਾਇਆ ਨੂੰ ਤਾਂ ਕਹਿੰਦੇ ਨੇ ਜਿਹੜਾ ਕੁਛ ਦਿਖਦਾ ਹੈ, ਜਿਹੜਾ ਕੁਛ ਸੁਣਦਾ ਹੈ ਕਿ ਇਹ ਹੈਗਾ। ਨਕਲੀ ਚੀਜ਼ ਨੂੰ ਅਸਲੀ ਮੰਨਦੇ ਨੇ, ਕਿਵੇਂ ਮੰਨਦੇ ਨੇ, ਕਹਿੰਦੇ ਹਨ੍ਹੇਰੇ ਵਿਚ ਰੱਸੀ ਪਈ ਹੋਵੇ, ਉਹਨੂੰ ਸੱਪ ਹੀ ਕਹੀ ਜਾਣਗੇ , ਜਦੋਂ ਚਾਨਣਾ ਹੋਏਗਾ ਫੇਰ ਪਤਾ ਲੱਗੇਗਾ ਕਿ ਇਹ ਤਾਂ ਰੱਸੀ ਹੀ ਸੀ, ਸੱਪ ਤਾਂ ਇਹਦੇ 'ਚ ਹੋਇਆ ਹੀ ਨਹੀਂ ਨਾ ਕਦੇ ਹੋ ਸਕਦਾ ਹੈ, ਇਸੇ ਤਰ੍ਹਾਂ ਦੇ ਨਾਲ ਹੈਗਾ ਤਾਂ ਮੈਂ ਹੀ ਸੰਸਾਰ ਦੇ ਅੰਦਰ ਪਰ ਮੈਨੂੰ ਕੋਈ ਨਹੀਂ ਦੇਖਦਾ, ਮੇਰੀ ਮਾਇਆ ਨੂੰ ਦੇਖ ਕੇ ਵੰਡੀਆਂ ਪਾਉਂਦੇ ਨੇ, ਮੇਰਾ ਪੋਤਾ, ਮੇਰੀ ਧੀ, ਮੇਰੀ ਕੋਠੀ ਹੈ, ਮੇਰੀ ਕਾਰ ਹੈ, ਮੇਰਾ ਫਲਾਣਾ; ਵੰਡੀਆਂ ਪਾ ਕੇ ਕਹਿੰਦੇ ਭੁੱਲ ਕੇ ਬਹਿ ਜਾਂਦੇ ਨੇ। ਅਸਲੀਅਤ ਨਹੀਂ ਪਤਾ ਲੱਗਦੀ, ਕਹਿੰਦਾ ਲਓ ਮਹਾਰਾਜ! ਤੁਸੀਂ ਇਥੋਂ ਨਾ ਹਿਲਿਓ, ਮੈਂ ਕਿਵੇਂ ਭੁੱਲ ਜਾਵਾਂਗਾ? ਕਹਿੰਦੇ, ਜਾਹ, ਜਾਹ ਕੇ ਇਸ਼ਨਾਨ ਕਰ ਲੈ। ਜਾ ਕੇ ਸਰੋਵਰ ਵਿਚ ਇਸ਼ਨਾਨ ਕਰਨ ਲੱਗਿਆ, ਇਕ ਟੁੱਭੀ ਮਾਰੀ, ਜਦ ਬਾਹਰ ਨਿਕਲ ਕੇ ਦੇਖਦਾ ਹੈ ਸਮਾਂ ਬਦਲ ਗਿਆ, ਚਾਰ ਸੌ ਸਾਲ ਨੂੰ ਜਿਹੜੀ ਗੱਲ ਆਉਣੀ ਸੀ ਉਹ ਸਮਾਂ ਪੈਦਾ ਕਰ ਦਿਤਾ ਉਥੇ। ਨਾ ਸਰੋਵਰ, ਨਾ ਕਿਤੇ ਇਹਦੇ ਕੱਪੜੇ, ਤਿਆਰ-ਬਰ-ਤਿਆਰ ਖੜ੍ਹਾ ਹੈ, ਧਨੁਸ਼ ਬਾਣ ਮੋਢੇ 'ਚ ਪਾਇਆ ਹੋਇਆ ਹੈ, ਲੇਕਿਨ ਹੈਰਾਨ ਹੁੰਦਾ ਹੈ ਕਿ ਕਿੱਥੇ ਚਲੇ ਗਏ ਕ੍ਰਿਸ਼ਨ ਮਹਾਰਾਜ, ਇਥੇ ਬੈਠੇ ਸੀ। ਗੱਲ ਵੀ ਯਾਦ ਆਉਂਦੀ ਹੈ ਕਿ ਇਥੇ ਬੈਠੇ ਸੀ। ਹਾਕਾਂ ਮਾਰਨੀਆਂ ਸ਼ੁਰੂ ਕਰ ਦਿਤੀਆਂ ਕਿ ਮਹਾਰਾਜ, ਤੁਸੀਂ ਬੋਲਦੇ ਕਿਉਂ ਨਹੀਂ, ਬੋਲੋ-ਬੋਲੋ, ਸਾਰਾ ਦਿਨ ਹਾਕਾਂ ਮਾਰੀ ਗਿਆ, ਕੋਈ ਜਵਾਬ ਨਾ ਉਨ੍ਹਾਂ ਨੇ ਦਿਤਾ। ਰਾਤ ਪੈ ਗਈ, ਜੰਗਲੀ ਜਾਨਵਰ ਆ ਗਏ, ਸ਼ੇਰ ਲੰਘੇ ਫਿਰਦੇ ਨੇ, ਵੱਡੇ-ਵੱਡੇ ਸੱਪ ਤੁਰੇ ਫਿਰਦੇ ਨੇ, ਉਸ ਵੇਲੇ ਦਰਖਤ ਦੇ ਉਤੇ ਚੜ੍ਹ ਗਿਆ, ਸਾਰੀ ਰਾਤ ਜਾਗਦੇ ਨੇ ਕੱਟੀ, ਨਾਲੇ ਰੋਂਦਾ ਹੈ ਕਿ ਮੈਂ ਆ ਕਿੱਥੇ ਗਿਆ। ਇਸ਼ਨਾਨ ਕਰਨ ਵੜਿਆ ਸੀ, ਐਨਾ ਕੁ ਤਾਂ ਯਾਦ ਹੈ, ਉਸ ਤੋਂ ਬਾਅਦ ਨਹੀਂ ਕੋਈ ਵੀ ਗੱਲ ਯਾਦ ਨਹੀਂ ਹੈ ਕਿ ਮੈਂ ਆ ਕਿੱਥੇ ਗਿਆ। ਫੇਰ ਆਵਾਜ਼ਾਂ ਦਿੰਦਾ ਹੈ, ਤਿੰਨ ਦਿਨ, ਤਿੰਨ ਰਾਤਾਂ ਲੰਘ ਗਈਆਂ, ਅਖੀਰ ਜੰਗਲ 'ਚੋਂ ਨਿਕਲਿਆ ਕਿ ਬਾਹਰ ਨਿਕਲ ਕੇ ਦੇਖਾਂ, ਅਤਾ ਪਤਾ ਕਰਾਂ ਕਿ ਮੈਂ ਹਾਂ ਕਿੱਥੇ? ਜਦੋਂ ਇਹ ਬਾਹਰ ਨਿਕਲਿਆ ਤਾਂ ਉਥੇ ਇਕ ਬੰਦਾ ਮਿਲਿਆ ਇਸਨੂੰ? ਇਹ ਕਹਿਣ

ਲੱਗਿਆ ਕਿ ਮੈਨੂੰ ਤੂੰ ਐਉਂ ਦੱਸ ਕਿ ਹਸਤਨਾਪੁਰ ਕਿੱਥੇ ਹੈ ਤੇ ਕ੍ਰਿਸ਼ਨ ਮਹਾਰਾਜ ਕਿਤੇ ਦੇਖੇ ਹੋਣ ਤੂੰ? ਉਹ ਕਹਿੰਦਾ ਕ੍ਰਿਸ਼ਨ ਮਹਾਰਾਜ, ਹਸਤਨਾਪੁਰ? ਹਸਤਨਾਪੁਰ ਨੂੰ ਉੱਜੜੇ ਨੂੰ ਵੀ ਬੜੀ ਦੇਰ ਹੋ ਗਈ। ਕਹਿੰਦੇ, ਤੇਰਾ ਨਾਉਂ ਕੀ ਹੈ? ਕਹਿੰਦਾ ਮੇਰਾ ਨਾਉਂ ਅਰਜਨ? ਮੈਂ ਪਾਂਡਵ ਹਾਂ। ਉਹ ਕਹਿੰਦਾ ਅਰਜਨ! ਤੇਰੇ ਦਿਮਾਗ ਵਿਚ ਕੁਛ ਫਰਕ ਹੈ?

ਕਹਿੰਦਾ, ਕਿਉਂ?

ਕਹਿੰਦਾ, ਆਜਾ ਉਥੇ ਕਥਾ ਹੁੰਦੀ ਹੈ ਸਾਡੇ, ਕਹਿੰਦੇ ਉਹ ਕਥਾ ਅਰਜਨ ਦੇ ਪੜੋਤੇ ਨੂੰ ਸੁਣਾਈ ਸੀ, ਉਹ ਕਥਾ ਜਿਹੜੀ ਹੈ ਨਾ ਥਾਂ-ਥਾਂ ਤੇ ਹੋ ਰਹੀ ਹੈ, ਸਾਡੇ ਵੀ ਹੋ ਰਹੀ ਹੈ, ਕਿਉਂਕਿ ਸਾਡੇ ਇਥੇ ਦਾ ਰਾਜਾ ਜੋ ਹੈ ਉਹ ਕ੍ਰਿਸ਼ਨ ਭਗਤ ਹੈ। ਸੋ ਉਹਦੇ ਨਾਲ ਚੱਲ ਪਿਆ। ਹੁਣ ਸ਼ੱਕ ਪੈਂਦਾ ਜਾਂਦਾ ਹੈ ਕਿ ਇਹ ਗੱਲ ਕੀ ਹੋ ਗਈ? ਮੈਨੂੰ ਤਾਂ ਕੁਛ ਪਤਾ ਹੀ ਨਹੀਂ ਲਗਦਾ। ਹਾਂ ਮੈਂ ਜਾਗਦਾ, ਸੁੱਤਾ ਪਿਆ ਨਹੀਂ ਹਾਂ। ਉਥੇ ਚਲਿਆ ਗਿਆ ਤਾਂ ਉਥੇ ਕਥਾ ਸੁਣੀ ਜਾ ਕੇ ਕਿ ਪਾਂਡਵਾਂ ਨੇ ਬੜੀ ਦੇਰ ਤੱਕ ਰਾਜ ਕਰਿਆ, ਇਹ ਰਾਜ ਨਹੀਂ ਸੀ ਕਰਦਾ, ਭੀਸ਼ਮ ਪਿਤਾਮਾ ਨੇ ਬਾਣਾਂ ਦੀ ਸੇਜਾਂ ਤੇ ਪਏ ਹੋਏ ਅਰਜਨ ਨੂੰ ਸਮਝਾਇਆ ਕਿ ਤੁਸੀਂ ਰਾਜ ਕਰੋਗੇ, ਰਾਜ ਵਾਸਤੇ ਯੁੱਧ ਕਰਿਆ ਹੈ, ਰਾਜ ਕਰਿਆ ਤੇ ਉਸ ਤੋਂ ਬਾਅਦ ਹਿਮਾਲਿਆ ਪਰਬਤ 'ਚ 'ਪੰਡ ਰਾਜਯ ਜੋਗ ਕਮਾਵਾ' ਜਿਥੇ ਗੁਰੂ ਮਹਾਰਾਜ ਨੇ ਲਿਖਿਆ ਹੈ, ਹੇਮਕੁੰਟ ਦੇ ਨੇੜੇ ਚਲੇ ਗਏ, ਉਥੇ ਆਪਣੀ ਸਾਧਨਾ ਸਾਧਦੇ ਰਹੇ ਤੇ ਇਧਰ ਰਾਜ ਪ੍ਰੀਸ਼ਦ ਨੂੰ ਦੇ ਗਏ, ਪੋਤੇ ਨੂੰ, ਪ੍ਰੀਸ਼ਦ ਨੂੰ ਸੱਪ ਨੇ ਕੱਟ ਲਿਆ, ਉਸ ਤੋਂ ਬਾਅਦ ਰਾਜ ਚਲਿਆ ਗਿਆ ਜਨਮੇਜੇ ਕੋਲ, ਜਨਮੇਜੇ ਨੂੰ ਕੋਹੜ ਹੋ ਗਿਆ, ਕੋਹੜ ਹੋਏ ਤੇ ਉਹਨੇ ਕਥਾ ਸੁਣੀ ਆਪਣੇ ਬਜ਼ੁਰਗਾਂ ਤੋਂ, ਉਹਦੇ ਵਿਚ ਬਾਰ-ਬਾਰ ਆਉਂਦਾ ਹੈ ਕਿ ਫੇਰ ਆਹ ਗੱਲ ਸੁਣਾਈ, ਫੇਰ ਆਹ ਗੱਲ ਸੁਣਾਈ, ਉਹ ਕਥਾ ਸੁਣਦਾ ਹੈ, ਕਥਾ ਸੁਣ ਕੇ ਹੈਰਾਨ ਹੁੰਦਾ ਹੈ ਕਿ ਕਥਾ ਮੇਰੀ ਹੈ, ਇਹ ਹੋ ਕੀ ਗਿਆ, ਮੇਰੇ ਪੋਤੇ ਦਾ ਨਾਉਂ ਪ੍ਰੀਸ਼ਦ ਹੈ ਇਹ ਠੀਕ ਹੈ, ਰਾਜ ਦੇ ਦਿਤਾ, ਅਸੀਂ ਤਾਂ ਰਾਜ ਕਰ ਰਹੇ ਹਾਂ, ਇਹ ਹੋਇਆ ਕੀ? ਉਸ ਵੇਲੇ ਚੱਕਰ 'ਚ ਪੈ ਗਿਆ, ਲੋਕਾਂ ਨੇ ਪੁਛਿਆ ਕਿ ਤੇਰਾ ਨਾਉਂ ਕੀ ਹੈ? ਕਹਿੰਦਾ, ਮੇਰਾ ਨਾਉਂ ਅਰਜਨ? ਜਦੋਂ ਅਰਜਨ ਕਿਹਾ, ਅਤਾ ਪਤਾ ਦੱਸਿਆ ਤਾਂ ਲੋਕਾਂ ਨੇ ਵੱਟੇ ਮਾਰਨੇ ਸ਼ੁਰੂ ਕਰ ਦਿਤੇ ਕਿ ਪਾਗਲ ਆ ਵੜਿਆ ਆਪਣੀ ਬਸਤੀ 'ਚ। ਇਹ ਕਹਿੰਦਾ ਕਿ ਮੈਨੂੰ ਮਾਰੋ ਨਾ, ਵੱਟੇ ਕਿਉਂ ਮਾਰੀ ਜਾਂਦੇ ਓਂ। ਕਹਿੰਦੇ, ਤੂੰ ਅਰਜਨ ਕਿੱਥੋਂ ਹੈਂ? ਅਰਜਨ ਨੂੰ ਹੋਏ ਨੂੰ ਚਾਰ ਸੌ ਸਾਲ ਹੋ ਗਏ। ਅਖੀਰ ਐਸਾ ਭੁਲੇਖਾ ਪਿਆ ਕਿ ਆਪਣੇ ਆਪ ਨੂੰ ਮੰਨ ਗਿਆ ਕਿ ਮੈਂ ਅਰਜਨ ਨਹੀਂ ਹਾਂ ਤੇ ਆਪਣਾ ਨਾਉਂ ਵੀ ਬਦਲ ਲਿਆ। ਪਰਦੇਸੀ ਨਾਉਂ ਰਖਾ ਲਿਆ। ਰਾਜੇ ਦੇ ਕੋਲ ਚਲਿਆ ਗਿਆ। ਤੀਰ ਚਲਾਉਣ ਜਾਣਦਾ ਸੀ, ਉਹਦੀ ਵਿਦਿਆ ਨੂੰ ਦੇਖ ਕੇ ਉਹਨੇ ਸੈਨਾਪਤੀ ਬਣਾ ਲਿਆ ਤੇ ਆਪਣੀ ਲੜਕੀ ਦਾ ਰਿਸ਼ਤਾ ਕਰ ਦਿਤਾ। ਲੜਕੀ ਦਾ ਰਿਸ਼ਤਾ ਹੋ ਕੇ ਜਦੋਂ ਰਹਿਣ ਲੱਗੇ ਗ੍ਰਹਿਸਤ ਦੀ ਜ਼ਿੰਦਗੀ 'ਚ। ਐਨਾ ਵਿਸ਼ੇ-ਵਿਕਾਰਾਂ ਭੋਗਾਂ 'ਚ ਮਸਤ ਹੋਇਆ, ਨਾ ਕੋਈ ਕਿਰਿਆ ਕਰਮ, ਨਾ ਕੋਈ ਜਪ ਤਪ, ਨਾ ਕੋਈ ਤੀਰਥ। ਬਿਲਕੁਲ ਪੱਕਾ ਨਾਸਤਕ ਹੋ ਗਿਆ। ਜੇ ਕੋਈ ਰੱਬ ਦੀ ਗੱਲ ਉਹਦੇ ਕੋਲ ਕਰ ਦੇਵੇ ਮਿਲਟਰੀ ਵਾਲਾ ਤਾਂ ਉਹਦੇ ਨਾਲ ਨਰਾਜ਼ ਹੋ ਜਾਂਦਾ ਸੀ। ਕਹਿੰਦਾ, ਮੇਰੇ ਕੋਲ ਨਾ ਰੱਬ ਦੀ ਗੱਲ ਕਰੀਂ ਕਦੇ ਭੁੱਲ ਕੇ ਵੀ। ਕੋਈ ਨਹੀਂ ਹੈ ਇੱਥੇ। ਸੋ ਕ੍ਰਿਸ਼ਨ ਮਹਾਰਾਜ ਦਾ ਨਾਉਂ ਨਾ ਲੈਣ ਦੇਵੇ। ਜੇ ਕੋਈ ਲੈ ਦੇਵੇ ਉਹਦੇ ਨਾਲ ਲੜ ਪਵੇ ਕਿ ਉਹਦਾ ਨਾਉਂ ਕਿਉਂ ਲੈਂਦੇ ਓਂ। ਉਸ ਤੋਂ ਬਾਅਦ ਤਿੰਨ ਪੁੱਤਰ ਹੋਏ ਉਨ੍ਹਾਂ ਨਾਲ ਦਿਨ ਰਾਤ ਪਿਆਰ ਕਰਦਾ ਰਹਿੰਦਾ ਹੈ। ਉਸ ਤੋਂ ਬਾਅਦ ਇਹਦੀ ਘਰਵਾਲੀ ਬਿਮਾਰ ਹੋ ਗਈ, ਜਦੋਂ ਮਰਨ ਲੱਗੀ ਤਾਂ ਉਹਨੇ ਕਿਹਾ ਕਿ ਤੁਸੀਂ ਮਨੁੱਖ ਹੋ ਤੁਸੀਂ ਤਾਂ ਦੂਜਾ ਵਿਆਹ ਕਰਾ ਲਓਂਗੇ ਤੇ ਮੇਰੇ ਬੱਚਿਆਂ ਦਾ ਹਾਲ ਮੰਦਾ ਹੋ ਜਾਏਗਾ। ਇਹ ਕਹਿਣ ਲੱਗਿਆ ਕਿ ਦੇਖ ਮੈਂ ਤੈਨੂੰ ਵਚਨ ਦਿੰਦਾ ਹਾਂ ਕਿ ਤੇਰੇ ਸਰੀਰ ਛੱਡਦੇ ਹੀ ਮੈਂ ਤੇਰੀ ਚਿਖਾ ਵਿਚ ਤੇਰੇ ਨਾਲ ਜਲਣਾ ਹੈ। ਉਹ ਚੜ੍ਹਾਈ ਕਰ ਗਈ। ਉਸ ਤੋਂ ਬਾਅਦ ਇਹ ਚਿਖਾ 'ਚ ਜਲਣ ਨੂੰ ਤਿਆਰ ਹੋ ਗਿਆ। ਕਿਸੇ ਦਾ ਸਮਝਾਇਆ ਹੋਇਆ ਸਮਝਦਾ ਨਹੀਂ। ਉਸ ਵੇਲੇ ਕ੍ਰਿਸ਼ਨ ਮਹਾਰਾਜ ਨੇ ਊਧੋ ਨੂੰ ਭੇਜਿਆ। ਊਧੋ ਨੇ ਆ ਕੇ ਕਿਹਾ ਕਿ ਅਰਜਨ! ਇਹ ਕੀ ਕਰਦਾ ਹੈਂ?

ਕਹਿੰਦਾ ਅਰਜਨ ਕਿਹਨੂੰ ਕਹਿੰਦਾ ਹੈਂ?

ਕਹਿੰਦਾ ਤੈਨੂੰ।

ਕਹਿਣ ਲੱਗਿਆ, ਅਰਜਨ ਨੂੰ ਮਰੇ ਨੂੰ ਤਾਂ ਚਾਰ ਸੌ ਸਾਲ ਹੋ ਗਏ।

ਕਹਿੰਦਾ, ਤੂੰ ਮੈਨੂੰ ਨਹੀਂ ਪਛਾਣਦਾ, ਮੈਂ ਊਧੋ ਹਾਂ, ਦੇਖ ਆਪਾਂ ਇਕੱਠੇ ਹਾਂ।

ਕਹਿੰਦਾ, ਕਿਹੜਾ ਊਧੋ, ਊਧੋ ਨੂੰ ਤਾਂ ਮਰੇ ਨੂੰ ਐਨਾ ਚਿਰ ਹੋ ਗਿਆ?

ਮੰਨਦਾ ਹੀ ਨਹੀਂ ਬਥੇਰਾ ਜੋਰ ਲਾ ਕੇ ਸਮਝਾਇਆ। ਅਖੀਰ ਪੰਡਤਾਂ ਨੇ ਗੱਲ ਕਰੀ ਕਿ ਜੇ ਤੂੰ ਇਹ ਕਰਨਾ ਹੈ ਨਾ ਤਾਂ ਜਾ ਕੇ ਇਸ਼ਨਾਨ ਕਰਕੇ ਆ। ਇਸ਼ਨਾਨ ਕਰਨ ਸਰੋਵਰ 'ਚ ਵੜ ਗਿਆ, ਜਦੋਂ ਚੁੱਭੀ

ਲਾ ਕੇ ਬਾਹਰ ਨਿਕਲਦਾ ਹੈ, ਨਾ ਉਥੇ ਚਿਖਾ, ਨਾ ਕੋਈ ਰਾਜ ਨਾ ਕੋਈ ਲੈਣ ਨਾ ਕੋਈ ਦੇਣ। ਸਾਮ੍ਹਣੇ ਕ੍ਰਿਸ਼ਨ ਮਹਾਰਾਜ ਬੈਠੇ ਨੇ। ਉਸ ਵੇਲੇ ਘਰਵਾਲੀ ਨੂੰ ਯਾਦ ਕਰਕੇ ਉਚੀ-ਉਚੀ ਚੀਕਾਂ ਮਾਰਦਾ ਹੈ ਕਿ ਤੂੰ ਕਿੱਥੇ ਚਲੀ ਗਈ, ਆਹ ਕੀ ਹੋ ਗਿਆ, ਆਹ ਕੀ ਭਾਣਾ ਵਰਤ ਗਿਆ, ਥਾਉਂ ਹੀ ਹੋਰ ਹੋ ਗਿਆ ਪਾਣੀ 'ਚ ਨਹਾਉਂਦੇ ਸਾਰ। ਕ੍ਰਿਸ਼ਨ ਮਹਾਰਾਜ ਆ ਗਏ ਕਹਿੰਦੇ, ਅਰਜਨ! ਤੂੰ ਬਾਹਰ ਆ, ਮੈਨੂੰ ਨਹੀਂ ਪਛਾਣਦਾ ਮੈਂ ਕ੍ਰਿਸ਼ਨ ਹਾਂ। ਕਹਿੰਦਾ, ਕ੍ਰਿਸ਼ਨ ਨੂੰ ਤਾਂ ਹੋਏ ਨੂੰ ਚਾਰ ਸੌ ਸਾਲ ਹੋ ਗਏ। ਉਹਦੀਆਂ ਤਾਂ ਮੈਂ ਕਥਾਵਾਂ ਸੁਣੀਆਂ ਨੇ, ਕੌਣ ਹੈਂ ਤੂੰ? ਦਿਮਾਗ ਤਾਂ ਨਹੀਂ ਤੇਰਾ ਖਰਾਬ ਹੋ ਗਿਆ। ਉਹ ਕਹਿੰਦੇ, ਤੇਰੇ ਤੇ ਮੈਂ ਮਾਇਆ ਪਾਈ ਹੈ, ਕਹਿੰਦਾ ਕਿਹੜੀ ਮਾਇਆ ਪਾਈ ਹੈ? ਮਾਇਆ ਦਾ ਕੀ ਸਵਾਲ ਹੈ, ਮੈਂ ਤੇ ਮੇਰੀ ਘਰਵਾਲੀ ਸੀ ਹੁਣੇ ਹੀ ਚਿਖਾ ਤੇ ਰੱਖੀ ਸੀ। ਉਹ ਕਿੱਥੇ ਚਲੀ ਗਈ? ਅਖੀਰ ਕ੍ਰਿਸ਼ਨ ਮਹਾਰਾਜ ਨੇ ਕਿਹਾ ਕਿ ਅਰਜਨ! ਤੇਰੇ ਤੇ ਮਾਇਆ ਪਾਈ ਹੋਈ ਹੈ, ਹਲਕਾ ਜਿਹਾ ਥੱਪੜ ਮਾਰਿਆ, ਮਾਇਆ ਲਾਹ ਦਿਤੀ। ਮਾਇਆ ਲਾਹੀ, ਸੁਰਤ ਮੁੜ ਕੇ ਆ ਗਈ ਸਾਰੀ। ਉਸ ਵੇਲੇ ਕਹਿਣ ਲੱਗੇ, ਕਿਉਂ ਅਰਜਨ! ਹੁਣ ਦੱਸ ਮੇਰੀ ਮਾਇਆ ਦੇ ਨਾਲ ਕੋਈ ਮੁਕਾਬਲਾ ਕਰ ਸਕਦਾ ਹੈ?

ਸੋ ਪਾਰਬ੍ਰਹਮ ਪ੍ਰਮੇਸ਼ਰ ਦੀ ਜੋ ਮਾਇਆ ਹੈ ਮਹਾਰਾਜ ਕਹਿੰਦੇ –

*ਜਿਨਿ ਕੀਨੇ ਵਸਿ ਅਪੁਨੈ*
*ਤ੍ਰੈ ਗੁਣ ਭਵਣ ਚਤੁਰ ਸੰਸਾਰਾ ॥*
*ਜਗ ਇਸਨਾਨ ਤਾਪ ਥਾਨ ਖੰਡੇ*
*ਕਿਆ ਇਹੁ ਜੰਤੁ ਵਿਚਾਰਾ ॥* ਅੰਗ - ੬੭੩

ਇਹ ਜੰਤ ਕੀ ਹੈ, ਇਹ ਤਰ ਨਹੀਂ ਸਕਦਾ ਕਿਉਂਕਿ ਭੁੱਲ ਗਿਆ ਦੇਖ ਕੇ। ਮਹਾਰਾਜ ਕਹਿੰਦੇ ਫੇਰ ਝੂਠੀ ਮਾਇਆ ਦੇ ਵਿਚ ਮਸਤ ਹੋ ਕੇ ਇਹ ਦੱਸ ਤੂੰ ਤਰੇਂਗਾ ਕਿਵੇਂ? ਕਿਉਂਕਿ ਐਨੀ ਸ਼ਕਤੀਸ਼ਾਲੀ ਚੀਜ਼ ਹੈ, illusion, ignorance, ਅਵਿਦਿਆ, ਮਾਇਆ, ਹਉਮੈ ਕੋਈ ਨਾਉਂ ਦੇ ਦਿਓ ਇਸਨੂੰ। ਅਸਲੀਅਤ ਨਹੀਂ ਹੈ ਇਹਦੇ ਵਿਚ। ਮਹਾਰਾਜ ਕਹਿੰਦੇ –

*ਕੈਸੇ ਮਨ ਤਰਹਿਗਾ ਰੇ ਸੰਸਾਰੁ*
*ਸਾਗਰੁ ਬਿਖੈ ਕੋ ਬਨਾ ॥* ਅੰਗ - ੪੯੬

ਇਹ ਤਾਂ ਵਿਹੁ ਦਾ ਵਣ ਹੈ ਇਹਦੇ 'ਚ ਤਰੇਗਾ ਕਿਵੇਂ? ਵਿਹੁ ਦਾ ਸਮੁੰਦਰ।

*ਝੂਠੀ ਮਾਇਆ ਦੇਖਿ ਕੈ ਭੂਲਾ ਰੇ ਮਨਾ ॥*
ਅੰਗ - ੪੯੬

ਤੂੰ ਤਾਂ ਝੂਠੀ ਮਾਇਆ ਨੂੰ ਦੇਖ ਕੇ ਭੁੱਲ ਗਿਆ। ਸੋ ਇਸ ਤਰ੍ਹਾਂ ਨਾਲ ਮਹਾਰਾਜ ਕਹਿਣ ਲੱਗੇ, ਪ੍ਰੇਮੀਓ! ਇਹ ਪ੍ਰਭੂ ਦੇ ਹੁਕਮ ਵਿਚ ਮਾਇਆ ਨੇ ਸਾਰਾ ਜਗ ਭਰਮਾ ਕੇ ਇਕ ਤੋਂ ਅਨੇਕ ਰੂਪ ਵਿਚ ਦਿਖਾ ਦਿਤਾ। ਆਪਣੇ ਪਿਛੇ ਲਾ ਲਿਆ ਤੇ ਰੱਬ ਦੇ ਪਿੱਛੋਂ ਹਟਾ ਦਿਤਾ ਤੇ ਐਸੀ ਮਾਇਆ ਹੈ ਕਿ ਹਰੇਕ ਨੂੰ ਭਰਮਾ ਲੈਂਦੀ ਹੈ।

*ਮਾਇਆ ਮਮਤਾ ਮੋਹਣੀ*
*ਜਿਨਿ ਵਿਣੁ ਦੰਤਾ ਜਗੁ ਖਾਇਆ ॥*
*ਮਨਮੁਖ ਖਾਧੇ ਗੁਰਮੁਖਿ ਉਬਰੇ*
*ਜਿਨੀ ਸਚਿ ਨਾਮਿ ਚਿਤੁ ਲਾਇਆ ॥*
*ਬਿਨੁ ਨਾਵੈ ਜਗੁ ਕਮਲਾ ਫਿਰੈ*
*ਗੁਰਮੁਖਿ ਨਦਰੀ ਆਇਆ ॥* ਅੰਗ - ੬੪੪

ਮਹਾਰਾਜ ਜੀ ਦਾ ਫੁਰਮਾਨ ਹੈ ਕਿ ਬਗੈਰ ਨਾਮ ਤੋਂ ਸਾਰਾ ਸੰਸਾਰ ਜਿਹੜਾ ਹੈ mad ਤੁਰਿਆ ਫਿਰਦਾ ਹੈ, ਪਾਗਲ ਹੋਇਆ ਫਿਰਦਾ ਹੈ।

*ਬਿਨੁ ਸਤਿਗੁਰ ਸਭੁ ਜਗੁ ਬਉਰਾਨਾ ॥*
*ਮਨਮੁਖਿ ਅੰਧਾ ਸਬਦੁ ਨ ਜਾਣੈ*
*ਝੂਠੈ ਭਰਮਿ ਭੁਲਾਨਾ ॥* ਅੰਗ - ੬੦੪

ਮਹਾਰਾਜ ਨੇ ਐਸਾ ਵੀ ਲਿਖਿਆ ਹੈ ਇਸੇ ਸ਼ਬਦ ਦੇ ਅੰਦਰ ਕਿ ਸ਼ਬਦ ਜੇ ਅੰਦਰ ਨਹੀਂ ਪ੍ਰਗਟ ਹੋਇਆ ਕਹਿੰਦੇ ਹਲਕਿਆ ਹੋਇਆ ਜਗ ਹੈ। ਇਕ ਦੂਜੇ ਨੂੰ ਵੱਢ-ਵੱਢ ਖਾਂਦਾ ਹੈ, ਮਾਇਆ ਮੋਹਣੀ ਹੈ ਇਹ ਵੱਡਿਆਂ-ਵੱਡਿਆਂ ਨੂੰ ਮੋਹ ਲੈਂਦੀ ਹੈ। ਇਕ ਵਾਰੀ ਮਾਇਆ ਕਹਿਣ ਲੱਗੀ ਭਗਵਾਨ ਨੂੰ ਕਿ ਹੇ ਭਗਵਾਨ! ਤੂੰ ਜਗਤ ਦੀ ਉਤਪਤੀ ਕੀਤੀ ਤੇ ਮੈਨੂੰ ਵੀ ਤੂੰ ਪੈਦਾ ਕੀਤਾ। ਪਰ ਦੇਖ ਤੇਰੇ ਬੇਅੰਤ ਮੰਦਰ, ਮਸਜਿਦਾਂ, ਗੁਰਦੁਆਰੇ ਹੋਰ ਪ੍ਰਚਾਰ ਕਰਨ ਲਈ, ਦਿਨ ਰਾਤ ਘੰਟੇ ਖੜਕਦੇ ਨੇ। ਦਿਨ-ਰਾਤ ਉਚੀ-ਉਚੀ ਤੇਰੀ ਭਗਤੀ ਵਾਸਤੇ ਆਵਾਜ਼ਾਂ ਦਿੰਦੇ ਨੇ। ਪਰ ਤੇਰਾ ਤਾਂ ਭਗਤ ਕੋਈ ਵੀ ਨਹੀਂ ਬਣਦਾ, ਮੇਰਾ ਨਾ ਕਿਤੇ ਪ੍ਰਚਾਰ ਹੈ ਨਾ ਕਿਤੇ ਮੈਂ ਬੋਲਦੀ ਚਾਲਦੀ ਹਾਂ, ਪਰ ਮੈਂ ਵਿਚੇ ਵਿਚ ਮੋਹ ਲੈਂਦੀ ਹਾਂ, ਮੇਰਾ ਪਿੱਛਾ ਨਹੀਂ ਕੋਈ ਛੱਡਦਾ, ਮੇਰੇ ਸਾਰੇ ਭਗਤ ਨੇ। ਭਗਵਾਨ ਕਹਿਣ ਲੱਗੇ, ਨਹੀਂ, ਭਗਤ ਤਾਂ ਮੇਰੇ ਵੀ ਨੇ। ਉਹ ਕਹਿਣ ਲੱਗੀ, ਨਾ ਤੇਰੇ ਕੋਈ ਭਗਤ ਨਹੀਂ, ਮੈਨੂੰ ਦੱਸ ਜੇ ਧੱਕੇ ਨਾ ਖੁਲਾਏ। ਉਹ ਕਹਿਣ ਲੱਗੀ ਕਿ ਫਲਾਣੇ ਥਾਂ ਇਕ ਸੇਠ ਹੈ ਉਹ ਬਹੁਤ ਚੰਗਾ ਹੈ।

ਕਹਿੰਦੀ, ਚੱਲ ਸੇਠ ਦੇ ਕੋਲ। ਪਹਿਲਾਂ ਤੁਸੀਂ ਚੱਲੋ, ਫੇਰ ਮੈਂ ਚੱਲਾਂਗੀ ਜੇ ਨਾ ਧੱਕੇ ਪੁਆਏ ਤਾਂ ਮੇਰਾ ਨਾਉਂ ਕੁਛ ਹੋਰ ਰੱਖ ਦਿਓ। ਸੋ ਇਹ ਬਿਰਧ ਦਾ ਰੂਪ ਧਾਰ ਕੇ ਭਗਵਾਨ ਆ ਗਏ। ਉਹਦਾ ਕੀ ਕੰਮ ਸੀ ਸਰਾਏਂ ਬਣਾਈ ਹੋਈ ਸੀ, ਆਇਆਂ ਗਿਆਂ ਨੂੰ ਵਸਤਰ ਵੀ ਦੇਣੇ, ਅੰਨ ਵੀ ਦੇਣਾ ਤੇ ਹੋਰ ਖਰਚ ਵੀ ਦੇਣਾ,

ਸੇਵਾ ਕਰਨੀ, ਬੜੀ ਮਸ਼ਹੂਰੀ ਹੋ ਗਈ, ਸਾਧੂ ਸੰਤ ਸਾਰੇ ਉਹਦੀ ਪ੍ਰਸੰਸਾ ਕਰਦੇ ਸੀ ਕਿ ਐਸਾ ਸੇਠ ਹੈ, ਬੜਾ ਹੀ ਉਹ ਸਾਧੂ ਸੇਵੀ ਹੈ, ਸੰਤਾਂ ਦੀ ਸੇਵਾ ਕਰਦਾ ਹੈ ਤੇ ਉਥੇ ਆ ਕੇ ਆਪ ਬਾਹਰ ਬੈਠੇ ਨੇ ਤੇ ਸੇਠ ਨੇ ਦੇਖ ਲਿਆ ਕਿ ਕੋਈ ਬਜ਼ੁਰਗ ਮਹਾਤਮਾ ਬੈਠੇ ਨੇ। ਆਪ ਗਿਆ ਤੇ ਹੱਥ ਬੰਨ੍ਹ ਕੇ ਖੜ੍ਹਾ ਹੋ ਗਿਆ ਕਿ ਮਹਾਰਾਜ ਕੋਈ ਸੇਵਾ ਦੱਸੋ। ਦਾਸ ਨੇ ਤਾਂ ਆਪਣਾ ਸਾਰਾ ਤਨ, ਮਨ, ਧਨ ਸੇਵਾ  ਲਈ ਬਣਾਇਆ ਹੈ। ਕਹਿੰਦੇ, ਪ੍ਰੇਮੀਆ! ਸੇਵਾ ਅਸੀਂ ਬਹੁਤੀ ਵੱਡੀ ਤਾਂ ਨਹੀਂ ਲੈਣੀ ਪਰ ਕੁਛ ਦਿਨ ਅਸੀਂ ਕੱਟਣੇ ਨੇ, ਚਾਲੀ ਦਿਨ ਤੇ ਇਕ ਜਾਪ ਕਰਨਾ ਹੈ, ਪਰ ਸ਼ਰਤ ਇਹ ਹੈ ਕਿ ਜਿਥੇ ਬਿਠਾ ਦਏਂਗਾ ਉਥੋਂ ਅਸੀਂ ਚਾਲੀ ਦਿਨ ਨਹੀਂ ਹਿੱਲਣਾ। ਉਹ ਕਹਿੰਦਾ ਮਹਾਰਾਜ! ਆਹ ਬੇਅੰਤ ਕਮਰੇ ਨੇ, ਤੁਸੀਂ ਜਿਹੜਾ ਪਸੰਦ ਕਰ ਲਓਂਗੇ ਉਥੇ ਹੀ ਮੈਂ ਤੁਹਾਡਾ ਆਸਣ ਲਵਾ ਦੇਵੇਂਗਾ। ਕਹਿੰਦਾ, ਨਾ ਆਸਣ ਸਾਡਾ ਉਥੇ ਲਵਾਈ ਜਿਥੇ ਤੂੰ ਕੱਢੇ ਨਾ ਸਾਨੂੰ। ਕਹਿੰਦਾ, ਮੈਂ ਕਿਉਂ ਕੱਢਣਾ ਹੈ ਮਹਾਰਾਜ? ਕਹਿੰਦੇ, ਚੰਗਾ ਦਿਖਾ। ਜਦੋਂ ਦੇਖਦੇ-ਦੇਖਦੇ ਗਿਆ ਤਾਂ ਜਿਥੇ ਕੋਲੇ ਪਏ ਸੀ ਪ੍ਰਸਾਦੇ ਲਾਹੁੰਣ ਵਾਲੇ, ਲੱਕੜੀਆਂ ਪਈਆਂ ਸੀ, ਉਨ੍ਹਾਂ ਨੇ ਕਿਹਾ ਕਿ ਇਥੋਂ ਨਹੀਂ ਕੋਈ ਉਠਾ ਸਕਦਾ, ਕਹਿੰਦੇ ਲੈ ਆਹ ਕਮਰਾ ਖਾਲੀ ਕਰਾ ਦੇ ਸਾਨੂੰ। ਕਹਿੰਦਾ, ਮਹਾਰਾਜ! ਇਹ ਤਾਂ ਮੈਨੂੰ ਬੜਾ ਪਾਪ ਲੱਗੇਗਾ, ਤੁਸੀਂ ਮਹਾਤਮਾ ਮੇਰੇ ਕੋਲ ਆਏ ਓਂ, ਮੈਂ ਐਨਾ ਗੰਦਾ ਕਮਰਾ ਤੁਹਾਨੂੰ ਦੇਵਾਂ। ਕਹਿੰਦੇ ਨਾ ਸਾਨੂੰ ਆਹੀ ਠੀਕ ਹੈ। ਕਮਰਾ ਖਾਲੀ ਹੋ ਗਿਆ ਕਹਿੰਦੇ ਦੇਖ, ਅਸੀਂ ਹੁਣ ਦਰਵਾਜ਼ਾ ਬੰਦ ਕਰ ਲੈਣਾ ਹੈ ਤੇ ਚਾਲੀ ਦਿਨਾਂ ਬਾਅਦ ਖੋਲ੍ਹਣਾ ਹੈ, ਸਾਡਾ ਦਰਵਾਜ਼ਾ ਨਾ ਖੁਲ੍ਹਾਈਂ। ਉਸ ਤੋਂ ਬਾਅਦ ਉਹ ਤਾਂ ਉਥੇ ਬੈਠ ਗਏ, ਹੁਣ ਏਧਰਲੇ ਪਾਸੇ ਮਾਇਆ ਨੇ ਰੂਪ ਬਣਾਇਆ। ਇਕ ਰਾਣੀ ਦਾ ਬਣਾ ਲਿਆ, ਗੋਲੀਆਂ ਲੈ ਲਈਆਂ ਬਹੁਤ ਸਾਰੀਆਂ ਨਾਲ ਤੇ ਸੇਠ ਦੀ ਜਿਥੇ ਕੋਠੀ ਸੀ, ਸਰਾਏਂ ਸੀ ਉਹਦੇ ਸਾਮ੍ਹਣੇ ਆ ਕੇ ਉਹਨੇ ਇਕ ਟੈਂਟ ਲਾ ਲਿਆ ਰੇਸ਼ਮ ਦਾ। ਕਮਾਲ ਦਾ, ਸੇਠ ਦੇਖੀ ਜਾਂਦਾ ਹੈ ਕਿ ਕੋਈ ਐਡਾ ਅਮੀਰ ਆਇਆ ਹੈ ਕਿ ਐਡੇ ਕੀਮਤੀ ਕਪੜਿਆਂ ਦੇ ਟੈਂਟ ਲੱਗ ਰਹੇ ਨੇ। ਹੇਠਾਂ ਬੜੇ ਗਲੀਚੇ ਵਿਛਣੇ ਸ਼ੁਰੂ ਹੋ ਗਏ। ਸਮਾਨ ਦੇਖਿਆ ਤਾਂ ਹੈਰਾਨ ਹੀ ਰਹਿ ਗਿਆ ਕਿ ਐਨਾ ਸੋਹਣਾ ਸਮਾਨ। ਉਸ ਵੇਲੇ ਸੇਠ ਗਿਆ ਜਾ ਕੇ ਪੁੱਛਿਆ ਕਿ ਕੌਣ ਹੈਂ। ਤਾਂ ਪਤਾ ਲੱਗਿਆ ਕਿ ਮਹਾਰਾਣੀ ਹੈ। ਕਹਿਣ ਲੱਗਿਆ, ਮਹਾਰਾਣੀ ਸਾਹਿਬ! ਸਾਨੂੰ ਕੋਈ ਜਲ ਪਾਣੀ ਦੀ ਸੇਵਾ ਦੱਸੋ। ਕਹਿੰਦੀ, ਅੱਛਾ ਭਗਤਾ! ਐਉਂ ਕਰ ਆਹ-ਆਹ ਚੀਜ਼ਾਂ ਲਿਆ ਸਾਡੇ ਵਾਸਤੇ। ਕੂੰਡਾ ਲਿਆ, ਸੋਟਾ ਲਿਆ, ਬਰਤਨ ਲਿਆ। ਸਾਰੇ ਮੰਗਾ ਲਏ। ਉਹਦੇ ਬਾਅਦ ਸ਼ਰਦਾਈ ਰਗੜੀ, ਪੀ ਲਈ ਤੇ ਸੇਠ ਨੂੰ ਵੀ ਪਿਲਾ ਦਿਤੀ। ਸੇਠ ਹੈਰਾਨ ਹੁੰਦਾ ਹੈ ਕਿ ਇਥੇ ਤਾਂ ਸਾਰੇ ਹੀ ਬਰਤਨ ਸੋਨੇ ਦੇ ਨੇ ਤੇ ਇਨ੍ਹਾਂ 'ਚ ਹੀਰੇ ਜੜ੍ਹੇ ਹੋਏ ਨੇ। ਜਿਹੜੇ ਭਾਂਡੇ ਨੇ ਉਨ੍ਹਾਂ ਵਿਚ ਵੀ ਹੀਰੇ ਜੜ੍ਹੇ ਹੋਏ ਨੇ। ਇਹ ਤਾਂ ਬਹੁਤ ਕੋਈ ਅਮੀਰ ਹੈ। ਉਹ ਕਹਿਣ ਲੱਗੀ ਕਿ ਕਿਸੇ ਨੌਕਰ ਨੂੰ ਬੁਲਾਓ। ਕਹਿੰਦੇ, ਦੱਸੋ? ਮਹਾਰਾਣੀ ਸਾਹਿਬ ਕੰਮ ਕੀ ਹੈ? ਕਹਿਣ ਲੱਗੀ, ਆਹ ਜਿਹੜੇ ਬਰਤਨ ਜੂਠੇ ਹੋਏ ਨੇ ਨਾ ਇਨ੍ਹਾਂ ਨੂੰ ਕਿਤੇ ਰੂੜੀਆਂ ਵਗੈਰਾ ਤੇ, ਕਿਸੇ ਗੰਦੇ ਥਾਉਂ ਸੁੱਟ ਦਿਓ ਅਸੀਂ ਮਾਂਜੇ ਨਹੀਂ ਕਦੇ। ਨਵੇਂ ਲੈਂਦੇ ਹੁੰਦੇ ਹਾਂ, ਆਹ ਕੂੰਡਾ ਵੀ ਸੁੱਟ ਦਿਓ। ਸੇਠ ਦੇਖਦਾ ਹੈ ਕਿ ਆਹ ਕੂੰਡਾ ਤਾਂ ਕਈ ਸੇਰ ਦਾ ਸੋਨੇ ਦਾ ਹੈ। ਭਾਂਡੇ ਵੀ ਸਾਰੇ ਸੋਨੇ ਦੇ ਨੇ, ਹੀਰੇ ਲੱਗੇ ਹੋਏ ਨੇ। ਕਹਿੰਦਾ ਜੀ, ਮਹਾਰਾਜ! ਆਹ ਸੇਵਾ ਮੈਂ ਹੀ ਕਰਾਂਗਾ। ਟੋਕਰਾ ਭਰ ਲਿਆ, ਘਰ ਲੈ ਕੇ ਆ ਗਿਆ, ਕਹਿੰਦਾ ਮੌਜਾਂ ਹੀ ਬਣ ਗਈਆਂ, ਜੇ ਕਿਤੇ ਅੱਠ ਦੱਸ ਦਿਨ ਰਹਿ ਜਾਏ ਨਾ ਆਪਣੀਆਂ ਤਾਂ ਪੁਸ਼ਤਾਂ ਦੀਆਂ ਰੋਟੀਆਂ ਬਣ ਜਾਣ। ਉਸ ਵੇਲੇ ਮੁੰਡੇ ਵੀ ਆ ਗਏ, ਕਹਿਣ ਲੱਗੇ, ਮਹਾਰਾਣੀ ਸਾਹਿਬ! ਤੁਸੀਂ ਬਾਹਰ ਨਾ ਬੈਠੋ, ਸਾਡੇ ਆਹ ਦੇਖੋ ਕਿੰਨੇ ਕਮਰੇ ਬਣਾਏ ਨੇ, ਇਨ੍ਹਾਂ 'ਚ ਤੁਸੀਂ ਨਿਵਾਸ ਕਰੋ। ਕਹਿਣ ਲੱਗੀ, ਭਗਤਾ! ਇਥੇ ਕੋਈ ਬੰਦਾ ਨਾ ਹੋਵੇ। ਕਹਿੰਦਾ ਨਾ ਇਥੇ ਕੋਈ ਬੰਦਾ ਨਹੀਂ ਹੈ। ਉਹ ਆਪ ਦੇਖਣ ਲੱਗ ਗਈ ਕਮਰੇ, ਦੇਖਦੀ-ਦੇਖਦੀ ਜਦੋਂ ਉਥੇ ਆਈ ਕੋਲਿਆਂ ਵਾਲੀ ਕੋਠੜੀ 'ਚ, ਕਹਿੰਦੀ ਆਹ ਬੰਦ ਹੈ? ਇਨ੍ਹਾਂ ਨੇ ਕਿਹਾ ਇਥੇ ਤਾਂ ਇਕ ਬੁੱਢਾ ਜਿਹਾ ਸਾਧ ਬੈਠਾ ਹੈ, ਐਵੇਂ ਹੀ ਮਾੜਾ ਜਿਹਾ।  ਕਹਿੰਦੀ ਕਿ ਅਸੀਂ ਤਾਂ ਇਸਤ੍ਰੀਆਂ ਹਾਂ ਸਾਰੀਆਂ, ਇਹਨੂੰ ਬਾਹਰ ਕੱਢੋ। ਉਹ ਕਹਿੰਦੇ ਕਿ ਇਹ ਤਾਂ ਬਹੁਤ ਬੁੱਢਾ ਹੈ, ਕਹਿੰਦੀ ਕਿ ਨਹੀਂ ਤਾਂ ਫੇਰ ਅਸੀਂ ਜਾਂਦੀਆਂ ਹਾਂ। ਐਨੇ ਨੂੰ ਮੁੰਡੇ ਕਹਿਣ ਲੱਗੇ ਕਿ ਬਾਬਾ! ਦਰਵਾਜ਼ਾ ਖੋਲ੍ਹ। ਪਹਿਲਾਂ ਤਾਂ ਉਹ ਬੋਲਿਆ ਹੀ ਨਾ। ਜਦੋਂ ਦਰਵਾਜ਼ੇ ਤੋੜਨ ਲੱਗੇ, ਕਹਿੰਦਾ ਕਿਉਂ ਦਰਵਾਜ਼ਾ ਖੁਲਵਾਉਂਦੇ ਓਂ? ਕਹਿੰਦੇ ਇਹ ਚਾਹੀਦਾ ਹੈ, ਕਿਤੇ ਤੈਨੂੰ ਹੋਰ ਕਮਰਾ ਦੇ ਦਿੰਦੇ ਹਾਂ, ਤੂੰ ਇਹ ਛੱਡ ਦੇ। ਕਹਿੰਦਾ, ਮੈਂ ਤਾਂ ਪਹਿਲਾਂ ਕਿਹਾ ਹੈ ਕਿ ਮੈਂ ਨਹੀਂ ਕਮਰਾ ਛੱਡਣਾ। ਸੇਠ ਕਹਿਣ ਲੱਗਿਆ ਕਿ ਤੂੰ ਇਹ ਆਪਣਾ ਹੀ ਕਮਰਾ ਕਰ ਲਿਆ। ਕਹਿੰਦਾ, ਸੇਠ ਜੀ! ਆਪਣਾ ਬਚਨ ਯਾਦ ਕਰ, ਤੂੰ ਕਿਹਾ ਸੀ ਕਿ ਚਾਲੀ ਦਿਨ ਨਹੀਂ ਛੁਡਾਵਾਂਗਾ। ਕਹਿੰਦਾ, ਉਹ ਗੱਲ ਛੱਡ ਦੇ ਚਾਲੀ ਦਿਨ ਵਾਲੀ, ਤੈਨੂੰ ਕੋਈ ਹੋਰ ਕਮਰਾ ਦੇ ਦਿੰਦੇ ਹਾਂ, ਆਹ ਖਾਲੀ ਕਰ। ਅਖੀਰ ਜਦੋਂ ਨਾ ਨਿਕਲਿਆ, ਦਰਵਾਜ਼ੇ ਤੋੜ ਲਏ, ਮੁੰਡਿਆਂ ਨੇ ਇਕ ਨੇ ਐਧਰਲਾ ਮੋਢਾ ਫੜ ਲਿਆ, ਇਕ ਨੇ ਐਧਰੋਂ ਫੜ ਲਿਆ। ਲੱਤਾਂ ਅੜਾਉਂਦਾ ਹੈ, ਪਿਛੋਂ ਸੇਠ ਧੱਕਦਾ ਹੈ, ਧੱਕੀਂ ਲਈ

ਜਾਂਦੇ ਨੇ, ਬਾਹਰ ਲਿਜਾ ਕੇ ਕੱਢ ਕੇ ਧੱਕਾ ਮਾਰਿਆ ਕਹਿੰਦੇ, ਨੱਠ ਐਥੋਂ। ਐਨੇ ਨੂੰ ਸੇਠ ਮੁੜ ਕੇ ਕੀ ਦੇਖਦਾ ਹੈ, ਨਾ ਉਥੇ ਕੋਈ ਰਾਣੀ ਨਾ ਕੋਈ ਚੀਜ਼, ਘਰੋਂ ਰੋਂਦਾ-ਰੋਂਦਾ ਕੋਈ ਆ ਰਿਹਾ ਹੈ। ਕਹਿੰਦੇ ਕੀ ਹੋ ਗਿਆ? ਕਹਿੰਦੇ, ਜਿੰਨੇ ਗਹਿਣੇ ਸੀ ਸਾਰੇ ਪਤਾ ਨਹੀਂ ਹਵਾ 'ਚ ਉਡ ਗਏ, ਕੋਈ ਹੈ ਹੀ ਨਹੀਂ। ਜਿੰਨੇ ਕੁੰਡੇ ਵਗੈਰਾ ਸੋਨੇ ਦੇ ਸੀ। ਮਾਇਆ ਕਹਿਣ ਲੱਗੀ ਕਿ ਭਗਵਾਨ ਦੇਖਿਆ ਮੇਰਾ ਭਗਤ। ਤੂੰ ਕਹਿੰਦਾ ਹੈਂ ਇਹ ਮੇਰੇ ਭਗਤ ਨੇ, ਇਹ ਸਭ ਮੇਰੇ ਨੇ ਅੰਦਰੋਂ, ਤੇਰੇ ਉਤੋਂ-ਉਤੋਂ ਨੇ। ਨਾਲੇ ਮੇਰਾ ਪ੍ਰਚਾਰ ਨਹੀਂ, ਨਾਲੇ ਮੇਰੇ ਦੇਖ ਲੈ ਕਿੰਨੇ ਸੇਵਕ ਨੇ। ਮਰਵਾਏ ਨਾ ਦੇਖ ਤੈਨੂੰ ਧੱਕੇ। ਕਹਿੰਦਾ, ਚੰਗਾ। ਮੇਰੇ ਭਗਤ ਨਾਲ ਨਹੀਂ ਤੇਰਾ ਵਾਸਤਾ ਪਿਆ ਤੇ ਉਸ ਵੇਲੇ ਕਹਿਣ ਲੱਗੀ ਕਿ ਹੈ ਵੀ ਤੇਰਾ ਕੋਈ ਭਗਤ? ਕਹਿੰਦੇ ਹਾਂ, ਚੱਲ ਤੈਨੂੰ ਆਪਣਾ ਅਸਲੀ ਭਗਤ ਦਿਖਾਵਾਂ।

ਕਾਸ਼ੀ ਲੈ ਗਏ ਕਬੀਰ ਸਾਹਿਬ ਕੋਲ। ਕਹਿੰਦੀ ਚੰਗਾ, ਪਹਿਲਾਂ ਤੂੰ ਜਾਹ, ਪਿਛੋਂ ਮੈਂ ਜਾਵਾਂਗੀ। ਇਹ ਚਲਿਆ ਗਿਆ, ਇਹਨੇ ਜਾ ਕੇ ਉਥੇ ਉਲਝਿਆ ਹੋਇਆ ਤਾਣਾ ਦੇ ਦਿਤਾ। ਕਹਿਣ ਲੱਗਿਆ, ਭਗਤ ਜੀ! ਮੈਨੂੰ ਬਹੁਤ ਜ਼ਰੂਰੀ ਚਾਹੀਦਾ ਹੈ ਅੱਜ ਇਹ ਕੱਪੜਾ। ਕ੍ਰਿਪਾ ਕਰੋ, ਪੈਸਾ ਮੇਰੇ ਕੋਲ ਕੋਈ ਹੈ ਨਹੀਂ ਕੋਈ ਵੀ ਤੇ ਮੇਰਾ ਇਸ ਤਾਣੇ ਦਾ ਕੱਪੜਾ ਬਣਾ ਦਿਓ। ਕਹਿੰਦੇ, ਕੋਈ ਨਾ ਬਾਬਾ, ਕੱਪੜਾ ਬਣਾ ਦੇਵੇਂਗਾ, ਮਿਹਨਤ ਕਰਨੀ ਪਏਗੀ, ਮੇਹਨਤ ਅਸੀਂ ਕਰ ਲਵਾਂਗੇ। ਬਾਲ-ਬੱਚੇ ਸਾਰੇ ਲਾ ਲਏ ਲਾ ਕੇ ਤਾਣੇ ਨੂੰ ਸੁਲਝਾਈ ਜਾਂਦੇ ਨੇ। ਅਖੀਰ ਤਾਣਾ ਤਣ ਲਿਆ। ਨਲੀ ਪਾਉਣੀ ਸ਼ੁਰੂ ਕਰ ਦਿਤੀ, ਥੋੜ੍ਹਾ ਜਿਹਾ ਉਹਨੂੰ ਠੋਕ ਲਿਆ ਉਹਦੇ ਨਾਲ, ਤੇ ਫੇਰ ਕੱਪੜਾ ਬੁਣਨਾ ਸ਼ੁਰੂ ਕਰ ਦਿਤਾ। ਐਨੇ ਨੂੰ ਮਾਇਆ ਆ ਗਈ, ਮਾਇਆ ਨੇ ਆ ਕੇ ਰੇਸ਼ਮ ਦਾ ਤਾਣਾ ਦਿਤਾ ਕਹਿਣ ਲੱਗੀ, ਭਗਤ ਜੀ! ਆਹ ਮੇਰਾ ਰੇਸ਼ਮ ਦਾ ਤਾਣਾ ਹੈ ਤੇ ਮੂੰਹ ਮੰਗਿਆ ਤੁਹਾਨੂੰ ਪੈਸਾ ਦੇਵਾਂਗੀ। ਨਾਲ ਆਹ ਐਡਵਾਂਸ ਦਿੰਦੀ ਹੈ, ਇਹਦਾ ਤਾਂ ਹੈਗਾ ਫਾਲਤੂ ਹੀ, ਪਰ ਅਜ ਤੁਸੀਂ ਮੇਰਾ ਬਣਾ ਦਿਓ। ਉਹ ਕਹਿੰਦੇ, ਬੀਬੀ ਅਜੇ ਤਾਂ ਤਾਣਾ ਤਣਿਆ ਹੋਇਆ ਹੈ, ਇਹ ਤਾਂ ਅਸੀਂ ਨਹੀਂ ਲਾਹੁੰਣਾ। ਕਹਿੰਦੀ, ਨਾ ਹੋਰ ਪੈਸੇ ਲੈ ਲਓ ਜਿੰਨੇ ਲੈਣੇ ਨੇ। ਹੋਰ ਪੈਸੇ ਦਿਖਾਏ, ਸੋਨਾ ਦਿਖਾਇਆ। ਅੰਤਰ ਧਿਆਨ ਹੋ ਗਏ ਕਬੀਰ ਸਾਹਿਬ ਕਿ ਐਹੋ ਜਿਹਾ ਗਾਹਕ ਤਾਂ ਅੱਜ ਤੱਕ ਆਇਆ ਨਹੀਂ ਕਦੇ। ਦੇਖਿਆ ਕਿ ਮਾਇਆ ਨਟਣੀ ਹੈ। ਇਹ ਛਲ ਕਰਨ ਆਈ ਹੈ। ਕਹਿੰਦੇ, ਬੇਟਾ ਕਮਾਲਾ, ਛੁਰੀ ਲੈ ਕੇ ਆ, ਛੁਰੀ ਲਿਆਏ, ਤੇਜ਼ ਕਰਨ ਲੱਗ ਗਏ, ਮਾਇਆ ਨੇ ਕਿਹਾ ਕਿ ਹੁਣ ਤਾਂ ਬਣ ਗਿਆ ਕੰਮ ਤੇ ਲੱਗਿਆ ਤਾਣਾ ਕੱਟਣ ਇਹਦਾ। ਕਬੀਰ ਸਾਹਿਬ ਕੁੰਬਲ 'ਚੋਂ ਨਿਕਲ ਆਏ, ਨਿਕਲ ਕੇ ਇਕ ਦਮ ਝਟਕਾ ਮਾਰ ਕੇ ਫੜ ਲਈ ਉਹ। ਕੰਨ ਵੀ ਕੱਟ ਦਿਤਾ ਤੇ ਨੱਕ ਵੀ ਕੱਟ ਦਿਤਾ। ਰੋਂਦੀ ਜਾਂਦੀ ਹੈ ਕਹਿੰਦੇ ਜਾਹ ਨੱਠ ਜਾਹ -

***ਨਾਕਹੁ ਕਾਟੀ ਕਾਨਹੁ ਕਾਟੀ***
***ਕਾਟਿ ਕੂਟਿ ਕੈ ਡਾਰੀ ॥***
***ਕਹੁ ਕਬੀਰ ਸੰਤਨ ਕੀ ਬੈਰਨਿ***
***ਤੀਨਿ ਲੋਕ ਕੀ ਪਿਆਰੀ ॥*** ***ਅੰਗ - ੪੭੬***

ਜਾਹ ਤਿੰਨਾਂ ਲੋਕਾਂ 'ਚ ਖੇਲ੍ਹ ਤੂੰ ਭਗਤਾਂ ਨਾਲ ਤੇਰਾ ਕੋਈ ਤੁਅਲਕ ਨਹੀਂ। ਸੋ ਭਗਵਾਨ ਕਹਿਣ ਲੱਗੇ ਕਿ ਦੇਖਿਆ ਸੁਆਦ ਤੂੰ ਤਾਂ ਮੈਨੂੰ ਧੱਕੇ ਹੀ ਪੁਆਏ ਨੇ ਤੇ ਮੈਂ ਫੇਰ ਤੇਰਾ ਨੱਕ ਵੀ ਕਟਾ ਦਿਤਾ ਤੇਰਾ ਕੰਨ ਵੀ ਕਟਾ ਦਿਤਾ।

ਸੋ ਮਹਾਰਾਜ ਕਹਿੰਦੇ, ਮਾਇਆ ਹੈ ਨਾ ਜਿਹੜੀ -

***ਮਾਇਆ ਮਮਤਾ ਮੋਹਣੀ***
***ਜਿਨਿ ਵਿਣੁ ਦੰਤਾ ਜਗੁ ਖਾਇਆ ॥***
***ਅੰਗ - ੬੪੪***

ਇਹਨੇ ਬਗੈਰ ਦੰਦਾਂ ਤੋਂ ਸਾਰੇ ਸੰਸਾਰ ਨੂੰ ਖਾ ਲਿਆ। ਇਹਨੇ ਬੇਹੋਸ਼ ਕਰ ਦਿਤਾ ਸਾਰਾ ਸੰਸਾਰ।

***ਮਾਇਆ ਹੋਈ ਨਾਗਨੀ***
***ਜਗਤਿ ਰਹੀ ਲਪਟਾਇ ॥***
***ਇਸ ਕੀ ਸੇਵਾ ਜੋ ਕਰੇ***
***ਤਿਸ ਹੀ ਕਉ ਫਿਰਿ ਖਾਇ ॥ ਅੰਗ - ੫੧੦***

ਬਾਕੀ ਸਾਰੇ ਸੰਸਾਰ ਨੂੰ ਏਸ ਮਾਇਆ ਰੂਪੀ ਨਾਗਣੀ ਨੇ ਭੁੱਲ ਨੇ, ਅਵਿਦਿਆ ਨੇ, igonorance ਨੇ ਖਾ ਲਿਆ ਤੇ ਪ੍ਰਮੇਸ਼ਰ ਕੋਲ ਹੁੰਦਾ ਨਹੀਂ ਦਿੱਸਣ ਦਿੰਦੀ। ਇਹ ਸਿਰਫ ਜਿਨ੍ਹਾਂ ਦੀ ਲਿਵ ਲੱਗੀ ਹੋਈ ਹੈ ਪ੍ਰਮੇਸ਼ਰ ਦੇ ਨਾਮ ਨਾਲ। ਚੌਵੀ ਘੰਟੇ ਜਿਹੜੇ ਪ੍ਰਮੇਸ਼ਰ ਨੂੰ ਯਾਦ ਰੱਖਦੇ ਨੇ, ਮਹਾਰਾਜ ਕਹਿੰਦੇ ਉਹ ਗਾਰੜੂ ਨੇ, ਉਨ੍ਹਾਂ ਕੋਲ ਮੰਤਰ ਹੈ ਵਾਹਿਗੁਰੂ ਮੰਤਰ। ਉਹਦੇ ਨਾਲ ਇਹ ਮਾਇਆ ਨਹੀਂ ਚੜ੍ਹਦੀ।

***ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ***
***ਅੰਮ੍ਰਿਤੁ ਗੁਰਮਤਿ ਪਾਏ ਰਾਮ ॥***
***ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ***
***ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥***
***ਅੰਗ - ੫੩੮***

ਇਹ ਬਿਹੁ ਨੂੰ ਲਾਹੁਣ ਵਾਲਾ ਮੰਤਰ ਹੈ। ਇਕ ਵਾਰੀ ਕਬੀਰ ਸਾਹਿਬ, ਸੰਪਰਦਾਈ ਮਹਾਂਪੁਰਸ਼ ਦੱਸਦੇ ਨੇ ਕਿ ਕਬੀਰ ਸਾਹਿਬ ਦੇ ਕੋਲ ਇਕ ਕੌਤਕ ਵਰਤਿਆ,

ਬਹੁਤ ਸਾਰੇ ਮਹਾਤਮਾ ਮਾਇਆ ਦੀ ਗੱਲ ਕਰ ਰਹੇ ਨੇ ਤੇ ਕਬੀਰ ਸਾਹਿਬ ਕਹਿੰਦੇ ਇਹ ਮਾਇਆ ਜਿਹੜੀ ਹੈ ਬਹੁਤ ਔਖੀ ਹੈ ਕੋਈ ਵਿਰਲਾ ਤਰਦਾ ਹੈ, ਸਾਰੇ ਨਹੀਂ ਇਹਦੇ 'ਚ ਤਰ ਸਕਦੇ। ਐਨੇ ਨੂੰ ਦੇਖਦੇ-ਦੇਖਦੇ ਕੀ ਹੋਇਆ ਇਕ ਗਰੀਬ ਬੀਬੀ ਆ ਗਈ, ਪਾਟੇ ਹੋਏ ਕੱਪੜੇ ਨੇ ਤੇ ਭਗਤ ਜੀ ਦੇ ਕੋਲ ਆਈ, ਭਗਤ ਜੀ ਨੇ ਬੜੇ ਪਿਆਰ ਦੇ ਨਾਲ ਓਸ ਨੂੰ ਬਿਠਾਲ ਲਿਆ ਕਹਿੰਦੇ ਬੀਬੀ! ਐਥੇ ਬਹਿ ਜਾ। ਜਲ ਪਾਣੀ ਦੀ ਸੇਵਾ ਦੱਸ। ਹੋਰ ਕੋਈ ਸੇਵਾ ਦੱਸ? ਕਹਿਣ ਲੱਗੀ, ਭਗਤ ਜੀ! ਮੈਂ ਤਾਣਾ ਬਣਵਾਉਣਾ ਹੈ, ਪੈਸੇ ਮੇਰੇ ਕੋਲ ਹੈ ਨਹੀਂ, ਮੈਂ ਹੌਲੀ-ਹੌਲੀ ਦੇਵਾਂਗੀ, ਕਿਸ਼ਤਾਂ ਨਾਲ। ਕਹਿੰਦੇ ਬੀਬੀ! ਤੂੰ ਤਾਣਾ ਬੁਣਵਾ ਲੈ, ਪੈਸੇ ਹੋਣਗੇ ਦੇ ਦੇਈਂ ਨਹੀਂ ਹੋਣਗੇ ਰਾਮ ਲੇਖੇ ਪਾ ਦੇਈਂ। ਕੋਈ ਗੱਲ ਨਹੀਂ। ਸੋ ਤਾਣਾ ਲੈ ਲਿਆ। ਉਹ ਚਲੀ ਗਈ, ਉਸ ਤੋਂ ਬਾਅਦ ਮਹਾਤਮਾ ਬੈਠੇ ਨੇ ਅਜੇ ਤੇ ਇਕ ਬੀਬੀ ਆਈ ਬਹੁਤ ਵਧੀਆ ਕੱਪੜੇ, ਗਹਿਣੇ ਪਾਏ ਹੋਏ ਬਹੁਤ ਐਉਂ ਲੱਗੇ ਕਿ ਅਰਬਾਂ ਪਤੀ ਹੈ ਇਹ ਤੇ ਜਿਸ ਵਕਤ ਕਬੀਰ ਸਾਹਿਬ ਕੋਲ ਆਉਣ ਲੱਗੀ, ਦੂਰੋਂ ਹੀ ਉਨ੍ਹਾਂ ਨੇ ਦਬਕਾ ਮਾਰਿਆ ਕਿ ਖਬਰਦਾਰ ਜੇ ਪੈਰ ਅੰਦਰ ਰੱਖਿਆ। ਨੱਠ ਇਥੋਂ ਤੇ ਉਠ ਕੇ ਆਪ ਵੀ ਪਿੱਛੇ ਦੌੜ ਪਏ, ਉਹ ਦੌੜੀ ਜਾਂਦੀ ਹੈ। ਸੰਤਾਂ ਨੇ ਕਿਹਾ ਕਿ ਆਹ ਕੀ ਗੱਲ ਹੋਈ। ਕਹਿੰਦੇ ਭਗਤ ਜੀ ਠਹਿਰੋ, ਕਹਿਣ ਲੱਗੇ ਇਹ ਕੀ ਗੱਲ? ਉਹ ਪਾਟੇ ਕਪੜਿਆਂ ਵਾਲੀ ਬੀਬੀ ਆਈ ਹੈ, ਮੈਲੇ ਕੱਪੜੇ ਨੇ, ਬੋਲ ਨਹੀਂ ਹੁੰਦਾ ਸੀ ਵਿਚਾਰੀ ਤੋਂ, ਉਹਨੂੰ ਤਾਂ ਤੁਸੀਂ ਐਨਾ ਆਦਰ ਦਿੰਦੇ ਓਂ। ਇਹ ਕੋਈ ਅਮੀਰ ਔਰਤ ਆਈ ਹੈ ਤੁਸੀਂ ਇਹਨੂੰ ਨਠਾਉਂਦੇ ਓਂ? ਕਹਿੰਦੇ, ਸੰਤੋ! ਔਰਤ ਨਹੀਂ ਇਹ ਤਾਂ ਛਲ ਕਰਨ ਆਈ ਹੈ ਮਾਇਆ ਹੈ। ਕਹਿੰਦੇ, ਬੁਲਾਓ ਤਾਂ ਸਹੀ, ਦੋ ਗੱਲਾਂ ਕਰੀਏ ਇਹਦੇ ਨਾਲ। ਉਸ ਵੇਲੇ ਕਬੀਰ ਸਾਹਿਬ ਨੇ ਇਕ ਸਾਧੂ ਨੂੰ ਕਿਹਾ ਕਿ ਆਵਾਜ਼ ਦੇਹ, ਆਵਾਜ਼ ਦਿਤੀ ਆ ਗਈ, ਉਹਨੇ ਕਿਹਾ ਧੰਨਭਾਗ। ਅੱਜ ਮੈਨੂੰ ਮੌਕਾ ਮਿਲ ਗਿਆ।

ਕਹਿਣ ਲੱਗੇ, ਭਗਤ ਜੀ! ਕੋਈ ਕੌਤਕ ਦਿਖਾਓ ਮਾਇਆ ਦਾ। ਕਹਿੰਦੇ, ਕਿਉਂ ਬਈ ਤੂੰ ਕੋਈ ਕੌਤਕ ਦਿਖਾਏਂਗੀ ਸੰਤਾਂ ਨੂੰ? ਕਹਿੰਦੀ, ਹਾਂ।

ਬਾਹਰ ਚੱਲਣ ਸਾਰੇ, ਸੰਤਾਂ ਨੂੰ ਨਾਲ ਲੈ ਕੇ ਬਾਹਰ ਚਲੀ ਗਈ। ਬਾਹਰ ਜਾ ਕੇ ਕਹਿਣ ਲੱਗੀ ਕਿ ਮੇਰੇ 'ਚ ਇਹ ਸ਼ਕਤੀ ਹੈ ਕਿ ਕਿੰਨਾ ਹੀ ਪਿਆਰ ਕਿਉਂ ਨਾ ਹੋਵੇ ਮੈਂ ਤੋੜ ਦਿੰਦੀ ਹਾਂ। ਕਹਿੰਦੀ, ਉਹ ਸਾਮ੍ਹਣੇ ਚਾਰ ਮਿੱਤਰ ਆਉਂਦੇ ਨੇ, ਜਾਨੀ ਦੋਸਤ ਨੇ ਚਾਰੇ, ਇਕ ਦੂਜੇ ਤੋਂ ਮਰਨ ਨੂੰ ਤਿਆਰ ਹੁੰਦੇ ਨੇ। ਪਰ ਮੈਂ ਹੁਣ ਆਪਣਾ ਕੌਤਕ ਦਿਖਾਉਂਦੀ ਹਾਂ, ਦੇਖੋ ਕੀ ਹਾਲ ਹੁੰਦਾ ਹੈ। ਇਥੇ ਬੈਠੇ ਰਹਿਓ ਤੁਸੀਂ ਛੁਪ ਕੇ, ਤੁਸੀਂ ਦਿਸੋਂਗੇ ਨਹੀਂ ਕਿਸੇ ਨੂੰ ਵੀ।

ਐਨੇ ਨੂੰ ਇਹ ਖੜ੍ਹੀ-ਖੜ੍ਹੀ ਗੁੰਮ ਹੋ ਗਈ ਤੇ ਇਕ ਥੈਲੀ ਬਣ ਗਈ ਮੋਹਰਾਂ ਦੀ। ਚਾਰਾਂ ਨੇ ਹੀ ਦੇਖਿਆ ਕਿ ਔਹ ਥੈਲੀ ਪਈ ਹੈ ਤੇ ਵਿਚੋਂ ਮੋਹਰਾਂ ਸੋਨੇ ਦੀਆਂ ਨੇ। ਕਹਿਣ ਲੱਗੇ ਕਿ ਦੇਖੋ! ਆਪਾਂ ਚਾਰਾਂ ਦਾ ਸਾਂਝਾ ਸਰਮਾਇਆ ਹੋਇਆ, ਜਿਹੜਾ ਕੁਛ ਵੀ ਹੈ। ਹਫੜਾ ਦਫੜੀ ਨਹੀਂ ਪਾਉਣੀ, ਆਪਾਂ ਨੱਠਣਾ ਨਹੀਂ ਹੈ ਇਸ ਤਰ੍ਹਾਂ। ਕਹਿੰਦੇ ਠੀਕ ਹੈ। ਚਾਰਾਂ ਨੇ ਚੁੱਕ ਲਈ, ਗਿਣਿਆ ਤਾਂ ਹੈ ਨਹੀਂ, ਉਂਝ ਦੇਖਦੇ ਨੇ ਕਿ ਬੇਅੰਤ ਧਨ ਹੈ ਇਹ ਤਾਂ, ਸੋਨੇ ਦੀਆਂ ਮੋਹਰਾਂ ਨਾਲ ਭਰੀ ਪਈ ਹੈ ਥੈਲੀ। ਉਸ ਵੇਲੇ ਕਹਿੰਦੇ ਕਿ ਆਪਾਂ ਹੁਣ ਅਕਲ ਦੀ ਗੱਲ ਕਰੀਏ ਇਕ ਪਾਸੇ ਹੋ ਜਾਈਏ, ਜਿਹਦੀ ਗਿਰੀ ਹੋਈ ਹੈ ਕਿਤੇ ਆ ਨਾ ਜਾਣ ਵਾਪਸ, ਐਨਾ ਧਨ, ਇਹਨੂੰ ਤਾਂ ਟੋਲ੍ਹਣਗੇ ਦੂਰ ਤੱਕ। ਉਸ ਵੇਲੇ ਓਝੜ ਪੈ ਗਏ। ਰਸਤਾ ਛੱਡ ਕੇ ਜੰਗਲ 'ਚ ਲੁੱਕ ਗਏ। ਮਹਾਤਮਾ ਦੇਖਦੇ ਨੇ। ਐਨੇ ਨੂੰ ਉਹ ਕਹਿਣ ਲੱਗੇ ਕਿ ਵੰਡ ਤਾਂ ਲੈਂਦੇ ਹਾਂ, ਪਰ ਭੁੱਖ ਵੀ ਤੁਹਾਨੂੰ ਪਤਾ ਹੈ ਕਿੰਨੀ ਲੱਗੀ ਹੋਈ ਹੈ, ਆਹ ਲਓ ਆਹ ਥੋੜ੍ਹੇ ਜਿਹੇ ਪੈਸੇ ਲੈ ਜਾਓ ਤੇ ਵਧੀਆ ਪ੍ਰਸ਼ਾਦੇ ਬਣਵਾ ਕੇ ਲਿਆਓ, ਵਧੀਆ ਖਾਣਾ ਬਣਵਾ ਕੇ ਲਿਆਓ। ਅਸੀਂ ਰਾਖੀ ਬਹਿਨੇ ਹਾਂ। ਦੋ ਰਾਖੀ ਬਹਿ ਗਏ, ਦੋ ਚਲੇ ਗਏ ਤੇ ਰਾਹ ਵਿਚ ਚੁੱਪ ਕਰੇ ਜਾਂਦੇ ਨੇ, ਨਾ ਉਹਦੇ ਨਾਲ ਉਹ ਬੋਲਦਾ ਹੈ, ਨਾ ਉਹ ਬੋਲਦਾ ਹੈ। ਅਖੀਰ ਇਕ ਬੋਲਿਆ ਕਹਿੰਦਾ ਕੀ ਗੱਲ ਤੂੰ ਬੋਲਦਾ ਨਹੀਂ? ਕੀ ਸੋਚ ਹੈ ਤੇਰੇ ਮਨ 'ਚ। ਕਹਿੰਦਾ ਤੂੰ ਨਹੀਂ ਬੋਲਦਾ ਤੇਰੇ ਵੀ ਮਨ 'ਚ ਕੋਈ ਸੋਚ ਹੋਣੀ? ਕਹਿੰਦਾ, ਦੇਖ। ਤੂੰ ਮੈਨੂੰ ਜੇ ਵਿਸ਼ਵਾਸ਼ ਦੇਵੇਂ ਨਾ ਤਾਂ ਮੈਂ ਦਿਲ ਦੀ ਗੱਲ ਦੱਸ ਦੇਵਾਂ? ਕਹਿੰਦਾ, ਦਿੰਦਾ ਹਾਂ ਵਿਸ਼ਵਾਸ਼। ਕਹਿੰਦਾ ਮੇਰੇ ਮਨ ਵਿਚ ਐਉਂ ਹੈ ਕਿ ਆਪਾਂ ਕਿਉਂ ਨਾ ਦੋਵੇਂ ਜਣੇ ਰੱਖ ਲਈਏ ਇਹ? ਕਹਿੰਦਾ, ਮੈਂ ਵੀ ਇਹੀ ਸੋਚਦਾ ਆਉਂਦਾ ਸੀ, ਆਪਾਂ ਕਿਸੇ ਤਰੀਕੇ ਨਾਲ ਦੋਵੇਂ ਜਣੇ ਮਾਲਕ ਬਣੀਏ ਇਹਦੇ। ਕਹਿੰਦੇ, ਫੇਰ ਤਾਂ ਸਿੱਧਾ ਹੀ ਹੈ ਕਿ ਆਪਾਂ ਰੋਟੀ ਇਥੇ ਖਾ ਚਲਦੇ ਹਾਂ, ਉਨ੍ਹਾਂ ਦੀ ਰੋਟੀ 'ਚ ਜ਼ਹਿਰ ਪੁਆ ਲੈਂਦੇ ਹਾਂ ਤੇਜ਼, ਖਾਣਗੇ ਮਰ ਜਾਣਗੇ। ਥੈਲੀ ਆਪਣੇ ਕੋਲ ਆ ਜਾਏਗੀ। ਇਧਰ ਤਾਂ ਇਨ੍ਹਾਂ ਨੇ ਯੋਜਨਾ ਬਣਾ ਲਈ।

ਓਧਰ ਉਨ੍ਹਾਂ ਨੇ ਬਣਾ ਲਿਆ ਕਿ ਆਪਾਂ ਹੀ ਦੋਵੇਂ ਸਾਂਭੀਏ। ਕਹਿੰਦੇ, ਕਿਵੇਂ ਸਾਭਾਂਗੇ। ਕਹਿੰਦੇ, ਰੋਟੀਆਂ ਰੱਖਣ ਲੱਗਣਗੇ ਹੇਠਾਂ ਧਰਤੀ ਤੇ ਤਲਵਾਰਾਂ ਕੱਢ ਕੇ ਰੱਖ ਲਓ, ਗਰਦਨਾਂ ਕੱਟ ਕੇ ਆਹ ਕੋਲ ਦੀ ਨਦੀ ਜਾਂਦੀ ਹੈ, ਵਿਚ ਘੜੀਸ ਕੇ ਸੁੱਟ ਦੇਵਾਂਗੇ,

ਮੁਰਦਾ ਵੀ ਖਤਮ ਤੇ ਆਪਣੇ ਕੋਲ ਮਾਇਆ ਆ ਜਾਏਗੀ। ਉਸ ਵੇਲੇ ਜਿਸ ਵਕਤ ਪ੍ਰਸ਼ਾਦੇ ਲੈ ਕੇ ਆ ਗਏ, ਤਾਂ ਉਨ੍ਹਾਂ ਨੇ ਪ੍ਰਸ਼ਾਦੇ ਰੱਖ ਦਿਤੇ ਇਨ੍ਹਾਂ ਨੇ ਦੋਵੇਂ ਮਾਰ ਦਿਤੇ। ਉਸ ਤੋਂ ਬਾਅਦ ਰੋਟੀ ਖਾਣ ਲੱਗੇ ਜ਼ਹਿਰ ਉਸੇ ਵੇਲੇ ਚੜ੍ਹ ਗਈ, ਦੋਵੇਂ ਉਹ ਮਰ ਗਏ। ਚਾਰੋਂ ਮਰੇ ਪਏ ਨੇ। ਮਾਇਆ ਆਪਣਾ ਅਸਲੀ ਰੂਪ ਧਾਰ ਕੇ ਸੰਤਾਂ ਕੋਲ ਆ ਗਈ। ਕਹਿੰਦੀ, ਸੰਤ ਜੀ ਦੇਖੀ ਇਹ ਗੱਲ? ਮੈਂ ਐਉਂ ਕਰਦੀ ਹਾਂ।

*ਇਸੁ ਜਰ ਕਾਰਣਿ ਘਣੀ ਵਿਗੁਤੀ*
*ਇਨਿ ਜਰ ਘਣੀ ਖੁਆਈ ॥ ਅੰਗ - ੪੧੭*

ਮਹਾਰਾਜ ਕਹਿੰਦੇ ਬੇਅੰਤ-ਬੇਅੰਤ ਖੁਆ ਕੇ ਚਲੇ ਗਏ ਇਥੇ, ਦੁਨੀਆਂ ਆਈ ਐਹ ਪੈਸੇ ਵਾਸਤੇ-

*ਪਾਪਾ ਬਾਝਹੁ ਹੋਵੈ ਨਾਹੀ*
*ਮੁਇਆ ਸਾਥਿ ਨ ਜਾਈ ॥ ਅੰਗ - ੪੧੭*

ਧਰਮ ਕਰਮ ਛੱਡ ਕੇ ਰਿਸ਼ਵਤਾਂ ਲੈਂਦਾ ਹੈ, ਝੂਠ ਬੋਲਦਾ ਹੈ, ਮਿਲਾਵਟਾਂ ਕਰਦਾ ਹੈ, ਧੋਖੇ ਦਿੰਦਾ ਹੈ, ਕਤਲ ਕਰਦਾ ਹੈ, ਕਿੰਨਾ ਕੁਛ ਹੋ ਰਿਹਾ ਹੈ ਮਾਇਆ ਦੇ ਵਾਸਤੇ। ਮਾਇਆ ਦੇ ਪੁਜਾਰੀ ਬਣੇ ਹੋਏ ਨੇ। ਜਿਹੜਾ ਪੂਜਦਾ ਹੀ ਮਾਇਆ ਨੂੰ ਹੈ ਉਥੇ ਸ਼ੁੱਧ ਬਿਜਨਸ ਕਿਵੇਂ ਹੋ ਸਕਦੀ ਹੈ। ਆਹ ਜਿਹੜਾ ਭਾਰਤ ਵਰਸ਼ ਹੈ ਇਹ ਮਾਇਆ ਨੂੰ ਪੂਜਦਾ ਹੈ। ਪੂਜਾ ਕਰਦੇ ਨੇ, ਦੀਵਾਲੀ ਵਾਲੇ ਦਿਨ ਦਰਵਾਜ਼ੇ ਖੁਲ੍ਹੇ ਰੱਖਦੇ ਨੇ, ਦੀਵੇ ਜਾਲ ਕੇ ਕਿ ਅੱਜ ਮਾਇਆ ਆਏਗੀ, ਪੂਜਾ ਕਰਨੀ ਹੈ। ਉਹ ਪੂਜਾ ਜਿਹੜਾ ਧੇਅ ਬਣ ਗਿਆ, ਇਸ਼ਟ ਬਣ ਗਿਆ ਆਪ ਦਾ, ਉਹਦੇ ਵਾਸਤੇ ਕੁਛ ਕਰ ਲੈ, ਕਿੰਨੇ ਹੀ ਪਾਠ ਕਰ ਲੈ, ਸਭ ਜਾਇਜ਼ ਹੈ। ਪਾਪ ਕਿੰਨੇ ਹੁੰਦੇ ਨੇ, ਹੈਰਾਨ ਰਹਿ ਜਾਈਦਾ ਹੈ, ਕਰਮ ਧਰਮ ਸਭ ਦੇ ਭ੍ਰਿਸ਼ਟ ਹੋ ਜਾਂਦੇ ਨੇ, ਅਖਬਾਰਾਂ 'ਚ ਪੜ੍ਹਿਆ ਸੀ, ਡਾਲਡੇ ਘਿਓ 'ਚ ਨਾਰਵੇ ਤੋਂ, ਹਾਲੈਂਡ ਤੋਂ ਚਰਬੀ ਮੰਗਾਈ। ਚਰਬੀ ਉਥੇ ਗਊਆਂ ਦੀ। ਪਤਾ ਨਹੀਂ ਕਾਹਦੇ ਵਾਸਤੇ ਮੰਗਾਈ। ਲਿਆ ਕੇ ਡਾਲਡੇ 'ਚ ਪਾ ਦਿਤੀ। ਸਾਰਿਆਂ ਨੇ ਦੇਗਾਂ 'ਚ ਭੋਗ ਲਵਾ ਦਿਤੇ ਮਹਾਰਾਜ ਨੂੰ, ਨਾਲੇ ਆਪ ਖਾਂਦੇ ਨੇ, ਨਾਲੇ ਮਹਾਰਾਜ ਅੱਗੇ ਰੱਖਦੇ ਨੇ। ਰਿਸ਼ਵਤਾਂ ਲੈਂਦੇ ਨੇ, ਧੋਖੇ ਦਿੰਦੇ ਨੇ, ਕਪਟ ਕਰਦੇ ਨੇ, ਕਿੰਨਾਂ ਕੁਛ ਹੋ ਰਿਹਾ ਹੈ ਹਿੰਦੁਸਤਾਨ ਦੇ ਅੰਦਰ। ਮਹਾਰਾਜ ਕਹਿੰਦੇ ਸਭ ਮਾਇਆ ਨੇ ਭੁਲਾਏ ਹੋਏ ਨੇ। ਮਾੜਾ ਮੋਟਾ ਝੂਠ ਬੋਲਣਾ ਤਾਂ ਮਾਮੂਲੀ ਗੱਲ ਹੈ। ਇਹ ਤਾਂ ਜਾਇਜ਼ ਗਿਣਿਆ ਜਾਂਦਾ ਹੈ।

ਇਕ ਵਾਰੀ ਇਕ ਮਹਾਤਮਾ ਸੀ ਉਨ੍ਹਾਂ ਦੇ ਪਾਸ ਇਕ ਲੋਭੀ ਬੰਦਾ ਆ ਗਿਆ। ਮਹਾਤਮਾ ਨੇ ਦੇਖ ਲਿਆ ਕਿ ਲੋਭੀ ਲਗਦਾ ਹੈ ਕੁਛ ਇਹ ਮੈਨੂੰ। ਕਹਿਣ ਲੱਗੇ, ਪ੍ਰੇਮੀਆ! ਪ੍ਰਸ਼ਾਦਾ ਛਕਿਆ ਹੈ। ਕਹਿੰਦਾ ਨਹੀਂ ਮਹਾਰਾਜ ਛਕਣਾ ਹੈ। ਕਹਿੰਦੇ ਕੋਈ ਨਹੀਂ ਆਪਣਾ ਪ੍ਰਸ਼ਾਦਾ ਆਉਣ ਵਾਲਾ ਹੈ ਤੂੰ ਛੱਕ ਲਈਂ। ਐਨੇ ਨੂੰ ਪ੍ਰਸ਼ਾਦੇ ਆ ਗਏ ਤੇ ਛੇ ਪ੍ਰਸ਼ਾਦੇ ਰੋਜ਼ ਆਇਆ ਕਰਦੇ ਸੀ ਵਧੀਆ ਬਣ ਕੇ, ਪਰਾਉਂਠੇ ਵਗੈਰਾ ਹੁੰਦੇ। ਤਾਂ ਮਹਾਤਮਾ ਕਹਿਣ ਲੱਗੇ ਚੱਲ ਇਸ਼ਨਾਨ ਕਰ ਆਈਏ। ਉਹਨੇ ਕਿਹਾ ਕਿ ਨਹੀਂ ਮੈਂ ਤਾਂ ਨਹੀਂ ਜਾਣਾ, ਨਾਲੇ ਤਾਂ ਐਥੇ ਦੇਖਾਂਗਾ ਕਿ ਸੰਤਾਂ ਦੇ ਕੋਲ ਕੋਈ ਚੀਜ਼ ਪਈ ਹੋਵੇ ਤਾਂ ਜੇਬ 'ਚ ਪਾਵਾਂਗੇ ਤੇ ਨਾਲੇ ਪਹਿਲਾਂ ਪ੍ਰਸ਼ਾਦੇ ਛਕਦੇ ਹਾਂ ਖੋਲ੍ਹ ਕੇ ਛੇਤੀ। ਸੰਤ ਨਾਹੁੰਣ ਚਲੇ ਗਏ, ਇਹਨੇ ਛੇਤੀ ਦੇ ਕੇ ਪੋਣਾ ਖੋਲ੍ਹਿਆ ਤੇ ਉਹਦੇ ਵਿਚੋਂ ਦੋ ਪ੍ਰਸ਼ਾਦੇ ਖਾ ਲਏ, ਕਹਿੰਦਾ ਚਾਰ ਰਹਿ ਗਏ, ਦੋ ਉਹਦੇ ਤੇ ਦੋ ਮੇਰੇ। ਜਦ ਸੰਤ ਇਸ਼ਨਾਨ ਕਰਕੇ ਆ ਗਏ, ਪੋਣਾ ਖੋਲ੍ਹਿਆ ਕਹਿੰਦੇ ਪ੍ਰੇਮੀਆ! ਅੱਗੇ ਛੇ ਪ੍ਰਸ਼ਾਦੇ ਆਉਂਦੇ ਨੇ, ਦੋ ਕੀਹਨੇ ਖਾ ਲਏ, ਕਹਿੰਦਾ ਨਾ ਮਹਾਰਾਜ! ਮੈਂ ਤਾਂ ਖਾਧੇ ਨਹੀਂ। ਉਨ੍ਹਾਂ ਨੇ ਦੋ ਉਹਨੂੰ ਦੇ ਦਿਤੇ, ਦੋ ਆਪਣੇ ਲੈ ਲਏ, ਨਾਲ ਇਹ ਫੁਰਨਾ ਕਰ ਲਿਆ ਕਿ ਸੱਚ ਝੂਠ ਨਿਬੇੜਨਾ ਹੈ।

ਕਹਿੰਦੇ, ਕਿੱਥੇ ਜਾਣਾ ਹੈ?

ਕਹਿੰਦਾ ਮੈਂ ਸ਼ਹਿਰ ਜਾਣਾ ਹੈ।

ਕਹਿੰਦੇ, ਨਦੀ ਪੈਂਦੀ ਹੈ, ਚੱਲ ਮੈਂ ਲੈ ਚੱਲਦਾ ਹਾਂ ਤੈਨੂੰ।

ਉਥੇ ਆਉਂਦੇ ਨੇ ਤੇ ਕਿਸ਼ਤੀ ਕੋਈ ਨਹੀਂ ਨੇੜੇ, ਸੰਤ ਕਹਿੰਦੇ, ਐਉਂ ਕਰ ਰਾਮ-ਰਾਮ ਕਹਿ ਕੇ ਮੇਰੇ ਪਿੱਛੇ ਲਗ ਜਾ, ਦੇਖ ਤੈਨੂੰ ਨਾਮ ਦੀ ਮਹਿਮਾ ਸਿਖਾਈਏ। ਰਾਮ-ਰਾਮ ਕਹਿੰਦੇ, ਮੂਹਰੇ-ਮੂਹਰੇ ਸੰਤ ਤੁਰੀ ਜਾਂਦੇ ਨੇ, ਪਿੱਛੇ-ਪਿੱਛੇ ਉਹ ਜਾਂਦਾ ਹੈ, ਨਦੀ ਲੰਘ ਗਏ ਪਾਰ, ਕਹਿੰਦੇ ਦੇਖਿਆ ਨਾਮ ਦੀ ਮਹਿਮਾ ਕਿੰਨੀ ਹੈ? ਕਹਿੰਦਾ ਹਾਂ ਜੀ ਬੜੀ ਮਹਿਮਾ ਹੈ। ਕਹਿੰਦੇ, ਹੁਣ ਤੂੰ ਇਸ ਨਾਮ ਨੂੰ ਸੱਚ ਜਾਣ ਕੇ ਪ੍ਰਮੇਸ਼ਰ ਨੂੰ ਸੱਚ ਜਾਣ ਕੇ ਇਹ ਦੱਸ ਕਿ ਪ੍ਰਸ਼ਾਦੇ ਦੋ ਤੂੰ ਖਾਧੇ ਸੀ? ਕਹਿੰਦਾ, ਨਾ ਮੈਂ ਤਾਂ ਖਾਧੇ ਹੀ ਨਹੀਂ। ਅੱਗੇ ਆ ਗਿਆ ਸ਼ੇਰ, ਸੰਤਾਂ ਨੇ ਫੇਰ ਲੰਘਾ ਕੇ ਪੁੱਛਿਆ ਕਿ ਪ੍ਰਸ਼ਾਦੇ ਤੂੰ ਖਾਧੇ ਸੀ? ਕਹਿੰਦਾ ਨਾ ਮਹਾਰਾਜ! ਤੁਹਾਨੂੰ ਕਿਉਂ ਵਹਿਮ ਹੋ ਗਿਆ ਪ੍ਰਸ਼ਾਦਿਆਂ ਦਾ, ਐਵੇਂ ਤੁਸੀਂ ਓਹੀ ਗੱਲ ਕਹਿ ਦਿੰਦੇ ਹੋ ਮਿੰਟ ਕੁ ਬਾਅਦ। ਐਡਾ ਹੀ ਬੇਈਮਾਨ ਹਾਂ ਮੈਂ ਕਿ ਦੋ ਰੋਟੀਆਂ ਖਾ ਕੇ ਝੂਠ ਬੋਲਾਂਗਾ। ਉਸ ਤੋਂ ਬਾਅਦ ਅੱਗ ਲੱਗੀ ਹੋਈ ਵਣ ਨੂੰ ਆ ਗਈ, ਕਹਿੰਦੇ ਹੁਣ ਤਾਂ ਆਪਾਂ ਜਲ ਜਾਵਾਂਗੇ। ਕਹਿੰਦਾ, ਮਹਾਰਾਜ! ਕਿਵੇਂ ਬਚਾਓ। ਕਹਿੰਦੇ, ਤੂੰ ਪ੍ਰਮੇਸ਼ਰ ਦਾ ਧਿਆਨ ਧਰ। ਧਿਆਨ ਧਰ ਕੇ ਜਦੋਂ ਨਿਕਲ ਗਏ ਅੱਗ ਦੇ ਵਿਚੋਂ ਬਚ ਗਏ ਤੇ ਸੰਤ ਕਹਿੰਦੇ

ਬਹਿ ਜਾ, ਹੁਣ ਪ੍ਰਮੇਸ਼ਰ ਦਾ ਤੂੰ ਧਿਆਨ ਦੇ। ਕਹਿੰਦਾ, ਤੁਸੀਂ ਰੋਟੀਆਂ ਦੀ ਗੱਲ ਕਰਨੀ ਹੋਣੀ ਐ ਮੇਰੇ ਨਾਲ? ਕਹਿੰਦਾ, ਮੈਂ ਤਾਂ ਹੈਰਾਨ ਹੀ ਹੋ ਗਿਆ ਕਿ ਰੋਟੀਆਂ ਦੇ, ਤੁਸੀਂ ਸੰਤ ਕਾਹਦੇ ਹੋਏ ਤੁਹਾਡੀ ਸੁਰਤ ਤਾਂ ਰੋਟੀਆਂ 'ਚ ਪਈ ਹੈ। ਸੰਤ ਕਹਿੰਦੇ, ਕੋਈ ਨਾ ਪ੍ਰੇਮੀਆ। ਅੱਗੇ ਉਨ੍ਹਾਂ ਨੇ ਆਪਣੀ ਯੋਗ ਮਾਇਆ ਦੇ ਨਾਲ ਇਕ ਥੈਲੀ ਮਾਇਆ ਦੀ ਖਿੰਡਾ ਦਿਤੀ। ਕਹਿੰਦੇ ਲੈ ਬਈ ਪ੍ਰੇਮੀਆ! ਇਹ ਚੁੱਕਣੀ ਨਹੀਂ ਹੈ ਆਪਾਂ ਵੰਡਾਂਗੇ। ਉਥੇ ਜਾ ਕੇ ਤਿੰਨ ਢੇਰੀਆਂ ਲਾ ਲਈਆਂ। ਉਹ ਕਹਿੰਦਾ ਆਪਾਂ ਦੋ ਜਣੇ ਹਾਂ, ਤੁਸੀਂ ਤਿੰਨ ਢੇਰੀਆਂ ਕਾਹਦੀਆਂ ਲਾਉਂਦੇ ਹੋਂ? ਕਹਿੰਦੇ ਆਹ ਤਾਂ ਤੇਰੀ, ਆਹ ਮੇਰੀ। ਕਹਿੰਦਾ ਆਹ ਕੀਹਦੀ ਹੈ? ਸੰਤ ਕਹਿੰਦੇ, ਆਹ ਉਹਦੀ ਜਿਹਨੇ ਦੋ ਪਰਾਉਂਠੇ ਖਾਧੇ ਨੇ। ਕਹਿੰਦਾ ਉਹ ਤਾਂ ਮੈਂ ਹੀ ਖਾਧੇ ਸੀ। ਮੇਰੇ ਮੂੰਹ 'ਚੋਂ ਨਾਹ ਨਿਕਲ ਗਈ ਸੀ, ਮੈਂ ਕਿਹਾ ਕਿ ਐਵੇਂ ਮਾੜੀ ਜਿਹੀ ਗੱਲ ਹੈ, ਉਹ ਤਾਂ ਖਾਧੇ ਹੀ ਮੈਂ ਸੀ ਸੰਤ ਜੀ। ਤੁਸੀਂ ਜਦੋਂ ਨਾਹੁੰਣ ਗਏ ਸੀ ਮੈਂ ਹੀ ਖਾਧੇ ਸੀ।

ਇਹ ਮਹਾਤਮਾ ਐਸੇ ਜਿਹੇ ਬਚਨ ਸੁਣਾਉਂਦੇ ਹੁੰਦੇ ਕਿ ਆਦਮੀ ਦਾ ਚਰਿੱਤਰ ਕਿੰਨਾ ਨੀਵਾਂ ਹੈ। ਪਹਿਲਾਂ ਤਿੰਨ ਵਾਰੀ ਝੂਠ ਬੋਲਿਆ, ਜਦੋਂ ਮਾਇਆ ਆ ਗਈ, ਫੇਰ ਝੂਠ ਕਿਧਰੇ ਹੀ ਗਿਆ, ਫੇਰ ਕਹਿ ਦਿਤਾ ਕਿ ਹਾਂ ਮੈਂ ਹੀ ਰੋਟੀਆਂ ਖਾਧੀਆਂ ਨੇ।

ਸੋ ਮਹਾਰਾਜ ਕਹਿਣ ਲੱਗੇ ਪ੍ਰੇਮੀਓ! ਇਹ ਤੁਹਾਨੂੰ ਅਸੀਂ ਵਿਸਥਾਰ ਦੇ ਨਾਲ ਦੱਸਿਆ ਹੈ ਕਿ ਆਹ ਜਿਹੜੀ ਮਾਇਆ ਹੈ ਨਾ ਇਹਨੇ ਸਾਰੇ ਸੰਸਾਰ ਨੂੰ ਭੁਲਾ ਦਿਤਾ, ਇਹਦੇ ਅਨੇਕਾਂ ਹੀ ਰੂਪ ਨੇ, ਜਗ ਖਾ ਲਿਆ।

ਕਹਿਣ ਲੱਗੇ, ਸੱਚੇ ਪਾਤਸ਼ਾਹ! ਫੇਰ ਤਰੀਏ ਕਿਵੇਂ? ਗੁਰੂ ਅੰਗਦ ਸਾਹਿਬ ਨੂੰ ਪੁੱਛਦੇ ਨੇ, ਬੇਨਤੀ ਕਰਦੇ ਨੇ ਕਿ ਮਹਾਰਾਜ! ਫੇਰ ਅਸੀਂ ਤਰੀਏ ਕਿਵੇਂ? ਮਹਾਰਾਜ ਜੀ ਨੇ ਕਿਹਾ ਕਿ ਜੀਵ ਦੇ ਤਰਨ ਵਾਸਤੇ ਚਾਰ ਸਾਧਨ ਪੈਦਾ ਕੀਤੇ ਨੇ। ਉਨ੍ਹਾਂ ਚਾਰਾਂ ਸਾਧਨਾਂ ਦੇ ਨਾਲ ਜੀਵ ਤਰ ਜਾਂਦਾ ਹੈ। ਕਹਿਣ ਲੱਗੇ, ਸੱਚੇ ਪਾਤਸ਼ਾਹ! ਅਸੀਂ ਤਾਂ ਕਦੇ ਸੁਣੇ ਨਹੀਂ। ਤੁਸੀਂ ਕ੍ਰਿਪਾ ਕਰਕੇ ਇਹ ਵੀ ਸੁਣਾਓ ਤਾਂ ਕਿ ਨਿਰਣੇ ਪੂਰਵਕ ਅਸੀਂ ਕਿਸੇ ਕਿਨਾਰੇ ਪਹੁੰਚ ਜਾਈਏ। ਤਾਂ ਮਹਾਰਾਜ ਕਹਿਣ ਲੱਗੇ, ਚਾਰ ਸਾਧਨ ਨੇ।

***ਇਕ ਬੈਰਾਗ ਜੋਗ ਅਰ ਗਿਆਨ***
***ਚਉਥੀ ਉਪਜੀ ਭਗਤ ਮਹਾਨ।***

ਕਹਿੰਦੇ ਇਕ ਤਾਂ ਪ੍ਰਮੇਸ਼ਰ ਨੇ ਵੈਰਾਗ ਬਣਾਇਆ ਹੈ, ਵੈਰਾਗ ਦੇ ਨਾਲ ਮਾਇਆ ਛੁਟ ਜਾਂਦੀ ਹੈ। ਮਾਇਆ ਤੋਂ ਲਾਂਭੇ ਹੋ ਜਾਂਦਾ ਹੈ ਬੈਰਾਗੀ ਪੁਰਸ਼। ਦੂਸਰਾ ਹੈ ਜੋਗ, ਜੋਗ ਜਿਹੜਾ ਹੈ ਯੋਗ ਜਿਸਨੂੰ ਆਖਦੇ ਨੇ। ਉਹਦੇ ਨਾਲ ਵੀ ਰੱਬ ਤੱਕ ਪਹੁੰਚ ਜਾਂਦਾ ਹੈ। ਤੀਸਰਾ ਹੈਗਾ ਗਿਆਨ। ਚੌਥੀ ਹੈਗੀ ਭਗਤੀ। ਕਹਿੰਦੇ, ਜਿਹੜਾ ਗਿਆਨ, ਵੈਰਾਗ, ਜੋਗ; ਇਹ ਤਿੰਨੇ ਸ਼ੁਭ ਨੇ।

***ਗਯਾਨ, ਵਿਰਾਗ, ਜੋਗ, ਸ਼ੁਭ ਤੀਨ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1360***

ਲੇਕਿਨ ਇਹ ਤਿੰਨੇ ਪੁਰਖ ਰੂਪ ਨੇ।

***ਪੁਰਖ ਰੂਪ ਇਨਕੋ ਮਨ ਚੀਨ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1360***

ਵੈਰਾਗ ਵੀ ਪੁਰਖ ਸਾਧਨ ਹੈ, ਯੋਗ ਵੀ ਪੁਰਖ ਸਾਧਨ ਹੈ, ਗਿਆਨ ਵੀ ਪੁਰਖ ਸਾਧਨ ਹੈ। ਕਹਿੰਦੇ –

***ਮਾਯਾ ਲੇ ਇਨ ਕੋ ਭਰਮਾਇ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1360***

ਇਹ ਪੁਰਖਾਂ ਨੂੰ ਮਾਇਆ ਭਰਮਾ ਲਿਆ ਕਰਦੀ ਹੈ। ਇਨ੍ਹਾਂ ਸਾਧਨਾਂ ਦੇ ਉਤੇ ਮਾਇਆ ਪੈ ਜਾਂਦੀ ਹੈ।

***ਬਡੇ ਜਤਨ ਤੇ ਉਬਰ ਸੋ ਜਾਇ॥***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1360***

ਬਹੁਤ ਵੱਡਾ ਯਤਨ ਕਰੇ ਇਨ੍ਹਾਂ ਸਾਧਨਾਂ ਦੇ ਵਿਚ। ਕਿਉਂਕਿ ਵੱਡੇ-ਵੱਡੇ ਗਿਆਨਵਾਨ ਸਿੱਟ ਲਏ ਮਾਇਆ ਨੇ।

ਜੈਮਨੀ ਰਿਸ਼ੀ ਵੇਦ ਵਿਆਸ ਜੀ ਦੇ ਵੇਲੇ ਹੋਇਆ ਤੇ ਉਹਨੇ ਨਿਆਏ ਸ਼ਾਸਤਰ ਲਿਖਿਆ, ਛੇ ਸ਼ਾਸਤਰ ਨੇ ਹਿੰਦੂਆਂ ਦੇ –

***ਛਿਅ ਘਰ ਛਿਅ ਗੁਰ ਛਿਅ ਉਪਦੇਸ ॥***
***ਅੰਗ - ੧੨***

ਤੇ ਛੇ ਹੀ ਸ਼ਾਸਤਰ ਨੇ ਇਹ। ਇਨ੍ਹਾਂ ਦੇ ਵਿਚੋਂ ਇਕ ਨਿਆਏ ਸ਼ਾਸਤਰ, ਛੇ ਉਪਦੇਸ਼

***ਗੁਰੁ ਗੁਰੁ ਏਕੋ ਵੇਸ ਅਨੇਕ ॥ ਅੰਗ - ੧੨***

ਉਹਨੇ ਇਹਦੇ ਵਿਚ ਇਕ ਗੱਲ ਲਿਖ ਦਿਤੀ ਕਿ ਜਦੋਂ ਗਿਆਨ ਹੋ ਜਾਂਦਾ ਹੈ, ਮਾਇਆ ਦਾ ਅਸਰ ਨਹੀਂ ਹੋ ਸਕਦਾ ਗਿਆਨਵਾਨ 'ਤੇ। ਤਾਂ ਵੇਦ ਵਿਆਸ ਜੀ ਜਿਹੜੇ ਵਿਦਿਆ ਦੇ ਕਾਰਕ ਨੇ, ਉਨ੍ਹਾਂ ਕੋਲ ਐਡਿਟ ਕਰਾਉਣ ਵਾਸਤੇ ਗਿਆ, ਜਦੋਂ ਉਨ੍ਹਾਂ ਨੇ ਉਹਨੂੰ ਚੈਕ ਕਰਿਆ, ਐਡਿਟ (edit) ਕਰਨ ਲੱਗੇ, ਉਹ ਕਹਿਣ ਲੱਗੇ ਜੈਮਨੀ ਜੀ, ਤੁਸੀਂ ਹੋਂ ਤਾਂ ਮਹਾਂਪੁਰਸ਼, ਬੜੇ ਵਿਚਾਰਵਾਨ। ਇਹ ਸ਼ਾਸਤਰ ਐਸਾ ਬਣਾ ਦਿਤਾ ਕਿ ਆਮ ਬੰਦੇ ਦੇ ਪੜ੍ਹਨ ਵਾਲਾ ਨਹੀਂ ਹੈ, ਬਹੁਤ ਵਿਦਵਤਾ ਦੇ ਨਾਲ ਬਣਾਇਆ ਹੈ। ਪਰ

ਇਹਦੇ ਵਿਚ ਆਹ ਤੁਸੀਂ ਜਿਹੜੀ ਤੁਕ ਲਿਖ ਦਿਤੀ ਨਾ, ਬਈ ਗਿਆਨਵਾਨ ਤੇ ਮਾਇਆ ਅਸਰ ਨਹੀਂ ਕਰਦੀ। ਕਹਿੰਦੇ, ਇਹ ਤੁਸੀਂ ਕੱਟ ਦਿਓ। ਕਹਿੰਦੇ ਨਾ ਮਹਾਰਾਜ! ਇਹ ਤਾਂ ਸਿਧਾਂਤ ਹੀ ਗਲਤ ਹੋ ਜਾਏਗਾ ਸਾਰਾ। ਕਹਿੰਦੇ ਨਾ ਬੇਟਾ, ਪ੍ਰਮੇਸ਼ਰ ਦੀ ਮਾਇਆ ਬੜੀ ਪ੍ਰਬਲ ਹੈ, ਜੇ ਹੱਥ ਦੇ ਕੇ ਰੱਖੇ ਤਾਂ ਰੱਖੇ ਨਹੀਂ ਤਾਂ ਸਹਿਣੀ ਹੀ ਔਖੀ ਹੈ। ਕਹਿਣ ਲੱਗਿਆ, ਮਹਾਰਾਜ! ਜੇ ਗਿਆਨ ਹੋ ਗਿਆ, ਬੀਜ ਦਗਧ ਹੋ ਗਿਆ ਤਾਂ ਫੇਰ ਉੱਗੇਗਾ ਕਿੱਥੋਂ? ਕਹਿੰਦੇ ਨਹੀਂ, ਮਾਇਆ ਦੇ ਵਿਚ ਇਹ ਸ਼ਕਤੀ ਹੈ, ਜਲੇ ਹੋਏ ਦਾਨਿਆਂ ਨੂੰ ਵੀ ਪੈਦਾ ਕਰ ਲੈਂਦੀ ਹੈ। ਮੰਨਿਆ ਨਾ। ਸਮਾਂ ਲੰਘ ਗਿਆ। ਮਹਾਤਮਾ ਨੇ ਕਿਹਾ ਕਿ ਇਹਦਾ ਅਭਿਮਾਨ ਜਿਹੜਾ ਹੈ ਇਹ ਗਲਤ ਹੈ। ਚਲੋ ਪਰਖ ਕੇ ਤਾਂ ਦੇਖੀਏ ਇਹਨੂੰ। ਉਸ ਵੇਲੇ ਮਾਇਆ ਵਰਤਾ ਦਿਤੀ ਆਪਣੀ। ਮਾਇਆ ਦੇ ਵਿਚ ਕੀ ਦੇਖਦੇ ਨੇ ਕਿ ਸ਼ਾਮ ਹੋ ਗਈ, ਇਕ ਇਸਤਰੀ ਰੋ ਰਹੀ ਹੈ ਜੰਗਲ ਦੇ ਅੰਦਰ। ਬਹੁਤ ਵੈਰਾਗ ਕਰ ਰਹੀ ਹੈ। ਇਹਨੂੰ ਕੁਛ ਦਰਦ ਆਇਆ ਜੈਮਨੀ ਨੂੰ, ਇਹ ਤੁਰ ਕੇ ਚਲਿਆ ਗਿਆ। ਜੰਗਲ ਬਹੁਤ ਘੋਰ ਸੀ, ਉਸ ਵੇਲੇ ਪੁਛਿਆ ਕਿ ਅਬਲਾ! ਤੂੰ ਰੋਂਦੀ ਕਿਉਂ ਹੈਂ? ਕਹਿਣ ਲੱਗੀ, ਮੇਰਾ ਪਤੀ ਮਾਰ ਦਿਤਾ ਤੇ ਮੈਂ ਇਕੱਲੀ ਰਹਿ ਗਈ, ਮੈਨੂੰ ਕੋਈ ਟਿਕਾਣਾ ਨਹੀਂ, ਉਤੋਂ ਰਾਤ ਪੈ ਰਹੀ ਹੈ ਮੈਂ ਕਿੱਥੇ ਜਾਵਾਂ ਤਾਂ ਮੈਂ ਰੋਂਦੀ ਹਾਂ। ਇਕ ਮੈਨੂੰ ਮੇਰੇ ਪਤੀ ਦਾ ਵਿਯੋਗ ਹੈ, ਇਕ ਮੈਨੂੰ ਸਾਮ੍ਹਣੇ ਦੁੱਖ ਦਿਸਦਾ ਹੈ ਕਿ ਪਤਾ ਨਹੀਂ ਮੈਨੂੰ ਕੌਣ ਲੈ ਜਾਵੇ ਚੁੱਕ ਕੇ। ਜੰਗਲੀ ਲੋਕ ਲੈ ਜਾਣ।

ਉਹ ਕਹਿੰਦਾ ਠੀਕ ਹੈ, ਮੈਂ ਤੇਰੀ ਮਦਦ ਕਰ ਸਕਦਾ ਹਾਂ। ਮੇਰਾ ਅਸੂਲ ਤਾਂ ਇਹ ਹੈ ਕਿ ਅਸੀਂ ਆਪਣੇ ਆਸ਼ਰਮ ਦੇ ਅੰਦਰ ਕਿਸੇ ਔਰਤ ਨੂੰ ਨਹੀਂ ਰਹਿਣ ਦਿੰਦੇ। ਪਰ ਤੂੰ ਹੁਣ ਐਸੀ ਹਾਲਤ ਵਿਚ ਹੈਂ, ਮੇਰੇ ਨਾਲ ਚੱਲ। ਆਪਣੇ ਕਮਰੇ 'ਚ ਉਸ ਨੂੰ ਕਿਹਾ ਕਿ ਆਹ ਕਮਰਾ ਲੈ ਲੈ ਤੇ ਇਹਦੇ ਦਰਵਾਜ਼ੇ ਬੰਦ ਕਰ ਲੈ। ਚਾਹੇ ਮੈਂ ਵੀ ਖੁਲਾਵਾਂ ਤਾਂ ਵੀ ਨਾ ਖੋਲ੍ਹੀ ਰਾਤ ਨੂੰ। ਕਹਿੰਦੀ ਠੀਕ ਹੈ ਮਹਾਰਾਜ! ਮੈਂ ਤੁਹਾਡਾ ਬਹੁਤ ਧੰਨਵਾਦ ਕਰਦੀ ਹਾਂ ਤੇ ਮੈਂ ਹੁਣ ਨਿਸਚਿੰਤ ਹੋ ਕੇ ਪ੍ਰਮੇਸ਼ਰ ਦੀ ਭਗਤੀ ਕਰਾਂਗੀ। ਉਸ ਤੋਂ ਬਾਅਦ ਜਦੋਂ ਰਾਤ ਬੀਤ ਗਈ ਥੋੜ੍ਹੀ ਜਿਹੀ ਉਹਨੇ ਗਾਉਣਾ ਸ਼ੁਰੂ ਕਰ ਦਿਤਾ ਵੇਦਾਂ ਦੀਆਂ ਰੀਚਾਂ। ਜਦ ਬੋਲ ਸੁਣਿਆ, ਉਸ ਵੇਲੇ ਮਨ ਮੋਹਿਤ ਹੋਣਾ ਸ਼ੁਰੂ ਹੋ ਗਿਆ ਤੇ ਅਖੀਰ ਦਰਵਾਜ਼ਾ ਖੜਕਾਇਆ ਕਿ ਦਰਵਾਜ਼ਾ ਖੋਲ੍ਹ। ਉਹ ਕਹਿੰਦੀ ਦਰਵਾਜ਼ਾ ਨਹੀਂ ਖੋਲ੍ਹਣਾ ਮੈਂ ਸਵੇਰੇ ਖੋਲ੍ਹਾਂਗੀ। ਕਹਿੰਦਾ ਮੈਂ ਜੈਮਨੀ ਹਾਂ। ਕਹਿੰਦੀ ਤੁਸੀਂ ਹੀ ਕਿਹਾ ਸੀ ਕਿ ਮੈਨੂੰ ਵੀ ਨਾ ਖੋਲ੍ਹੀ। ਕਹਿੰਦਾ, ਮੇਰਾ ਘਰ ਹੈ ਤੂੰ ਕਬਜ਼ਾ ਕਰਕੇ ਬਹਿ ਗਈ, ਦਰਵਾਜ਼ਾ ਖੋਲ੍ਹ। ਉਹ ਨਹੀਂ ਖੋਲ੍ਹਦੀ। ਇਹਨੇ ਛੱਤ ਪਾੜ ਲਈ, ਛੱਤ 'ਚੋਂ ਪਾੜ ਕੇ ਹੇਠਾਂ ਉਤਰਨ ਲੱਗਿਆ ਤਾਂ ਜਿਹੜਾ ਮੋਘਾ ਸੀ ਉਹ ਛੋਟਾ ਸੀ ਇਹਦੀ ਛਾਤੀ ਜਾ ਕੇ ਅੜ ਗਈ, ਮੋਢੇ ਨਾ ਨਿਕਲਣ। ਉਥੇ ਹੀ ਲਟਕਣ ਲੱਗ ਗਿਆ ਜਿਵੇਂ ਤੋਰੀ ਲਟਕਦੀ ਹੁੰਦੀ ਹੈ। ਸਾਰੀ ਰਾਤ ਲਟਕੀ ਗਿਆ, ਜਦੋਂ ਦਿਨ ਚੜ੍ਹਿਆ, ਵੇਦ ਵਿਆਸ ਜੀ ਨੇ ਮਾਇਆ ਸੰਕੋਚ ਦਿਤੀ ਸਾਰੀ ਤੇ ਆ ਕੇ ਕਹਿਣ ਲੱਗੇ ਕਿ ਬੇਟਾ ਜੈਮਨੀ! ਕੀ ਗੱਲ ਹੋ ਗਈ ਤੂੰ ਛੱਤ ਦੇ ਵਿਚ ਲਟਕਦਾ ਹੈਂ? ਸ਼ਰਮਿੰਦਾ ਹੋ ਗਿਆ, ਬੋਲਦਾ ਨਹੀਂ ਹੈ। ਕਹਿੰਦੇ, ਗੱਲ ਤਾਂ ਦੱਸ ਕੋਈ? ਉਸ ਵੇਲੇ ਦੱਸ ਨਹੀਂ ਸਕਦਾ। ਵਿਆਸ ਜੀ ਨੇ ਇਹਨੂੰ ਕੱਢਿਆ, ਕੱਢ ਕੇ ਕਹਿਣ ਲੱਗੇ ਬੇਟਾ! ਫੇਰ ਹੁਣ ਦੱਸ ਗਿਆਨਵਾਨ ਜਿਹੜਾ ਹੈ ਉਹਨੂੰ ਮਾਇਆ ਸੁੱਟ ਲੈਂਦੀ ਹੈ ਜਾਂ ਨਹੀਂ। ਕਹਿੰਦਾ ਮਹਾਰਾਜ ਸੁੱਟ ਲੈਂਦੀ ਹੈ।

ਕਹਿੰਦੇ ਇਹ ਪੁਰਖ ਸਾਧਨ ਹੈ, ਇਹਨੂੰ ਮਾਇਆ ਸਿੱਟ ਲੈਂਦੀ ਹੈ। ਮਹਾਰਾਜ ਕਹਿੰਦੇ, ਪ੍ਰੇਮੀਓ! ਇਹ ਜਿਹੜੀ –

***ਮਾਯਾ ਲੇ ਇਨ ਕੋ ਭਰਮਾਇ।***
***ਬਡੇ ਜਤਨ ਤੇ ਉਬਰ ਸੋ ਜਾਇ॥***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1360***

ਬਹੁਤ ਵੱਡਾ ਯਤਨ ਕਰੇ ਤਾਂ ਲੰਘਦੇ ਨੇ ਇਹ ਸਾਧਨ। ਇਨ੍ਹਾਂ 'ਚੋਂ ਜਿਹੜਾ ਪਹਿਲਾ ਹੈ ਉਹ ਵੈਰਾਗ ਹੈ। ਹੈ ਤਾਂ ਬੜੇ ਸ੍ਰੇਸ਼ਟ। ਵੈਰਾਗ ਦੋ ਤਰ੍ਹਾਂ ਦਾ ਹੁੰਦਾ ਹੈ। ਇਕ ਤਾਂ ਵੈਰਾਗ ਹੁੰਦਾ ਹੈ ਤਨ ਦਾ, ਇਕ ਹੁੰਦਾ ਹੈ ਮਨ ਦਾ। ਵੈਸੇ ਵੈਰਾਗ ਨੌਂ ਤਰ੍ਹਾਂ ਦਾ ਗਿਣਿਆ ਹੈ। ਜਿਨ੍ਹਾਂ ਦੇ ਵਿਚੋਂ ਤਿੰਨ ਵੱਡੇ ਵੈਰਾਗ ਨੇ। ਕਿਉਂਕਿ ਵੈਰਾਗ ਜੇ ਲਗ ਜਾਵੇ ਤਾਂ ਭਗਤੀ ਕਰਦਾ ਹੈ ਬੰਦਾ ਨਹੀਂ ਤਾਂ ਕਰਦਾ ਹੀ ਨਹੀਂ। ਵੈਰਾਗ ਨਹੀਂ ਲੱਗਿਆ ਭਗਤੀ ਨਹੀਂ ਹੁੰਦੀ। ਵੈਰਾਗ ਜ਼ਰੂਰੀ ਚੀਜ਼ ਹੈ। ਪਹਿਲਾ ਵੈਰਾਗ ਹੈ ਮਾਮੂਲੀ ਵੈਰਾਗ ਹੋ ਜਾਣਾ ਘਰ ਵਾਲੇ ਲੜ ਪਏ, ਆਦਮੀ ਤੀਵੀਂ ਦੀ ਲੜਾਈ ਹੋ ਗਈ, ਲੜਾਈ ਹੋਈ ਤਾਂ ਉਠ ਕੇ ਤੁਰ ਗਿਆ, ਜਾ ਕੇ ਬਾਹਰ ਬਹਿ ਗਿਆ, ਬੱਚਿਆਂ ਨਾਲ ਲੜ ਪਿਆ ਬਾਹਰ ਜਾ ਕੇ ਬਹਿ ਗਿਆ। ਨੂੰਹ ਨਾਲ ਲੜ ਪਿਆ, ਬਾਹਰ ਜਾ ਕੇ ਬਹਿ ਗਿਆ। ਹੁਣ ਭੁੱਖ ਲੱਗੀ ਰੋਟੀ ਕੌਣ ਦੇਵੇ? ਬਾਹਰ ਖੇਤਾਂ 'ਚ ਬੈਠਾ ਹੈ ਦੂਰ ਕਿਸੇ ਦੇ। ਉਥੇ ਸ਼ਾਮ ਹੋ ਗਈ, ਜਿਹੜਾ ਲੰਘਦਾ ਹੈ ਪੜੌਸੀ ਦੇਖ ਲਿਆ, ਕਹਿੰਦਾ ਸਾਡੇ ਘਰ ਦੱਸ ਦੇਈਂ ਕਿ ਮੈਂ ਇਥੇ ਬੈਠਾ ਹਾਂ। ਮਤਲਬ ਕੀ ਮੈਨੂੰ ਲੈ ਜਾਣ ਆ ਕੇ। ਜੇ ਨਾ ਲੈ ਕੇ ਜਾਣ ਫੇਰ ਆਪੇ ਹੀ ਆ ਜਾਂਦਾ ਹੈ ਦਸ ਕੁ ਵਜੇ। ਦਰਵਾਜ਼ੇ ਮੂਹਰੇ ਬਹਿ ਜਾਂਦਾ ਹੈ ਰੁੱਸ ਕੇ, ਫੇਰ ਉਹ

ਮਨਾ ਲੈਂਦੇ ਨੇ। ਇਹਨੂੰ ਗਧਾ ਵੈਰਾਗ ਕਹਿੰਦੇ ਨੇ। ਵੈਰਾਗ ਤਾਂ ਹੋ ਗਿਆ ਪਰ ਇਹਦਾ ਕੋਈ ਮਤਲਬ ਨਹੀਂ ਹੋਇਆ ਕਰਦਾ। ਦੂਸਰਾ ਹੋਇਆ ਕਰਦਾ ਹੈ ਘੋੜਾ ਵੈਰਾਗ। ਕੋਈ ਗੱਲ ਦਾ ਘਰ ਵਿਚ ਨਫਾਕ ਝਗੜਾ ਪੈ ਗਿਆ, ਜ਼ਿਆਦਾ ਤੂੰ-ਤੂੰ, ਮੈਂ-ਮੈਂ ਹੋ ਗਈ, ਕੋਈ ਚੜ੍ਹਾਈ ਕਰ ਗਿਆ, ਵੈਰਾਗ ਹੋ ਗਿਆ ਕਿ ਹੁਣ ਭਗਤੀ ਕਰਨੀ ਹੈ ਸੰਤਾਂ ਕੋਲ ਚੱਲੀਏ। ਕਿਸੇ ਨੇ ਕੋਈ ਮੰਦ ਬਚਨ ਕਹਿ ਦਿਤੇ, ਕਹਿੰਦਾ ਹੁਣ ਤਾਂ ਇਥੇ ਰਹਿਣਾ ਹੀ ਨਹੀਂ ਚਲੇ ਹੀ ਜਾਣਾ ਹੈ। ਉਹ ਮਹੀਨਾ ਦੋ ਮਹੀਨੇ ਰਹਿ ਕੇ ਘਰ ਯਾਦ ਆਉਂਦਾ ਹੈ, ਪੋਤੇ ਯਾਦ ਆਉਣ ਲਗ ਜਾਂਦੇ ਨੇ ਕਿ ਮੇਰੇ ਨਾਲ ਖੇਲ੍ਹਦੇ ਹੁੰਦੇ ਸੀ, ਐਉਂ ਕਰਦੇ ਸੀ, ਚਲੋ ਕੋਈ ਨਹੀਂ ਜੇ ਕਹਿ ਲਿਆ ਤਾਂ ਕੀ ਹੈ।

ਇਕ ਵਾਰੀ ਮੈਂ ਰਾੜਾ ਸਾਹਿਬ ਗਿਆ ਉਥੇ ਇਕ ਬਾਬਾ ਆਇਆ ਛੋਟੇ ਮਹਾਰਾਜ ਜੀ ਕੋਲ। ਕਹਿੰਦੇ, ਬਾਬਾ! ਕੀ ਗੱਲ ਹੈ? ਕਹਿੰਦਾ ਮਹਾਰਾਜ! ਮੈਂ ਇਥੇ ਰਹਿਣਾ ਹੈ। ਉਥੇ ਹੁਣ ਰੋਜ਼ ਹੀ ਇਹੋ ਜਿਹੀਆਂ ਗੱਲਾਂ ਹੁੰਦੀਆਂ ਸੀ। ਕਹਿੰਦੇ, ਕੀ ਗੱਲ ਨੂੰਹ ਨਾਲ ਲੜ ਪਿਆ। ਕਹਿੰਦਾ, ਹਾਂ ਮਹਾਰਾਜ! ਤੁਸੀਂ ਤਾਂ ਅੰਤਰਜਾਮੀ ਓਂ। ਕਹਿੰਦੇ, ਆਹ ਚਾਬੀ ਲੈ ਲੈ, ਜਿਸ ਦਿਨ ਜਾਣਾ ਹੋਇਆ ਆਹ ਬਕਸੇ 'ਚ ਪਾ ਜਾਈਂ ਚਾਬੀ। ਜਾਹ ਉਥੇ ਬਿਸਤਰਾ ਵਗੈਰਾ ਸਭ ਕੁਛ ਪਿਆ ਹੈ। ਉਹ ਚਲਿਆ ਗਿਆ, ਮੇਰੇ ਨਾਲ ਹਰਬੰਸ ਸਿੰਘ ਦੁਆਬੀਆ ਸੀ, ਅਸੀਂ ਦੋਵੇਂ ਚਲੇ ਗਏ ਅਸੀਂ ਉਸ ਤੋਂ ਅਤਾ ਪਤਾ ਪੁੱਛਣ ਲੱਗ ਗਏ ਕਿ ਤੂੰ ਕਿੱਥੇ ਦਾ ਹੈਂ। ਕਹਿੰਦਾ ਅੰਬਾਲੇ ਦੇ ਕੋਲ ਹੈ ਮੇਰਾ ਪਿੰਡ। ਮੈਂ ਕਿਹਾ, ਬਾਬਾ! ਸੱਚੀਂ-ਸੱਚੀਂ ਗੱਲ ਦੱਸ ਕੀ ਹੋਈ ਸੀ? ਕਹਿੰਦਾ, ਮੇਰੀ ਨੂੰਹ ਬੜੀ ਖਰਾਬ ਹੈ ਉਹਨੇ ਧੱਕਾ ਦੇ ਛਾਤੀ ਤੇ ਗੋਡਾ ਧਰ ਕੇ ਮੇਰਾ ਗਲ ਘੁੱਟਣ ਲਗ ਗਈ, ਕਹਿੰਦੀ ਨਹੀਂ ਤਾਂ ਜਾਇਦਾਦ ਨਾਮ ਕਰਦੇ ਠੀਕ ਹੈ, ਨਹੀਂ ਤਾਂ ਤੈਨੂੰ ਮਾਰ ਦੇਣਾ ਹੈ। ਕਹਿੰਦਾ, ਮੈਂ ਬਚ ਕੇ ਨੱਠ ਆਇਆ। ਉਸ ਤੋਂ ਬਾਅਦ ਜਦੋਂ ਇਕ ਮਹੀਨਾ ਲੰਘਿਆ ਉਥੇ ਫੇਰ ਕੁਦਰਤੀ ਮੈਂ ਚਲਿਆ ਗਿਆ। ਮੈਂ ਕਿਹਾ ਬਾਬੇ ਦਾ ਪਤਾ ਲਈਏ। ਉਥੇ ਜਦੋਂ ਮੈਂ ਜਾ ਕੇ ਪਤਾ ਕਰਿਆ, ਬਿਰਧਾਂ ਦੇ ਆਸ਼ਰਮ ਵਿਚ। ਮੈਂ ਕਿਹਾ ਕਿ ਉਹ ਬਾਬਾ ਕਿੱਥੇ ਹੈ ਅੰਬਾਲੇ ਵਾਲਾ। ਕਹਿੰਦੇ ਬਾਬਾ ਜੀ! ਨੂੰਹ ਆ ਗਈ, ਉਹਦਾ ਮੁੰਡਾ ਆ ਗਿਆ, ਕਹਿੰਦੇ ਸਾਨੂੰ ਤਾਂ ਲੋਕ ਮਿਹਣੇ ਦਿੰਦੇ ਨੇ ਕਿ ਘਰੋਂ ਕੱਢ ਦਿਤਾ ਬਿਰਧ। ਗੁਰਦੁਆਰੇ ਰਹਿੰਦਾ ਹੈ, ਸਾਡੇ ਤੋਂ ਭੁੱਲ ਹੋ ਗਈ ਹੁਣ ਨਹੀਂ ਅਸੀਂ ਕੱਢਦੇ। ਤੂੰ ਚੱਲ ਘਰ ਨੂੰ। ਕਹਿੰਦੇ, ਆਰਾਮ ਨਾਲ ਹੀ ਤੁਰ ਪਿਆ, ਕੋਈ ਸ਼ਰਤ ਨਹੀਂ ਮਨਾਈ। ਪਹਿਲਾਂ ਹੀ ਕਹਿੰਦਾ ਹੁੰਦਾ ਸੀ ਕਿ ਮੇਰੇ ਪੋਤੇ ਬੜੇ ਯਾਦ ਆਉਂਦੇ ਨੇ। ਉਹ ਬਰੋਟੇ ਥੱਲੇ ਮੈਂ ਬਹਿੰਦਾ ਹੁੰਦਾ, ਮੇਰੇ ਮਿੱਤਰ ਐਉਂ ਨੇ, ਉਥੇ ਦੀਆਂ ਹੀ ਗੱਲਾਂ ਕਰੀ ਗਿਆ। ਇਹਨੂੰ ਘੋੜਾ ਵੈਰਾਗ ਕਹਿੰਦੇ ਨੇ, ਲਗ ਤਾਂ ਜਾਂਦਾ ਹੈ ਲੇਕਿਨ ਥੋੜ੍ਹੀ ਦੇਰ ਬਾਅਦ ਖਤਮ ਹੋ ਜਾਂਦਾ ਹੈ।

ਉਸ ਤੋਂ ਬਾਅਦ ਤੀਸਰਾ ਹੋਇਆ ਕਰਦਾ ਹੈ ਸ਼ੇਰ ਵੈਰਾਗ। ਉਹ ਇਕ ਵਾਰੀ ਲੱਗ ਜਾਵੇ, ਜਿਹਨੂੰ ਲੱਗ ਗਿਆ ਉਹ ਫੇਰ ਨਹੀਂ ਆਉਂਦਾ ਹੁੰਦਾ। ਜਿਹਨੂੰ ਲੱਗ ਗਿਆ ਸੋ ਲੱਗ ਗਿਆ। ਸੋ ਇਸ ਤਰ੍ਹਾਂ ਮਹਾਰਾਜ ਕਹਿਣ ਲੱਗੇ ਕਿ ਦੋ ਤਰ੍ਹਾਂ ਦਾ ਵੈਰਾਗ ਭਾਈ ਹੈਗਾ, ਇਕ ਤਾਂ ਹੁੰਦਾ ਹੈ ਤਨ ਦਾ, ਤਨ ਦੇ ਨਾਲ ਘਰ ਛੱਡ ਦਿਤਾ, ਬਾਲ ਬਾਚਿਆਂ ਨਾਲੋਂ ਸਬੰਧ ਛੱਡ ਦਿਤਾ। ਦੂਰ ਆ ਗਿਆ, ਕਿਸੇ ਆਸ਼ਰਮ 'ਚ ਰਹਿਣਾ ਸ਼ੁਰੂ ਕਰ ਦਿਤਾ। ਲੇਕਿਨ ਉਥੇ ਆ ਕੇ ਵਾਸ਼ਨਾਵਾਂ ਮਨ ਨੂੰ ਫੇਰ ਤੰਗ ਕਰਦੀਆਂ ਨੇ ਤੇ ਤਨ ਦਾ ਜਿਹੜਾ ਵੈਰਾਗ ਹੈ, ਹਠ ਦਾ ਜਿਹੜਾ ਵੈਰਾਗ ਹੈ ਉਹ ਰਿਹਾ ਨਹੀਂ ਕਰਦਾ, ਮੁੜ ਕੇ ਫੇਰ ਫਸ ਜਾਂਦਾ ਹੈ। ਸੰਤਾਂ ਨੇ ਦੇ ਦਿਤੇ ਦੋ-ਦੋ ਚੋਲੇ ਤੇ ਉਹਦਾ ਇਕ ਚੋਲਾ ਨਾਲ ਦੇ ਕਮਰੇ ਵਾਲੇ ਨੇ ਚੁੱਕ ਲਿਆ, ਉਥੇ ਹੀ ਮਰਨ ਵਾਸਤੇ ਤਿਆਰ ਹੋ ਜਾਂਦਾ ਹੈ। ਮੇਰਾ ਚੋਲਾ, ਕਹਿੰਦੇ ਤੂੰ ਘਰ ਛੱਡਿਆ, ਬਾਰ ਛੱਡਿਆ ਚੋਲੇ 'ਚ ਫੇਰ ਮੋਹ ਪਾਇਆ ਹੋਇਆ ਹੈ ਤੂੰ। ਕਿਉਂਕਿ ਹਠ ਦੇ ਨਾਲ ਛੱਡਿਆ ਹੋਇਆ ਹੈ।

ਦੂਸਰਾ ਹੁੰਦਾ ਹੈ ਮਨ ਦਾ ਵੈਰਾਗ। ਮਨ ਦਾ ਵੈਰਾਗ ਜਿਹੜਾ ਹੈ ਉਹ ਸਾਰੀਆਂ ਵਾਸ਼ਨਾਵਾਂ ਛੱਡ ਕੇ ਲਗਦਾ ਹੈ। ਸੋ ਜਿੰਨੀ ਦੇਰ ਤੱਕ ਕੋਈ ਵੈਰਾਗ ਨਹੀਂ ਕਰਦਾ। ਤਿਆਗ ਨਹੀਂ ਕਰਦਾ ਓਨੀਂ ਦੇਰ ਤੱਕ ਮਾਇਆ ਨਹੀਂ ਛੁਟਦੀ। ਕਹਿੰਦੇ ਤਿਆਗ ਕਾਹਦਾ ਕਰੇ? ਮਹਾਰਾਜ ਕਹਿੰਦੇ, ਤਿਆਗ ਜੇ ਤੂੰ ਕਰਨਾ ਹੈ ਤਾਂ ਹਉਮੈ ਦਾ ਤਿਆਗ ਕਰ। ਜੇ ਹਉਮੈ ਦਾ ਤਿਆਗ ਕਰੇਂਗਾ ਤਾਂ ਤੂੰ ਤਿਆਗੀ ਬਣੇਗਾ।

*ਬਿਨੁ ਬੈਰਾਗ ਕਹਾ ਬੈਰਾਗੀ ॥*
*ਬਿਨੁ ਹਉ ਤਿਆਗਿ ਕਹਾ ਕੋਊ ਤਿਆਗੀ ॥*
*ਅੰਗ - ੧੧੪੦*

ਜਿੰਨੀ ਦੇਰ ਤੱਕ ਹਉਮੈ ਦਾ ਤਿਆਗ ਨਹੀਂ ਕਰਦਾ। ਪੂਰਾ ਵੈਰਾਗੀ ਨਹੀਂ ਹੋਇਆ ਕਰਦਾ। ਸੋ ਵੈਰਾਗ ਜਿਹੜਾ ਹੈ ਇਹ ਦੋ ਤਰ੍ਹਾਂ ਦਾ ਹੈ ਇਕ ਤਨ ਦਾ ਤੇ ਇਕ ਮਨ ਦਾ। ਮਨ ਦਾ ਸਹੀ ਹੁੰਦਾ ਹੈ, ਜੇ ਮਨ ਦਾ ਵੈਰਾਗ ਕਰੇ ਬੇਸ਼ੱਕ ਘਰ ਰਹੀ ਜਾਵੇ। ਬਾਲ-ਬੱਚਿਆਂ 'ਚ ਰਹੀ ਜਾਏ, ਕੰਮ ਕਰੀ ਜਾਵੇ, ਲੇਕਿਨ ਅੰਦਰ ਵੈਰਾਗ ਲੱਗ ਗਿਆ। ਉਹ ਪ੍ਰਮੇਸ਼ਰ ਵਲ ਹੋ ਜਾਂਦਾ ਹੈ ਕਿਉਂਕਿ ਐਸੇ ਭਾਵ ਦੇ ਬਚਨ ਸੁਣਦਾ ਹੈ ਮਹਾਂਪੁਰਸ਼ਾਂ ਤੋਂ।

*ਰੇ ਨਰ ਇਹ ਸਾਚੀ ਜੀਅ ਧਾਰਿ ॥*
*ਸਗਲ ਜਗਤੁ ਹੈ ਜੈਸੇ ਸੁਪਨਾ*
*ਬਿਨਸਤ ਲਗਤ ਨ ਬਾਰ ॥ ੧ ॥ ਰਹਾਉ ॥*

*ਬਾਰੂ ਭੀਤਿ ਬਨਾਈ*
*ਰਚਿ ਪਚਿ ਰਹਤ ਨਹੀ ਦਿਨ ਚਾਰਿ ॥*
*ਤੈਸੇ ਹੀ ਇਹ ਸੁਖ ਮਾਇਆ ਕੇ*
*ਉਰਝਿਓ ਕਹਾ ਗਵਾਰ ॥*
*ਅਜਹੂ ਸਮਝਿ ਕਛੁ ਬਿਗਰਿਓ ਨਾਹਿਨਿ*
*ਭਜਿ ਲੇ ਨਾਮੁ ਮੁਰਾਰਿ ॥*
*ਕਹੁ ਨਾਨਕ ਨਿਜ ਮਤੁ ਸਾਧਨ*
*ਕਉ ਭਾਖਿਓ ਤੋਹਿ ਪੁਕਾਰਿ ॥ ਅੰਗ - ੬੩੩*

ਇਹ ਜਿਹੜਾ ਸੰਸਾਰ ਹੈ ਇਹ ਰੇਤੇ ਦੀ ਗੰਢ ਹੈ। ਜਦੋਂ ਐਸ ਤਰ੍ਹਾਂ ਦੇ ਬਚਨ ਗੁਰੂ ਗ੍ਰੰਥ ਸਾਹਿਬ ਮਹਾਰਾਜ 'ਚੋਂ ਸੁਣਦਾ ਹੈ ਉਹਨੂੰ ਵੈਰਾਗ ਕਹਿੰਦੇ ਨੇ। ਅਸਲੀ ਵੈਰਾਗ ਹੁੰਦਾ ਹੈ -

*ਬ੍ਰਹਮ ਲੋਕ ਲੌਂ ਭੋਗ ਜੋ ਚਹੈ ਸਬਨ ਕੋ ਤਿਆਗ॥*
*ਵਿਚਾਰ ਸਾਗਰ, ਪੰਨਾ 5*

ਐਸ ਲੋਕ ਦੇ ਭੋਗਾਂ ਨੂੰ, ਸਵਰਗ ਲੋਕ ਦੇ ਭੋਗਾਂ ਨੂੰ, ਬ੍ਰਹਮ ਲੋਕ ਤੱਕ ਦੇ ਭੋਗਾਂ ਨੂੰ -

*ਵੇਦ ਅਰਥ ਗਿਆਤਾ ਮੁਨੀ ਕਹਤ ਤਾਹਿ ਵੈਰਾਗ॥*
*ਵਿਚਾਰ ਸਾਗਰ, ਪੰਨਾ 5*

ਕਹਿੰਦੇ ਉਹਨੂੰ ਅਸਲੀ ਵੈਰਾਗ ਕਹਿੰਦੇ ਨੇ। ਸੋ ਜਿਹੜੀ ਮਾਇਆ ਹੈ ਸਾਧਸੰਗਤ ਜੀ! ਇਹ ਬਗੈਰ ਵੈਰਾਗ ਤੋਂ ਛੁਟ ਨਹੀਂ ਸਕਦੀ।

ਸੋ ਜਿੰਨੀ ਦੇਰ ਤੱਕ ਹਿਰਦੇ 'ਚ ਵੈਰਾਗ ਪੈਦਾ ਨਹੀਂ ਹੁੰਦਾ, ਓਨੀਂ ਦੇਰ ਤੱਕ ਮਾਇਆ 'ਚੋਂ ਆਦਮੀ ਨਿਕਲ ਨਹੀਂ ਸਕਦਾ। ਮਾਇਆ ਇਸਨੂੰ ਮੁੜ-ਮੁੜ ਕੇ ਭੁਲਾ ਕੇ ਚੱਕਰਾਂ 'ਚ ਪਾ ਦਿੰਦੀ ਹੈ। ਕਿਸੇ ਦੇ ਨਾਲ ਵੈਰ, ਕਿਸੇ ਨਾਲ ਪਿਆਰ। ਕੋਈ ਆਪਣਾ ਕੋਈ ਬੇਗਾਨਾ। ਇਸ ਤਰ੍ਹਾਂ ਮਹਾਰਾਜ ਕਹਿਣ ਲੱਗੇ ਪ੍ਰੇਮੀਓ! ਜਦ ਤੱਕ ਵੈਰਾਗ ਨਹੀਂ ਹੁੰਦਾ -

*ਨਾ ਮੈ ਜੋਗ ਧਿਆਨ ਚਿਤੁ ਲਾਇਆ ॥*
*ਬਿਨੁ ਬੈਰਾਗ ਨ ਛੂਟਸਿ ਮਾਇਆ ॥੧॥*
*ਕੈਸੇ ਜੀਵਨੁ ਹੋਇ ਹਮਾਰਾ ॥*
*ਜਬ ਨ ਹੋਇ ਰਾਮ ਨਾਮ ਅਧਾਰਾ ॥*
*ਅੰਗ - ੩੩੦*

ਕਹਿਣ ਲੱਗੇ, ਜਿਹੜੇ ਪਦਾਰਥ ਮਿਲਦੇ ਨੇ, ਉਨ੍ਹਾਂ ਨੂੰ ਪ੍ਰਾਲਬਧ ਦਾ ਜਾਣ ਕੇ ਭੋਗਦਾ ਰਹੇ ਤੇ ਬਾਕੀ ਕਿਸੇ ਚੀਜ਼ ਦੀ ਵਾਸ਼ਨਾ ਨਾ ਕਰੇ। ਇਸ ਤਰ੍ਹਾਂ ਦਾ ਜੇ ਵੈਰਾਗ ਪੈਦਾ ਹੁੰਦਾ ਹੈ ਉਸ ਵੇਲੇ ਮਾਇਆ ਦਾ ਅਸਰ ਲਹਿਣਾ ਸ਼ੁਰੂ ਹੁੰਦਾ ਹੈ ਨਹੀਂ ਤਾਂ ਹੁੰਦਾ ਨਹੀਂ। ਸੋ ਮਹਾਰਾਜ ਕਹਿਣ ਲੱਗੇ ਦੇਖੋ, ਪ੍ਰੇਮੀਓ! ਇਹ ਤੁਹਾਨੂੰ ਵੈਰਾਗ ਦੀ ਗੱਲ ਦੱਸੀ ਹੈ, ਹੁਣ ਅਸੀਂ ਦੂਸਰੀ ਦੱਸਦੇ ਹਾਂ ਯੋਗ ਦੀ। ਯੋਗ ਬਹੁਤ ਕਿਸਮ ਦਾ ਹੈ ਤੇ ਉਨ੍ਹਾਂ ਦੇ ਵਿਚੋਂ ਹੈਂ ਸਾਰੇ ਹੀ ਸ੍ਰੇਸ਼ਟ ਜੇ ਕੋਈ ਕਰ ਲਏ। ਉਹਦੇ ਨਾਲ ਲੰਘ ਤਾਂ ਜਾਂਦਾ ਹੈ ਪਰ ਹੈ ਔਖਾ ਥੋੜ੍ਹਾ ਜਿਹਾ। ਮਾਇਆ ਦਾ ਅਸਰ ਪੈਂਦਾ ਹੈ ਇਹਦੇ 'ਤੇ। ਕਹਿਣ ਲੱਗੇ ਉਹ ਵੀ ਆਪ ਕ੍ਰਿਪਾ ਕਰਕੇ ਦੱਸ ਦਿਓ। ਮਹਾਰਾਜ ਕਹਿੰਦੇ ਪਹਿਲਾ ਹੈ ਅਸ਼ਟਾਂਗ ਯੋਗ। ਜਿਸਨੂੰ ਰਾਜ ਯੋਗ ਕਹਿੰਦੇ ਨੇ। ਇਹਦੇ ਵਿਚ ਦਸ ਯਮ ਨੇ, ਦਸ ਨੇਮ ਨੇ। ਇਹ ਤਾਂ ਹੋ ਗਏ ਦੋ ਅੰਗ ਤੀਸਰਾ ਹੁੰਦਾ ਹੈ ਇਕਾਂਤ। ਚੌਥਾ ਹੁੰਦਾ ਹੈ ਆਸਣ, ਪੰਜਵਾਂ ਹੁੰਦਾ ਹੈ ਪ੍ਰਾਣਾਯਾਮ, ਛੇਵਾਂ ਹੁੰਦਾ ਹੈ ਧਾਰਨਾ, ਸੱਤਵਾਂ ਧਿਆਨ, ਅੱਠਵੀਂ ਸਮਾਧੀ। ਇਹ ਸਾਰੇ ਗੁਰਸਿੱਖ ਇਹ ਵੀ ਕਰਦੇ ਨੇ। ਭਗਤ ਯੋਗ ਵੀ ਕਰਦੇ ਨੇ, ਦੋਵੇਂ ਪਾਸੇ ਚਲਦੇ ਨੇ। ਸੋ ਕਹਿਣ ਲੱਗੇ, ਮਹਾਰਾਜ! ਯਮ ਕੀ ਹੋਏ। ਮਹਾਰਾਜ ਕਹਿੰਦੇ ਸਰੀਰ ਤੇ ਮਨ ਨਾਲ ਸਬੰਧ ਰੱਖਣ ਵਾਲੀਆਂ ਚੀਜ਼ਾਂ, ਪਹਿਲਾ ਹੈ ਅਹਿੰਸਾ। ਨਾ ਤਾ ਸਰੀਰ ਕਰਕੇ ਕਿਸੇ ਨੂੰ ਦੁਖੀ ਕਰਨਾ, ਨਾ ਬਚਨ ਕਰਕੇ ਕਰਨਾ, ਨਾ ਮਨ ਕਰਕੇ ਕਰਨਾ, ਮਨ ਵਿਚ ਭਾਵਨਾ ਰੱਖਣੀ।

*ਨਾਨਕ ਨਾਮ ਚੜ੍ਹਦੀ ਕਲਾ*
*ਤੇਰੇ ਭਾਣੇ ਸਰਬੱਤ ਕਾ ਭਲਾ।*

ਤੇ ਨਾ ਜ਼ੁਬਾਨ ਨਾਲ ਕਰਨਾ, ਫਿੱਕਾ ਨਹੀਂ ਬੋਲਣਾ, ਮਿੱਠਾ ਬੋਲਣਾ। ਸੋ ਨਾ ਬੁੱਧੀ ਦੇ ਨਾਲ ਕਿਸੇ ਦੀ ਹਿੰਸਾ ਕਰਨੀ। ਨਾ ਆਪਣੀ ਆਤਮਕ ਸ਼ਕਤੀ ਨਾਲ, ਨਾ ਮੰਤਰ ਦੇ ਬਲ ਨਾਲ ਹਿੰਸਾ ਕਰਨੀ ਸੋ ਇਹਦੇ ਉਲਟ ਅਹਿੰਸਾ 'ਚ ਰਹਿਣਾ ਹੈ। ਦੂਸਰਾ ਹੋਇਆ ਕਰਦਾ ਹੈ ਸੱਚ। ਸਤਿ ਵਰਤੀ ਹੋਵੇ। ਜੋ ਬਚਨ ਕਰ ਲਿਆ ਉਹਦੇ ਉਤੇ ਪੂਰਾ ਪਹਿਰਾ ਦੇਣਾ, ਮੈਂ ਸਵੇਰੇ ਦੱਸਿਆ ਸੀ, (ਗੁਰੂ ਮਹਾਰਾਜ) ਅਮਰਦਾਸ ਜੀ ਤੇ ਗੁਰੂ ਅੰਗਦ ਸਾਹਿਬ ਮਹਾਰਾਜ ਤੁਰੇ ਜਾਂਦੇ ਨੇ। ਬਰਾਬਰ-ਬਰਾਬਰ ਜਾ ਰਹੇ ਨੇ, ਗੁਰੂ ਤੀਸਰੇ ਪਾਤਸ਼ਾਹ ਦਾ ਬਾਜੂ, (ਬਾਂਹ) ਗੁਰੂ ਅੰਗਦ ਸਾਹਿਬ ਤੋਂ ਅੱਗੇ ਲੰਘ ਗਿਆ। ਉਸੇ ਵੇਲੇ ਉਨ੍ਹਾਂ ਨੇ ਕਿਹਾ ਕਿ ਹੈਂ ਸਤਿਗੁਰੂ ਤੋਂ ਅੱਗੇ ਮੇਰਾ ਬਾਜੂ ਲੰਘ ਗਿਆ ਤੇ ਅੱਜ ਤੋਂ ਬਾਅਦ ਇਸ ਬਾਂਹ ਤੋਂ ਕੰਮ ਨਹੀਂ ਲੈਣਾ। ਬਾਕੀ ਦੀ ਸਾਰੀ ਜ਼ਿੰਦਗੀ ਗੁਰੂ ਮਹਾਰਾਜ ਨੇ ਆਪਣੇ ਨਾਲ ਲਾ ਕੇ ਰੱਖੀ, ਕਿਉਂਕਿ ਸਤਿ ਪ੍ਰਤਿੱਗੀ ਸੀ। ਗੁਰੂ ਸੱਤਵੇਂ ਪਾਤਸ਼ਾਹ ਮਹਾਰਾਜ ਅਜੇ ਜਦ ਬਚਪਨ ਵਿਚ ਸੀ, ਆਪ ਦਾ ਚੋਲਾ 72 ਕਲੀਆਂ ਦਾ ਸੀ, ਬਾਗ ਵਿਚ ਟਹਿਲ ਰਹੇ ਸੀ ਗੁਰੂ ਛੇਵੇਂ ਪਾਤਸ਼ਾਹ ਦੇ ਨਾਲ ਤੇ ਇਕ ਗੁਲਾਬ ਫੁੱਲ ਦੇ ਵਿਚ ਚੋਲਾ ਫਸ ਕੇ ਫੁੱਲ ਟੁੱਟ ਗਿਆ। ਗੁਰੂ ਮਹਾਰਾਜ ਜਦੋਂ ਵਾਪਸ ਦੂਜੇ ਚੱਕਰ 'ਚ ਆਏ ਕਹਿਣ ਲੱਗੇ, ਹਰਿਰਾਇ ਇਹ ਫੁੱਲ ਕੀਹਨੇ ਤੋੜ ਦਿਤਾ, ਕਹਿੰਦੇ ਮੇਰੇ ਤੋਂ ਟੁੱਟ ਗਿਆ ਮਹਾਰਾਜ। ਕਹਿੰਦੇ, ਜੇ

ਐਡਾ ਵੱਡਾ ਚੋਲਾ ਪਾਉਣਾ ਹੈ ਤਾਂ ਸਾਂਭ ਕੇ ਰੱਖੀਦਾ ਹੁੰਦਾ ਹੈ। ਉਸੇ ਵੇਲੇ ਇਕੱਠਾ ਕਰ ਲਿਆ ਬਚਪਨ 'ਚ ਤੇ ਬਾਂਹ ਦੇ ਉਤੇ ਰੱਖ ਲਿਆ। ਸਾਰੀ ਜ਼ਿੰਦਗੀ ਚੋਲਾ ਤਾਂ ਪਾਇਆ 72 ਕਲੀਆਂ ਦਾ ਹੀ, ਪਰ ਸਾਰੀ ਜ਼ਿੰਦਗੀ ਇਕੱਠਾ ਕਰਕੇ ਬਾਂਹ ਦੇ ਉਤੇ ਰੱਖ ਲੈਂਦੇ ਸੀ ਕਿਉਂਕਿ ਇਹਨੂੰ ਸਤਿ ਪ੍ਰਤਿਗਿਆ ਕਹਿੰਦੇ ਨੇ। ਬੜੇ ਮਹਾਂਪੁਰਸ਼ ਸਤਿਪ੍ਰਤਿਗਿਆ ਕਰਦੇ ਸੀ। ਸੋ ਇਹ ਦੂਸਰਾ ਹੈ ਕਿ ਸਤਿ ਰਹੇ। ਤੀਸਰਾ ਹੋਇਆ ਕਰਦਾ ਹੈ ਚੋਰੀ ਨਾ ਕਰਨੀ, ਦੋ ਤਰ੍ਹਾਂ ਦੀ ਚੋਰੀ ਹੁੰਦੀ ਹੈ। ਇਕ ਹੁੰਦੀ ਹੈ ਮਨ ਦੀ ਚੋਰੀ, ਇਕ ਹੁੰਦੀ ਹੈ ਤਨ ਦੀ ਚੋਰੀ। ਤਨ ਦੀ ਚੋਰੀ ਬਹੁਤ ਕਿਸਮ ਦੀ ਹੈ, ਮਨ ਦੀ ਚੋਰੀ ਵੀ ਬਹੁਤ ਕਿਸਮ ਦੀ ਹੈ। ਸੋ ਮਨ ਦੀ ਚੋਰੀ ਹੋਇਆ ਕਰਦੀ ਹੈ, ਆਪਣੇ ਪਾਪਾਂ ਨੂੰ ਛੁਪਾ ਕੇ ਰੱਖਣਾ ਪ੍ਰਗਟ ਨਾ ਹੋਣ ਦੇਣਾ। ਇਹ ਮਨ ਦੀ ਚੋਰੀ ਹੋਇਆ ਕਰਦੀ ਹੈ, ਤਨ ਦੀ ਚੋਰੀ ਹੈ ਕਿ ਕਿਸੇ ਦਾ ਖਿਆਲ ਨੋਟ ਕਰ ਲੈਣਾ, ਕਿਸੇ ਦੀ ਕਵਿਤਾ ਨੋਟ ਕਰ ਲੈਣੀ। ਕਿਸੇ ਦੀ ਧਾਰਨਾ ਨੋਟ ਕਰ ਲੈਣੀ। ਕਿਸੇ ਦਾ ਲੈਕਚਰ ਨੋਟ ਕਰ ਲੈਣਾ ਫੇਰ ਆਪਣਾ ਬਣਾ ਕੇ ਦੱਸਣਾ। ਇਕ ਤਾਂ ਐਸੇ ਈਮਾਨਦਾਰ ਹੁੰਦੇ ਨੇ ਕਿ ਆਹ ਗੱਲ ਮਹਾਰਾਜ ਜੀ ਨੇ ਐਸ ਤਰ੍ਹਾਂ ਕਹੀ ਸੀ, ਮਹਾਰਾਜ ਜੀ ਨੇ ਆਹ ਬਚਨ ਕਿਹਾ ਸੀ, ਆਪਣਾ ਨਹੀਂ ਬਣਾਉਂਦੇ, ਮਹਾਂਪੁਰਸ਼ਾਂ ਦਾ ਰੱਖਦੇ ਨੇ। ਜੇ ਆਪਣਾ ਬਣਾਉਣਗੇ ਤਾਂ ਮਹਿਮਾ ਉਨ੍ਹਾਂ ਦੀ ਹੁੰਦੀ ਹੈ, ਜੇ ਮਹਾਂਪੁਰਸ਼ਾਂ ਦਾ ਕਹਿਣਗੇ ਤਾਂ ਉਨ੍ਹਾਂ ਦੀ ਚੋਰੀ ਨਹੀਂ ਹੁੰਦੀ, ਫੇਰ ਉਹ ਇਕ ਖਿਆਲ ਦਾ ਪ੍ਰਚਾਰ ਕਰਦੇ ਨੇ। ਹੁਣ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਅਸੀਂ ਤੋੜ ਮਰੋੜ ਕੇ ਆਪਣੀ ਬਣਾ ਦੇਈਏ ਤਾਂ ਇਹ ਵੱਡੀ ਭਾਰੀ ਚੋਰੀ ਹੈ। ਜੇ ਅਸੀਂ ਕਹਿੰਦੇ ਹਾਂ ਕਿ ਗੁਰੂ ਮਹਾਰਾਜ ਨੇ ਇਸ ਤਰ੍ਹਾਂ ਫੁਰਮਾਇਆ, ਫਲਾਣੇ ਮਹਾਂਪੁਰਸ਼ਾਂ ਨੇ ਆਹ ਬਚਨ ਕੀਤਾ ਫੇਰ ਇਹ ਚੋਰੀ ਨਹੀਂ ਹੋਇਆ ਕਰਦੀ। ਇਹ ਤਾਂ ਇਕ ਯਾਦ ਦਿਵਾਉਣੀ ਹੋਇਆ ਕਰਦੀ ਹੈ ਬਚਨਾਂ ਦੀ। ਜਿਹੜਾ ਆਪਣੀ ਬਣਾਵੇ, ਆਪਣੀਆਂ ਸਾਰੀਆਂ ਚੀਜ਼ਾਂ ਚੋਰੀ ਕਰਦੇ ਨੇ, ਟਿਊਨਾਂ ਚੋਰੀ ਕਰ ਲੈਂਦੇ ਨੇ, ਆਪਣੀ ਬਣਾ-ਬਣਾ ਕੇ ਸੁਣਾਉਂਦੇ ਨੇ, ਪੈਸੇ ਤਾਂ ਉਨ੍ਹਾਂ ਨੂੰ ਮਿਲਣੇ ਨੇ ਜਿਹਨੇ ਉਸ ਵੇਲੇ ਸੁਣਾਉਣੀ ਹੈ ਟਿਊਨ ਕਿਸੇ ਤੋਂ ਚੋਰੀ ਕਰਕੇ ਆਪ ਸੁਣਾ ਰਿਹਾ ਹੈ। ਖਿਆਲ ਕਿਸੇ ਦੇ ਨੋਟ ਕਰ ਲਏ। ਕਵਿਤਾ ਕਿਸੇ ਦੀ, ਉਹਦੇ ਬੰਦ ਨੋਟ ਕਰਕੇ ਆਪਣੀ ਕਵਿਤਾ 'ਚ ਰਲਾ ਲਏ। ਉਹ ਵਾਹਵਾ-ਵਾਹਵਾ ਪ੍ਰਸੰਸਾ ਹੁੰਦੀ ਹੈ, ਕਿਉਂਕਿ ਸਾਰੇ ਤਾਂ ਪੜ੍ਹੇ ਨਹੀਂ ਹੁੰਦੇ, ਉਹ ਚੋਰ ਕਵੀ ਹੁੰਦੇ ਨੇ, ਚੋਰ ਲਿਖਾਰੀ ਹੁੰਦਾ ਹੈ, ਚੋਰ ਕੀਰਤਨੀਆਂ ਹੁੰਦਾ ਹੈ, ਸੋ ਮਹਾਰਾਜ ਕਹਿੰਦੇ ਇਹ ਚੋਰੀ ਦੋਵੇਂ ਤਰ੍ਹਾਂ ਦੀ ਛੱਡਣੀ। ਚੌਥਾ ਹੋਇਆ ਕਰਦਾ ਹੈ ਬ੍ਰਹਮਚਰੀਆ -

***ਦੇਖ ਪਰਾਈਆ ਚੰਗੀਆ***
***ਮਾਵਾਂ ਧੀਆ ਭੈਣਾਂ ਜਾਣੇ।***
***ਏਕਾ ਨਾਰੀ ਜਤੀ ਹੋਇ***
***ਪਰਨਾਰੀ ਧੀ ਭੈਣ ਵਖਾਣੇ।***

ਸੋ ਇਹ ਬ੍ਰਹਮਚਰੀਆ ਹੋਇਆ ਕਰਦਾ ਹੈ। ਪੰਜਵਾਂ ਹੋਇਆ ਕਰਦਾ ਹੈ ਧੀਰਜ। ਧੀਰਜੀ ਬੰਦਾ ਹੋਣਾ, ਖਿਝਣਾ ਨਾ, ਛੇਤੀ ਦੇ ਕੇ ਭੱਖਣਾ ਨਾ। ਧੀਰਜ ਦੇ ਵਿਚ ਰਹਿਣਾ। ਛੇਵਾਂ ਹੋਇਆ ਕਰਦਾ ਹੈ ਖਿਮਾ। ਦੁਖੀ ਦੇਖ ਕੇ, ਗਲਤੀ ਦੇਖ ਕੇ ਫੇਰ ਖਿਮਾ ਕਰਨੀ। ਸੱਤਵਾਂ ਹੁੰਦਾ ਹੈ ਦਇਆ, ਦੁਖੀਆਂ ਦੇ ਉਤੇ, ਦੀਨਾਂ ਦੇ ਉਤੇ ਦਇਆ ਕਰਨੀ। ਅੱਠਵਾਂ ਹੁੰਦਾ ਹੈ ਕੋਮਲ ਹਿਰਦਾ, ਕਿਸੇ ਦਾ ਦੁਖ ਨਾ ਸਹਿ ਸਕਣਾ ਤੇ ਕੋਸ਼ਿਸ਼ ਕਰਨਾ ਕਿ ਇਹਦਾ ਦੁਖ ਮੈਂ ਦੂਰ ਕਰਾਂ। ਸੱਤਵਾਂ ਹੁੰਦਾ ਹੈ ਆਹਾਰ ਮਰਿਆਦਾ।

***ਅਲਪ ਆਹਾਰ ਸੁਲਪ ਸੀ ਨਿੰਦ੍ਰਾ***
***ਦਇਆ ਛਿਮਾ ਤਨ ਪ੍ਰੀਤ।***

ਆਪਣੀ ਭੁੱਖ ਤੋਂ ਚੌਥਾ ਹਿੱਸਾ ਥੋੜ੍ਹਾ ਖਾਣਾ। ਮਰਿਆਦਾ ਦੇ ਨਾਲ ਚੱਲਣਾ ਤੇ ਦਸਵਾਂ ਹੋਇਆ ਕਰਦਾ ਹੈ ਸੌਚ, ਪਵਿੱਤਰਤਾ, ਮਨ ਦੀ ਸੁੱਚ, ਸਰੀਰ ਦੀ ਸੁੱਚ, ਪਾਣੀ ਦੇ ਇਸ਼ਨਾਨ ਨਾਲ, ਵਸਤਰਾਂ ਦੀ ਸੁੱਚ ਵਸਤਰ ਧੋ ਕੇ, ਬਚਨਾਂ ਦੀ ਸੁੱਚ ਨਾਮ ਜਪ ਕੇ, ਮਨ ਦੀ ਸੁੱਚ ਨੇਕ ਉਪਦੇਸ਼ਾਂ ਦੇ ਨਾਲ ਹੁੰਦੀ ਹੈ, ਬੁੱਧੀ ਦੀ ਸੁੱਚ ਭਜਨ ਕਰਨ ਦੇ ਨਾਲ ਹੁੰਦੀ ਹੈ। ਸੋ ਇਹ ਸਾਰੀਆਂ ਸੁੱਚਾਂ ਧਾਰਨ ਕਰਨੀਆਂ। ਇਨ੍ਹਾਂ ਸਾਰੀਆਂ ਚੀਜ਼ਾਂ ਨੂੰ, ਦਸਾਂ ਚੀਜ਼ਾਂ ਨੂੰ ਯਮ ਕਹਿੰਦੇ ਨੇ। ਦਸ ਮਹਾਰਾਜ ਕਹਿੰਦੇ ਨੇਮ ਹੁੰਦੇ ਨੇ ਭਾਈ, ਪਹਿਲਾ ਹੁੰਦਾ ਹੈ ਤਪ, ਤਿੰਨ ਤਰ੍ਹਾਂ ਦਾ ਤਪ ਹੁੰਦਾ ਹੈ ਰਜੋ ਗੁਣੀ ਤਪ, ਸਤੋ ਗੁਣੀ ਤਪ, ਤਮੋ ਗੁਣੀ ਤਪ। ਧੂਣੀਆਂ ਤਾਪਣੀਆਂ। ਸਰੀਰ ਨੂੰ ਤੰਗ ਕਰਨਾ, ਭੁੱਖੇ ਰਹਿਣਾ, ਜਲ ਧਾਰੇ ਕਰਨੇ ਤਮੋ ਗੁਣੀ ਤਪ ਹੈ ਇਹਦਾ ਫਲ ਥੋੜ੍ਹਾ, ਕ੍ਰੋਧ ਬਹੁਤਾ। ਰਜੋ ਗੁਣੀ ਜਿਹੜਾ ਤਪ ਹੋਇਆ ਕਰਦਾ ਹੈ ਕਿਸੇ ਸਾਧਨ ਵਾਸਤੇ, ਮੈਂ ਬਿਮਾਰ ਹਾਂ ਤੇ ਮੈਂ ਰਾਜ਼ੀ ਹੋ ਜਾਵਾਂ, ਸੰਤ ਕਹਿੰਦੇ ਤੂੰ ਜਪੁਜੀ ਸਾਹਿਬ ਦਾ ਪਾਠ ਕਰ ਦੋ ਮਹੀਨੇ। ਉਹ ਤਪ ਕਰਨਾ, ਉਹਨੂੰ ਰਜੋ ਗੁਣੀ ਤਪ ਕਹਿੰਦੇ ਨੇ। ਤੀਸਰਾ ਹੁੰਦਾ ਹੈ ਸਤੋ ਗੁਣੀ ਤਪ। ਆਰਾਮ ਦੇ ਨਾਲ ਅੰਮ੍ਰਿਤ ਵੇਲੇ ਜਾਗਣਾ, ਰੋਜ ਨੇਮ ਦੇ ਨਾਲ ਭਜਨ ਕਰਨਾ। ਸੋ ਦੂਸਰਾ ਹੋਇਆ ਕਰਦਾ ਹੈ ਸੰਤੋਖ।

***ਯਥਾ ਲਾਭ ਸੰਤੁਸ਼ਟੇ।***

ਇਕ ਤਾਂ ਸੰਤੋਖ ਹੁੰਦਾ ਹੈ ਚੀਜ਼ ਹੱਥ 'ਚ ਨਹੀਂ ਆਉਂਦੀ। ਕਹਿੰਦੇ ਜੀ ਅਸੀਂ ਤਾਂ ਸੰਤੋਖੀ ਹਾਂ। ਉਹ ਤਾਂ ਨਿਰਾਰਥਕ ਹੈ, ਇਕ ਹੈ ਜਿੰਨੀ ਆ ਗਈ ਉਹਦੇ ਉਤੇ

ਸੰਤੁਸ਼ਟ ਰਹਿਣਾ। ਤੀਸਰਾ ਹੋਇਆ ਕਰਦਾ ਹੈ ਆਸਤਕ ਬੁੱਧੀ, ਕਦੇ ਵੀ ਨਾਸਤਕਤਾ ਨਾ ਮਨ 'ਚ ਆਉਣ ਦੇਣੀ। ਚੌਥਾ ਹੋਇਆ ਕਰਦਾ ਹੈ ਦਾਨ, ਆਪਣੀ ਸ਼ੁਭ ਕਮਾਈ ਦੇ ਵਿਚੋਂ ਗੁਰੂ ਦੇ ਨਮਿਤ ਕੁਛ ਭੇਟ ਕਰਨਾ। ਪੰਜਵਾਂ ਹੋਇਆ ਕਰਦਾ ਹੈ ਪੂਜਾ, ਛੇਵਾਂ ਹੁੰਦਾ ਹੈ ਗੁਰੂ ਦਾ ਸ਼ਬਦ ਮੰਨਣਾ, 100% ਪਹਿਲਾਂ ਸੱਚ ਜਾਨਣਾ, ਉਹਨੂੰ ਫੇਰ ਮੰਨਣਾ। ਫੇਰ ਸੱਤਵਾਂ ਹੁੰਦਾ ਹੈ ਉਸ ਸ਼ਬਦ ਦੇ ਅਨੁਸਾਰ ਆਪਣਾ ਜੀਵਨ ਗੁਜ਼ਾਰਨਾ। ਪਾਖੰਡ ਆਦਿ ਦਾ ਤਿਆਗ ਕਰਨਾ। ਅੱਠਵਾਂ ਹੋਇਆ ਕਰਦਾ ਹੈ ਸਾਂਤਕੀ ਬਿਰਤੀ, ਕ੍ਰੋਧ ਵਾਲੀ ਬਿਰਤੀ ਨਹੀਂ ਰੱਖਣੀ ਤੇ ਸਦਾ ਚਿਹਰੇ ਦੇ ਉਤੇ ਖੇੜਾ ਰਹੇ। ਹੰਸੂ-ਹੰਸੂ ਕਰਦਾ ਚਿਹਰਾ ਹੋਵੇ ਤੇ ਸ਼ਾਂਤੀ ਵਾਲੀ ਬਿਰਤੀ ਹੋਵੇ, ਕੋਈ ਗੱਲ ਕਰਦਾ ਹੈ ਨਾਲ ਉਹਨੂੰ ਵੀ ਸ਼ਾਂਤੀ ਆ ਜਾਵੇ। ਤਪੇ ਨਾ ਗੱਲ ਕਰਕੇ। ਨੌਂਵਾਂ ਹੋਇਆ ਕਰਦਾ ਹੈ ਨਿਤਨੇਮ। ਨਿਤਨੇਮ ਦੇ ਮੁਤਾਬਿਕ ਇਸ਼ਨਾਨ ਕਰਨਾ, ਬਾਣੀ ਪੜ੍ਹਨੀ ਤੇ ਨਿਤਨੇਮ ਦੇ ਹਿਸਾਬ ਨਾਲ ਆਪਣੇ ਕਰਮ ਕਰਨੇ। ਦਸਵਾਂ ਹੋਇਆ ਕਰਦਾ ਹੈ 'ਹੋਮ'। ਹੋਮ ਹੁੰਦਾ ਹੈ ਲੰਗਰ, ਭੁੱਖੇ ਨੂੰ ਪ੍ਰਸ਼ਾਦਾ ਛਕਾਉਣਾ ਬੜਾ ਭਾਰੀ ਪੁੰਨ ਹੁੰਦਾ ਹੈ ਤੇ ਦੂਸਰਾ ਹੁੰਦਾ ਹੈ ਕਿ ਵਿਸ਼ਿਆਂ ਨੂੰ ਬ੍ਰਹਮਗਿਆਨ ਦੀ ਅੱਗ ਦੇ ਵਿਚ ਦਗਧ ਕਰ ਦੇਣਾ। ਸੋ ਮਹਾਰਾਜ ਕਹਿਣ ਲੱਗੇ ਇਹ ਦਸ ਨੇ, ਯਮ ਨੇ। ਤੀਸਰਾ ਹੁੰਦਾ ਹੈ ਆਸਣ। ਆਸਣ ਦੋ ਹੁੰਦੇ ਨੇ ਇਕ ਪਦਮ ਆਸਣ ਹੁੰਦਾ ਹੈ ਇਕ ਸਿੱਧ ਆਸਣ ਹੁੰਦਾ ਹੈ। ਚੌਥਾ ਹੁੰਦਾ ਹੈ ਪ੍ਰਾਣਾਯਾਮ। ਉਹਦੇ ਵਿਚ ਰੇਚਕ, ਪੂਰਕ, ਕੁੰਭਕ ਤਿੰਨ ਹੁੰਦੇ ਨੇ। ਪਹਿਲਾਂ ਸਾਹ ਖਿੱਚਣਾ ਤੇ ਵਾਹਿਗੁਰੂ-ਵਾਹਿਗੁਰੂ ਕਹਿਣਾ, 12 ਵਾਰੀ ਵਾਹਿਗੁਰੂ-ਵਾਹਿਗੁਰੂ ਕਹਿ ਕੇ ਅੰਦਰ ਨੂੰ ਸਾਹ ਲਿਜਾਣਾ ਤੇ 24 ਵਾਰੀ ਰੋਕ ਕੇ ਕਹਿਣਾ ਤੇ ਫੇਰ 12 ਵਾਰੀ ਸਾਹ ਛੱਡਦੇ-ਛੱਡਦੇ ਕਹਿਣਾ। ਪਹਿਲੇ ਨੂੰ ਪੂਰਕ ਕਹਿੰਦੇ ਨੇ, ਦੂਸਰੇ ਠਹਿਰਾਉਣ ਵਾਲੇ ਨੂੰ ਕੁੰਭਕ ਕਹਿੰਦੇ ਨੇ, ਤੀਸਰੇ ਨੂੰ ਰੇਚਕ ਕਹਿੰਦੇ ਨੇ ਤੇ ਇਹਦੇ ਨਾਲ ਹੁੰਦਾ ਕੀ ਹੈ, ਇਹ ਵਧਦੇ-ਵਧਦੇ ਵੀਹ ਤੇ ਲੈ ਜਾਂਦਾ ਹੈ। ਵੀਹ ਤੋਂ ਅੰਦਰ ਨੂੰ ਸਾਹ ਲਿਜਾਣਾ ਜਿਹੜੀ ਨਾਸ ਤਾਂਈ ਲਿਜਾਣਾ ਹੈ, ਛੱਡਣ ਵੇਲੇ ਦੂਸਰੀ ਤਾਈਂ ਛੱਡਣਾ ਹੈ, ਫੇਰ ਜਿਸ ਤੋਂ ਛੱਡਿਆ ਹੈ ਉਹਦੀ ਤਾਂਈ ਫੇਰ ਖਿੱਚ ਕੇ ਅੰਦਰ ਨੂੰ ਲਿਆਉਣਾ ਹੈ। ਫੇਰ ਦੂਸਰੇ ਪਾਸੇ ਦੀ ਛੱਡਣਾ ਹੈ। ਇਹਨੂੰ ਪ੍ਰਾਣਾਯਾਮ ਕਹਿੰਦੇ ਨੇ। ਵੱਡਾ ਪ੍ਰਾਣਾਯਾਮ ਵੀ ਹੈ, ਛੋਟਾ ਵੀ ਹੈ। ਸੋ ਇਹਦੇ ਨਾਲ ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਕਹਿ ਕੇ ਗਿਣਤੀ ਦੇ ਮੁਤਾਬਿਕ ਵੀਹ ਵਾਰੀ ਕਹਿ ਕੇ ਅੰਦਰ ਨੂੰ ਜਾਣਾ, ਫੇਰ ਚਾਲੀ ਵਾਰੀ ਰੋਕ ਕੇ ਕਹਿਣਾ। ਵੀਹ ਵਾਰੀ ਛੱਡਣਾ ਅਭਿਆਸ ਦੇ ਨਾਲ, ਗਰਮ ਚੀਜ਼ਾਂ ਨਾ ਖਾਵੇ, ਖੁਸ਼ਕ ਚੀਜ਼ਾਂ ਨਾ ਖਾਵੇ, ਘਿਉ ਦੁੱਧ ਹੋਵੇ ਖਾਣ ਨੂੰ, ਬਦਾਮ ਹੋਣ ਤਾਂ ਇਹ ਚਲਦਾ ਹੈ ਨਹੀਂ ਤਾਂ ਕਮਲਾ ਹੋ ਜਾਂਦਾ ਹੈ ਆਦਮੀ। ਅੱਜਕਲ੍ਹ ਦਾ ਬੰਦਾ ਤਾਂ ਕੋਈ ਕਰ ਨਹੀਂ ਸਕਦਾ, ਪਹਿਲੇ ਬੰਦਿਆਂ ਦੇ ਸਰੀਰ ਤਕੜੇ ਹੁੰਦੇ ਉਹ ਕਰਦੇ ਸੀ। ਸਾਰੇ ਗੁਰਸਿੱਖ ਕਰਦੇ ਸੀ। ਇਹਦੇ ਨਾਲ ਕੀ ਹੁੰਦਾ ਸੀ ਕਹਿੰਦੇ ਤ੍ਰਿਕੁਟੀ ਦਾ ਰਾਹ ਖੁਲ੍ਹ ਜਾਂਦਾ ਸੀ। ਧਿਆਤਾ, ਧਿਆਨ, ਧੇਅ। ਰਾਹ ਖੁਲ੍ਹ ਕੇ ਦਸਮ ਦੁਆਰ ਦੇ ਵਿਚ ਪ੍ਰਾਣ ਠਹਿਰਨ ਲਗ ਜਾਂਦੇ ਸੀ ਤੇ ਉਥੇ ਅਨਹਦ ਦੀ ਧੁਨੀ ਖੁਲ੍ਹ ਜਾਂਦੀ ਸੀ। ਪਰਮ ਜੋਤ ਦੇ ਉਥੇ ਦਰਸ਼ਨ ਹੁੰਦੇ ਸੀ। ਝਿਲਮਿਲ-ਝਿਲਮਿਲਕਾਰ ਉਥੇ ਮਹਾਨ ਪ੍ਰਕਾਸ਼ ਹੋ ਜਾਂਦਾ ਸੀ ਤੇ ਉਹਦੇ ਨਾਲ ਦੇਖ ਕੇ ਚਿੱਤ ਦੇ ਅੰਦਰ ਮਹਾਨ ਖੁਸ਼ੀ ਪੈਦਾ ਹੋ ਜਾਂਦੀ ਸੀ। ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਨਉ ਦਰਵਾਜੇ ਕਾਇਆ ਕੋਟੁ ਹੈ*
*ਦਸਵੈ ਗੁਪਤੁ ਰਖੀਜੈ ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*
***ਅੰਗ - ੯੫੪***

ਸ਼ਬਦ ਦਾ ਜਾਪ ਕਰਕੇ ਜਿਹੜੇ ਬਜਰ ਕਪਾਟ ਲੱਗੇ ਹੋਏ ਨੇ ਦਸਮ ਦੁਆਰ ਦੇ ਅੱਗੇ, ਕਹਿੰਦੇ ਉਹ ਖੁਲ੍ਹ ਜਾਂਦੇ ਨੇ, ਜਦੋਂ ਖੁਲ੍ਹਦੇ ਨੇ ਫੇਰ ਕੀ ਹੁੰਦਾ ਹੈ -

*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥*
***ਅੰਗ - ੯੫੪***

ਫੇਰ ਗੁਰੂ ਦਾ ਸ਼ਬਦ ਸੁਣਦਾ ਹੈ ਉਥੇ -

*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥*
***ਅੰਗ - ੯੫੪***

ਫੇਰ ਹਨ੍ਹੇਰਾ ਨਹੀਂ ਫੇਰ ਪ੍ਰਕਾਸ਼ ਦਿਸਦਾ ਹੈ ਬੇਅੰਤ ਹੀ 'ਕਰਿ ਭਗਤਿ ਮਿਲੀਜੈ' ਭਗਤੀ ਦੇ ਨਾਲ ਫੇਰ ਪ੍ਰਮੇਸ਼ਰ ਦੇ ਨਾਲ ਮਿਲੀਦਾ ਹੈ। ਫੇਰ ਜਦੋਂ ਚਾਨਣਾ ਹੋ ਗਿਆ ਫੇਰ ਦਿਸਦਾ ਕੀ ਹੈ,

*ਸਭ ਮਹਿ ਏਕੁ ਵਰਤਦਾ*
*ਜਿਨਿ ਆਪੇ ਰਚਨ ਰਚਾਈ ॥* ***ਅੰਗ - ੯੫੪***

ਸੋ ਇਸ ਤਰ੍ਹਾਂ ਦੇ ਨਾਲ ਪ੍ਰਾਣਾਯਾਮ ਦੇ ਨਾਲ ਦਸਵੇਂ ਦੁਆਰ 'ਚ ਬਿਰਤੀ ਪਹੁੰਚਦੀ ਹੈ ਤੇ ਉਥੇ ਦਾ ਰਾਹ ਤ੍ਰਿਕੁਟੀ ਰਾਹੀਂ ਖੁਲ੍ਹ ਜਾਂਦਾ ਹੈ।

ਸੋ ਇਸ ਤੋਂ ਅੱਗੇ ਹੋਇਆ ਕਰਦਾ ਹੈ ਧਿਆਨ, ਧਾਰਨਾ। ਧਾਰਨਾ ਹੁੰਦਾ ਹੈ ਗੁਰੂ ਦੇ ਚਰਨਾਂ ਵਿਚ ਧਿਆਨ ਜੋੜਨਾ। ਤਿੰਨ ਤਰ੍ਹਾਂ ਦਾ ਧਿਆਨ ਹੁੰਦਾ ਹੈ, ਇਕ ਤਾਂ ਹੁੰਦਾ ਹੈ ਸਾਕਾਰ ਦਾ ਧਿਆਨ, ਇਕ ਹੁੰਦਾ ਹੈ ਸ਼ਬਦ ਦਾ ਧਿਆਨ, ਇਕ ਹੁੰਦਾ ਹੈ ਨਿਰੰਕਾਰ ਦਾ ਧਿਆਨ। ਤਿੰਨੋ ਜਿਹੋ ਜਿਹੀ ਕਿਸੇ ਦੀ ਅਵਸਥਾ ਹੁੰਦੀ ਹੈ ਉਹੋ ਜਿਹਾ ਉਹਨੂੰ ਸਾਧਨ ਕਰਨਾ ਪੈਂਦਾ ਹੈ।

ਧਿਆਨ ਤੋਂ ਬਗੈਰ ਮਨ ਟਿਕਦਾ ਨਹੀਂ ਹੈ। ਜਿਵੇਂ ਕਪੜਾ ਟੰਗਣਾ ਹੋਵੇ ਤਾਂ ਕਿੱਲ੍ਹੇ ਤੇ ਉਤੇ ਟੰਗਿਆ ਜਾ ਸਕਦਾ ਹੈ, ਖੂੰਟੀ ਲੱਗੀ ਹੋਵੇ ਤਾਂ ਟੰਗਿਆ ਜਾ ਸਕਦਾ ਹੈ, ਜੇ ਨਹੀਂ ਹੈ ਤਾਂ ਨਹੀਂ ਟੰਗਿਆ ਜਾ ਸਕਦਾ। ਇਸੇ ਤਰ੍ਹਾਂ ਮਨ ਜਿਹੜਾ ਰੋਕਣਾ, ਧਿਆਨ ਦੇ ਨਾਲ ਹੁੰਦਾ ਹੈ। ਧਿਆਨ ਗੁਰੂ ਦਾ ਧਿਆਨ ਹੁੰਦਾ ਹੈ, ਸ਼ਬਦ ਦਾ ਧਿਆਨ ਹੁੰਦਾ ਹੈ। ਜੇ ਸ਼ਬਦ ਪ੍ਰਗਟ ਹੋ ਗਿਆ ਤਾਂ ਸ਼ਬਦ ਦਾ ਧਿਆਨ ਹੈ। ਜੇ ਸ਼ਬਦ ਨਹੀਂ ਅਜੇ ਪ੍ਰਗਟ ਹੋਇਆ ਪਹਿਲੀ ਅਵਸਥਾ ਦਾ ਧਿਆਨ ਕਰਦਾ ਹੈ, ਫੇਰ ਧਿਆਨ ਕਰਦੇ-ਕਰਦੇ ਸੰਕਲਪ ਆਉਂਦੇ ਨੇ, ਉਨ੍ਹਾਂ ਸੰਕਲਪਾਂ ਨੂੰ ਬਾਰ-ਬਾਰ ਮੋੜ ਕੇ ਧਿਆਨ 'ਚ ਮਨ ਲਾਉਣਾ। ਇਹਨੂੰ ਧਾਰਨਾ ਕਹਿੰਦੇ ਨੇ। ਇਹ ਜਿਸ ਵਕਤ ਕਰਦੇ-ਕਰਦੇ ਢਾਈ ਮਿੰਟ ਸੁਰਤ ਟਿਕ ਜਾਵੇ ਉਹਨੂੰ ਇਕ ਧਿਆਨ ਕਹਿੰਦੇ ਨੇ ਤੇ ਜਦੋਂ ਬਾਰ੍ਹਾਂ ਧਿਆਨ ਲਗ ਜਾਣ, ਉਹਨੂੰ ਸਮਾਧੀ ਕਹਿੰਦੇ ਨੇ। ਤੀਹ ਮਿੰਟ ਜਦ ਸੁਰਤ ਟਿਕ ਜਾਵੇ, ਕੋਈ ਫੁਰਨਾ ਨਾ ਆਵੇ ਉਹਤੋਂ ਬਾਅਦ ਉਹ ਸਮਾਧੀ ਦੇ ਵਿਚ ਬਦਲ ਜਾਇਆ ਕਰਦਾ ਹੈ। ਸੋ ਇਸ ਤਰ੍ਹਾਂ ਧਿਆਨ ਦੇ ਬਾਰੇ ਇਸ ਤਰ੍ਹਾਂ ਦਾ ਫੁਰਮਾਨ ਹੈ -

***ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥***
***ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥***

***ਅੰਗ - ੮੬੪***

ਸੋ ਸਾਕਾਰ ਦਾ ਧਿਆਨ ਧਰਨਾ, ਸ਼ਬਦ ਦਾ ਧਿਆਨ ਧਰਨਾ, ਸ਼ਬਦ ਦੇ ਵਿਚ ਗਲਤੀ ਕਈ ਕਰ ਜਾਂਦੇ ਨੇ, ਅੱਖਰਾਂ ਦਾ ਧਿਆਨ ਧਰ ਲੈਂਦੇ ਨੇ। ਅੱਖਰਾਂ ਦਾ ਨਹੀਂ, ਸ਼ਬਦ ਕਹਿੰਦੇ ਨੇ sound ਨੂੰ, ਧੁਨ ਨੂੰ।

***ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ***
***ਗੁਰਮੁਖਿ ਅਕਥ ਕਹਾਨੀ ॥ ਅੰਗ - ੮੭੯***

ਉਹ ਪਹਿਲੇ ਨਾਲੋਂ ਸ੍ਰੇਸ਼ਟ ਹੈ, ਉਸ ਤੋਂ ਬਾਅਦ ਜਦੋਂ ਧਿਆਨ ਪੂਰਾ ਹੋ ਜਾਂਦਾ ਹੈ, ਉਸ ਵੇਲੇ ਅੰਦਰੋਂ ਜੋਤ ਪ੍ਰਕਾਸ਼ ਹੋ ਜਾਂਦੀ ਹੈ ਆਪਣੇ ਆਪ ਹੀ। ਫੇਰ ਪ੍ਰਮੇਸ਼ਰ ਨੂੰ ਉਹ ਜੋਤੀ ਸਰੂਪ ਸਮਝ ਕੇ ਧਿਆਨ ਧਰਨਾ, ਇਹ ਤੀਸਰਾ ਹੈ। ਉਸ ਤੋਂ ਅੱਗੇ ਉਹਨੂੰ ਸਾਰੇ ਪਰੀਪੂਰਨ ਦੇਖਣਾ, ਘਟ-ਘਟ 'ਚ ਵਿਆਪਕ ਦੇਖਣਾ, ਇਹ ਧਿਆਨ ਨਹੀਂ ਇਥੋਂ ਆ ਕੇ ਬਦਲ ਜਾਂਦਾ ਹੈ ਗਿਆਨ ਕਹਾਉਂਦਾ ਹੈ। ਸੋ ਇਸ ਤਰ੍ਹਾਂ ਮਹਾਰਾਜ ਕਹਿਣ ਲੱਗੇ ਫੇਰ ਧਿਆਨ ਹੁੰਦਾ ਹੈ ਭਾਈ। ਜਦੋਂ 30 ਮਿੰਟ ਧਿਆਨ ਟਿਕ ਜਾਵੇ ਫੇਰ ਉਹਨੂੰ ਸਮਾਧੀ ਕਹਿੰਦੇ ਨੇ। ਸਮਾਧੀ ਹੁੰਦੀ ਹੈ ਦੋ ਤਰ੍ਹਾਂ ਦੀ ਇਕ ਨੂੰ ਸਾਵਿਕਲਪ ਕਹਿੰਦੇ ਨੇ ਇਕ ਨੂੰ ਨਿਰਵਿਕਲਪ ਜਿਹੜੀ ਸਮਾਧੀ ਦੇ ਅੰਦਰ ਗੁਰ ਦਾ ਧਿਆਨ, ਸ਼ਬਦ ਦਾ ਧਿਆਨ, ਸੁਣਦਾ ਹੈ ਤੇ ਆਪਣਾ ਆਪ ਮਹਿਸੂਸ ਹੁੰਦਾ ਹੈ ਉਹਨੂੰ ਸਾ-ਵਿਕਲਪ ਕਹਿੰਦੇ ਨੇ। ਜਿਹਦੇ ਵਿਚ ਕੇਵਲ ਧੇਅ ਰਹਿ ਜਾਂਦਾ ਹੈ ਹੋਰ ਕੁਛ ਨਹੀਂ ਰਹਿੰਦਾ ਆਪਣਾ ਆਪ ਵੀ ਜਾਂਦਾ ਰਹਿੰਦਾ ਹੈ ਕਿਰਿਆ ਵੀ ਜਾਂਦੀ ਰਹਿੰਦੀ ਹੈ, ਉਹ ਜਦੋਂ ਹੁੰਦਾ ਹੈ ਇਹਨੂੰ ਨਿਰਵਿਕਲਪ ਸਮਾਧੀ ਕਹਿੰਦੇ ਨੇ। ਸੋ ਮਹਾਰਾਜ ਕਹਿੰਦੇ ਇਕ ਰਸਤਾ ਤਾਂ ਹੈਗਾ ਇਹ ਭਾਈ, ਦੂਸਰਾ ਰਸਤਾ ਹੈਗਾ ਭਗਤੀ ਦਾ, ਭਗਤੀ ਦਾ ਰਸਤਾ ਕਲਜੁਗ ਦੇ ਅੰਦਰ ਜ਼ਿਆਦਾ ਸੁਖਾਲਾ ਹੈ ਤੇ ਭਗਤ ਵੱਡੀਆਂ-ਵੱਡੀਆਂ ਪਦਵੀਆਂ ਤੇ ਪਹੁੰਚੇ ਨੇ। ਕਹਿੰਦੇ ਉਹਦੇ ਵਿਚ ਪਹਿਲਾ ਸਾਧਨ ਹੈ ਮਨ ਨੂੰ ਨੀਵਾਂ ਰੱਖਣਾ, ਪੱਕਾ ਵਿਸ਼ਵਾਸ਼ ਕਰਨਾ -

***ਕਬੀਰ ਸਭ ਤੇ ਹਮ ਬੁਰੇ***
***ਹਮ ਤਜਿ ਭਲੋ ਸਭੁ ਕੋਇ॥***
***ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥***

***ਅੰਗ - ੧੩੭੪***

ਪਰ ਇਹ ਰੱਖਣਾ ਬੜਾ ਔਖਾ ਹੈ, ਕਹਿ ਕੇ ਦੇਖ ਲਓ ਕਿਸੇ ਨੂੰ। ਕਹੇਗਾ ਮੈਂ ਐਨਾ ਨੀਵਾਂ, ਮੈਂ ਮਾੜਾ? ਬਿਲਕੁਲ ਆਦਮੀ ਮੰਨਣ ਵਾਸਤੇ ਤਿਆਰ ਨਹੀਂ ਹੁੰਦਾ। ਕਿਉਂਕਿ ਅੰਦਰ ਹਉਮੈ ਹੈ ਹਉਮੈ ਦੇ ਨਾਲ ਭਰਿਆ ਰਹਿੰਦਾ ਹੈ ਹਰ ਵਕਤ, ਦੂਸਰਾ ਹੋਇਆ ਕਰਦਾ ਹੈ, ਸਤਿਸੰਗਤ ਕਰਨੀ। ਸਤਿਸੰਗ ਕਰਨ ਦੀ ਵਿਧੀ ਹੁੰਦੀ ਹੈ, ਉਹ ਵਿਧੀਪੂਰਵਕ ਸੰਗਤ ਕਰਨੀ, ਤੀਸਰਾ ਹੋਇਆ ਕਰਦਾ ਹੈ ਸਾਰਿਆਂ ਦੇ ਅੰਦਰ ਪ੍ਰਮੇਸ਼ਰ ਜਾਨਣਾ।

***ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ***
***ਗੋਬਿੰਦ ਬਿਨੁ ਨਹੀ ਕੋਈ ॥ ਅੰਗ - ੪੮੫***

ਪ੍ਰਮੇਸ਼ਰ ਹੀ ਹੈ ਸਾਰਿਆਂ ਦੇ ਅੰਦਰ। ਸੋ ਇਸ ਤਰ੍ਹਾਂ ਚੌਥਾ ਹੋਇਆ ਕਰਦਾ ਹੈ ਚਿੱਤ ਨੂੰ ਇਕਾਗਰ ਰੱਖਣਾ ਫੁਰਨੇ ਨਾ ਆਉਣ ਦੇਣੇ। ਬਾਣੀ ਪੜ੍ਹਨੀ, ਬਾਣੀ ਪੜ੍ਹਦੇ ਹੋਏ ਕੋਈ ਫੁਰਨਾ ਨਾ ਆਉਣ ਦੇਣਾ। ਪੰਜਵਾਂ ਹੋਇਆ ਕਰਦਾ ਹੈ ਗੁਰੂ ਦੇ ਬਚਨ ਚਿੱਤ ਨੂੰ ਇਕਾਗਰ ਕਰਕੇ ਸੁਣਨੇ। ਜਦੋਂ ਗੁਰੂ ਗ੍ਰੰਥ ਸਾਹਿਬ ਦਾ ਪਾਠ ਹੁੰਦਾ ਹੋਵੇ ਕੋਈ ਫੁਰਨਾ ਨਾ ਆਉਣ ਦੇਣਾ। ਕੀਰਤਨ ਹੁੰਦਾ ਹੋਵੇ ਕੀਰਤਨ ਦੇ ਵਿਚ ਲੀਨ ਹੋ ਜਾਣਾ। ਸੋ ਉਸ ਤੋਂ ਅਗਲਾ ਹੋਇਆ ਗੁਰੂ ਦੇ ਬਚਨ ਸੁਣਨੇ, ਫੇਰ ਮੰਨਣੇ, ਫੇਰ ਕਮਾਉਣੇ ਤੇ ਆਪਣੇ ਜੀਵਨ ਦੇ ਵਿਚ ਬਿਠਾਉਣੇ। ਸੋ ਇਸ ਤਰ੍ਹਾਂ ਦੇ ਨਾਲ ਫੇਰ ਹੁੰਦਾ ਹੈ ਗੁਰੂ ਦੀ ਬਾਣੀ ਦੇ ਅਰਥਾਂ ਨੂੰ ਮਨ ਵਿਚ ਟਿਕਾਉਣਾ। ਬੁਰਿਆਈਆਂ ਛੱਡਣੀਆਂ, ਚੰਗਿਆਈਆਂ ਨੂੰ ਧਾਰਦੇ ਰਹਿਣਾ ਤੇ ਬੁਰਿਆਈਆਂ ਨੂੰ ਕੱਢਦੇ ਰਹਿਣਾ ਮਨ ਅੰਦਰੋਂ। ਸੋ ਇਸ ਤਰ੍ਹਾਂ ਜੋ ਭਗਤ ਭਾਵ ਹੈ ਮਹਾਰਾਜ ਕਹਿੰਦੇ ਇਹ ਸੁਖਾਲਾ ਨਹੀਂ ਹੈਗਾ -

*ਭਗਤਿ ਭਾਵ ਇਹੁ ਮਾਰਗੁ ਬਿਖੜਾ*
*ਗੁਰ ਦੁਆਰੈ ਕੋ ਪਾਵਏ ॥ ਅੰਗ - ੪੪੦*

ਸਾਰਿਆਂ ਨੂੰ ਨਹੀਂ ਮਿਲਦਾ ਇਹ ਭਗਤੀ ਦਾ ਭਾਵ। ਇਹ ਵੀ ਕਹਿੰਦੇ ਬਹੁਤ ਬਿਖੜਾ ਹੈ।

*ਕਹੈ ਨਾਨਕੁ ਜਿਸੁ ਕਰੇ ਕਿਰਪਾ*
*ਸੋ ਹਰਿ ਭਗਤੀ ਚਿਤੁ ਲਾਵਏ ॥ ਅੰਗ - ੪੪੦*

ਜਿਸ ਦੇ ਉਤੇ ਕ੍ਰਿਪਾ ਹੋਵੇ ਉਹ ਭਗਤੀ ਦੇ ਵਿਚ ਚਿੱਤ ਲਾਉਂਦਾ ਹੈ। ਸੋ ਮਹਾਰਾਜ ਕਹਿੰਦੇ ਭਗਤੀ ਨੌਂ ਕਿਸਮ ਦੀ ਹੋਇਆ ਕਰਦੀ ਹੈ -

*ਭਗਤਿ ਨਵੈ ਪਰਕਾਰਾ ॥*
*ਪੰਡਿਤੁ ਵੇਦੁ ਪੁਕਾਰਾ ॥ ਅੰਗ - ੭੧*

ਪਹਿਲੀ ਭਗਤੀ ਜੋ ਸ਼੍ਰੋਮਣੀ ਭਗਤੀ ਹੈ -

*ਕਲਜੁਗ ਮਹਿ ਕੀਰਤਨੁ ਪਰਧਾਨਾ ॥*
*ਗੁਰਮੁਖਿ ਜਪੀਐ ਲਾਇ ਧਿਆਨਾ ॥*
*ਆਪਿ ਤਰੈ ਸਗਲੇ ਕੁਲ ਤਾਰੇ*
*ਹਰਿ ਦਰਗਹ ਪਤਿ ਸਿਉ ਜਾਇਦਾ ॥*
*ਅੰਗ - ੧੦੭੬*

ਦੂਸਰੀ ਭਗਤੀ ਹੈ ਸਿਮਰਨ, ਤੀਸਰੀ ਭਗਤੀ ਹੋਇਆ ਕਰਦੀ ਹੈ ਨਮਸਕਾਰ, ਚੌਥੀ ਹੋਇਆ ਕਰਦੀ ਹੈ ਅਰਚਨ, ਪੰਜਵੀਂ ਹੋਇਆ ਕਰਦੀ ਹੈ ਪੂਜਾ ਭਗਤੀ। ਛੇਵੀਂ ਹੋਇਆ ਕਰਦੀ ਹੈ ਆਪਣੇ ਆਪ ਨੂੰ ਦਾਸ ਸਮਝ ਕੇ ਭਗਤੀ ਕਰਨੀ। ਸੱਤਵੀਂ ਹੋਇਆ ਕਰਦੀ ਹੈ ਕਿ ਆਪਣੇ ਆਪ ਨੂੰ 'ਮਿਤਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਿਣਾ' ਤੇ ਅੱਠਵੀਂ ਭਗਤੀ ਹੋਇਆ ਕਰਦੀ ਹੈ ਜਿਵੇਂ ਪਤੀਵਰਤਾ ਇਸਤਰੀ ਜਿਸ ਤਰ੍ਹਾਂ ਦੇ ਨਾਲ ਆਪਣੇ ਪਤੀ ਦੇ ਨਾਲ ਵਿਹਾਰ ਕਰਦੀ ਹੈ, ਆਪਣਾ ਤਨ ਮਨ ਧਨ ਸਭ ਉਹਦੇ ਹਵਾਲੇ ਕਰ ਦੇਣਾ ਤੇ ਉਹਦੇ ਹੁਕਮ ਵਿਚ ਰਾਜ਼ੀ ਰਹਿਣਾ। ਜਿਸ ਦੇ ਬਾਰੇ ਮਹਾਰਾਜ ਨੇ ਫੁਰਮਾਨ ਕੀਤਾ ਹੈ ਕਿ -

*ਭੈ ਕੀਆ ਦੇਹਿ ਸਲਾਈਆ*
*ਨੈਣੀ ਭਾਵ ਕਾ ਕਰਿ ਸੀਗਾਰੋ ॥ ਅੰਗ - ੭੨੨*

ਭੈ ਦੀਆਂ ਸਲਾਈਆਂ ਦਿਤੀਆਂ ਹੋਣ, ਪਿਆਰ ਦਾ ਹੋਵੇ ਸ਼ਿੰਗਾਰ। ਕਹਿੰਦੇ ਇਹ ਭਗਤੀ ਹੋਇਆ ਕਰਦੀ ਹੈ, ਸੋ ਧਿਆਨ ਭਗਤੀ ਹੈ। ਨੌਂਆਂ ਭਗਤੀਆਂ ਨੂੰ ਫਲ ਪੈਂਦਾ ਹੈ ਪਿਆਰ ਦਾ, ਉਹਨੂੰ ਪ੍ਰੇਮਾ ਭਗਤੀ ਕਹਿੰਦੇ ਨੇ। ਪ੍ਰੇਮ ਜਦ ਹੋ ਜਾਂਦਾ ਹੈ ਫੇਰ ਉਹਦੀ ਹਾਲਤ ਹੋਰ ਹੋ ਜਾਂਦੀ ਹੈ -

*ਆਸ਼ਕਾਰਾ ਨਵ ਨੀਸ਼ਾਨੀ ਐ ਪਿਸਰ,*
*ਆਹ ਸਰਦੋ, ਰੰਗ ਜ਼ਰਦੋ ਚਸ਼ਮਤਰ।*
*ਕਮਗੁਫਤਨੋ, ਕਮ ਖੁਰਦਨੋਂ,*
*ਖੁਆਬਸ਼ ਹਰਾਮ, ਇੰਤਜ਼ਾਰੀ, ਬੇਕਰਾਰੀ, ਦਸਤਸਰ।*

ਨੌਂ ਨਿਸ਼ਾਨੀਆਂ ਆ ਜਾਇਆ ਕਰਦੀਆਂ ਨੇ ਪ੍ਰੇਮ ਵਿਚ। ਸੋ ਉਹਨੂੰ ਪ੍ਰੇਮਾ ਭਗਤੀ ਕਹਿੰਦੇ ਨੇ, ਦੇਖੇ ਬਿਨ ਚੈਨ ਨਾ ਆਉਣੀ, ਬਾਰ-ਬਾਰ ਜਾ ਕੇ ਉਹਦੇ ਦਰਸ਼ਨ ਕਰਨੇ, ਬਾਰ-ਬਾਰ ਉਹਦੀ ਸੇਵਾ ਕਰਨੀ, ਉਹਨੂੰ ਪ੍ਰਸੰਨ ਕਰਨਾ। ਇਹਦੇ ਬਾਅਦ ਆਪਣਾ ਆਪ ਸਾਰਾ ਗੁਰੂ ਦੇ ਹਵਾਲੇ ਕਰ ਦੇਣਾ। ਇਹਨੂੰ ਪਰਾ ਭਗਤੀ ਕਹਿੰਦੇ ਨੇ। ਫੇਰ ਗੁਰੂ ਨੂੰ ਹੀ ਸਾਰੇ ਥਾਵਾਂ ਤੇ ਦੇਖਣਾ, ਵਾਹਿਗੁਰੂ ਨੂੰ ਹਰ ਘਟ ਦੇ ਵਿਚ ਦੇਖਣਾ, ਆਪਣਾ ਆਪ ਵਿਚ ਲੀਨ ਕਰ ਦੇਣਾ, ਇਹਨੂੰ ਅਪਰਾ ਭਗਤੀ ਕਹਿੰਦੇ ਨੇ। ਮਹਾਰਾਜ ਕਹਿੰਦੇ ਪ੍ਰੇਮੀਓ! ਇਹ ਰਸਤਾ ਸੁਖਾਲਾ ਹੈ, ਇਹਦੇ ਨਾਲ ਪ੍ਰਮੇਸ਼ਰ ਦੇ ਦਰ ਤੇ ਪਹੁੰਚੇ ਨੇ ਸਾਰੇ, ਵੱਡੇ-ਵੱਡੇ ਹੋਏ ਨੇ ਦੇਖੋ ਤੁਸੀਂ ਸਾਰਿਆਂ ਦਾ ਹਾਲ ਨਾਮ ਪੜ੍ਹ ਕੇ, ਨਾਮਦੇਵ ਜੀ ਦਾ, ਕਬੀਰ ਜੀ ਦਾ ਸਾਰੇ ਭਗਤੀ ਕਰਦੇ ਸੀ।

*ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥*
*ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ ॥ ੧ ॥*
*ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ॥*
*ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ॥ ੧ ॥*
*ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ॥*
*ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ ॥*
*ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ॥*
*ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ ॥*
*ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ॥*
*ਅੰਗ - ੪੮੮*

ਕਸ਼ਟ ਯੋਗ ਨਹੀਂ ਕਰਨ ਲੱਗਿਆ ਧੰਨਾ, ਭਗਤੀ 'ਚ ਲੱਗਿਆ। ਨਤੀਜਾ ਕੀ ਹੋਇਆ? -

*ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ ॥*
*ਅੰਗ - ੪੮੮*

ਸੋ ਮਹਾਰਾਜ ਕਹਿਣ ਲੱਗੇ ਗੁਰੂ ਅੰਗਦ ਸਾਹਿਬ ਕਿ ਪ੍ਰੇਮੀਓ! ਦੋਵੇਂ ਰਸਤੇ ਅਸੀਂ ਤੁਹਾਨੂੰ ਦੱਸ ਦਿੱਤੇ ਨੇ। ਇਕ ਥੋੜ੍ਹਾ ਜਿਹਾ ਕਠਨ ਹੈ, ਇਕ ਸੁਖਾਲਾ ਹੈ ਤੇ ਇਹਦੇ ਵਿਚੋਂ ਜਿਹੜਾ ਤੁਹਾਨੂੰ ਪ੍ਰਵਾਨ ਹੈ ਸਿਮਰਨ ਦਾ ਰਸਤਾ, ਕੀਰਤਨ ਦਾ ਰਸਤਾ ਇਹ ਸੁਖਾਲਾ ਹੈ ਕੁਛ। ਇਹਦੇ ਵਿਚ ਰਸ ਵੀ ਬਹੁਤ ਹੈ ਤੇ ਤੁਸੀਂ ਦੇਖ ਲਓ ਦੋਹਾਂ 'ਚੋਂ ਕਰ ਲਓ ਜਿਹੜਾ ਕਰਨਾ ਹੈ।

ਉਸ ਵੇਲੇ ਕਹਿਣ ਲੱਗੇ, ਸੱਚੇ ਪਾਤਸ਼ਾਹ! ਆਪ ਦੀ ਬੜੀ ਭਾਰੀ ਕ੍ਰਿਪਾ ਹੋਈ ਹੈ ਸਾਡੇ 'ਤੇ ਕਿਉਂਕਿ ਅਸੀਂ ਤਾਂ ਬਿਲਕੁਲ ਅਣਜਾਣ ਸੀ। ਚਿੱਤ ਕਰਦਾ ਸੀ ਸਾਡਾ ਕਿ ਅਸੀਂ ਪ੍ਰਮੇਸ਼ਰ ਨੂੰ ਮਿਲੀਏ, ਪ੍ਰਭੂ ਦੇ ਨਾਲ ਸਾਡਾ ਕਿਸੇ ਤਰੀਕੇ ਨਾਲ ਮੇਲ ਹੋਵੇ, ਲੇਕਿਨ

ਰਸਤੇ ਦਾ ਨਹੀਂ ਸੀ ਪਤਾ ਲਗਦਾ, ਆਪ ਨੇ ਰਸਤਾ ਦੱਸ ਦਿਤਾ। ਸੋ ਮਹਾਰਾਜ ਜੀ ਦੇ ਪਾਸ ਭਾਈ ਦੀਪਾ, ਭਾਈ ਨਰਾਇਣ ਦਾਸ ਤੇ ਭਾਈ ਬੁੱਲਾ ਜੀ ਇਹ ਤਿੰਨੇ ਜਣੇ ਘਰ ਗਏ, ਬਾਲ-ਬੱਚਿਆਂ ਨੂੰ ਕਾਰੋਬਾਰ ਸੰਭਾਲ ਦਿਤਾ ਕਿ ਲਓ ਬੇਟਾ, ਫੇਰ ਵੀ ਸਾਡੇ ਗਿਆਂ ਤੇ ਤੁਸੀਂਓਂ ਸਾਂਭਣਾ ਹੈ ਤੇ ਹੁਣੇ ਸਾਂਭੋ। ਬੜੇ ਦਲੇਰ ਸਿੱਖ ਸੀਗੇ। ਹੁਣ ਤਾਂ ਮਰਦੇ ਦਮ ਤਕ ਸੰਭਾਲਦੇ ਹੀ ਨਹੀਂ ਕਹਿੰਦੇ ਨੇ ਪਤਾ ਨਹੀਂ ਮੁੰਡੇ ਕੀ ਕਰ ਲੈਣਗੇ ਜੇ ਸੰਭਾਲ ਦਿਤਾ। ਭਜਨ ਕਰਦੇ ਹੀ ਨਹੀਂ, ਐਸੀ ਬੁੱਧੀ ਨਾਸਤਕ ਹੋ ਗਈ ਕਿ ਭਜਨ ਦੇ ਨਾਉਂ ਤੇ ਕੋਈ ਨੇੜੇ ਨਹੀਂ ਆਉਂਦਾ ਭਜਨ ਕਰਨ। ਆਸ਼ਰਮ ਬਣਾਇਆ ਸੀ ਇਸੇ ਵਾਸਤੇ ਬਣਾਇਆ ਸੀ, ਨਹੀਂ ਮੈਨੂੰ ਕੋਈ ਲੋੜ ਨਹੀਂ ਸੀ ਕਿ ਭਜਨ ਕਰਨ ਵਾਲੇ ਆਉਣਗੇ, ਸੇਵਾ ਵੀ ਕਰਨਗੇ, ਭਜਨ ਵੀ ਕਰਨਗੇ, ਬਿਰਧ ਇਥੇ ਰਿਟਾਇਰ ਹੋ ਕੇ ਇਥੇ ਆਪਣੀ ਬੰਦਗੀ ਕਰਨਗੇ। ਬੜੀ ਜਿਹੜੀ ਉਨ੍ਹਾਂ ਦੀ ਆਸ਼ਾ ਹੈ ਕਿ ਕਿਸੇ ਇਕਾਂਤ ਥਾਂ ਭਜਨ ਕਰੀਏ, ਉਹਦੇ ਵਾਸਤੇ ਅਸੀਂ ਆਸ਼ਰਮ ਬਣਾਇਆ ਹੈ ਪਰ ਹੈਰਾਨ ਹੋਈਦਾ ਹੈ ਕਿ ਜੇ ਕੋਈ ਦੋ ਕੁ ਦਿਨ ਰਹਿ ਜਾਏ ਉਹਦੇ ਘਰ ਦੇ ਮਿਹਣੇ ਮਾਰਨ ਲਗ ਜਾਂਦੇ ਨੇ ਕਿ ਇਹ ਤਾਂ ਗੁਰਦੁਆਰੇ ਬਹਿ ਗਿਆ ਜਾ ਕੇ, ਇਹਦਾ ਤਾਂ ਅੱਗੇ ਪਿੱਛੇ ਹੀ ਨਹੀਂ ਹੈ ਕੋਈ। ਉਹ ਮਿਹਣੇ ਨੇ ਮਾਰ ਲਏ ਸਾਰੇ। ਸੋ ਇਹਦੇ ਨਾਲ ਇਹ ਜਨਮ ਬਿਰਥਾ ਬਰਬਾਦ ਹੁੰਦਾ ਚਲਿਆ ਜਾ ਰਿਹਾ ਹੈ, ਘਰਾਂ 'ਚ ਅਨੇਕਾਂ ਮੁਸ਼ਕਲਾਂ ਨੇ। ਪਰ ਇਹ ਤਿੰਨੋ ਗੁਰਸਿੱਖ ਘਰ ਗਏ ਤੇ ਜਾ ਕੇ ਬੱਚਿਆਂ ਨੂੰ ਸਭ ਕੁਝ ਸੰਭਾਲ ਕੇ ਕਹਿਣ ਲੱਗੇ ਲਓ ਬੇਟਾ, ਤੁਸੀਂ ਸਾਂਭੋ। ਗੁਰੂ ਅੰਗਦ ਸਾਹਿਬ ਜੀ ਮਹਾਰਾਜ ਦੀ ਚਰਨ ਸ਼ਰਨ ਆ ਕੇ ਬੜੀ ਭਗਤੀ ਕੀਤੀ, ਗੁਰੂ ਅਮਰਦਾਸ ਮਹਾਰਾਜ ਜੀ ਨੂੰ ਪ੍ਰਸੰਨ ਕਰਿਆ ਤੇ ਭਾਈ ਗੁਰਦਾਸ ਜੀ ਨੇ ਇਨ੍ਹਾਂ ਦਾ ਨਾਉਂ ਪ੍ਰਵਾਨ ਹੋਏ ਗੁਰਸਿੱਖਾਂ 'ਚ ਲਿਖ ਦਿਤਾ। ਜਿਸ ਦੇ ਬਾਰੇ ਅਸੀਂ ਵੀ ਸੁਣਿਆ ਹੈ ਅੱਜ, ਜੋ ਬਚਨ ਮਹਾਰਾਜ ਜੀ ਨੇ ਕੀਤੇ ਨੇ ਉਨ੍ਹਾਂ ਨੂੰ ਮਹਾਰਾਜ ਜੀ ਨੇ ਬਾਣੀ ਦਾ ਰੂਪ ਦੇ ਕੇ ਆਪਾਂ ਸੁਣਨ ਸੁਣਾਉਣ ਦਾ ਯਤਨ ਕੀਤਾ ਹੈ ਤਾਂ ਕਿ authenticity ਹੋਣੀ ਚਾਹੀਦੀ ਹੈ ਕਿ ਇਹ ਬਚਨ ਬਾਣੀ ਵੀ ਇਨ੍ਹਾਂ ਨੂੰ ਕਹਿੰਦੀ ਹੈ। ਸੋ ਆਪਾਂ ਸਾਰਿਆਂ ਨੇ ਸੁਣਿਆ ਹੈ ਵਾਹਿਗੁਰੂ ਕਰੇ ਕਿ ਸਾਨੂੰ ਵੀ ਕੋਈ ਲਗਨ ਲਗ ਜਾਵੇ ਤੇ ਸਾਡਾ ਵੀ ਚਿੱਤ ਏਸ ਭਗਤੀ ਦੇ ਵਿਚ ਲਗ ਜਾਵੇ। ਸੋ ਸਮਾਂ ਇਜਾਜ਼ਤ ਨਹੀਂ ਦਿੰਦਾ। ਸਭ ਪ੍ਰੇਮੀ ਅਨੰਦ ਸਾਹਿਬ 'ਚ ਬੋਲੋ।

***ਵਾਹਿਗੁਰੂ ਜੀ ਕਾ ਖਾਲਸਾ।***
***ਵਾਹਿਗੁਰੂ ਜੀ ਕੀ ਫਤਹਿ।***

# ਹਰਿਕੀਰਤ ਸਾਧ ਸੰਗਤਿ ਹੈ

*ਸਤਿਨਾਮ ਸ੍ਰੀ ਵਾਹਿਗੁਰੂ*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*

***ਧਾਰਨਾ - ਸਗਲ ਭਵਨ ਕੇ ਨਾਇਕਾ***
***ਮੈਨੂੰ ਇਕ ਛਿਨ ਦਰਸ ਦਿਖਾ ਜਾ।***

*ਕੂਪੁ ਭਰਿਓ ਜੈਸੇ ਦਾਦਿਰਾ*
*ਕਛੁ ਦੇਸੁ ਬਿਦੇਸੁ ਨ ਬੂਝ ॥*
*ਐਸੇ ਮੇਰਾ ਮਨੁ ਬਿਖਿਆ ਬਿਮੋਹਿਆ*
*ਕਛੁ ਆਰਾ ਪਾਰੁ ਨ ਸੂਝ ॥ ੧ ॥*
*ਸਗਲ ਭਵਨ ਕੇ ਨਾਇਕਾ*
*ਇਕੁ ਛਿਨੁ ਦਰਸੁ ਦਿਖਾਇ ਜੀ ॥ ੧ ॥ ਰਹਾਉ*
*॥ ਮਲਿਨ ਭਈ ਮਤਿ ਮਾਧਵਾ*
*ਤੇਰੀ ਗਤਿ ਲਖੀ ਨ ਜਾਇ ॥*
*ਕਰਹੁ ਕ੍ਰਿਪਾ ਭ੍ਰਮੁ ਚੂਕਈ*
*ਮੈ ਸੁਮਤਿ ਦੇਹੁ ਸਮਝਾਇ ॥ ੨ ॥*
*ਜੋਗੀਸਰ ਪਾਵਹਿ ਨਹੀ ਤੁਅ ਗੁਣ ਕਥਨੁ ਅਪਾਰ ॥*
*ਪ੍ਰੇਮ ਭਗਤਿ ਕੈ ਕਾਰਣੈ ਕਹੁ ਰਵਿਦਾਸ ਚਮਾਰ ॥*
*ਅੰਗ - ੩੪੬*

ਸਾਧਸੰਗਤ ਜੀ! ਚਿੱਤ ਬਿਰਤੀਆਂ ਇਕਾਗਰ ਕਰੋ, ਗੱਜ ਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚਦੇ ਹੋ। ਪੂਰਨਮਾਸ਼ੀ ਦਾ ਸਮਾਗਮ ਮਨਾਉਣ ਵਾਸਤੇ, ਗੁਰੂ ਘਰ 'ਚੋਂ ਕੋਈ ਸਿਖਿਆ ਲੈਣ ਵਾਸਤੇ ਸਤਿਸੰਗ ਦਾ ਜੋ ਮਹਾਤਮ ਹੈ, ਸੰਸਾਰ ਦੇ ਵਿਚ ਹੋਰ ਕੋਈ ਮਹਾਤਮ ਨਹੀਂ ਕਿਸੇ ਦਾ ਐਡਾ ਵੱਡਾ। ਵਾਹਿਗੁਰੂ ਨੂੰ ਮਿਲਣ ਦਾ ਜਿਵੇਂ ਮੇਨ ਗੇਟ ਹੁੰਦਾ ਹੈ ਸਭ ਤੋਂ ਵੱਡਾ ਗੇਟ, ਉਹ ਸਤਿਸੰਗ ਹੈ। ਸਾਰੇ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ, ਸਾਧੂਆਂ ਦੀ ਸੰਗਤ, ਸੰਤਾਂ ਦੀ ਸੰਗਤ, ਸਤਿ ਦੀ ਸੰਗਤ, ਗੁਰੂ ਦੀ ਸੰਗਤ ਇਹ ਬਾਰ-ਬਾਰ ਜ਼ਿਕਰ ਆਉਂਦੇ ਨੇ। ਜੇ ਤਾਂ ਅਸੀਂ ਐਵੇਂ ਹੀ ਇਹਨੂੰ ਸਮਝ ਲਈਏ ਤਾਂ ਤਾਂ ਸਮਝ ਲਓ ਸਾਡੀ ਬੁੱਧੀ ਮੰਦ ਹੈ। ਗੱਲ ਨੂੰ ਸਮਝਦੇ ਨਹੀਂ। ਰੁਟੀਨ ਬਣ ਜਾਂਦਾ ਹੈ। ਦੇਖਿਆ ਇਹ ਜਾਂਦਾ ਹੈ ਕਿ ਬਾਰ-ਬਾਰ ਉਪਦੇਸ਼ ਸੁਣਨ ਦੇ ਨਾਲ ਕੰਨਾਂ ਦੇ ਅੰਦਰ ਇਕ ਐਸਾ ਸਪੀਕਰ ਆ ਜਾਂਦਾ ਹੈ ਜਿਹਨੂੰ ਸੂਤਕ ਕਹਿੰਦੇ ਨੇ। ਉਹ ਸੂਤਕ ਗੱਲ ਅੱਗੇ ਜਾਣ ਨਹੀਂ ਦਿਆ ਕਰਦਾ, ਰੋਕ ਲੈਂਦਾ ਹੈ। ਜਿਥੇ ਜਾ ਕੇ ਵੀਚਾਰ ਕਰਨੀ ਹੈ ਕਿਉਂਕਿ ਵੱਡਾ ਗੇਟ ਸਤਿਸੰਗਤ ਹੈ, ਉਸ ਤੋਂ ਅਗਲਾ ਜਿਹੜਾ ਹੈ ਦਰਵਾਜ਼ਾ ਵਾਹਿਗੁਰੂ ਨੂੰ ਜਾਣ ਵਾਲਾ ਉਹ ਵੀਚਾਰ ਹੈ। ਫੇਰ ਉਸ ਤੋਂ ਅੱਗੇ ਇੰਦਰੀਆਂ ਦਾ ਸੰਤੋਖ ਹੈ ਸਾਰੀਆਂ ਦਾ। ਸਭ ਨੂੰ ਆਪਣੇ ਵਸ ਵਿਚ ਰੱਖਣਾ। ਪਹਿਲੇ ਦਰਵਾਜ਼ੇ 'ਚ ਜੇ ਮੇਨ ਗੇਟ ਵਿਚ ਦਾਖਲ ਹੋਏਗਾ, ਤਾਂ ਅੱਗੇ ਚੱਲ ਸਕਦਾ ਹੈ। ਇਕੋ ਹੀ ਗੱਲ ਬਾਰ-ਬਾਰ ਕਹੀ ਜਾਓ, ਉਹਦੀ ਅਹਿਮੀਅਤ ਖਤਮ ਹੋ ਜਾਂਦੀ ਹੈ। ਮਾਂ-ਬਾਪ ਆਪਣੇ ਬੱਚਿਆਂ ਨੂੰ ਉਪਦੇਸ਼ ਦਿੰਦੇ ਨੇ। ਉਨ੍ਹਾਂ ਨੂੰ ਉਨ੍ਹਾਂ ਦੇ ਮਾਂ-ਬਾਪ ਨੇ ਉਪਦੇਸ਼ ਦਿਤਾ ਤੇ ਉਨ੍ਹਾਂ ਨੂੰ ਵੀ ਉਨ੍ਹਾਂ ਦੇ ਮਾਂ-ਬਾਪ ਨੇ ਉਪਦੇਸ਼ ਦਿਤਾ। ਕੋਈ ਮਾਂ-ਬਾਪ ਐਸਾ ਦੁਨੀਆਂ 'ਚ ਨਹੀਂ ਹੈ ਜਿਹੜਾ ਆਪਣੇ ਬੱਚੇ ਨੂੰ ਗਲਤ ਗੱਲ ਕਹੇ। ਆਪਣੀ ਅਕਲ ਦੇ ਮੁਤਾਬਿਕ, ਆਪਣੇ ਤਜਰਬੇ ਦੇ ਮੁਤਾਬਿਕ ਬਿਲਕੁਲ ਸਹੀ ਗੱਲ ਕਹਿੰਦਾ ਹੈ। ਜਿਹਦੇ ਵਿਚ ਬੱਚੇ ਦਾ ਭਲਾ ਹੋ ਜਾਵੇ। ਦੁੱਖਾਂ ਦਲਿੱਦਰਾਂ ਤੋਂ ਬਚ ਜਾਵੇ, ਬਿਮਾਰੀਆਂ ਤੋਂ ਬਚ ਜਾਵੇ, ਜੇ ਮਾਂ-ਬਾਪ ਬੱਚੇ ਨੂੰ ਕਹਿੰਦੇ ਨੇ ਕਿ ਤੂੰ ਪੜ੍ਹ ਲਿਖ। ਉਹਦਾ ਮਾਂ-ਬਾਪ ਨੂੰ ਤਾਂ ਕੋਈ ਫਾਇਦਾ ਨਹੀਂ ਹੈ। ਬੱਚੇ ਨੂੰ ਫਾਇਦਾ ਹੈ ਕਿ ਆਪਣੀ ਜ਼ਿੰਦਗੀ ਸੋਹਣੀ ਬਣਾ ਲਏਗਾ। ਬਾਰ-ਬਾਰ ਮਾਂ-ਬਾਪ ਕਹਿੰਦੇ ਨੇ। ਬੱਚਿਆਂ ਦਾ ਕੀ attitude ਹੁੰਦਾ ਹੈ, ਦੋ ਤਿੰਨ ਬੱਚੇ ਹੋਣ, ਮਾਂ ਸਮਝਾਉਂਦੀ ਹੈ ਜਾਂ ਪਿਤਾ ਸਮਝਾਉਂਦਾ ਹੈ। ਗੱਲ ਰੋਜ਼ ਵਾਲੀ ਹੀ ਹੁੰਦੀ ਹੈ, ਥੋੜ੍ਹਾ-ਥੋੜ੍ਹਾ ਫਰਕ ਹੁੰਦਾ ਹੈ, ਬੱਚੇ ਇਕ ਦੂਜੇ ਵਲ ਦੇਖਣਗੇ ਹੇਠਾਂ ਨੂੰ ਨੀਵੀਂ ਪਾ ਕੇ, ਜਦੋਂ ਮਾਂ-ਬਾਪ ਚਲੇ ਗਏ ਬੋਲ-ਬਾਲ ਕੇ, ਉਸ ਤੋਂ ਬਾਅਦ ਹੱਸ ਪੈਣਗੇ, ਕਿੰਨੀਆਂ ਹੀ ਝਿੜਕਾਂ ਮਾਰੀ ਜਾਓ, ਕੁਛ ਕਹੀ ਜਾਓ, ਇਕ ਦੂਜੇ ਨੂੰ ਕਹਿਣਗੇ ਕਿੰਨੇ ਨੰਬਰ ਦਾ ਰਿਕਾਰਡ ਲੱਗਿਆ ਹੈ ਅਜ। ਕਿਹੜੀ ਟੇਪ ਲੱਗੀ ਸੀ। ਇਹਦਾ ਮਤਲਬ ਕੀ ਹੈ ਕਿ ਇਨ੍ਹਾਂ ਦੇ ਕੰਨਾਂ ਦੇ ਅੰਦਰ ਸੂਤਕ ਪਿਆ ਹੋਇਆ ਹੈ, ਉਹ ਅੱਗੇ ਨਹੀਂ ਗੱਲ ਜਾਣ ਦਿੰਦਾ। ਉਹ ਇਸ ਗੱਲ ਨੂੰ ਕਿੰਨਾ ਹੀ ਸਮਝਾ ਲਵੇ ਇਹੀ ਕਹਿਣਗੇ ਕਿ ਟੇਪ ਲੱਗ ਗਈ ਅੱਜ ਫਲਾਣੀ। ਬੜਾ ਮੁਸ਼ਕਲ ਹੈ ਬੱਚਿਆਂ ਨਾਲ deal ਕਰਨਾ। ਬੱਚੇ ਕੇਸ ਕਟਾ ਦਿੰਦੇ ਨੇ, ਮਾਂ-ਬਾਪ ਕਲਪਦੇ ਫਿਰਦੇ ਨੇ। ਗਿਆਨ ਹੁੰਦਾ ਨਹੀਂ ਅੰਦਰ, ਕਈ ਮਾਵਾਂ ਖੁਦ ਹੀ ਕੱਟ ਦਿੰਦੀਆਂ ਨੇ। ਪਤਾ ਨਹੀਂ ਬੱਚੇ ਸੋਹਣੇ ਲਗਦੇ ਨੇ। ਬਾਅਦ ਵਿਚ ਉਹ ਖੁਲ੍ਹ ਜਾਂਦਾ ਹੈ self disicipline ਵਿਚੋਂ ਬੱਚਾ ਨਿਕਲ ਜਾਂਦਾ ਹੈ, ਫੇਰ ਬਹੁਤ ਵੱਡੀ problem ਬਣ ਜਾਂਦਾ ਹੈ, ਸੰਸਾਰ ਨੂੰ ਵੀ ਤੇ ਆਪਣੇ ਪਰਿਵਾਰ ਨੂੰ ਵੀ। ਏਸੇ ਤਰ੍ਹਾਂ ਦੇ

ਨਾਲ ਅਸੀਂ ਇਕੱਠੇ ਹੁੰਦੇ ਹਾਂ, ਗੁਰੂ ਮਹਾਰਾਜ ਰੋਜ਼ ਇਕ ਗੱਲ ਕਹਿੰਦੇ ਨੇ ਹਰ ਰੋਜ਼ ਇਕ ਗੱਲ ਕਹਿੰਦੇ ਨੇ, ਉਹ ਗੱਲ ਹੈ ਕਿ -

***ਭਈ ਪਰਾਪਤਿ ਮਾਨੁਖ ਦੇਹੁਰੀਆ ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥***
***ਅੰਗ - ੧੨***

ਅਸੀਂ ਕਦੇ ਵੀ serious thought ਨਹੀਂ ਇਸ ਗੱਲ ਨੂੰ ਦੇਂਦੇ। ਕਦੇ ਵੀ ਧਿਆਨ ਨਹੀਂ ਆਉਂਦਾ ਕਿ ਮਹਾਰਾਜ ਇਹ ਗੱਲ ਕਹਿੰਦੇ ਨੇ ਕਿ ਤੇਰੀ ਵਾਰੀ ਆ ਗਈ। ਦਿਨ ਲੰਘਦੇ ਤੁਰੇ ਜਾ ਰਹੇ ਨੇ। ਨਿਤਨੇਮ ਰੋਜ਼ ਕਰਦੇ ਜਾ ਰਹੇ ਨੇ, ਮਹਾਤਮਾ ਦੱਸਦੇ ਨੇ ਕਿ ਭਾਈ, ਸਤਿਸੰਗਤ ਕਰ, ਜਿਹੜੇ ਸਤਿ ਨਾਲ ਜੁੜੇ ਹੋਏ ਨੇ, ਉਨ੍ਹਾਂ ਦੇ ਬਚਨ ਸਰਵਣ ਕਰ। ਉਹ ਕੀ ਕਰਨਗੇ, ਤੈਨੂੰ ਐਸੇ ਜਨਮ ਦੇ ਅੰਦਰ ਜੰਮਣਾ-ਮਰਣਾ ਖਤਮ ਕਰਾ ਦੇਣਗੇ। ਐਸੇ ਜਨਮ ਦੇ ਅੰਦਰ ਪ੍ਰਮੇਸ਼ਰ ਦੇ ਨਾਲ ਮਿਲਾ ਦੇਣਗੇ। ਲੇਕਿਨ ਹੁੰਦਾ ਕੀ ਹੈ ਜਿੰਨਾ ਜ਼ਿਆਦਾ ਕਹੀ ਜਾਓ ਓਨਾਂ ਜ਼ਿਆਦਾ ਅਸਰ ਘਟਦਾ ਜਾਂਦਾ ਹੈ। ਮਹਾਂਪੁਰਸ਼ਾਂ ਨੇ ਏਸ ਗੱਲ ਨੂੰ ਬਹੁਤ ਵਿਚਾਰਿਆ ਕਿ ਇਹ ਗੱਲ ਕੀ ਹੈ, ਐਨੇ ਉਪਦੇਸ਼ ਦਿੰਦੇ ਨੇ ਸਤਿ ਸਾਸ਼ਤਰ, ਵੇਦ ਦਿੰਦੇ ਨੇ, ਉਪਨਿਸ਼ਦਾਂ ਦਿੰਦੀਆਂ ਨੇ, ਗੀਤਾ ਦੱਸ ਰਹੀ ਹੈ, ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸਾਰਾ ਸਮਝਾ ਰਹੀ ਹੈ, ਕੁਰਾਨ ਸ਼ਰੀਫ ਦੇ ਅੰਦਰ ਸੱਚ ਦਾ ਪ੍ਰਚਾਰ ਹੈ। ਬਾਈਬਲ ਹੈ, ਤੌਰੇਤ ਹੈ, ਅੰਜੀਲ ਹੈ, ਜੰਬੂਰ ਹੈ ਬੇਅੰਤ ਗ੍ਰੰਥ ਨੇ। ਪਰ ਆਦਮੀ ਦੇ ਮਨ ਦੇ ਉਤੇ ਅਸਰ ਕਿਉਂ ਨਹੀਂ ਹੁੰਦਾ ਤੇ ਉਨ੍ਹਾਂ ਨੇ ਅੱਡ-ਅੱਡ ਨਤੀਜੇ ਕੱਢੇ ਨੇ ਕਿ ਏਸ ਬੰਦੇ ਦਾ ਜੋ ਉਲ੍ਹਾਰ ਹੈ ਉਹ ਮਾਇਆ ਵਲ ਨੂੰ ਹੈ। ਬਾਬਾ ਫਰੀਦ ਜੀ ਏਸ ਨੂੰ ਸੈਤਾਨ ਕਹਿੰਦੇ ਨੇ, ਮਹਾਤਮਾ ਏਸ ਨੂੰ ਮਾਰ ਦੇਵਤਾ ਕਹਿੰਦੇ ਨੇ। ਸਾਰਿਆਂ ਦੇ ਕੋਈ ਨਾ ਕੋਈ ਆਪਣੇ-ਆਪਣੇ ਰੱਖੇ ਹੋਏ ਨੇ ਕਿ ਐਡੇ ਸਤਿ ਉਪਦੇਸ਼ ਕੀਮਤੀ ਗੱਲਾਂ ਸੁਣ ਕੇ ਫੇਰ ਮਨ ਵਿਚ ਚਾਓ ਕਿਉਂ ਨਹੀਂ ਜਾਗਦਾ, ਲਗਨ ਕਿਉਂ ਨਹੀਂ ਲਗਦੀ।

ਗੁਰੂ ਨਾਨਕ ਪਾਤਸ਼ਾਹ ਨੂੰ ਪੁੱਛਿਆ। ਮਹਾਰਾਜ ਕਹਿੰਦੇ ਅੱਗੇ ਵੀ ਪੁੱਛਿਆ ਤੂੰ? ਕਹਿੰਦੇ ਹਾਂ ਜੀ। ਮੇਰਾ ਮਨ ਨਹੀਂ ਮੰਨਦਾ। ਕਹਿੰਦੇ ਤੈਨੂੰ ਪ੍ਰੈਕਟੀਕਲ ਦੱਸ ਦਿੰਦੇ ਹਾਂ।

ਕੱਲ੍ਹ ਨੂੰ ਸਵੇਰੇ ਚੜ੍ਹਦੇ ਵਲ ਦੇ ਟੋਭੇ ਤੇ ਜਾਈਂ, ਉਥੇ ਤੈਨੂੰ ਦੱਸਣ ਵਾਲੇ ਆਉਣਗੇ। ਦਰਖਤ ਦੇ ਥੱਲੇ ਖੜ੍ਹ ਗਿਆ ਜਾ ਕੇ, ਪਹੁ ਫੁਟਾਲਾ ਮੁੱਕ ਗਿਆ, ਸੂਰਜ ਚੜ੍ਹ ਗਿਆ। ਵਾਪਸ ਆ ਗਿਆ।

ਕਹਿਣ ਲੱਗਿਆ, ਮਹਾਰਾਜ! ਉਥੇ ਤਾਂ ਕੋਈ ਨਹੀਂ ਆਇਆ?

ਮਹਾਰਾਜ ਜੀ ਨੇ ਕਿਹਾ, ਕਿ ਕੁਛ ਤਾਂ ਦੇਖਿਆ ਹੋਣਾ?

ਕਹਿੰਦਾ, ਇਕ ਕਾਵਾਂ ਦਾ ਜੋੜਾ ਸਾਮ੍ਹਣੇ ਦਰੱਖਤ ਦੇ ਟਾਹਣੇ ਤੇ ਬੈਠਾ ਕਾਂ-ਕਾਂ ਕਰਦਾ ਸੀ।

ਕਹਿੰਦੇ, ਫੇਰ ਜਾਈਂ, ਕੱਲ੍ਹ।

ਵਾਪਸ ਆ ਗਿਆ, ਕਹਿਣ ਲੱਗਿਆ, ਮਹਾਰਾਜ! ਅੱਜ ਵੀ ਕੁਛ ਨਹੀਂ ਦਿਸਿਆ। ਕਹਿੰਦੇ, ਕੁਛ ਤਾਂ ਦਿਸਿਆ ਹੋਣਾ, ਕੋਈ ਪੰਛੀ। ਕਹਿੰਦੇ, ਹਾਂ ਮਹਾਰਾਜ! ਜਿਥੇ ਕੱਲ੍ਹ ਕਾਵਾਂ ਦਾ ਜੋੜਾ ਸੀ ਅੱਜ ਬਗਲਿਆਂ ਦਾ ਜੋੜਾ ਸੀ।

ਕਹਿੰਦੇ, ਫੇਰ ਜਾਹ ਕੱਲ੍ਹ ਨੂੰ।

ਵਾਪਸ ਆਇਆ, ਕਹਿੰਦਾ, ਮਹਾਰਾਜ! ਜਿਥੇ ਬਗਲਿਆਂ ਦਾ ਜੋੜਾ ਸੀ ਉਥੇ ਅੱਜ ਹੰਸਾ ਦਾ ਜੋੜਾ ਬੈਠਾ ਸੀ।

ਕਿਹਾ, ਕੱਲ੍ਹ ਨੂੰ ਫੇਰ ਜਾਹ।

ਉਥੇ ਜਾ ਕੇ ਕੀ ਦੇਖਦਾ ਹੈ ਦੋ ਦਿਬਯ ਸਰੀਰ ਪ੍ਰਕਾਸ਼ ਵਾਲੇ ਇਹਦੇ ਚਰਨਾਂ ਤੇ ਬਾਰ-ਬਾਰ ਨਮਸ਼ਕਾਰਾਂ ਕਰੀ ਜਾਂਦੇ ਨੇ। ਕਹਿਣ ਲੱਗਿਆ, ਤੁਸੀਂ ਆ ਗਏ ਮੈਨੂੰ ਦੱਸਣ ਵਾਲੇ?

ਕਹਿੰਦੇ, ਹਾਂ।

ਕੀ ਫਲ ਹੈ ਸਤਿਸੰਗ ਦਾ? ਮਹਾਂਪੁਰਸ਼ਾਂ ਦੇ ਦਰਸ਼ਨ ਦਾ ਕੀ ਫਲ ਹੈ?

ਕਹਿਣ ਲੱਗੇ ਅਸੀਂ ਤਾਂ ਨਹੀਂ ਕਰਿਆ ਦਰਸ਼ਨ। ਅਸੀਂ ਮਹਾਂਪੁਰਸ਼ਾਂ ਦੀ ਸੰਗਤ ਨਹੀਂ ਕੀਤੀ। ਸਤਿਸੰਗ ਸੁਣਿਆ ਨਹੀਂ ਹੈ। ਪਰ ਤੂੰ ਕਰਿਆ ਹੈ। ਤੇਰੇ ਦਰਸ਼ਨਾਂ ਦੇ ਵਿਚ ਐਨੀ ਜ਼ਬਰਦਸਤ ਸ਼ਕਤੀ ਪੈਦਾ ਹੋ ਗਈ ਕਿ ਪਹਿਲਾਂ ਅਸੀਂ ਕਾਉਂ ਸੀ, ਦੂਸਰੇ ਦਿਨ ਅਸੀਂ ਬਗਲੇ, ਤੀਸਰੇ ਦਿਨ ਹੰਸ, ਅੱਜ ਅਸੀਂ ਦੇਵ ਦੇਹਾਂ ਪ੍ਰਾਪਤ ਕਰਕੇ ਬੈਕੁੰਠ ਧਾਮ ਨੂੰ ਜਾ ਰਹੇ ਹਾਂ।

ਬੜਾ ਖੁਸ਼ ਹੋਇਆ, ਆ ਕੇ ਮਹਾਰਾਜ ਜੀ ਨੂੰ ਦੱਸਿਆ। ਮਹਾਰਾਜ ਕਹਿੰਦੇ, ਪਿਆਰਿਆ! ਪਹਿਲਾਂ ਜਿਹੜਾ ਜੀਵ ਹੁੰਦਾ ਹੈ ਇਹਦੇ ਮਨ ਵਿਚ ਕਾਲਸ ਹੁੰਦੀ ਹੈ, ਜਿਵੇਂ ਕਾਉਂ ਹੁੰਦਾ ਹੈ, ਕਾਉਂ ਗੰਦ ਮੰਦ ਖਾਂਦਾ ਹੈ। ਇਹ ਵੀ ਨਿੰਦਿਆ, ਚੁਗਲੀ, ਈਰਖਾ, ਵਖੀਲੀ, ਰਿਸ਼ਵਤਾਂ ਧੋਖੇ ਝੂਠ ਬੋਲਦਾ ਹੈ। ਅਨੇਕਾਂ ਮਾੜੇ ਕੰਮ ਕਰਦਾ ਹੈ, ਕਾਉਂ ਵਾਲੀ ਖੁਰਾਕ ਹੈ ਇਸਦੀ। ਪਰ ਜਦੋਂ ਸਤਿਸੰਗ 'ਚ ਜਾਂਦਾ ਹੈ, ਉਥੇ ਚੋਟ ਲਗਦੀ ਹੈ। ਤਬਦੀਲੀ ਆਉਂਦੀ ਹੈ ਤੇ ਹੌਲੀ-ਹੌਲੀ ਬਾਹਰੋਂ

ਚਟਿਆਈ ਆ ਜਾਂਦੀ ਹੈ ਲੇਕਿਨ ਅੰਦਰਲਾ ਸੁਭਾਅ ਨਹੀਂ ਬਦਲਦਾ, ਹੋਰ ਸਤਿਸੰਗ ਕਰਦਾ ਹੈ ਤਾਂ ਅੰਦਰਲਾ ਸੁਭਾਅ ਵੀ ਬਦਲ ਜਾਂਦਾ ਹੈ ਤੇ ਹੰਸ ਵਾਂਗੂੰ ਤੱਤ ਵਿਵੇਚਨ ਮਿਥਿਆ ਤੇ ਸਤਿ ਨੂੰ ਪਛਾਨਣ ਦੀ ਸ਼ਕਤੀ ਹੋ ਜਾਂਦੀ ਹੈ। ਜਦੋਂ ਹੋਰ ਸਤਿਸੰਗ ਕਰਦਾ ਹੈ ਉਸ ਵੇਲੇ ਦੇਵ ਦੇਹੀ ਪ੍ਰਾਪਤ ਹੋ ਜਾਂਦੀ ਹੈ। ਸੋ ਦੁਨੀਆਂ ਦੇ ਅੰਦਰ ਜੇ ਕੋਈ ਕੀਮਤੀ ਚੀਜ਼ ਹੈ, ਜਿਹਦਾ ਮੁੱਲ ਨਹੀਂ ਪਾਇਆ ਜਾ ਸਕਦਾ ਕਹਿੰਦੇ, ਉਹ ਸਤਿਸੰਗ ਹੈ।

ਮਹਾਰਾਜ! ਫੇਰ ਸਾਰੇ ਲੋਕ ਸਤਿਸੰਗ ਕਿਉਂ ਨਹੀਂ ਕਰਦੇ? ਸਾਰੇ ਲੋਕ ਭਜਨ ਪਾਠ ਕਿਉਂ ਨਹੀਂ ਕਰਦੇ। ਮਹਾਰਾਜ ਕਹਿੰਦੇ, ਪ੍ਰੇਮੀਆ! ਇਹ ਅਤਿ ਦੁਰਲੱਭ ਚੀਜ਼ ਹੈ ਸਤਿਸੰਗ। ਸਾਰੇ ਕਰਮਾਂ ਤੋਂ ਸ਼੍ਰੋਮਣੀ ਕਰਮ ਹੈ।

*ਹਰਿ ਕੀਰਤਿ ਸਾਧਸੰਗਤਿ ਹੈ*
*ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥ ਅੰਗ - ੬੪੨*

ਜਿਹਦੇ ਮੱਥੇ ਵਿਚ ਲੇਖ ਲਿਖੇ ਜਾਣ, ਪੁੰਨ ਕਰਮ ਬਣ ਜਾਣ। ਉਹ ਪੁੰਨ ਕਰਮ ਪ੍ਰੇਰਦੇ ਨੇ ਕਿ ਸਤਿਸੰਗ 'ਚ ਚੱਲ। ਹੋਰ ਵੱਧ ਕੇ ਬਣ ਜਾਣ, ਸੰਤਾਂ ਦੇ ਦਰਸ਼ਨ ਦੇ ਨਾਲ ਬਣ ਜਾਣ। ਗੁਰੂ ਦੀਆਂ ਸੰਗਤਾਂ ਦੀ ਧੂੜ ਪੈ ਜਾਵੇ ਉਤੇ, ਉਹਦੇ ਨਾਲ ਬਣ ਜਾਣ। ਕਹਿੰਦੇ, ਫੇਰ ਇਹ ਭਜਨ ਕਰਨਾ ਸ਼ੁਰੂ ਕਰ ਦਿੰਦਾ ਹੈ, ਗੁਰੂ ਵਾਲਾ ਬਣ ਜਾਂਦਾ ਹੈ। ਹੌਲੀ-ਹੌਲੀ ਭਜਨ ਕਰਦੇ ਨੂੰ ਫੇਰ ਸੋਝੀ ਆਉਣੀ ਸ਼ੁਰੂ ਹੋ ਜਾਂਦੀ ਹੈ, ਅੰਦਰ ਪਿਆਰ ਜਾਗ ਪੈਂਦਾ ਹੈ। ਮਾੜੇ ਤੋਂ ਵੀ ਮਾੜਾ ਜਿਹੜਾ ਬੰਦਾ ਹੈ, ਸਾਧੂਆਂ ਦੀ ਸੰਗਤ ਕਰਕੇ ਉਹਦਾ ਵੀ ਉਧਾਰ ਹੋ ਜਾਂਦਾ ਹੈ। ਪਰ ਕਹਿੰਦੇ ਮਹਾਰਾਜ ਕਿ ਸਾਰੇ ਕਿਉਂ ਨਹੀਂ ਸੁਣਦੇ ਇਸ ਗੱਲ ਨੂੰ। ਕਹਿੰਦੇ, ਭਾਗਾਂ ਦੇ ਵਿਚ ਫਰਕ ਹੋਇਆ ਕਰਦਾ ਹੈ -

*ਧਾਰਨਾ - ਭਾਗ ਜਿਨ੍ਹਾਂ ਦੇ ਮੰਦੇ*
*ਦਿਤੀਆਂ ਬਾਗਾਂ ਤੋਂ ਨਾ ਜਾਗਦੇ।*

*ਫਰੀਦਾ ਕੂਕੇਂਦਿਆ ਚਾਂਗੇਦਿਆ ਮਤੀ ਦੇਂਦਿਆ ਨਿਤ॥*
*ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥*
*ਅੰਗ - ੧੩੭੮*

ਜਿਸ ਦੇ ਉਤੇ ਮਾਇਆ ਹਾਵੀ ਹੋ ਗਈ, ਜਿਸਦੇ ਭਾਗ ਮੰਦੇ ਨੇ ਉਹਨੂੰ ਜਾਗ ਨਹੀਂ ਆਉਂਦੀ। ਇਸਲਾਮ ਦੇ ਵਿਚ ਜੋ ਇਸ਼ਾ ਦੀ ਨਮਾਜ਼ ਫਜ਼ਰ ਦੀ ਸੁਣਨ ਵਾਸਤੇ ਗਏ। ਉਹ ਨਮਾਜ਼ ਪੜ੍ਹਨ ਵਾਸਤੇ ਸੁੱਤਿਆਂ ਨੂੰ ਜਗਾਉਣ ਵਾਸਤੇ ਜੋ ਹੁੱਲਾ ਹੁੰਦਾ ਹੈ, ਉਹ ਮਸਜਿਦ ਦੇ ਮੁਨਾਰੇ ਤੇ ਚੜ੍ਹ ਜਾਂਦਾ ਹੈ, ਉਥੇ ਪੌੜੀਆਂ ਛੋਟੀਆਂ ਜਿਹੀਆਂ ਹੁੰਦੀਆਂ ਨੇ, ਸਿਖਰ ਚੜ੍ਹ ਜਾਂਦਾ ਹੈ। ਉਹ ਮੁਨਾਰੇ ਦਾ ਜਿਹੜਾ ਬੁਰਜ਼ ਹੈ ਉਹਦੇ ਚਾਰੇ ਪਾਸੇ ਦਰਵਾਜ਼ੇ ਰੱਖੇ ਹੁੰਦੇ ਨੇ ਛੋਟੇ-ਛੋਟੇ। ਉਹ ਬੋਲਦਾ ਹੈ ਪੂਰੇ ਜ਼ੋਰ ਨਾਲ। ਕੰਨਾਂ ਤੇ ਹੱਥ ਰੱਖ ਕੇ। ਆਵਾਜ਼ ਦਿੰਦਾ ਹੈ, ਅਲਾਹ-ਹੂ-ਅਕਬਰ। ਵਾਹਿਗੁਰੂ ਸਭ ਤੋਂ ਵੱਡਾ ਹੈ, ਵਾਹਿਗੁਰੂ ਸਭ ਤੋਂ ਵੱਡਾ ਹੈ। ਗੂੰਜ ਪੈਂਦੀ ਹੈ ਉਹਦੀ ਆਵਾਜ਼ ਦੀ। ਉਹ ਆਵਾਜ਼ ਦੇ ਕੇ ਜਗਾਉਂਦਾ ਹੈ ਕਿ ਨਮਾਜ਼ ਦਾ ਸਮਾਂ ਹੋ ਗਿਆ। ਉਠੋ ਹੁਣ ਨਮਾਜ਼ ਪੜ੍ਹੋ। ਨਮਾਜ਼ ਦਾ ਸਮਾਂ ਹੋ ਗਿਆ। ਉਦਮ ਕਰੋ ਤੇ ਫੇਰ ਨਮਾਜ਼ ਵਿਚ ਸਾਵਧਾਨ ਹੋਵੋ। ਪਰ ਕਹਿੰਦੇ ਹੁੰਦਾ ਕੀ ਹੈ, ਐਨੀਆਂ ਆਵਾਜ਼ਾਂ ਦੇਣ ਦੇ ਬਾਵਜੂਦ ਵੀ ਉਸਨੂੰ ਜਾਗ ਨਹੀਂ ਆਉਂਦੀ। ਜੇ ਆਉਂਦੀ ਹੈ ਤਾਂ ਕਹਿੰਦਾ ਹੈ ਚਲ ਹੁਣ ਹੋਰ ਪੈ ਲੈਂਦੇ ਹਾਂ। ਪ੍ਰਣ ਤਾਂ ਉਸ ਤੋਂ ਲਿਆ ਸੀ ਕਿ ਨਮਾਜ਼ ਪੜ੍ਹਨੀ ਹੈ, ਲੇਕਿਨ ਜਾਗ ਹੀ ਨਹੀਂ ਆਉਂਦੀ। ਕਿੰਨੇ ਮਾੜੇ ਕਰਮ ਨੇ ਇਸਦੇ, ਬਾਗਾਂ ਦੇਣ ਤੋਂ ਬਾਅਦ ਵੀ ਨਹੀਂ ਜਾਗਦਾ। ਇਥੇ ਗੁਰੂ ਮਹਾਰਾਜ ਬਾਰ-ਬਾਰ ਸਮਝਾਉਂਦੇ ਨੇ ਕਿ ਪਿਆਰਿਆ! -

*ਹਰਿ ਕੀਰਤਿ ਸਾਧਸੰਗਤਿ ਹੈ*
*ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥ ਅੰਗ - ੬੪੨*

ਸਤਿਸੰਗ ਦੇ ਵਿਚ ਆ, ਕਾਉਂ ਤੋਂ ਦੇਵਤਾ ਬਣ ਜਾਏਂਗਾ। ਤੇਰਾ ਜਨਮ ਮਰਨ ਦਾ ਚੱਕਰ ਕੱਟਿਆ ਜਾਏਗਾ, ਇਹ ਜਿਹੜੇ ਚੱਕਰ ਕੱਟਦਾ ਹੈਂ ਚੁਰਾਸੀ ਦੇ ਵਿਚ ਆਉਂਦਾ ਹੈਂ, ਮੁੜ ਕੇ ਫੇਰ ਗਿਰ ਜਾਂਦਾ ਹੈ -

*ਇਸੁ ਪਉੜੀ ਤੇ ਜੋ ਨਰੁ ਚੂਕੈ*
*ਸੋ ਆਇ ਜਾਇ ਦੁਖੁ ਪਾਇਦਾ ॥*
*ਅੰਗ - ੧੦੭੫*

ਹੁਣ ਛੁਟਕਾਰਾ ਕਰਾ ਲੈ ਜੇ ਹੁੰਦਾ ਹੈ। ਬੜੀ ਮੁਸ਼ਕਲ ਗੱਲ ਹੈ, ਪਹਿਲਾਂ ਤਾਂ ਇਹ ਗੱਲ ਦਿਲ ਦੇ ਵਿਚ ਨਹੀਂ ਬੈਠਦੀ। ਓਡਾ ਥਾਉਂ ਨਹੀਂ ਲੈਂਦੀ ਜਿੱਡੀ ਇਸ ਦੀ ਮਹੱਤਤਾ ਹੈ। ਇਹਨੂੰ ਸੁਣੇ ਨੂੰ ਅਣਸੁਣਿਆ ਕਰ ਦਿੰਦੇ ਹਾਂ ਅਸੀਂ। ਕੋਈ ਹੌਲ ਨਹੀਂ ਪੈਂਦਾ, ਕੋਈ ਇਰਾਦਾ ਨਹੀਂ ਬਣਦਾ, ਗੱਲ ਰੋਜ਼ ਦੀ ਰੋਜ਼ ਉਵੇਂ ਹੀ ਆਉਂਦੀ ਹੈ, ਇਹਨੂੰ immune ਕਹਿੰਦੇ ਨੇ ਅੰਗ੍ਰੇਜ਼ੀ 'ਚ। ਜਿਵੇਂ ਪਹਿਲਾਂ-ਪਹਿਲਾਂ ਡੀ.ਡੀ.ਟੀ ਬਣ ਕੇ ਆਈ, ਮੱਛਰ ਮਰ ਜਾਂਦੇ ਸੀ, ਪਰ ਜਿਹੜੇ ਮੱਛਰ ਡੀ.ਡੀ.ਟੀ ਦੇ ਵਿਚ ਹੀ ਪੈਦਾ ਹੋਏ ਉਨ੍ਹਾਂ ਤੇ ਅਸਰ ਕਰਨ ਤੋਂ ਹਟ ਗਈ ਦਵਾਈ। ਉਹ immune ਹੋ ਗਏ, ਬਾਰ-ਬਾਰ ਉਪਦੇਸ਼ ਸੁਣਦੇ-ਸੁਣਦੇ immune ਹੋ ਜਾਂਦੇ ਨੇ। ਸਿਆਣਿਆਂ ਦਾ ਇਹ ਮੱਤ ਹੈ -

Nearer the church farther from

God.

ਆਦਮੀ ਜਿੰਨਾ ਆਪਣੇ ਧਰਮ ਗ੍ਰੰਥ ਦੇ ਨੇੜੇ ਰਹਿੰਦਾ ਹੈ, ਧਰਮਸਾਲਾ ਦੇ ਨੇੜੇ ਰਹਿੰਦੇ ਹੈ, ਗੁਰਦੁਆਰੇ ਦੇ ਨੇੜੇ ਰਹਿੰਦਾ ਹੈ, ਵਿਚ ਰਹਿੰਦਾ ਹੈ ਉਹ ਰੱਬ ਤੋਂ ਦੂਰ ਹੁੰਦਾ ਤੁਰਿਆ ਜਾਂਦਾ ਹੈ, ਕਿਉਂਕਿ ਅੰਦਰ ਸ਼ਰਧਾ ਨਹੀਂ, ਬੇਅਦਬੀ ਕਰਦਾ ਹੈ। ਚਾਹੇ ਮਹਾਤਮਾ ਹੈ ਚਾਹੇ ਗੁਰੂ ਨੇ, ਉਹ proper care ਦੇਣੀ ਪੈਂਦੀ ਹੈ। ਜੇ ਮਹਾਤਮਾ ਕੋਲ ਰਹਿਣ ਲਗ ਜਾਵੇ, ਉਹ ਦੂਰ ਰਹਿਣ ਲੱਗ ਜਾਏਗਾ, ਨਮਸ਼ਕਾਰ ਕਰਨ ਤੋਂ। ਐਵੇਂ ਹੱਥ ਜਿਹੇ ਜੋੜ ਕੇ ਪਰ੍ਹੇ ਕਰ ਲਏਗਾ। ਸ਼ਰਧਾ ਘਟ ਜਾਂਦੀ ਹੈ। ਉਹ ਬੇਅਦਬੀ ਹੁੰਦੀ ਹੈ। ਬੇਅਦਬੀ ਦਾ ਦੋਸ਼ ਲਗ ਕੇ ਉਹਦੇ ਅੰਦਰੋਂ ਰੂਹਾਨੀਅਤ ਖਤਮ ਹੋ ਜਾਇਆ ਕਰਦੀ ਹੈ। ਇਸੇ ਕਰਕੇ ਐਸੀਆਂ ਗੱਲਾਂ ਪ੍ਰਚਲਤ ਹੋ ਗਈਆਂ ਕਿ ਇਹ ਚੁਟਕੀ ਪਾਠ ਕਰ ਰਿਹਾ ਹੈ ਜੀ, ਇਹ ਥੱਬਾ ਪਾਠ ਕਰ ਰਿਹਾ ਹੈ, ਇਹ ਵਿਚਾਲੇ ਹੀ ਪਾਠ ਛੱਡ ਕੇ ਕਹਿ ਦਿੰਦਾ ਹੈ ਕਿ ਜੀ ਹੋ ਗਿਆ ਹੈ ਪਾਠ। ਅਰਦਾਸ ਕਰ ਦਿੰਦਾ ਹੈ, ਹੁਕਮਨਾਮਾ ਪਹਿਲਾਂ ਹੀ ਦੇਖ ਕੇ ਰੱਖ ਲੈਂਦਾ ਹੈ ਕਿ ਘਰਵਾਲੇ ਕਿਹੜੇ ਹੁਕਮਨਾਮੇ ਨਾਲ ਖੁਸ਼ ਹੋਣਗੇ। ਜੇ ਭਲਾ ਪਤਰੇ ਉਲੱਦਿਆਂ ਤੇ ਨਾ ਹੀ ਨਿਕਲਿਆ ਤਾਂ ਜ਼ੁਬਾਨੀ ਹੀ ਯਾਦ ਹੁੰਦਾ ਹੈ। ਜ਼ੁਬਾਨੀ ਹੀ ਪੜ੍ਹ ਦਿੰਦਾ ਹੈ।

ਇਕ ਮੈਨੂੰ ਦਿੱਲੀ ਦੇ ਪ੍ਰੇਮੀ ਮਿਲੇ ਕਹਿਣ ਲੱਗੇ ਕਿ ਫਲਾਣਾ ਬੰਦਾ ਜਿਹੜਾ ਹੈ ਤੁਹਾਡਾ ਉਹ ਹੁਕਮਨਾਮਾ ਬਹੁਤ ਵਧੀਆ ਲੈਂਦਾ ਹੈ। ਮੈਂ ਕਿਹਾ ਉਹਦੇ ਪੰਨੇ ਯਾਦ ਨੇ ਕਿ ਐਨੇ ਪੰਨੇ ਤੇ ਆਹ ਹੈ। ਕਹਿੰਦੇ, ਨਹੀਂ ਉਹ ਕਈ ਵਾਰੀ ਦੇਖਦਾ ਹੀ ਨਹੀਂ ਹੈ ਉਹਦੇ ਜ਼ੁਬਾਨੀ ਹੀ ਯਾਦ ਹੁੰਦਾ ਹੈ। ਐਹੀਆਂ ਜਿਹੀਆਂ ਗੱਲਾਂ ਆ ਜਾਂਦੀਆਂ ਨੇ, immune ਹੋਣ ਤੋਂ ਬਾਅਦ। ਇਕ ਲਗਨ ਹੁੰਦੀ ਹੈ, ਲਗਨ ਵਾਲਾ ਬੰਦਾ ਅੱਗੇ ਵਧਦਾ ਤੁਰਿਆ ਜਾਂਦਾ ਹੈ। ਸੋ ਇਹ ਬਾਰ-ਬਾਰ ਇਸ ਬਾਰੇ ਬੇਨਤੀ ਕੀਤੀ ਜਾਂਦੀ ਹੈ ਕਿ ਪਿਆਰਿਆ! ਸਤਿਸੰਗ ਵਰਗੀ ਦੁਨੀਆਂ 'ਚ ਕੋਈ ਚੀਜ਼ ਨਹੀਂ ਹੈ। ਇਹ ਭਾਗ ਤੋਂ ਬਗੈਰ ਨਹੀਂ ਮਿਲਦਾ।

***ਬਿਨੁ ਭਾਗਾ ਸਤਸੰਗੁ ਨ ਲਭੈ***
***ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥ ਅੰਗ - ੯੫***

ਜੇ ਸੰਗਤ ਨਾ ਮਿਲੇ ਤਾਂ ਮਨ ਮੈਲਾ ਹੋ ਜਾਂਦਾ ਹੈ। ਮਨ ਮੈਲਾ ਹੋ ਕੇ ਕੀ ਕਰਦਾ ਹੈ, ਰੱਬ ਵਲੋਂ ਹਟਣਾ ਸ਼ੁਰੂ ਹੋ ਜਾਂਦਾ ਹੈ। ਵਿਸ਼ੇ-ਵਿਕਾਰਾਂ 'ਚ ਪ੍ਰਵਿਰਤ ਹੋ ਜਾਂਦਾ ਹੈ। ਉਹ ਚਾਉ ਤੇ ਜਿਹੜਾ ਖਿੱਚ ਸੀ ਉਹ ਖਤਮ ਹੋ ਜਾਂਦੀ ਹੈ। ਉਹ ਰੁਟੀਨ ਜਿਹਾ ਬਣਾ ਲੈਂਦਾ ਹੈ। ਬੜਾ ਖਤਰਨਾਕ ਕੰਮ ਹੈ ਰੂਹਾਨੀ ਮਾਰਗ ਦੇ ਅੰਦਰ। ਜਦੋਂ ਅੰਦਰੋਂ ਖਿੱਚ ਘਟ ਜਾਵੇ, ਤਾਂ ਸਮਝ ਲਓ ਕਿ ਤਰੱਕੀ ਰੁੱਕ ਗਈ। ਮਹਾਰਾਜ ਕਹਿੰਦੇ, ਐਉਂ ਨਹੀਂ ਹੋਣਾ ਚਾਹੀਦਾ-

***ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ ॥***
***ਅੰਗ - ੧੦੯੬***

ਪੈਰ ਅੱਗੇ ਨੂੰ ਤਾਂ ਪੁੱਟ, ਪਿੱਛੇ ਨੂੰ ਨਾ ਝਾਕ। ਸੋ ਇਸ ਕਰਕੇ ਜੋ ਸੰਗਤ ਹੈ ਉਸਦੀ ਮਹਿਮਾ ਦੱਸਦੇ ਹੋਏ ਐਸਾ ਫੁਰਮਾਨ ਕਰਦੇ ਨੇ -

***ਧਾਰਨਾ - ਸੁਣਿਓ ਮੇਰੇ ਮੀਤਾ***
***ਮਹਿਮਾ ਸਾਧੂਆਂ ਦੇ ਸੰਗ ਦੀ।***

***ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ ॥***
***ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ ॥***
***ਅੰਗ - ੮੦੯***

ਸਾਧੂਆਂ ਦੀ ਸੰਗਤ ਦੀ ਮਹਿਮਾ, ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਨੇ ਪਿੰਗੁਲਾ ਜਿਹੜਾ ਮਨ ਹੈ, ਜੀਵ ਹੈ, ਇਹ ਮਾਇਆ ਦਾ ਜਿਹੜਾ ਵੱਡਾ ਪਰਬਤ ਹੈ ਉਹਨੂੰ ਪਾਰ ਲੰਘ ਜਾਂਦਾ ਹੈ। ਮਹਾਂਮੂਰਖ ਜਿਹੜਾ ਬੰਦਾ ਹੈ ਉਹ ਚਤੁਰ ਹੋ ਜਾਂਦਾ ਹੈ। ਅਗਿਆਨੀ ਬੰਦੇ ਵਿਵੇਕ ਵਾਲੇ ਨੂੰ, ਵਿਵੇਕ ਦੀ ਸੋਝੀ ਹੋ ਜਾਂਦੀ ਹੈ। ਜਿਸ ਵਕਤ ਗੁਰੂ ਨੂੰ ਮਿਲਦਾ ਹੈ, ਉਹਦੇ ਬਚਨ ਸਰਵਣ ਕਰਦਾ ਹੈ। ਕਹਿੰਦੇ ਸੁਣੋ ਮਹਿਮਾ -

ਕਰੋੜਾਂ ਜਨਮਾਂ ਦੀ ਮੈਲ ਜਿਹੜੀ ਲੱਗੀ ਹੋਈ ਹੈ ਅੰਤਸ਼ਕਰਣ ਨੂੰ -

***ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ***
***ਕਾਲਾ ਹੋਆ ਸਿਆਹੁ ॥***
***ਖੰਨਲੀ ਧੋਤੀ ਉਜਲੀ ਨ ਹੋਵਈ***
***ਜੇ ਸਉ ਧੋਵਣਿ ਪਾਹੁ ॥ ਅੰਗ - ੬੫੧***

ਕੋਹਲੂ ਦੀ ਲੀਰ ਜਿਸ ਤਰ੍ਹਾਂ ਦੇ ਨਾਲ ਸਾਫ ਨਹੀਂ ਹੁੰਦੀ, ਸੋ 'ਧੋਵਣ ਪਾਹੁ' ਸੌ ਵਾਰੀ ਧੋ ਲੈ, ਐਹੋ ਜਿਹਾ ਜੋ ਮੈਲਾ ਹੋਇਆ ਹੋਇਆ ਹੈ ਅੰਤਸ਼ਕਰਣ ਮਨ। ਉਹਦੀ ਮੈਲ ਵੀ ਧੋ ਹੋ ਜਾਂਦੀ ਹੈ ਤੇ ਨਾਲ ਜਿਹੜੇ ਪਾਪ ਕਰੇ ਹੋਏ ਨੇ ਜ਼ਿੰਦਗੀ ਭਰ ਦੇ ਅੰਦਰ। ਪਿਛਲੇ ਜਨਮਾਂ ਦੇ ਜਮ੍ਹਾਂ ਪਏ ਨੇ ਸਾਡੇ। ਕਰਮ ਸਾਡੇ ਪਏ ਨੇ, ਸਾਧਸੰਗਤ ਜੀ, ਕੋਈ ਨਹੀਂ ਕਹਿ ਸਕਦਾ ਕਿ ਕਿਹੜੇ ਦੀ ਵਾਰੀ ਆ ਜਾਣੀ ਹੈ। ਆਪਾਂ ਜੋ ਕੁਛ ਕਰਦੇ ਹਾਂ ਕਿ ਮੈਂ ਕਰਦਾ ਹਾਂ। ਹਰ ਬੰਦੇ ਦੇ ਅੰਦਰ ਹੈ ਮੈਂ ਭਾਵ, ਕਹੇ ਚਾਹੇ ਨਾ ਕਹੇ। ਹਰ ਵਕਤ ਕਹਿੰਦਾ ਹੈ, ਕਰਮਾਂ ਨੂੰ Own ਕਰਦਾ ਹੈ। ਹੁਕਮ ਵਿਚ ਹੁਕਮ ਨਹੀਂ ਮੰਨਦਾ ਕਿ ਮੇਰੇ ਤੋਂ ਹੁਕਮ ਨੇ ਸਭ ਕੁਛ ਕਰਾ ਲਿਆ। ਵਾਹਿਗੁਰੂ ਦਾ ਹੁਕਮ ਸੀ ਮੈਂ ਸੇਵਾ ਕਰ ਲਈ। ਮੈਂ ਗੁਰਦੁਆਰੇ ਦੇ ਵਿਚ ਹੱਥੀਂ ਸਾਰਾ ਕੰਮ ਕਰਕੇ ਇਕ ਬਿਲਡਿੰਗ ਬਣਾ ਲਈ, ਪਰਿਵਾਰ ਦੇ ਵਿਚ ਮੈਂ ਆਹ-

ਆਹ ਕੰਮ ਕਰ ਲਏ। ਉਹਦਾ ਫਲ ਮਿਲਣਾ ਹੈ ਉਸਨੂੰ, ਬੰਨ੍ਹਿਆ ਗਿਆ ਜਦੋਂ ਕਹਿੰਦਾ ਹੈ ਮੈਂ ਕੀਤਾ। ਇਹ ਤਾਂ ਭਾਵਨਾ ਹਟਦੀ ਹੀ ਨਹੀਂ, ਜ਼ੋਰ ਲਾ ਲਓ ਜਿੰਨਾ ਲਗਦਾ ਹੈ। ਇਹਦਾ ਮਤਲਬ ਹੈ -

*ਜਬ ਇਹ ਜਾਨੈ ਮੈ ਕਿਛੁ ਕਰਤਾ ॥*
*ਤਬ ਲਗੁ ਗਰਭ ਜੋਨਿ ਮਹਿ ਫਿਰਤਾ ॥*

*ਅੰਗ - ੨੭੮*

ਗੱਲ ਸਮਝੋ ਧਿਆਨ ਦੇ ਨਾਲ। ਇਹ ਮੂੰਹ ਨਾਲ ਕਹਿ, ਨਾ ਕਹਿ। ਅੰਦਰ ਤਾਂ ਭਾਵਨਾ ਹੁੰਦੀ ਹੀ ਹੈ ਕਿ ਮੈਂ ਕੁੱਛ ਕਰਿਆ ਹੈ। ਜਿੱਡੀ ਵੱਡੀ ਭਾਵਨਾ ਹੈ ਜੇ ਉਹਦਾ ਨਤੀਜਾ ਸਹੀ ਨਾ ਮਿਲੇ ਤਾਂ ਓਡਾ ਹੀ ਉਹਦਾ ਦੁੱਖ ਹੋਇਆ ਕਰਦਾ ਹੈ। ਕਈ ਪ੍ਰੇਮੀ ਦੇਖੇ ਨੇ, ਗੁਰੂ ਘਰ ਦੀ ਸੇਵਾ ਕਰਕੇ ਗੁਰਦੁਆਰਾ ਬਣਾ ਲਿਆ, ਦੂਜੀ ਪਾਰਟੀ ਨੇ ਉਸ ਤੋਂ ਆ ਕੇ ਲੈ ਲਿਆ। ਉਹ ਬਿਮਾਰ ਹੋ ਜਾਏਗਾ, ਗੁਰਦੁਆਰੇ ਜਾਣ ਤੋਂ ਹਟ ਜਾਏਗਾ। ਕਿਉਂਕਿ ਉਹਦੇ ਅੰਦਰ ਇਹ ਭਾਵਨਾ ਪੈਦਾ ਨਹੀਂ ਸੀ ਹੋਈ ਕਿ ਇਹ ਤਾਂ ਗੁਰੂ ਸਾਹਿਬ ਮੇਰੇ ਤੋਂ ਕਰਾ ਰਹੇ ਨੇ। ਬੰਦਾ ਕੌਣ ਹੈ ਕਰਨ ਵਾਲਾ। ਕਿਉਂਕਿ ਬਾਣੀ ਧਿਆਨ ਨਾਲ ਨਹੀਂ ਪੜ੍ਹੀ ਜਾਂਦੀ। ਜੇ ਬਾਣੀ ਧਿਆਨ ਨਾਲ ਪੜ੍ਹੇ ਫੇਰ ਮੰਨਣੀ ਵੀ ਪੈਂਦੀ ਹੈ। ਜੇ ਮੰਨਦਾ ਨਹੀਂ ਫੇਰ ਫਲ ਨਹੀਂ ਹੁੰਦਾ -

*ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ ਜਿਨ*
*ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥*

*ਅੰਗ - ੬੬੯*

ਬਾਣੀ ਕੀ ਕਹਿੰਦੀ ਹੈ -

*ਇਸ ਕਾ ਬਲੁ ਨਾਹੀ ਇਸੁ ਹਾਥ ॥*
*ਕਰਨ ਕਰਾਵਨ ਸਰਬ ਕੋ ਨਾਥ॥ ਅੰਗ - ੨੭੭*

ਇਹ ਵਾਹਿਗੁਰੂ ਜੀ ਆਪ ਹੀ ਕਰਾਉਂਦੇ ਨੇ ਭਲਾ, ਆਪ ਹੀ ਕੰਮ ਸਾਰਦੇ ਨੇ। ਕੋਈ ਗੁਰਦੁਆਰੇ ਦਾ, ਕੋਈ ਹੋਰ ਅਨੇਕਾਂ ਕਿਸਮ ਦੇ ਕੰਮ, ਕਹਿੰਦੇ ਨੇ ਕਿ ਮੈਂ ਐਉਂ ਕਰਿਆ, ਜੇ ਮੈਂ ਨਾ ਹੁੰਦਾ ਤਾਂ ਐਉਂ ਨਹੀਂ ਸੀ ਹੋਣਾ। ਉਹਦੇ ਨਾਲ ਕੀ ਹੋਇਆ? ਪਕੜਿਆ ਗਿਆ। ਕਹਿੰਦੇ -

*ਜਬ ਇਹ ਜਾਨੈ ਮੈ ਕਿਛੁ ਕਰਤਾ ॥*
*ਤਬ ਲਗੁ ਗਰਭ ਜੋਨਿ ਮਹਿ ਫਿਰਤਾ ॥*

*ਅੰਗ - ੨੭੮*

ਇਸੇ ਕਰਕੇ ਕਿਹਾ ਕਿ ਮੈਂ ਐਉਂ ਕਰਿਆ, ਮੈਂ ਐਉਂ ਕਰਿਆ। ਉਹਦਾ ਫਲ ਕੀ ਹੋਏਗਾ ਜਿਹੜਾ ਕਰਿਆ ਹੈ ਨਾ ਚੰਗਾ ਕੰਮ, ਉਹਦਾ ਸਵਰਗ ਮਿਲ ਜਾਏਗਾ। ਨੇਕ ਕਰਮਾਂ ਦਾ ਸਵਰਗ ਮਿਲ ਜਾਏਗਾ। ਗੱਲ ਧਿਆਨ ਨਾਲ ਸਮਝੋ ਮੇਰੀ। ਸਵਰਗ ਦੇ ਵਿਚ ਜਾਵਾਂਗੇ, ਉਹਦਾ ਫਲ ਜਿੰਨੀ ਦੇਰ ਹੈ ਉਹ ਭੋਗਣ ਤੋਂ ਬਾਅਦ ਮੁਕ ਜਾਏਗਾ, ਉਹ ਇਕੱਠੇ ਕਰ ਦੇਣਗੇ ਸਾਰੇ ਇਹੋ ਜਿਹੇ ਨੇਕੀ ਦੇ ਕੰਮ। ਉਹ ਚਾਹੇ ਮਾਂ-ਬਾਪ ਦੀ ਸੇਵਾ ਕਰਦਾ ਹੈ, ਚਾਹੇ ਕਿਸੇ ਸਮਾਜ ਦੀ ਸੇਵਾ ਕਰਦਾ ਹੈ, ਚਾਹੇ ਪਰਿਵਾਰ ਦੀ ਸੇਵਾ ਕਰਦਾ ਹੈ। ਦੋ ਫਲ ਹੁੰਦੇ ਨੇ ਇਕ ਤਾਂ ਉਸੇ ਵੇਲੇ ਸੁਖ ਦੇ ਵਿਚ ਪ੍ਰਾਪਤ ਹੋ ਜਾਂਦਾ ਹੈ, ਦੂਸਰਾ ਇਹ ਹੈ ਕਿ ਜੇ ਉਹਨੇ ਫਲ ਲੈਣਾ ਹੀ ਹੈ ਤਾਂ ਫਲ ਅੱਗੇ ਸਵਰਗ ਲੋਕਾਂ 'ਚ ਜਾ ਕੇ ਮਿਲ ਜਾਂਦਾ ਹੈ। ਉਸ ਤੋਂ ਬਾਅਦ ਫੇਰ ਆ ਕੇ ਗਿਰ ਜਾਂਦਾ ਹੈ, ਗਿਰ ਕੇ ਆ ਕੇ ਫੇਰ ਜੂਨਾਂ 'ਚ ਪੈ ਜਾਂਦਾ ਹੈ। ਕਿੱਡੀ ਮਾੜੀ ਗੱਲ ਹੈ, ਇਕ ਗੱਲ ਨੇ ਇਹਨੂੰ ਬੰਧਨ ਵਿਚ ਪਾ ਲਿਆ, ਛੁਟਦਾ ਨਹੀਂ ਇਹ। ਸਾਰਿਆਂ ਦੇ ਮਨਾਂ ਵਿਚ ਹੈ ਕਿ ਮੈਂ ਐਉਂ ਕਰਿਆ-ਮੈਂ ਐਉਂ ਕਰਿਆ। ਮੇਰੇ ਨਾਲ ਐਉਂ ਕਰਿਆ। ਮਹਾਰਾਜ ਕਹਿੰਦੇ ਤੂੰ ਬਾਣੀ ਨਹੀਂ ਪੜ੍ਹਦਾ ਪ੍ਰੇਮੀਆ, ਤੇਰੇ ਤੇ ਬਾਣੀ ਦਾ ਕੋਈ ਅਸਰ ਨਹੀਂ ਹੋਇਆ। ਸਾਰੀ ਜ਼ਿੰਦਗੀ ਟੇਪ ਰਿਕਾਰਡ ਵਰਗਾ ਤੇਰਾ ਮਨ ਹੈ, ਬਾਣੀ ਨਹੀਂ ਵਿਚਾਰੀ ਤੂੰ। ਬਾਣੀ ਨਾ ਵਿਚਾਰਨ ਕਰਕੇ ਤੇਰੇ ਤੇ ਅਸਰ ਕੋਈ ਨਹੀਂ ਹੋ ਰਿਹਾ। ਤੂੰ ਦੂਜਿਆਂ ਨੂੰ ਦੋਸ਼ ਦੇਈ ਜਾਂਦਾ ਹੈਂ, ਜਿਹੜਾ ਪੁੱਛਦਾ ਹੈ ਕਿ ਨੇਕੀ ਕਮਾ ਲਈ, ਨੇਕੀ ਨੂੰ ਐਉਂ ਨਾ ਕਹਿ ਕਿ ਮੈਂ ਕਮਾਈ ਹੈ। ਤੂੰ ਐਉਂ ਕਹਿ ਗੁਰੂ ਮਹਾਰਾਜ ਨੇ ਆਹ ਸਰੀਰ ਤੋਂ ਕੰਮ ਲੈ ਲਿਆ, ਫੇਰ ਕੀ ਹੋਏਗਾ, ਲੱਖਾਂ ਗੁਣਾਂ ਫਲ ਵੱਧ ਜਾਣਾ ਹੈ। ਅੰਤਸ਼ਕਰਣ ਨਿਰਮਲ ਹੋ ਜਾਣਾ ਹੈ, ਨਾਮ ਟਿਕ ਜਾਣਾ ਹੈ ਉਹਦੇ ਵਿਚ। ਇਕੋ ਭਾਵਨਾ ਛੱਡਣ ਨਾਲ-

*ਜਬ ਇਹ ਜਾਨੈ ਮੈ ਕਿਛੁ ਕਰਤਾ ॥*
*ਤਬ ਲਗੁ ਗਰਭ ਜੋਨਿ ਮਹਿ ਫਿਰਤਾ ॥*

*ਅੰਗ - ੨੭੮*

ਸੋ ਜੋ ਅਸੀਂ ਕਰਮ ਕਰਦੇ ਹਾਂ ਕਿ ਮੈਂ ਕਰਦਾ ਹਾਂ, ਮੈਂ ਝਾੜੂ ਦੇ ਰਿਹਾ ਹਾਂ। ਮੈਂ ਸੇਵਾ ਕਰ ਰਿਹਾ ਹੈ, ਮੈਂ ਲੰਗਰ ਦੇ ਬਰਤਨ ਸਾਫ ਕਰ ਰਿਹਾ ਹਾਂ। ਮੈਂ ਲੰਗਰ ਬਣਾ ਰਿਹਾ ਹੈ, ਇਕ ਤਾਂ ਇਹ ਗੱਲ ਹੈ ਜਿਹੜਾ ਸੋਝੀਵਾਨ ਬੰਦਾ ਹੈ ਉਹ ਮੱਥਾ ਟੇਕਦਾ ਹੈ ਕਿ ਹੇ ਮਹਾਰਾਜ ਸੱਚੇ ਪਾਤਸ਼ਾਹ! ਮੇਰੇ ਵਰਗੇ ਸਰੀਰ ਤੋਂ ਵੀ ਤੂੰ ਕੰਮ ਲੈ ਰਿਹਾ ਹੈਂ। ਕਿੰਨਾ ਮੈਂ ਤੇਰਾ ਧੰਨਵਾਦੀ ਹਾਂ, ਤੂੰ ਐਸੇ ਹਾਲਾਤ ਪੈਦਾ ਕਰ ਦਿਤੇ ਕਿ ਮੇਰੇ ਸਰੀਰ ਤੋਂ ਤੂੰ ਕੰਮ ਲੈ ਰਿਹਾ ਹੈਂ। ਮੇਰਾ ਸਰੀਰ ਮੱਲੋ-ਮੱਲੀ ਪਵਿੱਤਰ ਕਰ ਰਿਹਾ ਹੈ। ਸੋ ਇਹ ਗੱਲ ਸਾਡੇ ਸਮਝ ਵਿਚ ਨਹੀਂ ਆਉਂਦੀ, ਜੇ ਸਮਝ ਵਿਚ ਆ ਜਾਵੇ, ਫੇਰ ਸਾਨੂੰ ਕਰਮ ਨਹੀਂ ਚਿੰਬੜਦਾ। ਜੇ ਪੈਰ ਥੱਲੇ ਆ ਕੇ ਕੋਈ ਜੀਵ ਮਰ ਗਿਆ, ਪਾਪ ਹੀ ਨਹੀਂ ਚਿੰਬੜਦਾ। ਜੇ ਕੋਈ ਵੱਡੇ ਤੋਂ ਵੱਡਾ ਪੁੰਨ ਕਰ ਦਿਤਾ, ਉਹ ਵੀ ਨਹੀਂ ਚਿੰਬੜਦਾ। ਉਹ ਪਾਪ ਤੇ ਪੁੰਨ ਜੇ ਚਿੰਬੜਦੇ ਨੇ ਉਹ ਧਰਮਰਾਜ ਦੇ ਜਾ ਕੇ ਪਾਪ ਦਾ ਫਲ ਅੱਡ -

*ਪੁੰਨ ਦਾਨੁ ਜੋ ਬੀਜਦੇ ਸਭ ਧਰਮ ਰਾਇ ਕੈ ਜਾਈ॥*
*ਅੰਗ - ੧੪੧੪*

ਗੁਰੂ ਮਹਾਰਾਜ ਕਹਿੰਦੇ ਤੈਨੂੰ ਧਰਮਰਾਜ ਦੇ ਨਹੀਂ ਜਾਣ ਦੇਣਾ। ਤੂੰ ਮੇਰੇ ਕੋਲ ਆ ਸਿੱਧਾ। ਮੈਂ ਤੈਨੂੰ ਥਾਉਂ ਦੇਵਾਂਗਾ ਜੇ ਤੂੰ ਬਾਣੀ ਦੇ ਮੁਤਾਬਿਕ ਆਪਣਾ ਜੀਵਨ ਗੁਜ਼ਾਰੇਂ।

*ਅੰਤਰਿ ਗੁਰੁ ਆਰਾਧਣਾ*
*ਜਿਹਵਾ ਜਪਿ ਗੁਰ ਨਾਉ ॥*
*ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥*
*ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥*
*ਅੰਗ - ੫੧੭*

*ਧਾਰਨਾ - ਦਰਗਹ ਮਿਲਦੈ ਥਾਉਂ*
*ਗੁਰਾਂ ਨਾਲ ਰੱਤਿਆਂ-੨*

*ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥*
*ਅੰਗ - ੫੧੭*

ਇਹ ਕਿਉਂ ਮਿਲ ਗਿਆ ਦਰਗਾਹ 'ਚ ਥਾਉਂ। ਕਿਉਂਕਿ ਇਹ ਅਰਦਾਸ 'ਚ ਰਿਹਾ ਕਿ ਸੱਚੇ ਪਾਤਸ਼ਾਹ! ਮੇਰੇ ਤੋਂ ਕਰਾ ਰਿਹਾ ਹੈਂ ਤੂੰ। ਮੈਂ ਤੇਰਾ ਰਿਣੀ ਹਾਂ ਮੇਰੇ ਵਰਗੇ ਅਣਜਾਣ ਬੰਦੇ ਤੋਂ ਤੂੰ ਵੱਡੇ-ਵੱਡੇ ਕੰਮ ਕਰਾ ਰਿਹਾ ਹੈਂ, ਮੈਂ ਨਹੀਂ ਕੁੱਛ ਵੀ ਕਰ ਰਿਹਾ।

*ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ ॥*
*ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥*
*ਅੰਗ - ੧੩੬੭*

ਜਗ ਹੋ ਰਿਹਾ ਹੈ, ਬ੍ਰਾਹਮਣਾਂ ਨੇ ਸੱਦੇ ਪੱਤਰ ਭੇਜ ਦਿਤੇ। ਵੱਡੇ-ਵੱਡੇ ਸਾਧੂਆਂ ਨੂੰ ਬੁਲਾ ਲਿਆ। ਕਬੀਰ ਦੇ ਯੱਗ ਹੋਣਾ ਹੈ ਬਹੁਤ ਵੱਡਾ। ਰਾਜੇ ਕੀ ਕਰ ਸਕਣਗੇ, ਜੋ ਕਬੀਰ ਜੀ ਨੇ ਕਰਨਾ ਹੈ। ਜਿੱਥੇ ਤੱਕ ਸਾਧੂਆਂ ਨੂੰ ਜਾਣਦੇ ਸੀ ਉਥੇ ਤੱਕ ਚਿੱਠੀਆਂ ਭੇਜ ਦਿਤੀਆਂ। ਸਾਧੂ ਕਬੀਰ ਸਾਹਿਬ ਦਾ ਸੱਦਾ ਪੱਤਰ ਜਾਣ ਕੇ ਸਾਰੇ ਕੰਮਾਂ ਨੂੰ ਸੰਕੋਚ ਕੇ ਆਪਣੀਆਂ ਮੰਡਲੀਆਂ ਭਗਤ ਜਨਾਂ ਦੀਆਂ ਲੈ-ਲੈ ਕੇ ਆ ਰਹੇ ਨੇ। ਕਬੀਰ ਸਾਹਿਬ ਨੂੰ ਪਤਾ ਲੱਗਿਆ ਕਿ ਕਹਿੰਦੇ ਨੇ ਇਥੇ ਯੱਗ ਹੈ, ਪਤਾ ਨਹੀਂ ਵਾਹਿਗੁਰੂ ਨੇ ਕੀ ਕਰਿਆ ਹੈ, ਕੋਈ ਕੌਤਕ ਕਰਿਆ ਹੈ, ਕੀਹਨੇ ਇਹ ਕਰ ਦਿਤਾ। ਕੀਹਨੇ ਚਿੱਠੀਆਂ ਲਿਖੀਆਂ ਨੇ, ਫੇਰ ਮੈਂ ਕੀ ਕਰਨਾ ਹੈ ਵਿਚ ਵੜ ਕੇ, ਚੁੱਪ ਕਰਕੇ ਤੁਰ ਗਏ। ਮਿੰਟਾਂ ਦੇ ਅੰਦਰ ਪਕਵਾਨ ਪੱਕਣੇ ਸ਼ੁਰੂ ਹੋ ਗਏ। ਬੇਅੰਤ ਸ਼ਾਮਿਆਨੇ ਲੱਗ ਗਏ। ਪੰਗਤਾਂ ਲੱਗ ਗਈਆਂ, ਸਾਧੂ ਆਉਂਦੇ ਨੇ ਯਥਾਸ਼ਕਤ ਉਨ੍ਹਾਂ ਦਾ ਸਤਿਕਾਰ ਹੋ ਰਿਹਾ ਹੈ। ਰੇਸ਼ਮ ਦੇ ਸਿਰਪਾਓ, ਸੋਨੇ ਦੀਆਂ ਮੋਹਰਾਂ ਭੇਟਾ ਕੀਤੀਆਂ ਜਾ ਰਹੀਆਂ ਨੇ। ਧੰਨ-ਧੰਨ ਹੋ ਰਹੀ ਹੈ, ਉਹ ਵੀ ਬ੍ਰਾਹਮਣ ਜਿਨ੍ਹਾਂ ਨੇ ਈਰਖਾ ਕਰਕੇ ਕਰਿਆ ਸੀ, ਉਨ੍ਹਾਂ ਨੂੰ ਵੀ ਰੇਸ਼ਮ ਦੇ ਸਿਰਪਾਓ ਮਿਲ ਰਹੇ ਨੇ, ਸ਼ਰਮਿੰਦੇ ਹੋ ਰਹੇ ਨੇ ਕਿ ਹੋ ਕੀ ਗਿਆ। ਅਸੀਂ ਤਾਂ ਕੁਛ ਹੋਰ ਕਰਨਾ ਸੀ, ਇਹ ਤਾਂ ਕੁਛ ਹੋਰ ਹੀ ਹੋ ਰਿਹਾ ਹੈ। ਕਬੀਰ ਸਾਹਿਬ ਵਿਚ ਦੌੜੇ ਫਿਰਦੇ ਨੇ, ਹੱਥ ਬੰਨ੍ਹਦੇ ਨੇ ਕਿ ਧੰਨਵਾਦ ਮਹਾਰਾਜ ਤੁਸੀਂ ਦਰਸ਼ਨ ਦਿਤੇ। ਤੁਹਾਡੀ ਕ੍ਰਿਪਾ ਹੈ, ਜਿੰਨੇ ਕਦਮ ਤੁਸੀਂ ਚੱਲ ਕੇ ਆਏ ਹੋਂ, ਤੁਸੀਂ ਮੇਰੇ ਨੇਤਰਾਂ ਤੇ ਚੱਲ ਕੇ ਆਏ ਹੋਂ। ਮੈਂ ਆਪ ਦੇ ਚਰਨਾਂ ਤੇ ਸੀਸ ਨਿਵਾਉਂਦਾ ਹਾਂ, ਇਕ ਦਮ ਫਿਰਦੇ ਨੇ, ਜਿਧਰ ਕੋਈ ਆਉਂਦਾ ਹੈ ਓਥੇ ਹੀ ਕਬੀਰ ਸਾਹਿਬ, ਜਿਥੇ ਕੋਈ ਦੇਖਦਾ ਹੈ ਉਥੇ ਹੀ ਕਬੀਰ ਸਾਹਿਬ। ਦਿਸਦਾ ਇਕੋ ਹੀ ਹੈ ਕਬੀਰ ਸਾਹਿਬ, ਪਰ ਅੱਡ-ਅੱਡ ਥਾਂ ਤੇ ਦਿਸਦਾ ਹੈ, ਕਿਸੇ ਨੂੰ ਹੋਰ ਥਾਂ, ਕਿਸੇ ਨੂੰ ਹੋਰ ਥਾਂ, ਕਿਤੇ ਆਦਰ ਕਰ ਰਿਹਾ ਹੈ, ਕਿਤੇ ਪਕਵਾਨਾਂ ਦੇ ਵਿਚ ਖੜ੍ਹਾ ਹੈ, ਕਿਤੇ ਸਿਰਪਾਓ ਦੇ ਰਿਹਾ ਹੈ। ਭੇਟਾਂ, ਦੱਛਣਾ ਦੇ ਰਿਹਾ ਹੈ। ਉਹ ਹੈਰਾਨ ਹੋ ਗਏ ਕਿ ਕਿਵੇਂ ਕੰਮ ਹੋ ਰਿਹਾ ਹੈ।

ਵਾਹਿਗੁਰੂ ਕੰਮ ਕਰਿਆ ਕਰਦਾ। ਬੜੀ ਮਹਿਮਾ ਹੁੰਦੀ ਜਾ ਰਹੀ ਹੈ। ਕਬੀਰ ਸਾਹਿਬ ਦੇ ਕੋਲ ਦੀ ਕੋਈ ਲੰਘੇ, ਕਬੀਰ ਸਾਹਿਬ ਰਸਤੇ ਤੇ ਆ ਗਏ ਕਹਿਣ ਲੱਗੇ, ਮਹਾਰਾਜ! ਅੱਜ ਤਾਂ ਤੁਸੀਂ ਕਮਾਲ ਹੀ ਕਰ ਦਿਤੀ, ਧੰਨ ਹੋ ਤੁਸੀਂ, ਸਾਰੀ ਗੱਲ ਦੱਸੀ ਕਿ ਐਹੋ ਜਿਹਾ ਯੱਗ ਤਾਂ ਰਾਜਿਆਂ ਤੋਂ ਵੀ ਨਹੀਂ ਹੁੰਦਾ। ਐਨੀ ਦੱਛਣਾ ਤੇ ਭੇਟਾ ਤਾਂ ਰਾਜੇ ਵੀ ਨਹੀਂ ਦੇ ਸਕਦੇ। ਰੇਸ਼ਮ ਦੇ ਵਸਤਰ ਦਿਤੇ ਨੇ, ਯਥਾਸ਼ਕਤ ਸਭ ਦਾ ਸਤਿਕਾਰ ਕੀਤਾ ਹੈ। ਧੰਨ ਹੋ ਮਹਾਰਾਜ, ਧੰਨ ਤੁਹਾਡੀ ਕਮਾਈ। ਉਸ ਵੇਲੇ ਕਬੀਰ ਸਾਹਿਬ ਕਹਿੰਦੇ ਨੇ ਕਿ ਮੈਂ ਤਾਂ ਕੁਛ ਕਰਿਆ ਹੀ ਨਹੀਂ ਹੈ। ਇਹ ਧੰਨ-ਧੰਨ ਹੋ ਰਹੀ ਹੈ, ਇਹ ਤਾਂ ਵਾਹਿਗੁਰੂ ਨੇ ਆਪ ਹੀ ਕਰੀ ਹੈ, ਕੀ ਜਾਣੀਏ, ਕੀ ਕਰਿਆ ਹੈ, ਕਿਵੇਂ ਹੋ ਗਿਆ।

ਇਥੇ ਸਮਾਗਮ ਹੁੰਦਾ ਹੈ, ਬੜੀਆਂ ਮੁਬਾਰਕਵਾਦਾਂ ਦਿੰਦੇ ਨੇ, ਮੇਰੇ ਕੋਲ ਆਉਂਦੇ ਨੇ। ਮੈਂ ਕਿਹਾ ਮੈਂ ਤਾਂ ਕੁਛ ਵੀ ਨਹੀਂ ਕਰਦਾ, ਮੈਂ ਤਾਂ ਆਹ ਕੋਨੇ 'ਚ ਬੈਠਾ, ਨਾ ਮੈਂ ਕਿਸੇ ਨੂੰ ਚੁੱਪ ਕਰਾਉਣ ਜਾਂਦਾ ਹਾਂ, ਨਾ ਕਿਸੇ ਨੂੰ ਮਿਲਦਾ ਹਾਂ। ਸ਼ਾਮ ਨੂੰ ਜਾ ਕੇ ਜਦੋਂ ਵਿਹਲਾ ਹੁੰਦਾ ਹਾਂ ਥੋੜ੍ਹਾ ਚਿਰ ਮਿਲਦਾ ਹਾਂ। ਲੰਗਰ 'ਚ ਮੇਰੇ ਤੋਂ ਨਹੀਂ ਜਾ ਹੁੰਦਾ, ਪਰ ਮੇਰੇ ਮਨ 'ਚ ਆਉਂਦੀ ਹੈ ਕਿ ਜੋ ਕੁਛ ਹੋ ਰਿਹਾ ਹੈ ਵਾਹਿਗੁਰੂ ਜੀ ਆਪ ਹੀ ਕਰ ਰਹੇ ਨੇ। ਮੈਂ ਨਹੀਂ ਕਰ ਰਿਹਾ। ਮੇਰੇ ਮਨ ਵਿਚ ਇਕ ਰੱਤੀ ਜਿੰਨਾ ਵੀ ਖਿਆਲ ਨਹੀਂ ਆਇਆ। ਕਿਉਂਕਿ ਮੈਂ ਅੰਦਰੋਂ ਮੰਨੀਂ ਬੈਠਾ ਹਾਂ ਕਿ ਇਹ ਜੋ ਕੁਛ ਹੋ ਰਿਹਾ ਹੈ, ਇਹ ਗੁਪਤ ਰੂਹਾਂ ਕਰ ਰਹੀਆਂ ਨੇ।

ਭੈਣੀ ਸਾਹਿਬ ਮੈਂ ਗਿਆ ਉਥੇ ਮਹਾਂਪੁਰਸ਼ਾਂ ਨੇ ਕਿਹਾ ਕਿ ਉਥੇ ਬਹੁਤ ਸੰਗਤ ਸੀ। ਉਨ੍ਹਾਂ ਦੀ ਸੰਗਤ ਦੋ ਲੱਖ ਸੀ, ਅਖਬਾਰ ਵਿਚ ਆਈ ਹੈ। ਕਹਿੰਦੇ ਆਪਣੇ

ਤਾਂ ਥੋੜ੍ਹੇ ਹੀ ਨੇ, ਉਥੇ ਤਾਂ ਬੇਅੰਤ ਸੀ। ਕਹਿਣ ਲੱਗੇ, ਤੁਹਾਨੂੰ ਮੈਂ ਇਕ ਭੇਤ ਦੀ ਗੱਲ ਦਸਦਾ ਹਾਂ, ਉਥੇ ਸੰਤ ਜੀ ਨਹੀਂ ਕੁਛ ਵੀ ਕਰ ਰਹੇ, ਉਥੇ ਬੇਅੰਤ ਸੰਤ ਮੁਕਤ ਆਤਮਾਵਾਂ, ਉਥੇ ਕੰਮ ਤੇ ਲੱਗੀਆਂ ਹੋਈਆਂ, ਕੰਮ ਹੋ ਰਿਹਾ ਹੈ। ਇਕ ਤਾਂ ਤਰੀਕਾ ਇਹ ਹੈ, ਇਕ ਹੈਗਾ ਮੈਂ ਕਰਿਆ, ਮੈਂ ਐਹੋ ਜਿਹਾ ਕਰਿਆ, ਮੈਂ ਐਹੋ ਜਿਹਾ ਕਰਿਆ। ਉਹ ਜਿਹੜਾ ਮੈਂ ਐਹੋ ਜਿਹਾ ਕਰਿਆ, ਉਹਨੇ ਮੈਨੂੰ ਸੰਗਲ ਪਾ ਕੇ ਬੰਨ੍ਹ ਲੈਣਾ ਹੈ।

ਆਹ ਗੱਲ ਸਾਨੂੰ ਸਮਝਣੀ ਚਾਹੀਦੀ ਹੈ, ਹਾਂ ਸਰੀਰ ਤੋਂ ਕਰਵਾਇਆ ਜਾ ਰਿਹਾ ਹੈ। ਮੱਤ ਦਿਤੀ ਜਾ ਰਹੀ ਹੈ, ਮੇਰੇ ਇਕੱਲੇ ਤੋਂ ਤਾਂ ਨਹੀਂ, ਹਜ਼ਾਰਾਂ ਸੰਗਤ ਹੈ ਜਿਹੜੀ ਕਰ ਰਹੀ ਹੈ। ਹਰ ਥਾਂ ਬੈਠਾ ਹੋਇਆ ਕਰ ਰਿਹਾ ਹੈ। ਸੰਗਤ ਦਾ ਐਨਾ ਪਿਆਰ ਹੈ ਆਪਸ ਵਿਚ ਕਿ ਪਤਾ ਹੀ ਨਹੀਂ ਲਗਦਾ, ਨਾ ਥਕੇਵਾਂ ਨਾ ਕੋਈ ਹੋਰ ਚੀਜ਼। ਸੋ ਇਹ ਚੀਜ਼ ਹੈ, ਜਦੋਂ ਤੁਹਾਡੇ ਆਪਣੇ ਮਨਾਂ 'ਚ ਇਹ ਆ ਜਾਏਗੀ ਕਿ ਅਸੀਂ ਨਹੀਂ ਕੁਛ ਕਰਦੇ ਫੇਰ ਵਾਹਿਗੁਰੂ ਕਰਦਾ ਹੈ। ਸੋ ਮਹਾਰਾਜ ਕਹਿੰਦੇ ਤੇਰੇ 'ਚ ਬਲ ਨਹੀਂ ਪਿਆਰਿਆ! –

***ਇਸ ਕਾ ਬਲੁ ਨਾਹੀ ਇਸੁ ਹਾਥ ॥***

***ਅੰਗ - ੨੭੭***

ਫੇਰ ਮਹਾਰਾਜ, ਕੰਮ ਕੌਣ ਕਰਦਾ ਹੈ? ਕਹਿੰਦੇ –

***ਕਰਨ ਕਰਾਵਨ ਸਰਬ ਕੋ ਨਾਥ ॥***

***ਅੰਗ - ੨੭੭***

ਕਰਦਾ ਕਰਾਉਂਦਾ ਉਹ ਹੈ ਜਿਹੜਾ ਸਾਰਿਆਂ ਦਾ ਮਾਲਕ ਹੈ। ਸੋ ਮੈਂ ਇਹ ਲੰਮੀ ਚੌੜੀ ਗੱਲ ਤਾਂ ਕੀਤੀ ਹੈ ਕਿ ਅਸੀਂ ਕੰਮ ਕਰਦੇ ਹਾਂ ਜਦੋਂ ਤੋਂ ਪੈਦਾ ਹੁੰਦੇ ਹਾਂ, ਪੰਜ ਸਾਲ ਦੀ ਉਮਰ ਤੱਕ ਮਾਪੇ ਜ਼ਿੰਮੇਵਾਰ ਨੇ ਬੱਚੇ ਦੇ। ਉਹਦੇ ਚੰਗੇ ਕਰਮ ਦੇ, ਮਾੜੇ ਕਰਮ ਦੇ ਬੱਚੇ ਨੂੰ ਪਾਪ ਨਹੀਂ ਲਗਦਾ। ਮਾਂ-ਬਾਪ ਨੂੰ ਲੱਗਿਆ ਕਰਦਾ ਹੈ। ਉਸ ਤੋਂ ਬਾਅਦ ਜੇ ਵੱਡੇ ਹੋ ਗਏ ਫੇਰ ਅਸੀਂ ਕਰਮ ਓਹੋ ਜਿਹੇ ਸ਼ੁਰੂ ਕਰ ਦਿਤੇ, ਕਿਤੇ ਨੇਕੀ ਕਿਤੇ ਬਦੀ, ਕਿਤੇ ਚੰਗਾ ਕਿਤੇ ਮੰਦਾ। ਉਹ ਮੰਦਾ ਵੀ ਹਿਰਦੇ 'ਚ ਲਈ ਬੈਠਾ ਹਾਂ ਕਿ ਮੈਂ ਕਰਿਆ ਹੈ। ਚੰਗਾ ਤਾਂ ਬਹੁਤਾ ਹੀ ਲਈ ਬੈਠੇ ਹਾਂ, ਸੁਣਾਵਾਂਗੇ ਲੋਕਾਂ ਨੂੰ। ਮਹਾਰਾਜ ਕਹਿੰਦੇ ਇਹ ਨਾਲ ਤੇਰੇ ਕਰਮ ਬਣ ਗਏ ਇਹਨੂੰ ਕ੍ਰਿਆਮਾਨ ਕਰਮ ਕਹਿੰਦੇ ਨੇ। ਸਾਰੀ ਜ਼ਿੰਦਗੀ ਬਣੀ ਜਾਣੇ ਨੇ। ਇਹ ਜਾਣੇ ਕਿੱਥੇ ਨੇ, ਇਹ ਤੇਰੇ ਅੰਤਸ਼ਕਰਣ ਦੇ ਵਿਚ ਸਟੋਰ ਹੈ ਜਿਥੇ ਸੰਚਿਤ ਕਰਮ ਨੇ। ਉਥੇ ਇਹ ਜਮ੍ਹਾਂ ਹੁੰਦੇ ਤੁਰੇ ਜਾਣੇ ਨੇ। ਉਥੇ ਪਹਿਲਾਂ ਵੀ ਕਰੋੜਾਂ ਹੀ ਕਰਮ ਪਏ ਨੇ, ਚੰਗੇ ਵੀ ਮੰਦੇ ਵੀ। ਜਿਹੜੇ ਮੰਦੇ ਕਰਮ ਨੇ ਉਹ ਮੈਲ ਲਾਈ ਜਾਂਦੇ ਨੇ। ਮਨ ਮੈਲਾ ਹੋ ਜਾਂਦਾ ਹੈ। ਉਸ ਤੋਂ ਬਾਅਦ ਜਿਸ ਵਕਤ ਫੇਰ ਇਹਨੂੰ ਭੇਜਿਆ ਜਾਂਦਾ ਹੈ, ਉਸ ਵੇਲੇ ਸੰਚਿਤ ਕਰਮਾਂ ਦਾ ਜਿਹੜਾ ਲੇਖਾ ਪੱਤਾ ਹਿਸਾਬ ਕਿਤਾਬ ਸਟੋਰ ਖੋਲ੍ਹਿਆ ਜਾਂਦਾ ਹੈ। ਉਥੇ ਫੇਰ ਵਿਉਂਤ ਬਣਾਈ ਜਾਂਦੀ ਹੈ ਕਿ ਇਹਦੇ ਨਾਲ ਕਿਹੜੇ-ਕਿਹੜੇ ਕਰਮ ਭੇਜੀਏ। ਜਿਹੜੇ ਇਹਨੇ ਭੋਗਣੇ ਨੇ, ਪ੍ਰਸ਼ਾਦਾ ਕਿਹੋ ਜਿਹਾ ਮਿਲ ਜਾਏਗਾ, ਕਿਹੋ ਜਿਹੇ ਥਾਂ ਰਹੇਗਾ, ਕਿਹੋ ਜਿਹੇ ਲੋਕਾਂ ਨਾਲ ਵਾਹ ਪਏਗਾ। ਕਿਹੋ ਜਿਹੇ ਘਰ ਵਿਚ ਇਹਦਾ ਜਨਮ ਹੋਏਗਾ। ਕਿੰਨਾ ਕੁ ਪੈਸਾ ਇਹਦੇ ਕੋਲ ਹੋਏਗਾ। ਕਿਹੋ ਜਿਹਾ ਕਾਰੋਬਾਰ ਕਰੇਗਾ, ਇਹਨੂੰ ਪ੍ਰਾਲਬਧ ਕਰਮ ਕਹਿੰਦੇ ਨੇ। ਪ੍ਰਾਲਬਧ ਕਰਮ ਲੈ ਕੇ ਜੀਵ ਸੰਸਾਰ ਵਿਚ ਆਇਆ ਕਰਦਾ ਹੈ। ਉਹ ਪ੍ਰਾਲਬਧ ਕਰਮਾਂ ਦੇ ਹਿਸਾਬ ਨਾਲ ਦੁੱਖ ਤੇ ਸੁਖ ਨੂੰ ਭੋਗਦਾ ਹੈ। ਇਹ ਕਹਿੰਦਾ ਹੈ ਕਿ ਮੈਨੂੰ ਫਲਾਣੇ ਨੇ ਦੁਖੀ ਕਰ ਦਿਤਾ, ਮਹਾਰਾਜ ਕਹਿੰਦੇ ਨਾ ਐਉਂ ਨਾ ਸੋਚ-

***ਧਾਰਨਾ - ਪਿਆਰੇ ਦੋਸ਼ ਨਾ ਕਿਸੇ ਨੂੰ ਦੇਵੀਂ,***
***ਦੋਸ਼ ਤੇਰੇ ਕਰਮਾਂ ਦਾ।***

***ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥***
***ਜੋ ਮੈ ਕੀਆ ਸੋ ਮੈ ਪਾਇਆ***
***ਦੋਸੁ ਨ ਦੀਜੈ ਅਵਰ ਜਨਾ ॥ ਅੰਗ - ੪੩੩***

ਜਦ ਇਹ ਦੂਜਿਆਂ ਨੂੰ ਦੋਸ਼ ਦੇਣ ਲੱਗੇਗਾ, ਉਸ ਵੇਲੇ ਗੁਰੂ ਗ੍ਰੰਥ ਸਾਹਿਬ ਦਾ ਜੋ ਸਿਧਾਂਤ ਹੈ, ਉਸ ਤੋਂ ਲਾਂਭੇ ਹੋ ਜਾਏਗਾ ਕਿਉਂਕਿ ਹੁਕਮ ਨੂੰ ਨਹੀਂ ਬੁੱਝਿਆ, ਜਿੰਨਾ ਚਿਰ ਹੁਕਮ ਨਹੀਂ ਬੁੱਝਦਾ ਓਨੀਂ ਦੇਰ ਤੱਕ ਹਉਮੈ ਦਾ ਨਾਸ਼ ਨਹੀਂ ਹੁੰਦਾ। ਮਹਾਰਾਜ ਨੇ ਜਿਹੜਾ ਸਭ ਤੋਂ ਪਹਿਲਾ ਸੂਤਰ ਰੱਖਿਆ ਹੈ ਐਉਂ ਸਮਝ ਲਓ ਪਹਿਲੀ ਇੱਟ ਰੱਖੀ ਹੈ ਨਾ ਏਸ ਗੁਰਸਿੱਖੀ ਦੇ ਮੰਦਰ ਦੀ, ਉਹ ਹੈ –

***ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥***

***ਅੰਗ - ੧***

ਹੁਣ ਇਹਦੇ ਅਰਥ ਕੋਈ ਹੋਰ ਤਰ੍ਹਾਂ ਕਰਕੇ ਦਿਖਾਓ। ਉਹ ਕਹਿੰਦੇ, ਹੁਕਮ ਜਿਹੜਾ ਹੈ ਵਾਹਿਗੁਰੂ ਦੀ ਰਜ਼ਾ ਜਿਹੜੀ ਵਾਹਿਗੁਰੂ ਦੀ ਹੈ ਉਹਦੇ 'ਚ ਚੱਲਣਾ ਹੈ, ਉਹ ਨਾਲ ਲਿਖਿਆ ਹੋਇਆ ਹੈ ਹਰ ਬੰਦੇ ਦੇ।

***ਜੈਸੀ ਕਲਮ ਵੁੜੀ ਹੈ ਮਸਤਕਿ***
***ਤੈਸੀ ਜੀਅੜੇ ਪਾਸਿ॥ ਅੰਗ - ੭੪***

ਇਹ ਲਿਖਾ ਕੇ ਲਿਆਇਆ ਹੈ ਲੇਖ। ਚੰਗੇ ਵੀ ਤੇ ਮੰਦੇ ਵੀ। ਉਹਦੇ ਹਿਸਾਬ ਨਾਲ ਲੇਖੇ ਪੱਤੇ ਦੇ ਰਿਹਾ ਹੈ। ਕਿਤੇ ਤਾਂ ਪੁੱਤਰ ਬਣ ਕੇ ਲੇਖਾ ਲੈ ਰਿਹਾ ਹੈ, ਕਿਤੇ ਭਰਾ ਬਣ ਕੇ ਲੇਖਾ ਲੈ ਰਿਹਾ ਹੈ, ਕਿਤੇ ਮਾਂ ਬਾਪ ਹੀ ਲੇਖਾ ਪੁੱਤਰ ਤੋਂ ਲੈ ਰਹੇ ਨੇ, ਕਿਤੇ ਕੋਈ ਲੈ ਰਿਹਾ, ਕਿਤੇ ਕੋਈ, ਲੇਖੇ ਪੱਤੇ ਦਾ ਸਾਰਾ ਹਿਸਾਬ ਕਿਤਾਬ ਹੈ, ਦੁੱਖ ਹੁੰਦੇ ਨੇ, ਵਿਛੋੜਾ ਹੋ ਜਾਂਦਾ ਹੈ, ਦੁੱਖ ਹੋਇਆ ਕਰਦਾ ਹੈ ਲੇਕਿਨ ਹੈ ਕੁਦਰਤ ਵਲੋਂ ਉਵੇਂ

ਜਿਵੇਂ ਹੀ ਹੋਣਾ ਹੀ ਸੀ ਇਹ। ਗੁਰਮੁਖ ਮਨ ਸਮਝਾ ਲੈਂਦਾ ਹੈ, ਮਨਮੁਖ ਪਿੱਟਦਾ ਫਿਰਦਾ ਹੈ। ਸੋ ਇਹਦੇ ਵਿਚ ਜਿਹੜੇ ਪ੍ਰਾਬਲਧ ਕਰਮ ਲੈ ਕੇ ਆਇਆ ਹੈ, ਉਹ ਭੋਗਣੇ ਪੈਣੇ ਨੇ ਉਨ੍ਹਾਂ ਨੂੰ ਕੋਈ ਹਟਾ ਨਹੀਂ ਸਕਿਆ ਕਰਦਾ –

***ਭੋਗੇ ਬਿਨ ਭਾਗੇ ਨਹੀ ਕਰਮ ਗਤੀ ਬਲਵਾਨ।***

ਮਹਾਂਪੁਰਸ਼ਾਂ ਨੂੰ ਕਹੀ ਜਾਂਦੇ ਨੇ ਕਿ ਮੈਨੂੰ ਆਹ ਹੋ ਗਿਆ –ਆਹ ਹੋ ਗਿਆ। ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਤੇਰੇ ਕਰਮ ਨੇ। ਇਹ ਤੂੰ ਭੋਗ ਲੈ ਖੁਸ਼ੀ-ਖੁਸ਼ੀ। ਹਾਂ ਇਕ ਤਰੀਕਾ ਹੈਗਾ ਕਿ ਤੂੰ ਭਜਨ ਐਨਾ ਕਰ, ਇਨ੍ਹਾਂ ਦਾ ਅਸਰ ਜਿਹੜਾ ਹੈ ਨਾ, ਜ਼ਾਇਲ ਹੋ ਜਾਏ, ਸੂਲੀਆਂ ਤੋਂ ਸੂਲ ਬਣ ਜਾਏ। ਉਹ ਕਰਦਾ ਨਹੀਂ ਹੈ, ਉਂਞ ਹੀ ਕਹਿੰਦਾ ਹੈ ਕਿ ਮੇਰਾ ਦੁਖ ਆਪੇ ਹੀ ਦੂਰ ਕਰ ਦਿਓ। ਸੰਤ ਕਿਤੇ ਚਾਕਰ ਤਾਂ ਨਹੀਂ ਹਨ, ਉਨ੍ਹਾਂ ਦੇ ਉਤੇ ਵੀ ਵਾਹਿਗੁਰੂ ਦਾ ਹੁਕਮ ਚਲਦਾ ਹੈ। ਹੁਕਮ ਹੁੰਦਾ ਹੈ, ਕਹਿ ਦਿੰਦੇ ਨੇ, ਕੰਮ ਕਰ ਦਿੰਦੇ ਨੇ, ਨਹੀਂ ਹੁੰਦਾ ਨਹੀਂ ਕਰਦੇ। ਸੋ ਪ੍ਰਾਲਬਧ ਕਰਮ ਜਿਹੜੇ ਨੇ –

***ਭੋਗੇ ਬਿਨ ਭਾਗੇ ਨਹੀ ਕਰਮ ਗਤੀ ਬਲਵਾਨ।***

***ਲੇਖੁ ਨ ਮਿਟਈ ਹੇ ਸਖੀ***
***ਜੋ ਲਿਖਿਆ ਕਰਤਾਰਿ ॥ ਅੰਗ - ੯੩੭***

ਜਿਹੜਾ ਦਰਗਾਹ ਤੋਂ ਲਿਖਿਆ ਗਿਆ ਉਹ ਨਹੀਂ ਮਿਟ ਸਕਦਾ। ਸੋ ਇਨ੍ਹਾਂ ਨੂੰ ਪ੍ਰਾਲਬਧ ਕਰਮ ਕਹਿੰਦੇ ਨੇ। ਇਹਦੇ ਵਿਚ ਹੀ ਮਾਇਆ ਹੁੰਦੀ ਹੈ, ਇਹਦੇ ਵਿਚ ਹੀ ਬਖਸ਼ੀਸ਼ ਹੁੰਦੀ ਹੈ, ਇਹਦੇ ਵਿਚ ਹੀ "ਹੁਕਮਿ ਲਿਖਿ ਦੁਖ ਸੁਖ ਪਾਈਅਹਿ।" ਹੁਕਮ ਦੇ ਲਿਖੇ ਦੇ ਮੁਤਾਬਿਕ ਅਸੀਂ ਸੁੱਖ ਤੇ ਦੁਖ ਭੋਗਦੇ ਹਾਂ। ਸੋ ਜੇ ਤਾਂ ਇਹ ਜੀਵਨ ਆ ਜਾਵੇ ਸਾਡੇ ਅੰਦਰ। ਅਸੀਂ ਸਮਝ ਜਾਈਏ ਸਤਿਸੰਗ 'ਚ ਆ ਕੇ, ਫੇਰ ਜਿਹੜਾ ਅਗਾਂਹ ਨੂੰ ਕਰਮ ਕਰਦੇ ਹਾਂ ਉਹ ਨਹੀਂ ਜਮ੍ਹਾਂ ਹੋਣਾ। ਉਹ ਨਾਲ ਦੀ ਨਾਲ ਜਲੀ ਜਾਂਦਾ ਹੈ। ਉਹ ਨਹੀਂ ਜਾਣਾ ਸਟੋਰ ਦੇ ਵਿਚ। ਜਿਹੜੇ ਸਟੋਰ ਵਾਲੇ ਨੇ ਜੇ ਭਜਨ ਕਰ ਲਵੇ ਤੇ ਗਿਆਨ ਹੋ ਜਾਵੇ, ਉਹ ਗਿਆਨ ਦਾ ਐਨਾ ਸੇਕ ਹੈ ਕਿ ਜਿਵੇਂ ਬੀਜ ਗਰਮੀ ਦੇ ਨਾਲ, ਸੁਲਾਭੇ 'ਚ ਦਗਧ ਹੋ ਜਾਇਆ ਕਰਦਾ ਹੈ। ਉਹ ਸਾਰੇ ਕਰਮ ਦਗਧ ਹੋ ਜਾਂਦੇ ਨੇ। ਫਰੀ ਹੋ ਜਾਂਦਾ ਹੈ, ਫਰੀ ਹੋ ਕੇ ਫੇਰ ਵਾਹਿਗੁਰੂ ਦੇ ਦੇਸ਼ ਵਿਚ ਚਲਿਆ ਜਾਂਦਾ ਹੈ। ਗੁਰੂ ਦੀ ਦਰਗਾਹ 'ਚ ਐਉਂ ਜਾਣਾ ਹਾਂ। ਜੇ ਕਹੇ ਕਿ ਮੈਂ ਗੁਰੂ ਦੀ ਦਰਗਾਹ 'ਚ ਜਾਣਾ ਹੈ, ਕਹੀ ਜਾਵੇ ਕਿ ਮੈਂ ਐਉਂ ਕਰਦਾ ਹਾਂ, ਐਉਂ ਕਰਦਾ ਹਾਂ। ਮਹਾਰਾਜ ਕਹਿੰਦੇ ਨਹੀਂ ਪਿਆਰਿਆ! ਤੂੰ ਤਾਂ ਧਰਮਰਾਜ ਦੇ ਜਾਏਂਗਾ, ਤੂੰ ਗਰਭ ਜੂਨੀ 'ਚ ਪਏਂਗਾ –

***ਜਬ ਧਾਰੈ ਕੋਊ ਬੈਰੀ ਮੀਤੁ ॥***
***ਤਬ ਲਗੁ ਨਿਹਚਲੁ ਨਾਹੀ ਚੀਤੁ ॥***
***ਅੰਗ - ੨੭੮***

ਜਦੋਂ ਇਕ ਨੂੰ ਆਪਣਾ ਵੈਰੀ ਸਮਝਦਾ ਹੈ, ਇਕ ਨੂੰ ਆਪਣਾ ਨੇੜੇ ਦਾ ਸਮਝਦਾ ਹੈ। ਇਕ ਨਾਲ ਨਫਰਤ ਕਰਦਾ ਹੈ, ਇਕ ਨਾਲ ਪਿਆਰ ਕਰਦਾ ਹੈ। ਮਹਾਰਾਜ ਕਹਿੰਦੇ ਤੇਰਾ ਚਿੱਤ ਨਿਹਚਲ ਨਹੀਂ ਹੈ। ਸੋਚ ਵਿਚਾਰ, ਉਚੀ ਮੰਜ਼ਿਲ 'ਚ ਪਹੁੰਚ। ਚਿੱਤ ਨਿਹਚਲ ਜਿਥੇ ਹੁੰਦਾ ਹੈ ਉਥੇ ਹੁੰਦਾ ਹੈ –

***ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥***
***ਸੁਖ ਸਨੇਹੁ ਅਰੁ ਭੈ ਨਹੀ ਜਾ ਕੈ***
***ਕੰਚਨ ਮਾਟੀ ਮਾਨੈ ॥੧॥ ਰਹਾਉ ॥***
***ਨਹ ਨਿੰਦਿਆ ਨਹ ਉਸਤਤਿ***
***ਜਾ ਕੈ ਲੋਭੁ ਮੋਹੁ ਅਭਿਮਾਨਾ ॥***
***ਹਰਖ ਸੋਗ ਤੇ ਰਹੈ ਨਿਆਰਉ***
***ਨਾਹਿ ਮਾਨ ਅਪਮਾਨਾ ॥੧॥***
***ਆਸਾ ਮਨਸਾ ਸਗਲ ਤਿਆਗੈ***
***ਜਗ ਤੇ ਰਹੈ ਨਿਰਾਸਾ ॥***
***ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ***
***ਤਿਹ ਘਟਿ ਬ੍ਰਹਮੁ ਨਿਵਾਸਾ ॥ ਅੰਗ - ੬੩੩***

ਨਿਹਚਲ ਚਿੱਤ ਵਾਲੇ ਦੇ ਅੰਦਰ ਵਾਹਿਗੁਰੂ ਦਾ ਵਾਸਾ ਹੋ ਜਾਂਦਾ ਹੈ, ਬ੍ਰਹਮ ਪ੍ਰਗਟ ਹੋ ਜਾਂਦਾ ਹੈ, ਆਤਮਾ ਸ਼ਾਖਸ਼ਾਤਕਾਰ ਹੋ ਜਾਂਦਾ ਹੈ। ਅਸੀਂ ਜਪ ਤਪ ਕਰਦੇ ਹਾਂ, ਪੁੰਨ ਦਾਨ ਕਰਦੇ ਹਾਂ, ਨਾਮ ਜਪਦੇ ਹਾਂ, ਬਾਣੀਆਂ ਪੜ੍ਹਦੇ ਹਾਂ। ਹੁੰਦਾ ਕਿਉਂ ਨਹੀਂ ਕਿਉਂਕਿ ਗੁਰੂ ਦੇ ਦੱਸੇ ਹੋਏ ਹੁਕਮ ਦੇ ਮੁਤਾਬਿਕ ਨਹੀਂ ਚੱਲ ਰਿਹਾ। ਆਪਣੀ ਮੱਤ ਦੇ ਮੁਤਾਬਿਕ ਚੱਲ ਰਿਹਾ ਹੈ। ਜਿਹੜਾ ਆਪਣੀ ਮੱਤ ਦੇ ਮੁਤਾਬਿਕ ਚਲਦਾ ਹੈ ਮਹਾਰਾਜ ਕਹਿੰਦੇ, ਤੂੰ ਖਾਰਜ, ਕਿਉਂਕਿ ਤੂੰ ਮਨਮੁਖ ਹੈਂ। ਮਨ ਦੇ ਪਿਛੇ ਚਲਦਾ ਹੈਂ, ਤੈਨੂੰ ਸੁੱਖ ਨਹੀਂ ਹੋ ਸਕਦਾ।

***ਮਨਮੁਖੁ ਦੁਖ ਕਾ ਖੇਤੁ ਹੈ***
***ਦੁਖੁ ਬੀਜੇ ਦੁਖੁ ਖਾਇ ॥***
***ਦੁਖ ਵਿਚਿ ਜੰਮੈ ਦੁਖਿ ਮਰੈ***
***ਹਉਮੈ ਕਰਤ ਵਿਹਾਇ॥ ਅੰਗ - ੯੪੭***
***ਮਨਮੁਖਿ ਆਵੈ ਮਨਮੁਖਿ ਜਾਵੈ ॥***
***ਮਨਮੁਖਿ ਫਿਰਿ ਫਿਰਿ ਚੋਟਾ ਖਾਵੈ ॥***
***ਜਿਤਨੇ ਨਰਕ ਸੇ ਮਨਮੁਖਿ ਭੋਗੈ***
***ਗੁਰਮੁਖਿ ਲੇਪੁ ਨ ਮਾਸਾ ਹੇ ॥ ਅੰਗ - ੧੦੭੩***

ਹੁਣ ਆਪਾਂ ਹੈਗੇ ਤਾਂ ਸਿੱਖ, ਗੁਰੂ ਗ੍ਰੰਥ ਸਾਹਿਬ ਜੀ ਪਿਛੇ ਲੜ ਪੈਂਦੇ ਹਾਂ। ਜੇ ਕੋਈ ਕਹਿ ਦੇਵੇ ਕਿ ਮੇਰਾ ਗੁਰੂ ਫਲਾਣਾ ਬੰਦਾ ਹੈ। ਉਹਦੇ ਨਾਲ ਬੋਲਦੇ ਹੀ ਨਹੀਂ। ਓ ਭਾਈ! ਤੂੰ ਆਪਣੇ ਗੁਰੂ ਦਾ ਕੋਈ ਬਚਨ ਵੀ ਮੰਨਦਾ ਹੈਂ ਕਿ ਐਵੇਂ ਹੀ ਕਬਜ਼ਾ

ਕਰੀਂ ਬੈਠਾ ਹੈਂ ਕਿ ਮੇਰੇ ਗੁਰੂ ਗ੍ਰੰਥ ਸਾਹਿਬ ਜੀ ਹਨ। ਦੂਜਿਆਂ ਦਾ ਆਪਣਾ ਰਾਹ ਹੈ, ਤੇਰਾ ਆਪਣਾ ਰਾਹ ਹੈ। ਤੂੰ ਆਪਣੇ ਥਾਉਂ ਸਾਵਧਾਨ ਰਹਿ। ਉਹ ਆਪਣੇ ਥਾਉਂ ਸਾਵਧਾਨ ਨੇ, ਤੈਨੂੰ ਉਨ੍ਹਾਂ ਦਾ ਕੀ ਫਿਕਰ ਪੈ ਗਿਆ, ਤੂੰ ਤਾਂ ਆਪ ਡੁੱਬਦਾ ਜਾਂਦਾ ਹੈਂ। ਪਹਿਲਾਂ ਆਪ ਤਰ।

ਸੋ ਇਸ ਤਰ੍ਹਾਂ ਦੇ ਨਾਲ ਮਹਿਮਾ ਹੈ ਸਤਿਸੰਗ ਦੀ। ਸਤਿਸੰਗ 'ਚ ਜਾ ਕੇ ਬਚਨ ਮਿਲਦੇ ਨੇ। ਉਹਦੇ ਨਾਲ ਹੁੰਦਾ ਕੀ ਹੈ, ਬੰਦਾ ਨਾਮ ਵਲ ਨੂੰ ਲਗਦਾ ਹੈ, ਬੰਦਗੀ ਕਰਦਾ ਹੈ, ਸੇਵਾ ਕਰਦਾ ਹੈ, ਨਿਰਇੱਛਤ ਕੰਮ ਕਰਦਾ ਹੈ, ਨਿਸ਼ਕਾਮ ਸੇਵਾ ਕਰਦਾ ਹੈ। ਮਹਾਰਾਜ ਕਹਿੰਦੇ ਜਿਹੜਾ ਨਿਸ਼ਕਾਮ ਸੇਵਾ ਕਰਦਾ ਹੈ –

***ਸੇਵਾ ਕਰਤ ਹੋਇ ਨਿਹਕਾਮੀ ॥***
***ਤਿਸ ਕਉ ਹੋਤ ਪਰਾਪਤਿ ਸੁਆਮੀ॥***
***ਅੰਗ - ੨੮੬***

ਮਹਾਰਾਜ ਨੇ ਨੇੜੇ ਜਿਹੇ ਹੀ ਰਸਤਾ ਦੱਸ ਦਿਤਾ ਕਿ ਖਪਣ ਦੀ ਲੋੜ ਨਹੀਂ ਹੈ ਗੱਲ ਸਮਝ ਲਓ, ਦੋ ਲਾਇਨਾਂ ਦੀ ਗੱਲ ਹੈ।

ਜਿਹੜਾ ਸੇਵਾ ਕਰਦਾ ਹੋਇਆ ਕਹਿੰਦਾ ਮੈਂ ਨਹੀਂ ਕਰਦਾ, ਮੇਰੇ ਤੋਂ ਤਾਂ ਕਰਾਈ ਜਾ ਰਹੀ ਹੈ, ਮੈਂ ਕੁੱਛ ਨਹੀਂ ਕਰ ਰਿਹਾ। ਕਹਿੰਦੇ ਉਹਦਾ ਨਤੀਜਾ ਕੀ ਹੈ?

***ਤਿਸ ਕਉ ਹੋਤ ਪਰਾਪਤਿ ਸੁਆਮੀ॥***
***ਅੰਗ - ੨੮੬***

ਉਹਨੂੰ ਵਾਹਿਗੁਰੂ ਮਿਲ ਜਾਂਦਾ ਹੈ, ਨਾ ਜੰਗਲਾਂ 'ਚ ਜਾਣ ਦੀ ਲੋੜ ਹੈ। ਨਾ ਭੁੱਖੇ ਰਹਿਣ ਦੀ, ਨਾ ਪੁੱਠੇ ਲਟਕਣ ਦੀ। ਕਿੱਡਾ ਵੱਡਾ ਫਾਰਮੂਲਾ ਗੁਰੂ ਮਹਾਰਾਜ ਨੇ ਦੱਸ ਦਿਤਾ। 'ਮੈਂ' ਨਾ ਧਾਰ। ਸਾਰਾ ਰੌਲਾ ਤੇਰਾ ਆਪਣਾ ਪਾਇਆ ਹੋਇਆ ਹੈ। ਕਿਉਂਕਿ ਇਥੇ ਹੁਕਮ ਦੇ ਵਿਚ ਰਹਿ –

***ਜੇ ਸੁਖੁ ਦੇਹਿ ਤ ਤੁਝਹਿ ਅਰਾਧੀ***
***ਦੁਖਿ ਭੀ ਤੁਝੈ ਧਿਆਈ ॥ ੨ ॥***
***ਜੇ ਭੁਖ ਦੇਹਿ ਤ ਇਤ ਹੀ ਰਾਜਾ***
***ਦੁਖ ਵਿਚਿ ਸੂਖ ਮਨਾਈ ॥ ਅੰਗ - ੭੫੭***

ਇਹ ਬਿਰਤੀ ਧਾਰਨ ਕਰ ਲੈ। ਫੇਰ ਗੁਰਮੁਖ ਦੀ ਬਿਰਤੀ ਹੈ। ਫੇਰ –

***ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ॥***
***ਅੰਗ - ੮੦੯***

ਜਿਹੜੀ ਜਨਮਾਂ-ਜਨਮਾਂ ਦੀ ਮੈਲ ਲੱਗੀ ਹੋਈ ਹੈ ਨਾ, ਉਹ ਲਹਿ ਜਾਂਦੀ ਹੈ। ਜਿਹੜੀ ਮਹਾਰਾਜ ਕਹਿੰਦੇ ਦੇਖੋ–

***ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ***
***ਕਾਲਾ ਹੋਆ ਸਿਆਹੁ ॥***
***ਖੰਨਲੀ ਧੋਤੀ ਉਜਲੀ ਨ ਹੋਵਈ***
***ਜੇ ਸਉ ਧੋਵਣਿ ਪਾਹੁ ॥ ਅੰਗ - ੬੫੧***

ਐਨੀ ਮੈਲੀ ਹੋ ਗਈ ਕਿ ਉਤਰਦੀ ਨਹੀਂ ਹੈ ਮੈਲ, ਕੋਹਲੂ ਦੀ ਲੀਰ ਵਾਂਗੂੰ। ਐਥੇ ਮਹਾਰਾਜ ਕਹਿੰਦੇ ਜੇ ਤੂੰ ਸਤਿਸੰਗ ਕਰੇਂਗਾ, ਫੇਰ ਮੈਲ ਜਿਹੜੀ ਜਨਮਾਂ-ਜਨਮਾਂਤਰਾਂ ਦੀ ਲੱਗੀ ਹੋਈ ਹੈ, ਇਹ ਲਹਿ ਜਾਏਗੀ ਤੇਰੇ ਹਿਰਦੇ ਦੇ ਅੰਦਰ ਪ੍ਰਕਾਸ਼ ਆ ਜਾਏਗਾ। ਚਮਕੇਗਾ, ਲਿਸ਼ਕੇਗਾ। ਨਿਗ੍ਹਾ ਨਹੀਂ ਟਿਕੇਗੀ, ਐਨਾ ਪਵਿੱਤਰ ਹੋ ਜਾਏਗਾ।

***ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ ॥***
***ਅੰਗ - ੧੩੬੭***

ਜਦੋਂ ਨਿਰਮਲ ਹੋ ਗਿਆ, ਅੱਗੇ ਵੀ ਤਾਂ ਹੋਣੀ ਹੈ ਕੋਈ ਗੱਲ। ਕਹਿੰਦੇ ਵਾਹਿਗੁਰੂ ਨੂੰ ਐਨਾ ਪਸੰਦ ਆ ਗਿਆ ਕਿ –

***ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ॥***
***ਅੰਗ - ੧੩੬੭***

ਹੁਣ ਕਹਿੰਦਾ ਕੀ ਹੈ? ਪਹਿਲਾਂ ਤਾਂ ਰਾਮ-ਰਾਮ ਕਹਿੰਦਾ ਸੀ। ਕਹਿੰਦੇ, ਹੁਣ ਮੈਂ ਹੈਰਾਨ ਹੀ ਹੋ ਗਿਆ ਉਹ ਕਬੀਰ-ਕਬੀਰ, ਕਰੀ ਜਾਂਦਾ ਹੈ। ਕਿਉਂਕਿ ਮਨ ਨਿਰਮਲ ਹੋ ਗਿਆ। ਉਹ ਮੈਲ ਸਤਿਸੰਗ ਤੋਂ ਬਗੈਰ ਨਹੀਂ ਲਹਿਆ ਕਰਦੀ। ਵੱਡੇ-ਵੱਡੇ ਪਾਪੀਆਂ ਦੀਆਂ ਮਿਸਾਲਾਂ ਆਉਂਦੀਆਂ ਨੇ ਗੁਰੂ ਮਹਾਰਾਜ ਵਿਚ। ਕਹਿੰਦੇ ਅਸਰ ਹੁੰਦਾ ਹੈ ਸਤਿਸੰਗ ਦਾ ਕਿ ਜਿਹੋ ਜਿਹੀ ਸੰਗਤ ਕਰੋਂਗੇ, ਓਹੋ ਜਿਹੀ ਰੰਗਤ ਆਏਗੀ। ਤੱਤਬੇਤੇ ਮਹਾਂਪੁਰਸ਼ ਦੀ ਸੰਗਤ ਦੇ ਵਿਚੋਂ ਤੁਹਾਨੂੰ ਤੱਤ ਪ੍ਰਾਪਤ ਹੋਏਗਾ, ਗਿਆਨ ਆਏਗਾ, ਕਰਮਕਾਂਡੀ ਦੇ ਸਤਿਸੰਗ ਵਿਚ ਕਰਮਕਾਂਡੀ ਬਣ ਜਾਓਂਗੇ, ਜੋ ਆਪ ਵੀ ਡੁੱਬਿਆ ਹੋਇਆ ਹੈ –

***ਆਪ ਡੁਬੇ ਚਹੁ ਬੇਦ ਮਹਿ***
***ਚੇਲੇ ਦੀਏ ਬਹਾਇ॥ ਅੰਗ - ੧੩੭੦***

ਆਪ ਦੇ ਕੋਲ ਅੰਧਕਾਰ ਹੈ, ਅੰਧਕਾਰ ਦੇ ਵਿਚੋਂ ਬੋਲਦਾ ਹੈ। ਅੰਧਕਾਰ 'ਚੋਂ ਬੋਲਿਆ ਹੋਇਆ ਸੁਣਨ ਵਾਲਿਆਂ ਨੂੰ ਅੰਧਕਾਰ ਦੇ ਵਿਚ ਲੈ ਲਏਗਾ। ਉਹਦੇ ਕੋਲ ਚਾਨਣਾ ਹੈ ਨਹੀਂ, ਦਏਗਾ ਕਿੱਥੋ? ਸੋ ਸੰਗਤ ਜਿਹੜੀ ਹੈ ਉਤਮ ਸੰਗਤ ਉਹ ਸਾਧੂ ਦੀ, ਮਹਾਤਮਾ ਦੀ, ਉਹਨੂੰ ਸਤਿਸੰਗ ਕਹਿੰਦੇ ਨੇ, ਜਿਹੜੇ ਸਤਿ ਨਾਲ ਹਰ ਵਕਤ ਜੁੜੇ ਰਹਿੰਦੇ ਨੇ। ਆਦਮੀਆਂ ਦਾ ਇਕੱਠ ਆ ਗਿਆ, ਬੁਲਾ ਲਿਆ, ਉਹਦੇ ਵਿਚ

ਬੋਲਣ ਵਾਲੇ ਇਕ ਦੂਜੇ ਨੂੰ ਗਾਲ੍ਹਾਂ ਕੱਢੀ ਜਾਂਦੇ ਨੇ। ਦ੍ਵੈਤ ਦੀਆਂ ਗੱਲਾਂ ਕਰਦੇ ਨੇ, ਰਾਗ ਤੇ ਦ੍ਵੈਸ਼ ਵਿਚੋਂ ਨਿਕਲੇ ਨਹੀਂ ਹੋਏ। ਵਾਹਿਗੁਰੂ ਦਾ ਹੁਕਮ ਪਛਾਨਣ ਵਾਲੇ ਨਹੀਂ ਹਨ, ਉਹ ਕੀ ਕਰਨਗੇ, ਅੰਧਕਾਰ ਬਨਾਉਣਗੇ ਸਾਡੇ ਮਨਾਂ ਦੇ ਉਤੇ। ਉਹ ਕਹਿੰਦੇ, ਸਾਧੂ ਦੀ ਸੰਗਤ ਕਰ।

*ਕਬੀਰ ਸੰਗਤਿ ਕਰੀਐ ਸਾਧ ਕੀ*
*ਅੰਤਿ ਕਰੈ ਨਿਰਬਾਹੁ ॥*
*ਸਾਕਤ ਸੰਗੁ ਨ ਕੀਜੀਐ*
*ਜਾ ਤੇ ਹੋਇ ਬਿਨਾਹੁ ॥ ਅੰਗ - ੧੩੬੯*

ਉਹ ਸੰਗਤ ਜਿਹੜੀ ਹੈ ਉਚਾ ਚੁੱਕ ਦਿੰਦੀ ਹੈ -

*ਧਾਰਨਾ - ਚੰਦਨ ਬਣ ਜਾਂਦੇ ਨੇ,*
*ਚੰਦਨ ਦੇ ਨੇੜੇ ਰਹਿ ਕੇ।*

*ਕਬੀਰ ਚੰਦਨ ਕਾ ਬਿਰਵਾ ਭਲਾ*
*ਬੇੜ੍ਹਿਓ ਢਾਕ ਪਲਾਸ ॥*
*ਓਇ ਭੀ ਚੰਦਨੁ ਹੋਇ ਰਹੇ*
*ਬਸੇ ਜੁ ਚੰਦਨ ਪਾਸਿ॥ ਅੰਗ - ੧੩੬੫*

ਸੋ ਇਸ ਤਰ੍ਹਾਂ ਸਤਿਸੰਗ ਦਾ ਅਸਰ ਹੋਇਆ ਕਰਦਾ ਹੈ ਜੇ ਕੁਝ ਸਿੱਖਣ ਵਾਸਤੇ ਆਵੇ, ਕੁਛ ਜੀਵਨ ਨੂੰ ਸੇਧ ਲੈਣ ਵਾਸਤੇ ਆਵੇ। ਫੇਰ ਉਹਦੇ ਉਤੇ ਅਸਰ ਹੋਇਆ ਕਰਦਾ ਹੈ। ਜੇ receptive mind ਨਹੀਂ ਦਰਵਾਜ਼ੇ ਬੰਦ ਕਰਕੇ ਆਉਂਦਾ ਹੈ, ਸ਼ਰਧਾ ਦੀ ਝੋਲੀ ਲੈ ਕੇ ਨਹੀਂ ਆਉਂਦਾ, ਫੇਰ ਜਿਹੜੀ ਦਾਤ ਮਿਲਣੀ ਹੈ, ਫਟੀ ਹੋਈ ਹੋਵੇ ਝੋਲੀ ਉਹਦੇ ਵਿਚੋਂ ਜ਼ਰਾ ਕੁ ਅੱਗੇ ਜਾਂਦੇ ਸਾਰ ਉਹ ਗਿਰ ਜਾਂਦੀ ਹੈ। ਸੋ ਸਤਿਸੰਗ ਦਾ ਜਿੱਥੇ ਐਡਾ ਮਹਾਤਮ ਹੈ ਉਥੇ ਸਤਿਸੰਗ ਕਰਨ ਦੀ ਵਿਧੀ ਵੀ ਬਹੁਤ ਵੱਡੀ ਹੈ। ਸਾਧੂਆਂ ਦੀ ਸੰਗਤ ਜਿਹੜੀ ਹੈ, ਮਹਾਰਾਜ ਕਹਿੰਦੇ ਐਸੀਆਂ ਮਿਸਾਲਾਂ ਨੇ, ਪਿਆਰਿਓ! ਵੱਡੇ-ਵੱਡੇ ਉਧਰ ਗਏ ਇਹਦੇ ਵਿਚ। ਮਹਾਰਾਜ ਕਹਿੰਦੇ ਨੇ ਕਿ ਛੋਟੀ ਤੋਂ ਛੋਟੀ ਜਾਤ ਜਿਹਨੂੰ ਲੋਕ ਪਸੰਦ ਨਹੀਂ ਕਰਦੇ। ਸੰਗਤ ਕਰਕੇ ਉਨ੍ਹਾਂ ਦਾ ਵੀ ਉਧਾਰ ਹੋ ਗਿਆ। ਸ਼ਬਦ ਹੈ ਇਕ ਕਿ -

*ਖਟੁ ਕਰਮ ਕੁਲ ਸੰਜੁਗਤੁ ਹੈ*
*ਹਰਿ ਭਗਤਿ ਹਿਰਦੈ ਨਾਹਿ ॥ ਅੰਗ - ੧੧੨੪*

ਛੇ ਕਰਮ ਹੋਇਆ ਕਰਦੇ ਨੇ ਪੜ੍ਹਨਾ, ਪੜ੍ਹਾਉਣਾ, ਜਗ ਕਰਨਾ, ਕਰਾਉਣਾ, ਦਾਨ ਦੇਣਾ, ਦਾਨ ਲੈਣਾ ਇਹਨੂੰ ਖਟ ਕਰਮ ਕਹਿੰਦੇ ਨੇ। ਇਹ ਬ੍ਰਾਹਮਣ ਦਾ ਧਰਮ ਹੈ ਤੇ ਸਭ ਤੋਂ ਉਚੀ ਕੁਲ ਦਾ ਹੋਵੇ -

*.........ਹਰਿ ਭਗਤਿ ਹਿਰਦੈ ਨਾਹਿ ॥*
*ਅੰਗ - ੧੧੨੪*

ਜੇ ਉਹਦੇ ਹਿਰਦੇ 'ਚ ਭਗਤੀ ਨਹੀਂ ਨਾ ਹੈ ਕਰਮਕਾਂਡੀ ਹੈ ਤਾਂ ਕਹਿੰਦੇ ਉਹਦਾ ਜਿਹੜਾ ਦਰਜਾ ਹੈ-

*ਚਰਨਾਰਬਿੰਦ ਨ ਕਥਾ ਭਾਵੈ ਸੁਪਚ ਤੁਲਿ ਸਮਾਨਿ॥*
*ਅੰਗ - ੧੧੨੪*

ਕਹਿੰਦੇ, ਜੇ ਉਹਨੂੰ ਕਥਾ ਭਾਉਂਦੀ ਨਹੀਂ ਪਿਆਰ ਨਹੀਂ ਹੈ ਵਾਹਿਗੁਰੂ ਨਾਲ, ਕਰਮ ਪੇਸ਼ਾ ਕਰੀ ਜਾਵੇ, ਕਹਿੰਦੇ ਜਿਹੜੇ ਕੁੱਤੇ ਖਾਂਦੇ ਨੇ ਨਾ ਉਨ੍ਹਾਂ ਤੋਂ ਵੀ ਨੀਵਾਂ ਹੈ ਤੇ ਦੂਜੇ ਪਾਸੇ ਮਿਸਾਲ ਦਿੰਦੇ ਨੇ -

*ਰੇ ਚਿਤ ਚੇਤਿ ਚੇਤ ਅਚੇਤ ॥ ਅੰਗ - ੧੧੨੪*

ਧਿਆਨ ਦੇਹ! ਧਿਆਨ ਦੇਹ! ਧਿਆਨ ਦੇਹ! ਅਸੀਂ ਤੈਨੂੰ ਇਕ ਗੱਲ ਦਸਦੇ ਹਾਂ। ਕਹਿੰਦੇ -

*ਕਾਹੇ ਨ ਬਾਲਮੀਕਹਿ ਦੇਖ ॥ ਅੰਗ - ੧੧੨੪*

ਬਾਲਮੀਕ ਨੂੰ ਦੇਖ ਲੈ ਦੋ ਬਾਲਮੀਕ ਹੋਏ ਨੇ, ਇਕ ਜਿਸਦਾ ਜ਼ਿਕਰ ਗੁਰੂ ਘਰ 'ਚ ਆਉਂਦਾ ਹੈ, ਉਹ ਇਹ ਨਹੀਂ ਹੈ ਉਹ ਹੋਰ ਹੈ। ਇਹ ਜਿਹੜਾ ਬਾਲਮੀਕ ਦਾ ਪ੍ਰਕਾਸ਼ ਦਿਹਾੜਾ ਅੱਜ ਮਨਾਇਆ ਜਾ ਰਿਹਾ ਹੈ ਉਸ ਬਾਰੇ ਸ਼ਾਸਤਰਾਂ 'ਚ ਲਿਖਿਆ ਹੋਇਆ ਹੈ ਕਿ ਉਹ ਬ੍ਰਾਹਮਣ ਕੁਲ ਦਾ ਉਚੀ ਕੁਲ ਦਾ ਸੀ ਤੇ ਲਵ-ਕੁਸ਼ ਇਹਦੇ ਕੋਲ ਰਹੇ। ਜਿਸ ਬਾਲਮੀਕ ਦਾ ਜ਼ਿਕਰ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਵਿਚ ਹੈ ਉਹਦੇ ਬਾਰੇ ਆਪ ਫੁਰਮਾਨ ਕਰਦੇ ਨੇ ਕਿ -

*ਕਾਹੇ ਨ ਬਾਲਮੀਕਹਿ ਦੇਖ ॥*
*ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ*
*ਰਾਮ ਭਗਤਿ ਬਿਸੇਖ ॥ ਅੰਗ - ੧੧੨੪*

ਕਿਹੋ ਜਿਹੀ ਜਾਤ ਸੀ ਤੇ ਕਿਹੋ ਜਿਹਾ ਉਹਨੂੰ ਦਰਜਾ ਮਿਲ ਗਿਆ।

*ਸੁਆਨ ਸਤ੍ਰੁ ਅਜਾਤੁ ਸਭ ਤੇ ਕ੍ਰਿਸ੍ਨ ਲਾਵੈ ਹੇਤੁ ॥*
*ਅੰਗ - ੧੧੨੪*

ਕੁੱਤੇ ਮਾਰਨ ਵਾਲੇ ਸੀ, ਜਾਤ ਉਹਦੀ ਕੋਈ ਗਿਣਦਾ ਨਹੀਂ ਸੀ, ਚੰਡਾਲ ਜਾਤੀ ਸੀ, ਲੇਕਿਨ ਉਹਦਾ ਵਾਹਿਗੁਰੂ ਨਾਲ ਪਿਆਰ ਲੱਗ ਗਿਆ।

*ਲੋਗੁ ਬਪੁਰਾ ਕਿਆ ਸਰਾਹੈ*
*ਤੀਨਿ ਲੋਕ ਪ੍ਰਵੇਸ ॥ ਅੰਗ - ੧੧੨੪*

ਕਹਿੰਦੇ, ਲੋਕਾਂ ਨੇ ਤਾਂ ਉਹਦੀ ਸਰਾਹਨਾ ਕੀ ਕਰਨੀ ਸੀ, ਦੇਵੀ ਦੇਵਤਾ, ਬ੍ਰਹਮਾ, ਵਿਸ਼ਨੂੰ, ਮਹੇਸ਼ ਉਹ ਵੀ ਉਹਦੀ ਸਰਾਹਨਾ ਕਰਦੇ ਨੇ, ਜਿਨ੍ਹਾਂ ਨੇ ਜਾਤਾਂ ਪਾਤਾਂ ਬਣਾਈਆਂ ਉਹ ਵੀ ਉਹਦੇ ਮੂਹਰੇ ਸੀਸ ਨਿਵਾਉਂਦੇ ਨੇ। ਦੂਜੇ ਕਹਿੰਦੇ ਹੋਰ ਦੇਖ ਲਓ -

*ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ ਗਏ*
*ਹਰਿ ਕੈ ਪਾਸਿ ॥*

*ਐਸੇ ਦੁਰਮਤਿ ਨਿਸਤਰੇ*
*ਤੂ ਕਿਉ ਨ ਤਰਹਿ ਰਵਿਦਾਸ॥ ਅੰਗ - ੧੧੨੪*

ਲੁਭਤ ਇਕ ਸ਼ਿਕਾਰੀ ਸੀ, ਸ਼ਿਕਾਰ ਮਾਰ ਕੇ ਮਹਾਂਪੁਰਸ਼ਾਂ ਕੋਲ ਇਕ ਲਿਆ ਕੇ ਰੱਖ ਦਿਤਾ। ਤਪ ਕਰਦੇ ਸੀ ਜੰਗਲ 'ਚ ਕਹਿੰਦਾ ਲਓ ਤੁਸੀਂ ਆਹ ਖਾ ਲਿਓ। ਉਹ ਕਹਿੰਦੇ, ਲੁਭਤ! ਇਹ ਸ਼ਿਕਾਰ ਸਾਡੇ ਕਿਸੇ ਕੰਮ ਨਹੀਂ, ਤੂੰ ਜਿਉਂਦਾ ਫੜ ਕੇ ਲਿਆ, ਅਸੀਂ ਦੱਸ ਦਿੰਦੇ ਹਾਂ। ਫੇਰ ਠੀਕ ਹੈ।

ਕਹਿੰਦੇ ਉਹਦੀਆਂ ਚਾਰ ਬਾਹਵਾਂ ਨੇ, ਸਿਰ ਦੇ ਉਤੇ ਮੁਕਟ ਹੈ, ਉਹ ਐਸਾ ਪੰਛੀ ਹੈ, ਨਕਸ਼ਾ ਖਿੱਚ ਕੇ ਦੇ ਦਿਤਾ। ਉਹ ਕਹਿੰਦਾ ਜਦੋਂ ਤੱਕ ਮੈਂ ਲਿਆਉਂਦਾ ਨਹੀਂ ਮੈਂ ਜੰਗਲ ਵੀ ਨਹੀਂ ਛੱਡਦਾ। ਇਕੱਲੀ-ਇਕੱਲੀ ਜਗ੍ਹਾ ਦੇਖਦਾ ਫਿਰਦਾ ਹੈ ਜਦੋਂ ਨਾ ਲੱਭਿਆ, ਓਸ ਵੇਲੇ ਓਸ ਨੇ ਕਿਹਾ ਕਿ ਮੈਂ ਤਾਂ ਮਹਾਂਪੁਰਸ਼ਾਂ ਦੇ ਬਚਨ ਤੇ ਪੈ ਗਿਆ ਝੂਠਾ ਤੇ ਹੁਣ ਹੋਵੇ ਨਾ ਤਾਂ ਮੈਂ ਅੱਗ ਜਾਲ ਕੇ ਵਿਚ ਹੀ ਜਲ ਜਾਵਾਂ। ਜਿਸ ਵਕਤ ਅੱਗ ਜਾਲ ਲਈ ਛਾਲ ਮਾਰਨ ਲੱਗਿਆ, ਬਾਂਹ ਫੜ ਲਈ ਉਹਦੀ ਆ ਕੇ, ਸਾਮ੍ਹਣੇ ਪੰਛੀ ਨਜ਼ਰ ਆ ਗਿਆ, ਉਹਨੇ ਕਿਹਾ ਕਿ ਆਹੀ ਪੰਛੀ ਦੱਸਿਆ ਸੀ, ਆਹੀ ਫੜਨਾ ਹੈ, ਮੁਕਟ ਵੀ ਹੈ ਇਹਦੇ ਸਿਰ 'ਤੇ, ਚਾਰ ਬਾਹਾਂ ਨੇ, ਉਸੇ ਵੇਲੇ ਜਾ ਕੇ ਨੱਠਿਆ, ਉਹਨੇ ਦੌੜਨਾ ਕਿੱਥੇ ਸੀ, ਉਸੇ ਵਕਤ ਫੜਾਈ ਦੇ ਦਿਤੀ। ਫੜਾਈ ਦੇਣ ਸਾਰ, ਪ੍ਰਮੇਸ਼ਰ ਦੇ ਦਰਸ਼ਨ ਹੋਏ, ਲਿਆ ਕੇ ਮਹਾਤਮਾ ਕੋਲ ਦੇ ਦਿਤਾ। ਮਹਾਰਾਜ ਕਹਿੰਦੇ, ਦੇਖੋ ਐਸਾ ਜਿਹੜਾ ਸ਼ਿਕਾਰੀ ਸੀ ਉਹਦਾ ਵੀ ਉਧਾਰ ਹੋ ਗਿਆ।

*ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ ਗਏ*
*ਹਰਿ ਕੈ ਪਾਸਿ ॥ ਅੰਗ - ੧੧੨੪*

ਹਾਥੀ ਸੀ ਇਕ ਸ਼ਰਾਪ ਦੇ ਵਸ ਹੋ ਕੇ ਉਹਨੂੰ ਹਾਥੀ ਦੀ ਜੂਨ ਮਿਲੀ, ਅੰਦਰ ਗਿਆਨ ਸਾਰਾ ਹੀ ਸੀ ਕਿ ਮੈਂ ਹਾਥੀ ਬਣ ਗਿਆ। ਹਾਥੀਆਂ ਵਾਲੀ ਕ੍ਰਿਆ ਕਰਦਾ ਹੈ, ਹਥਣੀਆਂ ਦੇ ਨਾਲ ਖੇਲ੍ਹਦਾ ਇਕ ਪਾਣੀ ਦੀ ਨਦੀ ਵਿਚ ਚਲਿਆ ਗਿਆ। ਉਥੇ ਤੰਦੂਏ ਨੇ ਫੜ ਲਿਆ, ਜਦ ਕੋਈ ਤਰੀਕਾ ਨਾ ਰਿਹਾ ਨਿਕਲਣ ਦਾ ਉਸ ਵੇਲੇ ਗਿਆਨ ਉਹਨੂੰ ਸੀਗਾ, ਇਕ ਫੁੱਲ ਰੁੜ੍ਹਿਆ ਆਉਂਦਾ ਸੀ, ਸੁੰਡ 'ਚ ਲੈ ਕੇ ਡੁਬਦੇ-ਡੁਬਦੇ ਨੇ ਪ੍ਰਮੇਸ਼ਰ ਨੂੰ ਲੈ ਕੇ ਹਾਕ ਮਾਰ ਦਿਤੀ ਕਿ ਹੇ ਪ੍ਰਭੂ! ਹੁਣ ਬਚਾ।

*ਜਬ ਹੀ ਸਰਨਿ ਗਹੀ ਕਿਰਪਾ ਨਿਧਿ*
*ਗਜ ਗਰਾਹ ਤੇ ਛੂਟਾ ॥*
*ਮਹਮਾ ਨਾਮ ਕਹਾ ਲਉ ਬਰਨਉ*
*ਰਾਮ ਕਹਤ ਬੰਧਨ ਤਿਹ ਤੂਟਾ ॥ ਅੰਗ - ੬੩੨*

ਕਹਿੰਦੇ ਜਿਹੜਾ ਐਸਾ ਸੀਗਾ-

*..............ਕੁੰਚਰੁ ਗਏ ਹਰਿ ਕੈ ਪਾਸਿ ॥*
*ਐਸੇ ਦੁਰਮਤਿ ਨਿਸਤਰੇ*
*ਤੂ ਕਿਉ ਨ ਤਰਹਿ ਰਵਿਦਾਸ॥ ਅੰਗ - ੧੧੨੪*

ਐਹੋ ਜਿਹੇ ਖੋਟੀਆਂ ਮੱਤਾਂ ਵਾਲੇ ਬੰਦੇ ਤਰ ਗਏ, ਫੇਰ ਤੇਰੇ ਤਰਨ ਦੇ ਵਿਚ ਕੀ ਸ਼ੱਕ ਹੈ। ਜੋ ਕੁਛ ਉਨ੍ਹਾਂ ਨੇ ਕਰਿਆ ਹੈ ਉਹ ਆਪਾਂ ਕਰ ਲਓ। ਬਾਲਮੀਕ ਦਾ ਜਿਹੜਾ ਪਹਿਲਾ ਜੀਵਨ ਸੀ ਉਹਦੇ ਬਾਰੇ ਭਾਈ ਗੁਰਦਾਸ ਜੀ ਲਿਖਦੇ ਨੇ ਕਿ ਉਹ ਜਾਨਵਰ ਮਾਰਿਆ ਕਰਦਾ ਸੀ। ਬੰਦਿਆਂ ਨੂੰ ਮਾਰਿਆ ਕਰਦਾ ਸੀ।

*ਵਾਟੈ ਮਾਣਸ ਮਾਰਦਾ ਬੈਠਾ ਬਾਲਮੀਕ ਬਟਵਾੜਾ।*
*ਭਾਈ ਗੁਰਦਾਸ ਜੀ, ਵਾਰ 11/19*

ਭਗਤੀ ਕੋਈ ਨਹੀਂ ਹੈ, ਬੱਸ ਆਹੀ ਰਹਿੰਦਾ ਸੀ ਕਿ ਬੰਦਾ ਮਾਰ ਲਓ ਜੇਬ ਦੀ ਤਲਾਸ਼ੀ ਲਓ। ਮਹਾਰਾਜ ਕਹਿੰਦੇ, ਇਹ ਜਿਹੜਾ ਜੀਵਨ ਹੈ ਇਹ ਕਿਸੇ ਕੰਮ ਦਾ ਨਹੀਂ ਹੈ। ਸਾਨੂੰ ਵੀ ਉਪਦੇਸ਼ ਦਿੰਦੇ ਨੇ ਕਿ ਪਿਆਰਿਓ! ਪ੍ਰਮੇਸ਼ਰ ਦੀ ਭਗਤੀ ਕਰੋ, ਨਾਮ ਜਪੋ। ਨਾਮ ਦੀ ਮਹਿਮਾ ਵੀ ਦੱਸੀ ਜਾਂਦੀ ਨੇ ਨਾਲ ਦੀ ਨਾਲ। ਇਥੇ ਰਤਵਾੜਾ ਸਾਹਿਬ ਆਉਂਦੇ ਨੇ, ਗਿਣਤੀ ਮਿਣਤੀ ਤਾਂ ਹੁਣ ਰਹੀ ਨਹੀਂ, ਹਜ਼ਾਰਾਂ ਤੋਂ ਉਤੇ ਲੰਘ ਗਈ। ਕੁਛ ਵੀ ਨਹੀਂ ਅਸੀਂ ਦੱਸਦੇ ਅਸੀਂ ਕਹਿੰਦੇ ਹਾਂ ਜਪੁਜੀ ਸਾਹਿਬ ਦੇ ਪਾਠ ਕਰ ਲੈ ਜਾਂ ਫੇਰ ਬਿਮਾਰ ਹੈਂ, ਤੇਰੀ ਚਮੜੀ ਖਰਾਬ ਹੈ ਤਾਂ ਜਿਥੇ ਸੰਗਤ ਨਾਹੁੰਦੀ ਹੈ, ਉਥੋਂ ਗਾਰਾ ਲੈ ਕੇ ਨਹਾ ਲੈ। ਮੇਰੇ ਮਨ 'ਚ ਵਿਸ਼ਵਾਸ਼ ਹੈ ਕਿ ਜਿੱਥੇ ਇਸ਼ਨਾਨ ਕਰਦੇ ਨੇ ਸਿੰਘ ਗੁਰੂ ਦੇ, ਸੰਗਤਾਂ ਇਸ਼ਨਾਨ ਕਰਦੀਆਂ ਨੇ ਉਨ੍ਹਾਂ ਦੇ ਮੁਖ ਤੋਂ ਵਾਹਿਗੁਰੂ-ਵਾਹਿਗੁਰੂ ਨਿਕਲਣਾ ਸ਼ੁਰੂ ਹੋ ਜਾਂਦਾ ਹੈ। ਮੂਲਮੰਤ੍ਰ ਪੜ੍ਹਨਾ ਸ਼ੁਰੂ ਕਰ ਦਿੰਦੇ ਨੇ। ਉਹ ਕੋਈ ਐਵੇਂ ਤਾਂ ਨਹੀਂ ਜਾਂਦਾ, ਉਸ ਥਾਂ ਦੇ ਵਿਚ ਐਡੀ ਤਾਸੀਰ ਹੋ ਗਈ ਕਿ ਉਹ ਲਾ ਕੇ ਰਾਜ਼ੀ ਹੋਈ ਜਾਂਦੇ ਨੇ। ਜਪੁਜੀ ਸਾਹਿਬ ਪੜ੍ਹਦੇ ਨੇ ਉਹਦੇ ਨਾਲ ਰਾਜ਼ੀ ਹੋਈ ਜਾਂਦੇ ਨੇ, ਜਦੋਂ ਨਾਮ ਦੀ ਮਹਿਮਾ ਦਾ ਪਤਾ ਲੱਗ ਗਿਆ ਰਾਜ਼ੀ ਹੋਣ ਤੋਂ ਬਾਅਦ ਛੱਡ ਦਿੰਦੇ ਨੇ, ਫੇਰ ਨੇੜੇ-ਤੇੜੇ ਵੀ ਨਹੀਂ ਆਉਂਦੇ। ਮਹਾਰਾਜ ਕਹਿੰਦੇ ਮਤਲਬੀ ਲੋਕ ਨੇ। ਪਤਾ ਤਾਂ ਲੱਗ ਗਿਆ ਇਨ੍ਹਾਂ ਨੂੰ ਲੇਕਿਨ ਭਗਤੀ ਤੋਂ ਹੀਣੇ ਨੇ। ਦੂਜੇ ਜਿਹੜੇ ਨੇ ਉਹ ਐਸ ਰਸਤੇ ਪੈਂਦੇ ਨੇ। ਮਹਾਰਾਜ ਕਹਿੰਦੇ ਉਨ੍ਹਾਂ ਦੇ ਸੰਸਾਰ ਤੇ ਆਉਣ ਦਾ ਕੀ ਫਾਇਦਾ ਹੈ। ਐਉਂ ਪੜ੍ਹ ਲਓ -

*ਧਾਰਨਾ - ਕਾਹੇ ਜਗ ਆਏ ਨੇ*
*ਭਗਤੀ ਤੋਂ ਹੀਣੇ ਜਿਹੜੇ।*

*ਜਿਨੀ ਐਸਾ ਹਰਿ ਨਾਮੁ ਨ ਚੇਤਿਓ*
*ਸੇ ਕਾਹੇ ਜਗਿ ਆਏ ਰਾਮ ਰਾਜੇ ॥*
*ਇਹੁ ਮਾਣਸ ਜਨਮੁ ਦੁਲੰਭੁ ਹੈ*
*ਨਾਮ ਬਿਨਾ ਬਿਰਥਾ ਸਭੁ ਜਾਏ ॥*
*ਹੁਣਿ ਵਤੈ ਹਰਿ ਨਾਮੁ ਨ ਬੀਜਿਓ*
*ਅਗੈ ਭੁਖਾ ਕਿਆ ਖਾਏ ॥*
*ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ ॥*
**ਅੰਗ - ੪੫੦**

ਦੱਸ ਬਈ ਸੰਸਾਰ 'ਚ ਕਿਉਂ ਆਇਆ ਹੈਂ -

*ਯਾ ਜੁਗ ਮਹਿ ਏਕਹਿ ਕਉ ਆਇਆ ॥*
*ਜਨਮਤ ਮੋਹਿਓ ਮੋਹਨੀ ਮਾਇਆ ॥*
**ਅੰਗ - ੨੫੧**

ਆਇਆ ਤਾਂ ਤੂੰ ਪ੍ਰਮੇਸ਼ਰ ਨੂੰ ਮਿਲਣ ਵਾਸਤੇ ਸੀ -

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥*
**ਅੰਗ - ੧੨**

ਤੇ ਲੱਗ ਕਿਹੜੇ ਕੰਮਾਂ 'ਚ ਗਿਆ -

*ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ ॥*
*ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ ॥*
**ਅੰਗ - ੨੫੧**

ਜੇ ਤੈਨੂੰ ਪਸ਼ੂ ਕਹਿ ਦੇਈਏ, ਢੋਰ ਕਹਿ ਦੇਈਏ, ਗੁੱਸਾ ਨਾ ਕਰੀਂ। ਕਿਉਂਕਿ ਤੂੰ ਐਹੋ ਜਿਹਾ ਅਕਲ ਤੋਂ ਖਾਲੀ ਹੋ ਗਿਆ, ਸੋਚਦਾ ਹੀ ਨਹੀਂ ਮੇਰੇ ਆਉਣ ਦਾ ਕੀ ਫਾਇਦਾ। ਇਸੇ ਵਾਸਤੇ ਜਨਮ ਮਿਲਿਆ ਹੈ ਨਾ ਕਿ ਖਾ ਲਓ ਪੀ ਲਓ, ਬੱਚੇ ਪੈਦਾ ਕਰ ਲਓ। ਪੜ੍ਹਾ ਲਓ, ਲਿਖਾ ਲਓ, ਮਕਾਨ ਬਣਾ ਲਓ ਫੇਰ ਕੀ ਹੋਏਗਾ, ਤੁਰ ਜਾਏਂਗਾ ਇਥੋਂ ਛੱਡ ਕੇ। ਖਾਲੀ ਹੱਥ ਜਾਏਂਗਾ। ਜਿਹੜਾ ਕੁਛ ਕਰਿਆ ਹੈ ਉਹ ਤਾਂ ਇਥੇ ਹੀ ਰਹਿ ਗਿਆ, ਐਡਾ ਮੂਰਖ ਹੈ।

*ਭਾਈ ਰੇ ਭਗਤਿਹੀਣੁ ਕਾਹੇ ਜਗਿ ਆਇਆ ॥*
*ਪੂਰੇ ਗੁਰ ਕੀ ਸੇਵ ਨ ਕੀਨੀ*
*ਬਿਰਥਾ ਜਨਮੁ ਗਵਾਇਆ ॥* **ਅੰਗ - ੩੨**

ਉਹ ਤਾਂ ਜਨਮ ਬਿਰਥਾ ਗਵਾ ਗਿਆ। ਸੋ ਇਹ ਜਿਹੜਾ ਸੀ -

*ਵਾਟੈ ਮਾਣਸ ਮਾਰਦਾ ਬੈਠਾ ਬਾਲਮੀਕ ਬਟਵਾੜਾ।*
**ਭਾਈ ਗੁਰਦਾਸ ਜੀ, ਵਾਰ 11/19**

ਬੰਦੇ ਹੀ ਮਾਰੀ ਜਾਂਦਾ ਹੈ, ਪਹਿਲਾ ਜਦ ਬੰਦਾ ਮਾਰਿਆ ਉਹਦੀ ਜੇਬ 'ਚੋਂ ਦੋ ਪੈਸੇ ਨਿਕਲੇ, ਜਾ ਕੇ ਚੁੱਪ ਕਰਕੇ ਬਹਿ ਗਿਆ। ਕਹਿੰਦਾ ਮਾਂ! ਬੰਦਾ ਵੀ ਮਾਰਿਆ, ਪੈਸੇ ਵੀ ਦੋ ਹੀ ਮਿਲੇ ਨੇ। ਕਹਿੰਦੀ ਇਕ ਪੈਸਾ ਮੈਨੂੰ ਦੇ ਦੇ। ਉਹ ਮਾਛੀਗੀਰ ਦੇ ਗਈ, ਮੱਛੀਆਂ ਫੜਨ ਵਾਲਿਆਂ ਦੇ, ਕਹਿੰਦੀ ਇਕ ਪੈਸੇ ਦੀ ਪੂੰਗ ਦੇ ਦੇ, ਛੋਟੀਆਂ ਮੱਛੀਆਂ। ਉਸ ਵਕਤ ਪੈਸੇ ਦੀ ਹੀ ਬੜੀ value ਸੀ, ਉਹ ਝੱਕਰੀ ਦੇ ਵਿਚ ਪੁਆ ਲਿਆਈ, ਭਰੀ ਹੋਈ ਹੈ। ਪਾਣੀ 'ਚ ਫਿਰਦੀਆਂ ਨੇ। ਕਹਿੰਦੀ, ਬਾਲਮੀਕ, ਗਿਣ ਤਾਂ ਕਿੰਨੀਆਂ ਕੁ ਨੇ। ਕਹਿੰਦਾ, ਕਿਉਂ? ਕਹਿੰਦਾ ਹੋਣੀਆਂ 50-60, ਕਹਿੰਦੀ ਤੂੰ ਦੋ ਪੈਸੇ ਲਈ ਇਕ ਬੰਦਾ ਮਾਰਿਆ ਹੈ, ਇਹਨੇ 50-60 ਜਾਨਾਂ ਮਾਰ ਦਿਤੀਆਂ ਇਕ ਪੈਸੇ ਪਿੱਛੇ। ਹੈ ਕਮਲਾ! ਕਿਹੋ ਜਿਹੀਆਂ ਗੱਲਾਂ ਕਰਦਾ ਹੈ। ਇਹ ਤਾਂ ਆਪਣਾ ਰੁਜ਼ਗਾਰ ਹੈ, ਇਵੇਂ ਜਿਵੇਂ ਹੀ ਆਪਾਂ ਨੂੰ ਕਰਨਾ ਪਵੇਗਾ। ਪੁੱਠੀ ਮੱਤ ਦੇ ਦਿਤੀ। ਮਹਾਰਾਜ ਕਹਿੰਦੇ ਨੇ ਕਿ ਜਿਹੜੀਆਂ ਐਸੀਆਂ ਮਾਵਾਂ ਨੇ, ਉਹ ਬਾਂਝੀਆਂ ਰਹਿਣੀਆਂ ਚਾਹੀਦੀਆਂ ਨੇ, ਬੱਚਾ ਨਹੀਂ ਉਨ੍ਹਾਂ ਦੇ ਹੋਣਾ ਚਾਹੀਦਾ, ਜਿਹੜੀਆਂ ਪ੍ਰਮੇਸ਼ਰ ਦੇ ਰਸਤੇ ਤੇ ਬੱਚੇ ਨੂੰ ਨਾ ਪਾ ਸਕਣ।

*ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ॥*
*ਬਿਧਵਾ ਕਸ ਨ ਭਈ ਮਹਤਾਰੀ ॥*
**ਅੰਗ - ੩੨੮**

ਉਹ ਬਾਂਝ ਹੀ ਨਹੀਂ, ਬਾਂਝ ਦਾ ਤਾਂ ਪਤੀ ਫੇਰ ਜੀਉਂਦਾ ਹੈ, ਉਹਦੀ ਮਦਦ ਕਰਦਾ ਹੈ, ਸਹਾਇਤਾ ਕਰਦਾ ਹੈ, ਕਹਿੰਦੇ ਪਤੀ ਹੀ ਮਰ ਜਾਣਾ ਚਾਹੀਦਾ ਹੈ ਉਹਦਾ।

*ਜਿਹ ਨਰ ਰਾਮ ਭਗਤਿ ਨਹਿ ਸਾਧੀ ॥*
*ਜਨਮਤ ਕਸ ਨ ਮੁਓ ਅਪਰਾਧੀ ॥*
**ਅੰਗ - ੩੨੮**

ਜੇ ਪੈਦਾ ਹੋ ਗਿਆ ਤੇ ਭਜਨ ਨਹੀਂ ਕਰਿਆ ਕਹਿੰਦੇ ਉਹ ਜੰਮਦਾ ਹੀ ਮਰ ਜਾਂਦਾ ਤਾਂ ਚੰਗਾ ਰਹਿੰਦਾ। ਕਿਉਂਕਿ ਐਵੇਂ ਫਜ਼ੂਲ ਆਇਆ ਹੈ।

*ਮਾਨੁਖੁ ਬਿਨੁ ਬੂਝੇ ਬਿਰਥਾ ਆਇਆ ॥*
*ਅਨਿਕ ਸਾਜ ਸੀਗਾਰ ਬਹੁ ਕਰਤਾ*
*ਜਿਉ ਮਿਰਤਕੁ ਓਢਾਇਆ ॥* **ਅੰਗ - ੭੧੨**

ਉਹ ਬੰਦੇ ਮਾਰੀ ਜਾਂਦਾ ਹੈ। ਮਹਾਤਮਾ ਆ ਗਏ ਜਿਸ ਦੇ ਬਾਰੇ ਐਸਾ ਫੁਰਮਾਨ ਹੈ ਬਾਣੀ ਦੇ ਅੰਦਰ-

***ਧਾਰਨਾ - ਬਾਲਮੀਕ ਨੂੰ ਹੋਇਆ***
***ਸਾਧੂਆਂ ਦਾ ਸੰਗ।***

ਸ਼ਰਧਾ ਨਾਲ ਨਹੀਂ ਹੋਇਆ, ਭਾਵਨਾ ਨਾਲ ਨਹੀਂ ਹੋਇਆ। ਫੇਰ ਵੀ ਅਸਰ ਕਰ ਜਾਂਦੀ ਹੈ ਸਾਧੂ ਦੀ ਸੰਗਤ? ਕਹਿੰਦੇ, ਹਾਂ। ਸਾਧੂ ਜਿਹੜਾ ਹੁੰਦਾ ਹੈ ਜਿਹੜਾ

ਉਹਨੂੰ ਮਾਰਦਾ ਹੈ ਉਹ ਉਹਦਾ ਵੀ ਭਲਾ ਕਰ ਦਿੰਦਾ ਹੈ। ਮਿਸਾਲ ਦਿਤੀ ਹੈ ਕਿ ਚੰਦਨ ਦਾ ਦਰਖਤ ਹੈ, ਉਹ ਵੱਢਦਾ ਹੈ ਕੁਹਾੜੇ ਨਾਲ, ਉਸ ਕੁਹਾੜੇ ਵਿਚ ਹੀ ਸੁਗੰਧੀ ਆ ਜਾਂਦੀ ਹੈ, ਉਹਨੂੰ ਵੀ ਸੁਗੰਧੀ ਦੇ ਦਿੰਦਾ ਹੈ ਆਪ।

ਹੁਣ ਉਹ ਸ਼ਰਧਾ ਦੇ ਨਾਲ ਤਾਂ ਦੇਖ ਨਹੀਂ ਰਿਹਾ, ਉਂਞ ਦੇਖ ਰਿਹਾ ਹੈ ਕਿ ਬੰਦੇ ਆ ਰਹੇ ਨੇ। ਛੇ-ਸੱਤ ਨੇ, ਹਥਿਆਰ ਇਨ੍ਹਾਂ ਕੋਲ ਕੋਈ ਨਹੀਂ ਹੈ ਤੇ ਕੋਈ ਚੀਜ਼ ਵੀ ਨਹੀਂ ਲਗਦੀ। ਪਰ ਇਨ੍ਹਾਂ ਨੇ ਛੁਪਾ ਕੇ ਰੱਖੀ ਹੋਣੀ। ਕਿਉਂਕਿ ਉਨ੍ਹਾਂ ਦਿਨਾਂ 'ਚ ਚੋਰ-ਡਾਕੂ ਬਹੁਤ ਹੁੰਦੇ, ਜਿਹੜੇ ਜਰਾਹ ਹੁੰਦੇ, ਜਿਵੇਂ ਹੁਣ ਸਰਜਨ ਨੇ, ਪਿੰਡਾਂ 'ਚ ਹੁੰਦੇ, ਉਹ ਪੱਟ ਦੇ ਕੋਲੋਂ ਮਾਸ ਪਾੜ ਕੇ ਉਹਦੇ ਵਿਚ ਕੀਮਤੀ ਹੀਰੇ ਲੱਖਾਂ ਰੁਪਏ ਦੇ ਸਿਉਂ ਦਿੰਦੇ ਸੀ। ਕਿਸੇ ਹਿੱਸੇ ਵਿਚ ਵੀ ਸਿਉਂ ਦਿੰਦੇ ਸੀ ਉਪਰਲੀ ਚਮੜੀ ਦੇ। ਰਾਜ਼ੀ ਕਰ ਦਿੰਦੇ ਸੀ ਦਵਾਈਆਂ ਲਾ ਕੇ, ਫੇਰ ਉਹ ਸਫਰ ਕਰਦੇ ਸੀ, ਆਪਣੇ ਥਾਂ ਜਾ ਕੇ ਮੁੜ ਕੇ ਫੇਰ ਕੱਢ ਲੈਂਦੇ ਸੀ। ਕਹਿਣ ਲੱਗਿਆ, ਇਨ੍ਹਾਂ ਨੇ ਸੀਉਂਤਾ ਹੋਣਾ ਧਨ। ਜਿਵੇਂ ਸੱਜਣ ਕਹਿੰਦਾ ਸੀ ਗੁਰੂ ਨਾਨਕ ਸਾਹਿਬ ਨੂੰ ਕਿ ਇਨ੍ਹਾਂ ਨੇ ਆਪਣੇ ਸਰੀਰ 'ਚ ਲਾਲ, ਹੀਰੇ ਰੱਖੇ ਹੋਣੇ ਨੇ। ਹੁਣ ਜਿਸ ਵਕਤ ਆਹਮੋ-ਸਾਮ੍ਹਣੀ ਹੋਏ, ਕੁਹਾੜਾ ਚੁੱਕਿਆ ਇਹਨੇ ਕਿ ਮੈਂ ਇਨ੍ਹਾਂ ਨਾਲੋਂ ਤਕੜਾ ਹਾਂ ਇਹ ਤਾਂ ਖਾਲੀ ਹੱਥ ਨੇ। ਫਟਾਫਟ ਵੱਢ ਦੇਵਾਂਗਾ ਸਾਰਿਆਂ ਨੂੰ। ਕੁਹਾੜਾ ਚੁੱਕਿਆ ਲੇਕਿਨ ਹੈਰਾਨ ਹੋ ਗਿਆ ਕਿ ਇਹੋ ਜਿਹਾ ਬੰਦਾ ਤਾਂ ਮੈਂ ਅੱਜ ਤੱਕ ਨਹੀਂ ਦੇਖਿਆ। ਜਿਸ ਵਕਤ ਮਹਾਤਮਾ ਨੇ ਦੇਖਿਆ, ਨੇਤਰਾਂ 'ਚ ਨੇਤਰ ਪਾ ਕੇ, ਠਰ ਗਿਆ ਇਹ, ਕੁਹਾੜਾ ਹੀ ਨਾ ਚੁੱਕ ਹੋਵੇ, ਉਲਾਰਿਆ ਨਾ ਜਾਵੇ। ਕਹਿਣ ਲੱਗਿਆ ਕਿ ਅੱਜ ਮੈਨੂੰ ਹੋ ਕੀ ਗਿਆ? ਕਿਉਂਕਿ ਅੱਜ ਪੂਰਾ ਮਿਲ ਗਿਆ।

ਇਹ ਨਹੀਂ ਸਾਧਸੰਗਤ ਜੀ ਕਿ ਪੂਰੇ ਹੁਣ ਤੋਂ ਹੀ ਹੋਣ ਲੱਗੇ ਨੇ, ਭੁਲੇਖਾ ਕੱਢ ਦਿਓ। ਗੁਰੂ ਨਾਨਕ ਸਾਹਿਬ ਮਹਾਰਾਜ ਗੁਰੂ ਪ੍ਰਮੇਸ਼ਰ ਸੀਗੇ, ਸਾਰੇ ਗੁਰੂਆਂ ਦੇ ਗੁਰੂ। ਇਨ੍ਹਾਂ ਨੂੰ ਜਦੋਂ ਖਿੱਚ ਕੇ ਗੁਰੂਆਂ ਨਾਲ ਮਿਲਾ ਦਿੰਦੇ ਹੋਂ, ਫੇਰ ਰੌਲਾ ਪੈ ਜਾਂਦਾ ਹੈ ਸਾਡਾ। ਉਹ ਤਾਂ ਅਕਾਲ ਪੁਰਖ ਨੇ ਕਿਹਾ ਕਿ ਹੇ ਨਾਨਕ! ਮੈਂ ਪਾਰਬ੍ਰਹਮ ਪ੍ਰਮੇਸ਼ਰ ਤੂੰ ਗੁਰ ਪ੍ਰਮੇਸ਼ਰ। ਬਾਕੀ ਇਥੇ ਜਿਹੜੇ ਸਾਧੂ ਮਹਾਤਮਾ ਨੇ ਉਨ੍ਹਾਂ ਨੂੰ ਪ੍ਰਮੇਸ਼ਰ ਵਲੋਂ ਹੁਕਮ ਹੋ ਜਾਂਦਾ ਹੈ, ਆਦੇਸ਼ ਹੋ ਜਾਂਦਾ ਹੈ ਕਿ ਤੁਸੀਂ ਸੰਸਾਰ ਦਾ ਉਧਾਰ ਕਰੋ, ਮੇਰਾ ਨਾਮ ਦੇਵੋ ਇਨ੍ਹਾਂ ਨੂੰ। ਉਹਦੇ ਨਾਲ ਇਨ੍ਹਾਂ ਦਾ ਉਧਾਰ ਹੋਣਾ ਹੈ। ਇਹ ਜਦ ਤੋਂ ਸੰਸਾਰ ਬਣਿਆ ਹੈ ਉਸ ਵੇਲੇ ਤੋਂ ਗੁਰੂ ਪ੍ਰਥਾ ਚੱਲੀ ਹੋਈ ਹੈ। ਭਾਈ ਗੁਰਦਾਸ ਜੀ ਫੁਰਮਾਨ ਕਰਦੇ ਨੇ ਕਿ ਤ੍ਰੇਤੇ ਦੀ ਗੱਲ ਹੈ ਕਿ -

***ਸੁਖ ਰਾਜੇ ਹਰੀ ਚੰਦ ਘਰਿ***
***ਨਾਰਿ ਸੁ ਤਾਰਾ ਲੋਚਨ ਰਾਣੀ।***
***ਭਾਈ ਗੁਰਦਾਸ ਜੀ, ਵਾਰ 10/6***

ਉਹ ਜਿਹੜਾ ਹਰੀਚੰਦ ਰਾਜਾ ਸੀ ਉਹ ਬਿਲਕੁਲ ਨਾਸਤਕ ਰਾਜਾ ਸੀ, ਉਹ ਕਿਤੇ ਵੀ ਹਰੀ ਦਾ ਜਸ ਨਹੀਂ ਸੀ ਹੋਣ ਦਿੰਦਾ, ਉਹ ਕਹਿੰਦਾ ਸੀ ਕਿ ਇਹ ਪਾਖੰਡ ਕਰਦੇ ਨੇ। ਹੁਣ ਵੀ ਪਾਬੰਦੀ ਲਗ ਜਾਂਦੀ ਹੈ, ਜਦੋਂ ਇਸਲਾਮ ਵਾਲਿਆਂ ਦਾ ਰਾਜ ਜ਼ੋਰਾਂ ਤੇ ਸੀ, ਉਸ ਵੇਲੇ ਕੋਈ ਕੀਰਤਨ ਹੀ ਨਹੀਂ ਸੀ ਕਰ ਸਕਦਾ। ਅਰਬ ਦੇਸ਼ਾਂ 'ਚ ਚਲੇ ਜਾਓ ਤੁਸੀਂ ਕਰ ਹੀ ਨਹੀਂ ਸਕਦੇ ਖੁਲ੍ਹੇਆਮ। ਮਨ੍ਹਾ ਹੈ। ਉਹਨੇ ਸਾਰੇ ਬੰਧਸ਼ਾਂ ਲਗਾ ਦਿਤੀਆਂ ਸੀ ਕਿ ਕਿਤੇ ਸਤਿਸੰਗ ਨਹੀਂ ਹੋਣਾ। ਲੇਕਿਨ ਜਿਹੜੇ ਪਿਆਰੇ ਸੀ ਸਤਿਸੰਗ ਦੇ ਉਹ ਛੁੱਪ ਕੇ ਰਾਤ ਨੂੰ ਕਰ ਲੈਂਦੇ ਸੀ। ਐਹੋ ਜਿਹੇ ਥਾਉਂ ਛਾਂਟੇ ਹੋਏ ਸੀ, ਚਾਹੇ ਤਾਂ ਗੁਫਾਵਾਂ ਹੋਣ ਪਹਾੜ ਦੀਆਂ, ਚਾਹੇ ਕੋਈ ਰੋਹੀ ਐਸੀ ਹੈ, ਜਿਥੇ ਚੜ੍ਹਨਾ, ਜਾਣਾ ਔਖਾ ਹੈ। ਉਸ ਥਾਂ ਦੇ ਉਤੇ ਉਹ ਸਤਿਸੰਗ ਕਰਿਆ ਕਰਦੇ ਸੀ ਜਾਂ ਕੋਈ ਮਕਾਨ ਐਸਾ ਹੈ ਜਿਥੇ ਪਤਾ ਨਾ ਲੱਗੇ, ਇਹ ਬੰਦ ਕਰਿਆ ਹੋਇਆ ਸੀ ਤੇ ਜਿਹੜੀ ਰਾਣੀ ਸੀ ਉਹ ਸਤਿਸੰਗਣ ਸੀ, ਉਹਨੇ ਕਿਹਾ ਕਿ ਬੜਾ ਮਾੜਾ ਕੰਮ ਹੋ ਗਿਆ। ਮੇਰਾ ਤਾਂ ਜਿਹੜਾ ਵਾਹ ਹੈ -

***ਕਬੀਰ ਮਾਰੀ ਮਰਉ ਕੁਸੰਗ ਕੀ***
***ਕੇਲੇ ਨਿਕਟਿ ਜੁ ਬੇਰਿ ॥***
***ਉਹ ਝੂਲੈ ਉਹ ਚੀਰੀਐ***
***ਸਾਕਤ ਸੰਗੁ ਨ ਹੇਰਿ ॥ ਅੰਗ - ੧੩੬੯***

ਮੇਰਾ ਪਤੀ ਨਾਸਤਕ ਹੈ, ਮੇਰਾ ਗੁਜ਼ਾਰਾ ਕਿਵੇਂ ਹੋਵੇ, ਮੈਂ ਤਾਂ ਸਤਿਸੰਗ ਤੋਂ ਬਗੈਰ ਜਿਉਂਦੀ ਨਹੀਂ ਰਹਿ ਸਕਦੀ, ਔਖਾ ਹੈ। ਅਖੀਰ ਉਸਨੂੰ ਪਤਾ ਲੱਗਿਆ ਕਿਸੇ ਦਾਸੀ ਨੇ ਦੱਸਿਆ ਕਿ ਮਹਾਰਾਣੀ ਸਾਹਿਬ! ਇਥੇ ਗੁਪਤ ਰੂਪ ਦੇ ਵਿਚ ਇਕ ਥਾਂ ਦੇ ਉਤੇ ਸਤਿਸੰਗ ਹੁੰਦਾ ਹੈ। ਉਥੇ ਗੁਰੂ ਲੋਕ ਸਤਿਸੰਗ ਕਰਦੇ ਨੇ, ਕਹਿਣ ਲੱਗੀ ਮੈਨੂੰ ਦੱਸ। ਗੁਪਤ ਦਰਵਾਜ਼ੇ ਤਾਈਂ ਨਿਕਲ ਕੇ ਚਲੀ ਗਈ, ਜਾ ਕੇ ਸਤਿਸੰਗ ਦੇ ਵਿਚ ਪਹੁੰਚ ਗਈ। ਉਥੇ ਕਾਹਦੀ ਵਿਚਾਰ ਹੋ ਰਹੀ ਸੀ, ਗੁਰਬਾਣੀ ਦੀ ਵਿਚਾਰ ਹੋ ਰਹੀ ਸੀ -

***ਸਾਧ ਸੰਗਤਿ ਮਿਲਿ ਗਾਵਦੇ***
***ਰਾਤੀ ਜਾਇ ਸੁਣੈ ਗੁਰਬਾਣੀ।***
***ਭਾਈ ਗੁਰਦਾਸ ਜੀ, ਵਾਰ 10/6***

ਜੇ ਗੁਰੂ ਨਾ ਹੁੰਦਾ ਤਾਂ ਭਾਈ ਗੁਰਦਾਸ ਜੀ ਬਾਣੀ ਕਿਉਂ ਲਿਖਦੇ, ਗੁਰਬਾਣੀ ਤਾਂ ਗੁਰੂ ਗ੍ਰੰਥ ਸਾਹਿਬ ਵੇਲੇ ਤੋਂ ਅਸੀਂ ਕਹਿੰਦੇ ਹਾਂ ਕਿ ਆਹੀ ਹੈ।

ਗੁਰੂਆਂ ਦੀ ਬਾਣੀ ਸ਼ੁਰੂ ਤੋਂ ਆਈ ਹੋਈ ਹੈ। ਚਾਹੇ ਉਹ ਕੁਰਾਨ ਸ਼ਰੀਫ ਹੈ, ਚਾਹੇ ਉਹ ਵੇਦ ਨੇ, ਚਾਹੇ ਕੋਈ ਹੋਰ ਧਰਮ ਗ੍ਰੰਥ ਹੈ। ਅੰਜੀਲ ਹੈ, ਤੌਰੇਤ ਹੈ, ਜੰਬੂਰ ਹੈ, ਵਾਹਿਗੁਰੂ ਨੇ ਉਨ੍ਹਾਂ ਦੇ ਉਧਾਰ ਵਾਸਤੇ ਬਾਣੀ ਭੇਜੀ ਹੈ ਚਾਹੇ ਫਰਿਸ਼ਤਿਆਂ ਦੇ ਰਾਹੀਂ ਭੇਜੀ ਹੈ। ਮੁਹੰਮਦ ਸਾਹਿਬ ਨੂੰ ਜਿੰਨੀ ਬਾਣੀ ਆਈ ਫਰਿਸ਼ਤੇ ਦੇ ਰਾਹੀਂ ਆਈ। ਈਸਾ ਜੀ ਨੂੰ ਜਿੰਨੀ ਬਾਣੀ ਆਈ, ਫਰਿਸ਼ਤੇ ਨੇ ਆ ਕੇ ਦਿਤੀ। ਹੁਣ ਮਹਾਂਪੁਰਸ਼ਾਂ, ਰਿਸ਼ੀਆਂ ਮੁਨੀਆਂ ਨੂੰ ਬਾਣੀ ਉਤਰਦੀ ਸੀ, ਆਕਾਸ਼ ਬਾਣੀ ਹੁੰਦੀ ਸੀ, ਆਵਾਜ਼ ਆਉਣੀ ਆਕਾਸ਼ ਵਿਚੋਂ। ਉਨ੍ਹਾਂ ਨੇ ਲਿਖ ਲੈਣੀ ਤੇ ਮਹਾਰਾਜ ਨੇ ਜਿਹੜੀ ਬਾਣੀ ਦਾ ਪ੍ਰਕਾਸ਼ ਕੀਤਾ, ਉਹ ਧੰਨ ਭਾਈ ਮਰਦਾਨਾ ਹੈ ਜਿਹਦਾ ਅਹਿਸਾਨ ਅਸੀਂ ਕਦੇ ਨਹੀਂ ਭੁੱਲ ਸਕਦੇ। ਮਹਾਰਾਜ ਕਹਿੰਦੇ ਮਰਦਾਨਿਆ! ਰਬਾਬ ਸੁਰ ਕਰ, ਬਾਣੀ ਆ ਰਹੀ ਹੈ। ਮਰਦਾਨੇ ਨੇ ਰਬਾਬ ਸੁਰ ਕਰ ਲਈ, ਉਹਨੂੰ ਅੰਦਰੋਂ ਮਹਾਰਾਜ ਨੇ ਗਿਆਨ ਦੇ ਦਿਤਾ ਜੇ ਕਿਹਾ ਧਨਾਸਰੀ 'ਚ ਕਰ, ਧਨਾਸਰੀ 'ਚ ਕਰ ਲੈਣਾ। ਗਉੜੀ 'ਚ ਕਰ ਗਉੜੀ 'ਚ ਕਰ ਲੈਣਾ। ਉਹ ਬਾਣੀ ਸੁਰਾਂ ਦੇ ਰਾਹੀਂ ਗੁਰੂ ਨਾਨਕ ਪਾਤਸ਼ਾਹ ਦੇ ਮੁਖਾਰਬਿੰਦ ਤੋਂ ਰਬਾਬ ਦੇ ਰਾਹੀਂ ਪ੍ਰਗਟ ਹੋ ਰਹੀ ਸੀ, ਆ ਰਹੀ ਸੀ ਬਾਣੀ। ਸੋ ਏਸ ਤਰ੍ਹਾਂ ਦੇ ਨਾਲ ਜਦ ਤੋਂ ਸਤਿ ਬਾਣੀ ਤੁਰੀ ਆ ਰਹੀ ਹੈ। ਇਹ ਜਿਹੜੇ ਮਹਾਤਮਾ ਸੀ ਗੁਰੂ, ਉਸ ਵੇਲੇ ਤੋਂ ਹੀ ਚੱਲੇ ਹੋਏ ਨੇ, ਸਾਡਾ ਗੁਰੂ ਗੁਰੂ ਗ੍ਰੰਥ ਸਾਹਿਬ ਹੈ ਕਿਉਂਕਿ ਸਾਨੂੰ ਇਨ੍ਹਾਂ ਦੇ ਲੜ ਲਾਇਆ, ਇਹ ਸਮਰੱਥ ਗੁਰੂ ਹੈ। ਲੇਕਿਨ ਇਨ੍ਹਾਂ ਨੇ ਕਹਿ ਦਿਤਾ, ਗੁਰੂ ਨੇ ਸਾਡੇ ਕਿ ਤੁਸੀਂ ਸੰਤਾਂ ਦੇ ਕੋਲ ਜਾਓ ਉਹ ਤੁਹਾਨੂੰ ਗੂੜ੍ਹ ਭੇਤ ਆਪ ਦੱਸਣਗੇ ਸਾਡੇ। ਇਥੇ ਰੌਲਾ ਪੈਣ ਦੀ ਗੁੰਜਾਇਸ਼ ਨਹੀਂ ਐਵੇਂ ਰੌਲਾ ਪਾਈ ਜਾਂਦੇ ਨੇ ਬੇ-ਸਮਝੀ ਨਾਲ। ਸੋ ਏਸ ਤਰ੍ਹਾਂ ਦੇ ਨਾਲ -

*ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥*
*ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ*
*ਵਿਚੇ ਹੋਵੈ ਮੁਕਤਿ ॥* *ਅੰਗ - ੫੨੨*

ਹੁਣ ਬਾਲਮੀਕ ਨੂੰ ਮਿਲਿਆ ਕਿਹੜਾ। ਚਾਰ ਕਿਸਮ ਦੇ ਗੁਰੂ ਹੁੰਦੇ ਨੇ, ਇਕ ਪਾਖੰਡੀ ਗੁਰੂ ਹੁੰਦਾ ਹੈ, ਇਕ ਕੱਚਾ ਗੁਰੂ ਹੁੰਦਾ ਹੈ। ਇਕ ਵਿਦਵਾਨ ਗੁਰੂ ਹੁੰਦਾ ਹੈ, ਇਕ ਅਵਧੂਤ ਗੁਰੂ, ਇਕ ਸਮਰੱਥ ਗੁਰੂ। ਇਹ ਜਿਹੜੇ ਚਾਰ ਨੇ, ਇਨ੍ਹਾਂ ਤੋਂ ਨਹੀਂ ਕੋਈ ਕੰਮ ਬਣਿਆ ਕਰਦਾ। ਜਿਹੜਾ ਸਮਰੱਥ ਗੁਰੂ ਹੈ ਉਸ ਤੋਂ ਜੀਵ ਦਾ ਉਧਾਰ ਹੋਇਆ ਕਰਦਾ ਹੈ। ਅੱਜ ਸਮਰੱਥ ਗੁਰੂ ਨਾਲ ਵਾਹ ਪੈ ਗਿਆ -

***ਪੂਰਾ ਸਤਿਗੁਰੁ ਭੇਟਿਆ***
***ਮਨ ਵਿਚਿ ਹੋਆ ਖਿੰਜੋ ਤਾੜਾ।***
***ਭਾਈ ਗੁਰਦਾਸ ਜੀ, ਵਾਰ 10/19***

ਜਦ ਉਹਨੇ ਦੇਖਿਆ -

***ਮਾਰਨ ਨੋ ਲੋਚੈ ਘਣਾ..........।***
***ਭਾਈ ਗੁਰਦਾਸ ਜੀ, ਵਾਰ 10/19***

ਮਾਰਨਾ ਚਾਹੁੰਦਾ ਹੈ -

***........ਕਢਿ ਨ ਹੰਘੈ ਹਥੁ ਉਘਾੜਾ।***
***ਭਾਈ ਗੁਰਦਾਸ ਜੀ, ਵਾਰ 10/19***

ਹੁਣ ਉਹ ਹੱਥ ਚੁੱਕ ਨਹੀਂ ਹੁੰਦੇ -

***ਸਤਿਗੁਰ ਮਨੂਆ ਰਾਖਿਆ.............।***
***ਭਾਈ ਗੁਰਦਾਸ ਜੀ, ਵਾਰ 10/19***

ਮਨ ਨੂੰ ਫੜ ਲਿਆ ਗੁਰੂ ਨੇ। ਮਨ ਦੇ ਵਿਚ ਜੋਸ਼ ਹੀ ਨਹੀਂ ਆਉਂਦਾ -

***..........ਹੋਇ ਨ ਆਵੈ ਉਛੋਹਾੜਾ।***
***ਭਾਈ ਗੁਰਦਾਸ ਜੀ, ਵਾਰ 10/19***

ਜੋਸ਼ ਨਹੀਂ ਆਉਂਦਾ, ਕੁਛ ਨਹੀਂ ਕਰ ਸਕਦਾ, ਹੈਰਾਨ ਹੋ ਗਿਆ ਕਿ ਆਹ ਕੀ ਗੱਲ ਹੋ ਗਈ।

ਗੁਰੂ ਦੂਸਰੇ ਪਾਤਸ਼ਾਹ ਮਹਾਰਾਜ ਸਮਾਧੀ 'ਚ ਬੈਠੇ ਨੇ, ਹਮਾਯੂੰ ਸ਼ੇਰਸ਼ਾਹ ਸੂਰੀ ਤੋਂ ਹਾਰ ਗਿਆ। ਹੁਣ ਹਾਰਿਆ ਹੋਇਆ ਦਿੱਲੀ ਤਾਂ ਇਹ ਵੜ ਨਾ ਸਕਿਆ। ਪੰਜਾਬ ਨੂੰ ਆਇਆ। ਪੰਜਾਬ 'ਚ ਆ ਕੇ ਜਦੋਂ ਬਿਆਸਾ ਦਰਿਆ ਲੰਘ ਗਿਆ ਤਾਂ ਉਹਨੇ ਆਪਣੇ ਵਜ਼ੀਰ ਨੂੰ ਪੁਛਿਆ ਕਿ ਵਜ਼ੀਰ ਸਾਹਿਬ ਐਸ ਵੇਲੇ ਆਪਾਂ ਨੂੰ ਕੋਈ ਆਸਰਾ ਦੇਣ ਵਾਲਾ ਹੈ ਪੰਜਾਬ ਵਿਚ, ਜਿਹੜਾ ਸਾਨੂੰ ਆਸਰਾ ਦੇ ਦੇਵੇ ਰੋਟੀ ਪਾਣੀ ਦੇ ਦੇਵੇ? ਆਪਣਾ ਰਾਜ ਕਿਵੇਂ ਮਿਲ ਸਕਦਾ ਹੈ? ਕਹਿਣ ਲੱਗੇ ਮਹਾਰਾਜ! ਕਾਬਲ ਦੇ ਅੰਦਰ ਗੁਰੂ ਨਾਨਕ ਪਾਤਸ਼ਾਹ ਨੂੰ ਜਦੋਂ ਬਾਬਰ ਮਿਲਿਆ ਹੈ, ਓਸ ਵੇਲੇ ਤੁਹਾਨੂੰ ਰਾਜ ਦਿਤਾ ਸੀ ਤੇ ਨਾਲ ਕੁਛ ਬਚਨ ਕਹੇ ਸੀ ਕਿ ਅਮਨ ਅਮਾਨ ਹਿਸਾਬ ਨਾਲ ਰਾਜ ਕਰੋਂਗੇ ਤੁਹਾਡਾ ਰਾਜ, ਸੱਤ ਪੁਸ਼ਤਾਂ ਨਹੀਂ ਹਿਲਦਾ। ਜੇ ਤੁਸੀਂ ਪੱਖਵਾਦ ਕਰੋਂਗੇ, ਜ਼ੁਲਮ ਕਰੋਂਗੇ, ਰਿਆਇਆ ਨੂੰ ਦੁੱਖ ਦੇਵੋਂਗੇ ਫੇਰ ਅਸੀਂ ਸੀਸ ਦੇ ਕੇ ਰਾਜ ਵਾਪਸ ਲੈ ਲਵਾਂਗੇ। ਕਹਿਣ ਲੱਗੇ, ਉਸ ਵੇਲੇ ਦਾ ਬਚਨ ਹੈ ਜਿਹਦੇ ਕਰਕੇ ਬਾਬਰ ਨੂੰ ਰਾਜ ਮਿਲਿਆ। ਕਹਿਣ ਲੱਗੇ ਫੇਰ ਉਥੇ ਚੱਲੋ? ਉਥੇ ਆਏ ਤਾਂ ਮਹਾਰਾਜ ਸਮਾਧੀ ਸਥਿਤ ਬੈਠੇ ਸੀ। ਇਹ ਆ ਕੇ ਖੜ੍ਹਾ ਹੋ ਗਿਆ ਸਾਮ੍ਹਣੇ। ਜਦੋਂ ਪੰਦਰਾਂ ਮਿੰਟ ਲੰਘ ਗਏ, ਕਹਿਣ ਲੱਗੇ ਇਹ ਤਾਂ ਬੋਲਦਾ ਹੀ ਨਹੀਂ, ਮੇਰੀ ਐਡੀ ਬੇਇਜ਼ਤੀ ਕਰ ਦਿਤੀ ਇਹਨੇ, ਮੈਂ ਹੁਣੇ ਹੀ ਸਿਰ ਕਲਮ ਕਰ ਦਿੰਦਾ ਹਾਂ। ਐਡੀ ਗੁਸਤਾਖੀ, ਮੈਂ ਹਾਂ ਤਾਂ ਬਾਦਸ਼ਾਹ, ਹਾਰਿਆ ਹੋਇਆ ਹਾਂ ਤਾਂ ਕੀ ਹੈ? ਉਸ ਵੇਲੇ ਜਦੋਂ ਤਲਵਾਰ ਨੂੰ ਹੱਥ ਪਾਇਆ, ਮੁੱਠੇ ਦੇ ਨਾਲ ਜੁੜ ਗਿਆ ਹੱਥ। ਖਿੱਚ ਹੀ ਨਹੀਂ ਹੁੰਦੀ ਤਲਵਾਰ, ਹੈਰਾਨ ਹੋ ਗਿਆ। ਐਨੇ ਨੂੰ ਮਹਾਰਾਜ ਨੇ ਨੇਤਰ ਖੋਲ੍ਹ ਲਏ

ਕਹਿਣ ਲੱਗੇ, ਓ ਹਮਾਯੂੰ! ਤੇਰੀ ਬਹਾਦਰੀ ਉਸੇ ਸਮੇਂ ਕਿੱਥੇ ਗਈ ਸੀ ਸ਼ੇਰਸ਼ਾਹ ਸੂਰੀ ਦੇ ਮੁਕਾਬਲੇ, ਉਥੋਂ ਕਾਇਰ ਹੋ ਕੇ ਨੱਠ ਆਇਆ ਪਿੱਠ ਦੇ ਕੇ। ਹੁਣ ਤੂੰ ਆ ਕੇ ਸਾਧੂਆਂ ਦੇ ਉਤੇ ਤਲਵਾਰਾਂ ਖਿੱਚਦਾ ਹੈਂ? ਕੱਢ? ਹੁਣ ਕੱਢੇ ਕੌਣ ਉਹਦੇ 'ਚੋਂ, ਬੁੱਤ ਬਣਿਆ ਖੜ੍ਹਾ ਹੈ। ਉਸ ਵੇਲੇ ਕਹਿਣ ਲੱਗਿਆ ਕਿ ਮਹਾਰਾਜ! ਮੇਰੇ ਤੋਂ ਬੜੀ ਭਾਰੀ ਭੁੱਲ ਹੋ ਗਈ। ਕ੍ਰਿਪਾ ਕਰੋ, ਗੁਰੂ ਨਾਨਕ ਨੇ ਬਚਨ ਕੀਤਾ ਸੀ। ਮਹਾਰਾਜ ਕਹਿਣ ਲੱਗੇ, ਗੁਰੂ ਦਾ ਬਚਨ ਅਟੱਲ ਹੈ, ਪਰ ਤੈਨੂੰ ਸਜ਼ਾ ਮਿਲੇਗੀ। 13-14 ਸਾਲ ਤੂੰ ਭਟਕਦਾ ਫਿਰੇਂਗਾ, ਜਿਹੜਾ ਤਲਵਾਰ ਦੇ ਉਤੇ ਤੂੰ ਹੱਥ ਰੱਖਿਆ ਹੈ। ਉਹ ਮਹਾਰਾਜ ਨੇ ਮਨੂਆ ਹੀ ਰੱਖ ਦਿਤਾ, ਉਸ ਤੋਂ ਹੋ ਹੀ ਨਾ ਸਕਿਆ ਕੁਛ।

ਸੋ ਇਥੇ ਬਾਲਮੀਕ ਤੋਂ ਕੁਹਾੜਾ ਹੀ ਨਹੀਂ ਚੁੱਕ ਹੁੰਦਾ, ਉਸ ਵੇਲੇ ਮਹਾਤਮਾ ਕਹਿਣ ਲੱਗੇ ਕਿ ਤੂੰ ਇਹ ਕੰਮ ਕੀ ਕਰਦਾ ਹੈਂ? ਬੰਦਿਆਂ ਨੂੰ ਮਾਰਦਾ ਹੈਂ, ਲੁੱਟਦਾ ਹੈਂ ਤੇਰੇ ਤੋਂ ਕਿਰਤ ਨਹੀਂ ਹੁੰਦੀ, ਕਹਿਣ ਲੱਗਿਆ ਮਹਾਰਾਜ! ਰੁਜ਼ਗਾਰ ਹੈ ਸਾਡਾ।

*ਅਉਗਣੁ ਸਭ ਪਰਗਾਸਿਅਨੁ*
*ਰੋਜਗਾਰੁ ਹੈ ਏਹੁ ਅਸਾੜਾ।*
*ਭਾਈ ਗੁਰਦਾਸ ਜੀ, ਵਾਰ 10/19*

ਰੋਜ਼ਗਾਰ ਵਾਸਤੇ ਮੈਂ ਬੰਦੇ ਮਾਰਦਾ ਹਾਂ। ਉਹ ਕਹਿੰਦੇ, ਤੂੰ ਜਿਹੜੇ ਬੰਦੇ ਮਾਰਦਾ ਹੈਂ, ਇਹਦਾ ਪਿਆਰਿਆ ਤੈਨੂੰ ਲੇਖਾ ਦੇਣਾ ਪੈਣਾ ਹੈ। ਉਸ ਵੇਲੇ ਤੂੰ ਬਹੁਤ ਰੋਵੇਂਗਾ, ਪਛਤਾਵੇਂਗਾ। ਐਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਘਾਣੀ ਪੀੜਨੀ ਨਿਮਾਣੀ,*
*ਲੇਖਾ ਜਦੋਂ ਦੇਣਾ ਪੈ ਗਿਆ।*
*ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥*
*ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥*
*ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ ॥*
*ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥*
*ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥*
*ਅੰਗ - ੩੧੫*

ਪਿਆਰਿਆ! ਜੋ ਕੰਮ ਕਰਦਾ ਹੈਂ, ਇਹਦਾ ਲੇਖਾ ਦੇਣਾ ਪੈਣਾ ਹੈ ਤੈਨੂੰ ਦਰਗਾਹ ਵਿਚ ਜਾ ਕੇ, ਔਖਾ ਹੋ ਜਾਏਂਗਾ ਜਿਸ ਵਕਤ ਲੇਖਾ ਲਿਆ।

*ਲੇਖਾ ਲੀਜੈ ਤਿਲ ਜਿਉ ਪੀੜੀ ॥*
*ਮਾਤ ਪਿਤਾ ਕਲਤ੍ਰ ਸੁਤ ਬੇਲੀ ਨਾਹੀ*
*ਬਿਨੁ ਹਰਿ ਰਸ ਮੁਕਤਿ ਨ ਕੀਨਾ ਹੇ ॥*
*ਅੰਗ - ੧੦੨੮*

ਤਿਲਾਂ ਵਾਂਗਣ ਪੀੜ ਦੇਣਗੇ।

*ਦਰਿ ਲਏ ਲੇਖਾ ਪੀੜਿ ਛੁਟੈ ਨਾਨਕਾ ਜਿਉ ਤੇਲੁ ॥*
*ਅੰਗ - ੪੭੩*

ਉਥੇ ਕੀ ਜਵਾਬ ਦੇਵੇਂਗਾ।

*ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ ॥*
*ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥*
*ਅੰਗ - ੯੫੩*

ਇਕ ਬੇਨਤੀ ਮੈਂ ਕਰਦਾ ਹਾਂ, ਸਾਡੇ ਵਿਚ ਪੜ੍ਹੇ-ਲਿਖੇ ਬਹੁਤ ਆ ਗਏ, ਬਹੁਤਾ ਪੜ੍ਹ ਗਏ। ਉਹ ਮਾਲਕ ਹੀ ਬਣੇ ਪਏ ਨੇ ਕਿ ਅਸੀਂਓਂ ਹੀ ਹਾਂ ਗੁਰਸਿੱਖੀ ਦੇ, ਗੁਰੂ ਗ੍ਰੰਥ ਸਾਹਿਬ ਜੀ ਦੇ। ਉਹ ਕਰਦੇ ਕੀ ਨੇ, ਉਹ ਕਹਿੰਦੇ ਨੇ ਕਿ ਨਾ ਕੋਈ ਸਵਰਗ ਹੈ, ਨਾ ਕੋਈ ਧਰਮਰਾਜ ਹੈ, ਨਾ ਕੋਈ ਨਰਕ ਹੈ। ਇਥੇ ਹੀ ਨਰਕ ਹੈ ਇਥੇ ਹੀ ਸਵਰਗ।

ਓ ਐਥੇ ਤਾਂ ਹੁੰਦਾ ਹੀ ਕੁੱਛ ਨਹੀਂ? ਵੱਡੀਆਂ-ਵੱਡੀਆਂ ਬੇਇਮਾਨੀਆਂ ਠੱਗੀਆਂ, ਲੋਕਾਂ ਨੇ ਬੰਦੇ ਮਾਰ ਦਿਤੇ, ਹੁੰਦਾ ਹੈ ਕੁਛ? ਜਿਹੜਾ ਉਘੜ ਆਇਆ ਉਹ ਫੜਿਆ ਗਿਆ, ਬਾਕੀ ਤਾਂ ਬਚ ਗਏ ਨਾ। ਮਹਾਰਾਜ ਕਹਿੰਦੇ, ਐਉਂ ਨਹੀਂ ਪਿਆਰਿਆ! ਇਹ ਤਾਂ ਇਕ-ਇਕ ਕਰਮ ਦਾ ਤੇਰੇ ਦਾ ਲੇਖਾ ਹੋਣਾ ਹੈ। ਚੰਗਿਆਈਆਂ ਦਾ ਵੀ ਹੋਣਾ ਹੈ, ਬੁਰਿਆਈਆਂ ਦਾ ਵੀ ਹੋਣਾ ਹੈ।

*ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥*
*ਅੰਗ - ੮*

ਉਥੇ ਜਾ ਕੇ ਵਾਚੀਆਂ ਜਾਣੀਆਂ ਨੇ, ਤੁਸੀਂ ਕਿਉਂ ਕਿਤਾਬਾਂ ਕਾਲੀਆਂ ਕਰੀ ਜਾਂਦੇ ਓਂ ਲਿਖ-ਲਿਖ ਕੇ। ਲੋਕਾਂ ਨੂੰ ਨਾਸਤਕ ਬਣਾਉਂਦੇ ਹੋਂ। ਨਾਸਤਕ ਲੋਕ ਮੂਹਰੇ ਆ ਗਏ ਉਨ੍ਹਾਂ ਨੂੰ ਹੋਰ ਕੋਈ ਕੰਮ ਹੀ ਨਹੀਂ। ਕਿਸੇ ਹੋਰ ਥਾਂ ਕੰਮ ਕਰ ਲਓ, ਸਿੰਘਾਂ ਦੇ ਕਾਹਨੂੰ ਨਿਸ਼ਚੇ ਖਰਾਬ ਕਰਦੇ ਓਂ। ਰਹਿਣ ਦਿਓ ਸਾਨੂੰ ਜਿੱਥੇ ਅਸੀਂ ਹੈਗੇ ਹਾਂ। ਧਰਮਰਾਜਾ ਵੀ ਹੈਗਾ, ਨਰਕ ਵੀ ਹੈਗਾ, ਸੁਰਗ ਵੀ ਹੈਗਾ। ਮਹਾਰਾਜ ਕਹਿੰਦੇ ਉਥੇ ਔਖਾ ਹੋਵੇਂਗਾ-

*ਕਪੜੁ ਰੂਪੁ ਸੁਹਾਵਣਾ*
*ਛਡਿ ਦੁਨੀਆ ਅੰਦਰਿ ਜਾਵਣਾ॥*
*ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥*
*ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ॥*
*ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥*
*ਕਰਿ ਅਉਗਣ ਪਛੋਤਾਵਣਾ ॥ ਅੰਗ - ੪੭੧*

ਫੇਰ ਪਛਤਾਵੇਂਗਾ ਫੇਰ ਤਾਂ ਕੁਛ ਨਹੀਂ ਬਣਨਾ। ਫੇਰ ਨਹੀਂ ਬਣਨਾ ਕੁਛ ਵੀ। ਸੋ ਏਸ ਕਰਕੇ -

*ਆਪੀਨ੍ਹੈ ਭੋਗ ਭੋਗਿ ਕੈ*

*ਹੋਇ ਭਸਮੜਿ ਭਉਰੁ ਸਿਧਾਇਆ ॥*
*ਵਡਾ ਹੋਆ ਦੁਨੀਦਾਰੁ*
*ਗਲਿ ਸੰਗਲੁ ਘਤਿ ਚਲਾਇਆ ॥*
*ਅਗੈ ਕਰਣੀ ਕੀਰਤਿ ਵਾਚੀਐ*
*ਬਹਿ ਲੇਖਾ ਕਰਿ ਸਮਝਾਇਆ ॥*
*ਥਾਉ ਨ ਹੋਵੀ ਪਉਦੀਈ*
*ਹੁਣਿ ਸੁਣੀਐ ਕਿਆ ਰੂਆਇਆ ॥*
*ਮਨਿ ਅੰਧੈ ਜਨਮੁ ਗਵਾਇਆ ॥ ਅੰਗ - ੪੬੪*

ਮਹਾਰਾਜ ਕਹਿੰਦੇ, ਤੈਨੂੰ ਲੇਖਾ ਕਰਕੇ ਸਮਝਾਉਣਗੇ। ਆਹ ਵੀਡੀਓ ਫਿਲਮ ਦਿਖਾਉਣਗੇ ਕਿ ਆਹ ਤੂੰਹੀ ਕਰ ਰਿਹਾ ਹੈਂ ਸਾਰੇ ਕੰਮ।

*ਦੇਇ ਕਿਵਾੜ ਅਨਿਕ ਪੜਦੇ*
*ਮਹਿ ਪਰ ਦਾਰਾ ਸੰਗਿ ਫਾਕੈ ॥*
*ਚਿਤ੍ਰ ਗੁਪਤੁ ਜਬ ਲੇਖਾ ਮਾਗਹਿ*
*ਤਬ ਕਉਣੁ ਪੜਦਾ ਤੇਰਾ ਢਾਕੈ ॥ ਅੰਗ - ੬੧੬*

ਹੈ ਕੋਈ ਜਿਹੜਾ ਪੜਦਾ ਪਾ ਦਏਗਾ ਤੇਰੇ ਤੇ। ਐਥੇ ਤਾਂ ਵੀਹ ਗੱਲਾਂ ਕਰ ਲਏਂਗਾ। ਫੇਰ ਉਥੇ ਤੱਤੇ ਥੰਮ ਜਿਹੜੇ ਨੇ ਨਾ ਤਪੇ ਹੋਏ, ਉਹ ਗਲ ਲਾਉਣਗੇ, ਫੇਰ ਰੋਵੇਂਗਾ। ਸੋ ਏਸ ਤਰ੍ਹਾਂ ਦੇ ਨਾਲ ਜਦ ਬਚਨ ਕਰੇ ਬਹੁਤ ਸਾਰੇ। ਕਹਿੰਦਾ ਮੈਨੂੰ ਦਿਖਾ ਵੀ ਸਕਦੇ ਓਂ? ਕਹਿੰਦੇ, ਆਜਾ ਦਿਖਾ ਦਿੰਦੇ ਹਾਂ, ਬਥੇਰਿਆਂ ਨੇ ਦੇਖੇ ਨੇ।

ਇਕ ਲੁਧਿਆਣੇ ਦੇ ਨੇੜੇ ਮਹਾਤਮਾ ਹੋਏ ਨੇ, ਉਹ ਆਪਣੇ ਖੇਤ ਵਿਚ ਹੀ ਨੇ, ਆਹ ਹੁਣ ਦੀ ਹੀ ਗੱਲ ਹੈ, ਬਹੁਤੀ ਪੁਰਾਣੀ ਨਹੀਂ। ਸੰਤ ਮਹਾਰਾਜ ਜੀ ਵੇਲੇ ਦੀ। ਮਹਾਰਾਜ ਜੀ ਦੇ ਦੀਵਾਨ ਲੱਗਦੇ ਹੁੰਦੇ ਪਰ੍ਹੇ ਮਾਲਵੇ ਵਲ, ਉਥੇ ਦੀਵਾਨ ਲੱਗਿਆ ਹੋਇਆ ਸੀ ਮਹਾਰਾਜ ਜੀ ਦਾ। ਉਥੇ ਗੁਰਦਿਆਲ ਸਿੰਘ ਪ੍ਰਿੰਸੀਪਲ ਹੈ, ਮਹਾਰਾਜ ਜੀ ਨੇ ਕਿਹਾ ਕਿ ਐਉਂ ਕਰੀ ਇਥੇ ਨੇੜੇ ਹੀ ਪਿੰਡ ਹੈ, ਉਥੇ ਸੰਤ ਕ੍ਰਿਪਾਲ ਸਿੰਘ ਨੇ ਉਨ੍ਹਾਂ ਨੂੰ ਮਿਲ ਕੇ ਆਈਂ। ਇਥੇ ਰਹੀਂ, ਰਾਤ ਅੱਜ।

ਉਹ ਜਿਸ ਵਕਤ ਗਿਆ ਉਹਨੇ ਬੜਾ ਆਦਰ ਸਤਿਕਾਰ ਕਰਿਆ ਕਿ ਮਹਾਰਾਜ ਜੀ ਦੇ ਦੀਵਾਨ ਨੇ ਮੈਂ ਵੀ ਜਾਵਾਂਗਾ। ਖੇਤ ਵਿਚ ਝੌਂਪੜੀ ਪਾ ਕੇ ਰਹਿੰਦਾ ਸੀ। ਭਜਨ ਬੰਦਗੀ ਕਰਦਾ ਸੀ। ਬਚਨ ਜਦ ਚਲਦੇ ਰਹੇ, ਕਹਿਣ ਲੱਗਿਆ ਪ੍ਰਿੰਸੀਪਲ ਕਿ ਤੁਹਾਨੂੰ ਲਗਨ ਕਿੱਥੋਂ ਲੱਗੀ ਹੈ, ਕਹਿੰਦਾ ਮੈਨੂੰ ਲਗਨ ਕੁਦਰਤ ਨੇ ਲਾਈ ਹੈ, ਕਹਿੰਦੇ ਉਹ ਕਿਵੇਂ? ਕਹਿੰਦਾ ਮੈਂ ਫੌਜ ਵਿਚੋਂ ਰੀਜ਼ਰਵ ਲਿਸਟ ਤੇ ਆਇਆ ਸੀ। ਜਦੋਂ ਜੀਅ ਕਰਦਾ ਹੈ ਫੇਰ ਉਨ੍ਹਾਂ ਨੂੰ ਮੰਗਾ ਲੈਂਦੇ ਨੇ, ਤਿੰਨ ਮਹੀਨੇ ਜਾਣਾ ਪੈਂਦਾ ਹੈ ਸਾਲ ਪਿੱਛੋਂ। ਕਹਿੰਦਾ, ਇਥੇ ਆ ਕੇ ਬੀਮਾਰ ਹੋ ਗਿਆ, ਚੜ੍ਹਾਈ ਕਰ ਗਿਆ। ਮੈਨੂੰ ਇਨ੍ਹਾਂ ਨੇ ਲੈ ਕੇ ਜਾਣਾ ਹੀ ਸੀ ਸ਼ਮਸ਼ਾਨ ਭੂਮੀ, ਓਧਰ ਜਦੋਂ ਮੈਂ ਗਿਆ ਤਾਂ ਮੈਨੂੰ ਉਹ ਕਹਿਣ ਲੱਗੇ ਕਿ ਇਹ ਨਹੀਂ ਹੈਗਾ, ਇਹ ਕ੍ਰਿਪਾਲ ਸਿੰਘ ਜੱਟ ਹੈ, ਕ੍ਰਿਪਾਲ ਸਿੰਘ ਤਰਖਾਣ ਲੈ ਕੇ ਆਉਣਾ ਹੈ ਰਾਮਗੜ੍ਹੀਆ। ਕਹਿੰਦਾ, ਜਦ ਮੈਨੂੰ ਛੱਡਣ ਤੁਰੇ, ਮੈਂ ਕਿਹਾ ਮੈਂ ਹੁਣ ਜੀਉਂਦਾ ਹੋ ਜਾਵਾਂਗਾ। ਕਹਿੰਦਾ ਮੈਂ ਕਿਹਾ ਇਥੇ ਨਰਕ ਸਵਰਗ ਕਹਿੰਦੇ ਹੁੰਦੇ ਨੇ, ਉਹ ਤਾਂ ਦਿਖਾ ਦਿਓ। ਕਹਿੰਦੇ ਤੇਰਾ ਸਰੀਰ ਜੇ ਜਲ ਗਿਆ, ਕੌਣ ਜ਼ਿੰਮੇਵਾਰ ਹੈ, ਕਾਹਦੇ ਵਿਚ ਫੇਰ ਤੈਨੂੰ ਪਾਵਾਂਗੇ ਅਸੀਂ। ਜਦੋਂ ਮੈਂ ਜ਼ਿਆਦਾ ਹੀ ਹੱਥ ਵਗੈਰਾ ਬੰਨ੍ਹੇ, ਕਹਿੰਦੇ ਉਤੇ ਦੀ ਦਿਖਾ ਦਿਓ। ਜਦੋਂ ਨਰਕਾਂ ਦੇ ਉਤੇ ਦੀ ਲੰਘਾਇਆ ਮੈਨੂੰ, ਆਵਾਜ਼ਾ ਆ ਰਹੀਆਂ ਨੇ -

*ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥*
*ਨਾਨਕ ਜਿਉ ਮਥਨਿ ਮਾਧਾਣੀਆ*
*ਤਿਉ ਮਥੇ ਧ੍ਰਮ ਰਾਇ ॥ ਅੰਗ - ੧੪੨੫*

ਕਹਿੰਦਾ, ਮੈਂ ਕਿਹਾ ਸਵਰਗ ਵੀ ਦਿਖਾ ਦਿਓ, ਕੰਬਦਾ ਹਾਂ ਮੈਂ ਦੇਖ ਕੇ ਕਿ ਆਹ ਹਾਲ ਹੁੰਦਾ ਹੈ ਇਥੇ ਆ ਕੇ। ਬਾਰ-ਬਾਰ ਕਹਿਣ ਤੇ ਕਹਿੰਦੇ ਦੇਖੋ ਤਾਂ ਸਰੀਰ? ਕਹਿੰਦੇ, ਅਜੇ ਤਾਂ ਲਿਆ ਰਹੇ ਨੇ ਕਿ ਇਹਨੂੰ ਛੇਤੀ ਕਰੀਏ। ਮੈਨੂੰ ਸਵਰਗ ਦੇ ਉਤੇ ਦੀ ਲੰਘਾ ਦਿਤਾ, ਜਿਵੇਂ ਹੈਲੀਕਾਪਟਰ ਲੰਘਦਾ ਹੈ। ਦੋਵੇਂ ਦੇਖ ਲਏ। ਇਥੇ ਆ ਕੇ ਮੈਂ ਚਿਤਾ ਤੇ ਰੱਖ ਦਿਤਾ ਗਿਆ ਸੀ, ਅਗ ਲਾ ਦਿਤੀ, ਅਜੇ ਲੱਗੀ ਹੀ ਸੀ ਮੇਰੀ ਜਾਨ ਉਨ੍ਹਾਂ ਨੇ ਪਾ ਦਿਤੀ, ਮੈਂ ਤਕੜਾ ਸੀ, ਰੱਸੀ ਵਗੈਰਾ ਤੋੜ ਕੇ ਮੈਂ ਛਾਲ ਮਾਰੀ, ਲੱਕੜੀਆਂ ਸੁੱਟ ਦਿਤੀਆਂ ਜ਼ੋਰ ਨਾਲ। ਜਿਉਂਦਾ ਹੋ ਗਿਆ ਮੈਂ ਬਹਿ ਗਿਆ ਚੁੱਪ ਕਰਕੇ। ਇਧਰ ਹੋ ਗਿਆ ਕਿ ਜੀਉਂਦਾ ਹੋ ਗਿਆ ਕਿ ਜੀਉਂਦਾ ਹੋ ਗਿਆ। ਕਹਿੰਦਾ, ਮੈਂ ਤਾਂ ਹੋ ਗਿਆ ਜੀਉਂਦਾ ਤੇ ਮੇਰੇ ਨਾਉਂ ਦਾ ਹੀ ਜਿਹੜਾ ਕ੍ਰਿਪਾਲ ਸਿੰਘ ਮਿਸਤਰੀ ਹੈ, ਉਹਨੂੰ ਲੈਣ ਚਲੇ ਗਏ। ਕਹਿੰਦੇ, ਉਹ ਤਾਂ ਇਥੇ ਲੱਕੜਾਂ ਪਾੜਦਾ ਸੀ, ਇਕ ਕਹਿਣ ਲੱਗਿਆ ਕਿ ਓ ਕਿੱਕਰ ਤੇ ਚੜ੍ਹ ਰਿਹਾ, ਕਾਲ ਨੇ ਕਿੱਕਰ 'ਤੇ ਚੜ੍ਹਾ ਦਿਤਾ, ਉਥੇ ਲੱਗਿਆ ਵੱਢਣ ਤਾਂ ਦਸਤਾ ਫੜ ਕੇ, ਕੁਹਾੜਾ ਚਲਾਇਆ ਉਹ ਲੱਗਿਆ ਨਾ, ਗਰਦਨ ਭਰਨੇ ਥੱਲੇ ਮਾਰਿਆ ਕਾਲ ਨੇ। ਕਹਿੰਦਾ ਲੈ ਬਈ ਇਹ ਤਾਂ ਹੈਗਾ ਸਬੂਤ। ਮੈਨੂੰ ਛੱਡ ਗਏ ਤੇ ਉਹਨੂੰ ਲੈ ਗਏ। ਹੁਣ ਤੁਸੀਂ ਦੁਨੀਆਦਾਰ ਹੋ ਇਨ੍ਹਾਂ ਨੇ ਮੰਨਣਾ ਹੀ ਨਹੀਂ, ਅਗਰ ਮਗਰ ਕਰੋਂਗੇ ਕਿ ਪ੍ਰਾਣ ਰਹਿ ਗਏ ਦਿਮਾਗ 'ਚ ਤੇ ਉਥੇ ਸੁਪਨੇ ਵਾਂਗਣ ਇਹਨੂੰ ਦਿਸੱ ਗਿਆ। ਕਹਿੰਦਾ, ਮੈਂ ਪ੍ਰਤੱਖ ਦੇਖ ਕੇ ਆਇਆ ਹਾਂ। ਕਹਿੰਦਾ, ਲੇਖੇ ਪੱਤੇ ਹੁੰਦੇ ਨੇ, ਨਰਕ ਤਾਂ ਬਹੁਤਾ ਹੀ ਔਖਾ ਹੈ।

ਮਹਾਤਮਾ ਕਹਿਣ ਲੱਗੇ ਕਿ ਇਸ ਤਰ੍ਹਾਂ ਦੇ ਨਾਲ ਬਾਲਮੀਕ! ਤੈਨੂੰ ਦਿਖਾ ਦਿੰਦੇ ਹਾਂ ਝਲਕਾ। ਪਰ

ਐਉਂ ਦੱਸ ਜਿਹੜੇ ਤੂੰ ਕਰਮ ਕਰੇ ਨੇ ਇਹਦਾ ਫਲ ਤੈਨੂੰ ਹੀ ਭੋਗਣਾ ਪੈਣਾ ਹੈ, ਤੇਰੇ ਥਾਂ ਤੇ ਕਿਸੇ ਹੋਰ ਨੇ ਨਹੀਂ ਭੋਗਣਾ। ਜਾਹ ਘਰ ਪੁੱਛ ਕੇ ਆ ਕਿ ਕੋਈ ਹੋਰ ਵੀ ਐਸਾ?

*ਅਉਗਣੁ ਸਭ ਪਰਗਾਸਿਅਨੁ*
*ਰੋਜਗਾਰੁ ਹੈ ਏਹੁ ਅਸਾੜਾ।*
***ਭਾਈ ਗੁਰਦਾਸ ਜੀ, ਵਾਰ 10/19***

ਕੋਈ ਨਹੀਂ ਬੇਲੀ ਬਣਦਾ, ਕਹਿੰਦੇ ਸਾਨੂੰ ਕੀ ਹੈ, ਚਾਹੇ ਬੰਦੇ ਮਾਰ ਕੇ ਚਾਹੇ ਤੂੰ ਧਰਮ ਦੀ ਕਿਰਤ ਕਰ। ਅਸੀਂ ਤਾਂ ਰੋਟੀ ਖਾਣੀ ਹੀ ਹੈ, ਨਾ ਬੱਚਿਆਂ ਨੇ ਹਾਮੀ ਭਰੀ, ਨਾ ਘਰਵਾਲੀ ਨੇ ਭਰੀ। ਨਿਰਾਸ਼ ਹੋ ਕੇ ਆ ਗਿਆ। ਕਹਿਣ ਲੱਗੇ, ਐਡਾ ਗਾਫਲ!

*ਤੂੰ ਵਲਵੰਚ ਲੂਕਿ ਕਰਹਿ*
*ਸਭ ਜਾਣੈ ਜਾਣੀ ਰਾਮ ॥ ਅੰਗ - ੫੪੬*

ਕਹਿੰਦੇ ਵਾਹਿਗੁਰੂ ਦੇਖ ਰਿਹਾ ਹੈ ਤੇਰੇ ਕਰਮਾਂ ਨੂੰ। ਲੁੱਕ ਕੇ ਨਹੀਂ ਕੋਈ ਵੀ ਕਰਮ ਹੁੰਦਾ ਜੇ ਤੂੰ ਕਹੇਂ ਕਿ ਮੈਂ ਲੁੱਕ ਕੇ ਕਰਮ ਕਰ ਲਵਾਂ। ਮਹਾਰਾਜ ਕਹਿੰਦੇ, ਲੁੱਕ ਕੇ ਕਿੱਥੇ ਕਰ ਲਏਂਗਾ, ਰੱਬ ਤਾਂ ਹਰ ਥਾਂ ਦੇ ਉਤੇ ਹੈ –

*ਪੇਖਤ ਸੁਨਤ ਸਦਾ ਹੈ ਸੰਗੇ*
*ਮੈ ਮੂਰਖ ਜਾਨਿਆ ਦੂਰੀ ਰੇ ॥ ਅੰਗ - ੬੧੨*

ਮੈਂ ਮੂਰਖ ਨੇ ਦੂਰ ਜਾਣ ਲਿਆ। ਉਹ ਤਾਂ ਮੇਰੇ ਨਾਲ ਹੈ, ਮੈਨੂੰ ਹਰ ਵਕਤ ਦੇਖਦਾ ਹੈ

*ਤੂੰ ਵਲਵੰਚ ਲੂਕਿ ਕਰਹਿ*
*ਸਭ ਜਾਣੈ ਜਾਣੀ ਰਾਮ ॥*
*ਲੇਖਾ ਧਰਮ ਭਇਆ*
*ਤਿਲ ਪੀੜੇ ਘਾਣੀ ਰਾਮ ॥ ਅੰਗ - ੫੪੬*

ਜਿਵੇਂ ਤਿਲ ਪੀੜਦੇ ਨੇ ਪਿਆਰਿਆ ਐਉਂ ਪੀੜ ਦੇਣਗੇ।

*ਕਿਰਤ ਕਮਾਣੇ ਦੁਖ ਸਹੁ ਪਰਾਣੀ*
*ਅਨਿਕ ਜੋਨਿ ਭ੍ਰਮਾਇਆ ॥ ਅੰਗ - ੫੪੬*

ਹੁਣ ਜੂਨਾਂ 'ਚ ਪੈ ਜਾ, ਤੁਰਿਆ ਫਿਰ ਜਿਹੜਾ ਕੀਤਾ ਹੈ ਲੇਖੇ ਦਿੰਦਾ ਚਲਿਆ ਜਾਹ।

*ਮਹਾ ਮੋਹਨੀ ਸੰਗਿ ਰਾਤਾ ਰਤਨ ਜਨਮੁ ਗਵਾਇਆ॥*
*ਅੰਗ - ੫੪੬*

ਤੂੰ ਤਾਂ ਜਨਮ ਹੀ ਗਵਾ ਲਿਆ। ਵਾਪਸ ਆ ਗਿਆ, ਚਰਨ ਫੜ ਲਏ ਕਿ ਹੇ ਮਹਾਂਪੁਰਸ਼ੋ! ਮੇਰੀਆ ਅੱਖਾਂ ਖੋਲ੍ਹ ਦਿਤੀਆਂ ਤੁਸੀਂ। ਮੇਰਾ ਤਾਂ ਕੋਈ ਵੀ ਨਹੀਂ ਬੇਲੀ। ਕੋਈ ਬੇਲੀ ਨਹੀਂ ਹੁੰਦਾ ਮਹਾਰਾਜ। ਆਪ ਕ੍ਰਿਪਾ ਕਰੋ ਮੈਨੂੰ ਬਚਾ ਲਓ, ਕੋਈ ਤਰੀਕਾ ਹੈ ਜਿਹਦੇ ਨਾਲ ਮੇਰੇ ਕੀਤੇ ਹੋਏ ਪਾਪਾਂ ਦਾ ਨਾਸ਼ ਹੋ ਜਾਵੇ। ਉਸ ਵੇਲੇ ਮਹਾਤਮਾ ਕਹਿਣ ਲੱਗੇ ਕਿ ਪ੍ਰਮੇਸ਼ਰ ਦਾ ਨਾਮ ਜਪਣ ਨਾਲ ਕ੍ਰੋੜਾਂ ਹੀ ਪਾਪਾਂ ਦਾ ਨਾਸ਼ ਹੋ ਜਾਇਆ ਕਰਦਾ ਹੈ –

*ਧਾਰਨਾ - ਕਰੋੜਾਂ ਪਾਪਾਂ ਦਾ ਨਾਸ਼ ਹੋ ਜਾਵੇ,*
*ਸਤਿਨਾਮ ਜਪ ਕੇ ਵਾਹਿਗੁਰੂ।*

ਕਹਿਣ ਲੱਗੇ, ਕਰੋੜਾਂ ਪਾਪਾਂ ਦਾ ਨਾਸ਼ ਹੋ ਜਾਂਦਾ ਹੈ ਨਾਮ ਜਪ ਕੇ।

*ਕੋਟਿ ਦਾਨ ਇਸਨਾਨੰ ਅਨਿਕ ਸੋਧਨ ਪਵਿਤ੍ਰਤਹ ॥*
*ਅੰਗ - ੭੦੬*

ਜੇ ਕਰੋੜਾਂ ਇਸ਼ਨਾਨ ਕਰ ਲੈ, ਕਰੋੜਾਂ ਦਾਨ ਕਰ ਲੈ, ਕਿੰਨੀ ਹੀ ਪਵਿਤਰਤਾ ਲੈ ਆ,

*ਉਚਰੰਤਿ ਨਾਨਕ ਹਰਿ ਹਰਿ ਰਸਨਾ*
*ਸਰਬ ਪਾਪ ਬਿਮੁਚਤੇ ॥ ਅੰਗ - ੭੦੬*

ਜਦੋਂ ਅਸੀਂ ਵਾਹਿਗੁਰੂ-ਵਾਹਿਗੁਰੂ, ਰਾਮ-ਰਾਮ, ਅੱਲਾਹ-ਅੱਲਾਹ ਜਪਾਂਗੇ, ਉਸ ਵੇਲੇ ਇਹਦਾ ਕੰਮ ਹੁੰਦਾ ਹੈ ਕਿ –

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ ॥*
*ਖੰਨਲੀ ਧੋਤੀ ਉਜਲੀ ਨ ਹੋਵਈ*
*ਜੇ ਸਉ ਧੋਵਣਿ ਪਾਹੁ ॥ ਅੰਗ - ੬੫੧*

ਇਹ ਲੱਗੀ ਹੋਈ ਹੈ ਨਾ –

*ਭਰੀਐ ਮਤਿ ਪਾਪਾ ਕੈ ਸੰਗਿ ॥*
*ਓਹੁ ਧੋਪੈ ਨਾਵੈ ਕੈ ਰੰਗਿ ॥ ਅੰਗ - ੪*

ਉਹਨੇ ਉਸੇ ਵੇਲੇ ਮੈਲ ਲਾਹੁਣੀ ਸ਼ੁਰੂ ਕਰ ਦੇਣੀ ਹੈ ਪਾਪਾਂ ਦੀ, ਪਾਪ ਨਹੀਂ ਕੋਈ ਵੀ ਬਚਣਾ।

*ਈਧਣੁ ਕੀਤੋਮੂ ਘਣਾ ਭੋਰੀ ਦਿਤੀਮੁ ਭਾਹਿ ॥*
*ਅੰਗ - ੭੦੬*

ਇੰਧਨ ਲੈ ਲਿਆ ਇਥੇ। ਪੁਛਦੇ ਨੇ ਕਿੰਨਾ ਹੈ ਜੀ ਇਹ? ਕਹਿੰਦੇ ਨੇ 50 ਹਜ਼ਾਰ ਕੁਇੰਟਲ। ਇਕ ਚੰਗਿਆੜਾ ਅੱਗ ਦਾ ਵਿਚ ਰੱਖ ਦਿਓ। 50 ਹਜ਼ਾਰ ਕੁਇੰਟਲ ਹੈ, ਚੰਗਿਆੜਾ ਇਕ ਹੈ। ਕਹਿੰਦੇ ਉਹਨੇ ਕੀ ਕਰਨਾ ਹੈ? ਜਿੰਨੇ ਔਗੁਣ ਨੇ ਸਾਰੇ ਦੇ ਸਾਰੇ ਹੀ ਉਹਨੇ ਖਤਮ ਕਰ ਦੇਣੇ ਨੇ।

*ਮਨਿ ਵਸੰਦੜੋ ਸਚੁ ਸਹੁ ਨਾਨਕ*
*ਹਭੇ ਡੁਖੜੇ ਉਲਾਹਿ॥ ਅੰਗ - ੭੦੬*

ਸਾਰੇ ਦੁਖਾਂ ਦਾ ਖਾਤਮਾ, ਸਾਰੇ ਪਾਪਾਂ ਦਾ ਖਾਤਮਾ।

*ਘੋਰ ਦੁਖ੍ਯੰ ਅਨਿਕ ਹਤ੍ਯੰ*
*ਜਨਮ ਦਾਰਿਦ੍ਰੰ ਮਹਾ ਬਿਖ੍ਯਾਦੰ॥ ਅੰਗ - ੧੩੫੫*

ਹਤਿਆਰਾ ਬੰਦਾ ਵੀ ਹੋਵੇ, ਘੋਰ ਦੁਖ ਹੋਵੇ, ਹਤਿਆ ਬੇਅੰਤ ਕਰੀਆ ਹੋਣ। ਜਨਮ ਦਾ ਦਰਿੱਦਰੀ ਹੋਵੇ, ਬੇਅੰਤ ਕਲੇਸ਼ ਉਹਦੇ ਗਲ ਪਿਆ ਹੋਵੇ ਫੇਰ

ਹਟਦਾ ਕਿਵੇਂ ਹੈ?

*ਮਿਟੰਤ ਸਗਲ ਸਿਮਰੰਤ ਹਰਿ ਨਾਮ*
*ਨਾਨਕ ਜੈਸੇ ਪਾਵਕ ਕਾਸਟ ਭਸਮੰ ਕਰੋਤਿ ॥*
*ਅੰਗ - ੧੩੫੫*

ਜਿਵੇਂ ਲੱਕੜੀ ਨੂੰ ਇਕ ਚੰਗਿਆੜਾ ਭਸਮ ਬਣਾ ਦਿੰਦਾ ਹੈ ਐਉਂ ਹਰੀ ਦਾ ਨਾਮ ਇਹਨੂੰ ਭਸਮ ਬਣਾ ਦਿੰਦਾ ਹੈ। ਕਹਿੰਦੇ ਪਿਆਰਿਆ! ਉਹ ਪ੍ਰਮੇਸ਼ਰ ਦਾ ਨਾਉਂ। ਪ੍ਰਮੇਸ਼ਰ ਦੇ ਨਾਮ ਬਾਰੇ ਮਹਾਤਮਾ ਬਾਰ-ਬਾਰ ਤਾਕੀਦ ਕਰਦੇ ਨੇ ਕਿ ਤੂੰ ਨਾਮ ਨਹੀਂ ਜਪਦਾ? ਦੱਸ ਤੇਰਾ ਦੇਹ ਪ੍ਰਾਪਤ ਕਰਨ ਦਾ ਫਾਇਦਾ ਕੀ ਹੋਇਆ? ਬਾਨੀ ਜਿਹੜੀ ਹੈ ਮਾਤਾ ਵਾਂਗਣ ਸਮਝਾਉਂਦੀ ਹੈ, ਮਾਤਾ ਕਿਤੇ ਥੋੜ੍ਹਾ ਜਿਹਾ ਥੱਪੜ ਵੀ ਮਾਰ ਕੇ ਸਮਝਾਉਂਦੀ ਹੈ, ਕਿਤੇ ਗਾਲ੍ਹਾਂ ਕੱਢ ਕੇ ਗੁੱਸੇ ਹੋ ਕੇ ਸਮਝਾਉਂਦੀ ਹੈ, ਕਿਤੇ ਪਿਆਰ ਲਾਡ ਨਾਲ ਸਮਝਾਉਂਦੀ ਹੈ, ਇਸੇ ਤਰ੍ਹਾਂ ਜਿਹੜੀ ਬਾਨੀ ਮਾਤਾ ਹੈ ਕਿਤੇ ਸਾਨੂੰ ਤਾੜਨਾ ਕਰਦੀ ਹੈ, ਐਹੋ ਜਿਹੇ ਅੱਖਰ ਕਹਿ ਦਿੰਦੀ ਹੈ ਕਿ ਤੂੰ ਮੂਰਖ ਹੈਂ, ਕਿਰਤਘਣ ਹੈ, ਤੂੰ ਆਤਮਘਾਤੀ ਹੈਂ, ਐਸ ਤਰ੍ਹਾਂ ਫੁਰਮਾਨ ਹੈ ਪੜ੍ਹੋ ਪਿਆਰ ਨਾਲ-

*ਧਾਰਨਾ - ਆਤਮਘਾਤੀ ਆਤਮਘਾਤੀ*
*ਆਤਮਘਾਤੀ ਓ,*
*ਨਾਮ ਨਹੀਂਓਂ ਜਪਦੇ*
*ਜਿਹੜੇ ਆਤਮਘਾਤੀ ਜੀ।*

ਕਿਉਂਕਿ ਆਤਮਘਾਤੀ ਮਹਾਂ ਕਸਾਈ ਹੋਇਆ ਕਰਦਾ ਹੈ। ਕਹਿੰਦੇ ਬੜੀ ਮੁਸ਼ਕਲ ਦੇ ਨਾਲ ਤੁਹਾਨੂੰ ਮਾਨਸ ਸਰੀਰ ਮਿਲਿਆ ਹੈ ਨਾਮ ਜਪਣ ਵਾਸਤੇ, ਤੁਸੀਂ ਤਾਂ ਆਪਣੀ ਆਤਮਾ ਦਾ ਹੀ ਘਾਤ ਕਰ ਰਹੇ ਓਂ। ਇਹ ਤਾਂ ਬੜੀ ਮੁਸ਼ਕਲ ਨਾਲ ਮਿਲਿਆ ਹੈ -

*ਦੁਲਭ ਦੇਹ ਪਾਈ ਵਡਭਾਗੀ ॥ ਅੰਗ - ੧੮੮*

ਵੱਡਿਆਂ ਭਾਗਾਂ ਦੇ ਨਾਲ ਮਾਨਸ ਦੇਹ ਮਿਲੀ ਹੈ -

*ਨਾਮੁ ਨ ਜਪਹਿ ਤੇ ਆਤਮ ਘਾਤੀ ॥*
*ਅੰਗ - ੧੮੮*

ਮਹਾਰਾਜ ਕਹਿੰਦੇ, ਜਿਹੜੇ ਨਹੀਂ ਨਾਮ ਜਪਦੇ।

*ਮਰਿ ਨ ਜਾਹੀ ਜਿਨਾ ਬਿਸਰਤ ਰਾਮ ॥*
*ਅੰਗ - ੧੮੮*

ਉਹ ਜੀਉਂਦੇ ਕਿਉਂ ਤੁਰੇ ਫਿਰਦੇ ਨੇ, ਮਰ ਜਾਣਾ ਚਾਹੀਦਾ ਹੈ ਉਨ੍ਹਾਂ ਨੂੰ -

*ਨਾਮ ਬਿਹੂਨ ਜੀਵਨ ਕਉਨ ਕਾਮ ॥*
*ਖਾਤ ਪੀਤ ਖੇਲਤ ਹਸਤ ਬਿਸਥਾਰ ॥*
*ਅੰਗ - ੧੮੮*

ਖਾਂਦਾ-ਪੀਂਦਾ, ਹਸਦਾ, ਵਿਸਥਾਰ ਜੋ ਬੇਅੰਤ ਇਹਦੇ ਵਿਚ ਪਿਆ ਹੋਇਆ ਹੈ, ਕੀ ਫਾਇਦਾ ਹੈ -

*ਕਵਨ ਅਰਥ ਮਿਰਤਕ ਸੀਗਾਰ॥ ਅੰਗ - ੧੮੮*

ਮੁਰਦੇ ਨੂੰ ਸ਼ਿੰਗਾਰ ਦੇ ਦਿਓ। ਉਹ ਤਾਂ ਮੁਰਦਾ ਹੈ -

*ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥*
*ਮਿਰਤਕ ਕਹੀਅਹਿ ਨਾਨਕਾ*
*ਜਿਹ ਪ੍ਰੀਤਿ ਨਹੀ ਭਗਵੰਤ॥ ਅੰਗ - ੨੫੩*

*ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥*
*ਨਾਨਕ ਅਵਰੁ ਨ ਜੀਵੈ ਕੋਇ ॥*
*ਜੇ ਜੀਵੈ ਪਤਿ ਲਥੀ ਜਾਇ ॥*
*ਸਭੁ ਹਰਾਮੁ ਜੇਤਾ ਕਿਛੁ ਖਾਇ ॥ ਅੰਗ - ੧੪੨*

ਸੋ ਉਹ ਤਾਂ ਕਹਿੰਦੇ -

*ਜੋ ਨ ਸੁਨਹਿ ਜਸੁ ਪਰਮਾਨੰਦਾ ॥*
*ਪਸੁ ਪੰਖੀ ਤ੍ਰਿਗਦ ਜੋਨਿ ਤੇ ਮੰਦਾ ॥ ੩ ॥*
*ਅੰਗ - ੧੮੮*

ਉਹ ਤਾਂ ਸੱਪ ਗੰਢ ਗੰਡੋਲਿਆਂ ਨਾਲੋਂ ਵੀ ਮਾੜਾ ਹੈ, ਤ੍ਰਿਗਦ ਜੋਨ ਨਾਲੋਂ ਮਾੜਾ ਹੈ, ਜਿਹੜੇ ਕੀੜੇ ਪੈਂਦੇ ਨੇ ਕੁੱਤਿਆਂ ਦੇ ਸਿਰ 'ਚ ਉਹਨੂੰ ਤ੍ਰਿਗਦ ਜੋਨ ਕਹਿੰਦੇ ਨੇ, ਕਹਿੰਦੇ ਉਸ ਤੋਂ ਵੀ ਮਾੜਾ ਹੈ।

*ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ ॥*
*ਅੰਗ - ੧੮੮*

ਕਹਿੰਦੇ ਜਦੋਂ ਗੁਰਮੰਤ੍ਰ ਦ੍ਰਿੜ ਕਰ ਦਿਤਾ, ਉਸ ਵੇਲੇ-

*ਕੇਵਲ ਨਾਮੁ ਰਿਦ ਮਾਹਿ ਸਮਾਇਆ ॥*
*ਅੰਗ - ੧੮੮*

ਉਸ ਵੇਲੇ ਰਾਮ ਦਾ ਨਾਮ ਰਿਦੇ 'ਚ ਸਮਾ ਦਿਤਾ। ਸੋ ਬੇਨਤੀਆਂ ਕਰਦਾ ਹੈ ਕਿ ਮੈਨੂੰ ਨਾਮ ਦੀ ਦਾਤ ਦਿਓ। ਕਿਉਂਕਿ ਇਹਦੇ 'ਚ ਪ੍ਰਤੀਬੰਦ ਹੁੰਦਾ ਹੈ ਲੱਗਿਆ ਹੋਇਆ। ਕਹਿੰਦੇ -

*ਰਾਮ ਪਦਾਰਥੁ ਪਾਇ ਕੈ*
*ਕਬੀਰਾ ਗਾਂਠਿ ਨ ਖੋਲ੍ ॥*
*ਨਹੀ ਪਟਣੁ ਨਹੀ ਪਾਰਖੂ*
*ਨਹੀ ਗਾਹਕੁ ਨਹੀ ਮੋਲੁ॥ ਅੰਗ - ੧੩੬੫*

ਜੇ ਅਧਿਕਾਰੀ ਨਾ ਹੋਵੇ ਕਹਿੰਦੇ ਨਾਮ ਨਾ ਦਿਓ। ਕਿਉਂਕਿ ਉਹਨੂੰ ਕੋਈ ਕਦਰ ਹੀ ਨਹੀਂ ਹੈ ਨਾਮ ਦੀ। ਪੰਜ ਪਿਆਰੇ ਦਿੰਦੇ ਨੇ ਨਾਮ। ਅੰਮ੍ਰਿਤ ਅਸੀਂ ਬੜੀ ਖੁਸ਼ੀ ਨਾਲ ਛਕਦੇ ਹਾਂ। ਬਿਲਕੁਲ ਨਹੀਂ ਹੈ, ਕਿਹੜਾ ਨਾਮ ਜਪਦਾ ਹੈ, ਕਿਹੜਾ ਅੰਮ੍ਰਿਤ ਵੇਲੇ ਉਠ ਕੇ ਢਾਈ ਮਾਲਾ ਕਰਦਾ ਹੈ ਨਾਮ ਦੀਆਂ। ਬਾਨੀ ਕਿਹੜਾ ਪੜਦਾ ਹੈ, ਝੂਠੇ ਵਾਇਦੇ, ਝੂਠੇ ਅਸੀਂ ਬੰਦੇ। ਸੋ ਇਸ ਤਰ੍ਹਾਂ ਕਹਿੰਦੇ ਅਧਿਕਾਰੀ ਨਹੀਂ ਹੈ, ਜੇ ਅੰਮ੍ਰਿਤ ਉਹਨੇ ਦੱਸ ਸਾਲ ਪਿਛੇ ਫਿਰਕੇ ਛਕਿਆ ਹੋਵੇ, ਫੇਰ ਉਹ ਤਾਂ ਸਾਧੂ

ਬਣ ਜਾਂਦਾ ਹੈ। ਕਹਿੰਦਾ ਹੈ ਮੈਂ ਮੰਤਰ ਲੈਣਾ ਹੈ, ਮੰਤਰ ਦਿਤਾ ਹੈ ਪੰਜ ਪਿਆਰਿਆਂ ਨੇ, ਫੇਰ ਛੱਡਦਾ ਹੈ, ਫੇਰ ਤਾਂ ਅਜਪਾ ਜਾਪ ਦਿਨਾਂ 'ਚ ਹੀ ਹੋ ਜਾਂਦਾ ਹੈ।

*ਅਜਪਾ ਜਾਪੁ ਨ ਵੀਸਰੈ*
*ਆਦਿ ਜੁਗਾਦਿ ਸਮਾਇ ॥ ਅੰਗ - ੧੨੯੧*

ਸੋ ਇਸ ਤਰ੍ਹਾਂ ਦੇ ਨਾਲ ਅਨ-ਅਧਿਕਾਰੀ ਨੂੰ ਨਾਮ ਨਹੀਂ ਦਿਤਾ ਜਾਂਦਾ। ਕਹਿਣ ਲੱਗੇ, ਇਹਦਾ ਉਧਾਰ ਤਾਂ ਕਰਨਾ ਹੈ, ਕਹਿੰਦੇ ਪ੍ਰਤੀਲੋਮ ਨਾਮ ਦੇ ਦਿਓ, ਉਲਟਾ ਦੇ ਦਿਓ। ਕਹਿੰਦੇ, ਲੈ ਬਈ ਬਾਲਮੀਕ ਮਰਾ-ਮਰਾ-ਮਰਾ-ਮਰਾ, ਕਰੀਂ। ਉਹ ਇਕ ਸ਼ਕਤੀ ਹੈ ਜਿਹੜੀ ਅੰਦਰ ਬਾਹਰ ਤੇਰੇ ਨਾਲ ਹੈ ਹਰ ਥਾਂ ਦੇ ਉਤੇ। ਕਹਿ ਕੇ ਮਹਾਤਮਾ ਚਲੇ ਗਏ। ਘਰ ਬਾਰ ਉਹਨੇ ਛੱਡ ਦਿਤਾ ਉਸੇ ਵੇਲੇ ਕਿ ਇਹ ਤਾਂ ਸਾਰੇ ਹੀ ਲੋਕ-ਕੁਟੰਬ ਇਹ ਤਾਂ ਫਜ਼ੂਲ ਹੀ ਮਹਿਕਮਾ ਹੈ। ਕਿਸੇ ਕੰਮ ਨਹੀਂ ਹੈ -

*ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ ॥*
*ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ*
*ਨਾਲੇ॥ ਸਾਥਿ ਤੇਰੈ ਚਲੈ ਨਾਹੀ*
*ਤਿਸੁ ਨਾਲਿ ਕਿਉ ਚਿਤੁ ਲਾਈਐ ॥*
*ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥*
*ਅੰਗ - ੯੧੮*

ਫੇਰ ਚਿੱਤ ਲਾਉਣ ਦਾ ਕੀ ਫਾਇਦਾ ਹੈ, ਜਿਹੜਾ ਕੰਮ ਕਰਨ ਵਾਸਤੇ ਆਇਆ ਹੈਂ ਉਹ ਅਧੂਰਾ ਰਹਿ ਗਿਆ। ਉਹ ਪੈ ਗਿਆ ਕੁਟੰਬ ਦੇ ਵਿਚ। ਸਿਰੇ ਜਾਣ ਹੀ ਨਾ ਦਿਤਾ ਐਨੇ ਫਿਕਰ ਫਾਕੇ ਹੋ ਗਏ, ਐਨੀ ਤ੍ਰਿਸ਼ਨਾ ਵਧ ਗਈ, ਐਨਾ ਪਸਾਰਾ ਪਸਾਰ ਲਿਆ ਆਪਣਾ ਧਿਆਨ ਹੀ ਨਹੀਂ ਕਿ ਮੈਂ ਤਾਂ ਗਿਆ। ਮੈਂ ਤਾਂ ਇਨ੍ਹਾਂ ਵਾਸਤੇ ਹੀ ਜਾਂਦਾ ਰਿਹਾ। ਫੇਰ ਪਛਤਾਉਂਦਾ ਹੈ ਕਿ ਮਾਨਸ ਜਨਮ ਮਿਲਿਆ ਸੀ ਐਵੇਂ ਹੀ ਗੁਆ ਦਿਤਾ। ਖਾਹਮ-ਖਾਹ ਗਵਾ ਦਿਤਾ। ਇਹਨੇ ਸਭ ਕੁਛ ਦੇਖ ਲਿਆ ਸੀ। ਦਿਨ ਰਾਤ ਇਕ ਕਰ ਦਿਤਾ। ਹੌਲੀ-ਹੌਲੀ ਜਿਹੜਾ ਨਾਮ ਸੀ ਅੰਦਰ ਵਸਣਾ ਸ਼ੁਰੂ ਹੋ ਗਿਆ। ਕਿਉਂਕਿ ਪਹਿਲਾ ਨਾਮ ਰਸਨਾ ਦਾ ਹੁੰਦਾ ਹੈ, ਫੇਰ ਨਾਮ ਸ੍ਵਾਸ ਤੇ ਹੁੰਦਾ ਹੈ, ਫੇਰ ਨਾਮ ਸ਼ਬਦ ਤੇ ਹੁੰਦਾ ਹੈ, ਫਲ ਵਧਦਾ ਜਾਂਦਾ ਹੈ, ਬੈਖਰੀ ਨਾਮ ਨਾਲੋਂ ਦੱਸ ਗੁਣਾਂ ਜ਼ਿਆਦਾ ਕੰਠ ਦੇ ਨਾਮ ਦਾ ਫਲ, ਸੌ ਗੁਣਾਂ ਫਲ ਜ਼ਿਆਦਾ ਹੈ ਹਿਰਦੇ ਦੇ ਨਾਮ ਦਾ, ਹਜ਼ਾਰ ਗੁਣਾਂ ਫਲ ਹੈ ਨਾਭੀ ਦੇ ਨਾਮ ਦਾ, ਨਾਭੀ 'ਚ ਪੂਰਨ silence ਹੁੰਦੀ ਹੈ, ਕੋਈ ਫੁਰਨਾ ਨਹੀਂ ਹੁੰਦਾ। ਉਥੇ ਇਕ ਵਾਰੀ ਕਹਿ ਦਿਓ ਵਾਹਿਗੁਰੂ, ਬਾਹਰ ਹਜ਼ਾਰ ਵਾਰੀ ਕਹਿ ਦਿਓ। ਇਸੇ ਤਰ੍ਹਾਂ ਆਗਿਆ ਚੱਕਰ ਦਾ ਨਾਮ ਹੈ, ਤ੍ਰਿਕੁਟੀ ਦਾ ਨਾਮ ਹੈ, ਦਸਵੇਂ ਦੁਆਰਾ ਦਾ ਨਾਮ ਹੈ, ਸੁਰਤਿ ਸਬਦਿ ਮਾਰਗ ਪੁਸਤਕ ਹੈ ਜਿਹੜੀ ਆਪਣੀ ਉਹਦੇ ਵਿਚ ਬਹੁਤ ਖੋਲ੍ਹ-ਖੋਲ੍ਹ ਕੇ ਇਹ ਗੱਲਾਂ ਦੱਸੀਆਂ ਹੋਈਆਂ ਨੇ। ਵਿਚਾਰ ਕੇ ਪੜ੍ਹ ਲਓ ਜਿਹਨੂੰ ਵੀ ਨਾਮ ਜਪਣ ਦਾ ਸ਼ੌਕ ਹੈ। ਸੋ ਇਸ ਤਰ੍ਹਾਂ ਐਨਾ ਨਾਮ ਜਪਿਆ ਸਮਾਧੀ ਲਗ ਗਈ, ਲਿਵ ਲੱਗ ਗਈ, ਟੁਟਦੀ ਨਹੀਂ ਹੈ ਕਿਸੇ ਸਮੇਂ ਵੀ। ਬੈਠ ਗਿਆ, ਛੇ ਮਹੀਨੇ ਹੋ ਗਏ, ਪੱਤੇ ਆ ਗਏ, ਹਵਾ ਨੇ ਮਿੱਟੀ ਲਿਆ ਦਿਤੀ, ਘਾਹ ਉਡ ਕੇ ਆ ਗਿਆ, ਬਰਸਾਤ ਹੋ ਗਈ, ਘਾਹ ਜੰਮ ਗਿਆ, ਉਨ੍ਹਾਂ ਦਿਨਾਂ 'ਚ ਹੱਡੀਆਂ 'ਚ ਪ੍ਰਾਣ ਹੁੰਦੇ, ਅੱਜ ਕਲ੍ਹ ਤਾਂ ਅੰਨ੍ਹ ਵਿਚ ਨੇ, ਚਾਰ ਦਿਨ ਅੰਨ ਨਾ ਮਿਲੇ, ਪਾਣੀ ਨਾ ਮਿਲੇ, ਮਰ ਜਾਂਦਾ ਹੈ ਬੰਦਾ, ਉਸ ਵੇਲੇ ਜਦੋਂ ਉਨ੍ਹਾਂ ਨੇ ਆ ਕੇ ਦੇਖਿਆ, ਦੇਖਿਆ ਬਈ ਕਿ ਇਹ ਤਾਂ ਪਹੁੰਚਿਆ ਹੋਇਆ ਹੈ, ਦਸਵੇਂ ਦੁਆਰ ਬਿਰਤੀ ਇਹਦੀ ਖੜ੍ਹੀ ਹੈ, ਵਿਚੋਂ ਕੱਢ ਲਿਆ, ਕੱਢ ਕੇ ਯੋਗ ਬੱਲ ਦੇ ਨਾਲ ਉਹਦੀ ਸੁਰਤੀ ਖਿੱਚ ਲਈ ਹੇਠਾਂ, ਅਧਿਕਾਰੀ ਦੇਖ ਕੇ, ਪੂਰਨ ਅਧਿਕਾਰੀ ਉਸ ਵੇਲੇ -

*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥*
*ਅੰਗ - ੩੦੬*

ਆਹ ਪੜ੍ਹਿਆ ਲਿਖਿਆਂ ਨੂੰ ਨਹੀਂ ਪਤਾ ਲੱਗਦਾ ਕਿ ਕਿਹੜਾ ਗੁਰ ਉਪਦੇਸ਼ ਹੈ ਕਿਉਂਕਿ ਸੰਤਾਂ ਕੋਲ ਕਦੇ ਗਏ ਨਹੀਂ। ਸੰਤਾਂ ਦੀ ਸੰਗਤ ਨਹੀਂ ਕਰੀ ਤੇ ਪਤਾ ਨਹੀਂ ਲਗਦਾ, ਸੰਤ ਚੁੱਪ ਨੇ ਉਹ ਕਹਿੰਦੇ ਹੀ ਨਹੀਂ ਕੋਈ ਗੱਲ, ਮੂੰਹ ਤੋਂ ਬੋਲਦੇ ਹੀ ਨਹੀਂ। ਉਹ ਕਹਿੰਦੇ, ਅਧਿਕਾਰੀ ਨਹੀਂ ਹੈ ਕੋਈ ਵੀ ਇਹ ਬੋਲਣਾ ਹੀ ਗੁਨਾਹ ਹੈ। ਉਪਦੇਸ਼ ਉਸੇ ਨੂੰ ਮਿਲਦਾ ਹੈ ਜਿਸ ਉਪਰ ਪੂਰਨ ਦਇਆਲ ਹੋ ਜਾਵੇ। ਇਨ੍ਹਾਂ ਨੇ ਉਪਦੇਸ਼ ਸੁਣਾ ਦਿਤਾ, ਜੀਵ ਤੇ ਬ੍ਰਹਮ ਨੂੰ ਇਕ ਕਰ ਦਿਤਾ, ਆਤਮਾ ਸ਼ਾਖਸ਼ਾਤ ਕਰਾ ਦਿਤਾ -

*ਆਤਮਾ ਪਰਾਤਮਾ ਏਕੋ ਕਰੈ ॥*
*ਅੰਤਰ ਕੀ ਦੁਬਿਧਾ ਅੰਤਰਿ ਮਰੈ ॥*
*ਅੰਗ - ੬੬੧*

ਘਟ-ਘਟ ਦੇ ਵਿਚ ਵਿਆਪਕ ਵਾਹਿਗੁਰੂ ਦੇ ਦਰਸ਼ਨ ਕਰਾ ਦਿਤੇ। ਸੋ ਏਸ ਤਰ੍ਹਾਂ ਦੇ ਨਾਲ ਕਿੱਡੀ ਵੱਡੀ ਪਦਵੀ ਪਾਈ। ਮਹਾਰਾਜ ਕਹਿੰਦੇ -

*ਰੇ ਚਿਤ ਚੇਤਿ ਚੇਤ ਅਚੇਤ ॥*
*ਕਾਹੇ ਨ ਬਾਲਮੀਕਹਿ ਦੇਖ ॥*
*ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ*
*ਰਾਮ ਭਗਤਿ ਬਿਸੇਖ ॥ ਅੰਗ - ੧੧੨੪*

ਕਿੰਨਾ ਪੂਜਨੀਕ ਹੋ ਗਿਆ। ਕਹਿੰਦੇ, ਦੁਨੀਆਂ ਦੀ ਗੱਲ ਨਾ ਕਰੋ, ਦੇਵਤੇ ਵੀ ਉਹਨੂੰ ਪੂਜਦੇ ਨੇ, ਐਡੀ ਵੱਡੀ ਪਦਵੀ ਪ੍ਰਾਪਤ ਕਰ ਲਈ, ਸੋ ਨਾਮ ਜਪ ਕੇ ਜਿਹੜਾ ਪਾਪਾਂ ਦਾ ਪਹਾੜ ਸੀ ਛਾਲ ਮਾਰ ਕੇ ਲੰਘ

ਗਿਆ।

***ਧਾਰਨਾ - ਨਾਮ ਜਪ ਕੇ ਹਰੀ ਦਾ ਬਾਲਮੀਕ ਨੇ, ਪਾਪਾਂ ਦਾ ਪਹਾੜ ਲੰਘਿਆ।***

***ਸਚੁ ਦ੍ਰਿੜਾਇ ਉਧਾਰਿਅਨੁ ਟਪਿ ਨਿਕਥਾ ਉਪਰ ਵਾੜਾ। ਗੁਰਮੁਖਿ ਲੰਘੇ ਪਾਪ ਪਹਾੜਾ।***

***ਭਾਈ ਗੁਰਦਾਸ ਜੀ, ਵਾਰ 10/19***

ਪਦਵੀ ਕਿੱਡੀ ਹੋ ਗਈ, ਪਾਂਡਵਾਂ ਦਾ ਯੱਗ ਸੰਪੂਰਨ ਨਹੀਂ ਸੀ ਹੁੰਦਾ, ਕ੍ਰਿਸ਼ਨ ਮਹਾਰਾਜ ਉਥੇ ਪੱਤਲਾਂ ਜੂਠੀਆਂ ਚੁੱਕਦੇ ਸੀ, ਚਰਨ ਧੋਂਦੇ ਸੀ, ਸਾਰੇ ਭਾਰਤ ਵਰਸ਼ ਦੇ ਰਿਸ਼ੀ-ਮੁਨੀ ਬੁਲਾਏ ਹੋਏ ਸੀ, ਸੰਖ ਬੰਨ੍ਹਿਆ ਹੋਇਆ ਸੀ ਬਾਂਸ ਦੇ ਨਾਲ ਕਿ ਜੋਰ ਨਾਲ ਵੱਜੇਗਾ, ਲੇਕਿਨ ਨਾ ਵੱਜਿਆ। ਸਾਰਿਆਂ ਨੂੰ ਫਿਕਰ ਪੈ ਗਿਆ ਕਿ ਸਾਲਾਂ ਦੀ ਮਿਹਨਤ ਕਿਸੇ ਲੇਖੇ 'ਚ ਨਾ ਆਈ, ਕਿਉਂਕਿ ਪਹਿਲਾਂ ਰਾਜਸੂ ਯੱਗ ਕਰਨ ਵਾਸਤੇ ਕਿੰਨੀ ਮਿਹਨਤ ਕਰਨੀ ਪੈਂਦੀ ਹੈ, ਸਾਰੇ ਰਾਜਿਆਂ ਨੂੰ ਅਧੀਨ ਕਰਨ ਵਾਸਤੇ ਘੋੜਾ ਛੱਡਣਾ ਪੈਂਦਾ ਹੈ, ਜਦ ਨਾ ਹੋਇਆ ਤਾਂ ਬੜੇ ਉਦਾਸ ਹੋ ਗਏ, ਕ੍ਰਿਸ਼ਨ ਮਹਾਰਾਜ ਕੋਲ ਆ ਗਏ, ਉਹ ਕਹਿੰਦੇ ਭਾਈ ਤੁਸੀਂ ਕਿਸੇ ਮਹਾਤਮਾ ਨੂੰ ਨਹੀਂ ਬੁਲਾਇਆ ਪੂਰੇ ਨੂੰ, ਛੱਡ ਦਿਤਾ। ਕਹਿੰਦੇ ਨਹੀਂ ਮਹਾਰਾਜ, ਅਸੀਂ ਕੋਈ ਮਹਾਤਮਾ ਨਹੀਂ ਛੱਡਿਆ, ਕ੍ਰਿਪਾ ਕਰਕੇ ਆਪ ਦੱਸੋ। ਕਹਿੰਦੇ, ਦਿੱਲੀ ਦਾ ਜਿਹੜਾ ਦੱਖਣ ਵਾਲਾ ਪਾਸਾ ਹੈ, ਜਮਨਾ ਦੇ ਕੰਢੇ ਝੌਂਪੜੀਆਂ ਨੇ, ਉਥੇ ਚੰਡਾਲ ਜਾਤੀ ਦੇ ਲੋਕ ਵਸਦੇ ਨੇ, ਉਨ੍ਹਾਂ ਦੇ ਵਿਚੋਂ ਇਕ ਪੂਰਨ ਬ੍ਰਹਮਗਿਆਨੀ ਮਹਾਂਪੁਰਸ਼ ਵਾਹਿਗੁਰੂ ਨਾਲ ਅਭੇਦ ਹੋਇਆ ਹੋਇਆ, ਬਾਲਮੀਕ ਹੈ ਉਹਦਾ ਨਾਉਂ। ਛੱਜ ਬਣਾ ਕੇ ਆਪਣਾ ਗੁਜ਼ਾਰਾ ਕਰਦਾ ਹੈ, ਜਾਓ ਓਸ ਨੂੰ ਲੈ ਕੇ ਆਓ, ਬੜੀ ਮੁਸ਼ਕਲ ਦੇ ਨਾਲ ਲਿਆਂਦਾ, ਸਾਖੀ ਬੜੀ ਲੰਮੀ ਹੈ।

ਪਹਿਲੀ ਵਾਰੀ ਪ੍ਰਸ਼ਾਦ ਵਗੈਰਾ ਛਕਾਇਆ, ਸੰਖ ਨਾ ਵੱਜਿਆ, ਕ੍ਰਿਸ਼ਨ ਮਹਾਰਾਜ ਕਹਿੰਦੇ ਤਰਕ ਕਰ ਦਿਤੀ ਕਿਸੇ ਨੇ ਇਹਦੇ ਉਤੇ। ਦਰੋਪਤੀ ਕਹਿੰਦੀ ਮੈਂ ਕਰ ਦਿਤੀ। ਕਿਉਂ? ਕਹਿੰਦੀ, ਮੈਂ ਆਪਣੇ ਹੱਥ ਦੇ ਨਾਲ 36 ਪ੍ਰਕਾਰ ਦੇ ਭੋਜਨ ਤਿਆਰ ਕਰੇ ਸੀ, ਇਹਨੇ ਸਾਰੇ ਹੀ ਇਕੱਠੇ ਕਰ ਲਏ, ਖੱਟੇ ਮਿੱਠੇ, ਸਲੂਣੇ, ਕੌੜੇ ਸਭ ਇਕੱਠੇ ਕਰ ਲਏ। ਮੈਂ ਕਿਹਾ ਸੀ ਕਿ ਅੱਡ-ਅੱਡ ਸੁਆਦ ਆਇਗਾ। ਕਹਿੰਦੇ, ਮਾੜਾ ਕੰਮ ਕਰਿਆ, ਸਾਧੂ ਦੇ ਉਤੇ ਨਹੀਂ ਤਰਕ ਕਰੀਦੀ।

ਫੇਰ ਬਣਾਓ, ਫੇਰ ਦੁਆਰਾ ਪ੍ਰਸ਼ਾਦਾ ਤਿਆਰ ਕਰਿਆ, ਫੇਰ ਬੁਲਾਇਆ, ਉਸ ਵੇਲੇ ਐਨਾ ਸੰਖ ਵੱਜਿਆ ਕਿ ਮੀਲਾਂ ਤੱਕ ਸੁਣਾਈ ਦੇ ਰਿਹਾ ਹੈ। ਕਹਿੰਦੇ ਕਿੱਡੀ ਵੱਡੀ ਪਦਵੀ ਹੋਈ ਸਾਰੇ ਭਾਰਤ ਵਰਸ਼ ਦੇ ਮਹਾਂਪੁਰਸ਼ ਇਕ ਪਾਸੇ ਉਨ੍ਹਾਂ ਦੀ ਕਮਾਈ ਕੁਛ ਵੀ ਨਾ ਇਹਦੇ ਸਾਮ੍ਹਣੇ ਤੇ ਜਦ ਇਹਨੇ ਪ੍ਰਸ਼ਾਦਾ ਛਕਿਆ ਤਾਂ ਗੱਜ ਵੱਜ ਕੇ ਸੰਖ ਵਜਣਾ ਸ਼ੁਰੂ ਹੋ ਗਿਆ।

ਸੋ ਮਹਾਰਾਜ ਕਹਿੰਦੇ ਪਿਆਰਿਓ! ਸੰਤਾਂ ਦੀ ਸੰਗਤ, ਸਾਧੂਆਂ ਦੀ ਸੰਗਤ ਇਹਦਾ ਕਿੱਡਾ ਵੱਡਾ ਮਹਾਤਮ ਹੈ, ਕਿਹੋ ਜਿਹੇ ਲੋਕ -

***ਪਿੰਗੁਲ ਪਰਬਤ ਪਾਰਿ ਪਰੇ***
***ਖਲ ਚਤੁਰ ਬਕੀਤਾ ॥ ਅੰਗ - ੮੦੯***

ਅਨਪੜ੍ਹ ਬੰਦੇ ਉਪਦੇਸ਼ ਦੇਣ ਦੇ ਕਾਬਿਲ ਹੋ ਜਾਂਦੇ ਨੇ,

***ਅੰਧੁਲੇ ਤ੍ਰਿਭਵਣ ਸੂਝਿਆ..........॥***
***ਅੰਗ - ੮੦੯***

ਗਿਆਨ ਨੇਤਰਾਂ ਤੋਂ ਜਿਹੜੇ ਹੀਣੇ ਨੇ ਉਨ੍ਹਾਂ ਨੂੰ ਗਿਆਨ ਪ੍ਰਾਪਤ ਹੋ ਕੇ ਤਿੰਨੇ ਭਵਨਾਂ ਦੀਆਂ ਗੱਲਾਂ ਕਰਦੇ ਨੇ, ਭੂਤ, ਭਵਿੱਖਤ, ਵਰਤਮਾਨ, ਤਿੰਨ ਕਾਲਾਂ ਦੀਆਂ।

***........ਗੁਰ ਭੇਟਿ ਪੁਨੀਤਾ ॥ ਅੰਗ - ੮੦੯***

ਜਦੋਂ ਗੁਰੂ ਨੂੰ ਮਿਲਿਆ ਤੇ ਗੁਰੂ ਤੋਂ ਨਾਮ ਪ੍ਰਾਪਤ ਕਰਕੇ ਜਪਿਆ, ਓਸ ਵੇਲੇ ਐਸੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ, ਪੜ੍ਹੋ ਪਿਆਰ ਨਾਲ -

***ਧਾਰਨਾ - ਸੁਣਿਓ ਮੇਰੇ ਮੀਤਾ***
***ਮਹਿਮਾ ਸਾਧੂਆਂ ਦੇ ਸੰਗ ਦੀ।***

***ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ ॥***
***ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ॥***
***ਅੰਗ - ੮੦੯***

ਸੋ ਐਸਾ ਜੋ ਸਤਿਸੰਗ ਹੈ, ਉਹ ਦੇ 'ਚੋਂ ਗੈਰਹਾਜ਼ਰੀ ਪੁਆ ਲੈਣੀ, ਬੜਾ ਘਾਟਾ ਪੈਂਦਾ ਹੈ ਪਤਾ ਨਹੀਂ ਕਿਹੜਾ ਬਚਨ ਗੁਰੂ ਮਹਾਰਾਜ ਦਾ ਆ ਜਾਏ ਜਿਹੜਾ ਸਾਡਾ ਉਧਾਰ ਕਰ ਦੇਵੇ। ਸੋ ਇਸ ਕਰਕੇ ਅੱਜ ਬਾਲਮੀਕ ਦਾ ਮਨਾ ਰਹੇ ਨੇ, ਲੇਕਿਨ ਜੋ ਗੁਰੂ ਮਹਾਰਾਜ ਨੇ ਭਾਈ ਗੁਰਦਾਸ ਜੀ ਨੇ ਬਾਲਮੀਕ ਦੱਸਿਆ ਹੈ ਅਸੀਂ ਉਹਦੀ ਗੱਲ ਕਰ ਰਹੇ ਹਾਂ ਕਿਉਂਕਿ ਹੁਣ ਕੁਛ ਐਸਾ ਹਿਸਾਬ ਕਿਤਾਬ ਜਿਹਾ ਹੋ ਗਿਆ, ਹੋਰ ਗੱਲਾਂ ਦੀਆਂ ਹੋਰ ਹੀ ਬਣਦੀਆਂ ਜਾਂਦੀਆਂ ਨੇ, ਪਤਾ ਨਹੀਂ ਲਗਦਾ ਜਨਤਾ ਨੂੰ ਕਿ ਸਾਡਾ ਕਿਹੜਾ ਸੀ ਤੇ ਅਸੀਂ ਕਿਹਨੂੰ ਮੱਥੇ ਟੇਕੀ ਜਾਂਦੇ ਹਾਂ। ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੇ ਹੀ ਮੈਂ ਸਮਾਪਤ ਕਰਦਾ ਹਾਂ।

***ਵਾਹਿਗੁਰੂ ਜੀ ਕਾ ਖਾਲਸਾ।ਵਾਹਿਗੁਰੂ ਜੀ ਕੀ ਫਤਹਿ।***

# ਗੁਰੂ ਹਰਿਗੋਬਿੰਦ ਸਾਹਿਬ ਜੀ

*ਉਦਮੁ ਕਰਹੁ ਵਡਭਾਗੀਹੋ*
*ਸਿਮਰਹੁ ਹਰਿ ਹਰਿ ਰਾਇ ॥*
*ਨਾਨਕ ਜਿਸੁ ਸਿਮਰਤ ਸਭ ਸੁਖ ਹੋਵਹਿ*
*ਦੂਖੁ ਦਰਦੁ ਭ੍ਰਮੁ ਜਾਇ ॥ ਅੰਗ - ੪੫੬*

ਸਾਧਸੰਗਤ ਜੀ ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ।

ਮਹਾਰਾਜ ਨੇ ਇਲਾਜ ਦੱਸਿਆ ਹੈ ਦੁੱਖਾਂ ਦਾ ਤੇ ਦਰਦਾਂ ਦਾ। ਮੇਰੇ ਪਾਸ ਆਉਂਦੇ ਨੇ ਪ੍ਰੇਮੀ ਕਿ ਮੈਂ ਦੁਖੀ ਹਾਂ ਜੀ, ਮੇਰਾ ਸਰੀਰ ਦੁਖਦਾ ਹੈ ਜੀ, ਦਰਦ ਹੁੰਦਾ ਹੈ, ਮੈਨੂੰ ਘਾਟਾ ਪੈਂਦਾ ਹੈ, ਸਾਡੇ ਬਰਕਤ ਨਹੀਂ ਹੈ, ਬੇਅੰਤ ਕਿਸਮ ਦੇ ਸਵਾਲ ਲੈ ਕੇ ਆਉਂਦੇ ਨੇ। ਆਹ ਸ਼ਬਦ ਦੇ ਅੰਦਰ ਗੁਰੂ ਮਹਾਰਾਜ ਨੇ ਸਾਰਿਆਂ ਦਾ ਹੱਲ ਦੱਸ ਦਿਤਾ ਹੈ ਕਿ ਉਦਮ ਕਰੋ ਸੁਸਤੀ ਨਾ ਧਾਰੋ ਏਸ ਮਾਮਲੇ ਦੇ ਅੰਦਰ। ਕਿਹੜੀ ਗੱਲ ਹੈ ਜਿਹਦੇ ਵਾਸਤੇ ਉਦਮ ਕਰਨਾ ਹੈ ਤੇ ਤੁਸੀਂ ਵਾਹਿਗੁਰੂ ਨੂੰ ਯਾਦ ਰੱਖਣ ਦਾ ਉਦਮ ਕਰੋ। ਕਰਕੇ ਦੇਖ ਲਓ ਕੋਈ ਬੰਦਾ ਜਿਹਦਾ ਜੀਅ ਕਰਦਾ ਹੈ, ਪ੍ਰਤਿਆ ਲਓ ਕੋਈ ਐਸੇ ਬਚਨ ਨਹੀਂ ਹਨ ਜਿਨ੍ਹਾਂ ਦੇ ਪਿੱਛੇ ਜਾ ਕੇ ਸਾਨੂੰ sorry figure cut ਕਰਨੀ ਪੈਣੀ ਹੈ ਇਹ ਅਕਾਲ ਪੁਰਖ ਦੇ ਆਪਣੇ ਬਚਨ ਨੇ। ਉਦਮ ਕਰਦੇ ਹਾਂ ਅਸੀਂ ਸਾਰੇ ਕੰਮਾਂ ਦੇ ਵਾਸਤੇ, ਹਲ ਜੋੜਦੇ ਹਾਂ, ਟਰੈਕਟਰ ਜੋੜਦੇ ਹਾਂ, ਟਿਊਬਵੈਲ ਚਲਾਉਂਦੇ ਹਾਂ ਤੇ ਹੋਰ ਕੰਮ ਕਰਦੇ ਹਾਂ, ਪੜ੍ਹਾਈ-ਲਿਖਾਈ, ਨੌਕਰੀਆਂ ਚਾਕਰੀਆਂ, ਸਭ ਦੇ ਵਿਚ ਅਸੀਂ ਉਦਮ ਕਰਦੇ ਹਾਂ। ਉਹਦਾ ਫਲ limited ਹੋਇਆ ਕਰਦਾ ਹੈ। ਕਿਸੇ ਹੱਦ ਤੱਕ ਹੋਇਆ ਕਰਦਾ ਹੈ। ਸਿਆਣਾ ਕਿਸਾਨ ਜਾਣਦਾ ਹੈ ਕਿ ਜੇ ਮੈਂ ਐਨੇ ਧਾਨ ਲਾਏ ਜਾਂ ਜੀਰੀ ਲਾਈ, ਜੇ ਮੈਂ ਵੱਧ ਤੋਂ ਵੱਧ ਉਪਜ ਪੈਦਾ ਕਰ ਲਈ ਤਾਂ ਮੇਰੇ ਐਨੇ ਹੋਣਗੇ ਇਸ ਤੋਂ ਅੱਗੇ ਨਹੀਂ ਹੋਇਆ ਕਰਦੇ, ਕਿਉਂਕਿ ਸਾਰਾ ਹਿਸਾਬ ਲਾਈ ਜਾਂਦਾ ਹੈ ਕਿ ਕਿੰਨੀ germination ਹੈ, ਕਿੰਨੀ ਉਹਦੇ ਵਿਚ ਬੱਲੀ ਦੀ ਔਸਤ ਹੈ, ਸਿਆਣਾ ਬੰਦਾ ਦੋ ਚਾਰ ਬੱਲੀਆਂ ਦੇਖ ਕੇ ਸਾਰੇ ਖੇਤ ਦਾ ਅੰਦਾਜ਼ਾ ਲਾ ਦਿੰਦਾ ਹੈ ਕਿ ਐਨਾ ਹੋਏਗਾ, ਉਸ ਤੋਂ ਵੱਧ ਨਹੀਂ ਹੋ ਸਕਦਾ। ਪਰ ਇਕ ਖੇਤੀ ਐਸੀ ਹੈ ਜਿਹਦੇ ਫਲਾਂ ਦਾ ਕੋਈ ਹਿਸਾਬ ਨਹੀਂ ਹੈ। ਮਹਾਰਾਜ ਕਹਿੰਦੇ ਸ਼ਰਧਾ ਧਾਰ ਕੇ ਘਰ ਤੋਂ ਚੱਲੇ, ਸਤਿਸੰਗ 'ਚ ਆਵੇ। ਇਥੇ ਗੁਰੂ ਦੀ ਬਾਣੀ ਸੁਣੇ, ਗੁਰੂ ਦੀ ਬਾਣੀ ਪੜ੍ਹੇ ਤੇ ਫੇਰ ਏਸ ਨੂੰ ਮੰਨੇ, ਮੰਨ ਕੇ ਹਿਰਦੇ 'ਚ ਧਾਰਨ ਜੇ ਕਰ ਲਵੇ ਉਹ, ਤਾਂ ਫਲ ਕਿੰਨਾ ਹੁੰਦਾ ਹੈ -

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥*
*ਅੰਗ - ੫੪੬*

ਕਈ ਕਰੋੜ ਜਗ੍ਹਾਂ ਦਾ ਫਲ ਮਿਲ ਜਾਏਗਾ। ਜੇ ਅਸੀਂ ਰੋਜ਼ ਇਕ ਜਗ ਕਰੀਏ, ਜਦ ਤੋਂ ਪੈਦਾ ਹੋਏ, ਸਾਧਨ ਐਹੋ ਜਿਹਾ ਹੋਵੇ ਕਿ ਬੱਚੇ ਦੇ ਨਮਿੱਤ ਹਰ ਰੋਜ਼ ਇਕ ਯੱਗ ਕਰਨਾ ਹੈ। ਉਹ ਯੱਗ ਵਿਧੀਪੂਰਵਕ ਹੋਇਆ ਕਰਦੇ ਸੀ, ਜਿਵੇਂ ਅਖੰਡਪਾਠ ਵਿਧੀਪੂਰਵਕ ਹੁੰਦੇ ਨੇ, ਏਸੇ ਤਰ੍ਹਾਂ ਹਜ਼ਾਰਾਂ, ਲੱਖਾਂ ਰੁਪਿਆ ਇਕ ਯੱਗ ਤੇ ਖਰਚ ਹੋ ਜਾਂਦਾ ਸੀ। ਕਿਉਂਕਿ ਕਿੰਨੀ ਦੱਛਨਾ ਦੇਣੀ ਪੈਂਦੀ, ਸੈਂਕੜੇ ਗਊਆਂ ਦਾਨ ਕਰਦੇ ਸੀ, ਖੁਰਾਂ ਨੂੰ ਸੋਨਾ ਲਾ ਕੇ, ਸਿੰਗਾਂ ਨੂੰ ਸੋਨਾ ਲਾ ਕੇ, ਪੂੰਛ ਦੇ ਉਤੇ ਪਿਛਲੇ ਪਾਸੇ ਸੋਨਾ ਬੰਨ੍ਹ ਕੇ, ਹਜ਼ਾਰਾਂ ਰੁਪਏ ਦਾ ਸੋਨਾ ਇਕ ਪਸ਼ੂ ਨੂੰ ਲੱਗ ਜਾਂਦਾ ਸੀ, ਸੈਂਕੜੇ ਪਸ਼ੂ ਦਾਨ ਕੀਤੇ ਜਾਂਦੇ ਇਕ ਯੱਗ ਦੇ ਉਤੇ। ਇਹ ਤਾਂ ਸੀਗਾ ਗਰੀਬ ਆਦਮੀਆਂ ਦਾ ਯੱਗ। ਜਿਹੜਾ ਵੱਡਿਆਂ-ਵੱਡਿਆਂ ਦਾ ਸੀ ਉਹਦੇ 'ਚ ਲੱਖਾਂ ਗਊਆਂ ਦਾਨ ਕਰਦੇ ਸੀ। ਉਹ ਇਥੇ ਤੱਕ ਵੀ ਸੀ ਜਿਹੜੇ ਰੱਸੇ ਸੀ, ਰੱਸਿਆਂ ਦੀ ਥਾਂ 'ਤੇ ਸੋਨੇ ਦੇ ਸੰਗਲ ਪਾਉਂਦੇ ਸੀ। ਸਮੇਤ ਸੋਨੇ ਦੇ ਸੰਗਲ ਦੇ ਦਾਨ ਕਰ ਦਿੰਦੇ ਸੀ। ਹਜ਼ਾਰਾਂ ਗਊਆਂ ਦਾਨ ਹੋਇਆ ਕਰਦੀਆਂ ਸੀ ਯੱਗਾਂ ਦੇ ਅੰਦਰ। ਮਹਾਰਾਜ ਕਿੰਨਾ ਫਲ ਹੈ, ਜੇ ਕੋਈ ਆਦਮੀ ਵਿਧੀਪੂਰਵਕ ਯੱਗ ਕਰਾਈ ਜਾਵੇ ਤੇ ਜਿਹੜੇ ਕਰਨ ਵਾਲੇ ਨੇ ਉਹ ਵੀ ਉੱਚ ਕੋਟੀ ਦੇ ਵਿਦਵਾਨ, ਕਰਨੀ ਕਮਾਈ ਵਾਲੇ ਪੁਰਸ਼ ਹੋਣ, ਉਹਦਾ ਇਕ ਫਲ ਮਿਲਿਆ ਕਰਦਾ ਸੀ, ਜੇ ਯੱਗ ਸੰਪੂਰਨ ਹੋ ਜਾਵੇ। ਪਰ ਸੰਪੂਰਨ ਨਹੀਂ ਸੀ ਹੋਇਆ ਕਰਦੇ, ਅਧੂਰੇ ਹੀ ਰਹਿ ਜਾਇਆ ਕਰਦੇ ਸੀ। ਅਖੰਡਪਾਠ ਸਾਰੇ ਕਰਾਉਂਦੇ ਨੇ, ਪਰ ਸੰਪੂਰਨ ਬਹੁਤ ਵਿਰਲਿਆਂ ਦਾ ਹੁੰਦਾ ਹੈ, ਫਲ ਵਿਰਲਿਆਂ ਨੂੰ ਪ੍ਰਾਪਤ ਹੁੰਦਾ ਹੈ ਕਿਉਂਕਿ ਵਿਧੀ ਹੁੰਦੀ ਹੈ, ਵਿਧੀ ਦੇ ਮੁਤਾਬਿਕ ਜਿਥੇ ਗਲਤੀ ਹੋ ਗਈ ਭੋਰਾ ਕੁ ਉਥੇ ਹੀ ਰਹਿ ਜਾਣਾ ਹੈ। ਪਾਂਡਵਾਂ ਨੇ ਯੱਗ ਕਰਿਆ ਨਹੀਂ ਸੰਪੂਰਨ ਹੋਇਆ, ਛੇ ਮਹੀਨੇ ਲੱਗੇ ਰਹੇ ਕ੍ਰਿਸ਼ਨ ਮਹਾਰਾਜ ਜੂਠੀਆਂ ਪੱਤਲਾਂ ਚੁਕਦੇ ਰਹੇ, ਆਏ ਅਤਿਥੀਆਂ ਦੇ ਚਰਨ ਧੋਂਦੇ ਰਹੇ, ਛੇ ਮਹੀਨੇ ਲਗਾਤਾਰ ਚਲਦਾ ਰਿਹਾ, ਯੱਗ ਸੰਪੂਰਨ ਨਾ ਹੋਇਆ, ਨਿਸ਼ਾਨੀ ਇਹ ਰੱਖੀ ਸੀ ਕਿ ਬਾਂਸ ਦੇ ਉਤੇ ਸੰਖ ਬੰਨ੍ਹ ਦਿਓ, ਜੇ ਪੂਰੇ ਜ਼ੋਰ ਨਾਲ ਬੋਲ ਪਿਆ ਤਾਂ ਯੱਗ ਸੰਪੂਰਨ ਹੋ ਗਿਆ। ਪਰ ਨਾ ਹੋਇਆ। ਅਖੀਰ ਬਾਲਮੀਕੀ ਰਿਸ਼ੀ ਨੂੰ ਲਿਆਂਦਾ, ਜੋ ਚੰਡਾਲ ਜਾਤੀ

ਨਾਲ ਸਬੰਧ ਰੱਖਦਾ ਸੀ। ਵੱਡੇ-ਵੱਡੇ ਪਸ਼ੂਆਂ ਦਾ ਮਾਸ ਖਾਣ ਵਾਲਿਆਂ ਨਾਲ ਸਬੰਧ ਰੱਖਦਾ ਸੀ ਤੇ ਉਹਦੇ ਆਉਂਦੇ ਸਾਰ ਜਦ ਉਹਨੇ ਪ੍ਰਸ਼ਾਦਾ ਛਕ ਕੇ ਚੂਲਾ ਪੜ੍ਹਿਆ, ਚੂਲਾ ਪੜ੍ਹਦੇ ਸਾਰ, ਪੂਰੇ ਜ਼ੋਰ ਨਾਲ ਸੰਖ ਵੱਜ ਪਿਆ। ਪਹਿਲਾਂ ਬਥੇਰੇ ਬੁਲਾਏ ਨਹੀਂ ਹੋਇਆ। ਸੋ ਵਿਰਲੇ ਦਾ ਹੈ ਜਿਹਦਾ ਸੰਪੂਰਨ ਹੋਵੇ। ਉਹ ਵੀ ਕਿੰਨੇ ਮਹੀਨੇ ਲੱਗੇ ਰਹੇ, ਲੱਖਾਂ ਕਰੋੜਾਂ ਰੁਪਈਏ ਲੱਗ ਗਏ, ਦਾਨ ਦਿਤਾ ਅਰਬਾਂ ਰੁਪਈਏ, ਤਾਂ ਵੀ ਮਸਾਂ ਸੰਪੂਰਨ ਹੋਇਆ। ਮਹਾਰਾਜ ਕਹਿੰਦੇ ਦੇਖੋ, ਕਲਜੁਗ ਦੇ ਅੰਦਰ ਐਨੀ ਰਿਆਇਤ ਗੁਰੂ ਨਾਨਕ ਪਾਤਸ਼ਾਹ ਨੇ ਦੇ ਦਿਤੀ ਕਿ ਜੇ ਕੋਈ ਘਰ ਤੋਂ ਚੱਲ ਕੇ ਆਵੇ ਸ਼ਰਧਾ ਦੇ ਨਾਲ, ਜਿੰਨੇ ਕਦਮ ਕੋਈ ਪੁੱਟ ਕੇ ਆਉਂਦਾ ਹੈ। ਓਨੇ ਜੱਗਾਂ ਦਾ ਫਲ ਉਹਨੂੰ ਮਿਲ ਜਾਇਆ ਕਰਦਾ ਹੈ। ਉਹ ਜੇ ਇਥੇ ਆ ਕੇ ਸ਼ਰਧਾ ਦੇ ਨਾਲ ਸੁਣਦਾ ਹੈ, ਸੁਣ ਕੇ ਬਾਣੀ ਦੇ ਵਿਚ ਬੋਲਦਾ ਹੈ, ਵਿਚਾਰਦਾ ਹੈ ਫੇਰ ਮੰਨਦਾ ਹੈ ਫੇਰ ਉਹਦੇ ਮੁਤਾਬਿਕ ਆਪਣਾ ਜੀਵਨ ਢਾਲਦਾ ਹੈ, ਉਹਨੂੰ ਕਿੰਨਾ ਫਲ ਹੋ ਜਾਏਗਾ, ਬਾਣੀ ਨੂੰ ਸਤਿ ਕਰਕੇ ਮੰਨਦਾ ਹੈ, ਪਹਿਲਾਂ ਤਾਂ ਮਹਾਰਾਜ ਨੇ ਦੱਸਿਆ ਹੈ ਕਿ ਬਾਣੀ ਦਾ ਫਲ ਕਿਵੇਂ ਮਿਲਦਾ ਹੁੰਦਾ ਹੈ। ਉਹ ਇਹ ਹੈ ਕਿ -

***ਸੇਵਕ ਸਿਖ ਪੂਜਣ ਸਭਿ ਆਵਹਿ***
***ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥***

**ਅੰਗ - ੬੬੯**

ਆਉਂਦੇ ਸਾਰੇ ਨੇ, ਗਾਉਂਦੇ ਵੀ ਸਾਰੇ ਨੇ। ਹੁਣ ਥਾਉਂ ਕਿਹਦਾ ਪੈਂਦਾ ਹੈ?

***ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ ਜਿਨ***
***ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥***

**ਅੰਗ - ੬੬੯**

'ਜਿਨ੍ਹਾਂ' ਕਹਿ ਦਿਤਾ, ਇਹਦਾ ਮਤਲਬ ਸਾਰਿਆਂ ਦਾ ਤਾਂ ਨਹੀਂ ਹੁੰਦਾ। condition ਲਾ ਦਿਤੀ ਕਿ ਸਿਰਫ ਉਨ੍ਹਾਂ ਦਾ ਹੁੰਦਾ ਹੈ ਜਿਹੜੇ ਗੁਰੂ ਦੀ ਆਗਿਆ ਨੂੰ ਸਤਿ ਕਰਕੇ ਮੰਨ ਜਾਂਦੇ ਨੇ, ਮੰਨ ਕੇ ਫੇਰ ਜੀਵਨ ਉਸ ਤਰ੍ਹਾਂ ਦਾ ਬਿਤਾਉਂਦੇ ਨੇ। ਸੋ ਇਥੇ ਮਹਾਰਾਜ ਫੁਰਮਾਨ ਕਰਦੇ ਨੇ ਕਿ -

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥***

**ਅੰਗ - ੫੪੬**

ਕਈ ਕਰੋੜ ਜਗਾਂ ਦਾ ਫਲ ਮਿਲਦਾ ਹੈ ਜਿਹੜੇ ਵਿਧੀਪੂਰਵਕ ਸੁਣਦੇ ਨੇ ਤੇ ਗਾਉਂਦੇ ਨੇ, ਜੇ ਪੈਦਾ ਹੋਣ ਵਾਲੇ ਦਿਨ ਤੋਂ ਯੱਗ ਕਰਨੇ ਸ਼ੁਰੂ ਕਰ ਦੇਈਏ ਤਾਂ ਸੌ ਸਾਲ ਦੀ ਉਮਰ ਵਾਲਾ ਬੰਦਾ ਹੋਵੇ ਤਾਂ ਸਾਰੀ ਉਮਰ ਦੇ ਵਿਚ ਛੱਤੀ ਹਜ਼ਾਰ ਪੰਜ ਸੌ ਯੱਗ ਹੁੰਦਾ ਹੈ। ਲੱਖ ਵੀ ਨਾ ਹੋਇਆ। ਪੌਣੇ ਤਿੰਨ ਸਾਲਾਂ ਦੇ ਵਿਚ ਇਕ ਲੱਖ ਬਣ ਜਾਂਦਾ ਹੈ ਤੇ ਇਸੇ ਤਰ੍ਹਾਂ ਦੇ ਨਾਲ ਜੇ ਲਗਾਤਾਰ ਕਰਦਾ ਚਲਿਆ ਜਾਵੇ, ਤਾਂ ਬੜੀ ਮੁਸ਼ਕਲ ਦੇ ਨਾਲ ਥੋੜ੍ਹੇ ਜਿਹੇ ਯੱਗ ਹੋਇਆ ਕਰਦੇ ਨੇ। ਇਥੇ ਕਈ ਕਰੋੜ ਜੱਗਾਂ ਦਾ ਫਲ ਮਿਲਦਾ ਹੈ। ਸੋ ਮਹਾਰਾਜ ਦੀ ਬਾਣੀ ਕਹਿੰਦੀ ਹੈ ਕਿ -

***ਉਦਮੁ ਕਰਹੁ ਵਡਭਾਗੀਹੋ***
***ਸਿਮਰਹੁ ਹਰਿ ਹਰਿ ਰਾਇ ॥*** **ਅੰਗ - ੪੫੬**

ਵੱਡੇ ਭਾਗਾਂ ਵਾਲਿਓ! ਤੁਸੀਂ ਉਦਮ ਕਰੋ। ਕਿਹੜੀ ਗੱਲ ਵਾਸਤੇ? -

***.....ਸਿਮਰਹੁ ਹਰਿ ਹਰਿ ਰਾਇ ॥***

**ਅੰਗ - ੪੫੬**

ਗੁਰੂ ਮਹਾਰਾਜ ਨੇ ਇਕ ਹੋਰ ਥਾਉਂ ਬੜਾ ਸੁਖਾਲਾ ਕਰਕੇ ਦੱਸਿਆ ਹੈ ਕਿ -

***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ***
***ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥***

**ਅੰਗ - ੩੦੫**

ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਕੇ, ਉਸ ਤੋਂ ਬਾਅਦ ਬੈਠ ਜਾਵੇ ਤੇ ਜਿਹੜਾ ਪੰਜਾਂ ਪਿਆਰਿਆਂ ਨੇ ਨਾਮ ਦਿਤਾ ਹੈ ਉਹਦੀ ਅਰਾਧਨਾ ਸ਼ੁਰੂ ਕਰ ਦੇਵੇ। ਜਪਣਾ ਸ਼ੁਰੂ ਕਰ ਦੇਵੇ ਉਹਨੂੰ।

***ਉਦਮੁ ਕਰੇ ਭਲਕੇ ਪਰਭਾਤੀ***
***ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥***

**ਅੰਗ - ੩੦੫**

ਸਾਰੇ ਪਾਪਾਂ ਦਾ ਨਾਸ ਹੋ ਜਾਂਦਾ ਹੈ ਦੋ ਤਿੰਨ ਗੱਲਾਂ ਕਰਨ ਦੇ ਨਾਲ। ਪਾਪ ਨਹੀਂ ਰਹਿੰਦਾ, ਪਾਪ ਤਾਂ ਇਕ ਵਾਰੀ ਨਾਮ ਜਪਣ ਨਾਲ ਚਲਿਆ ਜਾਂਦਾ ਹੈ, ਜੇ ਕਿਸੇ ਨੂੰ ਜਪਣ ਦੀ ਜਾਂਚ ਆ ਜਾਵੇ -

***ਹਰਿ ਕੋ ਨਾਮੁ ਕੋਟਿ ਪਾਪ ਪਰਹਰੈ ॥***

**ਅੰਗ - ੨੬੪**

ਕਰੋੜਾਂ ਪਾਪਾਂ ਨੂੰ ਨਾਸ਼ ਕਰਨ ਵਾਲਾ ਪ੍ਰਭੂ ਦਾ ਨਾਮ ਹੈ। ਕਹਿੰਦੇ, ਉਦਮ ਕਰਕੇ ਵਾਹਿਗੁਰੂ ਨੂੰ ਯਾਦ ਕਰੋ। ਫੇਰ ਇਹਦਾ ਫਲ ਕੀ ਹੋਏਗਾ? ਕਹਿੰਦੇ -

***ਨਾਨਕ ਜਿਸੁ ਸਿਮਰਤ ਸਭ ਸੁਖ ਹੋਵਹਿ***
***ਦੂਖੁ ਦਰਦੁ ਭ੍ਰਮੁ ਜਾਇ ॥*** **ਅੰਗ - ੪੫੬**

ਜਿਹਨੂੰ ਸਿਮਰਨ ਦੇ ਨਾਲ ਸਾਰੇ ਸੁਖ ਜਿੰਨੇ ਬੰਦਾ ਚਾਹੁੰਦਾ ਹੈ, ਓਨੇ ਹੀ ਮਿਲ ਜਾਂਦੇ ਨੇ। ਦੁਖ ਵੀ ਜਾਏਗਾ, ਭਰਮ ਵੀ ਜਾਏਗਾ, ਤੇ ਜਿਹੜੇ ਪੰਜ ਭਰਮ ਪਏ ਹੋਏ ਨੇ ਸਾਨੂੰ ਉਨ੍ਹਾਂ ਦਾ ਵੀ ਨਾਸ਼ ਹੋ ਜਾਏਗਾ-

***ਨਾਮੁ ਜਪਤ ਗੋਬਿੰਦ ਨਹ ਅਲਸਾਈਐ ॥***

**ਅੰਗ - ੪੫੬**

ਫੇਰ ਅੱਗੇ ਮਹਾਰਾਜ ਦੱਸਦੇ ਨੇ ਕਿ ਜੇ ਤੁਸੀਂ

ਭਜਨ ਕਰੋਂ ਨਾ, ਆਲਸ ਨਾ ਆਉਣ ਦਿਓ ਆਪਣੇ ਅੰਦਰ। ਐਉਂ ਨਹੀਂ ਕਿ ਉਧਰ ਨਾਮ ਜਪਦਾ ਹੈ ਤੇ ਉਧਰ ਨੀਂਦ ਦੇ ਝੂਟੇ ਲੈਂਦਾ ਹੈ। ਤੁੰਦਰਾ ਨੀਂਦ ਪੈ ਗਈ ਪਤਾ ਹੀ ਨਹੀਂ ਕਿ ਮੈਂ ਜਪਿਆ ਹੈ ਨਾਮ ਦਿਨ ਚੜ੍ਹ ਗਿਆ ਉਸੇ ਤਰ੍ਹਾਂ ਦੇ ਨਾਲ। ਕਹਿੰਦੇ ਨਾ ਆਲਸਾਈ ਦਾ ਨਹੀਂ ਹੁੰਦਾ।

***ਭੇਟਤ ਸਾਧੂ ਸੰਗ ਜਮ ਪੁਰਿ ਨਹ ਜਾਈਐ ॥***
***ਅੰਗ - ੪੫੬***

ਸੰਤਾਂ ਦੀ ਸੰਗਤ ਮਿਲ ਜਾਵੇ ਜਮ੍ਹਾਂ ਦਾ ਦਰਵਾਜ਼ਾ ਉਹਦੇ ਵਾਸਤੇ ਬੰਦ ਹੋ ਜਾਂਦਾ ਹੈ, ਜੇ ਭਲਾ ਕਿਤੇ ਚਲਿਆ ਵੀ ਜਾਵੇ ਨਾ ਭੁੱਲ ਭੁਲੇਖੇ, ਫੇਰ ਕੀ ਹੁੰਦਾ ਹੈ?

***ਸਾਧਸੰਗਿ ਧਰਮ ਰਾਇ ਕਰੇ ਸੇਵਾ ॥***
***ਸਾਧ ਕੈ ਸੰਗਿ ਸੋਭਾ ਸੁਰਦੇਵਾ ॥ ਅੰਗ - ੨੭੧***

ਸੁਰ ਦੇਵ ਕਹਿੰਦੇ ਨੇ ਦੇਵਤਿਆਂ ਦਾ ਦੇਸ਼, ਉਥੇ ਵੀ ਸ਼ੋਭਾ ਹੋਣੀ ਸ਼ੁਰੂ ਹੋ ਜਾਂਦੀ ਹੈ। ਜੋ ਸਤਿਸੰਗ ਕਰਦੇ ਨੇ, ਸਾਧੂਆਂ ਦੀ ਸੰਗਤ ਕਰਦੇ ਨੇ, ਬਚਨ ਕਮਾਉਂਦੇ ਨੇ, ਮੰਨਦੇ ਨੇ ਮੰਨ ਕੇ ਫੇਰ ਪ੍ਰਾਪਤੀ ਕਰਦੇ ਨੇ।

ਇਕ ਵਾਰੀ ਬਾਬਾ ਸਾਹਿਬ ਸਿੰਘ ਜੀ ਮਹਾਰਾਜ ਜੋ ਇਸੇ ਰਾੜਾ ਸਾਹਿਬ ਦੀ ਸੰਪਰਦਾ ਤੋਂ ਉਪਰਲੇ ਮਹਾਤਮਾ ਹੋਏ ਨੇ। ਗੁਰੂ ਨਾਨਕ ਦੀ ਗਿਆਰ੍ਹਵੀਂ ਓਲਾਦ। ਆਪ ਦੇ ਨਾਲ ਬਹੁਤ ਸਿੰਘ ਰਿਹਾ ਕਰਦੇ ਸੀ। ਬਹੁਤ ਸੇਵਾ ਵੀ ਕਰਦੇ ਸੀ, ਬਹੁਤ ਸਾਰੇ ਫੌਜਾਂ ਦੇ ਰੂਪ ਦੇ ਵਿਚ, ਤਨਖਾਹਦਾਰ ਵੀ ਸੀਗੇ। ਆਪ ਦੇ ਲੰਗਰ ਦੇ ਵਿਚ ਇਕ ਭਾਈ ਭਾਗ ਸਿੰਘ ਨਾਮ ਦਾ ਪ੍ਰੇਮੀ ਸੇਵਾ ਕਰਿਆ ਕਰਦਾ ਸੀ ਤੇ ਇਕ ਦਿਨ ਬਾਬਾ ਜੀ ਨੂੰ ਕਹਿਣ ਲੱਗੇ, ਬਾਬਾ ਜੀ! ਭਾਗ ਸਿੰਘ ਜੀ ਦੀ ਮਾਤਾ ਜੀ ਚੜ੍ਹਾਈ ਕਰ ਗਏ। ਮਹਾਂਪੁਰਸ਼ਾਂ ਦਾ ਫਰਜ਼ ਹੁੰਦਾ ਹੈ ਦੇਖਣਾ ਕਿ ਕਿਤੇ ਐਸਾ ਤਾਂ ਨਹੀਂ ਹੋਇਆ ਕਿ ਜਮਦੂਤ ਲੈ ਗਏ ਹੋਣ ਉਸਦੀ ਰੂਹ ਨੂੰ ਗਲਤੀ ਦੇ ਨਾਲ। ਅੰਤਰਧਿਆਨ ਹੋ ਕੇ ਸਾਰਾ ਕੁਛ ਦੇਖ ਲਿਆ, ਕਹਿੰਦੇ ਭਾਈ ਗੁਰਮੁਖੋ! ਉਹਦੇ ਸਰੀਰ ਦਾ ਸਸਕਾਰ ਨਾ ਕਰਿਓ। ਸਾਨੂੰ ਪੁੱਛ ਕੇ ਕਰਿਓ। ਸਾਰੇ ਇਕ ਦੂਜੇ ਵਲ ਦੇਖਣ ਲੱਗ ਗਏ ਕਿ ਕੋਈ ਇਸ ਗੱਲ ਵਿਚ ਭੇਤ ਹੈ। ਮਹਾਂਪੁਰਸ਼ ਜੋ ਗੱਲ ਕਰਦੇ ਨੇ, ਭਾਵੇਂ ਸਪਸ਼ਟ ਰੂਪ ਵਿਚ ਕਰਿਆ ਨਹੀਂ ਕਰਦੇ ਲੇਕਿਨ ਫੇਰ ਵੀ indication ਦੇ ਜਾਂਦੇ ਨੇ, ਰਮਜ਼ ਦੇ ਜਾਂਦੇ ਨੇ ਕਿ ਕੋਈ ਗੱਲ ਹੈ ਇਹਦੇ ਵਿਚ। ਬਚਨ ਮੰਨਣ ਵਾਲੇ ਸੀ ਕਹਿਣ ਲੱਗੇ ਬਚਨ ਜੋ ਮਹਾਂਪੁਰਸ਼ਾਂ ਦਾ ਹੈ। ਪੁੱਛ ਕੇ ਹੀ ਸਸਕਾਰ ਕਰਾਂਗੇ। ਇਧਰਲੇ ਪਾਸੇ ਕੀ ਹੋਇਆ ਮਾਤਾ ਨੂੰ ਧਰਮਰਾਜ ਦੀ ਦਰਗਾਹ 'ਚ ਦੂਤ ਲੈ ਗਏ, ਇਕ ਜਮਦੂਤ ਹੁੰਦੇ ਨੇ, ਇਕ ਦੂਤ ਹੁੰਦੇ ਨੇ। ਇਕ ਤਾਂ ਉਹ ਹੁੰਦੇ ਨੇ ਜਿਹੜੇ ਪੁਲਿਸ ਦੇ ਸਿਪਾਹੀਆਂ ਵਾਂਗੂੰ ਕੁੱਟਦੇ ਮਾਰਦੇ ਲਿਜਾਂਦੇ ਨੇ। ਇਕ ਉਹ ਹੁੰਦੇ ਨੇ ਜਿਹੜੇ ਗਾਈਡ ਬਣ ਕੇ ਆਉਂਦੇ ਨੇ। ਬੜੇ ਧਿਆਨ ਦੇ ਨਾਲ ਲੈ ਕੇ ਜਾਂਦੇ ਨੇ ਕਿ ਕੋਈ ਇਹਨੂੰ ਰਸਤੇ ਦੇ ਵਿਚ ਤਕਲੀਫ ਨਾ ਹੋਵੇ। ਜਿਹੜੇ ਹਨ ਦੁਸ਼ਟ ਆਤਮਾ ਦੇ ਭਾਏ ਪੁਰਸ਼ ਇਨ੍ਹਾਂ ਨੂੰ ਲੈਣ ਵਾਸਤੇ ਜਮਦੂਤ ਆਇਆ ਕਰਦੇ ਨੇ। ਜਿਹੜੇ ਚੰਗੇ ਪੁਰਸ਼ ਨੇ ਨੇਕ ਜੀਵਨ ਬਤੀਤ ਕਰਦੇ ਨੇ, ਉਨ੍ਹਾਂ ਨੂੰ ਨਹੀਂ ਜਮਦੂਤ ਆਇਆ ਕਰਦੇ ਕਿ ਸਾਰਿਆਂ ਨੂੰ ਹੀ ਇਕ ਰੱਸੀ ਥਾਣੀਂ ਵਲੇਟ ਦੇਣ। ਪਰ ਇਹ ਹੈਗਾ ਕਿ ਉਨ੍ਹਾਂ ਦਾ ਰਸਤਾ ਜਿਹੜਾ ਹੈ, ਉਹੀ ਹੁੰਦਾ ਹੈ, ਜਿਹੜਾ ਦੂਜਿਆਂ ਦਾ ਹੁੰਦਾ ਹੈ। ਰਸਤਾ ਬੜਾ ਖਤਰਨਾਕ ਹੈ।

ਸੋ ਮਾਤਾ ਨੂੰ ਲੈ ਕੇ ਚਲੇ ਗਏ। ਜਦੋਂ ਧਰਮਰਾਜ ਦੇ ਗਏ ਕਹਿਣ ਲੱਗੇ ਕਿ ਇਹਦਾ ਕਿਰਦਾਰ ਕੱਢੋ ਕਿ ਕਿੰਨਾ ਹੈ? ਜਿਵੇਂ ਵੀਡੀਓ ਫਿਲਮ ਲਗ ਜਾਂਦੀ ਹੈ ਐਸ ਤਰ੍ਹਾਂ ਉਥੇ ਫਿਲਮ ਲਗ ਜਾਂਦੀ ਹੈ, computerised ਹੈ ਜਿੰਨੇ ਪਾਪ ਨੇ ਛਾਣ ਕੇ ਇਕ ਪਾਸੇ ਧਰ ਦਿਤੇ ਜਾਂਦੇ ਨੇ, ਪੁੰਨ ਦੂਜੇ ਪਾਸੇ ਤੇ ਜਦੋਂ ਉਹਦਾ ਨਾਉਂ ਕੱਢਣ ਲੱਗੇ ਉਹਦਾ ਨਾਉਂ ਹੀ ਨਾ ਲੱਭਿਆ, ਚਿਤ੍ਰਗੁਪਤ ਕਹਿਣ ਲੱਗੇ ਕਿ ਮਹਾਰਾਜ ਇਹਦਾ ਤਾਂ ਨਾਉਂ ਆਪਣੇ ਕੋਲ ਨਹੀਂ ਹੈ। ਉਹ ਕਹਿਣ ਲੱਗੇ ਕਿ ਫੇਰ ਤੁਸੀਂ ਗਲਤੀ ਨਾਲ ਲੈ ਆਏ ਕਿਉਂਕਿ ਮੇਰੇ ਕੋਲ ਤਾਂ ਉਨ੍ਹਾਂ ਦੇ ਹੀ ਨੇ ਜਾਂ ਪੁੰਨੀਆਂ ਦੇ ਜਾਂ ਪਾਪੀਆਂ ਦੇ। ਪਾਪੀਆਂ ਦੇ ਤਾਂ ਮੇਰੇ ਕੋਲ ਆਉਣੇ ਹੀ ਆਉਣੇ ਨੇ।

***ਧਰਮ ਰਾਇ ਨੋ ਹੁਕਮੁ ਹੈ***
***ਬਹਿ ਸਚਾ ਧਰਮੁ ਬੀਚਾਰਿ ॥***
***ਦੂਜੈ ਭਾਇ ਦੁਸਟੁ ਆਤਮਾ***
***ਓਹੁ ਤੇਰੀ ਸਰਕਾਰ ॥ ਅੰਗ - ੩੮***

ਪਰ ਪੁੰਨੀ ਮੇਰੇ ਕੋਲ ਕਿਉਂ ਆਉਂਦੇ ਨੇ ਕਿਉਂਕਿ ਪੁੰਨ ਬੀਜਦੇ ਨੇ ਧਰਤੀ ਤੇ ਜਾ ਕੇ। ਜੀਵਨ ਦੇ ਅੰਦਰ ਪੁੰਨ ਬੀਜਦੇ ਨੇ। ਪਰ ਇਕ ਉਹ ਗਲਤੀ ਕਰਦੇ ਨੇ ਕਿ ਉਹਦਾ ਫਲ ਮੰਗ ਲੈਂਦੇ ਨੇ, ਦੁਨੀਆਂ 'ਚ ਫਲ ਮੰਗ ਲਓ ਕਹਾਵਤ ਇਹ ਹੈ ਕਿ ਦੱਸ ਗੁਣਾਂ ਹੈ ਤੇ 70 ਗੁਣਾਂ ਹੈਗਾ ਦਰਗਾਹ ਦੇ ਵਿਚ। ਪਰ ਇਹਦੇ ਉਤੇ ਮਹਾਂਪੁਰਸ਼ differ ਕਰਦੇ ਨੇ, ਇਕ ਮਤ ਨਹੀਂ ਉਹ ਕਹਿੰਦੇ ਜਿਹੜਾ ਪੁੰਨ ਦਾਨ ਬ੍ਰਹਮਗਿਆਨੀ ਦੇ ਹੱਥੀਂ ਹੋ ਜਾਣਾ ਹੈ, ਉਹਦਾ ਫਲ ਹਜ਼ਾਰਾਂ ਗੁਣਾਂ ਹੋਇਆ ਕਰਦਾ ਹੈ, ਉਹਦੇ 'ਚ limit ਨਹੀਂ ਕਿ ਦਸ ਗੁਣਾਂ ਇਥੇ ਮਿਲਣਾ ਹੈ, ਇਥੇ ਵੀ ਬੇਅੰਤ ਮਿਲ ਜਾਂਦਾ ਹੈ, ਦਰਗਾਹ ਵਿਚ ਵੀ ਬੇਅੰਤ ਮਿਲ ਜਾਂਦਾ ਹੈ। ਸੋ ਉਹ ਜਦੋਂ ਚਾਹੁੰਦੇ ਨੇ ਕਿ ਮੇਰੇ ਪੁੰਨਾਂ ਦਾ ਫਲ ਮੈਨੂੰ ਸਵਰਗ ਦੇ ਰੂਪ ਵਿਚ ਮਿਲੇ ਤਾਂ ਉਨ੍ਹਾਂ ਨੂੰ ਧਰਮਰਾਜ ਦੇ ਜਾਣਾ ਪੈਂਦਾ ਹੈ -

***ਪੁੰਨ ਦਾਨੁ ਜੋ ਬੀਜਦੇ***

***ਸਭ ਧਰਮ ਰਾਇ ਕੈ ਜਾਈ॥ ਅੰਗ - ੧੪੧੪***

ਦੋ ਕਿਸਮ ਦੇ ਉਥੇ ਬੰਦੇ ਜਾਂਦੇ ਨੇ, ਨਾ ਉਥੇ ਭਗਤ ਜਾਂਦੇ ਨੇ, ਨਾ ਯੋਗ ਭ੍ਰਿਸ਼ਟ ਜਾਂਦੇ ਨੇ ਉਨ੍ਹਾਂ ਦੇ ਰਸਤੇ ਹੋਰ ਨੇ। ਸੋ ਕਹਿਣ ਲੱਗਿਆ ਤੁਸੀਂ ਇਹ ਗੁਰੂ ਨਾਨਕ ਪਾਤਸ਼ਾਹ ਦੇ ਮੰਡਲ ਦੀ ਰੂਹ ਮੇਰੇ ਕੋਲ ਕਿਉਂ ਲੈ ਕੇ ਆਏ ਓਂ? ਕਹਿੰਦੇ, ਐਉਂ ਕਰੋ ਜਲਦੀ ਇਹਨੂੰ ਲਿਜਾ ਕੇ ਸਰੀਰ ਵਿਚ ਪਾ ਦਿਓ, ਐਸਾ ਨਾ ਹੋਵੇ ਸਰੀਰ ਦਾ ਸਸਕਾਰ ਹੋ ਜਾਵੇ। ਉਸੇ ਵੇਲੇ ਬੜੀ ਸੇਵਾ ਕਰੀ, ਦੱਸਿਆ ਕਿ ਮੈਨੂੰ ਜੇ ਤੁਸੀਂ ਗੁਰੂ ਨਾਨਕ ਦਾ ਮੰਡਲ ਦਿਖਾ ਦੇਵੋ, ਕਹਿੰਦੇ, ਸਮਾਂ ਨਹੀਂ ਹੈ, ਕਿਉਂਕਿ ਛੇਤੀ ਜਾਣਾ ਹੈ, ਤੁਹਾਡਾ ਸਰੀਰ ਜਲ ਗਿਆ ਫੇਰ ਰੂਹ ਕਾਹਦੇ 'ਚ ਪਏਗੀ। ਪਰ ਫੇਰ ਬਾਰ-ਬਾਰ ਕਹਿਣ ਤੇ ਕਹਿਣ ਲੱਗੇ ਕਿ ਚਲੋ ਜਾਂਦੇ-ਜਾਂਦੇ ਗੇੜਾ ਮਰਵਾ ਦਿਓ। ਸੋ ਜਿਉਂਦੀ ਹੋ ਗਈ, ਜਿਉਂਦੀ ਹੋਈ-ਹੋਈ ਤਾਂ ਬੜੀਆਂ ਖੁਸ਼ੀਆਂ ਹੋਈਆਂ ਕਿ ਬਾਬਾ ਜੀ ਦਾ ਬਚਨ ਸੀ ਕਿ ਸਸਕਾਰ ਨਾ ਕਰਿਓ ਉਨ੍ਹਾਂ ਨੂੰ ਪਹਿਲਾਂ ਹੀ ਪਤਾ ਸੀ ਕਿ ਇਹਨੇ ਜੀਉਂਦੀ ਹੋਣਾ ਹੈ। ਬਾਬਾ ਜੀ ਦੇ ਕੋਲ ਚਲੇ ਗਏ ਜਾ ਕੇ ਮਾਤਾ ਨੇ ਸਾਰਾ ਹਾਲ ਦੱਸਿਆ। ਬਾਬਾ ਜੀ ਕਹਿਣ ਲੱਗੇ ਕਿ ਦੇਖੋ! ਗੁਰੂ ਅਰਜਨ ਪਾਤਸ਼ਾਹ ਨੇ ਸੁਖਮਨੀ ਸਾਹਿਬ ਦੇ ਅੰਦਰ ਲਿਖਿਆ ਹੈ ਨਾ ਕਿ -

***ਸਾਧਸੰਗਿ ਧਰਮ ਰਾਇ ਕਰੇ ਸੇਵਾ ॥***
***ਸਾਧ ਕੈ ਸੰਗਿ ਸੋਭਾ ਸੁਰਦੇਵਾ ॥ ਅੰਗ - ੨੭੧***

ਦੇਵਤਿਆਂ ਦੇ ਲੋਕਾਂ ਵਿਚ ਸੋਭਾ ਹੋਇਆ ਕਰਦੀ ਹੈ। ਸੋ ਮਹਾਰਾਜ ਇਥੇ ਫੁਰਮਾਨ ਕਰਦੇ ਨੇ -

***ਭੇਟਤ ਸਾਧੂ ਸੰਗ ਜਮ ਪੁਰਿ ਨਹ ਜਾਈਐ ॥***
***ਅੰਗ - ੪੫੬***

ਇਹ ਇਕ ਕਾਨੂੰਨ ਹੈ, ਰੂਹਾਨੀ ਕਾਨੂੰਨ ਜਿਹੜਾ ਸਾਧੂ ਦੀ ਸੰਗਤ 'ਚ ਆ ਗਿਆ, ਸਾਧੂ ਦੇ ਬਚਨ ਦੀ ਕਮਾਈ ਕਰਦਾ ਹੈ, ਨਾਮ ਜਪਦਾ ਹੈ ਉਹ ਸਰੀਰ ਛੱਡਣ ਤੋਂ ਬਾਅਦ ਜਮਾਂ ਦੇ ਲੋਕ 'ਚ ਉਹਨੇ ਨਹੀਂ ਜਾਣਾ। ਉਹ ਗੁਰੂ ਦੇ ਲੋਕ 'ਚ ਜਾਏਗਾ।

***ਦੂਖ ਦਰਦ ਨ ਭਉ ਬਿਆਪੈ***
***ਨਾਮੁ ਸਿਮਰਤ ਸਦ ਸੁਖੀ ॥ ਅੰਗ - ੪੫੬***

ਇਹ ਨੋਟ ਕਰਨ ਵਾਲੀ ਗੱਲ ਹੈ।

ਜਿਹੜਾ ਨਾਮ ਜਪਦਾ ਹੈ ਇਕ ਤਾਂ ਸਦਾ ਸੁਖੀ ਹੈ ਉਹਦੇ ਜੀਵਨ ਦੇ ਅੰਦਰ ਦੁਖ ਦਾ ਨਾਮ ਨਿਸ਼ਾਨ ਨਹੀਂ ਹੈ। ਦੂਸਰਾ ਇਹ ਹੈ ਕਿ ਦੁਖ ਤੇ ਦਰਦ, ਡਰ ਵੀ ਕਿਸੇ ਦਾ ਨਹੀਂ ਲੱਗਣਾ ਤੇ ਨਾਮ ਕਿੰਨਾ ਜਪਦਾ ਹੈ -

***ਸਾਸਿ ਸਾਸਿ ਅਰਾਧਿ ਹਰਿ ਹਰਿ .......॥***
***ਅੰਗ - ੪੫੬***

ਸਾਹ ਤਾਂ ਆਉਂਦੇ ਹੀ ਨੇ, ਖਾਲੀ ਚਲੇ ਜਾਂਦੇ ਨੇ, ਖਾਲੀ ਆਉਂਦੇ ਨੇ ਜੇ ਭਲਾ ਇਹਦੇ ਨਾਲ ਵਾਹਿਗੁਰੂ ਕਹਿ ਦਿਤਾ ਜਾਵੇ ਫੇਰ? ਕਹਿ ਕੇ ਦੇਖ ਲਓ ਅੰਦਰ ਨੂੰ ਸਾਹ ਜਾਂਦਾ ਹੈ ਵਾਹਿਗੁਰੂ, ਬਾਹਰ ਨੂੰ ਆਉਂਦਾ ਹੈ ਵਾਹਿਗੁਰੂ। ਸਗੋਂ ਇਕ ਵਾਰੀ ਨਹੀਂ ਕਹਿ ਹੁੰਦਾ, ਦਸ ਗਿਆਰ੍ਹਾਂ ਵਾਲੀ ਕਹਿ ਹੋ ਜਾਂਦਾ ਹੈ। ਉਹ ਭਾਗਾਂ ਵਾਲੇ ਬੰਦੇ ਨੇ ਕਹਿੰਦੇ ਜਿਹੜੇ -

***ਸਾਸਿ ਸਾਸਿ ਅਰਾਧਿ ਹਰਿ ਹਰਿ ਧਿਆਇ***
***ਸੋ ਪ੍ਰਭੁ ਮਨਿ ਸੁਖੀ ॥ ਅੰਗ - ੪੫੬***

ਮਨ ਸੁਖੀ ਹੋ ਜਾਏਗਾ, ਮਨ ਸੁਖੀ ਹੁੰਦੇ ਸਾਰ ਦੁਖਾਂ ਦਾ ਖਾਤਮਾ ਹੋ ਜਾਏਗਾ। ਦੁਖ ਕਿਉਂ ਪੈਦਾ ਹੁੰਦੇ ਨੇ?

***ਖਸਮੁ ਵਿਸਾਰਿ ਕੀਏ ਰਸ ਭੋਗ ॥***
***ਤਾਂ ਤਨਿ ਉਠਿ ਖਲੋਏ ਰੋਗ ॥ ਅੰਗ - ੧੨੫੬***

ਰੱਬ ਨੂੰ ਭੁੱਲ ਕੇ ਰਸਾਂ ਕਸਾਂ ਵਿਚ ਜੀਵਨ ਲਾ ਦਿੰਦੇ ਨੇ। ਮਹਾਰਾਜ ਕਹਿੰਦੇ ਫੇਰ ਰੋਗੀ ਹੋਣਾ ਹੀ ਹੈ ਭਾਈ।

***ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥***
***ਅੰਗ - ੧੩੫***

ਇਕ ਬੇ-ਮਰਿਆਦਾ ਖਾਂਦੇ ਨੇ, ਬੇਮਰਿਆਦਾ ਖਾਣ ਵਾਲਿਆਂ ਨੂੰ ਰੋਗ ਹੋ ਜਾਂਦਾ ਹੈ -

***ਅਲਪ ਅਹਾਰ ਸੁਲਪ ਸੀ ਨਿੰਦ੍ਰਾ***
***ਦਇਆ ਛਿਮਾ ਤਨ ਪ੍ਰੀਤ।***

ਏਸ ਤਰ੍ਹਾਂ ਦੇ ਨਾਲ ਮਹਾਰਾਜ ਫੁਰਮਾਨ ਕਰਦੇ ਨੇ ਕਿ ਜਿਹੜੇ ਸਾਸ-ਸਾਸ ਅਰਾਧਦੇ ਨੇ, ਉਨ੍ਹਾਂ ਨੂੰ ਦੁਖ ਦਰਦ ਨਹੀਂ ਰਹਿੰਦਾ। ਸੁੱਖਾਂ ਦੀ ਪ੍ਰਾਪਤੀ ਹੋ ਜਾਂਦੀ ਹੈ-

***ਕ੍ਰਿਪਾਲ ਦਇਆਲ ਰਸਾਲ ਗੁਣ ਨਿਧਿ***
***ਕਰਿ ਦਇਆ ਸੇਵਾ ਲਾਈਐ ॥***
***ਨਾਨਕੁ ਪਇਅੰਪੈ ਚਰਣ ਜੰਪੈ***
***ਨਾਮੁ ਜਪਤ ਗੋਬਿੰਦ ਨਹ ਅਲਸਾਈਐ ॥***
***ਅੰਗ - ੪੫੬***

ਨਾਮ ਜਪਦਾ ਹੋਇਆ ਨਾ ਤੂੰ ਸੁਸਤੀ ਵਿਚ ਆ। ਸੋ ਇਥੇ ਮਹਾਰਾਜ ਕਹਿੰਦੇ ਨੇ ਕਿ -

***ਉਦਮੁ ਕਰਹੁ ਵਡਭਾਗੀਹੋ ...........॥***
***ਅੰਗ - ੪੫੬***

ਵੱਡੇ ਭਾਗਾਂ ਵਾਲਿਓ ਉਦਮ ਕਰੋ ਤੇ ਉਦਮ ਕਰਨਾ ਕਾਹਦੇ ਵਾਸਤੇ ਹੈ -

***.........ਸਿਮਰਹੁ ਹਰਿ ਹਰਿ ਰਾਇ ॥***
***ਅੰਗ - ੪੫੬***

ਵਾਹਿਗੁਰੂ ਨੂੰ ਸਿਮਰੋ, ਯਾਦ 'ਚ ਲਿਆਓ -

*ਨਾਨਕ ਜਿਸੁ ਸਿਮਰਤ ਸਭ ਸੁਖ ਹੋਵਹਿ*
*ਦੂਖੁ ਦਰਦੁ ਭ੍ਰਮੁ ਜਾਇ ॥ ਅੰਗ - ੪੫੬*
ਸੋ ਐਸੇ ਗੁਰਸਿੱਖ –
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ ॥ ਅੰਗ - ੩੦੬*

ਉਹ ਗੁਰੂ ਦੇ ਮਨ ਭਾਅ ਜਾਂਦੇ ਨੇ। ਗੁਰੂ ਉਨ੍ਹਾਂ ਤੇ ਦਇਆਲ ਹੋ ਕੇ ਆਪਣਾ ਰੂਪ ਬਣਾ ਲੈਂਦਾ ਹੈ।

ਐਸਾ ਇਕ ਗੁਰਸਿੱਖ ਕਸ਼ਮੀਰ ਦੇ ਅੰਦਰ ਗੁਰੂ ਮਹਾਰਾਜ ਨੇ ਪ੍ਰਚਾਰ ਕਰਨ ਵਾਸਤੇ ਭੇਜਿਆ ਹੋਇਆ ਸੀ ਜਿਸਦਾ ਨਾਮ ਭਾਈ ਮਾਧੋ ਸੀ। ਬੜਾ ਸਤਿਕਾਰ ਸੀ ਉਸਦਾ, ਬੜੀ ਕਰਨੀ ਕਮਾਈ ਵਾਲੇ ਸਨ ਆਪ। ਇਕ ਵਾਰੀ ਇਕ ਲੜਕਾ ਸਤਿਸੰਗ 'ਚੋਂ ਵਾਪਸ ਜਾਂਦਾ ਪੁਲਿਸ ਨੇ ਫੜ ਲਿਆ, ਕਹਿਣ ਲੱਗੇ ਤੂੰ ਚੋਰ ਹੈਂ ਕਿਸੇ ਦੇ ਚੋਰੀ ਹੋ ਗਈ, ਉਹ ਚੋਰ ਦੇ ਮਗਰ ਲੱਗੇ ਹੋਏ ਸੀ, ਇਹ ਬੱਚਾ ਅੜਿੱਕੇ ਆ ਗਿਆ। ਘਰ ਨੂੰ ਜਾਂਦਾ-ਜਾਂਦਾ ਪੁਲਿਸ ਨੇ ਫੜ ਲਿਆ ਕਿ ਤੂੰ ਤਾਂ ਚੋਰੀ ਕਰਕੇ ਆਇਆ ਹੈਂ, ਦੱਸ ਮਾਲ ਕਿੱਥੇ ਹੈ? ਉਹ ਕਹਿੰਦਾ ਮੈਂ ਚੋਰੀ ਨਹੀਂ ਕਰੀ। ਮੈਂ ਤਾਂ ਉਨ੍ਹਾਂ ਦੇ ਸਤਿਸੰਗ 'ਚੋਂ ਆਇਆ ਹਾਂ, ਭਾਈ ਮਾਧੋ ਜੀ ਦੇ ਪਾਸ ਬੱਚੇ ਨੂੰ ਲੈ ਗਏ। ਕਹਿੰਦੇ, ਭਾਈ! ਸਾਨੂੰ ਤਾਂ 'ਚੋਰ ਸਾਧ ਸਭ ਬ੍ਰਹਮ ਪਛਾਨੋ।' ਅਸੀਂ ਤਾਂ ਪ੍ਰਮੇਸ਼ਰ ਦਾ ਰੂਪ ਦੇਖਦੇ ਹਾਂ, ਸਾਡੀ ਨਿਗ੍ਹਾ 'ਚ ਨਾ ਕੋਈ ਚੋਰ ਹੈ, ਨਾ ਕੋਈ ਸਾਡੀ ਨਿਗ੍ਹਾ 'ਚ ਭੁੱਲਿਆ ਹੋਇਆ ਹੈ –

*ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥*
*ਤਿਸ ਕੈ ਭਾਣੈ ਕੋਇ ਨ ਭੂਲਾ*
*ਜਿਨਿ ਸਗਲੋ ਬ੍ਰਹਮੁ ਪਛਾਤਾ ॥ ਅੰਗ- ੬੧੦*

ਬ੍ਰਹਮਗਿਆਨ ਦੀ ਗੱਲ ਸਮਝ 'ਚ ਨਾ ਆਈ ਉਨ੍ਹਾਂ ਦੇ। ਲੜਕੇ ਨੇ ਕਿਹਾ ਕਿ ਮਹਾਰਾਜ! ਮੇਰੇ ਤੇ ਕ੍ਰਿਪਾ ਕਰੋ। ਕਹਿੰਦੇ ਜੇ ਤੂੰ ਸੱਚਾ ਹੈਂ ਤਾਂ ਤੇਰੇ ਤੇ ਕ੍ਰਿਪਾ ਹੋ ਹੀ ਜਾਣੀ ਹੈ। ਲਿਜਾ ਕੇ ਸੂਲੀ, ਇਕ ਤਾਂ ਲੋਹੇ ਦੀਆਂ ਸੂਲੀਆਂ ਹੁੰਦੀਆਂ ਸੀ, ਇਕ ਬਾਂਸ ਦੀਆਂ ਹੁੰਦੀਆਂ ਸੀ ਬਹੁਤ ਤਿੱਖੀਆਂ। ਉਨ੍ਹਾਂ ਦਿਨਾਂ 'ਚ ਬਾਂਸ ਦੀ ਸੂਲੀ ਸੀ ਉਥੇ, ਗੁਰੂ ਪੰਜਵੇਂ ਪਾਤਸ਼ਾਹ ਵੇਲੇ। ਸੂਲੀ 'ਤੇ ਲਟਕਾ ਦਿਤਾ ਜਦੋਂ ਸੂਲੀ ਨਾਲ ਲੱਗੀ ਓਸੇ ਵੇਲੇ ਜਿਹੜੀ ਸੂਲੀ ਸੀ ਤੇ ਬਾਂਸ ਸੀ ਉਹ ਦੇਖਦੇ-ਦੇਖਦੇ ਲਗਰਾਂ ਛੱਡ ਆਇਆ। ਹਰ ਹੋ ਗਿਆ ਬਾਂਸ, ਨਰਮ ਹੋ ਗਿਆ। ਉਨ੍ਹਾਂ ਨੇ ਕਿਹਾ ਕਿ ਇਹ ਤਾਂ ਬੱਚਾ ਸੱਚਮੁੱਚ ਹੀ ਚੰਗਾ ਹੈ, ਕੋਈ ਰੱਬ ਦਾ ਪਿਆਰਾ ਹੈ ਜਿਹਦੇ ਲਗਦੇ ਸਾਰ ਸੂਲੀ ਹਰੀ ਹੋ ਗਈ ਤੇ ਨਰਮ ਹੋ ਗਈ ਬਿਲਕੁਲ ਹੀ ਇਹਦੇ ਵਿਚ ਸਖਤੀ ਨਹੀਂ ਰਹੀ। ਛੱਡ ਦਿਤਾ ਤੇ ਭਾਈ ਮਾਧੋ ਦੇ ਪਾਸ ਆ ਕੇ ਉਸ ਦਾ ਬਹੁਤ ਧੰਨਵਾਦ ਕਰਿਆ ਤੇ ਗੁਰੂ ਮਹਾਰਾਜ ਦੇ ਦਰਸ਼ਨ ਕਰਨ ਵਾਸਤੇ ਭਾਈ ਮਾਧੋ ਆਉਂਦੇ ਨੇ, ਉਸ ਵੇਲੇ ਇਕ ਸ਼ਬਦ ਦਾ ਉਚਾਰਨ ਕਰ ਰਹੇ ਸੀ। ਭਾਈ ਗੁਰਦਾਸ, ਬਾਬਾ ਬੁੱਢਾ ਜੀ ਕਹਿ ਰਹੇ ਸੀ ਕਿ ਮਹਾਰਾਜ ਆਪ ਦੇ ਲੰਗਰ 'ਚ ਕਦੇ ਤੋਟਾ ਨਹੀਂ ਸੀ ਆਇਆ। ਪਰ ਇਹ ਪ੍ਰਿਥੀ ਚੰਦ ਨੇ ਸਾਰੀਆਂ ਰਸਦਾਂ ਬਾਹਰ ਰੋਕ ਲਈਆਂ, ਇਹਦੇ ਏਜੰਟਾਂ ਨੇ ਗੁਰਸਿੱਖਾਂ ਦੀਆਂ ਭੇਟਾਵਾਂ ਜਿਹੜੀਆਂ ਸੀ ਤੁਹਾਡੇ ਤੱਕ ਆਉਣ ਨਹੀਂ ਦਿਤੀਆਂ। ਭੇਟਾ ਤਾਂ ਆਪ ਲੈ ਜਾਂਦਾ ਹੈ ਤੇ ਨਾਲ ਕਹਿ ਦਿੰਦਾ ਹੈ ਕਿ ਲੰਗਰ ਛੋਟੇ ਭਰਾਤਾ ਵਲ ਚੱਲ ਰਿਹਾ ਹੈ। ਨਤੀਜਾ ਕੀ ਹੋਇਆ ਲੰਗਰ ਦਿਨੋ ਦਿਨ ਮਸਤਾਨਾ ਹੋਣ ਲੱਗ ਗਿਆ। ਉਹਦੇ ਵਿਚ ਐਸੀ ਆਈ ਕਿ ਛੋਲਿਆਂ ਦੀ ਰੋਟੀ ਰੁਖੀ ਮਿਲਣ ਲੱਗ ਗਈ। ਭਾਈ ਗੁਰਦਾਸ ਜੀ ਨੇ ਜਦੋਂ ਆ ਕੇ ਆਗਰੇ ਤੋਂ ਪ੍ਰਸ਼ਾਦਾ ਛਕਿਆ ਕਹਿਣ ਲੱਗੇ ਆਹ ਕੀ ਗੱਲ ਗੁਰੂ ਦੇ ਘਰ 'ਚ ਤਾਂ ਖੀਰਾਂ ਬਣਦੀਆਂ ਸੀ, ਪ੍ਰਸ਼ਾਦ ਬਣਦੇ ਸੀ, ਹੋਰ ਮਠਿਆਈਆਂ ਬਣਦੀਆਂ ਸੀ ਆਹ ਸੁੱਕਾ ਪ੍ਰਸ਼ਾਦਾ ਮੈਨੂੰ ਦਿਤਾ ਹੈ, ਮੈਂ ਰਿਸ਼ਤੇਦਾਰ ਹਾਂ, ਆਪਣੀ ਹੀ ਭੈਣ ਨੂੰ ਕਹਿਣ ਲੱਗੇ, ਬੀਬੀ ਭਾਨੀ ਨੂੰ ਕਿ ਭੈਣ! ਇਹ ਕੀ ਗੱਲ ਹੋ ਗਈ? ਕਿਤੇ ਮੇਰਾ ਟੈਸਟ ਤਾਂ ਨਹੀਂ ਤੁਸੀਂ ਲੈ ਰਹੇ। ਐਹੋ ਜਿਹਾ ਪ੍ਰਸ਼ਾਦਾ ਤਾਂ ਲੰਘਦਾ ਹੀ ਨਹੀਂ ਹੈ, ਬਿਲਕੁਲ ਹੀ ਛੋਲਿਆਂ ਦਾ ਪਿਹਾਇਆ ਹੋਇਆ, ਸੂੜੀ ਆਲਾ, ਇਹ ਪ੍ਰਸ਼ਾਦੇ ਕਿਉਂ? ਕਹਿੰਦੇ ਤੁਸੀਂ ਮਹਾਰਾਜ ਜੀ ਨੂੰ ਪੁੱਛ ਲਓ ਕਿ ਇਹ ਪ੍ਰਸ਼ਾਦੇ ਕਿਉਂ? ਕਹਿੰਦੇ, ਤੁਸੀਂ ਦੱਸੋ? ਕਹਿੰਦੇ ਦੱਸਣਾ ਕੀ ਹੈ, ਸੰਗਤਾਂ ਦੀਆਂ ਭੇਟਾ ਤਾਂ ਪ੍ਰਿਥੀਚੰਦ ਲੈ ਜਾਂਦਾ ਹੈ ਤੇ ਪ੍ਰਸ਼ਾਦਾ ਛਕਣ ਵਾਸਤੇ ਇਧਰ ਭੇਜ ਦਿੰਦਾ ਹੈ ਤੇ ਮਹਾਰਾਜ ਜੀ ਬੜੇ ਭੋਲੇ-ਭਾਲੇ ਨੇ ਤੇ ਹੁਣ ਹੁਕਮ ਕਰ ਦਿਤਾ ਕਿ ਛੋਲੇ ਬਣਾਓ, ਕਈ-ਕਈ ਦਿਨ ਲੰਗਰ ਮਸਤਾਨਾ ਵੀ ਹੋ ਜਾਇਆ ਕਰਦਾ ਹੈ।

ਉਸ ਵੇਲੇ ਗੁਰੂ ਮਹਾਰਾਜ ਜੀ ਕੋਲ ਗਏ ਜਾ ਕੇ ਕਹਿਣ ਲੱਗੇ ਮਹਾਰਾਜ ਇਹ ਜਿਹੜਾ ਵਿਰੋਧੀ ਬੰਦਾ ਜਿਹੜਾ ਦਾਓ ਚਲਦਾ ਹੈ ਜੇ ਆਪਾਂ ਵੀ ਓਸ ਦਾਓ ਚੱਲੀਏ ਤਾਂ ਠੀਕ ਹੋ ਸਕਦਾ ਹੈ ਕ੍ਰਿਪਾ ਕਰੋ, ਸਾਨੂੰ ਆਗਿਆ ਦੇਵੋ ਅਸੀਂ ਕੋਈ ਉਦਮ ਕਰੀਏ। ਉਦਮ ਕਰਕੇ ਲੰਗਰ ਦੇ ਵਿਚ ਕੁਛ ਲੈ ਕੇ ਆਈਏ। ਮਹਾਰਾਜ ਕਹਿੰਦੇ, ਭਾਈ ਉਦਮ ਦੀ ਕਿਹੜੀ ਲੋੜ ਹੈ –

*ਕਾਹੇ ਰੇ ਮਨ ਚਿਤਵਹਿ*
*ਉਦਮੁ ਜਾ ਆਹਰਿ ਹਰਿ ਜੀਉ ਪਰਿਆ ॥*
*ਸੈਲ ਪਥਰ ਮਹਿ ਜੰਤ ਉਪਾਏ*
*ਤਾ ਕਾ ਰਿਜਕੁ ਆਗੈ ਕਰਿ ਧਰਿਆ ॥*
*ਅੰਗ - ੧੦*

ਸਾਰੇ ਜਿਹੜੇ ਨੇ ਪੱਥਰ ਪਾਏ ਹੋਏ ਇਨ੍ਹਾਂ ਦੇ

ਵਿਚ ਜਿਹੜਾ ਸੈਲ ਪੱਥਰ ਹੁੰਦਾ ਹੈ ਉਹਦੇ ਵਿਚ ਕੀੜਾ ਹੁੰਦਾ ਹੈ ਉਹਦੇ ਮੂੰਹ 'ਚ ਰਾਸ਼ਨ ਹੁੰਦਾ ਹੈ, ਪ੍ਰਮੇਸ਼ਰ ਉਥੇ ਪਹੁੰਚਾਉਂਦਾ ਹੈ।

ਇਕ ਵਾਰੀ ਇਥੇ ਪੱਥਰ ਤੋੜਿਆ ਗੁਰਦਾਸਪੁਰ, ਸੰਤ ਜਾ ਰਹੇ ਸੀ ਸੁੰਦਰ ਸਿੰਘ ਜੀ ਭਿੰਡਰਾਂਵਾਲੇ। ਕੀੜਾ ਨਿਕਲਿਆ ਉਹਦੇ ਨੌਕਰ ਦੌੜ ਕੇ ਆਏ ਕਿ ਮਹਾਰਾਜ! ਤੁਹਾਨੂੰ ਕੁਛ ਦਿਖਾਉਣਾ ਹੈ, ਮਹਾਤਮਾ ਚਲੇ ਗਏ ਜਾ ਕੇ ਕੀ ਦੇਖਦੇ ਨੇ ਕਿ ਪੱਥਰ ਦੇ ਵਿਚੋਂ ਇਕ ਕੀੜਾ ਨਿਕਲਿਆ ਹੈ, ਜਗ੍ਹਾ ਬਣੀ ਹੋਈ ਹੈ ਉਹਦੀ, ਸਾਹ ਲੈਣ ਨੂੰ ਕੋਈ ਥਾਉਂ ਨਹੀਂ ਹੈ, ਕਹਿੰਦੇ ਮਹਾਰਾਜ ਦੇਖੋ! ਇਹਦੇ ਮੂੰਹ ਵਿਚ ਕੀ ਹੈ? ਅਸੀਂ ਉਦੋਂ ਦੇ ਹੀ ਹੈਰਾਨ ਹੋਈ ਜਾਂਦੇ ਹਾਂ। ਇਕ ਸਿੰਘ ਨੂੰ ਕਿਹਾ ਕਿ ਦੇਖ ਕਿ ਕੀ ਹੈ? ਕਹਿੰਦਾ ਮਹਾਰਾਜ ਇਹ ਤਾਂ ਮਿੱਠਾ ਹੈ। ਚੀਨੀ ਵਰਗੀ ਕੋਈ ਚੀਜ਼ ਹੈ।

ਉਸ ਵੇਲੇ ਮਹਾਰਾਜ ਨੇ ਸ਼ਬਦ ਉਚਾਰਿਆ ਕਿ –

*ਕਾਹੇ ਰੇ ਮਨ ਚਿਤਵਹਿ*
*ਉਦਮੁ ਜਾ ਆਹਰਿ ਹਰਿ ਜੀਉ ਪਰਿਆ ॥*
*ਸੈਲ ਪਥਰ ਮਹਿ ਜੰਤ ਉਪਾਏ*
*ਤਾ ਕਾ ਰਿਜਕੁ ਆਗੈ ਕਰਿ ਧਰਿਆ ॥*
*ਅੰਗ – ੧੦*

ਇਹ ਉਚਾਰਦੇ ਹੀ ਸੀ ਕਿ ਭਾਈ ਮਾਧੋ ਦਾਸ ਆ ਗਏ। ਓਸ ਵੇਲੇ ਮਹਾਰਾਜ ਨੇ ਸ਼ਬਦ ਚਲਦੇ-ਚਲਦੇ ਵਿਚ ਬਦਲ ਦਿਤਾ।

*ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ ॥*
*ਗੁਰ ਪਰਸਾਦਿ ਪਰਮ ਪਦੁ ਪਾਇਆ*
*ਸੂਕੇ ਕਾਸਟ ਹਰਿਆ ॥ ਅੰਗ – ੧੦*

ਜਿਹੜੀ ਸੁੱਕੀ ਲੱਕੜੀ ਹੈ ਉਹ ਹਰੀ ਹੋ ਜਾਂਦੀ ਹੈ। ਗੁਰੂ ਦੀ ਕ੍ਰਿਪਾ ਹੋ ਜਾਵੇ ਉਸ ਨੇ ਸਾਰੀ ਕਹਾਣੀ ਦੱਸੀ ਤੇ ਓਸ ਗੁਰਸਿੱਖ ਦਾ ਐਸਾ ਕਿਰਦਾਰ ਸੀ ਕਿ ਇਕ ਵਾਰੀ ਉਹਦੇ ਕੋਲ ਇਕ ਸਿੱਖ ਆ ਗਿਆ ਉਹਨੇ ਕਿਹਾ ਮੈਂ ਗੁਰੂ ਅਰਜਨ ਪਾਤਸ਼ਾਹ ਜੀ ਦੇ ਪਾਸੋਂ ਆਇਆ ਹਾਂ, ਬੜੀ ਸੇਵਾ ਕਰੀ ਕਿ ਮਹਾਰਾਜ ਦੇ ਦਰਸ਼ਨ ਕਰਕੇ ਆਇਆ ਹੈਂ ਤੇ ਬਚਨ ਸੁਣਾਉਣੇ ਸ਼ੁਰੂ ਕਰ ਦਿਤੇ ਮਹਾਰਾਜ ਜੀ ਦੇ ਉਹਨੇ। ਸੀਗਾ ਪਾਖੰਡੀ, ਠੱਗ ਸੀਗਾ। ਉਹ ਠੱਗਣ ਲੱਗ ਗਿਆ ਭੋਲੇ ਭਾਲੇ ਗੁਰਸਿੱਖ ਨੂੰ, ਉਹ ਸੇਵਾ ਕਰਦਾ ਹੈ ਪ੍ਰਸ਼ਾਦ ਪਾਣੀ ਛਕਾ ਕੇ ਅੰਮ੍ਰਿਤ ਵੇਲੇ ਕਹਿਣ ਲੱਗੇ ਕਿ ਪ੍ਰੇਮੀਆ! ਰਾਤ ਤਾਂ ਤੂੰ ਕੁਵੇਲੇ ਆਇਆ ਹੈਂ, ਜੋ ਘਰ ਵਿਚ ਸੀ ਛਕਾ ਦਿਤਾ ਤੇ ਹੁਣ ਮੈਂ ਜਾ ਕੇ ਵਧੀਆ ਥੋੜ੍ਹੀ ਮਠਿਆਈ ਵੀ ਲੈ ਕੇ ਆਵਾਂਗਾ, ਬਾਕੀ ਸਬਜ਼ੀ ਲੈ ਆਵਾਂਗਾ ਤੇ ਥੋੜ੍ਹੀ ਦੇਰ ਲੱਗੇਗੀ ਪ੍ਰਸ਼ਾਦਾ ਤਿਆਰ ਕਰਨ ਨੂੰ, ਤੁਸੀਂ ਹਾਲੇ ਪ੍ਰਸ਼ਾਦਾ ਛਕੇ ਬਿਨਾਂ ਨਹੀਂ ਜਾਣਾ। ਭਾਈ ਮਾਧੋ ਜੀ ਚਲੇ ਜਾਂਦੇ ਨੇ ਇਹਨੇ ਪਿੱਛੋਂ ਕੀ ਕਰਿਆ, ਘਰਵਾਲੀ ਵਲ ਦੇਖਿਆ ਉਹਦੇ ਗਹਿਣੇ ਪਾਏ ਹੋਏ ਸੀ, ਇਹ ਲਾਲਚ ਦੇ ਵਿਚ ਅੰਨ੍ਹਾ ਹੋ ਗਿਆ ਇਹਨੇ ਜਾ ਕੇ ਉਹਦਾ ਗਲ ਘੁੱਟ ਦਿਤਾ। ਗਲ ਘੁੱਟ ਕੇ ਸਾਰੇ ਗਹਿਣੇ ਲਾਹ ਲਏ, ਪੋਟਲੀ ਬੰਨ੍ਹ ਲਈ। ਜਦੋਂ ਨਿਕਲਣ ਲੱਗਿਆ ਉਦੋਂ ਭਾਈ ਮਾਧੋ ਦਾਸ ਆ ਗਏ, ਉਨ੍ਹਾਂ ਨੇ ਇਕ ਦਮ ਦੇਖ ਲਿਆ ਕਿ ਇਹ ਸਿੱਖ ਕਾਹਲੀ 'ਚ ਕਿਉਂ ਹੈ? ਕੋਈ ਗੜਬੜ ਹੈ? ਅੰਦਰ ਗਏ ਤਾਂ ਦੇਖਿਆ ਘਰਵਾਲੀ ਮਰੀ ਪਈ ਹੈ। ਉਨ੍ਹਾਂ ਨੇ ਚੁੱਕਿਆ ਉਸਨੂੰ ਲਿਟਾ ਦਿਤਾ ਤੇ ਉਤੇ ਚਾਦਰ ਪਾ ਕੇ ਕਹਿਣ ਲੱਗੇ, ਲੈ ਗੁਰਸਿੱਖਾ! ਦੇਖ ਤੈਨੂੰ ਪਤਾ ਹੈ ਜਾਂ ਮੈਨੂੰ ਪਤਾ ਹੈ, ਕੋਈ ਗੱਲ ਨਹੀਂ ਹੈ ਤੇ ਪ੍ਰਸ਼ਾਦਾ ਛਕੇ ਬਿਨਾਂ ਤਾਂ ਮੈਂ ਤੈਨੂੰ ਨਹੀਂ ਜਾਣ ਦੇਣਾ। ਆਪ ਪ੍ਰਸ਼ਾਦਾ ਬਣਾਇਆ ਤੇ ਆਪ ਪ੍ਰਸ਼ਾਦਾ ਛਕਾਇਆ। ਗੁਰੂ ਮਹਾਰਾਜ ਹੱਦ ਤੋਂ ਜ਼ਿਆਦਾ ਪ੍ਰਸੰਨ ਸੀ ਉਹਦੀ ਕਰਨੀ ਦੇ ਉਤੇ।

ਸੋ ਇਹ ਭਾਈ ਮਾਧੋ ਕਸ਼ਮੀਰ ਵਿਚ ਪ੍ਰਚਾਰ ਕਰਦੇ ਸੀ। ਇਨ੍ਹਾਂ ਦੇ ਬਚਨ ਵਿਚ ਸੱਤਿਆ ਸੀ, ਬਚਨ 'ਚ ਸੱਤਿਆ ਉਹਦੇ ਹੁੰਦੀ ਹੈ ਜਿਹੜਾ ਆਪ ਕਮਾਈ ਕਰਦਾ ਹੋਵੇ ਫੇਰ ਦੂਸਰਿਆਂ ਨੂੰ ਆਪਣੇ ਅਨੁਭਵ ਦੇ ਵਿਚੋਂ ਗੁਰੂ ਦੇ ਬਚਨ ਵੰਡਦਾ ਹੋਵੇ, ਉਹਦੇ ਬਚਨ 'ਚ ਸੱਤਿਆ ਹੁੰਦੀ ਹੈ –

*ਜਿਸ ਕੈ ਅੰਤਰਿ ਬਸੈ ਨਿਰੰਕਾਰੁ ॥*
*ਤਿਸ ਕੀ ਸੀਖ ਤਰੈ ਸੰਸਾਰੁ ॥ ਅੰਗ – ੨੬੯*

ਭਾਈ ਸੇਵਾ ਰਾਮ ਕਸ਼ਮੀਰ ਵਿਚ ਰਹਿੰਦੇ ਸੀ, ਉਨ੍ਹਾਂ ਦੀ ਮਾਈ ਸੀ ਬਿਰਧ, ਉਹਨੂੰ ਗੁਰੂ ਮਹਾਰਾਜ ਦੇ ਬਚਨ ਸੁਣਾਏ ਜਿਸ ਵਕਤ, ਉਹਨੂੰ ਪਿਆਰ ਲਗ ਗਿਆ ਗੁਰੂ ਮਹਾਰਾਜ ਨਾਲ, ਬਹੁਤ ਪਿਆਰ ਲੱਗ ਗਿਆ ਤੇ ਪਿਆਰ ਦੇ ਵਿਚ ਹਰ ਵਕਤ ਉਡੀਕਦੀ ਰਹਿੰਦੀ ਹੈ ਤੇ ਹਰ ਵਕਤ ਲੋਚਦੀ ਹੈ ਕਿ ਕੋਈ ਐਸਾ ਪ੍ਰੇਮੀ ਮਿਲ ਜਾਵੇ ਜਿਹੜਾ ਮੈਨੂੰ ਸਤਿਗੁਰੂ ਜੀ ਦੇ ਦਰਸ਼ਨ ਕਰਾ ਦੇਵੇ ਤੇ ਮੈਨੂੰ ਦਰਸ਼ਨ ਹੋ ਜਾਣ ਤੇ ਹਿਰਦੇ 'ਚੋਂ ਐਸੀਆਂ ਬੇਨਤੀਆਂ ਨਿਕਲਦੀਆਂ ਰਹਿੰਦੀਆਂ ਨੇ।

*ਅਸੁਨਿ ਪ੍ਰੇਮ ਉਮਾਹੜਾ*
*ਕਿਉ ਭੁਲਿਆਂ ਮਿਲੀਐ ਹਰਿ ਜਾਇ ॥*
*ਮਨਿ ਤਨਿ ਪਿਆਸ ਦਰਸਨ ਘਣੀ*
*ਕੋਈ ਆਣਿ ਮਿਲਾਵੈ ਮਾਇ ॥ ਅੰਗ – ੧੩੫*

ਮਨ ਦੇ ਅੰਦਰ ਲੋਚਾ ਹੈ ਕਿ ਮੈਂ ਦਰਸ਼ਨ ਗੁਰੂ ਦਾ ਕਰਾਂ, ਹੱਦ ਤੋਂ ਜ਼ਿਆਦਾ ਖਿੱਚ ਪੈਦਾ ਹੋ ਗਈ, ਦਰਸ਼ਨ ਕੀਤੇ ਹੀ ਨਹੀਂ ਹਨ ਲੇਕਿਨ ਗੁਰੂ ਦੀਆਂ ਸਾਖੀਆਂ ਸੁਣ ਕੇ ਬਚਨ ਸੁਣ ਕੇ ਮਨ ਦੇ ਅੰਦਰ ਪਿਆਰ ਪੈਦਾ ਹੋ ਗਿਆ ਤੇ ਗੁਰੂ ਮਹਾਰਾਜ ਜੀ ਦਾ

ਪਤਾ ਲੱਗਿਆ ਕਿ ਉਹ ਤਾਂ ਗਵਾਲੀਅਰ ਨੇ ਅੱਜਕਲ੍ਹ, 700 ਮੀਲ ਅੰਮ੍ਰਿਤਸਰ ਤੇ ਉਸ ਤੋਂ ਫੇਰ ਅੱਗੇ ਕਿੰਨੇ ਮੀਲ ਅੱਗੇ ਗਵਾਲੀਅਰ। ਪਰ ਅੰਦਰ ਵਿਸ਼ਵਾਸ਼ ਹੈ ਕਿ ਮੇਰੇ ਪਿਆਰ ਦੀ ਖਿੱਚ ਦੇ ਖਿੱਚੇ ਹੋਏ ਗੁਰੂ ਮਹਾਰਾਜ ਜ਼ਰੂਰ ਆਉਣਗੇ, ਜੇ ਉਹ ਧੰਨੇ ਦਾ ਆ ਕੇ ਪ੍ਰਸ਼ਾਦਾ ਛਕ ਸਕਦੇ ਨੇ ਤਾਂ ਮੇਰਾ ਪ੍ਰਸ਼ਾਦਾ ਵੀ ਛਕਣਗੇ। ਏਸ ਆਸ ਵਿਚ ਰਹਿੰਦੀ ਹੈ ਰੋਜ਼ ਪ੍ਰਸ਼ਾਦਾ ਗੁਰੂ ਮਹਾਰਾਜ ਵਾਸਤੇ ਤਿਆਰ ਕਰਕੇ ਇਕ ਥੜ੍ਹਾ ਬਣਾਇਆ ਹੋਇਆ ਹੈ, ਉਹਦੇ ਉਤੇ ਪਰੋਸ ਕੇ ਰੱਖ ਦਿੰਦੀ ਹੈ ਕਿ ਉਹ ਆਉਣਗੇ ਤੇ ਪ੍ਰਸ਼ਾਦਾ ਜ਼ਰੂਰ ਛਕਣਗੇ। ਪਿਆਰ ਵਧਦਾ-ਵਧਦਾ ਹੱਦ ਤੋਂ ਜ਼ਿਆਦਾ, ਐਸੀ ਨੌਬਤ ਤੇ ਪਹੁੰਚ ਗਿਆ ਜਿੱਥੇ ਜੀਉਣਾ ਔਖਾ ਹੋ ਜਾਇਆ ਕਰਦਾ ਹੈ, ਜਿਸ ਦੇ ਬਾਰੇ ਗੁਰੂ ਮਹਾਰਾਜ ਨੇ ਭਾਈ ਗੁਰਦਾਸ ਜੀ ਨੇ ਐਸੇ ਪ੍ਰਮਾਣ ਦਿਤੇ ਨੇ -

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥ ਨਾਦ*
*ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥ ਭਵਰੁ ਲੋਭੀ*
*ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥*
*ਅੰਗ - ੭੦੮*

ਜਦੋਂ ਪਿਆਰ ਪੈਦਾ ਹੁੰਦਾ ਹੈ ਨੌਂ ਨਿਸ਼ਾਨੀਆਂ ਹੋਇਆ ਕਰਦੀਆਂ ਨੇ।

*ਆਸ਼ਕਾਰਾ ਨਵ ਨੀਸ਼ਾਨੀ ਐ ਪਿਸਰ,*
*ਆਹ ਸਰਦੋ, ਰੰਗ ਜ਼ਰਦੋ ਚਸ਼ਮਤਰ।*
*ਕਮਗੁਫਤਨੋ, ਕਮ ਖੁਰਦਨੋਂ,*
*ਖੁਆਬਸ਼ ਹਰਾਮ, ਇੰਤਜ਼ਾਰੀ, ਬੇਕਰਾਰੀ, ਦਸਤਸਰ।*

ਸੋ ਐਸੀ ਹਾਲਤ ਹੋ ਜਾਇਆ ਕਰਦੀ ਹੈ ਕਿ ਨਾ ਖਾਣ ਨੂੰ ਦਿਲ ਕਰਦਾ ਹੈ, ਖਿੱਚ ਬਣੀ ਰਹਿੰਦੀ ਹੈ, ਹਰ ਵਕਤ ਸੁਰਤ ਉਥੇ ਰਹਿੰਦੀ ਹੈ, ਜਦੋਂ ਐਸਾ ਗੁਰੂ ਮਹਾਰਾਜ ਨਾਲ ਪਿਆਰ ਹੋਇਆ, ਮਹਾਰਾਜ ਫੁਰਮਾਨ ਕਰਦੇ ਨੇ ਕਿ ਜਿਹੜੇ ਹਿਰਦੇ 'ਚ ਪਿਆਰ ਹੋਵੇ, ਉਹ ਤਾਂ ਭਾਈ ਜੀਉਂਦਾ ਰੁਮਕਦਾ ਹਿਰਦਾ ਹੋਇਆ ਕਰਦਾ ਹੈ, ਜਿਸ ਹਿਰਦੇ 'ਚ ਪਿਆਰ ਨਹੀਂ ਹੁੰਦਾ, ਉਹ ਮਸਾਣਾਂ ਦੀ ਧਰਤੀ ਜਿਵੇਂ ਜਲੀ ਹੋਈ ਹੁੰਦੀ ਹੈ ਐਸੇ ਤਰ੍ਹਾਂ ਦੇ ਨਾਲ ਹੋਇਆ ਕਰਦੀ ਹੈ ਉਹਦੇ ਹਿਰਦੇ ਦੀ ਹਾਲਤ।

*ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥*
*ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ*
*ਸੋ ਤਨੁ ਜਾਣੁ ਮਸਾਨੁ ॥ ਅੰਗ - ੧੩੭੯*

ਉਹ ਤਾਂ ਕਿਸੇ ਕੰਮ ਦਾ ਬੰਦਾ ਨਹੀਂ ਜਿਹੋ ਜਿਹੀ ਲੱਕੜ ਹੋਈ ਉਹੋ ਜਿਹਾ ਬੰਦਾ ਹੋਇਆ, ਜਿਹਦੇ ਹਿਰਦੇ 'ਚ ਕਦੇ ਪਿਆਰ ਦੀ ਰੌ ਨਹੀਂ ਰੁਮਕਦੀ, ਪਿਆਰ ਹੀ ਜੀਵਨ ਹੈ ਆਦਮੀ ਦਾ। ਸੋ ਐਸੀ ਖਿੱਚ ਪੈਂਦੀ ਹੈ ਮਨ ਦੇ ਅੰਦਰ ਕਿ ਮਾਤਾ ਦਾ ਨਾਮ ਹੈ ਭਾਗਭਰੀ, ਭਾਈ ਸੇਵਾ ਰਾਮ ਦੀ ਮਾਤਾ ਹੈ ਉਹ ਸ੍ਰੀ ਨਗਰ ਰਹਿੰਦੀ ਹੈ। ਹਰ ਵਕਤ ਗੁਰੂ ਮਹਾਰਾਜ ਦੇ ਬਚਨ ਕਰੀ ਜਾਂਦੀ ਹੈ, ਇਕੋ ਹੀ ਗੱਲ ਜ਼ੁਬਾਨ ਤੇ ਰਹਿੰਦੀ ਹੈ ਤੇ ਨਾਲ ਸਿੱਕਦੀ ਹੈ ਕਿ ਹੇ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ! ਭਾਵੇਂ ਤੁਸੀਂ ਗਵਾਲੀਅਰ ਗਏ ਹੋਏ ਓਂ, ਭਾਵੇਂ ਤੁਸੀਂ ਵਿਦੇਸ਼ 'ਚ ਗਏ ਹੋਏ ਓਂ ਪਰ ਤੁਸੀਂ ਤਾਂ ਸਮਰੱਥ ਓਂ। ਤੁਹਾਨੂੰ ਆਉਣਾ ਕੀ ਔਖਾ ਹੈ। ਜੇ ਧੰਨੇ ਦਾ ਪ੍ਰਸ਼ਾਦਾ ਛਕ ਲਿਆ ਆ ਕੇ ਪ੍ਰਭੂ ਨੇ। ਨਾਮਦੇਵ ਦਾ ਦੁੱਧ ਪੀ ਲਿਆ ਤਾਂ ਤੁਸੀਂ ਵੀ ਆ ਸਕਦੇ ਓਂ। ਗੁਰੂ ਨਾਨਕ ਪਾਤਸ਼ਾਹ ਜੇ ਜਾ ਸਕਦੇ ਨੇ ਦੂਰ-ਦਰਾਜ਼, ਕਿਥੇ ਲੰਕਾ ਦਾ ਰਾਜਾ ਹੈ, ਕਿੱਥੇ ਗੁਰੂ ਨਾਨਕ ਨੇ, ਜਦੋਂ ਯਾਦ ਬੱਝ ਗਈ, ਉਸੇ ਵੇਲੇ ਜਾ ਕੇ ਦਰਸ਼ਨ ਦੇ ਦਿਤੇ, ਤੁਸੀਂ ਵੀ ਆ ਸਕਦੇ ਓਂ ਕੋਈ ਔਖਾ ਨਹੀਂ, ਤੁਸੀਂ ਮੈਨੂੰ ਦਰਸ਼ਨ ਦਿਓ। ਹਰ ਰੋਜ਼ ਪ੍ਰਸ਼ਾਦਾ ਤਿਆਰ ਕਰਦੀ ਹੈ ਕਿ ਪਤਾ ਨਹੀਂ ਕਿਹੜੇ ਵੇਲੇ ਗੁਰੂ ਮਹਾਰਾਜ ਆ ਜਾਣ ਤੇ ਆ ਕੇ ਪ੍ਰਸ਼ਾਦਾ ਛਕ ਲੈਣ। ਐਸੇ ਪਿਆਰ ਦੇ ਵਿਚ ਜਦੋਂ ਆਪਣੇ ਸਰੀਰ ਵਲ ਦੇਖਦੀ ਹੈ ਉਮਰ ਵਲ ਦੇਖਦੀ ਹੈ, ਤਾਂ ਉਮਰ ਬੜੀ ਪੁੱਗੀ ਹੋਈ ਹੈ, ਨੱਬੇ ਦੇ ਕਰੀਬ ਜਾਣ ਵਾਲੀ ਹੋਈ ਹੋਈ ਹੈ ਤੇ ਉਸ ਵੇਲੇ ਸੰਸਾਰ ਚੱਕਰ ਦੇਖਦੀ ਹੈ ਕਿ ਇਹ ਸੰਸਾਰ 'ਚ ਤਾਂ ਰਹਿਣਾ ਨਹੀਂ ਕਿ ਕਿੰਨੇ ਕੁ ਦਿਨ ਮੇਰੇ ਸਰੀਰ ਦੀ ਹੋਰ ਮਿਆਦ ਹੈ। ਸਿੱਕਦੀ ਨੂੰ ਮੈਨੂੰ ਸਾਲ ਲੰਘ ਗਏ, ਸਮਾਂ ਲੰਘ ਗਿਆ ਤੇ ਅਜੇ ਤੱਕ ਦਰਸ਼ਨ ਨਹੀਂ ਹੋਏ, ਉਸ ਵੇਲੇ ਕੁਦਰਤੀ ਅੰਦਰੋਂ ਖਿਆਲ ਪੈਦਾ ਹੋ ਜਾਂਦਾ ਹੈ -

*ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ ॥*
*ਅੰਗ - ੨੩*

*ਬਾਲ ਜੁਆਨੀ ਅਰੁ ਬਿਰਧਿ ਫੁਨਿ*
*ਤੀਨਿ ਅਵਸਥਾ ਜਾਨਿ ॥*
*ਕਹੁ ਨਾਨਕ ਹਰਿ ਭਜਨ ਬਿਨੁ*
*ਬਿਰਥਾ ਸਭ ਹੀ ਮਾਨੁ ॥ ਅੰਗ - ੧੪੨੮*

ਵੈਸੇ ਤਾਂ ਪਤਾ ਨਹੀਂ ਹੈ ਕਿ ਕਿਹੜੇ ਵੇਲੇ ਕਾਲ ਦਾ ਗੁਲੇਲਾ ਲਗ ਜਾਏ -

*ਕਾਲੁ ਬਿਆਲੁ ਜਿਉ ਪਰਿਓ ਡੋਲੈ*
*ਮੁਖੁ ਪਸਾਰੇ ਮੀਤ ॥ ੧ ॥*
*ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ*
*ਸਮਝਿ ਰਾਖਉ ਚੀਤਿ ॥ ਅੰਗ - ੬੩੧*

ਕੋਈ ਪਤਾ ਨਹੀਂ ਕਾਲ ਦਾ ਕਿ ਕਿਹੜੇ ਵੇਲੇ ਝਪਟਾ ਪੈ ਜਾਵੇ।

*ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ ॥*
*ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ॥*
*ਅੰਗ - ੨੫੪*

ਇਹ ਤਾਂ ਪੱਕਿਆ ਹੋਇਆ ਫਲ ਸੀ, ਹੁਣ ਗਿਰਿਆ, ਝੱਟ ਨੂੰ ਗਿਰਿਆ, ਕੋਈ ਇਤਬਾਰ ਨਹੀਂ ਸੀ, ਕਿਉਂਕਿ ਮਹਾਰਾਜ ਫੁਰਮਾਨ ਕਰਦੇ ਨੇ-

*ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ॥*
*ਪਬਣਿ ਕੇਰੇ ਪਤ ਜਿਉ*
*ਢਲਿ ਢੁਲਿ ਜੁੰਮਣਹਾਰ॥ ਅੰਗ - ੨੩*

ਨਾ ਤਾਂ ਕੋਈ ਆਦਮੀ ਸਦਾ ਧਨੀ ਰਿਹਾ ਕਰਦਾ ਹੈ, ਨਾ ਸਦਾ ਜੋਬਨ ਰਿਹਾ ਕਰਦਾ ਹੈ, ਇਹ ਆਪਣੇ-ਆਪਣੇ ਸਮੇਂ ਸਿਰ ਆਉਂਦੇ ਨੇ, ਆਪਣੇ-ਆਪਣੇ ਸਮੇਂ ਸਿਰ ਚਲੇ ਜਾਂਦੇ ਨੇ, ਜਿਸ ਤਰ੍ਹਾਂ ਫੁਲਾਂ ਦੀ ਬਾਰੀ ਹੈ ਫੁੱਲ ਦਿਖਾ ਕੇ ਮਹਿਕਾ ਦੇ ਕੇ ਖਤਮ ਹੋ ਜਾਂਦੀ ਹੈ। ਇਸੇ ਤਰ੍ਹਾਂ ਦੇ ਨਾਲ ਜੁਆਨੀ ਖਤਮ ਹੋ ਜਾਂਦੀ ਹੈ ਬਚਪਨ ਨੂੰ ਜੁਆਨੀ ਖਾ ਜਾਂਦੀ ਹੈ, ਜੁਆਨੀ ਨੂੰ ਬੁਢੇਪਾ ਖਾ ਜਾਂਦਾ ਹੈ ਤੇ ਬੁਢੇਪੇ ਦਾ ਹਰ ਕਦਮ ਮੌਤ ਦੇ ਪਟੇ ਤੇ ਚੜ੍ਹਿਆ ਹੋਇਆ ਮੌਤ ਵਲ ਨੂੰ ਚਲਿਆ ਜਾਂਦਾ ਹੈ, ਸੋ ਏਸ ਤਰ੍ਹਾਂ ਦੇ ਨਾਲ -

*ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨੁ ਨਉ ਹੁਲਾ॥*
*ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ ॥*
*ਅੰਗ - ੨੩*

ਅਖੀਰ ਸਹੁਰੀਂ ਆਉਣਾ ਹੀ ਪੈਂਦਾ ਹੈ ਲੜਕੀ ਨੂੰ।

*ਨਾਨਕ ਸੁਤੀ ਪੇਈਐ ਜਾਣੁ ਵਿਰਤੀ ਸੰਨਿ ॥*
*ਗੁਣਾ ਗਵਾਈ ਗੰਠੜੀ ਅਵਗਣ ਚਲੀ ਬੰਨਿ ॥*
*ਅੰਗ - ੨੩*

ਸੋ ਸਰੀਰ ਨੂੰ ਦੇਖਦੀ ਹੈ ਕਿ ਕਿੰਨਾ ਚਿਰ ਹੋ ਗਿਆ ਮੈਨੂੰ ਇੰਤਜ਼ਾਰ ਕਰ ਰਹੀ ਹਾਂ ਮੇਰੇ ਸਤਿਗੁਰੂ ਜੀ ਜ਼ਰੂਰ ਦਰਸ਼ਨ ਦੇਣਗੇ। ਨਿਹਚਾ ਹੈ 100%। ਐਸਾ ਜੋ ਪਿਆਰ ਹੈ ਵਾਹਿਗੁਰੂ ਜੀ ਦਾ ਭਾਵੇਂ ਕੋਈ ਰੂਪ, ਰੰਗ, ਰੇਖ, ਭੇਖ ਨਹੀਂ ਹੈ, ਸਾਰੇ ਪਰੀਪੂਰਨ ਅੰਦਰ ਬਾਹਰ ਆਪਣੇ ਵਿਚ ਰਹਿੰਦਾ ਹੈ। ਪਰ ਫੇਰ ਵੀ ਜਿਹੋ ਜਿਹੇ ਰੂਪ ਵਿਚ ਕੋਈ ਦੇਖਣਾ ਚਾਹੁੰਦਾ ਹੈ, ਉਹੋ ਜਿਹਾ ਹੀ ਰੂਪ ਧਾਰ ਕੇ ਉਹਨੂੰ ਦਰਸ਼ਨ ਦੇ ਦਿੰਦਾ ਹੈ। ਪਰ ਦਿੰਦਾ ਤਾਂ ਹੈ ਜੇ ਪੂਰਾ ਪਿਆਰ ਹੋਵੇ -

***ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ***
***ਗੋਰ ਮੜ੍ਹੀ ਮਟ ਭੂਲ ਨ ਮਾਨੈ॥***

ਗੁਰੂ ਦਸ਼ਮੇਸ਼ ਪਿਤਾ ਕਹਿੰਦੇ ਨੇ ਕਿ ਪੂਰੇ ਪਿਆਰ ਤੋਂ ਬਿਨਾਂ ਕਿਸੇ ਨੇ ਵੀ ਅੱਜ ਤੱਕ ਪ੍ਰਮੇਸ਼ਰ ਨੂੰ ਨਹੀਂ ਪਾਇਆ। ਕਿਉਂਕਿ ਪਿਆਰ ਤੋਂ ਬਿਨਾਂ ਵਾਹਿਗੁਰੂ ਕਿਸੇ ਵਸ ਨਹੀਂ ਆਉਂਦਾ, ਜੇ ਆਉਂਦਾ ਹੈ ਤਾਂ ਉਹਦੀ ਰੀਤ ਹੈ ਉਹ ਇਹ ਹੈ ਕਿ ਜਿਹੜਾ ਵੀ ਪਿਆਰ ਕਰੇ ਉਹਦੇ ਵਸ ਵਿਚ ਹੋ ਜਾਇਆ ਕਰਦਾ ਹੈ, ਕਿਸੇ ਮੰਤਰ ਨਾਲ, ਕਿਸੇ ਜੰਤਰ ਨਾਲ, ਕਿਸੇ ਦਾਨ ਨਾਲ, ਕਿਸੇ ਤੀਰਥ ਯਾਤਰਾ ਨਾਲ ਨਾ ਸ਼ੁੱਧ ਪਾਠ ਕਰਨ ਨਾਲ, ਨਾ ਬਹੁਤੇ ਨਿਤਨੇਮ ਕਰਨ ਨਾਲ, ਆਉਂਦਾ ਹੀ ਨਹੀਂ ਕਿਸੇ ਤਰ੍ਹਾਂ ਵਸ ਵਿਚ।

*ਸਭੁ ਕੋ ਤੇਰੈ ਵਸਿ ਅਗਮ ਅਗੋਚਰਾ ॥*
*ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ ॥*
*ਅੰਗ - ੯੬੨*

ਜਦੋਂ ਵਸ ਹੋ ਜਾਵੇ -

*ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ*
*ਇਹ ਰੀਤਿ ਭਲੀ ਭਗਵੰਤੈ ॥ ਅੰਗ - ੨੪੯*

ਇਕ ਵਾਰੀ ਵਸ ਹੋ ਜਾਏ ਫੇਰ ਨਹੀਂ ਛੱਡ ਸਕਦਾ। ਫੇਰ ਨਾਲ ਹੀ ਨਿਭਦਾ ਹੈ, ਭੋਰਾ ਜਿੰਨੀ ਤਕਲੀਫ ਹੋ ਜਾਏ ਉਸੇ ਵੇਲੇ ਆ ਜਾਂਦਾ ਹੈ।

ਨਾਮਦੇਵ ਜੀ ਆਪ ਬਾਹਰ ਬੈਠੇ ਸਮਾਧੀ ਸਥਿਤ ਨੇ, ਸ੍ਵੈ ਸਰੂਪ ਦੇ ਵਿਚ ਸੁਰਤ ਲੀਨ ਹੋਈ-ਹੋਈ ਹੈ, ਸੰਸਾਰ ਤਿੰਨ ਕਾਲ ਆਬਾਦ ਹੋਇਆ ਹੋਇਆ ਹੈ। ਇਹੀ ਸੰਸਾਰ ਪ੍ਰਮੇਸ਼ਰ ਰੂਪ ਹੋ ਕੇ ਨਜ਼ਰੀਂ ਆ ਰਿਹਾ ਹੈ। ਐਨੇ ਨੂੰ ਕੋਈ ਪ੍ਰੇਮੀ ਆਇਆ ਆ ਕੇ ਕਹਿਣ ਲੱਗਿਆ ਭਗਤ ਜੀ! ਜਲਦੀ ਉਠੋ ਘਰ ਨੂੰ ਚੱਲੋ। ਕਹਿੰਦੇ ਕੀ ਹੋ ਗਿਆ? ਕਹਿੰਦੇ ਤੁਹਾਡੇ ਘਰ ਨੂੰ ਤਾਂ ਅੱਗ ਲੱਗੀ ਹੋਈ ਹੈ। ਸਾਰਾ ਨਗਰ ਇਕੱਠਾ ਹੋਇਆ ਹੋਇਆ ਹੈ, ਕੁਛ ਚੀਜ਼ਾਂ ਬਚਾ ਲਈਆਂ ਨੇ ਬਾਕੀ ਵਿਚੇ ਹੀ ਜਲ ਗਈਆਂ ਸਾਰੀਆਂ ਚੀਜ਼ਾਂ। ਜਿਸ ਵਕਤ ਨਾਮਦੇਵ ਜੀ ਆਉਂਦੇ ਨੇ ਅੱਗ ਲੱਗੀ ਹੋਈ ਹੈ। ਦ੍ਰਿਸ਼ਟੀ ਕੀ ਹੈ?

*ਆਪੇ ਪਾਵਕੁ ਆਪੇ ਪਵਨਾ ॥*
*ਜਾਰੈ ਖਸਮੁ ਤ ਰਾਖੈ ਕਵਨਾ ॥ ਅੰਗ - ੩੨੯*

ਜਿਹੜੀਆਂ ਚੀਜ਼ਾਂ ਬਚਾਈਆਂ ਹੋਈਆਂ ਸੀ ਚੁੱਕ ਕੇ ਵਿਚ ਸੁੱਟਣ ਲੱਗ ਗਏ, ਨਾਲੇ ਕਹਿੰਦੇ ਭਗਵਾਨ ਜੀ! ਤੁਸੀਂ ਤਾਂ ਹਾਲੇ ਰੱਜੇ ਨਹੀਂ ਹੋਣੇ, ਆਹ ਵੀ ਛਕ ਲਓ, ਆਹ ਵੀ ਛਕ ਲਓ। ਭਗਵਾਨ ਦੇ ਦਰਸ਼ਨ ਕਰ ਰਹੇ ਨੇ। ਭਗਵਾਨ ਕਹਿਣ ਲੱਗੇ ਨਾਮਦੇਵ! ਅੱਗ ਵਿਚ ਵੀ ਤੂੰ ਮੈਨੂੰ ਦੇਖਦਾ ਹੈਂ? ਕਹਿੰਦੇ ਸੱਚੇ ਪਾਤਸ਼ਾਹ! ਕੋਈ ਥਾਂ ਹੈ ਜਿੱਥੇ ਤੂੰ ਨਹੀਂ ਹੈ। ਕੋਈ ਚੀਜ਼ ਨਹੀਂ ਹੈ ਤੇਰੇ ਬਗੈਰ, ਤੂੰ ਸਭ ਚੀਜ਼ਾਂ ਦੇ ਵਿਚ ਹੈਂ। ਕਿਸੇ ਨੂੰ ਨਹੀਂ ਏਸ ਗੱਲ ਦਾ ਪਤਾ ਲੱਗਿਆ ਤੇ ਸਭ ਕੁਛ ਜਲ ਗਿਆ। ਸਾਰੇ ਲੋਕ ਕਹਿੰਦੇ ਨੇ ਕਿ ਅਸੀਂ ਕੁਛ ਇਕੱਠਾ ਕਰਕੇ ਕੇ ਦੇਈਏ, ਕੋਈ ਉਦਮ ਕਰੀਏ, ਰਾਤ ਰਹਿਣਾ ਹੈ, ਰਾਤ ਵਾਸਤੇ ਛਾਉਂ ਚਾਹੀਦੀ ਹੈ ਸਿਰ ਦੇ ਉਤੇ। ਉਨ੍ਹਾਂ ਦਾ ਨਾਨਾ ਸੀ ਉਸ ਨੇ ਪੈਸੇ ਦਿਤੇ ਕਿ ਜਾਓ ਤੁਸੀਂ ਵੀਹ ਰੁਪਈਏ ਲੈ ਜਾਓ ਐਨੇ ਨਾਲ ਹੀ ਸਾਰਾ ਸਮਾਨ ਆ ਜਾਏਗਾ।

ਵੀਹ ਰੁਪਈਏ ਬਹੁਤ ਵੱਡੀ ਰਕਮ ਹੋਇਆ ਕਰਦੀ ਸੀ ਉਨ੍ਹਾਂ ਦਿਨਾਂ ਵਿਚ। ਹਜ਼ਾਰਾਂ ਰੁਪਿਆਂ ਤੋਂ ਵੱਧ ਹੁੰਦੀ। ਆਪ ਜਾਂਦੇ ਨੇ ਤੇ ਰਸਤੇ ਵਿਚ ਕੀ ਦੇਖਦੇ ਨੇ, ਸਾਧੂ ਬੈਠੇ ਨੇ ਜਾ ਕੇ ਬੇਨਤੀ ਕਰੀ ਕਿ ਮਹਾਰਾਜ! ਪ੍ਰਸ਼ਾਦ ਪਾਣੀ ਦਾ ਬੰਦੋਬਸਤ ਹੈ ਕੋਈ? ਕਹਿੰਦੇ ਭਗਤ ਜੀ! ਅਜੇ ਤਾਂ ਕੋਈ ਨਹੀਂ ਹੈ। ਕਹਿੰਦੇ ਕਿਸੇ ਨੇ ਪ੍ਰਸ਼ਾਦ ਦਾ ਇੰਤਜ਼ਾਮ ਵੀ ਕੀਤਾ ਹੈ? ਕਹਿੰਦੇ ਨਹੀਂ, ਹਾਲੇ ਤੱਕ ਨਹੀਂ ਕੀਤਾ। ਪ੍ਰਮੇਸ਼ਰ ਭੇਜੇਗਾ ਤਾਂ ਅਸੀਂ ਛਕਾਂਗੇ, ਆਪ ਜਾ ਕੇ ਰਾਸ਼ਨ ਲੈ ਆਉਂਦੇ ਨੇ, ਸੰਤਾਂ ਨੂੰ ਛਕਾ ਦਿਤਾ ਸਭ ਕੁਛ। ਨਾ ਬੱਲੀਆਂ ਲਿਆਉਣ ਨੂੰ ਪੈਸਾ ਹੈ ਨਾ ਰੱਸੀਆਂ, ਨਾ ਸਰਕੜਾ ਨਾ ਕੋਈ ਹੋਰ ਚੀਜ਼, ਨਾ ਕੋਈ ਮੰਜੇ ਵਗੈਰਾ ਲਿਆਉਣ ਨੂੰ, ਕੁਛ ਨਹੀਂ ਹੈ। ਇਧਰ ਇਹ ਗੱਲ ਹੋ ਰਹੀ ਹੈ ਓਧਰ ਜਿਹੜਾ ਭਗਤਾਂ ਦਾ ਰਖਸ਼ਕ ਹੈ, ਭਗਤਾਂ ਦਾ ਪਿਆਰਾ ਵਾਹਿਗੁਰੂ ਤੇ ਗੱਡਾ ਭਰੀਂ ਲਈ ਆਉਂਦਾ ਹੈ, ਕਹਿਣ ਲੱਗੇ ਨਾਮਦੇਵ ਦਾ ਘਰ ਕਿੱਥੇ ਹੈ? ਕਹਿੰਦੇ ਆਹੀ ਹੈ। ਕਹਿੰਦੇ ਇਹੀ ਜਲਿਆ ਸੀ? ਕਹਿੰਦੇ ਹਾਂ। ਸਮਾਨ ਸਿੱਟ ਲਿਆ, ਹਰ ਕਿਸਮ ਦਾ ਸਮਾਨ ਉਹਦੇ ਵਿਚ ਹੈ ਭਾਂਡੇ ਵਗੈਰਾ ਹਰ ਚੀਜ਼ ਹੈ। ਸਾਰੇ ਹੈਰਾਨ ਨੇ ਕਹਿਣ ਲੱਗੇ 20 ਰੁਪਈਏ ਦਿੱਤੇ ਸੀ ਬੇਅੰਤ ਹੀ ਸਮਾਨ ਆ ਗਿਆ, ਪਤਾ ਨਹੀਂ ਉਹਨੂੰ ਕਿਹੜਾ ਲੱਭ ਗਿਆ? ਐਨਾ ਦੇਣ ਵਾਲਾ, ਐਨਾ ਤਾਂ ਆਉਂਦਾ ਹੀ ਨਹੀਂ ਅਸੀਂ ਰੋਜ਼ ਖਰੀਦਦੇ ਹਾਂ, ਥੋੜ੍ਹਾ ਜਿਹਾ ਸਮਾਨ ਆਉਂਦਾ ਹੈ, ਉਹ ਛੱਪਰ ਬੰਨ੍ਹਣ ਲੱਗ ਗਏ, ਪਿੰਡ ਦੇਖੀ ਜਾਂਦਾ ਹੈ। ਦੇਖਦੇ ਹੀ ਦੇਖਦੇ ਅੱਖਾਂ ਨੂੰ ਐਸਾ ਲੱਗਿਆ ਕਿ ਇਹ ਬੰਨ੍ਹ ਵੀ ਦਿਤਾ ਇਨ੍ਹਾਂ ਨੇ ਤਾਂ। ਕੋਈ ਕਹੇ ਕਿ ਨਜ਼ਰਬੰਦੀ ਕਰ ਦਿਤੀ ਸਾਡੀ, ਕੋਈ ਕੁਛ ਕਹਿੰਦਾ ਹੈ, ਕੋਈ ਕੁਛ ਕਹਿੰਦਾ ਹੈ। ਐਨੇ ਨੂੰ ਨਾਮਦੇਵ ਜੀ ਨੂੰ ਕਹਿਣ ਲੱਗੇ ਭਗਵਾਨ ਜੀ ਕਿ ਨਾਮਦੇਵ! ਜਾਹ ਘਰ ਮੈਂ ਤੇਰਾ ਘਰ ਠੀਕ ਕਰ ਆਇਆ। ਉਸ ਵੇਲੇ ਨਾਮਦੇਵ ਜੀ ਆ ਜਾਂਦੇ ਨੇ, ਪਿੰਡ ਵਾਲੇ ਅੰਦਰ ਵੜ-ਵੜ ਦੇਖਦੇ ਨੇ ਕਿ ਐਹੋ ਜਿਹਾ ਛੱਪਰ ਤਾਂ ਅਸੀਂ ਦੇਖਿਆ ਨਹੀਂ ਅੱਜ ਤੱਕ ਸੁੰਦਰ ਬਣਿਆ, ਛੱਪਰ ਹੈ ਕਿ ਮਹੱਲ ਹੈ। ਅੰਦਰ ਵੜਦੇ ਸਾਰ ਠੰਢ ਪੈ ਜਾਂਦੀ ਹੈ, ਚਿੱਤ ਇਕਾਗਰ ਹੋ ਜਾਂਦਾ ਹੈ। ਇਕ ਅਮੀਰ ਬੀਬੀ ਪੜੌਸ ਦੇ ਵਿਚ ਰਹਿੰਦੀ ਸੀ, ਓਸ ਕੋਲ ਜਗ੍ਹਾ ਖਾਲੀ ਸੀ। ਨਾਮਦੇਵ ਜੀ ਨੂੰ ਕਹਿਣ ਲੱਗੀ, ਭਗਤ ਜੀ! ਆਹ ਤਾਂ ਕਮਾਲ ਹੀ ਕਰ ਦਿਤੀ, ਮੇਰਾ ਵੀ ਜੀਅ ਕਰਦਾ ਹੈ ਕਿ ਮੈਂ ਆਹ ਖਾਲੀ ਥਾਂ ਦੇ ਵਿਚ ਐਸੇ ਤਰ੍ਹਾਂ ਦੀ ਛੱਪਰੀ ਬਣਵਾਂਵਾਂ। ਉਹ ਜਿਹੜਾ ਬੇਢੀ ਸੀ ਮੈਂ ਤਾਂ ਹੈਰਾਨ ਹਾਂ ਕਿ ਉਹ ਤੈਨੂੰ ਕਿੱਥੋਂ ਲੱਭ ਗਿਆ। ਉਹ ਤਾਂ ਕੰਮ ਕਰਦਾ ਐਉਂ ਲਗਦਾ ਹੈ ਜਿਵੇਂ ਮਸ਼ੀਨ ਹੁੰਦੀ ਹੈ ਤੇ ਮੈਨੂੰ ਤੂੰ ਉਹਦੀ ਦੱਸ ਪਾ ਦੇ।

***ਪਾੜ ਪੜੋਸਣਿ ਪੂਛਿ ਲੇ ਨਾਮਾ***
***ਕਾ ਪਹਿ ਛਾਨਿ ਛਵਾਈ ਹੋ ॥***
***ਤੋ ਪਹਿ ਦੁਗਣੀ ਮਜੂਰੀ ਦੈਹਉ***
***ਮੋ ਕਉ ਬੇਢੀ ਦੇਹੁ ਬਤਾਈ ਹੋ ॥ ਅੰਗ - ੬੫੭***

ਮੈਨੂੰ ਤੂੰ ਦੱਸ ਦੇ ਤੇਰੇ ਤੋਂ ਮੈਂ ਦੁੱਗਣੀ ਮਜੂਰੀ ਦੇ ਦੇਵਾਂ। ਨਾਮਦੇਵ ਜੀ ਹੱਸ ਪਏ ਕਹਿੰਦੇ ਹੱਸਦੇ ਕਿਉਂ ਹੋ। ਮੈਂ ਕਿਤੇ ਗਰੀਬ ਹਾਂ, ਮੈਂ ਅਮੀਰ ਹਾਂ, ਮੈਂ ਤੇਰੇ ਤੋਂ ਚੌਗੁਣੀ ਮਜੂਰੀ ਵੀ ਦੇ ਸਕਦੀ ਹਾਂ। ਇਹ ਕੋਈ ਗੱਲ ਮੈਂ ਐਵੇਂ ਨਹੀਂ ਕਰਦੀ। ਸੱਚੀਮੁੱਚੀ ਕਹਿ ਰਹੀ ਹਾਂ। ਨਾਮਦੇਵ ਜੀ ਕਹਿਣ ਲੱਗੇ ਭੈਣ ਜੀ, ਓਸ ਬੇਢੀ ਦੇ ਬਾਰੇ ਪੁੱਛਦੀ ਹੈਂ ਉਹ ਐਉਂ ਤਾਂ ਨਹੀਂ ਆਉਂਦਾ ਹੈਗਾ-

***ਰੀ ਬਾਈ ਬੇਢੀ ਦੇਨੁ ਨ ਜਾਈ ॥***
***ਦੇਖੁ ਬੇਢੀ ਰਹਿਓ ਸਮਾਈ ॥ ਅੰਗ - ੬੫੭***

ਕਹਿੰਦੀ ਫੇਰ ਜੇ ਤੂੰ ਨਹੀਂ ਦੱਸ ਸਕਦਾ, ਮੈਨੂੰ ਦੱਸ ਦੇ ਮੈਂ ਚਲੀ ਜਾਂਦੀ ਹੈ। ਮੈਂ ਜਾ ਕੇ ਉਹਨੂੰ ਬੇਨਤੀ ਕਰ ਲਵਾਂਗੀ। ਤੂੰ ਵੀ ਤਾਂ ਕਰੀ ਹੀ ਜਾ ਕੇ ਤੇ ਨਾਲੇ ਮੈਂ ਕਹਿ ਦੇਵਾਂਗੀ ਕਿ ਮੈਂ ਨਾਮਦੇਵ ਨਾਲੋਂ ਦੁੱਗਣੀ ਚੌਗੁਣੀ ਮਜੂਰੀ ਦੇ ਦੇਵਾਂਗੀ, ਮੇਰੀ ਛੱਪਰੀ ਇਹੋ ਜਿਹੀ ਬਣਾ ਦੇ ਤੇ ਮੈਨੂੰ ਦੱਸ ਦੇ ਬੇਢੀ ਹੈ ਕਿੱਥੇ? ਕਹਿਣ ਲੱਗੇ ਬੀਬੀ! ਦੱਸ ਦੇ ਤਾਂ ਜਦ ਤੋਂ ਸੰਸਾਰ ਬਣਿਆ ਹੈ ਓਸ ਵੇਲੇ ਤੋਂ ਰਿਸ਼ੀ-ਮੁਨੀ, ਗੁਰੂ, ਪੀਰ, ਪੈਗੰਬਰ ਸਭ ਦੱਸਦੇ ਆਏ ਨੇ। ਬਈ ਇਹ ਸੰਸਾਰ ਨੂੰ ਬਣਾਉਣ ਵਾਲਾ ਬੇਢੀ ਰਹਿੰਦਾ ਕਿੱਥੇ ਹੈ? ਜਿਹੜਾ ਇਕ ਫੁਰਨੇ ਦੇ ਅੰਦਰ ਐਡਾ ਸੁੰਦਰ ਸੰਸਾਰ ਬਣਾ ਦਿੰਦਾ ਹੈ, ਉਹਨੂੰ ਇਕ ਛੱਪਰੀ ਬਣਾਉਣੀ ਕੀ ਔਖੀ ਹੈ, ਉਹ ਤਾਂ ਇਹਨੇ ਇਕ ਕੌਤਕ ਕਰਿਆ, ਮਰਿਆਦਾ ਦੇ ਮੁਤਾਬਿਕ, ਨਹੀਂ ਤਾਂ ਜਿਵੇਂ ਛੱਪਰੀ ਨੂੰ ਅੱਗ ਲਗ ਗਈ ਸੀ ਉਸੇ ਤਰ੍ਹਾਂ ਬਣੀ ਬਣਾਈ ਨਜ਼ਰ ਆਉਂਦੀ। ਦੱਸਦੇ ਤੁਰੇ ਆਉਂਦੇ ਨੇ ਕਿ ਇਹ ਕਿੱਥੇ ਰਹਿੰਦਾ ਹੈ। ਪਰ ਅਫਸੋਸ ਇਹ ਹੈ ਕਿ ਕੋਈ ਮੰਨਦਾ ਨਹੀਂ।

***ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ॥***
***ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥***
***ਅੰਗ - ੧੩੭੮***

ਚਾਰੇ ਵੇਦ ਛੇਈ ਸ਼ਾਸਤਰ, 27 ਸਿਮ੍ਰਤੀਆਂ, ਉਪਨਿਸ਼ਦਾਂ, ਗੁਰੂ ਗ੍ਰੰਥ ਸਾਹਿਬ ਮਹਾਰਾਜ, ਅੰਜੀਰ, ਜਬੂਰ, ਬਾਈਬਲ, ਤੌਰੇਤ, ਕੁਰਾਨ ਸ਼ਰੀਫ ਇਹ ਸਾਰੀਆਂ ਧਾਰਮਿਕ ਪੁਸਤਕਾਂ ਦੇ ਮਹਾਤਮਾ ਆਵਾਜ਼ਾਂ ਦੇ-ਦੇ ਕੇ ਦੱਸਦੇ ਨੇ, ਓਸ ਬੇਢੀ ਬਾਰੇ ਹੀ ਦੱਸਦੇ ਨੇ ਪਰ ਕੀ ਮਜ਼ਾਲ ਦੁਨੀਆਂਦਾਰਾਂ ਦੇ ਕੰਨਾਂ ਵਿਚ ਭੋਰਾ ਜਿੰਨੀ ਤਾਂ ਗੱਲ ਸਮਾ ਜਾਵੇ, ਨਹੀਂ ਸਮਝਦੇ, ਔਖੀ ਤੋਂ ਔਖੀ ਗੱਲ ਸਮਝ ਜਾਂਦੇ ਨੇ। ਸਾਇੰਸ ਦੇ ਮਸਲੇ ਸਮਝ ਜਾਂਦੇ ਨੇ, ਥਿਊਰੀਆਂ ਸਮਝ ਜਾਂਦੇ ਨੇ, ਗਣਿਤ ਦੇ ਬੜੇ ਔਖੇ-ਔਖੇ ਫਾਰਮੂਲੇ ਸਮਝ ਜਾਂਦੇ ਨੇ ਤੇ ਹੋਰ

ਵੱਡੀਆਂ-ਵੱਡੀਆਂ ਔਖੀਆਂ ਗੱਲਾਂ ਸਮਝ ਜਾਂਦੇ ਨੇ, ਪਰ ਇਕ ਸੁਖਾਲੀ ਜਿਹੀ ਗੱਲ ਇਹ ਇਨ੍ਹਾਂ ਦੀ ਸਮਝ ਤੋਂ ਪਰ੍ਹੇ ਹੈ। ਜੇ ਸਮਝਦੇ ਨੇ ਤਾਂ ਉਤੇ-ਉਤੇ ਰਹਿੰਦਾ ਹੈ, ਅੰਦਰੋਂ ਨਹੀਂ ਸਮਝਦੇ, ਮੰਨਦੇ ਨਹੀਂ ਹਨ, ਕਹਿੰਦੇ, ਮੰਨ ਲਏਂਗੀ? ਕਹਿੰਦੀ ਹਾਂ ਮੰਨ ਲਵਾਂਗੀ, ਇਹ ਕਿਹੜੀ ਗੱਲ ਕਰ ਦਿਤੀ, ਤੂੰ ਮੈਨੂੰ ਦੱਸ ਤਾਂ ਸਹੀ, ਹੈ ਕਿੱਥੇ? ਮੈਂ ਮੰਨਦੀ ਹਾਂ, ਮੈਂ ਤੇਰਾ ਕਿਹਾ ਝੂਠ ਨਹੀਂ ਮੰਨਦੀ।

*ਰੀ ਬਾਈ ਬੇਢੀ ਦੇਨੁ ਨ ਜਾਈ ॥*
*ਦੇਖੁ ਬੇਢੀ ਰਹਿਓ ਸਮਾਈ ॥*
*ਹਮਾਰੈ ਬੇਢੀ ਪ੍ਰਾਨ ਅਧਾਰਾ ॥ ਅੰਗ - ੬੫੭*

ਆਹ ਜਿਹੜਾ ਸਾਹ ਆਉਂਦਾ ਹੈ ਨਾ ਬਾਹਰ ਨੂੰ, ਜੇ ਉਹ ਨਾ ਚਾਹੇ ਤਾਂ ਇਹ ਬਾਹਰ ਹੀ ਰਹਿ ਜਾਂਦਾ ਹੈ। ਫੇਰ ਕੀ ਹੁੰਦਾ ਹੈ? ਕਹਿੰਦੀ, ਫੇਰ ਬੰਦਾ ਮਰ ਜਾਂਦਾ ਹੈ। ਕਹਿੰਦੇ, ਓਹੀ ਹੈ ਜਿਹੜਾ ਅੰਦਰ ਨੂੰ ਖਿੱਚ ਲੈਂਦਾ ਹੈ, ਐਨਾ ਨੇੜੇ ਵਸਦਾ ਹੈ ਸਾਹ ਦੇ ਨਾਲ। ਪਰ ਮੰਨਦੀ ਹੈਂ ਏਸ ਗੱਲ ਨੂੰ, ਕਹਿੰਦੀ ਇਹ ਤਾਂ ਔਖੀ ਹੈ ਗੱਲ ਮੰਨਣੀ, ਔਖੀ ਹੈ ਜੇ ਸਾਰਾ ਸੰਸਾਰ ਮੰਨ ਲਵੇ, ਸਾਰੇ ਦੁਖ ਕਲੇਸ਼ ਦੂਰ ਹੋ ਜਾਣ। ਲੇਕਿਨ ਮੰਨਦਾ ਨਹੀਂ ਹੈ, ਨਹੀਂ ਮੰਨਦਾ ਗੁਰੂ ਦੀ ਗੱਲ। ਮੱਥੇ ਟੇਕੀ ਜਾਏਗਾ, ਕਹੇਗਾ ਕਿ ਮੇਰੇ ਗੁਰੂ ਗੁਰੂ ਗ੍ਰੰਥ ਸਾਹਿਬ ਜੀ ਹਨ। ਝਗੜਾ ਪਾ ਲਏਗਾ, ਸਿਰ ਪਾੜ ਦਏਗਾ ਦੂਸਰੇ ਦਾ। ਭਾਈ! ਗੁਰੂ ਦਾ ਬਚਨ ਵੀ ਮੰਨਦਾ ਹੁੰਦਾ ਹੈਂ? ਕਹਿੰਦਾ, ਕਿਹੜਾ? ਜਿਹੜਾ ਤੈਨੂੰ ਗੁਰੂ ਕਹਿੰਦਾ ਹੈ ਕਿ-

*ਘਟ ਘਟ ਮੈ ਹਰਿ ਜੂ ਬਸੈ*
*ਸੰਤਨ ਕਹਿਓ ਪੁਕਾਰਿ ॥ ਅੰਗ - ੧੪੨੭*

ਤੂੰ ਮੰਨਦਾ ਹੈਂ ਕਿ ਹਰੇਕ ਘਟ 'ਚ ਵਾਹਿਗੁਰੂ ਹੈ। ਕਹਿੰਦੇ, ਇਹੀ ਤਾਂ ਗੱਲ ਔਖੀ ਹੈ। ਕਹਿੰਦੇ ਬੀਬੀ ਇਹੀ ਤਾਂ ਗੱਲ ਔਖੀ ਹੈ। ਕਹਿੰਦਾ, ਬੀਬੀ ਭੈਣ! ਦੁਨੀਆਂ ਮੰਨਦੀ ਨਹੀਂ ਹੈ। ਬਾਕੀ ਉਹ ਜਿਹੜੀ ਮਜੂਰੀ ਮੰਗਦਾ ਹੈ, ਉਹ ਕੋਈ ਦੇ ਨਹੀਂ ਸਕਦਾ। ਜਿਹੜੀ ਆਵਾਜ਼ ਨਾਲ ਉਹ ਬੋਲਦਾ ਹੈ, ਉਸ ਆਵਾਜ਼ ਨਾਲ ਕੋਈ ਉਸਨੂੰ ਬੁਲਾਉਂਦਾ ਹੀ ਨਹੀਂ ਆਵਾਜ਼ ਦੇ ਕੇ।

ਕਹਿੰਦੀ ਕੋਈ ਆਵਾਜ਼ ਖਾਸ ਹੈ ਜਿਹਦੇ ਨਾਲ ਉਹ ਬੋਲਦਾ ਹੈ, ਕਹਿੰਦੀ ਹਾਂ। ਪਰ ਉਹ ਸੁੱਕੀ ਆਵਾਜ਼ ਨਾਲ ਨਹੀਂ ਬੋਲਦਾ, ਪਿਆਰ ਨਾਲ ਭਿੱਜੀ ਹੋਈ ਆਵਾਜ਼ ਨਾਲ ਬੋਲਦਾ ਹੈ, ਪਿਆਰ ਦੀ ਭਿੱਜੀ ਹੋਈ, ਤਰਲੇ ਦੀ ਭਰੀ ਹੋਈ ਆਵਾਜ਼, ਫੇਰ ਉਹ ਦਰਵਾਜ਼ਾ ਖੋਲ੍ਹ ਦਿਆ ਕਰਦਾ ਹੈ। ਮੰਗਦਾ ਕੀ ਹੈ? ਕਹਿੰਦੇ, ਪੈਸੇ ਟਕੇ ਤਾਂ ਉਹ ਸਾਰੀ ਦੁਨੀਆਂ ਨੂੰ ਦਿੰਦਾ ਹੈ।

*ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥*
*ਅੰਗ - ੬੮੧*

ਉਹ ਜੇ ਮੰਗਦਾ ਹੈ ਤਾਂ ਇਕੋ ਹੀ ਚੀਜ਼ ਮੰਗਦਾ ਹੈ -

*ਬੇਢੀ ਪ੍ਰੀਤਿ ਮਜੂਰੀ ਮਾਂਗੈ*
*ਜਉ ਕੋਊ ਛਾਨਿ ਛਵਾਵੈ ਹੋ ॥ ਅੰਗ - ੬੫੭*

ਕਹਿਣ ਲੱਗੇ ਪਿਆਰ ਦੀ ਮਜਦੂਰੀ ਮੰਗਦਾ ਹੈ। ਹੈ ਤੇਰੇ ਕੋਲ? ਬਹੁਤ ਪਿਆਰ ਮੰਗਦਾ ਹੈ ਜਿਸ ਤਰ੍ਹਾਂ ਦੇ ਨਾਲ -

*ਚੰਦ ਚਕੋਰ ਪਰੀਤ ਹੈ ਲਾਇ ਤਾਰ ਨਿਹਾਲੇ।*
*ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ।*
*ਨੇਹੁ ਕਵਲ ਜਲ ਜਾਣੀਐ ਖਿੜਿ ਮੁਹ ਵੇਖਾਲੇ।*
*ਮੋਰ ਬਬੀਹੇ ਬੋਲਦੇ ਵੇਖਿ ਬਦਲ ਕਾਲੇ।*
*ਨਾਰਿ ਭਤਾਰ ਪਿਆਰੁ ਹੈ ਮਾਂ ਪੁਤ ਸਮਾਲੇ।*
*ਪੀਰ ਮੁਰੀਦਾ ਪਿਰਹੜੀ ਓਹੁ ਨਿਬਹੈ ਨਾਲੇ॥*
*ਭਾਈ ਗੁਰਦਾਸ ਜੀ, ਵਾਰ 27/4*

ਐਨਾ ਪਿਆਰ ਹੋਵੇ ਤਾਂ ਉਹ ਆ ਜਾਇਆ ਕਰਦਾ ਹੈ। ਸੋ ਏਸ ਤਰ੍ਹਾਂ ਦੇ ਨਾਲ ਬਾਈ ਜੇ ਐਹੋ ਜਿਹਾ ਪਿਆਰ ਹੋਵੇ ਤਾਂ ਉਹ ਛੱਪਰੀ ਆਪੇ ਹੀ ਬੰਨ੍ਹ ਜਾਂਦਾ ਹੈ ਫੇਰ ਲੈਂਦਾ ਕੁਛ ਨਹੀਂ। ਇਕ ਛੱਪਰ ਹੀ ਨਹੀਂ ਸਾਰੇ ਹੀ ਕੰਮ ਕਰਦਾ ਫਿਰਦਾ ਹੈ। ਭਾਲਦਾ ਰਹਿੰਦਾ ਹੈ ਕਿ ਕੋਈ ਕਹੇ ਮੈਨੂੰ ਕੰਮ। ਜੇ ਨਾ ਵੀ ਕਹੋ ਤਾਂ ਵੀ ਕਰ ਦਿੰਦਾ ਹੈ।

*ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ*
*ਜਿਨ ਹਰਿ ਕਾ ਨਾਮੁ ਪਿਆਰਾ ॥ ਅੰਗ - ੬੩੮*

ਬਾਬਾ ਕਰਮ ਸਿੰਘ ਜੀ ਮਹਾਰਾਜ ਅੱਜ ਨਦੀ ਦੇ ਕਿਨਾਰੇ ਬੈਠੇ ਨੇ, ਕਲਪਾਣੀ ਨਦੀ ਦੇ। ਅੰਮ੍ਰਿਤ ਵੇਲੇ ਤੋਂ ਸੁਰਤ ਉਪਰ ਚੜ੍ਹ ਗਈ, ਸਹਿਜ ਦੇ ਵਿਚ ਜਾ ਕੇ ਸਮੇਂ ਨੂੰ ਭੁੱਲ ਗਏ, ਫੁਰਨਾ ਨਾ ਕਰਿਆ, ਦੋ ਵਜ ਗਏ, ਦੁਪਹਿਰਾ ਢਲ ਗਿਆ, ਦੋ ਵਜੇ ਆਪ ਨੂੰ ਪਤਾ ਲੱਗਿਆ ਕਿ ਅੱਜ ਤਾਂ ਸਾਰਾ ਹੀ ਕੰਮ ਗਲਤ ਹੋ ਗਿਆ। ਡਿਊਟੀ ਜਿਹੜੀ ਸੀਗੀ ਉਹ ਵੀ ਗਲਤ ਹੋ ਗਈ, ਮੈਂ ਕੁਆਰਟਰ ਗਾਰਡ ਦੀ ਡਿਊਟੀ ਤੇ ਸੀ। ਸ਼ਿਕਾਇਤ ਹੋ ਗਈ ਕਿ ਬਾਬਾ ਕਰਮ ਸਿੰਘ ਨਦੀ ਦੇ ਕਿਨਾਰੇ ਬੈਠਾ ਹੈ। ਗੋਰਾ ਕਮਾਂਡਰ ਸੀਗਾ, ਉਹਨੇ ਕਿਹਾ ਕਿ ਹੈਂ ਸਰਹੱਦੀ ਇਲਾਕਾ ਹੋਵੇ ਤੇ ਗਾਰਦ ਕਮਾਂਡਰ ਉਥੇ ਬੈਠਾ ਹੋਵੇ। ਕਹਿਣ ਲੱਗਿਆ ਕਿ ਹਮ ਐਸੇ ਨਹੀਂ ਮਾਨਤਾ, ਹਮੇਂ ਸਹੀ ਬਾਤ ਬਤਾਓ। ਕਹਿਣ ਲੱਗਿਆ ਕਿ ਮੇਰੇ ਨਾਲ ਚੱਲੋ ਮੈਂ ਦਿਖਾ ਦੇਵਾਂ। ਕਹਿੰਦਾ, ਉਹ ਬੈਠਾ ਹੈ। ਕਹਿੰਦਾ ਅੱਛਾ ਗਾਰਦ ਦਿਖਾਓ? ਗਾਰਦ 'ਚ ਗਏ ਤਾਂ ਉਨ੍ਹਾਂ ਨੇ ਸਲੂਟ ਕਰਿਆ। ਫਰਜੰਟੀ ਦਿਤੀ, ਸਭ ਅੱਛਾ ਬੋਲਿਆ, ਰਜਿਸਟਰ ਦਿਖਾਇਆ, ਕਹਿਣ ਲੱਗਿਆ ਯਹੀਂ ਤੋਂ ਹੈਂ? ਕਹਿਣ ਲੱਗਿਆ, ਸਾਹਿਬ! ਉਹ ਤਾਂ ਉਥੇ ਬੈਠਾ ਹੈ। ਫੇਰ ਦੇਖਣ ਚਲਿਆ ਗਿਆ ਸਾਹਬ। ਦੇਖੇ ਤਾਂ ਉਥੇ

ਬੈਠੇ ਨੇ। ਇਥੇ ਆਇਆ ਤਾਂ ਫੇਰ ਉਵੇਂ ਜਿਵੇਂ। ਹੈਰਾਨ ਹੋ ਗਿਆ। ਕਿਉਂਕਿ ਆਪ ਪ੍ਰਮੇਸ਼ਰ ਨੇ ਰੂਪ ਧਾਰ ਕੇ ਪਹਿਰਾ ਦੇਣਾ ਸ਼ੁਰੂ ਕਰ ਦਿਤਾ।

ਇਕ ਮਹਾਂਪੁਰਸ਼ ਮੈਨੂੰ ਦੱਸਦੇ ਸੀ ਜਿਹੜੇ ਨਾਲ ਸੀ ਕਹਿਣ ਲੱਗੇ ਬਾਬਾ ਜੀ ਤਾਂ ਉਥੇ ਬੈਠੇ ਸੀ ਤੇ ਇਧਰ ਅਲਾਰਮ ਵੱਜ ਗਿਆ। ਕਿਉਂਕਿ ਖਬਰ ਆਈ ਕਿ ਫਲਾਣੀ ਪਿਕਟ ਜਿਹੜੀ ਹੈ ਉਹ ਸਰਹੱਦੀਆਂ ਨੇ ਲੈ ਲਈ। ਪਠਾਣਾਂ ਨੇ ਕਬਜ਼ਾ ਕਰ ਲਿਆ, ਤੇ ਉਸੇ ਵੇਲੇ ਸਾਰੀ ਫੌਜ ਕੋਤਾਂ ਵਿਚ ਚਲੀ ਗਈ ਰਾਈਫਲਾਂ ਲੈਣ ਵਾਸਤੇ। ਕਹਿੰਦਾ, ਅਸੀਂ ਹੈਰਾਨ ਹੋ ਗਏ ਦੋ ਕੁ ਮਿੰਟਾਂ 'ਚ ਸਾਰਿਆਂ ਨੂੰ ਹੀ ਰਾਈਫਲਾਂ ਦੇ ਦਿਤੀਆਂ। ਕਹਿੰਦੇ, ਅਸੀਂ ਸੋਚੀ ਜਾਈਏ ਕਿ ਕਰਮ ਸਿੰਘ ਇਕ ਹੈ ਕਿ ਸੌ ਹੈ। ਜਿਹੜੇ ਬੰਦੇ ਨੂੰ ਰਾਈਫਲ ਦਿੰਦਾ ਹੈ ਕਰਮ ਸਿੰਘ, ਜਿਹੜੇ ਨੂੰ ਦਿੰਦਾ ਹੈ ਕਰਮ ਸਿੰਘ। ਗੋਪਾਲ ਸਿੰਘ ਸੀਗਾ ਉਹਦਾ ਨਾਉਂ। ਕਹਿਣ ਲੱਗਿਆ, ਅਸੀਂ ਹੈਰਾਨ ਹੋ ਗਏ, ਕਹਿੰਦਾ ਮੇਰੀ ਓਸ ਵੇਲੇ ਦੋ ਸਾਲ ਦੀ ਸਰਵਿਸ ਸੀ ਤੇ ਸਾਹਿਬ ਨੇ ਹੁਕਮ ਦੇ ਦਿਤਾ ਕਿ ਵੈਲ ਕਰਮ ਸਿੰਘ, ਐਡਵਾਂਸ ਗਾਰਦ ਮੇਂ ਆਪ ਚੱਲੋ। ਕਹਿੰਦੇ ਅੱਗੇ ਹੋ ਗਏ ਫੌਜ ਦੇ ਤੇ ਓਥੇ ਜਾ ਕੇ ਅੱਗੇ-ਅੱਗੇ ਵਧਦੇ ਜਾਂਦੇ ਨੇ, ਉਨ੍ਹਾਂ ਨੇ ਬਗੈਰ ਕੋਈ ਗੋਲੀ ਚਲਾਉਣ ਤੋਂ ਪਿਕਟ ਲੈ ਲਈ ਤੇ ਉਹ ਪਠਾਣ ਨੱਠ ਗਏ ਤੇ ਸਾਹਿਬ ਜਿਹੜਾ ਸੀ ਕਮਾਂਡਿੰਗ ਅਫਸਰ ਕਹਿਣ ਲੱਗਿਆ ਬਹੁਤ ਵੱਡੀ ਫਤਹਿ ਹੋਈ ਹੈ, ਅੱਜ ਤੱਕ ਨਹੀਂ ਹੋਇਆ ਕਿਉਂਕਿ ਪਿਕਟ ਸੈਂਕੜੇ ਬੰਦੇ ਮਰਵਾਉਣ ਤੋਂ ਬਾਅਦ ਮਿਲਦੀ ਹੁੰਦੀ ਹੈ ਤੇ ਆ ਕੇ ਉਸ ਨੇ ਐਲਾਨ ਕਰ ਦਿਤਾ ਕਿ ਬਾਬਾ ਕਰਮ ਸਿੰਘ ਨੂੰ ਅੱਜ ਸਪੈਸ਼ਲ ਪਰਮੋਸ਼ਨ ਮਿਲੇਗੀ। ਬਾਬਾ ਜੀ ਦੋ ਵਜੇ ਆਏ ਉਥੋਂ। ਮੁਬਾਰਕਾਂ ਦੇ ਰਹੇ ਨੇ ਰਸਤੇ 'ਚ। ਪਤਾ ਨਹੀਂ ਲਗਦਾ ਕਿ ਕਾਹਦੀਆਂ ਮੁਬਾਰਕਾਂ ਨੇ। ਸਿੱਧੇ ਹੀ ਸੂਬੇਦਾਰ ਮੇਜਰ ਕੋਲ ਆਏ। ਉਨ੍ਹਾਂ ਦਾ ਮਿੱਤਰ ਸੀ, ਭੇਤੀ ਸੀ ਨਾਲ ਨਾਮ ਜਪਣ ਵਾਲਾ ਸੀ। ਕਹਿਣ ਲੱਗੇ, ਕੀ ਗੱਲ ਅੱਜ ਮੁਬਾਰਕਾਂ ਦਿੰਦੇ ਨੇ। ਕਹਿੰਦੇ, ਕੀ ਗੱਲ, ਤੁਹਾਨੂੰ ਨਹੀਂ ਪਤਾ। ਕਹਿੰਦੇ, ਮੈਂ ਤਾਂ ਹੁਣੇ ਹੀ ਆ ਰਿਹਾ ਹਾਂ। ਕਹਿੰਦੇ, ਉਹ ਕੌਣ ਸੀਗਾ ਜਿਹਨੇ ਕੋਤਾਂ 'ਚੋਂ ਰਾਈਫਲਾਂ ਦਿਤੀਆਂ, ਉਹ ਕੌਣ ਸੀ ਜਿਹਨੇ ਐਡਵਾਂਸ ਗਾਰਦ 'ਚ ਜਾ ਕੇ ਪਿਕਟ ਖਾਲੀ ਕਰਾਈ। ਕਹਿਣ ਲੱਗੇ, ਮੈਂ ਤਾਂ ਨਹੀਂ ਸੀਗਾ ਮੈਂ ਤਾਂ ਹੁਣ ਆਇਆ ਹਾਂ, ਜੇ ਮੈਂ ਹੁੰਦਾ ਮੈਨੂੰ ਪਤਾ ਹੀ ਹੁੰਦਾ, ਐਨਾ ਹੀ ਤਾਂ ਨਹੀਂ ਮੈਂ ਬੇਸੁਰਤ। ਅੰਮ੍ਰਿਤ ਵੇਲੇ ਦਾ ਮੈਂ ਉਥੇ ਬੈਠਾ ਹਾਂ, ਮੇਰੀ ਤਾਂ ਹੁਣ ਸਮਾਧੀ ਖੁਲ੍ਹੀ ਹੈ ਤੇ ਮੈਂ ਆ ਗਿਆ। ਕਹਿਣ ਲੱਗਿਆ, ਠੀਕ ਹੈ ਮੈਨੂੰ ਪਤਾ ਲੱਗ ਗਿਆ ਕੌਣ ਸੀ ਉਹ। ਕਹਿੰਦੇ, ਅੱਜ ਚਾਰ ਵਜੇ ਤੁਹਾਨੂੰ ਦਫਤਰ ਬੁਲਾਇਆ ਹੈ, ਸਾਰੀ ਫੌਜ ਨੂੰ ਵੀ ਤੇ ਸਪੈਸ਼ਲ ਪਰਮੋਸ਼ਨ ਤੁਹਾਨੂੰ ਦੇਣੀ ਹੈ। ਸਾਹਿਬ ਨੇ ਐਲਾਨ ਕਰਨਾ ਹੈ ਉਥੇ। ਕਹਿੰਦੇ, ਠੀਕ ਹੈ। ਚਾਰ ਵਜੇ ਕਹਿਣ ਲੱਗਿਆ ਗੋਪਾਲ ਸਿੰਘ ਅਸੀਂ ਸਾਰੇ ਦਫਤਰ ਦੇ ਕੋਲ ਚਲੇ ਗਏ ਤੇ ਬਾਬਾ ਜੀ ਨੂੰ ਜਦ ਐਲਾਨ ਕਰਨ ਲੱਗੇ ਕਹਿੰਦੇ, ਸਾਹਬ! ਮੈਂ ਹੁਣ ਤੁਹਾਡੀ ਨੌਕਰੀ ਨਹੀਂ ਕਰਨੀ, ਮੈਂ ਨੌਕਰੀ ਕਰਨੀ ਓਸ ਸੱਚੇ ਸਾਹਿਬ ਦੀ ਜਿਹੜਾ ਮੇਰੀ ਥਾਂ 'ਤੇ ਇਥੇ ਕੰਮ ਕਰ ਗਿਆ। ਕਹਿੰਦਾ, ਵੈਲ ਕਰਮ ਸਿੰਘ! ਯੇ ਬਾਤ ਹਮਾਰੀ ਸਮਝ ਸੇ ਬਾਹਰ ਹੈ। ਕਿਆ ਬਾਤ ਹੈ। ਕਹਿਣ ਲੱਗੇ ਕਿ ਸਾਹਿਬ! ਮੈਂ ਤਾਂ ਨਦੀ ਦੇ ਕੰਢੇ ਬੈਠੇ ਰਿਹਾ, ਇਥੇ ਮੇਰਾ ਪ੍ਰਭੂ ਪਿਆਰਾ ਜਿਸਦਾ ਮੈਂ ਨਾਮ ਜਪਦਾ ਹਾਂ, ਉਹ ਮੇਰਾ ਰੂਪ ਧਾਰ ਕੇ ਸਭ ਕੁਛ ਕਰ ਗਿਆ, ਮੈਂ ਸੱਚ ਬੋਲਦਾ ਹਾਂ। ਕਹਿਣ ਲੱਗਿਆ, ਹਮ ਨਹੀਂ ਜਾਨੇ ਦੇਂਗੇ ਆਪ ਕੋ, ਐਸੇ ਜੁਆਨ ਕੋ। ਜਿਸਕੀ ਪੀਠ ਪਰ ਖੁਦਾ ਹੋ ਉਸ ਕੋ ਕੈਸੇ ਹਮ ਛੋੜ ਦੇਂ। ਕਹਿਣ ਲੱਗੇ, ਉਹ ਤਾਂ ਛੁਡਾ ਦਿਤਾ, ਮੇਰਾ ਨਾਮ ਤੁਹਾਡੇ ਕਿਸੇ ਰਜਿਸਟਰ 'ਚ ਨਹੀਂ ਹੈ, ਸਭ ਕੱਟ ਦਿਤਾ। ਕਹਿੰਦਾ, ਲੌਂਗ ਰੋਲ ਮੰਗਾਓ। ਉਥੇ ਦੇਖਿਆ ਨੰਬਰ ਖਾਲੀ। ਪੇ ਰੌਲ, ਮੰਗਾਓ? ਸਾਰੀਆਂ ਜਿੰਨੀਆਂ ਸ਼ੀਟਾਂ ਕੱਢੀਆਂ, ਸ਼ੀਟ ਰੌਲ ਮੰਗਾਈ ਖਾਲੀ। ਕਹਿੰਦਾ, ਵੈਲ ਕਰਮ ਸਿੰਘ, ਤੁਮਾਰਾ ਖੁਦਾ ਸੱਚ ਹੀ ਤੁਮਾਰਾ ਕਾਮ ਕਰ ਗਿਆ, ਔਰ ਹਮਾਰੇ ਸੇ ਨਾਮ ਭੀ ਕਾਟ ਗਿਆ, ਪਰ ਏਕ ਬਾਤ ਹੈ, ਕਿ ਆਪ ਲੋਗ ਦੂਰ ਨਾ ਜਾਨਾ। ਆਪ ਕੇ ਲੀਏ ਹਮ ਬਨਾ ਦੇਂਗੇ ਮਕਾਨ। ਬਚਨ ਲੈ ਲਿਆ ਤੇ ਬਾਬਾ ਜੀ ਉਥੇ ਹੋਤੀ ਮਰਦਾਨ ਹੀ ਟਿਕ ਗਏ। ਸੋ ਪ੍ਰਮੇਸ਼ਰ ਜਦ ਵਸ ਆਇਆ ਫੇਰ -

***ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ***
***ਇਹ ਰੀਤਿ ਭਲੀ ਭਗਵੰਤੈ ॥ ਅੰਗ - ੨੪੯***

ਉਹ ਤਾਂ ਕੰਮ ਕਰਦਾ ਫਿਰਦਾ ਹੈ।

***ਰੀ ਬਾਈ ਬੇਢੀ ਦੇਨੁ ਨ ਜਾਈ॥ ਅੰਗ - ੬੫੭***

ਪਰ ਉਹ ਮੰਗਦਾ ਕੀ ਹੈ ਪਿਆਰ ਮੰਗਦਾ ਹੈ, ਪਿਆਰ ਦੇ ਵਿਚ ਵਸ ਹੋ ਜਾਂਦਾ ਹੈ, ਪਿਆਰ ਅਧੂਰਾ ਨਹੀਂ ਮੰਗਦਾ-

***ਲੋਗ ਕੁਟੰਬ ਸਭਹੁ ਤੇ ਤੋਰੈ***
***ਤਉ ਆਪਨ ਬੇਢੀ ਆਵੈ ਹੋ ॥ ਅੰਗ - ੬੫੭***

ਜੇ ਪਿਆਰ ਇਹ ਬੱਚਿਆਂ ਨੂੰ, ਵਿਚੇ ਘਰਦਿਆਂ ਨੂੰ ਕਰੀ ਜਾਵੇ, ਕਹਿੰਦੇ, ਇਹੋ ਜਿਹਾ ਟੁੱਟਵਾਂ ਪਿਆਰ ਰੱਬ ਨਹੀਂ ਮੰਗਦਾ ਤੇ ਰੱਬ ਤਾਂ ਅਖੰਡ ਪਿਆਰ ਦੇ ਵਿਚ ਵਸ ਆਉਂਦਾ ਹੈ। 100% ਪਿਆਰ ਹੋਵੇ ਉਹਦੇ ਨਾਲ ਹੀ। ਉਹ ਫੇਰ ਵਸ ਆ ਜਾਂਦਾ ਹੈ, ਫੇਰ ਚਾਹੇ ਕੁਛ ਕਰਾਈ ਜਾਹ। ਕਬੀਰ ਦਾ ਜੱਗ ਕਰਦਾ ਰਿਹਾ, ਰਵੀਦਾਸ ਜੀ ਦੀਆਂ ਮੂਰਤੀਆਂ ਤਾਰਦਾ ਰਿਹਾ, ਧੰਨੇ ਦਾ ਜਾ ਕੇ ਕੰਮ ਕਰਿਆ ਖੇਤੀ ਬਾੜੀ, ਸੈਣ ਨਾਈ ਦੇ ਜਾ ਕੇ ਬੂਤੀਆਂ ਕਰਦਾ ਰਿਹਾ ਉਹਦੀ ਤਾਂ

ਤੇ ਮੁੱਠੀ ਚਾਪੀ ਕਰਦਾ ਰਿਹਾ। ਸੋ ਏਸ ਕਰਕੇ ਪ੍ਰਮੇਸ਼ਰ ਜਿਹੜਾ ਹੈ ਉਹ ਪਿਆਰ ਦੇ ਵਸ ਵਿਚ ਹੈ।

ਸੋ ਏਸ ਤਰ੍ਹਾਂ ਮਾਤਾ ਪੂਰੇ ਦਿਲ ਦੇ ਨਾਲ ਪਿਆਰ ਕਰਦੀ ਹੈ, ਉਹਨੂੰ ਸ਼ੱਕ ਨਹੀਂ ਆਈ, 1% ਵੀ, 1% ਦਾ ਜੇ ਸੌ ਅੱਗੇ ਬਣਾ ਲਈਏ ਓਨਾਂ ਵੀ ਨਹੀਂ। ਉਹ ਕਹਿਣ ਲੱਗੀ ਕਿ ਆਉਣਗੇ ਮੇਰੇ ਗੁਰੂ ਸਾਹਿਬ। ਸ਼ਹਿਰ ਵਾਲੀ ਸੰਗਤ ਇਕੱਠੀ ਹੁੰਦੀ ਹੈ ਮਾਤਾ! ਗੁਰੂ ਨਾਨਕ ਪਾਤਸ਼ਾਹ ਦੀ ਗੱਲ ਹੋਰ ਸੀ, ਓਸ ਵੇਲੇ ਗੁਰੂ ਨਾਨਕ ਪਾਤਸ਼ਾਹ ਹੋਰ ਤਰ੍ਹਾਂ ਵਰਤਾ ਰਹੇ ਸੀ ਖੇਡ। ਉਥੇ ਮੱਕੇ ਯਾਦ ਕਰਿਆ ਮੱਕੇ ਚਲੇ ਗਏ, ਲੰਕਾ 'ਚ ਯਾਦ ਕਰਿਆ ਲੰਕਾ 'ਚ ਚਲੇ ਗਏ। ਹੁਣ ਗੁਰੂ ਮਹਾਰਾਜ ਏਸ ਤਰ੍ਹਾਂ ਨਹੀਂ ਕਰਦੇ, ਸਰੀਰਕ ਤੌਰ ਤੇ ਆਉਣਾ ਪੈਣਾ ਹੈ, ਫੌਜਾਂ ਨੇ ਉਨ੍ਹਾਂ ਦੇ ਨਾਲ। ਬੇਗਾਨੇ ਦੇਸ਼ 'ਚੋਂ ਲੰਘ ਕੇ ਆਉਣਾ ਹੈ, ਵਿਚ ਕਿੰਨੀਆਂ ਰੁਕਾਵਟਾਂ ਨੇ, ਦਰਿਆਵਾਂ ਤੇ ਪੁਲ ਨਹੀਂ ਬਣੇ ਹੋਏ। ਕਹਿੰਦੀ ਉਹ ਤਾਂ ਆਪੇ ਹੀ ਆ ਜਾਣਗੇ। ਪੁੱਤਰ ਵੀ ਕਹਿ ਕੇ ਥੱਕ ਗਿਆ, ਸਾਰੇ ਕਹਿ ਕੇ ਥੱਕ ਗਏ, ਸੇਵਾਰਾਮ ਨੇ ਵੀ ਬਹੁਤ ਸਮਝਾਇਆ, ਰੋਜ਼ ਸਮਝਾਉਂਦਾ ਹੈ, ਕਹਿੰਦੇ ਕਿੰਨੇ ਦਿਨ ਹੋ ਗਏ ਤੈਨੂੰ ਰੋਜ਼ ਪ੍ਰਸ਼ਾਦਾ ਬਣਾ ਕੇ ਰੱਖ ਲੈਨੀ ਐਂ, ਤੇ ਉਹ ਤਾਂ ਆਏ ਨਹੀਂ ਹੈਂ। ਮਾਂ ਜੀ! ਐਉਂ ਨਾ ਕਰੋ। ਅਸੀਂ ਕੋਈ ਪਾਲਕੀ ਬਣਾ ਲੈਨੇ ਹਾਂ ਤੁਹਾਡੇ ਵਾਸਤੇ ਤੇ ਅੰਮ੍ਰਿਤਸਰ ਲੈ ਚਲਦੇ ਹਾਂ। ਤੇ ਹੁਣ ਉਡਦੀ-ਉਡਦੀ ਗੱਲ ਆਈ ਹੈ ਕਿ ਆਪ ਗਵਾਲੀਅਰ ਦੇ ਕਿਲ੍ਹੇ 'ਚੋਂ ਦਰਬਾਰ ਸਾਹਿਬ ਪਹੁੰਚ ਚੁੱਕੇ ਨੇ। ਕਹਿਣ ਲੱਗੀ, ਇਥੇ ਆਉਣਗੇ ਉਹ। ਮੇਰਾ ਅੰਦਰਲਾ ਗਵਾਹੀ ਦਿੰਦਾ ਹੈ ਕਿ ਐਥੇ ਆਉਣਗੇ। ਕਹਿੰਦਾ, 700 ਮੀਲ ਹੈ, 700 ਮੀਲ ਕਿਵੇਂ ਆ ਜਾਣਗੇ। ਲੇਕਿਨ ਕਿਸੇ ਦੀ ਨਹੀਂ ਮੰਨੀ ਪਿਆਰ ਦੇ ਵਿਚ ਬਿਹਬਲ ਹੋਈ ਹੋਈ ਐਸੀਆਂ ਅਰਦਾਸਾਂ ਕਰਦੀ ਰਹਿੰਦੀ ਹੈ -

*ਖੰਭ ਵਿਕਾਂਦੜੇ ਜੇ ਲਹਾਂ ਘਿੰਨਾ ਸਾਵੀ ਤੋਲਿ ॥*
*ਤੰਨਿ ਜੜਾਂਈ ਆਪਣੈ ਲਹਾਂ ਸੁ ਸਜਣੁ ਟੋਲਿ ॥*
*ਅੰਗ - ੧੪੨੬*

*ਮਨ ਮੇਰੇ ਹਰਿ ਕੇ ਚਰਨ ਰਵੀਜੈ ॥*
*ਦਰਸ ਪਿਆਸ ਮੇਰੋ ਮਨੁ ਮੋਹਿਓ*
*ਹਰਿ ਪੰਖ ਲਗਾਇ ਮਿਲੀਜੈ ॥ ਅੰਗ - ੧੨੬੯*

ਐਸੀਆਂ ਅਰਦਾਸਾਂ ਅੰਤਰ ਆਤਮੇ ਗੁਰੂ ਵਲ ਭੇਜਦੀ ਹੈ। ਕੋਈ ਵੀ ਅਰਦਾਸ, ਕੋਈ ਸਿੱਕ ਐਸਾ ਨਹੀਂ ਹੈ ਇਹ ਖਿਆਲ ਮਰਿਆ ਨਹੀਂ ਕਰਦਾ, ਹਮੇਸ਼ਾ ਜਿਉਂਦੀ ਚੀਜ਼ ਹੈ, ਇਹ travel ਕਰ ਜਾਂਦਾ ਹੈ ਲੱਖਾਂ ਮੀਲ ਕਰੋੜਾਂ ਮੀਲ ਅਰਬਾਂ ਮੀਲ, ਪ੍ਰਮੇਸ਼ਰ ਨੂੰ ਖਿੱਚ ਲੈਂਦਾ ਹੈ, ਗੁਰੂ ਜੋਤੀਆਂ ਨੂੰ ਖਿੱਚ ਲੈਂਦਾ ਹੈ ਇਹਦੇ ਵਿਚ ਬੜੀ ਸ਼ਕਤੀ ਹੈ ਖਿਆਲ ਦੇ ਅੰਦਰ। ਕਿਉਂਕਿ ਖਿਆਲ ਇਧਰੋਂ ਉਠੇ ਦੂਜੇ ਪਾਸੇ ਉਸੇ ਵਕਤ ਪਹੁੰਚ ਜਾਂਦਾ ਹੈ। ਜਿਨ੍ਹਾਂ ਦੇ ਹਿਰਦੇ ਨਿਰਮਲ ਨੇ ਉਹ ਪਹਿਲਾਂ ਹੀ ਜਾਣ ਜਾਂਦੇ ਨੇ ਕਿ ਇਹਦੇ ਮਨ ਵਿਚ ਆਹ ਗੱਲ ਹੈ। ਪੂਰਨ ਮਹਾਤਮਾ ਤੋਂ ਡਰਦੇ ਰਹਿੰਦੇ ਨੇ ਘਰ ਬੈਠੇ ਵੀ ਕਿ ਜੇ ਖਿਆਲ ਗਲਤ ਹੋ ਗਿਆ ਕਿ ਉਹਨੂੰ ਤਾਂ ਪਤਾ ਲਗ ਜਾਣਾ ਹੈ ਉਸੇ ਵਕਤ ਕਿ ਆਹ ਗੱਲ ਕਰ ਰਹੇ ਸੀ ਤੁਸੀਂ। ਐਸੀਆਂ ਪ੍ਰਤਿਆ-ਪ੍ਰਤਿਆ ਕੇ ਦੇਖੀਆਂ ਨੇ ਗੱਲਾਂ। ਓਧਰ ਗੱਲ ਜਾ ਪਹੁੰਚਿਆ ਕਰਦੀ ਹੈ ਉਸੇ ਵੇਲੇ।

ਇਕ ਵਾਰੀ ਇਕ ਰਾਜਾ ਸੀ ਉਹ ਆਪਣੇ ਸ਼ਹਿਰ ਦੇ ਦਰਵਾਜ਼ੇ ਜਿਹੜੇ ਸੀ ਉਹ ਦੱਖਣ ਦਰਵਾਜ਼ੇ ਤੋਂ ਬਗੈਰ ਬਾਕੀ ਦਰਵਾਜ਼ਿਆਂ 'ਚੋਂ ਹਰ ਵਕਤ ਲੰਘਦਾ ਰਹਿੰਦਾ, ਇਧਰ ਨਹੀਂ ਸੀ ਕਦੇ ਆਉਂਦਾ। ਵਜ਼ੀਰ ਨੂੰ ਕਹਿਣ ਲੱਗਿਆ ਕਿ ਅੱਜ ਮੈਂ ਦੱਖਣ ਦਰਵਾਜ਼ੇ ਵਿਚ ਦੀ ਜਾਣਾ ਹੈ। ਉਥੇ ਬਾਹਰ ਆਇਆ ਦਰਵਾਜ਼ੇ ਦੇ ਕੀ ਦੇਖਦਾ ਹੈ ਬਹੁਤ ਸੋਹਣਾ ਪਾਰਕ ਹੈ, ਫੁਹਾਰੇ ਚੱਲ ਰਹੇ ਨੇ, ਬਾਗ ਬਹੁਤ ਸੋਹਣਾ ਲੱਗਿਆ ਹੋਇਆ, ਕੋਠੀ ਕਮਾਲ ਦੀ ਬਣੀ ਹੋਈ ਹੈ ਤੇ ਪਾਰਕ ਜਿਹੜੇ ਨੇ ਬੜੇ ਸੁੰਦਰ ਫੁੱਲਾਂ ਦੇ ਨਾਲ, ਘਾਹ ਦੇ ਨਾਲ ਸਜਾਏ ਹੋਏ ਨੇ, ਰਾਜਾ ਇਹ ਦੇਖ ਕੇ ਕਹਿਣ ਲੱਗਿਆ, ਵਜ਼ੀਰ ਸਾਹਿਬ! ਆਹ ਕੋਠੀ ਢੁਹਾ ਦਿਓ ਮੈਨੂੰ ਚੰਗੀ ਨਹੀਂ ਲਗਦੀ। ਵਜ਼ੀਰ ਬੜਾ ਸਿਆਣਾ ਸੀ ਕਿ ਅੱਜ ਕਿੰਨਿਆਂ ਸਾਲਾਂ ਬਾਅਦ ਆਇਆ ਹੈ ਫੇਰ ਪਤਾ ਨਹੀਂ ਕਦੇ ਆਵੇ, ਕਦ ਨਾ ਆਵੇ। ਕੋਠੀ ਕਿੰਨੀ ਸੁੰਦਰ ਲਗਦੀ ਹੈ ਸ਼ਹਿਰ ਸਜਦਾ ਹੈ ਇਹਦੇ ਨਾਲ। ਉਹਨੇ ਢੁਹਾਈ ਨਾ, ਦੋ ਮਹੀਨੇ ਬਾਅਦ ਫੇਰ ਆਇਆ, ਪਹਿਲੀ ਵਾਰ ਗੱਲ ਕਹੀ ਹੋਈ ਭੁੱਲ ਗਿਆ, ਕਹਿਣ ਲੱਗਿਆ ਆਹ ਕੋਠੀ ਢੁਹਾਉਣੀ ਚਾਹੀਦੀ ਹੈ, ਉਹ ਕਹਿੰਦੇ ਹਜ਼ੂਰ ਢੁਹਾ ਦੇਵਾਂਗੇ। ਉਸ ਵੇਲੇ ਵਜ਼ੀਰ ਨੇ ਜਾ ਕੇ ਕੋਠੀ ਦੇ ਮਾਲਕ ਨੂੰ ਬੁਲਾਇਆ, ਬੁਲਾ ਕੇ ਸਾਰੀ ਗੱਲ ਦੱਸੀ ਕਿ ਤੇਰੀ ਕੋਠੀ ਢਾਹੁੰਣ ਦਾ ਹੁਕਮ ਹੋ ਚੁੱਕਿਆ ਹੈ। ਸੱਚੋ ਸੱਚ ਦੱਸ ਤੇਰੇ ਖਿਆਲਾਂ ਦੇ ਵਿਚ ਰਾਜੇ ਦਾ ਬੁਰਾ ਤਾਂ ਨਹੀਂ ਚਿਤਵਿਆ ਜਾਂਦਾ। ਉਹ ਕਹਿੰਦਾ, ਵਜ਼ੀਰ ਸਾਹਿਬ! ਮੈਂ ਸੱਚ ਦੱਸਦਾ ਹਾਂ ਮੇਰੇ ਖਿਆਲ ਦੇ ਅੰਦਰ ਬਹੁਤ ਬੁਰਾ ਚਿਤਵਿਆ ਜਾ ਰਿਹਾ ਹੈ। ਕਹਿੰਦਾ ਗੱਲ ਕੀ ਹੈ? ਕੋਈ ਦੁਸ਼ਮਣੀ ਹੈ? ਕਹਿਣ ਲੱਗਿਆ, ਕੋਈ ਦੁਸ਼ਮਣੀ ਨਹੀਂ। ਕਹਿੰਦੇ, ਰਾਜਾ ਮਾੜਾ ਹੈ। ਕੋਈ ਮਾੜਾ ਨਹੀਂ। ਕਹਿਣ ਲੱਗੇ, ਫੇਰ ਤੂੰ ਇਹ ਗੱਲ ਕਿਉਂ ਕਰਦਾ ਹੈਂ? ਕਹਿਣ ਲੱਗਿਆ, ਮਹਾਰਾਜ! ਮੈਂ ਸਹੀ ਗੱਲ ਦੱਸ ਦਿੰਦਾ ਹਾਂ, ਮੈਂ ਮਲਿਆਗਰ ਪਰਬਤ ਤੇ ਗਿਆ ਤੇ ਉਥੋਂ ਚੰਦਨ ਦੇ ਪਾੜ ਖਰੀਦ ਲਏ, ਇਥੇ ਪਹੁੰਚ ਗਿਆ, ਚੰਦਨ ਇਥੇ ਜੇ ਕੋਈ ਰਾਜਾ ਮਰੇ, ਜਾਂ ਉਹਦੇ ਪਰਿਵਾਰ ਦਾ ਮਰੇ ਤਾਂ ਉਹ ਚੰਦਨ ਦੀ ਚਿਖਾ ਹੁੰਦੀ

ਹੈ ਜਾਂ ਕੋਈ ਵੱਡਾ ਮਹਾਤਮਾ ਚੜ੍ਹਾਈ ਕਰੇ, ਉਹਦੇ ਵਾਸਤੇ ਹੁੰਦੀ ਹੈ ਤੇ ਮੈਨੂੰ ਸਾਲ ਹੋ ਗਿਆ ਚੰਦਨ ਮੇਰਾ ਬੇਕਾਰ ਪਿਆ ਹੈ ਤੇ ਮੇਰੇ ਮਨ ਵਿਚ ਆ ਜਾਂਦਾ ਹੈ ਕਿ ਬੜੇ ਪੈਸੇ ਬਣ ਜਾਣ ਜੇ ਇਹ ਚੰਦਨ ਵਿਕੇ। ਵਿਕੇ ਤਾਂ ਜੇ ਰਾਜੇ ਦਾ ਕੋਈ ਮਰੈ, ਜਾਂ ਰਾਜਾ ਮਰੇ।

ਵਜ਼ੀਰ ਜਾਣ ਗਿਆ, ਕਹਿਣ ਲੱਗਿਆ, ਕਿੰਨਾ ਹੈ?

ਕਹਿੰਦਾ, ਐਨਾ ਹੈ।

ਕਹਿੰਦਾ, ਮੈਨੂੰ ਦੇ ਦੇ, ਮੁੱਲ ਲੈ ਲਿਆ ਸਰਕਾਰੀ ਖਰਚੇ ਤੇ, ਤੇ ਲਿਆ ਕੇ ਆਪਣੇ ਸਰਕਾਰੀ ਸਟੋਰ 'ਚ ਜਮ੍ਹਾਂ ਕਰ ਦਿਤਾ। ਰਾਜਾ ਫੇਰ ਗਿਆ ਦੋ ਕੁ ਮਹੀਨੇ ਬਾਅਦ। ਪਹਿਲਾਂ ਹੀ ਕਹਿਣ ਲੱਗ ਗਿਆ ਕਿ ਵਜ਼ੀਰ ਸਾਹਿਬ! ਉਹ ਕੋਠੀ ਕਿਤੇ ਢੁਹਾ ਤਾਂ ਨਹੀਂ ਦਿਤੀ। ਕਹਿੰਦੇ, ਮਹਾਰਾਜ! ਹੁਕਮ ਤਾਂ ਦਿੱਤੇ ਹੋਏ ਨੇ ਸਭ ਕੁਛ ਕਰਿਆ ਹੋਇਆ, ਸਿਰਫ ਇਕ ਮੌਕਾ ਦਿਤਾ ਹੋਇਆ ਹੈ ਉਸਨੂੰ। ਕਹਿੰਦੇ, ਨਾ-ਨਾ, ਉਹਦੇ ਨਾਲ ਤਾਂ ਸਾਰਾ ਸ਼ਹਿਰ ਸਜਦਾ ਹੈ, ਪਤਾ ਨਹੀਂ ਮੇਰੇ ਮਨ 'ਚ ਕਿਉਂ ਬਦੀ ਆਉਂਦੀ ਸੀ, ਉਥੇ ਗਿਆ ਤਾਂ ਪ੍ਰਸੰਸਾ ਕਰਦਾ ਹੈ ਕੋਠੀ ਦੀ। ਇਹ ਤਾਂ ਕਮਾਲ ਦਰਜੇ ਦੀ ਬਣੀ ਹੋਈ ਹੈ, ਦੇਖੋ ਕਿੰਨਾ ਸੋਹਣਾ ਕਾਰੀਗਰ ਹੈ ਇਹਦਾ। ਕਿੰਨੀ ਵਿਉਂਤ ਦੇ ਨਾਲ ਇਹਨੇ ਬਾਗ ਲਾਇਆ ਹੈ ਇਥੇ ਪਾਰਕ ਬਣਾਏ ਨੇ। ਗੱਲ ਵਿਚੋਂ ਕੀ ਸੀ ਇਕ ਖਿਆਲ ਚਲਦਾ ਸੀ, ਬੁਰਾ ਖਿਆਲ। ਉਹ ਬੁਰਾ ਖਿਆਲ ਚੱਲ ਕੇ ਰਾਜੇ ਦੇ ਦਿਲ ਵਿਚ ਜਾ ਕੇ ਬਦੀ ਪੈਦਾ ਕਰਦਾ ਸੀ ਕਿਉਂਕਿ ਉਹ ਖਿਆਲ ਬਦੀ ਦਾ ਸੀ। ਇਸੇ ਤਰ੍ਹਾਂ ਦੇ ਨਾਲ ਜੇ ਸਾਡੇ ਹਿਰਦੇ 'ਚ ਗੁਰੂ ਵਾਸਤੇ ਪਿਆਰ ਦਾ ਖਿਆਲ ਚਲਦਾ ਹੈ ਤਾਂ ਗੁਰੂ ਦੇ ਹਿਰਦੇ 'ਚ ਪਿਆਰ ਦੀ ਟੁਣਕਾਰ ਮਾਰਦਾ ਹੈ, ਗੁਰੂ ਖਿੱਚ ਖਾਂਦਾ ਹੈ, ਮਹਾਤਮਾ ਦੇ ਬਾਰੇ ਬੁਰਾ ਖਿਆਲ ਕਰ ਲਓ, ਮਹਾਤਮਾ ਨੂੰ ਉਸੇ ਵੇਲੇ ਪਤਾ ਲਗ ਜਾਂਦਾ ਹੈ ਕਿ ਫਲਾਨਾ ਬੰਦਾ ਬੁਰਾ ਚਿਤਵ ਰਿਹਾ ਹੈ, ਉਹ ਠੀਕ ਨਹੀਂ ਹੈ, ਉਹਦੇ ਵਲੋਂ ਸੁਗੰਧੀ ਦੀ ਲੋਅ ਨਹੀਂ ਆ ਰਹੀ। ਸੋ ਏਸ ਤਰ੍ਹਾਂ ਦੇ ਨਾਲ ਇਹਦੇ ਮਨ ਦੇ ਜਿਹੜੇ ਤਰੰਗ ਨੇ, ਗੁਰੂ ਮਹਾਰਾਜ ਕੋਲ ਪਹੁੰਚਦੇ ਨੇ, ਬਹੁਤ ਹੀ ਜ਼ਿਆਦਾ ਦਰਦਨਾਕ, ਬਹੁਤ ਹੀ ਪਿਆਰ ਦੇ ਭਰੇ ਹੋਏ ਸੰਦੇਸ਼ੇ ਭੇਜਦੀ ਹੈ -

*ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ ॥*
*ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ ॥*
*ਅੰਗ - ੧੦੯੪*

*ਮੋਹਨ ਨੀਦ ਨ ਆਵੈ ਹਾਵੈ ਹਾਰ*
*ਕਜਰ ਬਸਤ੍ਰ ਅਭਰਨ ਕੀਨੇ ॥*
*ਉਡੀਨੀ ਉਡੀਨੀ ਉਡੀਨੀ ॥*
*ਕਬ ਘਰਿ ਆਵੈ ਰੀ ॥ ਅੰਗ - ੮੩੦*

ਉਡੀਕ ਰਹੀ ਹਾਂ-ਉਡੀਕ ਰਹੀ ਹਾਂ ਕਦੋਂ ਤੁਸੀਂ ਦਰਸ਼ਨ ਦੀਦਾਰੇ ਦੇਵੋਂਗੇ। ਲੇਕਿਨ ਨਿੱਤ ਆਸ ਰੱਖਦੀ ਹੈ। ਹਰ ਵਕਤ ਆਸ ਰੱਖਦੀ ਹੈ ਕਿ ਹੁਣ ਆਏ-ਹੁਣ ਆਏ। ਉਹ ਤਾਂ ਸਮਰੱਥ ਨੇ ਉਨ੍ਹਾਂ ਨੂੰ ਆਉਣਾ ਜਾਣਾ ਕੀ ਔਖਾ ਹੈ। ਪ੍ਰਸ਼ਾਦਾ ਤਿਆਰ ਕਰ ਲੈਂਦੀ ਹੈ ਤੇ ਰੱਖ ਲੈਂਦੀ ਹੈ ਕਿ ਹੁਣ ਆ ਕੇ ਛਕ ਲੈਣਗੇ। ਦੂਸਰਾ ਜਿਹੜਾ ਬਹੁਤ ਹੀ ਸੋਹਣਾ ਰੇਸ਼ਮ ਵਰਗਾ ਰੂੰ ਕੱਤ-ਕੱਤ ਕੇ ਬਰੀਕ ਵਸਤਰ ਬਣਾਇਆ ਹੈ ਉਹ ਕੋਲ ਰੱਖ ਲੈਂਦੀ ਹੈ ਕਿ ਜਦੋਂ ਆਉਣਗੇ ਮੈਂ ਭੇਟਾ ਕਰਾਂਗੀ ਕਿ ਇਹ ਜਾਮਾ ਉਹ ਪਹਿਨਣਗੇ ਤੇ ਫੇਰ ਮੈਂ ਦੇਖਾਂਗੀ।

ਇਹ ਜੋ ਬਾਤ ਹੁੰਦੀ ਹੈ ਇਹਨੂੰ ਸਾਰੇ ਬੰਦੇ ਨਹੀਂ ਸਮਝ ਸਕਦੇ। ਸਿਰਫ ਉਹੀ ਸਮਝ ਸਕਦਾ ਹੈ ਜਿਸ ਨਾਲ ਕਦੇ ਵਾਪਰੀ ਹੋਵੇ।

*ਲਾਗੀ ਹੋਇ ਸੁ ਜਾਨੈ ਪੀਰ ॥*
*ਰਾਮ ਭਗਤਿ ਅਨੀਆਲੇ ਤੀਰ ॥ ਅੰਗ - ੩੨੭*

*ਮਨੁ ਬੇਧਿਆ ਦਇਆਲ ਸੇਤੀ ਮੇਰੀ ਮਾਈ ॥*
*ਕਉਣੁ ਜਾਣੈ ਪੀਰ ਪਰਾਈ ॥*
*ਹਮ ਨਾਹੀ ਚਿੰਤ ਪਰਾਈ ॥ ਅੰਗ - ੭੯੫*

ਸੋ ਜਿਸਨੂੰ ਪਿਆਰ ਲਗ ਜਾਂਦਾ ਹੈ -

*ਕਬੀਰ ਬਿਰਹੁ ਭੁਯੰਗਮੁ ਮਨਿ ਬਸੈ*
*ਮੰਤੁ ਨ ਮਾਨੈ ਕੋਇ ॥*
*ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ ॥*
*ਅੰਗ - ੧੩੬੮*

ਐਸੀ ਅਵਸਥਾ ਹੋਈ ਕਿ ਉਧਰੋਂ ਕਾਲ ਆਉਂਦਾ ਹੈ, ਕਹਿੰਦੀ ਮੈਂ ਨਹੀਂ ਜਾਣਾ ਮੈਂ ਗੁਰੂ ਮਹਾਰਾਜ ਦੇ ਦਰਸ਼ਨ ਕਰਕੇ ਜਾਣਾ ਹੈ। ਗੁਰਮੁਖ ਦੇ ਹੱਥ ਵਿਚ ਹੈ।

*ਪ੍ਰਭ ਕੈ ਸਿਮਰਨਿ ਕਾਲੁ ਪਰਹਰੈ ॥*
*ਅੰਗ - ੨੬੨*

ਐਥੇ ਮੈਂ ਕਈ ਵਾਰੀ ਦੱਸਿਆ ਸੀ, ਸਾਡੇ ਫਾਰਮ ਦੇ ਕੋਲ, ਐਥੇ ਹੀ ਅਬੀ-ਪੁਰ ਪਿੰਡ ਹੈ ਉਥੇ ਹੀ ਬੀਬੀ ਵਿਆਹੀ ਹੋਈ ਸੀ ਉਹਦੀ ਛੋਟੀ ਭੈਣ ਸੀ ਗੁਰਮੀਤ, ਉਹ 24 ਸਾਲ ਦੀ ਹੋ ਗਈ ਸੀ ਆਪਣੇ ਪਿਤਾ ਨੂੰ ਕਹਿੰਦੀ ਸੀ ਕਿ ਮੈਨੂੰ ਮੰਗੀ ਨਾ, ਵਿਆਹੀ ਨਾ, ਮੈਂ 24 ਸਾਲ ਦੀ ਨੇ ਸੰਸਾਰ ਤੋਂ ਚਲੇ ਜਾਣਾ ਹੈ, ਉਹਦੀ ਗੱਲ ਕੋਈ ਨਹੀਂ ਸੀ ਮੰਨਦਾ, ਸਗੋਂ ਬੌਲੀ ਕਹਿੰਦੇ ਸੀ, ਕਈ ਵਾਰੀ ਉਹਨੇ ਬੈਠੀ ਨੇ ਕਹਿਣਾ ਕਿ ਮੈਂ ਭਾਅ ਜੀ ਦੇ ਦੀਵਾਨ ਦੇਖ ਰਹੀ ਹਾਂ ਲੱਗੇ ਹੋਏ। ਉਨ੍ਹਾਂ ਨੇ ਇਹੀ ਸਮਝਣਾ ਕਿ ਝੱਲੀਆਂ ਗੱਲਾਂ ਮਾਰਦੀ ਹੈ। ਇਕ ਵਾਰੀ ਦੀਵਾਨ 'ਚ ਆ ਗਈ ਕਹਿੰਦੀ ਮੈਂ

ਕੀਰਤਨ ਕਰ ਸਕਦੀ ਹਾਂ। ਕਹਿੰਦੇ, ਕਿ ਵਾਜਾ ਤਾਂ ਤੂੰ ਸਿਖਿਆ ਹੀ ਨਹੀਂ। ਕਹਿੰਦੀ ਮੈਨੂੰ ਸਭ ਕੁਛ ਆਉਂਦਾ ਹੈ।

ਉਹ ਆਪਣੇ ਪਿਤਾ ਨੂੰ ਕਹਿਣ ਲੱਗੀ ਕਿ ਪਿਤਾ! ਅੱਜ ਜਾਈਂ ਨਾ, ਮੈਂ 12 ਵਜੇ ਜਾਣਾ ਹੈ। ਕਹਿਣ ਲੱਗਿਆ, ਤੈਨੂੰ ਤਾਂ ਕਹਿੰਦੀ ਨੂੰ ਮੁੱਦਤਾਂ ਬੀਤ ਗਈਆਂ, ਮੀਤੋ! ਮੈਂ ਆਪਣਾ ਕੰਮ ਵੀ ਰੋਕ ਲਵਾਂ। ਮੈਂ ਜਾ ਕੇ ਖਾਦ ਲਿਆਉਣੀ ਹੈ ਰਾਜਪੁਰੇ ਤੋਂ। ਕਣਕ ਪਾ ਲਈ ਉਹਨੇ, ਧਾਨਾਂ ਦੇ ਲਈ ਖਾਦ ਲੈਣ ਲਈ ਚਲਿਆ ਗਿਆ ਕਣਕ ਵੇਚ ਕੇ। ਕਿ ਖਾਦ ਲੈ ਆਵਾਂਗਾ। ਇਧਰ ਇਹਨੇ ਮਾਂ ਨੂੰ ਰਾਤ ਨੂੰ ਸਾਰਾ ਕੁਛ ਸਮਝਾ ਦਿਤਾ, ਕੰਧਾਂ ਵੱਲ ਮੂੰਹ ਕਰਕੇ ਰਹਿਰਾਸ ਪੜ੍ਹੇ, ਕਹਿੰਦੇ, ਮੀਤੋ! ਤੂੰ ਐਉਂ ਕਿਉਂ ਕਰਦੀ ਹੈਂ? ਕਹਿੰਦੀ, ਮੈਂ ਕੰਧਾਂ ਪਵਿੱਤਰ ਕਰ ਰਹੀ ਹਾਂ ਮਾਤਾ, ਤੂੰ ਤਾਂ ਪਾਠ ਕਰਨਾ ਨਹੀਂ ਮਗਰੋਂ ਤੇ ਮੈਂ ਕੰਧਾਂ ਪਵਿੱਤਰ ਕਰ ਦੇਵਾਂ। ਚਾਬੀਆਂ ਦੇ ਦਿਤੀਆਂ ਤੇ ਨਾਲ ਕੜਾਹੀ ਕੱਢ ਲਈ, ਰਸਦ ਤੋਲ ਦਿਤੀ ਕਹਿੰਦੀ ਆਹ ਫੇਰ ਦੇਗ ਬਣਾ ਲੈਣੀ ਹੈ ਮੇਰੇ ਤੋਂ ਬਾਅਦ। ਆਹ ਚਾਬੀ ਇਹਨੂੰ ਲਗਦੀ ਹੈ, ਚੀਜ਼ਾਂ ਸੰਭਾਲ ਦਿਤੀਆਂ ਮਾਂ ਨੂੰ। ਕਹਿੰਦੀ, ਸੱਚੀ ਜਾਣਾ ਹੈਂ ਤੂੰ? ਕਹਿੰਦੀ ਹਾਂ ਮੈਂ ਕੱਲ੍ਹ ਨੂੰ ਬਾਰ੍ਹਾਂ ਵਜੇ ਚਲੀ ਜਾਣਾ ਹੈ। ਪਿਤਾ ਨੂੰ ਰੋਕਿਆ ਪਿਤਾ ਰੁਕਿਆ ਨਾ। ਜਦੋਂ 12 ਵੱਜੇ ਉਸ ਵੇਲੇ ਪਲੰਘ ਵਿਛਾਇਆ ਹੋਇਆ ਹੈ ਇਸਨੇ, ਪਿੰਡ ਇਕੱਠਾ ਹੋ ਗਿਆ ਸਾਰਾ। ਕਹਿਣ ਲੱਗੀ ਮੈਨੂੰ ਇਕ ਉਲਟੀ ਆਉਣੀ ਹੈ ਜਦੋਂ ਮੈਂ ਜਾਣਾ ਹੈ। ਹੋਰ ਮੈਨੂੰ ਕੁਛ ਨਹੀਂ ਹੋਣਾ ਮੈਂ ਆਰਾਮ ਨਾਲ ਚਲੇ ਜਾਣਾ ਹੈ। ਉਸ ਤੋਂ ਪਹਿਲਾਂ ਅਖੰਡਪਾਠ ਕਰਕੇ ਆਈ ਸਾਧੂਗੜ੍ਹ, ਉਥੇ ਸੰਤਾਂ ਨੂੰ ਕਹਿੰਦੀ ਕਿ ਤੁਸੀਂ ਕੀਰਤਨ ਸੋਹਿਲਾ ਪੜ੍ਹਿਓ ਤੇ ਮੈਂ ਹੁਣ ਜਾ ਕੇ ਅੰਮ੍ਰਿਤ ਛਕ ਕੇ ਆਉਂਦੀ ਹਾਂ, ਦੁਬਾਰਾ ਛਕ ਕੇ ਆਉਂਦੀ ਹਾਂ, ਕੋਈ ਗਲਤੀ ਵਗੈਰਾ ਹੋ ਜਾਂਦੀ ਹੈ, ਹੁਣ ਮੈਂ ਜਾਣਾ ਹੈ ਦਰਗਾਹ ਨੂੰ। ਕਹਿੰਦੀ, ਬਾਬਾ ਜੀ! ਤੁਸੀਂ ਜਦ ਕੀਰਤਨ ਸੋਹਿਲਾ ਪੜ੍ਹਨਾ ਹੈ ਨਾ ਤਿੰਨ ਵਾਰੀ ਪੜ੍ਹੋਂਗੇ ਦੋ ਵਾਰੀ ਤੁਹਾਡੇ ਤੋਂ ਗਲਤ ਹੋ ਜਾਣਾ ਹੈ। ਕਹਿੰਦੀ, ਸ਼ੁੱਧ ਪੜ੍ਹਨਾ ਬਿਲਕੁਲ ਹੀ, ਕਿਉਂਕਿ ਜੀਵ ਦੀ ਸਹਾਇਤਾ ਕਰਦਾ ਹੈ ਅੰਤ ਦੇ ਸਮੇਂ ਕੀਰਤਨ ਸੋਹਿਲਾ। ਓਸ ਵੇਲੇ ਸਾਰਾ ਪਿੰਡ ਇੱਕਠਾ ਹੋ ਗਿਆ, ਬੈਠੇ ਨੇ ਕਿ ਮੀਤੋ ਨੇ 12 ਵਜੇ ਜਾਣਾ ਹੈ। ਜੈਕਾਰੇ ਬੁਲਾਉਣ ਲੱਗ ਗਈ 12 ਵਜੇ। ਬੋਲੇ ਸੋ ਨਿਹਾਲ-ਬੋਲੇ ਸੋ ਨਿਹਾਲ। ਉਹ ਆ ਗਏ ਕਹਿਣ ਲੱਗੀ, ਬਾਬਾ ਜੀ! ਪਲੰਘ ਤੇ ਬਹਿ ਜਾਓ। ਕਹਿੰਦੇ ਜਾਣਾ ਹੈ। ਕਹਿੰਦੀ ਮੈਂ ਨਹੀਂ ਜਾਣਾ, ਮੇਰੇ ਪਿਤਾ ਜੀ ਨੇ ਆਉਣਾ ਹੈ, ਉਹਨੂੰ ਮਿਲ ਕੇ ਜਾਉਂਗੀ, ਤੁਹਾਨੂੰ ਖੇਚਲ ਤਾਂ ਜ਼ਰੂਰ ਹੋਈ ਹੈ, ਤੁਸੀਂ ਦੁਬਾਰਾ ਆ ਜਾਣਾ। ਐਧਰਲੀ ਗੱਲ ਤਾਂ ਸੁਣਦੀ ਹੈ ਓਧਰਲੀ ਨਹੀਂ ਸੁਣਦੀ। ਅਖੀਰ ਉਨ੍ਹਾਂ ਨੇ ਕਿਹਾ ਕਿ ਚੰਗਾ ਬੇਟਾ! ਅਸੀਂ ਫੇਰ ਰਾਤ ਨੂੰ ਦੱਸ ਵਜੇ ਆਵਾਂਗੇ। ਐਧਰੋਂ ਇਹਦਾ ਪਿਤਾ ਆ ਗਿਆ ਤੇ ਕਹਿਣ ਲੱਗਿਆ ਕਿ ਕੀ ਹਾਲ ਹੈ? ਕਹਿੰਦੀ, ਮੈਂ ਤੁਹਾਡਾ ਇੰਤਜ਼ਾਰ ਕਰਦੀ ਹਾਂ, 12 ਵਜੇ ਬਾਬਾ ਜੀ ਆਏ ਸੀ ਲੈਣ, ਤੁਸੀਂ ਚਲੇ ਗਏ, ਹੁਣ 10 ਵਜੇ ਆਉਣਗੇ, ਸਾਰਾ ਪਿੰਡ ਫੇਰ ਇਕੱਠਾ ਹੋ ਗਿਆ। ਕਹਿਣ ਲੱਗੀ, ਮੈਨੂੰ ਹੁਣ ਉਲਟੀ ਆਉਣੀ ਹੈ, ਉਲਟੀ ਆ ਗਈ, ਆਪੇ ਹੀ ਚੁੱਕ ਕੇ ਸੁੱਟ ਆਈ ਬਾਹਰ। ਸਫ ਤੇ ਬਹਿ ਗਈ, ਕਹਿੰਦੀ ਲਓ ਬਾਬਾ ਜੀ ਆ ਗਏ, ਇਕੱਲੇ ਆਏ ਨੇ। ਕਹਿੰਦੀ, ਬਾਕੀ ਸਿੰਘ? ਕਹਿੰਦੇ, ਉਹ ਬਾਹਰ ਖੜ੍ਹੇ ਨੇ, ਕਹਿੰਦੇ ਚੱਲ ਆਪਾਂ ਹੁਣ ਚੱਲੀਏ। ਕਹਿੰਦੀ ਚੱਲ ਹੁਣ ਆਪਾਂ ਚੱਲੀਏ, ਕਹਿੰਦੀ ਚੰਗਾ ਮੈਂ ਹੁਣ ਜਾਨੀ ਆਂ। 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।' ਲੰਮੀ ਪੈ ਗਈ ਤੇ ਸੁਆਸ ਨਿਕਲ ਗਏ।

ਇਕ ਲੜਕੀ ਆਮ ਸਾਧਾਰਣ, ਪ੍ਰਭੂ ਦਾ ਨਾਮ ਜਪਦੀ ਸੀ। ਮਹਾਰਾਜ ਕਹਿੰਦੇ -

***ਪ੍ਰਭ ਕੈ ਸਿਮਰਨਿ ਕਾਲੁ ਪਰਹਰੈ ॥***

***ਅੰਗ - ੨੬੨***

ਕਾਲ ਨੂੰ ਰੋਕ ਦਿੰਦਾ ਹੈ ਪ੍ਰਮੇਸ਼ਰ ਦਾ ਨਾਮ ਲੈਣ ਵਾਲਾ ਕਿ ਠਹਿਰ ਜਾ। ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਨੇ ਦੋ ਮਹੀਨੇ, ਦੋ ਸਾਲ, ਦੋ ਦਿਨ ਕਾਲ ਨੂੰ ਰੋਕ ਦਿਤਾ ਕਿ ਦੋ ਸਾਲ, ਦੋ ਮਹੀਨੇ, ਦੋ ਦਿਨ ਬਾਅਦ ਆਈਂ ਪਰ ਅਸੀਂ ਮਰਿਆਦਾ ਭੰਗ ਨਹੀਂ ਕਰਦੇ ਸਾਡੀ ਥਾਂ 'ਤੇ ਸੰਤ ਲਾਲ ਸਿੰਘ ਜੀ ਜਾਣਗੇ ਹੁਣ। ਇਨ੍ਹਾਂ ਦੀ ਥਾਂ ਤੇ ਮੈਂ ਜਾਵਾਂਗਾ। ਕਿਉਂਕਿ ਸੰਗਤ ਬਹੁਤ ਜ਼ਿਆਦਾ ਮਗਰ ਪਈ ਹੋਈ, ਬਿਰਹਾ ਕਰਦੀ ਹੈ, ਪਿਆਰ ਕਰਦੀ ਹੈ, ਐਸ ਹਾਲ 'ਚ ਅਸੀਂ ਸੰਗਤ ਨੂੰ ਛੱਡ ਕੇ ਨਹੀਂ ਜਾ ਸਕਦੇ। ਏਸੇ ਕਰਕੇ ਗੁਰੂ ਮਹਾਰਾਜ ਜੀ ਨੇ ਐਸਾ ਫੁਰਮਾਨ ਕਰਿਆ ਹੈ -

***ਗੁਰਮੁਖ ਆਵੈ ਜਾਏ ਨਿਸੰਗ।***

ਸਿਦਕ ਦੇਖਿਆ ਦੇਵਤਿਆਂ ਨੇ, ਕਾਲ ਨੂੰ ਮੋੜ ਦਿਤਾ, ਅਜੇ ਨਹੀਂ ਮੈਂ ਜਾਣਾ, ਮੇਰੇ ਸਤਿਗੁਰੂ ਜੀ ਨੇ ਆਉਣਾ ਹੈ ਮੈਂ ਦਰਸ਼ਨ ਕਰਕੇ ਆਵਾਂਗੀ। ਦੇਵਤਿਆਂ 'ਚ ਪਤਾ ਲੱਗਿਆ ਕਿ ਐਸਾ ਵੀ ਕੋਈ ਆ ਗਿਆ ਕਿ ਜਿਹਨੇ ਕਾਲ ਨੂੰ ਜਵਾਬ ਦੇ ਦਿਤਾ। ਉਸ ਵੇਲੇ ਇੰਦਰ ਦੇਵਤਾ ਆਉਂਦਾ ਹੈ ਕਿ ਮਾਤਾ! ਮੇਰੇ ਲੋਕ ਵਿਚ ਐਸ ਲੋਕ ਨਾਲੋਂ ਦੱਸ ਅਰਬ ਗੁਣਾਂ ਜ਼ਿਆਦਾ ਸੁਖ ਹੈ ਚੱਲ ਮੈਂ ਤੈਨੂੰ ਆਪਣੇ ਦੇਸ਼ ਵਿਚ, ਵਾਸਾ ਦਿੰਦਾ ਹਾਂ ਕਿਉਂਕਿ ਤੇਰਾ ਸਿਦਕ ਬਹੁਤ ਪੱਕਾ ਹੈ। ਕਹਿੰਦੀ, ਨਾ ਮੈਨੂੰ ਸੁਰਗ ਦੀ ਲੋੜ ਨਹੀਂ ਹੈ। ਬ੍ਰਹਮ ਲੋਕ ਦੇ ਦੇਵਤੇ ਆਉਂਦੇ ਨੇ, ਕਰਮ ਦੇਵ ਦੇ ਆਉਂਦੇ, ਅਜਾਨ ਦੇਵ ਲੋਕ ਦੇ ਆਉਂਦੇ ਨੇ ਅਖੀਰ ਵਿਸ਼ਨੂੰ ਭਗਵਾਨ ਬੈਕੁੰਠ ਧਾਮ ਵਾਲੇ ਆਏ,

ਕਹਿਣ ਲੱਗੇ, ਮਾਤਾ! ਤੇਰੀ ਭਗਤੀ ਤੇ ਅਸੀਂ ਬਹੁਤ ਪ੍ਰਸੰਨ ਹਾਂ ਤੇ ਮੈਂ ਤੈਨੂੰ ਬੈਕੁੰਠ ਧਾਮ ਵਿਚ ਲੈ ਕੇ ਜਾਣ ਆਇਆ ਹਾਂ।

ਜਿਵੇਂ ਜਦੋਂ ਕੋਈ ਮੁੰਡਾ ਫਸਟ ਆ ਜਾਵੇ, ਜਦੋਂ ਮੈਂ ਅਮਰੀਕਾ 'ਚ ਸੀ, ਉਥੇ ਇਕ ਅੱਠਵੀਂ ਜਮਾਤ ਦਾ ਮੁੰਡਾ ਫਸਟ ਆ ਗਿਆ, ਇੰਡੀਅਨ ਸੀ, ਸਾਰੀਆਂ ਯੂਨੀਵਰਸਿਟੀਆਂ ਦੀਆਂ ਚਿੱਠੀਆਂ ਆ ਗਈਆਂ, ਬੰਦੇ ਆਏ ਕਿ ਅਸੀਂ ਤੈਨੂੰ ਫਰੀ ਪੜ੍ਹਾਵਾਂਗੇ ਤੂੰ ਸਾਡੀ ਯੂਨੀਵਰਸਿਟੀ 'ਚ ਆ ਜਾ, ਉਹ ਕਹੇ ਸਾਡੀ 'ਚ ਆ ਜਾ। ਐਵੇਂ ਹੀ ਦੇਵਤੇ ਜਿਹੜੇ ਨੇ ਇਹ ਵੀ ਆ ਕੇ ਔਫਰਾਂ ਕਰਦੇ ਨੇ ਕਿ ਮੇਰੇ ਲੋਕ 'ਚ ਆ ਜਾਵੇ ਇਹ। ਮਾਤਾ ਕਹਿਣ ਲੱਗੀ, ਮੈਨੂੰ ਬੈਕੁੰਠ ਦੀ ਲੋੜ ਨਹੀਂ-

*ਜਬ ਲਗੁ ਮਨਿ ਬੈਕੁੰਠ ਕੀ ਆਸ ॥*
*ਤਬ ਲਗੁ ਹੋਇ ਨਹੀ ਚਰਨ ਨਿਵਾਸੁ ॥*
*ਅੰਗ - ੩੨੫*

ਜਿੰਨਾਂ ਚਿਰ ਬੈਕੁੰਠ ਦੀ ਆਸ ਹੈ ਕੋਈ ਕੰਮ ਨਹੀਂ ਬਣਿਆ ਕਰਦਾ।

*ਸੁਰਗ ਮੁਕਤਿ ਬੈਕੁੰਠ ਸਭਿ ਬਾਂਛਹਿ*
*ਨਿਤਿ ਆਸਾ ਆਸ ਕਰੀਜੈ ॥*
*ਹਰਿ ਦਰਸਨ ਕੇ ਜਨ ਮੁਕਤਿ ਨ ਮਾਂਗਹਿ*
*ਮਿਲਿ ਦਰਸਨ ਤ੍ਰਿਪਤਿ ਮਨੁ ਧੀਜੈ ॥*
*ਅੰਗ - ੧੩੨੪*

ਉਹ ਤਾਂ ਮੁਕਤੀ ਵੀ ਨਹੀਂ ਮੰਗਦੇ।

ਮੁਕਤੀ ਨੂੰ ਵੀ ਛੱਡ ਦਿੰਦੇ ਨੇ, ਕਿਉਂਕਿ ਦਰਸ਼ਨਾਂ ਦੇ ਜਿਹੜੇ ਪ੍ਰੇਮੀ ਨੇ ਦਰਸ਼ਨਾਂ ਤੋਂ ਬਗੈਰ ਜੀਉਂਦੇ ਨਹੀਂ ਰਹਿੰਦੇ। ਐਸੀ ਜਦ ਹਾਲਤ ਹੋਈ ਗੁਰੂ ਮਹਾਰਾਜ ਤੇਜ਼-ਤੇਜ਼ ਚਲਦੇ ਹੋਏ, ਬੜੇ ਲੰਮੇ-ਲੰਮੇ ਕੈਂਪ ਲਾਉਂਦੇ ਹੋਏ ਅੱਜ ਸ੍ਰੀ ਨਗਰ ਪਹੁੰਚ ਜਾਂਦੇ ਨੇ, ਦਰਿਆ ਭਰੇ ਹੋਏ ਨੇ, ਬੜੀ ਮੁਸ਼ਕਲ ਦੇ ਨਾਲ ਦਰਿਆਵਾਂ ਤੋਂ ਲੰਘਦੇ ਨੇ, ਪਰ ਇਕ ਪਾਸੇ ਪਿਆਰ ਐਨਾ ਤਕੜਾ ਹੈ ਖਿੱਚੀਂ ਤੁਰਿਆ ਜਾ ਰਿਹਾ ਹੈ। ਬੰਨ੍ਹੇ ਹੋਏ ਪਿਆਰ ਦੇ ਆਪ ਆ ਰਹੇ ਨੇ -

*ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥*
*ਜਹ ਜਹ ਕਾਜ ਕਿਰਤਿ ਸੇਵਕ ਕੀ*
*ਤਹਾ ਤਹਾ ਉਠਿ ਧਾਵੈ ॥ ਅੰਗ - ੪੦੩*

ਸੌ ਸਾਥੀ ਨਾਲ ਨੇ ਮਹਾਰਾਜ ਜੀ ਦੇ, ਤਿਆਰ-ਬਰ-ਤਿਆਰ ਫੌਜ ਵਾਲੇ। ਸਾਰੇ ਉਥੇ ਆਗਤ ਭਾਗਤ 'ਚ ਲੱਗੇ ਹੋਏ, ਗੁਰੂ ਮਹਾਰਾਜ ਜੀ ਇਕ ਪਾਸੇ ਨੂੰ ਘੋੜੇ ਤੇ ਸਵਾਰ ਹੋ ਕੇ ਨਿਕਲ ਗਏ। ਪਹੁੰਚੇ ਕਿੱਥੇ, ਕਾਠੀ ਦਰਵਾਜ਼ੇ ਮਾਤਾ ਦੇ ਘਰ ਪਹੁੰਚ ਗਏ। ਅੱਗੇ ਮਾਤਾ, ਥੜ੍ਹੇ ਵਲ ਮੂੰਹ ਕਰਿਆ ਹੋਇਆ ਹੈ ਤੇ ਪ੍ਰਸ਼ਾਦਾ ਤਾਜ਼ਾ ਲਾਹ ਕੇ ਰੱਖਿਆ ਹੋਇਆ ਹੈ। ਬੇਨਤੀਆਂ ਕਰਦੀ ਹੈ ਕਿ ਹੇ ਪਾਤਸ਼ਾਹ, ਆਪ ਕ੍ਰਿਪਾ ਕਰੋ। ਆਪ ਕ੍ਰਿਪਾ ਕਰੋ। ਬੇਨਤੀਆਂ ਕਰਦੀ ਹੈ, ਅਰਦਾਸ ਹਿਰਦੇ 'ਚ ਚੱਲ ਰਹੀ ਹੈ, ਹੇ ਪ੍ਰਭੂ! ਕ੍ਰਿਪਾ ਕਰੋ, ਦਰਸ਼ਨ ਦੇਵੋ ਤੇ ਹੁਣ ਤੁਸੀਂ ਪ੍ਰਸ਼ਾਦ ਤਿਆਰ ਹੈ ਛਕੋ। ਮਹਾਰਾਜ ਜੀ ਘੋੜੇ ਤੋਂ ਮਲਕੜੇ ਉਤਰੇ ਤੇ ਜਾ ਕੇ ਓਸ ਥੜ੍ਹੇ ਤੇ ਬੈਠ ਜਾਂਦੇ ਨੇ, ਥਾਲ ਦੇ ਉਤੋਂ ਰੁਮਾਲਾ ਚੁੱਕਿਆ ਤੇ ਪ੍ਰਸ਼ਾਦਾ ਛਕਣਾ ਸ਼ੁਰੂ ਕਰ ਦਿਤਾ। ਉਸ ਵੇਲੇ ਥੋੜ੍ਹੀ ਦੇਰ ਤੋਂ ਬਾਅਦ ਮਾਤਾ ਨੇ ਨੇਤਰ ਖੋਲ੍ਹੇ, ਜਿਹੜਾ ਸਰੂਪ ਅੰਦਰ ਓਸਨੇ ਵਸਾਇਆ ਹੋਇਆ ਸੀ, ਕੀ ਦੇਖਦੀ ਹੈ ਓਹੀ ਸਰੂਪ ਮੀਰੀ ਪੀਰੀ ਦਾ ਮਾਲਕ, ਪੂਰੇ ਸ਼ਸਤਰ ਲੱਗੇ ਹੋਏ, ਜਿਗ੍ਹਾ ਕਲਗੀ ਲੱਗੀ ਹੋਈ ਤੇ ਪ੍ਰਸ਼ਾਦਾ ਛਕ ਰਹੇ ਨੇ। ਦਰਸ਼ਨ ਦੀ ਝਲਕ ਸਹਿ ਨਾ ਸਕੀ। ਸਭ ਕੁਛ ਭੁੱਲ ਗਿਆ।

***ਦਰਸਨ ਦੇਖਤ ਹੀ***
***ਸੁਧ ਕੀ ਨ ਸੁਧ ਰਹੀ***
***ਬੁਧਿ ਕੀ ਨ ਬੁਧਿ ਰਹੀ***
***ਮਤਿ ਮੈਂ ਨ ਮਤਿ ਹੈ॥***
***ਸੁਰਤਿ ਮੈਂ ਨ ਸੁਰਤਿ ਅਉ***
***ਧ੍ਯਾਨ ਮੈਂ ਨ ਧ੍ਯਾਨ ਰਹ੍ਯੋ॥***
***ਗ੍ਯਾਨ ਮੈ ਨ ਗ੍ਯਾਨ ਰਹ੍ਯੋ***
***ਗਤਿ ਮੈਂ ਨ ਗਤਿ ਹੈ॥***
***ਧੀਰਜ ਕੋ ਧੀਰਜ***
***ਗਰਬ ਕੋ ਗਰਬ ਗ੍ਯੋ***
***ਰਤਿ ਮੈਂ ਨ ਰਤਿ ਰਹੀ***
***ਪਤਿ ਰਤਿ ਪਤਿ ਹੈ॥***
***ਅਦਭੁਤ ਪਰਮਦਭੁਤ ਬਿਸਮੈ ਬਿਸਮ***
***ਅਸਚਰਜੈ ਅਸਚਰਜ ਅਤਿ ਅਤਿ ਹੈ॥***
***(ਕਬਿੱਤ ਸ੍ਵਯੇ ਭਾਈ ਗੁਰਦਾਸ ਜੀ)***

ਮਸਤ ਹੋ ਗਈ ਪਤਾ ਨਹੀਂ ਲਗਦਾ, ਨਮਸਕਾਰ ਕਰਨੀ ਭੁੱਲ ਗਈ, ਲੀਨ ਹੋ ਗਈ, ਉਨ੍ਹਾਂ ਦਰਸ਼ਨਾਂ ਦੇ ਵਿਚ। ਮਹਾਰਾਜ ਜੀ ਪ੍ਰਸ਼ਾਦ ਛਕ ਕੇ ਕਹਿੰਦੇ ਮਾਤਾ, ਉਹ ਵਸਤਰ ਤਾਂ ਲਿਆ ਜਿਹੜਾ ਤੂੰ ਬਣਾਇਆ ਹੈ, ਯਾਦ ਆਇਆ ਕਿ ਹੈਂ ਮੈਂ ਤਾਂ ਸਭ ਕੁਛ, ਮਰਿਆਦਾ ਹੀ ਭੁੱਲ ਗਈ, ਨਮਸਕਾਰ ਕਰਨੀ ਸੀ, ਟੁੰਬੀ ਗਈ ਉਸ ਵੇਲੇ ਆ ਕੇ ਨਮਸਕਾਰ ਕਰਦੀ ਹੈ, ਨੇਤਰਾਂ 'ਚੋਂ ਜਲ ਜਾ ਰਿਹਾ, ਪਾਤਸ਼ਾਹ! ਮੁਆਫ਼ ਕਰੀਂ ਮੈਂ ਤੇਰਾ ਆਦਰ ਨਹੀਂ ਕੋਈ ਵੀ ਕਰਿਆ। ਮੈਂ ਤੇਰਾ ਕੋਈ ਸਤਿਕਾਰ ਨਹੀਂ ਕਰਿਆ, ਮੈਂ ਤੇਰੇ ਹੱਥ ਨਹੀਂ ਧੁਆਏ, ਕੋਈ ਹੋਰ ਨਹੀਂ ਮੈਂ ਕੰਮ ਕਰਿਆ। ਓਸ ਵੇਲੇ ਮਹਾਰਾਜ ਲਈ ਜਿਹੜਾ ਚੋਲਾ ਤਿਆਰ ਕਰਿਆ ਸੀ, ਵਸਤਰ ਦੇ ਦਿਤਾ, ਮਹਾਰਾਜ ਕਹਿੰਦੇ ਐਉਂ ਕਰ, ਹੁਣੇ ਦਰਜੀ ਬੁਲਾਓ ਤੇ ਹੁਣੇ ਇਥੇ ਮੇਰੇ ਸਾਮ੍ਹਣੇ ਸਿਉਂ

ਦਿਓ ਤੇ ਅਸੀਂ ਤੇਰੇ ਸਾਮ੍ਹਣੇ ਹੀ ਪਾਉਣਾ ਹੈ। ਸੋ ਉਸ ਵੇਲੇ ਦਰਜੀ ਬੁਲਾ ਲਿਆ ਤੇ ਮਹਾਰਾਜ ਜੀ ਨੇ ਉਹ ਚੋਲਾ ਪਾ ਲਿਆ ਤੇ ਓਧਰੋਂ ਮਾਤਾ ਦਾ ਅੰਤ ਕਾਲ ਆ ਚੁੱਕਿਆ ਸੀ। ਮਹਾਰਾਜ ਨੇ ਸੀਸ ਤੇ ਹੱਥ ਰੱਖਿਆ, ਗੋਦੀ 'ਚ ਲੈ ਲਈ ਸੀ, ਤੇ ਮਹਾਰਾਜ ਦੀ ਗੋਦੀ 'ਚ ਹੀ ਪ੍ਰਾਣ ਪੰਖੇਰੂ ਉਡ ਗਏ। ਓਸ ਵੇਲੇ ਜਦੋਂ ਜਾ ਰਹੀ ਹੈ ਸੱਚਖੰਡ ਨੂੰ, ਸਾਰੇ ਦੇਵੀ ਦੇਵਤੇ ਆਪਣੇ-ਆਪਣੇ ਮੰਡਲ ਦੇ ਵਿਚ ਫੁੱਲ ਬਰਸਾ ਰਹੇ, ਧੰਨ-ਧੰਨ ਦਾ ਜੈਕਾਰਾ ਆ ਰਿਹਾ ਹੈ ਹਰ ਥਾਂ ਦੇ ਉਤੋਂ।

***ਧੰਨਿ ਧੰਨਿ ਕਹੈ ਸਭੁ ਕੋਇ ॥***
***ਮੁਖ ਊਜਲ ਹਰਿ ਦਰਗਹ ਸੋਇ ॥***
***ਅੰਗ - ੨੯੩***

ਸਾਰੇ ਲੋਕਾਂ ਦੇ ਵਿਚ, ਜਿਸ-ਜਿਸ ਲੋਕ ਦੇ ਵਿਚੋਂ ਲੰਘਦੀ ਹੈ ਉਥੇ ਦੇ ਦੇਵਤੇ ਸਵਾਗਤ ਕਰਦੇ ਨੇ, ਜੈ-ਜੈਕਾਰ ਕਰਦੇ ਨੇ ਕਿ ਕਿੱਡਾ ਪਿਆਰ ਸੀ ਇਸਦਾ, ਸਵਰਗ ਲੋਕ ਏਸ ਨੇ ਛੱਡ ਦਿਤੇ। ਸੋ ਇਹ ਪਿਆਰ ਦੀ ਕਥਾ ਹੈ ਕਿ -

***ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥***

ਪਿਆਰ ਤੋਂ ਬਗੈਰ ਵਾਹਿਗੁਰੂ ਨਹੀਂ ਮਿਲਦਾ, ਹੋਰ ਲੱਖ ਯਤਨ ਕਰ ਲਓ, ਨਹੀਂ ਮਿਲਦਾ, ਨਾ ਉਹ ਭਿੱਜਦਾ ਹੈ ਪਿਆਰ ਤੋਂ ਬਿਨਾਂ, ਸੋ ਏਸ ਕਰਕੇ ਗੁਰੂ ਮਹਾਰਾਜ ਫੁਰਮਾਨ ਕਰਦੇ ਨੇ ਕਿ ਜਿਸ ਦੀ ਸੱਚੀ ਲਗਨ ਹੋਵੇ, ਸੱਚਾ ਪਿਆਰ ਹੋਵੇ -

***ਰੀ ਬਾਈ ਬੇਢੀ ਦੇਨੁ ਨ ਜਾਈ ॥***
***ਦੇਖੁ ਬੇਢੀ ਰਹਿਓ ਸਮਾਈ ॥***
***ਹਮਾਰੈ ਬੇਢੀ ਪ੍ਰਾਨ ਅਧਾਰਾ ॥ ੧ ॥ ਰਹਾਉ ॥***
***ਬੇਢੀ ਪ੍ਰੀਤਿ ਮਜੂਰੀ ਮਾਂਗੈ***
***ਜਉ ਕੋਊ ਛਾਨਿ ਛਵਾਵੈ ਹੋ ॥***
***ਲੋਗ ਕੁਟੰਬ ਸਭਹੁ ਤੇ ਤੋਰੈ***
***ਤਉ ਆਪਨ ਬੇਢੀ ਆਵੈ ਹੋ ॥ ਅੰਗ - ੬੫੭***

ਸਾਡਾ ਪਿਆਰ ਵੰਡਿਆ ਹੋਇਆ ਹੈ ਅਸੀਂ ਵਾਹਿਗੁਰੂ ਨੂੰ ਪਿਆਰ ਨਹੀਂ ਕਰਦੇ, ਵਾਹਿਗੁਰੂ ਦੀਆਂ ਦਿਤੀਆਂ ਹੋਈਆਂ ਦਾਤਾਂ 'ਚ ਫਸ ਗਏ।

***ਦਾਤਿ ਪਿਆਰੀ ਵਿਸਰਿਆ ਦਾਤਾਰਾ ॥***
***ਅੰਗ - ੬੭੬***

ਉਹ ਮਾਲਕ ਜਿਹੜਾ ਹਰ ਵਕਤ ਇੰਤਜ਼ਾਰ ਕਰਦਾ ਹੈ, ਹਰ ਵਕਤ ਆਵਾਜ਼ ਦਿੰਦਾ ਹੈ -

***ਦਿਲਾ ਕਾ ਮਾਲਕੁ ਕਰੇ ਹਾਕੁ ॥***
***ਕੁਰਾਨ ਕਤੇਬ ਤੇ ਪਾਕੁ ॥ ਅੰਗ - ੮੯੭***

ਵਾਹਿਗੁਰੂ ਦੀ ਆਵਾਜ਼ ਅੰਦਰ ਸੁਣਾਈ ਦੇਣ ਲਗ ਜਾਂਦੀ ਹੈ ਕਿ ਐ ਜੀਵ! ਤੂੰ ਭਟਕ ਗਿਆ, ਬੜੀ ਦੇਰ ਹੋ ਗਈ ਤੈਨੂੰ ਦੁਖੀ ਹੁੰਦੇ ਨੂੰ, ਆ ਤੇਰੇ ਵਾਸਤੇ ਮੈਂ ਦਰਵਾਜ਼ਾ ਖੋਲ੍ਹਾਂ, ਤੂੰ ਮੁੜ ਤਾਂ ਸਹੀ ਪਿੱਛੇ। ਪਰ ਹੁੰਦਾ ਕੀ ਹੈ, ਇਹ ਜੀਵ ਭੁੱਲਿਆ ਹੋਇਆ ਹੈ -

***ਨਉ ਘਰ ਦੇਖਿ ਜੁ ਕਾਮਨਿ ਭੂਲੀ***
***ਬਸਤੁ ਅਨੂਪ ਨ ਪਾਈ ॥ ਅੰਗ - ੩੩੯***

ਆਤਮ ਤੱਤ ਨੂੰ ਨਹੀਂ ਜਾਣਿਆ ਤੇ ਜੀਵ ਜਿਹੜਾ ਛਿਨ ਭੰਗਰ ਸੰਸਾਰ ਦੀ ਮਾਇਆ ਹੈ, ਧੀਆਂ ਨੇ, ਪੁੱਤਰ ਹੈ, ਜਾਇਦਾਦ ਨੇ, ਜ਼ਮੀਨ ਹੈ ਪੈਸਾ ਹੈ, ਇਹਦੇ ਵਿਚ ਪਰਚ ਗਿਆ, ਇਹਦੇ ਵਿਚ ਪਰਚ ਬਾਜੀ ਹਾਰ ਕੇ ਸੰਸਾਰ ਤੋਂ ਚਲਿਆ ਜਾਂਦਾ ਹੈ।

ਵਾਹਿਗੁਰੂ ਜੀ ਕਾ ਖਾਲਸਾ

ਵਾਹਿਗੁਰੂ ਜੀ ਕੀ ਫਤਹਿ।

# ਜਪੁਜੀ ਸਾਹਿਬ ਦਾ ਮਹਾਤਮ

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*
*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥*
*ਅੰਗ - ੨੮੯*
***ਧਾਰਨਾ - ਗਾਵਹੁ ਗੁਰਾਂ ਦੀ ਬਾਣੀ,***
***ਆਵਹੁ ਸਿਖਹੁ ਪਿਆਰਿਓ***
*ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ*
*ਗਾਵਹੁ ਸਚੀ ਬਾਣੀ ॥*
*ਬਾਣੀ ਤ ਗਾਵਹੁ ਗੁਰੂ ਕੇਰੀ*
*ਬਾਣੀਆ ਸਿਰਿ ਬਾਣੀ ॥*
*ਜਿਨ ਕਉ ਨਦਰਿ ਕਰਮੁ ਹੋਵੈ*
*ਹਿਰਦੈ ਤਿਨਾ ਸਮਾਣੀ ॥*
*ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ*
*ਜਪਿਹੁ ਸਾਰਿਗਪਾਣੀ ॥*
*ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ ॥*
*ਅੰਗ - ੯੨੦*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਗੁਰੂ ਮਹਾਰਾਜ ਦੀ ਪ੍ਰੇਰਨਾ ਦੇ ਸਦਕੇ ਐਸੀ ਧੁੱਪ ਦੇ ਅੰਦਰ, ਹਾੜ੍ਹ ਦੇ ਮਹੀਨੇ ਦੀ ਸੰਗਰਾਂਦ ਮਨਾਉਣ ਵਾਸਤੇ ਬਹੁਤ ਦੂਰ-ਦਰਾਜ਼ ਤੋਂ ਆਪ ਆਏ ਓਂ। ਕਿਉਂਕਿ ਮੈਂ ਜਾਣਦਾ ਹਾਂ ਬਹੁਤਿਆਂ ਨੂੰ, ਪਰ ਬਹੁਤਿਆਂ ਨੂੰ ਨਹੀਂ ਪਤਾ ਕਿ ਸੰਗਤ ਕਿੱਥੋਂ-ਕਿੱਥੋਂ ਆਉਂਦੀ ਹੈ। ਪਾਉਂਟਾ ਸਾਹਿਬ ਤੋਂ ਲੈ ਕੇ ਅੰਬਾਲਾ, ਰੋਪੜ, ਮਾਛੀਵਾੜੇ ਤੱਕ, ਰਾਜਪੁਰਾ ਦੂਰ ਤੋਂ ਸੰਗਤ ਪਹੁੰਚਦੀ ਹੈ, ਕਿੱਡਾ ਵੱਡਾ ਤਪ ਹੈ ਇਹ, ਕਿੰਨੀ ਗਰਮੀ ਪੈ ਰਹੀ ਹੈ, ਉਹ ਪ੍ਰੇਮੀ ਜਿਹੜਾ ਪੰਜ ਧੂਣੀਆਂ ਤਾਪਦਾ ਹੈ, ਚਾਰ ਆਲੇ-ਦੁਆਲੇ ਲਾਉਂਦਾ ਹੈ, ਪੰਜਵਾਂ ਸੂਰਜ ਸਿਰ ਤੇ ਪੈਂਦਾ ਹੈ, ਅਸੀਂ ਕਹਿੰਦੇ ਹਾਂ ਕਿ ਉਹ ਬਹੁਤ ਤਪ ਕਰ ਰਿਹਾ ਹੈ, ਮਹਾਰਾਜ ਕਹਿੰਦੇ ਕੁੱਛ ਵੀ ਨਹੀਂ ਹੈ, ਉਹ ਜੇ ਸੌ ਸਾਲ ਤਪ ਕਰੀ ਜਾਵੇ, ਸਾਧਸੰਗਤ ਜੀ ਤੁਸੀਂ ਜੇ ਚਿੱਤ ਇਕਾਗਰ ਕਰਕੇ ਇਕ ਦੀਵਾਨ ਸਰਵਣ ਕਰ ਲਓਂ, ਇਹਦਾ ਫਲ ਸੌ ਸਾਲ ਦੀ ਤਪਸਿਆ ਤੋਂ ਵੱਧ ਹੈ, ਇਹ ਕੋਈ ਐਸੀ ਗੱਲ ਨਹੀਂ, ਨਿਰਾਰਥਕ ਨਹੀਂ, ਕਿਉਂਕਿ ਉਹ ਹੱਠ ਤਪ ਹੈ, ਇਹ ਸਹਿਜ ਤਪ ਹੈ। ਸਹਿਜ ਤਪ ਦਾ, ਸਹਿਜ ਭਜਨ ਦਾ ਫਲ ਬੇਅੰਤ ਵੱਧ ਹੋਇਆ ਕਰਦਾ ਹੈ, ਸਿਰਫ ਇਹਦੇ 'ਚ ਇਹ ਹੁੰਦਾ ਹੈ ਕਿ ਚਿੱਤ ਨੂੰ ਇਕਾਗਰ ਕਰਕੇ ਫੁਰਨਿਆਂ ਨੂੰ ਰੋਕੇ, ਨੇਤਰ ਗੁਰੂ ਸਰੂਪ ਵਲ ਰੱਖੋ, ਕੰਨਾਂ ਦੇ ਨਾਲ ਬਾਣੀ ਸਰਵਣ ਕਰੋ, ਬੁੱਧੀ ਦੇ ਨਾਲ ਵਿਚਾਰ ਕਰੋ, ਰਸਨਾ ਦੇ ਨਾਲ ਗਾਓ, ਫੇਰ ਫਲ ਕਿੰਨਾ ਹੋ ਜਾਏਗਾ, ਮਹਾਰਾਜ ਕਹਿੰਦੇ -

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥***
*ਅੰਗ - ੫੪੬*

ਕਈ ਕਰੋੜ ਜੱਗਾਂ ਦਾ ਫਲ ਮਿਲਦਾ ਹੈ, ਜਿਹੜੇ ਸੁਣਦੇ ਨੇ ਤੇ ਫੇਰ ਗਾਉਂਦੇ ਨੇ। ਕਿੰਨਾ ਸੁਖਾਲਾ ਕਰ ਦਿਤਾ ਮਹਾਰਾਜ ਗੁਰੂ ਨਾਨਕ ਪਾਤਸ਼ਾਹ ਨੇ, ਇਹ ਅਹਿਸਾਨ ਨਹੀਂ ਸਾਨੂੰ ਭੁੱਲਣਾ ਚਾਹੀਦਾ। ਇਹ ਤਾਂ ਸ਼ੁਕਰ ਹੈ ਜਿਹੜੇ ਇਸ ਘਰ 'ਚ ਪੈਦਾ ਹੋ ਗਏ ਜੇ ਹੁਣ ਵੀ ਉਹ ਗਰੀਬੀ 'ਚ ਰਹਿਣ, ਰੂਹਾਨੀਅਤ ਦੀ ਗਰੀਬੀ 'ਚ, ਫੇਰ ਉਨ੍ਹਾਂ ਵਰਗਾ ਮੰਦਭਾਗੀ ਸੰਸਾਰ 'ਚ ਕੋਈ ਨਹੀਂ। ਇਕ ਤਾਂ ਕਲਜੁਗ 'ਚ ਜਨਮ ਮਿਲ ਗਿਆ, ਕਲਜੁਗ ਦੇ ਅੰਦਰ ਇਹ ਵਿਸ਼ੇਸ਼ਤਾ ਹੈ ਪਿਛਲੀ ਵਾਰੀ ਦੱਸਿਆ ਸੀ ਕਿ ਸਤਿਜੁਗ ਦੇ ਅੰਦਰ ਇਕ ਲੱਖ ਸਾਲ ਕੋਈ ਆਦਮੀ ਤਪ ਕਰਦਾ ਹੈ, ਤ੍ਰੇਤੇ ਦੇ ਅੰਦਰ 10 ਹਜ਼ਾਰ ਸਾਲ ਕਰਦਾ ਹੈ, ਦੁਆਪਰ ਯੁੱਗ ਦੇ ਅੰਦਰ ਹਜ਼ਾਰ ਸਾਲ ਕਰਦਾ ਹੈ, ਆਹ ਕਲਜੁਗ ਦੇ ਅੰਦਰ ਇਕ ਸਤਿਸੰਗ ਕਰ ਲਓ ਮਨ ਚਿੱਤ ਲਾ ਕੇ, ਉਸ ਤੋਂ ਵੱਧ ਫਲ ਹੋ ਜਾਏਗਾ। ਇਹ ਵੀ ਗੁਰੂ ਨਾਨਕ ਪਾਤਸ਼ਾਹ ਦੀ ਕ੍ਰਿਪਾ ਹੈ ਕਿਉਂਕਿ ਆਪ ਪ੍ਰਸੰਨ ਹੋ ਗਏ ਸੀ। ਗੁਰੂ ਨਾਨਕ ਪਾਤਸ਼ਾਹ ਕੋਈ ਐਵੇਂ ਮਾਮੂਲੀ ਅਵਤਾਰ ਨਹੀਂ ਸੀਗੇ। ਜਿਹੜੇ ਬੰਦੇ ਕਈ ਕਹਿ ਦਿੰਦੇ ਨੇ ਕਿ ਗੁਰੂ ਨਾਨਕ ਦੇਵ ਜੀ ਵਿਸ਼ਨੂੰ ਜੀ ਦਾ ਅਵਤਾਰ ਸੀ, ਪਤਾ ਨਹੀਂ ਵਿਸ਼ਨੂੰ ਜੀ ਨੂੰ ਉਹ ਕੀ ਸਮਝਦੇ ਨੇ। ਮਹਾਰਾਜ ਤਾਂ ਕਹਿੰਦੇ -

***ਕਿਸਨ ਬਿਸਨ ਕਬਹੂੰ ਨ ਧਿਆਊ॥***

ਅਸੀਂ ਤਾਂ ਧਿਆਨ ਵਿਚ ਨਹੀਂ ਲਿਆਉਂਦੇ ਕਿਉਂਕਿ ਗੁਰਸਿੱਖ ਵੀ ਜਿਹੜੇ ਨੇ ਇਨ੍ਹਾਂ ਦੇਵਤਿਆਂ ਤੋਂ ਉਪਰ ਲੰਘ ਜਾਂਦੇ ਨੇ। ਦੇਵਤੇ ਹੇਠਾਂ ਰਹਿ ਜਾਂਦੇ ਨੇ। ਬੜੀ ਵਾਰੀ ਇਹ ਗੱਲ ਦੱਸੀ ਹੈ। ਸੋ ਇਹ ਧਿਆਨ ਦੇ ਨਾਲ ਸਰਵਣ ਕਰੋ ਕਿ ਗੁਰੂ ਨਾਨਕ ਪਾਤਸ਼ਾਹ, ਇਕ ਤਾਂ ਵਾਹਿਗੁਰੂ ਹੈ, ਵਾਹਿਗੁਰੂ ਜੀ ਕਹਿੰਦੇ ਮੈਂ ਤਾਂ ਹੈਗਾ ਪਾਰਬ੍ਰਹਮ ਪ੍ਰਮੇਸ਼ਰ, ਮੇਰਾ ਨਾ ਕੋਈ ਆਦਿ ਹੈ ਨਾ ਅੰਤ ਹੈ, ਨਾ ਮੇਰਾ ਕੋਈ ਪਾਰਾਵਾਰ ਪਾ ਸਕਦਾ ਹੈ, ਨਾ ਮੇਰੇ ਬਾਰੇ ਕੋਈ ਜਾਣ ਸਕਦਾ ਹੈ, ਨਾ ਬ੍ਰਹਮਾ, ਨਾ ਵਿਸ਼ਨੂੰ, ਨਾ ਸ਼ਿਵਜੀ ਮੇਰੇ ਬਾਰੇ ਨਹੀਂ ਜਾਣ ਸਕਦੇ-

***ਏਕਾ ਮਾਈ ਜੁਗਤਿ ਵਿਆਈ***
***ਤਿਨਿ ਚੇਲੇ ਪਰਵਾਣੁ ॥***
***ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀ ਬਾਣੁ ॥***
***ਜਿਵ ਤਿਸੁ ਭਾਵੈ ਤਿਵੈ ਚਲਾਵੈ***
***ਜਿਵ ਹੋਵੈ ਫੁਰਮਾਣੁ ॥***
***ਓਹੁ ਵੇਖੈ ਓਨਾ ਨਦਰਿ ਨ ਆਵੈ***
***ਬਹੁਤਾ ਏਹੁ ਵਿਡਾਣੁ ॥ ਅੰਗ - ੭***

ਕਹਿੰਦੇ ਅਸਚਰਜ ਇਹ ਹੈ ਕਿ ਵਾਹਿਗੁਰੂ ਜੀ ਤਾਂ ਦੇਖ ਰਹੇ ਨੇ ਤਿੰਨਾਂ ਦੇਵਤਿਆਂ ਨੂੰ। ਪਰ ਤਿੰਨਾਂ ਦੇਵਤਿਆਂ ਨੂੰ ਵਾਹਿਗੁਰੂ ਦਾ ਨਹੀਂ ਪਤਾ ਲਗਦਾ।

ਕੋਈ ਵੀ ਜਾਣ ਨਹੀਂ ਸਕਦਾ, ਨੇਤਿ ਨੇਤਿ ਨੇਤਿ ਵੇਦ ਉਚਾਰਦੇ ਨੇ। ਸੋ ਗੁਰੂ ਨਾਨਕ ਪਾਤਸ਼ਾਹ ਨੂੰ ਕਹਿਣ ਲੱਗੇ, "ਹੇ ਨਾਨਕ! ਮੈਂ ਤਾਂ ਹਾਂ ਪਾਰਬ੍ਰਹਮ ਪ੍ਰਮੇਸ਼ਰ ਤੇ ਤੂੰ ਹੈਂ ਗੁਰੂ ਪ੍ਰਮੇਸ਼ਰ। ਹੁਣ ਗੁਰੂ ਪ੍ਰਮੇਸ਼ਰ ਨੇ ਸਾਡੇ ਉਤੇ ਤਰਸ ਕੀਤਾ ਕਿਉਂਕਿ ਕਲਜੁਗ ਹੈ, ਐਡਾ ਮਾੜਾ ਯੁੱਗ ਹੈ ਕਿ ਬੰਦਾ ਪ੍ਰਮੇਸ਼ਰ ਵਲ ਲਗ ਨਹੀਂ ਸਕਦਾ, ਮਹਾਰਾਜ ਕਹਿੰਦੇ ਕੋਈ ਨਾ ਤੂੰ ਫਿਕਰ ਨਾ ਕਰ, ਤੈਨੂੰ ਅਸੀਂ ਚੰਗਾ ਬਣਾ ਦਿੰਦੇ ਹਾਂ। ਪਰ ਇਕ ਸ਼ਰਤ ਹੈ ਮੇਰੇ ਸਿੱਖਾਂ ਨੂੰ ਤੰਗ ਨਾ ਕਰੀਂ। ਜਿਹੜੇ ਸਤਿਸੰਗ 'ਚ ਆ ਕੇ ਬਹਿ ਜਾਣਗੇ ਓਥੇ ਨਾ ਤੂੰ ਗੜਬੜੀ ਮਚਾਈਂ, ਫੇਰ ਤੇਰਾ ਅਸੀਂ ਤੇਜ ਵਧਾ ਦਿੰਦੇ ਹਾਂ। ਕਹਿੰਦੇ ਤੇਰੇ ਯੁੱਗ ਦੇ ਅੰਦਰ ਜਿਹੜਾ ਮਨੁੱਖਾ ਜਨਮ ਧਾਰਨ ਕਰ ਲਏਗਾ, ਜੇ ਉਹ ਇਕ ਵਾਰੀ ਵੀ ਵਾਹਿਗੁਰੂ, ਰਾਮ, ਅੱਲਾਹ ਉਹਦੇ ਮੂੰਹ 'ਚੋਂ ਨਿਕਲ ਜਾਵੇ, ਇਕ ਵਾਰੀ ਵੀ।

***ਏਕ ਚਿਤ ਜਿਹ ਇਕ ਛਿਨ ਧਿਆਇਓ***
***ਕਾਲ ਫਾਸ ਕੇ ਬੀਚ ਨ ਆਇਓ॥***
***ਅਕਾਲ ਉਸਤਤਿ***

ਕਾਲ ਦੀ ਫਾਸੀ ਉਹਦੇ ਗਲ ਨਹੀਂ ਪਏਗੀ, ਕਿੱਡਾ ਵੱਡਾ ਯੁੱਗ ਹੈ, ਕਿੱਡੀ ਵੱਡੀ ਰਹਿਮਤ ਸਾਡੇ ਤੇ ਕਰ ਦਿਤੀ, ਮਹਾਰਾਜ ਕਹਿੰਦੇ ਜਿਹੜੇ ਹੁਣ ਵੀ ਖੁੰਝ ਜਾਣਗੇ ਉਨ੍ਹਾਂ ਵਰਗਾ ਬੇਭਾਗ ਦੁਨੀਆਂ ਤੇ ਕੋਈ ਨਹੀਂ। ਗੁਰੂ ਗ੍ਰੰਥ ਸਾਹਿਬ ਓਅੰਕਾਰ ਦਾ ਸਰੂਪ ਨੇ, ਓਅੰਕਾਰ ਉਹ ਸਰੂਪ ਹੈ, ਗੁਰੂ ਦਸਵੇਂ ਪਾਤਸ਼ਾਹ ਲਿਖਦੇ ਨੇ ਕਿ ਅਕਾਲ ਪੁਰਖ ਨੇ ਜਦੋਂ ਏਕੰਕਾਰ ਦਾ ਸਰੂਪ ਧਾਰਿਆ ਉਨ੍ਹਾਂ ਨੇ ਇਹ ਪਸਾਰਾ ਕਰਕੇ ਪ੍ਰਗਟ ਕਰਨਾ ਸ਼ੁਰੂ ਕਰ ਦਿਤਾ ਆਪਣੇ ਆਪ ਨੂੰ।

***ਨਿਰੰਕਾਰੁ ਆਕਾਰੁ ਹੋਇ***
***ਏਕੰਕਾਰੁ ਅਪਾਰੁ ਸਦਾਇਆ।***
***ਭਾਈ ਗੁਰਦਾਸ ਜੀ, ਵਾਰ 26/2***

ਓਸ ਤੋਂ ਸ਼ਬਦ ਧੁਨ ਹੋਈ, ਓਅੰਕਾਰ ਦੀ ਸ਼ਬਦ ਧੁਨ ਹੋਈ।

***ਏਕੰਕਾਰਹੁ ਸਬਦ ਧੁਨਿ***
***ਓਅੰਕਾਰ ਅਕਾਰੁ ਬਣਾਇਆ।***
***ਭਾਈ ਗੁਰਦਾਸ ਜੀ, ਵਾਰ 26/2***

ਆਹ ਸਾਰੀਆਂ ਸ੍ਰਿਸ਼ਟੀਆਂ, ਆਹ ਸਾਰੀ ਦੁਨੀਆਂ ਇਕ ਸ਼ਬਦ ਦੇ ਨਾਲ ਹੋ ਗਈ –

***ਕੀਤਾ ਪਸਾਉ ਏਕੋ ਕਵਾਉ ॥***
***ਤਿਸ ਤੇ ਹੋਏ ਲਖ ਦਰੀਆਉ ॥ ਅੰਗ - ੩***

ਆਹ ਸਾਰੀ ਦੁਨੀਆਂ ਬਣ ਗਈ, ਕਿਤੋਂ ਨਹੀਂ ਇੱਟਾਂ ਆਈਆਂ, ਕਿਤੋਂ ਨਹੀਂ ਆਏ ਪਾਣੀ, ਕਿਤੋਂ ਨਹੀਂ ਆਈ ਅੱਗ, ਸਿਰਫ ਇਕ ਸ਼ਬਦ ਕਿਹਾ ਹੈ, ਮਹਾਰਾਜ ਗੁਰੂ ਦਸਵੇਂ ਪਾਤਸ਼ਾਹ ਕਹਿੰਦੇ ਨੇ –

***ਪ੍ਰਥਮ ਓਅੰਕਾਰ ਤਿਨ ਕਹਾ***
***ਸੋ ਧੁਨ ਪੂਰ ਜਗਤ ਮੋ ਰਹਾ।***

ਸਾਰਿਆਂ ਤੋਂ ਪਹਿਲਾਂ ਇਕ ਸ਼ਬਦ ਬੋਲਿਆ ਅਕਾਲ ਪੁਰਖ ਨੇ 'ਓ..........ਅੰ.........ਕਾਰ। ਆਹ ਸ਼ਬਦ ਬੋਲਿਆ। ਮੇਰਾ ਤਾਂ ਬੋਲਿਆ ਹੋਇਆ ਖਤਮ ਹੋ ਗਿਆ। ਨਿਰੰਕਾਰ ਦਾ ਬੋਲਿਆ ਹੋਇਆ ਖਤਮ ਨਹੀਂ ਹੋਇਆ। ਕਹਿੰਦੇ, ਹੁਣ ਤੱਕ ਇਹ ਧੁੰਨ ਚੱਲ ਹੀ ਰਹੀ ਹੈ, ਨਾਲ ਦੀ ਨਾਲ ਬ੍ਰਹਿਮੰਡ ਬਣਦੇ ਤੁਰੇ ਜਾ ਰਹੇ ਨੇ, ਜਿਸ ਦਿਨ ਇਹ ਨਾਮ ਦੀ ਧੁਨ ਅਕਾਲ ਪੁਰਖ ਨੇ ਬੰਦ ਕਰ ਲਈ ਉਸ ਦਿਨ ਹੀ ਪਰਲੋਂ ਆ ਜਾਏਗੀ–

***ਉਤਪਤਿ ਪਰਲਉ ਸਬਦੇ ਹੋਵੈ ॥***
***ਸਬਦੇ ਹੀ ਫਿਰਿ ਓਪਤਿ ਹੋਵੈ ॥ ਅੰਗ - ੧੧੭***

ਸ਼ਬਦ ਤੋਂ ਹੀ ਉਤਪਤੀ ਹੁੰਦੀ ਹੈ, ਸ਼ਬਦ ਤੋਂ ਹੀ ਪਰਲੋਂ ਹੁੰਦੀ ਹੈ, ਇਹ ਸ਼ਬਦ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਸਾਡੀ ਬੋਲੀ ਦੇ ਵਿਚ ਅੱਖਰਾਂ ਦਾ ਰੂਪ ਧਾਰ ਕੇ ਬੈਠ ਗਿਆ। ਇਹਨੂੰ ਗੁਰਬਾਣੀ ਕਹਿੰਦੇ ਨੇ ਜੇ ਅਸੀਂ ਇਸ ਨੂੰ। ਸੰਭਾਲ ਲਈਏ ਤਾਂ ਅਸੀਂ ਨਿਰੰਕਾਰ ਤੱਕ ਪਹੁੰਚ ਸਕਦੇ ਹਾਂ, ਕਿਉਂਕਿ ਪਉੜੀ ਹੈ ਇਹ ਇਹਨੂੰ ਸਮਝਣ ਦਾ ਯਤਨ ਕਰੋ, ਸੋ ਪਿਛਲੀ ਵਾਰੀ ਬਹੁਤ ਸਾਰੀਆਂ ਫਿਲਮਾਂ ਬਣ ਚੁੱਕੀਆਂ ਨੇ ਗੁਰੂ ਅੰਗਦ ਸਾਹਿਬ ਦੀਆਂ। ਗੁਰੂ ਅੰਗਦ ਸਾਹਿਬ ਮਹਾਰਾਜ ਗੁਰੂ ਨਾਨਕ ਸਾਹਿਬ ਦੀ ਸ਼ਰਨ 'ਚ ਆਉਂਦੇ ਨੇ, ਆਪ ਦਾ ਜੋ ਹਿਰਦਾ ਸੀ ਵਿੰਨਿਆ ਗਿਆ ਉਨ੍ਹਾਂ ਦੇ ਦਰਸ਼ਨ ਕਰਕੇ। ਉਥੇ ਹੀ ਰਹਿ ਗਏ। ਬਹੁਤ ਪਿਆਰ ਕਰਦੇ ਨੇ, ਅੱਜ ਵੀ ਆਪ ਗੁਰੂ ਨਾਨਕ ਪਾਤਸ਼ਾਹ ਦੇ ਚਰਨ ਦਬਾ ਰਹੇ ਨੇ ਤੇ ਮਹਾਰਾਜ ਬਿਰਾਜੇ ਹੋਏ ਨੇ ਤੇ ਅਚਾਨਕ ਕੀ ਦੇਖਦੇ ਨੇ ਕਿ ਮਹਾਰਾਜ ਦੀਆਂ ਲੱਤਾਂ ਪਿੰਜਣੀਆਂ ਤੋਂ ਖ਼ੂਨ ਸਿੰਮਣ ਲਗ ਗਿਆ, ਝਰੀਟਾਂ ਪੈ ਗਈਆਂ, ਬੜੇ ਹੈਰਾਨ ਹੋਏ। ਖ਼ੂਨ ਦੇ ਕਤਰੇ ਨਿਕਲ ਰਹੇ ਨੇ ਤੇ ਹੱਥ ਖ਼ੂਨ ਦੇ ਨਾਲ ਲਾਲ ਹੋ ਗਏ। ਬਹੁਤ ਚਿੰਤਾ ਹੋਈ ਕਿ ਇਹ ਹੋ ਕੀ ਗਿਆ, ਚੰਗੇ ਭਲੇ ਪਏ ਨੇ ਕੋਈ ਚੀਜ਼

ਨਹੀਂ ਲੱਗ ਰਹੀ ਤੇ ਖ਼ੂਨ ਇਨ੍ਹਾਂ ਦੇ ਲੱਤਾਂ 'ਚੋਂ ਨਿਕਲ ਰਿਹਾ ਹੈ, ਝਰੀਟਾਂ ਆ ਰਹੀਆਂ ਨੇ, ਆਉਂਦੀਆਂ ਹੀ ਜਾਂਦੀਆਂ ਨੇ, ਫੇਰ ਦੇਖਿਆ ਚੋਲਾ ਵੀ ਫਟ ਰਿਹਾ ਹੈ, ਆਪਣੇ ਆਪ ਹੀ ਫਟ ਜਾਂਦਾ ਹੈ, ਜਦੋਂ ਗੁਰੂ ਨਾਨਕ ਪਾਤਸ਼ਾਹ ਸਾਵਧਾਨ ਹੋਏ, ਉਸ ਵੇਲੇ ਬੇਨਤੀ ਕਰੀ ਪਾਤਸ਼ਾਹ! ਕੋਈ ਚੀਜ਼ ਨਹੀਂ ਨਜ਼ਰ ਆਈ, ਆਹ ਚੋਲਾ ਵੀ ਆਪ ਦਾ ਫਟ ਗਿਆ ਤੇ ਲੱਤਾਂ ਦੇ ਉਤੇ ਝਰੀਟਾਂ ਵੀ ਆ ਗਈਆਂ, ਪਿੰਜਣੀਆਂ ਦੇ ਉਤੇ, ਸਮਝ ਨਹੀਂ ਆਈ ਪਾਤਸ਼ਾਹ! ਦੇਖੋ ਤਾਂ ਸਹੀ। ਕ੍ਰਿਪਾ ਕਰੋ, ਆਪ ਮੇਰਾ ਸ਼ੰਕਾ ਦੂਰ ਕਰੋ ਕਿ ਇਸ ਤਰ੍ਹਾਂ ਕਿਉਂ ਹੋ ਗਿਆ।

ਮਹਾਰਾਜ ਕਹਿੰਦੇ ਭਾਈ ਲਹਿਣਾ! ਬਹੁਤ ਗੱਲਾਂ ਗੁਪਤ ਹੁੰਦੀਆਂ ਨੇ ਪਰ ਇਹ ਗੱਲ ਦੱਸੀ ਹੋਈ ਸੰਸਾਰ ਦੇ ਭਲੇ ਵਾਸਤੇ ਕੰਮ ਆਉਂਦੀ ਹੈ। ਉਹ ਇਹ ਹੈ ਕਿ ਜਦੋਂ ਕੋਈ ਗੁਰਸਿੱਖ ਬਾਣੀ ਪੜ੍ਹਦਾ ਹੈ, ਉਸ ਵੇਲੇ ਜਦੋਂ ਪਿਆਰ ਨਾਲ ਬਾਣੀ ਪੜ੍ਹਦਾ ਹੈ, ਮੈਂ ਉਹਦੇ ਨਾਲ ਹੋ ਜਾਂਦਾ ਹਾਂ ਉਸੇ ਵੇਲੇ। ਚਾਹੇ ਇਕ ਪੜ੍ਹਦਾ ਹੈ ਚਾਹੇ ਹਜ਼ਾਰਾਂ ਪੜ੍ਹਦੇ ਨੇ, ਚਾਹੇ ਕਰੋੜਾਂ ਪੜ੍ਹਦੇ ਨੇ, ਗੁਰੂ ਮਹਾਰਾਜ ਨੂੰ ਕੀ ਹੈ, ਗੁਰੂ ਮਹਾਰਾਜ ਦੇ ਸਰੂਪ ਨੂੰ ਜਦੋਂ ਅਸੀਂ ਸਮਝ ਲਵਾਂਗੇ ਫੇਰ ਸਾਨੂੰ ਪਤਾ ਲਗਦਾ ਹੈ ਕਿ ਇਹ ਗੱਲ ਕੀ ਹੈ? ਕਹਿਣ ਲੱਗੇ, ਭਾਈ ਲਹਿਣਾ! ਜਦ ਕੋਈ ਪਿਆਰ ਦੇ ਨਾਲ ਗੁਰਬਾਣੀ ਪੜ੍ਹਦਾ ਹੈ, ਉਸ ਵੇਲੇ ਮੈਂ ਉਸ ਗੁਰਸਿੱਖ ਦੇ ਨਾਲ ਹੁੰਦਾ ਹਾਂ -

***ਧਾਰਨਾ - ਜਦੋਂ ਪੜ੍ਹੀਏ ਗੁਰਾਂ ਦੀ ਬਾਣੀ,***
***ਸਤਿਗੁਰੂ ਹੁੰਦੇ ਨਾਲ ਸਿੱਖ ਦੇ।***

ਭਾਈ ਲਹਿਣਾ, ਜਦ ਕੋਈ ਪਿਆਰ ਦੇ ਨਾਲ ਬਾਣੀ ਪੜ੍ਹਦਾ ਹੈ ਫੇਰ ਮੈਂ ਉਹਦੇ ਨਾਲ ਹੁੰਦਾ ਹਾਂ। ਕਹਿੰਦੇ, ਸੱਚੇ ਪਾਤਸ਼ਾਹ! ਤੁਹਾਡਾ ਤਾਂ ਸਰੂਪ ਇਥੇ ਪਿਆ ਹੈ। ਬਿਰਾਜ ਰਹੇ ਸੀ ਤੁਸੀਂ। ਕਹਿੰਦੇ, ਨਹੀਂ ਭਾਈ ਲਹਿਣਾ, ਤੂੰ ਦੇਖ ਪਾਣੀ ਦੇ ਕਰੋੜ ਬਰਤਨ ਭਰੇ ਹੋਣ, ਸੂਰਜ ਚਮਕਦਾ ਹੋਵੇ, ਸਾਰੇ ਬਰਤਨਾਂ ਦੇ ਵਿਚ ਸੂਰਜ ਦਾ ਪਰਛਾਵਾਂ ਪੈ ਰਿਹਾ ਹੋਵੇ, ਇਸੇ ਤਰ੍ਹਾਂ ਦੇ ਨਾਲ ਗੁਰੂ ਰੂਪ ਸੂਰਜ ਜਿਹੜਾ ਹੈ ਉਹ ਸਾਰੇ ਗੁਰਸਿੱਖਾਂ ਦੇ ਨਾਲ ਹੋਇਆ ਕਰਦਾ ਹੈ। ਜਦੋਂ ਪਿਆਰ ਦੇ ਨਾਲ ਬਾਣੀ ਪੜ੍ਹਦਾ ਹੈ ਇਸ ਗੱਲ ਦੇ ਉਤੇ ਯਕੀਨ ਲਿਆਓ ਸਾਧਸੰਗਤ ਜੀ! ਭਰੋਸਾ ਲਿਆਓ, ਜਦ ਤੱਕ ਭਰੋਸਾ ਨਹੀਂ ਆਉਂਦਾ ਗੱਲ ਬਣਦੀ ਨਹੀਂ ਹੈ। ਇਹ ਸੁਣਨ ਵਾਲੀ ਗੱਲ ਨਹੀਂ ਹੈ ਭਰੋਸਾ ਲਿਆਉਣ ਵਾਲੀ ਗੱਲ ਹੈ ਕਿਉਂਕਿ ਇਹਦੇ ਨਾਲ ਸਾਡੀ ਤਰੱਕੀ ਬੰਨ੍ਹੀ ਹੋਈ ਹੈ, ਜਦੋਂ ਤੱਕ ਭਰੋਸਾ ਨਹੀਂ ਆਉਂਦਾ ਓਨਾਂ ਚਿਰ ਵਾਹਿਗੁਰੂ ਨਹੀਂ ਯਾਦ ਆਉਂਦਾ।

*ਜਾ ਕੈ ਮਨਿ ਗੁਰ ਕੀ ਪਰਤੀਤਿ ॥*
*ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥*

*ਅੰਗ - ੨੮੩*

ਦੂਸਰਾ ਭਾਈ ਲਹਿਣਾ ਸਾਡਾ ਇਕ ਸਰੂਪ ਨਹੀਂ ਹੈ ਅਸਲੀ ਸਰੂਪ ਸਾਡਾ ਹੋਰ ਹੈ, ਇਕ ਵਾਰੀ ਗੁਰੂ ਨਾਨਕ ਪਾਤਸ਼ਾਹ ਇਕ ਰਾਜੇ ਦੇ ਕੋਲ ਗਏ, ਉਸ ਰਾਜੇ ਨੇ ਇਕ ਗੱਲ ਕਹੀ ਜਦੋਂ ਮਹਾਰਾਜ ਜਾਣ ਲੱਗੇ, ਕਹਿੰਦਾ ਸੱਚੇ ਪਾਤਸ਼ਾਹ! ਕ੍ਰਿਸ਼ਨ ਮਹਾਰਾਜ ਨੇ ਸੁਣਿਆ ਹੈ 16 ਹਜ਼ਾਰ 108 ਸ਼ਾਦੀ ਕਰੀ ਹੋਈ ਸੀ, ਕੀ ਉਹਨੂੰ ਕੋਈ ਦੋਸ਼ ਨਹੀਂ ਲਗਦਾ, ਐਨੀਆਂ ਰਾਣੀਆਂ ਸੀ? ਮਹਾਰਾਜ ਕਹਿੰਦੇ ਜਿਹੜੇ ਸਰਬੱਗ ਪੁਰਸ਼ ਹੁੰਦੇ ਨੇ, ਉਨ੍ਹਾਂ ਦਾ ਕੋਈ ਆਪਣਾ ਫੁਰਨਾ ਨਹੀਂ ਹੋਇਆ ਕਰਦਾ, ਭਾਵਨਾ ਦੇ ਮੁਤਾਬਿਕ ਵਰਤਦੇ ਨੇ, ਨਾਲੇ ਉਹ ਸਰੀਰ ਨਹੀਂ ਹੁੰਦੇ ਉਨ੍ਹਾਂ ਨੇ ਯੋਗ ਮਾਇਆ ਦੇ ਨਾਲ ਸਰੀਰ ਧਾਰਿਆ ਹੁੰਦਾ ਹੈ, ਹੁੰਦੇ ਨਹੀਂ, ਦਿਸਦੇ ਹੈਗੇ ਹੁੰਦੇ ਹੈ ਨਹੀਂ। ਬੜੀ ਅਜੀਬ ਗੱਲ ਹੈ, ਬਈ ਨਜ਼ਰ ਆਉਂਦੇ ਨੇ ਹੋਵੇ ਕੁਛ ਵੀ ਨਾ। ਰਾਜਾ ਕਹਿਣ ਲੱਗਿਆ ਕਿ ਮਹਾਰਾਜ! ਮੇਰੀ ਸਮਝ 'ਚ ਨਹੀਂ ਆਉਂਦੀ ਕਿ ਦੇਖੋ ਤੁਸੀਂ ਹੈਗੇ, ਤੁਸੀਂ ਕਿਹੜਾ ਘੱਟ ਓਂ ਤੇ ਤੁਸੀਂ ਹੁਣ ਦਿਸਦੇ ਵੀ ਓਂ ਤੇ ਨਾਲ ਮੈਂ ਤੁਹਾਡੇ ਚਰਨਾਂ ਨੂੰ ਵੀ ਹੱਥ ਲਾਉਂਦਾ ਹਾਂ। ਮਹਿਸੂਸ ਹੁੰਦਾ ਹੈ ਕਿ ਕੋਈ ਬੈਠਾ ਹੈ। ਕਹਿੰਦੇ ਨਹੀਂ ਪ੍ਰੇਮੀਆਂ ਇਹ ਤੇਰੀ ਭਾਵਨਾ ਦਾ ਸਰੀਰ ਹੋਣ ਕਰਕੇ ਤੈਨੂੰ ਇਸ ਤਰ੍ਹਾਂ ਦਿਸਦਾ ਹੈ, ਅਸਲੀ ਸਾਡਾ ਸਰੀਰ ਇਹ ਨਹੀਂ ਹੈ ਜਾਹ ਉਹ ਪਰਨਾ ਲਿਆ ਸਾਡਾ ਜਿਹੜਾ ਤਾਰ ਤੇ ਪਾਇਆ ਹੋਇਆ ਹੈ। ਪਰਨਾ ਲੈ ਆਇਆ, ਮਹਾਰਾਜ ਕਹਿੰਦੇ ਸਾਡੇ ਲੱਕ ਨਾਲ ਬੰਨ੍ਹ ਦੇਹ। ਜਦੋਂ ਲੱਕ ਨਾਲ ਬੰਨ੍ਹ ਕੇ ਗੰਢ ਦੇਵੇ, ਪਰਨਾ ਉਹਦੇ ਹੀ ਹੱਥ 'ਚ ਆ ਜਾਂਦਾ ਹੈ। ਫੇਰ ਲੱਕ ਦੇ ਦੁਆਲੇ ਦੀ ਵਲੇਟੇ ਫੇਰ ਗੰਢ ਦੇਵੇ ਫੇਰ ਹੱਥ 'ਚ ਆ ਜਾਏ। ਤਿੰਨ ਵਾਰੀ ਕਰਿਆ। ਕਹਿੰਦਾ, ਸੱਚੇ ਪਾਤਸ਼ਾਹ! ਪਰਨਾ ਤਾਂ ਲੱਕ ਦੇ ਦੁਆਲੇ ਰਹਿੰਦਾ ਨਹੀਂ? ਜਿਸ ਵਕਤ ਮੈਂ ਗੰਢ ਦਿੰਦਾ ਹਾਂ ਮੇਰੇ ਹੀ ਹੱਥ ਵਿਚ ਆ ਜਾਂਦਾ ਹੈ। ਕਹਿੰਦੇ, ਰਾਜਨ! ਇਹ ਤਾਂ ਹੈਗਾ ਸਾਡਾ ਅਸਲੀ ਸਰੂਪ ਜਿਹੜਾ ਅਸੀਂ ਸਿੱਖਾਂ ਨਾਲ ਵਰਤਦੇ ਹਾਂ। ਉਹ ਦ੍ਰਿਸ਼ਟੀ ਨਹੀਂ ਆਉਂਦਾ ਆਹ ਸਰੂਪ ਦੇ ਨਾਲ ਅਸੀਂ ਸਿੱਖਾਂ 'ਚ ਰਹਿੰਦੇ ਹਾਂ। ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਜਦੋਂ ਨੰਦੇੜ ਸਾਹਿਬ ਆਖਰੀ ਵਾਰੀ ਸੰਗਤਾਂ ਨੂੰ ਮਿਲ ਕੇ ਕਨਾਤ ਦੇ ਅੰਦਰ ਜਾਣ ਲੱਗੇ ਕਿ ਹੁਣ ਅਸੀਂ ਸਰੀਰ ਛੱਡ ਦੇਣਾ ਹੈ। ਚਿਖਾ ਚਿਣ ਲਈ, ਕਨਾਤ ਤਾਣ ਲਈ ਉਸ ਵੇਲੇ ਸਿੰਘਾਂ ਨੇ ਬਹੁਤ ਹੀ ਵੈਰਾਗ ਕਰਿਆ ਕਿ ਪਾਤਸ਼ਾਹ! ਕਿਹੜੀ ਉਮਰ ਹੈ ਤੁਹਾਡੀ, ਅਜੇ 42 ਸਾਲ ਦੀ ਤੁਹਾਡੀ ਉਮਰ ਤੇ ਐਨਾ ਸਰੀਰ ਤੁਹਾਡਾ ਤਕੜਾ ਤੇ ਤੁਸੀਂ ਹੁਣੇ ਹੀ ਜਾ ਰਹੇ ਓਂ ਸਾਨੂੰ ਛੱਡ ਕੇ? ਕਹਿੰਦੇ ਗੁਰਸਿੱਖੋ! ਮੈਂ ਜਾ ਨਹੀਂ ਰਿਹਾ, ਮੈਂ ਨਹੀਂ ਜਾ ਰਿਹਾ -

***ਪੰਥ ਖਾਲਸਾ ਖੇਤੀ ਮੇਰੀ***
***ਕਰਹੁੰ ਸੰਭਾਲ ਮੈ ਤਿਸ ਕੇਰੀ।***

ਮੈਂ ਤੁਹਾਡੇ ਵਿਚ ਹੀ ਰਹਿਣਾ ਹੈ ਮੈਂ ਕਿਤੇ ਨਹੀਂ ਜਾਣਾ। ਪਰ ਇਹ ਹੈ ਕਿ ਅੱਖਾਂ ਵਾਲਿਆਂ ਨੂੰ ਤਾਂ ਮੈਂ ਦਿਸਿਆ ਕਰਾਂਗਾ, ਅੰਨਿਆਂ ਨੂੰ ਨਹੀਂ ਦਿਸਣਾ, ਉਹ ਨੇਤਰ ਹੋਰ ਨੇ, ਅੰਦਰਲੇ।

***ਨਾਨਕ ਸੇ ਅਖੜੀਆਂ ਬਿਅੰਨਿ***
***ਜਿਨੀ ਡਿਸੰਦੋ ਮਾ ਪਿਰੀ ॥ ਅੰਗ - ੫੭੭***

ਉਹ ਨੇਤਰ ਉਦੋਂ ਖੁਲ੍ਹ ਜਾਣਗੇ, ਜਦੋਂ ਗਿਆਨ ਦਾ ਸੁਰਮਾ ਪੈਂਦਾ ਹੈ ਇਨ੍ਹਾਂ 'ਚ।

***ਗਿਆਨ ਅੰਜਨੁ ਗੁਰਿ ਦੀਆ***
***ਅਗਿਆਨ ਅੰਧੇਰ ਬਿਨਾਸੁ ॥***
***ਹਰਿ ਕਿਰਪਾ ਤੇ ਸੰਤ ਭੇਟਿਆ***
***ਨਾਨਕ ਮਨਿ ਪਰਗਾਸੁ ॥ ਅੰਗ - ੨੯੩***

ਫੇਰ ਕਹਿੰਦੇ ਮੈਂ ਦਿਸਿਆ ਕਰਾਂਗੇ, ਉਹ ਨੇਤਰ ਹੋਰ ਨੇ ਇਹ ਨੇਤਰ ਨਹੀਂ ਹੈਗੇ। ਇਹ ਤਾਂ ਮਿੱਟੀ ਦੇ ਬਣੇ ਹੋਏ ਨੇਤਰ ਨੇ, ਇਨ੍ਹਾਂ ਨਾਲ ਤਾਂ ਓਹੀ ਚੀਜ਼ ਦਿਸਦੀ ਹੈ ਜਿਸ ਦੇ ਉਤੇ ਚਾਨਣਾ ਪਵੇ, ਹਨ੍ਹੇਰੇ 'ਚ ਨਹੀਂ ਨਜ਼ਰ ਆਉਂਦੀ। ਉਹ ਨੇਤਰ ਹੋਰ ਨੇ, ਅੰਦਰ ਹੀ ਨੇ ਉਨ੍ਹਾਂ ਨੂੰ ਦਿਬਜ ਨੇਤਰ ਕਹਿੰਦੇ ਨੇ-

***ਗੁਰਹਿ ਦਿਖਾਇਓ ਲੋਇਨਾ ॥੧॥ ਰਹਾਉ ॥***
***ਈਤਹਿ ਊਤਹਿ ਘਟਿ ਘਟਿ ਘਟਿ ਘਟਿ***
***ਤੂੰਹੀ ਤੂੰਹੀ ਮੋਹਿਨਾ ॥ ਅੰਗ - ੪੦੭***

ਸਭ ਪਾਸੇ ਵਾਹਿਗੁਰੂ ਹੀ ਵਾਹਿਗੁਰੂ ਦਿਸਦਾ ਹੈ, ਜਦੋਂ ਨੇਤਰ ਖੁਲ੍ਹ ਜਾਂਦੇ ਨੇ। ਤੁਹਾਡੇ ਵੀ ਲੱਗੇ ਹੋਏ ਨੇ, ਮੇਰੇ ਵੀ ਲੱਗੇ ਹੋਏ ਨੇ। ਇਕਨਾ ਨੇ ਖੋਲ੍ਹ ਲਏ, ਇਕਨਾ ਨੂੰ ਪਤਾ ਹੀ ਨਹੀਂ ਸਾਡੇ ਅੰਦਰ ਹੋਰ ਵੀ ਅੱਖ ਹੈ ਜਿਹਦੇ ਨਾਲ ਨਾ ਦਿਸਣ ਵਾਲੀਆਂ ਚੀਜ਼ਾਂ ਦਿਸਦੀਆਂ ਨੇ। ਸਿੰਘਾਂ ਨੇ ਕਰ ਲਿਆ ਕਿ ਹੁਣ ਆਪਾਂ ਐਹੋ ਜਿਹਾ ਜੱਫਾ ਮਾਰਨਾ ਹੈ ਚਰਨਾਂ ਨੂੰ ਛੱਡਣਾ ਨਹੀਂ ਹੈ, ਕਿਵੇਂ ਛੁਡਾਉਣ, ਧੂਹ ਕੇ ਲੈ ਜਾਣ, ਚਿਖਾ ਤੱਕ ਜਾਂਦੇ ਵੀ ਨਹੀਂ ਛੱਡਣੇ। ਸਾਰਿਆਂ ਤੋਂ ਪਹਿਲਾਂ ਜਥੇਦਾਰ ਸੰਤੋਖ ਸਿੰਘ ਜਿਹੜੇ ਸੀ, ਨਾਲੇ ਤਾਂ ਉਚੀ-ਉਚੀ ਰੋਂਦੇ ਨੇ ਕਿ ਪਾਤਸ਼ਾਹ! ਵਿਛੋੜੀਂ ਨਾ-ਵਿਛੋੜੀ ਨਾ ਅਸੀਂ ਨਹੀਂ ਜੀਉਂਦੇ ਰਹਿ ਸਕਦੇ। ਵਿਛੋੜਾ ਨਾ ਦੇਈਂ। ਨੱਠ ਕੇ ਜਾ ਕੇ ਦੋਵੇਂ ਲੱਤਾਂ ਦੇ ਦੁਆਲੇ ਜਾ ਕੇ ਬਾਹਾਂ ਪਾ ਲਈਆਂ ਕਿ ਹੁਣ ਮੈਂ ਜੱਫਾ ਪਾ ਲਿਆ ਹੁਣ ਮੈਂ ਜਾਣ ਨਹੀਂ ਦੇਣਾ। ਹੈਰਾਨ ਰਹਿ ਗਿਆ ਬਾਹਾਂ ਛਾਤੀ ਨਾਲ ਆਣ ਲੱਗੀਆਂ। ਦੂਜੀ ਵਾਰੀ ਪਾਇਆ, ਤੀਜੀ ਵਾਰੀ ਪਾਇਆ। ਮਹਾਰਾਜ ਮੁਸਕਰਾਉਂਦੇ ਨੇ, ਕਹਿੰਦੇ ਭਾਈ ਸੰਤੋਖ ਸਿੰਘਾ! ਫੜ ਲੈ ਫੇਰ ਸਾਨੂੰ ਜੇ ਫੜ ਸਕਦੇ ਨੇ। ਕਹਿੰਦੇ ਇਹ ਤਾਂ ਮਾਇਆ ਦਾ ਸਰੀਰ ਤੁਹਾਡੀ ਭਾਵਨਾ, ਤੁਹਾਡੇ ਪਰਾਲਬਧ ਕਰਮਾਂ ਕਰਕੇ ਅਸੀਂ ਧਾਰਨ ਕਰਿਆ ਹੈ, ਸਾਡਾ ਸਰੂਪ ਤਾਂ ਮਾਇਆ ਤੋਂ ਰਹਿਤ ਹੈ ਇਹ ਪਕੜਿਆ ਨਹੀਂ ਜਾਂਦਾ, ਇਹ ਨਿਰਾ ਹੀ ਨੂਰ ਦਾ ਸਰੀਰ ਹੈ। ਸੋ ਮਹਾਰਾਜ ਕਹਿੰਦੇ, ਭਾਈ ਲਹਿਣਾ! ਸਾਡਾ ਸਰੀਰ ਇਹ ਹੁੰਦਾ ਹੈ, ਇਹ ਸਰੀਰ ਦੇ ਨਾਲ ਜਿੱਥੇ ਪਿਆਰ ਦੇ ਨਾਲ, ਚਾਹੇ ਤਾਂ ਕੋਈ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਦਾ ਹੈ, ਚਾਹੇ ਕੋਈ ਮੂਲਮੰਤ੍ਰ ਦਾ ਕਰਦਾ ਹੈ, ਚਾਹੇ ਜਪੁਜੀ ਸਾਹਿਬ ਦਾ ਕਰਦਾ ਹੈ, ਚਾਹੇ ਪੰਜ ਬਾਣੀਆਂ ਦਾ ਕਰਦਾ ਹੈ, ਚਾਹੇ ਰਸਨਾ ਦੇ ਨਾਲ ਨਾਮ ਜਪਦਾ ਹੈ, ਚਾਹੇ ਸ੍ਵਾਸ ਦੇ ਨਾਲ ਨਾਮ ਜਪਦਾ ਹੈ, ਕਹਿੰਦੇ ਅਸੀਂ ਉਹਦੇ ਨਾਲ ਹੁੰਦੇ ਹਾਂ। ਸਾਡੇ ਸੰਤ ਇਹ ਭੇਤ ਖੋਲ੍ਹ ਦਿੰਦੇ ਨੇ ਸੰਗਤ ਨੂੰ, ਸਿੱਖਾਂ ਨੂੰ ਦੱਸ ਦਿੰਦੇ ਨੇ ਕਿ ਸਿੱਖਾ! ਜਦੋਂ ਤੂੰ ਬਾਣੀ ਪੜ੍ਹਨੀ ਹੈ ਤੇਰੇ ਨਾਲ ਗੁਰੂ ਨਾਨਕ ਨੇ ਬੈਠਾ ਹੋਣਾ ਹੈ। ਦੇਖੀਂ ਫੇਰ ਮਾੜੇ ਫੁਰਨੇ ਨਾ ਉਠਾਈਂ ਉਹਨੂੰ ਪਤਾ ਲੱਗ ਜਾਣਾ ਹੈ। ਉਹਨੇ ਦੇਖ ਲੈਣਾ ਹੈ ਕਿ ਇਹ ਤਾਂ ਜਪੁਜੀ ਸਾਹਿਬ ਪੜ੍ਹਦਾ ਹੈ, ਨਾਲ ਬੁਰੀਆਂ ਗੱਲਾਂ ਸੋਚਦਾ ਹੈ ਕਿਉਂਕਿ ਗੁਰੂ ਤੋਂ ਗੁੱਝਾ ਨਹੀਂ ਹੈ ਕੁਛ।

***ਘਟ ਘਟ ਕੇ ਅੰਤਰ ਕੀ ਜਾਨਤ***
***ਭਲੇ ਬੁਰੇ ਕੀ ਪੀਰ ਪਛਾਨਤ।***
***(ਚੌਪਈ ਪਾਤਸ਼ਾਹੀ ੧੦)***

ਸੱਚੇ ਪਾਤਸ਼ਾਹ! ਫੇਰ ਹੁਣ ਐਸ ਵੇਲੇ ਕੌਣ ਪੜ੍ਹ ਰਿਹਾ ਹੈ? ਮਹਾਰਾਜ ਕਹਿਣ ਲੱਗੇ, "ਭਾਈ ਲਹਿਣਾ! ਐਸ ਵੇਲੇ ਇਕ ਬੱਚਾ ਹੈ, ਬੜਾ ਪ੍ਰੇਮੀ ਛੋਟਾ ਜਿਹਾ ਬੱਚਾ ਹੈ। ਬਹੁਤਾ ਵੱਡਾ ਨਹੀਂ ਹੈ, ਉਹ ਬੱਕਰੀਆਂ ਚਾਰਣ ਗਿਆ ਹੋਇਆ ਹੈ, ਉਸ ਨੇ ਹੁਣ ਬੱਕਰੀਆਂ ਝਾੜਾਂ ਵਿਚ ਛੱਡ ਦਿਤੀਆਂ ਤੇ ਦੂਜੇ ਪਾਸੇ ਫਸਲ ਹੈ ਉਨ੍ਹਾਂ ਨੂੰ ਮੋੜਨ ਵਾਸਤੇ ਝਾੜੀਆਂ ਦੇ ਵਿਚ ਦੀ ਲੰਘਦਾ ਹੈ। ਉਹ ਲੰਘਦਾ ਹੋਇਆ ਨਾਲ ਦੀ ਨਾਲ ਕੀਰਤਨ ਸੋਹਿਲਾ ਪੜ੍ਹਦਾ ਹੈ। ਬਹੁਤ ਪਿਆਰ ਦੇ ਨਾਲ ਪੜ੍ਹ ਰਿਹਾ ਹੈ। ਅਸੀਂ ਉਹਦੇ ਕੰਡੇ ਨਹੀਂ ਲੱਗਣ ਦੇ ਰਹੇ, ਇਹ ਕੰਡੇ ਸਾਰੇ ਸਾਡੇ ਸਰੀਰ ਨੂੰ ਲੱਗ ਰਹੇ ਨੇ। ਐਸ ਤਰ੍ਹਾਂ ਦੇ ਨਾਲ ਭਾਈ ਸਾਹਿਬ ਸੰਤੋਖ ਸਿੰਘ ਜੀ ਲਿਖਦੇ ਨੇ ਕਿ -

***ਏਕ ਅਯਾਲੀ ਅਜਾ ਚਰਾਈ॥***
***(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 1164)***

ਅਯਾਲੀ ਕਹਿੰਦੇ, ਬੱਕਰੀਆਂ ਚਾਰ ਰਿਹਾ ਹੈ।

***ਮਨ ਇਕਾਂਤਿ ਹ੍ਵੈ ਪ੍ਰੀਤਿ***
***ਯੁਤ ਪਢਹਿ ਸੋਹਿਲਾ ਸੋਇ।***
***(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 1165)***

ਕਹਿੰਦੇ, ਉਹ ਕੀਰਤਨ ਸੋਹਿਲਾ ਪੜ੍ਹਦਾ ਹੈ। ਜਦੋਂ ਕੋਈ ਸਿੱਖ ਕੀਰਤਨ ਸੋਹਿਲਾ ਪੜ੍ਹਦਾ ਹੈ, ਰਾਤ ਨੂੰ ਪੰਜ ਇਸ਼ਨਾਨਾ ਕਰਕੇ, ਚੌਂਕੜਾ ਮਾਰ ਕੇ ਬੈਠਦਾ ਹੈ, ਫੇਰ ਮੈਂ ਉਹਦੇ ਕੋਲ ਹੁੰਦਾ ਹਾਂ। ਰਾਤ ਨੂੰ ਫੇਰ ਕੋਈ

ਦਬਾਅ ਨਹੀਂ ਆਉਣ ਦਿੰਦਾ। ਇਥੇ ਮੈਨੂੰ ਬੀਬੀਆਂ ਕਹਿੰਦੀਆਂ ਨੇ ਕਿ ਜੀ ਦਬਾਅ ਆਉਂਦਾ ਹੈ। ਮੈਂ ਕਿਹਾ ਕਿ ਭਾਈ! ਤੁਸੀਂ ਬਾਣੀ ਪੜ੍ਹੋ, ਦਬਾਅ ਤਾਂ ਆਪੇ ਹਟ ਜਾਏਗਾ। ਕੋਈ ਕਹਿੰਦਾ ਹੈ ਜੀ, ਭੂਤ ਦਬਾਅ ਪਾਉਂਦਾ ਹੈ। ਭੂਤ ਆਉਂਦਾ ਹੈ, ਕਹਿੰਦੇ ਜੇ ਤੁਸੀਂ ਆਪ ਭੂਤ ਬਣੇ ਰਹਿਣਾ ਹੈ ਤਾਂ ਭੂਤ ਤਾਂ ਆਉਣੇ ਹੀ ਨੇ, ਇਨ੍ਹਾਂ ਨੂੰ ਤਾਂ ਕੋਈ ਹਟਾ ਨਹੀਂ ਸਕਦਾ। ਮਨੁੱਖ ਬਣੋ ਗੁਰਸਿੱਖ ਬਣੋ, ਭੂਤ ਆਪੇ ਹਟ ਜਾਣਗੇ। ਸੋ ਕਹਿੰਦੇ ਜਦੋਂ ਕੋਈ –

***ਮਨ ਇਕਾਂਤਿ ਹ੍ਵੈ ਪ੍ਰੀਤਿ***
***ਯੁਤ ਪਢਹਿ ਸੋਹਿਲਾ ਸੋਇ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ -1165***

ਕਹਿੰਦੇ, ਮਨ ਏਕਾਂਤ ਕਰਿਆ ਹੋਇਆ ਹੈ, ਪਿਆਰ ਦੇ ਨਾਲ ਸਾਡੇ ਚਰਨਾਂ ਦਾ ਧਿਆਨ ਧਰ ਕੇ ਉਹ ਸੋਹਿਲਾ ਪੜ੍ਹ ਰਿਹਾ ਹੈ।

***ਕੰਟਕ ਝਾਰ ਅਪਾਰ***
***ਜਹਿ ਫਿਰਤਿ ਪ੍ਰੇਮ ਮਹਿਂ ਹੋਇ॥***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 1165***

ਕੰਡਿਆਂ ਵਾਲੇ ਝਾੜਾਂ ਦੇ ਵਿਚ ਉਹ ਫਿਰ ਰਿਹਾ ਹੈ, ਉਹਨੂੰ ਕੋਈ ਪਤਾ ਨਹੀਂ ਪ੍ਰੇਮ ਦੇ ਵਿਚ ਮਸਤ ਹੋਇਆ ਹੋਇਆ ਹੈ।

***ਹ੍ਵੈ ਸਮੀਪ ਬਿਚਰੋਂ ਤਿਹ ਸੰਗਾ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 1165***

ਮੈਂ ਉਹਦੇ ਨਾਲ ਹੋ ਕੇ ਝਾੜਾਂ ਦੇ ਵਿਚ ਮੈਂ ਵੀ ਤੁਰਿਆ ਫਿਰਦਾ ਹਾਂ –

***ਲਗਨੇ ਦੇਉਂ ਨ ਕੰਟਕ ਅੰਗਾ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 1165***

ਮੈਂ ਮੂਹਰੇ ਹੋ ਜਾਂਦਾ ਹਾਂ ਉਸ ਤੋਂ ਜਿਹੜੇ ਝਾੜੀ ਦੇ ਕੰਡੇ ਲੱਗਣੇ ਨੇ ਮੈਂ ਲੱਤਾਂ ਤੇ ਰੋਕ ਲੈਂਦਾ ਹਾਂ, ਉਹ ਲੰਘ ਜਾਂਦਾ ਹੈ, ਉਹਨੂੰ ਨਹੀਂ ਪਤਾ ਕਿ ਮੈਂ ਕੰਡੇ ਰੋਕੀ ਜਾਂਦਾ ਹਾਂ।

***ਤਹਾਂ ਝਰੀਟ ਲਗੀ ਇਹੁ ਜਾਨਹੁ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 1165***

ਇਹ ਜਿਹੜੀਆਂ ਝਰੀਟਾਂ ਸਾਡੇ ਲੱਗੀਆਂ ਨੇ, ਇਹ ਸਾਡੇ ਓਥੇ ਲੱਗੀਆਂ ਨੇ, ਇਹਨੂੰ ਤੁਸੀਂ ਨਿਹਚੇਪੂਰਵਕ ਜਾਣੋ –

***ਲਹਿਣੇ! ਸਾਚ ਬਚਨ ਮਮ ਮਾਨਹੁ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 1165***

ਹੇ ਭਾਈ ਲਹਿਣਾ ਜਿਹੜੇ ਅਸੀਂ ਬਚਨ ਕਰਦੇ ਹਾਂ, ਇਹ ਤੂੰ ਸੱਚ ਕਰਕੇ ਮੰਨ ਤੇ ਮੇਰਾ ਬਚਨ ਇਹ ਵੀ ਹੈ ਕਿ –

***ਪਢਹਿ ਸੋਹਿਲਾ ਜੋ ਕਿਤ ਕੋਊ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 1165***

ਜਿਥੇ ਕੋਈ ਕੀਰਤਨ ਸੋਹਿਲਾ ਪੜ੍ਹੇਗਾ –

***ਤਿਹ ਸਮੀਪ ਨਿਸ਼ਚੈ ਮੈਂ ਹੋਊ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 1165***

ਉਥੇ ਮੈਂ ਜ਼ਰੂਰ ਉਹਦੇ ਨਾਲ ਹੁੰਦਾ ਹਾਂ, ਇਹ ਨਿਹਚੇ 'ਚ ਰੱਖਣਾ। ਉਸ ਵੇਲੇ ਭਾਈ ਲਹਿਣਾ ਜੀ ਨੇ ਪੁੱਛਿਆ, ਪਾਤਸ਼ਾਹ! ਕਿੱਥੇ ਚਾਰਦਾ ਹੈ ਉਹ ਅਯਾਲੀ। ਮਹਾਰਾਜ ਕਹਿੰਦੇ ਫਲਾਣੇ ਥਾਂ ਚਾਰਦਾ ਹੈ ਐਸ ਪਾਸੇ। ਇਕ ਗੁਰਸਿੱਖ ਭੇਜ ਦਿਤਾ ਕਿ ਜਾਹ ਬੱਚੇ ਨੂੰ ਬੁਲਾ ਕੇ ਲਿਆ। ਬੱਚੇ ਨੂੰ ਬੁਲਾਇਆ ਜਦੋਂ ਆ ਗਿਆ, ਭਾਈ ਲਹਿਣਾ ਜੀ ਕਹਿਣ ਲੱਗੇ ਕਿ ਦੇਖ ਕਾਕਾ! ਤੂੰ ਕੀਰਤਨ ਸੋਹਿਲਾ ਪੜ੍ਹਦਾ ਸੀ? ਕਹਿੰਦਾ ਹਾਂ। ਕੰਡਿਆਂ 'ਚ ਪੜ੍ਹਦਾ ਫਿਰਦਾ ਸੀ? ਕਹਿੰਦਾ ਹਾਂ। ਕਹਿੰਦਾ ਆਹ ਦੇਖ ਪਾਤਸ਼ਾਹ ਦੀਆਂ ਲੱਤਾਂ ਦੇ ਵਿਚ ਝਰੀਟਾਂ ਆ ਗਈਆਂ। ਤੇਰੇ ਨਾਲ-ਨਾਲ ਫਿਰਦੇ ਸੀ। ਬੇਨਤੀ ਕਰੀ ਕਿ ਪਾਤਸ਼ਾਹ, ਕਿ ਜੇ ਤੁਹਾਨੂੰ ਪਿਆਰ ਹੈ ਕੀਰਤਨ ਸੋਹਿਲਾ ਪੜ੍ਹਨ ਵਾਲਿਆਂ ਦਾ, ਫੇਰ ਇਹ ਜਦੋਂ ਮੰਜੇ ਤੇ ਬੈਠ ਜਾਣ, ਸੌਣਾ ਹੋਵੇ, ਉਸ ਵੇਲੇ ਤੁਹਾਡੀ ਛੋਹ ਪ੍ਰਾਪਤ ਕਰਕੇ, ਸੌਂ ਜਾਣ। ਨਾ ਸੁਪਨੇ ਮਾੜੇ ਆਉਣ, ਨਾ ਕੋਈ ਦਬਾਅ ਪਵੇ, ਨਾ ਕੋਈ ਭੂਤ ਆਵੇ, ਨਾ ਕੋਈ ਪ੍ਰੇਤ ਆਵੇ, ਨਾ ਕੋਈ ਚੋਰ ਆਵੇ। ਪੜ੍ਹ ਕੇ ਦੇਖ ਲਿਓ।

ਇਕ ਵਾਰੀ ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ, ਉਨ੍ਹਾਂ ਦੇ ਪਾਸ ਇਕ ਘੋੜਿਆਂ ਦਾ ਸੌਦਾਗਰ ਆਇਆ। ਕਹਿਣ ਲੱਗਾ, "ਸੱਚੇ ਪਾਤਸ਼ਾਹ! ਮੈਂ ਆਪ ਦੀ ਗੁਰਸਿੱਖੀ ਧਾਰਨ ਕਰੀ ਹੋਈ ਹੈ। ਪਰ ਜਦੋਂ ਮੈਂ ਘੋੜੇ ਵੇਚਣ ਵਾਸਤੇ ਲਿਜਾਂਦਾ ਹਾਂ ਮੰਡੀਆਂ 'ਚ ਮੇਰੇ ਬਹੁਤ ਸਾਰੇ ਘੋੜੇ ਚੋਰੀ ਹੋ ਜਾਂਦੇ ਨੇ। ਬਾਵਜੂਦ ਇਸਦੇ ਕਿ ਮੈਨੂੰ ਚੰਗਾ ਮੁਨਾਫਾ ਹੁੰਦਾ ਉਲਟਾ ਗਰੀਬੀ ਆ ਰਹੀ ਹੈ। ਉਨ੍ਹਾਂ ਚੋਰਾਂ ਦਾ ਕੋਈ ਇਲਾਜ ਨਹੀਂ ਮੇਰੇ ਤੋਂ ਹੁੰਦਾ। ਪਤਾ ਨਹੀਂ ਕੀ ਬੂਟੀਆਂ ਨੇ ਉਨ੍ਹਾਂ ਕੋਲ, ਸੁੰਘਾ ਦਿੰਦੇ ਨੇ। ਪਹਿਰੇਦਾਰ ਵੀ ਸੌਂ ਜਾਂਦੇ ਨੇ, ਪਤਾ ਨਹੀਂ ਲਗਦਾ।

ਸੱਚੇ ਪਾਤਸ਼ਾਹ! ਕ੍ਰਿਪਾ ਕਰੋ। ਮਹਾਰਾਜ ਕਹਿਣ ਲੱਗੇ ਕਿ ਦੇਖ ਪ੍ਰੇਮੀਆਂ! ਤੂੰ ਐਉਂ ਕਰ, ਤੂੰ ਕੀਰਤਨ ਸੋਹਿਲਾ ਪੜ੍ਹਿਆ ਕਰ। ਜਦੋਂ ਕੀਰਤਨ ਸੋਹਿਲਾ ਪੜ੍ਹਦਾ ਹੈ ਕੋਈ ਉਸ ਵੇਲੇ ਉਸਦੀ ਰਾਖੀ ਗੁਰੂ ਕਰਿਆ ਕਰਦਾ ਹੈ। ਪਰ ਉਹਦੇ ਨਾਲ ਪੰਜ ਸ਼ਬਦ ਲਾ ਲਿਆ ਕਰ। ਇਹ ਸਾਰੇ ਨੋਟ ਕਰ ਲਓ।

ਜਿੰਨੇ ਪ੍ਰੇਮੀ ਮੈਨੂੰ ਕਹਿੰਦੇ ਨੇ ਕਿ ਦਬਾਅ ਪੈਂਦਾ ਹੈ ਜੀ, ਸਾਨੂੰ ਭੂਤ ਦਾ ਡਰ ਹੈ ਜੀ, ਵਿਘਨ ਹੈ ਜੀ, ਸਾਡੇ ਘਰ 'ਚ ਆਹ ਨਹੀਂ ਹੁੰਦਾ, ਓਹ ਨਹੀਂ ਹੁੰਦਾ, ਉਹ ਨੋਟ ਕਰ ਲਓ ਬਚਨ ਜਿਹੜੇ ਮੈਂ ਕਰ ਰਿਹਾ ਹਾਂ। ਆਪ ਨੇ ਫੁਰਮਾਇਆ ਕਿ ਪੰਜ ਸ਼ਬਦ ਪਹਿਲਾਂ ਪੜ੍ਹ ਲਿਆ ਕਰੋ। ਪੰਜ ਇਸ਼ਨਾਨਾ ਕਰੋ, ਕੁਰਲਾ ਕਰੋ, ਸਾਫ ਬਿਸਤਰੇ 'ਤੇ ਬੈਠੋ, ਗੁਰੂ ਨਾਨਕ ਦੇ ਚਰਨਾਂ ਦਾ ਧਰੋ ਧਿਆਨ, ਉਸ ਤੋਂ ਬਾਅਦ ਪਹਿਲਾ ਸ਼ਬਦ ਜਿਹੜਾ ਪੜ੍ਹਨਾ ਹੈ –

*ਸੋਰਠਿ ਮਹਲਾ ੫ ॥*
*ਗੁਰ ਕਾ ਸਬਦੁ ਰਖਵਾਰੇ ॥*
*ਚਉਕੀ ਚਉਗਿਰਦ ਹਮਾਰੇ ॥*
*ਰਾਮ ਨਾਮਿ ਮਨੁ ਲਾਗਾ ॥*
*ਜਮੁ ਲਜਾਇ ਕਰਿ ਭਾਗਾ ॥ ੧ ॥*
*ਪ੍ਰਭ ਜੀ ਤੂ ਮੇਰੋ ਸੁਖਦਾਤਾ ॥*
*ਬੰਧਨ ਕਾਟਿ ਕਰੇ ਮਨੁ ਨਿਰਮਲੁ*
*ਪੂਰਨ ਪੁਰਖੁ ਬਿਧਾਤਾ ॥ ਰਹਾਉ ॥*
*ਨਾਨਕ ਪ੍ਰਭੁ ਅਬਿਨਾਸੀ ॥*
*ਤਾ ਕੀ ਸੇਵ ਨ ਬਿਰਥੀ ਜਾਸੀ ॥*
*ਅਨਦ ਕਰਹਿ ਤੇਰੇ ਦਾਸਾ ॥*
*ਜਪਿ ਪੂਰਨ ਹੋਈ ਆਸਾ ॥ ਅੰਗ – ੬੨੬*

ਇਹ ਕੀਰਤਨ ਸੋਹਿਲੇ ਤੋਂ ਪਹਿਲਾਂ ਪੜ੍ਹਨਾ ਜ਼ਰੂਰ ਹੈ, ਦੂਸਰਾ ਸ਼ਬਦ ਹੈ

*ਬਿਲਾਵਲੁ ਮਹਲਾ ੫ ॥*
*ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ ॥*
*ਚਉਗਿਰਦ ਹਮਾਰੈ ਰਾਮ ਕਾਰ*
*ਦੁਖੁ ਲਗੈ ਨ ਭਾਈ ॥ ੧ ॥*
*ਸਤਿਗੁਰੁ ਪੂਰਾ ਭੇਟਿਆ ਜਿਨਿ ਬਣਤ ਬਣਾਈ ॥*
*ਰਾਮ ਨਾਮੁ ਅਉਖਧੁ ਦੀਆ*
*ਏਕਾ ਲਿਵ ਲਾਈ ॥ ੧ ॥ ਰਹਾਉ ॥*
*ਰਾਖਿ ਲੀਏ ਤਿਨਿ ਰਖਨਹਾਰਿ*
*ਸਭ ਬਿਆਧਿ ਮਿਟਾਈ ॥*
*ਕਹੁ ਨਾਨਕ ਕਿਰਪਾ ਭਈ ਪ੍ਰਭ ਭਏ ਸਹਾਈ ॥*
*ਅੰਗ – ੮੧੯*

ਇਹ ਪੂਰਾ ਸ਼ਬਦ ਪੜ੍ਹ ਲਿਆ ਕਰ। ਤੀਸਰਾ ਹੈ ਸਲੋਕ–

*ਸਲੋਕੁ ॥*
*ਜਹ ਸਾਧੂ ਗੋਬਿਦ ਭਜਨੁ*
*ਕੀਰਤਨੁ ਨਾਨਕ ਨੀਤ ॥*
*ਣਾ ਹਉ ਣਾ ਤੂੰ ਣਹ ਛੁਟਹਿ*
*ਨਿਕਟਿ ਨ ਜਾਈਅਹੁ ਦੂਤ ॥ ਅੰਗ – ੨੫੬*

ਚੌਥਾ ਜਿਹੜਾ ਸ਼ਬਦ ਹੈ

*ਸਲੋਕ ਮਃ ੫ ॥*
*ਮਨ ਮਹਿ ਚਿਤਵਉ ਚਿਤਵਨੀ*
*ਉਦਮੁ ਕਰਉ ਉਠਿ ਨੀਤ ॥*
*ਹਰਿ ਕੀਰਤਨ ਕਾ ਆਹਰੋ*
*ਹਰਿ ਦੇਹੁ ਨਾਨਕ ਕੇ ਮੀਤ ॥ ਅੰਗ – ੮੧੯*

ਇਹ ਸਾਰਾ ਜਿਹੜਾ ਸਲੋਕ ਹੈ ਇਹ ਪੜ੍ਹ ਲਿਆ ਕਰੋ ਤੇ ਪੰਜਵਾਂ ਜਿਹੜਾ ਹੈ, ਉਹ ਵੀ ਸਲੋਕ ਹੈ ਸੰਸਕ੍ਰਿਤੀ ਦੇ ਵਿਚ, ਉਹ ਹੈ –

*ਸਿਰ ਮਸ੍ਤਕ ਰਖ੍ਯ੍ਯਾ ਪਾਰਬ੍ਰਹਮੰ*
*ਹਸ੍ਤ ਕਾਯਾ ਰਖ੍ਯ੍ਯਾ ਪਰਮੇਸ੍ਵਰਹ ॥*
*ਆਤਮ ਰਖ੍ਯ੍ਯਾ ਗੋਪਾਲ ਸੁਆਮੀ*
*ਧਨ ਚਰਣ ਰਖ੍ਯ੍ਯਾ ਜਗਦੀਸ੍ਵਰਹ ॥*
*ਸਰਬ ਰਖ੍ਯ੍ਯਾ ਗੁਰ ਦਯਾਲਹ ਭੈ ਦੂਖ ਬਿਨਾਸਨਹ ॥*
*ਭਗਤਿ ਵਛਲ ਅਨਾਥ ਨਾਥੇ*
*ਸਰਣਿ ਨਾਨਕ ਪੁਰਖ ਅਚੁਤਹ॥ ਅੰਗ – ੧੩੫੮*

ਇਹ ਸਾਰਾ ਚਾਰ ਲਾਈਨਾਂ ਦਾ ਹੈ ਇਹ ਪੜ੍ਹ ਲਿਆ ਕਰੋ। ਉਸ ਤੋਂ ਬਾਅਦ ਫੇਰ ਕੀਰਤਨ ਸੋਹਿਲਾ ਪੜ੍ਹਿਆ ਕਰੋ,। ਕਹਿੰਦੇ ਤੂੰ ਇਹ ਪੜ੍ਹ ਲਿਆ ਕਰੀਂ ਤੇਰੇ ਘੋੜਿਆਂ ਦੇ ਦੁਆਲੇ ਕਿਲ੍ਹਾ ਬਣ ਜਾਇਆ ਕਰੇਗਾ, ਚੋਰ ਨਹੀਂ ਆਉਣਗੇ। ਫੇਰ ਕਹਿੰਦੇ, ਮਹਾਰਾਜ ਕਿਲ੍ਹੇ ਦੇ ਅੰਦਰ ਅਸੀਂ ਦਾਖਲ ਹੋ ਜਾਵਾਂਗੇ? ਕਹਿੰਦੇ ਨਹੀਂ ਕੋਈ ਵੀ ਨਹੀਂ ਦਾਖਲ ਹੋਏਗਾ। ਜਿਹੜੇ ਅੰਦਰ ਨੇ, ਅੰਦਰ ਰਹਿਣਗੇ, ਬਾਹਰਲੇ ਬਾਹਰ ਰਹਿਣਗੇ। ਫੇਰ ਸਵੇਰੇ ਕਿਵੇਂ ਕਰੇ। ਕਹਿੰਦੇ ਇਹਦੀ ਚਾਬੀ ਹੈ 'ਜਪੁਜੀ ਸਾਹਿਬ' ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਕੇ ਜਦੋਂ ਤੂੰ ਜਾਂ, ਤੇਰੇ ਨੌਕਰਾਂ ਨੇ ਘੋੜਿਆਂ ਦੇ ਕੋਲ ਜਾਣਾ ਹੋਵੇ ਉਸ ਵੇਲੇ ਫੇਰ ਜਪੁਜੀ ਸਾਹਿਬ ਦਾ ਸ਼ੁੱਧ ਪਾਠ ਕਰੀਂ, ਉਹਦੇ ਨਾਲ ਇਹ ਕਿਲ੍ਹਾ ਹਟ ਜਾਇਆ ਕਰੇਗਾ ਤੇ ਘੋੜੇ ਉਵੇਂ ਜਿਵੇਂ ਹੋ ਜਾਇਆ ਕਰਨਗੇ। ਬੜੀ ਖੁਸ਼ੀ ਹੋਈ ਕਿ ਮਹਾਰਾਜ ਨੇ ਐਡਾ ਵੱਡਾ ਮੰਤਰ ਦੇ ਦਿਤਾ। ਸਾਧਸੰਗਤ ਜੀ! ਬਾਣੀ ਐਵੇਂ ਨਹੀਂ ਹੈਗੀ, ਬਾਣੀ ਮਹਾਂਮੰਤਰ ਹੈ ਜਪੁਜੀ ਸਾਹਿਬ ਦਾ। ਇਹਦੇ ਮੁਕਾਬਲੇ ਤੇ ਕੋਈ ਮੰਤਰ ਦੁਨੀਆਂ ਦਾ ਪਹੁੰਚ ਹੀ ਨਹੀਂ ਸਕਦਾ। ਨਾ ਸਤਿਜੁਗ ਦਾ, ਨਾ ਦੁਆਪਰ ਦਾ, ਨਾ ਤ੍ਰੇਤੇ ਦਾ, ਕਲਜੁਗ ਦੇ ਨੇ ਤਾਂ ਪਹੁੰਚਣਾ ਕੀ ਹੈ। ਹੁਣ ਐਡੇ ਵੱਡੇ ਮਹਾਂਮੰਤਰ ਨੂੰ ਅਸੀਂ ਛੱਡੀ ਬੈਠੇ ਹਾਂ। ਮੈਨੂੰ ਪੁੱਛੀ ਜਾਂਦੀਆਂ ਨੇ ਬੀਬੀਆਂ ਕਿ ਮੈਂ ਬੀਮਾਰ ਹਾਂ ਬਾਬਾ ਜੀ ਮੈਂ ਕਿਹਾ ਬੀਬੀ! ਜਪੁਜੀ ਸਾਹਿਬ ਯਾਦ ਹੈ? ਕਹਿਣਗੀਆਂ ਨਾ ਜੀ, ਜਪੁਜੀ ਸਾਹਿਬ ਤਾਂ ਯਾਦ ਨਹੀਂ। ਦੱਸੋ ਹੁਣ ਬਾਬਾ ਜੀ ਕੀ ਕਰੇ। ਮੈਂ ਕਿਹੜਾ ਮੰਤਰ ਮਾਰਦਾ ਹਾਂ, ਮੈਂ ਤਾਂ ਦੱਸਦਾ ਹੀ ਹਾਂ। ਬਾਣੀ ਦੀ ਮਹਿਮਾ ਦੱਸਦਾ ਹਾਂ ਕਿ ਬਾਣੀ 'ਚ ਐਨੀ ਸ਼ਕਤੀ ਹੈ, ਆਹ ਤੁਹਾਡੇ ਕੋਲ ਦੇਖ ਲਓ ਕਿੰਨੇ ਰਾਜ਼ੀ ਹੋ ਕੇ ਜਾਂਦੇ ਨੇ, ਕਿਹੋ ਜਿਹੇ ਰੋਗੀ ਰਾਜ਼ੀ ਹੋਏ ਨੇ ਜਿਨ੍ਹਾਂ ਦੀ ਉਮੀਦ ਹੀ ਨਹੀਂ ਸੀ। ਬਾਣੀ ਦੇ ਵਿਚ ਸ਼ਕਤੀ ਹੈ ਕੋਈ ਕਰ

ਲਓ, ਇਹ ਜ਼ਰੂਰੀ ਨਹੀਂ ਕਿ ਬਾਬਾ ਜੀ ਦੇ ਹੱਥ ਵਿਚ ਹੈ, ਕੋਈ ਕਰ ਲਓ ਜਿਹਦਾ ਜੀਅ ਕਰਦਾ ਹੈ, ਗੁਰੂ ਗ੍ਰੰਥ ਸਾਹਿਬ ਸਾਰਿਆਂ ਦਾ ਸਾਂਝਾ ਹੈ। ਸੋ ਇਸੇ ਤਰ੍ਹਾਂ ਕਰਨ ਲੱਗ ਗਿਆ। ਕਰਦੇ-ਕਰਦੇ ਜਿੱਥੇ ਚੋਰ ਪਿਆ ਕਰਦੇ ਸੀ ਉਥੇ ਆਇਆ, ਹੁਣ ਨਿਤਨੇਮ ਨਾਲ ਕਰਦਾ ਹੈ, ਚੋਰਾਂ ਦਾ ਦਾਅ ਨਹੀਂ ਲਗਦਾ। ਆਉਂਦੇ ਨੇ, ਮੱਥਾ ਥੜਾਕ ਦੇਣੇ ਲੱਗਦਾ ਹੈ, ਜਿਹੜਾ ਕਿਲ੍ਹਾ ਹੈ ਉਹ ਅੱਖਾਂ ਨਾਲ ਨਜ਼ਰ ਨਹੀਂ ਆਉਂਦਾ, ਕਿਉਂਕਿ ਮੰਤਰ ਦੇ ਵਿਚ ਸ਼ਕਤੀ ਹੁੰਦੀ ਹੈ, ਇਕ ਵਾਰੀ ਮੈਂ ਸਿੰਧ ਵਿਚ ਸੀ, ਉਥੇ ਹੀ ਇਕ ਪਿੰਡ ਵਿਚ ਉੱਤਮ ਸਿੰਘ ਨਾਮ ਦਾ ਪ੍ਰੇਮੀ ਰਹਿੰਦਾ ਸੀ। ਓਸਦੀ ਲਾਗਬਾਜ਼ੀ ਹੋ ਗਈ ਜਿਹੜਾ ਪਿੰਡ ਦਾ ਜ਼ਿੰਮੀਦਾਰ ਸੀ ਓਸ ਨਾਲ। ਉਹਨੇ ਘਰ ਮੰਤਰ ਦਿਤਾ ਉਸਦਾ। ਜਿਹੜਾ ਅੰਦਰ ਵੜੇ ਉਹਦੀ ਛਾਤੀ 'ਚ ਜ਼ੋਰ ਦੀ ਘਸੁੰਨ ਲੱਗੇ, ਹਾਏ-ਹਾਏ ਕਰਦਾ ਬਾਹਰ ਆ ਜਾਏ। ਬੜਾ ਹੈਰਾਨ ਹੋਏ। ਸਾਰਾ ਹੀ ਟੱਬਰ ਅੰਦਰ ਨਾ ਵੜੇ। ਜਿਹੜਾ ਵੜੇ ਕਿ ਇਥੇ ਕੀ ਹੈ ਉਸੇ ਵਕਤ ਘਸੁੰਨ ਪਵੇ। ਮੈਨੂੰ ਕਹਿੰਦੇ ਜੀ! ਐਉਂ ਹੈ, ਮੈਂ ਕਿਹਾ ਤੁਸੀਂ ਹੁਣ ਮੇਰੇ ਮਰਾਉਣੇ ਨੇ ਘਸੁੰਨ। ਮੈਂ ਛੋਟਾ ਜਿਹਾ ਸੀ 20 ਕੁ ਸਾਲ ਦਾ। ਮੈਂ ਕਿਹਾ ਚਲੋ ਮਹਾਰਾਜ ਦੀ ਬਾਣੀ ਹੈ ਮੂਲਮੰਤਰ ਨਾਲੋਂ ਤਾਂ ਉਪਰ ਕੁਛ ਵੀ ਨਹੀਂ ਹੈਗਾ। ਮੂਲਮੰਤਰ ਮੈਂ ਪੜ੍ਹਿਆ, ਅੰਦਰ ਵੜ ਗਿਆ। ਮੈਂ ਕਿਹਾ ਇਥੇ ਤਾਂ ਕੋਈ ਹੈ ਹੀ ਨਹੀਂ ਘਸੁੰਨ ਮਾਰਨ ਵਾਲਾ। ਉਹ ਕਿੱਥੇ ਚਲਿਆ ਗਿਆ। ਅਖੀਰ ਉਸ ਬੰਦੇ ਨੂੰ ਫੜਿਆ, ਫੜ ਕੇ ਜਦੋਂ ਕੁੱਟਣ ਲੱਗੇ ਤਾਂ ਕਹਿੰਦਾ ਮੈਂ ਖੋਲ੍ਹ ਦਿੰਦਾ ਹਾਂ, ਉਹਨੇ ਮੰਤਰ ਪੜ੍ਹ ਕੇ ਖੋਲ੍ਹ ਦਿਤਾ।

ਸੋ ਇਹ ਕੀਰਤਨ ਸੋਹਿਲਾ ਬਹੁਤ ਸ਼ਕਤੀਸ਼ਾਲ ਮੰਤਰ ਹੈ ਸਾਧਸੰਗਤ ਜੀ। ਘਰ ਦੀ ਵੀ ਰਾਖੀ ਹੁੰਦੀ ਹੈ, ਪਸ਼ੂਆਂ ਦੀ ਵੀ ਰਾਖੀ ਹੁੰਦੀ ਹੈ, ਆਪ ਦੀ ਵੀ ਰਾਖੀ ਹੁੰਦੀ ਹੈ। ਪ੍ਰਤਿਆ ਕੇ ਦੇਖੀ ਹੋਈ ਗੱਲ ਦੱਸਦਾ ਹਾਂ। ਆਪ ਦੀ ਰਾਖੀ ਹੁੰਦੀ ਹੈ, ਉਜਾੜ 'ਚ ਪੈ ਜਾਓ, ਰੋਹੀ 'ਚ ਪੈ ਜਾਓ, ਕਿਤੇ ਪੈ ਜਾਓ ਕੀਰਤਨ ਸੋਹਿਲਾ ਇਸ ਵਿਧੀ ਨਾਲ ਪੜ੍ਹ ਲਓ, ਮਜ਼ਾਲ ਨਹੀਂ ਹੈ ਕਿਸੇ ਦੀ ਕੋਈ ਨੇੜੇ ਆ ਜਾਵੇ। ਸੋ ਚੋਰ ਨਾਲ-ਨਾਲ ਤੁਰੀ ਜਾਂਦੇ ਨੇ ਕਿ ਕੋਈ ਕਲਾਮ ਪੜ੍ਹਦਾ ਹੈ, ਦਿਸਦਾ ਹੈ ਨਹੀਂ ਤੇ ਮੱਥਾ ਥੜਾਕ ਦੇ ਕੇ ਲਗਦਾ ਹੈ, ਕੋਈ ਇਹ ਜਾਦੂ ਕਰਦਾ ਹੈ। ਇਕ ਦਿਨ ਕੀਰਤਨ ਸੋਹਿਲਾ ਪੜ੍ਹਦਾ-ਪੜ੍ਹਦਾ ਨੀਂਦ ਆ ਗਈ, ਵਿਚਾਲੇ ਰਹਿ ਗਿਆ ਉਹ ਉਂਘਣ ਲਗ ਗਿਆ, ਇਹ ਅੰਦਰ ਵੜ ਗਏ। ਜਾਗ ਆ ਗਈ, ਜਦੋਂ ਉਹ ਘੋੜੇ ਖੋਲ੍ਹਣ ਲੱਗੇ, ਅਗਾੜੀਆਂ ਪਛਾੜੀਆਂ ਖੋਲ੍ਹ ਕੇ ਲਗਾਮ ਦੇ ਲਈ ਮੂੰਹ ਦੇ ਅੰਦਰ ਤੇ ਜਦੋਂ ਬੈਠਣ ਲੱਗੇ, ਉਧਰੋਂ ਇਹਨੂੰ ਜਾਗ ਆ ਗਈ ਸੀ ਇਹਨੇ ਕੀਰਤਨ ਸੋਹਿਲਾ ਫੇਰ ਉਵੇਂ ਜਿਵੇਂ ਪੜ੍ਹ ਦਿਤਾ, ਕਿਲ੍ਹਾ ਬਣ ਗਿਆ, ਅੰਦਰ ਹੀ ਬੈਠੇ ਰਹੇ। ਘੋੜਿਆਂ ਨੂੰ ਫੜ ਕੇ ਖੁਰਲੀ ਤੇ ਬੈਠ ਗਏ। ਸਵੇਰਾ ਹੋ ਗਿਆ ਤੇ ਜਦੋਂ ਜਪੁਜੀ ਸਾਹਿਬ ਪੜ੍ਹ ਕੇ ਹਟਾ ਦਿਤਾ ਕਿਲ੍ਹਾ। ਉਸ ਵੇਲੇ ਅੰਦਰ ਬੈਠੇ ਨੇ, ਜਿਹੜੇ ਨੌਕਰ ਚਾਕਰ ਸੀ ਇਹਦੇ ਨਾਲ, ਉਨ੍ਹਾਂ ਨੇ ਫੜ ਲਏ ਚੋਰ। ਉਹ ਕਹਿੰਦੇ ਫੜ ਲਓ ਅਸੀਂ ਤਾਂ ਤੁਹਾਡੇ ਮਾਲਕ ਨਾਲ ਗੱਲ ਕਰਨੀ ਹੈ। ਮਾਲਕ ਕੋਲ ਆ ਗਏ। ਕਹਿਣ ਲੱਗੇ, ਮਾਲਕ! ਅਸੀਂ ਤੇਰੇ ਬੜੇ ਘੋੜੇ ਚੋਰੀ ਕਰੇ ਨੇ, ਅਸੀਂਓਂ ਹੀ ਹਾਂ ਜਿਹੜੇ ਚੋਰੀ ਕਰਦੇ ਸੀ। ਪਰ ਤੈਨੂੰ ਕੋਈ ਕਲਾਮ ਆਉਂਦੀ ਹੈ, ਹੁਣ ਤੂੰ ਕਿਲ੍ਹਾ ਬਣਾ ਦਿੰਦਾ ਹੈਂ, ਅਸੀਂ ਦਸ ਦਿਨ ਦੇ ਤੇਰੇ ਮਗਰ ਲੱਗੇ ਹੋਏ ਹਾਂ। ਅੱਜ ਤੂੰ ਕਲਾਮ ਗਲਤ ਪੜ੍ਹ ਲਈ, ਸਾਡਾ ਦਾਓ ਲੱਗ ਗਿਆ। ਹੁਣ ਸਾਨੂੰ ਮਾਰ ਕੁੱਟ, ਜੋ ਕਰਨਾ ਹੈ ਕਰ ਲੈ, ਪਰ ਇਹ ਸਾਨੂੰ ਕਲਾਮ ਦੱਸ? ਉਹ ਕਹਿੰਦਾ ਕਿ ਇਹ ਮੇਰੀ ਨਹੀਂ ਹੈ ਇਹ ਤਾਂ ਗੁਰੂ ਪੰਜਵੇਂ ਪਾਤਸਾਹ ਦੀ ਹੈ, ਕਹਿੰਦਾ, ਸਾਨੂੰ ਉਥੇ ਲੈ ਜਾ। ਅਸੀਂ ਹੁਣ ਤਨੋ ਮਨੋ ਸਿੱਖ ਬਣਨਾ ਹੈ। ਕਿਉਂਕਿ ਅਸੀਂ ਸ਼ਕਤੀ ਦੇਖ ਲਈ।

ਸਾਧਸੰਗਤ ਜੀ! ਸਾਡੇ ਨਾਲ ਕਿਹੜਾ ਰੱਬ ਰੁੱਸਿਆ ਹੋਇਆ ਹੈ, ਸਾਡੇ ਨਾਲ ਵੀ ਹੋ ਸਕਦਾ ਹੈ ਉਵੇਂ ਜਿਵੇਂ। ਪਰ ਅਸੀਂ ਕਿੰਨਾ ਦੂਰ ਗਏ ਹੋਏ ਹਾਂ, ਕੋਈ ਫੈਸਲਾ ਨਹੀਂ ਕਰਦੇ।

ਸੋ ਮੈਂ ਜੋ ਬੇਨਤੀ ਕਰੀ ਸੀ ਕਿ ਇਸ ਤਰ੍ਹਾਂ ਪੰਜ ਸ਼ਬਦ ਪੜ੍ਹ ਕੇ, ਕੀਰਤਨ ਸੋਹਿਲਾ ਪੜ੍ਹ ਕੇ ਫੇਰ ਛੋਟੀ ਅਰਦਾਸ ਕਰੀਦੀ ਹੈ ਨਾਲ ਹੀ ਕਹੀਦਾ ਹੈ ਕਿ ਸੱਚੇ ਪਾਤਸ਼ਾਹ! ਦੋ ਵਜੇ ਜਗਾ ਦੇਈਂ। ਘੜੀ ਰੱਖ ਕੇ ਦੇਖ ਲਓ ਨਾ ਇਕ ਮਿੰਟ ਏਧਰ ਨਾ ਓਧਰ। ਦੋ ਵਜੇ ਤੁਹਾਨੂੰ ਉਠਾਲ ਦਏਗਾ। ਇਕ ਦਮ ਜਾਗ ਆ ਜਾਏਗੀ।

ਜਦੋਂ ਮੈਂ ਪਟਿਆਲੇ ਹੁੰਦਾ ਕੋਈ ਘੜੀ ਨਹੀਂ ਸੀ ਹੁੰਦੀ ਮੇਰੇ ਕੋਲ, ਰਾਜਾ ਉਥੇ ਸੀ, ਕਮਾਂਡੈਂਟ ਸਾਡਾ। ਉਹ ਦੋ ਤਿੰਨ ਮੀਲ ਤੇ ਰਹਿੰਦਾ ਸੀ, ਮੈਨੂੰ ਕਹਿਣਾ ਐਥੇ ਰਹਿ। ਮੈਂ ਕਹਿਣਾ ਮੈਂ ਤਾਂ ਆਪਣੀ ਛਾਉਣੀਆਂ 'ਚ ਰਹਾਂਗਾ। ਉਥੇ ਕੀਰਤਨ ਸੋਹਿਲਾ ਪੜ੍ਹ ਕੇ ਮੇਰੀ ਡਿਊਟੀ ਦੋ ਵਜੇ ਤੋਂ ਲੱਗਦੀ ਹੁੰਦੀ ਅਖੰਡਪਾਠ ਦੀ। ਰਾਣੀ ਨੇ ਕਿਹਾ ਹੋਇਆ ਸੀ ਕਿ ਮੈਂ ਪਾਠ ਸੁਣਨਾ ਹੈ। ਮੈਂ ਕਿਹਾ ਜੇ ਬੀਬੀ! ਪਾਠ ਸੁਣਨਾ ਹੈ ਮੇਰਾ ਤਾਂ ਦੋ ਵਜੇ ਜਾਗਿਆ ਕਰ। ਦੋ ਤੋਂ ਚਾਰ ਤੱਕ ਮੇਰੀ ਡਿਊਟੀ ਹੁੰਦੀ ਹੈ। ਪੰਜ ਵਜੇ ਤੱਕ ਮੈਂ ਲਾ ਦਿਆ ਕਰਾਂਗਾ, ਜੇ ਪਾਠ ਸੁਣਨ ਦਾ ਤੈਨੂੰ ਸ਼ੌਕ ਹੈ। ਪਰਦੇ ਹੁੰਦੇ ਉਨ੍ਹਾਂ ਦਿਨਾਂ ਵਿਚ, ਪਰਦੇ ਓਹਲੇ ਬੈਠ ਕੇ ਸੁਣਦੇ ਸੀ। ਕਹਿੰਦੇ ਮੈਨੂੰ ਖ਼ਬਰ ਕਰ ਦਿਆ ਕਰੋ, ਜਦੋਂ ਮੈਂ ਡਿਊਟੀ ਤੇ ਹੋਵਾਂ। ਕਹਿੰਦੇ, ਤੂੰ ਕਿਵੇਂ ਆਵੇਂਗਾ, ਤੇਰੇ ਕੋਲ ਘੜੀ ਹੈ? ਮੈਂ ਕਿਹਾ ਨਾ। ਮੇਰੇ ਕੋਲ ਅੰਦਰਲੀ ਘੜੀ

ਹੈ। 25 ਅਖੰਡਪਾਠ ਹੋਏ ਸੀ, ਤਿੰਨ ਮੀਲ ਰੋਜ਼ ਜਾਣਾ, ਕਦੇ ਮੈਂ ਲੇਟ ਹੀ ਨਹੀਂ ਸੀ ਹੋਇਆ। ਕਹਿ ਕੇ ਪੈ ਜਾਣਾ ਕਿ ਸੱਚੇ ਪਾਤਸ਼ਾਹ! ਇਕ ਵਜੇ ਜਗਾ ਦੇਈਂ। ਇਸ਼ਨਾਨ ਕਰਨਾ ਉਸ ਤੋਂ ਬਾਅਦ ਸਾਇਕਲ ਤੇ ਚਲੇ ਜਾਣਾ। ਸੋ ਇਹ ਅੰਦਰ ਘੜੀ ਹੁੰਦੀ ਹੈ ਗੁਰੂ ਸਾਹਿਬ ਨੂੰ ਕਹਿ ਦਿਓ ਅਰਦਾਸ ਕਰਕੇ ਕਿ ਐਨੇ ਵਜੇ ਜਾਗਣਾ ਹੈ, ਓਨੇ ਵਜੇ ਹੀ ਜਗਾ ਦੇਣਗੇ। ਆਪਣਾ ਆਪ ਸਾਰਾ ਗੁਰੂ ਨੂੰ ਸੌਂਪ ਦਿਓ।

ਸੋ ਏਸ ਬਾਣੀ ਨੂੰ ਪੜ੍ਹਨ, ਸੁਣਨ, ਵਿਚਾਰਨ ਤੇ ਧਾਰਨ ਕਰਨ ਵਾਸਤੇ ਸਾਡਾ ਜਨਮ ਹੋਇਆ ਹੈ। ਇਸ ਤਰ੍ਹਾਂ ਫੁਰਮਾਉਂਦੇ ਨੇ –

*ਧਾਰਨਾ - ਸੁਣਨ ਪੜ੍ਹਨ ਕਉ ਬਾਣੀ ਆਇਓ*
*ਸੁਣਨ ਪੜ੍ਹਨ ਕਉ ਬਾਣੀ।*

ਮਹਾਰਾਜ ਕਹਿੰਦੇ ਤੂੰ ਮਕਾਨ ਬਣਾਉਣ ਵਾਸਤੇ, ਜ਼ਮੀਨਾਂ ਖਰੀਦ ਕੇ, ਪੈਸੇ ਜਮ੍ਹਾਂ ਕਰਨ ਵਾਸਤੇ ਸੰਸਾਰ ਤੇ ਨਹੀਂ ਆਇਆ, ਕਿਤੇ ਭੁੱਲਿਆ ਨਾ ਫਿਰ।

*ਕਬੀਰ ਇਹੁ ਤਨੁ ਜਾਇਗਾ*
*ਸਕਹੁ ਤ ਲੇਹੁ ਬਹੋਰਿ॥*
*ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ ॥*
*ਅੰਗ - ੧੩੬੫*

ਜਿਹਦੇ ਕੋਲ ਸੌ ਖਰਬ ਰੁਪਈਆ ਸੀ ਉਹ ਵੀ ਖਾਲੀ ਹੱਥ ਗਏ ਨੇ, ਤੂੰ ਕਿਹੜੇ ਉਲਟੇ ਕੰਮ 'ਚ ਪੈ ਗਿਆ, ਤੂੰ ਤਾਂ ਆਇਆ ਹੀ ਸੁਣਨ ਵਾਸਤੇ ਤੇ ਪੜ੍ਹਨ ਵਾਸਤੇ ਹੈਂ ਬਾਣੀ, ਕਮਾਉਣ ਵਾਸਤੇ ਆਇਆ ਹੈਂ, ਪਹਿਲਾਂ ਬਾਣੀ ਸੁਣੀ ਜਾਂਦੀ ਹੈ, ਸੁਣਨ ਦਾ ਮਹਾਤਮ ਕਿੰਨਾ ਹੈ –

*ਨਾਨਕ ਭਗਤਾ ਸਦਾ ਵਿਗਾਸੁ ॥*
*ਸੁਣਿਐ ਦੂਖ ਪਾਪ ਕਾ ਨਾਸੁ ॥ ਅੰਗ - ੨*

ਦੁਖਾਂ ਦਾ ਤੇ ਪਾਪਾਂ ਦਾ ਨਾਸ ਹੋ ਜਾਂਦਾ ਹੈ। ਫੇਰ ਉਹਨੂੰ ਮੰਨਣਾ ਹੈ, ਮੰਨ ਕੇ ਫੇਰ ਉਹਦੀ ਕਮਾਈ ਕਰਨੀ ਹੈ, ਕਮਾਈ ਕਰਕੇ ਫੇਰ ਜਿਹੜੀ ਚੀਜ਼ ਬਾਣੀ ਕਹਿੰਦੀ ਹੈ ਉਹ ਪ੍ਰਮੇਸ਼ਰ ਅੰਦਰ ਹੀ ਪ੍ਰਗਟ ਹੋ ਜਾਣਾ ਹੈ ਬਾਹਰੋਂ ਨਹੀਂ ਹੋਇਆ ਕਰਦਾ। ਕਹਿੰਦੇ, ਤੁਹਾਡਾ ਆਉਣਾ ਹੀ ਏਸ ਕਰਕੇ ਹੋਇਆ ਹੈ –

*ਆਇਓ ਸੁਨਨ ਪੜਨ ਕਉ ਬਾਣੀ ॥*
*ਨਾਮੁ ਵਿਸਾਰਿ ਲਗਹਿ ਅਨ ਲਾਲਚਿ*
*ਬਿਰਥਾ ਜਨਮੁ ਪਰਾਣੀ ॥ ਅੰਗ - ੧੨੧੯*

ਫੇਰ ਸਾਡੇ ਮਨ ਵਿਚ ਆਉਂਦਾ ਹੈ ਕਿ ਕਿਤੇ ਮਹਾਰਾਜ ਕਹਿੰਦੇ ਨੇ ਕਿ –

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥੧॥*
*ਸਰੰਜਾਮਿ ਲਾਗੁ ਭਵਜਲ ਤਰਨ ਕੈ ॥*
*ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥*
*ਅੰਗ - ੧੨*

ਉਥੇ ਵੀ ਬਾਣੀ ਹੀ ਹੁੰਦੀ ਹੈ ਨਾਮ, ਨਾਮ ਦੇ ਹਿੱਸੇ ਨੇ, ਪਹਿਲਾਂ ਬਾਣੀ ਹੁੰਦੀ ਹੈ। ਗੁਰੂ ਗ੍ਰੰਥ ਸਾਹਿਬ ਦਾ ਤੱਤ ਜਪੁਜੀ ਸਾਹਿਬ ਹੈ, ਜਪੁਜੀ ਸਾਹਿਬ ਦਾ ਤੱਤ ਮੂਲਮੰਤ੍ਰ ਹੈ, ਮੂਲਮੰਤ੍ਰ ਦਾ ਤੱਤ ਜੋ ਹੈ ਉਹ ਵਾਹਿਗੁਰੂ ਮੰਤਰ ਹੈ। ਉਹ ਬੀਜ ਹੈ ਸਾਰੀ ਗੁਰਬਾਣੀ ਦਾ, ਜਿਹੜਾ ਵਾਹਿਗੁਰੂ ਮੰਤਰ ਹੈ। ਸਾਰੀ ਹੀ ਬਾਣੀ ਹੋਇਆ ਕਰਦੀ ਹੈ ਸੋ ਆਪ ਦਾ ਫੁਰਮਾਨ ਹੈ ਕਿ –

*ਆਇਓ ਸੁਨਨ ਪੜਨ ਕਉ ਬਾਣੀ ॥*
*ਅੰਗ - ੧੨੧੯*

ਪਰ ਹੋਇਆ ਕੀ?

*ਨਾਮੁ ਵਿਸਾਰਿ ਲਗਹਿ ਅਨ ਲਾਲਚਿ*
*ਬਿਰਥਾ ਜਨਮੁ ਪਰਾਣੀ ॥ ਅੰਗ - ੧੨੧੯*

ਨਾਮ ਨੂੰ ਤਾਂ ਭੁੱਲ ਗਿਆ ਲਾਲਚਾਂ 'ਚ ਲੱਗ ਗਿਆ, ਜਨਮ ਤਾਂ ਬਿਰਥਾ ਹੀ ਗਿਆ, ਬਰਬਾਦ ਹੋ ਗਿਆ ਜਨਮ ਇਸ ਕੰਮ ਤੋਂ ਬਗੈਰ।

*ਸਮਝੁ ਅਚੇਤ ਚੇਤਿ ਮਨ ਮੇਰੇ*
*ਕਥੀ ਸੰਤਨ ਅਕਥ ਕਹਾਣੀ ॥ ਅੰਗ - ੧੨੧੯*

ਕਹਿੰਦੇ ਸਮਝ ਲੈ ਮੇਰੇ ਮਨਾਂ, ਸਮਝ ਲੈ, ਤੂੰ ਤਾਂ ਨਸ਼ਾ ਹੀ ਨਹੀਂ ਛੱਡਦਾ ਅੱਗੇ ਵਾਲੀਆਂ ਗੱਲਾਂ ਕੀ ਕਰਨੀਆਂ ਨੇ ਤੂੰ। ਤੂੰ ਤਾਂ ਨਿੰਦਿਆ ਹੀ ਨਹੀਂ ਛੱਡਦਾ, ਚੁਗਲੀਆਂ ਹੀ ਨਹੀਂ ਛੱਡਦਾ, ਈਰਖਾ ਨਹੀਂ ਛੱਡਦਾ, ਵੈਰ ਨਹੀਂ ਛੱਡਦਾ ਫੇਰ ਅਗਾਂਹਾਂ ਵਾਲੀ ਗੱਲ ਕਿੱਥੇ ਜਾਊਗੀ, ਤੂੰ ਤਾਂ ਪਸ਼ੂ ਬਣਿਆ ਹੋਇਆ ਹੈਂ।

*ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ ॥*
*ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ ॥*
*ਅੰਗ - ੨੫੧*

ਤੂੰ ਤਾਂ ਪਸ਼ੂ, ਮਹਾਰਾਜ ਕਹਿੰਦੇ ਢੋਰ ਹੈਂ, ਗਧਾ ਹੈਂ ਗਧਾ। ਜੇ ਕੋਈ ਹੋਰ ਕਹਿ ਦੇਵੇ ਅਸੀਂ ਲੜ ਪਈਏ ਕਿ ਸਾਨੂੰ ਗਧਾ ਕਹਿੰਦੇ ਨੇ। ਮਹਾਰਾਜ ਕਹਿੰਦੇ ਹੈਂ ਕੀ ਫੇਰ? ਜਿਹੜੇ ਕੰਮ ਨੂੰ ਆਇਆ ਹੈਂ ਗਧਾ ਨਹੀਂ ਸਮਝਦਾ ਹੁੰਦਾ। ਐਧਰ ਨੂੰ ਮੋੜੋ ਦੂਜੇ ਪਾਸੇ ਨੂੰ ਜਾਂਦਾ ਹੈ। ਸੜਕ ਦੇ ਉਤੇ ਮੋੜੋ, ਉਹ ਸਿੱਧਾ ਹੀ ਕਾਰ ਦੇ ਹੇਠਾਂ ਨੂੰ ਆਉਂਦਾ ਹੈ। ਪਤਾ ਹੀ ਨਹੀਂ ਉਹਨੂੰ ਕਿ ਮੇਰੇ ਵਿਚ ਆ ਕੇ ਲੱਗੇਗੀ। ਕਹਿੰਦੇ, ਏਵੇਂ ਜਿਵੇਂ ਤੂੰ ਹੈਂ ਉਲਟੇ ਕੰਮਾਂ 'ਚ ਪਿਆ ਹੋਇਆ।

*ਬੈਰ ਬਿਰੋਧ ਕਾਮ ਕ੍ਰੋਧ ਮੋਹ ॥*

*ਝੂਠ ਬਿਕਾਰ ਮਹਾ ਲੋਭ ਧ੍ਰੋਹ ॥*
*ਇਆਹੂ ਜੁਗਤਿ ਬਿਹਾਨੇ ਕਈ ਜਨਮ ॥*
*ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥*
*ਅੰਗ - ੨੬੮*

ਤੂੰ ਹੁਣ ਸਮਝ ਇਸ ਚੀਜ਼ ਨੂੰ, ਤੈਨੂੰ ਸੰਗਤ ਮਿਲ ਗਈ, ਗੁਰੂ ਨਾਨਕ ਦੀ ਸੰਗਤ ਮਿਲ ਗਈ, ਤੁਹਾਨੂੰ ਮਿਲ ਗਈ ਨਾ ਸਾਰਿਆਂ ਨੂੰ ਜਿੰਨੇ ਬੈਠੇ ਓਂ, ਬਾਕੀ ਤਾਂ ਸੰਸਾਰ 'ਚ ਜਿਨ੍ਹਾਂ ਨੂੰ ਨਹੀਂ ਮਿਲੀ ਉਹ ਤੁਰੇ ਫਿਰਦੇ ਨੇ। ਤੁਹਾਡੇ ਕੁਛ ਭਾਗ ਜਾਗ ਪਏ ਜਿਹੜੇ ਸੰਗਤ 'ਚ ਆ ਗਏ ਕਿਉਂ -

*ਬਿਨੁ ਭਾਗਾ ਸਤਸੰਗੁ ਨ ਲਭੈ*
*ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥ ਅੰਗ - ੯੫*

*ਹਰਿ ਕੀਰਤਿ ਸਾਧਸੰਗਤਿ ਹੈ*
*ਸਿਰਿ ਕਰਮਨ ਕੈ ਕਰਮਾ ॥ ਅੰਗ - ੬੪੨*

ਦੋ ਚੀਜ਼ਾਂ ਸਭ ਤੋਂ ਸ੍ਰੇਸ਼ਟ ਨੇ -

*ਕਹੁ ਨਾਨਕ ਤਿਸੁ ਭਇਓ ਪਰਾਪਤਿ ..........॥*
*ਅੰਗ - ੬੪੨*

ਪਰ ਮਿਲਦੀਆਂ ਕਿਹਨੂੰ ਨੇ -

*..........ਜਿਸੁ ਪੁਰਬ ਲਿਖੇ ਕਾ ਲਹਨਾ ॥*
*ਅੰਗ - ੬੪੨*

ਕੋਈ ਨੇਕ ਕੰਮ ਤੁਹਾਡਾ ਕੀਤਾ ਹੋਇਆ ਹੈ ਜਿਹਦੇ ਬਦਲੇ ਤੁਸੀਂ ਸੰਗਤ 'ਚ ਆ ਗਏ। ਹੁਣ ਸੰਗਤ 'ਚ ਆ ਕੇ ਮਹਾਰਾਜ ਸਾਨੂੰ ਸਮਝਾਉਂਦੇ ਨੇ, ਕਹਿੰਦੇ -

*ਸਮਝੁ ਅਚੇਤ ਚੇਤਿ ਮਨ ਮੇਰੇ*
*ਕਥੀ ਸੰਤਨ ਅਕਥ ਕਹਾਣੀ ॥ ਅੰਗ - ੧੨੧੯*

ਆਹ ਬਾਣੀ ਦੇ ਵਿਚ ਉਹ ਗੱਲ ਗੁਰੂ ਨਾਨਕ ਸਾਹਿਬ ਨੇ ਕਹਿ ਦਿਤੀ ਜਿਹੜੀ ਕੋਈ ਦੱਸ ਹੀ ਨਹੀਂ ਸਕਦਾ।

*ਲਾਭੁ ਲੈਹੁ ਹਰਿ ਰਿਦੈ ਅਰਾਧਹੁ*
*ਛੁਟਕੈ ਆਵਣ ਜਾਣੀ ॥ ਅੰਗ - ੧੨੧੯*

ਲਾਭ ਲਓ ਅਤੇ ਪ੍ਰਮੇਸ਼ਰ ਨੂੰ ਰਿਦੇ 'ਚ ਅਰਾਧਣਾ ਕਰੋ।

ਫੇਰ ਆਉਣਾ ਜਾਣਾ ਛੁਟ ਜਾਇਆ ਕਰਦਾ ਹੈ, ਜੰਮਣਾ ਮਰਨਾ ਖਤਮ ਹੋ ਜਾਂਦਾ ਹੈ ਜਦ ਬਾਣੀ ਨੂੰ ਅਸੀਂ ਰਿਦੇ ਵਿਚ ਆਰਾਧਣਾ ਸ਼ੁਰੂ ਕਰ ਦਿੰਦੇ ਹਾਂ।

*ਉਦਮੁ ਸਕਤਿ ਸਿਆਣਪ ਤੁਮ੍ਰੀ*
*ਦੇਹਿ ਤ ਨਾਮੁ ਵਖਾਣੀ ॥ ਅੰਗ - ੧੨੧੯*

ਹੇ ਵਾਹਿਗੁਰੂ ਜੀ! ਮੈਨੂੰ ਕ੍ਰਿਪਾ ਕਰਕੇ ਉਦਮ ਵੀ ਦੇ ਦੇ, ਸ਼ਕਤੀ ਵੀ ਦੇਹ ਇਹ ਸਿਆਣਪ ਵੀ ਦੇਹ, ਇਹ ਤਾਂ ਤੇਰੀਆਂ ਚੀਜ਼ਾਂ ਨੇ ਮੇਰੀਆਂ ਤਾਂ ਨਹੀਂ ਹਨ। ਮੈਨੂੰ ਦੇ ਦੇਹ, ਮੈਂ ਫੇਰ ਤੇਰਾ ਨਾਮ ਜਪਾਂ, ਮੈਂ ਕਮਲਾ ਹੋਇਆ ਹੋਇਆ ਹਾਂ-

*ਸੇਈ ਭਗਤ ਭਗਤਿ ਸੇ ਲਾਗੇ*
*ਨਾਨਕ ਜੋ ਪ੍ਰਭ ਭਾਣੀ ॥ ਅੰਗ - ੧੨੧੯*

ਸੋ ਏਸ ਤਰ੍ਹਾਂ ਦੇ ਨਾਲ ਮਨ, ਬਾਣੀ ਸਰੀਰ ਕਰਕੇ। ਚਾਰ ਬਾਣੀਆਂ ਨੇ ਸਾਡੇ ਅੰਦਰ। ਪਹਿਲਾਂ ਤਾਂ ਜਿਵੇਂ ਮੈਂ ਬੋਲਦਾ ਹਾਂ, ਇਹਨੂੰ ਬੈਖਰੀ ਕਹਿੰਦੇ ਨੇ, ਇਹਦੇ ਨਾਲ ਵੀ ਬਾਣੀ ਪੜ੍ਹੋ। ਨਾਮ ਜਪੋ। ਦੂਸਰੀ ਹੋਇਆ ਕਰਦੀ ਹੈ ਮਧਮਾ, ਜਿਹੜੀ ਕੰਠ 'ਚ ਹੌਲੀ-ਹੌਲੀ ਬੋਲਦਾ ਹੈ, ਤੀਸਰੀ ਹੋਇਆ ਕਰਦੀ ਹੈ ਹਿਰਦੇ ਦੀ ਬਾਣੀ ਜਿਹਨੂੰ ਪਸੰਤੀ ਬਾਣੀ ਕਹਿੰਦੇ ਨੇ, ਟੈਲੀਪੈਥੀ ਹੁੰਦੀ ਹੈ। ਬੋਲਣਾ ਨਹੀਂ, ਮੂੰਹ ਨਹੀਂ ਹਿਲਾਉਣਾ, ਬੁੱਲ੍ਹ ਨਹੀਂ ਹਿਲਾਉਣਾ, ਅੰਦਰ ਬੋਲ ਰਿਹਾ ਹੈ, ਅੰਦਰ ਬਾਣੀ ਸੁਣ ਰਿਹਾ ਹੈ, ਮਸਤ ਹੋ ਰਿਹਾ ਹੈ, ਝੂੰਮਣੀਆਂ ਲੈਂਦਾ ਹੈ, ਐਸ ਤਰ੍ਹਾਂ ਝੂੰਮਦਾ ਹੈ ਕਹਿੰਦਾ ਇਸ ਤਰ੍ਹਾਂ ਮੈਂ ਬਾਣੀ ਸੁਣ ਰਿਹਾ ਹਾਂ। ਨਾਮ ਸੁਣ ਰਿਹਾ ਹਾਂ। ਉਸ ਤੋਂ ਬਾਅਦ ਪਰਾ ਬਾਣੀ ਹੁੰਦੀ ਹੈ। ਪਰਾ ਬਾਣੀ ਮੂਲਧਾਰ ਚੱਕਰ ਜਿਹੜਾ ਹੈ, ਰੀੜ ਦੀ ਹੱਡੀ 'ਚ ਸਭ ਤੋਂ ਹੇਠਾਂ ਉਥੇ Top silence ਹੁੰਦੀ ਹੈ, ਉਹਦੇ 'ਚ ਕੋਈ ਫੁਰਨਾ ਨਹੀਂ ਹੁੰਦਾ, ਮਹਾਰਾਜ ਕਹਿੰਦੇ ਕਿ ਚਾਰਾਂ ਬਾਣੀਆਂ ਦੇ ਨਾਲ ਤੂੰ ਆਰਾਧਨਾ ਕਰ। ਪਹਿਲਾਂ ਬਾਹਰੋਂ ਜਪਣਾ ਪੈਂਦਾ ਹੈ, ਜਿਵੇਂ ਨਲਕੇ ਦੇ ਵਿਚ ਪਾਣੀ ਕੱਢਣਾ ਹੋਵੇ, ਨਲਕਾ ਲਾਉਣਾ ਹੋਵੇ, ਪਹਿਲਾਂ ਪਾਣੀ ਬਾਹਰੋਂ ਪਾਉਂਦੇ ਹਾਂ, ਫੇਰ ਅੰਦਰਲਾ ਪਾਣੀ ਆਉਂਦਾ ਹੈ, ਪਹਿਲਾਂ ਭਾਈ ਇਹ ਬੈਖਰੀ ਬਾਣੀ ਨਾਲ ਗਾਉਣੀ ਪੈਂਦੀ ਹੈ ਬਾਣੀ, ਗਾਓ -

*ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ*
*ਗਾਵਹੁ ਸਚੀ ਬਾਣੀ ॥*
*ਬਾਣੀ ਤ ਗਾਵਹੁ ਗੁਰੂ ਕੇਰੀ*
*ਬਾਣੀਆ ਸਿਰਿ ਬਾਣੀ ॥*
*ਜਿਨ ਕਉ ਨਦਰਿ ਕਰਮੁ ਹੋਵੈ*
*ਹਿਰਦੈ ਤਿਨਾ ਸਮਾਣੀ ॥*
*ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ*
*ਜਪਿਹੁ ਸਾਰਿਗਪਾਣੀ ॥*
*ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ ॥*
*ਅੰਗ - ੯੨੦*

ਇਹਨੂੰ ਗਾਓ ਜੀਅ ਭਰ ਕੇ, ਗਾਉਂਦੇ ਰਹੋ ਜਿੰਨਾ ਗਾ ਸਕਦੇ ਓ, ਪੜ੍ਹਦੇ ਰਹੋ ਜਿੰਨਾ ਪੜ੍ਹਦੇ ਓਂ ਫੇਰ ਇਹਦੇ ਨਾਲ ਕੀ ਹੋਏਗਾ?

*ਇਹ ਬਾਣੀ ਜੋ ਜੀਅਹੁ ਜਾਣੈ ..............॥*
*ਅੰਗ - ੭੯੭*

ਜਿਹੜਾ ਹਿਰਦੇ ਤੋਂ ਇਹਦੇ ਨਾਲ ਪਿਆਰ ਕਰੇਗਾ -

*........ਤਿਸੁ ਅੰਤਰਿ ਰਵੈ ਹਰਿ ਨਾਮਾ ॥*
*ਅੰਗ - ੭੯੭*

ਉਹਦੇ ਅੰਦਰ ਨਾਮ ਪ੍ਰਗਟ ਹੋ ਜਾਏਗਾ, ਫੇਰ ਓਸ ਨਾਮ ਨੂੰ ਮਾਲਾ ਨਾਲ ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਕਰੋ, ਕਰੀ ਜਾਓ, ਕਰੀ ਜਾਓ। ਤੇਜ਼ੀ ਨਾਲ ਕਰੋ ਹੌਲੀ ਕਰੋ ਪਰ ਘੰਟੇ ਬਹੁਤੇ ਲਾਓ।

ਜਿਹਨੇ ਤਾਂ ਲੰਘਣਾ ਹੈ ਉਹਨੇ ਤਾਂ ਭਾਈ ਅੱਠ-ਦੱਸ ਘੰਟੇ ਰੋਜ਼ ਲਾਉਣੇ ਨੇ। ਜਿਹਨੇ ਇਹ ਕਹਿਣਾ ਹੈ ਕਿ ਐਤਕੀਂ ਦਾ ਕੰਮ ਜ਼ਿਆਦਾ ਹੈ, ਆਉਂਦੇ ਜਨਮ 'ਚ ਦੇਖਾਂਗੇ, ਉਹ ਢਾਈ ਘੰਟੇ ਤੋਂ ਘੱਟ ਨਾ ਲਾਓ। ਇਹ ਅੱਠ-ਦੱਸ ਘੰਟੇ ਲਾਉਣ ਨਾਲ ਵਾਹਿਗੁਰੂ-ਵਾਹਿਗੁਰੂ ਕਰਦੇ ਕਰਦੇ ਰਸਨਾ ਤੇ ਨਾਮ ਆ ਜਾਂਦਾ ਹੈ, ਫੇਰ ਬੁੱਲ੍ਹ ਵੀ ਨਹੀਂ ਹਿਲਦੇ, ਜੀਭ ਮਲ੍ਹਕ ਮਲ੍ਹਕ ਹਿੱਲੀ ਜਾਂਦੀ ਹੈ ਅੰਦਰ ਆਪੇ ਹੀ, ਕਿਸੇ ਨੂੰ ਨਹੀਂ ਪਤਾ ਲਗਦਾ ਕਿ ਇਹ ਨਾਮ ਜਪਦਾ ਹੈ। ਫੇਰ ਉਸ ਤੋਂ ਬਾਅਦ ਜਦ ਰਸਨਾ ਦੇ ਨਾਲ ਲੰਘ ਜਾਣ ਨਾ ਦੋ ਚਾਰ ਸਾਲ ਜਪਦੇ ਦੇ, ਫੇਰ ਰਸਨਾ ਬੰਦ ਹੋ ਜਾਂਦੀ ਹੈ, ਕੰਠ 'ਚ ਨਾਮ ਚਲਿਆ ਜਾਂਦਾ ਹੈ, ਆਪ ਹੀ ਸਾਹ ਕੱਟ-ਕੱਟ ਕੇ ਨਾਮ ਚਲਦਾ ਹੈ। ਉਹਨੂੰ ਸਾਹ ਐਸ ਤਰ੍ਹਾਂ ਨਹੀਂ ਆਉਂਦਾ ਜਿਵੇਂ ਆਪਾਂ ਲੈਂਦੇ ਹਾਂ। ਉਹ ਸਾਹ ਨਾਮ ਦਾ ਭਰਿਆ ਹੋਇਆ ਹੁੰਦਾ ਹੈ, ਚਾਹੇ ਇਕ ਸਾਹ 'ਚ ਵੀਹ ਵਾਰ ਵਾਹਿਗੁਰੂ ਕਹਿ ਦੇ, ਚਾਹੇ ਚਾਲੀ ਵਾਰੀ ਕਹਿ ਦੇ, ਚਾਹੇ ਅੱਧਾ ਕਹਿ ਦੇ, ਫਰਕ ਨਹੀਂ ਪੈਂਦਾ ਇਹਦਾ ਪਰ ਲੰਘਣ ਵਾਲੇ ਨੂੰ ਹੈ ਕਿ ਵਾਹਿਗੁਰੂ ਤੇਜ਼ ਜਪੇ। ਉਸ ਤੋਂ ਬਾਅਦ ਫੇਰ ਇਹ ਹਿਰਦੇ 'ਚ ਚਲਿਆ ਜਾਂਦਾ ਹੈ ਖਿੱਚ ਪੈਣੀ ਸ਼ੁਰੂ ਹੋ ਜਾਂਦੀ ਹੈ, ਫੇਰ ਨਾ ਬੁੱਲ੍ਹ ਹਿਲਦੇ ਨੇ ਨਾ ਜੀਭ ਹਿਲਦੀ ਹੈ, ਫੇਰ ਹਰ ਵਕਤ ਨਾਮ ਦੇ ਵਿਚ ਧਿਆਨ ਰਹਿੰਦਾ ਹੈ, ਇਹਨੂੰ ਅਜਪਾ ਜਾਪ ਕਹਿੰਦੇ ਨੇ -

***ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥***

***ਅੰਗ - ੧੨੯੧***

ਫੇਰ ਉਹ ਵਾਹਿਗੁਰੂ 'ਚ ਸਮਾ ਜਾਂਦਾ ਹੈ ਜਿਹਦਾ ਐਸਾ ਨਾਮ ਚੱਲ ਪਵੇ।

***ਧਾਰਨਾ - ਆਦਿ ਜੁਗਾਦਿ ਸਮਾਇ ਜੀ***
***ਜਾਪ ਅਜਪਾ ਜਾਪ ਨ ਵਿਸਰੇ।***

ਬਿਨਾਂ ਜਪਣ ਤੇ, ਬਿਨਾਂ ਬੁੱਲ੍ਹ ਹਿਲਾਉਣ ਤੇ, ਆਪੇ ਹੀ ਨਾਮ ਜਿਵੇਂ ਫੁਹਾਰਾ ਚਲਦਾ ਹੁੰਦਾ ਹੈ, ਆਪਣੇ ਆਪ ਚਲਦਾ ਹੈ, ਉੱਬਲ ਵਾਂਗੂੰ ਅੰਦਰੋਂ ਨਿਕਲਦਾ ਹੈ, ਇਹਨੂੰ ਅਜਪਾ ਜਾਪ ਕਹਿੰਦੇ ਨੇ, ਇਹਦੇ ਬਾਰੇ ਫੁਰਮਾਨ ਹੈ -

***ਘਰ ਮਹਿ ਘਰੁ ਦੇਖਾਇ ਦੇਇ***
***ਸੋ ਸਤਿਗੁਰੁ ਪੁਰਖੁ ਸੁਜਾਣੁ ॥ ਅੰਗ - ੧੨੯੧***

ਜਿਹੜਾ ਏਸ ਘਰ ਦੇ ਵਿਚ ਜੋ ਸਾਡਾ ਅਸਲੀ ਘਰ ਹੈ ਜੀਵ ਆਤਮਾ ਦਾ, ਦਸਵਾਂ ਦੁਆਰਾ, ਜਿਹੜਾ ਇਹ ਦਿਖਾ ਦੇਵੇ ਉਹ ਕਹਿੰਦੇ ਸਤਿਗੁਰੂ ਕਹਾਉਂਦਾ ਹੈ। ਉਥੇ ਨਿਸ਼ਾਨੀਆਂ ਨੇ -

***ਪੰਚ ਸਬਦ ਧੁਨਿਕਾਰ ਧੁਨਿ***
***ਤਹ ਬਾਜੈ ਸਬਦੁ ਨੀਸਾਣੁ ॥ ਅੰਗ - ੧੨੯੧***

ਪੰਜ ਸ਼ਬਦਾਂ ਦੀ ਉਥੇ ਧੁਨਕਾਰ ਪੈਂਦੀ ਹੈ, ਧੁਨ ਚਲਦੀ ਹੈ, ਉਥੇ ਨਿਸ਼ਾਨੀ ਹੈ ਮਹਾਰਾਜ ਕਹਿੰਦੇ, ਪੰਜ ਸ਼ਬਦ ਵਜਦੇ ਹੋਣਗੇ। ਹੁਣ ਤਾਂ ਸਾਨੂੰ ਪਤਾ ਹੀ ਨਹੀਂ ਪੰਜ ਸ਼ਬਦ ਕੀ ਹੁੰਦੇ ਨੇ, ਕਿੱਥੇ ਵਜਦੇ ਨੇ, ਬੜੇ ਅਣਜਾਣ ਬਣ ਗਏ ਅਸੀਂ ਤਾਂ, ਬਾਹਰਲੇ-ਬਾਹਰਲੇ ਸਿੱਖ ਬਣ ਗਏ। ਅੰਦਰ ਤਾਂ ਅਸੀਂ ਜਾਂਦੇ ਹੀ ਨਹੀਂ ਹਾਂ, ਉਪਰਲੇ-ਉਪਰਲੇ ਰਹਿ ਗਏ, ਪਹਿਲੀ ਜਮਾਤ ਤੋਂ ਦੂਸਰੀ 'ਚ ਨਹੀਂ ਦਾਖਲ ਹੁੰਦੇ। ਤਰੱਕੀ ਕਰਦੇ ਹੀ ਨਹੀਂ-

***ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥***
***ਅੰਗ - ੧੨੯੧***

ਦੀਪਾਂ ਨੂੰ, ਲੋਆਂ ਨੂੰ, ਖੰਡਾਂ ਨੂੰ ਬ੍ਰਹਿਮੰਡਾਂ ਨੂੰ ਜਦੋਂ ਦੇਖਦਾ ਹੈ ਵਾਹਿਗੁਰੂ ਦੀ ਰਚਨਾ ਨੂੰ ਵਿਸਮਾਦ ਦੀ ਅਵਸਥਾ 'ਚ ਆ ਜਾਂਦਾ ਹੈ -

***ਤਾਰ ਘੋਰ ਬਾਜਿੰਤ੍ਰ ਤਹ***
***ਸਾਚਿ ਤਖਤਿ ਸੁਲਤਾਨੁ ॥ ਅੰਗ - ੧੨੯੧***

ਉਥੇ ਬੇਅੰਤ ਕਿਸਮ ਦੇ ਰਾਗ ਹੋ ਰਹੇ ਨੇ -

***ਸੋ ਦਰੁ ਕੇਹਾ ਸੋ ਘਰੁ ਕੇਹਾ***
***ਜਿਤੁ ਬਹਿ ਸਰਬ ਸਮਾਲੇ ॥ ਅੰਗ - ੬***

ਮਹਾਰਾਜ ਨੇ ਦੱਸਿਆ ਹੈ ਨਾ ਕਿ ਐਨੇ ਗਾਉਂਦੇ ਨੇ। ਨਾਲ ਕਿਹਾ ਹੈ ਕਿ ਹੋਰ ਵੀ ਬੇਅੰਤ ਗਾਉਂਦੇ ਨੇ, ਉਹ ਚਿੱਤ ਨਹੀਂ ਆ ਰਹੇ। ਉਥੇ ਰਾਗ ਹੁੰਦਾ ਹੈ, ਨਾਦ ਹੁੰਦਾ ਹੈ, ਐਸੇ ਸਰੀਰ ਦੇ ਅੰਦਰ ਤੇ ਇਹਦੇ ਵਿਚ ਹੀ ਵਾਹਿਗੁਰੂ ਹੈ।

***ਤਾਰ ਘੋਰ ਬਾਜਿੰਤ੍ਰ ਤਹ***
***ਸਾਚਿ ਤਖਤਿ ਸੁਲਤਾਨੁ ॥***
***ਸੁਖਮਨ ਕੈ ਘਰਿ ਰਾਗੁ ਸੁਨਿ***
***ਸੁੰਨਿ ਮੰਡਲਿ ਲਿਵ ਲਾਇ ॥ ਅੰਗ - ੧੨੯੧***

ਆਹ ਜਿਹੜੀਆਂ ਈੜਾ, ਪਿੰਗਲਾ ਦੋ ਨਾੜੀਆਂ ਨੇ, ਜਿਥੇ ਜਾ ਕੇ ਜੁੜਦੀਆਂ ਨੇ ਉਹਨੂੰ ਸੁਖਮਨਾ ਕਹਿੰਦੇ ਨੇ ਵਿਚਕਾਰਲੀ ਨਾੜੀ ਨੂੰ। ਇਹ ਜਦੋਂ ਨਾਮ ਜਪਦਾ-ਜਪਦਾ ਇਥੇ ਬਿਰਤੀ ਇਕਾਗਰ ਕਰ ਲੈਂਦਾ ਹੈ, ਉਥੇ ਫੇਰ ਇਹ ਰਾਗ, ਮਿਊਜ਼ਿਕ ਜਿਹਨੂੰ ਕੁਦਰਤੀ ਰਾਗ ਕਹਿੰਦੇ ਨੇ, ਬਿਨਾਂ ਵਜਾਏ ਵਾਜੇ ਵਜਦੇ ਨੇ। ਆਹ ਵਾਜੇ ਨਹੀਂ, ਇਨ੍ਹਾਂ ਨਾਲੋਂ ਤਾਂ ਕਰੋੜਾਂ ਗੁਣਾਂ ਸੋਹਣੇ ਸੁਰੀਲੇ ਵਾਜੇ ਵਜਦੇ ਨੇ। ਜਿਥੇ ਅਫੁਰ ਅਵਸਥਾ ਹੈ ਦਸਵਾਂ ਦੁਆਰ ਹੈ ਉਥੇ ਲਿਵ ਲਾ ਕੇ ਸੁਣ।

***ਅਕਥ ਕਥਾ ਬੀਚਾਰੀਐ***
***ਮਨਸਾ ਮਨਹਿ ਸਮਾਇ ॥ ਅੰਗ - ੧੨੯੧***

ਇਹ ਜਿਹੜੀ ਗੱਲ ਤੁਹਾਨੂੰ ਦੱਸਦੇ ਹਾਂ ਇਹ ਕਹਿਣ ਵਾਲੀ ਨਹੀਂ ਪਰ ਇਹਦੀ ਵਿਚਾਰ ਕਰ ਲਓ।

ਵਾਸ਼ਨਾਵਾਂ ਸਾਰੀਆਂ ਮਨ 'ਚ ਸਮਾਅ ਕੇ ਮਨ ਮਰ ਜਾਏਗਾ ਤੇ ਅ-ਮਨ ਹੋ ਜਾਏਗਾ, ਕੁਦਰਤੀ ਮਨ ਵਾਹਿਗੁਰੂ ਦਾ ਮਨ ਬਣ ਜਾਏਗਾ, ਆਹ ਸਰੀਰ 'ਚ।

***ਉਲਟਿ ਕਮਲੁ ਅੰਮ੍ਰਿਤਿ ਭਰਿਆ***
***ਇਹੁ ਮਨੁ ਕਤਹੁ ਨ ਜਾਇ॥ ਅੰਗ - ੧੨੯੧***

ਫੇਰ ਜਿਹੜੀ ਭਟਕਣਾ ਹੈ ਇਹ ਹਟ ਜਾਏਗੀ, ਸ਼ਾਂਤ ਆ ਜਾਏਗੀ ਅੰਦਰ। ਅੰਮ੍ਰਿਤ ਦਾ ਭਰਿਆ ਹੋਇਆ ਹਿਰਦਾ ਕਮਲ ਭਰ ਜਾਏਗਾ, ਇਹ ਮਨ ਫੇਰ ਕਿਤੇ ਨਹੀਂ ਜਾਂਦਾ, ਜੇ ਜਾਏਗਾ ਤਾਂ ਅੰਦਰ ਨੂੰ ਜਾਂਦਾ ਹੈ, ਕਾਰੋਬਾਰ ਸਾਰੇ ਕਰਦਾ ਹੈ -

***ਹਾਥ ਪਾਉ ਕਰਿ ਕਾਮੁ ਸਭੁ***
***ਚੀਤੁ ਨਿਰੰਜਨੁ ਨਾਲਿ॥ ਅੰਗ - ੧੩੭੬***

***ਉਲਟਿ ਕਮਲੁ ਅੰਮ੍ਰਿਤਿ ਭਰਿਆ***
***ਇਹੁ ਮਨੁ ਕਤਹੁ ਨ ਜਾਇ ॥ ਅੰਗ - ੧੨੯੧***

ਕਹਿੰਦੇ ਹੁਣ 24 ਘੰਟੇ ਹੀ ਵਾਹਿਗੁਰੂ ਨਹੀਂ ਵਿਸਰਦਾ। ਅੱਖਾਂ ਵੀ ਨਾਮ ਜਪਦੀਆਂ ਨੇ, ਕੰਨ ਵੀ ਨਾਮ ਜਪਦੇ ਨੇ, ਸਾਰਾ ਸਰੀਰ ਨਾਮ ਜਪਦਾ ਹੈ। ਐਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ -

***ਧਾਰਨਾ - ਰੋਮ-ਰੋਮ ਹਰਿ ਧਿਆਵੈ***
***ਗੁਰਮੁਖ ਪਿਆਰੇ ਦਾ।***

***ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥***
***ਅੰਗ - ੯੪੧***

ਜਦੋਂ ਅਜਪਾ ਜਾਪ ਦੀ ਅਵਸਥਾ ਆ ਜਾਂਦੀ ਹੈ, ਜਿਸ ਤਰ੍ਹਾਂ ਇਕ ਮਸ਼ਕ ਹੋਵੇ ਪਾਣੀ ਦੀ ਭਰੀ ਹੋਈ, ਉਹਦੇ 'ਚ ਸੂਈ ਦੇ ਨਾਲ ਬਹੁਤ ਬਰੀਕ ਛੇਕ ਕਰ ਦਿਓ, ਪਾਣੀ ਭਰ ਲਓ, ਪਾਣੀ ਆਪਣੇ ਆਪ ਨਹੀਂ ਨਿਕਲਦਾ ਬਰੀਕ ਛੇਕਾਂ 'ਚੋਂ। ਜਦੋਂ ਉਹਦੇ ਤੇ ਦਬਾਅ ਪਾਵੋਂਗੇ, ਸਾਰਿਆਂ ਦੇ ਵਿਚੋਂ ਪਾਣੀ ਨਿਕਲਣਾ ਸ਼ੁਰੂ ਹੋ ਜਾਏਗਾ। ਏਸੇ ਤਰ੍ਹਾਂ ਹਰ ਸਰੀਰ ਦੇ ਉਤੇ ਸਾਢੇ ਤਿੰਨ ਕਰੋੜ ਰੋਮ ਹੁੰਦਾ ਹੈ। ਇਹ ਮਸਾਣ ਨੇ ਪਾਣੀ ਨਿਕਲਦਾ ਹੈ ਇਨ੍ਹਾਂ 'ਚੋਂ, ਮੈਲ ਨਿਕਲਦੀ ਹੈ। ਜਦੋਂ ਨਾਮ ਦੀ ਕਰੰਟ ਵਧ ਜਾਂਦੀ ਹੈ, ਸਰੀਰ ਸਾਰਾ ਹੀ ਨਾਮ ਦਾ ਰੂਪ ਬਣ ਜਾਂਦਾ ਹੈ, ਉਸ ਵੇਲੇ ਹਰੇਕ ਰੋਮ ਦੇ ਵਿਚੋਂ ਨਾਮ ਦੀ ਧੁਨੀ ਨਿਕਲਦੀ ਹੈ। ਕੀ ਸੁਣਦੀ ਵੀ ਹੈ ਇਹ ਕਿਸੇ ਨੂੰ? ਜਿਨ੍ਹਾਂ ਮਹਾਂਪੁਰਸ਼ਾਂ ਨੇ ਬਹੁਤ ਬੰਦਗੀਆਂ ਕਰੀਆਂ ਨੇ, ਜਿਹੜੇ ਅਜੇ ਏਸ ਰਸਤੇ ਤੇ ਚੱਲੇ ਹੋਏ ਨੇ ਉਹ ਸੁਣ ਸਕਦੇ ਨੇ ਕਿ ਇਹਦਾ ਤਾਂ ਰੋਮ-ਰੋਮ ਨਾਮ ਜਪ ਰਿਹਾ ਹੈ।

ਗੁਰੂ ਪੰਜਵੇਂ ਪਾਤਸ਼ਾਹ ਨੇ ਗੁਰਸਿੱਖਾਂ ਨੂੰ ਦੱਸਿਆ ਸੀ ਕਿ ਭਾਈ ਰੋਮ-ਰੋਮ ਦੇ ਨਾਮ ਨਾਲ ਕਿਵੇਂ ਨਾਮ ਜਪਣਾ ਹੈ। ਸੋ

***ਅਜਪਾ ਜਾਪੁ ਨ ਵੀਸਰੈ***
***ਆਦਿ ਜੁਗਾਦਿ ਸਮਾਇ ॥ ਅੰਗ - ੧੨੯੧***

ਵਾਹਿਗੁਰੂ 'ਚ ਜਾ ਕੇ ਸਮਾਅ ਜਾਂਦਾ ਹੈ।

***ਸਭਿ ਸਖੀਆ ਪੰਚੇ ਮਿਲੇ***
***ਗੁਰਮੁਖਿ ਨਿਜ ਘਰਿ ਵਾਸੁ ॥ ਅੰਗ - ੧੨੯੧***

ਪੰਜ ਕਰਮ, ਪੰਜ ਗਿਆਨ ਇੰਦਰੇ ਇਨ੍ਹਾਂ ਨੂੰ ਪੰਜ ਮਿਲ ਜਾਂਦੇ ਨੇ ਸ੍ਰੇਸ਼ਟ ਗੁਣ - ਸਤਿ, ਸੰਤੋਖ, ਦਇਆ, ਧਰਮ, ਧੀਰਜ। ਫੇਰ ਆਪਣੇ ਘਰ 'ਚ ਵਾਸਾ ਹੋ ਜਾਂਦਾ ਹੈ, ਜਿਹੜਾ ਸਾਡਾ ਅਸਲੀ ਘਰ ਹੈ ਜਿਥੋਂ ਭਟਕ ਕੇ ਅਸੀਂ ਘੁੰਮਦੇ ਫਿਰਦੇ ਹਾਂ। ਪਰ ਇਹ ਘਰ ਮਿਲਦਾ ਨਹੀਂ।

***ਸਬਦੁ ਖੋਜਿ ਇਹੁ ਘਰੁ ਲਹੈ***
***ਨਾਨਕੁ ਤਾ ਕਾ ਦਾਸੁ ॥ ਅੰਗ - ੧੨੯੧***

ਜਿਹਨੂੰ ਇਹ ਮਿਲ ਜਾਵੇ ਮਹਾਰਾਜ ਕਹਿੰਦੇ ਮੈਂ ਦਾਸ ਹਾਂ ਭਾਈ ਉਹਦਾ। ਕਿਉਂਕਿ ਉਹ ਬਹੁਤ ਉੱਚੀ ਅਵਸਥਾ 'ਚ ਪਹੁੰਚਦਾ ਹੈ। ਸੋ -

***ਲਾਭੁ ਲੈਹੁ ਹਰਿ ਰਿਦੈ ਅਰਾਧਹੁ***
***ਛੁਟਕੈ ਆਵਣ ਜਾਣੀ ॥ ਅੰਗ - ੧੨੧੯***

ਜਦੋਂ ਰਿਦੇ 'ਚ ਆਰਾਧਦੇ ਹਾਂ, ਇਹ ਨਾਮ ਇਥੇ ਹੀ ਨਹੀਂ ਰੁਕਦਾ ਇਸ ਤੋਂ ਅੱਗੇ ਵੀ ਚਲਦਾ ਹੈ। ਕੰਨ ਵੀ ਨਾਮ ਜਪਦੇ ਨੇ, ਜਦੋਂ ਹਰਹਟ ਕਰਦਾ ਹੈ ਨਾ ਘੂੰ-ਘੂੰ, ਸਾਨੂੰ ਘੂੰ-ਘੂੰ ਸੁਣਦਾ ਹੈ, ਬੰਦਗੀ ਵਾਲਿਆਂ ਨੂੰ ਕੀ ਸੁਣਦਾ ਹੈ? ਉਹਨੂੰ ਸੁਣਦਾ ਹੈ ਤੂੰ-ਤੂੰ-ਤੂੰ-ਤੂੰ -

***ਹਰਹਟ ਭੀ ਤੂੰ ਤੂੰ ਕਰਹਿ***
***ਬੋਲਹਿ ਭਲੀ ਬਾਣਿ ॥ ਅੰਗ - ੧੪੨੦***

ਉਹ ਵੀ ਤੂੰ-ਤੂੰ ਕਰਦਾ ਹੈ, ਜਦੋਂ ਪੰਛੀ ਬੋਲਦੇ ਨੇ ਉਹ ਵੀ ਉਹਨੂੰ ਪ੍ਰਮੇਸ਼ਰ ਦਾ ਨਾਮ ਹੀ ਜਪਦੇ ਨਜ਼ਰ ਆਉਂਦੇ ਨੇ -

***ਧਾਰਨਾ - ਨਾਮ ਹਰੀ ਦਾ ਜਪਦੇ,***
***ਸਾਰੇ ਵਣਾਂ ਦੇ ਪੰਖੇਰੂ - 2, 2***

***ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ***
***ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥***
***ਅੰਗ - ੧੨੬੫***

ਸਾਨੂੰ ਕਿਉਂ ਨਹੀਂ ਸੁਣਦਾ? ਕਿਉਂਕਿ ਸਾਡੇ ਦਿਬਜ ਕੰਨ ਬੰਦ ਨੇ, ਮਹਾਰਾਜ ਕਹਿੰਦੇ ਸਾਰੀ ਸ੍ਰਿਸ਼ਟੀ ਨਾਮ ਜਪ ਰਹੀ ਹੈ।

***ਨਾਨਕ ਜਨ ਹਰਿ ਕੀਰਤਿ ਗਾਈ***
***ਛੂਟਿ ਗਇਓ ਜਮ ਕਾ ਸਭ ਸੋਰ ॥***
***ਅੰਗ - ੧੨੯੧***

ਸੋ ਏਸ ਤਰ੍ਹਾਂ ਦੇ ਨਾਲ ਜਦੋਂ ਬਾਣੀ ਪੜ੍ਹ ਕੇ, ਨਾਮ ਜਪ ਕੇ ਇਥੇ ਬਿਰਤੀ ਪਹੁੰਚਦੀ ਹੈ ਫੇਰ ਅੱਗੇ ਕੀ ਹੁੰਦਾ ਹੈ? ਅੱਖਾਂ ਖੁਲ੍ਹ ਜਾਂਦੀਆਂ ਨੇ। ਅੱਖਾਂ ਦੇਖਦੀਆਂ ਨੇ ਕਿ ਇਹ ਤਾਂ ਵਾਹਿਗੁਰੂ ਸਾਰਿਆਂ ਦੇ ਅੰਦਰ ਹੈ। ਵਾਹਿਗੁਰੂ ਤੋਂ ਬਗੈਰ ਤਾਂ ਕੋਈ ਹੈ ਹੀ ਨਹੀਂ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਰਾਮ ਬੋਲੇ-ਰਾਮ ਬੋਲੇ***
***ਰਾਮ ਬੋਲਦੈ,***
***ਸਾਰੀਆਂ ਘਟਾਂ ਦੇ ਵਿਚ***
***ਰਾਮ ਬੋਲਦੈ।***

***ਏਕਲ ਮਾਟੀ ਕੁੰਜਰ ਚੀਟੀ***
***ਭਾਜਨ ਹੈਂ ਬਹੁ ਨਾਨਾ ਰੇ ॥***
***ਅਸਥਾਵਰ ਜੰਗਮ ਕੀਟ ਪਤੰਗਮ***
***ਘਟਿ ਘਟਿ ਰਾਮੁ ਸਮਾਨਾ ਰੇ ॥ ਅੰਗ - ੯੮੮***

ਸਾਰਿਆਂ ਦੇ ਵਿਚ ਪ੍ਰਮੇਸ਼ਰ ਬੋਲਦਾ ਨਜ਼ਰ ਆਉਂਦਾ ਹੈ। ਅਸੀਂ ਕਹਿੰਦੇ ਹਾਂ ਕਿ ਸਾਨੂੰ ਤਾਂ ਸੁਣਦਾ ਨਹੀਂ, ਰੱਬ ਬੋਲਦਾ ਵੀ ਹੈ। ਮਹਾਰਾਜ ਕਹਿੰਦੇ -

***ਦਿਲਾ ਕਾ ਮਾਲਕੁ ਕਰੇ ਹਾਕੁ ॥***
***ਕੁਰਾਨ ਕਤੇਬ ਤੇ ਪਾਕੁ ॥ ਅੰਗ - ੮੯੭***

ਕਹਿੰਦੇ ਆਵਾਜ਼ ਦੇ ਰਿਹਾ ਹੈ, ਜਦ ਤੋਂ ਤੂੰ ਪੈਦਾ ਹੋਇਆ ਹੈਂ ਨਾ, ਆਹ ਜਨਮ ਦੀ ਗੱਲ ਛੱਡ, ਪਸ਼ੂ ਵੀ ਰਿਹਾ, ਪੰਛੀ ਵੀ ਰਿਹਾ, ਸੱਪ ਵੀ ਬਣਿਆ, ਗੰਡੋਲਾ ਵੀ ਬਣਿਆ-

***ਕਈ ਜਨਮ ਭਏ ਕੀਟ ਪਤੰਗਾ ॥***
***ਕਈ ਜਨਮ ਗਜ ਮੀਨ ਕੁਰੰਗਾ ॥***
***ਕਈ ਜਨਮ ਪੰਖੀ ਸਰਪ ਹੋਇਓ ॥***
***ਕਈ ਜਨਮ ਹੈਵਰ ਬ੍ਰਿਖ ਜੋਇਓ ॥***
***ਅੰਗ - ੧੭੬***

ਦਰਖਤ ਵੀ ਬਣਿਆ, ਨਾਮ ਤਾਂ ਤੇਰੇ ਅੰਦਰ ਹਰ ਵਕਤ ਸੀ, ਜੇ ਨਾਮ ਨਾ ਹੋਵੇ ਉਹ ਚੀਜ਼ ਉਸੇ ਵੇਲੇ ਖਤਮ ਹੋ ਜਾਂਦੀ ਹੈ ਜਿਹਦੇ ਅੰਦਰ ਨਾਮ ਨਾ ਬੋਲਦਾ ਹੋਵੇ, ਇਹ ਓਅੰਕਾਰ ਦੀ ਧੁਨ ਸਾਰਿਆਂ ਦੇ ਅੰਦਰ ਬੋਲਦੀ ਹੈ, ਕਹਿੰਦੇ ਸੁਣਦੀ ਕਿਉਂ ਨਹੀਂ ਹੈ, ਅਸੀਂ ਤਾਂ ਕੰਨ ਬੰਦ ਕਰਕੇ ਵੀ ਸੁਣਦੇ ਹਾਂ, ਉਹ ਤਾਂ ਸੁਣਦੀ ਨਹੀਂ। ਸੁਣਦੀ ਤਾਂ ਨਹੀਂ ਸਾਧਸੰਗਤ ਜੀ -

***ਮਾਇਆਧਾਰੀ ਅਤਿ ਅੰਨਾ ਬੋਲਾ ॥***
***ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥***
***ਅੰਗ - ੩੧੩***

ਐਨਾ ਰੌਲਾ ਘਚੋਲਾ ਮਨ ਵਿਚ ਪਿਆ ਹੋਇਆ ਹੈ, ਉਹ ਤਾਂ ਕਹਿੰਦੇ ਜਪੁਜੀ ਸਾਹਿਬ ਵਿਚ ਹੀ ਨਹੀਂ ਸਾਡਾ ਮਨ ਲਗਦਾ। ਨਾਮ ਕਿੱਥੇ ਸੁਣਨਾ ਹੈ ਸੂਖਸ਼ਮ ਚੀਜ਼? ਜਪੁਜੀ ਸਾਹਿਬ ਦੇ ਵਿਚ ਹੀ ਨਹੀਂ ਮਨ ਟਿਕਦਾ, ਦੌੜਿਆ ਫਿਰਦਾ ਹੈ ਛਾਲਾਂ ਮਾਰਦਾ। ਪਤਾ ਹੀ ਨਹੀਂ ਕਿ ਕਿੰਨਾ ਕੁ ਪੜ੍ਹ ਲਿਆ, ਕਿੰਨਾ ਕੁ ਛੱਡ ਦਿਤਾ, ਪਤਾ ਹੀ ਜਦ ਲਗਦਾ ਹੈ-

***ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥***
***ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥ ੧ ॥***
***ਅੰਗ - ੮***

ਕੀ ਪੜ੍ਹ ਹੋ ਗਿਆ ਜਪੁਜੀ ਸਾਹਿਬ? ਉਹ ਨਾਮ ਕਿੱਥੋਂ ਸੁਣਨਾ ਹੈ?

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ ॥***
***ਸੁੰਨ ਸਮਾਧਿ ਅਨਹਤ ਤਹ ਨਾਦ ॥***
***ਕਹਨੁ ਨ ਜਾਈ ਅਚਰਜ ਬਿਸਮਾਦ ॥***
***ਅੰਗ - ੨੯੩***

ਇਥੇ ਹੀ ਨਹੀਂ ਗੁਰੂ ਮਹਾਰਾਜ ਤਾਂ ਇਹ ਫੁਰਮਾਨ ਕਰਦੇ ਨੇ ਕਿ ਜਿਹੜੇ ਤੂੰ ਚੰਦ ਦੇਖਦਾ ਹੈਂ, ਸੂਰਜ ਦੇਖਦਾ ਹੈਂ, ਆਕਾਸ਼ ਦੇਖਦਾ ਹੈਂ, ਧਰਤੀ ਦੇਖਦਾ ਹੈਂ, ਪੌਣ ਦੇਖਦਾ ਹੈ, ਪਾਣੀ ਦੇਖਦਾ ਹੈਂ, ਬੈਸੰਤਰ ਤੈਨੂੰ ਨਜ਼ਰ ਆਉਂਦੀ ਹੈ, ਆਹ ਖੰਡ ਦੇਖਦਾ ਹੈਂ, ਦੀਪ ਦੇਖਦਾ ਹੈਂ, ਪਾਤਾਲ ਦੇਖਦਾ ਹੈਂ, ਪਾਤਾਲ ਦੀਆਂ ਪੁਰੀਆਂ ਦੇਖਦਾ ਹੈ, ਚਾਰੇ ਖਾਣੀਆਂ ਦੇਖਦਾ ਹੈਂ - ਅੰਡਜ, ਜੇਰਜ, ਸੇਤਜ, ਉਤਭੁਜ ਤੇ ਬ੍ਰਹਮਾ, ਵਿਸ਼ਨੂੰ, ਮਹੇਸ਼ ਦੇਵਤਿਆਂ ਦਾ ਧਿਆਨ ਕਰਦਾ ਹੈਂ, ਦੇਵਤੇ ਦੇਖਦਾ ਹੈ, 33 ਕਰੋੜ। ਜਖ ਦੇਖਦਾ ਹੈਂ, ਕਿੰਨਰ ਦੇਖਦਾ ਹੈਂ, ਦੈਂਤ ਦੇਖਦਾ ਹੈ, ਪਸ਼ੂ ਦੇਖਦਾ ਹੈਂ, ਪੰਖੀ, ਭੂਤ, ਪ੍ਰੇਤ, ਪਰਬਤ, ਬੇਲਾਂ, ਸੂਖਮ ਚੀਜ਼ਾਂ ਦੇਖਦਾ ਹੈਂ, ਸਥੂਲ ਚੀਜ਼ਾਂ ਦੇਖਦਾ ਹੈਂ, ਸਿੱਧ ਸਾਧਕ ਦੇਖਦਾ ਹੈਂ, ਕਹਿੰਦੇ ਸਾਰਿਆਂ ਦੇ ਅੰਦਰ ਨਾਮ ਦੀ ਧੁਨੀ ਚਲ ਰਹੀ ਹੈ। ਉਸ ਨਾਮ ਦੀ ਧੁਨੀ ਦੇ ਆਸਰੇ ਹੀ ਉਨ੍ਹਾਂ ਦੇ ਸਰੀਰ ਕਾਇਮ ਨੇ ਤੇ ਇਨ੍ਹਾਂ ਸਾਰੀਆਂ ਚੀਜ਼ਾਂ ਦੇ ਯਾਦ ਵਿਚ ਪ੍ਰਮੇਸ਼ਰ ਹੈ।

***ਸਭੁ ਕੋ ਆਖੈ ਆਪਣਾ***
***ਜਿਸੁ ਨਾਹੀ ਸੋ ਚੁਣਿ ਕਢੀਐ॥ ਅੰਗ - ੪੭੩***

ਸੋ ਇਹ ਸਾਰੀ ਕੁਦਰਤ ਜਿੰਨੀ ਹੈ, ਇਕ ਮਨੁੱਖ ਤੋਂ ਬਿਨਾਂ ਨਾਮ ਦੇ ਧਿਆਨ ਵਿਚ ਹੈ ਜਿਹਦੇ ਆਸਰੇ ਦੇ ਉਤੇ ਚੱਲ ਕੇ, ਹੁਕਮ 'ਚ ਸੂਰਜ ਦੀ ਮਜ਼ਾਲ ਨਹੀਂ ਹੈ ਕਿ ਐਨਾ ਕੁ ਐਧਰ ਨੂੰ ਹੋ ਜਾਵੇ, ਜੇ ਜ਼ਰਾ ਕੁ ਲੇਟ ਹੋ ਜਾਵੇ, ਉਸੇ ਵੇਲੇ ਬ੍ਰਹਿਮੰਡ ਦੇ ਅੰਦਰ ਵਿਸਫੋਟ ਹੋ ਜਾਏਗਾ, ਸਾਰੀ ਸ੍ਰਿਸ਼ਟੀ ਖਤਮ ਹੋ ਜਾਏਗੀ। ਐਨਾ ਹੁਕਮ ਦਾ ਬੰਨ੍ਹਿਆ ਹੋਇਆ ਚਲਦਾ ਹੈ ਮਹਾਰਾਜ ਕਹਿੰਦੇ ਇਹ ਸਾਰੇ ਨਾਮ ਦੀ ਧੁਨ ਦੇ ਨਾਲ ਜੁੜੇ ਹੋਏ

ਕੰਟਰੋਲ ਵਿਚ ਨੇ ਹੁਕਮ ਦੇ ਅੰਦਰ –

***ਧਾਰਨਾ – ਨਾਮ ਹਰੀ ਦਾ ਜਪਦੀ,***
***ਕੁਦਰਤ ਸਾਰੀ-ਕੁਦਰਤ ਸਾਰੀ।***

ਮਹਾਰਾਜ ਕਹਿੰਦੇ ਪ੍ਰੇਮੀਓ! ਤੁਹਾਨੂੰ ਨਹੀਂ ਪਤਾ, ਸੰਸਾਰ ਦੀ ਕੋਈ ਚੀਜ਼ ਐਸੀ ਨਹੀਂ ਜਿਹਦੇ ਅੰਦਰ ਨਾਮ ਦੀ ਧੁਨ ਨਾ ਹੋਵੇ। ਕਿਉਂਕਿ ਪੂਰ ਰਹੀ ਹੈ –

***ਪ੍ਰਥਮ ਓਅੰਕਾਰ ਤਿਨ ਕਹਾ***
***ਸੋ ਧੁਨ ਪੂਰ ਜਗਤ ਮੋ ਰਹਾ।***

ਉਹ ਧੁਨ ਹਰੇਕ ਦੇ ਅੰਦਰ ਹੈ, ਦਰਖਤਾਂ ਦੇ ਅੰਦਰ ਵੀ ਹੈ, ਨਹੀਂ ਤਾਂ ਦਰਖਤ ਗਿਰ ਜਾਣ ਕੁਛ ਵੀ ਨਾ ਰਹੇ। ਸੋ ਮਹਾਰਾਜ ਕਹਿੰਦੇ –

*ਸਿਮਰੈ ਧਰਤੀ ਅਰੁ ਆਕਾਸਾ ॥*
*ਸਿਮਰਹਿ ਚੰਦ ਸੂਰਜ ਗੁਣਤਾਸਾ ॥*
*ਪਉਣ ਪਾਣੀ ਬੈਸੰਤਰ ਸਿਮਰਹਿ*
*ਸਿਮਰੈ ਸਗਲ ਉਪਾਰਜਨਾ ॥ ੧ ॥*
*ਸਿਮਰਹਿ ਖੰਡ ਦੀਪ ਸਭਿ ਲੋਆ ॥*
*ਸਿਮਰਹਿ ਪਾਤਾਲ ਪੁਰੀਆ ਸਚੁ ਸੋਆ ॥*
*ਸਿਮਰਹਿ ਖਾਣੀ ਸਿਮਰਹਿ ਬਾਣੀ*
*ਸਿਮਰਹਿ ਸਗਲੇ ਹਰਿ ਜਨਾ ॥ ੨ ॥*
*ਸਿਮਰਹਿ ਬ੍ਰਹਮੇ ਬਿਸਨ ਮਹੇਸਾ ॥*
*ਸਿਮਰਹਿ ਦੇਵਤੇ ਕੋੜਿ ਤੇਤੀਸਾ ॥*
*ਸਿਮਰਹਿ ਜਖ੍ਹਿ ਦੈਤ ਸਭਿ ਸਿਮਰਹਿ*
*ਅਗਨਤੁ ਨ ਜਾਈ ਜਸੁ ਗਨਾ ॥ ੩ ॥*
*ਸਿਮਰਹਿ ਪਸੁ ਪੰਖੀ ਸਭਿ ਭੂਤਾ ॥*

***ਅੰਗ – ੧੦੭੯***

ਜਿੰਨੇ ਪੰਜ ਭੂਤ ਨੇ – ਪਉਣ, ਪਾਣੀ, ਆਕਾਸ਼ ਵਗੈਰਾ ਇਹ ਸਾਰੇ ਹੀ ਕਹਿੰਦੇ ਸਿਮਰਦੇ ਨੇ। ਪਸ਼ੂ ਵੀ ਸਿਮਰਦੇ ਨੇ, ਪੰਖੀ ਵੀ ਸਿਮਰਦੇ ਨੇ। ਕਈਆਂ ਨੂੰ ਖਿਆਲ ਹੁੰਦਾ ਹੈ ਕਿ ਪਸ਼ੂਆਂ ਨੂੰ ਰੱਬ ਦਾ ਪਤਾ ਹੈ? ਸਾਧਸੰਗਤ ਜੀ! ਪਸ਼ੂਆਂ 'ਚ ਤਾਂ ਬਹੁਤੀ ਅਕਲ ਹੈ ਆਦਮੀ ਨਾਲੋਂ। ਕੁੱਤੇ ਨੂੰ ਕਿਤੇ ਲੈ ਜਾਓ, ਲਿਜਾ ਕੇ ਛੱਡ ਦਿਓ ਉਹਨੂੰ, ਮੁੜ ਕੇ ਘਰ ਵਾਪਸ ਆ ਜਾਏਗਾ। ਮਨੁੱਖ ਨਹੀਂ ਆ ਸਕਦਾ, ਮਨੁੱਖ ਨੂੰ ਪਤਾ ਹੀ ਨਹੀਂ ਲਗਦਾ। ਅੱਖਾਂ ਬੰਨ੍ਹ ਲਓ ਮਨੁੱਖ ਦੀਆਂ, ਕੁੱਤੇ ਦੀਆਂ ਬੰਨ੍ਹ ਲਓ, ਕੁੱਤੇ ਨੂੰ ਵੀ ਅੱਖਾਂ ਬੰਨ੍ਹ ਕੇ ਨਾਲ-ਨਾਲ ਲਈ ਜਾਓ, ਮਨੁੱਖ ਨੂੰ ਲਈ ਜਾਓ। ਜਾ ਕੇ ਕਿਤੇ ਪ੍ਰਦੇਸ ਛੱਡ ਦਿਓ, ਜੇ ਕਦੇ ਮਨੁੱਖ ਆ ਜਾਵੇ। ਬੋਲੀ ਜਾਣਦਾ ਨਾ ਹੋਵੇ, ਕੁੱਤਾ ਆਪਣੇ ਆਪ ਆ ਜਾਂਦਾ ਹੈ। ਆਹ drug ਲੈ ਕੇ ਜਾਂਦੇ ਨੇ ਲੋਕ, ਚੋਰੀ ਕਰਦੇ ਨੇ, ਕੁੱਤੇ ਨੂੰ ਪਹਿਲਾਂ ਹੀ ਪਤਾ ਲਗ ਜਾਂਦਾ ਹੈ, ਕਿਤੇ ਲਕੋ ਲਓ ਉਥੋਂ ਹੀ ਭੌਂਕਣ ਲਗ ਜਾਂਦਾ ਹੈ ਕਿ ਇਹਦੇ ਕੋਲ drug ਹੈ, ਆਦਮੀ ਨੂੰ ਤਾਂ ਨਹੀਂ ਪਤਾ ਲਗਦਾ, ਕੁੱਤੇ ਦੀ ਮਦਦ ਲੈਂਦੇ ਨੇ। ਕਤਲ ਹੋ ਜਾਂਦੇ ਨੇ, ਚੋਰੀਆਂ ਹੋ ਜਾਂਦੀਆਂ ਨੇ, ਪੁਲਿਸ ਵਾਲੇ ਕੁੱਤੇ ਲੈ ਕੇ ਆਉਂਦੇ ਨੇ, ਆਪ ਕਿਉਂ ਨਹੀਂ ਜਾਂਦੇ? ਕੁੱਤਾ ਉਸੇ ਵੇਲੇ ਤੁਰ ਪੈਂਦਾ ਹੈ ਪਿੱਛੇ-ਪਿੱਛੇ, ਕੱਪੜਾ ਸੁੰਘਾ ਦਿਓ ਕੁੱਤੇ ਨੂੰ, ਜਾ ਕੇ ਸੌ ਬੰਦਿਆਂ 'ਚੋਂ ਫੜ ਲਏਗਾ। ਉਨ੍ਹਾਂ 'ਚ ਬਹੁਤੀ ਅਕਲ ਸਾਡੇ ਨਾਲੋਂ ਕਿੰਨੀਆਂ ਚੀਜ਼ਾਂ 'ਚ ਜ਼ਿਆਦਾ ਹੈ। ਹਰਨ ਦਾ ਬੱਚਾ ਪੈਦਾ ਹੋਵੇ, ਮਨੁੱਖ ਦਾ ਬੱਚਾ ਪੈਦਾ ਹੋਵੇ, ਦੋਹਾਂ ਨੂੰ ਪਾਣੀ 'ਚ ਸੁੱਟ ਦਿਓ, ਹਰਨ ਦਾ ਬੱਚਾ ਕਦੇ ਨਹੀਂ ਡੁੱਬਦਾ। ਦੋ ਦਿਨ ਦੇ ਹੀ ਨੂੰ ਸੁੱਟ ਦਿਓ, ਮਨੁੱਖ ਦੇ ਨੂੰ ਦੋ ਸਾਲ ਦੇ ਨੂੰ ਸੁੱਟ ਦਿਓ, ਮਨੁੱਖ ਦਾ ਬੱਚਾ ਡੁੱਬ ਜਾਏਗਾ, ਹਰਨ ਦਾ ਨਹੀਂ ਡੁੱਬੇਗਾ। ਕਿਉਂਕਿ ਜੰਮਦੇ ਨੂੰ ਹੀ ਪਤਾ ਹੈ, ਜੰਮਦਾ ਹੀ ਉਹਨੂੰ ਕੋਈ ਦਸਦਾ ਨਹੀਂ ਹੈ ਕਿ ਇਥੇ ਦੁੱਧ ਹੈ, ਆਪਣੇ ਆਪ ਹੀ ਦੁੱਧ ਨੂੰ ਟੋਲ੍ਹ ਲੈਂਦਾ ਹੈ, ਉਹਨੂੰ ਪਤਾ ਹੈ ਕਿ ਆਹ ਮੇਰੀ ਖੁਰਾਕ ਹੈ। ਮਨੁੱਖ ਨੂੰ ਤਾਂ ਪਤਾ ਹੀ ਨਹੀਂ ਹੈ। ਬੱਚੇ ਨੂੰ ਨਹੀਂ ਪਤਾ ਕਿ ਦੁੱਧ ਕਿੱਥੇ ਹੈ ਮਾਂ ਦਾ। ਸੋ ਇਹਦੇ 'ਚ ਓਨੀਂ ਅਕਲ ਨਹੀਂ, ਇਹਦੇ 'ਚ ਇਕ ਅਕਲ ਵੱਧ ਹੈ, ਉਹ ਇਹ ਹੈ ਕਿ ਇਹਨੂੰ ਬੁੱਧੀ ਦਿਤੀ ਹੋਈ ਹੈ ਪ੍ਰਮੇਸ਼ਰ ਨੇ। ਇਹ ਚੰਗੇ ਮਾੜੇ ਦੀ ਤਮੀਜ਼ ਕਰ ਲੈਂਦਾ ਹੈ। ਚੰਗੇ ਮਾੜੇ ਦੀ ਤਮੀਜ਼ ਉਨ੍ਹਾਂ ਨੂੰ ਵੀ ਹੈ। ਹਰਿਆ ਪਸ਼ੂ ਹੋਵੇ, ਫਸਲ 'ਚ ਵੜਨਾ ਹੈ, ਪਹਿਲਾਂ ਮਾਲਕ ਨੂੰ ਦੇਖਦਾ ਹੈ ਕਿ ਇਹਦਾ ਖਿਆਲ ਮੇਰੇ 'ਚ ਹੈ ਕਿ ਹੋਰ ਪਾਸੇ ਹੈ, ਜੇ ਉਹਦੇ ਵਲ ਝਾਕਦੇ ਹਾਂ ਤਾਂ ਉਥੇ ਹੀ ਚੁਗੀ ਜਾਏਗਾ, ਜੇ ਹੋਰ ਕਿਤੇ ਖਿਆਲ ਹੋਵੇ ਤਾਂ ਨੱਠ ਕੇ ਜਾ ਕੇ ਫਸਲ 'ਚ ਵੜ ਜਾਂਦਾ ਹੈ। ਪਤਾ ਤਾਂ ਉਹਨੂੰ ਵੀ ਹੈ। ਹਾਥੀ ਜਿਸ ਵਕਤ ਪਾਣੀ 'ਚ ਡੁੱਬਣ ਲੱਗਿਆ, ਤੰਦੂਏ ਦਾ ਫੜਿਆ ਹੋਇਆ, ਸਿਰਫ ਇਕ ਫੁੱਟ ਸੁੰਡ ਰਹਿ ਗਈ ਉਹਦੀ, ਓਸ ਵੇਲੇ ਉਹਨੇ ਰਾਮ ਨੂੰ ਯਾਦ ਕਰਿਆ –

***ਜਬ ਹੀ ਸਰਨਿ ਗਹੀ ਕਿਰਪਾ ਨਿਧਿ***
***ਗਜ ਗਰਾਹ ਤੇ ਛੂਟਾ ॥***
***ਮਹਮਾ ਨਾਮ ਕਹਾ ਲਉ ਬਰਨਉ***
***ਰਾਮ ਕਹਤ ਬੰਧਨ ਤਿਹ ਤੂਟਾ ॥ ਅੰਗ – ੬੩੨***

ਉਸੇ ਵੇਲੇ ਪ੍ਰਮੇਸ਼ਰ ਨੇ ਆ ਕੇ ਤੰਦੂਏ ਦੇ ਤੰਦ ਕੱਟ ਦਿਤੇ, ਜਾਨਵਰਾਂ ਦਾ ਵੀ ਹੈ ਰੱਬ ਇਕੱਲੇ ਮਨੁੱਖਾਂ ਦਾ ਹੀ ਨਹੀਂ ਹੈ।

***ਹਾਥੀ ਕੀ ਚਿੰਘਾਰ***
***ਪਲ ਪਾਛੈ ਪਹੁਚਤ ਤਾਹਿ***
***ਚੀਟੀ ਕੀ ਪੁਕਾਰ***
***ਪਹਲੇ ਹੀ ਸੁਨਿਅਤ ਹੈ॥ ਅਕਾਲ ਉਸਤਤਿ***

ਜੇ ਸੁਣਦਾ ਹੈ ਤਾਂ ਹੀ ਮਹਾਰਾਜ ਨੇ ਲਿਖਿਆ ਹੈ ਕਿ ਕੀੜੀਆਂ ਦੀ ਪੁਕਾਰ ਵੀ ਸੁਣ ਲੈਂਦਾ ਹੈ। ਜਿਹੜੇ ਖਾਂਦੇ ਨੇ ਨਾ ਮਾਰ-ਮਾਰ ਕੇ ਜਾਨਵਰਾਂ ਨੂੰ, ਮਹਾਰਾਜ ਕਹਿੰਦੇ ਖਾ ਕੇ ਤੂੰ ਛੁਟ ਜਾਏਂਗਾ?

*ਕਬੀਰ ਖੂਬੁ ਖਾਨਾ ਖੀਚਰੀ*
*ਜਾ ਮਹਿ ਅੰਮ੍ਰਿਤੁ ਲੋਨੁ ॥*
*ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ ॥*
*ਅੰਗ - ੧੩੭੪*

ਪਹਿਲਾਂ ਖਾ ਫੇਰ ਤੈਨੂੰ ਖਾਣਗੇ, ਕਰਮ ਬੀਜ ਦਿਤਾ ਕਿਉਂਕਿ ਰੱਬ ਇਨ੍ਹਾਂ ਦਾ ਵੀ ਹੈ, ਮਨੁੱਖ ਜੋਰ ਕਰਦਾ ਹੈ -

*ਕਬੀਰ ਜੋਰੀ ਕੀਏ ਜੁਲਮੁ ਹੈ ਕਹਤਾ ਨਾਉ*
*ਹਲਾਲੁ॥ ਦਫਤਰਿ ਲੇਖਾ ਮਾਂਗੀਐ*
*ਤਬ ਹੋਇਗੋ ਕਉਨੁ ਹਵਾਲੁ॥ ਅੰਗ - ੧੩੭੪*

ਕੀ ਬੱਕਰਾ ਆਪੇ ਹੀ ਕਹਿੰਦਾ ਹੈ ਕਿ ਮੇਰੀ ਗਰਦਨ ਵੱਢ ਲੈ? ਬੰਨ੍ਹਦਾ ਹੈ, ਇਕ ਜਣਾ ਓਧਰੋਂ ਫੜਦਾ ਹੈ, ਇਕ ਜਣਾ ਓਧਰੋਂ ਫੜਦਾ ਹੈ। ਕਹਿੰਦਾ ਮਾਰ ਹੁਣ ਗੰਡਾਸਾ, ਦਬਿਆ ਹੁੰਦਾ ਹੈ। ਇਹਦਾ ਲੇਖਾ ਦੇਣਾ ਪਏਗਾ ਨਾ ਓਸ ਵੇਲੇ ਔਖਾ ਹੋ ਜਾਏਂਗਾ, ਆਪਣਾ ਮਾਸ ਖਲਾਉਣਾ ਪਏਗਾ ਕਿਉਂਕਿ ਰੱਬ ਸਭ ਦਾ ਹੈ। ਮਹਾਰਾਜ ਕਹਿੰਦੇ, ਪਸ਼ੂਆਂ ਦਾ ਵੀ ਹੈ -

*ਸਿਮਰਹਿ ਬਨ ਪਰਬਤ ਅਉਧੂਤਾ ॥*
*ਲਤਾ ਬਲੀ ਸਾਖ ਸਭ ਸਿਮਰਹਿ*
*ਰਵਿ ਰਹਿਆ ਸੁਆਮੀ ਸਭ ਮਨਾ ॥*
*ਅੰਗ - ੧੦੭੯*

ਕਹਿੰਦੇ ਵੇਲਾਂ ਵੀ ਵਾਹਿਗੁਰੂ ਦਾ ਨਾਮ ਯਾਦ ਰੱਖਦੀਆਂ ਨੇ। ਜਿਹੜੇ ਫੁੱਲ ਨੇ ਇਹ ਵੀ ਵਾਹਿਗੁਰੂ ਨੂੰ ਯਾਦ ਰੱਖਦੇ ਨੇ-

*ਸਿਮਰਹਿ ਥੂਲ ਸੂਖਮ ਸਭਿ ਜੰਤਾ ॥*
*ਸਿਮਰਹਿ ਸਿਧ ਸਾਧਿਕ ਹਰਿ ਮੰਤਾ ॥*
*ਗੁਪਤ ਪ੍ਰਗਟ ਸਿਮਰਹਿ ਪ੍ਰਭ ਮੇਰੇ*
*ਸਗਲ ਭਵਨ ਕਾ ਪ੍ਰਭ ਧਨਾ ॥ ਅੰਗ - ੧੦੭੯*

ਕਿਉਂਕਿ ਉਹ ਸਾਰਿਆਂ ਦਾ ਹੈ, ਸਾਰਿਆਂ ਦੇ ਵਿਚ ਹੈ,

*ਸਿਮਰਹਿ ਨਰ ਨਾਰੀ ਆਸਰਮਾ ॥*
*ਸਿਮਰਹਿ ਜਾਤਿ ਜੋਤਿ ਸਭਿ ਵਰਨਾ ॥*
*ਸਿਮਰਹਿ ਗੁਣੀ ਚਤੁਰ ਸਭਿ ਬੇਤੇ*
*ਸਿਮਰਹਿ ਰੈਣੀ ਅਰੁ ਦਿਨਾ ॥ ਅੰਗ - ੧੦੭੯*

ਰਾਤ ਤੇ ਦਿਨ ਵੀ ਉਹਨੂੰ ਯਾਦ ਕਰਦੇ ਨੇ -

*ਸਿਮਰਹਿ ਘੜੀ ਮੂਰਤ ਪਲ ਨਿਮਖਾ ॥*
*ਅੰਗ - ੧੦੭੯*

ਪਲ ਵੀ, ਮਿੰਟ ਵੀ, ਸਕਿੰਟ ਵੀ ਸਾਰੇ ਪ੍ਰਮੇਸ਼ਰ ਨੂੰ ਸਿਮਰ ਰਹੇ ਨੇ।

*ਸਿਮਰੈ ਕਾਲੁ ਅਕਾਲੁ ਸੁਚਿ ਸੋਚਾ ॥*
*ਅੰਗ - ੧੦੭੯*

ਕਾਲ ਵੀ ਉਹਨੂੰ ਸਿਮਰ ਰਿਹਾ ਹੈ।

*ਸਿਮਰੈ ਕਾਲੁ ਅਕਾਲੁ ਸੁਚਿ ਸੋਚਾ ॥*
*ਸਿਮਰਹਿ ਸਉਣ ਸਾਸਤ੍ਰ ਸੰਜੋਗਾ*
*ਅਲਖੁ ਨ ਲਖੀਐ ਇਕੁ ਖਿਨਾ॥ ਅੰਗ-੧੦੭੯*

ਆਹ ਜਿਹੜੇ ਸਗਲ ਨੇ ਨਾ ਇਹ ਵੀ ਉਹਨੂੰ ਯਾਦ ਕਰਦੇ ਨੇ। ਜੇ ਭੁੱਲਦਾ ਹੈ ਤਾਂ ਮਨੁੱਖ ਭੁੱਲਦਾ ਹੈ। ਐਸ ਤਰ੍ਹਾਂ ਫੁਰਮਾਨ ਹੈ -

***ਧਾਰਨਾ - ਸਾਰੇ ਯਾਦ ਹਰੀ ਨੂੰ ਰੱਖਦੇ,***
***ਕਾਹਤੋਂ ਤੈਨੂੰ ਰਾਮ ਭੁੱਲਿਆ।***

ਬ੍ਰਿਛ, ਵੇਲਾਂ, ਪਸ਼ੂ, ਪੰਖੀ ਸਾਰਿਆਂ ਦੇ ਰੱਬ ਯਾਦ ਹੈ ਜੇ ਭੁੱਲਿਆ ਹੋਇਆ ਹੈ ਤਾਂ ਮਨੁੱਖ ਨੂੰ ਭੁੱਲਿਆ ਹੋਇਆ ਹੈ ਇਹਦੇ ਅੰਦਰ ਹਰ ਵਕਤ ਰੱਬ ਆਵਾਜ਼ਾਂ ਮਾਰ ਰਿਹਾ ਹੈ -

*ਦਿਲਾ ਕਾ ਮਾਲਕੁ ਕਰੇ ਹਾਕੁ ॥ ਅੰਗ - ੮੯੭*

ਐਸੀ ਹਾਕ ਮਾਰੀ ਹੈ, ਜਿਸ ਦਿਨ ਦਾ ਵਿਛੜਿਆ ਹੈ ਓਦਣ ਦੀ ਹਾਕ, ਕੋਈ ਜਨਮ ਧਾਰ ਲਵੇ, ਕੋਈ ਸਰੀਰ ਧਾਰ ਲਵੇ, ਹਾਕ ਰੱਬ ਦੀ ਆਉਂਦੀ ਹੈ, ਸੁਣ ਤਾਂ ਸਹੀ ਅੰਦਰ ਕਦੇ, ਪੁੱਛ ਲੈ ਕਦੇ ਕਿਸੇ ਨੂੰ ਰੱਬ ਦੀ ਆਵਾਜ਼ ਕਿਵੇਂ ਸੁਣੀ ਜਾਂਦੀ ਹੈ। ਸੋ ਮਹਾਰਾਜ ਕਹਿੰਦੇ ਨੇ ਕਿ -

*ਜਲਿ ਥਲਿ ਮਹੀਅਲਿ ਸੁਆਮੀ ਸੋਈ ॥*
*ਅਵਰੁ ਨ ਕਹੀਐ ਦੂਜਾ ਕੋਈ ॥*
*ਗੁਰ ਗਿਆਨ ਅੰਜਨਿ ਕਾਟਿਓ*
*ਭ੍ਰਮੁ ਸਗਲਾ ਅਵਰੁ ਨ ਦੀਸੈ ਏਕ ਬਿਨਾ ॥*
*ਅੰਗ - ੧੦੭੯*

ਕਹਿੰਦੇ ਸਾਰਿਆਂ ਦੇ ਅੰਦਰ ਹੈ, ਐਨੀਓਂ ਗੱਲ ਮੰਨ ਲਓ। ਇਕ ਗੱਲ ਮੰਨ ਲਓ ਕਿ ਰੱਬ ਸਾਰਿਆਂ ਦੇ ਅੰਦਰ ਹੈ, ਫੇਰ ਬਾਹਰ ਵੀ ਹੈ? ਕਹਿੰਦੇ ਬਾਹਰ ਵੀ ਹੈਗਾ। ਬਾਹਰ ਕਿੱਥੇ ਹੈ ਕਿਸੇ ਥਾਂ ਖੜ੍ਹਾ ਹੈ, ਸਾਰੇ ਪਰੀਪੂਰਨ ਹੈ, ਜਿਵੇਂ ਹਵਾ ਹੈ, ਆਕਾਸ਼ ਹੈ, ਐਵੇਂ ਜਿਵੇਂ ਰੱਬ ਹੈ ਤੁਹਾਡਾ ਹਰ ਕਦਮ ਰੱਬ ਦੇ ਵਿਚ ਹੈ, ਹਰ ਸਾਹ ਰੱਬ ਦੇ ਵਿਚ ਹੈ। ਯਾਦ ਤਾਂ ਕਰ ਲਓ ਉਹਨੂੰ, ਜੇ ਯਾਦ ਕਰ ਲਓ -

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥*
*ਕਲਿ ਕਲੇਸ ਤਨ ਮਾਹਿ ਮਿਟਾਵਉ ॥*
*ਅੰਗ - ੨੬੨*

ਫੇਰ ਸੁੱਖ ਆਪੇ ਹੀ ਦਰਵਾਜ਼ੇ ਤੇ ਆ ਗਏ ਜਦੋਂ ਉਹਨੂੰ ਯਾਦ ਕਰ ਲਿਆ। ਜਿਹੜਾ ਭੁੱਲਦਾ ਹੈ-

*ਕੋਟਿ ਬਿਘਨ ਤਿਸੁ ਲਾਗਤੇ*
*ਜਿਸ ਨੋ ਵਿਸਰੈ ਨਾਉ॥ ਅੰਗ - ੫੨੨*

ਕਹਿੰਦੇ ਨੇ ਕਿ ਜੀ ਕਮਾਈ ਨਹੀਂ ਸਾਡੀ

ਹੁੰਦੀ, ਘਾਟੇ ਪੈਂਦੇ ਨੇ ਜੀ ਸਾਨੂੰ, ਤੂੰ ਤਾਂ ਰੱਬ ਨੂੰ ਭੁੱਲਿਆ ਰਹਿੰਦਾ ਹੈਂ ਹਰ ਵਕਤ, ਫੇਰ ਤਾਂ ਘਾਟੇ ਹੀ ਪੈਣੇ ਨੇ ਪ੍ਰੇਮੀਆ। ਮਹਾਰਾਜ ਤਾਂ ਇਥੇ ਤੱਕ ਕਹਿੰਦੇ ਨੇ, ਕਹਿੰਦੇ ਤੈਨੂੰ ਸੰਸਾਰ 'ਚ ਮਨੁੱਖ ਬਣਨ ਦਾ ਕੋਈ ਫਾਇਦਾ ਹੀ ਨਹੀਂ ਹੋਇਆ। ਕੋਈ ਫਾਇਦਾ ਨਹੀਂ, ਇਹਦੇ ਨਾਲੋਂ ਤਾਂ ਤੂੰ ਪਸ਼ੂ ਬਣਿਆ ਰਹਿੰਦਾ, ਪਾਪ ਸਿਰ ਤਾਂ ਨਾ ਚੜ੍ਹਦੇ ਕਿਉਂਕਿ ਪਸ਼ੂਆਂ ਨੂੰ ਪਾਪ ਨਹੀਂ ਲੱਗਦਾ। ਉਨ੍ਹਾਂ ਦੀਆਂ ਭੋਗ ਜੂਨੀਆਂ ਨੇ ਕਰਮ ਭੋਗਦੇ ਨੇ, ਇਹ ਮਨੁੱਖ ਹੈ ਸੁਤੰਤਰ ਜੂਨੀ ਇਕੱਲੀ ਹੀ, ਇਹ ਜਿਹੜੇ ਕਰਮ ਕਰਦਾ ਹੈ ਇਹਦੀਆਂ ਗੱਠੜੀਆਂ ਬੰਨ੍ਹ ਲੈਂਦਾ ਹੈ -

*ਗੁਣਾ ਗਵਾਈ ਗੰਠੜੀ ਅਵਗਣ ਚਲੀ ਬੰਨਿ ॥*

**ਅੰਗ - ੨੩**

ਉਹਦੇ ਵਾਸਤੇ ਫੁਰਮਾਨ ਕਰਦੇ ਨੇ ਕਿ ਇਹਦੇ ਨਾਲੋਂ ਤਾਂ ਕਹਿੰਦੇ -

*ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ॥*
*ਬਿਧਵਾ ਕਸ ਨ ਭਈ ਮਹਤਾਰੀ ॥*

**ਅੰਗ - ੩੨੮**

ਜਿਸ ਘਰ ਦੇ ਅੰਦਰ ਪ੍ਰਮੇਸ਼ਰ ਦਾ ਨਾਮ ਲੈਣ ਵਾਲਾ ਨਹੀਂ, ਚੰਗਾ ਹੁੰਦਾ ਮਾਂ ਵਿਧਵਾ ਹੋ ਜਾਂਦੀ, ਐਹੋ ਜਿਹਾ ਕਪੂਤ ਤਾਂ ਨਾ ਪੈਦਾ ਹੁੰਦਾ, ਨਸ਼ੇ ਕਰੀ ਜਾਂਦਾ ਹੈ। ਇਥੇ ਮੈਨੂੰ ਪੁਛਦੀਆਂ ਨੇ ਕਿ ਬਾਬਾ ਜੀ! ਮੁੰਡਾ ਥੋੜ੍ਹਾ ਜਿਹਾ ਖਾਂਦਾ ਹੈ, ਡੋਡੇ ਪੀਂਦਾ ਹੈ, ਮੰਗਣਾ ਕਰ ਦੇਈਏ। ਮੈਂ ਕਿਹਾ, ਓਏ, ਕੁੜੀ ਰੋਏਗੀ। ਕਹਿੰਦੇ ਜ਼ਮੀਨ ਜਾਇਦਾਦ ਬਹੁਤ ਹੈ? ਮੈਂ ਕਿਹਾ ਜ਼ਮੀਨ ਖਾਣੀ ਹੈ ਕੁੜੀ ਨੇ। ਉਹ ਸਾਰੀ ਜ਼ਮੀਨ ਉਹਨੇ ਗਹਿਣੇ ਕਰ ਦੇਣੀ ਹੈ। ਕੁਛ ਨਹੀਂ ਕੋਲ ਰੱਖਣਾ, ਨਸ਼ੇ ਪੀਂਦਾ ਹੈ, ਲੜਾਈਆਂ ਝਗੜੇ ਫਸਾਦ ਕਰ ਲੈਣੇ ਨੇ, ਕੁੜੀ ਨੂੰ ਤਾਂ ਉਹਨੇ ਪੁੱਛਣਾ ਹੀ ਨਹੀਂ। ਜੇ ਨਰਕਾਂ 'ਚ ਸੁੱਟਣੀ ਹੈ ਤਾਂ ਦੇ ਦੇ। ਇਹਦੇ ਨਾਲੋਂ ਤਾਂ ਬੰਦਗੀ ਕਰਨ ਵਾਲੇ ਗਰੀਬ ਮਿਹਨਤੀ ਨੂੰ ਦੇ ਦੇ। ਉਹ ਆਰਾਮ ਨਾਲ ਬੈਠ ਕੇ ਦੋਵੇਂ ਇਕੱਠੇ ਹੋ ਕੇ ਰੋਟੀ ਤਾਂ ਖਾ ਲਿਆ ਕਰਨਗੇ। ਦੁਖ ਸੁਖ ਤਾਂ ਕਰ ਲਿਆ ਕਰਨਗੇ। ਮਹਾਰਾਜ ਕਹਿੰਦੇ ਐਸੇ ਜੋ ਬੰਦੇ ਨੇ ਏਸ ਨਾਲੋਂ ਤਾਂ ਮਾਂ ਵਿਧਵਾ ਹੋ ਜਾਂਦੀ ਤਾਂ ਕਿ ਐਹੋ ਜਿਹਾ ਕੁਪੁੱਤ ਪੈਦਾ ਨਾ ਹੁੰਦਾ। ਬੰਦਗੀ ਕਰਨ ਵਾਲਾ ਨਹੀਂ ਆਉਂਦਾ।

*ਜਿਹ ਨਰ ਰਾਮ ਭਗਤਿ ਨਹਿ ਸਾਧੀ ॥*
*ਜਨਮਤ ਕਸ ਨ ਮੁਓ ਅਪਰਾਧੀ ॥* **ਅੰਗ-੩੨੮**

ਕਹਿੰਦੇ ਚਲੋ ਪੈਦਾ ਹੋ ਗਿਆ ਪਰ ਜੇ ਬੰਦਗੀ ਨਾ ਕਰੀ ਅਪਰਾਧੀਆ! ਕਹਿੰਦੇ ਤੂੰ ਜੰਮਦਾ ਹੀ ਮਰ ਜਾਂਦਾ ਚੰਗਾ ਸੀ, ਇਥੇ ਨਾ ਆਉਂਦਾ।

***ਧਾਰਨਾ - ਕਾਹਨੂੰ ਜੰਮਣਾ ਸੀ***

***ਭਗਤੀ ਤੋਂ ਹੀਣਿਆਂ ਓਏ -***
***ਕਾਹਨੂੰ ਜੰਮਣਾ ਸੀ।***

*ਜਿਨੀ ਐਸਾ ਹਰਿ ਨਾਮੁ ਨ ਚੇਤਿਓ*
*ਸੇ ਕਾਹੇ ਜਗਿ ਆਏ ਰਾਮ ਰਾਜੇ ॥*
*ਇਹੁ ਮਾਣਸ ਜਨਮੁ ਦੁਲੰਭੁ ਹੈ*
*ਨਾਮ ਬਿਨਾ ਬਿਰਥਾ ਸਭੁ ਜਾਏ ॥*
*ਹੁਣਿ ਵਤੈ ਹਰਿ ਨਾਮੁ ਨ ਬੀਜਿਓ*
*ਅਗੈ ਭੁਖਾ ਕਿਆ ਖਾਏ ॥*
*ਮਨਮੁਖਾ ਨੋ ਫਿਰਿ ਜਨਮੁ ਹੈ*
*ਨਾਨਕ ਹਰਿ ਭਾਏ ॥* **ਅੰਗ - ੪੫੦**

ਐਸਾ ਨਾਮ ਜੇ ਇਕ ਵਾਰੀ ਵੀ ਜਪ ਲਿਆ ਜਾਵੇ, ਜਮਾਂ ਦੀ ਗਲ 'ਚ ਪਈ ਹੋਈ ਫਾਂਸੀ ਉਸੇ ਵੇਲੇ ਟੁੱਟ ਜਾਂਦੀ ਹੈ, ਜੇ ਇਸ ਗੱਲ ਦੀ ਸਾਰੀ ਜ਼ਿੰਦਗੀ 'ਚ ਸਮਝ ਹੀ ਨਹੀਂ ਆਈ, ਕਹਿੰਦੇ ਫੇਰ ਤੇਰੇ ਜੰਮਣ ਦਾ ਕੀ ਫਾਇਦਾ ਸੀ? ਕਾਹਨੂੰ ਮਾਂ ਨੂੰ ਤਕਲੀਫ ਦਿਤੀ। ਕਿੰਨਾ ਚਿਰ ਤੈਨੂੰ ਪਾਲਣ ਨੂੰ ਲੱਗਿਆ, ਕਿੰਨੀਆਂ ਤੇਰੇ ਤੇ ਕੁਰਬਾਨੀਆਂ ਕਰੀਆਂ। ਕਿੰਨੇ ਮਾਂ-ਬਾਪ ਦੁਖੀ ਹੋਏ, ਜਾਇਦਾਦਾਂ ਬਣਾਉਂਦੇ ਨੇ ਕਿ ਸਾਡਾ ਪੁੱਤ ਇਹਦੇ 'ਚ ਸੁਖੀ ਰਹੇ। ਕਹਿੰਦੇ ਜੇ ਬੰਦਗੀ ਨਹੀਂ ਸੀ ਕਰਨੀ ਫੇਰ ਤੇਰੇ ਆਉਣ ਦਾ ਕੀ ਫਾਇਦਾ ਸੀ? ਕੋਈ ਫਾਇਦਾ ਨਹੀਂ ਸੀ। ਜੇ ਪਾਪ ਕਰੇਂਗਾ, ਸ਼ਰਾਬ ਪੀਵੇਂਗਾ ਤਾਂ, ਰਹਿਤਨਾਮੇ 'ਚ ਆਉਂਦਾ ਹੈ ਕਿ -

***ਮਦਰਾ ਦਹਤੀ ਸਪਤ ਕੁਲ***
***ਭਾਂਗ ਦਹੈ ਤਨ ਏਕ॥***

ਸੱਤ ਕੁਲਾਂ ਦਾ ਨਾਸ਼ ਕਰ ਦਿੰਦੀ ਹੈ, ਐਸਾ ਪੁੱਤਰ ਪੈਦਾ ਕਰ ਲਿਆ, ਸੱਤ ਕੁਲਾਂ ਦਾ ਫਾਹਾ ਵੱਢ ਲਿਆ ਆਪੇ ਹੀ, ਉਹਦੇ ਨਾਲੋਂ ਤਾਂ ਨਾ ਹੀ ਹੁੰਦਾ। ਮਾਂ-ਬਾਪ ਨੂੰ ਕੁੱਟਦੇ ਨੇ, ਮਾਂ ਨੂੰ ਕੁੱਟਦੇ ਨੇ, ਮਾਂ ਨੂੰ ਕੁੱਟਣ ਮਾਰਨ ਦਾ ਐਨਾ ਪਾਪ ਹੈ ਜਿੰਨਾ ਇਕ ਲੱਖ ਹੱਤਿਆ ਕਰਨ ਦਾ ਹੋਵੇ। ਮੁੜ ਕੇ ਉਹਨੂੰ ਮਨੁੱਖ ਜਨਮ ਹੀ ਨਹੀਂ ਮਿਲਦਾ, ਨਰਕਾਂ 'ਚ ਰਹਿੰਦਾ ਹੈ, ਕੀ ਫਾਇਦਾ ਉਹਦੇ ਆਉਣ ਦਾ ਇਹਦੇ ਨਾਲੋਂ ਤਾਂ ਨਾ ਹੀ ਆਉਂਦਾ।

*ਜਿਨੀ ਐਸਾ ਹਰਿ ਨਾਮੁ ਨ ਚੇਤਿਓ*
*ਸੇ ਕਾਹੇ ਜਗਿ ਆਏ ਰਾਮ ਰਾਜੇ ॥*

**ਅੰਗ - ੪੫੦**

ਜੇ ਤਮਾਕੂ ਖਾਂਦਾ ਹੈ, ਜਰਦਾ ਖਾਂਦਾ ਹੈ। ਕਹਿੰਦੇ, ਜੀ ਭੁੱਕੀ ਖਾਂਦਾ ਹੈ। ਪ੍ਰੇਮੀਆਂ! ਤੇਰੇ ਤਾਂ ਰੱਖਿਆ ਕਰਨ ਵਾਲੇ ਜਿਹੜੇ ਦੇਵਤੇ ਬਜ਼ੁਰਗ ਸਵਰਗਾਂ 'ਚ ਬੈਠੇ ਕਹਿੰਦੇ ਸੀ ਕਿ ਸਾਡਾ ਪੜੋਤਾ, ਸਾਡਾ ਪੋਤਾ ਇਹਦਾ ਕੰਮ ਵਧੇ, ਵਿਘਨਾਂ ਤੋਂ ਰੱਖਦੇ ਸੀ।

ਇਹ ਐਵੇਂ ਨਹੀਂ ਮੈਂ ਗੱਲ ਕਰਦਾ, ਮੈਂ

ਇੰਗਲੈਂਡ 'ਚ ਦੇਖੀ ਹੈ ਗੱਲ। ਸਾਡੀ ਲੜਕੀ ਦਾ ਕਾਰੋਬਾਰ ਚਲਦਾ ਸੀ, ਉਹ ਪੁੱਛਣ ਚਲੀ ਗਈ, ਮੇਮ ਸੀਗੀ, ਮਿਸਿਜ਼ ਵਿੰਟਰ ਸੀ ਉਹਦਾ ਨਾਮ। ਸਮਾਂ ਲੈ ਲਿਆ, ਦੋ-ਦੋ ਮਹੀਨੇ ਬਾਅਦ ਸਮਾਂ ਮਿਲਦਾ ਹੈ, ਉਥੇ ਜਾ ਕੇ ਜਦੋਂ ਗਏ, ਉਹ ਕਹਿਣ ਲੱਗੀ ਕਿ ਰੂਹ ਆ ਰਹੀ ਹੈ ਸਾਮ੍ਹਣੇ, ਉਹ ਕਹਿੰਦੀ ਹੇਠਲੇ ਸੁਰਗ 'ਚ ਵਸਦੀ ਹੈ। ਲੜਕੀ ਕਹਿੰਦੀ ਕਿ ਕੀ ਨਿਸ਼ਾਨੀ ਹੈ ਕੀ ਉਹ ਮੈਨੂੰ ਰੱਖ ਰਹੀ ਹੈ? ਉਹ ਕਹਿੰਦੀ ਕਿ ਰੂਹ ਮੈਨੂੰ ਕਹਿ ਰਹੀ ਹੈ ਕਿ ਇਹਨੂੰ ਇਹ ਨਿਸ਼ਾਨੀ ਦੇਹ ਕਿ 1966 ਦੇ ਵਿਚ ਜਦ ਇਹਦੀ ਦਾਦੀ ਮਰੀ ਸੀ ਮੈਂ ਸਾਰੀ ਹੀ ਚਿੱਠੀ ਕਵਿਤਾ 'ਚ ਲਿਖੀ ਸੀ। ਉਸੇ ਵੇਲੇ ਸਮਝ ਗਈ ਕਿ ਮੈਨੂੰ ਤਾਂ ਫਲਾਣੇ ਨੇ ਚਿੱਠੀ ਲਿਖੀ ਸੀ, ਰਿਸ਼ਤੇਦਾਰ ਨੇ। ਫੇਰ ਕਹਿਣ ਲੱਗੀ ਕਿ ਉਸ ਤੋਂ ਉਚੀ ਇਕ ਹੋਰ ਰੂਹ ਹੈ ਉਹ ਬੀਬੀ ਦੀ ਹੈ, ਉਹ ਕਹਿੰਦੀ ਹੈ ਕਿ ਮੈਂ ਇਹਦੀ ਮਾਂ ਦੀ ਮਾਂ ਹਾਂ ਤੇ ਇਹਨੂੰ ਕਹਿ ਦਿਓ ਕਿ ਇਹਦਾ ਕਾਰੋਬਾਰ ਬਹੁਤ ਵਧੀਆ ਚੱਲੇਗਾ। ਇਹਨੇ ਫੈਕਟਰੀ ਲਾਉਣੀ ਹੈ। ਥੋੜ੍ਹੇ ਦਿਨਾਂ ਬਾਅਦ ਹੀ ਲਾ ਲਈ ਫੇਰ। ਸੋ ਉਹ ਰੂਹਾਂ ਗੰਧਰਬ ਲੋਕ 'ਚ, ਦੇਵ ਗੰਧਰਬ ਲੋਕ 'ਚ, ਸਵਰਗ ਲੋਕ 'ਚ, ਪਿੱਤਰ 'ਚ, ਇੰਦਰ ਲੋਕ 'ਚ, ਪਰਜਾਪਤ ਲੋਕ, ਕਰਮਦੇਵ ਲੋਕ, ਅਜਾਨ ਦੇਵ ਲੋਕ, ਬ੍ਰਹਮ ਲੋਕ, ਸ਼ਿਵ ਲੋਕ, ਬੈਕੁੰਠ ਧਾਮ, ਸਚਖੰਡ ਉਥੇ ਤੱਕ ਬੈਠੀਆਂ ਮਦਦ ਕਰਦੀਆਂ ਨੇ ਕਿਉਂਕਿ ਖੂਨ ਦਾ ਸਬੰਧ ਹੁੰਦਾ ਹੈ। ਖੂਨ ਦਾ ਸਬੰਧ ਟੁੱਟਿਆ ਨਹੀਂ ਕਰਦਾ ਦਰਗਾਹ ਵਿਚ ਜਾ ਕੇ ਵੀ ਨਾਲ ਜੁੜਿਆ ਰਹਿੰਦਾ ਹੈ। ਜਿਹੜੇ ਭੂਤ ਪ੍ਰੇਤ ਹੁੰਦੇ ਨੇ, ਉਹ ਵੀ ਉਸੇ ਘਰ ਦੇ ਦੁਆਲੇ ਘੁੰਮਣ ਲਗ ਜਾਂਦੇ ਨੇ, ਉਨ੍ਹਾਂ ਨੂੰ ਸਮਝਦਾ ਨਹੀਂ ਉਹ ਫੇਰ ਪਹਿਲਾਂ ਪਸ਼ੂ ਮਾਰਦੇ ਨੇ, ਫੇਰ ਨਿਆਣਿਆਂ ਨੂੰ ਬਿਮਾਰ ਕਰਦੇ ਨੇ ਤੇ ਫੇਰ ਮਾਰਨ ਲੱਗ ਜਾਂਦੇ ਨੇ। ਉਹ ਤਾਂ ਹੈਗੇ ਕਰੂਰ, ਮਾੜੇ ਨੇ। ਜਿਹੜੇ ਦੇਵ ਜੂਨੀਆਂ 'ਚ ਜਾਂਦੇ ਨੇ ਉਹ ਮਦਦ ਕਰਦੇ ਨੇ, ਪਰ ਜੇ ਤਮਾਕੂ ਪੀ ਲਵੇ ਕੋਈ ਬੰਦਾ-

*ਤਨਕ ਤਮਾਕੂ ਸੇਵੀਐ*
*ਦੇਵ ਪਿਤਰ ਤਜਿ ਜਾਇ॥*

ਦੇਵਤੇ ਵੀ ਛੱਡ ਜਾਂਦੇ ਨੇ, ਪਿੱਤਰ ਵੀ ਛੱਡ ਜਾਂਦੇ ਨੇ -

*ਤਨਕ ਤਮਾਕੂ ਸੇਵੀਐ*
*ਦੇਵ ਪਿਤਰ ਤਜਿ ਜਾਇ॥*
*ਪਾਨੀ ਤਾ ਕੇ ਹਾਥ ਕਉ*
*ਮਧਰਾ ਸਮ ਅਘਦਾਇ॥*

ਜਿਹੜਾ ਉਹਦੇ ਹੱਥ ਦਾ ਪਾਣੀ ਪੀਣਾ ਹੈ ਉਹਨੂੰ ਸ਼ਰਾਬ ਜਿੰਨਾ ਦੋਸ਼ ਲਗਦਾ ਹੈ। ਸ਼ਰਾਬ ਦਾ ਦੋਸ਼ ਕਿੰਨਾ ਹੈ -

*ਮਦਰਾ ਦਹਤੀ ਸਪਤ ਕੁਲ*
*ਭਾਂਗ ਦਹੈ ਤਨ ਏਕ॥*
*ਜਗਤ ਜੂਠ ਸ਼ਤ ਕੁਲ ਦਹੈ*
*ਨਿੰਦਾ ਦਹੈ ਅਨੇਕ॥*

ਸੱਤ ਕੁਲਾਂ ਦਾ ਨਾਸ਼ ਕਰਦੀ ਹੈ, ਸੌ ਕੁਲ ਦਾ ਨਾਸ਼ ਤਮਾਕੂ ਪੀਣ ਵਾਲਾ, ਤਮਾਕੂ ਖਾਣ ਵਾਲਾ ਕਰਦਾ ਹੈ ਨਿੰਦਾ ਅਨੇਕਾਂ ਕੁਲਾਂ ਦਾ ਨਾਸ਼ ਕਰਦੀ ਹੈ, ਤਮਾਕੂ ਦਾ ਟੈਲੀਵੀਜ਼ਨ ਤੇ ਦੇਖੋ ਕਿਵੇਂ ਜ਼ੋਰ ਨਾਲ ਵਿਰੋਧ ਹੋ ਰਿਹਾ ਹੈ ਕਿ ਪੀਣ ਵਾਲਿਆਂ ਨਾਲੋਂ ਜਿਹੜੇ ਧੂੰਆਂ ਲੈਂਦੇ ਨੇ, ਉਨ੍ਹਾਂ ਨੂੰ ਬਹੁਤਾ ਨੁਕਸਾਨ ਹੁੰਦਾ ਹੈ, ਉਹ ਵੀ ਮਰਦੇ ਨੇ, ਉਹ ਵੀ ਮਰਦੇ ਨੇ। ਅਮਰੀਕਾ ਵਿਚ ਤਾਂ ਬੰਦ ਕਰ ਦਿਤਾ, ਚੱਲਣ ਹੀ ਨਹੀਂ ਦਿੰਦੇ। ਹੁਣ ਸਾਡੇ ਰੌਲਾ ਪੈਣ ਲੱਗ ਗਿਆ ਜਦੋਂ ਸਿੰਘ ਕਹਿੰਦੇ ਸੀ ਕਿ ਤਮਾਕੂ ਨਾ ਪੀਓ, ਨਾ ਪੀਓ ਅੰਮ੍ਰਿਤਸਰ 'ਚ ਅਸੀਂ ਨਹੀਂ ਪੀਣ ਦੇਣਾ ਇਥੇ ਸਾਡੇ ਭਰਾ ਆਉਂਦੇ ਨੇ ਦਰਸ਼ਨ ਕਰਨ ਵਾਸਤੇ, ਹਜ਼ਾਰਾਂ ਸੰਗਤਾਂ ਆਉਂਦੀਆਂ ਨੇ ਤੁਸੀਂ ਧੂੰਆਂ ਦਿੰਦੇ ਓਂ, ਇਹ ਵਾਤਾਵਰਣ ਤੁਸੀਂ ਗਲਤ ਕਰ ਦਿਤਾ। ਸਾਡੇ ਅਖਬਾਰ ਲਿਖਦੇ ਸੀ ਲਓ ਜੀ, ਜੇ ਸਿੱਖਾਂ ਦਾ ਜ਼ੋਰ ਚੜ੍ਹ ਗਿਆ ਤਾਂ ਤਮਾਕੂ ਬੰਦ ਕਰ ਦੇਣਗੇ। ਹੁਣ ਇਨ੍ਹਾਂ ਨੂੰ ਪੁੱਛੋ ਕਿ ਤੁਸੀਂ ਕਿਉਂ ਕਰਦੇ ਓਂ, ਜਦੋਂ ਕੈਂਸਰ ਨਾਲ ਮਰਨ ਲੱਗੇ, ਫੇਰ ਆਪੇ ਹੀ ਕਰਦੇ ਨੇ ਕਿ ਹੁਣ ਤਮਾਕੂ ਬੰਦ ਕਰੋ, ਰੋਜ਼ ਕਹਿੰਦੇ ਨੇ, ਪਹਿਲਾਂ ਤੁਸੀਂ ਵਧਾ ਲਿਆ, ਬੀੜੀਆਂ ਹੀ ਬੀੜੀਆਂ ਪੀ ਲਈਆਂ, ਜਦੋਂ ਖਾਤਮਾ ਹੋਣ ਲੱਗ ਗਿਆ ਹੁਣ ਕਹਿੰਦੇ ਬੰਦ ਕਰੋ, ਗੁਰੂ ਸਾਹਿਬ ਨੇ ਪੰਜ ਸੌ ਸਾਲ ਪਹਿਲਾਂ ਕਿਹਾ ਸੀ ਉਦੋਂ ਹੀ ਮੰਨ ਲੈਂਦੇ। ਇਕ ਤਾਂ ਇਹ ਕੁਲਾਂ ਦਾ ਨਾਸ਼ ਕਰਦਾ ਹੈ, ਇਕ ਸਰੀਰ ਦਾ ਨਾਸ਼ ਤਾਂ ਇਹਨੇ ਕਰਨਾ ਹੀ ਹੈ, ਇਕ ਖੂਨ ਦੀਆਂ ਨਾੜੀਆਂ 'ਚ ਜਾਂਦਾ ਹੈ, ਜਿਹੜਾ ਉਹਦਾ ਪੁੱਤਰ ਪੈਦਾ ਹੋਏਗਾ ਉਹ ਰੋਗੀ ਪੈਦਾ ਹੋਏਗਾ, ਤਮਾਕੂ ਖਾਣ ਵਾਲਾ, ਕੈਂਸਰ ਹੋਏਗਾ ਉਹਨੂੰ। ਉਹਨੂੰ ਨਹੀਂ ਹੋਏਗਾ ਉਹਦੇ ਪੋਤੇ ਨੂੰ ਹੋ ਜਾਏਗਾ। ਫੇਰ ਦਸਵੀਂ ਪੁਸ਼ਤ ਤੇ ਜਾ ਕੇ ਖਾਨਦਾਨ ਦਾ ਢਾਂਚਾ ਬਦਲਾਅ ਦੇਏਗਾ। ਨਹੀਂ ਤਾਂ ਦਸਵੀਂ ਪੁਸ਼ਤ ਜਿਹੜੀ ਹੁੰਦੀ ਹੈ ਜਿਹੋ ਜਿਹਾ ਦਸਵਾਂ ਬਾਬਾ ਉਹੋ ਜਿਹਾ ਹੀ ਸਰੂਪ ਦਸਵੇਂ ਪੋਤੇ ਦਾ ਹੋਇਆ ਕਰਦਾ ਹੈ ਇਹਨੂੰ ਜ਼ੀਨ ਕਹਿੰਦੇ ਨੇ। ਸੋ ਜ਼ੀਨ ਨਸ਼ਟ ਹੋ ਜਾਂਦਾ ਹੈ ਤਮਾਕੂ ਦੇ ਨਾਲ। ਕਹਿੰਦੇ, ਫੇਰ ਐਹੋ ਜਿਹੇ ਪੁੱਤਰ ਨੂੰ ਕੀ ਕਰਨਾ ਸੀ, ਜਿਹਨੇ ਖਾਨਦਾਨ ਹੀ ਬਦਲ ਦਿਤਾ, ਬਜ਼ੁਰਗਾਂ ਨੂੰ ਵੀ ਗੁਨਹਗਾਰ ਬਣਾ ਦਿਤਾ, ਨਰਕਾਂ 'ਚ ਸੁੱਟ ਦਿਤਾ। ਮਹਾਰਾਜ ਕਹਿੰਦੇ ਆਉਣਾ ਹੀ ਨਹੀਂ ਸੀ ਚਾਹੀਦਾ -

*ਜਿਨੀ ਐਸਾ ਹਰਿ ਨਾਮੁ ਨ ਚੇਤਿਓ*

*ਸੇ ਕਾਹੇ ਜਗਿ ਆਏ ਰਾਮ ਰਾਜੇ ॥*
*ਇਹੁ ਮਾਣਸ ਜਨਮੁ ਦੁਲੰਭੁ ਹੈ*
*ਨਾਮ ਬਿਨਾ ਬਿਰਥਾ ਸਭੁ ਜਾਏ ॥*
*ਹੁਣਿ ਵਤੈ ਹਰਿ ਨਾਮੁ ਨ ਬੀਜਿਓ*
*ਅਗੈ ਭੁਖਾ ਕਿਆ ਖਾਏ ॥*
*ਮਨਮੁਖਾ ਨੋ ਫਿਰਿ ਜਨਮੁ ਹੈ*
*ਨਾਨਕ ਹਰਿ ਭਾਏ ॥ ਅੰਗ - ੪੫੦*

ਕਾਹਨੂੰ ਜੰਮਣਾ ਸੀ ਇਨ੍ਹਾਂ ਨੇ।

ਸੋ ਇਹ ਬਾਣੀ ਜੋ ਹੈ ਸਾਧਸੰਗਤ ਜੀ! ਇਹ ਧੁਰ ਦੀ ਬਾਣੀ ਹੈ, ਅਕਾਲ ਪੁਰਖ ਦੀ। ਇਹੀ ਗੁਰੂ ਹੈ, ਗੁਰੂ ਜਿਹੜੇ ਗੁਰੂ ਨਾਨਕ ਸਾਹਿਬ ਸੀ, ਪੰਜ ਭੂਤਕ ਚੋਲਾ ਦੇਖਣ ਨੂੰ ਬਹੁਤ ਸੋਹਣਾ ਲਗਦਾ ਸੀ ਪਰ ਸ਼ਬਦ ਕਰਕੇ ਗੁਰੂ ਨੇ ਉਹ ਕਿਉਂਕਿ ਸ਼ਬਦ ਸੀ ਉਨ੍ਹਾਂ ਦੇ ਅੰਦਰ। ਸੋ ਮਹਾਰਾਜ ਕਹਿੰਦੇ, ਆਹ ਗੁਰੂ ਗ੍ਰੰਥ ਸਾਹਿਬ ਨੂੰ, ਜਿਹੜੀ ਬਾਣੀ ਹੈ ਇਹਦੇ ਵਿਚ ਇਹਨੂੰ ਤੂੰ ਗੁਰੂ ਰੂਪ ਕਰਕੇ ਮੰਨ। ਐਸ ਤਰ੍ਹਾਂ ਨਾਲ ਸਾਨੂੰ ਸਲਾਹ ਦਿੰਦੇ ਨੇ-

***ਧਾਰਨਾ - ਮੰਨ ਲੈ ਪਿਆਰਿਆ***
***ਇਹੋ ਬਾਣੀ ਗੁਰੂ ਹੈ।***

*ਬਾਣੀ ਗੁਰੂ ਗੁਰੂ ਹੈ ਬਾਣੀ*
*ਵਿਚਿ ਬਾਣੀ ਅੰਮ੍ਰਿਤੁ ਸਾਰੇ ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ*
*ਪਰਤਖਿ ਗੁਰੂ ਨਿਸਤਾਰੇ ॥੫॥ ਅੰਗ - ੯੮੨*

ਜਦੋਂ ਬਾਣੀ ਮੰਨਣੀ ਹੀ ਨਹੀਂ ਹੈ, ਬਾਣੀ ਦਾ ਅਦਬ ਹੀ ਨਹੀਂ ਕਰਨਾ ਸਤਿਕਾਰ ਹੀ ਨਹੀਂ ਕਰਨਾ, ਫੇਰ ਤਾਂ ਬੜੀ ਮੁਸ਼ਕਲ ਗੱਲ ਹੋ ਜਾਂਦੀ ਹੈ ਨਿਸਤਾਰਾ ਹੋਇਆ ਨਹੀਂ ਕਰਦਾ। ਕਈ ਪ੍ਰੇਮੀਆਂ ਦਾ ਖਿਆਲ ਹੁੰਦਾ ਹੈ ਕਿ ਗੁਰੂ ਜਿਹੜਾ ਹੈ ਉਹ ਦੇਹਧਾਰੀ ਹੋਣਾ ਚਾਹੀਦਾ ਹੈ, ਠੀਕ ਹੈ ਆਪਣਾ-ਆਪਣਾ ਖਿਆਲ ਹੈ। ਸਾਡਾ ਤਾਂ, ਜਿਹੜੀ ਜੋਤ ਸੀ ਗੁਰੂ ਨਾਨਕ ਪਾਤਸ਼ਾਹ ਦੀ, ਗੁਰੂ ਅੰਗਦ ਸਾਹਿਬ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਸਾਹਿਬ, ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਹਰਿਰਾਇ ਸਾਹਿਬ, ਗੁਰੂ ਹਰਿਕ੍ਰਿਸ਼ਨ ਮਹਾਰਾਜ, ਗੁਰੂ ਤੇਗ ਬਹਾਦਰ ਸਾਹਿਬ, ਗੁਰੂ ਗੋਬਿੰਦ ਸਿੰਘ ਜੀ ਉਹ ਜੋਤ ਗੁਰੂ ਗ੍ਰੰਥ ਸਾਹਿਬ ਜੀ ਵਿਚ ਪ੍ਰਵੇਸ਼ ਕਰ ਗਈ। ਹੁਣ ਏਸ ਬਾਣੀ ਨੇ ਸਾਡਾ ਉਧਾਰ ਕਰਨਾ ਹੈ, ਜਦੋਂ ਤੱਕ ਅਸੀਂ ਮੰਨਦੇ ਨਹੀਂ ਹਾਂ, ਸਾਨੂੰ ਥਹੁ ਨਹੀਂ ਲਗਦਾ ਓਨਾਂ ਚਿਰ ਨਹੀਂ ਪਤਾ ਲੱਗਣਾ। ਦੱਸੇਗਾ ਕੌਣ? ਸੰਤਾਂ ਦੀ ਡਿਊਟੀ ਹੁੰਦੀ ਹੈ -

*ਕਬੀਰ ਸੇਵਾ ਕਉ ਦੁਇ ਭਲੇ*
*ਏਕੁ ਸੰਤੁ ਇਕੁ ਰਾਮੁ॥*
*ਰਾਮੁ ਜੁ ਦਾਤਾ ਮੁਕਤਿ ਕੋ*
*ਸੰਤੁ ਜਪਾਵੈ ਨਾਮੁ ॥ ਅੰਗ - ੧੩੭੩*

ਸੰਤ ਗੁਰੂ ਬਣਨ ਵਾਸਤੇ ਨਹੀਂ ਹੁੰਦੇ, ਸੰਤ ਨਾਮ ਜਪਾਉਂਦੇ ਨੇ, ਪਰ ਜੇ ਸੰਤਾਂ ਨਾਲ ਪਿਆਰ ਹੋਵੇ ਹਿਰਦੇ 'ਚ ਸਤਿਕਾਰ ਹੋਵੇ, ਫੇਰ ਛੇਤੀ ਲੰਘ ਜਾਂਦਾ ਹੈ, ਨਾ ਹੋਵੇ ਫੇਰ ਰੁਕ ਜਾਂਦਾ ਹੈ। ਸੋ ਏਸ ਕਰਕੇ ਬਾਣੀ ਪੜ੍ਹਨ ਦਾ ਤਰੀਕਾ ਹੁੰਦਾ ਹੈ। ਕਿੰਨੀਆਂ ਹੀ ਗੱਲਾਂ ਲਾਗੂ ਹਨ ਇਹਦੇ ਉਤੇ। ਕਹਿੰਦੇ ਜੇ ਬਾਣੀ ਪੜ੍ਹਨੀ ਹੈ ਨਾ, ਪਹਿਲਾਂ ਤਾਂ ਇਹ ਹੈ ਕਿ ਚਿੱਤ ਜਿਹੜਾ ਹੈ ਇਹ ਜਾਪ ਦੇ ਅਰਥ ਵਿਚ ਲੱਗਿਆ ਰਹੇ। ਫੇਰ ਸਿਮਰਨ ਕਰਦਾ ਹੈ ਥੋੜ੍ਹਾ ਜਿਹਾ ਅਨੰਦ ਆਉਂਦਾ ਹੈ, ਗੱਲਾਂ ਨਾ ਕਰੇ ਕਿ ਮੈਨੂੰ ਆਹ ਅਨੰਦ ਆ ਗਿਆ ਜੀ, ਮੈਨੂੰ ਆਹ ਲਾਈਟ ਦਿਸ ਗਈ ਜੀ, ਮੈਨੂੰ ਅਨਹਦ ਸੁਣ ਗਿਆ। ਕਹਿੰਦੇ, ਇਹਨੂੰ ਗੁਪਤ ਰੱਖੋ। ਫੇਰ ਪਵਿੱਤਰਤਾ ਧਾਰੇ। ਪਵਿੱਤਰਤਾ ਕਿੰਨੇ ਕਿਸਮ ਦੀ ਹੁੰਦੀ ਹੈ ਪਹਿਲਾਂ ਘਰ ਪਵਿੱਤਰ ਹੋਣਾ ਚਾਹੀਦਾ ਹੈ, ਗੰਦੇ ਮੰਦੇ ਘਰ ਵਿਚ ਨਹੀਂ, ਮੱਖੀਆਂ ਹੀ ਭਿਣ-ਭਿਣ ਕਰੀ ਜਾਣ ਨਾਮ ਕਿਵੇਂ ਜਪ ਲਏਗਾ। ਸਾਫ-ਸੁਥਰਾ ਰੱਖੈ। ਪਹਿਲੀ ਸਫਾਈ ਦੂਸਰੀ ਖੁਦਾਈ। ਜਿਥੇ ਸਫਾਈ ਹੈ ਉਥੇ ਰੱਬ ਹੈ। ਦੂਸਰਾ ਹੈ ਆਪਣੇ ਵਸਤਰ ਸਾਫ ਰੱਖਣੇ। ਤੀਸਰਾ ਆਪਣੇ ਸਰੀਰ ਨੂੰ ਸਾਫ-ਸੁਥਰਾ ਰੱਖਣਾ, ਕੇਸਾਂ ਨੂੰ ਸਾਫ-ਸੁਥਰਾ ਰੱਖਣਾ, ਕੇਸੀ ਨਾਹੁੰਦਾ ਨਹੀਂ ਜੂੰਆਂ ਫਿਰਦੀਆਂ ਨੇ ਨਾਮ ਕਿਵੇਂ ਜਪ ਲਏਗਾ, ਖੁਰਕ ਕਰੇਗਾ ਕਿ ਨਾਮ ਜਪੇਗਾ। ਬੜਾ ਮੁਸ਼ਕਲ ਹੈ ਇਹ ਤਾਂ। ਫੇਰ ਇਸ ਤੋਂ ਬਾਅਦ ਹੁੰਦਾ ਹੈ ਮਨ ਨੂੰ ਪਵਿੱਤਰ ਰੱਖਣਾ। ਮਨ ਦੇ ਵਿਚ ਮੈਲ ਹੁੰਦੀ ਹੈ, ਧਿਆਨ ਨਾਲ ਸੁਣਿਓ। ਹਿੰਸਾ ਦੂਸਰੇ ਦਾ ਨੁਕਸਾਨ ਕਰਨਾ, ਸੋਚਦੇ ਰਹਿਣਾ ਇਹ ਮੈਲ ਲਗਦੀ ਹੈ। ਝੂਠ ਦੀ ਮੈਲ ਲਗਦੀ ਹੈ, ਚੋਰੀ ਦੀ ਮੈਲ ਲਗਦੀ ਹੈ, ਯਾਰੀ ਦੀ ਮੈਲ ਲਗਦੀ ਹੈ, ਈਰਖਾ ਇਹਦੀ ਮੈਲ ਲਗਦੀ ਹੈ। ਵਖੀਲੀ, ਤ੍ਰਿਸ਼ਨਾ, ਰਾਗ, ਦ੍ਵੈਸ਼, ਪਾਖੰਡ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਈਰਖਾ, ਨਿੰਦਿਆ, ਚੁਗਲੀ, ਵਖੀਲੀ, ਰਾਜ, ਮਾਲ, ਰੂਪ, ਜਾਤ, ਜੋਬਨ; ਇਹ ਪੰਜ ਠੱਗ ਨੇ ਇਨ੍ਹਾਂ ਦਾ ਅਭਿਮਾਨ। ਸ਼ਬਦ, ਸਪਰਸ਼, ਰੂਪ, ਰਸ, ਗੰਧ ਇਹ ਵਿਸ਼ੇ ਨੇ। ਵਾਸ਼ਨਾਵਾਂ ਬੇਅੰਤ ਕਿਸਮ ਦੀਆਂ ਨੇ, ਹਰ ਵਕਤ ਵਾਸ਼ਨਾ ਕਰਨਾ, ਪੁੱਤਰ ਨਹੀਂ ਹੈ ਮੇਰੇ ਪੁੱਤਰ ਹੋ ਜਾਏ, ਮੇਰਾ ਕੰਮ ਬਣ ਜਾਏ, ਇਹ ਮੈਲ ਲੱਗਦੀ ਹੈ, ਇਹ ਮੈਲ ਕਿੰਨੀ ਲੱਗਦੀ ਹੈ ਮਹਾਰਾਜ ਕਹਿੰਦੇ -

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ ॥*
*ਖੰਨਲੀ ਧੋਤੀ ਉਜਲੀ ਨ ਹੋਵਈ*
*ਜੇ ਸਉ ਧੋਵਣਿ ਪਾਹੁ ॥ ਅੰਗ - ੬੫੧*

ਕਿੰਨੀ ਮੈਲ ਲਾ ਲਈ, ਕਹਿੰਦੇ ਸਰੀਰ ਤੇ ਮੈਲ ਨਾਲ ਬਹੁਤਾ ਫਰਕ ਨਹੀਂ ਪੈਂਦਾ, ਮਨ ਦੀ ਮੈਲ ਨਾਲ ਪੈਂਦਾ ਹੈ ਪ੍ਰੇਮੀਆ, ਮਨ ਦੀ ਮੈਲ ਦਾ ਸਾਬਣ

ਲੈ ਲੈ ਗੁਰੂ ਤੋਂ। ਸਾਬਣ ਵੀ ਮਿਲਦਾ ਹੈ? ਕਹਿੰਦੇ ਹਾਂ।-

***ਭਰੀਐ ਮਤਿ ਪਾਪਾ ਕੈ ਸੰਗਿ ॥***
***ਓਹੁ ਧੋਪੈ ਨਾਵੈ ਕੈ ਰੰਗਿ ॥ ਅੰਗ - ੪***

ਨਾਮ ਦਾ ਰੰਗ, ਪਿਆਰ ਨਾਲ ਨਾਮ ਜਪੋ, ਪਿਆਰ ਨਾਲ ਬਾਣੀ ਪੜ੍ਹਨੀ, ਉਹਦੇ ਨਾਲ ਇਹ ਮੈਲ ਧੋ ਹੋ ਜਾਂਦੀ ਹੈ। ਇਹ ਚਾਰ ਚੀਜ਼ਾਂ ਹੁੰਦੀਆਂ ਨੇ, ਮਨ ਨੂੰ ਪਵਿੱਤਰ ਇਸ ਤਰ੍ਹਾਂ ਕਰਨਾ। ਫੇਰ ਹੁੰਦਾ ਹੈ ਤਨ ਨੂੰ ਪਵਿੱਤਰ ਕਰਨਾ। ਉਹ ਤੁਸੀਂ ਸਾਰੇ ਹੀ ਜਾਣਦੇ ਓਂ। ਸਰੀਰ ਨੂੰ ਸਾਫ ਸੁਥਰਾ ਰੱਖਣਾ, ਦੋ ਵੇਲੇ, ਤਿੰਨ ਵੇਲੇ ਜਿਵੇਂ ਵੀ ਹੈ, ਮੌਕਾ ਮਿਲਦਾ ਹੈ ਇਸ਼ਨਾਨ ਕਰੇ। ਅੰਮ੍ਰਿਤ ਵੇਲੇ ਉਠ ਕੇ ਪਹਿਲਾਂ ਇਸ਼ਨਾਨ ਕਰੇ।

ਇਕ ਵਾਰੀ ਸਾਡੇ ਇਕ ਪ੍ਰੇਮੀ ਆ ਗਏ। ਮੈਂ ਕਿਹਾ ਇਸ਼ਨਾਨ ਕਰੇਂਗਾ? ਕਹਿੰਦਾ ਜੀ ਮੈਨੂੰ ਦੋ ਵਜੇ ਜਗਾ ਦੇਣਾ। ਕਹਿੰਦਾ, ਇਸ਼ਨਾਨ ਤਾਂ ਨਹੀਂ ਮੈਂ ਵੈਸੇ ਹੀ ਭਜਨ ਕਰਾਂਗਾ। ਮੈਂ ਕਿਹਾ, ਸਾਡੇ ਤਾਂ ਗੁਰੂ ਮਹਾਰਾਜ ਇਹ ਕਹਿੰਦੇ ਨੇ। ਬਈ ਇਸ਼ਨਾਨ ਜ਼ਰੂਰ ਕਰਨਾ ਚਾਹੀਦਾ ਹੈ -

***ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ ॥ ਤਿਨਾ ਦਰੀਆਵਾ ਸਿਉ ਦੋਸਤੀ***
***ਮਨਿ ਮੁਖਿ ਸਚਾ ਨਾਉ ॥ ਅੰਗ - ੧੪੬***

ਉਨ੍ਹਾਂ ਦੀ ਖੂਹਾਂ ਨਾਲ, ਦਰਿਆਵਾਂ ਨਾਲ, ਨਦੀਆਂ ਨਾਲ, ਨਲਕਿਆਂ ਨਾਲ ਉਨ੍ਹਾਂ ਦੀ ਦੋਸਤੀ ਹੈ ਕਿਉਂਕਿ ਉਨ੍ਹਾਂ ਨੇ ਉਠ ਕੇ ਇਸ਼ਨਾਨ ਕਰਨਾ ਹੈ। ਸੋ ਤਨ ਦਾ ਇਸ਼ਨਾਨ ਕਰਾਉਣਾ, ਫੇਰ ਹੁੰਦਾ ਹੈ ਮੌਨ, ਚੁੱਪ ਕਰਨਾ, ਬਾਣੀ ਪੜ੍ਹਦਾ ਹੈ ਗੱਪਾਂ ਨਾ ਮਾਰੇ, ਵਿਚੇ ਹੀ ਹਾਕਾਂ ਮਾਰੀ ਜਾਂਦਾ ਹੈ।

ਇਕ ਨੇ ਮੈਨੂੰ ਦੱਸਿਆ ਕਿ ਮੇਰੇ ਪਿਤਾ ਜੀ ਬਾਣੀ ਪੜ੍ਹਦੇ ਨੇ, ਉਨ੍ਹਾਂ ਨੂੰ ਥੋੜ੍ਹਾ ਜਿਹਾ ਸਮਝਾਓ। ਮੈਂ ਕਿਹਾ, ਕਿਉਂ? ਕਹਿੰਦਾ, ਧੜੀ-ਧੜੀ ਦੀਆਂ ਗਾਲ੍ਹਾਂ ਕੱਢਦੇ ਨੇ ਸਾਨੂੰ, ਨਾਲ ਗੁਟਕਾ ਫੜਿਆ ਹੁੰਦਾ ਹੈ। ਅਸੀਂ ਕਿਹਾ ਕਿ ਗੁਟਕੇ ਦੇ ਉਤੇ ਹੀ ਤੁਸੀਂ ਗਾਲ੍ਹਾਂ ਕੱਢੀ ਜਾਂਦੇ ਓਂ?

ਕਿਉਂਕਿ ਬਾਣੀ ਦੀ ਪਵਿੱਤਰਤਾ ਨਹੀਂ ਰੱਖਦੇ, ਮੌਨ ਨਹੀਂ ਰੱਖਦੇ, ਫੇਰ ਹੁੰਦਾ ਹੈ ਮੌਨ ਬਾਣੀ, ਮਨ ਦੇ ਅੰਦਰ ਫੁਰਨਾ ਨਾ ਉਠਣ ਦੇਣਾ, ਫੇਰ ਹੁੰਦਾ ਹੈ ਮਨ ਦੇ ਅੰਦਰ ਸੰਤੋਖ ਧਾਰਨ ਕਰਨਾ। ਅੱਖਾਂ ਦਾ ਸੰਤੋਖ ਹੁੰਦਾ ਹੈ -

***ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥ ਅੰਗ - ੨੭੪***

ਕੰਨਾਂ ਦਾ ਹੁੰਦਾ ਹੈ -

***ਕਰਨ ਨ ਸੁਨੈ ਕਾਹੂ ਕੀ ਨਿੰਦਾ ॥ਅੰਗ - ੨੭੪***

ਹੱਥਾਂ ਦਾ ਹੁੰਦਾ ਹੈ, ਮਾੜੇ ਕੰਮ ਹੱਥ ਨਾ ਕਰਨ, ਸੇਵਾ ਕਰਨ, ਫੇਰ ਪਵਿੱਤਰ ਹੁੰਦਾ ਹੈ। ਫੇਰ ਹੁੰਦਾ ਹੈ ਪੈਰਾਂ ਦਾ ਸੰਤੋਖ, ਚੱਲ ਕੇ ਤੁਸੀਂ ਸਤਿਸੰਗ 'ਚ ਆਏ ਓਂ। ਇਹ ਸੰਤੋਖ ਨੇ ਕੰਮ ਕਰਿਆ ਹੈ ਜੇ ਨਾ ਆਉਂਦੇ ਫੇਰ ਇਹ ਪਾਪ ਬਣ ਜਾਂਦਾ। ਉਸ ਤੋਂ ਬਾਅਦ ਹੁੰਦਾ ਹੈ, ਜਦੋਂ ਪਾਠ ਕਰਨ ਬੈਠੇ ਫੇਰ ਪਹਿਲਾਂ ਇਹ ਦੇਖੋ ਕਿ ਮੇਰੇ ਨਾਲ ਗੁਰੂ ਨਾਨਕ ਸਾਹਿਬ ਨੇ। ਉਨ੍ਹਾਂ ਨੇ ਬਚਨ ਕਰਿਆ ਹੋਇਆ ਹੈ ਕਿ ਜਿੱਥੇ ਕੋਈ ਬਾਣੀ ਪੜ੍ਹੇਗਾ ਮੈਂ ਨਾਲ ਹੋਵਾਂਗਾ। ਆਹ ਗੱਲ ਤਾਂ ਮੰਨ ਲਓ। ਜੇ ਇਕ ਵਾਰੀ ਮੇਰੀ ਆਹ ਬੇਨਤੀ ਮੰਨ ਲਓ ਨਾ ਬੜੀ ਤਰੱਕੀ ਹੋ ਜਾਏ। ਪਹਿਲਾਂ ਇਹ ਦੇਖੋ ਕਿ ਗੁਰੂ ਨਾਨਕ ਸਾਹਿਬ ਮੇਰੇ ਨਾਲ ਖੜ੍ਹੇ ਨੇ, ਮੇਰੇ ਨਾਲ ਬੈਠੇ ਨੇ ਤੇ ਮੇਰੇ ਤੋਂ ਬਾਣੀ ਸੁਣ ਰਹੇ ਨੇ, ਕਿਉਂਕਿ ਨਿਰੰਕਾਰ ਦੀ ਬਾਣੀ ਹੈ।

ਪਹਿਲਾਂ ਹਾਜ਼ਰ ਜਾਣ ਉਸ ਪ੍ਰਮੇਸ਼ਰ ਨੂੰ। ਇਕਾਂਤ, ਫੇਰ ਫੁਰਨੇ ਨਾ ਉਠਣ ਦੇਣੇ। ਜਗ੍ਹਾ ਐਸੀ ਟੋਲ੍ਹ ਜਿੱਥੇ ਰੌਲਾ-ਗੌਲਾ ਘੱਟ ਹੋਵੇ, ਅੰਮ੍ਰਿਤ ਵੇਲੇ ਰੌਲਾ ਘੱਟ ਹੁੰਦਾ ਹੈ, ਸ਼ਹਿਰ ਦੇ ਅੰਦਰ ਤਾਂ ਬੁਰਾ ਹੀ ਹਾਲ ਹੈ। ਜੇ ਪਹਿਲਾਂ ਉਠ ਜਾਓ ਦੋ ਵਜੇ ਤਾਂ, ਤਾਂ ਦੋ ਘੰਟੇ ਨਾਮ ਜਪਣ ਨੂੰ ਮਿਲ ਜਾਂਦੇ ਨੇ, ਜੇ ਚਾਰ ਵਜੇ ਉਠੋ ਨਾ ਐਨਾ ਰੌਲਾ ਪਾਉਂਦੇ ਨੇ ਲਾਊਡ ਸਪੀਕਰ, ਨਾ ਕੁਛ ਸਮਝ ਆਵੇ, ਨਾ ਇਹ ਨਾਮ ਜਪਣ ਦੇਣ। ਕਿਉਂਕਿ ਸਮਝ ਤਾਂ ਕਿਸੇ ਦੇ ਆਉਂਦਾ ਨਹੀਂ ਹੈ। ਇਕਾਂਤ ਭੰਗ ਕਰ ਦਿੰਦੇ ਨੇ। ਸੋ ਫੁਰਨੇ ਰਹਿਤ ਹੋਵੇ, ਫੇਰ ਹਉਮੈ ਤੋਂ ਰਹਿਤ ਹੋਵੇ, ਫੇਰ ਕਾਮਨਾਵਾਂ, ਵਾਸ਼ਨਾਵਾਂ ਦਾ ਤਿਆਗ ਕਰੇ, ਫੇਰ ਨਿਹਚਾ ਹੋਵੇ ਕਿ ਮੈਂ ਇਸੇ ਜਨਮ ਦੇ ਅੰਦਰ ਲੰਘਣਾ ਹੈ ਜ਼ਰੂਰ ਫੇਰ ਅਭਿਆਸ ਦੀ ਮਨ ਦੇ ਅੰਦਰ ਲਗਨ ਹੋਵੇ। ਉਠ ਕੇ ਬੈਠ ਜਾਵੇ, ਆਲਸ ਨਾ ਕਰੇ ਕਿਉਂਕਿ ਜਿਹੜਾ ਸਮਾਂ ਲੰਘ ਜਾਣਾ ਹੈ, ਉਹ ਕੱਲ੍ਹ ਨੂੰ ਮਿਲਣਾ ਨਹੀਂ ਜਿਹੜਾ ਲੰਘ ਗਿਆ ਉਹ ਤਾਂ ਲੰਘ ਗਿਆ। ਸੋ ਏਸ ਤਰ੍ਹਾਂ ਦੇ ਨਾਲ ਜਦ ਅਸੀਂ ਪਾਠ ਕਰਾਂਗੇ, ਨਾਮ ਜਪਾਂਗੇ ਫੇਰ ਸਾਨੂੰ ਇਹਦਾ ਫਲ ਮਿਲਦਾ ਹੈ, ਜੋ ਲਿਖਿਆ ਹੋਇਆ ਹੈ।

ਪੇਟ ਭਰਿਆ ਹੋਇਆ ਹੈ ਸਵੇਰੇ ਉਠੇਗਾ ਕਿਹੜਾ। ਜਿਹੜਾ ਖਾਧਾ ਹੋਇਆ ਹੈ ਉਹਨੇ ਉਠਣ ਹੀ ਨਹੀਂ ਦੇਣਾ, ਉਹ ਮੁੜ-ਮੁੜ ਕੇ ਮੰਜੇ ਤੇ ਸੁੱਟੇਗਾ। ਜੇ ਉਠ ਵੀ ਗਿਆ ਝਟਕੇ ਮਰਵਾਏਗਾ, ਨਾਮ ਜਪੇਂਗਾ ਕਿ ਝੂਟੇ ਲਏਂਗਾ, ਨਾਹ ਪ੍ਰੇਮੀਆ ਥੋੜ੍ਹਾ ਖਾਹ।

***ਅਲਪ ਅਹਾਰ ਸੁਲਪ ਸੀ ਨਿੰਦ੍ਰਾ***
***ਦਯਾ ਛਿਮਾ ਤਨ ਪ੍ਰੀਤ॥***

ਐਨਾ ਵੀ ਨਾ ਘਟਾ ਕਿ ਸਰੀਰ ਹੀ ਨਾ ਕੰਮ ਕਰੇ। ਇਕ ਰਾਜਾ ਸੀ ਉਹਦੇ ਤਿੰਨ ਪੁੱਤਰ ਸੀ, ਉਹਦੇ ਮਨ 'ਚ ਆਇਆ ਕਿ ਮੈਂ ਲਾਇਕ ਪੁੱਤਰ ਨੂੰ ਰਾਜ ਦੇਣਾ ਹੈ ਤੇ ਓਸ ਨੇ ਤਿੰਨੋ ਮੁੰਡੇ ਬੁਲਾ ਲਏ, ਕਹਿੰਦਾ

ਦੇਖੋ ਬੇਟਾ ਤੁਸੀਂ ਤੀਰਥ ਯਾਤਰਾ ਕਰ ਆਓ, ਕਿੰਨੇ ਤੀਰਥ ਨੇ? ਤਿੰਨੋ ਬੋਲ ਪਏ ਕਹਿੰਦੇ ਜੀ 68 ਤੀਰਥ ਨੇ। ਕਹਿੰਦੇ, ਫੇਰ ਤੁਸੀਂ ਤਿੰਨ ਘੋੜੇ ਲੈ ਲਓ ਜਿਹੜਾ ਸਾਰਿਆਂ ਨਾਲੋਂ ਪਹਿਲਾਂ ਆ ਜਾਏਗਾ ਮੈਂ ਉਹਨੂੰ ਰਾਜ ਦੇਣਾ ਹੈ। ਕਹਿੰਦੇ, ਠੀਕ ਹੈ? ਘੋੜੇ ਦੇ ਦਿਤੇ?, ਪਹਿਲੇ ਨੇ ਪਾਣੀ ਵੀ ਨਹੀਂ ਪੀਤਾ, ਰੋਟੀ ਵੀ ਨਹੀਂ ਖਾਧੀ, ਉਸੇ ਵੇਲੇ ਘੋੜੇ ਤੇ ਚੜ੍ਹ ਕੇ ਦੌੜਾ ਲਿਆ ਘੋੜਾ, ਇਕ ਤੀਰਥ ਕਰ ਲਿਆ, ਦੂਸਰਾ ਕਰ ਲਿਆ, ਦੌੜਾਈ ਗਿਆ ਘੋੜੇ ਨੂੰ। ਜਦੋਂ ਅੱਧ 'ਚ ਗਿਆ, ਘੋੜਾ ਬਿਮਾਰ ਹੋ ਕੇ ਮਰ ਗਿਆ। ਉਥੋਂ ਪੈਦਲ ਤੁਰਿਆ ਆਉਂਦਾ ਹੈ, ਦੂਸਰਾ ਜਿਹੜਾ ਸੀ ਉਹਨੇ ਕਿਹਾ ਕਿ ਸਫਰ ਹੈ ਲੰਮਾ, ਕਿੰਨੇ ਹਜ਼ਾਰ ਮੀਲ ਦਾ, ਘੋੜੇ ਨੂੰ ਜ਼ਰਾ ਤਕੜਾ ਕਰ ਲਈਏ, ਇਹਨੂੰ ਨਿਹਾਰੀਆਂ ਦੇ ਦੇਈਏ। ਬਹੁਤਾ ਤਕੜਾ ਕਰਨ ਲੱਗ ਗਿਆ, ਘੋੜਾ ਮੋਟਾ ਹੋ ਗਿਆ, ਮਾੜਾ ਜਿਹਾ ਤੁਰਦਾ ਹੈ ਉਸੇ ਵੇਲੇ ਦਮ ਚੜ੍ਹ ਜਾਂਦਾ ਹੈ। ਲਿੱਦ ਕਰਨ ਲੱਗ ਜਾਂਦਾ ਹੈ। ਉਸੇ ਵੇਲੇ ਵੱਖੀਆਂ ਚੜ੍ਹਨ ਲਗ ਜਾਂਦੀਆਂ ਨੇ। ਉਸ ਤੋਂ ਵੀ ਕੁਛ ਨਾ ਬਣਿਆ, ਤੀਸਰੇ ਨੇ ਨਕਸ਼ਾ ਲਿਆ ਤੇ ਬਣਾ ਲਿਆ ਕਿ ਐਨੇ ਮੀਲ ਰੋਜ਼ ਚੱਲਣਾ ਹੈ ਤੇ ਘੋੜੇ ਦੀ ਸੰਭਾਲ ਕਰਨੀ ਹੈ, ਐਨਾ ਖਾਣਾ ਦੇਣਾ ਹੈ, ਐਨਾ ਦਾਣਾ, ਐਨਾ ਮੈਂ ਆਰਾਮ ਕਰਨਾ ਹੈ ਤਾਂ ਕਿ ਮੇਰਾ ਵੀ ਸਰੀਰ ਠੀਕ ਰਹੇ ਤੇ ਘੋੜੇ ਦਾ ਵੀ ਠੀਕ ਰਹੇ, ਉਹ ਜਿਹੜਾ ਤੀਸਰਾ ਸੀ ਉਹ ਵਿਧੀ ਦੇ ਨਾਲ ਚੱਲ ਕੇ ਸਹੀ ਟਾਈਮ ਦੇ ਉਤੇ ਘੋੜੇ ਨੂੰ ਉਸੇ ਤਰ੍ਹਾਂ ਲੈ ਆਇਆ। ਜਿਹੜਾ ਪਹਿਲੇ ਨੰਬਰ ਦਾ ਸੀ ਉਹ ਸਾਰਿਆਂ ਨਾਲੋਂ ਪਿਛੇ ਆਇਆ, ਤੁਰਿਆ ਆਉਂਦਾ। ਜਿਹੜਾ ਦੂਜਾ ਸੀ, ਉਹਦਾ ਘੋੜਾ ਸਾਥ ਹੀ ਨਹੀਂ ਦਿੰਦਾ, ਬਹੁਤਾ ਮੋਟਾ ਕਰ ਲਿਆ ਤਕੜਾ ਕਰ ਲਿਆ। ਸੋ ਜਿਹਨੇ ਵਿਉਂਤ ਨਾਲ ਘੋੜੇ ਨੂੰ ਵੀ ਸਹੀ ਰੱਖਿਆ ਤੇ ਆਪਣੇ ਸਰੀਰ ਨੂੰ ਵੀ ਸਹੀ ਰੱਖਿਆ ਉਹਨੂੰ ਰਾਜ ਦੇ ਦਿਤਾ।

ਇਸੇ ਤਰ੍ਹਾਂ ਪ੍ਰਮੇਸ਼ਰ ਨੇ ਸਾਨੂੰ ਆਹ ਸਰੀਰ ਰੂਪੀ ਘੋੜਾ ਦਿਤਾ ਹੈ, ਏਸ ਘੋੜੇ ਨੂੰ ਥੋੜ੍ਹੇ ਜਿਹੇ ਸੁਆਸ ਦਿਤੇ ਹੋਏ ਨੇ, ਜੇ ਤਾਂ ਸੌ ਸਾਲ ਦੀ ਉਮਰ ਹੈ ਤਾਂ ਫੇਰ 88 ਕਰੋੜ 66 ਲੱਖ ਸੁਆਸ ਨੇ। ਜੇ 75 ਸਾਲ ਦੀ ਉਮਰ ਦਿਤੀ ਹੋਈ ਹੈ ਪ੍ਰਮੇਸ਼ਰ ਨੇ ਤਾਂ 66 ਕਰੋੜ 44 ਲੱਖ ਸੁਆਸ ਹੈ। ਇਹਦੇ ਵਿਚ-ਵਿਚ ਅਸੀਂ ਰੱਬ ਨੂੰ ਮਿਲਣਾ ਹੈ। ਇਕ ਤਾਂ ਉਹ ਨੇ ਜਿਹੜੇ ਇਕ ਦਮ ਵੈਰਾਗ 'ਚ ਆ ਕੇ ਇਕ ਦਮ ਲਗ ਜਾਂਦੇ ਨੇ, ਦਿਨੇ ਵੀ ਜਾਗਦੇ ਨੇ, ਰਾਤ ਨੂੰ ਵੀ ਜਾਗਦੇ ਨੇ, ਰੋਟੀ ਛੱਡ ਦਿੰਦੇ ਨੇ, ਨਤੀਜਾ ਕੀ ਹੁੰਦਾ ਹੈ, ਮਾਲੀ ਖੌਰੀਆ ਇਕ ਬਿਮਾਰੀ ਹੋ ਜਾਂਦੀ ਹੈ, ਮਸਤਾਨਾ ਕਹਿੰਦੇ ਨੇ ਉਹਨੂੰ। ਦਿਮਾਗ ਦੇ ਵਿਚ ਜਾਗਣ ਨਾਲ ਬੀਮਾਰੀ ਹੋ ਜਾਂਦੀ ਹੈ। ਸਰੀਰ ਕ੍ਰਿਸ਼ ਹੋ ਜਾਂਦਾ ਹੈ, ਖੂਨ ਘਟ ਜਾਂਦਾ ਹੈ, ਫੇਰ ਨਾਮ ਨਹੀਂ ਜਪ ਹੁੰਦਾ, ਬੀਮਾਰੀਆਂ ਲਗ ਜਾਂਦੀਆਂ ਨੇ, ਮਹਾਰਾਜ ਕਹਿੰਦੇ ਐਉਂ ਨਾ ਕਰ -

***ਨਾਨਕ ਸੋ ਪ੍ਰਭੁ ਸਿਮਰੀਐ***
***ਤਿਸੁ ਦੇਹੀ ਕਉ ਪਾਲਿ॥ ਅੰਗ - ੫੫੪***

ਇਹਨੂੰ ਪਾਲ ਵੀ ਉਸੇ ਤਰੀਕੇ ਨਾਲ, ਐਉਂ ਵੀ ਨਾ ਕਰ ਕਿ ਪੇਟ ਭਰ-ਭਰ ਕੇ ਖਲਾ ਦੇ, ਸਵੇਰ ਨੂੰ ਜਾਗ ਵੀ ਨਾ ਆਵੇ, ਗੈਸ ਹੀ ਬਣੀ ਰਹੇ ਪੇਟ 'ਚ। ਇਹਨੂੰ ਸਹੀ ਰੱਖ, ਘੋੜੇ ਨੂੰ ਵੀ ਸਹੀ ਰੱਖ ਤੇ ਸਮਾਂ ਬੰਨ੍ਹ ਲੈ। ਅੰਮ੍ਰਿਤ ਵੇਲੇ ਜਦੋਂ ਦੋ ਵਜਦੇ ਨੇ ਉਠ ਕੇ ਬੈਠ ਜਾ। ਪਹਿਲਾਂ ਸੌਂ ਲੈ। ਚਾਰ ਘੰਟੇ ਨੀਂਦ ਮਿਲ ਜਾਵੇ, ਵਿਹਲੇ ਆਦਮੀ ਨੂੰ ਬਹੁਤ ਹੁੰਦੀ ਹੈ। ਇਸ ਤੋਂ ਜ਼ਿਆਦਾ ਤਾਂ ਨੀਂਦ ਬੀਮਾਰੀ ਪੈਦਾ ਕਰਦੀ ਹੈ, ਜੇ ਕੰਮ ਕਰਨ ਵਾਲਾ ਹੈ ਉਹ ਛੇ ਘੰਟੇ ਸੌਣਾ ਚਾਹੀਦਾ ਹੈ, ਬੀਬੀਆਂ ਦੀ ਇਕ ਘੰਟਾ ਵਧ ਨੀਂਦ ਹੁੰਦੀ ਹੈ। ਬੱਚਿਆਂ ਦੀ ਇਕ ਘੰਟਾ ਹੋਰ ਵਧ ਹੁੰਦੀ ਹੈ। ਸੋ ਉਸੇ ਤਰ੍ਹਾਂ ਦੇ ਨਾਲ ਪ੍ਰੋਗਰਾਮ ਬਣਾ ਕੇ ਅੰਮ੍ਰਿਤ ਵੇਲੇ ਜਾਗੋ, ਸਰੀਰ ਨੂੰ ਵੀ ਸਹੀ ਰੱਖੋ ਤੇ ਆਪਣਾ ਪ੍ਰੋਗਰਾਮ ਵੀ ਬਣਾਓ। ਸੋ ਇਸ ਤਰ੍ਹਾਂ ਦੇ ਨਾਲ ਵਿਚਾਰ ਕੇ ਪੜ੍ਹੋ ਬਾਣੀ, ਪਹਿਲਾਂ ਨਾਮ ਜਪੋ, ਫੇਰ ਬਾਣੀ ਪੜ੍ਹੋ, ਬਾਣੀ ਪੜ੍ਹਨ ਵਾਸਤੇ ਫੁਰਮਾਨ ਹੈ ਕਿ -

***ਅਰਥ ਬਿਚਾਰਿ ਕਰਹਿ ਉਰ ਮਾਂਹੀ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1206***

ਅਰਥ ਵਿਚਾਰ ਕੇ ਹਿਰਦੇ 'ਚ ਧਾਰਨ ਕਰਦਾ ਚਲਿਆ ਜਾਵੇ -

***ਮੁਕਤਿ ਹੋਇ ਸੋ ਸੰਸੇ ਨਾਂਹੀ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1206)***

ਕੋਈ ਸੰਸਾ ਨਾ ਕਰੋ, ਜਿਹੜਾ ਅਰਥ ਵਿਚਾਰ ਕੇ ਹਿਰਦੇ 'ਚ ਬਾਣੀ ਨੂੰ ਧਾਰਨ ਕਰੇਗਾ ਉਹਦੀ ਮੁਕਤੀ ਹੋ ਜਾਏਗੀ।

***ਜਪੁਜੀ ਸੇਵਨ ਪ੍ਰੀਤਿ ਸੁ ਜਾਂਹੀ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1206***

ਪਿਆਰ ਨਾਲ 'ਜਪੁਜੀ ਸਾਹਿਬ' ਪੜ੍ਹ। ਪਿਆਰ ਕਿਵੇਂ ਹੁੰਦਾ ਹੈ ਇਕ ਵਿਚਾਰ ਨਾਲ ਸਮਝ ਵਿਚ ਆ ਜਾਏਗਾ। ਕੋਈ ਬਹੁਤ ਪਿਆਰਾ ਮਾਂ ਦਾ ਲੜਕਾ, ਪਿਉ ਦਾ ਪੁੱਤਰ, ਕਿਸੇ ਦਾ ਮਿੱਤਰ, ਬਾਹਰ ਗਿਆ ਹੋਇਆ ਹੈ, ਅਮਰੀਕਾ ਚਲਿਆ ਗਿਆ, ਉਹ ਚਿੱਠੀ ਪਾਉਂਦਾ ਹੈ, ਉਹਦੀ ਚਿੱਠੀ ਅਸੀਂ ਪੜ੍ਹ ਲਈ, ਪਿਆਰ ਜ਼ਿਆਦਾ ਹੈ, ਪੜ੍ਹ ਕੇ ਫੇਰ ਪੜ੍ਹਨ ਲੱਗ ਗਏ, ਫੇਰ ਪੜ੍ਹਨ ਲੱਗ ਗਏ, ਜਿਹਦੇ ਨਾਲ ਪਿਆਰ ਹੋਏਗਾ ਦਸ-ਦਸ ਵਾਰੀ ਚਿੱਠੀਆਂ ਪੜ੍ਹਦਾ ਹੈ ਉਹਦੀਆਂ। ਮੁੜ ਕੇ ਫੇਰ ਪੜ੍ਹਦਾ ਹੈ, ਫੇਰ ਪੜ੍ਹਦਾ ਹੈ, ਸਾਲ ਬਾਅਦ ਫੇਰ ਪੜ੍ਹਦਾ ਹੈ ਚਿੱਠੀ ਰੱਖ ਲੈਂਦਾ ਹੈ, ਕਿਉਂਕਿ ਪਿਆਰ ਹੈ ਉਹਦੇ ਨਾਲ। ਉਹਦੇ ਵਿਚੋਂ ਇਕ ਅੱਖਰ ਵੀ ਅਸੀਂ

ਗੁਰੂ ਨਾਨਕ ਪਾਤਸ਼ਾਹ ਜਪੁਜੀ ਸਾਹਿਬ ਦੀ ਮਹੱਤਤਾ ਦੱਸਦੇ ਹੋਏ ਕਹਿੰਦੇ ਨੇ ਕਿ ਜਿਸ ਗੁਰਸਿੱਖ ਨੇ ਜਪੁਜੀ ਸਾਹਿਬ ਨਹੀਂ ਯਾਦ ਕਰਿਆ, ਕਹਿੰਦੇ ਉਹਦਾ ਸਿੱਖ ਬਣਨ ਦਾ ਫਾਇਦਾ ਕੀ ਹੋਇਆ?

ਕਹਿੰਦੇ ਜੇ ਚੌਲ ਨਹੀਂ ਹੈ ਛਿਲਕੇ ਦੇ ਅੰਦਰ, ਫੇਰ ਉਸ ਛਿਲਕੇ ਦਾ ਕੀ ਫਾਇਦਾ, ਸਿੱਖ ਨੂੰ ਐਉਂ ਸਮਝੋ ਕਿ ਉਹ ਚੌਲਾਂ ਦਾ ਛਿਲਕਾ ਹੈ, ਕਿਸ ਕੰਮ ਆਏਗਾ। ਅੱਗ 'ਚ ਜਾਲਣ ਦੇ ਕੰਮ ਆਏਗਾ, ਹੋਰ ਤਾਂ ਕਿਸੇ ਦੀ ਭੁੱਖ ਨਹੀਂ ਮਿਟਾ ਸਕਦਾ ਤੇ ਇਹਦਾ ਮਹਾਤਮ ਦੱਸਦੇ ਨੇ -

***ਧਰਹਿ ਕਾਮਨਾ ਪਢਿ ਹੈ ਇਕ ਮਨ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, 1206***

ਜੇ ਕਾਮਨਾ ਹੋਵੇ ਨਾ, ਕੋਈ ਗੱਲ ਕਰਾਉਣੀ ਹੈ ਪੂਰੀ (ਮੇਰੇ ਕੋਲ ਆਉਂਦੇ ਨੇ, ਆ ਸਾਰੇ ਹੀ ਸੁਣ ਲਓ ਆਪੇ ਕਰ ਲਿਆ ਕਰੋ) ਇਕ ਮਨ ਹੋ ਕੇ ਜਪੁਜੀ ਸਾਹਿਬ ਦਾ ਪਾਠ ਕਰਿਆ ਕਰੋ, ਮੈਂ ਕਹਿੰਦਾ ਹਾਂ 25 ਪਾਠ ਰੋਜ਼ ਕਰੋ, 42 ਦਿਨ ਕਰੀ ਜਾਓ, ਬਿਮਾਰੀਆਂ ਹਟ ਜਾਣਗੀਆਂ, ਕਾਰਜ ਸੁੱਧ ਹੋ ਜਾਣਗੇ, ਨੌਕਰੀਆਂ ਮਿਲ ਜਾਣਗੀਆਂ, ਜਿਹੜੇ ਕੰਮ ਨਹੀਂ ਹੁੰਦੇ ਹੋ ਜਾਣਗੇ। ਬਾਬਾ ਜੀ ਨੇ ਤਾਂ ਕੁਛ ਨਹੀਂ ਕਰਨਾ ਬਚਨ ਕਰਕੇ, ਮੈਂ ਤਾਂ ਆਹੀ ਬਚਨ ਕਰਨਾ ਹੈ ਕਿ ਭਾਈ ਜਪੁਜੀ ਸਾਹਿਬ ਦੇ ਪਾਠ ਕਰ ਇਕ ਹਜ਼ਾਰ। ਇਥੇ ਇਕ ਬੀਬੀ ਆਈ ਸੀ ਉਹਨੂੰ ਮੈਂ ਕਿਹਾ ਦੱਸ ਹਜ਼ਾਰ ਕਰ ਤੂੰ, ਛੇ ਬਿਮਾਰੀਆਂ ਸੀ ਉਹਨੂੰ, ਇਕ ਸਾਲ ਭਰ ਕਰੀ ਜਾਹ, ਸਾਰੀਆਂ ਹੀ ਹਟ ਗਈਆਂ, ਰਾਜ਼ੀ ਹੋ ਕੇ ਰਤਵਾੜਾ ਸਾਹਿਬ ਤੋਂ ਗਈ ਘਰ ਨੂੰ। ਡਾਕਟਰ ਨਹੀਂ ਸੀ ਠੀਕ ਕਰ ਸਕਦੇ। ਹੁਣ ਉਹ ਭੁੱਲ ਗਈ ਰਤਵਾੜਾ ਸਾਹਿਬ ਨੂੰ, ਹੁਣ ਨਹੀਂ ਯਾਦ ਉਹਦੇ ਜਪੁਜੀ ਸਾਹਿਬ ਕਿਉਂਕਿ ਸਾਡੇ 'ਚ ਇਹ ਨੁਕਸ ਹੈ ਕਿ ਜਦੋਂ ਤਾਂ ਅਸੀਂ ਫਸੇ ਹੁੰਦੇ ਹਾਂ ਉਦੋਂ ਤਾਂ ਕਹਿੰਦੇ ਹਾਂ ਕਿ ਜੋ ਕੁਛ ਮਰਜ਼ੀ ਕਰਾ ਲੋ।

ਇਥੇ ਮੈਨੂੰ ਦੱਸਦੇ ਸੀ ਪ੍ਰੇਮੀ, ਇਥੇ ਇਕ ਪਿੰਡ ਹੈ ਬੁਰਜ ਹੈ ਉਸ ਦਾ ਨਾਉਂ, ਉਥੇ ਹਰੇਕ ਸ਼ਨਿਚੱਰਵਾਰ ਨੂੰ ਪੜ੍ਹਿਆ-ਲਿਖਿਆ ਬੰਦਾ ਮਰਦਾ ਸੀ, ਜਦੋਂ ਮੈਂ ਇਥੇ ਕੀਰਤਨ ਕਰਦਾ ਫਿਰਦਾ ਸੀ। ਸਾਡੇ ਦੀਵਾਨ ਲੱਗੇ ਹੋਏ ਸੀ ਅਕਾਲਗੜ੍ਹ, ਪਿੰਡ ਦੀ ਪੰਚਾਇਤ ਆਈ, ਕਹਿੰਦੇ ਸਾਡੇ ਸੱਤ ਬੰਦੇ ਤਾਂ ਮਰ ਗਏ, ਪਹਿਲਾ ਵਕੀਲ ਮਰਿਆ, ਦੂਜਾ ਹੈਡ ਮਾਸਟਰ ਮਰਿਆ, ਬੀ.ਏ, ਐਮ.ਏ ਤੋਂ ਘੱਟ ਨਹੀਂ ਮਰਦੇ। ਪਤਾ ਨਹੀਂ ਸਾਡੇ ਪਿੰਡ ਤੇ ਕੀ ਕਰੋਪੀ ਆਈ ਹੋਈ ਹੈ। ਮੈਂ ਕਿਹਾ ਤੁਸੀਂ ਐਉਂ ਕਰੋ ਤੁਹਾਡੇ ਉਥੇ ਦੀਵਾਨ ਲਾਵਾਂਗੇ, ਹੁਣੇ ਗੁਰਦੁਆਰੇ ਜਾਓ ਇਸ਼ਨਾਨ ਕਰਕੇ ਕੇ ਤੇ ਅਰਦਾਸ ਕਰੋ ਕਿ ਸੱਚੇ ਪਾਤਸ਼ਾਹ! ਅਸੀਂ ਸਹਿਜ ਪਾਠ ਕਰਦੇ ਹਾਂ, ਅਖੰਡਪਾਠ ਵੀ ਨਹੀਂ ਮੈਂ ਦੱਸਿਆ। ਮੈਂ ਕਿਹਾ, ਹੁਣੇ ਜਾਓ। ਸਮਾਂ

ਛੱਡਣਾ ਨਹੀਂ ਚਾਹੁੰਦੇ, ਜਿਹੜਾ ਸਾਡੇ ਸਮਝ ਵਿਚ ਨਾ ਆਵੇ, ਫੇਰ ਕਹਿੰਦੇ ਹਾਂ ਕਿ ਆਹ ਗੱਲ ਕਹੀ ਹੈ ਇਹਨੇ ਆਹ ਗੱਲ ਕਹੀ ਹੈ, ਫੇਰ ਯਾਦ ਕਰਦੇ ਹਾਂ ਮਹਾਰਾਜ ਕਹਿੰਦੇ ਐਉਂ ਬਾਣੀ ਪੜ੍ਹਿਆ ਕਰੋ।

***ਜਪੁਜੀ ਸੇਵਨ ਪ੍ਰੀਤਿ ਸੁ ਜਾਂਹੀ।***
***ਮਮ ਸਮੀਪ ਪ੍ਰਾਪਤਿ ਹੁਇ ਤਾਂਹੀ॥***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1206***

ਜਿਹੜੀਆਂ ਮੈਂ ਬੇਨਤੀਆਂ ਕਰੀਆਂ ਨੇ ਨਾ, ਇਹ ਸਾਰੀਆਂ ਗੁਰੂ ਅੰਗਦ ਸਾਹਿਬ ਮਹਾਰਾਜ ਨੂੰ ਗੁਰੂ ਨਾਨਕ ਸਾਹਿਬ ਸਮਝਾ ਰਹੇ ਨੇ ਕਿ ਪੁਰਖਾ! ਜਿੱਥੇ ਇਹ ਬਾਣੀ ਪੜ੍ਹਦਾ ਹੈ ਉਥੇ ਮੈਂ ਨਾਲ ਤੁਰਿਆ ਫਿਰਦਾ ਹਾਂ। ਬਾਣੀ ਐਉਂ ਪੜ੍ਹਿਆ ਕਰੋ। ਜੇ ਸਿੱਖੀ ਧਾਰਨ ਕਰ ਲਈ, ਅੰਮ੍ਰਿਤ ਧਾਰਨ ਕਰ ਲਿਆ, ਗੁਰੂ ਦਾ ਸਿੱਖ ਬਣ ਗਿਆ, ਗੁਰੂ ਧਾਰਨ ਕਰ ਲਿਆ, ਕਹਿੰਦੇ ਜੇ 'ਜਪੁਜੀ ਸਾਹਿਬ' ਨਹੀਂ ਯਾਦ ਕਰਿਆ ਨਾ, ਕਈ ਬੀਬੀਆਂ ਤੇ ਭਾਈ ਕਹਿੰਦੇ ਨੇ ਕਿ ਅਸੀਂ ਅਨਪੜ੍ਹ ਹਾਂ ਅਸੀਂ ਕਿਵੇਂ ਕਰ ਸਕਦੇ ਹਾਂ? ਮੇਰਾ ਬਾਬਾ ਇਕ ਅੱਖਰ ਨਹੀਂ ਸੀ ਪੜ੍ਹਿਆ ਹੋਇਆ, ਬੜੇ ਹੀ ਪਿਆਰ ਨਾਲ ਜਪੁਜੀ ਸਾਹਿਬ ਪੜ੍ਹਦਾ ਹੁੰਦਾ। ਬੀਬੀ ਜੀ (ਬੀਬੀ ਰਣਜੀਤ ਕੌਰ ਜੀ) ਦੀ ਮਾਤਾ ਇਕ ਅੱਖਰ ਨਹੀਂ ਸੀ ਜਾਣਦੀ, ਜਪੁਜੀ ਸਾਹਿਬ, ਜਾਪੁ ਸਾਹਿਬ, ਸਵੱਯੇ, ਰਹਿਰਾਸ ਸਾਹਿਬ, ਕੀਰਤਨ ਸੋਹਿਲਾ, ਆਸਾ ਦੀ ਵਾਰ, ਗੁਰੂ ਨੌਵੇਂ ਪਾਤਸ਼ਾਹ ਦੇ ਸਲੋਕ, ਸ਼ਬਦ ਹਜ਼ਾਰੇ, ਦੂਜੇ ਸਵੱਈਏ, ਬੇਅੰਤ ਸ਼ਬਦ ਸਭ ਯਾਦ ਸੀ। ਦੋ ਵਜੇ ਉਹਨੇ ਉਠ ਕੇ ਬਹਿ ਜਾਣਾ, ਬਨੇਰੇ ਦੇ ਕੋਲ ਐਸੀ ਗਾ-ਗਾ ਕੇ ਬਾਣੀ ਪੜ੍ਹਨੀ, ਪਿੰਡ ਉਠ ਜਾਂਦਾ ਸੀ ਕਿ ਬੇਬੇ ਹਰਨਾਮ ਕੌਰ ਬਾਣੀ ਪੜ੍ਹਦੀ ਹੈ, ਆਪਾਂ ਸੁੱਤੇ ਪਏ ਹਾਂ, ਉਠ ਕੇ ਮੱਲੋ-ਮੱਲੀ ਬਾਣੀ ਸੁਣਨ ਨੂੰ ਜੀਅ ਕਰਦਾ ਸੀ, ਐਨੀ ਰਸੀਲੀ ਪੜ੍ਹਦੀ ਸੀ। ਇਕ ਅੱਖਰ ਨਹੀਂ ਸੀ ਜਾਣਦੀ। ਇਹ ਤਾਂ ਬਹਾਨੇ ਨੇ। ਆਹ ਬੀਬੀਆਂ ਤੋਂ ਪੁੱਛ ਲਓ ਕਹਿਣਗੀਆਂ ਜੀ, ਪੜ੍ਹੀ ਹੋਈ ਨਹੀਂ ਮੈਂ। ਜਦੋਂ ਗੱਲਾਂ ਕਰਨ ਲੱਗਦੀਆਂ ਨੇ ਕਿ ਤੂੰ ਫਲਾਣੇ ਵੇਲੇ ਐਉਂ ਕਿਹਾ, ਐਉਂ ਕਿਹਾ, ਸਾਰਾ ਚਿੱਠਾ ਖੁਲ੍ਹਾ ਲਓ, ਸਾਰਾ ਖੋਲ੍ਹੀ ਜਾਣਗੀਆਂ, ਫੇਰ ਉਹ ਕਿਵੇਂ ਯਾਦ ਰਹਿ ਜਾਂਦਾ ਹੈ। ਐਨੀਆਂ ਗੱਲਾਂ 15-20-30 ਸਾਲ ਦੀਆਂ ਗੱਲਾਂ ਸੁਣ ਲਓ। ਇਹਦੀ ਕੁੜੀ ਨੇ ਐਉਂ ਕਰਿਆ, ਫਲਾਣਾ ਐਉਂ ਹੋਇਆ, ਤੈਨੂੰ ਨਹੀਂ ਪਤਾ ਮੈਨੂੰ ਪਤਾ ਹੈ ਗੱਲ ਦਾ। ਜਦੋਂ ਉਹ ਧਾਰਨ ਕਰੀਆਂ ਹੋਈਆਂ ਨੇ, ਫੇਰ ਜਪੁਜੀ ਸਾਹਿਬ ਨਹੀਂ ਸੀ ਯਾਦ ਕਰਨਾ? ਕਹਿੰਦੇ ਜੇ ਜਪੁਜੀ ਸਾਹਿਬ ਨਹੀਂ ਨਾ ਯਾਦ ਕਰਿਆ, ਫੇਰ ਤੇਰੇ ਸਿੱਖ ਬਣਨ ਦਾ ਕੋਈ ਫਾਇਦਾ ਨਹੀਂ। ਐਉਂ ਪੜ੍ਹ ਲਓ-

***ਧਾਰਨਾ - ਕਾਹਨੂੰ ਸਿੱਖ ਬਣਿਆ ਓਏ,***
***ਜਪੁਜੀ ਜੇ ਯਾਦ ਨਾ ਕੀਤਾ।***

ਆਏ ਤੇ ਮੈਂ ਤੁਹਾਨੂੰ ਦੀਵਾਨ ਦੇਵਾਂਗਾ। ਉਥੇ ਚਲੇ ਗਏ ਸਾਰੇ ਪਿੰਡ ਨੇ ਜਾ ਕੇ ਅਰਦਾਸ ਕਰੀ, ਸਹਿਜ ਪਾਠ ਸ਼ੁਰੂ ਕਰ ਲਿਆ, ਉਸ ਤੋਂ ਬਾਅਦ ਦੋ ਮਹੀਨੇ ਬਾਅਦ ਉਨ੍ਹਾਂ ਨੂੰ ਸਮਾਂ ਮਿਲਿਆ, ਮੈਂ ਉਥੇ ਚਲਿਆ ਗਿਆ, ਐਹੋ ਜਿਹਾ ਸਖਤ ਦੀਵਾਨ, ਸ਼ਾਮਿਆਨੇ ਹੀ ਪਾੜ ਦਿਤੇ ਉਹਨੇ, ਐਡੀ ਹਨ੍ਹੇਰੀ ਆਈ, ਡੇਢ ਸੌ ਦਰਖਤ ਰਾਹ 'ਚ ਗਿਰ ਗਿਆ, ਕਹਿੰਦੇ ਤੈਨੂੰ ਵੀ ਦੱਸਦੇ ਹਾਂ ਪਤਾ, ਮਸਾਂ ਲੰਘ ਕੇ ਮੈਂ ਆਇਆ। ਦੂਜੇ ਦਿਨ ਫੇਰ ਐਵੇਂ ਹੀ ਕਰਿਆ, ਤੀਜੇ ਦਿਨ ਫੇਰ ਅਸੀਂ ਦਿਨ 'ਚ ਰੱਖ ਲਿਆ। ਮੈਂ ਕਿਹਾ ਲਾਉਣੇ ਜ਼ਰੂਰ ਨੇ। ਕੋਈ ਸ਼ਕਤੀ ਹੈ ਬੜੀ ਜ਼ਬਰਦਸਤ ਜਿਹੜੀ ਰੋਕ ਪਾ ਰਹੀ ਹੈ। ਲੇਕਿਨ ਉਥੇ ਬੰਦੇ ਮਰਨੋਂ ਹਟ ਗਏ, ਪਰ ਉਹ ਸਭ ਕੁਛ ਭੁੱਲ ਗਏ। ਨਾ ਬਾਬਾ ਜੀ ਦਾ ਪਤਾ ਹੈ ਕਿ ਕੌਣ ਹੈ, ਕੱਲ੍ਹ ਫਿਲਮਾਂ ਦਿਖਾਉਣ ਗਿਆ ਤਾਂ ਕਹਿੰਦੇ ਇਹ ਦੇਖਿਆ ਤਾਂ ਹੈ ਸੀ, ਸਾਡੇ ਪਿੰਡ ਆਇਆ ਸੀ, ਸਭ ਭੁੱਲ ਗਏ, ਨਾਲ ਡੇਢ ਸੌ ਨੂੰ ਅੰਮ੍ਰਿਤ ਛਕਾਇਆ। ਐਹੋ ਜਿਹਾ ਬੰਦਾ ਹੈ। ਇਕ ਆਹ ਚਿੰਤਗੜ੍ਹ ਹੈ, ਮੈਂ ਕਿਹਾ ਇਹਦਾ ਨਾਉਂ ਚਿੰਤਗੜ੍ਹ ਨਾ ਰੱਖੋ, ਇਹਦਾ ਨਾਉਂ ਅਚਿੰਤਗੜ੍ਹ ਰੱਖੋ, ਉਥੇ ਹਰ ਸ਼ੁਕਰਵਾਰ ਨੂੰ 18 ਤੋਂ 24 ਸਾਲ ਤੱਕ ਦਾ ਮੁੰਡਾ ਮਰਦਾ ਸੀ। ਸਰਪੰਚ ਪੰਚਾਇਤ ਲੈ ਕੇ ਆਇਆ, ਮੈਂ ਕਿਹਾ ਐਉਂ ਕਰੋ, ਮੇਰੇ ਕੋਲ ਜਾਦੂ ਨਹੀਂ, ਮੇਰੇ ਕੋਲ ਹੈਗਾ ਗੁਰੂ, ਗੁਰਦੁਆਰੇ ਜਾਓ ਸਾਰੇ ਨਹਾ ਧੋਅ ਕੇ, ਉਥੇ ਕਹੋ ਕਿ ਮਹਾਰਾਜ ਨਾ ਅਸੀਂ ਜਰਦਾ ਖਾਈਏ, ਨਾ ਸ਼ਰਾਬ ਪੀਈਏ, ਨਾ ਆਂਡੇ ਖਾਈਏ, ਨਾ ਮਾਸ ਖਾਈਏ ਤੇ ਅਸੀਂ ਦੀਵਾਨ ਲਵਾਂਵਾਂਗੇ, ਅਖੰਡਪਾਠ ਕਰਾਵਾਂਵਾਂਗੇ ਸਾਡੇ ਬੰਦੇ ਨਾ ਮਰਨ। ਉਸ ਵੇਲੇ ਫਿਕਰ ਇਹ ਸੀ ਕਿ ਅੱਜ ਕਿਹਦੀ ਵਾਰੀ ਹੈ, ਛੇ ਮਰ ਚੁੱਕੇ ਸੀ। ਉਸ ਤੋਂ ਬਾਅਦ ਦੀਵਾਨ ਲਗਾਇਆ, ਅਖੰਡਪਾਠ ਕਰਾਇਆ, ਉਸ ਪਿੰਡ ਵਿਚੋਂ ਮੈਂ ਹਮੇਸ਼ਾ ਹੀ ਲੰਘਦਾ ਹਾਂ, ਕਿਸੇ ਨੂੰ ਨਹੀਂ ਪਤਾ ਕਿ ਇਹ ਬਾਬਾ ਜੀ ਸੀ ਜਿਹਨੇ ਸਾਡੇ ਦੀਵਾਨ ਲਾਏ ਸੀ। ਐਨਾ ਭੁੱਲਦੇ ਨੇ।

***ਨੈਂ ਲੰਘੀ ਖੁਆਜਾ ਵਿਸਾਰਿਆ।***

ਰੱਬ ਨੂੰ ਕੀ ਯਾਦ ਰੱਖਣਾ ਹੈ ਇਨ੍ਹਾਂ ਨੇ, ਉਹ ਤਾਂ ਦਿਸਦਾ ਨਹੀਂ ਹੈ। ਸੋ ਮਹਾਰਾਜ ਕਹਿੰਦੇ ਤੁਹਾਡੀਆਂ ਸਾਰੀਆਂ ਕਾਮਨਾਵਾਂ ਪੂਰੀਆਂ ਹੋ ਜਾਂਦੀਆਂ ਨੇ –

***ਧਰਹਿ ਕਾਮਨਾ ਪਢਿ ਹੈ ਇਕ ਮਨ।***
***ਹੋਹਿ ਸਪੂਰਨ ਤਿਹ ਕੀ ਤਤਛਿਨ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, 1206***

ਉਸੇ ਵੇਲੇ ਪੂਰਨ ਹੋ ਜਾਏਗੀ ਗੱਲ।

***ਜੰਤ੍ਰ ਮੰਤ੍ਰ ਪੁਨ ਤੰਤ੍ਰ ਮਹਾਨਾ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, 1206***

ਕੋਈ ਮੰਤ੍ਰ, ਜੰਤ੍ਰ ਤੰਤ੍ਰ ਜਪੁਜੀ ਸਾਹਿਬ ਉਪਰ ਨਹੀਂ ਚਲਦਾ। ਇਹ ਸਾਰਿਆਂ ਨਾਲੋਂ ਵੱਡਾ ਹੈ, ਇਹਨੂੰ ਮਹਾਂਮੰਤਰ ਕਿਹਾ ਹੈ। ਇਹਦੇ ਉਪਰ ਦੀ ਕੋਈ ਮੰਤਰ ਨਹੀਂ, ਨੱਠੀਆਂ ਫਿਰਦੀਆਂ ਨੇ ਬੀਬੀਆਂ, ਉਸ ਤੋਂ ਮੰਤਰ ਕਰਾ ਕਰਾ ਕੇ ਲਿਆਈਆਂ ਜੀ, ਉਹ ਫਲਾਣੇ ਪਿੰਡ ਵਾਲਾ ਹੈ, ਹੁਣ ਤਾਂ ਸਿੰਘਾਂ ਨੇ ਸਾਰੇ ਹੀ ਹਟਾ ਵੀ ਦਿਤੇ, ਕੁਛ ਤੋਰ ਦਿਤੇ ਅਗਾਹਾਂ ਨੂੰ, ਕੁਛ ਹਟਾ ਦਿਤੇ। ਕਿਉਂਕਿ ਸਾਡੇ ਕੋਲ ਤਾਂ ਸਭ ਕੁਛ ਹੈ, ਕਿਉਂ ਘਰ ਛੱਡ ਕੇ ਬੇਗਾਨੇ ਥਾਉਂ ਜਾਂਦੇ ਹਾਂ।

***ਜੰਤ੍ਰ ਮੰਤ੍ਰ ਪੁਨ ਤੰਤ੍ਰ ਮਹਾਨਾ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, 1206***

ਇਹ ਸਾਰਿਆਂ ਨਾਲੋਂ ਵੱਡਾ ਹੈ –

***ਭੂਤ ਜਿ ਪ੍ਰੇਤ ਦੈਤ ਬਲਵਾਨਾ॥***
***ਜੰਤ੍ਰ ਮੰਤ੍ਰ ਪੁਨ ਤੰਤ੍ਰ ਮਹਾਨਾ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, 1206***

ਭੂਤ, ਪ੍ਰੇਤ, ਦੈਂਤ, ਜਖ, ਖਵੀਸ, ਜਿੰਨ ਇਹ ਬਹੁਤ ਕਰੜੇ ਨੇ। ਮਹਾਰਾਜ ਕਹਿੰਦੇ –

***ਤਿਹ ਸਮੀਪ ਨਹਿੰ ਆਵੈ ਕੋਈ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, 1206***

ਜਿਹੜਾ ਜਪੁਜੀ ਸਾਹਿਬ ਪੜ੍ਹਦਾ ਹੈ ਉਹਦੇ ਨੇੜੇ ਨਹੀਂ ਆਉਂਦੇ, ਜਪੁਜੀ ਸਾਹਿਬ ਪੜ੍ਹਨ ਲਗ ਜਾਓ, ਆਪੇ ਹੀ ਹਟ ਜਾਏਗਾ, ਤਰੀਕੇ ਨਾਲ ਪੜ੍ਹਨ ਲੱਗ ਜਾਓ, ਜੁਗਤ ਨਾਲ ਪੜ੍ਹਨ ਲਗ ਜਾਓ, ਹਟ ਜਾਏਗਾ ਸਭ ਕੁਛ। ਆਹ ਬੀਬੀ ਜੀ ਛੋਟੀ ਜਿਹੀ ਸੀ, ਸਾਡੇ ਪਿਛਲੇ ਪਾਸੇ ਇਕ ਭੂਤਨੀ ਆਉਂਦੀ ਸੀ, ਜਿਹੜਾ ਕੋਈ ਉਹਨੂੰ ਕੁਛ ਕਹਿ ਦੇਵੇ ਉਹਦੇ 'ਚ ਹੀ ਆ ਜਾਂਦੀ ਸੀ, ਐਹੋ ਜਿਹੀ ਤਕੜੀ ਸੀ। ਨੌਂ ਬੀਬੀਆਂ 'ਚ ਦਿਨ ਬੰਨ੍ਹੇ ਹੋਏ ਸੀ ਕਿ ਅੱਜ ਫਲਾਣੇ ਦੇ ਆਉਣਾ ਹੈ, ਅੱਜ ਫਲਾਣੇ ਦੇ ਆਉਣਾ ਹੈ। ਇਹ ਵਿਚ ਖੜ੍ਹੀ ਸੀ, ਇਹ ਕਹਿੰਦੀ ਤੂੰ ਬੜਾ ਤੰਗ ਕਰਿਆ ਹੈ। ਕਹਿੰਦੀ ਅੱਛਾ, ਬੇਬੇ ਦਾ ਨਾਉਂ ਲੈ ਕੇ ਕਹਿੰਦੀ ਉਹਦੀ ਨੂੰਹ ਬੋਲਦੀ ਹੈ, ਕਹਿੰਦੀ ਮੈਂ ਹੁਣ ਤੇਰੇ ਹੀ ਆਉਣਾ ਹੈ। ਹੋ ਜਾ ਤਿਆਰ, ਕੱਲ੍ਹ ਨੂੰ ਤੇਰੇ ਆਉਂਗੀ। ਇਹ ਉਹਨੂੰ ਚਾਚੀ ਜੀ ਕਹਿੰਦੀ ਸੀ, ਕਹਿੰਦੀ ਆ ਜਾਈਂ ਫੇਰ ਤੇਰੇ ਲਈ ਕੀ ਸੇਵੀਆਂ ਬਣਾ ਕੇ ਰੱਖੀਏ ਖਲਾਉਣ ਵਾਸਤੇ ਕਿ ਖੀਰ ਖਾਣੀ ਹੈ, ਤੂੰ ਆਉਣਾ ਹੈ ਤੇਰਾ ਆਦਰ ਸਤਿਕਾਰ ਵੀ ਕਰੀਏ। ਕਹਿੰਦੀ ਗੱਲਾਂ ਆਉਂਦੀਆਂ ਨੇ, ਪਤਾ ਜਦ ਲੱਗੂ ਜਦੋਂ ਮੈਂ ਤੈਨੂੰ ਫੜਿਆ। ਕਿੰਨੇ ਦਿਨ ਲੰਘ ਗਏ, ਮੁੜ ਕੇ ਫੇਰ ਉਸ ਕੁੜੀ ਨੂੰ ਫੜ ਲਿਆ ਜਿਹੜੀ ਸਾਡੇ ਘਰ ਦੇ ਪਿੱਛੇ ਸੀ, ਇਹ ਫੇਰ ਚਲੀ ਗਈ। ਇਹ ਜਾ ਕੇ ਕਹਿੰਦੀ, ਚਾਚੀ ਤੂੰ ਤਾਂ ਆਈਓ ਨਾ, ਮੈਂ ਤਾਂ ਸੇਵੀਆਂ ਬਣਾ

ਕੇ ਰੱਖੀਆਂ ਸੀ, ਕਹਿੰਦੀ ਮੈਂ ਕਿਵੇਂ ਆਉਂਦੀ, ਸਾਰਾ ਦਿਨ ਤਾਂ ਕੁਣ-ਕੁਣ ਕਰੀ ਜਾਂਦੇ ਓਂ, ਬਾਣੀ ਪੜ੍ਹੀ ਜਾਂਦੇ ਓਂ, ਜਪੁਜੀ ਸਾਹਿਬ ਪੜ੍ਹੀ ਜਾਂਦੇ ਓਂ, ਆਹ ਕਿਰਪਾਨ ਪਾਈ ਹੋਈ ਹੈ, ਮੇਰਾ ਬਲ ਹੀ ਨਹੀਂ ਚੱਲਿਆ, ਆਈ ਤਾਂ ਮੈਂ ਸੀ ਪਰ ਦੇਹਲੀ ਤੋਂ ਮੁੜ ਗਈ, ਮੇਰਾ ਅੰਦਰ ਜੋਰ ਨਹੀਂ ਚਲਿਆ।

ਸੋ ਐਨੀ ਜਦੋਂ ਇਹਦੇ 'ਚ ਸ਼ਕਤੀ ਹੈ -

***ਤਿਹ ਸਮੀਪ ਨਹਿਂ ਆਵੈ ਕੋਈ।***
***ਪਠਨ ਪ੍ਰੀਤਿ ਨਿਤ ਨਰ ਜਿਹ ਹੋਈ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, 1206***

ਜਿਹੜਾ ਰੋਜ਼ ਜਪੁਜੀ ਸਾਹਿਬ ਦਾ ਪਾਠ ਪਿਆਰ ਦੇ ਨਾਲ ਕਰਦਾ ਹੈ, ਉਹਦੇ ਨੇੜੇ ਕੋਈ ਭੂਤ, ਪ੍ਰੇਤ, ਜੰਤਰ, ਮੰਤਰ ਤੰਤ੍ਰ ਨਹੀਂ ਆਉਂਦਾ। ਕਈ ਕਹਿੰਦੇ ਨੇ ਕਿ ਸਾਡੇ ਖੂਨ ਗਿਰਦਾ ਹੈ, ਕੋਈ ਕਹਿੰਦਾ ਹੈ ਇੱਟਾਂ ਪੈਂਦੀਆਂ ਨੇ। ਇਕ ਪ੍ਰੇਮੀ ਆਇਆ ਮੇਰੇ ਕੋਲ, ਕਹਿੰਦਾ ਇੱਟਾਂ ਪੈਂਦੀਆਂ ਨੇ ਸਾਡੇ, ਮੈਂ ਕਿਹਾ ਉਥੇ ਬੈਠ ਕੇ ਪੰਜ ਪਾਠ ਜਪੁਜੀ ਸਾਹਿਬ ਦੇ ਕਰ ਦੇ, ਵਿਹੜੇ 'ਚ। ਕਹਿੰਦਾ ਜੀ, ਜੇ ਸਿਰ 'ਚ ਲੱਗੀ? ਮੈਂ ਕਿਹਾ, ਬਿਲਕੁਲ ਨਹੀਂ ਲਗਦੀ। ਪਟਿਆਲੇ ਸੀ, ਉਹ ਜਦੋਂ ਮੈਨੂੰ ਮਿਲਿਆ, ਮੈਂ ਕਿਹਾ ਕਿਵੇਂ ਹੋਇਆ? ਕਹਿੰਦਾ ਜੀ, ਉਹ ਤਾਂ ਹਟ ਗਈਆਂ। ਮੈਂ ਕਿਹਾ ਕਾਹਦੇ ਨਾਲ? ਕਹਿੰਦਾ, ਜਪੁਜੀ ਸਾਹਿਬ ਪੜ੍ਹਿਆ ਸੀ। ਕਹਿੰਦਾ ਅਸੀਂ ਤਾਂ ਥੱਕ ਗਏ ਸੀ, ਬੜੇ ਸਿਆਣੇ ਲਿਆਂਦੇ ਸੀ, ਬੜੇ ਪੈਸੇ ਖਰਾਬ ਕਰ ਦਿਤੇ।

ਸਾਧਸੰਗਤ ਜੀ! ਜਪੁਜੀ ਸਾਹਿਬ ਕੋਈ ਐਵੇਂ ਚੀਜ਼ ਨਹੀਂ ਹੈ। ਜਿਹੜਾ ਪਿਆਰ ਦੇ ਨਾਲ ਬਾਣੀ ਪੜ੍ਹਦਾ ਹੈ -

***ਮਾਨੁਖ ਦੇਹਿ ਜੀਵ ਜਿਨ ਪਾਈ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, 1206***

ਕਹਿੰਦੇ ਮਨੁੱਖ ਜਿਹੜਾ ਬਣ ਗਿਆ ਨਾ, ਜੇ ਉਹਦੇ ਜਪੁਜੀ ਸਾਹਿਬ ਯਾਦ ਨਹੀਂ -

***ਜਪੁ - ਬਿਹੀਨ ਹ੍ਵੈ ਬਾਦ ਗਵਾਈ॥***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, 1206***

ਕਹਿੰਦੇ ਉਹਨੇ ਬਿਰਥਾ ਗਵਾ ਦਿੱਤੀ ਜ਼ਿੰਦਗੀ।

***ਸਿੱਖਨ ਯੋਗ ਮੰਤ੍ਰ ਗੁਰ ਕੇਰਾ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, 1206***

ਕਹਿੰਦੇ ਸਿੱਖਾਂ ਵਾਸਤੇ ਇਹੀ ਮੰਤ੍ਰ ਹੈ। ਗੁਰੂ ਦਸਵੇਂ ਪਾਤਸ਼ਾਹ ਨੇ ਭੂਤ-ਪ੍ਰੇਤਾਂ ਵਾਸਤੇ ਆਹੀ ਮੰਤ੍ਰ ਦੱਸਿਆ ਸੀ ਆਹੀ ਸੀਨਾ-ਬ-ਸੀਨਾ ਤੁਰਿਆ ਆਉਂਦਾ ਹੈ, ਮੈਂ ਵੀ ਇਹੀ ਦੱਸਦਾ ਹਾਂ। ਇਹ ਮੰਤ੍ਰ ਰੋਜ਼ ਸੁਖ ਦਿੰਦਾ ਹੈ।

***ਹੋਇ ਸਿੱਖ-ਜਪੁ-ਕੰਠ ਨ ਕੀਨੋ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, 1206***

ਸਿੱਖ ਤਾਂ ਹੋ ਗਿਆ, ਪਰ ਜਪੁਜੀ ਕੰਠ ਨਹੀਂ।

***ਨਾਉਂ ਧਰੀਕ ਬੇਖ ਦਰਿ ਲੀਨੋ॥***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, 1206***

ਫੇਰ ਤਾਂ ਕਹਿੰਦੇ ਉਹ ਭੇਖੀ ਹੈ, ਮੂਰਖ ਹੈ। ਕੇਸ ਵੀ ਰੱਖ ਲਏ, ਦਾਹੜੀ ਵੀ ਰੱਖ ਲਈ, ਕਿਰਪਾਨ ਵੀ ਪਾ ਲਈ, ਕਛਹਿਰਾ ਵੀ ਪਾ ਲਿਆ, ਕੰਘਾ ਵੀ ਰੱਖ ਲਿਆ, ਕੜਾ ਵੀ ਪਾ ਲਿਆ, ਕਹਿੰਦੇ ਜਪੁਜੀ ਯਾਦ ਨਹੀਂ ਕਰਿਆ।

***ਇਸਤੇ ਔਰ ਨ ਕੋ ਬਿਧਿ ਊਚੀ।***
***ਜਪੁ ਸੇਵਨ ਇਕ ਮਨ ਹੁਇ ਸੂਚੀ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, 1206***

ਇਸ ਤੋਂ ਹੋਰ ਉਚੀ ਵਿਧੀ ਕੋਈ ਨਹੀਂ ਹੈ। ਜਪੁਜੀ ਦਾ ਪਾਠ ਕਰੋ, ਇਕ ਮਨ ਹੋ ਕੇ।

***ਕਾਮਧੇਨੁ, ਚਿੰਤਾਮਨਿ, ਸੁਰਤਰੁ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, 1206***

ਤਿੰਨ ਚੀਜ਼ਾਂ ਸਵਰਗ ਦੀਆਂ ਮਸ਼ਹੂਰ ਨੇ, ਇਕ ਤਾਂ ਕਾਮਧੇਨ ਗਊ, ਕੋਈ ਚੀਜ਼ ਮੰਗ ਲਓ ਮਿੰਟ 'ਚ ਦੇ ਦਿੰਦੀ ਹੈ, ਚਿੰਤਾਮਨਿ ਤੋਂ ਕੋਈ ਨਕਦ ਸਿੱਕਾ, ਸੋਨਾ, ਚਾਂਦੀ ਮੰਗ ਲਓ ਮਿਲ ਜਾਂਦਾ ਹੈ। ਸੁਰ ਧਰ, ਜਿਹੜਾ ਦਰਖਤ ਹੈ ਪਾਰਜਾਤਿ ਜਿਹਨੂੰ ਕਹਿੰਦੇ ਨੇ, ਕਹਿੰਦੇ ਇਹ ਤਿੰਨੇ ਚੀਜ਼ਾਂ ਜਪੁਜੀ ਸਾਹਿਬ ਹੈ -

***ਕਰਿ ਨਹਿਂ ਸਕੇ ਆਧਤਿਲ ਸਮਸਰ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, 1206***

ਕਹਿੰਦੇ, ਦੇਰ ਨਹੀਂ ਪੈਂਦੀ, ਉਸੇ ਵੇਲੇ ਮਿਲ ਜਾਂਦਾ ਹੈ। ਸਾਰਿਆਂ ਨਾਲੋਂ ਵੱਡਾ ਇਹਦਾ ਜੋ ਫਾਇਦਾ ਦੱਸਦੇ ਨੇ ਉਹ ਐਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਕਟਦੀ ਜਮ ਫਾਂਸੀ ਜੀ,***
***ਜਪੁਜੀ ਦਾ ਪਾਠ ਕਰਕੇ।***

***ਜਪੁਜੀ ਸੇਵ ਕਟਹਿ ਜਮਫਾਸੀ।***
***ਬਹੁਰ ਮਿਲਹਿ ਪਦਵੀ ਅਬਿਨਾਸ਼ੀ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, 1206***

ਅਬਿਨਾਸ਼ੀ ਪਦਵੀ ਤੱਕ ਪਹੁੰਚ ਜਾਂਦਾ ਹੈ -

***ਅਸ ਸੰਜੋਗ ਚਹਿਤ ਹੈ ਸੋਈ।***
***ਤੁਮ ਕਉ ਤਉ ਸਭਿ ਪ੍ਰਾਪਤਿ ਹੋਈ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, 1206***

ਕੋਈ ਆਸ ਕਰ ਲਓ, ਕੋਈ ਵਾਸ਼ਨਾ ਕਰ ਲਓ -

***ਅਸ ਸੰਜੋਗ ਚਹਿਤ ਹੈ ਸੋਈ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, 1206***

ਜਿਹੜਾ ਹੁਣ ਚੁਕ ਜਾਏਗਾ ਨਾ, ਆਹ ਸੰਗਤ ਵਿਚ ਜਿੰਨੇ ਬੈਠੇ ਓਂ ਸਭ ਨੇ ਬਚਨ ਸੁਣੇ ਨੇ। ਕਹਿੰਦੇ, ਜਿਹੜਾ ਇਸ ਸਮੇਂ ਤੋਂ ਹੁਣ ਚੁੱਕ ਜਾਏਗਾ ਨਾ –

***ਚੜਿ ਕਰਿ ਮੇਰੁ ਰਸਾਤਲ ਪਾਈ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, 1206***

ਪਹਾੜ ਦੀ ਚੋਟੀ ਤੇ ਚੜ੍ਹ ਕੇ ਖੱਡ ਵਿਚ ਗਿਰ ਗਿਆ।

***ਜਪੁਜੀ ਕੰਠ ਨਿਤਾਪ੍ਰਤਿ ਰਟੈ।***
***ਜਨਮ ਜਨਮ ਕੇ ਕਲਮਲ ਕਟੈ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, 1206***

ਸਾਰੇ ਜਨਮਾਂ-ਜਨਮਾਂਤਰਾਂ ਦੇ ਪਾਪ ਕਟ ਜਾਂਦੇ ਨੇ।

ਇਕ ਪ੍ਰੇਮੀ ਸੀ ਸੰਗਰੂਰ ਦੇ ਰਹਿਣ ਵਾਲੇ, ਉਹਦਾ ਨਾਉਂ ਸੀ ਲਾਲ ਸਿੰਘ। ਉਹ ਚੜ੍ਹਾਈ ਕਰ ਗਿਆ ਤੇ ਲੈਣ ਵਾਸਤੇ ਉਹਨੂੰ ਜਦੋਂ ਦੂਤ ਆਏ। ਅੰਮ੍ਰਿਤ ਉਹਨੇ ਛਕਿਆ ਨਹੀਂ ਸੀ, ਕੇਵਲ ਜਪੁਜੀ ਸਾਹਿਬ ਪੜ੍ਹਦਾ ਹੁੰਦਾ ਸੀ। (ਉੱਠ ਚਾਰਦਾ ਹੁੰਦਾ, ਜਪੁਜੀ ਸਾਹਿਬ ਪੜ੍ਹੀ ਜਾਂਦਾ।) ਉਥੇ ਜਦੋਂ ਧਰਮਰਾਜ ਦੇ ਗਿਆ, ਧਰਮਰਾਜ ਕਹਿੰਦਾ ਕਿ ਇਹ ਲਾਲ ਸਿੰਘ ਨਹੀਂ ਸੀ ਲਿਆਉਣਾ, ਦੂਜਾ ਲਾਲ ਸਿੰਘ ਲਿਆਉਣਾ ਸੀ, ਜਾਓ ਮੋੜ ਆਓ ਇਹਨੂੰ, ਉਹ ਜਦੋਂ ਰਸਤੇ 'ਚ ਆਇਆ ਉਹਨੇ ਇਕ ਕੌਤਕ ਦੇਖਿਆ, ਕਮਾਲ ਦਰਜੇ ਦਾ। ਉਥੇ ਇਕ ਬੀਬੀ ਬੈਠੀ ਸੀ ਉਹ ਕਹਿਣ ਲੱਗੀ ਕਿ ਤੂੰ ਮਾਤ ਲੋਕ ਨੂੰ ਜਾ ਰਿਹਾ ਹੈਂ, ਮੇਰਾ ਇਕ ਸੁਨੇਹਾ ਲੈ ਜਾਈਂ। ਕਹਿੰਦੀ ਉਥੇ ਮੇਰੇ ਪਤੀ ਗਏ ਹੋਏ ਨੇ। ਕਹਿੰਦਾ, ਮੈਂ ਤਾਂ ਬੀਬੀ ਜਾਣਦਾ ਨਹੀਂ। ਕਹਿੰਦੀ ਉਹ ਸੰਤ ਮਸਤੂਆਣੇ ਵਾਲੇ ਕਹਾਉਂਦੇ ਨੇ, ਉਹ ਇਥੋਂ ਭੇਜ ਦਿਤੇ ਗਏ ਨੇ ਸੰਸਾਰ ਦਾ ਉਧਾਰ ਕਰਨ ਵਾਸਤੇ। ਮੈਂ ਇਥੇ ਇਕੱਲੀ ਹਾਂ ਉਨ੍ਹਾਂ ਨੂੰ ਕਹਿ ਦਿਓ ਕਿ ਛੇਤੀ ਕੰਮ ਮੁਕਾ ਕੇ ਆ ਜਾਣ। ਉਹ ਜਿਸ ਵਕਤ ਇਥੇ ਆਇਆ, ਜੀਉਂਦਾ ਹੋ ਗਿਆ ਤਾਂ ਮਸਤੂਆਣੇ ਗਿਆ। ਮਹਾਰਾਜ ਜੀ ਨੂੰ ਜਾ ਕੇ ਸਾਰੀ ਬੇਨਤੀ ਕਰੀ ਕਿ ਸੱਚੇ ਪਾਤਸ਼ਾਹ! ਇਸ ਤਰ੍ਹਾਂ ਦੇ ਨਾਲ ਮੈਨੂੰ ਇਕ ਸੁਨੇਹਾ ਦਿਤਾ ਹੈ ਦਰਗਾਹ ਦੇ ਵਿਚੋਂ। ਉਹ ਕਹਿੰਦੇ, ਤੈਨੂੰ ਫੇਰ ਜਮਦੂਤਾਂ ਨੇ ਨਹੀਂ ਕੁਛ ਕਿਹਾ। ਕਹਿੰਦਾ, ਮਹਾਰਾਜ ਮੈਂ ਅੰਮ੍ਰਿਤ ਤਾਂ ਛਕਿਆ ਨਹੀਂ ਸੀ ਪਰ ਮੈਂ ਜਪੁਜੀ ਸਾਹਿਬ ਪੜ੍ਹੀ ਜਾਂਦਾ ਸੀ, ਜਦੋਂ ਮੈਨੂੰ ਫੜਿਆ ਕਹਿੰਦੇ ਓਏ ਇਹ ਜਪੁਜੀ ਸਾਹਿਬ ਪੜ੍ਹਦਾ ਹੈ, ਇਹਨੂੰ ਹੱਥ ਨਾ ਲਾਇਓ, ਕੁਛ ਨਾ ਕਹੋ, ਇਜ਼ਤ ਨਾਲ ਲੈ ਕੇ ਜਾਓ। ਗੁਰੂ ਨਾਨਕ ਦੀ ਬਾਣੀ ਪੜ੍ਹਦਾ ਹੈ।

ਸੋ ਇਸ ਤਰ੍ਹਾਂ ਜਪੁਜੀ ਦਾ ਮਹਾਤਮ ਗੁਰੂ ਤੀਸਰੇ ਪਾਤਸ਼ਾਹ ਮਾਹਾਰਾਜ ਨੇ ਜਦੋਂ ਬਉਲੀ ਸਾਹਿਬ ਰਚੀ, ਕਹਿੰਦੇ ਕਿੰਨੀਆਂ ਪੌੜੀਆਂ ਬਣ ਗਈਆਂ ਪਿਆਰਿਓ? ਕਹਿੰਦੇ ਚੌਰਾਸੀ? ਕਹਿੰਦੇ ਜਾਓ ਅੰਮ੍ਰਿਤ ਵੇਲੇ ਉਠ ਕੇ ਪਹਿਲਾ ਇਸ਼ਨਾਨ ਬਾਹਰ ਕਰੋ। ਫੁਰਨੇ ਰਹਿਤ ਹੋ ਕੇ ਸਨਕੇਸੀ ਟੁੱਭੀ ਮਾਰੋ। ਪਹਿਲੀ ਪੌੜੀ ਤੇ ਆ ਕੇ ਫੇਰ ਜਪੁਜੀ ਦਾ ਪਾਠ ਕਰੋ। ਫੇਰ ਚਲੇ ਜਾਓ ਦੂਜਾ ਟੁੱਭੀ ਮਾਰੋ, ਇਸੇ ਤਰ੍ਹਾਂ ਚੌਰਾਸੀ ਪੌੜੀਆਂ ਦੇ ਉਤੇ ਚੌਰਾਸੀ ਪਾਠ ਜਿਹੜਾ ਕਰ ਲਏਗਾ, ਉਹਦੀ ਚੌਰਾਸੀ ਖਤਮ ਹੋ ਜਾਏਗੀ। ਗੁਰੂ ਨਾਨਕ ਦੇ ਚਰਨਾਂ ਦਾ ਧਿਆਨ ਧਰ ਕੇ, ਫੁਰਨੇ ਰਹਿਤ ਹੋ ਕੇ ਜਿਹੜਾ ਜਪੁਜੀ ਦੇ ਪਾਠ ਕਰ ਲਏਗਾ।

ਸੋ ਐਸਾ ਜਪੁਜੀ ਸਾਹਿਬ ਦੇ ਪਾਠ ਦਾ ਮਹਾਤਮ ਹੈ। ਜਦੋਂ ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਸਰੀਰ ਛੱਡਣ ਲੱਗੇ ਤਾਂ ਆਪ ਨੇ ਕਿਹਾ, ਸਿੰਘੋ! ਹੁਣ ਮੈਂ ਜਪੁਜੀ ਸਾਹਿਬ ਦਾ ਪਾਠ ਕਰਨਾ ਹੈ। ਜਪੁਜੀ ਸਾਹਿਬ ਦਾ ਪਾਠ ਕੀਤਾ, ਸਰੀਰ ਛੱਡ ਦਿਤਾ। ਗੁਰੂ ਨੌਂਵੇਂ ਪਾਤਸ਼ਾਹ ਜਦੋਂ ਚਾਂਦਨੀ ਚੌਂਕ 'ਚ ਬਿਠਾ ਲਏ ਤਾਂ ਔਰੰਗਜ਼ੇਬ ਨੇ ਕਿਹਾ ਕਿ ਹੁਣ ਤੁਸੀਂ ਕਰਾਮਾਤ ਦਿਖਾਓ। ਕਹਿੰਦੇ ਦਿਖਾ ਦਿੰਦੇ ਹਾਂ। ਹੁਣ ਦਿਖਾ ਦਿੰਦੇ ਹਾਂ। ਕਹਿੰਦਾ ਕੀ? ਕਹਿੰਦੇ, ਜਿਹੜੀ ਤੁਹਾਡੀ ਤਲਵਾਰ ਹੈ ਨਾ ਇਹ ਕੱਚਾ ਧਾਗਾ ਨਹੀਂ ਕੱਟ ਸਕਦੀ। ਕਹਿੰਦੇ, ਕੱਚਾ ਧਾਗਾ ਅਸੀਂ ਤਾਂ ਗਰਦਨ ਕੱਟ ਦਿੰਦੇ ਹਾਂ। ਕਹਿੰਦੇ, ਨਾ ਤੁਹਾਡੀ ਤਲਵਾਰ ਨਹੀਂ ਛੋਹ ਸਕਦੀ। ਕਹਿੰਦੇ, ਅਸੀਂ ਜਪੁਜੀ ਸਾਹਿਬ ਪੜ੍ਹਨਾ, ਪੜ੍ਹ ਕੇ ਜਦੋਂ ਅਸੀਂ ਸਿਰ ਨੀਵਾਂ ਕਰਾਂਗੇ, ਨਮਸ਼ਕਾਰ ਕਰਾਂਗੇ, ਉਸ ਤੋਂ ਬਾਅਦ ਜਦੋਂ ਅਸੀਂ ਉਪਰ ਉਠਾਂਗੇ, ਤੁਸੀਂ ਆਪਣੀ ਤਲਵਾਰ ਚਲਾ ਲਿਓ। ਆਹ ਕਾਗਜ਼ ਬੰਨ੍ਹ ਦਿਓ ਸਾਡੀ ਗਰਦਨ ਦੇ ਨਾਲ ਤੇ ਨਾਲ ਧਾਗਾ ਬੰਨ੍ਹ ਦਿਓ। ਇਹਦੇ ਉਤੇ ਤਲਵਾਰ ਚਲਾਇਓ ਆਪਣੀ।

ਧਾਗਾ ਬੰਨ੍ਹ ਦਿਤਾ ਤੇ ਮਹਾਰਾਜ ਜੀ ਨੇ ਜਪੁਜੀ ਸਾਹਿਬ ਪੜ੍ਹਿਆ, ਪੜ੍ਹ ਕੇ ਜਦੋਂ 'ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥, ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ' ਕਹਿ ਕੇ ਮਸਤਕਿ ਨਿਵਾਇਆ, ਉਪਰ ਹੋਏ। ਓਧਰੋਂ ਉਨ੍ਹਾਂ ਨੇ ਧਾਗੇ ਤੇ ਜਿਹੜਾ ਕਾਗਜ਼ ਬੰਨ੍ਹਿਆ ਹੋਇਆ ਸੀ ਉਹਦੇ ਤੇ ਤਲਵਾਰ ਚਲਾਈ, ਤਾਂ ਸੀਸ ਪਹਿਲਾਂ ਹੀ ਭਾਈ ਜੈਤੇ ਦੀ ਗੋਦੀ ਵਿਚ ਚਲਿਆ ਗਿਆ ਤੇ ਹੈਰਾਨ ਹੋ ਗਏ ਕਿ ਸਾਡੀ ਤਲਵਾਰ ਨੇ ਤਾਂ ਕੱਚਾ ਧਾਗਾ ਨਹੀਂ ਕਟਿਆ, ਸੀਸ ਕਿਵੇਂ ਕੱਟਿਆ ਗਿਆ?

ਸੋ ਜਪੁਜੀ ਸਾਹਿਬ ਦੀ ਮਹਾਨਤਾ ਮਹਾਰਾਜ ਨੇ ਬਹੁਤ ਦੱਸੀ ਹੈ। ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਨੇ ਸੰਗਤਾਂ ਬੁਲਾ ਲਈਆਂ ਕਿ ਅਸੀਂ ਸਰੀਰ ਛੱਡਣਾ ਹੈ, ਸੰਗਤ ਹੋ ਗਈ ਉਦਾਸ, ਬੇਨਤੀਆਂ ਕਰਦੀ ਹੈ ਬਾਬਾ ਜੀ ਹਾਲੇ ਨਾ ਜਾਓ-ਹਾਲੇ ਨਾ ਜਾਓ।

ਬਾਬਾ ਜੀ ਤੋਂ ਛੋਟੇ ਸੰਤ ਸੀ ਬਾਬਾ ਲਾਲ ਸਿੰਘ ਜੀ, ਕਹਿਣ ਲੱਗੇ ਬਾਬਾ ਜੀ! ਸੰਗਤਾਂ ਤੇ ਤਰਸ ਕਰੋ। ਕਹਿੰਦੇ, ਭਾਈ ਲਾਲ ਸਿੰਆਂ! ਤਾਂ ਫੇਰ ਤੂੰ ਚਲਿਆ ਜਾਹ, ਸਾਡੀ ਥਾਂ ਤੇ –

*ਗੁਰਮੁਖਿ ਆਵੈ ਜਾਇ ਨਿਸੰਗੁ ॥ ਅੰਗ – ੯੩੨*

ਤੇਰੇ ਦੋ ਸਾਲ, ਦੋ ਮਹੀਨੇ, ਦੋ ਦਿਨ ਰਹਿੰਦੇ ਨੇ, ਅਸੀਂ ਫੇਰ ਤੇਰੇ ਵੇਲੇ ਆ ਜਾਵਾਂਗੇ। ਕਹਿੰਦੇ ਠੀਕ ਹੈ ਮਹਾਰਾਜ। ਸਾਢੇ ਚਾਰ ਵਜੇ ਸਰੀਰ ਛੱਡਣਾ ਸੀ, ਚਾਰ ਵਜੇ ਬਾਬਾ ਲਾਲ ਸਿੰਘ ਜੀ ਆ ਗਏ ਨਹਾ ਧੋਅ ਕੇ, ਕਫਨ ਪਾ ਆਏ, ਉਥੇ ਬੈਠ ਕੇ ਬਹੁਤ ਵੈਰਾਗ ਦੇ ਸ਼ਬਦ ਪੜ੍ਹੇ, ਫੇਰ ਕਹਿਣ ਲੱਗੇ ਕਿ ਅਸੀਂ ਹੁਣ ਜਪੁਜੀ ਸਾਹਿਬ ਦਾ ਪਾਠ ਕਰਦੇ ਹਾਂ। ਚੌਂਕੜਾ ਮਾਰ ਲਿਆ, ਜਪੁਜੀ ਸਾਹਿਬ ਦਾ ਪਾਠ ਕਰਕੇ, ਡੱਬਾ ਸੀਗਾ ਕੋਲ ਜਿਹਦੇ 'ਚ ਉਨ੍ਹਾਂ ਨੂੰ ਜਲ ਪ੍ਰਵਾਹ ਕਰਨਾ ਸੀ, 'ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ਕਹਿ ਕੇ' ਇਕ ਦਮ ਲੰਮੇ ਪੈ ਗਏ। ਬਾਬਾ ਜੀ ਕਹਿਣ ਲੱਗੇ ਕਿ ਦੇਖੋ ਭਾਈ, ਲਾਲ ਸਿੰਘ ਹੋਣੀ ਹੈਗੇ ਕਿ ਚਲੇ ਗਏ? ਜਦੋਂ ਨਬਜ਼ ਨੂੰ ਹੱਥ ਲਾਇਆ, ਉਥੇ ਕੁਛ ਵੀ ਨਾ। ਸੋ ਇਹ ਜਪੁਜੀ ਸਾਹਿਬ ਅੰਤ ਸਮੇਂ ਸਹਾਇਤਾ ਕਰਦਾ ਹੈ। ਮਦਦ ਕਰਦੇ ਨੇ ਗੁਰੂ ਸਾਹਿਬ। ਜਿਹੜਾ ਸਿੱਖ ਗੁਰੂ ਦੀ ਮਦਦ ਹੀ ਨਹੀਂ ਚਾਹੁੰਦਾ, ਸਿੱਖ ਬਣਿਆ ਹੋਇਆ ਹੈ, ਉਹਦਾ ਕੀ ਫਾਇਦਾ। ਕਹਿੰਦੇ, ਉਹਦੇ ਤਨ ਦੇ ਤਿੰਨੋ ਤਾਪ ਆਧੀ, ਬਿਆਧੀ, ਉਪਾਧੀ ਤਿੰਨੋਂ ਖਤਮ ਹੋ ਜਾਣਗੇ, ਆਰਬਲਾ ਵਧ ਜਾਏਗੀ। ਉਮਰ ਵਧ ਜਾਏਗੀ।

*ਕਰਹਿ ਕਾਮਨਾ ਜਥਾ ਉਰ ਤਥਾ*
*ਜਾਪ ਤੇ ਪਾਇ॥*
*(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,ਪੰਨਾ 5582)*

ਜਿਹੋ ਜਿਹੀ ਵੀ ਕਾਮਨਾ ਕਰਦਾ ਹੈ, ਫੁਰਨਾ ਕਰਦਾ ਹੈ, ਉਹ ਜਾਪ ਕਰਨ ਦੇ ਨਾਲ ਮਿਲ ਜਾਏਗੀ।

*ਅਬਿ ਸੁਨੀਏ ਇਕ ਜਪ ਪੜੈ*
*ਸਤਿਗੁਰ ਸਿੱਖ ਕੇ ਸੰਗ।*
*ਭੁਗਤ ਮੁਕਤਿ ਬਖਸ਼ੀ*
*ਗੁਰੂ ਦਰਗਹਿ ਜਾਹਿ ਨਿਸੰਗ॥*
*(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5583)*

ਜਦੋਂ ਜਪੁਜੀ ਸਾਹਿਬ ਸੁੱਧ ਕਰਕੇ, ਇਕ ਚਿੱਤ ਹੋ ਕੇ ਪੜ੍ਹ ਲਏਗਾ, ਕਹਿੰਦੇ ਦਰਗਾਹ 'ਚ ਜਾਂਦਾ ਹੈ ਨਿਸੰਗ ਤੇ ਪ੍ਰਾਪਤੀ ਹੁੰਦੀ ਹੈ –

*ਆਤਮ ਦਰਸੀ ਕੀ ਗਤੀ*
*ਪ੍ਰਾਪਤਿ ਤਿਸ ਕੋ ਹੋਇ॥*
*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5583*

ਬ੍ਰਹਮਗਿਆਨੀ ਦੀ ਗਤੀ ਉਹਨੂੰ ਪ੍ਰਾਪਤ ਹੋ ਜਾਂਦੀ ਹੈ।

*ਰਹੈ ਸੰਗ ਤਿਹ ਸਤਿਗੁਰੂ*
*ਪਾਇ ਸਹਾਇਕ ਸੋਇ॥*
*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5583*

ਗੁਰੂ ਉਹਦੇ ਨਾਲ ਸਦਾ ਹੀ ਰਹਿੰਦਾ ਹੈ। ਸਹਾਇਕ ਮਿਲ ਗਿਆ ਨਾ।

*ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥*
*ਸਿਮਰਿ ਸਿਮਰਿ ਤਿਸੁ ਸਦਾ ਸਮ੍ਾਲੇ ॥ ੧ ॥*
*ਅੰਗ – ੩੯੪*

*ਜਿਉਂ ਧੰਨੇ ਕੀ ਧੇਨੁ ਕੋ*
*ਠਾਕਰ ਚਾਰੇ ਨਿੱਤ।*
*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5583*

ਜਿਵੇਂ ਗਊਆਂ ਚਾਰਦਾ ਸੀ ਨਾ ਵਾਹਿਗੁਰੂ ਧੰਨੇ ਦੀਆਂ –

*ਕਰਿ ਪ੍ਰਤੀਤ ਨਿਤ ਜਪ ਪੜੇ*
*ਤਿਮ ਤਿਹ ਸਤਿਗੁਰ ਮਿੱਤ।*
*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5583*

ਜਿਹੜਾ ਪ੍ਰਤੀਤ ਕਰਕੇ, ਇਕ ਮਨ ਹੋ ਕੇ ਜਪੁਜੀ ਸਾਹਿਬ ਪੜ੍ਹੇਗਾ, ਉਹਦੀਆਂ ਧੰਨੇ ਵਾਂਗੂੰ ਗਊਆਂ ਗੁਰੂ ਨਾਨਕ ਚਾਰੇਗਾ। ਸਾਰੇ ਕੰਮ ਗੁਰੂ ਨਾਨਕ ਕਰੇਗਾ ਉਨ੍ਹਾਂ ਦੇ।

*ਪੜੈ ਸੁਨੈ ਚਿਤ ਲਾਇਕੈ*
*ਜੌਂ ਲਿਖਿ ਦੇਯ ਸਪ੍ਰੀਤ।*
*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5583*

ਪ੍ਰੀਤ ਦੇ ਨਾਲ ਚਿੱਤ ਲਾ ਕੇ ਜਿਹੜਾ ਪੜ੍ਹੇਗਾ –

*ਮਨ ਚਿੰਤਤਿ ਫਲ ਪਾਇਕੈ*
*ਤਰਿ ਹੈ ਸੁਖ ਭੈ ਭੀਤ।*
*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5583*

ਆਪ ਤਰ ਜਾਏਗਾ, ਦੂਜਿਆਂ ਨੂੰ ਤਾਰ ਦਏਗਾ। ਇਹ ਤਾਂ ਜਪੁਜੀ ਸਾਹਿਬ ਦੀ ਮੈਂ ਬੇਨਤੀ ਕਰੀ ਹੈ, ਜਿਹੜਾ ਨਿਤਨੇਮ ਕਰਦਾ ਹੈ, ਨਿਤਨੇਮ ਕਰਨਾ ਸਿੱਖ ਵਾਸਤੇ ਹੱਦ ਤੋਂ ਜ਼ਿਆਦਾ ਜ਼ਰੂਰੀ ਹੈ, ਨਹੀਂ ਤਾਂ ਮੈਲ ਪੈ ਜਾਇਆ ਕਰਦੀ ਹੈ। ਉਹਦੇ ਬਾਰੇ ਇਸ ਤਰ੍ਹਾਂ ਫੁਰਮਾਨ ਹੈ –

*ਧਾਰਨਾ – ਕੱਟੇ ਜਾਣਗੇ*
*ਚੌਰਾਸੀ ਵਾਲੇ ਗੇੜੇ*
*ਨਿਤਨੇਮ ਕਰ ਲੈ ਬੰਦਿਆਂ।*

ਰਹਿਤਨਾਮੇ ਵਿਚ ਲਿਖਿਆ ਹੋਇਆ ਹੈ –

*ਵਾਹਿਗੁਰੂ ਪੁਨ ਮੰਤ੍ਰ ਸੁ ਜਾਪ।*
*(ਰਹਿਤਨਾਮਾ ਭਾਈ ਨੰਦ ਲਾਲ)*

ਪਹਿਲਾਂ ਉਠ ਕੇ ਇਸ਼ਨਾਨ ਕਰੋ ਉਸ ਤੋਂ ਬਾਅਦ ਵਾਹਿਗੁਰੂ ਮੰਤ੍ਰ ਜੋ ਪੰਜ ਪਿਆਰਿਆਂ ਨੇ ਦਿਤਾ ਹੈ ਉਹਦਾ ਜਾਪ ਸ਼ੁਰੂ ਕਰਨਾ ਹੈ।

***ਕਰ ਇਸਨਾਨ ਪੜ੍ਹੇ ਜਪੁ ਜਾਪੁ॥***
***ਰਹਿਤਨਾਮਾ ਭਾਈ ਨੰਦ ਲਾਲ***

ਜਪੁਜੀ ਸਾਹਿਬ ਤੇ ਜਾਪ ਸਾਹਿਬ। ਇਸ਼ਨਾਨ ਕਰਕੇ ਪੜ੍ਹੇ –

***ਸੰਧਿਆ ਸਮੇਂ ਸੁਨੇ ਰਹਿਰਾਸ।***
***ਰਹਿਤਨਾਮਾ ਭਾਈ ਨੰਦ ਲਾਲ***

ਸ਼ਾਮ ਹੋ ਗਈ ਤਾਂ ਸਾਰੇ ਕੰਮ ਛੱਡ ਕੇ ਜਾਂ ਰਹਿਰਾਸ ਸਾਹਿਬ ਪੜ੍ਹੇ ਜਾਂ ਸੁਣੇ।

***ਕੀਰਤਨ ਕਥਾ ਸੁਨੈ ਹਰਿ ਜਾਸ॥***
***ਰਹਿਤਨਾਮਾ ਭਾਈ ਨੰਦ ਲਾਲ***

ਕੀਰਤਨ ਸੁਣੇ, ਕਥਾ ਹੁੰਦੀ ਹੈ ਕਥਾ ਸੁਣੇ –

***ਇਨ ਪੈ ਨੇਮ ਜੁ ਏਕ ਕਰਾਇ।***
***ਰਹਿਤਨਾਮਾ ਭਾਈ ਨੰਦ ਲਾਲ***

ਇਕ ਵੀ ਨੇਮ ਜੋ ਇਨ੍ਹਾਂ ਵਿਚੋਂ ਕਰ ਲਏਗਾ –

***ਸੋ ਸਿਖ ਅਮਰਪੁਰੀ ਮਹਿ ਜਾਇ।***
***ਰਹਿਤਨਾਮਾ ਭਾਈ ਨੰਦ ਲਾਲ***

ਉਹ ਗੁਰੂ ਦਸਵੇਂ ਪਾਤਸ਼ਾਹ ਕੋਲ ਜਾਏਗਾ ਤੇ ਜਿਹੜਾ ਨਹੀਂ ਕਰਦਾ –

***ਬਿਨੁ ਜਪੁ ਜਾਪ ਜਪੇ***
***ਬਿਨਾਂ ਜੋ ਜੇਵੈ ਪਰਸਾਦਿ। (ਰਹਿਤਨਾਮਾ)***

ਜਿਹਨੇ ਜਪੁਜੀ ਸਾਹਿਬ ਨਹੀਂ ਪੜ੍ਹਿਆ, ਜਾਪੁ ਸਾਹਿਬ ਨਹੀਂ ਪੜ੍ਹਿਆ, ਰੋਟੀ ਖਾਣ ਲੱਗ ਗਿਆ –

***ਸੋ ਬਿਸ਼ਟਾ ਕਾ ਕਿਰਮ ਹੋਇ***
***ਜਨਮੁ ਗਵਾਇਓ ਬਾਦਿ॥ (ਰਹਿਤਨਾਮਾ)***

ਕਹਿੰਦੇ ਗੰਦ ਦਾ ਕੀੜਾ ਹੈ, ਐਡਾ ਸਖਤ ਮਹਾਰਾਜ ਨੇ ਕਿਹਾ ਹੈ। ਸੋ ਇਹਦਾ ਮਹਾਤਮ ਕਿੰਨਾ ਹੈ ਸਾਧਸੰਗਤ ਜੀ। ਇਹਦੇ ਬਾਰੇ ਮੈਂ ਬੇਨਤੀ ਕਰਦਾ ਹਾਂ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਜਿਸ ਵਕਤ ਅੰਮ੍ਰਿਤਸਰ ਦਾ ਯੁੱਧ ਖਤਮ ਹੋ ਗਿਆ, ਉਸ ਵੇਲੇ ਆਪ ਨੇ ਭੀੜ ਵਗੈਰਾ 'ਚੋਂ ਬਾਹਰ ਆਪ ਨੇ ਹਰਿਗੋਬਿੰਦਪੁਰਾ ਜਾਣ ਵਾਸਤੇ ਆਪ ਨੇ ਤਿਆਰੀ ਕਰ ਲਈ ਤੇ ਉਥੇ ਜਦੋਂ ਆਪ ਗਏ ਤਾਂ ਉਥੇ ਇਕ ਬੰਦਾ ਸੀ ਭਗਵਾਨ ਦਾਸ, ਪਿੰਡ ਮਹਾਰਾਜ ਵਸਾ ਕੇ ਗਏ ਸੀ, ਇਹਨੇ ਮਹਾਰਾਜ ਦੀ ਗੈਰਹਾਜ਼ਰੀ 'ਚ ਸਾਰੇ ਹੀ ਪਿੰਡ ਤੇ ਕਬਜ਼ਾ ਕਰ ਲਿਆ। ਮਹਾਰਾਜ ਚਲੇ ਗਏ। ਕਹਿੰਦਾ ਇਥੇ ਨਹੀਂ ਮੈਂ ਬੈਠਣ ਦੇਣਾ, ਉਹ ਕਹਿੰਦੇ ਭਾਈ ਅਸੀਂ ਚੌਮਾਸਾ ਕੱਟਣਾ ਹੈ, ਸਾਡਾ ਪਿੰਡ ਹੈ ਅਸੀਂ ਮੋੜ੍ਹੀ ਗੱਢੀ ਹੈ ਤੂੰ ਇਹ ਕੀ ਕਰਦਾ ਹੈਂ? ਕਹਿੰਦਾ, ਮੋੜ੍ਹੀ ਗੱਢੀ ਹੈ ਤੇ ਮੈਂ ਪੁੱਟ ਦਿਤੀ। ਮੈਂ ਹੁਣ ਨਹੀਂ ਬੈਠਣ ਦੇਣਾ। ਅਹੰਕਾਰ ਬੜਾ ਸੀ ਉਹਦੇ ਮਨ ਵਿਚ ਕਿਉਂਕਿ ਅਬਦੁਲ ਖਾਂ ਸੂਬਾ ਜਲੰਧਰ ਜਿਹੜਾ ਸੀ ਉਹਦਾ ਮਿੱਤਰ ਸੀ। ਮਹਾਰਾਜ ਜੀ ਨੂੰ ਗਾਲ੍ਹਾਂ ਕੱਢਣ ਲੱਗ ਗਿਆ। ਸਿੰਘਾਂ ਨੂੰ ਆ ਗਿਆ ਗੁੱਸਾ। ਪਰ ਮਹਾਰਾਜ ਚੁੱਪ ਹੀ ਰਹੇ। ਸਿੱਖ ਕਹਿਣ ਲੱਗੇ, ਸੱਚੇ ਪਾਤਸ਼ਾਹ! ਇਹ ਗਾਲ੍ਹਾਂ ਕੱਢੀ ਜਾਂਦਾ ਹੈ। ਕਹਿੰਦੇ, ਕੋਈ ਨਾ। ਕੱਢਦਾ ਗਿਆ, ਕੱਢਦਾ ਗਿਆ। ਜਦੋਂ ਹਟਿਆ ਹੀ ਨਾ, ਮਹਾਰਾਜ ਕਹਿੰਦੇ ਇਹਨੂੰ ਹਟਾਓ। ਐਨਾ ਹੀ ਕਹਿਣ ਦੀ ਦੇਰ ਸੀ ਭਾਈ ਬਿਧੀ ਚੰਦ ਵਗੈਰਾ ਨੇ, ਫੜ ਲਿਆ। ਜਿਉਂ-ਜਿਉਂ ਘਸੁੰਨ ਵੱਜਣ ਤਿਉਂ-ਤਿਉਂ ਗਾਲ੍ਹਾਂ ਹੋਰ ਕੱਢੇ। ਸਿਰ 'ਚ ਮੁੱਕੇ ਮਾਰ ਕੇ, ਚੁੱਕ ਕੇ ਦਰਿਆ 'ਚ ਸੁੱਟ ਦਿਤਾ ਭਾਈ ਬਿਧੀ ਚੰਦ ਨੇ। ਉਹਦਾ ਪੁੱਤਰ ਰਤਨ ਚੰਦ ਸੀ ਤੇ ਓਧਰਲੇ ਪਾਸੇ ਕਰਮਚੰਦ ਸੀ ਚੰਦੂ ਦਾ ਪੁੱਤਰ। ਇਨ੍ਹਾਂ ਦੋਹਾਂ ਨੇ ਸਲਾਹ ਕਰੀ ਕਿ ਹੁਣ ਆਪਾਂ ਕਿਉਂ ਨਾ ਆਪਣੇ ਮਿੱਤਰ ਕੋਲ ਚੱਲੀਏ। ਮੇਰੇ ਪਿਤਾ ਜੀ ਦਾ ਮਿੱਤਰ ਹੈ ਅਬਦੁੱਲ ਖਾਨ, ਸੂਬਾ ਜਲੰਧਰ। ਉਥੇ ਜਾ ਕੇ ਫਰਿਆਦੀ ਹੋਏ। ਪੰਦਰਾਂ ਹਜ਼ਾਰ ਫੌਜ ਚਾੜ੍ਹ ਲਿਆਏ ਮਹਾਰਾਜ ਉਪਰ। ਇਕੋ ਦਿਨ ਵਿਚ ਮਹਾਰਾਜ ਨੇ ਸਾਰੀ ਫੌਜ ਖਤਮ ਕਰ ਦਿਤੀ, ਵਿਚੇ ਹੀ ਕਰਮ ਚੰਦ, ਰਤਨ ਚੰਦ, ਅਬਦੁੱਲ ਖਾਂ ਚੁੱਕ ਕੇ ਸਾਰੇ ਦਰਿਆ ਵਿਚ ਸੁੱਟ ਦਿਤੇ। ਉਸ ਤੋਂ ਬਾਅਦ ਜਿਹੜੇ ਮਰੇ ਹੋਏ ਸੀ ਮੁਸਲਮਾਨ ਉਨ੍ਹਾਂ ਦੀਆਂ ਕਬਰਾਂ ਬਣਾ ਦਿਤੀਆਂ, ਹਿੰਦੂਆਂ ਦਾ ਸਸਕਾਰ ਕਰ ਦਿਤਾ ਤੇ ਉਹਦੇ ਉਤੇ ਦਮਦਮਾ ਬਣਾ ਦਿਤਾ ਮਹਾਰਾਜ ਨੇ। ਮਹਾਰਾਜ ਜੀ ਕਹਿਣ ਲੱਗੇ, ਭਾਈ! ਰੂਹਾਂ ਭਟਕਦੀਆਂ ਨੇ, ਕੋਈ ਗੁਰਸਿੱਖ ਸੰਗਤ 'ਚੋਂ ਉਠੋ ਜਿਹੜਾ ਇਕ ਜਪੁਜੀ ਸਾਹਿਬ ਦਾ ਪਾਠ ਸਾਨੂੰ ਇਥੇ ਬੈਠ ਕੇ ਸੁਣਾ ਦੇਵੇ। ਸ਼ੁੱਧ ਪਾਠ ਹੋਵੇ। ਸ਼ੁੱਧ ਤੇ ਅਸ਼ੁੱਧ ਦਾ ਫਰਕ ਹੈ। ਬਾਣੀ ਅਸ਼ੁੱਧ ਪੜ੍ਹੀ ਸੀ ਗੁਰਸਿੱਖ ਨੇ–

***ਕਰਤੇ ਕੀ ਮਿਤ ਕਰਤਾ ਜਾਣੈ***
***ਕਿ ਜਾਣੇ ਗੁਰ ਸੁਰਾ।***

ਸੀਗਾ ਇਥੇ 'ਕੈ ਜਾਣੈ ਗੁਰ ਸੂਰਾ' ਉਹਦੇ ਉਪਰ ਚਪੇੜਾਂ ਪਈਆਂ। ਮਹਾਰਾਜ ਕੋਲ ਆ ਗਿਆ ਸੱਚੇ ਪਾਤਸ਼ਾਹ! ਤੇਰੀ ਬਾਣੀ ਸੁਣਿਆ ਹੈ ਜਮਾਂ ਦੀ ਮਾਰ ਤੋਂ ਛੁਡਾਉਂਦੀ ਹੈ ਮੈਨੂੰ ਤਾਂ ਇਥੇ ਪੜ੍ਹਦੇ ਨੂੰ, ਦੱਖਣੀ ਓਅੰਕਾਰ ਪੜ੍ਹਦੇ ਨੂੰ ਤੇਰੇ ਸਿੱਖਾਂ ਨੇ ਚਪੇੜਾਂ ਮਾਰੀਆਂ। ਮਹਾਰਾਜ ਕਹਿੰਦੇ ਪਿਆਰਿਆ! ਇਹ ਬਾਣੀ ਤਾਂ ਮੇਰੇ ਅੰਗ ਨੇ। ਤੂੰ ਮੇਰੇ ਅੰਗ ਕਿੰਨੇ ਮਰੋੜੇ ਨੇ, ਤੂੰ ਮੇਰੇ ਅੰਗ ਕੱਟੇ, ਅਰਥ ਤੋਂ ਅਨਰਥ ਕੀਤਾ। ਕਹਿੰਦੇ ਜਿਹੜਾ ਤੂੰ ਪੜ੍ਹਦਾ ਸੀ ਨਾ – 'ਕਰਤੇ ਕੀ ਮਿਤ ਕਰਤਾ ਜਾਣੈ ਕਿ ਜਾਣੈ ਗੁਰ ਸੁਰਾ' ਇਹਦਾ ਮਤਲਬ ਗੁਰੂ ਨੂੰ ਨਹੀਂ ਕਿਸੇ ਗੱਲ ਦਾ ਪਤਾ। ਲਿਖਿਆ ਹੋਇਆ ਹੈ 'ਕੈ ਜਾਣੈ ਗੁਰ ਸੂਰਾ' ਜਾਂ ਗੁਰੂ ਜਾਣਦਾ ਹੈ, ਜਾਂ ਫੇਰ ਅਕਾਲਪੁਰਖ ਜਾਣਦਾ ਹੈ। ਜੋ

ਗੁਰੂ ਹੀ ਨਹੀਂ ਜਾਣਦਾ ਫੇਰ ਦੇਖ ਕਿੱਡਾ ਅਨਰਥ ਕਰ ਦਿਤਾ।

ਸੋ ਮਹਾਰਾਜ ਕਹਿੰਦੇ ਨੇ ਕਿ ਸ਼ੁੱਧ ਪਾਠ ਸੁਣਾਓ। ਉਸ ਵੇਲੇ ਸੰਗਤ 'ਚੋਂ ਇਕ ਗੁਰਸਿੱਖ ਉਠਿਆ ਜਿਸ ਦਾ ਨਾਉਂ ਭਾਈ ਗੁਪਾਲਾ ਸੀ। ਫੈਜ਼ਾਬਾਦ ਦਾ ਰਹਿਣ ਵਾਲਾ ਸੀ। ਆ ਕੇ ਨਮਸਕਾਰ ਕਰ ਦਿਤੀ, ਕਹਿੰਦਾ ਪਾਤਸ਼ਾਹ! ਜੇ ਆਪ ਦਾ ਸਿਰ ਤੇ ਹੱਥ ਰਹੇ ਤਾਂ ਮੈਂ ਪਾਠ ਸੁਣਾਉਂਦਾ ਹਾਂ। ਮਹਾਰਾਜ ਕਹਿੰਦੇ ਆ ਜਾ। ਮਹਾਰਾਜ ਦਾ ਸਿੰਘਾਸ਼ਨ ਲੱਗਿਆ ਹੋਇਆ ਸੀ, ਕਹਿੰਦੇ ਗੁਰਸਿੱਖੋ! ਦੂਜਾ ਇਕ ਸਿੰਘਾਸ਼ਨ ਹੋਰ ਲਿਆਓ। ਬਰਾਬਰ ਲਾ ਦਿਤਾ ਗਿਆ, ਕਹਿੰਦੇ ਨਾ ਸਾਡੇ ਤੋਂ ਉਚਾ ਕਰੋ, ਦੋ-ਦੋ ਇੱਟਾਂ ਰੱਖੋ ਇਹਦੇ ਥੱਲੇ। ਆਪ ਤੋਂ ਗਿੱਠ ਉੱਚਾ ਕਰਾ ਦਿਤਾ। ਕਹਿੰਦੇ ਇਹਦੇ ਉਤੇ ਬੈਠ ਕੇ ਇਹਨੇ ਗੁਰੂ ਨਾਨਕ ਦੀ ਬਾਣੀ ਪੜ੍ਹਨੀ ਹੈ, ਇਹ ਸਾਡੇ ਤੋਂ ਉਚਾ ਹੋਣਾ ਚਾਹੀਦਾ ਹੈ, ਬਾਣੀ ਦਾ ਅਦਬ ਸਿੱਖੋ। ਓਸ ਵੇਲੇ ਬਿਠਾ ਦਿਤਾ, ਜਿਸ ਵਕਤ ਉਸ ਨੇ ਕਿਹਾ -

'ਪੂਰਬ ਕਾ ਏਕਓਅੰਕਾਰਾ ਸਤਿਨਾਮ ਕਉ ਬਹੁਰ ਉਚਾਰਾ' ਫੇਰ 'ਸਤਿਨਾਮ' ਕਿਹਾ,

***ਸ੍ਰੀ ਹਰਿਗੋਵਿੰਦ ਸੁਨਿ ਕਰ ਜੋਰਿ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 2981***

ਜਦੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਸੁਣਿਆ ੧ਓ ਸਤਿਨਾਮ' ਦੋਵੇਂ ਹੱਥ ਜੋੜ ਕੇ ਸਿੱਖ ਨੂੰ ਮੱਥਾ ਟੇਕ ਦਿਤਾ। ਨਮਸ਼ਕਾਰ ਕਰ ਦਿਤੀ ਕਿ ਸਿੱਖ ਹੁਣ ਬਾਣੀ ਪੜ੍ਹਨ ਲੱਗਿਆ ਹੈ।

***ਨਮਸਕਾਰ ਕੀਨੀ ਸਿਖ ਓਰਿ॥***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 2981***

ਸਿੱਖ ਵਲ ਨਮਸਕਾਰ ਕਰ ਦਿਤੀ ਤੇ ਮਹਾਰਾਜ ਜਿਉਂ-ਜਿਉਂ ਜਪੁਜੀ ਸਾਹਿਬ ਸੁਣਦੇ ਨੇ, ਸ਼ੁੱਧ ਲਗਾਂ ਮਾਤਰਾ, ਫੁਰਨੇ ਰਹਿਤ ਪੜ੍ਹਦੇ ਨੇ, ਕੋਈ ਫੁਰਨਾ ਨਹੀਂ। ਮਹਾਰਾਜ ਅਸ਼, ਵਾਹੁ-ਵਾਹੁ ਕਹਿੰਦੇ ਨੇ ਤੇ ਜਿਸ ਵਕਤ ਪੂਰਾ ਜਪੁਜੀ ਸਾਹਿਬ ਪੜ੍ਹ ਕੇ 'ਕੇਤੀ ਛੁਟੀ ਨਾਲਿ' ਕਿਹਾ, ਮਹਾਰਾਜ ਜੀ ਤਖਤ ਤੋਂ ਉੱਠ ਚੱਲੇ ਕਿ ਇਹਨੂੰ ਸਿਰੋਪਾਓ ਕੀ ਦੇਈਏ। ਪਹਿਲਾਂ ਮਹਾਰਾਜ ਨੇ ਸੋਚਿਆ ਕਿ ਇਹਨੂੰ ਮਾਇਆ ਦੇ ਦੇਈਏ ਬੇਅੰਤ, ਪੁਸ਼ਤਾਂ ਤੱਕ ਦੀ। ਫੇਰ ਕਿਹਾ ਇਹਦੇ ਨਾਲ ਨਹੀਂ ਕੁਛ ਬਣਨਾ, ਇਹਨੂੰ ਰਿੱਧੀਆਂ ਸਿੱਧੀਆਂ ਦੇ ਦਿੰਦੇ ਹਾਂ, ਕਹਿੰਦੇ ਇਹਦੇ ਨਾਲ ਵੀ ਕੁਛ ਨਹੀਂ ਬਣਦਾ। ਮਹਾਰਾਜ ਦੇ ਚਿੱਤ 'ਚ ਆਈ ਕਿ ਬੈਠਾ ਹੈਗਾ ਇਹ ਉੱਚੇ ਥਾਉਂ, ਅਸੀਂ ਉਤਰ ਜਾਂਦੇ ਹਾਂ ਤੇ ਇਹਨੂੰ ਨਮਸ਼ਕਾਰ ਕਰਕੇ ਗੁਰੂ ਨਾਨਕ ਦੀ ਗੱਦੀ ਦੇ ਦੇਈਏ। ਜਦੋਂ ਮਹਾਰਾਜ ਜੀ ਨੇ ਉਠ ਕੇ ਇਕ ਚਰਨ ਹੇਠਾਂ ਲਾਹ ਲਿਆ ਤੇ ਦੂਸਰਾ ਚੁੱਕਣ ਲੱਗੇ ਤਾਂ ਉਹਦੇ ਮਨ 'ਚ ਫੁਰਨਾ ਆਇਆ ਕਿ ਗੁਰੂ ਸਾਹਿਬ ਤਾਂ ਜਾਣ ਲੱਗੇ ਨੇ, ਤੇ ਤਬੇਲੇ ਵਿਚ ਜਿਹੜਾ ਘੋੜਾ ਹੈ ਸਵਾ ਲੱਖ ਦਾ ਉਹਦੇ ਉਤੇ ਕਾਠੀ ਵੀ ਸਾਰੀ ਸੋਨੇ ਦੀ, ਤੇ ਝੁੱਲ ਵੀ ਸੋਨੇ ਦਾ ਹੈ ਜੇ ਮਹਾਰਾਜ ਜੀ ਮੈਨੂੰ ਉਹਦਾ ਸਿਰਪਾਓ ਦੇ ਦੇਣ ਫੇਰ ਠੀਕ ਹੈ। ਮਹਾਰਾਜ ਤਖਤ ਤੇ ਫੇਰ ਬੈਠ ਗਏ। ਮਹਾਰਾਜ ਜੀ ਕਹਿਣ ਲੱਗੇ, ਭਾਈ ਘੋੜਾ ਖੋਲ੍ਹ ਕੇ ਲਿਆਓ, ਉਹਦੇ ਉਪਰ ਕਾਠੀ ਪਾਓ, ਸੋਨੇ ਦੀ, ਝੁੱਲ ਪਾਓ ਸੋਨੇ ਦਾ ਤੇ ਗੁਰਸਿੱਖ ਨੂੰ ਦੇ ਦਿਓ। ਕਹਿੰਦੇ, ਗੁਰਸਿੱਖਾ! ਅਸੀਂ ਤੇਰੇ ਤੇ ਬਹੁਤ ਪ੍ਰਸੰਨ ਹਾਂ, ਕਿਉਂਕਿ ਤੂੰ ਜਪੁਜੀ ਸਾਹਿਬ ਫੁਰਨੇ ਰਹਿਤ ਹੋ ਕੇ ਸ਼ੁੱਧ ਪੜ੍ਹਿਆ ਹੈ। ਅਸੀਂ ਤਾਂ ਤੈਨੂੰ ਗੁਰੂ ਨਾਨਕ ਪਾਤਸ਼ਾਹ ਦੀ ਗੱਦੀ ਦੇਣ ਲੱਗੇ ਸੀ ਪਰ ਤੇਰੀ ਕਿਸਮਤ 'ਚ ਹੈ ਨਹੀਂ ਸੀ। ਨਾ ਹੋਣ ਕਰਕੇ ਰਹਿ ਗਈ, ਅਸੀਂ ਤਾਂ ਤਖਤ ਛੱਡ ਦਿਤਾ ਸੀ ਆਪਣਾ, ਅਸੀਂ ਤਾਂ 5 ਪੈਸੇ, ਨਾਰੀਅਲ ਲਿਆ ਕੇ ਤੈਨੂੰ ਨਮਸ਼ਕਾਰ ਕਰ ਦੇਣੀ ਸੀ, ਲੈ ਸਿੱਖਾ ਤੂੰ ਜਪੁਜੀ ਸਾਹਿਬ ਸ਼ੁੱਧ ਪੜ੍ਹਿਆ ਹੈ ਤੇ ਤੈਨੂੰ ਅੱਜ ਅਸੀਂ ਗੁਰੂ ਨਾਨਕ ਬਣਾ ਦੇਣਾ ਸੀ।

ਸੋ ਏਸ ਨੂੰ ਅਸੀਂ ਕਹਿ ਦਿੰਦੇ ਹਾਂ ਕਿ ਮੇਰੇ ਤਾਂ ਯਾਦ ਨਹੀਂ-ਮੇਰੇ ਤਾਂ ਯਾਦ ਨਹੀਂ। ਕਿੰਨੀ ਗਲਤ ਗੱਲ ਹੈ। ਸੋ ਮਹਾਰਾਜ ਕਹਿੰਦੇ ਯਾਦ ਕਰੋ ਤੁਸੀਂ। ਤੁਸੀਂ ਆਏ ਹੀ ਏਸ ਕੰਮ ਵਾਸਤੇ ਓਂ।

***ਧਾਰਨਾ - ਸੁਣਨ ਪੜ੍ਹਨ ਕੋ ਬਾਣੀ***
***ਆਇਓ ਸੁਣਨ ਪੜ੍ਹਨ ਕੋ ਬਾਣੀ।***

ਸਾਡਾ ਸੰਸਾਰ ਤੇ ਆਉਣ ਦਾ ਕੰਮ ਬਾਣੀ ਪੜ੍ਹਨੀ, ਬਾਣੀ ਸੁਣਨੀ, ਬਾਣੀ ਦੀ ਵਿਚਾਰ ਕਰਨੀ, ਬਾਣੀ ਨੂੰ ਹਿਰਦੇ 'ਚ ਧਾਰਨ ਕਰਨਾ ਹੈ। ਦੇਵਤੇ ਤਾਂ ਕੀ ਤੁਸੀਂ ਤਾਂ ਗੁਰੂ ਨਾਨਕ ਦਾ ਰੂਪ ਹੋ ਜਾਓਂਗੇ।

***ਕਬੀਰ ਤੂੰ ਤੂੰ ਕਰਤਾ ਤੂ ਹੂਆ***
***ਮੁਝ ਮਹਿ ਰਹਾ ਨ ਹੂੰ ॥***
***ਜਬ ਆਪਾ ਪਰ ਕਾ ਮਿਟਿ ਗਇਆ***
***ਜਤ ਦੇਖਉ ਤਤ ਤੂ ॥ ਅੰਗ - ੧੩੭੫***

ਸੋ ਬਾਣੀ ਪ੍ਰਮੇਸ਼ਰ ਨੂੰ ਹਾਜ਼ਰ ਨਾਜ਼ਰ ਜਾਣ ਕੇ ਪੜ੍ਹਨੀ ਚਾਹੀਦੀ ਹੈ। ਇਹੀ ਨਹੀਂ ਕਿ ਬਾਣੀ ਪੜ੍ਹ ਲਈ ਫੇਰ ਵੀ ਗੁਰੂ ਨੂੰ ਹਰ ਵਕਤ ਯਾਦ ਰੱਖੋ। ਕਿਉਂਕਿ ਬਾਣੀ ਇਹ ਦੱਸਦੀ ਹੈ-

***ਊਠਤ ਬੈਠਤ ਸੋਵਤ ਨਾਮ ॥***
***ਕਹੁ ਨਾਨਕ ਜਨ ਕੈ ਸਦ ਕਾਮ ॥***

***ਅੰਗ - ੨੮੬***

ਇਕ ਵਾਰੀ ਇਕ ਸੰਤ ਸੂਫੀ ਪੀਰ ਸੀਗਾ ਤੇ ਉਹ ਮਸਜਿਦ 'ਚ ਜਾ ਵੜਿਆ। ਉਥੇ ਨਮਾਜ਼ੀ ਨਮਾਜ਼ ਪੜ੍ਹ ਰਹੇ ਸੀ। ਉਹ ਕੋਲ ਦੀ ਲੰਘਦਾ ਕਹਿੰਦਾ ਕਾਫਰ,

ਕਾਫਰ ਨਮਾਜ਼ ਪੜ੍ਹਦੇ ਨੇ, ਬਾਰ-ਬਾਰ ਇਹ ਅੱਖਰ ਕਹਿੰਦਾ ਚਲਿਆ ਗਿਆ। ਉਥੇ ਬਾਦਸ਼ਾਹ ਵੀ ਪੜ੍ਹਦਾ ਸੀ, ਸ਼ਾਹੀ ਮਸਜਿਦ ਸੀ। ਉਸ ਤੋਂ ਬਾਅਦ ਮੁਲਾਣਿਆਂ ਨੇ ਕਿਹਾ ਕਿ ਬਾਦਸ਼ਾਹ ਸਲਾਮਤ ਦੇਖਿਆ ਸੀ ਤੁਸੀਂ ਉਹ ਮਸਤਾਨਾ ਜਿਹਾ, ਕਾਫਰ-ਕਾਫਰ ਕਹਿੰਦਾ ਗਿਆ ਹੈ ਸਾਨੂੰ। ਜਦੋਂ ਅਸੀਂ ਨਮਾਜ਼ ਪੜ੍ਹਦੇ ਹਾਂ, ਫੇਰ ਅਸੀਂ ਕਿਉਂ ਕਾਫਰ ਹਾਂ। ਕਾਫਰ ਉਹ ਨੇ ਜਿਹੜੇ ਨਮਾਜ਼ ਨਹੀਂ ਪੜ੍ਹਦੇ। ਬਾਦਸ਼ਾਹ ਚੁੱਪ ਕਰ ਰਿਹਾ ਕਿ ਸੰਤਾਂ ਦੀ ਮੌਜ ਹੁੰਦੀ ਹੈ, ਕੀ ਪਤਾ ਕਿਉਂ ਕਿਹਾ ਹੈ। ਫੇਰ ਦੂਜੇ ਦਿਨ ਕੀ ਹੋਇਆ ਇਕ ਮੁਰਦਾ ਆਉਂਦਾ ਹੈ, ਸਾਰੇ ਲੋਕ ਖੜ੍ਹੇ ਹੋ ਗਏ, ਰਾਮ ਨਾਮ ਸਤਿ ਹੈ-ਰਾਮ ਨਾਮ ਸਤਿ ਹੈ, ਮੱਥਾ ਟੇਕਣ ਲੱਗ ਗਏ ਕਿ ਸੰਸਾਰ 'ਚ ਇਹਦੀ ਯਾਤਰਾ ਖਤਮ ਹੋ ਗਈ, ਹੁਣ ਅੰਤ ਸਫਰ ਕਰ ਰਿਹਾ ਹੈ ਇਹ ਲੰਮਾ ਪੈ ਗਿਆ, ਇਹਦੀ ਫੇਰ ਸ਼ਿਕਾਇਤ ਹੋ ਗਈ ਕਿ ਇਹ ਜਿਹੜਾ ਸੂਫੀ ਫਕੀਰ ਹੈ ਉਹ ਮੁਰਦੇ ਨੂੰ ਦੇਖ ਕੇ ਲੰਮਾ ਪੈ ਗਿਆ, ਜਦ ਕਿ ਖੜ੍ਹਾ ਹੋਣ ਦਾ ਵਿਧਾਨ ਹੈ। ਫੇਰ ਤੀਸਰੀ ਵਾਰੀ ਇਕ ਮੁਸਲਮਾਨ ਲੱਗਿਆ ਰੋਟੀ ਦੇਣ, ਕਹਿੰਦਾ ਮੈਂ ਨਹੀਂ ਲੈਂਦਾ ਤੇਰੇ ਤੋਂ ਰੋਟੀ, ਭਿੱਟੀ ਹੋਈ ਰੋਟੀ ਹੈ। ਇਕ ਹਿੰਦੂ ਨੇ ਕਿਹਾ ਪੀਰ ਜੀ, ਫਕੀਰ ਸਾਂਈ ਪ੍ਰਸ਼ਾਦਾ ਲੈ ਲਓ, ਦੋਵੇਂ ਹੱਥ ਕਰਕੇ ਲੈ ਲਿਆ। ਚੌਥੀ ਵਾਰੀ ਕੀ ਹੋਇਆ ਇਕ ਸੁਨਿਆਰੇ ਦੀ ਦੁਕਾਨ ਤੇ ਚਲਿਆ ਗਿਆ, ਉਥੇ ਜਾ ਕੇ ਉਂਗਲੀ ਮੂਹਰੇ ਕਰ ਲਈ ਕਹਿੰਦਾ ਏ ਸੁਨਿਆਰਾ ਖੁਦਾ ਕੀ ਚੀਚੀ ਸੇ ਮੁੰਦਰੀ ਨਿਕਾਲੋ। ਉਥੇ ਬੈਠੇ ਸੀ ਮੁਲਾਣੇ, ਉਨ੍ਹਾਂ ਨੇ ਸੁਣ ਲਿਆ ਉਹਦੀ ਸ਼ਿਕਾਇਤ ਕਰੀ, ਕਹਿੰਦੇ ਮਹਾਰਾਜ! ਤੁਸੀਂ ਚੁੱਪ ਓਂ, ਉਹ ਬਿਲਕੁਲ ਹੀ ਕੁਫਰ ਬੋਲ ਰਿਹਾ ਹੈ। ਬਾਦਸ਼ਾਹ ਨੇ ਬੁਲਾ ਲਿਆ। ਕਹਿੰਦੇ, ਫਕੀਰ ਸਾਂਈ ਤੇਰੀ ਸ਼ਿਕਾਇਤ ਆਈ ਹੈ। ਕਹਿੰਦੇ ਕੀ ਸ਼ਿਕਾਇਤ ਹੈ? ਕਹਿੰਦੇ, ਚਾਰ ਸ਼ਿਕਾਇਤਾਂ ਨੇ, ਇਕੱਲੀ-ਇਕੱਲੀ ਦਾ ਜਵਾਬ ਦੇਈ ਜਾਹ। ਪਹਿਲੀ ਸ਼ਿਕਾਇਤ ਹੈ ਕਿ ਤੂੰ ਮਸਜਿਦ ਜਾ ਕੇ ਸਭ ਨਮਾਜ਼ੀਆਂ ਨੂੰ ਕਿਹਾ ਕਿ ਇਹ ਸਭ ਕਾਫਰ ਨੇ। ਕਹਿੰਦੇ ਹਾਂ, ਇਹ ਕਾਫਰ ਹੀ ਸੀ ਤਾਂ ਹੀ ਕਿਹਾ ਹੈ।

ਕਹਿੰਦਾ, ਕਿਉਂ?

ਕਹਿੰਦੇ, ਬਾਦਸ਼ਾਹ, ਤੇਰੇ ਕਿੰਨੇ ਲੜਕੇ ਨੇ?

ਕਹਿੰਦਾ ਦੋ।

ਕਹਿੰਦੇ, ਵੱਡਾ ਕਿੱਥੇ ਹੈ?

ਕਹਿੰਦਾ, ਵੱਡਾ ਤਾਂ ਪਰਦੇਸ਼ ਵਿਚ ਹੈ।

ਕਹਿੰਦੇ, ਛੋਟਾ?

ਕਹਿੰਦਾ ਛੋਟਾ ਮੇਰੇ ਕੋਲ ਹੈ।

ਕਹਿੰਦੇ, ਵੱਡੇ ਨੂੰ ਦਿਨ ਵਿਚ ਕਿੰਨੀ ਵਾਰੀ ਯਾਦ ਕਰਦਾ ਹੁੰਦਾ ਹੈਂ?

ਕਹਿੰਦਾ, ਦੋ ਵਾਰੀ, ਕਦੇ ਚਾਰ ਵਾਰੀ, ਕਦੇ ਪੰਜ ਵਾਰੀ।

ਛੋਟੇ ਨੂੰ?

ਕਹਿੰਦਾ, ਇਹ ਜੇ ਅੱਖਾਂ ਤੋਂ ਓਹਲੇ ਹੋ ਜਾਏ ਉਸੇ ਵੇਲੇ ਪਤਾ ਕਰਦਾ ਹਾਂ ਕਿ ਸਹਿਜ਼ਾਦਾ ਕਿੱਥੇ ਗਿਆ ਦੇਖੋ। ਉਹ ਤਾਂ ਹਰ ਵਕਤ ਹੀ ਯਾਦ ਰਹਿੰਦਾ ਹੈ।

ਕਹਿੰਦੇ, ਫੇਰ ਮੈਂ ਇਹੀ ਕਿਹਾ ਕਿ ਤੁਸੀਂ ਪੰਜ ਵਾਰੀ ਖੁਦਾ ਨੂੰ ਯਾਦ ਕਰਦੇ ਓਂ, ਕਾਫਰ ਓਂ, ਸਾਰਾ ਦਿਨ ਯਾਦ ਕਰੋ।

***ਊਠਤ ਬੈਠਤ ਸੋਵਤ ਨਾਮ ॥***
***ਕਹੁ ਨਾਨਕ ਜਨ ਕੈ ਸਦ ਕਾਮ ॥***

***ਅੰਗ - ੨੮੬***

ਇਹ ਤਾਂ ਕਾਫਰ ਨੇ ਫੇਰ ਭੁੱਲੇ ਰਹਿੰਦੇ ਨੇ, ਨਮਾਜ਼ ਕਿੰਨਾ ਕੁ ਚਿਰ ਹੈ ਚਿੱਤ 'ਚ।

ਇਸੇ ਤਰ੍ਹਾਂ ਪੰਜ ਬਾਣੀਆਂ ਤਾਂ ਅਸੀਂ ਪੜ੍ਹ ਲਈਆਂ, ਬਾਕੀ ਦਿਨ ਅਸੀਂ ਰੱਬ ਨੂੰ ਭੁੱਲੇ ਰਹੇ, ਇਹ ਵੀ ਗੱਲ ਅੱਛੀ ਨਹੀਂ ਹੈ।

ਦੂਸਰਾ ਕਹਿੰਦੇ ਜਦੋਂ ਮੁਰਦਾ ਆਇਆ ਤਾਂ ਤੂੰ ਪੈ ਕਿਉਂ ਗਿਆ?

ਕਹਿੰਦੇ, ਬਾਦਸ਼ਾਹ! ਫਕੀਰ ਜਿਹੜਾ ਹੁੰਦਾ ਹੈ ਇਹ ਮੁਰਦਾ ਹੁੰਦਾ ਹੈ, ਇਹਨੇ ਕਫਨੀ ਪਹਿਨੀ ਹੁੰਦੀ ਹੈ। ਹੈ ਨਾ ਮੇਰੇ ਆਹ ਕਫਨ ਪਾਇਆ ਹੋਇਆ। ਮੈਂ ਵੀ ਮੁਰਦਾ ਹਾਂ। ਮੁਰਦੇ ਦੇ ਸਿਰ ਤੇ ਟੋਪੀ ਹੁੰਦੀ ਹੈ, ਮੇਰੇ ਵੀ ਸਿਰ ਤੇ ਟੋਪੀ ਹੈ। ਇਹ ਜਦੋਂ ਮੁਰਦਾ ਆਇਆ, ਮੈਂ ਕਿਹਾ ਮੁਰਦਿਆ! ਤੂੰ ਤਾਂ ਜਾਗਦਾ ਹੈਂ, ਗੱਲਾਂ ਮਾਰਦਾ ਹੈ, ਗਪੌੜੇ ਮਾਰਦਾ ਹੈਂ, ਆਹ ਦੇਖ ਤੂੰ ਅਰਥੀ ਤੇ ਪਿਆ। ਕਹਿੰਦਾ, ਇਹਨੂੰ ਦੇਖ ਕੇ ਮੈਂ ਵੀ ਪੈ ਗਿਆ, ਕਿ ਮੈਂ ਵੀ ਮੁਰਦਾ ਹਾਂ। ਮੈਂ ਤਾਂ ਆਪਣੇ ਆਪ ਨੂੰ ਧਿਰਕਾਰ ਪਾਈ ਕਿ ਤੂੰ ਜੀਉਂਦਾ ਬਣਿਆ ਫਿਰਦਾ ਹੈਂ, ਤੂੰ ਪਾਈ ਹੋਈ ਹੈ ਕਫਨੀ, ਕਫਨੀ ਪਹਿਨ ਕੇ ਤੂੰ ਫੇਰ ਜੀਉਂਦਾ ਹੈਂ, ਤਾਂ ਮੈਂ ਪੈ ਗਿਆ।

ਕਹਿੰਦੇ ਫੇਰ ਤੂੰ ਹਿੰਦੂ ਤੋਂ ਰੋਟੀ ਲਈ, ਮੁਸਲਮਾਨ ਤੋਂ ਨਹੀਂ ਲਈ। ਕਹਿੰਦੇ, ਮੁਸਲਮਾਨਾਂ ਦਾ ਰਾਜ ਹੈ ਅਹੰਕਾਰੀ ਹੋਏ ਹੋਏ ਨੇ। ਹੰਕਾਰਿਆ ਹੋਇਆ ਬੰਦਾ -

***ਹਰਿ ਜੀਉ ਅਹੰਕਾਰੁ ਨ ਭਾਵਈ***
***ਵੇਦ ਕੂਕਿ ਸੁਣਾਵਹਿ ॥*** ***ਅੰਗ - ੧੦੮੯***

ਉਹ ਤਾਂ ਰੱਬ ਨੂੰ ਨਹੀਂ ਭਾਉਂਦਾ। ਇਹ ਗਰੀਬ ਨੇ, ਰੱਬ ਨੂੰ ਯਾਦ ਕਰਦੇ ਨੇ, ਮੈਂ ਰੋਟੀ ਲੈ ਲਈ।

ਫੇਰ ਤੂੰ ਇਹ ਕਿਉਂ ਕਿਹਾ ਕਿ ਖੁਦਾ ਦੀ ਚੀਚੀ 'ਚੋਂ ਕੱਢ ਮੁੰਦਰੀ?

ਕਹਿੰਦਾ, ਬਾਦਸ਼ਾਹ ਇਹ ਰਾਜ ਕੀਹਦਾ ਹੈ?

ਕਹਿੰਦੇ, ਖੁਦਾ ਦਾ।

ਕਹਿੰਦੇ, ਇਹ ਰਾਣੀਆਂ ਵਗੈਰਾ ਕੀਹਦੀਆਂ ਨੇ?

ਕਹਿੰਦਾ ਖੁਦਾ ਦੀਆਂ।

ਬੱਚੇ ਕੀਹਦੇ ਨੇ?

ਕਹਿੰਦਾ, ਖੁਦਾ ਦੇ।

"ਤੇਰਾ ਸਰੀਰ ਕੀਹਦਾ ਹੈ?

ਕਹਿੰਦਾ, ਖੁਦਾ ਦਾ।

ਤੇ ਹੱਥ ਕੀਹਦਾ ਹੈ?

ਕਹਿੰਦਾ, ਖੁਦਾ ਦਾ।

ਉਂਗਲੀ ਕੀਹਦੀ ਹੈ?

ਕਹਿੰਦਾ ਖੁਦਾ ਦੀ।

ਫੇਰ ਕਹਿੰਦਾ, ਮੈਂ ਆਹੀ ਗੱਲ ਕਹੀ ਸੀ ਕਿ ਖੁਦਾ ਦੀ ਉਂਗਲੀ ਸੇ ਮੁੰਦਰੀ ਨਿਕਾਲੋ।

ਸੋ ਕਹਿੰਦੇ, ਵੱਡੀ ਗੱਲ ਬਾਦਸ਼ਾਹ! ਯਾਦ ਰੱਖਣ ਦੀ ਹੁੰਦੀ ਹੈ। ਹਰ ਵਕਤ ਯਾਦ ਰੱਖੇ। ਜਦੋਂ ਹਰ ਵਕਤ ਯਾਦ ਰੱਖਦਾ ਹੈ ਉਸ ਵੇਲੇ ਪਾਠ ਦਾ ਪੂਰਾ ਫਲ ਮਿਲਿਆ ਕਰਦਾ ਹੈ।

ਗੁਰੂ ਦਸਵੇਂ ਪਾਤਸ਼ਾਹ ਦੇ ਪਾਸ ਆਏ ਪ੍ਰੇਮੀ। ਕਹਿਣ ਲੱਗੇ, ਪਾਤਸ਼ਾਹ! ਅਸੀਂ ਸੁਣਿਆ ਹੈ ਕਿ ਬਾਣੀ ਵਿਚ ਅਮਲ ਹੈ, ਪਰ ਸਾਨੂੰ ਤਾਂ ਹੁੰਦਾ ਨਹੀਂ। ਮਹਾਰਾਜ ਕਹਿੰਦੇ, ਤੁਸੀਂ ਪੜ੍ਹਦੇ ਨਹੀਂ ਓਂ। ਕਹਿੰਦੇ, ਮਹਾਰਾਜ ਇਕ ਨਹੀਂ ਨੌਂ-ਨੌਂ ਬਾਣੀਆਂ ਪੜ੍ਹਦੇ ਹਾਂ। ਮਹਾਰਾਜ ਕਹਿੰਦੇ, ਤੁਸੀਂ ਪੜ੍ਹਦੇ ਨਹੀਂ ਭਾਈ ਜਿਵੇਂ ਗੁਰੂ ਨਾਨਕ ਪਾਤਸ਼ਾਹ ਨੇ ਦੱਸਿਆ ਹੈ ਐਉਂ ਨਹੀਂ ਤੁਸੀਂ ਪੜ੍ਹਦੇ। ਗੁਰੂ ਨਾਨਕ ਪਾਤਸ਼ਾਹ ਤਾਂ ਇਹ ਕਹਿੰਦੇ ਨੇ ਕਿ ਪੰਜ ਬਾਣੀਆਂ ਤਾਂ ਦੂਰ ਰਹੀਆਂ, ਜਿਹੜਾ ਜਪੁਜੀ ਸਾਹਿਬ ਵੀ ਇਕ ਚਿੱਤ ਹੋ ਕੇ ਪਿਆਰ ਨਾਲ ਪੜ੍ਹਦਾ ਹੈ, ਉਹਨੂੰ ਵੀ ਨਸ਼ਾ ਚੜ੍ਹ ਜਾਂਦਾ ਹੈ -

***ਧਾਰਨਾ - ਚੜ੍ਹੀ ਰਹੇ ਦਿਨ ਰਾਤ***
***ਨਾਮ ਖੁਮਾਰੀ-ਨਾਮੁ ਖੁਮਾਰੀ***

***ਪੋਸਤ ਮਦ ਅਫੀਮ ਭੰਗ***
***ਉਤਰ ਜਾਇ ਪਰਭਾਤਿ***
***ਨਾਮ ਖੁਮਾਰੀ ਨਾਨਕਾ***
***ਚੜ੍ਹੀ ਰਹੇ ਦਿਨ ਰਾਤਿ।*** ***(ਜਨਮਸਾਖੀ)***

ਇਹ ਚਾਰ ਨਸ਼ੇ ਨੇ, ਰਾਤ ਦੇ ਪੀਤੇ ਹੋਏ ਸਵੇਰੇ ਤੋਟ ਲਾਉਂਦੇ ਨੇ। ਤੁਸੀਂ ਕਹਿੰਦੇ ਓਂ, ਰਸ ਨਹੀਂ ਆਉਂਦਾ, ਤੁਸੀਂ ਬਾਣੀ ਨਹੀਂ ਪੜ੍ਹਦੇ। ਪਾਤਸ਼ਾਹ! ਅਸੀਂ ਤਾਂ ਅੱਠ-ਅੱਠ, ਨੌਂ-ਨੌਂ ਪੜ੍ਹਦੇ ਹਾਂ। ਮਹਾਰਾਜ ਜੀ ਨੇ ਜੁਗਤ ਨਾਲ ਸਮਝਾਉਣ ਵਾਸਤੇ ਲਾਂਗਰੀ ਨੂੰ ਕਿਹਾ ਕਿ ਇਕ ਬਾਲਟੀ ਸੁੱਖ ਨਿਧਾਨ ਦੀ ਲੈ ਆ। ਨਾਲ ਬਾਟੇ ਲੈ ਆਈਂ ਇਕ ਵੱਡੇ ਇਕ ਛੋਟੇ, ਵੱਡਿਆਂ ਨੂੰ ਭਰ ਕੇ ਦਿਤਾ, ਛੋਟਿਆਂ ਵਿਚ ਦੋ-ਦੋ ਘੁੱਟਾਂ ਪਾ ਦਿਤੀਆਂ। ਛੋਟੇ ਬਾਟੇ ਵਾਲਿਆਂ ਨੂੰ ਕਹਿੰਦੇ, ਉਥੇ ਬੈਠ ਕੇ ਪੀ ਲਓ। ਵੱਡੇ ਬਾਟੇ ਵਾਲਿਆਂ ਨੂੰ ਕਹਿੰਦੇ ਕਿ ਉਥੇ ਚਲੇ ਜਾਓ ਜਾ ਕੇ ਕੁਰਲੀਆਂ ਕਰੀ ਜਾਓ। ਦੇਖਿਓ ਇਕ ਕਤਰਾ ਵੀ ਅੰਦਰ ਨਾ ਜਾਵੇ। ਜਦੋਂ ਸਾਰੇ ਖਤਮ ਕਰਕੇ ਆ ਗਏ। ਕਹਿੰਦੇ, ਕਿਉਂ ਭਾਈ ਨਸ਼ਾ ਹੋਇਆ? ਕਹਿੰਦੇ, ਸੱਚੇ ਪਾਤਸ਼ਾਹ! ਨਸ਼ਾ ਕਾਹਦਾ, ਤੁਸੀਂ ਤਾਂ ਕਿਹਾ ਸੀ ਕਿ ਕੁਰਲੀਆਂ ਕਰ ਦਿਓ। ਦੂਜਿਆਂ ਨੂੰ ਕਹਿੰਦੇ ਕਿਉਂ ਬਈ ਤੁਸੀਂ ਦੋ-ਦੋ ਘੁੱਟ ਪੀਤੇ ਸੀ, ਤੁਹਾਨੂੰ ਨਸ਼ਾ ਹੋਇਆ? ਕਹਿੰਦੇ ਹਾਂ ਮਹਾਰਾਜ! ਸਾਡਾ ਤਾਂ ਸਿਰ ਘੁੰਮਣ ਲਗ ਗਿਆ। ਮਹਾਰਾਜ ਕਹਿੰਦੇ ਦੇਖੋ ਪ੍ਰੇਮੀਓ! ਇਨ੍ਹਾਂ ਨੇ ਦੋ ਘੁੱਟ ਸੁੱਖਾ ਪੀਤਾ, ਸਰੂਰ ਜਿਹਾ ਆਉਂਦਾ ਜਾਂਦਾ ਹੈ ਤੇ ਤੁਸੀਂ ਬਾਟਾ ਭਰ ਕੇ ਕੁਰਲੀਆਂ ਕਰੀਆਂ ਨੇ। ਤੁਸੀਂ ਬਾਣੀ ਦੀਆਂ ਕੁਰਲੀਆਂ ਕਰਦੇ ਓਂ। ਪਿਆਰ ਨਾਲ ਨਹੀਂ ਪੜ੍ਹਦੇ। ਫਾਹਾ ਵੱਢਦੇ ਓਂ ਕਿ ਆਹ ਮੁੱਕ ਗਈ, ਹੁਣ ਆਹ ਮੁੱਕ ਗਈ। ਐਸ ਤਰ੍ਹਾਂ ਨਹੀਂ ਭਾਈ ਗੱਲ ਬਣਨੀ। ਇਹ ਤਾਂ ਚਿੱਤ ਇਕਾਗਰ ਕਰਕੇ ਬਾਣੀ ਪੜ੍ਹੋਂਗੇ ਫੇਰ ਬਾਣੀ ਆਪਣਾ ਫਲ ਦਿੰਦੀ ਹੈ।

ਮੈਂ 25 ਪਾਠ ਕਿਉਂ ਦੱਸਦਾ ਹਾਂ ਮੈਂ ਕਿਹਾ, ਇਕ ਅੱਧੇ ਕਿਸੇ ਤੁੱਕ 'ਚ ਇਨ੍ਹਾਂ ਦਾ ਚਿੱਤ ਲੱਗ ਹੀ ਜਾਏਗਾ। ਇਕ ਪੜ੍ਹ ਲਓ ਚਿੱਤ ਲਾ ਕੇ, ਚਾਹੇ 25 ਪੜ੍ਹ ਲਓ। ਗੱਲ ਇਕੋ ਹੀ ਹੈ। ਜਪੁਜੀ ਸਾਹਿਬ ਦਾ ਫਲ ਤਾਂ ਬੇਅੰਤ ਹੈ। ਸੋ ਬਾਣੀ ਦਾ ਫਲ ਜਦੋਂ ਅਸੀਂ ਨਾਮ ਜਪਦੇ ਹਾਂ, ਬਾਣੀ ਪੜ੍ਹਦੇ ਹਾਂ, ਇਹ ਸਾਨੂੰ ਅਕਾਲ ਪੁਰਖ ਦੇ ਦੇਸ ਲੈ ਕੇ ਜਾਂਦੀ ਹੈ, ਫੇਰ ਜਾਂਦੇ ਕਿਉਂ ਨਹੀਂ ਹਾਂ। ਕਿਉਂਕਿ ਅਸੀਂ ਪੜ੍ਹਦੇ ਨਹੀਂ ਹਾਂ। ਜੇ ਪੜ੍ਹਦੇ ਹਾਂ ਤਾਂ ਪੂਰੀ ਵਿਧੀ ਨਾਲ ਨਹੀਂ ਪੜ੍ਹਦੇ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਦਾ ਦਰਬਾਰ ਲੱਗਿਆ ਹੋਇਆ ਹੈ। ਸਾਰੇ ਕੀ ਦੇਖਦੇ ਨੇ ਇਕ ਅਜੀਬ ਕਿਸਮ ਦਾ ਬੰਦਾ ਆ ਰਿਹਾ ਹੈ। ਇਕ ਗੋਦੜੀ ਜਿਹੀ ਲਈ ਹੋਈ ਹੈ ਕੱਪੜਾ ਜਿਹਾ, ਟਾਕੀਆਂ ਜਾਂ ਹੋਰ ਹੀ ਤਰ੍ਹਾਂ ਦਾ ਰੰਗ ਬਰੰਗਾ। ਗੁਰੂ ਮਹਾਰਾਜ ਦੇ ਕੋਲ

ਆਇਆ, ਬਚਨ ਕੀਤੇ ਕੁਛ ਤੇ ਪੰਜ ਫੰਗ ਮੱਥਾ ਟੇਕ ਦਿਤੇ। ਆਪ ਨੇ ਸੁੱਖ ਸਾਂਦ ਪੁਛੀ। ਕਹਿੰਦੇ, ਸੁਣਾਓ ਮੁਨੀ ਜੀ ਤੁਸੀਂ ਕਿਸ ਤਰ੍ਹਾਂ ਆਏ? ਕਹਿੰਦੇ, ਸੱਚੇ ਪਾਤਸ਼ਾਹ! ਮੈਂ ਬੈਕੁੰਠ ਧਾਮ ਦੇ ਵਿਚ ਵਿਸ਼ਨੂੰ ਭਗਵਾਨ ਜੀ ਕੋਲ ਬਚਨ ਕਰ ਰਿਹਾ ਸੀ ਉਨ੍ਹਾਂ ਨੇ ਦੱਸਿਆ ਕਿ ਐਸ ਵੇਲੇ ਕਲਜੁਗ ਦੀ ਮਾਲਕੀ ਜਿਹੜੀ ਹੈ ਉਹ ਗੁਰੂ ਨਾਨਕ ਪਾਸ ਹੈ ਤੇ ਗੁਰੂ ਨਾਨਕ ਦਾ ਦਸਵਾਂ ਸਰੂਪ ਐਸ ਵੇਲੇ ਸੰਸਾਰ ਦਾ ਉਧਾਰ ਕਰ ਰਿਹਾ ਹੈ ਤੇ ਜੰਗਾਂ ਯੁੱਧਾਂ ਬਾਰੇ ਵੀ ਸੁਣਿਆ ਤੇ ਮੈਂ ਦਰਸ਼ਨ ਕਰਨ ਆਇਆ ਸੀ। ਕਿਉਂਕਿ ਇਸੇ ਤਰ੍ਹਾਂ ਕ੍ਰਿਸ਼ਨ ਭਗਵਾਨ ਵੀ ਸ਼ਸਤਰਧਾਰੀ ਸੀ, ਸ੍ਰੀ ਰਾਮ ਚੰਦਰ ਜੀ ਵੀ ਸ਼ਸਤਰਧਾਰੀ ਸਨ, ਸੋ ਮੈਂ ਦੇਖਣ ਆਇਆ ਸੀ ਮਹਾਰਾਜ ਦਰਸ਼ਨ ਕਰੇ ਤੇ ਮਨ ਬੜਾ ਪ੍ਰਸੰਨ ਹੋਇਆ ਹੈ। ਸਾਨੂੰ ਛੁਟੀਆਂ ਦਿਓ। ਛੁਟੀ ਦਿਤੀ ਮਹਾਰਾਜ ਨੇ, ਦੇਖਦੇ-ਦੇਖਦੇ ਗਾਇਬ ਹੋ ਗਿਆ।

ਸਾਰੇ ਬੜੇ ਹੈਰਾਨ ਹੋਏ ਕਿ ਗਾਇਬ ਹੋ ਗਿਆ ਇਹ ਤਾਂ। ਮਹਾਰਾਜ ਜੀ ਨੂੰ ਪੁੱਛਿਆ, ਮਹਾਰਾਜ ਜੀ ਨੇ ਕਿਹਾ ਕਿ ਨਾਰਦ ਮੁਨੀ ਜੀ ਆਇਆ ਸੀ ਬੈਕੁੰਠ ਧਾਮ ਤੋਂ। ਗੁਰੂ ਮਹਾਰਾਜ ਨੇ ਉਹ ਫੰਗ ਭੇਜ ਦਿਤੇ ਮਿਸਤਰੀਆਂ ਦੇ ਕੋਲ ਕਿ ਇਨ੍ਹਾਂ ਨੂੰ ਚੰਗੀ ਤਰ੍ਹਾਂ ਜੜ੍ਹ ਦਿਓ ਤੀਰਾਂ ਦੇ ਨਾਲ। ਸ਼ਾਮ ਦਾ ਮੌਕਾ ਹੋ ਗਿਆ, ਚਾਰ ਵਜੇ ਮਹਾਰਾਜ ਕਹਿੰਦੇ ਐਉਂ ਕਰੋ ਅਸੀਂ ਬਾਣ ਚਲਾਵਾਂਗੇ, ਦੂਰ ਤੱਕ ਖੜ੍ਹ ਜਾਓ। ਬਾਣ ਸਾਨੂੰ ਵਾਪਸ ਲਿਆ ਕੇ ਦੇਣਾ। ਪਹਿਲਾਂ ਮਹਾਰਾਜ ਦਾ ਪ੍ਰਸ਼ਾਦੀ ਹਾਥੀ ਲਿਆਇਆ ਕਰਦਾ ਸੀ, ਮਹਾਰਾਜ ਜੀ ਨੇ ਜਿਹੜੇ ਤੀਰ ਚਲਾਉਣੇ ਉਸਨੇ ਦੌੜ ਕੇ ਜਾਣਾ ਤੇ ਬਾਣ ਚੁੱਕ ਕੇ ਮੋੜ ਕੇ ਲਿਆ ਕੇ ਮਹਾਰਾਜ ਨੂੰ ਦੇ ਦੇਣੇ। ਓਸ ਦਿਨ ਸਿੰਘ ਖੜ੍ਹੇ ਕਰ ਦਿਤੇ, ਮਹਾਰਾਜ ਨੇ ਬਾਣ ਚਲਾਇਆ। ਬੜੀ ਟੁਣਕਾਰ ਹੋਈ। ਤੀਰ ਦੇਖਦੇ ਨੇ ਉਪਰ ਨੂੰ ਜਾਂਦਾ ਹੈ, ਦੇਖਦੇ-ਦੇਖਦੇ ਅੱਖਾਂ ਤੋਂ ਓਝਲ ਹੋਇਆ, ਥੱਲੇ ਆਇਆ ਹੀ ਨਾ। ਦੂਜਾ ਚਲਾਇਆ, ਤੀਜਾ, ਚੌਥਾ ਚਲਾਇਆ, ਪੰਜਵਾਂ, ਕੋਈ ਨਾ ਆਇਆ। ਸਾਰੇ ਹੈਰਾਨ ਹੋ ਕੇ ਕਹਿਣ ਲੱਗੇ ਪਾਤਸ਼ਾਹ! ਦੂਰ-ਦੂਰ ਤੱਕ ਅਸੀਂ ਟੋਲ੍ਹ ਲਏ, ਪਰ ਬਾਣ ਤਾਂ ਤੁਹਾਡਾ ਹੇਠਾਂ ਆਇਆ ਨਹੀਂ। ਕੀ ਕਾਰਨ ਹੈ? ਮਹਾਰਾਜ ਕਹਿੰਦੇ, ਦੇਖੋ! ਪ੍ਰੇਮੀਓ ਇਹ ਨਾਰਦ ਅਨਲ ਪੰਛੀ ਦੇ ਫੰਗ ਲਿਆਇਆ ਸੀ, ਆਕਾਸ਼ ਵਿਚ ਘੁੰਮਦਾ ਰਹਿੰਦਾ ਹੈ, ਉਥੇ ਹੀ ਬੱਚੇ ਦਿੰਦਾ ਹੈ, ਉਥੇ ਹੀ ਪਾਲਦਾ ਹੈ। ਇਹਦੇ ਫੰਗਾਂ 'ਚ ਇਹ ਤਾਸੀਰ ਹੈ ਕਿ ਜਿਹੜੀ ਚੀਜ਼ ਇਹਦੇ ਨਾਲ ਲਾ ਦਿਓ, ਉਹ ਲੈ ਕੇ ਆਪਣੇ ਦੇਸ਼ ਵਿਚ ਪਹੁੰਚ ਜਾਂਦਾ ਹੈ। ਕਹਿੰਦੇ, ਪ੍ਰੇਮੀਓ! ਤੁਹਾਨੂੰ ਦ੍ਰਿਸ਼ਟਾਂਤ ਦੇ ਨਾਲ ਗੱਲ ਸੁਣਾਈ ਹੈ, ਗੁਰੂ ਨਾਨਕ ਦੀ ਜਿਹੜੀ ਬਾਣੀ ਹੈ ਇਹ ਬਾਣੀ ਏਸ ਮੰਡਲ ਦੀ ਨਹੀਂ ਹੈ। ਇਹ ਓਸ ਮੰਡਲ ਦੀ ਬਾਣੀ ਹੈ ਤੇ ਜਿਹਦਾ ਮਨ ਇਹਦੇ ਨਾਲ ਲੱਗ ਜਾਏਗਾ ਉਹਨੂੰ ਸਚਖੰਡ ਵਿਚ ਲੈ ਜਾਏਗੀ। ਐਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਇਹ ਧੁਰ ਕੀ ਬਾਣੀ ਆਈ,***
***ਧੁਰ ਕੀ ਬਾਣੀ ਆਈ।***
***ਤਿਨ ਸਗਲੀ ਚਿੰਤ ਮਿਟਾਈ।***

ਸੋ ਏਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ ਇਹ ਸਚਖੰਡ ਦੀ ਬਾਣੀ ਹੈ, ਜਿਹਦਾ ਮਨ ਇਹਦੇ ਨਾਲ ਲੱਗ ਜਾਏਗਾ ਉਹਨੂੰ ਕੋਈ ਕਰਮ ਧਰਮ, ਕਿਰਿਆ ਜਾਪ ਕੁਛ ਕਰਨ ਦੀ ਲੋੜ ਨਹੀਂ। ਏਸ ਬਾਣੀ ਨੇ ਸਚਖੰਡ 'ਚ ਲੈ ਜਾਣਾ ਹੈ। ਸੋ ਏਸ ਕਰਕੇ -

***ਅੰਮ੍ਰਿਤ ਬਚਨ ਸਾਧ ਕੀ ਬਾਣੀ ॥***
***ਜੋ ਜੋ ਜਪੈ ਤਿਸ ਕੀ ਗਤਿ ਹੋਵੈ***
***ਹਰਿ ਹਰਿ ਨਾਮੁ ਨਿਤ ਰਸਨ ਬਖਾਨੀ ॥***

***ਅੰਗ - ੨੯੪***

ਸੋ ਬਾਣੀ ਦੇ ਨਾਲ ਜਿਹਦਾ ਚਿੱਤ ਲੱਗ ਗਿਆ ਉਹ ਸਚਖੰਡ ਚਲਿਆ ਜਾਏਗਾ। ਸੋ ਇਹ ਹੁਕਮ ਹੈ ਗੁਰੂ ਦਾ ਮੰਨੋ ਸਾਧਸੰਗਤ ਜੀ ਇਹਨੂੰ।

***ਧਾਰਨਾ - ਮੰਨ ਪਿਆਰਿਆ!***
***ਸੱਚਾ ਹੁਕਮ ਗੁਰਾਂ ਦਾ।***
***ਸਤਿਗੁਰ ਕਾ ਜੋ ਸਿਖੁ ਅਖਾਏ***
***ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥***
***ਉਦਮੁ ਕਰੇ ਭਲਕੇ ਪਰਭਾਤੀ***
***ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥***

***ਅੰਗ - ੩੦੫***

ਸੱਚਾ ਸਿੱਖ ਕਹਾਉਂਦਾ ਹੈਂ? ਲਿਖਾਇਆ ਵੀ ਹੈ ਕਿ ਮੈਂ ਸਿੱਖ ਹਾਂ। ਫੇਰ ਪਹਿਰ ਰਾਤ ਰਹਿੰਦੀ ਉਠਿਆ ਕਰ, ਫੇਰ ਨਾ ਸੌਇਆ ਕਰ।

***ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ .........॥***

***ਅੰਗ - ੩੦੫***

ਫੇਰ ਜਿਹੜਾ ਪੰਜ ਪਿਆਰਿਆਂ ਨੇ ਨਾਮ ਦਿਤਾ ਹੈ ਉਹਨੂੰ ਜਪ। ਫੇਰ ਕੀ ਹੋਏਗਾ? -

***........ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥***

***ਅੰਗ - ੩੦੫***

ਜਿੰਨੇ ਪਾਪ ਤੇਰੇ ਤੋਂ ਭੁੱਲ-ਭੁਲੇਖੇ ਹੋ ਗਏ ਪਹਿਲਾਂ, ਸਭ ਲਹਿ ਜਾਣਗੇ।

***ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ***
***ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥***

***ਅੰਗ - ੩੦੫***

ਸੋ ਹੁਕਮ ਮੰਨ ਲੈ। ਗੁਰੂ ਨਾਨਕ ਦੀ ਮੂਰਤ ਹਿਰਦੇ 'ਚ ਵਸਾ। ਫੇਰ ਜਪੁਜੀ ਦਾ ਪਾਠ ਕਰ, ਆਸਾ ਜੀ ਦਾ ਵਾਰ ਦਾ ਪਾਠ ਕਰ। ਦਿਨ ਵਿਚ ਧਰਮ ਦੀ

ਕਿਰਤ ਕਰ, ਜਦੋਂ ਸੂਰਜ ਦੀ ਅੱਧੀ ਟਿੱਕੀ ਅੰਦਰ ਹੋਵੇ ਅੱਧੀ ਬਾਹਰ ਹੋਵੇ ਉਸ ਤੋਂ ਪਹਿਲਾਂ ਪ੍ਰੇਮੀਆਂ! ਫੇਰ ਤੂੰ ਰਹਿਰਾਸ ਪੜ੍ਹ ਲਿਆ ਕਰ। ਫੇਰ ਆਰਤੀ ਪੜ੍ਹਿਆ ਕਰ, ਫੇਰ ਗੁਰੂ ਦਾ ਇਤਿਹਾਸ ਸੁਣਿਆ ਕਰ। ਫੇਰ ਕੀਰਤਨ ਸੋਹਿਲਾ ਪੜ੍ਹਿਆ ਕਰ, ਫੇਰ ਤੂੰ ਸੌਂ ਜਾਇਆ ਕਰ। ਜਿਹੜਾ ਐਹੋ ਜਿਹਾ ਸਿੱਖ ਹੈ, ਉਹ ਜਮਾਂ ਦੀ ਪੁਰੀ ਨਹੀਂ ਜਾਏਗਾ, ਸਿੱਧਾ ਗੁਰੂ ਨਾਨਕ ਕੋਲ ਜਾਏਗਾ। ਸੋ ਏਸ ਕਰਕੇ ਸਾਧਸੰਗਤ ਜੀ! ਜਿੰਨੀਆਂ ਬੇਨਤੀਆਂ ਕਰੀਆਂ ਨੇ ਇਹਨੂੰ ਹਿਰਦੇ 'ਚ ਵਸਾਓ। ਇਹ ਜਨਮ ਬੜਾ ਅਮੋਲਕ ਹੈ -

*ਧਾਰਨਾ - ਸੌਂ ਕੇ ਨਾ ਗਵਾ ਲਈਂ*
*ਤੇਰਾ ਜਨਮ ਅਮੋਲ ਹੈ।*

*ਕਬੀਰ ਮਾਨਸ ਜਨਮੁ ਦੁਲੰਭੁ ਹੈ*
*ਹੋਇ ਨ ਬਾਰੈ ਬਾਰ ॥*
*ਜਿਉ ਬਨ ਫਲ ਪਾਕੇ ਭੁਇ ਗਿਰਹਿ*
*ਬਹੁਰਿ ਨ ਲਾਗਹਿ ਡਾਰ ॥ ਅੰਗ - ੧੩੬੬*

*ਝਾਲਾਘੇ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ॥*
*ਕਾਰ੍ਹਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ ॥*
*ਅੰਗ - ੨੫੫*

ਬੜਾ ਅਮੋਲਕ ਜਨਮ ਹੈ, ਇਹਨੂੰ ਕਿਸੇ ਲੇਖੇ 'ਚ ਲਾ ਲੈ, ਅੰਮ੍ਰਿਤ ਵੇਲੇ ਉਠ ਕੇ।

*ਅੰਮ੍ਰਿਤ ਵੇਲੇ ਉਠਿ ਕੈ*
*ਜਾਇ ਅੰਦਰਿ ਦਰੀਆਇ ਨ੍ਹਵੰਦੇ॥*
*ਸਹਜਿ ਸਮਾਧਿ ਅਗਾਧਿ ਵਿਚਿ*
*ਇਕ ਮਨਿ ਹੋਇ ਗੁਰ ਜਾਪੁ ਜਪੰਦੇ॥*
*ਮਥੈ ਟਿਕੇ ਲਾਲ ਲਾਇ ਸਾਧ ਸੰਗਤਿ*
*ਚਲਿ ਜਾਇ ਬਹੰਦੇ॥*
*(ਭਾਈ ਗੁਰਦਾਸ ਜੀ, ਵਾਰ 6/4)*

ਉਹ ਗੁਰਸਿੱਖ ਜਿਨ੍ਹਾਂ ਨੇ ਜਨਮ ਸਫਲਾ ਕਰਨਾ ਹੈ, ਉਨ੍ਹਾਂ ਦੀ ਰਹਿਤ ਦਸਦੇ ਨੇ।

*ਸਬਦੁ ਸੁਰਤਿ ਲਿਵਲੀਣੁ ਹੋਇ*
*ਸਤਿਗੁਰ ਬਾਣੀ ਗਾਵਿ ਸੁਣੰਦੇ।*
*ਭਾਇ ਭਗਤਿ ਭੈ ਵਰਤਮਾਨ*
*ਗੁਰ ਸੇਵਾ ਗੁਰਪੁਰਬ ਕਰੰਦੇ।*
*ਸੰਝੈ ਸੋਦਰੁ ਗਾਵਣਾ*
*ਮਨ ਮੇਲੀ ਕਰਿ ਮੇਲਿ ਮਿਲੰਦੇ।*
*ਰਾਤੀ ਕੀਰਤਿ ਸੋਹਿਲਾ*
*ਕਰਿ ਆਰਤੀ ਪਰਸਾਦੁ ਵਡੰਦੇ।*
*ਗੁਰਮੁਖਿ ਸੁਖ ਫਲੁ ਪਿਰਮ ਚਖੰਦੇ॥*
*ਭਾਈ ਗੁਰਦਾਸ ਜੀ, ਵਾਰ 6/4*

ਸੋ ਭਾਈ ਲਹਿਣਾ ਜੀ! ਇਹ ਹੈ ਬਾਣੀ ਦੀ ਮਹੱਤਤਾ। ਜਿਥੇ ਕੋਈ ਗੁਰਸਿੱਖ 'ਜਪੁਜੀ ਸਾਹਿਬ' ਪੜ੍ਹਦਾ ਹੋਏਗਾ। ਕੀਰਤਨ ਸੋਹਿਲਾ ਪੜ੍ਹੇਗਾ, ਬਾਣੀ ਪੜ੍ਹੇਗਾ, ਭਾਈ ਲਹਿਣਾ! ਮੈਂ ਓਸ ਥਾਂ ਦੇ ਉਤੇ ਗੁਰਸਿੱਖ ਦੇ ਨਾਲ-ਨਾਲ ਹੁੰਦਾ ਹਾਂ। ਕਹਿੰਦੇ, ਬੇਟਾ! ਬਹੁਤ ਪਿਆਰ ਦੇ ਨਾਲ ਤੂੰ ਬਾਣੀ ਪੜ੍ਹਦਾ ਸੀ, ਬੱਕਰੀਆਂ ਚਾਰਦਾ। ਹੁਣ ਐਉਂ ਕਰਿਆ ਕਰ, ਜਦੋਂ ਬਾਣੀ ਪੜ੍ਹੇਂ, ਕੀਰਤਨ ਸੋਹਿਲਾ ਖਾਸ ਕਰਕੇ ਓਸ ਵੇਲੇ ਮੰਜੇ ਤੇ ਬੈਠ ਕੇ ਪੰਜ ਇਸ਼ਨਾਨਾ ਕਰ ਕੇ, ਪਹਿਲਾਂ ਪੰਜ ਸ਼ਬਦ ਪੜ੍ਹੋ ਫੇਰ ਕੀਰਤਨ ਸੋਹਿਲਾ ਪੜ੍ਹੋ, ਇਹਦੇ ਨਾਲ ਰਾਖੀ ਹੋਏਗੀ, ਘਰ ਦੀ ਬਾਹਰ ਦੀ, ਭੂਤਾਂ ਪ੍ਰੇਤਾਂ ਤੋਂ, ਦਬਾਅ ਨਹੀਂ ਪਏਗਾ, ਜੇ ਸਰੀਰ ਛੁਟ ਜਾਏ ਸੁੱਤੇ ਪਏ ਦਾ ਸਿੱਧਾ ਹੀ ਦਰਗਾਹ 'ਚ ਜਾਏਗਾ। ਗੁਰੂ ਨਾਨਕ ਦੀ ਰਾਖੀ ਹੋਏਗੀ। ਸੋ ਇਸ ਕਰਕੇ ਸਾਧਸੰਗਤ ਜੀ! ਜੋ ਬਚਨ ਗੁਰੂ ਮਹਾਰਾਜ ਨੇ ਗੁਰੂ ਅੰਗਦ ਸਾਹਿਬ ਦੇ ਨਾਲ ਕੀਤੇ ਜਦੋਂ ਆਪ ਸਿੱਖ ਦੇ ਰੂਪ ਵਿਚ ਸੇਵਾ ਕਰਦੇ, ਉਨ੍ਹਾਂ ਦੀ ਵਿਚਾਰ ਕੀਤੀ ਹੈ। ਸਾਡੇ ਵਾਸਤੇ ਵੀ ਇਹ ਚਾਨਣ ਮੁਨਾਰਾ ਨੇ, ਅਸੀਂ ਵੀ ਇਨ੍ਹਾਂ ਨੂੰ ਧਾਰਨ ਕਰੀਏ। ਵਿਸ਼ਵਾਸ਼ ਲਿਆਓ ਬਾਣੀ ਦੇ ਉਤੇ। ਰੋਟੀ ਨਾ ਖਾਓ ਜਿਸ ਦਿਨ ਨਿਤਨੇਮ ਨਹੀਂ ਹੁੰਦਾ। ਪਰ ਨਿਤਨੇਮ ਨਾ ਖੁੰਝਾਓ ਕਿਉਂਕਿ ਇਹ ਆਤਮਕ ਖੁਰਾਕ ਹੈ, ਜਿਹੜਾ ਵੀ ਗੁਰਸਿੱਖ ਕਰ ਲਏਗਾ, ਬਾਣੀ ਨੂੰ ਮੰਨ ਲਏਗਾ, ਬਾਣੀ ਦੇ ਮੁਤਾਬਿਕ ਜੀਵਨ ਢਾਲ ਲਏਗਾ, ਉਹਦੀ ਫੇਰ ਇਥੋਂ ਜੈ-ਜੈਕਾਰ ਹੁੰਦੀ ਜਾਏਗੀ, ਖੁਸ਼ੀ-ਖੁਸ਼ੀ ਜਾਏਗਾ।

*ਕਬੀਰ ਮੁਹਿ ਮਰਨੇ ਕਾ ਚਾਉ ਹੈ*
*ਮਰਉ ਤ ਹਰਿ ਕੈ ਦੁਆਰ ॥*
*ਮਤ ਹਰਿ ਪੂਛੈ ਕਉਨੁ ਹੈ*
*ਪਰਾ ਹਮਾਰੈ ਬਾਰ ॥ ਅੰਗ - ੧੩੬੭*
*ਕਬੀਰ ਜਿਸੁ ਮਰਨੇ ਤੇ ਜਗੁ ਡਰੈ*
*ਮੇਰੈ ਮਨਿ ਆਨੰਦੁ ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥*
*ਅੰਗ - ੧੩੬੫*

*ਕਬੀਰ ਸੰਤ ਮੂਏ ਕਿਆ ਰੋਈਐ*
*ਜੋ ਅਪੁਨੇ ਗ੍ਰਿਹਿ ਜਾਇ ॥ ਅੰਗ - ੧੩੬੫*

ਉਹ ਤਾਂ ਆਪਣੇ ਘਰ ਨੂੰ ਜਾ ਰਿਹਾ ਹੈ, ਗੁਰੂ ਨਾਨਕ ਪਾਤਸ਼ਾਹ ਦੇ ਕੋਲ, ਦਰਗਾਹ ਦੇ ਵਿਚ, ਸਚਖੰਡ ਦੇ ਵਿਚ ਜਿਹਨੇ ਬਾਣੀ ਪੜ੍ਹੀ ਹੈ ਸਾਰੀ ਜ਼ਿੰਦਗੀ।

*ਰੋਵਹੁ ਸਾਕਤ ਬਾਪੁਰੇ ................॥*
*ਅੰਗ - ੧੩੬੫*

ਰੋਵੋਂ, ਪਿਟੋ ਸਾਕਤ ਨੂੰ ਕਿਉਂਕਿ ਉਹਨੇ ਜੰਮਣ ਮਰਨ 'ਚ ਫਿਰਨਾ ਹੈ, ਧੱਕੇ ਖਾਣੇ ਨੇ।

*............ਜੁ ਹਾਟੈ ਹਾਟ ਬਿਕਾਇ॥*
*ਅੰਗ - ੧੩੬੫*

ਕਦੇ ਕੁੱਤਾ ਬਣਨਾ ਹੈ, ਕਦੇ ਬਿੱਲਾ ਬਣਨਾ ਹੈ, ਕਦੇ ਸੱਪ ਬਣਨਾ ਹੈ। ਰੋਵੋਂ ਉਹਨੂੰ ਕਿ ਮਾਨਸ ਜਨਮ ਗਵਾ ਕੇ ਤੁਰ ਗਿਆ। ਸੋ ਏਸ ਤਰ੍ਹਾਂ ਦੇ ਨਾਲ ਸਾਧਸੰਗਤ ਜੀ ਇਹ ਜੋ ਵਿਚਾਰਾਂ ਆਪ ਦੇ ਚਰਨਾਂ 'ਚ ਭੇਟ ਕੀਤੀਆਂ ਨੇ, ਸਮਝੋ ਏਸ ਚੀਜ਼ ਨੂੰ। ਬਾਰ-ਬਾਰ ਮੈਨੂੰ ਮਿਲਦੇ ਨੇ, ਮੈਂ ਕਹਿੰਦਾ ਹਾਂ ਕਿ ਬਾਣੀ ਪੜ੍ਹੋ, ਕਹਿੰਦੇ ਨੇ ਜੀ ਬਾਣੀ ਤਾਂ ਯਾਦ ਨਹੀਂ, ਮੂਲਮੰਤ੍ਰ ਤੇਰੇ ਯਾਦ ਨਹੀਂ, ਤੇਰੇ ਆਉਣ ਦਾ ਫਾਇਦਾ ਕੀ ਸੰਸਾਰ ਦੇ ਅੰਦਰ, ਖਾਹ ਧੱਕੇ -

*ਕਬੀਰ ਜਾ ਘਰ ਸਾਧ ਨ ਸੇਵੀਅਹਿ*
*ਹਰਿ ਕੀ ਸੇਵਾ ਨਾਹਿ ॥*
*ਤੇ ਘਰ ਮਰਹਟ ਸਾਰਖੇ*
*ਭੂਤ ਬਸਹਿ ਤਿਨ ਮਾਹਿ ॥ ਅੰਗ - ੧੩੭੪*

ਜਿਵੇਂ ਦੱਸਿਆ ਜਾਂਦਾ ਹੈ, ਬੇਨਤੀ ਕੀਤੀ ਹੈ ਪੰਜ ਪਿਆਰਿਆ ਨੇ ਦੱਸਿਆ ਸੀ ਕਿ ਭੂਤਾਂ ਤੋਂ ਦੇਵਤੇ ਬਣ ਜਾਓ। ਜੇ ਫੇਰ ਉਥੇ ਹੀ ਰਹਿਣਾ ਹੈ, ਅੰਮ੍ਰਿਤ ਛਕ ਲਿਆ ਜੀ। ਇਕੱਲੇ ਅੰਮ੍ਰਿਤ ਨੇ ਕੀ ਕਰਨਾ ਹੈ, ਜੇ ਬਾਣੀ ਨਹੀਂ ਪੜ੍ਹਨੀ, ਹੁਕਮ ਨਹੀਂ ਮੰਨਣਾ। ਫੇਰ ਬਾਣੀ ਯਾਦ ਕਰੋ, ਜੇ ਪੜ੍ਹੇ ਹੋਏ ਨਹੀਂ ਭਾਈ ਫੇਰ ਕਿਸੇ ਪੜ੍ਹੇ ਹੋਏ ਤੋਂ ਇਕ-ਇਕ ਤੁਕ ਯਾਦ ਕਰਵਾ ਲਓ। ਫਲ ਕਿੰਨਾ ਹੈ ਜਿਹੜਾ ਯਾਦ ਕਰਾਉਂਦਾ ਹੈ -

***ਜੈਸੇ ਸਤ ਮੰਦਰ***
***ਕੰਚਨ ਕੇ ਉਸਾਰ ਦੀਨੇ,***
***ਤੈਸਾ ਪੁੰਨ ਸਿਖ ਕਉ***
***ਇਕ ਸਬਦ ਸਿਖਾਏ ਕਾ।***
***ਕਬਿੱਤ ਭਾਈ ਗੁਰਦਾਸ ਜੀ, 673***

ਜਿਹੜਾ ਇਕ ਸ਼ਬਦ ਵੀ ਸਿੱਖ ਨੂੰ ਸਿਖਾ ਦੇਵੇ ਨਾ ਪੜ੍ਹਿਆ ਹੋਇਆ, ਉਹਨੂੰ ਸੌ ਸੋਨੇ ਦੇ ਮੰਦਰ ਬਣਾ ਕੇ ਦਾਨ ਕਰਨ ਜਿੰਨਾ ਪੁੰਨ ਮਿਲ ਜਾਂਦਾ ਹੈ। ਬਾਣੀ ਅਨਪੜ੍ਹਾਂ ਨੂੰ ਯਾਦ ਕਰਾਓ, ਮੈਂ ਸਿੰਧ ਵਿਚ ਸੀ, ਗੰਨਾ ਗੁੱਡਦੇ ਸੀ ਮੈਂ ਵੀ ਗੁੱਡਣ ਲਗ ਗਿਆ, ਕਹਿੰਦੇ ਨਾ ਜੀ ਤੁਹਾਡੇ ਤੋਂ ਨਹੀਂ ਗੁੱਡਿਆ ਜਾਣਾ। ਮੈਂ ਕਿਹਾ ਮੈਂ ਜ਼ਰੂਰ ਗੁੱਡਣਾ ਹੈ, ਤੁਹਾਡੇ ਤੋਂ ਦਿਹਾੜੀ ਲੈਣੀ ਹੈ ਅੱਜ। ਕਹਿੰਦੇ ਕੀ ਲੈਣੀ ਹੈ? ਮੈਂ ਕਿਹਾ ਪੈਸੇ ਨਹੀਂ ਲੈਣੇ, ਮੈਂ ਤੁਹਾਨੂੰ ਕੁਛ ਗੱਲ ਸਿਖਾਉਣੀ ਹੈ, ਪਹਿਲਾ ਕਿਆਰਾ ਗੁੱਡਿਆ ਸਾਰਿਆਂ ਨੂੰ ਮੈਂ ਕਹਾਈ ਗਿਆ, ੴ ਸਤਿਨਾਮੁ ਕਰਤਾ ਪੁਰਖੁ' ਸਿਰੇ ਤੱਕ ਜਾਂਦੇ-ਜਾਂਦੇ 'ਗੁਰਪ੍ਰਸਾਦਿ' ਤੱਕ ਯਾਦ ਕਰਾ ਦਿਤਾ। ਦੂਜਾ ਗੁੱਡਿਆ 'ਆਦਿ ਸਚੁ ਜੁਗਾਦਿ ਸਚੁ' ਤੱਕ ਪਹਿਲੀ ਪਉੜੀ ਅੱਧੀ ਕਰਾ ਦਿਤੀ। ਗੁੱਡਦੇ-ਗੁੱਡਦੇ ਦੁਪਹਿਰੇ ਤੱਕ ਮੈਂ ਪੰਜ-ਪੰਜ ਪਉੜੀਆਂ ਯਾਦ ਕਰਾ ਦਿਤੀਆਂ, ਜਿੰਨੇ ਗੁੱਡਣ ਵਾਲੇ ਸੀ। ਨਾਲੇ ਪੁੱਛ ਲਿਆ ਕਰਾਂ ਕਿ ਹੁਣ ਮੈਨੂੰ ਮੁੱਢ ਤੋਂ ਸੁਣਾ। ਕਹਿੰਦੇ ਜੀ ਮਜੂਰੀ? ਮੈਂ ਕਿਹਾ ਮਜੂਰੀ ਇਹੀ ਲੈਣੀ ਸੀ ਤੁਹਾਡੇ ਤੋਂ, ਬਾਣੀ ਯਾਦ ਕਰਾਉਣ ਦੀ। ਜੇ ਕਰਾਉਣਾ ਚਾਹੇ ਅਨਪੜ੍ਹ ਨੂੰ ਆਦਮੀ ਬਾਣੀ ਯਾਦ ਕਰਾ ਸਕਦਾ ਹੈ, ਅਨਪੜ੍ਹ ਜੇ ਚਾਹੇ ਕਿ ਮੈਂ ਗੁਰੂ ਨਾਲ ਕਿਵੇਂ ਜੁੜਾਂਗਾ, ਗੁਰੂ ਤਾਂ ਮੇਰਾ ਬਾਣੀ ਹੈ, ਗੁਰੂ ਗ੍ਰੰਥ ਸਾਹਿਬ ਨੂੰ ਮੱਥੇ ਟੇਕ ਕੇ ਥੋੜ੍ਹਾ ਲੰਘ ਜਾਏਗਾ। ਸਤਿਗੁਰੂ ਨੂੰ ਦੇਖਣ ਨਾਲ ਮੁਕਤੀ ਨਹੀਂ ਹੁੰਦੀ -

*ਡਿਠੈ ਮੁਕਤਿ ਨ ਹੋਵਈ*
*ਜਿਚਰੁ ਸਬਦਿ ਨ ਕਰੇ ਵੀਚਾਰੁ ॥*
*ਹਉਮੈ ਮੈਲੁ ਨ ਚੁਕਈ*
*ਨਾਮਿ ਨ ਲਗੈ ਪਿਆਰੁ ॥ ਅੰਗ - ੫੯੪*

ਜਿੰਨਾਂ ਚਿਰ ਸ਼ਬਦ ਦੀ ਵਿਚਾਰ ਨਹੀਂ ਕਰਦਾ, ਦੇਖਣ ਨਾਲ ਮੁਕਤੀ ਨਹੀਂ ਹੋਣੀ। ਸੋ ਬਾਣੀ ਯਾਦ ਕਰੋ, ਜਿੰਨੀ ਹੁੰਦੀ ਹੈ ਯਾਦ ਕਰੋ। ਆਹ ਸੰਸਾਰ ਤੇ ਰਹਿਣਾ ਨਹੀਂ ਇਥੋਂ ਚਲੇ ਜਾਣਾ ਹੈ, ਜਦੋਂ ਫੇਰ ਬਾਣੀ ਪੜ੍ਹਨ ਵਾਲਾ ਜਾਂਦਾ ਹੈ-

*ਧੰਨਿ ਧੰਨਿ ਕਹੈ ਸਭੁ ਕੋਇ ॥*
*ਮੁਖ ਊਜਲ ਹਰਿ ਦਰਗਹ ਸੋਇ ॥*
*ਇਹੁ ਵਾਪਾਰੁ ਵਿਰਲਾ ਵਾਪਾਰੈ ॥*
*ਨਾਨਕ ਤਾ ਕੈ ਸਦ ਬਲਿਹਾਰੈ ॥ ਅੰਗ - ੨੮੩*

# ਵਿਸਾਖੀ

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥*
*ਅੰਗ - ੨੮੯*

*ਧਾਰਨਾ - ਚਕ੍ਰ ਚਿਹਨ ਬਰਨ ਰੂਪ ਤੇਰਾ,*
*ਲਖਿਆ ਨ ਜਾਵੈ ਮਾਲਕਾ।*

*ਚਕ੍ਰ ਚਿਹਨ ਅਰੁ ਬਰਨ ਜਾਤਿ*
*ਅਰੁ ਪਾਤਿ ਨਹਿਨ ਜਿਹ॥*
*ਰੂਪ ਰੰਗ ਅਰੁ ਰੇਖ ਭੇਖ*
*ਕੋਊ ਕਹਿ ਨ ਸਕਤਿ ਕਿਹ॥*
*ਅਚਲ ਮੂਰਤਿ ਅਨਭਉ ਪ੍ਰਕਾਸ*
*ਅਮਿਤੋਜ ਕਹਿੱਜੈ॥*
*ਕੋਟਿ ਇੰਦ੍ਰ ਇੰਦ੍ਰਾਣਿ*
*ਸਾਹਿ ਸਾਹਾਣਿ ਗਣਿੱਜੈ॥*
*ਤ੍ਰਿਭਵਣ ਮਹੀਪ ਸੁਰ ਨਰ ਅਸੁਰ*
*ਨੇਤ ਨੇਤ ਬਨ ਤ੍ਰਿਣ ਕਹਤ॥*
*ਤ੍ਵ ਸਰਬ ਨਾਮ ਕਥੈ ਕਵਨ*
*ਕਰਮ ਨਾਮ ਬਰਣਤ ਸੁਮਤਿ॥*
*(ਜਾਪੁ ਸਾਹਿਬ)*

*ਨਾਮ ਕਾਮ ਬਿਹੀਨ ਪੇਖਤ ਧਾਮ ਹੂੰ ਨਹਿ ਜਾਹਿ॥ ਸਰਬ ਮਾਨ ਸਰਬੱਤ੍ਰ ਮਾਨ ਸਦੈਵ ਮਾਨਤ ਤਾਹਿ॥ ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥ ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥*
*(ਜਾਪੁ ਸਾਹਿਬ)*

*ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ,*
*ਨਿਆਰੇ ਨਿਆਰੇ ਹੋਇ ਕੈ*
*ਫੇਰਿ ਆਗ ਮੈ ਮਿਲਾਹਿੰਗੇ॥*
*ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈਂ,*
*ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ॥*
*ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ*
*ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿੰਗੇ॥*
*ਤੈਸੇ ਬਿਸ੍ਵ ਰੂਪ ਤੇ, ਅਭੂਤ ਭੂਤ ਪ੍ਰਗਟ ਹੋਇ*
*ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ॥*
*(ਅਕਾਲ ਉਸਤਤਿ)*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਦੂਰ-ਦਰਾਜ਼ ਤੋਂ ਆਪ ਸਾਰੇ ਹੀ ਖਾਲਸੇ ਦਾ ਜਨਮਦਿਨ ਮਨਾਉਣ ਵਾਸਤੇ ਆਏ ਓਂ ਕਿਉਂਕਿ ਅੱਜ ਦੇ ਦਿਨ ਕੋਈ ਤਕਰੀਬਨ ਤਿੰਨ ਸੌ ਕੁ ਸਾਲ ਹੋ ਗਏ ਇਸ ਸਮੇਂ ਨੂੰ ਕਿ ਗੁਰੂ ਦਸ਼ਮੇਸ਼ ਪਿਤਾ ਨੇ ਗੁਰੂ ਨਾਨਕ ਸਾਹਿਬ ਦਾ ਜੋ ਅਰੰਭਿਆ ਹੋਇਆ ਕਾਰਜ ਸੀ, ਧਰਮ ਦਾ ਪੰਥ ਚਲਾਉਣ ਦਾ, ਉਹ ਚਲਦਾ-ਚਲਦਾ ਪੰਥ, ਹੌਲੀ-ਹੌਲੀ ਜਵਾਨ ਹੁੰਦਾ-ਹੁੰਦਾ, ਦੋ ਸੌ ਸਾਲ 'ਚ ਐਨੀ ਉਚੀ ਅਵਸਥਾ ਤੇ ਪਹੁੰਚ ਗਿਆ ਕਿ ਉਹਨੂੰ ਇਕ ਜ਼ਿੰਮੇਵਾਰੀ ਸੰਭਾਲੀ ਜਾਵੇ। ਗੁਰੂ ਸਦਾ ਨਹੀਂ ਆ ਸਕਿਆ ਕਰਦੇ, ਸੰਸਾਰ ਦੇ ਲੋਕ ਗੁਰੂਆਂ ਦੇ ਨਾਲ ਈਰਖਾ ਕਰਦੇ ਨੇ, ਵੈਰ ਕਰਦੇ ਨੇ, ਦੁੱਖ ਦਿੰਦੇ ਨੇ, ਰਾਜਸੀ ਜੋ ਸ਼ਕਤੀਆਂ ਹੋਇਆ ਕਰਦੀਆਂ ਨੇ ਉਹ ਵੀ ਵਿਰੁੱਧ ਹੋ ਜਾਇਆ ਕਰਦੀਆਂ ਨੇ ਕਿਉਂਕਿ ਮਹਿਮਾ ਐਨੀ ਵੱਧ ਜਾਂਦੀ ਹੈ ਕਿ ਸਹੀ ਨਹੀਂ ਜਾਂਦੀ। ਸੋ ਗੁਰੂ ਦਸ਼ਮੇਸ਼ ਪਿਤਾ ਨੇ ਮਨੁੱਖ ਨੂੰ ਐਨਾ ਉੱਚਾ ਕਰਨ ਦਾ ਇਕ ਬੜਾ ਭਾਰਾ ਤਜਰਬਾ ਕੀਤਾ ਕਿ ਕੀ ਕੋਈ ਐਸਾ ਸਾਧਨ ਹੈ ਜਿਹਦੇ ਨਾਲ ਮਨੁੱਖ ਪ੍ਰਮੇਸ਼ਰ ਹੋ ਜਾਵੇ। ਰੱਬ ਦਾ ਰੂਪ ਧਾਰ ਲਵੇ, ਹੋਵੇ ਮਨੁੱਖ, ਪ੍ਰਕ੍ਰਿਤੀ 'ਚ ਰਹਿੰਦਾ ਹੋਵੇ, ਪੰਜਾਂ ਤੱਤਾਂ ਦੀ ਦੇਹ ਵਿਚ ਵਸਦਾ ਹੋਵੇ ਤੇ ਕੀ ਇਹ ਐਨੀ ਉਚਤਾ ਤੇ ਪਹੁੰਚ ਸਕਦਾ ਹੈ ਕਿ ਇਹ ਪ੍ਰਮੇਸ਼ਰ ਬਣ ਜਾਵੇ ਤੇ ਗੁਰੂ ਬਣ ਜਾਵੇ। ਇਹਦੀ ਜੋ ਬੁਨਿਆਦ ਸੀ ਗੁਰੂ ਨਾਨਕ ਪਾਤਸ਼ਾਹ ਤੋਂ ਹੀ ਰੱਖੀ ਗਈ। ਸੰਸਾਰ ਦੇ ਇਤਿਹਾਸ ਵਿਚ ਕੋਈ ਇਤਿਹਾਸ ਐਸਾ ਨਹੀਂ ਜਿਸ ਥਾਂ ਦੇ ਉਤੇ ਗੁਰੂ ਨੇ ਆਪਣੇ ਤੋਂ ਅਗਲੇ ਉਤਰਾਧਿਕਾਰੀ ਨੂੰ ਐਨਾ ਵੱਡਾ ਕਰ ਦਿਤਾ ਹੋਵੇ ਕਿ ਆਪ ਉਹਦੇ ਚਰਨਾਂ 'ਤੇ ਨਮਸ਼ਕਾਰ ਕਰ ਦੇਵੇ। ਗੁਰੂ ਨਾਨਕ ਪਾਤਸ਼ਾਹ ਜਦੋਂ ਅਕਾਲ ਪੁਰਖ ਦੀ ਦਰਗਾਹ 'ਚ ਗਏ ਤਾਂ ਅਕਾਲ ਪੁਰਖ ਨੇ ਕਿਹਾ ਹੇ ਨਾਨਕ! ਤੂੰ ਅਜੇ ਇਹ ਕੰਮ ਸ਼ੁਰੂ ਨਹੀਂ ਕਰਿਆ ਜਿਸ ਦੇ ਵਾਸਤੇ ਤੈਨੂੰ ਭੇਜਿਆ ਸੀ। ਕਹਿਣ ਲੱਗੇ, "ਹੇ ਪ੍ਰਭੂ! ਤੇਰਾ ਇਕ ਵਿਧਾਨ ਹੈ ਕਿ ਗੁਰੂ ਤੋਂ ਬਗੈਰ ਜੋ ਬੰਦਾ ਹੈ ਉਹ ਨਿਗੁਰਾ ਰਹਿੰਦਾ ਹੈ। ਸੋ ਸੰਸਾਰ ਦੇ ਅੰਦਰ ਮੈਂ ਕੋਈ ਨਹੀਂ ਦੇਖਿਆ, ਜਿਸ ਦੇ ਅੱਗੇ ਮੈਂ ਸੀਸ ਨਿਵਾ ਦੇਵਾਂ -

*ਬੀਜਉ ਸੂਝੈ ਕੋ ਨਹੀ ਬਹੈ ਦੁਲੀਚਾ ਪਾਇ ॥*
*ਅੰਗ - ੯੩੬*

ਸੋ ਮੈਂ ਆਪ ਦੀ ਸੇਵਾ 'ਚ ਹਾਜ਼ਰ ਹੋਇਆ ਹਾਂ। ਕਹਿਣ ਲੱਗੇ, ਹੇ ਨਾਨਕ! ਤੇਰੇ ਤੇ ਮੇਰੇ ਵਿਚ ਤਾਂ ਕੋਈ ਫਰਕ ਨਹੀਂ ਹੈ। ਤੂੰ ਤਾਂ ਮੁੱਢ ਤੋਂ ਹੀ ਗੁਰੂ ਹੈਂ,

ਗੁਰੂ ਜੋਤ ਹੈਂ। ਮੈਂ ਪਾਰਬ੍ਰਹਮ ਪ੍ਰਮੇਸ਼ਰ ਹਾਂ ਤੇ ਤੂੰ ਗੁਰੂ ਪ੍ਰਮੇਸ਼ਰ। ਆਪਣੇ ਵਿਚ ਕੋਈ ਭੇਦ ਭਾਵ ਨਹੀਂ ਹੈ, ਤੂੰ ਜਾਹ, ਜਾਹ ਕੇ ਧਰਮ ਦਾ ਪੰਥ ਕਾਇਮ ਕਰ। ਦੁਨੀਆਂ ਬਹੁਤ ਗਲਤ ਹੋ ਗਈ, ਕਲਜੁੱਗ ਦਾ ਐਨਾ ਜ਼ੋਰ ਪੈ ਗਿਆ ਕਿ ਧਰਮ ਲੜਖੜਾ ਰਿਹਾ ਹੈ, ਰੋ ਰਿਹਾ ਹੈ, ਪੁਕਾਰਾਂ ਕਰ ਰਿਹਾ ਹੈ, ਧਰਤੀ ਪੁਕਾਰਾਂ ਕਰ ਰਹੀ ਹੈ, ਰੋਂਦੀ ਹੈ, ਆਵਾਜ਼ਾਂ ਆ ਰਹੀਆਂ ਨੇ ਧਰਤੀ ਦੀਆਂ। ਜੀਵ, ਜੰਤੂ ਪਸ਼ੂ, ਮਨੁੱਖ ਸਭ ਰੋ ਰਹੇ ਨੇ ਤੇ ਮੈਂ ਇਹ ਸੰਸਾਰ ਰੋਣ ਵਾਸਤੇ ਨਹੀਂ ਸੀ ਪੈਦਾ ਕਰਿਆ। ਮੈਂ ਤਾਂ ਇਹ ਪਰਮ ਸੁੱਖ ਵਾਸਤੇ ਪੈਦਾ ਕਰਿਆ ਸੀ, ਮੈਂ ਤਾਂ ਆਪਣਾ ਥਾਉਂ ਬਣਾਇਆ ਸੀ-

*ਇਹੁ ਜਗੁ ਸਚੈ ਕੀ ਹੈ ਕੋਠੜੀ*
*ਸਚੇ ਕਾ ਵਿਚਿ ਵਾਸੁ ॥ ਅੰਗ - ੪੬੩*

ਪਰ ਆਹ ਮਨੁੱਖ ਨੇ ਕੀ ਕਰ ਦਿਤਾ ਉਸਨੂੰ ਐਨੇ ਸੁੰਦਰ ਸੰਸਾਰ ਨੂੰ। ਬਾਕੀ ਜਿੰਨੀਆਂ ਜੂਨਾਂ ਬਣਾਈਆਂ ਨੇ, ਉਨ੍ਹਾਂ ਨੇ ਤਾਂ ਮੇਰੀ ਦੁਨੀਆਂ ਨੂੰ ਬਦਸੂਰਤ ਨਹੀਂ ਕਰਿਆ, ਮੱਛੀਆਂ ਨੇ ਨਹੀਂ ਕਰਿਆ, ਦਰਖਤਾਂ ਨੇ ਨਹੀਂ ਕਰਿਆ, ਦਰਿਆਵਾਂ ਨੇ ਨਹੀਂ ਕਰਿਆ। ਪਹਾੜਾਂ ਨੇ ਨਹੀਂ ਕਰਿਆ, ਬਰਫਾਂ ਨੇ ਨਹੀਂ ਕਰਿਆ, ਹਵਾਵਾਂ ਨੇ ਵੀ ਨਹੀਂ ਕਰਿਆ, ਜੇ ਮੇਰੇ ਜਗਤ ਦੇ ਅੰਦਰ ਕੋਹਝਾਪਨ ਲਿਆਂਦਾ ਹੈ, ਹਾਇ ਕੁਰਲਾਪ ਲਿਆਂਦੀ ਹੈ, ਹਨ੍ਹੇਰਾ ਪੈਦਾ ਕੀਤਾ ਹੈ ਤਾਂ ਮੈਂ ਜਿਸਨੂੰ ਸਾਰਿਆਂ ਤੋਂ ਸ੍ਰੇਸ਼ਟ ਬਣਾਇਆ ਸੀ 84 ਲੱਖ ਜੂਨ ਦਾ ਸਰਦਾਰ ਉਸ ਮਨੁੱਖ ਨੇ ਪੈਦਾ ਕਰ ਦਿਤਾ। ਹੇ ਨਾਨਕ! ਉਹਨੂੰ ਸਮਝਾ ਜਾ ਕੇ, ਮੇਰਾ ਰੂਪ ਦੱਸ। ਪੱਥਰਾਂ ਨੂੰ ਮੱਥੇ ਟੇਕਣ ਲੱਗ ਗਿਆ, ਮੇਰੀਆਂ ਬਣਾਈਆਂ ਹੋਈਆਂ ਚੀਜ਼ਾਂ ਨੂੰ ਮੱਥੇ ਟੇਕਣ ਲਗ ਗਿਆ ਤੇ ਮੈਨੂੰ ਭੁੱਲ ਗਿਆ। ਦੇਵਤੇ, ਮੈਂ ਸ਼ਕਤੀਆਂ ਬਣਾਈਆਂ ਨੇ ਉਨ੍ਹਾਂ ਨੂੰ ਪੂਜਣ ਲੱਗ ਗਿਆ। ਉਹਨੂੰ ਦੱਸ ਕਿ ਉਦੋਂ ਤੱਕ ਉਹਦੀ ਕਲਿਆਣ ਨਹੀਂ ਹੋਣੀ ਜਦੋਂ ਤੱਕ ਉਹ ਇਕ ਪ੍ਰਭੂ ਨੂੰ ਨਹੀਂ ਮੰਨਦਾ। ਹੇ ਪ੍ਰਭੂ! ਤੇਰਾ ਸਰੂਪ ਤਾਂ ਬੇਅੰਤ ਹੈ, ਬੇਅੰਤ ਹੈ, ਇਹਦੀ ਕੀਮਤ ਨਹੀਂ ਪੈ ਸਕਦੀ, ਮੈਂ ਕੀ ਦੱਸਾਂ ਸੰਸਾਰ ਨੂੰ। ਕਹਿੰਦੇ, ਹੇ ਨਾਨਕ! ਮੈਂ ਆਪਣਾ ਸਰੂਪ ਦੱਸਦਾ ਹਾਂ –

*ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ*
*ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥*
*॥ ਜਪੁ ॥*

ਹੇ ਨਾਨਕ! ਤੂੰ ਇਸ ਦੇ ਉਪਰ ਆਪਣੀ ਮੋਹਰ ਲਾ। ਮਹਾਰਾਜ ਨੇ ਫੁਰਮਾਇਆ –

*ਆਦਿ ਸਚੁ ਜੁਗਾਦਿ ਸਚੁ ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥*

ਹੇ ਨਾਨਕ! ਏਸ ਮੰਤਰ ਨੂੰ, ਏਸ ਸਰੂਪ ਨੂੰ ਜੋ ਹਿਰਦੇ ਵਿਚ ਵਸਾਏਗਾ। ਉਹ ਮੇਰੀ ਵਾਰੇਗਾਹੇ ਖੁਦਾ ਜੋ ਖਾਸ ਸਚਖੰਡ ਹੈ, ਉਹਦੇ ਵਿਚ ਆ ਕੇ ਉਹਦਾ ਨਿਵਾਸ ਹੋਏਗਾ। ਇਸ ਵਿਚ ਭੋਰਾ ਜਿੰਨਾ ਵੀ ਫਰਕ ਨਹੀਂ ਹੈ। ਜਿਸਦੇ ਹਿਰਦੇ 'ਚ ਮੇਰਾ ਇਹ ਨਿਰਗੁਨ ਸਰੂਪ ਵਸ ਗਿਆ, ਉਹ ਮੇਰੇ ਕੋਲ ਆਏਗਾ ਤੇ ਮੈਂ ਉਹਨੂੰ ਆਪ ਲੈ ਕੇ ਆਵਾਂਗਾ ਤੇ ਉਸਦੇ ਕੰਮ ਮੈਂ ਕਰਾਂਗਾ, ਸੰਸਾਰ ਦੇ ਅੰਦਰ ਸਾਰੇ। ਸੋ ਤੂੰ ਧਰਮ ਦਾ ਪੰਥ ਚਲਾ ਮਨੁੱਖਾਂ ਨੂੰ ਦੱਸ ਜਾ ਕੇ। ਪਾਤਸ਼ਾਹ! ਤੂੰ ਹਉਮੈ ਪੈਦਾ ਕੀਤੀ ਹੈ ਜਗਤ ਦੇ ਅੰਦਰ। ਜਦੋਂ ਤੂੰ ਇਕ ਮੂਰਤ ਤੋਂ ਅਨੇਕਾਂ ਮੂਰਤਾਂ ਧਾਰਨ ਕਰੀਆਂ ਨੇ ਵਿਚਾਲੇ ਹਉਮੈ ਦੇ ਪੜਦੇ ਪਾ ਦਿਤੇ। ਉਹ ਕਿਸ ਤਰ੍ਹਾਂ ਦੇ ਨਾਲ ਦੂਰ ਹੋਣਗੇ? ਕਹਿੰਦੇ, ਹੇ ਨਾਨਕ! ਮੈਂ ਤੈਨੂੰ ਆਪਣਾ ਨਾਮ ਦਿੰਦਾ ਹਾਂ, ਨਾਮ ਦਾ ਪਿਆਲਾ, ਦੱਸ ਸੰਸਾਰ ਨੂੰ ਜਾ ਕੇ ਕਿ ਵਾਹਿਗੁਰੂ ਮੰਤਰ ਦਾ ਜਾਪ ਕਰਨ।

***ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ॥***
***ਭਾਈ ਗੁਰਦਾਸ ਜੀ ਵਾਰ 13/2***

ਲੇਕਿਨ ਇਹ ਵਾਹਿਗੁਰੂ ਮੰਤ੍ਰ ਓਨਾਂ ਚਿਰ ਫਲੀਭੂਤ ਨਹੀਂ ਹੋਣਾ, ਜਦੋਂ ਤੱਕ ਕਿਸੇ ਸਮਰੱਥ ਗੁਰੂ ਦੇ ਮੁਖਾਰਬਿੰਦ ਤੋਂ ਕੰਨਾਂ ਦੇ ਰਾਹੀਂ ਹੁੰਦਾ ਹੋਇਆ ਹਿਰਦੇ 'ਚ ਤੇ ਉਸ ਤੋਂ ਪਲਟ ਕੇ ਦਸਵੇਂ ਦੁਆਰ ਤੱਕ ਨਾ ਪਹੁੰਚੇ, ਉਨਾਂ ਚਿਰ ਹਉਮੈ ਦਾ ਰੋਗ ਨਹੀਂ ਕੱਟਿਆ ਜਾਣਾ। ਜਾਹ ਸੰਸਾਰ ਦੇ ਅੰਦਰ ਜਾ ਕੇ ਭੁੱਲੇ ਭਟਕੇ ਮਨੁੱਖਾਂ ਨੂੰ ਰਸਤੇ ਪਾ। ਗੁਰੂ ਨਾਨਕ ਪਾਤਸ਼ਾਹ ਨੌਂ ਰੂਪ ਧਾਰ ਚੁੱਕੇ ਨੇ। ਦੇਹੀ ਬਦਲ ਜਾਂਦੀ ਹੈ, ਰਹਿੰਦੀ ਗੁਰੂ ਜੋਤ ਓਹੀ ਹੈ। ਸਰੀਰ ਬਦਲਦੇ-ਬਦਲਦੇ ਅੱਜ ਦਸਵੇਂ ਜਾਮੇ ਤੱਕ ਪਹੁੰਚ ਗਏ ਤੇ ਹੁਣ ਸਮਾਂ ਆਇਆ ਕਿ ਗੁਰੂ ਜੋਤ ਨੇ ਪਰੀਪੂਰਨ ਹੋ ਜਾਣਾ ਹੈ, ਨਿਰਗੁਣ ਸਰੂਪ ਦੇ ਅੰਦਰ। ਉਸ ਵੇਲੇ ਇਕ ਜ਼ਿੰਮੇਵਾਰੀ ਸੰਭਾਲਣੀ ਸੀ। ਉਹ ਸੀ ਕਿ ਕਿਸ ਤਰ੍ਹਾਂ ਦੇ ਨਾਲ ਆਮ ਪੱਧਰ ਦੇ ਮਨੁੱਖ ਦੂਸਰੇ ਦੇ ਅੰਦਰ ਏਸ ਮੰਤਰ ਦਾ ਪ੍ਰਵੇਸ਼ ਕਰ ਸਕਣ।

ਸੋ ਅੱਜ ਆਪ ਏਸ ਗੱਲ ਨੂੰ ਸਮਝਣ ਵਾਸਤੇ ਆਏ ਓਂ, ਪਹਿਲਾਂ ਇਹ ਸਮਝਣ ਦਾ ਯਤਨ ਕਰੋ, ਜਿਸਨੂੰ ਅਸੀਂ ਅੰਮ੍ਰਿਤ ਕਹਿੰਦੇ ਹਾਂ ਇਹ ਹੁੰਦਾ ਕੀ ਹੈ? ਉਹ ਕਿੱਥੋ ਮਿਲਦਾ ਹੈ? ਕੋਈ ਹੈ ਤਰੀਕਾ? ਉਹਦੇ ਬਾਰੇ ਇਸ ਤਰ੍ਹਾਂ ਦੇ ਨਾਲ ਸਾਰੇ ਪੜ੍ਹ ਲਓ-

***ਧਾਰਨਾ – ਉਹ ਅੰਮ੍ਰਿਤ ਗੁਰਾਂ ਤੋਂ ਮਿਲਦੈ,***
***ਜਿਹਨੂੰ ਲੋਚਣ ਦੇਵਤੇ।***

*ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ*

*ਸੁ ਅੰਮ੍ਰਿਤੁ ਗੁਰ ਤੇ ਪਾਇਆ ॥*
*ਪਾਇਆ ਅੰਮ੍ਰਿਤੁ ਗੁਰਿ ਕ੍ਰਿਪਾ ਕੀਨੀ*
*ਸਚਾ ਮਨਿ ਵਸਾਇਆ ॥ ਅੰਗ - ੯੧੮*

ਗੁਰੂ ਨੇ ਕ੍ਰਿਪਾ ਕਰ ਦਿਤੀ ਤੇ ਜਦੋਂ ਕ੍ਰਿਪਾ ਹੋਈ ਤਾਂ ਸੱਚਾ ਵਾਹਿਗੁਰੂ ਮਨ ਦੇ ਅੰਦਰ ਵਸ ਗਿਆ।

*ਜੀਅ ਜੰਤ ਸਭਿ ਤੁਧੁ ਉਪਾਏ*
*ਇਕਿ ਵੇਖਿ ਪਰਸਣਿ ਆਇਆ॥ ਅੰਗ - ੯੧੮*

ਜਦੋਂ ਅੰਮ੍ਰਿਤ ਛਕ ਲਿਆ ਫੇਰ ਕੋਈ ਪਰਿਵਰਤਨ ਹੋਇਆ ਕਿ ਉਹੋ ਜਿਹਾ ਹੀ ਬੰਦਾ ਰਿਹਾ? ਆਹ ਜਿਹੜੇ ਹੁੰਦੇ ਨੇ ਭੇਡਾਂ ਚਾਰਨ ਵਾਲੇ ਜਦੋਂ ਇਹ ਇਕੱਠੇ ਹੋ ਕੇ ਪਹਾੜਾਂ ਤੇ ਜਾਂਦੇ ਨੇ ਤਾਂ ਹਜ਼ਾਰ-ਹਜ਼ਾਰ ਭੇਡ ਹੁੰਦੀ ਹੈ, ਦੋ-ਦੋ ਹਜ਼ਾਰ । ਇਨ੍ਹਾਂ ਦੀ ਆਮ ਤਾਂ ਪਛਾਣ ਨਹੀਂ ਹੁੰਦੀ, ਇਹ ਫੇਰ ਉਨ੍ਹਾਂ ਭੇਡਾਂ ਤੇ ਰੰਗ ਪਾ ਦਿੰਦੇ ਨੇ, ਕੋਈ ਪੀਲਾ ਪਾ ਦਿੰਦਾ ਹੈ, ਕੋਈ ਹਰਾ ਪਾ ਦਿੰਦਾ ਹੈ, ਕੋਈ ਕਾਸ਼ਨੀ ਪਾ ਦਿੰਦਾ ਹੈ, ਕੋਈ ਜਾਮਣੂ ਪਾ ਦਿੰਦਾ ਹੈ, ਕੋਈ ਨੀਲਾ ਪਾ ਦਿੰਦਾ ਹੈ, ਕੋਈ ਕਾਲਾ ਪਾ ਦਿੰਦਾ ਹੈ। ਰੰਗ ਤਾਂ ਪੈ ਜਾਂਦਾ ਹੈ ਭੇਡਾਂ ਦੇ ਉਤੇ, ਲੇਕਿਨ ਮੈਂ-ਮੈਂ ਉਹੀ, ਸਾਰੀ ਗੱਲ ਓਹੀ। ਉਹੀ ਰਹਿੰਦੀ ਹੈ ਸਾਰੀ ਚੀਜ਼। ਫੇਰ ਜੇ ਅੰਮ੍ਰਿਤ ਛਕ ਲਿਆ ਪਰ ਜੇ ਬੰਦਾ ਓਹੋ ਜਿਹਾ ਹੀ ਰਹਿੰਦਾ ਹੈ, ਫੇਰ ਤਾਂ ਇਕ ਵਾਧੂ ਦਾ ਬੋਝ ਹੋ ਗਿਆ, ਆਪਣੇ ਆਪ ਨੂੰ ਬੰਧਨ 'ਚ ਪਾ ਲਿਆ। ਜੇ ਬੰਦੇ ਨੇ ਬਦਲਣਾ ਹੀ ਨਹੀਂ ਹੈ, ਓਹੀ ਲੋਭ ਹੈ, ਓਹੀ ਕ੍ਰੋਧ ਹੈ, ਓਹੀ ਹੰਕਾਰ ਹੈ, ਓਹੀ ਮੋਹ ਹੈ, ਓਹੀ ਤ੍ਰਿਸ਼ਨਾ ਹੈ, ਉਹ ਈਰਖਾ ਹੈ, ਉਹੀ ਤ੍ਰਿਸ਼ਨਾ ਹੈ ਤਾਂ, ਤਾਂ ਭੇਡਾਂ ਤੇ ਰੰਗ ਪਾਉਣ ਵਾਲੀ ਗੱਲ ਹੋ ਗਈ। ਜੇ ਬੰਦਾ ਬਦਲ ਜਾਵੇ, ਕਾਇਆ ਕਲਪ ਹੋ ਜਾਵੇ, ਫੇਰ ਫਾਇਦਾ ਹੈ। ਮਹਾਰਾਜ ਕਹਿੰਦੇ ਜਦੋਂ ਅੰਮ੍ਰਿਤ ਮਿਲ ਜਾਂਦਾ ਹੈ, ਫੇਰ ਕੀ ਹੁੰਦਾ ਹੈ -

*ਲਬੁ ਲੋਭੁ ਅਹੰਕਾਰੁ ਚੂਕਾ*
*ਸਤਿਗੁਰੂ ਭਲਾ ਭਾਇਆ॥*
*ਕਹੈ ਨਾਨਕੁ ਜਿਸ ਨੋ ਆਪਿ ਤੁਠਾ*
*ਤਿਨਿ ਅੰਮ੍ਰਿਤੁ ਗੁਰ ਤੇ ਪਾਇਆ ॥*
*ਅੰਗ - ੯੧੮*

ਚੀਜ਼ਾਂ ਜੋੜੀ ਜਾਣੀਆਂ ਇਹਨੂੰ ਲਭ ਕਹਿੰਦੇ ਨੇ, ਵਰਤੋਂ 'ਚ ਆਉਂਦੀਆਂ ਨਹੀਂ, ਲਿਆ-ਲਿਆ ਜਮ੍ਹਾਂ ਕਰੀ ਜਾਣੇ, ਟਰੰਕ ਭਰੀ ਜਾਣੇ। ਬਹੁਤ ਸਾਰੇ ਐਸੇ ਦੇਖੇ ਨੇ, ਬੀਬੀਆਂ ਖਾਸ ਕਰਕੇ, ਸੰਦੂਕ ਭਰ ਲੈਂਦੀਆਂ ਨੇ, ਦਾਦੀ ਦੇ ਵੀ ਕੱਪੜੇ ਪਏ ਨੇ, ਸੱਸ ਦੇ ਵੀ ਪਏ ਨੇ, ਆਪ ਦੇ ਵੀ ਪਏ ਨੇ, ਪਤਾ ਨਹੀਂ ਉਨ੍ਹਾਂ ਦਾ ਕੀ ਕਰਨਾ ਹੈ, ਬਾਹਰ ਨਹੀਂ ਕੱਢਣਾ, ਉਨ੍ਹਾਂ ਨੂੰ ਵਰਤੋਂ 'ਚ ਨਹੀਂ ਲਿਆਉਣਾ। ਉਹਨੂੰ ਲੋਭ ਕਹਿੰਦੇ ਨੇ, ਲੋੜ ਤੋਂ ਜ਼ਿਆਦਾ ਚੀਜ਼ ਜਮ੍ਹਾਂ ਕਰ ਲੈਣੀ। ਲੋਭ ਹੁੰਦਾ ਹੈ ਚੀਜ਼ਾਂ ਹਾਸਲ ਕਰਨ ਦਾ ਹਰ ਵਕਤ ਫੁਰਨਾ ਰਹਿਣਾ ਕਿ ਹੋਰ ਮਿਲੇ, ਹੋਰ ਮਿਲੇ। ਅਭਿਮਾਨ ਜਿਹੜਾ ਹੈ ਆਦਮੀ ਦੇ ਅੰਦਰ, ਮੈਂ, ਹੰਗਤਾ ਤੇ ਮਮਤਾ ਜਿਹਦੇ ਕਰਕੇ ਅਸੀਂ 84 ਦੇ ਚੱਕਰ 'ਚ ਘੁੰਮਦੇ ਹਾਂ। ਮੋਹ - ਆਪਣੇ ਪਰਿਵਾਰ ਦਾ ਮੋਹ ਕਰਨਾ, ਬੱਚਿਆਂ ਦਾ ਮੋਹ ਕਰਨਾ, ਮੋਹ ਦੇ ਵਿਚ ਪ੍ਰਮੇਸ਼ਰ ਨੂੰ ਭੁੱਲ ਜਾਣਾ। ਸੋ ਇਹ ਸਾਰੀਆਂ ਚੀਜ਼ਾਂ - ਕਾਮ, ਕ੍ਰੋਧ, ਲੋਭ, ਮੋਹ ਅਹੰਕਾਰ, ਈਰਖਾ, ਨਿੰਦਿਆ, ਚੁਗਲੀ, ਵਖੀਲੀ, ਮਹਾਰਾਜ ਕਹਿੰਦੇ ਇਹ ਤਾਂ ਜਦੋਂ ਅੰਮ੍ਰਿਤ ਦਾ ਪ੍ਰਵੇਸ਼ ਹਿਰਦੇ 'ਚ ਹੋ ਜਾਂਦਾ ਹੈ, ਓਸ ਵੇਲੇ ਇਹ ਖਤਮ ਹੋ ਜਾਂਦੀਆਂ ਨੇ -

*ਲਬੁ ਲੋਭੁ ਅਹੰਕਾਰੁ ਚੂਕਾ*
*ਸਤਿਗੁਰੂ ਭਲਾ ਭਾਇਆ॥ ਅੰਗ - ੯੧੮*

ਦੂਸਰੀ ਗੱਲ ਕੀ ਹੁੰਦੀ ਹੈ ਸਤਿਗੁਰੂ ਦੀ ਦ੍ਰਿਸ਼ਟੀ ਹੋ ਜਾਂਦੀ ਹੈ ਉਹਦੇ ਉਤੇ। ਉਹ ਭਾਅ ਗਿਆ ਗੁਰੂ ਨੂੰ, ਤੇ ਭਲਾ ਭਾਇਆ।

*ਕਹੈ ਨਾਨਕੁ ਜਿਸ ਨੋ ਆਪਿ ਤੁਠਾ.........॥*
*ਅੰਗ - ੯੧੮*

ਇਹ ਅੰਮ੍ਰਿਤ ਹਰੇਕ ਨੂੰ ਤਾਂ ਮਿਲਦਾ ਨਹੀਂ, ਜਿਹਦੇ ਉਤੇ ਵਾਹਿਗੁਰੂ ਦਇਆਲ ਹੋ ਜਾਵੇ -

*.......ਤਿਨਿ ਅੰਮ੍ਰਿਤੁ ਗੁਰ ਤੇ ਪਾਇਆ ॥*
*ਅੰਗ - ੯੧੮*

***ਧਾਰਨਾ - ਜਿਹਦੇ ਮਸਤਕਿ ਹੋਵੇ ਲਿਖਿਆ,***
***ਅੰਮ੍ਰਿਤ ਪੀਵੈ ਰੰਗ ਸਿਉਂ।***

'ਰੰਗ' ਕਹਿੰਦੇ ਨੇ ਪਿਆਰ ਨੂੰ। ਪਿਆਰ ਦੇ ਨਾਲ ਉਹ ਅੰਮ੍ਰਿਤ ਪੀਂਦਾ ਹੈ।

*ਜਿਨ ਵਡਿਆਈ ਤੇਰੇ ਨਾਮ ਕੀ*
*ਤੇ ਰਤੇ ਮਨ ਮਾਹਿ ॥*
*ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ ॥*
*ਨਾਨਕ ਅੰਮ੍ਰਿਤੁ ਮਨੈ ਮਾਹਿ*
*ਪਾਈਐ ਗੁਰ ਪਰਸਾਦਿ ॥*
*ਤਿਨ੍ਹੀ ਪੀਤਾ ਰੰਗ ਸਿਉ*
*ਜਿਨ੍ ਕਉ ਲਿਖਿਆ ਆਦਿ ॥ ਅੰਗ - ੧੨੩੮*

ਕਿੱਡੀ ਵੱਡੀ ਮਹਾਰਾਜ ਨੇ ਸੋਧ ਦਿਤੀ ਸਾਨੂੰ ਕਿ ਅੰਮ੍ਰਿਤ ਓਹੀ ਪੀਂਦਾ ਹੈ ਜਿਹਦੇ ਮੱਥੇ ਵਿਚ ਲੇਖ ਲਿਖਿਆ ਹੋਵੇ। ਜਦੋਂ ਪੈਦਾ ਹੋਇਆ ਉਸ ਵੇਲੇ ਹੀ ਉਹਦੇ ਮਸਤਕ ਦੇ ਉਤੇ ਲੇਖ ਹੋ ਗਿਆ। ਫੇਰ ਇਹ ਹੁੰਦਾ ਹੈ ਕਿ ਅਸੀਂ ਤਾਂ ਇਥੇ ਸਾਰੇ ਹੀ ਪੀਈ ਜਾਂਦੇ ਹਾਂ ਅੰਮ੍ਰਿਤ, ਛਕੀ ਜਾਂਦੇ ਹਾਂ ਸਾਰੇ। ਫੇਰ ਕੋਈ ਗੱਲ ਹੋਰ ਹੈ, ਇਹਦੇ ਵਿਚ ਭੇਤ ਹੋਰ ਹੈ। ਉਹ ਗੱਲ ਸਾਨੂੰ ਸਮਝਣੀ ਚਾਹੀਦੀ ਹੈ। ਉਹਦੇ ਬਾਰੇ ਮਹਾਰਾਜ ਫੁਰਮਾਨ

ਕਰਦੇ ਨੇ ਕਿ ਗੱਲ ਸਮਝੋ ਪ੍ਰੇਮੀਓ!

*ਧਾਰਨਾ – ਸੁਣ ਮੇਰੇ ਮਨਾਂ*
*ਅੰਮ੍ਰਿਤ ਹਰਿ ਹਰਿ ਨਾਮ ਹੈ।*
*ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ*
*ਅੰਮ੍ਰਿਤੁ ਗੁਰਮਤਿ ਪਾਏ ਰਾਮ ॥*
*ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ*
*ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥*
*ਅੰਗ – ੫੩੮*

ਮਹਾਰਾਜ ਨੇ ਗੱਲ ਸਮਝਾ ਦਿਤੀ ਕਿ ਐਵੇਂ ਭੁਲੇਖਿਆਂ 'ਚ ਨਾ ਪਵੋ, ਪਹਿਲਾਂ ਅੰਮ੍ਰਿਤ ਨੂੰ ਸਮਝ ਲਵੋ ਕਿ ਅੰਮ੍ਰਿਤ ਹੈ ਕੀ ਚੀਜ਼। ਮਹਾਰਾਜ ਕਹਿੰਦੇ, ਅੰਮ੍ਰਿਤ ਜਿਹੜਾ ਹੈ ਉਹ ਪ੍ਰਮੇਸ਼ਰ ਦਾ ਨਾਮ ਹੈ। ਮਿਲਦਾ ਕਿੱਥੋਂ ਹੈ ਕਹਿੰਦੇ ਗੁਰੂ ਦੀ ਮੱਤ ਧਾਰਨ ਕਰਕੇ ਮਿਲਦਾ ਹੈ। ਕੰਮ ਕੀ ਕਰਦਾ ਹੈ? ਕਹਿੰਦੇ, ਹਉਮੈ ਤੇ ਮਾਇਆ ਦੀ ਵਿਹੁ ਚੜ੍ਹੀ ਹੋਈ ਹੈ ਮਨੁੱਖ ਨੂੰ ਤੇ ਵਿਹੁ ਚੜ੍ਹੇ ਹੋਏ ਆਪਣੀ ਹੋਸ਼-ਹਵਾਸ਼ ਗਵਾਈ ਬੈਠਾ ਹੈ। ਕਹਿੰਦੇ, ਜਦੋਂ ਅੰਮ੍ਰਿਤ ਇਹਦੇ ਅੰਦਰ ਪ੍ਰਗਟ ਹੋ ਜਾਏਗਾ। ਓਸ ਵੇਲੇ ਦੋਵੇਂ ਜ਼ਹਿਰਾਂ ਲਹਿ ਜਾਣਗੀਆਂ। ਹਉਮੈ ਦੀ ਜ਼ਹਿਰ ਲਹਿ ਜਾਏਗੀ ਤੇ ਮਾਇਆ ਦੀ ਲਹਿ ਜਾਏਗੀ। ਆਹ ਤਾਂ ਬਹੁਤ ਔਖੀ ਗੱਲ ਕਹਿ ਦਿਤੀ ਮਹਾਰਾਜ ਨੇ। ਬੁਝਾਰਤ ਪਾ ਦਿਤੀ ਸਾਨੂੰ ਇਕ ਜ਼ਬਰਦਸਤ ਬਈ ਗੱਲ ਕੀ ਹੋਈ, ਨਾਮ ਕਿੱਥੇ ਹੋਇਆ? ਮਹਾਰਾਜ ਕਹਿੰਦੇ –

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥*
*ਅੰਗ – ੨੯੩*

ਆਹ ਜਿਹੜਾ ਸਰੀਰ ਲਈ ਫਿਰਦੇ ਹਾਂ ਨਾ ਪੰਜ ਤੱਤ ਦਾ ਆਪਾਂ, ਸੁਣਦੇ ਸੀਗੇ ਅੱਗੇ ਕਿ ਰਾਵਣ ਕੋਲ ਅੰਮ੍ਰਿਤ ਸੀ, ਰਾਮਚੰਦਰ ਤੀਰ ਮਾਰੀ ਗਏ, ਰਾਵਣ ਮਰਿਆ ਹੀ ਨਾ। ਅਖੀਰ ਭਵਿਖਣ ਨੇ ਦੱਸ ਦਿਤਾ ਕਿ ਹੇ ਪ੍ਰਭੂ! ਇਹਦੇ ਕੋਲ ਅੰਮ੍ਰਿਤ ਦਾ ਕੁੰਡ ਹੈ, ਇਹਨੇ ਪ੍ਰਗਟ ਕਰ ਲਿਆ ਅੰਦਰ ਅੰਮ੍ਰਿਤ ਦਾ ਕੁੰਡ। ਜਦੋਂ ਤੱਕ ਉਹ ਅੰਮ੍ਰਿਤ ਦਾ ਕੁੰਡ ਨਹੀਂ ਤਬਾਹ ਹੁੰਦਾ ਓਨੀਂ ਦੇਰ ਤੱਕ ਇਹਨੇ ਮਰਨਾ ਨਹੀਂ ਹੈ। ਆਦਮੀ ਹੈਰਾਨ ਹੁੰਦਾ ਹੈ ਕਿ ਉਹਦੇ ਕੋਲ ਅੰਮ੍ਰਿਤ ਦਾ ਕੁੰਡ ਕਿੱਥੇ ਰੱਖਿਆ ਹੋਇਆ ਸੀ? ਮਹਾਰਾਜ ਕਹਿੰਦੇ, ਉਹਦੇ ਕੋਲ ਹੀ ਨਹੀਂ, ਤੁਹਾਡੇ ਸਾਰਿਆਂ ਕੋਲ ਹੈ ਅੰਮ੍ਰਿਤ ਦਾ ਕੁੰਡ। ਜਿਹਦੇ ਕੋਲ ਇਹ ਪ੍ਰਗਟ ਹੋ ਗਿਆ ਉਹ ਦੁਬਾਰਾ ਨਹੀਂ ਮਰਿਆ ਕਰਦਾ।

ਮਰਦਾ ਨਹੀਂ ਹੈ ਕਦੇ ਵੀ ਮੁੜ ਕੇ, ਕਿਉਂਕਿ ਅੰਮ੍ਰਿਤ ਦੀ ਇਹ ਨਿਸ਼ਾਨੀ ਹੈ ਕਿ ਮੌਤ ਦੇ ਉਤੇ ਫਤਹਿ ਕਰਕੇ ਅੰਮ੍ਰਿਤ ਬਣ ਜਾਂਦਾ ਹੈ। ਨਾ ਮਰਨ ਵਾਲਾ ਬੰਦਾ। ਸੋ ਮਹਾਰਾਜ ਨੇ ਦੱਸ ਦਿਤਾ ਕਿ ਭਾਈ ਹੈ ਤੇਰੇ ਅੰਦਰ–

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥ ਅੰਗ – ੨੯੩*

ਆਹ ਪੰਜ ਤੱਤਾਂ ਦੀ ਦੇਹੀ ਦੇ ਵਿਚ ਅੰਮ੍ਰਿਤ ਪਿਆ ਹੈ। ਨਿਸ਼ਾਨੀ ਹੈ ਮਹਾਰਾਜ ਕੋਈ? ਮਹਾਰਾਜ ਕਹਿੰਦੇ ਹਾਂ, ਉਥੇ ਜਦੋਂ ਅੰਮ੍ਰਿਤ ਪ੍ਰਗਟ ਹੋਣਾ ਹੈ, ਫੇਰ ਫੁਰਨਾ ਹਟ ਜਾਣਾ ਹੈ, ਕੋਈ ਫੁਰਨਾ ਨਹੀਂ ਕਰਨਾ, ਕੋਈ ਕਲਪਨਾ ਨਹੀਂ ਆਉਣੀ। ਸਾਰੀ ਦੁਨੀਆਂ ਦੇ ਝਗੜੇ ਖਤਮ ਹੋ ਜਾਣੇ ਨੇ।

*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥*
*ਅੰਗ – ੨੯੩*

ਐਨਾ ਅਨੰਦ ਆਉਣਾ ਹੈ ਜਿਹੜਾ ਦੱਸ ਨਹੀਂ ਸਕਿਆ ਜਾਣਾ। ਜਿਨ੍ਹਾਂ ਨੂੰ ਇਸ ਗੱਲ ਦਾ ਸ਼ੌਕ ਹੈ ਕਿ ਅੰਮ੍ਰਿਤ ਕਿਵੇਂ ਪ੍ਰਗਟ ਕਰੀਏ, ਉਹ ਤਰੀਕਾ ਗੁਰੂ ਦਸ਼ਮੇਸ਼ ਪਿਤਾ ਨੇ ਸਾਡੇ ਵਾਸਤੇ ਲਿਆਂਦਾ ਕਿ ਅੰਮ੍ਰਿਤ ਅਸੀਂ ਕਿਵੇਂ ਅੰਦਰੋਂ ਕੱਢ ਸਕਦੇ ਹਾਂ। ਮਹਾਰਾਜ ਕਹਿੰਦੇ ਅੰਦਰ ਖੂਹ ਭਰਿਆ ਹੋਇਆ ਹੈ ਅੰਮ੍ਰਿਤ ਦਾ। ਜਿਵੇਂ ਪਾਣੀ ਕੱਢਣ ਵਾਲੀ ਡੋਲ ਲੱਜ ਦੇ ਨਾਲ ਖਿੱਚੀ ਜਾਂਦੀ ਹੈ ਤੇ ਪਾਣੀ ਪੀ ਕੇ ਪਿਆਸ ਬੁਝਾਉਂਦੀ ਹੈ। ਇਸੇ ਤਰ੍ਹਾਂ ਇਕ ਤਰੀਕਾ ਦੱਸਿਆ ਹੈ ਮਹਾਰਾਜ ਨੇ ਕਿ ਇਕ ਜੁਗਤ ਹੈਗੀ ਜਦੋਂ ਤੱਕ ਉਹ ਜੁਗਤ ਨਹੀਂ ਵਰਤਦੇ ਓਨੀਂ ਦੇਰ ਤੱਕ ਉਹ ਅੰਮ੍ਰਿਤ ਪ੍ਰਗਟ ਨਹੀਂ ਹੁੰਦਾ। ਆਪਾਂ ਓਸ ਜੁਗਤ ਦਾ ਜ਼ਿਕਰ ਕਰਨਾ ਹੈ। ਸੋ ਗੁਰੂ ਦਸ਼ਮੇਸ਼ ਪਿਤਾ ਨੇ ਅੱਜ ਦੇ ਦਿਨ ਇਹ ਜੁਗਤ ਖਾਲਸੇ ਨੂੰ ਦੱਸੀ। ਵਿਸਾਖੀ ਜਿਹੜੀ ਹੈ ਸਾਧਸੰਗਤ ਜੀ! ਇਹ ਸ਼ੁਰੂ ਤੋਂ ਹੀ ਬਹੁਤ ਵੱਡਾ ਤਿਉਹਾਰ ਚਲਿਆ ਆ ਰਿਹਾ ਹੈ। ਫਸਲਾਂ ਦਾ ਤਿਉਹਾਰ ਤਾਂ ਇਹ ਹੈਗਾ ਹੀ ਹੈਗਾ, ਕਿਸਾਨ ਦਾ ਪਿਛਲਾ ਸਾਲ ਖਤਮ ਹੋ ਗਿਆ ਕੱਲ੍ਹ, ਅੱਜ ਨਵਾਂ ਸਾਲ ਚਲਿਆ ਹੈ। ਜੋਤਸ਼ੀਆਂ ਦੇ ਹਿਸਾਬ ਨਾਲ ਸਾਲ ਲੱਗੇ ਨੂੰ ਮਹੀਨਾ ਹੋ ਗਿਆ। ਅੰਗ੍ਰੇਜ਼ਾਂ ਦਾ ਸਾਲ 31 ਦਿਸੰਬਰ ਨੂੰ ਖਤਮ ਹੋ ਗਿਆ। ਵਪਾਰੀਆਂ ਦਾ ਸਾਲ 31 ਮਾਰਚ ਨੂੰ ਖਤਮ ਹੋ ਗਿਆ। ਕਿਸਾਨ ਦਾ ਸਾਲ ਜਿਹੜਾ ਹੈ ਉਹ ਕੱਲ੍ਹ ਖਤਮ ਹੋ ਗਿਆ ਅੱਜ ਨਵਾਂ ਸਾਲ ਸ਼ੁਰੂ ਹੋਇਆ ਹੈ। ਅੱਜ ਤੋਂ ਉਹਦੇ ਘਰ 'ਚ ਬਰਕਤਾਂ ਪੈਣੀਆਂ ਸ਼ੁਰੂ ਹੋਣੀਆਂ ਨੇ।

ਗੁਰੂ ਨਾਨਕ ਪਾਤਸ਼ਾਹ ਜਦੋਂ ਸੰਸਾਰ ਦਾ ਉਧਾਰ ਕਰਨ ਵਾਸਤੇ ਪਹਿਲੀ ਉਦਾਸੀ ਦੇ ਵਾਸਤੇ ਚੱਲੇ ਨੇ, ਦੇਖੋ ਕਿਹੋ ਜਿਹੀ ਗੱਲ ਹੈ ਕਿ ਉਸ ਦਿਨ ਵਿਸਾਖੀ ਸੀ, ਅੱਜ ਦਾ ਹੀ ਦਿਨ। ਗੁਰੂ ਨਾਨਕ

ਪਾਤਸ਼ਾਹ ਅੱਜ ਦੇ ਦਿਨ ਚੱਲੇ ਸੰਸਾਰ ਦਾ ਉਧਾਰ ਕਰਨ ਵਾਸਤੇ।

***ਚੜ੍ਹਿਆ ਸੋਧਣਿ ਧਰਤਿ ਲੁਕਾਈ॥***
***ਭਾਈ ਗੁਰਦਾਸ ਜੀ, ਵਾਰ 1/24***

ਬਉਲੀ ਸਾਹਿਬ ਲਗਵਾਈ, ਮਹਾਰਾਜ ਗੁਰੂ ਤੀਸਰੇ ਪਾਤਸ਼ਾਹ ਨੇ, ਏਸ ਕਰਕੇ ਕਿ ਛੂਤ-ਛਾਤ ਦੀ ਜੋ ਬਿਮਾਰੀ ਹੈ ਉਹ ਕੱਢ ਦਿਤੀ ਜਾਵੇ ਤੇ ਸਭ ਇਕ ਥਾਉਂ ਇਸਨਾਨ ਕਰਨ। ਇਕ ਖੂਹ ਦਾ ਸਾਰੇ ਪਾਣੀ ਪੀਣ। ਉਹਦਾ ਕੜ੍ਹ ਨਹੀਂ ਸੀ ਟੁੱਟਦਾ। ਅੱਜ ਦੇ ਦਿਨ ਬਉਲੀ ਦਾ ਕੜ੍ਹ ਟੁੱਟਿਆ, ਗੋਇੰਦਵਾਲ ਸਾਹਿਬ। ਅੱਜ ਦਾ ਦਿਨ ਫੇਰ ਮੁਬਾਰਕ ਹੋਇਆ, ਪਿਛਲੇ ਐਤਵਾਰ ਮੈਂ ਦੱਸਿਆ ਸੀ ਕਿ ਇਕ ਬੀਬੀ ਜਿਸਨੂੰ ਕਿ ਇਕ ਪਿੰਗਲੇ ਦੇ ਨਾਲ ਵਿਆਹ ਦਿਤਾ ਸੀ ਤੇ ਉਹ ਉਸਨੂੰ ਅੰਮ੍ਰਿਤਸਰ ਵਿਖੇ ਦਰਬਾਰ ਸਾਹਿਬ ਲੈ ਆਈ, ਉਥੇ ਦੁਖਭੰਜਨੀ ਬੇਰੀ ਦੇ ਹੇਠਾਂ ਉਸ ਨੇ ਇਸ਼ਨਾਨ ਕਰਿਆ ਤੇ ਇਕ ਮਹਾਨ ਤੀਰਥ ਦੁਨੀਆਂ ਦਾ ਅੱਜ ਦੇ ਦਿਨ ਪ੍ਰਗਟ ਹੋਇਆ। ਜਿਹਨੂੰ ਅੰਮ੍ਰਿਤਸਰ ਕਹਿ ਕੇ ਆਪਾਂ ਸਤਿਕਾਰਦੇ ਹਾਂ। ਅੱਜ ਦਾ ਦਿਨ ਹੋਰ ਵੱਡਾ ਹੈ ਉਹ ਇਹ ਹੈ ਕਿ ਗੁਰੂ ਹਰਿਕ੍ਰਿਸ਼ਨ ਮਹਾਰਾਜ ਜੀ ਆਪ ਨੇ ਅੱਜ ਦੇ ਦਿਨ ਇਕ ਸਵਾਲ ਪਾਇਆ ਸਿੱਖਾਂ ਦੇ ਅੱਗੇ। ਪਹਿਲਾਂ ਗੱਦੀ ਦਿਤੀ ਜਾਂਦੀ ਸੀ, ਮਸਤਕ ਨਿਵਾਇਆ ਜਾਂਦਾ ਸੀ ਲੇਕਿਨ ਅੱਜ ਕੌਮ ਐਨੀ ਉਚੀ ਹੋ ਗਈ ਕਿ ਉਹ ਆਪ ਫੈਸਲਾ ਕਰਨ ਕਿ ਗੁਰੂ ਕਿਹੜਾ ਹੈ ਤਾਂ ਕਿ ਉਹ ਭੇਖੀ ਗੁਰੂਆਂ ਤੇ ਪਾਖੰਡੀ ਗੁਰੂਆਂ ਦੇ ਧੱਕੇ ਨਾ ਚੜ੍ਹ ਸਕਣ। ਉਸ ਵੇਲੇ ਗੁਰੂ ਹਰਿਕ੍ਰਿਸ਼ਨ ਮਹਾਰਾਜ ਨੇ ਅੱਜ ਦੇ ਦਿਨ ਕਿਹਾ ਕਿ ਜਿਹਨੇ ਗੁਰੂ ਬਣਨਾ ਹੈ ਉਹ ਬਾਬਾ ਬਕਾਲੇ ਬੈਠੇ ਨੇ। ਟੋਲ੍ਹਣ ਚਲੇ ਗਏ, ਅੱਗੇ 22 ਬੈਠੇ ਨੇ ਹੋਰ। ਕਿਵੇਂ ਟੋਲਣ? ਅਖੀਰ ਮੱਖਣ ਸ਼ਾਹ ਲੁਬਾਣੇ ਨੇ ਟੋਲ੍ਹ ਲਿਆ, ਪਰਖ ਲਿਆ ਕਿ ਗੁਰੂ ਦੀ ਜੋ ਪਰਖ ਹੁੰਦੀ ਹੈ ਉਹ ਆਹ ਹੁੰਦੀ ਹੈ ਤੇ ਅੱਜ ਦਾ ਹੀ ਮੁਬਾਰਕ ਦਿਨ ਹੈ ਕਿ ਅੱਜ ਦੇ ਦਿਨ ਇਕ ਮਨੁੱਖ ਦਾ ਆਦਰਸ਼ ਸਿਖਰ ਤੇ ਦੇ ਲਿਜਾ ਕੇ ਗੁਰੂ ਦਸ਼ਮੇਸ਼ ਪਿਤਾ ਨੇ ਪ੍ਰਗਟ ਕਰ ਦਿਤਾ। ਉਸ ਤੋਂ ਪਹਿਲਾਂ ਗੁਰੂ ਮਹਾਰਾਜ ਨੇ ਬੜਾ ਸਮਾਂ 11 ਮਹੀਨੇ ਦੇ ਕਰੀਬ ਇਕਾਂਤ ਵਾਸ ਕੀਤਾ। ਆਪ ਜਿਸ ਵਕਤ ਪਹਾੜ ਤੋਂ ਉਤਰ ਕੇ ਆਏ, ਐਸਾ ਲਿਖਿਆ ਹੋਇਆ ਮਿਲਦਾ ਹੈ ਕਿ ਆਪ ਨੇ ਸ੍ਰੀ ਸਾਹਿਬ ਕੱਢੀ ਹੋਈ ਹੈ। ਹੌਲੀ ਨਹੀਂ ਆ ਰਹੇ, ਦੌੜੇ ਆ ਰਹੇ ਨੇ। ਛੇਤੀ ਆ ਰਹੇ ਨੇ। ਸਾਰੇ ਹੈਰਾਨ ਨੇ ਕੋਈ ਪੁੱਛ ਨਹੀਂ ਸਕਦਾ, ਤੇਜ ਐਨਾ ਵਧਿਆ ਹੋਇਆ ਹੈ ਕਿ ਕੋਈ ਨੇੜੇ ਨਹੀਂ ਲਗਦਾ ਗੁਰੂ ਦਸ਼ਮੇਸ਼ ਪਿਤਾ ਦੇ, ਤੇ ਉਥੇ ਆ ਕੇ ਆਪ ਨੇ ਹੁਕਮਨਾਮੇ ਲਿਖਾਏ ਕਿ ਵਿਸਾਖੀ ਤੋਂ ਪਹਿਲਾਂ ਹੌਲੇ-ਮਹੱਲੇ ਦੇ ਉਤੇ, ਕੋਈ ਪੱਗ ਬੰਨ੍ਹ ਘਰ ਨਾ ਰਹੇ ਸਭ ਇਕੱਠੇ ਹੋਣ ਇਥੇ ਆ ਕੇ। ਉਸ ਵੇਲੇ ਬੜਾ ਭਾਰੀ ਇਕੱਠ ਹੋਇਆ ਤੇ ਐਨੀ ਪ੍ਰਸੰਨਤਾ ਹੋਈ ਕਿ ਮਹਾਰਾਜ ਨੇ ਇਕ ਆਦਰਸ਼ ਪ੍ਰਗਟ ਕਰਨਾ ਹੈ, ਆਪ ਨੇ ਇਕ ਮਹਾਨ ਯੱਗ ਕੀਤਾ। ਉਸ ਯੱਗ ਦੇ ਅੰਦਰ ਜੋ ਪਹਿਲਾ ਰਿਵਾਜ਼ ਤੁਰਿਆ ਆਉਂਦਾ ਸੀ ਉਹ ਸਾਰੇ ਤੋੜ ਦਿਤੇ। ਕਵੀ ਸੈਨਾਪਤੀ ਕਹਿੰਦੇ ਨੇ ਕਿ ਗੁਰੂ ਦਸ਼ਮੇਸ਼ ਪਿਤਾ ਸੰਸਾਰ 'ਤੇ ਆਏ ਕਿਉਂ ਸੀ ਕਿਉਂਕਿ ਉਨ੍ਹਾਂ ਨੇ ਦੁਨੀਆਂ ਦੇ ਦੁੱਖਾਂ ਨੂੰ ਦੂਰ ਕਰਨਾ ਸੀ। ਇਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਆਏ ਦਸ਼ਮੇਸ਼ ਜੀ,***
***ਸੰਕਟ ਨਿਵਾਰਨੇ ਨੂੰ।***

ਸੰਕਟ ਜੋ ਸੰਸਾਰ ਦੇ ਉਤੇ ਆਇਆ ਹੋਇਆ ਸੀ ਉਹਨੂੰ ਦੂਰ ਕਰਨ ਵਾਸਤੇ ਦਸ਼ਮੇਸ਼ ਮਹਾਰਾਜ ਜੀ ਆਏ ਤੇ ਆਪ ਮਹਾਰਾਜ ਫੁਰਮਾਨ ਕਰਦੇ ਨੇ ਕਿ ਮੈਂ ਜਦੋਂ ਅਕਾਲ ਪੁਰਖ ਦੇ ਦਰਬਾਰ ਦੇ ਵਿਚ ਹਾਜ਼ਰ ਹੋਇਆ ਤੇ ਮੈਨੂੰ ਭੇਜਿਆ ਜਾ ਰਿਹਾ ਸੀ ਤਾਂ ਮੈਂ ਇਹ ਬੇਨਤੀ ਕੀਤੀ ਕਿ ਮੈਨੂੰ ਕੀ ਕੰਮ ਸੌਂਪ ਰਹੇ ਓਂ, ਅਕਾਲ ਪੁਰਖ ਨੇ ਕਿਹਾ ਕਿ -

***ਮੈ ਅਪਨਾ ਸੁਤ ਤੁਹਿ ਨਿਵਾਜਾ।***
***ਪੰਥ ਪ੍ਰਚੁਰ ਕਰਬੇ ਕਉ ਸਾਜਾ।***
***ਅਕਾਲ ਪੁਰਖ ਬਾਚ॥ ਚੌਪਈ***

ਤੁਸੀਂ ਜਾ ਕੇ ਐਸਾ ਰਸਤਾ ਦੁਨੀਆਂ ਦੇ ਅੰਦਰ ਦਿਖਾਉਣਾ ਹੈ, ਮਾਰਗ ਦਿਖਾਉਣਾ ਹੈ, ਇਕ ਐਸੀ ਜਥੇਬੰਦੀ ਕਾਇਮ ਕਰਨੀ ਹੈ ਜਿਨ੍ਹਾਂ ਨੇ ਧਰਮ ਦਾ ਪ੍ਰਚਾਰ ਕਰਨਾ ਹੈ ਤੇ ਉਥੇ ਜਾ ਕੇ ਤੁਸੀਂ -

***ਜਹਾ ਤਹਾ ਤੈ ਧਰਮੁ ਚਲਾਇ।***
***ਕਬੁਧਿ ਕਰਨ ਤੇ ਲੋਕ ਹਟਾਇ।***
***ਅਕਾਲ ਪੁਰਖ ਬਾਚ॥ ਚੌਪਈ***

ਸਾਰਾ ਸੰਸਾਰ ਕੁਬੁੱਧੀ 'ਚ ਪੈ ਗਿਆ। ਆਸਾ ਜੀ ਦੀ ਵਾਰ ਦਾ ਅਧਿਐਨ ਕਰੋ ਪਤਾ ਲਗਦਾ ਹੈ ਕਿ ਕਿੰਨੀ ਕੁਬੁੱਧੀ ਫੈਲ ਗਈ ਸੀ, ਕਿਵੇਂ ਜਨੇਊ ਦਾ ਮਾਖੌਲ ਉਡਾਇਆ ਜਾ ਰਿਹਾ ਸੀ, ਕਿਵੇਂ ਟਿੱਕੇ ਸੀ, ਕਿਵੇਂ ਧੋਤੀਆਂ ਸੀ, ਕਿਵੇਂ ਪੂਜਾ ਸੀ, ਕਿਵੇਂ ਪੁਰਾਨ ਸੀ, ਕਿਵੇਂ ਕੁਰਾਨ ਸੀ, ਸਾਰਾ ਮਹਾਰਾਜ ਨੇ ਖੋਲ੍ਹ ਕੇ ਦੱਸ ਦਿਤਾ। ਕਹਿੰਦੇ ਹਟਾਓ ਕੁਬੁੱਧ ਕਰਨ ਤੇ ਕੁਬੁੱਧੀ 'ਚ ਪੈ ਗਏ। ਮਹਾਰਾਜ ਕਹਿਣ ਲੱਗੇ ਕਿ ਅਸੀਂ ਖੜ੍ਹੇ ਹੋ ਗਏ ਕਿ ਬੜਾ ਭਾਰਾ ਕੰਮ ਦੇ ਦਿਤਾ, ਅਸੀਂ ਹੱਥ ਜੋੜ ਲਏ -

***ਠਾਢ ਭਯੋ ਮੈ ਜੋਰਿ ਕਰ***
***ਬਚਨ ਕਹਾ ਸਿਰ ਨਿਆਇ।***
***ਪੰਥ ਚਲੈ ਤਬ ਜਗਤ ਮੈ***

***ਜਬ ਤੁਮ ਕਰਹੁ ਸਹਾਇ॥ ਦੋਹਰਾ***

ਜਦੋਂ ਤੁਸੀਂ ਸਹਾਇਤਾ ਕਰੋਂਗੇ ਪਾਤਸ਼ਾਹ, ਲੀਹਾਂ ਬਦਲਣੀਆਂ ਨੇ ਪੁਰਾਣੀਆਂ ਸਾਰੀਆਂ, ਇਕ ਦਮ ਬਦਲੀਆਂ ਹੋਈਆਂ ਕਿੰਨੀ ਵਿਰੋਧਤਾ ਹੁੰਦੀ ਹੈ। ਸੋ ਅੱਜ ਗੁਰੂ ਦਸ਼ਮੇਸ਼ ਪਿਤਾ ਸੈਂਕੜੇ ਸਾਲਾਂ ਤੋਂ ਦਬਿਆ ਹੋਇਆ ਵਰਗ ਜਿਹੜਾ ਸੀ, ਕੀਰਤੀ ਵਰਗ; ਚਾਰ ਵਰਗ ਇਥੇ ਹੋ ਗਏ ਸੀ ਜਿਹਨੂੰ ਜਾਤ ਪਾਤ ਕਹਿੰਦੇ ਸੀ। ਜਦੋਂ ਚਲਾਇਆ ਸੀ, ਉਦੋਂ ਤਾਂ ਕੁਛ ਹੋਰ ਸੀਗਾ ਇਹ, ਉਸ ਵੇਲੇ ਬ੍ਰਾਹਮਣ ਵਰਗ ਸ਼ੂਦਰ ਦੇ ਵਿਚ ਵੀ ਜਾ ਸਕਦਾ ਸੀ, ਸ਼ੂਦਰ ਵਰਗ ਜਿਹੜਾ ਸੀ ਉਹ ਕਸ਼ਤਰੀ ਬਣ ਸਕਦਾ ਸੀ, ਲੇਕਿਨ ਬਾਅਦ ਵਿਚ ਪੱਕਾ ਹੋ ਗਿਆ ਕਿ ਬ੍ਰਾਹਮਣ, ਬ੍ਰਾਹਮਣ-ਖੱਤਰੀ, ਖੱਤਰੀ; ਬਾਕੀ ਜਿਹੜੇ ਸੀ ਪੈਰ ਦੇ ਥੱਲੇ ਦੱਬ ਲਏ, ਸਾਰੀ ਜਨਤਾ। ਬਹੁਤਿਆਂ ਨੂੰ ਤਾਂ ਕਹਿ ਦਿਤਾ ਕਿ ਤੂੰ ਓਅੰਕਾਰ ਦਾ ਅੱਖਰ ਨਹੀਂ ਸੁਣ ਸਕਦਾ। ਸ਼ੂਦਰ ਦੋ ਤਰ੍ਹਾਂ ਦੇ ਕਰ ਦਿਤੇ, ਇਕ ਤਾਂ ਜਿਹੜਾ ਰੋਟੀ ਕਮਾਉਂਦਾ ਹੈ, ਜੇ ਤਾਂ ਉਹਨੂੰ ਪਸੀਨਾ ਆ ਜਾਵੇ, ਰੋਟੀ ਕਮਾਉਣ ਵਿਚ ਤਾਂ, ਤਾਂ ਉਹ ਸ਼ੂਦਰ ਹੈ। ਫੇਰ ਉਨ੍ਹਾਂ 'ਚ ਕਿਹੜੀਆਂ ਕਿਸਮਾਂ ਨੇ, ਇਕ ਨੂੰ ਤਾਂ ਹੱਥ ਲਾ ਲਓ, ਇਕ ਨੂੰ ਹੱਥ ਨਾ ਲਾਓ। ਇਕ ਨੂੰ ਛੂਤ ਕਹਿੰਦੇ ਨੇ, ਇਕ ਅਛੂਤ ਕਹਿੰਦੇ ਨੇ। ਮਨੁੱਖ ਦੀ ਜਾਤ ਨੂੰ ਐਨਾ ਨੀਵਾਂ ਲੈ ਗਿਆ ਜਿਹੜਾ ਪੜ੍ਹਿਆ ਲਿਖਿਆ ਵਰਗ ਸੀ। ਉਸਨੂੰ ਤੋੜਨਾ ਕੋਈ ਖੇਲ੍ਹ ਨਹੀਂ ਸੀ ਸਾਧਸੰਗਤ ਜੀ। ਕਿੰਨੀਆਂ ਤਕਲੀਫਾਂ ਉਠਾ ਚੁੱਕੇ ਸੀ, ਗੁਰੂ ਨਾਨਕ ਪਾਤਸ਼ਾਹ ਨੂੰ ਇਸੇ ਕਰਕੇ ਕੁਰਾਹੀਆ ਤੇ ਬੇਤਾਲਾ ਕਿਹਾ ਸੀ ਕਿਉਂਕਿ ਉਨ੍ਹਾਂ ਨੇ ਮਰਦਾਨੇ ਨੂੰ ਨਾਲ ਲੈ ਲਿਆ ਤੇ ਭਾਈ ਬਾਲੇ ਜੱਟ ਨੂੰ ਨਾਲ ਲੈ ਲਿਆ। ਨਹੀਂ ਪਸੰਦ ਸੀ ਇਹ ਗੱਲ ਉਚੀਆਂ ਜਾਤੀਆਂ ਨੂੰ। ਬ੍ਰਾਹਮਣ ਨੂੰ ਪਸੰਦ ਨਹੀਂ ਸੀ ਬਿਲਕੁਲ ਵੀ ਇਹ ਗੱਲ ਕਿ ਹੇਠਲਾ ਵਰਗ ਉਤੇ ਆ ਜਾਵੇ। ਪੜ੍ਹੇ-ਲਿਖੇ ਸੀ, ਸਭ ਕੁਛ ਜਾਣਦੇ ਸੀ, ਐਸੇ ਵਹਿਮ ਪਾ ਦਿਤੇ ਕਿ ਆਦਮੀ ਹਿੱਲ ਨਹੀਂ ਸਕਦਾ। ਉਦੋਂ ਦੇ ਪਾਏ ਹੋਏ, ਸਿੱਖੀ ਆਈ ਨੂੰ ਕਿੰਨਾਂ ਚਿਰ ਹੋ ਗਿਆ, 500 ਸਾਲ ਤੋਂ ਵੀ ਵੱਧ ਹੋ ਗਏ, ਅਜੇ ਵੀ ਸਾਡੇ ਉਤੇ ਉਹੀ ਅਸਰ ਚੱਲ ਰਿਹਾ ਹੈ, ਨਹੀਂ ਬਦਲਦੇ ਅਸੀਂ। ਅਜੇ ਵੀ ਉਹੀ ਮੜ੍ਹੀਆਂ, ਓਹੀ ਕਬਰਾਂ, ਓਹੀ ਸੂਰਜ, ਓਹੀ ਜੋਤਸ਼ ਓਹੀ ਸਭ ਕੁਛ ਅਸੀਂ ਮੰਨੀ ਜਾਂਦੇ ਹਾਂ। ਓਹੀ ਗ੍ਰਹਿ ਸਾਡੇ ਉਤੇ ਸਵਾਰ ਨੇ। ਮਹਾਰਾਜ ਕਹਿੰਦੇ ਕਿਉਂ ਤੁਸੀਂ ਫਿਕਰ ਕਰਦੇ ਓਂ, ਗ੍ਰਹਿ ਤਾਂ ਉਹਨੂੰ ਲਗਦੇ ਨੇ ਜਿਹੜਾ ਪ੍ਰਮੇਸ਼ਰ ਤੋਂ ਭੁੱਲਿਆ ਹੋਵੇ।

***ਕੋਟਿ ਬਿਘਨ ਤਿਸੁ ਲਾਗਤੇ***
***ਜਿਸ ਨੋ ਵਿਸਰੈ ਨਾਉ॥ ਅੰਗ - ੫੨੪***

ਜਿਹਨੂੰ ਨਾਮ ਵਿਸਰ ਗਿਆ ਉਹਨੂੰ ਲਗਦੇ ਨੇ, ਤੁਸੀਂ ਨਾਮ ਵਾਲੇ ਬੰਦੇ ਕਿਉਂ ਵਹਿਮਾਂ 'ਚ ਪੈਂਦੇ ਓਂ। ਫੇਰ ਕਰਤਾਰ ਦਾ ਹੁਕਮ ਹੈ। ਜੋ ਹੁਕਮ ਹੈ ਉਹਦੇ ਮੁਤਾਬਿਕ ਚੱਲੋ। ਹਾਂ, ਜੇ ਤੁਸੀਂ ਨਹੀਂ ਸਹਿ ਸਕਦੇ, ਅਰਦਾਸ ਕਰੋ, ਅਰਦਾਸ ਮੰਨੀ ਜਾਂਦੀ ਹੈ, ਅਰਦਾਸ ਬਦਲ ਦਏਗੀ ਸਭ ਕੁਛ। ਮਹਾਰਾਜ ਨੇ ਮਨੁੱਖ ਨੂੰ ਉੱਚਾ ਚੁਕਿਆ, ਸੈਂਕੜੇ ਸਾਲ ਦੇ ਗਿਰੇ ਹੋਏ ਨੂੰ। ਅੱਜ ਰਿਵਾਜ ਬਦਲ ਦਿਤਾ, ਪਹਿਲਾਂ ਬ੍ਰਾਹਮਣਾਂ ਦੀਆਂ ਪੰਗਤਾਂ ਲਗਦੀਆਂ ਸੀ, ਜੇ ਕੋਈ ਯੱਗ ਕਰਦਾ ਸੀ। ਜਦ ਤੱਕ ਬ੍ਰਾਹਮਣ ਛਕਦੇ ਸੀ, ਕੋਈ ਬੰਦਾ ਚਉਂਕੇ 'ਚ ਨਹੀਂ ਸੀ ਆ ਸਕਦਾ, ਨੇੜੇ ਨਹੀਂ ਸੀ ਆ ਸਕਦਾ। ਐਨਾ ਨੇੜੇ ਨਹੀਂ ਸੀ ਆ ਸਕਦਾ ਕਿ ਉਹ ਥਾਲੀ ਵਿਚ ਖਾਂਦੇ ਨੂੰ ਦੇਖ ਲਏ ਕਿ ਉਹ ਕੀ ਖਾਂਦਾ ਹੈ। ਜੇ ਦੇਖ ਲਿਆ ਤਾਂ ਉਹ ਨਰਾਜ਼ ਹੋ ਜਾਂਦਾ ਸੀ ਕਿਉਂਕਿ ਅਛੂਤ ਮੱਥੇ ਲੱਗ ਗਿਆ ਰੋਟੀ ਖਾਂਦੇ ਦੇ। ਉਸ ਤੋਂ ਬਾਅਦ ਫੇਰ ਖੱਤਰੀਆਂ ਦੀ ਵਾਰੀ ਆਉਂਦੀ ਸੀ, ਉਸ ਤੋਂ ਬਾਅਦ ਵੈਸ਼ਾਂ ਦੀ, ਫੇਰ ਕਿਰਤੀਆਂ ਦੀ ਵਾਰੀ ਸਭ ਤੋਂ ਪਿੱਛੋਂ ਆਉਂਦੀ ਸੀ।

ਗੁਰੂ ਨਾਨਕ ਪਹਿਲੇ ਦਿਨ ਜਦੋਂ ਚੱਲੇ ਨੇ, ਠਹਿਰੇ ਕਿੱਥੇ ਜਾ ਕੇ ਕਿਰਤੀ ਦੇ ਘਰ। ਵਿਰੋਧਤਾ ਹੋਈ, ਗੁਰੂ ਨਾਨਕ ਨੇ ਕਿਹਾ ਕਿ ਮੈਂ ਕਿਰਤੀ ਨੂੰ ਉੱਚਾ ਕਰਨਾ ਹੈ। ਹਿੰਦੁਸਤਾਨ ਦੀ ਅਧੋਗਤੀ ਇਸੇ ਕਰਕੇ ਹੈ ਕਿ ਇਥੇ ਕੰਮ ਕਰਨ ਵਾਲੇ ਦੀ ਇਜ਼ਤ ਨਹੀਂ ਹੈ, ਨੀਵਾਂ ਗਿਣਦੇ ਨੇ। ਜੇ ਮਰੇ ਹੋਏ ਡੰਗਰ ਕੋਈ ਨਾ ਚੁੱਕੇ ਫੇਰ ਕੀ ਨਤੀਜਾ ਨਿਕਲੇ, ਸਾਰੇ ਸੜਿਆਂਦ ਪੈ ਜਾਵੇ। ਇਕ ਤਾਂ ਐਡਾ ਉਪਕਾਰ ਹੁੰਦਾ ਹੈ ਇਕ ਉਹਨੂੰ ਨੀਵਾਂ ਗਿਣਨਾ, ਛੋਟਾ ਗਿਣਨਾ ਬਹੁਤ। ਸੋ ਇਹ ਜਾਤਾਂ ਪਾਤਾਂ ਦਾ ਸਮਾਂ ਸੀ। ਗੁਰੂ ਦਸ਼ਮੇਸ਼ ਪਿਤਾ ਨੇ ਇਨਕਲਾਬੀ ਕਦਮ ਚੁੱਕਿਆ। ਹੁਕਮ ਦੇ ਦਿਤਾ ਕਿ ਪੰਗਤਾਂ ਲਾਓ, ਮਸੰਦ ਜਾਣਦੇ ਸੀ ਕਿ ਬ੍ਰਾਹਮਣ ਵਰਗ ਨੇ ਗੁੱਸੇ ਹੋ ਜਾਣਾ ਹੈ, ਖੱਤਰੀ ਵਰਗ ਨੇ ਗੁੱਸੇ ਹੋ ਜਾਣਾ ਹੈ, ਮਹਾਰਾਜ ਇਹ ਕੀ ਕਰਨ ਲੱਗ ਗਏ। ਖਿਆਲ ਆਇਆ ਕਿ ਇਕੱਲੇ ਬੈਠੇ ਰਹੇ ਨੇ ਸ਼ਾਇਦ ਕੋਈ ਦਿਮਾਗ ਦੇ ਵਿਚ ਫਰਕ ਪੈ ਗਿਆ ਹੋਵੇ, ਐਸੇ ਵੀ ਲੋਕ ਸੀ ਉਸ ਵੇਲੇ ਕਿਉਂਕਿ ਪੂਜਾ ਦਾ ਧਾਨ ਖਾਂਦੇ ਸੀ, ਜਿਹੜਾ ਪੂਜਾ ਦਾ ਧਾਨ ਖਾਂਦਾ ਹੈ, ਉਨ੍ਹਾਂ ਦੇ ਅੰਦਰ ਰੱਤੀ ਜਿੰਨਾਂ ਵੀ ਪਿਆਰ ਤੇ ਸਤਿਕਾਰ ਨਹੀਂ ਹੁੰਦਾ ਗੁਰੂ ਦਾ। ਖਤਮ ਹੋ ਜਾਂਦਾ ਹੈ, ਉਤੋਂ-ਉਤੋਂ ਰਹਿ ਜਾਂਦਾ ਹੈ, ਜਿਵੇਂ ਘੁਣ ਖਾਧੀ ਲਕੜੀ ਹੁੰਦੀ ਹੈ। ਘੁਣੇ ਦੀ ਖਾਧੀ ਹੋਈ ਹੈ, ਉਪਰ ਪਾਲਿਸ਼ ਕਰਿਆ ਹੋਇਆ ਹੈ, ਅੰਦਰੋਂ ਖਤਮ ਹੈ ਉਂਝ। ਸੋ ਇਸ ਤਰ੍ਹਾਂ ਦੇ ਨਾਲ ਗੁਰੂ ਦਸ਼ਮੇਸ਼ ਪਿਤਾ ਨੇ ਕਹਿ ਦਿਤਾ ਕਿ ਪੰਗਤਾਂ ਲਾ ਲਓ। ਪੰਗਤਾਂ ਲੱਗ ਗਈਆਂ, ਹੈਰਾਨ ਹੋ ਗਈ ਸੰਗਤ ਕਿ ਹੈਂ ਪਹਿਲਾਂ ਤਾਂ ਬ੍ਰਾਹਮਣ ਨੂੰ ਛਕਾਇਆ ਜਾਂਦਾ ਸੀ

ਤੇ ਬ੍ਰਾਹਮਣ ਆਏ ਹੋਏ ਵੀ ਬਹੁਤ ਨੇ, ਕਾਸ਼ੀ ਤੱਕ ਆਏ ਹੋਏ ਨੇ। ਵੱਡੇ ਤੋਂ ਵੱਡਾ ਅੱਜ ਦੁਨੀਆਂ ਭਰ ਵਿਚ ਸਭ ਤੋਂ ਵੱਡਾ ਕੇਸ਼ੋਦਾਸ ਪੰਡਤ ਸੀ ਉਹ ਵੀ ਆਇਆ ਹੋਇਆ ਹੈ ਤੇ ਮਹਾਰਾਜ ਨੇ ਤਾਂ ਪਰਵਾਹ ਹੀ ਨਹੀਂ ਕੀਤੀ। ਪਰਵਾਹ ਹੁੰਦੀ ਨਹੀਂ ਸਾਧਸੰਗਤ ਜੀ। ਵਾਹਿਗੁਰੂ ਦੇ ਪਿਆਰਿਆਂ ਨੂੰ ਨਹੀਂ ਪਰਵਾਹ ਹੁੰਦੀ ਤੇ ਨਾ ਕਿਸੇ ਦਾ ਡਰ ਹੁੰਦਾ ਹੈ। ਇਸ ਤਰ੍ਹਾਂ ਪੜ੍ਹੋ ਲਓ-

***ਧਾਰਨਾ - ਡਰਦਾ ਨਾ ਕਾਹੂੰ ਤੋਂ,***
***ਨੀਚਾਂ ਨੂੰ ਊਚੇ ਕਰਦਾ।***

***ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥***
***ਗਰੀਬ ਨਿਵਾਜੁ ਗੁਸਈਆ ਮੇਰਾ***
***ਮਾਥੈ ਛਤ੍ਰੁ ਧਰੈ ॥੧॥ ਰਹਾਉ ॥***
***ਜਾ ਕੀ ਛੋਤਿ ਜਗਤ ਕਉ ਲਾਗੈ***
***ਤਾ ਪਰ ਤੁਹੀਂ ਢਰੈ ॥***
***ਨੀਚਹ ਊਚ ਕਰੈ ਮੇਰਾ ਗੋਬਿੰਦੁ***
***ਕਾਹੂ ਤੇ ਨ ਡਰੈ ॥੧॥ ॥ ਅੰਗ - ੧੧੦੬***

ਪ੍ਰਸ਼ਾਦੇ ਛਕਣੇ ਸ਼ੁਰੂ ਹੋ ਗਏ, ਪਤਾ ਲੱਗਿਆ ਕਿ ਮਹਾਰਾਜ! ਕੋਈ ਵੀ ਬ੍ਰਾਹਮਣ ਪੰਗਤ 'ਚ ਬੈਠ ਕੇ ਪ੍ਰਸ਼ਾਦਾ ਛਕਣ ਵਾਸਤੇ ਨਹੀਂ ਆਇਆ। ਮਹਾਰਾਜ ਕਹਿੰਦੇ ਲਿਆਓ ਭਾਈ ਜਾ ਕੇ। ਬੇਨਤੀ ਕੀਤੀ ਕਿ ਤੁਸੀਂ ਕਿਉਂ ਨਹੀਂ ਆਏ। ਚੁੱਪ ਨੇ, protest ਕਰ ਦਿਤਾ, ਸਮਾਨ ਬੰਨ੍ਹ ਰਹੇ ਨੇ ਕਿ ਹੁਣ ਤਾਂ ਘੋਰ ਕਲਜੁਗ ਆ ਗਿਆ। ਜਦ ਬ੍ਰਾਹਮਣ ਦੀ ਹੀ ਕਦਰ ਨਾ ਰਹੀ ਕਲਜੁਗ ਆ ਗਿਆ ਸਮਝੋ। ਮਰਿਆਦਾ ਵਿਗੜ ਗਈ ਸਾਰੀ। ਮਹਾਰਾਜ ਕਹਿਣ ਲੱਗੇ, ਜਾਓ ਲੈ ਕੇ ਆਓ ਉਨ੍ਹਾਂ ਨੂੰ। ਸਿੰਘ ਚਲੇ ਗਏ ਜਾ ਕੇ ਜਿਹੜਾ ਮੁਖੀ ਸੀ ਕੇਸ਼ੋਦਾਸ, ਮੁਖੀ-ਮੁਖੀ ਆ ਗਏ ਸਾਰੇ, ਮਹਾਰਾਜ ਕਹਿੰਦੇ ਪੰਡਤ ਜੀ, ਤੁਸੀਂ ਏਸ ਗੱਲ ਦੇ ਉਤੇ ਕਿਉਂ ਹੋਏ ਓਂ, ਐਡੀ ਨਰਾਜ਼ੀ? ਕਹਿੰਦੇ ਮਹਾਰਾਜ! ਤਿੰਨ ਜੁਗਾਂ ਦੇ ਅੰਦਰ ਸਾਡੀ ਮਾਨਤਾ ਤੁਰੀ ਆਉਂਦੀ ਹੈ, ਅੱਜ ਤੱਕ ਕਿਸੇ ਰਾਜੇ ਨੇ, ਕਿਸੇ ਅਵਤਾਰ ਨੇ ਜੇ ਅਸੀਂ ਕ੍ਰਿਸ਼ਨ ਮਹਾਰਾਜ ਦੇ ਵੀ ਜਾਂਦੇ ਸੀ ਤਾਂ ਸਾਡੇ ਚਰਨ ਧੋਂਦੇ ਸੀ ਉਹ। ਜੇ ਰਾਮ ਚੰਦਰ ਜੀ ਕੋਲ ਜਾਂਦੇ ਸੀ ਤਾਂ ਚਰਨ ਧੋ ਕੇ ਚਰਨਾਮ੍ਰਿਤ ਲੈਂਦੇ ਸੀ, ਉਹ ਪਾਣੀ ਆਪ ਪੀਂਦੇ ਸੀ। ਸਾਨੂੰ ਪ੍ਰਮੇਸ਼ਰ ਨੇ ਮੁਖ ਤੋਂ ਪੈਦਾ ਕਰਿਆ ਹੈ ਤੇ ਜਿਹੜੇ ਪੈਰਾਂ ਤੋਂ ਪੈਦਾ ਹੋਏ ਨੇ ਤੁਸੀਂ ਨਾਲ ਰਲਾ ਦਿਤੇ? ਇਹ ਤਾਂ ਮਰਿਆਦਾ ਤੋੜ ਦਿਤੀ ਮਹਾਰਾਜ ਤੁਸੀਂ। ਮਹਾਰਾਜ ਕਹਿੰਦੇ, ਪੰਡਤ ਜੀ! ਜਾਤ ਨੂੰ ਸਮਝਦੇ ਹੋਂ ਕੀ ਹੁੰਦੀ ਹੈ? ਪੰਜ ਤੱਤ ਦੇ ਉਹ ਬਣੇ ਹੋਏ ਨੇ, ਪੰਜ ਤੱਤ ਦੇ ਤੁਸੀਂ ਬਣੇ ਹੋਂ, ਜਾਂ ਦੱਸ ਦਓ ਤੁਸੀਂ ਕਿ ਉਨ੍ਹਾਂ 'ਚ ਫਲਾਣਾ ਤੱਤ ਘੱਟ ਹੈ। ਤੁਹਾਡੇ 'ਚ ਵੀ ਖੂਨ ਹੈ ਤੇ ਉਨ੍ਹਾਂ 'ਚ ਵੀ ਖੂਨ ਹੈ, ਜਾਂ ਦੱਸ ਦਿਓ ਕਿ ਸਾਡੇ ਅੰਦਰੋਂ ਦੁੱਧ ਨਿਕਲਦਾ ਹੈ, ਜਦੋਂ ਤੁਹਾਡੀਆਂ ਇਕੋ ਜਿਹੀਆਂ ਅੱਖਾਂ, ਇਕੋ ਜਿਹੇ ਕੰਨ, ਇਕੋ ਜਿਹੇ ਸਭ ਨੈਣ-ਨਕਸ਼ ਨੇ ਫੇਰ ਛੋਟੇ ਵੱਡੇ ਦਾ ਸਵਾਲ ਤੁਸੀਂ ਕੀ ਕਰ ਦਿਤਾ, ਚਲੋ ਤੁਸੀਂ ਏਸ ਗੱਲ ਦੇ ਉਤੇ ਨਾ ਆਓ, ਤੁਹਾਨੂੰ ਦੱਛਣਾ ਦਾ ਹੈ, ਅਸੀਂ ਦੱਛਣਾ ਤੁਹਾਨੂੰ ਦੇਣ ਵਾਸਤੇ ਵੱਖਰੀ ਕੱਢੀ ਹੋਈ ਹੈ, ਪਰ ਇਹ ਹੋ ਗਿਆ ਕਿ ਸਾਨੂੰ ਭੁੱਲ ਗਿਆ ਯਾਦ ਨਾ ਰਿਹਾ। ਸਰਾਪ ਦੇਣ ਲੱਗਿਆ ਕਿ ਮੈਂ ਸ਼ਰਾਪ ਦੇ ਦੇਵਾਂਗਾ। ਮਹਾਰਾਜ ਕਹਿੰਦੇ, ਪੰਡਤ ਜੀ! ਉਹ ਦਿਨ ਗਏ, ਸਰਾਪ ਦਿੰਦੇ ਔਰੰਬਜ਼ੇਬ ਨੂੰ ਜਦੋਂ ਗੁਰੂ ਤੇਗ ਬਹਾਦਰ ਸਾਹਿਬ ਮਹਾਰਾਜ ਦੇ ਪਾਸ ਆਏ ਸੀ, ਦੇ ਨਾ ਸਕੇ ਤੁਸੀਂ, ਤੁਹਾਡਾ ਸਰਾਪ ਲੱਗਿਆ ਨਾ ਔਰੰਗਜ਼ੇਬ ਨੂੰ? ਹੁਣ ਸਾਨੂੰ ਹੀ ਸਰਾਪ ਦੇਣਾ ਹੈ ਜਿਨ੍ਹਾਂ ਨੇ ਇਕ ਕੌਮ ਬਣਾਉਣੀ ਹੈ। ਐਡਾ ਕ੍ਰੋਧ ਤੁਹਾਡੇ ਅੰਦਰ ਆ ਗਿਆ, ਉਦੋਂ ਤੁਹਾਡਾ ਬ੍ਰਹਮ ਜੋਸ਼ ਕਿੱਥੇ ਗਿਆ ਸੀ, ਜਦੋਂ ਮੰਦਰ ਢਾਹੇ ਜਾ ਰਹੇ ਸੀ। ਸੋਮਨਾਥ ਦਾ ਮੰਦਰ ਜਦੋਂ ਤਹਿਸ-ਨਹਿਸ ਕੀਤਾ ਉਸ ਵੇਲੇ ਤੁਹਾਡਾ ਸਰਾਪ ਕਿੱਥੇ ਸੀਗਾ? ਤੇ ਹੁਣ ਜਦੋਂ ਗਰੀਬਾਂ ਨੂੰ, ਪ੍ਰਮੇਸ਼ਰ ਦੇ ਪਿਆਰਿਆਂ ਨੂੰ ਅਸੀਂ ਪ੍ਰਸ਼ਾਦਾ ਛਕਾ ਦਿਤਾ, ਤੁਸੀਂ ਉਸ ਲਈ ਸਰਾਪ ਦੀ ਗੱਲ ਕਰ ਰਹੇ ਓਂ? ਬਾਕੀ ਅਸੀਂ ਤੁਹਾਡਾ ਕੋਈ ਲਾਗ ਤਾਂ ਨਹੀਂ ਨਾ ਮਾਰਿਆ, ਜਿਹੜਾ ਤੁਹਾਨੂੰ ਦੇਣਾ ਸੀ, ਉਹ ਜਿਹੜਾ ਤੁਹਾਨੂੰ ਮਿਲਣਾ ਹੈ ਉਹ ਤਾਂ ਮਿਲਣਾ ਹੀ ਹੈ। ਐਸ ਤਰ੍ਹਾਂ ਫੁਰਮਾਨ ਹੈ -

***ਧਾਰਨਾ - ਮਿਲਦਾ ਤਾਂ ਓਹੀਓ ਹੈ***
***ਲਿਖਿਆ ਜੋ ਲੇਖ ਧੁਰ ਤੋਂ।***

***ਜੋ ਕਛੁ ਲੇਖ ਲਿਖਿਯੋ ਬਿਧਨਾ***
***ਸੋਊ ਪਾਈਯਤ ਮਿਸਰ ਜੂ ਸੋਕ ਨਿਵਾਰੋ॥***
***ਸ੍ਰੀ ਮੁਖਵਾਕ ਸ੍ਵੈਯਾ***

ਮਹਾਰਾਜ ਨੇ ਦੇਖਿਆ ਕਿ ਅੱਗ ਬਗੋਲਾ ਹੋਇਆ ਖੜ੍ਹਾ ਹੈ ਪੰਡਤ। ਨਾਲ ਕਹਿ ਰਿਹਾ ਹੈ ਕਿ ਮਹਾਰਾਜ ਮੈਂ ਸਰਾਪ ਦੇ ਦੇਵਾਂਗਾ ਤੁਹਾਡੇ ਖਾਲਸੇ ਨੂੰ। ਮਹਾਰਾਜ ਕਹਿੰਦੇ, ਐਨੀ ਨਰਾਜ਼ਗੀ ਕਿਸ ਗੱਲ ਦੇ ਉਤੇ? ਖਾਲਸੇ ਦਾ ਕੀ ਕਸੂਰ ਹੈ? ਇਹ ਤਾਂ ਸਾਡੀ ਯਾਦ ਤੋਂ ਭੁੱਲ ਗਿਆ। ਸਾਨੂੰ ਧਿਆਨ ਨਾ ਰਿਹਾ ਕਿ ਤੁਹਾਨੂੰ ਪਹਿਲਾਂ ਖਿਲਾਉਣਾ ਹੈ। ਬਾਕੀ ਰਹਿ ਗਿਆ ਕਿ ਜਿਹੜੀਆਂ ਚੀਜ਼ਾਂ ਤੁਹਾਨੂੰ ਦੇਣੀਆਂ ਨੇ ਤੁਹਾਨੂੰ ਦੇਣ ਵਾਸਤੇ ਕੱਢਿਆ ਪਿਆ ਹੈ ਲਾਗ ਸਾਰਾ।

***ਮੇਰੋ ਕਛੂ ਅਪਰਾਧ ਨਹੀ***
***ਗਯੋ ਯਾਦ ਤੇ ਭੂਲਿ ਨ ਕੋਪ ਚਿਤਾਰੋ॥***
***ਸ੍ਰੀ ਮੁਖਵਾਕ ਸ੍ਵੈਯਾ***

ਕਿਉਂ ਕ੍ਰੋਧ ਦੀਆਂ ਗੱਲਾਂ ਕਰਦੇ ਓਂ।

***ਬਾਗੋ ਨਿਹਾਲੀ ਪਠੈ ਦਿਯੋਂ***

*ਆਜ ਭਲੇ ਤੁਮ ਕੌ ਨਿਸਚੈ ਜੀਅ ਧਾਰੋ॥*
*ਸ੍ਰੀ ਮੁਖਵਾਕ ਸ੍ਵੈਯਾ*

ਬਾਗ ਕੱਢੇ ਹੋਏ, ਰਜਾਈਆਂ ਤੇ ਬਿਸਤਰੇ, ਰੇਸ਼ਮੀ ਚਾਦਰਾਂ ਸਾਰੀਆਂ ਮੈਂ ਅੱਜ ਹੀ ਪਹੁੰਚਾ ਦਿੰਦਾ ਹਾਂ। ਬਹੁਤ ਵਧੀਆ-ਵਧੀਆ ਖਰੀਦੇ ਹੋਏ ਨੇ, ਦੇਸਾਂ-ਪ੍ਰਦੇਸਾਂ ਤੋਂ ਸਿਲਕ ਮੰਗਾਇਆ ਹੋਇਆ ਹੈ, ਰੇਸ਼ਮ ਦੇ ਸਿਰੋਪਾਓ ਤੁਹਾਨੂੰ ਦੇ ਰਹੇ ਹਾਂ ਤੇ ਤੁਸੀਂ ਇਹ ਕੀ ਕਰਦੇ ਓਂ, ਨਿਹਚਾ ਕਰੋ ਏਸ ਚੀਜ਼ ਦੇ ਉਤੇ। ਕਹਿਣ ਲੱਗਿਆ ਮਹਾਰਾਜ! ਤੁਸੀਂ ਕਸ਼ਤਰੀ ਓਂ ਅਸੀਂ ਬਣਾਏ ਨੇ ਕਸ਼ਤਰੀ। ਅਸੀਂ ਉਚੇ ਕਰਿਆ ਹੈ ਤੁਹਾਨੂੰ। ਜੇ ਅਸੀਂ ਨਾ ਉਚੇ ਕਰਦੇ ਫੇਰ ਕਿਵੇਂ ਉਚੇ ਹੋ ਜਾਂਦੇ। ਮਹਾਰਾਜ ਕਹਿੰਦੇ ਜੇ ਤੁਸੀਂ ਇਹ ਗੱਲ ਕਹਿੰਦੇ ਓਂ -

*ਛੱਤ੍ਰੀ ਸਭੈ ਕ੍ਰਿਤ ਬਿੱਪਨ ਕੇ*
*ਇਨਹੂੰ ਪੈ ਕਟਾਛ ਕ੍ਰਿਪਾ ਕੈ ਨਿਹਾਰੋ॥*
*ਸ੍ਰੀ ਮੁਖਵਾਕ ਸ੍ਵੈਯਾ*

ਮੈਂ ਵੀ ਕਸ਼ਤਰੀ ਬਣਾ ਦਿਤੇ ਸਾਰੇ ਤੇ ਇਨ੍ਹਾਂ ਦੇ ਉਤੇ ਹੁਣ ਕ੍ਰਿਪਾ ਦੀ ਦ੍ਰਿਸ਼ਟੀ ਰੱਖੋ। ਨੇਤਰ ਕਰੋ ਕ੍ਰਿਪਾ ਦੇ ਭਰੇ ਹੋਏ ਤੇ ਕ੍ਰੋਪ ਦੇ ਵਿਚ ਨਾ ਆਓ। ਕਹਿਣ ਲੱਗਿਆ, ਮਹਾਰਾਜ! ਅਸੀਂ ਤਿੰਨ ਯੁੱਗਾਂ ਤੋਂ ਅਵਤਾਰਾਂ ਨੂੰ ਅਵਤਾਰ ਬਣਾਉਂਦੇ ਆਏ ਹਾਂ ਜਿਹੜੇ ਨੂੰ ਨਹੀਂ ਅਸੀਂ ਬਣਾਉਣਾ ਉਹਦਾ ਕੋਈ ਨਾਉਂ ਥੇਅ ਨਹੀਂ ਜਾਣਦਾ। ਅਸੀਂ ਕਿਸੇ ਕਿਤਾਬ 'ਚ ਲਿਖਦੇ ਹੀ ਨਹੀਂ, ਉਲਟ ਲਿਖਦੇ ਹਾਂ। ਸਾਡੇ ਬਣਾਏ ਹੋਏ ਸਭ ਬਣਦੇ ਨੇ, ਤੁਸੀਂ ਇਹ ਕੀ ਕਰਦੇ ਓਂ, ਇਹ ਛੋਟੀਆਂ-ਛੋਟੀਆਂ ਜਾਤਾਂ ਤੇ ਨਿੱਕੇ-ਨਿੱਕੇ ਬੰਦੇ ਚਮੜੇ ਦਾ ਕੰਮ ਕਰਨ ਵਾਲੇ ਮਰੇ ਹੋਏ ਡੰਗਰਾਂ ਨੂੰ ਚੁੱਕਣ ਵਾਲੇ, ਹੱਲ ਵਾਹੁੰਣ ਵਾਲੇ, ਕੱਪੜੇ ਸਿਉਂਣ ਵਾਲੇ, ਲੱਕੜੀਆਂ ਚੀਰਣ ਵਾਲੇ ਤੇ ਸਮਾਨ ਬਣਾਉਣ ਵਾਲੇ ਲੋਹੇ ਦਾ ਕੰਮ ਕਰਨ ਵਾਲੇ, ਤੇ ਆਹ ਸਾਰਿਆਂ ਨੂੰ ਤੁਸੀਂ ਕੀ ਸਮਝਦੇ ਓਂ, ਇਨ੍ਹਾਂ 'ਚ ਹੈ ਕੀ? ਕੀ ਲੈ ਲਓਂਗੇ ਤੁਸੀਂ ਇਨ੍ਹਾਂ ਤੋਂ। ਇਹ ਛੋਟੀਆਂ ਜਾਤਾਂ ਦੇ ਨੇ, ਸਾਡਾ ਮੁਕਾਬਲਾ ਨਹੀਂ ਕਰ ਸਕਦੇ। ਇਨ੍ਹਾਂ ਨੂੰ ਤਾਂ ਕੁਛ ਆਉਂਦਾ ਹੀ ਨਹੀਂ, ਕੁਛ ਵੀ ਨਹੀਂ ਆਉਂਦਾ, ਕੋਈ ਚਰਿੱਤਰ ਨਹੀਂ, ਕੋਈ ਪੜ੍ਹੇ ਲਿਖੇ ਨਹੀਂ ਹਨ, ਮਹਾਰਾਜ! ਕਦਰ ਕਰੋ ਬ੍ਰਾਹਮਣਾਂ ਦੀ। ਮਹਾਰਾਜ ਕਹਿਣ ਲੱਗੇ, ਪੰਡਤ ਜੀ! ਫਿੱਕਾ ਨਾ ਬੋਲੋ, ਗੁਰੂ ਨਾਨਕ ਕਹਿੰਦੇ ਨੇ-

*ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥*
*ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ ॥*
*ਅੰਗ - ੪੭੩*

ਨਾ ਐਸਾ ਕਰੋ, ਤੁਸੀਂ ਵਿਦਵਾਨ ਓਂ। ਤੁਹਾਡੇ ਮੂੰਹ ਤੋਂ ਇਹ ਗੱਲਾਂ ਨਹੀਂ ਸ਼ੋਭਦੀਆਂ। ਐਸ ਤਰ੍ਹਾਂ ਫੁਰਮਾਨ ਕਰਦੇ ਨੇ-

*ਧਾਰਨਾ - ਕਾਹਨੂੰ ਬੋਲਦੈਂ*
*ਮੰਦੇ ਬੋਲ ਖਾਲਸੇ ਨੂੰ।*

*ਜੁੱਧ ਜਿਤੇ ਇਨ ਹੀ ਕੇ ਪ੍ਰਸਾਦਿ*
*ਇਨ ਹੀ ਕੇ ਪ੍ਰਸਾਦਿ ਸੁ ਦਾਨ ਕਰੇ॥*
*ਅਘ ਅਉਘ ਟਰੇ ਇਨਹੀ ਕੇ ਪ੍ਰਸਾਦਿ*
*ਇਨਹੀ ਕ੍ਰਿਪਾ ਫੁਨ ਧਾਮ ਭਰੇ।।*
*ਇਨਹੀ ਕੇ ਪ੍ਰਸਾਦਿ ਸੁ ਬਿਦਿਆ ਲਈ*
*ਇਨਹੀ ਕੀ ਕ੍ਰਿਪਾ ਸਭ ਸਤ੍ਰੁ ਮਰੇ॥*
*ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ*
*ਨਹੀ ਮੋ ਸੇ ਗਰੀਬ ਕਰੋਰ ਪਰੇ॥*
*ਗਿਆਨ ਪ੍ਰਬੋਧ ਪਾ. ੧੦ (ਸਵੈਯਾ)*

ਨਾ ਪੰਡਤ ਜੀ!

ਆਹ ਮੇਰੇ ਗੁਰਸਿੱਖਾਂ ਨੂੰ ਕੋਈ ਬਾਤ ਨਾ ਕਹੋ, ਮੰਦੀਆਂ ਗੱਲਾਂ ਕਹਿੰਦੇ ਓਂ।

*ਜੁੱਧ ਜਿਤੇ ਇਨ ਹੀ ਕੇ ਪ੍ਰਸਾਦਿ*
*ਇਨ ਹੀ ਕੇ ਪ੍ਰਸਾਦਿ ਸੁ ਦਾਨ ਕਰੇ॥*

ਤੁਹਾਡੇ ਸਵਾ ਮਣ ਜਨੇਊ ਰੋਜ਼ ਲਹਿ ਰਹੇ ਸੀ ਤੇ ਠੱਲ੍ਹ ਪਾਈ ਹੈ ਤਾਂ ਇਨ੍ਹਾਂ ਗਰੀਬਾਂ ਨੇ ਪਾਈ ਹੈ। ਮੇਰੇ ਨਾਲ ਸ਼ਸਤਰ ਲੈ ਕੇ ਯੁੱਧਾਂ 'ਚ ਗਏ ਨੇ। ਜਿਹੜੇ ਤੁਹਾਨੂੰ ਦਾਨ ਵੱਡੇ-ਵੱਡੇ ਕਰਦੇ ਹਾਂ, ਇਨ੍ਹਾਂ ਦੀ ਕ੍ਰਿਪਾ ਨਾਲ ਇਨ੍ਹਾਂ ਦੀ ਕਿਰਤ ਕਮਾਈ 'ਚੋਂ ਦਸਵੰਧ ਆਉਂਦਾ ਹੈ, ਉਹ ਫੇਰ ਤੁਹਾਨੂੰ ਦਾਨ ਦੇ ਰੂਪ ਵਿਚ ਮਿਲਦਾ ਹੈ। ਅਨੇਕਾਂ ਵਿਘਨ, ਅਨੇਕਾਂ ਪਾਪ ਇਨ੍ਹਾਂ ਦੀ ਕ੍ਰਿਪਾ ਦੇ ਨਾਲ ਦੂਰ ਹੁੰਦੇ ਨੇ, ਜਿੰਨੇ ਆਹ ਘਰ ਭਰੇ ਹੋਏ ਨੇ ਇਹ ਸਭ ਇਨ੍ਹਾਂ ਦੀ ਕ੍ਰਿਪਾ ਹੀ ਹੈ। ਜਿੰਨੀ ਅਸੀਂ ਵਿਦਿਆ ਲਈ ਹੈ, ਜਿੰਨੇ ਗ੍ਰੰਥ ਬਣਵਾਏ ਨੇ, 102 ਬੰਦਾ ਰੱਖ ਕੇ ਲਿਖਾਈਆਂ ਕਰਾਈਆਂ ਨੇ, ਉਹ ਸਾਰੀ ਇਨ੍ਹਾਂ ਦੀ ਮਿਹਰਬਾਨੀ ਹੈ, ਜਿੰਨੇ ਦੁਸ਼ਮਣ ਮਰੇ ਨੇ ਵੱਡੇ-ਵੱਡੇ, ਇਨ੍ਹਾਂ ਦੀ ਕ੍ਰਿਪਾ ਨਾਲ ਮਰੇ ਨੇ। ਮੈਂ ਤਾਂ ਇਨ੍ਹਾਂ ਦੀ ਕ੍ਰਿਪਾ ਕਰਕੇ ਹੀ ਸਜਿਆ ਹੋਇਆ ਬੈਠਾ ਹਾਂ ਤਖਤ ਦੇ ਉਤੇ, ਨਹੀਂ ਮੇਰੇ ਵਰਗੇ ਗਰੀਬਾਂ ਨੂੰ ਕੌਣ ਪੁਛਦਾ ਹੈ। ਐਡੀ ਵੱਡੀ ਗੱਲ ਕਹਿ ਕੇ ਕਹਿਣ ਲੱਗੇ, ਹੁਣ ਅੱਜ ਤੋਂ ਬਾਅਦ ਅਸੀਂ ਇਹ ਦਸ ਦਿੰਦੇ ਹਾਂ ਪੰਡਤ ਜੀ ਕਿ ਯੁੱਗ ਬਦਲ ਗਿਆ, ਚਾਰੇ ਵਰਨ ਮੈਂ ਇਕੱਠੇ ਕਰ ਦਿਤੇ ਮੈਂ ਆਪਣੇ ਖਾਲਸੇ ਦੇ ਰੂਪ ਵਿਚ, ਹੁਣ ਇਸ ਖਾਲਸੇ 'ਚ ਕੋਈ ਬ੍ਰਾਹਮਣ ਨਹੀਂ ਹੋਏਗਾ, ਕੋਈ ਖੱਤਰੀ ਨਹੀਂ ਹੋਏਗਾ, ਕੋਈ ਵੈਸ਼ ਨਹੀਂ ਹੋਏਗਾ, ਕੋਈ ਸ਼ੂਦਰ ਨਹੀਂ ਹੋਏਗਾ, ਕੋਈ ਮਾੜਾ ਨਹੀਂ ਹੋਏਗਾ, ਕਿਸੇ ਦੀ ਜਾਤ ਨੀਵੀਂ ਨਹੀਂ ਹੋਏਗੀ, ਇਹਦੇ ਵਿਚ ਹੀ ਪ੍ਰਚਾਰਕ ਹੋਣਗੇ, ਇਹਦੇ ਵਿਚ ਹੀ ਦਾਨ ਲੈਣ ਵਾਲੇ ਹੋਣਗੇ, ਇਹਦੇ ਵਿਚ ਹੀ ਦਾਨ ਦੇਣ ਵਾਲੇ ਹੋਣਗੇ, ਇਹਦੇ ਵਿਚ ਹੀ ਸੇਵਾ ਕਰਨ ਵਾਲੇ ਹੋਣਗੇ, ਜਿਹੜੀ

ਸੇਵਾ ਤੁਸੀਂ ਸ਼ੂਦਰਾਂ ਦਾ ਕੰਮ ਦਸਦੇ ਓਂ, ਇਸ ਸੇਵਾ ਨੂੰ ਅਸੀਂ ਸਿਮਰਨ ਦੇ ਬਰਾਬਰ ਕਰ ਦਿਤਾ ਤੇ ਸੇਵਾ ਕਰਨ ਵਾਲੇ।

*ਹਰਿ ਕਾ ਸੇਵਕੁ ਸੋ ਹਰਿ ਜੇਹਾ ॥*
*ਭੇਦੁ ਨ ਜਾਣਹੁ ਮਾਣਸ ਦੇਹਾ ॥*
*ਜਿਉ ਜਲ ਤਰੰਗ ਉਠਹਿ ਬਹੁ ਭਾਤੀ*
*ਫਿਰਿ ਸਲਲੈ ਸਲਲ ਸਮਾਇਦਾ ॥*
*ਅੰਗ - ੧੦੭੬*

ਸੇਵਾ ਕਰਨ ਵਾਲਾ ਜਿਹਨੂੰ ਅਧਿਕਾਰ ਨਹੀਂ ਸੀ ਓਅੰਕਾਰ ਕਹਿਣ ਦਾ, ਕਹਿੰਦੇ ਉਹ ਪ੍ਰਮੇਸ਼ਰ ਦਾ ਰੂਪ ਬਣਾ ਦਿਤਾ। ਸੋ ਹੁਣ ਅੱਗੇ ਵਾਸਤੇ ਜੋ ਵਿਧਾਨ ਹੈ ਉਹ ਅਸੀਂ ਆਹ ਬੰਨ੍ਹ ਦਿਤਾ ਹੈ -

***ਧਾਰਨਾ - ਪਿਆਰੇ ਜੀ,***
***ਦਾਨ ਦਿਤਾ ਖਾਲਸੇ ਨੂੰ,***
***ਉਹ ਦੋਹੀਂ ਜਹਾਨੀਂ ਫਲਦਾ।***

***ਸੇਵ ਕਰੀ ਇਨਹੀ ਕੀ ਭਾਵਤ***
***ਅਉਰ ਕੀ ਸੇਵ ਸੁਹਾਤ ਨ ਜੀ ਕੋ॥***
***ਦਾਨ ਦਯੋ ਇਨਹੀ ਕੋ ਭਲੋ***
***ਅਰੁ ਆਨ ਕੋ ਦਾਨ ਨ ਲਾਗਤ ਨੀਕੋ॥***
***ਆਗੈ ਫਲੈ ਇਨ ਹੀ ਕੋ ਦਯੋ***
***ਜਗ ਮੈ ਜਸੁ ਅਉਰ ਦਯੋ ਸਭ ਫੀਕੋ॥***
***ਮੋ ਗ੍ਰਹਿ ਮੈ ਤਨ ਤੇ ਮਨ ਤੇ***
***ਸਿਰ ਲਉ ਧਨ ਹੈ ਸਭ ਹੀ ਇਨਹੀ ਕੋ॥***
***ਗਿਆਨ ਪ੍ਰਬੋਧ ਪਾ: ੧੦ (ਸਵੈਯਾ)***

ਪੰਡਤ ਜੀ! ਐਨੀਆਂ ਛੋਟੀਆਂ ਗੱਲਾਂ? ਇਨ੍ਹਾਂ ਗਰੀਬ ਸਿੱਖਾਂ ਦੀ ਸੇਵਾ ਕਰੀ ਹੋਈ ਮੈਨੂੰ ਭਾਉਂਦੀ ਹੈ, ਹੰਕਾਰੀਆਂ ਦੀ, ਜਾਤ ਅਭਿਮਾਨੀਆਂ ਦੀ ਸੇਵਾ ਕਰੀ ਹੋਈ ਮੇਰੇ ਜੀਅ ਨੂੰ ਚੰਗੀ ਨਹੀਂ ਲਗਦੀ। ਇਹ ਬੰਦਗੀ ਕਰਨ ਵਾਲੇ ਨੇ, ਦਾਨ ਇਨ੍ਹਾਂ ਨੂੰ ਦਿਓ, ਆਪ ਨਹੀਂ ਖਾਂਦੇ ਇਹ, ਸੰਸਾਰ ਦੇ ਭਲੇ ਵਾਸਤੇ ਲਾਉਂਦੇ ਨੇ। ਤੁਸੀਂ ਕੀ ਕਰਦੇ ਓਂ ਗੋਗੜਾਂ ਵਧਾ ਲੈਂਦੇ ਓਂ, ਖਾਈ ਜਾਂਦੇ ਓਂ, ਇਹ ਮੇਰੇ ਗੁਰਸਿੱਖਾਂ ਨੇ ਨਹੀਂ ਖਾਇਆ ਕਰਨਾ, ਕੇਵਲ ਨਿਰਬਾਹ ਮਾਤਰ ਰਿਹਾ ਕਰਨਗੇ, ਰੋਟੀ ਖਾਣਗੇ, ਲੰਗਰ ਦਿਨ ਰਾਤ ਪਕਾਉਣਗੇ, ਹਾਕਾਂ ਮਾਰਨਗੇ, ਆਓ ਛਕੋ। ਆਪਣਾ ਘਰ ਨਹੀਂ ਬਣਾਉਣਗੇ, ਦਾਨ ਦਿੱਤਾ ਹੋਇਆ ਇਨ੍ਹਾਂ ਨੂੰ ਫਲਣਾ ਹੈ। ਏਸ ਜ਼ਮੀਨ ਵਿਚ ਫਸਲਾਂ ਹੋਣੀਆਂ ਨੇ, ਕੱਲਰੀ ਜ਼ਮੀਨ ਵਿਚ ਬੀਜ ਕੇ ਕੁਛ ਨਹੀਂ ਮਿਲਣਾ। ਅੱਗੇ ਜਾ ਕੇ ਇਨ੍ਹਾਂ ਨੂੰ ਦਿਤਾ ਹੋਇਆ ਦਾਨ ਹਜ਼ਾਰਾਂ ਗੁਣਾਂ ਫਲਣਾ ਹੈ। ਕਿਉਂ ਫਲਣਾ ਹੈ? ਤਮਾਕੂ ਪੀਣ ਵਾਲੇ ਨੂੰ ਜਿਹੜਾ ਦਾਨ ਦਿੰਦਾ ਹੈ, ਸੱਤ ਜਨਮ ਸੂਰ ਬਣਨਾ ਪੈਂਦਾ ਹੈ ਉਸਨੂੰ, ਇਹ ਸਕੰਦ ਪ੍ਰਾਣ 'ਚ ਲਿਖਿਆ ਹੋਇਆ ਹੈ। ਬ੍ਰਹਮਾ ਜੀ ਨੇ ਕਿਹਾ ਹੈ ਨਾਰਦ ਨੂੰ ਕਿ ਜਿਹੜਾ ਤਮਾਕੂ ਪੀਣ ਵਾਲੇ ਨੂੰ ਦਾਨ ਦਿੰਦਾ ਹੈ ਉਹ ਸੱਤ ਜਨਮ ਸੂਰ ਬਣ ਕੇ ਪਿੰਡ ਦੀ ਗੰਦਗੀ ਖਾਏਗਾ। ਫਲਿਆ ਤਾਂ ਨਾ ਦਾਨ, ਫੇਰ ਤਾਂ ਨਰਕਾਂ ਨੂੰ ਲੈ ਗਿਆ ਇਹ। ਮਾਸ ਖਾਣ ਵਾਲੇ ਨੂੰ ਦਾਨ ਦੇ ਦਿਤਾ, ਉਹਨੇ ਵੱਢ ਲੈਣਾ ਹੈ ਉਸੇ ਵਕਤ ਤੁਹਾਡੇ ਦਾਨ ਦੇ ਰੁਪਈਆਂ ਨਾਲ, ਨਾਲੇ ਆਪਾਂ ਫਸ ਗਏ, ਨਾਲੇ ਉਹ ਖਾਣ ਵਾਲਾ। ਸ਼ਰਾਬ ਪੀ ਲੈਣੀ ਹੈ, ਸਿਗਰਟਾਂ ਪੀ ਲੈਣੀਆਂ ਨੇ। ਮਾੜੇ ਕੰਮ ਕਰ ਲੈਣੇ ਨੇ।

ਮਹਾਰਾਜ ਕਹਿੰਦੇ ਨਾ, ਇਹ ਤਾਂ ਫਲਣਾ ਹੀ ਨਹੀਂ ਹੈ। ਮੇਰੇ ਗੁਰਸਿੱਖਾਂ ਨੂੰ ਦਿਤਾ ਹੋਇਆ ਦਾਨ, ਗਿਆਨੀਆਂ, ਬ੍ਰਹਮਗਿਆਨੀਆਂ ਨੂੰ ਦਿਤਾ ਹੋਇਆ ਫਲੇਗਾ। ਕਿੰਨਾ ਫਲਦਾ ਹੈ? ਕਹਿੰਦੇ ਲੱਖਾਂ ਗੁਣਾਂ ਫਲਦਾ ਹੈ। ਇਥੇ ਜੱਸ ਹੋਏਗਾ, ਬਾਕੀ ਸਭ ਫਿਕਾ ਰਹੇਗਾ। ਜਿੰਨਾਂ ਧਨ ਦੇਖਦੇ ਓਂ, ਮੈਂ ਤਾਂ ਸਭ ਕੁਛ ਇਨ੍ਹਾਂ ਨੂੰ ਦਾਨ ਕਰ ਦਿਤਾ, ਆਪਣਾ ਆਪ ਵੀ ਦਾਨ ਕਰ ਦਿਤਾ, ਆਪਣਾ ਪਿਤਾ ਵੀ ਦਾਨ ਕਰ ਦਿਤਾ, ਮਾਤਾ ਵੀ ਦਾਨ ਕਰ ਦਿਤੀ, ਚਾਰੇ ਪੁੱਤਰ ਦਾਨ ਕਰ ਦਿਤੇ, ਮੈਂ ਆਪਣਾ ਸਰੀਰ ਦਾਨ ਕਰ ਦਿਤਾ, ਮੈਂ ਆਪਣਾ ਕੁਛ ਨਹੀਂ ਲਕੋ ਕੇ ਰੱਖਿਆ। ਸਾਰਾ ਕੁਛ ਦੇ ਦਿਤਾ ਤੇ ਤੁਸੀਂ ਅੱਜ ਜਾਤਾਂ ਪਾਤਾਂ ਦੀਆਂ ਗੱਲਾਂ ਕਰਦੇ ਓਂ? ਇਹ ਤਾਂ ਸਾਰਿਆਂ 'ਚ ਇਕੋ ਜੋਤ ਹੈ -

*ਹਭ ਸਮਾਣੀ ਜੋਤਿ ਜਿਉ ਜਲ ਘਟਾਊ ਚੰਦ੍ਰਮਾ ॥*
*ਅੰਗ - ੧੦੯੯*

ਪਾਣੀ ਦੇ ਅੰਦਰ ਚੰਦਰਮਾ ਦਾ ਪਰਛਾਵਾਂ ਪੈ ਰਿਹਾ ਹੈ, ਸਾਰਿਆਂ ਬਰਤਨਾਂ 'ਚ, ਜਿੰਨਿਆਂ 'ਚ ਪਾਣੀ ਹੈ। ਚੰਦਰਮਾ ਤਾਂ ਇਕੋ ਹੀ ਹੈ, ਇਸੇ ਤਰ੍ਹਾਂ ਸਭ ਦੇ ਅੰਦਰ ਵਾਹਿਗੁਰੂ ਇਕ ਹੈ।

*ਪਰਗਟੁ ਥੀਆ ਆਪਿ*
*ਨਾਨਕ ਮਸਤਕਿ ਲਿਖਿਆ॥ ਅੰਗ - ੧੦੯੯*

ਇਥੇ ਦੂਜਾ ਨਹੀਂ ਹੈ ਕੋਈ, ਸਾਰਿਆਂ ਦੇ ਅੰਦਰ ਇਕੋ ਜੋਤ ਹੈ। ਸਾਰਿਆਂ ਦੇ ਅੰਦਰ ਰਾਮ ਪਿਆਰਾ ਵਸਦਾ ਹੈ ਐਉਂ ਪੜ੍ਹ ਲਓ -

***ਧਾਰਨਾ - ਪਿਆਰੇ ਜੀ,***
***ਮਾਨਸਾਂ ਦੀ ਜਾਤ ਇਕੋ ਹੈ,***
***ਸਭਨਾਂ ਅੰਦਰ ਰਾਮ ਪਿਆਰਾ।***

***ਕੋਊ ਭਇਓ ਮੁੰਡੀਆ***
***ਸੰਨਿਆਸੀ ਕੋਊ ਜੋਗੀ ਭਇਓ***
***ਕੋਈ ਬ੍ਰਹਮਚਾਰੀ ਕੋਊ ਜਤੀਅਨੁ ਮਾਨਬੋ॥***
***ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸ਼ਾਫੀ,***
***ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ॥***
***ਕਰਤਾ ਕਰੀਮ ਸੋਈ ਰਾਜਕ ਰਹੀਮ ਓਈ***

*ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ॥*
*ਏਕ ਹੀ ਕੀ ਸੇਵ*
*ਸਭ ਹੀ ਕੋ ਗੁਰਦੇਵ ਏਕ*
*ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ॥*
*ਅਕਾਲ ਉਸਤਤਿ*

*ਦੇਹਰਾ ਮਸੀਤ ਸੋਈ,*
*ਪੂਜਾ ਔ ਨਿਵਾਜ ਓਈ*
*ਮਾਨਸ ਸਬੈ ਏਕ ਪੈ*
*ਅਨੇਕ ਕੋ ਭ੍ਰਮਾਉ ਹੈ॥*
*ਦੇਵਤਾ ਅਦੇਵ ਜੱਛ*
*ਗੰਧ੍ਰਬ ਤੁਰਕ ਹਿੰਦੂ*
*ਨਿਆਰੇ ਨਿਆਰੇ ਦੇਸਨ ਕੇ*
*ਭੇਸ ਕੋ ਪ੍ਰਭਾਉ ਹੈ॥*
*ਏਕੈ ਨੈਨ ਏਕੈ ਕਾਨ*
*ਏਕੈ ਦੇਹ ਏਕੈ ਬਾਨ,*
*ਖਾਕ ਬਾਦ ਆਤਸ ਔ*
*ਆਬ ਕੋ ਰਲਾਉ ਹੈ॥*
*ਅਲਹ ਅਭੇਖ ਸੋਈ,*
*ਪੁਰਾਨ ਔ ਕੁਰਾਨ ਓਈ,*
*ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ।*
*ਅਕਾਲ ਉਸਤਤਿ*

ਐਨਾ ਫਰਕ ਪੰਡਤ ਜੀ, ਮਨੁੱਖਾਂ-ਮਨੁੱਖਾਂ 'ਚ ਪਾ ਦਿਤਾ ਤੁਸੀਂ? ਐਨਾ ਫਰਕ ਪਾ ਲਿਆ ਰੱਬ ਦੇ ਘਰ 'ਚ ਕਿ ਜੀ ਇਹ ਦੇਹੁਰਾ ਹੈ ਜੀ, ਇਹ ਮਸਜਿਦ ਹੈ, ਇਹ ਪੂਜਾ ਕਰਦਾ ਹੈ ਜੀ, ਇਹ ਨਮਾਜ਼ ਕਰਦਾ ਹੈ। ਕਹਿੰਦੇ ਐਉਂ ਤਾਂ ਦੱਸ ਯਾਦ ਕੀਹਨੂੰ ਕਰਦੇ ਨੇ ਉਹ? ਪੂਜਾ ਕਰਨ ਵਾਲਾ ਕੀਹਨੂੰ ਯਾਦ ਕਰਦਾ ਹੈ ਤੇ ਮਸਜਿਦ ਜਾ ਕੇ ਨਮਾਜ਼ ਪੜ੍ਹਨ ਵਾਲਾ ਕੀਹਨੂੰ ਯਾਦ ਕਰਦਾ ਹੈ? ਐਨਾ ਫਰਕ ਤੁਸੀਂ ਮਨੁੱਖ 'ਚ ਪਾ ਦਿਤਾ? ਕੱਪੜਿਆਂ ਨਾਲ ਤੁਸੀਂ ਆਦਮੀ ਵੰਡ ਦਿਤਾ? ਪੁਰਾਨ 'ਚ ਵੀ ਰੱਬ ਦੀਆਂ ਗੱਲਾਂ ਨੇ, ਕੁਰਾਨ 'ਚ ਵੀ ਰੱਬ ਦੀਆਂ ਗੱਲਾਂ ਨੇ। ਪੰਡਤ ਜੀ ਨੂੰ ਸਮਝਾ ਦਿਤਾ ਕਿ ਲੈ ਲਓ। ਚੀਜ਼ਾਂ ਮੰਗਾ ਲਈਆਂ, ਜਦੋਂ ਦੇਖਿਆ ਕਿ ਰੇਸ਼ਮ ਹੀ ਰੇਸ਼ਮ ਤੁਰਿਆ ਆਉਂਦਾ ਹੈ, ਮੋਹਰਾਂ ਰੱਖੀਆਂ ਹੋਈਆਂ ਨੇ ਉਤੇ ਸੋਨੇ ਦੀਆਂ, ਬੈਠ ਕੇ ਪੰਗਤ 'ਚ ਪ੍ਰਸ਼ਾਦਾ ਛਕਣ ਲੱਗ ਗਏ ਉਦੋਂ ਹੀ। ਮਹਾਰਾਜ ਕਹਿੰਦੇ, ਆਹ ਵੀ ਪਾਖੰਡ ਸੀਗਾ ਲਹਿ ਗਿਆ ਸਾਰਾ, ਲਾਲਚ ਹੈ ਸਾਰਾ, ਕੁਛ ਨਹੀਂ ਹੈ ਹੋਰ।

ਇਸ ਤੋਂ ਬਾਅਦ ਦੂਸਰਾ ਦਿਨ ਆ ਜਾਂਦਾ ਹੈ, ਕੀਰਤਨ ਹੋ ਰਿਹਾ ਹੈ, 80,000 ਬੰਦਾ, ਅੰਦਾਜ਼ਾ ਲਾ ਲਓ ਕਿੱਥੋਂ ਤੱਕ ਪੰਡਾਲ ਹੋਣਾ ਹੈ, ਨਾ ਕੋਈ ਲਾਊਡ ਸਪੀਕਰ, ਕਿੱਡਾ ਉਚਾ ਬੋਲ ਹੋਣਾ ਹੈ ਮਹਾਰਾਜ ਜੀ ਦਾ। 80,000 ਬੰਦਾ ਬੈਠਾ ਸੁਣ ਰਿਹਾ ਹੈ, ਬਰਕਤ ਵਾਲੇ ਬੰਦੇ ਸੀ।

ਸੰਤ ਮਹਾਰਾਜ ਮਸਤੂਆਣੇ ਵਾਲੇ ਜਦੋਂ ਸ਼ਬਦ ਪੜ੍ਹਦੇ ਸੀ ਪੂਰੇ ਦੋ ਮੀਲ ਤੇ, ਢਾਈ ਮੀਲ ਤੇ ਉਨ੍ਹਾਂ ਦੀ ਆਵਾਜ਼ ਸੁਣੀ ਜਾਂਦੀ ਸੀ। ਸੰਤ ਮਹਾਰਾਜ (ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ) ਜਦੋਂ ਕੀਰਤਨ ਕਰਿਆ ਕਰਦੇ ਸੀ ਅਸੀਂ ਧਮੋਟ ਤੋਂ ਜਾਣਾ, ਜਦੋਂ ਘਲੋਟੀ ਦਾ ਦਰਵਾਜ਼ਾ ਨਿਕਲਣਾ ਆਵਾਜ਼ ਐਉਂ ਲੱਗਣੀ ਜਿਵੇਂ ਹਵਾ 'ਚੋਂ ਆਵਾਜ਼ ਉਡੀ ਆ ਰਹੀ ਹੈ, ਉਥੋਂ ਸ਼ਬਦ ਸਮਝ ਵਿਚ ਆਉਣਾ। ਮੇਰਾ ਖਿਆਲ ਹੈ ਉਥੋਂ ਇਕ ਮੀਲ ਹੋਣਾ ਪੂਰਾ।

80,000 ਬੰਦਾ ਬੈਠਾ ਹੈ, ਕੀਰਤਨ ਹੋ ਰਿਹਾ ਹੈ, ਗੁਰੂ ਮਹਾਰਾਜ ਅਚਾਨਕ ਸਿੰਘਾਸਨ 'ਤੇ ਖੜ੍ਹੇ ਹੋ ਗਏ, ਉਸ ਵੇਲੇ ਆਪ ਨੇ ਲੰਮਾ ਚੌੜਾ ਖਿਆਲ ਦਿਤਾ ਭਾਰਤ ਵਰਸ਼ ਵਾਲਿਆਂ ਨੂੰ। ਪਿਛੋਕੜ ਯਾਦ ਕਰਾਇਆ, ਉਹ ਜ਼ਮਾਨਾ ਯਾਦ ਕਰਾਇਆ ਜਦੋਂ ਸੱਤਿਆ ਵਾਲੇ ਹੁੰਦੇ ਸੀ, ਹੌਲੀ-ਹੌਲੀ ਗੁਲਾਮ ਹੋ ਗਏ, ਗੁਲਾਮ ਵੀ ਐਨੇ ਹੋਏ ਬੋਲੀ ਵੀ ਬਦਲ ਲਈ, ਪੁਸ਼ਾਕ ਵੀ ਬਦਲ ਲਈ, ਨੀਲੇ ਕੱਪੜੇ ਪਹਿਨ ਲਏ।

*ਨੀਲ ਬਸਤ੍ਰ ਲੇ ਕਪੜੇ ਪਹਿਰੇ*
*ਤੁਰਕ ਪਠਾਣੀ ਅਮਲੁ ਕੀਆ ॥ ਅੰਗ - ੪੭੦*

ਤੁਰਕਾਂ ਪਠਾਣਾਂ ਦਾ ਰਾਜ ਆ ਗਿਆ, ਰੀਸ ਕਰ ਲਈ। ਕੱਪੜੇ ਵੀ ਉਹੋ ਜਿਹੇ ਪਹਿਨ ਲਏ।

*ਘਰਿ ਘਰਿ ਮੀਆ ਸਭਨਾਂ ਜੀਆਂ*
*ਬੋਲੀ ਅਵਰ ਤੁਮਾਰੀ ਅੰਗ - ੧੧੯੧*

ਮਹਾਰਾਜ ਕਹਿੰਦੇ, ਤੁਹਾਡਾ ਤਾਂ culture ਖਤਮ ਹੋ ਗਿਆ, ਮੌਲਿਕਤਾ ਖਤਮ ਹੋ ਗਈ ਤੁਸੀਂ ਤਾਂ ਕਿਤੇ ਵੀ ਨਾ ਰਹੇ। ਰਾਜਾ ਐਨਾ ਅਨਿਆਈ ਹੋ ਗਿਆ ਕਿ ਹਲਕਿਆ ਹੋਇਆ ਕੁੱਤਾ ਤਾਂ ਅਜੇ ਕੁਛ ਨਹੀਂ ਵਿਗਾੜ ਸਕਦਾ, ਇਹ ਤਾਂ ਕੋਈ ਬਘਿਆੜ ਹਲਕ ਗਏ, ਜਨਤਾ ਨੂੰ ਪਾੜ-ਪਾੜ ਕੇ ਖਾ ਰਹੇ ਨੇ। ਸ਼ਾਂਤਮਈ ਕੁਰਬਾਨੀਆਂ ਦੇ ਦਿਤੀਆਂ ਗੁਰੂ ਪੰਜਵੇਂ ਪਾਤਸ਼ਾਹ ਨੇ, ਤੱਤੀਆਂ ਤਵੀਆਂ, ਉਬਲਦੀਆਂ ਦੇਗਾਂ 'ਚ ਬੈਠ ਗਏ, ਮੂੰਹ ਤੋਂ ਮਾੜਾ ਬਚਨ ਨਹੀਂ ਕਿਹਾ, ਸਰਾਪ ਨਹੀਂ ਦਿਤਾ। ਜੇ ਇਕ ਫੁਰਨਾ ਕਰ ਦਿੰਦੇ ਤਾਂ ਸਭ ਖਤਮ ਕਰ ਸਕਦੇ ਸੀ। ਗੁਰੂ ਤੇਗ ਬਹਾਦਰ ਸਾਹਿਬ ਮਹਾਰਾਜ ਨੇ ਚਾਂਦਨੀ ਚੌਂਕ ਦੇ ਉਤੇ, ਆਪਣੇ ਜਾਨ ਤੋਂ ਪਿਆਰੇ ਸਿੱਖਾਂ ਨੂੰ ਆਰਿਆਂ ਨਾਲ ਚੀਰਦੇ ਦੇਖਿਆ। ਦੇਗਾਂ 'ਚ ਉਬਲਦੇ ਦੇਖਿਆ, ਰੂੰ 'ਚ ਬੰਨ੍ਹ ਕੇ ਸਤੀਦਾਸ ਵਰਗਿਆਂ ਨੂੰ ਜਲਦੇ ਦੇਖਿਆ। ਲੇਕਿਨ ਆਪ ਨੇ ਸਭ ਸਹਿ ਲਿਆ, ਅਜਰ ਜਰ ਲਿਆ ਤੇ ਇਕ ਬਚਨ ਵੀ ਮਾੜਾ ਨਹੀਂ ਕਿਹਾ ਉਨ੍ਹਾਂ ਨੂੰ। ਜਿਵੇਂ

ਭਾਈ ਮਤੀਦਾਸ ਨੇ ਕਹਿ ਦਿਤਾ ਸੀ ਕਿ ਜੇ ਮੈਨੂੰ ਆਗਿਆ ਦੇਣ ਗੁਰੂ ਸਾਹਿਬ ਤਾਂ ਮੈਂ ਲਾਹੌਰ ਤੇ ਦਿੱਲੀ ਨੂੰ ਹੁਣੇ ਗਰਕ ਕਰ ਦੇਵਾਂ, ਛੈਣੇ ਵਜਾ ਦੇਵਾਂ। ਮਹਾਰਾਜ ਕਹਿੰਦੇ, ਕਿੱਥੋਂ ਸ਼ਕਤੀ ਆਈ? ਕਹਿੰਦੇ ਕਿ ਮਹਾਰਾਜ ਗੰਨੇ ਦਾ ਛਿਲਕ ਚੂਸ ਲਿਆ ਸੀ, ਆਪ ਦੇ ਸ਼ੀਤ ਪ੍ਰਸਾਦ ਦਾ, ਮੇਰੇ ਤੋਂ ਹੁਣ ਸਾਂਭਿਆ ਨਹੀਂ ਜਾਂਦਾ। ਮਹਾਰਾਜ ਨੇ ਹੱਥ ਕਰਕੇ ਸਾਰੀ ਸ਼ਕਤੀ ਖਿੱਚ ਲਈ, ਕਹਿੰਦੇ ਨਾ, ਇਸ ਤਰ੍ਹਾਂ ਨਹੀਂ ਕਰਨਾ ਅਖੀਰ 'ਤੇ ਪਹੁੰਚਣਾ ਹੈ ਜਿੱਥੇ ਸ਼ਹਾਦਤ ਨੂੰ ਫਲ ਲੱਗਿਆ ਕਰਦੇ ਨੇ। ਕਹਿੰਦੇ, ਫੇਰ ਵੀ ਔਰੰਗਜ਼ੇਬ ਨੂੰ ਸਮਝ ਨਾ ਆਈ ਕਿ ਐਡੇ ਸਤਿਪੁਰਸ਼ਾਂ ਨੇ ਇਕ ਮੰਦਾ ਅੱਖਰ ਨਹੀਂ ਬੋਲਿਆ ਤੇ ਹੁਣ ਸਾਧਸੰਗਤ ਜੀ ਅਸੀਂ ਮਨੁੱਖ ਨੂੰ ਐਨਾ ਉਚਾ ਕਰ ਦੇਣਾ ਹੈ ਕਿ ਇਹ ਜਬਰ ਦੇ ਅੱਗੇ ਨਹੀਂ ਝੁਕੇਗਾ।

*ਭੈ ਕਾਹੂ ਕਉ ਦੇਤ ਨਹਿ*
*ਨਹਿ ਭੈ ਮਾਨਤ ਆਨ ॥ ਅੰਗ - ੧੪੨੭*

ਇਕ ਸਿਰ ਦੀ ਲੋੜ ਹੈ, ਬਚਨ ਹੋ ਗਿਆ, ਸਨਾਟਾ ਛਾ ਗਿਆ। ਸੁਣਿਆ, ਫੈਸਲਾ ਕਰਨ 'ਚ ਦੇਰ ਲੱਗ ਗਈ ਕਿ ਸਿਰ? ਸ੍ਰੀ ਸਾਹਿਬ ਕੱਢੀ ਹੋਈ ਹੈ, ਕੀ ਕਰਨਗੇ? ਬਲੀ ਦੇਣਗੇ ਕਿਸੇ ਨੂੰ? ਕਹਿੰਦੇ ਹਾਂ ਏਸ ਭਗਉਤੀ ਨੂੰ ਬਲੀ ਦੇਣੀ ਹੈ, ਆਹ ਸਾਡੇ ਹੱਥ ਵਿਚ ਹੈ ਦੇਵੀ ਹੈ ਇਹ ਚੰਡਕਾ ਹੈ, ਦੁਰਗਾ ਹੈ, ਇਹ ਭਗਉਤੀ ਹੈ, ਇਹ ਬਲੀ ਮੰਗਦੀ ਹੈ ਇਕ ਸੀਸ ਦੀ। ਗੁਰਸਿੱਖ ਖੜ੍ਹਾ ਹੋ ਗਿਆ, ਭਾਈ ਦਇਆ ਰਾਮ ਜੀ। ਦੁਬਾਰਾ ਤੰਬੂ 'ਚੋਂ ਫੇਰ ਬਾਹਰ ਆ ਗਏ, ਖੂਨ ਨਿਕਲਦਾ, ਧਮਾਕਾ ਸੁਣਿਆ ਕਿ ਕੁਛ ਗਿਰਿਆ ਹੈ ਉਪਰੋਂ ਜ਼ੋਰ ਨਾਲ। ਜਦੋਂ ਫੇਰ ਆ ਕੇ ਆਵਾਜ਼ ਦਿਤੀ, ਦੂਸਰੇ ਫੇਰ ਨਿੱਤਰ ਗਏ। ਇਸੇ ਤਰ੍ਹਾਂ ਕਰਦੇ-ਕਰਦੇ ਪੰਜ ਚਲੇ ਗਏ। ਉਸ ਤੋਂ ਬਾਅਦ ਮਹਾਰਾਜ ਬਹੁਤ ਪ੍ਰਸੰਨ ਹੋਏ। ਲੇਕਿਨ ਹੈਰਾਨੀ ਹੋ ਗਈ ਕਿ ਥੋੜ੍ਹੀ ਦੇਰ ਤੋਂ ਬਾਅਦ ਸਾਰੇ ਕੀ ਦੇਖਦੇ ਨੇ ਕਿ ਉਵੇਂ ਜਿਵੇਂ ਪੰਜੋ ਹੀ ਸੁਰਜੀਤ ਹੋ ਕੇ ਬਾਹਰ ਆ ਰਹੇ ਨੇ, ਵਸਤਰ ਬਦਲੇ ਹੋਏ ਨੇ।

ਇਥੇ ਆ ਕੇ ਰੌਲਾ ਪੈ ਜਾਂਦਾ ਹੈ, ਇਕ ਪਾਸੇ ਤਾਂ ਅਕਲਾਂ ਵਾਲੇ ਹੋ ਜਾਂਦੇ ਨੇ, ਇਕ ਪਾਸੇ ਭਰੋਸੇ ਵਾਲੇ ਹੋ ਜਾਂਦੇ ਨੇ। ਇਕ ਪਾਸੇ ਤਾਂ ਉਹ ਗੁਰਸਿੱਖ ਨੇ ਜਿਹੜੇ ਕਹਿੰਦੇ ਨੇ -

*ਸਤਿਗੁਰੁ ਮੇਰਾ ਮਾਰਿ ਜੀਵਾਲੈ॥ ਅੰਗ - ੧੧੪੨*

ਜਿਨ੍ਹਾਂ ਦਾ ਨਿਸ਼ਚਾ ਇਹ ਹੈ ਕਿ ਗੁਰੂ ਅਮਰਦਾਸ ਮਹਾਰਾਜ ਜਦੋਂ ਗੋਇੰਦਵਾਲ ਨੂੰ ਜਾਇਆ ਕਰਦੇ ਸੀ, ਖਡੂਰ ਸਾਹਿਬ ਤੋਂ। ਇਕ ਦਿਨ ਇਕ ਸਾਹਾ ਮਰਿਆ ਪਿਆ ਹੈ ਪਗਡੰਡੀ ਵਿਚ। ਸਹਿਜ-ਸੁਭਾਅ ਗੁਰੂ ਮਹਾਰਾਜ ਦਾ ਚਰਨ ਛੋਹ ਗਿਆ ਉਹਦੇ ਨਾਲ, ਮਰਿਆ ਹੋਇਆ ਸਾਹਾ ਉਠ ਕੇ ਦੌੜ ਪਿਆ ਤੇ ਜਿਹੜਾ ਨਾਲ ਗੁਰਸਿੱਖ ਸੀ, ਜਾ ਕੇ ਗੁਰੂ ਅੰਗਦ ਸਾਹਿਬ ਨੂੰ ਕਿਹਾ ਪਾਤਸ਼ਾਹ! ਇਨ੍ਹਾਂ ਦੇ ਚਰਨਾਂ 'ਚ ਸੱਤਿਆ ਆ ਗਈ ਤੇ ਮਰੇ ਹੋਏ ਸਹੇ ਨੂੰ ਲੱਗ ਗਿਆ, ਉਹ ਨੱਠ ਲਿਆ ਉਠ ਕੇ। ਮੈਂ ਫੇਰ ਧਿਆਨ ਦਿਤਾ, ਪਗਡੰਡੀ ਵਿਚ ਕੀੜੇ ਮਰੇ ਪਏ ਸੀ, ਜਿਹਦੇ ਉਤੇ ਇਨ੍ਹਾਂ ਦਾ ਚਰਨ ਟਿਕ ਜਾਂਦਾ ਸੀ, ਉਸੇ ਵੇਲੇ ਉਠ ਕੇ ਤੁਰ ਪੈਂਦਾ ਸੀ। ਇਥੇ ਕੋਈ ਨਹੀਂ ਬੋਲਦੇ ਇਹ, ਚੁੱਪ ਸੀ ਸਾਰੇ।

ਜਦੋਂ ਆਉਂਦਾ ਹੈ ਕਿ ਬਾਬਾ ਅਟੱਲ ਮੋਹਨ ਨੇ ਪਿੱਤ ਨਾ ਦਿਤੀ ਤਾਂ ਉਨ੍ਹਾਂ ਨੇ ਖੁੰਡੀ ਪਾ ਕੇ ਕਿਹਾ ਕਿ ਪਿੱਤ ਦੇਹ, ਐਵੇਂ ਪਿਆ ਹੈਂ। ਉਸੇ ਵੇਲੇ ਉਠ ਕੇ ਉਹ ਖੜ੍ਹਾ ਹੋ ਜਾਂਦਾ ਹੈ, ਕੱਲ੍ਹ ਦਾ ਮਰਿਆ ਹੋਇਆ। ਗੁਰੂ ਤੀਸਰੇ ਪਾਤਸ਼ਾਹ ਦੇ ਪਾਸ ਗੋਇੰਦਵਾਲ ਸਾਹਿਬ, ਮਰੇ ਹੋਏ ਲੈ ਆਉਂਦੇ ਨੇ ਗੁਰੂ ਜੀ ਦ੍ਰਿਸ਼ਟੀ ਪਾਉਂਦੇ ਨੇ, ਚਰਨ ਛੋਹ ਦਿੰਦੇ ਨੇ, ਉਠ ਕੇ ਬਹਿ ਜਾਂਦੇ ਨੇ, ਅਖੀਰ ਮਹਾਰਾਜ ਨੇ ਕਿਹਾ ਕਿ ਕਿੰਨਿਆਂ ਨੂੰ ਜੀਉਂਦੇ ਕਰਾਂਗੇ, ਕਾਲ ਨੂੰ ਬੁਲਾਇਆ ਕਹਿੰਦੇ ਸਾਡੇ ਹੁੰਦੇ ਨਾ ਇਥੇ ਗੋਇੰਦਵਾਲ ਸਾਹਿਬ 'ਚ ਆਈਂ। ਕਾਲ ਹੀ ਬੰਦ ਕਰ ਦਿਤਾ। ਗੁਰਸਿੱਖ ਬੰਦ ਕਰ ਦਿੰਦੇ ਨੇ ਕਾਲ ਨੂੰ -

*ਪ੍ਰਭ ਕੈ ਸਿਮਰਨਿ ਕਾਲੁ ਪਰਹਰੈ ॥*
*ਅੰਗ - ੨੬੨*

ਜਦੋਂ ਬਾਬਾ ਗੁਰਦਿੱਤਾ ਜੀ ਬਾਰੇ ਪੜ੍ਹਦੇ ਹਾਂ ਕਿ ਗਊ ਮਰ ਗਈ, ਪਹਾੜੀਆਂ ਨੇ ਰੌਲਾ ਪਾ ਦਿਤਾ। ਗਲਤੀ ਨਾਲ ਜਾ ਕੇ ਤੀਰ ਲੱਗਿਆ। ਪਹਾੜੀ ਰੌਲਾ ਪਾਉਂਦੇ ਨੇ ਕਿ ਅਸੀਂ ਸ਼ਿਕਾਇਤ ਕਰਾਂਗੇ। ਮਹਾਰਾਜ ਜੀ ਨੂੰ ਕਿਸੇ ਸੰਕਟ 'ਚ ਨਹੀਂ ਪਾਉਣਾ, ਐਸਾ ਬਾਬਾ ਗੁਰਦਿੱਤਾ ਜੀ ਨੇ ਸੋਚਿਆ, ਵਾਹਿਗੁਰੂ ਕਿਹਾ, ਤੇ ਗਊ ਦੇ ਉਤੇ ਪਾਣੀ ਸੁੱਟਿਆ, ਉਹ ਖੜ੍ਹੀ ਹੋ ਜਾਂਦੀ ਹੈ।

ਨਾਮਦੇਵ ਦੇ ਬਾਰੇ ਪੜ੍ਹਦੇ ਹਾਂ ਕਿ ਬ੍ਰਾਹਮਣ ਲੜਕਾ ਮਰ ਗਿਆ ਨੌਜਵਾਨ 22 ਸਾਲ ਦਾ ਤੇ ਸਤੀ ਹੋਣ ਵਾਸਤੇ ਪਿਛੇ ਜਾਂਦੀ ਹੈ ਉਸਦੀ ਘਰਵਾਲੀ ਤੇ ਸੰਤਾਂ ਦੇ ਮੁੱਖ ਤੋਂ ਫੁਰਮਾਨ ਹੋਇਆ ਜਦੋਂ ਮੱਥਾ ਟੇਕਣ ਆਈ ਕਿ ਬੀਬੀ, ਵਡ ਸੁਹਾਗਣ ਹੋ। ਕਹਿਣ ਲੱਗੀ, ਬਾਬਾ ਜੀ! ਮੇਰਾ ਸੁਹਾਗ ਤਾਂ ਚਿਤਾ ਤੇ ਰੱਖਿਆ ਹੋਇਆ ਹੈ। ਆਹ ਜਾ ਰਿਹਾ ਹੈ ਅਰਥੀ 'ਤੇ, ਕ੍ਰਿਪਾ ਕਰੋ। ਵਾਪਸ ਆ ਗਏ। ਸੰਕਟ ਪੈਦਾ ਹੋ ਗਿਆ, ਹੁਣ ਸੰਤਾਂ ਨੇ ਬਚਨ ਤਾਂ ਕਰ ਦਿਤਾ ਹੁਣ ਪਿੱਛੇ ਕਿਵੇਂ ਹਟਣ। ਅੰਦਰੋਂ ਆਵਾਜ਼ ਆਈ ਕਿ ਨਾਮਦੇਵ ਜਲ ਛਿੜਕ ਦੇ ਰਾਮ ਕਹਿ ਕੇ, ਜਿਹੜਾ ਤੇਰੇ ਮੂਹਰੇ ਪਿਆ ਹੈ। ਕਹਿ ਦੇਹ ਕਿ ਉਠ ਜਾਵੇ। ਉਹ ਉਠ ਕੇ ਖੜ੍ਹਾ ਹੋ ਜਾਂਦਾ ਹੈ।

ਸ਼ਮਸ਼ਤਬਰੇਜ਼ ਨੂੰ ਫੜ ਲਿਆ ਜਾਂਦਾ ਹੈ ਮੁਲਤਾਨ ਦੇ ਅੰਦਰ, ਨਵਾਬ ਦਾ ਲੜਕਾ ਫੜਿਆ ਹੋਇਆ ਹੈ, ਮੁੱਲਾਂ ਫੜੇ ਹੋਏ ਨੇ, ਕਹਿੰਦੇ ਜਾਂ ਤਾਂ ਜੀਉਂਦਾ ਕਰ ਦਿਓ ਲੜਕਾ ਜਾਂ ਮਾਰ ਦੇਵਾਂਗੇ। ਚਲਾਕੀ ਦੇ ਨਾਲ ਸ਼ਮਸ਼ਤਬਰੇਜ਼ ਨੂੰ ਕੈਦ ਕਰਾ ਦਿਤਾ। ਮਿੰਨਤਾਂ ਕਰਦੇ ਨੇ ਰੋਂਦੇ ਨੇ, ਚਰਨ ਫੜਦੇ ਨੇ ਕਿ ਪੀਰ ਜੀ ਹੁਣ ਬਚਾ ਲਓ। ਕਹਿੰਦੇ, ਫੇਰ ਤੁਸੀਂਓਂ ਮੈਨੂੰ ਫਤਵਾ ਦੇ ਦੇਣਾ ਹੈ। ਕਿਉਂਕਿ ਤੁਸੀਂ ਰੱਬ ਦੇ ਭੇਤ ਨੂੰ ਨਹੀਂ ਜਾਣਦੇ। ਰੱਬ ਦੀ ਖੇਡ ਨੂੰ ਨਹੀਂ ਜਾਣਦੇ। ਮੁਰਦਾ ਲਿਆ ਕੇ ਸਾਮ੍ਹਣੇ ਰੱਖ ਦਿਤਾ ਜਾਂਦਾ ਹੈ, ਕਹਿੰਦੇ, ਸਾਡੇ 'ਚ ਤਾਂ ਆਹੀ ਹੈ ਜਿਹੜਾ ਜੀਉਂਦਾ ਕਰ ਸਕਦਾ ਹੈ ਤੇ ਉਸ ਵੇਲੇ ਆਪ ਨੇ ਤਿੰਨ ਵਾਰੀ ਕਿਹਾ ਕਿ ਓ ਲੜਕੇ! ਖੁਦਾ ਕੇ ਹੁਕਮ ਸੇ ਉਠ ਕੇ ਖੜ੍ਹਾ ਹੋ ਜਾ। ਲੜਕਾ ਨਹੀਂ ਉਠਿਆ। ਚੌਥੀ ਵਾਰ ਜਦੋਂ ਕਹਿਣ ਲੱਗੇ ਤਾਂ ਉਨ੍ਹਾਂ ਨੇ ਕਿਹਾ ਕਿ ਹੁਣ ਤੁਸੀਂ ਮੈਨੂੰ ਫਤਵਾ ਦੇ ਦਿਓਂਗੇ। ਕਹਿੰਦੇ, ਨਾ ਮਹਾਰਾਜ! ਤੁਸੀਂ ਸਾਡੀ ਜਾਨ ਬਚਾਉਂਦੇ ਓਂ ਫੇਰ ਫਤਵਾ ਕਾਹਦਾ। ਕਹਿੰਦੇ, ਮੈਂ ਤੁਹਾਡੀ ਸ਼ਰਾ ਤੋੜਨ ਲੱਗਿਆ ਹਾਂ। ਕਹਿੰਦੇ, ਜੀਉਂਦਾ ਕਰ ਦਿਓ ਮਹਾਰਾਜ ਸ਼ਰਾ ਕਾਹਦੀ ਤੋੜ ਦਿਓਂਗੇ ਤੁਸੀਂ? ਕਹਿੰਦੇ, ਓ ਲੜਕੇ! ਦਰਵੇਸ਼ ਕੇ ਹੁਕਮ ਸੇ ਉਠ ਖੜ੍ਹਾ ਹੋ। ਉਸੇ ਵੇਲੇ ਲੜਕਾ ਉਠ ਕੇ ਖੜ੍ਹਾ ਹੋ ਗਿਆ, ਉਹ ਵੀ ਮੰਨ ਲੈਂਦੇ ਨੇ, ਅਨੇਕਾਂ ਗੱਲਾਂ ਮੰਨ ਲਈਆਂ ਜਾਂਦੀਆਂ ਨੇ ਪਰ ਜਦੋਂ ਗੁਰੂ ਦਸਵੇਂ ਪਾਤਸ਼ਾਹ ਦੀ ਵਾਰੀ ਆਉਂਦੀ ਹੈ ਉਸ ਵੇਲੇ ਹੁਣ ਸੋਚਣ ਲੱਗ ਜਾਂਦੇ ਨੇ ਕਿ ਅੰਦਰ ਖੜਕਾ ਹੋਇਆ ਹੈ, ਇਹ ਤਾਂ ਮੰਨ ਲੈਂਦੇ ਹਾਂ, ਖੂਨ ਆਇਆ ਇਹ ਵੀ ਮੰਨ ਲੈਂਦੇ ਹਾਂ। ਪਰ ਬੰਦਾ ਤਾਂ ਨਹੀਂ ਮਾਰਿਆ ਹੋਣਾ ਮਹਾਰਾਜ ਨੇ, ਅੰਦਰ ਬੱਕਰੇ ਬੰਨ੍ਹੇ ਹੋਣੇ ਨੇ। ਹੁਣ ਇਹਦੇ ਉਤੇ ਜੇ ਵਿਚਾਰ ਕਰੀਏ ਕਿ ਮਹਾਰਾਜ ਨੇ ਤਾਂ ਕਿਸੇ ਨੂੰ ਭੇਤ ਹੀ ਨਹੀਂ ਦਿਤਾ, ਰਾਤ ਨੂੰ ਇੱਕਲੇ ਹੀ ਧੂੰਹਦੇ ਰਹੇ, ਮਹਾਰਾਜ ਦੇ ਤਾਂ ਆਲੇ-ਦੁਆਲੇ ਹਰ ਵਕਤ ਪਹਿਰਾ ਰਹਿੰਦਾ, ਇਕੱਲੇ ਕਦੋਂ ਨਿਕਲ ਗਏ। ਫੇਰ ਜੇ ਕਿਸੇ ਸਿੱਖ ਨੂੰ ਪਤਾ ਵੀ ਹੋਵੇ ਏਸ ਗੱਲ ਤਾਂ ਦੂਜੇ ਨੰਬਰ 'ਤੇ ਉਹਨੂੰ ਖੜ੍ਹਾ ਹੋਣਾ ਚਾਹੀਦਾ ਸੀ ਕਿ ਅੰਦਰ ਬੱਕਰਾ ਹੀ ਮਾਰਿਆ ਹੈ ਕੁਛ ਨਹੀਂ ਹੈ। ਨਾਲਦਿਆਂ ਨੂੰ ਵੀ ਕਹਿ ਦਿੰਦਾ ਕਿ ਆ ਜੋ ਹੁਣ ਮੌਕਾ ਹੈ ਗੁਰੂ ਨੂੰ ਪ੍ਰਸੰਨ ਕਰਨ ਦਾ। ਫੇਰ ਮਰੇ ਹੋਏ ਕਿੱਥੇ ਚੁੱਕ ਕੇ ਸੁੱਟੇ? ਕਿਸੇ ਇਤਿਹਾਸਕਾਰ ਨੇ ਲਿਖਣਾ ਹੀ ਸੀ ਕਿ ਬਾਅਦ ਵਿਚ ਬੱਕਰਿਆਂ ਦੇ ਜਿਹੜੇ ਸਰੀਰ ਸੀ ਉਹ ਕੱਢ ਲਏ ਅੰਦਰੋਂ ਤੰਬੂ 'ਚੋਂ।

ਗੁਰੂ ਪੀਰਾਂ ਦਾ ਇਤਿਹਾਸ, ਸੰਤਾਂ ਦਾ ਇਤਿਹਾਸ, ਸ਼ਰਧਾ ਦਾ ਇਤਿਹਾਸ ਹੁੰਦਾ ਹੈ। ਰਾਜਿਆਂ ਦਾ ਇਤਿਹਾਸ ਖੁਸ਼ਾਮਦ ਦਾ ਇਤਿਹਾਸ ਹੋਇਆ ਕਰਦਾ ਹੈ, ਨਿਰੋਲ ਇਤਿਹਾਸ ਕੋਈ ਵੀ ਨਹੀਂ ਲਿਖਣ ਜਾਣਦਾ, ਨਾ ਹੀ ਕਿਸੇ ਨੇ ਅੱਜ ਤੱਕ ਲਿਖਿਆ ਹੈ। ਗੁਰਸਿੱਖਾਂ ਦਾ ਜੋ ਇਤਿਹਾਸ ਹੈ ਉਹ ਸਹੀ ਹੋਇਆ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਮਿਸਾਲ ਆਉਂਦੀ ਹੈ ਕਿ ਨਾਮਦੇਵ ਦੇ ਅੱਗੇ ਮਰੀ ਹੋਈ ਗਊ ਰੱਖ ਦਿਤੀ, ਬਿਸਮਿਲ ਕਰਕੇ। ਨਾਮਦੇਵ ਕਹਿੰਦੇ ਨੇ ਕਿ ਬਾਦਸ਼ਾਹ! ਐਸੀ ਕਿਉਂ ਹੋਏ –

***ਬਿਸਮਿਲਿ ਕੀਆ ਨ ਜੀਵੈ ਕੋਇ ॥***

***ਅੰਗ – ੧੧੬੫***

ਲੇਕਿਨ ਬਾਅਦ 'ਚ ਕੀ ਹੁੰਦਾ ਹੈ ਗਊ ਜੀਉਂਦੀ ਹੋ ਜਾਂਦੀ ਹੈ। ਕੋਈ ਖੇਲ੍ਹ ਵਰਤਿਆ ਕਿਸੇ ਤਰ੍ਹਾਂ ਦਾ। ਉਹ ਨਿਮਰਤਾ ਸੀ ਨਾਮਦੇਵ ਦੀ ਕਿ ਪ੍ਰਮੇਸ਼ਰ ਨੂੰ ਯਾਦ ਕੀਤਾ ਉਸਨੇ, ਕਰ ਉਹ ਵੀ ਸਕਦਾ ਸੀ। ਗੁਰੂ ਸਮਰੱਥ ਸੀ –

***ਸਤਿਗੁਰੁ ਮੇਰਾ ਮਾਰਿ ਜੀਵਾਲੈ॥ ਅੰਗ – ੧੧੪੨***

ਸੱਚਮੁੱਚ ਸੀਸ ਲਏ ਤੇ ਬਾਅਦ ਵਿਚ ਉਨ੍ਹਾਂ ਨੇ ਸੁਰਜੀਤ ਕਰ ਦਿਤੇ। ਬੜਾ ਭਾਰਾ ਕੌਤਕ ਹੋਇਆ ਤੇ ਇਤਿਹਾਸ 'ਚ ਜ਼ਿਕਰ ਆਉਂਦਾ ਹੈ ਕਿ –

***ਲਬਪੁਰ ਜਨਮ ਬਸਨ ਕੋ***
***ਧਾਮੂ ਦਇਆ ਗੁਰੂ ਬਖਸਿਓ ਨਾਮੁ***

ਪਹਿਲੇ ਨੇ ਕਿਹਾ ਕਿ ਮੇਰਾ ਨਾਉਂ ਦਇਆ ਰਾਮ ਹੈ, ਇਸੇ ਤਰ੍ਹਾਂ ਪੰਜੇ ਆ ਗਏ। ਆਪ ਨੇ ਜਲ ਮੰਗਾਇਆ, ਖੰਡਾ ਬਾਟਾ ਮੰਗਾਇਆ ਅੱਜ ਦੇ ਦਿਨ, ਉਸ ਤੋਂ ਬਾਅਦ ਆਪ ਪੂਰੇ ਜਲਾਲ ਦੇ ਅੰਦਰ ਆ ਕੇ ਜਲ ਵਲ ਦੇਖ ਰਹੇ ਨੇ ਤੇ ਖੰਡੇ ਦੀ ਚਾਲ ਦੇ ਨਾਲ ਬਾਣੀ ਪੜ੍ਹੀ ਜਾ ਰਹੀ ਹੈ, ਤਬਲਾ ਨਹੀਂ ਉਥੇ ਵੱਜ ਰਿਹਾ, ਵਾਜਾ ਨਹੀਂ ਵੱਜ ਰਿਹਾ, ਕੋਈ ਤਾਲ ਨਹੀਂ ਚੱਲ ਰਿਹਾ, ਤਾਲ ਖੰਡੇ ਦਾ ਚਲ ਰਿਹਾ ਹੈ। ਆਵਾਜ਼ ਆ ਰਹੀ ਹੈ ਖੰਡੇ ਦੀ ਤੇ ਨਾਲ ਬਾਣੀ ਚੱਲ ਰਹੀ ਹੈ। ਹਿਰਦੇ 'ਚੋਂ ਹੋ ਕੇ ਬਾਂਹ ਦੇ ਰਾਹੀਂ, ਹੱਥ ਵਿਚੀਂ ਹੋ ਕੇ ਖੰਡੇ 'ਚ ਪ੍ਰਵੇਸ਼ ਕਰਕੇ ਜਲ ਦੇ ਅੰਦਰ ਮੰਤਰ ਜਾ ਰਿਹਾ ਹੈ। ਅੱਜ ਤੱਕ ਮੰਤਰ ਇਸ ਤਰ੍ਹਾਂ ਨਹੀਂ ਸੀ ਕਿਸੇ ਨੇ ਕੀਤਾ। ਹਾਂ, ਜਲ ਮੰਤਰਿਆ ਜਾਂਦਾ ਹੈ, ਸਾਮ੍ਹਣੇ ਰੱਖ ਲਓ ਤੇ ਪਾਠ ਕਰ ਲਓ ਜਲ ਮੰਤਰਿਆ ਜਾਏਗਾ। ਜਿੰਨੇ ਮੰਤਰੀ ਨੇ ਇਵੇਂ ਹੀ ਕਰਦੇ ਨੇ, ਲੇਕਿਨ ਕਿਸੇ ਨੇ ਖੰਡਾ ਨਹੀਂ ਜਲ ਵਿਚ ਫੇਰਿਆ। ਇਹ ਇਕ ਅਲੌਕਿਕ ਗੱਲ ਸੀ। ਸੋ ਉਸ ਵੇਲੇ ਗੁਰੂ ਮਹਾਰਾਜ ਨੇ ਅੰਮ੍ਰਿਤ ਤਿਆਰ ਕੀਤਾ, ਪੰਜ ਬਾਣੀਆਂ ਪੜ੍ਹੀਆਂ ਤੇ ਥੋੜ੍ਹਾ ਜਿਹਾ ਜਲ ਬਾਹਰ ਰੱਖ ਦਿਤਾ, ਦੋ ਚਿੜ੍ਹੇ ਦੇਖਦੇ ਸੀ ਤੇ ਇਕ ਦਮ ਆ ਕੇ ਉਨ੍ਹਾਂ ਨੇ ਚੁੰਝ ਨੂੰ ਲਾ ਲਿਆ ਤੇ ਚੁੰਝ ਅੰਦਰ ਲੈ ਗਏ ਪਾਣੀ ਜਿਵੇਂ ਪੀਂਦੇ ਹੁੰਦੇ ਨੇ, ਦੇਖਦੇ-ਦੇਖਦੇ ਆਪਸ ਵਿਚ ਲੜਨਾ ਸ਼ੁਰੂ ਕਰ

ਦਿਤਾ। ਬਾਬਾ ਗੁਰਬਖਸ਼ ਸਿੰਘ ਜੀ, (ਬਾਬਾ ਰਾਮ ਕੌਰ ਜੀ) ਜਿਨ੍ਹਾਂ ਨੂੰ ਕਹਿੰਦੇ ਬਾਬਾ ਬੁੱਢਾ ਜੀ ਦੇ ਪੜੋਤੇ ਪਹਿਲੀ ਲਾਈਨ 'ਚ ਬੈਠੇ ਸੀ, ਹੋਰ ਵੀ ਸਿੰਘ ਬੈਠੇ ਸੀ। ਉਹ ਡਰ ਤਾਂ ਜਾਂਦਾ ਰਿਹਾ, ਉਹ ਦੇਖਣ ਲੱਗ ਗਏ ਕਿ ਜਲ ਐਨਾ ਸ਼ਕਤੀਸ਼ਾਲ ਹੋ ਗਿਆ, ਆਹ ਚਿੜ੍ਹੇ ਤਾਂ ਹਟਦੇ ਹੀ ਨਹੀਂ ਲੜਨ ਤੋਂ, ਸਾਰੇ ਹਾਸਾ ਪੈ ਗਿਆ। ਬਾਬਾ ਜੀ ਉਸੇ ਵੇਲੇ ਉਠ ਕੇ ਖੜ੍ਹੇ ਹੋ ਗਏ, ਅਨੁਭਵ ਕਰ ਲਿਆ ਕਿ ਬਹੁਤ ਕਰਾਰਾ ਤੇਜ਼ ਦੇ ਦੇ ਦਿਤਾ ਜਲ ਨੂੰ, ਇਹ ਸਹਿਨ ਨਹੀਂ ਹੋਣਾ ਮਨੁੱਖ ਤੋਂ। ਮਾਤਾ ਜੀਤੋ ਜੀ ਕੋਲ ਗਏ ਕਹਿਣ ਲੱਗੇ, ਮਾਤਾ ਜੀ! ਬਚਾ ਲਓ ਪੰਥ ਨੂੰ? ਕਹਿੰਦੇ, ਕੀ ਗੱਲ? ਕਹਿੰਦੇ, ਐਨਾ ਤੇਜ ਭਰ ਦਿਤਾ ਜਲ ਦੇ ਅੰਦਰ ਕਿ ਸਾਡੇ ਦੇਖਦੇ-ਦੇਖਦੇ ਦੋ ਚਿੜੇ ਲੜ-ਲੜ ਕੇ ਖਤਮ ਹੀ ਹੋ ਗਏ। ਮਾਤਾ ਜੀ ਉਸੇ ਵੇਲੇ ਪਤਾਸੇ ਲੈ ਕੇ ਮਹਾਰਾਜ ਜੀ ਕੋਲ ਆ ਗਏ, ਪਾਤਸ਼ਾਹ! ਆਗਿਆ ਦਿਓ ਕਿ ਮੈਂ ਜਲ ਨੂੰ ਮਿੱਠਾ ਕਰ ਦੇਵਾਂ। ਕਹਿੰਦੇ, ਭਲਾ ਹੋਇਆ ਤੂੰ ਆ ਗਈ, ਭਲਾ ਹੋਇਆ ਤੇਰਾ ਹਿੱਸਾ ਪੈ ਗਿਆ, ਬੀਬੀਆਂ ਦਾ ਹਿੱਸਾ ਪੈ ਗਿਆ, ਮਾਂ ਦਾ ਹਿੱਸਾ ਪੈ ਗਿਆ ਇਹਦੇ 'ਚ। ਹੁਣ ਮਾਂ ਦੇ ਪਿਆਰ ਨਾਲ ਖਾਲਸਾ ਪਿਆਰ ਵਾਲਾ ਬਣੇਗਾ, ਕਰੂਰ ਨਹੀਂ ਹੋਏਗਾ ਤੇ ਸੁਨਿਹਰੇ ਬਾਟੇ ਦੀ ਸਾਂਝ ਖਾਲਸੇ ਨੂੰ ਇਕੱਠਾ ਰੱਖੇਗੀ। ਸੋ ਓਸ ਦ੍ਰਿਸ਼ ਨੂੰ ਭਾਈ ਗੁਰਦਾਸ ਜੀ ਦੂਸਰਿਆਂ ਨੇ ਸਾਕਾਰ ਕਰਨ ਵਾਸਤੇ ਇਸ ਤਰ੍ਹਾਂ ਦੇ ਨਾਲ ਫੁਰਮਾਨ ਕੀਤਾ ਹੈ –

***ਧਾਰਨਾ – ਪੀਵਹੁ ਪਾਹੁਲ ਖੰਡੇਧਾਰ***
***ਹੋਵੇ ਜਨਮ ਸੁਹੇਲਾ।***
***ਹਰਿ ਸਚੇ ਤਖਤ ਰਚਾਇਆ***
***ਸਤਿ ਸੰਗਤਿ ਮੇਲਾ।***
***ਨਾਨਕ ਨਿਰਭਉ ਨਿਰੰਕਾਰ***
***ਵਿਚਿ ਸਿਧਾਂ ਖੇਲਾ।***
***ਗੁਰੁ ਸਿਮਰਿ ਮਨਾਈ ਕਾਲਕਾ***
***ਖੰਡੇ ਕੀ ਵੇਲਾ।***
***ਪੀਵਹੁ ਪਾਹੁਲ ਖੰਡੇਧਾਰ***
***ਹੁਇ ਜਨਮ ਸੁਹੇਲਾ।***
***ਗੁਰ ਸੰਗਤਿ ਕੀਨੀ ਖਾਲਸਾ***
***ਮਨਮੁਖੀ ਦੁਹੇਲਾ।***
***ਵਾਹ ਵਾਹ ਗੋਬਿੰਦ ਸਿੰਘ***
***ਆਪੇ ਗੁਰੁ ਚੇਲਾ॥***
***ਭਾਈ ਗੁਰਦਾਸ ਜੀ, ਵਾਰ 41/1***

ਹੈਰਾਨ ਹੋ ਗਏ ਸਾਰੇ, ਗੁਰੂ ਨੇ ਆਪਣਾ ਰੂਪ ਬਣਾ ਲਿਆ ਸਿੱਖ ਨੂੰ। ਗੁਰੂ ਨਾਨਕ ਨਿਵੇ ਸੀ ਗੁਰੂ ਅੰਗਦ ਸਾਹਿਬ ਦੇ ਅੱਗੇ, ਗੁਰੂ ਅੰਗਦ ਸਾਹਿਬ ਨੇ ਮੱਥਾ ਟੇਕਿਆ ਗੁਰੂ ਅਮਰਦਾਸ ਜੀ ਨੂੰ, ਇਸੇ ਤਰ੍ਹਾਂ ਗੁਰੂ ਅਮਰਦਾਸ ਜੀ ਨੇ ਮਹਾਰਾਜ ਗੁਰੂ ਰਾਮਦਾਸ ਜੀ ਨੂੰ, ਤੇ ਇਸੇ ਤਰ੍ਹਾਂ ਟੇਕਦੇ-ਟੇਕਦੇ ਅੱਜ ਆ ਗਿਆ ਕਿ ਹੁਣ ਗੁਰੂ ਦਸ਼ਮੇਸ਼ ਪਿਤਾ ਕੀਹਨੂੰ ਮੱਥਾ ਟੇਕਣਗੇ? ਕੋਈ ਹੈ ਐਸਾ ਜਿਹਦੇ ਅੱਗੇ ਨਿਵ ਜਾਣ।? ਉਸ ਵੇਲੇ ਗੁਰੂ ਮਹਾਰਾਜ ਆਪਣੇ ਸਥਾਨ ਤੋਂ ਉਠੇ, ਅੰਮ੍ਰਿਤ ਛਕਾਇਆ ਜਾ ਰਿਹਾ ਹੈ, ਪੰਜ ਨੇ ਫੇਰ ਛਕਿਆ, ਪੰਜ ਨੇ ਹੋਰ ਛਕਿਆ, ਵੀਹ ਨੇ ਫੇਰ ਛਕਿਆ, ਕਹਿੰਦੇ ਹੁਣ ਤੁਸੀਂ ਬਹਿ ਜਾਓ ਸਾਰੇ। ਹੁਣ ਤੁਸੀਂ ਸਾਰੇ ਪਿਆਰੇ ਬਣਦੇ ਜਾਂਦੇ ਓਂ ਦੀਦਾਰੀ ਸਿੱਖ, ਮੁਕਤੇ ਸਿੱਖ, ਵਰਦਾਨ ਦਿੰਦੇ ਰਹੇ। ਵੀਹ ਹਜ਼ਾਰ ਨੇ ਅੰਮ੍ਰਿਤ ਛਕਿਆ ਪਹਿਲੇ ਦਿਨ। ਗੁਲਾਮ ਮਯਊਦੀਨ ਰਿਪੋਰਟਰ ਸੀਗਾ ਔਰੰਗਜ਼ੇਬ ਨੇ ਭੇਜਿਆ ਹੋਇਆ ਕਿ ਤੂੰ ਪਤਾ ਤਾਂ ਕਰ ਕਿ ਗੁਰੂ ਗੋਬਿੰਦ ਸਿੰਘ ਕਰ ਕੀ ਰਹੇ ਨੇ? ਉਹਨੇ ਲਿਖਿਆ ਹੈ ਕਿ ਮੈਂ ਹੈਰਾਨ ਹੋ ਗਿਆ ਕਿ ਪਹਿਲੀਆਂ ਰਸਮ ਰਿਵਾਜ਼, ਜਾਤ ਪਾਤ ਜੋ ਹਿੰਦੂ ਧਰਮ ਦੇ ਅੰਦਰ ਸੰਗਲਾਂ ਵਾਂਗੂੰ ਬੰਨ੍ਹੀਂ ਬੈਠੇ ਸੀ ਇਨ੍ਹਾਂ ਨੂੰ, ਆਹ ਗੁਰੂ ਗੋਬਿੰਦ ਸਿੰਘ ਨੇ ਹੱਥਕੜੀਆਂ ਇਕ ਸ਼ਬਦ ਦੇ ਨਾਲ ਉਡਾ ਕੇ ਪਰ੍ਹੇ ਮਾਰੀਆਂ। ਮੈਂ ਦੇਖਿਆ ਇਕੱਠੇ ਹੀ ਖਾਣਾ ਸ਼ੁਰੂ ਕਰ ਦਿਤਾ, ਵਿਚ ਹੀ ਸ਼ੂਦਰ ਨੇ, ਵਿਚ ਹੀ ਉਚੀਆਂ ਜਾਤਾਂ ਵਾਲੇ ਨੇ। ਪਰ ਫੇਰ ਵੀ ਅਭਿਮਾਨੀ ਬਹੁਤ ਸੀ, ਉਠ ਕੇ ਖੜ੍ਹੇ ਹੋ ਗਏ ਕਹਿੰਦੇ ਆਹ ਛੋਕਰੇ ਦੀ ਗੱਲ ਅਸੀਂ ਨਹੀਂ ਮੰਨਣੀ। ਬੁਰਾ ਭਲਾ ਕਹਿਣ ਲੱਗ ਗਏ ਕਿ ਅਸੀਂ ਤਾਂ ਨੌਵਾਂ ਪਾਤਸ਼ਾਹੀਆਂ ਤੱਕ ਸਿੱਖ ਰਹਿਣਾ ਹੈ, ਦੱਸਵਾਂ ਅਸੀਂ ਨਹੀਂ ਧਾਰਨ ਕਰਨਾ। ਅਸੀਂ ਵੇਦਾਂ ਨੂੰ ਮੰਨਣਾ ਹੈ ਤੇ ਗੁਰੂ ਗ੍ਰੰਥ ਸਾਹਿਬ ਨੂੰ ਵੇਦਾਂ ਦੇ ਮੁਕਾਬਲੇ ਤੇ ਨਹੀਂ ਲੈ ਕੇ ਜਾਣਾ। ਅਸੀਂ ਤੀਰਥਾਂ ਨੂੰ ਮੰਨਣਾ ਹੈ, ਅਸੀਂ ਕੇਸ ਵੀ ਕਟਾਉਣੇ, ਦਾੜ੍ਹੀਆਂ ਵੀ ਕਟਾਉਣੇ ਨੇ, ਇਹ ਕਹਿੰਦਾ ਹੈ ਕਿ ਦਾੜ੍ਹੀ ਕੇਸ ਨੂੰ ਹੱਥ ਨਾ ਲਾਇਓ, ਇਹ ਕਿਵੇਂ ਅਸੀਂ ਸੰਸਾਰ 'ਚ ਰਹਾਂਗੇ? ਅਸੀਂ ਤਾਂ isolate ਹੋ ਜਾਵਾਂਗੇ, ਅਸੀਂ ਇਹਦੀ ਗੱਲ ਨਹੀਂ ਮੰਨਦੇ। ਕਹਿੰਦੇ, ਬਹੁਤ ਸਾਰੇ ਐਸੇ ਵੀ ਸੀਗੇ। ਪਰ ਵੀਹ ਹਜ਼ਾਰ ਨੇ ਅੰਮ੍ਰਿਤ ਛਕ ਲਿਆ ਤੇ ਮੈਂ ਹੈਰਾਨ ਹੋਈ ਜਾਵਾਂ ਕਿ ਜਿਹੜਾ ਅੰਮ੍ਰਿਤ ਛਕ ਕੇ ਆਵੇ ਉਹਦੇ ਪੈਰ ਹੀ ਨਾ ਧਰਤੀ ਨਾਲ ਲੱਗਣ। ਉਹ ਹੋਰ ਹੀ ਬਣ ਜਾਵੇ। ਜਿਵੇਂ ਕੋਈ ਜੋਸ਼ ਭਰ ਦਿਤਾ ਹੁੰਦਾ ਹੈ, ਆਬ-ਏ-ਹਿਆਤ ਪਿਲਾ ਦਿਤਾ ਗੁਰੂ ਗੋਬਿੰਦ ਸਿੰਘ ਨੇ। ਉਸ ਤੋਂ ਵੀ ਮੇਰੀ ਹੈਰਾਨੀ ਵੱਧ ਗਈ। ਉਹ ਕਹਿੰਦੇ ਭਾਈ ਦਇਆ ਸਿੰਘ ਤੁਹਾਨੂੰ ਸਿੰਘ ਦਾ ਖਿਤਾਬ ਮਿਲ ਗਿਆ। ਭਾਈ ਧਰਮ ਸਿੰਘ ਤੁਸੀਂ ਧਰਮ ਦਾਸ ਨਹੀਂ ਰਹੇ, ਸਿੰਘ ਬਣ ਗਏ। ਹਿੰਮਤ ਰਾਏ ਜੀ ਤੁਸੀਂ ਹਿੰਮਤ ਸਿੰਘ ਬਣ ਗਏ। ਮੋਹਕਮ ਚੰਦ ਜੀ ਤੁਸੀਂ ਮੋਹਕਮ ਸਿੰਘ ਬਣ ਗਏ। ਸਾਹਿਬ ਚੰਦ ਜੀ ਤੁਸੀਂ ਸਾਹਿਬ ਸਿੰਘ ਬਣ ਗਏ ਤੇ ਮੈਂ ਤਾਂ ਗੋਬਿੰਦ ਰਾਏ ਹੀ

ਰਹਿ ਗਿਆ। ਜਿਵੇਂ ਮੈਂ ਤੁਹਾਨੂੰ ਉਪਦੇਸ਼ ਦਿਤਾ ਹੈ, ਐਸੇ ਤਰ੍ਹਾਂ ਤੁਸੀਂ ਅੰਮ੍ਰਿਤ ਤਿਆਰ ਕਰੋ ਤੇ ਮੈਂ ਤੁਹਾਡੇ ਅੱਗੇ ਖੜ੍ਹਾ ਹੋ ਕੇ ਅਰਦਾਸ ਕਰਦਾ ਹਾਂ ਕਿ ਮੈਨੂੰ ਅੰਮ੍ਰਿਤ ਦੀ ਦਾਤ ਦੇਵੋ। ਉਸ ਵੇਲੇ ਦਾ ਜੋ ਨਜ਼ਾਰਾ ਸੀ ਉਸ ਨੂੰ ਤਾਜ਼ਾ ਰੱਖਣ ਵਾਸਤੇ ਭਾਈ ਗੁਰਦਾਸ ਜੀ ਦੂਜੇ ਲਿਖਦੇ ਨੇ ਕਿ –

***ਵਾਹੁ ਵਾਹੁ ਗੋਬਿੰਦ ਸਿੰਘ***
***ਆਪੇ ਗੁਰੁ ਚੇਲਾ॥***

***ਧਾਰਨਾ – ਵਾਹੁ ਵਾਹੁ ਗੋਬਿੰਦ ਸਿੰਘ ਜੀ,***
***ਆਪੇ ਗੁਰ ਚੇਲਾ।***
***ਧੰਨ ਗੁਰੂ ਗੋਬਿੰਦ ਸਿੰਘ ਸਾਹਿਬ***
***ਧੰਨ ਗੁਰੂ ਗੋਬਿੰਦ ਸਿੰਘ ਸਾਹਿਬ***

***ਸਚਾ ਅਮਰ ਗੋਬਿੰਦ ਕਾ ਸੁਣ ਗੁਰੂ ਪਿਆਰੇ।***
***ਸਤਿ ਸੰਗਤਿ ਮੇਲਾਪ ਕਰਿ ਪੰਚ ਦੂਤ ਸੰਘਾਰੇ।***
***ਵਿਚਿ ਸੰਗਤਿ ਢੋਈ ਨ ਲਹਿਨਿ ਜੋ ਖਸਮੁ ਵਿਸਾਰੇ।***
***ਗੁਰਸਿਖਾਂ ਮੱਥੇ ਉੱਜਲੇ ਸੱਚੇ ਦਰਬਾਰੇ।***
***ਹਰਿ ਗੁਰੁ ਗੋਬਿੰਦ ਧਿਆਈਐ ਸਦ ਅੰਮ੍ਰਿਤ ਵੇਲਾ।***
***ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥***
***ਭਾਈ ਗੁਰਦਾਸ ਜੀ, ਵਾਰ 41, ਪਉੜੀ 2***

ਖਾਲਸੇ ਦੀ ਉਹ ਗੁਰੂ ਜੋਤ ਜੋ ਕਿਸੇ ਅੱਗੇ ਨਹੀਂ ਝੁਕੀ ਸੀ ਅੱਜ ਖਾਲਸੇ ਦੇ ਅੱਗੇ ਅਰਦਾਸ ਕਰ ਰਹੀ ਹੈ ਕਿ ਖਾਲਸਾ ਜੀ! ਮੈਨੂੰ ਵੀ ਅੰਮ੍ਰਿਤ ਦੀ ਦਾਤ ਦਿਓ। ਸੋ ਕੌਮ ਤਿਆਰ ਹੋ ਗਈ ਅਰਸ਼ਾਂ ਦਾ ਆਦਰਸ਼ ਸੀ, ਕਿਉਂਕਿ ਦੇਵਤਿਆਂ ਦੇ ਪਾਸ ਵੀ ਇਹ ਆਦਰਸ਼ ਨਹੀਂ ਹੈ। ਖਾਸ ਨਿਰੰਕਾਰ ਦੀ ਦਰਗਾਹ ਦਾ ਜੋ ਆਦਰਸ਼ ਸੀ ਮਨੁੱਖ 'ਚ ਲਿਆ ਕੇ ਭਰ ਦਿਤਾ, ਮਨੁੱਖ ਨੂੰ ਪ੍ਰਮੇਸ਼ਰ ਦਾ ਰੂਪ ਬਣਾ ਕੇ ਫੁਰਮਾਨ ਕਰਿਆ ਕਿ ਖਾਲਸਾ ਜੀ! ਅੱਜ ਤੋਂ ਬਾਅਦ –

***ਬਿਨ ਕਰਤਾਰ ਨ ਕਿਰਤਮ ਮਾਨੋ।***

ਕੀਤੇ ਹੋਏ ਨੂੰ ਨਹੀਂ ਮੰਨਣਾ, ਜੇ ਮੰਨਣਾ ਹੈ ਤਾਂ ਕੇਵਲ ਕਰਤਾਰ ਨੂੰ ਮੰਨਣਾ ਹੈ। ਏਸ ਤਰ੍ਹਾਂ ਪੜ੍ਹ ਲਓ –

***ਧਾਰਨਾ – ਜਪੋ ਖਾਲਸਾ***
***ਤੁਸੀਂ ਜਾਗਦੀ ਜੋਤ ਨੂੰ।***

***ਜਾਗਤ ਜੋਤਿ ਜਪੈ ਨਿਸ ਬਾਸੁਰ,***
***ਏਕ ਬਿਨਾਂ ਮਨ ਨੈਕ ਨ ਆਨੈ॥***
***ਪੂਰਨ ਪ੍ਰੇਮ ਪ੍ਰਤੀਤ ਸਜੈ,***
***ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥***
***ਤੀਰਥ ਦਾਨ ਦਇਆ ਤਪ ਸੰਜਮ,***
***ਏਕ ਬਿਨਾਂ ਨਹਿ ਏਕ ਪਛਾਨੈ॥***
***ਪੂਰਨ ਜੋਤ ਜਗੈ ਘਟ ਮੈ***
***ਤਬ ਖ਼ਾਲਸ ਤਾਹਿ ਨਖ਼ਾਲਸ ਜਾਨੈ॥***

ਅੱਜ ਤੋਂ ਬਾਅਦ ਆਹ ਜੋਤ ਜੋ ਤੁਹਾਡੇ ਚਾਰੇ ਪਾਸੇ ਆਲੇ ਦੁਆਲੇ ਫੈਲੀ ਹੋਈ ਹੈ, ਇਨ੍ਹਾਂ ਅੱਖਾਂ ਨਾਲ ਨਹੀਂ ਦਿਸਦੀ, ਅੰਦਰਲੀਆਂ ਅੱਖਾਂ ਖੁਲ੍ਹ ਜਾਣਗੀਆਂ ਫੇਰ ਨਿਹਚਾ ਆ ਜਾਏਗਾ, ਓਸ ਜਾਗ੍ਰਤ ਜੋਤ ਨੂੰ ਜਿਸਨੂੰ ਵਾਹਿਗੁਰੂ ਕਹਿ ਕੇ ਅਸੀਂ ਜਪਾਇਆ ਹੈ ਇਹਨੂੰ ਜਪਣਾ ਹੈ ਤੁਸੀਂ। ਬਾਕੀ ਕਿਸੇ ਵਹਿਮ 'ਚ, ਕਿਸੇ ਭਰਮ 'ਚ, ਕਿਸੇ ਚੀਜ਼ ਦਾ ਵਹਿਮ ਨਹੀਂ ਕਰਨਾ, ਸਾਰੇ ਤੁਹਾਡੇ ਵਹਿਮ ਕੱਟ ਦਿਤੇ, ਹੱਥਕੜੀਆਂ ਕੱਟ ਦਿਤੀਆਂ, ਸਿੱਧਾ ਰਸਤਾ ਦੱਸ ਦਿਤਾ ਕਿ ਨਾਮ ਜਪਣਾ ਹੈ, ਨੇਕ ਚਲਣ ਚੱਲਣਾ ਹੈ। ਜੋ ਰਹਿਤਾਂ ਗੁਰੂ ਗ੍ਰੰਥ ਸਾਹਿਬ ਜੀ ਨੇ ਦੱਸੀਆਂ ਨੇ, ਜੋ ਪੰਜ ਪਿਆਰਿਆਂ ਨੇ ਦੱਸੀਆਂ ਨੇ ਇਨ੍ਹਾਂ ਤੇ ਪਾਬੰਦ ਰਹਿਣਾ ਹੈ ਤੇ ਸੰਗਤ ਵਲ ਮੁਖਾਤਬ ਹੋਏ ਆਪ, ਕਹਿਣ ਲੱਗੇ ਪਿਆਰਿਓ! ਦੇਖਦੇ ਓਂ ਤੁਸੀਂ ਇਨ੍ਹਾਂ ਨੂੰ ਖੜ੍ਹਿਆਂ ਨੂੰ। ਇਹ ਕੌਣ ਨੇ? ਉਸ ਵੇਲੇ ਆਪ ਨੇ ਐਸਾ ਫੁਰਮਾਨ ਕਰਿਆ–

***ਧਾਰਨਾ – ਭੇਦ ਕੋਈ ਜਾਣਿਓ ਨਾ***
***ਖਾਲਸਾ ਰੂਪ ਹੈ ਮੇਰਾ।***
***ਖ਼ਾਲਸਾ ਮੇਰੋ ਰੂਪ ਹੈ ਖ਼ਾਸ॥***
***ਖ਼ਾਲਸੇ ਮਹਿ ਹੌਂ ਕਰੋ ਨਿਵਾਸ॥***
***ਖ਼ਾਲਸਾ ਮੇਰੋ ਮੁਖ ਹੈ ਅੰਗਾ॥***
***ਖ਼ਾਲਸੇ ਕੌ ਹੌਂ ਸਦ ਸਦ ਸੰਗਾ॥***
***ਖ਼ਾਲਸਾ ਮੇਰੋ ਇਸਟ ਸੁਹਿਰਦ॥***
***ਖ਼ਾਲਸਾ ਮੇਰੋ ਕਹੀਅਤ ਬਿਰਦ॥***
***ਖ਼ਾਲਸਾ ਮੇਰੋ ਪਛ ਅਰ ਪਾਤਾ॥***
***ਖ਼ਾਲਸਾ ਮੇਰੋ ਸੁਖ ਅਹਿਲਾਦਾ॥***
***ਖ਼ਾਲਸਾ ਮੇਰੋ ਮਿਤਰ ਸਖਾਈ॥***
***ਖ਼ਾਲਸਾ ਮਾਤ ਪਿਤਾ ਸੁਖਦਾਈ॥***
***ਯਾ ਮੈ ਰੰਚ ਨ ਮਿਥਿਆ ਭਾਖੀ॥***
***ਪਾਰਬ੍ਰਹਮ ਗੁਰ ਨਾਨਕ ਸਾਖੀ॥***
***ਸਰਬ ਲੋਹ ਗ੍ਰੰਥ 'ਚੋਂ***

ਕਹਿਣ ਲੱਗੇ, ਸਾਧਸੰਗਤ ਜੀ! ਮੈਂ ਆਪਣਾ ਰੂਪ ਬਣਾ ਦਿਤਾ। ਪੰਜੇ ਜਿੱਥੇ ਹੋਣਗੇ ਪੂਰਨ ਪੰਜ, ਗੁਰੂ ਗ੍ਰੰਥ ਸਾਹਿਬ ਦੀ ਆਗਿਆ 'ਚ ਚੱਲਣ ਵਾਲੇ, ਨਾਮ ਜਪਣ ਵਾਲੇ, ਉਥੇ ਮੈਨੂੰ ਤੁਸੀਂ ਦੇਖੋਗੇ ਪੰਜਾਂ ਦੇ ਅੰਦਰ ਕਿਉਂਕਿ ਸਮਾਂ ਬਦਲ ਗਿਆ। ਪਰ ਖਾਲਸਾ ਕੌਣ ਹੈ? ਕਹਿੰਦੇ –

***ਆਤਮ ਰਸ ਜਿਹ ਜਾਨਹੀ***
***ਸੋ ਹੈ ਖ਼ਾਲਸ ਦੇਵ॥***
***ਪ੍ਰਭ ਮਹਿ ਮੋ ਮਹਿ ਤਾਸ ਮਹਿ***
***ਰੰਚਕ ਨਾਹਨ ਭੇਵ॥***

ਸ਼ਕਲ ਨੂੰ ਮੈਂ ਨਹੀਂ ਬਣਾਇਆ, ਸ਼ਕਲ ਦਾ ਭੁਲੇਖਾ ਕੱਢ ਦਿਤਾ ਆਪ ਨੇ। ਭਾਈ ਬਚਿੱਤਰ ਸਿੰਘ ਜੀ ਇਕ ਸ਼ੇਰ ਮਾਰ ਕੇ ਲਿਆਏ ਬਹੁਤ ਵੱਡਾ। ਕਹਿਣ

ਲੱਗੇ, ਮਹਾਰਾਜ! ਇਕ ਸ਼ੇਰ ਜੰਗਲ ਦੇ ਅੰਦਰ ਗਰੀਬਾਂ ਦੀਆਂ ਗਊਆਂ ਖਾ ਜਾਂਦਾ ਸੀ, ਤੰਗ ਕਰਦਾ ਸੀ ਤੇ ਮੈਂ ਮਾਰ ਲਿਆਂਦਾ। ਮਹਾਰਾਜ ਕਹਿੰਦੇ, ਇਹਦੀ ਖੱਲ੍ਹ ਲਾਹ ਲੈ ਸਮਾਰ ਕੇ। ਪੌਂਚਿਆਂ ਤੋਂ ਲੈ ਕੇ ਸਾਰੀ ਬਹੁਤ ਸਾਵਧਾਨੀ ਨਾਲ ਲਾਹ, ਹੁਕਮ ਕਰ ਦਿਤਾ ਰੂੜੀਆਂ ਤੇ ਗਧੇ ਫਿਰਦੇ ਸੀ ਕਹਿੰਦੇ ਇਕ ਚੰਗਾ ਕਰਾਰਾ ਗਧਾ ਫੜ ਲਿਆਓ। ਉਹਦੇ ਉਤੇ ਖੱਲ੍ਹ ਸਿਉਂ ਦਿਤੀ ਤੇ ਫਸਲਾਂ ਦੇ ਵਿਚ ਛੱਡ ਦਿਤਾ, ਜਦੋਂ ਸਵੇਰ ਵੇਲੇ ਦੇਖਿਆ ਅਨੰਦਪੁਰ ਸਾਹਿਬ ਵਾਲਿਆਂ ਨੇ ਕਿ ਫਸਲਾਂ 'ਚ ਤਾਂ ਸ਼ੇਰ ਫਿਰਦਾ ਹੈ ਅੱਜ ਤੇ ਗਧਾ ਮੌਜ ਨਾਲ ਫਸਲਾਂ ਖਾਂਦਾ ਫਿਰਦਾ ਹੈ। ਕੋਈ ਨੇੜੇ ਨਹੀਂ ਜਾਂਦਾ, ਇਕ ਦਿਨ-ਦੋ ਦਿਨ ਚਾਰ ਦਿਨ ਲੰਘ ਗਏ, ਨਾ ਤਾਂ ਗਧਾ ਦੂਰ ਜਾਂਦਾ ਹੈ, ਉਥੇ ਹੀ ਬੈਠਾ ਰਹਿੰਦਾ ਹੈ, ਫਸਲਾਂ ਖਾਣ ਦੀ ਮੌਜ ਹੋ ਗਈ ਘਰ ਜਾ ਕੇ ਉਹਨੇ ਕੀ ਕਰਨਾ ਸੀ। ਉਹ ਟੋਲ੍ਹਦਾ ਫਿਰਦਾ ਹੈ ਘੁਮਿਆਰ ਜਿਹਦਾ ਗਧਾ ਖੋ ਗਿਆ ਕਿ ਕਿੱਥੇ ਚਲਿਆ ਗਿਆ ਕਿਤੇ ਉੱਘ-ਸੁੱਘ ਨਹੀਂ ਨਿਕਲਦੀ ਕਿ ਕਿੱਥੇ ਚਲਿਆ ਗਿਆ, ਖਿਆਲ ਆਇਆ ਕਿ ਆਹ ਸ਼ੇਰ ਨੇ ਖਾ ਲਿਆ ਹੋਣਾ ਮੇਰਾ ਗਧਾ। ਫਿਰਦਾ-ਫਿਰਦਾ ਇਹ ਗਧਾ ਕਾਫੀ ਖੇਤਾਂ 'ਚ ਘੁੰਮਣ ਲਗ ਗਿਆ ਤੇ ਜਿੱਧਰ ਇਹਨੇ ਦੇਖਿਆ ਸੀ ਕਿ ਇਧਰਲੇ ਪਾਸੇ ਨਹੀਂ ਸ਼ੇਰ ਆਉਂਦਾ, ਅੱਜ ਗਧੇ ਏਧਰ ਦੀ ਲਿਜਾ ਕੇ ਪੱਥਰ ਵਗੈਰਾ ਢੋਅ ਲੈਂਦੇ ਹਾਂ ਤੇ ਜਦੋਂ ਉਥੇ ਜਾਂਦਾ ਹੈ ਇਹ ਸ਼ੇਰ ਗਧਾ ਵੀ ਉਥੇ ਨੇੜੇ ਹੀ ਫਿਰਦਾ ਹੈ, ਇਧਰਲੇ ਪਾਸੇ ਗਧੇ ਆਪਣੀ ਬੋਲੀ 'ਚ ਹੀਂਗਣ ਲੱਗ ਗਏ, ਜਦੋਂ ਹੀਂਗਣ ਲੱਗੇ ਉਹਨੇ ਵੀ ਨਾਲ ਹੀ ਆਵਾਜ਼ਾਂ ਦੇਣੀਆਂ ਸ਼ੁਰੂ ਕਰ ਦਿਤੀਆਂ। ਉਹਨੇ ਕਿਹਾ ਕਿ ਆਹ ਆਵਾਜ਼ ਕਿਧਰੋਂ ਆਉਂਦੀ ਹੈ? ਧਿਆਨ ਨਾਲ ਸੁਣਿਆ ਕਿ ਆਹ ਸ਼ੇਰ ਦੇ ਮੂੰਹ 'ਚੋਂ ਆਉਂਦੀ ਹੈ, ਉਸੇ ਵੇਲੇ ਸਮਝ ਗਿਆ ਕਿ ਆਹ ਤਾਂ ਗਧੇ ਨੂੰ ਖੱਲ੍ਹ ਪਾਈ ਹੋਈ ਹੈ। ਨੇੜੇ ਆ ਗਿਆ, ਗਧੇ ਨੇ ਕੀ ਕਹਿਣਾ ਸੀ, ਕਿਹੜਾ ਝਪਟ ਮਾਰਨੀ ਸੀ, ਫੜ ਲਿਆ ਕੰਨ ਤੋਂ ਪਹਿਲਾਂ ਤਾਂ ਕੁਟਾਈ ਕਰੀ ਕਿ ਦੱਸ ਪੰਦਰਾਂ ਦਿਨ ਹੋ ਗਏ ਤੈਨੂੰ ਮਛਰੇ ਹੋਏ ਨੂੰ। ਬਹੁਤ ਕੁੱਟਿਆ, ਗੁਰੂ ਮਹਾਰਾਜ ਕੋਲ ਲੈ ਆਇਆ ਕਹਿੰਦਾ ਆਹ ਸ਼ੇਰ ਨਹੀਂ, ਗਧਾ ਹੈ ਗਧਾ। ਦੀਵਾਨ ਲੱਗਿਆ ਹੋਇਆ ਸੀ ਬਹੁਤ ਭਾਰੀ, ਹਜ਼ਾਰਾਂ ਦੀ ਗਿਣਤੀ 'ਚ ਸੰਗਤ ਬੈਠੀ ਸੀ, ਬੜਾ ਹਾਸਾ ਪਿਆ। ਅਖੀਰ ਜਿਹੜੇ ਸਿਆਣੇ ਗੁਰਸਿੱਖ ਸੀ, ਖੱਲ੍ਹ ਲਾਹ ਲਈ ਗਈ, ਗਧਾ ਅੰਦਰੋਂ ਨਿਕਲ ਆਇਆ। ਪੁੱਛਣ ਲੱਗੇ, ਮਹਾਰਾਜ! ਇਹ ਕੀ ਕੌਤਕ ਹੈ, ਸਾਨੂੰ ਕੀ ਸਮਝਾਇਆ ਹੈ। ਕਹਿਣ ਲੱਗੇ, ਖਾਲਸਾ ਜੀ ਮੈਂ ਮਨੁੱਖ ਨੂੰ ਆਤਮ ਰਸੀਆ ਬਣਾਇਆ ਹੈ ਤੇ ਨਾਮ ਅੰਮ੍ਰਿਤ ਪ੍ਰਵੇਸ਼ ਕੀਤਾ ਹੈ ਤੇ ਅੰਦਰਲੇ ਅੰਮ੍ਰਿਤ ਦੇ ਨਾਲ ਜੋੜ ਦਿਤਾ - ਨਾਮ ਦੇ ਰਾਹੀਂ। ਬਾਹਰੋਂ ਪਾ ਕੇ ਜਿਵੇਂ ਟਿਊਬਵੈਲ ਹੁੰਦਾ ਹੈ। reflex valve ਰਾਹੀਂ ਜੇ ਬਾਹਰੋਂ ਪਾਣੀ ਪਾ ਦਿਓ ਤਾਂ ਅੰਦਰਲਾ ਪਾਣੀ ਸੂਟਾ ਮਾਰ ਕੇ ਇਥੇ ਤੱਕ ਆ ਜਾਂਦਾ ਹੈ, ਫੇਰ ਪਾ ਦਿਓ ਫੇਰ ਚਲਦਾ ਰਹਿੰਦਾ ਹੈ, ਫੇਰ ਨਹੀਂ ਟੁੱਟਦਾ, ਕਹਿੰਦੇ ਅੰਦਰਲੇ ਅੰਮ੍ਰਿਤ ਨੂੰ ਕੱਢਣ ਵਾਸਤੇ ਅਸੀਂ ਇਹ ਪਾਹੁਲ ਖੰਡੇਧਾਰ ਬਣਾਈ ਤੇ ਜਦੋਂ ਅੰਦਰਲਾ ਤੇ ਬਾਹਰਲਾ ਅੰਮ੍ਰਿਤ ਇਕ ਹੋ ਗਏ ਉਸ ਵੇਲੇ ਇਹ ਆਤਮ ਰਸੀਆ ਹੋ ਗਿਆ ਤੇ ਪ੍ਰਮੇਸ਼ਰ ਦੇ ਵਿਚ ਤੇ ਮੇਰੇ ਵਿਚ ਕੋਈ ਭੇਤ ਨਾ ਰਿਹਾ ਤੇ ਜੋ ਤੇਜ ਮੇਰੇ ਵਿਚ ਹੈ ਉਹ ਮੇਰੇ ਖਾਲਸੇ ਵਿਚ ਆ ਗਿਆ, ਇਹ ਤੇਜ ਮੈਂ ਖਾਲਸੇ ਨੂੰ ਦੇ ਦਿਤਾ।

# ਜੁਗਤੀ ਸੇਵਾ ਸਿਮਰਨ

ਸਤਿਨਾਮ ਸ੍ਰੀ ਵਾਹਿਗੁਰੂ, ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ ॥*
*ਨਾਨਕ ਕੀ ਪ੍ਰਭ ਬੇਨਤੀ*
*ਅਪਨੀ ਭਗਤੀ ਲਾਇ ॥ ਅੰਗ - ੨੮੯*
*ਧਾਰਨਾ - ਪਿਆਰੇ ਜਬ ਤੇ ਦਰਸ਼ਨ ਪਾਇਆ,*
*ਸੰਸਾ ਉਤਰ ਗਿਆ।*

*ਠਾਕੁਰ ਤੁਮ੍ ਸਰਣਾਈ ਆਇਆ ॥*
*ਉਤਰਿ ਗਇਓ ਮੇਰੇ ਮਨ ਕਾ ਸੰਸਾ*
*ਜਬ ਤੇ ਦਰਸਨੁ ਪਾਇਆ ॥ ੧ ॥ ਰਹਾਉ ॥*
*ਅਨਬੋਲਤ ਮੇਰੀ ਬਿਰਥਾ ਜਾਨੀ*
*ਅਪਨਾ ਨਾਮੁ ਜਪਾਇਆ ॥*
*ਦੁਖ ਨਾਠੇ ਸੁਖ ਸਹਜਿ ਸਮਾਏ*
*ਅਨਦ ਅਨਦ ਗੁਣ ਗਾਇਆ ॥ ੧ ॥*
*ਬਾਹ ਪਕਰਿ ਕਢਿ ਲੀਨੇ ਅਪੁਨੇ*
*ਗ੍ਰਿਹ ਅੰਧ ਕੂਪ ਤੇ ਮਾਇਆ ॥*
*ਕਹੁ ਨਾਨਕ ਗੁਰਿ ਬੰਧਨ ਕਾਟੇ*
*ਬਿਛੁਰਤ ਆਨਿ ਮਿਲਾਇਆ ॥ ਅੰਗ - ੧੨੧੮*
*ਧਾਰਨਾ - ਪਿਆਰੇ ਜੀ,*
*ਸੰਸਾ ਮੇਰਾ ਉਤਰ ਗਿਆ,*
*ਪਿਆਰੇ ਜਬ ਤੇ ਦਰਸ਼ਨ ਪਾਇਆ।*
*ਧਾਰਨਾ -ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,*
*ਸੇਵਾ ਕਰਕੇ ਮਾਣ ਪਾਈਦਾ।*

*ਨਾਮ ਅਉਖਧੁ ਜਿਹ ਰਿਦੈ ਹਿਤਾਵੈ ॥*
*ਤਾਹਿ ਰੋਗੁ ਸੁਪਨੈ ਨਹੀ ਆਵੈ ॥*
*ਹਰਿ ਅਉਖਧੁ ਸਭ ਘਟ ਹੈ ਭਾਈ ॥*
*ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥*
*ਗੁਰਿ ਪੂਰੈ ਸੰਜਮੁ ਕਰਿ ਦੀਆ ॥*
*ਨਾਨਕ ਤਉ ਫਿਰਿ ਦੂਖ ਨ ਥੀਆ ॥*
*ਅੰਗ - ੨੫੯*

*ਹਰਿ ਹਰਿ ਤੇਰਾ ਨਾਮੁ ਹੈ ਦੁਖ ਮੇਟਣਹਾਰਾ ॥*
*ਗੁਰ ਸੇਵਾ ਤੇ ਪਾਈਐ ਗੁਰਮੁਖਿ ਨਿਸਤਾਰਾ ॥ ੪ ॥*
*ਜੋ ਹਰਿ ਨਾਮੁ ਧਿਆਇਦੇ ਤੇ ਜਨ ਪਰਵਾਨਾ ॥*
*ਤਿਨ ਵਿਟਹੁ ਨਾਨਕੁ ਵਾਰਿਆ ਸਦਾ ਸਦਾ ਕੁਰਬਾਨਾ॥*
*ਅੰਗ - ੭੨੫*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰਜ ਸੰਕੋਚਦੇ ਹੋਏ ਆਪ ਦੂਰ-ਦਰਾਜ਼ ਤੋਂ ਆਏ ਹੋਂ। ਕਿਉਂਕਿ ਸਤਿਸੰਗ ਜੋ ਮਿਲਦਾ ਹੈ ਮਹਾਰਾਜ ਕਹਿੰਦੇ -

*ਬਿਨੁ ਭਾਗਾ ਸਤਸੰਗੁ ਨ ਲਭੈ*
*ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥ ਅੰਗ - ੯੫*

ਨਾ ਮਿਲਣ ਨਾਲ ਕੀ ਹੁੰਦਾ ਹੈ, ਮਨ ਦੇ ਉਤੇ ਤੈਹਾਂ ਦੀਆਂ ਤੈਹਾਂ ਮੈਲ ਦੀਆਂ ਜੰਮ ਜਾਂਦੀਆਂ ਨੇ। ਪਹਿਲਾਂ ਹੀ ਮੈਲ ਸਾਡੇ ਬਹੁਤ ਲੱਗੀ ਹੋਈ ਹੈ -

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ ॥*
*ਖੰਨਲੀ ਧੋਤੀ ਉਜਲੀ ਨ ਹੋਵਈ*
*ਜੇ ਸਉ ਧੋਵਣਿ ਪਾਹੁ ॥ ਅੰਗ - ੬੫੧*

ਐਨਾ ਸਿਆਹੁ ਹੋ ਗਿਆ ਸਾਡਾ ਮਨ ਕੋਲ ਰਹਿੰਦਾ ਵਾਹਿਗੁਰੂ ਦਿਸਦਾ ਨਹੀਂ ਹੈ। ਅੰਨ੍ਹੀਆਂ ਹੋ ਗਈਆਂ ਅੱਖਾਂ ਪੜਦੇ ਚੜ੍ਹ-ਚੜ੍ਹ ਕੇ, ਇਕ ਪੜਦਾ ਪੈ ਜਾਵੇ ਕਿਸੇ ਦੀ ਅੱਖ ਦੇ ਅੰਦਰ, ਮੋਤੀਏਬਿੰਦ ਦਾ। ਡਾਕਟਰ ਕਹਿੰਦੇ ਨੇ ਲਹਿ ਜਾਏਗਾ, ਕਾਲਾ ਪੈ ਜਾਵੇ, ਕਹਿੰਦੇ ਨੇ ਕੋਸ਼ਿਸ਼ ਕਰਾਂਗੇ ਲੈਂਨਜ਼ ਪੈਣਗੇ ਅੱਖਾਂ ਦੇ ਅੰਦਰ। ਇਹ ਵੀ ਵਾਹਿਗੁਰੂ ਕਰੇ ਤਾਂ ਦਿਸਣ ਲੱਗ ਜਾਏਗਾ। ਪਰ ਜੇ ਤੈਹਾਂ ਦੀਆਂ ਤੈਹਾਂ, ਨਾਲੀ ਭਰ ਜਾਵੇ, sight ਵਾਲੀ ਫੇਰ ਤਾਂ ਦਿਸਣਾ ਬੰਦ ਹੋ ਜਾਂਦਾ ਹੈ। ਮਹਾਰਾਜ ਕਹਿੰਦੇ ਏਸੇ ਤਰ੍ਹਾਂ ਸਤਿਸੰਗ ਤੋਂ ਜੋ ਹੀਣੇ ਪੁਰਸ਼ ਨੇ ਉਨ੍ਹਾਂ ਦੇ ਅੰਦਰ ਮੈਲ ਭਰ ਜਾਂਦੀ ਹੈ, ਰੋਸ਼ਨੀ ਨਹੀਂ ਆਉਂਦੀ ਅੰਦਰ। ਕੁਛ ਸੋਝੀ ਨਹੀਂ ਆਉਂਦੀ, ਸੋਝੀਹੀਣਾ ਹੋ ਜਾਂਦਾ ਹੈ ਤੇ ਜਨਮ ਬਿਰਥਾ ਗੁਆ ਕੇ ਚਲਿਆ ਜਾਂਦਾ ਹੈ। ਸੋ ਜੇ ਸਤਿਸੰਗ ਮਿਲ ਜਾਵੇ, ਸਤਿਸੰਗ ਦੇ ਵਿਚ ਹੁੰਦੇ ਨੇ ਤੱਤ ਬਚਨ। ਵਾਹਿਗੁਰੂ ਵਲੋਂ ਜੋ ਪਹਿਲਾਂ ਅਕਾਸ਼ਬਾਣੀ ਦੇ ਰਾਹੀਂ, ਵੇਦ ਆਏ, ਕੁਰਾਨ ਸ਼ਰੀਫ, ਤੌਰੇਤ, ਅੰਜੀਲ, ਜੰਬੂਰ ਤੇ ਬਾਈਬਲ, ਕੁਛ message (ਸੰਦੇਸ਼) ਆਏ ਫਰਿਸ਼ਤਿਆਂ ਦੇ ਰਾਹੀਂ, ਕੁਛ ਇਲਹਾਮ ਹੋਏ, ਕੁਛ ਵਹੀ ਹੋਈ। ਗੁਰੂ ਮਹਾਰਾਜ ਨੂੰ ਸਿੱਧਾ ਹੁਕਮ ਆ ਰਿਹਾ ਸੀ ਅਕਾਲ ਪੁਰਖ ਦਾ, ਦੋਵੇਂ ਇਕ ਰੂਪ ਹੋਏ ਹੋਏ ਸੀ। ਇਕ ਗੁਰੂ ਸੀ ਇਕ ਪ੍ਰਮੇਸ਼ਰ ਸੀ। ਪ੍ਰਮੇਸ਼ਰ ਵਲੋਂ ਜੋ ਗੁਰੂ ਦੇ ਰਾਹੀਂ ਸਾਡੇ ਉਧਾਰ ਵਾਸਤੇ ਕਲਜੁਗੀ ਜੀਵਾਂ ਲਈ ਬਚਨ ਆਏ ਨੇ, ਉਹ ਜਦੋਂ ਸਤਿਸੰਗ 'ਚ ਆ ਕੇ ਅਸੀਂ ਸੁਣਦੇ ਹਾਂ, ਸਾਡੇ ਦੁਖਾਂ ਦਾ ਖਾਤਮਾ ਹੋ ਜਾਂਦਾ ਹੈ। ਇਥੇ ਦੇ ਦੁਖਾਂ ਦਾ ਵੀ ਤੇ ਦਰਗਾਹ ਦੇ ਦੁਖਾਂ ਦਾ ਵੀ। ਫਲ ਕਿਉਂਕਿ ਬਹੁਤਾ ਜ਼ਿਆਦਾ ਹੈ -

***ਕਈ ਕੋਟਿਕ ਜਗ ਫਲਾ***
***ਸੁਣਿ ਗਾਵਨਹਾਰੇ ਰਾਮ ॥ ਅੰਗ - ੫੪੯***

ਇਕ ਜਗ ਨਹੀਂ ਹੁੰਦਾ ਸਾਰੀ ਜ਼ਿੰਦਗੀ 'ਚ। ਜੇ ਭਲਾ ਤੁਸੀਂ ਹਿਸਾਬ ਲਾਓ ਕਿ ਰੋਜ਼, ਜਿਸ ਦਿਨ ਤੋਂ ਪੈਦਾ ਹੋ ਗਿਆ ਉਸ ਦਿਨ ਤੋਂ ਹੀ ਯੱਗ ਕਰਨਾ ਸ਼ੁਰੂ ਕਰ ਦੇਈਏ, ਕਿੰਨੀ ਉਮਰ ਹੁੰਦੀ ਹੈ ਵੱਧ ਤੋਂ ਵੱਧ ਸੌ ਸਾਲ ਦੀ ਲਾ ਲਓ। ਜੇ ਕੋਈ ਵੀ ਵਿਘਨ ਨਾ ਪਵੇ ਤਾਂ ਸਾਰੇ ਸੌ ਸਾਲ ਦੀ ਉਮਰ ਦੇ ਅੰਦਰ 36 ਹਜ਼ਾਰ 5 ਸੌ ਜੱਗ ਹੁੰਦਾ ਹੈ। ਜੇ ਹਜ਼ਾਰ ਸਾਲ ਦੀ ਉਮਰ ਹੋਵੇ ਤਾਂ ਸਮਝ ਲਓ ਕਿ ਤਿੰਨ ਲੱਖ 65 ਹਜ਼ਾਰ ਜੱਗ ਕਰ ਲਿਆ। ਕਈ ਕਰੋੜ ਤੱਕ ਤਾਂ ਪਹੁੰਚਦਾ ਹੀ ਨਹੀਂ ਹੈ। ਕਰੋੜਾਂ ਤੱਕ ਤਾਂ ਪਹੁੰਚਣ ਲਈ ਲੱਖਾਂ ਸਾਲ ਦੀ ਉਮਰ ਹੋਵੇ, ਸ਼ਾਇਦ ਪਹੁੰਚ ਜਾਵੇ। ਪਰ ਕੋਈ ਨਹੀਂ ਪਹੁੰਚ ਸਕਿਆ। ਪਰ ਸਤਿਸੰਗ ਦਾ ਕਲਜੁਗ ਦੇ ਅੰਦਰ ਐਨਾ ਜ਼ਿਆਦਾ ਫਲ ਕਰ ਦਿਤਾ ਵਾਹਿਗੁਰੂ ਨੇ, ਸਾਡੇ ਉਧਾਰ ਦੇ ਵਾਸਤੇ, ਜੇ ਨਾਮ ਦੀ ਹੀ ਗੱਲ ਸਮਝ ਵਿਚ ਆ ਜਾਵੇ ਨਾ, ਇਕੱਲੇ ਨਾਮ ਦੀ। ਧਰਮਰਾਜ ਦੀ ਤਾਕਤ ਨਹੀਂ ਕਿ ਨਾਮ ਵਾਲੇ ਨੂੰ ਰੋਕ ਲਏ। ਉਹ ਤਾਂ ਜਿਹੜਾ ਨਾਮ ਵਾਲੇ ਦੇ ਨੇੜੇ ਵੀ ਰਹਿੰਦਾ ਹੈ, ਉਹਦੀ ਵੀ ਸੇਵਾ ਕਰਨ ਨੂੰ ਲੋਚਦਾ ਹੈ -

***ਸਾਧਸੰਗਿ ਧਰਮ ਰਾਇ ਕਰੇ ਸੇਵਾ ॥***
***ਸਾਧ ਕੈ ਸੰਗਿ ਸੋਭਾ ਸੁਰਦੇਵਾ ॥ ਅੰਗ - ੨੭੧***

ਸੋ ਸਤਿਸੰਗ ਕੋਈ ਮਾਮੂਲੀ ਗੱਲ ਨਹੀਂ ਹੁੰਦੀ, ਇਹ ਤਾਂ ਜੀਵਾਂ ਦੇ ਜਦੋਂ ਭਾਗ ਇਕੱਠੇ ਹੋ ਜਾਣ, ਉਸ ਵੇਲੇ ਪ੍ਰਮੇਸ਼ਰ ਵਲੋਂ ਉਨ੍ਹਾਂ ਦਾ ਫਲ ਦੇਣ ਵਾਸਤੇ, ਸਭ ਤੋਂ ਉਤਮ ਫਲ ਦੇਣ ਵਾਸਤੇ, ਵਿਧੀਪੂਰਵਕ ਤੱਤ ਬੇਤੇ ਮਹਾਂਪੁਰਸ਼ਾਂ ਦਾ ਸਤਿਸੰਗ arrange ਕਰ ਦਿਆ ਕਰਦਾ ਹੈ। ਸੰਤ ਆਪ ਨਹੀਂ ਕਰਦੇ, ਸੰਤਾਂ ਨੂੰ ਅੰਦਰੋਂ ਪ੍ਰੇਰਨਾ ਹੁੰਦੀ ਹੈ ਕਿ ਉਥੇ ਜਾਓ। ਖੁਸ਼ਕੀ ਪੈ ਗਈ ਓਸ ਥਾਂ ਦੇ ਉਤੇ। ਜਾਓ ਤੁਹਾਨੂੰ ਹੁਕਮ ਹੈ, ਕਿਉਂਕਿ ਉਹ ਤਾਂ ਹੁਕਮ ਦੇ ਅੰਦਰ ਤੁਰੇ ਫਿਰਦੇ ਨੇ। ਸੋ ਇਥੇ ਆਪਾਂ ਜੋ ਵਿਚਾਰਾਂ ਕਰੀਆਂ ਨੇ ਪਿਛਲੇ ਦੋ ਦਿਨਾਂ 'ਚ, ਪਹਿਲੇ ਦਿਨ ਨਾਮ ਦੀ ਵਾਰਤਾ ਕਰੀ ਦੂਸਰੇ ਦਿਨ ਸੇਵਾ ਦੀ ਤੇ ਹੁਣ ਨਾਮ ਕੀ ਹੁੰਦਾ ਹੈ ਤੇ ਉਹਦਾ ਕਿਵੇਂ ਫਲ ਹੁੰਦਾ ਹੈ। ਉਹ ਆਪਾਂ ਧਾਰਨਾ 'ਚ ਪੜ੍ਹਿਆ ਹੈ -

***ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,***
***ਸੇਵਾ ਕਰਕੇ ਮਾਣ ਪਾਈਦੈ।***

ਸੇਵਾ ਕਰਨ ਨਾਲ ਇਥੇ ਵੀ ਮਾਣ ਤੇ ਦਰਗਾਹ 'ਚ ਵੀ ਮਾਣ। ਦਰਗਾਹ 'ਚ ਸਭ ਧੰਨ-ਧੰਨ ਕਹਿੰਦੇ ਨੇ, ਉਥੇ ਹੀ ਨਹੀਂ ਕਹਿੰਦੇ, ਬੰਦਗੀ ਕਰਨ ਵਾਲੇ ਦੀਆਂ 101 ਕੁਲਾਂ ਤਰ ਜਾਇਆ ਕਰਦੀਆਂ ਨੇ। 24 ਤਾਂ ਦਾਦਕਿਆਂ ਦੀਆਂ ਤਰਦੀਆਂ ਨੇ, 24 ਕੁਲਾਂ ਦਾ ਉਧਾਰ ਹੋ ਜਾਂਦਾ ਹੈ ਬੰਦਗੀ ਕਰਨ ਵਾਲੇ ਦੀਆਂ। 20 ਜਿਥੇ ਨਾਨਕੇ ਹੁੰਦੇ ਨੇ ਉਹ ਤਰ ਜਾਂਦੇ ਨੇ, 16 ਜਿਥੇ ਵਿਆਹਿਆ ਹੁੰਦਾ ਹੈ ਉਹ ਕੁਲਾਂ ਤਰ ਜਾਂਦੀਆਂ ਨੇ, ਨੇੜੇ-ਨੇੜੇ ਗਿਣੀ ਜਾਓ ਤੁਸੀਂ ਉਨ੍ਹਾਂ ਨੂੰ, ਉਹ ਕੁਲਾਂ ਤਰ ਜਾਇਆ ਕਰਦੀਆਂ ਨੇ, ਬਸ਼ਰਤੇ ਕਿ ਉਨ੍ਹਾਂ 'ਚ ਕੋਈ ਸ਼ਰਾਬ ਪੀਣ ਵਾਲਾ ਤੇ ਤੰਬਾਕੂ ਵਾਲਾ ਨਾ ਆਵੇ, ਕਿਉਂਕਿ ਉਹ ਬਰਾਬਰ ਗਾਲਦੇ ਨੇ। ਸ਼ਰਾਬ ਪੀਣ ਵਾਲਾ ਛੇ ਕੁਲਾਂ ਦਾ ਨਾਸ਼ ਕਰਦਾ ਹੈ, ਤੰਬਾਕੂ ਵਾਲਾ 101 ਕੁਲ ਦਾ ਨਾਸ਼ ਕਰਦਾ ਹੈ। ਸੋ ਨਾਮ ਦੀ ਜੇ ਗੱਲ ਸਾਡੇ ਸਮਝ 'ਚ ਆ ਜਾਵੇ, ਕੁਲਾਂ ਦੀਆਂ ਕੁਲਾਂ ਤਾਰ ਦਿੰਦਾ ਹੈ, ਜਦੋਂ ਸੰਸਾਰ ਤੋਂ ਜਾਂਦਾ ਹੈ ਵਾਜੇ ਵਜਦੇ ਜਾਂਦੇ ਨੇ। ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲੇ) ਦੱਸਿਆ ਕਰਦੇ ਸੀ ਕਿ ਜਦੋਂ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਨੇ ਸਰੀਰ ਛੱਡਿਆ, ਕਹਿੰਦੇ ਬਾਹਰ ਬੈਠੇ ਸੀ ਸਾਰੇ, ਵੱਡੇ ਮਹਾਰਾਜ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲੇ ਬਾਹਰ ਬੈਠੇ ਸੀ, ਬਾਬਾ ਜੀ ਇਕੱਲੇ ਬੈਠੇ ਸੀ ਅੰਦਰ, ਇਕ ਮਾਤਾ ਸੀ 90 ਸਾਲ ਦੀ, ਜਿਹਦੀ ਭਾਵਨਾ ਨੂੰ ਵਿਚਾਰ ਕੇ ਉਸਦੇ ਘਰ ਚਲੇ ਗਏ, ਅੰਤ ਦੇ ਸਮੇਂ। ਉਥੇ ਮਾਤਾ ਨੂੰ ਕਿਹਾ ਕਿ ਸਾਨੂੰ ਜਿਹੜਾ ਕਫਨ ਪਹਿਨਾਉਣ ਵਾਸਤੇ ਕੱਪੜਾ ਬਣਾਇਆ ਹੈ ਨਾ ਉਹ ਲਿਆ, ਅਸੀਂ ਤੇਰਾ ਕੱਪੜਾ ਪਹਿਨ ਕੇ ਜਾਵਾਂਗੇ ਸੰਸਾਰ ਤੋਂ। ਉਸ ਵੇਲੇ ਸਾਰਿਆਂ ਨੂੰ ਹੁਕਮ ਕਰ ਦਿਤਾ ਕਿ ਕੀਰਤਨ ਕਰੋ। ਜਿਸ ਵਕਤ ਦੋ ਵਜੇ ਅੰਮ੍ਰਿਤ ਵੇਲੇ ਦੇ, ਕੀ ਦੇਖਦੇ ਨੇ ਕਿ ਆਕਾਸ਼ ਦੇ ਵਿਚ ਪ੍ਰਕਾਸ਼ ਹੀ ਪ੍ਰਕਾਸ਼ ਹੋ ਗਿਆ। ਜੈ-ਜੈਕਾਰ ਦੀਆਂ ਆਵਾਜ਼ਾਂ ਆਉਂਦੀਆਂ ਨੇ, ਧੁਨਾਂ ਵਜਦੀਆਂ ਨੇ, ਬੇਅੰਤ ਕਿਸਮ ਦੇ ਸਾਜ ਵੱਜਦੇ ਨੇ, ਜੈ-ਜੈਕਾਰ ਦੇ ਨਾਹਰੇ ਗੂੰਜਦੇ ਨੇ, ਫੇਰ ਕੀ ਹੁੰਦਾ ਹੈ ਜੇ ਉਹਦੀ ਮਰਜ਼ੀ ਹੋ ਜਾਏ ਕਿ ਸਵਰਗ ਲੋਕਾਂ 'ਚੋਂ ਲੰਘ ਕੇ ਚੱਲੀਏ ਹਰ ਸਵਰਗ ਲੋਕਾਂ ਦੇ ਜਿਹੜੇ ਮੁਖੀ ਦੇਵਤੇ ਨੇ, ਉਹ ਫੁੱਲਾਂ ਦੀ ਬਾਰਿਸ਼ ਕਰਦੇ ਨੇ, ਜੈ-ਜੈਕਾਰ ਕਰਦੇ ਨੇ, ਗਲਾਂ ਵਿਚ ਹਾਰ ਪਾਉਂਦੇ ਨੇ, ਧੰਨ-ਧੰਨ ਕਰਦੇ ਨੇ ਤੇ ਨਾਲ ਉਹਨੂੰ ਸੁਗਾਤ ਕੀ ਭੇਟ ਕਰਦੇ ਨੇ, ਜਿਹੜੇ ਨਰਕਾਂ 'ਚ ਉਹਦੇ ਦਾਦੇ ਪੜਦਾਦੇ, ਨਕੜਦਾਦੇ, ਭਾਈ ਭਰਾ ਸੜ ਰਹੇ ਹੁੰਦੇ ਨੇ, ਨਾਨਕਿਆਂ ਵਲੋਂ ਸੜ ਰਹੇ ਹੁੰਦੇ ਨੇ, ਸਹੁਰਿਆਂ ਵਲੋਂ ਜਿਥੇ ਲੜਕਾ ਵਿਆਹਿਆ ਹੈ, ਲੜਕੀ ਵਿਆਹੀ ਹੈ 12 ਕੁਲਾਂ ਉਨ੍ਹਾਂ ਦੀਆਂ, 8 ਕੁਲਾਂ ਜਿਥੇ ਮਾਂ ਦੀ ਭੈਣ ਵਿਆਹੀ ਹੋਈ ਹੈ, ਜਿਥੇ ਘਰਵਾਲੀ ਦੀ ਭੈਣ ਹੈ। ਜਿਸ ਥਾਂ ਦੇ ਉਤੇ ਮਾਸੀ ਹੈ ਭੂਆ ਹੈ, ਸਾਰੀਆਂ ਕੁਲਾਂ ਦੇ ਜਿਹੜੇ ਨਰਕਾਂ 'ਚ ਜਾ ਚੁੱਕੇ ਹੁੰਦੇ ਨੇ, ਉਹ ਨਰਕਾਂ 'ਚੋਂ ਕੱਢ ਕੇ ਲਿਆ ਕੇ ਦੇਵ ਦੇਹਾਂ ਪ੍ਰਾਪਤ ਕਰਾ ਕੇ, ਉਹਦੇ ਹਵਾਲੇ ਕਰ

ਦਿੰਦੇ ਨੇ ਕਿ ਆਹ ਤੁਹਾਡੀਆਂ ਕੁਲਾਂ ਨੇ ਜਿਹੜੀਆਂ ਤੁਸੀਂ ਤਾਰ ਦਿਤੀਆਂ। ਸੋ ਇਹ ਨਾਮ ਦੀ ਮਹਿਮਾ ਹੈ, ਨਾਮ ਦੀ ਮਹਿਮਾ ਦਾ ਨਹੀਂ ਕਿਸੇ ਨੂੰ ਪਤਾ ਲਗਦਾ।

*ਨਾਮ ਕੀ ਮਹਿਮਾ ਸੰਤ ਰਿਦ ਵਸੈ ॥*
*ਸੰਤ ਪ੍ਰਤਾਪਿ ਦੁਰਤੁ ਸਭੁ ਨਸੈ ॥ ਅੰਗ - ੨੬੫*

ਸੰਤਾਂ ਨੂੰ ਪਤਾ ਹੈ ਹੋਰ ਨੂੰ ਨਹੀਂ ਪਤਾ, ਸੋ ਇਥੇ ਜੋ ਆਪਣਾ ਪ੍ਰਕਰਣ ਹੈ ਉਹ ਇਹ ਹੈ ਕਿ ਨਾਮ ਕੀ ਫਾਇਦਾ ਦਿੰਦਾ ਹੈ, ਕੀ-ਕੀ ਕੰਮ ਦਿੰਦਾ ਹੈ, ਜਿਨ੍ਹਾਂ ਨੂੰ ਸ਼ੌਕ ਹੈ ਉਹ ਸੁਖਮਨੀ ਸਾਹਿਬ ਦੀ ਪਹਿਲੀ ਅਸਟਪਦੀ ਪੜ੍ਹ ਕੇ ਵਿਚਾਰ ਲੈਣ ਇਕੱਲੀ-ਇਕੱਲੀ ਤੁਕ।

*ਪ੍ਰਭ ਕੈ ਸਿਮਰਨਿ ਗਰਭਿ ਨ ਬਸੈ ॥*
*ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ ॥*
*ਪ੍ਰਭ ਕੈ ਸਿਮਰਨਿ ਕਾਲੁ ਪਰਹਰੈ ॥*
*ਪ੍ਰਭ ਕੈ ਸਿਮਰਨਿ ਦੁਸਮਨੁ ਟਰੈ ॥*
*ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ ॥*
*ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ ॥*
*ਪ੍ਰਭ ਕੈ ਸਿਮਰਨਿ ਭਉ ਨ ਬਿਆਪੈ ॥*
*ਪ੍ਰਭ ਕੈ ਸਿਮਰਨਿ ਦੁਖੁ ਨ ਸੰਤਾਪੈ ॥*
*ਅੰਗ - ੨੬੨*

ਸਾਰੇ ਦੁਖਾਂ ਦਾ ਖਾਤਮਾ ਜੇ ਹੋ ਸਕਦਾ ਹੈ ਤਾਂ ਪ੍ਰਮੇਸ਼ਰ ਦਾ 'ਨਾਮ' ਕਰ ਸਕਦਾ ਹੈ। ਉਹ ਹੁਣ 'ਨਾਮ' ਕਿੱਥੇ ਹੈ? ਮਹਾਰਾਜ ਕਹਿੰਦੇ ਉਹ ਹੁਣ ਵਾਹਿਗੁਰੂ ਨੇ ਨਾਮ ਦੀ ਦਵਾਈ ਸਾਰੇ ਸਰੀਰਾਂ 'ਚ ਰੱਖ ਦਿਤੀ ਕਿ ਜੇ ਤਾਂ ਹੋਏਗਾ ਅਕਲ ਵਾਲਾ ਤਾਂ ਤਾਂ ਕੱਢ ਲਏਗਾ। ਕੱਢ ਕੇ ਸਾਰੇ ਦੁਖਾਂ ਦਾ ਨਾਸ਼ ਹੋ ਜਾਏਗਾ।

*ਨਾਮ ਅਉਖਧੁ ਜਿਹ ਰਿਦੈ ਹਿਤਾਵੈ ॥*
*ਅੰਗ - ੨੫੯*

ਪਰ ਮਹਾਰਾਜ ਕਹਿੰਦੇ ਜਿਹਦਾ ਪਿਆਰ ਲਗ ਜਾਵੇ ਨਾ ਏਸ ਦਵਾਈ ਨਾਲ। ਜਿਵੇਂ ਪੈਸੇ ਇਕੱਠੇ ਕਰਨ ਲਈ ਸਾਡੇ ਮਨ ਦੇ ਅੰਦਰ ਦ੍ਰਿੜ੍ਹ ਲਗਨ ਲਗ ਜਾਂਦੀ ਹੈ, ਜੇ ਕਿਸੇ ਦੇ ਮਨ ਵਿਚ ਇਹ ਲਗਨ ਲੱਗ ਜਾਵੇ ਕਿ ਨਾਮ ਦੀ ਜੋ ਦਵਾਈ ਹੈ ਇਹ ਮੈਂ ਲੈਣੀ ਹੀ ਲੈਣੀ ਹੈ ਤਾਂ ਇਹਦਾ ਨਤੀਜਾ ਕੀ ਹੋਏਗਾ?

*ਤਾਹਿ ਰੋਗੁ ਸੁਪਨੈ ਨਹੀ ਆਵੈ ॥ ਅੰਗ - ੨੫੯*

ਸੁਪਨੇ ਦੇ ਅੰਦਰ ਵੀ ਰੋਗੀ ਨਹੀਂ ਹੋਏਗਾ, ਜੇ ਸੁਪਨਾ ਭੈੜਾ ਵੀ ਆ ਜਾਏ ਨਾ, ਕਈਆਂ ਨੂੰ ਆ ਜਾਂਦਾ ਹੈ ਕਿ ਮੈਂ ਬਿਮਾਰ ਹੋ ਗਿਆ। ਮੇਰਾ ਬੜਾ ਬੁਰਾ ਹਾਲ ਹੋ ਗਿਆ ਮਹਾਰਾਜ ਕਹਿੰਦੇ ਸੁਪਨੇ 'ਚ ਵੀ ਨਹੀਂ ਆਏਗਾ। ਫੇਰ ਉਹ ਦਵਾਈ ਕਿਥੇ ਹੈ? ਕਹਿੰਦੇ -

*ਹਰਿ ਅਉਖਧੁ ਸਭ ਘਟ ਹੈ ਭਾਈ ॥*
*ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥*
*ਗੁਰਿ ਪੂਰੈ ਸੰਜਮੁ ਕਰਿ ਦੀਆ ॥*
*ਨਾਨਕ ਤਉ ਫਿਰਿ ਦੂਖ ਨ ਥੀਆ॥*
*ਅੰਗ - ੨੫੯*

ਚਾਹੇ ਚੰਗਾ ਹੈ ਚਾਹੇ ਮਾੜਾ ਹੈ, ਚਾਹੇ ਸ਼ਰਾਬੀ ਹੈ, ਚਾਹੇ ਹੁੱਕਾ ਪੀਣ ਵਾਲਾ ਹੈ, ਚਾਹੇ ਕਾਤਲ ਹੈ ਚਾਹੇ ਲੁਟੇਰਾ ਹੈ, ਚਾਹੇ ਮਾੜੇ ਤੋਂ ਮਾੜਾ ਵਿਭਚਾਰੀ ਹੈ। ਕੋਈ ਵੀ ਬੰਦਾ ਹੈ, ਉਹਦੇ ਹਿਰਦੇ 'ਚ ਅੰਦਰ ਨਾਮ ਦੀ ਦਵਾਈ ਰੱਖੀ ਹੋਈ ਹੈ। ਜੇ ਸ਼ੌਂਕ ਜਾਗ ਜਾਏ ਕਿ ਸਤਿਸੰਗ 'ਚ ਜਾਵਾਂ, ਮੈਂ ਉਥੇ ਤੱਕ ਪਹੁੰਚਣਾ ਹੈ। ਮੈਨੂੰ ਪਤਾ ਲੱਗ ਜਾਵੇ ਕਿ ਨਾਮ ਦੀ ਦਵਾਈ ਕਿੱਥੇ ਹੈ? ਮਹਾਰਾਜ ਕਹਿੰਦੇ, ਨਾਮ ਦੀ ਦਵਾਈ ਜਿਸ ਥਾਂ ਤੇ ਹੈ ਇਹ ਦੇਹੀ 'ਚ ਟਿਕਾਇਆ ਹੋਇਆ ਹੈ, ਜਿਵੇਂ ਸੁਆਸ ਟਿਕਾਏ ਹੋਏ ਨੇ, ਜਿਸ ਤਰ੍ਹਾਂ ਦੇ ਨਾਲ ਪੰਜ ਪ੍ਰਾਣ ਟਿਕਾਏ ਹੋਏ ਨੇ, ਪ੍ਰਾਣ, ਉਪਾਨ, ਉਦਾਨ, ਬਿਆਨ, ਸਮਾਨ। ਜਿਵੇਂ 25 ਪ੍ਰਕ੍ਰਿਤੀਆਂ ਟਿਕਾਈਆਂ ਹੋਈਆਂ ਨੇ, ਪੰਜ ਤੱਤ ਟਿਕਾਏ ਹੋਏ ਨੇ, ਏਸੇ ਤਰ੍ਹਾਂ ਦੇ ਨਾਲ ਜਿਸ ਤਰ੍ਹਾਂ ਸਾਡੇ ਅੰਦਰ ਵੈਰ ਟਿਕਿਆ ਪਿਆ ਹੈ, 'ਵੈਰ' ਜਾਂਦਾ ਹੈ? ਸਾਰੀ ਜ਼ਿੰਦਗੀ ਨਹੀਂ ਆਦਮੀ ਜਾਣ ਦਿੰਦਾ। ਜਦ ਉਹਨੂੰ ਦੇਖੇਗਾ ਉਸੇ ਵੇਲੇ ਉਬਲਣ ਲੱਗ ਜਾਏਗਾ। ਕਿਉਂਕਿ ਅੰਦਰ ਟਿਕਿਆ ਪਿਆ ਹੈ, ਪੰਜ ਚੋਰ ਟਿਕਾਏ ਹੋਏ ਨੇ। ਸਭ ਨੂੰ ਰੋਜ਼ ਪਤਾ ਹੈ ਕਿ ਮੈਨੂੰ ਗੁੱਸਾ ਆ ਗਿਆ, ਗੁੱਸਾ ਅੰਦਰ ਟਿਕਿਆ ਹੋਇਆ ਹੈ ਤਾਂ ਆਇਆ। ਲਾਲਚ ਆ ਗਿਆ, ਅੰਦਰ ਲਾਲਚ ਟਿਕਿਆ ਹੋਇਆ ਹੈ। ਐਸੇ ਤਰ੍ਹਾਂ ਦੇ ਨਾਲ ਸਭ ਤੋਂ ਉਤਮ ਚੀਜ਼ ਹਰੇਕ ਬੰਦੇ ਦੇ ਅੰਦਰ ਟਿਕਾਈ ਹੋਈ ਹੈ-

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥ ਅੰਗ - ੨੯੩*

ਕਹਿੰਦੇ, ਉਹ ਥਾਂ ਕਿਹੋ ਜਿਹਾ ਹੈ, ਅਨੁਭਵ ਕਿਵੇਂ ਹੋਵੇ, ਮਹਾਰਾਜ ਕਹਿੰਦੇ ਉਹ -

*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥*
*ਅੰਗ - ੨੯੩*

ਉਥੇ ਨਿਸ਼ਾਨੀ ਇਹ ਹੈ ਕਿ ਕੋਈ ਫੁਰਨਾ ਨਹੀਂ ਹੈ, ਮਹਾਨ ਰਸ ਹੈ ਉਸ ਥਾਂ ਦੇ ਉਤੇ, vibration ਹੈ, ਜਿਹਨੂੰ ਦੱਸਿਆ ਨਹੀਂ ਜਾ ਸਕਦਾ। ਜਿਸ ਥਾਂ ਜੇ ਨਾਮ ਨਾਲ contact ਹੋ ਜਾਵੇ।

ਇਕ ਵਾਰੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਦੇ ਨੇ ਆਪਣੀ 'ਰੰਗਲੇ ਸੱਜਣ' ਪੁਸਤਕ ਵਿਚ ਦਾਉਦਪੁਰ ਵਾਲੇ ਬਾਪੂ ਜੀ (ਮਹਾਂਪੁਰਸ਼ਾਂ ਦੇ ਜੀਵਨ ਸਾਥੀ ਸਤਿਕਾਰਯੋਗ ਬੀਜੀ ਦੇ ਪਿਤਾ ਜੀ) ਦੇ ਬਾਰੇ ਵਿਚ ਕਿ ਉਹ ਬੈਠੇ ਸੀ ਮਹਾਰਾਜ ਦੇ ਤਾਬੇ ਚੌਰ ਕਰਦੇ ਸੀ, ਅਚਾਨਕ ਕੀ ਹੋਇਆ ਕਿ ਹੌਲੀ-ਹੌਲੀ

ਉਤੇ ਨੂੰ ਉਠਣ ਲੱਗ ਗਏ, ਜਾ ਕੇ ਛੱਤ ਨਾਲ ਲੱਗ ਗਏ, (ਕੱਲ੍ਹ ਦੀਆਂ ਗੱਲਾਂ ਨੇ, ਦੂਰ ਦੀਆਂ ਗੱਲਾਂ ਨਹੀਂ ਹਨ ਇਹ) ਕਹਿੰਦੇ ਫੇਰ ਹੇਠਾਂ ਆ ਗਏ। ਦੂਜੀ ਵਾਰੀ ਫੇਰ ਉਠ ਗਏ ਜਾ ਕੇ ਗੁਰਦੁਆਰੇ ਦੀ ਕੰਧ ਦੇ ਨਾਲ-ਨਾਲ ਜਾ ਕੇ ਗੁਰੂ ਗ੍ਰੰਥ ਸਾਹਿਬ ਦੇ ਅੱਗੇ ਲੰਮੇ ਪੈ ਗਏ, ਕੀਰਤਨ ਹੋ ਰਿਹਾ ਸੀ। ਉਨ੍ਹਾਂ ਦੇ ਸਰੀਰ ਦੇ ਵਿਚੋਂ ਲਾਈਟ ਦੇ ਫਲੈਸ਼ ਨਿਕਲਣ ਲੱਗ ਗਏ। ਪ੍ਰਕਾਸ਼ ਨਿਕਲੇ ਜ਼ੋਰ ਨਾਲ, ਵਰੋਲਾ ਜਿਹਾ ਨਿਕਲੇ ਤੇ ਸਾਰੇ ਗੁਰਦੁਆਰੇ 'ਚ ਫੈਲ ਜਾਏ, ਚਾਨਣਾ ਹੀ ਚਾਨਣਾ ਹੋ ਗਿਆ। ਦੂਜੀ ਗੱਲ ਕੀ ਹੋਈ ਸਾਰਿਆਂ ਦੇ ਅੰਦਰ ਝਰਨਾਹਟ ਛਿੜ ਗਈ, ਝੁਣਝੁਣੀ ਛਿੜ ਗਈ ਜਿਹੜੀ ਰੂਹਾਨੀ ਝੁਣਝੁਣੀ ਹੁੰਦੀ ਹੈ। ਛੇ ਘੰਟੇ ਕਿਸੇ ਨੂੰ ਨਾ ਪਤਾ ਲੱਗਿਆ, ਐਨੀ ਜ਼ਬਰਦਸਤ ਬਿਰਤੀ ਸਭ ਦੀ ਟਿਕ ਗਈ ਕਿਉਂਕਿ ਨਾਮ ਦਾ ਪ੍ਰਕਾਸ਼ ਹੋ ਗਿਆ। ਉਹ ਨਾਮ ਆਦਮੀ ਦੇ ਅੰਦਰ ਹੈ ਜਦੋਂ ਉਥੇ ਬਿਰਤੀ ਪਹੁੰਚਦੀ ਹੈ, ਉਥੇ ਦੋ ਚੀਜ਼ਾਂ ਨੇ, ਇਕ ਤਾਂ ਰਸ ਹੈ ਬਹੁਤ ਜ਼ਿਆਦਾ, ਕੋਈ ਦੁਨੀਆਂ ਦਾ ਰਸ ਉਹਦੇ ਮੁਕਾਬਲੇ ਤੇ ਨਹੀਂ ਹੈ। ਦੂਸਰਾ ਉਸ ਥਾਂ ਦੇ ਉਤੇ ਐਸਾ ਅਨੰਦ ਜਿਹਦਾ ਦੁਨੀਆਂ 'ਚ ਮੁਕਾਬਲਾ ਨਹੀਂ ਕੋਈ ਚੀਜ਼ ਕਰ ਸਕਦੀ। ਜਿਹਦੇ ਬਾਰੇ ਐਸਾ ਫੁਰਮਾਨ ਹੈ -

***ਧਾਰਨਾ - ਚੜ੍ਹੀ ਰਹੇ ਦਿਨ ਰਾਤ***
***ਨਾਮ ਖੁਮਾਰੀ-ਨਾਮ ਖੁਮਾਰੀ।***
***ਪੋਸਤ ਮਦ ਅਫੀਮ ਭੰਗ***
***ਉਤਰ ਜਾਇ ਪਰਭਾਤਿ।***

ਚਾਰ ਨਸ਼ਿਆਂ ਦੇ ਬਾਰੇ ਜ਼ਿਕਰ ਕੀਤਾ ਹੈ, ਪਰ ਜੇ ਆਦਮੀ ਇਹਦਾ ਪ੍ਰਯੋਗ ਕਰਦਾ ਹੈ ਸਵੇਰ ਵੇਲੇ ਨਾਲੇ ਤਾਂ ਤੋੜ ਲਗ ਜਾਂਦੀ ਹੈ, ਨਾਲੇ ਉਤਰ ਜਾਂਦਾ ਹੈ, ਤੇ ਸਰੀਰ ਦਾ ਨਾਸ਼ ਕਰ ਜਾਂਦੇ ਨੇ। 2 ਖਰਬ 15 ਅਰਬ ਸੈਲ ਸਾਡੇ ਸਰੀਰ ਵਿਚ ਲੱਗੇ ਹੋਏ ਨੇ। ਕਿੰਨੇ ਲੱਖਾਂ ਟਿਸ਼ੂ ਨੇ ਜਿਹੜੇ ਸ਼ਰਾਬ ਪੀਣ ਦੇ ਨਾਲ ਮਰ ਜਾਂਦੇ ਨੇ, ਨਸ਼ਾ ਕੋਈ ਖਾ ਲਓ, ਡਰੱਗ ਖਾ ਲਓ। ਕਹਿੰਦੇ, ਫੇਰ ਇਹ ਨਸ਼ਾ ਇਹੋ ਜਿਹਾ ਹੈ ਕਿ ਇਹ ਉਤਰ ਜਾਂਦਾ ਹੈ, ਜਿਹੜਾ ਨਾਮ ਦਾ ਨਸ਼ਾ ਹੈ -

***ਨਾਮ ਖੁਮਾਰੀ ਨਾਨਕਾ***
***ਚੜ੍ਹੀ ਰਹੇ ਦਿਨ ਰਾਤਿ।***

ਉਹਦੇ ਅੰਦਰ vibration ਹੋਇਆ ਕਰਦੀ ਹੈ। ਬਾਪੂ ਜੀ ਦੇ ਅੰਦਰ ਐਨੀ ਆ ਗਈ ਕਿ ਜੇ ਕਿਸੇ ਦੀ ਪਿੱਠ ਦੇ ਉਤੇ ਹੱਥ ਰੱਖ ਦਿਤਾ ਉਸ ਤੋਂ ਸਾਂਭਿਆ ਹੀ ਨਹੀਂ ਸੀ ਜਾਂਦਾ। ਲਿਟਣ ਲਗ ਜਾਂਦਾ ਸੀ। ਇਕ ਵਾਰੀ ਮੈਂ ਉਥੇ ਗਿਆ ਉਥੇ ਬਾਪੂ ਗੰਗਾ ਸਿੰਘ ਸੀਗਾ, ਮੈਂ ਉਹਨੂੰ ਪੁੱਛਿਆ ਕਿ ਜਦੋਂ ਤੁਸੀਂ ਬਾਪੂ ਜੀ ਦੇ ਸਾਮ੍ਹਣੇ ਲੱਜ ਲੈ, ਮਾਲਾ ਬਣਾ ਕੇ ਮਸ਼ਕਰੀਆਂ ਕਰਨ ਲੱਗੇ ਸੀ, ਕਿਵੇਂ ਹੋਈ ਸੀ ਗੱਲ? ਪਹਿਲਾਂ ਤਾਂ ਉਹ ਰੋਣ ਲੱਗ ਗਿਆ, ਕਹਿੰਦਾ ਮੈਨੂੰ ਸਾਰਾ ਪਿੰਡ ਮਸ਼ਕਰਾ ਕਹਿੰਦਾ ਸੀ। ਕਹਿੰਦਾ ਮੈਂ ਸਾਮ੍ਹਣੇ ਹੀ ਖੜ੍ਹਾ ਸੀ, ਮੈਂ ਵੀ ਲੱਗ ਗਿਆ ਲੱਜ ਦੇ ਨਾਲ, ਉਹ ਮਾਲਾ ਫੇਰਦੇ ਸੀ ਆਲੇ-ਦੁਆਲੇ ਬੈਠੇ, ਬਾਪੂ ਜੀ ਦੀ ਨਿਗ੍ਹਾ ਉਠੀ ਜਦ ਮੇਰੇ ਵਲ ਆਈ, ਕਹਿੰਦਾ ਮੈਂ ਦੜੰਮ ਦੇ ਕੇ ਧਰਤੀ ਤੇ ਗਿਰ ਗਿਆ। ਕਹਿੰਦਾ ਉਨ੍ਹਾਂ ਨੇ ਸੰਕੋਚ ਲਿਆ ਸਭ ਕੁਛ ਤੇ ਮੈਂ ਕਿਹਾ ਹੀਰਾ ਸਿੰਆਂ! ਬਾਕੀ ਸਭ ਕੁਛ ਲੈ ਲੇ, ਆਹ ਜਿਹੜਾ ਅਨੰਦ ਦਿਤਾ ਹੈ ਇਹ ਨਾ ਖੋਹੀ। ਮੈਂ ਤਾਂ ਦੇਖਿਆ ਹੀ ਨਹੀਂ ਸੀ ਕਿ ਇਹੋ ਜਿਹਾ ਵੀ ਕੋਈ ਅਨੰਦ ਹੁੰਦਾ ਹੈ। ਰੋਣ ਲੱਗ ਗਿਆ, ਮੈਂ ਕਿਹਾ ਫੇਰ ਕੀ ਹੋਈ ਬਾਪੂ ਜੀ? ਕਹਿੰਦਾ, ਹੋਰ ਕੀ ਹੋਣਾ ਹੈ, ਸਾਰੀ ਜ਼ਿੰਦਗੀ ਉਤਰਿਆ ਹੀ ਨਹੀਂ ਉਹ ਨਸ਼ਾ ਚੜ੍ਹਿਆ ਹੋਇਆ। ਸੋ ਉਤਰਦੀ ਨਹੀਂ -

***ਨਾਮ ਖੁਮਾਰੀ ਨਾਨਕਾ***
***ਚੜ੍ਹੀ ਰਹੇ ਦਿਨ ਰਾਤ***

ਉਹ ਨਾਮ ਹਰੇਕ ਦੇ ਅੰਦਰ ਹੈ, ਪਰ ਨੁਕਸ ਕੀ ਪੈਂਦਾ ਹੈ ਨਾਮ ਦੀ ਚਾਬੀ ਨਹੀਂ ਸਾਨੂੰ ਮਿਲਦੀ ਚਾਬੀ ਨਾ ਮਿਲਨ ਕਰਕੇ ਨਾਮ ਦਾ ਜਿਹੜਾ ਤਾਲਾ ਲੱਗਿਆ ਹੋਇਆ ਹੈ -

***ਬਜਰ ਕਪਾਟ ਜੜੇ ਜੜਿ ਜਾਣੈ***
***ਗੁਰ ਸਬਦੀ ਖੋਲਾਇਦਾ ॥ ਅੰਗ - ੧੦੩੩***

ਉਹ ਨਹੀਂ ਖੁਲ੍ਹਦਾ, ਮਹਾਰਾਜ ਕਹਿੰਦੇ ਉਹ ਦਵਾਈ ਵਾਹਿਗੁਰੂ ਨੇ ਸਭ ਦੇ ਅੰਦਰ ਰੱਖੀ ਹੋਈ ਹੈ-

***ਹਰਿ ਅਉਖਧੁ ਸਭ ਘਟ ਹੈ ਭਾਈ ॥***
***ਗੁਰ ਪੂਰੇ ਬਿਨੁ ਬਿਧਿ ਨ ਬਨਾਈ॥***
***ਅੰਗ - ੨੫੯***

ਪੂਰਾ ਗੁਰੂ ਮਿਲੇ ਜਿਹੜਾ ਭੇਤ ਜਾਣਦਾ ਹੈ, ਤਾਲਾ ਖੋਲ੍ਹ ਸਕਦਾ ਹੈ, ਨੰਬਰਾਂ ਦੀ ਚਾਬੀ ਹੋਵੇ, ਕੁਛ ਵੀ ਨਹੀਂ ਹੁੰਦਾ, ਨੰਬਰ ਲੱਗੇ ਹੁੰਦੇ ਨੇ, ਘੁਮਾਈ ਜਾਓ 7-7 ਘੁਮਾਈ ਜਾਓ, ਕੁਛ ਨੰਬਰ ਘੁਮਾਈ ਜਾਓ ਨਹੀਂ ਘੁੰਮਦੇ, ਨਹੀਂ ਖੁਲ੍ਹਦਾ। ਜਿਹਨੂੰ ਪਤਾ ਹੈ ਉਹੀ ਨੰਬਰ ਘੁੰਮਾ ਕੇ ਫਟਾ-ਫਟਾ ਤਾਲਾ ਖੋਲ੍ਹ ਦਿੰਦਾ ਹੈ। ਸੋ ਕਹਿੰਦੇ -

***ਗੁਰਿ ਪੂਰੈ ਸੰਜਮੁ ਕਰਿ ਦੀਆ ॥***
***ਨਾਨਕ ਤਉ ਫਿਰਿ ਦੂਖ ਨ ਥੀਆ॥***
***ਅੰਗ - ੨੫੯***

ਗੁਰੂ ਨੇ ਜਦੋਂ ਨਾਮ ਦੀ ਦਵਾਈ ਦਿਤੀ ਨਾਲ ਸੰਜਮ ਦੱਸ ਦਿਤਾ ਕਿ ਦੇਖ ਕਿਸੇ ਦੀ ਨਿੰਦਿਆ ਨਹੀਂ ਕਰਨੀ। ਚੁਗਲੀ ਨਹੀਂ ਕਰਨੀ, ਈਰਖਾ ਨਹੀਂ ਕਰਨੀ, ਕਿਸੇ ਨਾਲ ਵੈਰ ਨਹੀਂ ਕਰਨਾ, ਕਿਸੇ ਨਾਲ ਠੱਗੀ ਨਹੀਂ ਕਰਨੀ, ਕਪਟ ਨਹੀਂ ਕਰਨਾ, ਧੱਕਾ ਨਹੀਂ ਕਰਨਾ, ਨਾ ਕਿਸੇ ਨੂੰ ਕੌੜਾ ਬੋਲਣਾ ਹੈ, ਇਹ ਸਾਰਾ ਸੰਜਮ ਹੈ।

ਦੂਜੇ ਪਾਸੇ ਦੂਜੀਆਂ ਰਹਿਤਾਂ ਦੱਸ ਦਿਤੀਆਂ ਕਿ ਦਇਆ 'ਚ ਰਹਿਣਾ ਹੈ, ਖਿਮਾ 'ਚ ਰਹਿਣਾ ਹੈ, ਸਤਿ ਦਾ ਜੀਵਨ ਬਤੀਤ ਕਰਨਾ ਹੈ, ਸੰਤੋਖ ਧਾਰਨ ਕਰਨਾ ਹੈ, ਅਹਿੰਸਾ ਦਾ ਧਾਰਨੀ ਹੋਣਾ ਹੈ। ਹਿੰਸਾ ਨਹੀਂ ਕਰਨੀ, ਨਾ ਮਾੜੇ ਬਚਨ ਨਾਲ ਕਿਸੇ ਦਾ ਦਿਲ ਤੋੜਨਾ ਹੈ, ਨਾ ਐਕਸ਼ਨ ਨਾਲ ਕਿਸੇ ਨੂੰ ਨੁਕਸਾਨ ਪਹੁੰਚਾਉਣਾ ਹੈ, ਨਾ ਮਨ ਨਾਲ ਬੁਰਾ ਚਿਤਵਣਾ ਹੈ, ਨਾ ਬੁੱਧੀ ਦੀਆਂ ਚਲਾਕੀਆਂ ਦੇ ਨਾਲ ਭੁੱਲ-ਭਲਾਈਆਂ 'ਚ ਪਾ ਕੇ ਬੰਦੇ ਨੂੰ ਠੱਗ ਲੈਣਾ, ਐਸਾ ਵੀ ਨਹੀਂ ਤੇ ਨਾ ਰੂਹਾਨੀ ਤਾਕਤ ਨਾਲ ਕਿਸੇ ਦਾ ਨੁਕਸਾਨ ਕਰਨਾ ਹੈ। ਇਹ ਪੰਜ ਕਿਸਮ ਦੀ ਅਹਿੰਸਾ ਹੁੰਦੀ ਹੈ। ਸੋ ਉਹ ਸੰਜਮ ਦੇ ਦਿਤਾ ਕਿ ਆਹ ਸੰਜਮ ਕਰਨਾ ਹੈ। ਸੰਜਮ ਕੀ ਹੈ, ਮਹਾਰਾਜ ਨੇ ਲਿਖਿਆ ਹੋਇਆ ਹੈ -

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਅੰਗ - ੩੦੫*

ਪਹਿਲਾ ਇਹ ਹੈ ਕਿ ਅੰਮ੍ਰਿਤ ਵੇਲੇ ਜਾਗੇ, ਨਾਮ ਧਿਆਵੈ।

*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥*
*ਅੰਗ - ੩੦੫*

ਇਸ਼ਨਾਨ ਕਰ ਲਿਆ, ਫੇਰ ਮਨ ਦਾ ਇਸ਼ਨਾਨ, ਨਾਮ ਰੂਪੀ ਅੰਮ੍ਰਿਤ 'ਚ ਕਰਾਉਣਾ ਹੈ।

*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ..........॥*
*ਅੰਗ - ੩੦੫*

ਜਿਹੜਾ ਪੰਜ ਪਿਆਰਿਆਂ ਨੇ ਉਪਦੇਸ਼ ਦਿਤਾ ਹੈ ਉਹਦਾ ਜਾਪ ਕਰਨਾ ਹੈ, ਫੇਰ ਉਹਦਾ ਰਿਜ਼ਲਟ ਕੀ ਹੋਏਗਾ।

*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥*
*ਅੰਗ - ੩੦੫*

ਜਿੰਨੇ ਪਾਪ ਕਰੇ ਨੇ, ਸਾਰੇ ਦੇ ਸਾਰੇ ਲਹਿ ਜਾਣਗੇ।

*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ...........।।*
*ਅੰਗ - ੩੦੫*

ਜਦੋਂ ਦਿਨ ਚੜ੍ਹ ਜਾਵੇ ਫੇਰ ਬਾਣੀ ਦਾ ਪਾਠ ਸ਼ੁਰੂ ਕਰੇ-

*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*
*ਅੰਗ - ੩੦੫*

ਜਦੋਂ ਗੁਰੂ ਦੇ ਮਨ 'ਚ ਭਾਅ ਗਿਆ ਫੇਰ ਗੁਰੂ ਉਹਦੀ ਤਰੱਕੀ ਕਰ ਦਿੰਦਾ ਹੈ।

*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ ॥*
*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥*
*ਅੰਗ-੩੦੫*

ਵਾਹਿਗੁਰੂ ਦਾ ਤੇ ਜੀਵ ਦਾ ਮੇਲ ਕਰ ਦਿੰਦਾ ਹੈ। ਜੀਵ ਨੂੰ ਚੁੱਕ ਕੇ ਵਾਹਿਗੁਰੂ ਦਾ ਰੂਪ ਬਣਾ ਦਿੰਦਾ ਹੈ। ਫੇਰ ਉਹਦੀ ਡਿਊਟੀ ਲਗ ਜਾਂਦੀ ਹੈ ਦਰਗਾਹ ਤੋਂ ਕਿ ਪਿਆਰਿਆ! ਤੂੰ ਤਾਂ ਨਾਮ ਜਪਿਆ ਹੈ, ਹੁਣ ਸੰਸਾਰ ਨੂੰ ਜਪਾ, ਇਨ੍ਹਾਂ ਦਾ ਭਲਾ ਹੋ ਜਾਵੇ ਤੇ ਉਹਦੀ ਪਦਵੀ ਕਿੰਨੀ ਹੋ ਜਾਂਦੀ ਹੈ, ਅਸੀਂ ਤਾਂ ਕਹਿੰਦੇ ਹਾਂ ਕਿ ਉਹਨੂੰ ਸਤਿ ਸ੍ਰੀ ਅਕਾਲ ਨਾ ਬੁਲਾਓ ਜੀ, ਉਹਦਾ ਆਦਰ ਨਾ ਕਰੋ। ਮਹਾਰਾਜ ਕਹਿੰਦੇ ਕਿਉਂ ਭੁਲਦੇ ਓਂ ਤੁਸੀਂ?

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥*
*ਅੰਗ - ੩੦੫*

ਕਹਿੰਦੇ ਮੈਂ ਧੂੜੀ ਮੰਗਦਾ ਹਾਂ ਉਨ੍ਹਾਂ ਸਿੱਖਾਂ ਦੀ ਜਿਹੜੇ ਆਪ ਨਾਮ ਜਪਦੇ ਨੇ ਤੇ ਦੂਸਰਿਆਂ ਨੂੰ ਜਪਾਉਂਦੇ ਨੇ। ਸੋ ਫੇਰ ਨਹੀਂ ਦੁੱਖ ਲਗਦਾ। ਕਿਉਂਕਿ ਨਾਮ ਦੇ ਵਿਚ -

*ਹਰਿ ਹਰਿ ਤੇਰਾ ਨਾਮੁ ਹੈ ਦੁਖ ਮੇਟਣਹਾਰਾ ॥*
*ਗੁਰ ਸੇਵਾ ਤੇ ਪਾਈਐ ਗੁਰਮੁਖਿ ਨਿਸਤਾਰਾ ॥ ੪ ॥*
*ਜੋ ਹਰਿ ਨਾਮੁ ਧਿਆਇਦੇ ਤੇ ਜਨ ਪਰਵਾਨਾ ॥*
*ਤਿਨ ਵਿਟਹੁ ਨਾਨਕੁ ਵਾਰਿਆ ਸਦਾ ਸਦਾ ਕੁਰਬਾਨਾ॥*
*ਅੰਗ - ੭੨੫*

ਮਿਲਦਾ ਕਿਵੇਂ ਹੈ? -

*ਗੁਰ ਸੇਵਾ ਤੇ ਪਾਈਐ ਗੁਰਮੁਖਿ ਨਿਸਤਾਰਾ ॥ ੪ ॥*
*ਅੰਗ - ੭੨੫*
*ਜੋ ਹਰਿ ਨਾਮੁ ਧਿਆਇਦੇ ਤੇ ਜਨ ਪਰਵਾਨਾ ॥*
*ਤਿਨ ਵਿਟਹੁ ਨਾਨਕੁ ਵਾਰਿਆ*
*ਸਦਾ ਸਦਾ ਕੁਰਬਾਨਾ॥ ਅੰਗ - ੭੨੫*

ਸੋ ਸੰਸਾਰ ਦੇ ਦੁਖਾਂ ਦਾ ਇਲਾਜ ਪ੍ਰਮੇਸ਼ਰ ਦਾ ਨਾਮ ਹੈ, ਸੰਸਾਰ 'ਚ ਕਿਹੜਾ ਬੰਦਾ ਹੈ ਜਿਹੜਾ ਕਹੇ ਕਿ ਮੈਂ ਨਹੀਂ ਦੁਖੀ। ਮਨਮੁਖ ਤਾਂ ਹੈ ਹੀ ਦੁਖੀ। ਮਨ ਦੇ ਪਿੱਛੇ ਲੱਗਣ ਵਾਲਾ ਕਦੇ ਵੀ ਸੁਖੀ ਨਹੀਂ ਹੁੰਦਾ। ਆਪ ਨਹੀਂ ਸੁਖੀ ਹੁੰਦਾ, ਜਿਹੜਾ ਉਹਦੇ ਨਾਲ ਤੁਰਦਾ ਹੈ ਉਹ ਵੀ ਨਹੀਂ ਸੁਖੀ ਹੁੰਦਾ।

*ਮਨਮੁਖ ਸਉ ਕਰਿ ਦੋਸਤੀ*
*ਸੁਖ ਕਿ ਪੁਛਹਿ ਮਿਤ ॥*
*ਗੁਰਮੁਖ ਸਉ ਕਰਿ ਦੋਸਤੀ*
*ਸਤਿਗੁਰ ਸਉ ਲਾਇ ਚਿਤੁ ॥ ਅੰਗ - ੧੪੨੧*

ਐ ਪਿਆਰਿਆ! ਤੂੰ ਸੁਖ ਦੀ ਗੱਲ ਕਰਦਾ ਹੈਂ, ਤੇਰੀ ਮਿਤਰਤਾ ਤਾਂ ਮਨਮੁੱਖਾਂ ਨਾਲ ਹੈ, ਉਨ੍ਹਾਂ ਦਾ ਮਾਇਆ ਦੇ ਨਾਲ ਪਿਆਰ ਹੈ, ਜਿਹਦਾ ਮਾਇਆ ਨਾਲ ਪਿਆਰ ਹੈ ਉਹ ਹਿਤ ਦਾ ਬੰਦਾ ਹੈ, ਤੇਰਾ ਤਾਂ ਕੁਛ ਨਹੀਂ ਲਗਦਾ।

***ਮਨਮੁਖੁ ਦੁਖ ਕਾ ਖੇਤੁ ਹੈ***
***ਦੁਖੁ ਬੀਜੇ ਦੁਖੁ ਖਾਇ ॥***
***ਦੁਖ ਵਿਚਿ ਜੰਮੈ ਦੁਖਿ ਮਰੈ***
***ਹਉਮੈ ਕਰਤ ਵਿਹਾਇ॥ ਅੰਗ - ੯੪੭***

ਉਹ ਤਾਂ ਉਹਦੇ ਲੇਖ ਦੇ ਵਿਚ ਦੁੱਖ ਲਿਖਿਆ ਗਿਆ। ਉਹਦੇ ਭਾਗਾਂ 'ਚ ਦੁਖ ਆ ਗਿਆ, ਉਹ ਤਾਂ ਹੋ ਹੀ ਨਹੀਂ ਸਕਦਾ ਸੁਖੀ। ਬਾਕੀ ਸੰਸਾਰ 'ਚ ਦੁਖ, ਕੋਈ ਪਤਾ ਨਹੀਂ ਕਿੰਨੇ ਤਰ੍ਹਾਂ ਦੇ ਦੁਖ ਨੇ। ਕੋਈ ਵੀ ਬੰਦਾ ਵੱਡੇ ਤੋਂ ਵੱਡਾ ਜਿਹੜਾ ਹੈ, ਉਹ ਵੀ ਨਹੀਂ ਕਹਿ ਸਕਦਾ ਕਿ ਮੈਂ ਸੁਖੀ ਹਾਂ, ਸੁਖ ਤਾਂ ਚੀਜ਼ ਹੀ ਹੋਰ ਹੈ ਇਹ ਤਾਂ ਬੰਦਗੀ ਵਾਲਿਆਂ ਨੂੰ ਪਤਾ ਹੈ ਕਿ ਸੁਖ ਕੀ ਹੁੰਦਾ ਹੈ, ਬਾਕੀਆਂ ਨੂੰ ਤਾਂ ਪਤਾ ਹੀ ਨਹੀਂ। ਬਾਕੀ ਤਾਂ habitual ਹੋਏ ਹੁੰਦੇ ਨੇ ਦੁਖ ਦੇ, hot house ਵਿਚ ਰਹਿਣ ਵਾਸਤੇ।

ਆਹ ਯੂ.ਪੀ. ਦੇ ਅੰਦਰ ਅਸੀਂ ਜਦੋਂ ਹੁੰਦੇ ਉਥੇ ਲੇਬਰਾਂ ਆਉਂਦੀਆਂ ਸੀ, ਪਹਿਲਾਂ ਭੁੰਜੇ ਹੀ ਪੈ ਜਾਂਦੇ ਸੀ ਜਦ ਇੰਤਜ਼ਾਮ ਨਹੀਂ ਸੀ ਸਾਡੇ ਕੋਲ ਵੀ। ਸੱਪ ਰਾਤ ਨੂੰ ਚੜ੍ਹ ਜਾਣੇ, ਕੀੜੇ ਮਕੌੜੇ ਫਿਰੀ ਜਾਣੇ। ਉਹ habitual ਹੋਏ ਹੋਏ ਸੀ। ਸਾਡੇ ਲੋਕਾਂ ਨੇ ਉਨ੍ਹਾਂ ਨੂੰ ਪੱਕੇ ਘਰ ਪਾ ਦਿਤੇ। ਲੰਮੇ-ਲੰਮੇ ਸ਼ੈਡ ਪਾ ਦਿਤੇ ਕਿ ਇਥੇ ਆ ਕੇ ਰਹੀ ਜਾਣਗੇ। ਉਨ੍ਹਾਂ ਨੂੰ ਜਦ ਪੁੱਛਿਆ ਉਹ ਕਹਿੰਦੇ ਕਿ ਅਸੀਂ ਤਾਂ ਬਹੁਤ ਸੁਖੀ ਹੋ ਗਏ। ਅਸੀਂ ਕਿਹਾ ਕਿ ਬੜੇ ਔਖੇ ਨੇ ਭੁੰਜੇ ਸੌਂਦੇ ਨੇ। ਅੱਧੀ ਕੁ ਰਾਤ ਨੂੰ ਹੋਣ ਲਗ ਜਾਂਦੀ ਖਾ ਲਿਆ ਰੇ ਖਾ ਲਿਆ, ਸੱਪ ਆ ਵੜਦੇ ਨੇ। ਨਾ ਪਤਾ ਹੋਣ ਕਰਕੇ ਉਸੇ ਨੂੰ ਉਹ ਸੁਖ ਮੰਨਦਾ ਹੈ। ਮਹਾਰਾਜ ਕਹਿੰਦੇ, ਪਿਆਰਿਓ! ਸੁਖੀ ਤਾਂ ਸੰਸਾਰ ਦੇ ਅੰਦਰ ਨਾਮ ਜਪਣ ਵਾਲੇ ਤੋਂ ਬਗੈਰ ਵੱਡੇ-ਵੱਡੇ ਵੀ ਜਿਹੜੇ ਹੋਏ ਨੇ ਉਹ ਵੀ ਸੁਖੀ ਨਹੀਂ। ਐਸ ਤਰ੍ਹਾਂ ਫੁਰਮਾਨ ਕਰਦੇ ਨੇ-

***ਧਾਰਨਾ - ਦੁਖੀਆ ਸਭ ਸੰਸਾਰ***
***ਨਾਨਕ ਦੁਖੀ-ਨਾਨਕ ਦੁਖੀਆ।***

ਵੱਡਿਆਂ-ਵੱਡਿਆਂ ਦਾ ਨਾਉਂ ਲੈ ਕੇ ਜਿਵੇਂ ਹਾਥੀ ਦੀ ਪੈੜ ਵਿਚ ਸਾਰਿਆਂ ਦੀਆਂ ਪੈੜਾਂ ਆ ਜਾਂਦੀਆਂ ਨੇ, ਛੋਟਿਆਂ ਦੀ ਤਾਂ ਗੱਲ ਕਰਨੀ ਕੀ ਸੀ, ਜਿਹੜਾ ਇੰਦਰ ਰਾਜਾ ਇੰਦਰ ਲੋਕ ਦਾ ਮਾਲਕ ਹੈ, ਉਹਦੇ ਕੋਲ ਸੁੱਖਾਂ ਦੀ ਕੋਈ ਕਮੀ ਨਹੀਂ ਹੈ। ਅਪੱਛਰਾਂ ਨੇ ਨਾਚ-ਗਾਉਣੇ ਕਰਨ ਵਾਸਤੇ ਤੇ ਨੰਦਨਬਾਗ ਜਿਹਨੂੰ ਕਹਿੰਦੇ ਨੇ ਸੁਨਿਹਰੀ ਤੇ ਰੁਪਿਹਰੀ ਅਨੇਕ ਕਿਸਮ ਦੇ ਪਾਣੀਆਂ ਦੀਆਂ ਲਹਿਰਾਂ ਚਲਦੀਆਂ ਨੇ, ਫੁਹਾਰੇ ਚਲਦੇ ਨੇ। ਕਾਮਧੇਨ ਗਊ ਉਸ ਥਾਂ ਦੇ ਉਤੇ, ਕਲਪਬ੍ਰਿਛ ਦਾ ਉਹ ਮੰਡਲ ਹੈ। ਇਧਰੋਂ ਮੂੰਹ ਵਿਚੋਂ ਗੱਲ ਆਈ ਕਿ ਫਲਾਣੀ ਚੀਜ਼ ਚਾਹੀਦੀ ਹੈ ਉਸੇ ਵੇਲੇ ਹਾਜ਼ਰ ਹੋ ਜਾਂਦੀ ਹੈ। ਪਰ ਉਹ ਉਥੇ ਵੀ ਸੁਖੀ ਨਹੀਂ, ਉਹਦਾ ਰਾਜਾ ਭਟਕਦਾ ਹੋਇਆ, ਦੁਨੀਆਂ ਤੇ ਆਇਆ -

***ਗੋਤਮੁ ਤਪਾ ਅਹਿਲਿਆ ਇਸਤ੍ਰੀ***
***ਤਿਸੁ ਦੇਖਿ ਇੰਦ੍ਰੁ ਲੁਭਾਇਆ ॥***
***ਸਹਸ ਸਰੀਰ ਚਿਹਨ ਭਗ ਹੂਏ***
***ਤਾ ਮਨਿ ਪਛੋਤਾਇਆ ॥ ੧ ॥ ਅੰਗ - ੧੩੪੪***

ਮਾੜਾ ਕੰਮ ਕਰਿਆ ਉਹਨੇ ਆ ਕੇ। ਨਤੀਜਾ ਕੀ ਹੋਇਆ? ਹਜ਼ਾਰਾਂ ਥਾਉਂ ਤੋਂ ਸਰੀਰ ਫਟ ਗਿਆ, ਸ਼ਰਮ ਆ ਗਈ ਦੇਵ ਲੋਕ 'ਚ ਨਹੀਂ ਜਾਂਦਾ। ਰੋਂਦਾ ਹੈ, ਰੋਂਦਾ ਹੋਇਆ ਇਕ ਟੋਭੇ ਦੇ ਵਿਚ, ਕਮਲ ਫੁੱਲਾਂ ਦਾ ਟੋਭਾ ਹੈ ਉਹਦੇ ਵਿਚ ਲੁਕ ਕੇ ਬਹਿ ਗਿਆ। ਸੋ ਉਹਦੇ ਬਾਰੇ ਮਹਾਰਾਜ ਕਹਿੰਦੇ ਐਡਾ ਵੱਡਾ ਹੁੰਦਾ ਹੋਇਆ, ਦੱਸ ਅਰਬ ਗੁਣਾਂ ਸੁੱਖ ਹੈ ਇਥੋਂ ਦੇ ਚੱਕਰਵਰਤੀ ਬਾਦਸ਼ਾਹ ਨਾਲੋਂ। ਫੇਰ ਰੋਇਆ ਤੇ ਦੁਖੀ ਹੋਇਆ।

***ਪਰਸ ਰਾਮੁ ਰੋਵੈ ਘਰਿ ਆਇਆ ॥***
***ਅਜੈ ਸੁ ਰੋਵੈ ਭੀਖਿਆ ਖਾਇ ॥ ਅੰਗ - ੯੫੪***

ਅਜ ਰਾਜਾ ਸੂਰਜਵੰਸ਼ੀ ਕੁੱਲ ਦਾ ਵੱਡਾ ਸੀ, ਰਘੂ ਰਾਜੇ ਦਾ ਪਿਤਾ ਉਹ ਵੀ ਰੋਂਦਾ ਰਿਹਾ। ਨਿੰਦਿਆ ਕਰੀ, ਨਿੰਦਿਆ ਕਰਨ ਦੇ ਨਾਲ ਮਹਾਤਮਾ ਦੇ ਨਾਲ ਉਸ ਨੇ ਮਸ਼ਕਰੀ ਕਰੀ, ਨਤੀਜਾ ਕੀ ਹੋਇਆ? ਲਿੱਦ ਖਾਣੀ ਪਈ, ਰੋਇਆ ਬਹੁਤ ਉਹ।

***ਰੋਵੈ ਰਾਮੁ ਨਿਕਾਲਾ ਭਇਆ ॥***
***ਸੀਤਾ ਲਖਮਣੁ ਵਿਛੁੜਿ ਗਇਆ ॥***
***ਰੋਵੈ ਦਹਸਿਰੁ ਲੰਕ ਗਵਾਇ ॥***
***ਜਿਨਿ ਸੀਤਾ ਆਦੀ ਡਉਰੂ ਵਾਇ ॥***
***ਰੋਵਹਿ ਪਾਂਡਵ ਭਏ ਮਜੂਰ ॥***
***ਜਿਨ ਕੈ ਸੁਆਮੀ ਰਹਤ ਹਦੂਰਿ ॥***
***ਰੋਵੈ ਜਨਮੇਜਾ ਖੁਇ ਗਇਆ ॥***
***ਏਕੀ ਕਾਰਣਿ ਪਾਪੀ ਭਇਆ ॥***
***ਰੋਵਹਿ ਸੇਖ ਮਸਾਇਕ ਪੀਰ ॥***
***ਅੰਤਿ ਕਾਲਿ ਮਤੁ ਲਾਗੈ ਭੀੜ ॥***
***ਰੋਵਹਿ ਰਾਜੇ ਕੰਨ ਪੜਾਇ ॥***
***ਘਰਿ ਘਰਿ ਮਾਗਹਿ ਭੀਖਿਆ ਜਾਇ ॥***
***ਰੋਵਹਿ ਕਿਰਪਨ ਸੰਚਹਿ ਧਨੁ ਜਾਇ ॥***
***ਪੰਡਿਤ ਰੋਵਹਿ ਗਿਆਨੁ ਗਵਾਇ॥ ਅੰਗ - ੯੫੪***

ਇਕ ਪੰਡਤ ਸੀ, ਸਾਰੀ ਦੁਨੀਆਂ ਉਹਨੇ ਫਤਹਿ ਕਰ ਲਈ ਸੀ, ਐਡਾ ਵਿਦਵਾਨ ਸੀ। ਜੈ-ਜੈ

ਕਾਰ ਹੁੰਦੀ ਜਲੂਸ ਕੱਢੇ ਜਾਂਦੇ। ਫੁੱਲ ਵਰਸਾਏ ਜਾਂਦੇ। ਰਾਜੇ ਭੋਜ ਕੋਲ ਆ ਗਿਆ, ਆ ਕੇ ਉਸ ਨੇ ਢੰਡੋਰਾ ਪਿਟਵਾ ਦਿਤਾ ਕਿ ਕੋਈ ਬੰਦਾ ਮੇਰੇ ਨਾਲ ਆ ਕੇ ਸ਼ਾਸਤਰ ਅਰਥ ਕਰ ਲਵੇ। ਪੰਡਤ ਸਭ ਡਰ ਗਏ ਨਾਮ ਸੁਣ ਕੇ ਕਿ ਇਹ ਤਾਂ ਬਹੁਤ ਵੱਡਾ ਵਿਦਵਾਨ ਆ ਗਿਆ, ਇਹਦੇ ਮੁਕਾਬਲੇ 'ਤੇ ਤਾਂ ਸਾਡੇ ਤੋਂ ਗੱਲ ਹੀ ਨਹੀਂ ਹੋਣੀ। ਅਖੀਰ ਸਾਰਿਆਂ ਨੇ ਕਿਹਾ ਕਿ ਇਹਨੇ ਸਾਡੇ ਸਾਰਿਆਂ ਅੱਗੇ ਚੈਲੰਜ ਸੁੱਟਿਆ ਹੈ, ਸਾਨੂੰ accept ਕਰਨਾ ਚਾਹੀਦਾ ਹੈ। ਕੋਈ ਐਸਾ ਬੰਦਾ ਅਣਜਾਣ ਇਹਦੇ ਮੁਕਾਬਲੇ ਤੇ ਖੜ੍ਹਾ ਕਰ ਦਿਓ, ਜੇ ਹਾਰ ਜਾਏਗਾ ਤਾਂ ਵੀ ਆਪਣੀ ਬੇਇਜ਼ਤੀ ਨਹੀਂ ਹੋਏਗੀ। ਝੰਡੀ ਜ਼ਰੂਰ ਫੜਨੀ ਹੈ ਇਹਦੀ। ਰਾਜੇ ਭੋਜ ਨੇ ਕਿਹਾ ਕਿ ਤੁਸੀਂ ਐਨੇ ਵਿਦਵਾਨ, ਨੌ ਰਤਨ ਮੇਰੇ ਕੋਲ ਰਹਿੰਦੇ ਓਂ ਤੇ ਇਹ ਚੈਲੰਜ ਕਰ ਦੇਵੇ। ਕਹਿੰਦੇ ਹਾਂ ਮਹਾਰਾਜ ਅਸੀਂ ਇੰਤਜ਼ਾਮ ਕਰਿਆ ਹੈ ਜੇ ਆਪ ਪ੍ਰਵਾਨਗੀ ਦਿਓ। ਇਹਦਾ ਮੁਕਾਬਲੇ 'ਤੇ ਤਾਂ ਨਹੀਂ ਅਸੀਂ ਆ ਸਕਦੇ। ਪਰ ਇਕ ਬਚਣ ਦੀ ਵਿਉਂਤ ਕੱਢ ਲਈ ਹੈ। ਤੁਹਾਡੀ ਬਦਨਾਮੀ ਨਾ ਹੋਵੇ ਤੇ ਸਾਡੀ ਵੀ ਨਾ ਹੋਵੇ। ਕਹਿਣ ਲੱਗੇ ਕਿਵੇਂ ਕਰਨਾ ਹੈ? ਕਹਿੰਦੇ, ਮਹਾਰਾਜ! ਤੁਸੀਂ ਦੇਖਦੇ ਰਹਿਓ। ਇਕ ਉਸੇ ਪਿੰਡ ਦੇ ਵਿਚ ਕਾਣਾ ਤੇਲੀ ਰਹਿੰਦਾ ਸੀ, ਜਿਹਦਾ ਨਾਉਂ ਗਾਂਗਾ ਸੀ। ਉਹ ਗਾਲੜੀ ਬਹੁਤ ਸੀ, ਬਹੁਤ ਗੱਲਾਂ ਮਾਰਦਾ ਸੀ, ਕਹਿੰਦੇ, ਗਾਂਗੇ ਇਕ ਬਹੁਤ ਵੱਡਾ ਪੰਡਤ ਆਇਆ ਹੈ ਬਹਿਸ ਕਰਨ ਵਾਸਤੇ। ਕਹਿੰਦਾ, ਮੇਰੇ ਸਾਮ੍ਹਣੇ ਲਿਆਓ ਮਿੰਟ ਨਹੀਂ ਲਾਉਂਦਾ ਉਹਨੂੰ ਮੈਂ ਹਰਾਉਣ ਨੂੰ। ਉਹ ਨਾ ਸ਼ਾਸਤਰ ਜਾਣੇ ਨਾ ਕੁਛ ਜਾਣੇ। ਉਹ ਕਹਿੰਦੇ, ਖਰੜ ਗਿਆਨ ਨਾਲ ਨਹੀਂ ਉਹਨੇ ਗੱਲ ਕਰਨੀ। ਉਹਨੇ ਸ਼ਾਸਤਰ 'ਚੋਂ ਕਰਨੀ ਹੈ। ਕਹਿੰਦਾ ਦੇਖੀ ਜਾਏਗੀ, ਮੈਨੂੰ ਲੈ ਚੱਲੋ ਇਕ ਵਾਰੀ। ਉਹਨੂੰ ਲੈ ਗਏ, ਪੰਡਤਾਂ ਵਾਲਾ ਰੂਪ ਬਣਾ ਦਿਤਾ। ਤਿਲਕ ਲਾ ਦਿਤਾ ਉਸੇ ਤਰ੍ਹਾਂ ਦੀ ਦਸਤਾਰ ਤੇ ਗਲ ਵਿਚ ਪਰਨਾ ਪਾ ਦਿਤਾ। ਪੈਰਾਂ ਦੇ ਵਿਚ ਬਹੁਤ ਸੋਹਣੀ ਜੁੱਤੀ ਕੱਢਵੀਂ ਪਾ ਦਿਤੀ। ਉਹ ਜਿਸ ਵਕਤ ਸਭਾ ਦੇ ਵਿਚ ਗਿਆ, ਬੇਅੰਤ ਭੀੜ ਹੋ ਗਈ, ਅੱਜ ਗਾਂਗੇ ਦਾ ਤੇ ਸਭ ਤੋਂ ਵਿਦਵਾਨ ਪੰਡਤ ਦਾ ਆਪਸ ਵਿਚ ਸੰਵਾਦ ਹੋਣਾ ਹੈ। ਇਹਨੇ ਜਦੋਂ ਦੂਰੋਂ ਹੀ ਦੇਖਿਆ ਕਿ ਇਕੱਠ ਬੜਾ ਹੈ, ਆਪਣੀ ਜੁੱਤੀ ਵਲ ਦੇਖਿਆ ਕਿ ਮੇਰੀ ਜੁੱਤੀ ਕੋਈ ਚੁੱਕ ਕੇ ਲੈ ਜਾਏਗਾ। ਇਹਨੇ ਆਪਣੇ ਕੋਲੋਂ ਜਿਹੜਾ ਗਲ ਵਾਲਾ ਪਰਨਾ ਸੀ ਉਹ ਲਾਹ ਲਿਆ। ਉਹਦੇ 'ਚ ਜੁੱਤੀ ਵਲੇਟ ਕੇ ਕੱਛ ਵਿਚ ਲੈ ਲਈ। ਚਲਿਆ ਗਿਆ ਸਭਾ 'ਚ, ਓਧਰ ਉਹ ਪੰਡਤ ਬਹਿ ਗਿਆ, ਏਧਰ ਇਹ ਬਹਿ ਗਿਆ। ਸਾਰੀ ਦੁਨੀਆਂ ਸਭਾ ਦੇਖ ਰਹੀ ਹੈ, ਹੁਣ ਪੰਡਤ ਨੇ ਕਿਹਾ ਕਿ ਇਹਦੇ ਬੁੱਕਲ 'ਚ ਜਿਹੜਾ ਸ਼ਾਸਤਰ ਹੈ ਪਹਿਲਾਂ ਮੈਨੂੰ ਉਹਦਾ ਗਿਆਨ ਹੋਣਾ ਚਾਹੀਦਾ ਹੈ। ਖਬਰੇ ਉਹਦੇ ਵਿਚੋਂ ਕਿਹੜਾ ਸਵਾਲ ਕਰ ਦੇਵੇ? ਉਹ ਕਹਿੰਦਾ ਪੰਡਤ ਜੀ ਮਹਾਰਾਜ! ਇਹ ਕਿਹੜਾ ਸ਼ਾਸਤਰ ਲਿਆਏ ਓਂ ਮੇਰੇ ਨਾਲ ਬਹਿਸ ਕਰਨ ਵਾਸਤੇ? ਕਹਿੰਦੇ, ਕੰਟਕ ਚੂਰਣ ਹੈ ਇਹਦਾ ਨਾਉਂ। ਕੰਡਿਆਂ ਦਾ ਮੂੰਹ ਤੋੜਨ ਵਾਲਾ, ਕੰਟਕ ਚੂਰਣ ਸ਼ਾਸਤਰ ਹੈ। ਉਹ ਹੈਰਾਨ ਹੋ ਗਿਆ ਕਿ ਆਹ ਸ਼ਾਸਤਰ ਤਾਂ ਮੈਂ ਹੁਣ ਤੱਕ ਪੜ੍ਹਿਆ ਹੀ ਨਹੀਂ ਹੈ। ਹੋਰ ਤਾਂ ਸਾਰੇ ਪੜ੍ਹ ਲਏ, ਸਾਰੀਆਂ ਉਪਨਿਸ਼ਦਾਂ, ਸਾਰੀਆਂ ਸਿਮ੍ਰਤੀਆਂ, ਹੋਰ ਭਾਸ਼ਾ 'ਚ ਬੇਅੰਤ ਪੜ੍ਹ ਲਏ ਆਹ ਤਾਂ ਪੜ੍ਹਿਆ ਹੀ ਨਹੀਂ। ਕੰਬ ਗਿਆ ਪੰਡਤ ਅੰਦਰੋਂ, ਕਹਿੰਦਾ ਬਈ ਐਉਂ ਦੱਸ, ਬਈ ਚਰਚਾ ਕਰਨੀ ਹੈ ਬੋਲ ਕੇ ਕਿ ਇਸ਼ਾਰੇ ਨਾਲ? ਉਹ ਕਹਿੰਦਾ ਜਿਵੇਂ ਤੇਰੀ ਮਰਜ਼ੀ ਹੈ। ਪੰਡਤ ਨੇ ਸੋਚਿਆ ਕਿ ਬੋਲ ਕੇ ਤਾਂ ਮੈਂ ਹਾਰ ਜਾਵਾਂਗਾ, ਇਸ਼ਾਰੇ ਨਾਲ ਮੈਂ ਜਿੱਤ ਜਾਵਾਂਗਾ। ਕਹਿੰਦਾ ਇਸ਼ਾਰੇ ਨਾਲ ਕਰਾਂਗੇ। ਇਸ਼ਾਰੇ ਨਾਲ ਚਰਚਾ ਸ਼ੁਰੂ ਹੋ ਗਈ। ਪੰਡਤ ਨੂੰ ਉਹਨੇ ਕਿਹਾ ਕਿ ਕਰੋ ਸਵਾਲ ਪੰਡਤ ਨੇ ਸਵਾਲ ਕਰਿਆ, ਇਕ ਉਂਗਲੀ ਖੜ੍ਹੀ ਕਰ ਦਿਤੀ। ਉਹ ਸਮਝਣ ਦਾ ਯਤਨ ਕਰਨ ਲੱਗਿਆ ਕਿ ਇਹਨੇ ਕੀ ਕਿਹਾ ਹੈ? ਗਾਂਗੇ ਨੇ ਸਮਝਿਆ ਕਿ ਇਹ ਕਹਿ ਰਿਹਾ ਹੈ ਕਿ ਮੈਂ ਤੇਰੀ ਇਕ ਅੱਖ ਕੱਢ ਦੇਵਾਂਗਾ। ਉਹਨੇ ਦੋ ਉਂਗਲੀਆਂ ਖੜ੍ਹੀਆਂ ਕਰ ਦਿਤੀਆਂ। ਪੰਡਤ ਨੇ ਥੋੜ੍ਹੀ ਦੇਰ ਸੋਚਿਆ ਉਸ ਤੋਂ ਬਾਅਦ ਪੰਜਾ ਖੜ੍ਹਾ ਕਰ ਦਿਤਾ। ਗਾਂਗੇ ਨੇ ਮੁੱਕਾ ਖੜ੍ਹਾ ਕਰ ਲਿਆ। ਪੰਡਤ ਉਠਿਆ, ਉਠ ਕੇ ਗਾਂਗੇ ਤੇਲੀ ਦੇ ਚਰਨਾਂ ਤੇ ਮੱਥਾ ਟੇਕ ਦਿਤਾ। ਵਾਜੇ ਵੱਜ ਗਏ ਕਿ ਜਿੱਤ ਗਿਆ-ਜਿੱਤ ਗਿਆ। ਪਹਿਲੀ ਵਾਰੀ ਹਾਰਿਆ ਜ਼ਿੰਦਗੀ 'ਚ। ਹਾਰਨਾ ਹੀ ਨਹੀਂ ਸੀ ਰੋਣ ਲੱਗ ਗਿਆ ਕਿ ਮੇਰੀ ਹਾਰ ਹੋ ਗਈ, ਨਾਲੇ ਮੈਨੂੰ ਸਮਝ 'ਚ ਨਹੀਂ ਆਇਆ। ਜਦੋਂ ਪੰਡਤ ਪਾਸੇ ਹੋ ਗਿਆ ਤਾਂ ਰਾਜੇ ਭੋਜ ਨੇ, ਪੰਡਤਾਂ ਨੇ ਗਾਂਗੇ ਨੂੰ ਪੁੱਛਿਆ ਕਿ ਮਹਾਰਾਜ! ਸਾਨੂੰ ਉਹ ਚੀਜ਼ ਤਾਂ ਦੱਸ ਦਿਓ, ਜਿਹਦੇ ਕਰਕੇ ਤੁਹਾਡੀ ਜਿੱਤ ਹੋ ਗਈ? ਉਹ ਕਹਿਣ ਲੱਗਿਆ ਕਿ ਜਦੋਂ ਉਹਨੇ ਚਰਚਾ ਕਰੀ ਨਾ, ਉਂਗਲੀ ਖੜ੍ਹੀ ਕਰੀ। ਮੈਂ ਕਿਹਾ ਕਿ ਇਹ ਕਹਿੰਦਾ ਹੈ ਕਿ ਤੇਰੀ ਇਕ ਅੱਖ ਜਿਹੜੀ ਹੈ ਮੈਂ ਕੱਢ ਦੇਵਾਂਗਾ। ਕਹਿੰਦਾ, ਮੈਂ ਦੋ ਉਂਗਲੀਆਂ ਖੜ੍ਹੀਆਂ ਕਰ ਦਿਤੀਆਂ ਕਿ ਮੈਂ ਤੇਰੀਆਂ ਦੋਵੇਂ ਕੱਢਾਂਗਾ। ਕਹਿੰਦਾ, ਫੇਰ ਉਹਨੇ ਪੰਜ ਉਂਗਲੀਆਂ ਖੜ੍ਹੀਆਂ ਕਰ ਦਿਤੀਆਂ, ਮੈਂ ਕਿਹਾ ਕਿ ਐਉਂ ਕਹਿੰਦਾ ਹੈ ਕਿ ਮੈਂ ਤੇਰੇ ਥੱਪੜ ਮਾਰਾਂਗਾ, ਮੈਂ ਘਸੁੰਨ ਵੱਟ ਲਿਆ ਕਿ ਮੈਂ ਘਸੁੰਨ ਮਾਰਾਂਗਾ। ਉਹ ਜੈ-ਜੈਕਾਰ ਹੋ ਗਈ, ਜਿੱਤਣਾ ਹੀ ਸੀ ਮੇਰਾ ਘਸੁੰਨ ਤੱਕੜਾ ਸੀ ਉਹਦੇ ਨਾਲੋਂ। ਪੰਡਤ ਨੂੰ ਪੁੱਛਿਆ ਕਿ ਮਹਾਰਾਜ! ਤੁਸੀਂ ਕਿਵੇਂ ਹਾਰ ਗਏ? ਕਹਿੰਦੇ, ਅਸੀਂ ਉਹਨੂੰ ਪੁੱਛਿਆ ਸੀ ਕਿ ਆਹ ਜਿਹੜੀ ਸ੍ਰਿਸ਼ਟੀ ਹੈ ਇਕੋ ਬ੍ਰਹਮ ਹੈ ਇਥੇ ਸੰਸਾਰ 'ਚ, ਉਹਨੇ ਦੋ ਉਂਗਲਾਂ ਖੜ੍ਹੀਆਂ ਕਰ ਦਿਤੀਆਂ ਕਿ

ਪੰਡਤ ਜੀ, ਇਕੱਲਾ ਬ੍ਰਹਮ ਨਹੀਂ ਕੁਛ ਕਰ ਸਕਦਾ, ਨਾਲ ਮਾਇਆ ਵੀ ਹੈ। ਕਹਿੰਦੇ, ਫੇਰ ਮੈਂ ਉਹਨੂੰ ਕਿਹਾ ਕਿ ਇਹ ਜਿੰਨਾ ਕੁਛ ਵੀ ਹੈ ਇਹ ਪੰਜ ਤੱਤ ਦਾ ਬਣਿਆ ਹੋਇਆ ਹੈ, ਉਹਨੇ ਕਿਹਾ ਕਿ ਪੰਜ ਤੱਤ ਇਕੱਲਿਆਂ ਦਾ ਨਹੀਂ ਹੈ ਤੇ ਸਾਰੇ ਘੁਲ ਮਿਲ ਕੇ ਇਕੱਠੇ ਹੋਏ ਹੋਏ ਨੇ। ਸੋ ਉਹ ਹਾਰ ਗਿਆ। ਮਹਾਰਾਜ ਕਹਿੰਦੇ ਦੇਖੋ -

***ਰੋਵਹਿ ਕਿਰਪਨ ਸੰਚਹਿ ਧਨੁ ਜਾਇ ॥***
***ਪੰਡਿਤ ਰੋਵਹਿ ਗਿਆਨੁ ਗਵਾਇ ॥***
***ਅੰਗ - ੯੫੪***

ਇਕ ਲੜਕੀ ਸੀ ਉਸਨੇ ਪਹਿਲੇ ਜਨਮ 'ਚ ਆਪਣੇ ਪਤੀ ਦਾ ਜੋ ਬੰਦਗੀ ਕਰਨ ਵਾਲਾ ਸੀ, ਬੜਾ ਨਿਰਾਦਰ ਕਰਦੀ ਸੀ, ਉਹਨੇ ਕਿਹਾ ਕਿ ਜਾਹ ਜਨਮ ਤਾਂ ਧਾਰੇਂਗੀ ਪਰ ਤੈਨੂੰ ਪਤੀ ਨਹੀਂ ਮਿਲਣਾ। 20 ਵਿਆਹ ਕਰਾਏ, ਵਿਆਹ ਕਰਾ ਕੇ ਘਰ ਨਹੀਂ ਸੀ ਆਉਂਦੇ, ਰਾਹ 'ਚ ਹੀ ਮਰ ਜਾਂਦੇ ਸੀ। ਮਹਾਰਾਜ ਕਹਿੰਦੇ-

***ਬਾਲੀ ਰੋਵੈ ਨਾਹਿ ਭਤਾਰੁ ॥***
***ਨਾਨਕ ਦੁਖੀਆ ਸਭੁ ਸੰਸਾਰੁ ॥ ਅੰਗ - ੯੫੪***

ਹੁਣ ਇਥੇ ਮਹਾਰਾਜ ਨੇ ਭੇਤ ਖੋਲ੍ਹ ਦਿਤਾ ਕਿ ਜਿਹਨੇ ਸੁਖੀ ਹੋਣਾ ਹੈ ਨਾ, ਪਿਆਰਿਓ! ਨਾਮ ਦੇ ਉਤੇ ਵਿਸ਼ਵਾਸ਼ ਲਿਆਓ। ਨਾਮ ਪਰੀਪੂਰਨ ਸ਼ਕਤੀ ਹੈ, ਨਾਮ ਉਹ ਐਨਰਜੀ ਹੈ ਜਿਹਨੇ ਸਾਰੇ ਸੰਸਾਰ ਨੂੰ ਸਾਂਭ ਕੇ ਰੱਖਿਆ ਹੋਇਆ ਹੈ। ਜਿੰਨੇ ਖੰਡ ਬ੍ਰਹਿਮੰਡ ਨਜ਼ਰ ਆਉਂਦੇ ਨੇ ਸਭ ਨਾਮ ਸ਼ਕਤੀ ਕਰਕੇ ਨੇ, ਉਹ ਨਾਮ ਸ਼ਕਤੀ ਪਰੀਪੂਰਨ ਹੈ ਸਾਰੇ, ਉਹਨੂੰ ਜਿੰਨਾ ਚਿਰ ਆਦਮੀ ਨਹੀਂ ਮੰਨਦਾ ਓਨਾਂ ਚਿਰ ਕਹਿੰਦੇ, ਸੁੱਖ ਨਹੀਂ ਆਉਂਦਾ -

***ਮੰਨੇ ਨਾਉ ਸੋਈ ਜਿਣਿ ਜਾਇ ॥***
***ਅਉਰੀ ਕਰਮ ਨ ਲੇਖੈ ਲਾਇ ॥ ਅੰਗ - ੯੫੪***

ਚਾਰ ਦੁੱਖ ਵੱਡੇ-ਵੱਡੇ ਨੇ। ਜਿਹਦੇ ਵਿਚ ਸਾਰੀ ਦੁਨੀਆਂ ਪੀੜਿਤ ਹੋ ਰਹੀ ਹੈ। ਗੁਰੂ ਨਾਨਕ ਪਾਤਸ਼ਾਹ 17-18 ਸਾਲ ਦੇ ਸੀ ਐਸੀ ਅੰਦਰ ਪ੍ਰੇਮ ਦੀ ਲਗਨ ਲੱਗੀ ਹੋਈ ਸੀ ਕਿ ਨਾ ਬੋਲਦੇ ਸੀ, ਨਾ ਚਲਦੇ ਸੀ, ਮਰਜ਼ੀ ਕਰਦੇ ਸੀ ਹੱਸਣ ਲਗ ਜਾਂਦੇ ਸੀ, ਮਰਜ਼ੀ ਕਰਦੇ ਸੀ ਅੱਖਾਂ 'ਚੋਂ ਬੇਅੰਤ ਜਲ ਜਾਂਦਾ ਸੀ। ਜਿਹਦੇ ਬਾਰੇ ਆਪ ਨੇ ਐਸਾ ਫੁਰਮਾਨ ਕਰਿਆ -

***ਧਾਰਨਾ - ਰੰਗ ਹਸਦੇ ਤੇ ਰੰਗ ਰੋਂਦੇ,***
***ਪਰਵਾਹ ਨਾ ਕਿਸੇ ਦੀ ਰੱਖਦੇ ਸਾਧੂ।***

***ਰੰਗਿ ਹਸਹਿ ਰੰਗਿ ਰੋਵਹਿ***
***ਚੁਪ ਭੀ ਕਰਿ ਜਾਹਿ ॥***
***ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ ॥***
***ਅੰਗ - ੪੭੩***

ਇਕ ਵਾਹਿਗੁਰੂ ਤੋਂ ਬਗੈਰ ਜੋ ਰੱਬ ਦਾ ਪਿਆਰਾ ਹੈ ਉਹਨੂੰ ਕਿਸੇ ਦੀ ਪ੍ਰਵਾਹ ਨਹੀਂ ਹੋਇਆ ਕਰਦੀ ਕਿਉਂਕਿ ਲੈਣਾ ਦੇਣਾ ਹੀ ਨਹੀਂ ਉਹਨੇ ਕੁਛ ਹੁੰਦਾ।

***ਜੋ ਜਨੁ ਨਿਰਦਾਵੈ ਰਹੈ ਸੋ ਗਨੈ ਇੰਦ੍ਰ ਸੋ ਰੰਕ ॥***
***ਅੰਗ - ੧੩੭੩***

ਗਰਜ ਵਾਲੇ ਬੰਦਿਆਂ ਨੂੰ ਪ੍ਰਵਾਹ ਹੋਇਆ ਕਰਦੀ ਹੈ, ਬੇਗਰਜ਼ ਬੰਦੇ ਤਾਂ ਦੁਨੀਆਂ 'ਚ ਮਿਲਦੇ ਨਹੀਂ ਹਨ, ਨਾ ਬੇਲੋੜੇ ਬੰਦੇ ਮਿਲਦੇ ਹਨ।

***ਲੋੜਾ ਵਾਲੇ ਹੈਨ ਘਨੇਰੇ ਬੇਲੋੜੇ ਹੈਨ ਥੋੜ੍ਹੇ***
***ਜੇ ਮਿਲ ਜਾਵਣ ਬੇਲੋੜੇ***
***ਚੁੰਮ ਤਿਨਾ ਦੇ ਜੋੜੇ***

ਕਿਉਂਕਿ ਉਹ ਤਾਂ ਵਾਹਿਗੁਰੂ ਦੇ ਨਾਲ ਮਿਲੇ ਹੋਏ ਨੇ, ਦੁਨੀਆਂ ਮੰਗਦੀ ਹੈ ਉਨ੍ਹਾਂ ਦੇ ਦਰ ਤੋਂ, ਜੋ ਮੰਗਦੇ ਨੇ ਸਭ ਨੂੰ ਦੇਈ ਜਾਂਦੇ ਨੇ -

***ਚਾਰਿ ਪਦਾਰਥ ਜੇ ਕੋ ਮਾਗੈ ॥***
***ਸਾਧ ਜਨਾ ਕੀ ਸੇਵਾ ਲਾਗੈ ॥ ਅੰਗ - ੨੬੬***

ਸਿਕੰਦਰ-ਏ-ਆਜ਼ਮ ਨੇ ਆ ਕੇ ਰਾਜੇ ਪੋਰਸ ਨੂੰ ਹਾਰ ਦਿਤੀ। ਤਿੰਨ ਮਹੀਨੇ ਉਹਦੀਆਂ ਫੌਜਾਂ ਰਾਵੀ ਦੇ ਪਰਲੇ ਪਾਰ ਰਹੀਆਂ, ਲੰਘ ਨਾ ਸਕੀਆਂ। ਅਖੀਰ ਇਧਰੋਂ ਜੰਮੂ ਵਲੋਂ ਜਾ ਕੇ ਉਸਨੇ ਰਾਵੀ ਪਾਰ ਕਰੀ, ਬੜੀ ਭਿਆਨਕ ਲੜਾਈ ਹੋਈ, ਲੜਾਈ ਦੇ ਵਿਚ ਜੋ ਪੋਰਸ ਸੀ ਉਹਦੇ ਹੱਥ ਐਸਾ ਸਿਕੰਦਰ ਦਾ ਵਾਰ ਆਇਆ ਕਿ ਉਹਨੂੰ ਮਾਰ ਦਿੰਦਾ, ਪਰ ਉਹਨੇ ਕਿਹਾ ਕਿ ਨਹੀਂ ਮਾਰਨਾ ਨਹੀਂ, ਅਖੀਰ ਉਸੇ ਲੜਾਈ ਵਿਚ ਪੋਰਸ ਦਾ ਹਾਥੀ ਮਾਰਿਆ ਜਾਂਦਾ ਹੈ ਤੇ ਪੋਰਸ ਗ੍ਰਿਫਤਾਰ ਹੋ ਜਾਂਦਾ ਹੈ, ਰਾਜ ਸਿਕੰਦਰ ਕੋਲ ਆ ਜਾਂਦਾ ਹੈ। ਜਿਸ ਵਕਤ ਪੋਰਸ ਨੂੰ ਪੁੱਛਿਆ ਕਿ ਤੇਰੇ ਨਾਲ ਕੀ ਸਲੂਕ ਕਰਨਾ ਹੈ? ਕਹਿੰਦਾ, ਜੋ ਰਾਜੇ ਰਾਜਿਆਂ ਨਾਲ ਕਰਦੇ ਨੇ। ਦਲੇਰ ਬੰਦਾ ਸੀ। ਉਸ ਵੇਲੇ ਪੰਜਾਬ ਦੀ ਮਾਨਤਾ ਸਾਰੀ ਦੁਨੀਆਂ ਦੇ ਉਤੇ ਛਾਈ ਹੋਈ ਸੀ। ਮਰਿਆਦਾ 'ਚ ਰਹਿਣ ਵਾਲੇ ਲੋਕ ਸੀ, 2300 ਸਾਲ ਪਹਿਲਾਂ। ਬੇਮਰਿਆਦਾ ਨਹੀਂ ਸੀ। ਉਸਨੂੰ ਸਿਕੰਦਰ ਨੇ ਇਕ ਸਵਾਲ ਕਰਿਆ, ਜਦੋਂ ਅਮਨ ਅਮਾਨ ਹੋ ਗਿਆ ਕਿ ਮੈਂ ਇਹ ਸੁਣਿਆ ਹੈ ਕਿ ਭਾਰਤ ਵਰਸ਼ ਦੇ ਵਿਚ ਐਸੇ ਮਹਾਤਮਾ ਨੇ ਜਿਹੜੇ ਪ੍ਰਮੇਸ਼ਰ ਨੂੰ ਮਿਲੇ ਹੋਏ ਹੁੰਦੇ ਨੇ, ਮੈਨੂੰ ਕਿਸੇ ਦਾ ਦਰਸ਼ਨ ਤਾਂ ਕਰਾ? ਕਹਿਣ ਲੱਗਿਆ ਕੋਈ ਨਹੀਂ ਮਹਾਰਾਜ, ਕੱਲ੍ਹ ਨੂੰ ਤਿਆਰੀ ਕਰਿਓ, ਆਪਾਂ ਸੰਤਾਂ ਕੋਲ ਚੱਲਾਂਗੇ।

ਦੂਸਰੇ ਦਿਨ ਤਿਆਰੀ ਹੋ ਗਈ, ਘੋੜੇ 'ਤੇ

ਚੜ੍ਹ ਗਏ ਦੋਵੇਂ, ਆਪਣੇ-ਆਪਣੇ ਘੋੜਿਆਂ ਤੇ ਜਾਂਦੇ ਨੇ, ਅੱਗੇ ਜਾ ਕੇ ਜੰਗਲ ਆ ਗਿਆ। ਝਾੜੀਆਂ ਹੀ ਝਾੜੀਆਂ ਖੜ੍ਹੀਆਂ ਨੇ, ਮੁਸ਼ਕਲ ਦੇ ਨਾਲ ਹੌਲੀ-ਹੌਲੀ ਵਲ ਖਾ ਕੇ ਜਾ ਰਿਹਾ ਹੈ। ਸਿਕੰਦਰ ਕਹਿਣ ਲੱਗਿਆ ਕਿ ਤੁਸੀਂ ਸੰਤਾਂ ਨੂੰ ਸੁਨੇਹਾ ਨਹੀਂ ਸੀ ਭੇਜਿਆ ਕਿ ਮੈਂ ਆਉਣਾ ਹੈ। ਮੇਰੇ ਬਾਰੇ ਕੋਈ ਵਾਕਫੀ ਦੇਣੀ ਚਾਹੀਦੀ ਸੀ ਕਿ ਮੈਂ ਸਾਰੀ ਦੁਨੀਆਂ ਨੂੰ ਜਿੱਤਣ ਤੋਂ ਬਾਅਦ ਆਇਆ ਹਾਂ ਤੇ ਤੁਸੀਂ ਸੰਤਾਂ ਨੂੰ ਦੱਸਣਾ ਸੀ ਕਿ ਕੋਈ ਰਸਤਾ ਸਾਫ ਕਰਾ ਦਿੰਦੇ? ਪੋਰਸ ਨੇ ਕਿਹਾ, ਮਹਾਰਾਜ! ਸੰਤ ਨਹੀਂ ਕਿਸੇ ਦੀ ਪ੍ਰਵਾਹ ਕਰਿਆ ਕਰਦੇ, ਉਨ੍ਹਾਂ ਨੂੰ ਲੋੜ ਨਹੀਂ ਹੈ, ਜਿਨ੍ਹਾਂ ਨੇ ਜਾਣਾ ਹੈ ਰਸਤਾ ਸਾਫ ਕਰ ਲਓ। ਕਹਿੰਦਾ, ਕਿੱਥੇ ਨੇ ਸੰਤ? ਘਬਰਾ ਗਿਆ। ਉਸਨੇ ਨੇ ਕਿਹਾ ਕਿ ਔਹ ਸਾਮ੍ਹਣੇ ਝੌਂਪੜੀ ਹੈ, ਟੁੱਟੀ ਹੋਈ ਝੌਂਪੜੀ 'ਚ ਬੈਠੇ ਨੇ। ਜਦੋਂ ਅੱਗੇ ਗਿਆ ਅਭਿਮਾਨ ਇਹਦਾ ਟੀਸੀ ਤੇ ਜਾ ਚੜ੍ਹਿਆ। ਕੀ ਦੇਖਦਾ ਹੈ ਇਕ ਬਰੈਹਨਾ ਸੰਤ ਬੈਠਾ ਹੈ ਇਕੋ ਕੱਪੜਾ ਪਾਇਆ ਹੋਇਆ ਹੈ ਉਹਦੇ, ਬਾਕੀ ਸਰੀਰ ਤੋਂ ਨਗਨ ਹੈ। ਉਹਨੇ ਕਿਹਾ ਆਹ ਹੈ? ਪੋਰਸ ਨੇ ਕਿਹਾ ਕਿ ਹਾਂ ਇਹ ਨੇ। ਉਨ੍ਹਾਂ ਸੰਤਾਂ ਨੇ ਵੀ ਉਹਦੇ ਵਲ ਦੇਖ ਲਿਆ। ਜਾਣ ਗਏ ਕਿ ਅੱਜ ਪੂਰਾ ਅਭਿਮਾਨੀ ਬੰਦਾ ਆ ਰਿਹਾ ਹੈ ਕੋਈ ਤੇ ਜਦੋਂ ਨੇੜੇ ਗਿਆ ਤਾਂ ਇਹਦੇ ਮਨ ਵਿਚ ਨਰਾਜ਼ੀ ਆਈ ਕਿ ਇਹ ਤਾਂ ਖੜ੍ਹਾ ਹੀ ਨਹੀਂ ਹੋਇਆ ਮੇਰੇ ਆਉਣ 'ਤੇ, ਤਲਵਾਰ ਕੱਢ ਲਈ ਏਸਨੇ। ਕਹਿੰਦਾ, ਹੁਣ ਦੋ ਟੁਕੜੇ ਕਰ ਦਿੰਦਾ ਹਾਂ, ਇਹ ਕਾਹਦਾ ਸੰਤ ਹੈ ਜਿਹਨੂੰ ਪਤਾ ਹੀ ਨਹੀਂ ਕਿ ਬਾਦਸ਼ਾਹ ਦਾ ਕਿਵੇਂ ਸਤਿਕਾਰ ਕਰੀਦਾ ਹੈ? ਜਦੋਂ ਅੱਗੇ ਗਿਆ ਤਲਵਾਰ ਉਲ੍ਹਾਰ ਲਈ, ਮਾਰਨ ਲੱਗਿਆ, ਨਾ ਸਰੀਰ ਹਿਲਦਾ ਹੈ ਨਾ ਬਾਂਹ ਹਿਲਦੀ ਹੈ, ਕੁਛ ਨਹੀਂ ਹੁੰਦਾ ਉਥੇ ਹੀ ਜੜ੍ਹ ਬਣ ਗਿਆ, ਜਿਵੇਂ ਹਮਾਯੂੰ ਆਇਆ ਸੀ ਗੁਰੂ ਅੰਗਦ ਪਾਤਸ਼ਾਹ ਦੇ ਪਾਸ, ਕੁਛ ਕਰ ਹੀ ਨਾ ਸਕਿਆ, ਤਲਵਾਰ ਉਤੇ ਨੂੰ ਉਭਰੀ ਹੀ ਰਹਿ ਗਈ। ਸੰਤ ਮੁਸਕਰਾ ਰਹੇ ਨੇ ਕਹਿੰਦੇ ਮਾਰ? ਇਹ ਤਲਵਾਰ ਤੇਰੀ ਅਜੇ ਰੱਜੀ ਨਹੀਂ ਐਨੇ ਦੋ ਲੱਖ ਬੰਦਿਆਂ ਦਾ ਖੂਨ ਪੀ ਕੇ? ਪਤਾ ਨਹੀਂ ਤੂੰ ਕਿੰਨੀਆਂ ਭੈਣਾਂ ਦੇ ਭਰਾ ਮਾਰੇ ਨੇ, ਕਿੰਨੀਆਂ ਬੀਬੀਆਂ ਵਿਧਵਾ ਕੀਤੀਆਂ ਨੇ, ਕਿੰਨੇ ਬੱਚੇ ਯਤੀਮ ਕਰੇ ਨੇ, ਨਹੀਂ ਰੱਜੀ ਤਾਂ ਆ ਜਾ ਸਾਡੇ ਉਤੇ ਵਾਰ ਕਰ? ਚੁੱਪ ਕਰਿਆ ਖੜ੍ਹਾ ਹੈ ਪੱਥਰ ਬਣਿਆ। ਝਾਕਦਾ ਹੈ। ਪੋਰਸ ਨੇ ਕਿਹਾ ਕਿ ਤੁਸੀਂ ਮਨ ਦੇ ਅੰਦਰ ਨਿਮਰਤਾ ਧਾਰੋ, ਅਰਦਾਸ ਕਰੋ, ਮਿਹਰ ਕਰ ਦੇਣਗੇ। ਉਸ ਵੇਲੇ ਆਪ ਪੋਰਸ ਅੱਗੇ ਵਧਿਆ ਕਿ ਮਹਾਰਾਜ! ਵਿਦੇਸ਼ੀ ਹੈ ਇਹ, ਸਾਰੀ ਦੁਨੀਆਂ ਜਿੱਤੀ ਹੈ, ਉਹਦਾ ਅਭਿਮਾਨ ਇਹਦੇ ਮਨ ਵਿਚ ਹੋਣ ਕਰਕੇ ਇਹਨੂੰ ਮਹਿਮਾ ਦਾ ਨਹੀਂ ਪਤਾ ਕਿ ਸੰਤ ਕੀ ਹੁੰਦੇ ਨੇ। ਕ੍ਰਿਪਾ ਕਰੋ ਆਪ।

ਜਿਸ ਵਕਤ ਬਾਬਾ ਬਿਧੀ ਚੰਦ ਜੀ ਗਏ ਤਾਂ ਅੱਗੇ ਦੱਖਣ ਦੇ ਵਿਚ ਜਾ ਕੇ ਸੰਤ ਸੁੰਦਰ ਦਾਸ ਰਹਿੰਦੇ ਸੀ ਉਥੇ। ਭਾਈ ਬਿਧੀ ਚੰਦ ਜੀ ਬੈਠੇ ਤਾਂ ਬੇਅੰਤ ਸੰਗਤ ਆਉਣ ਲੱਗ ਗਈ। ਕੋਈ ਕੁਛ ਮੰਗਦਾ ਹੈ, ਕੋਈ ਕੁਛ ਮੰਗਦਾ ਹੈ ਬਚਨ ਸਤਿਤਾ ਹੋਣ ਕਰਕੇ ਸਾਰਿਆਂ ਦੀਆਂ ਕਾਮਨਾਵਾਂ ਪੂਰੀਆਂ ਹੁੰਦੀਆਂ ਨੇ, ਇਹਨੂੰ ਖਬਰ ਪਹੁੰਚੀ ਕਿ ਬੜੀ ਮਾਨਤਾ ਹੋਈ ਹੈ ਕੋਈ ਪੰਜਾਬ ਤੋਂ ਆਇਆ ਹੈ। ਈਰਖਾ ਦੇ ਵਿਚ ਆ ਗਿਆ। ਕਹਿੰਦਾ ਮੈਂ ਤਾਂ ਹੁਣੇ ਹੀ ਨਠਾ ਦੇਵਾਂਗਾ। ਜਾਦੂ ਜਾਣਦਾ ਸੀ। ਨਾਲ ਰਿੱਧੀਆਂ ਸਿੱਧੀਆਂ ਬਹੁਤ ਸੀ, ਉਹ ਸ਼ੇਰ ਤੇ ਸਵਾਰੀ ਕਰਦਾ ਹੁੰਦਾ ਤੇ ਹੱਥ ਵਿਚ ਕੋਬਰੇ ਨਾਗ ਦਾ ਛਾਂਟਾ ਰੱਖਦਾ ਹੁੰਦਾ, ਮਹਾਰਾਜ ਵਲ ਨੂੰ ਚੱਲ ਪਿਆ, ਵੀਹ ਕਦਮਾਂ ਤੱਕ ਜਦੋਂ ਰਹਿ ਗਿਆ ਤਾਂ ਸਾਰਿਆਂ ਨੇ ਕਿਹਾ ਕਿ ਮਹਾਰਾਜ, ਇਹ ਤਾਂ ਬੜਾ ਅੜੀਅਲ ਬੰਦਾ ਹੈ ਤੇ ਇਹਨੇ ਸ਼ੇਰ ਦਾ ਤੁਹਾਡੇ ਉਤੇ ਹਮਲਾ ਕਰਾ ਦੇਣਾ ਹੈ ਜਾਂ ਸੱਪ ਛੱਡ ਦੇਣਾ ਹੈ। ਕਹਿੰਦੇ, ਕੋਈ ਨਾ ਫਿਕਰ ਨਾ ਕਰੋ। ਭਾਈ ਬਿਧੀ ਚੰਦ ਨੇ ਵਾਹਿਗੁਰੂ ਕਹਿ ਦਿਤਾ। ਐਨਾ ਕਹਿ ਕੇ ਓਧਰ ਨੂੰ ਜਦ ਦੇਖਿਆ ਤਾਂ ਨਾ ਉਹ ਸ਼ੇਰ ਹਿੱਲੇ, ਨਾ ਸੱਪ ਹਿੱਲੇ, ਨਾ ਸੰਤ ਹਿੱਲੇ। ਜੁੜ ਗਏ ਉਥੇ ਹੀ ਜਿਵੇਂ ਪੱਥਰ ਹੁੰਦੇ ਨੇ। ਪਤਾ ਲੱਗ ਗਿਆ ਉਹਨੂੰ। ਉਥੇ ਹੀ ਬੈਠਾ ਅੰਦਰ ਹੀ ਅੰਦਰ ਅਰਦਾਸ ਕਰਦਾ ਹੈ, ਮੈਨੂੰ ਬਖਸ਼ੋ। ਆਵਾਜ਼ ਦੇ ਦਿਤੀ, ਕਹਿੰਦੇ ਉਤਰ ਆ ਸ਼ੇਰ ਤੋਂ। ਸ਼ੇਰ ਤੋਂ ਉਤਰ ਆਇਆ, ਸੱਪ ਨੇ ਮਾਰਿਆ ਝਟਕਾ, ਸੱਪ ਜੰਗਲ 'ਚ ਨੂੰ ਚਲਿਆ ਗਿਆ, ਸ਼ੇਰ ਵੀ ਨੱਠ ਕੇ ਜੰਗਲ 'ਚ ਜਾ ਵੜਿਆ। ਸਾਰੀਆਂ ਸ਼ਕਤੀਆਂ ਰਹਿ ਗਈਆਂ, ਆ ਕੇ ਚਰਨ ਫੜ ਲਏ ਗੁਰਸਿੱਖ ਦੇ। ਸੋ ਇਸੇ ਤਰ੍ਹਾਂ ਦੇ ਨਾਲ ਇਸ ਦੀ ਬਾਂਹ ਜੁੜ ਗਈ। ਅਖੀਰ ਬੇਨਤੀ ਕਰੀ ਮਹਾਤਮਾ ਨੇ ਦ੍ਰਿਸ਼ਟੀ ਕਰੀ, ਦ੍ਰਿਸ਼ਟੀ ਕਰਨ ਦੇ ਨਾਲ ਹਿੱਲਿਆ ਜੁੱਲਿਆ। ਕਹਿੰਦੇ ਕੀ ਗੱਲ? ਕੀ ਨਰਾਜ਼ੀ ਸੀ ਤੇਰੀ ਸਾਡੇ ਨਾਲ ਤਲਵਾਰ ਕੱਢੀ ਹੈ? ਕਹਿੰਦਾ, ਮਹਾਰਾਜ! ਮੈਂ ਸਾਰੀ ਦੁਨੀਆਂ ਦਾ ਵਿਜੇਤਾ ਆਇਆ ਹਾਂ, ਮੇਰਾ ਨਾਮ ਸਿਕੰਦਰ-ਏ-ਆਜ਼ਮ ਹੈ ਤੇ ਤੁਸੀਂ ਮੇਰੇ ਆਉਣ ਤੇ ਮੇਰਾ ਸਤਿਕਾਰ ਨਹੀਂ ਕਰਿਆ? ਮਹਾਤਮਾ ਨੇ ਕਿਹਾ ਕਿ ਗੱਲ ਵਿਚਾਰ ਨਾਲ ਕਰਨੀ ਹੈ, ਸੁਣ ਲੈ ਅਸੀਂ ਤੇਰਾ ਸਤਿਕਾਰ ਕਿਉਂ ਨਹੀਂ ਕਰਿਆ। ਕਹਿੰਦੇ ਤੂੰ ਇਹ ਦੱਸ ਜੇ ਤੇਰਾ ਗੁਲਾਮ ਆ ਜਾਏ ਤੂੰ ਉਠ ਕੇ ਖੜ੍ਹਾ ਹੁੰਦਾ ਹੈਂ? ਕਹਿੰਦਾ, ਸਵਾਲ ਹੀ ਪੈਦਾ ਨਹੀਂ ਹੁੰਦਾ ਮੈਂ ਤਾਂ ਕਿਸੇ ਬਾਦਸ਼ਾਹ ਲਈ ਉਠ ਕੇ ਖੜ੍ਹਾ ਨਹੀਂ ਹੁੰਦਾ, ਕਿਉਂਕਿ ਮੈਂ ਸਭ ਤੋਂ ਵੱਡਾ great ਹਾਂ। ਕਹਿੰਦੇ ਤੂੰ ਮੇਰੇ ਗੁਲਾਮਾਂ ਦੇ, ਗੁਲਾਮਾਂ ਦਾ, ਗੁਲਾਮ ਹੈਂ, ਮੈਂ ਤੇਰੇ ਆਉਣ ਤੇ ਕਿਉਂ ਖੜ੍ਹਾ ਹੁੰਦਾ? ਤੂੰ ਤਾਂ ਕੁਛ ਵੀ ਨਹੀਂ ਹੈਂ, ਤੇਰੀ ਹਸਤੀ ਹੀ ਨਹੀਂ ਹੈ ਕੋਈ। ਕਹਿੰਦੇ, ਦੇਖ, ਕਾਹਦੇ ਵਾਸਤੇ ਤੁਰਿਆ ਫਿਰਦਾ ਹੈਂ, ਮਕਦੂਨੀਆ ਛੱਡਿਆ ਹੈ, ਯੂਨਾਨ ਤੋਂ ਤੂੰ ਆਇਆ ਹੈਂ, ਲੱਖਾਂ ਬੰਦੇ

ਮਾਰ ਦਿਤੇ, ਕਿਹੜੀ ਚੀਜ਼ ਹੈ ਜਿਹੜੀ ਤੈਨੂੰ ਲਈ ਜਾਂਦੀ ਹੈ ਕਿ ਮੇਰਾ ਸਾਰੀ ਦੁਨੀਆਂ ਦੇ ਉਤੇ ਰਾਜ ਹੋਵੇ? ਹਿਰਸ ਹੈ ਨਾ ਤੇਰੇ ਅੰਦਰ? ਦੇਖ, ਉਹ ਪਈਆਂ ਨੇ ਸਾਡੀਆਂ ਖੜ੍ਹਾਵਾਂ, ਇਹ ਮਨ ਹੈ ਸਾਡਾ ਗੁਲਾਮ, ਤੂੰ ਹੈਂ ਮਨ ਦਾ ਗੁਲਾਮ। ਮਨ ਜਿਹੜਾ ਹੈ ਉਹ ਹਿਰਸ ਦਾ ਗੁਲਾਮ ਹੈ, ਉਹ ਤੈਨੂੰ ਲਈਂ ਫਿਰਦਾ ਹੈ, ਦੌੜਾਈ ਫਿਰਦਾ ਹੈ। ਕਹਿੰਦੇ, ਜਿਹੜਾ ਸਾਡਾ ਮਨ ਹੈ ਉਹ ਅਸੀਂ ਕਾਬੂ ਕਰਿਆ ਹੋਇਆ ਹੈ। ਔਹ ਜਿਹੜੀਆਂ ਸਾਡੀਆਂ ਖੜ੍ਹਾਵਾਂ ਪਈਆਂ ਨੇ ਨਾ ਉਹਦੇ ਥੱਲੇ ਅਸੀਂ ਲਾਲਚ ਦੱਬਿਆ ਹੋਇਆ ਹੈ। ਸਾਨੂੰ ਲੋੜ ਨਹੀਂ ਕਿਸੇ ਚੀਜ਼ ਦੀ ਵੀ। ਬੇਲੋੜੇ ਹਾਂ ਅਸੀਂ ਤੇ ਤੂੰ ਤਾਂ ਸਾਡੇ ਗੁਲਾਮਾਂ ਦੇ, ਗੁਲਾਮਾਂ ਦਾ, ਗੁਲਾਮ ਹੈਂ ਕਿਵੇਂ ਮੈਂ ਤੇਰੇ ਆਉਣ ਤੇ ਖੜ੍ਹਾ ਹੋ ਜਾਂਦਾ? ਗੱਲ ਸਮਝ 'ਚ ਆ ਗਈ ਕਿ ਮੈਂ ਤਾਂ ਬਹੁਤ ਛੋਟਾ ਹਾਂ, ਇਹ ਤਾਂ ਬੇਪਰਵਾਹ ਮਹਾਤਮਾ ਨੇ-

***ਓਇ ਵੇਪਰਵਾਹ ਨ ਬੋਲਨੀ***
***ਹਉ ਮਲਿ ਮਲਿ ਧੋਵਾ ਤਿਨ ਪਾਇ ॥***

***ਅੰਗ - ੪੧***

ਅਖੀਰ ਕਹਿਣ ਲੱਗਿਆ ਮਹਾਰਾਜ ਮੈਂ ਭੇਟਾ ਦੇਣੀ ਚਾਹੁੰਦਾ ਹਾਂ, ਕਹਿੰਦੇ ਸਾਨੂੰ ਲੋੜ ਨਹੀਂ। ਕਹਿੰਦਾ, ਨਹੀਂ ਮਹਾਰਾਜ! ਮੈਂ ਸੜਕ ਬਣਾ ਦਿੰਦਾ ਹਾਂ ਇਥੇ ਤੱਕ। ਸੰਗਤਾਂ ਆਉਣਗੀਆਂ? ਕਹਿੰਦੇ ਮੱਖੀਆਂ ਸਾਨੂੰ ਨਹੀਂ ਚਾਹੀਦੀਆਂ। ਅਸੀਂ ਬੜੇ ਅਨੰਦ 'ਚ ਰਹਿੰਦੇ ਹਾਂ। ਕੋਈ ਜਗਿਆਸੂ ਜਿਹੜਾ ਹੁੰਦਾ ਹੈ ਦ੍ਰਿੜ੍ਹਤਾ ਵਾਲਾ ਆ ਜਾਂਦਾ ਹੈ, ਸਾਨੂੰ ਨਹੀਂ ਲੋੜ। ਕਹਿੰਦਾ, ਮਹਾਰਾਜ! ਮੈਂ ਛੇਤਰ ਖੋਲ੍ਹ ਦਿੰਦਾ ਹਾਂ, ਲੰਗਰ ਖੋਲ੍ਹ ਦਿੰਦਾ ਹਾਂ ਸਰਕਾਰੀ ਖਰਚ ਤੇ ਲੰਗਰ ਚੱਲਣਗੇ? ਕਹਿੰਦੇ, ਨਾ। ਕਹਿੰਦਾ, ਪਾਰਕ ਬਣਵਾ ਦਿੰਦਾ ਹਾਂ, ਫੁਹਾਰੇ ਚੱਲਣਗੇ, ਤੁਹਾਡੀ ਯਾਦ ਬਣਵਾ ਦਿੰਦਾ ਹਾਂ, ਬਹੁਤ ਸੋਹਣਾ ਮੰਦਰ ਉਸਾਰ ਦਿੰਦਾ ਹਾਂ? ਕਹਿੰਦੇ ਲੋੜ ਨਹੀਂ। ਕਹਿੰਦਾ, ਮੈਂ ਤਾਂ ਦਿਤੇ ਬਿਨਾਂ ਨਹੀਂ ਹਿੱਲਣਾ ਤੇ ਮੇਰੀ ਕੋਈ ਭੇਟਾ ਮਨਜ਼ੂਰ ਤਾਂ ਕਰੋ। ਪੋਹ ਦਾ ਮਹੀਨਾ ਸੀ, ਸੂਰਜ ਦੇ ਸਾਮ੍ਹਣੇ ਖੜ੍ਹਾ ਸੀ, ਪਰਛਾਵਾਂ ਮਹਾਂਪੁਰਸ਼ਾਂ ਤੇ ਪੈਂਦਾ ਸੀ। ਕਹਿੰਦੇ, ਜੇ ਦੇਣਾ ਹੈ ਨਾ ਤਾਂ ਪਾਸੇ ਹਟ ਜਾ, ਸਾਨੂੰ ਸੂਰਜ ਦੀ ਧੁੱਪ ਲੱਗ ਜਾਏ। ਸੋ ਮਹਾਰਾਜ ਕਹਿੰਦੇ ਏਸ ਤਰ੍ਹਾਂ ਮਹਾਤਮਾ ਬੇਪਰਵਾਹ ਹੁੰਦੇ ਨੇ

***ਰੰਗਿ ਹਸਹਿ ਰੰਗਿ ਰੋਵਹਿ***
***ਚੁਪ ਭੀ ਕਰਿ ਜਾਹਿ ॥***
***ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ ॥***

***ਅੰਗ - ੪੭੩***

ਬਾਬਾ ਜੱਸਾ ਸਿੰਘ ਜੀ ਪਟਿਆਲੇ ਵਾਲੇ, ਮਾਈ ਸੀ, ਜੱਸ ਕੌਰ। ਲੇਕਿਨ ਉਹ ਆਪਣਾ ਨਾਉਂ ਜੱਸਾ ਸਿੰਘ ਕਹਾਉਂਦੇ ਸੀ। ਮਹਾਰਾਜ ਨਾਭਾ ਪ੍ਰਦਮਨ ਸਿੰਘ, ਸਾਧੂ ਸੰਤਾਂ ਦਾ ਅੰਤਵਾਰਾ ਲੈਂਦਾ ਰਹਿੰਦਾ ਸੀ, ਸੀਗਾ ਪਰ ਬੜਾ ਚੰਗਾ, ਪਰ ਅਰਥ ਪੁੱਛਦਾ ਰਹਿੰਦਾ ਸੀ। ਕੋਈ ਨਾ ਕੋਈ ਮਹਾਂਪੁਰਸ਼ਾਂ ਤੇ ਸਵਾਲ ਪਾਈ ਜਾਣਾ ਤੇ ਫੇਰ ਦੇਖਣਾ ਕਿ ਇਹ ਕੱਚਾ ਹੈ ਕਿ ਪੱਕਾ ਹੈ। ਇਹ ਬਾਬਾ ਜੀ ਵੱਲ ਨੂੰ ਆਇਆ। ਬਾਬਾ ਜੀ ਕਹਿਣ ਲੱਗੇ ਕਿ ਅੱਜ ਇਕ ਰਾਜੇ ਨੇ ਆਉਣਾ ਹੈ, ਸਾਡੇ ਬਾਰੇ ਨਾ ਦੱਸਿਓ, ਜਿਸ ਵਕਤ ਨੇੜੇ ਆ ਗਿਆ, ਉਠ ਕੇ ਮੱਕੀ 'ਚ ਚਲੇ ਗਏ, ਭਾਦੋਂ ਦਾ ਮਹੀਨਾ ਸੀ। ਉਹ ਵਾਪਸ ਮੁੜ ਗਿਆ। ਇਸੇ ਤਰ੍ਹਾਂ ਨੌਂ ਵਾਰੀ ਮੋੜਿਆ। ਦੱਸਵੀਂ ਵਾਰੀ ਸਮਝ ਆ ਗਈ। ਵਜ਼ੀਰ ਕਹਿਣ ਲੱਗਿਆ, ਮਹਾਰਾਜ! ਮਹਾਂਪੁਰਸ਼ ਸਮਰੱਥ ਨੇ, ਤੁਹਾਡੇ ਅੰਦਰਲੀ ਭਾਵਨਾ ਜਾਣਦੇ ਨੇ ਤੇ ਤੁਸੀਂ ਅਰਦਾਸ ਕਰਕੇ ਚੱਲੋ। ਅਰਦਾਸ ਕਰਕੇ ਚੱਲਿਆ। ਬਾਬਾ ਜੱਸਾ ਸਿੰਘ ਸੇਵਾਦਾਰ ਨੂੰ ਕਹਿੰਦੇ ਕਿ ਐਉਂ ਕਰ ਕਿ ਅੱਠ ਤਗਾਰੀਆਂ ਭਰ ਕੇ ਗਾਰੇ ਦੀਆਂ ਮੇਰੇ ਕੋਲ ਰੱਖ ਦੇ। ਉਹ ਅੱਠ ਫੁੱਟ ਉਚੇ ਮਨ੍ਹੇ 'ਤੇ ਬੈਠਦੇ ਹੁੰਦੇ ਸੀ, ਉਥੇ ਹੀ ਦਰਸ਼ਨ ਦੇਣੇ, ਉਥੇ ਹੀ ਬਚਨ ਕਰਨੇ। ਜਿਸ ਵਕਤ ਮਹਾਰਾਜ ਨਾਭਾ ਆਇਆ ਪ੍ਰਦਮਨ ਸਿੰਘ ਇਸ ਨੇ ਬਾਬਾ ਜੀ ਦੇ ਕੋਲ ਆ ਕੇ ਨਮਸਕਾਰ ਕਰੀ। ਬਾਬਾ ਜੀ ਨੇ ਇਕ ਤੱਸਲਾ ਗਾਰੇ ਦਾ ਚੁੱਕਿਆ, ਇਸ ਦੇ ਸਿਰ ਉਤੇ ਸੁੱਟ ਦਿਤਾ। ਅਹਿਲਕਾਰ ਘਬਰਾ ਗਏ, ਜਿਹੜੇ ਵਸਤਰ ਪਹਿਨੇ ਸੀ ਸਾਰੇ ਗਾਰੇ ਨਾਲ ਲੱਥਪੱਥ ਹੋ ਗਏ। ਦੂਜਾ ਸੁਟਿਆ, ਤੀਜਾ ਇਸੇ ਤਰ੍ਹਾਂ ਅੱਠ ਸੁੱਟੇ। ਕਹਿੰਦੇ, ਹਟ ਜਾ ਹੁਣ ਪਰ੍ਹੇ, ਤੈਨੂੰ ਠੰਢ ਹੀ ਨਹੀਂ ਪਈ ਅਜੇ। ਕਿਉਂਕਿ ਮਹਾਤਮਾ ਬੇਪਰਵਾਹ ਹੁੰਦੇ ਨੇ।

ਮਹਾਰਾਜਾ ਪਟਿਆਲੇ ਨੇ ਲੰਡਨ ਤੋਂ ਗਲੀਚੇ ਲਿਆਂਦੇ, ਚਾਦਰਾਂ ਲਿਆਂਦੀਆਂ ਰੇਸ਼ਮੀ ਕਿ ਬਾਬਾ ਜੀ ਨੂੰ ਦੇਵਾਂਗੇ। ਬਾਬਾ ਜੀ ਨੂੰ ਲਿਆ ਕੇ ਭੇਟਾ ਕਰ ਦਿਤੀਆਂ ਤੇ ਨਾਲ ਇਹ ਕਹਿ ਦਿਤਾ ਕਿ ਬਾਬਾ ਜੀ! ਇਹ ਰਾਜਿਆਂ ਤੋਂ ਬਗੈਰ ਨਹੀਂ ਕੋਈ ਲਿਆ ਸਕਦਾ। ਮਾੜੇ-ਧੀੜੇ ਬੰਦਿਆਂ ਦਾ ਕੰਮ ਨਹੀਂ। ਬਹੁਤ ਮਹਿੰਗੀਆਂ ਲੈ ਕੇ ਆਇਆ ਹਾਂ, ਲੰਡਨ ਦੇ ਸਟੋਰਾਂ 'ਚੋਂ। ਕਹਿੰਦੇ ਕੋਈ ਨਾ ਭਾਈ, ਪਏ ਰਹਿਣ ਦੇ ਇਥੇ। ਰਾਤ ਪੈ ਗਈ, ਸਿੰਘਾਂ ਨੇ ਕਿਹਾ ਬਾਬਾ ਜੀ! ਅੰਦਰ ਕਰ ਲਈਏ। ਕਹਿੰਦੇ ਨਾ ਬਾਹਰ ਹੀ ਰਹਿਣ ਦਿਓ। ਪੰਜ ਸੌ ਕੁੱਤਾ, ਡੇਰਾ ਬਾਬਾ ਜੱਸਾ ਸਿੰਘ ਦੇ ਰਹਿੰਦਾ ਹੁੰਦਾ ਸੀ। ਉਹ ਜਿਉਂ ਕੁੱਤਿਆਂ ਨੇ ਰਾਤ ਨੂੰ ਪਾੜਣਾ ਸ਼ੁਰੂ ਕਰਿਆ, ਸਾਰੀ ਰਾਤ ਹੀ ਪਾੜੀ ਗਏ, ਲੀਰ-ਲੀਰ ਕਰ ਦਿਤੀ। ਹਵਾ ਚਲਦੀ ਸੀ ਤੇਜ਼ ਤੇ ਪਟਿਆਲੇ ਵਲ ਨੂੰ ਲੀਰਾਂ ਉਡ ਕੇ ਆ ਗਈਆਂ। ਸਵੇਰੇ ਹੀ ਮਹਾਰਾਜਾ ਪਟਿਆਲਾ ਗਿਆ ਕਿ ਮੈਂ ਜਾ ਕੇ ਦੇਖਦਾ ਹਾਂ ਕਿ ਕਿੰਨੇ ਕੁ ਸੋਹਣੇ ਲਗਦੇ ਨੇ, ਕਿਥੇ ਵਿਛਾਏ ਨੇ ਬਾਬਾ ਜੀ ਨੇ। ਜਦੋਂ ਉਥੇ ਗਿਆ, ਘੋੜੇ ਤੇ ਜਾਂਦਾ ਹੈ ਤਾਂ ਰਸਤੇ 'ਚ ਕੀ ਦੇਖਦਾ ਹੈ, ਲੀਰਾਂ ਉਡਦੀਆਂ ਫਿਰਦੀਆਂ ਨੇ, ਕਹਿੰਦੇ ਆਹ ਤਾਂ ਓਹੀ ਨੇ ਜਿਹੜੇ ਆਪਾਂ ਕੱਲ੍ਹ

ਲਿਆਂਦੇ ਸੀ। ਕਹਿੰਦੇ ਹਾਂ ਜੀ। ਕਹਿੰਦੇ ਆਹ ਸਾਧ ਨੂੰ ਪਤਾ ਹੀ ਨਹੀਂ ਹੈ ਕਿ ਕਿੰਨੇ ਮੈਂ ਪੈਸੇ ਲਾਏ ਨੇ। ਤਰਕ ਕਰੀ ਮਹਾਤਮਾ 'ਤੇ, ਜਿਸ ਵਕਤ ਨੇੜੇ ਗਿਆ, ਸੰਤ ਕਹਿੰਦੇ ਆ ਜਾ, ਆ ਜਾ ਬਹੁਤ ਸੋਹਣੇ ਲਿਆਂਦੇ ਨੇ, ਕਮਾਲ ਕਰ ਦਿਤੀ ਤੂੰ ਤਾਂ, ਕਹਿੰਦੇ ਸਾਡੇ ਕੂਕਰਾਂ ਦਾ ਸਾਰਾ ਹੀ ਜ਼ੋਰ ਲੱਗ ਗਿਆ, ਹੁਣ ਤੂੰ ਪੰਜ ਸੌ ਰੁਪਈਏ ਦਾ ਘਿਉ ਲਿਆ ਕੇ ਇਨ੍ਹਾਂ ਨੂੰ ਪ੍ਰਸ਼ਾਦ ਛਕਾ। ਸੋ ਮਹਾਤਮਾ ਏਸ ਤਰ੍ਹਾਂ ਬੇਪਰਵਾਹ ਹੁੰਦੇ ਨੇ।

*ਜੋ ਜਨੁ ਨਿਰਦਾਵੈ ਰਹੈ ਸੋ ਗਨੈ ਇੰਦ੍ਰ ਸੋ ਰੰਕ ॥*
*ਅੰਗ - ੧੩੭੩*

ਸੰਤ ਐਵੇਂ ਨਹੀਂ ਹੁੰਦਾ, ਸੰਤਾਂ ਤਾਂ ਬੇਪਰਵਾਹ ਹੁੰਦੇ ਨੇ। ਉਹ ਪਰਵਾਹ ਨਹੀਂ ਕਿਸੇ ਦੀ ਰੱਖਦੇ ਕਿਉਂਕਿ ਵਾਹਿਗੁਰੂ ਦੇ ਪਿਆਰ ਵਿਚ ਮਸਤ ਹੋਏ ਹੁੰਦੇ ਨੇ।

*ਜਾ ਕਾ ਕਹਿਆ ਦਰਗਹ ਚਲੈ ॥*
*ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥*
*ਅੰਗ - ੧੮੬*

ਜਿਹਦਾ ਕਿਹਾ ਹੋਇਆ ਦਰਗਾਹ ਮੰਨ ਲੈਂਦੀ ਹੈ, ਉਹ ਨਦਰਿ 'ਚ ਲਿਆਉਂਦਾ ਹੈ ਕਿਸੇ ਨੂੰ? ਉਹਦੀ ਤਾਂ ਮੌਜ ਹੈ ਆਪਣੀ, ਏਸ ਤਰ੍ਹਾਂ ਪ੍ਰਮੇਸ਼ਰ ਦੇ ਪਿਆਰਿਆਂ ਨੂੰ ਕੋਈ ਕਹਿ ਨਹੀਂ ਸਕਦਾ ਕਿ ਐਉਂ ਰਹਿਣ ਜਾਂ ਐਉਂ ਰਹਿਣ। ਉਨ੍ਹਾਂ ਨੂੰ ਲੋੜ ਨਹੀਂ ਹੁੰਦੀ, ਜਿਹਨੂੰ ਲੋੜ ਹੈ ਉਹਨੂੰ ਅੰਦਰਲਾ ਗਿਆਨ ਨਹੀਂ ਹੈ। ਉਹ ਅੰਦਰੋਂ ਮੁਹਥਾਜ ਹੈ, ਵਾਹਿਗੁਰੂ ਦੀ ਮੁਹਥਾਜੀ ਨਹੀਂ ਝੱਲਦਾ, ਦੁਨੀਆਂ ਦਾ ਮੁਹਥਾਜ ਹੋਇਆ ਹੋਇਆ ਹੈ ਕਿ ਕੋਈ ਨਰਾਜ਼ ਨਾ ਹੋ ਜਾਏ, ਕੋਈ ਕੁਛ ਹੋਰ ਨਾ ਕਹਿ ਦੇ। ਸੋ ਐਸੀ ਅਵਸਥਾ ਜੋ ਹੈ -

*ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ ॥ ਪਰਵਾਹ ਨਾਹੀ ਕਿਸੈ ਕੇਰੀ*
*ਬਾਝੁ ਸਚੇ ਨਾਹ ॥ ਅੰਗ - ੪੭੩*

ਗੁਰੂ ਨਾਨਕ ਪਾਤਸ਼ਾਹ ਏਸ ਬਿਰਤੀ 'ਚ ਰਹਿੰਦੇ ਨੇ, ਮੌਜ ਕਰਦੀ ਹੈ ਜੰਗਲ ਨੂੰ ਚਲੇ ਜਾਂਦੇ ਨੇ, ਖਾਂਦੇ ਨਹੀਂ, ਪੀਂਦੇ ਨਹੀਂ, ਬੇਬੇ ਨਾਨਕੀ ਦੇਖਦੀ ਹੈ ਕਿ ਵੀਰ ਭੁੱਖਾ ਹੈ, ਕੁਛ ਨਹੀਂ ਛਕਿਆ, ਆਪ ਵੀ ਅੰਨ ਪਾਣੀ ਛੱਡ ਦਿੰਦੀ ਹੈ, ਵੀਰ ਜੀ! ਜੇ ਤੁਸੀਂ ਕੁਛ ਮੁਖ ਪਾਓਂਗੇ ਤਾਂ ਮੈਂ ਖਾਊਂ। ਇਕ ਅੱਧਾ ਪ੍ਰਸ਼ਾਦਾ ਉਹਨੇ ਛਕ ਲੈਣਾ, ਬਾਕੀ ਉਵੇਂ ਪਿਆ ਰਹਿਣਾ। ਆਪ ਨੇ ਨਾ ਮਾਂ ਨਾਲ ਬੋਲਣਾ, ਨਾ ਪਿਤਾ ਨਾਲ, ਨਾ ਕਿਸੇ ਹੋਰ ਨਾਲ ਚੁੱਪ ਕਰਕੇ ਦੁਪੱਟੀ ਉਪਰ ਲੈ ਲੈਣੀ (ਹਲਕੀ ਜਿਹੀ ਚਾਦਰ) ਢੱਕ ਕੇ ਮੂੰਹ ਪਏ ਰਹਿਣਾ। ਅਖੀਰ ਸ਼ਰੀਕੇ 'ਚ ਗੱਲਾਂ ਚੱਲਣ ਲੱਗ ਗਈਆਂ ਕਿ ਦੇਖੋ ਇਕੋ ਇਕ ਪੁੱਤਰ ਹੈ ਤੇ ਇਹਦਾ ਇਲਾਜ ਨਹੀਂ ਕਰਾਉਂਦੇ। ਮਹਿਤਾ ਜੀ ਨੂੰ ਕਹਿਣ ਲੱਗੇ ਕਿ ਤੁਸੀਂ ਕੋਈ ਇਲਾਜ ਤਾਂ ਕਰਾਓ ਉਹਦਾ। ਉਹਨੂੰ ਤਾਂ ਕੋਈ ਛਾਇਆ ਚਿੰਬੜੀ ਹੋਈ ਹੈ, ਆਹ ਜੰਗਲਾਂ 'ਚ ਤੁਰਿਆ ਫਿਰਦਾ ਹੈ ਇਥੇ ਕੋਈ ਇਲ-ਬਲਾ ਚਿੰਬੜ ਗਈ। ਕਹਿੰਦਾ ਮੈਂ ਤਾਂ ਚੋਰੀ-ਚੋਰੀ ਮੁੱਲਾਂ ਤੋਂ ਕਰਾ ਚੁੱਕਿਆ ਹਾਂ, ਕੁਛ ਨਹੀਂ ਹੋ ਰਿਹਾ। ਤਿੰਨ ਮਹੀਨੇ ਲੰਘ ਗਏ, ਹਰਿਦਿਆਲ ਵੈਦ ਨੂੰ ਦਿਖਾ ਲਓ, ਮਸ਼ਹੂਰ ਵੈਦ ਹੈ ਉਹ। ਵੈਦ ਜੀ ਦੇ ਕੋਲ ਮਹਿਤਾ ਜੀ ਜਾਂਦੇ ਨੇ। ਵੈਦ ਜੀ ਕਹਿਣ ਲੱਗੇ, ਮਹਿਤਾ ਜੀ ਅਸੀਂ ਸਵੇਰੇ ਆਵਾਂਗੇ, ਨਿਹਾਰ ਮੂੰਹ ਰੱਖਿਓ ਨਾਨਕ ਨੂੰ। ਅਸੀਂ ਨਬਜ਼ ਦੇਖਾਂਗੇ ਤੇ ਅਸੀਂ ਇਲਾਜ ਕਰ ਦੇਵਾਂਗੇ। ਕੋਈ ਔਖੀ ਬਾਤ ਨਹੀਂ, ਕੁਛ ਵੀ ਨਹੀਂ ਉਨ੍ਹਾਂ ਨੂੰ ਤਾਂ ਹੋਇਆ ਹੋਇਆ। ਬਦਹਜ਼ਮੀ ਹੋਣੀ ਹੈ ਤਾਂ ਨਹੀਂ ਰੋਟੀ ਖਾਂਦੇ, ਚਿੱਤ ਨਹੀਂ ਲਗਦਾ ਹੋਣਾ, ਕੋਈ ਗੱਲ ਹੋਰ ਹੋਣੀ ਹੈ। ਮੈਂ ਸਭ ਕੁਛ ਦੇਖ ਲਵਾਂਗਾ। ਦੂਜੇ ਦਿਨ ਵੈਦ ਜੀ ਆਉਂਦੇ ਨੇ, ਮਹਿਤਾ ਜੀ ਅੱਗੇ ਹੋ ਕੇ ਨਮਸਕਾਰ ਕਰਦੇ ਨੇ, ਪ੍ਰਣਾਮ ਕਰਦੇ ਨੇ ਤੇ ਦੋਵੇਂ ਜਣੇ ਅੰਦਰ ਆ ਕੇ, ਗੁਰੂ ਨਾਨਕ ਸਾਹਿਬ ਜਿੱਥੇ ਪਏ ਸੀ, ਮਹਿਤਾ ਜੀ ਮੂੜ੍ਹਾ ਕਾਨਿਆਂ ਦਾ ਲਿਆ ਕੇ ਡਾਹ ਦਿੰਦੇ ਨੇ। ਕਹਿੰਦੇ ਆਹ ਪਏ ਨੇ, ਬੁਲਾ ਲਓ ਤੁਸੀਂ, ਸਾਡੇ ਨਾਲ ਤਾਂ ਬੋਲਦੇ ਨਹੀਂ। ਵੈਦ ਨੇ ਕਈ ਹਾਕਾਂ ਮਾਰੀਆਂ, ਗੁਰੂ ਮਹਾਰਾਜ ਨੇ ਜਵਾਬ ਹੀ ਨਾ ਦਿਤਾ। ਮਹਿਤਾ ਜੀ ਨੇ ਕਿਹਾ ਕਿ ਜਾਗਦੇ ਨੇ, ਤੁਸੀਂ ਦੇਖ ਲਓ ਨਬਜ਼, ਉਸ ਵੇਲੇ ਵੈਦ ਨੇ ਖੇਸ ਦੇ ਥੱਲੇ ਹੱਥ ਪਾਇਆ ਤੇ ਮਹਾਰਾਜ ਜੀ ਦੀ ਕਲਾਈ ਬਾਹਰ ਕੱਢ ਲਈ। ਨਬਜ਼ ਦੇਖਣ ਲੱਗ ਗਿਆ। ਉਸੇ ਵੇਲੇ ਮਹਾਰਾਜ ਉਠ ਕੇ ਬੈਠ ਗਏ। ਮਹਾਰਾਜ ਜੀ ਨੇ ਵੈਦ ਵਲ ਦੇਖਿਆ ਨੇਤਰਾਂ 'ਚ ਤੇਜ਼ ਸੀ, ਉਹ ਤਾਬ ਨਾ ਲਿਆ ਸਕਿਆ, ਕੰਬ ਗਿਆ ਵੈਦ। ਉਸ ਵੇਲੇ ਮਹਾਰਾਜ ਨੇ ਫੁਰਮਾਨ ਕੀਤਾ -

***ਧਾਰਨਾ - ਵੈਦਾਂ ਮੇਰੀ ਜੀ ਬਾਂਹ ਛੱਡ ਦੇ,***
***ਤੈਨੂੰ ਰੋਗ ਦਾ ਪਤਾ ਨਾ ਕੋਈ।***
*ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ ॥*
*ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ ॥*
*ਅੰਗ - ੧੨੭੯*

ਵੈਦ ਜੀ, ਕੀ ਦੇਖ ਰਹੇ ਓਂ ਤੁਸੀਂ? ਕਹਿੰਦਾ, ਨਾਨਕ ਜੀ! ਮੈਂ ਦੇਖਦਾ ਹਾਂ ਕਿ ਤੁਹਾਡੇ ਸਵਸਥ ਵਿਚ ਵਿਗਾੜ ਕਿਹੜੀ ਚੀਜ਼ ਨੇ ਪਾ ਦਿਤਾ। ਪਿੱਤ ਜ਼ਿਆਦਾ ਹੋ ਗਈ, ਕਫ ਜ਼ਿਆਦਾ ਹੋ ਗਈ ਕਿ ਵਾਇ ਹੋ ਗਈ? ਤਿੰਨਾਂ ਤੱਤਾਂ ਦਾ ਸੰਤੁਲਨ ਸਰੀਰ ਨੂੰ ਰਾਜ਼ੀ ਰੱਖਦਾ ਹੈ, ਜੇ ਤਿੰਨਾਂ ਤੱਤਾਂ 'ਚੋਂ ਇਕ ਤੱਤ 'ਚ ਵਿਗਾੜ ਪੈ ਜਾਏ, ਸਰੀਰ ਰੋਗੀ ਹੋ ਜਾਇਆ ਕਰਦਾ ਹੈ। ਮਹਾਰਾਜ ਨੇ ਪੁਛਿਆ ਕਿ ਵੈਦ ਜੀ! ਕਿੰਨੀਆਂ ਕੁ ਬਿਮਾਰੀਆਂ ਦਾ ਇਲਾਜ ਜਾਣਦੇ ਓਂ? ਕਹਿੰਦਾ, ਮਹਾਰਾਜ ਮੈਂ ਸਾਰੇ ਸ਼ਾਸਤਰ, ਚਰਕ ਸ਼ਾਸਤਰ, ਅਥਰਵਣ ਵੇਦ, ਜਿੰਨੀਆਂ ਮੈਡੀਕਲ ਦੀਆਂ ਪੁਸਤਕਾਂ ਨੇ, ਸਾਰੀਆਂ ਪੜ੍ਹ ਕੇ ਪੂਰਾ

ਅਧਿਐਨ ਕੀਤਾ ਹੋਇਆ ਹੈ, ਮੈਂ ਸਾਰੇ ਹੀ ਰੋਗਾਂ ਦਾ ਇਲਾਜ ਜਾਣਦਾ ਹਾਂ। ਕਹਿੰਦੇ, ਕਿੰਨੇ ਹੁੰਦੇ ਨੇ? ਕਹਿੰਦਾ ਮਹਾਰਾਜ ਜੀ! 99 ਵੱਡੇ-ਵੱਡੇ ਰੋਗ ਹੁੰਦੇ ਨੇ, ਬਾਕੀ ਜੇ ਗਿਣੀਏ ਤਾਂ ਹਜ਼ਾਰਾਂ ਦੀ ਤਾਦਾਦ 'ਚ ਹੁੰਦੇ ਨੇ, ਸਭ ਦਾ ਇਲਾਜ ਜਾਣਦਾ ਹਾਂ। ਕਹਿੰਦੇ ਫੇਰ ਜਿਹੜੇ ਇਲਾਜ ਤੁਸੀਂ ਜਾਣਦੇ ਹੋ ਨਾ ਉਨ੍ਹਾਂ ਵਿਚੋਂ ਮੈਨੂੰ ਕੋਈ ਬਿਮਾਰੀ ਨਹੀਂ ਹੈ। ਤੁਹਾਨੂੰ ਨਹੀਂ ਏਸ ਗੱਲ ਦਾ ਪਤਾ -

***ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ ॥***
***ਅੰਗ - ੧੨੭੯***

ਮੈਂ ਤਾਂ ਪ੍ਰਮੇਸ਼ਰ ਦੇ ਪਿਆਰ ਦੇ ਵਿਚ ਹਾਂ। ਇਹਦਾ ਤੇਰੇ ਕੋਲ ਇਲਾਜ ਕੋਈ ਨਹੀਂ ਹੈ। ਇਹਦਾ ਇਲਾਜ ਹੈ ਮਿਲਾਪ, ਉਹ ਤੇਰੇ ਕੋਲ ਹੈ ਨਹੀਂ। ਇਸ ਕਰਕੇ ਇਹ ਛੱਡ ਦੇ, ਕਾਹਨੂੰ ਖੱਪਦਾ ਹੈਂ।

***ਵੈਦ ਨ ਭੋਲੇ ਦਾਰੂ ਲਾਇ ॥***
***ਦਰਦੁ ਹੋਵੈ ਦੁਖੁ ਰਹੈ ਸਰੀਰ ॥***
***ਐਸਾ ਦਾਰੂ ਲਗੈ ਨ ਬੀਰ ॥ ਅੰਗ - ੧੨੫੬***

ਮਹਾਰਾਜ ਕਹਿੰਦੇ, ਵੈਦ ਜੀ! ਰੋਗ ਜਿਹੜੇ ਨੇ ਤੁਹਾਨੂੰ ਪਤਾ ਹੈ ਕਿੱਥੋਂ ਪੈਦਾ ਹੁੰਦੇ ਨੇ? ਹੈਰਾਨ ਹੋ ਗਿਆ ਵੈਦ ਤੇ ਅੱਜ ਤੋਂ ਪਹਿਲਾਂ ਸੁਣ ਚੁੱਕਿਆ ਸੀ ਕਿ ਇਹ ਤਾਂ ਪਾਧੇ ਨੂੰ ਪੜ੍ਹਾ ਕੇ ਆਏ ਨੇ। ਮਾਸਟਰ ਨੂੰ ਸੱਚੀ ਪੜ੍ਹਾਈ ਦੱਸ ਚੁੱਕੇ ਨੇ ਤੇ ਫੱਟੀ ਲਿਖ ਚੁੱਕੇ ਨੇ। ਨਮਸਕਾਰ ਕਰੀ ਅੰਦਰ ਹੀ ਅੰਦਰ ਕਿ ਅੱਜ ਮੇਰੀ ਵਾਰੀ ਆ ਗਈ, ਅੱਜ ਮੈਨੂੰ ਸਮਝਾਉਣਗੇ। ਸ਼ਰਧਾ 'ਚ ਆ ਗਿਆ, ਭਾਵਨਾ 'ਚ ਆ ਗਿਆ। ਕਹਿੰਦਾ, ਹੇ ਨਾਨਕ ਜੀ! ਅਸੀਂ ਤਾਂ ਦਵਾਈ ਦਿੰਦੇ ਹਾਂ, ਰੋਗ ਲਗਦਾ ਹੈ ਕੋਈ, ਉਪਚਾਰ ਗਲਤ ਹੋ ਜਾਂਦਾ ਹੈ, ਮਹਾਰਾਜ ਕਹਿੰਦੇ ਨਹੀਂ ਪਿਆਰਿਆ ਰੋਗ ਮਨ ਤੋਂ ਸ਼ੁਰੂ ਹੁੰਦਾ ਹੈ। ਸਰੀਰ ਨਹੀਂ ਰੋਗੀ ਹੁੰਦਾ, ਪਹਿਲਾਂ ਮਨ ਰੋਗੀ ਹੁੰਦਾ ਹੈ।

***ਖਸਮੁ ਵਿਸਾਰਿ ਕੀਏ ਰਸ ਭੋਗ ॥***
***ਤਾਂ ਤਨਿ ਉਠਿ ਖਲੋਏ ਰੋਗ ॥ ਅੰਗ - ੧੨੫੬***

ਵਾਹਿਗੁਰੂ ਨੂੰ ਭੁੱਲ ਕੇ ਆਦਮੀ ਜਦੋਂ ਰਸਾਂ-ਕਸਾਂ 'ਚ ਪੈਂਦਾ ਹੈ, ਸ਼ਰਾਬਾਂ ਕਬਾਬਾਂ ਗਲਤ ਖਾਨਿਆਂ 'ਚ। ਬੇਮਰਿਆਦਾ ਹੋ ਜਾਂਦਾ ਹੈ, ਭੋਗਾਂ ਵਿਚ ਲਗ ਜਾਂਦਾ ਹੈ ਓਸ ਵੇਲੇ ਸਰੀਰ ਰੋਗੀ ਹੋਣਾ ਹੀ ਹੈ। ਜੇ ਸਿਹਤ ਦਾ ਆਪਣਾ ਹਿਸਾਬ ਰੱਖ ਕੇ ਚੱਲੋ, ਸਰੀਰ ਕਦੇ ਵੀ ਰੋਗੀ ਨਹੀਂ ਹੁੰਦਾ। ਜੰਗਲ ਦੇ ਜਾਨਵਰ ਦੇਖੇ ਨੇ ਕਦੇ ਬਿਮਾਰ ਹੋਏ ਹੋਏ? ਹੁੰਦੇ ਹੀ ਨਹੀਂ। ਕੀ ਸਾਡੇ ਪਸ਼ੂ ਰੋਜ਼ ਹੀ ਬਿਮਾਰ ਰਹਿੰਦੇ ਨੇ? ਇਹ ਤਾਂ ਇਹ ਗੱਲ ਕਰਦਾ ਹੈ -

***ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥***
***ਅੰਗ - ੧੩੫***

***ਮਨ ਅੰਧੇ ਕਉ ਮਿਲੈ ਸਜਾਇ ॥***
***ਵੈਦ ਨ ਭੋਲੇ ਦਾਰੂ ਲਾਇ ॥ ਅੰਗ - ੧੨੫੬***

ਕਹਿੰਦੇ, ਵੈਦ ਜੀ! ਰੋਗ ਮਨ ਤੋਂ ਚਲਦਾ ਹੈ, ਆਪਾਂ ਸਾਰੇ ਹੀ ਜਾਣਦੇ ਹਾਂ ਜੇ ਗੁੱਸਾ ਆ ਜਾਏ, ਉਹਨੂੰ ਕਹੋ ਪ੍ਰਸ਼ਾਦਾ ਛਕ ਲੈ, ਕਹਿੰਦਾ ਮੇਰਾ ਤਾਂ ਪਹਿਲਾ ਹੀ ਹਜ਼ਮ ਨਹੀਂ ਹੋਇਆ। ਫਿਕਰ ਹੋ ਜਾਏ ਕਿਸੇ ਬੰਦੇ ਨੂੰ, ਬਗੈਰ ਬਿਮਾਰੀ ਤੋਂ ਖਤਮ ਹੋ ਜਾਂਦਾ ਹੈ। ਉਹਦਾ ਸਰੀਰ ਨਹੀਂ ਰਹਿੰਦਾ ਫਿਕਰ ਨਾਲ। ਹਾਲਾਂਕਿ ਕੋਈ ਬੁਰੀ ਚੀਜ਼ ਨਹੀਂ ਅੰਦਰ ਗਈ, ਕੋਈ ਬਿਮਾਰੀ ਨਹੀਂ, ਕੋਈ ਤਾਪ ਨਹੀਂ ਚੜ੍ਹਿਆ, ਕੁਛ ਨਹੀਂ ਹੋਇਆ।

ਆਹ ਜਦ 1947 ਦਾ ਜ਼ਮਾਨਾ ਸੀ ਸਾਰਿਆਂ ਨੇ ਦੇਖਿਆ ਹੈ, ਜਿਹੜੇ ਵੱਡੇ ਨੇ। ਆਹ ਜਿਹੜਾ ਸਾਡਾ ਆਪਣਾ ਖੂਹ ਸੀਗਾ, ਇਥੇ ਗੰਨਾ ਹੁੰਦਾ, ਇਥੇ ਕਸ਼ਮੀਰੀ ਲੜਕੇ ਛੁਪੇ ਹੋਏ ਸੀ। ਬੇਬੇ ਜੀ ਸਾਡੀ ਜਾਂਦੀ ਸੀ, ਜਾ ਕੇ ਦੁੱਧ ਦੇ ਆਉਣਾ, ਪ੍ਰਸ਼ਾਦੇ ਦੇਣ ਰਾਤ ਨੂੰ ਜਾਣਾ, ਮੈਨੂੰ ਨਾਲ ਲੈ ਗਈ, ਉਹ ਬਾਹਰ ਜਦ ਨਿਕਲ ਕੇ ਆਏ ਮੈਂ ਹੈਰਾਨ ਰਹਿ ਗਿਆ ਕਿ ਸ਼ੇਰਾਂ ਵਰਗੇ ਸੀ ਇਨ੍ਹਾਂ ਨੂੰ ਹੋ ਕੀ ਗਿਆ? ਸੁੱਕ ਕੇ ਪਿੰਜਰ ਬਣੇ ਪਏ ਨੇ, ਦੋ ਤਿੰਨ ਦਿਨਾਂ 'ਚ ਹੀ। ਜਿਹਦੇ ਅੰਦਰ ਚਿੰਤਾ ਆ ਜਾਵੇ, ਫਿਕਰ ਆ ਜਾਏ। ਚਿੰਤਾ ਚਿਖਾ ਬਰਾਬਰ ਹੈ। ਇਹ ਮਨ ਤੋਂ ਰੋਗੀ ਹੁੰਦਾ ਹੈ, ਪਹਿਲਾਂ ਮਨ ਰੋਗੀ ਹੋਏਗਾ, ਫੇਰ ਸਰੀਰ ਰੋਗੀ ਹੋਏਗਾ। ਉਸ ਵੇਲੇ ਕਹਿਣ ਲੱਗਿਆ ਕਿ ਸੱਚੇ ਪਾਤਸ਼ਾਹ! ਮੈਨੂੰ ਮਨ ਦੀ ਗੱਲ ਦਾ ਨਹੀਂ ਪਤਾ। ਹੁਣ ਤਾਂ ਸਾਇਕਲੋਜੀ ਵਾਲੇ ਦੱਸ ਦਿੰਦੇ ਨੇ ਕਿ ਇਹਨੂੰ ਆਹ ਫਿਕਰ ਹੋਇਆ ਸੀ, ਉਹਦਾ effect ਹੋਇਆ, ਬਲੱਡ ਪਰੈਸ਼ਰ ਤਾਂ ਹੋਇਆ। ਦਿਲ ਦੇ ਰੋਗ ਦਾ ਕਾਰਣ ਇਹ ਹੈ ਕਿ tension ਇਹਦੇ ਮਨ ਵਿਚ ਬਹੁਤੀ ਰਹੀ ਹੈ। ਬਿਮਾਰੀ ਮਨ ਤੋਂ ਆਉਂਦੀ ਹੈ, ਸਰੀਰ ਤਾਂ ਰੋਗੀ ਨਹੀਂ ਹੁੰਦਾ, ਸਰੀਰ ਤਾਂ ਬੇਮਰਿਆਦਾ ਖਾਣ ਪੀਣ ਨਾਲ ਹੋ ਜਾਂਦਾ ਹੈ। ਸੋ ਉਸ ਵੇਲੇ ਕਹਿਣ ਲੱਗਿਆ, ਸੱਚੇ ਪਾਤਸ਼ਾਹ ਮੈਨੂੰ ਇਨ੍ਹਾਂ ਗੱਲਾਂ ਦਾ ਨਹੀਂ ਕੋਈ ਗਿਆਨ, ਮਹਾਰਾਜ ਕਹਿਣ ਲੱਗੇ, ਵੈਦ ਜੀ! ਸਰੀਰ ਦੇ ਰੋਗ ਐਨੇ ਭਿਆਨਕ ਨਹੀਂ ਹੁੰਦੇ। ਵੱਧਦੇ-ਵੱਧਦੇ ਹੋ ਸਕਦਾ ਹੈ, ਬੰਦਾ ਰੋਗੀ ਹੋ ਕੇ ਮਰ ਸਕਦਾ ਹੈ। ਲੇਕਿਨ ਇਸ ਤੋਂ ਭਿਆਨਕ ਜਿਹੜੇ ਰੋਗ ਨੇ ਉਹ ਮਨ ਦੇ ਰੋਗ ਨੇ। ਹੱਥ ਬੰਨ੍ਹ ਲਏ ਕਹਿੰਦੇ ਸੱਚੇ ਪਾਤਸ਼ਾਹ! ਸਾਰਿਆਂ ਨੂੰ ਲੱਗੇ ਹੋਏ ਨੇ ਕਹਿੰਦਾ ਹਾਂ। ਸਾਰੀ ਦੁਨੀਆਂ ਰੋਗਾਂ ਦੇ ਵਿਚ ਫਸੀ ਹੋਈ ਹੈ, ਮਨ ਦੇ ਰੋਗ ਨੇ ਤੇ ਮਨ ਦੇ ਰੋਗਾਂ ਦਾ ਐਡਾ ਭੈੜਾ ਨਤੀਜਾ ਨਿਕਲਦਾ ਰਿਹਾ ਹੈ ਕਿ ਬੰਦਾ ਜੰਮਦਾ ਹੈ ਮਰ ਜਾਂਦਾ ਹੈ, ਜੰਮਦਾ ਹੈ ਮਰ ਜਾਂਦਾ ਹੈ। ਕੋਈ ਛੁਟਕਾਰਾ ਹੀ ਨਹੀਂ ਹੁੰਦਾ। ਕਹਿੰਦੇ, ਜਿਹੜਾ ਸਭ ਤੋਂ ਭਿਆਨਕ

ਰੋਗ ਹੈ, ਹਉਮੈ ਦਾ, ਉਹ ਮਨੁੱਖ ਦੇ ਹਿੱਸੇ 'ਚ ਆਇਆ, ਜਾਨਵਰਾਂ ਦੇ ਹਿੱਸੇ 'ਚ ਨਹੀਂ ਆਇਆ, ਇਹ ਹਉਮੈ ਦਾ ਰੋਗ ਹੈ -

***ਹਉਮੈ ਰੋਗੁ ਮਾਨੁਖ ਕਉ ਦੀਨਾ ॥***
***ਕਾਮ ਰੋਗਿ ਮੈਗਲੁ ਬਸਿ ਲੀਨਾ ॥***

***ਅੰਗ - ੧੧੪੦***

ਜਦੋਂ ਹਾਥੀ ਫੜਨਾ ਹੋਵੇ, ਕਾਗਜ਼ਾਂ ਦੀ, ਕਾਲੇ ਪੀਲੇ ਕਾਗਜ਼ਾਂ ਦੀ ਹਥਣੀ ਬਣਾ ਕੇ ਟੋਆ ਪੁੱਟ ਕੇ ਉਤੇ ਘਾਹ ਫੂਸ ਨਾਲ ਢਕ ਕੇ ਖੜ੍ਹਾ ਦਿੰਦੇ ਨੇ, ਹਾਥੀ ਨੂੰ ਕਿਉਂਕਿ ਕਾਮ ਰੋਗ ਹੈ, ਦੌੜਿਆ ਹੀ ਆਉਂਦਾ ਹੈ, ਟੋਏ ਦੇ ਵਿਚ ਗਿਰ ਪੈਂਦਾ ਹੈ ਤੇ ਬੰਦੇ ਦੇ ਹੱਥ ਆ ਜਾਂਦਾ ਹੈ। ਬੰਦਾ ਸਾਰੀ ਜ਼ਿੰਦਗੀ ਉਸ ਤੋਂ ਕੰਮ ਲੈਂਦਾ ਹੈ।

***ਦ੍ਰਿਸਟਿ ਰੋਗਿ ਪਚਿ ਮੁਏ ਪਤੰਗਾ ॥***

***ਅੰਗ - ੧੧੪੦***

ਅੱਖਾਂ ਦਾ ਰੋਗ ਪਤੰਗੇ ਨੂੰ ਹੈ, ਦੀਵਾ ਜਾਲ ਦਿਓ, ਲਾਲਟੈਨ ਜਲ ਜਾਏ, ਬਲਬ ਜਲ ਜਾਏ, ਪਤੰਗੇ ਆ-ਆ ਕੇ ਗਰਮ ਨਾਲ ਲਗ-ਲਗ ਕੇ ਮਰੀ ਜਾਂਦੇ ਨੇ। ਸੋ ਇਸ ਤਰ੍ਹਾਂ ਦੇ ਨਾਲ -

***ਨਾਦ ਰੋਗਿ ਖਪਿ ਗਏ ਕੁਰੰਗਾ ॥***

***ਅੰਗ - ੧੧੪੦***

ਜਿਹੜਾ ਹਰਨ ਹੈ ਇਹਨੂੰ ਕੰਨਾਂ ਦਾ ਰੋਗ ਹੈ, ਸੁਣਨ ਦਾ, ਸ਼ਬਦ ਦਾ। ਪਹਿਲੇ ਜ਼ਮਾਨਿਆਂ 'ਚ ਘੰਡੇਹੇੜੇ ਦਾ ਸ਼ਬਦ ਹੁੰਦਾ, ਉਹ ਸ਼ਿਕਾਰੀ ਵਜਾਈ ਜਾਂਦਾ ਸੀ, ਹਰਨ ਨੇ ਜਿਉਂ-ਜਿਉਂ ਨੇੜੇ ਆਉਣਾ, ਆ ਕੇ ਲਿਟਣਾ ਸ਼ੁਰੂ ਕਰ ਦੇਣਾ, ਸ਼ਿਕਾਰੀ ਨੇ ਜਾ ਕੇ ਗਲ 'ਚ ਰੱਸਾ ਪਾ ਲੈਣਾ। ਕਹਿੰਦੇ, ਉਹ ਵੀ ਏਸ ਰੋਗ ਦਾ ਮਾਰਿਆ ਹੋਇਆ ਹੈ।

***ਜੋ ਜੋ ਦੀਸੈ ਸੋ ਸੋ ਰੋਗੀ ॥***
***ਰੋਗ ਰਹਿਤ ਮੇਰਾ ਸਤਿਗੁਰੁ ਜੋਗੀ॥***

***ਅੰਗ - ੧੧੪੦***

***ਜਿਹਵਾ ਰੋਗਿ ਮੀਨੁ ਗ੍ਰਸਿਆਨੋ ॥***

***ਅੰਗ - ੧੧੪੦***

ਜਿਹੜੀ ਮੱਛੀ ਹੈ ਇਹਨੂੰ ਜੀਭ ਦਾ ਰੋਗ ਹੈ, ਕੁੰਡੀ ਦੇ ਨਾਲ ਲਾ ਦਿੰਦੇ ਨੇ ਤੇ ਨਿਗਲ ਜਾਂਦੀ ਹੈ ਤੇ ਨਤੀਜਾ ਕੀ ਹੁੰਦਾ ਹੈ, ਮਛਿਆਰੇ ਦੇ ਹੱਥ ਵਿਚ ਆ ਜਾਂਦੀ ਹੈ ਤੇ ਭੁੰਨ ਕੇ ਖਾ ਜਾਂਦੇ ਨੇ।

***ਬਾਸਨ ਰੋਗਿ ਭਵਰੁ ਬਿਨਸਾਨੋ॥ ਅੰਗ - ੧੧੪੦***

ਵਾਸ਼ਨਾ ਦਾ ਜਿਹੜਾ ਰੋਗ ਹੈ ਇਹ ਭਉਰੇ ਨੂੰ ਹੈ, ਫੁੱਲ ਤੇ ਬੈਠ ਜਾਂਦਾ ਹੈ, ਰਾਤ ਨੂੰ ਫੁੱਲ ਬੰਦ ਹੋ ਜਾਂਦਾ ਹੈ ਤੇ ਉਹਦੇ 'ਚ ਉਹਦਾ ਨਾਸ਼ ਹੋ ਜਾਂਦਾ ਹੈ।

***ਹੇਤ ਰੋਗ ਕਾ ਸਗਲ ਸੰਸਾਰਾ॥ ਅੰਗ - ੧੧੪੦***

ਆਹ ਜਿਹੜਾ ਮੋਹ ਲੱਗਿਆ ਹੋਇਆ ਹੈ, ਮੋਹ ਦਾ ਰੋਗ ਸਾਰੇ ਸੰਸਾਰ ਦੇ ਵਿਚ ਹੈ। ਕੋਈ ਨਹੀਂ ਬਚਿਆ ਹੋਇਆ ਮੋਹ ਤੋਂ। ਇਹ ਜਿਹੜੇ ਰਿਸ਼ਤੇਦਾਰ ਨੇ, ਧੀਆਂ ਨੇ, ਪੁੱਤਰ ਨੇ ਇਹ ਸਾਰੇ ਆਪਣੇ ਕਰਮ ਹੋਇਆ ਕਰਦੇ ਨੇ, ਕਿਸੇ ਦੇ ਸ਼ੁਭ ਕਰਮ ਹੁੰਦੇ ਨੇ, ਧੀਆਂ-ਪੁਤਰ ਚੰਗੇ ਹੁੰਦੇ ਨੇ, ਜਿਨ੍ਹਾਂ ਦੇ ਕਰਮ ਮਾੜੇ ਹੁੰਦੇ ਨੇ, ਉਹ ਫੇਰ ਬਦਲੇ ਲੈਣ ਵਾਲੇ ਆ ਜਾਂਦੇ ਨੇ। ਇਹ ਤਾਂ ਸਾਰੇ ਚਾਹੇ ਮਾਤਾ ਹੈ, ਚਾਹੇ ਪਿਤਾ ਹੈ, ਚਾਹੇ ਭਰਾ ਹੈ, ਚਾਹੇ ਬੱਚੇ ਨੇ, ਕਰਮਾਂ ਦੇ ਬੰਨ੍ਹੇ ਹੋਏ ਜੀਵ ਆ ਕੇ ਲੈਣ ਦੇਣ ਦਾ ਸਬੰਧ ਕਰਦੇ ਨੇ। ਇਕ ਦੁੱਖ ਦੇ ਕੇ ਚਲੇ ਜਾਂਦੇ ਨੇ, ਇਕ ਮਹਿਮਾ ਕਰਾ ਕੇ ਚਲੇ ਜਾਂਦੇ ਨੇ। ਇਕਨਾ ਦੇ ਨਾਲ ਮਾਂ-ਬਾਪ ਦੀ ਇੱਜ਼ਤ ਅਸਮਾਨਾਂ ਤੇ ਪਹੁੰਚਦੀ ਹੈ। ਇਕਨਾਂ ਦੇ ਨਾਲ ਮਾਂ-ਬਾਪ ਦੀ ਇੱਜ਼ਤ ਧਰਤੀ 'ਚ ਰੁਲਦੀ ਫਿਰਦੀ ਹੈ। ਇਹ ਤਾਂ ਕਰਮਾਂ ਦੇ ਬੰਨ੍ਹੇ ਹੋਏ ਜੀਵ ਆਉਂਦੇ ਨੇ, ਜੇ ਹੇਤ ਰੋਗ ਵਿਚ ਫਸ ਜਾਵੇ, ਫੇਰ ਆਪ ਨੂੰ ਸਜ਼ਾ ਮਿਲਦੀ ਹੈ। ਸੋ ਮਹਾਰਾਜ ਕਹਿੰਦੇ ਰੋਗ ਨੇ, ਜਿਹਦੇ ਨਾਲ ਬਾਰ-ਬਾਰ ਆਦਮੀ ਨੂੰ ਜੰਮਣਾ ਪੈਂਦਾ ਹੈ, ਮਰਨਾ ਪੈਂਦਾ ਹੈ। ਸੋ ਕਹਿਣ ਲੱਗੇ, ਵੈਦ ਜੀ! ਸਭ ਤੋਂ ਭਿਆਨਕ ਰੋਗ ਜੋ ਮਨੁੱਖ ਨੂੰ ਲੱਗਿਆ ਹੋਇਆ ਹੈ -

***ਹਉਮੈ ਰੋਗੁ ਮਾਨੁਖ ਕਉ ਦੀਨਾ ॥***

***ਅੰਗ - ੧੧੪੦***

ਉਹਦਾ ਨਤੀਜਾ ਕੀ ਹੁੰਦਾ ਹੈ? ਆਹ ਭਿਆਨਕ ਨਤੀਜਾ ਹੁੰਦਾ ਹੈ?

***ਧਾਰਨਾ - ਜੰਮਦਾ ਤੇ ਮਰਦਾ ਹੈ***
***ਹਉਮੈ ਦਾ ਬੰਨ੍ਹਿਆ ਹੋਇਆ।***

ਸਾਰਾ ਸੰਸਾਰ ਗਹਿਰੀ ਨੀਂਦ ਵਿਚ ਸੁੱਤਾ ਪਿਆ ਹੈ, ਬਹੁਤ ਜਬਰਦਸਤ ਤੇਰੇ ਉਤੇ ਟੀਕਾ ਲੱਗ ਗਿਆ ਮਾਇਆ ਦਾ। illusion, ignorance ਦਾ, ਭੁੱਲ ਦਾ, ਅਵਿਦਿਆ ਦਾ। ਉਹਦੇ ਨਾਲ ਕੀ ਹੋਇਆ? ਤੈਨੂੰ ਨੀਂਦ ਆ ਗਈ, ਤੂੰ ਕਹਿੰਦਾ ਹੈਂ ਮੈਂ ਜਾਗਦਾ ਹਾਂ, ਮਹਾਰਾਜ ਕਹਿੰਦੇ ਤੂੰ ਤਾਂ ਤੂੰ ਇਹ ਤਾਂ ਸਾਰਾ ਸੰਸਾਰ ਹੀ ਸੁੱਤਾ ਪਿਆ ਹੈ -

***ਧਾਰਨਾ - ਸੌਂ ਗਿਆ ਜਗ ਸਾਰਾ ਜੀ***
***ਮਾਇਆ ਦੀ ਨੀਂਦ ਗਾੜ੍ਹੀ।***

ਜਿਹਨੂੰ ਅਸੀਂ ਕਹਿੰਦੇ ਹਾਂ ਕਿ ਅਸੀਂ ਜਾਗਦੇ ਹਾਂ, ਕਾਰੋਬਾਰ ਕਰਦੇ ਹਾਂ, ਮਹਾਰਾਜ ਕਹਿੰਦੇ ਤੁਸੀਂ ਤਾਂ ਤੁਸੀਂ ਆਹ ਸਾਰਾ ਸੰਸਾਰ, ਜਿੰਨਾ earth planet ਦੇ ਉਤੇ ਨੱਠੇ ਭੱਜੇ, ਹਵਾਈ ਜਹਾਜ਼ਾਂ 'ਚ ਤੁਰੇ ਫਿਰਦੇ ਹਾਂ ਸਭ ਸੁੱਤੇ ਪਏ ਨੇ। ਜਾਗ ਨਹੀਂ ਹੈ ਕਿਸੇ ਨੂੰ ਵੀ, mind ਦੀ ਸਥਿਤੀ ਐਸੀ ਹੈ, ਹਾਲਤ ਐਸੀ ਹੈ ਕਿ ਸਭ ਸੁੱਤੇ ਪਏ ਨੇ।

ਇਕ ਵਾਰੀ ਰਾਜਾ ਜਨਕ ਦਰਬਾਰ ਲੱਗਿਆ ਹੋਇਆ ਹੈ, ਗਰਮੀ ਦਾ ਮਹੀਨਾ ਹੈ, ਖਸ-ਖਸ ਦੀਆਂ ਚਿਕਾਂ ਲਾ ਕੇ ਠੰਢਾ ਠਾਰ ਕਰਿਆ ਪਿਆ ਹੈ। ਤਖਤ ਤੇ ਬੈਠਾ ਹੈ ਤੇ ਸਭਾ ਚਲ ਰਹੀ ਹੈ। ਅਚਾਨਕ ਕੀ ਹੋਇਆ, ਮਾੜੀ ਜਿਹੀ ਅੱਖ ਲੱਗ ਗਈ ਉਹਦੀ, ਅੱਖ ਲੱਗਣ ਦੇ ਵਿਚ ਕੀ ਦੇਖਦਾ ਹੈ ਕਿ ਮੇਰੀ ਪਰਜਾ ਵਿਗੜ ਗਈ, ਨਾਲ ਦੇ ਰਾਜੇ ਨੂੰ ਉਨ੍ਹਾਂ ਨੇ ਸੁਨੇਹਾ ਭੇਜ ਦਿਤਾ ਤੇ ਮੇਰੇ ਵਜ਼ੀਰ ਸਭ ਵਿਗੜ ਗਏ। ਉਸ ਵੇਲੇ ਰਾਜਾ ਆ ਗਿਆ ਫੌਜਾਂ ਲੈ ਕੇ, ਮੇਰੀਆਂ ਫੌਜਾਂ ਨੇ ਵੀ ਜਵਾਬ ਦੇ ਦਿਤਾ। ਬਿਨਾਂ ਲੜਾਈ ਤੋਂ ਕਬਜ਼ਾ ਕਰ ਲਿਆ ਤਖਤ ਦੇ ਉਤੇ, ਬਹੁਤ ਇਹਦੀ ਬੇਇਜ਼ਤੀ ਕਰੀ, ਰਾਣੀਆਂ ਆਈਆਂ ਉਹ ਵੀ ਇਹ ਕਹਿ ਰਹੀਆਂ ਨੇ ਕਿ ਤੂੰ ਤਾਂ ਬੜਾ ਪਾਪੀ ਬੰਦਾ ਹੈਂ, ਜਿਹੜੀਆਂ ਪਤੀਵਰਤਾ ਰਾਣੀਆਂ ਨੇ ਉਹਦਾ ਵੀ ਇਹਨੂੰ ਝੌਲਾ ਵੱਜਿਆ ਕਿ ਮੈਨੂੰ ਸੁਪਨੇ ਵਿਚ ਗਾਲ੍ਹਾਂ ਕੱਢਦੀਆਂ ਨੇ। ਅਖੀਰ ਵਸਤਰ ਲਾਹ ਲਏ, ਇਕ ਵਸਤਰ ਛੱਡ ਕੇ ਹੁਕਮ ਕਰ ਦਿਤਾ ਕਿ ਇਹਨੂੰ ਕੱਢ ਦਿਓ, ਬਾਹਰ ਸਭ ਇੱਟਾਂ ਮਾਰੋ ਇਹਦੇ, ਇੱਟਾਂ ਵੱਟੇ ਖਾਂਦਾ ਪਾਗਲਾਂ ਵਾਂਗਣ ਦੌੜਿਆ ਜਾਂਦਾ ਹੈ, ਤਿੰਨ ਦਿਨ-ਤਿੰਨ ਰਾਤਾਂ ਬੜਾ ਹੀ ਦੁਖੀ ਹੋ ਕੇ ਰਾਜ 'ਚੋਂ ਨਿਕਲਿਆ। ਦੂਜਾ ਰਾਜ ਆ ਗਿਆ ਉਤੇ ਬੇਰੀ ਦਾ ਮੁੱਢ ਸੀ, ਉਸ ਤੇ ਬਹਿ ਗਿਆ, ਰੋਈ ਜਾਂਦਾ ਹੈ ਕਿ ਮੇਰੇ ਨਾਲ ਹੋਇਆ ਕੀ? ਭਾਣਾ ਕੀ ਵਰਤਿਆ? ਰਾਜ ਜਾਂਦਾ ਰਿਹਾ, ਲੋਕ ਮੇਰੇ ਐਨੇ ਖਿਲਾਫ ਹੋ ਗਏ, ਕਸੂਰ ਤਾਂ ਮੈਂ ਕੋਈ ਕਰਿਆ ਨਹੀਂ ਸੀ, ਰਾਣੀਆਂ ਵੀ ਮੇਰੇ ਖਿਲਾਫ ਹੋ ਗਈਆਂ, ਖੂਨ ਜਾ ਰਿਹਾ ਹੈ ਤੇ ਭੁੱਖਾ ਤਿਹਾਇਆ ਹੈ। ਰੋਂਦੇ ਕੋਲ ਕੋਈ ਪ੍ਰੇਮੀ ਆ ਗਿਆ, ਕਹਿਣ ਲੱਗੇ ਕੌਣ ਹੈਂ ਪ੍ਰੇਮੀਆ! ਤੇਰੇ ਵਾਲ ਖਿਲਰੇ ਪਏ ਨੇ, ਬੜੀ ਭਿਆਨਕ ਤੇਰੀ ਸ਼ਕਲ ਹੋਈ ਹੈ, ਥਾਂ-ਥਾਂ ਤੇ ਸਰੀਰ ਉਤੋਂ ਖੂਨ ਨਿਕਲ ਰਿਹਾ ਹੈ। ਕਹਿਣ ਲੱਗਿਆ, ਭਰਾਵਾ ਮੈਂ ਰਾਜਾ ਜਨਕ ਹਾਂ। ਮੇਰਾ ਰਾਜ ਖੋਹ ਲਿਆ ਤੇ ਮੈਂ ਹੁਣ ਬਹੁਤ ਭੁੱਖਾ ਤਿਹਾਇਆ, ਤਿੰਨ ਦਿਨ ਤੋਂ ਕੁਛ ਨਹੀਂ ਖਾਧਾ ਤੇ ਮੈਂ ਇਸ ਰਾਜ 'ਚ ਆਇਆ ਹਾਂ ਮੈਨੂੰ ਕੁਛ ਖਾਣ ਨੂੰ ਦੇ। ਉਹ ਕਹਿੰਦਾ ਔਹ ਦੇਖ ਸਾਮ੍ਹਣੇ ਛੱਤਰ ਚਲ ਰਿਹਾ ਓਸ ਨਗਰ ਦਾ। ਔਹ ਲਾਈਨ ਲੱਗੀ ਹੋਈ ਹੈ, ਲਾਈਨ 'ਚ ਜਾ ਕੇ ਤੂੰ ਖੜ੍ਹ ਜਾ। ਲਾਈਨ 'ਚ ਜਾ ਕੇ ਖੜ੍ਹ ਗਿਆ, ਜਦੋਂ ਇਹਦੀ ਵਾਰੀ ਆਈ, ਹੱਥਾਂ ਦੇ ਉਤੇ ਲੈਣ ਲੱਗਿਆ, ਉਹ ਕਹਿੰਦੇ ਓ ਪ੍ਰੇਮੀਆ! ਇਹ ਤਾਂ ਗਰਮ ਖਿਚੜੀ ਦੇ ਰਹੇ ਹਾਂ ਅਸੀਂ ਤੂੰ ਬਰਤਨ ਲਿਆ ਕੋਈ ਜਿਹਦੇ 'ਚ ਪਾਉਣੀ ਹੈ। ਬਰਤਨ ਮਿਲਦਾ ਨਹੀਂ, ਮੰਗਦਾ ਹੈ, ਮੰਗਦੇ ਨੂੰ 19 ਕੌਡੀਆਂ ਮਿਲੀਆਂ ਸਾਰੀਆਂ ਹੀ। ਇਕ ਕਟੋਰਾ ਮਿਲ ਗਿਆ, ਕਟੋਰਾ ਲੈ ਕੇ ਜਦੋਂ ਫੇਰ ਆਇਆ ਉਹਦੇ ਕੋਲ ਤਾਂ ਖਿਚੜੀ ਵਗੈਰਾ ਸਾਰਾ ਭੋਜਨ ਵਰਤ ਚੁੱਕਿਆ ਸੀ। ਖੁਰਚਣ ਉਨ੍ਹਾਂ ਨੇ ਲਾਹੀ ਕੌੜੀ ਜਿਹੜੀ ਜਲੀ ਹੋਈ ਸੀ, ਲਾਹ ਕੇ ਉਹਦੇ ਕਟੋਰੇ 'ਚ ਪਾ ਦਿਤੀ। ਕਹਿੰਦੇ, ਔਹ ਘਿਉ ਲੈ ਲੈ, ਸਾਮ੍ਹਣੇ ਮਿਲਦਾ ਹੈ, ਉਥੇ ਚਲਿਆ ਗਿਆ ਉਹ ਕਹਿੰਦੇ ਹੁਣ ਤਾਂ ਵਰਤ ਚੁੱਕਿਆ ਹੁਣ ਨਹੀਂ ਹੈ ਕੁਛ ਦੇਣ ਨੂੰ। ਬੇਨਤੀਆਂ ਕਰਦਾ ਹੈ, ਅਖੀਰ ਉਹਨੇ ਇਕੱਠਾ ਕਰਿਆ ਤੇ ਇਕ ਕੜਛੀ ਪਾ ਦਿਤੀ, ਜਦੋਂ ਪਾਉਣ ਲੱਗਿਆ, ਹੱਥ ਹਿਲ ਗਿਆ, ਉਹ ਥੱਲੇ ਡੁਲ੍ਹ ਗਿਆ, ਬਹੁਤ ਝਿੜਕਾਂ ਮਾਰੀਆਂ, ਬਹੁਤ ਉਹਨੇ ਬੁਰਾ ਭਲਾ ਕਿਹਾ। ਕਹਿੰਦਾ, ਥੱਲਿਓਂ ਚੁੱਕ ਹੁਣ, ਮੈਂ ਨਹੀਂ ਹੋਰ ਦੇਣਾ, ਤਰਸ ਆ ਗਿਆ, ਅਖੀਰ ਕਹਿਣ ਲੱਗਿਆ, ਲੈ ਹੁਣ ਠੀਕ ਲਈਂ, ਉਹ ਪਾ ਦਿਤਾ ਉਹਦੇ ਵਿਚ, ਕਹਿੰਦੇ ਦੂਰ ਚਲਿਆ ਜਾ, ਕਿਉਂਕਿ ਸ਼ਕਲ ਇਹੋ ਜਿਹੀ ਹੋਈ ਪਈ ਸੀ ਕਿ ਨੇੜੇ ਵੀ ਨਾ ਬੈਠਣ ਦਿਤਾ, ਜਦੋਂ ਬੈਠੇ ਕਹਿੰਦੇ ਹੋਰ ਚੱਲ ਅੱਗੇ, ਹੋਰ ਅੱਗੇ ਚੱਲ। ਰਾਹ ਸੀਗਾ, ਰਾਹ ਦੇ ਕੋਲ ਜਾ ਕੇ ਬਹਿ ਗਿਆ। ਜਦੋਂ ਮੂੰਹ 'ਚ ਪਾਉਣ ਲੱਗਿਆ, ਦੋ ਸਾਂਨ੍ਹ ਭਿੜ ਪਏ, ਵਿਚਾਲੇ ਆ ਗਿਆ, ਕਟੋਰਾ ਫੁੱਟ ਗਿਆ ਤੇ ਜਾਗ ਆ ਗਈ, ਜਾਗ ਆਈ ਤਾਂ ਕੀ ਦੇਖਦਾ ਹੈ ਤਖਤ ਤੇ ਬੈਠਾ ਹੈ। ਐਨਾ ਸੁਪਨਾ ਗਹਿਰਾ ਚਲਿਆ ਗਿਆ ਕਿ ਦਿਮਾਗ ਦੇ ਉਤੇ ਸ਼ੌਕ ਲੱਗ ਗਿਆ, ਅਸਰ ਹੋ ਗਿਆ ਗਹਿਰਾ। ਆਲੇ ਦੁਆਲੇ ਦੇਖਦਾ ਹੈ, ਸਾਰੇ ਅਮੀਰਾਂ ਵਲ ਦੇਖਿਆ, ਹਰੇਕ ਚੀਜ਼ ਵਲ ਦੇਖਿਆ, ਹੁਣ ਸਮਝ ਨਹੀਂ ਆਉਂਦੀ ਕਿ ਇਹ ਕੀ ਹੋਇਆ ਤੇ ਉਹ ਕੀ ਹੋਇਆ? ਉਠ ਕੇ ਰਿਟਾਇਰਿੰਗ ਰੂਮ ਵਿਚ ਚਲਿਆ ਗਿਆ ਕਿਸੇ ਨਾਲ ਨਹੀਂ ਬੋਲਦਾ। ਦਰਬਾਰ ਬਰਖਾਸ਼ਤ ਕਰ ਦਿਤਾ, ਘੋੜੇ 'ਤੇ ਚੜ੍ਹਿਆ, ਦੇਖਣ ਚਲਿਆ ਗਿਆ। ਉਥੇ ਕੀ ਦੇਖਦਾ ਹੈ ਉਵੇਂ ਹੀ ਇੱਟਾਂ ਪਈਆਂ ਨੇ, ਜਿਹੜੇ ਮੁੱਢ 'ਤੇ ਬੈਠਾ ਸੀ ਉਤੇ ਖੂਨ ਵੀ ਲੱਗਿਆ ਨਜ਼ਰ ਆ ਗਿਆ, ਹੁਣ ਪੱਕਾ ਹੋ ਗਿਆ ਕਿ ਹੁਣ ਪਤਾ ਨਹੀਂ ਲਗਦਾ ਕਿ ਆਹ ਝੂਠਾ ਹੈ ਕਿ ਔਹ ਝੂਠਾ ਹੈ। ਉਹਨੇ ਉਸ ਵੇਲੇ ਬੜਾ ਭਾਰੀ ਯੱਗ ਕਰਕੇ ਸਾਰੇ ਭਾਰਤ ਵਰਸ਼ ਦੇ ਵਿਦਵਾਨ ਇਕੱਠੇ ਕਰ ਲਏ, ਜਦੋਂ ਯੱਗ ਹੋ ਹਟਿਆ, ਉਹਨੇ ਇਕ ਸਮੱਸਿਆ ਰੱਖ ਦਿਤੀ ਕਿ ਪਿਆਰਿਓ! ਮੇਰਾ ਇਕ ਸਵਾਲ ਹੈ ਇਹਦਾ ਨਿਰਣਾ ਕਰਕੇ ਜਾਓ ਕਿ ਆਹ ਝੂਠਾ ਹੈ ਇਕ ਔਹ ਝੂਠਾ ਹੈ। ਸਾਰੇ ਹੈਰਾਨ ਹੋ ਗਏ, ਕੋਈ ਜਵਾਬ ਨਹੀਂ ਦਿੰਦਾ। ਖੋਲ੍ਹ ਕੇ ਦਸਦਾ ਨਹੀਂ ਹੈ, ਅਖੀਰ ਅੱਠ ਸਾਲ ਲੰਘ ਗਏ। ਜਾਣ ਕਿਸੇ ਨੂੰ ਦਿੰਦਾ ਨਹੀਂ, ਬੜਾ ਸ਼ਾਹੀ ਸਲੂਕ ਕਰਦਾ ਹੈ, ਖਾਣ ਪੀਣ ਨੂੰ ਦੇ ਰਿਹਾ ਹੈ, ਰਿਹਾਇਸ਼ ਬਹੁਤ ਵਧੀਆ ਦੇ ਰਿਹਾ ਹੈ, ਲੇਕਿਨ ਜਾਣ ਨਹੀਂ ਦਿੰਦਾ। ਕਹਿੰਦਾ ਹੈ ਕਿ ਮੇਰੇ ਸਵਾਲ ਦਾ ਜਵਾਬ ਦੇ ਕੇ ਜਾਓ।

ਅਖੀਰ ਇਕ ਬੱਚਾ ਸੀ ਜਿਸਦਾ ਨਾਉਂ ਅਸ਼ਟਾਵਕਰ ਸੀ, ਸਰੀਰ ਵਿਚ ਅੱਠ ਵਲ ਪੈਂਦੇ ਸੀ। ਉਹਦਾ ਪਿਤਾ ਇਥੇ ਸੀ ਅਤੇ ਉਹ ਮਾਂ ਨੂੰ ਕਹਿ ਕੇ

ਪਾਲਕੀ 'ਚ ਬੈਠ ਕੇ ਇਥੇ ਆ ਜਾਂਦਾ ਹੈ, ਮਿਥਲਾਪੁਰੀ 'ਚ। ਉਥੇ ਆ ਕੇ ਰਾਜੇ ਜਨਕ ਦੇ ਪਾਸ ਜਾਂਦਾ ਹੈ ਤੇ ਉਹਨੂੰ ਇਹ ਕਹਿੰਦਾ ਹੈ ਕਿ ਤੂੰ ਸਭਾ ਲਾ, ਮੈਂ ਤੇਰੇ ਸਵਾਲ ਦਾ ਜਵਾਬ ਦੇਵਾਂਗਾ। ਸਭਾ ਲਗ ਜਾਂਦੀ ਹੈ ਜਿਸ ਵਕਤ ਅਸ਼ਟਾਵਕਰ ਆਉਂਦਾ ਹੈ ਸਾਰੇ ਹੈਰਾਨ ਨੇ ਕਿ ਕਿਹੜਾ ਮੁਨੀ ਆ ਗਿਆ, ਕਿਹੜਾ ਰਿਸ਼ੀ ਆ ਗਿਆ, ਕਿਹੜਾ ਵਿਦਵਾਨ ਪੰਡਤ ਆ ਗਿਆ ਜਿਹੜਾ ਸਾਡੇ ਤੋਂ ਜਵਾਬ ਨਹੀਂ ਦੇ ਹੁੰਦਾ ਤੇ ਉਹ ਕਹਿੰਦਾ ਹੈ ਕਿ ਮੈਂ ਦੇਵਾਂਗਾ। ਜਿਸ ਵਕਤ ਉਹ ਆ ਰਿਹਾ ਹੈ ਉਸ ਵਕਤ ਐਲਾਨ ਹੋ ਗਿਆ ਕਿ ਮਹਾਂਰਿਸ਼ੀ ਆ ਰਹੇ ਨੇ, ਰਾਜੇ ਦੇ ਸਵਾਲ ਦਾ ਜਵਾਬ ਦੇਣ ਵਾਸਤੇ। ਉਹ ਜਦੋਂ ਪੌੜੀਆਂ ਚੜ੍ਹਦਾ ਹੈ ਤਾਂ ਸਰੀਰ ਵਿਚ ਅੱਠ ਵਲ ਪੈਂਦੇ ਨੇ, ਅੱਖਾਂ ਕਿਧਰੇ ਨੂੰ ਦੇਖਦੀਆਂ ਨੇ, ਗਰਦਨ ਕਿਧਰੇ ਨੂੰ ਮੁੜੀ ਹੋਈ ਹੈ, ਛਾਤੀ ਕਿਧਰੇ ਨੂੰ ਹੈ, ਲੱਕ ਕਿਧਰੇ ਨੂੰ ਹੈ, ਪੈਰ ਕਿਸ ਪਾਸੇ ਨੂੰ ਧਰਦਾ ਹੈ, ਤੁਰਦਾ ਕਿਧਰੇ ਨੂੰ ਹੈ, ਬਾਹਾਂ ਕਿਧਰੇ ਨੂੰ ਹਨ, ਉਹ ਜਦੋਂ ਸਾਮ੍ਹਣੇ ਆਇਆ, ਅੱਠ ਸਾਲ ਦਾ ਬੱਚਾ ਸਾਰੇ ਹੀ ਹੱਸ ਪਏ ਕਿ ਆਹ ਜਵਾਬ ਦੇਣ ਆਇਆ ਹੈ। ਉਹ ਵੀ ਹਸਣ ਲੱਗ ਗਿਆ। ਜਿਵੇਂ ਬੱਚੇ ਦੰਦੀਆਂ ਚਿੜਾਉਂਦੇ ਨੇ ਐਉਂ ਕਰਨ ਲੱਗ ਗਿਆ। ਕਹਿੰਦੇ ਦੇਖੋ ਰਾਜਨ ਇਹ ਸਾਨੂੰ tease ਕਰਦਾ ਹੈ, ਬੱਚੇ ਨੂੰ ਚਾਹੀਦਾ ਸੀ, ਸਭਾ ਦੀ ਮਰਿਆਦਾ ਰੱਖ ਕੇ ਪਹਿਲਾਂ ਸਾਰਿਆਂ ਨੂੰ ਨਮਸ਼ਕਾਰ ਕਹਿੰਦਾ, ਛੋਟੀ ਉਮਰ ਹੈ ਇਹਦੀ। ਇਹਨੂੰ ਬੰਦ ਕਰਾਓ। ਰਾਜੇ ਜਨਕ ਨੇ ਕਿਹਾ ਕਹਿੰਦੇ ਬਾਲ ਬ੍ਰਹਮਚਾਰੀ, ਇਹ ਵੱਡੇ-ਵੱਡੇ ਮੁਨੀ ਬੈਠੇ ਨੇ ਇਨ੍ਹਾਂ ਦਾ ਆਦਰ ਕਰ। ਕਹਿੰਦਾ, ਇਨ੍ਹਾਂ ਦਾ ਆਦਰ? ਇਹ ਮੁਨੀ ਨਹੀਂ ਹਨ, ਇਹ ਤਾਂ ਸਾਰੇ ਚਮਾਰ ਬੈਠੇ ਨੇ। ਗੁੱਸੇ ਹੋ ਗਏ ਬ੍ਰਾਹਮਣ ਲੋਕ ਕਿ ਸਾਨੂੰ ਐਉਂ ਕਹਿ ਦਿਤਾ। ਉਹ ਕਹਿੰਦੇ ਐਸਾ ਸ਼ਬਦ ਤੈਨੂੰ ਕਹਿਣਾ ਨਹੀਂ ਸੀ ਚਾਹੀਦਾ, ਗਲਤ ਗੱਲ ਕਹੀ ਹੈ ਤੂੰ। ਸਾਰਿਆਂ ਨੇ protest ਕਰ ਦਿਤਾ। ਉਹ ਕਹਿੰਦਾ ਰਾਜਨ! ਇਨ੍ਹਾਂ ਨੂੰ ਹੀ ਮੈਂ ਪੁੱਛਦਾ ਹਾਂ ਕਿ ਤੁਸੀਂ ਹੱਸੇ ਕਿਉਂ? ਮੇਰੇ ਸਰੀਰ ਨੂੰ ਦੇਖ ਕੇ ਹੱਸੇ ਓਂ, ਮੈਂ ਤਾਂ ਨਹੀਂ ਸਰੀਰ ਬਣਾਇਆ। ਜਿਹੋ ਜਿਹਾ ਪ੍ਰਮੇਸ਼ਰ ਨੇ ਦੇ ਦਿਤਾ, ਮੇਰਾ ਆਤਮਾ ਉਹਦੇ ਵਿਚ ਹੈਗਾ। ਤੁਸੀਂ ਐਉਂ ਦੱਸੋ ਕਿ ਜੇ ਗੰਨੇ ਵਿਚ ਵਲ ਹੋਣ ਤਾਂ ਰਸ ਵਿਚ ਵੀ ਵਲ ਹੁੰਦਾ ਹੈ? ਨੀਵੀਆਂ ਪਾ ਲਈਆਂ ਸਾਰਿਆਂ ਨੇ। ਕਹਿੰਦੇ, ਜਿਹੜਾ ਆਤਮ ਗਿਆਨ ਹੈ ਉਹ ਸਰੀਰ ਦੇ ਵਲਾਂ ਨਾਲ ਨੀਵਾਂ ਹੁੰਦਾ ਹੈ ਕਿ ਪੂਰਾ ਹੁੰਦਾ ਹੈ? ਕਹਿੰਦੇ, ਤੁਸੀਂ ਮੇਰੇ ਸਰੀਰ ਦੇ ਚਮੜੇ ਨੂੰ ਦੇਖ ਕੇ ਹੱਸੇ ਓਂ? ਚਮੜੇ ਦੀ ਪਰਖ ਉਨ੍ਹਾਂ ਲੋਕਾਂ ਨੂੰ ਹੀ ਹੁੰਦੀ ਹੈ, ਇਸ ਕਰਕੇ ਮੈਂ ਤੁਹਾਨੂੰ ਇਸ ਤਰ੍ਹਾਂ ਕਿਹਾ ਹੈ। ਕਹਿਣ ਲੱਗਿਆ, ਰਾਜਨ! ਆਹ ਚਰਮਦ੍ਰਿਸ਼ਟੀ ਵਾਲਿਆਂ ਤੋਂ ਤੂੰ ਆਤਮਕ ਦ੍ਰਿਸ਼ਟੀ ਭਾਲਦਾ ਹੈਂ? ਇਨ੍ਹਾਂ ਨੂੰ ਨਹੀਂ ਪਤਾ, ਸਾਰੇ ਹੈਰਾਨ ਹੋ ਗਏ ਉਸ ਵੇਲੇ ਚੰਦਨ ਦੀ ਚੌਕੀ ਤੇ ਜਾ ਕੇ ਬੈਠ ਗਿਆ, ਕਹਿਣ ਲੱਗਿਆ, ਰਾਜਨ! ਸਵਾਲ ਕਰ। ਸਵਾਲ ਕਰਿਆ, "ਇਹ ਸੱਚਾ ਕਿ ਔਹ ਸੱਚਾ?" ਕਹਿਣ ਲੱਗਿਆ ਰਾਜਨ! ਜਿਵੇਂ ਤੂੰ ਸਵਾਲ ਕਰਦਾ ਹੈਂ ਜਵਾਬ ਮੈਂ ਉਵੇਂ ਦੇਵਾਂ? ਇਹ ਵੀ ਝੂਠਾ ਤੇ ਔਹ ਵੀ ਝੂਠਾ। ਖੋਲ੍ਹ ਕੇ ਸਵਾਲ ਕਰ ਮੈਂ ਖੋਲ੍ਹ ਕੇ ਜਵਾਬ ਦੇਵਾਂ। ਚੁੱਪ ਕਰ ਗਿਆ ਰਾਜਾ ਜਨਕ। ਕਹਿਣ ਲੱਗਿਆ, ਸਭਾ ਜਨੋ! ਏਸ ਰਾਜੇ ਨੂੰ ਇਕ ਸੁਪਨਾ ਆਇਆ ਹੈ ਭਿਆਨਕ। ਉਹ ਐਨਾ ਬੇਇਜ਼ਤੀ ਦਾ ਭਰਿਆ ਹੋਇਆ ਹੈ ਕਿ ਇਹਦੇ ਮਨ ਦੇ ਉਤੇ ਐਨਾ ਸ਼ੌਕ ਲੱਗਿਆ ਕਿ ਅੱਖਾਂ ਤੋਂ ਉਹਲੇ ਨਹੀਂ ਹੁੰਦਾ। ਬੜੀ ਭਾਰੀ ਬੇਇਜ਼ਤੀ ਹੋਈ, ਬੜਾ ਦੁਖ ਪਾਇਆ। ਲੇਕਿਨ ਜਾਗ ਕੇ ਓਸ ਸੁਪਨੇ ਦਾ ਅਧਿਆਸ, ਐਨਾ ਗਹਿਰਾ ਚਲਿਆ ਗਿਆ ਕਿ ਇਹ ਹੁਣ ਨਿਰਣਾ ਨਹੀਂ ਕਰ ਸਕਦਾ ਕਿ ਆਹ ਸੁਪਨਾ ਹੈ ਕਿ ਉਹ ਸੁਪਨਾ ਹੈ। ਕਦੇ ਤਾਂ ਉਹਨੂੰ ਸੁਪਨਾ ਕਹਿੰਦਾ ਹੈ ਕਦੇ ਏਸ ਨੂੰ ਸੁਪਨਾ ਕਹਿੰਦਾ ਹੈ। ਜਦੋਂ ਜਾਗਦਾ ਹੈ ਐਨੀ ਭ੍ਰਾਂਤੀ ਪੈ ਗਈ ਇਹਦੇ ਉਤੇ ਕਿ ਜਾਗਦੀ ਅਵਸਥਾ ਨੂੰ ਸੁਪਨਾ ਸਮਝਦਾ ਹੈ ਤੇ ਸੁਪਨਾ ਰੈਨ ਦਾ ਹੈ, ਚਾਹੇ ਜੀਵਨ ਦਾ ਹੈ ਸੁਪਨੇ ਦੋਵੇਂ ਝੂਠੇ ਨੇ -

> ***ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ ॥***
> ***ਦ੍ਰਿਸਟਿਮਾਨ ਸਭੁ ਬਿਨਸੀਐ***
> ***ਕਿਆ ਲਗਹਿ ਗਵਾਰ॥ ਅੰਗ - ੮੦੮***

ਸੁਪਨਾ ਤਾਂ ਸੁਪਨਾ ਹੀ ਹੈ, ਸੋ -

> ***ਸੁਪਨੇ ਸੇਤੀ ਚਿਤੁ ਮੂਰਖਿ ਲਾਇਆ ॥***
> ***ਬਿਸਰੇ ਰਾਜ ਰਸ ਭੋਗ ਜਾਗਤ ਭਖਲਾਇਆ ॥***
> ***ਅੰਗ - ੭੦੭***

ਸੁਪਨੇ ਨਾਲ ਸਾਡਾ ਚਿੱਤ ਲੱਗ ਗਿਆ, ਹਉਮੈ ਦੀ ਸੁਰਤ ਦੇ ਵਿਚ ਸਾਨੂੰ ਫਿਰਦਿਆਂ ਨੂੰ ਕਰੋੜਾਂ ਸਾਲ ਲੰਘ ਗਏ।

***ਧਾਰਨਾ - ਮਨ ਭੋਲਿਆ ਹਉਮੈ ਸੁਰਤ ਵਿਸਾਰ।***

ਇਹ ਜਿਹੜੀ ਤੈਨੂੰ ਸੁਰਤ ਆ ਗਈ ਨਾ ਕੈਮੀਕਲ ਸੁਰਤ, ਦਿਮਾਗ ਦੇ ਅੰਦਰ 15 ਅਰਬ ਸੈਲ ਲੱਗੇ ਹੋਏ ਨੇ, ਇਹ ਇਲੈਕਟ੍ਰਾਨਿਕ ਅਤੇ ਮਗਨੈਟਿਕ ਲਹਿਰਾਂ ਦੇ ਨਾਲ ਚਲਦਾ ਹੈ, ਦੋ ਲਹਿਰਾਂ ਇਹਦੇ ਵਿਚ ਚਲਦੀਆਂ ਰਹਿੰਦੀਆਂ ਨੇ। ਇਹਦੇ ਨਾਲ ਇਹਦੀ ਹਰਕਤ ਆਉਂਦੀ ਹੈ ਦਿਮਾਗ 'ਚ ਤੇ ਦਿਮਾਗ ਦੇ ਵਿਚੋਂ ਪਛਾਣ ਆਉਂਦੀ ਹੈ ਫੇਰ, ਕੈਮੀਕਲ ਅੰਨ੍ਹ ਖਾਏਗਾ, ਪਾਣੀ ਪੀਏਗਾ, ਉਹਦੇ ਨਾਲ ਇਹਨੂੰ ਸੁਰਤ ਰਹਿੰਦੀ ਹੈ, ਜੇ ਨਾ ਹੋਵੇ ਫੇਰ ਬੇਹੋਸ਼ ਹੋ ਜਾਂਦਾ ਹੈ। ਇਕ ਤਾਂ ਇਹ ਸੁਰਤ ਹੈ, ਇਕ ਇਸ ਦਿਮਾਗ ਤੋਂ ਉਪਰ beyond mind ਤੋਂ ਸੁਰਤ ਹੈ ਜਿਹਨੂੰ ਮਹਾਰਾਜ

ਆਤਮ ਵਿਸ਼ੈਣੀ ਬੁੱਧੀ ਕਹਿੰਦੇ ਨੇ, ਆਤਮਕ ਸੁਰਤ ਕਹਿੰਦੇ ਨੇ। ਇਹ ਜਿਹੜੀ ਹਉਮੈ ਦੀ ਸੁਰਤ ਹੈ ਇਹ ਪ੍ਰਮੇਸ਼ਰ ਦਾ ਕਿਤੇ ਨੇੜਾ ਤੇੜਾ ਵੀ ਨਹੀਂ ਦਿਸਣ ਦਿੰਦੀ। ਹਰ ਵਕਤ ਆਦਮੀ ਭੁੱਲਿਆ ਰਹਿੰਦਾ ਹੈ ਕਿਉਂਕਿ ਸੁਰਤ ਕੈਮੀਕਲ ਹੈ, ਦੂਸਰੀ ਹੈ ਆਤਮਕ ਸੁਰਤ, ਆਤਮਕ ਸੁਰਤ ਬੰਦਗੀ ਕਰਨ ਤੋਂ ਬਾਅਦ ਆਉਂਦੀ ਹੈ, ਜਿੱਥੇ ਬੁੱਧੀ ਖਤਮ ਹੁੰਦੀ ਹੈ ਤੇ ਉਸ ਤੋਂ ਬਾਅਦ ਆਤਮਕ ਬੁੱਧੀ ਜਾਗਦੀ ਹੈ।

*ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥*
*ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥*
*ਅੰਗ - ੮*

*ਕਹਿ ਕਬੀਰ ਬੁਧਿ ਹਰਿ ਲਈ ਮੇਰੀ*
*ਬੁਧਿ ਬਦਲੀ ਸਿਧਿ ਪਾਈ ॥ ਅੰਗ - ੩੩੯*

ਉਹ ਸਿੱਧ ਆਉਂਦੀ ਹੈ, ਫੇਰ ਸਿੱਧ ਆਈ ਤੇ ਕੀ ਨਜ਼ਰ ਆਉਂਦਾ ਹੈ, ਨਿਗ੍ਹਾ ਬਦਲ ਜਾਂਦੀ ਹੈ -

***ਧਾਰਨਾ - ਤੂੰ ਹੀ ਤੂੰ ਹੀ ਮੋਹਿਨਾ।***

*ਗੁਰਹਿ ਦਿਖਾਇਓ ਲੋਇਨਾ ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ ॥ ਅੰਗ - ੪੦੭*

ਜਾਗ ਆ ਗਈ, ਅੱਖ ਖੁਲ੍ਹ ਗਈ ਕਹਿੰਦੇ ਫੇਰ ਨਜ਼ਰ ਕੀ ਆਇਆ -

*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ ॥ ਅੰਗ - ੪੦੭*

*ਜਹ ਜਹ ਪੇਖਉ ਤਹ ਹਜੂਰਿ*
*ਦੂਰਿ ਕਤਹੁ ਨ ਜਾਈ॥ ਅੰਗ - ੬੭੭*

ਜਿਧਰ ਵੀ ਦੇਖਦੇ ਹਾਂ ਵਾਹਿਗੁਰੂ ਨਾਲ ਹੀ ਰਹਿੰਦਾ ਨਜ਼ਰ ਆਉਂਦਾ ਹੈ, ਦੂਰ ਨਹੀਂ ਜਾਂਦਾ।

*ਰਵਿ ਰਹਿਆ ਸਰਬਤ੍ਰ ਮੈ*
*ਮਨ ਸਦਾ ਧਿਆਈ ॥ ੧ ॥*
*ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ ॥*
*ਬਿਨਸਿ ਜਾਇ ਜੋ ਨਿਮਖ ਮਹਿ*
*ਸੋ ਅਲਪ ਸੁਖੁ ਭਨੀਐ ॥ ਅੰਗ - ੬੭੭*

ਸੰਤ ਬਾਬਾ ਅਤਰ ਸਿੰਘ ਜੀ ਮਹਾਰਾਜ ਮਸਤੂਆਣੇ ਵਾਲੇ ਆਪ ਨੇ ਸਵਾ ਲੱਖ ਜਪੁਜੀ ਸਾਹਿਬ ਦਾ ਪਾਠ ਹਜ਼ੂਰ ਸਾਹਿਬ ਬੈਠ ਕੇ ਕੀਤਾ ਅਤੇ ਨਾਲ ਬੇਅੰਤ ਪਾਠ ਮੂਲਮੰਤ੍ਰ ਦੇ ਤੇ ਹੋਰ ਸਿਮਰਨ ਤਾਂ ਹਿਸਾਬ ਕਿਤਾਬ ਤੋਂ ਹੀ ਬਾਹਰਾ ਕੀਤਾ। ਆਪ ਵਾਪਸ ਆ ਰਹੇ ਨੇ, ਆਪ ਦੇ ਨਾਲ ਇਕ ਸਿੰਘ ਰਲ ਗਿਆ। ਜਦੋਂ ਆਏ, ਵਿੰਧਿਆਚਲ ਪਰਬਤ ਤੇ, ਉਥੇ ਅਚਾਨਕ ਕੀ ਦੇਖਦੇ ਨੇ ਸੜਕ ਦੇ ਉਤੇ ਸ਼ੇਰ ਖੜ੍ਹਾ ਹੈ, ਸ਼ੇਰ ਜ਼ਿਆਦਾ ਸੀ ਉਨ੍ਹਾਂ ਦਿਨਾਂ 'ਚ, ਹੁਣ ਤਾਂ ਬਹੁਤ ਘਟ ਗਏ। ਜਿਹੜਾ ਨਾਲ ਦਾ ਸੀ ਉਹ ਦੇਖਦੇ ਸਾਰ ਡਰ ਗਿਆ, ਡਰ ਜਿਹੜਾ ਹੈ ਇਹ ਵੀ ਇਕ ਮਨ ਦਾ ਖਿਆਲ ਹੈ, ਡਰਨ ਦੇ ਨਾਲ ਜ਼ੁਬਾਨ ਇਕ ਦਮ ਸੁੱਕ ਗਈ, ਮੁੜ ਗਈ ਪਿਛੇ ਨੂੰ, ਉਹ ਨਾ ਸ਼ੇਰ ਕਹਿ ਸਕਿਆ ਨਾ ਕੁਛ, ਲੱਤਾਂ, ਹੱਥ ਪੈਰ ਵੀ ਫੁੱਲ ਗਏ, ਨੱਠ ਕੇ ਦਰਖਤ ਨੂੰ ਚਿੰਬੜ ਗਿਆ, ਚੜ੍ਹਨ ਦਾ ਯਤਨ ਕਰਦਾ ਹੈ। ਇਧਰ ਮਹਾਂਪੁਰਸ਼ ਹੌਲੀ-ਹੌਲੀ ਤੁਰੇ ਜਾਂਦੇ ਨੇ, ਜਦੋਂ ਸ਼ੇਰ ਦੇ ਕੋਲ ਗਏ ਉਸ ਸ਼ੇਰ ਨੇ ਸੁੰਘਿਆ ਤੇ ਸੁੰਘ ਕੇ ਪੂੰਛ ਮਾਰਨ ਲੱਗ ਗਿਆ। ਉਸ ਤੋਂ ਬਾਅਦ ਉਹਨੇ ਜੰਗਲ 'ਚ ਛਾਲ ਮਾਰੀ ਤੇ ਦੂਰ ਚਲਿਆ ਗਿਆ, ਇਹਨੇ ਜਦੋਂ ਦੇਖਿਆ ਕਿ ਦੂਰ ਗਿਆ ਇਹ ਨੱਠਿਆ ਤੇ ਬਾਬਾ ਜੀ ਨੂੰ ਆ ਕੇ ਮਿਲ ਗਿਆ। ਦਮ ਚੜ੍ਹਿਆ ਹੋਇਆ ਹੈ, ਕਹਿੰਦੇ ਕੀ ਗੱਲ ਪ੍ਰੇਮੀਆ! ਤੈਨੂੰ ਐਨਾ ਦਮ ਚੜ੍ਹਿਆ ਹੋਇਆ ਹੈ? ਕਹਿੰਦਾ ਮਹਾਰਾਜ! ਸ਼ੇਰ ਖੜ੍ਹਾ ਸੀ? ਕਹਿੰਦੇ, ਕਿੱਥੇ? ਕਹਿੰਦਾ, ਤੁਸੀਂ ਨਹੀਂ ਦੇਖਿਆ। ਕਹਿੰਦੇ ਨਾ? ਮਹਾਰਾਜ! ਉਹਨੇ ਤੁਹਾਨੂੰ ਸੁੰਘਿਆ ਹੈ ਤੇ ਮੈਂ ਤਾਂ ਡਰ ਗਿਆ ਕਿ ਹੁਣ ਖਾ ਜਾਏਗਾ। ਮੈਂ ਤਾਂ ਮਹਾਰਾਜ ਨਾ ਬੋਲ ਸਕਿਆ, ਮੇਰੀ ਤਾਂ ਜਾਨ ਸੁੱਕ ਗਈ ਉਸੇ ਵੇਲੇ, ਮੈਂ ਤਾਂ ਮਰਨ ਵਾਲਾ ਹੀ ਹੋ ਗਿਆ। ਜਦੋਂ ਤੁਹਾਡੇ ਕੋਲ ਆਇਆ ਤਾਂ ਮੈਂ ਹੋਰ ਘਬਰਾ ਗਿਆ ਕਿ ਹੁਣ ਤਾਂ ਮਹਾਂਪੁਰਸ਼ਾਂ ਤੇ ਹਮਲਾ ਕਰੇਗਾ, ਮੈਂ ਦੱਸ ਵੀ ਨਾ ਸਕਿਆ। ਉਹਨੇ ਤੁਹਾਨੂੰ ਸੁੰਘਿਆ ਹੈ। ਮਹਾਂਪੁਰਸ਼ ਹੱਸ ਪਏ, ਕਹਿੰਦੇ ਪਿਆਰਿਆ! ਆਹ ਸ਼ੇਰ ਵੀ ਕਦੇ ਨਜ਼ਰ ਆਇਆ ਕਰਦੇ ਸੀ, ਸੱਪ ਵੀ ਨਜ਼ਰ ਆਇਆ ਕਰਦੇ ਸੀ। ਜਦੋਂ ਤੋਂ ਗੁਰੂ ਨਾਨਕ ਦੇ ਗਿਆਨ ਦਾ ਸੁਰਮਾ ਨੇਤਰਾਂ 'ਚ ਪਿਆ ਹੈ ਇਹ ਨੇਤਰਾਂ ਦੀ ਦ੍ਰਿਸ਼ਟੀ ਹੀ ਬਦਲ ਗਈ। ਹੁਣ ਨਹੀਂ ਸਾਨੂੰ ਹੋਰ ਕੁਛ ਦਿਸਦਾ, ਹੁਣ ਤਾਂ ਜਿਧਰ ਅਸੀਂ ਨਿਗ੍ਹਾ ਮਾਰਦੇ ਹਾਂ ਸਾਨੂੰ ਤਾਂ ਗੁਰੂ ਨਾਨਕ ਤੋਂ ਬਗੈਰ ਨਜ਼ਰ ਹੀ ਕੋਈ ਨਹੀਂ ਆਉਂਦਾ, ਇਕੋ ਪ੍ਰਮੇਸ਼ਰ ਸਾਰੇ ਪਰੀਪੂਰਨ ਨਜ਼ਰ ਆ ਰਿਹਾ ਹੈ। ਇਹ ਤਾਂ ਹੁੰਦੀ ਹੈ ਜਾਗ ਜਿਹੜੀ ਅਸਲੀਅਤ ਨੂੰ ਦੇਖ ਲਵੇ। ਜਿਹੜੀ ਨਕਲੀ ਚੀਜ਼ ਹੈ ਆਹ ਸੰਸਾਰ ਤੇ ਕਿੰਨੇ ਵਾਰੀ ਆਏ ਹਾਂ, ਕਦੇ ਮੁੜ ਕੇ ਯਾਦ ਆਉਂਦਾ ਹੈ ਕਿ ਪਹਿਲਾਂ ਵੀ ਇਥੇ ਸੀ, ਖਬਰੇ ਕਿੱਥੇ-ਕਿੱਥੇ ਸੀ।

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥*
*ਅੰਗ - ੧੭੬*

ਉਹ ਇਕ ਸੁਪਨੇ ਦੇ ਅੰਦਰ ਖੇਡ ਹੋ ਰਹੀ ਹੈ, ਹੋ ਕਿਉਂ ਰਹੀ ਹੈ ਕਿਉਂਕਿ ਹਉਮੈ ਦਾ ਰੋਗ ਲੱਗਿਆ ਹੋਇਆ ਹੈ। ਮਹਾਰਾਜ ਕਹਿੰਦੇ -

*ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥*
*ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥*
*ਅੰਗ - ੪੬੬*

*ਕਾਇਆ ਅੰਦਰਿ ਹਉਮੈ ਮੇਰਾ ॥*
*ਜੰਮਣ ਮਰਣੁ ਨ ਚੂਕੈ ਫੇਰਾ ॥ ਅੰਗ - ੧੨੬*

ਜਿਨ ਚਿਰ ਹਉਮੈ ਹੈ -

*ਜਿਨਿ ਰਚਿ ਰਚਿਆ ਪੁਰਖਿ ਬਿਧਾਤੈ*
*ਨਾਲੇ ਹਉਮੈ ਪਾਈ ॥*
*ਜਨਮ ਮਰਣੁ ਉਸ ਹੀ ਕਉ ਹੈ ਰੇ*
*ਓਹਾ ਆਵੈ ਜਾਈ ॥ ਅੰਗ - ੯੯੯*

ਅਸੀਂ ਤਾਂ ਨਹੀਂ ਜੰਮਦੇ, ਨਾ ਅਸੀਂ ਮਰਦੇ ਹਾਂ। ਇਹ ਤਾਂ ਅਗਿਆਨ ਦੇ ਨਾਲ ਜਿਹੜਾ ਭੁੱਲਿਆ ਹੋਇਆ ਜੀਵ ਹੈ ਉਹ ਜੰਮਦਾ ਮਰਦਾ ਹੈ, ਪਰਛਾਵਾਂ ਹੈ ਉਹ। ਅਸਲੀ ਨਹੀਂ ਹੈ। ਗੁਰੂ ਦਸਵੇਂ ਪਾਤਸ਼ਾਹ ਜਦੋਂ ਪਾਉਂਟੇ ਸਾਹਿਬ ਗਏ। ਉਨ੍ਹਾਂ ਦੇ ਨੇੜੇ ਇਕ ਪੀਰ ਰਹਿੰਦਾ ਸੀ, ਸਢੌਰੇ ਵਾਲਾ ਜਿਹਦਾ ਨਾਉਂ ਪੀਰ ਬੁੱਧੂ ਸ਼ਾਹ ਜਗੀਰਦਾਰ ਵੀ ਸੀ, ਬੰਦਗੀ ਕਰਨ ਵਾਲਾ ਵੀ top ਦਾ ਸੀ। ਹਿੰਦੂ ਵੀ ਉਹਦੇ ਮੁਰੀਦ ਸੀ ਤੇ ਮੁਸਲਮਾਨ ਵੀ ਮੁਰੀਦ ਸੀ, ਉਹਦੇ ਦੀਵਾਨਾਂ ਨੂੰ ਸੁਣਨ ਵਾਸਤੇ ਹਿੰਦੂਆਂ ਨੇ ਵੀ ਓਨਾਂ ਹੀ ਆਉਣਾ ਤੇ ਮੁਸਲਮਾਨਾਂ ਨੇ ਵੀ ਆਉਣਾ। ਲੰਗਰ ਦੋ ਚਲਾਇਆ ਕਰਦਾ ਸੀ। ਇਕ ਪੱਕਾ ਲੰਗਰ ਤੇ ਇਕ ਮੁਸਲਮਾਨਾਂ ਵਾਲਾ। ਆਇਆ ਗਿਆਂ ਦੀ ਬੜੀ ਸੇਵਾ ਕਰਦਾ ਸੀ, ਸਾਧੂ ਮਹਾਤਮਾ ਦੇ ਸਤਿਸੰਗ ਸੁਣਨੇ, ਲੇਕਿਨ ਅੱਜ ਤੱਕ ਅੱਖ ਨਹੀਂ ਸੀ ਖੁੱਲ੍ਹੀ। ਕਰਾਮਾਤਾਂ ਬੇਅੰਤ ਸੀ ਗਿਆਨ ਨਹੀਂ ਸੀ ਆਇਆ ਤੇ ਬੜਾ ਪਰੇਸ਼ਾਨ ਸੀ ਕਿ ਉਮਰ ਲੰਘ ਰਹੀ ਹੈ, ਇਹਦਾ ਕੀ ਭਰੋਸਾ ਹੈ -

*ਨਹ ਬਾਰਿਕ ਨਹ ਜੋਬਨੈ*
*ਨਹ ਬਿਰਧੀ ਕਛੁ ਬੰਧੁ ॥*
*ਓਹ ਬੇਰਾ ਨਹ ਬੂਝੀਐ*
*ਜਉ ਆਇ ਪਰੈ ਜਮ ਫੰਧੁ॥ ਅੰਗ - ੨੫੪*

ਖਬਰੇ ਕਿਹੜੇ ਵੇਲੇ ਜਮਾਂ ਦਾ ਫੰਧਾ ਗਲ ਪੈ ਜਾਣਾ ਹੈ, ਮੈਂ ਤਾਂ ਉਹ ਕੰਮ ਕਰ ਨਹੀਂ ਸਕਿਆ ਜਿਹਦੇ ਵਾਸਤੇ ਆਇਆ ਸੀ। ਰਹਿ ਗਿਆ ਅਧੂਰਾ ਮੈਂ ਤਾਂ। ਸਭ ਦੇ ਉਤੇ ਸਵਾਲ ਕਰਦਾ ਹੈ ਪਰ ਨਿਸ਼ਾ ਨਹੀਂ ਹੁੰਦੀ, ਅਖੀਰ ਉਹਨੇ ਕਿਹਾ ਕਿ ਗੁਰੂ ਨਾਨਕ ਪਾਤਸ਼ਾਹ ਦਾ ਦਸਵਾਂ ਜਾਮਾ ਇਥੇ ਆਇਆ ਹੈ ਕਿਉਂ ਨਾ ਮੈਂ ਉਨ੍ਹਾਂ ਕੋਲ ਚੱਲਾਂ। ਸੋ ਬੜੀ ਸ਼ਰਧਾ ਭਾਵਨਾ ਨਾਲ ਘਰ ਤੋਂ ਤੁਰਿਆ, ਨਾਲ ਤਿੰਨ ਚਾਰ ਸੌ ਮੁਰੀਦ ਹੋ ਗਿਆ ਕਿ ਸਾਡੇ ਪੀਰ ਜੀ ਨੇ ਜਾਣਾ ਹੈ। ਆਪਾਂ ਵੀ ਬਚਨ ਸੁਣਾਂਗੇ, ਨਾਲੇ ਦਰਸ਼ਨ ਮੇਲੇ ਜੇ ਇਹ ਕਰਨਗੇ ਅਸੀਂ ਵੀ ਕਰਾਂਗੇ। ਜਦੋਂ ਪਾਉਂਟੇ ਸਾਹਿਬ ਪਹੁੰਚਦਾ ਹੈ। (ਬੜੀ ਪਵਿੱਤਰ ਭੂਮੀ ਹੈ ਗੁਰੂ ਸਾਹਿਬ ਦੀ, ਗੁਰੂ ਸਾਹਿਬ ਨੇ ਇਥੇ ਬੜਾ ਸਮਾਂ ਬਿਤਾਇਆ ਹੈ, ਬੇਅੰਤ ਲਿਟਰੇਚਰ ਉਸ ਥਾਂ ਦੇ ਉਤੇ ਰਚਿਆ, ਇਕ ਯੁੱਧ ਬੜਾ ਭਾਰਾ ਉਥੇ ਕੀਤਾ। ਸਾਹਿਬਜ਼ਾਦਾ ਅਜੀਤ ਸਿੰਘ ਜੀ ਦਾ ਪ੍ਰਕਾਸ਼ ਪਾਉਂਟੇ ਸਾਹਿਬ ਹੋਇਆ ਸੀ।) ਸੋ ਕਿਉਂ ਨਾ ਮੈਂ ਉਥੇ ਉਨ੍ਹਾਂ ਦੇ ਕੋਲ ਜਾਵਾਂ, ਬੜਾ ਹੀ ਰਮਣੀਕ ਥਾਂ ਹੈ, ਜਮੁਨਾ ਦਾ ਕੰਢਾ ਹੈ ਤੇ ਗੁਰੂ ਮਹਾਰਾਜ ਦਾ ਦੀਵਾਨ ਲੱਗਿਆ ਹੋਇਆ ਹੈ, 21-22 ਸਾਲ ਦੀ ਉਮਰ ਹੈ, ਚੜ੍ਹਦੀ ਜਵਾਨੀ ਹੈ, ਚਿਹਰੇ ਦੀਆਂ ਜਿਹੜੀਆਂ ਰਿਸ਼ਮਾਂ ਨੇ ਉਹ ਐਉਂ ਹੀਰੇ ਵਾਂਗਣ, ਬਾਹਰ ਨੂੰ ਖਿੰਡ ਰਹੀਆਂ ਨੇ। ਨਿਗ੍ਹਾ ਨਹੀਂ ਟਿਕਦੀ ਕਿਸੇ ਦੀ ਮਹਾਰਾਜ ਦੇ ਚਿਹਰੇ 'ਤੇ। ਐਨਾ ਸੁੰਦਰ ਚਿਹਰਾ ਕਿ ਸਾਰਿਆਂ ਨੂੰ ਖਿੱਚ ਪਾਈ ਜਾਂਦਾ ਹੈ ਦੇਖਣ ਵਾਲਿਆਂ ਨੂੰ, ਇਹਨੇ ਵੀ ਜਦੋਂ ਦੇਖਿਆ ਮਨ 'ਚ ਬੜੀ ਭਾਰੀ ਖਿੱਚ ਪੈ ਗਈ ਤੇ ਅੰਦਰ ਫੁਰਨਾ ਆਇਆ ਕਿ ਮੈਂ ਤਾਂ ਜਾ ਕੇ ਚਰਨਾਂ 'ਤੇ ਢਹਿ ਪੈਣਾ ਹੈ, ਜਦੋਂ ਤਕ ਮੈਨੂੰ ਪ੍ਰਤੱਖ ਨਹੀਂ ਕਰਦੇ, ਆਤਮਾ ਸਾਖਸ਼ਾਤਕਾਰ ਨਹੀਂ ਕਰਦੇ ਮੈਂ ਚਰਨ ਨਹੀਂ ਛੱਡਣੇ।

ਜਦੋਂ ਨੇੜੇ ਗਿਆ, ਹੁਣ ਹਉਮੈ ਕੰਮ ਕਰਨ ਲੱਗ ਗਈ ਕਿ ਇਹਦੀ ਤਾਂ ਉਮਰ ਬੜੀ ਛੋਟੀ ਹੈ, ਮੇਰੇ ਤਾਂ ਚਿੱਟੇ ਵਾਲ ਆਏ ਹੋਏ ਨੇ। ਪਿਛੇ ਨੂੰ ਦੇਖਿਆ ਕਿ 300 ਮੁਰੀਦ ਮੇਰੇ ਨਾਲ ਹੈ, ਜੇ ਮੈਂ ਚਰਨਾਂ 'ਤੇ ਪੈ ਗਿਆ ਤਾਂ ਇਹ ਸਾਰੇ ਨਸ਼ਰਧਕ ਹੋ ਜਾਣਗੇ ਕਿ ਸਾਡੇ ਪੀਰ ਨੂੰ ਤਾਂ ਆਉਂਦਾ ਹੀ ਕੁਛ ਨਹੀਂ। ਫੇਰ ਖਿਆਲ ਆਇਆ ਕਿ ਮੈਂ ਮੋਮਨ ਹਾਂ, ਮੋਮਨਾਂ ਦੇ ਵਿਚ ਇਹ ਵਿਸ਼ਵਾਸ਼ ਹੈ ਕਿ ਅਸੀਂ ਤਾਂ ਅਸਲੀ ਹਾਂ ਬਾਕੀ ਸਭ ਕਾਫਰ ਨੇ। ਗਲਤਫਹਿਮੀ ਹੈ ਇਹ। ਕਾਫਰ ਉਹ ਹੁੰਦਾ ਹੈ ਜਿਹੜਾ ਸਾਕਤ ਹੁੰਦਾ ਹੈ, ਕੁਫਰ ਨੂੰ ਮੰਨਣ ਵਾਲਾ ਹੁੰਦਾ ਹੈ। ਪ੍ਰਮੇਸ਼ਰ ਨੂੰ ਮੰਨਣ ਵਾਲੇ ਸਾਰੇ ਹੀ ਮੋਮਨ ਹੁੰਦੇ ਨੇ, ਕਾਫਰ ਨਹੀਂ ਹੁੰਦੇ। ਸੋ ਐਸਾ ਖਿਆਲ ਮਨ 'ਚੋਂ ਲੰਘ ਗਿਆ, ਅਖੀਰ ਕੋਲ ਜਾ ਕੇ ਮਸਤਕ ਤਾਂ ਕੀ ਨਿਵਾਉਣਾ ਸੀ ਹੱਥ ਵਧਾ ਦਿਤਾ, ਦਸਤਪੰਜਾ ਕਹਿੰਦੇ ਨੇ, ਮਹਾਰਾਜ ਨੇ ਦੋ ਉਂਗਲੀਆਂ ਵਧਾਈਆਂ। ਕਹਿੰਦੇ, ਪੀਰ ਜੀ! ਬੈਠੋ, ਕਿਵੇਂ ਆਏ? ਕਹਿਣ ਲੱਗਿਆ, ਮਹਾਰਾਜ! ਮੈਂ ਆਪ ਨੂੰ ਪੁੱਛਣ ਵਾਸਤੇ ਆਇਆ ਹਾਂ ਕਿ ਖੁਦਾ ਕਾ ਔਰ ਰੂਹ ਕਾ ਮੇਲ ਕੈਸੇ? ਯਾਨਿ ਕਿ ਆਹ ਜਿਹੜੇ ਅਸੀਂ ਹਾਂ ਤੇ ਰੱਬ ਹੈ ਇਹਦਾ ਮੇਲ ਕਿਵੇਂ? ਮਹਾਰਾਜ ਕਹਿੰਦੇ, ਰਾਤ ਕਾ ਔਰ ਦਿਨ ਕਾ ਜੈਸੇ। ਸੋਚਣ ਲੱਗ ਗਿਆ ਕਿ ਰਾਤ? ਰਾਤ ਕਦੇ ਦਿਨ ਨੂੰ ਮਿਲੀ ਦੇਖੀ ਹੈ ਕਿਸੇ ਨੇ? ਰਾਤ ਤਾਂ ਮਿਲਦੀ ਹੀ ਨਹੀਂ ਦਿਨ ਨੂੰ। ਜਦ ਰਾਤ ਹੁੰਦੀ ਹੈ ਦਿਨ ਨਹੀਂ ਹੁੰਦਾ, ਦਿਨ ਹੁੰਦਾ ਹੈ ਰਾਤ ਨਹੀਂ ਹੁੰਦੀ। ਫੇਰ ਇਨ੍ਹਾਂ ਦਾ ਮੇਲ ਕੀ ਹੋਇਆ? ਸੋਚੀ ਜਾਂਦਾ ਹੈ, ਮਹਾਰਾਜ

ਕਹਿੰਦੇ ਹਾਂ-ਹਾਂ। ਹੁਣ ਕਹਿ ਨਹੀਂ ਸਕਦਾ ਚੇਲਿਆਂ ਦੇ ਸਾਮ੍ਹਣੇ ਕਿ ਮੈਂ ਸਮਝਿਆ ਨਹੀਂ ਹਾਂ। ਸਮੱਸਿਆ ਆ ਗਈ ਬੜੀ ਜ਼ਬਰਦਸਤ। ਸਮਝ 'ਚ ਆਇਆ ਕੁਛ ਨਹੀਂ।

ਕਹਿਣ ਲੱਗਿਆ, "ਮਹਾਰਾਜ! ਮੈਂ ਸਮਝਿਆ ਨਹੀਂ।

ਮਹਾਰਾਜ ਜੀ ਨੇ ਕਿਹਾ ਕਿ ਜਿਵੇਂ ਤੂੰ ਸਮਝਿਆ ਹੈਂ ਏਵੇਂ ਹੀ ਹੈ।

ਸਮਝਿਆ ਕੀ ਸੀ ਕਿ ਰਾਤ ਤੇ ਦਿਨ ਨਹੀਂ ਮਿਲਦੇ।

ਕਹਿੰਦਾ ਮਹਾਰਾਜ! ਮੈਂ ਤਾਂ ਇਹ ਸਵਾਲ ਕਰਿਆ ਸੀ ਕਿ ਰੂਹ ਦਾ ਤੇ ਖੁਦਾ ਦਾ ਵਸਲ ਕੈਸੇ?

ਮਹਾਰਾਜ ਕਹਿੰਦੇ, "ਝੂਠ ਕਾ ਔਰ ਸੱਚ ਕਾ ਜੈਸੇ?"

ਹੁਣ ਫੇਰ ਸਮੱਸਿਆ ਪੈ ਗਈ ਕਿ ਝੂਠ ਤੇ ਸੱਚ ਤਾਂ ਕਦੇ ਮਿਲਦੇ ਹੀ ਨਹੀਂ। ਜਿਥੇ ਸੱਚ ਹੋਏਗਾ ਉਥੇ ਝੂਠ ਨਹੀਂ ਹੁੰਦਾ। ਪਹਿਲਾਂ ਦਿਨ ਤੇ ਰਾਤ ਦਾ ਕਹਿ ਦਿਤਾ, ਹੁਣ ਸੱਚ ਤੇ ਝੂਠ ਦਾ ਕਹਿ ਦਿਤਾ।

ਕਹਿੰਦਾ, ਮਹਾਰਾਜ! ਮੈਂ ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਪੜ੍ਹੀ ਹੈ -

***ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ ॥***
***ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ ॥***
***ਅੰਗ - ੫੫੦***

ਆਹ ਬੁੱਧੀ ਰੂਪ ਬਿਰਖ ਦੇ ਉਤੇ ਸਾਡੇ ਅੰਦਰ ਇਕ ਤਾਂ ਸਾਖੀ ਰਹਿੰਦਾ, ਇਕ ਜੀਵ ਤੱਤ ਰਹਿੰਦਾ ਹੈ ਤੇ ਇਕ ਤਾਂ ਉਡਾਰੀਆਂ ਮਾਰਦਾ ਹੈ ਇਕ ਚੁੱਪ ਕਰਕੇ ਬੈਠਾ ਹੈ। ਇਨ੍ਹਾਂ ਵਿਚੋਂ ਅਸਲ ਕਿਹੜਾ ਹੈ? ਮਹਾਰਾਜ ਕਹਿੰਦੇ, ਜਿਹੜਾ ਨਕਲ ਹੈ ਉਹ ਤਾਂ ਨੱਠਦਾ ਹੈ ਪਰਛਾਵਾਂ ਜਿਹੜਾ -

***ਪੰਖੀ ਬਿਰਖ ਸੁਹਾਵੜੇ***
***ਊਡਹਿ ਚਹੁ ਦਿਸਿ ਜਾਹਿ ॥***
***ਜੇਤਾ ਊਡਹਿ ਦੁਖ ਘਣੇ ਨਿਤ***
***ਦਾਝਹਿ ਤੈ ਬਿਲਲਾਹਿ॥ ਅੰਗ - ੬੬***

ਉਹ ਤਾਂ ਕਹਿੰਦੇ ਪਰਛਾਵਾਂ ਹੈ, ਜਿਹੜਾ ਅਸਲੀ ਹੈ ਉਹ ਸਾਖੀ ਹੈ। ਕਹਿੰਦਾ ਮਹਾਰਾਜ! ਫੇਰ ਜੀਵ ਕਿੱਥੋਂ ਆ ਗਿਆ। ਕਹਿੰਦੇ ਉਹਦੇ ਪ੍ਰਕਾਸ਼ ਦੇ ਨਾਲ ਇਕ ਅਣਹੋਈ ਚੀਜ਼ ਬਣ ਗਈ। ਅਣਹੋਈ ਚੀਜ਼ ਨੂੰ ਇਹਨੇ ਹੋਈ ਹੋਈ ਮੰਨ ਲਿਆ ਇਸ ਕਰਕੇ ਅਣਹੋਈ ਨੂੰ ਤਾਂ ਮੰਨਦਾ ਹੈ ਅਸਲ ਨੂੰ ਨਹੀਂ ਮੰਨਦਾ। ਨਕਲ ਨੂੰ ਮੰਨ ਰਿਹਾ ਹੈ। ਕਹਿੰਦਾ, ਸੱਚੇ ਪਾਤਸ਼ਾਹ! ਮੈਂ ਤਾਂ ਇਹ ਪੁੱਛਿਆ ਸੀ ਕਿ ਰੂਹ ਕਾ ਔਰ ਖੁਦਾ ਕਾ ਮੇਲ ਕੈਸੇ? ਮਹਾਰਾਜ ਕਹਿੰਦੇ, ਸੱਚ ਕਾ ਔਰ ਝੂਠ ਕਾ ਜੈਸੇ। ਕਹਿੰਦਾ ਸੱਚੇ ਪਾਤਸ਼ਾਹ ਝੂਠ ਤੇ ਸੱਚ ਤਾਂ ਕਦੇ ਰਲਦੇ ਹੀ ਨਹੀਂ ਹਨ। ਮਹਾਰਾਜ ਕਹਿੰਦੇ ਇਹੀ ਤਾਂ ਅਸੀਂ ਕਹਿੰਦੇ ਹਾਂ, ਜਦੋਂ ਸੱਚ ਦਾ ਪ੍ਰਕਾਸ਼ ਹੋ ਜਾਏਗਾ ਓਸ ਵੇਲੇ ਜਿਹੜਾ ਝੂਠਾ ਜੀਵ ਹੈ ਉਹਦਾ ਨਾਸ਼ ਹੋ ਜਾਏਗਾ, ਉਡ ਜਾਏਗਾ ਜਿਵੇਂ ਰਾਤ ਨਹੀਂ ਰਹਿੰਦੀ। ਕਹਿੰਦੇ ਫੇਰ ਮਹਾਰਾਜ! ਅਸੀਂ ਹਾਂ ਨਹੀਂ? ਮਹਾਰਾਜ ਕਹਿੰਦੇ, ਹੈਗੇ। ਪਰ ਤੁਸੀਂ ਸਤਿ ਹੋਂ, ਸਾਖੀ ਰੂਪ। ਆਹ ਜੀਵ ਨਹੀਂ, ਜੀਵਪੁਣਾ ਤਾਂ ਤੁਸੀਂ ਬਿਆਧੀ ਲਾ ਲਈ। ਇਹ ਜੰਮਦਾ ਹੈ ਮਰਦਾ ਹੈ, ਇਹ ਤਾਂ ਹਉਮੈ ਦਾ ਪਰਛਾਵਾਂ ਹੈ।

***ਹਉ ਹਉ ਭੀਤਿ ਭਇਓ ਹੈ ਬੀਚੋ***
***ਸੁਨਤ ਦੇਸਿ ਨਿਕਟਾਇਓ ॥***
***ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥***
***ਅੰਗ - ੬੨੪***

ਏਸ ਪੜਦੇ ਦੇ ਨਾਲ ਸਾਰੇ ਹੀ ਪੀੜਤ ਨੇ -

***ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ***
***ਵਿਚਿ ਹਉਮੈ ਕਾਰ ਕਮਾਈ ॥ ਅੰਗ - ੭੩੫***

ਹਉਮੈ ਦੇ ਵਿਚ ਕੰਮ ਕਰਦੇ ਨੇ, ਇਹ ਵੀ ਰੋਗੀ ਨੇ -

***ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ***
***ਹਰਿ ਗੁਰਮੁਖਿ ਸੋਝੀ ਪਾਈ ॥ ਅੰਗ - ੭੩੫***

ਗੁਰੂ ਧਾਰਨ ਨਹੀਂ ਇਹ ਕਰਦੇ, ਇਸ ਕਰਕੇ ਦੇਵਤਿਆਂ ਨੂੰ ਸੋਝੀ ਨਹੀਂ ਹੁੰਦੀ। ਵੈਸੇ ਨਾਮ ਦੀ ਲੋਚਾ ਕਰਦੇ ਨੇ, ਨਾਮ ਨਹੀਂ ਮਿਲਦਾ।

***ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ ..........॥***
***ਅੰਗ - ੯੧੮***

ਅੰਮ੍ਰਿਤ ਜੋ ਹੈ ਨਾਮ ਹੈ -

***ਸੁ ਅੰਮ੍ਰਿਤੁ ਗੁਰ ਤੇ ਪਾਇਆ ॥ ਅੰਗ - ੯੧੮***

ਉਹ ਤਾਂ ਗੁਰੂ ਤੋਂ ਬਗੈਰ ਮਿਲਦਾ ਨਹੀਂ। ਸੋ ਕਹਿਣ ਲੱਗੇ, ਬੁੱਧੂਸ਼ਾਹ! ਜਿਹੜੀ ਝੂਠੀ ਮੈਂ ਹੈ, ਇਹ ਹਉਮੈ ਦਾ ਪਰਛਾਵਾਂ ਹੈ। ਇਹ ਰਾਤ ਹੈ, ਇਹ ਰਾਤ ਜਦੋਂ ਖਤਮ ਹੋਏਗੀ, ਦਿਨ ਚੜ੍ਹ ਜਾਏਗਾ। ਮੇਲ ਹੁੰਦਾ ਹੈ ਫੇਰ ਤਾਂ ਵਿਛੋੜਾ ਹੀ ਨਹੀਂ ਹੁੰਦਾ। ਇਹ ਹਉਮੈ ਨੇ ਇਕ ਪੜਦਾ ਪਾ ਦਿਤਾ।

ਜਦੋਂ ਤੂੰ ਹੋ ਗਿਆ ਤੇ ਅਸੀਂ ਹਟ ਗਏ।

***ਜਬ ਹਮ ਹੋਤੇ ਤਬ ਤੁਮ ਨਾਹੀ***
***ਅਬ ਤੁਮ ਹਹੁ ਹਮ ਨਾਹੀ ॥ ਅੰਗ - ੩੩੯***

ਗੱਲ ਐਨੀ ਹੀ ਹੈ, ਰੱਬ ਕਿਤੇ ਦੂਰ ਤਾਂ ਨਹੀਂ ਹੈ ਪਿਆਰਿਓ। ਰੱਬ ਅੰਦਰ ਵਸਦਾ ਹੈ ਇਕ ਪੜਦਾ

ਪਿਆ ਹੋਇਆ ਹੈ, ਪਤਲਾ ਜਿਹਾ। ਉਹ ਐਡਾ ਜਬਰਦਸਤ ਹੈ, ਕਰੋੜਾਂ, ਅਰਬਾਂ, ਖਰਬਾਂ ਸਾਲ ਦਾ ਪਿਆ ਹੋਇਆ ਨਹੀਂ ਹਟਦਾ। ਉਹਨੂੰ ਹਟਾਉਣ ਵਾਸਤੇ ਕੋਈ ਇਲਾਜ ਹੈ? ਮਹਾਰਾਜ ਕਹਿੰਦੇ, ਉਹਦਾ ਇਲਾਜ ਪ੍ਰਮੇਸ਼ਰ ਦਾ ਨਾਮ ਹੈ।

***ਵਾਹਿਗੁਰੂ ਗੁਰਮੰਤ੍ਰ ਹੈ ਜਪੁ ਹਉਮੈ ਖੋਈ।***

*ਹਉਮੈ ਨਾਵੈ ਨਾਲਿ ਵਿਰੋਧੁ ਹੈ*
*ਦੁਇ ਨ ਵਸਹਿ ਇਕ ਠਾਇ ॥ ਅੰਗ - ੫੬੦*

ਹਉਮੈ ਹੈ ਕੀ? ਆਪਣੇ ਅਸਲੀ ਸਰੂਪ ਨੂੰ ਭੁੱਲ ਕੇ ਨਕਲੀ ਜੀਵ ਨੂੰ ਕਹਿਣਾ ਮੈਂ? ਮੇਰਾ ਘਰ, ਮੇਰਾ ਪਿਉ, ਮੇਰੀ ਮਾਂ, ਮੇਰਾ ਦੇਸ਼, ਮੇਰਾ ਫਲਾਣਾ, ਕਹਿੰਦਾ ਗੁਰਮੁਖ ਵੀ ਹੈ ਪਰ ਗੁਰਮੁਖ ਨੂੰ ਪਤਾ ਹੈ ਕਿ ਇਹ ਤਾਂ ਕੰਮ ਚਲਾਉਣ ਵਾਸਤੇ ਗੱਲ ਹੈ। ਮਨਮੁਖ ਨੂੰ ਨਹੀਂ ਪਤਾ ਉਹ ਸੱਚਮੁਚ ਸਮਝਦਾ ਹੈ। ਮਹਾਰਾਜ ਕਹਿੰਦੇ -

*ਭੋਲਿਆ ਹਉਮੈ ਸੁਰਤਿ ਵਿਸਾਰਿ ॥*
*ਅੰਗ - ੧੧੬੮*

ਕਹਿਣ ਲੱਗਿਆ, ਸੱਚ ਫੜਨਾ ਆਪਣੇ ਵਸ ਵਿਚ ਤਾਂ ਨਹੀਂ। ਮਹਾਰਾਜ ਕਹਿੰਦੇ, ਝੂਠ ਛੱਡਣਾ ਤਾਂ ਆਪਣੇ ਵਸ ਵਿਚ ਹੈ। ਕਹਿੰਦੇ, ਮਹਾਰਾਜ! ਕੋਈ ਇਲਾਜ ਦੱਸੋ?

ਕਹਿੰਦੇ, ਇਲਾਜ ਹੈ ਸਤਿਸੰਗ।

ਕਹਿੰਦਾ, ਸੱਚੇ ਪਾਤਸ਼ਾਹ! ਫੇਰ ਮੈਂ ਆਇਆ ਤਾਂ ਹਾਂ?

ਕਹਿੰਦੇ, ਆਇਆ ਤਾਂ ਹੈਂ ਸਤਿਸੰਗ 'ਚ ਪਰ ਝੂਠ ਦਾ ਬੁਰਕਾ ਪਾ ਕੇ ਆਇਆ ਹੈਂ। ਮੈਂ ਪੀਰ, ਮੇਰੇ ਨਾਲ ਚੇਲੇ, ਇਹ ਹਿੰਦੂ ਹੈ ਜੇ ਮੈਂ ਇਹਦੇ ਅੱਗੇ ਸੀਸ ਨਿਵਾਇਆ ਤਾਂ ਮੇਰੇ ਚੇਲੇ ਕੀ ਕਹਿਣਗੇ। ਇਹਦੀ ਉਮਰ ਛੋਟੀ ਹੈ, ਮੇਰੀ ਉਮਰ ਵੱਡੀ ਹੈ। ਕਿਉਂ ਬਈ ਬੁੱਧੂਸ਼ਾਹ ਝੂਠ ਦਾ ਚੋਲਾ ਨਹੀਂ ਪਹਿਨ ਕੇ ਆਇਆ? ਜਗਿਆਸੂ ਬਣ ਕੇ ਤਾਂ ਆਇਆ ਹੀ ਨਹੀਂ ਤੂੰ। ਜੇ ਹਾਸਲ ਕਰਨਾ ਹੈ ਤਾਂ ਨੱਚ, ਖੁਲ੍ਹ ਕੇ ਸਮਝ ਲੈ, ਤੇਰਾ ਸਰੂਪ ਜਿਹੜਾ ਹੈ ਉਹ ਇਹ ਨਹੀਂ ਹੈ, ਤੇਰਾ ਸਰੂਪ ਹੋਰ ਹੈ-

***ਧਾਰਨਾ - ਮਨ ਤੂੰ ਜੋਤ ਸਰੂਪ ਹੈਂ,***
***ਆਪਣਾ ਮੂਲ ਪਛਾਣ।***

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥*
*ਅੰਗ - ੪੪੧*

ਕਹਿੰਦੇ, ਦੇਹੀ ਨਹੀਂ ਹੈ ਪੰਜ ਤੱਤਾਂ ਦੀ, ਨਾ ਤੂੰ 25 ਪ੍ਰਕ੍ਰਿਤੀਆਂ ਹੈਂ, ਨਾ ਤੂੰ ਪੰਜ ਤੱਤ ਹੈਂ, ਨਾ ਤੂੰ ਪੰਜ ਪ੍ਰਾਣਾਂ 'ਚੋਂ ਕੋਈ ਪ੍ਰਾਣ ਹੈਂ, ਨਾ ਤੂੰ ਮਨ ਹੈਂ, ਨਾ ਬੁੱਧੀ ਹੈਂ, ਨਾ ਤੂੰ ਚਿੱਤ ਹੈਂ, ਆਹ ਜਿਹੜਾ ਮੈਂ ਬਣ ਗਿਆ ਨਾ ਇਹ ਵਾਧੂ ਦੀ ਚੀਜ਼ ਹੈ, ਦਰਅਸਲ ਹੈ ਨਹੀਂ ਇਹ ਪਰਛਾਵਾਂ ਹੈ। ਇਹਨੂੰ ਚਲਾਉਣ ਵਾਲਾ, ਇਹਨੂੰ ਸ਼ਕਤੀ ਦੇਣ ਵਾਲਾ ਤੂੰ ਹੈਂ। ਤੇਰਾ ਨਾਉਂ ਆਤਮਾ ਹੈ, ਆਪਣਾ ਮੂਲ ਪਛਾਣ, ਤੂੰ ਤਾਂ ਦੇਹ ਬਣਿਆ ਬੈਠਾ ਹੈਂ। ਆਪਣੇ ਆਪ ਨੂੰ ਮਿੱਟੀ ਸਮਝਣ ਲੱਗ ਗਿਆ, ਤੂੰ ਨਾ ਜੰਮਦਾ ਹੈਂ ਨਾ ਮਰਦਾ ਹੈਂ, ਇਹ ਤਾਂ ਆਉਣਾ ਜਾਣਾ -

*ਜਿਨਿ ਰਚਿ ਰਚਿਆ ਪੁਰਖਿ ਬਿਧਾਤੈ*
*ਨਾਲੇ ਹਉਮੈ ਪਾਈ ॥*
*ਜਨਮ ਮਰਣੁ ਉਸ ਹੀ ਕਉ ਹੈ ਰੇ*
*ਓਹਾ ਆਵੈ ਜਾਈ ॥ ਅੰਗ - ੯੯੯*

ਜਿਹਦੇ ਨੇਤਰ ਖੁਲ੍ਹ ਗਏ -

*ਗਿਆਨ ਅੰਜਨੁ ਗੁਰਿ ਦੀਆ*
*ਅਗਿਆਨ ਅੰਧੇਰ ਬਿਨਾਸੁ ॥*
*ਹਰਿ ਕਿਰਪਾ ਤੇ ਸੰਤ ਭੇਟਿਆ*
*ਨਾਨਕ ਮਨਿ ਪਰਗਾਸੁ ॥ ਅੰਗ - ੨੯੩*

ਚਾਨਣਾ ਹੋ ਗਿਆ ਪਤਾ ਕੀ ਲੱਗਿਆ, ਹਨ੍ਹੇਰੇ ਵਿਚ ਰੱਸੀ ਪਈ ਸੀ, ਦਰਵਾਜ਼ੇ ਦੇ ਮੂਹਰੇ ਪਈ ਸੀ, ਬਾਹਰ ਨਿਕਲਣ ਲੱਗੇ ਡਰ ਗਏ ਕਿ ਇਹ ਤਾਂ ਸੱਪ ਪਿਆ ਹੈ। ਹਨ੍ਹੇਰ ਗੁਬਾਰ ਹੈ ਉਹ ਆਉਂਦੀ ਹੈ ਲੀਕ ਜਿਹੀ ਨਜ਼ਰ ਕਿ ਸੱਪ ਪਿਆ ਹੈ। ਸੋਟੀ ਕੋਲ ਨਹੀਂ ਕੋਈ। ਸਾਰੀ ਰਾਤ ਡਰਦਾ ਅੰਦਰ ਬੈਠਿਆ ਰਿਹਾ, ਜੇ ਭਲਾ ਮੰਜੇ ਕੋਲ ਦਿਸ ਜਾਵੇ ਰਾਤ ਨੂੰ, ਉਹ ਤਾਂ ਮਾੜਾ ਜਿਹਾ ਹਿੱਲੇ ਤੇ ਉਹ ਆ ਗਿਆ ਚੜ੍ਹਿਆ ਸੱਪ, ਸਾਰੀ ਰਾਤ ਪਰੇਸ਼ਾਨ ਰਹੇਗਾ। ਕਿਉਂਕਿ ਹਨ੍ਹੇਰਾ ਹੈ।

*ਅੰਧਕਾਰ ਸੁਖਿ ਕਬਹਿ ਨ ਸੋਈ ਹੈ ॥*
*ਰਾਜਾ ਰੰਕੁ ਦੋਊ ਮਿਲਿ ਰੋਈ ਹੈ ॥*
*ਅੰਗ - ੩੨੫*

ਹਨ੍ਹੇਰੇ ਵਿਚ ਵੀ ਕੋਈ ਸੁਖੀ ਹੋਇਆ ਹੈ। ਸੰਤ ਮਹਾਰਾਜ (ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ) ਵਾਲੇ ਇਕ ਸਾਖੀ ਸੁਣਾਇਆ ਕਰਦੇ ਸੀ ਕਿ ਜਦੋਂ ਆਹ ਨਹਿਰ ਬਣੀ ਤੁਹਾਡੇ ਪਿੰਡ ਵਾਲੀ, ਅੱਗੇ ਗਈ ਤਾਂ ਜਿਹੜੀ ਰਾਜਸਥਾਨ ਦੇ ਵਿਚ ਬਣੀ। ਉਥੇ ਪੁਲ ਬਣਾ ਕੇ ਲੱਕੜੀਆਂ ਗੱਡ ਦਿਤੀਆਂ ਦੋਵੇਂ ਪਾਸੇ। ਚਾਰ ਬੰਦੇ ਚੱਲੇ ਤੇ ਉਹ ਚੱਲੇ ਹੋਏ ਇਕ ਤਾਂ ਬ੍ਰਾਹਮਣ ਸੀ, ਇਕ ਖੱਤਰੀ ਸੀ, ਇਕ ਰਾਜਪੂਤ ਸੀ ਤੇ ਇਕ ਹੋਰ ਸੀ। ਪਹਿਲੇ ਜ਼ਮਾਨਿਆਂ 'ਚ ਸਵਖਤੇ ਹੀ ਤੁਰਦੇ ਹੁੰਦੇ ਕਿ ਦਿਨ ਅੱਧ ਵਿਚ ਜਾ ਕੇ ਚੜ੍ਹਾਉਣਾ ਹੈ। ਪ੍ਰਸ਼ਾਦੇ ਨਾਲ ਲੈਣੇ, ਕਿਸੇ ਖੂਹੀ 'ਤੇ ਬੈਠ ਕੇ ਖਾਂਦੇ ਹੁੰਦੇ। ਉਹ ਜਦੋਂ ਨਹਿਰ ਕੋਲ ਆਏ, ਪਹਿਲੀ ਵਾਰ ਆਏ ਸੀ, ਉਹ ਲੱਕੜੀਆਂ ਦੇਖ ਕੇ ਉਨ੍ਹਾਂ ਨੇ ਕਿਹਾ ਕਿ ਲੈ ਬਈ, ਬੰਦਾ ਖੜ੍ਹਾ ਹੈ, ਬ੍ਰਾਹਮਣ ਸਿਆਣਾ ਹੁੰਦਾ ਹੈ, ਸਾਈਕੋਲੋਜੀ ਹੈ ਅੰਗਰੇਜ਼ ਨੇ ਕਿਹਾ ਹੈ ਐਨਸਾਈਕਲੋਪੀਡੀਆ ਵਿਚ ਕਿ ਹਿੰਦੁਸਤਾਨ ਦੇ

ਬ੍ਰਾਹਮਣ ਨੂੰ ਸੌ ਸਾਲ ਪਹਿਲਾਂ ਪਤਾ ਲਗ ਜਾਂਦਾ ਹੈ, ਜਿਹੜਾ ਬਾਣੀਆਂ ਹੈ ਉਹਨੂੰ ਪੰਜਾਹ ਸਾਲ ਪਹਿਲਾਂ ਪਤਾ, ਜਦੋਂ ਸਰਵੇ ਅਜੇ ਹੋਣ ਹੀ ਲਗਦਾ ਹੈ ਉਸੇ ਵੇਲੇ ਕੋਨਿਆਂ 'ਤੇ ਜ਼ਮੀਨ ਲੈ ਲੈਂਦਾ ਹੈ, ਚੌਕਾਂ 'ਚ ਕਿ ਇਥੇ ਬਜ਼ਾਰ ਬਣਨਗੇ, ਐਥੇ ਪਹਿਲਾਂ ਹੀ ਜ਼ਮੀਨ ਖਰੀਦ ਲਓ। ਖੱਤਰੀ ਨੂੰ ਦੱਸ ਸਾਲ ਪਹਿਲਾਂ ਲੱਗ ਜਾਂਦਾ ਹੈ। ਉਹ ਕਰਦਾ-ਕਰਦਾ ਆ ਗਿਆ ਜੱਟ ਸਿੱਖਾਂ 'ਤੇ ਕਹਿੰਦਾ ਇਹ ਪਹਿਲਾਂ ਕੰਮ ਕਰਦੇ ਨੇ ਬਾਅਦ ਵਿਚ ਸੁਰਤ ਆਉਂਦੀ ਹੈ। ਜਿਹੜਾ ਹੈ ਪਠਾਣ ਉਹਨੂੰ ਇਕ ਸਾਲ ਬਾਅਦ ਪਤਾ ਲਗਦਾ ਹੈ ਕਿ ਮੈਂ ਗਲਤੀ ਕਰੀ। ਜਿਹੜਾ ਗੋਰਖਾ ਹੈ ਨਾ ਉਹਨੂੰ ਪਹਿਲਾਂ ਪਤਾ ਲਗਦਾ ਹੈ, ਨਾ ਪਿੱਛੋਂ ਲਗਦਾ ਹੈ। ਅੰਗਰੇਜ਼ ਨੇ ਕਿਹਾ ਤਿੰਨਾਂ ਨੂੰ ਫੌਜ 'ਚ ਭਰਤੀ ਕਰੋ। ਸਾਨੂੰ ਇਨ੍ਹਾਂ ਦੀ ਲੋੜ ਹੈ। ਜਿਹੜਾ ਪਹਿਲਾਂ ਹੀ ਸੋਚ ਲਏਗਾ ਉਹਨੇ ਲੜਾਈ ਕੀ ਕਰਨੀ ਹੈ।

ਸੋ ਉਨ੍ਹਾਂ ਦੇ ਵਿਚ ਜਿਹੜਾ ਰਾਜਪੂਤ ਸੀ ਉਹ ਕਹਿੰਦਾ ਓਇ ਆਪਾਂ ਚਾਰ ਹਾਂ, ਬਾਕੀ ਡਰ ਗਏ ਸਾਰੇ ਤੇ ਬਹਿ ਗਏ। ਇਹ ਰਾਜਪੂਤ ਨੇ ਆਪਣਾ ਪੱਲਾ ਭਰ ਲਿਆ ਇੱਟਾਂ ਦਾ, ਵੱਟਿਆਂ ਦਾ ਤੇ ਰੋੜ੍ਹੇ ਮਾਰਨ ਲੱਗ ਗਿਆ। ਨੇੜੇ ਐਨਾ ਆ ਗਿਆ ਕਿ ਲੱਕੜੀ 'ਚ ਲੱਗਿਆ ਆ ਕੇ ਰੋੜਾ। ਉਹ ਕਹਿੰਦਾ ਇਹ ਤਾਂ ਹਿਲਦੇ ਹੀ ਨਹੀਂ। ਉਹ ਹੋਰ ਨੇੜੇ ਆ ਕੇ ਪਰਲੀ 'ਚ ਮਾਰੀ ਜਾਵੇ ਕਿ ਸ਼ਾਇਦ ਕੋਈ ਓਧਰ ਹੋਵੇ। ਅਖੀਰ ਉਹਨੇ ਹਾਕ ਮਾਰੀ ਕਹਿੰਦਾ ਕੁਛ ਨਹੀਂ ਇਹ ਤਾਂ ਲੱਕੜੀ ਗੱਡੀ ਹੋਈ ਹੈ। ਉਹ ਫੇਰ ਵੀ ਨਾ ਆਉਣ, ਪਹੁ-ਫੁਟਾਲਾ ਹੋਇਆ, ਅੱਖਾਂ ਨਾਲ ਦੇਖੀ ਲੱਕੜੀ ਤਾਂ ਭਰਮ ਗਿਆ। ਇਸੇ ਤਰ੍ਹਾਂ ਦੇ ਨਾਲ ਸਾਨੂੰ ਭਰਮ ਪੈ ਗਿਆ। ਰੱਸੀ ਤਾਂ ਅਸੀਂ ਦੇਖ ਲਈ ਹਨ੍ਹੇਰੇ 'ਚ ਸਮਝਿਆ ਕੀ ਕਿ ਸੱਪ ਹੈ। ਜਦੋਂ ਦਿਨ ਚੜ੍ਹ ਗਿਆ ਤਾਂ ਸੱਪ ਕਿੱਥੇ ਨੱਠ ਗਿਆ? ਸੱਪ ਤਾਂ ਹੁੰਦਾ ਹੀ ਨਹੀਂ ਰੱਸੀ 'ਚ ਉਹ ਤਾਂ ਰੱਸੀ ਪਈ ਸੀ। ਇਹ ਜਿਨ੍ਹਾਂ ਦੇ ਨੇਤਰ ਖੁਲ੍ਹ ਗਏ ਉਨ੍ਹਾਂ ਨੇ ਦੇਖ ਲਿਆ ਕਿ ਇਥੇ ਪ੍ਰਮੇਸ਼ਰ ਤੋਂ ਬਿਨਾਂ ਹੋਰ ਹੈ ਨਹੀਂ ਕੁਛ। ਇਕੋ ਹੀ ਪ੍ਰਮੇਸ਼ਰ ਆਪਣੀ ਖੇਲ੍ਹ ਕਰ ਰਿਹਾ ਹੈ।

***ਏਕ ਮੂਰਤਿ ਅਨੇਕ ਦਰਸਨ***
***ਕੀਨ ਰੂਪ ਅਨੇਕ॥***
***ਖੇਲ ਖੇਲ ਅਖੇਲ ਖੇਲਨ***
***ਅੰਤ ਕੋ ਫਿਰ ਏਕ॥ ਜਾਪੁ ਸਾਹਿਬ***

ਇਹ ਕਿਉਂ ਨਹੀਂ ਦਿਸਦਾ ਵਾਹਿਗੁਰੂ ਕੋਲ ਰਹਿੰਦਾ ਹੋਇਆ। ਮਹਾਰਾਜ ਕਹਿੰਦੇ ਬੁੱਧੂਸ਼ਾਹ! ਹਉਮੈ ਨੇ ਪੜਦਾ ਪਾ ਦਿਤਾ। ਜਦੋਂ ਐਨੇ ਬਚਨ ਕਹੇ, ਨਿਹਚਾ ਆ ਗਿਆ, ਬਜਦ 'ਚ ਆ ਗਿਆ, ਨੱਚਣਾ ਸ਼ੁਰੂ ਕਰ ਦਿਤਾ। ਅਖੀਰ ਗੁਰੂ ਮਹਾਰਾਜ ਦੇ ਚਰਨਾਂ 'ਤੇ ਢਹਿ ਪਿਆ, ਮਹਾਰਾਜ ਜੀ ਨੇ ਹੱਥ ਫੜਿਆ ਬ੍ਰਹਮਗਿਆਨ ਦੀ ਦਾਤ ਦੇ ਦਿਤੀ, ਅੰਦਰਲੇ ਨੇਤਰ ਖੋਲ੍ਹ ਦਿਤੇ।

ਸੋ ਇਹ ਹਉਮੈ ਜਿਹੜਾ ਰੋਗ ਹੈ ਮਹਾਰਾਜ ਕਹਿੰਦੇ, ਇਹ ਮਨੁੱਖ ਦੇ ਹਿੱਸੇ 'ਚ ਆਇਆ ਹੋਇਆ ਹੈ। ਇਹਦਾ ਕੰਮ ਕੀ ਹੈ, ਵਾਹਿਗੁਰੂ ਨੂੰ ਨਹੀਂ ਦਿਸਣ ਦਿੰਦਾ, ਅੰਦਰ ਰਹਿੰਦੇ ਨੂੰ। ਬੰਦਾ ਜੰਮੀ ਜਾਂਦਾ ਹੈ, ਮਰੀ ਜਾਂਦਾ ਹੈ, ਕਰਮਾਂ ਦੇ ਹਿਸਾਬ ਨਾਲ ਜੀਵ ਆਤਮਾ ਸਰੀਰ ਧਾਰਨ ਕਰ ਲੈਂਦਾ ਹੈ। ਉਹ ਸਰੀਰ ਤੁਰਿਆ ਹੀ ਫਿਰਦਾ ਹੈ, ਝੂਠ ਜਿਹੜਾ ਹੈ ਉਹ ਪਰਛਾਵਾਂ ਹੈ। ਸੋ ਅੰਦਰ ਹਨ੍ਹੇਰਾ ਹੋਣ ਕਰਕੇ ਹੈ।

ਸੋ ਗੁਰੂ ਨਾਨਕ ਸਾਹਿਬ ਕਹਿਣ ਲੱਗੇ ਕਿ ਵੈਦ ਜੀ! ਦੇਖੋ ਕਿੰਨਾ ਖਤਰਨਾਕ ਰੋਗ ਹੈ। ਆਦਮੀ ਜੰਮ ਪੈਂਦਾ ਹੈ, ਮਰ ਜਾਂਦਾ ਹੈ - ਜੰਮ ਪੈਂਦਾ ਹੈ, ਮਰ ਜਾਂਦਾ ਹੈ। ਆਹ ਰੋਗ ਦਾ ਬੰਨ੍ਹਿਆ ਹੋਇਆ ਤੇ ਇਹਨੂੰ ਕੋਹੜ ਕਹਿੰਦੇ ਨੇ ਸਰੀਰ ਦਾ, ਮਨ ਦਾ। ਦੂਸਰਾ ਰੋਗ ਹੋਇਆ ਕਰਦਾ ਹੈ ਵਮਨ ਜਿਹਨੂੰ ਨਿੰਦਾ ਕਹਿੰਦੇ ਨੇ। ਪਹਿਲਾਂ ਨਿੰਦਿਆ ਤੋਂ ਈਰਖਾ ਪੈਦਾ ਹੋਇਆ ਕਰਦੀ ਹੈ। ਕਿਸੇ ਦਾ ਪ੍ਰਤਾਪ ਨਾ ਦੇਖ ਕੇ ਜਲਣ ਸ਼ੁਰੂ ਹੋ ਜਾਣੀ। ਜਲਣ ਨੂੰ ਹਟਾਉਣ ਵਾਸਤੇ ਫੇਰ ਮਾੜੀਆਂ ਗੱਲਾਂ, ਅਣਹੋਈਆਂ ਗੱਲਾਂ ਕਰਨੀਆਂ। ਨਤੀਜਾ ਕੀ ਨਿਕਲਦਾ ਹੈ। ਮਹਾਰਾਜ ਕਹਿੰਦੇ, ਨਤੀਜਾ ਕੀ ਨਿਕਲਣਾ ਸੀ, ਮਹਾਰਾਜ ਕਹਿੰਦੇ, ਕੁੰਭੀ ਨਰਕ 'ਚ ਜਾਂਦਾ ਹੈ।

***ਨਿੰਦਾ ਭਲੀ ਕਿਸੈ ਕੀ ਨਾਹੀ***
***ਮਨਮੁਖ ਮੁਗਧ ਕਰੰਨਿ ॥***
***ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥***
***ਅੰਗ - ੭੫੫***

ਘੋਰ ਨਰਕਾਂ 'ਚ ਜਾਂਦਾ ਹੈ, ਨਿੰਦਿਆ ਕਰਨ ਵਾਲਾ।

***ਏ ਮਨ ਜੈਸਾ ਸੇਵਹਿ ਤੈਸਾ ਹੋਵਹਿ***
***ਤੇਹੇ ਕਰਮ ਕਮਾਇ ॥***
***ਆਪਿ ਬੀਜਿ ਆਪੇ ਹੀ ਖਾਵਣਾ***
***ਕਹਣਾ ਕਿਛੂ ਨ ਜਾਇ ॥ ਅੰਗ - ੭੫੫***
***ਜਨਮ ਜਨਮ ਕੀ ਮਲੁ ਧੋਵੈ ਪਰਾਈ***
***ਆਪਣਾ ਕੀਤਾ ਪਾਵੈ ॥***
***ਈਹਾ ਸੁਖੁ ਨਹੀ ਦਰਗਹ ਢੋਈ***
***ਜਮ ਪੁਰਿ ਜਾਇ ਪਚਾਵੈ ॥ ਅੰਗ - ੩੮੦***
***ਨਿੰਦਕੁ ਨਿੰਦਾ ਕਰਿ ਮਲੁ ਧੋਵੈ***
***ਓਹੁ ਮਲਭਖੁ ਮਾਇਆਧਾਰੀ ॥ ਅੰਗ - ੫੦੭***

ਇਕ ਵਾਰੀ ਇਕ ਰਾਜਾ ਹੋਇਆ ਹੈ ਉਹ ਸਵੇਰ ਵੇਲੇ ਦਾਨ ਕਰਿਆ ਕਰਦਾ ਸੀ, ਨੌਂ ਵਜੇ ਤੱਕ। ਸੋਨਾ ਵੀ ਦਾਨ ਕਰਦਾ ਸੀ, ਵਸਤਰ ਵੀ ਦਾਨ ਕਰਦਾ

ਸੀ, ਅਜੁ ਉਹਦਾ ਨਾਉਂ ਸੀ। ਦਾਨ ਦਾ ਸਮਾਂ ਲੰਘ ਗਿਆ ਘੋੜਿਆਂ ਦੇ ਤਬੇਲੇ 'ਚ ਗਿਆ ਹੋਇਆ ਸੀ। ਉਥੇ ਇਕ ਸਾਧੂ ਲੇਟ ਆਇਆ, ਉਹਨੇ ਕਿਹਾ ਕਿ ਮੈਂ ਤਾਂ ਦਾਨ ਲੈਣਾ ਸੀ। ਰਾਜਾ ਕਿੱਥੇ ਹੈ? ਉਹ ਕਹਿੰਦੇ ਜੀ ਤਬੇਲੇ 'ਚ ਹੈ। ਉਹ ਤਬੇਲੇ 'ਚ ਚਲਿਆ ਗਿਆ। ਰਾਜਾ ਬੜਾ ਨਰਾਜ਼ ਹੋਇਆ ਕਿ ਹੁਣ ਦਾਨ ਦਾ ਤਾਂ ਸਮਾਂ ਨਹੀਂ ਇਹ ਸੰਤ ਐਸ ਵੇਲੇ ਆਇਆ ਹੈ। ਉਹਨੇ ਆਵਾਜ਼ ਦਿਤੀ ਕਹਿੰਦਾ ਹੁਣ ਮੇਰੇ ਕੋਲ ਕੁਛ ਨਹੀਂ, ਕਹਿੰਦੇ ਜੋ ਕੁਛ ਹੈ ਦੇ ਦੇ। ਰਾਜੇ ਨੂੰ ਕੀ ਸੁੱਝੀ, ਗੁੱਸੇ 'ਚ ਆ ਗਿਆ ਤੇ ਉਂਜਲ ਲਿਆ ਭਰ ਕੇ ਲਿੱਦ ਦਾ ਤੇ ਕਹਿ ਦਿਤਾ ਕਿ ਸੰਤ ਜੀ, ਆਹੀ ਹੈ ਸਾਡੇ ਕੋਲ ਤਾਂ, ਕਹਿੰਦੇ ਦੇ ਦਿਓ ਇਹੀ। ਚਿੱਪੀ ਕਰੀ ਅੱਗੇ ਅਸੀਸ ਦੇ ਦਿਤੀ ਕਿ ਰਾਜਾ ਲੱਖਾਂ ਗੁਣਾਂ ਹੋਵੇ ਤੇਰਾ ਦਿੱਤਾ ਦਾਨ। ਸਾਧੂ ਜਿਹੜੇ ਹੁੰਦੇ ਨੇ ਨਾ ਤਾਂ ਸਾਧੂਆਂ ਨੂੰ ਗੁੱਸਾ ਆਇਆ ਕਰਦਾ ਹੈ, ਨਾ ਸਾਧੂ ਇਜ਼ਤ ਤੇ ਬੇਇਜ਼ਤ ਵਿਚ ਹੁੰਦੇ ਨੇ।

ਉਨ੍ਹਾਂ ਨੂੰ ਤਾਂ ਇਹ ਪਤਾ ਹੁੰਦਾ ਹੈ ਕਿ ਮੈਂ ਪ੍ਰਮੇਸ਼ਰ ਨਾਲ ਤਾਂ ਨਹੀਂ ਵਿਛੜਿਆ ਹੋਇਆ। ਉਨ੍ਹਾਂ ਨੂੰ ਹੋਰ ਹੀ ਕੰਮ ਹੁੰਦੇ ਨੇ, ਨਿੰਦਾ ਉਸਤਤਿ ਨਾਲ ਉਨ੍ਹਾਂ ਦਾ ਵਾਹ ਨਹੀਂ ਹੁੰਦਾ। ਨਾ ਉਸਤਤਿ ਉਨ੍ਹਾਂ ਦਾ ਕੁਛ ਬਣਾਉਂਦੀ ਹੈ, ਨਾ ਨਿੰਦਿਆ ਉਨ੍ਹਾਂ ਦਾ ਕੁਛ ਘਟਾਉਂਦੀ ਹੈ। ਉਥੇ ਜਾ ਕੇ ਸੁੱਟ ਦਿਤਾ, ਅਸੀਸ ਦਿਤੀ ਪੂਰੇ ਦਿਲ ਦੇ ਨਾਲ ਤੇ ਸਮਾਂ ਪਾ ਕੇ ਰਾਜਾ ਅਜੁ ਜੰਗਲ 'ਚ ਗਿਆ ਜਿਥੇ ਕੁਟੀਆ ਸੀ, ਦੂਰੋਂ ਹੀ ਕੀ ਦੇਖਦਾ ਹੈ ਕਿ ਇਕ ਬੜਾ ਭਾਰਾ ਢੇਰ ਲੱਗਿਆ ਪਿਆ ਹੈ ਲਿੱਦ ਦਾ। ਵਜ਼ੀਰ ਨੂੰ ਪੁੱਛਿਆ ਕਿ ਵਜ਼ੀਰ ਸਾਹਿਬ ਇਥੇ ਘੋੜੇ ਤਾਂ ਨਜ਼ਰ ਨਹੀਂ ਆਉਂਦੇ, ਐਨੀ ਲਿੱਦ ਕਿੱਥੋਂ ਆ ਗਈ। ਕਹਿੰਦੇ, ਮਹਾਰਾਜ! ਸੰਤਾਂ ਨੂੰ ਪੁੱਛਦੇ ਹਾਂ। ਸੰਤਾਂ ਕੋਲ ਚਲੇ ਗਏ, ਜਾ ਕੇ ਰਾਜੇ ਨੇ ਸਵਾਲ ਕਰਿਆ ਕਿ ਮਹਾਰਾਜ! ਆਹ ਲਿੱਦ ਐਨੀ ਕਿੱਥੋਂ ਆ ਗਈ, ਘੋੜੇ ਰੱਖੇ ਹੋਏ ਨੇ? ਕਹਿੰਦੇ, ਨਹੀਂ ਰਾਜਨ! ਇਹ ਕਿਸੇ ਪ੍ਰੇਮੀ ਨੇ ਦਾਨ ਦਿਤਾ ਹੋਇਆ ਹੈ? ਕਹਿੰਦਾ, ਬੜਾ ਮੂਰਖ ਹੈ ਲਿੱਦ ਦਾ ਦਾਨ? ਕਹਿੰਦੇ, ਹਾਂ ਤੂੰ ਹੀ ਦਿਤਾ ਸੀ। ਕਹਿੰਦਾ ਮਹਾਰਾਜ! ਇਹ ਤਾਂ ਐਨਾ ਵਧ ਗਿਆ। ਕੀ ਕਰਾਂ ਮੈਂ ਖੇਤਾਂ 'ਚ ਪਾ ਲਵਾਂ। ਕਹਿੰਦੇ ਤੂੰ ਸੂਰ ਹੋ ਕੇ ਇਹਨੂੰ ਖਾਏਂਗਾ। ਲੱਖਾਂ ਜਨਮਾਂ 'ਚ ਵੀ ਨਹੀਂ ਤੇਰੇ ਤੋਂ ਖਾਧਾ ਜਾਣਾ। ਤੇਰਾ ਦਾਨ ਐਨਾ ਫੈਲਣਾ ਹੈ। ਰੋਣ ਲੱਗ ਗਿਆ ਰਾਜਾ ਕਿ ਮਹਾਰਾਜ! ਮੇਰੇ ਤੋਂ ਬੜੀ ਭੁੱਲ ਹੋਈ। ਸਾਧੂ ਖਿਮਾ ਕਰਦੇ ਆਏ, ਕ੍ਰਿਪਾ ਕਰੋ ਮੇਰੇ ਤੇ ਖਿਮਾ ਕਰੋ। ਅਸੀਂ ਗ੍ਰਿਹਸਤੀ ਬੰਦੇ ਭੁੱਲਾਂ ਕਰਨ ਵਾਲੇ ਹਾਂ। ਤੁਸੀਂ ਪ੍ਰਮੇਸ਼ਰ ਦੇ ਪਿਆਰੇ ਓਂ ਕ੍ਰਿਪਾ ਕਰੋ। ਉਸ ਵੇਲੇ ਕਹਿੰਦੇ ਰਾਜਨ! ਇਕੋ ਹੀ ਤਰੀਕਾ ਹੈ ਤੂੰ ਆਪਣੇ ਸ਼ਹਿਰ ਦੇ ਵਿਚ ਨਿੰਦਿਆ ਕਰਾ ਲੈ, ਇਹ ਘਟ ਜਾਏਗਾ, ਸਵੇਰੇ ਆ ਜਾਈਂ, ਦੇਖ ਲਈਂ ਘਟਿਆ ਹੋਇਆ, ਸੋ ਰਾਜਾ ਘਰ ਗਿਆ, ਜਵਾਨ ਲੜਕੀ ਸੀ ਬੱਘੀ ਦੇ ਵਿਚ ਬਿਠਾਈ ਹੋਈ ਨਾਲ। ਆਪ ਕੇਸ ਖੋਲ੍ਹ ਲਏ, ਇਕ ਵੇਸਵਾ ਬਿਠਾ ਲਈ, ਹੱਥ ਦੇ ਵਿਚ ਰੰਗੀਆਂ ਹੋਈਆਂ ਬੋਤਲਾਂ ਲੈ ਕੇ ਐਉਂ ਕਰ ਦਿਤਾ ਕਿ ਰਾਜਾ ਸ਼ਰਾਬੀ ਹੋਇਆ ਜਾਂਦਾ ਹੈ ਇਕ ਪਾਸੇ ਲੜਕੀ ਹੈ ਇਕ ਪਾਸੇ ਵੇਸਵਾ ਹੈ। ਐਹੋ ਜਿਹੀਆਂ ਹਰਕਤਾਂ ਕਰਦਾ ਹੈ ਕਿ ਰਾਜੇ ਦਾ ਭ੍ਰਿਸ਼ਟ ਹੋ ਗਿਆ ਜਨਮ। ਸਾਰਾ ਹੀ ਸ਼ਹਿਰ ਨਿੰਦਿਆ ਕਰਨ ਲੱਗ ਗਿਆ। ਸਾਰੇ ਸ਼ਹਿਰ 'ਚ ਗੱਲ ਘੁੰਮ ਗਈ ਤੇ ਸਵੇਰੇ ਹੀ ਰਾਜਾ ਘੋੜੇ 'ਤੇ ਚੜ੍ਹਿਆ ਉਥੇ ਆ ਕੇ ਕੀ ਦੇਖਦਾ ਹੈ ਕਿ ਇਕ ਉਂਜਲ ਪਿਆ ਹੈ। ਕਹਿੰਦਾ, ਮਹਾਰਾਜ! ਆਹ ਤਾਂ ਬਚ ਗਈ, ਕਹਿੰਦੇ ਵੱਧ ਜਾਣੀ ਹੈ ਫੇਰ। ਕਹਿੰਦਾ ਮਹਾਰਾਜ! ਕੋਈ ਜੁਗਤ ਦੱਸੋ? ਕਹਿੰਦੇ, ਤੇਰੇ ਸ਼ਹਿਰ ਦੇ ਅੰਦਰ ਇਕ ਬ੍ਰਹਮਗਿਆਨੀ ਮਹਾਂਪੁਰਸ਼ ਹੈ, ਗੁਪਤ ਵਰਤਦਾ ਹੈ ਉਹ, ਉਹਨੇ ਕੋਈ ਭੇਖ ਨਹੀਂ ਬਣਾਇਆ ਹੋਇਆ। ਕਹਿੰਦਾ, ਮਹਾਰਾਜ! ਮੈਨੂੰ ਕਿਵੇਂ ਪਤਾ ਲੱਗੇ? ਕਹਿੰਦੇ, ਉਹ ਫਲਾਣੇ ਪਾਸੇ ਲੁਹਾਰ ਦਾ ਕੰਮ ਕਰਦਾ ਹੈ ਆਪਣਾ। ਉਥੇ ਚਲਿਆ ਜਾਹ, ਉਹ ਨਿੰਦਿਆ ਕਰ ਦੇਵੇ ਤਾਂ ਘਟ ਜਾਏਗਾ। ਉਸ ਵੇਲੇ ਹਾੜੀ ਵੱਢਣ ਦੇ ਦਿਨ ਸੀ, ਚੌਦਾਂ ਪੰਦਰਾਂ ਦਾਤੀਆਂ ਲਈਆਂ, ਜ਼ਿੰਮੀਦਾਰ ਦਾ ਬਣਾਇਆ ਸਾਂਗ, ਇਕੱਲਾ ਹੀ ਤੁਰਿਆ ਜਾਂਦਾ ਹੈ, ਦਾਤੀਆਂ ਬੰਨ੍ਹੀਆਂ ਹੋਈਆਂ ਨੇ ਪਰਨੇ 'ਚ ਪਿਛਲੇ ਪਾਸੇ ਰੱਖੀਆਂ ਹੋਈਆਂ ਨੇ। ਉਥੇ ਜਾ ਕੇ ਕਹਿੰਦਾ, ਮਿਸਤਰੀ ਜੀ, ਮਿਸਤਰੀ ਜੀ, ਆਹ ਕ੍ਰਿਪਾ ਕਰੋ ਹਾੜੀ ਵੱਢਣ ਵਾਲੀ ਆ ਗਈ ਤੇ ਮੇਰੀਆਂ ਦਾਤੀਆਂ ਦੇ ਦੰਦੇ ਕੱਢ ਦਿਓ। ਦਾਤੀਆਂ ਰੱਖ ਦਿਤੀਆਂ, ਉਹਨੇ ਟਕੋਰਾ ਲਿਆ, ਜਦੋਂ ਅੱਧੀ ਦਾਤੀ ਦੇ ਦੰਦੇ ਨਿਕਲ ਗਏ, ਕਹਿੰਦਾ, ਮਿਸਤਰੀ ਜੀ! ਐਉਂ ਤਾਂ ਬੜੀ ਦੇਰ ਲੱਗਣੀ ਹੈ, ਤੁਸੀਂ ਕੋਈ ਗੱਲਬਾਤ ਸੁਣਾਓ। ਉਹ ਚੁੱਪ ਕਰ ਰਹੇ, ਫੇਰ ਕਿਹਾ, ਗੱਲਬਾਤ ਸੁਣਾਓ। ਉਨ੍ਹਾਂ ਨੇ ਟਕੋਰਾ ਖੜ੍ਹਾ ਕਰ ਲਿਆ, ਰੋਕ ਲਿਆ ਤੇ ਉਹਦੇ ਵਲ ਦੇਖਿਆ। ਕਹਿੰਦਾ, ਮਿਸਤਰੀ ਜੀ! ਤੁਹਾਨੂੰ ਪਤਾ ਹੈ ਰਾਜੇ ਅਜੁ ਨੇ ਕੱਲ੍ਹ ਕੀ ਕਰਿਆ? ਉਹ ਚੁੱਪ ਕਰ ਗਏ। ਦਾਤੀਆਂ ਇਕੱਠੀਆਂ ਕਰਨ ਲੱਗ ਗਏ। ਕਹਿੰਦਾ, ਮਿਸਤਰੀ ਜੀ! ਹੁੰਗਾਰਾ ਹੀ ਨਹੀਂ ਭਰਦੇ ਤੁਸੀਂ? ਕਹਿੰਦੇ ਆਹ ਫੜ ਦਾਤੀਆਂ ਆਪਣੀਆਂ, ਆਪਣੀ ਲਿੱਦ ਆਪ ਖਾ, ਮੈਂ ਨਹੀਂ ਖਾਣੀ। ਵਾਪਸ ਆ ਗਿਆ, ਕਹਿੰਦਾ ਮਹਾਂਪੁਰਸ਼ੋ ਉਹ ਨਿੰਦਿਆ ਨਹੀਂ ਕਰਦਾ, ਉਹ ਤਾਂ ਗੱਲ ਨਹੀਂ ਕਰਦਾ ਕੋਈ ਵੀ। ਕਹਿੰਦੇ, ਰਾਜਨ! ਹੁਣ ਫੇਰ ਤੈਨੂੰ ਖਾਣੀ ਪੈਣੀ ਹੈ। ਕਹਿਣ ਲੱਗਿਆ, ਮਹਾਰਾਜ! ਕੋਈ ਜੁਗਤ ਦੱਸੋ? ਕਹਿੰਦੇ, ਜੁਗਤ ਇਹ ਹੈ ਕਿ ਇਹਨੂੰ ਅੱਗ ਦੇ ਵਿਚ ਜਾਲ ਲਈਂ, ਕਪੜਛਾਣ ਕਰ ਲਈਂ। ਫੇਰ ਜਿਹੜਾ ਬਚੇ ਉਹਨੂੰ ਫੇਰ ਅੱਗ 'ਚ ਪਾਈਂ। ਏਸ ਲਿੱਦ

ਨੂੰ ਤੂੰ ਚੂਰਣ ਵਿਚ ਰਲਾ ਲਈਂ। ਥੋੜ੍ਹੀਆਂ-ਥੋੜ੍ਹੀਆਂ ਗੋਲੀਆਂ ਖਾ ਲਈਂ। ਇਹ ਤੇਰੇ ਖਾਣ ਤੇ ਮੁੱਕਣੀ ਹੈ ਐਉਂ ਨਹੀਂ ਮੁੱਕਣੀ। ਪਰ ਮੈਂ ਤੈਨੂੰ ਐਉਂ ਨਹੀਂ ਦਿੰਦਾ, ਭਿਖਾਰੀ ਬਣ ਕੇ ਆ। ਰਾਜਾ ਭਿਖਾਰੀ ਬਣ ਕੇ ਖੜ੍ਹਿਆ ਸੰਤਾਂ ਦੇ ਦਰ ਤੇ ਕਿ ਮਹਾਰਾਜ! ਲਿੱਦ ਦਾਨ ਮੇਰੀ ਝੋਲੀ 'ਚ ਪਾ ਦਿਓ। ਮਹਾਤਮਾ ਨੇ ਲਿੱਦ ਵਲ ਇਸ਼ਾਰਾ ਕਰ ਦਿਤਾ। ਚੁਕ ਲਈ ਤੇ ਉਸ ਵੇਲੇ ਘਰ ਲੈ ਗਿਆ। ਜਿਸ ਵਕਤ ਚੂਰਣ ਖਾਂਦਾ ਹੈ ਇਹਨੂੰ ਤਾਂ ਹੁਣ ਪਤਾ ਹੈ ਕਿ ਮੈਂ ਲਿੱਦ ਖਾਂਦਾ ਹਾਂ। ਮਹਾਰਾਜ ਕਹਿੰਦੇ -

***ਅਜੈ ਸੁ ਰੋਵੈ ਭੀਖਿਆ ਖਾਇ ॥***
***ਐਸੀ ਦਰਗਹ ਮਿਲੈ ਸਜਾਇ ॥ ਅੰਗ - ੯੫੩***

ਜਦੋਂ ਭਿਖਿਆ ਖਾਂਦਾ ਹੈ, ਲਿੱਦ ਦੀਆਂ ਗੋਲੀਆਂ ਖਾਂਦਾ ਹੈ, ਰੋਂਦਾ ਹੈ। ਮਹਾਰਾਜ ਕਹਿੰਦੇ ਪਿਆਰਿਓ! ਐਸਾ ਕੰਮ ਹੀ ਨਾ ਕਰੋ। ਇਹ ਬਹੁਤ ਮਾੜੀ ਚੀਜ਼ ਹੈ।

***ਧਾਰਨਾ - ਨਿੰਦਾ ਭਲੀ ਕਿਸੇ ਦੀ ਨਾਹੀ,***
***ਮਨਮੁਖ ਲੋਕੀ ਕਰਦੇ ਨੇ।***

***ਨਿੰਦਾ ਭਲੀ ਕਿਸੈ ਕੀ ਨਾਹੀ***
***ਮਨਮੁਖ ਮੁਗਧ ਕਰੰਨਿ ॥***
***ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥***
***ਅੰਗ - ੭੫੫***

ਚਾਰ ਉਂਗਲ ਦੀ ਜ਼ੁਬਾਨ ਕੁੰਭੀ ਨਰਕ 'ਚ ਲੈ ਜਾਂਦੀ ਹੈ। ਇਹੀ ਚਾਰ ਉਂਗਲ ਦੀ ਜ਼ੁਬਾਨ ਜੇ ਵਾਹਿਗੁਰੂ-ਵਾਹਿਗੁਰੂ, ਰਾਮ-ਰਾਮ, ਅੱਲਾਹ-ਅੱਲਾਹ, ਗੋਬਿੰਦ-ਗੋਬਿੰਦ ਕਰੇ ਤਾਂ ਇਹ ਪ੍ਰਮੇਸ਼ਰ ਬਣਾ ਦਿੰਦੀ ਹੈ ਇਸ ਜੀਵ ਨੂੰ। ਜ਼ੁਬਾਨ ਦਾ ਪ੍ਰਯੋਗ ਸਹੀ ਕਰਨਾ, ਜ਼ੁਬਾਨ ਦਾ ਪ੍ਰਯੋਗ ਗਲਤ ਕਰਨਾ।

ਮਹਾਰਾਜ ਜੀ ਕਹਿੰਦੇ, ਵੈਦ ਜੀ! ਦੇਖੋ ਕਿਹੋ ਜਿਹਾ ਭਿਆਨਕ ਰੋਗ ਹੈ। ਤੀਸਰਾ ਰੋਗ ਹੋਇਆ ਕਰਦਾ ਹੈ ਚੁਗਲੀ ਦਾ, ਨਿੰਦਿਆ ਦੀ ਛੋਟੀ ਭੈਣ ਹੈ, ਕਿੰਨਾ ਨੁਕਸਾਨ ਹੁੰਦਾ ਹੈ, ਪਿੰਡਾਂ 'ਚ ਜਿੰਨੇ ਰੌਲੇ-ਰੱਪੇ ਪੈਂਦੇ ਨੇ, ਚੁਗਲ ਬੰਦਿਆਂ ਦਾ ਕੰਮ ਹੁੰਦਾ ਹੈ। ਇਸਨੂੰ diplomacy ਕਹਿੰਦੇ ਨੇ। ਨਾਲ ਰਲਾ ਲਿਆ ਕਿ ਇਹ ਤਾਂ ਕਰਨਾ ਹੀ ਚਾਹੀਦਾ ਹੈ। ਕੰਮ ਤਾਂ ਚੱਲੇਗਾ ਜੇ ਦੋਹਾਂ ਨੂੰ ਪਾੜਾਂਗੇ। ਕਿਉਂਕਿ ਪਾੜਨ ਬਗੈਰ ਵੋਟਾਂ ਨਹੀਂ ਮਿਲਦੀਆਂ। ਰੌਲਾ-ਰੱਪਾ ਨਹੀਂ, ਪਾਰਟੀ ਨਹੀਂ ਬਣਦੀ, ਲੇਕਿਨ ਨਤੀਜਾ ਕਿੰਨਾ ਭਿਆਨਕ ਹੈ। ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲੇ) ਦੱਸਿਆ ਕਰਦੇ ਸੀ ਕਿ ਇਕ ਪਠਾਣ ਸੀ ਉਹਦੀ ਬੇਗਮ ਕਹਿਣ ਲੱਗੀ ਕਿ ਮੇਰੇ ਤੋਂ ਕੰਮ ਨਹੀਂ ਹੁੰਦਾ, ਕੰਮ ਵੱਧ ਗਿਆ ਕੋਈ ਨੌਕਰ ਲਿਆਓ। ਨੌਕਰ ਲੈਣ ਵਾਸਤੇ ਚਲੇ ਜਾਂਦੇ ਨੇ। ਇਕ ਬੰਦਾ ਖਸਤਾ ਜਿਹੀ ਹਾਲਤ ਵਿਚ ਫਿਰਦਾ ਹੈ। ਉਸ ਨੂੰ ਪੁੱਛਿਆ ਕਿ ਨੌਕਰੀ ਕਰਨੀ ਹੈ? ਕਹਿੰਦਾ, ਹਾਂ ਕਰਨੀ ਹੈ? ਕਹਿੰਦਾ, ਤਨਖਾਹ ਕੀ ਲਏਂਗਾ? ਕਹਿੰਦਾ, ਇਹ ਨਹੀਂ ਮੈਂ ਦੱਸਣਾ ਪਹਿਲਾਂ ਹਫਤਾ ਭਰ ਮੇਰੇ ਤੋਂ ਕੰਮ ਕਰਾ ਲਓ। ਹਫਤਾ ਭਰ ਜਦੋਂ ਕੰਮ ਕਰਾਇਆ, ਬੱਚਿਆਂ ਨੂੰ ਵੀ ਖਿਡਾਉਂਦਾ ਹੈ, ਪ੍ਰਸ਼ਾਦਾ ਵੀ ਲਾਹੁੰਦਾ ਹੈ, ਭਾਂਡੇ ਵੀ ਮਾਂਜਦਾ ਹੈ, ਧਾਰਾਂ ਵੀ ਕੱਢਦਾ ਹੈ, ਖੇਤ ਵਿਚ ਜਾ ਕੇ ਪਾਣੀ ਵੀ ਦੇਣ ਲਗ ਜਾਂਦਾ ਹੈ, ਸਾਰੇ ਕੰਮ ਕਰਦਾ ਹੈ। ਕਹਿੰਦੇ, ਇਹੋ ਜਿਹਾ ਨੌਕਰ ਤਾਂ ਹੋ ਹੀ ਨਹੀਂ ਸਕਦਾ ਕਿਸੇ ਦੇ। ਪਠਾਣ ਨੇ ਕਿਹਾ ਕਿ ਲੈ ਬਈ ਹੁਣ ਤੂੰ ਦੱਸ ਕੀ ਲੈਣਾ ਹੈ? ਕਹਿੰਦਾ ਐਉਂ ਨਹੀਂ। ਕੋਰਟ ਵਿਚ ਚੱਲ ਆਪਾਂ ਅਸ਼ਟਾਮ ਲਿਖਾਂਗੇ। ਅਸ਼ਟਾਮ ਲੈ ਲਿਆ ਤੇ ਉਸ ਤੇ ਲਿਖਣਾ ਸ਼ੁਰੂ ਕਰ ਦਿਤਾ। ਮੈਂ ਛੇ ਮਹੀਨੇ ਬਾਅਦ ਦੋ ਸੂਟ ਲਵਾਂਗਾ, ਸਾਲ ਬਾਅਦ ਜੁੱਤੀ ਲਵਾਂਗਾ। ਹੋਰ ਪੈਸਾ ਟਕਾ ਮੈਂ ਕੋਈ ਨਹੀਂ ਲੈਣਾ। ਰੋਟੀ ਜਿਹੋ ਜਿਹੀ ਇਹ ਦੇ ਦੇਣਗੇ ਮੈਂ ਖਾ ਲਵਾਂਗਾ। ਪਠਾਣ ਬੜਾ ਖੁਸ਼ ਹੋ ਗਿਆ। ਕਹਿੰਦਾ ਲਿਖੋ ਇਕ ਗੱਲ ਹੋਰ ਕਿ ਮੇਰੇ 'ਚ ਇਕ ਬੜਾ ਭਾਰਾ ਔਗੁਣ ਹੈ। ਕਹਿੰਦੇ ਕੀ ਹੈ? ਕਹਿੰਦਾ, ਮੈਂ ਦੋ ਤਿੰਨ ਸਾਲ ਤੋਂ ਬਾਅਦ ਚੁਗਲੀ ਕਰਦਾ ਹੁੰਦਾ ਹਾਂ। ਉਸ ਚੁਗਲੀ ਨਾਲ ਜੇ ਕੋਈ ਨੁਕਸਾਨ ਹੋ ਗਿਆ, ਮੈਂ ਨਹੀਂ ਜ਼ਿੰਮੇਵਾਰ। ਐਥੇ ਲਿਖ ਲਓ ਕੋਰਟ ਵਿਚ। ਤੁਸੀਂ ਸਾਵਧਾਨ ਰਹਿਣਾ, ਮੈਂ ਚੁਗਲੀ ਕਰਦਾ ਜਾਂ ਕੀ ਕਰਦਾ ਹਾਂ। ਪਠਾਣ ਕਹਿਣ ਲੱਗਿਆ ਕਿ ਇਹ ਵੀ ਕੋਈ ਗੱਲ ਹੈ। ਕਹਿੰਦਾ, ਐਵੇਂ ਨਹੀਂ ਮੈਂ ਕਰਦਾ, ਚੰਗਾ ਭਲਾ ਹਾਂ, ਮੈਨੂੰ ਇਕ ਦੌਰਾ ਪੈਂਦਾ ਹੈ। ਫੇਰ ਨਹੀਂ ਮੇਰੇ ਤੋਂ ਹਟ ਹੁੰਦਾ। ਨੌਕਰੀ ਕਰਨ ਲੱਗ ਗਿਆ ਤੇ ਬਹੁਤ ਵਧੀਆ ਫਿੱਟ ਬਹਿ ਗਿਆ ਪਰਿਵਾਰ ਦੇ, ਦੋ ਸਾਲ ਲੰਘ ਗਏ ਤੀਸਰਾ ਆ ਗਿਆ। ਚੁੱਪ ਕਰਿਆ ਬੈਠਾ ਹੈ ਅੱਜ ਨਾ ਨਾਤ੍ਹਾ ਹੈ, ਨਾ ਧੋਤਾ ਹੈ, ਗੋਡੇ ਦੇ ਉਤੇ ਕੂਹਣੀ ਰੱਖੀ ਹੋਈ ਹੈ ਤੇ ਠੋਡੀ ਰੱਖੀ ਹੋਈ ਹਥੇਲੀ 'ਤੇ। ਬੇਗਮ ਆਈ ਤੇ ਕਹਿਣ ਲੱਗੀ ਕਿ ਵੇ ਤੂੰ ਅੱਜ ਕੋਈ ਕੰਮ ਹੀ ਨਹੀਂ ਕਰ ਰਿਹਾ? ਕੀ ਹੋ ਗਿਆ? ਬੋਲਦਾ ਹੀ ਨਹੀਂ? ਬਿਮਾਰ ਹੈਂ? ਕਹਿੰਦਾ ਨਾ, ਚਿੱਖ। ਜਵਾਬ ਨਹੀਂ ਦਿੰਦਾ, ਜੀਭ ਨਾਲ ਹੀ ਕਹਿੰਦਾ ਹੈ ਚਿੱਖ। ਬਾਰ-ਬਾਰ ਪੁੱਛਦੀ ਹੈ ਕਿ ਆਹ ਹੋ ਗਿਆ, ਔਹ ਹੋ ਗਿਆ। ਕਹਿੰਦਾ ਨਾ। ਕਹਿੰਦੀ, ਗੱਲ ਤਾਂ ਦੱਸ? ਕਹਿੰਦਾ ਮੈਂ ਕੀ ਦੱਸਾਂ, ਖਾਨ ਸਾਹਿਬ ਵਿਆਹ ਕਰਨ ਨੂੰ ਫਿਰਦੇ ਨੇ। ਮੈਂ ਤਾਂ ਉਦੋਂ ਦਾ ਹੀ ਨਹੀਂ ਕੁਛ ਕਰ ਸਕਿਆ। ਰਾਤ ਆਏ ਸੀ ਨਾ? ਕਹਿੰਦੀ ਹਾਂ ਆਏ ਸੀ। ਉਨ੍ਹਾਂ ਨੇ ਹੀ ਕਿਹਾ ਹੈ ਕਿ ਬੜੀ ਜੁਆਨ ਲੜਕੀ ਹੈ, ਖਾਨ ਸਾਹਿਬ ਵਿਆਹ ਕਰ ਲਓ ਤੁਸੀਂ ਉਹਦੇ ਨਾਲ। ਮੈਂ ਤਾਂ ਬੀਬੀ ਜੀ ਉਸ ਵੇਲੇ ਦਾ ਹੀ ਚਿੰਤਾ 'ਚ ਪਿਆ ਹੋਇਆ ਹਾਂ। ਕਹਿੰਦੀ, ਕੋਈ ਇਲਾਜ? ਉਹ

ਮੈਂ ਜਾਣਦਾ ਹਾਂ, ਮੈਂ ਇਕ ਮੰਤਰ ਜਾਣਦਾ ਹਾਂ ਉਹਦੇ ਨਾਲ ਬਿਲਕੁਲ ਨਹੀਂ ਕਰਾਏਗਾ, ਤੁਹਾਡੇ ਵਸ ਵਿਚ ਆ ਜਾਏਗਾ।

ਆਹ ਬੀਬੀਆਂ ਨੂੰ ਐਉਂ ਵਹਿਮ ਲੱਗਿਆ ਰਹਿੰਦਾ ਹੈ, ਇਥੇ ਇਕ ਉੱਚੇ ਪਿੰਡ ਦਾ ਹੁੰਦਾ ਉਸ ਤੋਂ ਜਾ ਕੇ ਲਿਆਉਂਦੀਆਂ ਸੀ ਪੁੜੀਆਂ, ਜੇ ਤਿੰਨ ਖਿਲਾ ਦਿਓ ਤਾਂ ਫੇਰ ਕੋਈ ਵੀ ਡਾਕਟਰ ਨਹੀਂ ਸੀ ਉਹਨੂੰ ਰਾਜ਼ੀ ਕਰ ਸਕਦਾ। ਦਿਮਾਗ ਫਿਰ ਜਾਂਦਾ ਸੀ। ਇਕ ਅੱਧੀ ਖਿਲਾ ਦਿਓ ਉਹ ਝੱਲਾ ਜਿਹਾ ਹੋ ਜਾਂਦਾ ਸੀ। ਮੇਰੇ ਕੋਲ ਵੀ ਆਉਣਾ ਮੈਂ ਕਿਹਾ ਮੈਨੂੰ ਨਹੀਂ ਐਹੋ ਜਿਹੇ ਮੰਤਰ ਜੰਤਰ ਆਉਂਦੇ। ਮੰਤਰ ਸਾਡੇ ਕੋਲ ਤਾਂ ਇਕ ਹੈ ਕਿ ਤੁਸੀਂ ਆਪਸ ਵਿਚ ਰਲ ਕੇ ਰਹੋ। ਉਹ ਕਹਿੰਦਾ, ਹੈ ਕਿ ਬੀਬੀ! ਤੁਹਾਡੀ ਸ਼ਾਹ ਰਗ ਦਾ ਇਕ ਵਾਲ ਚਾਹੀਦਾ ਹੈ। ਉਹ ਲਿਆ ਦੇ, ਮੈਂ ਮੜ੍ਹ ਦੇਵਾਂਗਾ, ਤਬੀਤ ਵਿਚ। ਮਜ਼ਾਲ ਹੈ ਕੋਈ ਗੱਲ ਕਰ ਜਾਵੇ, ਪਿਛੇ-ਪਿਛੇ ਤੁਰਿਆ ਫਿਰੇਗਾ। ਉਸ ਤੋਂ ਬਾਅਦ ਪਠਾਣ ਕੋਲ ਚਲਿਆ ਗਿਆ, ਉਧਰ ਗਿਆ ਤਾਂ ਉਹਨੇ ਕਿਹਾ ਕਿ ਤੂੰ ਅੱਜ ਕੋਈ ਕੰਮ ਵੀ ਨਹੀਂ ਕਰਦਾ? ਕਹਿੰਦਾ, ਖਾਨ ਸਾਹਿਬ! ਮੈਨੂੰ ਤਾਂ ਚਿੰਤਾ ਲੱਗ ਗਈ। ਕਹਿੰਦਾ, ਕੀ ਗੱਲ? ਕਹਿੰਦਾ ਬੀਬੀ ਤੁਹਾਨੂੰ ਮਾਰਨ ਨੂੰ ਫਿਰਦੀ ਹੈ? ਅੱਲਾਹ ਜਾਣੇ ਕਿ ਕੀ ਗੱਲ ਹੈ? ਕਹਿੰਦਾ ਜੇ ਨਹੀਂ ਇਤਬਾਰ ਆਉਂਦਾ ਤਾਂ ਦੇਖ ਲੈਣਾ, ਤੁਹਾਡੀ ਸ਼ਾਹ ਰਗ ਦੇ ਉਤੇ ਉਸਤਰਾ ਫਿਰ ਜਾਣਾ ਹੈ। ਸੌਣਾ ਨਾ। ਪਠਾਨ ਨੇ ਕਿਹਾ ਕਿ ਇਹ ਵੀ ਗੱਲ ਹੋ ਸਕਦੀ ਹੈ? ਕਹਿੰਦਾ ਪੁਛਣ ਨਾ ਜਾਇਓ, ਤੁਸੀਂ ਆਪ ਹੀ ਅੱਖਾਂ ਨਾਲ ਦੇਖ ਲੈਣਾ ਕਿ ਕੀ ਬਣਦਾ ਹੈ।

ਉਹ ਵਿਚਾਰੀ ਉਡੀਕਦੀ ਰਹੀ, ਇਹ ਬਨਾਉਟੀ ਸੌਂ ਗਿਆ। ਤਲਵਾਰ ਨੰਗੀ ਕਰਕੇ ਰੱਖ ਲਈ, ਉਹ ਬਨਾਉਟੀ ਸੌਂਇਆ, ਘਰਾੜੇ ਮਾਰਨ ਲੱਗ ਗਿਆ, ਉਹਨੇ ਕਿਹਾ ਕਿ ਹੁਣ ਲਾਹ ਲੈਂਦੀ ਹਾਂ ਇਹਦਾ ਵਾਲ। ਉਸਤਰਾ ਲਿਆਂਦਾ। ਜਦੋਂ ਸ਼ਾਹ ਰਗ ਦਾ ਵਾਲ ਕੱਟਣ ਨੂੰ ਅੱਗੇ ਨੂੰ ਵਧਾਇਆ, ਇਹ ਮਲ੍ਹਕ-ਮਲ੍ਹਕ ਦੇਖਦਾ ਸੀ, ਉਸੇ ਵਕਤ ਤਲਵਾਰ ਚੁੱਕੀ, ਗਰਦਨ ਵੱਢ ਦਿਤੀ ਇਹਦੀ। ਲੱਤਾਂ ਵੱਢ ਦਿਤੀਆਂ ਤੇ ਟੋਕਰੇ ਦੇ ਥੱਲੇ ਦੇ ਦਿਤੀ। ਉਹਨੂੰ ਕਹਿੰਦਾ ਕਿ ਜਾਹ ਇਹਦੇ ਪੇਕਿਆਂ ਨੂੰ ਦੱਸ ਆ। ਦੌੜਿਆ ਹੀ ਗਿਆ, ਉਥੇ ਜਾ ਕੇ ਧਾਹਾਂ ਮਾਰ ਕੇ ਰੋਣ ਲੱਗ ਗਿਆ। ਉਹ ਕਹਿੰਦੇ ਕੀ ਗੱਲ ਤੂੰ ਰੋਂਦਾ ਹੈ? ਕਹਿੰਦਾ, ਰੋਵਾਂ ਨਾ, ਤੁਹਾਡੀ ਭੈਣ ਦੇ ਅੱਠ ਟੁਕੜੇ ਕਰਕੇ ਟੋਕਰੇ ਥੱਲੇ ਦੱਬ ਦਿਤੀ ਪਠਾਣ ਨੇ। ਹੁਣ ਕਹਿੰਦਾ, ਜੇ ਬਦਲਾ ਲੈਣਾ ਹੈ ਤਾਂ ਇਕੱਠੇ ਹੋ ਕੇ ਆਓ, ਦੱਸ ਵੀਹ ਰਾਈਫਲਾਂ ਲੈ ਕੇ। ਉਸੇ ਵਕਤ ਉਹ ਤਿਆਰੀ ਕਰਨ ਲੱਗ ਗਏ, ਉਥੋਂ ਨੱਠਿਆ ਪਠਾਣ ਕੋਲ ਆ ਗਿਆ, ਕਹਿੰਦਾ ਖਾਨ ਸਾਹਿਬ! ਬੇਸੁਰਤ ਪਏ ਓਂ, ਉਹ ਤਾਂ ਸੌ ਬੰਦਾ ਚੜ੍ਹਿਆ ਆ ਰਿਹਾ ਹੈ। ਬੰਦੋਬਸਤ ਕਰੋ, ਰਾਈਫਲਾਂ ਲਓ। ਅਖੀਰ ਦੋਹਾਂ ਦੀ ਲੜਾਈ ਹੋ ਗਈ। ਪੁਛਿਆ ਕਿਸੇ ਨੇ ਵੀ ਨਹੀਂ ਕਿ ਤੂੰ ਕਿਉਂ ਮਾਰੀ? ਬੰਦੇ ਮਰ ਗਏ। ਸਿਆਣੇ ਬੰਦੇ ਵਿਚ ਆਏ ਹੋਏ, ਕਹਿੰਦੇ ਕੋਈ ਕਾਰਨ ਤਾਂ ਦੱਸੋ ਕਿ ਕਿਉਂ ਮਾਰੀ ਹੈ? ਅਖੀਰ ਫੈਸਲਾ ਤਾਂ ਲੜਾਈ ਦਾ ਪੰਚਾਇਤ ਨਾਲ ਹੀ ਹੁੰਦਾ ਹੈ। ਬਹਿ ਗਏ ਸਾਰੇ। ਕਹਿੰਦੇ ਦੱਸੋ? ਖਾਨ ਕਹਿਣ ਲੱਗਿਆ ਕਿ ਮੇਰੇ ਨੌਕਰ ਨੂੰ ਪੁੱਛੋ। ਕਹਿੰਦਾ, ਭਾਈ ਪਹਿਲਾਂ ਅਸ਼ਟਾਮ ਲਿਆਓ ਕੱਢ ਕੇ। ਅਸ਼ਟਾਮ ਲਿਆਂਦਾ। ਕਹਿੰਦਾ ਮੇਰੀਆਂ ਸ਼ਰਤਾਂ ਪੜ੍ਹੋ। ਸ਼ਰਤਾਂ ਪੜ੍ਹੀਆਂ ਤੇ ਅੱਗੇ ਆ ਗਿਆ। ਜਦੋਂ ਉਹ ਪੜ੍ਹੀ ਤਾਂ ਕਹਿੰਦਾ ਆਹੀ ਗੱਲ ਹੈ? ਕਹਿੰਦਾ, ਮੈਨੂੰ ਦੋ ਤਿੰਨ ਸਾਲ ਬਾਅਦ ਦੌਰਾ ਉਠਦਾ ਹੈ, ਅਰ ਮੇਰੀ ਚੁਗਲੀ ਤੋਂ ਬਚ ਕੋਈ ਨਹੀਂ ਸਕਦਾ। ਸੋ ਚੁਗਲੀ ਜਿਹਦੇ ਅੰਦਰ ਹੋਵੇ ਮਹਾਰਾਜ ਕਹਿੰਦੇ, ਉਹਦਾ ਕੁਛ ਬਣਿਆ ਨਹੀਂ ਕਰਦਾ, ਨਿੰਦਿਆ ਦੀ ਭੈਣ ਹੈ।

ਮਹਾਰਾਜ ਕਹਿੰਦੇ, ਵੈਦ ਜੀ! ਦੇਖੋ ਕਿੱਡੀ ਵੱਡੀ ਬਿਮਾਰੀ ਹੈ ਤੇ ਚੌਥੀ ਬਿਮਾਰੀ ਹੈ ਜਿਹਨੂੰ ਸਿਉਂਕ ਲਗ ਜਾਣੀ ਕਹਿੰਦੇ ਨੇ, ਉਹ ਹੁੰਦੀ ਹੈ ਈਰਖਾ ਦੀ ਬੀਮਾਰੀ। ਈਰਖਾ ਬਰਾਬਰ ਦਿਆਂ ਨਾਲ, ਰਿਸ਼ਤੇਦਾਰਾਂ ਨਾਲ, ਭਰਾ ਦੀ ਭਰਾ ਨਾਲ, ਜਿਹੜੇ ਇਕ ਬਿਜ਼ਨਸ ਕਰਦੇ ਨੇ ਦੂਜੇ ਬਿਜਨਸ ਵਾਲੇ ਨਾਲ। ਜਿਹੜੇ ਰਾਜਨੀਤੀ ਵਿਚ ਜਾਂਦੇ ਨੇ ਉਨ੍ਹਾਂ ਦੀ ਆਪਸ ਵਿਚ। ਹਰ ਬੰਦੇ ਦੀ ਹਮਕਸ ਬੰਦੇ ਨਾਲ ਈਰਖਾ ਹੋਇਆ ਕਰਦੀ ਹੈ। ਈਰਖਾ ਇਕ ਜ਼ਬਰਦਸਤ ਬੀਮਾਰੀ ਹੈ, ਨਾ ਇਸ ਤੋਂ ਸਾਧੂ ਸੰਤ ਬਚਦੇ ਨੇ। ਜਿਹੜੇ ਸੰਤ ਨੇ ਅਸਲੀ ਉਨ੍ਹਾਂ ਤੱਕ ਤਾਂ ਈਰਖਾ ਪਹੁੰਚ ਹੀ ਨਹੀਂ ਸਕਦੀ। ਜਿਹੜਾ ਨਕਲੀ ਹੋਏਗਾ ਉਥੇ ਈਰਖਾ ਨੇ ਗੱਲ ਕਰਨੀ ਹੀ ਹੈ। ਕੋਈ ਗੱਲ ਕਹੇਗਾ, ਕੋਈ ਅਣਹੋਈ ਗੱਲ ਕਹੇਗਾ, ਜਦੋਂ ਅਣਹੋਈ ਗੱਲ ਨਿਕਲੀ, ਸਮਝ ਲਓ ਇਹ ਵੀ ਈਰਖਾ ਦਾ ਬਿਮਾਰ ਸਾਡੇ ਵਰਗਾ ਹੀ ਹੈ। ਕੋਈ ਸੰਤ ਨਹੀਂ ਹੈ ਇਹ, ਭੇਖ ਹੀ ਲਈ ਫਿਰਦਾ ਹੈ। ਸੋ ਏਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ –

***ਜਿਸੁ ਅੰਦਰਿ ਤਾਤਿ ਪਰਾਈ ਹੋਵੈ***
***ਤਿਸ ਕਾ ਕਦੇ ਨ ਹੋਵੀ ਭਲਾ ॥ ਅੰਗ - ੩੦੮***

never-never ਉਹਦਾ ਭਲਾ ਹੋ ਹੀ ਨਹੀਂ ਸਕਦਾ।

***ਓਸ ਦੈ ਆਖਿਐ ਕੋਈ ਨ ਲਗੈ***
***ਨਿਤ ਓਜਾੜੀ ਪੂਕਾਰੇ ਖਲਾ ॥ ਅੰਗ - ੩੦੮***

ਨਤੀਜਾ ਕਿੰਨਾ ਭਿਆਨਕ ਹੁੰਦਾ ਹੈ। ਇਕ ਪ੍ਰੇਮੀ ਕੋਈ ਸੰਤਾਂ ਦੀ ਸੇਵਾ ਕਰਕੇ ਵਰ ਮੰਗਦਾ ਹੈ ਕਿ ਮੇਰੇ ਦੋ ਟਾਈਮ ਦਾ ਪ੍ਰਸ਼ਾਦਾ ਪੱਕਣਾ ਸ਼ੁਰੂ ਹੋ ਜਾਏ। ਕ੍ਰਿਪਾ ਕਰੋ। ਮਹਾਤਮਾ ਕਹਿੰਦੇ ਕਿ ਇਕ ਸੰਖ

ਦਿੰਦੇ ਹਾਂ ਤੈਨੂੰ, ਇਹ ਲਿੱਪ ਪੋਚ ਕੇ ਵਜਾ ਲਈਂ, ਜਿਹੜਾ ਕੁਛ ਮੰਗੇਂਗਾ ਓਹੀ ਆ ਜਾਏਗਾ। ਪਰ ਇਹਦੇ ਵਿਚ ਇਕ ਨੁਕਸ ਇਹ ਹੈ ਕਿ ਤੇਰੇ ਸਰੀਕਾਂ ਦੇ ਦੁੱਗਣਾ ਆ ਜਾਏਗਾ। ਕਹਿੰਦਾ, ਮੈਂ ਕੀ ਲੈਣਾ ਹੈ ਮਹਾਰਾਜ, ਸ਼ਰੀਕਾਂ ਤੋਂ। ਘਰ ਲਿਆਇਆ, ਘਰਵਾਲੀ ਨਾਲ ਆ ਕੇ ਗੱਲ ਕਰੀ। ਘਰਵਾਲੀ ਸਿਆਣੀ ਸੀ ਗੱਲ ਸੁਣ ਕੇ ਚੁੱਪ ਕਰ ਗਈ। ਕਹਿੰਦਾ ਤੂੰ ਖੁਸ਼ ਨਹੀਂ ਹੋਈ? ਕਹਿੰਦੀ ਮੈਂ ਖੁਸ਼ ਕਾਹਦੀ ਹੋਵਾਂ, ਤੂੰ ਤਾਂ ਦਿਨ ਰਾਤ ਉਥੇ ਸੇਵਾ ਕਰਦਾ ਰਿਹਾ ਹੈਂ, ਆਹ ਜਿਹੜੇ ਗਾਲ੍ਹਾਂ ਕੱਢਦੇ ਨੇ, ਰੋਜ਼ ਸਾਡੀਆਂ ਵੱਢਵੀਆਂ ਕਰਦੇ ਨੇ ਇਨ੍ਹਾਂ ਦੇ ਘਰ ਕਿਉਂ ਦੁੱਗਣਾ ਆ ਜਾਏ? ਕਹਿੰਦਾ, ਤੂੰ ਕੀ ਲੈਣਾ ਹੈ, ਆਪਣੇ ਰੋਟੀ ਪਾਣੀ ਤਾਂ ਚੱਲੇ। ਉਹ ਜਿਹੜਾ ਕੁਛ ਮੰਗਦਾ ਹੈ, ਦੂਜਿਆਂ ਦੇ ਦੁੱਗਣਾ ਆ ਜਾਂਦਾ ਹੈ। ਮੱਝ ਇਕ ਮੰਗੀ, ਕੋਠੀ ਇਕ ਮੰਗੀ ਉਨ੍ਹਾਂ ਦੇ ਦੋ ਆ ਗਈਆਂ। ਜੋੜੀ ਮੰਗੀ, ਦੋ ਜੋੜੀਆਂ ਉਨ੍ਹਾਂ ਦੇ ਆ ਗਈਆਂ। ਖੂਹ ਮੰਗਿਆ, ਉਨ੍ਹਾਂ ਦੇ ਦੋ ਲੱਗ ਗਏ। ਉਹ ਤਾਂ ਰੋਟੀ ਪਾਣੀ ਛੱਡ ਬੈਠੇ ਦੋਵੇ। ਜਦੋਂ ਈਰਖਾ ਵਾਲਾ ਬੰਦਾ ਬਿਮਾਰ ਹੋਏਗਾ, ਭੁੱਖ ਹਟ ਜਾਂਦੀ ਹੁੰਦੀ ਹੈ, ਮੱਥਾ ਜਿਹੜਾ ਹੈ ਕਮਾਨ ਵਾਂਗੂੰ ਝੁਕ ਜਾਂਦੀਆਂ ਨੇ ਭਵਾਂ। ਸੜਿਆ ਹੋਇਆ ਚਿਹਰਾ ਹੁੰਦਾ ਹੈ ਈਰਖਾਲੂ ਦਾ। ਉਹਦਾ ਸਰੀਰ ਗਲਣਾ ਸ਼ੁਰੂ ਹੋ ਜਾਂਦਾ ਹੈ। ਰੋਗ ਲਗ ਜਾਂਦਾ ਹੈ ਅੰਦਰ। ਅਖੀਰ ਕਿੰਨੇ ਦਿਨ ਲੰਘ ਗਏ, ਉਹ ਕਹਿੰਦਾ ਕੀ ਗੱਲ ਤੂੰ ਬੋਲਦੀ ਨਹੀਂ ਮੇਰੇ ਨਾਲ? ਉਹ ਕਹਿੰਦੀ, ਮੈਂ ਬੋਲਾਂ ਕੀ ਸੁਆਹ, ਆਹ ਸ਼ਰੀਕਾਂ ਦੇ ਬਿਨਾਂ ਕੁਛ ਕਰੇ ਆਹ ਦੁੱਗਣਾ ਹੋ ਗਿਆ ਆਪਣੇ ਨਾਲੋਂ। ਕਹਿੰਦਾ ਅੱਜ ਲਿੱਪ। ਮੈਂ ਅੱਜ ਤੈਨੂੰ ਦਿਖਾਵਾਂਗਾ। ਕਹਿੰਦੀ ਮੈਂ ਨਹੀਂ ਲਿਪਦੀ ਥਾਉਂ। ਹੋਰ ਮੰਗ ਲਏਂਗਾ, ਹੋਰ ਆ ਜਾਏਗਾ ਇਨ੍ਹਾਂ ਦੇ। ਕਹਿੰਦਾ, ਤੂੰ ਦੇਖ ਤਾਂ ਸਹੀ, ਜਦੋਂ ਥਾਉਂ ਲਿਖਿਆ, ਲਿੱਪ ਕੇ ਚੌਂਕੀ ਰੱਖੀ ਤੇ ਉਤੇ ਸੰਖ ਰੱਖ ਦਿਤਾ। ਸਾਮ੍ਹਣੇ ਖੜ੍ਹ ਗਿਆ, ਕਹਿੰਦਾ ਸੰਖ ਦੇਵਤਾ ਜੀ, ਤੁਸੀਂ ਕ੍ਰਿਪਾ ਕਰੋ, ਆਹ ਨਮਸ਼ਕਾਰ ਕਰਦਾ ਹਾਂ ਤੁਹਾਨੂੰ, ਮੇਰੀ ਇਕ ਅੱਖ ਕਾਣੀ ਕਰ ਦਿਓ, ਸਾਡੇ ਸਾਰੇ ਟੱਬਰ ਦੀ। ਉਹਦੀ ਇਕ ਹੋ ਗਈ ਸ਼ਰੀਕਾਂ ਦੀਆਂ ਦੋ-ਦੋ ਹੋ ਗਈਆਂ। ਕਹਿੰਦਾ ਹੁਣ ਕ੍ਰਿਪਾ ਕਰੋ ਮੇਰੇ ਦਰਵਾਜ਼ੇ 'ਚ ਖੂਹ ਲਾ ਦਿਓ। ਸ਼ਰੀਕਾਂ ਦੇ ਦੋ ਖੂਹ ਲੱਗ ਗਏ। ਆਪ ਤਾਂ ਫੱਟਾ ਧਰ ਕੇ ਲੰਘ ਗਿਆ, ਬਾਹਰ ਆ ਗਿਆ। ਉਨ੍ਹਾਂ ਨੂੰ ਮਾਰੀ ਹਾਕ। ਉਹ ਕਹਿੰਦੇ ਸਾਨੂੰ ਤਾਂ ਪਤਾ ਨਹੀਂ ਕੀ ਹੋ ਗਿਆ? ਕਹਿੰਦਾ ਬਾਹਰ ਆਓ, ਬਾਹਰ ਆਓ ਛੇਤੀ-ਛੇਤੀ। ਜਿਹੜਾ ਬਾਹਰ ਆਉਂਦਾ ਹੈ ਖੂਹ ਵਿਚ ਗਿਰੀ ਜਾਂਦਾ ਹੈ। ਕਾਣੀਆਂ ਅੱਖਾਂ ਨਾਲ ਝਾਂਕਦੇ ਨੇ, ਕਹਿੰਦਾ ਦੇਖਿਆ ਹੁਣ। ਇਹ ਈਰਖਾ ਦੀ ਬੀਮਾਰੀ ਹੈ। ਮਹਾਰਾਜ ਕਹਿੰਦੇ -

***ਜਿਸੁ ਅੰਦਰਿ ਤਾਤਿ ਪਰਾਈ ਹੋਵੈ***
***ਤਿਸ ਕਾ ਕਦੇ ਨ ਹੋਵੀ ਭਲਾ ॥ ਅੰਗ - ੩੦੮***

ਸੋ ਇਸ ਤਰ੍ਹਾਂ ਦੇ ਨਾਲ ਬੇਅੰਤ ਬਿਮਾਰੀਆਂ ਨੇ, ਪੰਜ ਚੋਰ ਵਸਦੇ ਨੇ। ਪੰਜ ਠੱਗ, ਅਖੀਰ ਸਾਰੀਆਂ ਗੱਲਾਂ ਤੋਂ ਬਾਅਦ ਮਹਾਰਾਜ ਜੀ ਕਹਿੰਦੇ -

***ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥***
***ਜਿਉ ਕੰਚਨ ਸੋਹਾਗਾ ਢਾਲੈ ॥ ਅੰਗ - ੯੩੨***

ਵੈਦ ਚਰਨਾਂ 'ਤੇ ਢਹਿ ਪਿਆ, ਸੱਚੇ ਪਾਤਸ਼ਾਹ! ਇਹ ਤਾਂ ਬਿਮਾਰੀਆਂ ਬਹੁਤ ਭਿਆਨਕ ਨੇ ਕੋਈ ਇਲਾਜ ਨਹੀਂ ਆਪ ਨੇ ਦੱਸਿਆ? ਮਹਾਰਾਜ ਕਹਿੰਦੇ, ਸਾਰੀਆਂ ਬਿਮਾਰੀਆਂ ਦਾ ਇਕੋ ਹੀ ਇਲਾਜ ਹੈ?

***ਧਾਰਨਾ - ਤੇਰੇ ਸਾਰਿਆਂ ਦੁਖਾਂ ਦੀ ਹੈ ਦਾਰੂ,***
***ਇਕੋ ਨਾਮ ਵਾਹਿਗੁਰੂ ਦਾ।***

ਕਹਿਣ ਲੱਗੇ, ਵੈਦ ਜੀ! ਚਾਹੇ ਤਾਂ ਸਰੀਰਕ ਰੋਗ ਹੋਣ, ਚਾਹੇ ਆਰਥਕ ਹੋਣ, ਚਾਹੇ ਭਾਈਚਾਰਕ ਹੋਣ, ਚਾਹੇ ਰਾਜਸੀ ਹੋਣ, ਚਾਹੇ ਮਾਨਸਿਕ। ਕੋਈ ਵੀ ਰੋਗ ਹੋਵੇ।

***ਸਰਬ ਰੋਗ ਕਾ ਅਉਖਦੁ ਨਾਮੁ॥ ਅੰਗ - ੨੭੪***

ਕਈ ਬੰਦਿਆਂ ਦੇ ਮਨਾਂ 'ਚ ਇਹ ਖਿਆਲ ਆ ਜਾਂਦਾ ਹੈ ਕਿ ਨਾਮ ਕੋਈ ਦਵਾਈ ਹੈ, ਨਾਮ ਕੋਈ ਕੈਪਸੂਲ ਹੈ ਜਾਂ ਗੋਲੀ ਹੈ ਜਿਹਦੇ ਨਾਲ ਰੋਗੀ ਰਾਜ਼ੀ ਹੋ ਜਾਏਗਾ। ਟੀ.ਬੀ. ਦਾ ਮਰੀਜ਼ ਹੋਵੇ ਕਿਵੇਂ ਨਾਮ ਦੇ ਨਾਲ ਰਾਜ਼ੀ ਹੋ ਜਾਏਗਾ? ਕੁਝ ਗੱਲਾਂ ਸੁਣੀਆਂ ਹੁੰਦੀਆਂ ਨੇ, ਕੁਛ ਪਰਖੀਆਂ ਹੁੰਦੀਆਂ ਨੇ।

ਮੇਰੇ ਕੋਲ ਇਕ ਭਈਆ ਆਇਆ, ਈਟਾ ਜ਼ਿਲੇ ਦੇ ਰਹਿਣ ਵਾਲਾ ਸੀ, ਮੈਨਪੁਰੀ ਦਾ। ਉਹਦਾ ਭਰਾ ਇਥੇ ਟਰੈਕਟਰ ਫੈਕਟਰੀ 'ਚ ਕੰਮ ਕਰਦਾ ਸੀ, ਉਹਦਾ ਨਾਉਂ ਸੀ ਯਾਦਵ, ਲੈ ਕੇ ਆ ਗਿਆ, ਕਹਿਣ ਲੱਗਿਆ ਜੀ ਮੇਰਾ ਭਰਾ ਬੀਮਾਰ ਹੈ। ਮੈਂ ਤੁਹਾਡੇ ਦੀਵਾਨ 'ਚ ਸੁਣਿਆ ਹੈ ਕਿ ਇਲਾਜ ਹੈਗਾ ਇਹਦਾ। ਮੈਂ ਕਿਹਾ, ਗੁਟਕਾ ਲਿਆ ਹਿੰਦੀ 'ਚ। ਹਿੰਦੀ 'ਚ ਗੁਟਕੇ ਦਾ ਨਾਉਂ ਲਿਖ ਦਿਤਾ।

***ਗੁਰਿ ਪੂਰੈ ਸੰਜਮੁ ਕਰਿ ਦੀਆ ॥***
***ਨਾਨਕ ਤਉ ਫਿਰਿ ਦੂਖ ਨ ਥੀਆ ॥***
***ਅੰਗ - ੨੫੯***

ਇਹ ਤਾਂ ਸੰਜਮ ਦੱਸਣਾ ਪੈਂਦਾ ਹੈ, ਵਿਧੀ ਦੱਸਣੀ ਪੈਂਦੀ ਹੈ, ਵਿਧੀ ਤੋਂ ਬਗੈਰ ਨਹੀਂ ਕੁਛ ਹੋਇਆ ਕਰਦਾ। ਤਰੀਕਾ ਦੱਸਣਾ ਪੈਂਦਾ ਹੈ ਕਿ ਐਉਂ ਠੀਕ ਲੱਗ ਜਾਏਗਾ ਇਹਨੂੰ। ਉਹ ਆਇਆ ਤਾਂ ਮੈਂ ਗੁਟਕਾ ਲਿਆ, ਮੈਂ ਕਿਹਾ ਦੇਖ। ਐਹ ਸ਼ਬਦ ਨੂੰ ਐਸ ਵਿਧੀ ਨਾਲ ਪੜ੍ਹਨਾ ਹੈ, ਪੜ੍ਹੀ ਜਾਈਂ ਤੂੰ, ਤੇਰੇ ਘਰ

ਵਿਚ ਸ਼ਰਾਬ ਨਾ ਆਵੇ, ਮਾਸ ਨਾ ਆਵੇ, ਆਂਡਾ ਨਾ ਆਵੇ, ਬੀੜੀ ਨਾ ਆਵੇ ਤੇ ਇਕ ਗੱਲ ਕਰਿਆ ਕਰੀਂ, ਗੁਰਦੁਆਰਾ ਹੈ ਤੁਹਾਡੇ ਕੋਲ? ਕਹਿੰਦਾ 15 ਮੀਲ 'ਤੇ ਹੈ ਸਾਡੇ ਕੋਲੋਂ ਗੁਰਦੁਆਰਾ। ਮੈਂ ਕਿਹਾ ਸੱਤ ਦਿਨਾਂ ਬਾਅਦ ਉਥੇ ਜਾ ਕੇ ਝਾੜੂ ਦੇਈਂ। ਪੈਦਲ ਜਾਏਂਗਾ, ਸਾਈਕਲ 'ਤੇ? ਕਹਿੰਦਾ ਸਾਇਕਲ ਤੇ। ਮੈਂ ਕਿਹਾ ਜਦੋਂ ਜਾਏਂਗਾ ਤੇ ਜਦ ਤੈਨੂੰ ਮਿਲੇ ਨਾ ਤੇਰੇ ਦੇਸੀ ਬੰਦੇ, ਤੂੰ ਐਸ ਤਰ੍ਹਾਂ ਕਰੀ, ਪਹਿਲਾਂ ਤਾਂ ਕਰਦਾ ਜਾਈਂ ਧੰਨ ਗੁਰੂ ਨਾਨਕ-ਧੰਨ ਗੁਰੂ ਨਾਨਕ, ਜਦੋ ਉਹ ਮਿਲੇ ਤਾਂ ਤੂੰ ਉਚੀ ਦੇ ਕੇ ਕਹਿ ਦਿਆ ਕਰੀਂ ਕਿ ਬੋਲ ਗੁਰੂ ਨਾਨਕ ਦੇਵ ਕੀ ਜੈ। ਕਹਿੰਦਾ ਠੀਕ ਹੈ ਜੀ। ਮੈਂ ਕਿਹਾ, ਆਹ ਸ਼ਬਦ ਦਾ ਜਿਹੜਾ ਜਲ ਹੈ ਇਹ ਪੀ ਲਿਆ ਕਰੀਂ। 25 ਦਿਨ ਬਾਅਦ ਆਇਆ ਉਹਦਾ ਭਰਾ। ਕਹਿੰਦਾ ਜੀ ਮੈਨੂੰ ਤੁਸੀਂ ਪਛਾਣ ਲਿਆ? ਮੈਂ ਕਿਹਾ ਤੂੰ ਕੌਣ ਹੈ? ਕਹਿੰਦਾ ਜੀ ਮੈਂ ਜਿਹੜਾ ਆਪਣੇ ਭਰਾ ਨੂੰ ਲੈ ਕੇ ਆਇਆ ਸੀ? ਮੈਂ ਵਿਧੀ ਭੁਲ ਗਿਆ, ਮੈਂ ਕਿਹਾ ਉਹ ਕਿੱਥੇ ਹੈ? ਕਹਿੰਦਾ ਉਹ ਤਾਂ ਮੈਂ ਘਰ ਨਹੀਂ ਜਾਣ ਦਿਤਾ ਤੇ ਮੈਂ ਇਥੇ ਹੀ ਰੱਖ ਲਿਆ ਆਪਣੇ ਕੋਲ ਹੀ। ਮੈਂ ਕਿਹਾ ਆਹ ਵਿਧੀ ਹੈ, ਜਾ ਕੇ ਕਰਿਆ ਤੇ ਫੇਰ ਸਵਾ ਮਹੀਨਾ ਲੰਘ ਗਿਆ। ਲੈ ਕੇ ਆਇਆ ਕਹਿੰਦਾ ਪਛਾਣਦੇ ਓਂ ਇਹਨੂੰ। ਇਹ ਮੇਰਾ ਭਰਾ ਓਹੀ ਹੈ ਜਿਹੜਾ ਬਿਮਾਰ ਸੀ। ਮੈਂ ਕਿਹਾ ਇਹਨੂੰ ਬੀਮਾਰੀ ਕੀ ਸੀ? ਕਹਿੰਦਾ ਜੀ ਬਿਮਾਰੀ? ਪਹਿਲਾਂ ਤਾਂ ਕਾਸ਼ੀ ਇਲਾਜ ਕਰਾਇਆ, ਫੇਰ ਅਸੀਂ ਕਰਾਇਆ ਵਲਿੰਗਟਨ ਹਾਸਪੀਟਲ ਦਿੱਲੀ, ਪੈਸਾ ਸਭ ਖਤਮ ਹੋ ਗਿਆ। ਫੇਰ ਅਸੀਂ ਪੀ.ਜੀ.ਆਈ ਆ ਗਏ। ਇਥੇ ਕੋਈ ਪ੍ਰੇਮੀ ਮਿਲਿਆ ਕਹਿੰਦਾ ਪਿਆਰਿਆ! ਤੂੰ ਨਾਮ ਦੀ ਦਵਾਈ ਲੈ ਲੈ। ਕਹਿੰਦਾ, ਇਹਨੂੰ ਤੀਸਰੀ ਸਟੇਜ ਦੀ ਟੀ.ਬੀ ਹੋ ਗਈ ਸੀ। ਫੇਫੜੇ ਗਲ ਗਏ ਸੀ ਅਸੀਂ ਕਹਿੰਦੇ ਸੀ ਕਿ ਇਹ ਮਰ ਜਾਵੇ ਤਾਂ ਚੰਗਾ ਹੈ। ਮੈਂ ਕਿਹਾ, ਹੁਣ ਕਿਵੇਂ ਹੈ? ਕਹਿੰਦੇ, ਆਹ ਐਕਸਰੇ ਸਾਡੇ ਕੋਲ ਪੁਰਾਣੇ ਨੇ, ਨਵੀਂ ਐਕਸਰੇ ਅਸੀਂ ਲੈ ਕੇ ਆਏ ਹਾਂ ਡਾਕਟਰ ਕਹਿੰਦੇ ਤੇਰੇ ਤਾਂ ਕੋਈ ਚਿੰਨ੍ਹ ਹੀ ਨਹੀਂ ਹੈ ਟੀ.ਬੀ. ਦਾ ਅੰਦਰ। ਕੋਈ ਨਿਸ਼ਾਨ ਨਹੀਂ ਤੇਰੇ ਫੇਫੜਿਆਂ ਦੇ ਉਤੇ। ਮੈਂ ਹੈਰਾਨ ਹੋ ਗਿਆ ਕਿ ਗੁਰੂ ਮਹਾਰਾਜ ਸੱਚੇ ਪਾਤਸ਼ਾਹ ਦੀ ਬਾਣੀ 'ਚ ਕਿੰਨੀ ਤਾਕਤ ਹੈ। ਆਹ ਤੀਸਰੀ ਸਟੇਜ ਦੀ ਟੀ.ਬੀ. ਖਤਮ ਹੋ ਗਈ।

ਇਸੇ ਤਰ੍ਹਾਂ ਇਕ ਬੀਬੀ ਆਈ ਆਪਣੇ ਇਲਾਕੇ ਦੀ ਹੈ, ਘਰਵਾਲਾ ਸੂਬੇਦਾਰ ਸੀ, ਇਥੇ ਰਾੜੇ ਸਾਹਿਬ ਬਹੁਤ ਆਇਆ ਕਰਦੀ ਸੀ, ਕਹਿਣ ਲੱਗੀ ਵੀਰ ਜੀ! ਮੈਂ ਬਹੁਤ ਬਿਮਾਰ ਹਾਂ, ਬੜੀ ਮੁਸ਼ਕਲ ਨਾਲ ਤੁਹਾਡੇ ਕੋਲ ਆਉਂਦੀ ਹਾਂ। ਮੈਨੂੰ ਲੈ ਕੇ ਆਉਂਦੇ ਨੇ। ਮੈਂ ਪੁੱਛਿਆ ਕੀ ਹੈ? ਪੰਜ ਸੱਤ ਵਾਰੀ ਉਹਨੇ ਦੱਸਿਆ, ਮੈਂ ਗੌਲਿਆ ਨਾ। ਅਖੀਰ ਕਹਿਣ ਲੱਗੀ ਕਿ ਮੈਂ ਤਾਂ ਇਥੇ ਹੀ ਰਹਿਣ ਲਗ ਜਾਣਾ ਹੈ। ਮੈਨੂੰ ਦੱਸੋ, ਕੋਈ ਤਰੀਕਾ, ਮੈਂ ਕਿਹਾ ਬੀਬੀ ਤੇਰੇ ਪਾਠ ਯਾਦ ਹੈ। ਕਹਿੰਦੀ ਹਾਂ। ਮੈਂ ਕਿਹਾ, ਬੀਮਾਰੀ ਕੀ ਹੈ? ਕਹਿੰਦੀ ਕੀ ਦੱਸਾਂ, ਜਿਹੜੀ ਬੀਮਾਰੀ ਦਾ ਨਾਉਂ ਲਓਂਗੇ ਉਹ ਸਾਰੀਆਂ ਹੀ ਮੈਨੂੰ ਨੇ। ਕਹਿੰਦੀ ਮੇਰੀਆਂ ਦੋਵੇਂ ਅੱਖਾਂ ਬੰਦ ਨੇ, ਡਾਕਟਰਾਂ ਨੇ ਕਹਿ ਦਿਤਾ ਅੱਖਾਂ ਦੀ ਨਾੜੀ ਪਿਚਕ ਗਈ, ਹੁਣ ਨਹੀਂ ਦਿਸਣਾ। ਆਪਰੇਸ਼ਨ ਨਹੀਂ ਹੁੰਦਾ ਮੇਰਾ ਕਿਉਂਕਿ ਮੇਰਾ ਬਲੱਡ ਪਰੈਸ਼ਰ 240 ਹੈ, 260 ਹੋ ਜਾਵੇ ਆਦਮੀ ਦੀ ਦਿਮਾਗ ਦੀ ਨਾੜੀ ਫਟ ਜਾਂਦੀ ਹੈ। ਕਹਿੰਦੀ ਜਦੋਂ ਮੈਨੂੰ ਲੈ ਕੇ ਜਾਂਦੇ ਨੇ ਆਪਰੇਸ਼ਨ ਕਰਨ ਵਾਸਤੇ, ਉਥੇ ਜਦੋਂ ਮੇਰਾ ਬਲੱਡ ਪਰੈਸ਼ਰ ਚੈਕ ਕਰਦੇ ਨੇ, 240 ਇਕ ਦਮ ਚੜ੍ਹ ਜਾਂਦਾ ਹੈ ਫੇਰ ਮੈਨੂੰ ਛੱਡ ਦਿੰਦੇ ਨੇ। ਇਥੇ ਹੀ ਬੱਸ ਨਹੀਂ ਮੇਰੀ ਬਲੱਡ ਸ਼ੂਗਰ ਵੀ 240 ਹੈ। ਬਲੱਡ ਸ਼ੂਗਰ ਜੇ ਐਨੀ ਹੋਵੇ ਤਾਂ ਜ਼ਖਮ ਨਹੀਂ ਰਾਜ਼ੀ ਹੁੰਦਾ। ਆਪਰੇਸ਼ਨ ਮੇਰਾ ਹੋ ਨਹੀਂ ਸਕਦਾ, ਮਿਹਦੇ ਦੇ ਵਿਚ ਮੇਰੇ ਰਸ਼ੌਲੀ ਹੈ, ਗੋਡ਼੍ਹ ਦੀ ਹੱਡੀ ਵਿਚ ਮੇਰੇ ਕਰੈਕ ਹੈ ਤੇ ਗੁਰਦੇ ਦੇ ਵਿਚ ਮੇਰੇ ਪੱਥਰੀ ਹੈ। ਮੈਂ ਕਿਹਾ ਬੀਬੀ ਫੇਰ ਤਾਂ ਮਿਹਨਤ ਕਰਨੀ ਪਏਗੀ। ਤੈਨੂੰ ਪਾਠ ਦੱਸ ਦਿੰਦੇ ਹਾਂ ਕਰੀ ਜਾ। ਡੇਰੇ ਰਹਿ। ਆਪੇ ਅਸੀਂ ਤੇਰੀ ਦੇਖਭਾਲ ਕਰਾਂਗੇ। ਕਹਿੰਦੀ ਮੈਨੂੰ ਮਾੜਾ ਜਿਹਾ ਧੁੱਪ ਛਾਉਂ ਇਕ ਅੱਖ ਨਾਲ ਦਿਸਦੀ ਹੈ। ਕਿਰਿਆ ਮੈਂ ਕਰ ਲਿਆ ਕਰਾਂਗੀ। ਮੈਂ ਕਿਹਾ ਠੀਕ ਹੈ। ਡੇਰੇ ਵਿਚ ਆ ਗਈ, ਪਾਠ ਦੱਸ ਦਿਤਾ। ਸਵੇਰੇ ਦੋ ਵਜੇ ਉਠਿਆ ਕਰਦੀ ਸੀ, ਦੋ ਤੋਂ ਸੱਤ ਵਜੇ ਤੱਕ ਉਹਨੇ ਪਾਠ ਕਰਨਾ, ਉਸ ਤੋਂ ਬਾਅਦ ਕਿਸੇ ਨਾਲ ਨਹੀਂ ਸੀ ਬੋਲਦੀ, ਫੇਰ ਬਰਤਨ ਸਾਫ ਕਰੀ ਜਾਣੇ, ਝਾੜੂ ਦੇਈ ਜਾਣੇ। ਕੰਮ ਕਰੀ ਜਾਣਾ, ਸਬਜ਼ੀਆਂ ਕੱਟੀ ਜਾਣੀਆਂ। ਸੇਵਾ ਵੀ ਐਵੇਂ ਨਹੀਂ ਹੁੰਦੀ। ਸੇਵਾ ਬੜੀ ਵੱਡੀ ਚੀਜ਼ ਹੈ। ਉਸ ਤੋਂ ਬਾਅਦ ਜਦੋਂ ਵੀਹ ਦਿਨ ਲੰਘ ਗਏ, ਮੈਨੂੰ ਹਾਕ ਮਾਰੀ ਕਹਿੰਦੀ ਵੀਰ ਜੀ, ਉਰ੍ਹੇ ਆਇਓ। ਮੈਨੂੰ ਤਾਂ ਦਿਸਣ ਲੱਗ ਗਿਆ, ਤੁਹਾਡਾ ਚਿਹਰਾ ਹੁਣ ਦਿਸਦਾ ਹੈ ਪੂਰਾ। ਮੈਂ ਬਹੁਤ ਖੁਸ਼ ਹਾਂ ਮੇਰੀ ਅੱਖ ਖੁਲ੍ਹ ਗਈ। ਜੇ ਮੈਨੂੰ ਹੁਕਮ ਦੇਵੋਂ ਤਾਂ ਮੈਂ ਪੀ.ਜ਼ੀ.ਆਈ ਚੈਕ ਕਰਾ ਆਵਾਂ? ਬਲੱਡ ਪਰੈਸ਼ਰ ਦੂਜਾ। ਮੈਂ ਕਿਹਾ ਜਾ ਆ। ਇੰਤਜ਼ਾਮ ਕਰ ਦਿਤਾ। ਪੀ.ਜੀ.ਆਈ ਗਈ ਬਹੁਤ ਖੁਸ਼, ਕੋਠੀ ਆ ਗਈ ਕਹਿੰਦੀ ਮੇਰਾ ਬਲੱਡ ਪਰੈਸ਼ਰ ਨਾਰਮਲ, ਬਲੱਡ ਸ਼ੂਗਰ ਵੀ ਨਾਰਮਲ ਹੈ। ਡਾਕਟਰ ਕਹਿੰਦੇ ਕਿ ਕੀ ਦਵਾਈ ਖਾਧੀ ਹੈ? ਮੈਂ ਕਿਹਾ, ਦਵਾਈ ਤਾਂ ਕੋਈ ਨਹੀਂ ਖਾਧੀ, ਮੈਂ ਗੁਰਦੁਆਰੇ ਕਰਦੀ ਹਾਂ ਸੇਵਾ ਤੇ ਉਥੇ ਅਖੰਡਪਾਠ ਚਲਦੇ ਨੇ, ਰੋਜ਼ ਤਾਂ ਸਾਨੂੰ ਪ੍ਰਸ਼ਾਦ ਮਿਲਦਾ ਹੈ ਇਕ ਦਿਨ ਮੱਧ ਦਾ ਇਕ ਦਿਨ ਭੋਗ ਦਾ, ਇਕ ਦਿਨ ਨਵੇਂ ਪਾਠ ਰੱਖਣ ਦਾ। ਤਿੰਨ ਵਾਰੀ ਮਿਲਦਾ ਹੈ। ਬਾਕੀ ਗਰਮੀਆਂ ਦਾ ਮਹੀਨਾ ਹੋਣ ਕਰਕੇ ਲੱਡੂ, ਜਲੇਬੀਆਂ ਵਿਆਹ ਹੁੰਦੇ ਨੇ

ਆਈ ਜਾਂਦੇ ਨੇ। ਗੁੜ ਅਸੀਂ ਖਾਂਦੇ ਹਾਂ, ਰੋਟੀ ਤੋਂ ਬਾਅਦ। ਦੁੱਧ ਵੀ ਹੈ, ਘਿਉ ਵੀ ਹੈ ਸਭ ਕੁਛ ਹੈ। ਕਹਿੰਦੇ ਇਹ ਤਾਂ ਸ਼ੂਗਰ ਕਰਨ ਵਾਲੀਆਂ ਨੇ ਚੀਜ਼ਾਂ ਸਾਰੀਆਂ। ਕਹਿੰਦੀ, ਦੇਖ ਲਓ ਮੈਂ ਤਾਂ ਸੱਚ ਬੋਲਦੀ ਹਾਂ। ਖੁਸ਼ ਹੋਈ ਫਿਰੇ। ਨੌਂ ਮਹੀਨੇ ਜਦੋਂ ਹੋ ਗਏ, ਇਕ ਕਾਗਜ਼ ਵਿਚ ਪੱਥਰ ਪਾਈ ਫਿਰੇ, ਛੋਟੀਆਂ-ਛੋਟੀਆਂ ਰੋੜ੍ਹੀਆਂ। ਮੈਂ ਕਿਹਾ ਇਹ ਕੀ ਹੈ। ਕਹਿੰਦੀ ਅੱਜ ਮੇਰੇ ਅੰਦਰ ਜਿਹੜਾ ਪੱਥਰ ਸੀ ਗੁਰਦੇ 'ਚੋਂ ਨਿਕਲ ਗਿਆ ਤਿੰਨ ਟੁਕੜੇ ਹੋ ਕੇ। ਮੈਂ ਅਮਰੀਕਾ ਨੂੰ ਚਲਿਆ ਗਿਆ, ਜਦੋਂ ਮੈਂ ਮੁੜ ਕੇ ਆਇਆ। ਜਨਵਰੀ 'ਚ, ਉਹ ਬੜੀ ਉਦਾਸ ਬੈਠੀ, ਮੈਂ ਕਿਹਾ ਕੀ ਗੱਲ, ਤੂੰ ਉਦਾਸ ਹੈਂ? ਕਹਿੰਦੀ, ਹੁਣ ਸਮਾਂ ਤਾਂ ਨੇੜੇ ਹੀ ਆ ਗਿਆ, ਤੁਸੀਂ ਸਾਲ ਭਰ ਕਿਹਾ ਸੀ ਮੈਨੂੰ। ਸਾਲ ਹੋ ਗਿਆ ਤੇ ਮੈਂ ਹੁਣ ਕਾਣੀਓਂ ਜਾਊਂ ਘਰ ਨੂੰ। ਮੈਂ ਕਿਹਾ ਦੇਖ ਬੀਬੀ ਚਾਰ ਮਹੀਨੇ ਹੋਰ ਠਹਿਰ, ਇਹ ਹੋ ਨਹੀਂ ਸਕਦਾ ਕਿ ਗੁਰੂ ਸ਼ਬਦ ਜਿਹੜਾ ਹੈ ਤੈਨੂੰ ਰਾਜ਼ੀ ਨਾ ਕਰੇ। ਇਹ ਤਾਂ ਮਹਾਰਾਜ ਜੀ ਨੇ ਜਦੋਂ ਲਿਖ ਦਿਤਾ-

***ਸਰਬ ਰੋਗ ਕਾ ਅਉਖਦੁ ਨਾਮੁ॥ ਅੰਗ - ੨੭੪***

*ਹਰਿ ਅਉਖਧੁ ਸਭ ਘਟ ਹੈ ਭਾਈ ॥*
*ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥*
***ਅੰਗ - ੨੫੯***

ਉਹ ਦਵਾਈ ਤਾਂ ਵਾਹਿਗੁਰੂ ਨੇ ਅੰਦਰ ਰੱਖੀ ਹੋਈ ਹੈ। ਨਾਮ ਜਿਹਨੂੰ ਕਹਿੰਦੇ ਨੇ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ॥*
***ਅੰਗ - ੨੯੩***

20 ਜਨਵਰੀ ਨੂੰ ਉਹਦੀ ਦੂਜੀ ਅੱਖ ਖੁਲ੍ਹ ਗਈ। ਖੁਸ਼ੀਆਂ ਹੋ ਗਈਆਂ ਘਰ। ਦੋ ਸਾਲ ਦੀ ਬੰਦ ਹੋਈ ਅੱਖ ਤੋਂ ਮੁੜ ਕੇ ਦਿਸਣ ਲੱਗ ਗਿਆ। ਉਸ ਤੋਂ ਬਾਅਦ ਕਾਹਲੀ ਪੈ ਗਈ ਕਿ ਮੇਰੀ ਪੋਤੀ ਦਾ ਇਮਤਿਹਾਨ ਹੈ, ਮੈਂ ਕਿਹਾ ਤੂੰ ਜਾਹ ਨਾ, ਅਜੇ ਚਾਰ ਮਹੀਨੇ ਪੂਰੇ ਕਰ, ਕਹਿੰਦੀ ਨਾ ਮੇਰੀ ਤਾਂ ਪੋਤੀ ਦਾ ਇਮਤਿਹਾਨ ਹੈ, ਮੈਂ ਕਿਹਾ ਹੁਣ ਪੋਤੀ ਤੈਨੂੰ ਨਜ਼ਰ ਆ ਗਈ। ਮੈਂ ਕਿਹਾ, ਜਾਹ ਤੂੰ। ਗਈ ਤਾਂ ਡੇਢ ਨੰਬਰ ਲੱਗਿਆ ਐਨਕ ਦਾ। ਮੈਂ ਕਿਹਾ, ਬੀਬੀ ਜੇ ਚਾਰ ਮਹੀਨੇ ਪੂਰੇ ਕਰਦੀ ਨਾ ਤਾਂ ਤੈਨੂੰ ਗੁਰੂ ਸਾਹਿਬ ਨੇ ਬਿਲਕੁਲ ਬੱਚਿਆਂ ਵਾਲੀ ਅੱਖ ਦੇਣੀ ਸੀ। ਸੋ ਇਹ ਤਾਂ ਹੁੰਦੀਆਂ ਨੇ ਹੱਡ-ਬੀਤੀਆਂ ਗੱਲਾਂ। ਕੁਛ ਹੁੰਦੀਆਂ ਨੇ ਸੁਣੀਆਂ-ਸੁਣਾਈਆਂ। ਸੋ ਮਤਲਬ ਕੀ ਹੈ -

***ਸਰਬ ਰੋਗ ਕਾ ਅਉਖਦੁ ਨਾਮੁ ਅੰਗ - ੨੭੪***

ਸਾਰੀਆਂ ਬਿਮਾਰੀਆਂ ਨਿੰਦਿਆ, ਚੁਗਲੀ, ਈਰਖਾ, ਹਉਮੈ ਸਭ ਦਾ ਇਲਾਜ ਜੇ ਕੋਈ ਹੈ ਤਾਂ -

***ਸਰਬ ਰੋਗ ਕਾ ਅਉਖਦੁ ਨਾਮੁ॥ ਅੰਗ - ੨੭੪***

ਪਰ ਇਹ ਜਿਹੜਾ ਨਾਮ ਹੈ ਸਾਧਸੰਗਤ ਜੀ ਇਹ ਲੱਭਦਾ ਨਹੀਂ ਹੈ। ਇਹ ਪੂਰਾ ਗੁਰੂ ਮਿਲੇ ਤਾਂ ਜਾ ਕੇ ਕਿਤੇ ਨਾਮ ਦੀ ਦਾਤ ਪ੍ਰਾਪਤ ਹੁੰਦੀ ਹੈ।

***ਧਾਰਨਾ - ਨਾਮ ਪੂਰਿਆਂ ਗੁਰਾਂ ਤੋਂ ਮਿਲਦਾ***
***ਕਰਕੇ ਵਿਚਾਰ ਦੇਖ ਲੈ।***

*ਜਿਸੁ ਵਖਰ ਕਉ ਲੈਨਿ ਤੂ ਆਇਆ ॥*
*ਰਾਮ ਨਾਮੁ ਸੰਤਨ ਘਰਿ ਪਾਇਆ ॥*
*ਤਜਿ ਅਭਿਮਾਨੁ ਲੇਹੁ ਮਨ ਮੋਲਿ ॥*
*ਰਾਮ ਨਾਮੁ ਹਿਰਦੇ ਮਹਿ ਤੋਲਿ ॥*
*ਲਾਦਿ ਖੇਪ ਸੰਤਹ ਸੰਗਿ ਚਾਲੁ ॥*
*ਅਵਰ ਤਿਆਗਿ ਬਿਖਿਆ ਜੰਜਾਲ ॥*
*ਧੰਨਿ ਧੰਨਿ ਕਹੈ ਸਭੁ ਕੋਇ ॥*
*ਮੁਖ ਊਜਲ ਹਰਿ ਦਰਗਹ ਸੋਇ ॥*
*ਇਹੁ ਵਾਪਾਰੁ ਵਿਰਲਾ ਵਾਪਾਰੈ ॥*
*ਨਾਨਕ ਤਾ ਕੈ ਸਦ ਬਲਿਹਾਰੈ ॥ ਅੰਗ - ੨੮੩*

ਸਮਰੱਥ ਗੁਰੂ ਹੋਵੇ -

*ਬਿਨੁ ਸਤਿਗੁਰ ਨਾਉ ਨ ਪਾਈਐ*
*ਬੁਝਹੁ ਕਰਿ ਵੀਚਾਰੁ ॥*
*ਨਾਨਕ ਪੂਰੈ ਭਾਗਿ ਸਤਿਗੁਰੁ ਮਿਲੈ*
*ਸੁਖੁ ਪਾਏ ਜੁਗ ਚਾਰਿ ॥ ਅੰਗ - ੬੪੯*

ਹੁਣ ਨਾਮ ਨਹੀਂ ਮਿਲਦਾ ਗੁਰੂ ਤੋਂ ਬਗੈਰ, ਗੁਰੂ ਨਹੀਂ ਮਿਲਦਾ ਪੂਰੇ ਭਾਗਾਂ ਤੋਂ ਬਗੈਰ। ਮੱਥੇ 'ਚ ਲਿਖਿਆ ਹੋਵੇ -

*ਜਿਨ ਮਸਤਕਿ ਧੁਰਿ ਹਰਿ ਲਿਖਿਆ*
*ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ ॥*
***ਅੰਗ - ੪੫੦***

ਅਸੀਂ ਕਹਿੰਦੇ ਹਾਂ ਜੀ ਸਾਨੂੰ ਤਾਂ ਮਿਲ ਗਿਆ, ਅਸੀਂ ਤਾਂ ਗੁਰੂ ਨਾਨਕ ਸਾਹਿਬ ਨੂੰ ਗੁਰੂ ਮੰਨਦੇ ਹਾਂ। ਐਉਂ ਨਹੀਂ ਗੱਲ ਬਣਿਆ ਕਰਦੀ। ਗੁਰੂ ਮੰਨਣ ਨਾਲ ਨਹੀਂ ਹੁੰਦਾ। ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਤਲਵੰਡੀ ਸਾਬੋ ਜਿਹਨੂੰ ਦਮਦਮਾ ਸਾਹਿਬ ਕਹਿੰਦੇ ਨੇ, ਡੱਲਾ ਬੜੀ ਸੇਵਾ ਕਰਦਾ ਹੈ, ਇਕ ਦਿਨ ਸਾਰੀ ਰਾਤ ਪਹਿਰੇ ਤੇ ਰਿਹਾ, ਗੁਰੂ ਮਹਾਰਾਜ ਨੇ ਚਾਰ ਵਾਰੀ ਬੁਲਾਇਆ, ਪਹਿਰੇ 'ਤੇ ਕੌਣ ਹੈ? ਮੈਂ ਜੀ ਡੱਲਾ। ਸਰਦਾਰ ਸੀ ਓਸ ਇਲਾਕੇ ਦਾ, ਫੌਜਾਂ ਰੱਖਿਆ ਕਰਦਾ ਸੀ, ਮਹਾਰਾਜ ਪ੍ਰਸੰਨ ਹੋ ਗਏ ਕਹਿੰਦੇ ਡੱਲਿਆ ਸਾਨੂੰ ਸਵੇਰੇ ਮਿਲੀਂ। ਬੜਾ ਖੁਸ਼ ਹੋ ਗਿਆ ਅੱਜ ਪਤਾ ਨਹੀਂ ਗੁਰੂ ਮਹਾਰਾਜ ਮੈਨੂੰ ਕੀ ਬਖਸ਼ਿਸ਼ਾਂ ਕਰ ਦੇਣਗੇ। ਉਸ ਤੋਂ ਬਾਅਦ ਜਦੋਂ

ਗੁਰੂ ਮਹਾਰਾਜ ਨੂੰ ਮਿਲਿਆ ਤਾਂ ਕਹਿੰਦੇ ਦੱਸ ਡੱਲਿਆ! ਕੀ ਦੇਈਏ ਤੈਨੂੰ? ਦਿੱਲੀ ਦਾ ਤਖਤ ਦਿਵਾ ਦੇਈਏ? ਕਹਿੰਦਾ ਨਹੀਂ ਮਹਾਰਾਜ। ਰਿੱਧੀਆਂ-ਸਿੱਧੀਆਂ? ਕਹਿੰਦਾ ਨਹੀਂ ਮਹਾਰਾਜ। ਕਹਿੰਦੇ, ਫੇਰ ਤੂੰ ਦੱਸ ਦੇ ਤੂੰ ਕੀ ਲੈਣਾ ਹੈ? ਕਹਿੰਦਾ, ਮਹਾਰਾਜ ਮੈਨੂੰ ਆਪਣੀ ਦਰਗਾਹ 'ਚ ਪੀੜ੍ਹੀ ਜੋਗਾ ਥਾਉਂ ਦੇ ਦਿਓ। ਮਹਾਰਾਜ ਕਹਿੰਦੇ, ਡੱਲਿਆ! ਪੀੜ੍ਹੀ ਜੋਗਾ, ਜੇ ਤੂੰ ਮੰਗਦਾ ਕਿ ਮੈਨੂੰ ਸੂਈ ਦੇ ਨੱਕੇ ਜਿੰਨਾ ਥਾਉਂ ਚਾਹੀਦਾ ਹੈ ਓਨਾ ਦੇ ਦਿਓ। ਓਹ ਵੀ ਨਹੀਂ ਤੈਨੂੰ ਮਿਲ ਸਕਦਾ ਸੀ। ਕਹਿਣ ਲੱਗਿਆ, ਮਹਾਰਾਜ! ਫੇਰ ਤੁਸੀਂ ਤਾਂ ਮੇਰੇ ਤੇ ਬੜੇ ਪ੍ਰਸੰਨ ਹੋਏ ਸੀ। ਕਹਿੰਦੇ, ਦੁਨੀਆਂ ਮੰਗ ਲੈ, ਦੁਨੀਆਂ ਦੇ ਦੇਵਾਂਗੇ, ਦਰਗਾਹ ਦੇ ਵਿਚ ਨਹੀਂ ਤੂੰ ਸਾਡੀ ਜਾ ਸਕਦਾ। ਜਾਹ ਕਿਸੇ ਗੁਰਸਿੱਖ ਨੂੰ ਪੁੱਛ ਲੈ। ਬਾਹਰ ਚਲਿਆ ਗਿਆ ਪੁੱਛਿਆ ਕਿ ਮੈਨੂੰ ਐਉਂ ਕਹਿ ਦਿਤਾ ਗੁਰੂ ਸਾਹਿਬ ਨੇ? ਕਹਿੰਦੇ, ਪਿਆਰਿਆ! ਜਦੋਂ ਤਕ ਗੁਰੂ ਤੋਂ ਤੂੰ ਪੂਰੀ ਵਿਧੀ ਨਾਲ ਨਾਮ ਨਹੀਂ ਨਾ ਲੈ ਲੈਂਦਾ। ਓਨੀਂ ਦੇਰ ਤੱਕ ਤੇਰਾ ਤੇ ਗੁਰੂ ਦਾ ਸੰਜੋਗ ਨਹੀਂ ਬਣਦਾ। ਦੁਨੀਆਂ ਦੀਆਂ ਚੀਜ਼ਾਂ ਮਿਲ ਜਾਣਗੀਆਂ। ਪਰ ਰੂਹਾਨੀ ਸਬੰਧ ਨਹੀਂ ਹੋਇਆ ਕਰਦਾ। ਜੇ ਤੂੰ ਰੂਹਾਨੀ ਸਬੰਧ ਗੁਰੂ ਦੇ ਨਾਲ ਬਣਾਉਣਾ ਹੈ ਤਾਂ ਤੈਨੂੰ ਨਾਮ ਲੈਣਾ ਪਵੇਗਾ। ਨਾਮ ਦਿੰਦੇ ਨੇ ਪੰਜ ਪਿਆਰੇ, ਪਹਿਲਾਂ ਅੰਮ੍ਰਿਤ ਛਕਾਉਂਦੇ ਨੇ, ਉਸ ਤੋਂ ਬਾਅਦ ਫੇਰ ਗੁਰੂ ਦੀ ਦਰਗਾਹ ਮਿਲਦੀ ਹੈ। ਗੁਰੂ ਕਲਗੀਧਰ ਨੂੰ ਜੇ ਤੂੰ ਮਿਲਣਾ ਹੈ ਤਾਂ ਸੁਣ ਲੈ ਤੂੰ -

***ਧਾਰਨਾ - ਜੇ ਮਿਲਣੈ ਕਲਗੀਆਂ ਵਾਲੇ ਨੂੰ,***
***ਜੇ ਮਿਲਣੈ ਵਾਜਾਂ ਵਾਲੇ ਨੂੰ,***
***ਖੰਡੇ ਦਾ ਅੰਮ੍ਰਿਤ ਛਕ ਲੈ।***

***ਹਰਿ ਸੱਚੇ ਤਖਤ ਰਚਾਇਆ ਸਤਿ ਸੰਗਤਿ ਮੇਲਾ। ਨਾਨਕ ਨਿਰਭਉ ਨਿਰੰਕਾਰੁ ਵਿਚਿ ਸਿਧਾਂ ਖੇਲਾ। ਗੁਰੁ ਸਿਮਰਿ ਮਨਾਈ ਕਾਲਕਾ ਖੰਡੇ ਕੀ ਵੇਲਾ। ਪੀਵਹੁ ਪਾਹੁਲ ਖੰਡਧਾਰ ਹੁਇ ਜਨਮ ਸੁਹੇਲਾ। ਗੁਰ ਸੰਗਤਿ ਕੀਨੀ ਖ਼ਾਲਸਾ ਮਨਮੁਖੀ ਦੁਹੇਲਾ। ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ।***

***ਭਾਈ ਗੁਰਦਾਸ ਜੀ, ਵਾਰ 41/1***

ਡੱਲਿਆ! ਨਾਮ ਮਿਲਦਾ ਹੈ ਪੰਜ ਪਿਆਰਿਆ ਤੋਂ। ਪੰਜ ਪਿਆਰਿਆਂ ਤੋਂ ਨਾਮ ਲੈਣ ਵਾਸਤੇ ਹਰ ਸੂਰਤ ਦੇ ਵਿਚ ਅੰਮ੍ਰਿਤ ਛਕਣਾ ਪੈਣਾ ਹੈ। ਤੂੰ ਜੇ ਗੁਰੂ ਸਾਹਿਬ ਤੋਂ ਦਰਗਾਹ ਦੇ ਵਿਚ ਥਾਉਂ ਲੈਣਾ ਹੈਂ, ਭੋਰਾ ਕੁ ਕਿਉਂ ਮੰਗਦਾ ਹੈ, ਪੀੜ੍ਹੀ ਜੋਗਾ -

***ਸਤਿਗੁਰ ਸੇਤੀ ਰਤਿਆ***
***ਦਰਗਹ ਪਾਈਐ ਠਾਉ ॥ ਅੰਗ - ੫੧੭***

ਮੁਰੱਬੇ ਰੋਕ ਲਈ ਬੇਸ਼ੱਕ ਦਰਗਾਹ 'ਚ। ਗੁਰੂ ਦਾ ਬਣ ਸਹੀ। ਸਤਿਕਾਰ ਕਰਨ ਤੇ ਮੱਥੇ ਟੇਕਣ ਦੇ, ਰੁਮਾਲੇ ਚਾੜ੍ਹਨ 'ਤੇ, ਅਖੰਡਪਾਠ ਕਰਾਉਣ ਤੇ, ਨਹੀਂ ਗੁਰੂ ਦਾ ਬਣਦਾ, ਜਦੋਂ ਤੱਕ ਗੁਰੂ ਤੋਂ ਨਾਮ ਨਹੀਂ ਲੈਂਦਾ। ਜਦੋਂ ਨਾਮ ਲੈ ਲਿਆ, ਫੇਰ ਗੁਰੂ ਜ਼ਿੰਮੇਵਾਰ ਹੋ ਜਾਂਦਾ ਹੈ ਸਾਰੀਆਂ ਚੀਜ਼ਾਂ ਦਾ। ਜੇ ਨਹੀਂ ਮਿਲਿਆ -

***ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ***
***ਧ੍ਰਿਗੰਤ ਜਨਮ ਭ੍ਰਸਟਣਹ ॥ ਅੰਗ - ੧੩੫੬***

***ਧਾਰਨਾ - ਕਾਵਾਂ ਕੁੱਤਿਆਂ ਗਧਿਆ***
***ਦੀ ਜੂਨੀ ਪੈਣਗੇ***
***ਜਿਨ੍ਹਾਂ ਨੇ ਗੁਰੂ ਨਹੀਂਓਂ ਧਾਰਿਆ।***

ਜੋ ਗੁਰੂ ਮੰਤ੍ਰ ਦਿੰਦਾ ਹੈ, ਜੋ ਜਿਹਨੂੰ ਨਹੀਂ ਮਿਲਿਆ ਪੂਰੀ ਵਿਧੀ ਦੇ ਨਾਲ ਕਹਿੰਦੇ ਸੌ ਵਾਰੀ ਫਿੱਟੇਮੂੰਹ ਉਸਦੇ। ਭ੍ਰਿਸਟਿਆ ਹੋਇਆ ਜਨਮ ਹੈ ਉਸਦਾ, ਜੂਨ ਪੂਰੀ ਕਰਨ ਵਾਸਤੇ ਆਇਆ ਹੈ ਤੇ ਉਹਦੀ ਤੁਲਨਾ -

***ਕੂਕਰਹ ਸੂਕਰਹ ਗਰਧਭਹ***
***ਕਾਕਹ ਸਰਪਨਹ ਤੁਲਿ ਖਲਹ ॥ ਅੰਗ - ੧੩੫੬***

ਸੋ ਇਸ ਤਰ੍ਹਾਂ ਦੇ ਨਾਲ ਨਾਮ ਜਿਹਨੂੰ ਪ੍ਰਾਪਤ ਹੋ ਗਿਆ ਉਹ ਨਾਮ ਸਾਰੀਆਂ ਬਿਮਾਰੀਆਂ, ਸਾਰੇ ਰੋਗ, ਸਾਰੇ ਤੋਟੇ -

***ਜਿਸੁ ਨਾਮੁ ਰਿਦੈ ਸੋਈ ਵਡ ਰਾਜਾ ॥***
***ਅੰਗ - ੧੧੫੫***

ਰਾਜਿਆਂ ਦਾ ਰਾਜਾ ਹੈ -

***ਜਿਸ ਨੋ ਬਖਸੇ ਸਿਫਤਿ ਸਾਲਾਹ ॥***
***ਨਾਨਕ ਪਾਤਿਸਾਹੀ ਪਾਤਿਸਾਹੁ ॥ ਅੰਗ - ੫***

ਸੋ ਏਸ ਤਰ੍ਹਾਂ ਦੇ ਨਾਲ -

***ਰਾਜਾ ਸਗਲੀ ਸ੍ਰਿਸਟਿ ਕਾ***
***ਹਰਿ ਨਾਮਿ ਮਨੁ ਭਿੰਨਾ॥ ਅੰਗ - ੭੦੭***

ਇਹ ਨਾਮ ਮਿਲਦਾ ਹੈ ਪੂਰੇ ਗੁਰੂ ਤੋਂ ਸਮਰੱਥ ਗੁਰੂ ਤੋਂ। ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ ਇਥੇ ਹੀ ਸਮਾਪਤੀ ਹੈ।

# ਜੁਗਤੀ ਸੇਵਾ ਸਿਮਰਨ

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥*
*ਅੰਗ - ੨੮੯*

***ਧਾਰਨਾ - ਲੇਖੇ ਵਿਚ ਲਾ ਲਓ ਜੀ,***
***ਜਨਮ ਤੁਮਾਰੇ ਲੇਖੇ।***

*ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ*
*ਅਬ ਪਤੀਆਰੁ ਕਿਆ ਕੀਜੈ ॥*
*ਬਚਨੀ ਤੋਰ ਮੋਰ ਮਨੁ ਮਾਨੈ*
*ਜਨ ਕਉ ਪੂਰਨੁ ਦੀਜੈ ॥ ੧ ॥*
*ਹਉ ਬਲਿ ਬਲਿ ਜਾਉ ਰਮਈਆ ਕਾਰਨੇ ॥*
*ਕਾਰਨ ਕਵਨ ਅਬੋਲ ॥ ਰਹਾਉ ॥*
*ਬਹੁਤ ਜਨਮ ਬਿਛੁਰੇ ਥੇ ਮਾਧਉ*
*ਇਹੁ ਜਨਮੁ ਤੁਮ੍ਹਾਰੇ ਲੇਖੇ ॥*
*ਕਹਿ ਰਵਿਦਾਸ ਆਸ ਲਗਿ ਜੀਵਉ*
*ਚਿਰ ਭਇਓ ਦਰਸਨੁ ਦੇਖੇ ॥ ਅੰਗ - ੬੯੪*

***ਧਾਰਨਾ - ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,***
***ਸੇਵਾ ਕਰਕੇ ਮਾਨ ਪਾਈਦੈ।***

*ਵਿਚਿ ਦੁਨੀਆ ਸੇਵ ਕਮਾਈਐ ॥*
*ਤਾ ਦਰਗਹ ਬੈਸਣੁ ਪਾਈਐ ॥*
*ਕਹੁ ਨਾਨਕ ਬਾਹ ਲੁਡਾਈਐ ॥ ਅੰਗ - ੨੬*

ਕੱਲ੍ਹ ਬੇਨਤੀ ਕੀਤੀ ਗਈ ਸੀ ਕਿ ਨਾਮ ਜਪਣ ਦੇ ਨਾਲ ਕੋਈ ਵੀ ਸੰਸਾਰ ਦਾ ਦੁੱਖ, ਸਰੀਰਕ ਬਿਮਾਰੀ, ਰਾਜਸੀ ਦੁੱਖ, ਮਾਨਸਿਕ ਦੁਖ, ਕੋਈ ਦੁੱਖ ਨਹੀਂ ਰਿਹਾ ਕਰਦਾ, ਸਾਰੇ ਦੁਖਾਂ ਦਾ ਖਾਤਮਾ ਹੋ ਜਾਂਦਾ ਹੈ। ਇਹ ਕੋਈ ਐਵੇਂ ਗੱਲ ਨਹੀਂ ਹੈ, ਜੇ ਇਹਨੂੰ ਸਾਇੰਟਿਫਿਕ ਢੰਗ ਨਾਲ ਸੋਚਿਆ ਜਾਵੇ, (ਵਿਗਿਆਨਕ ਢੰਗ ਦੇ ਨਾਲ) ਉਹ ਇਹ ਹੈ ਕਿ ਸੰਸਾਰ ਦੇ ਅੰਦਰ, super energy ਹੈ, ਬਹੁਤ ਵੱਡੀ ਸ਼ਕਤੀ ਜਿਹਨੂੰ ਵਾਹਿਗੁਰੂ ਅੱਲਾਹ, ਗੋਬਿੰਦ, ਰਾਮ ਕਹਿ ਕੇ ਅਸੀਂ ਸੰਬੋਧਨ ਕਰਦੇ ਹਾਂ। ਉਹ ਸਾਡੇ ਸਰੀਰ ਦੇ ਅੰਦਰ ਵੀ ਹੈ, ਕਣ-ਕਣ ਦੇ ਅੰਦਰ ਵੀ ਹੈ, ਸਾਡਾ ਸਰੀਰ ਜੋ ਹੈ ਜਿਵੇਂ ਕਿਸੇ ਮਕਾਨ ਨੂੰ ਇੱਟਾਂ ਲੱਗੀਆਂ ਹੁੰਦੀਆਂ ਨੇ, ਏਸ ਨੂੰ 2 ਖਰਬ, 15 ਅਰਬ ਸੈਲ ਲੱਗੇ ਹੋਏ ਨੇ। ਗਿਣਤੀ ਹੀ ਨਹੀਂ ਹੋ ਸਕਦੀ, ਜੇ ਕੋਈ ਰਾਜ ਐਨੀਆਂ ਇੱਟਾਂ ਲਾਵੇ, ਉਹਨੂੰ 20-25 ਜਨਮ ਜਾਂ ਸੌ ਜਨਮ ਚਾਹੀਦਾ ਹੈ ਤਾਂ ਐਨੀਆਂ ਕੁ ਇੱਟਾਂ ਲਾ ਸਕਦਾ ਹੈ। ਵਾਹਿਗੁਰੂ ਜੀ ਕਿੰਨਾ ਚਿਰ ਲਾਉਂਦੇ ਨੇ। ਪਹਿਲਾਂ ਹੀ ਬਣਿਆ ਬਣਾਇਆ ਹੁੰਦਾ ਹੈ, ਵੱਧ ਜਾਂਦਾ ਹੈ, ਫੈਲ ਜਾਂਦਾ ਹੈ। ਐਸ ਸਰੀਰ ਦੇ ਅੰਦਰ ਹੀ ਪ੍ਰਮੇਸ਼ਰ ਹੈ।

*ਕਾਇਆ ਨਗਰੁ ਨਗਰ ਗੜ ਅੰਦਰਿ ॥*
*ਸਾਚਾ ਵਾਸਾ ਪੁਰਿ ਗਗਨੰਦਰਿ ॥*
*ਅਸਥਿਰੁ ਥਾਨੁ ਸਦਾ ਨਿਰਮਾਇਲੁ*
*ਆਪੇ ਆਪੁ ਉਪਾਇਦਾ ॥ ਅੰਗ - ੧੦੩੩*

ਐਹ ਦੇਹੀ ਵਿਚ ਵਸਦਾ ਹੈ ਵਾਹਿਗੁਰੂ, ਪਰ ਹਉਮੈ ਦਾ ਪੜਦਾ ਪੈ ਕੇ ਉਹਦੀ ਜਿਹੜੀ ਸ਼ਕਤੀ ਹੈ, ਉਹ ਐਸ ਸਰੀਰ ਤੋਂ ਬਾਹਰ ਨਹੀਂ ਆਉਂਦੀ, ਸਰੀਰ ਦੇ ਰਾਹੀਂ ਨਹੀਂ ਪ੍ਰਗਟ ਹੁੰਦੀ। ਓਨੀਂ ਕੁ ਹੁੰਦੀ ਹੈ ਜਿੰਨੀ ਕੁ ਸਰੀਰ ਸਾਂਭ ਲਵੇ, ਜਿਵੇਂ ਤੁਸੀਂ ਸਾਰੇ ਹੀ ਜਾਣਦੇ ਹੋਂ, 11 ਹਜ਼ਾਰ ਵਾਟ ਦੀ ਵੱਡੀ ਲਾਈਨ ਹੁੰਦੀ ਹੈ ਬਿਜਲੀ ਦੀ, ਇਹਦੇ ਵਿਚ ਜੇ ਬਲਬ ਲਾ ਦਿਓ, ਪਟਾਕਾ ਮਾਰ ਕੇ ਔਹ ਜਾਏਗੀ, ਇਹਦੇ ਨਾਲ ਜੇ ਟਿਊਬਾਂ ਲਾ ਦਿਓ, ਟਿਊਬਾਂ ਸਭ ਭੰਨ ਦਏਗੀ, ਫਿਊਜ਼ ਕਰ ਦਏਗੀ ਜਿੰਨੀਆਂ ਮਸ਼ੀਨਾਂ ਨੇ ਕਿਉਂਕਿ ਬਹੁਤੀ ਤਾਕਤ ਹੈ। ਇਹਦੀ ਤਾਕਤ ਫੇਰ ਘੱਟ ਕਰਦੇ ਨੇ। ਟਰਾਂਸਫਾਰਮਰ ਲਗਾਉਂਦੇ ਨੇ। 440 ਵਾਟ ਟਿਊਬਵੈਲਾਂ ਨੂੰ ਲਗਦੀ ਹੈ, 220 ਘਰਾਂ 'ਚ ਆਉਂਦੀ ਹੈ, ਅਮਰੀਕਾ 'ਚ 110 ਆਉਂਦੀ ਹੈ, ਓਨੀਂ ਤਾਕਤ ਦੇ ਨਾਲ, ਜਿੰਨਿਆਂ ਨਾਲ ਬਲਬ ਨਾ ਸੜਨ, ਕੰਮ ਚਲ ਜਾਵੇ। ਇਸੇ ਤਰ੍ਹਾਂ ਏਸ ਸਰੀਰ ਦੇ ਵਿਚੋਂ ਇਹ ਜਿਹੜੀ ਸ਼ਕਤੀ ਹੈ ਇਹ ਇਹਦੇ ਅੰਦਰ ਆਉਂਦੀ ਹੈ ਟਰਾਂਸਫਾਰਮਰ ਦੇ ਮੁਤਾਬਿਕ, ਜਿੰਨਾ ਕੁ ਜੀਵ ਸਹਿ ਸਕਦਾ ਹੈ, ਕਿਉਂਕਿ ਇਹ ਤਾਂ ਬੇ-ਹਿਸਾਬੀ ਸ਼ਕਤੀ ਹੈ ਸਹਿ ਨਹੀਂ ਹੁੰਦੀ। ਇਹਦੇ ਵਿਚ ਇਕ ਪੜਦਾ ਪੈ ਗਿਆ, ਹਉਮੈ ਦਾ, ਜਿਵੇਂ ਆਪਾਂ ਸਵਿੱਚ ਬੰਦ ਕਰ ਦਿੰਦੇ ਹਾਂ, ਤਾਰਾਂ 'ਚ ਤਾਂ ਬਿਜਲੀ ਹੁੰਦੀ ਹੈ, ਪਰ ਸਵਿੱਚ ਤੋਂ ਅੱਗੇ ਨਹੀਂ ਚਲਦੀ, ਜਾਂ ਐਉਂ ਸਮਝ ਲਓ ਕਿ ਕਾਰਬਨ ਆ ਜਾਂਦੀ ਹੈ। ਉਹ ਫੇਰ ਅੱਗੇ ਬਿਜਲੀ ਪਾਸ ਨਹੀਂ ਹੁੰਦੀ। ਐਸੇ ਤਰ੍ਹਾਂ ਸਾਡੇ ਮਨ ਦੇ ਅੰਦਰ ਕਰੋੜਾਂ ਹੀ ਜਨਮਾਂ ਦੀ ਕਾਲਖ ਲੱਗੀ ਹੋਣ ਕਰਕੈ ਉਹ ਕਾਰਬਨ ਵਾਹਿਗੁਰੂ ਦੀ ਸ਼ਕਤੀ ਨੂੰ ਅੱਗੇ ਨਹੀਂ ਜਾਣ ਦਿੰਦੀ। ਫੇਰ ਕਰਿਆ ਕੀ ਜਾਵੇ? ਮਹਾਰਾਜ ਕਹਿੰਦੇ -

*ਮਿਲਿ ਸੰਤ ਸਭਾ ਮਨੁ ਮਾਂਜੀਐ ਭਾਈ*
*ਹਰਿ ਕੈ ਨਾਮਿ ਨਿਵਾਸੁ ॥ ਅੰਗ - ੬੩੯*

ਸਤਿਸੰਗ 'ਚ ਆ ਕੇ ਤੂੰ ਮਨ ਨੂੰ ਮਾਂਜ ਇਹਦੇ ਉਤੇ ਜਿਹੜੇ ਜੰਗਾਲ ਚੜ੍ਹੇ ਪਏ ਨੇ, ਉਹ ਦੂਰ ਕਰ। ਉਸ ਤੋਂ ਬਾਅਦ ਜਦੋਂ ਓਸ ਸ਼ਕਤੀ ਨਾਲ ਤੇਰਾ ਸਬੰਧ ਹੋ ਜਾਏਗਾ, ਓਸ ਵੇਲੇ ਕੀ ਹੋਏਗਾ? ਮਹਾਰਾਜ ਕਹਿੰਦੇ, ਸਾਰੇ ਰੋਗ ਖਤਮ ਹੋ ਜਾਣਗੇ। ਕੋਈ ਬਿਮਾਰੀ ਨਹੀਂ ਰਹੇਗੀ ਬਿਲਕੁਲ ਵੀ -

*ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ*
*ਮਨ ਤਨ ਭਏ ਅਰੋਗਾ ॥ ਅੰਗ - ੬੧੧*

ਮਨ ਵੀ ਤੇ ਤਨ ਵੀ ਦੋਵੇਂ ਅਰੋਗ ਹੋ ਜਾਣਗੇ। ਸੋ ਏਧਰੋਂ ਜਦੋਂ ਅਸੀਂ ਬਾਣੀ ਪੜ੍ਹਦੇ ਹਾਂ, ਨਾਮ ਜਪਦੇ ਹਾਂ, ਕਿਸੇ ਵਿਰਲੇ-ਵਿਰਲੇ ਪ੍ਰੇਮੀ ਨੂੰ ਸੋਝੀ ਹੈ ਕਿ ਨਾਮ ਕੀ ਹੁੰਦਾ ਹੈ। ਨਹੀਂ ਤਾਂ ਪਤਾ ਨਹੀਂ ਹੁੰਦਾ। ਨਾ ਪਾਠ ਕਰਨ ਵਾਲਿਆਂ ਨੂੰ ਪਤਾ ਲਗਦਾ ਹੈ, ਨਾ ਪ੍ਰਚਾਰ ਕਰਨ ਵਾਲਿਆਂ ਨੂੰ ਪਤਾ ਲਗਦਾ ਹੈ, ਨਾ ਕਥਾ ਕਰਨ ਵਾਲਿਆਂ ਨੂੰ ਪਤਾ ਲਗਦਾ ਹੈ, ਕਿਉਂਕਿ ਉਹ ਚੀਜ਼ ਗੱਲਾਂਬਾਤਾਂ ਦੀ ਨਹੀਂ ਹੈ। ਉਹ ਤਾਂ ਪ੍ਰੈਕਟੀਕਲ ਹੈ। ਜਦੋਂ ਅਸੀਂ ਨਾਮ ਜਪਾਂਗੇ, ਸਾਡੀ ਕਦੇ ਨਾ ਕਦੇ ਸੁਰਤ ਉਸ ਦੇ ਨਾਲ ਜੁੜ ਜਾਏਗੀ, ਜਦੋਂ ਜੁੜ ਗਈ ਸਾਡਾ ਸਰੀਰ ਰਾਜ਼ੀ ਹੋ ਜਾਏਗਾ। ਫੇਰ ਨਹੀਂ ਅਸੀਂ ਬਿਮਾਰ ਹੁੰਦੇ। ਬਿਮਾਰੀ ਦਾ ਇਲਾਜ ਪ੍ਰਮੇਸ਼ਰ ਦਾ ਨਾਮ ਹੈ। ਬਹੁਤ ਸਾਰੇ ਐਸੇ ਆਸ਼ਰਮ ਬਣ ਗਏ ਨੇ, ਜਿਥੇ ਇਕੱਠੇ ਕਰਦੇ ਨੇ ਬਿਮਾਰਾਂ ਨੂੰ ਤੇ ਉਨ੍ਹਾਂ ਨੂੰ ਬਾਣੀ ਪੜ੍ਹਾਉਂਦੇ ਨੇ, ਨਾਮ ਜਪਾਉਂਦੇ ਨੇ, ਉਹ ਰਾਜ਼ੀ ਹੋ ਕੇ ਆ ਜਾਂਦੇ ਨੇ। ਕੱਲ੍ਹ ਮੈਂ ਬੇਨਤੀ ਕਰੀ ਸੀ, ਉਨ੍ਹਾਂ ਪ੍ਰੇਮੀਆਂ ਦੀ ਜਿਹੜੇ ਰਾਜ਼ੀ ਹੋਏ, ਇਕ ਨਹੀਂ ਸੈਂਕੜਿਆਂ ਦੀ ਤਾਦਾਦ 'ਚ।

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥*
*ਕਲਿ ਕਲੇਸ ਤਨ ਮਾਹਿ ਮਿਟਾਵਉ॥*
*ਅੰਗ - ੨੬੨*

ਜਦੋਂ ਕਲਾ ਤੇ ਕਲੇਸ਼ ਮਨ 'ਚੋਂ ਮਿਟ ਗਿਆ, ਫੇਰ ਸਰੀਰ ਰਾਜ਼ੀ ਹੋ ਜਾਂਦਾ ਹੈ। ਦੂਸਰਾ ਹੈ ਸੇਵਾ ਕਰਨ 'ਤੇ, ਦੁਨੀਆਂ ਦੇ ਵਿਚ ਸੇਵਾ ਕਰਨ ਤੇ ਕਿੱਡੀ ਪਦਵੀ ਪ੍ਰਾਪਤ ਹੁੰਦੀ ਹੈ -

*ਹਰਿ ਕਾ ਸੇਵਕੁ ਸੋ ਹਰਿ ਜੇਹਾ ॥*
*ਭੇਦੁ ਨ ਜਾਣਹੁ ਮਾਣਸ ਦੇਹਾ ॥*
*ਜਿਉ ਜਲ ਤਰੰਗ ਉਠਹਿ ਬਹੁ ਭਾਤੀ*
*ਫਿਰਿ ਸਲਲੈ ਸਲਲ ਸਮਾਇਦਾ ॥*
*ਅੰਗ - ੧੦੭੬*

ਉਹ ਵਾਹਿਗੁਰੂ ਦਾ ਰੂਪ ਹੋ ਜਾਂਦਾ ਹੈ, ਵਾਹਿਗੁਰੂ ਤੋਂ ਅੱਡ ਨਹੀਂ ਹੁੰਦਾ। ਐਡੀ ਵੱਡੀ ਪਦਵੀ ਸੇਵਾ ਨਾਲ ਹੈ। ਸੇਵਾ ਤੇ ਸਿਮਰਨ ਗੁਰੂ ਘਰ ਤੇ ਅੰਦਰ ਦੋ ਜ਼ਰੂਰੀ ਚੀਜ਼ਾਂ ਨੇ। ਪਹਿਲਿਆਂ ਜ਼ਮਾਨਿਆਂ 'ਚ, ਹੁਣ ਤਾਂ ਮੈਨੂੰ ਪਤਾ ਨਹੀਂ, ਜਦੋਂ ਮੈਂ ਇਥੇ ਹੁੰਦਾ, ਆਹ ਗੁਰਦੁਆਰੇ ਟੂਟੀਆਂ ਲੱਗੀਆਂ ਹੁੰਦੀਆਂ ਸੀ, ਆਹ ਹੁਣ ਹੋਰ ਤਰ੍ਹਾਂ ਨੇ ਪਹਿਲਾਂ ਹੋਰ ਤਰ੍ਹਾਂ ਸੀ। ਇਥੇ ਆ ਕੇ ਸਾਰੇ ਪਿੰਡ ਦੇ ਜਿੰਨੇ ਵੀ ਬੰਦਗੀ ਕਰਨ ਵਾਲੇ ਸੀ ਅੰਮ੍ਰਿਤ ਵੇਲੇ ਦੋ ਵਜੇ ਇਸ਼ਨਾਨ ਕਰਿਆ ਕਰਦੇ ਸੀ। ਬ੍ਰਾਹਮਣ ਲੋਕ ਵੀ ਕਰਦੇ ਸੀ, ਦੂਸਰੇ ਵੀ ਕਰਦੇ ਸੀ, ਉਹ ਨਾਮ ਜਪਣ ਵਾਸਤੇ ਗੁਰਦੁਆਰੇ ਦੀਆਂ ਪ੍ਰਕਰਮਾ 'ਚ ਹੀ ਬਹਿ ਜਾਂਦੇ ਸੀ, ਆਪਣੇ-ਆਪਣੇ ਢੰਗ ਨਾਲ। ਕਿਉਂਕਿ ਗੁਰੂ ਘਰ ਤਾਂ ਸਭ ਦਾ ਸਾਂਝਾ ਹੈ, ਚਾਹੇ ਇਥੇ ਨਮਾਜ਼ ਪੜ੍ਹ ਲੈ, ਚਾਹੇ ਗਾਇਤ੍ਰੀ ਪੜ੍ਹੀ ਜਾਹ, ਚਾਹੇ ਜਪੁਜੀ ਸਾਹਿਬ ਪੜ੍ਹੀ ਜਾਹ। ਇਹ ਤਾਂ ਰੱਬ ਦਾ ਘਰ ਹੈ, ਇਥੇ ਤਾਂ ਰੱਬ ਦੀ ਗੱਲ ਹੋਣੀ ਹੀ ਹੋਣੀ ਹੈ। ਪ੍ਰਮੇਸ਼ਰ ਦਾ ਨਾਮ ਜਪਣਾ ਹੀ ਹੈ, ਕੋਈ ਫਾਰਸੀ 'ਚ ਜਪ ਲਓ, ਕੋਈ ਅਰਬੀ 'ਚ ਜਪ ਲਓ, ਕੋਈ ਇੰਗਲਿਸ਼ 'ਚ ਜਪ ਲਓ, ਕੋਈ ਸੰਸਕ੍ਰਿਤ 'ਚ ਜਪ ਲਓ। ਕੋਈ ਪੰਜਾਬੀ 'ਚ ਜਪ ਲਓ, ਹੋਰ ਕੋਈ ਬੋਲੀ ਬੰਗਲਾ ਬੋਲੀ ਐ, ਉਡੀਆ ਹੈ, ਬੇਅੰਤ ਦੁਨੀਆਂ ਦੀਆਂ ਬੋਲੀਆਂ ਨੇ ਚਾਈਨੀਜ਼ ਹੈ, ਕਿਸੇ 'ਚ ਜਪ ਲਓ ਸਭ ਪ੍ਰਵਾਨ ਹੈ ਕਿਉਂਕਿ ਉਥੇ ਭਾਵਨਾ ਪ੍ਰਵਾਨ ਹੁੰਦੀ ਹੈ। ਰੋਟੀ ਦੀ ਭੁੱਖ ਅੰਗ੍ਰੇਜ਼ੀ ਵਿਚ ਵੀ ਲੱਗਦੀ ਹੈ, ਰਸ਼ੀਅਨ ਵਿਚ ਵੀ ਲਗਦੀ ਹੈ, ਚਾਈਨੀਜ਼ ਜ਼ੁਬਾਨ ਵਿਚ ਵੀ ਲਗਦੀ ਹੈ, ਭੁੱਖ ਤਾਂ ਇਕੋ ਹੀ ਚੀਜ਼ ਹੈ, ਕਣਕ ਓਹੀ ਚੀਜ਼ ਹੈ। ਸੋ ਉਹ ਚੀਜ਼ਾਂ ਇਕ ਨੇ ਸਾਡੇ ਨਾਉਂ ਰੱਖੇ ਹੋਏ ਨੇ। ਉਹ ਤਾਂ ਭਾਵਨਾ ਹੈ, ਜਿਹਦੇ ਅੰਦਰ ਭਾਵਨਾ ਪੈਦਾ ਹੋ ਜਾਏਗੀ। ਚਾਹੇ ਦੁਨੀਆਂ ਦੇ ਕਿਸੇ ਕੋਨੇ ਵਿਚ ਰਹਿੰਦਾ ਹੈ, ਕਿਸੇ ਬੋਲੀ 'ਚ ਜਪਦਾ ਹੈ, ਉਹਦੀ ਜਿਹੜੀ ਸੁਰਤ ਹੈ, ਉਹਦੀ ਜਿਹੜੀ ਭਾਵਨਾ ਹੈ, ਰੱਬ ਦੇ ਦਰ ਤੇ ਜਾ ਪਹੁੰਚਦੀ ਹੈ। ਸੋ ਦੂਸਰੀ ਹੈ ਸੇਵਾ, ਸੇਵਾ ਸਰੀਰ ਦੇ ਨਾਲ ਵੀ ਹੁੰਦੀ ਹੈ, ਸੇਵਾ ਮਨ ਦੇ ਨਾਲ ਵੀ ਹੁੰਦੀ ਹੈ, ਸੇਵਾ ਬੁੱਧੀ ਦੇ ਨਾਲ ਵੀ ਹੁੰਦੀ ਹੈ, ਸੇਵਾ ਸੁਰਤ ਨਾਲ ਵੀ ਹੁੰਦੀ ਹੈ, ਕਿਸੇ ਤਰ੍ਹਾਂ ਕਰ ਲੈ। ਆਹ ਜਿਹੜਾ ਅਸੀਂ ਕਹਿੰਦੇ ਹਾਂ ਨਾ, ਸੱਚੇ ਦਿਲ ਨਾਲ ਜੇ ਕਹਿ ਦੇਈਏ -

***ਨਾਨਕ ਨਾਮ ਚੜ੍ਹਦੀ ਕਲਾ***
***ਤੇਰੇ ਭਾਣੇ ਸਰਬੱਤ ਕਾ ਭਲਾ।***

ਇਹ ਬਹੁਤ ਵੱਡੀ ਸੇਵਾ ਹੈ ਦੁਨੀਆਂ ਦੇ ਦੁੱਖ ਦੂਰ ਕਰ ਦਿੰਦੀ ਹੈ। ਜੇ ਸੱਚੇ ਦਿਲ ਨਾਲ ਕਿਹਾ ਜਾਵੇ। ਸੋ ਸੇਵਾ ਵਾਲਾ ਜਿਹੜਾ ਹੈ ਉਹ ਰੱਬ ਦਾ ਰੂਪ ਬਣ ਜਾਂਦਾ ਹੈ।

ਮਿਸਾਲ ਦੇ ਤੌਰ ਤੇ ਵਿਚਾਰ ਕਰਦੇ ਹਾਂ

ਆਪਾਂ, ਗੁਰੂ ਅਮਰਦਾਸ ਜੀ ਮਹਾਰਾਜ ਸਰਬ ਕਲਾ ਸਮਰੱਥ, ਜਦੋਂ ਅਜੇ ਗੁਰੂ ਅੰਗਦ ਸਾਹਿਬ ਦਾ ਮਿਲਾਪ ਨਹੀਂ ਸੀ ਹੋਇਆ, ਉਸ ਵੇਲੇ ਆਪ ਦੇ ਮਨ ਵਿਚ ਬਹੁਤ ਲੋਚਾ ਸੀ ਕਿ ਮੈਂ ਕੀ ਕਰਾਂ, ਮੇਰਾ ਮਾਨਸ ਜਨਮ ਕਿਤੇ ਐਵੇਂ ਨਾ ਚਲਿਆ ਜਾਵੇ। ਕਿਤੇ ਬਿਰਥਾ ਨਾ ਲੰਘ ਜਾਵੇ। ਆਪ ਬੜੇ ਚੰਗੇ ਘਰ ਨਾਲ ਸਬੰਧ ਰੱਖਦੇ ਸੀ, ਦੋ ਲੜਕੇ ਸੀ ਆਪ ਦੇ। ਆਪ ਥੋੜ੍ਹਾ ਜਿਹਾ ਕੰਮ ਕਰ ਲੈਂਦੇ ਸੀ, ਫਿਰ ਤੁਰ ਕੇ ਸੌਦਾ ਵੇਚ ਲੈਣਾ, ਜਿਹਨੂੰ ਫੇਰੀ ਵਾਲੇ ਕਹਿੰਦੇ ਨੇ, ਲੇਕਿਨ ਆਮ ਬਹੁਤਾ ਆਪ ਪ੍ਰਮੇਸ਼ਰ ਵਲ ਲੀਨ ਰਹਿੰਦੇ ਸੀ। ਬਹਿ ਜਾਣਾ ਥੱਲੇ, ਸੁਰਤ ਲਾ ਲੈਣੀ ਪ੍ਰਮੇਸ਼ਰ ਦੇ ਨਾਲ। ਮਨ ਦੇ ਅੰਦਰ ਵੈਰਾਗ ਬਹੁਤ ਜ਼ਿਆਦਾ ਸੀ, ਨੇਤਰਾਂ 'ਚੋ ਜਲ ਜਾਣਾ ਕਿ ਹੇ ਪ੍ਰਭੂ! ਮੈਨੂੰ ਕੋਈ ਰਾਹ ਦੱਸਣ ਵਾਲਾ ਨਹੀਂ ਮਿਲਿਆ ਅਜੇ। ਕ੍ਰਿਪਾ ਕਰ, ਮੈਨੂੰ ਕੋਈ ਮਿਲਾ ਜਿਹੜਾ ਤੇਰੇ ਨਾਲ ਮਿਲਾ ਦੇਵੇ। ਬਹੁਤ ਲੋਚਾ ਸੀ ਤੇ ਜਿਸ ਵਕਤ ਸੋਚਣਾ ਕਿ ਸਰੀਰ ਤਾਂ ਢਲਦਾ ਤੁਰਿਆ ਜਾ ਰਿਹਾ ਹੈ, 71 ਸਾਲ ਦੀ ਉਮਰ ਦੇ ਵਿਚ ਮੁਲਾਕਾਤ ਹੋਈ ਆਪ ਦੀ। 71 ਸਾਲ ਦੇ ਵਿਚ ਸੇਵਾ ਕਰਨੀ ਸ਼ੁਰੂ ਕਰੀ। ਅਸੀਂ 71 ਸਾਲ ਦੇ ਹਾਰ ਜਾਂਦੇ ਹਾਂ। ਬੜੀ ਭਾਰੀ ਲਗਨ ਸੀ ਆਪ ਦੇ ਮਨ ਦੇ ਅੰਦਰ ਤੇ ਮਨ ਦੇ ਅੰਦਰ ਵਿਚਾਰ ਆਉਂਦੇ ਰਹਿੰਦੇ ਸੀ ਕਿ ਪਿਆਰਿਆ! ਸੰਸਾਰ ਤਾਂ ਬੈਠਣ ਦਾ ਥਾਉਂ ਨਹੀਂ ਹੈ। ਰਹਿਣ ਦਾ ਥਾਂ ਨਹੀਂ ਹੈ, ਕੁਝ ਦੇਰ ਵਾਸਤੇ ਇਥੇ ਜਿਵੇਂ ਮੁਸਾਫਿਰ ਆਉਂਦੇ ਨੇ, ਮੁਸਾਫਿਰ ਆਏ ਹੋਏ ਨੇ, ਜਦੋਂ ਆਪਣਾ-ਆਪਣਾ ਸਮਾਂ ਹੋਣਾ ਹੈ ਤੇ ਸਭ ਨੇ ਚਲੇ ਜਾਣਾ ਹੈ, ਵੱਡੇ-ਵੱਡੇ ਵੀ ਆਉਂਦੇ ਨੇ, ਛੋਟੇ-ਛੋਟੇ ਵੀ ਆਉਂਦੇ ਨੇ, ਪਰ ਸੰਸਾਰ ਤੇ ਤਾਂ ਕੋਈ ਨਜ਼ਰ ਨਹੀਂ ਆਉਂਦਾ ਕਿ ਕੋਈ ਰਹਿ ਗਿਆ। ਐਸਾ ਵੈਰਾਗ ਮਨ ਦੇ ਵਿਚ ਰਹਿਣਾ, ਸਰੀਰ ਕ੍ਰਿਸ਼ ਹੁੰਦਾ ਤੁਰਿਆ ਜਾਂਦਾ ਹੈ, ਕਮਜ਼ੋਰ ਹੁੰਦਾ ਤੁਰਿਆ ਜਾਂਦਾ ਹੈ ਤੇ ਜਿਹੜੇ ਅੰਗ ਨੇ ਜਵਾਬ ਦਿੰਦੇ ਚਲੇ ਜਾਂਦੇ ਨੇ। ਨੇਤਰ ਜਿਹੜੇ ਨੇ ਇਨ੍ਹਾਂ 'ਚੋਂ ਦਿਸਣਾ ਘੱਟ ਹੋ ਜਾਂਦਾ ਹੈ। ਕੰਨ ਜਿਹੜੇ ਨੇ ਸੁਣਨ ਤੋਂ ਘੱਟ ਹੋ ਜਾਂਦੇ ਨੇ, ਦੰਦ ਜਿਹੜੇ ਨੇ ਖਤਮ ਹੋ ਜਾਂਦੇ ਨੇ ਕੁਛ ਖਾਧਾ ਨਹੀਂ ਜਾਂਦਾ, ਪੈਰ ਚਲਦੇ ਨਹੀਂ ਹੈਗੇ, ਹੱਥ ਕੰਮ ਨਹੀਂ ਕਰ ਸਕਦੇ। ਜਦੋਂ ਆਦਮੀ ਦੇ ਉਤੇ ਐਹੋ ਜਿਹਾ ਮੌਕਾ ਆਉਂਦਾ ਹੈ ਮਨ ਵਿਚ ਬੜਾ ਅਫਸੋਸ ਆਉਂਦਾ ਹੈ ਕਿ ਹੁਣ ਤਾਂ ਆਹ ਚਾਰ ਦਿਨ ਦਾ ਹੋਰ ਕੰਮ ਰਹਿ ਗਿਆ, ਫੇਰ ਤਾਂ ਚਲੇ ਹੀ ਜਾਣਾ ਹੈ ਏਸ ਸੰਸਾਰ ਤੋਂ। ਬਈ ਕਰਿਆ ਨਾ ਕੁਛ ਵੀ ਜਿਹੜੇ ਕੰਮ ਨੂੰ ਸੰਸਾਰ 'ਤੇ ਕਰਨ ਆਇਆ ਸੀ। ਬਾਬਾ ਫਰੀਦ ਜੀ ਐਸੀ ਅਵਸਥਾ ਦਾ ਏਸ ਤਰ੍ਹਾਂ ਜ਼ਿਕਰ ਕਰਦੇ ਨੇ -

***ਧਾਰਨਾ - ਤੈਨੂੰ ਛੱਡ ਗਏ ਬਾਲ ਸਖਾਈ***

***ਜਿੰਦੇ ਤੈਨੂੰ ਛੱਡ ਗਏ***

***ਜਿੰਦੇ ਤੈਨੂੰ ਛੱਡ ਗਏ।***

***ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ ॥***

***ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ ॥***

***ਅੰਗ - ੧੩੮੧***

ਬਾਹਰ ਜਿਹੜੇ ਮਿੱਤਰ ਰਿਸ਼ਤੇਦਾਰ ਹੁੰਦੇ ਨੇ, ਉਹ ਵੀ ਤੁਰੇ ਜਾਂਦੇ ਨੇ -

***ਫਰੀਦਾ ਕਿਥੈ ਤੈਡੇ ਮਾਪਿਆ***

***ਜਿਨ੍ਹੀ ਤੂ ਜਣਿਓਹਿ ॥***

***ਤੈ ਪਾਸਹੁ ਓਇ ਲਦਿ ਗਏ***

***ਤੂੰ ਅਜੈ ਨ ਪਤੀਣੋਹਿ॥ ਅੰਗ - ੧੩੮੧***

ਧਿਆਨ ਦੇਵੋ ਕਿਥੇ ਚਲੇ ਗਏ ਮਾਂ ਬਾਪ। ਕੋਈ ਸਮਾਂ ਆਉਂਦਾ ਹੈ ਜਦੋਂ ਉਂਗਲੀ ਲਾ ਕੇ ਖੇਤਾਂ ਨੂੰ ਨਾਲ ਲੈ ਕੇ ਜਾਂਦੇ ਸੀ, ਅੱਜ ਕਿੱਥੇ ਚਲੇ ਗਏ ਉਹ?

***ਤੈ ਪਾਸਹੁ ਓਇ ਲਦਿ ਗਏ***

***ਤੂੰ ਅਜੈ ਨ ਪਤੀਣੋਹਿ॥ ਅੰਗ - ੧੩੮੧***

ਤੈਨੂੰ ਅਜੇ ਵੀ ਸੋਝੀ ਨਹੀਂ ਆਈ ਕਿ ਮੈਂ ਵੀ ਚਲੇ ਜਾਣਾ ਹੈ।

***ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ ॥***

***ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ ॥***

***ਅੰਗ - ੧੩੭੮***

ਰੰਗ ਵਟਾ ਲਿਆ ਦਾੜ੍ਹੇ ਨੇ, ਚਿੱਟੇ ਆ ਗਏ, ਕਾਲਿਆਂ ਦਾ ਨਾਮ ਨਿਸ਼ਾਨ ਨਹੀਂ ਰਿਹਾ। ਬਚਪਨ ਨੂੰ ਜਵਾਨੀ ਖਾ ਗਈ, ਜਵਾਨੀ ਨੂੰ ਬੁਢੇਪਾ ਖਾ ਗਿਆ, ਬੁਢੇਪੇ ਦਾ ਹਰ ਕਦਮ ਮੌਤ ਵਲ ਨੂੰ ਵਧਦਾ ਤੁਰਿਆ ਜਾ ਰਿਹਾ ਹੈ। ਪਟੇ 'ਤੇ ਚੜ੍ਹਿਆ ਹੋਇਆ ਹੈ ਬੰਦਾ। ਆਇਆ ਹੀ ਪਿਆ ਹੈ ਸਮਾਂ। ਜਿਹਨੂੰ ਸੋ ਦਿਨ ਕਹਿੰਦੇ ਨੇ।

ਸੋ ਬਾਬਾ ਜੀ ਨੇ ਫੈਸਲਾ ਕਰ ਲਿਆ, ਪੰਜਾਹਵੇਂ ਸਾਲ ਦੇ ਅੰਦਰ। ਕੋਈ ਫਿਰ ਤੁਰ ਕੇ ਸਾਧੂ ਦੇਖੀਏ, ਪੂਰਾ ਪੁਰਸ਼ ਦੇਖੀਏ, ਜਿਹੜਾ ਨਿਸ਼ਾ ਕਰਾ ਦੇਵੇ। ਕਿਉਂਕਿ ਗੁਰੂ ਜੋ ਹੈ, ਕੱਚਾ ਗੁਰੂ ਤਾਂ ਲੰਘਾ ਹੀ ਨਹੀਂ ਸਕਦਾ। ਕੋਈ ਤਰੀਕਾ ਕਰੀਏ ਤੇ ਕਿਸੇ ਦੀ ਸਾਧਨਾ ਕਰੀਏ, ਕਿਉਂਕਿ ਗੰਗਾ ਦਾ ਬੜਾ ਪ੍ਰਭਾਵ ਸੀ, ਜਿਸਨੂੰ ਭੀਸ਼ਮ ਪਿਤਾਮਾ ਦੀ ਮਾਤਾ ਕਹਿੰਦੇ ਨੇ, ਰਾਜੇ ਭਗੀਰਥ ਦੇ 60 ਹਜ਼ਾਰ ਪਿੱਤਰ ਸੀ, ਆਪਣੇ ਪਿਤਰਾਂ ਦਾ ਉਧਾਰ ਕਰਨ ਵਾਸਤੇ ਵੱਡੀ ਭਾਰੀ ਤਪਸਿਆ ਕਰੀ। ਇਸ ਕਰਕੇ ਇਸਦਾ ਨਾਉਂ ਭਗੀਰਥ ਹੈ ਤੇ ਸਵਰਗ ਲੋਕ ਦੇ ਵਿਚੋਂ ਗੰਗਾ ਉਤਾਰੀ ਗਈ ਕਿ ਜਾਓ ਕਲਜੁਗੀ ਜੀਵਾਂ ਦਾ ਉਧਾਰ ਕਰਨ ਵਾਸਤੇ ਪਵਿੱਤਰ ਜਲ ਦੇ ਵਿਚ ਉਨ੍ਹਾਂ ਦਾ ਉਧਾਰ ਕਰੋ। ਪਹਿਲਿਆਂ

ਜੁਗਾਂ ਦੀਆਂ ਗੱਲਾਂ ਨੇ ਜਦ ਤੀਰਥ ਸਾਫ ਹੁੰਦੇ ਸੀ, ਹੁਣ ਨਹੀਂ ਹੈ। ਕਿਉਂਕਿ ਹੁਣ ਮੈਲੇ ਕਰ ਦਿਤੇ ਸਾਰੇ ਤੀਰਥ। ਉਸ ਵੇਲੇ ਆਪ ਬੜੀ ਸ਼ਰਧਾ ਦੇ ਨਾਲ ਤੀਰਥ ਜਾਇਆ ਕਰਦੇ ਸੀ, ਫੁੱਲ ਪਤਾਸ਼ੇ ਵਗੈਰਾ ਪੂਰੀ ਭੇਟਾ ਦੇਣੀ, ਪਿੰਡ ਤੋਂ ਲੈ ਕੇ ਜਾਣਾ, ਤੁਰਦੇ ਹੀ ਜਾਣਾ, ਜਿਥੇ ਜਾਣਾ ਸਤਿਸੰਗ 'ਚ ਸਾਧੂਆਂ ਦੇ ਨਾਲ ਰਲ ਜਾਣਾ ਤੇ ਵੱਡਾ ਭਾਰਾ ਸੰਗ ਹੋ ਜਾਣਾ, ਪੈਦਲ ਤੁਰੇ ਜਾਣਾ ਤੇ ਫੇਰ ਅਗਲੇ ਸਾਲ ਫੇਰ ਤੁਰ ਪੈਣਾ। ਇਸ ਤਰ੍ਹਾਂ ਕਰਦੇ-ਕਰਦੇ ਅੱਜ 71ਵੇਂ ਸਾਲ ਵਿਚ ਹੋ ਗਏ ਤੇ 20ਵੀਂ ਵਾਰੀ ਚੱਲੇ ਨੇ, ਲੇਕਿਨ ਮਨ ਵਿਚ ਬੜੇ ਪਛਤਾਉਂਦੇ ਨੇ ਕਿ ਮਨਾਂ! ਕਿੰਨਾ ਸਮਾਂ ਬੀਤ ਗਿਆ, ਬਚਪਨ ਕਿੱਥੇ ਚਲਾ ਗਿਆ, ਛੁੱਪ ਗਿਆ ਬਚਪਨ, ਜੁਆਨੀ ਲੰਘ ਗਈ ਐਵੇਂ ਹੀ ਗਫਲਤ ਦੇ ਅੰਦਰ, ਆਕੜ ਦੇ ਅੰਦਰ ਹੀ ਲੰਘਾ ਦਿਤੀ ਜਵਾਨੀ, ਹੁਣ ਤਾਂ ਬੁਢਾਪਾ ਵੀ ਕਿੰਨੀ ਦੂਰ ਚਲਿਆ ਗਿਆ।

***ਸੱਠੀਂ ਕੇ ਬੁਢੇਪਾ ਆਵੈ***

ਉਹ ਵੀ ਗਿਆਰ੍ਹਾਂ ਸਾਲ ਉਤੇ ਹੋ ਗਿਆ ਤੇ ਸਰੀਰ ਦੀ ਵੀ ਤਾਕਤ ਘਟ ਗਈ, ਹੁਣ ਕਿੰਨੀ ਕੁ ਦੇਰ ਹੋਰ ਕੱਟਣਾ ਹੈ, ਅਜੇ ਤੱਕ ਤਾਂ ਮੇਰਾ ਕੁਛ ਬਣਿਆ ਨਹੀਂ ਹੈ ਨਾ ਗੁਰੂ ਮਿਲਿਆ ਹੈ, ਨਾ ਕੋਈ ਮੈਂ ਸਾਧਨ ਕਰਿਆ ਹੈ, ਨਾ ਕੋਈ ਚੀਜ਼ ਮਿਲੀ ਹੈ ਜਿਹੜੀ ਮੈਂ ਮਹਾਂਪੁਰਸ਼ਾਂ ਤੋਂ ਸੁਣਦਾ ਰਹਿੰਦਾ ਹਾਂ। ਓਸ ਵੇਲੇ ਮਨ ਦੇ ਅੰਦਰ ਬੜੇ ਵੈਰਾਗਮਈ ਖਿਆਲ ਆ ਕੇ ਏਸ ਤਰ੍ਹਾਂ ਦੇ ਨਾਲ ਪ੍ਰਗਟ ਕਰਦੇ ਨੇ-

***ਧਾਰਨਾ - ਦਿਨ ਥੋੜ੍ਹੇ ਰਹਿ ਗਏ***
***ਭਇਆ ਪੁਰਾਣਾ ਚੋਲਾ ਜੀ।***
***ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ ॥***
***ਅੰਗ - ੨੩***

ਖਿਆਲ ਕਰਦੇ ਨੇ ਕਿ ਬੁਢਾਪਾ ਆ ਗਿਆ ਹੁਣ ਤੱਕ ਕੁਛ ਬਣਿਆ ਨਹੀਂ ਹੈ, ਗੰਗਾ ਦੇ ਇਸ਼ਨਾਨ ਨੂੰ ਜਾ ਰਹੇ ਨੇ, ਜਾ ਕੇ ਵਿਧੀਪੂਰਵਕ ਇਸ਼ਨਾਨ ਕਰਿਆ, ਸਵਾਲ ਆਉਂਦਾ ਹੈ ਕਿ ਤੀਰਥ ਵੱਡਾ ਹੁੰਦਾ ਹੈ ਕਿ ਰੱਬ ਦਾ ਪਿਆਰਾ ਵੱਡਾ ਹੁੰਦਾ ਹੈ? ਗੁਰੂ ਗ੍ਰੰਥ ਸਾਹਿਬ ਜੀ ਨੂੰ, ਗੁਰੂ ਨਾਨਕ ਪਾਤਸ਼ਾਹ ਜੀ ਨੂੰ ਪੁੱਛੋ, ਪਾਤਸ਼ਾਹ! ਤੀਰਥ ਵੱਡਾ ਹੈ ਕਿ ਹਰੀ ਦਾ ਦਾਸ? ਜੇ ਹਰੀ ਦਾ ਦਾਸ ਵੱਡਾ ਹੈ ਫੇਰ ਇਸ਼ਨਾਨ ਕਰਨ ਕਿਉਂ ਜਾਂਦਾ ਹੈ? ਉਹਦਾ ਜਵਾਬ ਗੁਰੂ ਮਹਾਰਾਜ ਏਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ -

***ਧਾਰਨਾ - ਤੀਰਥ ਵੀ ਲੋਚਦੇ***
***ਸੰਤਾਂ ਦੀ ਧੂੜੀ ਤਾਂਈ***
***ਗੰਗਾ ਜਮੁਨਾ ਗੋਦਾਵਰੀ ਸਰਸੁਤੀ***
***ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥***
***ਅੰਗ - ੧੨੬੩***

ਤੀਰਥ ਵੱਡਾ ਨਹੀਂ ਹੈ, ਤੀਰਥ ਤਾਂ ਸਾਧੂ ਦੀ ਧੂੜੀ ਨੂੰ ਲੋਚਦਾ ਹੈ। ਕਿਉਂ ਲੋਚਦਾ ਹੈ?

***ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ***
***ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥***
***ਅੰਗ - ੧੨੬੩***

ਸੰਤਾਂ ਦੀ ਧੂੜੀ ਮਿਲ ਜਾਵੇ, ਜਿਹੜੇ ਪਾਪੀ ਲੋਕ ਜਾ ਕੇ ਆਪਣੇ ਪਾਪ ਤੀਰਥਾਂ 'ਤੇ ਛੱਡ ਆਉਂਦੇ ਨੇ, ਤੀਰਥਾਂ 'ਚ ਸ਼ਕਤੀ ਨਹੀਂ ਹੈ ਕਿ ਸ਼ੁੱਧ ਕਰ ਦੇਣ, ਭਾਰੀ ਹੋ ਜਾਂਦੇ ਨੇ ਤੀਰਥ, ਉਹ ਫੇਰ ਅਰਦਾਸਾਂ ਕਰਦੇ ਨੇ ਕਿ ਹੇ ਪ੍ਰਭੂ! ਕੋਈ ਬਖਸ਼ਿਆ ਹੋਇਆ ਭੇਜ। ਕੋਈ ਆਪਣੇ ਨਾਲ ਜਿਹੜਾ ਤੇਰੇ ਨਾਲ ਮਿਲਿਆ ਹੋਇਆ ਹੈ, ਉਹ ਭੇਜ। ਸਾਡੇ ਤੋਂ ਪਾਪੀਆਂ ਦਾ ਬੋਝ ਨਹੀਂ ਚੁੱਕ ਹੁੰਦਾ। ਉਸ ਵੇਲੇ ਪੁਕਾਰਾਂ ਸੁਣ ਕੇ ਸਾਧੂ ਜਾ ਕੇ ਇਸ਼ਨਾਨ ਕਰਦੇ ਨੇ ਤੇ ਉਹ ਫੇਰ ਪਵਿੱਤਰ ਹੋਇਆ ਕਰਦਾ ਹੈ।

***ਤੀਰਥਿ ਅਠਸਠਿ ਮਜਨੁ ਨਾਈ ॥***
***ਸਤਸੰਗਤਿ ਕੀ ਧੂਰਿ ਪਰੀ ਉਡਿ ਨੇਤ੍ਰੀ***
***ਸਭ ਦੁਰਮਤਿ ਮੈਲੁ ਗਵਾਈ ॥ ਅੰਗ - ੧੨੬੩***

ਹੁਣ ਤੁਸੀਂ ਬੈਠੇ ਹੋ ਸਤਿਸੰਗ 'ਚ। ਮੈਂ ਪਹਿਲੇ ਦਿਨ ਹੀ ਬੇਨਤੀ ਕਰੀ ਸੀ ਕਿ ਇਥੇ ਤੁਸੀਂ ਇਕੱਲੇ ਨਹੀਂ ਬੈਠੇ, ਇਥੇ ਅਸਮਾਨਾਂ ਦੇ ਅੰਦਰੋਂ ਦੇਵਤੇ ਵੀ ਆ ਕੇ ਬਿਰਾਜਮਾਨ ਨੇ, ਨਿਸ਼ਾਨੀ ਇਹ ਹੁੰਦੀ ਹੈ ਕਿ pin drop silence ਹੋਇਆ ਕਰਦੀ ਹੈ, ਜਿਥੇ ਦੇਵ ਲੋਕ ਆ ਜਾਣ। ਜਿਥੇ ਕਲਜੁਗ ਆ ਜਾਵੇ, ਉਥੇ ਕੁਰਬਲ-ਕੁਰਬਲ ਨਹੀਂ ਹਟਦੀ। ਉਹ ਵੀ ਆਉਂਦੇ ਨੇ ਕਿ ਸਾਨੂੰ ਸਤਿਸੰਗ ਦੀ ਧੂੜ ਮਿਲ ਜਾਵੇ ਤੇ ਸਾਡਾ ਭਲਾ ਹੋ ਜਾਵੇ। ਖੋਟੀ ਮਤ ਨੂੰ ਦੂਰ ਕਰ ਦਿੰਦੀ ਹੈ, ਇਹ ਧੂੜ। ਬੇਅੰਤ ਬਰਕਤਾਂ ਨੇ ਏਸ ਧੂੜ ਦੇ ਅੰਦਰ।

ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲੇ, ਪੁਰਾਣੇ ਪੁਰਸ਼ ਜਾਣਦੇ ਨੇ, ਨਵਿਆਂ ਨੂੰ ਤਾਂ ਪਤਾ ਨਹੀਂ ਇਨ੍ਹਾਂ ਗੱਲਾਂ ਦਾ। ਇਥੇ ਇਕ ਪ੍ਰੇਮੀ ਹੋਇਆ ਕਰਦੇ ਸੀ, ਉਨ੍ਹਾਂ ਦੇ ਘਰੋਂ ਬੀਬੀ ਸੀ ਬੀਬੀ ਭਗਵਾਨ ਕੌਰ, ਰਾਮਪੁਰ ਵਿਚ। ਉਹਦੇ ਜਿਹੜੇ ਬੱਚੇ ਨੇ ਉਨ੍ਹਾਂ ਦੇ ਯੂ.ਪੀ. ਦੇ ਅੰਦਰ ਬੜੇ ਫਾਰਮ ਨੇ, ਇਥੇ ਨੇੜੇ ਦੀ ਹੈ। ਉਹ ਬੀਮਾਰ ਹੋ ਗਈ, ਬੀਮਾਰੀ ਜਿਹਨੂੰ ਅੱਜਕੱਲ੍ਹ ਕੈਂਸਰ ਕਹਿੰਦੇ ਨੇ ਉਹ ਹੋ ਗਿਆ ਉਹਨੂੰ, ਗਰਦਨ ਮੁੜ ਕੇ ਪਿੱਠ ਵਲ ਨੂੰ ਚਲੀ ਗਈ, ਨਾ ਖਾਇਆ ਜਾਵੇ, ਨਾ ਪਾਣੀ ਪੀਤਾ ਜਾਵੇ, ਬਹੁਤ ਦਰਦ ਹੋਵੇ। ਉਸ ਵੇਲੇ ਉਨ੍ਹਾਂ ਦੇ ਘਰੋਂ ਜਿਹੜੇ ਪ੍ਰੇਮੀ ਸੀਗੇ, ਉਹ ਮਹਾਂਪੁਰਸ਼ਾਂ ਦੇ ਕੋਲ ਆਏ ਆਪ ਕਹਿੰਦੇ ਬਾਬਾ ਜੀ! ਮੇਰੀ ਬੇਨਤੀ ਸੁਣੋ। ਕੈਪਟਨ ਸੀ। ਕਹਿੰਦੇ, ਕੀ ਗੱਲ ਅੱਜ ਤੂੰ ਸਾਝਰੇ ਹੀ ਆ ਗਿਆ? ਕਹਿੰਦਾ ਜੀ, ਤੁਹਾਡੀ ਜੋ ਸੇਵਾਦਾਰਨੀ

ਹੈ, ਉਹਨੂੰ ਅਗਲੇ ਸੰਸਾਰ ਪਹੁੰਚਾ ਦਿਓ। ਮੇਰੇ ਤੋਂ ਉਹਦਾ ਦੁੱਖ ਨਹੀਂ ਦੇਖਿਆ ਜਾਂਦਾ, ਕੁਛ ਖਾ ਨਹੀਂ ਸਕੀ ਐਨੇ ਦਿਨ ਲੰਘ ਗਏ। ਬਾਬਾ ਜੀ ਕਹਿਣ ਲੱਗੇ, ਪਿਆਰਿਆ! ਗੁਰੂ ਘਰ ਦੇ ਅੰਦਰ ਅਗਲੇ ਜਨਮ 'ਚ ਪਹੁੰਚਾਉਣ ਲਈ ਨਹੀਂ ਆਈਦਾ, ਏਸੇ ਜਗਤ ਵਿਚ ਰੱਖ ਕੇ ਸੇਵਾ ਸਿਮਰਨ ਕਰਾਉਣ ਵਾਸਤੇ ਆਈਦਾ ਹੁੰਦਾ ਹੈ।

ਕਹਿਣ ਲੱਗਿਆ, "ਬਾਬਾ ਜੀ! ਉਹਦੀ ਤਾਂ ਕੋਈ ਆਸ ਨਹੀਂ ਹੈ? ਆਪ ਸਵੇਰੇ ਹੀ ਸਵੇਰੇ ਹੱਲ ਛੱਡ ਕੇ ਆਏ ਸੀ, ਕਿਉਂਕਿ ਆਪ ਹੱਥੀਂ ਖੇਤੀ ਕਰਦੇ ਹੁੰਦੇ, 300 ਵਿੱਘੇ ਜ਼ਮੀਨ ਬਣਾਈ ਸੀ ਆਪ ਨੇ। ਓਸ ਵੇਲੇ ਆਪ ਦੀਆਂ ਲੱਤਾਂ ਦੇ ਨਾਲ ਮਿੱਟੀ ਗਿਲੀ ਹੋਈ ਹੋਈ ਚਿੰਬੜੀ ਹੋਈ ਸੀ, ਉਹ ਹੌਲੀ-ਹੌਲੀ ਗੱਲਾਂ ਕਰਦਿਆਂ ਨੇ ਲਾਹ ਲਈ ਤੇ ਭੁਲੇਖਾ ਪਾਉਣ ਵਾਸਤੇ ਕਹਿਣ ਲੱਗੇ ਕਿ ਉਹ ਜਿਹੜਾ ਹਲ ਹੈ ਨਾ, ਉਹਦੇ ਨਾਲ ਮਿੱਟੀ ਲੱਗੀ ਹੋਈ ਹੈ ਉਹ ਲਾਹ ਲਿਆ। ਮਿੱਟੀ ਵੀ ਲਾਹ ਲਈ ਤੇ ਆਪਣੇ ਚਰਨਾਂ ਤੋਂ ਲਾਹ ਕੇ ਵੀ ਦੇ ਦਿਤੀ। ਕਹਿੰਦੇ ਜਾਹ ਜਿੱਥੇ ਫੋੜਾ ਹੈ ਉਥੇ ਬੰਨ੍ਹ ਦੇ, ਇਹਦੇ ਤਾਂ ਬਹੁਤ ਪੁੱਤਰ ਹੋਣੇ ਨੇ ਬਹੁਤ ਰਾਜਭਾਗ ਦੇਖਣੇ ਨੇ ਬੀਬੀ ਨੇ। ਸੇਵਾ ਕਰਦੀ ਹੈ ਗੁਰੂ ਘਰ ਦੀ। ਉਸ ਤੋਂ ਬਾਅਦ ਕੀ ਹੋਇਆ ਬੀਬੀ ਰਾਜ਼ੀ ਹੋ ਗਈ ਉਹਦੇ ਉਸ ਤੋਂ ਬਾਅਦ ਅੱਠ ਪੁੱਤਰ ਹੋਏ, ਦੋ ਲੜਕੀਆਂ ਹੋਈਆਂ। ਬੜਾ ਪਰਿਵਾਰ ਹੋਇਆ, ਜਾ ਕੇ ਜ਼ਮੀਨਾਂ ਖਰੀਦ ਲਈਆਂ ਯੂ.ਪੀ. ਦੇ ਅੰਦਰ, ਕੋਈ ਸਾਢੇ ਚਾਰ ਸੌ, ਪੰਜ ਸੌ ਏਕੜ ਜ਼ਮੀਨ ਤੇ ਉਨ੍ਹਾਂ ਦਾ ਲੜਕਾ ਐਮ.ਐਲ. ਏ ਹੈ ਅੱਜਕੱਲ੍ਹ, ਗਿਆਨੀ ਹਰਿੰਦਰ ਸਿੰਘ ਬਿਲਾਸਪੁਰ ਯੂ.ਪੀ. ਕੇਂਦਰੀ ਸਿੰਘ ਸਭਾ ਦਾ ਪ੍ਰਧਾਨ ਹੈ।

ਸੋ ਸਾਧੂ ਦੀ ਧੂੜ ਐਵੇਂ ਨਹੀਂ ਹੋਇਆ ਕਰਦੀ, ਇਹ ਤਾਂ ਧੂੜੀ ਮੰਗੀ ਜਾਂਦੀ ਹੈ -

***ਗੁਰਸਿਖਾਂ ਕੀ ਹਰਿ ਧੂੜਿ ਦੇਹਿ***
***ਹਮ ਪਾਪੀ ਭੀ ਗਤਿ ਪਾਂਹਿ ॥ ਅੰਗ - ੧੪੨੪***

ਸੋ ਤੀਰਥ ਨਾਲੋਂ ਸਾਧੂ ਵੱਡਾ ਹੋਇਆ ਕਰਦਾ ਹੈ, ਤੀਰਥ ਸੰਤਾਂ ਦੇ ਹੁਕਮ 'ਚ ਹੁੰਦਾ ਹੈ। ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ, ਇਹ ਜੋ ਸੰਪਰਦਾ ਹੈ ਰਾੜਾ ਸਾਹਿਬ ਦੀ, ਇਹ ਕੋਈ ਮਾਮੂਲੀ ਸੰਪਰਦਾ ਨਹੀਂ ਹੈ। ਇਹ ਗੁਰੂ ਦੇ ਹੁਕਮ 'ਚ ਚੱਲ ਰਹੀ ਹੈ, ਗੁਰੂ ਦਸ਼ਮੇਸ਼ ਪਿਤਾ ਨੇ ਭਾਈ ਦਇਆ ਸਿੰਘ ਜੀ ਨੂੰ ਹੁਕਮ ਦਿਤਾ ਕਿ ਧਰਮ ਦੇ ਪੰਥ ਨੂੰ ਚਲਦਾ ਰੱਖ। ਜਦੋਂ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਏ ਸਾਰੇ, ਉਸੇ ਵੇਲੇ ਮਹਾਰਾਜ ਨੇ ਦੇਖਿਆ ਕਿ ਬੜਾ ਹੀ ਪਾਖੰਡ ਆ ਜਾਣਾ ਹੈ ਇਥੇ, ਆਪਣੀ-ਆਪਣੀ ਪੂਜਾ ਹੋ ਜਾਣੀ ਹੈ ਤੇ ਗੁਰੂ ਗ੍ਰੰਥ ਸਾਹਿਬ ਕਿਤੇ ਹੀ ਰਹਿ ਜਾਣੇ ਨੇ, ਮਨਮਰਜ਼ੀ ਦੀਆਂ ਗੱਲਾਂ ਸੁਣਾਉਣੀਆਂ ਨੇ, ਗੁਰਮਤਿ ਤੋਂ ਵਿਰੋਧ ਦੀਆਂ ਗੱਲਾਂ ਹੋਣਗੀਆਂ। ਉਸ ਵੇਲੇ ਪੰਜ ਪਿਆਰਿਆਂ ਦੇ ਵਿਚੋਂ ਜੋ ਦੋ ਪਿਆਰੇ ਬਚਦੇ ਸੀ, ਹੋਰ ਗੁਰਸਿੱਖ ਸੀਗੇ ਉਨ੍ਹਾਂ ਨੂੰ ਕਿਹਾ ਕਿ ਅੱਗੇ ਚਲਾਓ, ਰੁਕਣ ਨਾ ਦਿਓ ਏਸ ਲਹਿਰ ਨੂੰ। ਭਾਈ ਦਇਆ ਸਿੰਘ ਜੀ ਤੋਂ ਬਾਅਦ ਬਾਬਾ ਸੋਭਾ ਸਿੰਘ ਜੀ ਤੇ ਉਨ੍ਹਾਂ ਤੋਂ ਬਾਅਦ ਬਾਬਾ ਸਾਹਿਬ ਸਿੰਘ ਜੀ ਬੇਦੀ ਊਨਾ ਸਾਹਿਬ ਵਾਲੇ, ਜੋ ਗੁਰੂ ਨਾਨਕ ਸਾਹਿਬ ਤੋਂ 11ਵੀਂ ਥਾਉਂ 'ਤੇ ਸੀ।

ਕਿਉਂਕਿ ਮਾਤਾ ਜੀ ਨੇ ਜਦੋਂ ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ ਵਲ ਖੜ੍ਹੇ ਹੋ ਕੇ ਬੇਨਤੀ ਕਰੀ ਸੀ ਕਿ ਸੱਚੇ ਪਾਤਸ਼ਾਹ! ਤੁਸੀਂ ਤਾਂ ਚਲੇ ਗਏ, ਹੁਣ ਬੱਚਿਆਂ ਦਾ ਕੀ ਬਣੇਗਾ। ਅੱਠ ਪਹਿਰ ਤਾਂ ਹੋਰ ਰਹਿੰਦੇ। ਗੁਰੂ ਨਾਨਕ ਸਾਹਿਬ ਉਠ ਕੇ ਬੈਠ ਗਏ ਕਿ ਸਿਰਫ ਅੱਠ ਪਹਿਰ, ਜੇ ਤੂੰ ਅੱਠ ਸਾਲ ਕਹਿੰਦੀ, ਅਸੀਂ ਅੱਠ ਸਾਲ ਰਹਿ ਪੈਣਾ ਸੀ। ਜਾਣਾ ਤਾਂ ਅਸੀਂ ਕਿਤੇ ਨਹੀਂ ਹੈ ਅਸੀਂ ਤਾਂ (ਗੁਰੂ) ਅੰਗਦ ਦੇ ਹਿਰਦੇ 'ਚ ਵਾਸਾ ਕਰਿਆ ਹੋਇਆ ਹੈ। ਕਹਿਣ ਲੱਗੀ, ਪਾਤਸ਼ਾਹ! ਆਹ ਬੱਚਿਆਂ ਦਾ ਕੀ ਬਣੇਗਾ? ਮਹਾਰਾਜ ਕਹਿੰਦੇ, ਤੂੰ ਤਾਂ ਬੱਚਿਆਂ ਦਾ ਕਹਿੰਦੀ ਹੈਂ, ਇਥੇ ਤਾਂ ਕੁੱਤਿਆਂ ਨੂੰ ਵੀ ਮੰਨਿਆ ਕਰਨਗੇ। ਇਨ੍ਹਾਂ ਦੀ ਤਾਂ ਮਾਨਤਾ ਹੋਣੀ ਹੀ ਹੈ।

ਗੁਰੂ ਦਸ਼ਮੇਸ਼ ਪਿਤਾ 500 ਮੋਹਰ ਦਿਆ ਕਰਦੇ ਸੀ, ਜਦੋਂ ਕੋਈ ਬੇਦੀ ਸਾਹਿਬਜ਼ਾਦਾ ਆਉਂਦਾ ਹੁੰਦਾ ਸੀ। ਸੋ ਬਾਬਾ ਸਾਹਿਬ ਸਿੰਘ ਜੀ ਹੋਏ ਊਨੇ ਵਾਲੇ, ਜਿਨ੍ਹਾਂ ਨੇ ਉਸ ਵੇਲੇ ਸਿੱਖੀ ਦਾ ਝੰਡਾ ਬੁਲੰਦ ਕਰਿਆ। ਉਸ ਤੋਂ ਬਾਅਦ ਬਾਬਾ ਭਾਗ ਸਿੰਘ ਜੀ ਕੁਰੀ, ਬਾਬਾ ਬੀਰ ਸਿੰਘ ਜੀ ਜਿਨ੍ਹਾਂ ਨੂੰ ਡੋਗਰਾਂ ਫੌਜਾਂ ਨੇ ਸ਼ਹੀਦ ਕਰਿਆ। ਬਾਬਾ ਮਹਾਰਾਜ ਸਿੰਘ ਜੀ ਜਦੋਂ ਸਿੱਖ ਰਾਜ ਜਾਂਦਾ ਰਿਹਾ ਤਾਂ ਇਹ ਦੋ ਜਣੇ ਰਹਿ ਗਏ, ਲਾਇਨ 'ਚ ਖੜ੍ਹੇ ਸੀ, ਜਿਥੇ ਸ਼ਸਤਰ ਸੁੱਟ ਰਹੇ ਸੀ, ਚੇਲਿਆਂ ਵਾਲੇ ਦੀ ਲੜਾਈ ਤੋਂ ਬਾਅਦ। ਲਾਇਨ ਵਿਚ ਖੜ੍ਹੇ ਨੇ ਕਹਿੰਦੇ ਗੁਰੂ ਦਸ਼ਮੇਸ਼ ਪਿਤਾ ਦੀ ਸ੍ਰੀ ਸਾਹਿਬ ਗੋਰਿਆਂ ਦੇ ਚਰਨਾਂ 'ਤੇ ਰੱਖ ਦੇਵਾਂ ਮੈਂ? ਬੂਟਾਂ 'ਤੇ ਲਾ ਦੇਵਾਂ? ਨਾ, ਇਰਾਦਾ ਕਰ ਲਿਆ। ਬਾਬਾ ਨਿਹਾਲ ਸਿੰਘ ਨਾਉਂ ਸੀ, ਪਰ ਬਾਬਾ ਮਹਾਰਾਜ ਸਿੰਘ ਕਹਿੰਦੇ ਨੇ। ਉਸ ਵੇਲੇ ਲਾਈਨ 'ਚੋਂ ਨਿਕਲ ਕੇ ਇਕ ਦਮ ਘੋੜੇ 'ਤੇ ਸਵਾਰ ਹੋ ਗਏ, ਫੇਰ ਨਹੀਂ ਅੰਗਰੇਜ਼ ਨੂੰ ਰਾਹ ਦਿਤੀ। ਚਾਰ ਸਾਲ ਘੁੰਮਦਾ ਰਿਹਾ ਅੰਗਰੇਜ਼। ਉਸ ਵੇਲੇ ਸਿੱਖੀ ਦਾ ਇਹ ਹਾਲ ਹੋ ਗਿਆ, ਮਹਾਰਾਜਾ ਰਣਜੀਤ ਸਿੰਘ ਵੇਲੇ ਦੀ ਗਿਣਤੀ 88 ਲੱਖ ਸੀ। ਉਨ੍ਹਾਂ ਤੋਂ 13 ਸਾਲ ਬਾਅਦ ਜਦੋਂ ਮਰਦਮ ਸ਼ੁਮਾਰੀ ਕੀਤੀ ਤਾਂ ਸਿੱਖੀ ਆਈ 13 ਲੱਖ 51

ਹਜ਼ਾਰ ਕਿੰਨੇ ਘਟ ਗਏ। ਥੋੜ੍ਹੇ ਜਿਹੇ ਰਹਿ ਗਏ। ਕੋਈ 70-75 ਲੱਖ ਸਿੱਖ ਘਟ ਗਿਆ। ਇਕ ਦਮ ਗਏ 10-11 ਸਾਲ 'ਚ। ਉਸ ਤੋਂ ਬਾਅਦ ਹੋਰ ਘਟਦੇ ਗਏ ਤੇ ਉਸ ਵੇਲੇ ਅੰਗਰੇਜ਼ ਨੇ ਲਿਖਿਆ ਕਿ ਅਸਲੀ ਸਿੱਖ ਸਿਰਫ ਚਾਰ ਲੱਖ ਪੰਦਰਾਂ ਹਜ਼ਾਰ ਹੈ। ਬਾਕੀ ਨਹੀਂ ਹੈ, ਬਾਕੀ ਕਹਿੰਦੇ ਨੇ ਕਿ ਅਸੀਂ ਸਿੰਘ ਹਾਂ, ਪਰ ਸਿੰਘ ਹੈ ਨਹੀਂ, ਸ਼ਰਾਬਾਂ ਵਗੈਰਾ ਪੀਣ ਵਾਲੇ ਨੇ। ਉਹ ਕਿਹੜੇ ਨੇ ਅਸਲੀ? ਕਹਿੰਦੇ ਉਹ ਨੇ ਨਾਮਧਾਰੀ। ਬਾਬਾ ਰਾਮ ਸਿੰਘ ਨੂੰ ਮੰਨਣ ਵਾਲੇ, ਉਹ ਅਸਲੀ ਨੇ। ਬਾਕੀ ਸਿੱਖੀ ਨਹੀਂ ਰਹੀ ਤੇ ਉਸ ਵੇਲੇ ਵਿਚਾਰ ਕੀਤੀ ਕਿ ਇਨ੍ਹਾਂ ਦੀਆਂ ਫੋਟੋਆਂ ਲੈ ਲਓ, ਇਨ੍ਹਾਂ ਦੇ ਸਟੈਚੂ ਬਣਾ ਲਓ, ਅਜਾਇਬ ਘਰਾਂ 'ਚ ਰੱਖ ਦਿਓ, ਹੋਰ ਦਸ ਸਾਲਾਂ ਨੂੰ ਇਕ ਵੀ ਸਿੱਖ ਨਹੀਂ ਰਹਿਣਾ ਇਥੇ। ਉਨ੍ਹਾਂ ਦਿਨਾਂ 'ਚ ਬਾਬਾ ਮਹਾਰਾਜ ਸਿੰਘ ਜੀ ਨੇ ਪਿੰਡ-ਪਿੰਡ 'ਚ ਜਾ ਕੇ, ਰਾਤ ਕਿਤੇ ਠਹਿਰਦੇ, ਦਿਨ ਕਿਤੇ ਤੇ ਸਿੱਖੀ ਦੀ ਸੰਭਾਲ, ਹੌਂਸਲਾ ਦਿਤਾ ਕਿ ਗੁਰਸਿੱਖੋ! ਡੋਲਿਓ ਨਾ। ਅੰਗਰੇਜ਼ ਨੇ ਇਹ ਕਰ ਦਿਤਾ ਕਿ ਜਿੱਥੇ ਸ੍ਰੀ ਸਾਹਿਬ ਨਿਕਲ ਆਵੇ, ਉਹਦੇ ਨੱਕ ਤੇ ਕੰਨ ਕੱਟ ਦਿਓ। ਜਿਹੜੇ ਪਿੰਡ 'ਚੋਂ ਨਿਕਲ ਆਵੇ ਬਾਰੂਦ ਵਗੈਰਾ, ਸ੍ਰੀ ਸਾਹਿਬ ਵਗੈਰਾ। ਸਾਰੇ ਪਿੰਡ ਦੇ ਨੱਕ ਕੰਨ ਕੱਟ ਦਿਓ। ਬੜੀ ਭਾਰੀ ਸਖਤੀ ਸੀ। ਉਨ੍ਹਾਂ ਦਿਨਾਂ 'ਚ ਬਾਬਾ ਮਹਾਰਾਜ ਸਿੰਘ ਨੇ ਸਿੱਖੀ ਦੀ ਸੰਭਾਲ ਕਰਕੇ, ਬਾਬਾ ਰਾਮ ਸਿੰਘ ਜੀ ਵਿਰੱਕਤ ਨੂੰ ਕਿ ਅੰਗਰੇਜ਼ ਨੇ ਟਿਕਣ ਨਹੀਂ ਦੇਣਾ, ਤੁਸੀਂ ਇਕ ਰਾਤ ਤੋਂ ਵੱਧ ਨਹੀਂ ਕਿਤੇ ਕੱਟਣੀ। ਉਨ੍ਹਾਂ ਨੇ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਨੂੰ ਜਾਗ ਲਾਈ, ਹੋਤੀ ਮਰਦਾਨ ਵਾਲੇ ਮਹਾਰਾਜ ਤੋਂ ਬਾਅਦ ਹੋਏ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲੇ, 101 ਮਹਾਤਮਾ ਹੋਏ ਬ੍ਰਹਮਗਿਆਨੀ। ਵੱਡੇ-ਵੱਡੇ ਮਹਾਤਮਾ ਪੰਜਾਬ 'ਚ ਜਿੰਨੇ ਨੇ, ਜਿਨ੍ਹਾਂ ਨੇ ਸਿੱਖੀ ਫੈਲਾਈ। ਉਨ੍ਹਾਂ ਤੋਂ ਬਾਅਦ ਆ ਕੇ ਸੰਤ ਮਹਾਰਾਜ ਜੀ ਰਾੜਾ ਸਾਹਿਬ ਵਾਲੇ ਹੋਏ।

ਸੋ ਇਸ ਤਰ੍ਹਾਂ ਦੇ ਨਾਲ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ, ਉਨ੍ਹਾਂ ਦੇ ਕੋਲ ਸੰਤ ਪ੍ਰੇਮ ਸਿੰਘ ਜੀ 101 ਨਿਰਮਲੇ ਸੰਤਾਂ ਨਾਲ ਆਏ ਹੋਏ ਨੇ, ਕਹਿਣ ਲੱਗੇ ਕਿ ਬਾਬਾ ਜੀ ਸਾਨੂੰ ਛੁੱਟੀ ਦਿਓ ਤੇ ਅਸੀਂ ਉਥੇ ਕੁੰਭ ਲੱਗਣ ਵਾਲਾ ਹੈ ਅਸੀਂ ਉਥੇ ਇਸ਼ਨਾਨ ਕਰਨ ਜਾਣਾ ਹੈ। ਬਾਬਾ ਜੀ ਕਹਿੰਦੇ, ਐਤਕੀਂ ਨਾ ਜਾਓ। ਕਿਉਂਕਿ ਤ੍ਰਿਕਾਲ ਦਰਸੀ ਸੀ, ਸਭ ਪਤਾ ਸੀ ਕਿ ਅੱਗੇ ਕੀ ਹੋਣਾ ਹੈ, ਪਹਿਲਾਂ ਕੀ ਹੋਇਆ ਹੈ? ਕਹਿੰਦੇ, ਐਤਕੀਂ ਉਥੇ ਬੀਮਾਰੀ ਪੈਣੀ ਹੈ ਬਹੁਤ ਵੱਡੀ ਤੇ ਭਗੱਦੜ ਮਚ ਜਾਣੀ ਹੈ। ਐਤਕੀਂ ਨਾ ਜਾਓ। ਕਹਿੰਦੇ, ਮਹਾਰਾਜ! ਇਸ਼ਨਾਨ ਕਰਨਾ ਹੈ। ਕਹਿੰਦੇ, ਇਥੇ ਹੀ ਕਰਾ ਦੇਵਾਂਗੇ। ਜਿਸ ਵਕਤ ਕੁੰਭ ਦਾ ਮੌਕਾ ਆਇਆ ਬਾਬਾ ਪ੍ਰੇਮ ਸਿੰਘ ਜੀ ਕਹਿਣ ਲੱਗੇ ਨਿਰਮਲੇ ਸੰਤ, ਕਹਿੰਦੇ ਮਹਾਰਾਜ! ਕੁੰਭ ਤਾਂ ਲੱਗਣ ਵਾਲਾ ਹੈ। ਕਹਿੰਦੇ ਚਲੋ ਇਸ਼ਨਾਨ ਕਰਾਈਏ। ਕਲਪਾਨੀ ਨਦੀ ਦੇ ਕੰਢੇ ਲੈ ਗਏ, ਕਹਿੰਦੇ ਔਹ ਜਿਹੜਾ ਪੱਥਰ ਹੈ ਚੁੱਕ ਲਓ, ਚਾਰ ਫੁੱਟ ਉੱਚੀ ਧਾਰ ਆਏਗੀ। ਆਪ ਨੇ ਆਵਾਜ਼ ਮਾਰ ਦਿਤੀ ਕਿ ਏ ਗੰਗਾ! ਆਹ ਸੰਤਾਂ ਨੂੰ ਇਸ਼ਨਾਨ ਕਰਾ ਜਾ। ਉਹ ਪੱਥਰ ਚੁੱਕ ਦਿਤਾ, ਪੱਥਰ ਚੁੱਕਣ ਦੇ ਨਾਲ ਬਾਬਾ ਜੀ ਖੜ੍ਹੇ ਹੋਏ, ਕਹਿੰਦੇ ਛੇਤੀ-ਛੇਤੀ ਇਸ਼ਨਾਨ ਕਰ ਲਓ ਕਿਉਂਕਿ ਉਥੇ ਵੀ ਭਗਤ ਲੋਕ ਉਡੀਕਦੇ ਨੇ।

ਸੋ ਉਹ ਤਾਂ ਹੁਕਮ ਵਿਚ ਚਲਦੇ ਨੇ, ਤੀਰਥ ਵੱਡਾ ਕਿ ਹਰਿ ਕਾ ਦਾਸ? ਸੋ ਇਸ ਤਰ੍ਹਾਂ ਦੇ ਨਾਲ ਤੀਰਥ ਜਿਹੜੇ ਨੇ ਸੰਤਾਂ ਦੀ ਮਦਦ ਭਾਲਦੇ ਨੇ।

ਸ੍ਰੀ ਰਾਮ ਚੰਦਰ ਜੀ ਮਹਾਰਾਜ ਦੱਖਣ ਵਿਚ ਜਾਂਦੇ ਨੇ, ਬਿਲਾਸਪੁਰ ਸਟੇਟ ਹੁੰਦੀ ਉਨ੍ਹਾਂ ਦਿਨਾਂ 'ਚ। ਹੁਣ ਤਾਂ ਜ਼ਿਲਾ ਹੈ, ਉਥੇ ਨੇੜੇ ਹੀ ਪੰਪਾਸਰ ਸੀ। ਉਥੇ ਰਿਸ਼ੀ ਮੁਨੀ ਰਹਿੰਦੇ ਸੀ, ਉਥੇ ਇਕ ਬੀਬੀ ਸਫਾਈ ਕਰਦੀ ਹੁੰਦੀ, ਸੜਕਾਂ ਸੰਭਰਦੀ ਹੁੰਦੀ ਉਨ੍ਹਾਂ ਨੇ ਕਿਹਾ ਕਿ ਕੌਣ ਹੈ ਜਿਹੜਾ ਰਾਤ ਨੂੰ ਆ ਕੇ ਸਫਾਈ ਕਰ ਦਿੰਦਾ ਹੈ। ਛੋਟੀ ਜਾਤ ਸੀ ਵਿਚਾਰੀ ਦੀ। ਰਿਸ਼ੀਆਂ-ਮੁਨੀਆਂ ਨੇ ਕੁੱਟੀ ਉਹ। ਕਹਿੰਦੇ ਅਸੀਂ ਤਾਂ ਭ੍ਰਿਸ਼ਟ ਕਰ ਦਿਤੇ। ਫੇਰ ਉਹ ਲੱਕੜਾਂ ਲੰਗਰ 'ਚ ਸੁੱਟ ਜਾਇਆ ਕਰਦੀ ਸੀ, ਫੇਰ ਕੁੱਟੀ। ਉਹ ਦੂਰ ਜਾ ਕੇ ਰਹਿਣ ਲੱਗ ਗਈ।

ਜਦੋਂ ਸ੍ਰੀ ਰਾਮਚੰਦਰ ਜੀ ਗਏ, ਉਸ ਵੇਲੇ ਐਨੀ ਖਿੱਚ ਉਹਦੇ ਮਨ ਵਿਚ ਸੀ ਕਿ ਰਿਸ਼ੀਆਂ-ਮੁਨੀਆਂ ਦੇ ਨਾ ਜਾ ਕੇ ਸ੍ਰੀ ਰਾਮ ਚੰਦਰ ਜੀ ਭੀਲਣੀ ਦੀ ਕੁਟੀਆ ਵਲ ਨੂੰ ਚਲੇ ਗਏ। ਬਥੇਰਾ ਕਿਹਾ ਕਿ ਮਹਾਰਾਜ ਉਹ ਤਾਂ ਐਧਰ ਨੇ। ਕਹਿੰਦੇ ਨਹੀਂ ਅਸੀਂ ਐਧਰ ਹੀ ਜਾਣਾ ਹੈ। ਉਥੇ ਬੜਾ ਪਿਆਰ ਉਸਨੇ ਕਰਿਆ। ਇਥੇ ਤੱਕ ਦਸਦੇ ਨੇ ਕਿ ਬੇਰ ਪਹਿਲਾਂ ਸਾਂਭ ਕੇ ਰੱਖੇ ਹੋਏ ਸੀ, ਹਰ ਦੰਦ ਲਾ ਕੇ ਦੇਖਦੀ ਸੀ ਕਿ ਖੱਟਾ ਤਾਂ ਨਹੀਂ ਹੈ। ਮਿੱਠੇ-ਮਿੱਠੇ ਛਾਂਟ ਕੇ ਅੱਡ ਰੱਖ ਲਏ। ਉਥੇ ਜਾ ਕੇ ਪਿਆਰ ਦੇ ਵਸ ਹੋਏ-ਹੋਏ ਤ੍ਰੇਤਾ ਜੁਗ ਦੇ 14 ਕਲਾਂ ਸੰਪੂਰਨ ਅਵਤਾਰ ਸ੍ਰੀ ਰਾਮ ਚੰਦਰ ਜੀ ਮਹਾਰਾਜ ਨੇ ਪਿਆਰ ਦੇ ਵਸ ਹੋ ਕੇ ਜੂਠੇ ਬੇਰ ਖਾਧੇ। ਬੜਾ ਇਤਰਾਜ਼ ਕਰਿਆ ਰਿਸ਼ੀਆਂ-ਮੁਨੀਆਂ ਨੇ ਕਿ ਉਹਦੇ ਗਏ ਨੇ ਤੇ ਉਹਦੇ ਹੱਥ ਲੱਗੇ ਹੋਏ ਬੇਰ ਖਾ ਗਏ ਇਹ ਤਾਂ। ਇਕ ਪਾਸੇ ਮਰਿਆਦਾ ਪੁਰਸ਼ੋਤਮ ਕਹਿੰਦੇ ਨੇ ਇਨ੍ਹਾਂ ਨੂੰ। ਉਸ ਵੇਲੇ ਬੇਨਤੀ ਕਰੀ ਸਾਰੇ ਰਿਸ਼ੀਆਂ ਨੇ, ਮਹਾਰਾਜ! ਆਹ ਜਿਹੜਾ ਤੀਰਥ ਹੈ ਪੰਪਾਸਰ, ਇਹਦੇ ਵਿਚ ਕਿਰਮ ਪੈ ਗਏ। ਕੋਈ ਤਰੀਕਾ

ਨਹੀਂ ਹੈ ਜਿਹਦੇ ਨਾਲ ਹਟ ਜਾਣ। ਮਹਾਰਾਜ ਕਹਿਣ ਲੱਗੇ ਕਿ ਐਉਂ ਕਰੋ ਪ੍ਰੇਮੀਓ! ਤੁਸੀਂ ਰਿਸ਼ੀ-ਮੁਨੀ ਓ ਆਪਣੇ ਚਰਨ ਧੋ ਕੇ ਇਕ ਬਾਲਟੀ ਦੇ ਵਿਚ ਪਾਣੀ ਪਾ ਲਓ, ਉਹ ਬਾਲਟੀ ਲਿਆ ਕੇ ਇਹਦੇ ਵਿਚ ਪਾ ਦਿਓ। ਜਦੋਂ ਬਾਲਟੀ ਚਰਨ ਧੋ ਕੇ ਪਾਈ ਉਥੇ ਕੁਛ ਵੀ ਨਾ ਹੋਇਆ। ਕਹਿੰਦੇ ਮਹਾਰਾਜ! ਕੁਛ ਵੀ ਨਹੀਂ ਹੋਇਆ। ਅਸੀਂ ਤਾਂ ਤੁਹਾਡੇ ਚਰਨ ਧੁਆਉਣੇ ਨੇ। ਕਹਿੰਦੇ, ਮੇਰੇ ਧੋ ਲਓ। ਉਨ੍ਹਾਂ ਦੇ ਪਾਏ ਤਾਂ ਉਸ ਨਾਲ ਵੀ ਕੁਛ ਨਾ ਹੋਇਆ। ਕਿਉਂਕਿ ਪ੍ਰਮੇਸ਼ਰ ਨੂੰ ਆਪਣੇ ਭਗਤਾਂ ਦੀ ਵਡਿਆਈ ਭਾਉਂਦੀ ਹੈ। ਉਹਨੂੰ ਉਚਾ ਕਰ ਦਿੰਦੇ ਨੇ -

*ਹਰਿ ਕਾ ਭਗਤੁ ਪ੍ਰਗਟ ਨਹੀ ਛਪੈ॥*

*ਅੰਗ - ੨੬੫*

ਅਖੀਰ ਕਹਿਣ ਲੱਗੇ ਕਿ ਕੋਈ ਤਰੀਕਾ ਦੱਸੋ ਮਹਾਰਾਜ! ਕਹਿੰਦੇ ਭਾਈ, ਭੀਲਣੀ ਨੂੰ ਲਿਆਓ, ਉਹਨੂੰ ਲਿਆਓ ਜਾ ਕੇ। ਸਾਰਿਆਂ ਨੂੰ ਮਜ਼ਬੂਰ ਹੋ ਕੇ ਭੀਲਣੀ ਨੂੰ ਲਿਆਉਣਾ ਪਿਆ। ਉਹ ਕਹਿੰਦੀ, ਮੇਰੀ ਤਾਂ ਜਾਤ ਐਨੀ ਛੋਟੀ ਹੈ ਜੇ ਮੈਂ ਪੈਰ ਧਰ ਦੇਵਾਂ, ਜੇ ਉਹਨੂੰ ਨਾ ਮਿਟਾਵਾਂ ਤਾਂ ਤੁਹਾਨੂੰ ਭਿੱਟ ਲਗ ਜਾਂਦੀ ਹੈ। ਮੈਂ ਤਾਂ ਪੈੜ ਵੀ ਆਪਣੀ ਮਿਟਾਉਂਦੀ ਹਾਂ ਪਿੱਛੇ ਝਾਫਾ ਲੈ ਕੇ ਤੁਰਦੀ ਹਾਂ ਤੇ ਮੈਨੂੰ ਕਿਉਂ ਲਿਜਾਉਂਦੇ ਓਂ? ਕਹਿੰਦੇ, ਬੁਲਾਇਆ ਹੈ। ਹੁਕਮ ਮੰਨ ਕੇ ਆ ਗਈ। ਸ੍ਰੀ ਰਾਮ ਚੰਦਰ ਜੀ ਮਹਾਰਾਜ ਕਹਿਣ ਲੱਗੇ ਕਿ ਬੀਬੀ ਐਸ ਵੇਲੇ ਬੜਾ ਸੰਕਟ ਹੈ। ਤੂੰ ਆਪਣੇ ਚਰਨਾਂ ਦੀ ਛੋਹ ਏਸ ਤੀਰਥ ਨੂੰ ਦੇਹ। ਕਹਿੰਦੀ ਮਹਾਰਾਜ! ਮੈਂ ਤਾਂ ਗਰੀਬਣੀ ਹਾਂ। ਕਹਿੰਦੇ, ਨਹੀਂ, ਤੇਰੇ 'ਚ ਐਨਾ ਪਿਆਰ ਹੈ, ਤੇਰੇ ਰੋਮ-ਰੋਮ ਦੇ ਵਿਚ ਵਾਹਿਗੁਰੂ ਵਸਦਾ ਹੈ। ਤੂੰ ਤਾਂ ਮਹਾਂ ਪਵਿੱਤਰ ਹੈਂ ਜਿਥੇ ਚਰਨ ਧਰਦੀ ਹੈਂ, ਉਹ ਤੀਰਥ ਬਣਦਾ ਤੁਰਿਆ ਜਾਂਦਾ ਹੈ। ਉਸ ਵੇਲੇ ਜਾ ਕੇ ਜਦੋਂ ਚਰਨ ਰੱਖੇ। ਪਾਣੀ ਦੇ ਵਿਚ ਪਾਏ, ਪਾਣੀ ਇਕ ਦਮ ਜਿਹੜਾ ਸੀ ਕੀੜੇ ਪਏ ਹੋਏ, ਗੰਦਾ ਪਾਣੀ ਹਿਲਜੁੱਲ ਪੈ ਗਈ ਪਾਣੀ 'ਚ। ਪਿੱਛੇ ਨੂੰ ਜਿਵੇਂ ਲਹਿਰ ਚਲਦੀ ਹੈ, ਲਹਿਰ ਹਟਣ ਲੱਗ ਗਈ, ਪਰਲੇ ਕੰਢੇ ਤੇ ਜਾ ਕੇ ਲੱਗ ਗਈ। ਕੀ ਦੇਖਦੇ ਨੇ ਸਾਰੇ ਰਿਸ਼ੀ-ਮੁਨੀ ਕਿ ਪਾਣੀ ਤਾਂ ਕੁੰਗੂ ਵਰਗਾ ਹੋ ਗਿਆ, ਨਿਰਮਲ ਹੋ ਗਿਆ। ਕੋਈ ਮੈਲ ਨਹੀਂ ਰਹੀ। ਸੋ ਮਹਾਰਾਜ ਕਹਿੰਦੇ, ਪਿਆਰਿਓ! ਤੀਰਥ ਨਹੀਂ ਵੱਡਾ, ਹਰੀ ਦਾ ਦਾਸ ਵੱਡਾ ਹੈ।

*ਗੰਗਾ ਜਮੁਨਾ ਗੋਦਾਵਰੀ ਸਰਸੁਤੀ*
*ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥*
*ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ*
*ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥*

*ਅੰਗ - ੧੨੬੩*

ਉਹ ਤਾਂ ਉਦਮ ਕਰਕੇ ਆਪ ਸੰਤਾਂ ਦੇ ਜਿਥੇ ਸਾਧੂ ਇਸ਼ਨਾਨ ਕਰਦੇ ਨੇ ਉਥੇ ਆ ਕੇ ਇਸ਼ਨਾਨ ਕਰਦੇ ਨੇ ਤਾਂ ਮੈਲ ਲਹਿੰਦੀ ਹੈ ਕਿਉਂਕਿ ਜਿਹਦੇ ਹਿਰਦੇ 'ਚ ਰਾਮ ਹੈ, ਉਥੇ ਤਾਂ ਜਮਦੂਤ ਵੀ ਡਰਨ ਲਗ ਜਾਂਦਾ ਹੈ।

*ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥*
*ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥*

*ਅੰਗ - ੬੮੭*

ਇਹ ਤਾਂ ਜੋ ਨਾਮ ਵਾਲਾ ਤੀਰਥ ਹੈ, ਇਹਦੇ ਨਾਲ ਕਰੋੜਾਂ ਜਨਮਾਂ ਦੀ ਮੈਲ ਲਹਿ ਜਾਂਦੀ ਹੈ। ਤੀਰਥ ਜਿਹੜਾ ਹੈ ਉਹ ਕੇਵਲ ਸਰੀਰ ਦੀ ਮੈਲ ਲਾਹੁੰਦਾ ਹੈ। ਨਾਮ ਕਰੋੜਾਂ ਜਨਮਾਂ ਦੀ ਮੈਲ ਲਾਹੁੰਦਾ ਹੈ -

*ਜਨ ਕੀ ਟਹਲ ਸੰਭਾਖਨੁ ਜਨ ਸਿਉ*
*ਊਠਨੁ ਬੈਠਨੁ ਜਨ ਕੈ ਸੰਗਾ ॥*
*ਜਨ ਚਰ ਰਜ ਮੁਖਿ ਮਾਥੈ ਲਾਗੀ*
*ਆਸਾ ਪੂਰਨ ਅਨੰਤ ਤਰੰਗਾ ॥ ੧ ॥*

*ਅੰਗ - ੮੨੮*

ਕਹਿੰਦੇ, ਸੰਤਾਂ ਦੀ ਧੂੜੀ ਲੱਗ ਗਈ ਮੱਥੇ ਨਾਲ, ਬੇਅੰਤ ਮੰਗਾਂ ਪੂਰੀਆਂ ਕਰਨ ਦੀ ਸਮਰੱਥਾ ਰੱਖਦੀ ਹੈ।

*ਜਨ ਪਾਰਬ੍ਰਹਮ ਜਾ ਕੀ ਨਿਰਮਲ ਮਹਿਮਾ*
*ਜਨ ਕੇ ਚਰਨ ਤੀਰਥ ਕੋਟਿ ਗੰਗਾ ॥*

*ਅੰਗ - ੮੨੮*

ਕਰੋੜ ਗੰਗਾ ਜਿੰਨਾ ਫਲ, ਸੰਤਾਂ ਦੀ ਧੂੜੀ ਵਿਚ ਹੁੰਦਾ ਹੈ।

*ਜਨ ਕੀ ਧੂਰਿ ਕੀਓ ਮਜਨੁ ਨਾਨਕ .........॥*

*ਅੰਗ - ੮੨੮*

ਜਦੋਂ ਜਨ ਦੀ ਧੂੜੀ 'ਚ ਇਸ਼ਨਾਨ ਕਰਿਆ।

*......ਜਨਮ ਜਨਮ ਕੇ ਹਰੇ ਕਲੰਗਾ॥*

*ਅੰਗ - ੮੨੮*

ਕਰੋੜਾਂ ਜਨਮਾਂ ਦੇ ਪਾਪਾਂ ਦਾ ਨਾਸ਼ ਹੋ ਜਾਂਦਾ ਹੈ। ਸੋ ਵੱਡਾ ਜਿਹੜਾ ਤੀਰਥ ਹੈ ਉਹ ਸਤਿਸੰਗ ਹੈ। ਇਹਦਾ ਮੁਕਾਬਲਾ ਨਹੀਂ ਕਰਦੇ।

*ਸਤਿਗੁਰੁ ਹੈ ਅੰਮ੍ਰਿਤ ਸਰੁ ਸਾਚਾ*
*ਮਨੁ ਨਾਵੈ ਮੈਲੁ ਚੁਕਾਵਣਿਆ ॥ ਅੰਗ - ੧੧੩*

ਅੰਮ੍ਰਿਤ ਦਾ ਸਰੋਵਰ ਹੈ ਜਿੱਥੇ ਸਤਿਗੁਰੂ ਹੋਵੇ। ਬਾਣੀ ਦਾ ਉਚਾਰਨ ਹੁੰਦਾ ਹੋਵੇ, ਇਥੇ ਮਨ ਇਸ਼ਨਾਨ ਕਰਦਾ ਹੈ -

*ਜਗਿ ਹਉਮੈ ਮੈਲੁ ਦੁਖੁ ਪਾਇਆ*
*ਮਲੁ ਲਾਗੀ ਦੂਜੈ ਭਾਇ ॥*
*ਮਲੁ ਹਉਮੈ ਧੋਤੀ ਕਿਵੈ ਨ ਉਤਰੈ*
*ਜੇ ਸਉ ਤੀਰਥ ਨਾਇ ॥*
*ਬਹੁ ਬਿਧਿ ਕਰਮ ਕਮਾਵਦੇ*

*ਦੂਣੀ ਮਲੁ ਲਾਗੀ ਆਇ ॥*
*ਪੜਿਐ ਮੈਲੁ ਨ ਉਤਰੈ*
*ਪੂਛਹੁ ਗਿਆਨੀਆ ਜਾਇ ॥ ਅੰਗ - ੩੯*

ਇਕ ਤੀਰਥ ਕੀ, ਕਹਿੰਦੇ ਸੈਂਕੜੇ ਤੀਰਥ ਨਾਹ ਲੈ, ਤਾਂ ਵੀ ਮੈਲ ਨਹੀਂ ਉਤਰਨੀ। ਉਹ ਆਦਮੀ ਨਹੀਂ ਸ਼ੁੱਧ ਹੁੰਦਾ -

*ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ ॥*
*ਇਕੁ ਭਾਉ ਲਥੀ ਨਾਤਿਆ*
*ਦੁਇ ਭਾ ਚੜੀਅਸੁ ਹੋਰ ॥*
*ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ ॥*
*ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ ॥*
*ਅੰਗ - ੭੮੯*

ਸੋ ਬਾਬਾ ਜੀ ਏਸ ਕਰਕੇ ਤੀਰਥ ਤੇ ਜਾਂਦੇ ਸੀ। ਇਕ ਤਾਂ ਉਨ੍ਹਾਂ ਨੂੰ ਸ਼ਰਧਾ ਸੀ। ਦੂਸਰਾ ਇਹ ਸੀ ਕਿ ਕੋਈ ਮਹਾਂਪੁਰਸ਼ ਮਿਲ ਜਾਏਗਾ, ਲੇਕਿਨ ਮਿਲਿਆ ਨਹੀਂ, ਬੜਾ ਮਨ ਵਿਚ ਅਫਸੋਸ ਹੈ। ਹਰ ਵਕਤ ਬੇਨਤੀਆਂ ਕਰਦੇ ਨੇ ਕਿ ਹੇ ਪ੍ਰਭੂ! ਕ੍ਰਿਪਾ ਕਰ। ਹੇ ਗੰਗਾ ਮਾਈ! ਕ੍ਰਿਪਾ ਕਰ। ਮੇਰੇ ਨਾਹੁਣ ਦਾ ਐਨੇ ਸਾਲ ਮੈਂ ਜਿਹੜਾ ਇਸ਼ਨਾਨ ਕਰਿਆ ਹੈ, ਮੈਨੂੰ ਇਹ ਫਲ ਦੇਹ ਕਿ ਮੈਨੂੰ ਮਹਾਂਪੁਰਖ ਦੇ ਦਰਸ਼ਨ ਹੋ ਜਾਣ। ਉਸ ਵੇਲੇ ਆਪ ਜਦੋਂ ਇਸ਼ਨਾਨ ਕਰਕੇ ਵਾਪਸ ਆਉਂਦੇ ਨੇ। ਇਕ ਬ੍ਰਹਮਚਾਰੀ ਇਨ੍ਹਾਂ ਦੇ ਨਾਲ ਰਲ ਗਿਆ ਕਿਉਂਕਿ ਇਹ ਦਾਨ ਵੀ ਬਹੁਤ ਕਰਦੇ ਸੀ, ਮਿੱਠਾ ਬੋਲਦੇ ਸੀ, ਭਜਨ ਬਹੁਤ ਕਰਦੇ ਸੀ, ਗੱਲਾਂਬਾਤਾਂ ਕਰਦੇ ਨਹੀਂ ਸੀ, ਲੇਕਿਨ ਅਜੇ ਤੱਕ ਗੁਰੂ ਨਹੀਂ ਸੀ ਮਿਲਿਆ। ਰੋਜ਼ ਬਚਨ ਕਰਨੇ। ਚਲਦੇ-ਚਲਦੇ ਆਪ ਮੇੜ ਪਿੰਡ ਸੀਗਾ, ਉਥੇ ਇਕ ਬ੍ਰਾਹਮਣ ਸੀ ਦੁਰਗਾ ਨਾਮ ਦਾ, ਉਹਨੇ ਯਾਤਰੂਆਂ ਦੇ ਵਾਸਤੇ ਸਰ੍ਹਾਂ ਬਣਾਈ ਹੋਈ ਸੀ। ਸੁਰਸਤੀ ਗੋਤ ਸੀ ਉਹਦਾ। ਉਸ ਸਰ੍ਹਾਂ ਦੇ ਵਿਚ ਆਏ ਗਏ ਯਾਤਰੂ ਗੰਗਾ ਨੂੰ ਜਾਂਦੇ ਰਹਿਣੇ ਅਤੇ ਉਹ ਵੀ ਬੜੀ ਭਾਵਨਾ ਵਾਲਾ ਸੀ ਕਿ ਇਹ ਜਦੋਂ ਇਸ਼ਨਾਨ ਕਰਕੇ ਆ ਕੇ ਮੇਰੇ ਕੋਲ ਠਹਿਰਨਗੇ ਤਾਂ ਮੇਰਾ ਵੀ ਥਾਉਂ ਪਵਿੱਤਰ ਹੋ ਜਾਏਗਾ। ਭਾਵਨਾ ਨਾਲ ਕਰਦਾ ਸੀ, ਜੋ ਕੋਈ ਦੇ ਜਾਵੇ, ਦੱਛਣਾ ਲੈ ਲੈਂਦਾ ਸੀ, ਨਾ ਦੇਵੇ ਨਹੀਂ ਲੈਂਦਾ ਸੀ।

ਅੱਜ ਇਸ਼ਨਾਨ ਕਰਨ ਤੋਂ ਬਾਅਦ ਬਾਬਾ ਅਮਰਦਾਸ ਜੀ ਮੁੜਦੇ ਹੋਏ, ਜਦੋਂ ਇਥੇ ਆ ਕੇ ਠਹਿਰੇ, ਤਾਂ ਆਪ ਸਾਧਾਰਣ ਹੀ ਥੋੜ੍ਹਾ ਬਹੁਤਾ ਆਰਾਮ ਕਰਨ ਵਾਸਤੇ ਸਰ੍ਹਾਂ ਦੇ ਅੰਦਰ ਇਕ ਥਾਂ ਦੇਖਿਆ ਤੇ ਉਥੇ ਲੰਮੇ ਪੈ ਗਏ, ਚਰਨ ਨੰਗੇ ਨੇ ਕੋਈ ਕੱਪੜਾ ਉਤੇ ਹੈ ਨਹੀਂ, ਫਿਰਦਾ-ਫਿਰਦਾ ਉਹ ਪੰਡਤ ਆ ਗਿਆ, ਉਸ ਪੰਡਤ ਨੇ ਕੀ ਦੇਖਿਆ, ਗੁਰੂ ਮਹਾਰਾਜ ਦਾ ਹੱਥ ਦੇਖਿਆ ਤੇ ਚਰਨ ਦੇਖਿਆ। ਪੰਡਤ ਠਠੰਬਰ ਗਿਆ ਉਥੇ ਦੇਖਦੇ ਸਾਰ। ਕਹਿਣ ਲੱਗਿਆ ਹੈਂ ਐਡੀ ਵੱਡੀ ਰੇਖਾ। ਆਹ ਤਾਂ ਰੇਖਾ ਹੀ ਨਹੀਂ ਅੱਜ ਤੱਕ ਕਿਸੇ ਦੀ ਦੇਖੀ। ਨਮਸਕਾਰ ਕਰ ਦਿਤੀ ਓਸ ਪੰਡਤ ਨੇ। ਆਰਾਮ ਕਰਨ ਵਾਲੇ ਰਾਹੀ ਦਾ ਨਾ ਨਾਉਂ ਜਾਣਦਾ ਹੈ, ਨਾ ਕੁਛ ਪਤਾ ਹੈ। ਸੋ ਉਸ ਵੇਲੇ ਜਦੋਂ ਮਹਾਰਾਜ ਜੀ ਤੁਰਨ ਲੱਗੇ ਤਾਂ ਕਹਿਣ ਲੱਗੇ ਪੰਡਤ ਜੀ! ਤੁਸੀਂ ਆਪਣੀ ਦੱਛਣਾ ਲੈ ਲਓ। ਕਹਿੰਦੇ, ਦੱਛਣਾ ਮੈਂ ਅੱਜ ਨਹੀਂ ਲੈਣੀ, ਤੁਹਾਡੇ ਚਰਨ ਕਮਲ ਦੇ ਵਿਚ ਪਦਮ ਹੈ। ਗੁਰੂ ਮਹਾਰਾਜ ਦੇ ਦੋ ਪਦਮ ਸੀ। ਇਕ ਚਰਨ ਕਮਲ ਵਿਚ ਸੀ, ਇਕ ਹੱਥ ਵਿਚ ਸੀ।

ਭੱਟ ਜਿਹੜੇ ਨੇ ਇਹ ਲਿਖਦੇ ਨੇ ਕਿ -

*ਬਾਰਿਜੁ ਕਰਿ ਦਾਹਿਣੈ*
*ਸਿਧਿ ਸਨਮੁਖ ਮੁਖੁ ਜੋਵੈ ॥ ਅੰਗ - ੧੩੯੪*

ਕਹਿੰਦੇ ਹੱਥ ਦੇ ਉਤੇ ਪਦਮ ਸੀ ਇਨ੍ਹਾਂ ਦੇ। ਚਰਨਾਂ ਦਾ ਪਦਮ ਉਹਨੇ ਦੇਖਿਆ। ਕਹਿਣ ਲੱਗਿਆ ਕਿ ਕ੍ਰਿਸ਼ਨ ਮਹਾਰਾਜ ਦੇ ਪਦਮ ਸੀ, ਉਹ ਵੱਡੇ ਅਵਤਾਰ ਹੋਏ ਨੇ, ਮੁੜ ਕੇ ਕਿਸੇ ਦੇ ਚਰਨ ਵਿਚ ਪਦਮ ਨਹੀਂ ਦੇਖਿਆ। ਇਹ ਤਾਂ ਕੋਈ ਪੂਰਨ ਅਵਤਾਰ ਨੇ ਕਲਜੁਗ ਨੂੰ ਤਾਰਨ ਵਾਲੇ। ਪਰ ਵਜਹ ਕੀ ਹੈ, ਮੇਰੇ ਕੋਲ ਕਿਉਂ ਪਏ ਨੇ। ਇਕੱਲੇ ਨੇ, ਅਵਤਾਰਾਂ ਦੇ ਨਾਲ ਤਾਂ ਬੰਦੇ ਹੀ ਬੇਅੰਤ ਹੁੰਦੇ ਨੇ। ਇਹ ਇਕੱਲੇ ਤੁਰੇ ਫਿਰਦੇ ਨੇ। ਜਦੋਂ ਮਹਾਰਾਜ ਜੀ ਨੇ ਕਿਹਾ ਪੰਡਤ ਜੀ! ਤੁਸੀਂ ਦੱਛਣਾ ਲੈ ਲਓ। ਕਹਿਣ ਲੱਗੇ, ਮੈਂ ਅੱਜ ਨਹੀਂ ਲੈਣੀ, ਤੁਹਾਡੇ ਚਰਨ ਦੇ ਅੰਦਰ ਐਸੀ ਰੇਖਾ ਹੈ ਕਿ ਜਾਂ ਤੁਸੀਂ ਚੱਕਰਵਰਤੀ ਬਾਦਸ਼ਾਹ ਬਣ ਕੇ ਦੇਸ਼ਾਂ ਵਿਦੇਸ਼ਾਂ ਦਾ ਰਾਜ ਕਰਨਾ ਹੈ ਤੇ ਜਾਂ ਤੁਸੀਂ ਸਾਰੇ ਸੰਸਾਰ ਦੇ ਤਾਰਕ ਬਣਨਾ ਹੈ। ਮੈਂ ਹੈਰਾਨ ਹਾਂ ਕਿ ਐਡੀ ਵੱਡੀ ਉਮਰ ਹੋ ਗਈ, ਬੁਢਾਪਾ ਆ ਗਿਆ ਤੇ ਇਹ ਰੇਖਾ ਫਲੀ ਕਿਉਂ ਨਹੀਂ ਹੈ? ਮੇਰੇ ਜੋਤਸ਼ ਦੇ ਹਿਸਾਬ-ਕਿਤਾਬ ਵਿਚ ਕੋਈ ਗੱਲ ਨਹੀਂ ਆ ਰਹੀ। ਜਿਹਨੇ ਤੁਹਾਨੂੰ ਰੁਕਾਵਟ ਪਾਈ ਹੋਈ ਹੈ। ਕੋਈ ਗ੍ਰਹਿ ਐਸਾ ਨਹੀਂ ਹੈ ਜਿਹਨੇ ਰੁਕਾਵਟ ਪਾਈ ਹੋਵੇ। ਪਰ ਮੈਂ ਫੇਰ ਹੈਰਾਨ ਹਾਂ ਕਿ ਅਜੇ ਤੱਕ ਰੇਖਾ ਕਿਉਂ ਨਹੀਂ ਫਲੀ। ਹਾਂ, ਏਸ ਰੇਖਾ ਨੇ ਫਲ ਦੇਣਾ ਹੈ, ਜਦੋਂ ਫਲ ਦੇਵੇਗੀ ਤਾਂ ਮੈਂ ਓਸ ਵੇਲੇ ਆਵਾਂਗਾ ਤੁਹਾਡੇ ਕੋਲ। ਫੇਰ ਮੈਂ ਲੈ ਲਵਾਂਗਾ।

ਮਹਾਰਾਜ ਕਹਿੰਦੇ, ਪੰਡਤ ਜੀ! ਤੁਸੀਂ ਆਪਣਾ ਉਧਾਰ ਚੁਕਾ ਲਓ। ਕਹਿਣ ਲੱਗਿਆ, ਨਹੀਂ ਮੇਰਾ ਉਧਾਰ ਤੁਹਾਡੇ ਸਿਰ ਤੇ, ਜਿਸ ਵਕਤ ਰੇਖਾ ਫਲੀ ਓਸ ਦਿਨ ਮੈਂ ਆਵਾਂਗਾ। ਇਸ ਤਰ੍ਹਾਂ ਬਚਨ ਬਿਲਾਸ ਕਰਦੇ ਹੋਏ ਬ੍ਰਹਮਚਾਰੀ ਦੇ ਨਾਲ ਗੁਰੂ ਮਹਾਰਾਜ ਆ

ਜਾਂਦੇ ਨੇ। ਬਾਸਰਕੇ ਪਹੁੰਚ ਗਏ ਆਪਣੇ ਨਗਰ ਤੇ ਉਹ ਵੀ ਕਈ ਦਿਨ ਠਹਿਰਦਾ ਹੈ। ਮਹਾਰਾਜ ਜੀ ਬਾਹਰ ਜਾਂਦੇ ਨੇ ਬਚਨ ਬਿਲਾਸ ਕਰਦੇ ਨੇ, ਅੱਜ ਆਪ ਇਕਾਂਤ ਵਿਚ ਨੇ। ਬ੍ਰਹਮਚਾਰੀ ਉਸ ਵੇਲੇ ਕਹਿਣ ਲੱਗਿਆ ਕਿ ਹੇ ਬਾਬਾ ਅਮਰਦਾਸ! ਤੁਸੀਂ ਗੁਰਮੰਤਰ ਕਿੱਥੋਂ ਲਿਆ ਹੈ? ਕਿਉਂਕਿ ਆਪ ਖੋੜਸ ਮੰਤਰ ਦੀਆਂ ਕਈ ਮਾਲਾ ਕਰਿਆ ਕਰਦੇ ਸੀ ਅਠੋਤਰੀ। ਖੋੜਸ ਮੰਤਰ ਹੁੰਦਾ ਹੈ ਓਮ ਭਗਵਤੇ ਬਾਸਦੇਵੈ ਨਮਹ'। ਜੋ ਧਰੂ ਭਗਤ ਨੇ ਜਪਿਆ ਸੀ ਮੰਤਰ, ਓਸ ਮੰਤਰ ਦੀਆਂ ਆਪ ਛੇ ਮਾਲਾ ਕਰਦੇ ਸੀ। ਕਹਿਣ ਲੱਗੇ, ਤੁਹਾਡੇ ਅੰਦਰ ਬਹੁਤ ਵੈਰਾਗ ਹੈ, ਬਹੁਤ ਗਿਆਨ ਹੈ ਤੁਹਾਨੂੰ? ਕ੍ਰਿਪਾ ਕਰਕੇ ਇਹ ਤਾਂ ਦੱਸੋ ਕਿ ਤੁਹਾਡਾ ਗੁਰੂ ਕਿਹੜਾ ਸੀਗਾ? ਐਨਾ ਜਦੋਂ ਨਾਉਂ ਲਿਆ ਜਿਵੇਂ ਫਿਸ ਜਾਂਦੀ ਹੈ ਚੀਜ਼, ਉਸ ਵੇਲੇ ਬਾਬਾ ਜੀ ਦੇ ਨੇਤਰਾਂ 'ਚੋਂ ਜਲ ਜਾਣ ਲੱਗ ਗਿਆ। ਬੋਲੇ ਨਾ, ਸਮਝ ਗਿਆ ਕਿ ਗੁਰੂ ਇਨ੍ਹਾਂ ਦੇ ਸਰੀਰ ਛੱਡ ਗਏ ਤਾਂ ਵੈਰਾਗ ਹੈ, ਪਿਆਰ ਹੈ ਇਨ੍ਹਾਂ ਦਾ ਗੁਰੂ ਨਾਲ। ਐਨਾ ਹੀ ਹੋਣਾ ਚਾਹੀਦਾ ਹੈ ਪਿਆਰ। ਓਸ ਵੇਲੇ ਕਹਿਣ ਲੱਗੇ, ਬਾਬਾ ਜੀ! ਤੁਸੀਂ ਧੀਰਜ ਕਰੋ, ਤੁਸੀਂ ਆਪਣੇ ਗੁਰੂ ਦਾ ਤਾਂ ਜ਼ਿਕਰ ਦੱਸੋ ਕਿੱਥੇ ਦੇ ਸੀ, ਪੂਰਨ ਗੁਰੂ ਸੀ? ਤੁਹਾਨੂੰ ਦੇਖ ਕੇ ਤਾਂ ਮੈਨੂੰ ਐਉਂ ਲਗਦਾ ਹੈ ਕਿ ਤੁਹਾਡੇ ਗੁਰੂ ਸਮਰੱਥ ਹੋਣੇ ਨੇ। ਪੂਰੇ ਗੁਰੂ ਹੋਣੇ ਨੇ ਅਧੂਰਾ ਨਹੀਂ ਹੋਣਾ, ਜਿਨ੍ਹਾਂ ਨੇ ਤੁਹਾਨੂੰ ਪੂਰਾ ਕਰ ਦਿਤਾ। ਤੁਸੀਂ ਬੋਲਦੇ ਕਿਉਂ ਨਹੀਂ? ਉਸ ਵੇਲੇ ਆਪ ਦਾ ਗਲਾ ਰੁਕਿਆ ਹੋਇਆ ਸੀ, ਹੰਝੂ ਪੂੰਝੇ ਤੇ ਕਹਿਣ ਲੱਗੇ ਕਿ ਬ੍ਰਹਮਚਾਰੀ ਜੀ ਮੈਂ ਕੀ ਦੱਸਾਂ, ਮੈਂ ਤਾਂ ਭਾਗਾਂ ਤੋਂ ਹੀਣਾ ਹਾਂ, ਮੈਨੂੰ ਅੱਜ ਤੱਕ ਗੁਰੂ ਹੀ ਨਹੀਂ ਮਿਲਿਆ। ਮੈਂ ਨਿਗੁਰਾ ਤੁਰਿਆ ਫਿਰਦਾ ਹਾਂ। ਉਹ ਕਹਿਣ ਲੱਗਿਆ ਓ ਬਾਬਾ ਅਮਰਦਾਸ, ਮੇਰੀ ਕਿਸਮਤ ਹਾਰ ਗਈ, ਮੈਂ ਪਤਾ ਨਹੀਂ ਕਿਹੜੇ ਜਨਮ ਦਾ ਪਾਪ ਕਰਿਆ ਹੈ, ਜਿਹੜਾ ਤੇਰੇ ਨਾਲ ਮੇਰਾ ਮੇਲ ਹੋ ਗਿਆ। ਮੇਰੇ ਤਾਂ ਸਾਰੇ ਕਰਮ ਧਰਮ ਭ੍ਰਿਸ਼ਟ ਹੋ ਗਏ, ਮੈਂ ਤੇਰੇ ਹੱਥੋਂ ਖਾਂਦਾ ਰਿਹਾ।

***ਜਾ ਕੀ ਰਹਿਤ ਨਹੀ ਜਾਣੀਐ***
***ਗੁਰਬਾਣੀ ਨਹੀ ਰੀਤ***
***ਤਿਸ ਦੈ ਹਥੋਂ ਖਾਧਿਆ***
***ਵਿਸਰੈ ਹਰਿ ਕੀ ਪ੍ਰੀਤ।***

ਮੈਂ ਬੜਾ ਮਾੜਾ ਕੰਮ ਕਰਿਆ, ਮੈਂ ਇਕ ਨਿਗੁਰੇ ਦੇ ਹੱਥੋਂ ਖਾਂਦਾ ਰਿਹਾ। ਉਸ ਵੇਲੇ ਕਹਿਣ ਲੱਗਿਆ ਕਿ ਨਿਗੁਰੇ ਦਾ ਨਾਉਂ ਲੈਣਾ ਵੀ ਬੁਰਾ ਹੈ। ਐਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਨਿਗੁਰਿਆ ਤੇਰਾ ਓ***
***ਨਾਉਂ ਹੈ ਬੁਰਾ***
***ਮਾਨਸ ਜਨਮ***
***ਗਵਾ ਲਿਆ ਬਿਰਥਾ।***

ਕਹਿਣ ਲੱਗਿਆ, ਬਾਬਾ ਅਮਰਦਾਸ! ਨਿਗੁਰੇ ਦਾ ਤਾਂ ਨਾਉਂ ਹੀ ਲੈਣਾ ਬੁਰਾ ਹੈ। ਮੈਂ ਕਿਹੋ ਜਿਹਾ ਪਾਪ ਕਰ ਦਿਤਾ ਮੇਰੇ ਤਾਂ ਸਾਰੇ ਕਰਮ ਧਰਮ ਭ੍ਰਿਸ਼ਟ ਹੋ ਗਏ। ਰੋਣ ਲੱਗ ਗਿਆ। ਕਿਉਂਕਿ ਬਾਣੀ ਕਹਿੰਦੀ ਹੈ -

***ਝਝੈ ਕਦੇ ਨ ਝੂਰਹਿ ਮੂੜੇ***
***ਸਤਿਗੁਰ ਕਾ ਉਪਦੇਸੁ ਸੁਣਿ ਤੂੰ ਵਿਖਾ ॥***
***ਸਤਿਗੁਰ ਬਾਝਹੁ ਗੁਰੁ ਨਹੀ***
***ਕੋਈ ਨਿਗੁਰੇ ਕਾ ਹੈ ਨਾਉ ਬੁਰਾ ॥***

***ਅੰਗ - ੪੩੫***

ਨਾਉਂ ਲੈਣਾ ਹੀ ਬੁਰਾ ਹੁੰਦਾ ਹੈ, ਜਿਥੇ ਨਿਗੁਰਾ ਬੈਠ ਜਾਵੇ, ਸਵਾ ਗਜ਼ ਧਰਤੀ ਭ੍ਰਿਸ਼ਟ ਕਰ ਦਿੰਦਾ ਹੈ।

ਇਕ ਵਾਰੀ ਦੇਵਤਿਆਂ ਨੇ ਸਭਾ ਕੀਤੀ, ਉਹਦੇ 'ਚ ਬ੍ਰਹਮਾ ਦਾ ਪੁੱਤਰ ਜਿਸਨੂੰ ਨਾਰਦਮੁਨੀ ਕਹਿੰਦੇ ਨੇ, ਜਿਹਦੇ 'ਚ ਇਹ ਸਮਰੱਥਾ ਹੈ ਕਿ ਇਕ ਵਾਰੀ ਚਿਤਵ ਲਵੇ ਕਿ ਮੈਂ ਧਰਤੀ ਦੇ ਫਲਾਣੇ ਹਿੱਸੇ 'ਚ ਜਾਣਾ ਹੈ, ਉਥੇ ਹੀ ਪਹੁੰਚ ਜਾਏਗਾ, ਜੇ ਚਿਤਵ ਲਵੇ ਕਿ ਉਪਰਲਾ ਜਿਹੜਾ ਫਲਾਣਾ ਤਾਰਾ ਹੈ ਉਥੇ ਜਾਣਾ ਹੈ ਉਥੇ ਹੀ ਪਹੁੰਚ ਜਾਂਦਾ ਹੈ। ਐਡੀ ਸ਼ਕਤੀ ਦਾ ਮਾਲਕ ਉਹ ਵੀ ਬੁਲਾ ਲਿਆ। ਸਭਾ ਚਲਦੀ ਨੂੰ ਸਮਾਂ ਹੋ ਗਿਆ ਤਾਂ ਉਸ ਵੇਲੇ ਇਕ ਦਿਨ ਨਾਰਦ ਪਹਿਲਾਂ ਚਲਿਆ ਗਿਆ, ਜਾ ਕੇ ਕੀ ਦੇਖਦਾ ਹੈ ਕਿ ਜਿਥੇ ਇਹ ਬੈਠਦਾ ਹੈ ਉਥੋਂ ਥਾਉਂ ਪੁੱਟ ਰਹੇ ਨੇ, ਇਹਦੇ ਦੇਖਦੇ-ਦੇਖਦੇ ਸਵਾ ਗਜ ਗਹਿਰਾ, ਸਵਾ ਗਜ ਚੌੜਾ ਟੋਆ ਕਰ ਲਿਆ। ਬਾਹਰੋਂ ਮਿੱਟੀ ਲਿਆ ਕੇ ਫੇਰ ਭਰਨ ਲੱਗ ਗਏ। ਜਦੋਂ ਸਾਰਾ ਕੰਮ ਕਰ ਲਿਆ, ਚੌਂਤਰਾ ਉਵੇਂ ਜਿਵੇਂ ਬਣਾ ਦਿਤਾ, ਆਸਣ ਲਾ ਦਿਤਾ। ਨਾਰਦ ਕਹਿਣ ਲੱਗਿਆ ਮੇਰੇ ਸਮਝ ਵਿਚ ਨਹੀਂ ਆਇਆ, ਉਰ੍ਹੇ ਆਓ ਮੇਰੀ ਗੱਲ ਸੁਣੋ। ਪਹਿਲਾਂ ਤੁਸੀਂ ਟੋਆ ਪੁੱਟਿਆ ਹੈ ਤੇ ਫੇਰ ਤੁਸੀਂ ਇਹਨੂੰ ਭਰਿਆ ਹੈ?

ਕਹਿੰਦੇ, ਜੀ! ਅਸੀਂ ਤਾਂ ਹੁਕਮ ਦੇ ਮੁਤਾਬਿਕ ਕੰਮ ਕਰਦੇ ਹਾਂ।

ਕਹਿੰਦੇ, ਕੀ ਹੁਕਮ ਹੈ?

ਕਹਿੰਦੇ, ਇਥੇ ਕੋਈ ਨਾਰਦ ਨਾਮ ਦਾ ਨਿਗੁਰਾ ਪੁਰਸ਼ ਬੈਠਦਾ ਹੈ, ਜਿਥੇ ਬੈਠਦਾ ਹੈ ਉਹ ਧਰਤੀ ਜਿਹੜੀ ਹੈ ਉਹ ਭ੍ਰਿਸ਼ਟ ਹੋ ਜਾਂਦੀ ਹੈ ਕਿਉਂਕਿ ਇਹ ਰੂਹਾਨੀ ਸਭਾ ਹੈ ਇਸ ਕਰਕੇ ਸਾਨੂੰ ਹੁਕਮ ਹੈ ਕਿ ਰੋਜ਼ ਨਵੀਂ ਮਿੱਟੀ ਪਾਓ। ਬੜੀ ਸੱਟ ਲੱਗੀ ਇਹਦੇ ਮਨ 'ਤੇ

ਕਿ ਹੈਂ।

ਆਪਣੇ ਪਿਤਾ ਕੋਲ ਚਲਿਆ ਗਿਆ, ਨਰਾਜ਼ ਹੋਇਆ ਪਿਆ, ਅੱਗ-ਬਗੋਲਾ। ਉਹਨੇ ਕਿਹਾ ਕਿ ਕੀ ਗੱਲ ਹੈ ਕਹਿੰਦਾ ਮੇਰੀ ਐਨੀ ਬੇਇਜ਼ਤੀ ਤੇ ਮੈਂ ਐਨਾ ਸ਼ਕਤੀਆਂ ਦਾ ਮਾਲਕ, ਤੇਰਾ ਪੁੱਤਰ ਤੇ ਮੇਰਾ ਨਿਰਾਦਰ ਐਨਾ। ਕਹਿਣ ਲੱਗਿਆ, ਮੈਂ ਜਿੱਥੇ ਬੈਠਦਾ ਹਾਂ, ਸਵਾ ਗਜ਼ ਮਿੱਟੀ ਪੁੱਟ ਦਿੰਦੇ ਨੇ। ਫੇਰ ਦੂਜੀ ਪਾਉਂਦੇ ਨੇ। ਉਹ ਕਹਿੰਦੇ, ਬੇਟਾ! ਗੁੱਸਾ ਨਾ ਕਰ, ਤੂੰ ਅਜੇ ਤੱਕ ਕੋਈ ਗੁਰੂ ਨਹੀਂ ਧਾਰਨ ਕਰਿਆ। ਏਸ ਕਰਕੇ ਤੂੰ ਨਿਗੁਰਾ ਹੈਂ ਤੇ ਨਿਗੁਰੇ ਦਾ ਤਾਂ ਨਾਉਂ ਵੀ ਬੁਰਾ ਹੈ।

*ਨਿਗੁਰੇ ਕਉ ਗਤਿ ਕਾਈ ਨਾਹੀ ॥*
*ਅਵਗਣਿ ਮੁਠੇ ਚੋਟਾ ਖਾਹੀ ॥ ੩ ॥*
*ਗੁਰ ਕੈ ਸਬਦਿ ਸੁਖੁ ਸਾਂਤਿ ਸਰੀਰ ॥*
*ਗੁਰਮੁਖਿ ਤਾ ਕਉ ਲਗੈ ਨ ਪੀਰ ॥*
*ਜਮਕਾਲੁ ਤਿਸੁ ਨੇੜਿ ਨ ਆਵੈ ॥*
*ਨਾਨਕ ਗੁਰਮੁਖਿ ਸਾਚਿ ਸਮਾਵੈ ॥*

**ਅੰਗ - ੩੬੧**

ਕਹਿਣ ਲੱਗੇ, ਤੂੰ ਤਾਂ ਨਿਗੁਰਾ ਹੈਂ, ਠੀਕ ਹੈ ਨਿਗੁਰਾ ਜਿਹੜਾ ਪੁਰਸ਼ ਹੈ, ਉਹਦਾ ਸੰਗ ਵੀ ਮਾੜਾ ਹੁੰਦਾ ਹੈ ਤੇ ਉਹਦੀ ਬਰਾਬਰੀ ਕਿੰਨੀ ਹੈ? ਕੁੱਤਿਆਂ, ਬਿੱਲਿਆਂ, ਸੂਰਾਂ, ਸੱਪਾਂ, ਗਧਿਆਂ ਦੇ ਬਰਾਬਰ ਉਸ ਬੰਦੇ ਦੀ ਬਰਾਬਰੀ ਹੁੰਦੀ ਹੈ ਤੇ ਮਰਨ ਤੋਂ ਬਾਅਦ ਉਨ੍ਹਾਂ ਹੀ ਜੂਨਾਂ ਵਿਚ ਪੈਂਦਾ ਹੈ।

***ਧਾਰਨਾ - ਕਾਵਾਂ ਕੁੱਤਿਆਂ ਗਧਿਆਂ***
***ਦੀ ਜੂਨੀ ਪੈਣਗੇ***
***ਜਿਨ੍ਹਾਂ ਨੇ ਗੁਰੂ***
***ਨਹੀਓਂ ਧਾਰਿਆ।***

*ਗੁਰ ਮੰਤ੍ਰ ਹੀਣਸ੍ ਜੋ ਪ੍ਰਾਣੀ*
*ਧ੍ਰਿਗੰਤ ਜਨਮ ਭ੍ਰਸਟਣਹ ॥* **ਅੰਗ - ੧੩੫੬**

ਜਿਹਨੂੰ ਮੰਤਰ ਹੀ ਨਹੀਂ ਮਿਲਿਆ ਗੁਰੂ ਤੋਂ, ਕਹਿੰਦੇ ਉਹਦਾ ਜਨਮ ਭ੍ਰਿਸ਼ਟਿਆ ਹੋਇਆ ਹੈ -

*ਕੂਕਰਹ ਸੂਕਰਹ ਗਰਧਭਹ ਕਾਕਹ*
*ਸਰਪਨਹ ਤੁਲਿ ਖਲਹ ॥* **ਅੰਗ - ੧੩੫੬**

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਜੀ ਇਥੋਂ ਚਲਦੇ-ਚਲਦੇ ਅਨੰਦਪੁਰ ਸਾਹਿਬ ਤੋਂ, ਚਮਕੌਰ ਸਾਹਿਬ ਦਾ ਯੁੱਧ ਕਰਨ ਤੋਂ ਬਾਅਦ ਫੇਰ ਆਪ ਮਾਲਵੇ ਵਿਚ ਚਲੇ ਜਾਂਦੇ ਨੇ ਤੇ ਉਥੇ ਮੁਕਤਸਰ ਦਾ ਯੁੱਧ ਕਰਦੇ ਨੇ ਫੇਰ ਡੱਲੇ ਦੇ ਪਾਸ ਪਹੁੰਚ ਜਾਂਦੇ ਨੇ। ਇਕ ਦਿਨ ਭਾਈ ਭਗਤੂ ਦੀ ਓਲਾਦ ਵਿਚੋਂ ਆਏ ਤ੍ਰਿਲੋਕ ਸਿੰਘ ਵਗੈਰਾ ਸਾਰੇ, ਤਖਤ ਸਿੰਘ, ਫਤਹਿ ਸਿੰਘ, ਰਾਮ ਸਿੰਘ, ਦਿਆਲ ਦਾਸ। ਕਹਿਣ ਲੱਗੇ, ਭਾਈ! ਬਠਿੰਡੇ ਦਾ ਕਿਲ੍ਹਾ ਦੇਖਣਾ ਹੈ। ਵਜ੍ਹਾ ਇਹ ਸੀ ਕਿ ਉਥੇ ਇਕ ਵੱਡਾ ਦਿਓ ਰਹਿੰਦਾ ਸੀ। ਉਹਨੇ ਮਾਲਵਾ ਉਜਾੜਿਆ ਪਿਆ ਸੀ ਸਾਰਾ। ਮਹਾਰਾਜ ਦਾ ਸੀ ਕਿ ਮਾਲਵਾ ਸੇਵਾ ਕਰਦਾ ਹੈ, ਇਹ ਵਸਣਾ ਚਾਹੀਦਾ ਹੈ। ਇਥੇ ਫਸਲਾਂ ਹੋਣੀਆਂ ਚਾਹੀਦੀਆਂ ਨੇ, ਇਥੇ ਜੋ ਸਰਹੰਦ ਦੇ ਵਿਚ ਜੋ ਚੀਜ਼ਾਂ ਨੇ, ਏਸ ਏਰੀਏ 'ਚ, ਉਹ ਸਾਰੀਆਂ ਇਥੇ ਆਉਣੀਆਂ ਚਾਹੀਦੀਆਂ ਨੇ, ਗੁਰਸਿੱਖ ਸੇਵਾ ਕਰਦੇ ਨੇ ਉਨ੍ਹਾਂ ਦੇ ਭਲੇ ਹਿਤ ਆਪ ਬਠਿੰਡੇ ਕਿਲ੍ਹੇ ਵਿਚ ਚਲੇ ਗਏ। ਕਾਣਾ ਦਿਓ ਸੀ ਉਥੇ ਮਹਾਰਾਜ ਨੇ ਹੁਕਮ ਦੇ ਦਿਤਾ ਕਿ ਸਰਹੰਦ ਅਸੀਂ ਢਾਹੁੰਦੇ ਹਾਂ ਥੋੜ੍ਹੇ ਚਿਰ ਨੂੰ, ਤੂੰ ਉਥੇ ਰਹੀਂ। ਦਿਆਲਦਾਸ ਨੇ ਬੇਨਤੀ ਕਰੀ ਕਿ ਮਹਾਰਾਜ ਮੇਰੇ ਘਰ ਚਰਨ ਪਾਓ, ਭੁੱਚੋਮੰਡੀ ਮੇਰਾ ਘਰ ਹੈ (ਜਦ ਮੰਡੀ ਨਹੀਂ ਸੀ ਸਿੱਧਾ ਹੀ ਪਿੰਡ ਹੁੰਦਾ ਭੁੱਚੋ) ਉਥੇ ਆਪ ਦਰਸ਼ਨ ਦਿਓ। ਮਹਾਰਾਜ ਕਹਿੰਦੇ, ਕੋਈ ਨਾ। ਤਰੀਕ ਬੰਨ੍ਹ ਲਈ ਤੇ ਮਹਾਰਾਜ ਜੀ ਚਲੇ ਗਏ, ਉਥੇ ਜਿਸ ਵਕਤ ਨੇੜੇ ਗਏ ਘੋੜੇ ਨੂੰ ਬਹੁਤ ਪਿਆਸ ਲੱਗੀ। ਪਸ਼ੂ ਦੱਸ ਦਿੰਦੇ ਨੇ ਕਿ ਮੈਨੂੰ ਪਿਆਸ ਲੱਗੀ ਹੈ, ਮੂੰਹ 'ਤੇ ਜੀਭ ਫੇਰਨ ਲਗ ਜਾਂਦੇ ਨੇ। ਸਿਆਣਿਆ ਨੂੰ ਪਤਾ ਲਗ ਜਾਂਦਾ ਹੈ ਕਿ ਇਹ ਪਾਣੀ ਮੰਗ ਰਿਹਾ ਹੈ। ਸੋ ਓਸ ਵੇਲੇ ਕਹਿਣ ਲੱਗੇ ਕਿ ਭਾਈ! ਦੇਖੋ ਕਿਤੇ ਪਾਣੀ ਨੇੜੇ ਤੇੜੇ। ਔਹ ਦਰਖਤ ਖੜ੍ਹੇ ਨੇ, ਹਰੇਬਾਈ ਹੈ ਉਥੇ, ਉਥੇ ਪਾਣੀ ਹੋ ਸਕਦਾ ਹੈ। ਕਹਿੰਦੇ ਹਾਂ ਮਹਾਰਾਜ! ਉਥੇ ਪਾਣੀ ਹੈ। ਮਹਾਰਾਜ ਜੀ ਘੋੜੇ ਤੇ ਸਵਾਰ ਉਵੇਂ ਜਿਵੇਂ ਢਾਬ ਆ ਗਈ, ਢਾਬ 'ਚ ਵੜ ਗਏ। ਇਧਰ ਦਿਆਲਦਾਸ ਇੰਤਜ਼ਾਰ ਕਰ ਰਿਹਾ ਸੀ, ਪ੍ਰਸ਼ਾਦ ਪਾਣੀ ਲੰਗਰ ਤਿਆਰ ਹੋਏ-ਹੋਏ ਸੀ। ਉਹਦੇ ਭਰਾ ਜਿਹੜੇ ਸੀ ਤਖਤ ਸਿੰਘ ਵਗੈਰਾ, ਫਤਹਿ ਸਿੰਘ, ਰਾਮ ਸਿੰਘ ਆਦਿ ਉਹ ਗੁਰੂ ਮਹਾਰਾਜ ਦੇ ਨਾਲ ਸੀ ਤੇ ਢਾਬ ਦੇ ਵਿਚ ਘੋੜਾ ਵੜ ਗਿਆ, ਨੱਠ ਕੇ, ਪਿਆਸਾ ਬਹੁਤਾ ਸੀ ਉਥੇ ਜਾ ਕੇ ਕੀ ਕੀਤਾ ਪਾਣੀ ਸੁੰਘਣ ਲੱਗ ਗਿਆ, ਪਾਣੀ ਨਹੀਂ ਪੀਤਾ। ਮਹਾਰਾਜ ਜੀ ਨੇ ਰਾਸਾਂ ਫੇਰ ਢਿੱਲੀਆਂ ਕਰੀਆਂ ਅੱਗੇ ਕਰ ਲਿਆ ਥੋੜ੍ਹਾ ਜਿਹਾ, ਫੇਰ ਵੀ ਨਹੀਂ ਪੀਤਾ। ਅਖੀਰ ਉਵੇਂ ਜਿਵੇਂ ਫੇਰ ਪਿਆਸਾ ਹੀ ਨਿਕਲ ਆਇਆ, ਕਹਿੰਦੇ, ਸੱਚੇ ਪਾਤਸ਼ਾਹ! ਇਹ ਤਾਂ ਪਿਆਸਾ ਬਹੁਤ ਹੈ। ਪਰ ਇਹਨੇ ਪਾਣੀ ਨਹੀਂ ਪੀਤਾ? ਮਹਾਰਾਜ ਕਹਿੰਦੇ, ਪਿਆਰਿਓ! ਇਥੇ ਨਿਗੁਰੇਪਣ ਦੀ, ਮਸੰਦ ਦੀ ਬੂ ਆ ਰਹੀ ਹੈ। ਇਹ ਸਾਡਾ ਘੋੜਾ ਜਿਹੜਾ ਹੈ ਇਹ ਪਾਣੀ ਨਹੀਂ ਪੀਂਦਾ ਕਿਉਂਕਿ ਇਹਨੂੰ ਪਤਾ ਹੈ ਕਿ ਇਹ ਜਿਹੜੀ ਢਾਬ ਹੈ ਇਹ ਨਿਗੁਰਿਆਂ ਦੀ ਢਾਬ ਹੈ। ਪਾਣੀ ਨਹੀਂ ਪੀਤਾ। ਉਸ ਤੋਂ ਬਾਅਦ ਦਿਆਲਦਾਸ ਇੰਤਜ਼ਾਰ ਕਰ ਰਿਹਾ, ਸਾਮ੍ਹਣੇ ਪਿੰਡ ਹੈ ਨੇੜੇ ਜਿਹੇ ਉਥੇ ਗੁਰੂ ਮਹਾਰਾਜ ਅੱਗੇ ਨੂੰ ਨਹੀਂ ਗਏ ਪਿੱਛੇ ਨੂੰ ਮੁੜ ਗਏ। ਕਹਿੰਦੇ ਮੁੜੋ। ਜਦ

ਇਹੀ ਨਹੀਂ ਪਾਣੀ ਪੀਂਦਾ ਫੇਰ ਅਸੀਂ ਪ੍ਰਸ਼ਾਦਾ ਕਿਵੇਂ ਛਕ ਲਵਾਂਗੇ, ਨਿਗੁਰਿਆਂ ਦਾ। ਉਸ ਵੇਲੇ ਦਿਆਲਦਾਸ ਘੋੜਾ ਨਠਾ ਕੇ ਮਹਾਰਾਜ ਜੀ ਨੂੰ ਮਿਲਿਆ। ਬੇਨਤੀਆਂ ਕਰਦਾ ਹੈ ਕਿ ਸੱਚੇ ਪਾਤਸ਼ਾਹ! ਤੁਸੀਂ ਮੁੜ ਆਏ, ਲੰਗਰ ਤਿਆਰ ਨੇ। ਇਲਾਕੇ ਦੀਆਂ ਬੇਅੰਤ ਸੰਗਤਾਂ ਇੰਤਜ਼ਾਰ ਕਰ ਰਹੀਆਂ ਨੇ ਤੇ ਉਹ ਸੰਗਤਾਂ ਜਿਨ੍ਹਾਂ ਨੂੰ ਮੈਂ ਅਨੰਦਪੁਰ ਸਾਹਿਬ ਲੈ ਕੇ ਜਾਂਦਾ ਹਾਂ ਉਹ ਸਾਰੀਆਂ ਇਥੇ ਬੈਠੀਆਂ ਨੇ, ਕ੍ਰਿਪਾ ਕਰੋ। ਕਹਿੰਦੇ, ਦਿਆਲਦਾਸ! ਤੇਰਾ ਤੇ ਸਾਡਾ ਸਬੰਧ ਗੁਰੂ ਤੇ ਸਿੱਖ ਦਾ ਨਹੀਂ ਹੈ। ਠੀਕ ਹੈ, ਤੂੰ ਸੰਗਤਾਂ ਲਿਆਉਂਦਾ ਹੈਂ, ਲੇਕਿਨ ਤੂੰ ਨਿਗੁਰਾ ਹੈਂ। ਕਹਿੰਦਾ, ਮਹਾਰਾਜ! ਮੈਂ ਤਾਂ ਤੁਹਾਨੂੰ ਮੰਨਦਾ ਹਾਂ, ਹੋਰ ਕਿਸੇ ਨੂੰ ਨਹੀਂ ਮੰਨਦਾ। ਕਿਸੇ ਕਬਰ ਨੂੰ ਨਹੀਂ ਮੰਨਦਾ, ਕਿਸੇ ਨਿਗਾਹੇ ਨੂੰ ਨਹੀਂ ਮੰਨਦਾ, ਮੈਂ ਤਾਂ ਤੁਹਾਡਾ ਸਿੱਖ ਹਾਂ, ਪੁਸ਼ਤ-ਦਰ-ਪੁਸ਼ਤ ਅਸੀਂ ਸਿੱਖ ਤੁਰੇ ਆਉਂਦੇ ਹਾਂ। ਮਹਾਰਾਜ ਕਹਿੰਦੇ, ਗੁਰੂ ਦੇ ਨਾਲ ਜਦ ਰਲਦਾ ਹੈ ਜਿਸ ਵਕਤ ਕੋਈ 'ਨਾਮ' ਲਵੇ। ਕੋਈ ਕਹੇ ਕਿ ਮੈਂ ਮੱਥਾ ਟੇਕਦਾ ਹਾਂ, ਮੈਂ ਆਦਰ ਕਰਦਾ ਹਾਂ, ਐਉਂ ਨਹੀਂ ਬਣਦਾ। ਐਉਂ ਤਾਂ ਬੜੇ ਮਹਾਂਪੁਰਸ਼ ਹੋਏ ਨੇ, ਸਾਰਿਆਂ ਦਾ ਸਤਿਕਾਰ ਕਰਦੇ ਨੇ, ਕੋਈ ਕਿਸੇ ਦਾ ਤ੍ਰਿਸਕਾਰ ਕਰਦਾ ਹੀ ਨਹੀਂ। ਸਾਧੂ ਤਾਂ ਕਿਸੇ ਨੂੰ ਮਾੜਾ ਕਹਿੰਦਾ ਹੀ ਨਹੀਂ ਹੁੰਦਾ ਕਿਸੇ ਨੂੰ। ਮੁਹੰਮਦ ਸਾਹਿਬ ਕਿੰਨੇ ਚੰਗੇ ਹੋਏ ਨੇ, ਕਿਹੋ ਜਿਹਾ ਤਿਆਗ ਦਾ ਉਨ੍ਹਾਂ ਦਾ ਜੀਵਨ ਸੀ। ਕਿਵੇਂ ਰੋਜ਼ ਸਮਾਧੀ 'ਚ ਜਾਂਦੇ ਸੀ। ਐਵੇਂ ਤਾਂ ਨਹੀਂ ਐਨੇ ਅਰਬ ਬੰਦਾ ਉਨ੍ਹਾਂ ਨੂੰ ਮੰਨਦਾ। ਲੇਕਿਨ ਜਦ ਤਕ ਅਸੀਂ ਇਸਲਾਮ ਧਾਰਨ ਨਹੀਂ ਕਰਦੇ, ਓਨੀਂ ਦੇਰ ਤੱਕ ਅਸੀਂ ਮੁਸਲਮਾਨ ਨਹੀਂ ਹੋ ਸਕਦੇ, ਇਜ਼ਤ ਬੇਸ਼ੱਕ ਕਰੀ ਜਾਓ। ਬੋਧੀ ਨਹੀਂ ਹੋ ਸਕਦੇ ਜਦੋਂ ਤੱਕ ਉਨ੍ਹਾਂ ਦੇ ਤਰੀਕੇ ਨਾਲ ਅਸੀਂ 'ਨਾਮ' ਨਹੀਂ ਲੈਂਦੇ ਤੇ ਜਦੋਂ ਅਸੀਂ ਪੂਰੀ ਵਿਧੀ ਦੇ ਨਾਲ ਈਸਾਈਆਂ ਦਾ ਅੰਮ੍ਰਿਤ ਨਹੀਂ ਛਕਦੇ। ਉਹ ਵੀ baptise ਕਰਦੇ ਨੇ ਆ ਕੇ। ਉਹ ਜਲ ਦਿੰਦੇ ਨੇ, ਜਲ ਪਿਲਾ ਕੇ ਆਪਣਾ ਮੰਤਰ ਦਿੰਦੇ ਨੇ। ਓਨਾਂ ਚਿਰ ਈਸਾਈ ਬਣਦਾ ਹੀ ਨਹੀਂ। ਇਵੇਂ ਜਿਵੇਂ ਅਸੀਂ ਜਦ ਤਕ ਗੁਰੂ ਮਹਾਰਾਜ ਦੀ ਹਾਜ਼ਰੀ 'ਚ ਆ ਕੇ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ, ਉਨ੍ਹਾਂ ਤੋਂ ਮੰਤਰ ਨਹੀਂ ਲੈਂਦੇ। ਓਨਾਂ ਚਿਰ ਸਾਡਾ ਸਬੰਧ ਗੁਰੂ ਘਰ ਨਾਲ ਜੁੜਦਾ ਨਹੀਂ ਹੈ। ਜੇ ਕਹੋ ਕਿ ਜੀ, ਅਸੀਂ ਤਾਂ ਮੱਥੇ ਟੇਕਦੇ ਹਾਂ, ਭੇਟਾ ਵੀ ਦਿੰਦੇ ਹਾਂ? ਮਹਾਰਾਜ ਕਹਿੰਦੇ, ਇਹ ਤਾਂ ਗੱਲ ਹੋਰ ਹੈ, ਇਹ ਦੁਨੀਆਦਾਰੀ ਦਾ ਸਬੰਧ ਹੈ ਤੁਹਾਡਾ। ਦਰਗਾਹ ਦਾ ਸਬੰਧ ਨਹੀਂ ਹੈ। ਦਰਗਾਹ ਦਾ ਸਬੰਧ ਹੁੰਦਾ ਹੈ ਜੇ ਗੁਰੂ ਦੇ ਨਾਲ ਪਿਆਰ ਵਿਚ ਰਚ ਜਾਓ, ਗੁਰੂ ਦੇ ਬਣ ਜਾਓ। ਉਹਦੇ ਬਾਰੇ ਭਾਈ ਗੁਰਦਾਸ ਜੀ ਨੇ ਏਸ ਤਰ੍ਹਾਂ ਫੁਰਮਾਨ ਕਰਿਆ ਹੈ -

***ਧਾਰਨਾ - ਪੀਵਹੁ ਪਾਹੁਲ ਖੰਡੇਧਾਰ***
***ਹੋਵੈ ਜਨਮ ਸੁਹੇਲਾ।***

***ਹਰਿ ਸੱਚੇ ਤਖਤ ਰਚਾਇਆ***
***ਸਤਿ ਸੰਗਤਿ ਮੇਲਾ।***
***ਨਾਨਕ ਨਿਰਭਉ ਨਿਰੰਕਾਰ***
***ਵਿਚਿ ਸਿਧਾਂ ਖੇਲਾ।***
***ਗੁਰ ਸਿਮਰਿ ਮਨਾਈ ਕਾਲਕਾ***
***ਖੰਡੇ ਕੀ ਵੇਲਾ।***
***ਪੀਵਹੁ ਪਾਹੁਲ ਖੰਡੇਧਾਰ***
***ਹੁਇ ਜਨਮ ਸੁਹੇਲਾ।***
***ਗੁਰ ਸੰਗਤਿ ਕੀਨੀ ਖਾਲਸਾ***
***ਮਨਮੁਖੀ ਦੁਹੇਲਾ।***
***ਵਾਹ ਵਾਹ ਗੋਬਿੰਦ ਸਿੰਘ***
***ਆਪੇ ਗੁਰੁ ਚੇਲਾ।***

***ਭਾਈ ਗੁਰਦਾਸ ਜੀ, ਵਾਰ 41***

ਉਦਾਸ ਹੋ ਗਿਆ ਦਿਆਲਦਾਸ, ਕਹਿਣ ਲੱਗਿਆ, ਸੱਚੇ ਪਾਤਸ਼ਾਹ! ਮੈਂ ਭਾਈ ਭਗਤੂ ਦੀ ਓਲਾਦ ਹਾਂ। ਮੇਰਾ ਪਿਤਾ ਭਾਈ ਗੌਰਾ ਉਹ ਆਪ ਦੀ ਸੇਵਾ 'ਚ ਰਿਹਾ। ਮੈਂ ਗੁਰੂ ਸਤਵੇਂ ਪਾਤਸ਼ਾਹ ਤੋਂ ਲੈ ਕੇ ਸੰਗਤਾਂ ਲੈ ਲੈ ਆਉਂਦਾ ਹਾਂ ਤੇ ਮੈਂ ਨਿਗੁਰਾ ਹੀ ਰਹਿ ਗਿਆ? ਮਹਾਰਾਜ ਕਹਿੰਦੇ ਭਾਈ ਦਿਆਲਦਾਸ! ਤੂੰ ਅਜੇ ਤੱਕ ਖੰਡੇ ਬਾਟੇ ਦਾ ਅੰਮ੍ਰਿਤ ਛਕਣ ਨਾ ਕਰਕੇ, ਸਾਡੇ ਤੋਂ ਨਾਮ ਨਹੀਂ ਲਿਆ ਇਸ ਕਰਕੇ ਤੇਰਾ ਸਾਡਾ ਸਬੰਧ ਨਹੀਂ ਜੁੜਦਾ। ਸਬੰਧ ਕੇਵਲ ਸਾਡਾ ਤਾਂ ਜੁੜਨਾ ਹੈ ਜੇ ਤੂੰ ਸਾਡਾ ਵਿਧੀਪੂਰਵਕ ਬਣੇਗਾ। ਮੱਥਾ ਤਾਂ ਸਾਰਾ ਸੰਸਾਰ ਟੇਕਦਾ ਹੈ। ਸੋ ਏਸ ਤਰ੍ਹਾਂ ਦੇ ਨਾਲ ਨਿਗੁਰਾਪਣ ਜੋ ਹੈ ਉਹ ਬਹੁਤ ਬੁਰਾ ਹੈ। ਮਾਨਸ ਜਨਮ ਮਿਲਦਾ ਹੈ, ਇਹਦੇ ਅੰਦਰ ਗੁਰੂ ਕੋਲ ਚਾਬੀ ਹੁੰਦੀ ਹੈ, ਹੋਰ ਕਿਸੇ ਕੋਲ ਹੈ ਨਹੀਂ ਚਾਬੀ। ਅਸੀਂ ਪ੍ਰਮੇਸ਼ਰ ਅੰਦਰ ਦੇਖਣਾ ਹੈ ਆਪਣੇ, ਅੰਦਰ ਵਸਦਾ ਹੈ। ਕੋਲ ਰਹਿੰਦਾ ਹੈ, ਲੇਕਿਨ ਤਾਲਾ ਲੱਗਿਆ ਹੋਇਆ ਹੈ -

*ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ ॥ ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ ॥ ਅੰਗ - ੧੨੩੭*

ਹੋਰ ਹੱਥ ਹੀ ਨਹੀਂ ਕਿਸੇ ਦੇ। ਪ੍ਰਮੇਸ਼ਰ ਨੂੰ ਮਿਲਾਉਂਦਾ ਹੈ -

*ਘਰ ਮਹਿ ਘਰੁ ਦੇਖਾਇ ਦੇਇ*
*ਸੋ ਸਤਿਗੁਰੁ ਪੁਰਖੁ ਸੁਜਾਣੁ ॥ ਅੰਗ - ੧੨੯੧*

ਗੁਰੂ ਨੇ ਏਸ ਘਰ ਦੇ ਵਿਚ ਘਰ ਦਿਖਾ ਦੇਣਾ ਹੈ, ਉਹ ਗੁਰੂ ਹੋਇਆ ਕਰਦਾ ਹੈ। ਬਾਕੀ ਤਾਂ ਗੁਰੂ ਬਣਦਾ ਹੀ ਨਹੀਂ। ਸੋ ਗੁਰੂ ਤੋਂ ਬਗੈਰ ਗਤ ਨਹੀਂ ਹੁੰਦੀ।

***ਧਾਰਨਾ - ਬਿਨਾਂ ਗੁਰਾਂ ਤੋਂ ਮੁਕਤ ਨਾ ਹੋਵੈ***

*ਪੁਛੋ ਬ੍ਰਹਮੇ ਨਾਰਦੇ ਨੂੰ।*

*ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ ॥*
*ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ ॥*
*ਅੰਗ - ੧੨੯੧*

ਮਹਾਰਾਜ ਕਹਿੰਦੇ ਜਿਹੜੇ ਪਹਿਲੇ ਲੰਘੇ ਨੇ ਵੇਦ ਵਿਆਸ ਹੋਏ ਨੇ, ਰਾਜਾ ਜਨਕ ਹੋਇਆ ਹੈ, ਨਾਰਦ ਮੁਨੀ ਹੋਏ, ਬ੍ਰਹਮਾ ਜੀ ਨੂੰ ਪੁੱਛ ਲਓ ਜਿਹਨੇ ਸੰਸਾਰ ਬਣਾਇਆ ਹੈ ਕਿ ਗੁਰੂ ਤੋਂ ਬਗੈਰ ਮੁਕਤ ਨਹੀਂ ਹੋਇਆ ਕਰਦਾ। ਜਿੰਨੇ ਵੀ ਮਹਾਂਪੁਰਸ਼ ਆਏ ਨੇ, ਸਾਰਿਆਂ ਨੂੰ ਗੁਰੂ ਤੋਂ ਗਿਆਨ ਮਿਲਿਆ ਹੈ -

*ਗੁਰਮੁਖਿ ਪ੍ਰਹਿਲਾਦਿ ਜਪਿ ਹਰਿ ਗਤਿ ਪਾਈ ॥*
*ਅੰਗ - ੫੯੧*

ਕਿੱਡੀ ਵੱਡੀ ਪਦਵੀ ਪਾ ਲਈ ਪ੍ਰਹਿਲਾਦ ਨੇ, ਗੁਰੂ ਤੋਂ ਉਸ ਨੇ ਉਪਦੇਸ਼ ਲਿਆ ਸੀ ਤੇ ਕਿੱਡੀ ਪਦਵੀ 'ਤੇ ਪਹੁੰਚ ਗਿਆ।

*ਗੁਰਮੁਖਿ ਜਨਕਿ ਹਰਿ ਨਾਮਿ ਲਿਵ ਲਾਈ ॥*
*ਅੰਗ - ੫੯੧*

ਜਨਕ ਨੇ ਗੁਰੂ ਧਾਰਨ ਕਰਿਆ ਤਾਂ ਉਹਦੀ ਨਾਮ ਵਿਚ ਲਿਵ ਲੱਗੀ।

*ਗੁਰਮੁਖਿ ਬਸਿਸਟਿ ਹਰਿ ਉਪਦੇਸੁ ਸੁਣਾਈ ॥*
*ਅੰਗ - ੫੯੧*

ਵਸਿਸ਼ਟ ਜੀ, ਜਿਹੜੇ ਸ੍ਰੀ ਰਾਮਚੰਦਰ ਜੀ ਦੇ ਅਧਿਆਤਮਕ ਗੁਰੂ ਸੀ, ਉਨ੍ਹਾਂ ਨੂੰ ਵੀ ਗੁਰੂ ਧਾਰਨਾ ਪਿਆ -

*ਬਿਨੁ ਗੁਰ ਹਰਿ ਨਾਮੁ ਨ*
*ਕਿਨੈ ਪਾਇਆ ਮੇਰੇ ਭਾਈ ॥ ਅੰਗ - ੫੯੧*

ਮਹਾਰਾਜ ਕਹਿੰਦੇ, ਗੁਰੂ ਤੋਂ ਬਗੈਰ ਨਾਮ ਨਹੀਂ ਮਿਲਦਾ।

*ਗੁਰਮੁਖਿ ਹਰਿ ਭਗਤਿ ਹਰਿ ਆਪਿ ਲਹਾਈ ॥*
*ਅੰਗ - ੫੯੧*

ਸੋ ਏਸ ਤਰ੍ਹਾਂ ਕਹਿੰਦੇ ਪੁੱਛ ਲੋ ਸਿਆਣਿਆਂ ਨੂੰ। ਬਿਆਸ ਜੀ ਦਾ ਲੜਕਾ ਸੁਕਦੇਵ ਹੋਇਆ ਹੈ। ਇਹ ਸੁਕਦੇਵ ਜਮਾਂਦਰੂ ਹੀ ਸੰਤ ਸੀਗਾ, ਕਿਉਂਕਿ ਮਾਇਆ ਨਹੀਂ ਸੀ ਇਹਦੇ ਉਤੇ ਪਈ। ਪਿਛਲੇ ਜਨਮ ਦੀ ਕਹਾਣੀ ਹੈ ਕਿ ਸ਼ਿਵਜੀ ਮਹਾਰਾਜ ਤੋਂ ਪਾਰਬਤੀ ਨੇ ਪੁਛਿਆ ਕਿ ਮੈਨੂੰ ਅਮਰ ਕਥਾ ਤਾਂ ਸੁਣਾ ਦਿਓ? ਕਹਿੰਦੇ ਕੋਈ ਇਕਾਂਤ ਥਾਂ ਆਏਗਾ ਤਾਂ ਸੁਣਾਵਾਂਗੇ। ਅਖੀਰ ਅਮਰਨਾਥ ਦੀ ਗੁਫਾ ਆ ਗਈ, ਕਸ਼ਮੀਰ ਦੇ ਵਿਚ। ਇਕਾਂਤ ਥਾਂ ਹੈ। ਕਹਿੰਦੇ ਲੈ ਪਾਰਵਤੀ, ਮੈਂ ਥਾਉਂ ਜਿਹੋ ਜਿਹਾ ਚਾਹੁੰਦਾ ਸੀ, ਆ ਗਿਆ, ਹੁਣ ਤੂੰ ਸਾਵਧਾਨ ਹੋ ਕੇ ਕਥਾ ਸਰਵਣ ਕਰੀਂ ਤੇ ਮੈਂ ਨੇਤਰ ਬੰਦ ਕਰਕੇ ਸਮਾਧ ਵਿਚ ਹੋ ਕੇ ਬੋਲਾਂਗਾ। ਕਿਉਂਕਿ ਅਮਰਕਥਾ ਸੁਣਨ ਤੋਂ ਬਾਅਦ ਆਦਮੀ ਜਿਹੜਾ ਹੈ ਉਹ ਕਾਲ ਦੇ ਚੱਕਰ 'ਚੋਂ ਨਿਕਲ ਜਾਂਦਾ ਹੈ ਤੇ ਤੂੰ ਐਉਂ ਕਰੀਂ ਹੁੰਗਾਰਾ ਭਰੀ ਜਾਈਂ। ਸ਼ੁਰੂ ਹੋ ਗਈ ਕਥਾ ਤੇ ਹੁੰਗਾਰਾ ਭਰਦੀ ਹੈ। ਪਾਰਬਤੀ ਤਾਂ ਸੌਂ ਗਈ ਇਕ ਤੋਤਾ ਉਥੇ ਬੈਠਾ ਹਾਂ-ਹਾਂ ਕਰੀ ਜਾਂਦਾ ਹੈ ਨਾਲ। ਜਦੋਂ ਕਥਾ ਪੂਰੀ ਹੋ ਗਈ ਉਸ ਤੋਂ ਬਾਅਦ ਪਤਾ ਲੱਗਿਆ ਕਿ ਇਹ ਤਾਂ ਸੁੱਤੀ ਪਈ ਹੈ, ਇਹ ਤਾਂ ਤੋਤਾ ਬੋਲਦਾ ਰਿਹਾ। ਤੋਤੇ ਨੂੰ ਏਸ ਕਥਾ ਦਾ ਇਹ ਫਲ ਹੋਇਆ ਕਿ ਇਹਨੂੰ ਮਾਨਸ ਜਨਮ ਮਿਲ ਕੇ ਮਹਾਨ ਰਿਸ਼ੀ ਵੇਦ ਵਿਆਸ ਜੀ ਤ੍ਰਿਕਾਲਦਰਸ਼ੀ ਦੇ ਘਰ ਜਨਮ ਲੈ ਲਿਆ। ਪੇਟ ਵਿਚ ਹੀ ਏਸ ਨੇ ਪ੍ਰਾਰਥਨਾ ਕਰੀ ਕਿ ਹੇ ਪ੍ਰਭੂ! ਮੇਰੇ ਤੇ ਮਾਇਆ ਨਾ ਪਾਈਂ ਕਿਉਂਕਿ ਮਾਤਾ ਦੇ ਪੇਟ 'ਚ ਸੌ ਜਨਮ ਦਾ ਗਿਆਨ ਹਰ ਬੰਦੇ ਨੂੰ ਹੁੰਦਾ ਹੈ ਪਰ ਇਹ ਮਾਇਆ ਹੈ -

*ਜੈਸੀ ਅਗਨਿ ਉਦਰ ਮਹਿ*
*ਤੈਸੀ ਬਾਹਰਿ ਮਾਇਆ ॥*
*ਮਾਇਆ ਅਗਨਿ ਸਭ ਇਕੋ*
*ਜੇਹੀ ਕਰਤੈ ਖੇਲੁ ਰਚਾਇਆ ॥*
*ਜਾ ਤਿਸੁ ਭਾਣਾ ਤਾ ਜੰਮਿਆ*
*ਪਰਵਾਰਿ ਭਲਾ ਭਾਇਆ ॥*
*ਲਿਵ ਛੁੜਕੀ ਲਗੀ ਤ੍ਰਿਸਨਾ*
*ਮਾਇਆ ਅਮਰੁ ਵਰਤਾਇਆ ॥ ਅੰਗ - ੯੨੧*

ਸਾਨੂੰ ਸਾਰਿਆਂ ਨੂੰ ਸੌ-ਸੌ ਜਨਮ ਦਾ ਗਿਆਨ ਸੀ। ਪਰ ਸਾਡੇ ਉਤੇ ਮਾਇਆ ਪੈ ਗਈ -

*ਪਹਿਲੈ ਪਿਆਰਿ ਲਗਾ ਥਣ ਦੁਧਿ ॥*
*ਦੂਜੈ ਮਾਇ ਬਾਪ ਕੀ ਸੁਧਿ ॥*
*ਤੀਜੈ ਭਯਾ ਭਾਭੀ ਬੇਬ ॥*
*ਚਉਥੈ ਪਿਆਰਿ ਉਪੰਨੀ ਖੇਡ ॥ ਅੰਗ - ੧੩੭*

ਏਸ ਤਰ੍ਹਾਂ ਦੇ ਨਾਲ ਸਾਡੇ ਉਤੇ ਮਾਇਆ ਪੈਂਦੀ-ਪੈਂਦੀ, ਅਸੀਂ ਬਿਲਕੁਲ ਪ੍ਰਮੇਸ਼ਰ ਨੂੰ ਭੁੱਲ ਗਏ। ਨਾ ਇਹ ਯਾਦ ਰਿਹਾ ਕਿ ਕੀਹਨੇ ਸਾਨੂੰ ਰੱਖਿਆ ਸੀ ਮਾਤਾ ਦੇ ਪੇਟ ਦੀ ਅਗਨ 'ਚ ਤੇ ਉਥੇ ਪ੍ਰਾਰਥਨਾ ਕਰਦਾ ਹੈ ਕਿ ਹੇ ਪ੍ਰਭੂ! ਜੇ ਤੂੰ ਮੈਨੂੰ ਹੁਣ ਕੱਢ ਲਵੇਂ ਨਾ ਏਥੋਂ, ਕੁੰਭੀ ਨਰਕ ਤੋਂ, ਪੁੱਠੇ ਲਟਕਦੇ ਨੂੰ ਤਾਂ ਮੈਂ ਤੇਰਾ ਸ੍ਵਾਸ-ਸ੍ਵਾਸ ਨਾਮ ਜਪਾਂ। ਕਹਿੰਦੇ ਐ ਜੀਵ! ਤੂੰ ਬੇ ਵਿਸ਼ਵਾਸ਼ਾ ਹੈਂ, ਤੇਰਾ ਕੋਈ ਵਿਸ਼ਵਾਸ਼ ਨਹੀਂ, ਕੋਈ ਜਮਾਨਤ ਦੇ। ਕਹਿੰਦਾ ਮਹਾਰਾਜ! ਐਥੇ ਤਾਂ ਕੋਈ ਹੈ ਨਹੀਂ। ਕਹਿੰਦੇ, ਪੰਜ ਤੱਤਾਂ ਦੇ ਦੇਵਤੇ ਤੇਰੇ ਨਾਲ ਨੇ, ਅਕਾਸ਼ ਦੇ ਦੇਵਤੇ ਨੂੰ ਪੁੱਛਿਆ ਤਾਂ ਉਹ ਕਹਿਣ ਲੱਗਿਆ ਕਿ ਤੇਰਾ ਤਾਂ ਇਤਬਾਰ ਹੀ ਨਹੀਂ ਹੈ। ਮੇਰਾ ਵਜੂਦ ਕੋਈ ਨਹੀਂ, ਆਪਣਾ ਸਬੰਧ ਕਿਵੇਂ ਹੋਏਗਾ? ਮੈਂ ਨਹੀਂ ਜ਼ਮਾਨਤ ਦਿੰਦਾ। ਅਗਨਿ ਦੇਵਤੇ ਨੂੰ ਪੁਛਿਆ. ਉਹ ਕਹਿੰਦਾ ਮੈਂ ਤੇਰੇ ਨੇੜੇ ਆਵਾਂਗਾ ਤੂੰ ਜਲ ਜਾਏਂਗਾ ਤੇਰਾ ਮੇਰਾ ਕੀ ਸਬੰਧ? ਹਵਾ ਨੂੰ ਪੁਛਿਆ, ਪਵਣ ਦੇਵਤੇ ਨੂੰ? ਵਰੁਣ ਦੇਵਤੇ ਨੂੰ, ਇਹਨੇ ਵੀ ਜਵਾਬ ਦੇ

ਦਿਤਾ, ਮਿੱਟੀ ਦੇ ਦੇਵਤੇ ਨੇ ਵੀ ਜਵਾਬ ਦੇ ਦਿਤਾ। ਹੁਣ ਇਕ ਰਹਿ ਗਿਆ, ਪਾਣੀ ਵਾਲਾ, ਉਹਨੂੰ ਪੁੱਛਦਾ ਹੈ। ਉਹ ਕਹਿੰਦਾ ਵਿਸ਼ਵਾਸ਼ ਤਾਂ ਹੈ ਨਹੀਂ। ਜਦ ਰੋਂਦਾ ਹੈ ਜੀਵ ਬਹੁਤ ਤਾਂ ਕਹਿੰਦਾ ਕਿ ਮੈਨੂੰ ਤੇਰੇ ਤੇ ਤਰਸ ਆਉਂਦਾ ਹੈ, ਪਰ ਮੈਂ ਲੰਗੜੀ ਜਮਾਨਤ ਦੇਵਾਂਗਾ, ✴✤✪➢⇦🚺⇦✤✪▲⇩ ਹੋਏਗੀ। ਅਖੀਰ ਪ੍ਰਵਾਨ ਹੋ ਗਈ ਕਿ ✴✤✪➢⇦🚺⇦✤✪▲⇩ ਦੇ ਦਿਓ। ਕਹਿੰਦਾ, ਹੇ ਪ੍ਰਭੂ! ਇਹ ਜੀਵ ਐਨਾ ਬੇ-ਵਿਸ਼ਵਾਸ਼ਾ ਹੈ, ਇਥੇ ਤਾਂ ਹੁਣ ਲੇਲ੍ਹੜੀਆਂ ਕੱਢਦਾ ਹੈ ਤੇ ਜਿਸ ਵਕਤ 'ਨੈਂ ਲੰਘੀ ਖੁਆਜਾ ਵਿਸਰਿਆ' ਫੇਰ ਤਾਂ ਨਹੀਂ ਇਹ ਕਿਸੇ ਦਾ। ਨਾ ਕਿਸੇ ਗੁਰੂ ਦਾ ਨਾ ਕਿਸੇ ਪੀਰ ਦਾ। ਫੇਰ ਨਹੀਂ ਇਹ ਮੰਨਦਾ। ਇਕ ਵਾਰੀ ਕੋਈ ਪ੍ਰੇਮੀ ਖਜੂਰ ਤੇ ਚੜ੍ਹ ਗਿਆ। ਚੜ੍ਹ ਗਿਆ ਤਾਂ ਲੱਤਾਂ ਕੰਬਣ ਲੱਗ ਗਈਆਂ, ਪਤਾ ਲੱਗ ਗਿਆ ਇਹਨੂੰ ਕਿ ਹੁਣ ਨਹੀਂ ਮੇਰੇ ਤੋਂ ਥੱਲੇ ਉਤਰ ਹੋਣਾ। ਜਦੋਂ ਆਦਮੀ ਦਾ ਬਲ ਹਾਰ ਜਾਵੇ ਫੇਰ ਕਿਸੇ ਦੇਵੀ ਦੇਵਤੇ ਦੀ ਸੁਖਣਾ ਸੁਖਦਾ ਹੈ। ਸੁਖਣਾ ਸੁਖ ਲਈ ਤੇ ਕਹਿੰਦਾ ਹੇ ਦੇਵੀ ਮਾਤਾ! 25 ਰੁਪਏ ਦਾ ਪ੍ਰਸ਼ਾਦ ਕਰਾਵਾਂਗਾ। ਭਲੇ ਵੇਲੇ ਸੀ, ਉਸ ਵਕਤ ਰੁਪਈਏ ਦਾ 20 ਛਟਾਂਕ ਘਿਉ ਆਇਆ ਕਰਦਾ ਸੀ। ਸੁਖ ਲਿਆ ਤੇ ਉਤਰਨ ਲੱਗ ਗਿਆ, ਅੱਧ 'ਚ ਆ ਗਿਆ। ਉਹਨੇ ਕਿਹਾ ਕਿ 25 ਰੁਪਈਏ ਦਾ ਤਕਰੀਬਨ 30 ਸੇਰ ਘਿਉ ਆ ਜਾਣਾ ਹੈ, 30 ਸੇਰ ਵਿਚ 30 ਸੇਰ ਆਟਾ ਪਏਗਾ, 30 ਸੇਰ ਚੀਨੀ 90 ਸੇਰ ਬਣ ਗਿਆ ਤੇ ਇਨ੍ਹਾਂ ਦੇ ਬਰਾਬਰ ਹੀ ਪਾਣੀ ਪੈਣਾ ਹੈ, ਇਹ ਤਾਂ ਸਾਢੇ ਚਾਰ ਮਣ ਬਣ ਗਿਆ। ਸਾਢੇ ਚਾਰ ਮਣ ਦਾ ਵੀ ਕੋਈ ਪ੍ਰਸ਼ਾਦ ਕਰਦਾ ਹੈ? ਕਹਿੰਦਾ, ਅੱਧਾ ਥੋੜ੍ਹਾ ਹੈ? ਸਵਾ ਬਾਰ੍ਹਾਂ ਸਾਢੇ ਬਾਰ੍ਹਾਂ ਤੇ ਆ ਗਿਆ, ਹੇਠਾਂ ਉਤਰ ਆਇਆ ਹੋਰ। ਕਹਿੰਦਾ ਇਹ ਵੀ ਬਹੁਤ ਜ਼ਿਆਦਾ ਹੈ। ਸਵਾ ਛੇ ਰੁਪਏ ਦਾ ਬਹੁਤ ਹੈ। ਹੋਰ ਥੱਲੇ ਉਤਰ ਆਇਆ, ਕਹਿੰਦਾ ਸਵਾ ਛੇ ਦਾ ਤਾਂ ਕੋਈ ਕਰਾਉਂਦਾ ਹੀ ਨਹੀਂ ਹੁੰਦਾ ਜਾਂ ਪੰਜ ਦਾ ਕਰਾਉਂਦੇ ਨੇ, ਜਾਂ ਢਾਈ ਦਾ। ਆਪਾਂ ਢਾਈ ਵਾਲਾ ਹੀ ਕਰ ਲੈਂਦੇ ਹਾਂ। ਜਦੋਂ ਰਹਿ ਗਿਆ ਤਿੰਨ ਕੁ ਗਜ਼, ਕਹਿੰਦਾ ਹੁਣ ਤਾਂ ਉਤਰ ਹੀ ਆਉਣਾ ਹੈ ਹੁਣ ਤਾਂ ਸਵਾ ਦਾ ਕਰਾਵਾਂਗਾ। ਸਵਾ ਦਾ ਕਰਾਉਂਦੇ ਨੇ ਲੋਕ। ਜਦੋਂ ਗਜ਼ ਰਹਿ ਗਿਆ ਫੇਰ ਨਹੀਂ ਉਹਨੇ ਪੈਰ ਧਰਿਆ, ਫੇਰ ਛਾਲ ਮਾਰੀ, ਖੜ੍ਹਾ ਹੋ ਗਿਆ, ਖਜੂਰ ਵਲ ਨੂੰ ਝਾਕਣ ਲੱਗ ਗਿਆ, ਕਹਿੰਦਾ, ਲੈ ਦੇਵੀ ਮਾਤਾ! ਨਾ ਆਪਾਂ ਮੁੜ ਕੇ ਖਜੂਰ ਤੇ ਚੜ੍ਹੀਏ ਤੇ ਨਾ, 25 ਦਾ, ਨਾ ਢਾਈ ਦਾ, ਨਾ ਸਵਾ ਦਾ ਪ੍ਰਸ਼ਾਦ ਕਰਾਈਏ। ਖਹਿੜਾ ਹੀ ਛੁਡਾ ਲਿਆ। ਉਹ ਕਹਿਣ ਲੱਗੇ ਕਿ ਇਹ ਜਿਹੜਾ ਬੰਦਾ ਹੈ ਨਾ ਇਹਦਾ ਇਤਬਾਰ ਨਹੀਂ। ਔਖ ਦੇ ਵਿਚ ਇਸ ਤੋਂ ਕੁਛ ਕਰਾ ਲਓ। ਜਦ ਇਹ ਸੌਖਾ ਹੋ ਗਿਆ ਫੇਰ ਨਹੀਂ ਇਹ ਕਿਸੇ ਨੂੰ ਸੁਣਦਾ। ਨਾ ਗੁਰੂ ਦੀ ਗੱਲ ਸੁਣੇ, ਨਾ ਪੀਰ ਦੀ, ਨਾ ਮਹਾਤਮਾ ਦੀ। ਫੇਰ ਤਾਂ ਇਹਨੇ ਆਪਣੀ ਮਰਜ਼ੀ ਕਰਨੀ ਹੈ। ਸੋ ਮਹਾਰਾਜ ਮੈਂ ਇਹਦੀ ਜ਼ਮਾਨਤ ਕਿਵੇਂ ਦੇਵਾਂ? ਕਹਿੰਦੇ, ਤੂੰ ਜ਼ਮਾਨਤ ਦੇਣ ਆਇਆ ਹੈਂ? ਕਹਿੰਦਾ, ਮੈਂ ਇਹਦੀ ਜ਼ਮਾਨਤ ਲੰਗੜੀ ਦੇਵਾਂਗਾ। ਸ਼ਰਤ ਰੱਖ ਕੇ ਦੇਵਾਂਗਾ। ਉਸ ਵੇਲੇ ਕਹਿਣ ਲੱਗਿਆ ਕਿ ਜਦੋਂ ਇਹ ਇਕ ਕੱਪ ਭਰ ਕੇ ਪਾਣੀ ਦਾ ਆਪਣੇ ਸਰੀਰ 'ਤੇ ਪਾਏਗਾ ਨਾ, ਉਸ ਵੇਲੇ ਮੈਂ ਇਹਦੇ ਮੂੰਹ 'ਚੋਂ ਰਾਮ, ਅੱਲਾਹ, ਗੋਬਿੰਦ, ਵਾਹਿਗੁਰੂ ਕਹਾ ਦੇਵਾਂਗਾ। ਅੱਗੇ ਇਹ ਜਾਣੇ ਇਹਦਾ ਕੰਮ ਜਾਣੇ। ਇਕ ਵਾਰੀ ਤਾਂ ਮੈਂ ਕਹਾ ਦੇਵਾਂਗਾ। ਸੋ ਐਨੀ ਕੁ ਲੰਗੜੀ ਜ਼ਮਾਨਤ ਦੇ ਕੇ ਅਸੀਂ ਬਾਹਰ ਆਏ ਹੋਏ ਹਾਂ। ਇਥੇ ਆ ਕੇ ਰੱਬ ਨੂੰ ਹੀ ਭੁੱਲ ਗਏ ਕਿ ਕਿਹੜਾ ਰੱਬ? ਰੱਬ ਤਾਂ ਹੈ ਹੀ ਨਹੀਂ।

ਸੋ ਵਿਆਸ ਜੀ ਦਾ ਲੜਕਾ ਸੁਕਦੇਵ ਕਹਿਣ ਲੱਗਿਆ ਕਿ ਹੇ ਪ੍ਰਭੂ! ਮੇਰੇ 'ਤੇ ਮਾਇਆ ਨਾ ਪਾਇਓ, ਆਹ ਦੁਖ ਮੇਰੇ ਯਾਦ ਰਹਿਣ ਦੇਣਾ। ਪ੍ਰਭੂ ਦੇ ਦਰ ਤੇ ਮਨਜ਼ੂਰ ਹੋਇਆ। ਯਾਦਾਸ਼ਤ ਖਤਮ ਨਾ ਹੋਈ। ਬਹੁਤਿਆਂ ਦੀ ਨਹੀਂ ਹੁੰਦੀ।

ਇਥੇ ਇਕ ਪ੍ਰੇਮੀ ਨੇ ਮੈਨੂੰ ਦੱਸਿਆ ਕਿ ਇਕ ਬੱਚਾ ਹੈ ਆਹ ਈਸੜੂ ਐਕਸੀਡੈਂਟ ਹੋਇਆ ਸੀ, ਇੰਜਨੀਅਰ ਸੀ ਮੁੰਡਾ ਆਪਣੇ ਸਹੁਰੀਂ ਜਾ ਰਿਹਾ ਸੀ ਆਪਣੇ ਸਾਲੇ ਨਾਲ, ਖੰਨੇ ਨੂੰ। ਸ਼ਰਾਬ ਪੀਤੀ ਹੋਈ ਸੀ ਟਰੈਕਟਰ ਚਲਾਉਣ ਵਾਲੇ ਦੀ, ਉਹ ਉਸ ਦੇ ਥੱਲੇ ਆ ਕੇ ਦੋਵੇਂ ਮਰ ਗਏ। ਇਸਨੇ ਐਥੇ ਰੌਣੀ ਜਾ ਕੇ ਜਨਮ ਲੈ ਲਿਆ। ਉਥੇ ਦਾ ਸੀਗਾ। ਇਥੇ ਸਕੂਲ ਵਿਚ ਪੜ੍ਹਦਾ ਸੀ ਇਥੇ ਰੌਣੀ ਕੋਲ, ਇਥੇ ਖੇਡਣ ਆਇਆ ਸੀ। ਕਹਿਣ ਲੱਗਿਆ ਕਿ ਮੇਰਾ ਪਿੰਡ ਨੇੜੇ ਹੀ ਹੈ, ਮਾਸਟਰ ਜੀ ਮੈਨੂੰ ਜਾ ਆਉਣ ਦਿਓ। ਉਹ ਕਹਿੰਦੇ ਤੇਰਾ ਪਿੰਡ ਤਾਂ ਓਧਰ ਰਹਿ ਗਿਆ। ਕਹਿੰਦਾ ਨਹੀਂ, ਮੇਰਾ ਪਿੰਡ ਇਥੋਂ ਨੇੜੇ ਹੀ ਹੈ। ਮਾਸਟਰ ਜੀ ਨੇ ਕਿਹਾ ਕਿ ਚੰਗਾ ਚਲ, ਨਾਲ ਲੈ ਕੇ ਚੱਲ। ਕਹਿੰਦੇ, ਕਿਹੜਾ ਘਰ ਹੈ ਦੇਖ ਲਏਂਗਾ? ਕਹਿੰਦਾ ਹਾਂ ਮੈਂ ਪਛਾਣ ਲਵਾਂਗਾ। ਪਹਿਲਾਂ ਮਾਸੀ ਦਾ ਘਰ ਸੀ, ਉਥੇ ਜਾ ਕੇ ਕਹਿੰਦਾ, ਮਾਸੀ! ਸਤਿ ਸ੍ਰੀ ਅਕਾਲ। ਪਛਾਣਿਆ ਮੈਨੂੰ, ਮੈਂ ਫਲਾਣਾ ਹਾਂ। ਕਹਿੰਦੀ, ਨਾ ਭਾਈ। ਉਹ ਤਾਂ ਮਰ ਗਿਆ। ਕਹਿੰਦਾ, ਓਹੀ ਹਾਂ ਮੈਂ। ਘਰ ਚਲਿਆ ਗਿਆ, ਜਾ ਕੇ ਬੇਬੇ ਨੂੰ ਮਿਲਿਆ, ਜਾ ਕੇ ਬੜਾ ਪਿਆਰ ਕਰਿਆ। ਉਹ ਕਹਿੰਦੀ, ਤੂੰ ਮੇਰਾ ਕਦੋਂ ਕੁ ਦਾ ਵਾਕਫ ਹੈਂ। ਕਹਿੰਦਾ, ਮੈਂ ਤੇਰਾ ਹੀ ਪੁੱਤਰ ਹਾਂ, ਮੇਰਾ ਇਥੇ ਹੀ ਐਕਸੀਡੈਂਟ ਹੋ ਗਿਆ ਸੀ, ਮੇਰੀ ਕਿਤਾਬਾਂ ਰੱਖੀਆਂ ਹੋਈਆਂ ਨੇ। ਕਹਿੰਦੀ ਹਾਂ। ਜਾ ਕੇ ਕਿਤਾਬਾਂ ਝਾੜਨ ਲੱਗ ਗਿਆ, ਦੇਖਣ ਲੱਗ ਗਿਆ। ਅੱਗੇ ਖੂਹ ਤੇ

ਚਲਿਆ ਗਿਆ ਕਹਿੰਦਾ ਇਥੇ ਤਾਂ ਟਿੱਬਾ ਹੁੰਦਾ ਸੀ। ਉਹ ਕਹਿੰਦੇ, ਐਥੇ ਤਾਂ ਟਰੈਕਟਰ ਲਿਆਂਦੇ ਸੀ, ਪੱਧਰ ਕਰ ਲਿਆ ਤੇ ਖੂਹ ਲਾ ਲਿਆ, ਟਿਊਬਵੈਲ ਨਹੀਂ ਹੁਣ ਇਥੇ ਕਿਤੇ ਵੀ। ਸਾਰੀ ਗੱਲਬਾਤ ਹੋਣ ਤੋਂ ਬਾਅਦ ਨਿਰਣਾ ਹੋ ਗਿਆ। ਪਿਤਾ ਵੀ ਉਹਦਾ ਆ ਗਿਆ ਬਾਹਰ ਗਿਆ ਹੋਇਆ। ਫੈਸਲਾ ਕਰਿਆ ਕਿ ਛੁੱਟੀਆਂ 'ਚ ਇਹ ਇਥੇ ਰਹੇ ਤੇ ਬਾਕੀ ਸਮਾਂ ਉਥੇ ਪੜ੍ਹੇ ਲਿਖੇ। ਕਿਉਂਕਿ ਦੋਵੇਂ ਘਰਾਂ ਨੂੰ ਔਖਾ ਹੋ ਜਾਂਦਾ ਹੈ।

ਇਹੋ ਜਿਹੀਆਂ ਬੇਅੰਤ ਕਹਾਣੀਆਂ ਨੇ, ਇਥੇ ਰੋਪੜ ਵਿਚ ਵੀ ਹੋਇਆ ਸੀ ਇਕ। ਉਥੇ ਵੀ ਇਕ ਅਮਰੀਕਾ ਤੋਂ ਆਇਆ ਸੀ ਕਿ ਮੈਂ ਆਪਣਾ ਪਿੰਡ ਦੇਖਣ ਆਉਣਾ ਹੈ, ਭੱਕੂਮਾਜਰਾ ਪਿੰਡ ਸੀ। ਅਮਰੀਕਨ ਸੀ ਉਹ, ਬੜਾ ਭਾਰਾ ਫਾਰਮ ਸੀ, ਆਪਣੇ ਭਾਈ ਭਰਾ ਸਭ ਲੈ ਗਿਆ ਦੱਸ ਕੇ ਤੇ ਨਾਲੇ ਨਿਰਣਾ ਕਰ ਲਿਆ। ਚੰਡੀਗੜ੍ਹ ਗੱਲਬਾਤ ਹੋਈ ਸੀ ਇਨ੍ਹਾਂ ਦੀ। ਸੋ ਕਿਸੇ-ਕਿਸੇ ਦੇ ਯਾਦ ਰਹਿ ਜਾਂਦਾ ਹੈ ਪਿਛਲਾ ਜਨਮ। ਲੇਕਿਨ ਆਹ ਜਿਹੜੇ ਸੌ ਜਨਮ ਨੇ ਇਨ੍ਹਾਂ 'ਚੋਂ ਨਹੀਂ ਯਾਦ ਰਹਿੰਦਾ।

ਸੁਕਦੇਵ ਦੇ ਯਾਦ ਰਹਿ ਗਿਆ। ਇਹ ਛੋਟੀ ਉਮਰ ਵਿਚ ਹੀ ਬੰਦਗੀ ਕਰਨ ਚਲਿਆ ਗਿਆ। ਪਿਤਾ ਨੇ ਕਿਹਾ ਕਿ ਤੂੰ ਤਾਂ ਨਿਆਣਾ ਹੈਂ। ਉਹਨੇ ਕਿਹਾ ਕਿ ਪਿਤਾ ਜੀ! ਪਹਿਲਾਂ ਮੇਰੇ ਤੋਂ ਪੁੱਛ ਲਓ।

ਉਹਨੇ ਇਕ ਜਨਮ ਆਪਣਾ ਖੋਤੇ ਦਾ ਸੁਣਾਇਆ, ਮੈਂ ਖੋਤਾ ਸੀ ਮੇਰੇ ਨਾਲ ਆਹ ਹੋਈ ਸੀ। ਉਹ ਵੀ ਰੋਣ ਲੱਗ ਗਿਆ, ਉਹਦਾ ਪਿਤਾ ਵੀ ਰੋਣ ਲੱਗ ਗਿਆ ਕਿ ਬੜੀ ਬੁਰੀ ਹੁੰਦੀ ਹੈ। ਕਹਿੰਦਾ, ਹੁਣ ਨਹੀਂ ਮੈਂ ਜੂਨ ਵਿਚ ਆਉਣਾ ਹੁਣ ਤਾਂ ਮੈਂ ਭਗਤੀ ਕਰਕੇ ਕੱਟ ਰਿਹਾ ਹਾਂ। ਸੋ ਜਾ ਕੇ ਉਹਨੇ ਪ੍ਰਾਣਾਯਾਮ ਵਗੈਰਾ ਸਿੱਖ ਲਿਆ। ਛੇ-ਛੇ ਮਹੀਨੇ ਦੀ ਸਮਾਧੀ ਲਾਉਣ ਲੱਗ ਗਿਆ, ਜਟਾਵਾਂ ਉਹਦੀਆਂ ਵਧ ਕੇ ਧਰਤੀ ਤੇ ਫੈਲਣ ਲੱਗ ਗਈਆਂ। ਪੰਛੀ ਆ ਜਾਇਆ ਕਰਨ, ਵਿਚ ਆਲ੍ਹਣਾ ਪਾ ਕੇ ਬੱਚੇ ਦੇ ਦਿਆ ਕਰਨ। ਐਡਾ ਵੱਡਾ ਤਪੀ ਹੋਣ ਦੇ ਨਾਲ ਆਪਣੇ ਪਿਤਾ ਜੀ ਕੋਲ ਆਇਆ। ਕਹਿਣ ਲੱਗਿਆ ਕਿ ਪਿਤਾ ਜੀ! ਮੈਂ ਐਨਾ ਚਿਰ ਤਪ ਕਰ ਲਿਆ ਪਰ ਮੇਰਾ ਮਨ ਨਹੀਂ ਸ਼ਾਂਤ ਹੁੰਦਾ, ਕ੍ਰਿਪਾ ਕਰਕੇ ਮੈਨੂੰ ਦੱਸੋ ਮੇਰਾ ਮਨ ਕਿਵੇਂ ਸ਼ਾਂਤ ਹੋਵੇ। ਕਹਿਣ ਲੱਗੇ, ਬੇਟਾ! ਮਨ ਸ਼ਾਂਤ ਨਹੀਂ ਹੋਇਆ ਕਰਦਾ, ਨਾਮ ਤੋਂ ਬਗੈਰ। ਐਸ ਤਰ੍ਹਾਂ ਮਹਾਰਾਜ ਫੁਰਮਾਨ ਕਰਦੇ ਨੇ -

***ਧਾਰਨਾ - ਕਿਤ ਬਿਧ ਮਨ ਧੀਰੇ ਜੀ,***
***ਬਿਨ ਹਰਿ ਨਾਮ ਨ ਸ਼ਾਂਤ ਹੋਇ।***

***ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥***
***ਗ੍ਰਿਹ ਸੋਇਨ ਚੰਦਨ ਸੁਗੰਧ***
***ਲਾਇ ਮੋਤੀ ਹੀਰੇ ॥***
***ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ ॥***
***ਸੋ ਪ੍ਰਭੁ ਚਿਤਿ ਨ ਆਵਈ***
***ਵਿਸਟਾ ਕੇ ਕੀਰੇ ॥***
***ਬਿਨੁ ਹਰਿ ਨਾਮ ਨ ਸਾਂਤਿ ਹੋਇ***
***ਕਿਤੁ ਬਿਧਿ ਮਨੁ ਧੀਰੇ ॥ ਅੰਗ - ੭੦੭***

ਕਹਿਣ ਲੱਗੇ, ਬੇਟਾ! ਤਪਸਿਆ ਤਾਂ ਤੂੰ ਕਰਦਾ ਹੈਂ ਪਰ ਤੈਨੂੰ ਅਜੇ 'ਨਾਮ' ਨਹੀਂ ਮਿਲਿਆ। ਜਦੋਂ ਤਕ ਤੂੰ 'ਨਾਮ' ਤੱਕ ਨਹੀਂ ਪਹੁੰਚਦਾ, ਸ਼ਾਂਤੀ ਨਹੀਂ ਆਇਆ ਕਰਦੀ। ਨਾਮ ਤੇਰੇ ਅੰਦਰ ਹੈ -

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ ॥***
***ਸੁੰਨ ਸਮਾਧਿ ਅਨਹਤ ਤਹ ਨਾਦ ॥***
***ਕਹਨੁ ਨ ਜਾਈ ਅਚਰਜ ਬਿਸਮਾਦ॥***
***ਅੰਗ - ੨੯੩***

ਪਰ ਜਿਥੇ ਨਾਮ ਦਾ ਵਾਸਾ ਹੈ ਉਹ ਤਾਲਾ ਨਹੀਂ ਖੁਲ੍ਹਦਾ ਗੁਰੂ ਤੋਂ ਬਗੈਰ, ਚਾਬੀ ਗੁਰੂ ਦੇ ਹੱਥ ਵਿਚ ਹੈ।

***ਬਿਨੁ ਸਬਦੈ ਅੰਤਰਿ ਆਨੇਰਾ ॥***
***ਨ ਵਸਤੁ ਲਹੈ ਨ ਚੂਕੈ ਫੇਰਾ ॥***
***ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ***
***ਗੁਰੁ ਪੂਰੈ ਭਾਗਿ ਮਿਲਾਵਣਿਆ ॥***
***ਅੰਗ - ੧੨੪***

ਭਾਗ ਪੂਰੇ ਹੋਣ ਤਾਂ ਗੁਰੂ ਮਿਲਦਾ ਹੈ। ਗੁਰੂ ਦੀਆਂ ਨਿਸ਼ਾਨੀਆਂ ਨੇ। ਸੋ ਕਹਿਣ ਲੱਗੇ, ਗੁਰੂ ਜਿੰਨਾਂ ਚਿਰ ਨਹੀਂ ਕਰੇਂਗਾ, ਓਨਾਂ ਚਿਰ ਤੈਨੂੰ ਸ਼ਾਂਤੀ ਨਹੀਂ ਆਉਣੀ। ਕਹਿੰਦਾ, ਫੇਰ ਤੁਸੀਂ ਗੁਰੂ ਬਣ ਜਾਓ ਮੇਰੇ। ਕਹਿੰਦੇ, ਦੇਖ ਪੁੱਤਰ! ਤੇਰੀ ਮੇਰੇ ਉਤੇ ਪਿਤਾ ਭਾਵਨਾ ਹੈ। ਗੁਰੂ ਕੋਲ ਸਭ ਕੁਛ ਵੇਚਣਾ ਪੈਂਦਾ ਹੈ ਆਪਣਾ-

***ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ***
***ਹੁਕਮਿ ਮੰਨਿਐ ਪਾਈਐ ॥ ਅੰਗ - ੯੧੮***

ਫੇਰ ਮਹਾਰਾਜ, ਮੈਂ ਗੁਰੂ ਕਿਥੋਂ ਟੋਲ੍ਹਾਂ। ਕਹਿੰਦੇ, ਰਾਜੇ ਜਨਕ ਨੂੰ ਗੁਰੂ ਧਾਰ ਐਸ ਵੇਲੇ ਉਹ ਪੂਰਨ ਨੇ। ਰਾਜੇ ਜਨਕ ਦੇ ਦਰਬਾਰ 'ਚ ਚਲਿਆ ਜਾਂਦਾ ਹੈ, ਉਥੇ ਕੀ ਹੋਇਆ ਕਿ ਉਹ ਕੋਰਟ ਵਿਚ ਬੈਠੇ ਨੇ, ਸੌ ਡਾਕੂ ਜਿਨ੍ਹਾਂ ਨੇ ਦੁਨੀਆਂ ਨੂੰ ਮਾਰਿਆ ਸੀ, ਉਨ੍ਹਾਂ ਨੇ ਫਾਂਸੀ ਦੀ ਸਜ਼ਾ ਦੇ ਦਿਤੀ ਉਨ੍ਹਾਂ ਨੂੰ। ਸੂਲੀ ਹੁੰਦੀ ਸੀ ਉਨ੍ਹਾਂ ਦਿਨਾਂ ਵਿਚ, ਜਦੋਂ ਉਨ੍ਹਾਂ ਨੂੰ ਸੂਲੀ ਚਾੜ੍ਹਦੇ ਨੇ ਉਸ ਵਕਤ ਸੁਕਦੇਵ ਆ ਗਿਆ, ਕਹਿਣ ਲੱਗਿਆ ਕਿ ਐਹੋ ਜਿਹਾ ਨਿਰਦਈ ਬੰਦਾ ਤੇ ਇਹਨੂੰ ਮੈਂ ਗੁਰੂ ਬਣਾਵਾਂ? ਤਰਕ ਕਰ ਦਿਤੀ ਬ੍ਰਹਮਗਿਆਨੀ ਦੇ ਉਤੇ। ਜੇ ਬ੍ਰਹਮਗਿਆਨੀ ਦੇ ਉਤੇ ਤਰਕ ਕਰ ਦਿਓ ਛੇ ਕਲਾ

ਵੈਰਾਗ ਦੀਆਂ ਨਸ਼ਟ ਹੋ ਜਾਂਦੀਆਂ ਹਨ। ਪਹਿਲਾਂ ਤਾਂ ਵੈਰਾਗ ਬਣਦਾ ਹੀ ਨਹੀਂ, ਵੈਰਾਗ ਬਣਦਾ ਹੈ ਕਈ ਜਨਮਾਂ ਦਾ ਲਗਾਤਾਰ ਦੁਖ, ਇਕ ਕਲਾ ਵੈਰਾਗ ਦੀ ਪ੍ਰਗਟ ਕਰਦਾ ਹੈ ਤੇ ਛੇ ਕਲਾ ਤਾਂ ਮਿਲਦੀਆਂ ਹੀ ਨਹੀਂ। ਸੈਂਕੜੇ ਜਨਮਾਂ ਦਾ ਦੁੱਖ ਜਿਹੜਾ ਹੈ ਉਹਦੇ ਨਾਲ ਜਿਹੜਾ ਫਲ ਮਿਲਿਆ ਹੈ -

*ਦੁਖੁ ਦਾਰੂ ਸੁਖੁ ਰੋਗੁ ਭਇਆ*
*ਜਾ ਸੁਖੁ ਤਾਮਿ ਨ ਹੋਈ ॥ ਅੰਗ - ੪੬੯*

ਉਹ ਦਾਰੂ ਬਣ ਕੇ ਜਿਹੜਾ ਸਾਨੂੰ ਮਿਲਿਆ ਹੈ, ਉਹ ਨਸ਼ਟ ਹੋ ਜਾਂਦਾ ਹੈ। ਓਸ ਵੇਲੇ ਜਦੋਂ ਮੁੜਿਆ ਆਉਂਦਾ ਹੈ ਤਾਂ ਰਸਤੇ ਵਿਚ ਨਾਰਦ ਜੀ ਨੇ ਸਮਝਾਇਆ, ਕਹਿੰਦੇ ਸੁਕਦੇਵ ਤੂੰ ਬ੍ਰਹਮਗਿਆਨੀ ਦੇ ਉਤੇ ਤਰਕ ਕਰ ਦਿਤੀ। ਬ੍ਰਹਮਗਿਆਨੀ ਦੀ ਜਿਹੜੀ ਕ੍ਰਿਆ ਹੁੰਦੀ ਹੈ ਉਹ ਹੁਕਮ ਦੀ ਕ੍ਰਿਆ ਹੁੰਦੀ ਹੈ, ਆਪ ਨਹੀਂ ਉਹ ਕੁਛ ਕਰਿਆ ਕਰਦੇ। ਨਾ ਉਨ੍ਹਾਂ ਨੂੰ ਪੁੰਨ ਹੁੰਦਾ ਹੈ, ਨਾ ਪਾਪ ਹੁੰਦਾ ਹੈ ਕਿਉਂਕਿ ਆਪ ਹੁੰਦੇ ਨਹੀਂ। ਉਹ ਤਾਂ ਬ੍ਰਹਮ ਜੋਤ ਉਨ੍ਹਾਂ ਦੇ ਅੰਦਰ ਕੰਮ ਕਰ ਰਹੀ ਹੁੰਦੀ ਹੈ। ਨਾ ਮੰਨਿਆ ਤਾਂ ਅੱਗੇ ਜਾ ਕੇ ਨਾਰਦ ਜੀ ਨੇ ਰੂਪ ਬਦਲ ਲਿਆ। ਇਹ ਦਰਖਤ ਥੱਲੇ ਕੁਛ ਆਰਾਮ ਲੈਣ ਬੈਠ ਗਿਆ। ਨਾਰਦ ਜੀ ਇਕ ਮਜਦੂਰ ਦਾ ਰੂਪ ਧਾਰ ਕੇ ਕਹੀ ਲੈ ਲਈ ਤੇ ਟੋਕਰੀ, ਬੁੱਢੇ ਹੈਗੇ, ਹੌਲੀ-ਹੌਲੀ ਰੇਤਾ ਚੁੱਕਦੇ ਨੇ, ਲਿਆ ਕੇ ਨਦੀ 'ਚ ਸੁੱਟ ਦਿੰਦੇ ਨੇ। ਨਦੀ ਹੜ੍ਹਾ ਲੈ ਜਾਂਦੀ ਹੈ। ਜਦੋਂ ਘੰਟਾ ਹੋ ਗਿਆ ਧੁੱਪ ਵਿਚ ਇਸ ਤਰ੍ਹਾਂ ਕਰਦੇ ਨੂੰ, ਓਸ ਵੇਲੇ ਕਹਿਣ ਲੱਗਿਆ ਕਿ ਬਾਬਾ ਉਰ੍ਹੇ ਆ, ਕੋਲ ਆ ਗਏ ਉਹ ਤਾਂ ਚਾਹੁੰਦੇ ਸੀ ਕਿ ਗੱਲ ਕਰੇ, ਕਹਿਣ ਲੱਗਿਆ ਆਹ ਕੀ ਕਰਦਾ ਹੈਂ, ਘੰਟਾ ਹੋ ਗਿਆ ਟੋਕਰੀ ਚੁੱਕਦਾ ਹੈਂ ਨਦੀ 'ਚ ਸੁੱਟ ਦਿੰਦਾ ਹੈਂ। ਕਹਿੰਦਾ, ਬੇਟਾ! ਮੈਂ ਬੁੱਢਾ ਹਾਂ ਮੇਰੇ ਤੋਂ ਚਲ ਨਹੀਂ ਹੁੰਦਾ। ਮੈਂ ਪੁੱਲ ਬਣਾਉਣਾ ਚਾਹੁੰਦਾ ਹਾਂ ਕਿ ਪਾਰ ਲੰਘ ਜਾਵਾਂ। ਕਹਿੰਦਾ, ਤੂੰ ਤਾਂ ਮਹਾਂ ਮੂਰਖ ਬੰਦਾ ਹਾਂ। ਆਹ ਤੇਜ ਪਾਣੀ ਤੇਰੇ ਰੇਤੇ ਨੂੰ ਰਹਿਣ ਦਏਗਾ? ਉਸ ਨੇ ਕਿਹਾ ਕਿ ਮੇਰੇ ਨਾਲੋਂ ਤਾਂ ਤੂੰ ਕਰੋੜਾਂ ਗੁਣਾਂ ਮੂਰਖ ਹੈਂ, ਮੇਰੇ ਤਾਂ ਘੰਟੇ ਦੀ ਮਿਹਨਤ ਹੈ, ਤੇਰੀ ਜਨਮਾਂ-ਜਨਮਾਂਤਰਾਂ ਦੀ ਮਿਹਨਤ ਹੈ, ਤੂੰ ਤਾਂ ਵੈਰਾਗ ਦਾ ਸਤਿਆਨਾਸ ਕਰ ਲਿਆ, ਰਾਜਾ ਜਨਕ 'ਤੇ ਤਰਕ ਕਰਕੇ। ਸਮਝ 'ਚ ਆ ਗਈ ਗੱਲ। ਕਹਿੰਦਾ, ਹੁਣ ਕੀ ਕਰਾਂ ਮੈਂ, ਕਹਿੰਦੇ ਜਾਹ ਜਪ ਕਰ ਮੁੜ ਕੇ ਫੇਰ। ਦੁਬਾਰਾ ਫੇਰ ਚਲਿਆ ਗਿਆ। ਰਾਜਾ ਜਨਕ ਕੋਲ ਚਲਿਆ ਗਿਆ, ਰਾਜਾ ਜਨਕ ਨੇ ਪੁੱਛਿਆ ਕਿ ਕਿਸ ਮਨੋਰਥ ਨੂੰ ਲੈ ਕੇ ਆਇਆ ਹੈਂ? ਕਹਿੰਦਾ ਮੈਂ ਗੁਰੂ ਧਾਰਨਾ ਹੈ, ਕਹਿੰਦੇ ਗੁਰੂ ਤਾਂ ਐਨਾ ਸੁਖਾਲਾ ਨਹੀਂ ਹੁੰਦਾ ਧਾਰਨਾ। ਗੁਰੂ ਟੈਸਟ ਲੈਂਦਾ ਹੈ ਪਹਿਲਾਂ।

*ਰਾਮ ਪਦਾਰਥੁ ਪਾਇ ਕੈ*
*ਕਬੀਰਾ ਗਾਂਠਿ ਨ ਖੋਲ੍ ॥*
*ਨਹੀ ਪਟਣੁ ਨਹੀ ਪਾਰਖੂ*
*ਨਹੀ ਗਾਹਕੁ ਨਹੀ ਮੋਲੁ॥ ਅੰਗ - ੧੩੬੫*

ਅੰਦਰ ਲਿਜਾ ਕੇ ਬਿਠਾਲ ਲਿਆ, ਜਿਥੇ ਬੈਠਾ ਹੈ ਉਥੇ ਕੱਚੇ ਧਾਗੇ ਨਾਲ ਨੰਗੀ ਤਲਵਾਰ ਲਟਕਦੀ ਹੈ, ਉਤੇ ਦੇਖਿਆ ਇਸ ਨੇ, ਕਹਿਣ ਲੱਗਿਆ ਕਿ ਲੈ ਬਈ, ਫਸ ਗਏ। ਜੇ ਧਾਗਾ ਟੁੱਟਿਆ ਤਾਂ ਸਿਰ 'ਚ ਲੱਗੇਗੀ। ਬਚਨ ਕਰਦਾ ਹੈ ਮਨ ਨਹੀਂ ਦੇ ਰਿਹਾ ਪੂਰਾ, ਉਤੇ ਨੂੰ ਦੇਖੀ ਜਾਂਦਾ ਹੈ। ਰਾਜਾ ਜਨਕ ਨੇ ਕਿਹਾ ਕਿ ਜੇ ਬਚਨ ਸੁਣਨੇ ਤਾਂ ਚਿੱਤ ਇਕਾਗਰ ਕਰਕੇ ਸੁਣ। ਐਨੇ ਨੂੰ ਚੋਬਦਾਰ ਨੇ ਖਬਰ ਦਿਤੀ ਕਿ ਮਹਾਰਾਜ ਅੱਗ ਲੱਗ ਗਈ ਮਹਿਲਾਂ ਨੂੰ। ਕਹਿੰਦੇ, ਕੋਈ ਨਾ, ਬੁਝਾ ਦਿਓ। ਆਪ ਉਥੇ ਹੀ ਬੈਠੇ ਰਹੇ। ਕਹਿੰਦੇ, ਹੁਣ ਤਬੇਲਿਆਂ ਨੂੰ ਲੱਗ ਗਈ ਘੋੜਿਆਂ ਦੇ ਨੂੰ, ਹੁਣ ਖਜ਼ਾਨਿਆਂ ਨੂੰ ਲੱਗ ਗਈ। ਮਹਾਰਾਜ ਹੁਣ ਤਾਂ ਸਿੰਘ ਦੁਆਰ ਤੇ ਅੱਗ ਆ ਗਈ, ਜਿਥੇ ਬੈਠੇ ਸੀ, ਉਥੇ ਇਹ ਸੁਕਦੇਵ ਇਕ ਚਿੱਪੀ ਰੱਖ ਗਿਆ ਸੀ ਤੇ ਦੋ ਗਜ਼ ਕੱਪੜਾ ਰੱਖ ਗਿਆ ਸੀ, ਸੁਕਦੇਵ ਨੇ ਪੁੱਛਿਆ ਹੀ ਨਾ ਦੌੜ ਕੇ ਆ ਗਿਆ, ਆ ਕੇ ਆਪਣੀ ਚਿੱਪੀ ਚੁੱਕ ਲਈ। ਰਾਜਾ ਜਨਕ ਕਹਿਣ ਲੱਗਿਆ ਕਿ ਕੀ ਗੱਲ? ਆਪਾਂ ਪ੍ਰਮੇਸ਼ਰ ਦੀ ਗੱਲ ਕਰਦੇ ਸੀ, ਉਸ ਵੇਲੇ ਤਾਂ ਪੂਰੀ ਸੁਰਤ ਦੇ ਨਾਲ ਸੁਣਨਾ ਚਾਹੀਦਾ ਹੈ। ਤੇਰੀ ਤਾਂ ਅਜੇ ਸੁਰਤ ਟਿਕਾਣੇ ਨਹੀਂ। ਤੂੰ ਤਾਂ ਗ੍ਰਿਹਸਤੀ ਬੰਦਾ ਹੈਂ ਪਿਆਰਿਆ ਤੈਨੂੰ ਲੋਭ ਬੜਾ ਹੈ। ਇਕ ਆਨੇ ਦੀਆਂ ਨਹੀਂ ਨੇ ਇਹ ਦੋਵੇਂ ਚੀਜ਼ਾਂ, ਕੌਡੀਆਂ ਦੀਆਂ ਨੇ, ਧੇਲੇ ਦੀਆਂ। ਇਨ੍ਹਾਂ ਵਿਚ ਹੀ ਤੇਰਾ ਮਨ ਫਸਿਆ ਪਿਆ ਹੈ ਤੂੰ ਤਾਂ ਗ੍ਰਿਹਸਤੀ ਹੈਂ, ਗ੍ਰਿਹਸਤ ਕੀ ਹੁੰਦਾ ਹੈ? attachment ਨੂੰ ਗ੍ਰਿਹਸਤ ਕਹਿੰਦੇ ਨੇ, ਜਦ ਬੰਦੇ ਦੇ ਮਨ ਵਿਚ ਪਕੜ ਹੋਵੇ, ਉਹ ਗ੍ਰਿਹਸਤੀ ਹੁੰਦਾ ਹੈ, ਜਦੋਂ detach ਹੋ ਜਾਂਦਾ ਹੈ, ਸਭ ਚੀਜ਼ਾਂ ਨੂੰ ਤੋੜ ਦਿੰਦਾ ਹੈ, ਕਿਸੇ ਚੀਜ਼ ਦਾ ਵੀ ਉਹਨੂੰ ਮੋਹ ਨਹੀਂ ਰਹਿੰਦਾ, ਮੈਂ ਵੀ ਮਰ ਜਾਂਦੀ ਤੇ ਮੇਰੀ ਵੀ ਮਰ ਜਾਂਦੀ ਹੈ ਓਸ ਵੇਲੇ ਉਹ ਤਿਆਗੀ ਹੋ ਜਾਂਦਾ ਹੈ, ਵੈਰਾਗੀ ਹੋ ਜਾਂਦਾ ਹੈ। ਇਕ ਰਾਗ ਹੁੰਦਾ ਹੈ, ਇਕ ਵੈਰਾਗ ਹੁੰਦਾ ਹੈ। ਕਹਿਣ ਲੱਗੇ, ਜਾਹ ਵੈਰਾਗ ਪੈਦਾ ਕਰ।

ਤੀਸਰੀ ਵਾਰੀ ਫੇਰ ਆਇਆ, ਤਪ ਕਰਿਆ ਜਾ ਕੇ ਤੇ ਰਾਜਾ ਜਨਕ ਨੇ ਅਨੁਭਵ ਨਾਲ ਦੇਖ ਲਿਆ ਕਿ ਓਹੀ ਫੇਰ ਤੁਰਿਆ ਆਉਂਦਾ ਹੈ। ਕਹਿੰਦੇ, ਇਹਨੂੰ ਧੱਕੇ ਮਾਰੋ। ਬੜੇ ਧੱਕੇ ਮਾਰੇ ਜਾਂਦਾ ਨਹੀਂ। ਘੜੀਸ-ਘੜੀਸ ਪਰ੍ਹੇ ਸੁੱਟਦੇ ਨੇ। ਅਖੀਰ ਜਿਥੇ ਰਾਜਾ ਜਨਕ ਰੋਜ਼ ਯੱਗ ਕਰਿਆ ਕਰਦਾ ਸੀ ਤੇ ਪਤਲਾਂ ਜੂੱਠੀਆਂ ਆਪ ਚੁੱਕਿਆ ਕਰਦਾ ਸੀ। ਖਿੜਕੀ ਦੇ ਵਿਚ (ਝਰੋਖੇ

ਦੇ ਵਿਚੋਂ) ਪੱਤਲਾਂ ਆਪ ਸੁੱਟ ਦਿੰਦਾ ਸੀ। ਹੁਕਮ ਕਰ ਦਿਤਾ ਕਿ ਪਤਲਾਂ ਚੁੱਕਣੀਆਂ ਨਹੀਂ ਕਈ ਦਿਨ। ਸੁਕਦੇਵ ਉਥੇ ਆ ਕੇ ਬੈਠ ਗਿਆ, ਉਥੇ ਬੈਠਿਆ ਤਾਂ ਪਤਲਾਂ ਉਪਰ ਗਿਰਨੀਆਂ ਸ਼ੁਰੂ ਹੋ ਗਈਆਂ –

*ਜੂਠਨ ਜੂਠਿ ਪਈ ਸਿਰ ਊਪਰਿ*
*ਖਿਨੁ ਮਨੂਆ ਤਿਲੁ ਨ ਡੁਲਾਵੈਗੋ॥*

*ਅੰਗ - ੧੩੦੯*

ਵਿਚ ਦਬ ਗਿਆ, ਕਈ ਦਿਨਾਂ ਬਾਅਦ ਕਿਹਾ ਕਿ ਬੰਦੇ ਨੂੰ ਲਿਆਓ ਕੱਢ ਕੇ, ਨੁਹਾ ਧੁਆ ਕੇ। ਸ਼ਕਲ ਬਦਲੀ ਪਈ ਹੈ, ਦਾਲਾਂ ਸਿਰ ਵਿਚ ਪਈਆਂ ਨੇ, ਜਟਾਵਾਂ ਭਰੀਆਂ ਪਈਆਂ ਨੇ। ਇਸ਼ਨਾਨ ਕਰਾ ਕੇ ਲਿਆਏ। ਕਹਿੰਦੇ, ਕਿਵੇਂ ਬੈਠਾ ਹੈ? ਕਹਿੰਦਾ ਮੈਂ ਗੁਰੂ ਧਾਰਨ ਕਰਨਾ ਹੈ। ਕਹਿੰਦੇ, ਆਹ ਦੇਖ ਤੇਲ ਦਾ ਛੰਨਾ ਹਥੇਲੀ 'ਤੇ ਰੱਖ ਕੇ ਸਾਰੇ ਸ਼ਹਿਰ ਦੀ ਪ੍ਰਕਰਮਾ ਕਰਨੀ ਹੈ। ਜੇ ਇਕ ਕਤਰਾ ਵੀ ਡੁਲ੍ਹ ਗਿਆ ਤਾਂ ਤੇਰਾ ਸਿਰ ਉਸੇ ਵੇਲੇ ਲਾਹ ਦੇਣਾ ਹੈ। ਜੇ ਸਾਬਤ ਲੈ ਆਇਆ ਤਾਂ ਫੇਰ ਅਸੀਂ ਤੈਨੂੰ ਆਪਣਾ ਮੁਰੀਦ ਬਣਾ ਲਵਾਂਗੇ, ਸਿੱਖ ਬਣਾ ਲਵਾਂਗੇ।

ਇਹ ਤਾਂ ਗੁਰੂ ਮਹਾਰਾਜ ਨੇ ਬਹੁਤ ਕ੍ਰਿਪਾ ਸਾਡੇ ਉਤੇ ਕਰ ਦਿਤੀ। ਕਿਹੋ ਜਿਹੇ ਹੀ ਆ ਜਾਈਏ, ਕਹਿੰਦੇ ਨੇ ਆ ਜਾਓ ਤੁਹਾਨੂੰ ਬਣਾ ਲੈਂਦੇ ਹਾਂ, ਕੋਈ ਨਾ ਤੁਹਾਨੂੰ ਸੰਭਾਲ ਲਵਾਂਗੇ, ਝਾੜ ਲਵਾਂਗੇ। ਇਹ ਤਾਂ ਦਇਆ ਹੈ ਕਲਜੁਗ ਦੇ ਵਿਚ। ਸੋ ਉਸ ਵੇਲੇ ਜਦੋਂ ਤੇਲ ਦਾ ਛੰਨਾ ਰੱਖ ਦਿਤਾ, ਸਾਰੇ ਫਿਰਦਾ ਹੈ, ਦੂਸਰੇ ਪਾਸੇ ਨਾਚ ਮੁਜਰੇ ਲਵਾ ਦਿਤੇ, ਖੇਲ੍ਹਾਂ ਲਵਾ ਦਿਤੀਆਂ, ਬੇਅੰਤ ਚੀਜ਼ਾਂ ਦੇਖਣ ਵਾਲੀਆਂ ਲਵਾ ਦਿਤੀਆਂ। ਸਾਰਾ ਸ਼ਹਿਰ ਰੌਲਾ ਪਾ ਰਿਹਾ ਹੈ, ਆਲੇ ਦੁਆਲੇ ਹੋ ਕੇ। ਇਹ ਆ ਗਿਆ ਤੇ ਰਾਜੇ ਜਨਕ ਨੇ ਪੁੱਛਿਆ ਕਿ ਕਿਉਂ ਭਾਈ! ਤੇਲ ਡੁੱਲ੍ਹਿਆ, ਕਹਿੰਦਾ ਨਹੀਂ ਮਹਾਰਾਜ ਮੇਰੇ ਹੱਥ ਸਾਬਤ ਨੇ। ਕਹਿੰਦੇ, ਉਥੇ ਗਾਉਣੇ ਹੋ ਰਹੇ ਸੀ, ਨਾਚ ਹੋ ਰਹੇ ਸੀ, ਖੇਲ੍ਹਾਂ ਹੋ ਰਹੀਆਂ ਸੀ, ਬਜ਼ਾਰ ਲੱਗੇ ਹੋਏ ਸੀ। ਕਹਿਣ ਲੱਗਿਆ, ਮਹਾਰਾਜ! ਮੈਨੂੰ ਤਾਂ ਇਕ ਗੱਲ ਦਾ ਪਤਾ ਹੈ ਜਾਂ ਤਾਂ ਮੈਨੂੰ ਇਹ ਪਤਾ ਹੈ ਕਿ ਜਿਹੜਾ ਮੇਰਾ ਛੰਨਾ ਹੈ ਇਹਦਾ ਤੇਲ ਨਾ ਡੁੱਲ੍ਹ ਜਾਵੇ, ਦੂਜਾ ਮੈਨੂੰ ਤਲਵਾਰ ਦਾ ਪਤਾ ਸੀ ਕਿ ਹੁਣੇ ਆ ਜਾਣੀਂ ਹੈ ਗਰਦਨ 'ਤੇ। ਮੈਨੂੰ ਨਹੀਂ ਪਤਾ ਕਿ ਕੀ ਹੋ ਰਿਹਾ ਸੀ। ਉਸ ਵੇਲੇ ਟੈਸਟ ਲੈ ਕੇ ਰਾਜਾ ਜਨਕ ਨੇ ਇਸਨੂੰ 'ਨਾਮ' ਦੀ ਦਾਤ ਦਿਤੀ।

ਸੋ ਮਹਾਰਾਜ ਕਹਿੰਦੇ, ਪੁਛ ਲਓ ਇਨ੍ਹਾਂ ਨੂੰ ਕਿ ਕਿੰਨਾ ਔਖਾ ਗੁਰੂ ਧਾਰਿਆ।

*ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ ॥*

*ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ ॥*

*ਅੰਗ - ੫੯*

ਹੁਣ ਗੁਰੂ ਦਾ ਸਵਾਲ ਆਉਂਦਾ ਹੈ? ਗੁਰੂ ਤਾਂ ਬੇਅੰਤ ਹੀ ਨੇ। ਕੋਈ ਆਦਿ ਅੰਤ ਨਹੀਂ। ਗੁਰੂ ਅੱਠਵੇਂ ਪਾਤਸ਼ਾਹ ਤੋਂ ਬਾਅਦ 22 ਮੰਜੀਆਂ ਲੱਗ ਗਈਆਂ। 22 ਮੰਜੀਆਂ ਲਾ ਕੇ ਗੁਰੂ ਬੈਠ ਗਏ, ਕੋਈ ਕਹੇ ਮੈਂ ਗੁਰੂ ਹਾਂ, ਮੈਂ ਅਸਲੀ ਹਾਂ, ਕਿਉਂਕਿ ਗੁਰੂ ਵਾਲੀ ਬਿਜਨਸ਼ ਸਭ ਤੋਂ ਸੁਖਾਲੀ ਹੈ। ਗੱਲ ਇਹੋ ਜਿਹੀ ਕਹਿ ਦਿਓ ਜਿਥੇ ਆਦਮੀ ਪਹੁੰਚ ਹੀ ਨਾ ਸਕੇ।

ਇਕ ਪ੍ਰੇਮੀ ਮੈਨੂੰ ਦੱਸਣ ਲੱਗ ਗਿਆ ਕਿ ਐਸ ਤਰ੍ਹਾਂ ਫੇਰ ਸੁਰਤ ਉਥੇ ਜਾਂਦੀ ਹੈ, ਉਥੇ ਜਾਂਦੀ ਹੈ। ਮੈਂ ਕਿਹਾ ਪਾਖੰਡ ਕਰਦਾ ਹੈਂ। ਫੇਰ ਕਹਿਣ ਲੱਗਿਆ ਕਿ ਉਥੇ ਇਕ ਗੁਫਾ ਆਉਂਦੀ ਹੈ, ਉਹ ਗੁਫਾ ਦੇ ਵਿਚੋਂ ਬਹੁਤ ਔਖਾ ਲੰਘ ਹੁੰਦਾ ਹੈ। ਮੈਂ ਕਿਹਾ ਦੇਖ, ਤੈਨੂੰ ਰਾਹ ਦਾ ਹੀ ਨਹੀਂ ਪਤਾ। ਮੈਂ ਕਿਹਾ, ਜਿਥੇ ਗੁਫਾ ਆਉਂਦੀ ਹੈ ਉਥੇ ਉਹਦੇ ਮੂੰਹ ਦੇ ਅੱਗੇ ਇਕ ਵੱਡਾ ਉਚਾ ਦਰਖਤ ਖੜ੍ਹਾ ਹੈ, ਉਸ ਦਰਖਤ ਦਾ ਜਿਹੜਾ ਟਾਹਣਾ ਹੈ ਉਹ ਪਹਾੜ ਦੇ ਨਾਲ ਲਗ ਜਾਂਦਾ ਹੈ, ਅੱਗੇ ਪੁਲ੍ਹ ਬਣਿਆ ਹੋਇਆ ਹੈ, ਪੁਲ ਤੋਂ ਲੰਘ ਜਾਈਦਾ ਹੈ, ਗੁਫਾ 'ਚ ਵੜੀਦਾ ਹੀ ਨਹੀਂ। ਦੇਖਣ ਲੱਗ ਗਿਆ ਮੇਰੇ ਵਲ। ਮੈਂ ਕਿਹਾ, ਨਾ ਤੈਨੂੰ ਗੁਫਾ ਦਾ ਪਤਾ ਹੈ, ਨਾ ਸਾਡੇ ਪੁਲ ਦਾ ਪਤਾ ਹੈ, ਇਹੋ ਜਿਹੀਆਂ ਗੱਲਾਂ ਤੂੰ ਕਰਦਾ ਹੈਂ ਤੇ ਲੋਕਾਂ ਨੂੰ ਧੋਖੇ ਦੇ ਰਿਹਾ ਹੈਂ। ਉਹ ਤਾਂ ਗੱਲ ਹੀ ਹੋਰ ਹੈ, ਉਹ ਤਾਂ ਗੁਰੂ ਗ੍ਰੰਥ ਸਾਹਿਬ ਵਿਚ ਲਿਖੀਆਂ ਹੋਈਆਂ ਨੇ ਸਾਰੀਆਂ ਗੱਲਾਂ ਜਿਹੜੀਆਂ ਦਿਸਦੀਆਂ ਨੇ। ਜਿਹੜੀ ਬਾਹਰ ਹੈ ਉਹ ਗੱਲ ਨਹੀਂ ਹੈ, ਉਹ ਐਵੇਂ ਲੋਕਾਂ ਨੂੰ ਫਸਾਉਣ ਦੀ ਗੱਲ ਹੁੰਦੀ ਹੈ। ਸੋ 22 ਗੁਰੂ ਬਣ ਗਏ ਅਸਲੀ ਨਾ ਲੱਭਿਆ, ਅਸਲੀ ਕਿੱਥੇ ਲੱਭਿਆ ਉਹ ਛੁਪੇ ਹੋਏ ਸੀ, ਜਹਾਜ਼ ਪਾਰ ਕਰਨ ਵਾਲੇ। ਸੋ ਏਸ ਤਰ੍ਹਾਂ ਦੇ ਨਾਲ ਇਕ ਤਾਂ ਹੋਇਆ ਕਰਦਾ ਹੈ ਕੱਚਾ ਗੁਰੂ, ਕੱਚੇ ਗੁਰੂ ਤੋਂ ਮੁਕਤੀ ਨਹੀਂ ਹੁੰਦੀ। ਉਹ ਪਾਖੰਡੀ ਹੁੰਦਾ ਹੈ ਦੂਸਰਾ, ਪਾਖੰਡ ਕਰਕੇ, ਧੋਖੇ ਦੇ, ਏਜੰਟ ਰੱਖ ਕੇ ਆਪਣੇ ਪਿੱਛੇ ਲਾਉਂਦਾ ਹੈ।

ਰੋਪੜ ਦੇ ਵਿਚ 1905 ਦੀ ਗੱਲ ਹੈ, ਇਕ ਬੰਦਾ ਘਰੋਂ ਔਖਾ ਹੋ ਕੇ, ਐਵੇਂ ਕੱਪੜੇ ਲੀੜੇ ਲਾ ਕੇ ਪਿੰਡਾਂ 'ਚ ਫਿਰੀ ਜਾਂਦਾ ਸੀ। ਉਸ ਨੇ ਐਈਂ ਕਹੀ ਜਾਣਾ ਕਿ ਆ ਗਈ, ਆ ਗਈ। ਜਦ ਨੂੰ ਉਥੇ ਪੈ ਗਈ ਪਲੇਗ, ਦੁਨੀਆਂ ਮਰ ਗਈ। ਲੋਕਾਂ ਨੇ ਕਿਹਾ ਕਿ ਆਹ ਸੰਤ ਤਾਂ ਪਹਿਲਾਂ ਹੀ ਕਹਿੰਦੇ ਸੀ ਕਿ ਆ ਗਈ-ਆ ਗਈ। ਦੁਨੀਆਂ ਅੰਨ੍ਹੇਵਾਹ ਉਹਦੇ ਮਗਰ ਪੈ ਗਈ। ਚੇਲੇ ਹੀ ਚੇਲੇ ਬਣ ਗਏ। ਜਦੋਂ ਪੈਸਾ ਆਇਆ ਤਾਂ ਉਹਨੇ ਵਧੀਆ ਰੂਪ ਬਣਾ ਲਿਆ,

ਕਲਗੀ ਲਾ ਲਈ, ਨੀਲੇ ਵਸਤਰ ਸਜਾ ਲਏ, ਬਰਛਿਆਂ ਵਾਲੇ ਨਾਲ ਰੱਖ ਲਏ। ਪੰਜ ਪਿਆਰੇ ਬਣਾ ਲਏ।। ਹਜ਼ਾਰਾਂ ਹੀ ਬੰਦੇ ਨਾਲ ਚਲੇ ਗਏ। ਕਹਿੰਦਾ ਮੈਂ ਤਾਂ ਇਥੇ ਤਖਤ 'ਤੇ ਬੈਠਣ ਆਇਆ ਹਾਂ। ਮੈਂ ਗੁਰੂ ਗੋਬਿੰਦ ਸਿੰਘ ਹਾਂ ਮੈਂ ਆਪਣੇ ਤਖਤ 'ਤੇ ਬੈਠਣ ਆਇਆ ਹਾਂ। ਉਥੇ ਅਨੰਦਪੁਰ ਸਾਹਿਬ ਰਹਿਣਾ ਸ਼ੁਰੂ ਕਰ ਦਿਤਾ ਉਹਨੇ। ਮਹਾਰਾਜ ਪਟਿਆਲੇ ਨੂੰ, ਮਹਾਰਾਜ ਨਾਭੇ ਨੂੰ, ਜੀਂਦ ਵਾਲੇ ਨੂੰ ਇਨ੍ਹਾਂ ਸਾਰਿਆਂ ਨੂੰ ਚਿੱਠੀਆਂ ਲਿਖ ਦਿਤੀਆਂ ਕਿ ਅਸੀਂ ਆ ਗਏ ਹਾਂ ਤੇ ਅਸੀਂ ਹੁਣ ਗ੍ਰਿਹਸਤ ਧਾਰਨ ਕਰਨਾ ਹੈ, ਆਪਣੀ ਲੜਕੀ ਵਿਆਹੋ ਸਾਡੇ ਨਾਲ। ਪਟਿਆਲੇ ਵਾਲੇ ਵੀ ਚੁੱਪ ਕਰ ਰਹੇ ਤੇ ਜੀਂਦ ਵਾਲੇ ਵੀ ਤੇ ਨਾਭੇ ਵਾਲਾ ਰਾਜਾ ਜਿਹੜਾ ਸੀ ਪ੍ਰਦਮਨ ਸਿੰਘ, ਉਹਨੇ ਚਿੱਠੀ ਲਿਖ ਦਿਤੀ, ਕਹਿੰਦਾ, ਮਹਾਰਾਜ! ਗੁਰੂ ਜੀ ਤੁਸੀਂ ਆ ਕੇ ਦਰਸ਼ਨ ਦਿਓ ਅਸੀਂ ਇਥੇ ਹੀ ਤੁਹਾਡੇ ਦਰਸ਼ਨ ਕਰਾਂਗੇ ਤੇ ਲੜਕੀ ਦਾ ਡੋਲਾ ਦੇਵਾਂਗੇ। ਬੜਾ ਰੌਲਾ ਪਿਆ ਹੋਇਆ ਸੀ ਕਿ ਪਾਖੰਡੀ ਨੇ ਆ ਕੇ ਆਨੰਦਪੁਰ ਸਾਹਿਬ 'ਤੇ ਕਬਜ਼ਾ ਕਰ ਲਿਆ। ਉਹ ਨਾਭੇ ਆ ਗਿਆ, ਬਾਰ੍ਹਾਂਦਰੀ 'ਚ ਉਹਦਾ ਉਤਾਰਾ ਕਰਾ ਦਿਤਾ, ਉਹ ਕਹਿਣ ਲੱਗਿਆ ਕਿ ਸਵੇਰੇ ਕਹਿਓ ਇਹ ਗੁਰੂ ਸਾਹਿਬ ਨੂੰ ਕਿ ਮੇਰੇ ਨਾਲ ਕੋਰਟ ਵਿਚ ਆ ਕੇ ਗੱਲ ਕਰੇ। ਰਾਜਾ ਕਹਿਣ ਲੱਗਿਆ ਕਿ ਮੇਰੇ ਦਫਤਰ ਵਿਚ ਹੀ ਬੁਲਾ ਲਓ। ਸਵੇਰੇ ਹੀ ਆ ਗਿਆ ਸਾਝਰੇ ਹੀ। ਬਾਹਰ ਨਾ ਕੁਰਸੀ ਦਿਤੀ ਕਿਸੇ ਨੇ, ਬੈਂਚ ਤੇ ਹੀ ਬੈਠਾ ਰਿਹਾ। ਜਦੋਂ ਸ਼ਾਮ ਪੈ ਗਈ, ਕਹਿੰਦੇ ਇਹਨੂੰ ਕਹਿ ਦਿਓ ਕਿ ਕੱਲ੍ਹ ਨੂੰ ਕਰਾਂਗੇ ਡੋਲ੍ਹਾ ਤਿਆਰ। ਉਨ੍ਹਾਂ ਨੂੰ ਲੱਗ ਗਿਆ ਪਤਾ ਕਿ ਇਹ ਤਾਂ ਪਾਖੰਡੀ ਹੈ ਪੂਰਾ। ਪਹਿਲਾਂ ਪਰਖਦੇ ਸੀ ਕਿ ਸ਼ਾਇਦ ਕੋਈ ਮਾੜਾ ਮੋਟਾ ਸੰਤ ਹੀ ਨਾ ਹੋਵੇ। ਐਵੇਂ ਨਾ ਕੋਈ ਗਲਤ ਗੱਲ ਕਰ ਲਈਏ। ਦੂਜੇ ਦਿਨ ਫੇਰ ਬਿਠਾ ਰੱਖਿਆ, ਤੀਜਾ ਦਿਨ ਹੋਇਆ ਕਹਿੰਦੇ ਮਹਾਰਾਜ! ਕੱਲ੍ਹ ਨੂੰ ਲੈ ਕੇ ਆਵਾਂਗੇ ਸ਼ਗਨ ਅਸੀਂ। ਫੌਜ ਨੂੰ ਭੇਜ ਦਿਤਾ ਡੰਡਿਆਂ ਨਾਲ। ਕਹਿਣ ਲੱਗੇ, ਐਉਂ ਕਰਿਓ, ਸਾਰੇ ਪਹਿਰੇ ਲਾ ਦਿਓ। ਤੇ ਮੈਂ ਆਵਾਂਗਾ ਤੇ ਮੇਰੇ ਹੱਥ ਵਿਚ ਉਹ ਸ਼ਗਨ ਚੁੱਕਿਆ ਹੋਵੇਗਾ ਤੇ ਫੇਰ ਜਦੋਂ ਮੈਂ ਇਸ਼ਾਰਾ ਕਰ ਦੇਵਾਂਗਾ ਨਾ, ਫੇਰ ਡਾਂਗ ਵਰ੍ਹਾਇਓ ਤੁਸੀਂ। ਜਦੋਂ ਨਾਭੇ ਵਾਲੇ ਰਾਜੇ ਨੇ ਦਿਤਾ ਸਮਾਂ। ਬਾਰ੍ਹਾਦਰੀ 'ਚ ਉਤਰਿਆ ਹੋਇਆ ਸੀ, ਉਥੇ ਉਹਨੇ ਪੰਜ ਪਿਆਰੇ ਖੜ੍ਹਾਏ ਹੋਏ ਸੀ, ਮਾਰ ਦਰਜਾ-ਬ-ਦਰਜਾ ਸਭ ਖੜ੍ਹਾਏ ਹੋਏ ਨੇ ਕਿ ਫਲਾਣਾ ਸਿੰਘ ਹੈ, ਮਨੀ ਸਿੰਘ ਆ ਗਿਆ ਦੁਬਾਰਾ, ਆਹ ਬਾਬਾ ਦੀਪ ਸਿੰਘ ਦੁਬਾਰਾ ਆਏ ਹੋਏ ਨੇ, ਉਵੇਂ ਹੀ ਬਣਾ ਲਿਆ ਗੁਰੂ ਦਸਵੇਂ ਪਾਤਸ਼ਾਹ ਵਰਗਾ ਸਮਾਜ। ਇਹ ਜਿਸ ਵਕਤ ਗਿਆ, ਨਾਭੇ ਵਾਲਾ, ਇਹ ਅਜੇ ਵੀ ਦੇਖਦਾ ਸੀ ਕਿ ਸੰਤ ਹੈ ਕਿ ਪਾਖੰਡੀ ਹੈ। ਦੇਖਿਆ ਕੀ, ਉਠ ਕੇ ਉਹਨੇ ਆ ਕੇ ਇਹਦੇ ਚਰਨਾਂ 'ਤੇ ਨਮਸਕਾਰ ਕਰ ਦਿਤੀ, ਉਸੇ ਵਕਤ ਇਸ਼ਾਰਾ ਕਰ ਦਿਤਾ। ਸੋਟੇ ਵਰ੍ਹਨੇ ਸ਼ੁਰੂ ਹੋ ਗਏ, ਨੱਠ ਗਏ ਸਭ ਜਿਹੜੇ ਨਾਲ ਰਲੇ ਸੀ, 10-20 ਹਜ਼ਾਰ ਬੰਦਾ। ਉਨ੍ਹਾਂ ਪੰਜ ਪਿਆਰਿਆਂ ਦੇ ਵੀ ਵਰ੍ਹੇ, ਉਹ ਵੀ ਨੱਠ ਗਏ। ਇਕੱਲਾ ਰਹਿ ਗਿਆ। ਫੇਰ ਫੜ ਲਿਆ, ਕਹਿੰਦੇ ਪੁੱਛੋ ਇਸ ਤੋਂ ਮੇਰੇ ਸਾਮ੍ਹਣੇ। ਜਦੋਂ ਕੁਟਾਈ ਹੋਈ, ਪੁੱਛਿਆ ਦੱਸ ਤੂੰ ਦਸਵੇਂ ਪਾਤਸ਼ਾਹ ਹੈਂ? ਕਹਿੰਦਾ ਨਹੀਂ। ਕਹਿੰਦੇ, ਫੇਰ ਤੂੰ ਕਿਵੇਂ ਤਖਤ ਦੇ ਉਤੇ ਕਬਜ਼ਾ ਕਰ ਲਿਆ, ਓ ਐਡਾ ਪਾਖੰਡੀ ਤੂੰ ਗੁਰੂ ਦਸਵੇਂ ਪਾਤਸ਼ਾਹ ਬਣ ਗਿਆ ਤੇ ਲੋਕਾਂ ਨੂੰ ਐਨਾ ਧੋਖਾ ਦਿਤਾ। ਇਹਨੂੰ ਪਾਖੰਡੀ ਗੁਰੂ ਕਹਿੰਦੇ ਨੇ, ਇਨ੍ਹਾਂ ਤੋਂ ਹੁੰਦਾ ਕੁਛ ਨਹੀਂ। ਮਾਫੀਆਂ ਮੰਗੀਆਂ ਕਹਿੰਦਾ ਅੱਜ ਤੋਂ ਬਾਅਦ ਨਹੀਂ ਮੈਂ ਕਰਦਾ। ਹੁਣ ਮੈਨੂੰ ਛੱਡ ਦਿਓ। ਸੋ ਦੂਸਰਾ ਹੋਇਆ ਕਰਦਾ ਹੈ ਅਵਧੂਤ ਗੁਰੂ। ਉਹਦੇ 'ਚ ਸ਼ਕਤੀ ਤਾਂ ਹੁੰਦੀ ਹੈ ਪਰ expression ਨਹੀਂ ਹੁੰਦੀ। ਚੌਥਾ ਹੋਇਆ ਕਰਦਾ ਹੈ ਪੰਡਤ ਗੁਰੂ। ਉਹ ਪੰਡਤ ਗੁਰੂ ਗੱਲਾਂ ਤਾਂ ਸਾਰੀਆਂ ਜਾਣਦਾ ਹੈ, ਨਾਟਕ ਤਾਂ ਪੂਰਾ ਕਰ ਲੈਂਦਾ ਹੈ ਪਰ ਅਖਤਿਆਰ ਨਹੀਂ ਹੁੰਦਾ। ਮੁੰਡੇ ਖੇਲ੍ਹਦੇ ਨੇ, ਕੋਈ ਰਾਜਾ ਬਣਦਾ ਹੈ, ਕੋਈ ਸਿਪਾਹੀ ਬਣਦਾ ਹੈ, ਕੋਈ ਚੋਰ ਬਣਦਾ ਹੈ, ਉਹ ਫੈਸਲਾ ਕਰਦਾ ਹੈ ਕਿ ਇਹਨੂੰ ਫਾਂਸੀ ਦੇ ਦਿਓ। ਫਾਂਸੀ ਤਾਂ ਨਹੀਂ ਨਾ ਦਿੰਦੇ, ਇਹ ਤਾਂ ਇਕ ਖੇਡ ਹੈ। ਖੇਡ ਵਾਂਗੂੰ ਪੰਡਤ ਗੁਰੂ ਜਿਹੜਾ ਹੈ, ਪੜ੍ਹਿਆ ਲਿਖਿਆ ਗੁਰੂ, ਸਾਰੀਆਂ ਗੱਲਾਂ ਕਰ ਲੈਂਦਾ ਹੈ ਲੇਕਿਨ ਆਪਣਾ ਜਿਹੜਾ ਸਿੱਖ ਹੈ ਉਹਨੂੰ ਤਾਰਨ ਦੀ ਸ਼ਕਤੀ ਨਹੀਂ ਉਹਦੇ ਵਿਚ ਹੁੰਦੀ। ਸੋ ਗੁਰੂ ਹੁੰਦਾ ਹੈ ਸਮਰੱਥ ਸਾਰੀਆਂ ਸ਼ਕਤੀਆਂ ਵਾਲਾ, ਜਿਹੜਾ ਗੁਰੂ ਆਪਣੇ ਸਿੱਖ ਦੀ ਰਾਖੀ ਕਰ ਲਏ, ਜਿਹੜਾ ਗੁਰੂ ਆਪਣੇ ਸਿੱਖ ਨੂੰ ਨਰਕਾਂ 'ਚ ਗਿਰਦੇ ਨੂੰ ਕੱਢ ਲਵੇ, ਐਸ ਤਰ੍ਹਾਂ ਦੇ ਨਾਲ ਫੁਰਮਾਨ ਹੈ -

***ਧਾਰਨਾ - ਨਿਰਵੈਰ ਨਿਰਾਲਾ ਜੀ,***
***ਸਤਿਗੁਰ ਪੁਰਖ ਅਗੰਮ ਹੈ।***

***ਸਤਿਗੁਰ ਪੁਰਖੁ ਅਗੰਮੁ ਹੈ***
***ਨਿਰਵੈਰੁ ਨਿਰਾਲਾ।***
***ਜਾਣਹੁ ਧਰਤੀ ਧਰਮ ਕੀ***
***ਸਚੀ ਧਰਮਸਾਲਾ।***
***ਜੇਹਾ ਬੀਜੈ ਸੁ ਲੁਣੈ***
***ਫਲ ਕਰਮ ਸਮਾਲਾ।***
***ਜਿਉ ਕਰਿ ਨਿਰਮਲੁ ਆਰਸੀ***
***ਜਗੁ ਵੇਖਣਿ ਵਾਲਾ।***
***ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।***
***ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹ ਕਾਲਾ।***
***ਭਾਈ ਗੁਰਦਾਸ ਜੀ, ਵਾਰ 34/1***

ਗੁਰੂ ਉਹ ਹੁੰਦਾ ਹੈ ਜਿਹੜਾ ਨਰਕ 'ਚ ਪਏ ਹੋਏ ਸਿੱਖ ਨੂੰ ਕੱਢ ਲਵੇ। ਜਿਹੜਾ ਸਿੱਖ ਨੂੰ ਜਮਾਂ ਦੇ ਵਸ ਨਾ ਪੈਣ ਦੇਵੇ-

*ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ*
*ਨਿਰਾਲਾ।*

ਨਾ ਉਹਦੇ 'ਚ ਵੈਰ ਹੋਵੇ, ਨਿਰਾਲੀ ਉਹਦੀ ਕ੍ਰਿਆ ਹੋਵੇ -

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ, ਛੋਟੀ ਆਪ ਦੀ ਆਯੂ ਹੈ, ਗਿਆਰ੍ਹਾਂ ਸਾਲ ਦੀ, ਸਰੀਰ ਦੀ। ਕਿਉਂਕਿ ਗੁਰੂਆਂ ਦੀ ਉਮਰ ਨਹੀਂ ਹੁੰਦੀ, ਨਾ ਸੰਤਾਂ ਦੀ ਹੁੰਦੀ ਹੈ। ਸੰਤ ਜਾਣਦੇ ਹੁੰਦੇ ਨੇ ਆਪਣੇ ਆਪ ਨੂੰ ਕਿ ਨਾ ਮੈਂ ਕਦੇ ਜੰਮਿਆ ਹਾਂ ਨਾ ਕਦੇ ਮਰਨਾ ਹੈ। ਉਹ ਤਾਂ ਸਰੀਰ ਜੰਮਦਾ ਹੈ, ਸਰੀਰ ਮਰਦਾ ਹੈ, ਸਰੀਰ ਨੂੰ ਲੋਕ ਜਾਣਦੇ ਨੇ, ਸਰੀਰ ਦੇ ਅੰਦਰ ਕੌਣ ਵਸਦਾ ਹੈ ਇਹਨੂੰ ਨਹੀਂ ਜਾਣਦੇ। ਆਪਣਾ ਆਪ ਨਹੀਂ ਜਾਣਦੇ ਦੂਜੇ ਨੂੰ ਕੀ ਜਾਣਨਾ ਹੈ।

*ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ ॥*
*ਏਤੀ ਨ ਜਾਨਉ ਕੇਤੀਕ ਮੁਦਤਿ*
*ਚਲਤੇ ਖਬਰਿ ਨ ਪਾਇਓ ॥ ਅੰਗ - ੯੯੯*

ਤੈਨੂੰ ਤਾਂ ਪਤਾ ਹੀ ਨਹੀਂ ਮੈਂ ਕਿੰਨੀ ਦੇਰ ਤੋਂ ਚੱਲ ਰਿਹਾ ਹਾਂ। ਤੂੰ ਉਮਰ ਦੱਸੇਂਗਾ ਜਿਸ ਦਿਨ ਤੋਂ ਮਾਂ ਦੇ ਪੇਟ 'ਚੋਂ ਪੈਦਾ ਹੋਇਆ। ਉਸ ਤੋਂ ਪਹਿਲਾਂ ਵੀ ਤਾਂ ਸੀਗਾ ਤੂੰ। ਪਹਿਲਾਂ ਵੀ ਤੇਰਾ ਵਜੂਦ ਸੀ, ਜਦ ਸਰੀਰ ਨਹੀਂ ਰਹਿਣਾ ਜਦ ਵੀ ਤੂੰ ਰਹਿਣਾ ਹੈ। ਉਮਰ ਤੇਰੀ ਤਾਂ ਗਿਣੀ ਨਹੀਂ ਜਾ ਸਕਦੀ।

*ਥਿਤਿ ਵਾਰੁ ਨਾ ਜੋਗੀ ਜਾਣੈ*
*ਰੁਤਿ ਮਾਹੁ ਨਾ ਕੋਈ॥*
*ਜਾ ਕਰਤਾ ਸਿਰਠੀ ਕਉ ਸਾਜੇ*
*ਆਪੇ ਜਾਣੈ ਸੋਈ ॥ ਅੰਗ - ੪*

ਸੋ ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਗਿਆਰ੍ਹਾਂ ਸਾਲ ਦੇ ਸੀ ਤਾਂ ਕੀ ਦੇਖਦੇ ਨੇ ਸਾਮ੍ਹਣੇ ਇਕ ਰਿੱਛ ਆ ਗਿਆ ਮਹਾਰਾਜ ਕਹਿੰਦੇ ਔਹ ਰਿੱਛ ਵਾਲੇ ਨੂੰ ਬੁਲਾਓ। ਪੁਰਾਣੇ ਜੋ ਸੀ ਚੇਤੂ ਮਸੰਦ ਵਰਗੇ, ਕਹਿੰਦੇ ਲੈ ਬੱਚਿਆਂ ਵਾਲੀ ਗੱਲ ਕਰ ਦਿਤੀ। ਸਾਰੀ ਸੰਗਤ ਬੈਠੀ ਹੈ, ਤੇ ਪਤਾ ਨਹੀਂ ਇਹਨੇ ਰਿੱਛ ਦਾ ਤਮਾਸ਼ਾ ਕਰਾਉਣਾ ਹੈ। ਹੁਕਮ ਮੰਨਿਆ ਚੌਰ ਬਰਦਾਰ ਗਿਆ ਜਾ ਕੇ, ਰਿੱਛ ਵਾਲੇ ਨੂੰ ਕਹਿੰਦਾ ਕਿ ਭਾਈ! ਗੁਰੂ ਬੁਲਾ ਰਹੇ ਨੇ। ਆ ਗਿਆ ਉਹ ਵੀ ਕਿ ਬੜਾ ਧਨ ਮਿਲੇਗਾ, ਬੜੀ ਮਾਇਆ ਮਿਲੇਗੀ ਇਥੇ। ਮਹਾਰਾਜ ਕਹਿੰਦੇ ਕਿ ਤਮਾਸ਼ਾ ਦਿਖਾ। ਕਹਿੰਦਾ ਹਜ਼ੂਰ ਠੀਕ ਹੈ, ਮੱਥਾ ਟੇਕਿਆ, ਰਿੱਛ ਨੂੰ ਸਿਖਾਇਆ ਹੋਇਆ ਸੀ ਤੇ ਤਮਾਸ਼ਾ ਦਿਖਾਉਣ ਲੱਗ ਗਿਆ। ਮਹਾਰਾਜ ਜੀ ਦਾ ਜਿਹੜਾ ਚੌਰ ਬਰਦਾਰ ਸੀ, ਭਾਈ ਕੀਰਤੀਆ ਉਹ ਬਹੁਤਾ ਹੀ ਹੱਸੇ ਜ਼ੋਰ-ਜ਼ੋਰ ਨਾਲ। ਸਾਰੀ ਸੰਗਤ ਵੀ ਹੱਸੇ, ਹੱਸਣਾ ਮਨ੍ਹਾ ਨਹੀਂ ਗੁਰੂ ਘਰ ਵਿਚ। ਕਿਸੇ ਨੂੰ ਮਸ਼ਕਰੀ ਕਰਨੀ ਮਾੜੀ ਹੈ -

***ਸੰਤਨ ਸੇਤੀ ਮਸਕਰੀ***
***ਇਹ ਡੂਬਨ ਕੀ ਰੀਤ।***

ਜਿਹਨੇ ਡੁੱਬਣਾ ਹੋਵੇ, ਸੰਤਾਂ ਨੂੰ ਮਸ਼ਕਰੀਆਂ ਕਰਨ ਲੱਗ ਜਾਓ। ਸੋ ਉਸ ਵੇਲੇ ਸਾਰੇ ਹੀ ਮੁਸਕਰਾ ਰਹੇ ਨੇ ਕਈ ਖੁਲ੍ਹ ਕੇ ਹੱਸ ਰਹੇ ਨੇ, ਭਾਈ ਕੀਰਤੀਆ ਬਹੁਤਾ ਹੀ ਹੱਸ ਰਿਹਾ ਹੈ, ਜਿਹੜਾ ਚੌਰ ਬਰਦਾਰ ਹੈ। ਮਹਾਰਾਜ ਜੀ ਨੇ ਉਪਰ ਨੂੰ ਦੇਖਿਆ, ਕਹਿੰਦੇ ਕੀਰਤੀਆ! ਤੂੰ ਨਾ ਹੱਸ, ਬਾਕੀ ਸੰਗਤ ਨੂੰ ਹੱਸੀ ਜਾਣ ਦੇ। ਕਹਿੰਦਾ, ਮੈਂ ਕਿਉਂ ਨਾ ਹੱਸਾਂ। ਕਹਿੰਦੇ, ਅਸੀਂ ਤੈਨੂੰ ਤਾਂ ਹਟਾਉਂਦੇ ਹਾਂ ਇਹ ਤੇਰਾ ਬਾਪੂ ਹੈ। ਕਹਿੰਦਾ, ਮੇਰਾ ਪਿਉ? ਮੇਰਾ ਪਿਉ ਤਾਂ ਚੌਰ ਬਰਦਾਰ ਸੀ। ਕਹਿੰਦੇ ਹਾਂ, ਰਿੱਛ ਬਣ ਗਿਆ। ਸੱਚੇ ਪਾਤਸ਼ਾਹ! ਫੇਰ ਮੈਨੂੰ ਮਾਫ ਕਰੋ, ਮੂਹਰੇ ਦੀ ਹੋ ਕੇ ਚੌਰ ਰੱਖ ਦਿਤਾ ਮਹਾਰਾਜ ਦੇ ਚਰਨਾਂ 'ਤੇ। ਕਹਿੰਦਾ, ਮੇਰਾ ਪਿਉ ਰਿੱਛ ਬਣ ਗਿਆ ਤੇ ਮੈਂ ਫੇਰ ਬਾਂਦਰ ਬਣ ਜਾਵਾਂਗਾ ਤੁਹਾਡੀ ਸੇਵਾ ਕਰਕੇ। ਮਹਾਰਾਜ ਕਹਿੰਦੇ, ਗੱਲ ਵਿਚਾਰੀਦੀ ਹੁੰਦੀ ਹੈ? ਤੱਤ 'ਚ ਨਹੀਂ ਆਈਦਾ। ਉਹਨੂੰ ਤਾਂ ਐਉਂ ਲੱਗਿਆ ਕਿ ਛੋਟੇ ਹੀ ਬੱਚੇ ਨੇ ਗੱਲਾਂ ਕਿਹੋ ਜਿਹੀਆਂ ਕਰਦੇ ਨੇ, ਮਸੰਦ ਬੜੇ ਔਖੇ ਹੋ ਰਹੇ ਨੇ। ਤਿਊੜੀਆਂ ਪਾਉਂਦੇ ਨੇ ਕਿ ਹੁਣ ਗੁਰੂ ਨੂੰ ਹਟਾਉਂਦੇ ਕਿਵੇਂ ਗੱਲਾਂ ਕਰਨ ਤੋਂ। ਮਹਾਰਾਜ ਕਹਿੰਦੇ, ਐਉਂ ਕਰੋ, ਰਿੱਛ ਮੁੱਲ ਲੈ ਲਓ। ਸੌਦਾ ਕਰ ਲਿਆ, ਪੈਸੇ ਦੇ ਦਿਤੇ ਤੇ ਰਿੱਛ ਮੁੱਲ ਲੈ ਲਿਆ। ਕਹਿੰਦੇ, ਐਉਂ ਕਰੀ ਭਾਈ ਪ੍ਰਸ਼ਾਦ ਲਿਆਓ ਬਣਾ ਕੇ। ਜਪੁਜੀ ਸਾਹਿਬ ਪੜ੍ਹਿਆ ਗਿਆ, ਪ੍ਰਸ਼ਾਦ ਬਣਾਇਆ ਤੇ ਪ੍ਰਸ਼ਾਦ ਬਣਾ ਕੇ ਅਨੰਦ ਸਾਹਿਬ ਪੜ੍ਹ ਕੇ ਅਰਦਾਸ ਕਰੀ। ਮਹਾਰਾਜ ਕਹਿੰਦੇ, ਸਾਨੂੰ ਪ੍ਰਸ਼ਾਦ ਦਿਓ। ਪ੍ਰਸ਼ਾਦ ਦਿਤਾ ਤੇ ਸਾਰੀ ਸੰਗਤ ਦੇਖਦੀ ਹੈ ਕਿ ਮਹਾਰਾਜ ਹੁਣ ਕੌਤਕ ਕੀ ਕਰਨਗੇ। ਉਸ ਵੇਲੇ ਮਹਾਰਾਜ ਜੀ ਨੇ ਇਕ ਗਰਾਹੀ ਛਕੀ ਤੇ ਬਾਕੀ ਦਾ ਪ੍ਰਸ਼ਾਦ ਓਸ ਰਿੱਛ ਦੇ ਅੱਗੇ ਰੱਖ ਦਿਤਾ। ਸ਼ੀਤ ਪ੍ਰਸ਼ਾਦ ਐਵੇਂ ਨਹੀਂ ਹੁੰਦਾ ਗੁਰੂ ਦਾ, ਸ਼ੀਤ ਪ੍ਰਸ਼ਾਦ ਦੇ ਵਿਚ ਸ਼ਕਤੀ ਹੋਇਆ ਕਰਦੀ ਹੈ। ਉਸ ਵੇਲੇ ਜਦੋਂ ਉਹਨੇ ਛਕਿਆ ਉਸ ਵੇਲੇ ਦੇਹ ਤਾਂ ਗਿਰ ਗਈ ਉਥੇ ਹੀ। ਦੇਖਦੇ ਕੀ ਨੇ ਕਿ ਇਕ ਚਿੱਟਾ ਪ੍ਰਕਾਸ਼ ਜਿਹਾ ਨਿਕਲਣਾ ਸ਼ੁਰੂ ਹੋ ਗਿਆ ਵਿਚੋਂ। ਦੇਖਦੇ-ਦੇਖਦੇ ਭਾਈ ਕੀਰਤੀਏ ਦਾ ਪਿਤਾ ਬਣ ਗਿਆ। ਜਿਹਦਾ ਨਾਉਂ ਸੋਭਾ ਰਾਮ ਸੀ, ਭਾਈ ਗੁਰਦਾਸ ਕਹਿੰਦੇ ਨੇ। ਭਾਈ ਕੀਰਤੀਆ ਹੈਰਾਨ ਹੋ ਗਿਆ, ਕਹਿਣ ਲੱਗਿਆ ਪਿਤਾ ਜੀ ਆਹ ਤੁਹਾਡਾ ਹਾਲ ਹੋਇਆ ਕਿਵੇਂ? ਕਹਿੰਦੇ, ਪੁੱਤਰਾ ਮੇਰੀ ਗਲਤੀ ਸੀ, ਸਾਧਸੰਗਤ ਜੀ! ਮੇਰੀ ਗਲਤੀ ਦਾ ਫਲ ਮੈਨੂੰ ਮਿਲਿਆ। ਕਹਿਣ ਲੱਗੇ, ਇਕ ਗੁਰਸਿੱਖ ਦਸਵੰਧ ਲੈ ਕੇ ਗੁਰੂ ਘਰ 'ਚ ਭੇਟਾ ਕਰਨ ਆਇਆ ਗੁਰੂ ਨੌਵੇਂ ਪਾਤਸ਼ਾਹ ਦੇ, ਗੱਡਾ ਉਹਦਾ ਜੋੜਿਆ ਹੋਇਆ ਸੀ

ਇਧਰ ਪ੍ਰਸ਼ਾਦ ਵਰਤ ਰਿਹਾ ਸੀ, ਉਹਦੇ ਮਨ 'ਚ ਖਿਆਲ ਆਇਆ ਕਿ ਦੌੜ ਕੇ ਪ੍ਰਸ਼ਾਦ ਲੈ ਆਵਾਂ। ਪਰਾਣੀ (ਛਟੀ) ਉਹਨੇ ਕੱਛ 'ਚ ਦਿਤੀ ਹੋਈ ਸੀ, ਹੱਥ ਉਸੇ ਤਰ੍ਹਾਂ ਨੇ ਤੇ ਦੌੜ ਕੇ ਆਇਆ ਕਿ ਮੈਨੂੰ ਥੋੜ੍ਹਾ ਪ੍ਰਸ਼ਾਦ ਗੁਰੂ ਕੇ ਲੰਗਰਾਂ ਵਿਚੋਂ ਮਿਲ ਜਾਵੇ। ਪਵਿੱਤਰ ਹੋਇਆ ਹੋਇਆ, ਉਸ ਵੇਲੇ ਜਦੋਂ ਉਸ ਨੇ ਆ ਕੇ ਪ੍ਰਸ਼ਾਦ ਮੰਗਿਆ, ਕਹਿੰਦਾ ਮੈਂ ਦੂਜੇ ਪਾਸੇ ਹੋ ਗਿਆ ਜਾਣ ਕੇ। ਧੂੜ ਪਈ ਹੋਈ, ਦਾੜ੍ਹਾ ਧੂੜ ਨਾਲ ਭਰਿਆ ਹੋਇਆ ਸੀ, ਅੱਖਾਂ ਦੇ ਭਰਵੱਟਿਆਂ ਦੇ ਉਤੇ ਧੂੜ ਪਈ ਹੋਈ। ਕਹਿੰਦਾ ਰਿੱਛ ਵਰਗਾ ਲੱਗਿਆ ਮੈਨੂੰ। ਉਹ ਜਦੋਂ ਦੂਜੇ ਪਾਸੇ ਆ ਗਿਆ ਮੈਂ ਇਧਰ ਹੋ ਗਿਆ। ਜਦ ਉਹ ਐਧਰ ਆਇਆ, ਜਦ ਨੂੰ ਉਹਦਾ ਗੱਡਾ ਤੁਰ ਪਿਆ, ਕਹਿਣ ਲੱਗਿਆ, ਭਾਈ ਸਾਹਿਬ! ਮੈਨੂੰ ਪ੍ਰਸ਼ਾਦ ਦੇਹ ਮੇਰਾ ਗੱਡਾ ਤੁਰ ਪਿਆ, ਕਿਸੇ ਟੋਏ 'ਚ ਨਾ ਗਿਰ ਜਾਏ, ਮੈਂ ਲੰਗਰ 'ਚ ਰਾਸ਼ਨ ਜਮ੍ਹਾਂ ਕਰਾਉਣਾ ਹੈ। ਕਹਿੰਦਾ, ਮੈਨੂੰ ਬੜਾ ਗੁੱਸਾ ਆਇਆ, ਮੈਂ ਕਿਹਾ ਓਏ ਰਿੱਛਾ ਟਿਕਦਾ ਹੈਂ ਕਿ ਨਹੀਂ। ਕਹਿੰਦਾ, ਉਹਨੇ ਇਕ ਕਿਣਕਾ ਚੁੱਕਿਆ ਨਾਲ ਦੀ ਨਾਲ ਕਹਿਣ ਲੱਗਿਆ, ਭਾਈ ਸਾਹਿਬ! ਮੈਂ ਤਾਂ ਨਹੀਂ ਰਿੱਛ ਤੂੰ ਜ਼ਰੂਰ ਬਣੇਂਗਾ। ਓਏ ਸਿੱਖੀ ਧਾਰਨ ਕਰਕੇ ਤੈਨੂੰ ਸਿੱਖੀ ਦੀ ਸਮਝ ਨਹੀਂ ਆਈ ਅਜੇ ? –

***ਧਾਰਨਾ – ਤੈਨੂੰ ਸਿੱਖੀ ਦੀ ਸਮਝ ਨਾ ਆਈ,***
***ਫਿੱਕੇ ਕਾਹਨੂੰ ਬੋਲ ਬੋਲਦੈਂ।***

*ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥*
*ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ ॥*
*ਫਿਕਾ ਦਰਗਹ ਸਟੀਐ*
*ਮੁਹਿ ਥੁਕਾ ਫਿਕੇ ਪਾਇ ॥*
*ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ ॥*
*ਅੰਗ – ੪੭੩*

ਗੁਰਸਿੱਖਾ! ਐਹੋ ਜਿਹਾ ਫਿੱਕਾ ਬੋਲ ਬੋਲਦਾ ਹੈਂ। ਸਿੱਖੀ ਦੀ ਤੈਨੂੰ ਨਹੀਂ ਸਮਝ ਆਈ, ਫਿੱਕਾ ਬੋਲਣ ਵਾਲਾ ਦਰਗਾਹ 'ਚੋਂ ਸੁੱਟ ਦਿਤਾ ਜਾਂਦਾ ਹੈ। ਗੁਰਮੁਖ ਤਾਂ ਹਮੇਸ਼ਾ ਮਿੱਠਾ ਬੋਲਦਾ ਹੈ –

*ਮਿਠਾ ਬੋਲਹਿ ਨਿਵਿ ਚਲਹਿ*
*ਸੇਜੈ ਰਵੈ ਭਤਾਰੁ ॥ ਅੰਗ – ੩੧*

ਜਿਹਦੇ ਅੰਦਰ ਵਾਹਿਗੁਰੂ ਦਾ ਨਾਮ ਹੈ, ਜਿਹਦੇ ਅੰਦਰ ਸੁਖਮਨੀ ਸਾਹਿਬ ਦੀ ਬਾਣੀ ਚਲਦੀ ਹੈ, ਉਹ ਕਿਵੇਂ ਫਿੱਕਾ ਬੋਲ ਸਕਦਾ ਹੈ ਪਿਆਰਿਆ! ਤੈਨੂੰ ਤਾਂ ਅਜੇ ਸਿੱਖੀ ਦੀ ਸਮਝ ਨਹੀਂ ਆਈ। ਕਹਿਣ ਲੱਗਿਆ, ਉਸ ਤੋਂ ਬਾਅਦ ਮੈਂ ਬਹੁਤ ਪਛਤਾਇਆ, ਮੈਨੂੰ ਪਤਾ ਲੱਗ ਗਿਆ ਕਿ ਇਹ ਤਾਂ ਭਾਈ ਧੰਨਾ, ਅਭੇਦ ਅਵਸਥਾ ਦਾ ਹੈ ਤੇ ਨੌਵੇਂ ਪਾਤਸ਼ਾਹ ਕੋਲ ਜਾ ਕੇ ਬੇਨਤੀ ਕਰੀ ਕਿ ਪਾਤਸ਼ਾਹ! ਮੇਰੀ ਸੇਵਾ 'ਚ ਵਿਘਨ ਪੈ ਗਿਆ, ਕ੍ਰਿਪਾ ਕਰ, ਮੈਨੂੰ ਰੱਖ ਲੈ। ਤੇਰੇ ਗੁਰਸਿੱਖ ਨੇ ਰਿੱਛ ਕਹਿ ਦਿਤਾ ਮੈਨੂੰ। ਕਹਿੰਦੇ, ਤੂੰ ਵੀ ਤਾਂ ਕਿਹਾ ਸੀ ਭਾਈ। ਤੇਰੇ ਬੋਲ ਵਿਚ ਸੱਤਿਆ ਨਹੀਂ ਸੀ, ਉਹਦੇ ਬੋਲ ਵਿਚ ਸੱਤਿਆ ਹੈ ਕਿਉਂਕਿ ਹਰ ਵਕਤ ਗੁਰੂ ਉਹਦੇ ਹਿਰਦੇ 'ਚ ਵਸਦਾ ਹੈ ਤੇ ਉਹ ਜੋ ਬੋਲਦਾ ਹੈ ਗੁਰੂ ਦੇ ਹੁਕਮ 'ਚ ਬੋਲਦਾ ਹੈ –

***ਧਾਰਨਾ – ਪ੍ਰਭ ਜੀ ਦਾ ਵਾਸਾ ਹੈ***
***ਸੰਤਾਂ ਦੀ ਰਸਨਾ ਉਤੇ।***

ਕਹਿਣ ਲੱਗਿਆ, ਪਿਆਰਿਆ! ਮੇਰੇ ਵਿਚ ਜਿਹੜੇ ਅਭੇਦ ਪੁਰਸ਼ ਨੇ ਉਨ੍ਹਾਂ ਦੇ ਅੰਦਰ ਮੈਂ ਹੀ ਵਸਦਾ ਹਾਂ ਤੇ ਮੈਂ ਹੀ ਬੋਲਿਆ ਕਰਦਾ ਹਾਂ। ਉਹ ਤਾਂ ਮੇਰਾ ਹੀ ਬਚਨ ਸੀ।

ਇਕ ਵਾਰੀ ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਸ੍ਰੀ ਨਗਰ ਗਏ ਹੋਏ ਨੇ, ਇਕ ਸੰਗਤ ਪਿੰਡ ਦੀ ਤੁਰੀ ਜਥਾ ਬਣਾ ਕੇ ਤੇ ਜਾਂਦੇ ਹੋਏ ਇਕ ਸ਼ਹਿਦ ਲੈ ਲਿਆ ਤਾਜ਼ਾ ਚੁਆ ਕੇ, ਤੇ ਦੂਸਰਾ ਇਕ ਟੋਕਰਾ ਫਲਾਂ ਦਾ ਲੈ ਕੇ ਚੱਲੇ, ਜਦੋਂ ਰਸਤੇ 'ਚ ਜਾ ਰਹੇ ਸੀ, ਤਾਂ ਉਥੇ ਇਕ ਭਾਈ ਸਿੱਖ ਸੀ ਕੱਟੂ ਨਾਮ ਦਾ, ਉਹ ਸਮਾਧੀ ਲਾਈ ਬੈਠਾ ਸੀ, ਜਦੋਂ ਆਵਾਜ਼ ਸੁਣੀ ਉਹਨੇ ਸ਼ਬਦਾਂ ਦੀ, ਮਨ 'ਚ ਖੇੜਾ ਆ ਗਿਆ ਕਿ ਸੰਗਤਾਂ ਦੇ ਦਰਸ਼ਨ ਹੋਣਗੇ। ਰਸਤੇ 'ਤੇ ਆ ਗਏ, ਆ ਕੇ ਨਮਸਕਾਰ ਕਰੀ ਕਿ ਕਹਿਣ ਲੱਗੇ, ਗੁਰਮੁਖੋ! ਕਿੱਥੇ ਜਾਂਦੇ ਓਂ ? ਕਹਿਣ ਲੱਗੇ, ਗੁਰੂ ਸਾਹਿਬ ਦੇ ਦਰਸ਼ਨ ਕਰਨ ਜਾ ਰਹੇ ਹਾਂ ? ਆਹ ਕੀ ਲਈ ਜਾਂਦੇ ਓਂ ? ਕਹਿੰਦੇ, ਆਹ ਫਲ ਨੇ, ਆਹ ਸ਼ਹਿਦ ਹੈ। ਭਾਈ ਕੱਟੂ ਨੇ ਹੱਥ ਸਹਿਜ ਨਾਲ ਅੱਗੇ ਕਰ ਦਿਤਾ, ਕਹਿੰਦੇ, ਭਾਈ ਆਹ ਸ਼ਹਿਦ ਥੋੜ੍ਹਾ ਜਿਹਾ ਮੇਰੀ ਹਥੇਲੀ 'ਤੇ ਪਾ ਦਿਓ, ਮੇਰਾ ਵੀ ਜੀਅ ਕਰਦਾ ਹੈ, ਮਿੱਠਾ ਹੋਣਾ ਹੈ ਸੋਹਣਾ। ਜਥੇਦਾਰ ਕਹਿੰਦਾ, ਭਾਈ ਕੱਟੂ! ਇਹ ਤਾਂ ਪਵਿੱਤਰ ਹੈ, ਜਿੰਨਾ ਚਿਰ ਗੁਰੂ ਸਾਹਿਬ ਨੂੰ ਭੋਗ ਨਹੀਂ ਲੱਗਦਾ, ਭੇਟ ਨਹੀਂ ਹੁੰਦਾ, ਅਸੀਂ ਨਹੀਂ ਕਿਸੇ ਨੂੰ ਵੰਡ ਸਕਦੇ। ਕਹਿੰਦਾ, ਚੰਗਾ ਭਾਈ! ਤੁਹਾਡੀ ਮਰਜ਼ੀ।

ਗੁਰੂ ਛੇਵੇਂ ਪਾਤਸ਼ਾਹ ਦੇ ਅੱਗੇ ਜਦੋਂ ਸਾਰੀਆਂ ਚੀਜ਼ਾਂ ਭੇਟਾ ਕਰੀਆਂ, ਮਹਾਰਾਜ ਕਹਿੰਦੇ ਭਾਈ! ਆਹ ਦੁਰਗੰਧ ਕਿੱਥੋਂ ਆਉਂਦੀ ਹੈ ? ਫਲਾਂ ਵਲ ਇਸ਼ਾਰਾ ਕਰ ਦਿਤਾ, ਸਾਰੇ ਹੀ ਫਲ ਗਲੇ ਹੋਏ। ਸੰਗਤ ਹੈਰਾਨ ਹੋ ਗਈ ਕਿ ਅਸੀਂ ਤਾਂ ਤਾਜ਼ੇ ਤੋੜ ਕੇ ਹੁਣੇ ਹੀ ਲਿਆਂਦੇ ਨੇ। ਡਰ ਗਏ, ਉਦਾਸ ਹੋ ਗਏ। ਮਹਾਰਾਜ ਕਹਿੰਦੇ, ਆਹ ਬਰਤਨ 'ਚ ਕੀ ਹੈ ? ਕਹਿੰਦੇ, ਮਹਾਰਾਜ ਸ਼ਹਿਦ ਹੈ। ਕਹਿੰਦੇ ਦਿਖਾਓ ਤਾਂ ? ਜਦ ਬਰਤਨ ਦਾ ਮੂੰਹ ਖੋਲ੍ਹਿਆ ਤਾਂ ਕੀ ਦੇਖਦੇ ਨੇ ਕੀੜੇ ਕੁਰਬਲ-ਕੁਰਬਲ ਕਰਦੇ ਫਿਰਦੇ ਨੇ। ਉਦਾਸ ਹੋ ਗਏ ਕਿ ਸਾਡੇ

ਤੋਂ ਭੰਗਣਾ ਪੈ ਗਈ ਸੇਵਾ 'ਚ। ਸੱਚੇ ਪਾਤਸ਼ਾਹ! ਸਾਨੂੰ ਸੋਝੀ ਦੇਵੋ ਕਿਉਂ ਸਾਡੇ ਤੋਂ ਭੰਗਣਾ ਪੈ ਗਈ। ਮਹਾਰਾਜ ਕਹਿੰਦੇ, ਮੈਂ ਤੁਹਾਡੇ ਤੋਂ ਤਲੀ ਅੱਗੇ ਕਰਕੇ ਮੰਗਿਆ ਸੀ। ਜਦ ਤਾਂ ਤੁਸੀਂ ਮੈਨੂੰ ਦਿਤਾ ਨਾ। ਹੁਣ ਤੁਸੀਂ ਮੇਰੇ ਲਈ ਲੈ ਕੇ ਆਏ ਓਂ? ਜਾਓ, ਪਹਿਲਾਂ ਉਸ ਗੁਰਸਿੱਖ ਨੂੰ ਛਕਾਓ ਜਾ ਕੇ, ਫੇਰ ਮੇਰੇ ਕੋਲ ਲਿਆਓ। ਵਾਪਸ ਮੁੜ ਦਿਤੇ ਜਾ ਕੇ ਗੁਰਸਿੱਖ ਨੂੰਬਹੁਤ ਬੇਨਤੀਆਂ ਕਰੀਆਂ, ਕਹਿੰਦੇ ਹੁਣ ਤਾਂ ਮੈਨੂੰ ਭੁੱਖ ਹੀ ਨਹੀਂ ਹੈ। ਮੇਰਾ ਜੀਅ ਹੀ ਨਹੀਂ ਕਰਦਾ, ਸ਼ਹਿਦ ਵਗੈਰਾ ਖਾਣ ਨੂੰ। ਉਸ ਵੇਲੇ ਭੇਟਾ ਕਰੇ ਫਲ ਤੇ ਨਾਲੇ ਸ਼ਹਿਦ ਭੇਟਾ ਕਰਿਆ। ਜਦੋਂ ਗੁਰੂ ਮਹਾਰਾਜ ਕੋਲ ਭੇਟਾ ਕਰਿਆ ਉਹ ਤਾਜ਼ਾ ਸ਼ਹਿਦ, ਤਾਜ਼ੇ ਹੀ ਫਲ। ਮਹਾਰਾਜ ਕਹਿੰਦੇ, ਮੈਂ ਆਪਣੇ ਸਿੱਖ ਦੀ ਰਸਨਾ 'ਤੇ ਨਿਵਾਸ ਰੱਖਦਾ ਹਾਂ। ਉਥੇ ਬੋਲਿਆ ਹੋਇਆ ਮੇਰਾ ਬੋਲਿਆ ਹੋਇਆ ਹੀ ਹੁੰਦਾ ਹੈ। ਬੋਲ ਨਹੀਂ ਟਲਿਆ ਕਰਦਾ, ਐਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਭਾਵੇਂ ਚੰਦਰਮਾ ਨਾਸ਼ ਹੋ ਜਾਵੇ,***
***ਸੰਤਾਂ ਦਾ ਬੋਲ ਨਾ ਟਲੇ।***

*ਨਿਸਿ ਬਾਸੁਰ ਨਖਿਅਤ੍ਰ ਬਿਨਾਸੀ*
*ਰਵਿ ਸਸੀਅਰ ਬੇਨਾਧਾ ॥*
*ਗਿਰਿ ਬਸੁਧਾ ਜਲ ਪਵਨ ਜਾਇਗੋ*
*ਇਕਿ ਸਾਧ ਬਚਨ ਅਟਲਾਧਾ ॥*

***ਅੰਗ - ੧੨੦੪***

ਕਹਿਣ ਲੱਗਿਆ, ਮੈਂ ਗੁਰੂ ਨੌਂਵੇਂ ਪਾਤਸ਼ਾਹ ਨੂੰ ਬੇਨਤੀ ਕਰੀ ਕਿ ਪਾਤਸ਼ਾਹ! ਮੇਰੇ 'ਤੇ ਕ੍ਰਿਪਾ ਕਰੋ। ਮੈਨੂੰ ਰਿੱਛ ਦੀ ਜੂਨੀ ਨਾ ਭੁਗਤਣੀ ਪਵੇ। ਕਹਿਣ ਲੱਗੇ, ਸੋਭਾ ਰਾਮ! ਇਹ ਮੇਰੇ 'ਚ ਅਭੇਦ ਹੋਏ ਪੁਰਸ਼ ਦਾ ਬਚਨ ਹੈ, ਇਹ ਬਚਨ ਖਾਲੀ ਨਹੀਂ ਜਾਇਆ ਕਰਦਾ। ਉਹ ਸਹਿਜ ਸੁਭਾਅ ਕੋਈ ਗੱਲ ਕਹਿ ਦੇਵੇ ਉਹ ਤਾਂ ਹੋ ਕੇ ਹੀ ਹਟਦੀ ਹੈ।

ਬਾਬਾ ਗੋਦੜੀਆ ਜੀ ਸੀ ਮਾਲਵੇ ਦੇ ਇਹ ਭਾਈ ਗੌਰੇ ਦੇ ਸੇਵਾ ਕਰਿਆ ਕਰਦੇ ਸੀ। ਭਾਈ ਗੌਰਾ ਭਾਈ ਬੁੱਧੂ ਦਾ ਲੜਕਾ, ਭਾਈ ਭਗਤੂ ਦਾ ਲੜਕਾ ਸੀ। ਇਕ ਵਾਰੀ ਭਾਈ ਗੌਰਾ ਇਕ ਨੌਕਰ ਨੂੰ ਕੁੱਟਣ ਲੱਗ ਗਿਆ ਕਿਉਂਕਿ ਆਪ ਜੀ ਦੇ ਕੋਲ ਤਿੰਨ ਚਾਰ ਸੌ ਘੋੜ ਸਵਾਰ ਰਹਿੰਦੇ ਸੀ। ਵੱਡਾ ਸਰਦਾਰ ਹੋ ਗਿਆ ਸੀ। ਇਹਨੇ ਜਦੋਂ ਬਹੁਤਾ ਹੀ ਮਾਰਿਆ, ਬਾਬਾ ਗੋਦੜੀਆ ਇਹ ਜਦ ਚੱਕੀ ਪੀਂਹਦਾ ਸੀ, ਘੋੜਿਆਂ ਦਾ ਦਾਣਾ ਪੀਸਦਾ ਸੀ, ਭਾਈ ਗੋਦੜੀਆ। ਕਹਿਣ ਲੱਗਿਆ, ਓ ਭਾਈ ਗਉਰਾ! ਕਿਉਂ ਆਫਰਿਆ ਹੈਂ? ਛੱਡ ਦੇ ਇਹਨੂੰ। ਕਹਿੰਦਾ, ਗੋਦੜੀਆ! ਤੈਨੂੰ ਰਾਜ ਭਾਗ ਦਾ ਪਤਾ ਨਹੀਂ, ਤੂੰ ਆਪਣਾ ਕੰਮ ਕਰ ਛੇਤੀ ਪੀਹਣ ਦਾ। ਕਹਿੰਦਾ, ਬੜਾ ਆਫਰਦਾ ਹੈਂ? ਸਿੱਖ ਨੂੰ ਨਹੀਂ ਆਫਰਨਾ ਚਾਹੀਦਾ। ਉਹ ਤਾਂ ਛੱਡ ਦਿਤਾ।

ਐਨਾ ਦਰਦ ਹੋਇਆ ਭਾਈ ਗੌਰੇ ਦੇ ਪੇਟ ਵਿਚ ਕਿ ਲਿਟਣ ਲੱਗ ਗਿਆ। ਸਾਰਿਆਂ ਨੂੰ ਫਿਕਰ ਪੈ ਗਿਆ, ਹਕੀਮ ਬੁਲਾਇਆ ਫਟਾ ਫਟ, ਦਵਾਈ ਦੇਣ ਲੱਗੇ, ਕੋਈ ਆਰਾਮ ਨਾ ਆਵੇ, ਪੇਟ ਫੁਲਦਾ ਹੀ ਜਾਵੇ। ਅਖੀਰ ਕਹਿਣ ਲੱਗਿਆ, ਮੈਂ ਨਹੀਂ ਬਚਣਾ, ਇਹ ਗੋਦੜੀਏ ਨੇ ਕਹਿ ਦਿਤਾ ਕਿ ਕਿਉਂ ਆਫਰਦਾ ਹੈਂ? ਮੈਂ ਆਫਰਦਾ ਹੀ ਤੁਰਿਆ ਜਾ ਰਿਹਾ ਹਾਂ। ਜਾ ਕੇ ਚਰਨ ਫੜ੍ਹੇ। ਉਨ੍ਹਾਂ ਨੇ ਚੱਕੀ ਪੀਂਹਦਿਆਂ-ਪੀਂਹਦਿਆਂ ਨੇ ਗੰਢ ਵਿਚ ਆਟਾ ਸੀ ਇਕ ਚੁਟਕੀ ਭਰੀ, ਕਹਿੰਦੇ ਆਹ ਦੇ ਦਿਓ। ਉਹ ਦੇ ਦਿਤੀ ਰਾਜ਼ੀ ਹੋ ਗਿਆ। ਕਹਿੰਦਾ, ਲੈ ਭਾਈ ਗੋਦੜੀਆ! ਤੇਰੀ ਸੇਵਾ ਪੂਰੀ ਹੋਈ, ਹੁਣ ਤੂੰ ਜਾਹ, ਸਾਡੇ ਕੋਲੋਂ।

ਪਿੰਡ ਆ ਗਿਆ। ਪਿੰਡ ਆਇਆ ਤਾਂ ਘਰਦਿਆਂ ਨੂੰ ਮੌਜਾਂ ਬਣ ਗਈਆਂ ਕਿ ਬੁੱਢਾ ਵਾਪਸ ਆ ਗਿਆ, ਹੁਣ ਕੰਮ ਕਰਾਏਗਾ ਸਾਡੇ ਨਾਲ। ਕਈ ਲੜਕੇ ਸੀ, ਉਨ੍ਹਾਂ ਨੇ ਸਵੇਰ ਤੋਂ ਕੰਮ ਲਾ ਦੇਣਾ, ਨੂੰਹਾਂ ਨੂੰ ਵੀ ਮੌਜ ਸੀ, ਲੜਦਾ ਨਹੀਂ ਸੀ, ਝਗੜਦਾ ਨਹੀਂ ਸੀ, ਚਲਿਆ ਜਾਂਦਾ ਸੀ ਰੋਟੀ ਦੇ ਦਿਤੀ ਖਾ ਲਈ, ਨਹੀਂ ਦਿਤੀ ਚੁੱਪ ਕਰ ਰਿਹਾ।

ਅੱਗੇ ਚੇਤ ਦਾ ਮਹੀਨਾ ਆ ਗਿਆ, ਸਰ੍ਹੋਂਆਂ ਪੱਕ ਗਈਆਂ, ਰੇਤੇ ਦਾ ਖੇਤ ਸੀ। ਵਿਚਾਲੇ ਦੀ ਡੰਡੀ ਜਾਂਦੀ ਸੀ ਖੇਤ ਦੀ, ਉਥੇ ਸਵੇਰ ਤੋਂ ਜਾ ਕੇ ਕਹਿ ਦਿਤਾ ਪੁੱਤਰਾਂ ਨੇ ਕਿ ਬਾਪੂ! ਉਥੇ ਸਰ੍ਹੋਂ ਪੁੱਟਣ ਵਾਲੀ ਹੈ, ਤੂੰ ਪੁੱਟ ਲੈ। ਵੱਢੀਂ ਨਾ ਝੜ ਜਾਏਗੀ। ਕਿਉਂਕਿ ਸੁਖਾਲੀਆਂ ਜੜ੍ਹਾਂ ਪੁੱਟ ਹੋ ਜਾਂਦੀਆਂ ਨੇ ਰੇਤੇ 'ਚੋਂ। ਉਹ ਵਿਚਾਰਾ ਸਵੇਰ ਦਾ ਲੱਗਿਆ ਹੋਇਆ ਚਾਰ ਵੱਜ ਗਏ। ਨਾ ਕਿਸੇ ਨੇ ਪ੍ਰਸ਼ਾਦਾ ਭੇਜਿਆ, ਨਾ ਜਲ ਪਾਣੀ ਭੇਜਿਆ। ਨਾ ਨੇੜੇ ਕੋਈ ਪਾਣੀ ਦਾ ਪ੍ਰਬੰਧ ਸੀ, ਐਨੇ ਨੂੰ ਕੋਈ ਗੁਰਸਿੱਖ ਤੁਰੇ ਜਾਂਦੇ ਨੇ, ਉਨ੍ਹਾਂ ਨੇ ਦੇਖਿਆ ਕਿ ਇਹ ਤਾਂ ਬਾਬਾ ਗੋਦੜੀਆ ਜੀ ਨੇ। ਉਹ ਗੁਰਸਿੱਖ ਖੜ੍ਹ ਗਏ, ਸਤਿ ਕਰਤਾਰ ਦੀ ਆਵਾਜ਼ ਹੋਈ ਤੇ ਕਹਿਣ ਲੱਗੇ, ਬਾਬਾ ਜੀ! ਆਹ ਕੀ ਕਰਦੇ ਪਏ ਓਂ? ਕਹਿਣਾ ਸੀਗਾ ਕਿ ਸਰ੍ਹੋਂ ਦੀਆਂ ਜੜ੍ਹਾਂ ਪੁੱਟਦਾ ਹਾਂ ਕਿ ਸਾਡੇ ਟੱਬਰ ਦੀ ਸਰ੍ਹੋਂ ਹੈ ਇਹ, ਉਹਦੀਆਂ ਜੜ੍ਹਾਂ ਪੁੱਟਦਾ ਹਾਂ। ਕਹਿ ਹੋ ਗਿਆ ਕਿ ਟੱਬਰ ਦੀਆਂ ਜੜ੍ਹਾਂ ਪੁੱਟਦਾਂ। ਬਚਨ ਨਿਕਲ ਗਿਆ, ਹੁਣ ਪੂਰਾ ਤਾਂ ਹੋਣਾ ਸੀ। ਸੱਤ ਦਿਨਾਂ 'ਚ ਸਾਰਾ ਟੱਬਰ ਹੀ ਮਰ ਗਿਆ, ਨਾ ਪੁੱਤ ਨਾ ਪੋਤੇ, ਨਾ ਨੂੰਹਾਂ, ਨਾ ਧੀਆਂ ਕੋਈ ਵੀ ਨਾ ਬਚਿਆ। ਸਾਰਾ ਪਿੰਡ ਡਰ ਗਿਆ ਕਿ ਇਹਦਾ ਤਾਂ ਬਚਨ ਸਤਿ ਹੁੰਦਾ ਹੈ। ਬਾਬਾ ਜੀ ਕੋਲ ਅਫਸੋਸ ਕਰਨ ਆਏ ਸਾਰੇ ਕਿ

ਬਾਬਾ ਜੀ! ਰੋਜ਼ ਮਰੀ ਜਾਂਦੇ ਨੇ, ਕਹਿੰਦੇ ਇਹ ਨਹੀਂ ਭਾਈ ਹੁਣ ਬਚਦੇ ਮੂੰਹ 'ਚੋਂ ਨਿਕਲ ਗਿਆ ਸੀ ਸਾਡੇ। ਉਸ ਵੇਲੇ ਬਾਬਾ ਜੀ ਕਹਿਣ ਲੱਗੇ ਕਿ ਮੌਜ ਹੋ ਗਈ-

***ਭਲਾ ਹੋਆ ਮੇਰਾ ਚਰਖਾ ਟੁੱਟਾ,***
***ਜਿੰਦ ਅਜਾਬੋਂ ਛੁਟੀ***

ਹੁਣ ਖੁਲ੍ਹੇ ਫਿਰਾਂਗੇ। ਅਗਲੇ ਪਿੰਡ 'ਚ ਚਲੇ ਗਏ, ਦੂਜੇ ਤੀਜੇ ਦਿਨ। ਇਕ ਮਾਤਾ ਬੜੀ ਪ੍ਰੇਮਣ ਸੀ ਉਹਨੇ ਕਿਹਾ ਬਾਬਾ ਜੀ! ਆਹ ਦਹੀਂ ਛਕੋ ਤੁਸੀਂ ਮੈਂ ਦਹੀਂ ਲਿਆਉਂਦੀ ਹਾਂ। ਬਾਬਾ ਜੀ ਬਹਿ ਗਏ, ਦਹੀਂ ਲੈ ਕੇ ਆਈ। ਉਹ ਦਹੀਂ ਸੀ ਥੋੜ੍ਹਾ, ਇਹਨੇ ਸੋਚਿਆ ਕਿ ਜੇ ਹੋਰ ਮੰਗ ਲਿਆ, ਮੈਂ ਕੀ ਕਰਾਂਗੀ। ਉਹਨੇ ਮਿਰਚਾਂ ਪਾ ਦਿਤੀਆਂ ਵਿਚ। ਬਾਬਾ ਜੀ ਨੂੰ ਦੇ ਗਈ, ਬਾਬਾ ਜੀ ਜਦੋਂ ਛਕ ਹਟੇ। ਬੀਬੀ ਆਈ, ਆ ਕੇ ਕਹਿਣ ਲੱਗੀ ਕਿ ਬਾਬਾ ਜੀ! ਦਹੀਂ ਵਧੀਆ ਸੀ? ਕਹਿੰਦੇ, ਸੱਪ ਲੜਨੀਏ ਦਹੀਂ ਤਾਂ ਵਧੀਆ ਸੀ, ਤੂੰ ਮਿਰਚਾਂ ਜ਼ਿਆਦਾ ਪਾ ਦਿਤੀਆਂ। ਬਚਨ ਹੋ ਗਿਆ, ਸੱਪ ਲੜਨੀਏ। ਘਰ ਗਈ, ਜਾ ਕੇ ਪਾਥੀਆਂ ਕੱਢਣ ਲੱਗੀ ਤੇ ਵਿਚੋਂ ਕਾਲੇ ਨਾਗ ਨੇ ਡੰਗ ਮਾਰਿਆ।

ਗੁਰੂ ਦਸਵੇਂ ਪਾਤਸ਼ਾਹ ਜਦੋਂ ਗਏ, ਬਾਬਾ ਗੋਦੜੀਆ ਮਿਲਿਆ। ਮਹਾਰਾਜ ਕਹਿੰਦੇ ਇਹ ਤਾਂ ਇਕ ਬਚਨ ਨਾਲ ਮਾਲਵੇ ਦੀ ਕਲਿਆਨ ਕਰ ਸਕਦਾ ਹੈ, ਐਡਾ ਅਭੇਦ ਅਵਸਥਾ ਦਾ ਗੁਰਸਿੱਖ ਹੈ। ਇਨ੍ਹਾਂ ਦਾ ਸਤਿਕਾਰ ਕਰੋ ਪੂਰਾ। ਸੋ ਇਸ ਤਰ੍ਹਾਂ -

*ਨਿਸਿ ਬਾਸੁਰ ਨਖਿਅਤ੍ਰ ਬਿਨਾਸੀ*
*ਰਵਿ ਸਸੀਅਰ ਬੇਨਾਧਾ ॥*
*ਗਿਰਿ ਬਸੁਧਾ ਜਲ ਪਵਨ ਜਾਇਗੋ*
*ਇਕਿ ਸਾਧ ਬਚਨ ਅਟਲਾਧਾ ॥ ਅੰਗ- ੧੨੦੪*

ਗੁਰੂ ਨੌਵੇਂ ਪਾਤਸ਼ਾਹ ਨੂੰ ਕੀਰਤੀਏ ਦੇ ਪਿਤਾ ਨੇ ਬੇਨਤੀ ਕਰੀ ਕਿ ਪਾਤਸ਼ਾਹ! ਮੈਂ ਤੁਹਾਡੀ ਗੁਰਸਿੱਖੀ 'ਚ ਹਾਂ, ਤੁਸੀਂ ਸਰਬ ਕਲਾ ਸਮਰੱਥ ਹੋ, ਇਕ ਸਿੱਖ ਦਾ ਬਚਨ ਨਹੀਂ ਬਦਲ ਸਕਦੇ? ਕਹਿੰਦੇ, ਦੇਖ ਭਾਈ ਸੋਭਾ ਰਾਮ! ਜੋ ਪੂਰਵਜ ਤੋਂ ਹੁੰਦਾ ਆਇਆ ਹੈ, ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਦੇ ਕੋਲ ਲਾਹੌਰ ਦਾ ਇਕ ਸਿੱਖ ਆਇਆ, ਭਾਈ ਬੁੱਧੂ ਤੇ ਮਹਾਰਾਜ ਨੇ ਕਿਹਾ, ਪਿਆਰਿਆ! ਤੇਰਾ ਕੰਮ ਕਾਰ ਤਾਂ ਚੱਲੇਗਾ ਜੇ ਤੂੰ ਗੁਰਸਿੱਖਾਂ ਨੂੰ ਪ੍ਰਸੰਨ ਕਰ ਲਵੇਂ। ਅਸੀਂ ਤਾਂ ਗੁਰਬਾਣੀ ਦੇ ਵਿਚ ਲਿਖ ਦਿਤਾ, ਤੂੰ ਕਹਿੰਦਾ ਹੈਂ ਕਿ ਮੇਰਾ ਕੰਮ ਨਹੀਂ ਚਲਦਾ।

ਸੁਖਮਨੀ ਸਾਹਿਬ ਪੜ੍ਹਦਾ ਹੁੰਦਾ ਹੈਂ?

ਕਹਿੰਦਾ ਹਾਂ।

ਕਹਿੰਦੇ, ਉਹਦੀ ਵਿਚਾਰ ਵੀ ਕਦੇ ਕਰੀ ਹੈ?

ਕਹਿੰਦਾ, ਜਿਹੋ ਜਿਹੀ ਮਹਾਰਾਜ ਸਮਝ ਪਵੇ।

ਕਹਿੰਦੇ, ਅਸੀਂ ਤਾਂ ਉਹਦੇ ਵਿਚ ਪ੍ਰਗਟ ਕਰਕੇ ਸਾਰੀ ਗੱਲ ਦੱਸ ਦਿਤੀ।

***ਧਾਰਨਾ - ਜੇ ਤੈਂ ਚਾਰ ਪਦਾਰਥ ਲੈਣੇ,***
***ਸੇਵਾ ਕਰ ਲੈ ਸਾਧੂਆਂ ਦੀ।***

ਗੁਰੂ ਮਹਾਰਾਜ ਦੀ ਹਜ਼ੂਰੀ 'ਚ ਆਉਂਦਾ ਹੈ ਕਿ ਪਾਤਸ਼ਾਹ! ਮਿਹਨਤ ਬੜੀ ਕਰਦਾ ਹਾਂ ਪਰ ਬਰਕਤ ਨਹੀਂ ਹੈ, ਘਾਟਾ ਪੈ ਜਾਂਦਾ ਹੈ। ਮਹਾਰਾਜ ਕਹਿੰਦੇ, ਪਿਆਰਿਆ! ਅਸੀਂ ਤਾਂ ਦੱਸ ਦਿਤਾ -

***ਚਾਰਿ ਪਦਾਰਥ ਜੇ ਕੋ ਮਾਗੈ ॥***
***ਸਾਧ ਜਨਾ ਕੀ ਸੇਵਾ ਲਾਗੈ ॥ ਅੰਗ - ੨੬੬***

ਗੁਰੂ ਵਰਤਦਾ ਹੈ ਉਨ੍ਹਾਂ ਦੇ ਵਿਚ। ਉਨ੍ਹਾਂ ਦੀ ਅਰਦਾਸ ਕੀਤੀ ਹੋਈ ਬਿਰਥਾ ਨਹੀਂ ਜਾਇਆ ਕਰਦੀ।

ਗੁਰੂ ਦਸ਼ਮੇਸ਼ ਪਿਤਾ ਨੂੰ ਪੁੱਛਿਆ ਕਿ ਪਾਤਸ਼ਾਹ! ਸਾਡੇ ਕੰਮ ਕਿਵੇਂ ਬਣਿਆ ਕਰਨਗੇ। ਮਹਾਰਾਜ ਕਹਿੰਦੇ, ਪਿਆਰਿਓ! ਪੰਜ ਗੁਰਮੁਖ, ਬੰਦਗੀ ਕਰਨ ਵਾਲੇ, ਗੁਰੂ ਦੇ ਪਿਆਰੇ ਟੋਲ੍ਹ ਲਓ, ਉਨ੍ਹਾਂ ਨੂੰ ਪ੍ਰਸ਼ਾਦਾ ਛਕਾ ਕੇ ਉਨ੍ਹਾਂ ਤੋਂ ਅਰਦਾਸ ਕਰਾਓ। ਤੁਹਾਡਾ ਕਾਰਜ ਰਾਸ ਹੋ ਜਾਇਆ ਕਰੇਗਾ। ਬੇਅੰਤ ਕਾਰਜ ਰਾਸ ਹੁੰਦੇ ਨੇ। ਸੋ ਮਹਾਰਾਜ ਕਹਿਣ ਲੱਗੇ ਪਿਆਰਿਆ! ਤੂੰ ਗੁਰਸਿੱਖਾਂ ਨੂੰ ਬੁਲਾ। ਸੱਚੇ ਪਾਤਸ਼ਾਹ! ਤੁਸੀਂ ਵੀ ਚਾਹੀਦੇ ਓਂ। ਅਖੀਰ ਉਸਨੇ ਆਪਣੇ ਘਰ ਲਾਹੌਰ ਸਮਾਗਮ ਰੱਖਿਆ, ਪ੍ਰਸ਼ਾਦਾ ਛਕਾਇਆ, ਜਦੋਂ ਪੰਗਤਾਂ ਲੱਗੀਆਂ ਹੋਈਆਂ ਨੇ, ਉਸ ਵੇਲੇ ਇਕ ਸਿੱਖ ਆ ਗਿਆ, ਬਹੁਤ ਕਾਹਲੀ ਕਰਦਾ ਹੈ ਕਿ ਮੈਨੂੰ ਵੀ ਪੰਗਤ 'ਚ ਬਿਠਾ ਲਓ। ਭਾਈ ਬੁੱਧੂ ਨੇ ਦਰਵਾਜ਼ਾ ਬੰਦ ਕਰ ਦਿਤਾ, ਕਹਿੰਦਾ ਪੰਗਤ ਉਠੇਗੀ ਅਰਦਾਸ ਹੋਣੀ ਹੈ, ਉਨ੍ਹਾਂ ਨੂੰ ਪ੍ਰਸ਼ਾਦਾ ਵਰਤਣਾ ਸ਼ੁਰੂ ਹੋ ਗਿਆ, ਤੂੰ ਬੈਠਾ ਰਹਿਣਾ ਹੈ, ਸਾਰੀ ਸੰਗਤ ਨੇ ਛਕ ਲੈਣਾ ਹੈ, ਇਸ ਕਰਕੇ ਦੂਜੀ ਪੰਗਤ 'ਚ ਬੈਠ ਜਾਈਂ, ਫੇਰ ਛਕਾ ਦੇਵਾਂਗੇ। ਨਾਲੇ ਪ੍ਰਸ਼ਾਦਾ ਹੁਣ ਫਤਹਿ ਪਾ ਗਿਆ। ਤੇਰੇ ਵਾਸਤੇ ਹੁਣ ਦੁਬਾਰਾ ਤਾਂ ਨਹੀਂ ਨਾ ਬਣਾਉਣਾ। ਨਿਰਾਸ ਹੋ ਕੇ ਗੁਰਸਿੱਖ ਦਰਵਾਜ਼ੇ ਕੋਲ ਹੀ ਖੜ੍ਹਾ ਰਿਹਾ। ਉਸ ਵੇਲੇ ਅਰਦਾਸ ਹੋਈ, ਸੱਚੇ ਪਾਤਸ਼ਾਹ! ਤੇਰੇ ਪਿਆਰੇ ਸਿੱਖ ਨੇ, ਭਾਈ ਬੁੱਧੂ ਨੇ ਤੇਰਾ ਓਟ ਆਸਰਾ ਲੈ ਕੇ ਗੁਰਸਿੱਖਾਂ ਦੇ ਚਰਨ ਪੁਆਏ ਨੇ ਤੇ ਲੰਗਰ ਛਕਾਇਆ ਹੈ ਇਹਦੀ ਭਾਵਨਾ ਨੂੰ ਫਲ ਲੱਗੇ, ਇਹਦੇ ਆਵੇ ਪੱਕ ਜਾਣਗੇ। ਆਵਾਜ਼ ਆਈ ਕੱਚੇ ਰਹਿਣਗੇ, ਕੱਚੇ ਰਹਿਣਗੇ, ਕੱਚੇ ਰਹਿਣਗੇ। ਉਸ ਵੇਲੇ ਭਾਈ ਬੁੱਧੂ ਨੇ

ਸੁਣ ਲਈ ਆਵਾਜ਼ ਤੇ ਬੜਾ ਅਫਸੋਸ ਹੋਇਆ, ਬਾਹਰ ਆ ਗਿਆ ਕਹਿਣ ਲੱਗਿਆ, ਭਾਈ ਲੱਖੂ, ਸਾਰੀ ਸੰਗਤ ਕਹਿੰਦੀ ਹੈ ਪੱਕੇ ਹੋਣਗੇ, ਤੂੰ ਇਕੱਲਾ ਕਹੀ ਜਾਂਦਾ ਹੈਂ ਕਿ ਕੱਚੇ ਹੋਣਗੇ। ਇਹ ਸੰਗਤ ਤਾਂ ਗੁਰੂ ਦਾ ਰੂਪ ਹੁੰਦੀ ਹੈ, ਤੂੰ ਸਿੱਖ ਇਸ ਤੋਂ ਵੀ ਉਪਰ ਦੀ ਹੋ ਗਿਆ। ਕਹਿੰਦਾ, ਮੇਰੇ 'ਚ ਕੌਣ ਬੋਲਦਾ ਹੈ। ਇਹ ਭਾਈ ਲੱਖੂ ਪਹਿਲਾਂ ਧਾੜੇ ਮਾਰਿਆ ਕਰਦਾ ਸੀ, ਪਰ ਭਾਈ ਅਦਲੀ ਦੀ ਸ਼ਰਨ ਵਿਚ ਆ ਕੇ ਐਸਾ ਗੁਰਸਿੱਖ ਬਣਿਆ ਕਿ ਇਹਦਾ ਨਿਤਨੇਮ 25 ਜਪੁਜੀ ਸਾਹਿਬ ਦੇ ਪਾਠ ਹੁੰਦਾ ਸੀ। ਰੋਜ਼ ਪਾਠ ਕਰਦਾ ਸੀ, ਸਾਰੇ ਮਹਾਂਪੁਰਸ਼ ਕਰਦੇ ਸੀ। ਸੰਤ ਮਹਾਰਾਜ (ਸੰਤ ਈਸ਼ਰ ਸਿੰਘ ਜੀ) ਦਾ ਨਿਤਨੇਮ ਪੰਜ ਜਪੁਜੀ ਸਾਹਿਬ ਦੇ ਪਾਠ, ਪੰਜ ਸੁਖਮਨੀ ਸਾਹਿਬ ਦੇ, ਬਚਪਨ ਦੀ ਗੱਲ ਹੈ ਇਹ ਉਨ੍ਹਾਂ ਦੇ। ਇਹ ਗੁਰੂ ਦਾ ਰੂਪ ਬਣ ਜਾਂਦੇ ਨੇ ਗੁਰਸਿੱਖ, ਆਪਣਾ ਆਪਾ ਤਿਆਗ ਕੇ ਗੁਰੂ 'ਚ ਲੀਨ ਹੋ ਜਾਂਦੇ ਨੇ। ਓਸ ਵੇਲੇ ਬਚਨ ਹੋ ਗਿਆ ਤੇ ਇਹਨੂੰ ਸੰਸਾ ਪੈ ਗਿਆ।

ਗੁਰੂ ਪੰਜਵੇਂ ਪਾਤਸ਼ਾਹ ਦੇ ਹਾਜ਼ਰ ਹੋਇਆ ਕਹਿਣ ਲੱਗਿਆ ਸੱਚੇ ਪਾਤਸ਼ਾਹ! ਜਿਹੜਾ ਡਾਕੂ ਸੀ ਨਾ ਭਾਈ ਲੱਖੂ, ਸੰਗਤ ਅਰਦਾਸ ਕਰਦੀ ਹੈ ਕਿ ਆਵੇ ਪੱਕ ਜਾਣਗੇ, ਉਹ ਕਹਿੰਦਾ ਕਿ ਕੱਚੇ-ਕੱਚੇ। ਮਹਾਰਾਜ ਜੀ ਕਹਿਣ ਲੱਗੇ ਭਾਈ ਬੁੱਧੂ ਤੂੰ ਭਾਈ ਲੱਖੂ ਨੂੰ ਜਾਣਦਾ ਹੈਂ? ਠੀਕ ਹੈ ਕਿਸੇ ਸਮੇਂ ਡਾਕੇ ਮਾਰਿਆ ਕਰਦਾ ਸੀ ਪਰ ਅੱਜ ਤਾਂ ਉਹ ਮੇਰੇ ਵਿਚ ਰਹਿੰਦਾ ਹੈ, ਹਰ ਵਕਤ ਮੈਂ ਉਹਦੇ 'ਚ ਰਹਿੰਦਾ ਹਾਂ। ਉਹਦੇ 'ਚ ਤੇ ਮੇਰੇ 'ਚ ਤੂੰ ਫਰਕ ਕੀ ਜਾਣਦਾ ਹੈਂ? –

***ਧਾਰਨਾ – ਮੇਰਾ ਹੀ ਰੂਪ ਹੈ***
***ਮੇਰੇ ਹੀ ਬਣ ਗਏ ਜਿਹੜੇ।***

ਜਿਹੜੇ ਮੇਰੇ ਬਣ ਗਏ, ਮੇਰੇ 'ਚ ਸਮਾਅ ਗਏ ਉਹ ਤਾਂ ਮੈਂ ਹੀ ਹਾਂ।

***ਖ਼ਾਲਸਾ ਮੇਰੋ ਰੂਪ ਹੈ ਖ਼ਾਸ॥***
***ਖ਼ਾਲਸੇ ਮਹਿ ਹੌਂ ਕਰੌਂ ਨਿਵਾਸ॥***
***(ਸਰਬ ਲੋਹ ਗ੍ਰੰਥ 'ਚੋਂ)***
***ਆਤਮ ਰਸ ਜਿਹ ਜਾਨਹੀ,***
***ਸੋ ਹੈ ਖ਼ਾਲਸ ਦੇਵ॥***
***ਪ੍ਰਭ ਮਹਿ, ਮੋ ਮਹਿ,***
***ਤਾਸ ਮਹਿ, ਰੰਚਕ ਨਾਹਨ ਭੇਵ॥***

ਗੁਰੂ ਪੰਜਵੇਂ ਪਾਤਸ਼ਾਹ ਕਹਿਣ ਲੱਗੇ ਪਿਆਰਿਆ! ਉਹ ਤਾਂ ਮੇਰੇ ਵਿਚ ਹੀ ਰਹਿੰਦਾ ਹੈ। ਤੈਨੂੰ ਡਾਕੂ ਨਜ਼ਰ ਆਉਂਦਾ ਹੈ। ਉਹ ਪੂਰਨ ਗੁਰਸਿੱਖ ਹੈ, ਮੈਂ ਤਾਂ ਉਹਦੀ ਜ਼ੁਬਾਨ 'ਤੇ ਵਸਦਾ ਹਾਂ।

ਸੱਚੇ ਪਾਤਸ਼ਾਹ! ਤੁਹਾਡੀ ਅਰਦਾਸ ਹੋਈ ਹੈ, ਸੰਗਤ ਨੇ ਅਰਦਾਸ ਕਰੀ ਹੈ?

ਕਹਿੰਦੇ, ਨਹੀਂ ਪਿਆਰਿਆ! ਇਹ ਆਦਿ ਜੁਗਾਦਿ ਤੋਂ ਜੋ ਅਸੂਲ ਚਲਿਆ ਆਉਂਦਾ ਹੈ, ਅਸੀਂ ਨਹੀਂ ਤੋੜ ਸਕਦੇ।

ਕ੍ਰਿਸ਼ਨ ਮਹਾਰਾਜ ਦੁਆਪਰ ਯੁੱਗ ਦੇ 16 ਕਲਾਂ ਸੰਪੂਰਨ ਅਵਤਾਰ ਸੀ। ਇਕ ਵਾਰੀ ਐਸਾ ਹੋਇਆ ਕਿ ਸਾਰੇ ਸਾਧੂ ਪ੍ਰਭਾਤ ਛੇਤਰ 'ਤੇ ਆਏ ਹੋਏ। ਆਪ ਵੀ ਗਏ ਹੋਏ ਨੇ। ਇਨ੍ਹਾਂ ਦੇ ਜਿਹੜੇ ਪੁੱਤਰ ਪੋਤਰੇ ਸੀ ਉਹ ਐਨੇ ਮਗਰੂਰ ਹੋ ਗਏ, ਗੁਸਤਾਖ ਹੋ ਗਏ ਕਿ ਸਾਧੂਆਂ ਨੂੰ ਮਸ਼ਕਰੀਆਂ ਕਰਨ ਲੱਗ ਗਏ। ਇਕ ਦਿਨ ਐਸਾ ਹੋਇਆ ਕਿ ਸਾਂਭਾ ਨਾਮ ਦਾ ਜੋ ਪੋਤਾ ਸੀ ਕ੍ਰਿਸ਼ਨ ਮਹਾਰਾਜ ਦਾ ਉਹਦੇ ਪੇਟ ਦੇ ਉਤੇ ਇਕ ਬਾਟੀ ਬੰਨ੍ਹ ਕੇ ਕੱਪੜੇ ਬੰਨ੍ਹ ਦਿਤੇ ਤੇ ਕਈ ਉਨ੍ਹਾਂ ਦੇ ਪੋਤਿਆਂ ਨੇ ਲੜਕੀਆਂ ਵਾਲੇ ਕੱਪੜੇ ਪਾ ਲਏ। ਬਾਕੀ ਲੜਕੇ ਬਣੇ ਰਹੇ। ਇਕੱਲੇ-ਇਕੱਲੇ ਸਾਧੂ ਕੋਲ ਵੱਡੇ ਮਹਾਂਪੁਰਸ਼ਾਂ ਕੋਲ ਜਾ ਕੇ ਮਸ਼ਕਰੀਆਂ ਕਰਨ ਲੱਗ ਗਏ। ਪੁੱਛਣ ਲੱਗ ਗਏ, ਬਾਬਾ ਜੀ! ਆਹ ਲੜਕੀ ਬੋਲ ਨਹੀਂ ਸਕਦੀ, ਇਹਨੂੰ ਦੱਸੋ ਕਿ ਇਹਦੇ ਲੜਕਾ ਹੋਏਗਾ ਜਾਂ ਲੜਕੀ। ਮਹਾਤਮਾ ਤ੍ਰਿਕਾਲਦਰਸ਼ੀ ਸੀ, ਬੜੇ ਸਹਿਜ ਸੁਭਾਅ ਵਾਲੇ ਸੀ, ਉਨ੍ਹਾਂ ਨੇ ਕਿਹਾ ਬੇਟਾ, ਪਤਾ ਨਹੀਂ। ਕਹਿੰਦੇ, ਫੇਰ ਐਵੇਂ ਹੀ ਰੋਟੀਆਂ ਖਾਂਦਾ ਹੈਂ। ਐਵੇਂ ਮੱਥੇ ਟਿਕਾਉਂਦਾ ਹੈਂ ਜੇ ਤੈਨੂੰ ਪਤਾ ਹੀ ਨਹੀਂ ਹੈ। ਉਹ ਟਾਲ੍ਹ ਦਿਤੇ, ਟਲਦੇ-ਟਲਦੇ ਦਰਵਾਸ਼ਾ ਜੀ ਕੋਲ ਚਲੇ ਗਏ। ਜਾ ਕੇ ਦਰਵਾਸਾ ਜੀ ਇਨ੍ਹਾਂ ਦੇ ਕੁਲ ਗੁਰੂ ਸੀ। ਜਾ ਕੇ ਇਨ੍ਹਾਂ ਨੇ ਓਹੀ ਸਵਾਲ ਪੁੱਛਿਆ, ਤ੍ਰਿਕਾਲਦਰਸ਼ੀ ਤਾਂ ਮਹਾਤਮਾ ਹੁੰਦੇ ਨੇ, ਮਹਾਤਮਾ ਨੂੰ ਪਤਾ ਹੀ ਹੁੰਦਾ ਹੈ ਅੱਗੇ ਪਿੱਛੇ ਦਾ। ਇਕ ਦਮ ਦੇਖ ਲਿਆ ਕਿ ਇਹ ਬੱਚੇ ਐਨੇ ਗੁਸਤਾਖ ਹੋ ਗਏ ਕ੍ਰਿਸ਼ਨ ਦੇ ਪੋਤੇ ਕਿ ਸਾਧੂਆਂ ਦੀ ਮਾਣ-ਮਰਿਆਦਾ ਹੀ ਜਾਂਦੀ ਰਹੀ। ਜੇ ਇਨ੍ਹਾਂ ਨੇ ਹੀ ਇਹ ਗੱਲ ਕਰ ਦਿਤੀ ਫੇਰ ਕਲਜੁਗ ਦੇ ਲੋਕ ਕਿਵੇਂ ਸਾਧੂ ਮਹਾਂਪੁਰਸ਼ਾਂ ਨੂੰ ਸਮਝਣਗੇ। ਸਬਕ ਦੇਣਾ ਚਾਹੀਦਾ ਹੈ ਇਨ੍ਹਾਂ ਨੂੰ। ਕਹਿੰਦੇ, ਬਾਬਾ ਜੀ! ਇਹ ਲੜਕੀ ਨਹੀਂ ਬੋਲਦੀ ਤੇ ਪੁੱਛਦੀ ਹੈ ਕਿ ਇਹਦੇ ਲੜਕਾ ਹੋਏਗਾ ਕਿ ਲੜਕੀ ਹੋਏਗੀ? ਲਾਲ ਨੇਤਰ ਕਰ ਲਏ ਕਿਉਂਕਿ ਉਨ੍ਹਾਂ ਦਾ ਸੁਭਾਅ ਕੁਛ ਤਮੋਗੁਣੀ ਸੀ। ਕ੍ਰੋਧ ਛੇਤੀ ਆਉਂਦਾ ਸੀ। (ਦਰਵਾਸਾ ਜੀ ਨੇ ਵਰ ਤਾਂ ਕੋਈਓ ਦਿਤਾ ਹੈ ਸਰਾਪ ਹੀ ਦਿਤੇ ਨੇ)

ਆਪਣੇ ਨੇੜੇ ਸੰਤ ਹੁੰਦੇ ਸੀ ਬਾਬਾ ਗੁਰਦਿੱਤ ਸਿੰਘ ਜੀ ਨਾਰੰਗਵਾਲ ਵਾਲੇ ਉਨ੍ਹਾਂ ਤੋਂ ਵਰ ਕਿਸੇ ਨੇ

ਨਹੀਂ ਲਿਆ ਸੀ, ਸਰਾਪ ਬੇਅੰਤ ਨੇ ਲਏ।

ਸੋ ਦਰਵਾਸਾ ਜੀ ਨੇ ਇਕ ਦਮ ਦੇਖਿਆ ਤੇ ਕਿਹਾ ਕਿ ਕੀ ਪੁੱਛਦੇ ਓਂ?

ਕਹਿੰਦੇ, ਜੀ ਆਹ ਗੱਲ ਪੁੱਛਦੇ ਹਾਂ।

ਕਹਿੰਦੇ, ਦੱਸਾਂ?

ਥੋੜ੍ਹੇ ਜਿਹੇ ਡਰ ਗਏ ਲੜਕੇ ਪਰ ਗੁਸਤਾਖ ਜ਼ਿਆਦਾ ਸੀ, ਕਹਿੰਦੇ ਦੱਸ ਦੇਂਗਾ?

ਨਿਰਾਦਰੀ ਨਾਲ ਬੋਲੇ।

ਤੀਸਰੀ ਵਾਰੀ ਜਦੋਂ ਉਨ੍ਹਾਂ ਨੇ ਬਚਨ ਕਰਿਆ, ਕਹਿੰਦੇ ਦੱਸ ਹੀ ਦੇਵਾਂ ਫੇਰ?

ਕਹਿੰਦੇ, ਅਸੀਂ ਪੁੱਛਣ ਵਾਸਤੇ ਹੀ ਆਏ ਹਾਂ। ਇਹਦੇ 'ਚ ਕਿਹੜੀ ਘੌਲ ਹੈ, ਦੱਸ?

ਕਹਿੰਦੇ, ਇਹਦੇ ਉਹ ਪੈਦਾ ਹੋਏਗਾ ਜਿਹੜਾ ਤੁਹਾਡੀ ਕੁਲ ਦਾ ਨਾਸ਼ ਕਰ ਦੇਵੇਗਾ।

*ਦੁਰਬਾਸਾ ਸਿਉ ਕਰਤ ਠਗਉਰੀ*
*ਜਾਦਵ ਏ ਫਲ ਪਾਏ ॥* *ਅੰਗ - ੬੯੩*

ਵਾਪਸ ਆ ਗਏ ਕਿ ਸਰਾਪ ਮਿਲ ਗਿਆ। ਘਰ ਵਿਚ ਆਏ ਤਾਂ ਕੱਪੜੇ ਲਾਹੇ ਉਹਦੇ ਵਲੇਟੇ ਹੋਏ, ਤਾਂ ਕੀ ਦੇਖਦੇ ਨੇ ਕਿ ਬਾਟੀ ਤਾਂ ਹੈ ਹੀ ਨਹੀਂ, ਇਕ ਮੂਸਲ ਬਣ ਗਿਆ ਲੋਹੇ ਦਾ। ਕ੍ਰਿਸ਼ਨ ਮਹਾਰਾਜ ਕੋਲ ਚਲੇ ਗਏ। ਉਨ੍ਹਾਂ ਨੇ ਪੁੱਛਿਆ ਕਿ ਕਿਉਂ ਉਦਾਸ ਹੋ? ਸਾਰੀ ਗੱਲ ਦੱਸੀ ਕਿ ਸਾਨੂੰ ਸਰਾਪ ਦੇ ਦਿਤਾ ਦਰਵਾਸਾ ਜੀ ਨੇ ਕਿ ਤੁਹਾਡੀ ਕੁਲ ਦਾ ਨਾਸ਼ ਹੋਏਗਾ। ਕ੍ਰਿਸ਼ਨ ਮਹਾਰਾਜ ਨੇ ਕਿਹਾ ਕਿ ਸੰਤ ਤਾਂ ਬਿਨਾਂ ਵਜ੍ਹਾ ਨਾ ਕਿਸੇ ਨੂੰ ਵਰ ਦਿੰਦੇ ਨੇ ਨਾ ਸਰਾਪ ਦਿੰਦੇ ਨੇ। ਸੇਵਾ ਕਰਕੇ ਪ੍ਰਸੰਨ ਕਰ ਲਓ, ਵਰ ਮਿਲ ਜਾਂਦਾ ਹੈ ਆਪੇ ਹੀ। ਚਿੱਤ ਪ੍ਰਸੰਨ ਹੋ ਜਾਂਦਾ ਹੈ ਉਹਦੇ 'ਚੋਂ ਲਹਿਰ ਉਠਦੀ ਹੈ, ਵਰ ਦੇ ਦਿੰਦੇ ਨੇ। ਸਾਧੂਆਂ ਤੋਂ ਲੈਣ ਦਾ ਢੰਗ ਹੁੰਦਾ ਹੈ, ਐਵੇਂ ਨਹੀਂ ਹੋਇਆ ਕਰਦਾ। ਕੁਛ ਲੈਣਾ ਹੋਵੇ ਤਾਂ ਪੂਰੀ ਸ਼ਰਧਾ ਨਾਲ ਆਉਣਾ ਪੈਂਦਾ ਹੈ। ਆਪਣਾ ਆਪਾ ਖਤਮ ਕਰਕੇ ਆਉਣਾ ਪੈਂਦਾ ਹੈ ਤਾਂ ਮਿਲਦਾ ਹੈ। ਨਹੀਂ ਤਾਂ ਨਹੀਂ ਮਿਲਦਾ। ਜੇ ਜੀਉਂਦਾ ਆ ਜਾਵੇ, ਮੈਂ ਨੂੰ ਨਾਲ ਲੈ ਆਵੇ ਫੇਰ ਕੁਛ ਨਹੀਂ ਮਿਲਿਆ ਕਰਦਾ, ਖਾਲੀ ਆਉਂਦਾ ਹੈ। ਕਹਿੰਦੇ, ਪਿਆਰਿਓ ਸਾਧੂਆਂ ਕੋਲ ਸ਼ਰਧਾ ਨਾਲ ਜਾਓ ਤਾਂ ਬਰਕਤਾਂ ਹੀ ਬਰਕਤਾਂ ਹੁੰਦੀਆਂ ਨੇ। ਤਰਕ ਨਾਲ ਜਾਓ ਫੇਰ ਸਰਾਪ ਹੈਗੇ ਹੀ। ਸਾਰੀ ਗੱਲ ਸੁਣੀ, ਕਹਿਣ ਲੱਗੇ ਇਹ ਤਾਂ ਇਸੇ ਤਰ੍ਹਾਂ ਹੀ ਹੋਏਗਾ। ਕਹਿੰਦੇ, ਮਹਾਰਾਜ! ਤੁਸੀਂ ਸੌਲ੍ਹਾਂ ਕਲਾਂ ਸੰਪੂਰਨ ਅਵਤਾਰ ਹੋ ਤੇ ਤੁਸੀਂ ਵੀ ਨਹੀਂ ਟਾਲ ਸਕਦੇ? ਕਹਿੰਦੇ, ਨਹੀਂ?

***ਧਾਰਨਾ - ਮੇਰੀ ਬੰਨ੍ਹੀ ਹੋਈ ਭਗਤ***
***ਛੁਡਾਉਂਦੇ ਨੇ,***
***ਭਗਤਾਂ ਦੀ ਬੰਨ੍ਹੀ ਨਾ ਛੁਟਦੀ।***

*ਮੇਰੀ ਬਾਂਧੀ ਭਗਤੁ ਛਡਾਵੈ*
*ਬਾਂਧੈ ਭਗਤੁ ਨ ਛੂਟੈ ਮੋਹਿ ॥*
*ਏਕ ਸਮੈ ਮੋ ਕਉ ਗਹਿ ਬਾਂਧੈ*
*ਤਉ ਫੁਨਿ ਮੋ ਪੈ ਜਬਾਬੁ ਨ ਹੋਇ॥*
*ਅੰਗ - ੧੨੫੩*

ਇਕ ਸੰਤ ਹੋਏ ਨੇ ਜਿਨ੍ਹਾਂ ਦਾ ਨਾਮ ਸਮਸ਼ਤਬਰੇਜ਼ ਸੀ, ਮੁਲਾਣੇ ਲੋਕਾਂ ਦਾ ਕੱਟੜ ਸੁਭਾਅ ਹੁੰਦਾ ਹੈ ਪਰ ਸਾਧੂ ਸੰਤ ਖੁਲ੍ਹੇ ਹੁੰਦੇ ਨੇ, ਖੁਲ੍ਹੇ ਬਚਨ ਉਹ ਕਰਦੇ ਨੇ। ਪੱਖਪਾਤ ਉਹ ਕਰਦੇ ਨਹੀਂ, ਉਹ ਸਹਿਜ ਸੁਭਾਅ ਸਾਧੂਆਂ ਨਾਲ ਲੱਗਣ ਲੱਗ ਜਾਂਦੇ ਨੇ। ਇਥੇ ਦੇ ਵੀ ਜੋ ਮੁੱਲਾਂ ਮੁਲਾਣੇ ਸੀ ਮੁਲਤਾਨ ਦੇ ਉਹ ਬਹੁਤ ਲਗਦੇ ਸੀ। ਇਕ ਸਮਾਂ ਐਸਾ ਆਇਆ ਕਿ ਨਵਾਬ ਦਾ ਲੜਕਾ ਬੀਮਾਰ ਹੋ ਗਿਆ। ਨਵਾਬ ਨੇ ਸਾਰੇ ਮੁੱਲਾਂ ਤੇ ਕਾਜ਼ੀ ਫੜ ਲਏ ਕਿ ਤੁਸੀਂ ਜੰਤਰ ਮੰਤਰ ਦਿਨ ਰਾਤ ਕਰਦੇ ਰਹਿੰਦੇ ਓਂ, ਮੇਰੇ ਲੜਕੇ ਨੂੰ ਰਾਜ਼ੀ ਕਰੋ। ਹਕੀਮ ਕਹਿਣ ਲੱਗੇ ਦਵਾਈ ਦੇਣ ਵਾਲੇ ਕਿ ਮਹਾਰਾਜ! ਪਤਾ ਨਹੀਂ ਕੀ ਗੱਲ ਹੈ ਇਹ ਰਾਜ਼ੀ ਨਹੀਂ ਹੋ ਰਿਹਾ। ਉਹ ਕਹਿਣ ਲੱਗਿਆ ਕਿ ਨਹੀਂ ਤਾਂ ਰਾਜ਼ੀ ਕਰ ਦਿਓ, ਨਹੀਂ ਤਾਂ ਤੁਹਾਨੂੰ ਸਭ ਨੂੰ ਮਾਰ ਦੇਵਾਂਗਾ ਮੈਂ। ਡਰ ਗਏ ਸਾਰੇ। ਮੋਹਲਤ ਦੇ ਦਿਤੀ। ਲੜਕਾ ਜ਼ਿਆਦਾ ਬਿਮਾਰ ਹੋ ਗਿਆ। ਉਸ ਵੇਲੇ ਕਹਿਣ ਲੱਗੇ ਕਿ ਮਹਾਰਾਜ! ਇਕ ਸਾਡੇ ਨਾਲ ਦਾ ਬਾਹਰ ਹੈ ਉਹਨੂੰ ਵੀ ਲੈ ਆਓ। ਕਹਿੰਦੇ, ਉਹਦਾ ਨਾਉਂ ਕੀ ਹੈ? ਕਹਿੰਦੇ ਸਮਸ਼ਤਬਰੇਜ਼। ਮਨਸੂਰ ਦਾ ਇਹ ਮੁਰੀਦ ਸੀ। ਫੜ ਲਿਆਂਦਾ। ਲਿਆ ਕੇ ਜਦੋਂ ਨਵਾਬ ਨੇ ਕਿਹਾ ਕਿ ਆਹ ਸ਼ਰਤ ਹੈ। ਕਹਿਣ ਲੱਗਿਆ, ਨਵਾਬ ਸਾਹਿਬ! ਸੰਤ ਤਾਂ ਪਹਿਲਾਂ ਹੀ ਮਰੇ ਹੁੰਦੇ ਨੇ।

*ਕਬੀਰ ਜਿਸੁ ਮਰਨੇ ਤੇ ਜਗੁ ਡਰੈ*
*ਮੇਰੈ ਮਨਿ ਆਨੰਦੁ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥*
*ਅੰਗ - ੧੩੬੫*

ਅਸੀਂ ਤਾਂ ਜਾਣ ਨੂੰ ਤਿਆਰ ਹੀ ਬੈਠੇ ਹਾਂ। ਇਹ ਭਾਂਡਾ ਜੇ ਤੂੰ ਭੰਨਣਾ ਹੈ ਤਾਂ ਤੂੰ ਭੰਨ ਲੈ। ਹੈਰਾਨ ਹੋ ਗਏ ਸਾਰੇ। ਮੁੱਲਾਂ-ਮੁਲਾਣੇ ਕਹਿਣ ਲੱਗੇ ਕਿ ਸੰਤ ਜੀ ਐਸ ਵੇਲੇ ਸਾਨੂੰ ਰੱਖ ਲਓ। ਤੁਹਾਨੂੰ ਤਾਂ ਕਿਸੇ ਨੇ ਰੋਣਾ ਨਹੀਂ ਸਾਡੇ ਤਾਂ ਬਾਲ-ਬੱਚੇ ਬੀਬੀਆਂ ਨਿਆਣੀਆਂ ਨੇ, ਰੋ-ਰੋ ਮਰ ਜਾਣਗੀਆਂ, ਕ੍ਰਿਪਾ ਕਰੋ। ਸਾਰੀ ਰਾਤ ਮਿੰਨਤਾ ਕਰੀ ਗਏ। ਉਹ ਕਹਿੰਦਾ, ਦੇਖੋ ਅਸੀਂ ਜੇ

ਬਚਨ ਕਰ ਦਿਤਾ, ਤੁਸੀਂ ਸਾਡੇ ਹੀ ਖਿਲਾਫ ਹੋ ਜਾਣਾ ਹੈ। ਕਹਿੰਦੇ, ਇਕ ਤਾਂ ਤੁਸੀਂ ਸਾਨੂੰ ਬਚਾਓਂ, ਇਕ ਅਸੀਂ ਤੁਹਾਡੇ ਖਿਲਾਫ ਹੋਈਏ, ਅਸੀਂ ਤਾਂ ਤੁਹਾਡਾ ਧੰਨਵਾਦ ਕਰਾਂਗੇ। ਅਹਿਸਾਨ ਤੁਹਾਡਾ ਭੁੱਲਣਾ ਹੀ ਨਹੀਂ। ਕਹਿੰਦੇ, ਨਹੀਂ ਪਿਆਰਿਓ! ਆਦਮੀ ਜਦੋਂ ਸੰਕਟ 'ਚੋਂ ਨਿਕਲ ਜਾਂਦਾ ਹੈ ਫੇਰ ਬੰਦਾ ਸਭ ਗੱਲਾਂ ਛੱਡ ਦਿੰਦਾ ਹੈ। ਅਖੀਰ ਮਨਾ ਲਿਆ ਕਹਿਣ ਲੱਗੇ ਚੰਗਾ। ਸਵੇਰੇ ਖਬਰ ਆ ਗਈ ਕਿ ਸਹਿਜ਼ਾਦਾ ਤਾਂ ਮਰ ਗਿਆ। ਨਵਾਬ ਨੇ ਲਿਆ ਕੇ ਅਰਥੀ ਰੱਖ ਦਿਤੀ ਕਿ ਨਹੀਂ ਤਾਂ ਇਹ ਕਰ ਦਿਓ ਜੀਉਂਦਾ, ਨਹੀਂ ਤਾਂ ਮੈਂ ਸਭ ਵੱਢ ਦੇਣੇ ਨੇ ਇਥੇ। ਉਸ ਵੇਲੇ ਸਮਸ਼ਤਬਰੇਜ਼ ਨੇ ਕਿਹਾ ਕਿ ਤੁਸੀਂ ਮੇਰੇ ਖਿਲਾਫ ਹੋ ਜਾਣਾ ਹੈ ਮੁਲਾਣਿਓਂ? ਕਹਿੰਦੇ, ਨਹੀਂ ਮਹਾਰਾਜ ਅਸੀਂ ਅਹਿਸਾਨ ਨਹੀਂ ਭੁੱਲਣਾ। ਸਾਨੂੰ ਤਾਂ ਮੌਤ ਸਾਮ੍ਹਣੇ ਖੜ੍ਹੀ ਨੰਗੀ ਤਲਵਾਰ ਵਾਂਗੂੰ ਦਿਸਦੀ ਹੈ। ਉਸ ਵੇਲੇ ਆਪ ਬਾਹਰ ਆਏ, ਲੜਕੇ ਦੀ ਜਿਥੇ ਅਰਥੀ ਪਈ ਸੀ, ਉਹਦੇ ਕੋਲ ਘੁੰਮਦੇ ਨੇ ਮੌਜ ਨਾਲ ਇਹ ਟਹਿਲਦੇ ਹੋਏ। ਐਧਰ ਨੂੰ ਚਲੇ ਗਏ, ਓਧਰ ਨੂੰ ਚਲੇ ਗਏ। ਫੇਰ ਕਹਿੰਦੇ, ਆ ਕੇ ਓ ਲੜਕੇ ਖੁਦਾ ਕੇ ਹੁਕਮ ਸੇ ਉਠ ਖੜ੍ਹਾ ਹੋ। ਲੜਕਾ ਉਠਿਆ ਹੀ ਨਾ। ਦੁਬਾਰਾ ਫੇਰ ਕਿਹਾ। ਫੇਰ ਨਾ ਉਠਿਆ। ਤੀਜੀ ਵਾਰੀ ਫੇਰ ਕਿਹਾ। ਫੇਰ ਨਾ ਉਠਿਆ। ਸਾਰਿਆਂ ਨੂੰ ਪੈ ਗਿਆ ਫਿਕਰ ਕਿ ਹੁਣ ਤਾਂ ਮਰਨਾ ਹੀ ਹੈ। ਇਹ ਤਾਂ ਉਠਦਾ ਹੀ ਨਹੀਂ। ਉਸ ਵੇਲੇ ਜਲਾਲ 'ਚ ਆ ਗਿਆ ਸਮਸ਼ਤਬਰੇਜ਼, ਕਹਿੰਦਾ ਓ ਲੜਕੇ ਅਗਰ ਖੁਦਾ ਕੇ ਹੁਕਮ ਸੇ ਨਹੀਂ ਖੜ੍ਹਾ ਹੋਣਾ ਤੋ ਫਕੀਰ ਕੇ ਹੁਕਮ ਸੇ ਉਠ ਕੇ ਖੜ੍ਹਾ ਹੋ। ਉਸੇ ਵੇਲੇ ਲੜਕਾ ਉਠ ਕੇ ਖੜ੍ਹਾ ਹੋ ਗਿਆ। ਬੜੀਆਂ ਖੁਸ਼ੀਆਂ ਹੋਈਆਂ।

ਬਾਅਦ ਵਿਚ ਉਨ੍ਹਾਂ ਹੀ ਮੁਲਾਣਿਆਂ ਨੇ ਇਹਦੀ ਜੀਉਂਦੇ ਦੀ ਖੱਲ੍ਹ ਲੁਹਾ ਦਿਤੀ। ਘਰ ਜਾ ਕੇ ਸੋਚਿਆ ਕਿ ਇਹਨੇ ਤਾਂ ਸ਼ਰ੍ਹਾ ਦੇ ਉਲਟ ਕੰਮ ਕਰ ਦਿਤਾ, ਇਹ ਤਾਂ ਰੱਬ ਦਾ ਸ਼ਰੀਕ ਬਣ ਗਿਆ। ਸ਼ਿਕਾਇਤ ਕਰ ਦਿਤੀ, ਮੁਕਦਮਾ ਚੱਲਿਆ ਤੇ ਖੱਲ੍ਹ ਲੁਹਾ ਦਿਤੀ ਜੀਉਂਦੇ ਦੀ ਹੀ।

ਸੋ ਕ੍ਰਿਸ਼ਨ ਮਹਾਰਾਜ ਕਹਿਣ ਲੱਗੇ, ਪਿਆਰਿਓ! ਜੇ ਮੈਨੂੰ ਕੋਈ ਇਕ ਵਾਰੀ ਬੰਨ੍ਹ ਲਏ ਨਾ–

*ਮੇਰੀ ਬਾਂਧੀ ਭਗਤੁ ਛਡਾਵੈ*
*ਬਾਂਧੈ ਭਗਤੁ ਨ ਛੂਟੈ ਮੋਹਿ ॥*
*ਏਕ ਸਮੈ ਮੋ ਕਉ ਗਹਿ ਬਾਂਧੈ*
*ਤਉ ਫੁਨਿ ਮੋ ਪੈ ਜਬਾਬੁ ਨ ਹੋਇ॥*

***ਅੰਗ - ੧੨੫੩***

ਮੇਰੇ ਮਾਰੇ ਹੋਏ ਨੂੰ ਜੀਉਂਦਾ ਕਰ ਦਿੰਦੇ ਨੇ। ਸੰਤ ਦੇ ਮਾਰੇ ਹੋਏ ਨੂੰ ਨਹੀਂ ਮੈਂ ਜੀਉਂਦਾ ਕਰ ਸਕਦਾ।

ਗੁਰੂ ਨਾਨਕ ਪਾਤਸ਼ਾਹ ਨੇ ਹਾਥੀ ਜੀਉਂਦਾ ਕਰ ਦਿਤਾ, ਜਿਸ ਵਕਤ ਮਹਾਵਤ ਆ ਕੇ ਬਹੁਤ ਰੋਏ। ਜਦ ਬਾਦਸ਼ਾਹ ਨੇ ਕਿਹਾ, ਤੁਸੀਂ ਹਾਥੀ ਜੀਉਂਦਾ ਕਰਿਆ ਹੈ, ਮਾਰ ਕੇ ਦੁਬਾਰਾ ਜੀਉਂਦਾ ਕਰਕੇ ਦਿਖਾਓ। ਦਿੱਲੀ ਦੀ ਗੱਲ ਹੈ। ਮਹਾਰਾਜ ਕਹਿੰਦੇ, ਇਹ ਤਾਂ ਮਰਿਆ ਹੋਇਆ ਹੀ ਹੈ, ਦੜੰਮ ਦੇ ਕੇ ਹਾਥੀ ਗਿਰ ਗਿਆ ਤੇ ਫੇਰ ਮਰ ਗਿਆ। ਕਹਿੰਦੇ ਹੁਣ ਜੀਉਂਦਾ ਕਰੋ। ਕਹਿੰਦੇ, ਬਾਦਸ਼ਾਹ! ਅੱਗ ਦਾ ਕੋਲਾ ਉਹਨੂੰ ਤੁਸੀਂ ਹੱਥ ਦੇ ਉਤੇ ਰੱਖ ਸਕਦੇ ਓ, ਮਾੜਾ ਮੋਟਾ ਹਿਲਾ ਜੁਲਾ ਕੇ। ਪਰ ਜਿਹੜਾ ਤਦਰੂਪ ਹੋਇਆ ਹੋਇਆ ਹੈ ਲੋਹਾ ਅੱਗ ਦੇ ਨਾਲ, ਅੱਗ ਦਾ ਰੂਪ ਬਣਿਆ ਹੋਇਆ ਹੈ, ਉਹਨੂੰ ਹੱਥ ਨਹੀਂ ਲੱਗ ਸਕਦਾ, ਇਵੇਂ ਜਿਵੇਂ ਜਿਹੜੇ ਫਕੀਰ ਪ੍ਰਮੇਸ਼ਰ ਦੇ ਪਿਆਰ ਵਿਚ ਆ ਕੇ ਉਹਦਾ ਰੂਪ ਬਣੇ ਹੋਏ ਨੇ ਉਹ ਰੱਬ ਦੀ ਸੁੱਟੀ ਹੋਈ ਨੂੰ, ਚੁੱਕ ਲੈਂਦੇ ਨੇ, ਲੇਕਿਨ ਫਕੀਰ ਦੀ ਸੁੱਟੀ ਹੋਈ ਨੂੰ ਰੱਬ ਨਹੀਂ ਚੁੱਕ ਸਕਦਾ।

ਸੋ ਕ੍ਰਿਸ਼ਨ ਮਹਾਰਾਜ ਕਹਿਣ ਲੱਗੇ ਕਿ ਮੈਂ ਨਹੀਂ ਹੁਣ ਬਚਾ ਸਕਦਾ। ਇਹ ਤਾਂ ਸੰਤ ਦਾ ਬਚਨ ਹੈ, ਇਹ ਪੂਰਾ ਹੋਣਾ ਹੀ ਹੋਣਾ ਹੈ। ਪਸ਼ਚਾਤਾਪ ਕਰੋ। ਪਸ਼ਚਾਤਾਪ ਕਰਨ ਵਾਸਤੇ ਯਾਦਵ ਕੁਲ ਆ ਜਾਂਦੀ ਹੈ ਤੇ ਕਿਹਾ ਕਿ ਸ਼ਰਾਬ ਨਾ ਪੀਣਾ। ਲੇਕਿਨ ਸ਼ਰਾਬ ਪੀ ਗਏ। ਯਾਦਵ ਕੁਲ ਦੀ ਲੜਾਈ ਹੋ ਗਈ ਉਥੇ। ਇਨ੍ਹਾਂ ਨੇ ਕਿਹਾ ਕਿ ਜਿਹੜਾ ਮੁਸਲ ਹੈ ਇਹਨੂੰ ਸੁੱਟ ਦਿਓ। ਇਹਨੂੰ ਘਸਾ ਦਿਓ। ਘਸਾ ਕੇ ਸੁੱਟ ਦਿਓ, ਇਕ ਮਾੜਾ ਜਿਹਾ ਟੁਕੜਾ ਰਹਿ ਗਿਆ, ਤਿਕੋਨਾ ਜਿਹਾ। ਉਹ ਮੱਛੀ ਨੇ ਨਿਘਲ ਲਿਆ ਤੇ ਮੱਛੀ ਨੂੰ ਫੜ ਲਿਆ ਸ਼ਿਕਾਰੀ ਨੇ। ਬੱਧਕ ਨੇ ਫੜ ਕੇ ਆਪਣੇ ਤੀਰ ਦੀ ਮੁਖੀ ਬਣਾ ਲਈ। ਇਧਰੋਂ ਕ੍ਰਿਸ਼ਨ ਮਹਾਰਾਜ ਨੇ ਇਹ ਭੇਜ ਦਿਤੇ ਕਿ ਜਾਓ, ਪਸ਼ਚਾਤਾਪ ਕਰੋ। ਉਥੇ ਜਾ ਕੇ ਸ਼ਰਾਬ ਪੀ ਲਈ, ਸ਼ਰਾਬ ਪੀ ਕੇ ਐਨਾ ਲੜੇ ਕਿ ਇਕ ਬੰਦਾ ਵੀ ਨਾ ਬਚਿਆ ਸਾਰੀ ਕੁਲ ਵਿਚੋਂ। ਇਕੱਲੇ ਕ੍ਰਿਸ਼ਨ ਮਹਾਰਾਜ ਰਹਿ ਗਏ।

ਉਸ ਵੇਲੇ ਆਪ ਤੀਰਥ ਵਿਚ, ਇਕ ਜੰਗਲ ਦੇ ਵਿਚ ਜਾ ਕੇ ਦਰਖਤ ਦੇ ਨਾਲ ਢਾਸਣਾ ਲਾਇਆ, ਗੋਡੇ ਦੇ ਉਤੇ ਪੈਰ ਧਰ ਲਿਆ। ਚਰਨ ਦੇ ਵਿਚ ਪਦਮ ਸੀ ਤੇ ਉਹ ਸ਼ਿਕਾਰੀ ਟੋਲ੍ਹਦਾ ਆਉਂਦਾ ਸੀ ਕੋਈ ਸ਼ਿਕਾਰ, ਉਹਨੇ ਦੂਰੋਂ ਦੇਖਿਆ ਕਿ ਔਹ ਹਰਨ ਦੀ ਅੱਖ ਹੈ। ਅੰਦਾਜ਼ੇ ਦੇ ਨਾਲ ਤੀਰ ਕਮਾਨ ਦਾ ਨਿਸ਼ਾਨਾ ਲਾਇਆ, ਤੀਰ ਚਲਾਇਆ ਤੇ ਕ੍ਰਿਸ਼ਨ ਮਹਾਰਾਜ ਦੀ ਵੱਖੀ 'ਚ ਆ ਕੇ ਲੱਗਿਆ। ਦੌੜ ਕੇ

ਆਇਆ ਕਿ ਹਰਨ ਨੱਠ ਨਾ ਜਾਵੇ। ਅੱਗੇ ਆ ਕੇ ਕੀ ਦੇਖਦਾ ਹੈ ਕਿ ਇਹ ਤਾਂ ਮੈਂ ਬਹੁਤ ਵੱਡਾ ਪਾਪ ਕਰ ਦਿਤਾ। ਰੋਣਾ ਸ਼ੁਰੂ ਕਰ ਦਿਤਾ ਇਸ ਤਰ੍ਹਾਂ ਨਾਲ ਬੇਨਤੀ ਕਰਦਾ ਹੈ-

***ਧਾਰਨਾ- ਮਿਰਗ ਜਾਣ ਕੇ***
***ਬਾਣ ਮੈਂ ਮਾਰਿਆ,***
***ਭੁੱਲ ਮੇਰੀ ਬਖਸ਼ੀ ਮਾਲਕਾ।***

***ਜਾਇ ਸੁਤਾ ਪਰਭਾਸ ਵਿਚਿ***
***ਗੋਡੇ ਉਤੇ ਪੈਰ ਪਸਾਰੇ।***
***ਚਰਣ ਕਮਲ ਵਿਚਿ ਪਦਮੁ ਹੈ***
***ਝਿਲਮਿਲ ਝਲਕੈ ਵਾਂਗੀ ਤਾਰੇ।***
***ਬਧਿਕੁ ਆਇਆ ਭਾਲਦਾ***
***ਮਿਰਗੈ ਜਾਣਿ ਬਾਣੁ ਲੈ ਮਾਰੇ।***
***ਦਰਸਣ ਡਿਠੋਸੁ ਜਾਇਕੈ***
***ਕਰਣ ਪਲਾਵ ਕਰੇ ਪੁਕਾਰੇ।***
***ਗਲਿ ਵਿਚਿ ਲੀਤਾ ਕ੍ਰਿਸ਼ਨ ਜੀ***
***ਅਵਗੁਣੁ ਕੀਤਾ ਹਰਿ ਨ ਚਿਤਾਰੇ।***
***ਕਰਿ ਕਿਰਪਾ ਸੰਤੋਖਿਆ***
***ਪਤਿਤ ਉਧਾਰਣੁ ਬਿਰਦੁ ਬੀਚਾਰੇ।***
***ਭਲੇ ਭਲੇ ਕਰਿ ਮੰਨੀਅਨਿ***
***ਬੁਰਿਆਂ ਦੇ ਹਰਿ ਕਾਜ ਸਵਾਰੇ।***
***ਪਾਪ ਕਰੇਂਦੇ ਪਤਿਤ ਉਧਾਰੇ।***

***ਭਾਈ ਗੁਰਦਾਸ ਜੀ***

ਕ੍ਰਿਸ਼ਨ ਮਹਾਰਾਜ ਨੇ ਕਿਹਾ ਕਿ ਕਿਉਂ ਰੋਂਦਾ ਹੈ? ਮਹਾਰਾਜ ਮੈਂ ਬਾਣ ਮਾਰਿਆ ਹੈ? ਕਹਿੰਦੇ, ਨਾ, ਤੂੰ ਕੁਛ ਨਹੀਂ ਕਰਿਆ, ਅਸੀਂ ਤਾਂ ਬਦਲਾ ਦਿਤਾ ਹੈ। ਬੜੇ ਪਿਆਰ ਦੇ ਨਾਲ ਸਮਝਾਇਆ ਕਿ ਤੂੰ ਤ੍ਰੇਤੇ ਯੁੱਗ ਦੇ ਅੰਦਰ ਬਾਲੀ ਸੀ, ਅਸੀਂ ਛੁੱਪ ਕੇ ਬਾਣ ਮਾਰਿਆ ਸੀ, ਰਾਮ ਅਵਤਾਰ ਰੂਪ ਵਿਚ। ਤੂੰ ਕਿਹਾ ਸੀ ਕਿ ਤੁਸੀਂ ਅਨੀਤੀ ਕੀਤੀ ਹੈ। ਕਿਉਂਕਿ ਬਾਲੀ 'ਚ ਇਹ ਸ਼ਕਤੀ ਸੀ ਕਿ ਜਿਹੜਾ ਸਾਮ੍ਹਣੇ ਆ ਕੇ ਲੜਦਾ ਸੀ ਉਹਦਾ ਅੱਧਾ ਬਲ ਉਹਦੇ 'ਚ ਆ ਜਾਂਦਾ ਸੀ। ਨਾ ਰਾਵਣ ਲੜ ਸਕਿਆ ਉਹਦੇ ਨਾਲ। ਕੋਈ ਨਹੀਂ ਲੜ ਸਕਦਾ। ਇਹ ਤਾਂ ਸ੍ਰੀ ਰਾਮ ਚੰਦਰ ਜੀ ਨੇ ਮਾਰਿਆ।

ਕਹਿਣ ਲੱਗੇ, ਤੂੰ ਕਿਹਾ ਕਿ ਤੁਸੀਂ ਅਨੀਤੀ ਕਰੀ। ਮੈਂ ਤੈਨੂੰ ਕਿਹਾ ਕਿ ਅਸੀਂ ਬਦਲਾ ਦੇਵਾਂਗੇ। ਸੋ ਸਾਡਾ ਜਿਹੜਾ ਕਰਜ਼ਾ ਸੀ ਉਹ ਅਦਾ ਹੋ ਗਿਆ। ਉਹ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿਣ ਲੱਗੇ ਕਿ ਪਿਆਰਿਆ! ਕਿਵੇਂ ਅਸੀਂ ਸਿੱਖ ਦਾ ਬਚਨ ਬਦਲ ਦੇਈਏ। ਸਿੱਖ ਦਾ ਬਚਨ ਨਹੀਂ ਬਦਲਦਾ -

***ਮੇਰੀ ਬਾਂਧੀ ਭਗਤੁ ਛਡਾਵੈ***
***ਬਾਂਧੈ ਭਗਤੁ ਨ ਛੂਟੈ ਮੋਹਿ ॥***
***ਏਕ ਸਮੈ ਮੋ ਕਉ ਗਹਿ ਬਾਂਧੈ***
***ਤਉ ਫੁਨਿ ਮੋ ਪੈ ਜਬਾਬੁ ਨ ਹੋਇ॥***

***ਅੰਗ - ੧੨੫੩***

ਉਸ ਵੇਲੇ ਸੋਭਾ ਰਾਮ ਕਹਿਣ ਲੱਗਿਆ ਕਿ ਮਹਾਰਾਜ ਮੇਰਾ ਉਧਾਰ ਵੀ ਹੋਏਗਾ। ਇਧਰ ਭਾਈ ਬੁੱਧੂ ਕਹਿਣ ਲੱਗਿਆ ਕਿ ਮਹਾਰਾਜ! ਮੇਰਾ ਕੀ ਬਣੇਗਾ? ਕਹਿੰਦੇ ਭਾਈ ਬੁੱਧੂ, ਅਰਦਾਸ ਉਥੇ ਹੀ ਹੈ ਪਰ ਤੇਰੇ ਆਵੇ ਕੱਚੇ ਕਿਹਾ ਹੈ ਨਾ ਉਹਨੇ। ਤੇਰੇ ਕੱਚੇ ਪੱਕਿਆਂ ਦੇ ਭਾਅ ਵਿਕਣਗੇ। ਬਚਨ ਸਾਡਾ ਵੀ ਨਹੀਂ ਜਾਂਦਾ, ਸੰਗਤ ਦਾ ਵੀ ਨਹੀਂ, ਪਰ ਬਚਨ ਸਿੱਖ ਦਾ ਵੀ ਨਹੀਂ ਜਾਣਾ. ਆਵੇ ਤਾਂ ਤੇਰੇ ਕੱਚੇ ਰਹਿਣਗੇ, ਪਰ ਪੱਕਿਆਂ ਤੋਂ ਵੀ ਵੱਧ ਵਿਕਣਗੇ। ਸੋ ਉਸੇ ਤਰ੍ਹਾਂ ਹੋਇਆ।

ਸੋ ਇਧਰ ਗੁਰੂ ਨੌਵੇਂ ਪਾਤਸ਼ਾਹ ਨੇ ਕਿਹਾ ਕਿ ਪਿਆਰਿਆ! ਤੂੰ ਸਾਡਾ ਸਿੱਖ ਹੈਂ ਅਸੀਂ ਤੈਨੂੰ ਡੁੱਬਦੇ ਨੂੰ ਕੱਢਾਂਗੇ। ਪਰ ਸਿੱਖ ਦਾ ਬਚਨ ਪੂਰਾ ਹੋਏਗਾ। ਅਗਲੇ ਜਾਮੇ 'ਚ ਅਸੀਂ ਤੈਨੂੰ ਕੱਢਾਂਗੇ ਪਰ ਤੂੰ ਰਿੱਛ ਬਣੇਂਗਾ।

ਸੋ ਜਦੋਂ ਇਹ ਬੇਨਤੀ ਕਰੀ ਉਸ ਵੇਲੇ ਕਹਿਣ ਲੱਗਿਆ ਸੱਚੇ ਪਾਤਸ਼ਾਹ! ਹੇ ਗੁਰੂ ਦਸ਼ਮੇਸ਼ ਪਿਤਾ ਆਪ ਦੀ ਕ੍ਰਿਪਾ ਦੇ ਨਾਲ ਮੈਂ ਰਿੱਛ ਜੂਨੀ 'ਚੋਂ ਛੁਟ ਗਿਆ। ਇਹ ਸਮਰੱਥ ਗੁਰੂ ਦੀ ਨਿਸ਼ਾਨੀ ਹੈ।

***ਸਤਿਗੁਰ ਪੁਰਖੁ ਅਗੰਮੁ ਹੈ***
***ਨਿਰਵੈਰ ਨਿਰਾਲਾ।***

ਗੁਰੂ ਨਾਨਕ ਗੁਰੂ ਪ੍ਰਮੇਸ਼ਰ ਨੇ, ਦੁਨੀਆਂ 'ਚ ਤਾਂ ਬੇਅੰਤ ਗੁਰੂ ਨੇ। ਹਿਸਾਬ ਪੜ੍ਹਾਉਣ ਵਾਲੇ, ਇਥੇ ਤਾਂ ਮਾਸਟਰ ਕਹਿਣ ਦਾ ਰਿਵਾਜ ਪੈ ਗਿਆ। ਕਹਿ ਕੇ ਦੇਖੋ ਕੋਈ ਪੰਜਾਬੀ ਦਾ ਅੱਖਰ ਕੋਈ ਹੈ। ਯੂ.ਪੀ. ਦੇ ਵਿਚ ਹੈ, ਸਾਡੇ ਬੱਚਿਆਂ ਨੇ ਕਹਿਣਾ ਕਿ ਸਾਡੇ ਜੀ ਹਿਸਾਬ ਦੇ ਗੁਰੂ ਨੇ ਆ ਕੰਮ ਦਿਤਾ ਹੈ। ਸਾਡੇ ਇੰਗਲਿਸ਼ ਵਾਲੇ ਗੁਰੂ ਜੀ ਨੇ ਆਹ ਗੱਲ ਕਹੀ। ਇਥੇ ਕਹਿੰਦੇ ਹੀ ਗੁਰੂ ਸੀ ਹਰ ਚੀਜ਼ ਨੂੰ। ਸਾਇਕਲ ਸਿੱਖਣਾ ਹੈ ਤਾਂ ਗੁਰੂ ਧਾਰਨ ਕਰੋ, ਮੋਟਰ ਸਿੱਖਣੀ ਹੈ ਤਾਂ ਗੁਰੂ ਧਾਰਨ ਕਰੋ। ਹੁਣ ਕਹਿੰਦੇ ਨੇ ਟੀਚਰ, ਟੀਚਰ ਤਾਂ ਅੰਗਰੇਜ਼ੀ ਦਾ ਅੱਖਰ ਹੈ। ਜਿਹਨੇ ਵਾਜਾ ਸਿਖਾ ਦਿਤਾ ਉਹ ਵਾਜਾ ਸਿਖਾਉਣ ਦਾ ਗੁਰੂ ਹੈ, ਕਿਸੇ ਨੇ ਭਜਨ ਕਰਨ ਲਾ ਦਿਤਾ ਉਹ ਭਜਨ ਕਰਾਉਣ ਦਾ ਗੁਰੂ ਹੈ। ਲੇਕਿਨ ਗੁਰੂ ਪ੍ਰਮੇਸ਼ਰ ਨਾਲੋਂ ਜਿਹੜਾ ਟੁੱਟ ਜਾਂਦਾ ਹੈ ਨਾ, ਗੁਰੂ ਨਾਨਕ ਗੁਰੂ ਪ੍ਰਮੇਸ਼ਰ ਹੈ, ਅੰਦਰ ਵਸਦਾ ਹੈ-

*ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥*
*ਸਿਮਰਿ ਸਿਮਰਿ ਤਿਸੁ ਸਦਾ ਸਮ੍ਾਲੇ ॥ ੧ ॥*

*ਅੰਗ - ੩੯੪*

ਗੁਰੂ ਨਾਨਕ ਦੇ ਨਾਲ ਜੁੜੇ ਹੋਏ ਤਾਂ ਰਹਿ ਸਕਦੇ ਹਾਂ ਜੇ ਗੁਰੂ ਘਰ ਨਾਲ ਜੁੜੇ ਰਹੀਏ। ਨਹੀਂ ਤਾਂ ਗੁਰੂ ਨਾਨਕ ਛੱਡ ਜਾਂਦੇ ਨੇ, ਕਿਉਂਕਿ ਅਸੀਂ ਸਬੰਧ ਹੀ ਤੋੜ ਲਿਆ ਉਹਦੇ ਨਾਲੋਂ। ਨਾ ਸਾਡਾ ਸਾਹਿਬਜ਼ਾਦਿਆਂ ਨਾਲ ਸਬੰਧ, ਨਾ ਗੁਰੂਆਂ ਦੀਆਂ ਕੁਰਬਾਨੀਆਂ ਨਾਲ ਸਬੰਧ। ਕਿਸੇ ਹੋਰ ਹੀ ਵਾੜੇ ਅਸੀਂ ਜਾ ਵੜੇ, ਕਿਸੇ ਹੋਰ ਹੀ ਪਾਸੇ ਚਲੇ ਗਏ। ਗੁਰੂ ਘਰ ਦੇ ਅੰਦਰ ਸਮਰੱਥ ਗੁਰੂ ਹੈ। ਗੁਰੂ ਕਦੇ ਜਾਂਦਾ ਨਹੀਂ, ਗੁਰੂ ਦੀ ਕਦੇ ਮੌਤ ਨਹੀਂ ਹੁੰਦੀ। ਗੁਰੂ ਤਾਂ ਹਮੇਸ਼ਾ ਰਹਿਣ ਵਾਲੀ ਜੋਤ ਹੈ। ਗੁਰੂ ਤਾਂ ਪ੍ਰਮੇਸ਼ਰ ਹੈ, ਬਾਕੀ ਮਨੁੱਖ ਗੁਰੂ ਹੁੰਦੇ ਨੇ। ਸੋ ਗੁਰੂ ਪ੍ਰਮੇਸ਼ਰ ਉਹ ਹੁੰਦਾ ਹੈ ਜਿਹੜਾ ਇਥੇ ਵੀ ਸਹਾਇਤਾ ਕਰੇ, ਦਰਗਾਹ ਵਿਚ ਵੀ ਸਹਾਇਤਾ ਕਰੇ, ਬੇਅੰਤ ਮਿਸਾਲਾਂ ਨੇ। ਸਮਾਂ ਨਾ ਹੋਣ ਕਰਕੇ ਮੈਂ ਹੁਣ ਨਹੀਂ ਦੱਸ ਸਕਦਾ। ਸੋ ਗੁਰੂ ਜਿਹੜਾ ਨਰਕਾਂ 'ਚੋਂ ਧੂਹ ਕੇ ਕੱਢ ਲਏ ਉਹ ਸਮਰੱਥ ਗੁਰੂ ਹੋਇਆ ਕਰਦਾ ਹੈ। ਉਹਦੇ ਬਾਰੇ ਮਹਾਰਾਜ ਐਸਾ ਫੁਰਮਾਨ ਕਰਦੇ ਨੇ -

***ਧਾਰਨਾ - ਸਤਿਗੁਰ ਮੋਇਆ ਦੀ***
***ਸਾਰ ਨਿਭਾਉਂਦੇ ਨੇ,***
***ਦੁਨੀਆਂ ਛੱਡੇ ਜੀਉਂਦਿਆਂ ਨੂੰ।***

*ਨਾਨਕ ਕਚੜਿਆ ਸਿਉ ਤੋੜਿ*
*ਢੂਢਿ ਸਜਣ ਸੰਤ ਪਕਿਆ ॥*
*ਓਇ ਜੀਵੰਦੇ ਵਿਛੁੜਹਿ*
*ਓਇ ਮੁਇਆ ਨ ਜਾਹੀ ਛੋੜਿ ॥*

*ਅੰਗ - ੧੧੦੨*

ਜਿਹੜਾ ਐਸ ਸੰਸਾਰ ਤੋਂ ਜਾਣ ਤੋਂ ਬਾਅਦ ਵੀ ਸਹਾਇਤਾ ਕਰੇ, ਫੁਰਮਾਨ ਆਉਂਦਾ ਹੈ -

*ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ ॥*
*ਓਥੈ ਸਤਿਗੁਰੁ ਬੇਲੀ ਹੋਵੈ*
*ਕਢਿ ਲਏ ਅੰਤੀ ਵਾਰ ॥ ਅੰਗ - ੧੨੮੧*

ਇਕੋ ਹੀ ਬੇਨਤੀ ਹੈ ਕਿ ਪਿਆਰਿਓ! ਗੁਰੂ ਵਾਲੇ ਬਣ ਜਾਓ। ਨਿਗੁਰੇ ਨਾ ਰਹੋ। ਨਿਗੁਰੇ ਰਹਿ ਕੇ ਜਨਮ ਬਰਬਾਦ ਹੁੰਦਾ ਹੈ, ਗੁਰੂ ਵਾਲੇ ਬਣ ਕੇ ਮੰਤ੍ਰ ਲਓ ਪੰਜ ਪਿਆਰਿਆਂ ਤੋਂ। ਓਸ ਨਾਮ ਦੀ ਕਮਾਈ ਕਰੋ, ਕਮਾਈ ਕਰਕੇ ਇਥੇ ਵੀ ਮੁਖ ਉਜਲਾ-

*ਧੰਨਿ ਧੰਨਿ ਕਹੈ ਸਭੁ ਕੋਇ ॥*
*ਮੁਖ ਊਜਲ ਹਰਿ ਦਰਗਹ ਸੋਇ ॥*
*ਇਹੁ ਵਾਪਾਰੁ ਵਿਰਲਾ ਵਾਪਾਰੈ ॥*
*ਨਾਨਕ ਤਾ ਕੈ ਸਦ ਬਲਿਹਾਰੈ ॥*

*ਅੰਗ - ੨੮੩*

ਦਰਗਾਹ ਵਿਚ ਵੀ ਮੁੱਖ ਉਜਲਾ ਹੁੰਦਾ ਹੈ ਤੇ ਲੈਣ ਕੌਣ ਆਉਂਦੇ ਨੇ ਗੁਰੂ ਦੇ ਸਿੱਖ ਆਉਂਦੇ ਨੇ, ਗੁਰੂ ਮਹਾਰਾਜ ਆਪ ਆਉਂਦੇ ਨੇ। ਕਰਨੀ ਕਮਾਈ ਵਾਲੇ ਗੁਰਸਿੱਖ ਨੂੰ ਗੁਰੂ ਮਹਾਰਾਜ ਆਪ ਲੈਣ ਵਾਸਤੇ ਆਉਂਦੇ ਨੇ। ਐਨੀਆਂ ਬੇਅੰਤ ਮਿਸਾਲਾਂ ਨੇ ਇਹਦੀਆਂ। ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੇ ਹੀ ਸਮਾਪਤੀ ਹੈ।

ਅਨੰਦ ਸਾਹਿਬ, ਗੁਰ ਸਤੋਤਰ ,ਅਰਦਾਸ

# ਜਪ੍ਉ ਜਿਨ੍ ਅਰਜੁਨ ਦੇਵ ਗੁਰੂ.....

*ਸਤਿਨਾਮ ਸ੍ਰੀ ਵਾਹਿਗੁਰੂ*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*

*ਧਾਰਨਾ - ਤੁਝ ਬਿਨ ਕਵਨ ਹਮਾਰਾ,*
*ਮੇਰੇ ਪ੍ਰੀਤਮ ਪ੍ਰਾਣ ਆਧਾਰਾ।*

*ਤੁਝ ਬਿਨੁ ਕਵਨੁ ਹਮਾਰਾ ॥*
*ਮੇਰੇ ਪ੍ਰੀਤਮ ਪ੍ਰਾਨ ਅਧਾਰਾ ॥੧॥ ਰਹਾਉ ॥*
*ਅੰਤਰ ਕੀ ਬਿਧਿ ਤੁਮ ਹੀ ਜਾਨੀ*
*ਤੁਮ ਹੀ ਸਜਨ ਸੁਹੇਲੇ ॥*
*ਸਰਬ ਸੁਖਾ ਮੈ ਤੁਝ ਤੇ ਪਾਏ*
*ਮੇਰੇ ਠਾਕੁਰ ਅਗਹ ਅਤੋਲੇ ॥੧॥*
*ਬਰਨਿ ਨ ਸਾਕਉ ਤੁਮਰੇ ਰੰਗਾ*
*ਗੁਣ ਨਿਧਾਨ ਸੁਖਦਾਤੇ ॥*
*ਅਗਮ ਅਗੋਚਰ ਪ੍ਰਭ ਅਬਿਨਾਸੀ*
*ਪੂਰੇ ਗੁਰ ਤੇ ਜਾਤੇ ॥੨॥*
*ਭ੍ਰਮੁ ਭਉ ਕਾਟਿ ਕੀਏ ਨਿਹਕੇਵਲ*
*ਜਬ ਤੇ ਹਉਮੈ ਮਾਰੀ ॥*
*ਜਨਮ ਮਰਣ ਕੋ ਚੂਕੋ ਸਹਸਾ*
*ਸਾਧਸੰਗਤਿ ਦਰਸਾਰੀ ॥੩॥*
*ਚਰਣ ਪਖਾਰਿ ਕਰਉ ਗੁਰ ਸੇਵਾ*
*ਬਾਰਿ ਜਾਉ ਲਖ ਬਰੀਆ ॥*
*ਜਿਹ ਪ੍ਰਸਾਦਿ ਇਹੁ ਭਉਜਲੁ ਤਰਿਆ*
*ਜਨ ਨਾਨਕ ਪ੍ਰਿਅ ਸੰਗਿ ਮਿਰੀਆ ॥*
*ਅੰਗ - ੨੦੨*

*ਧਾਰਨਾ - ਕੋਈ ਕਿਸੇ ਦਾ*
*ਕਿਸੈ ਦਾ ਹੈ ਕੋਈ,*
*ਮੇਰਾ ਤੂੰ ਹੈਂ ਏਕੋ ਮਾਲਕਾ।*

**ਸਗਲ ਦੁਆਰ ਕਉ ਛਾਡਿ ਕੈ**
**ਗਹਿਓ ਤੁਹਾਰੋ ਦੁਆਰ॥**
**ਬਾਂਹਿ ਗਹੇ ਕੀ ਲਾਜ**
**ਅਸ ਗੋਬਿੰਦ ਦਾਸ ਤੁਹਾਰ।। ਦੋਹਰਾ**

ਸਾਧਸੰਗਤ ਜੀ, ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਗੁਰੂ ਮਹਾਰਾਜ ਗੁਰੂ ਅਰਜਨ ਪਾਤਸ਼ਾਹ ਜੀ ਦਾ ਪਾਵਨ ਸ਼ਹੀਦੀ ਦਿਹਾੜਾ ਜੋ ਕਿ ਸਾਰੇ ਸੰਸਾਰ ਭਰ ਵਿਚ ਮਨਾਇਆ ਜਾਏਗਾ। ਉਸ ਦੀ ਯਾਦ ਵਿਚ ਤੁਸੀਂ ਦੂਰ-ਦਰਾਜ਼ ਤੋਂ ਆ ਕੇ, ਕਾਰੋਬਾਰ ਛੱਡਦੇ ਹੋਏ, ਗੁਰੂ ਦੀ ਹਾਜ਼ਰੀ ਭਰ ਰਹੇ ਹੋ। ਚਿੱਤ ਬਿਰਤੀਆਂ ਨੂੰ ਇਕਾਗਰ ਕਰਕੇ ਸਰਵਣ ਕਰਨਾ। ਨੇਤਰਾਂ ਦੇ ਨਾਲ ਗੁਰੂ ਸਰੂਪ ਦਾ ਦਰਸ਼ਨ ਕਰੋ। ਕੰਨਾਂ ਦੇ ਨਾਲ ਪਾਵਨ ਬਾਣੀ ਤੇ ਵਿਚਾਰ ਸਰਵਣ ਕਰੋ, ਬੁੱਧੀ ਦੇ ਨਾਲ ਵਿਚਾਰੋ। ਫੇਰ ਹਿਰਦੇ 'ਚ ਧਾਰੋ। ਜਦੋਂ ਵਾਰੀ ਆਵੇ ਤਾਂ ਬਿਨਾਂ ਸੰਕੋਚ ਗੱਜ ਵਜ ਕੇ ਸਾਰੇ ਸ਼ਬਦ 'ਚ ਬੋਲੋ। ਜਦੋਂ ਅਸੀਂ ਇਸ ਤਰ੍ਹਾਂ ਕਰਾਂਗੇ ਕਿੰਨਾ ਫਲ ਹੋਏਗਾ? ਮਹਾਰਾਜ ਕਹਿੰਦੇ-

*ਕਈ ਕੋਟਿਕ ਜਗ ਫਲਾ*
*ਸੁਣਿ ਗਾਵਨਹਾਰੇ ਰਾਮ ॥ ਅੰਗ - ੫੪੬*

ਹੋ ਸਕਦਾ ਹੈ ਕਿ ਕਿਸੇ ਦੇ ਮਨ ਵਿਚ ਇਹ ਕਿੰਤੂ ਹੋਵੇ ਕਿ ਐਨੀ ਕੁ ਗੱਲ ਦਾ ਐਨਾ ਫਲ? ਸ਼ਾਮਿਆਨੇ ਦੇ ਥੱਲੇ ਬੈਠੇ ਹਾਂ, ਇਕ ਸਾਧੂ ਹੈ ਤਪੀਆ ਪੁਰਸ਼ ਹੈ ਉਹ ਧੁੱਪੇ ਬੈਠਾ ਹੈ, ਜੇਠ ਹਾੜ ਦੀ ਧੁੱਪ ਦੇ ਅੰਦਰ, ਧੂਣੀਆਂ ਉਸਨੇ ਚਾਰ ਆਲੇ-ਦੁਆਲੇ ਲਾਈਆਂ ਹੋਈਆਂ ਨੇ, ਚਾਰੋਂ ਪਾਸਿਆਂ ਦੀ ਹਵਾ ਦੇ। ਲਹੂ ਸੁਕਾ ਰਿਹਾ ਹੈ। ਕੁਛ ਪਾਣੀ ਨਹੀਂ ਪੀ ਰਿਹਾ, ਸਵੇਰ ਦਾ ਬੈਠਾ ਹੈ, ਸ਼ਾਮ ਹੋ ਗਈ, ਮਹੀਨੇ ਲੰਘ ਗਏ। ਕੀ ਉਸ ਤੋਂ ਵੀ ਵੱਧ ਤਪ ਹੋ ਜਾਂਦਾ ਹੈ? ਮਹਾਰਾਜ ਕਹਿੰਦੇ ਉਹ ਤਾਂ ਜਿਵੇਂ ਲੱਖ ਰੁਪਈਏ 'ਚੋਂ ਇਕ ਰੁਪਿਆ ਕਹਿ ਦੇਈਏ ਐਨਾ ਵੀ ਨਹੀਂ ਹੈ। ਇਸ ਤੋਂ ਵੀ ਘੱਟ ਹੈ, ਇਕ ਪੈਸੇ ਜਿੰਨਾ ਹੈ। ਇਹਦਾ ਫਲ ਕਿੰਨਾ ਹੈ? ਕਹਿੰਦੇ -

*ਕਈ ਕੋਟਿਕ ਜਗ ਫਲਾ*
*ਸੁਣਿ ਗਾਵਨਹਾਰੇ ਰਾਮ ॥ ਅੰਗ - ੫੪੬*

ਜਿਹੜੇ ਸੁਣਦੇ ਨੇ ਪੂਰੀ ਵਿਧੀ ਦੇ ਨਾਲ, ਫੇਰ ਗਾਉਂਦੇ ਨੇ, ਕਈ ਕਰੋੜ ਜੱਗਾਂ ਦਾ ਫਲ ਸਹਿਜ ਸੁਭਾਅ ਪ੍ਰਾਪਤ ਹੁੰਦਾ ਹੈ। ਸੋ ਬਹੁਤ ਵੱਡੇ ਫਲ ਨੂੰ ਪ੍ਰਾਪਤ ਕਰਨ ਵਾਸਤੇ ਤੁਸੀਂ ਇਥੇ ਬੈਠੇ ਹੋ। ਜੋ ਵਿਚਾਰ ਹੁੰਦੀ ਹੈ ਧਿਆਨ ਨਾਲ ਸਰਵਣ ਕਰੋ।

ਗੁਰੂ ਅਰਜਨ ਸਾਹਿਬ ਮਹਾਰਾਜ ਜਿਨ੍ਹਾਂ ਦਾ ਨਾਮ ਲੈਣ ਦੇ ਨਾਲ ਹੀ ਜੰਮਣਾ ਮਰਨਾ ਕੱਟ ਜਾਇਆ ਕਰਦਾ ਹੈ, ਜਦੋਂ ਅਸੀਂ ਯਾਦ ਕਰਦੇ ਹਾਂ ਗੁਰੂ ਮਹਾਰਾਜ ਨੂੰ ਉਨ੍ਹਾਂ ਦੀ ਯਾਦ ਵਿਚ ਸਾਡੇ ਮਨ ਦੀ ਸੂਈ ਸਿੱਧੀ ਹੁੰਦੀ ਹੈ ਤਾਂ ਉਸ ਵੇਲੇ ਫਲ ਕਿੰਨਾ ਹੁੰਦਾ ਹੈ? ਗੁਰੂ ਗ੍ਰੰਥ ਸਾਹਿਬ ਮਹਾਰਾਜ ਵਿਚ ਆਉਂਦਾ ਹੈ ਕਿ ਜੰਮਣਾ ਮਰਣਾ ਖਤਮ ਹੋ ਜਾਂਦਾ ਹੈ। ਐਸਾ ਫੁਰਮਾਨ ਕਰਦੇ ਨੇ-

*ਧਾਰਨਾ - ਜਪਿਆ ਜਿਨ ਅਰਜਨ ਦੇਵ ਗੁਰੂ,*
*ਉਹਦਾ ਮਿਟ ਗਿਆ ਆਉਣਾ ਜਾਣਾ।*

ਜਿਸ ਨੇ ਵੀ ਗੁਰੂ ਅਰਜਨ ਸਾਹਿਬ ਜੀ ਦੀ ਯਾਦ ਹਿਰਦੇ 'ਚ ਬਿਠਾਈ ਤੇ ਜਿਸ ਨੇ ਇਹ ਕਹਿ

ਦਿਤਾ ਧੰਨ ਗੁਰੂ ਅਰਜਨ ਸਾਹਿਬ-ਧੰਨ ਗੁਰੂ ਅਰਜਨ ਸਾਹਿਬ ਕਹਿੰਦੇ, ਜਮਦੂਤਾਂ ਦੀ ਬਲ ਦੇ ਨਾਲ ਗਲ ਵਿਚ ਪਾਈ ਹੋਈ ਫਾਹੀ ਕਟ ਜਾਏਗੀ। ਓਸ ਗੁਰੂ ਦੀ ਯਾਦ ਵਿਚ ਜਿਹਨੂੰ ਸ਼ਹੀਦਾਂ ਦਾ ਸਿਰਤਾਜ ਕਹਿੰਦੇ ਨੇ ਅੱਜ ਤੁਸੀਂ ਦੂਰ-ਦਰਾਜ਼ ਤੋਂ ਆ ਕੇ ਇਕੱਠੇ ਹੋਏ ਹੋ। ਸੋ ਆਪਾਂ ਵਿਚਾਰ ਕਰਨੀ ਹੈ ਤੇ ਫੁਰਮਾਨ ਕਰਦੇ ਨੇ ਭੱਟ, ਸਾਰੇ ਭਾਰਤ ਵਰਸ਼ ਵਿਚ ਘੁੰਮਦੇ ਫਿਰਦੇ ਰਹੇ ਤੇ ਉਨ੍ਹਾਂ ਦੇ ਮਨ ਵਿਚ ਇਹ ਸੀ ਕਿ ਕੋਈ ਪੂਰਾ ਜੇ ਮਿਲ ਜਾਵੇ ਤਾਂ ਉਸ ਤੋਂ ਅਸੀਂ ਜੀਵਨ ਦੇ ਮਨੋਰਥ ਦਾ ਪਤਾ ਕਰੀਏ ਤੇ ਪਰਮ ਮਨੋਰਥ ਨੂੰ ਪ੍ਰਾਪਤ ਕਰੀਏ। ਉਹ ਬਹੁਤ ਘੁੰਮਦੇ ਰਹੇ ਲੇਕਿਨ ਕਿਤੇ ਨਾ ਮਿਲਿਆ। ਇਕ ਸਾਲ ਹੋ ਗਿਆ ਫਿਰਦਿਆ ਨੂੰ, ਲੇਕਿਨ ਕੋਈ ਮਿਲਿਆ ਨਾ ਐਸਾ ਜਿਹੜਾ ਤਸੱਲੀ ਕਰ ਸਕਦਾ ਹੋਵੇ। ਜਿਹੜਾ ਅੰਦਰਲੀ ਜੋਤੀ ਜਗਾ ਸਕਦਾ ਹੋਵੇ। ਜਿਹੜਾ ਅੰਦਰਲੇ-

*ਘਰ ਮਹਿ ਘਰੁ ਦੇਖਾਇ ਦੇਇ*
*ਸੋ ਸਤਿਗੁਰੁ ਪੁਰਖੁ ਸੁਜਾਣੁ ॥*
*ਪੰਚ ਸਬਦ ਧੁਨਿਕਾਰ ਧੁਨਿ*
*ਤਹ ਬਾਜੈ ਸਬਦੁ ਨੀਸਾਣੁ ॥ ਅੰਗ - ੧੨੯੧*

ਇਸ ਥਾਂ ਦੇ ਉਤੇ ਪਹੁੰਚਾ ਦਿੰਦਾ। ਜਿਥੇ ਪੰਜੇ ਸ਼ਬਦਾਂ ਦਾ ਵਾਜਾ ਦਿਨ ਰਾਤ ਵਜਦਾ ਹੈ। ਜਿਥੇ ਕਰੋੜਾਂ ਸੂਰਜਾਂ ਦਾ ਪ੍ਰਕਾਸ਼ ਹਰ ਵਕਤ ਲਟ-ਲਟ ਕਰਦਾ ਹੈ, ਕੋਈ ਮਿਲਿਆ ਨਾ, ਵੱਡੇ-ਵੱਡੇ ਦੇਖੇ। ਕਹਿੰਦੇ ਕਹਾਉਂਦੇ ਦੇਖੇ, ਲੇਕਿਨ ਰਹਿਤ ਨਾ ਦੇਖੀ। ਪਰ ਹੁਣ ਕਹਿੰਦੇ, ਸਾਡੇ ਮੱਥੇ ਦੇ ਉਤੇ ਕੋਈ ਐਸਾ ਸ਼ੁੱਭ ਕਰਮ ਪ੍ਰਗਟ ਹੋ ਗਿਆ ਕਿ ਅਸੀਂ ਗੁਰੂ ਅਰਜਨ ਪਾਤਸ਼ਾਹ ਦੇ ਦਰਬਾਰ ਵਿਚ ਆ ਗਏ। ਜਿਨ੍ਹਾਂ ਚਿਰ ਨਹੀਂ ਪ੍ਰਗਟਿਆ ਸੀ ਓਨਾਂ ਚਿਰ ਅਸੀਂ ਭਰਮਦੇ ਫਿਰਦੇ ਸੀ -

*ਜਬ ਲਉ ਨਹੀ ਭਾਗ ਲਿਲਾਰ ਉਦੈ*
*ਤਬ ਲਉ ਭ੍ਰਮਤੇ ਫਿਰਤੇ ਬਹੁ ਧਾਯਉ ॥*
*ਕਲਿ ਘੋਰ ਸਮੁਦ੍ਰ ਮੈ ਬੂਡਤ ਥੇ*
*ਕਬਹੂ ਮਿਟਿ ਹੈ ਨਹੀ ਰੇ ਪਛੁਤਾਯਉ ॥*
*ਅੰਗ - ੧੪੦੯*

ਕੋਈ ਨਹੀਂ ਸੀ ਮਿਲਿਆ।

*ਤਤੁ ਬਿਚਾਰੁ ਯਹੈ ਮਥੁਰਾ*
*ਜਗ ਤਾਰਨ ਕਉ ਅਵਤਾਰੁ ਬਨਾਯਉ ॥*
*ਜਪ੍ਯਉ ਜਿਨ੍ ਅਰਜੁਨ ਦੇਵ ਗੁਰੂ*
*ਫਿਰਿ ਸੰਕਟ ਜੋਨਿ ਗਰਭ ਨ ਆਯਉ ॥*
*ਅੰਗ - ੧੪੦੯*

ਜਿਹਨੇ ਉਨ੍ਹਾਂ ਦਾ ਧਿਆਨ ਧਰ ਲਿਆ ਫੇਰ ਨਾ ਉਹਦੇ ਉਤੇ ਕੋਈ ਦੁੱਖ ਆਵੇ, ਨਾ ਜੂਨੀਆਂ 'ਚ ਆਵੇ। ਜੰਮਣ ਮਰਣਾ ਭੂਤ ਪ੍ਰੇਤ ਨਹੀਂ ਬਣਦਾ।

ਗੁਰੂ ਅਰਜਨ ਪਾਤਸ਼ਾਹ, ਆਪ ਗੁਰੂ ਰਾਮਦਾਸ ਪਾਤਸ਼ਾਹ ਜੀ ਦੇ ਸਭ ਤੋਂ ਛੋਟੇ ਸਪੁੱਤਰ ਸਨ। ਇਸੇ ਪਰਿਵਾਰ ਦੇ ਜੋ ਸਭ ਤੋਂ ਵੱਡੇ ਸੀ ਪ੍ਰਿਥੀ ਚੰਦ ਉਹ ਦੁਨਿਆਵੀ ਤੌਰ ਦੇ ਉਤੇ ਬਹੁਤ ਹੁਸ਼ਿਆਰ ਸੀ। ਕਾਰੋਬਾਰ ਦੇ ਹਿਸਾਬ ਨਾਲ ਨਵਾਂ ਅੰਮ੍ਰਿਤਸਰ ਸਾਹਿਬ ਦਾ ਸ਼ਹਿਰ ਵਸਾਇਆ ਸੀ। 52 ਕਿਸਮਾਂ ਵਾਲੇ ਬੰਦੇ ਉਥੇ ਲਿਆ ਕੇ ਵਸਾਏ, ਜਦੋਂ ਸ਼ਹਿਰ ਵਸਦਾ ਹੈ ਉਸ ਵੇਲੇ ਬਹੁਤ ਜ਼ਿੰਮੇਵਾਰੀ ਵਧ ਜਾਂਦੀ ਹੈ, ਵਸਾਉਣ ਵਾਲੇ ਦੀ। ਉਨ੍ਹਾਂ ਲਈ ਪਾਣੀ ਦਾ ਬੰਦੋਬਸਤ, ਉਨ੍ਹਾਂ ਦੀ ਸਿਹਤ ਦਾ ਬੰਦੋਬਸਤ, ਸਫਾਈ ਦਾ ਬੰਦੋਬਸਤ, ਖਾਣ ਪੀਣ ਦਾ ਬੰਦੋਬਸਤ, ਦੁਕਾਨਾਂ ਦਾ ਬੰਦੋਬਸਤ, ਲੋੜਵੰਦ ਬੰਦੋਬਸਤ, ਦੁੱਧ ਦਾ ਬੰਦੋਬਸਤ, ਦੁੱਧ ਦਾ, ਦਹੀਂ ਦਾ, ਘਿਉ ਦਾ। ਮੰਡੀ ਬਣਾਉਣੀ ਪੈਂਦੀ ਹੈ, ਸਾਰਾ ਢਾਂਚਾ ਬਣਾਉਣਾ ਪੈਂਦਾ ਹੈ। ਸੋ ਉਹਦੇ ਵਿਚ ਬੜਾ ਹੀ ਨਿਪੁੰਨ ਸੀ ਪ੍ਰਿਥੀ ਚੰਦ। ਕਮੇਟੀ ਕੋਈ ਨਹੀਂ ਸੀ ਬਣਾਈ ਹੋਈ ਜਿਵੇਂ ਮਿਉਂਸਪਲ ਹੁੰਦੀ ਹੈ ਅੱਜਕਲ੍ਹ। ਉਹ ਆਪ ਹੀ ਟੈਕਸ ਲਾਉਂਦਾ ਸੀ, ਆਪ ਹੀ ਸਭ ਕੰਮ ਕਰਦਾ ਸੀ। ਜਨਤਾ ਵੀ ਰਾਜ਼ੀ ਸੀ, ਗੁਰੂ ਕੇ ਲੰਗਰ ਵੀ ਚਲਦੇ ਸੀ। ਇਹਦੇ ਮਨ ਵਿਚ ਖਿਆਲ ਰਹਿੰਦਾ ਸੀ ਕਿ ਗੁਰਗੱਦੀ ਮੈਨੂੰ ਮਿਲ ਜਾਵੇ ਕਿਉਂਕਿ ਮੈਂ ਵੱਡਾ ਹਾਂ, ਮੇਰਾ ਹੱਕ ਹੈ। ਇਹ ਕਿਸੇ ਹੋਰ ਨੂੰ ਨਾ ਦੇ ਦੇਣ, ਪਰ ਗੁਰੂ ਰਾਮਦਾਸ ਮਹਾਰਾਜ ਜੀ ਇਹਦੀ ਅੰਦਰਲੀ ਗੱਲ ਨੂੰ ਜਾਣਦੇ ਸੀ ਤੇ ਉਨ੍ਹਾਂ ਨੂੰ ਇਹ ਪਤਾ ਸੀ ਕਿ ਸੰਸਾਰ ਦਾ ਬੋਝ ਨਹੀਂ ਇਹ ਚੁੱਕ ਸਕਦਾ। ਇਹ ਬੰਦਾ ਕਮਜ਼ੋਰ ਹੈ ਇਹ ਹਿਤ ਦੇ ਪਿੱਛੇ ਲੱਗਿਆ ਹੋਇਆ ਹੈ। ਲਾਲਚ ਪਿੱਛੇ ਲੱਗਿਆ ਹੋਇਆ ਹੈ, ਮਾਇਆ ਪਿੱਛੇ ਲੱਗਿਆ ਹੋਇਆ ਹੈ। ਜਿਹੜਾ ਵੀ ਆਦਮੀ ਮਾਇਆ ਦੇ ਪਿੱਛੇ ਲੱਗੇਗਾ ਉਹ ਕਮਜ਼ੋਰ ਹੋਏਗਾ। ਉਹ ਸੱਚ ਨਹੀਂ ਬੋਲ ਸਕਦਾ ਕਦੇ ਵੀ। ਸੱਚ ਨੂੰ ਸਾਮ੍ਹਣੇ ਸਹਿ ਨਹੀਂ ਸਕਦਾ। ਓਸ ਨੂੰ ਝੂਠ ਦੀ ਓਟ ਲੈਣੀ ਪੈਂਦੀ ਹੈ। ਸੱਚ ਵਾਹਿਗੁਰੂ ਹੈ, ਜਿਹਦਾ ਵਾਹਿਗੁਰੂ ਦੇ ਉਤੇ ਭਰੋਸਾ ਹੈ ਉਹ ਫੇਰ ਓਸ ਭਰੋਸੇ ਨੂੰ ਛੱਡ ਕੇ ਹੋਰ ਕਿਸੇ ਦੇ ਭਰੋਸੇ ਤੇ ਨਹੀਂ ਜਾ ਸਕਦਾ।

ਸੋ ਰਾਮਦਾਸ ਮਹਾਰਾਜ ਜੀ ਨੇ ਏਸ ਗੱਲ ਨੂੰ ਪਰਖਣ ਵਾਸਤੇ ਥੋੜ੍ਹਾ ਬਚਨ ਕੀਤਾ ਕਿ ਉਨ੍ਹਾਂ ਦੇ ਭਰਾ ਦੇ ਲੜਕੇ ਦੀ ਸ਼ਾਦੀ ਸੀ। ਕਹਿਣ ਲੱਗੇ, ਪ੍ਰਿਥੀ ਚੰਦ ਤੂੰ ਚਲਿਆ ਜਾ, ਕਹਿੰਦਾ ਮਹਾਰਾਜ! ਮੈਂ ਕਿਸ ਤਰ੍ਹਾਂ ਜਾ ਸਕਦਾ ਹਾਂ। ਐਥੇ ਦੇਖੋ ਕਿੰਨੀਆਂ ਸੰਗਤਾਂ ਆਉਂਦੀਆਂ ਨੇ, ਕਿੱਡਾ ਭਾਰਾ ਲੰਗਰ ਚਲਦਾ ਹੈ। ਤੁਸੀਂ ਤਾਂ ਚਲੇ ਜਾਂਦੇ ਓਂ, ਮੈਨੂੰ ਹੀ ਪਤਾ ਹੈ ਕਿ ਕਿੰਨੀਆਂ ਚੀਜ਼ਾਂ ਲਿਆਉਣੀਆਂ ਪੈਂਦੀਆਂ ਨੇ। ਅੰਦਰ ਖਿਆਲ ਇਹ ਸੀ ਕਿ ਕਿਤੇ ਮੈਨੂੰ ਬਾਹਰ ਭੇਜ ਕੇ ਐਸਾ ਨਾ ਹੋਵੇ ਗੁਰੂ ਅਰਜਨ ਪਾਤਸ਼ਾਹ ਨੂੰ ਗੁਰਿਆਈ ਦੇ ਦੇਣ। ਦੂਸਰਾ ਉਹਨੂੰ ਇਹ ਪਤਾ ਸੀ ਕਿ ਮਹਾਰਾਜ ਜੀ ਦੀ ਉਮਰ ਤਾਂ ਹੁਣ ਇਕ

ਸਾਲ, ਇਕ ਮਹੀਨਾ ਜਾਂ ਡੇਢ ਮਹੀਨੇ ਦੀ ਰਹਿੰਦੀ ਹੈ ਤੇ ਮੈਨੂੰ ਬਾਹਰ ਭੇਜਣਾ ਚਾਹੁੰਦੇ ਨੇ। ਸੋ ਗਿਆ ਨਾ। ਗੁਰੂ ਅਰਜਨ ਪਾਤਸ਼ਾਹ ਜੀ ਛੋਟੇ ਸੀ ਅਠਾਰ੍ਹਾਂ ਸਾਲ ਦੇ। ਆਪ ਨੂੰ ਹੁਕਮ ਕੀਤਾ, ਆਪ ਗੁਰੂ ਰਾਮਦਾਸ ਮਹਾਰਾਜ ਜੀ ਦੇ ਦਰਸ਼ਨ ਕਰੇ ਤੋਂ ਬਗੈਰ ਜੀਉਂਦੇ ਨਹੀਂ ਸੀ ਰਹਿੰਦੇ। ਹਰ ਵਕਤ ਇਕ ਟੱਕ ਲਾ ਕੇ ਦਰਸ਼ਨ ਕਰਦੇ ਰਹਿੰਦੇ ਸੀ ਤੇ ਜੋ ਆਗਿਆ ਹੁੰਦੀ ਉਸਦੀ ਪੂਰਤੀ ਕਰਦੇ ਸੀ। ਸੋ ਇਸ ਤਰ੍ਹਾਂ ਦੇ ਨਾਲ ਗੁਰੂ ਰਾਮਦਾਸ ਮਹਾਰਾਜ ਜੀ ਨੇ ਕਿਹਾ ਬੇਟਾ ਅਰਜਨ! ਤੂੰ ਹੀ ਜਾ ਆ। ਨੇਤਰਾਂ 'ਚ ਜਲ ਆ ਗਿਆ, ਕਹਿੰਦੇ ਪਾਤਸ਼ਾਹ! ਜੋ ਆਪ ਦੀ ਆਗਿਆ। ਪਰ ਆਪ ਦੇ ਦਰਸ਼ਨ ਤੋਂ ਬਗੈਰ ਮੇਰਾ ਜੀਉਣਾ ਔਖਾ ਹੈ।

*ਜਿਉ ਮਛੁਲੀ ਬਿਨੁ ਪਾਣੀਐ*
*ਕਿਉ ਜੀਵਣੁ ਪਾਵੈ ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ*
*ਬੰਧਾਵੈ॥ ਤਿਉ ਸੰਤ ਜਨਾ ਹਰਿ ਪ੍ਰੀਤਿ ਹੈ*
*ਦੇਖਿ ਦਰਸੁ ਅਘਾਵੈ ॥ ਅੰਗ - ੭੦੮*

ਪਾਤਸ਼ਾਹ ਜਿਵੇਂ ਮੱਛੀ ਪਾਣੀ ਤੋਂ ਬਿਨਾਂ ਨਹੀਂ ਰਹਿ ਸਕਦੀ ਮੈਨੂੰ ਵੀ ਔਖਾ ਹੋ ਜਾਏਗਾ ਪਰ ਆਪ ਦੀ ਜੋ ਆਗਿਆ ਸਿਰ ਮੱਥੇ। ਕਹਿਣ ਲੱਗੇ ਕਿ ਦੂਸਰੀ ਆਗਿਆ ਇਹ ਹੈ ਕਿ ਉਥੇ ਸਤਿਸੰਗ ਕਰਨੇ ਨੇ। ਸੰਗਤ ਨੂੰ ਸੱਚ ਦੇ ਰਸਤੇ ਤੋਰਨਾ ਹੈ। ਤੀਸਰਾ ਇਹ ਹੈ ਕਿ ਜਦੋਂ ਤੱਕ ਅਸੀਂ ਬੁਲਾਈਏ ਨਾ ਤਦ ਤਕ ਵਾਪਸ ਨਹੀਂ ਆਉਣਾ। ਸੋ ਹੁਕਮ ਦੀ ਤਾਮੀਲ ਹੋਈ, ਹਰ ਰੋਜ਼ ਉਡੀਕਦੇ ਰਹੇ ਕਿ ਅੱਜ ਸੰਦੇਸ਼ਾ ਆਉਂਦਾ ਹੈ, ਅੱਜ ਆਉਂਦਾ ਹੈ, ਇਕ ਸਾਲ ਲੰਘ ਗਿਆ, ਜੋ ਬਿਰਹਾ ਦੀ ਹਾਲਤ ਉਨ੍ਹਾਂ ਦੀ ਹੋਈ ਹੋਣੀ ਹੈ, ਉਹਨੂੰ ਮਹਾਰਾਜ ਜੀ ਹੀ ਜਾਣਦੇ ਨੇ ਅਸੀਂ ਤਾਂ ਦੱਸ ਨਹੀਂ ਸਕਦੇ ਕਿਉਂਕਿ ਦੂਸਰਾ ਦੱਸਣ ਦੀ ਸਮਰੱਥਾ ਨਹੀਂ ਰੱਖਿਆ ਕਰਦਾ, ਐਸਾ ਫੁਰਮਾਨ ਹੈ -

*ਧਾਰਨਾ - ਜਿਸ ਤਨ ਲੱਗੀਆਂ ਸੋਈ ਤਨ*
*ਜਾਣੇ, ਕਿਸੇ ਦੀ ਲੱਗੀ ਕੌਣ ਜਾਣਦੈ।*

*ਲਾਗੀ ਹੋਇ ਸੁ ਜਾਨੈ ਪੀਰ ॥*
*ਰਾਮ ਭਗਤਿ ਅਨੀਆਲੇ ਤੀਰ ॥ ਅੰਗ - ੩੨੭*

ਮੱਛੀ ਪਾਣੀ ਤੋਂ ਬਗੈਰ ਜੀਉਂਦੀ ਨਹੀਂ ਰਹਿੰਦੀ, ਸਾਨੂੰ ਵੀ ਨਹੀਂ ਇਸ ਗੱਲ ਦਾ ਪਤਾ ਕਿ ਇਹਦੀ ਜਾਨ ਕਿਵੇਂ ਨਿਕਲ ਜਾਂਦੀ ਹੈ। ਇਹ ਮੱਛੀ ਹੀ ਜਾਣਦੀ ਹੈ। ਸੋ ਇਸ ਤਰ੍ਹਾਂ ਕਿਵੇਂ ਵਿਜੋਗ ਵਿਚ ਇਕ ਸਾਲ ਕੱਟਿਆ। ਅਖੀਰ ਚਿੱਠੀਆਂ ਲਿਖਣੀਆਂ ਸ਼ੁਰੂ ਕਰੀਆਂ। ਗੁਰਸਿੱਖ ਨੂੰ ਬੁਲਾਇਆ, ਅੱਧੀ ਰਾਤ ਚਿੱਠੀ ਲਿਖੀ, ਅੰਮ੍ਰਿਤ ਵੇਲਾ ਹੋਇਆ ਗੁਰਸਿੱਖ ਨੂੰ ਬੁਲਾਇਆ ਕਿ ਜਾ ਕੇ ਚਿੱਠੀ ਗੁਰੂ ਪਾਤਸ਼ਾਹ ਨੂੰ ਦੇਣਾ ਤੇ ਜੋ ਹੁਕਮ ਹੋਵੇ ਉਹ ਦੱਸਣਾ ਆ ਕੇ, ਆਪਣੇ ਪਿਆਰ ਦੇ ਨਕਸ਼ੇ ਦੀ ਪਹਿਲੀ ਚਿੱਠੀ ਇਸ ਤਰ੍ਹਾਂ ਦੇ ਨਾਲ ਲਿਖੀ-

*ਧਾਰਨਾ - ਗੁਰਾਂ ਦੇ ਦਰਸ਼ਨ ਤਾਈਂ*
*ਮੇਰਾ ਮਨ ਲੋਚਦੈ।*
*ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥*
*ਬਿਲਪ ਕਰੇ ਚਾਤ੍ਰਿਕ ਕੀ ਨਿਆਈ॥*
*ਤ੍ਰਿਖਾ ਨ ਉਤਰੈ ਸਾਂਤਿ ਨ ਆਵੈ*
*ਬਿਨੁ ਦਰਸਨ ਸੰਤ ਪਿਆਰੇ ਜੀਉ॥*
*ਹਉ ਘੋਲੀ ਜੀਉ ਘੋਲਿ ਘੁਮਾਈ*
*ਗੁਰ ਦਰਸਨ ਸੰਤ ਪਿਆਰੇ ਜੀਉ॥*

**ਸ਼ਬਦ ਹਜ਼ਾਰੇ**

ਇਕ ਨੰਬਰ ਦੇ ਕੇ ਚਿੱਠੀ ਬੰਦ ਕਰ ਦਿਤੀ। ਲੇਕਿਨ ਚਿੱਠੀ ਸਤਿਗੁਰੂ ਤੱਕ ਪ੍ਰਿਥੀ ਚੰਦ ਨੇ ਪਹੁੰਚਣ ਨਹੀਂ ਦਿਤੀ। ਝੂਠ ਮੂਠ ਕਹਿ ਕੇ ਸਿੱਖ ਨੂੰ ਮੋੜ ਦਿਤਾ ਕਿ ਅਰਜਨ ਜੀ ਨੂੰ ਕਹਿ ਦੇਣਾ ਕਿ ਪਿਆਰ ਦੇ ਨਾਲ ਸੰਗਤਾਂ ਦੀ ਸੇਵਾ ਕਰਨ, ਚਿੱਠੀ ਮਿਲ ਗਈ ਤੁਹਾਡੀ। ਦੂਸਰੀ ਭੇਜੀ, ਉਹ ਵੀ ਏਵੇਂ ਰੱਖ ਲਈ। ਲੇਕਿਨ ਤੀਸਰੀ ਚਿੱਠੀ ਬਾਰੇ ਤਾਕੀਦ ਕਰ ਦਿਤੀ ਕਿ ਗੁਰਸਿੱਖਾ! ਆਪਣੇ ਹੱਥ ਨਾਲ ਦਿੰਦਾ ਹੁੰਦਾ ਹੈਂ, ਗੁਰੂ ਪਿਤਾ ਜੀ ਨੂੰ? ਕਹਿੰਦੇ, ਨਹੀਂ ਵੱਡੇ ਭਰਾਤਾ ਜੀ ਲੈ ਲੈਂਦੇ ਨੇ ਤੁਹਾਡੇ। ਕਹਿੰਦੇ, ਨਾ ਹੁਣ ਆਪ ਦੇਈਂ। ਜਦੋਂ ਮਹਾਰਾਜ ਜੀ ਨੇ ਤਿੰਨ ਨੰਬਰ ਲਿਖਿਆ ਹੋਇਆ ਪੜ੍ਹਿਆ, ਬਿਰਹੁੰ ਦੀ ਹਾਲਤ ਨੂੰ ਵਾਚਿਆ -

*ਇਕ ਘੜੀ ਨ ਮਿਲਤੇ*
*ਤਾ ਕਲਿਜੁਗੁ ਹੋਤਾ॥*
*ਹੁਣਿ ਕਦਿ ਮਿਲੀਐ*
*ਪ੍ਰਿਅ ਤੁਧੁ ਭਗਵੰਤਾ॥*
*ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ*
*ਬਿਨੁ ਦੇਖੇ ਗੁਰ ਦਰਬਾਰੇ ਜੀਉ॥*
*ਹਉ ਘੋਲੀ ਜੀਉ ਘੋਲਿ ਘੁਮਾਈ*
*ਤਿਸ ਸਚੇ ਗੁਰ ਦਰਬਾਰੇ ਜੀਉ॥*

**ਸ਼ਬਦ ਹਜ਼ਾਰੇ**

ਮਹਾਰਾਜ ਜੀ ਨੇ ਦੇਖਿਆ ਕਿ ਦੋ ਚਿੱਠੀਆਂ ਪਹਿਲਾਂ ਆਈਆਂ ਨੇ। ਪੁਛਿਆ ਕਿ ਗੁਰਸਿਖਾ! ਚਿੱਠੀਆਂ ਪਹਿਲੀਆਂ ਕਿੱਥੇ ਨੇ? ਕਹਿਣ ਲੱਗਿਆ, ਮਹਾਰਾਜ! ਮੈਂ ਇਨ੍ਹਾਂ ਨੂੰ ਦੇ ਦਿਤੀਆਂ। ਹੁਕਮ ਹੋ ਗਿਆ ਕਿ ਜਾਓ ਜਲਦੀ ਲੈ ਕੇ ਆਓ। ਲਾਹੌਰ ਜਾਓ, ਬਾਬਾ ਬੁੱਢਾ ਜੀ ਨੂੰ ਹੁਕਮ ਦਿਤਾ ਕਿ ਫੌਰਨ ਜਾ ਕੇ ਲੈ ਆਓ। ਉਡੀਕਦੇ ਸਨ, ਗੁਰੂ ਮਹਾਰਾਜ ਦੇ ਚਰਨਾਂ 'ਚ ਹਾਜ਼ਰ ਹੋ ਗਏ। ਪਤਾ ਲੱਗਿਆ ਕਿ ਚਿੱਠੀਆਂ ਲਿਖੀਆਂ ਸਨ, ਪ੍ਰਿਥੀ ਚੰਦ ਨੇ ਰੱਖ ਲਈਆਂ। ਪ੍ਰਿਥੀ ਚੰਦ ਨੂੰ ਬੁਲਾਇਆ ਤੇ ਪੁਛਿਆ ਕਿ ਬੇਟਾ ਪ੍ਰਿਥੀਚੰਦ! ਆਹ

ਦੋ ਨੰਬਰ ਦੀਆਂ ਚਿੱਠੀਆਂ ਤੁਹਾਡੇ ਕੋਲ ਆਈਆਂ ਨੇ? ਹੁਣ ਪਤਾ ਨਹੀਂ ਹੁੰਦਾ ਕਿ ਝੂਠ ਨਹੀਂ ਬੋਲੀਦਾ ਹੁੰਦਾ। ਕਿਉਂਕਿ ਜਿਥੇ ਝੂਠ ਹੋਏਗਾ, ਉਥੇ ਪਾਪ ਹੋਇਆ ਕਰਦਾ, ਉਥੇ ਵਾਹਿਗੁਰੂ ਨਹੀਂ ਹੋਇਆ ਕਰਦਾ। ਝੂਠ ਆਇਆ ਤੇ ਵਾਹਿਗੁਰੂ ਅਤੇ ਨਾਮ ਦੋਵੇਂ ਚਲੇ ਗਏ ਕਿਉਂਕਿ ਇਹ ਹਉਮੈ ਦੀ ਚੀਜ਼ ਹੈ, ਨਾਮ ਵਾਹਿਗੁਰੂ।

***ਹਉਮੈ ਨਾਵੈ ਨਾਲਿ ਵਿਰੋਧੁ ਹੈ***
***ਦੁਇ ਨ ਵਸਹਿ ਇਕ ਠਾਇ ॥ ਅੰਗ - ੫੬੦***

ਇਕ ਨੇ ਰਹਿਣਾ ਹੈ ਚਾਹੇ ਝੂਠ ਰੱਖ ਲਓ, ਚਾਹੇ ਸੱਚ ਰਖ ਲਓ। ਹੈਰਾਨ ਹੋ ਗਏ ਮਹਾਰਾਜ ਕਿ ਕਾਹਦੇ ਵਾਸਤੇ? ਕਿਉਂ ਛੁਪਾਉਂਦਾ ਹੈ? ਅਖੀਰ ਕਹਿਣ ਲੱਗੇ ਕਿ ਚਿੱਠੀਆਂ ਕੱਢ ਲਿਆਓ। ਜੇਬ 'ਚੋਂ ਕਢਾ ਲਈਆਂ। ਕਹਿੰਦਾ, ਇਹ ਤਾਂ ਮੈਂ ਆਪ ਹੀ ਲਿਖੀਆਂ ਸੀਗੀਆਂ। ਮੇਰੀਆਂ ਲਿਖੀਆਂ ਹੋਈਆਂ ਨੇ। ਕਹਿੰਦੇ ਜੇ ਤੇਰੀਆਂ ਲਿਖੀਆਂ ਹੋਈਆਂ ਨੇ ਫੇਰ ਚੌਥਾ ਅੰਕ ਪੂਰਾ ਕਰ। ਹੁਣ ਆਵੇ ਕਿੱਥੋਂ ਬਾਣੀ? ਕਰ ਨਾ ਸਕਿਆ, ਜਦੋਂ ਮਹਾਰਾਜ ਜੀ ਨੂੰ ਕਿਹਾ ਗਿਆ ਤਾਂ ਉਨ੍ਹਾਂ ਨੇ ਉਸੇ ਵੇਲੇ -

'ਭਾਗੁ ਹੋਆ ਗੁਰ ਸੰਤ ਮਿਲਾਇਆ' ਵਾਲੀ ਪਉੜੀ ਲਿਖ ਦਿਤੀ। ਅਖੀਰ ਗੁਰਗੱਦੀ ਦੇਣ ਦਾ ਨਿਹਚਾ ਕਰ ਲਿਆ, ਉਸ ਨੂੰ ਵੀ ਪਤਾ ਲੱਗ ਗਿਆ। ਝਗੜਾ ਪਾ ਲਿਆ, ਕਹਿੰਦਾ ਪਿਤਾ ਜੀ ਜ਼ੋਰ ਲਾ ਲਵੇ ਅਰਜਨ, ਮੈਂ ਇਹਨੂੰ ਸੁਖੀ ਨਹੀਂ ਰਹਿਣ ਦੇਣਾ। ਸੂਲੀ ਤੇ ਟੰਗ ਕੇ ਰੱਖਾਂਗਾ, ਗੁਰਿਆਈ ਕੀ ਕਰ ਲਏਗੀ, ਮੈਂ ਵਿਹਲ ਹੀ ਨਹੀਂ ਲੈਣ ਦੇਣਾ। ਮੇਰੀ ਤਾਕਤ ਦਾ ਤੁਹਾਨੂੰ ਵੀ ਪਤਾ ਹੈ, ਇਹ ਅਣਜਾਨ ਬੱਚਾ ਹੈ ਇਹਨੂੰ ਕੀ ਪਤਾ ਹੈ। ਕਿੰਨੀਆਂ ਜ਼ਿੰਮੇਵਾਰੀਆਂ ਨੇ ਤੇ ਕਿਵੇਂ ਰਹੀਦਾ ਹੈ। ਸੋ ਮਹਾਰਾਜ ਨੇ ਦੇਖ ਲਿਆ ਕਿ ਇਹ ਤਾਂ ਬਹੁਤ ਗਲਤ ਬੰਦਾ ਸਾਬਤ ਹੋਇਆ ਹੈ ਤੇ ਆਪ ਨੇ ਫੁਰਮਾਨ ਕੀਤਾ ਕਿ ਬੇਟਾ ਪਿਤਾ ਦੇ ਨਾਲ ਨਹੀਂ ਝਗੜੀਦਾ ਹੁੰਦਾ। ਜਿਨ੍ਹਾਂ ਦੇ ਤੁਸੀਂ ਪੈਦਾ ਕੀਤੇ ਹੋਏ, ਪਾਲੇ ਹੋਏ ਹੋ, ਉਨ੍ਹਾਂ ਨਾਲ ਝਗੜਦਿਆਂ ਪਾਪ ਹੋਇਆ ਕਰਦਾ ਹੈ। ਮੰਨੀ ਨਹੀਂ ਗੱਲ। ਗੁਰੂ ਮਹਾਰਾਜ ਅੰਮ੍ਰਿਤਸਰ ਤੋਂ ਗੋਇੰਦਵਾਲ ਸਾਹਿਬ ਚਲੇ ਗਏ। ਉਥੇ ਜਾ ਕੇ ਗੁਰਿਆਈ ਦੇ ਦਿਤੀ ਤੇ ਆਪ ਸਰੀਰ ਛੱਡ ਦਿਤਾ। ਜਦੋਂ ਦਸਤਾਰ ਵਾਲਾ ਦਿਨ ਆਇਆ, ਉਸ ਵੇਲੇ ਉਸ ਨੇ ਸਾਰਿਆਂ ਆਪਣੀ ਪਾਰਟੀ ਦੇ ਮਸੰਦਾਂ ਨੂੰ ਕਿਹਾ ਕਿ ਮੈਂ ਵੱਡਾ ਲੜਕਾ ਹਾਂ। ਮੈਨੂੰ ਦਸਤਾਰ ਦਿਓ। ਜਦੋਂ ਮੈਨੂੰ ਦਸਤਾਰ ਮਿਲ ਗਈ ਤਾਂ ਮੈਂ ਗੁਰੂ ਬਣਾਂਗਾ। ਲੇਕਿਨ ਇਹ ਗੱਲ ਗੁਰਸਿੱਖਾਂ ਨੇ ਨਾ ਮੰਨੀ, ਇਹਨੇ ਜਬਰਦਸਤੀ ਜਦੋਂ ਸਾਰੇ ਭੋਗ ਪੈ ਰਿਹਾ ਸੀ, ਜਬਰਦਸਤੀ ਹੱਥੋਪਾਈ ਕਰਕੇ ਦਸਤਾਰ ਖੋਹ ਲਈ ਬਾਬਾ ਬੁੱਢਾ ਜੀ ਤੋਂ। ਉਹ ਕਹਿੰਦੇ, ਇਹਦੇ ਨਾਲ ਤਾਂ ਕੁਛ ਨਹੀਂ ਬਣਨਾ, ਦਸਤਾਰ ਤਾਂ ਮਿਲ ਗਈ ਜਿਹੜੀ ਮਿਲਣੀ ਸੀ। ਸੋ ਇਸ ਤਰ੍ਹਾਂ ਵੈਰ ਮੁੱਢ ਬੱਝ ਗਿਆ।

ਦੂਜੇ ਪਾਸੇ ਮਹਾਰਾਜ ਗੁਰੂ ਅਰਜਨ ਪਾਤਸ਼ਾਹ ਆਪ ਬੜਾ ਯਤਨ ਕਰਦੇ ਨੇ ਕਿ ਭ੍ਰਾਤਾ ਜੀ! ਮੈਨੂੰ ਤਾਂ ਗੁਰੂ ਬਣਨ ਦੀ ਕੋਈ ਲੋੜ ਨਹੀਂ ਹੈ ਕਿਉਂਕਿ ਇਹ ਤਾਂ ਗੁਰੂ ਨਾਨਕ ਪਾਤਸ਼ਾਹ ਦੀ ਜੋਤੀ ਦਾ ਪ੍ਰਕਾਸ਼ ਹੈ ਜਿਸ ਸਰੀਰ 'ਚ ਹੋ ਜਾਵੇ, ਜਿਸ ਤੋਂ ਕੰਮ ਲੈਣਾ ਹੈ ਉਹ ਕੰਮ ਲੈਣਾ ਹੀ ਹੈ। ਤੁਸੀਂ ਐਉਂ ਨਾ ਕਰੋ। ਲੇਕਿਨ ਮੰਨਦਾ ਨਹੀਂ ਹੈ। ਅਖੀਰ ਏਸ ਨੇ ਗੁਰੂ ਮਹਾਰਾਜ ਨਾਲ ਵੈਰ ਕਰਨਾ ਸ਼ੁਰੂ ਕਰ ਦਿਤਾ। ਗੁਰਿਆਈ 'ਤੇ ਆਪ ਬੈਠ ਗਏ। ਪਹਿਲਾਂ ਕੰਮ ਏਸ ਨੇ ਇਹ ਕਰਿਆ ਕਿ ਅੰਮ੍ਰਿਤਸਰ ਦੀ ਜਿੰਨੀ ਚੁੰਗੀ ਸੀ ਸਾਰੀ ਆਪਣੇ ਹੱਥ ਵਿਚ ਕਰ ਲਈ ਕਿ ਗੁਰੂ ਘਰ ਦੇ ਅੰਦਰ ਜਾਣ ਹੀ ਨਹੀਂ ਦੇਣੀ, ਕਿੱਥੋਂ ਖਰਚ ਕਰਨਗੇ, ਕਿਥੋਂ ਸੜਕਾਂ ਬਣਾਉਣਗੇ, ਕਿੱਥੋਂ ਚੌਕੀਦਾਰ ਰੱਖਣਗੇ, ਕਿੱਥੋਂ ਲਾਈਟਾਂ ਕਰਨਗੇ, ਕਿੱਥੋਂ ਬਾਕੀ ਕੰਮ ਕਰਨਗੇ। ਦੂਸਰਾ ਇਹਨੇ ਕਰਿਆ ਕਿ ਜਿੰਨੀ ਭੇਟਾ ਬਾਹਰੋਂ ਆਉਂਦੀ ਸੀ, ਓਹ ਸਾਰੀ ਦੀ ਸਾਰੀ ਰਾਹ ਵਿਚ ਰੋਕਣੀ ਸ਼ੁਰੂ ਕਰ ਦਿਤੀ। ਕੋਈ ਪੈਸਾ ਗੁਰੂ ਘਰ ਵਿਚ ਨਾ ਆਉਣ ਦਿਤਾ ਤੇ ਏਜੰਟ ਰੱਖ ਲਏ, ਬਹੁਤ ਸਾਰੇ ਨਾਲ ਮਿਲਾ ਲਏ। ਜਿਹੜੇ-ਜਿਹੜੇ ਰਾਹਾਂ ਤੋਂ ਸੰਗਤ ਆਇਆ ਕਰਦੀ, ਦੂਰ-ਦਰਾਜ਼ ਤੱਕ ਬਿਠਾ ਕੇ ਜਦੋਂ ਸੰਗਤ ਨੇ ਆਉਣਾ, ਪੁੱਛਣਾ, ਥੋੜ੍ਹਾ ਬਹੁਤਾ ਖਾਣ ਪੀਣ ਨੂੰ ਦੇਣਾ, ਮਾੜਾ ਮੋਟਾ, ਛਕ ਲੈਣਾ, ਕਹਿਣਾ ਆਓ ਹੁਣ ਤੁਹਾਨੂੰ ਗੁਰੂ ਦੇ ਦਰਸ਼ਨ ਕਰਾਈਏ। ਭੇਟਾ ਕਰੋ ਤੁਸੀਂ ਜੀਅ ਭਰ ਕੇ, ਪ੍ਰਿਥੀ ਚੰਦ ਕੋਲ ਲੈ ਜਾਣਾ। ਭੋਲੇ-ਭਾਲੇ ਗੁਰਸਿੱਖਾਂ ਨੂੰ ਪਤਾ ਨਾ ਲੱਗਣਾ। ਸਾਰੀ ਭੇਟਾ ਲੈ ਲੈਣੀ, ਕਿਉਂਕਿ ਪਤਾ ਨਹੀਂ ਸੀ ਕਿ ਇਹ ਤਾਂ ਇਕੋ ਹੀ ਘਰ ਹੈ ਦੋ ਤਾਂ ਹੈ ਨਹੀਂ। ਜਦੋਂ ਪ੍ਰਸ਼ਾਦੇ ਦਾ ਸਮਾਂ ਹੋ ਜਾਣਾ, ਕਹਿਣਾ ਚਲੋ ਭਾਈ ਆਪਣਾ ਲੰਗਰ ਜਿਧਰ ਚਲਦਾ ਹੈ ਉਧਰ ਛੱਡ ਆਓ। ਇਹ ਵੀ ਝੂਠ ਬੋਲਣਾ ਕਿ ਲੰਗਰ ਸਾਡਾ ਹੀ ਚਲਦਾ ਹੈ ਤੇ ਗੁਰੂ ਅਰਜਨ ਪਾਤਸ਼ਾਹ ਜਿੱਥੇ ਸੰਗਤਾਂ ਦਾ ਉਧਾਰ ਕਰਦੇ ਹੁੰਦੇ, ਓਸ ਥਾਂ ਜਾ ਕੇ ਉਨ੍ਹਾਂ ਨੇ ਛੱਡ ਆਉਣਾ, ਸੋ ਇਹ ਵੈਰ ਹੁੰਦਾ ਹੈ ਸਾਧਸੰਗਤ ਜੀ। ਜਿਹੜਾ ਨਿਰਵੈਰਾਂ ਦੇ ਨਾਲ ਕੀਤਾ ਜਾਂਦਾ ਹੈ। ਜਦੋਂ ਵੀ ਨਿਰਵੈਰ ਦੇ ਨਾਲ ਕੋਈ ਵੈਰ ਕਰਦਾ ਹੈ। ਮਹਾਰਾਜ ਕਹਿੰਦੇ, ਅਕਾਲ ਪੁਰਖ ਦਾ ਵਿਧਾਨ ਹੈ ਕਿ ਉਹ ਪਚ-ਪਚ ਕੇ ਮਰਦਾ ਹੈ। ਐਸ ਤਰ੍ਹਾਂ ਫੁਰਮਾਨ ਹੈ-

**ਧਾਰਨਾ - ਵੈਰ ਕਰਨ ਨਿਰਵੈਰਾਂ ਨਾਲ,**
**ਪਚ-ਪਚ ਕੇ ਉਹ ਮਰਦੇ ਨੇ**

***ਵੈਰੁ ਕਰਨਿ ਨਿਰਵੈਰ ਨਾਲਿ***
***ਧਰਮਿ ਨਿਆਇ ਪਚੰਦੇ ॥ ਅੰਗ - ੩੧੭***

ਪਚਣਾ ਪੈਂਦਾ ਹੈ ਉਸਨੂੰ, ਖੁਆਰ ਹੋਣਾ ਪੈਂਦਾ ਹੈ। ਸੋ ਵੈਰ ਬੰਨ੍ਹ ਲਿਆ ਕਿ ਇਕ ਦਾਣਾ ਵੀ ਗੁਰੂ ਕੇ ਲੰਗਰ ਵਿਚ ਨਹੀਂ ਜਾਣ ਦੇਣਾ। ਐਨੀ ਜ਼ਿਆਦਾ ਝੂਠ ਦੀ ਬਾੜ ਖਿਲਾਰ ਦਿਤੀ, ਭੋਲੇ ਭਾਲੇ ਗੁਰਸਿੱਖ ਜੋ ਦਰਸ਼ਨ ਕਰਨ ਵਾਸਤੇ ਆਉਂਦੇ ਨੇ, ਉਨ੍ਹਾਂ ਨੂੰ ਬਹਿਕਾਅ ਲਿਆ ਜਾਂਦਾ ਹੈ ਕਿ ਅਸਲੀ ਗੁਰੂ ਤਾਂ ਵੱਡੇ ਸਾਹਿਬਜ਼ਾਦੇ ਨੇ। ਛੋਟੇ ਸਾਹਿਬਜ਼ਾਦੇ ਨਹੀਂ ਹੈਗੇ। ਪਹਿਲਾਂ ਵੀ ਓਹੀ ਸੀਗੇ ਹੁਣ ਵੀ ਉਹੀ ਨੇ। ਦੇਖਦੇ ਨੇ ਕਿ ਆਹ ਮਸੰਦਾਂ ਨੂੰ ਤਾਂ ਅਸੀਂ ਪਹਿਲਾਂ ਵੀ ਜਾਣਦੇ ਹਾਂ ਇਹ ਪਹਿਲਾਂ ਵੀ ਗੁਰੂ ਦੀਆਂ ਸੰਗਤਾਂ ਦਾ ਆਦਰ ਸਤਿਕਾਰ ਕਰਿਆ ਕਰਦੇ ਸੀ। ਜਾਣੇ-ਪਛਾਣੇ ਬੰਦੇ ਸਾਰੇ ਗੱਠ ਲਏ ਯਾਨਿ ਮਾਇਆ ਦਾ ਜਾਲ ਵਿਛਾ ਦਿਤਾ। ਨੌਬਤ ਇਥੇ ਤੱਕ ਆਈ ਕਿ ਘਰ ਦੇ ਅੰਦਰ ਜੋ ਸਮਾਨ, ਜੋ ਚੀਜ਼ਾਂ ਸੀ ਹੌਲੀ-ਹੌਲੀ ਘਟਣੀਆਂ ਸ਼ੁਰੂ ਹੋ ਗਈਆਂ ਤੇ ਲੰਗਰ ਇਕ ਟਾਈਮ ਹੋ ਗਿਆ। ਉਹ ਵੀ ਛੋਲਿਆਂ ਦਾ ਲੰਗਰ। ਛੋਲਿਆਂ ਦੇ ਪ੍ਰਸ਼ਾਦੇ ਲਾਹੁੰਣੇ ਤੇ ਰੁੱਖੇ ਹੀ ਖਾਣ ਵਾਸਤੇ, ਬਗੈਰ ਦਾਲ ਤੋਂ ਬਗੈਰ ਕਿਸੇ ਚੀਜ਼ ਤੋਂ ਮਿਲਣੇ। ਆਗਰੇ ਦੇ ਵਿਚ ਭਾਈ ਗੁਰਦਾਸ ਜੀ ਨੂੰ ਗੁਰੂ ਰਾਮਦਾਸ ਜੀ ਨੇ ਪ੍ਰਚਾਰ ਵਾਸਤੇ ਭੇਜਿਆ ਸੀ, ਆਪ ਜੀ ਨੂੰ ਪਤਾ ਲੱਗਿਆ ਕਿ ਉਹ ਜੋਤੀ ਜੋਤ ਸਮਾ ਗਏ ਨੇ, ਸੰਗਤਾਂ ਲੈ ਕੇ ਆਪ ਗੁਰੂ ਘਰ ਦੀ ਮਹਿਮਾ, ਗੁਰੂ ਘਰ ਦੇ ਲੰਗਰ ਦੀ ਮਹਿਮਾ ਕਰਦੇ ਜਦ ਉਥੇ ਪਹੁੰਚਦੇ ਨੇ, ਜਦ ਪ੍ਰਸ਼ਾਦਾ ਛਕਣ ਲੱਗੇ ਤਾਂ ਛੋਲਿਆਂ ਦੀ ਰੋਟੀ ਮਾਤਾ ਜੀ ਨੇ ਉਨ੍ਹਾਂ ਦੇ ਹੱਥ ਦੇ ਉਤੇ ਰੱਖ ਦਿਤੀ। ਇਕ ਬੁਰਕੀ ਤੋੜੀ ਲੰਘਦੀ ਨਹੀਂ ਹੈ ਅੱਗੇ। ਕਹਿਣ ਲੱਗੇ, ਇਹ ਕੀ ਗੱਲ? ਗੁਰੂ ਘਰ ਦੀ ਤਾਂ ਇਹ ਮਰਿਆਦਾ ਸੀ ਕਿ ਇਥੇ ਕਦੇ ਘਿਉ ਤੇ ਦੁੱਧ ਨਹੀਂ ਸੀ ਖਤਮ ਹੁੰਦਾ। ਇਹ ਕੀ ਗੱਲ? ਆਹ ਗੱਲ ਤਾਂ ਹੋਣੀ ਨਹੀਂ ਚਾਹੀਦੀ। ਕਹਿਣ ਲੱਗੇ, ਭ੍ਰਾਤਾ ਜੀ! ਕੀ ਦੱਸਿਆ ਜਾਵੇ -

***ਕਲਜੁਗਿ ਰਥੁ ਅਗਨਿ ਕਾ***
***ਕੂੜੁ ਅਗੈ ਰਥਵਾਹੁ ॥*** ***ਅੰਗ - ੪੭੦***

ਝੂਠ ਨੇ ਐਸ ਵੇਲੇ ਸੱਚ ਦੇ ਚੰਦਰਮਾ ਨੂੰ ਗ੍ਰਹਿਣ ਲਾਇਆ ਹੋਇਆ ਹੈ। ਤੁਹਾਡੇ ਵੱਡੇ ਭਾਣਜੇ ਨੇ ਸਾਰੇ ਮਸੰਦਾਂ ਨੂੰ ਗੱਠ ਕੇ ਦੂਰ-ਦਰਾਜ ਤੱਕ ਸਿੱਖਾਂ ਨੂੰ ਇਹ ਕਹਿਣਾ ਸ਼ੁਰੂ ਕਰ ਦਿਤਾ ਕਿ ਗੁਰਿਆਈ ਮੈਨੂੰ ਦੇ ਕੇ ਗਏ ਨੇ ਤੇ ਜਿੰਨੀਆਂ ਭੇਟਾ ਬਾਹਰੋਂ ਆਉਂਦੀਆਂ ਨੇ ਉਹ ਤਾਂ ਉਹ ਰੱਖ ਲੈਂਦੇ ਨੇ ਜਦੋਂ ਲੰਗਰ ਦਾ ਸਮਾਂ ਹੁੰਦਾ ਹੈ ਫੇਰ ਬੜੀ ਢੀਠਤਾਈ ਦੇ ਨਾਲ ਇਥੇ ਲਿਆ ਕੇ ਗੁਰੂ ਦੀਆਂ ਸੰਗਤਾਂ ਨੂੰ ਛੱਡ ਜਾਂਦੇ ਨੇ। ਉਨ੍ਹਾਂ ਭੋਲਿਆਂ ਨੂੰ ਕੋਈ ਪਤਾ ਨਹੀਂ ਹੈ ਕਿਸੇ ਗੱਲ ਦਾ। ਸੋ ਇਸ ਤਰ੍ਹਾਂ ਦੇ ਨਾਲ ਭੇਟਾ ਉਧਰ ਜਾਂਦੀ ਹੈ ਤੇ ਲੰਗਰ ਇਧਰ ਛੱਕਦੇ ਨੇ। ਭਾਈ ਗੁਰਦਾਸ ਜੀ ਦੇ ਬੜਾ ਮਨ ਵਿਚ ਆਇਆ ਕਿ ਇਹ ਤਾਂ ਬਹੁਤ ਗਲਤ ਗੱਲ ਹੋ ਰਹੀ ਹੈ। ਗੁਰੂ ਮਹਾਰਾਜ ਗੁਰੂ ਪੰਜਵੇਂ ਪਾਤਸ਼ਾਹ 18 ਸਾਲ ਦੀ ਉਮਰ ਦੇ ਤੇ ਆਪ ਜੀ ਦੇ ਕੋਲ ਜਾ ਕੇ ਬੇਨਤੀ ਕੀਤੀ ਕਿ ਪਾਤਸ਼ਾਹ! ਇਹ ਤਾਂ ਗੁਰੂ ਨਾਨਕ ਦਾ ਲੰਗਰ ਹੈ ਇਥੇ ਤੋਟ ਕਦੇ ਨਹੀਂ ਆਉਂਦੀ। ਇਹ ਕੀ ਗੱਲ ਹੋ ਗਈ? ਮਹਾਰਾਜ ਜੀ ਨੇ ਕਿਹਾ ਕਿ ਕੋਈ ਗੱਲ ਨਹੀਂ ਹੋਈ, ਅਕਾਲ ਪੁਰਖ ਜੀ ਦਾ ਹੀ ਕੋਈ ਕੌਤਕ ਹੋ ਰਿਹਾ ਹੈ। ਕਿਉਂਕਿ ਕਿਸੇ ਨਾਲ ਵੈਰ ਨਹੀਂ ਹੋਇਆ ਕਰਦਾ। ਸਤਿਗੁਰੂ ਜੋ ਹੈ ਸਭ ਦਾ ਭਲਾ ਮਨਾਉਂਦਾ ਹੈ, ਸਾਰੇ ਸੰਸਾਰ ਨੂੰ ਕਹਿੰਦਾ ਹੈ -

***ਨਾਨਕ ਨਾਮ ਚੜ੍ਹਦੀ ਕਲਾ***
***ਤੇਰੇ ਭਾਣੇ ਸਰਬੱਤ ਦਾ ਭਲਾ।***

ਕਿਸੇ ਦਾ ਬੁਰਾ ਨਹੀਂ ਮੰਗਦਾ, ਨਾ ਸਿੱਖ ਮੰਗਦਾ ਹੈ ਨਾ ਗੁਰੂ ਮੰਗਦਾ ਹੈ। ਗੁਰੂ ਬੁਰਾ ਨਹੀਂ ਮੰਨਦਾ, ਸਗੋਂ ਅਕਾਲ ਪੁਰਖ ਤਾਂ ਇਹ ਕਹਿੰਦਾ ਹੈ -

***ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥***
***ਅੰਗ - ੮੫੩***

ਹੇ ਵਾਹਿਗੁਰੂ! ਜਿਵੇਂ ਵੀ ਕੋਈ ਤਰ ਸਕਦਾ ਹੈ, ਉਹਨੂੰ ਤਾਰੋ। ਚਾਹੇ ਪਾਪੀ ਹੈ, ਚਾਹੇ ਪੁੰਨੀ ਹੈ, ਚਾਹੇ ਭੁੱਲਿਆ ਹੋਇਆ ਹੈ, ਚਾਹੇ ਨਾਸਤਕ ਹੈ। ਤੂੰ ਕ੍ਰਿਪਾ ਕਰ, ਤੇਰੀ ਜਨਤਾ ਹੈ। ਇਨ੍ਹਾਂ ਤੇ ਬਖਸ਼ਿਸ਼ ਕਰ। ਕਹਿਣ ਲੱਗੇ, ਕੋਈ ਨਾ ਅਕਾਲ ਪੁਰਖ ਦੀ ਮੌਜ ਹੈ। ਕਹਿਣ ਲੱਗੇ, ਪਾਤਸ਼ਾਹ! ਥੋੜ੍ਹਾ ਉਦਮ ਕਰਨਾ ਬਣਦਾ ਹੈ। ਉਦਮ ਕਰੀਏ ਤੇ ਅਸੀਂ ਜਾ ਕੇ ਸਮਝਾਈਏ ਸਾਰਿਆਂ ਨੂੰ, ਇਹ ਝੂਠ ਕਿੰਨਾ ਕੁ ਚਿਰ ਪ੍ਰਬਲ ਰਹੇਗਾ। ਆਪ ਨੇ ਕਿਹਾ ਕਿ ਭਾਈ ਗੁਰਦਾਸ ਜੀ! ਇਹ ਜੋ ਰਿਜਕ ਹੈ ਇਹ ਤਾਂ ਮਾਲਕ ਆਪ ਰਾਜ਼ਕ ਕਹਾਉਂਦਾ ਹੈ। ਵਿਸ਼ੰਭਰ ਕਹਿੰਦੇ ਨੇ ਉਹਨੂੰ। ਸਾਰਿਆਂ ਦੇ ਪੇਟ ਨੂੰ ਭਰਨ ਵਾਲਾ। ਇਥੇ ਤਾਂ ਤੁਸੀਂ ਕਰ ਲਵੋਂਗੇ ਤੇ ਬਾਕੀ ਜਿਹੜਾ ਸੰਸਾਰ ਹੈ, ਜਾਨਵਰ ਐਨੇ ਨੇ, ਪੰਛੀ ਐਨੇ ਨੇ, 83 ਲੱਖ, 99 ਹਜ਼ਾਰ, 9 ਸੌ 99 ਜੂਨੀਆਂ ਨੇ, ਬਾਕੀ ਸਾਰਾ ਸੰਸਾਰ ਪਿਆ ਹੈ ਮਨੁੱਖਾਂ ਦਾ, ਉਹ ਇਕੋ ਹੀ ਹੈ ਜਿਹੜਾ ਸਾਰਿਆਂ ਨੂੰ ਦਿੰਦਾ ਹੈ। ਤੁਸੀਂ ਇਸਦੇ ਬਾਰੇ ਉਦਮ ਨਾ ਕਰੋ। ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ-

***ਧਾਰਨਾ - ਰੋਜ਼ੀ ਦਿੰਦਾ ਹੈ ਪੱਥਰ ਦੇ ਕੀੜੇ ਨੂੰ,***
***ਚਿੰਤਾ ਕਾਹਤੋਂ ਕਰੇਂ ਬੰਦਿਆਂ।***

***ਕਾਹੇ ਰੇ ਮਨ ਚਿਤਵਹਿ ਉਦਮੁ***
***ਜਾ ਆਹਰਿ ਹਰਿ ਜੀਉ ਪਰਿਆ ॥***
***ਸੈਲ ਪਥਰ ਮਹਿ ਜੰਤ ਉਪਾਏ***
***ਤਾ ਕਾ ਰਿਜਕੁ ਆਗੈ ਕਰਿ ਧਰਿਆ ॥***
***ਅੰਗ - ੧੦***

ਕਹਿਣ ਲੱਗੇ, ਭਾਈ ਗੁਰਦਾਸ ਜੀ! ਦੇਖੋ ਪੱਥਰ ਦੇ ਅੰਦਰ ਕੀੜਾ ਰਹਿੰਦਾ ਹੈ -

*ਪਾਖਣਿ ਕੀਟੁ ਗੁਪਤੁ ਹੋਇ ਰਹਤਾ*
*ਤਾ ਚੋ ਮਾਰਗੁ ਨਾਹੀ ॥ ਅੰਗ - ੪੮੮*

ਉਹਨੂੰ ਕੋਈ ਰਸਤਾ ਹੀ ਨਹੀਂ ਹੈ ਰੋਜ਼ੀ ਦੇਣ ਦਾ।

*ਕਹੈ ਧੰਨਾ ਪੂਰਨ ਤਾਹੂ ਕੋ*
*ਮਤ ਰੇ ਜੀਅ ਡਰਾਂਹੀ॥ ਅੰਗ - ੪੮੮*

ਆਦਮੀ ਨੂੰ ਤਾਂ ਡਰਨਾ ਹੀ ਨਹੀਂ ਚਾਹੀਦਾ। ਇਹ ਤਾਂ ਉਨ੍ਹਾਂ ਕੀੜਿਆਂ ਨੂੰ ਵੀ ਰੋਜ਼ੀ ਪਹੁੰਚਾਉਂਦਾ ਹੈ ਜਿਥੇ ਰਾਹ ਹੀ ਨਹੀਂ ਹੈ ਪਹੁੰਚਣ ਦਾ। ਜਿਥੇ ਹਵਾ ਨਹੀਂ ਪਹੁੰਚਦੀ, ਪਾਨੀ ਨਹੀਂ ਪਹੁੰਚਦਾ। ਵਿਚਾਲੇ ਹੁੰਦਾ ਹੈ ਕੀੜਾ, ਉਥੇ ਰੋਜ਼ੀ ਦਿੰਦਾ ਹੈ।

*ਕਾਹੇ ਰੇ ਮਨ ਚਿਤਵਹਿ ਉਦਮੁ*
*ਜਾ ਆਹਰਿ ਹਰਿ ਜੀਉ ਪਰਿਆ ॥*
*ਸੈਲ ਪਥਰ ਮਹਿ ਜੰਤ ਉਪਾਏ*
*ਤਾ ਕਾ ਰਿਜਕੁ ਆਗੈ ਕਰਿ ਧਰਿਆ ॥*
*ਅੰਗ - ੧੦*

ਸੋ ਦੂਸਰੀ ਮਿਸਾਲ ਦੇਖੋ ਕੂੰਜਾਂ ਨੇ -

*ਊਡੇ ਊਡਿ ਆਵੈ ਸੈ ਕੋਸਾ*
*ਤਿਸੁ ਪਾਛੈ ਬਚਰੇ ਛਰਿਆ ॥*
*ਤਿਨ ਕਵਣੁ ਖਲਾਵੈ ਕਵਣੁ ਚੁਗਾਵੈ*
*ਮਨ ਮਹਿ ਸਿਮਰਨੁ ਕਰਿਆ ॥ ਅੰਗ - ੧੦*

ਆਂਡੇ ਦੇ ਕੇ ਚਲੀਆਂ ਜਾਂਦੀਆਂ ਨੇ। ਪਿਛੋਂ ਬੱਚੇ ਨਿਕਲਦੇ ਨੇ, ਜਦੋਂ ਇਥੋਂ ਮੁੜ ਕੇ ਜਾਂਦੀਆਂ ਨੇ ਗਰਮ ਦੇਸ਼ਾਂ 'ਚੋਂ, ਤਾਂ ਉਸ ਵੇਲੇ ਜਾਂਦੀਆਂ ਨੂੰ ਉਨ੍ਹਾਂ ਦੇ ਬੱਚੇ ਪਲੇ-ਪਲਾਏ ਹੋ ਜਾਂਦੇ ਨੇ ਤੇ ਇਹ ਤਾਂ ਅਕਾਲ ਪੁਰਖ ਦਾ ਕੰਮ ਹੈ। ਕਹਿੰਦੇ, ਸੱਚੇ ਪਾਤਸ਼ਾਹ! ਰੋਜ਼ੀ ਤਾਂ ਨਾ ਸਹੀ, ਇਹ ਜਿਹੜਾ ਝੂਠ ਦਾ ਇਨ੍ਹਾਂ ਨੇ ਕਿਲ੍ਹਾ ਉਸਾਰਿਆ ਹੈ ਮਹਾਰਾਜ, ਝੂਠ ਦੇ ਖਿਲਾਫ ਤਾਂ ਸੱਚ ਨੂੰ ਪ੍ਰਕਾਸ਼ ਕਰਨਾ ਚਾਹੀਦਾ ਹੈ। ਸੋ ਆਪ ਨੇ ਬਾਬਾ ਬੁੱਢਾ ਜੀ ਸਮੇਤ ਦੂਰ-ਦਰਾਜ਼ ਜਾ ਕੇ ਪਿੱਪਲੀ ਸਾਹਿਬ ਦੇ ਰਾਹ 'ਤੇ ਹੋਰ ਰਾਹ 'ਤੇ, ਉਥੇ ਜਾ ਕੇ ਦੱਸਿਆ ਕਿ ਭੋਲਿਓ! ਪਾਤਸ਼ਾਹ ਜਿਹਨੇ ਸਮੇਂ ਦਾ ਉਧਾਰ ਕਰਨਾ ਹੈ, ਉਹ ਤਾਂ ਗੁਰੂ ਅਰਜਨ ਪਾਤਸ਼ਾਹ ਨੇ। ਸੰਗਤਾਂ ਨੂੰ ਪਤਾ ਲੱਗ ਗਿਆ, ਅਖੀਰ ਚਲਦੇ-ਚਲਦੇ ਆਪ ਦੇ ਉਲਾਦ ਨਹੀਂ ਬੜੀ ਦੇਰ ਤੱਕ ਹੋਈ ਤੇ ਪ੍ਰਿਥੀ ਚੰਦ ਦਾ ਜੋ ਲੜਕਾ ਸੀ ਮਿਹਰਵਾਨ ਉਹ ਜ਼ਿਆਦਾ ਕੋਲ ਰਿਹਾ ਕਰਦਾ ਸੀ। ਮਨ ਵਿਚ ਘਰ ਜਾ ਕੇ ਗੱਲ ਕਰਨੀ ਕਿ ਇਨ੍ਹਾਂ ਦੇ ਤਾਂ ਉਲਾਦ ਹੀ ਨਹੀਂ, ਗੁਰਗੱਦੀ ਹੁਣ ਕਿਹਨੂੰ ਦੇਣਗੇ ਤੇ ਬਚਨ ਇਹ ਹੋਇਆ ਹੈ ਕਿ ਗੱਦੀ ਹੁਣ ਘਰ 'ਚ ਰਹੇਗੀ। ਆਟੋਮੈਟਿਕ ਮੇਰੇ ਕੋਲ ਆ ਜਾਣੀ ਹੈ। ਸੋ ਇਸ ਤੋਂ ਵੀ ਜ਼ਿਆਦਾ ਤਾਅਨੇ ਮਾਰੇ। ਇਕ ਦਿਨ ਮਾਤਾ ਜੀ ਕੋਠੇ ਤੇ ਚੜ੍ਹੇ ਆਪਣੇ ਕੇਸ ਹਰੇ ਕਰ ਰਹੇ ਸੀ, ਤੇ ਵਾਲ ਝਟਕੇ ਤਾਂ ਇਕ ਕਤਰਾ ਨਾਲ ਦੇ ਕੋਠੇ 'ਚ, ਜੋ ਨੀਵਾਂ ਸੀ ਥੋੜ੍ਹਾ ਉਥੇ ਜਾ ਪਿਆ। ਉਸ ਵੇਲੇ ਤਾਅਨਾ ਦਿਤਾ ਕਿ ਤੇਰੇ ਤਾਂ ਉਲਾਦ ਨਹੀਂ ਹੋਈ, ਤੂੰ ਮੇਰੇ ਉਤੇ ਕੇਸਾਂ ਦਾ ਕਤਰਾ ਕਿਉਂ ਪਾਇਆ ਹੈ। ਕੱਪੜੇ ਸੁੱਕਣੇ ਪਾ ਦਿਤੇ, ਗੋਲੀ ਨੇ ਕਿਹਾ ਕਿ ਕਿੰਨੇ ਵਧੀਆ ਕੱਪੜੇ ਗੁਰਸਿੱਖ ਲਿਆਉਂਦੇ ਨੇ। ਕਹਿੰਦੀ, ਸਾਰੇ ਆਪਣੇ ਹੀ ਨੇ ਇਨ੍ਹਾਂ ਦੇ ਤਾਂ ਹੁੰਦਾ ਹੀ ਨਹੀਂ ਕੋਈ। ਅਖੀਰ ਬਾਬਾ ਬੁੱਢਾ ਜੀ ਦੇ ਬਚਨ ਦੇ ਨਾਲ ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਜੀ ਦਾ ਪ੍ਰਕਾਸ਼ ਹੋਇਆ ਤੇ ਪ੍ਰਿਥੀਚੰਦ ਏਸ ਗੱਲ ਤੇ ਤੁਲ ਗਿਆ ਕਿ ਮੈਂ ਗੁਰੂ ਹਰਿਗੋਬਿੰਦ ਸਾਹਿਬ ਮਹਾਰਾਜ ਜੀ ਨੂੰ ਜੋ ਉਸ ਵੇਲੇ ਸਾਹਿਬਜ਼ਾਦੇ ਸੀ ਕਿ ਇਨ੍ਹਾਂ ਨੂੰ ਕਿਸੇ ਨਾ ਕਿਸੇ ਢੰਗ ਦੇ ਨਾਲ ਮਾਰ ਦੇਵਾਂ। ਪਹਿਲੀ ਗੱਲ ਇਹ ਸੀ ਕਿ ਇਕ ਜਾਦੂਗਰ ਦੇ ਕੋਲ ਗਿਆ, ਜਦੋਂ ਆਪ ਪੇਟ ਵਿਚ ਸੀ। ਉਸ ਵੇਲੇ ਇਕ ਮੁੱਠ ਸੁਟਵਾਈ ਗਈ। ਕੋਈ ਅਸਰ ਨਾ ਹੋਇਆ, ਕਿਉਂਕਿ ਜਿਹਦਾ ਰਾਖਾ ਆਪ ਵਾਹਿਗੁਰੂ ਹੋਵੇ ਉਹਦਾ ਕੋਈ ਨੁਕਸਾਨ ਨਹੀਂ ਕਰ ਸਕਿਆ ਕਰਦਾ। ਬਾਕੀ ਜੋ ਨਿਰਵੈਰਾਂ ਦੇ ਨਾਲ ਵੈਰ ਕਰਦੇ ਨੇ, ਸਾਧੂਆਂ ਨਾਲ ਵੈਰ ਕਰਦੇ ਨੇ, ਬੰਦਗੀ ਵਾਲਿਆਂ ਨਾਲ ਵੈਰ ਕਰਦੇ ਨੇ, ਉਨ੍ਹਾਂ ਨੂੰ ਕਦੇ ਸੁੱਖ ਨਹੀਂ ਹੋਇਆ ਕਰਦਾ।

***ਧਾਰਨਾ - ਸੁਖ ਕਦੇ ਨ ਪਾਉਂਦੇ ਜੀ,***
***ਮੁਗਧ ਨਰ ਸੰਤਾਂ ਨਾਲ ਖਹੰਦੇ।***

*ਨਾਨਕ ਵੀਚਾਰਹਿ ਸੰਤ ਜਨ ਚਾਰਿ ਵੇਦ ਕਹੰਦੇ ॥*
*ਅੰਗ - ੩੦੬*

ਸਾਰੇ ਸਾਧੂ, ਮੁਨੀ ਤੇ ਪੀਰ, ਪੈਗੰਬਰ, ਔਲੀਏ, ਚਾਰੇ ਵੇਦ -

*ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ ॥*
*ਪ੍ਰਗਟ ਪਹਾਰਾ ਜਾਪਦਾ ਸਭਿ ਲੋਕ ਸੁਣੰਦੇ ॥*
*ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ॥*
*ਅੰਗ - ੧੦*

ਇਹ ਕਹਿੰਦੇ ਨੇ ਜਿਹੜਾ ਕੁਛ ਸੰਤਾਂ ਦੇ ਮੂੰਹੋਂ ਨਿਕਲ ਜਾਵੇ ਉਹ ਬਚਨ ਹੋਇਆ ਕਰਦਾ ਹੈ। ਜੋ-ਜੋ ਵੀ ਸੰਤਾਂ ਦੇ ਨਾਲ ਖਹੇਗਾ, ਉਹ ਆਪਣੇ ਨਾਸ਼ ਨੂੰ ਨੇੜੇ ਬਣਾਉਂਦਾ ਚਲਿਆ ਜਾਏਗਾ।

***ਸੰਤਨ ਸੇਤੀ ਮਸਕਰੀ***
***ਇਹ ਡੂਬਨ ਕੀ ਰੀਤ।***

ਡੁੱਬ ਜਾਏਗਾ ਉਹ ਬੰਦਾ ਕੋਈ ਹੋਵੇ ਚਾਹੇ। ਦੁਨੀਆਂ ਦੇਖਦੀ ਹੈ, ਮਹਾਰਾਜ ਕਹਿੰਦੇ ਸਾਰਾ ਸੰਸਾਰ ਦੇਖਦਾ ਹੈ, ਡੁਬਦਿਆਂ ਨੂੰ, ਪਰ ਫੇਰ ਮੂਰਖ ਸਮਝਦੇ ਨਹੀਂ। ਪਤਾ ਨਹੀਂ ਲਗਦਾ ਕਿ ਇਹ ਗੱਲਾਂ ਕਿਉਂ ਹੋਣੀਆਂ ਸ਼ੁਰੂ ਹੋ ਗਈਆਂ।

ਬਾਬਾ ਕਰਮ ਸਿੰਘ ਜੀ ਮਹਾਰਾਜ ਹੋਤੀ

ਮਰਦਾਨ ਵਾਲੇ, ਆਪ ਜੀ ਦੇ ਆਸ਼ਰਮ ਦੇ ਅੱਗੇ ਇਕ ਬੜਾ ਜਬਰਦਸਤ ਪਿੰਡ ਸੀ ਪਠਾਣਾਂ ਦਾ। ਬੜੇ ਹੰਕਾਰੇ ਹੋਏ ਪਠਾਣ। ਗੁਰੂ ਸੰਗਤਾਂ ਉਥੋਂ ਦੀ ਲੰਘ ਕੇ ਜਾਇਆ ਕਰਦੀਆਂ ਸੀ। ਪੂਰਨਮਾਸ਼ੀ ਤੇ ਜਾਣਾ, ਸੰਗਰਾਂਦ ਤੇ ਜਾਣਾ, ਹੋਰ ਜਿਸ ਤਰ੍ਹਾਂ ਗੁਰਪੁਰਬ ਮਨਾਏ ਜਾਂਦੇ ਨੇ ਉਸ ਤਰ੍ਹਾਂ ਜਾਣਾ। ਪਰ ਉਹ ਪਿੰਡ ਵਾਲੇ ਹਮੇਸ਼ਾਂ ਲੰਘਣ ਵਾਲੀਆਂ ਸੰਗਤਾਂ ਨੂੰ ਤੰਗ ਕਰਿਆ ਕਰਦੇ ਸੀ। ਤਰ੍ਹਾਂ-ਤਰ੍ਹਾਂ ਦੇ ਮਿਹਣੇ, ਤਰ੍ਹਾਂ-ਤਰ੍ਹਾਂ ਦੀਆਂ ਬੋਲੀਆਂ ਬੀਬੀਆਂ ਨੂੰ ਮਾਰਨੀਆਂ। ਵਿਚਾਰੇ ਚੁੱਪ ਕਰ ਰਹਿੰਦੇ ਸੀ, ਕੋਈ ਕੁਛ ਨਹੀਂ ਸੀ ਕਹਿੰਦਾ, ਕਿਉਂਕਿ ਮਹਾਂਪੁਰਸ਼ਾਂ ਦੇ ਦਰਸ਼ਨ ਕਰਨ ਜਾਂਦੇ ਸੀ। ਤਾਂ ਅਖੀਰ ਜਦ ਕੁਛ ਨਾ ਕਿਹਾ, ਐਸਾ ਹੋਇਆ ਕਿ ਉਨ੍ਹਾਂ ਨੇ ਪਾਲਤੂ ਕੁੱਤੇ ਜਿਹੜੇ ਸੀ, ਸ਼ਿਕਾਰੀ ਕੁੱਤੇ, ਉਹ ਲੈ ਆਉਣੇ ਤੇ ਜਦੋਂ ਕਿਸੇ ਜੱਥੇ ਦੇ, ਦੋ ਚਾਰ ਬੀਬੀਆਂ ਦੋ ਚਾਰ ਭਾਈ ਆਏ। ਦੋ ਤਿੰਨ ਕੁੱਤੇ ਛੱਡ ਦੇਣੇ। ਉਨ੍ਹਾਂ ਕੁੱਤਿਆਂ ਨੇ ਕੱਪੜੇ ਫਾੜ ਦੇਣੇ, ਜ਼ਖਮ ਕਰ ਦੇਣੇ। ਬਾਬਾ ਜੀ ਕੋਲ ਰੋਜ਼ ਸ਼ਿਕਾਇਤਾਂ ਪਹੁੰਚਣੀਆਂ ਸ਼ੁਰੂ ਹੋ ਗਈਆਂ। ਸੰਗਤਾਂ ਬਹੁਤ ਜ਼ਖਮੀ ਹੋਣ ਲੱਗ ਗਈਆਂ। ਕਹਿਣ ਲੱਗੇ, ਬਾਬਾ ਜੀ! ਕੋਈ ਉਪਾਅ ਦੱਸੋ, ਅਸੀਂ ਇਥੇ ਤੁਹਾਡੇ ਕੋਲ ਆਏ ਤੋਂ ਬਗੈਰ ਤਾਂ ਰਹਿ ਨਹੀਂ ਸਕਦੇ।

ਬਾਬਾ ਜੀ ਨੇ ਕਿਹਾ ਕਿ ਤੁਸੀਂ ਐਉਂ ਕਰੋ ਪ੍ਰੇਮੀਓ! ਏਸ ਪਿੰਡ 'ਚੋਂ ਤੁਸੀਂ ਆਉਂਦੇ ਓਂ, ਐਧਰ ਦੀ ਤੁਸੀਂ ਨਾ ਆਓ, ਤੁਸੀਂ ਦੂਸਰੇ ਰਸਤਿਓਂ ਆ ਜਾਇਆ ਕਰੋ, ਥੋੜ੍ਹਾ ਜਿਹਾ ਵਲ ਪਏਗਾ। ਪਿੰਡਾਂ ਵਿਚੋਂ ਨਾ ਆਓ, ਸੁੰਨੇ-ਸੁੰਨੇ ਆ ਜਾਓ। ਉਸੇ ਤਰ੍ਹਾਂ ਆਉਣਾ ਸ਼ੁਰੂ ਕਰ ਦਿਤਾ। ਉਹ ਆਪਣੇ ਪਿੰਡ 'ਚੋਂ ਕੁੱਤੇ ਫੜਿਆ ਕਰਨ ਤੇ ਜਿਧਰ ਦੀ ਉਹ ਲੰਘਦੇ ਸੀ ਉਥੇ ਜਾ ਕੇ ਫੇਰ ਛੱਡ ਦਿਆ ਕਰਨ। ਉਨ੍ਹਾਂ ਕੁੱਤਿਆਂ ਨੇ ਕੱਪੜੇ ਫਾੜ ਦੇਣੇ, ਬੱਚਿਆਂ ਦੇ ਜ਼ਖਮ ਹੋ ਜਾਣੇ। ਅਖੀਰ ਬਾਬਾ ਜੀ ਨੂੰ ਕਿਹਾ ਪਾਤਸ਼ਾਹ! ਹੁਣ ਤਾਂ ਉਥੇ ਵੀ ਸਾਨੂੰ ਲੰਘਣ ਨਹੀਂ ਦਿੰਦੇ, ਢਾਹਣੀਆਂ ਲਾ ਕੇ ਕੁੱਤੇ ਲੈ ਕੇ ਬਹਿ ਜਾਂਦੇ ਨੇ। ਬਾਬਾ ਜੀ ਕਹਿੰਦੇ, ਕੋਈ ਨਾ ਪ੍ਰੇਮੀਓ, ਅਤਿ ਦਾ ਤੇ ਖੁਦਾ ਦਾ ਵੈਰ ਹੁੰਦਾ ਹੈ। ਜਿਹੜਾ ਸੰਗਤ ਨੂੰ ਦੁਖੀ ਕਰੇਗਾ, ਉਹ ਆਪ ਦੁਖੀ ਹੋ ਕੇ ਮਰ ਜਾਏਗਾ, ਖਤਮ ਹੋ ਜਾਏਗਾ, ਘਰ ਖਤਮ ਹੋ ਜਾਂਦਾ ਹੈ, ਬਾਲ ਬੱਚਾ ਕੋਈ ਨਹੀਂ ਰਹਿੰਦਾ।

***ਪੇਡੁ ਮੁੰਢਾਹੂੰ ਕਟਿਆ ਤਿਸੁ ਡਾਲ ਸੁਕੰਦੇ ॥***
***ਅੰਗ - ੩੦੬***

ਜੇ ਦਰਖਤ ਨੂੰ ਮੁੱਢ ਤੋਂ ਕੱਟ ਦਿਓ ਤੇ ਬਾਹਰਲੇ ਡਾਲ ਕੀ ਕਰਨੇ ਨੇ। ਜਿਹੜਾ ਸੰਤਾਂ ਨੂੰ ਦੁਖੀ ਕਰੇਗਾ ਉਹਦਾ ਮੁੱਢ ਕੱਟਿਆ ਜਾਂਦਾ ਹੈ। ਫੇਰ ਉਹ ਮਰਨਾ ਸ਼ੁਰੂ ਹੋ ਜਾਂਦਾ ਹੈ, ਖਤਮ ਹੋ ਜਾਂਦਾ ਹੈ। ਕਹਿੰਦੇ, ਕੋਈ ਨਾ ਸਾਧਸੰਗਤ ਜੀ, ਤੁਸੀਂ ਵਾਹਿਗੁਰੂ ਤੇ ਭਰੋਸਾ ਰੱਖੋ। ਥੋੜ੍ਹੇ ਦਿਨਾਂ ਤੋਂ ਬਾਅਦ ਕੀ ਹੋਇਆ, ਰੋਜ਼ ਇਕ ਬੰਦਾ ਮਰਨ ਲੱਗ ਗਿਆ, ਫੇਰ ਦੋ-ਦੋ ਮਰਨ ਲੱਗ ਗਏ, ਤਿੰਨ ਤਿੰਨ ਮਰਨ ਲੱਗ ਗਏ। ਐਸੇ ਢੀਠ ਨੇ, ਪਤਾ ਹੈ ਕਿ ਅਸੀਂ ਆਹ ਕਰਦੇ ਹਾਂ। ਪਰ ਅਹੰਕਾਰ ਐਨਾ ਵਧਿਆ ਹੋਇਆ ਸੀ ਕਿ ਕਹਿੰਦੇ ਸੰਤ ਸਾਨੂੰ ਕੀ ਕਰ ਦਏਗਾ। ਅਖੀਰ ਐਸਾ ਹੋਇਆ ਕਿ ਸਾਰੇ ਹੀ ਮਰਦ ਮਰ ਗਏ। ਛੋਟੇ ਬੱਚੇ ਵੀ ਤੇ ਵੱਡੇ ਵੀ। ਇਕ ਬੱਚਾ ਬਚ ਗਿਆ, ਉਹਦੀ ਮਾਤਾ ਨੇ ਉਸੇ ਵੇਲੇ ਬੱਚੇ ਨੂੰ ਗੋਦੀ ਚੁੱਕ ਕੇ ਬਾਬਾ ਜੀ ਦੇ ਚਰਨਾਂ 'ਚ ਲਿਆ ਕੇ ਲਿਟਾ ਦਿਤਾ ਤੇ ਕਿਹਾ ਕਿ ਬਾਬਾ ਜੀ! ਜੜ੍ਹ ਰੱਖ ਲਓ ਪਿੰਡ ਦੀ। ਕਹਿੰਦੇ, ਬੀਬੀ ਇਹ ਪਿੰਡ ਜੜ੍ਹ ਰੱਖਣ ਵਾਲਾ ਹੈ ਨਹੀਂ, ਗਰਕ ਹੋਣ ਵਾਲਾ ਪਿੰਡ ਹੈ, ਇਨ੍ਹਾਂ ਨੇ ਸੰਗਤਾਂ ਦੀ ਬੇਅਦਬੀ ਕਰੀ ਹੈ। ਚਾਹੀਦਾ ਇਹ ਹੈ ਅੱਲਾਹ ਤਾਲਾ ਹੋਇਆ, ਵਾਹਿਗੁਰੂ ਹੋਇਆ, ਰਾਮ ਹੋਇਆ ਜਿਥੇ ਸੰਗਤਾਂ ਹਰੀ ਦੇ ਜਸ ਵਾਸਤੇ ਜਾਂਦੀਆਂ ਨੇ, ਉਥੇ ਦੇ ਪਿੰਡ ਵਾਲਿਆਂ ਨੂੰ ਚਾਹੀਦਾ ਹੇ ਕਿ ਰਸਤੇ ਵੀ ਠੀਕ ਕਰੋ, ਉਨ੍ਹਾਂ ਦਾ ਆਦਰ ਸਤਿਕਾਰ ਵੀ ਕਰੋ। ਕੁਛ ਨਹੀਂ ਹੋ ਸਕਦਾ ਫਤਹਿ ਹੀ ਬੁਲਾ ਦਿਓ। ਐਨੇ ਨਾਲ ਹੀ ਪਿੰਡ ਦਾ ਭਲਾ ਹੋ ਜਾਏਗਾ। ਇਹ ਤਾਂ ਨਹੀਂ ਹੈ ਕਿ ਸੰਗਤਾਂ ਦੀ ਵਿਰੋਧਤਾ ਕਰੋ। ਜਾਹ, ਹੁਣ ਤੂੰ ਗੁਰੂ ਨਾਨਕ ਦੀ ਸ਼ਰਨ ਆ ਗਈ ਹੈਂ ਤੇ ਇਹਦਾ ਨਾਉਂ ਅੱਲਾਹ ਦਿੱਤਾ ਰੱਖ ਲੈ। ਬੱਚਾ ਬਚ ਗਿਆ, ਸੋ ਇਕ ਬੱਚਾ ਬਚਾ ਲਿਆ।

ਸੋ ਮਹਾਰਾਜ ਕਹਿੰਦੇ -

***ਸੁਖੁ ਨ ਪਾਇਨਿ ਮੁਗਧ ਨਰ***
***ਸੰਤ ਨਾਲਿ ਖਹੰਦੇ ॥ ਅੰਗ - ੩੦੬***

ਪ੍ਰਿਥੀ ਚੰਦ ਜੀ ਨੇ ਇਕ ਦਾਈ ਨੂੰ ਪੈਸੇ ਦੇ ਦਿਤੇ, ਕਹਿੰਦੇ ਇਹ ਤਾਂ ਲੈ ਲੈ ਤੂੰ ਐਡਵਾਂਸ ਤੇ ਆਪਣੇ ਦੁੱਧਾਂ ਨੂੰ ਜ਼ਹਿਰ ਲਾ ਕੇ ਸਾਹਿਬਜ਼ਾਦਾ ਹਰਿਗੋਬਿੰਦ ਜੀ ਨੂੰ ਜਾ ਕੇ ਦੁੱਧ ਪਿਲਾ ਦੇ, ਬਹੁਤ ਤੇਜ਼ ਕਿਸਮ ਦੀ ਦਵਾਈ ਲਾ ਦਿਤੀ ਕਿ ਜੇ ਮੂੰਹ ਨੂੰ ਲੱਗ ਵੀ ਜਾਵੇ ਤਾਂ ਉਸੇ ਵੇਲੇ ਚੜ੍ਹਾਈ ਕਰ ਜਾਵੇ। ਸੋ ਉਹਨੇ ਆ ਕੇ ਮਾਤਾ ਜੀ ਤੋਂ ਬੱਚਾ ਫੜ ਲਿਆ। ਇਕ ਪਾਸੇ ਲੈ ਗਈ। ਬਟਨ ਖੋਲ੍ਹ ਕੇ ਦੁੱਧ ਮੂੰਹ ਵਿਚ ਪਾਉਣਾ ਚਾਹੁੰਦੀ ਹੈ। ਮਹਾਰਾਜ ਫੜਦੇ ਨਹੀਂ। ਉਹ ਕਦੇ ਏਧਰੋਂ ਫੜਾਉਂਦੀ ਹੈ ਕਦੇ ਓਧਰੋਂ ਫੜਾਉਂਦੀ ਹੈ, ਉਹ ਫੜਦੇ ਨਹੀਂ। ਅਖੀਰ ਕੁਦਰਤ ਐਸੀ ਹੋਈ ਕਿ ਉਸੇ ਨੂੰ ਜ਼ਹਿਰ ਚੜ੍ਹ ਗਈ। ਆਕੜ ਗਈ, ਗਿਰ ਗਈ ਦੜੰਮ ਕਰ ਕੇ। ਸਾਰੇ ਇਕੱਠੇ ਹੋ ਗਏ, ਮਹਾਰਾਜ ਆ ਗਏ ਕਹਿੰਦੀ ਮੈਂ ਤਾਂ ਪਾਪ ਕੀਤਾ ਹੈ ਮੈਂ ਪਾਪ ਭੋਗ ਲਿਆ। ਮੈਨੂੰ ਪ੍ਰਿਥੀ ਚੰਦ ਜੀ ਨੇ ਪੈਸੇ ਦਿਤੇ ਸੀ, ਅਜੇ ਹੋਰ ਦੇਣ ਦਾ ਮੇਰੇ ਨਾਲ ਵਾਇਦਾ ਕਰਿਆ ਸੀ, ਮੈਂ ਜਾ ਰਹੀ

ਹਾਂ ਮੇਰੇ ਗੁਨਾਹ ਬਖਸ਼ ਦਿਓ। ਦੇਖਦੇ-ਦੇਖਦੇ ਹੀ ਮਰ ਗਈ। ਕਹਿੰਦੀ, ਮੈਂ ਜ਼ਹਿਰ ਲਾ ਕੇ ਪਿਲਾਉਣਾ ਚਾਹੁੰਦੀ ਸੀ। ਇਹ ਵੀ ਵਾਰ ਨਾ ਚੱਲਿਆ।

ਦੂਸਰੀ ਵਾਰੀ ਇਕ ਸਪੇਰਾ ਸੀ, ਉਹਨੂੰ ਕਹਿਣ ਲੱਗਿਆ ਪ੍ਰਿਥੀ ਚੰਦ ਕਿ ਤੇਰੇ ਕੋਲ ਸਭ ਤੋਂ ਜ਼ਹਿਰੀ ਸੱਪ ਕਿਹੜਾ ਹੈ? ਕਹਿਣ ਲੱਗਿਆ, ਗੁਰੂ ਲੋਕੋ! ਮੇਰੇ ਕੋਲ ਸਭ ਤੋਂ ਜ਼ਹਿਰੀ ਆਹ ਸੱਪ ਹੈ। ਕਹਿੰਦੇ ਇਹ ਜੇ ਮੂੰਹ ਲਾ ਦੇਵੇ ਨਾ ਤਾਂ ਹਾਇ ਨਹੀਂ ਕਹਿਣ ਦਿੰਦਾ। ਐਨੀ ਜ਼ਹਿਰ ਤੇਜ਼ੀ ਨਾਲ ਚੜ੍ਹਦੀ ਹੈ। ਪਿੱਛੇ ਨੂੰ ਸੁੱਟਦਾ ਹੈ ਮੂਹਰੇ ਨੂੰ ਨਹੀਂ ਸੁੱਟਦਾ। ਕਹਿਣ ਲੱਗਿਆ ਆਹ ਲੈ ਪੰਜ ਸੌ ਰੁਪਿਆ। ਓਹ ਬੱਚਾ ਖੇਡਦਾ ਹੈ, ਤੇ ਜੇ ਇਹ ਸੱਪ ਤੂੰ ਉਸਨੂੰ ਲੜਾ ਦੇਵੇਂ ਤਾਂ ਤੈਨੂੰ ਮੂੰਹ ਮੰਗਿਆ ਇਨਾਮ ਮਿਲੇਗਾ। ਸਪੇਰਾ ਗਿਆ ਜਾ ਕੇ ਮਲਕ ਦੇ ਕੇ ਸੱਪ ਛੱਡ ਦਿਤਾ। ਮਹਾਰਾਜ ਜੀ ਦੇ ਪਾਸ ਚਲਿਆ ਗਿਆ। ਹੁਣ ਡੰਗ ਨਹੀਂ ਮਾਰਦਾ, ਖੇਲ੍ਹਦਾ ਹੈ ਉਨ੍ਹਾਂ ਨਾਲ, ਕਦੇ ਇਧਰ ਹੋ ਜਾਂਦਾ ਹੈ, ਕਦੇ ਓਧਰ ਹੋ ਜਾਂਦਾ ਹੈ। ਮਹਾਰਾਜ ਜੀ ਨੇ ਸਿਰੀ ਤੋਂ ਫੜ ਲਿਆ, ਦੇਖ ਲਿਆ ਕਿ ਸੱਪ ਹੈ। ਸਪੇਰਾ ਵੀ ਫੜ ਲਿਆ। ਜਦੋਂ ਮਾਰ ਪਈ ਤਾਂ ਦੱਸ ਦਿਤਾ ਕਿ ਮੈਨੂੰ ਤਾਂ ਪੈਸੇ ਦਿਤੇ ਨੇ ਕਿ ਸੱਪ ਲੜਾ ਦੇ। ਇਥੇ ਹੀ ਬੱਸ ਨਹੀਂ ਕਰੀ, ਜਿਹੜਾ ਖਿਡਾਵਾ ਸੀ ਬ੍ਰਾਹਮਣ ਉਹ ਖਿਡਾਇਆ ਕਰਦਾ ਸੀ, ਉਸਨੂੰ ਕਿਹਾ ਕਿ ਅਸੀਂ ਤੈਨੂੰ ਐਨੇ ਪੈਸੇ ਦੇਵਾਂਗੇ, ਤੂੰ ਜ਼ਹਿਰ ਪਿਲਾ ਦੇ ਇਹਨੂੰ। ਦਹੀਂ ਪਿਲਾ ਦੇ ਇਹਨੂੰ। ਕਿਉਂਕਿ ਰੋਜ਼ ਆਪਣੇ ਹੱਥ ਦੇ ਨਾਲ ਦਹੀਂ ਖਿਲਾਇਆ ਕਰਦਾ ਸੀ। ਬਹੁਤ ਤੇਜ਼ ਕਿਸਮ ਦਾ ਜ਼ਹਿਰ ਪਾ ਦਿਤਾ ਦਹੀਂ ਵਿਚ। ਜਦੋਂ ਖਿਲਾਉਣ ਲੱਗਿਆ ਮਹਾਰਾਜ ਜੀ, ਮੂੰਹ ਹੀ ਨਹੀਂ ਖੋਲ੍ਹਦੇ। ਦੂਜੇ ਪਾਸੇ ਮੂੰਹ ਕਰਕੇ, ਜ਼ੋਰ ਨਾਲ ਚੀਕ ਮਾਰੀ। ਉਹਦਾ ਸੀ ਕਿ ਜਦੋਂ ਮੂੰਹ ਖੋਲ੍ਹੇਗਾ, ਉਸੇ ਵੇਲੇ ਪਾ ਦੇਣਾ। ਜ਼ਹਿਰ ਐਨੀ ਤੇਜ਼ ਹੈ ਕਿ ਉਥੇ ਹੀ ਖਤਮ ਹੋ ਜਾਣਾ ਹੈ। ਉਹ ਮੂੰਹ ਨਹੀਂ ਖੋਲ੍ਹਦੇ, ਹੱਥ ਮੂਹਰੇ ਕਰਿਆ ਹੋਇਆ ਹੈ, ਛੋਟੇ ਬੱਚੇ ਨੇ। ਰੌਲਾ ਪਿਆ, ਨੱਠ ਕੇ ਮਹਾਰਾਜ ਜੀ ਆ ਗਏ। ਮਾਤਾ ਜੀ ਆ ਗਏ, ਕਹਿੰਦੇ ਕੀ ਗੱਲ? ਕਹਿੰਦਾ, ਦਹੀਂ ਨਹੀਂ ਖਾਂਦੇ। ਕਹਿੰਦੇ, ਦਹੀਂ 'ਚ ਕੋਈ ਗੱਲ ਹੋਣੀ ਹੈ ਤਾਂ ਹੀ ਨਹੀਂ ਖਾਂਦੇ। ਪਤਾ ਤਾਂ ਸਭ ਨੂੰ ਸੀ ਕਿ ਇਹ ਕਰਨ ਕਾਰਨ ਆਪੇ ਹੀ ਨੇ। ਚਾਹੇ ਬੱਚਾ ਸਰੀਰ ਹੋਵੇ, ਚਾਹੇ ਵੱਡਾ ਹੋਵੇ, ਸ਼ਕਤੀ ਨਹੀਂ ਘੱਟ ਹੋਇਆ ਕਰਦੀ, ਸ਼ਕਤੀ ਓਨੀ ਹੀ ਹੋਇਆ ਕਰਦੀ ਹੈ। ਗੁਰੂ ਹਰਿਕ੍ਰਿਸ਼ਨ ਮਹਾਰਾਜ 'ਚ ਕੀ ਸ਼ਕਤੀ ਘੱਟ ਸੀ। ਛਟੀ ਰੱਖਦੇ ਨੇ ਗੂੰਗੇ ਤੇ ਬੋਲੇ ਦੇ ਸਿਰ 'ਤੇ। ਅਰਥ ਕਰਾ ਦਿੰਦੇ ਨੇ ਗੀਤਾ ਦੇ। ਕਿੰਨੀ ਉਮਰ ਸੀ ਸਾਢੇ ਸੱਤ ਸਾਲ। ਸੋ ਇਸ ਤਰ੍ਹਾਂ ਦੇ ਨਾਲ ਦਹੀਂ ਲੈ ਕੇ ਕੁੱਤੇ ਨੂੰ ਪਾ ਦਿਤਾ। ਕੁੱਤੇ ਨੇ ਅਜੇ ਮਾੜਾ ਜਿਹਾ ਹੀ ਅੰਦਰ ਨੂੰ ਕਰਿਆ, ਦੜੰਮ ਕਰਕੇ ਗਿਰ ਗਿਆ। ਐਡੀ ਤੇਜ਼ ਜ਼ਹਿਰ ਪਾਈ। ਸੋ ਇਹ ਵੈਰ ਹੋਇਆ ਕਰਦਾ ਹੈ ਸਾਧਸੰਗਤ ਜੀ। ਇਹ ਲੋਕ ਸੁਖ ਨਹੀਂ ਪਾਇਆ ਕਰਦੇ -

***ਧਾਰਨਾ - ਸੁਖ ਕਦੇ ਨਾ ਪਾਉਂਦੇ ਜੀ,***
***ਮੁਗਧ ਨਰ ਸੰਤਾਂ ਨਾਲ ਖਹੰਦੇ।***

ਸਪੇਰਾ ਮਰ ਗਿਆ ਦੁਸ਼ਟ ਬਾਮ੍ਹਣ ਦੇ ਸੂਲ ਐਸਾ ਉਠਿਆ ਕਿ ਉਹ ਚੜ੍ਹਾਈ ਕਰ ਗਿਆ। ਸੋ ਇਸ ਤਰ੍ਹਾਂ ਦੇ ਨਾਲ ਵੈਰ ਵਧਦਾ ਹੀ ਜਾਂਦਾ ਹੈ ਦਿਨੋ ਦਿਨ। ਇਕ ਤਾਂ ਇਹ ਹੁੰਦਾ ਹੈ ਕਿ ਇਕ ਪਾਸਾ ਵੈਰ ਨਾ ਕਰੇ, ਤਾਂ ਦੂਸਰਾ ਹੌਲੀ-ਹੌਲੀ ਦਬ ਜਾਂਦਾ ਹੈ। ਇਕ ਐਸਾ ਹੁੰਦਾ ਹੈ ਕਿ ਦਬਦਾ ਨਹੀਂ, ਸੁਭਾਅ ਐਸਾ ਹੁੰਦਾ ਹੈ, ਸਾਰੀ ਜ਼ਿੰਦਗੀ ਵੈਰ ਕਰੀ ਜਾਂਦਾ ਹੈ, ਨੁਕਸਾਨ ਪਹੁੰਚਾਉਣਾ ਚਾਹੁੰਦਾ ਹੈ। ਮਹਾਰਾਜ ਕਹਿੰਦੇ, ਇਹ ਤਾਂ ਹੁੰਦਾ ਨਹੀਂ ਪਿਆਰਿਓ।

***ਵੈਰੁ ਕਰਨਿ ਨਿਰਵੈਰ ਨਾਲਿ***
***ਧਰਮਿ ਨਿਆਇ ਪਚੰਦੇ॥***
***ਜੋ ਜੋ ਸੰਤਿ ਸਰਾਪਿਆ ਸੇ ਫਿਰਹਿ ਭਵੰਦੇ ॥***
***ਅੰਗ - ੩੧੭***

ਪਚਦੇ ਨੇ ਜਿਹੜੇ ਨਿਰਵੈਰ ਨਾਲ ਵੈਰ ਕਰਦੇ ਨੇ। ਸੋ ਹੁਣ ਪੇਸ਼ ਨਹੀਂ ਜਾਂਦੀ, ਗੁਰਦਾਸਪੁਰ ਜ਼ਿਲੇ ਦਾ ਇਕ ਬ੍ਰਾਹਮਣ ਜਿਸਦਾ ਨਾਮ ਬੀਰਬਲ ਸੀ ਇਹ ਕਿਸੇ ਰਾਜੇ ਦੇ ਪਾਸ ਨੌਕਰ ਸੀ, ਉਸ ਰਾਜੇ ਨੇ ਹੌਲੀ-ਹੌਲੀ ਅਕਬਰ ਦੇ ਪਾਸ ਭੇਜ ਦਿਤਾ। ਹੁਸ਼ਿਆਰ ਬੜਾ ਸੀ, ਹਾਜ਼ਰ ਜਵਾਬ ਸੀ, ਪੂਜਾ ਪਾਠ ਬਹੁਤ ਕਰਿਆ ਕਰਦਾ ਸੀ। ਕਥਾ ਕਰਨੀ, ਸਭ ਕੁਛ ਕਰਨਾ, ਬ੍ਰਾਹਮਣਾਂ ਵਾਲੇ ਕਰਮ ਵੀ ਪੂਰੇ ਕਰਨੇ ਤੇ ਨਾਲ ਲਤੀਫੇ ਵੀ ਸੁਣਾਉਣੇ ਉਸ ਨੇ। ਬੀਰਬਲ ਦੇ ਲਤੀਫੇ ਮਸ਼ਹੂਰ ਨੇ।

ਇਕ ਵਾਰੀ ਯੂਸਫਦੇਹੀ ਦੇ ਵਿਚ ਯੁੱਧ ਲੱਗਿਆ, ਅਫਗਾਨਿਸਤਾਨ 'ਚ। ਤਾਂ ਉਸ ਥਾਂ ਦੇ ਉਤੇ ਇਕ ਜਰਨੈਲ ਜੈਨ ਖਾਨ ਨਾਮ ਦਾ ਭੇਜਿਆ ਤੇ ਅਕਬਰ ਇਥੇ ਆਇਆ ਹੋਇਆ ਸੀ ਤੇ ਉਸ ਨੂੰ ਪਤਾ ਲੱਗਿਆ ਕਿ ਜੈਨ ਖਾਨ ਕਾਮਯਾਬ ਨਹੀਂ ਹੋ ਸਕਦਾ ਤਾਂ ਅਕਬਰ ਨੇ ਖੁਦ ਤਿਆਰੀ ਕਰੀ ਤੇ ਬੀਰਬਲ ਨੂੰ ਕਿਹਾ ਕਿ ਤੂੰ ਪੰਜਾਬ ਵਿਚੋਂ ਲੰਘ। ਕਹਿਣ ਲੱਗਿਆ, ਮਹਾਰਾਜ! ਮੈਂ ਪੰਜਾਬ ਦਾ ਬ੍ਰਾਹਮਣ ਹਾਂ ਤੇ ਕ੍ਰਿਪਾ ਕਰਕੇ ਮੈਨੂੰ ਇਕ ਹਕੂਕ ਦੇ ਦਿਓ ਕਿ ਮੈਂ ਸਾਰੇ ਖਤਰੀਆਂ ਤੋਂ ਜਜ਼ਮਾਨੀ ਪਰੋਹਤੀ ਲੈਂਦਾ ਚਲਿਆ ਜਾਵਾਂ, ਜਿਹੜਾ ਨਾ ਦੇਵੇ, ਮੈਨੂੰ ਅਖਤਿਆਰ ਦੇ ਦਿਓ ਕਿ ਜੋ ਮੈਂ ਸਜ਼ਾ ਚਾਹਵਾਂ, ਉਹ ਮੈਂ ਦੇਵਾਂ। ਯਾਨਿ ਇਕ ਟੈਕਸ ਉਗਰਾਹੁਣ ਵਾਸਤੇ ਤੁਰਿਆ ਆਉਂਦਾ ਹੈ। ਜਿਥੇ-ਜਿਥੇ ਵੀ ਦੇਖਦਾ ਹੈ ਜਿਹੜੇ-ਜਿਹੜੇ ਵੀ ਪਿੰਡ ਨੇ, ਚਾਹੇ ਜੱਟਾਂ ਦੇ ਨੇ, ਚਾਹੇ ਖੱਤਰੀਆਂ ਦੇ ਨੇ, ਸਾਰਿਆਂ ਤੋਂ ਦੱਛਣਾ ਲੈਂਦਾ ਤੁਰਿਆ ਜਾਂਦਾ ਹੈ।

ਚਲਦਾ-ਚਲਦਾ ਜਦੋਂ ਰਾਮਦਾਸਪੁਰੇ, ਅੰਮ੍ਰਿਤਸਰ ਦੇ ਨੇੜੇ ਆਇਆ ਉਥੇ ਪ੍ਰਿਥੀ ਚੰਦ ਮਿਲ ਗਿਆ, ਭੇਟਾ ਲੈ ਕੇ। ਕਹਿੰਦਾ ਲਓ ਪੰਡਤ ਜੀ! ਤੁਸੀਂ ਤਾਂ ਸਾਡੇ ਪਰੋਹਤ ਹੋਂ। ਪਰ ਮੈਂ ਤਾਂ ਦੇ ਦਿਤੀ। ਪਰ ਮੇਰਾ ਭਰਾ ਜਿਹੜਾ ਅੱਜਕਲ੍ਹ ਬੈਠਾ ਗੁਰੂ ਅਰਜਨ ਕਹਾਉਂਦਾ ਹੈ, ਉਹ ਐਡਾ ਅਭਿਮਾਨੀ ਹੈ ਕਿ ਉਸਨੇ ਤੁਹਾਨੂੰ ਇਕ ਪੈਸਾ ਨਹੀਂ ਦੇਣਾ। ਜੇ ਇਤਬਾਰ ਨਹੀਂ ਹੈ ਤਾਂ ਪ੍ਰਤਿਆ ਕੇ ਦੇਖ ਲਓ। ਉਹਨੇ ਮੈਨੂੰ ਬੜਾ ਦੁਖੀ ਕਰਿਆ ਹੈ, ਵਲ ਛਲ ਦੇ ਨਾਲ ਗੁਰਿਆਈ ਲੈ ਲਈ ਹੈ। ਮੈਂ ਵੱਡਾ ਹਾਂ, ਮੈਂ ਵਾਂਝਾ ਰਹਿ ਗਿਆ, ਮੈਂ ਰੋਟੀ ਤੋਂ ਮੁਹਤਾਜ ਤੁਰਿਆ ਫਿਰਦਾ ਹਾਂ। ਉਹਦੇ ਕੋਲ ਅੰਬਾਰ ਲਗਦੇ ਨੇ। ਤੁਸੀਂ ਜੀਅ ਭਰ ਕੇ ਦੱਛਣਾ ਲਓ। ਮਿਲ ਗਏ ਦੋਵੇਂ, ਗੱਲਾਂ ਕਰੀ ਜਾਂਦੇ ਨੇ। ਉਹ ਵੀ ਬਹੁਤ ਖਿਝਿਆ ਹੋਇਆ ਸੀ ਉਸ ਨੇ ਕਿਹਾ ਕਿ ਇਨ੍ਹਾਂ ਨੇ ਸਾਰੇ ਬ੍ਰਾਹਮਣੀ ਕਰਮ ਤੋੜ ਦਿਤੇ। ਤੀਰਥਾਂ ਨੂੰ ਇਹ ਪਸੰਦ ਨਹੀਂ ਕਰਦੇ, ਵਰਤਾਂ ਨੂੰ ਇਹ ਪਸੰਦ ਨਹੀਂ ਕਰਦੇ, ਚੰਦਰਮਾ ਦੀ ਪੂਜਾ ਨੂੰ, ਦਰਖਤਾਂ ਦੀ ਪੂਜਾ ਨੂੰ, ਇਹ ਤਾਂ ਸਾਰੀਆਂ ਹੀ ਚੀਜ਼ਾਂ ਨੂੰ ਗਲਤ ਕਹੀ ਜਾਂਦੇ ਨੇ। ਮੈਂ ਤਾਂ ਪ੍ਰਿਥੀ ਚੰਦ ਤੇਰੇ ਤੋਂ ਵੀ ਪਹਿਲਾਂ ਤਿਆਰ ਹਾਂ ਕਿ ਮੈਂ ਇਹਨੂੰ ਚੰਗੀ ਤਰ੍ਹਾਂ ਸਜ਼ਾ ਦੇਵਾਂ। ਇਹ ਦੇਖੀ ਜਾਏਗੀ। ਜੇ ਨਹੀਂ ਦੇਵੇਗਾ ਫੇਰ ਤਾਂ ਮੈਨੂੰ ਪੂਰਾ ਬਹਾਨਾ ਮਿਲ ਜਾਏਗਾ। ਫੇਰ ਤੂੰ ਦੇਖੀਂ ਮੈਂ ਕੀ ਕਰਾਂਗਾ।

ਸੋ ਗੁਰੂ ਮਹਾਰਾਜ ਦੇ ਕੋਲ ਆਪਣੇ ਪਿਆਦੇ ਭੇਜ ਦਿਤੇ। ਕਹਿੰਦੇ, ਦੇਖੋ ਤੁਸੀਂ ਓਂ ਖੱਤਰੀ, ਕਹਿ ਦਿਓ ਉਹਨੂੰ ਕਿ ਬ੍ਰਾਹਮਣ ਬੀਰਬਲ ਨੇ ਭੇਜੇ ਨੇ ਤੇ ਐਨੇ ਹਜ਼ਾਰ ਦੱਛਣਾ ਦੇਵੇ। ਜੇ ਨਾ ਦੇਵੇ ਤਾਂ ਤਿਆਰ ਹੋ ਜਾਵੇ ਸਜ਼ਾ ਭੁਗਤਣ ਵਾਸਤੇ। ਮਹਾਰਾਜ ਜੀ ਦੇ ਪਾਸ ਚਲੇ ਗਏ, ਜਾ ਕੇ ਉਨ੍ਹਾਂ ਨੇ ਕੁਛ ਅਦਬ ਰੱਖਿਆ ਥੋੜ੍ਹਾ, ਸਮਝਦਾਰ ਸੀ। ਕਹਿਣ ਲੱਗੇ, ਪਾਤਸ਼ਾਹ! ਅਕਬਰ ਤੋਂ ਬੀਰਬਲ ਹੁਕਮ ਲੈ ਆਇਆ ਹੈ ਤੇ ਹਰ ਥਾਂ ਤੋਂ ਉਹ ਆਪਣੀ ਦੱਛਣਾ ਲੈਂਦਾ ਫਿਰਦਾ ਹੈ। ਪੈਸੇ ਉਗਰਾਉਂਦਾ ਫਿਰਦਾ ਹੈ। ਤੁਹਾਡੇ ਭਰਾਤਾ ਜੀ ਨੇ ਵੀ ਦੇ ਦਿਤੇ ਨੇ ਤੇ ਕੁਛ ਗੁਪਤ ਗੱਲਾਂ ਵੀ ਇਨ੍ਹਾਂ ਨੇ ਆਪਸ ਵਿਚ ਕਰੀਆਂ ਨੇ, ਕਿਤੇ ਐਸਾ ਨਾ ਹੋਵੇ ਕਿ ਆਪ ਨੂੰ ਸੰਕਟ ਖੜ੍ਹਾ ਹੋ ਜਾਵੇ, ਚੰਗਾ ਹੋਵੇ ਕਿ ਬਲਾ ਗਲੋਂ ਲਾਹੋ ਤੇ ਜਿਹੜਾ ਮੰਗਿਆ ਹੈ ਇਹ ਦੇ ਦਿਓ।

ਮਹਾਰਾਜ ਕਹਿੰਦੇ, ਪ੍ਰੇਮੀਓ! ਆਹ ਜਿੰਨਾ ਤੁਹਾਨੂੰ ਪੈਸਾ ਟਕਾ ਨਜ਼ਰ ਆਉਂਦਾ ਹੈ, ਇਹ ਮੇਰਾ ਤਾਂ ਹੈ ਨਹੀਂ। ਮੈਂ ਤਾਂ ਇਹਦੇ ਵਿਚੋਂ ਪ੍ਰਸ਼ਾਦਾ ਵੀ ਨਹੀਂ ਛਕਦਾ, ਵਸਤਰ ਵੀ ਨਹੀਂ ਪਹਿਨਦਾ। ਇਹ ਤਾਂ ਸਾਰਾ ਸੰਗਤਾਂ ਲਿਆਉਂਦੀਆਂ ਨੇ, ਸੰਗਤਾਂ 'ਤੇ ਹੀ ਲਗ ਜਾਂਦਾ ਹੈ। ਅਸੀਂ ਤਾਂ ਆਪਣਾ ਪ੍ਰਸ਼ਾਦਾ ਪਾਣੀ ਜਿਹੜੀ ਸਾਡੇ ਕੋਲ ਜ਼ਮੀਨ ਹੈ ਉਹਦੇ 'ਚੋਂ ਖਾਂਦੇ, ਉਹਦੇ 'ਚੋਂ ਵੀ ਅਸੀਂ ਗੁਰੂ ਦੇ ਲੰਗਰ 'ਚ ਪਾ ਦਿੰਦੇ ਹਾਂ ਜਿੰਨਾ ਵਾਧੂ ਹੁੰਦਾ ਹੈ। ਸੋ ਪੈਸਾ ਤਾਂ ਇਨ੍ਹਾਂ ਸੰਗਤਾਂ ਦਾ ਹੈ, ਸੰਗਤਾਂ ਦਾ ਪੈਸਾ ਕਿਸੇ ਨੂੰ ਦੇਣਾ ਮੇਰਾ ਅਖਤਿਆਰ ਨਹੀਂ।

ਕਹਿੰਦੇ, ਮਹਾਰਾਜ! ਜਿੱਦੀ ਬੰਦਾ ਹੈ, ਅਕਬਰ ਦੇ ਮੂੰਹ ਬਹੁਤ ਚੜ੍ਹਿਆ ਹੋਇਆ ਹੈ ਤੇ ਆਪ ਜੇ ਦੇ ਦਿਓ ਤਾਂ ਚੰਗਾ ਹੈ, ਨਹੀਂ ਤਾਂ ਫੇਰ ਨੁਕਸਾਨ ਬਹੁਤ ਹੋ ਜਾਂਦਾ ਹੈ। ਅਸੀਂ ਤਾਂ ਤੁਹਾਡਾ ਵੀ ਸਤਿਕਾਰ ਰੱਖਣਾ ਹੈ ਤੇ ਓਧਰ ਵੀ ਰੱਖਣਾ ਹੈ। ਮਹਾਰਾਜ ਕਹਿਣ ਲੱਗੇ, ਪ੍ਰੇਮੀਓ! ਵਿਚੋਂ ਜਿਹੜੀ ਗੱਲ ਹੈ ਕਿ ਏਸ ਨੂੰ ਬਹੁਤ ਅਭਿਮਾਨ ਹੈ ਬ੍ਰਾਹਮਣਪੁਣੇ ਦਾ, ਇਹ ਸਿੱਖੀ ਨੂੰ ਮੇਟਣਾ ਚਾਹੁੰਦਾ ਹੈ ਕਿ ਮੈਂ ਇਹਨੂੰ ਖਤਮ ਕਰ ਦੇਵਾਂ। ਪਰ ਵਾਹਿਗੁਰੂ ਦਾ ਅਸੂਲ ਕੁਛ ਹੋਰ ਹੈ। ਪੜ੍ਹੋ ਪਿਆਰ ਨਾਲ -

***ਧਾਰਨਾ - ਤੇਰਾ ਮਾਣ ਓ - 3***
***ਪ੍ਰਭੂ ਨੂੰ ਨਾ ਭਾਵੇ ਭਾਈ ਤੇਰਾ ਮਾਣ ਜੀ।***

***ਹਰਿ ਜੀਉ ਅਹੰਕਾਰੁ ਨ ਭਾਵਈ***
***ਵੇਦ ਕੂਕਿ ਸੁਣਾਵਹਿ ॥ ਅੰਗ - ੧੦੮੯***

ਚਾਰੇ ਵੇਦ, ਛੇਈ ਸ਼ਾਸਤਰ, ਸਤਾਈ ਸਿਮ੍ਰਤੀਆਂ, ਧਰਮ ਗ੍ਰੰਥ ਸਾਰੇ ਇਹ ਕਹਿੰਦੇ ਨੇ ਕਿ ਰੱਬ ਨੂੰ ਹੰਕਾਰ ਨਹੀਂ ਭਾਇਆ ਕਰਦਾ। 'ਹੰਕਾਰਿਆ ਸੋ ਮਾਰਿਆ।' ਹੰਕਾਰਿਆ ਜਿਹੜਾ ਪੁਰਸ਼ ਹੈ ਉਹਨੂੰ ਹਾਰਨਾ ਪਏਗਾ। ਮਹਾਰਾਜ ਕਹਿੰਦੇ, ਤੁਸੀਂ ਅਕਾਲ ਪੁਰਖ 'ਤੇ ਭਰੋਸਾ ਰੱਖੋ। ਪਿਆਦਿਆ ਨੂੰ ਕਹਿਣ ਲੱਗੇ, ਦੇਖੋ ਤੁਸੀਂ ਉਨ੍ਹਾਂ ਨੂੰ ਕਹਿ ਦਿਓ ਕਿ ਲੰਗਰ ਛਕਣਾ ਹੈ ਥਾਂ ਤਿਆਰ ਹੈ ਕਿਉਂਕਿ ਗੁਰੂ ਨਾਨਕ ਦੇ ਦਰ ਦੇ ਉਤੇ ਕੋਈ ਦ੍ਵੈਸ਼ ਨਹੀਂ ਹੈ, ਲੇਕਿਨ ਅਸੀਂ ਜਾਤ ਪਾਤ ਨੂੰ ਨਹੀਂ ਮੰਨਦੇ ਕਿ ਬ੍ਰਾਹਮਣਾਂ ਨੂੰ ਕਿਸੇ ਖਾਸ ਥਾਂ ਬੈਠ ਕੇ ਪ੍ਰਸ਼ਾਦਾ ਛਕਾਇਆ ਜਾਵੇ ਤੇ ਗੁਰੂ ਅਮਰਦਾਸ ਮਹਾਰਾਜ ਜੀ ਦੇ ਦਰਬਾਰ ਵਿਚ ਆ ਕੇ ਅਕਬਰ ਬਾਦਸ਼ਾਹ ਨੇ ਭੁੰਜੇ ਬੈਠ ਕੇ ਹੱਥਾਂ 'ਤੇ ਲੈ ਕੇ ਪ੍ਰਸ਼ਾਦਾ ਛਕਿਆ ਸੀ। ਗੁਰੂ ਨਾਨਕ ਦਾ ਲੰਗਰ ਹੈ ਇਹਦਾ ਮਿਲ ਜਾਣਾ ਹੀ ਬਹੁਤ ਵੱਡੀ ਕਿਸਮਤ ਹੋਇਆ ਕਰਦੀ ਹੈ। ਬਾਕੀ ਜਿਹੜਾ ਰਹਿ ਗਿਆ ਕਿ ਇਹ ਜਜ਼ਮਾਨੀ ਪਰੋਹਤੀ ਦੀ ਗੱਲ ਕਰਦਾ ਹੈ, ਅਸੀਂ ਤਾਂ ਨਾ ਕਿਸੇ ਤੀਰਥ ਨੂੰ ਮੰਨਦੇ ਹਾਂ, ਨਾ ਚੰਦ ਨੂੰ, ਨਾ ਸੂਰਜ ਨੂੰ, ਨਾ ਕਿਸੇ ਧਰਮਰਾਜ ਨੂੰ, ਨਾ ਕਿਸੇ ਗ੍ਰਹਿ ਨੂੰ ਮੰਨਦੇ, ਨਾ ਕਿਸੇ ਨਛੱਤ੍ਰ ਨੂੰ ਮੰਨਦੇ ਹਾਂ, ਨਾ ਅਸੀਂ ਕਿਸੇ ਦੇਵੀ ਨੂੰ ਮੰਨਦੇ ਹਾਂ, ਨਾ ਦੇਵਤਾ ਨੂੰ ਮੰਨਦੇ ਹਾਂ। ਸਾਡਾ ਤਾਂ ਜਜ਼ਮਾਨ ਸਿੱਧਾ ਹੀ ਵਾਹਿਗੁਰੂ ਹੈ। ਵਿਚਾਲੇ-ਵਿਚਾਲੇ ਕੋਈ ਨਹੀਂ ਹੈ। ਸੋ ਉਨ੍ਹਾਂ ਨੂੰ ਕਹਿ ਦਿਓ ਕਿ ਗੁਰੂ ਨਾਨਕ ਦਾ ਧਰਮ ਜੋ ਹੈ ਉਹ ਤਾਂ ਮੰਨਦਾ ਨਹੀਂ ਹੈ ਕਿਸੇ ਨੂੰ, ਦੱਛਣਾ ਵਗੈਰਾ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ।

ਸੋ ਉਹ ਜਵਾਬ ਲੈ ਕੇ ਚਲੇ ਜਾਂਦੇ ਨੇ। ਉਸ ਵੇਲੇ ਗੋਂਦਾ ਗੁੰਦਣੀਆਂ ਸ਼ੁਰੂ ਕਰ ਲਈਆਂ ਉਸਨੇ ਤੇ ਨਾਲ ਇਹ ਗੱਲ ਕਹੀ ਕਿ ਦੇਖਾਂਗਾ ਮੇਰੀ ਅਥਾਊਰਟੀ ਨੂੰ ਚੈਲੰਜ ਕਰਿਆ ਹੈ ਤੇ ਮੈਂ ਦੱਸਾਂਗਾ ਕਿ ਕੀ ਤਾਕਤ ਹੋਇਆ ਕਰਦੀ ਹੈ ਬ੍ਰਾਹਮਣ ਦੇ ਅੰਦਰ ਤੇ ਕਿੱਡੀਆਂ-ਕਿੱਡੀਆਂ ਬਾਦਸ਼ਾਹੀਆਂ ਬ੍ਰਾਹਮਣ ਨੇ ਗਰਕ ਕਰ ਦਿਤੀਆਂ। ਇਹ ਤਾਂ ਕਿਹੜੇ ਬਾਗ ਦੀ ਮੂਲੀ ਨੇ। ਅਭਿਮਾਨ ਦੇ ਹੰਕਾਰੇ ਹੋਏ ਬਚਨ ਕਰਦਾ ਹੈ। ਆ ਕੇ ਗੁਰਸਿੱਖਾਂ ਨੇ ਦੱਸਿਆ ਕਿ ਸੱਚੇ ਪਾਤਸ਼ਾਹ! ਉਹ ਤਾਂ ਬਹੁਤ ਹੰਕਾਰੇ ਹੋਏ ਬਚਨ ਕਰ ਰਿਹਾ ਹੈ। ਮਹਾਰਾਜ! ਕਹਿੰਦੇ, ਕੋਈ ਨਾ ਪ੍ਰੇਮੀਓ! ਜਿਹੜਾ ਨਿਰਵੈਰਾਂ ਦੇ ਉਤੇ, ਵੈਰ ਕਰਨ ਵਾਸਤੇ ਚੜ੍ਹ ਕੇ ਆਉਂਦਾ ਹੈ, ਉਹ ਫੇਰ ਵਾਹਿਗੁਰੂ ਜੀ ਦਾ ਫਰਜ਼ ਬਣ ਜਾਂਦਾ ਹੈ, ਆਪਾਂ ਤਾਂ ਸਰਬੱਤ ਦਾ ਭਲਾ ਮੰਗੋ। ਜੇ ਫੇਰ ਵੀ ਕੋਈ ਨਹੀਂ ਹਟਦਾ ਤਾਂ ਫੇਰ ਵਾਹਿਗੁਰੂ ਜੀ ਦੀ ਡਿਊਟੀ ਹੁੰਦੀ ਹੈ ਕਿ ਦੈਂਤਾਂ ਨੂੰ ਮਾਰਦਾ ਹੈ ਤੇ ਸੰਤਾਂ ਨੂੰ ਉਭਾਰਦਾ ਹੈ।

***ਧਾਰਨਾ - ਦੈਂਤਾਂ ਨੂੰ ਮਾਰ ਕੇ***
***ਸੰਤਾਂ ਦੀ ਰਾਖੀ ਕਰਦੈ।***

*ਹਰਿ ਜੁਗੁ ਜੁਗੁ ਭਗਤ ਉਪਾਇਆ*
*ਪੈਜ ਰਖਦਾ ਆਇਆ ਰਾਮ ਰਾਜੇ ॥*
*ਹਰਣਾਖਸੁ ਦੁਸਟੁ ਹਰਿ ਮਾਰਿਆ*
*ਪ੍ਰਹਲਾਦੁ ਤਰਾਇਆ॥*
*ਅਹੰਕਾਰੀਆ ਨਿੰਦਕਾ ਪਿਠਿ ਦੇਇ*
*ਨਾਮਦੇਉ ਮੁਖਿ ਲਾਇਆ ॥*
*ਜਨ ਨਾਨਕ ਐਸਾ ਹਰਿ ਸੇਵਿਆ*
*ਅੰਤਿ ਲਏ ਛਡਾਇਆ ॥ ਅੰਗ - ੪੫੧*

ਸਾਧਸੰਗਤ ਜੀ! ਘਬਰਾਉਣ ਦੀ ਲੋੜ ਨਹੀਂ। ਅਕਾਲ ਪੁਰਖ ਨੇ ਜੁਗਾਂ ਜੁਗਾਤਰਾਂ ਤੋਂ ਭਗਤਾਂ ਦੀ ਰਾਖੀ ਆਪ ਆ ਕੇ ਕਰੀ ਹੈ। ਦੇਖੋ, ਪ੍ਰਹਿਲਾਦ ਦੀ ਰਾਖੀ ਵਾਸਤੇ ਨਰਸਿੰਘ ਦਾ ਰੂਪ ਧਾਰਨਾ ਪਿਆ ਤੇ ਅਨੇਕਾਂ ਦੀ ਰਾਖੀ ਕਰੀ ਹੈ।

*ਸਹਸਬਾਹੁ ਮਧੁ ਕੀਟ ਮਹਿਖਾਸਾ ॥*
*ਹਰਣਾਖਸੁ ਲੇ ਨਖਹੁ ਬਿਧਾਸਾ ॥*
*ਦੈਤ ਸੰਘਾਰੇ ਬਿਨੁ ਭਗਤਿ ਅਭਿਆਸਾ ॥ ੬ ॥*
*ਜਰਾਸੰਧਿ ਕਾਲਜਮੁਨ ਸੰਘਾਰੇ ॥*
*ਰਕਤਬੀਜੁ ਕਾਲੁਨੇਮੁ ਬਿਦਾਰੇ ॥*
*ਦੈਤ ਸੰਘਾਰਿ ਸੰਤ ਨਿਸਤਾਰੇ ॥ ਅੰਗ - ੨੨੪*

ਦੈਂਤਾਂ ਦਾ ਸੰਘਾਰ ਕਰਨਾ ਵਾਹਿਗੁਰੂ ਦੀ ਆਪਣੀ ਡਿਊਟੀ ਹੈ। ਤੁਸੀਂ ਬੇਫਿਕਰ ਰਹੋ। ਪਾਤਸ਼ਾਹ! ਬੜਾ ਉਹ ਤਾਂ ਹੰਕਾਰ ਦੇ ਬਚਨ ਕਰਦਾ ਹੈ। ਕਹਿੰਦੇ, ਕੋਈ ਨਾ। ਐਨੇ ਨੂੰ ਅਕਬਰ ਨੂੰ ਖਬਰ ਆਈ, ਲਾਹੌਰ ਕਿ ਜੈਨ ਖਾਂ ਭੱਜਣ ਦੀਆਂ ਤਿਆਰੀਆਂ ਕਰਦਾ ਹੈ ਕਿ ਛੇਤੀ ਫੌਜ ਭੇਜ ਦਿਓ। ਉਸ ਵੇਲੇ ਉਨ੍ਹਾਂ ਨੇ ਫੌਰਨ ਬੀਰਬਲ ਨੂੰ ਸੁਨੇਹਾ ਭੇਜਿਆ ਕਿ ਇਕ ਦਮ ਡਬਲ ਮਾਰਚ ਕਰਦਾ-ਕਰਦਾ ਪਹੁੰਚ ਜਾਹ ਤੇ ਜਾ ਕੇ ਯੁੱਧ ਦਾ ਪਲਟਾ ਪਲਟ। ਉਸੇ ਵੇਲੇ ਜਦੋਂ ਤੁਰਨ ਲੱਗਿਆ ਤਾਂ ਪ੍ਰਿਥੀ ਚੰਦ ਕਹਿਣ ਲੱਗਿਆ ਕਿ ਬੀਰਬਲ ਜੀ! ਦੱਛਣਾ ਤਾਂ ਤੁਹਾਨੂੰ ਦਿਤੀ ਨਹੀਂ। ਕਹਿੰਦਾ ਮੈਂ ਆਇਆ ਆ ਕੇ ਦੇਖੀਂ ਤੂੰ ਮੈਂ ਕਿਸ ਤਰ੍ਹਾਂ ਦੇ ਨਾਲ ਦੱਛਣਾ ਲੈਂਦਾ ਹਾਂ।

ਆ ਕੇ ਮਹਾਰਾਜ ਜੀ ਨੂੰ ਬੇਨਤੀ ਕਰੀ ਗਈ ਕਿ ਪਾਤਸ਼ਾਹ! ਉਹ ਤਾਂ ਐਉਂ ਕਹਿੰਦਾ ਹਾਂ ਕਿ ਮੈਂ ਯੁੱਧ ਤੋਂ ਹੁਣੇ ਹੀ ਆਇਆ ਤੇ ਬਾਦਸ਼ਾਹ ਵੀ ਮੇਰੇ 'ਤੇ ਬਹੁਤ ਖੁਸ਼ ਹੋਏਗਾ। ਫੇਰ ਮੈਂ ਮਨਮਰਜ਼ੀ ਕਰਾਂਗਾ ਫੇਰ ਮੈਂ ਅਗਲਾ ਪਿਛਲਾ ਹਿਸਾਬ ਕਿਤਾਬ ਨਿਬੇੜ ਲਵਾਂਗਾ। ਮਹਾਰਾਜ ਕਹਿੰਦੇ ਇਹਦਾ ਕੀ ਭਰੋਸਾ ਹੈ ਕਿ ਇਹਨੇ ਆਉਣਾ ਵੀ ਹੈ ਕਿ ਨਹੀਂ ਆਉਣਾ। ਕੋਈ ਪਤਾ ਨਹੀਂ ਹੈ।

***ਧਾਰਨਾ - ਅਜੇ ਨਉਕਾ ਵਿਚ ਸਮੁੰਦਰ ਦੇ***
***ਕਿਆ ਜਾਨੇ ਕਿਆ ਹੋਏ।***

*ਕਬੀਰ ਗਰਬੁ ਨ ਕੀਜੀਐ ਰੰਕੁ ਨ ਹਸੀਐ ਕੋਇ॥*
*ਅਜਹੁ ਸੁ ਨਾਉ ਸਮੁੰਦ੍ਰ ਮਹਿ ਕਿਆ*
*ਜਾਨਉ ਕਿਆ ਹੋਇ ॥ ਅੰਗ - ੧੩੬੬*

ਕੀ ਪਤਾ ਕੀ ਹੋ ਜਾਵੇ, ਦੂਸਰਿਆਂ ਨੂੰ ਹਾਸਾ ਮਖੌਲ ਮਸਕਰੀਆਂ ਕਰਦਾ ਹੈਂ। ਮਹਾਰਾਜ ਕਹਿੰਦੇ, ਜਦੋਂ ਆਏਗਾ ਉਦੋਂ ਹੀ ਕੁਛ ਕਰੇਗਾ।

ਉਥੇ ਜਾਂਦਾ ਹੀ ਪਠਾਣਾਂ ਨੇ ਮਾਰ ਦਿਤਾ। ਬੜਾ ਉਦਾਸ ਹੋਇਆ ਪ੍ਰਿਥੀ ਚੰਦ। ਸਭ ਤੋਂ ਜ਼ਿਆਦਾ ਸਦਮਾ ਇਹਨੂੰ ਪਹੁੰਚਿਆ ਕਿ ਮਸਾਂ-ਮਸਾਂ ਤਿਆਰ ਕਰਿਆ ਸੀ। ਉਹ ਵੀ ਜਾਂਦਾ ਰਿਹਾ। ਚਾਰ-ਪੰਜ ਵਾਰ ਵੀ ਕਰੇ, ਸਾਰੇ ਖਾਲੀ ਗਏ। ਖਬਰੇ ਕਿਹੋ ਜਿਹੀ ਕਿਸਮਤ ਹੈ ਮੇਰੀ। ਅਜੇ ਵੀ ਪਛਤਾਉਂਦਾ ਨਹੀਂ ਹੈ। ਪਹਿਲੇ ਗੁਰੂਆਂ ਦੀ ਲਿਹਾਜ਼ ਨਹੀਂ ਹੈ ਕਿ ਚਲੋ ਇਨ੍ਹਾਂ ਦੀ ਨਾ ਕਰ, ਪਹਿਲਿਆਂ ਦੀ ਤਾਂ ਕਰ ਲੈ ਕਿ ਗੁਰਿਆਈ ਗੁਰੂ ਨਾਨਕ ਦੀ ਐਵੇਂ ਤਾਂ ਨਹੀਂ ਚਲੀ ਆਉਂਦੀ। ਬੇ-ਭਰੋਸੇ ਬੰਦਾ ਸੀਗਾ, ਨਾਸਤਕ ਬੰਦਾ।

ਸੋ ਇਸ ਤਰ੍ਹਾਂ ਗੁਰੂ ਮਹਾਰਾਜ ਵਾਪਸ ਚਲੇ ਜਾਂਦੇ ਨੇ। ਜਾਂਦੇ-ਜਾਂਦੇ ਜਦੋਂ ਖਡੂਰ ਸਾਹਿਬ ਪਹੁੰਚਦੇ ਨੇ, ਉਸ ਥਾਂ ਦੇ ਉਤੇ ਦਾਸੂ ਜੀ ਜੋ ਗੁਰੂ ਅੰਗਦ ਸਾਹਿਬ ਮਹਾਰਾਜ ਦੇ ਸਾਹਿਬਜ਼ਾਦੇ ਸੀ। ਉਨ੍ਹਾਂ ਨੂੰ ਮਿਲਣ ਆਪ ਗਏ। ਸਮਾਧੀ ਸਥਿਤ ਆਪ ਬੈਠੇ ਸਨ, ਆਪ ਨੇ ਸਮਾਧੀ ਖੁਲਾਈ ਤੇ ਫੇਰ ਆਪ ਨੇ ਦਰਸ਼ਨ ਮੇਲੇ ਕਰੇ। ਐਨੇ ਨੂੰ ਦਾਤੂ ਜੀ ਆ ਗਏ, ਆ ਕੇ ਕਹਿਣ ਲੱਗੇ ਮਹਾਰਾਜ! ਅਸੀਂ ਬੜੀ ਭਾਰੀ ਭੁੱਲ ਕੀਤੀ ਹੈ ਕਿ ਜਦੋਂ ਪਿਤਾ ਜੀ ਨੇ ਗੁਰਿਆਈ ਗੁਰੂ ਅਮਰਦਾਸ ਜੀ ਨੂੰ ਦਿਤੀ ਤਾਂ ਮੈਨੂੰ ਕੋਝਿਆਂ ਮਸੰਦਾਂ ਨੇ ਚੁੱਕ ਚੁਕਾ

ਕੇ ਇਹ ਗੱਲ ਕਹੀ ਕਿ ਦੇਖ, ਗੁਰਿਆਈ ਉਨ੍ਹਾਂ ਨੇ ਕਿਵੇਂ ਦੇ ਦਿਤੀ, ਤੁਸਾਂ ਤਾਂ ਪੁੱਤਰ ਹੋ ਉਨ੍ਹਾਂ ਦੇ। ਜੇ ਤੁਸੀਂ ਹੁਣ ਨਾ ਗੁਰਿਆਈ ਸੰਭਾਲੀ ਇਹ ਬਾਹਰ ਚਲੀ ਜਾਏਗੀ। ਪਹਿਲਾਂ ਸ੍ਰੀ ਚੰਦ ਜੀ ਨੇ ਗੁਰਿਆਈ ਨਾ ਸੰਭਾਲੀ। ਪਹਿਲਾਂ ਗੁਰੂ ਨਾਨਕ ਦੇ ਘਰ 'ਚੋਂ ਬਾਹਰ ਚਲੀ ਗਈ, ਹੁਣ ਤੁਹਾਡੇ ਤੋਂ ਬਾਹਰ ਚਲੀ ਗਈ। ਉਹ ਕੱਲ੍ਹ ਤੱਕ ਤਾਂ ਤੁਹਾਡੀ ਸੇਵਾ ਕਰਦਾ ਰਿਹਾ ਹੈ, ਜਾਓ ਜਾ ਕੇ ਤੁਸੀਂ ਤਖਤ ਲਾ ਕੇ ਬੈਠੋ, ਉਹਦੀ ਕੀ ਮਜ਼ਾਲ ਹੈ ਕਿ ਤੁਹਾਡੇ ਬਰਾਬਰ ਬੈਠ ਜਾਵੇ। ਸੋ ਇਹ ਦਾਤੂ ਜੀ ਖਡੂਰ ਸਾਹਿਬ ਤੋਂ ਗੋਇੰਦਵਾਲ ਸਾਹਿਬ ਆ ਗਏ। ਅੱਗੇ ਦਰਬਾਰ ਲੱਗਿਆ ਹੋਇਆ ਹੈ, ਸੰਗਤ ਆਈ ਬੈਠੀ ਹੈ। ਦੂਰ-ਤਕ ਬੈਠੀ ਹੈ ਹਜ਼ਾਰਾਂ ਦੀ ਤਾਦਾਦ 'ਚ। ਅੰਬਾਰ ਲੱਗੇ ਪਏ ਨੇ ਭੇਟਾਵਾਂ ਦੇ ਸੰਗਤਾਂ ਵਲੋਂ। ਮਹਾਰਾਜ ਜੀ ਨੇ ਵੀ ਦੇਖ ਲਿਆ ਕਿ ਦਾਤੂ ਜੀ ਆ ਰਹੇ ਨੇ। ਕਿਹਾ ਕਿ ਇਨ੍ਹਾਂ ਨੂੰ ਆਦਰ ਸਤਿਕਾਰ ਦੇ ਨਾਲ ਬਿਠਾ ਦਿਓ। ਲੇਕਿਨ ਉਹ ਤਾਂ ਅੱਗ ਬਗੋਲਾ ਹੋਏ ਸੀ, ਆਉਂਦੇ ਨੇ ਤਖਤ ਦੇ ਉਤੇ ਚੜ੍ਹ ਕੇ ਮਹਾਰਾਜ ਜੀ ਦੀ ਪਿੱਠ 'ਤੇ ਜ਼ੋਰ ਨਾਲ ਲੱਤ ਮਾਰੀ। ਥੱਲੇ ਭੁੰਜੇ ਸੁੱਟ ਦਿਤੇ। ਮਹਾਰਾਜ ਜੀ ਜਦੋਂ ਹੇਠਾਂ ਗਿਰੇ ਜੇ ਇਕ ਬਚਨ ਕਰ ਦਿੰਦੇ, ਮਾੜੀ ਜਿਹੀ ਇਛਿਆ ਕਰ ਦਿੰਦੇ, ਫਨਾਹ ਕਰ ਦਿੰਦੇ ਸਭ ਚੀਜ਼ਾਂ ਨੂੰ।

ਕਿਉਂਕਿ ਮਹਾਂਪੁਰਸ਼ ਐਵੇਂ ਨਹੀਂ ਹੋਇਆ ਕਰਦੇ ਸਾਧਸੰਗਤ ਜੀ। ਇਸੇ ਕਰਕੇ ਕਹਿੰਦੇ ਨੇ ਕਿ ਕਿਸੇ ਨਾਲ ਐਵੇਂ ਨਾ ਝਗੜਾ ਕਰੋ। ਪਤਾ ਨਹੀਂ ਕਿਸੇ ਪੂਰੇ ਨਾਲ ਹੀ ਵਾਹ ਪੈ ਜਾਵੇ।

ਬਾਬਾ ਫਰੀਦ ਜੀ, ਉਨ੍ਹਾਂ ਦੇ ਭੈਣ ਦੇ ਲੜਕੇ ਦਾ ਨਾਮ ਮਖਦੂਮ ਸੀ। ਉਹ ਤਪਸਿਆ ਕਰਿਆ ਕਰਦਾ ਸੀ, ਭੈਣ ਨੇ ਇਨ੍ਹਾਂ ਨੂੰ ਦੇ ਦਿਤਾ ਕਿ ਤੁਸੀਂ ਭਰਾਤਾ ਜੀ ਮੇਰੇ ਪੁੱਤਰ ਨੂੰ ਆਪਣੇ ਕੋਲ ਰੱਖੋ। ਪਾਕ ਪਟਨ ਰਹਿਣਾ ਸ਼ੁਰੂ ਕਰ ਦਿਤਾ ਬਾਬਾ ਜੀ ਨੇ। ਬਾਬਾ ਜੀ ਦੀਆਂ ਤਿੰਨ ਸ਼ਾਦੀਆਂ ਸੀ। ਇਕ ਸ਼ਾਦੀ ਉਨ੍ਹਾਂ 'ਚੋਂ ਦਿੱਲੀ ਦੇ ਬਾਦਸ਼ਾਹ ਗਿਆਸੂਦੀਨ ਬਲਬਨ ਦੀ ਲੜਕੀ ਨਾਲ ਹੋਈ ਹੋਈ ਸੀ। ਇਹ ਹਜ਼ਰਤ ਮੁਹੰਮਦ ਦੇ ਖਾਨਦਾਨ ਵਿਚੋਂ ਸੀਗੇ। ਬੜਾ ਸਤਿਕਾਰ ਸੀ ਮੁਸਲਿਮ ਸੰਸਾਰ ਦੇ ਅੰਦਰ ਬਾਬਾ ਜੀ ਦਾ। ਕਿਉਂਕਿ ਸੂਫੀ ਪੀਰਾਂ ਦੇ ਅੰਦਰ ਹਠ ਯੋਗ ਬੜਾ ਜ਼ਬਰਦਸਤ ਹੋਇਆ ਕਰਦਾ ਸੀ ਤੇ ਉਹਦੇ ਨਾਲ ਰਿੱਧੀਆਂ ਸਿੱਧੀਆਂ, ਸ਼ਕਤੀਆਂ ਬੇਅੰਤ ਪ੍ਰਾਪਤ ਕਰ ਲੈਂਦੇ ਸੀ। ਫੇਰ ਦੂਜਾ ਪਾਸਾ ਵੀ ਪੂਰਾ ਹੁੰਦਾ ਕਿਉਂਕਿ ਸਾਧੂ ਦੇ ਕੋਲ ਸ਼ਕਤੀ ਨਾ ਹੋਵੇ ਸ਼ਿੰਗਾਰ ਨਹੀਂ ਹੋਇਆ ਕਰਦਾ, ਵਰਤੇ ਨਾ ਵਰਤੇ। ਲੇਕਿਨ ਹੋਇਆ ਕੁਦਰਤੀ ਕਰਦੀ ਹੈ। ਸੋ ਇਸ ਤਰ੍ਹਾਂ ਦੇ ਨਾਲ ਉਨ੍ਹਾਂ ਨੂੰ ਬਾਬਾ ਜੀ ਨੇ ਲੰਗਰ ਵਰਤਾਉਣ ਦੀ ਡਿਊਟੀ ਦੇ ਦਿਤੀ ਤੇ ਇਕ ਦਿਨ ਜਾ ਕੇ ਲੰਗਰ ਸਮੇਂ ਸਿਰ ਵਰਤਾ ਨਾ ਸਕੇ। ਅਜੇ ਸਮਾਧੀ ਵਿਚ ਬੈਠੇ ਨੇ ਤਾਂ ਬਾਬਾ ਜੀ ਦਾ ਵੱਡਾ ਲੜਕਾ ਜਮਾਲ ਹੈ ਜਿਸਦਾ ਨਾਮ ਉਹ ਆ ਗਿਆ। ਉਹਨੇ ਕਿਹਾ ਕਿ ਲੰਗਰ ਨਹੀਂ ਵਰਤਿਆ ਅਜੇ, ਕਹਿੰਦੇ ਨਹੀਂ ਜੀ, ਲੰਗਰ ਤਾਂ ਅਜੇ ਵਰਤਿਆ ਨਹੀਂ। ਚਲੋ, ਕਹਿੰਦੇ ਲੰਗਰ ਮੈਂ ਵਰਤਾਉਂਦਾ ਹਾਂ। ਲੰਗਰ ਵਰਤਾ ਦਿਤਾ, ਜਦੋਂ ਇਨ੍ਹਾਂ ਦੀ ਸਮਾਧੀ ਖੁਲ੍ਹੀ, ਇਨ੍ਹਾਂ ਨੇ ਕਿਹਾ ਕਿ ਲੰਗਰ ਵਰਤ ਗਿਆ, ਕਹਿੰਦੇ ਹਾਂ ਜੀ। ਕਹਿੰਦੇ, ਕੀਹਨੇ ਵਰਤਾਇਆ ਹੈ? ਕਹਿੰਦੇ, ਕੀਹਨੇ ਵਰਤਾਇਆ ਹੈ? ਕਹਿੰਦੇ, ਜੀ ਵੱਡੇ ਸਾਹਿਬਜ਼ਾਦੇ ਜਮਾਲ ਜੀ ਨੇ। ਉਥੇ ਗਏ ਜਾ ਕੇ ਕਹਿਣ ਲੱਗੇ ਕਿ ਕੁਛ ਬਚਿਆ ਹੋਇਆ ਹੈ? ਦਾਲ ਥੱਲੇ ਲੱਗੀ ਹੋਈ ਸੀ ਮੂੰਹ 'ਚ ਪਾ ਲਈ ਲਾਹ ਕੇ, ਯਾ ਅੱਲਾਹ! ਕਹਿ ਕੇ। ਪਤਾ ਨਹੀਂ ਕੀ ਮਨ 'ਚ ਆਇਆ ਕਿ ਉਹ ਵੱਡਾ ਲੜਕਾ ਸੁਆਹ ਦੀ ਉਥੇ ਹੀ ਢੇਰੀ ਬਣ ਗਿਆ। ਜਿਹੜਾ ਛੋਟਾ ਸੀ ਇਕ ਦਿਨ ਇਹ ਭਜਨ ਕਰਦੇ ਸੀ। ਝੀਥਾਂ ਥਾਈਂ ਦੇਖਣ ਲੱਗ ਗਿਆ ਤੇ ਇਨ੍ਹਾਂ ਨੇ ਅੱਖ ਖੋਲ੍ਹ ਕੇ ਜਦੋਂ ਉਸ ਵਲ ਦੇਖਿਆ ਉਹ ਵੀ ਸੁਆਹ ਦੀ ਢੇਰੀ ਬਣਾ ਦਿਤਾ । ਦੋਵੇਂ ਬੱਚੇ ਮਾਰ ਦਿਤੇ। ਬਾਬਾ ਫਰੀਦ ਸਮਚਿੱਤ ਕੋਈ ਗੱਲ ਦਾ ਨਾ ਉਤਰਾਅ ਨਾ ਚੜ੍ਹਾਅ, ਨ ਇਹਨੂੰ ਕੋਈ ਗੱਲ ਕਹੀ। ਭੈਣ ਆ ਗਈ, ਦਸ ਸਾਲ ਬਾਅਦ ਈਰਾਨ ਤੋਂ, ਕਹਿਣ ਲੱਗੀ ਭਰਾਤਾ! ਹੁਣ ਇਨ੍ਹਾਂ ਦੀ ਸ਼ਾਦੀ ਦਾ ਬੰਦੋਬਸਤ ਕਰੋ। ਕਹਿੰਦੇ ਬੀਬੀ! ਇਹ ਸ਼ਾਦੀ ਵਾਲਾ ਤਾਂ ਹੈ ਨਹੀਂ, ਇਹਦਾ ਤਾਂ ਐਨਾ ਜਲਾਲ, ਐਨਾ ਤੇਜ਼ ਵਧ ਗਿਆ ਕਿ ਇਹਦੇ ਕੋਲ ਕੋਈ ਬੈਠੇ ਇਹ ਤਾਂ ਅੱਖ ਖੋਲ੍ਹ ਕੇ ਹੀ ਜਾਲ ਦਏਗਾ। ਮਾੜੀ ਜਿਹੀ ਗੱਲ ਆਉਣ ਦੀ ਦੇਰ ਹੈ, ਕਹਿੰਦੇ ਜਾਲ ਹੀ ਦਿੰਦਾ। ਵਿਚਾਲੇ ਹੀ ਨਹੀਂ ਛੱਡਦਾ। ਕਹਿੰਦੇ, ਫੇਰ ਤੁਸੀਂ ਆਪਣੀ ਲੜਕੀ ਦੀ ਸ਼ਾਦੀ ਕਰ ਦਿਓ। ਉਨ੍ਹਾਂ ਨੇ ਆਪਣੀ ਲੜਕੀ ਦੀ ਸ਼ਾਦੀ ਕਰ ਦਿਤੀ। ਸ਼ਾਦੀ ਹੋ ਗਈ ਤੇ ਉਸ ਤੋਂ ਬਾਅਦ ਮਾਂ ਨੇ ਕਿਹਾ ਕਿ ਜਾਹ ਤੂੰ ਉਹਦੇ ਕੋਲ, ਮਖਦੂਮ ਕੋਲ ਜਾਹ। ਲੜਕੀ ਹੁਕਮ ਮੰਨ ਕੇ ਚਲੀ ਗਈ, ਉਹ ਸਮਾਧੀ ਲਾਈ ਬੈਠਾ ਸੀ। ਸਵੇਰ ਤੱਕ ਖੜ੍ਹੀ ਰਹੀ ਸਾਰੀ ਰਾਤ। ਸਵੇਰੇ ਉਹਨੇ ਨੇਤਰ ਖੋਲ੍ਹੇ, ਨੇਤਰ ਖੋਲ੍ਹ ਕੇ ਕਹਿਣ ਲੱਗਿਆ ਕਿ ਤੈਨੂੰ ਕੀਹਨੇ ਭੇਜਿਆ ਹੈ ਮੇਰੇ ਕੋਲ। ਕਹਿੰਦੀ, ਮਾਤਾ ਜੀ ਨੇ। ਕਹਿੰਦੇ, ਤੂੰ ਕਿਉਂ ਆਈ? ਐਨੀਓਂ ਗੱਲ ਕਹੀ ਹੈ, ਜਦੋਂ ਅੱਖ ਚੁੱਕ ਕੇ ਦੱਖਿਆ, ਉਥੇ ਹੀ ਸੁਆਹ ਦੀ ਢੇਰੀ ਉਹ ਬਣਾ ਦਿਤੀ। ਤਿੰਨ ਮਾਰ ਦਿਤੇ। ਉਸ ਤੋਂ ਬਾਅਦ ਬਾਬਾ ਜੀ ਕਹਿੰਦੇ ਮਖਦੂਮ ਤੂੰ ਹੁਣ ਐਉਂ ਕਰ, ਦਿੱਲੀ ਤੈਨੂੰ ਦਿਤੀ। ਉਥੇ ਚਲਿਆ ਜਾਹ, ਉਥੇ ਪ੍ਰਚਾਰ ਕਰ।

ਸੋ ਸੰਤ ਇਹ ਗੱਲ ਕਹਿੰਦੇ ਹੁੰਦੇ ਨੇ ਕਿ ਤੈਨੂੰ ਫਲਾਣਾ ਇਲਾਕਾ ਦਿਤਾ। ਉਸ ਇਲਾਕੇ 'ਤੇ ਹੱਕ

ਹੋ ਜਾਂਦਾ ਹੈ ਸਾਧੂ ਦਾ, ਸ਼ਕਤੀ ਨਾਲ ਆਇਆ ਕਰਦੀ ਹੈ। ਜਦੋਂ ਇਹ ਕਹਿ ਦਿੰਦੇ ਨੇ ਕਿ ਤੈਨੂੰ ਆਹ ਇਲਾਕੇ 'ਚ ਪ੍ਰਚਾਰ ਕਰਨ ਲਈ ਥਾਪਿਆ, ਨਾਲ ਸ਼ਕਤੀ ਦਿੰਦੇ ਨੇ। ਐਵੇਂ ਨਹੀਂ ਫਿਰਦੇ ਹੁੰਦੇ। ਪਿੱਛੇ ਹੱਥ ਹੁੰਦਾ ਹੈ ਪੂਰਨ ਮਹਾਂਪੁਰਸ਼ ਦਾ। ਲੇਕਿਨ ਐਉਂ ਕਰੀਂ ਜਾਂਦਾ-ਜਾਂਦਾ ਪਾਣੀਪਤ ਮੇਰੇ ਛੋਟੇ ਭਰਾ ਤੋਂ ਮੋਹਰ ਲਵਾ ਜਾਈਂ। ਹੁਕਮਨਾਮਾ ਲੈ ਲਿਆ ਤੇ ਮੋਹਰ ਲੁਆਉਣ ਵਾਸਤੇ ਜਦੋਂ ਪਾਣੀਪਤ ਦੇ ਕੋਲ ਗਿਆ। ਸੂਰਜ ਛਿਪ ਗਿਆ, ਜਾ ਕੇ ਪਰਵਾਨਾ ਕੱਢ ਕੇ ਪਕੜਾਅ ਦਿਤਾ, ਉਨ੍ਹਾਂ ਦੇ ਭਰਾ ਨੂੰ ਛੋਟੇ ਨੂੰ। ਐਨੇ ਨੂੰ ਦੀਵੇ ਬੁੱਝ ਗਏ, ਉਹ ਇਧਰ-ਉਧਰ ਦੇਖਦੇ ਨੇ ਕਿ ਕਿਸੇ ਨੂੰ ਆਵਾਜ਼ ਦਿੰਦੇ ਨੇ, ਦੀਵੇ ਜਾਲ ਦੇਵੇ। ਇਹਨੇ ਫੂਕ ਮਾਰੀ ਸਾਰੇ ਹੀ ਦੀਵੇ ਜਗਾ ਦਿਤੇ। ਕਹਿੰਦੇ ਕੀਹਨੇ ਜਗਾਏ ਨੇ। ਕਹਿੰਦਾ ਮੈਂ ਜਗਾ ਦਿਤੇ ਸੀ। ਕਿਉਂਕਿ ਹਨ੍ਹੇਰਾ ਸੀ। ਉਹਨੇ ਪਰਵਾਨੇ ਦੇ ਟੁਕੜੇ -ਟੁਕੜੇ ਕਰਕੇ ਔਹ ਸੁੱਟ ਦਿਤੇ। ਕਹਿੰਦੇ, ਤੂੰ ਤਾਂ ਦਿੱਲੀ ਜਾਲ ਦਏਂਗਾ ਸਾਰੀ। ਭੌਰਾ ਵੀ ਸਬਰ ਨਹੀਂ ਤੇਰੇ ਵਿਚ ਤਾਂ। ਕਹਿੰਦੇ ਜਾਹ ਭਰਾ ਨੂੰ ਕਹਿ ਦੇ ਕਿ ਉਹਨੇ ਨਹੀਂ ਮੋਹਰ ਲਾਉਣੀ। ਵਾਪਸ ਆ ਗਿਆ, ਬਾਬਾ ਫਰੀਦ ਜੀ ਦੇ ਕੋਲ। ਕਹਿੰਦੇ ਕਿ ਉਹਦਾ ਪਾਟਿਆ ਹੋਇਆ ਮੈਂ ਨਹੀਂ ਸਿਉਂ ਸਕਦਾ। ਤੂੰ ਐਉਂ ਕਰ ਕਾਵੇਰੀ ਚਲਿਆ ਜਾਹ। ਉਥੇ ਚਲਿਆ ਗਿਆ, ਜਾ ਕੇ ਬਹੁਤ ਸਾਰੇ ਮੁਰੀਦ ਹੋ ਗਏ ਥੋੜ੍ਹੇ ਦਿਨਾਂ 'ਚ। ਨਮਾਜ਼ ਪੜ੍ਹਨ ਵਾਸਤੇ ਮਸਜਿਦ 'ਚ ਆ ਗਿਆ। ਉਥੇ ਕੱਟੜਾਂ ਦਾ ਤੇ ਸੰਤਾਂ ਦਾ ਮੁੱਢ ਤੋਂ ਹੀ ਵਿਰੋਧ ਚਲਦਾ ਹੈ। ਕਿਉਂਕਿ ਸੰਤ ਹੁੰਦੇ ਨੇ ਤਰੀਕਤ, ਹਕੀਕਤ ਤੇ ਮਾਰਫਤ ਵਿਚ ਤੇ ਉਹ ਹੁੰਦੇ ਨੇ ਸ਼ਰ੍ਹਾ ਵਿਚ। ਸ਼ਰ੍ਹਾ ਦੇ ਸੰਗਲ ਨਹੀਂ allow ਕਰਦੇ ਤਰੀਕਤ, ਹਕੀਕਤ ਤੇ ਮਾਰਫਤ ਦੀ ਅਵਸਥਾ ਨੂੰ। ਉਸ ਵੇਲੇ ਉਨ੍ਹਾਂ ਨੇ ਧੱਕੇ ਮਾਰਨੇ ਸ਼ੁਰੂ ਕਰ ਦਿਤੇ ਕਿ ਤੁਸੀਂ ਇਥੇ ਆ ਕੇ ਕਿਉਂ ਖੜ੍ਹੇ ਹੋ? ਉਹ ਕਹਿੰਦੇ, ਜੀ ਪੀਰ ਜੀ ਬੈਠੇ ਨੇ। ਕਹਿੰਦੇ, ਵਿਚ ਹੀ ਤੇਰੇ ਪੀਰ ਨੂੰ ਦੇਖ ਲਵਾਂਗੇ। ਐਨੇ ਨੂੰ ਧੱਕਾ ਮਾਰਿਆ ਇਕ ਬੰਦਾ ਉਹਦੇ ਉਤੇ ਗਿਰ ਗਿਆ। ਉਹਨੇ ਨੇਤਰ ਖੋਲ੍ਹੇ ਉਨ੍ਹਾਂ ਕਿਹਾ ਕਿ ਤੁਸੀਂ ਇਹ ਕੀ ਕਰਦੇ ਓਂ। ਕਹਿੰਦੇ, ਤੈਨੂੰ ਕੀਹਨੇ ਕਿਹਾ ਹੈ ਏਸ ਮਸਜਿਦ 'ਚ ਆਉਣ ਨੂੰ। ਕਹਿੰਦੇ ਮੈਨੂੰ ਬਾਬਾ ਫਰੀਦ ਜੀ ਨੇ ਬਖਸ਼ਿਆ ਹੈ ਇਹ ਸ਼ਹਿਰ। ਕਹਿੰਦੇ, ਨਿਕਲ ਜਾ ਬਾਹਰ, ਫਰੀਦ ਦਾ ਕੀ ਅਖਤਿਆਰ ਹੈ ਸ਼ਹਿਰ ਬਖਸ਼ਣ ਦਾ। ਬਾਹਰ ਨਿਕਲ ਕੇ, ਛੱਤ ਵੱਲ ਦੇਖਿਆ ਦੜੱਮ ਕਰਕੇ ਗਿਰ ਗਈ, ਤਿੰਨ ਹਜ਼ਾਰ ਬੰਦਾ ਥੱਲੇ ਆ ਗਿਆ। ਐਨਾ ਜਲਾਲ ਵਧਿਆ ਕਿ ਜਿਧਰ ਦੇਖੇ ਅੱਗ ਲੱਗ ਜਾਵੇ, ਜਿਧਰ ਦੇਖੇ ਸਾਰਾ ਹੀ ਸ਼ਹਿਰ ਅੱਗ ਲਾ ਕੇ ਜਾਲ ਦਿਤਾ। ਤੰਗ ਆ ਗਿਆ, ਦੇਖੇ ਅੱਗ ਹੀ ਅੱਗ। ਨੱਠ ਕੇ ਆ ਕੇ ਪੱਟੀ ਬੰਨ੍ਹ ਲਈ, ਅੱਖਾਂ ਬੰਦ ਕਰ ਲਈਆਂ। ਗੁਲਰ ਦੇ ਦਰਖਤ ਨੂੰ ਫੜ ਕੇ ਖੜ੍ਹ ਗਿਆ। ਬਾਬਾ ਫਰੀਦ ਜੀ ਨੂੰ ਪਤਾ ਲੱਗਿਆ ਕਿ ਉਹ ਤਾਂ ਜਲ ਰਿਹਾ ਹੈ ਇਸ ਵੇਲੇ ਸ਼ਕਤੀ ਦੇ ਨਾਲ। ਐਨੀ ਸ਼ਕਤੀ ਉਹਦੇ 'ਚ ਆ ਗਈ ਹੈ ਸਹਿ ਨਹੀਂ ਸਕਦਾ। ਬਾਬਾ ਜੀ ਨੇ ਕਿਹਾ ਕਿ ਕੋਈ ਮੇਰੀ ਸੰਗਤ 'ਚ ਹੈ ਜਿਹੜਾ ਇਹਨੂੰ ਬਿਠਾ ਦੇਵੇ ਤਾਂ ਇਕ ਸ਼ਮਸ਼ ਨਾਮ ਦਾ ਸੀ, ਉਹ ਕੀਰਤਨੀਆ ਸੀ। ਕੀਰਤਨ ਦੇ ਵਿਚ ਇਹ ਰਸ ਹੈ ਕਿ ਜਲਾਲ ਨੂੰ ਕਾਬੂ ਕਰ ਲੈਂਦਾ ਹੈ। ਹੋਰ ਨਹੀਂ ਕਿਸੇ ਵਿਚ ਵੀ ਹੈ। ਜੇ ਸੰਤਾਂ ਦੇ ਜਲਾਲ ਨੂੰ ਕਾਬੂ ਕਰਨਾ ਹੈ ਤਾਂ ਕੇਵਲ ਕੀਰਤਨ ਕਰਦਾ ਹੈ। ਭੇਜ ਦਿਤਾ, ਸਤਾਰ ਲੈ ਕੇ ਚਲਿਆ ਗਿਆ, ਜਾ ਕੇ 24 ਘੰਟੇ ਸਿਤਾਰ ਵਜਾਉਂਦਾ ਰਿਹਾ। 24 ਘੰਟੇ ਬਾਅਦ ਪੁੱਛਿਆ, ਬੈਠ ਗਏ। ਕਹਿੰਦੇ ਕੌਣ? ਉਸ ਨੇ ਕਿਹਾ ਕਿ ਮੈਨੂੰ ਬਾਬਾ ਜੀ ਨੇ ਭੇਜਿਆ ਹੈ। ਸ਼ਮਸ਼ ਮੇਰਾ ਨਾਮ ਹੈ। ਕਹਿੰਦੇ ਕੀ ਗੱਲ? ਕਹਿੰਦਾ, ਮੈਂ ਤੁਹਾਡੀ ਸੇਵਾ ਕਰਨੀ ਹੈ, ਕਹਿੰਦੇ ਮੇਰੀਆਂ ਅੱਖਾਂ ਸਾਮ੍ਹਣੇ ਨਾ ਆਈਂ, ਪਿੱਛੇ ਰਹਿ ਕੇ ਪਿੱਠ ਵਲ ਰਹੀਂ। ਪਿੱਠ ਵਲ ਰਹਿ ਕੇ ਕਿੰਨੇ ਹੀ ਸਾਲ ਸੇਵਾ ਕਰੀ। ਕਹਿਣ ਲੱਗਿਆ, ਹੁਣ ਤੂੰ ਜਾਹ, ਮੈਨੂੰ ਸ਼ਾਂਤੀ ਆ ਗਈ। ਕਹਿੰਦੇ, ਮਹਾਰਾਜ! ਮੈਂ ਕਿਵੇਂ ਜਾਵਾਂ, ਮੈਨੂੰ ਕਿਵੇਂ ਪਤਾ ਲੱਗੇਗਾ ਕਿ ਤੁਹਾਡਾ ਸਰੀਰ ਛੁਟ ਗਿਆ, ਕਹਿੰਦੇ, ਜਿਸ ਦਿਨ ਤੂੰ ਪਹਿਲੀ ਕਰਾਮਾਤ ਦਿਖਾਵੇਂਗਾ ਉਸ ਦਿਨ ਮੈਂ ਸਰੀਰ ਛੱਡ ਦੇਵਾਂਗਾ। ਅਲਾਉਦੀਨ ਦੀ ਫੌਜ ਵਿਚ ਆ ਗਿਆ। ਉਹਦਾ ਭੀਮਚੰਦ ਨਾਲ ਯੁੱਧ ਹੋ ਰਿਹਾ ਸੀ ਚਿਤੌੜ, ਜਦੋਂ ਚਿਤੌੜ ਦੀ ਅਰਦਾਸ ਇਸ ਤੋਂ ਕਰਾਈ, ਸ਼ਕਤੀ ਦਿਖਾ ਦਿਤੀ, ਚਿਤੌੜ ਫਤਹਿ ਹੋ ਗਿਆ, ਇਹਨੇ ਸਮਝ ਲਿਆ ਕਿ ਉਹ ਮਰ ਗਿਆ। ਇਹ ਜਦ ਕਾਵੇਰੀ ਆਇਆ, ਉਥੇ ਕੀ ਦੇਖਦਾ ਹੈ ਕਿ ਚਾਰ ਸ਼ੇਰ ਬੈਠੇ ਨੇ ਉਹਦੀ ਲਾਸ਼ 'ਤੇ ਪਹਿਰਾ ਦੇ ਰਹੇ ਨੇ। ਇਹਨੇ ਦਫਨਾ ਦਿਤਾ, ਦਫਨਾਉਣ ਤੋਂ ਬਾਅਦ ਵੀ ਉਹਦਾ ਜਲਾਲ ਐਨਾ ਰਿਹਾ ਕਿ ਜਿਹੜਾ ਜਾਨਵਰ ਉਤੋਂ ਦੀ ਲੰਘਦਾ ਸੀ, ਗਿਰ ਜਾਵੇ। ਫੇਰ ਕੋਈ ਮਹਾਤਮਾ ਆਏ, ਉਹਨੇ ਸ਼ਾਂਤ ਕਰਿਆ।

ਬੇਨਤੀ ਕਰਨ ਦਾ ਮਤਲਬ ਇਹ ਹੈ ਕਿ ਐਨੀਆਂ ਸ਼ਕਤੀਆਂ ਦੇ ਮਾਲਕ ਅੰਦਰ ਹੀ ਜਰਦੇ ਰਹੇ। ਗੁਰੂ ਅਮਰਦਾਸ ਮਹਾਰਾਜ ਕੁੱਲ ਸ਼ਕਤੀਆਂ ਦੇ ਮਾਲਕ, ਅਕਾਲ ਪੁਰਖ ਦਾ ਰੂਪ, ਨੂੰ ਲੱਤ ਮਾਰ ਕੇ ਥੱਲੇ ਸੁੱਟ ਦਿਤੇ। ਕੋਈ ਫੁਰਨਾ ਨਹੀਂ ਆਇਆ, ਸ਼ਾਂਤ ਚਿੱਤ ਨੇ ਤੇ ਸਗੋਂ ਬਚਨ ਕਰੇ ਹੱਥ ਜੋੜ ਕੇ ਕਿ ਮਹਾਰਾਜ, ਤੁਹਾਡੀ ਕਿਸ਼ੋਰ ਉਮਰ ਹੈ, ਤੁਹਾਡੇ ਨਰਮ ਹੱਡ ਨੇ, ਮੇਰਾ ਬੁੱਢਾ ਸਰੀਰ ਹੈ, ਮੇਰੀਆਂ ਹੱਡੀਆਂ ਤਾਂ ਬੱਜਰ ਵਰਗੀਆਂ ਨੇ ਤੁਹਾਡੇ ਸੱਟ ਤਾਂ ਨਹੀਂ ਕਿਤੇ ਆਈ? ਨਿਮਰਤਾ ਦਾ ਕੋਈ ਜਵਾਬ ਨਹੀਂ ਦਿਤਾ, ਸਗੋਂ ਬੜਾ ਕਰੜਾ ਹੋ ਕੇ ਕਿਹਾ ਕਿ ਤੈਨੂੰ ਕੀਹਨੇ ਕਿਹਾ ਹੈ ਕਿ ਤਖਤ 'ਤੇ ਬੈਠ।

ਖਬਰਦਾਰ ਜੇ ਮੇਰੀਆਂ ਅੱਖਾਂ ਸਾਮ੍ਹਣੇ ਆਇਆ। ਜਿਧਰ ਨੂੰ ਮੂੰਹ ਹੈ ਉਧਰ ਨੂੰ ਚਲਿਆ ਜਾਹ। ਮਹਾਰਾਜ ਅੱਧੀ ਰਾਤ ਸੰਨ ਸਾਹਿਬ ਗੁਰਦੁਆਰੇ ਵੱਲ ਨੂੰ ਚਲੇ ਗਏ। ਮਤਲਬ ਇਹ ਕਿ ਉਹ ਦੂਜੇ ਦਿਨ, ਤੀਜੇ ਦਿਨ ਉਡੀਕਦਾ ਰਿਹਾ, ਕੋਈ ਸੰਗਤ ਨਾ ਆਈ, ਅਖੀਰ ਜਿੰਨਾ ਸਮਾਨ ਸੀ, ਸਭ ਲੁੱਟ ਕੇ ਲਿਆ ਕੇ ਖਡੂਰ ਸਾਹਿਬ ਆ ਗਿਆ। ਉਸ ਦਿਨ ਤੋਂ ਬਾਅਦ ਨਾ ਮਨ ਨੂੰ ਚੈਨ ਆਈ, ਨਾ ਤਨ ਨੂੰ ਆਈ, ਜਿਹੜੇ ਪੈਰ ਨਾਲ ਲੱਤ ਮਾਰੀ ਸੀ ਸਾਰੀ ਰਾਤ ਹਾਇ-ਹਾਇ ਕਰੀ ਜਾਂਦਾ ਹੈ। ਨਾ ਕਿਸੇ ਹਕੀਮ ਤੋਂ ਇਲਾਜ ਹੁੰਦਾ ਹੈ।

ਸੋ ਜਦੋਂ ਗੁਰੂ ਮਹਾਰਾਜ ਗੁਰੂ ਅਰਜਨ ਸਾਹਿਬ ਜਦੋਂ ਉਥੇ ਪਹੁੰਚੇ ਤਾਂ ਦਾਤੂ ਜੀ ਨੇ ਬੇਨਤੀ ਕਰੀ ਕਿ ਮਹਾਰਾਜ! ਅਸੀਂ ਬੜੀ ਭੁੱਲ ਕਰੀ ਹੈ ਤੇ ਅਸੀਂ ਭੁੱਲਦੇ ਹਾਂ ਤੇ ਗੁਰੂ ਦਾ ਗੁਰੂ ਨਾਨਕ ਦੀ ਗੱਦੀ ਦਾ ਇਹ ਬਿਰਦ ਹੈ ਕਿ ਮਾੜਿਆਂ ਨੂੰ ਉਧਾਰਨਾ ਤੇ ਅਸੀਂ ਲੋਕ ਜੋ ਦੁਨੀਆਂਦਾਰ ਹਾਂ। ਅਸੀਂ ਭੁੱਲਦੇ ਹੀ ਚਲੇ ਜਾਂਦੇ ਹਾਂ।

***ਧਾਰਨਾ - ਪਤਿਤ ਉਧਾਰਨਾ,***
***ਸਤਿਗੁਰ ਜੀ ਬਿਰਦ ਤੇਰਾ।***

***ਹਮਰੋ ਸਹਾਉ ਸਦਾ ਸਦ ਭੂਲਨ***
***ਤੁਮ੍ਰੋ ਬਿਰਦੁ ਪਤਿਤ ਉਧਰਨ ॥ ਅੰਗ - ੮੨੮***

ਪਾਤਸ਼ਾਹ! ਮੇਰੇ 'ਤੇ ਕ੍ਰਿਪਾ ਕਰੋ, ਮੈਂ ਗੁਰ ਦੋਖੀ ਹਾਂ। ਬਹੁਤ ਵੱਡੀ ਬੇਅਦਬੀ ਕਰ ਚੁੱਕਿਆ ਹਾਂ। ਮਹਾਰਾਜ ਕਹਿਣ ਲੱਗੇ ਕਿ ਤੁਸੀਂ ਗੁਰੂ ਅਮਰਦਾਸ ਪਾਤਸ਼ਾਹ, ਜੋ ਦਿਆਲੂ ਕ੍ਰਿਪਾਲੂ ਸੀ ਉਨ੍ਹਾਂ ਤੋਂ ਹੀ ਬਖਸ਼ਾ ਲੈਣਾ ਸੀ। ਕਹਿੰਦੇ, ਮੈਂ ਗਿਆ ਸੀ ਪਰ ਉਨ੍ਹਾਂ ਨੇ ਕਿਹਾ ਪੁਰਖਾ! ਅਸੀਂ ਨਹੀਂ ਬਖਸ਼ ਸਕਦੇ ਤੇ ਸਾਡਾ ਦੋਹਤਰਾ ਆਏਗਾ, ਪੰਜਵੀਂ ਪਾਤਸ਼ਾਹੀ, ਉਹਦੇ ਕੋਲ ਜਾਈਂ ਉਹ ਬਖਸ਼ ਦੇਣਗੇ। ਸੋ ਮਹਾਰਾਜ ਨੇ ਦ੍ਰਿਸ਼ਟੀ ਕਰ ਦਿਤੀ, ਰਾਜ਼ੀ ਬਾਜ਼ੀ ਨੌ-ਬਰ-ਨੌ ਕਰ ਦਿਤਾ।

ਸੋ ਇਸ ਤਰ੍ਹਾਂ ਦੇ ਨਾਲ ਦਿੱਲੀ ਦੇ ਅੰਦਰ ਇਕ ਚੰਦੂ ਨਾਮ ਦਾ ਵੱਡਾ ਸਰਕਾਰੀ ਆਫੀਸਰ ਰਿਹਾ ਕਰਦਾ ਸੀ, ਜਿਹਨੂੰ ਦੀਵਾਨ ਕਹਿੰਦੇ ਸੀ। ਪਹਿਲਾਂ ਅਕਬਰ ਦੇ ਵੇਲੇ ਵੀ ਸੀਗਾ, ਜਹਾਂਗੀਰ ਵੇਲੇ ਉਹਨੇ ਬਹੁਤ ਹੱਥ ਪੈਰ ਮਾਰ ਕੇ ਆਪਣੀ ਲੌਬੀ ਬਣਾ ਲਈ ਸੀ, ਬੜੇ ਦੋਸਤ ਮਿੱਤਰ ਬਣਾ ਲਏ ਤੇ ਇਕ ਲੋਬੀ ਕਾਇਮ ਕਰ ਲਈ, ਬੜੀ ਤਾਕਤ ਦਾ ਮਾਲਕ ਹੋ ਗਿਆ। ਉਹਦੀ ਲੜਕੀ ਜਦੋਂ 7-8 ਸਾਲ ਦੀ ਹੋਈ, ਉਸ ਵੇਲੇ ਰਿਵਾਜ਼ ਸੀ ਕਿ ਛੋਟੀ ਉਮਰ ਦੇ ਵਿਚ ਲੜਕੀਆਂ ਵਿਆਹ ਦਿੰਦੇ ਸੀ, ਕਿਉਂਕਿ ਇਥੇ ਮੁਗਲਾਂ ਦਾ ਰਾਜ ਹੋਣ ਕਰਕੇ ਇਹ ਡਰ ਰਹਿੰਦਾ ਸੀ ਕਿ ਵੱਡੀ ਉਮਰ ਦੀ ਲੜਕੀ ਨੂੰ ਚੁੱਕ ਕੇ ਨਾ ਲੈ ਜਾਣ। ਛੋਟੀ ਅੱਠ-ਨੌਂ ਸਾਲ ਵਿਚ ਹੀ ਸ਼ਾਦੀ ਕਰ ਦਿੰਦੇ ਸੀ, 14-15 ਸਾਲ ਦੇ ਅੰਦਰ ਘਰ ਭੇਜ ਦਿੰਦੇ ਸੀ ਤੇ ਲੇਕਿਨ ਆਪ ਨਹੀਂ ਸੀ ਜਾਇਆ ਕਰਦੇ । ਉਸ ਵੇਲੇ ਦੇ ਬ੍ਰਾਹਮਣ ਤੇ ਹੋਰ ਨਾਈ ਵਗੈਰਾ ਇਹ ਜਾ ਕੇ ਰਿਸ਼ਤਾ ਕਰ ਆਉਂਦੇ ਸੀ, ਉਹਦੇ ਉਤੇ ਇਤਬਾਰ ਕਰਦੇ ਸੀ। ਕਈ ਗੱਲਾਂ ਗਲਤ ਵੀ ਹੋ ਜਾਂਦੀਆਂ ਪਰ ਬਹੁਤ ਸਾਵਧਾਨੀ ਨਾਲ ਰੋਜ਼ ਦਾ ਪੇਸ਼ਾ ਹੋਣ ਕਰਕੇ ਇਹ ਹੁਸ਼ਿਆਰ ਸੀਗੇ ਸਾਰੇ। ਭੇਤ ਕੱਢ ਲੈਂਦੇ ਸੀ ਬੰਦਿਆਂ ਦਾ। ਅਸਲੀ ਗੱਲ ਟੋਲ੍ਹ ਲੈਂਦੇ ਸੀ। ਸੋ ਉਹਨੇ ਭੇਜ ਦਿਤੇ ਲਾਗੀ, ਕਹਿਣ ਲੱਗਿਆ ਦੇਖੋ, ਘਰ ਇਹੋ ਜਿਹਾ ਹੋਣਾ ਚਾਹੀਦਾ ਹੈ ਜਿਥੇ ਅਸੀਂ ਜੇ ਜਾਈਏ ਤਾਂ ਐਉਂ ਨਾ ਕਹਿਣ ਕਿ ਮੰਜੇ ਮੰਗ ਕੇ ਲਿਆਉਣੇ ਨੇ ਫਲਾਣੇ ਤੋਂ, ਮੇਰੇ ਨਾਲ ਸੌ ਬੰਦਾ ਵੀ ਜਾ ਸਕਦਾ ਹੈ, ਦੋ ਸੌ ਵੀ ਜਾ ਸਕਦਾ ਹੈ ਤੇ ਮੇਰੇ ਵਰਗਾ ਹੀ ਹੋਵੇ, ਮੇਰੇ ਤੋਂ ਵੱਡਾ ਹੀ ਹੋਵੇ ਥੋੜ੍ਹਾ। ਫਿਰਦੇ-ਫਿਰਦੇ ਜਦੋਂ ਅੰਮ੍ਰਿਤਸਰ ਸਾਹਿਬ ਆਏ ਉਥੇ ਸਾਹਿਬ ਹਰਿਗੋਬਿੰਦ ਸਾਹਿਬ ਖੇਲ੍ਹ ਰਹੇ ਨੇ, ਛੋਟੀ ਉਮਰ ਹੈ ਪੁੱਛ-ਪੁਛਾਕਾ ਕਰਿਆ ਕਿ ਕਿਨ੍ਹਾਂ ਦੇ ਲੜਕੇ ਨੇ। ਅਖੀਰ ਪਤਾ ਲੱਗਿਆ ਕਿ ਸੋਢੀ ਖਤਰੀ ਇਨ੍ਹਾਂ ਦੀ ਜਾਤ ਹੈ, ਬੱਚਾ ਦੇਖਿਆ ਤੇ ਨਾਲ ਕਾਰੋਬਾਰ, ਬੇਅੰਤ ਮਾਨਤਾ ਦੇਖੀ। ਚਿੱਤ ਪ੍ਰਸੰਨ ਹੋ ਗਿਆ। ਵਾਪਸ ਚਲੇ ਗਏ। ਜਾ ਕੇ ਚੰਦੂ ਨੂੰ ਕਹਿਣ ਲੱਗੇ ਕਿ ਅਸੀਂ ਬਹੁਤ ਵੱਡਾ ਘਰ ਦੇਖ ਕੇ ਆਏ ਹਾਂ ਜਿੱਥੇ ਕੋਈ ਅੰਤ ਨਹੀਂ ਹੈ, ਹਜ਼ਾਰਾਂ ਬੰਦੇ ਪਿੱਛੇ ਚਲਦੇ ਨੇ ਤੇ ਰਾਜਿਆਂ ਵਰਗਾ ਕੰਮ ਹੈ।

ਰਾਜਾ ਕਹਿਣਾ ਤਾਂ ਬਹੁਤ ਛੋਟਾ ਹੁੰਦਾ ਹੈ ਸਾਧਸੰਗਤ ਜੀ -

***ਸਚਾ ਅਮਰੁ ਸਚੀ ਪਾਤਿਸਾਹੀ***
***ਸਚੇ ਸੇਤੀ ਰਾਤੇ ॥ ਅੰਗ - ੭੪੯***

ਕੌਣ? ਜਿਹੜੇ ਵਾਹਿਗੁਰੂ ਦੀ ਬੰਦਗੀ ਕਰਦੇ ਨੇ। ਉਹਨੂੰ ਤਾਂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ ਕਿ ਰਾਜਾ ਕਹਿਣਾ ਤਾਂ ਹਤਕ ਹੋਇਆ ਕਰਦੀ ਹੈ। ਕਿਉਂਕਿ ਰਾਜਿਆਂ ਦੇ ਉਤੇ ਤਾਂ ਹਜ਼ਾਰਾਂ ਬੋਝ ਹੁੰਦੇ ਨੇ ਤੇ ਬਾਕੀ ਜਿਹੜੇ ਇਹ ਰਾਜੇ ਹੁੰਦੇ ਨੇ, ਇਹ ਤਾਂ ਇਥੇ ਦੇ ਹੀ ਰਾਜੇ ਨਹੀਂ, ਦਰਗਾਹ ਵਿਚ ਵੀ ਇਨ੍ਹਾਂ ਦਾ ਕਿਹਾ ਚਲਦਾ ਹੈ।

***ਜਾ ਕਾ ਕਹਿਆ ਦਰਗਹ ਚਲੈ ॥***
***ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥***
***ਅੰਗ - ੧੮੬***

ਦੁਨੀਆਂਦਾਰੀ ਦੀ ਨਿਗ੍ਹਾ ਦੇ ਨਾਲ ਗੱਲ ਕਰਕੇ ਦੱਸ ਦਿਤਾ, ਕਹਿਣ ਲੱਗਿਆ ਕਿੱਥੇ ਕਰਕੇ ਐ? ਕਹਿਣ ਲੱਗੇ, ਗੁਰੂ ਅਰਜਨ ਪਾਤਸ਼ਾਹ ਜੀ ਦਾ ਸਾਹਿਬਜ਼ਾਦਾ ਹੈ, ਬੜਾ ਹੋਣਹਾਰ ਹੈ। ਸਾਰੀ ਗੱਲ ਸੁਣੀ, ਕਹਿੰਦਾ, ਹੁਣ ਮੈਂ ਕਹਿ ਤਾਂ ਕੁੱਛ ਨਹੀਂ ਸਕਦਾ ਕਿਉਂਕਿ ਤੁਸੀਂ ਕਰ ਆਏ ਤੇ ਕਹੇ ਹੋਏ ਨੂੰ ਮੰਨਿਆ ਕਰਦੇ ਸੀ। ਪਰ ਇਕ ਗੱਲ ਤੁਸੀਂ ਮਾੜੀ ਕਰੀ, ਉਹ

ਇਹ ਕਰੀ ਕਿ ਮੈਂ ਹਾਂ ਚੁਬਾਰਾ, ਤੁਸੀਂ ਚੁਬਾਰੇ ਦੀ ਇੱਟ ਮੋਰੀ ਨੂੰ ਲਾ ਦਿਤੀ। ਗੁਰੂ ਘਰ ਨੂੰ ਮੋਰੀ ਕਹਿ ਦਿਤਾ ਤੇ ਆਪਣੇ ਆਪ ਨੂੰ ਅਭਿਮਾਨੀ ਚੁਬਾਰਾ ਕਹਿੰਦਾ ਹੈ। ਪਰ ਤੁਸੀਂ ਕਰ ਆਏ, ਹੁਣ ਮੈਂ ਜਵਾਬ ਨਹੀਂ ਦੇ ਸਕਦਾ ਕਿਉਂਕਿ ਇਕ ਵਾਰੀ ਕਰ ਦਿਤਾ, ਮੈਂ ਦੁਬਾਰਾ ਨਹੀਂ ਕਿਸੇ ਹੋਰ ਥਾਂ ਲੜਕੀ ਨੂੰ ਬਿਠਾਉਣਾ, ਚਿਤਵੀ ਗਈ ਸੋ ਚਿਤਵੀ ਗਈ। ਅਭਿਮਾਨ ਦੇ ਅੱਖਰ ਬਹੁਤ ਕਹਿ ਦਿਤੇ। ਸੰਗਤ ਦੇ ਸਰੀਰ ਉਥੇ ਖੜ੍ਹੇ ਸੁਣਦੇ ਸੀ। ਸੰਗਤ ਵਿਚ ਵਿਚਾਰ ਹੋਈ ਦਿੱਲੀ ਆ ਕੇ। ਕਹਿਣ ਲੱਗੇ, ਇਹ ਤਾਂ ਬੜਾ ਮਾੜਾ ਕੰਮ ਹੋਇਆ ਹੈ, ਇਹ ਤਾਂ ਮੂਰਖ ਨਾਸਤਕ ਪੁਰਸ਼ ਹੈ, ਇਹਦਾ ਤਾਂ ਗੁਰੂ ਘਰ ਨਾਲ ਰਿਸ਼ਤਾ ਹੋਣਾ ਨਹੀਂ ਚਾਹੀਦਾ। ਉਨ੍ਹਾਂ ਨੇ ਗੁਰੂ ਮਹਾਰਾਜ ਵੱਲ ਚਿੱਠੀ ਲਿਖੀ –

***ਲਿਖਤੁਮ ਸਭਿ ਦਿੱਲੀ ਕੀ ਸੰਗਤਿ***<br>
***ਸਤਿਗੁਰ ਕੇ ਸਨਮੁਖ ਅਰਦਾਸਿ।***<br>
***ਸ਼ਾਹਿ ਦਿਵਾਨ ਸੁਤਾ ਕੋ ਨਾਤਾ***<br>
***ਭੇਜਯੋ ਅਰੈ ਤੁਮਾਰੇ ਪਾਸਿ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 2240***

ਕਹਿੰਦੇ, ਤੁਹਾਡੇ ਪਾਸ ਬਾਮ੍ਹਣਾਂ ਨੂੰ ਨਾਤਾ ਲਿਖ ਕੇ ਭੇਜ ਰਹੇ ਨੇ ਤੇ ਸਮਾਨ ਵਗੈਰਾ ਇਨ੍ਹਾਂ ਨੇ ਖਰੀਦ ਲਿਆ ਹੈ, ਬੰਦੇ ਮੰਗਣਾ ਕਰਨ ਵਾਸਤੇ ਆ ਰਹੇ ਨੇ। ਪਰ ਇਹ ਹੰਕਾਰੀ ਪੁਰਸ਼ ਹੈ, ਸੱਚੇ ਪਾਤਸ਼ਾਹ! ਗੁਰੂ ਘਰ ਨੂੰ ਨੀਵਾਂ ਕਿਹਾ ਹੈ ਤੇ ਆਪਣੇ ਆਪ ਨੂੰ ਉੱਚਾ ਕਿਹਾ ਹੈ ਤੇ ਸੰਗਤ ਦਾ ਦਿਲ ਦੁਖ ਗਿਆ ਇਹ ਗੱਲ ਸੁਣ ਕੇ ਤੇ ਬਹੁਤ ਅਭਿਮਾਨ ਦੀ ਗੱਲ ਇਸ ਤਰ੍ਹਾਂ ਕਹੀ ਹੈ–

***ਧਾਰਨਾ – ਹੰਕਾਰੀ ਆਪ ਨੂੰ ਚੁਬਾਰਾ ਆਖੇ,***<br>
***ਗੁਰੂ ਘਰ ਮੋਰੀ ਆਖਦਾ।***

ਪਾਤਸ਼ਾਹ ਐਡਾ ਅਭਿਮਾਨ ਹੈ ਕਿ ਸਾਰੀ ਸ੍ਰਿਸ਼ਟੀ ਤੋਂ ਜਿਹੜਾ ਵੱਡਾ ਘਰ ਹੈ ਉਹਨੂੰ ਨਾਲੀ ਕਹਿੰਦਾ ਹੈ, ਗੰਦੀ ਨਾਲੀ ਤੇ ਆਪਣੇ ਆਪ ਨੂੰ ਚੋਬਾਰਾ ਕਹਿੰਦਾ ਹੈ।

***ਆਪ ਹੰਕਾਰੀ ਬਨਯੋ ਚੁਬਾਰਾ ਤੁਮਹਿ***<br>
***ਕਹਯੋ ਮੋਰੀ ਸੰਕਾਸ।***<br>
***ਬਿਨ ਸ਼ਰਧਾ ਤੇ ਮੂਰਖ ਬੋਲਯੋ***<br>
***ਇੱਤਯਾਦਿਕ ਨਿੰਦਾ ਕਰਿ ਰਾਸ॥***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 2240***

ਨਿੰਦਾ ਕਰਦਾ ਹੈ, ਹਾਸੇ ਕਰਦਾ ਹੈ, ਮਖੌਲ ਕਰਦਾ ਹੈ।

***ਹਮ ਕੋ ਨਹਿੰ ਸੁਖਾਇ ਤਿਸ ਕਹਿਬੋ***<br>
***ਬਸਿ ਨਹਿੰ ਚਲਯੋ ਸੁ ਲਿਖਯੋ ਬ੍ਰਿਤੰਤ॥***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 2240***

ਇਹ ਸਾਕਤ ਹੈ –

***ਸੁਤਾ ਨ ਸਾਕਤ ਕੀ ਤੁਮ ਲੀਜਹੁ***<br>
***ਇਹ ਸੰਗਤਿ ਕੋ ਅਹੈ ਮਤੰਤ॥***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 2240***

ਸਾਡਾ ਮਤਾ ਅਸੀਂ ਪਕਾ ਕੇ ਭੇਜਦੇ ਹਾਂ ਕਿ ਸਾਕਤ ਦੀ ਲੜਕੀ ਦਾ ਰਿਸ਼ਤਾ ਨਾ ਲਓ। ਮਹਾਰਾਜ ਜੀ ਕੋਲ ਜਦੋਂ ਰਿਸ਼ਤਾ ਲੈ ਕੇ ਆਏ, ਚਿੱਠੀ ਪਹਿਲਾਂ ਪਹੁੰਚ ਗਈ। ਮਹਾਰਾਜ ਕਹਿਣ ਲੱਗੇ, ਪ੍ਰੇਮੀਓ! ਠੀਕ ਹੈ ਰਿਸ਼ਤਾ ਆਇਆ ਹੈ ਲੜਕੀ ਦਾ, ਕੋਈ ਵੀ ਚੰਗਾ ਬੰਦਾ ਮੋੜਿਆ ਨਹੀਂ ਕਰਦਾ ਪਰ ਤੁਹਾਡਾ ਜੋ ਮਾਲਕ ਹੈ ਜਿਸਨੇ ਤੁਹਾਨੂੰ ਭੇਜਿਆ ਹੈ ਉਹ ਤਾਂ ਚੁਬਾਰਾ ਹੈ ਤੇ ਸਾਨੂੰ ਤਾਂ ਗੰਦੀ ਨਾਲੀ ਆਖਿਆ ਹੈ ਉਸ ਨੇ। ਉਹਦੀ ਲੜਕੀ ਕਿਵੇਂ ਰਹੇਗੀ ਸਾਡੇ ਕੋਲ ਆ ਕੇ। ਉਹ ਕਿਸੇ ਚੰਗੇ ਥਾਂ ਆਪਣੇ ਤੋਂ ਡਬਲ ਚੁਬਾਰੇ ਦੇ ਕਿਤੇ ਰਿਸ਼ਤਾ ਕਰ ਦੇਵੇ। ਅਸੀਂ ਤਾਂ ਨਹੀਂ ਲੈਂਦੇ। ਬੜਾ ਉਨ੍ਹਾਂ ਨੇ ਜ਼ੋਰ ਲਾਇਆ, ਮਹਾਰਾਜ ਜੀ ਕਹਿੰਦੇ ਨਹੀਂ। ਅਖੀਰ ਕਹਿਣ ਲੱਗੇ ਕਿ ਮਹਾਰਾਜ! ਚੰਦੂ ਨੂੰ ਅਸੀਂ ਜਾਣਦੇ ਹਾਂ ਬੜਾ ਜ਼ਿੱਦੀ ਪੁਰਸ਼ ਹੈ ਇਹ ਤੇ ਸਰਕਾਰ ਵਿਚ ਇਹਦੀ ਅੱਜ ਚਲਦੀ ਹੈ। ਐਸਾ ਨਾ ਹੋਵੇ ਆਪ ਦਾ ਨੁਕਸਾਨ ਕਰ ਦੇਵੇ। ਸਾਹਿਬਜ਼ਾਦੇ ਦਾ ਨੁਕਸਾਨ ਕਰ ਦੇਵੇ, ਆਪ ਦਾ ਨੁਕਸਾਨ ਕਰ ਦੇਵੇ। ਮਹਾਰਾਜ ਕਹਿੰਦੇ ਉਹ ਤਾਂ ਪ੍ਰਮੇਸ਼ਰ 'ਤੇ ਛੱਡੋ। ਜੋ ਹੋਣਾ ਹੈ ਪ੍ਰਮੇਸ਼ਰ ਦੀ ਰਜ਼ਾ ਨਾਲ ਹੋਣਾ ਹੈ।

ਸੋ ਰਿਸ਼ਤਾ ਵਾਪਸ ਮੁੜ ਗਿਆ। ਉਸੇ ਵੇਲੇ ਇਰਾਦਾ ਕਰ ਲਿਆ ਕਿ ਮੈਂ ਬਦਲਾ ਜ਼ਰੂਰ ਲਵਾਂਗਾ। ਅਜੇ ਤੱਕ ਗੁਰੂ ਘਰ ਦੀ ਸ਼ਰਧਾ, ਮੁੱਲਾਂ ਦੇ, ਅਕਬਰ ਦੇ ਮਨ 'ਚ ਹੋਣ ਤੇ ਚਲੀ ਆਉਂਦੀ ਸੀ, ਲੇਕਿਨ ਜਹਾਂਗੀਰ ਨੂੰ ਹੌਲੀ-ਹੌਲੀ ਚੁਗਲੀਆਂ ਕਰ-ਕਰ ਕੇ ਇਸ ਨਤੀਜੇ 'ਤੇ ਪਹੁੰਚਾ ਦਿਤਾ ਕਿ ਉਹਦੇ ਮਨ ਵਿਚ ਇਹ ਗੱਲ ਹੋ ਗਈ ਕਿ ਮੈਂ ਗੁਰੂ ਘਰ ਦਾ ਜੋ ਸਿਲਸਿਲਾ ਚਲ ਰਿਹਾ ਹੈ ਇਹਨੂੰ ਖਤਮ ਕਰ ਦੇਵਾਂ, ਕੁਛ ਮਨ ਵਿਚ ਖਿਆਲ ਰਖਦਾ ਸੀ। ਦੂਜਾ ਇਹ ਚੰਦੂ ਵਗੈਰਾ ਤਿਆਰ ਹੋ ਗਏ।

ਚੰਦੂ ਨੇ ਚਿੱਠੀ ਲਿਖੀ। ਪਤਾ ਲੱਗਿਆ ਕੁਛ ਕਿ ਪ੍ਰਿਥੀ ਚੰਦ ਦੀ ਨਰਾਜ਼ਗੀ ਹੈ, ਚਿੱਠੀ ਲਿਖ ਕੇ ਭੇਜੀ ਕਿ ਮੈਂ ਤੁਹਾਨੂੰ ਜਗੀਰ ਦਵਾਈ ਹੋਈ ਹੈ, ਪਿੰਡ ਕੋਠਾ ਜਿਹੜਾ ਹੈ ਤੁਹਾਨੂੰ ਦਿਤਾ ਹੋਇਆ ਹੈ ਤੇ ਇਹ ਅਸੀਂ ਜਬਤ ਕਰ ਲੈਣਾ ਹੈ ਹੁਣ ਤੇ ਤੂੰ ਗਰੀਬ ਬਣ ਕੇ ਤੁਰਿਆ ਫਿਰੇਂਗਾ। ਨਹੀਂ ਤਾਂ ਆਪਣੇ ਭਰਾ ਨੂੰ ਕਹਿ ਕਿ ਰਿਸ਼ਤਾ ਲੈ ਲਵੇ। ਨਹੀਂ ਤਾਂ ਵਿਚੇ ਹੀ ਉਹਨੂੰ ਮੈਂ ਕੈਦ ਕਰਾਵਾਂਗਾ, ਵਿਚੇ ਤੈਨੂੰ ਕੈਦ ਕਰਾਵਾਂਗਾ।

ਚਿੱਠੀ ਲੈ ਕੇ ਆਇਆ, ਡਰ ਗਿਆ ਪਹਿਲਾਂ

ਹੀ ਕਹਿਣ ਲੱਗ ਗਿਆ ਕਿ ਮੈਂ ਤਾਂ ਆਪ ਹੀ ਉਹਦਾ ਦੁਸ਼ਮਣ ਹਾਂ। ਚੰਗਾ ਹੋਇਆ, ਕਹਿ ਦੇਣਾ ਦੀਵਾਨ ਸਾਹਿਬ ਨੂੰ ਕਿ ਮੇਰੇ ਤੋਂ ਜੋ ਮਦਦ ਚਾਹੀਦੀ ਹੈ ਮੈਂ ਪੂਰੀ ਮਦਦ ਦੇਵਾਂਗਾ, ਸਾਰੇ ਭੇਤ ਦੇਵਾਂਗਾ। ਉਨ੍ਹਾਂ ਨੇ ਗ੍ਰੰਥ ਸਾਹਿਬ ਬਣਾਇਆ ਹੈ ਉਹਦੇ 'ਚ ਐਉਂ ਗੱਲਾਂ ਲਿਖੀਆਂ ਨੇ, ਆਹ ਲਿਖਿਆ ਹੈ, ਭੜਕਾ ਦਿਤੇ। ਕਹਿੰਦੇ, ਜੇ ਮੈਨੂੰ ਕਹਿਣ ਤਾਂ ਮੈਂ ਹਾਜ਼ਰ ਹੋ ਕੇ ਉਹਦੇ ਨਾਲ ਗੱਲ ਕਰਾਂਗਾ। ਚੰਗਾ ਹੋ ਗਿਆ ਕਿ ਉਨ੍ਹਾਂ ਦੇ ਮਨ ਵਿਚ ਇਹ ਗੱਲ ਹੋ ਗਈ, ਮੈਂ ਦੇਖੋ ਵੱਡਾ ਹਾਂ ਧੱਕੇ ਨਾਲ ਮੇਰੇ ਤੋਂ ਉਨ੍ਹਾਂ ਨੇ ਸਭ ਖੋਹ ਲਿਆ। ਚੋਰ-ਚਕਾਰ ਆਪਣੇ ਕੋਲ ਰਖਦੇ ਨੇ, ਡਾਕੂ ਕੋਲ ਰਖਦੇ ਨੇ। ਬੜੀਆਂ ਹੀ ਲੂਤੀਆਂ ਲਾਈਆਂ, ਵਾਪਸ ਭੇਜ ਦਿਤਾ।

ਜਦੋਂ ਜਾ ਕੇ ਚੰਦੂ ਨੂੰ ਦੱਸਿਆ ਤਾਂ ਖੁਸ਼ ਹੋ ਗਿਆ ਕਿ ਚਲੋ ਭਰਾ ਤਾਂ ਮੇਰੇ ਨਾਲ ਹੈ। ਹੁਣ ਦੇਖਾਂਗੇ ਕੀ ਗੱਲ ਬਣਦੀ ਹੈ। ਇਧਰਲੇ ਪਾਸੇ ਇਹਨੂੰ ਚੰਦੂ ਦਾ ਸੁਨੇਹਾ ਆ ਗਿਆ, ਤੂੰ ਫਿਕਰ ਨਾ ਕਰ ਜਿਹੜਾ ਕੰਮ ਕਰੇਂਗਾ ਤੇਰਾ ਪ੍ਰਵਾਨ ਹੀ ਪ੍ਰਵਾਨ ਹੈ ਸਾਨੂੰ। ਤਕੜਾ ਹੋ ਕੇ ਪਿੱਛੇ ਲਗ ਉਨ੍ਹਾਂ ਦੇ ਤੇ ਇਹਦਾ ਇਕ ਮਿੱਤਰ ਸੀ ਜਿਹਦਾ ਨਾਮ ਸੁਲਹੀ ਖਾਨ ਸੀ ਤੇ ਸੁਲਹੀ ਖਾਨ ਦਾ ਭਤੀਜਾ ਸੀ ਉਹਦਾ ਨਾਮ ਸੀ ਸੁਲਭੀ ਖਾਨ। ਮਤਾ ਇਹ ਪਕਾਇਆ ਕਿ ਸੁਲਭੀ ਖਾਨ ਮਾਮਲਾ ਉਗਰਾਉਣ ਦੇ ਬਹਾਨੇ ਅੰਮ੍ਰਿਤਸਰ ਚਲਿਆ ਜਾਵੇ ਤੇ ਗੁਰੂ ਅਰਜਨ ਸਾਹਿਬ ਨੂੰ ਕੈਦ ਇਕ ਵਾਰੀ ਕਰ ਲਿਆਵੇ ਉਸ ਤੋਂ ਬਾਅਦ ਅਸੀਂ ਜਾਣੀਏ ਸਾਡਾ ਕੰਮ। ਅਸੀਂ ਆਪੇ ਕਰ ਲਵਾਂਗੇ ਸਭ ਕੁਛ।

ਸੋ ਮਹਾਰਾਜ ਜੀ ਨੂੰ ਖਬਰ ਪਹੁੰਚੀ ਕਿ ਪਾਤਸ਼ਾਹ, ਆਹ ਗੋਂਦ ਗੁੰਦੀ ਗਈ ਹੈ। ਸੁਲਭੀ ਖਾਨ ਆ ਰਿਹਾ ਹੈ ਆਪ ਦੇ ਪਾਸ। ਕ੍ਰਿਪਾ ਕਰੋ, ਕੁਛ ਬੰਦੋਬਸਤ ਕਰੋ। ਮਹਾਰਾਜ ਜੀ ਨੂੰ ਜਾ ਕੇ ਚੰਗੇ-ਚੰਗੇ ਗੁਰਸਿੱਖਾਂ ਨੇ ਦੱਸਿਆ, ਤਾਂ ਉਸ ਵੇਲੇ ਮਹਾਰਾਜ ਜੀ ਕਹਿਣ ਲੱਗੇ ਦੇਖੋ ਪ੍ਰੇਮੀਓ, ਸਾਡੇ ਕੋਲ ਤਾਂ ਨਿਮਰਤਾ ਦੀ ਗਦਾ ਹੈ, ਇਹ ਜਿਹੜਾ ਨਿਮਰਤਾ ਦਾ ਹਥਿਆਰ ਹੈ ਇਹਦੇ ਅੱਗੇ ਵਿਕਾਰੀ ਤੇ ਦੁਸ਼ਟ ਹੁੰਦੇ ਨੇ ਜਿਹੜੇ ਉਹ ਟਿਕਿਆ ਨਹੀਂ ਕਰਦੇ।

***ਧਾਰਨਾ - ਮੇਰੀ ਗਦਾ ਹੈ ਗਰੀਬੀ ਵਾਲੀ***
***ਦੁਸ਼ਟਾਂ ਦਾ ਨਾਸ਼ ਕਰਦੀ।***

ਘਬਰਾਓ ਨਾ ਸਾਧਸੰਗਤ ਜੀ, ਨਿਮਰਤਾ ਦੇ ਅੱਗੇ ਵਿਕਾਰੀ ਟਿਕਿਆ ਨਹੀਂ ਕਰਦਾ।

***ਗਰੀਬੀ ਗਦਾ ਹਮਾਰੀ ॥***
***ਖੰਨਾ ਸਗਲ ਰੇਨੁ ਛਾਰੀ ॥***
***ਇਸੁ ਆਗੈ ਕੋ ਨ ਟਿਕੈ ਵੇਕਾਰੀ ॥***
***ਗੁਰ ਪੂਰੇ ਏਹ ਗਲ ਸਾਰੀ ॥ ਅੰਗ - ੬੨੮***

ਪੂਰੇ ਸਤਿਗੁਰਾਂ ਨੇ ਕਿਹਾ ਹੈ ਕਿ ਜੋ ਨਿਮਰਤਾ ਦੇ ਨਾਲ ਹੈ ਉਹਦੇ ਅੱਗੇ ਵਿਕਾਰੀ ਠਹਿਰਿਆ ਨਹੀਂ ਕਰਦਾ ਕਿਉਂਕਿ ਉਹਦੇ ਹਿਰਦੇ 'ਚ ਨਾਮ ਚਲਦਾ ਹੈ-

***ਹਰਿ ਹਰਿ ਨਾਮੁ ਸੰਤਨ ਕੀ ਓਟਾ ॥***
***ਜੋ ਸਿਮਰੈ ਤਿਸ ਕੀ ਗਤਿ ਹੋਵੈ***
***ਉਧਰਹਿ ਸਗਲੇ ਕੋਟਾ ॥ ਅੰਗ - ੬੨੮***

ਸੋ ਇਸ ਤਰ੍ਹਾਂ ਦੇ ਨਾਲ ਰਾਹ 'ਚ ਤੁਰਿਆ ਆਉਂਦਾ ਹੈ, ਉਥੇ ਇਕ ਕੋਈ ਉਹਦਾ ਸਿਪਾਹੀ ਸੀਗਾ, ਉਹ ਮਿਲ ਗਿਆ, ਉਹ ਕਹਿੰਦਾ ਤੂੰ ਮੇਰੀ ਦੋ ਸਾਲ ਦੀ ਤਨਖਾਹ ਨਹੀਂ ਦਿਤੀ, ਮੇਰੀ ਤਨਖਾਹ ਦੇਹ। ਉਥੇ ਖੈਬੜ-ਖਬੜਾਈ ਹੋਈ, ਤਲਵਾਰ ਪਹਿਨੀ ਹੋਈ ਸੀ ਉਹਨੇ, ਗਲ ਕੱਟ ਉਹਨੇ ਉਹ ਮਾਰਿਆ। ਮਹਾਰਾਜ ਜੀ ਨੂੰ ਖਬਰ ਪਹੁੰਚ ਗਈ।

ਕਹਿੰਦੇ, ਮਹਾਰਾਜ ਜੀ! ਉਹ ਤਾਂ ਮਾਰਿਆ ਗਿਆ। ਕਹਿੰਦੇ, ਕੋਈ ਨਾ ਭਾਈ ਜੋ ਸਾਧੂਆਂ ਨੂੰ ਤੰਗ ਕਰਦਾ ਹੈ, ਉਹਦਾ ਹਾਲ ਇਹੀ ਹੋਇਆ ਕਰਦਾ ਹੈ -

***ਧਾਰਨਾ - ਸੋ ਦੁਖ ਕੈਸਾ ਪਾਵੈ***
***ਜਿਸਦਾ ਰਾਖਾ ਹੈ ਪ੍ਰਮਾਤਮਾ***
***ਜਿਸ ਕੇ ਸਿਰ ਊਪਰਿ ਤੂੰ ਸੁਆਮੀ***
***ਸੋ ਦੁਖੁ ਕੈਸਾ ਪਾਵੈ ॥***
***ਬੋਲਿ ਨ ਜਾਣੈ ਮਾਇਆ ਮਦਿ ਮਾਤਾ***
***ਮਰਣਾ ਚੀਤਿ ਨ ਆਵੈ ॥੧॥***
***ਮੇਰੇ ਰਾਮ ਰਾਇ ਤੂੰ ਸੰਤਾ ਕਾ ਸੰਤ ਤੇਰੇ ॥***
***ਤੇਰੇ ਸੇਵਕ ਕਉ ਭਉ ਕਿਛੁ ਨਾਹੀ***
***ਜਮੁ ਨਹੀ ਆਵੈ ਨੇਰੇ ॥ ਅੰਗ - ੭੪੦***

ਖਾਤਮਾ ਹੋ ਗਿਆ ਰਾਹ 'ਚ ਹੀ ਮਾਰਿਆ ਗਿਆ, ਖਬਰ ਪਹੁੰਚ ਗਈ ਪ੍ਰਿਥੀਚੰਦ ਨੂੰ, ਦੌੜਿਆ-ਦੌੜਿਆ ਗਿਆ ਇਹਦੇ ਪਾਸ, ਇਹਦਾ ਮਿਤਰ ਸੀ। ਦੇਖਿਆ ਜਾਦੂ ਵਰਤ ਕੇ ਮਾਰ ਦਿੱਤਾ ਜਾਂ ਮੈਨੂੰ ਲਗਦਾ ਹੈ ਕਿ ਪੈਸੇ ਦੇ ਕੇ ਬੰਦਾ ਭੇਜਿਆ ਹੈ ਉਨ੍ਹਾਂ ਨੇ। ਬੜਾ ਮਾੜਾ ਕੰਮ ਕਰਿਆ ਹੈ ਭਰਾ ਨੇ ਮੇਰੇ ਨੇ। ਆਫੀਸਰ ਬੰਦਾ ਮਾਰ ਦਿਤਾ। ਜਿੰਨਾ ਕਹਿ ਸਕਦਾ ਸੀ ਕਿਹਾ। ਕਹਿਣ ਲੱਗਿਆ, ਹੁਣ ਤੁਸੀਂ ਆਪ ਕੋਸ਼ਿਸ਼ ਕਰੋ। ਸੁਲਹੀ ਖਾਂ ਕਹਿਣ ਲੱਗਿਆ ਕਿ ਇਨ੍ਹਾਂ ਤੋਂ ਤਾਂ ਬਚ ਗਿਆ ਪਰ ਮੈਂ ਨਹੀਂ ਹੁਣ ਛੱਡਣਾ ਕਿਸੇ ਵੀ ਤਰੀਕੇ ਨਾਲ। ਉਸੇ ਵੇਲੇ ਚੜ੍ਹਾਈ ਕਰ ਗਿਆ। ਬੜਾ ਜ਼ਾਲਮ ਆਫੀਸਰ ਸੀ ਮਹਾਰਾਜ ਕੋਲ ਖਬਰ ਪਹੁੰਚ ਗਈ ਕਿ ਭਤੀਜੇ ਦਾ ਬਦਲਾ ਲੈਣ ਵਾਸਤੇ ਆ ਰਿਹਾ ਹੈ ਤੁਹਾਡੇ ਕੋਲ। ਗੁਰਸਿੱਖ ਇਕੱਠੇ ਹੋ ਗਏ ਕਹਿਣ ਲੱਗੇ, ਪਾਤਸ਼ਾਹ! ਬੜਾ ਜ਼ਾਲਮ ਹੈ, ਤੇ ਅਸੀਂ ਇਹ ਵਿਚਾਰ ਕਰਦੇ ਹਾਂ ਕਿ ਆਪਣੀ ਲੈਟਰ ਲਿਖ ਕੇ ਆਪਣੀ ਪੁਜ਼ੀਸ਼ਨ ਸਾਫ ਕਰੀਏ ਜਾਂ ਸੱਚੇ ਪਾਤਸ਼ਾਹ

ਕੋਈ ਸ੍ਰੇਸ਼ਟ ਪੁਰਸ਼ ਇਲਾਕੇ ਦੇ ਮੁਖੀ ਭੇਜ ਦੇਈਏ ਤੇ ਜਾਂ ਫੇਰ ਹੁਕਮ ਦਿਓ ਕਿ ਅਸੀਂ ਵੀ ਕੋਈ ਹਥਿਆਰ ਚੁੱਕੀਏ। ਐਉਂ ਤਾਂ ਮਰਨਾ ਫੇਰ ਔਖਾ ਹੈ। ਮਹਾਰਾਜ ਜੀ ਕਹਿੰਦੇ, ਤੁਸੀਂ ਪ੍ਰੇਮੀਓਂ! ਭਰੋਸਾ ਰੱਖੋ ਵਾਹਿਗੁਰੂ 'ਤੇ। ਕਹਿੰਦੇ ਆਪਾਂ ਵਾਹਿਗੁਰੂ-ਵਾਹਿਗੁਰੂ ਕਰੋ, ਆਪੇ ਹੀ ਉਹ ਮਾਲਕ ਹੈ। ਚਲਿਆ ਆਉਂਦਾ ਹੈ ਆ ਕੇ ਪ੍ਰਿਥੀਚੰਦ ਦੇ ਕੋਲ ਆ ਗਿਆ। ਉਹਨੇ ਇੱਟਾਂ ਪਕਾਉਣ ਵਾਸਤੇ ਨਵੇਂ ਆਵੇ ਪਾਏ ਸੀ ਕਿਉਂਕਿ ਉਹਨੇ ਰੀਸ ਕਰੀ ਕਿ ਹਰਿਮੰਦਰ ਸਾਹਿਬ ਵਰਗਾ ਮੈਂ ਬਣਾ ਲੈਂਦਾ ਹਾਂ, ਆਪੇ ਇਥੇ ਲੋਕ ਆਉਣਗੇ। ਉਹੋ ਜਿਹਾ ਹੀ ਮੰਦਰ ਰਚਣਾ ਸ਼ੁਰੂ ਕਰ ਦਿਤਾ। ਆਵੇ ਪਕਾਉਣ ਲੱਗਿਆ ਹੋਇਆ ਹੈ, ਉਥੇ ਲੈ ਗਿਆ, ਉਥੇ ਜ਼ਮੀਨ ਦਿਖਾਉਂਦਾ, ਹੋਰ ਆਪਣਾ ਕਾਰੋਬਾਰ ਦਿਖਾਉਂਦਾ-ਦਿਖਾਉਂਦਾ ਜਦੋਂ ਆਵਿਆਂ ਦੇ ਕੋਲ ਗਿਆ, ਐਸਾ ਘੋੜਾ ਡਰਿਆ, ਇਕ ਪੰਛੀ ਜਾਨਵਰ ਅਚਾਨਕ ਉਡ ਪਿਆ, ਘੋੜਾ ਗੈਲਪ ਹੋ ਗਿਆ, ਦੌੜ ਕੇ ਜਾ ਕੇ ਆਵੇ ਵਿਚ ਛਾਲ ਮਾਰੀ। ਮਾਰਦੇ ਹੀ ਛਾਲ ਘੋੜਾ ਗਿਰ ਗਿਆ ਤੇ ਇਹ ਵੀ ਗਿਰ ਗਿਆ, ਉਥੇ ਹੀ ਭਸਮ ਹੋ ਗਿਆ। ਮਹਾਰਾਜ ਜੀ ਦੇ ਕੋਲ ਖਬਰ ਆਈ। ਮਹਾਰਾਜ ਜੀ ਕਹਿੰਦੇ ਕਿ ਪ੍ਰੇਮੀਓਂ, ਤੁਸੀਂ ਪ੍ਰਭੂ ਦਾ ਧਿਆਨ ਕਰੋ, ਉਹ ਰਾਖਾ ਬਣ ਜਾਇਆ ਕਰਦਾ ਹੈ -

*ਧਾਰਨਾ - ਬੁਰਾ ਚਿਤਵਦਾ*
*ਨਾਪਾਕ ਹੋ ਕੇ ਮਰੇਂਗਾ,*
*ਰੱਖਿਆ ਨਰਾਇਣ ਕਰੀ।*

*ਸੁਲਹੀ ਤੇ ਨਾਰਾਇਣ ਰਾਖੁ ॥*
*ਸੁਲਹੀ ਕਾ ਹਾਥੁ ਕਹੀ ਨ ਪਹੁਚੈ*
*ਸੁਲਹੀ ਹੋਇ ਮੂਆ ਨਾਪਾਕੁ ॥੧॥ ਰਹਾਉ ॥*
*ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ*
*ਖਿਨ ਮਹਿ ਹੋਇ ਗਇਆ ਹੈ ਖਾਕੁ ॥*
*ਮੰਦਾ ਚਿਤਵਤ ਚਿਤਵਤ ਪਚਿਆ*
*ਜਿਨਿ ਰਚਿਆ ਤਿਨਿ ਦੀਨਾ ਧਾਕੁ ॥੧॥*
*ਪੁਤ੍ਰ ਮੀਤ ਧਨੁ ਕਿਛੂ ਨ ਰਹਿਓ*
*ਸੁ ਛੋਡਿ ਗਇਆ ਸਭ ਭਾਈ ਸਾਕੁ ॥*
*ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ*
*ਜਿਨਿ ਜਨ ਕਾ ਕੀਨੋ ਪੂਰਨ ਵਾਕੁ॥*

*ਅੰਗ - ੮੨੫*

ਧੱਕਾ ਦੇ ਦਿਤਾ ਜਿਹਨੇ ਸੰਸਾਰ ਰਚਿਆ ਹੈ।

ਮਹਾਰਾਜ ਕਹਿੰਦੇ, ਆ ਨਹੀਂ ਸਕਦਾ ਪ੍ਰੇਮੀਓ! ਘਬਰਾਓ ਨਾ। ਸੋ ਇਸ ਤਰ੍ਹਾਂ ਦੇ ਨਾਲ ਬੜੀਆਂ ਵਿਉਂਤਾਂ, ਬੜੀਆਂ ਗੂੰਦਾਂ ਗੁੰਦੀਆਂ ਗਈਆਂ। ਅਖੀਰ ਕਿੰਨੇ ਹੀ ਦੁਸ਼ਮਣ ਹੋ ਗਏ। ਜਹਾਂਗੀਰ ਵੀ ਦੁਸ਼ਮਣ ਹੋ ਗਿਆ ਕਿ ਐਸਾ ਧਰਮ ਹੋ ਗਿਆ ਕਿ ਮੁਸਲਮਾਨ ਵੀ ਜਾ ਜਾ ਕੇ ਸਿੱਖ ਬਣੀ ਜਾਂਦੇ, ਹਿੰਦੂ ਵੀ ਬਣੀ ਜਾਂਦੇ ਨੇ, ਬੇਅੰਤ ਦੁਨੀਆਂ ਇਨ੍ਹਾਂ ਦੇ ਪਿੱਛੇ ਲਗ ਗਈ। ਭੜਕਾ ਦਿਤਾ ਗਿਆ ਕਿ ਬਾਦਸ਼ਾਹ ਸਲਾਮਤ! ਜੇ ਹੁਣ ਕੋਈ ਬੰਦੋਬਸਤ ਨਾ ਕਰਿਆ ਗਿਆ, ਇਹ ਤਾਂ ਸਾਰਾ ਦੇਸ਼ ਇਹਦੇ ਪਿੱਛੇ ਲੱਗ ਜਾਏਗਾ। ਰਾਜ ਲੈ ਲਏਗਾ। ਕੰਨ ਕੱਚੇ ਹੁੰਦੇ ਨੇ ਰਾਜਿਆਂ ਦੇ। ਮੁਲਾਣਿਆਂ ਨੇ ਭੜਕਾਇਆ, ਪੰਡਤਾਂ ਨੇ ਭੜਕਾਇਆ। ਅਖੀਰ ਜਹਾਂਗੀਰ ਦੇ ਲੜਕੇ ਖੁਸਰੋ ਨੇ ਬਗਾਵਤ ਕਰ ਦਿਤੀ। ਪਿਛੇ-ਪਿਛੇ ਜਹਾਂਗੀਰ ਹੋ ਗਿਆ ਤੇ ਹੁਕਮ ਦੇ ਦਿਤਾ ਕਿ ਇਹਦੀ ਕੋਈ ਮਦਦ ਨਾ ਕਰੇ। ਜੋ ਕਰੇਗਾ ਸਖਤ ਸਜ਼ਾਵਾਂ ਦਿਤੀਆਂ ਜਾਣਗੀਆਂ। ਇਹ ਬਿਆਸਾ ਦੇ ਪੱਤਣ 'ਤੇ ਆ ਗਿਆ। ਓਸ ਵੇਲੇ ਗੁਰੂ ਮਹਾਰਾਜ ਗੋਇੰਦਵਾਲ ਕਹੇ ਜਾਂਦੇ ਨੇ, ਲੇਕਿਨ ਆਪ ਉਥੇ ਨਹੀਂ ਸੀਗੇ। ਗੱਲ ਬਣਾਈ ਸਾਰੀ ਗੁਰੂ ਮਹਾਰਾਜ ਉਥੇ ਨੇ, ਲੰਗਰ 'ਚੋਂ ਪ੍ਰਸ਼ਾਦਾ ਛਕਾਇਆ, ਉਹਦੀ ਮਦਦ ਕਰੀ, ਪੰਜ ਹਜ਼ਾਰ ਰੁਪਿਆ ਦਿਤਾ। ਮੱਥੇ 'ਤੇ ਟਿਕਾ ਲਾਇਆ। ਪਹਿਲਾਂ ਤਾਂ ਗੁਰੂ ਕਿਸੇ ਦੇ ਮੱਥੇ ਤੇ ਟਿੱਕਾ ਲਾਉਂਦੇ ਹੀ ਨਹੀਂ ਸੀ। ਕਿੱਡਾ ਹੀ ਵੱਡਾ ਕਿਉਂ ਨਾ ਆਵੇ। ਅਕਬਰ ਦੇ ਨਹੀਂ ਲਾਇਆ। ਹਮਾਯੂੰ ਆਇਆ, ਬਾਬਰ ਆਇਆ, ਕਿਸੇ ਦੇ ਨਹੀਂ ਲਾਇਆ, ਸੋ ਇਹ ਗੱਲਾਂ ਬਣਾ ਕੇ ਭੜਕਾ ਦਿਤਾ ਗਿਆ। ਚੰਦੂ ਨਾਲ ਚਲਿਆ ਆ ਰਿਹਾ ਹੈ ਕਹਿਣ ਲੱਗਿਆ ਮਹਾਰਾਜ, ਐਸ ਵੇਲੇ ਜੇ ਖਤਰਾ ਆਪ ਦੇ ਰਾਜ ਨੂੰ ਹੈ ਤਾਂ ਕੇਵਲ ਅਰਜਨ ਦੇਵ ਜੀ ਤੋਂ ਹੈ ਜੋ ਗੁਰੂ ਕਹਾਉਂਦੇ ਨੇ ਆਪਣੇ ਆਪ ਨੂੰ। ਉਨ੍ਹਾਂ ਦਾ ਭਰਾ ਵਿਲਕਦਾ ਫਿਰਦਾ ਹੈ। ਉਹ ਮੇਰੇ ਕੋਲ ਕਿੰਨੀ ਵਾਰੀ ਆਇਆ ਹੈ ਤੁਹਾਡੇ ਉਸਨੂੰ ਪੇਸ਼ ਕਰਾਂ। ਲੇਕਿਨ ਇਨ੍ਹਾਂ ਦੇ ਆਉਣ ਤੋਂ ਪਹਿਲਾਂ ਹੀ ਚੜ੍ਹਾਈ ਕਰ ਗਿਆ। ਬੀਬੀ ਕਰਮੋਂ ਨੇ ਆਪਣੇ ਪੁੱਤਰ ਮਿਹਰਵਾਨ ਨੂੰ ਬੁਲਾਇਆ, ਕਹਿੰਦੀ ਮਿਹਰਵਾਨ ਹੁਣ ਤੂੰ ਚੁੱਪ ਕਰਕੇ ਬਹਿ ਜਾ। ਦੇਖਿਆ ਨਹੀਂ ਤੂੰ, ਕਿੰਨੀ ਸ਼ਕਤੀ ਹੈ ਉਨ੍ਹਾਂ 'ਚ, ਕਿੰਨੇ ਵਾਰ ਤੇਰੇ ਪਿਤਾ ਜੀ ਨੇ ਕਰੇ। ਸਪੇਰਾ ਮਰਿਆ, ਦਾਈ ਮਰੀ, ਬ੍ਰਾਹਮਣ ਮਰਿਆ, ਸੁਲਹੀ ਖਾਂ ਮਰਿਆ, ਸੁਲਭੀ ਖਾਂ ਮਰਿਆ, ਹੋਰ ਵੀ ਜਿਹੜਾ ਗਿਆ ਮਰਿਆ ਹੀ ਹੈ। ਤੇਰਾ ਪਿਤਾ ਰੋਜ਼ ਚਿਤਵੀ ਜਾਂਦਾ ਸੀ ਬੁਰਿਆਈ। ਕਹਿੰਦੇ, ਉਹ ਵੀ ਜਾ ਨਹੀਂ ਸਕਿਆ ਜਹਾਂਗੀਰ ਤਾਂਈ, ਰਾਹ 'ਚ ਹੀ ਮਰ ਗਿਆ। ਹੁਣ ਬੇਟਾ, ਜੋ ਕੁਛ ਆਪਣੇ ਕੋਲ ਹੈ ਇਹਦੇ 'ਤੇ ਸਬਰ ਕਰ। ਲੇਕਿਨ ਇਹ ਚੰਦੂ ਨੂੰ ਅੱਗ ਲੱਗੀ ਹੋਈ ਸੀ ਕਿ ਮੇਰੀ ਲੜਕੀ ਦਾ ਸਾਕ ਨਹੀਂ ਲਿਆ, ਮੇਰੀ ਲੜਕੀ ਕੁਆਰੀ ਰਹਿ ਜਾਏਗੀ।

ਸੋ ਜਦੋਂ ਜਹਾਂਗੀਰ ਲਾਹੌਰ ਆ ਗਿਆ, ਖੁਸਰੋ ਵੀ ਫੜਿਆ ਗਿਆ ਸੀ, ਸਾਥੀ ਜਿਹੜੇ ਜਰਨੈਲ ਸੀ ਉਨ੍ਹਾਂ ਨੂੰ ਗਊ ਦੀ ਖੱਲ੍ਹ ਵਿਚ ਮੜ੍ਹਾ ਕੇ ਧੁੱਪੇ ਰੱਖ ਦਿਤਾ, ਸੁੱਕ ਗਈਆਂ ਖੱਲ੍ਹਾਂ ਵਿਚ ਹੀ ਮਰ ਗਏ। ਇਹਨੂੰ ਵੀ ਕਤਲ ਕਰ ਦਿਤਾ ਗਿਆ, 700 ਬੰਦੇ ਨੂੰ ਸੂਲੀ ਚਾੜ੍ਹ ਦਿਤਾ ਗਿਆ। ਜਦੋਂ ਉਹ ਚੀਕਾਂ ਮਾਰਦੇ ਸੀ ਜਹਾਂਗੀਰ ਖੜ੍ਹਾ ਦੇਖਦਾ ਸੀ ਕਹਿੰਦਾ ਹੁਣ ਬੁਲਾਓ ਆਪਣੇ ਹਮਾਇਤੀ ਨੂੰ। ਮੇਖਾਂ ਗੱਡਦੇ ਸੀ ਹੱਥਾਂ ਪੈਰਾਂ 'ਚ। ਸੋ ਇਸ ਤਰ੍ਹਾਂ ਦੀਆਂ ਭਿਆਨਕ ਸਜਾਵਾਂ ਦੇ ਕੇ

ਤੇਰ੍ਹਾਂ ਦਿਨ ਲੰਘ ਗਏ। ਇਨ੍ਹਾਂ ਨੇ ਕਿਹਾ ਕਿ ਗੁਰੂ ਅਰਜਨ ਪਾਤਸ਼ਾਹ ਮਹਾਰਾਜ ਦਾ ਤਾਂ ਕਦੇ ਨਾਉਂ ਹੀ ਨਹੀਂ ਲਿਆ। ਬੜੀਆਂ ਗੱਲਾਂ ਕਰੀਆਂ। ਅਖੀਰ ਕਹਿਣ ਲੱਗੇ, ਬਾਦਸ਼ਾਹ ਸਲਾਮਤ! ਅਸਲੀ ਬੰਦਾ ਤਾਂ ਰਹਿ ਹੀ ਗਿਆ ਤੇ ਉਹ ਹੈ ਅੰਮ੍ਰਿਤਸਰ ਦੇ ਅੰਦਰ, ਰਾਮਦਾਸਪੁਰੇ ਦੇ ਅੰਦਰ, ਅਰਜਨ ਦੇਵ ਉਸਨੂੰ ਆਖਦੇ ਨੇ, ਸਿੱਖਾਂ ਦਾ ਗੁਰੂ ਬਣਿਆ ਬੈਠਾ ਹੈ। ਬੜੀਆਂ ਲੂੱਤੀਆਂ ਲਾਈਆਂ, ਅਖੀਰ ਓਸਨੇ ਸਿਪਾਹੀ ਭੇਜ ਦਿਤੇ ਕਿ ਜਾ ਕੇ ਲੈ ਕੇ ਆਓ। ਮਹਾਰਾਜ ਜੀ ਦੇ ਪਾਸ ਪਹੁੰਚ ਜਾਂਦੇ ਨੇ ਤੇ ਮਹਾਰਾਜ ਜੀ ਨੇ ਦੇਖ ਲਿਆ ਤੇ ਆਪਣਾ ਸਮਾਂ ਵਿਚਾਰ ਲਿਆ। ਉਸ ਵੇਲੇ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੂੰ ਬੁਲਾਇਆ। ਕਹਿਣ ਲੱਗੇ ਅਸੀਂ ਤਾਂ ਹੁਣ ਲਾਹੌਰ ਜਾਣ ਦੀ ਤਿਆਰੀ ਕਰਨੀ ਹੈ ਤੇ ਤੁਸੀਂ ਹਰਿਗੋਬਿੰਦ ਸਾਹਿਬ ਨੂੰ ਲੈ ਆਇਓ, ਤਿਲਕ ਦੇ ਦਿਓ ਬਾਬਾ ਜੀ, ਗੁਰਿਆਈ ਅਸੀਂ ਇਨ੍ਹਾਂ ਨੂੰ ਸੌਂਪਦੇ ਹਾਂ ਤੇ ਹੁਣ ਤੁਹਾਡੇ ਤੱਕ ਗੱਲ ਹੈ ਕਿ ਅਕਾਲਪੁਰਖ ਨੂੰ ਭਾਉਂਦਾ ਨਹੀਂ ਕਿ ਅਸੀਂ ਫੇਰ ਵਾਪਸ ਆਈਏ।

ਸੋ ਸੰਗਤ ਬੇਅੰਤ ਇਕੱਠੀ ਹੋ ਗਈ ਗੱਲ ਸੁਣ ਕੇ। ਜਾਣ ਨਹੀਂ ਦੇਣਾ ਚਾਹੁੰਦੇ। ਸੋ ਮਹਾਰਾਜ ਬਚਨ ਕਰਦੇ ਨੇ ਕਿ ਪ੍ਰੇਮੀਓਂ! ਦੇਖੋ ਗੁਰੂ ਦੇ ਭਾਣੇ ਵਿਚ ਰਹੀਦਾ ਹੁੰਦਾ ਹੈ -

***ਸੋ ਸਿਖੁ ਸਖਾ ਬੰਧਪੁ ਹੈ ਭਾਈ***
***ਜਿ ਗੁਰ ਕੇ ਭਾਣੇ ਵਿਚਿ ਆਵੈ ॥***

***ਅੰਗ - ੬੦੧***

ਐਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ, ਪੜ੍ਹੋ ਸਾਰੇ -

***ਧਾਰਨਾ - ਭਾਣੇ ਵਿਚ ਆਵੇ ਜੀ,***
***ਉਹ ਹੀ ਸਿੱਖ ਹੈ ਮੇਰਾ।***
***ਸੋ ਸਿਖੁ ਸਖਾ ਬੰਧਪੁ ਹੈ ਭਾਈ***
***ਜਿ ਗੁਰ ਕੇ ਭਾਣੇ ਵਿਚਿ ਆਵੈ ॥***
***ਆਪਣੈ ਭਾਣੈ ਜੋ ਚਲੈ ਭਾਈ***
***ਵਿਛੁੜਿ ਚੋਟਾ ਖਾਵੈ ॥ ਅੰਗ - ੬੦੧***

ਭਾਣਾ ਮੰਨੋ ਪਿਆਰਿਓ, ਭਾਣਾ ਮੰਨੋ ਵਾਹਿਗੁਰੂ ਦਾ। ਜਿਵੇਂ ਵਾਹਿਗੁਰੂ ਨੂੰ ਭਾਉਂਦਾ ਹੈ ਉਸੇ ਤਰ੍ਹਾਂ ਹੋਣਾ ਹੈ।

ਸੋ ਮਹਾਰਾਜ ਜੀ ਨੇ ਪਹਿਲੇ ਦਿਨ ਸਿੱਖ ਸੰਗਤਾਂ ਨੂੰ ਉਪਦੇਸ਼ ਦਿਤਾ, ਦਿਲਾਸਾ ਦਿਤਾ ਤੇ ਕਿਹਾ ਕਿ ਤੁਸੀਂ ਫਿਕਰ ਨਾ ਕਰੋ। ਦੂਸਰੇ ਦਿਨ ਪਿੱਪਲੀ ਸਾਹਿਬ ਤੱਕ ਸਾਰੀ ਸੰਗਤ ਛੱਡਣ ਆਉਂਦੀ ਹੈ। ਸਾਹਿਬਜ਼ਾਦੇ ਗੁਰੂ ਹਰਿਗੋਬਿੰਦ ਸਾਹਿਬ ਮਹਾਰਾਜ ਵੀ ਨੇ, ਆਪ ਨੇ ਚਰਨਾਂ 'ਤੇ ਨਮਸ਼ਕਾਰ ਕਰੀ, ਬਾਬਾ ਬੁੱਢਾ ਜੀ ਨੇ ਕਰੀ, ਭਾਈ ਗੁਰਦਾਸ ਜੀ ਨੇ ਕਰੀ। ਮਹਾਰਾਜ ਜੀ ਨੇ ਕਿਹਾ ਕਿ ਹਰਿਗੋਬਿੰਦ ਆਹ ਬਾਬਾ ਜੀ ਦਾ ਸਤਿਕਾਰ ਰੱਖਿਓ। ਨੇਤਰਾਂ 'ਚ ਜਲ ਆ ਗਿਆ ਕਿ ਪਿਤਾ ਜੀ ਜਾ ਰਹੇ ਨੇ, ਹੁਣ ਕਿਵੇਂ ਹੋਏਗਾ? ਐਸ ਤਰ੍ਹਾਂ ਦਸਦੇ ਨੇ-

***ਧਾਰਨਾ - ਕਦੇ ਹੋਣਗੇ ਸੰਜੋਗਾਂ ਨਾਲ ਮੇਲੇ***
***ਨਦੀਆਂ ਦੇ ਵਹਿਣ ਵਿਛੜੇ।***
***ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ ॥***

***ਅੰਗ - ੪੩੯***

ਕਹਿਣ ਲੱਗੇ ਭਰੋਸਾ ਰੱਖਿਓ ਵਾਹਿਗੁਰੂ 'ਤੇ। ਉਪਦੇਸ਼ ਦਿਤੇ, ਬੜੀ ਦੂਰ ਜਾ ਕੇ ਆਪ ਨੇ ਫੇਰ ਪਿੱਛੇ ਮੁੜ ਕੇ ਦੇਖਿਆ ਪੰਜ ਸਿੰਘ ਨਾਲ ਲੈ ਲਏ, ਭਾਈ ਪ੍ਰਾਨਾ ਹੈ, ਭਾਈ ਜੇਠਾ ਹੈ, ਭਾਈ ਨਗਾਹਾ ਹੈ, ਭਾਈ ਬਿਧੀ ਚੰਦ ਤੇ ਇਕ ਹੋਰ ਗੁਰਸਿੱਖ ਹੈ ਤੇ ਆਪ ਲਾਹੌਰ ਦੇ ਰਸਤੇ ਪੈ ਗਏ। ਗੁਰਸਿੱਖ ਮੁੜ-ਮੁੜ ਦੇਖਦੇ ਜਾਂਦੇ ਨੇ। ਬੜਾ ਕੁਛ ਹੈ ਮਨ ਦੇ ਅੰਦਰ ਕਿ ਮਹਾਰਾਜ ਨੇ ਐਸੇ ਬਚਨ ਕਿਉਂ ਕਰ ਦਿਤੇ। ਅੱਗੇ ਵੀ ਜਾਂਦੇ ਨੇ, ਕਦੇ ਐਸਾ ਬਚਨ ਤਾਂ ਕਰਿਆ ਨਹੀਂ। ਸੋ ਅੱਜ ਧਰਮਸਾਲਾ ਨਹੀਂ ਗਏ, ਸਿੱਧੇ ਅਰਥਮੱਲ ਦੇ ਚਲੇ ਗਏ। ਉਥੇ ਜਾ ਕੇ ਉਹ ਇੰਤਜ਼ਾਰ ਕਰਦਾ ਹੈ ਤੇ ਕਹਿੰਦਾ ਹੈ ਮਹਾਰਾਜ ਸੱਚੇ ਪਾਤਸ਼ਾਹ, ਤੁਸੀਂ ਤਾਂ ਅੰਤਰਜਾਮੀ ਹੋ, ਘਟ-ਘਟ ਦੇ ਜਾਨਣਹਾਰ, ਮੈਂ ਤਾਂ ਕਈ ਦਿਨਾਂ ਤੋਂ ਦਿਨ ਰਾਤ ਆਪ ਦੀ ਯਾਦ ਵਿਚ ਮੱਛੀ ਵਾਂਗੂੰ ਤੜਫਦਾ ਹਾਂ। ਮਹਾਰਾਜ ਜੀ ਰਾਤ ਰਹੇ ਤੇ ਕਹਿਣ ਲੱਗੇ ਅਰਥਮੱਲ ਅਸੀਂ ਹੁਣ ਸਰੀਰ ਇਥੇ ਛੱਡ ਦੇਣਾ ਹੈ। ਕਹਿੰਦੇ, ਸੱਚੇ ਪਾਤਸ਼ਾਹ! ਐਸਾ ਭਾਣਾ ਵਰਤਾਉਣ ਆਏ ਓਂ? ਕਹਿੰਦਾ, ਹਾਂ। ਅਗੰਮ ਵਾਚ ਲਿਆ ਅਸੀਂ, ਸਾਨੂੰ ਸਰੀਰ ਇਥੇ ਛੱਡਣਾ ਪੈਣਾ ਹੈ। ਸੋ ਉਸ ਵੇਲੇ ਉਸ ਨੇ ਬੜੇ ਹੀ ਵੈਰਾਗ ਦੇ ਵਿਚ ਆ ਕੇ ਐਸ ਤਰ੍ਹਾਂ ਬੇਨਤੀ ਕੀਤੀ -

***ਧਾਰਨਾ - ਝੱਲਿਆਂ ਨਹੀਂ ਜਾਣਾ***
***ਸਤਿਗੁਰ ਤੇਰਾ ਵਿਛੋੜਾ।***
***ਜਿਸੁ ਪਿਆਰੇ ਸਿਉ ਨੇਹੁ***
***ਤਿਸੁ ਆਗੈ ਮਰਿ ਚਲੀਐ॥***
***ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥***

***ਅੰਗ - ੮੩***

ਪਾਤਸ਼ਾਹ! ਕਿਵੇਂ ਜੀਉਂਦਾ ਰਹਾਂਗਾ। ਮੈਂ ਨਹੀਂ ਜੀਉਂ ਸਕਦਾ ਪਾਤਸ਼ਾਹ। ਮਹਾਰਾਜ ਕਹਿੰਦੇ ਕੋਈ ਨਾ, ਅੱਜ ਤੋਂ 40 ਵੇਂ ਦਿਨ ਤੂੰ ਸਾਡੇ ਕੋਲ ਆ ਜਾਣਾ ਹੈ। 40 ਦਿਨ ਇੰਤਜ਼ਾਰ ਕਰ ਲਈਂ। ਅਸੀਂ ਵੀ ਇਥੇ ਚਾਰ ਪੰਜ ਦਿਨ ਰਹਿਣਾ ਹੈ। ਫੇਰ ਤਾਂ ਮਗਰੋਂ ਸਾਡੇ ਥੋੜ੍ਹੇ ਹੀ ਦਿਨ ਰਹਿ ਗਏ। ਐਉਂ ਨਾ ਕਰੀਂ, ਕਾਹਲੀ ਨਹੀਂ ਕਰੀਦੀ ਹੁੰਦੀ, ਸਮੇਂ ਸਿਰ ਜਿਹੜਾ ਫਲ ਪੱਕਦਾ ਹੈ ਉਹ ਮਿੱਠਾ ਹੁੰਦਾ ਹੈ, ਕੱਚਾ ਫਲ ਨਹੀਂ ਤੋੜੀਦਾ। ਭਾਣਾ ਮੰਨ ਪ੍ਰੇਮੀਆਂ।

ਸੋ ਉਸ ਵੇਲੇ ਮਹਾਰਾਜ ਜੀ ਦੂਸਰੇ ਦਿਨ ਦਰਬਾਰ ਵਿਚ ਬੁਲਾਏ ਜਾਂਦੇ ਨੇ, ਉਥੇ ਗਏ ਤਾਂ ਜਹਾਂਗੀਰ ਨੇ ਤਿੰਨ ਚਾਰ ਸਵਾਲ ਕਰੇ। ਕਹਿਣ

ਲੱਗਿਆ, ਇਕ ਤਾਂ ਤੁਸੀਂ ਗ੍ਰੰਥ ਰਚਿਆ ਹੈ, ਉਹਦੇ ਵਿਚ ਹਿੰਦੂਆਂ ਦੀ, ਮੁਸਲਮਾਨਾਂ ਦੀ, ਪੈਗੰਬਰਾਂ ਦੀ ਨਖੇਧੀ ਕਰੀ ਹੈ। ਦੂਸਰੀ ਇਹ ਕਿ ਤੁਸੀਂ ਚੋਰ ਚਕਾਰ ਬਹੁਤ ਰੱਖਦੇ ਓਂ। ਤੀਸਰਾ ਇਹ ਹੈ ਕਿ ਤੁਸੀਂ ਬਾਗੀ ਨੂੰ ਮਦਦ ਦਿਤੀ। ਟਿੱਕਾ ਲਾਇਆ ਹੈ ਤੇ ਉਹਨੂੰ ਰੋਟੀ ਦਿਤੀ ਹੈ ਤੇ ਦੋ ਦਿਨ ਆਪਣੇ ਕੋਲ ਠਹਿਰਾਇਆ ਤੇ ਚੌਥੀ ਗੱਲ ਇਹ ਹੈ ਕਿ ਤੁਸੀਂ ਹਿੰਦੂ ਦੇ ਵੀ ਵੈਰੀ ਤੇ ਮੁਸਲਮਾਨ ਦੇ ਵੀ ਵੈਰੀ। ਮਹਾਰਾਜ ਕਹਿੰਦੇ, ਜਹਾਂਗੀਰ ਬਾਦਸ਼ਾਹ! ਗੁਰੂ ਨਾਨਕ ਦਾ ਘਰ ਨਾ ਕਿਸੇ ਦਾ ਦੋਖੀ ਹੈ, ਸਭ ਦਾ ਮਿੱਤਰ ਹੈ -

*ਅਵਲਿ ਅਲਹ ਨੂਰੁ ਉਪਾਇਆ*
*ਕੁਦਰਤਿ ਕੇ ਸਭ ਬੰਦੇ ॥*
*ਏਕ ਨੂਰ ਤੇ ਸਭੁ ਜਗੁ ਉਪਜਿਆ*
*ਕਉਨ ਭਲੇ ਕੋ ਮੰਦੇ ॥ ੧ ॥*
*ਲੋਗਾ ਭਰਮਿ ਨ ਭੂਲਹੁ ਭਾਈ ॥*
*ਖਾਲਿਕੁ ਖਲਕ ਖਲਕ ਮਹਿ ਖਾਲਿਕੁ*
*ਪੂਰਿ ਰਹਿਓ ਸ੍ਰਬ ਠਾਂਈ ॥ ਅੰਗ - ੧੩੫੦*

ਸਾਡਾ ਤਾਂ ਜੋ ਨਿਹਚਾ ਹੈ ਉਹ ਇਹ ਹੈ ਕਿ ਇਨਸਾਨ ਜਿਹੜਾ ਹੈ ਸਭ ਇਕ ਹੈ ਇਥੇ ਦੋ ਨਹੀਂ। ਨੇਕ ਅਮਲਾਂ ਵਾਲਾ ਜਿਹੜਾ ਹੈ ਉਹ ਪਾਰ ਹੋ ਜਾਂਦਾ ਹੈ, ਜਿਹੜਾ ਬਦ ਅਮਲ ਕਰਦਾ ਹੈ, ਉਹ ਕੁਫਰ ਕਰਦਾ ਹੈ ਤੇ ਉਹਨੂੰ ਦੋਜਕ ਵਿਚ ਜਾਣਾ ਪੈਂਦਾ ਹੈ। ਅੱਲਾਹ ਤਾਲਾ ਦੀ ਅਸੀਂ ਭਗਤੀ ਸਿਖਾਉਂਦੇ ਹਾਂ, ਪਿਆਰ ਸਿਖਾਲਦੇ ਹਾਂ, ਸਾਰੀ ਖਲਕਤ ਦੇ ਨਾਲ ਅਸੀਂ ਪਿਆਰ ਕਰਦੇ ਹਾਂ ਤੇ ਅਸੀਂ ਹਿਰਦੇ ਤੋਂ ਕਹਿੰਦੇ ਹਾਂ ਕਿ ਜਿੰਨੀ ਖਲਕਤ ਨਜ਼ਰ ਆਉਂਦੀ ਹੈ, ਦੁਨੀਆਂ ਨਜ਼ਰ ਆਉਂਦੀ ਹੈ, ਇਹ ਸਾਰੀ ਪ੍ਰਮੇਸ਼ਰ ਦਾ ਨੂਰ ਹੈ।

***ਧਾਰਨਾ - ਇਕ ਨੂਰ ਅੱਲਾਹ ਦਾ ਜੀ,***
***ਸਾਰੀ ਦੁਨੀਆਂ-ਸਾਰੀ ਦੁਨੀਆਂ।***

ਬਾਦਸ਼ਾਹ! ਗੁਰੂ ਨਾਨਕ ਮੱਤ ਹੈ ਕਿ ਸਾਰੀ ਸ੍ਰਿਸ਼ਟੀ ਅੱਲਾਹ ਦਾ ਨੂਰ ਹੈ, ਆਪਣੀ ਹੀ ਹੈ ਇਥੇ ਗੈਰ ਕੋਈ ਨਹੀਂ। ਸੋ ਅਸੀਂ ਕਿਸੇ ਦੀ ਵਿਰੋਧਤਾ ਨਹੀਂ ਕਰਦੇ। ਜੇ ਅਸੀਂ ਕਰਦੇ ਹਾਂ ਨਮਾਜ਼ ਪੜ੍ਹਨ ਵਾਲੇ ਨੂੰ ਅਸੀਂ ਕਹਿੰਦੇ ਹਾਂ, ਐਉਂ ਨਹੀਂ ਕਹਿੰਦੇ ਕਿ ਨਮਾਜ਼ ਨਾ ਪੜ੍ਹ।

*ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ॥*
*ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ॥*
*ਚਉਥੀ ਨੀਅਤਿ ਰਾਸਿ ਮਨੁ*
*ਪੰਜਵੀ ਸਿਫਤਿ ਸਨਾਇ॥*
*ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ॥*
*ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ ॥*
*ਅੰਗ - ੧੪੧*

ਅਸੀਂ ਤਾਂ ਇਹ ਦੱਸਦੇ ਹਾਂ ਕਿ ਮਨ ਨੂੰ ਇਕਾਗਰ ਕਰਕੇ ਨਮਾਜ਼ ਪੜ੍ਹ। ਇਸੇ ਤਰ੍ਹਾਂ ਹਿੰਦੂ ਨੂੰ ਕਹਿੰਦੇ ਹਾਂ ਕਿ ਜੇ ਤੀਰਥ ਜਾਂਦਾ ਹੈਂ ਤਾਂ -

*ਤੀਰਥਿ ਨਾਵਾ ਜੇ ਤਿਸੁ ਭਾਵਾ*
*ਵਿਣੁ ਭਾਣੇ ਕਿ ਨਾਇ ਕਰੀ ॥ ਅੰਗ - ੨*

ਪ੍ਰਮੇਸ਼ਰ ਨੂੰ ਭਾਅ ਜੇ ਤੀਰਥਾਂ ਤੇ ਇਸ਼ਨਾਨ ਕਰਨਾ ਹੈ। ਸੋ ਇਸ ਤਰ੍ਹਾਂ ਦੇ ਨਾਲ ਅਸੀਂ ਕਿਸੇ ਨਾਲ ਕੋਈ ਵਿਰੋਧਤਾ ਨਹੀਂ ਕਰਦੇ। ਤੁਹਾਨੂੰ ਕਿਸੇ ਨੇ ਐਵੇਂ ਗੱਲਾਬਾਤਾਂ ਲਾਈਆਂ ਨੇ। ਬਹੁਤ ਵਾਰੀ ਪੁੱਛ-ਪੁੱਛਾਕਾ ਹੋ ਚੁਕਿਆ ਹੈ ਪਹਿਲਾਂ ਵੀ। ਰਿਪੋਰਟਾਂ ਤੁਹਾਡੇ ਦਫਤਰਾਂ 'ਚ ਨੇ। ਬਾਕੀ ਜਿਹੜਾ ਗ੍ਰੰਥ ਨੂੰ ਕਹਿੰਦੇ ਓਂ, ਉਹ ਤਾਂ ਆਪ ਜੀ ਦੇ ਪਿਤਾ ਜੀ ਨੇ ਚੰਗੀ ਤਰ੍ਹਾਂ ਗੁਰਦਾਸਪੁਰ ਇਥੇ ਬਟਾਲੇ ਦੇ ਪਾਸ, ਉਨ੍ਹਾਂ ਨੇ ਚੰਗੀ ਤਰ੍ਹਾਂ ਹੱਥ ਰੱਖ-ਰੱਖ ਕੇ ਸੁਣਿਆ ਹੈ। ਅਖੀਰ ਉਨ੍ਹਾਂ ਨੇ ਨਮਸਕਾਰ ਕਰੀ, ਸਿਰੋਪਾਉ ਭੇਟ ਕਰਿਆ, ਮੋਹਰਾਂ ਭੇਟ ਕਰੀਆਂ। ਉਸ ਵਿਚ ਤਾਂ ਕਿਸੇ ਨੂੰ ਬੁਰਾ ਨਹੀਂ ਲਿਖਿਆ। ਕਹਿੰਦਾ ਜੇ ਕਿਸੇ ਨੂੰ ਬੁਰਾ ਨਹੀਂ ਲਿਖਿਆ ਤਾਂ ਮੁਹੰਮਦ ਸਾਹਿਬ ਦੀ ਵਡਿਆਈ ਲਿਖ ਦਿਓ। ਮਹਾਰਾਜ ਜੀ ਨੇ ਕਿਹਾ ਕਿ ਇਹ ਕਿਸੇ ਦਾ ਆਪਣਾ ਨਹੀਂ ਹੈ, ਇਹ ਤਾਂ ਧੁਰ ਦਰਗਾਹ ਦਾ ਇਲਹਾਮ ਹੈ, ਜੈਸਾ ਇਲਹਾਮ ਆਇਆ ਉਹ ਲਿਖ ਦਿਤਾ। ਤੀਸਰਾ ਆਪ ਦੇ ਸਾਹਿਬਜ਼ਾਦੇ ਨੂੰ ਮਦਦ ਦੇਣ ਦਾ ਸਵਾਲ। ਅਸੀਂ ਤਾਂ ਉਥੇ ਹੈ ਹੀ ਨਹੀਂ ਸੀ, ਇਹ ਤੁਹਾਨੂੰ ਐਵੇਂ ਕਿਸੇ ਨੇ ਐਨੀ ਦੇਰ ਤੋਂ ਬਾਅਦ ਗੱਲ ਕਹਿ ਦਿਤੀ ਹੈ ਤੇ ਬਾਕੀ ਅਸੀਂ ਕਿਸੇ ਡਾਕੂ ਨੂੰ ਨਹੀਂ ਰੱਖਦੇ, ਸਾਡੇ ਕੋਲ ਤਾਂ ਸਾਰੇ ਸਾਧੂ ਨੇ, ਬੰਦਗੀ ਕਰਦੇ ਨੇ, ਅੰਮ੍ਰਿਤ ਵੇਲੇ ਜਾਗਦੇ ਨੇ, ਕਿਸੇ ਦਾ ਬੁਰਾ ਨਹੀਂ ਕਰਦੇ, ਸੰਸਾਰ ਦਾ ਭਲਾ ਕਰਦੇ ਨੇ। ਜਦੋਂ ਲਾਹੌਰ ਦੇ ਅੰਦਰ ਕਾਲ ਪਿਆ ਹੈ ਤਾਂ ਇਹ ਲੋਥਾਂ ਨਾਲ ਭਰ ਗਿਆ ਸੀ, ਇਹ ਸਾਡੇ ਹੀ ਗੁਰਸਿੱਖ ਸੀ ਜਿਹੜੇ ਲੋਥਾਂ ਨੂੰ ਚੁੱਕ-ਚੁੱਕ ਕੇ ਸਸਕਾਰ ਕਰਦੇ ਸੀ। ਦਬਾਉਣ ਵਾਲੇ ਨੂੰ ਦੱਬਦੇ ਸੀ। ਜਦੋਂ ਕਾਲ ਪਿਆ ਉਸ ਵੇਲੇ ਸਾਡੇ ਹੀ ਗੁਰਸਿੱਖ ਸੀ ਜਿਹੜੇ ਪਿੰਡਾਂ ਵਿਚ ਜਾ ਕੇ ਤਕੜੇ ਗੁਰਸਿੱਖ ਨੂੰ ਕਹਿੰਦੇ ਸੀ ਕਿ ਦਾਣੇ ਦੇ-ਦੇ ਮਾੜਿਆਂ ਨੂੰ, ਕਹਿੰਦੇ ਸੀ ਦੇ ਦਿਓ, ਵੰਡ ਕੇ ਖਾ ਲਓ। ਮਰਨ ਤੋਂ ਬਚਾਏ, ਇਹਦੇ 'ਚ ਲਿਹਾਜ਼ ਨਹੀਂ ਕਰਿਆ, ਨਾ ਹਿੰਦੂ ਦਾ, ਨਾ ਮੁਸਲਮਾਨ ਦਾ, ਨਾ ਸਿੱਖ ਦਾ। ਸਾਰੀ ਜਨਤਾ ਨੂੰ ਅਸੀਂ ਇਕ ਨਜ਼ਰ ਨਾਲ ਦੇਖਦੇ ਹਾਂ। ਕਿਉਂਕਿ ਜਹਾਂਗੀਰ ਨੂੰ ਬਹੁਤ ਭਖਾਇਆ ਹੋਇਆ ਸੀ। ਇਸਨੇ ਕਿਹਾ ਕਿ ਮੈਂ ਨਹੀਂ ਜਾਣਦਾ, ਮੇਰੇ ਕੋਲ ਸਮਾਂ ਨਹੀਂ ਹੈ ਤਹਿਕੀਕਾਤ ਕਰਨ ਦਾ ਤੇ ਢਾਈ ਲੱਖ ਆਪ ਨੂੰ ਜ਼ੁਰਮਾਨਾ ਇਹ ਭਰੋ, ਨਹੀਂ ਤਾਂ ਦੀਨ-ਏ-ਇਸਲਾਮ ਕਬੂਲ ਕਰ ਲਓ। ਮਹਾਰਾਜ ਜੀ ਨੇ ਕਿਹਾ ਕਿ ਠੀਕ ਹੈ, ਮਾਰਨ, ਜੀਵਾਲਣ ਵਾਲਾ ਤਾਂ ਪ੍ਰਭੂ ਹੈ। ਜੇ ਉਹਨੂੰ ਭਾਉਂਦਾ ਹੈ ਤਾਂ ਮਾਰੇਗਾ, ਨਹੀਂ ਭਾਉਂਦਾ ਤਾਂ ਨਹੀਂ ਮਾਰੇਗਾ।

ਉਸ ਤੋਂ ਬਾਅਦ ਜਹਾਂਗੀਰ ਚਲਿਆ ਗਿਆ। ਚੰਦੂ ਕੋਲ ਸੀ, ਕਹਿਣ ਲੱਗਿਆ ਬਾਦਸ਼ਾਹ ਸਲਾਮਤ!

ਜੇ ਆਗਿਆ ਹੋਵੇ ਤਾਂ ਮੈਂ ਦੋ ਚਾਰ ਦਿਨ ਠਹਿਰ ਜਾਵਾਂ, ਮੈਂ ਤੁਹਾਨੂੰ ਛੇਤੀ ਮਿਲਾਂਗਾ। ਜੁਰਮਾਨਾ ਏਸ ਨੇ ਐਸ ਤਰ੍ਹਾਂ ਨਹੀਂ ਦੇਣਾ। ਸਾਡੇ ਖਤਰੀ ਭਰਾ ਨੇ ਅਸੀਂ ਜਾਣਦੇ ਹਾਂ ਕਿ ਪੈਸਾ ਕਿਵੇਂ ਕੱਢੀਦਾ ਹੁੰਦਾ ਹੈ। ਤੁਸੀਂ ਮੇਰੇ ਹਵਾਲੇ ਕਰ ਦਿਓ ਤੇ ਮੈਂ ਪੰਜ ਚਾਰ ਦਿਨ 'ਚ ਆਇਆ ਸਮਝੋ। ਛੁੱਟੀ ਮਿਲ ਗਈ ਏਸ ਨੂੰ ਤੇ ਲਾਲ ਹਵੇਲੀ ਸੀ ਜਿੱਥੇ ਜਾ ਕੇ ਮਹਾਰਾਜ ਜੀ ਨੂੰ ਕੈਦ ਕਰਕੇ, ਪੰਜਾਂ ਸਿੱਖਾਂ ਸਮੇਤ, ਪੰਜ ਸਿੱਖ ਜਿਹੜੇ ਸੀ ਉਹ ਕਮਰੇ 'ਚ ਬੰਦ ਕਰ ਦਿਤੇ ਤੇ ਮਹਾਰਾਜ ਜੀ ਨੂੰ ਲਿਜਾ ਕੇ ਥੱਲੇ ਬਿਠਾ ਦਿਤਾ। ਪ੍ਰਸੰਨ ਚਿੱਤ ਨੇ ਆਪ, ਕੋਈ ਦਿਲ ਦੇ ਅੰਦਰ ਸ਼ਿਕਵਾ ਨਹੀਂ। ਅਕਾਲ ਪੁਰਖ ਦਾ ਧੰਨਵਾਦ ਕਰਦੇ ਨੇ ਕਿ ਪਾਤਸ਼ਾਹ! ਜਿਥੇ ਬਿਠਾਉਂਦਾ ਹੈਂ, ਓਹੀ ਸਵਰਗ ਹੈ।

*ਜਹ ਬੈਸਾਲਹਿ ਤਹ ਬੈਸਾ ਸੁਆਮੀ*
*ਜਹ ਭੇਜਹਿ ਤਹ ਜਾਵਾ ॥*
*ਸਭ ਨਗਰੀ ਮਹਿ ਏਕੋ ਰਾਜਾ ॥*
*ਸਭੇ ਪਵਿਤੁ ਹਹਿ ਥਾਵਾ ॥ ਅੰਗ - ੯੯੩*

ਤੇਰੀਆਂ ਥਾਵਾਂ ਸਾਰੀਆਂ ਹੀ ਪਵਿੱਤਰ ਨੇ, ਸੋ ਉਸ ਵੇਲੇ ਚੰਦੂ ਆ ਜਾਂਦਾ ਹੈ। ਆ ਕੇ ਕਹਿਣ ਲੱਗਿਆ ਕਿ ਤੈਨੂੰ ਪਤਾ ਹੈ ਕਿ ਹੁਣ ਤੂੰ ਕੀਹਦੇ ਹੱਥ ਵਿਚ ਆ ਗਿਆ। ਅੱਜ ਤਾਈ ਤਾਂ ਬਚੀ ਗਿਆ। ਹੁਣ ਨਹੀਂ ਮੈਂ ਜਾਣ ਦੇਣਾ। ਹੁਣ ਤਾਂ ਜੇ ਛੁਟਣਾ ਹੈ ਤਾਂ ਮੇਰੀ ਲੜਕੀ ਦਾ ਰਿਸ਼ਤਾ ਕਬੂਲ ਕਰ ਲੈ। ਮਹਾਰਾਜ ਕਹਿੰਦੇ ਕਿਉਂ ਐਸ ਤਰ੍ਹਾਂ ਦੇ ਡਰਾਬੇ ਦਿੰਦਾ ਹੈਂ? ਇਹ ਜਿਹੜੀ ਮੌਤ ਦਾ ਤੂੰ ਡਰਾਵਾ ਦਿੰਦਾ ਹੈ, ਸੰਤਾਂ ਵਾਸਤੇ ਮੌਤ ਕੋਈ ਚੀਜ਼ ਨਹੀਂ ਹੈ -

***ਧਾਰਨਾ - ਜਿਹੜੀ ਮੌਤ ਤੋਂ ਡਰੇ ਜਗ ਸਾਰਾ,***
***ਮੇਰੇ ਮਨ ਆਨੰਦ ਹੈ ਪਿਆਰਿਓ।***

*ਕਬੀਰ ਜਿਸੁ ਮਰਨੇ ਤੇ ਜਗੁ ਡਰੈ*
*ਮੇਰੈ ਮਨਿ ਆਨੰਦੁ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥*
*ਅੰਗ - ੧੩੬੫*

*ਕਬੀਰ ਸੰਤ ਮੂਏ ਕਿਆ ਰੋਈਐ*
*ਜੋ ਅਪੁਨੇ ਗ੍ਰਿਹਿ ਜਾਇ ॥*
*ਰੋਵਹੁ ਸਾਕਤ ਬਾਪੁਰੇ ਜੁ ਹਾਟੈ ਹਾਟ ਬਿਕਾਇ॥*
*ਅੰਗ - ੧੩੬੫*

ਕਹਿਣ ਲੱਗੇ, ਮੌਤ ਦੀ ਧਮਕੀ ਦੇ ਨਾਲ ਡਰਾਉਣਾ ਚਾਹੁੰਦਾ ਹੈਂ। ਸਾਡੇ ਵਾਸਤੇ ਮੌਤ ਹਿਆਤ ਹੈ, ਤੂੰ ਜੋ ਕੁੱਛ ਕਰਨਾ ਹੈ ਕਰ ਲੈ। ਠੀਕ ਹੈ ਤੇਰੀ ਇਹ ਗੱਲ ਸਾਨੂੰ ਕੋਈ ਵੀ ਪ੍ਰਵਾਨ ਨਹੀਂ। ਨਾ ਰਿਸ਼ਤਾ ਲੈਣਾ ਹੈ ਕਿਉਂਕਿ ਤੂੰ ਉੱਚਾ ਬਣਿਆ ਸੀ। ਕਹਿੰਦਾ, ਤੁਸੀਂ ਮੈਨੂੰ ਕੁੱਤਾ ਕਿਹਾ ਸੀ, ਆਪੇ ਹੀ ਕਹਿਣ ਲੱਗ ਗਿਆ। ਮਹਾਰਾਜ ਕਹਿੰਦੇ, ਅਸੀਂ ਤਾਂ ਨਹੀਂ ਕਿਹਾ ਹੈ, ਇਹੋ ਜਿਹੇ ਫਿੱਕੇ ਬੋਲ ਅਸੀਂ ਨਹੀਂ ਬੋਲਦੇ। ਹਾਂ, ਜੇ ਕਿਸੇ ਗੁਰਸਿੱਖ ਨੇ ਕਹਿ ਦਿਤਾ ਹੋਵੇ, ਤਾਂ ਸਿੱਖ ਦਾ ਤੇ ਗੁਰੂ ਦਾ ਕੋਈ ਭੇਤ ਨਹੀਂ ਹੁੰਦਾ, ਸਮਝ ਲੈ ਫੇਰ ਅਸੀਓਂ ਕਿਹਾ ਹੈ ਤੇ ਤੇਰੇ ਕੰਮ ਵੀ ਇਹੋ ਜਿਹੇ ਨੇ ਕੁੱਤਿਆਂ ਵਾਲੇ। ਤਿਲਮਿਲਾ ਗਿਆ, ਕਹਿਣ ਲੱਗਿਆ ਅਜੇ ਮੌਕਾ ਹੈ ਪਤਾ ਨਹੀਂ ਤੁਹਾਨੂੰ ਮੈਂ ਕੀ ਕਰ ਦੇਵਾਂ। ਸੋ ਉਸ ਵੇਲੇ ਹੁਕਮ ਕਰ ਦਿਤਾ ਕਿ ਨਾ ਇਨ੍ਹਾਂ ਨੂੰ ਪਾਣੀ ਦੇਣਾ ਹੈ, ਨਾ ਰੋਟੀ ਦੇਣੀ ਹੈ, ਨਾ ਬੈਠਣ ਦੇਣਾ ਹੈ। ਖੜ੍ਹੇ ਰੱਖਣਾ ਹੈ। ਜੇ ਕਹੇ ਪਾਣੀ ਲੈਣਾ ਹੈ ਤਾਂ ਇਕ ਲੱਖ ਰੁਪਿਆ ਲੈ ਕੇ ਪਾਣੀ ਦਾ ਗਿਲਾਸ ਦੇਣਾ ਹੈ। ਜੇ ਕਹਿਣ ਮੈਨੂੰ ਭੁੱਖ ਲੱਗੀ ਹੋਈ ਹੈ ਤਾਂ ਇਕ ਲੱਖ ਰੁਪਿਆ ਲੈ ਕੇ ਰੋਟੀ ਦਿਓ। ਜੇ ਕਹਿਣ ਕਿ ਮੈਂ ਲੇਟ ਜਾਵਾਂ ਤਾਂ ਇਕ ਲੱਖ ਰੁਪਿਆ ਲੇਟਣ ਦਾ। ਪੰਜੇ ਸਿੱਖ ਦੇਖਦੇ ਨੇ। ਬਹੁਤ ਕੁਛ ਆਉਂਦਾ ਹੈ ਮਨ ਵਿਚ। ਸਾਰੀ ਰਾਤ ਮਹਾਰਾਜ ਜੀ ਨੇ ਤਕਲੀਫ ਦੀ ਕੱਟੀ। ਦੂਸਰੇ ਦਿਨ ਫੇਰ ਆ ਗਏ। ਫੇਰ ਆ ਕੇ ਕਹਿਣ ਲੱਗਿਆ ਕਿ ਕੁਛ ਸੋਚਿਆ। ਮਹਾਰਾਜ ਕਹਿੰਦੇ, ਕੀ ਸੋਚਣਾ ਸੀ, ਅਸੀਂ ਸੋਚੀ ਹੋਈ ਹੈ ਜਿਹੜੀ ਗੱਲ ਸੋਚਣੀ ਸੀ। ਤੈਨੂੰ ਇਕ ਵਾਰੀ ਕਹਿ ਦਿਤਾ ਬਾਰ-ਬਾਰ ਕੀ ਗੱਲਾਂ ਕਰੀ ਜਾਂਦਾ ਹੈ, ਤੂੰ ਡਰਦੇ ਨਹੀਂ ਹਨ ਆਪ।

*ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ ॥*
*ਅੰਗ - ੮੪*

ਡਰਦਾ ਸੰਸਾਰ ਹੁੰਦਾ ਹੈ, ਸਤਿਪੁਰਸ਼ਾਂ ਨੂੰ ਕਿਸੇ ਦਾ ਡਰ ਨਹੀਂ ਹੁੰਦਾ। ਕਿਉਂਕਿ ਨਿਰਭਉ ਦੀ ਪੂਜਾ ਕਰਕੇ ਨਿਰਭਉ ਹੋ ਗਏ ਹੁੰਦੇ ਨੇ। ਮੌਤ ਉਨ੍ਹਾਂ ਵਾਸਤੇ ਕੋਈ ਚੀਜ਼ ਨਹੀਂ ਹੁੰਦੀ, ਮਰਦਾ ਸੰਸਾਰ ਹੈ। ਸਤਿਪੁਰਸ਼ ਨਹੀਂ ਮਰਿਆ ਕਰਦੇ। ਉਹ ਤਾਂ ਸਦਾ-ਸਦਾ ਦਾ ਜੀਵਨ ਪ੍ਰਾਪਤ ਕਰਕੇ ਜੀਉਂਦੇ ਰਹਿੰਦੇ ਹਨ।

***ਧਾਰਨਾ - ਸਦਾ ਸਦਾ ਜਗ ਜੀਉਂਦੇ,***
***ਬ੍ਰਹਮਗਿਆਨੀ-ਬ੍ਰਹਮਗਿਆਨੀ***

*ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥*
*ਅੰਗ - ੨੭੩*

ਮੌਤ ਦਾ ਡਰ ਕਿਸੇ ਹੋਰ ਨੂੰ ਦੇਈਂ। ਤੂੰ ਜਿਹੜਾ ਕੁਛ ਤੇਰੇ ਚਿੱਤ 'ਚ ਆਉਂਦਾ ਹੈ ਕਰ ਲੈ। ਬਾਰ-ਬਾਰ ਨਾ ਸਾਨੂੰ ਕਹਿ। ਕਹਿਣ ਲੱਗਿਆ, ਠੀਕ ਹੈ। ਉਸ ਵੇਲੇ ਦੇਗਾ ਮੰਗਾ ਲਿਆ ਵੱਡਾ। ਪਾਣੀ ਉਬਾਲਣਾ ਸ਼ੁਰੂ ਕਰ ਦਿਤਾ। ਜਦੋਂ ਉਬਾਲੇ ਖਾਂਦਾ ਹੈ ਤਾਂ ਕਹਿੰਦਾ ਦੇਖ ਲਓ ਇਹਦੇ ਵਿਚ ਉਬਾਲਾਂਗਾ, ਅਜੇ ਵੀ ਸੋਚ ਲਓ। ਮਹਾਰਾਜ ਜੀ ਕਹਿੰਦੇ ਜੋ ਕੁਛ ਕਰਨਾ ਹੈ ਕਰ ਲੈ।

ਕਹਿਣ ਲੱਗਿਆ ਕਿ ਇਹਦੇ 'ਚ ਬਹਿ ਜਾਓ। ਮਹਾਰਾਜ ਜੀ 'ਸਤਿ.......ਨਾਮ ਵਾਹਿਗੁਰੂ ਕਹਿ ਕੇ। ਮੂਲ ਮੰਤ੍ਰ ਦਾ ਪਾਠ ਕਰਿਆ -

*ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥*
*॥ ਜਪੁ ॥*
*ਆਦਿ ਸਚੁ ਜੁਗਾਦਿ ਸਚੁ ॥*

*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥*

ਐਨਾ ਕਹਿ ਕੇ ਐਉਂ ਬੈਠ ਗਏ ਜਿਵੇਂ ਸੀਤਲ ਜਲ 'ਚ ਬੈਠਦੇ ਨੇ। ਅਸਮਾਨ ਕੰਬ ਗਿਆ ਸਾਰਾ ਸਾਧਸੰਗਤ ਜੀ। ਦੇਵੀ ਦੇਵਤੇ ਹਾਜ਼ਰ ਹੋ ਗਏ, ਪਾਤਸ਼ਾਹ! ਐਡੇ ਸਮਰੱਥ ਹੋ ਕੇ ਸਾਰੀ ਸ੍ਰਿਸ਼ਟੀ ਨੂੰ ਇਕ ਨਿਗ੍ਹਾ ਦੇ ਨਾਲ ਖਤਮ ਕਰ ਦਿਓ ਤੇ ਤੁਸੀਂ ਆਪ ਐਨੀਆਂ ਤਕਲੀਫਾਂ ਸਹਿ ਰਹੇ ਓਂ। ਕ੍ਰਿਪਾ ਕਰੋ। ਇਹ ਸਬਰ ਹੁੰਦਾ ਹੈ ਸਾਧਸੰਗਤ ਜੀ, ਜਿਸ ਬਾਰੇ ਇਸ ਤਰ੍ਹਾਂ ਫੁਰਮਾਨ ਹੈ –

*ਧਾਰਨਾ – ਰੁੱਖਾਂ ਵਰਗਾ ਜੇਰਾ*
*ਪਿਆਰੇ ਲੋੜੀਦੈ ਦਰਵੇਸਾਂ ਨੂੰ।*
*ਫਰੀਦਾ ਸਾਹਿਬ ਕੀ ਕਰਿ ਚਾਕਰੀ*
*ਦਿਲ ਹੀ ਲਾਹਿ ਭਰਾਂਦਿ ॥*
*ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ ॥*
*ਅੰਗ - ੧੩੮੧*

ਕੋਈ ਟਾਹਣੇ ਕੱਟੀ ਜਾਂਦਾ ਹੈ, ਕੋਈ ਇੱਟਾਂ ਮਾਰੀ ਜਾਂਦਾ ਹੈ, ਪਰ ਫੇਰ ਵੀ ਫਲ ਸਿੱਟ ਦਿੰਦੇ ਨੇ। ਐਹੋ ਜਿਹਾ ਜਿਗਰਾ ਕਹਿੰਦੇ ਦਰਵੇਸ ਨੂੰ ਚਾਹੀਦਾ ਹੈ। ਕਿਉਂਕਿ ਸਬਰ ਤੋਂ ਬਿਨਾਂ ਦਰਵੇਸ ਦਾ ਕੰਮ ਨਹੀਂ ਚਲਿਆ ਕਰਦਾ।

ਸੋ ਓਧਰਲੇ ਪਾਸੇ ਭਾਈ ਪ੍ਰਾਣਾ, ਦੇਖ ਰਿਹਾ ਹੈ ਕਿ ਸੱਚੇ ਪਾਤਸ਼ਾਹ! ਹੁਕਮ ਦਿਓ, ਦੋਵੇਂ ਬਾਹਾਂ ਚੁੱਕ ਲਈਆਂ ਕਿ ਲਾਹੌਰ ਤੇ ਦਿੱਲੀ ਗਰਕ ਕਰ ਦਿੰਦਾ ਹਾਂ। ਮਹਾਰਾਜ ਜੀ ਕਹਿੰਦੇ, ਭਾਈ ਪ੍ਰਾਣਾ ਆਹ ਸ਼ਕਤੀ ਨੂੰ ਜਰ, ਕਿੱਥੋਂ ਮਿਲੀ ਹੈ ਤੈਨੂੰ? ਸਾਧਸੰਗਤ ਜੀ ਸੇਵਾ 'ਚੋਂ ਮਿਲੀ ਹੈ, ਗੁਰੂਆਂ ਦੀ ਸੇਵਾ 'ਚੋਂ ਮਿਲੀ ਹੈ। ਜਿਹਨੂੰ ਤੂੰ ਕਹਿ ਰਿਹਾ ਹੈਂ ਉਹਦੇ ਵਿਚ ਕਿੰਨੀ ਕੁ ਸ਼ਕਤੀ ਹੋਵੇਗੀ ਇਹ ਸੋਚ। ਜਰ, ਜਰਨਾ ਹੀ ਵੱਡੀ ਸ਼ਕਤੀ ਹੈ।

ਭਾਈ ਪ੍ਰਾਣਾ ਕਹਿਣ ਲੱਗਿਆ, ਪਾਤਸ਼ਾਹ! ਮੈਂ ਸਹਿ ਨਹੀਂ ਸਕਦਾ। ਮੇਰੇ ਤੋਂ ਦੇਖ ਨਹੀਂ ਹੁੰਦਾ, ਤੁਸੀਂ ਐਸਾ ਭਾਣਾ ਕਿਉਂ ਵਰਤਾ ਰਹੇ ਹੋਂ। ਕਹਿੰਦੇ ਭਾਈ, ਪ੍ਰਾਣਾ ਬਚਨ ਹੋਏ ਹੋਏ ਨੇ ਕਈ, ਅਸੀਂ ਉਹ ਪੂਰੇ ਕਰ ਰਹੇ ਹਾਂ। ਜਦੋਂ ਗੁਰਿਆਈ ਮੰਗੀ ਸੀ, ਮਾਤਾ ਜੀ ਨੇ ਕਿਹਾ ਸੀ ਕਿ ਘਰ 'ਚ ਰਹੇ, ਉਸ ਵੇਲੇ ਦਾਦਾ ਗੁਰੂ ਜੀ, ਗੁਰੂ ਅਮਰਦਾਸ ਜੀ ਨੇ ਕਿਹਾ ਸੀ ਕਿ ਚਲਦੀ ਰਾਉ ਜਿਹੜੀ ਹੈ ਤੁਸੀਂ ਰੋਕ ਲਈ, ਘਰ ਵਿਚ ਕਲੇਸ਼ ਤੇ ਕਸ਼ਟ ਆਏਗਾ, ਤੁਸੀਂ ਦੇਖੋਂਗੇ। ਫੇਰ ਉਹ ਹੋਣਾ ਹੀ ਹੈ।

ਹੋਰ ਵੀ ਕਈਆਂ ਥਾਵਾਂ ਤੇ ਬਾਬਾ ਸ੍ਰੀ ਚੰਦ ਜੀ ਨੇ ਭੇਜਿਆ ਭਾਈ ਕਮਲੀਏ ਨੂੰ, ਜਦੋਂ ਗੁਰੂ ਅਰਜਨ ਸਾਹਿਬ ਨੂੰ ਕਿਹਾ ਕਿ ਅਸੀਂ ਹੁਣ ਪੰਜ ਸੌ ਰੁਪਈਏ ਨਹੀਂ ਲਿਆ ਕਰਾਂਗੇ, ਹਜ਼ਾਰ ਲਿਆ ਕਰਾਂਗੇ ਨਾਲ ਘੋੜਾ ਲਿਆ ਕਰਾਂਗਾ। ਖਰਚੇ ਵਧ ਗਏ ਨੇ, ਨਾਲ ਇਕ ਘੋੜਾ ਦੇ ਦਿਓ। ਮਹਾਰਾਜ ਜੀ ਕਹਿੰਦੇ, ਹਜ਼ਾਰ ਰੁਪਿਆ ਵੀ ਤੇ ਘੋੜਾ ਵੀ ਮਿਲ ਜਾਏਗਾ। ਜਾ ਕੇ ਤੁਸੀਂ ਪ੍ਰਸ਼ਾਦਾ ਛਕੋ। ਬੈਠੋ, ਕਹਿੰਦੇ ਮੈਨੂੰ ਬੈਠਣ ਦਾ ਹੁਕਮ ਨਹੀਂ ਹੈ, ਖੜ੍ਹਾ ਹੀ ਰਹਿਣਾ ਹੈ ਖੜ੍ਹ ਕੇ ਲੈ ਕੇ ਜਾਵਾਂਗਾ। ਮਹਾਰਾਜ ਜੀ ਕਹਿੰਦੇ ਕੋਈ ਨਾ ਪ੍ਰਸ਼ਾਦਾ ਛਕ ਲਓ। ਉਥੇ ਮਾਤਾ ਗੰਗਾ ਜੀ ਲੰਗਰ ਵਰਤਾ ਰਹੇ ਨੇ। ਭੀੜ ਹੈ ਥੋੜ੍ਹੀ, ਭਾਈ ਕਮਲੀਏ ਨੇ ਕਿਹਾ ਮਾਤਾ ਜੀ! ਮੈਨੂੰ ਪ੍ਰਸ਼ਾਦਾ ਦਿਓ। ਕਹਿੰਦੇ, ਤੂੰ ਬੈਠ ਜਾ। ਕਹਿੰਦਾ, ਬੈਠਣ ਦਾ ਹੁਕਮ ਨਹੀਂ, ਕੋਲ ਦੀ ਲੰਘ ਗਏ। ਦੂਜੀ ਵਾਰ ਫੇਰ ਆਏ ਕੋਲ ਦੀ, ਇਸ ਨੇ ਫੇਰ ਕਿਹਾ ਕਿ ਮੈਨੂੰ ਪ੍ਰਸ਼ਾਦਾ ਦੇ ਦਿਓ ਤੇ ਮੈਨੂੰ ਬੈਠਣ ਦਾ ਹੁਕਮ ਨਹੀਂ। ਨਾਲ ਪ੍ਰਸ਼ਾਦੇ ਦੇ ਦਿਤੇ, ਹਜ਼ਾਰ ਰੁਪਿਆ ਤੇ ਘੋੜਾ ਦੇ ਕੇ ਮਹਾਰਾਜ ਜੀ ਨੇ ਜਦੋਂ ਸੇਵਾਦਾਰ ਨਾਲ ਭੇਜ ਦਿਤਾ। ਤਾਂ ਬਾਬਾ ਸ੍ਰੀ ਚੰਦ ਜੀ ਉਦੋਂ ਬਾਠੀਂ ਰਹਿੰਦੇ ਸੀ, ਉਥੇ ਜਾ ਕੇ ਕਹਿੰਦੇ ਰੁਪਈਆ ਗਿਣ ਲਓ ਭਾਈ, ਖਜ਼ਾਨੇ ਦਾਖਲ ਕਰ ਲਓ। ਰੁਪਈਆ ਗਿਣ ਲਿਆ। ਪੁਛਿਆ ਕਿ ਭਾਈ ਕਮਲੀਆ! ਗੁਰੂ ਅਰਜਨ ਦੇ ਮੁਖ ਤੇ ਕੋਈ ਮਲਾਲ ਤਾਂ ਨਹੀਂ ਸੀ ਆਇਆ, ਜਦੋਂ ਤੂੰ ਕਿਹਾ ਸੀ? ਕਹਿੰਦਾ ਨਾ ਮਹਾਰਾਜ! ਉਹ ਤਾਂ ਖਿੜੇ ਰਹੇ। ਫੇਰ ਤੂੰ ਬੈਠਿਆ ਤਾਂ ਨਹੀਂ ਹੈ? ਕਹਿੰਦਾ, ਮਹਾਰਾਜ ਮੈਂ ਤਾਂ ਪ੍ਰਸ਼ਾਦਾ ਛਕਣ ਵੇਲੇ ਵੀ ਨਹੀਂ ਬੈਠਿਆ। ਮਾਤਾ ਜੀ ਨੇ ਮੈਨੂੰ ਕਿਹਾ ਕਿ ਤੂੰ ਪੰਗਤ 'ਚ ਬੈਠ ਕੇ ਪ੍ਰਸ਼ਾਦਾ ਕਿਉਂ ਨਹੀਂ ਛਕਦਾ? ਇਹ ਗੱਲ ਕਹਿ ਦਿਤੀ ਉਨ੍ਹਾਂ ਨੇ, ਪ੍ਰਸ਼ਾਦਾ ਵੀ ਦੇ ਦਿਤਾ ਦੋ ਤਿੰਨ ਵਾਰੀ ਤੋਂ ਬਾਅਦ, ਤੇ ਨਾਲ ਇਹ ਕਹਿ ਦਿਤਾ ਕਿ ਐਉਂ ਪ੍ਰਸ਼ਾਦਾ ਮੰਗਦਾ ਹੈ ਜਿਵੇਂ ਅਹਦੀਏ ਮੰਗਦੇ ਹੁੰਦੇ ਨੇ। ਕਹਿੰਦੇ, ਇਹ ਤਾਂ ਹੁਣ ਪਤਾ ਨਹੀਂ ਗੁਰੂ ਘਰ 'ਚ ਹੁਣ ਵਾਰੰਟ ਹੀ ਆਇਆ ਕਰਨਗੇ। ਬਚਨ ਕਰ ਦਿਤਾ। ਮਹਾਰਾਜ ਕਹਿੰਦੇ, ਇਹ ਉਨ੍ਹਾਂ ਦਾ ਬਚਨ ਹੈ ਬਾਬਾ ਜੀ ਦਾ।

ਸੋ ਇਹ ਵੀ ਅਸੀਂ ਪੂਰਾ ਕਰਨਾ ਹੈ ਭਾਈ ਪ੍ਰਾਣੇ। ਗੁਰਸਿੱਖੋ, ਇਹ ਅਸੀਂ ਆਪਣੀ ਮੌਜ ਨਾਲ ਹੀ ਭਾਣਾ ਵਰਤਾ ਰਹੇ ਹਾਂ। ਨਹੀਂ, ਕਿਸੇ ਦੀ ਤਾਕਤ ਨਹੀਂ ਕਿ ਕੁਛ ਕਰ ਲਏ। ਜੇ ਗੁਰਸਿੱਖਾਂ 'ਚ ਐਨੀ-ਐਨੀ ਤਾਕਤ ਹੈ।

ਇਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਨੂੰ ਹੁਣ ਦੇਗੇ ਵਿਚੋਂ ਬਾਹਰ ਕੱਢ ਦਿਤਾ ਤੇ ਕਹਿ ਦਿਤਾ ਕਿ ਹੁਣ ਸੋਚ ਲਓ, ਕੱਲ੍ਹ ਨੂੰ ਇਸ ਤੋਂ ਵੀ ਸਖਤ ਸਜ਼ਾ ਮਿਲੇਗੀ। ਰਾਤ ਨੂੰ ਗੋਰਖ ਆ ਗਿਆ, ਸਾਰੇ ਸਿਪਾਹੀ ਸੁਲਾ ਦਿਤੇ। ਪਾਤਸ਼ਾਹ! ਐਡਾ ਵੱਡਾ ਭਾਣਾ ਵਰਤਾਉਣ ਲੱਗੇ ਓਂ, ਸੰਤਾਂ ਦੀ ਬੇਇਜ਼ਤੀ ਕਰਿਆ ਕਰੂ ਸੰਸਾਰ, ਤਾਕਤ ਕਿਉਂ ਨਹੀਂ ਵਰਤਦੇ? ਤੁਹਾਡੇ ਵਿਚ ਤਾਂ ਐਨੀ ਤਾਕਤ ਹੈ ਕਿ ਅੰਦਾਜ਼ਾ ਹੀ ਨਹੀਂ ਹੈ। ਸਭ ਪੀਰ, ਫਕੀਰ, ਦੇਵੀ, ਦੇਵਤਾ ਡਰਦੇ ਨੇ, ਐਨੀਆਂ ਸ਼ਕਤੀਆਂ ਦੇ ਮਾਲਕ ਹੁੰਦੇ ਹੋਏ ਆਪ ਸ਼ਕਤੀ ਨਹੀਂ ਦਿਖਾਉਂਦੇ। ਕਹਿੰਦੇ ਨਹੀਂ, ਸ਼ਕਤੀ ਨਹੀਂ ਦਿਖਾਉਣੀ। ਕੁਦਰਤੀ ਤੌਰ ਤੇ ਹੁਕਮ ਹੀ ਮੇਰੇ ਵਾਸਤੇ ਐਹੋ ਜਿਹਾ ਹੈ। ਇਹ ਕੌਮ ਦੇ ਵਿਚ ਜ਼ਿੰਦਗੀ ਭਰਨੀ ਹੈ ਅਸੀਂ, injection

ਲਾਉਣਾ ਹੈ ਅਸੀਂ, ਸ਼ਕਤੀਆਂ ਦਿਖਾ ਦੇਵਾਂਗੇ। ਕੱਲ੍ਹ ਇਹਨੇ ਕੁਰਬਾਨੀ ਨਹੀਂ ਦੇਣੀ। ਸ਼ਕਤੀਆਂ ਗੁਰਸਿੱਖਾਂ ਵਿਚ ਨੇ, ਗੁਰਸਿੱਖਾਂ ਦੇ ਕੁੱਤਿਆਂ ਵਿਚ ਵੀ ਸ਼ਕਤੀਆਂ ਨੇ। ਸ਼ਕਤੀਆਂ ਦਾ ਘਾਟਾ ਹੈ ਗੁਰੂ ਘਰ ਦੇ ਵਿਚ? ਕਿੰਨੇ ਕੁ ਮਹਾਤਮਾ ਦੀ ਬੇਨਤੀ ਕਰੀਏ।

ਆਹ ਨਾਮਧਾਰੀ ਸੰਤ ਮੋਹਨ ਜੀ ਹੋਏ ਨੇ, ਗੁਰਦਾਸਪੁਰ ਖੜ੍ਹੇ ਸੀ। ਬਾਬਾ ਪ੍ਰਤਾਪ ਸਿੰਘ ਜੀ ਆਉਂਦੇ ਨੇ, ਕਹਿੰਦੇ ਮੈਨੂੰ ਭੈਣੀ ਸਾਹਿਬ ਲੈ ਚੱਲੋ। ਕਹਿੰਦੇ, ਥਾਉਂ ਨਹੀਂ ਹੈ ਸੰਤ ਜੀ। ਕਹਿੰਦੇ, ਚੰਗਾ। ਜਦੋਂ ਇਥੇ ਭੈਣੀ ਸਾਹਿਬ ਆਏ, ਤਿੰਨ ਘੰਟੇ ਹੋ ਗਏ ਦੀਵਾਨ ਲੱਗੇ ਨੂੰ। ਕਹਿੰਦੇ, ਇਹ ਕਦੋਂ ਆ ਗਿਆ, ਇਹ ਤਾਂ ਬੜੀ ਦੇਰ ਹੋ ਗਈ ਤਿੰਨ ਘੰਟੇ ਦਾ ਦੀਵਾਨ ਲਾਈਂ ਖੜ੍ਹਾ ਹੈ। ਬੁਲਾ ਲਿਆ, ਡੰਡੇ ਨਾਲ ਕੁੱਟਣ ਲੱਗ ਗਏ। ਕਹਿੰਦੇ, ਸਤਿਗੁਰੂ! ਤੁਸੀਂ ਮਾਰਦੇ ਕਿਉਂ ਹੋ? ਕਹਿੰਦੇ, ਤੇਰੀ ਸ਼ਕਤੀ ਲਾਹੁੰਦੇ ਹਾਂ। ਸਾਨੂੰ ਹੀ ਸ਼ਕਤੀਆਂ ਦਿਖਾਉਂਦਾ ਹੈਂ।

ਸੰਤ ਮਨੀ ਸਿੰਘ ਜੀ ਦਿਆਲਪੁਰ ਵਾਲੇ, ਮਸਤੂਆਣੇ ਤੋਂ ਕੋਈ ਸੰਗਤ ਦਿਆਲਪੁਰੇ ਗਈ, ਆਪ ਬਾਹਰ ਬੈਠੇ ਸੀ ਰੋਹੀ ਤੇ। ਕਹਿੰਦੇ, ਹੁਣ ਤੁਹਾਡੀ ਖਾਤਰ ਕੀ ਕਰੀਏ। ਸੇਵਾਦਾਰ ਜੋ ਗੜਵੱਈ ਸੀ ਉਹਨੂੰ ਕਹਿੰਦੇ ਐਉਂ ਕਰ, ਚਾਦਰ ਵਿਛਾ ਲੈ, ਆਹ ਟਾਹਣੇ ਨੂੰ ਹਲੂਣਾ ਦੇਹ, ਜਲੇਬੀਆਂ, ਬਰਫੀਆਂ, ਲੱਡੂ ਜੋ ਮਠਿਆਈ ਚਾਹੀਦੀ ਹੈ, ਝਾੜ ਲੈ। ਭਰ ਕੇ ਲਿਆਏ ਮਠਿਆਈ। ਸਾਰੀ ਸੰਗਤ ਨੂੰ ਛਕਾਈ ਬੜੇ ਪ੍ਰਸੰਨ ਹੋਏ। ਜਾ ਕੇ ਬਾਬਾ ਜੀ ਨੂੰ ਦੱਸਿਆ। ਬਾਬਾ ਜੀ ਨੇ ਪੁੱਛਿਆ ਕਿ ਤੁਹਾਡੀ ਸੇਵਾ ਹੋਈ। ਕਹਿੰਦੇ ਮਹਾਰਾਜ ਸੇਵਾ? ਇਕ ਦਰਖਤ ਦਾ ਟਾਹਣਾ ਹੀ ਹਿਲਾਈ ਗਏ ਨੇ, ਉਹਦੇ ਵਿਚੋਂ ਬਰਫੀਆਂ ਝੜ-ਝੜ ਕੇ, ਲੱਡੂ ਜਲੇਬੀਆਂ, ਬੇਅੰਤ ਕਿਸਮ ਦੀਆਂ ਮਠਿਆਈਆਂ ਝੜ ਰਹੀਆਂ ਸੀ। ਜਦੋਂ ਬਾਬਾ ਜੀ ਕੋਲ ਸੰਤ ਮਨੀ ਸਿੰਘ ਓਹਨੀਂ ਆਏ ਡੰਡੇ ਨਾਲ ਕੁੱਟਣ ਲੱਗ ਗਏ, ਕਹਿੰਦੇ ਤੂੰ ਸ਼ਕਤੀਆਂ ਦਿਖਾਉਣ ਲੱਗ ਗਿਆ, ਇਥੇ ਕਿਹੜਾ ਹੈ ਜਿਹਦੇ 'ਚ ਸ਼ਕਤੀ ਨਹੀਂ ਹੈ।

ਸੋ ਮਹਾਰਾਜ ਕਹਿੰਦੇ ਪ੍ਰੇਮੀਓਂ! ਸ਼ਕਤੀਆਂ ਨਾ ਦਿਖਾਓ। ਮਹਾਰਾਜ! ਸੰਤਾਂ ਦਾ ਲੋਕ ਨਿਰਾਦਰ ਕਰਿਆ ਕਰਨਗੇ, ਇਹ ਮੂਰਖ ਲੋਕ ਨੇ ਕਲਜੁਗ ਦੇ ਸਮਝਦੇ ਨਹੀਂ। ਮਹਾਰਾਜ ਕਹਿੰਦੇ, ਨਾ, ਅੱਗੇ ਨੂੰ ਜਿਹੜੇ ਸੰਤ ਆਉਣਗੇ, ਸਹਿ ਲਿਆ ਕਰਨਗੇ। ਜਰਨ ਦੀ ਸ਼ਕਤੀ ਦੇ ਦਿਤੀ। ਗੋਰਖ ਮੁੜ ਗਿਆ।

ਦੂਸਰੇ ਦਿਨ ਤਵੀ ਗਰਮ ਕਰ ਲਈ, ਆਟਾ ਸੁੱਟਿਆ, ਜਦੋਂ ਜਲ ਗਿਆ, ਕਹਿੰਦੇ, ਇਹਦੇ ਉਤੇ ਬੈਠਣਾ ਪਵੇਗਾ, ਅਜੇ ਵੀ ਮੰਨ ਜਾਓ। ਕਹਿੰਦੇ, ਬੈਠੋ। ਮਹਾਰਾਜ ਉਠੇ, ਜਾ ਕੇ ਤਵੀ ਦੇ ਉਪਰ ਚੁੱਪ ਕਰਕੇ ਸਮਾਧੀ ਲਾ ਕੇ ਬੈਠ ਗਏ। ਚਿੜ-ਚਿੜ ਹੋ ਰਿਹਾ ਹੈ ਮਾਸ, ਉਸ ਵੇਲੇ ਮੀਆਂਮੀਰ ਆ ਪਹੁੰਚਿਆ, ਦੋਵੇਂ ਬਾਹਾਂ ਚੁੱਕ ਲਈਆਂ, ਪਾਤਸ਼ਾਹ! ਐਡਾ ਵੱਡਾ ਕਸ਼ਟ। ਆਪ ਨੇ ਕਿਹਾ, ਮੀਆਂ ਮੀਰ ਯਾਦ ਹੈ, ਜਿਸ ਦਿਨ ਜੀਵਨ ਮੁਕਤ ਪੁਰਸ਼ ਦੀ ਆਪ ਨੇ ਅਸਟਪਦੀ ਦੇ ਅਰਥ ਪੁੱਛੇ ਸੀ।

*ਪ੍ਰਭ ਕੀ ਆਗਿਆ ਆਤਮ ਹਿਤਾਵੈ ॥*
*ਜੀਵਨ ਮੁਕਤਿ ਸੋਊ ਕਹਾਵੈ ॥*
*ਤੈਸਾ ਹਰਖੁ ਤੈਸਾ ਉਸੁ ਸੋਗੁ ॥*
*ਸਦਾ ਅਨੰਦੁ ਤਹ ਨਹੀ ਬਿਓਗੁ ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥*
*ਤੈਸਾ ਮਾਨੁ ਤੈਸਾ ਅਭਿਮਾਨੁ ॥*
*ਤੈਸਾ ਰੰਕੁ ਤੈਸਾ ਰਾਜਾਨੁ ॥*
*ਜੋ ਵਰਤਾਏ ਸਾਈ ਜੁਗਤਿ ॥*
*ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥*
*ਅੰਗ - ੨੭੫*

ਸੋ ਸਮ ਅਵਸਥਾ 'ਚ ਰਹਿਣਾ, ਦੁੱਖ ਆ ਜਾਏ -

*ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥*
*ਸੁਖ ਸਨੇਹੁ ਅਰੁ ਭੈ ਨਹੀ ਜਾ ਕੈ*
*ਕੰਚਨ ਮਾਟੀ ਮਾਨੈ ॥ ਰਹਾਉ॥ ਅੰਗ - ੬੩੩*

ਸੋ ਤੁਸੀਂ ਨਾ ਦੁਖੀ ਹੋਵੋ, ਠੀਕ ਹੈ ਇਹ ਪ੍ਰਮੇਸ਼ਰ ਜੀ ਨੂੰ ਹੀ ਭਾਉਂਦਾ ਹੈ।

***ਧਾਰਨਾ - ਮਿੱਠਾ ਲੱਗੇ,***
***ਮਿੱਠਾ ਲੱਗੇ, ਮਿੱਠਾ ਲਗਦੈ,***
***ਤੇਰਾ ਕੀਆ***
***ਵਾਹਿਗੁਰੂ ਮਿੱਠਾ ਲਗਦਾ।***

ਅਸੀਂ ਉਹਨੂੰ ਕਹਿੰਦੇ ਹਾਂ ਆਪਣੇ ਭਾਣੇ ਵਿਚ ਰੱਖ ਸਾਨੂੰ ਸਦਾ ਹੀ। ਸੋ ਇਹ ਭਾਣੇ ਦੀ ਖੇਡ ਹੋ ਰਹੀ ਹੈ। ਭਾਣੇ ਦਾ ਸਬਕ ਅਸੀਂ ਆਪਣੇ ਉਤੇ ਲਿਆ ਕੇ ਆਉਣ ਵਾਲੇ ਜਿਹੜੇ ਗੁਰਸਿੱਖ ਨੇ ਉਨ੍ਹਾਂ ਨੂੰ ਸਿਖਾ ਰਹੇ ਹਾਂ। ਸੋ ਤੱਤੀ ਤਵੀ ਤੇ ਬਿਠਾ ਦਿੱਤੇ। ਚੌਥਾ ਦਿਨ ਹੋ ਗਿਆ ਤਾਂ ਆਪ ਨੂੰ ਹੋਰ ਇਸ ਤੋਂ ਵੀ ਵੱਧ ਕਸ਼ਟ ਦੇਣ ਵਾਸਤੇ, ਤਵੀ ਦੇ ਉਤੇ ਵੀ ਬਿਠਾ ਦਿਤਾ ਤੇ ਸੀਸ ਵਿਚ ਗਰਮ ਰੇਤਾ ਪਾਉਣਾ ਸ਼ੁਰੂ ਕਰ ਦਿਤਾ। ਹੱਦ ਹੋ ਗਈ, ਜ਼ੁਲਮ ਦੀ ਹੱਦ ਹੋ ਗਈ ਸਾਧਸੰਗਤ ਜੀ। ਸਾਰੇ ਦੇਵਤੇ -

***ਧਾਰਨਾ - ਚੰਦ ਸੂਰਜ ਆਕਾਸ਼***
***ਸਾਰੇ ਡੋਲ੍ਹ ਗਏ,***
***ਡੋਲਿਆ ਨਾ ਚਿੱਤ ਪਾਪੀ ਦਾ।***

ਵੱਡੇ-ਵੱਡੇ ਮਹਾਂਪਾਪੀ ਸੀ ਉਹ ਵੀ ਡੋਲ ਗਏ ਕਿ ਐਡਾ ਪਾਪ ਇਹ ਕਿੱਥੇ ਥਾਂ ਪਏਗਾ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਬੋਲੇ ਹੀ ਨਹੀਂ, ਬੁਲਾਉਣ ਦਾ ਯਤਨ ਕੀਤਾ। ਅਗਲਾ ਦਿਨ ਆ ਗਿਆ, ਸੁਣਾ ਕੇ ਕਹਿਣ ਲੱਗਿਆ ਕਿ ਕੱਲ੍ਹ ਨੂੰ ਗਊ ਦੀਆਂ ਤਾਜ਼ੀਆਂ

ਖੱਲ੍ਹਾਂ ਲੈ ਕੇ ਆਇਓ ਉਹਦੇ 'ਚ ਮੜ੍ਹ ਕੇ ਧੁੱਪੇ ਰੱਖਾਂਗੇ, ਫੇਰ ਦੇਖਾਂਗੇ ਕਿ ਬੋਲਦਾ ਹੈ ਕਿ ਨਹੀਂ। ਦੂਸਰਾ ਦਿਨ ਆਇਆ ਤੇ ਮਹਾਰਾਜ ਕੋਲ ਆਇਆ ਕਿ ਅਜੇ ਵੀ ਗੱਲ ਮੰਨ ਲਓ। ਮਹਾਰਾਜ ਕਹਿੰਦੇ, ਇਸ਼ਨਾਨ ਕਰਨਾ ਹੈ, ਪੰਜ ਦਿਨ ਹੋ ਗਏ ਸਾਨੂੰ ਇਸ਼ਨਾਨ ਕੀਤਿਆਂ। ਬਾਕੀ ਤੇਰੀ ਮੌਤ ਦਾ ਸਾਨੂੰ ਕੋਈ ਭਾਓ ਨਹੀਂ ਹੈ। ਖੁਸ਼ ਹੋ ਗਿਆ ਕਿ ਚਲੋ ਬੋਲੇ ਤਾਂ ਸਹੀ, ਹੁਣ ਲਗਦਾ ਹੈ ਮੰਨ ਜਾਣਗੇ।

ਕਈ ਤਾਂ ਇਹ ਕਹਿੰਦੇ ਨੇ ਕਿ ਰਾਵੀ ਦੇ ਵਿਚ ਲਿਜਾ ਕੇ ਗੋਤੇ ਦੇਣੇ ਨੇ। ਪਰ ਬਹੁਤਿਆਂ ਨੂੰ ਪਤਾ ਨਹੀਂ ਕਿ –

***ਗੁਰਮੁਖਿ ਆਵੈ ਜਾਇ ਨਿਸੰਗੁ ॥ ਅੰਗ - ੯੩੨***

ਇਧਰ ਚੰਦੂ ਦੀ ਨੂੰਹ ਪਹਿਰੇਦਾਰਾਂ ਨੂੰ ਪੈਸੇ ਦੇ ਕੇ, ਕੁਛ ਖਾਣ ਨੂੰ ਕੋਲ ਹੈ ਕਿ ਮਹਾਰਾਜ! ਆਪ ਨੇ ਮੁਖ 'ਚ ਕੁਛ ਨਹੀਂ ਪਾਇਆ, ਮੈਂ ਲੈ ਕੇ ਆਈ ਹਾਂ। ਮਹਾਰਾਜ, ਕਹਿੰਦੇ, ਬੇਟੀ! ਮਨਮੁੱਖ ਦਾ ਅਸੀਂ ਭੋਜਨ ਨਹੀਂ ਖਾਣਾ। ਪਾਤਸ਼ਾਹ! ਮੈਂ ਗੁਰਸਿੱਖ ਦੀ ਧੀ ਇਸ ਪਾਪੀ ਦੇ ਘਰ ਵਿਆਹੀ ਗਈ। ਕਹਿੰਦੇ, ਤੂੰ ਐਉਂ ਕਰ, ਅਸੀਂ ਕੱਲ੍ਹ ਨੂੰ ਚੱਲਣਾ ਹੈ ਸਾਡੇ ਨਾਲ ਹੀ ਚੱਲੀਂ, ਤੈਨੂੰ ਅਸੀਂ ਨਾਲ ਲੈ ਜਾਵਾਂਗੇ, ਜਦ ਅਸੀਂ ਸਰੀਰ ਛੱਡਾਂਗੇ, ਉਸ ਵੇਲੇ ਤੂੰ ਵੀ ਸਰੀਰ ਛੱਡ ਦੇਈਂ।

***ਗੁਰਮੁਖਿ ਆਵੈ ਜਾਇ ਨਿਸੰਗੁ ॥ ਅੰਗ - ੯੩੨***

ਬੰਦਗੀ ਕਰਨ ਵਾਲੀ ਸੀ। ਸੋ ਦੂਸਰੇ ਦਿਨ ਮਹਾਰਾਜ ਜੀ ਨੇ ਰਾਵੀ ਤੇ ਜਾ ਕੇ ਇਸ਼ਨਾਨ ਕੀਤਾ, ਉਸ ਵੇਲੇ ਆਪ ਨੇ ਬੜੀ ਪ੍ਰਸੰਨਤਾ 'ਚ ਗੁਰਸਿੱਖਾਂ ਨੂੰ ਕਿਹਾ ਕਿ ਤੁਸੀਂ ਗਿਣਤੀ 'ਚ ਨਾ ਆਓ, ਅਸੀਂ ਇਹ ਭਾਣਾ ਆਪਨਾ ਆਪ ਹੀ ਵਰਤਾ ਰਹੇ ਹਾਂ। ਕਿਉਂਕਿ ਅਕਾਲ ਪੁਰਖ ਨੂੰ ਐਵੇਂ ਹੀ ਮਨਜ਼ੂਰ ਸੀ।

***ਧਾਰਨਾ - ਓਹੀਓ ਗੱਲ ਹੁੰਦੀ ਹੈ,***
***ਭਾਉਂਦੀ ਜੋ ਤੈਨੂੰ ਮਾਲਕਾ।***

***ਜੋ ਤੁਧੁ ਭਾਵੈ ਸਾਈ ਭਲੀ ਕਾਰ ॥***
***ਤੂ ਸਦਾ ਸਲਾਮਤਿ ਨਿਰੰਕਾਰ ॥ ਅੰਗ - ੩***

ਇਹ ਅਕਾਲ ਪੁਰਖ ਨੂੰ ਇਵੇਂ ਜਿਵੇਂ ਭਾਉਂਦੀ ਸੀ, ਤੁਸੀਂ ਹੁਣ ਗਿਣਤੀ 'ਚ ਨਾ ਪਵੋ, ਅਸੀਂ ਹੁਣ ਸਰੀਰ ਛੱਡ ਜਾਣਾ ਹੈ ਤੇ ਜਾ ਕੇ ਹਰਿਗੋਬਿੰਦ ਜੀ ਨੂੰ ਗੁਰਿਆਈ ਅਸੀਂ ਦੇ ਆਏ ਹਾਂ। ਉਨ੍ਹਾਂ ਦੇ ਅਨੁਸਾਰੀ ਹੋ ਕੇ ਚੱਲਣਾ ਹੈ, ਡਰਨਾ ਨਹੀਂ ਹੈ। ਬਦਲਾ ਨਹੀਂ ਲੈਣਾ, ਕੋਈ ਐਸੀ ਦੁਰਭਾਵਨਾ ਨਹੀਂ ਲਿਆਉਣੀ। ਗੁਰਸਿੱਖੀ ਦੇ ਅਸੂਲਾਂ ਤੇ ਰਹਿ ਕੇ ਚੱਲਣਾ ਹੈ। ਸੋ ਉਸ ਵੇਲੇ ਮਹਾਰਾਜ ਜੀ ਸਮਾਧਿਸ਼ਟ ਹੋਏ ਤੇ ਸਰੀਰ ਨੂੰ ਮਰਜ਼ੀ ਦੇ ਨਾਲ ਛੱਡ ਕੇ ਪਾਸੇ ਹੋ ਗਏ। ਕੁਸ਼ਾ ਮੰਗਾ ਲਈ ਤੇ ਕੁਸ਼ਾਂ ਤੇ ਲੰਮੇ ਪੈ ਗਏ ਤੇ ਚਾਦਰਾ ਉਤੇ ਲੈ ਲਿਆ। ਥੋੜ੍ਹੀ ਦੇਰ ਤੋਂ ਬਾਅਦ ਦੇਖਦੇ ਨੇ ਕਿ ਵਿਚ ਕੁਛ ਵੀ ਨਹੀਂ ਹੈ।

ਇਧਰ ਕੀ ਸੁਣਦੇ ਨੇ ਕਿ ਸਾਰੇ ਆਕਾਸ਼ ਦੇ ਵਿਚ ਜੈ-ਜੈਕਾਰ ਦੀਆਂ ਧੁਨੀਆਂ ਹੋਣ ਲੱਗ ਗਈਆਂ। ਅਨੇਕ ਕਿਸਮ ਦੇ ਵਾਜੇ ਵੱਜ ਰਹੇ ਨੇ, ਅਨੇਕ ਕਿਸਮ ਦੇ ਝਲਕਾਰੇ ਵੱਜ ਰਹੇ ਨੇ। ਐਸ ਤਰ੍ਹਾਂ ਦੇ ਨਾਲ ਪੜ੍ਹ ਲਓ –

***ਧਾਰਨਾ - ਜੈ-ਜੈਕਾਰਾਂ ਸੁਰਗਾਂ ਵਿਚ ਹੋਵੇ,***
***ਹਾਹਾਕਾਰ ਕਰੇ ਦੁਨੀਆਂ।***

ਸਰੀਰ ਛੱਡ ਦਿਤਾ, ਕਿੱਡੀ ਵੱਡੀ ਸਿੱਖਿਆ ਸਾਨੂੰ ਮਹਾਰਾਜ ਜੀ ਦੇ ਗਏ। ਕਿਹੋ ਜਿਹਾ ਜੀਵਨ, ਕਿਹੋ ਜਿਹੇ ਗੁਰੂ ਗ੍ਰੰਥ ਸਾਹਿਬ ਮਹਾਰਾਜ ਸੱਚੇ ਪਾਤਸ਼ਾਹ ਦੇ ਗਏ। ਜੇ ਕਿਤੇ ਨਾ ਗੁਰੂ ਗ੍ਰੰਥ ਸਾਹਿਬ ਜੀ ਦੀ ਸਥਾਪਨਾ ਕਰਦੇ, ਅਸੀਂ ਰੁਲ ਜਾਣਾ ਸੀ, ਕੁਛ ਨਹੀਂ ਸੀ ਸਾਨੂੰ ਪਤਾ ਰਹਿਣਾ। ਦੂਸਰਾ ਸਾਡੇ ਅੰਦਰ ਜ਼ਿੰਦਗੀ ਭਰ ਗਏ ਕਿ ਗੁਰਸਿੱਖੋ, ਮੌਤ ਤੋਂ ਨਾ ਡਰੋ, ਮੌਤ ਆਉਣੀ ਹੀ ਆਉਣੀ ਹੈ, ਆਪਨੇ ਅਸੂਲਾਂ ਤੋਂ ਬੇਅਸੂਲ ਨਾ ਹੋਇਓ, ਮੌਤ ਤੋਂ ਡਰ ਕੇ।

ਸੋ ਇਸ ਤਰ੍ਹਾਂ ਦੇ ਨਾਲ ਆਪ ਸਾਰਿਆਂ ਨੇ ਗੁਰੂ ਮਹਾਰਾਜ ਜੀ ਦਾ ਜੋ ਸ਼ਹੀਦੀ ਦਿਵਸ ਹੈ ਵਿਸਥਾਰ ਨਾਲ ਸਰਵਣ ਕੀਤਾ ਹੈ। ਸੋ ਫੁਰਮਾਨ ਆਉਂਦਾ ਹੈ ਕਿ ਜਿਨ੍ਹਾਂ ਨੇ ਗੁਰੂ ਅਰਜਨ ਦੇਵ ਜੀ ਨੂੰ ਜਪਿਆ ਹੈ, ਜਿਨ੍ਹਾਂ ਨੇ ਧਿਆਨ ਧਰਿਆ ਹੈ, ਉਹ ਫੇਰ ਜੰਮਣ ਮਰਨ ਵਿਚ ਨਹੀਂ ਆਉਂਦਾ।

***ਧਾਰਨਾ - ਜਪਿਆ ਜਿਨ ਅਰਜਨ ਦੇਵ ਗੁਰੂ***
***ਉਹਦਾ ਮਿਟ ਗਿਆ ਆਉਣਾ ਜਾਣਾ।***

ਨਾ ਜੂਨੀ 'ਚ ਆਇਆ, ਨਾ ਮਾਤਾ ਦੇ ਗਰਭ 'ਚ ਆਉਣਾ ਹੈ, ਨਾ ਕਿਸੇ ਤਕਲੀਫ 'ਚ ਆਵੇ। ਈਸਾਈਆਂ ਦੇ ਈਸਾ ਜੀ ਕਹਿੰਦੇ ਨੇ, ਕਿ ਐ ਪ੍ਰੇਮੀਓ! ਤੁਹਾਡੇ ਸਾਰੇ ਕਸ਼ਟ, ਤੁਹਾਡੇ ਸਾਰੇ ਦੁਖ ਮੈਂ ਆਪਨੇ ਸਰੀਰ ਤੇ ਲੈ ਕੇ ਸੂਲੀ 'ਤੇ ਚੜ੍ਹ ਕੇ ਝੱਲ ਲਏ। ਤੁਸੀਂ ਹੁਣ ਸੁਖੀ ਵਸੋ, ਪ੍ਰਮੇਸ਼ਰ ਨੂੰ ਨਾ ਭੁੱਲਣਾ, ਤੁਹਾਡਾ ਰਾਜ ਹੋਏਗਾ। ਤਾਜ ਤੁਹਾਡੇ ਪਾਸ ਹੋਏਗਾ, ਰੱਬ ਨੂੰ ਨਾ ਭੁੱਲਣਾ। ਤੁਹਾਡੇ ਪਾਪ ਮੈਂ ਲੈ ਚੱਲਿਆ ਹਾਂ, ਨਿਹਚਾ ਕਰਿਓ, ਜਿਹੜਾ ਈਸ਼ਵਰ 'ਤੇ ਨਿਹਚਾ ਲਿਆਏਗਾ, ਉਹ ਮੇਰੇ ਕੋਲ ਆਏਗਾ। ਈਸਾਈ ਜਦੋਂ ਹੁਣ ਸਰੀਰ ਛੱਡਦੇ ਨੇ, ਇਕੋ ਹੀ ਗੱਲ ਕਹਿੰਦੇ ਨੇ, ਅਸੀਂ ਉਥੇ ਅਮਰੀਕਾ ਸੁਣਦੇ ਰਹੇ ਹਾਂ ਕਿ ਅਸੀਂ ਤਾਂ ਜੀ ਆਪਨੇ ਈਸਾ ਜੀ ਕੋਲ ਜਾਣਾ ਹੈ।

# ਗੁਰੂ ਹਰਿਗੋਬਿੰਦ ਸਾਹਿਬ ਜੀ

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ ॥*
*ਨਾਨਕ ਕੀ ਪ੍ਰਭ ਬੇਨਤੀ*
*ਅਪਨੀ ਭਗਤੀ ਲਾਇ ॥ ਅੰਗ - ੨੮੯*
*ਸਰਗੁਨ ਨਿਰਗੁਨ ਨਿਰੰਕਾਰ*
*ਸੁੰਨ ਸਮਾਧੀ ਆਪਿ ॥*
*ਆਪਨ ਕੀਆ ਨਾਨਕਾ*
*ਆਪੇ ਹੀ ਫਿਰਿ ਜਾਪਿ ॥ ਅੰਗ - ੨੯੦*
*ਧਾਰਨਾ - ਏਕੋ ਕਹੀਐ ਨਾਨਕਾ,*
*ਏਕੋ ਕਹੀਐ ਨਾਨਕਾ।*

***ਜੈਸੇ ਏਕ ਆਗ ਤੇ***
***ਕਨੂਕਾ ਕੋਟ ਆਗ ਉਠੇ,***
***ਨਿਆਰੇ ਨਿਆਰੇ ਹੋਇ ਕੈ,***
***ਫੇਰਿ ਆਗ ਮੈ ਮਿਲਾਹਿੰਗੇ॥***
***ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈਂ,***
***ਧੂਰਿ ਕੈ ਕਨੂਕਾ***
***ਫੇਰ ਧੂਰਿ ਹੀ ਸਮਾਹਿੰਗੇ॥***
***ਜੈਸੇ ਏਕ ਨਦ ਤੇ***
***ਤਰੰਗ ਕੋਟ ਉਪਜਤ ਹੈ***
***ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿੰਗੇ॥***
***ਤੈਸੇ ਬਿਸ੍ਵ ਰੂਪ ਤੇ***
***ਅਭੂਤ ਭੂਤ ਪ੍ਰਗਟ ਹੋਇ***
***ਤਾਹੀ ਤੇ ਉਪਜ***
***ਸਬੈ ਤਾਹੀ ਮੈ ਸਮਾਹਿੰਗੇ॥***
***ਅਕਾਲ ਉਸਤਤਿ***

*ਆਪੇ ਪਟੀ ਕਲਮ ਆਪਿ*
*ਉਪਰਿ ਲੇਖੁ ਭਿ ਤੂੰ ॥*
*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥*
*ਅੰਗ - ੧੨੯੧*

ਸਾਧਸੰਗਤ ਜੀ! ਗੱਜ ਕੇ ਬੋਲਣਾ, ਸਤਿਨਾਮ ਸ੍ਰੀ ਵਾਹਿਗੁਰੂ। ਦੂਰ-ਦਰਾਜ ਤੋਂ ਆਪ ਆਏ ਓਂ। ਪੁੰਨਿਆ ਜਿਸਨੂੰ ਰੱਖੜੀ ਪੁੰਨਿਆ ਆਖਦੇ ਨੇ, ਗੁਰੂ ਮਹਾਰਾਜ ਦੇ ਦਰਬਾਰ ਵਿਚ ਹਾਜ਼ਰ ਹੋਏ ਹੋਂ। ਅੱਜ ਮੁਹੰਮਦ ਸਾਹਿਬ ਦਾ ਪ੍ਰਕਾਸ਼ ਉਤਸਵ ਵੀ ਹੈ। ਸਤਿਪੁਰਸ਼ਾਂ ਦਾ ਜੋ ਸੰਸਾਰ 'ਤੇ ਆਉਣਾ ਹੈ, ਉਹ ਪ੍ਰਭੂ ਦੇ ਮਿਲਾਪ ਵਾਸਤੇ, ਸ਼ਾਂਤੀ ਵਾਸਤੇ, ਦੁਨੀਆਂ ਦੇ ਦੁੱਖਾਂ ਨੂੰ ਦੂਰ ਕਰਨ ਵਾਸਤੇ ਹੋਇਆ ਕਰਦਾ ਹੈ। ਸੋ ਗੁਰਸਿੱਖੀ ਦਾ ਸਿਧਾਂਤ ਹੈ ਜਿਸਨੂੰ ਅਸੀਂ ਸਮਝਣ ਦਾ ਯਤਨ ਕਰਦੇ ਹਾਂ। ਮੇਰੇ ਤੋਂ ਪਹਿਲਾਂ ਤੁਸੀਂ ਸੁਣ ਰਹੇ ਸੀ ਸਾਰੇ ਜਣੇ। ਉਹ ਬਹੁਤ ਹੀ ਉੱਚਾ ਹੈ, ਛੋਟੀ ਜਿਹੀ ਗੱਲ ਸਾਰੀ ਜ਼ਿੰਦਗੀ 'ਚ ਸਮਝ ਨਹੀਂ ਆਉਂਦੀ। ਪੂਰੀ ਜ਼ਿੰਦਗੀ ਲੰਘ ਜਾਂਦੀ ਹੈ। ਨਾ ਤਾਂ ਆਉਂਦਾ ਹੈ ਵਿਸ਼ਵਾਸ਼ ਗੁਰੂ ਦੇ ਬਚਨ 'ਤੇ, ਅਤੇ ਨਾ ਅਸੀਂ ਆਪਣੀ ਮੱਤ ਛੱਡਦੇ ਹਾਂ। ਦੋਵੇਂ ਗੱਲਾਂ ਨੇ। ਮਹਾਰਾਜ ਕਹਿੰਦੇ, ਪ੍ਰਮੇਸ਼ਰ ਕਦੇ ਚਿੱਤ ਆ ਹੀ ਨਹੀਂ ਸਕਦਾ, ਜਿੰਨੀ ਦੇਰ ਤੱਕ ਤੁਹਾਡੇ ਮਨ ਵਿਚ ਗੁਰੂ ਦੇ ਬਚਨ ਦੇ ਉਤੇ ਵਿਸ਼ਵਾਸ਼ ਨਹੀਂ ਆਉਂਦਾ। ਨਹੀਂ ਆਏਗਾ, ਜਿੰਨਾ ਹੱਠ ਕਰਨਾ ਹੈ ਕਰ ਲਓ। ਕਿਤਾਬਾਂ ਦੇ ਵਿਚ ਲਿਖਿਆ ਹੋਇਆ ਮਤ ਨਾਲ ਨਹੀਂ ਚਲਦਾ। ਉਹ ਬੁੱਧੀਮੰਡਲ ਦੀ ਚੀਜ਼ ਹੋਣ ਕਰਕੇ ਅਧੂਰੀ ਹੈ, ਉਹਦੇ ਵਿਚ ਤਰੁੱਟੀਆਂ ਨੇ, ਉਹਦੇ ਵਿਚ ਕੋਈ ਸਾਫ ਚੀਜ਼ ਨਹੀਂ ਹੈ, ਭਰਮ, ਭਾਉ, ਸੰਸੇ ਵਾਲੀਆਂ ਚੀਜ਼ਾਂ ਨੇ। ਕੇਵਲ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਜੋ ਹੈ ਸਾਰੇ ਸੰਸਾਰ ਦੇ ਅੰਦਰ, ਜਿੰਨੀ ਵੀ ਸੂਝਵਾਨ ਲੋਕਾਈ ਹੈ, ਜਗਿਆਸੂ ਨੇ, ਮਹਾਂਪੁਰਸ਼ ਨੇ, ਤੱਤ ਬੇਤੇ ਨੇ, ਉਹ ਸਾਰੇ ਹੀ ਇਸ ਗੱਲ ਦੇ ਉਤੇ ਮਜ਼ਬੂਰੀ ਜ਼ਾਹਰ ਕਰਦੇ ਨੇ, ਕੁਰਾਨ ਸ਼ਰੀਫ ਜੋ ਹੈ ਉਹ ਬਹੁਤ ਵੱਡੀ ਚੀਜ਼ ਹੈ, ਜਿੰਨਾ ਨੇ ਨਹੀਂ ਪੜ੍ਹਿਆ, ਪੜ੍ਹ ਕੇ ਦੇਖ ਲਓ। ਐਵੇਂ ਹੀ ਨਫਰਤ ਦੇ ਨਾਲ ਅਸੀਂ ਗੱਲਾਂ ਕਰੀ ਜਾਂਦੇ ਹਾਂ। ਉਹ ਗੱਲਾਂ ਨਹੀਂ ਹਨ ਉਨ੍ਹਾਂ ਵਿਚ ਜਿਹੜੀਆਂ ਅਸੀਂ ਪੜ੍ਹਦੇ ਹਾਂ। ਉਹਦੇ ਵਿਚ ਪ੍ਰਮੇਸ਼ਰ ਦੀ ਗੱਲ ਪਿਆਰ ਨਾਲ ਚਲਦੀ ਹੈ, ਭਗਤੀ ਨਾਲ, ਸ਼ਰਧਾ ਨਾਲ। ਉਹ ਵੀ ਗਿਆਨ ਦੇ ਵਿਚ ਪਿਆਰ ਭਗਤੀ, ਬੰਦਗੀ, ਇਬਾਦਤ ਦੇ ਨਾਲ ਪਹੁੰਚਦੇ ਨੇ। ਵੇਦਾਂ ਦੇ ਅੰਦਰ ਜੋ ਸਮੇਂ ਦੇ ਹਿਸਾਬ ਦੇ ਨਾਲ ਜੋ ਕਰਮ ਕਰਿਆ ਕਰਦੇ ਸੀ, ਉਨ੍ਹਾਂ ਲੋਕਾਂ ਨੂੰ ਉਹ ਕਰਮ ਕਰਨੇ ਹਰ ਹਾਲਤ ਵਿਚ ਜ਼ਰੂਰੀ ਸੀ। ਗੁਰੂ ਮਹਾਰਾਜ ਨੇ ਕਿਹਾ ਕਿ ਹੁਣ ਕਲਜੁਗ ਆ ਗਿਆ, ਹੁਣ ਜੇ ਤੁਸੀਂ ਕਰਮਕਾਂਡ ਦੇ ਵਿਚ ਉਲਝੇ ਰਹੇ ਅਸਲੀ ਗੱਲ ਵਿਚ ਤੁਸੀਂ ਪਹੁੰਚ ਨਹੀਂ ਸਕਣਾ। ਐਵੇਂ ਨਹੀਂ ਹੈ ਕਿ ਵੇਦਾਂ ਨੂੰ reject ਕਰ ਦਿਓ ਕਿ ਐਵੇਂ ਹੀ ਨੇ ਜੀ ਉਹ ਤਾਂ। ਐਵੇਂ ਕਿਉਂ ਨੇ? ਉਹ ਵੀ ਪ੍ਰਮੇਸ਼ਰ ਵਲੋਂ ਹੀ ਉਤਰੇ ਨੇ, ਪੁੱਛੋ ਉਨ੍ਹਾਂ ਨੂੰ ਜਿਹੜੇ ਪੜ੍ਹਦੇ ਨੇ। ਹੋਰ ਜੋ ਬਾਈਬਲ ਹੈ ਈਸਾ ਜੀ ਦਾ pure heart ਸੀ, ਵਾਹਿਗੁਰੂ ਨਾਲ ਜੁੜਿਆ ਹੋਇਆ ਸੀ ਪਿਆਰ ਦੇ ਨਾਲ। ਕਿੰਨੀਆਂ ਤਕਲੀਫਾਂ ਸਹੀਆਂ, ਕਿੰਨੇ ਦੁੱਖ ਸਹੇ, ਕਿਸ ਤਰ੍ਹਾਂ ਦੇ ਨਾਲ ਸੂਲੀ 'ਤੇ ਟੰਗੇ ਹੋਏ, ਸੁੱਕ ਕੇ,

ਫੇਰ ਚੜ੍ਹਾਈ ਕਰੀ ਉਨ੍ਹਾਂ ਨੇ। ਉਹ ਇਕ ਸਤਿ ਦੀ ਗਵਾਹੀ ਦੇ ਰਹੇ ਸੀ ਕਿਉਂਕਿ ਉਥੇ ਵੀ ਵਹਿਮ ਪ੍ਰਸਤੀ ਹੱਦ ਤੋਂ ਜ਼ਿਆਦਾ ਵੱਧ ਗਈ ਸੀ। ਉਹਨੇ ਸਤਿ ਦਾ ਨਾਹਰਾ ਮਾਰਿਆ ਸੀ ਕਿ ਪ੍ਰਭੂ ਨੂੰ ਪਿਆਰ ਕਰੋ, ਦੇਵਤਿਆਂ ਨੂੰ ਛੱਡ ਦਿਓ। ਤੁਸੀਂ ਇਨ੍ਹਾਂ ਦੇ ਵਿਚ ਉਲਝੇ ਹੋਏ ਓਂ, ਅਸਲੀ ਨੂੰ ਤੁਸੀਂ ਪਿਆਰ ਨਹੀਂ ਕਰਦੇ। ਗੀਤਾ ਦੇ ਵਿਚ ਕਿੰਨਾ ਗਿਆਨ ਹੈ, ਆਦਮੀ ਨੂੰ ਸ਼ਾਂਤੀ ਆ ਜਾਂਦੀ ਹੈ, ਅੰਦਰਲੇ ਨੇਤਰ ਖੁਲ੍ਹਣ ਲਗ ਜਾਂਦੇ ਨੇ ਕਿਉਂਕਿ ਉਹਦੇ ਵਿਚ ਸਤਿ ਦਾ ਵਖਿਆਨ ਹੈ। ਸਾਰੇ ਹੀ ਮੁਬਾਰਕ ਨੇ। ਗੁਰੂ ਗ੍ਰੰਥ ਸਾਹਿਬ ਮਹਾਰਾਜ ਕਿਉਂ ਨੇ, ਕਿਉਂਕਿ ਇਹ ਚੀਜ਼ਾਂ ਸਾਰੇ ਗ੍ਰੰਥ ਦੁਨੀਆਂ ਭਰ ਦੇ ਜਿਸ ਦੇ ਅੰਦਰ ਪ੍ਰਗਟ ਹੋਏ ਨੇ ਉਸ ਨੇ ਲਿਖੇ ਨਹੀਂ ਹੈਗੇ, ਲਿਖਣ ਵਾਲਾ ਹੋਰ ਹੈ। ਆਹ ਫਰਕ ਹੈ ਗੁਰੂ ਗ੍ਰੰਥ ਸਾਹਿਬ ਦਾ ਤੇ ਉਨ੍ਹਾਂ ਦਾ। ਮਹਾਂਭਾਰਤ ਦਾ ਯੁੱਧ ਲੜਿਆ ਗਿਆ, ਗੀਤਾ ਦਾ ਗਿਆਨ ਐਨ ਵਿਚਕਾਰ ਦੋਵੇਂ ਲਾਈਨਾਂ ਦਾ ਜਿਥੇ ਲਕੀਰ ਸੀ ਵਿਚਕਾਰਲੀ, ਜਿਵੇਂ ਪਾਲਾ ਜਿਹਨੂੰ ਕਹਿੰਦੇ ਨੇ, ਅਰਜਨ ਪਾਲੇ 'ਤੇ ਖੜ੍ਹਾ ਹੈ, ਰੱਥ ਖੜ੍ਹਾਈ। ਧਨੁਸ਼ ਬਾਨ ਸੁੱਟ ਦਿਤਾ ਦੇਖ ਕੇ ਕਿ ਮੈਂ ਆਪਣਿਆਂ ਨਾਲ ਲੜਾਈ ਕਰਾਂ। ਇਹ ਤਾਂ ਮੇਰਾ ਕੋਈ ਚਾਚਾ ਹੈ, ਤਾਇਆ ਹੈ, ਕੋਈ ਮਾਮਾ ਹੈ, ਕੋਈ ਫੁੱਫੜ ਹੈ, ਕੋਈ ਸਹੁਰਾ ਹੈ, ਇਨ੍ਹਾਂ ਨਾਲ ਹੀ ਮੈਂ ਯੁੱਧ ਕਰਾਂ? ਕ੍ਰਿਸ਼ਨ ਮਹਾਰਾਜ ਨੇ ਉਸ ਵੇਲੇ ਉਸ ਨੂੰ ਕਰਮ ਯੋਗ ਦਾ ਉਪਦੇਸ਼ ਦੇ ਕੇ, ਗਿਆਨ ਦਾ ਉਪਦੇਸ਼ ਦੇ ਕੇ ਯੁੱਧ ਵਾਸਤੇ ਫੇਰ ਤਿਆਰ ਕਰਿਆ। same to same ਗੁਰੂ ਦਸ਼ਮੇਸ਼ ਪਿਤਾ ਨੇ ਉਸੇ ਤਰ੍ਹਾਂ ਦੇ ਨਾਲ ਬੰਦਾ ਬਹਾਦਰ ਜੋ ਦੁਨੀਆਂ ਤੋਂ ਅਲੱਗ-ਥਲੱਗ ਹੋ ਕੇ ਬੈਠ ਗਿਆ ਸੀ, ਜਿਸਨੂੰ ਦੁਨੀਆਂ ਦੀ ਰੰਚਕ ਮਾਤਰ ਵੀ ਕੋਈ attachment ਨਹੀਂ ਸੀ। ਗੁਰੂ ਸਾਹਿਬ ਨੇ ਜਾ ਕੇ ਕਰਮ ਯੋਗ ਦ੍ਰਿੜ੍ਹ ਕਰਾਇਆ, ਮੁੜ ਕੇ ਫੇਰ ਸ਼ਸਤਰ ਚੁਕਾ ਦਿਤੇ ਉਸ ਦੇ, ਪੂਰਨ ਗਿਆਨ ਵਿਚ ਲੈ ਗਏ। ਉਹ ਵੀ ਜੋ ਬਚਨ ਨੇ ਅਸੀਂ ਲਿਖ ਨਹੀਂ ਸਕੇ। Imaginary ਨੇ ਸਾਡੇ ਕੋਲ ਕਿ ਗੁਰੂ ਸਾਹਿਬ ਨੇ ਆਹ ਕਿਹਾ ਹੋਣਾ ਹੈ, ਆਹ ਕਿਹਾ ਹੋਣਾ ਹੈ। ਕੇਵਲ ਗੁਰੂ ਗ੍ਰੰਥ ਸਾਹਿਬ ਜੀ ਹਨ ਜਿਹੜੇ ਜਿਸ ਗੁਰੂ ਦੇ ਹਿਰਦੇ 'ਚੋਂ ਪ੍ਰਗਟ ਹੋਏ, ਉਹ ਨਾਲ ਦੀ ਨਾਲ ਲਿਖੇ ਗਏ ਉਸੇ ਵੇਲੇ ਤੇ ਉਤੇ ਸਹੀ ਪਾ ਦਿਤੀ ਗੁਰੂ ਪੰਜਵੇਂ ਪਾਤਸ਼ਾਹ ਨੇ। ਨਾਲ ਹਰੇਕ ਥਾਉਂ ਲਿਖਿਆ ਹੋਇਆ ਹੈ ਸ਼ੁੱਧ ਕੀਚੈ। ਅਸੀਂ ਇਹ ਬਿਲਕੁਲ ਸ਼ੁੱਧ ਕਰ ਦਿਤਾ, ਇਹਦੇ 'ਚ ਕੋਈ ਮਿਲਾਵਟ ਨਹੀਂ। ਸੋ ਇਸ ਕਰਕੇ ਸਾਨੂੰ ਕੋਈ ਖਤਰਾ ਨਹੀਂ ਹੈ, ਉਹਦੇ ਵਿਚ ਜਿਹੜੇ ਪਹਿਲੇ ਗ੍ਰੰਥ ਨੇ, ਕੁਰਾਨ ਸ਼ਰੀਫ ਨੂੰ ਹਜ਼ਰਤ ਅਲੀ ਨੇ ਲਿਖਿਆ ਤੇ ਐਸੀਆਂ ਰਵਾਇਤਾਂ ਨੇ ਤੇ ਬਹੁਤ ਸਾਰੇ ਜਿਹੜੇ ਉਹਦੇ ਵਿਚ ਆਏ ਹੋਏ ਛੰਦ ਉਨ੍ਹਾਂ ਨੂੰ ਕੱਟ ਕੇ ਛੋਟੇ ਕਰ ਦਿਤਾ ਤੇ ਇਹ ਸ਼ੱਕ ਪੈ ਗਿਆ ਕਿ ਕਿਸੇ ਨੇ ਵਿਚ ਹੋਰ ਰਲਾ ਦਿਤਾ। ਗੀਤਾ ਦਾ ਗਿਆਨ ਵਿਆਸ ਜੀ ਨੇ ਦੁਬਾਰਾ revise ਕਰਿਆ, ਕ੍ਰਿਸ਼ਨ ਮਹਾਰਾਜ ਨੇ ਕਿਹੜੇ ਅੱਖਰ ਸਹੀ ਕਹੇ ਸੀ ਉਹਨੂੰ ਕੋਈ ਨਹੀਂ ਜਾਣ ਸਕਦਾ ਲੇਕਿਨ ਉਨ੍ਹਾਂ ਨੇ ਥੀਮ ਲਿਖ ਦਿਤਾ ਬਿਲਕੁਲ ਉਸੇ ਤਰ੍ਹਾਂ ਕਰਕੇ। ਕੇਵਲ ਸਾਡੇ ਕੋਲ ਇਕ ਚੀਜ਼ ਹੈ, ਮੈਂ ਬੇਨਤੀ ਕਰਦਾ ਹਾਂ ਧਿਆਨ ਰੱਖਿਆ ਕਰੋ ਜਿਹੜੇ ਸਮਝਣ ਵਾਲੇ ਬੰਦੇ ਨੇ। ਇਤਿਹਾਸ ਸਾਡੇ ਦੇ ਵਿਚ ਸਾਰਾ ਹੀ mixture ਹੈ। ਕਿਉਂ ਜੋ ਬਚਨ ਕਹੇ ਨੇ ਕਿ ਗੁਰੂ ਸਾਹਿਬ ਨੇ ਐਉਂ ਕਿਹਾ, ਆਹ ਕਿਹਾ, ਕੋਈ ਰਿਕਾਰਡ ਤਾਂ ਕੀਤੇ ਹੋਏ ਹੈ ਨਹੀਂ, ਉਹ ਤਾਂ ਅਨੁਮਾਨਿਤ ਗੱਲਾਂ ਨੇ। ਪਰ ਜੇ ਤਾਂ ਉਹ ਗੁਰਬਾਣੀ ਦੇ ਨਾਲ ਮੇਲ ਖਾਂਦੀਆਂ ਨੇ, ਫੇਰ ਚਾਹੇ ਗੱਲਾਂ ਕਿਸ ਤਰ੍ਹਾਂ ਦੀਆਂ ਵੀ ਕਰ ਦਿਓ ਇਕ ਵੀ ਗੱਲ ਜਿੱਥੇ ਵਾਧੂ ਕਰ ਦਿਤੀ ਉਥੇ ਮਨ ਕਲਪਤ ਗੱਲ ਹੋ ਗਈ। ਉਹਦਾ ਭੁਲੇਖਾ ਕਿੰਨਾ ਪੈ ਜਾਣਾ ਹੈ, ਕਿੰਨਿਆਂ ਹੀ ਜਗਿਆਸੂਆਂ ਦਾ ਮਾਨਸ ਜਨਮ ਖਤਮ ਹੋ ਜਾਣਾ ਹੈ, doubt ਪੈ ਕੇ, ਕਿਉਂਕਿ ਗਲਤ ਗੱਲਾਂ ਆ ਗਈਆਂ। ਹੁਣ ਹਰ ਬੰਦਾ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤ ਨੂੰ ਜਾਣ ਨਹੀਂ ਸਕਦਾ, ਬੜੀ ਮੁਸ਼ਕਲ ਹੈ। ਕੋਈ ਤੱਤ ਬੇਤੇ ਮਹਾਂਪੁਰਸ਼ ਹੋਣ, ਐਵੇਂ ਨਹੀਂ ਸਾਧੂ ਤਾਂ ਹਰੇਕ ਹੀ ਬਣ ਜਾਂਦਾ ਹੈ, ਸੰਤ ਹਰੇਕ ਹੀ ਕਹਾਉਣ ਲੱਗ ਗਿਆ ਅੱਜਕਲ੍ਹ। ਚੋਲਾ ਪਾ ਲਿਆ ਕਿਸੇ ਡੇਰੇ ਦੇ ਵਿਚ ਰਹਿਣ ਲੱਗ ਗਿਆ। ਫਲਾਣੇ ਸੰਤ ਜੀ ਫਲਾਣੇ ਸੰਤ।

ਗੁਰੂ ਗ੍ਰੰਥ ਸਾਹਿਬ ਜੀ ਦਾ ਜੋ ਸਿਧਾਂਤ ਹੈ ਇਹ ਜੋ ਆਪਾਂ ਸ਼ਬਦ ਪੜ੍ਹਿਆ ਹੈ, ਮਹਾਰਾਜ ਕਹਿੰਦੇ ਇਥੇ ਵਾਹਿਗੁਰੂ ਆਪ ਹੀ ਅਨੇਕ ਰੂਪ ਧਾਰ ਕੇ ਆਪੇ ਹੀ ਪ੍ਰਗਟ ਹੋਇਆ ਹੋਇਆ ਹੈ। ਗੁਰੂ ਦਸਵੇਂ ਪਾਤਸ਼ਾਹ ਵੀ ਇਹੀ ਕਹਿੰਦੇ ਨੇ ਉਨ੍ਹਾਂ ਨੇ ਕਬਿੱਤ ਦੇ ਅੰਦਰ, ਤਿੰਨ ਮਿਸਾਲਾਂ ਦਿਤੀਆਂ ਨੇ। ਪਹਿਲੀ ਮਿਸਾਲ ਦਿਤੀ ਹੈ ਕਿ ਅੱਗ ਦੇ ਵਿਚੋਂ ਚੰਗਿਆੜੇ ਉਡਦੇ ਨੇ, ਮੁੜ ਕੇ ਆ ਕੇ ਅੱਗ ਦੇ ਵਿਚ ਹੀ ਸਮਾ ਜਾਂਦੇ ਨੇ, ਦੂਰ ਨਹੀਂ ਜਾਂਦੇ। ਇਸੇ ਤਰ੍ਹਾਂ ਦੇ ਨਾਲ ਨਿਰੰਕਾਰ ਦੇ ਨਿਰਗੁਣ ਸਰੂਪ ਦੇ ਵਿਚ ਉਹ ਖੰਡ ਬ੍ਰਹਿਮੰਡ -

*ਰੰਗੀ ਰੰਗੀ ਭਾਤੀ ਕਰਿ ਕਰਿ*
*ਜਿਨਸੀ ਮਾਇਆ ਜਿਨਿ ਉਪਾਈ ॥ ਅੰਗ - ੬*

ਅਨੇਕ ਰੰਗਾਂ ਦੀ ਸ੍ਰਿਸ਼ਟੀ ਰਚ ਦਿਤੀ, ਕਿਤੇ ਦਰਖਤ ਹੀ ਦਰਖਤ ਨੇ, ਕਿਤੇ ਤਾਰੇ ਨੇ, ਸਤਾਰੇ ਨੇ, ਪਤਾ ਨਹੀਂ ਉਨ੍ਹਾਂ ਵਿਚ ਕੀ ਹੈ ਕੀ ਨਹੀਂ ਹੈ। ਅੱਜ ਦੀ ਸਾਇੰਸ ਦੀ ਜਿਹੜੀ ਖੋਜ ਹੈ ਉਹਦੇ ਵਿਚ ਉਹ ਹੈਰਾਨ ਹੋ ਰਹੇ ਨੇ ਇੰਗਲੈਂਡ ਵਾਲੇ ਕਿ ਨਵੀਆਂ ਗਲੈਕਸੀਜ਼ (glaxies) ਨਜ਼ਰ ਆਉਣ ਲੱਗ ਗਈਆਂ ਅਤੇ ਉਹ ਬਹੁਤ ਅਜੀਬ ਕਿਸਮ ਦੀਆਂ ਨੇ। ਉਹ ਕਹਿੰਦੇ ਹੈਰਾਨੀ ਹੈ ਕਿ ਜਿਸ ਵਕਤ ਧਰਤੀ ਬਣੀ ਸੀ

ਉਸ ਵੇਲੇ ਲਾਈਟ ਉਥੋਂ ਚੱਲੀ ਸੀ, ਹੁਣ ਆ ਕੇ ਪਹੁੰਚੀ ਹੈ। ਕੌਣ ਜਾਣਦਾ ਹੈ ਕਿ ਧਰਤੀ ਕਦੋਂ ਬਣੀ ਸੀ?

*ਥਿਤਿ ਵਾਰੁ ਨਾ ਜੋਗੀ ਜਾਣੈ*
*ਰੁਤਿ ਮਾਹੁ ਨਾ ਕੋਈ॥*
*ਜਾ ਕਰਤਾ ਸਿਰਠੀ ਕਉ ਸਾਜੇ*
*ਆਪੇ ਜਾਣੈ ਸੋਈ ॥ ਅੰਗ - ੪*

ਕਿੰਨੇ ਕਲਪ ਲੰਘ ਚੁੱਕੇ ਨੇ, ਕਿੰਨੇ ਯੁੱਗ ਲੰਘ ਚੁੱਕੇ ਨੇ, ਹਿਸਾਬ-ਕਿਤਾਬ ਤੋਂ ਬਾਹਰਲੀ ਗੱਲ ਹੈ, ਕੱਢ ਲੈਣਗੇ ਕੰਪਿਊਟਰਾਂ ਦੀ ਮਦਦ ਨਾਲ ਕਿ ਐਨੇ ਅਰਬ ਸਾਲ, ਐਨੇ ਖਰਬ ਸਾਲ ਹੋ ਗਏ, ਉਸ ਵੇਲੇ ਲਾਈਟ ਚੱਲੀ ਸੀ, ਲਾਈਟ ਦੀ ਸਪੀਡ ਕਿੰਨੀ ਹੈ, ਬਹੁਤ ਜ਼ਿਆਦਾ ਹੈ। ਸੂਰਜ ਸਾਡੇ ਤੋਂ 9 ਕਰੋੜ ਮੀਲ ਦੇ ਕਰੀਬ ਹੈ। 86 ਲੱਖ ਮੀਲ ਜਾਂਦੀ ਹੈ ਇੱਕ ਮਿੰਟ 'ਚ ਲਾਈਟ। 9 ਮਿੰਟ 'ਚ ਲਾਈਟ ਪਹੁੰਚ ਜਾਂਦੀ ਹੈ ਉਹਦੀ ਸਾਡੇ ਕੋਲ । ਉਹ ਐਨੀ ਚਲਦੀ ਹੋਈ ਜਦ ਤੋਂ ਸੰਸਾਰ ਰਚਿਆ ਹੈ, ਹੁਣ ਆ ਕੇ ਉਹਦੀ ਰੋਸ਼ਨੀ ਧਰਤੀ 'ਤੇ ਪਹੁੰਚਦੀ ਹੈ, ਉਨ੍ਹਾਂ ਨੂੰ ਦਿਸਣ ਲੱਗ ਗਈ ਕਿਉਂਕਿ ਰੋਸ਼ਨੀ ਆ ਗਈ। ਵਾਹਿਗੁਰੂ ਜੀ ਦੀ ਬੇਅੰਤ ਦੁਨੀਆਂ ਹੈ, ਕੋਈ ਪਾਰਾਵਾਰ ਨਹੀਂ, ਕਿਤੇ ਅੰਤ ਨਹੀਂ। Infinity ਹੈ ਇਹਦੇ ਵਿਚ। ਉਹ ਆਪੇ ਹੀ ਆਪ ਹੈ -

*ਅਪਨੀ ਮਾਇਆ ਆਪਿ ਪਸਾਰੀ*
*ਆਪਹਿ ਦੇਖਨਹਾਰਾ॥*
*ਨਾਨਾ ਰੂਪੁ ਧਰੇ ਬਹੁ ਰੰਗੀ*
*ਸਭ ਤੇ ਰਹੈ ਨਿਆਰਾ॥ ਅੰਗ - ੫੩੭*

ਕਿਸੇ ਹੋਰ ਨੇ ਤਾਂ ਨਹੀਂ, ਮਾਇਆ ਦਾ ਤੱਤ ਤਾਂ ਹੈ ਨਹੀਂ ਸੀ ਪਹਿਲਾਂ। ਵਾਹਿਗੁਰੂ ਜੀ ਨੇ ਆਪ ਹੀ ਆਪਣੀ ਮਾਇਆ ਪਸਾਰ ਦਿਤੀ। ਹੁਣ ਜਗ ਭੁੱਲ ਗਿਆ ਸਾਧਸੰਗਤ ਜੀ, ਇਹ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਸਾਡੇ ਉਤੇ ਕ੍ਰਿਪਾ ਹੈ, ਸਾਨੂੰ ਤੱਤ ਗੁਰੂ ਮਹਾਰਾਜ ਦੇ ਰਾਹੀਂ ਪ੍ਰਗਟ ਹੋਇਆ, ਸਾਨੂੰ ਉਸੇ ਤਰ੍ਹਾਂ ਨਾਲ ਪ੍ਰਗਟ ਕਰ ਰਹੇ ਨੇ, ਨਾਲ ਜੁਗਤ ਦੱਸ ਰਹੇ ਨੇ ਕਿ ਤੁਸੀਂ ਉਥੇ ਕਿਵੇਂ ਪਹੁੰਚ ਸਕਦੇ ਓਂ। back to source ਕਿਵੇਂ ਹੋ ਸਕਦੇ ਓਂ। ਸੋ ਇਹ ਜੋ ਬਚਨ ਨੇ ਇਹ ਵਿਚਾਰਨ ਵਾਸਤੇ ਆਪਾਂ ਸਤਿਸੰਗ 'ਚ ਆਉਂਦੇ ਹਾਂ, ਉਹ ਭਾਗਾਂ ਵਾਲੇ ਨੇ ਜਿਹੜੇ ਇਹਦੇ ਉਤੇ ਅਮੰਨਾ ਲਿਆਉਣਗੇ। ਜਦੋਂ ਤੱਕ ਗੁਰੂ ਦੇ ਬਚਨ ਦੇ ਉਤੇ ਪ੍ਰਤੀਤ ਨਹੀਂ ਆਉਂਦੀ। ਓਨੀਂ ਦੇਰ ਤੱਕ ਨਾਮ ਮੰਡਲ ਵਿਚ ਪ੍ਰਵੇਸ਼ ਨਹੀਂ ਹੋ ਸਕਦਾ। ਨਾ ਪ੍ਰਮੇਸ਼ਰ ਬਾਰੇ ਕੋਈ ਸਮਝ ਆ ਸਕੇ -

*ਧਾਰਨਾ - ਗੁਰ ਕੀ ਪ੍ਰਤੀਤ ਜੀ*
*ਜਿਸਦੇ ਮਨ ਵਿਚ ਹੈ ਭਾਈ।*

*ਜਾ ਕੈ ਮਨਿ ਗੁਰ ਕੀ ਪਰਤੀਤਿ ॥*
*ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥*
*ਅੰਗ - ੨੮੩*

ਜਿਸਦੇ ਮਨ ਵਿਚ ਪ੍ਰਤੀਤ ਨਹੀਂ ਆਈ, ਮਹਾਰਾਜ ਕਹਿੰਦੇ, ਉਹ ਤਾਂ ਕੋਈ ਗੱਲ ਨਹੀਂ ਹੋਇਆ ਕਰਦੀ। ਜਿਹਦੇ ਹਿਰਦੇ 'ਚ ਪ੍ਰਤੀਤ ਆ ਗਈ, ਉਹਦੀ ਪਦਵੀ ਉਚੀ ਹੋ ਗਈ ਤੇ ਉਹ ਗੁਰੂ ਦੀ ਕ੍ਰਿਪਾ ਦੇ ਨਾਲ ਆਪਣੇ ਮੰਜ਼ਲ-ਏ-ਮਕਸੂਦ ਤੇ ਵੀ ਪਹੁੰਚ ਗਿਆ। ਪ੍ਰਤੀਤ ਕੀ ਹੈ, ਗੁਰੂ ਦੇ ਬਚਨਾਂ ਤੇ ਪ੍ਰਤੀਤ ਹੈ। ਗੁਰੂ ਜਿਹੜਾ ਹੈ ਸਾਡਾ ਉਹ ਸ਼ਬਦ ਹੈ, ਐਸੇ ਪ੍ਰੇਮੀ ਨੇ ਕਿ ਗੁਰੂ ਗ੍ਰੰਥ ਸਾਹਿਬ ਜੀ ਨੂੰ ਰੁਮਾਲਾ ਸਾਹਿਬ ਚੜ੍ਹਾਈ ਜਾਂਦੇ ਨੇ, ਚੌਰ ਕਰੀ ਜਾਂਦੇ ਨੇ, ਪ੍ਰਸ਼ਾਦ ਲਿਆਉਂਦੇ ਨੇ, ਬਹੁਤ ਜ਼ਿਆਦਾ ਮੱਥਾ ਵਗੈਰਾ ਟੇਕੀ ਜਾਂਦੇ ਨੇ, ਇਹ ਇਕ ਭਗਤੀ ਕਰਨ ਦਾ ਤਰੀਕਾ ਤਾਂ ਹੈਗਾ। ਪਰ ਉਹ ਜੇ ਗੁਰੂ ਦੇ ਬਚਨ ਦੇ ਉਤੇ ਪਹਿਰਾ ਨਹੀਂ ਦਿੰਦਾ। ਲੋਕਾਂ ਨਾਲ ਲੜਦਾ ਹੈ, ਲੋਕਾਂ ਦੀ ਨਿੰਦਿਆ ਕਰਦਾ ਹੈ, ਚੁਗਲੀਆਂ ਕਰਦਾ ਹੈ, ਈਰਖਾ ਕਰਦਾ ਹੈ, ਝੂਠ ਬੋਲਦਾ ਹੈ, ਕਪਟ ਕਰਦਾ ਹੈ, ਲਾਲਚ ਵਿਚ ਫਸਿਆ ਹੋਇਆ ਹੈ, ਮੱਥੇ ਟੇਕਣ ਨਾਲ ਕੀ ਬਣਦਾ ਹੈ -

*ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ ॥*
*ਅੰਗ - ੪੭੪*

ਮਹਾਰਾਜ ਕਹਿੰਦੇ ਤੇਰੇ ਮੱਥੇ ਟੇਕੇ ਕੀ ਕਰਨਗੇ ਜਦ ਤੂੰ ਗੁਰੂ ਦਾ ਬਚਨ ਹੀ ਨਹੀਂ ਕਮਾਉਂਦਾ।

*ਨਾਨਕ ਦੋਵੈ ਕੂੜੀਆ*
*ਥਾਇ ਨ ਕਾਈ ਪਾਇ ॥ ਅੰਗ - ੪੭੪*

ਕੂੜੀਆਂ ਗੱਲਾਂ ਕਰ ਰਿਹਾ ਹੈ, ਥਾਂ ਕਿਤੇ ਪੈਣਾ ਹੀ ਨਹੀਂ ਪਿਆਰਿਆ। ਪੈਣਾ ਤਾਂ ਹੈ ਜੇ ਗੁਰੂ ਗ੍ਰੰਥ ਸਾਹਿਬ ਦੇ ਬਚਨ ਨੂੰ ਮੰਨੇ। ਜੇ ਬਚਨ ਮੰਨ ਲਵੇ, ਵਿਸ਼ਵਾਸ਼ ਵਿਚ ਆ ਜਾਵੇ, ਕਹਿੰਦੇ ਫੇਰ ਨਹੀਂ ਦੇਰ ਲੱਗਿਆ ਕਰਦੀ -

*ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥*
*ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥*
*ਅੰਗ - ੨੮੫*

ਫੇਰ ਤੱਤ ਗਿਆਨ ਪ੍ਰਗਟ ਹੋ ਜਾਂਦਾ ਹੈ। ਐਸੀਆਂ ਇਤਿਹਾਸ ਵਿਚ ਬਹੁਤ ਸਾਰੀਆਂ ਮਿਸਾਲਾਂ ਨੇ। ਗੁਰੂ ਛੇਵੇਂ ਪਾਤਸ਼ਾਹ, ਗੁਰੂ ਪੰਜਵੇਂ ਪਾਤਸ਼ਾਹ ਦੀ ਸ਼ਹੀਦੀ ਤੋਂ ਬਾਅਦ ਆਪ ਦੀ ਤਖਤ ਨਸ਼ੀਨੀ ਹੋਈ। ਉਸ ਵੇਲੇ ਸਮੇਂ ਦੀ ਲੋੜ ਦੇ ਮੁਤਾਬਿਕ ਦੋ ਸ੍ਰੀ ਸਾਹਿਬ ਪਹਿਨੇ ਗਏ, ਇਕ ਤਾਂ ਪੀਰੀ ਦਾ ਸੀ, ਸ਼ਸਤਰ ਵੀ ਹੋਵੇ ਤੇ ਪੀਰੀ ਵੀ ਹੋਵੇ, ਇਹ ਗੱਲਾਂ ਦੋ ਰਲਿਆ ਨਹੀਂ ਕਰਦੀਆਂ ਕਦੇ ਵੀ। ਤਾਕਤ ਵੀ ਹੋਵੇ ਤੇ ਫੇਰ ਪੀਰੀ

ਹੋਵੇ, ਕਿਉਂਕਿ ਉਹਦੇ ਵਿਚ ਨਿਰਮਾਣਤਾ ਹੈ, ਤਾਕਤ ਦੇ ਵਿਚ ਅਭਿਮਾਨ ਹੈ। ਪਰ ਗੁਰੂ ਮਹਾਰਾਜ ਨੇ ਇਹ ਦੱਸਿਆ ਕਿ ਤਾਕਤ ਆਪਣੇ ਵਾਸਤੇ ਨਹੀਂ, ਤਾਕਤ ਦੂਜਿਆਂ ਦੇ ਵਾਸਤੇ ਜਿਹੜੇ ਨਿਮਾਣੇ ਨਿਤਾਣੇ ਨਿਆਸਰੇ ਨੇ। ਉਹ ਜਿਹੜੇ ਜਰਵਾਣੇ ਨੇ ਧੱਕਾ ਕਰਦੇ ਨੇ, ਉਨ੍ਹਾਂ ਨੂੰ ਚੈਲੰਜ ਇਕ ਸੀਗਾ ਕਿ ਤੁਸੀਂ ਹੁਣ ਕਰੋ ਧੱਕਾ, ਅਸੀਂ ਮੁਕਾਬਲਾ ਕਰਾਂਗੇ। ਅਸੀਂ ਆਪਣੀਆਂ ਜਾਨਾਂ ਵਾਰਾਂਗੇ ਕਿਉਂਕਿ ਅਸੀਂ ਨਜਾਇਜ਼ ਨਹੀਂ ਹੋਣ ਦੇਣਾ। ਇਕ ਚੜ੍ਹਦੀ ਕਲਾ ਦਾ ਪ੍ਰਤੀਕ ਸੀਗਾ ਇਹ। ਜੀਉਂਦੇ ਜਾਗਦੇ ਆਦਮੀ ਦੀ ਨਿਸ਼ਾਨੀ ਸੀ, ਗੁਰੂ ਸਾਹਿਬ ਨੇ ਸ੍ਰੀ ਸਾਹਿਬ ਪੀਰੀ ਦੀ ਪਹਿਨ ਲਈ ਮਾਲਾ ਨਹੀਂ ਪਹਿਨੀ। ਦੂਸਰੀ ਉਨ੍ਹਾਂ ਨੇ ਕਿਹਾ ਕਿ ਸ਼ਕਤੀ ਦੀ ਹੈ। ਦੁਨੀਆਂ ਦੇ ਅੰਦਰ ਜਿੰਨਾ ਚਿਰ ਰਹਿਣਾ ਹੈ, ਆਪਣਾ ਤਾਣ ਜਿੰਨਾ ਵਾਹਿਗੁਰੂ ਨੇ ਦਿਤਾ ਹੈ, ਕਾਨੂੰਨ ਦੇ ਮੁਤਾਬਿਕ, ਆਪਣਾ ਤਾਣ ਲਾਉਣਾ ਹੈ, ਨਿਮਾਣੇ ਨਿਤਾਣੇ ਹੋ ਕੇ ਨਹੀਂ ਰਹਿਣਾ। ਇਹ ਇਕ ਪਰਿਵਰਤਨ ਸੀ ਬੜਾ ਜ਼ਬਰਦਸਤ ਜੋ ਮੁਗਲ ਹਕੂਮਤ ਦੇ ਪਾਸ ਡਾਇਰੀ ਦੇ ਰੂਪ 'ਚ ਪਹੁੰਚਿਆ ਕਿ ਸਾਹਿਬਜ਼ਾਦੇ ਜੋ ਹੁਣ ਗੱਦੀ ਦੇ ਉਤੇ ਬੈਠੇ ਨੇ, ਉਨ੍ਹਾਂ ਨੇ ਇਨਕਲਾਬੀ ਕੰਮ ਕਰ ਦਿਤਾ ਕਿ ਇਹਦਾ ਹੁਣੇ ਹੀ ਬੰਦੋਬਸਤ ਸੋਚਿਆ ਜਾਵੇ, ਕਿਉਂਕਿ ਇਨ੍ਹਾਂ ਦਾ ਪਿਤਾ ਸ਼ਹੀਦ ਕੀਤਾ ਹੈ ਸਰਕਾਰ ਨੇ, ਭਾਵੇਂ ਚੰਦੂ ਦਾ ਪੜਦਾ ਪਾਇਆ ਗਿਆ ਸੀ, ਪਰ ਪਤਾ ਸੀ ਕਿ ਸਰਕਾਰ ਦੇ ਇਸ਼ਾਰੇ ਬਗੈਰ ਇਹਦੀ ਕੀ ਤਾਕਤ ਹੈ ਐਡੀ ਵੱਡੀ ਗੱਲ ਕਰ ਦੇਵੇ। ਸੋ ਸਾਨੂੰ ਖਬਰਦਾਰ ਹੋਣਾ ਚਾਹੀਦਾ ਹੈ। ਗੁਰੂ ਮਹਾਰਾਜ ਨੇ ਜੁਆਨੀਆਂ ਦੀ ਮੰਗ ਕਰ ਦਿਤੀ ਕਿ ਪਿਆਰਿਓ ਮੈਨੂੰ ਜੁਆਨੀਆਂ ਚਾਹੀਦੀਆਂ ਨੇ। ਤੁਹਾਡੇ ਸਰੀਰ ਚਾਹੀਦੇ ਨੇ, ਦ੍ਰਿੜ੍ਹ ਗਿਆਨਵਾਨ ਪੁਰਸ਼ ਚਾਹੀਦੇ ਨੇ, ਜਿਨ੍ਹਾਂ ਦੇ ਵਿਚੋਂ ਹੰਗਤਾ ਤੇ ਮਮਤਾ ਖਤਮ ਹੋ ਜਾਵੇ ਤੇ ਤਨ ਵੀ, ਧਨ ਵੀ, ਮਨ ਵੀ ਸਭ ਗੁਰੂ ਦਾ ਹੋਵੇ, ਉਹ ਬੰਦੇ ਮੈਨੂੰ dedicated ਚਾਹੀਦੇ ਨੇ। ਜਿਨ੍ਹਾਂ ਦੇ ਵਾਸਤੇ ਸਭ ਤੋਂ ਪਹਿਲਾਂ ਹੁਕਮ ਮੰਨਣਾ ਗੁਰੂ ਦਾ, ਬਾਅਦ ਵਿਚ ਦੁਨੀਆਂ ਦਾ। ਗੁਰੂ ਦਾ ਕੰਮ ਪਹਿਲਾਂ, ਦੁਨੀਆਂ ਦਾ ਕੰਮ ਪਿਛੋਂ। ਸੋ ਐਸਾ ਪਰਿਵਰਤਨ ਆਉਣ ਦੇ ਨਾਲ ਜਹਾਂਗੀਰ ਦੇ ਕੋਲ ਖਬਰਾਂ ਪਹੁੰਚਦੀਆਂ ਨੇ। ਓਸ ਵੇਲੇ ਬੜਾ ਰੋਹ ਪ੍ਰਗਟ ਹੋਇਆ। ਸੀ.ਆਈ.ਡੀ ਦੀਆਂ ਰਿਪੋਰਟਾਂ, ਪਤਾ ਲੱਗਿਆ ਕਿ ਪੰਜਾਬ ਤਾਂ ਜਿਵੇਂ ਬਾਰੂਦ ਦੇ ਉਤੇ ਕੋਈ ਬੈਠਾ ਹੋਵੇ, ਬਾਰੂਦ ਚੱਲ ਜਾਵੇ, ਐਸ ਤਰ੍ਹਾਂ ਦੇ ਨਾਲ ਪੰਜਾਬ ਰੋਹ ਦੇ ਵਿਚ ਭਰਿਆ ਪਿਆ ਹੈ। ਨਜਾਇਜ਼ ਗੁਰੂ ਦੀ ਸ਼ਹੀਦੀ ਕਰ ਦਿਤੀ ਗਈ। ਉਹ ਡਰੇ ਨਹੀਂ ਹਨ, ਉਨ੍ਹਾਂ ਨੇ ਚੈਲੰਜ ਮਨਜ਼ੂਰ ਕਰਕੇ ਸ਼ਸਤਰ ਪਹਿਨ ਲਏ। ਓਸ ਵੇਲੇ ਸਲਾਹ ਕੀਤੀ ਸਾਰਿਆਂ ਦੇ ਨਾਲ, ਜਹਾਂਗੀਰ ਦਾ ਜੋ ਮਨਿਸਟਰ ਸੀ, ਸੋਝੀ ਵਾਲਾ ਵਜ਼ੀਰਖਾਨ ਉਸ ਨੇ ਕਿਹਾ ਕਿ ਬਾਦਸ਼ਾਹ ਸਲਾਮਤ! ਗੁਰੂਆਂ ਪੀਰਾਂ ਨਾਲ ਵੈਰ ਪਾਇਆ ਠੀਕ ਨਹੀਂ ਹੁੰਦਾ, ਸ਼ਕਤੀਆਂ ਵਾਲੇ ਹੁੰਦੇ ਨੇ। ਗੁਰੂ ਪੰਜਵੇਂ ਪਾਤਸ਼ਾਹ ਜੇ ਇਕ ਫੁਰਨਾ ਵੀ ਕਰ ਦਿੰਦੇ ਤਾਂ ਰਾਜ ਗਰਕ ਕਰ ਸਕਦੇ ਸੀ, ਦੁਨੀਆਂ ਨੂੰ ਗਰਕ ਕਰ ਸਕਦੇ ਸੀ। ਐਨੀਆਂ ਸ਼ਕਤੀਆਂ ਦੇ ਮਾਲਕ ਹੁੰਦੇ ਹੋਏ ਵੀ ਜ਼ਬਤ ਵਿਚ ਰਹੇ। ਪੁੱਛ ਲਓ ਮੀਆਂ ਮੀਰ ਜੀ ਨੂੰ ਜੇ ਮੇਰੇ 'ਤੇ ਸ਼ੱਕ ਹੈ ਆਪ ਨੂੰ। ਹਾਂ, ਜੇ ਤੁਸੀਂ ਆਪਣਾ ਸ਼ੱਕ ਦੂਰ ਕਰਨਾ ਹੈ ਤਾਂ ਗੁਰੂ ਹਰਿਗੋਬਿੰਦ ਸਾਹਿਬ ਮਹਾਰਾਜ ਤੁਹਾਡੀ ਹਮ ਉਮਰ ਦੇ ਨੇ, 18 ਸਾਲ ਦੇ ਕਰੀਬ ਉਨ੍ਹਾਂ ਦੀ ਉਮਰ ਹੈ, 18 ਦੀ ਤੁਹਾਡੀ ਹੈ, ਤੁਸੀਂ ਮਿੱਤਰ ਭਾਵ ਧਾਰ ਕੇ ਬੁਲਾ ਲਓ ਉਨ੍ਹਾਂ ਨੂੰ। ਜਿਹੋ ਜਿਹੀ ਭਾਵਨਾ ਗੁਰੂ ਉਪਰ ਕੋਈ ਕਰਦਾ ਹੈ, ਉਹੋ ਜਿਹਾ ਹੀ ਉਹਨੂੰ ਫਲ ਪ੍ਰਾਪਤ ਹੋਇਆ ਕਰਦਾ ਹੈ।

***ਜਿਉ ਕਰਿ ਨਿਰਮਲੁ ਆਰਸੀ***
***ਜਗੁ ਵੇਖਣਿ ਵਾਲਾ।***
***ਭਾਈ ਗੁਰਦਾਸ ਜੀ, ਵਾਰ 34, ਪਉੜੀ 1***

ਸ਼ੀਸ਼ੇ ਦੇ ਵਿਚ ਜਿਹੋ ਜਿਹਾ ਮੂੰਹ ਕਰਕੇ ਦੇਖੋ –

***ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।***
***ਭਾਈ ਗੁਰਦਾਸ ਜੀ, ਵਾਰ 34, ਪਉੜੀ 1***

ਪਿਆਰ ਨਾਲ ਵਰਤੋਂਗੇ ਉਨ੍ਹਾਂ ਵਿਚੋਂ ਪਿਆਰ ਦਿਸੇਗਾ। ਵੈਰ ਨਾਲ ਵਰਤੋਂਗੇ ਫੇਰ ਐਵੇਂ ਉਲਝਣ ਬਾਜ਼ੀਆਂ ਨੇ ਖਾਹਮਖਾਹ ਦੀਆਂ। ਬਾਦਸ਼ਾਹ ਉਹ ਹੋਇਆ ਕਰਦਾ ਹੈ ਜਿਹੜਾ ਘੱਟ ਤੋਂ ਘੱਟ ਉਲਝਣਬਾਜ਼ੀ ਵਿਚ ਪਵੇ। ਗੱਲ ਦਲੀਲ ਨਾਲ ਕਰ ਲਵੇ। ਬੜੇ ਤਰੀਕੇ ਨੇ ਗੱਲਾਂ ਕਰਨ ਦੇ। ਸਾਮ ਹੈ, ਦਾਮ, ਦੰਡ ਹੈ, ਭੇਦ ਹੈ। ਜਿਹੜਾ ਦੰਡ ਹੈ ਇਹ ਤਾਂ ਆਖਰੀ ਹਥਿਆਰ ਹੈ। ਜਦੋਂ ਕੁਛ ਨਾ ਹੋ ਸਕੇ ਫੇਰ ਹਥਿਆਰ ਚੁੱਕੇ ਜਾਂਦੇ ਨੇ। ਸੋ ਏਸ ਕਰਕੇ ਆਪ ਪਿਆਰ ਦੇ ਨਾਲ ਬੁਲਾਓ। ਰਹਿ ਕੇ ਦੇਖੋ, jugement ਕਰੋ ਉਨ੍ਹਾਂ ਦੀ, ਸੋ ਇਸ ਗੱਲ ਨੂੰ ਮੰਨ ਗਿਆ। ਵਜ਼ੀਰਖਾਨ ਨੂੰ ਭੇਜ ਦਿਤਾ ਕਿ ਜਾਓ ਤੁਸੀਂ ਗੁਰੂ ਸਾਹਿਬ ਨੂੰ ਇਥੇ ਲਿਆਓ ਦਿੱਲੀ। ਉਹ ਆਉਂਦੇ ਨੇ ਕਿ ਨਹੀਂ ਆਉਂਦੇ, ਇਥੋਂ ਹੀ ਮੈਨੂੰ ਕੁਛ ਅਨੁਮਾਨ ਹੋ ਜਾਏਗਾ ਕਿ ਉਹ ਤਾਂ ਬੜੇ ਭਾਰੇ ਗੁੱਸੇ ਵਿਚ ਨੇ।

ਸਾਧਸੰਗਤ ਜੀ, ਇਹ ਗੱਲਾਂ ਸਾਡੇ ਵਾਸਤੇ ਅੱਖਾਂ ਖੋਲ੍ਹਣ ਵਾਲੀਆਂ ਨੇ, ਕਿਉਂਕਿ ਅਸੀਂ ਹੱਠ ਵਿਚ ਪੈ ਕੇ ਉਲਟੀਆਂ ਗੱਲਾਂ ਕਰ ਦਿੰਦੇ ਹਾਂ।

ਵਜ਼ੀਰ ਖਾਨ ਨੇ ਜਾ ਕੇ ਸਾਰੀ ਗੱਲ ਬਾਤ ਕਰੀ ਤਾਂ ਮਹਾਰਾਜ ਜੀ ਨੇ ਕਿਹਾ ਕਿ ਕੋਈ ਗੱਲ ਨਹੀਂ, ਜੇ ਜਹਾਂਗੀਰ ਦਾ ਦਿਲ ਬਦਲਿਆ ਹੋਇਆ ਹੈ, ਜੇ ਨਹੀਂ ਵੀ ਬਦਲਿਆ ਹੋਏਗਾ ਤਾਂ ਵੀ ਸਾਡਾ ਤਾਂ

ਫਰਜ਼ ਹੈ, ਬਿਮਾਰ ਬੰਦਿਆਂ ਕੋਲ ਜਾਣਾ। ਜੇ ਬਦਲਿਆ ਹੋਇਆ ਹੈ, ਤਾਂ ਵੀ ਸਾਡਾ ਫਰਜ਼ ਬਣਦਾ ਹੈ ਕਿ ਜਾਈਏ, ਜਾ ਕੇ ਜੇ ਰਾਜਾ ਸ਼ੁੱਧ ਹੋ ਗਿਆ ਤਾਂ ਪਰਜਾ ਸਾਰੀ ਸ਼ੁੱਧ ਹੋ ਜਾਏਗੀ। ਇਕ ਰਾਜੇ ਨੂੰ ਸਹੀ ਕਰ ਲਓ ਪਰਜਾ ਆਪੇ ਸਹੀ ਹੋ ਜਾਂਦੀ ਹੈ।

ਸੋ ਗੁਰੂ ਮਹਾਰਾਜ ਨੇ ਦਰਬਾਰ ਸਾਹਿਬ ਦੀ ਸੇਵਾ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਆਦਿ ਪੰਜ ਮੁਖਾਂ ਨੂੰ ਸੰਭਾਲ ਕੇ ਆਪ ਦਿੱਲੀ ਚਲੇ ਜਾਂਦੇ ਨੇ ਤੇ ਜਿੱਥੇ ਮਜਨੂੰ ਟਿੱਲਾ ਗੁਰਦੁਆਰਾ ਹੈ, ਉਸ ਥਾਂ ਦੇ ਉਤੇ ਆਪ ਕੈਂਪ ਲਾ ਦਿੰਦੇ ਨੇ, ਸਾਰਾ ਸਮਾਨ ਜਹਾਂਗੀਰ ਵਲੋਂ ਆ ਗਿਆ, ਲੰਗਰ ਦਾ ਵੀ, ਘੋੜਿਆਂ ਵਾਸਤੇ ਵੀ, ਕਈ ਸੌ ਘੋੜ ਸਵਾਰ ਆਪ ਦੇ ਨਾਲ ਹੈ, ਦੂਰ-ਦੂਰ ਤੱਕ ਟੈਂਟ ਲੱਗ ਗਏ। ਪਤਾ ਲੱਗ ਗਿਆ ਜਹਾਂਗੀਰ ਨੂੰ, ਜਾ ਕੇ ਖਬਰ ਦੇ ਦਿਤੀ ਗਈ ਕਿ ਮਹਾਰਾਜ! ਗੁਰੂ ਮਹਾਰਾਜ ਤਾਂ ਬਹੁਤ ਖੁਸ਼-ਖੁਸ਼ ਆਏ ਨੇ। ਗੁੰਚਾਬੇਗ ਨੇ ਕਿਹਾ ਕਿ ਕੋਈ ਵੀ ਨਿਸ਼ਾਨੀ ਮੈਂ ਨਹੀਂ ਦੇਖੀ ਸਾਰੇ ਰਸਤੇ, ਗੁਰੂ ਸਾਹਿਬ ਦੇ ਚਿਹਰੇ ਦੇ ਉਤੇ ਕਿ ਕਦੇ ਉਨ੍ਹਾਂ ਦੇ ਭਾਵ ਬਦਲੇ ਹੋਣ। ਉਹ ਤਾਂ ਬਹੁਤ ਹਸਮੁੱਖ ਤੇ ਪਿਆਰ ਕਰਨ ਵਾਲੇ ਨੇ। ਮੱਲੋ-ਮਲੀ ਜੀਅ ਕਰਦਾ ਹੈ ਕਿ ਇਨ੍ਹਾਂ ਦੇ ਚਰਨਾਂ 'ਤੇ ਸਿਜਦਾ ਕਰਕੇ ਸੀਸ ਚੁੱਕੀਏ ਹੀ ਨਾ। ਸਾਡੇ ਤਾਂ ਇਹੀ ਭਾਵਨਾ ਹੈ ਮਹਾਰਾਜ, ਅੱਗੇ ਤੁਸੀਂ ਸਾਡੇ ਤੋਂ ਸਿਆਣੇ ਓਂ। ਆਪ ਨਿਰਣਾ ਕਰ ਲਓ।

ਓਸ ਵੇਲੇ ਗੁਰੂ ਮਹਾਰਾਜ ਨੇ ਸਿਕੰਦਰ ਅਉਲੀਆ ਨੂੰ ਜੋ ਨਿਜ਼ਾਮੂਦੀਨ ਦੀ ਗੱਦੀ ਦੇ ਉਤੇ ਉਸ ਵੇਲੇ ਸੀ, ਬਾਬੇ ਫਰੀਦ ਦੀ ਜੋ ਗੱਦੀ ਸੀ। ਬਾਬੇ ਫਰੀਦ ਤੋਂ ਨਿਜ਼ਾਮੂਦੀਨ ਅਉਲੀਆ ਹੋਇਆ, ਕਈ ਪੁਸ਼ਤਾਂ ਤੋਂ ਬਾਅਦ। ਉਸ ਤੋਂ ਬਾਅਦ ਸਿਕੰਦਰ ਹੋਇਆ ਬੜੀ ਤਕੜੀ ਗੱਦੀ, ਬੜੀ ਸੱਤਿਆ ਵਾਲੀ ਗੱਦੀ ਮੰਨੀ ਜਾਂਦੀ ਸੀ। ਮਨ 'ਚ ਉਨ੍ਹਾਂ ਦੇ ਵੀ ਦ੍ਵੈਸ਼ ਨਹੀਂ ਸੀ, ਤੱਤ ਬੇਤੇ ਸੀ, ਓਸ ਵੇਲੇ ਬੁਲਾ ਕੇ ਕਿਹਾ ਕਿ ਪੀਰ ਜੀ, ਮੈਂ ਇਕ ਮਿਸ਼ਨ ਤੁਹਾਡੇ ਜ਼ਿੰਮੇ ਲਾਉਂਦਾ ਹਾਂ। ਗੁਰੂ ਹਰਿਗੋਬਿੰਦ ਸਾਹਿਬ ਆ ਗਏ ਨੇ, ਤੁਹਾਨੂੰ ਸਾਰਿਆਂ ਨੂੰ ਪਤਾ ਹੀ ਹੈ ਕਿ ਇਨ੍ਹਾਂ ਦੇ ਪਿਤਾ ਜੀ ਅਸੀਂ ਸ਼ਹੀਦ ਕਰ ਦਿਤੇ ਸੀ, ਗਲਤਫਹਿਮੀ ਦੇ ਵਿਚ ਆ ਕੇ, ਤੁਹਾਨੂੰ ਮੈਂ ਇਸ ਕਰਕੇ ਭੇਜਦਾ ਹਾਂ ਕਿ ਤੁਸੀਂ ਮੈਨੂੰ ਇਹ ਨਿਰਣਾ ਕਰਕੇ ਦੱਸੋ ਕਿ ਗੁਰੂ ਹਰਿਗੋਬਿੰਦ ਸਾਹਿਬ ਦੇ ਅੰਦਰ ਰੂਹਾਨੀਅਤ ਦਾ ਦਰਜਾ ਕਿੰਨਾ ਕੁ ਉੱਚਾ ਹੈ। ਦੂਸਰਾ ਉਨ੍ਹਾਂ ਦੇ ਮਨ ਵਿਚ ਕੀ ਹੈ, ਕੀ ਉਨ੍ਹਾਂ ਦਾ ਖਿਆਲ ਹੈ, ਕੀ ਕਰਨਾ ਚਾਹੁੰਦੇ ਨੇ। ਸੋ ਮੈਂ ਇਸ ਕਰਕੇ ਆਪ ਨੂੰ ਭੇਜਦਾ ਹਾਂ। ਕਿੰਨੀ ਕੁ ਉਨ੍ਹਾਂ ਵਿਚ ਵਿਦਵਤਾ ਹੈ, 18 ਸਾਲ ਦੀ ਉਮਰ ਹੈ, ਤੁਸੀਂ ਵੱਡੇ ਪੀਰ ਓਂ, ਮਾਰਫਤ ਦੀਆਂ ਸਾਰੀਆਂ ਰਮਜ਼ਾਂ ਨੂੰ ਜਾਣਦੇ ਓਂ, ਕਿੱਥੇ ਕੁ ਤੱਕ ਇਹ ਪਹੁੰਚੇ ਹੋਏ ਨੇ ਮਾਰਫਤ ਦੇ ਅੰਦਰ। ਸੋ ਓਸ ਵੇਲੇ ਮਿਸ਼ਨ ਸੌਂਪ ਦਿਤਾ, ਦੂਸਰੇ ਦਿਨ ਖਬਰ ਕਰ ਦਿਤੀ।

ਜੋ ਗੁਰੂ ਹੋਇਆ ਕਰਦਾ ਹੈ ਸਾਧਸੰਗਤ ਜੀ! ਸਮਰੱਥ ਗੁਰੂ ਉਹ ਸ਼ੀਸ਼ੇ ਵਰਗਾ ਹੁੰਦਾ ਹੈ, ਭਾਈ ਗੁਰਦਾਸ ਜੀ ਨੇ ਉਸ ਦੇ ਬਾਰੇ ਐਸ ਤਰ੍ਹਾਂ ਦੇ ਨਾਲ ਵਰਨਣ ਕੀਤਾ ਹੈ, ਪੜ੍ਹੋ ਪਿਆਰ ਨਾਲ –

***ਧਾਰਨਾ – ਤੇਹੋ ਵੇਖਾਲਾ ਜੀ,***
***ਜੇਹਾ ਮੂਹ ਕਰ ਭਾਲੀਐ***
***ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।***
***ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।***
***ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮਾਲਾ।***
***ਜਿਉ ਕਰਿ ਨਿਰਮਲੁ ਆਰਸੀ***
***ਜਗੁ ਵੇਖਣਿ ਵਾਲਾ।***
***ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।***
***ਸੇਵਕ ਦਰਗਹ ਸੁਰਖਰੂ ਵੇਮੁਖ ਮੁਹ ਕਾਲਾ।***
***ਭਾਈ ਗੁਰਦਾਸ ਜੀ, ਵਾਰ 34, ਪਉੜੀ 1***

ਪਿਆਰ ਨਾਲ, ਭਰੋਸੇ ਨਾਲ ਕੋਈ ਗੁਰੂ ਕੋਲ ਆਵੇ, ਉਸ ਨੂੰ ਓਸੇ ਤਰ੍ਹਾਂ ਦਾ ਫਲ ਮਿਲਦਾ ਹੈ। ਕੋਈ ਛਲ ਨਾਲ, ਕਪਟ ਨਾਲ ਆਵੇ, ਉਸ ਨੂੰ ਉਹੋ ਜਿਹਾ ਹੀ ਮਿਲ ਜਾਂਦਾ ਹੈ ਕਿਉਂਕਿ ਗੁਰੂ ਤਾਂ ਸ਼ੀਸ਼ਾ ਹੋਇਆ ਕਰਦਾ ਹੈ। ਸੋ ਹੁਕਮ ਹੋ ਗਿਆ, ਮਿਸ਼ਨ ਦੇ ਦਿਤਾ। ਦੂਸਰੇ ਦਿਨ ਬਾਰ੍ਹਾਂ ਵਿਦਵਾਨ ਨਾਲ ਲੈ ਕੇ, ਪੀਰ ਨਾਲ ਲੈ ਕੇ, ਸਿਕੰਦਰ ਅਉਲੀਆ ਗੁਰੂ ਮਹਾਰਾਜ ਵਲ ਨੂੰ ਚਲਦਾ ਹੈ ਤੇ ਰਸਤੇ ਵਿਚ ਬੈਠ ਕੇ ਸਲਾਹ ਕੀਤੀ ਕਿ ਆਪਾਂ ਕਿਵੇਂ ਪਰਖਾਂਗੇ ਗੁਰੂਆਂ ਨੂੰ, ਤਾਂ ਉਸ ਵੇਲੇ ਇਕ ਪ੍ਰੇਮੀ ਨੇ ਕਿਹਾ ਕਿ ਦੇਖੋ, ਇਕ ਤਾਂ ਉਹ ਸਾਨੂੰ ਜਾਂਦਿਆਂ ਨੂੰ ਹੀ ਗਰਮੋ-ਗਰਮ ਪ੍ਰਸ਼ਾਦ ਛਕਾਉਣ, ਦੂਸਰਾ ਜਦੋਂ ਆਪਾਂ ਜਾ ਕੇ ਖੜ੍ਹਾਂਗੇ ਤਾਂ ਆਪਣੇ ਵਿਚ ਜੋ ਦਰਜਾ ਕਿਸੇ ਦਾ ਹੈ, ਜਿਸ ਤਰ੍ਹਾਂ ਦੇ ਨਾਲ ਸਿਕੰਦਰ ਅਉਲੀਆ ਵੱਡਾ ਗਿਣਿਆ ਜਾਂਦਾ ਹੈ, ਦੂਸਰਾ ਉਸ ਤੋਂ ਛੋਟਾ। ਸਭ ਨੂੰ ਪਤਾ ਸੀ। ਉਹ ਦਰਜਾ-ਬ-ਦਰਜਾ ਹੀ ਸਾਨੂੰ ਨਾਉਂ ਲੈ ਕੇ ਬੁਲਾਉਣ। ਉਸ ਤੋਂ ਬਾਅਦ ਆਪਣੇ ਦਸਤ-ਏ-ਮੁਬਾਰਕ ਦੇ ਨਾਲ ਗਰਮ-ਗਰਮ ਕੜਾਹ ਪ੍ਰਸ਼ਾਦ ਸਾਨੂੰ ਛਕਾਉਣ, ਦੋ ਸ਼ਰਤਾਂ ਇਨ੍ਹਾਂ ਨੇ ਰੱਖ ਦਿਤੀਆਂ, ਉਸ ਵੇਲੇ ਗੁਰੂ ਮਹਾਰਾਜ ਦੇ ਕੋਲ ਜਦੋਂ ਇਹ ਬਾਰ੍ਹਾਂ ਹੀ ਚਲੇ ਗਏ, ਲਾਈਨ ਲਾ ਕੇ, ਉਸ ਵੇਲੇ ਪ੍ਰੇਮੀ ਪ੍ਰਸ਼ਾਦ ਗਰਮ-ਗਰਮ ਲੈ ਕੇ ਪਰਾਤ ਵਿਚ ਪਾਇਆ ਹੋਇਆ ਹੈ ਤੇ ਲਾਈਨ ਵਿਚ ਉਹ ਵੀ ਖੜ੍ਹਾ ਦਿਤੇ।

ਗੁਰੂ ਮਹਾਰਾਜ ਜੀ ਕਹਿਣ ਲੱਗੇ, ਆਓ ਸਿਕੰਦਰ ਅਉਲੀਆ, ਐਥੇ ਬੈਠੋ। ਇਕੱਲੇ-ਇਕੱਲੇ ਦਾ ਨਾਉਂ ਲਿਆ, ਨਾਂ ਲੈ ਕੇ ਉਸੇ ਵੇਲੇ ਹੁਕਮ ਕਰ ਦਿਤਾ

ਕਿ ਭਾਈ, ਪ੍ਰਸ਼ਾਦ ਸਾਡੇ ਕੋਲ ਲੈ ਕੇ ਆਓ। ਗੁਰੂ ਮਹਾਰਾਜ ਕੋਲ ਪ੍ਰਸ਼ਾਦ ਆ ਗਿਆ, ਆਪਣੇ ਦਸਤ-ਏ-ਮੁਬਾਰਕ ਨਾਲ ਪ੍ਰਸ਼ਾਦ ਦਿਤਾ ਕਿਹਾ ਕਿ ਅਉਲੀਆ ਲਓ ਪ੍ਰਸ਼ਾਦ ਲਓ। ਇਕੱਲੇ-ਇਕੱਲੇ ਨੂੰ ਗਰਮ-ਗਰਮ ਪ੍ਰਸ਼ਾਦ ਦੇ ਕੇ ਕਿਹਾ, ਛਕ ਲਓ ਤੁਸੀਂ, ਫੇਰ ਆਪਾਂ ਬਚਨ ਕਰਾਂਗੇ। ਉਸ ਤੋਂ ਬਾਅਦ ਉਨ੍ਹਾਂ ਨੇ ਪ੍ਰਸ਼ਾਦ ਛਕ ਲਿਆ। ਸਾਰੀ ਸੰਗਤ ਦਿੱਲੀ ਦੀ ਦੇਖ ਰਹੀ ਹੈ ਕੌਤਕ। ਕਿਸੇ ਨੂੰ ਸਮਝ ਵਿਚ ਨਹੀਂ ਆਇਆ ਕਿ ਗੁਰੂ ਮਹਾਰਾਜ ਨੇ ਅੱਜ ਆਪਣੇ ਦਸਤ-ਏ-ਮੁਬਾਰਕ ਨਾਲ ਕਿਉਂ ਪ੍ਰਸ਼ਾਦ ਵੰਡਿਆ। ਲੇਕਿਨ ਇਹ ਗੱਲ ਸਮਝ 'ਚ ਆਉਂਦੀ ਹੈ ਕਿ ਗੁਰੂ ਮਹਾਰਾਜ ਇਨ੍ਹਾਂ ਨੂੰ ਕਿਸੇ ਨੂੰ ਨਹੀਂ ਸੀ ਜਾਣਦੇ ਤੇ ਨਾਮ ਲੈ-ਲੈ ਕੇ ਬਿਠਾਏ ਨੇ। ਅਰ ਬਿਠਾਏ ਵੀ ਦਰਜਾ-ਬ-ਦਰਜਾ। ਬੜੀ ਮਨਾਂ ਦੇ ਅੰਦਰ ਚਾਹ ਸੀ ਸਾਰਿਆਂ ਦੇ। ਸ਼ਰਧਾ ਜਾਗ ਪਈ ਕਿ ਗੁਰੂ ਮਹਾਰਾਜ ਤਾਂ ਸਮਰੱਥ ਨੇ। ਜਿਹੜੇ ਕਮਜ਼ੋਰ ਸੀ, ਜਿਨ੍ਹਾਂ ਦੇ ਧੁੜਕੂ ਸੀ ਪਹਿਲਾਂ ਕਿ ਬੜੇ-ਬੜੇ ਪੀਰ ਆ ਗਏ, ਗੁਰੂ ਸਾਹਿਬ ਦੀ ਉਮਰ ਛੋਟੀ ਹੈ ਉਹ ਵੀ ਦ੍ਰਿੜ੍ਹ ਚਿੱਤ ਹੋ ਗਏ। ਹੱਥ ਧੋ ਲਏ ਉਨ੍ਹਾਂ ਨੇ, ਪ੍ਰਸ਼ਾਦ ਛਕ ਕੇ ਧੁਆ ਦਿਤੇ ਗਏ।

ਮਹਾਰਾਜ ਜੀ ਨੇ ਕਿਹਾ ਦੱਸੋ ਤੁਹਾਡੇ ਆਉਣ ਦਾ ਕੀ ਮੰਤਵ ਹੈ? ਉਸ ਵੇਲੇ ਸਾਰਿਆਂ ਨੇ ਕਿਹਾ ਕਿ ਆਪਾਂ ਹੁਣ ਗੁਰੂ ਮਹਾਰਾਜ ਨਾਲ ਚਰਚਾ ਕਰੀਏ। ਇਕ ਚਰਚਾ ਹੁੰਦੀ ਹੈ ਕਿ ਇਕ ਕੁਚਰਚਾ ਹੁੰਦੀ ਹੈ, ਐਵੇਂ ਹੀ ਗੱਲਾਂ ਫਜ਼ੂਲ ਕਰਨੀਆਂ, ਉਸ ਵੇਲੇ ਗੁਰੂ ਮਹਾਰਾਜ ਕਹਿਣ ਲੱਗੇ ਕਿ ਅੱਛਾ, ਤੁਸੀਂ ਜੋ ਪੁੱਛਣਾ ਚਾਹੁੰਦੇ ਓਂ, ਪੁਛੋ। ਜਮੁਨਾ ਦੇ ਕਿਨਾਰੇ ਬੈਠੇ ਸੀ, ਸੁੱਕੇ ਅਸਮਾਨ ਬਿਜਲੀ ਕੜਕੀ, ਪੂਰੇ ਜੋਰ ਨਾਲ ਕੜਕੜਾਹਟ ਹੋਈ। ਦੇਖਿਆ ਕਿ ਇਹ ਤਾਂ ਬਿਲਡਿੰਗ ਢਾਹ ਦਏਗੀ ਕੋਈ। ਕਿੱਥੇ ਗਿਰੀ ਹੋਣੀ ਇਹ ਬਿਜਲੀ। ਅਜੇ ਨਿਗ੍ਹਾ ਸਾਰੇ ਦਰਿਆ ਵਲ ਨੂੰ ਕਰ ਰਹੇ ਸੀ, ਤਾਂ ਕੀ ਦੇਖਦੇ ਨੇ ਕਿ ਪਾਣੀ ਦੇ ਉਤੇ ਇਕ ਰੋਸ਼ਨੀ ਦੀ ਮੂਰਤ ਬੀਬੀ ਦੇ ਰੂਪ ਵਿਚ ਤੁਰੀ ਆ ਰਹੀ ਹੈ ਤੇ ਨਾਲ ਦੀ ਨਾਲ ਆਵਾਜ਼ ਸੁਣਾਈ ਦੇਣ ਲੱਗ ਗਈ। ਪੜ੍ਹੋ ਪਿਆਰ ਨਾਲ -

*ਧਾਰਨਾ - ਗੁਰਾਂ ਦੇ ਦਰਸ਼ਨ ਤਾਈਂ*
*ਮੇਰਾ ਮਨ ਲੋਚਦਾ।*
*ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥*
*ਬਿਲਪ ਕਰੇ ਚਾਤ੍ਰਿਕ ਕੀ ਨਿਆਈ॥*
*ਤ੍ਰਿਖਾ ਨ ਉਤਰੈ ਸਾਂਤਿ ਨ ਆਵੈ*
*ਬਿਨੁ ਦਰਸਨੁ ਸੰਤ ਪਿਆਰੇ ਜੀਉ॥*
*ਹਉ ਘੋਲੀ ਜੀਉ ਘੋਲਿ ਘੁਮਾਈ*
*ਗੁਰ ਦਰਸਨ ਸੰਤ ਪਿਆਰੇ ਜੀਉ॥*
*ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ॥*
*ਚਿਰੁ ਹੋਆ ਦੇਖੇ ਸਾਰਿੰਗ ਪਾਣੀ॥*
*ਧੰਨੁ ਸੁ ਦੇਸੁ ਜਹਾ ਤੂੰ ਵਸਿਆ*
*ਮੇਰੇ ਸਜਣ ਮੀਤ ਮੁਰਾਰੇ ਜੀਉ॥*
*ਹਉ ਘੋਲੀ ਹਉ ਘੋਲਿ ਘੁਮਾਈ*
*ਗੁਰ ਸਜਣ ਮੀਤ ਮੁਰਾਰੇ ਜੀਉ॥*

*(ਸ਼ਬਦ ਹਜ਼ਾਰੇ)*

ਸਾਰਿਆਂ ਦਾ ਧਿਆਨ ਓਸ ਪਾਸੇ ਚਲਿਆ ਗਿਆ, ਉਹ ਬੀਬੀ ਹੌਲੀ-ਹੌਲੀ ਪਾਣੀ ਦੇ ਉਤੇ ਚਲਦੀ-ਚਲਦੀ, ਗੁਰੂ ਸਾਹਿਬ ਵਲ ਨੂੰ ਵਧ ਰਹੀ ਹੈ, ਜਮੁਨਾ ਦੇ ਉਤੋਂ ਦੀ। ਹੈਰਾਨ ਹੋ ਗਏ ਕਿ ਇਹ ਕੌਣ ਹੋ ਸਕਦਾ ਹੈ? ਇਹ ਫਰਿਸ਼ਤਾ ਹੈ ਕੌਣ ਹੈ? ਕਿਉਂਕਿ ਰੌਸ਼ਨੀ ਹੀ ਰੌਸ਼ਨੀ ਦੀਆਂ ਉਹਦੇ ਆਲੇ-ਦੁਆਲੇ ਤੋਂ ਕਿਰਨਾਂ ਨਿਕਲ ਰਹੀਆਂ ਨੇ। ਐਸਾ ਸੁੰਦਰ ਵਜੂਦ ਕਦੇ ਵੀ ਕਿਸੇ ਨੇ ਨਹੀਂ ਸੀ ਦੇਖਿਆ। ਦੇਖਣ ਵਾਸਤੇ ਦਿਸਦਾ ਹੈ, ਐਪਰਨ ਪਹਿਨਿਆ ਹੋਇਆ ਹੈ, ਜਿਹੜਾ ਪਿਛਲਾ ਦੁਪੱਟਾ ਹੈ ਪਾਣੀ ਦੇ ਨਾਲ ਛੂੰਹਦਾ ਆ ਰਿਹਾ ਹੈ। ਚੋਲਾ ਪੈਰਾਂ ਤੱਕ ਪਹਿਨਿਆ ਹੋਇਆ ਹੈ ਤੇ ਨਿਰਾ ਸਫੈਦ ਚਾਨਣਾ ਹੈ। ਬੜਾ ਅਚੰਭਾ ਹੋਇਆ, ਸਭ ਕੁਛ ਭੁੱਲ ਗਏ ਜਿਹੜੇ ਆਏ ਸੀ ਗੁਰੂ ਮਹਾਰਾਜ ਨਾਲ ਚਰਚਾ ਕਰਨ ਵਾਸਤੇ। ਏਸ ਗੱਲ 'ਚ ਹੀ ਹੋ ਗਏ ਕਿ ਇਹ ਆ ਕੌਣ ਗਿਆ? ਇਹ ਬਹਿਸ਼ਤ 'ਚੋਂ ਆਇਆ ਹੈ, ਕਿਥੋਂ ਆਇਆ ਹੈ। ਉਹ ਬੀਬੀ ਹੌਲੀ-ਹੌਲੀ ਕਿਨਾਰੇ 'ਤੇ ਆ ਗਈ, ਉਸੇ ਲਟਕ ਦੇ ਵਿਚ ਤੁਰੀ ਆਉਂਦੀ ਨੇ ਗੁਰੂ ਮਹਾਰਾਜ ਦੇ ਸਾਮ੍ਹਣੇ ਆ ਕੇ ਨਮਸ਼ਕਾਰ ਕਰੀ।

ਗੁਰੂ ਮਹਾਰਾਜ ਨੇ ਆਦਰ ਕੀਤਾ ਤੇ ਨਾਲ ਹੁਕਮ ਕਰਿਆ ਕਿ ਬੇਟਾ ਜੀਓ! ਬੈਠ ਜਾਓ, ਐਥੇ ਬੈਠ ਜਾਓ। ਉਡੀਕ ਰਹੀ ਹੈ ਸਾਰੀ ਸੰਗਤ ਤੇ ਉਹ ਸਾਰੇ ਪੀਰ ਕਿ ਗੁਰੂ ਸਾਹਿਬ ਕੀ ਗੱਲ ਕਰਨਗੇ ਇਹਦੇ ਨਾਲ। ਕਹਿਣ ਲੱਗੇ, ਬੇਟਾ! ਤੁਹਾਡੇ ਆਉਣ ਦਾ ਕੀ ਕਾਰਨ ਹੈ? ਕਿਸ ਥਾਂ ਤੋਂ ਤੁਸੀਂ ਆਏ ਓਂ?

ਕਹਿਣ ਲੱਗੀ ਕਿ ਪਾਤਸ਼ਾਹ! ਤੁਸੀਂ ਤਾਂ ਘਟ-ਘਟ ਦੇ ਮਾਲਕ ਹੋਂ, ਮੈਂ ਤੁਹਾਡੇ ਕੋਲੋਂ ਹੀ ਆਈ ਹਾਂ ਕਿਸੇ ਹੋਰ ਮੰਡਲ ਦੇ ਵਿਚੋਂ ਜਿਥੇ ਤੁਸੀਂ ਬਿਰਾਜਮਾਨ ਹੋਂ, ਇਥੇ ਵੀ ਤੁਸੀਂ ਬਿਰਾਜਮਾਨ ਹੋਂ, ਉਥੇ ਵੀ ਤੁਸੀਂ ਬਿਰਾਜਮਾਨ ਹੋਂ।

ਕਾਰਨ ਪੁੱਛਿਆ ਕਿ ਤੁਹਾਡੇ ਆਉਣ ਦਾ ਕਾਰਨ ਕੀ ਹੈ?

ਕਹਿਣ ਲੱਗੀ, ਪਾਤਸ਼ਾਹ! ਸਰਗੁਣ ਸਰੂਪ ਦੇ ਅੰਦਰ ਦਰਸ਼ਨ ਕੀਤਿਆਂ ਨੂੰ ਦੇਰ ਹੋ ਗਈ ਸੀ ਤੇ ਨਿਰੰਕਾਰੀ ਗੁਰੂ ਦਾ ਜੋ ਰੂਪ ਹੈ, ਸਰਗੁਣ ਸਰੂਪ ਦੇ ਅੰਦਰ, ਉਸ ਦਾ ਮੈਂ ਦਰਸ਼ਨ ਕਰਨ ਵਾਸਤੇ -

***ਸਚ ਖੰਡਿ ਵਸੈ ਨਿਰੰਕਾਰੁ ॥***
***ਕਰਿ ਕਰਿ ਵੇਖੈ ਨਦਰਿ ਨਿਹਾਲ ॥ ਅੰਗ- ੮***

ਓਸ ਸੱਚਖੰਡ ਦੇ ਵਿਚੋਂ ਮਹਾਰਾਜ ਮੈਂ ਅੱਜ ਮਾਤ ਲੋਕ ਵਿਚ ਆਈ ਹਾਂ।

ਆਪ ਨੇ ਕਿਹਾ ਕਿ ਬੀਬਾ! ਆਪਣਾ ਪਰੀਚਾ ਦਿਓ, ਕੌਣ ਹੋ ਤੁਸੀਂ?

ਕਹਿਣ ਲੱਗੀ ਮਹਾਰਾਜ! ਮੈਂ ਗੁਰੂ ਪੰਜਵੇਂ ਪਾਤਸ਼ਾਹ, ਪੰਜਵੇਂ ਗੁਰੂ ਨਾਨਕ ਦੇ ਵੇਲੇ ਜਦੋਂ ਸਰੋਵਰ ਦੀ ਕਾਰਸੇਵਾ ਹੁੰਦੀ, ਸਰੀਰਕ ਤੌਰ ਤੇ ਮੈਂ ਕਾਬਲ ਵਿਚ ਰਿਹਾ ਕਰਦੀ ਸੀ। ਮੇਰੇ ਜਿਹੜੇ ਪਤੀ ਦੇ ਪਿਤਾ ਜੀ ਸੀ, ਉਨ੍ਹਾਂ ਨੂੰ ਗੁਰੂ ਨਾਨਕ ਪਾਤਸ਼ਾਹ ਤੋਂ ਸਿੱਖੀ ਪ੍ਰਾਪਤ ਹੋਈ ਸੀ। ਨਾਮ ਦੀ ਦਾਤ ਮਿਲੀ, ਪੂਰਨ ਪਰਵਾਨ ਪੁਰਖ ਹੋ ਗਏ ਉਹ। ਘਰ ਵਿਚ ਸਿੱਖੀ ਸੀ ਤੇ ਜਿੱਥੇ ਮੇਰੀ ਸ਼ਾਦੀ ਹੋਈ ਮੇਰੇ ਪਤੀ ਪੂਰਨ ਗੁਰਮੁਖ, ਹਰ ਵਕਤ ਪ੍ਰਮੇਸ਼ਰ ਦੀ ਯਾਦ ਵਿਚ ਰਹਿਣ ਵਾਲੇ, ਕੋਈ ਸਮਾਂ ਨਹੀਂ ਸੀ ਜਿਸ ਵਕਤ ਉਹ ਇਕ ਛਿਨ ਮਾਤਰ ਵਾਸਤੇ ਵੀ ਪ੍ਰਮੇਸ਼ਰ ਨੂੰ ਭੁੱਲ ਜਾਣ ਤੇ ਉਨ੍ਹਾਂ ਦੇ ਪਿਆਰ ਨੂੰ ਜੇ ਮੈਂ ਰੂਪਮਾਨ ਕਰਨਾ ਚਾਹਾਂ ਤਾਂ ਐਸ ਤਰ੍ਹਾਂ ਨਾਲ ਬੇਨਤੀ ਹੈ। ਪੜ੍ਹੋ ਪਿਆਰ ਨਾਲ –

***ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥***
***ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥***
***ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥***
***ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥***
***ਤਿਉ ਸੰਤ ਜਨਾ ਹਰਿ ਪ੍ਰੀਤਿ ਹੈ***
***ਦੇਖਿ ਦਰਸ ਅਘਾਵੈ ॥ ਅੰਗ - ੭੦੮***

ਪਾਤਸ਼ਾਹ! ਆਪ ਦੇ ਚਰਨਾਂ ਨਾਲ ਐਨੀ ਪ੍ਰੀਤ ਸੀ ਜਿੰਨੀ ਮੱਛੀ ਦੀ ਪਾਣੀ ਨਾਲ ਹੋਇਆ ਕਰਦੀ ਹੈ, ਹਰ ਵਕਤ ਅਭੇਦ ਅਵਸਥਾ ਦੇ ਮੇਰੇ ਪਤੀ ਗੁਰਸਿੱਖ ਆਪ ਦੇ ਨਾਲ ਜੁੜੇ ਰਹਿੰਦੇ ਸੀ। ਪਾਤਸ਼ਾਹ! ਮੈਂ ਉਨ੍ਹਾਂ ਦੀ ਸੇਵਾ ਪ੍ਰਮੇਸ਼ਰ ਰੂਪ ਸਮਝ ਕੇ ਕਰਿਆ ਕਰਦੀ ਸੀ। ਸਭ ਕੁਛ ਦੁਨੀਆਂ ਦਾ ਜੋ ਮਾਲਕ ਹੈ, ਇਹ ਮੈਂ ਸਮਝ ਕੇ ਉਨ੍ਹਾਂ ਦੀ ਸੇਵਾ ਕਰਿਆ ਕਰਦੀ ਸੀ ਜਿਥੇ ਮੇਰੀ ਪਤੀ ਭਾਵਨਾ ਸੀ ਨਾਲ ਮੇਰੀ ਇਹ ਵੀ ਭਾਵਨਾ ਸੀ ਕਿ ਇਹ ਪ੍ਰਮੇਸ਼ਰ ਹੈ ਮੇਰੇ ਵਾਸਤੇ। ਪਾਤਸ਼ਾਹ! ਜਿਸ ਵਕਤ ਸਰੋਵਰ ਦੀ ਸੇਵਾ ਸ਼ੁਰੂ ਹੋਈ, ਬਹੁਤ ਦੂਰ-ਦੂਰ ਤੋਂ ਸੰਗਤਾਂ ਆਈਆਂ, ਇਥੇ ਤੱਕ ਕਿ ਅਕਾਲਪੁਰਖ ਨੇ ਵੀ ਸਰੀਰਧਾਰੀ ਹੋ ਕੇ, ਦਰਬਾਰ ਸਾਹਿਬ ਜਿਥੇ ਬਣਿਆ ਹੋਇਆ ਹੈ ਅੱਜਕਲ੍ਹ, ਇਹ ਥਾਂ ਖੁਣਿਆ ਨਹੀਂ ਸੀ ਜਾਂਦਾ ਐਨੀ ਸਖਤ ਮਿੱਟੀ ਸੀ। ਮਹਾਰਾਜ ਜੀ ਨੂੰ ਕਹਿਣ ਲੱਗੇ ਕਿ ਸੱਚੇ ਪਾਤਸ਼ਾਹ! ਥਾਂ ਖੁਣਿਆ ਨਹੀਂ ਜਾ ਰਿਹਾ। ਕਹਿੰਦੇ, ਕੱਲ੍ਹ ਨੂੰ ਕਰ ਦਿਓ, ਹੁਣ ਤੁਸੀਂ ਗੈਂਤੀਆਂ ਲੈ ਆਓ, ਬੰਦ ਕਰ ਲਿਓ। ਹੋਰ ਪਾਸੇ ਲਗ ਜਾਓ। ਦੂਜੇ ਦਿਨ ਅਜੇ ਕੋਈ ਸੰਗਤ ਨਹੀਂ ਸੀ ਆਈ, ਕੀ ਦੇਖਦੇ ਨੇ ਕਿ ਬਹੁਤ ਸਾਰੀ ਸੰਗਤ ਅਜੀਬੋ ਗਰੀਬ ਵਸਤਰ ਪਹਿਨੇ ਹੋਏ ਨੇ, ਉਹ ਐਉਂ ਮਿੱਟੀ ਪੁੱਟ ਰਹੇ ਨੇ ਜਿਵੇਂ ਰੇਤਾ ਭਰ-ਭਰ ਚੁੱਕੀ ਜਾਈਦਾ ਹੈ। ਮਹਾਰਾਜ ਜੀ ਕੋਲ ਆਏ ਕਹਿਣ ਲੱਗੇ ਕਿ ਸੱਚੇ ਪਾਤਸ਼ਾਹ! ਬੜੀ ਅਜੀਬ ਗੱਲ ਹੈ ਅਸੀਂ ਕੱਲ੍ਹ ਗੈਂਤੀਆਂ ਮਾਰਦੇ ਸੀ, ਦੋ ਉਂਗਲ ਹੀ ਮਿੱਟੀ ਪੁੱਟ ਹੁੰਦੀ ਸੀ ਗੈਂਤੀ ਨਾਲ। ਉਹ ਤਾਂ ਐਉਂ ਚੁੱਕ ਰਹੇ ਨੇ ਜਿਵੇਂ ਕੱਕਾ ਰੇਤਾ ਚੁੱਕ-ਚੁੱਕ ਸੁੱਟੀ ਜਾਈਦਾ ਹੈ। ਇਹ ਮਿੱਟੀ ਨਰਮ ਕਰ ਦਿਤੀ ਆਪ ਨੇ ਕ੍ਰਿਪਾ ਨਾਲ ਕਿ ਹੋਰ ਗੱਲ ਹੈ।

ਉਸ ਵੇਲੇ ਮਹਾਰਾਜ ਕਹਿਣ ਲੱਗੇ, ਪਿਆਰਿਓ! ਇਹ ਜੋ ਮਹਾਨ ਤੀਰਥ ਪ੍ਰਗਟ ਹੋ ਰਿਹਾ ਹੈ, ਕਲਜੁਗ ਦੇ ਲੋਕਾਂ ਦਾ ਉਧਾਰ ਕਰਨ ਵਾਸਤੇ ਇਹਦੇ ਵਿਚ ਆਪ ਬ੍ਰਹਮਾ, ਵਿਸ਼ਨੂੰ, ਮਹੇਸ਼ ਸਾਰੇ ਹੀ ਦੇਵਤੇ ਰੂਪਧਾਰੀ ਹੋ ਕੇ ਹਰੀ ਦੇ ਨਾਲ ਆ ਕੇ, ਆਪਣੇ ਹੱਥਾਂ ਨਾਲ ਆ ਕੇ ਸੇਵਾ ਕਰ ਰਹੇ ਨੇ।

***........ਹਰਿ ਕੰਮੁ ਕਰਾਵਣਿ ਆਇਆ ਰਾਮ ॥***
***ਅੰਗ - ੭੮੩***

ਸੋ ਕਹਿਣ ਲੱਗੀ ਕਿ ਮਹਾਰਾਜ! ਜਦੋਂ ਇਹ ਬਚਨ ਉਡਦੇ-ਉਡਦੇ ਸਾਡੇ ਕੋਲ ਗਏ ਤਾਂ ਮੇਰੇ ਮਨ ਵਿਚ ਸੇਵਾ ਦਾ ਚਾਉ ਜਾਗਿਆ ਤੇ ਮਨ ਵਿਚ ਨਾਲ ਖਿਆਲ ਆਇਆ ਕਿ ਜੇ ਪਤੀ ਦੇਵ ਮੈਨੂੰ ਇਜਾਜ਼ਤ ਦੇਣ ਤਾਂ ਮੈਂ ਜਾਵਾਂ। ਉਨ੍ਹਾਂ ਦੇ ਚਰਨਾਂ 'ਚ ਮੈਂ ਬੇਨਤੀ ਕਰੀ ਕਿ ਮਹਾਰਾਜ! ਮੈਨੂੰ ਸੇਵਾ ਕਰਨ ਦੀ ਆਗਿਆ ਦੇਵੋ ਅਤੇ ਨਾਲ ਇਹ ਵੀ ਆਗਿਆ ਦੇਵੋ ਕਿ ਮੈਂ ਸ਼ਬਦ ਦੀ ਸਵਾਰੀ 'ਤੇ ਜਾ ਸਕਾਂ। ਮਿਹਰਵਾਨ ਸੀ ਮੇਰੇ ਉਪਰ ਮੇਰੇ ਪਤੀ ਤੇ ਆਗਿਆ ਮਿਲ ਗਈ ਤੇ ਮੈਂ ਰੋਜ਼ ਸੇਵਾ ਵਿਚ ਆ ਜਾਣਾ। ਗੁਰਸਿੱਖਾਂ ਨੂੰ ਜੋ ਸੇਵਾ ਕਰਦੇ ਸੀ, ਮੇਰੇ ਰੋਜ਼-ਰੋਜ਼ ਆਉਣ ਤੋਂ ਕੁਝ ਸ਼ੰਕੇ ਹੋਏ, ਕੁਝ ਜਾਨਣ ਦੀ ਉਤਕੰਠਾ ਉਨ੍ਹਾਂ ਦੇ ਮਨਾਂ 'ਚ ਪੈਦਾ ਹੋਈ। ਕਿਉਂਕਿ ਮੈਂ ਜਦੋਂ ਟੋਕਰੀ ਸੁੱਟਦੀ ਸੀ, ਦੋ ਤਿੰਨ ਟੋਕਰੀਆਂ ਸੁੱਟਣ ਤੋਂ ਬਾਅਦ ਮੈਂ ਹਵਾ ਦੇ ਵਿਚ ਐਉਂ ਹੱਥ ਹਿਲਾਉਂਦੀ ਸੀ ਜਿਵੇਂ ਝੂਟਾ ਦਿੰਦੀ ਹੁੰਦੀ ਹਾਂ। ਉਨ੍ਹਾਂ ਨੇ ਗੁਰੂ ਪੰਜਵੇਂ ਪਾਤਸ਼ਾਹ ਨੂੰ ਬੇਨਤੀ ਕੀਤੀ। ਪਾਤਸ਼ਾਹ! ਇਕ ਬੀਬੀ ਪਤਾ ਨਹੀਂ ਕਿੱਥੋਂ ਆਉਂਦੀ ਹੈ, ਅਸੀਂ ਬੜੀ ਨਿਗ੍ਹਾ ਰੱਖਦੇ ਹਾਂ, ਜਿਸ ਵਕਤ ਸੰਗਤਾਂ ਤਸੱਲੇ ਤੇ ਕਹੀਆਂ ਇਕੱਠੇ ਕਰ ਰਹੇ ਹੁੰਦੇ ਨੇ, ਉਹ ਵੀ ਆਪਣਾ ਤੱਸਲਾ ਲਿਆ ਕੇ ਜਮ੍ਹਾਂ ਕਰਾਉਂਦੀ ਹੈ, ਉਸ ਤੋਂ ਬਾਅਦ ਚਾਰ ਕੁ ਕਦਮ ਜਾਂਦੀ ਦਿਸਦੀ ਹੈ, ਫੇਰ ਦਿਸਦੀ ਨਹੀਂ। ਪਾਤਸ਼ਾਹ! ਇਕ ਤਾਂ ਇਹ ਸਮਝ ਵਿਚ ਨਹੀਂ ਆ ਰਿਹਾ, ਦੂਜਾ ਉਹ ਚਾਰ ਕੁ ਤੱਸਲੇ ਸੁੱਟਣ ਤੋਂ ਬਾਅਦ ਹਵਾ 'ਚ ਹੱਥ ਹਿਲਾਉਂਦੀ ਹੈ। ਲਗਦੀ ਐਉਂ ਹੈ ਜਿਵੇਂ ਝੂਟਾ ਦੇ ਰਹੀ ਹੈ। ਮਹਾਰਾਜ ਜੀ ਨੇ ਕਿਹਾ ਕਿ ਬੀਬੀ, ਨੂੰ ਰੋਕ ਲਓ। ਹੁਕਮ ਸੁਣਾ ਦਿਤਾ ਕਿ ਅੱਜ ਮਹਾਰਾਜ ਜੀ ਨੂੰ ਮਿਲ ਕੇ ਜਾਣਾ।

ਜਦੋਂ ਕਾਰਸੇਵਾ ਖਤਮ ਹੋਈ ਉਸ ਵੇਲੇ ਮਹਾਰਾਜ ਜੀ ਦੇ ਦਰਬਾਰ ਵਿਚ ਜਾ ਕੇ ਉਸ ਨੇ ਨਮਸਕਾਰ ਕਰੀ। ਦਸਤਬਸਤਾ, ਦੋਵੇਂ ਹੱਥ ਬੰਨ੍ਹ ਕੇ ਸਾਵਧਾਨ ਹੋ ਕੇ ਸਾਮ੍ਹਣੇ ਖੜ੍ਹੀ ਹੋ ਗਈ। ਮਹਾਰਾਜ ਕਹਿੰਦੇ ਬੇਟਾ ਜੀ ਕਿੱਥੋਂ ਆਇਆ ਕਰਦੇ ਓਂ ਤੇ ਕਿੱਥੇ ਤੁਸੀਂ ਜਾਇਆ ਕਰਦੇ ਓਂ ਤੇ ਹਵਾ ਵਿਚ ਤੁਸੀਂ ਹੱਥ ਕਿਉ ਹਿਲਾਇਆ ਕਰਦੇ ਓਂ? ਇਹ ਸੰਗਤ ਜਾਨਣਾ ਚਾਹੁੰਦੀ ਹੈ?

ਬੇਨਤੀ ਕਰੀ ਕਿ ਪਾਤਸ਼ਾਹ! ਤੁਸੀਂ ਤਾਂ ਸਭ ਕੁਛ ਜਾਣਦੇ ਓਂ, ਤੁਹਾਡੀ ਇਜਾਜ਼ਤ ਨਾਲ ਹੀ ਸਾਰਾ ਕੁਛ ਹੋ ਰਿਹਾ ਹੈ, ਮੈਂ ਤਾਂ ਕੁਛ ਨਹੀਂ ਕਰ ਰਹੀ। ਨਹੀਂ, ਫੇਰ ਵੀ ਬੇਟਾ ਤੁਸੀਂ ਸੰਗਤ ਦੀ ਗਿਆਤ ਲਈ ਸਭ ਕੁਛ ਦੱਸੋ। ਕਹਿਣ ਲੱਗੀ, ਸੱਚੇ ਪਾਤਸ਼ਾਹ! ਮੇਰੇ ਪਤੀ ਦੇਵ ਨੇ ਉਨ੍ਹਾਂ ਦੇ ਪਿਤਾ ਜੀ ਨੂੰ ਗੁਰੂ ਨਾਨਕ ਪਾਤਸ਼ਾਹ ਤੋਂ ਮੰਤਰ ਮਿਲਿਆ ਹੈ। ਓਸ ਮੰਤਰ ਦੀ ਕਮਾਈ ਕਰਕੇ ਉਹ ਪ੍ਰਵਾਨ ਪੁਰਖ ਹਨ, ਪ੍ਰਮੇਸ਼ਰ ਦੇ ਨਾਲ ਲੀਨ ਹੋ ਗਏ।

ਉਨ੍ਹਾਂ ਦੇ ਜੋ ਪੁੱਤਰ ਮੇਰੇ ਪਤੀ ਦੇਵ ਨੇ, ਉਨ੍ਹਾਂ ਨੇ ਵੀ ਬੜੀ ਭਗਤੀ ਕੀਤੀ, ਬਹੁਤ ਕਮਾਈ ਕੀਤੀ। ਉਹ ਵੀ ਆਪ ਦੇ ਨਾਲ ਹਰ ਵਕਤ ਅਭੇਦ ਅਵਸਥਾ ਦੇ ਵਿਚ ਜੁੜੇ ਰਹਿੰਦੇ ਨੇ। ਸੇਵਾ ਹੁੰਦੀ ਦੇਖ ਕੇ ਮੇਰੇ ਮਨ ਵਿਚ ਚਾਓ ਜਾਗਿਆ ਕਿ ਮੈਂ ਐਵੇਂ ਨਾ ਅਭਾਗ ਰਹਿ ਜਾਵਾਂ, ਸੇਵਾ ਜੁਗਾਂ ਤੋਂ ਬਾਅਦ ਸ਼ੁਰੂ ਹੋਈ ਹੈ। ਮੁੜ ਕੇ ਹੱਥ ਨਹੀਂ ਆਉਣੀ ਤੇ ਮਨ ਵਿਚ ਚਾਓ ਜਾਗਿਆ ਪਾਤਸ਼ਾਹ! ਮੈਨੂੰ ਮਜ਼ਬੂਰੀ ਸੀ ਕਿਉਂਕਿ ਸਾਰਾ ਕੰਮ ਘਰ ਦਾ ਆਪਣੇ ਪਤੀ ਨੂੰ ਸੰਭਾਲਣ ਦਾ, ਪ੍ਰਸ਼ਾਦਾ ਦੇਣ ਦਾ, ਹੋਰ ਸਾਰਾ ਕੰਮ ਮੇਰੇ ਜ਼ਿੰਮੇ ਸੀ, ਬੱਚੇ ਦੀ ਪਾਲਣਾ ਪੋਸ਼ਣਾ ਮੇਰੇ ਜ਼ਿੰਮੇ ਸੀ। ਸੋ ਮੈਂ ਬੇਨਤੀ ਕਰੀ ਕਿ ਮੇਰਾ ਮਨ ਸੇਵਾ ਕਰਨ ਨੂੰ ਕਰਦਾ ਹੈ। ਜੇ ਆਪ ਦੀ ਆਗਿਆ ਹੋਵੇ ਤਾਂ ਮੈਂ ਸੇਵਾ ਕਰ ਆਇਆ ਕਰਾਂ। ਕਹਿਣ ਲੱਗੇ, ਕਿ ਫੇਰ ਜਾਇਆ ਕਿਵੇਂ ਕਰੋਗੇ? ਮੈਂ ਕਿਹਾ ਕਿ ਆਪ ਦੀ ਸੇਵਾ ਕਰਨ ਦੇ ਨਾਲ ਮੇਰੇ ਵਿਚ ਪ੍ਰਮੇਸ਼ਰ ਨੇ ਇਹ ਸ਼ਕਤੀ ਬਖਸ਼ ਦਿਤੀ ਹੈ ਕਿ ਮੈਂ ਵਾਹਿਗੁਰੂ ਕਹਿ ਕੇ ਜਿਥੇ ਮਰਜ਼ੀ ਦੁਨੀਆਂ ਭਰ 'ਚ ਜਾਵਾਂ, ਇਕ ਦੂਸਰਾ ਕਦਮ ਮੇਰਾ ਉਥੇ ਹੋਇਆ ਕਰੇਗਾ। ਉਹ ਜਾਣਦੇ ਸੀ, ਇਹ ਵੀ ਜਾਣਦੇ ਸੀ ਕਿ ਨਿਰਅਭਿਮਾਨ ਹੋ ਕੇ ਬਾਤਚੀਤ ਕਰ ਰਹੀ ਹੈ। ਕੋਈ ਹਉਮੈ ਦੇ ਨਾਲ ਸ਼ਕਤੀ ਦਾ ਪ੍ਰਯੋਗ ਨਹੀਂ ਕਰ ਰਹੀ। ਦਿਖਾ ਨਹੀਂ ਰਹੀ। ਕਹਿਣ ਲੱਗੇ, ਬੱਚਾ? ਮੈਂ ਕਿਹਾ, ਬੱਚਾ ਮੈਂ ਪਾ ਦਿਆ ਕਰਾਂਗੀ, ਦੁੱਧ ਚੁੰਘਾ ਕੇ, ਉਸ ਤੋਂ ਬਾਅਦ ਇਹ ਸੁੱਤਾ ਰਹਿੰਦਾ ਹੈ ਬਹੁਤ ਦੇਰ ਤੱਕ, ਝੂਟਾ ਮੈਂ ਦੇ ਦਿਆ ਕਰਾਂਗੀ। ਤੁਸੀਂ ਆਪਣਾ ਕਾਰੋਬਾਰ ਜੋ ਵੀ ਬਿਜਨਸ ਦਾ ਹੈ ਉਹ ਕਰਦੇ ਰਹੋ, ਉਹਦਾ ਤੁਹਾਨੂੰ ਕੋਈ ਫਿਕਰ ਨਹੀਂ ਹੋਏਗਾ। ਮੇਰੀ ਨਿਗ੍ਹਾ 'ਚ ਰਹੇਗਾ ਬੱਚਾ ਹਰ ਵਕਤ ਉਥੇ। ਜੇ ਇਹ ਰੋਇਆ ਫੇਰ ਮੈਂ ਆ ਕੇ ਦੁੱਧ ਵੀ ਚੁੰਘਾ ਸਕਦੀ ਹਾਂ। ਫੇਰ ਜਾ ਸਕਦੀ ਹਾਂ। ਸੋ ਸੱਚੇ ਪਾਤਸ਼ਾਹ! ਮੈਂ ਇਸ ਤਰ੍ਹਾਂ ਦੇ ਨਾਲ ਆ ਜਾਇਆ ਕਰਦੀ ਸੀ ਤੇ ਬੱਚਾ ਜਿਸ ਵਕਤ ਮੈਂ ਦੇਖਦੀ ਸੀ ਕਿ ਉਠ ਨਾ ਜਾਏ ਮੈਂ ਝੂਟਾ ਦਿੰਦੀ ਸੀ ਤੇ ਉਹਦਾ ਪਘੂੰੜਾ ਹਿਲਦਾ ਰਹਿੰਦਾ ਸੀ ਤੇ ਬੱਚਾ ਪਿਆ ਰਹਿੰਦਾ ਸੀ।

ਸੋ ਗੁਰੂ ਮਹਾਰਾਜ ਨੇ ਉਸ ਵੇਲੇ ਸਾਰੀ ਸੰਗਤ ਨੂੰ ਕਿਹਾ ਕਿ ਸਾਧਸੰਗਤ ਜੀ! ਜਿਹੜਾ ਵੀ ਸੱਚੇ ਦਿਲ ਨਾਲ ਪ੍ਰਮੇਸ਼ਰ ਵਲ ਲਗ ਜਾਂਦਾ ਹੈ, ਪ੍ਰਮੇਸ਼ਰ ਦੇ ਘਰੋਂ ਉਸ ਨੂੰ ਬਰਕਤਾਂ ਹੀ ਬਰਕਤਾਂ ਪ੍ਰਾਪਤ ਹੋ ਜਾਇਆ ਕਰਦੀਆਂ ਨੇ, ਪਰ ਸੰਸਾਰ ਇਨ੍ਹਾਂ ਬਰਕਤਾਂ ਤੋਂ ਵਾਂਝਾ ਹੋ ਕੇ ਵਿਸ਼ੇ-ਵਿਕਾਰਾਂ ਦੇ ਵਿਚ ਪਿਆ ਹੋਇਆ, ਆਪਣਾ ਜੀਵਨ ਬਰਬਾਦ ਕਰ ਰਿਹਾ ਹੈ।

ਸੋ ਸੱਚੇ ਪਾਤਸ਼ਾਹ! ਉਸ ਤੋਂ ਬਾਅਦ ਹੁਕਮ ਦੇ ਅੰਦਰ ਮੈਂ ਸਰੀਰ ਛੱਡਿਆ ਤੇ ਮੈਨੂੰ ਗੁਰੂ ਨਾਨਕ ਪਾਤਸ਼ਾਹ ਦੀ ਦਰਗਾਹ ਦੇ ਵਿਚ ਵਾਸਾ ਮਿਲ ਗਿਆ। ਪੰਜਵੀਂ ਜੋਤ ਵੀ ਉਥੇ ਪਹੁੰਚੀ ਸੱਚੇ ਪਾਤਸ਼ਾਹ, ਮੇਰੇ ਮਨ ਵਿਚ ਫੁਰਨਾ ਆਇਆ ਕਿ ਮੈਂ ਅੱਜ ਗੁਰੂ ਨਾਨਕ ਦੇ ਛੇਵੇਂ ਸਰੂਪ ਦਾ ਦਰਸ਼ਨ ਕਰਾਂ। ਸੋ ਇਸ ਕਰਕੇ ਮੈਂ ਆਪ ਦੇ ਚਰਨਾਂ ਵਿਚ ਹਾਜ਼ਰ ਹੋਈ ਹਾਂ। ਕ੍ਰਿਪਾ ਕਰੋ ਮੈਨੂੰ ਪ੍ਰਸ਼ਾਦ ਦੀ ਦਾਤ ਦੇ ਦਿਓ। ਮੇਰੇ ਉਪਰ ਮਿਹਰ ਦਾ, ਮਸਤਕ ਉਪਰ ਹੱਥ ਰੱਖੋ ਪਾਤਸ਼ਾਹ, ਮੇਰੀ ਸਦਾ ਬਣੀ ਆਵੇ, ਮੇਰੇ ਉਪਰ ਮਾਇਆ ਨਾ ਪਵੇ।

ਉਸ ਵੇਲੇ ਇਜਾਜ਼ਤ ਦਿਤੀ ਮਹਾਰਾਜ ਜੀ ਨੇ, ਉਸੇ ਤਰ੍ਹਾਂ ਸ਼ਬਦ ਪੜ੍ਹਦੀ ਹੋਈ, ਦਰਿਆ ਦੇ ਵਿਚਾਲੇ ਚਲੀ ਗਈ ਤੇ ਉਥੇ ਉਸੇ ਤਰ੍ਹਾਂ ਬਿਜਲੀ ਕੜਕੀ, ਰੋਸ਼ਨੀ ਹੋਈ ਬਹੁਤ ਵੱਡੀ, ਓਸ ਰੋਸ਼ਨੀ ਦੀ ਲੀਕ ਜਿਹੜੀ ਸੀ ਦੂਰ ਤੱਕ ਨਜ਼ਰ ਆਉਂਦੀ ਹੈ ਤੇ ਉਸ ਤੋਂ ਬਾਅਦ ਬੰਦ ਹੋ ਗਈ। ਹੁਣ ਨਾ ਕੋਈ ਪੀਰ ਬੋਲਦਾ ਹੈ, ਨਾ ਕੋਈ ਮੌਲਵੀ ਬੋਲਦਾ ਹੈ, ਨਾ ਕੋਈ ਫਕੀਰ ਬੋਲਦਾ ਹੈ, ਬੋਲਣ ਤੋਂ ਹੀ ਰਹਿ ਗਏ ਕਿ ਗੁਰੂ ਸਾਹਿਬ ਤਾਂ ਆਪ ਧੁਰ ਦਰਗਾਹ ਦੇ ਅੱਲਾਹ ਤਾਲਾ ਨੇ, ਮਨੁੱਖ ਸਰੀਰ ਦੇ ਅੰਦਰ। ਇਥੇ ਗੱਲ ਕੀ ਕਰਨੀ ਹੈ, ਗੱਲ ਕਰਨੀ ਤਾਂ ਬੜੀ ਭਾਰੀ ਗੁਸਤਾਖੀ ਹੈ। ਓਸ ਵੇਲੇ ਸਾਰਿਆਂ ਨੇ ਸਿਜਦਾ ਕੀਤਾ, ਅਸੀਸਾਂ ਲਈਆਂ ਤੇ 'ਚਲੇ ਗਏ, ਜਹਾਂਗੀਰ ਨੂੰ ਦੱਸਿਆ ਕਿ ਬਾਦਸ਼ਾਹ! ਇਹ ਤਾਂ ਪੂਰਨ ਪੁਰਖ ਨੇ ਛੋਟੀ ਉਮਰ ਦੇ ਅੰਦਰ। ਅਸੀਂ ਇਨ੍ਹਾਂ ਦੇ ਮੁਕਾਬਲੇ 'ਤੇ ਕੁਛ ਵੀ ਨਹੀਂ ਹੈਗੇ। ਦੇਖੀਂ ਕੋਈ ਗੁਸਤਾਖੀ ਨਾ ਕਰ ਬੈਠੀਂ, ਗਲਤੀ ਨਾ ਕਰ ਬੈਠੀ। ਇਨ੍ਹਾਂ ਤੋਂ ਬਖਸ਼ਿਸ਼ ਲੈ ਲੇ। ਇਨ੍ਹਾਂ ਦੇ ਦਿਲਾਂ ਦੇ ਅੰਦਰ ਕੋਈ ਸ਼ਿਕਵਾ ਨਹੀਂ ਹੋਇਆ ਕਰਦਾ, ਕੋਈ ਵੈਰ ਨਹੀਂ ਹੋਇਆ ਕਰਦਾ। ਜਿਨ੍ਹਾਂ ਦੇ ਹਿਰਦੇ ਦੇ ਅੰਦਰ

ਵੈਰ ਭਾਵ ਹੈ ਉਹ ਚਾਹੇ ਕਿੱਡਾ ਹੀ ਨਾਉਂ ਹੈ ਉਹ ਇਕ ਮਾਮੂਲੀ ਜੀਵ ਹੈ, ਕੁਛ ਨਹੀਂ ਹੈ। ਜਿਹੜਾ ਗੁਰਸਿੱਖ ਹੈ, ਉਹਦਾ ਹਿਰਦਾ ਕਿੰਨਾ ਨਿਰਮਲ ਹੈ, ਗੁਰੂ ਮਹਾਰਾਜ ਜੀ ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ –

***ਧਾਰਨਾ – ਨਾ ਦਿਸੈ ਬੇਗਾਨਾ ਜੀ,***
***ਨਾ ਕੋਈ ਵੈਰੀ-ਨਾ ਕੋਈ ਵੈਰੀ।***
***ਬਿਸਰਿ ਗਈ ਸਭ ਤਾਤਿ ਪਰਾਈ ॥***
***ਜਬ ਤੇ ਸਾਧਸੰਗਤਿ ਮੋਹਿ ਪਾਈ॥***
***ਅੰਗ – ੧੨੯੯***

ਪੂਰਾ ਸਾਧੂ ਮਿਲ ਗਿਆ, ਉਸ ਨੇ ਅੰਦਰ ਗਿਆਨ ਦਾ ਪ੍ਰਕਾਸ਼ ਕਰਕੇ ਦਿਖਾ ਦਿਤਾ ਕਿ ਇਥੇ ਗੈਰ ਕੋਈ ਨਹੀਂ ਹੈ।

***ਨਾ ਕੋ ਬੈਰੀ ਨਹੀ ਬਿਗਾਨਾ***
***ਸਗਲ ਸੰਗਿ ਹਮ ਕਉ ਬਨਿ ਆਈ ॥***
***ਅੰਗ – ੧੨੯੯***

ਕਹਿਣ ਲੱਗੇ, ਬਾਦਸ਼ਾਹ! ਨਾ ਗੁਰਸਿੱਖਾਂ ਦੇ ਮਨ ਵਿਚ ਤੇਰੇ ਨਾਲ ਕੋਈ ਦ੍ਵੈਸ਼ ਹੈ। ਗੁਰੂ ਸਾਹਿਬ ਤਾਂ ਹਨ ਹੀ ਨਿਰਾ ਨੂਰਾ ਦਾ ਜੁੱਸਾ। ਉਥੇ ਵੈਰ ਭਾਵ ਤੇ ਮਾੜੀਆਂ ਗੱਲਾਂ ਦਾ ਥਾਉਂ ਹੀ ਨਹੀਂ ਹੈ। ਤੂੰ ਨਿਸ਼ਚਿੰਤ ਹੋ ਕੇ ਉਨ੍ਹਾਂ ਨਾਲ ਪਿਆਰ ਕਰ। ਬੜਾ ਖੁਸ਼ ਹੋਇਆ ਜਹਾਂਗੀਰ।

ਸੋ ਗੁਰੂ ਮਹਾਰਾਜ ਜੀ ਉਪਦੇਸ਼ ਸੰਗਤ ਨੂੰ ਦਿੰਦੇ ਨੇ, ਬਹੁਤ ਸੰਗਤਾਂ ਦਿੱਲੀ ਦੀਆਂ ਇਕੱਠੀਆਂ ਹੋ ਗਈਆਂ, ਸਾਰਿਆਂ ਦੇ ਮਨਾਂ ਵਿਚ ਖੁਸ਼ੀਆਂ ਨੇ ਕਿ ਜਹਾਂਗੀਰ ਦੇ ਮਨ ਵਿਚ ਜੋ ਸ਼ੱਕ ਸੀਗਾ ਉਹ ਸ਼ੱਕ ਦੂਰ ਹੋ ਗਿਆ। ਕਿਉਂਕਿ ਵਜ਼ੀਰਖਾਨ ਨੇ ਆ ਕੇ ਦੱਸਿਆ ਕਿ ਮਹਾਰਾਜ! ਐਸ ਵੇਲੇ ਜਹਾਂਗੀਰ ਦੇ ਮਨ ਵਿਚ ਕੋਈ ਦ੍ਵੈਸ਼ ਨਹੀਂ ਹੈ। ਆਪ ਜੀ ਦੀ ਕ੍ਰਿਪਾ ਚਾਹੁੰਦਾ ਹੈ। ਉਸ ਵੇਲੇ ਗੁਰੂ ਮਹਾਰਾਜ ਜੀ ਦੀ ਹਾਜ਼ਰੀ ਦੇ ਅੰਦਰ, ਜੋ ਮਜਨੂੰ ਦਾ ਗੁਰਦੁਆਰਾ ਹੈ, ਇਹਨੂੰ ਮਜਨੂੰ ਟਿੱਲਾ ਆਖਦੇ ਨੇ। ਕਿਉਂ ਇਹਦਾ ਨਾਉਂ ਮਜਨੂੰ ਟਿੱਲਾ ਪਿਆ ਕਿਉਂਕਿ ਇਥੇ ਇਕ ਸਾਧੂ ਰਹਿੰਦਾ ਸੀ, ਮਜਨੂੰ ਵਰਗਾ। ਸਰੀਰ ਸੁੱਕਿਆ ਹੋਇਆ ਬਹੁਤ ਤਪ ਕਰਦਾ ਸੀ ਤੇ ਉਹਨੂੰ ਲੋਕ ਮਜਨੂੰ ਕਹਿਣ ਲੱਗੇ ਤੇ ਉਹਦੇ ਨਾਉਂ ਦੇ ਉਤੇ ਮਜਨੂੰ ਦਾ ਟਿੱਲਾ ਪੈ ਗਿਆ। ਗੁਰੂ ਨਾਨਕ ਪਾਤਸ਼ਾਹ ਵੀ ਇਥੇ ਠਹਿਰੇ ਸੀ।

ਅੱਜ ਗੁਰੂ ਮਹਾਰਾਜ ਦੀ ਹਾਜ਼ਰੀ 'ਚ ਆਇਆ ਆ ਕੇ ਬੇਨਤੀ ਕਰਦਾ ਹੈ। ਕੁਛ ਪ੍ਰਸ਼ਨ ਕਰਦਾ ਹੈ –

***ਮਜਨੂ ਥਾਨ ਰਹਹਿ ਇਕ ਸੰਤ।***
***ਗੁਰੁ ਮੁਝਿ ਆਇ ਮਿਲੈਂ ਚਿਤਵੰਤਿ॥***
*(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, – ਪੰਨਾ 2450)*

ਬਹੁਤ ਦੇਰ ਤੋਂ ਚਿਤਵਦਾ ਸੀ ਕਿ ਮੈਨੂੰ ਗੁਰੂ ਮਹਾਰਾਜ ਦੇ ਦਰਸ਼ਨ ਹੋ ਜਾਣ।

***ਨਿਤਪ੍ਰਤਿ ਨੇਮ ਧਾਰਿ ਸਿਮਰੰਤਾ॥***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, – ਪੰਨਾ 2450***

ਨੇਮ ਧਾਰ ਕੇ ਹਰ ਵਕਤ ਗੁਰੂ ਮਹਾਰਾਜ ਨੂੰ ਖਿੱਚਦਾ ਰਹਿੰਦਾ ਸੀ। ਨੇਤਰਾਂ 'ਚੋਂ ਜਲ ਜਾਂਦਾ ਰਹਿੰਦਾ ਸੀ। ਖਾਣਾ-ਪੀਣਾ ਭੁਲਿਆ ਹੋਇਆ ਸੀ, ਹਰ ਵਕਤ ਗੁਰੂ ਮਹਾਰਾਜ ਨੂੰ ਪਿਆਰ ਦੇ ਨਾਲ ਖਿੱਚ ਪਾਉਂਦਾ ਰਹਿੰਦਾ ਸੀ ਤੇ ਮਨ ਵਿਚ ਉਸ ਦੇ ਇਕ ਸ਼ੰਕਾ ਸੀ ਕਿ ਮੈਨੂੰ ਗੁਰੂ ਮਹਾਰਾਜ ਮਿਲਣ ਤਾਂ ਮੈਂ ਆਪਣਾ ਸ਼ੰਕਾ ਨਵਿਰਤ ਕਰਾਂ। ਕਿਉਂਕਿ ਜੇ ਸ਼ੰਕਾ ਰਹਿ ਜਾਵੇ ਕਿਸੇ ਦੇ ਮਨ ਵਿਚ ਉਹ ਬਹੁਤ ਖਰਾਬੀ ਕਰਦਾ ਹੈ, ਚਾਹੇ ਦੁਨੀਆਂਦਾਰ ਬੰਦਾ ਹੈ, ਦੁਨੀਆਂਦਾਰ ਨਾਲ ਸ਼ੰਕਾ ਰਹਿ ਗਿਆ, ਚਾਹੇ ਰੂਹਾਨੀ ਬੰਦਾ ਹੈ, ਰੂਹਾਨੀਅਤ ਦੇ ਵਿਚ ਸ਼ੰਕਾ ਰਹਿ ਗਿਆ। ਸ਼ੰਕਾ ਇਕ ਬਹੁਤ ਵੱਡਾ ਪੜਦਾ ਹੋਇਆ ਕਰਦਾ ਹੈ, ਪਿਆਰ ਨਹੀਂ ਇਹ ਕਰਨ ਦਿਆ ਕਰਦਾ। ਨਾ ਇਹ ਰੱਬ ਨੂੰ ਮਿਲਣ ਦਿਆ ਕਰਦਾ ਹੈ, ਰੱਬ ਦੇ ਪਿਆਰਿਆ ਨੂੰ ਕਿਉਂਕਿ ਮਨ ਵਿਚ ਸ਼ੰਕਾ ਹੈ। ਉਹ ਆਪਣਾ ਸ਼ੰਕਾ ਦੂਰ ਕਰਨਾ ਚਾਹੁੰਦਾ ਸੀ –

***ਬੂਝੌਂ ਪ੍ਰਸ਼ਨ ਪੁਰਖ ਭਗਵੰਤਾ॥***
*(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ-2450)*

ਅੱਜ ਗੁਰੂ ਮਹਾਰਾਜ ਦੀ ਹਜ਼ੂਰੀ 'ਚ ਆ ਕੇ ਕਹਿਣ ਲੱਗਿਆ –

***ਹਾਥ ਜੋਰਿ ਕਰਿ ਬੂਝਨਿ ਕੀਨ।***
***ਉਰ ਸ਼ੰਸ਼ੈ ਮੁਝ ਕਰਹੁ ਸੁ ਹੀਨੇ।***
*(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 2450)*

ਮੇਰੇ ਹਿਰਦੇ ਦਾ ਜੋ ਸੰਸਾ ਹੈ ਉਹ ਦੂਰ ਕਰੋ ਪਾਤਸ਼ਾਹ, ਮੈਂ ਬੜਾ ਹੀ ਉਲਝਿਆ ਹੋਇਆ ਹਾਂ। ਮਹਾਰਾਜ ਕਹਿੰਦੇ ਕੀ ਸੰਸਾ ਹੈ ਪ੍ਰੇਮੀਆ? ਕਹਿੰਦਾ, ਆਹ ਜਿਹੜਾ ਦਿਸਣ ਵਾਲਾ ਜਗ ਹੈ ਇਹ ਸੱਚਾ ਹੈ ਕਿ ਝੂਠਾ ਹੈ? ਇਹ ਮੈਨੂੰ ਪਤਾ ਨਹੀਂ ਲਗਦਾ ਕਿ ਸੱਚਾ ਬਣਿਆ ਹੈ ਕਿ ਝੂਠਾ ਬਣਿਆ ਹੈ। ਮੇਰਾ ਨਿਸ਼ਚਾ ਕਿਸੇ ਗੱਲ 'ਤੇ ਨਹੀਂ ਆਇਆ, ਨਾ ਮੇਰੇ ਮਨ ਦੇ ਅੰਦਰ ਕੋਈ ਪੱਕਾ ਫੈਸਲਾ ਹੋਇਆ ਹੈ। ਪਾਤਸ਼ਾਹ! ਜੇ ਸੱਚਾ ਹੈ ਤਾਂ ਪਹਿਲਾਂ ਜਿਹੜੇ ਗਏ –

***ਫਰੀਦਾ ਕਿਥੈ ਤੈਡੇ ਮਾਪਿਆ***
***ਜਿਨ੍ਹੀ ਤੂ ਜਣਿਓਹਿ ॥***
***ਤੈ ਪਾਸਹੁ ਓਇ ਲਦਿ ਗਏ***
***ਤੂੰ ਅਜੈ ਨ ਪਤੀਣੋਹਿ॥ ਅੰਗ – ੧੩੮੧***

ਪੂਰਾਂ ਦੇ ਪੂਰ, ਉਹ ਕਿੱਥੇ ਚਲੇ ਗਏ? ਐਸ ਤਰ੍ਹਾਂ ਦੇ ਨਾਲ ਪ੍ਰਸ਼ਨ ਕਰਦਾ ਹੈ –

*ਧਾਰਨਾ - ਕਿੱਥੇ ਗਏ ਨੇ ਪੈਗੰਬਰ*
*ਪੀਰ ਅਉਲੀਏ,*
*ਦਿਸਦਾ ਨਾ ਕੋਈ ਜਗ 'ਤੇ।*

*ਏਕ ਸ਼ਿਵ ਭਏ ਏਕ ਗਏ ਏਕ ਫੇਰ ਭਏ,*
*ਰਾਮ ਚੰਦ੍ਰ ਕ੍ਰਿਸ਼ਨ ਕੇ*
*ਅਵਤਾਰ ਭੀ ਅਨੇਕ ਹੈਂ॥*
*ਬ੍ਰਹਮਾ ਅਰੁ ਬਿਸ਼ਨ ਕੇਤੇ*
*ਬੇਦ ਔ ਪੁਰਾਨ ਕੇਤੇ,*
*ਸਿੰਮ੍ਰਿਤਿ ਸਮੂਹਨ ਕੈ*
*ਹੁਇ ਹੁਇ ਬਿਤਾਏ ਹੈਂ॥*
*ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ,*
*ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ॥*
*ਪੀਰ ਔ ਪਿਕਾਂਬਰ ਕੇਤੇ*
*ਗਨੇ ਨ ਪਰਤ ਏਤੇ*
*ਭੂਮ ਹੀ ਤੇ ਹੁਇਕੈ*
*ਫੇਰੇ ਭੂਮ ਹੀ ਮਿਲਏ ਹੈਂ॥*
*(ਅਕਾਲ ਉਸਤਤਿ)*

ਕਿੱਡੇ ਵੱਡੇ-ਵੱਡੇ ਸੰਸਾਰ 'ਤੇ ਆਏ ਨੇ, ਪਰ ਜੇ ਇਹ ਸੰਸਾਰ ਸੱਚਾ ਹੁੰਦਾ ਤਾਂ ਉਹ ਫੇਰ ਵੀ ਨਜ਼ਰ ਆਉਂਦੇ। ਜਿਹੜਾ ਇਕ ਵਾਰੀ ਆ ਗਿਆ, ਮੁੜ ਕੇ ਤਾਂ ਉਹਦਾ ਨਾਮ ਨਿਸ਼ਾਨ ਨਹੀਂ ਰਹਿੰਦਾ। ਥੋੜ੍ਹੀ ਦੇਰ ਦੁਨੀਆਂ ਦੇ ਯਾਦ ਰਹਿੰਦਾ ਹੈ, ਫੇਰ ਹੌਲੀ-ਹੌਲੀ ਲੋਕ ਭੁੱਲ ਜਾਂਦੇ ਨੇ। ਇਹ ਵੀ ਅਰਬਾਂ-ਖਰਬਾਂ ਸਾਲ ਦੀ ਦੁਨੀਆਂ ਬਣੀ ਹੋਈ ਹੈ। ਮਿਟ ਜਾਂਦੇ ਨੇ ਨਿਸ਼ਾਨ ਸਾਰਿਆਂ ਦੇ। ਸੋ ਏਸ ਗੱਲ ਤੋਂ ਸੰਸਾਰ ਝੂਠਾ ਲਗਦਾ ਹੈ, ਜਦੋਂ ਸੱਚ ਦਿਸਦਾ ਹੈ ਹੱਥ ਲਾਉਂਦੇ ਹਾਂ, ਚੀਜ਼ ਨੂੰ ਹੱਥ ਲਗ ਜਾਂਦਾ ਹੈ ਸਾਡਾ, ਬੱਚਿਆਂ ਨੂੰ ਪਿਆਰ ਕਰਦਾ ਹੈ ਸੰਸਾਰ, ਉਨ੍ਹਾਂ ਨੂੰ ਪਿਆਰ ਦਾ ਜਵਾਬ ਪਿਆਰ ਨਾਲ ਆਉਂਦਾ ਹੈ, ਫੇਰ ਪਾਤਸ਼ਾਹ ਇਹ ਸੱਚਾ ਲਗਦਾ ਹੈ। ਆਪ ਨਿਰਣਾ ਕਰਕੇ ਦੱਸੋ ਕਿ ਇਹ ਸੱਚਾ ਹੈ ਕਿ ਝੂਠਾ ਹੈ? ਜੇ ਸੱਚਾ ਹੈ ਤਾਂ ਪਹਿਲਾਂ ਮਰੇ ਦਿਸਦੇ ਨਹੀਂ ਹਨ, ਜੇ ਝੂਠਾ ਹੈ ਤਾਂ ਪ੍ਰਤੱਖ ਦਿਸਦਾ ਹੈ। ਜੇ ਤੁਸੀਂ ਕਹੋ ਸੱਚਾ ਵੀ ਹੈ, ਝੂਠਾ ਵੀ ਹੈ ਤਾਂ ਇਹ ਦੋਵੇਂ ਵਿਰੋਧੀ ਗੱਲਾਂ ਨੇ। ਜਿਵੇਂ ਹਨ੍ਹੇਰਾ ਤੇ ਚਾਨਣਾ ਕਦੇ ਇਕੱਠੇ ਨਹੀਂ ਹੋ ਸਕਦੇ, ਇਵੇਂ ਜਿਵੇਂ ਜੇ ਕਹੋ ਨਾ ਕਿ ਇਹ ਸੱਚਾ ਵੀ ਹੈ, ਝੂਠਾ ਵੀ ਹੈ ਸੱਚੇ ਪਾਤਸ਼ਾਹ ਆਹੀ ਗੱਲ ਹੈ।

ਉਸ ਵੇਲੇ ਮਹਾਰਾਜ ਕਹਿਣ ਲੱਗੇ, ਸੰਤ ਜੀ! ਕੁਝ ਵਿਚਾਰ ਨਾਲ ਗੱਲ ਸਮਝ ਵਿਚ ਆ ਜਾਵੇਗੀ। ਤੁਸੀਂ ਧਿਆਨ ਦੇ ਨਾਲ ਸਰਵਣ ਕਰੋ। ਕਹਿੰਦੇ, ਇਹ ਜਿਹੜਾ ਤੁਸੀਂ ਸੰਸਾਰ ਦੇਖਦੇ ਓਂ ਨਾ ਇਹ ਓਨੀ ਦੇਰ ਤੱਕ ਸੱਚਾ ਨਜ਼ਰ ਆਉਂਦਾ ਹੈ, ਜਦ ਤਕ ਤੁਸੀਂ ਜਾਗ੍ਰਤ ਵਿਚ ਓਂ। ਜਦ ਘੂਕ ਨੀਂਦ ਵਿਚ ਚਲੇ ਜਾਂਦੇ ਓਂ, ਨਾ ਕੋਈ ਸੰਸਾਰ ਨਾ ਹੋਰ ਕੁਛ, ਦਿਸਦਾ ਹੀ ਨਹੀਂ ਕੁਛ। ਤੁਹਾਡੇ ਸਰ੍ਹਾਣੇ ਕਰੋੜ ਰੁਪਿਆ ਪਿਆ ਹੋਵੇ, ਹੇਠਾਂ ਤੁਸੀਂ ਵਿਛਾ ਕੇ ਉਤੇ ਪਏ ਹੋਵੋਂ, ਗਿਆਨ ਹੈ। ਉਸ ਤੋਂ ਬਾਅਦ, ਨਾ ਆਪ ਨਾ ਕੋਈ ਸੰਸਾਰ, ਘੂਕ ਨੀਂਦ ਦੇ ਅੰਦਰ ਕੁਛ ਵੀ ਨਹੀਂ ਹੈ। ਹਾਂ, ਦੂਸਰੀ ਅਵਸਥਾ ਹੈ ਜਿਸ ਵਕਤ ਸੁਪਨਾ ਆਉਂਦਾ ਹੈ, ਓਸ ਵੇਲੇ ਉਹ ਸੰਸਾਰ ਸੱਚਾ ਲਗਦਾ ਹੈ ਜਿਵੇਂ ਤੈਨੂੰ ਹੁਣ ਇਹ ਸੱਚਾ ਲਗਦਾ ਹੈ ਨਾ, ਉਸੇ ਤਰ੍ਹਾਂ ਦੇ ਨਾਲ ਉਹ ਸੁਪਨੇ ਵਾਲਾ ਸੰਸਾਰ, ਸੁਪਨਮਈ ਸੰਸਾਰ ਜਿਹੜਾ ਹੈ ਓਸ ਵੇਲੇ ਸੱਚਾ ਲਗਦਾ ਹੈ। ਲੱਗਦਾ ਹੈ ਕਿ ਨਹੀਂ? ਕਹਿੰਦਾ ਹਾਂ। ਮਹਾਰਾਜ ਕਹਿੰਦੇ, ਦੇਖੋ ਜੇ ਡਰਾਉਣਾ ਸੁਪਨਾ ਆ ਜਾਏ, ਆਦਮੀ ਦੌੜਿਆ ਹੀ ਫਿਰਦਾ ਹੈ, ਸੁਪਨੇ ਵਿਚ ਸ਼ੇਰ ਮਗਰ ਪੈ ਜਾਵੇ, ਦਰਖਤਾਂ 'ਤੇ ਚੜ੍ਹਦਾ ਹੈ, ਦੁਹਾਈ ਮਚਾਉਂਦਾ ਹੈ, ਸੱਚਾ ਲਗਦਾ ਹੈ ਨਾ? ਸੁਪਨੇ ਦੇ ਵਿਚ ਕਈ ਗੱਲਾਂ ਐਸੀਆਂ ਨੇ ਕਿ ਉਹ ਪ੍ਰਤੱਖ ਭਾਸਦੀਆਂ ਨੇ, ਜਾਗਣ ਤੇ ਵੀ ਦਿਲ ਧੜਕੇਗਾ। ਸੋ ਇਸੇ ਤਰ੍ਹਾਂ ਨਾਲ ਉਹ ਉਸ ਵੇਲੇ ਸੱਚ ਲਗਦਾ ਹੈ, ਜਦੋਂ ਅਸੀਂ ਸੁਪਨੇ ਵਿਚੋਂ ਏਸ ਦੁਨੀਆਂ ਵਿਚ ਆ ਜਾਂਦੇ ਹਾਂ, ਓਸ ਵੇਲੇ ਫੇਰ ਆਹ ਸੰਸਾਰ ਸੱਚਾ ਲਗਦਾ ਹੈ, ਇਹ ਜੇ ਦੱਸਣਾ ਹੋਵੇ ਕਿ ਇਹ ਸੱਚਾ ਹੈ ਕਿ ਝੂਠਾ, ਤਾਂ ਏਸ ਤਰ੍ਹਾਂ ਦੇ ਨਾਲ ਦੱਸਿਆ ਜਾਂਦਾ ਹੈ -

*ਧਾਰਨਾ - ਜਗ ਜੀਵਨ ਐਸਾ ਜੀ,*
*ਸੁਪਨੇ ਜੈਸਾ-ਸੁਪਨੇ ਜੈਸਾ*

*ਜਗਿ ਜੀਵਨੁ ਐਸਾ ਸੁਪਨੇ ਜੈਸਾ*
*ਜੀਵਨੁ ਸੁਪਨ ਸਮਾਨੰ ॥ ਅੰਗ - ੪੮੨*

ਸੁਪਨੇ ਦੇ ਵਿਚ ਸੁਪਨੇ ਵਾਲਾ ਸੰਸਾਰ ਸੱਚਾ ਲਗਦਾ ਹੈ, ਐਸ ਸੰਸਾਰ ਦਾ ਕੋਈ ਗਿਆਨ ਨਹੀਂ। ਕੋਈ ਪਤਾ ਨਹੀਂ ਹੁੰਦਾ ਕਿ ਮੈਂ ਕੋਠੀ 'ਚ ਰਹਿੰਦਾ ਹਾਂ, ਕੋਈ ਪਤਾ ਨਹੀਂ ਹੁੰਦਾ ਕਿ ਮੇਰੀ ਕਾਰ ਬਹੁਤ ਵਧੀਆ ਹੈ, ਪੈਦਲ ਹੀ ਦੌੜਿਆ ਜਾਂਦਾ ਹੈ, ਉਹਨੂੰ ਪਤਾ ਹੀ ਨਹੀਂ ਕਿ ਮੇਰੀ ਕਾਰ ਵੀ ਹੈ ਕਿਤੇ। ਨਾ ਕੋਠੀ ਦਾ ਪਤਾ ਹੈ ਨਾ ਧਨ ਦਾ ਪਤਾ ਹੈ। ਸੁਪਨਾ ਸਤਿ ਲਗਦਾ ਹੈ ਉਸਨੂੰ।

ਇਕ ਰਾਜਾ ਉਹਦੇ ਉਤੇ ਦੂਸਰੇ ਰਾਜੇ ਨੇ ਹੱਲਾ ਕਰ ਦਿਤਾ। ਫੌਜਾਂ ਲੜਾਈ ਲੜਦੀਆਂ ਰਹੀਆਂ, ਜਦੋਂ ਅਟੈਕ ਹੋ ਗਿਆ, ਆਹਮੋ-ਸਾਮ੍ਹਣੇ, ਫੌਜਾਂ ਉਸ ਰਾਜੇ ਦੀਆਂ ਵੀ ਬਹੁਤ ਤਕੜੀਆਂ ਸੀ, ਐਨਾ ਭਿਆਨਕ ਯੁੱਧ ਛਿੜਿਆ ਕਿ ਚਾਰ ਦਿਨ ਚਾਰ ਰਾਤਾਂ ਕੋਈ ਸੁੱਤਾ ਨਹੀਂ ਹੈ, ਲੜਦੇ ਹੀ ਰਹੇ। ਹੱਲਾ ਉਹ ਕਰ ਦਿੰਦੇ ਨੇ, ਕਦੇ ਇਹ ਕਰ ਦਿੰਦੇ ਨੇ। ਉਹ ਉਡੀਕਦੇ ਨੇ ਤਾਂ ਉਹ ਹੱਲਾ ਕਰਦੇ ਨੇ, ਇਹ ਉਡੀਕਦੇ ਨੇ ਤਾਂ ਇਹ ਕਰਦੇ ਨੇ। ਚਾਰ ਦਿਨ ਤੋਂ ਬਾਅਦ ਇਹ ਬਾਦਸ਼ਾਹ ਯੁੱਧ ਜਿੱਤ ਗਿਆ। ਲੜਕਾ ਜ਼ਖਮੀ ਹੋ ਗਿਆ, ਬਹੁਤ ਸਾਰੇ ਬਹਾਦਰ ਜਿਹੜੇ, ਆਫੀਸਰ ਵਗੈਰਾ ਮਾਰੇ ਗਏ। ਖੁਸ਼ੀਆਂ ਮਨਾਈਆਂ ਗਈਆਂ ਕਿ ਜਿੱਤ ਹੋ ਗਈ। ਉਹ ਰਾਜਾ

ਕੈਦੀ ਬਣਾ ਲਿਆ ਗਿਆ ਤੇ ਉਸ ਦੇ ਰਾਜ ਦੇ ਉਤੇ ਜਾ ਕੇ ਕਬਜ਼ਾ ਕਰ ਲਿਆ। ਉਸ ਵੇਲੇ ਰਾਜੇ ਨੇ ਆਪਣੇ ਵਜ਼ੀਰਾਂ ਨੂੰ ਬੁਲਾਇਆ, ਕਹਿਣ ਲੱਗਿਆ ਕਿ ਦੇਖੋ ਵਜ਼ੀਰ ਸਾਹਿਬ! ਮੈਂ ਬਹੁਤ ਥੱਕ ਗਿਆ, ਮੈਂ ਆਰਾਮ ਕਰਨਾ ਚਾਹੁੰਦਾ ਹਾਂ। ਮੈਨੂੰ ਜਗਾਇਓ ਨਾ ਕੋਈ ਵੀ, ਇਹ ਤਾਂ ਹੈ ਮੇਰੀ ਬੇਨਤੀ। ਪਰ ਮੇਰਾ ਹੁਕਮ ਹੈ ਕਿ ਜੇ ਮੈਨੂੰ ਕਿਸੇ ਨੇ ਜਗਾਇਆ ਤਾਂ ਮੈਂ ਉਹਦਾ ਸਿਰ ਲਾਹ ਦੇਵਾਂਗਾ। ਸਾਵਧਾਨ ਹੋ ਕੇ ਮੈਨੂੰ ਜਗਾਇਓ, ਕੋਈ ਖੜਕਾ ਮੇਰੇ ਨੇੜੇ ਨਾ ਹੋਵੇ। ਕੋਈ ਕੋਸ਼ਿਸ਼ ਨਾ ਹੋਵੇ ਮੈਨੂੰ ਜਗਾਉਣ ਦੀ। ਉਸ ਵੇਲੇ ਰਾਜਾ ਸੌਂ ਗਿਆ, ਗਾੜ੍ਹੀ ਨੀਂਦ 'ਚ ਪਿਆ ਰਿਹਾ, ਫੇਰ ਜਦੋਂ ਨੀਂਦ ਪਤਲੀ ਹੋਈ, ਉਸ ਵੇਲੇ ਸੁਪਨਾ ਸ਼ੁਰੂ ਹੋ ਗਿਆ, ਇਧਰ ਰਾਜਕੁਮਾਰ ਨੂੰ ਐਸਾ ਜ਼ਖਮ ਲੱਗਿਆ ਕਿ ਜਰਾਹਾਂ ਤੇ ਹਕੀਮਾਂ ਨੇ ਕਹਿ ਦਿਤਾ ਕਿ ਇਹ ਨਹੀਂ ਬਚ ਸਕਦਾ। ਰਾਜੇ ਦੇ ਸੌਣ ਤੋਂ ਦੋ ਚਾਰ ਘੰਟੇ ਬਾਅਦ ਰਾਜਕੁਮਾਰ ਮਰ ਗਿਆ। ਬੜਾ ਅਫਸੋਸ ਹੋਇਆ ਸਾਰੇ ਰਾਜ ਦੇ ਅੰਦਰ। ਰਾਣੀਆਂ ਨੇ ਵੀ, ਸਾਰੇ ਆਫੀਸਰਾਂ ਨੇ ਕਿਹਾ ਕਿ ਮਹਾਰਾਜ ਜੀ ਨੂੰ ਖਬਰ ਕਰ ਦਿਓ। ਵਜ਼ੀਰ ਕਹਿਣ ਲੱਗਿਆ ਕਿ ਉਨ੍ਹਾਂ ਦਾ ਹੁਕਮ ਬੜਾ ਸਖਤ ਹੈ। ਅਰ ਜਿਹੜਾ ਵੀ ਜਗਾਏਗਾ ਉਹਦਾ ਸਿਰ ਕੱਟ ਦੇਣਾ ਹੈ ਉਨ੍ਹਾਂ ਨੇ। ਇਕ ਦਿਨ ਲੰਘ ਗਿਆ, ਦੂਸਰਾ ਦਿਨ ਲੰਘ ਗਿਆ। ਠੰਢੇ ਥਾਂ ਦੇ ਉਤੇ ਮਿਰਤਕ ਸਰੀਰ ਰੱਖਿਆ ਹੋਇਆ, ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਬਦਬੂ ਨਾ ਸ਼ੁਰੂ ਹੋ ਜਾਵੇ। ਫੇਰ ਵੀ ਸਰੀਰ ਦੀ ਹਾਲਤ ਬਦਲ ਗਈ, ਕਾਲਾ ਸ਼ਾਹ ਰੰਗ ਹੋ ਗਿਆ, ਮੁਸਕ ਮਾਰਨ ਲੱਗ ਗਿਆ, ਸਲਾਹ ਕਰਦੇ ਨੇ ਕਿ ਜੇ ਅਸੀਂ ਸਸਕਾਰ ਕਰ ਦਿਤਾ ਤਾਂ ਬਾਦਸ਼ਾਹ ਨੇ ਜਾਗ ਕੇ ਸਾਡੇ ਗਲ ਪੈਣਾ ਹੈ। ਹੁਣ ਕਰਿਆ ਕੀ ਜਾਵੇ? ਉਸ ਵੇਲੇ ਵੱਡਾ ਵਜ਼ੀਰ ਸੀ ਜਿਹੜਾ ਵਜ਼ੀਰ-ਏ-ਆਜ਼ਮ। ਕਹਿਣ ਲੱਗਿਆ ਕਿ ਚਲੋ ਜੇ ਮੈਨੂੰ ਸਰੀਰ ਦੇਣਾ ਵੀ ਪੈ ਗਿਆ, ਕੋਈ ਗੱਲ ਨਹੀਂ ਹੈ। ਮੈਂ ਜਗਾਉਂਦਾ ਹਾਂ ਰਾਜੇ ਨੂੰ। ਬੜੀ ਗਾੜ੍ਹੀ ਨੀਂਦ ਵਿਚ ਸੀ ਚੌਥੇ ਦਿਨ ਵੀ, ਜਦੋਂ ਜਗਾਇਆ, ਜਾਗਦਾ ਨਹੀਂ ਹੈ, ਬਾਰ-ਬਾਰ ਨੇਤਰ ਬੰਦ ਕਰਦਾ ਹੈ। ਹੌਲੀ-ਹੌਲੀ ਹੋਸ਼ ਪਰਤੀ, ਪਤਾ ਲੱਗਿਆ ਕਿ ਮੈਂ ਸੁੱਤਾ ਸੀ, ਕੁਛ ਪਤਾ ਨਹੀਂ ਲੱਗ ਰਿਹਾ, ਉਹ ਬਾਦਸ਼ਾਹ ਜਾਗਦਾ ਹੀ ਉਚੀ-ਉਚੀ ਰੋਣ ਲੱਗ ਗਿਆ। ਸਾਰੇ ਹੈਰਾਨ ਹੋ ਰਹੇ ਨੇ ਕਿ ਬਾਦਸ਼ਾਹ ਨੂੰ ਦੱਸਿਆ ਵੀ ਨਹੀਂ, ਇਹ ਰੋ ਰਿਹਾ ਹੈ ਹੁਣੇ ਹੀ। ਉਸ ਵੇਲੇ ਵਜ਼ੀਰ ਨੇ ਕਿਹਾ ਕਿ ਹਜ਼ੂਰ! ਆਪ ਦਾ ਸਹਿਜ਼ਾਦਾ ਚੜ੍ਹਾਈ ਕਰ ਗਿਆ ਤੇ ਆਪ ਦਾ ਰੋਣ ਦਾ ਕੀ ਕਾਰਨ ਹੈ? ਕਹਿੰਦਾ, ਵਜ਼ੀਰ ਸਾਹਿਬ! ਤੂੰ ਤਾਂ ਰੋ ਰਿਹਾ ਹੈਂ ਇਕ ਨੂੰ, ਮੇਰੇ ਚਾਰ ਮਰ ਗਏ। ਸੁਪਨੇ ਦੇ ਅੰਦਰ ਵਿਆਹ ਕਰਾਇਆ, ਰਾਜ ਕਰਦਾ ਹੈ, ਚਾਰ ਬੱਚੇ ਪੈਦਾ ਹੋਏ, ਗੋਦੀ 'ਚ ਬੈਠੇ ਖੇਲ੍ਹਦੇ ਨੇ ਤੇ ਇਧਰੋਂ ਵਜ਼ੀਰ ਨੇ ਜਗਾ ਦਿਤਾ ਅਤੇ ਉਹ ਪਿਆਰ ਕਰ ਰਿਹਾ ਸੀ ਚਾਰਾਂ ਨੂੰ। ਹੁਣ ਉਹ ਚਾਰ ਬੱਚਿਆਂ ਦੀ ਯਾਦ, ਉਹਦਾ ਪਿਆਰ ਐਨਾ ਡੂੰਘਾ ਉਹਦੇ ਅੰਦਰ ਚਲਿਆ ਗਿਆ ਕਿ ਉਹ ਰੋ ਰਿਹਾ ਹੈ ਉਨ੍ਹਾਂ ਨੂੰ ਕਿ ਉਹ ਕਿੱਥੇ ਚਲੇ ਗਏ? ਸੋ ਮਹਾਰਾਜ ਕਹਿਣ ਲੱਗੇ, ਸੰਤ ਜੀ! ਉਸ ਰਾਜੇ ਵਾਸਤੇ ਸੁਪਨਾ ਸੱਚਾ ਸੀ ਤੇ ਜਦੋਂ ਜਾਗ ਪਿਆ ਤਾਂ ਆਹ ਜਗ ਸੱਚਾ ਲੱਗਣ ਲੱਗ ਪਿਆ। ਸੁਪਨੇ ਦੇ ਨਾਲ ਆਦਮੀ ਨੇ ਚਿੱਤ ਲਾਇਆ ਹੋਇਆ ਹੈ, ਐਉਂ ਪੜ੍ਹ ਲਓ –

***ਧਾਰਨਾ – ਲਾ ਲਿਆ ਮੂਰਖਾ***
***ਚਿੱਤ ਨਾਲ ਸੁਪਨੇ ਦੇ।***

*ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ ॥*
*ਦ੍ਰਿਸਟਿਮਾਨ ਸਭੁ ਬਿਨਸੀਐ*
*ਕਿਆ ਲਗਹਿ ਗਵਾਰ ॥ ੨ ॥*
*ਕਹਾ ਸੁ ਭਾਈ ਮੀਤ ਹੈ ਦੇਖੁ ਨੈਨ ਪਸਾਰਿ ॥*
*ਇਕਿ ਚਾਲੇ ਇਕਿ ਚਾਲਸਹਿ*
*ਸਭਿ ਅਪਨੀ ਵਾਰ ॥ ਅੰਗ – ੮੦੮*

*ਸੁਪਨੇ ਸੇਤੀ ਚਿਤੁ ਮੂਰਖਿ ਲਾਇਆ ॥*
*ਅੰਗ – ੭੦੭*
*ਬਿਸਰੇ ਰਾਜ ਰਸ ਭੋਗ ਜਾਗਤ ਭਖਲਾਇਆ ॥*
*ਆਰਜਾ ਗਈ ਵਿਹਾਇ ਧੰਧੈ ਧਾਇਆ ॥*
*ਪੂਰਨ ਭਏ ਨ ਕਾਮ ਮੋਹਿਆ ਮਾਇਆ ॥*
*ਕਿਆ ਵੇਚਾਰਾ ਜੰਤੁ ਜਾ ਆਪਿ ਭੁਲਾਇਆ ॥*
*ਅੰਗ – ੭੦੭*

ਮਹਾਰਾਜ ਕਹਿੰਦੇ, ਸੰਤ ਜੀ! ਇਹ ਬਿਲਕੁਲ ਸੁਪਨੇ ਵਰਗਾ ਹੈ, ਆਹ ਵੀ ਸੁਪਨੇ ਵਰਗਾ ਹੈ ਤੇ ਜਿਹੜਾ ਰਾਤ ਨੂੰ ਆਉਂਦਾ ਹੈ ਉਹ ਵੀ ਸੁਪਨੇ ਵਰਗਾ ਹੈ। ਇਹ ਸੁਪਨਾ ਲੰਮਾ ਹੈ ਇਹ ਸੁਪਨਾ ਰੈਣ ਦਾ ਹੈ। ਜੇ ਇਕ ਸੇਰ ਆਟਾ ਹੋਵੇ ਉਹ ਵੀ ਖਾਧਾ ਜਾਂਦਾ ਹੈ ਜੇ ਕੁਇੰਟਲ ਹੋਵੇ ਭਾਈ ਉਹ ਵੀ ਲੰਮੇ ਸਮੇਂ 'ਚ ਖਾਧਾ ਜਾਂਦਾ ਹੈ। ਹੈ ਤਾਂ ਸੁਪਨਾ ਹੀ ਨਾ, ਪੱਕੀ ਅਵਸਥਾ ਨਹੀਂ ਹੈ। ਇਹ ਸਮਝਾਉਣ ਵਾਸਤੇ ਕਹਿਣ ਲੱਗੇ ਕਿ ਗੁਰਬਾਣੀ ਦੇ ਅੰਦਰ, ਐਸਾ ਵਿਚਾਰ ਆਇਆ ਹੈ ਕਿ ਇਕ ਰਾਜਾ, ਤਖਤ 'ਤੇ ਬੈਠਾ ਸੌਂ ਗਿਆ। ਸੁਪਨੇ ਦੇ ਅੰਦਰ ਭਿਖਾਰੀ ਬਣ ਗਿਆ –

*ਨਰਪਤਿ ਏਕੁ ਸਿੰਘਾਸਨਿ ਸੋਇਆ*
*ਸੁਪਨੇ ਭਇਆ ਭਿਖਾਰੀ ॥*
*ਅਛਤ ਰਾਜ ਬਿਛੁਰਤ ਦੁਖੁ ਪਾਇਆ*
*ਸੋ ਗਤਿ ਭਈ ਹਮਾਰੀ ॥ ਅੰਗ – ੬੫੮*

ਰਾਜ ਸੀਗਾ, ਪਰ ਉਸ ਤੋਂ ਰਾਜ ਖੋਹ ਲਿਆ। ਤੇ ਇਕ ਸਾਖੀ ਆਉਂਦੀ ਹੈ ਕਿ ਇਕ ਰਾਜਾ ਸੱਤਵੀਂ ਅਟਾਰੀ ਦੇ ਵਿਚ ਸੁੱਤਾ ਪਿਆ ਸੀ, ਹਰੇਕ ਮੰਜ਼ਲ ਦੇ ਉਤੇ ਉਹਨੇ ਅੰਗਰਖਿਅਕ ਖੜ੍ਹਾਏ ਹੋਏ ਸੀ। ਸੱਤਾਂ

ਹੀ ਮੰਜ਼ਲਾਂ ਦੇ ਉਤੇ ਖੜ੍ਹੇ ਅਤੇ ਬਾਹਰ ਮਹਿਲ ਤੋਂ ਚਾਰੇ ਪਾਸੇ ਅੰਗਰਖਿਅਕ ਪਹਿਰਾ ਦੇ ਰਹੇ ਸੀ। ਕੁਆਰਟਰ ਸਾਈਨ ਤੋਂ ਬਗੈਰ ਕੋਈ ਬੰਦਾ ਅੰਦਰ ਨਹੀਂ ਸੀ ਜਾ ਸਕਦਾ। ਕੁਆਰਟਰ ਸਾਈਨ ਜਿਹੜੀ ਹੈ ਉਹ ਇਕ ਦੋ ਤੋਂ ਵੱਧ ਕਿਸੇ ਨੂੰ ਪਤਾ ਨਹੀਂ ਹੋਇਆ ਕਰਦਾ। ਸੋ ਬੇਫਿਕਰ ਹੋ ਕੇ ਰਾਜਾ ਸੁੱਤਾ ਪਿਆ ਹੈ ਕਿਉਂਕਿ ਜੇ ਬਾਹਰਲਾ ਆਏਗਾ ਵੀ ਤਾਂ ਹੇਠਲੀ ਮੰਜ਼ਲ ਵਾਲਿਆਂ ਕੋਲ ਆਏਗਾ ਉਪਰ ਨਹੀਂ ਆ ਸਕਦਾ। ਆਪ ਉਸ ਨੇ ਸਭ ਕਿਸਮ ਦੇ ਸ਼ਸਤਰ, ਨਾਲ ਦੇ ਪਲੰਘ ਦੇ ਉਤੇ ਕੱਢ ਕੇ ਰੱਖੇ ਪਏ ਨੇ, ਤਲਵਾਰ ਵੀ ਕੱਢ ਕੇ ਰੱਖੀ ਹੋਈ ਹੈ, ਬਰਛਾ ਤਿਆਰ ਰੱਖਿਆ ਹੈ, ਤੀਰ ਕਮਾਨ ਜਾਂ ਹੋਰ ਜਿਹੜੀ ਵੀ ਚੀਜ਼ ਸੀ ਸਾਰੀ ਤਿਆਰ ਪਈ, ਖਿਆਲ ਇਹ ਹੈ ਕਿ ਜੇ ਕੋਈ ਆਇਆ ਤਾਂ ਮੈਂ ਇਥੋਂ ਉਹਦੇ ਨਾਲ ਯੁੱਧ ਕਰਾਂਗਾ। ਰਾਤ ਨੂੰ ਪੈ ਗਿਆ, ਸੁਪਨਾ ਸ਼ੁਰੂ ਹੋ ਗਿਆ, ਇਹਦੀ ਰਿਆਇਆ ਨੇ ਦੂਸਰੇ ਰਾਜੇ ਨੂੰ ਕਿਹਾ ਕਿ ਸਾਡਾ ਰਾਜਾ ਬੜਾ ਨਿਕੰਮਾ ਹੈ, ਬਹੁਤ ਗਲਤ ਕੰਮ ਕਰਦਾ ਹੈ, ਸਾਨੂੰ ਇਸ ਤੋਂ ਛੁੱਟੀ ਦਿਵਾਓ। ਪਹਿਲੇ ਜ਼ਮਾਨਿਆਂ 'ਚ ਇਸੇ ਤਰ੍ਹਾਂ ਕਰਿਆ ਕਰਦੇ ਸੀ। ਜਿਸ ਰਾਜੇ ਤੋਂ ਪਰਜਾ ਸੁਖੀ ਨਾ ਹੋਵੇ, ਛੋਟੇ-ਛੋਟੇ ਰਾਜੇ ਹੁੰਦੇ, ਦੂਸਰੇ ਰਾਜੇ ਨਾਲ ਮਿਲ ਜਾਣਾ ਤੇ ਰਾਜਾ ਲਾਹ ਦੇਣਾ, ਜੇ ਤਾਂ ਰਾਜਾ ਲਹਿ ਗਿਆ ਆਪਣੇ ਆਪ ਤਾਂ ਵੀ ਚੰਗਾ। ਨਹੀਂ ਫੇਰ ਦੂਸਰਾ ਰਾਜਾ ਆ ਕੇ ਲਾਹ ਦਿੰਦਾ ਤੇ ਰਾਜ ਵੀ ਖੋਹ ਲੈਂਦਾ।

ਸੋ ਉਸ ਰਾਜੇ ਨੇ ਚੜ੍ਹਾਈ ਕਰ ਦਿਤੀ। ਇਹ ਫੌਜਾਂ ਨੂੰ ਕਹਿੰਦਾ ਹੈ ਕਿ ਲੜੋ। ਫੌਜਾਂ ਲੜਦੀਆਂ ਨਹੀਂ, ਬਥੇਰਾ ਕਹਿੰਦਾ ਹੈ ਕਿ ਤੁਸੀਂ ਕਿਉਂ ਨਹੀਂ ਲੜਦੇ। ਕਹਿੰਦੇ, ਤੇਰੇ ਵਰਗਾ ਗੰਦਾ ਰਾਜਾ ਕੋਈ ਹੋਵੇ ਨਾ, ਅਸੀਂ ਕਿਉਂ ਤੇਰੇ ਵਾਸਤੇ ਜਾਨਾਂ ਦੇਈਏ, ਰਾਣੀਆਂ ਖੜ੍ਹੀਆਂ ਨੇ, ਦੇਖਿਆ ਕਿ ਉਹ ਵੀ ਘੂਰ ਰਹੀਆਂ ਨੇ। ਕਹਿੰਦਾ, ਤੁਸੀਂ ਕੀ ਸੋਚਦੀਆਂ ਓਂ? ਕਹਿੰਦੀਆਂ, ਕੀ ਸੋਚਣਾ ਹੈ, ਤੂੰ ਤਾਂ ਹੋਣਾ ਹੀ ਨਹੀਂ ਸੀ ਚਾਹੀਦਾ, ਬੜਾ ਬੁਰਾ ਬੰਦਾ ਹੈਂ। ਦੂਸਰੇ ਰਾਜੇ ਨੇ ਆ ਕੇ ਰਾਜ ਕਾਬੂ ਕਰ ਲਿਆ, ਮਹੱਲ ਵਿਚ ਆ ਗਿਆ। ਉਥੇ ਆਇਆ ਹੋਇਆ ਰਾਣੀਆਂ ਦੇ ਨਾਲ ਮਿਲਦਾ ਹੈ, ਰਾਣੀਆਂ ਏਸ ਰਾਜੇ ਨੂੰ ਗਾਲਾਂ ਕੱਢਦੀਆਂ ਨੇ, ਆਪਣਾ ਜਿਹੜਾ ਪਤੀ ਸੀ। ਨਿਰਾਸ ਹੋ ਗਿਆ ਤੇ ਉਸ ਰਾਜੇ ਨੇ ਹੁਕਮ ਦੇ ਦਿਤਾ ਕਿ ਇਹਦੇ ਵਸਤਰ ਉਤਾਰ ਦਿਓ ਸਾਰੇ। ਉਸ ਤੋਂ ਬਾਅਦ ਕਹਿ ਦਿਤਾ ਕਿ ਕੋਈ ਵੀ ਰਾਜ ਦੇ ਵਿਚ ਇਹਨੂੰ ਪਾਣੀ ਨਹੀਂ ਦਏਗਾ, ਰੋਟੀ ਨਹੀਂ ਦਏਗਾ, ਜੇ ਕੋਈ ਦੇਵੇਗਾ ਤਾਂ ਉਸਨੂੰ ਸਜ਼ਾ ਮਿਲੇਗੀ। ਨੰਗੇ ਪੈਰੀਂ ਧੁੱਪ ਦੇ ਵਿਚ ਰੋਂਦਾ-ਰੋਂਦਾ ਤੁਰਿਆ ਜਾਂਦਾ ਹੈ, ਬੱਚੇ ਇੱਟਾਂ ਮਾਰਦੇ ਨੇ ਕਿ ਪਾਗਲ ਜਾ ਰਿਹਾ ਹੈ। ਪੁਲਿਸ ਪਿੱਛੇ ਲੱਗੀ ਹੋਈ ਹੈ, ਤਿੰਨ ਦਿਨ ਤੁਰੀ ਗਿਆ। ਤਿੰਨ ਰਾਤਾਂ ਜੰਗਲਾਂ 'ਚ ਭੁੱਖੇ ਤਿਹਾਏ ਨੇ ਕੱਟੀਆਂ, ਉਸ ਤੋਂ ਬਾਅਦ ਜਦੋਂ ਦੂਸਰੇ ਰਾਜੇ ਦੀ ਹੱਦ ਆਈ, ਕਹਿੰਦੇ ਖਬਰਦਾਰ ਜੇ ਮੁੜਿਆ ਹੈਂ, ਫੇਰ ਤੇਰੀ ਕੁਟਾਈ ਹੋਏਗੀ ਬਹੁਤ। ਕੱਲ੍ਹ ਦਾ ਰਾਜਾ ਅੱਜ ਨੰਗਾ ਫਿਰਦਾ ਹੈ, ਕੱਪੜਾ ਨਹੀਂ ਕੋਈ। ਉਥੋਂ ਇਕ ਗਿੱਦੜੀ ਸੂਈ ਹੋਈ ਨਿਕਲੀ ਉਸ ਨੇ ਆ ਕੇ ਉਹਦੀ ਲੱਤ ਦੇ ਉਤੇ ਚੱਕ ਮਾਰਿਆ। ਮਾਸ ਕੱਢ ਕੇ ਲੈ ਗਈ। ਰੋ ਰਿਹਾ ਹੈ ਬਹੁਤ। ਕਿਸੇ ਨੇ ਕਿਹਾ ਕਿ ਇਥੇ ਇਕ ਘਵੱਈਆ ਰਹਿੰਦਾ ਹੈ, ਘਾਉ ਬੰਨ੍ਹਣ ਵਾਲਾ। ਉਸ ਤੋਂ ਜਾ ਕੇ ਘਾਉ ਬੰਨਵਾ ਲੈ, ਮਲ੍ਹਮ ਲਾ ਦੇਵੇਗਾ। ਉਹਦੀ ਮਲ੍ਹਮ ਐਸੀ ਹੈ ਕਿ ਤੈਨੂੰ ਦਿਨਾਂ 'ਚ ਰਾਜ਼ੀ ਕਰ ਦੇਵੇਗੀ। ਉਥੇ ਜਾਂਦਾ ਹੈ ਕਿ ਦੇਖ ਬਈ ਪ੍ਰੇਮੀਆਂ ਤੂੰ ਕੌਣ ਹੈਂ ਮੈਂ ਤੈਨੂੰ ਜਾਣਦਾ ਨਹੀਂ। ਕਹਿੰਦਾ, ਮੈਂ ਬਾਦਸ਼ਾਹ ਹਾਂ, ਮੇਰਾ ਰਾਜ ਜਾਂਦਾ ਰਿਹਾ। ਜੰਗਲ 'ਚੋਂ ਮੈਨੂੰ ਲੈ ਕੇ ਆਏ ਨੇ, ਬੜਾ ਮੈਂ ਦੁੱਖ ਪਾਇਆ ਹੈ, ਹੁਣ ਮੈਨੂੰ ਗਿੱਦੜੀ ਨੇ ਕੱਟ ਲਿਆ, ਤੂੰ ਮੇਰਾ ਘਾਉ ਬੰਨ੍ਹ ਦੇ। ਉਹ ਕਹਿੰਦਾ, ਮੈਂ ਤਾਂ ਨਹੀਂ ਮੁਫਤ ਬੰਨ੍ਹਦਾ। ਕਹਿੰਦਾ, ਮੇਰੇ ਕੋਲ ਤਾਂ ਕੋਈ ਕੱਪੜਾ ਵੀ ਨਹੀਂ ਹੈ। ਪੈਸਾ ਤਾਂ, ਤਾਂ ਹੋਵੇ ਜੇ ਮੇਰੇ ਕੋਲ ਕੋਈ ਕੱਪੜਾ ਹੋਵੇ। ਸਿਰ ਦੇ ਕੇਸ ਨੇ ਮੇਰੇ ਕੋਲ ਮੈਂ ਇਹ ਤੈਨੂੰ ਝਾੜ ਕੇ ਦਿਖਾ ਦਿੰਦਾ ਹਾਂ। ਉਹ ਕਹਿੰਦਾ, ਮੈਂ ਤਾਂ ਨਹੀਂ ਬੰਨ੍ਹਣਾ, ਤੈਨੂੰ ਇਕ ਵਾਰੀ ਕਹਿ ਦਿਤਾ। ਕਹਿੰਦਾ, ਚਲਿਆ ਜਾਹ, ਨਹੀਂ ਤਾਂ ਮੈਂ ਧੱਕੇ ਦੇ ਕੇ ਕੱਢ ਦੇਵਾਂਗਾ। ਰੋ ਰਿਹਾ ਹੈ ਕਿ ਮੇਰਾ ਕੀ ਹਾਲ ਹੋ ਗਿਆ। ਬੜਾ ਮਾੜਾ ਹਾਲ ਹੋ ਗਿਆ। ਉਸ ਤੋਂ ਬਾਅਦ ਇਕ ਮਹਾਤਮਾ ਦੇ ਪਾਸ ਚਲਿਆ ਜਾਂਦਾ ਹੈ। ਉਸ ਮਹਾਤਮਾ ਨੂੰ ਏਸ ਨੇ ਜਾ ਕੇ ਹਾਲ ਦਸਿਆ, ਉਨ੍ਹਾਂ ਨੇ ਵਸਤਰ ਦਿਤੇ, ਖਿਲਾਇਆ ਪਿਲਾਇਆ, ਉਸ ਤੋਂ ਬਾਅਦ ਇਹਦੇ ਜ਼ਖਮ ਦਾ ਇਲਾਜ ਕਰਨ ਲੱਗੇ। ਹਕੀਮ ਸੀ ਚੰਗੇ, ਜ਼ਖਮ ਬੰਨ੍ਹ ਦਿਤਾ। ਕਾਫੀ ਸਮਾਂ ਜਦੋਂ ਏਸ ਨੂੰ ਹੋ ਗਿਆ, ਮਹੀਨਾ ਦੋ ਮਹੀਨੇ, ਉਸ ਵੇਲੇ ਰਾਜ਼ੀ ਹੋ ਗਿਆ। ਸੰਤਾਂ ਨੇ ਕਿਹਾ ਕਿ ਰਾਜਨ, ਹੁਣ ਤੂੰ ਜਾਹ, ਬਿਲਕੁਲ ਰਾਜ਼ੀ ਹੈਂ, ਜਿਸ ਮਨੋਰਥ ਨੂੰ ਲੈ ਕੇ ਆਇਆ ਸੀ, ਤੇਰਾ ਪੂਰਾ ਹੋ ਚੁੱਕਿਆ ਹੈ। ਕਹਿਣ ਲੱਗਿਆ, ਮਹਾਰਾਜ! ਮੈਂ ਕਿੱਥੇ ਜਾਵਾਂ, ਮੈਨੂੰ ਕੋਈ ਥਾਉਂ ਨਹੀਂ। ਕਹਿਣ ਲੱਗੇ, ਸਾਡਾ ਤਾਂ ਇਹ ਨੇਮ ਹੈ, ਕਿ ਅਸੀਂ ਬਿਮਾਰ ਨੂੰ ਰਾਜ਼ੀ ਕਰਦੇ ਹਾਂ ਤੇ ਉਸ ਤੋਂ ਬਾਅਦ ਕਹਿੰਦੇ ਹਾਂ ਘਰ ਜਾਹ, ਹੋਰ ਕਿਤੇ ਚਲਿਆ ਜਾਹ। ਸੋ ਇਹ ਵੀ ਤੁਰ ਪਿਆ, ਜਾਂਦਾ-ਜਾਂਦਾ ਉਥੇ ਹੀ ਆ ਗਿਆ ਘਵੱਈਏ ਦੇ ਕੋਲ ਜਿਹੜਾ ਘਾਉ ਬੰਨ੍ਹਦਾ ਹੁੰਦਾ ਸੀ। ਕਹਿੰਦਾ, ਲੈ ਘਾਓ ਤੂੰ ਤਾਂ ਨਹੀਂ ਬੰਨ੍ਹਿਆ, ਮੈਨੂੰ ਸੰਤਾਂ ਨੇ ਰਾਜ਼ੀ ਕਰ ਦਿਤਾ। ਉਸ ਵੇਲੇ ਖਹਿਬੜ-ਖਬੜਾਈ ਜਿਹੀ ਹੋਣ ਲੱਗ ਗਈ, ਉਹਨੇ ਧੱਕਾ ਮਾਰਿਆ, ਰਾਜਾ ਗਿਰ ਗਿਆ। ਗਿਰਦੇ ਦੀ ਅੱਖ ਖੁਲ੍ਹ ਗਈ। ਹੈਰਾਨ ਹੋ ਗਿਆ ਕਿ ਸ਼ਸਤਰ ਮੇਰੇ ਕੋਲ ਪਏ ਨੇ, ਗਿੱਦੜੀ ਕਿੱਥੋਂ ਆ ਗਈ, ਹੇਠਾਂ ਝਾਕਿਆ ਤਾਂ

ਫੌਜਾਂ ਖੜ੍ਹੀਆਂ ਨੇ, ਪਹਿਰੇ ਉਵੇਂ ਜਿਵੇਂ ਲੱਗੇ ਹੋਏ ਨੇ। ਹੋਰ ਹੇਠਾਂ ਦੇਖਿਆ ਤਾਂ ਮਹਿਲ ਦੇ ਦੁਆਲੇ, ਆਪਣੀ-ਆਪਣੀ ਬੀਟ ਦੇ ਉਤੇ ਫੌਜੀ ਪਹਿਰਾ ਦੇ ਰਹੇ ਨੇ, ਬੜੀ ਸਾਵਧਾਨੀ ਨਾਲ। ਬੜੀ ਚਿੰਤਾ 'ਚ ਹੈ ਕਿ ਮੈਨੂੰ ਹੋਇਆ ਕੀ? ਉਹ ਇਕ ਸੁਪਨੇ ਦੇ ਵਿਚੋਂ ਬਿਲਕੁਲ ਉਸਨੂੰ ਉਸ ਵੇਲੇ ਉਹ ਸੁਪਨਾ ਸੱਚਾ ਲੱਗ ਰਿਹਾ ਸੀ ਤੇ ਉਹਦੇ ਮਨ ਵਿਚ ਭਰਮ ਪਿਆ ਹੋਇਆ ਸੀ ਕਿ ਇਹ ਸੱਚਾ ਹੈ, ਜਦ ਹੁਣ ਅੱਖ ਖੁਲ੍ਹ ਗਈ, ਹੁਣ ਹੈਰਾਨ ਹੁੰਦਾ ਹੈ।

ਮਹਾਰਾਜ ਕਹਿਣ ਲੱਗੇ, ਸੰਤ ਜੀ! ਜਿਸ ਤਰ੍ਹਾਂ ਦੇ ਨਾਲ ਸੁਪਨੇ ਦੇ ਵੈਦ ਨੇ, ਸੰਤ ਨੇ ਉਸ ਨੂੰ ਰਾਜ਼ੀ ਕਰ ਦਿਤਾ, ਐਹ ਸੰਸਾਰ ਦੇ ਅੰਦਰ ਸੁਪਨੇ ਦੇ ਗੁਰੂ, ਉਸ ਦੇ ਭਰਮ ਨੂੰ ਨਵਿਰਤ ਕਰ ਦਿੰਦੇ ਨੇ ਕਿਉਂਕਿ ਗੁਰੂ ਤੋਂ ਬਗੈਰ ਇਹ ਸੁਪਨੇ ਦਾ ਜਿਹੜਾ ਭਰਮ ਹੈ ਇਹ ਟੁੱਟਿਆ ਨਹੀਂ ਕਰਦਾ ਤੇ ਮਨ ਦਾ ਹਨ੍ਹੇਰਾ ਖਤਮ ਨਹੀਂ ਹੋਇਆ ਕਰਦਾ।

***ਧਾਰਨਾ - ਬਿਨਾਂ ਗੁਰਾਂ ਤੋਂ ਨਾ ਮਿਟਦਾ ਹਨ੍ਹੇਰਾ,***
***ਚੰਨ ਭਾਵੇਂ ਸੌ ਚੜ੍ਹ ਜਾਵੇ।***

***ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥***
***ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥***
***ਅੰਗ - ੪੬੩***

ਮਹਾਰਾਜ ਕਹਿੰਦੇ, ਇਕ ਸੂਰਜ ਨਾਲ ਚਾਨਣਾ ਹੋ ਜਾਂਦਾ ਹੈ, ਜੇ ਹਜ਼ਾਰ ਸੂਰਜ ਚੜ੍ਹ ਜਾਏ ਫੇਰ ਤਾਂ ਕਿੰਨਾ ਚਾਨਣਾ ਹੈ। ਜੇ ਸੈਂਕੜੇ ਚੰਦਰਮਾ ਵੀ ਚੜ੍ਹ ਜਾਣ, ਤਾਂ ਫੇਰ ਕਿੰਨਾ ਚਾਨਣਾ ਹੈ। ਪਰ ਪਿਆਰਿਓ! ਮਨ ਦਾ ਹਨ੍ਹੇਰਾ ਨਾ ਮਿਟ ਸਕੇਗਾ ਕਦੇ ਵੀ। ਮਨ ਦੇ ਵਿਚ ਜੋ ਅਗਿਆਨ ਨੇ ਹਨ੍ਹੇਰਾ ਪਾ ਦਿਤਾ, ਜਦ ਤਕ ਨਹੀਂ ਮਿਟਦਾ, ਓਨੀ ਦੇਰ ਤੱਕ ਇਹ ਸੁਪਨੇ ਦੇ ਵਿਚ ਦੁਖੀ ਹੁੰਦਾ, ਗੇੜੇ ਖਾਂਦਾ ਫਿਰਦਾ ਹੈ। ਮਹਾਰਾਜ ਕਹਿੰਦੇ, ਸੰਤ ਜੀ! ਜਿਵੇਂ -

***ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ***
***ਅਬ ਕਛੁ ਮਰਮੁ ਜਨਾਇਆ ॥***
***ਅਨਿਕ ਕਟਕ ਜੈਸੇ ਭੂਲਿ ਪਰੇ***
***ਅਬ ਕਹਤੇ ਕਹਨੁ ਨ ਆਇਆ ॥ਅੰਗ - ੬੫੮***

ਕਹਿੰਦੇ, ਦੇਖੋ, ਤੁਹਾਨੂੰ ਇਕ ਮਿਸਾਲ ਦੇ ਨਾਲ ਗੱਲ ਸਮਝਾਉਂਦੇ ਹਾਂ, ਹਨ੍ਹੇਰਾ ਹੋਵੇ ਤੇ ਹਨ੍ਹੇਰੇ ਦੇ ਵਿਚ ਪੂਰੀ ਤਰ੍ਹਾਂ ਦੇ ਨਾਲ ਦਿਸਦਾ ਨਾ ਹੋਵੇ, ਕੋਈ ਲਿਸ਼ਕਾਰਾ ਵੱਜ ਜਾਵੇ ਬਿਜਲੀ ਵਗੈਰਾ ਦਾ ਤੇ ਮੰਜੇ ਦੇ ਕੋਲ ਰੱਸੀ ਪਈ ਹੋਵੇ, ਰੱਸੀ ਵਲ ਖਾ ਕੇ ਪੈਂਦੀ ਹੈ, ਸਿੱਧੀ ਤਾਂ ਰੱਸੀ ਗਿਰਦੀ ਨਹੀਂ ਹੈ। ਸਿੱਟ ਕੇ ਦੇਖ ਲਿਓ, ਵਲ ਖਾ ਜਾਏਗੀ ਉਸੇ ਵੇਲੇ। ਕਹਿੰਦੇ, ਉਹਦੇ 'ਚ ਭਰਮ ਹੋ ਜਾਂਦਾ ਹੈ, ਹਨ੍ਹੇਰੇ ਦੇ ਵਿਚ ਕਿ ਮੇਰੀ ਚਾਰਪਾਈ ਦੇ ਕੋਲ ਤਾਂ ਸੱਪ ਪਿਆ ਹੈ। ਉਸ ਸੱਪ ਦਾ ਅਸਰ ਐਸਾ ਹੋਏਗਾ ਕਿ ਉਹ ਡਰ ਜਾਏਗਾ। ਨਾ ਮੰਜੇ ਦੇ ਥੱਲੇ ਪੈਰ ਰੱਖੇ, ਸਾਰੀ ਰਾਤ ਡਰੀ ਜਾਏਗਾ, ਜੇ ਹਵਾ ਨੇ ਜ਼ਰਾ ਕੁ ਚਾਦਰਾ ਵੀ ਹਿਲਾ ਦਿਤਾ ਕਹੇਗਾ ਸੱਪ ਚੜ੍ਹ ਗਿਆ ਮੇਰੇ ਉਤੇ। ਲੱਤਾਂ ਮਾਰੇਗਾ ਕਿ ਲੈ ਬਈ ਖਾ ਲਏ। ਮਹਾਰਾਜ ਕਹਿੰਦੇ, ਹੁੰਦਾ ਹੈ ਨਾ ਸੰਤ ਜੀ ਏਸੇ ਤਰ੍ਹਾਂ ਦੇ ਨਾਲ? ਪਰ ਜਦੋਂ ਚਾਨਣਾ ਹੋ ਜਾਂਦਾ ਹੈ ਫੇਰ ਕੀ ਹੁੰਦਾ ਹੈ? ਕਹਿਣ ਲੱਗੇ ਸੰਤ ਕਿ ਮਹਾਰਾਜ ਫੇਰ ਪਤਾ ਲੱਗ ਜਾਂਦਾ ਹੈ ਕਿ ਰੱਸੀ ਹੀ ਹੈ।

***ਤਮ ਮਹਿਂ ਰਜੁ ਕੋ ਨਾਂਹਿ ਨ ਜਾਨਹਿ।***
***ਭ੍ਰਮ ਤੇ ਬਿਸੀਯਰ ਤਿਸ ਕੋ ਮਾਨਹਿ।***
***(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,ਪੰਨਾ - 2451)***

ਕਹਿੰਦੇ ਹਨ੍ਹੇਰੇ ਵਿਚ ਸਾਨੂੰ ਰੱਸੀ ਦਾ ਗਿਆਨ ਨਹੀਂ ਹੈ, ਅਸੀਂ ਉਹਨੂੰ ਸਾਰੀ ਰਾਤ ਸੱਪ ਸਮਝ ਕੇ ਦੁਖੀ ਹੁੰਦੇ ਹਾਂ। ਇਸੇ ਤਰ੍ਹਾਂ ਦੇ ਨਾਲ ਪ੍ਰਮੇਸ਼ਰ ਨੇ ਮਾਇਆ ਸਾਜ਼ ਦਿਤੀ, ਹਨ੍ਹੇਰਾ ਪਾ ਦਿਤਾ ਅਗਿਆਨ ਦਾ ਤੇ ਇਹਦੇ ਵਿਚ ਤਿੰਨ ਗੁਣ ਰਜੋ ਗੁਣ, ਤਮੋ ਗੁਣ, ਸਤੋ ਗੁਣ, ਤਿੰਨ ਲਹਿਰਾਂ ਪੈਦਾ ਕਰ ਦਿਤੀਆਂ, ਉਨ੍ਹਾਂ ਲਹਿਰਾਂ ਨੇ ਇਸ ਜੀਵ ਦੀ ਜਿਹੜੀ ਜਾਗ੍ਰਤ ਬੁੱਧੀ ਸੀ ਉਹਨੂੰ ਸੁਲਾ ਦਿਤਾ। ਸੁਲਾ ਕੇ ਨੀਂਦ ਆ ਗਈ, ਨੀਂਦ ਆ ਕੇ ਇਹਨੂੰ ਭਰਮ ਪੈ ਗਿਆ।

***ਤਿਮ ਬ੍ਰਹਮ ਰੂਪ ਨਹੀਂ ਜਿਨ ਜਾਨਾ।***
***ਤਿਸ ਕੋ ਭਾਖਤਿ ਹੈਂ ਅੱਗਜਾਨਾ।***
***(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 2451)***

ਜਿਹਨੇ ਪ੍ਰਮੇਸ਼ਰ ਦਾ ਰੂਪ ਜਾਣਿਆ ਨਹੀਂ, ਜਿਹਨੂੰ ਕਿਸੇ ਪੂਰੇ ਮਹਾਂਪੁਰਸ਼ ਦੇ ਰਾਹੀਂ ਗਿਆਨ ਨਹੀਂ ਹੋਇਆ, ਉਹ ਭਰਮਦਾ ਹੀ ਫਿਰੀ ਜਾਂਦਾ ਹੈ। ਗਿਆਨ ਤੋਂ ਬਗੈਰ ਕਦੇ ਵੀ ਮੁਕਤੀ ਨਹੀਂ ਹੁੰਦੀ। ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦਾ ਫੈਸਲਾ ਹੈ ਕਿ ਭਾਈ, ਆਪੇ ਗਿਆਨ ਨਹੀਂ ਹੋਣਾ -

***ਗਿਆਨੁ ਨ ਗਲੀਈ ਢੂਢੀਐ***
***ਕਥਨਾ ਕਰੜਾ ਸਾਰੁ ॥ ਅੰਗ - ੪੬੫***

ਐਸਾ ਫੈਸਲਾ ਦੇ ਦਿਤਾ -

***ਧਾਰਨਾ - ਬਿਨਾਂ ਗੁਰਾਂ ਤੋਂ ਗਿਆਨ ਨਾ ਹੋਵੇ,***
***ਪੁਛੋ ਬ੍ਰਹਮੇ ਨਾਰਦੇ ਨੂੰ।***

***ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ ॥***
***ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ ॥***
***ਅੰਗ - ੫੯***

ਬੜੀ ਵਿਚਾਰ ਹੈ ਇਹਦੇ ਵਿਚ, ਗੁਰੂ ਮਹਾਰਾਜ ਦਾ ਸਿਧਾਂਤ ਹੈ ਕਿ ਜਦੋਂ ਤੱਕ ਗਿਆਨ ਦਾ ਪ੍ਰਕਾਸ਼ ਨਹੀਂ ਹੁੰਦਾ, ਭਰਮ ਨਹੀਂ ਮਿਟਿਆ ਕਰਦਾ ਕਦੇ ਵੀ।

***ਜਨ ਨਾਨਕ ਬਿਨੁ ਆਪਾ ਚੀਨੈ***

*ਮਿਟੈ ਨ ਭ੍ਰਮ ਕੀ ਕਾਈ ॥ ਅੰਗ - ੬੮੪*

ਵਾਹਿਗੁਰੂ ਅੰਦਰ ਰਹਿੰਦਾ ਹੈ, ਨਾਲ ਰਹਿੰਦਾ ਹੈ ਹਰੇਕ ਦੇ, ਅੰਦਰ ਵੀ ਹੈ ਬਾਹਰ ਵੀ ਹੈ। ਆਦਮੀ ਭਜਨ ਕਰਦਾ ਹੈ, ਸਭ ਨੂੰ ਪਤਾ ਹੈ ਕਿ ਭਜਨ ਕਰਨਾ ਹੈ, ਪੰਜ ਪਿਆਰਿਆਂ ਨੇ ਗੁਰਮੰਤ੍ਰ-ਮੂਲਮੰਤ੍ਰ ਦੇ ਦਿਤਾ, ਉਹਨੂੰ ਅਵਸਥਾ ਪ੍ਰਾਪਤ ਹੁੰਦੀਆਂ ਜਾਂਦੀਆਂ ਨੇ। ਧਿਆਨ ਨਾਲ ਮੇਰੀ ਗੱਲ ਨੂੰ ਸਮਝ ਲਿਓ, ਬਾਰ-ਬਾਰ ਇਹੋ ਜਿਹੀਆਂ ਗੱਲਾਂ ਨਹੀਂ ਆਇਆ ਕਰਦੀਆਂ। ਸੋ ਉਹਦੀ ਅਵਸਥਾ ਚੜ੍ਹਦੀ ਹੈ, ਨਾਮ ਜਪਦਾ ਹੈ। ਨਾਮ ਜਪਦੇ ਦਾ ਸ੍ਵਾਸ 'ਤੇ ਨਾਮ ਆ ਗਿਆ। ਕੰਠ ਵਿਚ ਨਾਮ ਚਲਿਆ ਗਿਆ, ਹਿਰਦੇ ਵਿਚ ਨਾਮ ਸਮਾਅ ਗਿਆ, ਨਾਭੀ ਵਿਚ ਨਾਮ ਦਾ ਪ੍ਰਵੇਸ਼ ਹੋ ਗਿਆ। ਆਗਿਆ ਚੱਕਰ ਦੇ ਅੰਦਰ ਨਾਮ ਦਾ ਨਿਵਾਸ ਹੋ ਗਿਆ। ਉਸ ਤੋਂ ਬਾਅਦ ਤ੍ਰਿਕੁਟੀ ਵਿਚ ਨਾਮ ਦੀ ਧੁਨ ਸੁਣਨੀ ਸ਼ੁਰੂ ਹੋ ਗਈ, ਇਸ ਤੋਂ ਬਾਅਦ ਸਹੰਸਰਾਰ ਦਲ ਵਿਚ ਜਾ ਕੇ ਸ਼ਕਤੀਆਂ ਨੇ ਹੁਲਾਰਾ ਮਾਰਿਆ, ਕੋਈ ਵਿਰਲਾ ਪੁਰਸ਼ ਹੈ ਜਦੋਂ ਸ਼ਕਤੀਆਂ ਨਉ ਨਿਧੀ ਅਠਾਰ੍ਹਾਂ ਸਿਧੀਆਂ ਸਾਮ੍ਹਣੇ ਆ ਕੇ ਖੜ੍ਹ ਜਾਂਦੀਆਂ ਨੇ, ਇਹ ਕਹਿੰਦੀਆਂ ਨੇ ਕਿ ਇਕ ਨਿਗ੍ਹਾ ਕਰ, ਜਿੰਨੇ ਵੱਟੇ ਪਏ ਨੇ ਸਭ ਸੋਨੇ ਦੇ ਬਣਾ ਦੇਵਾਂਗੀ, ਮੈਨੂੰ ਲੈ ਲੈ ਤੂੰ। ਮਨ ਡੋਲ ਜਾਂਦਾ ਹੈ ਕਿ ਇਹ ਤਾਂ ਗੱਲ ਹੀ ਬਹੁਤ ਵਧੀਆ ਹੈ। ਬਹੁਤ ਵੱਡੀ ਗੱਲ ਹੈ। ਨਿਗ੍ਹਾ ਹੀ ਕਰਨੀ ਹੈ ਜਿੰਨੇ ਡਲ੍ਹੇ ਪਏ ਨੇ ਮਿੱਟੀ ਦੇ ਜਾਂ ਪੱਥਰ ਪਏ ਨੇ, ਸਾਰਾ ਹੀ ਸੋਨਾ ਹੀ ਸੋਨਾ ਹੈ, ਚੁੱਕ ਲਓ ਸਾਰੀ ਦੁਨੀਆਂ ਨੂੰ ਅਮੀਰ ਕਰ ਦਏਗੀ।

ਗੁਰੂ ਨਾਨਕ ਪਾਤਸ਼ਾਹ ਜਦੋਂ ਸੁਮੇਰ ਪਰਬਤ 'ਤੇ ਪਹੁੰਚੇ, ਗੋਰਖ ਨੇ ਦੇਖਿਆ ਕਿ ਇਹ ਤਾਂ ਬਹੁਤ ਹੀ ਸੁਲਝਿਆ ਹੋਇਆ, ਇਹ ਤਾਂ ਅਵਤਾਰ ਹੈ। ਇਹ ਸਾਡੇ ਪੰਥ ਵਿਚ ਆ ਜਾਏ ਤਾਂ ਸਾਡਾ ਪੰਥ ਉਜਿਆਲਾ ਹੋ ਜਾਏ ਤੇ ਦੁਨੀਆਂ ਫੇਰ ਮੁੜ ਕੇ ਮੰਨਣਾ ਸ਼ੁਰੂ ਕਰ ਦੇਵੇ ਕਿਉਂਕਿ ਐਨਾ ਵਿਦਵਾਨ ਸਾਡੇ ਪੰਥ ਵਿਚ ਹੈ ਨਹੀਂ ਕੋਈ, ਅਨੁਭਵੀ ਮਹਾਂਪੁਰਸ਼। ਗੋਰਖ ਨੇ ਮਨ 'ਚ ਵਿਚਾਰਿਆ ਕਿ ਮੈਂ ਇਹਨੂੰ ਦੱਸਾਂ ਕਿ ਇਕ ਫੁਰਨੇ ਵਿਚ ਕਿੰਨੀ ਤਾਕਤ ਹੁੰਦੀ ਹੈ? ਕਹਿੰਦਾ, ਨਾਨਕ! ਐ ਬਾਲੇ, ਬੱਚਾ! ਸਾਧੂਆਂ ਨੂੰ ਪਾਣੀ ਦੀ ਪਿਆਸ ਹੈ। ਔਹ ਸਾਮ੍ਹਣੇ ਦੇਖ ਪਹਾੜ ਦੇ ਹੇਠ ਝੀਲ। ਤਾਲ ਹੈ ਬੜਾ ਨਿਰਮਲ ਜਲ ਦਾ। ਜਾਹ ਸਾਡੀ ਚਿੱਪੀ ਲੈ ਜਾ ਤੇ ਇਕ ਚਿੱਪੀ ਪਾਣੀ ਦੀ ਭਰ ਲਿਆਓ। ਕਿਉਂਕਿ ਉਹ ਵੱਡੀਆਂ ਉਮਰਾਂ ਦੇ ਸੀ ਪੰਜ-ਪੰਜ ਸੌ ਸਾਲ, ਅੱਠ-ਅੱਠ ਸੌ ਸਾਲ, ਹਜ਼ਾਰ-ਹਜ਼ਾਰ ਸਾਲ ਦੇ।

ਗੁਰੂ ਨਾਨਕ ਪਾਤਸ਼ਾਹ ਦੀ ਸਰੀਰਕ ਉਮਰ ਉਸ ਵੇਲੇ ਬਹੁਤ ਥੋੜ੍ਹੀ ਸੀ। ਉਹ ਬੱਚਾ ਹੀ ਕਹਿੰਦੇ ਸੀ, ਬਾਲਾ ਹੀ ਕਹਿੰਦੇ ਸੀ। ਗੁਰੂ ਨਾਨਕ ਜਦੋਂ ਉਥੇ ਪਹੁੰਚਦੇ ਨੇ ਕੀ ਦੇਖਦੇ ਨੇ, ਸਾਰਾ ਜਿਹੜਾ ਤਾਲ ਸੀ, ਪਾਣੀ ਤਾਂ ਹੈ ਹੀ ਨਹੀਂ, ਉਹ ਤਾਂ ਝਿਲਮਿਲ-ਝਿਲਮਿਲ ਕਰਦਾ ਹੈ, ਨਿਗ੍ਹਾ ਨਹੀਂ ਟਿਕਦੀ, ਅਨੇਕ ਰੰਗਾਂ ਦੇ ਹੀਰੇ ਹੀ ਹੀਰੇ ਪਏ ਨੇ। ਭਰਿਆ ਪਿਆ ਹੈ ਤਾਲ। ਮਹਾਰਾਜ ਜੀ ਮੁੜ ਆਏ, ਕਹਿਣ ਲੱਗੇ, ਨਾਥ ਜੀ! ਉਥੇ ਤਾਂ ਪਾਣੀ ਹੀ ਨਹੀਂ ਹੈ ਪੱਥਰ ਨੇ ਸਭ। ਕਹਿਣ ਲੱਗੇ, ਨਾਨਕ! ਕੀ ਗੱਲ ਧਿਆਨ ਨਾਲ ਨਹੀਂ ਦੇਖਿਆ? ਕਹਿੰਦੇ, ਦੇਖਿਆ ਹੈ, ਰੰਗ ਬਰੰਗੇ ਪੱਥਰ ਝਿਲਮਿਲ-ਝਿਲਮਿਲ ਕਰਦੇ ਨੇ। ਕਹਿੰਦੇ, ਦੇਖ, ਇਕ ਫੁਰਨਾ ਕਰਿਆ ਹੈ, ਸਾਰਾ ਤਾਲ ਹੀਰੇ ਜਵਾਹਰਾਤ ਨਾਲ ਭਰ ਦਿਤਾ।

ਮਹਾਰਾਜ ਜੀ ਕਹਿਣ ਲੱਗੇ, ਨਾਥ ਜੀ! ਇਹ ਤਾਂ ਮਾਇਆ ਦੀ ਖੇਡ ਹੈ। ਆਤਮਾ ਦਾ ਮੰਡਲ ਇਸ ਤੋਂ ਉਤੇ ਹੈ। ਇਹ ਤਾਂ ਤੁਸੀਂ ਖੇਡਾਂ ਕਰਦੇ ਓਂ ਬੱਚਿਆਂ ਵਾਂਗੂੰ, ਮਦਾਰੀਆਂ ਵਾਂਗੂੰ -

***ਨਾਟਕ ਚੇਟਕ ਕੀਏ ਕੁਕਾਜਾ।***
***ਪ੍ਰਭ ਲੋਗਨ ਕਹ ਆਵਤ ਲਾਜਾ।***

ਜਦੋਂ ਇਥੇ ਪਹੁੰਚਦੀ ਹੈ ਸੁਰਤ, ਓਸ ਵੇਲੇ ਸਹੰਸਰਾਰ ਦਲ ਦੇ ਅੰਦਰ ਐਨੀਆਂ ਤਾਕਤਾਂ ਨੇ ਜਿਨ੍ਹਾਂ ਨੇ ਗਿਣੀਆਂ ਨੇ, ਉਹ ਕਹਿੰਦੇ, ਇਕ ਹਜ਼ਾਰ ਤਾਕਤ ਹੈ, ਹਜ਼ਾਰ ਦਲ ਹੈ ਉਥੇ, ਹਜ਼ਾਰ ਹੀ ਤਾਕਤ ਹੈ। ਰਿੱਧੀਆਂ-ਸਿੱਧੀਆਂ ਦੇ ਭੰਡਾਰੇ ਨੇ, ਸ਼ਕਤੀਆਂ ਹੀ ਸ਼ਕਤੀਆਂ। ਸ਼ਕਤੀਆਂ ਜੇ ਪ੍ਰਾਪਤ ਕਰ ਲਈਆਂ, ਅਜੇ ਅਗਿਆਨ ਦਾ ਤਾਂ ਨਾਸ਼ ਨਹੀਂ ਨਾ ਹੋਇਆ, ਦਸਵੇਂ ਦੁਆਰ ਵੀ ਜੇ ਵਾਸਾ ਕਰ ਲਿਆ -

*ਗੁਰਦੁਆਰੈ ਲਾਇ ਭਾਵਨੀ*
*ਇਕਨਾ ਦਸਵਾ ਦੁਆਰੁ ਦਿਖਾਇਆ ॥*
*ਤਹ ਅਨੇਕ ਰੂਪ ਨਾਉ ਨਵ ਨਿਧਿ*
*ਤਿਸ ਦਾ ਅੰਤੁ ਨ ਜਾਈ ਪਾਇਆ ॥*
*ਅੰਗ - ੯੨੨*

ਦਸਵੇਂ ਦੁਆਰੇ ਵਿਚ ਜਾ ਕੇ ਵੀ ਅਗਿਆਨ ਦਾ ਨਾਸ਼ ਗੁਰੂ ਤੋਂ ਬਗੈਰ ਨਹੀਂ ਹੁੰਦਾ। ਉਹਨੂੰ ਨਜ਼ਾਰੇ ਬਹੁਤ ਦਿਸਦੇ ਨੇ, ਰੋਸ਼ਨੀਆਂ ਹੀ ਰੋਸ਼ਨੀਆਂ, ਸ਼ਬਦ ਹੀ ਸ਼ਬਦ, ਸ਼ਕਤੀਆਂ ਬਹੁਤ ਨੇ, ਉਡ ਕੇ ਜਿਥੇ ਜੀਅ ਕਰਦਾ ਹੈ ਚਲਿਆ ਜਾਵੇ। ਸਾਰੇ ਸੰਸਾਰ ਦੇ ਅੰਦਰ ਮਹਿਮਾ ਉਹਦੀ ਹੋ ਸਕਦੀ ਹੈ। ਸ਼ਕਤੀਆਂ ਸੰਪੰਨ ਹੋ ਕੇ ਕੋਈ ਵੀ ਉਸ ਤੋਂ ਵੱਡਾ ਨਹੀਂ ਹੈ, ਪਰ ਅਜੇ ਅਗਿਆਨ ਦਾ ਨਾਸ਼ ਨਹੀਂ ਹੋਇਆ, ਅਜੇ ਸੂਖਸ਼ਮ ਹਉਮੈ, ਮੈਂ ਜਿਹੜੀ ਹੈ ਉਵੇਂ ਜਿਵੇਂ ਖੜ੍ਹੀ ਹੈ। ਉਹ ਮਿਟਿਆ ਨਹੀਂ ਹੈ। ਇਹ ਮਿਟਦੀ ਨਹੀਂ ਜਦੋਂ ਤੱਕ ਗੁਰੂ ਜਿਹੜਾ ਹੈ -

*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*

*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥*
*ਅੰਗ - ੩੦੬*

ਜਾਂ ਤਾਂ ਗੁਰੂ ਉਪਦੇਸ਼ ਸੁਣਾ ਦੇਵੇ, ਜਾਂ ਪੂਰਨ ਤੱਤਬੇਤਾ ਮਹਾਂਪੁਰਸ਼ ਉਹ ਉਪਦੇਸ਼ ਸੁਣਾ ਦੇਵੇ। ਸੰਤ ਤਾਂ ਨਹੀਂ ਸੁਣਾਉਂਦਾ, ਸੰਤਾਂ ਉਪਰ ਤਾਂ 100% ਵਿਸ਼ਵਾਸ਼ ਆ ਨਹੀਂ ਸਕਣਾ ਕਦੇ ਵੀ। ਸਿੱਖਾਂ 'ਚ ਤਾਂ ਆ ਨਹੀਂ ਸਕਣਾ। ਹੋਰ ਧਰਮਾਂ 'ਚ ਆ ਜਾਏਗਾ। ਸਿੱਖਾਂ 'ਚ ਨਹੀਂ ਆਉਂਦਾ ਕਿਉਂਕਿ ਇਥੇ ਦੁਬਿਧਾ ਪੈ ਗਈ। ਦੁਬਿਧਾ ਪੈਣ ਦੇ ਨਾਲ ਸੰਤਾਂ ਦੇ ਖਿਲਾਫ ਪ੍ਰਚਾਰ ਇਨ੍ਹਾਂ ਨੇ ਸ਼ੁਰੂ ਕਰ ਦਿਤਾ। ਅਗਿਆਨੀ ਇਕੱਠੇ ਹੋ ਗਏ ਸਾਰੇ। ਉਹ ਆਪ ਤਾਂ ਡੁੱਬਣੇ ਹੀ ਨੇ, ਉਨ੍ਹਾਂ ਨੇ ਗੁਰੂ ਸਾਹਿਬ ਦੇ ਸਿਧਾਂਤ ਨੂੰ ਓਹਲੇ ਕਰ ਦਿਤਾ। ਸੰਤ ਜਿਹੜਾ ਹੁੰਦਾ ਹੈ ਪੂਰਾ ਉਹ ਪ੍ਰਮੇਸ਼ਰ ਦਾ ਰੂਪ ਹੁੰਦਾ ਹੈ।

*ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥*
*ਅੰਗ - ੩੯੭*

***ਧਾਰਨਾ - ਸਾਂਈ ਹੀ ਵਰਗੇ ਨੇ***
***ਵਿਸਰੇ ਨਾ ਨਾਮ ਜਿਨ੍ਹਾਂ ਨੂੰ।***

ਫਰਕ ਨਹੀਂ ਹੋਇਆ ਕਰਦਾ, ਪਰ ਉਸ ਤਰ੍ਹਾਂ ਦਾ ਸੰਤ ਲੱਭੇ ਕਿੱਥੋਂ? ਜਿਉਂ-ਜਿਉਂ ਸਮਾਂ ਲੰਘਦਾ ਜਾਂਦਾ ਹੈ, ਪਾਖੰਡੀ ਨੂੰ ਤਾਂ ਅਸੀਂ ਹਰ ਥਾਂ 'ਤੇ ਟੋਲ੍ਹ ਸਕਦੇ ਹਾਂ। ਜਿਥੇ ਜੀਅ ਕਰਦਾ ਹੈ ਟੋਲ੍ਹ ਲਓ, ਉਹੀ ਵੇਸ-ਭੂਸਾ ਬਹੁਤ ਵਧੀਆ ਹੋਵੇਗਾ, ਭੇਖ ਕਮਾਲ ਦਰਜੇ ਦਾ ਹੋਵੇਗਾ, ਗੱਲਾਂਬਾਤਾਂ 'ਚ artist ਹੋਏਗਾ ਪੂਰਾ, ਪਰ ਮਨੋ ਅੰਨਾ ਹੈ। ਅੰਦਰ ਗਿਆਨ ਦਾ ਪ੍ਰਕਾਸ਼ ਨਹੀਂ ਹੋਇਆ, ਅੰਨ੍ਹੇ ਮਨ ਨੂੰ ਕੀ ਕਰਨਾ ਹੈ, ਉਹ ਤਾਂ ਆਪ ਹੀ ਅੰਨ੍ਹਾ ਹੈ। ਉਹਨੇ ਤਾਂ ਡੋਬ ਦੇਣੇ ਨੇ ਸਾਰੇ। ਸੰਤ ਦੀ ਪਛਾਣ ਕਰਨੀ ਬਹੁਤ ਔਖੀ ਹੈ।

ਐਥੇ ਚਮਕੌਰ ਸਾਹਿਬ ਦੇ ਲਾਗੇ, ਨਥਲਪੁਰ ਦੇ ਅੰਦਰ ਬਾਬਾ ਅਜੀਤ ਸਿੰਘ ਜੀ ਹੋਏ ਨੇ, ਵਾਹਿਗੁਰੂ ਦੀ ਮਿਹਰ ਸੀ ਉਨ੍ਹਾਂ ਨੇ ਏਸ ਇਲਾਕੇ ਅੰਦਰ ਐਸਾ ਮਹਾਂਪੁਰਸ਼ ਪੈਦਾ ਕਰ ਦਿਤਾ, ਉਹ ਪੂਰਨ ਬ੍ਰਹਮਗਿਆਨੀ ਮਹਾਂਪੁਰਸ਼ ਸੀ ਘਰ 'ਚ ਰਹਿੰਦੇ ਸੀ, ਖੇਤੀ ਕਰਦੇ ਸੀ। ਕੋਈ ਨਹੀਂ ਸੀ ਪਛਾਣ ਸਕਦਾ। ਆਪੇ ਹੀ ਕੰਮ ਕਰੀ ਜਾਂਦੇ ਸੀ। ਬਾਹਰਲੇ ਨੂੰ ਨਹੀਂ ਸੀ ਪਤਾ ਲਗਦਾ ਕਿ ਇਹ ਕੋਈ ਸਾਧੂ ਹੈ ਉਹਨੂੰ ਪਛਾਣਨ ਵਾਸਤੇ ਹੋਰ ਤਰ੍ਹਾਂ ਦੀ ਅੱਖ ਸੀ। ਉਹ ਜਾਣਦੇ ਸੀ ਕਿ ਇਹ ਤਾਂ ਪੂਰਨ ਪੁਰਸ਼ ਬੈਠਾ ਹੈ ਲੁਕਿਆ ਹੋਇਆ, ਖੱਦਰ ਦੇ ਕੱਪੜਿਆਂ 'ਚ। ਉਹ ਹੁਣ ਦਇਆਲ ਕਿਵੇਂ ਹੋਵੇ, ਦਇਆਲ ਹੋਣਾ ਬੜਾ ਮੁਸ਼ਕਲ ਹੈ। ਕਿਉਂਕਿ ਦਇਆਲ ਨਹੀਂ ਹੁੰਦਾ ਜਦੋਂ ਤੱਕ ਪੂਰਾ ਅਧਿਕਾਰੀ ਨਹੀਂ ਨਾ ਮਿਲਦਾ, ਪੂਰਾ 100% -

*ਰਾਮ ਪਦਾਰਥੁ ਪਾਇ ਕੈ*
*ਕਬੀਰਾ ਗਾਂਠਿ ਨ ਖੋਲ੍ ॥*
*ਨਹੀ ਪਟਣੁ ਨਹੀ ਪਾਰਖੂ*
*ਨਹੀ ਗਾਹਕੁ ਨਹੀ ਮੋਲੁ॥ ਅੰਗ - ੧੩੬੫*

ਨਾ ਕੋਈ ਦੁਕਾਨ ਹੈ, ਨਾ ਕੋਈ ਖਰੀਦਦਾਰ ਹੈ, ਨਾ ਕੋਈ ਗਾਹਕ ਹੈ, ਨਾ ਕੋਈ ਮੁੱਲ ਹੈ ਫੇਰ ਕਰਿਆ ਕੀ ਜਾਵੇ ਮੁਸ਼ਕਲ ਹੈ। ਸਾਡਾ ਤਾਂ ਐਨਾ ਹੀ ਕਹਿਣਾ ਹੈ ਕਿ ਭਾਈ, ਗੁਰੂ ਵਾਲੇ ਬਣ ਜਾਓ, ਅੰਮ੍ਰਿਤ ਛਕ ਲਓ। ਅੱਗੇ ਕੋਈ ਰਾਹ ਨਹੀਂ ਹੈ ਉਹ ਤਾਂ ਇਥੇ ਹੀ ਮੁੱਕ ਗਿਆ? ਫੇਰ ਤਾਂ ਇਸਾਈ ਵੀ ਇਹੀ ਕਹਿੰਦੇ ਨੇ ਕਿ ਤੁਸੀਂ Baptise ਹੋ ਜਾਓ, ਬੱਸ ਠੀਕ ਹੈ ਤੁਹਾਡਾ ਕੰਮ ਪੂਰਾ ਹੋ ਗਿਆ। ਇਹ ਵੀ ਕਹਿੰਦੇ ਨੇ ਕਿ ਜਨੇਊ ਪਾ ਕੇ ਆਪਣਾ ਨਵਾਂ ਜਨਮ ਬਣਾ ਲਓ। ਜਨੇਊ ਪਾ ਲਓ ਬੱਸ ਗੱਲ ਬਣ ਗਈ। ਮਹਾਰਾਜ ਕਹਿੰਦੇ, ਇਹਦੇ ਨਾਲ ਕੀ ਬਣ ਗਿਆ ਪਿਆਰਿਓ, ਕੁਛ ਵੀ ਨਹੀਂ। ਕਿਉਂ ਦੁਨੀਆਂ ਨੂੰ ਧੋਖੇ ਦਿੰਦੇ ਓਂ? ਗੱਲ ਕਰੋ ਕੰਮ ਦੀ, ਬਈ ਭਾਈ ਗੁਰਮੁਖਾ! ਤੂੰ ਸਿੱਖੀ ਦੇ ਵਿਚ ਜੇ ਦਾਖਲ ਹੋਣਾ ਹੈ, ਤਾਂ ਗੁਰੂ ਗ੍ਰੰਥ ਸਾਹਿਬ ਦੇ ਤਾਬੇ ਤੂੰ ਅਰਦਾਸਾਂ ਕਰ ਕਿ ਕੋਈ ਪੰਜ ਪਿਆਰੇ ਲੱਭ ਜਾਣ। ਕਰਨੀ ਕਮਾਈ ਵਾਲੇ। ਹੁਣ ਇਹ ਗੱਲ ਬੜੀ ਔਖੀ ਹੈ। ਹੁਣ ਤਾਂ ਇਕੋ ਹੀ ਰਹਿ ਗਿਆ ਕਿ ਗੁਰੂ ਮਹਾਰਾਜ ਹੀ ਕ੍ਰਿਪਾ ਕਰਕੇ ਉਨ੍ਹਾਂ ਪੰਜਾਂ 'ਚ ਆਪਣਾ ਪ੍ਰਵੇਸ਼ ਕਰ ਦੇਣ। ਉਹ ਰਿਆਇਤੀ ਪਾਸ ਕਰ ਦੇਣ ਸਾਨੂੰ। ਨਹੀਂ ਤਾਂ ਪੂਰੇ ਤੋਂ ਬਗੈਰ ਨਾਮ ਦੀ ਜੜ੍ਹ ਹਿਰਦੇ 'ਚ ਨਹੀਂ ਲੱਗਿਆ ਕਰਦੀ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਰੰਗਵਾਲ ਵਾਲੇ, ਉਸ ਵੇਲੇ ਖਾਲਸਾ ਸਕੂਲ ਹੁੰਦਾ, ਲੁਧਿਆਣੇ ਵਿਚ ਦਸਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਅੰਮ੍ਰਿਤ ਛਕਾਉਣ ਲੱਗ ਪਏ। ਚਾਰ ਪਿਆਰੇ ਖੜ੍ਹੇ ਨੇ, ਪੰਜਵੇਂ ਦੀ ਇੰਤਜ਼ਾਰ ਹੋ ਰਹੀ ਹੈ। ਉਨ੍ਹਾਂ ਦਾ ਵੀ ਇਹ ਸੀ ਟੀਚਾ ਕਿ ਜਿਹਦੇ ਅੰਦਰ ਜੋਤ ਦਾ ਪਸਾਰਾ ਨਹੀਂ ਨਾ ਹੋਇਆ, ਪ੍ਰਗਟ ਨਹੀਂ ਹੋਈ ਉਹ ਨਹੀਂ ਪੰਜ ਪਿਆਰਿਆਂ 'ਚ ਲੈਣਾ। ਜਿਹਦੇ ਅੰਦਰ ਜੋਤ ਪ੍ਰਗਟ ਹੋ ਗਈ, ਚਿਹਰਾ ਦਗ-ਦਗ ਕਰ ਰਿਹਾ ਹੈ ਉਸਨੂੰ ਲੈਣਾ ਹੈ। ਦੂਜੇ ਨੂੰ ਨਹੀਂ ਲੈਣਾ।

ਸਿੰਘ ਤਾਂ ਬੇਅੰਤ ਸੀ ਪਰ ਚਾਰ ਤਾਂ ਛਾਂਟ ਲਏ, ਪੰਜਵਾਂ ਨਹੀਂ ਸੀ। ਭਾਈ ਸਾਹਿਬ sense ਕਰ ਗਏ ਪੰਜਵੇਂ ਨੂੰ ਕਿ ਆ ਰਹੇ ਨੇ। ਕਹਿੰਦੇ, ਅਰਦਾਸ ਕਰੋ, ਲੇਟ ਨਾ ਹੋਵੋ। ਕਹਿੰਦੇ ਪੰਜਵਾਂ? ਕਹਿੰਦੇ, ਆ ਜਾਏਗਾ ਉਹ ਵੀ। ਜਦੋਂ ਅਰਦਾਸ ਕਰਕੇ ਜੈਕਾਰਾ ਬੁਲਾਇਆ, ਪਿਛੇ ਕੀ ਦੇਖਦੇ ਨੇ ਕਿ ਬੀਜੀ (ਬੀਬੀ ਰਣਜੀਤ ਕੌਰ ਜੀ, ਸੰਤ ਮਹਾਰਾਜ ਜੀ ਦੇ ਸੁਪਤਨੀ)

ਦੇ ਪਿਤਾ ਜੀ ਖੜ੍ਹੇ ਨੇ। ਕਹਿੰਦੇ, ਤੁਸੀਂ ਆ ਗਏ? ਉਨ੍ਹਾਂ ਨੇ ਕਿਹਾ ਕਿ ਤੁਸੀਂ ਯਾਦ ਕਰਿਆ ਅਸੀਂ ਆ ਗਏ। ਕੇਸੀ ਇਸ਼ਨਾਨ ਕਰਿਆ ਹੋਇਆ।

ਬੜੇ ਕੌਤਕ ਵਰਤਿਆ ਕਰਦੇ ਸੀ ਉਨ੍ਹਾਂ ਦਿਨਾਂ ਦੇ ਸਿੰਘਾਂ 'ਚ। ਹੁਣ ਦੇ ਤਾਂ ਸਾਰੇ Politics ਨੇ ਹੀ ਮਾਰ ਲਏ। ਨਾਸਤਕਤਾ ਦੀਆਂ ਗੱਲਾਂ, ਰੌਲੇ-ਰੱਪੇ ਦੀਆਂ ਗੱਲਾਂ ਚੱਲੀ ਜਾਂਦੀਆਂ ਨੇ, ਇਹਨੂੰ ਅੱਡ ਕਰ ਲਓ ਤੇ ਸਾਡੇ ਵਾਲੇ ਨੂੰ ਅੱਡ ਕਰ ਲਓ। ਤਾਂ, ਤਾਂ ਬਚ ਜਾਓਂਗੇ, ਜੇ ਦੋਵੇਂ ਇਕੱਠੇ ਰੱਖੇ ਫੇਰ ਨਹੀਂ ਬਚ ਹੋਣਾ ਕਿਉਂਕਿ ਧਰਮ ਨੂੰ ਹੇਠਾਂ ਦੱਬ ਲਿਆ ਪੌਲੇਟਿਕਸ ਨੇ, ਜੀਵਨ ਕੋਈ ਨਹੀਂ। ਪੁੱਛੋ, ਤੇਰੇ ਜਪੁਜੀ ਸਾਹਿਬ ਯਾਦ ਹੈ, ਸੁਣਾਵੇਂਗਾ? ਬਿਲਕੁਲ ਨਹੀਂ।

ਐਥੇ ਸਾਡੇ ਆ ਗਿਆ ਕੋਈ, ਤੁਹਾਡੇ ਬੀਜੀ ਪੁੱਛਣ ਲੱਗ ਗਏ ਕਿ ਤੇਰੇ ਜਪੁਜੀ ਸਾਹਿਬ ਯਾਦ ਹੈ? ਕਹਿੰਦਾ ਨਾ, ਮੇਰੇ ਤਾਂ ਯਾਦ ਨਹੀਂ। ਕਹਿੰਦੀ, ਕਿੰਨਾ ਕੁ ਯਾਦ ਹੈ? ਕਹਿੰਦਾ, ਮੂਲਮੰਤ੍ਰ। ਕਹਿੰਦੀ ਸਿੱਖੀ ਦਾ ਤੂੰ ਦਾਹਵੇਦਾਰ ਹੈਂ, ਐਡੇ-ਐਡੇ ਲੇਖ ਲਿਖਦਾ ਹੈਂ ਕਿ ਸਿੱਖੀ ਦਾ ਪ੍ਰਚਾਰ, ਤੇਰੇ ਜਪੁਜੀ ਸਾਹਿਬ ਤਾਂ ਯਾਦ ਨਹੀਂ, ਕੀ ਢੌਂਗ ਰਚਿਆ ਹੈ ਤੁਸੀਂ ਲੋਕਾਂ ਨੇ। ਲੋਕਾਂ ਨੂੰ ਬੇਵਕੂਫ ਬਣਾਉਂਦੇ ਫਿਰਦੇ ਓਂ। ਚੁੱਪ ਕਰ ਗਿਆ, ਮੁੜ ਕੇ ਨਾ ਆਇਆ।

ਸੋ ਏਸ ਤਰ੍ਹਾਂ ਦੇ ਨਾਲ ਇਹ ਗੱਲਾਂ ਗਲਤ ਹੋ ਜਾਂਦੀਆਂ ਨੇ ਸਾਧਸੰਗਤ ਜੀ! ਜਦੋਂ ਤੱਕ ਪੂਰਾ ਨਾ ਮਿਲੇ।

ਸੋ ਅੰਮ੍ਰਿਤ ਦੀ ਤਿਆਰੀ ਹੋ ਗਈ, ਅੰਮ੍ਰਿਤ ਛਕਾਉਣ ਲੱਗੇ, ਬਾਪੂ ਜੀ ਅੰਮ੍ਰਿਤ ਛਕਾ ਰਹੇ ਸੀ ਪਹਿਲੇ ਨੰਬਰ 'ਤੇ। ਤਾਂ ਆਪ ਨੇ, ਫਲੇਵਾਲ ਦਾ ਲੜਕਾ ਸੀ ਕਰਤਾਰ ਸਿੰਘ, ਉਹਦੇ ਪੰਜ ਚੂਲੇ ਸੀਸ 'ਚ ਪਾਏ, ਪੰਜ ਪਲਾਏ ਤੇ ਉਸ ਤੋਂ ਬਾਅਦ ਨੇਤਰਾਂ 'ਚ ਜਦੋਂ ਮਾਰਨ ਲੱਗੇ। ਉਹ ਪੰਜਵਾਂ ਚੂਲਾ ਮਾਰਿਆ ਤਾਂ ਪੂਰੇ ਜਲਾਲ ਨਾਲ ਝਾਕ ਪਏ, ਉਹਦੇ ਵਲ। ਨੇਤਰ ਨਾਲ ਨੇਤਰ ਰਲ ਗਏ। ਰਲਣ ਨਾਲ ਕੀ ਹੋਇਆ, ਜਿਹੜੀ ਸ਼ਕਤੀ ਸੀ ਬਾਪੂ ਜੀ ਦੇ ਨੇਤਰਾਂ 'ਚ ਉਹਦੇ ਸਰੀਰ 'ਚ ਪ੍ਰਵੇਸ਼ ਕਰ ਗਈ। ਪ੍ਰਵੇਸ਼ ਕਰੀ ਹੋਈ, ਉਹ ਜਿਹੜਾ ਅੰਮ੍ਰਿਤ ਦਾ ਛਿੱਟਾ ਮਾਰਿਆ, ਉਹਦੇ ਨਾਲ ਉਹਦੇ ਨੇਤਰਾਂ 'ਚ ਪ੍ਰਵੇਸ਼ ਕਰ ਗਈ, ਉਸ ਤੋਂ ਬਾਅਦ ਸਮਾਧੀ ਲੱਗ ਗਈ ਉਹਦੀ। ਬਹਿ ਗਿਆ ਬੱਚਾ, ਬੁਲਾਉਣ ਬੋਲੇ ਨਾ, ਹਿਲਾਉਣ ਹਿੱਲੇ ਨਾ। ਭਾਈ ਸਾਹਿਬ ਕਹਿੰਦੇ ਹੁਣ ਕੀ ਹੋਏਗਾ। ਬਾਪੂ ਜੀ ਨੇ ਕਿਹਾ ਕਿ ਹੁਣ ਤਾਂ ਸਾਡੇ ਤੋਂ ਜਲਾਲ 'ਚ ਆ ਕੇ ਛਿੱਟਾ ਮਾਰਿਆ ਗਿਆ, ਹੁਣ ਇਹ 56 ਘੰਟੇ ਤੋਂ ਬਾਅਦ ਸੁਰਤ ਵਿਚ ਆਏਗਾ। ਇਕ ਪਾਸੇ ਚੁੱਕ ਕੇ ਬਿਠਾਲ ਦਿਤਾ ਤੇ ਉਸ ਤੋਂ ਬਾਅਦ ਅਖੰਡਪਾਠ ਸ਼ੁਰੂ ਹੋ ਗਿਆ, 48 ਘੰਟਿਆਂ 'ਚ ਪੂਰਿਆਂ 'ਚ ਭੋਗ ਪਾਇਆ ਕਰਦੇ ਸੀ ਉਸ ਵਕਤ। ਉਸ ਤੋਂ ਬਾਅਦ ਕੀਰਤਨ ਸ਼ੁਰੂ ਹੋ ਗਿਆ। ਜਦੋਂ 56 ਘੰਟੇ ਹੋਏ, ਉਸ ਤੋਂ ਬਾਅਦ ਬੱਚਾ ਹਿੱਲਿਆ, ਹਿੱਲ ਕੇ ਚਾਰ ਉਂਗਲ ਉੱਚਾ ਉਠ ਗਿਆ ਧਰਤੀ ਤੋਂ। ਗਿੱਠ ਉਚਾ ਉਠ ਗਿਆ ਧਰਤੀ ਤੋਂ, ਦੋ ਗਿੱਠ ਉਠ ਗਿਆ। ਆਲੇ-ਦੁਆਲੇ ਦੇ ਸਭ ਦੇਖਣ ਲੱਗੇ ਕਿ ਇਹ ਤਾਂ ਉਡ ਰਿਹਾ ਹੈ ਬੱਚਾ। ਬਾਪੂ ਜੀ ਉਥੇ ਬੈਠੇ ਨੇ, ਉਨ੍ਹਾਂ ਨੇ ਸਾਰਿਆਂ ਨੂੰ ਰੋਕ ਦਿਤਾ ਕਿ disturb ਨਾ ਕਰਿਓ ਇਹਨੂੰ। ਉਹ ਹੌਲੀ-ਹੌਲੀ ਚਲਦਾ-ਚਲਦਾ, ਛੱਤ ਨਾਲ ਜਾ ਲੱਗਿਆ ਗੁਰਦੁਆਰਾ ਸਾਹਿਬ ਦੀ। ਉਸ ਤੋਂ ਬਾਅਦ ਲੱਤਾਂ ਉਹਨੇ ਖੋਲ੍ਹ ਲਈਆਂ, ਚੌਂਕੜੇ ਦੀਆਂ। ਤੈਰਨ ਲੱਗ ਗਿਆ ਜਿਵੇਂ ਪਾਣੀ 'ਚ ਮੱਛੀ ਤੈਰਦੀ ਹੈ। ਆਰਾਮ ਨਾਲ ਹੀ ਸੰਗਤ ਦੇ ਉਤੋਂ ਦੀ ਹੋ ਕੇ ਭਾਈ ਸਾਹਿਬ ਕਹਿੰਦੇ, ਸਾਡੇ ਉਪਰ ਦੀ ਹੋ ਕੇ ਗੁਰੂ ਗ੍ਰੰਥ ਸਾਹਿਬ ਦੇ ਤਾਬੇ ਲੰਮਾ ਪੈ ਗਿਆ। ਬਾਪੂ ਜੀ ਉਠ ਕੇ ਆਏ ਕਹਿੰਦੇ ਭਾਈ ਸਾਹਿਬ ਲਾਵਾਂ ਦਾ ਕੀਰਤਨ ਕਰੋ। ਕੀਰਤਨ ਸ਼ੁਰੂ ਹੋ ਗਿਆ, ਭੋਗ ਪਿਆ ਤਾਂ ਉਹ ਬੱਚਾ ਖੜ੍ਹਾ ਹੋ ਗਿਆ, ਧਰਤੀ 'ਤੇ ਪੈਰ ਨਾ ਲੱਗਣ ਉਹਦੇ। ਉਤੇ-ਉਤੇ ਹੀ ਤੁਰਿਆ ਜਾਵੇ। ਫੇਰ ਕਿਤੇ ਜਾ ਕੇ ਉਹ ਫੌਜ ਵਿਚ ਭਰਤੀ ਹੋ ਗਿਆ ਸੀ ਜਾ ਕੇ। ਪਰ ਉਸ ਨੇ ਬਹੁਤ ਉਚੀ ਅਵਸਥਾ ਅੰਮ੍ਰਿਤ ਨਾਲ ਹੀ ਦੇਖ ਲਈ ਸੀ। ਸੋ ਇਸ ਤਰ੍ਹਾਂ ਦੇ ਪੰਜ ਪਿਆਰੇ ਹੋਇਆ ਕਰਦੇ ਸੀ, ਜਿਹੜੇ ਅੰਮ੍ਰਿਤ ਛਕਾ ਕੇ ਸੁਰਤੀ ਨੂੰ ਉਤੇ ਚੁੱਕ ਦਿਆ ਕਰਦੇ ਸੀ।

ਸੰਤ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲੇ) ਦਾ ਇਹ ਅਸੂਲ ਸੀ ਕਿ ਪਹਿਲਾਂ ਤਾਂ ਛੇ ਮਹੀਨੇ ਪੰਜ ਬਾਣੀਆਂ ਯਾਦ ਕਰਾਉਣੀਆਂ, ਜੇ ਪੰਜ ਨਹੀਂ ਹੋਈਆਂ ਤਾਂ ਜਾਪੁ ਸਾਹਿਬ ਕਹਿ ਦੇਣਾ ਕਿ ਕੋਈ ਨਾ ਇਹਨੂੰ ਹੌਲੀ-ਹੌਲੀ ਯਾਦ ਕਰ ਲਈਂ। ਹੁਣ ਤੂੰ ਛੇ ਮਹੀਨੇ 30 ਮਾਲਾਂ ਮੂਲਮੰਤ੍ਰ ਦੀਆਂ ਫੇਰ। 31-32 ਮਾਲਾਂ, ਆ ਜਾਣਾ ਸਿੰਘਾਂ ਨੇ ਕਿ ਮਹਾਰਾਜ ਜੀ ਛੇ ਮਹੀਨੇ ਹੋ ਗਏ, 32 ਮਾਲਾਂ ਰੋਜ਼ ਕਰਦਾ ਹਾਂ। ਫੇਰ ਕਹਿਣਾ ਕਿ ਹੁਣ ਬਾਣੀ ਪੜ੍ਹ ਜਪੁਜੀ ਸਾਹਿਬ ਦੇ ਪਾਠ ਕਰ, 25 ਪਾਠ ਰੋਜ਼ ਦੇ ਕਰ। ਫੇਰ ਜਾ ਕੇ ਉਹਨੇ ਕਹਿਣਾ ਕਿ ਇਹ ਵੀ ਮੈਂ ਕਰ ਲਏ, ਕਹਿਣਾ ਚੰਗਾ ਫੇਰ ਅਸੀਂ ਹੁਣ ਤੈਨੂੰ ਅੰਮ੍ਰਿਤ ਛਕਾਵਾਂਗੇ। ਫੇਰ ਜਦ ਐਨੀ ਜ਼ਮੀਨ ਵਾਹੀ ਗਈ ਉਹਦੇ ਵਿਚ ਨਦੀਨ ਦਾ ਭੌਰਾ ਨਾ ਰਿਹਾ, ਘਾਹ ਫੂਸ ਸਭ ਚੁਣਿਆ ਗਿਆ, ਭਾਈ ਹੁਣ ਤਾਂ ਬੀਜ ਨੇ ਹਰਾ ਹੋਣਾ ਹੀ ਹੈ। ਸੋ ਇਸ ਤਰ੍ਹਾਂ ਦੇ ਨਾਲ ਅੰਮ੍ਰਿਤ ਛਕਾ ਕੇ ਫੇਰ ਉਹ ਨਾਮ ਜਪਦਾ ਸੀ, ਇਕ ਸਕਿੰਟ ਵਾਸਤੇ ਨਹੀਂ ਸੀ ਹਟਦਾ, ਪੁਰਾਣੇ ਗੁਰਸਿੱਖਾਂ ਨੂੰ ਦੇਖ ਲਓ। ਕਿਤੇ ਦੇਖ ਲਓ ਨਿਗ੍ਹਾ ਮਾਰ ਕੇ, ਮੈਂ ਤਾਂ ਦੋਵੇਂ ਦੇਖੇ ਨੇ ਪੁਰਾਣੇ ਵੀ ਦੇਖੇ ਨੇ, ਨਵਿਆਂ ਨੂੰ ਵੀ ਦੇਖਦਾ ਹਾਂ। 1947 ਤੋਂ

ਬਾਅਦ ਇਹ ਜਿਹੜਾ ਹਿੰਦੋਸਤਾਨ ਹੈ ਨਾ, ਇਹਦੀ ਸਾਰੀ ਦੁਨੀਆਂ ਦਾ ਹੀ ਕਾਇਆ ਕਲਪ ਹੋ ਗਿਆ। ਬਿਲਕੁਲ ਉਲਟ ਪੁਲਟ ਹੋ ਗਏ। ਸਾਡਾ ਬਹੁਤਾ ਹੀ ਬੁਰਾ ਹਾਲ ਹੋ ਗਿਆ। ਸਾਡੇ 'ਚ ਨਾਸਤਕ ਮਤ ਬਹੁਤਾ ਹੀ ਪ੍ਰਧਾਨ ਹੋ ਗਿਆ। ਹਰ ਗੱਲ ਨੂੰ ਕਹੀ ਜਾਂਦੇ ਨੇ ਕਿ ਆਹ ਨਹੀਂ ਹੋ ਸਕਦੀ, ਆਹ ਨਹੀਂ ਹੋ ਸਕਦੀ। ਇਕ ਦਿਨ ਮੈਂ ਪੜ੍ਹਿਆ ਇਕ ਮੈਗਜ਼ੀਨ, ਉਹਦੇ ਵਿਚ ਲਿਖਿਆ ਹੋਇਆ ਸੀ ਕਿ ਬਾਬਾ ਬੁੱਢਾ ਕੀ ਬਹੁਤ ਹੀ ਵੱਡਾ ਸੀ ਕਿ ਗੁਰੂ ਸਾਹਿਬ ਨੇ ਉਸ ਤੋਂ ਪੁੱਤਰ ਲੈਣ ਮਾਤਾ ਗੰਗਾ ਜੀ ਨੂੰ ਭੇਜਿਆ। ਮਾਤਾ ਗੰਗਾ ਜੀ ਕਿਉਂ ਗਏ ਉਥੇ? ਐਹੋ ਜਿਹੇ ਸਵਾਲ ਕਰਦੇ ਨੇ।

ਗੁਰਸਿੱਖਾਂ ਦੀ ਜਿਹੜਾ ਮਹਿਮਾ ਹੈ ਉਸਨੂੰ ਘਟਾ ਰਹੇ ਨੇ। ਜਿਹੜਾ ਗੁਰੂ ਹੈ ਉਹ ਸਿੱਖਾਂ ਦੀ ਮਹਿਮਾ ਵਧਾ ਰਿਹਾ ਹੈ। ਆਪਣੇ ਸਿੱਖ ਦੀ ਮਹਿਮਾ ਵਧਾਉਣ ਵਾਸਤੇ ਮਹਾਰਾਜ ਜੀ ਨੇ ਭੇਜਿਆ ਕਿ ਅਸੀਂ ਤਾਂ ਗੁਰੂ ਘਰ ਦੇ ਟਰੱਸਟੀ ਹਾਂ ਤੇ ਜੇ ਲੈਣਾ ਹੈ ਕੁਛ ਤਾਂ ਗੁਰਸਿੱਖ ਤੋਂ ਲੈ ਲਓ ਜਾ ਕੇ। ਬਾਬਾ ਬੁੱਢਾ ਤੇ ਪ੍ਰਮੇਸ਼ਰ ਦਾ ਕੋਈ ਭੇਦ ਨਹੀਂ ਹੈ। ਉਨ੍ਹਾਂ ਦੇ ਦੁਆਲੇ ਤਾਂ ਵੱਡੇ-ਵੱਡੇ ਜਿਹੜੇ ਦੇਵਤੇ ਨੇ ਆ ਕੇ ਦਰਸ਼ਨਾਂ ਵਾਸਤੇ ਬੈਠਦੇ ਨੇ, ਦਰਸ਼ਨਾਂ ਨੂੰ ਤਰਸਦੇ ਨੇ ਐਉਂ ਪੜ੍ਹ ਲਓ-

***ਧਾਰਨਾ - ਸ਼ਿਵ ਜੀ ਖੋਜਦੇ ਫਿਰਦੇ***
***ਬ੍ਰਹਮਗਿਆਨੀ ਨੂੰ - 2***
***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥***
***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥***
***ਅੰਗ - ੨੭੩***

ਕਾਲਾ ਸਾਫਾ ਬੰਨ੍ਹ ਲਿਆ, ਗਾਤਰਾ ਪਾ ਲਿਆ ਤੇ ਬਣ ਗਿਆ ਸਿੱਖਾਂ ਦਾ ਨੁਮਾਇੰਦਾ, ਹੈਗਾ ਕਾਨੂੰਨੀ, ਨਾਸਤਕ ਬੰਦਾ, ਕਲਮ ਵਿਚ ਜ਼ੋਰ ਹੈ ਲਿਖੀ ਜਾਂਦਾ ਹੈ ਨਾਸਤਕ ਗੱਲਾਂ ਕਿ ਜਿੰਨੇ ਮੈਂ ਬੇਮੁਖ ਗੁਰੂ ਤੋਂ ਕਰਦਾ ਹਾਂ, ਚੰਗਾ ਹੀ ਹੈ। ਆਹ ਗੱਲ ਸਿੱਖਾਂ ਦੇ ਵਿਚ ਆ ਗਈ, ਸਾਧਸੰਗਤ ਜੀ, ਸਾਵਧਾਨ ਹੋਵੋ ਨਾ ਤਾਂ ਸੰਤ ਲੱਭਦਾ ਹੈ, ਐਵੇਂ ਹੀ ਸੰਤ-ਸੰਤ ਕਰੀ ਜਾਂਦੇ ਨੇ, ਮੇਰੇ ਗਲ ਤਾਂ ਆਹ ਬਲਾ ਨਾ ਇਥੇ ਚੰਡੀਗੜ੍ਹ ਆ ਕੇ ਪਈ ਹੈ, ਮੈਂ ਤਾਂ ਚੰਗਾ ਭਲਾ ਸੀ ਸਰਦਾਰ ਕਹਿੰਦੇ ਹੁੰਦੇ ਸੀ ਸਭ। ਵਧੀਆ ਆਰਾਮ ਨਾਲ ਤੁਰੇ ਫਿਰਦੇ ਸੀ -

***ਬੁਲ੍ਹਿਆ ਉਥੇ ਵਸੀਏ***
***ਜਿਥੇ ਸਾਰੇ ਹੀ ਅੰਨ੍ਹੇ***
***ਨਾ ਕੋਈ ਸਾਨੂੰ ਜਾਣੇ ਤੇ ਨਾ ਕੋਈ ਮੰਨੇ।***

ਵਿਚੇ ਹੀ ਤੁਰੇ ਫਿਰਦੇ ਸੀ, ਆਹ ਜਿਸ ਦਿਨ ਦਾ ਸੰਤ-ਸੰਤ ਕਹਿਣ ਲੱਗੇ ਨੇ, ਕਿੰਨੀਆਂ ਜ਼ਿੰਮੇਵਾਰੀਆਂ ਆ ਗਈਆਂ, ਬਜ਼ਾਰ 'ਚ ਮੈਂ ਨਹੀਂ ਜਾ ਸਕਦਾ, ਲੋਕ ਇਕੱਠੇ ਹੋ ਜਾਂਦੇ ਨੇ। ਕਿਤੇ ਨਹੀਂ ਜਾ ਸਕਦਾ। ਇਥੇ ਮੈਂ ਬਾਹਰ ਤੁਰ ਨਹੀਂ ਸਕਦਾ, ਫਟਾ-ਫਟ ਮੱਥੇ ਟੇਕੀ ਜਾਂਦੇ ਨੇ, ਪੰਜਾਹ ਵਾਰੀ ਕਿਹਾ ਹੈ ਕਿ ਭਾਈ! ਮੈਂ ਸੰਤ ਨਹੀਂ, ਸੰਤ ਨਹੀਂ, ਨਾ ਕਿਹਾ ਕਰੋ। ਲਿਖਣ ਤੋਂ ਵੀ ਮੈਂ ਕਿਹਾ ਹੈ ਕਿ ਮੇਰਾ ਨਾਉਂ ਨਾ ਲਿਖਿਆ ਕਰੋ, ਕੱਟ ਦਿਆ ਕਰੋ। ਸਿੱਧਾ ਮੈਨੂੰ ਬੰਦਾ ਲਿਖੋ।

ਕਿਉਂਕਿ ਹੈ ਨਹੀਂ ਕਿਤੇ ਭੁਲੇਖੇ ਪਈ ਜਾਂਦੇ ਨੇ। ਲੱਭਦਾ ਨਹੀਂ ਹੈ ਸੰਤ। ਸੰਤ ਬਣ ਕੇ ਦੁਨੀਆਂ ਨੂੰ ਧੋਖਾ ਹੋਈ ਜਾਂਦਾ ਹੈ। ਕਰਿਆ ਕੀ ਜਾਵੇ। ਸੰਤ ਦੀ ਪਦਵੀ 'ਤੇ ਪਹੁੰਚਦੇ ਨਹੀਂ, ਨਾਉਂ ਸੰਤ ਪਹੁੰਚ ਜਾਂਦਾ ਹੈ। ਪੀ.ਐਚ.ਡੀ ਕਰੀ ਨਹੀਂ ਹੈ, ਡਾਕਟਰ ਐਵੇਂ ਹੀ ਕਹੀ ਜਾਂਦੇ ਨੇ। ਉਹਨੇ ਮਾਰਨੀ ਹੀ ਹੈ ਦੁਨੀਆਂ ਫੇਰ।

***ਨੀਮ ਹਕੀਮ ਖਤਰਾ ਜਾਨ***
***ਨੀਮ ਮੁਲਾ ਖਤਰਾ ਈਮਾਨ***

ਆਹ ਬੜਾ ਰੌਲਾ-ਰੱਪਾ ਜਿਹਾ ਪੈਣ ਕਰਕੇ ਨਾ ਬੜਾ ਨੁਕਸਾਨ ਹੋ ਗਿਆ, ਅਸਲੀ ਗੱਲ ਨਹੀਂ ਆਉਂਦੀ ਜਿਥੇ ਮੈਂ ਗੱਲ ਕਰ ਰਿਹਾ ਹਾਂ ਕਿ -

***ਜੇ ਸਉ ਚੰਦਾ ਉਗਵਹਿ***
***ਸੂਰਜ ਚੜਹਿ ਹਜਾਰ ॥***
***ਏਤੇ ਚਾਨਣ ਹੋਦਿਆਂ***
***ਗੁਰ ਬਿਨੁ ਘੋਰ ਅੰਧਾਰ ॥ ਅੰਗ - ੪੬੩***
***ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ ॥***
***ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ ॥***
***ਅੰਗ - ੫੯***

ਗਿਆਨ ਨਹੀਂ ਹਿਲਦਾ ਕਿਉਂਕਿ ਅਗਿਆਨੀ ਦੇ ਬਚਨ ਦੇ ਵਿਚ ਤਾਕਤ ਨਹੀਂ ਹੈ, ਗਿਆਨ ਵਾਲਾ ਬਚਨ ਤਾਕਤ ਵਾਲਾ ਹੁੰਦਾ ਹੈ। ਇਕ ਵਾਰੀ ਤੱਤ ਦੀ ਗੱਲ ਕਹਿ ਦਿਤੀ, ਪੂਰੀ ਹੋ ਗਈ। ਹੁਣ ਤਾਂ ਜਗਿਆਸੂ ਹੀ ਨਹੀਂ ਮਿਲਦਾ, ਜਗਿਆਸੂ ਦੇ ਮਨ ਵਿਚ doubt ਹੈ ਬਈ ਇਹ ਗੱਲ ਸਹੀ ਕਹਿੰਦਾ ਹੈ ਕਿ ਝੂਠੀ ਕਹਿੰਦਾ ਹੈ। ਹੁਣ ਜੇ ਉਹਦਾ doubt ਹੈ, wave length ਮਿਲਦੀ ਹੀ ਨਹੀਂ, ਉਹਨੇ ਗੱਲ ਕੀ ਕਰਨੀ ਹੈ। ਚੁੱਪ ਕਰ ਜਾਂਦਾ ਹੈ ਕਿ ਚਲੋ ਆਪਾਂ ਨੂੰ ਕਿਹੜਾ ਮਜ਼ਬੂਰੀ ਹੈ ਕਿ ਇਹ ਗੱਲ ਜ਼ਰੂਰ ਦੱਸਣੀ ਹੈ। ਆਪੇ ਹੀ ਆ ਜਾਂਦਾ ਹੈ -

***ਕੋਈ ਆਇ ਮਿਲੈਗੋ ਗਾਹਕੀ***
***ਲੇਗੋ ਮਹਗੇ ਮੋਲਿ ॥ ਅੰਗ - ੧੩੭੬***

ਆ ਜਾਏਗਾ ਕੋਈ, ਅਰਬਾਂ ਰੁਪਈਆਂ ਦੀ ਚੀਜ਼ ਵਿਕਣੀ ਹੈ। ਲੱਖਾਂ ਵਾਲੇ ਆ ਰਹੇ ਨੇ, ਹਜ਼ਾਰਾਂ ਵਾਲੇ ਆ ਰਹੇ ਨੇ। ਕਰੋੜਾਂ ਵਾਲੇ ਆ ਰਹੇ ਨੇ, ਕਿਵੇਂ ਉਹਨੂੰ ਚੀਜ਼ ਮਿਲ ਜਾਏਗੀ? ਇਹ ਤਾਂ ਅਰਬਾਂਪਤੀਆਂ ਦੇ ਭਾਗਾਂ ਦੀ ਚੀਜ਼ ਹੈ। ਇਹ ਭਾਗ ਹੈ ਪੂਰਨ ਜਗਿਆਸੂ ਦੇ ਲਈ। ਜਗਿਆਸੂ ਜਿਹੜਾ ਹੁੰਦਾ ਹੈ, ਉਹਨੂੰ ਗੱਲ

ਸਮਝਣੀ ਚਾਹੀਦੀ ਹੈ ਕਿ ਹੁੰਦਾ ਨਹੀਂ ਉਹ। ਜਦੋਂ ਉਹਦੇ 'ਚ ਹੁੰਦਾ ਹੀ ਨਹੀਂ, ਹੋ ਜਾਂਦਾ ਹੈ ਨਾ, ਫੇਰ ਸੰਤ ਸਾਂਭ ਲੈਂਦੇ ਨੇ, ਜਿੰਨਾ ਚਿਰ ਹੈਗਾ, ਓਨਾਂ ਚਿਰ ਹੈਗਾ ਫੇਰ ਤੁਰਿਆ ਫਿਰ। ਕਰੀ ਜਾਹ ਜਿਹੜਾ ਕੁਛ ਕਰਨਾ ਹੈ, ਸੰਤਾਂ ਦੇ ਨਾਲ ਸੰਪਰਕ ਹੁੰਦਾ ਨਹੀਂ ਕਿਉਂਕਿ ਦੋ ਤਲਵਾਰਾਂ ਇਕ ਮਿਆਨ ਵਿਚ ਨਹੀਂ ਪੈ ਸਕਦੀਆਂ। ਗੁਰੂ ਦੀ ਗੋਰ ਵਿਚ ਸਮਾਉਣਾ ਪੈਂਦਾ ਹੈ। ਉਹਦੇ ਬਾਰੇ ਐਸਾ ਫੁਰਮਾਨ ਹੈ -

*ਧਾਰਨਾ - ਮਨ ਵੇਚ ਦੇ ਗੁਰਾਂ ਨੂੰ ਆਪਣਾ*
*ਕਾਰਜ ਤੇਰੇ ਰਾਸ ਹੋਣਗੇ।*

*ਮਨੁ ਬੇਚੈ ਸਤਿਗੁਰ ਕੈ ਪਾਸਿ ॥*
*ਤਿਸੁ ਸੇਵਕ ਕੇ ਕਾਰਜ ਰਾਸਿ ॥ ਅੰਗ - ੨੮੬*

ਜਦੋਂ ਤਾਂਈ wave length ਮਿਲਦੀ ਹੀ ਨਹੀਂ ਹੈ, ਅਲੱਗ ਚੀਜ਼ ਹੈਗੀ ਓਨਾ ਚਿਰ ਕਿਵੇਂ ਘੁਲ ਸਕਦੀ ਹੈ। ਹਲਦੀ ਤੇ ਆਟਾ ਇਕੱਠਾ ਕਰਨਾ ਹੈ, ਹਲਦੀ ਪੀਲਾ ਗੁਣ ਛੱਡੇ ਤਾਂ ਆਟੇ ਵਿਚ ਰਲ ਸਕਦੀ ਹੈ, ਨਹੀਂ ਤਾਂ ਪੀਲਾ ਰੰਗ ਦਿਸੀ ਜਾਂਦਾ ਹੈ। ਇਹ ਪ੍ਰੈਕਟੀਕਲ ਮਿਸਾਲਾਂ ਨੇ ਸਾਧਸੰਗਤ ਜੀ, ਸਮਝਣ ਵਾਲੀਆਂ।

ਪਿਛਲੇ ਸਾਲ ਬਹੁਤ ਵੱਡਾ ਸਮਾਗਮ ਹੋਇਆ, 900 ਦਾ ਪੰਡਾਲ। 250 ਫੁੱਟ ਚੌੜਾ, ਬੇਅੰਤ ਸੰਗਤ ਤੁਰੀ ਆਈ। ਉਹਦੀ ਮਹਿਮਾ ਐਨੀ ਫੈਲੀ ਕਿ ਗੋਰਮਿੰਟ ਦੇ ਵਿਚ ਵੀ ਹਿਲਜੁਲ ਹੋ ਗਈ ਤੇ ਮੁੱਖ ਮੰਤਰੀ ਐਥੇ ਚੱਲ ਕੇ ਆਏ। ਢਾਈ ਘੰਟੇ ਬੈਠੇ ਰਹੇ ਸਾਡੇ ਸਿੰਘਾਂ ਦੇ ਵਿਚ। ਸਾਡੇ ਸਿੰਘਾਂ ਦੇ ਵਿਚ ਇਹ ਗੱਲ ਚੱਲ ਪਈ ਕਿ ਬਾਬਾ ਜੀ ਨੇ ਕਿਉਂ ਬੁਲਾਇਆ ਉਹਨੂੰ, ਕਿਉਂ ਆਇਆ ਉਹ, ਮੇਰੇ ਹੀ ਖਿਲਾਫ ਹੋ ਗਏ। ਉਹ ਫੇਰ ਮਨ ਵੇਚਿਆ ਹੋਇਆ ਸੀ ਕਿ ਮਨ ਰੱਖਿਆ ਹੋਇਆ ਸੀ। ਐਉਂ ਤਾਂ ਨਹੀਂ ਗੱਲ ਹੁੰਦੀ। ਗੱਲ ਬਣਦੀ ਹੈ ਕਿ ਇਹ ਠੀਕ ਹੈ ਸਤਿ ਹੈ। ਚਾਹੇ ਕਿੱਡਾ ਹੀ ਨੁਕਸਾਨ ਹੋ ਜਾਵੇ, ਕਿੰਨੀ ਹੀ ਨਿੰਦਿਆ ਹੋ ਜਾਵੇ, ਫੇਰ ਉਹਦੇ 'ਚ ਕੀ ਡਰਨਾ।

ਗੁਰੂ ਘਰ ਦੇ ਅੰਦਰ ਕੋਈ ਵੀ ਆ ਜਾਵੇ, ਇਥੇ ਕਿਸੇ ਨੂੰ ਵੀ ਪਾਬੰਦੀ ਨਹੀਂ ਹੈ। ਗੁਰੂ ਨਾਨਕ ਦਾ ਦਰ ਹੈ, ਪੁੱਛੋ ਗੁਰੂ ਗ੍ਰੰਥ ਸਾਹਿਬ ਜੀ ਨੂੰ, ਸੱਚੇ ਪਾਤਸ਼ਾਹ! ਆਹ ਬੰਦਾ ਆ ਰਿਹਾ, ਜੇ ਨਹੀਂ ਆਉਣਾ ਤੁਸੀਂ ਸ਼ਕਤੀ ਵਰਤ ਕੇ ਇਹਦੀਆਂ ਲੱਤਾਂ ਇਥੇ ਹੀ ਭੰਨ-ਤੋੜ ਦਿਓ। ਪਰ ਗੁਰੂ ਤਾਂ ਕਹਿੰਦਾ ਹੈ ਕਿ ਆ ਜਾਣ ਦਿਓ ਮੇਰੇ ਕੋਲ ਤਾਂ ਕੌਡਾ ਵੀ ਆਇਆ ਸੀ, ਮਰਦਾਨੇ ਨੂੰ ਖਾਣ ਲੱਗਿਆ ਸੀ। ਸੱਜਣ ਠੱਗ ਵੀ ਮੇਰੇ ਕੋਲ ਆਇਆ ਸੀ, ਮੇਰੇ ਕੋਲ ਤਾਂ ਚੋਰ ਭੂਮੀਆਂ ਵੀ ਆਇਆ ਹੈ ਡਾਕੂ। ਤੁਸੀਂ ਇਹ ਕੀ ਗੱਲਾਂ ਕਰਦੇ ਓਂ, ਅਸੀਂ ਤਾਂ ਡਾਕਟਰ ਹਾਂ ਵੱਡੇ ਦੁਨੀਆਂ ਦਾ ਇਲਾਜ ਕਰਨ ਵਾਸਤੇ। ਆਹ ਤੁਹਾਡੇ 'ਚ ਰਾਗ ਦ੍ਵੈਸ਼ ਕਿੱਥੋਂ ਪੈਦਾ ਹੋ ਗਈ, ਗੁਰਸਿੱਖੋ! ਇਹ ਦਰ, ਚਾਰ ਦਰਵਾਜ਼ੇ ਰੱਖੇ ਗਏ ਨੇ, ਸਭ ਦਾ ਖੁਲ੍ਹਾ ਹੈ।

*ਖਤ੍ਰੀ ਬ੍ਰਾਹਮਣ ਸੂਦ ਵੈਸ*
*ਉਪਦੇਸੁ ਚਹੁ ਵਰਨਾ ਕਉ ਸਾਝਾ ॥*
*ਅੰਗ - ੭੪੮*

ਜਹਾਂਗੀਰ ਆਉਂਦਾ ਹੈ ਦਰਬਾਰ ਸਾਹਿਬ। ਸਤਿਕਾਰ ਹੁੰਦਾ ਹੈ ਉਹਦਾ ਬਾਕਾਇਦਾ, ਗੁਰੂ ਮਹਾਰਾਜ ਆਪਣੇ ਦਸਤ-ਏ-ਮੁਬਾਰਕ ਨਾਲ ਸਿਰੋਪਾਓ ਦਿੰਦੇ ਨੇ। ਜਿਹਨੇ ਥੋੜ੍ਹੇ ਸਾਲ ਪਹਿਲਾਂ ਗੁਰੂ ਪੰਜਵੇਂ ਪਾਤਸ਼ਾਹ ਨੂੰ ਸ਼ਹੀਦ ਕੀਤਾ ਸੀ। ਸਿੱਖੀ ਦੀ ਸਮਝ ਆਉਣੀ ਬਹੁਤ ਔਖੀ ਹੈ, ਬਹੁਤ ਮੁਸ਼ਕਲ ਹੈ। ਸੋ ਇਸ ਤਰ੍ਹਾਂ ਦੇ ਨਾਲ ਗੁਰੂ ਨਾਲ ਜਦੋਂ ਤੱਕ ਇਕ ਮਿਕ ਨਹੀਂ ਹੁੰਦਾ, ਗੁਰੂ ਉਸ ਵੇਲੇ ਚੁੱਪ ਰਹਿੰਦਾ ਹੈ, ਕਿਉਂਕਿ ਗਾਹਕ ਨਹੀਂ ਹੈ, ਝੋਲੀ ਫਟੀ ਹੋਈ ਹੈ ਇਹਦੀ। ਦੇਣੀ ਹੈ ਉਹਨੇ ਸਭ ਤੋਂ ਵਧੀਆ ਚੀਜ਼। ਕਹਿੰਦੇ, ਜੇ ਮਨ ਵੇਚ ਦਿਤਾ ਨਾ, ਮਨ ਦੇ ਨਾਲ ਹੀ, ਮਨ ਦਾ ਇਥੇ ਮਤਲਬ ਹੈ ਅੰਤਸ਼ਕਰਣ ਵੇਚ ਦਿਤਾ, ਮਨ ਵੀ ਵੇਚ ਦਿਤਾ, ਬੁੱਧੀ ਵੀ ਵੇਚ ਦਿਤੀ, ਚਿੱਤ ਵੀ ਵੇਚ ਦਿਤਾ। ਜਿਹੜੀ ਇਹਦੀ ਹੰਗਤਾ ਤੇ ਮਮਤਾ ਦੇ ਨਾਲ 'ਮੈਂ' ਬਣਿਆ ਹੋਇਆ ਹੈ, ਇਹ 'ਮੈਂ' ਹਵਾਲੇ ਕਰ ਦਿਤੀ ਗੁਰੂ ਦੇ, ਬਾਕੀ ਕੀ ਰਹਿ ਗਿਆ। ਫੇਰ ਤਾਂ ਪਿੱਛੇ ਆਤਮਾ ਹੈ। ਆਤਮਾ ਪ੍ਮਾਤਮਾ ਇਕੋ ਹੀ ਹੈ।

*ਸੋਈ ਫਿਰਿ ਕੈ ਤੂ ਭਇਆ*
*ਜਾ ਕਉ ਕਹਤਾ ਅਉਰੁ ॥ ਅੰਗ - ੧੩੬੯*

ਆਹੀ ਚੀਜ਼ ਜਿਹੜੀ ਨਿਕੰਮੀ ਹੈ ਏਸ ਨੂੰ ਅਸੀਂ ਸਾਂਭ ਕੇ ਰੱਖਿਆ ਹੋਇਆ ਹੈ। ਗਾਹਕ ਨਹੀਂ ਬਣਦਾ, ਕਹਿੰਦੇ -

*ਕੋਈ ਆਇ ਮਿਲੈਗੋ ਗਾਹਕੀ*
*ਲੇਗੋ ਮਹਗੇ ਮੋਲਿ ॥ ਅੰਗ - ੧੩੭੬*

ਸਿਰ ਦੇ ਕੇ ਲਏਗਾ, ਆਪਣਾ ਆਪਾ ਦੇ ਕੇ ਲਏਗਾ। ਸੋ ਇਸ ਤਰ੍ਹਾਂ ਮਹਾਰਾਜ ਕਹਿੰਦੇ ਪਿਆਰਿਓ! ਗੁਰੂ ਤੋਂ ਬਗੈਰ ਭਰਮ ਦਾ ਨਾਸ਼ ਨਹੀਂ ਹੋਣਾ, ਹਨ੍ਹੇਰਾ ਦੂਰ ਨਹੀਂ ਹੋਣਾ ਤੇ ਅਸਲੀਅਤ ਦਾ ਪਤਾ ਨਹੀਂ ਲਗਦਾ।

ਗੁਰੂ ਛੇਵੇਂ ਪਾਤਸ਼ਾਹ ਕਹਿਣ ਲੱਗੇ, ਸੰਤ ਜੀ! -

*ਕਲਪਯੋ ਜਗਤ ਸਰਪ ਕੀ ਨਿਆਈ।*
*ਬ੍ਰਹਮ ਰਜੂ ਸਮ ਲਖਿ ਸੁਖ ਪਾਈ॥*
*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 2451*

ਕਹਿੰਦੇ ਜਿਸ ਤਰ੍ਹਾਂ ਦੇ ਨਾਲ ਰੱਸੀ ਦੇ ਵਿਚ ਕਦੇ ਵੀ ਸੱਪ ਨਹੀਂ ਹੋ ਸਕਦਾ। ਐਸੇ ਤਰ੍ਹਾਂ ਵਾਹਿਗੁਰੂ

ਦੇ ਅੰਦਰ ਕਦੇ ਵੀ ਤਿੰਨ ਕਾਲ ਸੰਸਾਰ ਹੋ ਨਹੀਂ ਸਕਦਾ। ਇਹ ਹੈ ਕੀ ਫੇਰ? ਪੜ੍ਹੋ ਪਿਆਰ ਨਾਲ -

*ਧਾਰਨਾ - ਆਪੇ ਇਕ ਤੋਂ ਅਨੇਕ ਰੂਪ*
*ਧਾਰ ਕੇ ਆਪੇ ਖੇਲ੍ਹੇ ਖੇਲ੍ਹ ਆਪਣੀ।*
*ਏਕ ਮੂਰਤਿ ਅਨੇਕ ਦਰਸਨ*
*ਕੀਨ ਰੂਪ ਅਨੇਕ*
*ਖੇਲ ਖੇਲ ਅਖੇਲ ਖੇਲਨ*
*ਅੰਤ ਕੋ ਫਿਰ ਏਕ।*

ਮਹਾਰਾਜ ਜੀ ਨੇ ਇਕ ਦ੍ਰਿਸ਼ਟਾਂਤ ਹੋਰ ਦਿਤਾ ਹੈ ਕਿ -

*ਬਾਜੀਗਰਿ ਜੈਸੇ ਬਾਜੀ ਪਾਈ ॥*
*ਨਾਨਾ ਰੂਪ ਭੇਖ ਦਿਖਲਾਈ ॥ ਅੰਗ - ੭੩੬*

ਜਾਦੂਗਰ ਨੇ ਜਿਵੇਂ ਜਾਦੂ ਦਾ ਕੋਈ ਖੇਲ੍ਹ ਰਚ ਦਿਤਾ, ਖੇਲ੍ਹ ਦਾ ਜ਼ਿਕਰ ਆਉਂਦਾ ਹੈ ਕਿ ਇਕ ਰਾਜੇ ਦੇ ਕੋਲ ਜਾਦੂਗਰ ਆਇਆ, ਰਾਜੇ ਨੂੰ ਕਿਹਾ ਕਿ ਹਜ਼ੂਰ, ਆਪ ਮੇਰਾ ਖੇਲ੍ਹ ਦੇਖੋ। ਕਹਿੰਦੇ, ਜਾਦੂਗਰ! ਖੇਲ੍ਹ ਦੇਖਦੇ ਬੁੱਢੇ ਹੋ ਗਏ ਹਾਂ। ਪਰ ਜੇ ਤੇਰੇ ਕੋਲ ਕੋਈ ਐਸਾ ਖੇਲ੍ਹ ਹੈ ਕਿ ਮੰਨੋਰੰਜਨ ਵੀ ਹੋਵੇ, ਸਿਖਿਆਦਾਇਕ ਵੀ ਹੋਵੇ, ਕੋਈ ਉਸ ਵਿਚ ਭਾਵ ਹੋਵੇ ਤਾਂ ਅਸੀਂ ਦੇਖ ਲੈਂਦੇ ਹਾਂ।

ਕਹਿੰਦਾ, ਬਿਲਕੁਲ ਮਹਾਰਾਜ।

ਖੁਲ੍ਹੇ ਮੈਦਾਨ ਦੇ ਅੰਦਰ ਬਹੁਤ ਭਾਰਾ ਇਕੱਠ ਕਰ ਲਿਆ ਰਾਜੇ ਨੇ। ਜਾਦੂਗਰ ਆ ਗਿਆ। ਕਹਿਣ ਲੱਗਿਆ, ਮਹਾਰਾਜ! ਮੈਂ ਆਪ ਨੂੰ ਇਕ ਖੇਲ੍ਹ ਦਿਖਾਉਣਾ ਚਾਹੁੰਦਾ ਹਾਂ। ਪਰ ਬੰਧਨ ਦਾ ਮੇਰੀ ਇਸਤਰੀ ਦਾ, ਇਕ ਤਾਂ ਇਹ ਖ਼ੂਬਸੂਰਤ ਬਹੁਤ ਹੈ, ਮੈਂ ਗਰੀਬ ਆਦਮੀ ਹਾਂ ਮੇਰਾ ਕੋਈ ਵਾਲੀ ਵਾਰਿਸ ਨਹੀਂ ਹੈ, ਕੋਈ ਬੁਰੀ ਨਿਗ੍ਹਾ ਵਾਲਾ ਇਸ ਨੂੰ ਲੈ ਗਿਆ ਤਾਂ ਮੈਂ ਤਾਂ ਖੇਲ੍ਹ ਦਿਖਾਉਂਦਾ ਹੀ ਰਹਿ ਗਿਆ ਕਿਉਂਕਿ ਮੈਂ ਜੋ ਖੇਲ੍ਹ ਦਿਖਾਉਣਾ ਚਾਹੁੰਦਾ ਹਾਂ, ਉਹ ਮੈਂ ਦੇਵਤਿਆਂ ਦੇ ਨਾਲ ਯੁੱਧ ਕਰਨਾ ਚਾਹੁੰਦਾ ਹਾਂ। ਮੈਨੂੰ ਇਹ ਬੰਧਨ ਹੈ। ਰਾਜਾ ਕਹਿਣ ਲੱਗਿਆ ਕਿ ਮੇਰੀ ਬੱਚੀ ਜੈਸੀ ਐਸੀ ਹੀ ਇਹ। ਤੂੰ ਫਿਕਰ ਨਾ ਕਰ। ਕਹਿਣ ਲੱਗਿਆ, ਦੇਖਿਓ ਮਹਾਰਾਜ! ਕਿਤੇ ਮੁਕਰ ਨਾ ਜਾਣਾ। ਇਹਨੇ ਕਿਹਾ ਕਿ ਨਾ ਜਾਦੂਗਰ ਐਸੀ ਗੱਲ ਸੋਚਦਾ ਹੀ ਕਿਉਂ ਹੈ? ਉਥੇ ਹੀ ਉਹਨੇ ਡੋਰਾ ਜਿਹਾ ਕੱਢਿਆ, ਉਤੇ ਨੂੰ ਮਾਰਿਆ, ਉਤੇ ਨੂੰ ਤੁਰਿਆ ਜਾਂਦਾ ਹੈ ਖਿੱਚ ਕੇ ਦੇਖਿਆ, ਸ਼ਸਤਰ ਲੈ ਕੇ ਉਤੇ ਨੂੰ ਚੜ੍ਹਨ ਲੱਗ ਗਿਆ ਤੇ ਗੁੰਮ ਹੋ ਗਿਆ ਦਿਸਣ ਤੋਂ ਹਟ ਗਿਆ। ਆਵਾਜ਼ ਆਈ ਕਿ ਰਾਜਨ! ਮੈਂ ਇੰਦਰ ਲੋਕ 'ਚ ਪਹੁੰਚ ਗਿਆ ਹਾਂ ਤੇ ਦੇਵਤਿਆਂ ਨੂੰ ਮੈਂ ਚੈਲੰਜ ਕਰਿਆ ਹੈ ਤੇ ਮੇਰਾ ਹੁਣ ਯੁੱਧ ਜਿਹੜਾ ਹੈ ਵਰੁਣ ਦੇਵਤਾ ਨਾਲ ਹੋਣ ਲੱਗਿਆ ਹੈ। ਥੋੜ੍ਹੀ ਦੇਰ ਤੋਂ ਬਾਅਦ ਆਵਾਜ਼ ਆਈ ਕਿ ਵਰੁਣ ਦੇਵਤਾ ਮੈਂ ਮਾਰ ਲਿਆ ਤੇ ਤੁਹਾਡੇ ਦਰਸ਼ਨਾਂ ਵਾਸਤੇ ਮੈਂ ਹੇਠਾਂ ਸੁੱਟ ਰਿਹਾ ਹਾਂ। ਉਹ ਹੇਠਾਂ ਗਿਰ ਗਿਆ, ਪਾਣੀ ਹੀ ਪਾਣੀ ਹੋਣ ਲੱਗ ਗਿਆ। ਕਹਿੰਦੇ, ਦੇਖੋ ਕਿੱਡਾ ਬਹਾਦਰ ਹੈ ਵਰੁਣ ਦੇਵਤਾ ਮਾਰ ਦਿਤਾ। ਉਸ ਤੋਂ ਬਾਅਦ ਕਹਿਣ ਲੱਗਿਆ ਕਿ ਮਹਾਰਾਜ! ਹੁਣ ਅਗਨ ਦੇਵਤਾ ਦੇ ਨਾਲ ਯੁੱਧ ਹੈ, ਯੁੱਧ ਦੇ ਨਾਅਰੇ ਸੁਣਦੇ ਨੇ, ਆਵਾਜ਼ਾਂ ਸੁਣਦੀਆਂ ਨੇ, ਜਿਹੜੇ ਵੱਡੇ-ਵੱਡੇ ਸੂਰਮੇ ਨੇ ਹੈਰਾਨ ਹੋ ਰਹੇ ਨੇ ਕਿ ਐਹੋ ਜਿਹਾ ਜਾਦੂਗਰ! ਐਡਾ ਸੂਰਮਾ ਤਾਂ ਦੁਨੀਆਂ 'ਚ ਹੈ ਨਹੀਂ ਕੋਈ ਜਿਹੜਾ ਦੇਵਤਿਆਂ ਨਾਲ ਯੁੱਧ ਕਰ ਲਵੇ। ਥੋੜ੍ਹੀ ਦੇਰ ਬਾਅਦ ਆਵਾਜ਼ ਆਈ ਕਿ ਅਗਨ ਦੇਵਤਾ ਥੱਲੇ ਆ ਰਿਹਾ ਹੈ, ਗਲ ਕੱਟ ਦਿਤਾ, ਅੱਗ ਹੀ ਅੱਗ ਆ ਰਹੀ ਹੈ। ਇਸ ਤਰ੍ਹਾਂ ਬਹੁਤ ਸਾਰੇ ਦੇਵਤਿਆਂ ਦੇ ਦਰਸ਼ਨ ਕਰਾ ਕੇ ਕਹਿਣ ਲੱਗਿਆ ਕਿ ਮਹਾਰਾਜ ਮੈਂ ਇੰਦਰ ਨਾਲ ਯੁੱਧ ਕਰ ਰਿਹਾ ਹਾਂ। ਉਸ ਤੋਂ ਬਾਅਦ ਆਵਾਜ਼ ਆਈ ਕਿ ਮੇਰੀ ਬਾਂਹ ਕਟ ਗਈ। ਆਵਾਜ਼ ਆਈ ਕਿ ਮੇਰੀ ਲੱਤ ਕਟ ਗਈ, ਫੇਰ ਆਈ ਕਿ ਦੂਜੀ ਲੱਤ ਵੀ ਮੇਰੀ ਕਟ ਗਈ, ਥੱਲੇ ਤੁਰੀਆਂ ਆਉਂਦੀਆਂ ਨੇ ਪਹਿਲਾਂ ਬਾਂਹ, ਫੇਰ ਲੱਤ, ਫੇਰ ਲੱਤ। ਕਹਿੰਦਾ, ਮੇਰੀ ਦੂਜੀ ਬਾਂਹ ਵੀ ਕਟ ਗਈ। ਹੁਣ ਮੇਰਾ ਚਾਰਾ ਨਹੀਂ। ਹੁਣ ਮੇਰਾ ਸੀਸ ਕੱਟਣ ਲੱਗੇ ਨੇ ਜੋ ਥੱਲੇ ਆ ਜਾਣਾ। ਬੜਾ ਹੀ ਅਫਸੋਸ ਹੋਇਆ, ਲੋਕਾਂ ਦੇ ਨੇਤਰ ਜਲ ਨਾਲ ਭਰ ਗਏ। ਬਹੁਤ ਰੋ ਰਹੇ ਨੇ ਕਿ ਕਿੱਡਾ ਬਹਾਦਰ ਤੇ ਬਾਅਦ ਵਿਚ ਮਾਰਿਆ ਗਿਆ ਵਿਚਾਰਾ। ਘਰਵਾਲੀ ਬਹੁਤ ਚੀਕ ਚਿਹਾੜਾ ਪਾਉਣ ਲੱਗੀ ਕਿ ਮੈਂ ਸਤੀ ਹੋਣਾ ਹੈ, ਅੰਗ ਇਕੱਠੇ ਕਰ ਲਏ ਉਹਦੇ, ਚਿਖਾ ਚਿਣ ਦਿਤੀ ਗਈ, ਉਹਦੇ ਵਿਚ ਅੰਗ ਰੱਖ ਕੇ ਆਪ ਬੈਠ ਗਈ, ਅੱਗ ਲਾ ਦਿਤੀ ਗਈ, ਚਿਖਾ ਜਲੀ ਤੇ ਸਸਕਾਰ ਹੋ ਗਿਆ। ਉਸ ਤੋਂ ਬਾਅਦ ਜਾਦੂਗਰ ਆ ਗਿਆ, ਆ ਕੇ ਕਹਿਣ ਲੱਗਿਆ ਕਿ ਸਰਕਾਰ! ਕਿਹੋ ਜਿਹਾ ਮੇਰਾ ਖੇਲ੍ਹ ਲੱਗਿਆ। ਕਹਿੰਦੇ ਹੈਂ ਇਹ ਤਾਂ ਆ ਗਿਆ। ਮਰਿਆ ਕੌਣ ਸੀ? ਕਹਿਣ ਲੱਗਿਆ, ਮਹਾਰਾਜ! ਮੇਰੀ ਇਸਤ੍ਰੀ ਕਿੱਥੇ ਹੈ? ਵਜ਼ੀਰ ਕਹਿਣ ਲੱਗਿਆ ਕਿ ਓ ਜਾਦੂਗਰ! ਔਹ ਸਾਮ੍ਹਣੇ ਦੇਖ ਚਿਖਾ। ਤੇਰੇ ਨਾਲ ਸਤੀ ਹੋ ਗਈ। ਕਹਿਣ ਲੱਗਿਆ, ਮੈਂ ਤਾਂ ਤੁਹਾਡੇ ਸਾਮ੍ਹਣੇ ਖੜ੍ਹਾ ਹਾਂ ਸਤੀ ਕੀਹਦੇ ਨਾਲ ਹੋ ਗਈ? ਕਿੱਡਾ ਧੋਖਾ ਤੁਸੀਂ ਮੇਰੇ ਨਾਲ ਕਰਿਆ ਹੈ, ਮੈਨੂੰ ਵਿਸ਼ਵਾਸ਼ ਦਿਤਾ ਹੈ ਤੇ ਬਚਨ ਤੋਂ ਮੁਕਰ ਗਏ? ਰਾਜਾ ਕਹਿਣ ਲੱਗਿਆ, ਨਹੀਂ ਜਾਦੂਗਰ! ਐਸੀ ਗੱਲ ਨਹੀਂ ਹੈ। ਕਹਿਣ ਲੱਗਿਆ, ਮੈਨੂੰ ਪਤਾ ਹੈ, ਤੂੰ ਕਾਮ ਵਸ ਹੋ ਕੇ ਮੇਰੀ ਔਰਤ ਨੂੰ ਸੱਤ ਜਿੰਦਿਆਂ ਦੇ ਅੰਦਰ ਬੰਦ ਕਰਿਆ ਹੋਇਆ ਹੈ, ਮੈਂ ਆਵਾਜ਼ ਦਿੰਦਾ ਹਾਂ। ਉਚੀ ਦੇ ਕੇ ਆਵਾਜ਼ ਮਾਰੀ, ਉਤੋਂ ਪਰਤਵੀਂ ਆਵਾਜ਼

ਆਈ ਕਿ ਮੈਨੂੰ ਰਾਜੇ ਨੇ ਕੈਦ ਕਰਿਆ ਹੋਇਆ ਹੈ, ਮੈਨੂੰ ਛੁਡਾ ਲਓ ਆ ਕੇ। ਰਾਜਾ ਹੈਰਾਨ ਹੋ ਗਿਆ ਕਿ ਆਹ ਕੀ ਹੋ ਗਿਆ। ਉਸ ਤੋਂ ਬਾਅਦ ਜਾ ਕੇ ਤਾਲੇ ਖੋਲ੍ਹੇ, ਵਿਚੋਂ ਨਿਕਲੀ।

ਉਸ ਤੋਂ ਬਾਅਦ ਜਾਦੂਗਰ ਕਹਿਣ ਲੱਗਿਆ, ਕਿਹੋ ਜਿਹਾ ਲੱਗਿਆ ਖੇਲ? ਰਾਜੇ ਨੇ ਕਿਹਾ ਕਿ ਜਾਦੂਗਰ! ਸਾਡੀ ਤਾਂ ਸਮਝ ਤੋਂ ਬਾਹਰ ਸੀ। ਕਹਿੰਦੇ, ਦੇਖੋ ਮੰਨੋਰੰਜਨ ਤਾਂ ਇਹ ਹੈ ਕਿ ਤੁਹਾਨੂੰ ਖੁਸ਼ੀ ਚਾਹੀਦੀ ਸੀ, ਉਸ ਖੁਸ਼ੀ ਦੇ ਵਾਸਤੇ ਜਦੋਂ ਮੈਂ ਦੇਵਤੇ ਮਾਰ-ਮਾਰ ਕੇ ਸੁਟਦਾ ਸੀ, ਤੁਹਾਨੂੰ ਕਿੰਨੀ ਖੁਸ਼ੀ ਹੋਈ, ਉਸ ਤੋਂ ਬਾਅਦ ਜਦੋਂ ਮੈਂ ਮਰ ਗਿਆ, ਮੇਰੀ ਘਰਵਾਲੀ ਸਤੀ ਹੋ ਗਈ ਤਾਂ ਤੁਹਾਨੂੰ ਕਿੰਨਾ ਰੰਜ ਹੋਇਆ, ਤੁਸੀਂ ਸਾਰੇ ਕਿੰਨਾ ਰੋ ਰਹੇ ਸੀ, ਉਸ ਤੋਂ ਬਾਅਦ ਜਦੋਂ ਮੈਂ ਫੇਰ ਆ ਗਿਆ, ਤੁਹਾਨੂੰ ਹੈਰਾਨੀ ਕਿੰਨੀ ਹੋਈ, ਤੁਹਾਡੀ ਸਮਝ ਤੋਂ ਬਾਹਰ ਹੋ ਗਈ ਗੱਲ। ਕਹਿੰਦੇ, ਰਾਜਨ! ਦੇਖੋ ਜੋ ਨਸੀਅਤ ਹੈ ਉਹ ਤੁਹਾਨੂੰ ਦੱਸਣੀ ਚਾਹੁੰਦਾ ਹਾਂ, ਉਹ ਇਹ ਹੈ ਕਿ ਮੈਂ ਇਕ ਨਿੱਕਾ ਜਿਹਾ ਜਾਦੂਗਰ ਹਾਂ, ਮੇਰੇ ਜਾਦੂ 'ਚ ਕਿੰਨੀ ਤਾਸੀਰ ਹੈ ਕਿ ਤੁਸੀਂ ਸਾਰੇ ਜਿੰਨੇ ਬੈਠੇ ਦੇਖਦੇ ਸੀ, ਪਹਿਲਾਂ ਖੁਸ਼ ਫੇਰ ਬਾਅਦ ਵਿਚ ਰੋਏ, ਰਾਗ ਦ੍ਵੈਸ਼ ਤੁਹਾਡੇ ਅੰਦਰ ਆਈ। ਫੇਰ ਤੁਸੀਂ ਹੈਰਾਨ ਹੋਏ, ਮੇਰੀ ਇਕ ਜਾਦੂਗਰ ਦੀ ਮਾਇਆ ਤੁਹਾਨੂੰ ਭੁਲਾ ਸਕਦੀ ਹੈ ਤੇ ਉਸ ਪ੍ਰਮੇਸ਼ਰ 'ਚ ਕਿੰਨਾ ਬਲ ਹੈ, ਕੋਈ ਜਾਣ ਨਹੀਂ ਸਕਦਾ, ਕੋਈ ਉਹਦੀ ਤਾਕਤ ਨੂੰ ਨਹੀਂ ਜਾਣਦਾ। ਮਾਇਆ ਕੀ ਹੈ? ਇਹ ਕੰਮ ਕੀ ਕਰਦੀ ਹੈ? ਇਹ ਪ੍ਰਮੇਸ਼ਰ ਦੇ ਤਿੰਨ ਟੁਕੜੇ ਕਰ ਦਿੰਦੀ ਹੈ, ਹੁੰਦਾ ਉਹ ਇਕੋ ਹੀ ਹੈ। ਜਿਵੇਂ ਉਹਦੇ ਵਿਚ ਦਿਖਾਉਂਦੇ ਹੁੰਦੇ ਨੇ, ਸ਼ੀਸ਼ਾ ਹੁੰਦਾ ਹੈ ਉਹਦੇ ਵਿਚ ਲਗਦਾ ਹੈ ਕਿ ਗਲ ਕੱਟਿਆ ਹੋਇਆ, ਧੜ ਥੱਲੇ, ਉਹ ਹੁੰਦਾ ਕੁਛ ਵੀ ਨਹੀਂ ਸ਼ੀਸ਼ੇ ਦੀ ਕਾਰੀਗਰੀ ਹੈ, ਉਹਦੇ ਨਾਲ ਦਿਖਾ ਦਿੰਦੇ ਨੇ। ਕਹਿੰਦਾ, ਐਵੇਂ ਜਿਵੇਂ ਹੈ ਕੁਛ ਨਹੀਂ ਪ੍ਰਮੇਸ਼ਰ ਆਪੇ ਹੀ ਆਪ ਹੈ ਸਾਰੇ। ਇਹ ਮਾਇਆ ਨੇ ਜੀਵ ਨੂੰ ਭੁਲਾ ਦਿਤਾ -

*ਇਨਿ ਮਾਇਆ ਜਗਦੀਸ ਗੁਸਾਈ*
*ਤੁਮ੍ਰੇ ਚਰਨ ਬਿਸਾਰੇ ॥* ਅੰਗ - ੮੫੭

ਤੇ ਭੁਲਾ ਕੇ ਕਰਿਆ ਕੀ, ਉਹ ਤਿੰਨ ਰੂਪ ਵਿਚ, ਤਿੰਨ ਟੁਕੜਿਆਂ 'ਚ ਵੰਡ ਦਿਤਾ, ਬ੍ਰਹਮ ਇਕ ਹੈ, ਬ੍ਰਹਮ ਨੂੰ ਇਕ ਪਾਸੇ ਤਾਂ ਵਾਹਿਗੁਰੂ ਬਣਾ ਦਿਤਾ, ਇਕ ਪਾਸੇ ਸੰਸਾਰ ਬਣਾ ਦਿਤਾ, ਇਕ ਪਾਸੇ ਜੀਵ ਬਣਾ ਦਿਤਾ। ਹੁਣ ਇਹ ਬਣਾ ਤਾਂ ਦਿਤਾ, ਪਰ ਜਿੰਨਾ ਜੀਅ ਕਰਦਾ ਹੈ ਜੀਵ ਨੂੰ ਦੱਸੀ ਜਾਓ, ਕਦੇ ਵੀ ਇਹ ਇਸ ਗੱਲ ਦੇ ਉਤੇ ਅਮੰਨਾ ਨਹੀਂ ਲਿਆਉਂਦਾ। ਉਹ ਆਪਣੀ ਦੇਹ ਹੰਗਤਾ ਛੱਡਦਾ ਹੀ ਨਹੀਂ ਹੈ, ਜਿਹੜੇ ਗੁਬਾਰ ਵਿਚ ਫਸ ਗਿਆ, ਉਹਦੇ 'ਚੋਂ ਨਿਕਲਦਾ ਹੀ ਨਹੀਂ।

*ਮਾਇਆ ਮੋਹੁ ਗੁਬਾਰੁ ਹੈ*
*ਤਿਸ ਦਾ ਨ ਦਿਸੈ ਉਰਵਾਰੁ ਨ ਪਾਰੁ ॥*
*ਅੰਗ - ੮੯*

ਦੇਹ ਹੰਗਤਾ, ਮਮਤਾ ਕਰਕੇ ਆਹ ਜੀਵ ਫਸ ਗਿਆ। ਹੁਣ ਫਸਿਆ ਹੋਇਆ ਐਨਾ ਜਬਰਦਸਤ ਹੈ ਨਿਕਲ ਨਹੀਂ ਸਕਦਾ। ਲੰਗੜਾ ਗਧਾ ਫਸ ਜਾਵੇ ਦਲ-ਦਲ 'ਚ, ਜ਼ੋਰ ਲਾ ਲਓ ਇਹ ਕਦੇ ਨਹੀਂ ਨਿਕਲ ਸਕਦਾ। ਉਹਨੂੰ ਉਹਦਾ ਮਾਲਕ ਕੰਨ ਤੋਂ ਫੜ ਕੇ ਖਿੱਚ ਲਵੇ। ਫੇਰ ਉਹ ਦਲਦਲ 'ਚੋਂ ਕੱਢ ਲੈਂਦਾ ਹੈ, ਐਸੇ ਤਰ੍ਹਾਂ ਦੇ ਨਾਲ ਇਹ ਜੀਵ ਜਿਹੜਾ ਹੈ ਇਹ ਬਿਲਕੁਲ ਭੁੱਲ ਗਿਆ। ਭੁੱਲਿਆ ਹੋਇਆ ਹੁਣ ਲੰਘ ਨਹੀਂ ਸਕਦਾ। ਇਹਨੂੰ ਗਿਆਨ ਨਹੀਂ ਹੋ ਸਕਦਾ, ਜਿੰਨਾ ਜੀਅ ਕਰਦਾ ਹੈ ਬਚਨ ਸੁਣਾਈ ਜਾਓ। ਕਿਉਂਕਿ ਅਗਿਆਨ 'ਚ ਐਨੀ ਸ਼ਕਤੀ ਹੈ ਕਿ ਉਹ ਸ਼ੱਕ ਦੇ ਵਿਚ ਪੈ ਜਾਂਦਾ ਹੈ ਕਿ ਪਤਾ ਨਹੀਂ ਜਿਹੜੀ ਇਹ ਗੁਰੂ ਗੱਲ ਕਹਿੰਦੇ ਨੇ, ਇਹ ਕਿਵੇਂ ਹੋ ਸਕਦੀ ਹੈ ਇਥੇ ਬੰਬ ਬਣ ਰਹੇ ਨੇ, ਹਵਾਈ ਜਹਾਜ਼ ਚਲਦੇ ਨੇ, ਕੀ ਸਭ ਝੂਠੀਆਂ ਨੇ? ਨਹੀਂ ਮੰਨਦਾ, ਗੁਰੂ ਦਾ ਬਚਨ ਅਸਤਿ ਕਰ ਦਿੰਦਾ ਹੈ, ਸਤਿ ਕਰਕੇ ਨਹੀਂ ਮੰਨਦਾ ਤੇ ਜਦੋਂ ਮਿਟ ਜਾਂਦਾ ਹੈ ਫੇਰ ਉਸ ਵੇਲੇ ਸਤਿ ਮੰਨਦਾ ਹੈ। ਜੀਉਂਦਾ-ਜੀਉਂਦਾ ਤਾਂ ਇਹ ਮੰਨਦਾ ਨਹੀਂ, ਇਸੇ ਕਰਕੇ ਕਹਿੰਦੇ ਨੇ-

*ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।*
*ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।*
*ਭਾਈ ਗੁਰਦਾਸ ਜੀ ਵਾਰ 3 ਪਉੜੀ 18*

ਜਿੰਨੀ ਦੇਰ ਤੱਕ ਇਹ ਬਿਰਤੀ ਆਉਂਦੀ ਨਹੀਂ, ਮਰਦਾ ਨਹੀਂ ਹੈ, ਜੀਉਂਦਾ ਰਹਿੰਦਾ ਹੈ, ਜੀਉਂਦੀ ਹੈ ਹੰਗਤਾ ਤੇ ਮਮਤਾ। ਇਹ ਬੰਦਗੀ ਦੇ ਨਾਲ ਮਰਦੀ ਹੈ, ਨਾਮ ਦੇ ਨਾਲ, ਪੰਜ ਪਿਆਰੇ ਨਾਮ ਦਿੰਦੇ ਨੇ, ਜੇ ਤਾਂ ਲੱਗ ਜਾਏ ਲਗਨ, ਤਾਂ, ਤਾਂ ਇਹ ਸਫਰ ਦਿਨਾਂ ਦਾ ਹੀ ਹੈ, ਸਾਲਾਂ ਦਾ ਨਹੀਂ ਹੈ। ਜੇ ਲਗਨ ਨਾ ਲੱਗੇ, ਸ਼ੱਕ ਰਹਿ ਜਾਏ ਤਾਂ ਚਾਹੇ ਪੰਜਾਹ ਜਨਮ ਘੁੰਮੀ ਜਾਹ। ਨਹੀਂ ਹੁੰਦਾ ਇਕ ਜਨਮ ਦੇ ਵਿਚ, ਇਕ ਜਨਮ ਦੇ ਵਿਚ ਇਕ ਕਦਮ ਨਹੀਂ ਪੁੱਟ ਹੁੰਦਾ। ਸੰਤ ਮਹਾਰਾਜ ਜੀ ਮੈਨੂੰ ਕਹਿੰਦੇ ਹੁੰਦੇ ਸੀ ਕਿ ਇਕ ਜਨਮ ਰਹਿ ਗਿਆ, ਪੁੱਟ ਲੈ ਤੂੰ। ਮੈਨੂੰ ਪਤਾ ਹੈ ਕਿ ਉਨ੍ਹਾਂ ਨੇ ਕੀ ਗੱਲ ਕਹੀ ਹੈ। ਬਹੁਤ ਵੱਡੀ ਗੱਲ ਕਹਿ ਦਿਤੀ ਜਿਹੜੀ ਵਰਣਨ ਹੀ ਨਹੀਂ ਕੀਤੀ ਜਾ ਸਕਦੀ। ਸਾਰੀ ਜ਼ਿੰਦਗੀ ਦੀ ਜੱਦੋ-ਜਹਿਦ ਨਾਲ ਸਾਧਸੰਗਤ ਜੀ, ਜੇ ਇਕ ਕਦਮ ਪੁੱਟੀ ਗਈ ਤਾਂ, ਤਾਂ ਸਭ ਕੁਝ ਬਣ ਗਿਆ, ਹੁਣ ਦਿਨ ਕਿੰਨੇ ਕੁ ਰਹਿ ਗਏ। ਜੇ ਪੁੱਟ ਨਾ ਸਕੇ, ਜਾਣਦੇ ਹੋਏ ਮੂਹਰੇ ਦਿਸਦਾ ਹੈ ਕਿ ਕਦਮ ਪੁੱਟ ਨਹੀਂ

ਹੋਏ, ਲੰਘਣ ਤੋਂ ਡਰਦੇ ਹਾਂ, ਫੇਰ ਔਖਾ ਹੈ, ਜੇ ਲੰਘ ਗਿਆ ਨਾ, ਫੇਰ ਬੰਦਾ ਹੁੰਦਾ ਕੀ ਹੈ।

*ਭੱਠ ਨਿਵਾਜਾ ਚਿੱਕੜ ਰੋਜੇ*
*ਮੁਲਾਂ ਦੇ ਗਲ ਫਾਹੀ।*

ਸਭ ਛੱਡ ਜਾਂਦਾ ਹੈ, ਉਹ ਦੁਨੀਆਂ ਹੀ ਹੋਰ ਹੋ ਜਾਂਦੀ ਹੈ। ਆਪਣਾ ਆਪ ਹੀ ਦਿਸਦਾ ਹੈ ਦੁਨੀਆਂ ਦੇ ਅੰਦਰ। ਦੂਜਾ ਨਜ਼ਰ ਨਹੀਂ ਆਉਂਦਾ।

*ਆਪੇ ਪਟੀ ਕਲਮ ਆਪਿ*
*ਉਪਰਿ ਲੇਖੁ ਭਿ ਤੂੰ ॥*
*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥*
*ਅੰਗ - ੧੨੯੧*

ਦ੍ਵੈਤ ਖਤਮ ਹੁੰਦੇ ਸਾਰ, universal man ਬਣ ਜਾਂਦਾ ਹੈ। ਉਹ ਵਾਹਿਗੁਰੂ ਬਣ ਜਾਂਦਾ ਹੈ -

*ਕਬੀਰ ਜਾ ਕਉ ਖੋਜਤੇ ਪਾਇਓ ਸੋਈ ਠਉਰੁ ॥*
*ਸੋਈ ਫਿਰਿ ਕੈ ਤੂ ਭਇਆ*
*ਜਾ ਕਉ ਕਹਤਾ ਅਉਰੁ ॥ ਅੰਗ - ੧੩੬੯*

ਫੇਰ ਦੁਨੀਆਂ ਨਹੀਂ ਪਸੰਦ ਕਰਦੀ। ਜਿਹੜੇ ਨੇ ਰੌਲਾ ਪਾ ਦਿਤਾ ਨਾ। ਮਨਸੂਰ ਨੇ ਕਹਿ ਦਿਤਾ ਸੀ, 'ਅਨਹਲ ਹੱਕ ਬਿਗੋ' ਅਹੰ ਬ੍ਰਹਮ ਅਸਵੀ। ਮੈਂ ਹੀ ਖੁਦਾ ਹਾਂ। ਗੱਲ ਤਾਂ ਉਹ ਸੱਚੀ ਕਹਿੰਦਾ ਸੀ। ਨਤੀਜਾ ਕੀ ਹੋਇਆ, ਸੂਲੀ 'ਤੇ ਚਾੜ੍ਹ ਦਿਤਾ। ਅਗਿਆਨੀ ਪੁਰਸ਼ਾਂ ਨੂੰ ਗੱਲ ਨਹੀਂ ਸਮਝ ਵਿਚ ਆਉਂਦੀ। ਸੋ ਗੁਰੂ ਗ੍ਰੰਥ ਸਾਹਿਬ ਦੇ ਵਾਕ ਜਿਹੜੇ ਨੇ ਉਹ ਤਾਂ ਸਾਰੇ ਹੀ ਤਾਰਨ ਵਾਸਤੇ ਨੇ, ਪਰ ਜੀਵ ਮੰਨੇ ਤਾਂ ਤਰਦਾ ਹੈ ਨਹੀਂ ਤਾਂ ਨਹੀਂ ਤਰਿਆ ਕਰਦਾ। ਸੋ ਇਸ ਤਰ੍ਹਾਂ ਦੇ ਬਚਨ ਸੁਣਾ ਕੇ ਗੁਰੂ ਮਹਾਰਾਜ ਨੇ ਕਿਹਾ ਕਿ ਸੰਤ ਜੀ, ਇਹ ਤਾਂ ਇਕ ਬਾਜੀ ਪਈ ਹੋਈ ਹੈ -

*ਬਾਜੀਗਰਿ ਜੈਸੇ ਬਾਜੀ ਪਾਈ ॥*
*ਨਾਨਾ ਰੂਪ ਭੇਖ ਦਿਖਲਾਈ ॥*
*ਸਾਂਗੁ ਉਤਾਰਿ ਥੰਮਿ੍ਓ ਪਾਸਾਰਾ ॥*
*ਤਬ ਏਕੋ ਏਕੰਕਾਰਾ ॥ ਅੰਗ - ੭੩੬*

ਪਹਿਲਾਂ ਵੀ ਏਕੰਕਾਰ ਸੀ, ਜਦ ਆਹ ਪਸਾਰਾ ਦੂਰ ਕਰ ਦਿਤਾ, ਫੇਰ ਵੀ ਏਕੰਕਾਰ ਹੈ, ਜਦੋਂ ਅਸੀਂ ਸੌਂ ਗਏ, ਜਦ ਜਾਗ ਗਏ ਉਹ ਫੁਰਨਾ ਕਿੱਥੇ ਚਲਿਆ ਗਿਆ, ਉਹਦੇ ਪਹਾੜ ਕਿੱਥੇ ਗਏ, ਦਰਿਆ ਕਿੱਥੇ ਗਏ, ਵੱਡੇ-ਵੱਡੇ ਕਾਰੋਬਾਰ ਚੱਲ ਰਹੇ ਸੀ ਉਹ ਕਿੱਥੇ ਗਏ, ਰਾਜ ਕਿੱਥੇ ਗਿਆ, ਕੁਝ ਵੀ ਨਹੀਂ ਸੀਗਾ ਇਕ illusion ਸੀ ਦਿਮਾਗ ਦੀ, ਉਥੇ ਸੁਪਨੇ ਦੇ ਅੰਦਰ ਉਲਝ ਗਏ। ਮਹਾਰਾਜ ਕਹਿੰਦੇ ਜਿਹੋ ਜਿਹਾ ਸੁਪਨਾ ਉਹ ਹੈ, ਉਹੋ ਜਿਹਾ ਹੀ ਆਹ ਹੈ, ਇਹਦੇ ਵਿਚ ਤਿੰਨ ਗੁਣ ਵਿਚ ਸੌਂ ਗਿਆ ਤੂੰ, ਰਜੋ ਗੁਣ, ਤਮੋ ਗੁਣ, ਸਤੋ ਗੁਣ -

*ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ*
*ਸੁਤਿਆ ਰੈਣਿ ਵਿਹਾਣੀ ॥ ਅੰਗ - ੯੨੦*

ਜਦੋਂ ਜਾਗ ਆ ਗਈ ਉਸ ਵੇਲੇ ਸਾਰਾ ਹੀ ਕੁਛ ਬਦਲ ਜਾਂਦਾ ਹੈ।

*ਜੇਤਾ ਸਬਦੁ ਸੁਰਤਿ ਧੁਨਿ ਤੇਤੀ*
*ਜੇਤਾ ਰੂਪੁ ਕਾਇਆ ਤੇਰੀ ॥*
*ਤੂੰ ਆਪੇ ਰਸਨਾ ਆਪੇ ਬਸਨਾ*
*ਅਵਰੁ ਨ ਦੂਜਾ ਕਹਉ ਮਾਈ ॥ ਅੰਗ - ੩੫੦*

ਕਹਿੰਦੇ ਜਿੰਨਾ ਰੂਪ ਹੈ, ਜਿੰਨਾ ਬੋਲ ਹੈ ਹੇ ਵਾਹਿਗੁਰੂ, ਇਹ ਤੇਰਾ ਹੀ ਹੈ। ਜਿੰਨਾ ਕੁਛ ਦਿਸਦਾ ਹੈ ਇਹ ਤੂੰ ਹੀ ਹੈਂ, ਤੂੰ ਆਪੇ ਹੀ ਬੋਲ ਰਿਹਾ ਹੈਂ, ਤੂੰ ਆਪੇ ਹੀ ਸੁਣ ਰਿਹਾ ਹੈਂ, ਤੂੰ ਆਪੇ ਹੀ ਸੁਗੰਧੀ ਲੈ ਰਿਹਾ ਹੈਂ, ਤੂੰ ਆਪੇ ਤੁਰ ਰਿਹਾ ਹੈਂ, ਸ਼ਕਤੀ ਦੇ ਰਿਹਾ ਹੈਂ ਸਰੀਰ ਨੂੰ। ਤੇਰੇ ਬਿਨਾਂ ਸੰਸਾਰ 'ਤੇ ਹੈ ਨਹੀਂ ਕੋਈ।

*ਸਾਹਿਬੁ ਮੇਰਾ ਏਕੋ ਹੈ ॥*
*ਏਕੋ ਹੈ ਭਾਈ ਏਕੋ ਹੈ॥ ਅੰਗ - ੩੫੦*

ਇਸ ਤੋਂ ਅੱਗੇ ਮਹਾਰਾਜ ਕੀ ਕਹਿ ਦੇਣ। ਉਸ ਵੇਲੇ ਸੰਤਾਂ ਨੇ ਨਮਸਕਾਰ ਕਰ ਦਿਤੀ ਗੁਰੂ ਮਹਾਰਾਜ ਜੀ ਦੇ ਚਰਨਾਂ ਵਿਚ। ਪਾਤਸ਼ਾਹ! ਤੇਰੀ ਕ੍ਰਿਪਾ ਹੋਈ ਹੈ। ਮਹਾਰਾਜ ਜੀ ਨੇ ਦਇਆ 'ਚ ਆ ਕੇ ਸੀਸ 'ਤੇ ਹੱਥ ਰੱਖ ਦਿਤਾ। ਹੱਥ ਰੱਖਣ ਦੀ ਦੇਰ ਸੀ, ਉਹ ਜਿਹੜਾ ਨਿਸ਼ਚਾ ਦ੍ਰਿੜ੍ਹ ਕਰਾਇਆ ਸੀ ਉਹ ਸਾਖਸ਼ਾਤ ਦਿਸਣ ਲੱਗ ਗਿਆ, ਪ੍ਰਕਾਸ਼ ਹੋ ਗਿਆ, ਏਸ ਤਰ੍ਹਾਂ ਨਾਲ ਪੜ੍ਹ ਲਓ -

**ਧਾਰਨਾ - ਜਦੋਂ ਨਦਰਿ ਗੁਰਾਂ ਨੇ ਮਾਰੀ**
**ਬਜਰ ਕਪਾਟ ਖੁਲ੍ਹ ਗਏ।**

*ਰਵਿ ਪ੍ਰਗਾਸ ਰਜਨੀ ਜਥਾ*
*ਗਤਿ ਜਾਨਤ ਸਭ ਸੰਸਾਰ॥ ਅੰਗ - ੩੪੬*

ਜਦ ਸੂਰਜ ਚੜ੍ਹ ਗਿਆ, ਰਾਤ ਵਾਂਗੂੰ, ਰਾਤ ਕਿੱਥੇ ਚਲੀ ਗਈ, ਖਤਮ ਹੋ ਗਈ ਰਾਤ।

*ਪਾਰਸ ਮਾਨੋ ਤਾਬੋ ਛੁਏ*
*ਕਨਕ ਹੋਤ ਨਹੀ ਬਾਰ ॥ ਅੰਗ - ੩੪੬*

ਜਿਵੇਂ ਪਾਰਸ ਲਗਦਾ ਹੈ ਤਾਂਬੇ ਨੂੰ, ਉਸੇ ਵੇਲੇ ਸੋਨਾ ਬਣ ਜਾਂਦਾ ਹੈ। ਇਸੇ ਤਰ੍ਹਾਂ ਦੇ ਨਾਲ -

*ਪਰਮ ਪਰਸ ਗੁਰੁ ਭੇਟੀਐ*
*ਪੂਰਬ ਲਿਖਤ ਲਿਲਾਟ ॥*
*ਉਨਮਨ ਮਨ ਮਨ ਹੀ ਮਿਲੇ*
*ਛੁਟਕਤ ਬਜਰ ਕਪਾਟ॥ ਅੰਗ - ੩੪੬*

ਬਜਰ ਕਪਾਟ ਖੁਲ੍ਹ ਗਏ, ਭਰਮ ਦਾ ਨਾਸ ਹੋ ਗਿਆ ਤੇ ਇਹ ਸਾਰਾ ਹੀ ਸੰਸਾਰ ਵਾਹਿਗੁਰੂ ਦਾ ਰੂਪ ਹੋ ਕੇ ਨਜ਼ਰ ਆਉਣ ਲੱਗ ਗਿਆ, ਪੜ੍ਹੋ ਪਿਆਰ

ਨਾਲ –

***ਧਾਰਨਾ – ਸੰਸਾ ਮੇਰਾ ਓ ਉਤਰ ਗਿਆ,***
***ਪਿਆਰੇ ਜਬ 'ਤੇ ਦਰਸਨ ਪਾਇਆ।***

ਸੋ ਪੜ੍ਹਿਆ ਸੀ ਕਿ –

*ਆਪੇ ਪਟੀ ਕਲਮ ਆਪਿ*
*ਉਪਰਿ ਲੇਖੁ ਭਿ ਤੂੰ ॥*
*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥*
*ਅੰਗ – ੧੨੯੧*

ਜਦ ਤੱਕ ਇਹ ਗੱਲ ਪ੍ਰਤੱਖ ਰੂਪ ਦੇ ਅੰਦਰ ਅਸੀਂ ਦੇਖ ਨਹੀਂ ਸਕਦੇ, ਗਿਆਨ ਨਹੀਂ ਹੋਇਆ ਕਰਦਾ ਜਦ ਤਕ ਗਿਆਨ ਨਹੀਂ ਹੁੰਦਾ, ਮੁਕਤੀ ਨਹੀਂ ਹੋਣੀ। ਸੋ ਇਹ ਸਾਡੀ ਮੰਜ਼ਲ ਹੈ ਕਿ ਆਹੀ ਜਿਹੜਾ ਸੰਸਾਰ ਹੈ ਇਹ ਵਾਹਿਗੁਰੂ ਬਣ ਕੇ ਦਿਸਦਾ ਹੈ –

*ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ*
*ਨਦਰੀ ਹਰਿ ਨਿਹਾਲਿਆ ॥*
*ਏਹੁ ਵਿਸੁ ਸੰਸਾਰੁ ਤੁਮ ਦੇਖਦੇ*
*ਏਹੁ ਹਰਿ ਕਾ ਰੂਪੁ ਹੈ*
*ਹਰਿ ਰੂਪੁ ਨਦਰੀ ਆਇਆ॥ ਅੰਗ – ੯੨੨*

ਨਦਰਿ ਆ ਗਿਆ ਪ੍ਰਮੇਸ਼ਰ ਦਾ ਰੂਪ ਕਿਉਂਕਿ ਅੱਖਾਂ ਅੰਨ੍ਹੀਆਂ ਸੀ, ਜਦ ਗੁਰੂ ਨੇ ਸੁਰਮਾ ਪਾ ਦਿਤਾ ਨਾ –

*ਗਿਆਨ ਅੰਜਨੁ ਗੁਰਿ ਦੀਆ*
*ਅਗਿਆਨ ਅੰਧੇਰ ਬਿਨਾਸੁ ॥*
*ਹਰਿ ਕਿਰਪਾ ਤੇ ਸੰਤ ਭੇਟਿਆ*
*ਨਾਨਕ ਮਨਿ ਪਰਗਾਸੁ ॥*

ਹੋਇਆ ਕੀ ?

*ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥ ਅੰਗ – ੨੯੩*

ਅੰਦਰ ਦੇਖ ਲਿਆ ਰੱਬ।

*ਨਾਮੁ ਪ੍ਰਭੂ ਕਾ ਲਾਗਾ ਮੀਠਾ ॥ ਅੰਗ – ੨੯੩*

ਨਾਮ ਨਾਲ ਪਿਆਰ ਲੱਗ ਗਿਆ ਤੇ ਰੱਬ ਅੰਦਰ ਦੇਖ ਲਿਆ। ਹੁਣ ਅੰਦਰ ਤਾਂ ਦੇਖ ਲਿਆ ਕਹਿੰਦੇ ਫੇਰ ਬਾਹਰ ਵੀ ਦੇਖ ਲਿਆ।

*ਸੋ ਅੰਤਰਿ ਸੋ ਬਾਹਰਿ ਅਨੰਤ ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ ॥*
*ਧਰਨਿ ਮਾਹਿ ਆਕਾਸ ਪਇਆਲ ॥*
*ਸਰਬ ਲੋਕ ਪੂਰਨ ਪ੍ਰਤਿਪਾਲ ॥ ਅੰਗ – ੨੯੪*

ਧਰਤੀ ਵਿਚ, ਅਕਾਸ ਵਿਚ ਤੇ ਪਾਤਾਲਾਂ ਦੇ ਅੰਦਰ, ਹਰ ਥਾਂ ਦੇ ਉਤੇ ਵਾਹਿਗੁਰੂ ਪ੍ਰੀਪੂਰਨ ਹੈ।

*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥*
*ਜੈਸੀ ਆਗਿਆ ਤੈਸਾ ਕਰਮੁ ॥*
*ਪਉਣ ਪਾਣੀ ਬੈਸੰਤਰ ਮਾਹਿ ॥*
*ਚਾਰਿ ਕੁੰਟ ਦਹ ਦਿਸੇ ਸਮਾਹਿ ॥*
*ਅੰਗ – ੨੯੪*

ਪਉਣ ਦੇ ਵਿਚ, ਪਾਣੀ ਦੇ ਵਿਚ, ਬੈਸੰਤਰ 'ਚ ਹਰੇਕ ਥਾਂ ਦੇਖ ਲਿਆ –

*ਤਿਸ ਤੇ ਭਿੰਨ ਨਹੀ ਕੋ ਠਾਉ ॥*
*ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥*
*ਅੰਗ – ੨੯੪*

ਉਸ ਤੋਂ ਬਗੈਰ ਕੋਈ ਥਾਂਉਂ ਹੀ ਨਹੀਂ ਹੈ।

ਦੇਖਿਆ ਕੀਹਨੇ, ਜਿਸਨੂੰ ਵਾਹਿਗੁਰੂ ਨੇ ਦਿਖਾ ਦਿਤਾ। ਸੋ ਏਸ ਤਰ੍ਹਾਂ ਦੇ ਨਾਲ ਇਹ ਅਗਿਆਨ ਨੂੰ ਦੂਰ ਕਰਨ ਵਾਸਤੇ, ਕੋਈ ਮੁਸਲਮਾਨ ਬਣਦਾ ਹੈ, ਕੋਈ ਈਸਾਈ ਬਣਦਾ ਹੈ, ਕੋਈ ਹਿੰਦੂ ਮਤ ਧਾਰਨ ਕਰਦਾ ਹੈ, ਕੋਈ ਸਿੱਖ ਮਤ ਧਾਰਨ ਕਰਦਾ ਹੈ, ਕੋਈ ਬੁੱਧ ਮਤ ਧਾਰਨ ਕਰਦਾ ਹੈ, ਹੋਰ ਅਨੇਕਾਂ ਮਤ ਨੇ। ਕਰਦੇ ਕੀ ਨੇ ਕਿ ਫਰੀ ਹੋ ਜਾਵੇ, ਜਿਹੜਾ ਇਹ ਗਲਤ ਨਿਸ਼ਚਾ ਪੈ ਗਿਆ, ਇਹ ਦੂਰ ਹੋ ਜਾਵੇ। ਜੇ ਇਹ ਕਹੇ ਕਿ ਜੀ ਮੇਰੇ ਨਿਸ਼ਚਾ ਹੋ ਗਿਆ, ਤੂੰ ਤਾਂ ਸਮਝੀ ਹੈ ਗੱਲ। ਤੇਰੇ ਅਨੁਭਵ 'ਚ ਨਹੀਂ ਆਈ, ਨਾ ਤੂੰ ਇਥੇ ਪਹੁੰਚਿਆ ਹੈਂ, ਤੈਨੂੰ ਹੁਣੇ ਕੋਈ ਗਾਲ ਕੱਢ ਕੇ ਦਿਖਾ ਦੇਵੇ, ਕੋਈ ਨਿੰਦਿਆ ਕਰ ਦੇਵੇ, ਗੁੱਸੇ ਹੋ ਕੇ ਤੜਫਣ ਲਗ ਜਾਂਦਾ ਹੈ। ਕਿਉਂਕਿ ਤੇਰੇ ਅੰਦਰ ਜੀਉਂਦਾ ਹੈ ਅਜੇ ਆਪਣਾ ਆਪਾ। ਜਦ ਜੀਉਂਦਾ ਨਾ ਰਿਹਾ, ਫੇਰ ਜਿਹੜਾ ਕੁੱਛ ਕਹਿਣਾ ਹੈ ਕਹੀ ਜਾਓ। ਉਹਨੂੰ ਪਤਾ ਹੈ ਕਿ ਆਤਮਾ ਨੂੰ ਨਾ ਕੋਈ ਗਾਲ ਲਗਦੀ ਹੈ। ਨਾ ਕੋਈ ਆਤਮਾ ਕਿਸੇ ਦੇ ਵੱਡੀ ਬਣਾਇਆ ਤੇ ਵੱਡੀ ਬਣਦੀ ਹੈ। ਨਾ ਛੋਟਾ ਕਹੇ ਤੇ ਛੋਟੀ ਬਣਦੀ ਹੈ, ਉਹ ਤਾਂ ਇਕ ਰਸ ਸਾਰੇ ਪਰੀਪੂਰਨ ਤੱਤ ਹੈ। ਉਹ ਮੇਰਾ ਰੂਪ ਹੈ –

*ਮਨ ਤੂੰ ਜੋਤਿ ਸਰੂਪੁ ਹੈ*
*ਆਪਣਾ ਮੂਲੁ ਪਛਾਣੁ ॥ ਅੰਗ – ੪੪੧*

ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ ਇਥੇ ਹੀ ਸਮਾਪਤੀ ਹੈ।

ਅਨੰਦ ਸਾਹਿਬ, ਗੁਰ ਸਤੋਤਰ , ਅਰਦਾਸ

# ਧੰਨੁ ਧੰਨੁ ਧੰਨੁ ਜਨੁ ਆਇਆ ॥

## (ਸ੍ਰੀ 108 ਸੰਤ ਈਸ਼ਰ ਸਿੰਘ ਜੀ ਮਹਾਰਾਜ, ਰਾੜੇ ਵਾਲੇ)

*ਸਤਿਨਾਮ ਸ੍ਰੀ ਵਾਹਿਗੁਰੂ*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*

*ਧਾਰਨਾ - ਧੂੜੀ ਮੁਖ ਲਾਵਾਂ ਜੀ,*
*ਸੰਤਾਂ ਨੂੰ ਬੰਦਨਾ ਕਰ ਕੇ।*

*ਜਲੁ ਢੋਵਉ ਇਹੁ ਸੀਸ ਕਰਿ ਕਰ ਪਗ*
*ਪਖਲਾਵਉ॥ ਬਾਰਿ ਜਾਉ ਲਖ ਬੇਰੀਆ*
*ਦਰਸੁ ਪੇਖਿ ਜੀਵਾਵਉ ॥ ੧ ॥*
*ਕਰਉ ਮਨੋਰਥ ਮਨੈ ਮਾਹਿ*
*ਅਪਨੇ ਪ੍ਰਭ ਤੇ ਪਾਵਉ ॥*
*ਦੇਉ ਸੂਹਨੀ ਸਾਧ ਕੈ ਬੀਜਨੁ ਢੋਲਾਵਉ ॥*
*ਅੰਮ੍ਰਿਤ ਗੁਣ ਸੰਤ ਬੋਲਤੇ ਸੁਣਿ ਮਨਹਿ ਪੀਲਾਵਉ*
*॥ ਉਆ ਰਸ ਮਹਿ ਸਾਂਤਿ ਤ੍ਰਿਪਤਿ ਹੋਇ*
*ਬਿਖੈ ਜਲਨਿ ਬੁਝਾਵਉ ॥ ੨ ॥ ਅੰਗ - ੮੧੩*

*ਧਾਰਨਾ - ਤਿਨ ਮਿਲ ਹਰਿ ਗਾਵਹੁ ਜੀ,*
*ਜਬ ਭਗਤ ਕਰੇ ਸੰਤ ਮੰਡਲੀ।*

*ਜਬ ਭਗਤਿ ਕਰਹਿ ਸੰਤ ਮੰਡਲੀ*
*ਤਿਨ੍ਹ ਮਿਲਿ ਹਰਿ ਗਾਵਉ ॥*
*ਕਰਉ ਨਮਸਕਾਰ ਭਗਤ ਜਨ*
*ਧੂਰਿ ਮੁਖਿ ਲਾਵਉ ॥ ੩ ॥*
*ਊਠਤ ਬੈਠਤ ਜਪਉ ਨਾਮੁ*
*ਇਹੁ ਕਰਮੁ ਕਮਾਵਉ ॥*
*ਨਾਨਕ ਕੀ ਪ੍ਰਭ ਬੇਨਤੀ ਹਰਿ ਸਰਨਿ ਸਮਾਵਉ ॥*
*ਅੰਗ - ੮੧੩*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਦੂਰ-ਦਰਾਜ ਤੋਂ ਚੱਲ ਕੇ ਗੁਰੂ ਦਰਬਾਰ 'ਚ ਪਹੁੰਚੇ ਹੋ। ਪੂਰਨਮਾਸ਼ੀ ਦਾ ਦਿਹਾੜਾ ਹੈ ਤੇ ਨਾਲ ਭਾਰਤ ਵਰਸ਼ ਦੇ ਪੁਰਾਤਨ ਤਿਉਹਾਰ ਦੇ ਮੁਤਾਬਿਕ ਰੱਖੜੀ ਦਾ ਤਿਉਹਾਰ ਹੈ। ਰਾਖੀ ਜੋ ਹੋਇਆ ਕਰਦੀ ਸੀ ਉਹ ਬਹੁਤ ਸਾਧਨਾ ਦੇ ਨਾਲ ਭਜਨ ਬੰਦਗੀ ਕਰਕੇ ਤਪੱਸਿਆ ਕਰਕੇ, ਭੈਣਾਂ ਆਪਣੇ ਭਰਾ ਦੇ ਹੱਥ 'ਤੇ ਬੰਨ੍ਹਿਆ ਕਰਦੀਆਂ ਨੇ ਇਸ ਆਸ਼ੇ, ਦੀ ਅਰਦਾਸ ਨਾਲ ਕਿ ਪਾਤਸ਼ਾਹ ਇਸ ਦੀ ਰੱਖਿਆ ਹਰ ਥਾਂ ਤੇ ਹੋਵੇ। ਕਿਉਂਕਿ ਭੈਣ ਦਾ ਪਿਆਰ ਸੀ ਵੀਰ ਨਾਲ, ਆਪ ਤਾਂ ਉਹ ਖਤਮ ਹੋਣ ਨੂੰ ਤਿਆਰ ਸੀ, ਲੇਕਿਨ ਭਰਾ ਨੂੰ ਅੱਖਾਂ ਤੋਂ ਓਹਲੇ ਨਹੀਂ ਸੀ ਦੇਖਣਾ ਚਾਹੁੰਦੀ। ਸੋ ਇਹ ਇਕ ਪਿਆਰ ਦਾ, ਡੂੰਘੇ ਭਾਵਾਂ ਦਾ ਤਿਉਹਾਰ ਹੈ, ਸਾਰੇ ਹੀ ਮਨਾਉਂਦੇ ਹਾਂ, ਲੇਕਿਨ ਜੋ ਸਾਨੂੰ ਗੁਰੂ ਮਹਾਰਾਜ ਨੇ ਰਾਖੀ ਦੱਸੀ ਹੈ, ਆਪ ਨੇ ਫੁਰਮਾਨ ਕੀਤਾ ਹੈ ਕਿ -

*ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ ॥*
*ਚਉਗਿਰਦ ਹਮਾਰੈ ਰਾਮ ਕਾਰ*
*ਦੁਖੁ ਲਗੈ ਨ ਭਾਈ ॥ ੧ ॥ ਅੰਗ - ੮੧੯*

ਪ੍ਰਮੇਸ਼ਰ ਦੇ ਨਾਮ ਦੀ ਜੋ ਰਾਖੀ ਹੈ, ਉਹਦੇ ਨਾਲ ਸਾਰੇ ਦੁਖਾਂ ਦਾ ਖਾਤਮਾ ਹੋ ਜਾਂਦਾ ਹੈ -

***ਰੋਗਨ ਤੇ ਅਰ ਸੋਗਨ ਤੇ***
***ਜਲ ਜੋਗਨ ਤੇ ਬਹੁ ਭਾਂਤਿ ਬਚਾਵੈ॥***
***ਸਤ੍ਰੁ ਅਨੇਕ ਚਲਾਵਤ ਘਾਵ***
***ਤਊ ਤਨ ਏਕ ਨ ਲਾਗਨ ਪਾਵੈ॥***
***ਰਾਖਤ ਹੈ ਅਪਨੋ ਕਰ ਦੈ ਕਰ***
***ਪਾਪ ਸਮੂੰਹ ਨ ਭੇਟਨ ਪਾਵੈ॥***
***ਔਰ ਕੀ ਬਾਤ ਕਹਾ ਕਹ ਤੋ ਸੌ***
***ਸੁ ਪੇਟ ਹੀ ਕੇ ਪਟ ਬੀਚ ਬਚਾਵੈ॥***

*ਗੁਰ ਕਾ ਸਬਦੁ ਰਖਵਾਰੇ ॥*
*ਚਉਕੀ ਚਉਗਿਰਦ ਹਮਾਰੇ ॥*
*ਰਾਮ ਨਾਮਿ ਮਨੁ ਲਾਗਾ ॥*
*ਜਮੁ ਲਜਾਇ ਕਰਿ ਭਾਗਾ ॥ ੧ ॥*
*ਪ੍ਰਭ ਜੀ ਤੂ ਮੇਰੋ ਸੁਖਦਾਤਾ ॥*
*ਬੰਧਨ ਕਾਟਿ ਕਰੇ ਮਨੁ ਨਿਰਮਲੁ*
*ਪੂਰਨ ਪੁਰਖੁ ਬਿਧਾਤਾ ॥ ਰਹਾਉ ॥*
*ਨਾਨਕ ਪ੍ਰਭੁ ਅਬਿਨਾਸੀ ॥*
*ਤਾ ਕੀ ਸੇਵ ਨ ਬਿਰਥੀ ਜਾਸੀ ॥*
*ਅਨਦ ਕਰਹਿ ਤੇਰੇ ਦਾਸਾ ॥*
*ਜਪਿ ਪੂਰਨ ਹੋਈ ਆਸਾ ॥ ਅੰਗ - ੬੨੬*

ਸੋ ਉਹ ਚਉਕੀ ਹੈ ਇਥੇ ਵੀ ਰਾਖੀ ਕਰਦੀ ਹੈ, ਦਰਗਾਹ ਵਿਚ ਜਾ ਕੇ ਵੀ ਰਾਖੀ ਕਰਦੀ ਹੈ। ਜਦੋਂ ਰਾਮ ਦਾ ਨਾਮ ਮਨ ਵਿਚ ਵਸ ਗਿਆ, ਉਸ ਵੇਲੇ ਜਿਹੜਾ ਜਮਦੂਤ ਹੈ, ਉਹ ਨੇੜੇ ਨਹੀਂ ਠਹਿਰਦਾ ਭੱਜ ਜਾਇਆ ਕਰਦਾ ਹੈ।

*ਜਮੁ ਲਜਾਇ ਕਰਿ ਭਾਗਾ ॥ ਅੰਗ - ੬੨੬*

ਨੇੜੇ ਨਹੀਂ ਆਇਆ ਕਰਦਾ। ਸੋ ਉਹ ਰਾਖੀ ਗੁਰੂ ਦੇ ਸ਼ਬਦ ਦੀ ਪੰਜ ਪਿਆਰਿਆਂ ਤੋਂ ਮਿਲਦੀ ਹੈ, ਉਹਦਾ ਸਾਧਨ ਕਰੋ, ਜਦ ਇਕ ਖਾਸ ਅਵਸਥਾ ਆ ਜਾਂਦੀ ਹੈ, ਉਸ ਅਵਸਥਾ ਦੇ ਵਿਚ ਨਾ ਸੁੱਤੇ ਨਾ ਜਾਗਦੇ, ਵਾਹਿਗੁਰੂ ਨਹੀਂ ਭੁੱਲਦਾ। ਰਸਨਾ ਨਾਲ ਜਪੀ

ਜਾਵੇ, ਕੰਨਾਂ ਨਾਲ ਨਾਮ ਜਪੀ ਜਾਵੇ, ਅੱਖਾਂ ਨਾਲ ਜਪੀ ਜਾਵੇ, ਰੋਮ-ਰੋਮ ਨਾਲ ਜਪੀ ਜਾਵੇ, ਸ੍ਵਾਸ ਦੇ ਨਾਲ ਜਪੀ ਜਾਵੇ, ਜਿਸ ਤਰ੍ਹਾਂ ਵੀ ਹੈ ਉਹਦਾ ਧਿਆਨ ਹਰ ਵਕਤ ਵਾਹਿਗੁਰੂ 'ਚ ਰਹਿੰਦਾ ਹੈ। ਕਈ ਪ੍ਰੇਮੀਆਂ ਦਾ ਖਿਆਲ ਹੁੰਦਾ ਹੈ ਕਿ ਕੰਨਾਂ ਨਾਲ ਵੀ ਨਾਮ ਜਪ ਹੁੰਦਾ ਹੈ? ਕੰਨ ਨਾਮ ਸੁਣਦੇ ਨੇ ਸਾਧਸੰਗਤ ਜੀ। ਇਹ ਨਾਮ ਦੀਆਂ ਅਵਸਥਾਵਾਂ ਨੇ।

ਸੋ ਇਸ ਤਰ੍ਹਾਂ ਜਦੋਂ ਵਾਹਿਗੁਰੂ ਨਾ ਭੁੱਲੇ, ਜਿਸਨੂੰ ਨਾ ਭੁੱਲੇ, ਉਸ ਨੂੰ ਦਰਜਾ ਮਿਲਿਆ ਕਰਦਾ ਹੈ ਸਾਧੂ ਦਾ।

*ਜਿਨਾ ਸਾਸਿ ਗਿਰਾਸਿ ਨ ਵਿਸਰੈ*
*ਹਰਿ ਨਾਮਾਂ ਮਨਿ ਮੰਤੁ ॥*
*ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥*

*ਅੰਗ - ੩੧੯*

ਸੰਤ ਸੰਸਾਰ 'ਤੇ ਆਉਂਦੇ ਹੀ ਏਸ ਕਰਕੇ ਨੇ -

*ਕਬੀਰ ਸੇਵਾ ਕਉ ਦੁਇ ਭਲੇ*
*ਏਕੁ ਸੰਤੁ ਇਕੁ ਰਾਮੁ ॥ ਅੰਗ - ੧੩੭੩*

ਕਿਉਂ ਭਲੇ ਨੇ ਦੋਵੇਂ। ਕਹਿੰਦੇ -

*ਰਾਮੁ ਜੁ ਦਾਤਾ ਮੁਕਤਿ ਕੋ*
*ਸੰਤੁ ਜਪਾਵੈ ਨਾਮੁ ॥ ਅੰਗ - ੧੩੭੩*

ਸੰਤਾਂ ਨੇ ਨਾਮ ਜਪਾਉਣਾ ਹੈ। ਪ੍ਰਮੇਸ਼ਰ ਨੇ ਮੁਕਤੀ ਦੀ ਦਾਤ ਦੇਣੀ ਹੈ। ਸੋ ਜੋ ਸਾਧੂ ਹੋਇਆ ਕਰਦੇ ਨੇ ਸੰਸਾਰ 'ਤੇ। ਉਹ ਵਾਹਿਗੁਰੂ ਵਲੋਂ ਭੇਜੇ ਹੋਏ ਆਇਆ ਕਰਦੇ ਨੇ, ਬਾਕੀ ਸੰਸਾਰ ਜਿੰਨਾ ਹੈ ਕਰਮਾਂ ਦਾ ਬੰਨ੍ਹਿਆ ਹੋਇਆ, ਕੋਈ ਦੁੱਖ ਭੋਗਣ ਆਉਂਦਾ ਹੈ, ਕੋਈ ਸੁਖ ਭੋਗਣ ਆਉਂਦਾ ਹੈ, ਕੋਈ ਕਰਜ਼ਾ ਦੇਣ ਆਉਂਦਾ ਹੈ, ਕੋਈ ਲੈਣ ਆਉਂਦਾ ਹੈ, ਏਸ ਤਰ੍ਹਾਂ ਦੇ ਨਾਲ ਸਾਡਾ ਆਉਣਾ ਤੇ ਸੰਤਾਂ ਦਾ ਆਉਣਾ ਦੋਹਾਂ ਦੇ ਵਿਚ ਫਰਕ ਹੈ। ਸਾਡੇ ਆਇਆਂ 'ਤੇ ਸੰਸਾਰ ਨੂੰ ਕੋਈ ਫਰਕ ਨਹੀਂ ਪੈਂਦਾ, ਅਸੀਂ ਇਥੇ ਹੋਰ ਵੀ ਮਾਮਲੇ ਗੰਧਲਾ ਜਾਵਾਂਗੇ, ਘਚੋਲਾ ਫੇਰ ਜਾਵਾਂਗੇ ਇਥੇ ਸ਼ਾਂਤੀ ਦੇ ਮੰਡਲ ਦੇ ਵਿਚ। ਲੜਾਈਆਂ, ਝਗੜੇ ਫਸਾਦ ਫਿਰਕਾ ਪ੍ਰਸਤੀ, ਬੇਅੰਤ ਚੀਜ਼ਾਂ ਐਸੀਆਂ ਕਰ ਜਾਵਾਂਗੇ ਜਿਹਦੇ ਨਾਲ ਸੰਸਾਰ ਹੁਣ ਵੀ ਦੁਖੀ ਹੋਵੇ, ਜਿਹਨੇ ਆਉਣਾ ਹੈ ਅੱਗੇ ਨੂੰ ਉਹ ਵੀ ਦੁਖੀ ਹੋਵੇ। ਲੇਕਿਨ ਜੋ ਸਾਧੂ ਹੁੰਦੇ ਨੇ, ਉਹ ਜਦੋਂ ਸੰਸਾਰ ਅਤਿ ਦਾ ਦੁਖੀ ਹੋ ਜਾਂਦਾ ਹੈ, ਫੇਰ ਉਨ੍ਹਾਂ ਨੂੰ ਵੀ ਸ਼ਾਂਤ ਕਰਦੇ ਨੇ, ਜਦ ਤਕ ਉਨ੍ਹਾਂ ਦੇ ਬਚਨਾਂ ਦੇ ਉਤੇ ਦੂਸਰੇ ਕਮਾਈ ਕਰਦੇ ਨੇ, ਚਾਹੇ ਸੌ ਸਾਲ ਪੰਜ ਸੌ ਸਾਲ, ਹਜ਼ਾਰ ਸਾਲ, ਉਨ੍ਹਾਂ ਦਾ ਉਧਾਰ ਹੁੰਦਾ ਤੁਰਿਆ ਜਾਂਦਾ ਹੈ। ਉਨ੍ਹਾਂ ਨੂੰ ਵੀ ਸ਼ਾਂਤੀ ਆਉਂਦੀ ਜਾਂਦੀ ਹੈ, ਸੋ ਸਾਡਾ 'ਤੇ ਉਨ੍ਹਾਂ ਦਾ ਐਨਾ ਹੀ ਫਰਕ ਹੈ, ਆਉਂਦੇ ਅਸੀਂ ਵੀ ਉਵੇਂ ਜਿਵੇਂ ਹਾਂ। ਉਵੇਂ ਖਾਂਦੇ ਹਾਂ, ਉਵੇਂ ਸੌਂਦੇ ਹਾਂ, ਉਵੇਂ ਜਿਵੇਂ ਆਰਾਮ ਕਰਦੇ ਹਾਂ, ਲੇਕਿਨ ਉਨ੍ਹਾਂ ਦਾ ਤੇ ਸਾਡਾ ਫਰਕ ਹੋਇਆ ਕਰਦਾ ਹੈ। ਉਨ੍ਹਾਂ ਦਾ ਆਉਣਾ ਜੋ ਹੈ ਸੰਸਾਰ 'ਤੇ ਧੰਨ ਹੋਇਆ ਕਰਦਾ ਹੈ। ਉਨ੍ਹਾਂ ਦੀ ਮਾਤਾ ਵੀ ਧੰਨ ਹੁੰਦੀ ਹੈ -

*ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥*

*ਅੰਗ - ੪੮੮*

ਸਾਡਾ ਆਉਣਾ ਉਲਾਂਭਿਆਂ ਦਾ ਮਿਲਣਾ ਹੈ -

*ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ॥*
*ਬਿਧਵਾ ਕਸ ਨ ਭਈ ਮਹਤਾਰੀ ॥*

*ਅੰਗ - ੩੨੮*

ਪਹਿਲੀਓ ਗਾਲ੍ਹ ਮਾਂ ਨੂੰ ਖਲਾ ਲਈ, ਰੱਬ ਤੋਂ ਖਲਾਈ। ਬੜੀ ਮਾੜੀ ਗੱਲ ਹੈ, ਕੋਈ ਬੰਦਾ ਆਪਣੀ ਮਾਤਾ ਨੂੰ ਗਾਲ੍ਹ ਕਢਾ ਕੇ ਰਾਜ਼ੀ ਨਹੀਂ। ਲੇਕਿਨ ਪ੍ਰਮੇਸ਼ਰ ਨੇ ਕੱਢ ਦਿਤੀ। ਕਹਿੰਦੇ ਫੇਰ ਉਹ ਵਿਧਵਾ ਹੋ ਜਾਂਦੀ। ਹੁੰਦੀ ਕਿਉਂ? ਐਡੀ ਗਾਲ੍ਹ ਕਿਉਂ ਲੱਗੀ? ਕਿਉਂਕਿ ਅਸੀਂ ਪ੍ਰਮੇਸ਼ਰ ਦਾ ਨਾਮ ਨਹੀਂ ਜਪਿਆ। ਮਾਂ ਵਿਚਾਰੀ ਬੇਕਸੂਰ, ਉਹਨੂੰ ਉਲਾਂਭਾ ਸਹਿਣਾ ਪੈ ਗਿਆ, ਮਹਾਰਾਜ ਕਹਿੰਦੇ ਤੈਨੂੰ ਵੀ ਉਲਾਂਭਾ ਹੈ।

*ਜਿਹ ਨਰ ਰਾਮ ਭਗਤਿ ਨਹਿ ਸਾਧੀ ॥*
*ਜਨਮਤ ਕਸ ਨ ਮੁਓ ਅਪਰਾਧੀ ॥*

*ਅੰਗ - ੩੨੮*

ਐਹ ਅਪਰਾਧੀਆ! ਚੰਗਾ ਹੁੰਦਾ, ਤੂੰ ਜੰਮਦਾ ਹੀ ਮਰ ਜਾਂਦਾ। ਤੂੰ ਪ੍ਰਮੇਸ਼ਰ ਦਾ ਭਜਨ ਤਾਂ ਨਹੀਂ ਸੀ ਕਰਨਾ। ਸੋ ਸਾਡਾ ਤੇ ਉਨ੍ਹਾਂ ਦਾ ਫਰਕ ਹੁੰਦਾ ਹੈ -

***ਧਾਰਨਾ - ਜਿਨ੍ਹਾਂ ਆਇਆਂ 'ਤੇ ਜਗਤ ਤਰ ਜਾਵੇ,***
***ਆਉਣਾ ਜਗ ਧੰਨ ਉਨ੍ਹਾਂ ਦਾ।***

*ਜੋ ਜਾਨੈ ਤਿਸੁ ਸਦਾ ਸੁਖੁ ਹੋਇ ॥*
*ਆਪਿ ਮਿਲਾਇ ਲਏ ਪ੍ਰਭੁ ਸੋਇ ॥*
*ਓਹੁ ਧਨਵੰਤੁ ਕੁਲਵੰਤੁ ਪਤਿਵੰਤੁ ॥*
*ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ ॥*

*ਅੰਗ - ੨੯੪*

*ਧੰਨੁ ਧੰਨੁ ਧੰਨੁ ਜਨੁ ਆਇਆ ॥*
*ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ ॥*
*ਜਨ ਆਵਨ ਕਾ ਇਹੈ ਸੁਆਉ ॥*
*ਜਨ ਕੈ ਸੰਗਿ ਚਿਤਿ ਆਵੈ ਨਾਉ ॥*
*ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥*
*ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥*

*ਅੰਗ - ੨੯੫*

ਐਸੇ ਮਹਾਂਪੁਰਸ਼ ਸੰਸਾਰ ਦਾ ਉਧਾਰ ਕਰਨ ਵਾਸਤੇ ਸਮੇਂ-ਸਮੇਂ ਸਿਰ ਆਉਂਦੇ ਨੇ। ਉਨ੍ਹਾਂ ਦਾ ਸੰਸਾਰ

'ਤੇ ਆਉਣਾ ਧੰਨ ਹੋਇਆ ਕਰਦਾ, ਭੇਜੇ ਹੋਏ ਆਉਂਦੇ ਨੇ, ਸੱਦੇ ਹੋਏ ਚਲੇ ਜਾਂਦੇ ਨੇ। ਅਸੀਂ ਕਰਮਾਂ ਦੇ ਬੰਨ੍ਹੇ ਹੋਏ ਆਉਂਦੇ ਹਾਂ, ਕਰਮ ਭੋਗਣ ਤੋਂ ਬਾਅਦ ਚਲੇ ਜਾਂਦੇ ਹਾਂ। ਹੋਰ ਕਰਮ ਭੋਗਣ ਵਾਸਤੇ। ਲੇਕਿਨ ਉਹ ਮੁਕਤ ਹੁੰਦੇ ਨੇ ਉਨ੍ਹਾਂ ਨੂੰ ਕੋਈ ਬੰਧਨ ਨਹੀਂ ਹੋਇਆ ਕਰਦਾ, ਸੋ ਉਨ੍ਹਾਂ ਦਾ ਸੰਸਾਰ 'ਤੇ ਆਉਣਾ ਧੰਨ ਹੈ।

ਅੱਜ ਆਪ ਸਾਰੇ, ਬਹੁਤ ਸਾਰੇ ਪ੍ਰੇਮੀਆਂ ਨੂੰ ਪਤਾ ਹੈ, ਬਹੁਤਿਆਂ ਨੂੰ ਨਹੀਂ ਪਤਾ, 5 ਅਗਸਤ ਨੂੰ 1905 ਦੇ ਕਰੀਬ, ਜਿਨ੍ਹਾਂ ਨੂੰ ਆਮ ਤੌਰ ਤੇ ਰਾੜੇ ਵਾਲੇ ਮਹਾਂਪੁਰਸ਼ ਕਹਿੰਦੇ ਨੇ। ਉਨ੍ਹਾਂ ਦਾ ਸੰਸਾਰ 'ਤੇ ਆਉਣਾ ਹੋਇਆ। ਇਕ ਬਹੁਤ ਵੱਡਾ ਨਾਟ ਕੀਤਾ ਇਥੇ ਆ ਕੇ, ਜਿਸਨੂੰ ਜੇ ਦੱਸਣ ਲੱਗੀਏ ਸਾਲਾਂ ਦੇ ਸਾਲ ਲੰਘ ਜਾਂਦੇ ਨੇ। ਉਹ ਹਿਰਦਿਆਂ ਦੇ ਵਪਾਰੀ ਸੀ, ਹਿਰਦੇ ਗਿਰਵੀ ਕਰਾ ਲੈਂਦੇ ਸੀ, ਉਹਦੇ ਬਦਲੇ ਨਾਮ ਦੇ ਵਿਚ ਉਸਨੂੰ ਚਲਾ ਦਿੰਦੇ ਸੀ। ਸੰਸਾਰ ਦੇ ਬੰਧਨ ਤੋੜ ਦਿੰਦੇ ਸੀ ਤੇ ਐਸਾ ਪਿਆਰ ਉਨ੍ਹਾਂ ਦਾ ਹਿਰਦਿਆਂ 'ਚ ਵਸਿਆ, ਅੱਜ ਗਇਆਂ ਨੂੰ ਕਿੰਨੇ ਸਾਲ ਹੋ ਗਏ ਲੇਕਿਨ ਪਿਆਰ ਘਟਣ 'ਚ ਨਹੀਂ ਆਉਂਦਾ। ਜਗਿਆਸੂਆਂ ਦੇ ਮਨਾਂ 'ਚੋਂ ਇਕ ਹੂਕ ਉਠਦੀ ਹੈ, ਇਕ ਲੋਚਾ ਉਠਦੀ ਹੈ ਮਨਾਂ ਦੇ ਅੰਦਰ, ਜਿਨ੍ਹਾਂ ਨੇ ਪਿਆਰ ਕੀਤਾ ਹੈ, ਉਸ ਦੇ ਬਾਰੇ ਮਹਾਰਾਜ ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਹਨ –

***ਧਾਰਨਾ – ਸਾਜਣ ਤਾਂ ਚਲੇ ਗਏ ਜੀ,***
***ਮੇਲਾ ਹੁਣ ਹੋਵੇ ਕਿਵੇਂ।***

*ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ ॥*
*ਜੇ ਗੁਣ ਹੋਵਹਿ ਗੰਠੜੀਐ ਮੇਲੇਗਾ ਸੋਈ ॥*
*ਅੰਗ – ੭੨੯*

ਜਿਨ੍ਹਾਂ ਨਾਲ ਪਿਆਰ ਹੈ, ਜੋ ਅਸਲੀ ਸੱਜਣ ਨੇ, ਕਿਉਂਕਿ ਇਕ ਨਕਲੀ ਸੱਜਣ ਨੇ, ਇਕ ਅਸਲੀ ਸੱਜਣ ਨੇ। ਨਕਲੀ ਸੱਜਣਾਂ ਨੂੰ ਕੱਚੇ ਕਿਹਾ ਜਾਂਦਾ ਹੈ। ਅਸਲੀ ਸੱਜਣਾਂ ਨੂੰ ਪੱਕੇ ਕਿਹਾ ਜਾਂਦਾ ਹੈ। ਉਹ ਸੱਜਣ ਜਿਹੜਾ ਜਾਣ ਤੋਂ ਬਾਅਦ ਵੀ ਨਾ ਛੱਡੇ, ਜੋ ਫੇਰ ਵੀ ਉਡੀਕ ਕਰਦਾ ਹੈ, ਜਾਣ ਤੋਂ ਬਾਅਦ ਗੁਪਤ ਰੂਪ ਵਿਚ ਨਾਲ ਰਹਿੰਦਾ ਹੈ ਤੇ ਮਦਦ ਕਰਦਾ ਹੈ, ਉਹ ਅਸਲੀ ਸੱਜਣ ਹੁੰਦਾ ਹੈ, ਮਹਾਰਾਜ ਜੀ ਕਹਿੰਦੇ –

*ਨਾਨਕ ਕਚੜਿਆ ਸਿਉ ਤੋੜਿ*
*ਢੂਢਿ ਸਜਣ ਸੰਤ ਪਕਿਆ ॥*
*ਓਇ ਜੀਵੰਦੇ ਵਿਛੁੜਹਿ*
*ਓਇ ਮੁਇਆ ਨ ਜਾਹੀ ਛੋੜਿ॥ ਅੰਗ – ੧੧੦੨*

ਦੋਹਾਂ 'ਚ ਫਰਕ ਕੀ ਹੈ, ਕੱਚੇ ਤੇ ਪੱਕੇ 'ਚ। ਕਹਿੰਦੇ, ਇਹ ਜਿਹੜੇ ਸੱਜਣ ਨੇ ਤੇਰੇ ਦੁਨੀਆਂ ਦੇ, ਇਹ ਸਭ ਮਾਇਆ ਦੇ ਸੱਜਣ ਨੇ, ਪ੍ਰਭਤਾ ਦੇ ਸੱਜਣ ਨੇ, ਕੋਈ ਬਿਪਤਾ ਆ ਜਾਏ ਤੇਰੇ ਨਾਲ ਕੋਈ ਨਹੀਂ ਨਿਭੇਗਾ। ਇਕੱਲਾ ਹੀ ਰਹਿ ਜਾਏਂਗਾ। ਸੰਸਾਰ ਦੇ ਅੰਦਰ ਇਕੱਲਾ ਰਹਿ ਜਾਏਂਗਾ, ਸੰਸਾਰ ਤੋਂ ਜਦੋਂ ਜਾਵੇਂਗਾ, ਫੇਰ ਵੀ ਇਕੱਲਾ ਹੋਵੇਂਗਾ। ਇਹ ਸੱਜਣ ਕਾਹਦੇ ਹੋਏ–

*ਸਜਣ ਸੇਈ ਨਾਲਿ ਮੈ*
*ਚਲਦਿਆ ਨਾਲਿ ਚਲੰਨ੍ਹਿ ॥*
*ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥*
*ਅੰਗ – ੭੨੯*

ਜਿਸ ਥਾਂ ਦੇ ਉਤੇ ਵੀ ਸੰਕਟ ਆ ਜਾਏ ਉਥੇ ਨਾਲ ਹੋਵੇ। ਉਹ ਸੱਜਣ ਹੋਇਆ ਕਰਦਾ ਹੈ –

*ਨਾਨਕ ਕਚੜਿਆ ਸਿਉ ਤੋੜਿ*
*ਢੂਢਿ ਸਜਣ ਸੰਤ ਪਕਿਆ ॥*
*ਓਇ ਜੀਵੰਦੇ ਵਿਛੁੜਹਿ*
*ਓਇ ਮੁਇਆ ਨ ਜਾਹੀ ਛੋੜਿ ॥*
*ਅੰਗ – ੧੧੦੨*

ਤੇ ਹੁਣ ਇਹ ਹੁੰਦਾ ਹੈ ਕਿ ਮੇਲਾ ਹੋ ਵੀ ਜਾਣਾ ਹੈ।

*ਪੁਛਹੁ ਜਾਇ ਸਿਆਣਿਆ*
*ਆਗੈ ਮਿਲਣੁ ਕਿਨਾਹ ॥ ਅੰਗ – ੫੯੫*

ਮਿਲਿਆ ਵੀ ਜਾਂਦਾ ਹੈ ਕਿ ਜੋ ਵਿਛੁੜ ਗਿਆ ਉਹ ਵਿਛੁੜ ਹੀ ਗਿਆ। ਮਹਾਰਾਜ ਕਹਿੰਦੇ, ਨਹੀਂ ਐਸੀ ਬਾਤ ਨਹੀਂ ਹੈ, ਇਕ ਸ਼ਰਤ ਹੈ ਉਹ ਇਹ ਹੈ ਕਿ ਜੇ ਉਹੋ ਜਿਹੇ ਗੁਣ ਆਪਣੇ ਵਿਚ ਆ ਜਾਣ ਤਾਂ ਫੇਰ ਸੰਸਾਰ ਦੇ ਵਿਚ ਰਹਿੰਦੇ ਵੀ ਮੇਲਾ ਰਹਿੰਦਾ ਹੈ, ਸੰਸਾਰ ਤੋਂ ਜਾਣ 'ਤੇ ਵੀ ਮੇਲਾ ਰਹਿੰਦਾ ਹੈ। ਸੋ ਐਸੇ ਮਹਾਂਪੁਰਸ਼ 26 ਅਗਸਤ ਦਿਨ ਦੇ ਦੋ ਵਜੇ ਇੰਗਲੈਂਡ ਦਾ ਸਮਾਂ ਹੋਰ ਹੈ। ਉਸ ਵੇਲੇ ਆਪ ਆਪਣਾ ਪੰਜ ਭੂਤਕ ਚੋਲਾ ਛੱਡ ਜਾਂਦੇ ਨੇ, ਉਥੇ ਤਕਰੀਬਨ ਉਸ ਵਕਤ ਪੌਣੇ ਅੱਠ ਵਜੇ ਸੀ। ਇਥੇ ਦੋ ਵਜਦੇ ਨੇ। ਲੇਕਿਨ ਇਕ ਦਿਨ ਪਹਿਲਾਂ ਯਾਦ ਉਨ੍ਹਾਂ ਦੀ ਮਨਾਈ ਜਾਂਦੀ ਹੈ।

ਦਸਾਂ ਗੁਰੂਆਂ ਤੋਂ ਬਾਅਦ ਪੰਜ ਪਿਆਰਿਆਂ ਦੇ ਮੁਖੀ ਜਥੇਦਾਰ ਭਾਈ ਦਇਆ ਸਿੰਘ ਜੀ, ਉਨ੍ਹਾਂ ਦੀ ਵੀ ਯਾਦ ਸਾਡੇ ਹਿਰਦੇ 'ਚ ਉਸੇ ਤਰ੍ਹਾਂ ਤਾਜ਼ੀ ਰਹਿੰਦੀ ਹੈ। ਕਿਉਂਕਿ ਜੋ ਗਿਆਨ ਗੁਰੂ ਮਹਾਰਾਜ ਨੇ, ਜੋ ਨਾਮ ਦੀ ਬਰਕਤ ਗੁਰੂ ਮਹਾਰਾਜ ਨੇ ਭਾਈ ਦਇਆ ਸਿੰਘ ਜੀ ਦੇ ਉਤੇ ਕ੍ਰਿਪਾ ਕਰਕੇ ਬਖਸ਼ੀ ਸੀ, ਉਥੇ ਨਦੀ ਖਤਮ ਨਹੀਂ ਹੋ ਗਈ, ਉਹ ਅੱਗੇ–ਅੱਗੇ ਵਧਦੀ ਗਈ। ਜਿਸ ਤਰ੍ਹਾਂ ਖਿਡਾਰੀ (sportsman) ਖੇਲ੍ਹਦੇ ਨੇ, ਜੋਤੀ (ਮਿਸਾਲ) ਲੈ ਕੇ ਆਉਂਦੇ ਨੇ ਇਟਲੀ ਵਿਚੋਂ, ਅੱਗੇ ਤੋਂ ਅੱਗੇ ਲਈ ਆਉਂਦੇ ਨੇ, ਫੇਰ ਅੱਗੇ ਕਿੰਨਿਆਂ ਹੱਥਾਂ 'ਚੋਂ ਬਦਲ ਕੇ ਫੇਰ ਪ੍ਰਜ੍ਵਲਤ ਹੋ

ਜਾਇਆ ਕਰਦੀ ਹੈ। ਇਸੇ ਤਰ੍ਹਾਂ ਆਪ ਤੋਂ ਬਾਅਦ ਬਾਬਾ ਸੋਭਾ ਸਿੰਘ ਜੀ ਜੋ ਸੋਢੀ ਸਨ, ਅਨੰਦਪੁਰ ਸਾਹਿਬ ਬੈਠ ਕੇ ਉਨ੍ਹਾਂ ਨੇ ਸੇਵਾ ਕੀਤੀ ਤੇ ਪਾਖੰਡ ਨੂੰ ਚੱਲਣ ਤੋਂ ਰੋਕਿਆ। ਬੇਅੰਤ ਗੁਰੂ ਬਣ ਗਏ ਸੀ ਉਸ ਵੇਲੇ। ਮੈਦਾਨ ਖਾਲੀ ਸੀ, ਜਦੋਂ ਮੈਦਾਨ ਖਾਲੀ ਨਹੀਂ ਸੀਗਾ ਉਸ ਵੇਲੇ ਵੀ 22 ਗੁਰੂ ਤਾਂ ਬਣ ਗਏ ਸੀ। ਹਾਲਾਂ ਕਿ ਗੁਰੂ ਨੌਵੇਂ ਪਾਤਸ਼ਾਹ ਉਸ ਵੇਲੇ ਹਾਜ਼ਰ ਨਾਜ਼ਰ ਸੀ। ਫੇਰ ਵੀ 22 ਬਣ ਗਏ ਸੀ। ਇਕ ਐਸਾ ਵੀ ਆਇਆ ਸੀ ਜਿਸਨੇ ਅਨੰਦਪੁਰ ਸਾਹਿਬ ਜਾ ਕੇ ਗੱਦੀ ਲਾ ਲਈ। ਉਨ੍ਹਾਂ ਤੋਂ ਬਾਅਦ ਵੀ ਆਇਆ 1905 ਵਿਚ, ਰੋਪੜ ਜ਼ਿਲੇ ਦਾ, ਐਵੇਂ ਹੀ ਫਿਰਦਾ ਹੁੰਦਾ ਰੋਪੜ ਪਿੰਡਾਂ ਦੇ ਅੰਦਰ, ਇਕੋ ਗੱਲ ਕਹਿੰਦਾ ਹੁੰਦਾ, ਆ ਗਈ-ਆ ਗਈ। ਐਸ ਤਰ੍ਹਾਂ ਹੀ ਕਰੀ ਜਾਂਦਾ ਹੁੰਦਾ। ਲੋਕਾਂ ਨੇ ਕਿਹਾ ਕਿ ਪਤਾ ਨਹੀਂ ਕੀ ਕਹਿੰਦਾ ਹੈ। ਕੁਦਰਤੀ ਪਲੇਗ ਆ ਗਈ, ਬੇਅੰਤ ਦੁਨੀਆਂ ਮਰ ਗਈ। ਲੋਕ ਕਹਿਣ ਲੱਗੇ ਕਿ ਸੰਤ ਤਾਂ ਪਹਿਲਾਂ ਹੀ ਕਹੀ ਜਾਂਦੇ ਸੀ ਕਿ ਆ ਗਈ-ਆ ਗਈ। ਮਾਨਤਾ ਸ਼ੁਰੂ ਹੋ ਗਈ, ਅਸੀਂ ਦੇਖਦੇ ਨਹੀਂ, ਸਾਡੇ 'ਚ ਪਰਖਣ ਵਾਲੀ ਅੱਖ ਨਹੀਂ ਹੈ। ਅਸੀਂ ਐਵੇਂ ਹੀ ਪਿੱਛੇ ਲਗ ਜਾਂਦੇ ਹਾਂ। ਅਸੀਂ ਕਹਿੰਦੇ ਹਾਂ ਕਿ ਤੁਸੀਂ ਐਵੇਂ ਪਿਛੇ ਨਾ ਲੱਗੋ, ਤੁਸੀਂ ਗੁਰੂ ਗ੍ਰੰਥ ਸਾਹਿਬ ਦਾ ਲੜ ਫੜਿਆ ਹੈ, ਗੁਰੂ ਗ੍ਰੰਥ ਸਾਹਿਬ ਦੇ ਬਣ ਕੇ ਰਹੋ, ਧੋਖਾ ਨਹੀਂ ਖਾਓਗੇ। ਬੰਦਿਆਂ ਦੇ ਪਿੱਛੇ ਨਾ ਲੱਗਿਆ ਕਰੋ। ਜੇ ਕੋਈ ਹੈ ਵੀ ਪੂਰਾ ਤਾਂ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਾਹਰ ਨਹੀਂ ਇਹਦੇ ਵਿਚ ਹੀ ਹੈ। ਕਿਉਂਕਿ ਬਾਹਰ ਜੇ ਅਸੀਂ ਜਾਂਦੇ ਹਾਂ, ਧੋਖਾ ਖਾ ਜਾਂਦੇ ਹਾਂ, ਸਾਨੂੰ ਪਰਖ ਨਹੀਂ ਹੈ, ਬਿਲਕੁਲ ਹੀ ਪਰਖ ਨਹੀਂ, ਅਣਜਾਣ ਬੰਦੇ ਹਾਂ ਅਸੀਂ ਸਾਰੇ। ਕੋਈ ਆ ਜਾਏ ਭੇਖ ਧਾਰ ਕੇ, ਨੱਠੇ ਜਾਵਾਂਗੇ ਉਹਦੇ ਪੈਰਾਂ 'ਤੇ ਮੱਥਾ ਟੇਕਣ ਨੂੰ। ਸਾਨੂੰ ਨਹੀਂ ਪਤਾ ਕਿ ਇਹ ਕਿਸ ਅਵਸਥਾ ਦਾ ਮਾਲਕ ਹੈ। ਕਿਉਂਕਿ ਅਵਸਥਾ ਤਾਂ ਸਾਨੂੰ ਆਪਣੇ ਆਪ ਹੀ ਨਹੀਂ ਪਤਾ ਜਦ, ਫੇਰ ਅਸੀਂ ਅੱਗੇ ਗੱਲ ਕੀ ਕਰਾਂਗੇ। ਜੋ ਗਿਆਨਵਾਨ ਹੈ ਸੋਝੀ ਵਾਲਾ, ਉਹਨੂੰ ਪਤਾ ਲਗ ਜਾਂਦਾ ਹੈ। ਉਹ ਨਮਸ਼ਕਾਰ ਵੀ ਕਰਦਾ ਹੈ, ਬੇਨਤੀਆਂ ਵੀ ਕਰਦਾ ਹੈ, ਚਰਨ ਧੂੜੀਆਂ ਵੀ ਮੰਗਦਾ ਹੈ, ਸੋ ਬਾਬਾ ਜੀ ਨੇ ਬਹੁਤ ਸੇਵਾ ਕੀਤੀ, ਉਨ੍ਹਾਂ ਤੋਂ ਬਾਅਦ ਬਾਬਾ ਸਾਹਿਬ ਸਿੰਘ ਜੀ ਊਨੇ ਵਾਲੇ, ਗੁਰੂ ਨਾਨਕ ਦੇਵ ਮਹਾਰਾਜ ਦੀ ਵੰਸ਼ 'ਚੋਂ ਦਸਵੇਂ ਥਾਉਂ ਦੇ ਉਤੇ। ਆਪ ਨੇ ਆ ਕੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ, ਜਦੋਂ ਰਾਜਸੀ ਸੱਤਾ ਆਈ ਉਸ ਵੇਲੇ ਸਾਰੇ ਸਰਦਾਰਾਂ ਤੇ ਰਾਜਿਆਂ ਦੇ ਪੈਰ ਹਿੱਲ ਗਏ, ਉਹ ਤਕਲੀਫਾਂ ਭੁੱਲ ਗਈਆਂ, ਜਦੋਂ ਸਿਰਾਂ ਦੇ ਮੁੱਲ ਪੈਂਦੇ ਸੀ। ਉਨ੍ਹਾਂ ਦੀ ਜੋ ਬਾਣੀ ਪੜ੍ਹੀ ਜਾਂਦੀ ਸੀ, ਨਾਦਰਸ਼ਾਹ ਨੂੰ ਦੱਸਿਆ ਕਿ ਇਹ ਲੋਕ ਹਰ ਵਕਤ ਮੂੰਹ ਹਿਲਾਉਂਦੇ ਨੇ, ਪਤਾ ਨਹੀਂ ਕਿਹੜਾ ਕਲਾਮ ਪੜ੍ਹਦੇ ਨੇ ਤੇ ਆਬ-ਏ-ਹਿਆਤ ਪੀਂਦੇ ਨੇ। ਇਸੇ ਤਰ੍ਹਾਂ ਦੇ ਨਾਲ ਅਹਿਮਦਸ਼ਾਹ ਅਬਦਾਲੀ ਨੂੰ ਦੱਸਿਆ ਤਾਂ ਨਾਦਰਸ਼ਾਹ ਨੇ ਕਿਹਾ ਕਿ ਆਹ ਜਿਹੜੇ ਬੰਦਿਆਂ ਦੀ ਤੁਸੀਂ ਗੱਲ ਕਰੀ ਹੈ ਮੇਰੇ ਕੋਲ। ਬੜੀ ਲੰਮੀ ਚੌੜੀ ਗੱਲ ਹੈ। ਉਹ ਕਹਿੰਦਾ, ਇਕ ਦਿਨ ਏਸ ਦੇਸ਼ ਦੇ ਰਾਜੇ ਹੋਣਗੇ। ਕਿਉਂਕਿ ਇਨ੍ਹਾਂ ਦੀ ਤਪ ਤਤਿਕਸ਼ਾ ਜਿਹੜੀ ਹੈ, ਉਹ ਵੱਡੇ-ਵੱਡੇ ਪੀਰਾਂ ਨਾਲੋਂ ਵੀ ਜ਼ਿਆਦਾ ਹੈ, ਪੀਰ ਜਿਹੜਾ ਹੈ ਉਹ ਆਰਾਮ ਨਾਲ ਬੈਠਾ ਰਹਿੰਦਾ ਹੈ ਪਰ ਇਹ ਹਰ ਵਕਤ ਆਪਣੇ ਸੀਸ ਨੂੰ ਆਪਣੀ ਤਲੀ ਤੇ ਧਰ ਕੇ ਫਿਰਦੇ ਨੇ 'ਤੇ ਹਰ ਵਕਤ ਧਰਮ ਦੀ ਰਾਖੀ ਕਰਦੇ ਨੇ। ਸੋ ਇਸ ਤਰ੍ਹਾਂ ਦੇ ਨਾਲ ਆਪ ਨੇ ਉਸ ਵੇਲੇ ਉਨ੍ਹਾਂ ਰਾਜਿਆਂ ਨੂੰ ਹੱਥ ਦੇ ਕੇ ਗੁਰਸਿੱਖੀ ਨਾਲ ਜੋੜਿਆ, ਐਨਾ ਅੰਮ੍ਰਿਤ ਛਕਾਇਆ, ਐਨਾ ਪ੍ਰਚਾਰ ਆਪ ਨੇ ਕਰਿਆ, ਇਕੱਲੇ ਹੀ ਮਹਾਂਪੁਰਸ਼ ਸੀ, ਬਾਕੀ ਮਹਾਂਪੁਰਸ਼ ਬਹੁਤ ਸੀ ਪਰ ਆਪਣੇ ਆਸ਼ਰਮਾਂ 'ਚ ਬੈਠੇ ਸੀ। ਦੋ ਤਰ੍ਹਾਂ ਦੇ ਮਹਾਤਮਾ ਹੁੰਦੇ ਨੇ ਇਕ ਉਹ ਹੁੰਦੇ ਨੇ ਕਿ ਉਹ ਜਿਥੇ ਜਾਣਗੇ ਉਥੇ ਹਜ਼ਾਰਾਂ ਹੀ ਬੰਦੇ ਉਨ੍ਹਾਂ ਦੇ ਬਚਨ ਸੁਣਨ ਵਾਸਤੇ ਆਉਣਗੇ। ਇਕ ਉਹ ਹੋਇਆ ਕਰਦੇ ਨੇ, ਅਵਸਥਾ ਉਨ੍ਹਾਂ ਦੀ ਬਹੁਤ ਉਚੀ ਹੁੰਦੀ ਲੇਕਿਨ ਉਹ ਚੁੱਪ ਕਰਕੇ ਬੈਠਦੇ ਨੇ, ਉਨ੍ਹਾਂ ਦੇ ਨੇੜੇ ਜਿੰਨੇ ਕੁ ਆਪ ਆ ਜਾਣਗੇ ਜਿਵੇਂ ਖੂਹ ਦੇ ਨੇੜੇ ਜਿੰਨੇ ਕੁ ਆ ਜਾਣਗੇ ਉਹ ਪਾਣੀ ਪੀ ਲੈਣਗੇ, ਟਿਊਬਵੈਲ 'ਤੇ ਆ ਕੇ। ਲੇਕਿਨ ਦਰਿਆ ਜਿਹੜਾ ਹੈ ਇਹਨੇ ਵਹਿੰਦੇ ਹੀ ਚਲੀ ਜਾਣਾ ਹੈ, ਇਹਦੇ 'ਚੋਂ ਜਾਨਵਰਾਂ ਨੇ ਵੀ ਪਾਣੀ ਪੀਣਾ ਹੈ, ਬੰਦਿਆਂ ਨੇ ਵੀ ਪਾਣੀ ਪੀਣਾ। ਬੇਅੰਤ ਉਨ੍ਹਾਂ ਦਾ ਪਰਉਪਕਾਰ ਹੋਇਆ ਕਰਦਾ ਹੈ। ਅਵਸਥਾ 'ਚ ਨਹੀਂ ਕੋਈ ਭੇਦ ਹੋਇਆ ਕਰਦਾ। ਅਵਸਥਾ ਉਹਦੀ ਵੀ ਓਨੀ ਹੁੰਦੀ ਹੈ, ਦੂਸਰੇ ਨੇ ਉਨ੍ਹਾਂ ਦੀ ਵੀ ਓਨੀ ਹੁੰਦੀ ਹੈ। ਜਿਹੜਾ ਬਿਲਕੁਲ ਗੋਸ਼ਾ ਨਸ਼ੀਨ ਬੈਠਾ, ਕਿਸੇ ਨੂੰ ਮਿਲਦਾ ਤੱਕ ਨਹੀਂ ਹੈ ਉਹਦੀ ਵੀ ਅਵਸਥਾ ਉਚੀ ਹੁੰਦੀ ਹੈ। ਲੇਕਿਨ ਡਿਊਟੀ ਉਨ੍ਹਾਂ ਮਹਾਂਪੁਰਸ਼ਾਂ ਦੀ ਹੁੰਦੀ ਹੈ -

***ਆਪਿ ਜਪਹੁ ਅਵਰਹ ਨਾਮੁ ਜਪਾਵਹੁ ॥***

***ਅੰਗ - ੨੯੦***

ਆਪ ਵੀ ਨਾਮ ਜਪਣਾ ਤੇ ਹੌਕਾ ਦੇ ਕੇ ਸੰਸਾਰ ਤੋਂ ਨਾਮ ਜਪਾਉਣਾ। ਸੋ ਬਾਬਾ ਜੀ ਨੇ ਬਹੁਤ ਸਿੱਖੀ ਦਾ ਪ੍ਰਚਾਰ ਕਰਿਆ। ਐਨੀ ਸਿੱਖੀ ਵਧੀ, ਅੰਗਰੇਜ਼ ਹੀ ਲਿਖਦਾ ਹੈ ਕਿ ਜਿਸ ਵਕਤ ਅਸੀਂ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਲਿਆ ਉਸ ਵੇਲੇ ਇਕ ਕਰੋੜ ਦੱਸ ਲੱਖ ਸਿੱਖ ਪੰਜਾਬ ਵਿਚ ਸੀ ਤੇ ਜਦੋਂ 1861 ਦੀ

ਪਹਿਲੀ ਮਰਦਮ ਸ਼ੁਮਾਰੀ ਹੋਈ ਉਹਦੇ 'ਚ ਕਿੰਨੇ ਰਹਿ ਗਏ, 11 ਲੱਖ ਕੁਛ ਹਜ਼ਾਰ ਕੁਛ ਸੈਂਕੜੇ। ਯਾਨੀ ਕਰੋੜ ਸਿੱਖ ਘਟਿਆ ਇਕ ਦਮ। ਬਾਬਾ ਜੀ ਵੇਲੇ ਬੇਅੰਤ ਸਿੱਖੀ ਸੀ। ਇਨ੍ਹਾਂ ਨੇ ਥਾਂ-ਥਾਂ 'ਤੇ ਫਿਰ ਕੇ ਸਿੱਖੀ ਦਾ ਪ੍ਰਚਾਰ ਕਰਿਆ ਤੇ ਉਨ੍ਹਾਂ ਤੋਂ ਬਾਅਦ ਬਾਬਾ ਭਾਗ ਸਿੰਘ ਜੀ ਕੁਰੀ ਵਾਲੇ, ਆਪ ਗੁਪਤ ਤੌਰ ਤੇ ਰਹੇ। ਕਿਸੇ ਨੂੰ ਨੇੜੇ ਨਹੀਂ ਸੀ ਲੱਗਣ ਦਿੰਦੇ। ਕਿਸੇ ਨੂੰ ਮਿਲਦੇ ਨਹੀਂ ਸੀ, ਚੁੱਪ ਰਹਿੰਦੇ ਸੀ। ਲੇਕਿਨ ਇਕ ਐਡੇ ਵੱਡੇ ਮਹਾਂਪੁਰਸ਼ ਦੇ ਗਏ ਸਿੱਖ ਪੰਥ ਨੂੰ, ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲੇ, ਜਿਨ੍ਹਾਂ ਨੇ ਉਸੇ ਤਰ੍ਹਾਂ ਦੇ ਨਾਲ ਕਰਿਆ। ਆਪ ਦੇ ਪਾਸ 13 ਹਜ਼ਾਰ ਸਿੰਘ ਹਰ ਵਕਤ ਨਾਲ ਰਹਿੰਦਾ ਸੀ ਜਿਹੜਾ ਪੱਕਾ ਰਹਿੰਦਾ ਸੀ। ਐਨੇ ਕੁ ਹੀ ਯਾਤਰੂ ਆਏ ਰਹਿੰਦੇ ਸੀ 12-13 ਹਜ਼ਾਰ। 25-26 ਹਜ਼ਾਰ ਦਾ ਇਕੱਠ ਰਹਿੰਦਾ ਸੀ, ਐਡੇ-ਐਡੇ ਦੇਗੇ ਨੇ ਚਾਰ ਬੰਦੇ ਅੰਦਰ ਵੜ ਕੇ ਉਹਦੀ ਸਫਾਈ ਕਰਦੇ ਸੀ। ਉਨ੍ਹਾਂ ਤੋਂ ਬਾਅਦ ਅੰਗਰੇਜ਼ ਦਾ ਰਾਜ਼ ਹੋ ਗਿਆ ਕਿਉਂਕਿ ਆਪਣੇ ਹੱਥਾਂ ਨਾਲ ਹੀ -

***ਅਸੀਂ ਬੀਰ ਸਿੰਘ ਜਿਹੇ ਮਾਰ ਛੱਡੇ***
***ਨਹੀਂ ਛੱਡਣਾ ਸਾਧ ਤੇ ਸੰਤ ਮੀਆਂ***

ਸ਼ਾਹ ਮੁਹੰਮਦ ਨੇ ਲਿਖਿਆ ਹੈ ਕਿ ਉਸ ਵੇਲੇ ਐਸੀ ਮੱਤ ਭ੍ਰਿਸ਼ਟ ਹੋ ਗਈ ਸੀ ਸਿੰਘਾਂ ਦੀ ਕਿ ਆਪਣੇ ਹੀ ਮਹਾਤਮਾ ਨੂੰ ਮਾਰਨਾ ਸ਼ੁਰੂ ਕਰ ਦਿਤਾ ਤੇ ਨਾਲ ਫਖਰ ਨਾਲ ਕਹਿੰਦੇ ਸੀ ਕਿ ਅਸੀਂ ਤਾਂ ਬੀਰ ਸਿੰਘ ਵਰਗੇ ਵੀ ਮਾਰ ਦਿਤੇ ਤੇ ਹੁਣ ਅਸੀਂ ਕੋਈ ਸਾਧੂ ਸੰਤ ਪੰਜਾਬ 'ਚ ਰਹਿਣ ਨਹੀਂ ਦੇਣਾ। 75 ਹਜ਼ਾਰ ਬੰਦਾ ਚੜ੍ਹ ਕੇ ਆਇਆ ਸੀ, ਤੋਪਖਾਨਾ ਲੈ ਕੇ, ਰਸਾਲੇ ਲੈ ਕੇ, ਬਾਬਾ ਜੀ ਨੂੰ ਮਾਰਨ ਵਾਸਤੇ, ਬਾਬਾ ਜੀ ਨੇ ਕੀ ਕਰਿਆ, ਕਹਿਣ ਲੱਗੇ ਭਾਈ! ਸੈਂਕੜੇ ਦੇਸੀ ਘਿਓ ਦੇ ਟੀਨਾਂ ਦਾ ਪ੍ਰਸ਼ਾਦ ਬਣਾਓ, ਸੰਗਤ ਆ ਰਹੀ ਹੈ। ਕਹਿੰਦੇ, ਸੰਗਤ ਨਹੀਂ ਆ ਰਹੀ, ਉਹ ਤਾਂ ਤੋਪਾਂ ਲੈ ਕੇ ਆਪਾਂ ਨੂੰ ਮਾਰਨ ਆ ਰਹੇ ਨੇ, ਕਹਿੰਦੇ ਨਾ ਸਿੰਘੋਂ! ਮਾਰਦਾ ਰੱਖਦਾ ਇਥੇ ਪ੍ਰਮੇਸ਼ਰ ਹੀ ਹੈ ਹੋਰ ਕੋਈ ਨਹੀਂ ਰੱਖਦਾ, ਆਪ ਹੀ ਮਾਰਦਾ ਹੈ, ਆਪ ਹੀ ਜੀਵਾਲਦਾ ਹੈ, ਆਪਾਂ ਗੁਰੂ ਨਾਨਕ ਦੇ ਲੰਗਰ ਦੇ ਪਹਿਰੇਦਾਰ ਹਾਂ, ਇਹਦੇ ਤੋਂ ਸਾਰੀ ਸ੍ਰਿਸ਼ਟੀ ਨੇ ਫਾਇਦਾ ਉਠਾਉਣਾ ਹੈ। ਸਾਰੀ ਸ੍ਰਿਸ਼ਟੀ ਦੀ ਭੁੱਖ ਏਸ ਲੰਗਰ ਨੇ ਦੂਰ ਕਰਨੀ ਹੈ, ਸੋ ਤੁਸੀਂ ਸੈਂਕੜੇ ਪੀਪਿਆਂ ਦਾ ਪ੍ਰਸ਼ਾਦ ਬਣਾਓ, ਉਹ ਤੋਪਾਂ ਦੇ ਫਾਇਰ ਕਰ ਰਹੇ ਨੇ, ਏਧਰਲੇ ਪਾਸੇ ਹਰੀ ਦਾ ਜਸ ਹੋ ਰਿਹਾ ਹੈ। ਕਹਿੰਦੇ, ਬਾਬਾ ਜੀ ਹੁਕਮ ਦਿਓ। 26 ਹਜ਼ਾਰ ਸਿੰਘ ਹੈ ਲੜਨ ਮਰਨ ਨੂੰ ਤਿਆਰ ਹੋਇਆ ਹੋਇਆ। ਕਹਿੰਦੇ, ਨਾ ਪ੍ਰੇਮੀਓ! ਇਥੇ ਸਾਰੇ ਪੰਜਾਬ ਦੇ ਅੰਦਰ ਰੋਣਾ ਪਿਟਣਾ ਪੈ ਜਾਏਗਾ, ਆਪਾਂ ਸਾਧਾਂ ਨੂੰ ਕੌਣ ਰੋਣ ਵਾਲਾ ਹੈ। ਆਪਾਂ ਹੀ ਸ਼ਹੀਦ ਹੋ ਜਾਓ। ਲੇਕਿਨ ਜਿਹੜੇ ਬਚ ਜਾਓਂਗੇ ਉਹ ਇਹ ਗੱਲ ਕਰਿਓ, ਜਦੋਂ ਆਉਣਗੇ ਇਥੇ, ਉਨ੍ਹਾਂ ਦਾ ਸਵਾਗਤ ਕਰਿਓ, ਦੋਵੇਂ ਹੱਥ ਜੋੜ ਕੇ ਬੇਨਤੀ ਕਰਿਓ ਪ੍ਰੇਮੀਓ! ਪੰਗਤਾਂ ਲਾਓ, ਲੰਗਰ ਤਿਆਰ ਹੈ। ਗੁਰੂ ਮਾਰੀ ਫੌਜ ਉਸਨੂੰ ਕਹਿੰਦੇ ਨੇ। ਜਦੋਂ ਗੁਰੂ ਮਾਰੀ ਫੌਜ ਆਈ, ਉਸ ਵੇਲੇ ਉਨ੍ਹਾਂ ਨੇ ਪਹਿਲੀ ਗੱਲ ਇਹ ਕਹੀ ਕਿ ਤੁਸੀਂ ਬੈਠੋ, ਬੈਠ ਕੇ ਪ੍ਰਸ਼ਾਦਾ ਛਕੋ। ਭੁੱਖੇ ਸੀਗੇ ਲੇਕਿਨ ਜ਼ੋਰ ਜ਼ਬਰ ਬੜਾ ਸੀ। ਸੰਤਾਂ ਦੀ ਨਰਾਦਰੀ ਕਰਨੀ, ਧੱਕੇ ਮਾਰਦੇ ਸੀ, ਮੁੱਕੇ ਮਾਰਦੇ ਸੀ, ਤਲਵਾਰਾਂ ਮਾਰਦੇ। ਉਹ ਕਹਿੰਦੇ ਮਾਰ ਲਓ, ਹੁਕਮ ਨਹੀਂ ਸਾਨੂੰ ਹੱਥ ਚੁੱਕਣ ਦਾ। ਜਦ ਕੁਛ ਵੀ ਨਾ ਹੋਇਆ। ਉਸ ਵੇਲੇ ਜਿਹੜੇ ਜ਼ਖਮੀ ਹੋਏ-ਹੋਏ ਸੀ ਉਹ ਕਹਿੰਦੇ ਪੰਗਤਾਂ ਲਾਓ ਤੁਸੀਂ, ਅਸੀਂ ਲੰਗਰ ਦੀ ਸੇਵਾ ਕਰੀਏ। ਉਹ ਲੰਗਰ ਵਰਤਾਉਂਦੇ ਨੇ, ਜਦੋਂ ਛਕਦੇ ਨੇ ਲੰਗਰ ਉਸ ਵੇਲੇ ਅੰਦਰੋਂ ਚਾਨਣਾ ਆਇਆ ਕਿ ਅਸੀਂ ਤਾਂ ਬੜਾ ਮਾੜਾ ਕੰਮ ਕਰਿਆ, ਇਕ ਸਾਧੂ ਨੂੰ ਮਾਰ ਦਿਤਾ, ਜਿਹੜਾ ਸਾਰੀ ਸ੍ਰਿਸ਼ਟੀ ਨੂੰ ਸਾਂਭੀ ਬੈਠਾ ਸੀ।

ਗੁਰੂ ਨਾਨਕ ਆਇਆ ਸੀ, ਸਾਧ ਬਨਾਉਣ ਵਾਸਤੇ ਕਿਉਂਕਿ ਸਾਧਾਂ ਦਾ ਘਾਟਾ ਪੈ ਗਿਆ ਸੀ ਸੰਸਾਰ ਨੂੰ, ਇਧਰ ਇਹ ਗੁਰੂ ਮਾਰੀਆਂ ਫੌਜਾਂ ਐਸੀਆਂ ਹੋਈਆਂ ਕਿ ਸੰਤਾਂ ਨੂੰ ਹੀ ਮਾਰਨਾ ਸ਼ੁਰੂ ਕਰ ਦਿਤਾ। ਬਾਬਾ ਜੀ ਨੇ ਉਸ ਤੋਂ ਬਾਅਦ ਬਾਬਾ ਮਹਾਰਾਜ ਸਿੰਘ ਜੀ ਨੂੰ ਵਾਗਡੋਰ ਸੰਭਾਲੀ। ਬਾਬਾ ਖੁਦਾ ਸਿੰਘ ਜੀ ਬੜੇ ਉਚ ਕੋਟੀ ਦੇ ਮਹਾਤਮਾ ਉਨ੍ਹਾਂ ਦੇ ਸਾਥੀ ਹੋਏ, ਉਨ੍ਹਾਂ ਨੇ ਚਾਰ ਸਾਲ ਸਿੱਖਾਂ ਨੂੰ demoral ਨਹੀਂ ਹੋਣ ਦਿਤਾ। 1848 'ਚ ਯੁੱਧ ਹੋਇਆ ਸੀ, 1852 ਤੱਕ ਪਿੰਡ-ਪਿੰਡ ਫਿਰ ਕੇ ਰਾਤਾਂ ਨੂੰ ਠਹਿਰੇ ਨਹੀਂ ਸੀ ਕਿਤੇ, ਇਹੀ ਦਸਦੇ ਸੀ ਕਿ ਸਿੰਘੋ! ਘਬਰਾਓ ਨਾ, ਤਕੜੇ ਹੋਵੋ, ਗੁਰੂ ਦਾ ਲੜ ਨਹੀਂ ਛੱਡਣਾ, ਠੀਕ ਹੈ ਵਿਦੇਸ਼ੀ ਆ ਗਿਆ ਹੈ, ਜ਼ੁਲਮ ਕਰਦਾ ਹੈ, ਪਰ ਗੁਰੂ ਦੇ ਭਰੋਸੇ 'ਤੇ ਤੁਸੀਂ ਸਿੱਖੀ ਕਾਇਮ ਰੱਖੋ। ਨਾਲ ਸੰਦੇਸ਼ ਦਿੰਦੇ ਸੀ, ਨਾਲ ਜੋ ਬ੍ਰਹਮ ਗਿਆਨ ਦੀ ਦਾਤ ਸੀ, ਨਾਮ ਦੀਆਂ ਜੁਗਤੀਆਂ, ਉਕਤੀਆਂ ਸਾਰੀਆਂ ਉਸੇ ਤਰ੍ਹਾਂ ਸੀਨੇ-ਬ-ਸੀਨੇ ਚਲਦੀਆਂ-ਚਲਦੀਆਂ, ਬਾਬਾ ਰਾਮ ਸਿੰਘ ਜੀ ਤੋਂ ਹੁੰਦੀਆਂ, ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਤੱਕ ਪਹੁੰਚ ਜਾਂਦੀਆਂ ਸੀ। ਇਨ੍ਹਾਂ ਨੇ 101 ਮਹਾਂਪੁਰਸ਼ ਪੈਦਾ ਕੀਤੇ ਬ੍ਰਹਮਗਿਆਨੀ। ਆਪ ਤਾਂ ਉਥੇ ਹੀ ਰਹੇ ਹੋਤੀ ਮਰਦਾਨ, ਲੇਕਿਨ ਉਹ ਮਹਾਤਮਾ ਥਾਂ-ਥਾਂ 'ਤੇ ਫਿਰ ਕੇ ਗੁਰਸਿੱਖੀ ਦਾ ਪ੍ਰਚਾਰ ਕਰਦੇ ਰਹੇ ਤੇ ਜਿੰਨੀਆਂ ਸੰਪਰਦਾਵਾਂ ਨਿਰਗੁਣ ਉਪਾਸ਼ਨਾ ਦੀਆਂ ਆਪ ਨੂੰ ਮਿਲਣਗੀਆਂ। ਦੋ ਤਰ੍ਹਾਂ ਦੀਆਂ ਨੇ, ਇਕ ਸਰਗੁਣ ਉਪਾਸ਼ਨਾ ਵਾਲੇ ਨੇ, ਉਹ ਗੁਰੂ ਗ੍ਰੰਥ ਸਾਹਿਬ

ਨੂੰ ਇਸੇ ਤਰ੍ਹਾਂ ਪੂਜਦੇ ਨੇ, ਜਿਵੇਂ ਮੰਦਰਾਂ ਦੇ ਵਿਚ ਮੂਰਤੀਆਂ ਵਾਲੇ ਪੂਜਦੇ ਨੇ। ਇਕ ਉਹ ਨੇ ਜਿਹੜੇ ਗੁਰੂ ਗ੍ਰੰਥ ਸਾਹਿਬ ਦੇ ਸ਼ਬਦ ਨੂੰ ਮੰਨਦੇ ਨੇ ਤੇ ਨਿਰਾਕਾਰ ਪ੍ਰਮੇਸ਼ਰ ਨੂੰ ਘਟ-ਘਟ ਦੇ ਵਿਚ ਵਿਆਪਕ ਸਮਝਦੇ ਨੇ। ਉਹ ਅਗਲੀ ਜਮਾਤ ਹੈ ਪੀ.ਐਚ.ਡੀ, ਉਹ ਐਮ.ਏ ਦੀ ਜਮਾਤ ਹੈ। ਦੋਵੇਂ ਤਰ੍ਹਾਂ ਦੇ ਮਹਾਤਮਾ ਨੇ, ਲੇਕਿਨ ਇਹ ਜਿਹੜੀ ਸੰਪਰਦਾ ਭਾਈ ਦਇਆ ਸਿੰਘ ਵਾਲੀ ਹੈ ਇਹ ਨਿਰਗੁਣ ਉਪਾਸ਼ਕ ਹੈ। ਸਰਗੁਣ ਦੀ ਹੈ ਪਹਿਲਾਂ-ਪਹਿਲਾਂ ਬਾਅਦ ਵਿਚ ਨਹੀਂ। ਭਗਤੀ ਵੇਲੇ ਦੋ ਨੇ, ਲੇਕਿਨ ਉਤੇ ਜਾ ਕੇ ਆਪਣਾ ਆਪਾ ਖਤਮ ਕਰਕੇ ਇਕ ਵਿਚ ਸਮਾਅ ਜਾਂਦੇ ਨੇ। ਸੋ ਬਾਬਾ ਕਰਮ ਸਿੰਘ ਜੀ ਤੋਂ ਤਿੰਨ ਮਹਾਂਪੁਰਸ਼ ਵੱਡੇ-ਵੱਡੇ ਹੋਏ, ਬਾਬਾ ਲਾਲ ਸਿੰਘ ਜੀ ਜਿਨ੍ਹਾਂ ਨੇ ਆਪਣਾ ਸਰੀਰ, ਇਨ੍ਹਾਂ ਦੀ ਥਾਂ 'ਤੇ ਛੱਡਿਆ, ਫੇਰ ਬਾਬਾ ਆਇਆ ਸਿੰਘ ਜੀ ਤੇ ਤੀਸਰੇ ਮਹਾਂਪੁਰਸ਼ ਜਿਨ੍ਹਾਂ ਨੂੰ ਏਸ ਮਾਲਵੇ 'ਚ ਪ੍ਰਚਾਰ ਕਰਨ ਦੀ ਡਿਊਟੀ ਦਿਤੀ, ਆਪ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲੇ, ਆਪ ਤੋਂ ਬਾਅਦ ਵੱਡੇ ਪ੍ਰਤਾਪ ਵਾਲੇ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲੇ।

54 ਸਾਲ ਏਸ ਧਰਤੀ ਦੇ ਉਤੇ, ਦੇਸ਼ਾਂ ਵਿਦੇਸ਼ਾਂ 'ਚ ਸਤਿ ਦੀ ਆਵਾਜ਼ ਬੁਲੰਦ ਕੀਤੀ, ਜੋ ਹੁਣ ਤੱਕ ਵੀ ਬੁਲੰਦ ਹੈ। ਸਾਇੰਸ ਆ ਗਈ ਉਨ੍ਹਾਂ ਨੇ ਆਵਾਜ਼ ਫੜ ਲਈ, ਘਰ-ਘਰ ਦੇ ਅੰਦਰ ਟੇਪਾਂ ਲੱਗੀਆਂ ਹੋਈਆਂ ਨੇ। ਸੋ ਐਸੇ ਪਿਆਰ ਵਾਲੇ ਮਹਾਂਪੁਰਸ਼ ਅੱਜ ਦੇ ਦਿਨ ਜਾਣ ਦੀ ਤਿਆਰੀ ਕਰ ਰਹੇ ਨੇ। ਆਖਰੀ ਦੀਵਾਨ ਲੱਗਿਆ ਹੋਇਆ ਸੀ ਉਨ੍ਹਾਂ ਦਾ ਵੂਲਵਰ ਹੈਂਪਟਨ। ਲੇਕਿਨ ਇਕ ਦੀਵਾਨ ਹੋਰ ਬਚਦਾ ਸੀ, ਉਸ ਵੇਲੇ ਅਚਾਨਕ ਦੀਵਾਨ ਦੀ ਸਮਾਪਤੀ ਤੋਂ ਬਾਅਦ ਆਪ ਨੇ ਕਹਿ ਦਿਤਾ ਕਿ ਭਾਈ ਤੁਹਾਡਾ ਆਖਰੀ ਦੀਵਾਨ ਹੈ ਅੱਜ ਸਮਾਪਤ ਹੋਇਆ। ਸਾਰੇ ਹੈਰਾਨ ਹੋ ਗਏ, ਸੈਕਟਰੀ ਵੀ ਹੈਰਾਨ ਹੋ ਗਿਆ ਕਿ ਕੱਲ੍ਹ ਦਾ ਦੀਵਾਨ ਹੈ ਆਖਰੀ, ਅੱਜ ਤਾਂ ਹੈ ਨਹੀਂ। ਲੇਕਿਨ ਐਸੀ ਮਾਇਆ ਪਈ ਕਿ ਕੋਈ ਬੰਦਾ ਦੀਵਾਨ 'ਚ ਕਹਿ ਨਾ ਸਕਿਆ ਕਿ ਮਹਾਰਾਜ ਜੀ! ਕੱਲ੍ਹ ਦਾ ਦੀਵਾਨ ਵੀ ਹੈ ਆਪ ਦਾ। ਅੱਜ ਨਹੀਂ ਖਤਮ ਹੋਇਆ।

ਹੁਣ ਜਦੋਂ ਮੈਂ ਵੂਲਵਰ ਹੈਂਪਟਨ ਗਿਆ, ਉਥੇ ਮਿਲਿਆ ਤਾਂ ਮੈਂ ਪੁੱਛਿਆ ਕਿ ਤੁਸੀਂ ਕਿਸੇ ਨੇ ਵੀ ਨਹੀਂ ਕਿਹਾ? ਕਹਿੰਦੇ ਪਤਾ ਹੀ ਨਹੀਂ, ਸਾਨੂੰ ਕੀ ਹੋ ਗਿਆ। ਸੰਗਤ ਵਾਲੇ ਵੀ ਮਿਲੇ, ਕਿਉਂਕਿ ਮੈਂ ਜਾਂਦਾ ਸੀ ਸਭ ਦੇ ਘਰ ਤੇ ਮੈਂ ਆਹੀ ਗੱਲ ਪੁੱਛਦਾ ਸੀ ਤੇ ਜਦੋਂ ਮਹਾਰਾਜ ਜੀ ਨੇ ਆਹੀ ਗੱਲ ਕਹੀ ਤੇ ਤੁਸੀਂ ਉਸ ਵੇਲੇ ਕਿਹਾ ਨਾ ਕਿ ਮਹਾਰਾਜ ਕਲ੍ਹ ਦਾ ਦੀਵਾਨ ਹੋਰ ਰਹਿੰਦਾ ਹੈ, ਕਹਿੰਦੇ, ਪਤਾ ਨਹੀਂ ਕਿ ਕੀ ਹੋ ਗਿਆ। ਘਰ ਆ ਕੇ ਸੋਚਿਆ ਕਿ ਕੱਲ੍ਹ ਦਾ ਦੀਵਾਨ ਰਹਿੰਦਾ ਹੈ, ਉਥੇ ਨਹੀਂ ਸਾਨੂੰ ਪਤਾ ਲੱਗਿਆ। ਨਾ ਸੈਕਟਰੀ ਨੂੰ ਪਤਾ ਲੱਗਿਆ, ਨਾ ਕਿਸੇ ਪ੍ਰਧਾਨ ਨੂੰ। ਦੂਸਰੇ ਦਿਨ ਆਪ ਨੇ ਇਸ ਪੰਜ ਭੂਤਕ ਚੋਲੇ ਨੂੰ ਬੈਠ ਕੇ. ਚੌਂਕੜਾ ਮਾਰਕੇ ਸਭ ਕੁਛ ਪਹਿਲਾਂ ਦਸਦੇ ਰਹੇ ਕਿ ਜੇ ਸਰੀਰ ਇਥੇ ਛੱਡ ਦੇਈਏ ਤਾਂ ਪੋਸਟ ਮਾਰਟਮ ਹੁੰਦਾ ਹੈ? ਬਾਰ-ਬਾਰ ਪੁੱਛ ਲਿਆ ਕਰਨ। ਬਾਰ-ਬਾਰ ਭੁਲੇਖੇ ਪਾਉਂਦੇ ਰਹੇ। ਸੋ ਉਨ੍ਹਾਂ ਦਾ ਜੋ ਜੀਵਨ ਹੈ ਉਨ੍ਹਾਂ ਦੀ ਸਹੀ ਯਾਦ ਹੀ ਹੁੰਦੀ ਹੈ ਮਹਾਤਮਾ ਦੀ ਕਿ ਉਨ੍ਹਾਂ ਦੇ ਜੀਵਨ ਦੇ ਉਤੇ ਇਕ ਵਿਚਾਰ ਨਿਗ੍ਹਾ ਮਾਰੀ ਜਾਵੇ।

ਜੋ ਸੰਤ ਸਮਾਗਮ ਰਤਵਾੜਾ ਸਾਹਿਬ ਹੁੰਦੇ ਨੇ, ਚਾਰ ਦਿਨਾਂ ਦੇ ਹੁੰਦੇ ਨੇ, ਖੁੱਲ੍ਹੇ ਪ੍ਰੋਗਰਾਮ ਵਿਚ ਸਾਧੂ ਮਹਾਂਪੁਰਸ਼ ਆਉਂਦੇ ਨੇ, ਉਹ ਜੋ ਕੁਛ ਜੀਅ ਕਰਦਾ ਹੈ ਸੁਣਾਈ ਜਾਣ, ਉਨ੍ਹਾਂ ਨੂੰ ਦੋਸ਼ ਨਹੀਂ ਲਗਦਾ। ਇਕ ਸੰਤ ਸਮਾਗਮ ਹੁੰਦੇ ਨੇ, ਕਿਸੇ ਦੇ ਪ੍ਰਥਾਇ 'ਚ ਕਿ ਇਨ੍ਹਾਂ-ਇਨ੍ਹਾਂ ਮਹਾਂਪੁਰਸ਼ਾਂ ਦੀ ਯਾਦ ਸਿਮ੍ਰਿਤੀ ਅਸੀਂ ਤਾਜ਼ਾ ਕਰਨੀ ਹੈ ਤੇ ਇਨ੍ਹਾਂ ਦੇ ਬਾਰੇ ਦੱਸੋ ਕੋਈ ਗੱਲ? ਪਿਛਲੀ ਵਾਰੀ ਅਸੀਂ ਸਾਰੀ ਸੰਪਰਦਾ, ਬਾਬਾ ਅਜੀਤ ਸਿੰਘ ਜੀ, ਬਾਬਾ ਜਵਾਲਾ ਸਿੰਘ ਜੀ ਤੇ ਮਹਾਰਾਜ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲੇ, ਹੋਰ ਵੀ ਮਹਾਂਪੁਰਸ਼, ਬੜਾ ਖੁੱਲ੍ਹਾ ਅਸੀਂ ਰੱਖਿਆ ਸੀ ਕਿ ਕੋਈ ਕਿਸੇ ਬਾਰੇ ਸੁਣਾ ਦਿਓ। ਪਰ ਹੋਇਆ ਕੀ? ਜਾਂ ਤਾਂ ਪਤਾ ਹੀ ਨਹੀਂ ਲੱਗਿਆ ਸੁਣਾਉਣ ਵਾਲਿਆਂ ਨੂੰ ਕਿ ਮਹਾਂਪੁਰਸ਼ਾਂ ਬਾਰੇ ਸੁਣਾਉਣਾ ਹੈ, ਹੋਰ ਹੀ ਗੱਲਾਂ ਕਰ ਗਏ। ਖੁਲ੍ਹਾ ਸੰਤ ਸਮਾਗਮ ਹੋਰ ਹੁੰਦਾ ਹੈ। ਜਿਹਦੇ ਵਿਚ ਦੱਸਿਆ ਜਾਵੇ ਕਿ ਏਸ ਸਬੰਧ 'ਚ ਹੁੰਦਾ ਹੈ ਉਹ ਹੋਰ ਹੁੰਦਾ ਹੈ। ਕਿਸੇ ਦੇ ਘਰ ਜਾਈਏ ਬਰਸੀ 'ਤੇ ਉਥੇ ਉਹਦੀ ਹੀ ਗੱਲ ਕਰਨੀ ਪੈਂਦੀ ਹੈ। ਉਹਦੇ ਹੀ ਗੁਣ ਦਸਣੇ ਪੈਂਦੇ ਨੇ, ਉਹਦੀ ਹੀ ਗੱਲ ਤੋਂ ਪ੍ਰੇਰਨਾ ਲੈਣੀ ਪੈਂਦੀ ਹੈ ਕਿ ਜਿਹਦੇ ਕੋਲ ਅਸੀਂ ਆਏ ਹਾਂ, ਇਹ ਕਿਹੋ ਜਿਹਾ ਬੰਦਾ ਸੀ, ਇਹਦੇ ਜੀਵਨ 'ਚ ਕਿਹੜੇ-ਕਿਹੜੇ ਗੁਣ ਸੀ। ਸੋ ਐਧਰਲੀਆਂ-ਉਧਰਲੀਆਂ ਟੋਹੇ ਮਾਰਨਾ ਮਹਾਂਪੁਰਸ਼ਾਂ ਦੀ ਆਦਤ ਨਹੀਂ ਹੋਇਆ ਕਰਦੀ। ਸੋ ਮਹਾਂਪੁਰਸ਼ਾਂ ਦਾ ਜਦੋਂ ਅਸੀਂ ਜੀਵਨ ਵਿਚਾਰਦੇ ਹਾਂ, ਉਸ ਵੇਲੇ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦਾ ਜੋ ਪ੍ਰਕਾਸ਼ ਦਿਤਾ ਹੋਇਆ ਸਿਧਾਂਤ ਹੈ ਉਹਦੇ ਮੁਤਾਬਿਕ ਸਾਨੂੰ ਵਿਚਾਰਨਾ ਪੈਂਦਾ ਹੈ -

***ਧਾਰਨਾ - ਹਰਿ ਕੇ ਸੇਵਕ ਜੋ ਹਰਿ ਭਾਏ,***
***ਤਿਨ ਕੀ ਕਥਾ ਨਿਰਾਰੀ ਰੇ।***

*ਹਰਿ ਕੇ ਸੇਵਕ ਜੋ ਹਰਿ ਭਾਏ*
*ਤਿਨ੍ ਕੀ ਕਥਾ ਨਿਰਾਰੀ ਰੇ ॥*
*ਆਵਹਿ ਨ ਜਾਹਿ ਨ ਕਬਹੂ ਮਰਤੇ*
*ਪਾਰਬ੍ਰਹਮ ਸੰਗਾਰੀ ਰੇ ॥* *ਅੰਗ - ੮੫੫*

ਨਾ ਉਹ ਆਉਂਦੇ ਨੇ, ਨਾ ਜਾਂਦੇ ਨੇ, ਨਾ ਕਦੇ ਮਰਦੇ ਨੇ।

ਮਹਾਰਾਜ ਜੀ! ਇਕ ਵਾਰੀ ਮੈਨੂੰ ਦੱਸਦੇ ਸੀ। ਮੈਂ ਕਿਹਾ ਮਹਾਰਾਜ ਜੀ! ਤੁਹਾਨੂੰ ਪਹਿਲਾਂ-ਪਹਿਲਾਂ ਸੋਝੀ ਕਿੱਥੋਂ ਪ੍ਰਾਪਤ ਹੋਈ? ਕਹਿਣ ਲੱਗੇ, ਅਸੀਂ ਛੇਵੀਂ-ਸੱਤਵੀਂ 'ਚ ਪੜ੍ਹਦੇ ਸੀ ਪਟਿਆਲੇ। ਜਿਥੇ ਸਾਰੇ ਅਮੀਰਾਂ ਦੇ ਬੱਚੇ ਪੜ੍ਹਿਆ ਕਰਦੇ ਸੀ। ਕਿਉਂਕਿ ਆਪ ਅਮੀਰ ਘਰਾਣੇ ਨਾਲ ਸਬੰਧ ਰੱਖਦੇ ਸੀ। ਆਪ ਦੇ ਭੂਆ ਦੇ ਲੜਕੇ ਸ. ਦਲੀਪ ਸਿੰਘ ਜੀ ਮਹਾਰਾਜ ਪਟਿਆਲੇ ਦੇ ਲੱਸੀ ਖਾਨੇ ਦੇ ਇੰਚਾਰਜ ਸੀ ਤੇ ਕੁਦਰਤੀ ਤੌਰ ਤੇ ਰਾਜਿਆਂ ਦੇ ਨਾਲ, ਵੱਡੇ ਅਫਸਰਾਂ ਦੇ ਨਾਲ ਬਚਪਨ ਤੋਂ ਹੀ ਆਪ ਦਾ ਮੇਲ-ਮਿਲਾਪ ਸੀ, ਵੱਡੇ-ਵੱਡੇ ਜੱਜਾਂ ਨਾਲ, ਵੱਡੇ-ਵੱਡੇ ਜਰਨੈਲਾਂ ਨਾਲ ਤੇ ਉਸੇ ਸਕੂਲ 'ਚ ਪੜ੍ਹਦੇ ਸੀ, ਜਿਥੇ ਉਨ੍ਹਾਂ ਦੇ ਬੱਚੇ ਪੜ੍ਹਦੇ ਸੀ ਤਾਂ ਇਕ ਵਾਰੀ ਮਹਾਤਮਾ ਟੀ.ਐਲ ਬਿਸਵਾਨੀ ਜੋ ਸਿੰਧ ਦੇ ਰਹਿਣ ਵਾਲੇ ਸੀ, ਬੜੇ ਉਚ ਕੋਟੀ ਦੇ ਮਹਾਤਮਾ ਹੋਏ ਨੇ, ਪ੍ਰੋਫੈਸਰ ਸੀ ਉਥੇ, ਉਹਨੇ ਕਿਹਾ ਕਿ ਸਿੱਖ ਵਾਸਤੇ ਜ਼ਰੂਰੀ ਹੈ ਕਿ ਉਹਦੇ ਜਪੁਜੀ ਸਾਹਿਬ ਹਰ ਹਾਲਤ ਵਿਚ ਯਾਦ ਹੋਣਾ ਚਾਹੀਦਾ ਹੈ। ਕਹਿੰਦੇ, ਜਦੋਂ ਅਸੀਂ ਗੱਲ ਸੁਣੀ ਇਹ, ਅਸੀਂ ਦੋ ਤਿੰਨ ਦਿਨਾਂ 'ਚ ਹੀ ਜਪੁਜੀ ਸਾਹਿਬ ਯਾਦ ਕਰ ਲਿਆ ਸਾਰਾ। ਉਸ ਵੇਲੇ ਤੋਂ ਸਾਨੂੰ ਖਿਆਲ ਆਇਆ ਤੇ ਐਨਾ ਹੀ ਖਿਆਲ ਨਹੀਂ ਆਇਆ, ਸੁਖਮਨੀ ਸਾਹਿਬ ਦਾ ਵੀ ਸਾਨੂੰ ਪਤਾ ਲੱਗਿਆ ਤੇ ਸਤਵੀਂ ਜਮਾਤ ਦੇ ਵਿਚ ਬਾਰ੍ਹਾਂ ਸਾਲ ਦੀ ਉਮਰ 'ਚ ਆਪ ਨੇ ਡੇਢ ਵਜੇ ਉਠਣਾ ਸ਼ੁਰੂ ਕਰ ਦਿਤਾ। ਉਥੋਂ ਉਠ ਕੇ ਸੁਧਾਸਰ ਇਕ ਛੋਟਾ ਜਿਹਾ ਸਰੋਵਰ ਹੈ ਮੋਤੀ ਬਾਗ ਦੇ ਵਿਚ, ਗੁਰਦੁਆਰਾ ਬਣਿਆ ਹੋਇਆ ਹੈ ਉਥੇ, ਉਥੇ ਆਪ ਨੇ ਚਲੇ ਜਾਣਾ। ਕਹਿੰਦੇ ਫੇਰ ਅਸੀਂ ਸੁਣਿਆ ਕਿ ਜੇ ਪੰਜ ਘੰਟੇ ਦੀ ਸਮਾਧੀ ਲੱਗੇ ਉਹ ਸਾਧੂ ਹੁੰਦਾ ਹੈ, ਹੁਣ ਦੇਖ ਹੀ ਲਓ ਕਿ ਬਾਰ੍ਹਾਂ ਤੇਰ੍ਹਾਂ ਸਾਲ ਦਿਆਂ ਦਾ ਕੀ ਖਿਆਲ ਸੀ। ਕਹਿੰਦੇ, ਅਸੀਂ ਫੇਰ ਪੰਜ ਪਾਠ ਤਾਂ ਸੁਖਮਨੀ ਸਾਹਿਬ ਦੇ ਕਰਨੇ ਉਥੇ ਬੈਠ ਕੇ। ਮੈਂ ਕਿਹਾ, ਮਹਾਰਾਜ ਜੀ! ਪਾਠ ਕਿੰਨੀ ਦੇਰ 'ਚ ਹੋ ਜਾਂਦੇ ਸੀ? ਕਹਿੰਦੇ, ਸੁਰਤੀ ਨਾਲ ਕਰਦੇ ਸੀ, ਸੁਰਤੀ ਦੀ ਸਪੀਡ ਚਾਰ ਗੁਣਾਂ ਜ਼ਿਆਦਾ ਹੁੰਦੀ ਹੈ, ਅੱਖਾਂ ਦੀ ਸਪੀਡ ਨਾਲੋਂ। ਜ਼ੁਬਾਨ ਐਨੀ ਤੇਜ਼ ਨਹੀਂ ਚੱਲ ਸਕਦੀ, ਸੁਰਤੀ ਚਲਦੀ ਹੈ। ਕਹਿੰਦੇ, ਪੰਦਰਾਂ ਮਿੰਟ ਵਿਚ ਅਸੀਂ ਇਕ ਸੁਖਮਨੀ ਸਾਹਿਬ ਦਾ ਪਾਠ ਕਰਦੇ ਸੀ, ਘੰਟੇ 'ਚ ਚਾਰ ਪਾਠ ਹੋ ਜਾਂਦੇ ਸੀ। ਸਵਾ ਘੰਟੇ ਦੇ ਅੰਦਰ ਪੰਜ ਪਾਠ ਅਸੀਂ ਕਰਨੇ, ਉਸ ਤੋਂ ਬਾਅਦ ਸਾਨੂੰ ਮੰਤਰ ਤਾਂ ਨਹੀਂ ਸੀ ਮਿਲਿਆ ਅਜੇ ਗੁਰਮੰਤ੍ਰ। ਪਰ ਅਸੀਂ ਆਪੇ ਹੀ ਜਪਦੇ ਸੀ। ਉਹ ਫੇਰ ਅਸੀਂ ਸੁਰਤੀ ਚਾੜ੍ਹ ਲੈਣੀ ਤੇ ਏਸ ਤਰ੍ਹਾਂ ਲੱਗਣਾ ਜਿਵੇਂ ਪ੍ਰਕਾਸ਼ ਦੇ ਝੂਲਿਆਂ 'ਤੇ ਬੈਠੇ ਹੁੰਦੇ ਹਾਂ ਤੇ ਪ੍ਰਕਾਸ਼ ਦੇ ਝੂਲੇ ਝੂਲਣਾ। ਚਾਨਣਾ ਹੀ ਚਾਨਣਾ ਹੋਣਾ ਚਾਰੋਂ ਪਾਸੇ –

*ਨਾਮੁ ਜਪਤ ਕੋਟਿ ਸੂਰ ਉਜਾਰਾ*
*ਬਿਨਸੈ ਭਰਮੁ ਅੰਧੇਰਾ ॥ ਅੰਗ - ੭੦੦*

ਕਰੋੜਾਂ ਸੂਰਜਾਂ ਦਾ ਪ੍ਰਕਾਸ਼ ਹੋ ਜਾਂਦਾ ਹੈ ਨਾਮ ਜਪਣ ਵਾਲੇ ਹਿਰਦੇ 'ਚ। ਕਹਿੰਦੇ, ਫੇਰ ਐਉਂ ਲੱਗਣਾ ਜਿਵੇਂ ਫੁੱਲ ਤੈਰਦਾ ਫਿਰਦਾ ਹੈ ਤੇ ਰੋਸ਼ਨੀ ਦਾ ਫੁੱਲ ਬਣਿਆ ਹੋਇਆ ਹੈ, ਅਸੀਂ ਵੀ ਰੋਸ਼ਨੀ ਦੇ ਹਾਂ। ਅਸੀਂ ਚੌਂਕੜਾ ਮਾਰੀਂ ਬੈਠੇ ਹਾਂ। ਪੰਜ ਘੰਟੇ ਸਾਨੂੰ ਕੋਈ ਪਤਾ ਨਹੀਂ ਸੀ ਲਗਦਾ। ਉਸ ਤੋਂ ਬਾਅਦ ਅਸੀਂ ਆ ਜਾਂਦੇ ਸੀ। ਜਦੋਂ ਇਹ ਹਾਲਤ ਦੇਖੀ ਘਰਵਾਲਿਆਂ ਨੇ ਕਿ ਇਹ ਪੜ੍ਹੇਗਾ ਕਦ, ਇਹ ਤਾਂ ਤੜਕੇ ਹੀ ਉਠ ਕੇ ਚਲਿਆ ਜਾਂਦਾ ਹੈ। ਡੇਢ ਵਜੇ ਉਠ ਜਾਂਦਾ ਹੈ, ਫੇਰ ਸਕੂਲ ਜਾਂਦਾ ਹੈ, ਪੜ੍ਹਾਈ ਕਿਵੇਂ ਹੋਏਗੀ। ਤਾਂ ਸਰਦਾਰ ਦਲੀਪ ਸਿੰਘ ਨੇ ਇਕ ਦਿਨ ਹੁਕਮ ਦੇ ਦਿਤਾ ਕਿ ਤਾਲੇ ਲਾ ਦਿਓ ਕੋਠੀ ਨੂੰ, ਨਿਕਲ ਨਾ ਸਕਣ ਬਾਹਰ ਤੇ ਮਹਾਰਾਜ ਜੀ ਆਪਣੇ ਹਿਸਾਬ ਨਾਲ ਉਠੇ ਤੇ ਉਠ ਕੇ ਪਾਣੀ ਅੰਦਰ ਸੀ, ਇਸ਼ਨਾਨ ਕਰਿਆ, ਉਸ ਤੋਂ ਬਾਅਦ ਪੌੜੀਆਂ 'ਚ ਬਹਿ ਗਏ, ਚੌਂਕੜਾ ਮਾਰ ਲਿਆ, ਪੌੜੀਆਂ ਵੱਡੀਆਂ-ਵੱਡੀਆਂ ਸੀ, ਪੌੜੀਆਂ ਦੇ ਵਿਚ ਬੈਠ ਗਏ ਜਿਥੇ ਮੋੜ ਪੈਂਦਾ ਹੈ। ਇਧਰੋਂ ਇਹ ਸਰਦਾਰ ਦਲੀਪ ਸਿੰਘ ਜਦ ਰਾਜੇ ਸੌਂ ਜਾਂਦੇ ਸੀ, ਫੇਰ ਆਉਂਦੇ ਹੁੰਦੇ ਤਕਰੀਬਨ ਰਾਜੇ ਡੇਢ-ਦੋ ਵਜੇ ਸੌਂਦੇ ਸੀ। ਇਨ੍ਹਾਂ ਨੂੰ ਪਹਿਲੀ ਰਾਤ ਨਹੀਂ ਸੀ ਨੀਂਦ ਆਉਂਦੀ, ਪਿਛਲੀ ਰਾਤ ਆਇਆ ਕਰਦੀ ਸੀ। ਓਸ ਵੇਲੇ ਆਪ ਆਏ, ਆ ਕੇ ਤਾਲਾ ਖੋਲ੍ਹਿਆ ਤੇ ਅੱਗੇ ਜਦੋਂ ਪੌੜੀਆਂ ਚੜ੍ਹੇ ਹਨ੍ਹੇਰਾ ਸੀਗਾ ਤੇ ਠੇਡਾ ਲੱਗਿਆ ਮਹਾਰਾਜ ਜੀ ਦੇ ਨਾਲ। ਕਹਿਣ ਲੱਗੇ, ਕੌਣ ਹੈ? ਕਹਿੰਦੇ, ਬਾਈ! ਮੈਂ ਹਾਂ।

ਕਹਿੰਦੇ, ਤੂੰ ਇਥੇ ਬੈਠਾ ਹੈਂ?

ਕਹਿੰਦੇ, ਮੈਂ ਪੈ ਨਹੀਂ ਸਕਦਾ ਇਕ ਵਜੇ ਤੋਂ ਬਾਅਦ।

ਉਹ ਵੀ ਬਹੁਤ ਬੰਦਗੀ ਕਰਨ ਵਾਲੇ ਸੀ, ਉਸ ਵੇਲੇ ਉਨ੍ਹਾਂ ਨੇ ਕਿਹਾ ਕਿ ਠੀਕ ਹੈ ਮੈਂ ਚਾਹਿਆ ਸੀ ਮੈਂ ਤੈਨੂੰ ਬਾਹਰ ਨਾ ਜਾਣ ਦੇਵਾਂ, ਭਜਨ ਨਾ ਕਰਨ ਦੇਵਾਂ, ਪਰ ਤੂੰ ਤਾਂ ਜਮਾਂਦਰੂ ਹੀ ਦਰਗਾਹ ਤੋਂ ਭਜਨ ਕਰਨ ਆਇਆ ਹੈਂ। ਪਤਾ ਨਹੀਂ ਕਿੰਨੀ ਕੁ ਦੁਨੀਆਂ ਦਾ ਤੂੰ ਉਧਾਰ ਕਰਨਾ ਹੈ। ਉਸ ਵੇਲੇ ਹੁਕਮ ਕਰ ਦਿਤਾ ਕਿ ਇਨ੍ਹਾਂ ਨੂੰ ਰੋਕਣਾ ਨਹੀਂ ਕਿਸੇ ਨੇ।

ਦਸਵੀਂ ਜਮਾਤ 'ਚ ਆਪ ਪੜ੍ਹਦੇ ਸੀ, ਤੋਪਖਾਨੇ ਦੇ ਵਿਚ ਗੁਰਸਿੱਖ ਹੋਇਆ ਕਰਦੇ ਸੀ ਸਾਰੇ ਤੇ ਉਨ੍ਹਾਂ ਦੀ ਰੀਤ ਇਹ ਸੀ ਕਿ ਸਾਰਾ ਤੋਪਖਾਨਾ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਕੇ ਛੱਤਾਂ 'ਤੇ ਬਹਿ ਜਾਂਦੇ ਸੀ, ਚੌਂਕੜੇ ਮਾਰ ਲੈਣੇ, ਚਿੱਟੀਆਂ ਚਾਦਰਾਂ

ਦੀਆਂ ਬੁੱਕਲਾਂ ਹੁੰਦੀਆਂ ਸੀ।

ਮਹਾਰਾਜ ਜੀ ਦੱਸਦੇ ਹੁੰਦੇ ਸੀ ਕਿ ਜਦੋਂ ਅਸੀਂ ਉਥੇ ਗਏ ਤਾਂ ਦੇਖਿਆ ਕਿ ਇਹ ਤਾਂ ਬਹੁਤ ਭਜਨ ਕਰਦੇ ਨੇ। ਫੇਰ ਸਾਨੂੰ ਉਥੇ ਜਾਣ ਦਾ ਸੁਭਾਅ ਪੈ ਗਿਆ। ਉਥੇ ਰੋਜ਼ ਕੀਰਤਨ ਹੁੰਦਾ ਸੀ, ਬੰਦਗੀ ਵਾਲੇ ਸੀ ਤੇ ਉਹ ਸੰਗਤ ਸਾਰੀ ਰੇਰੂ ਸਾਹਿਬ ਆਇਆ ਕਰਦੀ ਸੀ। ਫੇਰ ਅਸੀਂ ਵੀ ਸਮਾਂ ਪਾ ਕੇ, ਛੁੱਟੀਆਂ ਦੇ ਵਿਚ ਬਾਬਾ ਹੀਰਾ ਸਿੰਘ ਜੀ ਨੂੰ ਨਾਲ ਲੈ ਕੇ ਜਿਹੜੇ ਉਸ ਵੇਲੇ ਪਟਿਆਲੇ ਦੀ ਫੌਜ ਵਿਚ ਸੀ, ਰੇਰੂ ਸਾਹਿਬ ਪਹੁੰਚ ਜਾਂਦੇ ਨੇ। ਉਥੇ ਜਦੋਂ ਮਹਾਂਪੁਰਸ਼ਾਂ ਨੂੰ ਨਮਸ਼ਕਾਰ ਕਰੀ 'ਤੇ ਸਾਮ੍ਹਣੇ ਮਹਾਂਪੁਰਸ਼ਾਂ ਨੇ ਦੇਖਿਆ ਨੇਤਰਾਂ ਵਲ ਤੇ ਮਸਤਕ ਵਲ ਦੇਖਿਆ। ਉਸ ਵੇਲੇ ਕਿਹਾ ਕਿ ਆ ਗਿਆ ਤੂੰ, ਅਸੀਂ ਤਾਂ ਤੈਨੂੰ ਟੋਲ੍ਹਦੇ ਫਿਰਦੇ ਸੀ। ਏਸ ਰਮਜ਼ ਨੂੰ ਹੋਰ ਕੋਈ ਨਾ ਸਮਝ ਸਕਿਆ। 'ਆ ਗਿਆ' ਦਾ ਮਤਲਬ ਹੁੰਦਾ ਹੈ ਕਿ ਹੁਣ ਜਾਣਾ ਨਹੀਂ ਹੈ, ਆ ਗਿਆ ਜਿਥੇ ਆਉਣਾ ਸੀ। ਤੈਨੂੰ ਟੋਲ੍ਹਦੇ ਫਿਰਦੇ ਸੀ, ਉਹ ਅਗੰਮੀ ਬਾਤ ਸੀ। ਚਾਰ ਦਿਨ ਤੋਂ ਬਾਅਦ ਛੁਟੀਆਂ ਖਤਮ ਹੋ ਗਈਆਂ ਤੇ ਹੀਰਾ ਸਿੰਘ ਜਾਣ ਨੂੰ ਤਿਆਰ ਹੋਇਆ ਤਾਂ ਮਹਾਰਾਜ ਜੀ ਕਹਿਣ ਲੱਗੇ ਕਿ ਅਸੀਂ ਤਾਂ ਇਥੇ ਹੀ ਰਹਿਣਾ ਹੈ, ਉਨ੍ਹਾਂ ਨੇ ਭੇਜ ਦਿਤੇ ਕਿ ਮਾਂ-ਬਾਪ ਫਿਕਰ ਕਰਨਗੇ। ਏਸ ਤਰ੍ਹਾਂ ਦੇ ਨਾਲ, ਹੌਲੀ-ਹੌਲੀ ਆਪ ਉਥੇ ਹੀ ਰਹਿ ਗਏ। ਮਹਾਂਪੁਰਸ਼ਾਂ ਨੇ ਥੋੜ੍ਹੇ ਸਾਲਾਂ ਬਾਅਦ, ਕੋਈ ਤਿੰਨ-ਚਾਰ ਸਾਲਾਂ ਬਾਅਦ ਸਰੀਰ ਛੱਡ ਦਿਤਾ, ਉਹਦੇ ਵਿਚ ਹੀ ਐਨੀ ਜ਼ਬਰਦਸਤ ਕਮਾਈ ਕਰ ਲਈ, ਪਿਛਲਾ ਜੋ ਤਪ ਸੀਗਾ ਸਾਰਾ, ਪਿਛਲੇ ਸੰਸਕਾਰ ਸਾਰੇ ਉਘੜ ਆਏ ਤੇ ਉਸ ਵੇਲੇ ਹੀ ਆਪ ਦੀ ਅਵਸਥਾ ਬ੍ਰਹਮਗਿਆਨ ਦੀ ਹੋ ਗਈ। ਦਿਨ ਰਾਤ ਭਜਨ ਕਰਦੇ ਸੀ, ਐਨਾ ਭਜਨ ਕਰਨਾ ਮੁਸ਼ਕਲ ਹੈ।

ਇਕ ਵਾਰੀ ਮੈਂ ਮਹਾਰਾਜ ਜੀ ਨੂੰ ਬੇਨਤੀ ਕਰੀ ਕਿ ਮਹਾਰਾਜ ਜੀ, ਤੁਹਾਡਾ ਜੀਵਨ ਲਿਖਣ ਵਾਸਤੇ ਮੈਨੂੰ ਚਿੱਠੀ ਆਈ ਹੈ। ਕਹਿੰਦੇ, ਸੰਤਾਂ ਦੇ ਜੀਵਨ ਦਾ ਕਿਸੇ ਨੂੰ ਕੀ ਪਤਾ ਲਗਦਾ ਹੈ। ਮੈਂ ਕਿਹਾ, ਪਤਾ ਹੀ ਹੈ ਮਹਾਰਾਜ ਜੀ, ਤੁਸੀਂ ਫਲਾਣੇ-ਫਲਾਣੇ ਥਾਉਂ ਗਏ। ਕਹਿੰਦੇ, ਇਹ ਕੋਈ ਸੰਤਾਂ ਦਾ ਜੀਵਨ ਹੁੰਦਾ ਹੈ? ਸੰਤਾਂ ਦਾ ਜੀਵਨ ਹੁੰਦਾ ਹੈ ਅੰਦਰੂਨੀ ਕਿ ਕਿਵੇਂ ਸੁਰਤ ਦੇ ਉਤੇ ਕਾਬੂ ਪਾਇਆ, ਕਿਵੇਂ ਰਿੱਧੀਆਂ-ਸਿੱਧੀਆਂ ਦੇ ਮੰਡਲਾਂ 'ਚੋਂ ਲੰਘੇ, ਕਿਵੇਂ ਗਿਆਨ ਦਾ ਪ੍ਰਕਾਸ਼ ਹੋਇਆ। ਕਹਿੰਦੇ, ਉਹ ਸੰਤ ਆਪ ਲਿਖਣ ਤਾਂ ਪਤਾ ਹੁੰਦਾ ਹੈ, ਹੋਰ ਕੋਈ ਲਿਖ ਨਹੀਂ ਸਕਦਾ। ਬਾਹਰਲੀ ਕ੍ਰਿਆ ਵੀ ਸੰਤਾਂ ਦੀ ਗੁਪਤ ਹੁੰਦੀ ਹੈ। ਕਹਿਣ ਲੱਗੇ, ਅਸੀਂ ਪੂਰੇ ਨੌਂ ਸਾਲ ਪਿੱਠ ਨਹੀਂ ਲਾਈ ਧਰਤੀ ਨਾਲ। ਸੁੱਤੇ ਨਹੀਂ ਅਸੀਂ ਕਿਸੇ ਸਮੇਂ ਕਿ ਲੱਤਾਂ ਨਿਸਾਲ ਕੇ ਸੌਂ ਗਏ। ਜੇ ਦੋ-ਚਾਰ ਦੱਸ ਮਿੰਟ ਦੀ ਨੀਂਦ ਆਈ ਹੈ ਤਾਂ ਅੱਗੇ ਨੂੰ ਤਾਂ ਝੁੱਕ ਗਏ ਹਾਂ, ਪਿੱਠ ਨਹੀਂ ਲਾਈ। ਸਾਡਾ ਬਿਸਤਰਾ ਵੀ ਬਦਲ ਦਿੰਦੇ ਸੀ, ਕਿਸੇ ਨੂੰ ਨਹੀਂ ਸੀ ਪਤਾ, ਸਫ 'ਤੇ ਅਸੀਂ ਬਹਿੰਦੇ ਹੁੰਦੇ। ਸੇਵਾਦਾਰ ਨੇ ਬਿਸਤਰਾ ਬਦਲ ਦੇਣਾ ਆਪਣੇ ਹਿਸਾਬ ਨਾਲ। ਚਾਦਰਾਂ ਬਦਲ ਦੇਣੀਆਂ ਪਰ ਅਸੀਂ ਤਾਂ ਹੇਠਾਂ ਹੀ ਸਫ 'ਤੇ ਹੀ ਨੌਂ ਸਾਲ ਬੈਠੇ ਰਹੇ। ਸੋ ਇਹ ਕਥਾਵਾਂ ਨਿਆਰੀਆਂ ਹੁੰਦੀਆਂ ਨੇ। ਜਦੋਂ ਢੱਕੀ ਵਿਚ ਸੀ ਉਸ ਵੇਲੇ ਬੰਦਗੀ ਕਰਨ ਲਈ ਅੰਮ੍ਰਿਤ ਵੇਲੇ ਜਦੋਂ ਬੈਠਿਆਂ ਕਰਨਾ ਉਸ ਵੇਲੇ ਇਕ ਸੱਪ ਆ ਜਾਇਆ ਕਰੇ ਕੋਬਰਾ ਨਾਗ, ਉਹ ਬਾਰ-ਬਾਰ ਆਈ ਗਿਆ। ਸਿੰਘਾਂ ਨੇ ਕਿਹਾ ਕਿ ਮਹਾਰਾਜ! ਇਹ ਕਿਸੇ ਦਾ ਨੁਕਸਾਨ ਕਰੇਗਾ। ਜਦ ਵੀ ਆਪਾਂ ਇਸ਼ਨਾਨ ਕਰਕੇ ਬੈਠਦੇ ਹਾਂ ਪਤਾ ਨਹੀਂ ਕਿਥੋਂ ਨਿਕਲ ਆਉਂਦਾ ਹੈ, ਇਥੇ ਆ ਕੇ ਫਨ ਫੁਲਾ ਕੇ ਖੜ੍ਹ ਜਾਂਦਾ ਹੈ। ਮਹਾਰਾਜ ਜੀ! ਅੰਤਰ ਧਿਆਨ ਹੋਏ ਕਹਿੰਦੇ ਪ੍ਰੇਮੀਓ! ਦੁਖੀ ਹੈ, ਕੋਈ ਗੱਲ ਨਹੀਂ। ਜੋ ਜਲ ਰੱਖਿਆ ਕਰਦੇ ਸੀ ਸਾਮ੍ਹਣੇ, ਕਹਿੰਦੇ ਏਸ ਜਲ ਦਾ ਛਿੱਟਾ ਦੇ ਦਿਆ ਕਰੋ ਇਹਦੇ ਉਤੇ ਜਦੋਂ ਹੁਣ ਆਵੇ। ਦੂਰੋਂ ਛਿਟਾ ਦੇ ਦਿਤਾ। ਉਹ ਸੱਪ ਚੜ੍ਹਾਈ ਕਰ ਗਿਆ। ਸਿੰਘਾਂ ਨੇ ਪੁਛਿਆ ਕਿ ਮਹਾਰਾਜ ਜੀ! ਇਹ ਕੌਣ ਸੀ? ਕਹਿੰਦੇ ਇਹ ਅਹੰਕਾਰੀ ਸੀਗਾ, ਇਹਨੇ ਗੁਰੂ ਛੇਵੇਂ ਪਾਤਸ਼ਾਹ ਦਾ ਸਤਿਕਾਰ ਨਹੀਂ ਸੀ ਕਰਿਆ ਜਦੋਂ ਗੁਰੂ ਮਹਾਰਾਜ ਇਥੇ ਆਏ। ਇਹ ਬੜਾ ਘੁਮੰਡੀ ਚੌਧਰੀ ਸੀ ਤੇ ਗੁਰੂ ਮਹਾਰਾਜ ਜੀ ਦੇ ਨਾਲ ਬਰਾਬਰੀ ਕਰਦਾ ਸੀ ਕਿ ਮੈਂ ਕਿਹੜਾ ਘੱਟ ਹਾਂ, ਮੇਰੇ ਕੋਲ ਐਨੀ ਦੌਲਤ ਹੈ, ਮੈਂ ਐਨੇ ਪਿੰਡਾਂ ਦਾ ਚੌਧਰੀ ਹਾਂ। ਕਹਿੰਦੇ, ਇਹਦੀ ਸਾਰੀ ਬਿਰਤੀ ਮਾਇਆ 'ਚ ਰਹਿਣ ਕਰਕੇ ਜਦੋਂ ਅੰਤ ਦਾ ਸਮਾਂ ਆਇਆ -

***ਅੰਤਿ ਕਾਲਿ ਜੋ ਲਛਮੀ ਸਿਮਰੈ***
***ਐਸੀ ਚਿੰਤਾ ਮਹਿ ਜੇ ਮਰੈ ॥***
***ਸਰਪ ਜੋਨਿ ਵਲਿ ਵਲਿ ਅਉਤਰੈ ॥***

***ਅੰਗ - ੫੨੬***

ਇਥੇ ਸੱਪ ਬਣ ਕੇ ਰਹਿਣ ਲੱਗ ਗਿਆ। ਸੱਪਾਂ ਦੀ ਉਮਰ ਬਹੁਤ ਵੱਡੀ ਹੁੰਦੀ ਹੈ। ਕਹਿੰਦੇ ਉਸੇ ਦਿਨ ਤੋਂ ਤੜਫਦਾ ਫਿਰਦਾ ਹੈ ਪ੍ਰੇਮੀਓ! ਹੁਣ ਦੁਖੀ ਹੋ ਕੇ ਆਉਂਦਾ ਸੀਗਾ ਕਿ ਮੇਰਾ ਉਧਾਰ ਕਰ ਦਿਓ। ਸੋ ਏਸ ਤਰ੍ਹਾਂ ਦੇ ਨਾਲ ਆਪ ਰਹਿੰਦੇ ਰਹੇ। ਸੋ ਸੰਤਾਂ ਦੇ ਲੱਛਣ ਗੁਰੂ ਮਹਾਰਾਜ ਨੇ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਫੁਰਮਾਨ ਕੀਤੇ ਨੇ ਇਕ ਸ਼ਬਦ ਦੇ ਅੰਦਰ।

***ਸੰਤ ਰਹਤ ਸੁਨਹੁ ਮੇਰੇ ਭਾਈ ॥ ਅੰਗ - ੩੯੨***

ਉਹਦੇ ਵਿਚ ਜੋ ਵੀ ਆਪ ਫੁਰਮਾਉਂਦੇ ਨੇ, ਉਸੇ ਤਰ੍ਹਾਂ ਦਾ ਜੀਵਨ ਸੀ। ਏਸ ਤਰ੍ਹਾਂ ਪਿਆਰ ਨਾਲ ਪੜ੍ਹੋ -

***ਧਾਰਨਾ - ਦੁਖੀ ਜੀਵਾਂ ਦੇ ਰੋਗ ਦੂਰ ਕਰਦੇ,***
***ਕਰੋੜਾਂ ਪਾਪ ਨਾਸ਼ ਕਰਕੇ।***

ਸੰਤਾਂ ਦੀ ਰਹਿਤ ਵਿਚ ਇਹ ਗੱਲ ਆਉਂਦੀ ਹੈ ਕਿ –

*ਆਠ ਪਹਰ ਨਿਕਟਿ ਕਰਿ ਜਾਨੈ॥ਅੰਗ - ੩੯੨*

ਇਕ ਸਕਿੰਟ ਵਾਸਤੇ ਵੀ ਇਹ ਨਹੀਂ ਕਹਿੰਦੇ ਕਿ ਵਾਹਿਗੁਰੂ ਦੂਰ ਹੈ। ਅੰਦਰ ਝਾਕਣਾ ਸ਼ੁਰੂ ਕਰਿਆ ਵਾਹਿਗੁਰੂ ਨਾਲ ਗੱਲ ਕਰਨੀ ਸ਼ੁਰੂ ਕਰ ਦਿੰਦੇ ਨੇ।

*ਪ੍ਰਭ ਕਾ ਕੀਆ ਮੀਠਾ ਮਾਨੈ ॥*

*ਅੰਗ - ੩੯੨*

ਜੋ ਕੁਛ ਕਰ ਦਿੰਦਾ ਹੈ ਫੇਰ ਉਹਦੇ ਭਾਣੇ ਵਿਚ ਰਾਜ਼ੀ ਰਹਿੰਦਾ ਹੈ। ਦੁਖ ਆ ਜਾਏ, ਸੁਖ ਆ ਜਾਏ, ਕੁਛ ਆ ਜਾਏ ਫੇਰ ਉਹਦਾ ਉਲਾਂਭਾ ਨਹੀਂ ਹੋਇਆ ਕਰਦਾ।

*ਏਕੁ ਨਾਮੁ ਸੰਤਨ ਆਧਾਰੁ ॥ ਅੰਗ - ੩੯੨*

ਨਾਮ ਦੇ ਆਧਾਰ ਦੇ ਉਤੇ ਜੀਉਂਦੇ ਨੇ, ਹੋਰ ਕੋਈ ਪੋਲੀਟੀਕਲ ਤਾਕਤ, ਕੋਈ ਪੈਸੇ ਦੀ ਤਾਕਤ, ਕੋਈ ਪ੍ਰਭਤਾ ਦੀ ਤਾਕਤ, ਕੋਈ ਚੇਲਿਆ ਬਾਲਿਆਂ ਦੀ ਤਾਕਤ, ਨਾ ਇਨ੍ਹਾਂ ਦਾ ਆਧਾਰ ਨਹੀਂ। ਸੰਤਾਂ ਦਾ ਆਧਾਰ ਨਾਮ ਹੋਇਆ ਕਰਦਾ ਹੈ।

*ਹੋਇ ਰਹੇ ਸਭ ਕੀ ਪਗ ਛਾਰੁ ॥*

*ਅੰਗ - ੩੯੨*

ਫੇਰ ਅਹੰਕਾਰੀ ਨਹੀਂ ਹੁੰਦੇ। ਸਵੈ ਮਾਨ ਤਾਂ ਹੁੰਦਾ ਹੈ, ਕਿਉਂਕਿ ਸਵੈ ਮਾਨ ਇਸ ਵਾਸਤੇ ਹੁੰਦਾ ਹੈ–

*ਜਾ ਕਾ ਕਹਿਆ ਦਰਗਹ ਚਲੈ ॥*
*ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥*

*ਅੰਗ - ੧੮੬*

ਉਹ ਕਿਸੇ ਵੱਡੇ ਤੋਂ ਵੱਡੇ ਬਾਦਸ਼ਾਹ ਦੀ ਪ੍ਰਵਾਹ ਨਹੀਂ ਕਰਿਆ ਕਰਦਾ। ਲੋੜ ਹੀ ਨਹੀਂ ਹੈ।

*ਜੋ ਜਨੁ ਨਿਰਦਾਵੈ ਰਹੈ*
*ਸੋ ਗਨੈ ਇੰਦ੍ਰ ਸੋ ਰੰਕ ॥ ਅੰਗ - ੧੩੨੩*

ਲੇਕਿਨ ਅੰਦਰੋਂ ਹਰ ਵਕਤ ਇਹ ਚਾਹੁੰਦੇ ਨੇ।

*ਕਬੀਰ ਸਭ ਤੇ ਹਮ ਬੁਰੇ*
*ਹਮ ਤਜਿ ਭਲੋ ਸਭੁ ਕੋਇ ॥*
*ਜਿਨਿ ਐਸਾ ਕਰਿ ਬੂਝਿਆ*
*ਮੀਤੁ ਹਮਾਰਾ ਸੋਇ ॥ ਅੰਗ - ੧੩੬੪*

ਅਭਿਮਾਨੀ ਨਹੀਂ ਸੰਤ ਹੋਇਆ ਕਰਦਾ। ਸਵੈ ਮਾਨ ਵਿਚ ਜ਼ਰੂਰ ਹੁੰਦੇ ਨੇ। ਉਹ ਕਿਸੇ ਦੇ ਅੱਗੇ ਹੱਥ ਨਹੀਂ ਅੱਡਦੇ, ਨਾ ਕਿਸੇ ਨਾਲ ਐਸਾ ਰੱਖਦੇ ਨੇ ਕਿ ਇਹਦੇ ਨਾਲ ਲਿਹਾਜ਼ ਪਾਈਏ ਕਿ ਸਾਡਾ ਆਹ ਕੰਮ ਬਣਾ ਦੇਵੇਗਾ। ਆਹ ਵੱਡਾ ਧਨੀ ਬੰਦਾ ਹੈ, ਇਥੇ ਮਾਣ ਸਤਿਕਾਰ ਕਰੀਏ, ਫੇਰ ਸਾਡਾ ਇਥੇ ਦਾ ਕੰਮ ਚਲ ਜਾਏਗਾ, ਬੜਾ ਦਾਨ ਵਧੇਗਾ। ਇਹ ਕੱਚੇ ਸੰਤਾਂ ਦੀਆਂ ਕੱਚੀਆਂ ਜਿਹੀਆਂ ਗੱਲਾਂ ਹੁੰਦੀਆਂ ਨੇ। ਜਿਹਦਾ ਵਾਹਿਗੁਰੂ ਦੇ ਉਤੇ ਭਰੋਸਾ ਹੈ ਉਹ ਤਾਂ ਉਸ ਤੋਂ ਬਗੈਰ ਕਿਸੇ ਨੂੰ ਨਹੀਂ ਜਾਣਦਾ।

*ਸੰਤ ਰਹਤ ਸੁਨਹੁ ਮੇਰੇ ਭਾਈ ॥*
*ਉਆ ਕੀ ਮਹਿਮਾ ਕਥਨੁ ਨ ਜਾਈ ॥*

*ਅੰਗ - ੩੯੨*

ਸੰਤਾਂ ਦੀ ਰਹਤ ਸੁਣੋ। ਉਹਦੀ ਮਹਿਮਾ ਦੱਸੀ ਨਹੀਂ ਜਾ ਸਕਦੀ, ਕਿਉਂਕਿ ਜੋ ਉਥੇ ਦੀ ਵਰਤਣ ਹੈ, ਸੰਤਾਂ ਦੇ ਆਲੇ-ਦੁਆਲੇ ਚਾਰੇ ਪਾਸੇ ਉਹ ਕੋਈ ਝੂਠ ਤੁਫਾਨ ਦੀ ਵਰਤਣ ਨਹੀਂ ਹੈ। ਕੋਈ ਆਰਥਕ ਵਰਤਣ ਨਹੀਂ ਹੈ। ਕੋਈ ਵਪਾਰਕ ਗੱਲਾਂ ਉਸ ਥਾਂ 'ਤੇ ਨਹੀਂ ਹੁੰਦੀਆਂ। ਕੋਈ ਰਾਜਸੀ ਗੱਲਾਂ ਨਹੀਂ ਉਥੇ ਹੋਇਆ ਕਰਦੀਆਂ। ਰਾਜਸੀ ਲੋਕ ਰਾਜਸੀ ਗੱਲਾਂ ਕਰਦੇ ਨੇ, ਰੂਹਾਨੀ ਲੋਕ ਰੂਹਾਨੀਅਤ ਵਿਚ ਰਹਿੰਦੇ ਨੇ। ਉਥੇ ਜੋ ਹੁੰਦੀ ਹੈ ਤਾਂ ਕੇਵਲ ਨਾਮ ਦੀ ਗੱਲ ਹੁੰਦੀ ਹੈ।

*ਵਰਤਨਿ ਜਾ ਕੈ ਕੇਵਲ ਨਾਮ ॥*
*ਅਨਦ ਰੂਪ ਕੀਰਤਨੁ ਬਿਸ੍ਰਾਮ ॥ ਅੰਗ - ੩੯੨*

ਸਤਿ, ਚਿਤ, ਅਨੰਦ ਦੇ ਨਾਲ ਹਰ ਵਕਤ ਜੁੜੇ ਹੋਏ, ਕੀਰਤਨ ਦੇ ਵਿਚ, ਹਰੀ ਦੇ ਜਸ ਵਿਚ ਉਨ੍ਹਾਂ ਦਾ ਬਿਸ੍ਰਾਮ ਹੋਇਆ ਕਰਦਾ ਹੈ, ਟਿਕਾਣਾ ਹੋਇਆ ਕਰਦਾ ਹੈ।

*ਮਿਤ੍ਰ ਸਤ੍ਰੁ ਜਾ ਕੈ ਏਕ ਸਮਾਨੈ ॥*

*ਅੰਗ - ੩੯੨*

ਮਿਤ੍ਰ ਆ ਜਾਏ, ਇੱਟਾਂ ਮਾਰਨ ਵਾਲਾ ਆ ਜਾਏ ਦੋਹਾਂ ਨੂੰ ਇਕੋ ਸਮਾਨ ਸਮਝਦੇ ਨੇ।

ਬਾਬਾ ਬੀਰ ਸਿੰਘ ਜੀ ਨੂੰ ਜਦੋਂ ਸ਼ਹੀਦ ਕੀਤਾ। ਉਸ ਵੇਲੇ ਜੋਧ ਸਿੰਘ ਨੇ ਕਿਹਾ, ਜੋ ਉਨ੍ਹਾਂ ਦੇ ਗੜਵੱਈ ਸੀ, ਜਦੋਂ ਦੇਖਿਆ ਉਨ੍ਹਾਂ ਦੇ ਸਰੀਰ 'ਤੇ 60 ਗੋਲਿਆਂ ਦੇ ਜ਼ਖਮ ਹੋਏ ਹੋਏ ਸੀ। ਸਰੀਰ ਦੇ ਵਿਚੋਂ ਖੂਨ ਚੱਲ ਰਿਹਾ ਸੀ ਚਾਰੇ ਪਾਸੇ। ਮੰਜੇ ਦੇ ਉਤੇ, ਬਿਸਤਰੇ 'ਤੇ ਚੌਂਕੜਾ ਮਾਰੀਂ ਬੈਠੇ ਨੇ, ਉਸ ਤੋਂ ਬਾਅਦ ਵੀ ਖੂਨ ਅੱਗੇ ਤੁਰਿਆ ਹੋਇਆ ਸੀ। ਉਹ ਰੋਣ ਲੱਗ ਗਿਆ ਦੇਖ ਕੇ। ਕਹਿੰਦਾ, ਮਹਾਰਾਜ! ਮੇਰੇ ਤੋਂ ਦੇਖਿਆ ਨਹੀਂ ਜਾਂਦਾ। ਕਹਿਣ ਲੱਗੇ, ਸਿੰਘਾਂ! ਤੂੰ ਸਾਡੇ ਨਾਲ ਰਹਿ ਕੇ ਸਾਰੀ ਜ਼ਿੰਦਗੀ, ਸਾਨੂੰ ਸਮਝ ਨਹੀਂ ਸਕਿਆ। ਅਸੀਂ ਕੌਣ ਹਾਂ? ਤੂੰ ਫੇਰ ਸਾਨੂੰ ਮੁੜ-ਮੁੜ ਕੇ ਸਰੀਰ ਬਣਾਉਣਾ ਹੈ। ਨਰਾਜ਼ ਹੋ ਗਏ ਉਸ ਉਪਰ। ਕਹਿੰਦੇ, ਦੱਸ ਮੈਨੂੰ ਕੋਈ ਗੋਲੀ ਲਗ ਸਕਦੀ ਹੈ? ਮੈਨੂੰ ਨਾ ਅੱਗ ਜਾਲ ਸਕਦੀ ਹੈ, ਨਾ ਮੈਨੂੰ ਹਵਾ ਉਡਾ ਸਕਦੀ ਹੈ, ਨਾ ਪਾਣੀ ਡੋਬ ਸਕਦਾ ਹੈ, ਨਾ ਕੋਈ ਸ਼ਸਤਰ ਮੈਨੂੰ ਕੱਟ ਸਕਦਾ ਹੈ। ਇਹ ਤਾਂ ਸਰੀਰ ਦਾ ਧਰਮ ਹੀ ਹੈ –

*ਜੋ ਉਪਜਿਓ ਸੋ ਬਿਨਸਿ ਹੈ*
*ਪਰੋ ਆਜੁ ਕੈ ਕਾਲਿ॥ ਅੰਗ - ੧੪੨੯*

ਅੱਜ ਚਲਿਆ ਗਿਆ ਜਾਂ ਕੱਲ੍ਹ ਨੂੰ ਚਲਿਆ

ਗਿਆ ਇਹ ਤਾਂ ਧਰਮ ਹੈ ਪੈਦਾ ਹੋਣਾ, ਵਧਣਾ ਤੇ ਫੇਰ ਇਹਨੇ ਨਾਸ਼ ਹੋਣਾ। ਸੋ ਇਹ ਆਪਣੀ ਮਰਿਆਦਾ ਦੇ ਅਨੁਸਾਰ ਨਾਸ਼ ਹੋ ਰਿਹਾ ਹੈ, ਮੈਂ ਤਾਂ ਨਾਸ਼ ਨਹੀਂ ਹੋ ਰਿਹਾ। ਮੈਂ ਤਾਂ ਦ੍ਰਿਸ਼ਟਾ ਹੋ ਕੇ ਦੇਖ ਰਿਹਾ ਹਾਂ, ਜਿਵੇਂ ਤੂੰ ਦੇਖ ਰਿਹਾ ਹੈਂ, ਏਸੇ ਤਰ੍ਹਾਂ ਮੈ ਦੇਖ ਰਿਹਾ ਹਾਂ।

ਜਿਸ ਵਕਤ ਬਾਬਾ ਬੰਦਾ ਬਹਾਦਰ ਜੀ ਨੂੰ ਦਿੱਲੀ ਦੇ ਅੰਦਰ ਸਜ਼ਾ ਮਿਲੀ ਕਿ ਇਹਦਾ ਮਾਸ ਜੰਬੂਰ, ਅੱਗ ਵਰਗੇ ਗਰਮ ਕਰਕੇ ਖਿੱਚ ਦਿਓ ਸਾਰੇ। ਜ਼ੁਲਮ ਤਾਂ ਪਰ੍ਹੇ ਤੋਂ ਪਰ੍ਹੇ ਪਏ ਨੇ। ਪਹਿਲਾਂ ਇਨ੍ਹਾਂ ਦੀਆਂ ਅੱਖਾਂ ਕੱਢੀਆਂ। ਫੇਰ ਪਹਿਲੇ ਦਿਨ ਇਨ੍ਹਾਂ ਦੀ ਸੱਜੀ ਬਾਂਹ ਦਾ ਮਾਸ ਕੱਢਿਆ। ਹੱਡੀ ਕੱਢ ਦਿਤੀ, ਸਾਰਾ ਮਾਸ ਖਿੱਚ ਲਿਆ। ਦੂਸਰੇ ਦਿਨ ਦੂਸਰੀ ਬਾਂਹ ਦਾ ਖਿੱਚ ਦਿਤਾ। ਤੀਸਰੇ ਦਿਨ ਇਕ ਲੱਤ ਦਾ ਖਿੱਚ ਦਿਤਾ, ਚੌਥੇ ਦਿਨ ਦੂਸਰੀ ਦਾ ਖਿੱਚ ਦਿਤਾ। ਚਾਰ ਦਿਨ ਜਦੋਂ ਹੋ ਗਏ। ਇਹ ਥੋੜ੍ਹੀ-ਥੋੜ੍ਹੀ ਦੇਰ ਤੋਂ ਬਾਅਦ ਜਿਹੜਾ ਖੂਨ ਚਲ ਰਿਹਾ ਹੈ, ਨਾੜੀਆਂ ਬੰਨ੍ਹ ਦਿਤੀਆਂ। ਖੂਨ ਚਲ ਰਿਹਾ ਹੈ, ਉਹਨੂੰ ਮੂੰਹ 'ਤੇ ਮਲ ਲੈਂਦੇ ਨੇ। ਜਿਹੜਾ ਵਜ਼ੀਰ ਸੀ, ਉਹ ਕੁਛ ਸੋਝੀ ਵਾਲਾ ਸੀ, ਉਹ ਕਹਿਣ ਲੱਗਿਆ ਕਿ ਮੈਂ ਇਕ ਗੱਲ ਨਹੀਂ ਸਮਝਿਆ ਕਿ ਤੁਸੀਂ ਖੂਨ ਕਿਉਂ ਚਿਹਰੇ 'ਤੇ ਮਲਦੇ ਓਂ ਆਪਣਾ? ਉਹ ਕਹਿੰਦੇ, ਦੇਖੋ ਖੂਨ ਨਿਕਲਣ ਤੋਂ ਬਾਅਦ, ਚਿਹਰਾ ਜਿਹੜਾ ਹੈ ਕੁਦਰਤੀ ਤੌਰ 'ਤੇ ਪੀਲਾ ਹੋ ਜਾਂਦਾ ਹੈ, ਬੇ ਰੌਣਕਾ ਹੋ ਜਾਂਦਾ ਹੈ ਤੇ ਮੈਂ ਸੰਸਾਰ ਤੋਂ ਜਾਣਾ ਹੈ। ਮੈਂ ਬੇਰੌਣਕਾ ਨਹੀਂ ਜਾਣਾ ਚਾਹੁੰਦਾ। ਦੂਜਾ ਸਵਾਲ ਕਰਿਆ ਕਿ ਤੁਹਾਡਾ ਲੜਕਾ ਤੁਹਾਡੀ ਗੋਦੀ 'ਚ ਪਾ ਕੇ ਉਹਦੀਆਂ ਆਂਦਰਾਂ ਕੱਢ ਕੇ ਤੁਹਾਡੀ ਗੋਦੀ 'ਚ ਪਾ ਦਿਤੀਆਂ। ਉਹਦਾ ਦਿਲ ਕੱਢ ਕੇ ਤੁਹਾਡੇ ਮੂੰਹ ਵਿਚ ਪਾ ਦਿਤਾ ਜ਼ਬਰਦਸਤੀ, ਕਿ ਤੁਹਾਨੂੰ ਕੋਈ ਅਫਸੋਸ ਨਹੀਂ ਹੋਇਆ?

ਕਹਿਣ ਲੱਗੇ, ਮੈਨੂੰ ਕੋਈ ਅਫਸੋਸ ਨਹੀਂ ਹੋਇਆ। ਕਿਉਂਕਿ ਏਸ ਸੰਸਾਰ 'ਤੇ ਕੋਈ ਨਹੀਂ ਮਰਦਾ। ਸਰੀਰ ਦਾ ਪਰਿਵਰਤਨ ਹੁੰਦਾ ਹੈ। ਫੇਰ ਕਹਿੰਦਾ ਕਿ ਤੁਹਾਡਾ ਐਨਾ ਮਾਸ ਨੋਚ ਦਿਤਾ, ਤੁਹਾਨੂੰ ਦੁਖ ਨਹੀਂ ਹੋ ਰਿਹਾ?

ਆਪ ਨੇ ਕਿਹਾ ਕਿ ਜਿਵੇਂ ਤੁਸੀਂ ਦੇਖ ਰਹੇ ਓਂ, ਐਵੇਂ ਮੈਂ ਦੇਖ ਰਿਹਾ ਹਾਂ। ਮੈਂ ਕੋਠੇ 'ਚ ਰਹਿੰਦਾ ਸੀ, ਹੁਣ ਕੋਠਾ ਢਾਹੁੰਣਾ ਸ਼ੁਰੂ ਹੋਇਆ-ਹੋਇਆ ਹੈ। ਹੁਣ ਮੈਂ ਨਿਕਲ ਕੇ ਬਾਹਰ ਹੋ ਗਿਆ। ਮੈਂ ਵੀ ਦੇਖ ਰਿਹਾ ਹਾਂ ਕਿ ਕੋਠਾ ਕਿਵੇਂ ਢਾਹਿਆ ਜਾ ਰਿਹਾ ਹੈ।

ਸੋ ਇਹ ਬਿਰਤੀ ਹੋਇਆ ਕਰਦੀ ਹੈ।

ਸੋ ਕਹਿਣ ਲੱਗੇ, ਭਾਈ ਜੋਧ ਸਿੰਘ! ਤੂੰ ਮੈਨੂੰ ਸਰੀਰ ਹੀ ਸਮਝਦਾ ਰਿਹਾ ਸਾਰੀ ਜ਼ਿੰਦਗੀ? ਸੰਤ ਸਰੀਰ ਨਹੀਂ ਹੁੰਦੇ, ਸੰਤ ਜੋਤੀ ਹੁੰਦੇ ਨੇ। ਉਨ੍ਹਾਂ ਨੂੰ ਆਤਮ ਗਿਆਨ ਹੁੰਦਾ ਹੈ, ਜਿਥੇ ਸਰੀਰ ਦਾ, ਸੂਖਸ਼ਮ ਸਰੀਰ ਦਾ, ਕਾਰਨ ਸਰੀਰ ਦਾ ਅਭਾਸ ਖਤਮ ਹੋ ਜਾਂਦਾ ਹੈ, ਮਨ, ਚਿਤ, ਬੁੱਧੀ ਜਿਹੜੇ ਨੇ ਇਹ ਨਾਸ਼ ਹੋ ਜਾਂਦੇ ਨੇ, ਇਨ੍ਹਾਂ ਦੇ ਉਤੇ ਮੈਂ ਰਹਿੰਦਾ ਹਾਂ ਸਾਰਿਆਂ ਦੇ। ਮੈਂ ਸਾਖਸ਼ੀ ਹਾਂ, ਮੈਂ ਇਨ੍ਹਾਂ ਨੂੰ ਸੱਤਾ ਦਿੰਦਾ ਹਾਂ, ਮੈਨੂੰ ਕੋਈ ਕੱਟ ਨਹੀਂ ਸਕਦਾ। ਕਹਿੰਦੇ, ਜਦੋਂ ਉਹ ਆਉਣਗੇ, ਜਿਨ੍ਹਾਂ ਨੇ ਸਾਨੂੰ ਸ਼ਹਾਦਤ ਦਾ ਜਾਮ ਪਿਲਾਇਆ ਹੈ, ਉਨ੍ਹਾਂ ਨਾਲ ਭਾਈ ਪਿਆਰ ਨਾਲ ਵਰਤਾਓ ਕਰਿਓ, ਕੋਈ ਸਰਾਪ ਨਾ ਦਿਓ। ਬਾਬਾ ਖੁਦਾ ਸਿੰਘ ਜੀ ਦੇ ਮਨ ਵਿਚ ਆਇਆ, ਉਨ੍ਹਾਂ ਨੇ ਇਕ ਦਿਨ ਭਜਨ ਕਰਦਿਆਂ ਨੇ ਸਭ ਕੁਛ ਦੇਖ ਲਿਆ। ਉਸ ਵੇਲੇ ਉਠ ਕੇ ਆ ਗਏ, ਕਹਿੰਦੇ, ਬਾਬਾ ਜੀ! ਆਹ ਭਾਣਾ ਵਰਤਣ ਵਾਲਾ ਹੈ। ਕਹਿੰਦੇ ਹਾਂ। ਕਹਿੰਦੇ, ਦੇਖੋ ਇਕ ਬਚਨ ਦਿਓ ਸਾਨੂੰ। ਕਹਿੰਦੇ, ਦੱਸੋ ਮਹਾਰਾਜ! ਸਾਰੇ ਹੀ ਤੁਹਾਡੇ ਨੇ ਬਚਨ। ਕਹਿੰਦੇ, ਬਚਨ ਇਹ ਲੈਂਦੇ ਹਾਂ ਅਸੀਂ ਤੇਰੇ ਤੋਂ ਕਿਉਂਕਿ ਤੇਰੀ ਜ਼ੁਬਾਨ ਜਿਹੜੀ ਹੈ ਉਹ ਤਲਵਾਰ ਤੋਂ ਵੀ ਤਿੱਖੀ ਹੈ, ਸਰਾਪ ਨਾ ਕੋਈ ਦੇਈਂ। ਇਹਨੂੰ ਹੋਣ ਦੇਈਂ ਜਿਵੇਂ ਹੋਣਾ ਹੈ। ਆਪਣਾ ਵੈਰ ਨਹੀਂ ਕਿਸੇ ਨਾਲ ਵੀ। ਇਹ ਸਭ ਪ੍ਰਭੂ ਦੀ ਜੋਤ ਹੈ, ਇਥੇ ਮਾੜਾ ਕੋਈ ਨਹੀਂ ਹੈ। ਲੇਕਿਨ ਉਨ੍ਹਾਂ ਨੇ ਕਿਹਾ ਕਿ ਮੇਰੇ ਤੋਂ ਸਹਿ ਨਹੀਂ ਹੋਣਾ। ਤਸੀਹੇ ਦੇਖ ਨਹੀਂ ਹੋਣੇ। ਕਹਿੰਦੇ, ਚੰਗਾ ਤੁਸੀਂ ਯੂ.ਪੀ. ਵਿਚ ਗੋਰਖਪੁਰ ਨੇਪਾਲ ਦੀ ਹੱਦ 'ਤੇ ਚਲੇ ਜਾਓ। ਉਥੋਂ ਫਲਾਣੀ ਤਰੀਕ ਤੋਂ ਪਹਿਲਾਂ ਨਾ ਆਇਓ। ਜਦੋਂ ਭਾਣਾ ਵਰਤ ਗਿਆ, ਉਸ ਵੇਲੇ ਸਵਾ ਮਹੀਨੇ ਬਾਦ ਜਦੋਂ ਆਏ, ਪਤਾ ਲੱਗਿਆ ਕਿ ਬਾਬਾ ਜੀ ਨੂੰ ਐਉਂ ਸ਼ਹੀਦ ਕੀਤਾ ਹੈ, ਉਸ ਵੇਲੇ ਉਨ੍ਹਾਂ ਨੇ ਇਕ ਬਚਨ ਸਹਿਜ-ਸੁਭਾਅ ਕਰ ਦਿਤਾ ਕਿ ਆਹ ਜਿਹੜਾ ਲਾਹੌਰ ਦਰਬਾਰ ਹੈ ਨਾ, ਇਥੇ ਚਾਰ ਬਲਦਾਂ ਦਾ ਸੁਹਾਗਾ ਚੱਲੇਗਾ, ਏਸ ਦਰਬਾਰ ਦੇ ਉਤੇ। ਕੁਦਰਤੀ ਤੌਰ 'ਤੇ ਹੋਣਾ ਤਾਂ ਇਵੇਂ ਜਿਵੇਂ ਹੀ ਸੀ ਕਿਉਂਕਿ ਜਦੋਂ ਪਾਪ ਵਧ ਜਾਂਦੇ ਨੇ -

***ਜਿਸ ਨੋ ਆਪਿ ਖੁਆਏ ਕਰਤਾ***
***ਖੁਸਿ ਲਏ ਚੰਗਿਆਈ॥ ਅੰਗ - ੪੧੭***

ਜਦੋਂ ਸਮਾਜ ਦੀ ਚੰਗਿਆਈ ਖਤਮ ਹੋ ਜਾਵੇ, ਪਾਪ ਵਧ ਜਾਣ, ਉਸ ਵੇਲੇ ਉਹਦਾ ਪਤਨ ਹੋਇਆ ਕਰਦਾ ਹੈ ਕੁਦਰਤੀ ਹਿਸਾਬ ਹੈ।

ਸੋ ਇਸ ਤਰ੍ਹਾਂ ਦੇ ਨਾਲ ਮਿਤ੍ਰ ਤੇ ਸਤ੍ਰ ਨੂੰ ਬਰਾਬਰ ਜਾਣਦੇ ਨੇ।

***ਮਿਤ੍ਰ ਸਤ੍ਰ ਜਾ ਕੈ ਏਕ ਸਮਾਨੈ ॥***
***ਪ੍ਰਭ ਅਪੁਨੇ ਬਿਨੁ ਅਵਰੁ ਨ ਜਾਨੈ ॥ ੨ ॥***
***ਕੋਟਿ ਕੋਟਿ ਅਘ ਕਾਟਨਹਾਰਾ ॥ ਅੰਗ - ੩੯੨***

ਕਰੋੜਾਂ ਪਾਪਾਂ ਦਾ ਨਾਸ਼ ਕਰਨ ਨੂੰ ਸਮਰਥਾ

ਰੱਖਦੇ ਨੇ।

*ਦੁਖ ਦੂਰਿ ਕਰਨ ਜੀਅ ਕੇ ਦਾਤਾਰਾ ॥*

*ਅੰਗ - ੩੯੨*

ਚਾਹੇ ਸਰੀਰਕ ਦੁਖ ਹੈ, ਚਾਹੇ ਭਾਈਚਾਰਕ ਦੁਖ ਹੈ, ਚਾਹੇ ਕੋਈ ਅਧਿਆਤਮਕ ਦੁੱਖ ਹੈ। ਸਾਰਿਆਂ ਨੂੰ ਦੂਰ ਕਰਕੇ, ਜੀਵਾਂ ਦੇ ਦਾਤੇ ਹੋਇਆ ਕਰਦੇ ਨੇ, ਉਨ੍ਹਾਂ ਨੂੰ ਸਤਿ, ਚਿਤ, ਅਨੰਦ, ਵਾਹਿਗੁਰੂ ਦੇ ਨਾਲ ਮੇਲਣ ਵਾਸਤੇ।

ਆਪ ਜੀ ਦੇ ਜੀਵਨ ਵਿਚ ਬੇਅੰਤ ਬਿਮਾਰ ਆਏ। ਗੁਰੂ ਘਰ ਦੇ ਅੰਦਰ ਇਹ ਫੁਰਮਾਨ ਹੈ ਕਿ ਜਿਹੜੀ ਬਿਮਾਰੀ ਹੈ -

*ਖਸਮੁ ਵਿਸਾਰਿ ਕੀਏ ਰਸ ਭੋਗ ॥*
*ਤਾਂ ਤਨਿ ਉਠਿ ਖਲੋਏ ਰੋਗ॥ ਅੰਗ - ੧੨੫੬*

ਜਿਹੜਾ ਵਾਹਿਗੁਰੂ ਨੂੰ ਭੁੱਲੇਗਾ ਉਹ ਰੋਗੀ ਹੋਏਗਾ। ਜਿਹਦੇ ਅੰਦਰ ਨਾਮ ਚੱਲੇਗਾ, ਜਿਹਦੇ ਅੰਦਰ ਨਾਮ ਦੀ ਕਰੰਟ ਆ ਜਾਏਗੀ, ਉਹਦੀ ਜਿਹੜੀ ਚਰਨ ਧੂੜ ਹੈ ਉਹ ਵੀ ਰੋਗ ਨੂੰ ਖਤਮ ਕਰਨ ਨੂੰ ਸਮਰੱਥ ਹੈ। ਉਹਦੇ ਜਿਹੜੇ ਬਚਨ ਨੇ ਮੁਖ ਤੋਂ ਨਿਕਲਦੇ ਉਹ ਵੀ ਰੋਗ ਨੂੰ ਦੂਰ ਕਰਨ ਵਾਸਤੇ ਸਮਰੱਥ ਨੇ।

*ਸਰਬ ਰੋਗ ਕਾ ਅਉਖਦੁ ਨਾਮੁ ॥ਅੰਗ - ੨੭੪*

ਮਹਾਰਾਜ ਕਹਿੰਦੇ, ਇਹ ਜਿਹੜੀ ਦਵਾਈ ਰੱਖੀ ਹੋਈ ਹੈ।

*ਹਰਿ ਅਉਖਧੁ ਸਭ ਘਟ ਹੈ ਭਾਈ ॥*

*ਅੰਗ - ੨੫੯*

ਸਭ ਦੇ ਅੰਦਰ ਪਈ ਹੈ ਇਹ। ਲੇਕਿਨ -

*ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥*

*ਅੰਗ - ੨੫੯*

ਜਿੰਨਾ ਚਿਰ ਪੂਰਾ ਗੁਰੂ ਨਹੀਂ ਮਿਲਦਾ, ਓਨਾਂ ਚਿਰ ਇਹਦੀ ਵਿਧੀ ਦਾ ਨਹੀਂ ਪਤਾ ਲਗਦਾ।

*ਗੁਰਿ ਪੂਰੈ ਸੰਜਮੁ ਕਰਿ ਦੀਆ ॥*
*ਨਾਨਕ ਤਉ ਫਿਰਿ ਦੂਖ ਨ ਥੀਆ ॥ ਅੰਗ - ੨੫੯*

ਜਦੋਂ ਸੰਜਮ ਕਰਕੇ ਗੁਰੂ ਨੇ ਦੇ ਦਿਤੀ ਦਵਾਈ। ਉਸ ਵੇਲੇ ਰੋਗ ਕੋਈ ਆਇਆ ਹੀ ਨਹੀਂ ਕਰਦਾ। ਹਸਪਤਾਲ ਵਧਦੇ ਹੀ ਜਾਂਦੇ ਨੇ, ਇਹ ਵੱਖਰੀ ਥਿਊਰੀ ਹੈ ਕਿ ਸਰੀਰ ਦੇ ਵਿਚ ਦਵਾਈ ਦੇ ਦਿਓ। ਦਵਾਈ ਦੇ ਕੇ ਉਹ ਤੱਤ ਮਾਰੋ, ਲੇਕਿਨ ਇਨ੍ਹਾਂ ਤੋਂ ਉਪਰਲੀ ਇਕ ਗੱਲ ਇਹ ਹੈ ਕਿ ਜਿਥੇ ਦਵਾਈਆਂ ਸਾਰੀਆਂ ਫੇਲ੍ਹ ਹੋ ਜਾਂਦੀਆਂ ਨੇ, ਮੈਡੀਕਲ ਸਾਇੰਸ ਚੱਲ ਨਹੀਂ ਸਕਦੀ ਜਿਸ ਥਾਂ ਦੇ ਉਤੇ। ਉਥੇ ਨਾਮ ਦੀ ਦਵਾਈ ਕੰਮ ਕਰਦੀ ਹੈ। ਸੰਸਾਰ ਨੂੰ ਅਜੇ ਤਾਂਈਂ ਪਤਾ ਨਹੀਂ ਲੱਗਿਆ।

*ਸਰਬ ਰੋਗ ਕਾ ਅਉਖਦੁ ਨਾਮੁ ॥ ਅੰਗ- ੨੭੪*

ਬੀਮਾਰੀ ਵਾਹਿਗੁਰੂ ਨੇ ਨਹੀਂ ਦਿਤੀ ਸੰਸਾਰ ਨੂੰ, ਬੀਮਾਰੀ ਮਨੁੱਖ ਨੇ ਆਪ ਪੈਦਾ ਕੀਤੀ ਹੈ। ਜਿੰਨੀਆਂ ਸਰੀਰ ਦੇ ਵਿਚ ਬਿਆਧੀਆਂ ਪੈਦਾ ਹੁੰਦੀਆਂ ਨੇ, ਇਹ ਮਨੁੱਖ ਨੇ ਆਪ ਕਰੀਆਂ ਨੇ ਜਾਂ ਤਾਂ ਗਲਤ ਖੁਰਾਕ ਹੈ, ਜਾਂ ਗਲਤ ਆਹਾਰ ਹੈ ਜਾਂ ਗਲਤ ਪੁਸ਼ਾਕ ਹੈ। ਆਹਾਰ, ਵਿਚਾਰ ਤੇ ਪੁਸ਼ਾਕ ਇਹ ਤਿੰਨ ਚੀਜ਼ਾਂ ਜਿਹਦੀਆਂ ਸ਼ੁੱਧ ਨੇ ਉਹ ਬਿਮਾਰ ਨਹੀਂ ਕਦੇ ਵੀ ਹੋਇਆ ਕਰਦਾ। ਬਿਮਾਰ ਓਹੀ ਹੁੰਦਾ ਹੈ ਜਿਹੜਾ ਸੰਤੁਲਨ ਵਿਗਾੜਦਾ ਹੈ ਸਰੀਰ ਦਾ। ਉਹਦਾ ਸੰਤੁਲਨ ਵਿਗੜਦਾ ਹੈ -

*ਖਸਮੁ ਵਿਸਾਰਿ ਕੀਏ ਰਸ ਭੋਗ ॥*
*ਤਾਂ ਤਨਿ ਉਠਿ ਖਲੋਏ ਰੋਗ ॥ ਅੰਗ- ੧੨੫੬*

ਉਹ ਰੋਗੀ ਹੋ ਜਾਏਗਾ। ਜੇ ਅੰਦਰ ਨਾਮ ਦੀ ਕਰੰਟ ਚਲਦੀ ਹੈ ਤਾਂ ਆਦਮੀ ਰੋਗੀ ਨਹੀਂ ਹੋਇਆ ਕਰਦਾ, ਰਾਜ਼ੀ ਹੋਇਆ ਕਰਦਾ ਹੈ। ਸੋ ਮਹਾਂਪੁਰਸ਼ ਕੀ ਕਰਦੇ ਨੇ, ਉਹਨੂੰ ਨਾਮ ਦੀ ਕਰੰਟ ਨਾਲ ਜੋੜਦੇ ਨੇ, ਗਿਣਤੀ ਮਿਣਤੀ ਤੋਂ ਬਾਹਰ ਜਿਨ੍ਹਾਂ ਨੂੰ ਬਾਹਰ ਡਾਕਟਰ ਜਵਾਬ ਦੇ ਦਿੰਦੇ ਨੇ ਕਿ ਤੇਰਾ ਕੁਛ ਨਹੀਂ ਬਣਨਾ ਭਾਈ, ਉਹ ਫੇਰ ਆਉਂਦੇ ਨੇ। ਜਦੋਂ ਹਾਰ ਕੇ ਆਉਂਦੇ ਨੇ, ਜਿਨ੍ਹਾਂ ਚਿਰ ਤਾਂ ਮਨ ਦੁਚਿੱਤੀ 'ਚ ਹੈ, ਦਵਾਈ ਲਈਏ ਕਿ ਨਾਮ ਜਪੀਏ, ਓਨਾਂ ਚਿਰ ਤਾਂ ਨਹੀਂ ਹੁੰਦਾ, ਕਿਉਂਕਿ ਅੰਦਰ ਵਿਸ਼ਵਾਸ਼ ਨਹੀਂ ਬਣਿਆ ਹੋਇਆ, ਜਦੋਂ ਪੂਰਾ ਭਰੋਸਾ ਬਣ ਜਾਵੇ, ਫੇਰ ਆਵੇ, ਫੇਰ ਰੋਗੀ ਦਾ ਰੋਗ ਦੂਰ ਹੋ ਜਾਇਆ ਕਰਦਾ ਹੈ।

ਸੋ ਸੰਤਾਂ ਕੋਲ ਦਵਾਈ ਹੁੰਦੀ ਹੈ।

*ਦੁਖ ਦੂਰਿ ਕਰਨ ਜੀਅ ਕੇ ਦਾਤਾਰਾ ॥*

*ਅੰਗ - ੩੯੨*

ਸਾਰੇ ਦੁਖਾਂ ਨੂੰ ਦੂਰ ਕਰਨ ਵਾਸਤੇ ਉਨ੍ਹਾਂ ਕੋਲ ਦਵਾਈ ਹੁੰਦੀ ਹੈ, ਮਹਾਰਾਜ ਜੀ ਦੇ ਕੋਲ ਬੇਅੰਤ ਰੋਗੀ ਆਏ। ਉਨ੍ਹਾਂ ਦਾ ਜੀਵਨ ਪੜ੍ਹੋ। ਥੋੜ੍ਹਾ ਜਿਹਾ ਲਿਖਿਆ ਹੋਇਆ ਹੈ ਬਹੁਤਾ ਨਹੀਂ। ਉਥੇ ਤਾਂ ਹਜ਼ਾਰਾਂ ਹੀ ਆਏ ਮੈਂ ਦੇਖਦਾ ਰਹਿੰਦਾ ਸੀ ਅਰ ਐਹੋ ਜਿਹੇ ਆਉਂਦੇ ਸੀ ਕਿ ਜਿਹਦਾ ਇਲਾਜ ਹੀ ਨਹੀਂ ਕਿਤੇ ਤੇ ਉਥੇ ਆ ਕੇ ਜਦੋਂ ਦਵਾਈ ਦਿਤੀ ਰਾਜ਼ੀ ਹੋ ਗਏ।

ਇਕ ਰਤਨ ਸਿੰਘ ਨਾਮ ਦਾ ਪ੍ਰੇਮੀ ਸੀ। ਕਲਕੱਤੇ ਰਿਹਾ ਕਰਦਾ ਸੀ, ਡਰਾਈਵਰਾਂ ਨੂੰ ਆਦਤ ਹੁੰਦੀ ਹੈ ਗਲਤ ਚੀਜ਼ਾਂ ਖਾਣ ਦੀ। ਇਨ੍ਹਾਂ ਨੂੰ ਇਹ ਤਾਂ ਪਤਾ ਨਹੀਂ ਕਿ ਹੁਣ ਮੈਂ ਖਾਈ ਜਾਂਦਾ ਹਾਂ ਇਹ ਮੇਰੇ ਅੰਦਰ ਜਾ ਕੇ ਜ਼ਹਿਰ ਬਣ ਜਾਣੀ ਹੈ। ਮੇਰੇ ਸਰੀਰ ਦੇ ਸੈਲ ਸਾਰੇ ਖਤਮ ਹੋ ਜਾਣੇ ਨੇ ਤੇ ਨਤੀਜਾ ਕੀ ਹੋਇਆ, ਰੋਗੀ ਹੋ ਗਿਆ, ਟੀ.ਬੀ. ਹੋ ਗਈ। ਤੀਸਰੀ

ਸਟੇਜ ਦੀ ਟੀ.ਬੀ. ਹੋ ਗਈ। ਜਦ ਟੀ.ਬੀ. ਦਾ ਇਲਾਜ ਨਹੀਂ ਸੀ ਹੋਇਆ ਕਰਦਾ। ਉਸ ਵੇਲੇ ਕਲਕੱਤੇ ਦੇ ਡਾਕਟਰਾਂ ਨੇ ਕਿਹਾ ਕਿ ਰਤਨ ਸਿੰਘ! ਤੂੰ ਘਰ ਚਲਿਆ ਜਾਹ, ਕਿਉਂਕਿ ਤੇਰੀ ਦਸ ਕੁ ਦਿਨ ਦੀ ਜ਼ਿੰਦਗੀ ਹੋਰ ਹੈ, ਇਸ ਤੋਂ ਵੱਧ ਨਹੀਂ ਹੈ। ਫੇਫੜੇ ਸਾਰੇ ਖਾ ਲਏ। ਉਹ ਘਰ ਨਹੀਂ ਗਿਆ, ਮਹਾਰਾਜ ਜੀ ਦੇ ਕੋਲ ਆ ਗਿਆ। ਬੇਨਤੀ ਕਰੀ ਉਸ ਨੇ, ਕਹਿਣ ਲੱਗਿਆ ਕਿ ਮੈਂ ਮਰਨ ਆਇਆ ਹਾਂ। ਮਹਾਰਾਜ ਜੀ ਨੇ ਕਿਹਾ ਕਿ ਗੁਰੂ ਘਰ 'ਚ ਮਰਨ ਨਹੀਂ ਆਈਦਾ, ਜ਼ਿੰਦਗੀ ਲੈਣ ਆਈਦਾ ਹੈ, ਕਹਿੰਦੇ ਤੂੰ ਪਾਠ ਕਰਿਆ ਕਰ। ਪਾਠ ਦੱਸ ਦਿਤਾ ਮਹਾਰਾਜ ਜੀ ਨੇ ਸ਼ਬਦ ਦਾ ਤੇ ਨਾਲ ਹੁਕਮ ਦੇ ਦਿਤਾ ਕਿ ਮੂੰਹ ਬੰਨ੍ਹ ਲਿਆ ਕਰ, ਬਰਤਨ ਮਾਂਜੀ ਜਾਇਆ ਕਰ। ਕਈਆਂ ਨੇ ਇਤਰਾਜ਼ ਵੀ ਕਰਿਆ ਕਿ ਮਹਾਰਾਜ! ਇਹਨੂੰ ਤਾਂ ਟੀ.ਬੀ. ਹੋਈ ਹੋਈ ਹੈ। ਲੇਕਿਨ ਉਸੇ ਤਰ੍ਹਾਂ ਹੁਕਮ ਮੰਨਦਾ ਰਿਹਾ। ਇਕ ਸਾਲ ਤੋਂ ਬਾਅਦ ਉਹ ਦੋ ਸ਼ਤੀਰ ਮੋਢੇ 'ਤੇ ਚੁੱਕੀ ਜਾਵੇ, ਮੈਨੂੰ ਮਹਾਰਾਜ ਜੀ ਨੇ ਦੱਸੀ ਸੀ ਗੱਲ ਛੋਟਿਆਂ ਨੇ। ਕਹਿੰਦੇ, ਇਕ ਇਥੇ ਬੈਠਾ ਸੀ ਉਹ ਕਹਿੰਦਾ ਜੀ, ਆਹ ਸਿੰਘ ਤਾਂ ਬੜਾ ਤਕੜਾ ਹੈ, ਦੋ ਸ਼ਤੀਰ ਚੁੱਕੀ ਜਾਂਦਾ ਹੈ। ਕਹਿੰਦਾ, ਮੇਰਾ ਦਿਲ ਕਰਦਾ ਹੈ ਕਿ ਇਹਨੂੰ ਮੈਂ ਚਾਰ ਕਿਲੋ ਘਿਉ ਦੇਵਾਂ। ਉਹ ਜਦੋਂ ਸੁੱਟ ਆਇਆ ਤਾਂ ਸੰਤਾਂ ਨੇ ਬੁਲਾਇਆ ਕਿ ਰਤਨ ਸਿੰਆਂ! ਦੱਸ ਤੈਨੂੰ ਇਹ ਚਾਰ ਕਿਲੋ ਘਿਉ ਦਿੰਦਾ ਹੈ। ਕਿਵੇਂ ਹੋਇਆ ਸੀ? ਕਹਿੰਦਾ, ਮਹਾਰਾਜ! ਤੁਸੀਂ ਤਾਂ ਜਾਣੀ ਜਾਣ ਓਂ। ਕੱਤਕ ਦੀ ਪੂਰਨਮਾਸ਼ੀ ਨੂੰ ਮੈਂ ਇਥੇ ਆਇਆ ਸੀਗਾ ਤੇ ਹੁਣ ਹੌਲੇ-ਮਹੱਲੇ ਦੀ ਪੂਰਨਮਾਸ਼ੀ ਹੈ ਤੇ ਜਦੋਂ ਮੈਂ ਆਇਆ, ਤੀਸਰੀ ਸਟੇਜ ਦੀ ਟੀ.ਬੀ., ਡਾਕਟਰ ਕਹਿੰਦੇ ਸੀ ਕਿ ਦਸ ਦਿਨ ਤੋਂ ਵੱਧ ਨਹੀਂ ਜੀਅ ਸਕਣਾ। ਭੂਚੋ ਮੰਡੀ ਦੇ ਰਹਿਣ ਵਾਲਾ ਸੀ ਉਹ ਤੇ ਹੁਣ ਦੇਖ ਲਓ ਮਹਾਰਾਜ ਦੀ ਕ੍ਰਿਪਾ ਕਿ ਮੈਂ ਦੋ ਸ਼ਤੀਰ ਚੁੱਕ ਲਏ ਨੇ। ਬੀਮਾਰੀ ਕਿੱਧਰ ਗਈ? ਕਿੱਧਰ ਟੀ.ਬੀ. ਦੇ ਜਰਮ ਗਏ। ਕਿਥੇ ਫੇਫੜੇ ਸੀਗੇ ਜਿਹੜੇ ਦਵਾਈਆਂ ਨਾਲ ਨਹੀਂ ਸਾਫ ਹੁੰਦੇ ਤੇ ਉਹ ਨਾਮ ਦੀ ਦਵਾਈ ਨੇ, ਸਾਫ ਕਰ ਦਿਤੇ ਸੀ। ਇਹ ਕੋਈ ਐਵੇਂ ਗੱਲਾਂ ਨਹੀਂ ਹਨ। ਪਰਤਿਆਈਆਂ ਹੋਈਆਂ ਗੱਲਾਂ ਨੇ ਸਾਰੀਆਂ। ਐਥੇ ਰਤਵਾੜਾ ਸਾਹਿਬ ਰੋਜ਼ ਤੁਸੀਂ ਦੇਖਦੇ ਹੋ, ਬੀਮਾਰ ਆਉਂਦੇ ਨੇ, ਕੋਈ ਸੇਵਾ ਕਰਦਾ ਹੈ, ਕੋਈ ਘਰਾਂ 'ਚ ਪਾਠ ਕਰਦਾ ਹੈ, ਮੁਸ਼ਕਲ ਇਹ ਹੋ ਜਾਂਦੀ ਹੈ ਕਿ ਜਦੋਂ ਅਸੀਂ ਕਹਿ ਦਿੰਦੇ ਹਾਂ ਕਿ ਤੇਰੇ ਜਪੁਜੀ ਸਾਹਿਬ ਯਾਦ ਹੈ? ਕਹਿੰਦੇ, ਨਾ ਯਾਦ ਨਹੀਂ? ਫੇਰ ਕਾਹਦੇ ਵਾਸਤੇ ਆਇਆ ਹੈਂ ਤੂੰ ਜੇ ਤੇਰੇ ਜਪੁਜੀ ਸਾਹਿਬ ਹੀ ਨਹੀਂ ਯਾਦ? ਮੂਲਮੰਤ੍ਰ ਯਾਦ ਹੈ? ਕਹਿੰਦੇ ਨੇ ਨਾ ਮੂਲਮੰਤ੍ਰ ਵੀ ਨਹੀਂ ਯਾਦ। ਫੇਰ ਤਾਂ ਤੂੰ ਬੀਮਾਰ ਹੋਣਾ ਹੀ ਹੈ ਭਾਈ। ਪ੍ਰਭੂ ਦਾ ਨਾਮ ਕਦੇ ਜਪਿਆ ਨਹੀਂ, ਜੇ ਜਪਿਆ ਹੈ ਤਾਂ ਚਿੱਤ ਲਾ ਕੇ ਨਹੀਂ ਜਪਿਆ ਇਸ ਕਰਕੇ ਰੋਗ ਤਾਂ ਆਉਣਾ ਹੀ ਆਉਣਾ ਹੈ। ਜਿਹੜਾ ਬੰਦਗੀ ਕਰਦਾ ਹੈ ਉਹ ਰਾਜ਼ੀ ਹੋ ਜਾਂਦਾ ਹੈ।

ਮੇਰੇ ਯਾਦ ਹੈ ਕਿੰਨੇ ਸਾਲ ਹੋ ਗਏ ਇਥੇ। ਇਕ ਦੋ ਮਰੀਜ਼ ਨੇ ਜਿਹੜੇ ਰਾਜ਼ੀ ਨਹੀਂ ਹੋਏ। ਉਨ੍ਹਾਂ ਨੂੰ ਮੈਂ ਪਹਿਲਾਂ ਹੀ ਕਹਿ ਦਿੰਦਾ ਸੀ ਕਿ ਤੁਸੀਂ ਰਾਜ਼ੀ ਨਹੀਂ ਹੋਣਾ। ਕਹਿੰਦੇ ਸੀ ਕਿਉਂ? ਮੈਂ ਕਿਹਾ, ਤੁਹਾਡੇ ਅੰਦਰ ਭਰੋਸਾ ਨਹੀਂ ਹੈ। ਤੁਸੀਂ ਟੈਸਟ ਲੈਣ ਵਾਸਤੇ ਆਏ ਹੋ। ਦੂਸਰਾ ਉਹ ਨਹੀਂ ਰਾਜ਼ੀ ਹੁੰਦਾ ਜਿਹਨੂੰ ਮੈਂ ਇਥੇ ਆ ਕੇ ਕਹਾਂ ਕਿ ਭਾਈ! ਤੂੰ ਵਿਹਲਾ ਤੁਰਿਆ ਫਿਰਦਾ ਹੈਂ, ਸੇਵਾ ਨਹੀਂ ਕਰਦਾ। ਜਿਹੜਾ ਹੱਡ ਰੱਖ ਆ ਜਾਂਦਾ ਹੈ ਨਾ, ਸੇਵਾ ਨਹੀਂ ਕਰਦਾ, ਬਾਬਾ ਜੀ ਨੂੰ ਦੇਖ ਲਿਆ, ਫੇਰ ਤਾਂ ਚੁੱਕ ਲਈ ਟੋਕਰੀ ਨਹੀਂ ਤਾਂ ਆਰਾਮ ਨਾਲ ਦਰਖਤ ਥੱਲੇ ਬੈਠਾ ਰਹਿੰਦਾ ਹੈ, ਉਹ ਨਹੀਂ ਰਾਜ਼ੀ ਹੁੰਦਾ। ਕਿਉਂਕਿ ਉਹਦੀ ਸੁਰਤੀ ਗੁਰੂ ਨਾਲ ਜੁੜਦੀ ਨਹੀਂ ਹੈ। ਜਿਹਦੀ ਸੁਰਤੀ ਗੁਰੂ ਨਾਨਕ ਨਾਲ ਜੁੜਦੀ ਹੈ, ਵਿਤੋਂ ਬਾਹਰਾ ਹੋ ਕੇ ਸੇਵਾ ਕਰਦਾ ਹੈ। ਉਹ ਰਾਜ਼ੀ ਹੋ ਜਾਇਆ ਕਰਦਾ ਹੈ।

ਬਾਹਰੋਂ ਆਉਂਦੇ ਨੇ ਕਈ, ਅਮਰੀਕਾ ਤੋਂ ਆਏ। ਉਥੇ ਕਹਿੰਦੇ ਓਪਰੇਸ਼ਨ ਹੋਏਗਾ, ਇਥੇ ਸੇਵਾ ਕਰਕੇ ਰਾਜ਼ੀ ਹੋ ਗਏ। ਸੋ ਇਹ ਨਾਮ ਦੀ ਦਵਾਈ ਹੁੰਦੀ ਹੈ, ਸੰਤਾਂ ਦੇ ਕੋਲ ਹੁੰਦੀ ਹੈ, ਸੰਤਾਂ ਨੂੰ ਪਤਾ ਹੁੰਦਾ ਹੈ, ਉਹ ਨਾਮ ਵਲ ਬਿਰਤੀ ਲਾ ਦਿੰਦੇ ਨੇ -

***ਕੋਟਿ ਕੋਟਿ ਅਘ ਕਾਟਨਹਾਰਾ ॥***
***ਦੁਖ ਦੂਰਿ ਕਰਨ ਜੀਅ ਕੇ ਦਾਤਾਰਾ ॥***
***ਅੰਗ - ੩੯੨***

ਸਰੀਰਕ ਦੁਖ ਵੀ ਦੂਰ ਕਰਦੇ ਨੇ, ਭਾਈਚਾਰਕ ਦੁਖ ਵੀ ਦੂਰ ਕਰਦੇ ਨੇ, ਆਰਥਕ ਦੁਖ ਵੀ ਦੂਰ ਕਰਦੇ ਨੇ, ਇਥੇ ਤੱਕ ਕਿ ਜਮਾਂ ਦਾ ਜਿਹੜਾ ਦੁੱਖ ਹੈ ਨਾ ਸਭ ਤੋਂ ਵੱਡਾ -

***ਇਕੁ ਦੁਖੁ ਸਕਤਵਾਰ ਜਮਦੂਤ ॥***
***ਇਕੁ ਦੁਖੁ ਰੋਗੁ ਲਗੈ ਤਨਿ ਧਾਇ ॥***
***ਵੈਦ ਨ ਭੋਲੇ ਦਾਰੂ ਲਾਇ ॥ ਅੰਗ - ੧੨੫੬***

ਉਹ ਦੁਖ ਜਮਾਂ ਦਾ ਵੀ ਦੂਰ ਕਰ ਦਿੰਦੇ ਨੇ, ਹੋਰ ਕਿਸੇ ਤੋਂ ਨਹੀਂ ਹੁੰਦਾ, ਕੋਈ ਦੁਨੀਆਂ 'ਚ ਐਸਾ ਨਾ ਕੋਈ ਹਕੀਮ ਹੈ ਨਾ ਕੋਈ ਡਾਕਟਰ ਹੈ, ਜਿਹੜਾ ਜਮਦੂਤਾਂ ਦੇ ਦੁਖ ਨੂੰ ਦੂਰ ਕਰ ਦੇਵੇ। ਇਹ ਕੇਵਲ ਸੰਤਾਂ ਕੋਲ ਹੈ ਕਿ ਉਹ ਉਸ ਦੁਖ ਨੂੰ ਦੂਰ ਕਰ ਦਿੰਦੇ ਨੇ।

ਇਸ ਤਰ੍ਹਾਂ ਸੰਤ ਮਹਾਰਾਜ ਜੀ ਦੇ ਜੀਵਨ ਦੇ ਅੰਦਰ ਬੇਅੰਤ ਮਿਸਾਲਾਂ ਨੇ। ਪੜ੍ਹੇ ਲਿਖੇ ਬੰਦੇ ਵੀ ਆਏ, ਦੂਸਰੇ ਵੀ ਆਏ।

ਇਕ ਰਜਿੰਦਰ ਸਿੰਘ ਸੀ, ਗਠੀਆ ਹੋਇਆ ਹੋਇਆ ਸੀ, ਇਨਕਮਟੈਕਸ ਆਫੀਸਰ ਸੀ, ਉਹਨੇ ਮੈਨੂੰ

ਆਪਣੀ ਸਾਰੀ ਹੱਡਬੀਤੀ ਦੱਸੀ। ਏਸ ਤਰ੍ਹਾਂ ਦੇ ਨਾਲ ਇਕ ਨਹੀਂ ਬੈਅੰਤ ਹੀ, ਡਾਕਟਰ ਵੀ ਆਏ। ਇਕ ਇਥੇ ਆਪਣੇ ਡਾਕਟਰ ਹੁੰਦੇ ਪ੍ਰੀਤਮ ਸਿੰਘ ਸੀ.ਐਮ.ਓ ਉਨ੍ਹਾਂ ਦਾ ਪੇਟ ਦੁਖਣ ਲਗ ਗਿਆ। ਛੋਲੇ ਖਾ ਲਏ ਉਨ੍ਹਾਂ ਨੇ। ਉਸ ਵੇਲੇ ਹਾਸਪੀਟਲ ਨਾ ਜਾਣ, ਉਧਰੋਂ ਟੈਲੀਫੋਨ ਆਇਆ ਕਿ ਮਰੀਜ਼ ਦੀ ਜਾਨ ਨਿਕਲ ਜਾਏਗੀ, ਛੇਤੀ ਆਓ। ਉਸੇ ਵੇਲੇ ਤਿਆਰ ਹੋ ਕੇ ਚਲੇ ਗਏ।

ਮਹਾਰਾਜ ਜੀ ਕੋਲ ਆ ਗਏ, ਕਹਿਣ ਲੱਗੇ, ਮਹਾਰਾਜ ਜੀ! ਮਰੀਜ਼ ਦੀ ਜਾਨ ਨਿਕਲਣ ਵਾਲੀ ਹੈ, ਜੇ ਮੈਂ ਨਾ ਗਿਆ, ਪਰ ਮੇਰਾ ਪੇਟ ਬਹੁਤ ਦੁਖ ਰਿਹਾ ਹੈ। ਮਹਾਰਾਜ ਜੀ ਕਹਿੰਦੇ ਜਾਓ ਤੁਸੀਂ ਡਿਊਟੀ ਕਰੋ। ਇਕ ਪੁੜੀ ਦੇ ਵਿਚ ਚੂਰਨ ਪਿਆ ਸੀ ਉਹ ਫੜਾ ਦਿਤਾ। ਕਹਿੰਦੇ ਲੈ, ਇਹਨੂੰ ਖਾ ਲੈ, ਪਾਣੀ ਨਾਲ ਲੈ ਲਈਂ। ਉਥੇ ਚਲਿਆ ਗਿਆ, ਜਾ ਕੇ ਸਾਰਾ ਦਿਨ ਓਪਰੇਸ਼ਨ ਕਰਦਾ ਰਿਹਾ। ਇਧਰਲੇ ਪਾਸੇ ਮਹਾਰਾਜ ਜੀ ਦਾ ਪੇਟ ਦੁਖਣ ਲੱਗ ਗਿਆ। ਦੁਖ ਟਰਾਂਸਫਰ ਕਰ ਲਿਆ, ਖਿੱਚ ਕੇ ਆਪਣੇ ਉਤੇ ਲੈ ਲਿਆ। ਕਈ ਪ੍ਰੇਮੀਆਂ ਦਾ ਖਿਆਲ ਹੁੰਦਾ ਹੈ ਕਿ ਐਉਂ ਵੀ ਹੋ ਜਾਂਦਾ ਹੈ?

ਬਾਬਾ ਸ੍ਰੀ ਚੰਦ ਜਦੋਂ ਜਹਾਂਗੀਰ ਨੂੰ ਮਿਲਣ ਵਾਸਤੇ ਗਏ, ਤਾਂ ਉਸ ਵੇਲੇ ਆਪ ਨੇ ਕੰਬਲੀ ਲਾਹ ਕੇ ਰੱਖ ਦਿਤੀ। ਕੰਬਲੀ ਟੱਪੀ ਜਾਂਦੀ ਹੈ। ਜਹਾਂਗੀਰ ਕਹਿਣ ਲੱਗਿਆ ਕਿ ਬਾਬਾ ਜੀ! ਆਹ ਕੰਬਲੀ ਥੱਲੇ ਕੀ ਲਕੋਇਆ ਹੈ, ਆਹ ਟੱਪੀ ਜਾਂਦੀ ਹੈ। ਬਾਬਾ ਸ੍ਰੀ ਚੰਦ ਕਹਿੰਦੇ, ਬੁਖਾਰ ਚੜ੍ਹਿਆ ਹੋਇਆ ਸੀ ਸਾਨੂੰ ਬਹੁਤ ਜ਼ਿਆਦਾ, ਹੁਣ ਤੇਰੇ ਨਾਲ ਗੱਲ ਕਰਨੀ ਹੈ ਅਸੀਂ ਥੋੜ੍ਹੀ ਦੇਰ ਵਾਸਤੇ ਲਾਹ ਕੇ ਰੱਖ ਦਿਤਾ, ਕੰਬਲੀ ਨੂੰ ਚੜ੍ਹਾ ਦਿਤਾ। ਕਹਿੰਦਾ, ਮਹਾਰਾਜ! ਐਉਂ ਵੀ ਹੋ ਜਾਂਦਾ ਹੈ? ਮੈਨੂੰ ਵੀ ਚੜ੍ਹ ਸਕਦਾ ਹੈ? ਕਹਿੰਦੇ, ਲੈ ਆ ਜਾ ਇਥੇ। ਤਖਤ 'ਤੇ ਬੈਠਾ ਹੀ ਟੱਪੇ, ਹੋਰ ਹੀ ਕੁਛ ਹੋਣ ਲੱਗ ਗਿਆ। ਕਹਿੰਦਾ, ਬਾਬਾ ਜੀ ਛੇਤੀ ਵਾਪਸ ਲਵੋ, ਮੈਂ ਤਾਂ ਗਿਆ। ਐਨਾ ਜ਼ੋਰਦਾਰ ਬੁਖਾਰ ਹੈ। ਕਹਿੰਦੇ, ਚੱਲ ਫੇਰ ਕੰਬਲੀ ਨੂੰ ਚੜ੍ਹ ਜਾ।

ਜਦੋਂ ਫੇਰ ਅਸੀਂ ਟੈਲੀਫੋਨ ਕਰਿਆ ਕਿ ਮਹਾਰਾਜ ਜੀ ਦੇ ਪੇਟ 'ਚ ਦਰਦ ਹੋਣ ਲੱਗ ਗਿਆ। ਉਹਨੂੰ ਪਤਾ ਸੀ ਕਿ ਮੈਂ ਸਵੇਰੇ ਮਿਲਿਆ ਹਾਂ ਤੇ ਮੈਂ ਬੇਨਤੀ ਕਰੀ ਹੈ। ਉਸ ਵੇਲੇ ਡਾਕਟਰਾਂ ਦੀ ਟੀਮ ਲੈ ਆਇਆ। ਜਦੋਂ examine ਕਰਿਆ, ਕਹਿੰਦੇ, ਮਹਾਰਾਜ exactally ਓਹੀ ਬੀਮਾਰੀ ਹੈ ਜਿਹੜੀ ਮੈਨੂੰ ਸੀ। ਮਹਾਰਾਜ ਜੀ ਹੱਸਣ ਲੱਗ ਗਏ, ਕਹਿੰਦੇ ਤੂੰ ਤਾਂ ਓਪਰੇਸ਼ਨ ਕਰਨੇ ਸੀ, ਅਸੀਂ ਵਿਹਲੇ ਬੈਠੇ ਸੀ। ਅਸੀਂ ਕਿਹਾ ਚੱਲ ਡਾਕਟਰ ਓਪਰੇਸ਼ਨ ਕਰ ਆਵੇ ਤੇ ਸਾਡਾ ਕੀ ਹੈ ਅਸੀਂ ਤਾਂ ਵਿਹਲੇ ਮੰਜੇ 'ਤੇ ਹੀ ਬੈਠੇ ਹਾਂ, ਸਾਨੂੰ ਕੋਈ ਫਰਕ ਨਹੀਂ ਪੈਂਦਾ।

ਸੋ ਇਸ ਤਰ੍ਹਾਂ ਦੇ ਨਾਲ ਬੇਅੰਤ ਮਿਸਾਲਾਂ ਨੇ। ਇਕ-ਦੋ-ਚਾਰ-ਦੱਸ ਨਹੀਂ ਹਨ, ਬਹੁਤ ਜ਼ਿਆਦਾ ਨੇ।

ਸੋ ਉਸ ਤੋਂ ਬਾਅਦ ਹੋਇਆ ਕਰਦਾ ਹੈ -

***ਸੂਰਬੀਰ ਬਚਨ ਕੇ ਬਲੀ ॥ ਅੰਗ - ੩੯੨***

ਉਨ੍ਹਾਂ ਦੇ ਜੋ ਮੁਖ ਤੋਂ ਬਚਨ ਨਿਕਲ ਗਿਆ ਨਾ, ਉਹ ਵਲੀ ਹੋਇਆ ਕਰਦੇ ਨੇ, ਉਹ ਨਹੀਂ ਟਲਿਆ ਕਰਦਾ। ਚਾਹੇ ਕੁਛ ਹੋ ਜਾਵੇ, ਇਸ ਤਰ੍ਹਾਂ ਦੇ ਨਾਲ ਫੁਰਮਾਨ ਹੈ -

***ਧਾਰਨਾ - ਭਾਵੇਂ ਚੰਦਰਮਾ ਨਾਸ਼ ਹੋ ਜਾਵੇ,***
***ਸੰਤਾਂ ਦਾ ਬੋਲ ਨਾ ਟਲੇ।***

ਅੰਡਜ, ਜੇਰਜ, ਉਤਭੁਜ, ਸਾਰੀਆਂ ਵਿਨਾਸ਼ ਹੋ ਜਾਣ। ਸਾਰੀ ਪ੍ਰਕ੍ਰਿਤੀ ਵਿਨਾਸ਼ ਹੋ ਜਾਏ ਲੇਕਿਨ ਮਹਾਂਪੁਰਸ਼ਾਂ ਦਾ ਕਿਹਾ ਹੋਇਆ ਬਚਨ ਨਹੀਂ ਬਦਲਿਆ ਕਰਦਾ। ਉਨ੍ਹਾਂ ਦੇ ਬਚਨਾਂ ਨੂੰ ਜੇ ਗਿਣਨ ਲੱਗੀਏ ਹਿਸਾਬ ਕਿਤਾਬ ਤੋਂ ਬਾਹਰ ਹਨ। ਲੇਕਿਨ ਇਕ ਮਸ਼ਹੂਰ ਗੱਲ ਜੋ ਸਭ ਨੂੰ ਪਤਾ ਹੈ ਇਹ ਹੈ ਕਿ ਜਦੋਂ ਮੈਂ ਯੂ.ਪੀ. ਹੁੰਦਾ, ਇਕ ਦਿਨ ਮਹਾਰਾਜ ਜੀ ਆਏ ਹੋਏ ਸੀਗੇ ਹਾਪੜ, ਉਥੇ ਮੈਂ ਆਇਆ ਤਾਂ ਉਥੇ ਇਕ ਪ੍ਰੇਤ ਖੇਲ੍ਹੇ ਕਿਸੇ ਬੰਦੇ ਦੇ ਵਿਚ। ਮੈਂ ਵੀ ਉਥੇ ਖੜ੍ਹ ਗਿਆ, ਮੈਂ ਕਿਹਾ ਕਿ ਇਹ ਕੀ ਕਰਦਾ ਹੈ। ਕਹਿੰਦੇ, ਜੀ ਪ੍ਰੇਤ ਹੈ। ਮੈਂ ਕਿਹਾ, ਲੈ ਪ੍ਰੇਤ ਵੀ ਹੁੰਦੇ ਨੇ ਕਦੇ? ਸਿੰਘ 'ਚ ਪ੍ਰੇਤ ਕੀ ਆਵੇ? ਕਹਿੰਦੇ, ਤੁਸੀਂ ਗੱਲ ਕਰ ਲਓ।

ਗੱਲ ਕਰਾਉਣ ਲੱਗੇ, ਮੇਰੇ ਨਾਲ ਗੱਲ ਨਾ ਕਰੇ। ਮੇਰੇ ਮੂੰਹੋਂ ਨਿਕਲ ਗਿਆ ਕਿ ਤੈਨੂੰ ਮੈਂ ਮਹਾਂਪੁਰਸ਼ਾਂ ਨਾਲ ਮਿਲਾ ਦੇਵਾਂਗਾ। ਉਹ ਕਹਿੰਦਾ ਮਿਲਾ ਦੇਵੋਂਗੇ, ਕਈ ਦਿਨ ਦਾ ਰੁਕਿਆ ਹੋਇਆ ਸੀ ਉਥੇ। ਮੈਂ ਕਿਹਾ ਹਾਂ? ਕਹਿੰਦਾ ਚੰਗਾ। ਮੈਂ ਮਹਾਰਾਜ ਜੀ ਨੂੰ ਜਾ ਕੇ ਬੇਨਤੀ ਕਰੀ, ਉਹਦੇ ਨਾਲ ਗੱਲਬਾਤ ਕਰੀ, ਸਮਝੀ ਸਾਰੀ, ਮਹਾਰਾਜ ਕਹਿੰਦੇ ਨਾ, ਅਸੀਂ ਨਹੀਂ ਭੂਤਾਂ-ਪ੍ਰੇਤਾਂ ਨਾਲ ਗੱਲ ਕਰਨੀ। ਕਹਿੰਦੇ, ਇਥੇ ਤਾਂ ਭੂਤਾਂ ਵਾਲੇ ਆਉਣ ਲੱਗ ਜਾਣਗੇ। ਆਪਾਂ ਕੀਰਤਨ ਕਰੀਏ ਕਿ ਭੂਤਾਂ ਵਾਲਿਆਂ ਨੂੰ ਦੇਖੀਏ। ਫੇਰ ਮੈਂ ਦੱਸਿਆ ਕਿ ਮੈਨੂੰ ਐਉਂ ਕਹਿੰਦਾ ਹੈ ਕਿ ਮੈਂ ਇਰਾਨ ਤੋਂ ਆਇਆ ਸੀ ਤੇ ਆਹ ਮੁਗਲ ਖੇੜੀ ਹਸਨਪੁਰ ਤਹਿਸੀਲ ਦੇ ਵਿਚ, ਸਹਾਰਨਪੁਰ ਜ਼ਿਲੇ 'ਚ, ਇਥੇ ਮੈਂ ਰਿਹਾ ਹਾਂ, ਛੱਤੀ ਸਾਲ ਮੈਂ ਇਥੇ ਤਪਸਿਆ ਕਰੀ। ਲੇਕਿਨ ਮੈਂ ਨਿਗੁਰਾ ਸੀ, ਨਿਗੁਰਾ ਹੋਣ ਕਰਕੇ ਮੈਨੂੰ ਥਾਉਂ ਨਹੀਂ ਮਿਲਿਆ ਦਰਗਾਹ 'ਚ, ਮੈਂ ਪ੍ਰੇਤ ਬਣ ਗਿਆ। ਕੁਛ ਮੇਰੇ ਲੁਕਵੇਂ ਕੁਕਰਮ ਸੀ ਜਿਨ੍ਹਾਂ ਕਰਕੇ ਮੈਨੂੰ ਨਰਕ ਮਿਲਣਾ ਹੈ।

ਮੈਂ ਕਿਹਾ, ਉਹ ਬਹੁਤ ਜ਼ਿਆਦਾ ਘਬਰਾਉਂਦਾ ਹੈ ਮਹਾਰਾਜ! ਪੀਰ ਹੈ ਕੋਈ, ਜਾਂ ਕੋਈ ਮੌਲਵੀ ਹੈ

ਵੱਡਾ, ਹੁਣ ਸ਼ਰਨ ਵਿਚ ਆਇਆ ਹੈ, ਹੁਣ ਕ੍ਰਿਪਾ ਕਰੋ। ਕਹਿੰਦੇ, ਜੇ ਇਹਨੂੰ ਰੱਖ ਲਿਆ ਫੇਰ ਕੱਲ੍ਹ ਨੂੰ ਤਾਂ ਦਰਵਾਜ਼ਾ ਖੁਲ੍ਹ ਜਾਣਾ ਹੈ। ਭੂਤ ਹੀ ਭੂਤ ਇਥੇ ਇਕੱਠੇ ਹੋ ਜਾਣੇ ਨੇ। ਕਿਵੇਂ ਨਾ ਕਿਵੇਂ ਕਰਕੇ ਮੈਂ ਮਹਾਰਾਜ ਜੀ ਨੂੰ ਮਨਾ ਲਿਆ। ਮੈਂ ਵਾਪਸ ਆਪਣੇ ਫਾਰਮ ਚਲਿਆ ਗਿਆ ਤੇ ਉਥੋਂ ਜਾ ਕੇ ਰਾਤ ਨੂੰ, ਸਵੇਰੇ ਹੀ ਮੈਂ ਫੇਰ ਆ ਗਿਆ। ਉਸ ਵੇਲੇ ਮੇਰੀ ਗੈਰ-ਹਾਜ਼ਰੀ ਦੇ ਅੰਦਰ ਮਹਾਰਾਜ ਜੀ ਨੇ ਬੁਲਾਇਆ, ਉਹ ਆਇਆ ਨਾ। ਮੈਂ ਕਿਹਾ ਤੈਨੂੰ ਮਹਾਰਾਜ ਜੀ ਬੁਲਾਉਂਦੇ ਨੇ, ਤੂੰ ਗਿਆ ਕਿਉਂ ਨਹੀਂ। ਕਹਿੰਦਾ, ਮੈਂ ਕਿਵੇਂ ਜਾਵਾਂ? ਤੁਹਾਨੂੰ ਦਿਸਦਾ ਨਹੀਂ, ਮੈਨੂੰ ਦਿਸਦਾ ਹੈ। ਮੈਂ ਕਿਹਾ, ਕੀ ਦਿਸਦਾ ਤੈਨੂੰ ਸਾਡੇ ਨਾਲੋਂ ਜ਼ਿਆਦਾ? ਕਹਿੰਦਾ, ਮੈਨੂੰ ਜਲਾਲ ਨਜ਼ਰ ਆ ਰਿਹਾ ਹੈ ਜਲਾਲ। ਦੂਰ-ਦੂਰ ਤੱਕ ਕੋਈ ਵੀ ਬਦ-ਰੂਹ ਇਥੇ ਆ ਨਹੀਂ ਸਕਦੀ। ਜਿਹਨੂੰ ਓਰਾ ਕਹਿੰਦੇ ਨੇ, ਕਿਸੇ ਦਾ ਓਰਾ ਕਮਜ਼ੋਰ ਹੁੰਦਾ ਹੈ, ਕਿਸੇ ਦਾ ਬਹੁਤ ਭਰਵਾਂ ਜਲਾਲ ਵਾਲਾ ਹੁੰਦਾ ਹੈ। ਕਹਿੰਦਾ, ਮੈਂ ਉਹਦੇ 'ਚ ਦਾਖਲ ਨਹੀਂ ਹੋ ਸਕਦਾ, ਜਦ ਤਕ ਮਹਾਂਪੁਰਸ਼ ਮੈਨੂੰ ਜਲਾਲ ਦੇ ਵਿਚੋਂ ਨਾ ਕੱਢਣ, ਮੈਂ ਉਸ ਹੱਦ ਨੂੰ ਪਾਰ ਨਹੀਂ ਕਰ ਸਕਦਾ।

ਸਾਧਸੰਗਤ ਜੀ! ਇਹ ਗੱਲਾਂ ਬੜੀਆਂ ਅਜੀਬ ਜਿਹੀਆਂ ਲਗਦੀਆਂ ਨੇ, ਕਿਉਂਕਿ ਸੁਣੀਆਂ ਨਹੀਂ ਕਦੇ ਕਿਸੇ ਨੇ। ਜਲਾਲ ਦੀ ਮੈਂ ਗੱਲ ਕਰਦਾ ਹਾਂ। ਆ ਬੀਬੀ ਜੀ (ਬੀਬੀ ਰਣਜੀਤ ਕੌਰ ਜੀ) ਦੇ ਪਿਤਾ ਜੀ, ਇਹ ਗਲੀ 'ਚ ਤੁਰੇ ਜਾਂਦੇ ਨੇ, ਹਰ ਵਕਤ ਨਾਮ ਵਿਚ ਰਹਿੰਦੇ ਸੀ ਤੇ ਇਨ੍ਹਾਂ ਦੀ ਕੋਈ ਰਿਸ਼ਤੇਦਾਰ ਭਰਜਾਈ ਲਗਦੀ ਸੀ। ਉਹ ਅੰਦਰ ਕਿਸੇ ਪ੍ਰੇਤ ਨੇ ਫੜੀ ਹੋਈ ਸੀ, ਆਲੇ-ਦੁਆਲੇ ਖੜ੍ਹੇ ਸੀ ਲੋਕ, ਉਥੇ ਪਈ-ਪਈ ਕਹਿਣ ਲੱਗ ਗਈ ਕਿ ਹੀਰਾ ਸਿੰਆਂ! ਮੈਂ ਜਾਨੀ ਹਾਂ- ਮੈਂ ਜਾਨੀ ਆਂ। ਐਨਾ ਕਹਿ ਕੇ ਛੱਡ ਗਈ। ਉਨ੍ਹਾਂ ਦੀ ਭੂਆ ਸੀ ਉਹ ਬਾਹਰ ਨਿਕਲੀ ਕਹਿੰਦੀ, ਵੇ ਪੁੱਤ! ਅੰਦਰ ਆ ਤੂੰ, ਆਹ ਤੇਰੀ ਭਰਜਾਈ ਸੀ, ਇਹਦੇ 'ਚ ਭੂਤਨੀ ਆਈ ਹੋਈ ਸੀ, ਜਦ ਤੂੰ ਗਲੀ 'ਚ ਤੁਰਿਆ ਜਾਂਦਾ ਸੀ, ਸਾਨੂੰ ਤਾਂ ਪਤਾ ਨਹੀਂ ਤੂੰ ਆ ਰਿਹਾ ਹੈਂ, ਇਹਨੇ ਦੇਖ ਕੇ, ਐਨਾ ਸੇਕ ਲੱਗਿਆ ਤੇਰਾ ਨੱਠ ਗਈ। ਤੂੰ ਹੁਣ ਕ੍ਰਿਪਾ ਕਰ। ਬਾਪੂ ਜੀ ਨੇ ਕਿਹਾ ਕਿ ਨਾਮ 'ਚ ਤਾਕਤ ਹੁੰਦੀ ਹੈ, ਉਨ੍ਹਾਂ ਨੇ ਕਾਗਜ਼ ਲਿਆ, ਵਾਹਿਗੁਰੂ ਲਿਖ ਦਿਤਾ। ਕਮਾਇਆ ਹੋਇਆ ਵਾਹਿਗੁਰੂ। ਕਹਿੰਦੇ ਐਉਂ ਕਰਿਓ, ਜਦੋਂ ਹੁਣ ਆਉਗੀ ਨਾ, ਆਹ ਜਿਹੜਾ ਕਾਗਜ਼ ਹੈ ਇਹਦੇ ਮੂਹਰੇ ਕਰ ਦਿਓ।

ਜਦ ਫੇਰ ਆਈ, ਕਾਗਜ਼ ਕਰਿਆ ਅੱਗੇ, ਮੁੜ ਕੇ ਨਹੀਂ ਆਈ। ਕੂਕਾਂ ਮਾਰਦੀ ਨੱਠ ਗਈ।

ਇਹ ਕਮਾਏ ਹੋਏ ਨਾਮ ਦਾ ਬਲ ਹੁੰਦਾ ਹੈ ਤੇ ਨਾਮ ਵਾਲਾ ਜਿਥੇ ਤੁਰਿਆ ਜਾਂਦਾ ਹੈ ਉਥੇ ਨਾਮ ਹੀ ਨਾਮ ਹੁੰਦਾ ਹੈ ਉਹਦੇ ਆਲੇ-ਦੁਆਲੇ।

***ਆਵੈ ਸਾਹਿਬੁ ਚਿਤਿ***
***ਤੇਰਿਆ ਭਗਤਾ ਡਿਠਿਆ ॥ ਅੰਗ - ੫੨੦***

ਜਿਹੜੇ ਟੁੱਟੇ ਹੋਏ ਬੰਦੇ ਹੁੰਦੇ ਨੇ ਉਨ੍ਹਾਂ ਦੇ ਮੁੱਖ 'ਚੋਂ ਵੀ ਵਾਹਿਗੁਰੂ-ਵਾਹਿਗੁਰੂ ਨਿਕਲਣ ਲਗ ਜਾਂਦਾ ਹੈ, ਨਾਮ ਦਾ ਪ੍ਰਤਾਪ ਐਸਾ ਹੈ। ਉਹਦੇ ਅੰਦਰ ਆਉਂਦੇ ਸਾਰ ਸ਼ਾਂਤੀ ਹੋ ਜਾਂਦੀ ਹੈ ਤੇ ਚਿੱਤ ਲਗ ਜਾਂਦਾ ਹੈ। ਕੋਈ ਯਤਨ ਕਰਨ ਦੀ ਲੋੜ ਨਹੀਂ ਰਹਿੰਦੀ -

***ਸਾਧ ਕੈ ਸੰਗਿ ਨਹੀ ਕਛੁ ਘਾਲ ॥***
***ਦਰਸਨੁ ਭੇਟਤ ਹੋਤ ਨਿਹਾਲ ॥ ਅੰਗ - ੨੭੨***

ਦਰਸ਼ਨ ਕਰਦੇ ਸਾਰ, ਉਹਦੀ ਬਿਰਤੀ ਲਗ ਜਾਂਦੀ ਹੈ। ਪੂਰਨ ਸਾਧੂ ਦੀ ਨਿਸ਼ਾਨੀ ਹੋਇਆ ਕਰਦੀ ਹੈ।

ਸੋ ਮੈਂ ਮਹਾਰਾਜ ਜੀ ਕੋਲ ਬੇਨਤੀ ਕਰੀ ਕਿ ਇਹ ਐਉਂ ਕਹਿੰਦਾ ਹੈ। ਆਪ ਹੱਸ ਪਏ, ਕਹਿੰਦੇ ਬੜਾ ਕੁਛ ਜਾਣਦਾ ਹੈ ਇਹ। ਮੈਂ ਕਿਹਾ, ਮਹਾਰਾਜ! ਪੜ੍ਹਿਆ ਲਿਖਿਆ ਹੈ। ਤੁਸੀਂ ਗੱਲ ਕਰਕੇ ਦੇਖ ਲਓ। ਮਹਾਰਾਜ ਜੀ ਨੇ ਕਿਹਾ ਕਿ ਚੰਗਾ ਕਹਿ ਦਿਓ ਫੇਰ ਕਿ ਸਵੇਰੇ ਆ ਜਾਏ ਕੁਰਸੀ 'ਤੇ। ਦੂਸਰੇ ਦਿਨ ਗਿਆ, ਰੋਈ ਗਿਆ। ਮਹਾਰਾਜ ਜੀ ਉਠ ਕੇ ਚਲੇ ਗਏ। ਤੀਸਰੇ ਦਿਨ ਫੇਰ ਗਿਆ। ਤਾਂ ਉਸ ਵੇਲੇ ਮਹਾਰਾਜ ਜੀ ਨੇ ਅੰਦਰ ਬੁਲਾ ਲਿਆ। ਬਾਹਰ ਲੋਕਾਂ ਨੇ ਉਹਦੇ ਸਾਰੇ ਬਿਆਨ ਟੇਪ 'ਚ ਭਰ ਲਏ। ਉਹ ਟੇਪਾਂ ਅੱਜਕਲ੍ਹ ਵੀ ਮਿਲਦੀਆਂ ਨੇ, ਪਰ ਇਹ ਟੇਪ ਹੋਰ ਹੈ, ਉਹ ਹੋਰ ਨੇ। ਉਸ ਤੋਂ ਬਾਅਦ ਮਹਾਰਾਜ ਜੀ! ਕਹਿੰਦੇ ਕਿ ਕੀ ਚਾਹੁੰਦਾ ਹੈਂ, ਰੋਈਂ ਨਾ ਹੁਣ। ਕਹਿੰਦਾ, ਹਜ਼ੂਰ! ਮੈਂ ਦੁਖੀ ਹਾਂ ਬਹੁਤ, ਮੇਰੀ ਨਜ਼ਾਤ ਕਰਾ ਦਿਓ। ਆਪਾਂ ਮੁਕਤੀ ਕਹਿੰਦੇ ਹਾਂ ਉਹ ਨਜ਼ਾਤ ਕਹਿੰਦੇ ਨੇ। ਮਹਾਰਾਜ ਜੀ ਦੇ ਮੁੱਖ ਤੋਂ ਨਿਕਲ ਗਿਆ ਕਿ ਤੂੰ ਕਿਹੜੀ ਨਜ਼ਾਤ ਚਾਹੁੰਦਾ ਹੈਂ? ਪ੍ਰੇਤ ਪਿੰਜਰ 'ਚੋਂ ਛੁੱਟੀ ਚਾਹੁੰਦਾ ਹੈਂ ਕਿ ਮੁਕਤੀ ਚਾਹੁੰਦਾ ਹੈਂ? ਜੇ ਤੂੰ ਅਸਲੀ ਨਜ਼ਾਤ ਚਾਹੁੰਦਾ ਹੈਂ ਤਾਂ ਮਨੁੱਖ ਬਣਨਾ ਪਏਗਾ ਤੇ ਕਰਮ, ਉਪਾਸਨਾ, ਗਿਆਨ, ਵਿਗਿਆਨ, ਚਾਰ ਦਰਜਿਆਂ 'ਚੋਂ ਲੰਘ ਕੇ ਫੇਰ ਮੁਕਤੀ ਮਿਲਦੀ ਹੈ। ਉਹ ਹੁਸ਼ਿਆਰ ਸੀ, ਕਹਿਣ ਲੱਗਿਆ ਮਹਾਰਾਜ! ਮੈਂ ਨਜ਼ਾਤ ਇਹੀ ਚਾਹੁੰਦਾ ਹਾਂ, ਦੂਜੀ ਨਹੀਂ ਚਾਹੁੰਦਾ। ਉਹਨੇ ਕਿਹਾ, ਜੇ ਮੈਨੂੰ ਇਥੋਂ ਕੱਢ ਦਿਤਾ, ਕੀ ਪਤਾ ਕਿੱਧਰ ਜਾਵਾਂਗਾ। ਮਹਾਰਾਜ ਜੀ ਨੇ ਕਿਹਾ ਕਿ ਫੇਰ ਤੈਨੂੰ ਮਨੁੱਖ ਬਣਨਾ ਪੈਣਾ ਹੈ। ਨਾਉਂ ਲਿਆ ਕੋਕਾ ਕੋਲਾ ਵਾਲਿਆਂ ਦਾ ਕਿ ਉਥੇ ਭੇਜ ਦੇਈਏ, ਕਹਿੰਦਾ ਮਹਾਰਾਜ! ਇਕ ਮਿੰਟ। ਫੇਰ ਆ ਗਿਆ ਦੁਬਾਰਾ ਕਹਿੰਦਾ ਨਾ ਮਹਾਰਾਜ! ਉਥੇ ਤਾਂ ਕਾਰਾਂ ਦੀਆਂ ਲਾਈਨਾਂ ਲੱਗੀਆਂ ਖੜ੍ਹੀਆਂ ਨੇ। ਮੈਂ ਤਾਂ ਉਥੇ ਨਾਮ ਨਹੀਂ ਜਪ ਸਕਣਾ।

ਗੁਰਦੇਵ ਸਿੰਘ ਨਾਮ ਦਾ ਪ੍ਰੇਮੀ ਸੀ, ਇਹਨੇ ਗਰਦਨ ਜਿਹੀ ਕੱਢ ਕੇ ਦੇਖਿਆ ਤਾਂ ਮਹਾਰਾਜ ਜੀ ਨੇ ਦੇਖ ਲਿਆ, ਕਹਿੰਦੇ ਤੂੰ ਵੀ ਦੱਸ ਪੰਦਰਾਂ ਸਾਲ ਦਾ ਤੁਰਿਆ ਫਿਰਦਾ ਹੈਂ, ਚਿੱਤ ਵਿਚ ਲੈ ਕੇ ਕਿ ਸੰਤਾਂ ਦੀ ਸੇਵਾ ਕਰਾਂ ਤਾਂ ਮੈਨੂੰ ਪੁੱਤਰ ਦੀ ਪ੍ਰਾਪਤੀ ਹੋ ਜਾਵੇ, ਤੇਰੇ ਘਰ ਭੇਜ ਦੇਈਏ ? ਕਹਿੰਦਾ ਹਾਂ ਜੀ ਮਹਾਰਾਜ। ਕਹਿੰਦੇ, ਲੈ ਬਈ ਇਹਦੇ ਘਰ ਚਲਿਆ ਜਾਹ। ਰਾਤ ਨੂੰ ਅਸੀਂ ਇਕੱਠੇ ਪਏ ਸੀ, ਮੈਨੂੰ ਕਹਿਣ ਲੱਗਿਆ ਗੁਰਦੇਵ ਸਿੰਘ! ਕਹਿੰਦਾ ਪੁੱਤ ਵੀ ਮੰਗਿਆ, ਪ੍ਰੇਤ ਹੀ ਆਏਗਾ ਮੇਰੇ ਘਰ। ਮੈਂ ਡਰਦਾ ਹਾਂ। ਰਾਤ ਨੂੰ ਪਏ ਜਦੋਂ ਅਸੀਂ ਉਹ ਉਭੜਵਾਹੇ ਤਿੰਨ ਵਾਰੀ ਉਠਿਆ। ਮੈਂ ਕਿਹਾ ਤੈਨੂੰ ਕੀ ਹੋ ਗਿਆ ? ਕਹਿੰਦਾ, ਪਤਾ ਨਹੀਂ ਮੇਰੇ ਉਤੇ ਤਾਂ ਦਬਾਅ ਹੀ ਬੜਾ ਪੈਂਦਾ ਪਿਆ ਹੈ। ਜਦ ਅਸੀਂ ਸਵੇਰੇ ਆਏ, ਉਹ ਫੇਰ ਉਹਦੇ 'ਚ ਬੋਲਿਆ ਕਹਿੰਦਾ ਤੂੰ ਕਿਉਂ ਹਸਦਾ ਹੈਂ ? ਸੁਲੇਮਾਨ ਸੀ ਉਸਦਾ ਨਾਉਂ। ਕਹਿੰਦਾ, ਰਾਤ ਮੈਂ ਤੀਨ ਦਫਾ ਪਿਤਾ ਜੀ ਕੋ ਨਮਸ਼ਕਾਰ ਕਰਨੇ ਗਿਆ, ਕਹਿੰਦਾ, ਡਰ ਕੇ ਉਠ ਜਾਤੇ ਥੇ। ਮੈਂ ਕਿਹਾ, ਤੂੰ ਐਹੋ ਜਿਹੀਆਂ ਸ਼ਰਾਰਤਾਂ ਕਰਦਾ ਹੈਂ। ਤੂੰ ਪੁੱਤਰ ਬਣਨਾ ਹੈਂ ਇਹਦਾ ਤੇ ਤੂੰ ਡਰਾਉਣ ਲੱਗਿਆ ਹੈਂ ਬਾਪੂ ਨੂੰ ?

ਏਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਨੇ ਸਾਰੀ ਸੰਗਤ ਦੇ ਸਾਮ੍ਹਣੇ ਕਹਿ ਦਿਤਾ। ਹੁਣ ਬਹੁਤਿਆਂ ਨੂੰ ਪਤਾ ਸੀ ਕਿ ਇਹਦੀ ਪਤਨੀ ਦਾ ਓਪਰੇਸ਼ਨ ਹੋਇਆ ਹੋਇਆ ਹੈ, ਛੋਟਾ ਓਪਰੇਸ਼ਨ, ਡਾਕਟਰਾਂ ਨੇ ਕਹਿ ਦਿਤਾ ਸੀ ਕਿ ਇਹਦੇ ਬੱਚਾ ਨਹੀਂ ਹੋ ਸਕਦਾ। ਉਹਨੇ ਨਾ ਦੱਸਿਆ। ਮੈਂ ਕਿਹਾ, ਗੁਰਦੇਵ ਸਿੰਘ! ਤੂੰ ਮਹਾਰਾਜ ਜੀ ਨੂੰ ਦੱਸ ਦੇਣੀ ਸੀ ਆਹ ਗੱਲ ? ਤੁਸੀਂ ਤਾਂ ਬਿਲਕੁਲ ਹੀ ਟੈਸਟ ਲੈਣ ਲੱਗ ਗਏ। ਕਹਿੰਦਾ ਮੈਨੂੰ ਤਾਂ ਧਿਆਨ ਹੀ ਨਹੀਂ ਆਇਆ। ਸੰਗਤ ਨੇ ਕਿਹਾ, ਸੰਗਤ ਵਿਚੋਂ ਕਈ ਸਰੀਰ ਐਸੇ ਸੀ ਉਹ ਕਹਿਣ ਲੱਗੇ ਕਿ ਜੇ ਨਾ ਹੋਇਆ, ਫੇਰ ਕੀ ਹੋਏਗਾ ? ਐਸੇ ਵੀ ਸ਼ੱਕ ਹੁੰਦੇ ਨੇ ਲੋਕਾਂ ਨੂੰ ਮਹਾਂਪੁਰਸ਼ਾਂ ਉਪਰ। ਮੈਂ ਕਿਹਾ, ਨਾ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ, ਤੁਹਾਨੂੰ ਪਤਾ ਹੀ ਨਹੀਂ ਕਿ ਇਹ ਮਹਾਤਮਾ ਨੇ, ਮਹਾਤਮਾ ਦਾ ਬੋਲ ਟਲਦਾ ਹੁੰਦੈ ਕਦੇ ? ਮੈਡੀਕਲ ਸਾਇੰਸ ਸਭ ਨਵੀਂ ਬਣ ਜਾਏਗੀ। ਲੇਕਿਨ ਹੁੰਦਾ ਨਹੀਂ ਸਭ ਕੁਛ ਵਾਹਿਗੁਰੂ ਕਰੇਗਾ। ਉਹਨੂੰ ਚਾਹੇ ਦੁਬਾਰਾ ਨਾ ਕਰਨਾ ਪਵੇ।

ਕਈ ਪ੍ਰੇਮੀਆਂ ਦਾ ਖਿਆਲ ਹੁੰਦਾ ਹੈ ਕਿ ਐਉਂ ਵੀ ਹੋ ਜਾਂਦਾ ਹੈ ? ਇਥੇ ਇਕ ਕਰਨਲ ਆਏ ਸਵਰਨ ਸਿੰਘ, ਉਨ੍ਹਾਂ ਨੂੰ ਐਂਗਜ਼ਾਈਨੀਆਂ ਦੀ ਬੀਮਾਰੀ ਸੀ, ਉਹ ਆਏ ਤਾਂ ਆਪਣੀ ਘਰਵਾਲੀ ਨੂੰ ਰਾਜ਼ੀ ਕਰਨ ਸੀ, ਉਹ ਬੀਬੀ ਤਾਂ ਪਾਠ ਕਰੇ ਨਾ, ਆਪ ਕਰੀ ਗਏ। ਉਸ ਨੇ ਪੂਰਾ ਪਾਠ ਕਰਿਆ, ਬੜੀ ਸੇਵਾ ਕਰੀ ਉਹਨੇ, ਆਮ ਸਾਧਾਰਨ ਬੰਦਿਆਂ ਵਾਂਗਣ ਸੇਵਾ ਕਰੀ। ਸੇਵਾ ਕਰਕੇ ਇਥੋਂ ਚਲੇ ਗਏ ਤੇ ਉਹਦਾ ਲੜਕਾ ਉਹਨੂੰ ਕਹਿਣ ਲੱਗਿਆ, ਕਹਿੰਦਾ ਕਿ ਪਿਤਾ ਜੀ! ਹੁਣ ਮਦਰਾਸ ਤੁਹਾਡਾ ਮੈਂ ਓਪਰੇਸ਼ਨ ਕਰਾ ਦਿੰਦਾ ਹਾਂ। ਉਥੇ ਲੈ ਗਏ ਤੇ ਉਹ ਕਹਿੰਦੇ ਮੈਂ ਨਹੀਂ ਕਰਾਉਣਾ ਓਪਰੇਸ਼ਨ। ਉਥੇ ਕੀ ਵਾਪਰਿਆ ? ਜਦੋਂ ਡਾਕਟਰਾਂ ਨੇ ਟੈਸਟ ਕਰਿਆ, ਉਹ ਮੁਬਾਰਕਾਂ ਦੇਣ ਲੱਗ ਗਏ ਡਾਕਟਰ ਨੂੰ। ਕਹਿੰਦਾ, ਕੀ ਗੱਲ ? ਕਹਿੰਦੇ, ਅਜੀਬ ਗੱਲ ਹੋਈ ਹੈ ਮੈਡੀਕਲ ਸਾਇੰਸ 'ਚ। ਕਹਿੰਦੇ, ਇਨ੍ਹਾਂ ਦੇ ਇਕ ਵਾਧੂ ਨਾੜੀ ਸੀ ਦਿਲ 'ਚ, ਕਹਿੰਦੇ ਉਹ ਖੁਲ੍ਹ ਗਈ, ਬਾਕੀ ਤਾਂ ਬੰਦ ਨੇ। ਮਹਾਰਾਜ ਜੀ ਨੇ ਕੀ ਕਰਿਆ ਕਿ ਇਕ ਨਾੜੀ ਹੀ ਨਵੀਂ ਲਾ ਦਿਤੀ।

ਇਹ ਵਾਹਿਗੁਰੂ ਦੇ ਕੋਲ ਸਭ ਕੁਛ ਸਮਰੱਥਾ ਹੈ। ਐਸੀ ਗੱਲ ਨਹੀਂ, ਨਾਮ ਕੋਈ ਐਵੇਂ ਨਹੀਂ ਚੀਜ਼ ਹੁੰਦਾ ਕਿ ਕੋਈ ਕਲਪਤ ਚੀਜ਼ ਹੈ, ਇਸ 'ਤੇ ਭਰੋਸਾ ਲਿਆਓ। ਇਸੇ ਕਰਕੇ ਮਹਾਰਾਜ ਕਹਿੰਦੇ ਨੇ –

***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥***
***ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ॥***
***ਅੰਗ - ੮੧***

***ਨਾਮ ਕੀ ਮਹਿਮਾ ਸੰਤ ਰਿਦ ਵਸੈ ॥***
***ਸੰਤ ਪ੍ਰਤਾਪਿ ਦੁਰਤੁ ਸਭੁ ਨਸੈ ॥ ਅੰਗ- ੨੬੫***

ਹੋਰ ਨੂੰ ਵਿਸ਼ਵਾਸ਼ ਨਹੀਂ ਆਉਂਦਾ ਨਾਮ ਦਾ। ਕੇਵਲ ਸੰਤਾਂ ਨੂੰ ਆਉਂਦਾ ਹੈ, ਇਸ ਕਰਕੇ ਦਿਨ ਰਾਤ ਲੱਗੇ ਰਹਿੰਦੇ ਨੇ। ਸਭ ਕੁਛ ਛੱਡ ਦਿੰਦੇ ਨੇ, ਕਿਉਂਕਿ ਮਹਿਮਾ ਵਸਦੀ ਹੈ ਨਾਮ ਦੀ ਉਨ੍ਹਾਂ ਦੇ ਹਿਰਦੇ ਦੇ ਅੰਦਰ। ਸੋ ਉਹ ਹੈਰਾਨ ਹੋ ਗਿਆ ਕਿ ਨਾੜੀ ਹੀ ਨਵੀਂ ਖੁਲ੍ਹ ਗਈ।

ਸੋ ਮੈਂ ਕਿਹਾ, ਤੁਸੀਂ ਕਿਉਂ ਭਰੋਸਾ ਨਹੀਂ ਕਰਦੇ, ਭਰੋਸਾ ਕਰੋ। ਅਖੀਰ ਸਾਰਿਆਂ ਦੇ ਸਾਮ੍ਹਣੇ ਗੱਲ ਆ ਗਈ। ਸੋ ਮਹਾਂਪੁਰਸ਼ਾਂ ਦਾ ਬਚਨ ਹੁੰਦਾ ਹੈ–

***ਸੂਰਬੀਰ ਬਚਨ ਕੇ ਬਲੀ ॥ ਅੰਗ - ੩੯੨***

ਬਚਨ ਦੇ ਬਲੀ ਹੁੰਦੇ ਨੇ, ਯੂ.ਪੀ. ਸਾਡੇ ਕੋਲ 45 ਦਿਨ ਰਹੇ ਸੀ ਆਪ ਆ ਕੇ। ਉਥੇ ਦੋ ਸੌ ਬੰਦੇ ਨੂੰ ਰੋਜ਼ ਮਿਲਾਉਂਦੇ ਸੀ ਇਕ ਘੰਟੇ 'ਚ। ਕਈਆਂ ਦਾ ਖਿਆਲ ਹੁੰਦਾ ਸੀ, ਘੰਟੇ 'ਚ ਵੀ ਦੋ ਸੌ ਬੰਦਾ ਮਿਲ ਸਕਦਾ ਹੈ ? ਗਰੁੱਪ ਬਣਾ ਲੈਂਦੇ ਸੀ 15-15 ਦੇ। ਆਪ ਗੱਲ ਕਰ ਦੇਣੀ, ਮਹਾਰਾਜ ਜੀ ਨੇ ਬਚਨ ਕਰ ਦੇਣੇ। ਉਨ੍ਹਾਂ ਦੇ ਵਿਚ ਐਸੇ-ਐਸੇ ਆਏ, ਇਕ ਪ੍ਰੇਮੀ ਆਏ ਕਿ ਸਾਡੇ ਘਰ ਬੱਚਾ ਨਹੀਂ ਬਚਦਾ, ਬੱਚਾ ਹੁੰਦਾ ਹੈ ਮਰ ਜਾਂਦਾ ਹੈ। ਮਹਾਰਾਜ ਜੀ ਕਹਿੰਦੇ, ਤੁਸੀਂ ਲੋਕਾਂ ਦੇ ਬੱਚੇ ਮਾਰਦੇ ਹੋਵੋਂਗੇ, ਕੀ ਕੰਮ ਕਰਦੇ ਓਂ ? ਬੀਬੀਆਂ ਕਹਿੰਦੀਆਂ ਅਸੀਂ ਚੋਰੀ ਕਰਦੇ ਹਾਂ। ਡੰਗਰ ਚੋਰੀ ਕਰਦੇ ਹਾਂ।

ਕਹਿੰਦੇ ਕੱਟਰੂ ?

ਕਹਿੰਦੇ, ਕੱਟਰੂ ਤਾਂ ਮਹਾਰਾਜ ਅਸੀਂ

ਲਿਆਉਂਦੇ ਨਹੀਂ, ਉਹ ਤਾਂ ਉਥੇ ਹੀ ਮਰ ਜਾਂਦੇ ਨੇ। ਕਹਿੰਦੇ, ਫੇਰ ਵਾਹਿਗੁਰੂ ਤੁਹਾਡੇ ਵੀ ਮਾਰ ਦਿੰਦਾ ਹੈ। ਰੋਣ ਲੱਗ ਗਈਆਂ, ਕਹਿੰਦੀਆਂ ਮਹਾਰਾਜ! ਸਾਡਾ ਕੀ ਕਸੂਰ ਹੈ? ਉਹ ਕਹਿੰਦੇ, ਤੁਸੀਂ ਬੰਦਿਆਂ ਨੂੰ ਸਮਝਾਓ। ਕਹਿੰਦੀਆਂ ਅਸੀਂ ਕਿਵੇਂ ਸਮਝਾਈਏ, ਉਹ ਤਾਂ ਮੌਰ ਸਾਡੇ ਸੇਕ ਦਿੰਦੇ ਨੇ ਮਾਰ-ਮਾਰ ਕੇ। ਗੱਲ ਤਾਂ ਉਹ ਸੁਣਦੇ ਹੀ ਨਹੀਂ, ਸ਼ਰਾਬਾਂ ਦੇ ਡਰੰਮ ਕੱਢਦੇ ਨੇ। ਮਹਾਰਾਜ ਜੀ ਕਹਿੰਦੇ ਕਿ ਐਉਂ ਕਰੋ ਜਿਹੜੀਆਂ ਮੱਝਾਂ ਗਾਈਆਂ ਲਿਆਉਣ ਉਹ ਚੋਰੀ ਦੀਆਂ, ਤੁਸੀਂ ਉਹਦਾ ਦੁੱਧ ਨਾ ਪੀਓ। ਨਾ ਲੱਸੀ ਪੀਓ, ਨਾ ਦਹੀਂ ਖਾਇਓ। ਆਹ ਤਾਂ ਕਰ ਲਵੋਂਗੀਆਂ? ਕਹਿੰਦੀਆਂ ਹਾਂ ਮਹਾਰਾਜ। ਕਹਿੰਦੇ ਤੁਸੀਂ ਦਿਲੋਂ ਨਫਰਤ ਕਰੋ, ਇਸ ਨੂੰ ਮਾੜਾ ਕੰਮ ਸਮਝੋ।

ਇਕ ਸਾਲ ਤੋਂ ਬਾਅਦ ਉਨ੍ਹਾਂ ਦੇ ਬੱਚਾ ਹੋ ਗਿਆ, ਪਹਿਲਾਂ ਵੀ ਹੁੰਦੇ ਸੀ ਪਰ ਮਰ ਜਾਂਦੇ ਸੀ। ਉਹ ਬਚ ਗਿਆ, ਫੇਰ ਮੇਰੇ ਕੋਲ ਲੈ ਕੇ ਆਈਆਂ ਕਿ ਆਹ ਬੱਚਾ ਸਾਡਾ ਮਰਿਆ ਨਹੀਂ ਜੀਉਂਦਾ ਹੈ। ਮੈਂ ਕਿਹਾ, ਮਹਾਂਪੁਰਸ਼ਾਂ ਦਾ ਬਚਨ ਹੋਇਆ ਹੋਇਆ ਹੈ।

ਏਸੇ ਤਰ੍ਹਾਂ ਇਕ ਬੀਮਾਰ ਆਇਆ, ਬੜੀ ਉਸ ਉਪਰ ਕ੍ਰਿਪਾ ਕਰੀ ਮਹਾਰਾਜ ਜੀ ਨੇ। ਮਹਾਰਾਜ ਜੀ ਨੇ ਉਸਨੂੰ ਕਿਹਾ ਕਿ ਸ਼ਰਾਬ ਨਾ ਪੀਵੋ, ਰਾਜ਼ੀ ਹੋ ਜਾਏਂਗਾ। ਜਦੋਂ ਮੁੰਡੇ ਦਾ ਵਿਆਹ ਹੋਣ ਲੱਗਿਆ, ਇਨ੍ਹਾਂ ਨੇ ਸ਼ਰਾਬ ਕੱਢ ਲਈ। ਡਰੰਮ ਕੱਢ ਲਿਆ। ਉਹ ਬਥੇਰਾ ਜ਼ੋਰ ਲਾਵੇ, ਉਹਨੂੰ ਹੀ ਲਾ ਦਿਤਾ ਡਿਊਟੀ 'ਤੇ ਕਿ ਤੂੰ ਪੀਪੀਆਂ ਭਰ। ਪੀਪੀਆਂ ਭਰ ਰਿਹਾ ਸੀ, ਇਕ ਮੱਝ ਖੁੱਲ੍ਹੀ ਜਿਉਂ ਨੱਠੀ ਓਧਰ ਨੂੰ, ਸਾਰਾ ਕੁਛ ਤੋੜ ਦਿਤਾ, ਨੱਠ ਕੇ ਮੇਰੇ ਕੋਲ ਆ ਗਿਆ। ਕਹਿੰਦਾ ਜੀ, ਮੈਂ ਕੀ ਕਰਾਂ? ਆਹ ਕੌਤਕ ਵਰਤਿਆ ਹੈ।

ਮੈਂ ਕਿਹਾ ਜਦ ਮਹਾਂਪੁਰਸ਼ਾਂ ਨੇ ਕਹਿ ਦਿਤਾ ਫੇਰ ਤੁਸੀਂ ਕਿਉਂ ਇਸ ਤਰ੍ਹਾਂ ਕਰਦੇ ਓਂ? ਕਹਿੰਦਾ, ਮੇਰਾ ਤਾਂ ਕੋਈ ਕਸੂਰ ਨਹੀਂ ਹੈ। ਮੈਂ ਕਿਹਾ, ਤੂੰ ਜਾਹ ਹੀ ਨਾ, ਇਥੇ ਹੀ ਰਹਿ, ਜਦੋਂ ਆਉਣਗੇ ਪੁੱਛ ਲਵਾਂਗੇ ਉਸ ਤੋਂ।

ਇਸੇ ਤਰ੍ਹਾਂ ਇਕ ਸਰਦਾਰ ਬੇਲਾ ਸਿੰਘ ਨੇ, ਉਨ੍ਹਾਂ ਦੇ ਘਰਵਾਲੀ ਬੀਮਾਰ ਹੋ ਗਈ ਸੀ। ਕੁਛ ਨਹੀਂ ਸੀ ਉਹਦੇ ਹਜ਼ਮ ਹੁੰਦਾ, ਇਥੇ ਆ ਕੇ ਚੌਥੇ ਦਿਨ ਉਹ ਠੀਕ ਹੋ ਗਈ। ਰੋਟੀ ਖਾਧੀ ਨੂੰ ਦੋ ਤਿੰਨ ਮਹੀਨੇ ਹੋ ਗਏ ਸੀ। ਜਦੋਂ ਉਹਦੀ ਖਬਰ ਲੈਣ ਬੱਚੇ ਆਏ, ਤਾਂ ਚਾਰ ਫੁਲਕੇ ਹੱਥ ਦੇ ਉਤੇ ਰੱਖੇ ਹੋਏ, ਕਹਿੰਦੇ, ਹੈਰਾਨ ਹੋ ਕੇ ਕਿ ਬੀਬੀ ਚਾਰ ਫੁਲਕੇ? ਕਹਿੰਦੀ, ਮੈਂ ਤਾਂ ਇਥੇ ਆਉਂਦੀ ਹੀ ਰਾਜ਼ੀ ਹੋ ਗਈ।

ਉਹ ਮਹਾਰਾਜ ਜੀ ਕੋਲ ਆਇਆ ਕਿ ਮਹਾਰਾਜ ਜੀ! ਮੈਂ ਪਸ਼ੂ ਵੇਚ ਦੇਵਾਂ। ਮਹਾਰਾਜ ਜੀ ਕਹਿੰਦੇ ਕੀ ਗੱਲ? ਕਹਿੰਦਾ ਜੀ, ਕਿੱਲ੍ਹੇ 'ਤੇ ਆਉਂਦਾ ਹੈ ਮਰ ਜਾਂਦਾ ਹੈ। ਮਹਾਰਾਜ ਜੀ ਨੇ ਕਿਹਾ ਕਿ ਐਉਂ ਕਰ ਸ਼ਰਾਬ ਨਾ ਪੀਵੀਂ। ਕਹਿੰਦਾ ਅੱਛਾ ਮਹਾਰਾਜ। ਕਹਿੰਦੇ, ਗੁਰਦੁਆਰਾ ਹੈਗਾ? ਕਹਿੰਦਾ ਹੈ ਤਾਂ ਨਹੀਂ ਜੀ, ਬਣਾਇਆ ਹੋਇਆ ਹੈ ਮਾੜਾ ਜਿਹਾ। ਕਹਿੰਦੇ ਜਾਹ ਉਥੇ ਸੇਵਾ ਕਰ ਜਾ ਕੇ, ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਕਰ, ਝਾੜੂ ਦਿਆ ਕਰ। ਦੀਵਾ ਬੱਤੀ ਕਰ ਸ਼ਾਮ ਨੂੰ ਰਹਿਰਾਸ ਪੜ੍ਹ। ਉਸੇ ਤਰ੍ਹਾਂ ਕਰਿਆ ਮੁੜ ਕੇ ਡੰਗਰ ਹੀ ਡੰਗਰ ਹੋ ਗਏ। ਦੁੱਧ ਹੀ ਦੁੱਧ ਹੋ ਗਿਆ। ਜਦੋਂ ਬਹੁਤਾ ਹੋ ਗਿਆ ਤਾਂ ਮੇਰੇ ਕੋਲ ਆਇਆ, ਕਹਿੰਦਾ ਜੀ! ਮੈਂ ਡੰਗਰ ਵੇਚਣੇ ਚਾਹੁੰਦਾ ਹਾਂ। ਮੈਂ ਕਿਹਾ, ਤੈਨੂੰ ਮਹਾਂਪੁਰਸ਼ਾਂ ਦਾ ਹੁਕਮ ਤਾਂ ਹੈ ਨਹੀਂ। ਕਹਿੰਦਾ, ਹਾਂ ਜੀ, ਹੁਕਮ ਤਾਂ ਹੈ ਨਹੀਂ, ਜਿਹੜੇ ਡੰਗਰ ਨੂੰ ਮੈਂ ਕਹਿੰਦਾ ਹਾਂ ਕਿ ਵੇਚ ਦੇਵਾਂ, ਉਹਦੇ ਥਣਾਂ 'ਚੋਂ ਖੂਨ ਆਉਣ ਲਗ ਜਾਂਦਾ ਹੈ, ਵਿਕਦਾ ਹੀ ਨਹੀਂ ਹੈ। ਜਦੋਂ ਮੈਂ ਲੈ ਕੇ ਜਾਂਦਾ ਹਾਂ। ਕਹਿੰਦਾ ਮੈਂ ਕੀ ਕਰਾਂ, ਡੰਗਰ ਮੇਰੇ ਕੋਲ ਵਧਦੇ ਜਾਂਦੇ ਨੇ। ਮੈਂ ਕਿਹਾ, ਸ਼ੁਕਰ ਕਰ ਤੇਰੇ 'ਤੇ ਬਰਕਤ ਹੋ ਗਈ ਮਹਾਰਾਜ ਜੀ ਦੀ ਨਿਗ੍ਹਾ ਹੋ ਗਈ, ਤੇਰੇ ਘਰ ਤਾਂ ਬਰਕਤਾਂ ਹੀ ਬਰਕਤਾਂ ਆ ਗਈਆਂ। ਸੋ ਇਸ ਤਰ੍ਹਾਂ ਦੇ ਬਚਨ ਸਹਿਜ ਸੁਭਾਅ -

***ਸੂਰਬੀਰ ਬਚਨ ਕੇ ਬਲੀ ॥***
***ਕਉਲਾ ਬਪੁਰੀ ਸੰਤੀ ਛਲੀ ॥ ਅੰਗ - ੩੯੨***

ਹੋਰ ਕੋਈ ਮਾਇਆ ਨੂੰ ਨਹੀਂ ਛਲ ਸਕਦਾ। ਜੇ ਛਲ ਸਕਦਾ ਹੈ ਤਾਂ ਕੇਵਲ ਮਹਾਤਮਾ ਛਲ ਸਕਦਾ ਹੈ। ਬਾਕੀ ਸਾਰਾ ਸੰਸਾਰ ਮਾਇਆ ਦੇ ਅੱਗੇ ਹਾਰ ਜਾਂਦਾ ਹੈ। ਸੰਸਾਰ ਦੀ ਤਾਕਤ ਨਹੀਂ ਕਿ ਮਾਇਆ ਨਾਲ ਮੱਥਾ ਲਾ ਲਏ। ਜਿਹੜਾ ਕਹਿੰਦਾ ਹੈ ਉਹ ਗਿਰ ਜਾਂਦਾ ਹੈ। ਕੇਵਲ ਮਹਾਂਪੁਰਸ਼ ਨੇ ਜਿਹੜੇ ਵਾਹਿਗੁਰੂ ਦੇ ਭੇਜੇ ਹੋਏ ਹੁੰਦੇ ਨੇ, ਉਹ ਮਾਇਆ ਦਾ ਮੁਕਾਬਲਾ ਕਰਦੇ ਨੇ। ਸੋ ਇਸ ਤਰ੍ਹਾਂ ਦੇ ਨਾਲ -

***ਵਰਤਣਿ ਜਾ ਕੈ ਕੇਵਲ ਨਾਮ ॥ ਅੰਗ - ੩੯੨***

ਐਸ ਤਰ੍ਹਾਂ ਨਾਲ ਪੜ੍ਹ ਲਓ -

***ਧਾਰਨਾ - ਕੇਵਲ ਨਾਮ ਬਰਤਨ ਜਾ ਕੈ।***

ਸੰਤਾਂ ਦੇ ਕੇਵਲ ਨਾਮ ਦੀ ਬਰਤਨ ਆਉਂਦੀ ਹੈ। ਇਥੇ ਕੋਈ ਪੋਲੀਟੀਕਲ ਗੱਲਾਂ ਨਹੀਂ ਹੁੰਦੀਆਂ। ਏਸ ਸਟੇਜ ਦੇ ਉਤੇ ਆ ਕੇ ਕੋਈ ਜੇ ਏਸ ਗੱਲ ਦਾ ਗੁੱਸਾ ਕਰੇ ਕਿ ਸਾਨੂੰ ਬੋਲਣ ਨਹੀਂ ਦਿੰਦੇ, ਇਹ ਸਟੇਜ ਸੰਤਾਂ ਦੀ ਹੁੰਦੀ ਹੀ ਨਾਮ ਦੀ ਹੈ। ਨਾਮ ਤੋਂ ਬਗੈਰ ਨਾ ਕੋਈ ਚੀਜ਼ ਉਨ੍ਹਾਂ ਨੂੰ ਚਾਹੀਦੀ ਹੁੰਦੀ ਹੈ, ਨਾ ਉਨ੍ਹਾਂ ਨੂੰ ਲੋੜ ਹੈ ਕਿਸੇ ਦੀ। ਕਿਉਂਕਿ ਨਾਮ ਦੇ ਪਿਛੇ ਸਭ ਚੀਜ਼ਾਂ ਆ ਜਾਂਦੀਆਂ ਨੇ। ਸੋ ਨਾਮ ਨੂੰ ਸਮਝਣਾ ਚਾਹੀਦਾ ਹੈ ਕਿ ਬਰਤਨ ਕਿਵੇਂ ਹੁੰਦੀ ਹੈ। ਤਿੰਨ ਅਵਸਥਾ ਹੁੰਦੀਆਂ ਨੇ ਨਾਮ ਦੀਆਂ, ਜਿਹੜੇ ਬੰਦਗੀ ਕਰਨ ਵਾਲੇ ਨੇ ਉਹ

ਧਿਆਨ ਨਾਲ ਸੁਣਨ ਦਾ ਯਤਨ ਕਰੋ।

ਪਹਿਲੀ ਅਵਸਥਾ ਹੁੰਦੀ ਹੈ ਨਾਮ ਅਭਿਆਸ, ਦੂਸਰੀ ਹੁੰਦੀ ਹੈ ਨਾਮ ਦੀ ਅਉਧੀ, ਤੀਸਰਾ ਹੁੰਦਾ ਹੈ ਨਾਮ ਦਾ ਫਲ। ਇਹ ਤਿੰਨਾਂ ਨੂੰ ਧਿਆਨ ਨਾਲ ਸਮਝੋ। ਜਿਹੜਾ ਅਭਿਆਸ ਹੈ, ਜਦੋਂ ਪੰਜ ਪਿਆਰੇ ਮੰਤ੍ਰ ਦੀ ਦਾਤ ਦਿੰਦੇ ਨੇ, ਓਸ ਵੇਲੇ ਜਿਹੜਾ ਤਾਂ ਉਤਮ ਜਗਿਆਸੂ ਹੈ, ਜਿਥੇ ਪਿਛਲੇ ਜਨਮ 'ਚ ਛੱਡ ਕੇ ਆਇਆ ਹੈ ਉਥੋਂ ਲੱਗ ਜਾਏਗਾ। ਨਹੀਂ, ਆਮ ਜਗਿਆਸੂ ਜਿਹੜਾ ਹੈ, ਉਹਨੂੰ ਹੁਕਮ ਹੁੰਦਾ ਹੈ ਕਿ ਢਾਈ ਘੰਟੇ ਮਾਲਾ ਦੀ ਮਦਦ ਨਾਲ, ਤੂੰ ਗੁਰਮੰਤ੍ਰ ਦਾ ਜਾਪ ਕਰੀਂ। ਫੇਰ ਪੰਜ ਬਾਣੀਆਂ ਦਾ ਪਾਠ ਕਰੀਂ।

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*
*ਅੰਗ - ੩੦੫*

ਅੰਮ੍ਰਿਤ ਵੇਲੇ ਤਾਂ ਨਾਮ ਜਪਣਾ ਹੈ ਫੇਰ -

*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ....॥*
*ਅੰਗ - ੩੦੫*

ਫੇਰ ਬਾਣੀ ਪੜ੍ਹੇ।

*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*
*ਅੰਗ - ੩੦੫*

ਸੋ ਨਾਮ ਦਾ ਜਿਹੜਾ ਅਭਿਆਸ ਹੈ ਇਹ ਮਾਲਾ ਤੋਂ ਸ਼ੁਰੂ ਹੁੰਦਾ ਹੈ। ਉਸ ਤੋਂ ਬਾਅਦ ਰਸਨਾ ਦਾ ਨਾਮ ਹੋਇਆ ਕਰਦਾ ਹੈ। ਦਸ ਗੁਣਾਂ ਫਲ ਵਧ ਜਾਇਆ ਕਰਦਾ ਹੈ, ਇਹਨੂੰ ਜਾਪ ਕਹਿੰਦੇ ਨੇ। ਇਕ ਜਾਪ ਹੁੰਦਾ ਹੈ, ਇਕ ਅਜਪਾ ਹੁੰਦਾ ਹੈ। ਜਾਪ ਦਾ ਫਲ ਜਿਹੜਾ ਹੈ ਰਸਨਾ ਦੇ ਨਾਲ ਦਸ ਗੁਣਾਂ ਵਧ ਕੇ, ਜਦੋਂ ਰਸਨਾ ਤੋਂ ਕੰਠ ਵਿਚ ਜਾਂਦਾ ਹੈ, ਦੱਸ ਗੁਣਾਂ ਫਲ ਹੋਰ ਵਧ ਜਾਂਦਾ ਹੈ। ਜਦੋਂ ਹਿਰਦੇ 'ਚ ਜਾਂਦਾ ਹੈ, ਪਸੰਤੀ ਬਾਣੀ 'ਚ ਦਸ ਗੁਣਾਂ ਹੋਰ ਵਧ ਜਾਂਦਾ ਹੈ। ਜਦੋਂ ਪਰਾ ਬਾਣੀ 'ਚ ਜਾਂਦਾ ਹੈ, ਧੁਨੀ ਦੇ ਅੰਦਰ, ਦਸ ਗੁਣਾਂ ਹੋਰ ਵਧ ਜਾਂਦਾ ਹੈ। ਇਹਦਾ ਮਤਲਬ ਕਿ ਬਾਹਰ ਵਾਹਿਗੁਰੂ-ਵਾਹਿਗੁਰੂ ਇਕ ਹਜ਼ਾਰ ਵਾਰੀ ਕਹੇ, ਤੇ ਜਿਹੜੀ ਧੁਨੀ ਹੈ deep silence 'ਚ ਜਾ ਕੇ, ਸਿਰਫ ਇਕ ਵਾਰੀ। ਐਨਾ ਫਲ ਵਧ ਜਾਂਦਾ ਹੈ, ਇਸੇ ਕਰਕੇ ਜਿਉਂ-ਜਿਉਂ ਨਾਮ ਦਾ ਫਲ ਵਧਦਾ ਹੈ, ਤਿਉਂ-ਤਿਉਂ ਨਾਮ ਦੀਆਂ ਪ੍ਰਾਪਤੀਆਂ ਵਧ ਜਾਇਆ ਕਰਦੀਆਂ ਨੇ। ਸੋ ਮਹਾਰਾਜ ਕਹਿੰਦੇ ਨੇ ਪਹਿਲਾ ਨਾਮ ਸ੍ਵਾਸ ਦੇ ਨਾਲ ਅੰਦਰ ਨੂੰ ਸ੍ਵਾਸ ਜਾਂਦੇ, ਬਾਹਰ ਨੂੰ ਸ੍ਵਾਸ ਜਾਂਦੇ।

*ਸਾਸਿ ਸਾਸਿ ਸਿਮਰਹੁ ਗੋਬਿੰਦ ॥*
*ਮਨ ਅੰਤਰ ਕੀ ਉਤਰੈ ਚਿੰਦ ॥ ਅੰਗ - ੨੯੫*

ਸ੍ਵਾਸ ਤੋਂ ਬਾਅਦ ਫੇਰ ਅਜਪਾ ਸ਼ੁਰੂ ਹੋ ਜਾਂਦਾ ਹੈ। ਅਜਪਾ ਉਹਨੂੰ ਕਹਿੰਦੇ ਨੇ, ਨਾ ਬੁੱਲ੍ਹ ਹਿੱਲਣ ਨਾ ਜੀਭ ਹਿੱਲੇ। ਜਦੋਂ ਅਜਪਾ ਜਾਪ ਹੁੰਦਾ ਹੈ -

*ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ॥*
*ਅੰਗ - ੧੨੯੧*

ਉਸ ਵੇਲੇ ਨਾਮ ਦੇ ਵਿਚ ਪਰਿਵਰਤਨ ਹੁੰਦਾ ਹੈ। ਆਗਿਆ ਚੱਕਰ ਦੇ ਵਿਚ ਜਿਥੇ ਦੋਵੇਂ ਅੱਖਾਂ ਤੇ ਨੱਕ ਦੀ ਜੜ੍ਹ ਹੈ ਇਥੇ ਨਾਮ ਦਾ ਨਿਵਾਸ ਹੋ ਜਾਂਦਾ ਹੈ, ਅਭਿਆਸ ਕਰਨ ਦੇ ਨਾਲ। ਇਥੇ ਧੁਨ ਸੁਣਨੀ ਸ਼ੁਰੂ ਹੋ ਜਾਂਦੀ ਹੈ, ਜਿਹਨੂੰ ਅਨਹਦ ਨਾਦ ਕਹਿੰਦੇ ਨੇ, ਕਈ ਤਾਂ ਇਥੇ ਨਾਮ ਨਹੀਂ ਜਪਦੇ। ਕਈ ਸੰਪਰਦਾਵਾਂ ਦਾ ਮੈਨੂੰ ਪਤਾ ਹੈ ਜਿਹੜੇ ਕੇਵਲ ਧੁਨ ਸੁਣਦੇ ਨੇ। ਲੇਕਿਨ ਗੁਰੂ ਘਰ ਦੇ ਅੰਦਰ ਹੈ ਕਿ ਨਾਮ, ਜਿਹੜਾ ਮੰਤ੍ਰ ਹੈ ਵਾਹਿਗੁਰੂ ਇਹਦੇ ਬਗੈਰ ਮਨ ਨਿਰਮਲ ਨਹੀਂ ਹੋਣਾ। ਸੋ ਉਹਦੇ ਬਾਰੇ ਮਹਾਰਾਜ ਜੀ ਨੇ ਏਸ ਤਰ੍ਹਾਂ ਫੁਰਮਾਨ ਕਰਿਆ ਹੈ -

**ਧਾਰਨਾ - ਧੁਨ ਮਹਿ ਧਿਆਨ,**
**ਧਿਆਨ ਮਹਿ ਜਾਨਿਆ।**

*ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ*
*ਗੁਰਮੁਖਿ ਅਕਥ ਕਹਾਨੀ ॥ ਅੰਗ - ੮੭੯*

ਜਦੋਂ ਧੁਨ ਉਪਜ ਜਾਵੇ ਅੰਦਰ, ਫੇਰ ਬਿਰਤੀ ਚੜ੍ਹਦੀ ਹੈ। ਤ੍ਰਿਕੁਟੀ 'ਚੋਂ ਲੰਘਦੀ ਹੈ, ਦਸਵੇਂ ਦੁਆਰ 'ਚ ਜਾ ਪਹੁੰਚਦੀ ਹੈ।

*ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ*
*ਗੁਰਮਤੀ ਸਬਦਿ ਸੁਣਾਵਣਿਆ ॥ ਅੰਗ -੧੨੪*

ਦਿਨ ਰਾਤ ਉਥੇ ਅਨਹਦ ਦਾ ਪ੍ਰਕਾਸ਼ ਹੋ ਜਾਂਦਾ ਹੈ ਧੁਨ ਪ੍ਰਗਟ ਹੋ ਜਾਂਦੀ ਹੈ। ਉਹ ਧੁਨ ਪ੍ਰਗਟ ਹੋ ਜਾਂਦੀ ਹੈ ਜਿਹਦੇ ਬਾਰੇ ਗੁਰੂ ਮਹਾਰਾਜ ਨੇ ਏਸ ਤਰ੍ਹਾਂ ਨਾਲ ਕਿਹਾ ਹੈ, ਗੁਰੂ ਮਹਾਰਾਜ ਨੇ ਖੋਲ੍ਹ ਕੇ ਦੱਸਿਆ ਹੈ -

**ਪ੍ਰਥਮ ਓਅੰਕਾਰ ਤਿਨ ਕਹਾ**
**ਸੋ ਧੁਨ ਪੂਰ ਜਗਤ ਮਹਿ ਰਹਾ।**

ਉਹ ਜਿਹੜੀ ਨਿਰੰਕਾਰ ਦੇ ਮੁਖ 'ਚੋਂ ਧੁਨ ਪੈਦਾ ਹੋਈ ਸੀ। ਜਿਹੜੀ ਧੁਨ ਕਰਕੇ -

*ਕੀਤਾ ਪਸਾਉ ਏਕੋ ਕਵਾਉ ॥*
*ਤਿਸ ਤੇ ਹੋਏ ਲਖ ਦਰੀਆਉ ॥ ਅੰਗ - ੩*
*ਏਕ ਕਵਾਵੈ ਤੇ ਸਭਿ ਹੋਆ॥ ਅੰਗ - ੧੦੦੩*

ਉਹ ਧੁਨ ਪ੍ਰਗਟ ਹੋ ਜਾਂਦੀ ਹੈ, ਹਰੇਕ ਦੇ ਅੰਦਰ ਹੈ। ਤੁਹਾਡੇ ਅੰਦਰ, ਮੇਰੇ ਅੰਦਰ, ਜਾਨਵਰਾਂ ਦੇ ਅੰਦਰ। ਸਭ ਦੇ ਅੰਦਰ ਹੈ, ਦਰਖਤਾਂ ਦੇ ਅੰਦਰ, ਧਰਤੀ ਦੇ ਅੰਦਰ, ਅਸਮਾਨ ਦੇ ਅੰਦਰ, ਸੂਰਜ ਚੰਦ ਤਾਰਿਆਂ ਦੇ ਅੰਦਰ, ਪਾਣੀਆਂ ਦੇ ਅੰਦਰ ਹਵਾ ਦੇ ਅੰਦਰ ਇਕ ਧੁਨ ਪਰੀਪੂਰਨ ਹੈ। ਉਹਦੇ ਨਾਲ ਬਿਰਤੀ ਮਿਲ ਜਾਂਦੀ ਹੈ - ਹੌਲੀ-ਹੌਲੀ ਚੜ੍ਹਦੇ-ਚੜ੍ਹਦੇ। ਸੋ ਉਹਨੂੰ ਮਹਾਰਾਜ ਕਹਿੰਦੇ ਨੇ -

*ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ*
*ਗੁਰਮੁਖਿ ਅਕਥ ਕਹਾਨੀ ॥ ਅੰਗ - ੮੭੯*

ਜਦੋਂ ਇਹ ਅਵਸਥਾ ਆਉਂਦੀ ਹੈ, ਓਸ ਵੇਲੇ ਵਾਹਿਗੁਰੂ ਦਾ ਨਾਮ ਨਹੀਂ ਵਿਸਰਦਾ। ਫੇਰ ਏਸ ਜਾਪ ਦੇ ਨਾਲ, ਨਾਮ ਦੇ ਅਭਿਆਸ ਦੇ ਨਾਲ ਦਰਜਾ ਕਿਹੜਾ ਪ੍ਰਾਪਤ ਹੁੰਦਾ ਹੈ, ਉਹਦੇ ਬਾਰੇ ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਪੂਰੇ ਉਹ ਸਾਧੂ ਨੇ***
***ਵਿਸਰੇ ਨਾ ਨਾਮ ਜਿਨ੍ਹਾਂ ਨੂੰ।***

*ਜਿਨਾ ਸਾਸਿ ਗਿਰਾਸਿ ਨ ਵਿਸਰੈ*
*ਹਰਿ ਨਾਮਾਂ ਮਨਿ ਮੰਤੁ ॥*
*ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥*
*ਅੰਗ - ੩੧੯*

ਏਸ ਅਵਸਥਾ ਦੇ ਅੰਦਰ ਆ ਕੇ ਨਾਮ ਨਹੀਂ ਵਿਸਰਦਾ, ਨਾ ਧੁਨ ਮੱਧਮ ਪੈਂਦੀ ਹੈ, ਮਹਾਰਾਜ ਕਹਿੰਦੇ, ਉਨ੍ਹਾਂ ਨੂੰ ਸੰਤ ਕਿਹਾ ਜਾਂਦਾ ਹੈ। ਸਪੈਸ਼ਲ ਕੱਪੜਿਆ ਵਾਲਿਆਂ ਨੂੰ ਸੰਤ ਨਹੀਂ, ਕਿਸੇ ਡੇਰੇ 'ਚ ਰਹਿਣ ਵਾਲੇ ਨੂੰ ਸੰਤ ਨਹੀਂ, ਸੰਤ ਹੁੰਦਾ ਹੀ ਉਹ ਹੈ ਜਿਹਨੂੰ ਪ੍ਰਮੇਸ਼ਰ ਦਾ ਨਾਮ ਨਾ ਵਿਸਰੇ।

*ਜਿਨਾ ਸਾਸਿ ਗਿਰਾਸਿ ਨ ਵਿਸਰੈ*
*ਸੇ ਪੂਰੇ ਪੁਰਖ ਪਰਧਾਨ ॥ ਅੰਗ - ੩੧੩*

ਘੱਟ ਪ੍ਰਧਾਨ ਨਹੀਂ ਹੈਗੇ -

*ਪੰਚ ਪਰਵਾਣ ਪੰਚ ਪਰਧਾਨੁ ॥ ਅੰਗ - ੩*

ਪ੍ਰਧਾਨ ਦੀ defination ਮਹਾਰਾਜ ਨੇ ਇਥੇ ਆ ਕੇ ਕਰ ਦਿਤੀ। ਕਹਿੰਦੇ, ਪ੍ਰਧਾਨ ਉਹ ਹੁੰਦਾ ਹੈ -

*ਜਿਨਾ ਸਾਸਿ ਗਿਰਾਸਿ ਨ ਵਿਸਰੈ*
*ਸੇ ਹਰਿ ਜਨ ਪੂਰੇ ਸਹੀ ਜਾਨਿ ॥ ਅੰਗ-੯੫੧*

ਉਨ੍ਹਾਂ 'ਚ ਕੋਈ ਕਮੀ ਨਹੀਂ ਹੋਇਆ ਕਰਦੀ, ਪੂਰੇ ਹੁੰਦੇ ਨੇ। ਸੋ ਨਾਮ ਜਪਣ ਦੇ ਨਾਲ, ਅਭਿਆਸ ਦੇ ਨਾਲ, ਸਾਰੇ ਸਰੀਰ ਦੇ ਅੰਦਰ ਨਾਮ ਸਮਾ ਜਾਂਦਾ ਹੈ -

***ਧਾਰਨਾ - ਰੋਮ-ਰੋਮ ਹਰਿ ਧਿਆਵੈ***
***ਗੁਰਮੁਖ ਪਿਆਰੇ ਦਾ।***

*ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥*
*ਨਾਨਕ ਗੁਰਮੁਖਿ ਸਾਚਿ ਸਮਾਵੈ ॥ ਅੰਗ - ੯੪੧*

*ਗੁਰਮੁਖਿ ਸਗਲੀ ਗਣਤ ਮਿਟਾਵੈ ॥*
*ਅੰਗ - ੯੪੨*

ਸੋ ਸਾਰੇ ਰੋਮਾਂ ਦੇ ਅੰਦਰ ਜਿਹਭਾ ਲਗ ਜਾਂਦੀਆਂ ਨੇ ਤੇ ਵਾਹਿਗੁਰੂ ਦਾ ਉਚਾਰਨ ਹੁੰਦਾ ਹੈ। ਨਾਮ ਦੀ ਧੁਨ ਚਲ ਪੈਂਦੀ ਹੈ, ਕਿਉਂਕਿ ਧੁਨ ਅੰਦਰ ਐਨਾ ਪ੍ਰਕਾਸ਼ ਹੋ ਜਾਂਦਾ ਹੈ, ਐਨੀ ਫੋਰਸ ਹੋ ਜਾਂਦੀ ਹੈ, ਐਨੀ ਐਨਰਜੀ ਉਹਦੇ ਅੰਦਰ ਆ ਜਾਂਦੀ ਹੈ ਕਿ ਇਕੱਲੇ-ਇਕੱਲੇ ਰੋਮ ਦੇ ਵਿਚ ਨਾਮ ਦੀ ਧੁਨ ਪ੍ਰਵੇਸ਼ ਕਰ ਜਾਂਦੀ ਹੈ। ਇਥੇ ਤੱਕ ਨਾਮ ਦਾ ਅਭਿਆਸ ਹੋਇਆ ਕਰਦਾ ਹੈ, ਏਸ ਤੋਂ ਜਿਹੜੀ ਅਗਲੀ ਅਵਸਥਾ ਹੈ ਉਹਨੂੰ ਨਾਮ ਦੀ ਅਉਧੀ ਕਹਿੰਦੇ ਨੇ। ਅਭਿਆਸ ਤੋਂ ਬਾਅਦ ਫੇਰ ਕੀ ਅਵਸਥਾ ਹੁੰਦੀ ਹੈ, ਕਹਿੰਦੇ ਹੁਣ ਨਾਮ ਨੂੰ ਜਪਣ ਦੀ ਲੋੜ ਨਹੀਂ, ਆਪੇ ਹੀ ਜਪ ਹੁੰਦਾ ਹੈ, ਓਸ ਵੇਲੇ ਨਾਮ ਹੀ ਨਾਮ ਹੋ ਜਾਂਦਾ ਹੈ ਉਸ ਦੇ ਚਾਰੇ ਪਾਸੇ -

***ਧਾਰਨਾ - ਨਾਮ ਹਰੀ ਦਾ ਜਪਦੇ,***
***ਸਾਰੇ ਵਣਾਂ ਦੇ ਪੰਖੇਰੂ।***

*ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ*
*ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥*
*ਅੰਗ - ੧੨੬੫*

*ਹਰਹਟ ਭੀ ਤੂੰ ਤੂੰ ਕਰਹਿ*
*ਬੋਲਹਿ ਭਲੀ ਬਾਨਿ ॥ ਅੰਗ - ੧੪੨੦*

ਇਹ ਨਾਮ ਦੀ ਅਉਧੀ ਹੋਇਆ ਕਰਦੀ ਹੈ। ਪਹਿਲਾਂ ਨਾਮ ਦਾ ਜਾਪ ਸੀ, ਅਭਿਆਸ ਸੀਗਾ ਤੇ ਹੁਣ ਨਾਮ ਦੀ ਅਉਧੀ ਆ ਗਈ। ਜਦੋਂ ਨਾਮ ਦੀ ਅਉਧੀ ਪ੍ਰਾਪਤ ਹੁੰਦੀ ਹੈ ਫੇਰ ਸਾਰਾ ਸੰਸਾਰ ਨਾਮ ਜਪਦਾ ਪ੍ਰਤੀਤ ਦਿੰਦਾ ਹੈ।

*ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ*
*ਸਭ ਹਰਿ ਹਰਿ ਨਾਮੁ ਧਿਆਵੈ ਰਾਮ ॥*
*ਅੰਗ - ੫੪੦*

ਹਰੇਕ ਦੇ ਵਿਚੋਂ ਨਾਮ ਦੀ ਧੁਨ ਸੁਣਾਈ ਦੇਣ ਲਗ ਜਾਂਦੀ ਹੈ।

ਬਾਬਾ ਫਰੀਦ ਜੰਗਲ 'ਚ ਬੈਠੇ ਸੀ ਜਦੋਂ ਉਨ੍ਹਾਂ ਦੇ ਉਤੇ ਇਹ ਅਵਸਥਾ ਆਈ, ਉਸ ਵੇਲੇ ਆਪ ਦੇ ਮੁਖਾਰਬਿੰਦ ਤੋਂ ਐਸਾ ਫੁਰਮਾਨ ਹੋਇਆ ਹੈ -

***ਧਾਰਨਾ - ਕੱਕਰ ਚੁਗਦੇ ਥਲਾਂ ਦੇ ਵਿਚ ਵਸਦੇ,***
***ਰੱਬ ਦੀ ਨਾ ਆਸ ਛੱਡਦੇ ਪੰਛੀ।***

*ਫਰੀਦਾ ਹਉ ਬਲਿਹਾਰੀ ਤਿਨ੍ ਪੰਖੀਆ*
*ਜੰਗਲਿ ਜਿੰਨਾ੍ ਵਾਸੁ ॥*

***ਕਕਰੁ ਚੁਗਨਿ ਥਲਿ ਵਸਨਿ***
***ਰਬ ਨ ਛੋਡਨਿ ਪਾਸੁ ॥ ਅੰਗ - ੧੩੮੩***

ਜਦੋਂ ਨਾਮ ਦੀ ਅਉਧੀ ਪ੍ਰਾਪਤ ਹੋਈ, ਉਸ ਵੇਲੇ ਬਾਬੇ ਫਰੀਦ ਨੇ ਅਨੁਭਵ ਕੀਤਾ ਕਿ ਇਹ ਤਾਂ ਜਾਨਵਰ ਵੀ ਪ੍ਰਮੇਸ਼ਰ ਦਾ ਨਾਮ ਜਪਦੇ ਨੇ, ਇਹ ਵੀ ਉਸ ਦੇ ਉਤੇ ਭਰੋਸਾ ਕਰਦੇ ਨੇ, ਏਸ ਤੋਂ ਬਾਅਦ ਸਾਰੀ ਕੁਦਰਤ -

***ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ***
***ਸਭ ਹਰਿ ਹਰਿ ਨਾਮੁ ਧਿਆਵੈ ਰਾਮ ॥***
***ਅੰਗ - ੫੪੦***

ਇਸ ਤੋਂ ਅੱਗੇ ਨਾਮ ਦਾ ਫਲ ਹੋਇਆ ਕਰਦਾ ਹੈ। ਪਹਿਲਾਂ ਨਾਮ ਦਾ ਅਭਿਆਸ ਫੇਰ ਨਾਮ ਦੀ ਅਉਧੀ ਤੇ ਅਖੀਰ ਦੇ ਵਿਚ ਨਾਮ ਦਾ ਫਲ। ਨਾਮ ਦਾ ਫਲ ਕੀ ਹੁੰਦਾ ਹੈ ਉਹਦੇ ਬਾਰੇ ਮਹਾਰਾਜ ਇਸ ਤਰ੍ਹਾਂ ਦਸਦੇ ਨੇ -

***ਧਾਰਨਾ - ਸਾਂਈ ਹੀ ਵਰਗੇ ਨੇ***
***ਵਿਸਰੇ ਨਾ ਨਾਮ ਜਿਨ੍ਹਾਂ ਨੂੰ।***
***ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥***
***ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥***
***ਅੰਗ - ੩੯੭***

ਏਸ ਤਰ੍ਹਾਂ ਦੇ ਨਾਲ ਇਹ ਫਲ ਦੀ ਪ੍ਰਾਪਤੀ ਹੁੰਦੀ ਹੈ -

***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥***
***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥***
***ਅੰਗ - ੨੭੩***

***ਆਤਮ ਰਸ ਜਿਹ ਜਾਨਹੀ***
***ਸੋ ਹੈ ਖ਼ਾਲਸ ਦੇਵ।***
***ਪ੍ਰਭ ਮਹਿ ਮੋ ਮਹਿ ਤਾਸ ਮਹਿ***
***ਰੰਚਕ ਨਾਹਨ ਭੇਵ।***
***ਸਰਬ ਲੋਹ ਗ੍ਰੰਥ 'ਚੋਂ***

ਮਹਾਰਾਜ ਕਹਿੰਦੇ -

***ਯਾ ਮਹਿ ਰੰਚ ਨ ਮਿਥਿਆ ਭਾਖੀ***
***ਪਾਰਬ੍ਰਹਮ ਗੁਰ ਨਾਨਕ ਸਾਖੀ***

ਕਿੱਡੀ ਵੱਡੀ ਗੱਲ ਮਹਾਰਾਜ ਨੇ ਸਾਡੇ ਨਿਹਚੇ 'ਚ ਕਰਾਈ ਹੈ। ਕਹਿੰਦੇ ਖਾਲਸਾ ਉਹ ਹੈ ਜਿਹਨੂੰ ਆਤਮਾ ਦਾ ਰਸ ਪ੍ਰਾਪਤ ਹੋ ਗਿਆ। ਹਰ ਵਕਤ ਨਾਮ ਦੇ ਰਸ ਵਿਚ ਰਹਿੰਦਾ ਹੈ ਤੇ ਉਹਦਾ ਦਰਜਾ ਕਿੰਨਾ ਹੈ, ਮੇਰੇ ਵਿਚ, ਵਾਹਿਗੁਰੂ ਵਿਚ ਤੇ ਉਹਦੇ 'ਚ ਭੋਰਾ ਜਿੰਨਾ ਵੀ ਫਰਕ ਨਹੀਂ ਹੈ। ਸੋ ਐਸਾ -

***ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥***
***ਅੰਗ - ੨੭੨***

ਸੰਤ ਦੇ ਵਿਚ ਜਿਹੜਾ ਏਸ ਅਵਸਥਾ ਦੇ ਵਿਚ ਪਹੁੰਚ ਗਿਆ ਤੇ ਅਨੰਤ ਵਿਚ, ਕੋਈ ਫਰਕ ਨਹੀਂ ਹੋਇਆ ਕਰਦਾ ਤੇ ਉਹਦਾ ਦਰਜਾ ਹੁਣ ਕਿੱਡਾ ਹੋ ਜਾਂਦਾ ਹੈ? ਚੌਥੀ ਗੱਲ ਆ ਗਈ ਕਿ ਉਹਦੀ ਮਹਿਮਾ ਕਿੱਡੀ ਹੋ ਗਈ। ਉਹਦੇ ਬਾਰੇ ਮਹਾਰਾਜ ਏਸ ਤਰ੍ਹਾਂ ਫੁਰਮਾਨ ਕਰਦੇ ਨੇ-

***ਧਾਰਨਾ - ਸ਼ਿਵ ਜੀ ਖੋਜਦੇ ਫਿਰਦੇ***
***ਬ੍ਰਹਮਗਿਆਨੀ ਨੂੰ।***

***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥***
***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥***
***ਅੰਗ - ੨੭੩***

ਇਧਰ ਮਹਾਰਾਜ ਫੁਰਮਾਨ ਕਰਦੇ ਨੇ ਕਿ -

***ਤਾ ਕਾ ਸੰਗੁ ਬਾਛਹਿ ਸੁਰਦੇਵ ॥ ਅੰਗ- ੩੯੨***

ਐਸੇ ਮਹਾਂਪੁਰਸ਼ ਦੀ ਸੰਗਤ, ਜਿਹੜੇ ਦੇਵਤੇ ਨੇ ਸਵਰਗ ਲੋਕਾਂ ਦੇ ਉਹ ਇੱਛਿਆ ਕਰਦੇ ਨੇ ਕਿ ਕਿਤੇ ਹਰੀ ਦਾ ਜਸ ਹੋਵੇ ਤੇ ਉਥੇ ਜਾ ਕੇ ਸੁਣੀਏ। ਇਥੋਂ ਤੱਕ ਜਿਹੜੇ ਬੈਕੁੰਠ ਦੇ ਨਾਥ ਨੇ, ਜਿਸਨੂੰ ਵਿਸ਼ਨੂੰ ਭਗਵਾਨ ਕਹਿੰਦੇ ਨੇ। ਉਹ ਵੀ ਕਹਿੰਦੇ ਨੇ -

***ਜਹ ਕੀਰਤਨੁ ਤੇਰਾ ਸਾਧੂ ਗਾਵਹਿ***
***ਤਹ ਮੇਰਾ ਮਨੁ ਲਾਗੈ ॥ ਅੰਗ - ੬੧੦***
***ਕਹਿ ਕਬੀਰ ਅਬ ਕਹੀਐ ਕਾਹਿ ॥***
***ਸਾਧਸੰਗਤਿ ਬੈਕੁੰਠੈ ਆਹਿ ॥ ਅੰਗ - ੧੧੬੧***

ਬੈਕੁੰਠ ਦੇ ਦੇਵਤੇ ਉਥੇ ਆ ਕੇ ਨਿਵਾਸ ਕਰ ਲੈਂਦੇ ਨੇ। 68 ਤੀਰਥਾਂ ਦੇ ਦੇਵਤੇ।

***ਹਰਿ ਕੀ ਕਥਾ ਹੋਤ ਹੈ ਜਹਾਂ***
***ਗੰਗਾ ਭੀ ਚਲ ਆਵਤ ਤਹਾਂ।***

ਇਕ ਵਾਰੀ ਨਾਰਦਮੁਨੀ ਨੇ ਵਰਤ ਰੱਖਿਆ। ਵਰਤ ਉਪਾਰਨ ਕਰਨ ਵਾਸਤੇ ਆਪ ਬੈਕੁੰਠ ਧਾਮ ਚਲੇ ਗਏ। ਉਥੇ ਜਾ ਕੇ ਲੱਛਮੀ ਜੀ ਨੂੰ ਪੁੱਛਿਆ ਕਿ ਮੈਂ ਵਿਸ਼ਨੂੰ ਜੀ ਦੇ ਦਰਸ਼ਨ ਕਰਨ ਤੋਂ ਬਾਅਦ ਵਰਤ ਖੋਲ੍ਹਣਾ ਹੈ।

ਕਿੱਥੇ ਨੇ?

ਕਹਿੰਦੇ, ਮੈਨੂੰ ਤਾਂ ਪਤਾ ਨਹੀਂ, ਕਿੱਥੇ ਨੇ, ਦੱਸ ਕੇ ਨਹੀਂ ਗਏ।

ਕਹਿੰਦੇ, ਤੁਸੀਂ ਤ੍ਰਿਕਾਲਦਰਸ਼ੀ ਹੋ, ਸਾਰੇ ਸੰਸਾਰ ਦੇ ਪੱਤੇ ਪੱਤੇ ਨੂੰ ਜਾਣਦੇ ਹੋ, ਤੁਸੀਂ ਨਿਗ੍ਹਾ ਮਾਰ ਕੇ ਦੇਖ ਲਓ, ਉਹਨੇ ਨਿਗ੍ਹਾ ਮਾਰੀ, ਜੋਗੀਆਂ ਦੇ ਹਿਰਦਿਆਂ 'ਚ, ਖੀਰ ਸਮੁੰਦਰ 'ਚ, ਕੈਲਾਸ਼ ਪਰਬਤ 'ਤੇ, ਹੋਰ ਅਨੇਕਾਂ ਸਵਰਨ ਮੰਦਰਾਂ ਦੇ ਅੰਦਰ। ਵੱਡੇ-ਵੱਡੇ ਜਿਥੇ ਭਗਤ, ਬਹੁਤ ਜ਼ਿਆਦਾ ਕੀਰਤਨ ਕਰਦੇ ਸੀ।

ਉਨ੍ਹਾਂ ਸਾਰਿਆਂ ਦੇ ਅੰਦਰ ਨਿਗ੍ਹਾ ਮਾਰੀ ਕਿਤੇ ਨਜ਼ਰ ਨਾ ਆਏ। ਕਹਿੰਦੇ, ਮੈਨੂੰ ਤਾਂ ਨਜ਼ਰ ਨਹੀਂ ਆ ਰਹੇ। ਕਹਿਣ ਲੱਗੇ ਫੇਰ ਤੁਸੀਂ ਅਰਦਾਸ ਕਰੋ, ਜਦੋਂ ਅਰਦਾਸ ਕਰੀ ਕੀ ਦੇਖਦਾ ਹੈ, ਇਕ ਥਾਂ ਦੇ ਉਤੇ ਮਹਾਤਮਾ ਸਤਿਸੰਗ ਕਰ ਰਹੇ ਨੇ ਤੇ ਓਸ ਸਤਿਸੰਗ ਦੇ ਵਿਚ ਸਾਰਿਆਂ ਨਾਲੋਂ ਪਿੱਛੇ ਜਿਥੇ ਤਪੜ ਵੀ ਨਹੀਂ ਸੀ ਵਿਛਿਆ, ਓਸ 'ਤੇ ਚੌਂਕੜਾ ਮਾਰੀ ਬੈਠਾ ਹੈ ਭਗਵਾਨ, ਉਥੇ ਸੂਖਸ਼ਮ ਰੂਪ 'ਚ ਆ ਗਿਆ ਤੇ ਉਹ ਵੀ ਸੂਖਸ਼ਮ ਰੂਪ 'ਚ ਨੇ। ਕਹਿਣ ਲੱਗੇ, ਹੇ ਭਗਵਾਨ! ਸਵਰਨ ਮੰਦਰਾਂ 'ਚ ਨਹੀਂ ਤੁਸੀਂ ਜਾਂਦੇ। ਹੋਰ ਅਨੇਕਾਂ ਤੁਹਾਡੇ ਤਰਲੇ ਲੈਂਦੇ ਨੇ, ਧੂਫਾਂ ਜਾਲਦੇ ਨੇ, ਆਰਤੀਆਂ ਕਰਦੇ ਨੇ, ਤੁਸੀਂ ਉਥੇ ਨਹੀਂ ਜਾਂਦੇ ਤੇ ਆਹ ਭੁੰਜੇ ਆ ਕੇ ਕਿਉਂ ਬੈਠ ਗਏ?

ਕਹਿਣ ਲੱਗੇ, ਨਾਰਦ! ਸੱਚੀ-ਸੱਚੀ ਗੱਲ ਦੱਸਾਂ ਤੈਨੂੰ। ਕਹਿੰਦੇ, ਬੈਕੁੰਠ ਮੇਰਾ ਨਿਜ ਘਰ ਨਹੀਂ ਹੈ। ਮੇਰਾ ਜਿਹੜਾ ਆਪਣਾ ਘਰ ਹੈ ਨਾ -

***ਨਿਜ ਘਰ ਮੇਰੋ ਸਾਧ ਸੰਗਤਿ ਨਾਰਦ ਮੁਨਿ***
***ਦਰਸਨ ਸਾਧ ਸੰਗ ਮੇਰੋ ਨਿਜ ਰੂਪ ਹੈ।***
***ਭਾਈ ਗੁਰਦਾਸ ਜੀ***

ਜਿਹੜਾ ਮੇਰਾ ਅਸਲੀ ਰੂਪ ਹੈ, ਅਸਲੀ ਘਰ ਹੈ ਉਹ ਹੈ ਜਿਥੇ ਸਾਧੂ -

*ਜਹ ਕੀਰਤਨੁ ਤੇਰਾ ਸਾਧੂ ਗਾਵਹਿ*
*ਤਹ ਮੇਰਾ ਮਨੁ ਲਾਗੈ ॥ ਅੰਗ - ੬੧੦*

ਓਸ ਥਾਂ ਦੇ ਉਤੇ ਮੇਰਾ ਨਿਜ ਘਰ ਹੋਇਆ ਕਰਦਾ ਹੈ ਤੇ ਜਿਥੇ ਸਾਧੂ ਦੀ ਸੰਗਤ ਹੋ ਰਹੀ ਹੁੰਦੀ ਹੈ ਤੇ ਉਹ ਸਾਰੀ ਸੰਗਤ ਮੇਰਾ ਰੂਪ ਹੁੰਦੀ ਹੈ।

***ਸਾਧ ਸੰਗ ਮੇਰੋ ਮਾਤਾ ਪਿਤਾ ਔ ਕੁਟੰਬ ਸਖਾ***
***ਸਾਧ ਸੰਗ ਮੇਰੋ ਸੁਤ ਸ੍ਰੇਸਟ ਅਨੂਪ ਹੈ।***
***ਕਬਿੱਤ ਭਾਈ ਗੁਰਦਾਸ ਜੀ***

ਕਹਿੰਦੇ ਨੇ, ਕਿ ਮੇਰੀ ਕੋਈ ਮਾਂ ਨਹੀਂ, ਮੇਰਾ ਕੋਈ ਪਿਉ ਨਹੀਂ, ਕੋਈ ਕੁਟੰਬ ਨਹੀਂ, ਮੇਰਾ ਕੋਈ ਮਿੱਤਰ ਨਹੀਂ, ਮੇਰੇ ਮਿੱਤਰ ਆਹ ਬੈਠੇ ਨੇ ਸਾਰੇ। ਜਿਹੜੀ ਆਹ ਸਾਧਸੰਗਤ ਹੈ।

***ਸਾਧ ਸੰਗ ਮੇਰੋ ਮਾਤਾ ਪਿਤਾ ਔ ਕੁਟੰਬ ਸਖਾ***
***ਸਾਧ ਸੰਗ ਮੇਰੋ ਸੁਤ ਸ੍ਰੇਸਟ ਅਨੂਪ ਹੈ।***
***ਸਾਧ ਸੰਗ ਸਰਬ ਨਿਧਾਨ ਪ੍ਰਾਨ ਜੀਵਨ ਮੈ***
***ਸਾਧ ਸੰਗ ਨਿਜ ਪਦ ਸੇਵਾ ਦੀਪ ਧੂਪ ਹੈ।***
***ਸਾਧ ਸੰਗ ਰੰਗ ਰਸ ਭੋਗ ਸੁਖ ਸਹਜ ਮੈ***
***ਸਾਧ ਸੰਗ ਸੋਭਾ ਅਤਿ ਉਪਮਾ ਔ ਊਪ ਹੈ॥***
***ਕਬਿੱਤ ਭਾਈ ਗੁਰਦਾਸ ਜੀ***

ਸੋ ਉਹਦੀ ਸੰਗਤ ਵਾਸਤੇ, ਕਿਉਂਕਿ ਜਿਹੜਾ ਉਹਦਾ ਦਰਸ਼ਨ ਹੁੰਦਾ ਹੈ ਉਹਨੂੰ ਮਹਾਰਾਜ ਨੇ ਅਮੋਘ ਦਰਸ਼ਨ ਲਿਖਿਆ ਹੈ, ਉਪਮਾ ਤੋਂ ਰਹਿਤ ਜਿਹੜਾ ਦਰਸ਼ਨ ਹੁੰਦਾ ਹੈ, ਉਹ ਬੰਦਗੀ ਕਰਨ ਵਾਲੇ ਦਾ ਹੋਇਆ ਕਰਦਾ ਹੈ ਤੇ ਉਹਦਾ ਦਰਸ਼ਨ ਕਰਨ ਵਾਸਤੇ ਸ਼ਿਵ ਜੀ ਦੇਵਤਾ ਵੀ ਲੋਚਦਾ ਹੈ-

***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥***
***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥***
***ਅੰਗ - ੨੭੩***

ਐਸੀਆਂ ਬਹੁਤ ਸਾਰੀਆਂ ਮਿਸਾਲਾਂ ਨੇ, ਇਹ ਕੋਈ ਕਲਪਨਾ ਨਹੀਂ ਹੈ ਸਾਧਸੰਗਤ ਜੀ।

ਇਕ ਵਾਰੀ ਇਕ ਦੀਵਾਨ ਵਿਚ ਜਦੋਂ ਸੰਤ ਮਹਾਰਾਜ (ਸੰਤ ਈਸ਼ਰ ਸਿੰਘ ਜੀ ਮਹਾਰਾਜ) ਦਾ ਕੀਰਤਨ ਸੁਣ ਰਹੇ ਸੀ ਤਾਂ ਐਸੀ ਘਟਨਾ ਵਾਪਰੀ ਕਿ ਇਕ ਬੀਬੀ ਨੂੰ ਨਿਜ ਨੈਣ ਮਿਲ ਗਏ, ਨੈਣ ਖੁਲ੍ਹ ਗਏ। ਕੀ ਦੇਖਦੀ ਹੈ ਕਿ ਇਕ ਸਾਧੂ ਆ ਕੇ ਬੈਠ ਗਿਆ ਬੜੀ ਅਜੀਬ ਕਿਸਮ ਦਾ। ਦੂਜਾ ਹੋਰ ਆ ਗਿਆ ਉਸ ਤੋਂ ਵੀ ਜ਼ਿਆਦਾ, ਤੀਸਰਾ ਹੋਰ ਆ ਗਿਆ। ਕੀਰਤਨ ਤਾਂ ਹੋ ਹੀ ਰਿਹਾ ਸੀ, ਉਨ੍ਹਾਂ ਨੂੰ ਹੀ ਦੇਖੀ ਗਏ ਕਿ ਕੌਣ ਨੇ ਬੰਦੇ, ਇਹ ਕੌਣ ਆ ਗਏ, ਕਿੱਥੋਂ ਆ ਗਏ। ਜਦੋਂ ਕੀਰਤਨ ਦੀ ਸਮਾਪਤੀ ਹੋਈ ਤਾਂ ਮੈਂ ਪਹਿਲੀ ਲਾਈਨ 'ਚ ਬੈਠਾ ਸੀ, ਮੈਨੂੰ ਕਹਿਣ ਲੱਗੇ ਕਿ ਤੁਹਾਡੇ ਸਾਮ੍ਹਣੇ ਇਹ ਸਾਧੂ ਕੌਣ ਆਏ ਸੀ, ਜਿਹੜੇ ਬੈਠੇ ਸੀ? ਮੈਂ ਕਿਹਾ, ਸਾਧੂ! ਮੈਨੂੰ ਤਾਂ ਦਿਸੇ ਨਹੀਂ, ਮੈਂ ਤਾਂ ਦੇਖਦਾ ਰਿਹਾ ਹਾਂ, ਮਹਾਰਾਜ ਜੀ ਦਿਸਦੇ ਸੀ, ਕੋਈ ਵਿਚਾਲੇ ਤਾਂ ਸਾਧੂ ਹੈ ਨਹੀਂ? ਕਹਿੰਦੀ, ਨਾ ਤੁਹਾਡੇ ਸਾਮ੍ਹਣੇ ਤਿੰਨ ਸਾਧੂ ਬੈਠੇ ਰਹੇ ਨੇ। ਗੱਲ ਚਲਦੀ ਰਹੀ। ਮੈਂ ਕਹਾਂ ਕਿ ਉਹ ਆਏ ਨਹੀਂ ਹਨ, ਉਹ ਕਹਿਣ ਕਿ ਆਏ ਨੇ। ਅਖੀਰ ਇਹ ਗੱਲ ਮਹਾਰਾਜ ਜੀ ਦੇ ਕੋਲ ਪਹੁੰਚ ਗਈ। ਨਿਰਣਾ ਕਰਨ ਵਾਸਤੇ ਕਿ ਮਹਾਰਾਜ! ਇਹ ਕੀ ਹੋਈ ਗੱਲ? ਮਹਾਰਾਜ ਜੀ ਕਹਿੰਦੇ ਚੁੱਪ ਰਹੋ ਇਹ ਗੱਲਾਂ ਅਧਿਆਤਮਵਾਦ ਦੀਆਂ ਪ੍ਰਗਟ ਨਹੀਂ ਕਰੀਦੀਆਂ ਹੁੰਦੀਆਂ, ਜੇ ਦਿਸ ਗਿਆ ਚੁੱਪ ਰਹੋ। ਫੇਰ ਵੀ ਮੈਂ ਹਠ ਕਰਿਆ, ਮੈਂ ਕਿਹਾ ਮਹਾਰਾਜ! ਕੁਛ ਨਿਰਣਾ ਤਾਂ ਹੋਵੇ ਨਾ, ਕੋਈ ਬਚਨ ਪਤਾ ਲੱਗੇ? ਕੀ ਉਹ ਬੀਬੀ ਗਲਤ ਕਹਿ ਰਹੀ ਸੀ? ਕਹਿੰਦੇ, ਨਹੀਂ ਉਹ ਗਲਤ ਨਹੀਂ ਸੀ ਕਹਿ ਰਹੀ।

ਫੇਰ ਮਹਾਰਾਜ ਜੀ ਮੈਨੂੰ ਨਹੀਂ ਪਤਾ ਲੱਗਿਆ?

ਕਹਿੰਦੇ, ਉਹਦੇ ਨੈਣ ਖੁਲ੍ਹ ਗਏ ਤੇ ਉਹਨੇ ਦਿਬਯ ਸੂਰਤਾਂ ਦੇਖ ਲਈਆਂ ਇਥੇ ਦੀਵਾਨ 'ਚ। ਮਹਾਰਾਜ ਜੀ ਦੇ ਮੁਖ 'ਚੋਂ ਨਿਕਲਿਆ ਕਿ ਤਿੰਨ ਮੁਖੀ ਦੇਵਤੇ, ਹਰੀ ਦਾ ਜਸ ਸੁਣਨ ਵਾਸਤੇ ਆਪਣੇ ਲੋਕ ਛੱਡ ਕੇ ਬ੍ਰਹਮ ਲੋਕ, ਸ਼ਿਵ ਲੋਕ, ਬੈਕੁੰਠ ਛੱਡ ਕੇ, ਇਥੇ ਗੁਰੂ ਨਾਨਕ ਦੇ ਦਰ 'ਤੇ ਆ ਕੇ ਸ਼ਾਂਤੀ ਪ੍ਰਾਪਤ

ਕਰ ਰਹੇ ਸੀ। ਜਿਥੇ ਹਰੀ ਦਾ ਜਸ ਹੁੰਦਾ ਹੈ ਉਥੇ ਸਾਰੇ ਹੀ ਦੇਵਤੇ ਆ ਜਾਂਦੇ ਨੇ।

***ਤਾ ਕਾ ਸੰਗੁ ਬਾਛਹਿ ਸੁਰਦੇਵ ॥***
***ਅਮੋਘ ਦਰਸੁ ਸਫਲ ਜਾ ਕੀ ਸੇਵ ॥***
***ਅੰਗ - ੩੯੨***

ਤੇ ਦਰਸਨ ਅਮੋਘ ਨੇ ਤੇ ਜੋ ਬਚਨ ਹੁੰਦਾ ਹੈ ਇਸੇ ਕਰਕੇ ਹੁੰਦਾ ਹੈ ਨਾ ਪੂਰਾ। ਸੋ ਇਕ ਐਸੀ ਘਟਨਾ ਮਹਾਰਾਜ ਦੇ ਜੀਵਨ 'ਚ ਆਉਂਦੀ ਹੈ ਕਿ ਜਦੋਂ ਇਥੋਂ ਚੰਡੀਗੜ੍ਹੋਂ ਦੀਵਾਨ ਲਾ ਕੇ ਗਏ, ਸਾਡੇ ਕੋਲੋਂ। ਉਸ ਵੇਲੇ ਮੈਂ ਅਜੇ ਫਾਰਮ 'ਚ ਨਹੀਂ ਸੀ ਗਿਆ। ਰਸਤੇ 'ਚ ਜਦੋਂ ਮੁਰਾਦਾਬਾਦ ਲੰਘਣ ਲੱਗੇ, ਉਥੇ ਇਕ ਪ੍ਰੇਮੀ ਸੁਰਜੀਤ ਸਿੰਘ ਸੀ ਮੁਰਾਦਾਬਾਦ ਵਾਲੇ। ਟਰਾਂਸਪੋਰਟਰ ਸੀ। ਉਨ੍ਹਾਂ ਨੇ ਮਹਾਰਾਜ ਜੀ ਨੂੰ ਰੋਕ ਲਿਆ। ਉਨ੍ਹਾਂ ਦਾ ਆਪਣਾ ਮਕਾਨ ਚੰਗਾ ਨਾ ਹੋਣ ਕਰਕੇ ਉਨ੍ਹਾਂ ਨੇ ਇਕ ਰਾਜਾ ਸੀ ਛੋਟਾ ਜਿਹਾ, ਰਮੇਸ਼ ਕੁਮਾਰ ਸਾਹੂ, ਉਸ ਵੇਲੇ ਐਮ.ਪੀ. ਸੀ ਉਹ, ਉਹਨੂੰ ਕਿਹਾ ਕਿ ਮਹਾਂਪੁਰਸ਼ ਆ ਰਹੇ ਨੇ, ਤੇਰੀ ਕੋਠੀ 'ਚ ਠਹਿਰਾਉਣੇ ਨੇ। ਉਹ ਕਹਿੰਦਾ, ਮੇਰੇ ਮਹੱਲ 'ਚ, ਖਾਸ ਘਰ 'ਚ ਠਹਿਰਾਓ। ਉਪਰ ਵੱਡਾ ਚੁਬਾਰਾ ਸੀਗਾ, ਉਹਦੇ 'ਚ ਮਹਾਰਾਜ ਜੀ ਦਾ ਆਸਣ ਲਗਾ ਦਿਤਾ। ਇਥੋਂ ਸਾਝਰੇ ਤੁਰੇ ਸੀ, ਉਥੇ ਜਾ ਰਹੇ। ਦੁਪਹਿਰ ਦਾ ਪ੍ਰਸ਼ਾਦਾ ਆਪ ਨੇ ਹਾਪੜ ਛਕਿਆ। ਉਸ ਤੋਂ ਬਾਅਦ ਮੁਰਾਦਾਬਾਦ ਚਲੇ ਗਏ, ਘੰਟੇ ਕੁ ਦੇ ਵਿਚ। ਉਥੇ ਜਾ ਕੇ ਦੋ-ਢਾਈ ਘੰਟੇ ਆਰਾਮ ਕਰਿਆ, ਸੰਗਤਾਂ ਨੂੰ ਮਿਲੇ, ਜਦੋਂ ਪੰਜ ਵੱਜੇ, ਸੁਰਜੀਤ ਸਿੰਘ ਹੇਠਾਂ ਉਤਰ ਕੇ ਕਹਿਣ ਲੱਗਿਆ, ਸਾਹੂ ਸਾਹਿਬ! ਤੇਰੇ ਘਰ ਪੂਰਨ ਮਹਾਂਪੁਰਖ ਆਏ ਨੇ, ਮੰਗ ਲੈ ਕੀ ਮੰਗਣਾ ਹੈ।

ਕਹਿੰਦਾ, "ਮਿਲ ਜਾਏਗਾ?"

ਕਹਿੰਦੇ, ਹਾਂ, ਸਾਡੇ ਗੁਰਬਾਣੀ ਦੇ ਅੰਦਰ ਇਸ ਤਰ੍ਹਾਂ ਫੁਰਮਾਨ ਆਉਂਦਾ ਹੈ -

***ਧਾਰਨਾ - ਜੇ ਤੈਂ ਚਾਰ ਪਦਾਰਥ ਲੈਣੇ,***
***ਸੇਵਾ ਕਰ ਲੈ ਸਾਧੂਆਂ ਦੀ।***
***ਚਾਰਿ ਪਦਾਰਥ ਜੇ ਕੋ ਮਾਗੈ ॥***
***ਸਾਧ ਜਨਾ ਕੀ ਸੇਵਾ ਲਾਗੈ ॥ ਅੰਗ - ੨੬੬***

ਸਾਡੇ ਗੁਰੂ ਮਹਾਰਾਜ ਨੇ ਐਸ ਤਰ੍ਹਾਂ ਫੁਰਮਾਨ ਕਰਿਆ ਹੈ ਕਿ ਚਾਰ ਪਦਾਰਥ ਮਿਲਦੇ ਨੇ -

***ਤੀਰਥ ਕੀਏ ਏਕ ਫਲ,***
***ਸੰਤ ਮਿਲੇ ਫਲ ਚਾਰ।***
***ਗੁਰੂ ਮਿਲੇ ਫਲ ਅਨੇਕ ਹੈਂ***
***ਕਹਤ ਕਬੀਰ ਬੀਚਾਰੁ।***

ਕਹਿੰਦਾ ਹੈਂ?

ਕਹਿੰਦਾ ਹਾਂ।

ਓਸ ਵੇਲੇ ਹੀ ਓਸ ਨੇ ਨਿਹਚਾ ਕਰ ਲਿਆ। ਘਰਵਾਲੀ ਨੂੰ, ਆਪਣੀ ਰਾਣੀ ਨੂੰ ਕਹਿਣ ਲੱਗਿਆ, ਛੇਤੀ ਮਹਾਂਪੁਰਸ਼ਾਂ ਕੋਲ ਚੱਲੋ, ਇਸ਼ਨਾਨ ਕਰੋ ਸ਼ੁੱਧ ਹੋ ਕੇ ਕਿਉਂਕਿ ਇਨ੍ਹਾਂ ਦੇ ਅੰਦਰ ਫੇਰ ਵੀ ਮਰਿਆਦਾ ਹੈ। ਮਹਾਂਪੁਰਸ਼ਾਂ ਕੋਲ ਐਵੇਂ ਨਹੀਂ ਜਾਣਾ, ਇਸ਼ਨਾਨ ਕੀਤਾ, ਨਵੇਂ ਵਸਤਰ ਪਹਿਨੇ, ਉਸ ਤੋਂ ਵੀ ਜ਼ਿਆਦਾ ਕੀ ਕਰਿਆ, ਘਾਹ ਮੰਗਾ ਲਿਆ ਬਾਗ ਵਿਚੋਂ, ਰਾਣੀ ਦੇ ਹੱਥ 'ਚ ਵੀ ਫੜਾ ਦਿਤਾ ਘਾਹ। ਆਪ ਵੀ ਫੜ ਲਿਆ 'ਤੇ ਗਲ 'ਚ ਪੱਲੇ ਪਾ ਲਏ। ਗਲ 'ਚ ਪੱਲਾ ਪਾਉਣ ਦਾ ਮਤਲਬ ਇਹ ਹੁੰਦਾ ਹੈ ਕਿ ਮੈਂ ਅਧੀਨ ਹਾਂ, ਮੈਂ ਅਹੰਕਾਰੀ ਨਹੀਂ ਹਾਂ ਤੇ ਮੈਂ ਅਧੀਨ ਹੋ ਕੇ ਆ ਰਿਹਾ ਹਾਂ। ਓਸ ਵੇਲੇ ਮਹਾਰਾਜ ਜੀ, ਜਾਣ ਵਾਸਤੇ ਤਿਆਰ ਹੋ ਗਏ, ਨੈਨੀਤਾਲ, ਭੀਮਤਾਲ ਜਾਣਾ ਸੀ ਤੇ ਸ਼ਾਮ ਦਾ ਜਲ ਪਾਣੀ ਆਪ ਨੇ ਛਕ ਲਿਆ ਸੀ। ਬੇਨਤੀ ਕੀਤੀ ਗਈ ਕਿ ਮਹਾਰਾਜ! ਏਸ ਕੋਠੀ ਦਾ ਜੋ ਮਾਲਕ ਹੈ ਉਹ ਕੋਟ ਦੁਆਰ ਦਾ ਰਾਜਾ ਹੈ 'ਤੇ ਹੁਣ ਇਥੇ ਐਮ.ਪੀ. ਹੈ ਜਾਂ ਐਮ.ਐਲ.ਏ ਹੈ, ਉਹ ਆਪ ਦੇ ਦਰਸ਼ਨ ਕਰਨੇ ਚਾਹੁੰਦਾ ਹੈ। ਮਹਾਰਾਜ ਜੀ ਨੇ ਕਿਹਾ ਆ ਜਾਣ ਦਿਓ।

ਅੰਦਰ ਭੇਜ ਦਿਤੇ, ਦੋਹਾਂ ਦੇ ਹੱਥਾਂ ਦੇ ਵਿਚ ਘਾਹ ਫੜਿਆ ਹੋਇਆ ਹੈ ਤੇ ਇਕ-ਇਕ ਤਿਣਕਾ ਚੁੱਕ ਕੇ ਮੂੰਹ 'ਚ ਪਾ ਲਿਆ ਉਨ੍ਹਾਂ ਨੇ ਘਾਹ ਦਾ। ਮਹਾਰਾਜ ਜੀ ਨੇ ਦੇਖਿਆ ਕਿ ਇਹ ਤਾਂ ਲੋਕ ਮਰਿਆਦਾ ਪੁਰਸ਼ੋਤਮ ਨੇ, ਸਾਧੂ ਨੂੰ ਮਿਲਣ ਵਾਸਤੇ ਜਦੋਂ ਜਾਂਦਾ ਹੈ, ਕਿੰਨੀ ਅਧੀਨਗੀ ਦੀ ਲੋੜ ਹੈ ਜੇ ਕੁਛ ਲੈਣਾ ਹੈ। ਓਸ ਵੇਲੇ ਮੂੰਹ 'ਚ ਘਾਹ ਦੇਖਿਆ, ਹੱਥ 'ਚ ਘਾਹ ਦੇਖਿਆ, ਗਲ 'ਚ ਪੱਲਾ ਦੇਖਿਆ, ਪੱਲੇ ਦੇ ਦੁਆਲੇ ਦੋਵੇਂ ਹੱਥ ਰਾਣੀ ਨੇ ਵੀ ਬੰਨ੍ਹੇ ਹੋਏ ਨੇ ਤੇ ਉਹਨੇ ਵੀ। ਮਹਾਰਾਜ ਨੇ ਪੁਛਿਆ ਕਿ ਕਿਵੇਂ ਆਏ ਤੁਸੀਂ? ਦੱਸੋ?

ਕਹਿੰਦੇ, ਪਾਤਸ਼ਾਹ! ਭੁੱਖੇ ਹਾਂ, ਪਿਆਸੇ ਹਾਂ, ਸਮੁੰਦਰ ਦੇ ਕੋਲ ਆਏ ਹਾਂ।

ਕਹਿੰਦੇ, ਕਾਹਦੀ ਪਿਆਸ ਹੈ?

ਕਹਿਣ ਲੱਗੇ, ਮਹਾਰਾਜ! 25 ਸਾਲ ਹੋ ਗਏ ਲੜਕੀ ਹੋਈ ਸੀ, ਮੁੜ ਕੇ ਕੋਈ ਉਲਾਦ ਨਹੀਂ ਹੋਈ। ਇਕ ਲੜਕੇ ਦੀ ਦਾਤ ਚਾਹੀਦੀ ਹੈ। ਸੇਵਾ ਸਾਡੇ ਤੋਂ ਨਹੀਂ ਹੋਈ, ਲੇਕਿਨ ਅਸੀਂ ਮਹਿਮਾ ਸੁਣੀ ਹੈ। ਉਸ ਵੇਲੇ ਮਹਾਰਾਜ ਜੀ ਗੰਭੀਰ ਹੋ ਗਏ, ਉਠ ਰਹੇ ਸੀ, ਬੈਠ ਗਏ ਫੇਰ, ਨੇਤਰ ਬੰਦ ਕਰ ਲਏ।

ਕਹਿੰਦੇ, ਕੀ ਕਰਿਆ ਹੈ ਤੁਸੀਂ ਹੁਣ ਤੱਕ ਪੁੱਤਰ ਪ੍ਰਾਪਤੀ ਵਾਸਤੇ। ਕਹਿੰਦੇ, ਮਹਾਰਾਜ! ਜੋ ਕਿਸੇ ਨੇ ਦੱਸਿਆ ਸੀ, ਸਭ ਕੁਛ ਕਰਿਆ ਹੈ। 68 ਤੀਰਥਾਂ

'ਤੇ ਜਾ ਕੇ ਵਿਧੀਪੂਰਵਕ ਦਾਨ ਦਿਤੇ ਨੇ। ਅਰਦਾਸਾਂ ਕਰਾਈਆਂ ਨੇ। ਸੰਤਾਂ ਦੀਆਂ ਮੰਡਲੀਆਂ ਬੁਲਾ-ਬੁਲਾ ਕੇ ਜਗਰਾਤੇ ਕਰੇ ਨੇ। ਬੇਅੰਤ ਸਾਧੂ ਹਰਿਦੁਆਰ ਤੋਂ, ਹੋਰ ਥਾਵਾਂ ਤੋਂ ਆ ਕੇ ਇਥੇ ਕੀਰਤਨ ਕਰਦੇ ਰਹੇ ਤੇ ਜਗਰਾਤੇ ਕੀਤੇ ਨੇ। ਕਿੰਨੀ ਵਾਰੀ ਅਸੀਂ ਭੰਡਾਰੇ ਕਰੇ ਨੇ ਪਰ ਹਾਲੇ ਤੱਕ ਮੁਰਾਦ ਕਿਤੋਂ ਪ੍ਰਾਪਤ ਨਹੀਂ ਹੋਈ। ਮਹਾਰਾਜ ਜੀ ਨੇ ਕਿਹਾ ਕਿ ਕੋਈ ਭਜਨ ਵੀ ਕਰਦੇ ਹੁੰਦੇ ਓ? ਕਹਿੰਦੇ, ਹਾਂ ਜੀ ਮਹਾਰਾਜ! ਇਕਮਹਾਤਮਾ ਨੇ ਸਾਨੂੰ ਉਪਾਸ਼ਨਾ ਕਰਨੀ ਦੱਸੀ ਸੀ ਕਿ ਪਹਿਲਾਂ ਕਰਮ ਹੁੰਦਾ ਹੈ, ਫੇਰ ਉਪਾਸ਼ਨਾ ਹੁੰਦੀ ਹੈ, ਫੇਰ ਗਿਆਨ ਹੁੰਦਾ ਹੈ, ਫੇਰ ਵਿਗਿਆਨ ਹੁੰਦਾ ਹੈ।

ਕਹਿੰਦੇ, ਕੀਹਨੂੰ ਧੇਅ ਬਣਾਇਆ ਹੋਇਆ ਹੈ?

ਕਹਿੰਦੇ, ਵਿਸ਼ਨੂੰ ਜੀ ਨੂੰ।

ਮਹਾਰਾਜ ਜੀ ਚੁੱਪ ਕਰ ਗਏ। ਕਹਿਣ ਲੱਗੇ, ਸਾਹੂ ਸਾਹਿਬ! ਗੱਲ ਦੇ ਨੇੜੇ-ਨੇੜੇ ਪਹੁੰਚੇ ਹੋਏ ਓਂ। ਥੋੜ੍ਹਾ ਜਿਹਾ ਹੋਰ ਕਰ ਲਓ।

ਕਹਿੰਦਾ ਕੀ?

ਕਹਿੰਦੇ, ਫਕੀਰ ਦੀ ਤਾਂ ਹੁੰਦੀ ਹੈ ਦੁਆ, ਮੰਨਣੀ ਹੁੰਦੀ ਹੈ ਮਾਲਕ ਨੇ ਤੇ ਤੂੰ ਐਉਂ ਕਰ ਬਾਕੀ ਸਮਾਨ ਇਵੇਂ ਜਿਵੇਂ ਰੱਖ, ਜਿਵੇਂ ਤੂੰ ਕਰਦਾ ਹੈਂ, ਟੱਲੀਆਂ ਖੜਕਾਉਂਦਾ ਹੈ, ਭੋਗ ਲਵਾਉਂਦਾ ਹੈ ਲਵਾਈ ਜਾ ਤੇ ਇਕ ਬਦਲੀ ਕਰ ਲੈ ਇਥੇ ਗੁਰੂ ਨਾਨਕ ਪਾਤਸ਼ਾਹ ਦੀ ਤਸਵੀਰ ਰੱਖ ਦੇ ਤੇ ਤੂੰ ਕੋਈ ਫਰਕ ਨਾ ਜਾਣੀ, ਜੇ ਤੇਰੇ ਮਨ ਵਿਚ ਨਿਹਚਾ ਹੈ ਗੁਰੂ ਨਾਨਕ ਤੋਂ ਮੰਗ ਲਈਂ। ਓਸ ਵੇਲੇ ਉਹਨੇ ਉਵੇਂ ਜਿਵੇਂ ਕਰਿਆ, ਮੈਨੂੰ ਆਪ ਦੱਸਿਆ ਉਸ ਨੇ ਕਿ ਮੈਂ ਗੁਰੂ ਨਾਨਕ ਜੀ ਦੀ ਤਸਵੀਰ ਲਿਆਂਦੀ ਤੇ ਵਿਸ਼ਨੂੰ ਜੀ ਦੀ ਪਾਸੇ ਕਰਕੇ ਮੈਂ ਗੁਰੂ ਨਾਨਕ ਸਾਹਿਬ ਦੀ ਰੱਖ ਦਿਤੀ ਤੇ ਮੈਂ ਪੂਰੀ ਸ਼ਰਧਾ ਦੇ ਨਾਲ ਅਰਾਧਨਾ ਕਰਨ ਲੱਗ ਗਿਆ। ਪੂਰੇ ਦਸ ਮਹੀਨੇ ਤੋਂ ਬਾਅਦ ਉਹਨੂੰ ਪੁੱਤਰ ਦੀ ਦਾਤ ਪ੍ਰਾਪਤ ਹੋਈ। ਬੜਾ ਖੁਸ਼ ਹੋਇਆ, 25 ਸਾਲ ਤੋਂ ਕੋਈ ਉਲਾਦ ਨਹੀਂ ਸੀ ਹੋ ਰਹੀ। ਫੇਰ ਉਹਨੇ ਕਰ ਲਿਆ ਕਿ ਜਿੰਨੀ ਦੇਰ ਮਹਾਰਾਜ ਜੀ ਮੁਰਾਦਾਬਾਦ ਰਹਿਣਗੇ, ਮੇਰੀ ਕੋਠੀ 'ਚ ਹੀ ਰਹਿਣਗੇ ਤੇ ਮੈਂ ਹੀ ਸੇਵਾ ਕਰਾਂਗਾ। ਬੜੇ ਦੀਵਾਨ ਲਵਾਏ ਉਹਨੇ ਬੁਲਾ-ਬੁਲਾ ਕੇ। ਸੋ ਏਸ ਤਰ੍ਹਾਂ ਦੇ ਨਾਲ -

*ਤਾ ਕਾ ਸੰਗੁ ਬਾਛਹਿ ਸੁਰਦੇਵ ॥*
*ਅਮੋਘ ਦਰਸੁ ਸਫਲ ਜਾ ਕੀ ਸੇਵ ॥*

*ਅੰਗ - ੩੯੨*

ਸੰਤਾਂ ਦੀ ਸੇਵਾ ਕੀਤੀ ਸਫਲ ਹੋਇਆ ਕਰਦੀ ਹੈ, ਅਸਫਲ ਨਹੀਂ ਹੋਇਆ ਕਰਦੀ। ਜਦੋਂ ਮੈਨੂੰ ਇਥੋਂ ਭੇਜਿਆ ਮਹਾਰਾਜ ਜੀ ਨੇ, ਬਚਨ ਕਰਿਆ, ਅੰਮ੍ਰਿਤ ਵੇਲਾ ਸੀ ਜਦੋਂ ਜਾ ਰਹੇ ਸੀ ਚੰਡੀਗੜ੍ਹ ਤੋਂ। ਮੈਂ ਤੇ ਬੀਬੀ ਜੀ (ਬੀਬੀ ਰਣਜੀਤ ਕੌਰ ਜੀ) ਤੁਹਾਡੇ, ਦੋਵੇਂ ਤਿੰਨ ਵਜੇ ਮਹਾਰਾਜ ਜੀ ਦੇ ਕਮਰੇ ਵਿਚ ਦਾਖਲ ਹੋ ਗਏ ਅੰਮ੍ਰਿਤ ਵੇਲੇ। ਉਸ ਵੇਲੇ ਆਪ ਸਮਾਧੀ 'ਚ ਬੈਠੇ ਸੀ, ਅਸੀਂ ਕਿਹਾ ਕਿ ਥੋੜ੍ਹੀ ਦੇਰ ਨੂੰ ਤਾਂ ਇਨ੍ਹਾਂ ਨੇ ਚਲੇ ਜਾਣਾ ਹੈ। ਉਨ੍ਹਾਂ ਦਾ ਪਿਆਰ ਹਿਰਦੇ 'ਚ ਐਨਾ ਘਰ ਕਰ ਜਾਂਦਾ ਸੀ। ਸਰੀਰ ਛੱਡਣ ਦੀ ਗੱਲ ਤਾਂ ਹੋਰ ਹੈ, ਜੇ ਅੱਖਾਂ ਤੋਂ ਵੀ ਲਾਂਭੇ ਹੁੰਦੇ ਸੀ ਸਹਿਆ ਨਹੀਂ ਸੀ ਜਾਂਦਾ। ਇਕ ਪਾਵੇ ਕੋਲ ਮੈਂ ਬਹਿ ਗਿਆ, ਇਕ ਕੋਲ ਇਹ ਬਹਿ ਗਏ। ਐਸਾ ਬੈਰਾਗ ਚਲਿਆ, ਨਾ ਮੇਰੇ ਨੇਤਰ ਬੰਦ ਹੋਣ, ਨਾ ਇਹਦੇ। ਜਦੋਂ ਹਉਕੇ ਜਿਹੇ ਸੁਣੇ ਮਹਾਰਾਜ ਜੀ ਨੇ ਨੇਤਰ ਖੋਲ੍ਹ ਲਏ। ਉਸ ਵੇਲੇ ਆਪ ਭਜਨ ਕਰਦੇ-ਕਰਦੇ ਬੋਲ ਪਏ, ਇਹੀ ਕਰਨ ਬਚਨ ਕਿ ਦਾਨ ਦਿਤੇ ਤੇ ਮਾਇਆ ਘਟ ਜਾਂਦੀ ਹੈ? ਉਨ੍ਹਾਂ ਨੂੰ ਇਹ ਪਤਾ ਸੀ ਕਿ ਅਸੀਂ ਇਨ੍ਹਾਂ ਕੋਲ ਆਉਂਦੇ ਹਾਂ, ਆਮਦਨ ਇਹਦੀ ਹੈ ਨਹੀਂ ਕੋਈ। ਹੁੰਦੀ ਹੀ ਨਹੀਂ ਸੀ ਕੋਈ ਤੇ ਇਹ ਸਾਰਾ ਜਿੰਨਾ ਖਰਚਾ ਕਰਦਾ ਹੈ, ਕਰਜ਼ਾ ਲੈ ਕੇ ਕਰਦਾ ਹੈ। ਹੁੰਦਾ ਇਹ ਅਸੀਂ ਕਰਜ਼ਾ ਲਈ ਜਾਣਾ, ਸਾਲ ਭਰ 'ਚ ਮੋੜ ਦੇਣਾ। ਜਿਸ ਦਿਨ ਮੁੜ ਜਾਣਾ, ਉਸ ਦਿਨ ਹੀ ਮਹਾਰਾਜ ਜੀ ਕੋਲ ਫੇਰ ਬੇਨਤੀ ਕਰ ਦੇਣੀ ਕਿ ਮਹਾਰਾਜ ਜੀ! ਦੀਵਾਨ ਦਿਓ। ਉਸ ਦਿਨ ਮਹਾਰਾਜ ਜੀ ਨੇ ਫੇਰ ਕਹਿ ਦੇਣਾ ਕਿ ਅੱਛਾ ਅਸੀਂ ਆਵਾਂਗੇ। ਕਦੇ ਮੈਨੂੰ ਜਵਾਬ ਨਹੀਂ ਸੀ ਦਿਤਾ। ਜਿਸ ਦਿਨ ਮੈਂ ਕਹਿਣਾ ਉਸ ਦਿਨ ਹੀ ਆ ਜਾਣਾ। ਅਜੇ ਮੇਰੇ ਮਨ ਵਿਚ ਆਉਂਦਾ ਸੀ ਕਿ ਮਹਾਰਾਜ ਜੀ! ਸਭ ਨੂੰ ਜਵਾਬ ਦੇ ਦਿੰਦੇ ਨੇ, ਮੈਨੂੰ ਕਦੇ ਜਵਾਬ ਹੀ ਨਹੀਂ ਦਿਤਾ ਕਿ ਅਸੀਂ ਨਹੀਂ ਆ ਸਕਦੇ। ਉਸੇ ਵਕਤ ਕਹਿ ਦੇਣਾ ਕਿ ਚੰਗਾ ਅਸੀਂ ਆਵਾਂਗੇ। ਜਦੋਂ ਪਟਿਆਲੇ ਸੀ ਮੈਂ ਉਥੇ ਵੀ, ਹਰ ਮਹੀਨੇ ਆਇਆ ਕਰਦੇ ਸੀ। ਕਿੰਨੇ ਸਾਲ ਲਗਾਤਾਰ ਆਉਂਦੇ ਰਹੇ। ਇਥੇ ਆ ਗਿਆ ਤਾਂ ਇਥੇ ਵੀ ਮਹਾਰਾਜ ਜੀ ਨੇ ਆਉਣਾ ਸ਼ੁਰੂ ਕਰ ਦਿਤਾ। ਉਹ ਸਾਰੀ ਗੱਲ ਨੂੰ ਜਾਣਦੇ ਸੀ, ਮਹਾਰਾਜ ਜੀ ਕਹਿਣ ਲੱਗੇ, ਇਹ ਮੰਗਦੇ ਕੁਛ ਨਹੀਂ ਹਨ। ਕੋਈ ਚੀਜ਼ ਨਹੀਂ ਸੀ ਇਹਨੇ ਕਦੇ ਮੰਗੀ। ਸਿਰਫ ਇਕ ਗੱਲ ਤੁਹਾਡੇ ਬੀਬੀ ਜੀ ਨੇ ਮੰਗੀ ਸੀ ਉਹ ਸੀ ਕਿ ਬੱਚਾ ਵੱਡਾ ਇੰਜਨੀਅਰ ਕਾਲਜ ਦਾਖਲ ਹੋਣਾ ਸੀ, ਪੈਸਾ ਵਗੈਰਾ ਨਹੀਂ ਸੀ ਮੇਰੇ ਕੋਲ। ਕਹਿੰਦੇ, ਮਹਾਰਾਜ! ਇੰਜਨੀਅਰ ਕਾਲਜ ਵਿਚ ਦਾਖਲ ਹੋਣਾ ਹੈ, ਉਸ ਵੇਲੇ ਖਰਚ ਥੋੜ੍ਹਾ ਹੁੰਦਾ ਸੀ, ਮੈਂ ਅੰਦਾਜ਼ਾ ਲਾਇਆ ਕਿ 12 ਹਜ਼ਾਰ ਖਰਚਾ ਆਏਗਾ। ਇਹ ਕਹਿੰਦੇ ਕਿ 12 ਹਜ਼ਾਰ ਖਰਚਾ ਆਉਣਾ ਹੈ। ਕਹਿੰਦੇ ਲੈ 12 ਹਜ਼ਾਰ ਤੁਹਾਨੂੰ ਹਰੇਕ ਸਾਲ ਬਚ ਜਾਇਆ ਕਰੇਗਾ। ਮੈਂ ਹੈਰਾਨ ਕਿ 12 ਹਜ਼ਾਰ ਕਿਥੋਂ ਬਚ ਜਾਏਗਾ ਸਾਨੂੰ। ਸਾਡੀ ਤਾਂ ਤਨਖਾਹ

ਵੀ 12 ਹਜ਼ਾਰ ਨਹੀਂ, ਸਾਰੀ ਚਾਰ ਹਜ਼ਾਰ ਸੀ, ਬਈ ਮਹਾਰਾਜ ਜੀ ਨੇ ਬਚਨ ਕਰ ਦਿਤਾ। ਉਸ ਤੋਂ ਬਾਅਦ ਆਪ ਨੇ ਸਾਰੀ ਗੱਲ ਦੇਖ ਕੇ ਕਿ ਇਹ ਦਸ-ਬਾਰ੍ਹਾਂ ਸਾਲ ਤੋਂ ਸੇਵਾ ਕਰ ਰਹੇ ਨੇ, ਮੰਗਦੇ ਕੁਛ ਨਹੀਂ ਹਨ, ਕਹਿੰਦੇ ਦਾਨ ਦੇਣ 'ਤੇ ਕੀ ਘਟ ਜਾਂਦੀ ਹੈ ਮਾਇਆ? ਮੈਂ ਕਿਹਾ, ਨਹੀਂ ਮਹਾਰਾਜ। ਕਹਿੰਦੇ, ਨਹੀਂ ਉਭਲ ਲਗ ਜਾਂਦੀ ਹੈ। ਬਚਨ ਹੋ ਗਿਆ ਮਹਾਂਪੁਰਸ਼ਾਂ ਦਾ ਕਿ ਉਭਲ ਲੱਗ ਜਾਂਦੀ ਹੈ। ਉੱਭਲ ਕਿਵੇਂ ਲੱਗ ਜਾਏਗੀ? ਅਗਲੇ ਸਾਲ ਮੈਨੂੰ ਕਹਿਣ ਲੱਗੇ ਕਿ ਤੂੰ ਨੌਕਰੀ ਛੱਡ ਦੇ, ਇਹ ਕੰਮ ਤੇਰਾ ਨਹੀਂ ਹੈ, ਤੂੰ ਆਪਣੇ ਫਾਰਮ ਜਾਹ, ਨਾਲੇ ਤਾਂ ਉਥੇ ਨਾਮ ਜਪੀਂ, ਜਪਾਈਂ, ਨਾਲੇ ਖੇਤੀ ਕਰ ਜਾ ਕੇ। ਜੇ ਤੂੰ ਨਾ ਗਿਆ, ਤੈਨੂੰ ਇਕ ਕਿਆਰਾ ਨਹੀਂ ਕਿਸੇ ਨੇ ਦੇਣਾ। ਆਹ ਵੀ ਨਾਲ ਕਹਿ ਦਿਤਾ। ਮੈਂ ਕਿਹਾ, ਮਹਾਰਾਜ ਜੀ! ਸਤਿ ਬਚਨ, ਸਰਵਿਸ ਮੇਰੀ ਜਿਹੜੀ ਹੈ ਉਹ ਪੈਨਸ਼ਨ ਦੇ ਨੇੜੇ ਦੀ ਹੈ, ਕਹਿੰਦੇ, ਛੱਡ ਪੈਨਸ਼ਨਾਂ ਤੂੰ ਕੀ ਕਰਨੀਆਂ ਨੇ, ਤੂੰ ਜਾਹ।

ਮੈਨੂੰ ਭੇਜ ਦਿਤਾ, ਮੇਰੇ ਮੂੰਹੋਂ ਨਿਕਲ ਗਿਆ ਕਿ ਮਹਾਰਾਜ! ਖੇਤੀ ਵੀ ਹੋ ਜਾਏਗੀ? ਕਹਿੰਦੇ, ਖੇਤੀ? ਸੋਨਾ ਉਗਲੇਗੀ ਤੇਰੀ ਧਰਤੀ। ਇਹ ਬੀਬੀ ਜੀ ਤੁਹਾਡੇ ਕਹਿਣ ਲੱਗੇ ਕਿ ਮਹਾਰਾਜ ਜੀ! ਦੁੱਧ ਵੀ ਹੋ ਜਾਏਗਾ ਸਾਡੇ? ਕਹਿੰਦੇ, ਬੀਬੀ! ਤੇਰੇ ਤੋਂ ਦੁੱਧ ਸਾਂਭਿਆ ਨਹੀਂ ਜਾਣਾ, ਐਨਾ ਹੋ ਜਾਣਾ ਹੈ। ਮੇਰੇ ਮੂੰਹੋਂ ਨਿਕਲ ਗਿਆ ਕਿ ਮਹਾਰਾਜ ਜੀ! ਉਥੇ ਸੰਗਤ ਨਹੀਂ ਹੈ, ਸਭ ਸ਼ਰਾਬ ਪੀਂਦੇ ਨੇ ਵਾਢਾ ਧਰ ਕੇ, ਕੋਈ ਬੰਦਾ ਨਹੀਂ ਜਿਹੜਾ ਸ਼ਰਾਬ ਨਹੀਂ ਪੀਂਦਾ। ਕਹਿੰਦੇ, ਸੰਗਤ ਦੀ ਗੱਲ ਕਰਦਾ ਹੈਂ? ਤੇਰੇ ਤੋਂ ਸਾਂਭੀ ਨਹੀਂ ਜਾਣੀ ਐਨੀ ਹੋ ਜਾਣੀ ਹੈ। ਜਾਹ ਤੂੰ।

ਤਿੰਨ ਬਚਨ ਲਗਾਤਾਰ ਕਰ ਦਿਤੇ। ਮੈਂ ਹੈਰਾਨ ਕਿ ਕਿਵੇਂ ਹੋਏਗਾ। ਜਦੋਂ ਮੈਂ ਉਥੇ ਗਿਆ, ਕਦੇ ਮੈਂ ਹਜ਼ਾਰ ਰੁਪਿਆ ਨਹੀਂ ਸੀ ਦੇਖਿਆ। ਇਕ ਲੱਖ ਦੇ ਧਾਨ ਹੋਣ ਲੱਗ ਗਏ, ਇਕ ਲੱਖ ਦੀ ਮੇਰੀ ਕਣਕ ਹੋਣ ਲੱਗ ਗਈ। ਪੈਸਾ ਹੀ ਪੈਸਾ ਹੋ ਗਿਆ, ਮੁਕਦਾ ਹੀ ਨਹੀਂ ਸੀ, ਲੋਕ ਕਹਿਣ ਕਿ ਸਾਰਾ ਦਿਨ ਸਤਿਸੰਗ ਕਰਦਾ ਹੈ ਤੇ ਫਸਲ ਇਹਦੀ ਸਭ ਤੋਂ ਜ਼ਿਆਦਾ ਹੁੰਦੀ ਹੈ। ਇਕ ਹਜ਼ਾਰ ਕੁਇੰਟਲ ਧਾਨ ਹੋ ਜਾਇਆ ਕਰੇ, ਸਾਢੇ ਅੱਠ ਸੌ ਕੁਇੰਟਲ ਕਣਕ ਹੋ ਜਾਇਆ ਕਰੇ। ਮਹਾਤਮਾ ਦਾ ਜਿਹੜਾ ਬਚਨ ਹੈ ਨਾ ਉਹਦੀ ਸੇਵਾ ਕੀਤੀ ਹੋਈ ਜਿਹੜੀ ਹੈ ਉਹ ਕਦੇ ਅਸਫਲ ਨਹੀਂ ਹੋਇਆ ਕਰਦੀ। ਸਫਲ ਹੋਇਆ ਕਰਦੀ ਹੈ। ਸੋ ਐਸੇ ਮਹਾਂਪੁਰਸ਼ ਸੰਸਾਰ 'ਤੇ -

***ਜੋ ਆਇਆ ਸੋ ਚਲਸੀ***
***ਸਭੁ ਕੋਈ ਆਈ ਵਾਰੀਐ॥ ਅੰਗ - ੪੭੪***

ਵਾਰੀ ਆਈ ਤੇ ਸਭ ਨੂੰ ਜਾਣਾ ਪੈਂਦਾ ਹੈ, ਅੱਜ ਆਪ ਨੇ ਰਾਤ ਦੇ ਦੀਵਾਨ ਵਿਚ ਕਹਿ ਦਿਤਾ ਕਿ ਭਾਈ, ਦੀਵਾਨ ਤੁਹਾਡੇ ਪੰਡਾਲ ਦੇ ਖਤਮ ਹੋ ਗਏ। ਸਾਰੇ ਹੈਰਾਨ ਹੋ ਗਏ ਕਿ ਕੱਲ੍ਹ ਦਾ ਦੀਵਾਨ ਰਹਿੰਦਾ ਹੈ, ਮਹਾਂਪੁਰਸ਼ਾਂ ਨੇ ਐਉਂ ਕਹਿ ਦਿਤਾ? ਲੇਕਿਨ ਇਹ ਨਹੀਂ ਸੀ ਪਤਾ ਕਿ ਕੱਲ੍ਹ ਨੂੰ ਮਹਾਂਪੁਰਸ਼ਾਂ ਨਾਲ ਮੁੜ ਕਿਸੇ ਦੀ ਗੱਲ ਨਹੀਂ ਹੋਣੀ। ਬੜੇ ਪਛਤਾਉਂਦੇ ਨੇ। ਮੈਂ ਕਿਹਾ ਤੁਸੀਂ ਬਚਨ ਸੰਭਾਲ ਲੈਣਾ ਸੀ। ਕਹਿੰਦੇ, ਪਤਾ ਹੀ ਨਹੀਂ ਲੱਗਿਆ ਕਿ ਇਹ ਬਚਨ ਹੋ ਕੀ ਗਿਆ। ਦੇਖਦੇ-ਦੇਖਦੇ ਹੱਥਾਂ 'ਚੋਂ ਨਿਕਲ ਗਏ।

***ਧਾਰਨਾ - ਬਖਸ਼ੀ ਮਾਲਕਾ***
***ਟਹਿਲ ਆਪਣੇ ਸਾਧੂਆਂ ਦੀ।***
***ਕਰ ਜੋੜਿ ਨਾਨਕੁ ਕਰੇ ਅਰਦਾਸਿ॥***
***ਅੰਗ - ੩੯੨***

ਦੋਵੇਂ ਹੱਥ ਜੋੜ ਕੇ ਮਹਾਰਾਜ ਕਹਿੰਦੇ ਅਸੀਂ ਅਰਦਾਸ ਕਰਦੇ ਹਾਂ। ਕਾਹਦੀ ਕਰਦੇ ਹਾਂ?

***ਮੋਹਿ ਸੰਤਹ ਟਹਲ ਦੀਜੈ ਗੁਣਤਾਸਿ ॥***
***ਅੰਗ - ੩੯੨***

ਜੇ ਮੇਰੇ 'ਤੇ ਦਇਆਲ ਹੋਏ ਓਂ, ਹੇ ਗੁਣਾਂ ਦੇ ਖਜ਼ਾਨੇ ਗੁਣਤਾਸ, ਤੁਸੀਂ ਮੈਨੂੰ ਸੰਤਾਂ ਦੀ ਟਹਲ ਦਿਓ। ਸੋ ਜੋ ਮਹਾਂਪੁਰਸ਼ ਚਲੇ ਜਾਂਦੇ ਨੇ, ਠੀਕ ਹੈ ਸਾਡੀਆਂ ਅੱਖਾਂ ਨਹੀਂ ਹਨ ਦੇਖਣ ਵਾਸਤੇ, ਸਾਨੂੰ ਕਾਲ ਖਾ ਜਾਂਦਾ ਹੈ, ਸਾਰੀ ਦੁਨੀਆਂ ਨੂੰ ਕਾਲ ਖਾ ਜਾਂਦਾ ਹੈ, ਧਰਤੀ ਨੂੰ ਖਾ ਜਾਏਗਾ, ਸੂਰਜ ਨੂੰ ਖਾ ਜਾਏਗਾ, ਬ੍ਰਹਿਮੰਡ ਨੂੰ ਖਾ ਜਾਏਗਾ, ਲੇਕਿਨ ਸਾਧੂ ਨੂੰ ਕਾਲ ਨਹੀਂ ਖਾਂਦਾ -

***ਧਾਰਨਾ - ਸੰਤ ਤੁਮਾਰੇ ਤੁਮਰੇ ਪ੍ਰੀਤਮ***
***ਤਿਨ ਕਉ ਕਾਲ ਨ ਖਾਤੇ।***

***ਸੰਤ ਤੁਮਾਰੇ ਤੁਮਰੇ ਪ੍ਰੀਤਮ***
***ਤਿਨ ਕਉ ਕਾਲ ਨ ਖਾਤੇ ॥***
***ਰੰਗਿ ਤੁਮਾਰੈ ਲਾਲ ਭਏ ਹੈ***
***ਰਾਮ ਨਾਮ ਰਸਿ ਮਾਤੇ ॥ ਅੰਗ - ੫੩੦***

ਕਿਉਂਕਿ ਜਿਥੇ ਉਨ੍ਹਾਂ ਦਾ ਵਾਸਾ ਹੋ ਜਾਂਦਾ ਹੈ, ਉਥੇ ਕਾਲ ਦੀ ਪਹੁੰਚ ਨਹੀਂ ਹੈ।

***ਧਾਰਨਾ - ਉਥੇ ਕਾਲ ਦੀ ਪਹੁੰਚ ਨਾ***
***ਬਈ ਹੋਵੇ, ਜਿਥੇ ਸਾਧੂ ਆਨ ਵਸਦੇ।***

ਸਰੀਰ ਛੱਡਣ ਤੋਂ ਬਾਅਦ ਅਤੇ ਸਰੀਰ ਧਾਰਨ ਤੋਂ ਪਹਿਲਾਂ ਸਾਧੂਆਂ ਦਾ ਇਕ ਖਾਸ ਥਾਂ ਹੋਇਆ ਕਰਦਾ ਹੈ ਜਿਹਨੂੰ ਨਿਹਚਲ ਘਰ ਕਿਹਾ ਜਾਂਦਾ ਹੈ। ਨਿਹਚਲ ਥਾਨ ਕਿਹਾ ਜਾਂਦਾ ਹੈ, 'ਸੋ ਘਰ' ਕਿਹਾ ਜਾਂਦਾ ਹੈ।

***ਸੋ ਘਰੁ ਗੁਰਿ ਨਾਨਕ ਕਉ ਦੀਆ॥ ਅੰਗ-੧੯੬***
***ਸਭਿ ਸਖੀਆ ਪੰਚੇ ਮਿਲੇ***
***ਗੁਰਮੁਖਿ ਨਿਜ ਘਰਿ ਵਾਸੁ ॥***

*ਸਬਦੁ ਖੋਜਿ ਇਹੁ ਘਰੁ ਲਹੈ*
*ਨਾਨਕੁ ਤਾ ਕਾ ਦਾਸੁ ॥ ਅੰਗ - ੧੨੯੧*

ਸ਼ਬਦ ਦੀ ਖੋਜ ਕਰਨ ਤੋਂ ਬਾਅਦ ਨਿਜ ਘਰ ਦਾ ਵਾਸਾ ਮਿਲਿਆ ਕਰਦਾ ਹੈ। ਉਥੇ ਮਹਾਰਾਜ ਨਿਸ਼ਾਨੀਆਂ ਦਸਦੇ ਨੇ-

*ਸਹਜ ਸਿਫਤਿ ਭਗਤਿ ਤਤੁ ਗਿਆਨਾ ॥*
*ਸਦਾ ਅਨੰਦੁ ਨਿਹਚਲੁ ਸਚੁ ਥਾਨਾ॥ ਅੰਗ-੨੩੭*

ਸਦਾ ਅਨੰਦ ਦਾ ਥਾਨ ਹੈ, ਫੇਰ ਉਹ ਨਿਹਚਲ ਥਾਨ ਹੈ।

*ਤਹਾ ਸੰਗਤਿ ਸਾਧ ਗੁਣ ਰਸੈ ॥*
*ਅਨਭਉ ਨਗਰੁ ਤਹਾ ਸਦ ਵਸੈ॥ ਅੰਗ - ੨੩੭*

ਓਸ ਨਗਰ ਦਾ ਨਾਉਂ ਅਨੁਭਵ ਨਗਰ ਹੈ।

*ਤਹ ਭਉ ਭਰਮਾ ਸੋਗੁ ਨ ਚਿੰਤਾ ॥*
*ਅੰਗ - ੨੩੭*

ਉਥੇ ਮੌਤ ਪਹੁੰਚਦੀ ਹੀ ਨਹੀਂ ਹੈ। ਮੌਤ ਦੀ ਹੱਦ ਕਿੱਥੇ ਤੱਕ ਹੈ? ਆਹ ਜਿੰਨਾ ਤੁਹਾਨੂੰ ਅੱਖਾਂ ਨਾਲ ਦਿਸਦਾ ਹੈ ਇਹ ਤਾਂ ਹੈ ਹੀ ਮੌਤ ਦੀ ਬਿਰਤੀ। ਇਸ ਤੋਂ ਅੱਗੇ ਇਕ ਹੋਰ ਜਗਤ ਹੈ ਜਿਹੜਾ ਇਨ੍ਹਾਂ ਅੱਖਾਂ ਨਾਲ ਨਹੀਂ ਦਿਸਦਾ। ਸੂਖਸ਼ਮ ਅੱਖਾਂ ਨਾਲ ਦਿਸਦਾ ਹੈ। ਉਹਨੂੰ super matter ਦਾ ਜਗਤ ਕਹਿੰਦੇ ਨੇ। ਉਹਦੇ ਵਿਚ ਸਾਰੇ ਸਵਰਗ ਲੋਕ ਨੇ। ਗਿਆਰ੍ਹਾਂ ਸਵਰਗ ਲੋਕ ਆਉਂਦੇ ਨੇ, ਬੈਕੁੰਠ ਧਾਮ ਜਿਥੇ ਤੱਕ ਹੈਗਾ, ਉਥੇ ਤੱਕ ਕਾਲ ਦੀ ਪਹੁੰਚ ਹੈ ਇਹ ਸਭ ਨਾਸ਼ ਹੋ ਜਾਂਦੇ ਨੇ। ਲੇਕਿਨ ਜਿਥੇ ਸਾਧੂ ਵਸਦੇ ਨੇ ਉਥੇ ਮੌਤ ਨਹੀਂ ਪਹੁੰਚਦੀ।

*ਤਹ ਭਉ ਭਰਮਾ ਸੋਗੁ ਨ ਚਿੰਤਾ ॥*
*ਆਵਣੁ ਜਾਵਣੁ ਮਿਰਤੁ ਨ ਹੋਤਾ ॥*
*ਤਹ ਸਦਾ ਅਨੰਦ ਅਨਹਤ ਆਖਾਰੇ ॥*
*ਭਗਤ ਵਸਹਿ ਕੀਰਤਨ ਆਧਾਰੇ ॥ ੭ ॥*
*ਪਾਰਬ੍ਰਹਮ ਕਾ ਅੰਤੁ ਨ ਪਾਰੁ ॥*
*ਕਉਣੁ ਕਰੈ ਤਾ ਕਾ ਬੀਚਾਰੁ ॥ ਅੰਗ- ੨੩੭*

ਗੁਰੂ ਮਹਾਰਾਜ ਨੇ ਉਹਨੂੰ ਸਚਖੰਡ ਕਿਹਾ ਹੈ -

*ਕਹੁ ਨਾਨਕ ਜਿਸੁ ਕਿਰਪਾ ਕਰੈ ॥*
*ਨਿਹਚਲ ਥਾਨੁ ਸਾਧਸੰਗਿ ਤਰੈ ॥ ਅੰਗ- ੨੩੭*

ਹਰੀ ਦੇ ਜਸ ਦੇ ਆਧਾਰ 'ਤੇ ਸੰਤ ਰਹਿੰਦੇ ਨੇ ਉਥੇ।

*ਤਹ ਸਹਜ ਅਖਾਰੇ ਅਨੇਕ ਅਨੰਤਾ ॥*
*ਪਾਰਬ੍ਰਹਮ ਕੇ ਸੰਗੀ ਸੰਤਾ ॥ ੩ ॥*
*ਹਰਖ ਅਨੰਤ ਸੋਗ ਨਹੀ ਬੀਆ ॥*
*ਸੋ ਘਰੁ ਗੁਰਿ ਨਾਨਕ ਕਉ ਦੀਆ॥*
*ਅੰਗ - ੧੯੬*

ਜਿਥੇ ਨਾ ਕੋਈ ਕਮੀ ਹੈ, ਕੁਛ ਨਹੀਂ ਹੈ। ਸੋ ਐਸੇ ਥਾਂ ਦੇ ਉਤੇ ਮਹਾਂਪੁਰਸ਼ਾਂ ਦਾ ਨਿਵਾਸ ਹੁੰਦਾ ਹੈ, ਸਾਡੀਆਂ ਅੱਖਾਂ ਤੋਂ ਲਾਂਭੇ ਹੋ ਕੇ ਸਾਨੂੰ ਐਉਂ ਲਗਦਾ ਹੈ ਕਿ ਚਲੇ ਗਏ ਲੇਕਿਨ ਜਾਂਦੇ ਨਹੀਂ। ਇਹ ਨਿਹਚਾ ਹੈਗਾ ਕਿ ਉਹ ਜਾਇਆ ਨਹੀਂ ਕਰਦੇ। ਸੋ ਮਹਾਰਾਜ ਜੀ ਦਾ ਆਮ ਫੁਰਮਾਨ ਇਹ ਹੋਇਆ ਕਰਦਾ ਸੀ ਕਿ ਪ੍ਰੇਮੀਓ! ਜਦ ਤੁਸੀਂ ਸੰਸਾਰ 'ਚ ਆਏ ਓਂ, ਸੰਸਾਰ ਹੱਸ ਰਿਹਾ ਸੀ, ਤੁਹਾਡੇ ਚਿਹਰੇ 'ਤੇ ਹਾਸਾ ਨਹੀਂ ਸੀ। ਤੁਸੀਂ ਐਸੀ ਕਰਨੀ ਕਰਕੇ ਜਾਓ ਕਿ ਤੁਸੀਂ ਹਸਦੇ ਜਾਵੋਂ ਤੇ ਸੰਸਾਰ ਰੋਵੇ। ਸੰਸਾਰ ਯਾਦ ਕਰ-ਕਰ ਕੇ ਰੋਵੇ, ਇਹੋ ਜਿਹੀ ਕਰਨੀ ਕਰ ਚਲੋ-

***ਕਬੀਰ ਜਾ ਤੂ ਜਨਮਿਆ ਜਗਤ ਮਹਿ***
***ਜਗ ਹਸੈ ਤੂ ਰੋਇ।***
***ਐਸੀ ਕਰਨੀ ਕਰ ਚਲਹੁ ਪਿਆਰੇ***
***ਤੂ ਹਸਹਿ ਜਗ ਰੋਇ।***

*ਕਬੀਰ ਜੈਸੀ ਉਪਜੀ ਪੇਡ ਤੇ*
*ਜਉ ਤੈਸੀ ਨਿਬਹੈ ਓੜਿ ॥*
*ਹੀਰਾ ਕਿਸ ਕਾ ਬਾਪੁਰਾ*
*ਪੁਜਹਿ ਨ ਰਤਨ ਕਰੋੜਿ॥ ਅੰਗ - ੧੩੭੭*

ਕਰੋੜਾਂ ਰਤਨ ਨਹੀਂ ਪਹੁੰਚ ਸਕਦੇ ਜਿਹੜਾ ਮਾਂ ਦੇ ਪੇਟ 'ਚੋਂ ਹੋ ਕੇ ਸੁੱਚਾ ਜੀਵਨ ਲੈ ਕੇ ਚਲਿਆ ਜਾਵੇ।

ਸੋ ਜਿਨ੍ਹਾਂ ਮਹਾਂਪੁਰਸ਼ਾਂ ਦੀ ਯਾਦ ਵਿਚ ਆਪਾਂ ਬੈਠੇ ਹਾਂ, ਜੋ ਬਾਣੀ ਦੇ ਹਿਸਾਬ ਦੇ ਨਾਲ ਤੁਕਾਂ ਮੈਂ ਪੜ੍ਹੀਆਂ ਨੇ ਸ਼ਬਦ ਮੈਂ ਪੜ੍ਹਿਆ ਹੈ, ਇਕ ਸ਼ਬਦ ਦੀ ਆਪਾਂ ਵਿਆਖਿਆ ਕਰੀ ਹੈ। ਸੰਤਾਂ ਦੀ ਰਹਿਤ ਕੀ ਹੁੰਦੀ ਹੈ। ਸੋ ਉਨ੍ਹਾਂ ਦਾ ਜੀਵਨ ਗੁਰੂ ਗ੍ਰੰਥ ਸਾਹਿਬ ਜੀ ਦੀ ਤੁਕ-ਤੁਕ ਦੇ ਨਾਲ ਮਿਲਿਆ ਹੋਇਆ ਜੀਵਨ ਸੀ।

ਸੋ ਅੱਜ ਦੇ ਦਿਨ ਬਹੁਤ ਪ੍ਰੇਮੀ ਉਨ੍ਹਾਂ ਦੀ ਯਾਦ ਮਨਾਉਣ ਵਾਸਤੇ ਇਕੱਠੇ ਹੁੰਦੇ ਨੇ, ਬਹੁਤ ਸਾਰੇ ਪ੍ਰੇਮੀ ਰਾੜਾ ਸਾਹਿਬ ਜਾਂਦੇ ਨੇ, ਹਰੇਕ ਥਾਂ ਜਿੱਥੇ ਵੀ ਉਨ੍ਹਾਂ ਦੇ ਪ੍ਰੇਮੀ ਨੇ, ਹਰ ਥਾਂ ਜਾਂਦੇ ਨੇ।

ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੇ ਹੀ ਸਮਾਪਤੀ ਹੈ।

# ਜੁਗਤੀ ਸੇਵਾ ਸਿਮਰਨ

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*

*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥*
*ਅੰਗ - ੨੮੯*

***ਧਾਰਨਾ - ਲਾਡ ਲਡਾਇਆ***
***ਤੇਰੇ ਭਰੋਸੇ ਮੈਂ।***

*ਤੇਰੈ ਭਰੋਸੈ ਪਿਆਰੇ ਮੈ ਲਾਡ ਲਡਾਇਆ ॥*
*ਭੂਲਹਿ ਚੂਕਹਿ ਬਾਰਿਕ*
*ਤੂੰ ਹਰਿ ਪਿਤਾ ਮਾਇਆ ॥ ੧ ॥*
*ਸੁਹੇਲਾ ਕਹਨੁ ਕਹਾਵਨੁ ॥*
*ਤੇਰਾ ਬਿਖਮੁ ਭਾਵਨੁ ॥ ੧ ॥ ਰਹਾਉ ॥*
*ਹਉ ਮਾਣੁ ਤਾਣੁ ਕਰਉ ਤੇਰਾ ਹਉ ਜਾਨਉ ਆਪਾ*
*॥ ਸਭ ਹੀ ਮਧਿ ਸਭਹਿ ਤੇ ਬਾਹਰਿ*
*ਬੇਮੁਹਤਾਜ ਬਾਪਾ ॥ ੨ ॥*
*ਪਿਤਾ ਹਉ ਜਾਨਉ ਨਾਹੀ*
*ਤੇਰੀ ਕਵਨ ਜੁਗਤਾ ॥*
*ਬੰਧਨ ਮੁਕਤੁ ਸੰਤਹੁ ਮੇਰੀ ਰਾਖੈ ਮਮਤਾ ॥ ੩ ॥*
*ਭਏ ਕਿਰਪਾਲ ਠਾਕੁਰ ਰਹਿਓ ਆਵਣ ਜਾਣਾ ॥*
*ਗੁਰ ਮਿਲਿ ਨਾਨਕ ਪਾਰਬ੍ਰਹਮੁ ਪਛਾਣਾ ॥*
*ਅੰਗ - ੫੨*

***ਧਾਰਨਾ - ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,***
***ਸੇਵਾ ਕਰਕੇ ਮਾਣ ਪਾਈਦੈ।***

ਕਾਰੋਬਾਰ ਸੰਕੋਚਦੇ ਹੋਏ, ਗੁਰੂ ਦੇ ਪਿਆਰ ਦੀ ਖਿੱਚ ਦੇ ਅੰਦਰ ਆਪ ਕਿੱਡੀ-ਕਿੱਡੀ ਦੂਰ ਤੋਂ ਸੰਗਤ ਵਿਚ ਆਏ ਹੋ। ਸੋ ਪਿਛਲੇ ਦਿਨਾਂ ਦੇ ਅੰਦਰ ਇਕ ਸਿਧਾਂਤ ਨੂੰ ਆਪਾਂ ਵਿਚਾਰ ਰਹੇ ਸੀ, ਜੋ ਗੁਰੂ ਘਰ ਦੇ ਅੰਦਰ ਬਹੁਤ ਵੱਡੀ ਹੈ, ਸੇਵਾ ਜੋ ਹੈ, ਏਸ ਤੋਂ ਪਹਿਲਾਂ ਕੁਛ ਐਸੇ ਸਾਧਨ, ਇਥੇ ਪ੍ਰਚਲਤ ਸਨ, ਜਿਨ੍ਹਾਂ ਸਾਧਨਾਂ ਨੂੰ negative ਆਖਿਆ ਜਾਂਦਾ ਸੀ, ਮਨਫੀ ਆਖਿਆ ਜਾਂਦਾ ਸੀ। ਖੇਚਲ ਬੜੀ ਜ਼ਬਰਦਸਤ ਸੀ, ਫਲ ਬੜਾ ਘੱਟ ਸੀ, ਉਹ ਸੀ ਤਪ ਕਰਨਾ, ਜਲ ਧਾਰੇ ਕਰਨਾ, ਸੌ-ਸੌ ਘੜਾ ਪੋਹ ਦੇ ਮਹੀਨੇ, ਮਾਘ ਦੇ ਮਹੀਨੇ, ਰੋਜ਼ ਆਪਣੇ ਸਿਰ ਦੇ ਉਤੇ ਪੁਆ ਕੇ ਇਸ਼ਨਾਨ ਕਰਨਾ, ਉਹ ਵੀ ਹੌਲੀ-ਹੌਲੀ, ਕਈ ਘੰਟਿਆਂ 'ਚ ਪੈਂਦਾ ਸੀ, ਇਕ ਅੰਗੂਠੇ ਜਿੱਡਾ ਸੁਰਾਖ ਹੁੰਦਾ ਸੀ, ਚੌਂਕੀ 'ਚ। ਉਤੇ ਘੜੇ ਪਾਈ ਜਾਂਦਾ ਸੀ, ਹੇਠਾਂ ਬੈਠਾ ਰਹਿੰਦਾ, ਸਿਰ 'ਚ ਪਾਨੀ ਪਈ ਜਾਂਦਾ ਸੀ, ਉਸ ਤੋਂ ਬਾਅਦ ਉਠ ਨਹੀਂ ਸੀ ਸਕਦਾ, ਉਹਨੂੰ ਚੁੱਕ ਕੇ ਉਠਾਇਆ ਜਾਂਦਾ ਤੇ ਗਰਮ ਸੁਆਹ ਦੇ ਵਿਚ ਲਿਟਾ ਦਿੰਦੇ ਸੀ, ਉਸ ਤੋਂ ਪਹਿਲਾਂ ਸਿੰਗਰਫ ਅਤੇ ਬਾਰ੍ਹਾਂ ਸਿੰਗਾਂ ਜਿਹੜਾ ਕਿ ਖਾਈਏ ਤੇ ਸਰੀਰ ਨੂੰ ਪਾੜ ਦਿੰਦਾ ਹੈ, ਜੇ ਬਰਫ ਵਰਗੀ ਠੰਢ ਉਹਨੂੰ ਨਾ ਮਿਲੇ, ਸੋ ਪਹਿਲਾਂ ਖਾਇਆ ਜਾਂਦਾ ਸੀ। ਇਕ ਤਰ੍ਹਾਂ ਦੇ ਨਾਲ ਬੜਾ ਭਾਰਾ ✚☛▲🚹➢ ਸੀ ਇਹ, ਸੁਖਾਲੀ, ਸਸਤੀ ਸ਼ੋਹਰਤ ਹਾਸਲ ਕਰਨੀ। ਉਹ ਤਾਂ ਦਵਾਈ ਹੀ ਹਜ਼ਮ ਹੁੰਦੀ ਹੈ ਐਨੇ ਘੜੇ ਸਿਰ 'ਚ ਪੁਆ ਕੇ, ਕਿਉਂਕਿ ਬਹੁਤ ਸਖਤ ਹੈ ਉਹ। ਉਹ ਇਕ ਸਾਧਨ ਗਿਣਿਆ ਜਾਂਦਾ ਸੀ, ਪੁੱਠੇ ਲਟਕਣਾ ਸਾਧਨ ਗਿਣਿਆ ਜਾਂਦਾ ਸੀ, ਸਵੇਰ ਵੇਲੇ ਅੰਮ੍ਰਿਤ ਵੇਲੇ ਸੰਗਲ ਗਿਟਿਆਂ ਦੇ ਕੋਲ ਬੰਨ੍ਹ ਲੈਂਦੇ ਸੀ, ਹੇਠਾਂ ਰਬੜਾਂ ਵਗੈਰਾ ਲੱਗੀਆਂ ਹੁੰਦੀਆਂ, ਉਸ ਤੋਂ ਬਾਅਦ ਕਈ ਬੰਦੇ ਚੁੱਕ ਕੇ ਪੁੱਠਾ ਲਟਕਾ ਦਿੰਦੇ ਸੀ ਦਰਖਤ ਦੇ ਨਾਲ। ਫੇਰ ਉਹ ਦਿਨ ਭਰ ਲਟਕਦਾ ਰਹਿੰਦਾ ਸੀ, ਸਾਰਾ ਖ਼ੂਨ ਮੱਥੇ ਵਿਚ ਆ ਜਾਣਾ, ਸਿਰ ਭਾਰਾ ਹੋ ਜਾਣਾ, ਕੰਨ ਲਾਲ ਹੋ ਜਾਣੇ, ਅੱਖਾਂ ਵੱਡੀਆਂ-ਵੱਡੀਆਂ, ਮੂੰਹ ਵੱਡਾ ਸਾਰਾ। ਦਰਦ ਬੜੀ ਹੁੰਦੀ ਸੀ, ਉਸ ਤੋਂ ਬਾਅਦ ਲਾਹ ਲੈਂਦੇ ਸੀ, ਤੇ ਉਸ ਦੀ ਫੇਰ ਮਾਲਿਸ਼ ਕਰਦੇ ਸੀ, ਮਾਲਿਸ਼ ਕਰਕੇ ਉਹ ਜਿਹੜਾ ਖ਼ੂਨ ਚੜ੍ਹਿਆ ਹੁੰਦਾ ਸੀ ਉਤੇ, ਉਹ ਸਾਰਾ ਮਲ-ਮਲ ਕੇ ਥੱਲੇ ਲਾਹੁੰਣਾ ਤੰਤੂਆਂ ਦੇ ਵਿਚੋਂ, ਸਾਰੇ ਸੈਲਾਂ ਨੂੰ ਖਾਲੀ ਕਰਨਾ। normal ਹਾਲਤ 'ਚ ਲਿਆਉਣਾ ਉਹਨੂੰ। ਇਸੇ ਤਰ੍ਹਾਂ ਭੁੱਖਾ ਰਹਿਣਾ, ਪ੍ਰਾਣਾਯਾਮ ਕਰਕੇ ਟੋਇਆਂ ਦੇ ਵਿਚ ਵੜ ਜਾਣਾ, ਬੜੀ-ਬੜੀ ਦੇਰ ਤੱਕ ਵਿਚ ਰਹਿਣਾ, ਇਹ ਸਾਧਨ ਸੀਗੇ ਜਿਹੜੇ ਦੁਨੀਆਂ ਨੂੰ ਪ੍ਰਚਾਉਂਦੇ ਸੀ, ਪਰ ਰੱਬ ਦੇ ਨਾਲ ਇਨ੍ਹਾਂ ਦਾ ਕੋਈ ਸਬੰਧ ਨਹੀਂ ਸੀ ਕਿਉਂਕਿ ਵਾਹਿਗੁਰੂ ਨੂੰ ਜਾਣਿਆ ਨਹੀਂ ਹੈ, ਪਛਾਣਿਆ ਨਹੀਂ ਹੈ, ਵਾਹਿਗੁਰੂ ਹੈ ਕਿੱਥੇ, ਸਾਧਨ ਬੜੇ-ਬੜੇ ਕਰੇ। ਬੜੇ ਪੀਰ ਵੀ ਆਏ, ਬੜੇ ਅਉਲੀਏ ਵੀ ਆਏ, ਬੜੇ ਸਾਧੂ ਵੀ ਆਏ, ਹੱਠ ਯੋਗ ਕਰਨ ਵਾਲੇ ਵੀ ਆਏ, ਨਤੀਜਾ ਕੀ ਹੁੰਦਾ ਸੀ ਇਨ੍ਹਾਂ ਦਾ, ਰਿੱਧੀਆਂ-ਸਿੱਧੀਆਂ ਆ ਜਾਂਦੀਆਂ ਸੀ, ਨਾਮ ਨਹੀਂ ਸੀ ਆਉਂਦਾ, ਨਾਮ ਹੋਰ ਚੀਜ਼ ਹੈ, ਉਹਦੇ ਸਾਧਨ ਹੋਰ ਨੇ। ਸੋ ਇਹ ਸ਼ਕਤੀਆਂ ਆ ਜਾਣੀਆਂ, ਲੋਕਾਂ ਦੇ ਵਿਚ ਬੜੀ ਮਹਿਮਾ ਫੈਲਣੀ। ਵਰ ਵੀ ਲੱਗ ਜਾਂਦੇ ਸੀ, ਸਰਾਫ ਵੀ ਲੱਗ ਜਾਂਦੇ ਸੀ, ਲੋਕ ਡਰਦੇ ਸੀ।

ਸਾਡੇ ਹੀ ਘਰਾਂ ਦੇ ਵਿਚੋਂ ਆ ਕੇ, ਤੁਹਾਡੇ ਹੀ ਪੜਦਾਦਿਆਂ ਵੇਲੇ ਦੀ ਗੱਲ ਹੈ, ਕਿ ਟੋਲੀਆਂ ਆ ਜਾਂਦੀਆਂ ਸਨ, ਉਹ ਚਾਰ=ਚਾਰ, ਪੰਜ-ਪੰਜ ਨੇ ਇਕ-ਇਕ ਘਰ 'ਚ ਵੜ ਜਾਣਾ, ਕਾੜ੍ਹਨੀ ਪਹਿਲਾਂ ਭਾਲਣੀ, ਦੁੱਧ ਉਲੱਦੀ ਜਾਣਾ ਸਣੇ ਮਲਾਈਆਂ ਦੇ। ਕੋਈ ਨਹੀਂ ਸੀ ਬੋਲਦਾ, ਕੁਛ ਨਹੀਂ ਸੀ ਬੋਲਦਾ, ਕੁਛ ਨਹੀਂ ਸੀ

ਕਰਦਾ, ਘਰ 'ਚ ਫਿਰ ਕੇ, ਜੇ ਘਿਉ ਜੋੜਿਆ ਹੋਇਆ ਹੈ ਉਹ ਵੀ ਚੁੱਕ ਲੈਂਦੇ ਸੀ। ਐਸ ਤਰ੍ਹਾਂ ਦਾ ਕੁਛ ਹਿਸਾਬ-ਕਿਤਾਬ ਚਲਦਾ ਸੀ, ਨਾ ਲੋਕਾਂ ਨੂੰ ਗਿਆਨ ਸੀ ਨਾ ਇਹ ਗੱਲਾਂ ਕਰਨ ਵਾਲਿਆਂ ਨੂੰ ਗਿਆਨ ਸੀ। ਇਕ ਧੱਕਾ ਧੋੜਾ ਚਲਦਾ ਸੀ, ਜਿਹਦੇ ਨਾਲ ਕੋਈ ਰਸਤਾ ਨਹੀਂ ਸੀ ਨਿਕਲਦਾ। ਮਹਾਰਾਜ ਇਸਨੂੰ ਫੁਰਮਾਨ ਕਰਦੇ ਨੇ ਕਿ -

***ਕਲਿ ਕਾਤੀ ਰਾਜੇ ਕਾਸਾਈ***
***ਧਰਮੁ ਪੰਖ ਕਰਿ ਉਡਰਿਆ ॥***
***ਕੂੜੁ ਅਮਾਵਸ ਸਚੁ ਚੰਦ੍ਰਮਾ***
***ਦੀਸੈ ਨਾਹੀ ਕਹ ਚੜਿਆ ॥ ਅੰਗ - ੧੪੫***

ਰਾਜਾ ਜ਼ੁਲਮ ਕਰਦਾ ਸੀ ਤੇ ਧਰਮ ਨਾਮ ਦੀ ਜਿਹੜੀ ਚੀਜ਼ ਸੀ, ਇਹਦੇ ਦਸ pillar ਹੁੰਦੇ ਸੀ, ਦਸ ਥੰਮਲੇ, ਥੰਮਲਿਆਂ ਸਮੇਤ ਧਰਮ ਉਡ ਗਿਆ। ਨਾ ਦਇਆ ਰਹੀ, ਨਾ ਖਿਮਾ ਰਹੀ, ਨਾ ਧੀਰਜ ਰਹੀ, ਨਾ ਅਹਿੰਸਾ ਰਹੀ, ਨਾ ਸੰਤੋਖ ਰਿਹਾ ਤੇ ਨਾ ਤਪ ਰਿਹਾ, ਨਾ ਦਾਨ ਰਿਹਾ, ਨਾ ਸ਼ੀਲ ਰਹੀ, ਨਾ ਸੌਚ ਰਹੀ, ਨਾ ਮਿੱਠਾ ਬੋਲ, ਨਾ ਨਿਤਨੇਮ, ਕੋਈ ਚੀਜ਼ ਨਾ ਰਹੀ, ਆਪ-ਹੁਦਰਾਪੁਣ ਦੁਨੀਆਂ 'ਚ ਆ ਕੇ ਹਨ੍ਹੇਰ ਮਚ ਗਿਆ।

***ਕੂੜੁ ਅਮਾਵਸ ਸਚੁ ਚੰਦ੍ਰਮਾ***
***ਦੀਸੈ ਨਾਹੀ ਕਹ ਚੜਿਆ ॥ ਅੰਗ - ੧੪੫***

ਪਤਾ ਨਹੀਂ ਸੀ ਲਗਦਾ ਕਿ ਕਿੱਥੇ ਕੀ ਹੋ ਗਿਆ ਸੰਸਾਰ ਦੇ ਅੰਦਰ। ਗੁਰੂ ਨਾਨਕ ਪਾਤਸ਼ਾਹ ਨੇ ਸਾਧਨ ਲਿਆਂਦੇ, ਪਿਆਰਿਓ! ਹੁਣ ਬਾਕੀ ਚੀਜ਼ਾਂ ਦਾ ਮੌਕਾ ਨਹੀਂ, ਹੁਣ ਤਾਂ ਕਲਜੁਗ ਦਾ ਸਮਾਂ ਹੈ, ਨਾਮ ਦਾ ਵੇਲਾ ਆ ਗਿਆ, ਹੋਰ ਨਹੀਂ ਕੋਈ ਸਾਧਨ ਚਲਦਾ, ਦੂਸਰਾ ਨਾਮ ਦੀ ਮਦਦ ਕਰਨ ਵਾਸਤੇ ਹੈ ਸੇਵਾ। ਸੇਵਾ ਤੇ ਸਿਮਰਨ ਐਨੀਆਂ ਜ਼ਬਰਦਸਤ ਚੀਜ਼ਾਂ ਨੇ ਕਿ ਤੁਸੀਂ ਵਿਚਾਰ ਕੇ ਦੇਖ ਲਓ।

ਇਕ ਬੰਦਾ ਜੇਠ ਦੇ ਮਹੀਨੇ ਧੂਣੀਆਂ ਤਾਪਦਾ ਹੈ, ਅਸੀਂ ਕਹਿੰਦੇ ਹਾਂ ਧੰਨ ਹੈਂ ਭਾਈ, ਐਹੋ ਜਿਹੀ ਧੁੱਪ 'ਚ ਬੈਠਾ ਹੈਂ, ਪ੍ਰੈਕਟਿਸ ਹੋਈ ਹੁੰਦੀ ਹੈ, ਆਦਮੀ ਵੱਡੇ ਤੋਂ ਵੱਡਾ ਕੰਮ ਕਰ ਲੈਂਦਾ ਹੈ, ਆਪਣਾ ਵਜ਼ਨ ਜੇ 75 ਕਿਲੋ ਹੈ, ਉਹ 75 ਕਿਲੋ ਵਾਲਾ ਬੰਦਾ ਚਾਰ ਕੁਇੰਟਲ ਵਜ਼ਨ ਚੁੱਕ ਲੈਂਦਾ ਹੈ। ਉਹ ਹੌਲੀ-ਹੌਲੀ ਪ੍ਰੈਕਟਿਸ ਕਰ ਲੈਂਦੇ ਨੇ। ਇਸੇ ਤਰ੍ਹਾਂ ਸਖਤ ਤੋਂ ਸਖਤ ਕੰਮ ਕਰਨ ਵਾਸਤੇ, ਮਿਹਨਤ ਕਰਕੇ ਆਦਮੀ ਕਰ ਲਿਆ ਕਰਦਾ ਹੈ। ਭੁੱਖਾ ਰਹਿ ਸਕਦਾ ਹੈ ਬਹੁਤ ਦੇਰ ਤੱਕ, ਉਹਦੇ ਨਾਲ ਕਿਸੇ ਦਾ ਭਲਾ ਨਹੀਂ ਹੁੰਦਾ ਕਿਸੇ ਬੰਦੇ ਦਾ ਵੀ। ਪਰ ਇਹਦੇ ਮੁਕਾਬਲੇ ਤੇ ਜੇਠ ਦਾ ਮਹੀਨਾ ਹੈ, ਗਰਮੀ ਪੈ ਰਹੀ ਹੈ ਤੇ ਲੰਗਰ ਤਿਆਰ ਹੋ ਰਿਹਾ ਹੈ, ਲੰਗਰ ਪਕਾ ਰਹੀਆਂ ਨੇ ਬੀਬੀਆਂ, ਬੀਬੀਆਂ ਪਕਾਉਣ ਚਾਹੇ ਭਾਈ ਪਕਾਉਣ, ਲੰਗਰ ਬਣਨਾ ਹੈ ਤੇ ਉਹ ਲੰਗਰ ਛਕਣਾ ਹੈ, ਜਿੰਨੇ ਪ੍ਰੇਮੀਆਂ ਨੇ ਲੰਗਰ ਛਕਣਾ ਹੈ ਉਨ੍ਹਾਂ ਦੀ ਜੋ ਮਿਹਦੇ ਦੀ ਅਗਨ ਹੈ, ਪੰਜ ਅੱਗਾਂ ਹੁੰਦੀਆਂ ਨੇ ਹਰ ਬੰਦੇ ਦੇ ਅੰਦਰ, ਜੇ ਮਿੱਠਾ ਨਾ ਬੋਲੋ, ਆਏ ਦਾ ਸਤਿਕਾਰ ਨਾ ਕਰੋ, ਉਹਨੂੰ ਲੰਗਰ ਨਾ ਛਕਾਓ ਤੇ ਉਹਦੀ ਗੱਲ ਦੇ ਉਤੇ ਧਿਆਨ ਨਾ ਦੇਵੋ ਤੇ ਉਹਦਾ ਆਦਰ ਨਾ ਕਰੋ, ਇਹਦੇ ਨਾਲ ਪੁੰਨ ਨਸ਼ਟ ਹੋ ਜਾਂਦੇ ਨੇ। ਪੰਜ ਅੱਗਾਂ ਹੁੰਦੀਆਂ ਨੇ, ਪੰਜ ਅੱਗਾਂ ਜਲ ਕੇ ਪੁੰਨਾਂ ਦਾ ਖਾਤਮਾ ਕਰ ਦਿੰਦੀਆਂ ਨੇ ਤੇ ਇਹਦੇ ਮੁਕਾਬਲੇ ਤੇ ਜੇ ਮਿੱਠਾ ਬੋਲੋ, ਆਓ ਜੀ, ਧੰਨ ਭਾਗ ਦਰਸ਼ਨ ਹੋਏ, ਬਚਨ ਕਰੋ ਹਮਦਰਦੀ ਦੇ, ਕੋਈ ਦੁੱਖ ਹੈ ਉਹ ਸੁਣੋ ਧਿਆਨ ਦੇ ਨਾਲ, ignore ਨਾ ਕਰੋ। ਨਹੀਂ ਮਦਦ ਕਰ ਸਕਦੇ ਨਾ ਕਰੋ -

***ਜੈਸਾ ਬਿਤੁ ਤੈਸਾ ਹੋਇ ਵਰਤੈ***
***ਅਪੁਨਾ ਬਲੁ ਨਹੀ ਹਾਰੈ ॥ ਅੰਗ - ੬੭੯***

ਫੇਰ ਜਲ ਪਾਨੀ ਪੁੱਛੋ, ਫੇਰ ਉਸਨੂੰ ਪ੍ਰਸ਼ਾਦ ਵਗੈਰਾ ਛਕਾਓ, ਇਹਦੀਆਂ ਪੰਜੋ ਅੱਗਾਂ ਬੁਝ ਜਾਣਗੀਆਂ ਤੇ ਸਾਡੇ ਪੁੰਨ ਬਚ ਜਾਣਗੇ। ਇਹ ਜੋ ਲੰਗਰ ਚਲਦੇ ਨੇ, ਲੰਗਰਾਂ ਦੀ ਪ੍ਰਥਾ ਹੈ, ਪ੍ਰਸ਼ਾਦੇ ਪਕਾਉਂਦੇ ਨੇ ਸਾਰੇ ਹੀ, ਕੋਈ ਵਰਤਾ ਰਿਹਾ ਹੈ, ਕੋਈ ਬਰਤਨ ਮਾਂਜ ਰਿਹਾ ਹੈ, ਕੋਈ ਪ੍ਰਸ਼ਾਦੇ ਤਿਆਰ ਕਰ ਰਿਹਾ ਹੈ, ਓਸ ਸਭ ਨਾਲੋਂ ਹਜ਼ਾਰਾਂ ਗੁਣਾਂ ਫਲ ਜ਼ਿਆਦਾ ਹੈ ਇਸ ਦਾ ਜਿਹੜਾ ਧੂਣੀਆਂ ਤਾਪਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਫਰਕ ਹੈ ਇਹ ਜਿਹੜੇ ਸਾਧਨ ਨੇ, ਬਹੁਤ ਵੱਡੇ ਨੇ, ਸੇਵਾ ਕਰਨ ਵਾਲਾ ਪ੍ਰਮੇਸ਼ਰ ਦਾ ਰੂਪ ਹੋ ਜਾਂਦਾ ਹੈ।

***ਹਰਿ ਕਾ ਸੇਵਕੁ ਸੋ ਹਰਿ ਜੇਹਾ ॥***
***ਭੇਦੁ ਨ ਜਾਣਹੁ ਮਾਣਸ ਦੇਹਾ॥ ਅੰਗ - ੧੦੭੬***

ਸੋ ਇਸ ਤਰ੍ਹਾਂ ਦੇ ਨਾਲ ਸਾਧਨ ਜਿਹੜੇ ਨੇ, ਸੇਵਾ ਤੇ ਸਿਮਰਨ ਇਹ ਬਹੁਤ ਪ੍ਰਮੁੱਖ ਸਾਧਨ ਨੇ। ਪਿਛਲੇ ਕਈ ਦਿਨਾਂ ਤੋਂ ਆਪਾਂ ਪ੍ਰਸੰਗ ਇਕ ਸਿਧਾਂਤ ਹੈ, ਸੇਵਾ ਤੇ ਸਿਮਰਨ ਦਾ। ਤੀਸਰਾ ਸਿਧਾਂਤ ਹੈ ਕਿ ਨਿਗੁਰੇ ਨੂੰ ਨਹੀਂ ਕੁਛ ਮਿਲਿਆ ਕਰਦਾ। ਜੇ ਨਿਗੁਰਾ ਸੌ ਸਾਲ ਭਗਤੀ ਕਰੀ ਜਾਵੇ, ਪਤਾ ਲਗ ਜਾਵੇ ਵਾਹਿਗੁਰੂ-ਵਾਹਿਗੁਰੂ ਕਰਨ ਦਾ। ਉਹ ਕਰੀ ਜਾਵੇ, ਰਾਮ-ਰਾਮ ਕਰੀ ਜਾਵੇ, ਅੱਲਾ-ਅੱਲਾ ਕਰੀ ਜਾਵੇ -

***ਰਾਮ ਰਾਮ ਸਭੁ ਕੋ ਕਹੈ***
***ਕਹਿਐ ਰਾਮੁ ਨ ਹੋਇ ॥***
***ਗੁਰ ਪਰਸਾਦੀ ਰਾਮੁ ਮਨਿ ਵਸੈ***
***ਤਾ ਫਲੁ ਪਾਵੈ ਕੋਇ ॥ ਅੰਗ - ੪੯੧***

ਜਿੰਨਾ ਚਿਰ ਮਨ 'ਚ ਨਹੀਂ ਵਸਦਾ, ਹਿਰਦੇ 'ਚ ਉਹਦੇ ਜੜ੍ਹ ਨਹੀਂ ਲਗਦੀ, ਓਨੀਂ ਦੇਰ ਤੱਕ ਰਾਮ ਨਾਮ ਉਪਰਲਾ ਹੀ ਉਪਰਲਾ ਹੈ। ਉਹ ਹੈ ਗੁਰੂ ਧਾਰਨ ਦਾ ਸਿਧਾਂਤ। ਚੌਥੀ ਗੱਲ ਇਹ ਹੈ ਕਿ ਗੁਰੂ ਕਿਹੋ ਜਿਹਾ ਹੋਣਾ ਚਾਹੀਦਾ ਹੈ। ਉਹ ਵੀ ਮੈਂ ਬੇਨਤੀ ਪਿਛੇ ਕਰੀ ਸੀ। ਗੁਰੂ ਉਹ ਹੋਣਾ ਚਾਹੀਦਾ ਹੈ ਜਿਹੜਾ ਇਥੇ ਵੀ ਛੁਡਾ ਦੇਵੇ ਤੇ ਦਰਗਾਹ ਵਿਚ ਵੀ ਛੁਡਾ ਦੇਵੇ। ਚਲੋ ਸਾਨੂੰ ਤਾਂ ਕੁਛ ਸੋਚਣ ਦੀ ਲੋੜ ਨਹੀਂ ਹੈ ਲੇਕਿਨ

generalize term ਹੋਣ ਕਰਕੇ ਸਾਰੀ ਦੁਨੀਆਂ ਨੂੰ ਸਮਝਾਉਣਾ ਪੈਂਦਾ ਹੈ ਕਿ ਜੇ ਗੁਰੂ ਦੀ ਤਲਾਸ਼ ਹੈ ਤਾਂ ਗੁਰੂ ਐਹੋ ਜਿਹਾ ਹੋਵੇ, ਉਹਦੇ ਵਿਚ ਇਹ ਖੂਬੀ ਹੁੰਦੀ ਹੈ –

*ਘਰ ਮਹਿ ਘਰੁ ਦੇਖਾਇ ਦੇਇ*
*ਸੋ ਸਤਿਗੁਰੁ ਪੁਰਖੁ ਸੁਜਾਣੁ ॥ ਅੰਗ - ੧੨੯੧*

ਜਿਹੜਾ ਐਹ ਸਰੀਰ ਦੇ ਵਿਚ ਵਾਹਿਗੁਰੂ ਦਾ ਘਰ ਦਿਖਾ ਦੇਵੇ, ਉਹ ਸਤਿਗੁਰੂ ਹੈ। ਜੇ ਕੋਈ ਕਹੇ ਕਿ ਮੈਂ ਦਿਖਾ ਦੇਵਾਂਗਾ ਜੀ। ਸਾਹ ਰੋਕ ਲੈ ਤੂੰ ਐਉਂ ਕਰ ਲੈ, ਐਧਰਲੇ ਪਾਸੇ ਨੂੰ ਸੁਰਤ ਕਰ ਲੈ। ਉਹ ਕਹਿੰਦੇ, ਐਉਂ ਨਹੀਂ ਹੋਣਾ। ਉਥੇ ਨਿਸ਼ਾਨੀਆਂ ਨੇ –

*ਪੰਚ ਸਬਦ ਧੁਨਿਕਾਰ ਧੁਨਿ*
*ਤਹ ਬਾਜੈ ਸਬਦੁ ਨੀਸਾਣੁ ॥ ਅੰਗ - ੧੨੯੧*

ਉਥੇ ਪੰਜ ਸ਼ਬਦ ਦੀ ਧੁਨੀ ਹਰ ਵਕਤ ਹੁੰਦੀ ਹੈ, ਇਹ ਨਿਸ਼ਾਨੀ ਹੈ, ਤੀਸਰੀ ਉਥੇ ਹੁੰਦੀ ਹੈ ਵਿਸਮਾਦ।

*ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥*
*ਅੰਗ - ੧੨੯੧*

ਸਾਰਾ ਜਿਹੜਾ ਅਕਾਸ਼ ਦਿਸਦਾ ਹੈ ਇਹਦੇ ਵਿਚ ਵਿਸਮਾਦ ਹੈ, ਅਨੰਦ ਹੈ, ਓਸ ਅਨੰਦ ਦੇ ਨਾਲ ਸੰਪਰਕ ਹੋ ਜਾਂਦਾ ਹੈ। ਮੁੜ ਕੇ ਨਹੀਂ ਆਦਮੀ ਰਿਝਾਉਂਦਾ। ਜਿਹੜੇ ਮੱਥੇ ਦੇ ਉਤੇ ਤਿਊੜੀਆਂ ਪਈਆਂ ਹੋਈਆਂ ਨੇ, ਜਿਹਦੇ ਅੰਦਰ ਈਰਖਾ ਚਲ ਰਹੀ ਹੈ, ਆਪਣੀ ਹਉਮੈ ਚਲ ਰਹੀ ਹੈ ਕਿ ਮੈਂ ਵੱਡਾ ਹਾਂ, ਕੁਛ ਨਹੀਂ ਬਣਿਆ ਉਹਦਾ, ਕਿੰਨਾ ਹੀ ਚਾਹੇ ਕੀਰਤਨ ਕਰਦਾ ਹੈ, ਚਾਹੇ ਉਹ ਕੁਛ ਲੈਕਚਰ ਦਿੰਦਾ ਹੈ, ਚਾਹੇ ਪੁੰਨ ਦਾਨ ਕਰਦਾ ਹੈ, ਉਹਦਾ ਬਣਿਆ ਨਹੀਂ ਕੁਛ ਕਰਦਾ। ਕਿਉਂਕਿ –

*ਜਬ ਲਗੁ ਮੇਰੀ ਮੇਰੀ ਕਰੈ ॥*
*ਤਬ ਲਗੁ ਕਾਜੁ ਏਕੁ ਨਹੀ ਸਰੈ ॥*
*ਅੰਗ - ੧੧੬੦*

ਸੋ ਇਹ ਗਲਤੀਆਂ ਹੁੰਦੀਆਂ ਨੇ, ਇਹਦੇ ਨਾਲ ਵਿਸਮਾਦ ਨਹੀਂ ਆਉਂਦਾ। ਵਿਸਮਾਦ ਜਦ ਆਉਂਦਾ ਹੈ ਤਾਂ ਪ੍ਰਮੇਸ਼ਰ ਦੇ ਨੇੜੇ ਜਾ ਕੇ ਆਉਂਦਾ ਹੈ, ਕਿਉਂਕਿ ਉਹ ਸਤਿ, ਚਿਤ, ਅਨੰਦ ਜੋਤ ਹੈ। ਸੋ ਫੇਰ ਇਸ ਤੋਂ ਅੱਗੇ ਹੁੰਦਾ ਹੈ –

*ਤਾਰ ਘੋਰ ਬਾਜਿੰਤ੍ਰ ਤਹ*
*ਸਾਚਿ ਤਖਤਿ ਸੁਲਤਾਨੁ ॥ ਅੰਗ - ੧੨੯੧*

ਜਿਉਂ-ਜਿਉਂ ਬਿਰਤੀ ਸੂਖਸ਼ਮ ਹੁੰਦੀ ਜਾਏਗੀ, ਬਗੈਰ ਵਜਾਏ ਹੋਏ ਸਾਜ ਜਿਨ੍ਹਾਂ ਦੀ ਗਿਣਤੀ ਮਿਣਤੀ ਨਹੀਂ ਹੈ ਕੋਈ, ਪੰਜ ਸ਼ਬਦ ਤਾਂ ਰਹਿ ਗਏ ਹੇਠਾਂ, ਇਨ੍ਹਾਂ ਤੋਂ ਬਾਅਦ ਜਿਹਨੂੰ ਅਨਹਤ ਕਹਿੰਦੇ ਨੇ, ਪ੍ਰਮੇਸ਼ਰ ਦੇ ਦਰ ਵਜਦਾ ਹੈ –

*ਅਨਹਤ ਬਾਣੀ ਥਾਨੁ ਨਿਰਾਲਾ ॥*
*ਤਾ ਕੀ ਧੁਨਿ ਮੋਹੇ ਗੋਪਾਲਾ ॥ ਅੰਗ - ੧੯੬*

ਉਹ ਜਿਸ ਵਕਤ ਅਨਹਤ ਨਾਦ ਵਜ ਪੈਂਦਾ ਹੈ, ਉਹਦਾ ਜਿਹੜਾ ਰਸ ਹੈ ਉਹ ਸਾਂਭਿਆ ਨਹੀਂ ਜਾਂਦਾ, ਆਦਮੀ ਤੋਂ।

ਇਕ ਵਾਰੀ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ) ਦੇ ਕੋਲ ਇਕ ਬੜਾ ਵਿਦਵਾਨ ਆਇਆ, ਮੇਰੇ ਕੋਲ ਮਹਾਰਾਜ ਜੀ ਆਏ ਹੋਏ ਸੀ ਚੰਡੀਗੜ੍ਹ। ਸਾਰੇ ਐਉਂ ਬੈਠੇ ਹਾਂ ਤੇ ਉਹਨੇ ਆ ਕੇ ਨਮਸ਼ਕਾਰ ਕਰੀ, ਮਹਾਰਾਜ ਜੀ ਨੇ ਵੀ ਦੇਖ ਲਿਆ ਕਿ ਬੰਦਾ ਬਹੁਤ ਵਿਦਵਾਨ ਪੁਰਸ਼ ਹੈ ਕੋਈ। ਕਹਿੰਦਾ, ਮਹਾਰਾਜ! ਮੈਂ ਇਕ ਗੱਲ ਪੁੱਛਣੀ ਹੈ, ਜ਼ਿਆਦਾ ਨਹੀਂ। ਕਿਉਂਕਿ ਪਤਾ ਹੁੰਦਾ ਹੈ ਕਿ ਮਹਾਂਪੁਰਖਾਂ ਦਾ ਸਮਾਂ ਬੜਾ ਕੀਮਤੀ ਹੈ, ਅਸੀਂ ਤਾਂ ਐਵੇਂ ਹੀ ਗਵਾਈ ਜਾਂਦੇ ਹਾਂ, ਘਰ ਦੀਆਂ ਗੱਲਾਂ, ਡੰਗਰਾਂ ਦੀਆਂ, ਪਸ਼ੂਆਂ ਦੀਆਂ ਕਰ-ਕਰ ਕੇ। ਮੇਰੇ ਕੋਲ ਤਾਂ ਬਹੁਤ ਹੀ ਆਉਂਦੇ ਨੇ ਕਿ ਜੀ ਮੇਰਾ ਕੁੱਤਾ ਨਹੀਂ ਠੀਕ ਹੈਗਾ। ਦੱਸੋ ਮੈਂ ਡਾਕਟਰ ਆਂ ਕੁੱਤਿਆਂ ਦਾ। ਮਾੜੀ-ਮਾੜੀ ਗੱਲ, ਮੇਰੀ ਅੱਜ ਜੀ ਬੱਕਰੀ ਦਾ ਥਣ ਦੁੱਧ ਨਹੀਂ ਦਿੰਦਾ। ਉਸ ਤੋਂ ਵੀ ਛੋਟੀਆਂ ਗੱਲਾਂ।

ਉਹ ਕਹਿੰਦਾ, ਮਹਾਰਾਜ! ਮੈਂ ਸਮਾਂ ਨਹੀਂ ਲੈਣਾ, ਕਿਉਂਕਿ ਬੜੀ ਰੂਹਾਨੀ ਵਿਚਾਰ ਚੱਲ ਰਹੀ ਸੀ, ਉਹ ਕਹਿੰਦਾ ਮਹਾਰਾਜ! ਸੁਣਿਆ ਸੀ ਸੁਣ ਨਾ ਹੋਇਆ, ਦੇਖਿਆ ਸੀ ਦੇਖ ਨਾ ਹੋਇਆ। ਹੁਣ ਆਪਾਂ ਸਾਰੇ ਹੀ ਬੈਠੇ ਹਾਂ, ਇਹਦਾ ਜਵਾਬ ਟੋਲ ਲਓ ਕਿ ਕੀ ਸਵਾਲ ਹੋਇਆ? ਮਹਾਂਪੁਰਸ਼ ਕਹਿੰਦੇ, ਮਹਾਤਮਾ ਜੀ! ਅਭਿਆਸ ਘੱਟ ਸੀਗਾ। ਉਸੇ ਵੇਲੇ ਉਹਨੇ ਚਰਨਾਂ 'ਤੇ ਨਮਸ਼ਕਾਰ ਕਰਕੇ, ਕਹਿੰਦਾ ਮਹਾਰਾਜ! ਮੇਰੀ ਸਮਝ ਵਿਚ ਆ ਗਈ ਗੱਲ। ਬਾਅਦ ਵਿਚ ਸਾਰੀ ਸੰਗਤ ਚੁੱਪ ਕਰੀ ਬੈਠੀ ਹੈ, ਮੈਂ ਕਿਹਾ ਕਿ ਇਨ੍ਹਾਂ ਨੂੰ ਪਤਾ ਲੱਗਣਾ ਚਾਹੀਦਾ ਹੈ, ਮੈਂ ਕਿਹਾ ਮਹਾਰਾਜ ਜੀ! ਕੀ ਸਵਾਲ ਸੀ? ਕਹਿੰਦੇ, ਤੂੰ ਤਾਂ ਸਮਝਦਾ ਹੈਂ? ਅੱਛਾ ਹੋਇਆ ਕਿ ਤੂੰ ਸੰਗਤ ਵਾਸਤੇ ਇਹ ਸਵਾਲ ਕਰ ਦਿਤਾ।

ਕਹਿਣ ਲੱਗੇ, ਇਕ ਐਸੀ ਅਵਸਥਾ ਆਉਂਦੀ ਹੈ ਅੰਦਰ, ਜਿਸ ਥਾਂ ਦੇ ਉਤੇ ਜਦੋਂ ਅਨਹਦ ਨਾਦ ਦਾ ਕੀਰਤਨ ਚਲਦਾ ਹੈ, ਉਹ ਕਹਿੰਦੇ ਐਸੀ ਤੜਫ ਹੁੰਦੀ, ਕਿ ਆਦਮੀ ਪਹਿਲਾਂ ਤਾਂ ਮੂਰਛਤ ਹੋ ਜਾਂਦਾ ਹੈ, ਐਨਾ ਅਨੰਦ ਆਉਂਦਾ ਹੈ ਉਹਨੂੰ। ਸਭ ਕੁਛ ਭੁੱਲ-ਭੁਲਾ ਜਾਂਦਾ ਹੈ, ਫੇਰ ਉਹ ਅਨੰਦ ਮਹੀਨਿਆਂ ਬੱਧੀ ਜਾਂਦਾ ਨਹੀਂ ਅੰਦਰੋਂ। ਜਿਵੇਂ ਕਿਸੇ ਦੀ ਲਾਟਰੀ ਨਿਕਲ ਆਵੇ ਇਕ ਕਰੋੜ ਰੁਪਈਏ ਦੀ, ਕਈ ਦਿਨ ਉਹ ਖੁਸ਼ੀ 'ਚ ਹੀ ਟੱਪਦਾ ਰਹੇਗਾ। ਕੋਈ ਚੜ੍ਹਾਈ ਕਰ ਜਾਵੇ, ਸਵਾ ਸਾਲ ਸਾਹ ਹੀ ਨਹੀਂ ਆਉਂਦਾ, ਦੁਖੀ ਹੋ ਕੇ ਥੱਲੇ ਨੂੰ ਹੀ ਜਾਵਾਂਗੇ ਨਿਗਰਦੇ ਕਿਉਂਕਿ ਮਨ ਦੀ ਅਵਸਥਾ ਹੀ ਐਸੀ ਹੈ। ਸੋ ਜਦੋਂ ਉਹਨੂੰ ਸੁਣਦਾ ਹੈ, ਉਸ ਵੇਲੇ

ਐਨਾ ਅਨੰਦ ਆਉਂਦਾ ਹੈ ਕਿ ਉਹ ਸਹਿ ਨਹੀਂ ਹੁੰਦਾ। ਅਭਿਆਸ ਕਰਕੇ ਫੇਰ ਸਹਿ ਹੋ ਜਾਂਦਾ ਹੈ। ਉਹਨੂੰ ਕਹਿੰਦੇ ਨੇ –

*ਅਨਹਤ ਬਾਣੀ ਥਾਨੁ ਨਿਰਾਲਾ ॥*
*ਤਾ ਕੀ ਧੁਨਿ ਮੋਹੇ ਗੋਪਾਲਾ ॥ ਅੰਗ - ੧੮੬*

ਉਹ ਮਹਾਨ ਅਨੰਦ ਹੋਇਆ ਕਰਦਾ ਹੈ, ਉਥੇ ਸਾਜ਼ ਕਿੰਨੇ ਵਜਦੇ ਨੇ, ਉਹਦਾ ਕੋਈ ਅੰਤ ਨਹੀਂ –

*ਤਾਰ ਘੋਰ ਬਾਜਿੰਤ੍ਰ ਤਹ*
*ਸਾਚਿ ਤਖਤਿ ਸੁਲਤਾਨੁ ॥ ਅੰਗ - ੧੨੯੧*

ਐਹ ਸਰੀਰ ਦੇ ਅੰਦਰ ਵਾਹਿਗੁਰੂ ਹੈ, ਜਿਥੇ ਵਾਹਿਗੁਰੂ ਹੈ ਉਥੇ ਕੀਰਤਨ ਹੀ ਕੀਰਤਨ ਹੋ ਰਿਹਾ ਹੈ।

*ਸੁਖਮਨ ਕੈ ਘਰਿ ਰਾਗੁ ਸੁਨਿ*
*ਸੁੰਨਿ ਮੰਡਲਿ ਲਿਵ ਲਾਇ ॥*
*ਅਕਥ ਕਥਾ ਬੀਚਾਰੀਐ*
*ਮਨਸਾ ਮਨਹਿ ਸਮਾਇ ॥*
*ਉਲਟਿ ਕਮਲੁ ਅੰਮ੍ਰਿਤਿ ਭਰਿਆ*
*ਇਹੁ ਮਨੁ ਕਤਹੁ ਨ ਜਾਇ ॥ ਅੰਗ - ੧੨੯੧*

ਸਾਰੀਆਂ ਵਾਸ਼ਨਾਵਾਂ ਖਤਮ ਹੋ ਗਈਆਂ, ਅੰਮ੍ਰਿਤ ਭਰ ਗਿਆ –

*ਕਹੁ ਕਬੀਰ ਗੂੰਗੈ ਗੁੜੁ ਖਾਇਆ*
*ਪੂਛੇ ਤੇ ਕਿਆ ਕਹੀਐ ॥ ਅੰਗ - ੩੩੪*

ਦੱਸਿਆ ਨਹੀਂ ਜਾਂਦਾ ਸਵਾਦ ਉਸਦਾ –

*ਕਬੀਰ ਚਰਨ ਕਮਲ ਕੀ ਮਉਜ ਕੋ*
*ਕਹਿ ਕੈਸੇ ਉਨਮਾਨ ॥*
*ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥*
*ਅੰਗ - ੧੩੭੦*

*ਅਜਪਾ ਜਾਪੁ ਨ ਵੀਸਰੈ*
*ਆਦਿ ਜੁਗਾਦਿ ਸਮਾਇ ॥ ਅੰਗ - ੧੨੯੧*

ਫੇਰ ਭੁੱਲਦਾ ਨਹੀਂ, ਬਗੈਰ ਜਪਣ ਤੋਂ ਹੀ ਜਪਿਆ ਜਾਂਦਾ ਹੈ। ਅੱਖਾਂ ਵੀ ਨਾਮ ਜਪਦੀਆਂ ਨੇ, ਕੰਨ ਵੀ ਨਾਮ ਜਪਦੇ ਨੇ, ਰਸਨਾ ਵੀ ਨਾਮ ਜਪਦੀ ਹੈ, ਕੋਈ ਵੀ ਨਾ ਕੰਮ ਕਰਦਾ ਹੋਵੇ ਸਾਰੇ ਇੰਦਰੇ ਬੰਦ ਹੋਣ, ਅੰਦਰ ਰੋਮ-ਰੋਮ ਦੇ ਵਿਚ ਨਾਮ ਚਲਦਾ ਹੈ। ਐਨੀ ਨਾਮ ਦੀ ਧੁਨੀ ਹੈ ਸਾਰਾ ਸਰੀਰ ਹੀ ਨਾਮ ਦਾ ਰੂਪ ਬਣ ਜਾਂਦਾ ਹੈ। ਏਸ ਕਰਕੇ ਉਹ ਪਵਿੱਤਰ ਹੋ ਜਾਂਦਾ ਹੈ। ਜਿਥੇ ਚਰਨ ਧਰ ਦੇਵੇ, ਉਹ ਥਾਂ ਪਵਿੱਤਰ, ਜਿਥੇ ਬਹਿ ਜਾਵੇ ਉਥੇ ਤੀਰਥ।

*ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ ॥*
*ਅੰਗ - ੩੧੯*

ਸੁਹਾਵਾ ਥਾਨ ਹੋ ਜਾਂਦਾ ਹੈ। ਇਕ ਵਾਰੀ ਸ਼ਿਵ ਜੀ, ਪਾਰਵਤੀ ਤੁਰੇ ਜਾਂਦੇ, ਐਸਾ ਇਕ ਸਥਾਨ ਆਇਆ ਉਥੇ ਜੰਗਲ ਉੱਗਿਆ ਹੋਇਆ ਹੈ, ਦਰਖਤ ਹੀ ਦਰਖਤ ਖੜ੍ਹੇ ਨੇ, ਇਕ ਉੱਚਾ ਜਿਹਾ ਥੇਹ, ਉਥੇ ਸ਼ਿਵਜੀ ਮਹਾਰਾਜ ਜੀ ਨੇ ਨਮਸ਼ਕਾਰ ਕਰ ਦਿਤੀ। ਫੇਰ ਆਲੇ-ਦੁਆਲੇ ਫਿਰ ਕੇ ਪ੍ਰਕਰਮਾ ਕਰਕੇ ਫੇਰ ਨਮਸ਼ਕਾਰ ਕਰ ਦਿਤੀ।

ਪਾਰਬਤੀ ਕਹਿਣ ਲੱਗੀ ਕਿ ਮਹਾਰਾਜ! ਨਾ ਕੋਈ ਸਾਧੂ, ਨਾ ਕੋਈ ਦੇਹੁਰਾ, ਨਾ ਕੋਈ ਮੰਦਰ, ਤੁਸੀਂ ਨਮਸ਼ਕਾਰਾਂ ਕਿਸ ਚੀਜ਼ਾਂ ਨੂੰ ਕਰ ਰਹੇ ਹੋ? ਕਿਉਂਕਿ ਜਿਹੜੇ ਦੇਵਤੇ ਨੇ ਸਾਧਸੰਗਤ ਜੀ! ਬੰਦਗੀ ਕਰਨ ਵਾਲਿਆਂ ਨੂੰ ਟੋਲ੍ਹਦੇ ਰਹਿੰਦੇ ਨੇ ਤੇ ਬੰਦਗੀ ਕਰਨ ਵਾਲਿਆਂ ਦੇ ਕੋਲ ਆ ਜਾਂਦੇ ਨੇ, ਬੈਠ ਜਾਂਦੇ ਨੇ, ਸਤਿਸੰਗ 'ਚ ਬੈਠ ਜਾਂਦੇ ਨੇ, ਜਿਵੇਂ ਆਪਾਂ ਬੈਠੇ ਹਾਂ ਇਸ ਤਰ੍ਹਾਂ ਬੈਠ ਜਾਂਦੇ ਨੇ, ਕਿਉਂਕਿ ਗੁਰਬਾਣੀ ਦੇ ਅੰਦਰ ਐਸਾ ਫੁਰਮਾਨ ਹੈ –

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥*
*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥*
*ਅੰਗ - ੨੭੩*

ਸੋ ਕਹਿਣ ਲੱਗੀ ਕਿ ਇਥੇ ਤਾਂ ਕੋਈ ਨਜ਼ਰ ਨਹੀਂ ਆਉਂਦਾ, ਕਹਿੰਦਾ ਪਾਰਬਤੀ! ਤੈਨੂੰ ਨਹੀਂ ਨਜ਼ਰ ਆਉਂਦਾ, ਆਹ ਦੇਖ ਕਿੰਨੀ ਸੁਗੰਧੀ ਆ ਰਹੀ ਹੈ ਨਾਮ ਦੀ, ਪਿਆਰ ਦੀ। ਕਿੰਨੀ ਸ਼ਾਂਤੀ ਹੈ ਇਸ ਥਾਂ ਦੇ ਉਤੇ। ਕਹਿਣ ਲੱਗੇ, ਕਈ ਸੌ ਸਾਲ ਪਹਿਲਾਂ ਇਥੇ ਕੋਈ ਪ੍ਰਮੇਸ਼ਰ ਦਾ ਪਿਆਰਾ ਆਇਆ ਸੀ, ਉਹਨੇ ਸਾਰਾ ਜੀਵਨ ਆਪਣਾ ਇਥੇ ਪ੍ਰਮੇਸ਼ਰ ਦੇ ਪਿਆਰ ਵਿਚ ਬਤੀਤ ਕਰਿਆ ਤੇ ਉਹਦੀ ਤਾਂ ਸੁਗੰਧੀ ਅਜੇ ਵੀ ਇਥੇ ਉਵੇਂ ਜਿਵੇਂ ਆਉਂਦੀ ਹੈ। ਕਿਸੇ ਕੱਚੇ ਭਾਂਡੇ ਦੇ ਵਿਚ ਘਿਉ ਰੱਖਿਆ ਹੋਵੇ, ਪਿੰਡ ਉੱਜੜ ਗਿਆ ਹੋਵੇ, ਠੀਕਰੀਆਂ ਪਈਆਂ ਹੋਣ, ਸਿਆਣੇ ਬੰਦੇ ਪਛਾਣ ਲੈਂਦੇ ਨੇ ਕਿ ਆਹ ਜਿਹੜੀ ਠੀਕਰੀ ਹੈ ਇਹਦੇ ਵਿਚ ਘਿਉ ਸੀਗਾ। ਕਿਉਂਕਿ ਘਿਉ ਉਹਦੇ ਵਿਚੋਂ ਨਿਕਲਦਾ ਨਹੀਂ ਹੈ, ਜਦੋਂ ਧੁੱਪ ਪੈਂਦੀ ਹੈ ਉਹ ਚਮਕਣ ਲਗ ਜਾਂਦਾ ਹੈ।

ਸੋ ਉਹ ਨਾਮ ਜਦੋਂ ਰਚ ਜਾਂਦਾ ਹੈ ਸਾਰੇ ਸਰੀਰ ਦੇ ਅੰਦਰ, ਫੇਰ ਸਾਰੇ ਸਰੀਰ 'ਚੋਂ ਹੀ ਨਾਮ ਦੀਆਂ ਧੁਨਾਂ ਆਉਂਦੀਆਂ ਨੇ –

*ਅਜਪਾ ਜਾਪੁ ਨ ਵੀਸਰੈ*
*ਆਦਿ ਜੁਗਾਦਿ ਸਮਾਇ ॥*
*ਸਭਿ ਸਖੀਆ ਪੰਚੇ ਮਿਲੇ*
*ਗੁਰਮੁਖਿ ਨਿਜ ਘਰਿ ਵਾਸੁ ॥ ਅੰਗ - ੧੨੯੧*

ਆਪਣੇ ਘਰ ਵਿਚ ਵਾਸਾ ਹੋ ਗਿਆ, ਕਿਉਂਕਿ ਗੁਰੂ ਨੇ ਦਿਖਾ ਦਿਤਾ। ਹੁਣ ਉਹਦੀ ਪਦਵੀ ਕਿੱਡੀ ਹੋ ਗਈ, ਮਹਾਰਾਜ ਕਹਿੰਦੇ –

*ਸਬਦੁ ਖੋਜਿ ਇਹੁ ਘਰੁ ਲਹੈ*
*ਨਾਨਕੁ ਤਾ ਕਾ ਦਾਸੁ॥ ਅੰਗ - ੧੨੯੧*

ਇਹ ਐਵੇਂ ਨਹੀਂ ਮਿਲਦਾ, ਇਹ ਸ਼ਬਦ ਦੀ ਖੋਜ ਕਰਨ ਦੇ ਨਾਲ ਘਰ ਮਿਲਦਾ ਹੈ, ਸੋ ਜਿਹੜਾ ਇਥੇ ਤੱਕ ਪਹੁੰਚਾ ਦੇਵੇ, ਉਹਨੂੰ ਗੁਰੂ ਕਹਿੰਦੇ ਨੇ। ਐਵੇਂ ਨਹੀਂ ਹੁੰਦਾ ਗੁਰੂ। ਗੁਰੂ ਮਿਲਣਾ ਹੀ ਬਹੁਤ ਔਖਾ ਹੈ–

*ਜਿਨ ਮਸਤਕਿ ਧੁਰਿ ਹਰਿ ਲਿਖਿਆ*
*ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ ॥*
*ਅੰਗ - ੪੫੦*

ਸਾਡੇ ਤਾਂ ਸਬੰਧ ਨੇ ਗੁਰੂ ਨਾਨਕ ਨਾਲ। ਜਦ ਤੱਕ ਅਸੀਂ ਤਰਦੇ ਨਹੀਂ ਨਾ, ਪਾਰ ਨਹੀਂ ਜਾਂਦੇ, ਗੁਰੂ ਨਾਨਕ ਨੇ ਨਹੀਂ ਸਾਡਾ ਖਹਿੜਾ ਛੱਡਣਾ। ਚਾਹੇ ਕੁੱਤਿਆਂ ਦੀ ਜੂਨੀ 'ਚ ਚਲੇ ਜਾਈਏ, ਚਾਹੇ ਸੱਪਾਂ ਦੀ 'ਚ ਚਲੇ ਜਾਈਏ। ਉਹਨੇ ਟੋਲ੍ਹ ਲੈਣਾ ਹੈ।

ਗੁਰੂ ਦਸਵੇਂ ਪਾਤਸ਼ਾਹ ਮਾਲਵੇ 'ਚ ਜਾਂਦੇ ਨੇ, ਧਰਮ ਸਿੰਘ ਓਨੀਂ ਮਹਾਰਾਜ ਨੂੰ ਇਕ ਪਲੰਘ ਨਵਾਂ ਬਣਾ ਕੇ ਦਿੰਦੇ ਨੇ, ਦਰਖਤ ਵੱਢ ਲੈਂਦੇ ਨੇ, ਬਾਂਹੀਆਂ ਬਣਾ ਕੇ, ਬੇੜਾਂ ਦੇ ਨਾਲ ਬੁਣ ਦਿੰਦੇ ਨੇ ਤੇ ਮਹਾਰਾਜ ਜੀ ਦਾ ਬਿਸਤਰਾ ਰੋਜ਼ ਲਾਉਣਾ। ਅੱਜ ਦੇਰ ਹੋ ਗਈ, ਕੋਈ ਦਰਖਤ ਵੀ ਨੇੜੇ ਨਹੀਂ ਸੀ ਤੇ ਉਨ੍ਹਾਂ ਨੇ ਛੇਤੀ-ਛੇਤੀ ਕਿੱਕਰ ਦੇ ਟਾਹਣੇ ਵੱਢੇ, ਸੱਲ੍ਹ ਕੱਢ ਕੇ ਪਲੰਘ ਬਣਾ ਦਿਤਾ ਤੇ ਕਿੱਕਰ ਦੇ ਥੱਲੇ ਹੀ ਡਾਹ ਦਿਤਾ। ਉਧਰੋਂ ਰਹਿਰਾਸ ਸਾਹਿਬ ਦੇ ਪਾਠ ਦਾ ਸਮਾਂ ਹੋ ਗਿਆ। ਗੁਰੂ ਮਹਾਰਾਜ ਜੀ ਪਲੰਘ 'ਤੇ ਬਿਰਾਜੇ ਤਾਂ ਉਤੇ ਕਾਂ ਬੋਲਦੇ ਸੀ, ਮਹਾਰਾਜ ਜੀ ਕਹਿੰਦੇ, ਭਾਈ ਧਰਮ ਸਿੰਘ! ਆਹ ਦਰਖਤ 'ਤੇ ਚੜ੍ਹ ਤੇ ਇਕ ਕਾਉਂ ਫੜ ਲਿਆ। ਚੜ੍ਹਿਆ ਉਤੇ ਤੇ ਕਾਉਂ ਫੜ ਲਿਆਂਦਾ। ਲਿਆ ਕੇ ਮਹਾਰਾਜ ਕਹਿੰਦੇ ਕਿ ਵਾਹਿਗੁਰੂ-ਵਾਹਿਗੁਰੂ ਕਹਿ ਕੇ ਇਹਦੀ ਗਰਦਨ ਮਰੋੜ ਦਿਓ। ਸਾਰਿਆਂ ਨੂੰ ਬੜੀ ਅਜੀਬ ਗੱਲ ਲੱਗੀ ਕਿ ਏਧਰ ਰਹਿਰਾਸ ਦਾ ਮੌਕਾ ਹੈ, ਓਧਰ ਗੁਰੂ ਮਹਾਰਾਜ ਕਾਂਉਂ ਦੀ ਗਰਦਨ ਮਰੋੜਦੇ ਨੇ। ਭਾਈ ਧਰਮ ਸਿੰਘ ਜਦੋਂ ਚੜ੍ਹਿਆ ਦਰਖਤ ਉਪਰ ਤਾਂ ਉਥੇ ਦੋ ਕਾਉਂ, ਕਹਿਣ ਲੱਗੇ, ਮਹਾਰਾਜ ਕਿਹੜਾ ਲਿਆਵਾਂ? ਕਹਿੰਦੇ, ਕੀ ਸੁਭਾਉ ਨੇ ਦੋਹਾਂ ਦੇ। ਕਹਿੰਦੇ, ਇਕ ਤਾਂ ਡਰ ਕੇ ਬਹਿ ਗਿਆ, ਇਕ ਨੱਠ-ਨੱਠ ਪੈਂਦਾ ਹੈ। ਉਹ ਤਾਂ ਹੱਥ ਨੇੜੇ ਨਹੀਂ ਆਉਣ ਦਿੰਦਾ। ਮਹਾਰਾਜ ਜੀ ਕਹਿੰਦੇ, ਇਹੀ ਹੈ ਆਪਣਾ ਸਿੰਘ। ਪਿਛਲੇ ਜਨਮ ਵਿਚ ਸਿੰਘ ਸੀਗਾ, ਫਿੱਕਾ ਬੋਲਿਆ ਮਹਾਂਪੁਰਸ਼ਾਂ ਨੂੰ ਤੇ ਮਹਾਂਪੁਰਸ਼ਾਂ ਨੂੰ ਮੰਦੇ ਅੱਖਰ ਕਹੇ। ਉਨ੍ਹਾਂ ਦੇ ਮੁਖ ਤੋਂ ਨਿਕਲ ਗਿਆ ਕਿ ਤੂੰ ਕੀ ਕਾਂਉਂ ਵਾਂਗਣ ਕਾਂ-ਕਾਂ ਕਰੀ ਜਾਂਦਾ ਹੈਂ? ਕਹਿੰਦੇ, ਇਹ ਵਿਛੜ ਗਿਆ ਭਾਈ, ਇਹਦੀ ਜ਼ਿੰਮੇਵਾਰੀ ਸਾਡੇ 'ਤੇ ਹੈ। ਉਸ ਵੇਲੇ ਉਧਾਰ ਕਰ ਦਿਤਾ ਕਾਂਉਂ ਦਾ।

ਇਕ ਘੋਗੜ ਸੀ, ਮਹਾਰਾਜ ਜੀ ਨੇ ਬਾਣ ਮਾਰਿਆ, ਘੋਗੜ ਮਰ ਗਿਆ। ਮਹਾਰਾਜ ਜੀ ਦੇ ਬਾਣ ਦੇ ਨਾਲ ਸਵਾ ਤੋਲਾ ਸੋਨਾ ਹੁੰਦਾ ਸੀ। ਦਾਨ ਸਿੰਘ ਕਹਿਣ ਲੱਗਿਆ ਕਿ ਸੱਚੇ ਪਾਤਸ਼ਾਹ! (ਮਲਵੱਈ ਸਿੱਧੇ ਸੀ) ਆਹ ਤਾਂ ਤੁਸੀਂ ਬਾਣ ਹੀ ਖਰਾਬ ਕਰ ਦਿਤਾ, ਕੀ ਮਾਰਿਆ ਇਕ ਘੋਗੜ?

ਮਹਾਰਾਜ ਕਹਿੰਦੇ ਪਿਆਰਿਓ! ਇਹ ਸਾਡਾ ਸਿੱਖ ਸੀ, ਗਲਤੀ ਕਰਕੇ ਏਸ ਜੂਨ 'ਚ ਪੈ ਗਿਆ ਤੇ ਘੋਗੜ ਹੀ ਬਣਦਾ ਤੁਰਿਆ ਆਉਂਦਾ ਹੈ। ਆ ਜਾਂਦਾ ਹੈ ਮਰ ਜਾਂਦਾ ਹੈ, ਫੇਰ ਆ ਜਾਂਦਾ ਹੈ ਤੇ ਫੇਰ ਮਰ ਜਾਂਦਾ ਹੈ ਤੇ ਇਹਦਾ ਅਸੀਂ ਉਧਾਰ ਕਰਨਾ ਹੈ। ਮੂਲਾ ਗੁਰੂ ਤੋਂ ਬੇਮੁਖ ਹੋ ਗਿਆ, ਦੋ ਸੌ ਸਾਲ ਜੂਨੀਆਂ 'ਚ ਘੁੰਮਦਾ-ਘੁੰਮਦਾ ਜਦ ਗੁਰੂ ਸਾਹਿਬ ਨਾਂਦੇੜ ਸਾਹਿਬ ਗਏ, ਉਥੇ ਸਹਾ (ਖਰਗੋਸ਼) ਬਣਿਆ ਹੋਇਆ ਹੈ। ਮਹਾਰਾਜ ਜੀ ਦੁਪਹਿਰ ਵੇਲੇ ਘੋੜੇ 'ਤੇ ਸਵਾਰ ਹੋ ਗਏ, ਵਸਤਰ ਛੋਟੇ ਪਹਿਨੇ ਹੋਏ ਨੇ, ਬਰਛਾ ਹੱਥ ਵਿਚ ਹੈ, ਘੋੜਾ ਨਠਾਈ ਜਾਂਦੇ ਨੇ ਸਹੇ ਦੇ ਮਗਰ। ਸਾਰੇ ਸਿੰਘ ਦੇਖਦੇ ਨੇ ਕਿ ਆਹ ਕੀ ਗੱਲ। ਉਥੇ ਜਾ ਕੇ ਪਰੋ ਲਿਆ।

ਸੱਚੇ ਪਾਤਸ਼ਾਹ! ਇਕ ਸਹੇ ਦੇ ਵਾਸਤੇ ਐਨੀ ਖੇਚਲ, ਐਨੀ ਧੁੱਪ ਦੇ ਵਿਚ ਗਏ ਆਪ?

ਮਹਾਰਾਜ ਕਹਿੰਦੇ, ਪਿਆਰਿਓ! ਇਹ ਬੇਮੁਖ ਹੋਇਆ-ਹੋਇਆ ਸਿੱਖ ਸੀ, ਇਹਦਾ ਉਧਾਰ ਕਰਨਾ ਸੀ ਅਸੀਂ।

ਗੁਰੂ ਟੋਲ੍ਹ ਲੈਂਦਾ ਹੈ, ਗੁਰੂ ਉਹ ਹੈ ਜਿਹੜਾ ਸਾਨੂੰ ਮੁੜ ਕੇ ਨਰਕ ਵਿਚ ਨਾ ਜਾਣ ਦੇਵੇ। ਸੋ ਉਹ ਹੈ ਗੁਰੂ ਪ੍ਰਮੇਸ਼ਰ ਗੁਰੂ ਨਾਨਕ ਸਾਹਿਬ। ਹੋਰ ਨਹੀਂ ਗੁਰੂ ਹੁੰਦਾ। ਬਹੁਤ ਮੁਸ਼ਕਲ ਹੈ। ਕਲਜੁਗ ਦੇ ਵਿਚ ਗੁਰੂ ਦਾ ਕੰਮ ਬਹੁਤ ਔਖਾ ਹੈ। ਸੋ ਗੁਰੂ ਘਰ ਦੀ ਜੋ ਮਰਿਯਾਦਾ ਹੈ ਉਹ ਬੜੀ ਸੁਰਖਸ਼ਿਤ ਮਰਿਆਦਾ ਹੈ ਕਿ ਪੰਜ ਪਿਆਰੇ ਅੰਮ੍ਰਿਤ ਛਕਾਉਂਦੇ ਨੇ, ਉਸ ਤੋਂ ਬਾਅਦ ਗੁਰਮੰਤ੍ਰ ਦੇ ਕੇ ਆਪ ਵਿਚੋਂ ਨਿਕਲ ਜਾਂਦੇ ਨੇ ਕਿ ਅਸੀਂ ਨਹੀਂ ਭਾਈ, ਆਹ ਗੁਰੂ ਗ੍ਰੰਥ ਸਾਹਿਬ ਜੀ ਤੁਹਾਡੇ ਗੁਰੂ ਨੇ। ਅੱਖਾਂ ਵਾਲਿਆਂ ਨੂੰ ਜੋ ਦਿਸਦਾ ਹੈ ਉਹ ਹੋਰ ਦਿਸਦਾ ਹੈ।

ਭਾਈ ਰਣਧੀਰ ਸਿੰਘ ਜੀ ਏਸ ਹੱਠ ਵਿਚ ਆ ਗਏ ਨਾਰੰਗਵਾਲ ਵਾਲੇ ਕਿ ਮੈਂ ਨਾਮ ਲੈਣਾ ਹੈ, ਗੁਰੂ ਤੋਂ ਲੈਣਾ ਹੈ। ਬੜਾ ਹੱਠ ਕਰਿਆ। ਸ਼ਰਧਾ ਦੇਖ ਕੇ, ਗੁਰੂ ਨੇ ਕੀ ਕਰਿਆ, ਜਿਸ ਵਕਤ ਆਏ ਗੁਰਦੁਆਰੇ ਦਰਵਾਜ਼ੇ ਖੁਲ੍ਹੇ ਆਪੇ ਹੀ, ਨਾ ਕਿਸੇ ਗ੍ਰੰਥੀ ਨੇ ਖੋਲ੍ਹੇ, ਆਪਣੇ ਆਪ ਹੀ ਖੁੱਲ੍ਹੇ, ਝਿਲਮਿਲ-ਝਿਲਮਿਲ ਕਰਦਾ ਹੈ, ਗੁਰਦੁਆਰਾ ਸਾਹਿਬ। ਸਾਰੀਆਂ ਕੰਧਾਂ ਦੇ ਉਤੇ ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਲਿਖਿਆ ਹੋਇਆ ਹੈ ਤੇ ਜਿਸ ਵਕਤ ਗੁਰੂ ਗ੍ਰੰਥ ਸਾਹਿਬ ਨੂੰ ਨਮਸ਼ਕਾਰ ਕੀਤੀ, ਗੁਰੂ ਗ੍ਰੰਥ ਸਾਹਿਬ ਨਜ਼ਰ ਹੀ ਨਹੀਂ ਆਉਂਦੇ ਇਕ ਜੋਤ ਨਜ਼ਰ ਆ ਰਹੀ ਹੈ, ਚਾਨਣਾ ਹੀ ਚਾਨਣਾ ਨਜ਼ਰ ਆ ਰਿਹਾ ਹੈ, ਬੜਾ ਅਨੰਦ ਲਿਆ ਤੇ ਵਾਹਿਗੁਰੂ ਦੀ ਧੁਨ ਸੁਣਾਈ ਦੇ ਰਹੀ ਹੈ। ਉਸ ਤੋਂ ਬਾਅਦ ਜਦੋਂ ਹੁਕਮ ਲੈਣ ਲੱਗੇ ਤਾਂ ਗੁਜਰੀ ਜੀ ਵਾਰ ਦੇ ਵਿਚ -

*ਵਾਹੁ ਵਾਹੁ ਬਾਣੀ ਸਚੁ ਹੈ*

*ਗੁਰਮੁਖਿ ਲਧੀ ਭਾਲਿ ॥ ਅੰਗ - ੫੧੪*

ਉਹ ਵਾਹਿਗੁਰੂ ਮੰਤ੍ਰ ਆਪੇ ਹੀ ਆ ਗਿਆ, ਐਨਾ ਕਿਸੇ 'ਚ ਜ਼ੋਰ ਹੈਗਾ ਉਹ ਵੀ ਲੈ ਸਕਦਾ ਹੈ, ਨਹੀਂ ਤਾਂ ਸੁਖਾਲਾ ਤਰੀਕਾ ਗੁਰੂ ਮਹਾਰਾਜ ਨੇ ਅੰਮ੍ਰਿਤ ਛਕ ਕੇ, ਪੰਜ ਪਿਆਰੇ ਛਕਾਉਣ ਤੋਂ ਬਾਅਦ ਇਕੱਠੇ ਹੋ ਕੇ ਮੰਤ੍ਰ ਦੇਣ ਤੋਂ ਬਾਅਦ, ਗੁਰੂ ਗ੍ਰੰਥ ਸਾਹਿਬ ਦੇ ਲੜ ਲਾ ਦਿੰਦੇ ਨੇ। ਫੇਰ ਪਿਆਰਿਓ ਜੇ -

*ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ ॥*
*ਅੰਗ - ੪੭੦*

ਫੇਰ ਜਿਹੜਾ ਇਕ ਪੂਰੇ ਨੂੰ ਛੱਡ ਕੇ ਐਵੇਂ ਦੌੜਿਆ ਫਿਰਦਾ ਹੈ ਕਿ ਔਹ ਸੰਤ ਤੋਂ ਨਾਮ ਲੈਣਾ ਹੈ, ਓਸ ਤੋਂ ਲੈਣਾ ਹੈ। ਗੁਰੂ ਘਰ ਦੇ ਸੰਤ ਹਮੇਸ਼ਾਂ ਗੁਰੂ ਦੇ ਨਾਲ ਜੋੜਦੇ ਨੇ। ਆਪ ਤਾਂ ਉਹ ਹੁੰਦੇ ਹੀ ਨਹੀਂ । ਪਹਿਲਾਂ ਵੀ ਮੈਂ ਬੇਨਤੀ ਕੀਤੀ ਸੀ ਕਿ ਸੰਤ ਉਹ ਹੁੰਦਾ ਹੈ ਜੋ ਹੋਵੇ ਨਾ। ਜਿਹੜਾ ਹੋਵੇ ਉਹ ਨਹੀਂ ਸੰਤ ਹੁੰਦਾ ਕਿਉਂਕਿ ਸੰਤ ਇਕ ਪਦਵੀ ਹੈ, ਓਸ ਸਰੀਰ ਦੇ ਵਿਚ ਜੋਤ ਦੀ, ਜਿਸ ਵਿਚੋਂ ਮੈਂ ਮਰ ਚੁੱਕੀ ਹੈ, ਪੂਰੀ ਤਰ੍ਹਾਂ। ਜਿਹਦੇ 'ਚ ਮੈਂ ਤੇ ਮੇਰੀ ਹੈ, ਮੇਰੀ ਨਾਲ ਕੀ ਹੁੰਦਾ ਹੈ? ਆਹ ਮੇਰਾ ਭਰਾ, ਆਹ ਮੇਰੀ ਭੈਣ। ਆਹ ਮੇਰਾ ਫਲਾਣਾ ਹੈ। ਉਹ ਕਹਿੰਦੇ ਨੇ ਕਿ ਆਹ ਸਾਰੀ ਸ੍ਰਿਸ਼ਟੀ ਹੀ ਮੇਰੀ ਹੈ। ਇਕ ਨਹੀਂ ਹੁਣ ਰਿਹਾ। ਇਹ ਸ੍ਰਿਸ਼ਟੀ ਮੈਂ ਹਾਂ ਤੇ ਸ੍ਰਿਸ਼ਟੀ ਮੇਰੇ ਵਿਚ ਹੈ ਸਾਰੀ। ਚੌਥੇ ਪਦ ਦੀ ਗੱਲ ਹੈ। ਚੌਥੇ ਪਦ ਵਾਲੇ ਦੀ ਦ੍ਰਿਸ਼ਟੀ 'ਚ ਹੁੰਦਾ ਹੈ ਕਿ ਮੈਂ ਸਾਰਿਆਂ ਵਿਚ ਹਾਂ, ਸਾਰੇ ਮੇਰੇ ਵਿਚ ਨੇ। ਉਹ ਕੀ ਹੈ? ਉਹ 'ਮੈਂ' ਸਰੀਰ ਨੂੰ ਨਹੀਂ ਕਹਿੰਦਾ, ਆਪਣੇ ਆਪ ਨੂੰ ਨਹੀਂ ਕਹਿੰਦਾ, ਉਹ ਜੋਤੀ ਨੂੰ ਕਹਿੰਦਾ ਹੈ। ਆਪਣੇ ਅਸਲੀ ਸਰੂਪ ਨੂੰ ਕਹਿੰਦਾ ਹੈ -

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥*
*ਅੰਗ - ੪੪੧*

ਆਤਮਾ ਨੂੰ ਕਹਿੰਦਾ ਹੈ, ਇਕੋ ਹੀ ਆਤਮਾ ਸਾਰੇ ਪ੍ਰੀਪੂਰਨ ਹੈ। ਉਹਦੇ 'ਚ ਮੈਂ ਤੇ ਮੇਰੀ ਨਹੀਂ ਹੁੰਦੀ, ਜਿਹਦੇ 'ਚ ਮੈਂ ਤੇ ਮੇਰੀ ਪੂਰੀ ਤਰ੍ਹਾਂ ਮਿਟ ਜਾਵੇ ਉਹ ਸੰਤ ਹੋਇਆ ਕਰਦਾ ਹੈ। ਐਵੇਂ ਨਹੀਂ ਚੋਲੇ ਪਾ ਕੇ ਸੰਤ ਬਣਦਾ, ਨਾ ਕਿਸੇ ਡੇਰੇ 'ਤੇ ਬੈਠ ਕੇ ਸੰਤ ਬਣਦੈ, ਕੀ ਪਤਾ ਕੋਈ ਹਲ ਦੇ ਪਿਛੇ ਹੀ ਸੰਤ ਚਲਿਆ ਜਾਂਦਾ ਹੋਵੇ।

ਬਾਬਾ ਅਜੀਤ ਸਿੰਘ ਨਥਲਪੁਰ ਵਾਲੇ, ਸਾਧਾਰਣ ਗ੍ਰਹਿਸਤੀਆਂ ਵਾਲੇ ਕਪੜੇ ਪਹਿਨਦੇ ਸੀ, ਕਿੱਡੇ ਵੱਡੇ ਬ੍ਰਹਮਗਿਆਨੀ ਮਹਾਂਪੁਰਸ਼ ਸੀਗੇ। ਪਤਾ ਨਹੀਂ ਸੀ ਲਗਦਾ ਉਨ੍ਹਾਂ ਦਾ। ਲੇਕਿਨ ਸੋਝੀ ਵਾਲਿਆਂ ਨੂੰ ਪਤਾ ਸੀ ਕਿ ਇਹ ਤਾਂ ਪੂਰਨ ਪੁਰਸ਼ ਨੇ। ਸੋ ਆਪਣੇ ਆਪ ਦੇ ਮਗਰ ਨਹੀਂ ਕੋਈ ਵੀ ਲਾਉਂਦਾ, ਗੁਰੂ ਦੇ ਮਗਰ ਲਾਉਂਦੇ ਨੇ। ਸੋ ਗੁਰੂ ਤੋਂ ਬਗੈਰ ਨਾਮ ਨਹੀਂ ਮਿਲਦਾ। ਪੂਰਾ ਗੁਰੂ ਸਮਰੱਥ ਗੁਰੂ ਦਾ ਨਾਮ ਫਲਦਾ ਹੈ। ਇਕ ਮਨੁੱਖ ਗੁਰੂ ਹੋਇਆ ਕਰਦਾ ਹੈ, ਇਕ ਗੁਰੂ ਪ੍ਰਮੇਸ਼ਰ ਗੁਰੂ ਹੋਇਆ ਕਰਦਾ ਹੈ, ਮਨੁੱਖ ਗੁਰੂ ਤਾਂ ਠੀਕ ਨੇ, ਟੀਚਰ ਸਾਨੂੰ ਪੜ੍ਹਾਉਂਦਾ ਹੈ, ਇੰਗਲਿਸ਼ ਪੜ੍ਹਾਉਂਦਾ ਹੈ ਉਹਦਾ ਸਤਿਕਾਰ ਕਰੋ। ਹਿਸਾਬ ਪੜ੍ਹਾਉਂਦਾ ਹੈ, ਕੋਈ ਕੰਮ ਸਿਖਾਉਂਦਾ ਹੈ ਸਾਨੂੰ, ਮੈਡੀਕਲ ਸਾਇੰਸ ਸਿਖਾਉਂਦਾ ਹੈ, ਕੋਈ ਹਿਕਮਤ ਸਿਖਾਉਂਦਾ ਹੈ, ਉਹਦਾ ਸਤਿਕਾਰ ਕਰਨਾ ਸਾਡਾ ਫਰਜ਼ ਬਣਦਾ ਹੈ। ਅਰਥ ਸਿਖਾਉਂਦਾ ਹੈ, ਕੋਈ ਬਾਣੀ ਦੇ ਗੋਹਝ ਭੇਦ ਸੁਣਾਉਂਦਾ ਹੈ, ਉਹਦਾ ਸਤਿਕਾਰ ਕਰਨਾ ਸਾਡਾ ਫਰਜ਼ ਬਣਦਾ ਹੈ, ਇਹ ਸਾਰੇ ਹੀ ਮਨੁੱਖ ਗੁਰੂ ਨੇ, ਲੇਕਿਨ ਜੋ ਗੁਰੂ ਪ੍ਰਮੇਸ਼ਰ ਹੈ ਉਹ ਕਲਜੁਗ ਦੇ ਅੰਦਰ ਕੇਵਲ ਗੁਰੂ ਨਾਨਕ ਦਾ ਰਾਜ ਚਲਦਾ ਹੈ। ਇਨ੍ਹਾਂ ਦਾ ਹੀ ਰਾਜ ਚੱਲਣਾ ਹੈ। ਸੋ ਏਸ ਕਰਕੇ ਸਮਰੱਥ ਗੁਰੂ ਜੋ ਹੈ, ਉਸ ਤੋਂ ਜਦੋਂ ਅਸੀਂ ਮੰਤ੍ਰ ਲੈ ਲੈਂਦੇ ਹਾਂ, ਤਾਂ ਨਾਮ ਚਲਦਾ ਹੈ।

ਗੁਰੂ ਬਾਬਾ ਅਮਰਦਾਸ ਗੁਰੂ ਦੂਸਰੇ ਪਾਤਸ਼ਾਹ ਜੀ ਦੇ ਪਾਸ ਆ ਕੇ, ਬੇਨਤੀ ਕਰਦੇ ਨੇ, ਸੱਚੇ ਪਾਤਸ਼ਾਹ! ਮੈਂ ਕੁੜਮ ਬਣ ਕੇ ਨਹੀਂ ਆਇਆ, ਮੈਂ ਤਾਂ ਭਿਖਾਰੀ ਬਣ ਕੇ ਆਇਆ ਹੈ। ਮਹਾਰਾਜ ਜੀ ਨੇ ਫੇਰ ਉਨ੍ਹਾਂ ਨੂੰ ਕਿਹਾ ਕਿ ਪਿਆਰਿਆ! -

*ਰਾਮ ਪਦਾਰਥੁ ਪਾਇ ਕੈ*
*ਕਬੀਰਾ ਗਾਂਠਿ ਨ ਖੋਲ੍ ॥*
*ਨਹੀ ਪਟਣੁ ਨਹੀ ਪਾਰਖੂ*
*ਨਹੀ ਗਾਹਕੁ ਨਹੀ ਮੋਲੁ॥ ਅੰਗ - ੧੩੬੫*

ਪੂਰਾ ਮੁੱਲ ਦੇਣ ਤੋਂ ਬਾਅਦ ਨਾਮ ਮਿਲਿਆ ਕਰਦਾ ਹੈ, ਸੋ ਆਪ ਨੇ ਸਮਝਾਇਆ ਕਿ ਨਾਮ ਦੇ ਵਾਸਤੇ ਪਹਿਲਾਂ ਤਾਂ ਗੁਰੂ 'ਤੇ ਪ੍ਰਤੀਤ ਹੋਣੀ ਚਾਹੀਦੀ ਹੈ।

*ਜਾ ਕੈ ਮਨਿ ਗੁਰ ਕੀ ਪਰਤੀਤਿ ॥*
*ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥*
*ਅੰਗ - ੨੮੩*

***ਧਾਰਨਾ - ਗੁਰ ਕੀ ਪ੍ਰਤੀਤ ਜੀ***
***ਜਿਸ ਦੇ ਮਨ ਵਿਚ ਹੈ ਭਾਈ।***

ਸੋ ਮੈਂ ਪਿਛੇ ਬੇਨਤੀ ਕਰੀ ਸੀ ਕਿ ਪ੍ਰਤੀਤ ਐਨੀ ਕਿ ਮੇਰਾ ਗੁਰੂ ਆਪ ਵਾਹਿਗੁਰੂ ਹੈ। ਦੂਸਰੀ ਹੈ ਪ੍ਰਮੇਸ਼ਰ ਦੀ, ਵਾਹਿਗੁਰੂ ਦੀ ਪ੍ਰਤੀਤ ਕਿ ਹਾਜ਼ਰ ਨਾਜ਼ਰ ਹਰ ਥਾਂ ਦੇਖਦਾ ਹੈ, ਤੀਸਰੀ ਪ੍ਰਤੀਤ ਹੋਇਆ ਕਰਦੀ ਹੈ, ਮੰਤ੍ਰ 'ਤੇ ਕਿ ਜੋ ਮੈਨੂੰ ਪੰਜ ਪਿਆਰਿਆਂ ਨੇ ਮੰਤਰ ਦੇ ਦਿਤਾ, ਹੋਰ ਮੈਨੂੰ ਕਿਸੇ ਭਜਨ, ਨਾਮ ਵੀ ਕਹਿ ਦਿੰਦੇ ਨੇ ਹੋਰ ਕਾਸੇ ਦੀ ਲੋੜ ਨਹੀਂ ਹੈ, ਇਸੇ ਨੇ ਮੇਰਾ ਪਾਰ ਉਤਾਰਾ ਕਰ ਦੇਣਾ ਹੈ। ਕੋਈ ਸਪੈਸ਼ਲ ਨਹੀਂ ਨਾਮ ਹੋਇਆ ਕਰਦਾ। ਭਾਵਨਾ ਦੇ ਨਾਲ, ਪਰਮ ਪੁਰਖ ਦੇ ਮੁਖ ਦੇ ਵਿਚੋਂ ਜੋ ਮਿਲ ਗਿਆ ਉਹੀ ਪਾਰ ਉਤਾਰਾ ਕਰ ਦਿਆ ਕਰਦਾ ਹੈ।

ਤੀਸਰਾ ਹੋਇਆ ਕਰਦਾ ਹੈ ਦੁਖ ਤੇ ਸੁਖ ਦੇ

ਵਿਚ ਸਮਾਨ ਬਿਰਤੀ ਰੱਖਣੀ। ਇਹ ਨਹੀਂ ਕਿ ਸੁੱਖ ਮਿਲ ਗਿਆ ਆਫਰਿਆ ਫਿਰਦਾ ਹੈ, ਦੁਖ ਆ ਗਿਆ ਤਾਂ ਫੇਰ ਰੱਬ ਨੂੰ ਗਾਲ੍ਹਾਂ ਕੱਢਦਾ ਹੈ। ਮੈਂ ਤਾਂ ਤੇਰਾ ਭਜਨ ਕਰਦਾ ਸੀ ਤੂੰ ਮੇਰਾ ਆਹ ਕੀ ਕਰਿਆ ਹੈ।

ਗੁਰੂ ਪੰਜਵੇਂ ਪਾਤਸ਼ਾਹ ਦੇ ਪਾਸ ਗੁਰਮੁਖ ਨਾਮ ਦਾ ਇਕ ਗੁਰਸਿੱਖ ਆਇਆ, ਕਹਿਣ ਲੱਗਿਆ ਸੱਚੇ ਪਾਤਸ਼ਾਹ! ਬਾਣੀ ਦੇ ਵਿਚ ਜਦ ਅਸੀਂ ਪੜ੍ਹਦੇ ਹਾਂ ਕਿ ਗੁਰਸਿੱਖ ਜਿਹੜਾ ਹੈ ਦੁਖ ਤੇ ਸੁਖ ਦੇ ਵਿਚ ਸਮ ਬਿਰਤੀ ਰੱਖਦਾ ਹੈ। ਇਕੋ ਜਿਹੀ ਬਿਰਤੀ ਰੱਖਦਾ ਹੈ। ਕਿਸੇ ਦੇ ਦਰਸ਼ਨ ਕਰਾ ਸਕਦੇ ਹੋ ਆਪ, ਐਸੇ ਪੁਰਸ਼ ਦੇ। ਮਹਾਰਾਜ ਜੀ ਕਹਿੰਦੇ, ਭਾਈ ਬੇਅੰਤ ਨੇ। ਪਰ ਜਦ ਤਕ ਤੂੰ ਪ੍ਰਤੱਖ ਨਹੀਂ ਦੇਖਣਾ ਤੂੰ ਮੰਨਣਾ ਨਹੀਂ ਹੈ, ਇਸ ਕਰਕੇ ਤੂੰ ਐਸ ਤਰ੍ਹਾਂ ਕਰ, ਗੁਜਰਾਤ ਵਿਚ ਚਲਿਆ ਜਾਹ, ਭਾਈ ਭਿਖਾਰੀ ਨਾਮ ਦੇ ਗੁਰਮੁਖ ਪਿਆਰੇ ਉਥੇ ਰਹਿੰਦੇ ਨੇ, ਉਨ੍ਹਾਂ ਦੇ ਕੋਲ ਇਕ ਦੋ ਦਿਨ ਰਹੀਂ ਤੇਰੀ ਗੱਲ ਸਮਝ 'ਚ ਆ ਜਾਏਗੀ।

ਸੋ ਉਥੇ ਚਲਿਆ ਜਾਂਦਾ ਹੈ, ਅੱਗੇ ਕੀ ਦੇਖਦਾ ਹੈ ਕਿ ਏਸ ਘਰ ਦੇ ਵਿਚ ਤਾਂ ਖੁਸ਼ੀਆਂ ਹੀ ਖੁਸ਼ੀਆਂ ਨੇ, ਕੋਈ ਵਿਆਹ ਦੀ ਤਿਆਰੀ ਹੋ ਰਹੀ ਹੈ। ਭਾਈ ਭਿਖਾਰੀ ਬਾਰੇ ਪੁੱਛਿਆ ਤਾਂ ਕਮਰਾ ਦੱਸ ਦਿਤਾ ਗਿਆ, ਜਾ ਕੇ ਦਸਤਕ ਦਿਤੀ, ਅੰਦਰ ਆਪ ਬੈਠੇ ਨੇ, ਅੰਦਰ ਨੂੰ ਦਰਵਾਜ਼ਾ ਖੁਲ੍ਹਦਾ ਹੈ, ਬਾਹਰ ਨੂੰ ਵੀ ਖੁਲ੍ਹਦਾ ਹੈ, ਸੋ ਬਿਠਾ ਲਿਆ, ਗੁਰਮੁਖ ਦੀ ਸੇਵਾ ਕਰੀ, ਸਭ ਕੁਛ ਕਰਨ ਤੋਂ ਬਾਅਦ ਜਿਹੜਾ ਕੰਮ ਕਰਦੇ ਨੇ, ਫੇਰ ਕਰਨ ਲੱਗ ਗਏ। ਘਰ 'ਚ ਕਾਲੀਨ ਵਿਛੇ ਹੋਏ ਨੇ, ਬਹੁਤ ਵਧੀਆ ਘਰ ਹੈ। ਲੇਕਿਨ ਦੇਖਦਾ ਕੀ ਹੈ ਕਿ ਭਾਈ ਭਿਖਾਰੀ ਮੋਟਾ ਧਾਗਾ ਲੈ ਕੇ ਇਕ ਤੱਪੜ ਸੀਉਂ ਰਹੇ ਨੇ, ਜਿਥੇ ਫਟਿਆ ਹੋਇਆ ਹੈ ਉਥੇ ਟਾਕੀਆਂ ਲਾ ਰਹੇ ਨੇ, ਦੇਖਦਾ ਰਿਹਾ ਕਿ ਐਡਾ ਅਮੀਰ ਇਹ, ਇਹ ਕੀ ਕੰਮ ਕਰ ਰਿਹਾ ਹੈ। ਨਾਲ ਦੀ ਨਾਲ ਨਿਗ੍ਹਾ ਗਈ ਤਾਂ ਦੇਖਿਆ ਪਲੰਘ ਦੇ ਥੱਲੇ ਇਕ ਪੂਲਾ ਪਿਆ ਹੈ, ਇਕ ਕੋਰਾ ਘੜਾ ਪਿਆ ਹੈ। ਇਕ ਅਰਥੀ ਪਈ ਹੈ। ਉਹਨੇ ਕਿਹਾ ਕਿ ਆਹ ਤਾਂ ਮਿਰਤਕ ਦਾ ਸਮਾਨ ਪਿਆ ਹੈ। ਮਿਰਤਕ ਦਾ ਸਮਾਨ ਕਿਸੇ ਘਰ 'ਚ ਪਿਆ ਹੋਵੇ ਦੇਖ ਕੇ ਬੰਦਾ ਡਰ ਜਾਂਦਾ ਹੈ, ਰੱਖਣਾ ਨਹੀਂ ਚਾਹੁੰਦਾ। ਹਾਲਾਂਕਿ ਮੌਤ (ਮਰਨਾ) ਸੱਚ ਹੈ ਪਰ ਡਰਦੇ ਹਾਂ ਅਸੀਂ ਕਿ ਦੇਖੀਂ ਕਿਤੇ ਹੁਣੇ ਨਾ ਆ ਜਾਈਂ। ਜਿਹੜਾ ਬਹੁਤ ਬੀਮਾਰ ਹੈ ਉਹ ਵੀ ਡਰਦਾ ਹੈ ਕਿ ਅਜੇ ਨਾ ਆਈਂ, ਅਜੇ ਮੈਨੂੰ ਆਸ ਹੈ ਕਿ ਸ਼ਾਇਦ ਮੈਂ ਰਾਜ਼ੀ ਹੋ ਜਾਵਾਂ। ਸੋ ਅੰਦਰ ਗਾਉਣੇ ਹੋ ਰਹੇ ਨੇ, ਭਜਨ ਗਾਏ ਜਾ ਰਹੇ ਨੇ, ਸ਼ਬਦ ਪੜ੍ਹੇ ਜਾ ਰਹੇ ਨੇ, ਮਠਿਆਈਆਂ ਪੱਕ ਰਹੀਆਂ ਨੇ, ਦਰਜੀ ਕੱਪੜੇ ਸਿਉਂ ਰਹੇ ਨੇ।

ਦੂਸਰੇ ਦਿਨ ਭਾਈ ਸਾਹਿਬ ਨੇ ਨਾਲ ਲੈ ਲਿਆ ਏਸ ਨੂੰ ਕਿ ਆਓ ਆਪਾਂ ਲੜਕੇ ਦੀ ਸ਼ਾਦੀ ਹੈ, ਵਿਆਹ ਲਿਆਈਏ। ਵਿਆਹੁਣ ਤੋਂ ਬਾਅਦ ਜਦੋਂ ਵਾਪਸ ਘਰ ਆਉਂਦੇ ਨੇ, ਉਥੇ ਮਾਤਾ ਲੜਕੇ ਦੀ, ਪਾਣੀ ਵਾਰਨ ਵਾਸਤੇ ਖੜ੍ਹੀ ਹੈ, ਭੈਣਾਂ ਖੜ੍ਹੀਆਂ ਨੇ ਰਾਹ ਰੋਕ ਕੇ ਕਿ ਡੋਲ੍ਹਾ ਨਹੀਂ ਲੰਘਣ ਦੇਣਾ ਜਦ ਤੱਕ ਮੂੰਹ ਮੰਗੀ ਦਾਤ ਨਹੀਂ ਮਿਲਦੀ। ਉਹਦੀ ਥਾਂ 'ਤੇ ਕੀ ਦੇਖਦੇ ਨੇ, ਭਾਈ ਭਿਖਾਰੀ ਰਥ ਵਿਚੋਂ ਉਤਰ ਆਏ, ਲੜਕਾ ਨਹੀਂ ਉਤਰਿਆ। ਥੋੜ੍ਹੀ ਦੇਰ ਤੋਂ ਬਾਅਦ ਭਾਈ ਭਿਖਾਰੀ ਨੇ ਹੱਥ ਵਧਾਏ। ਰੱਥ ਦਾ ਝੰਮਣ ਚੁੱਕਿਆ ਤੇ ਲੜਕੇ ਦਾ ਮਿਰਤਕ ਸਰੀਰ ਬਾਹਾਂ 'ਚ ਲੈ ਲਿਆ। ਉਸੇ ਵੇਲੇ ਘਰ ਦੀਆਂ ਖੁਸ਼ੀਆਂ ਖਤਮ ਹੋ ਗਈਆਂ। ਰੋਣਾ ਪਿੱਟਣਾ ਸ਼ੁਰੂ ਹੋ ਗਿਆ, ਉਹ ਖੁਸ਼ੀਆਂ ਸਾਰੀਆਂ ਗਮੀ 'ਚ ਬਦਲ ਗਈਆਂ, ਗਹਿਣੇ ਲਹਿ ਗਏ, ਮੈਲੇ ਕੱਪੜੇ ਆ ਗਏ।

ਭਾਈ ਭਿਖਾਰੀ ਜੀ ਨੇ ਜਾ ਕੇ ਅੰਦਰੋਂ ਤੱਪੜ ਕੱਢ ਲਿਆਂਦਾ। ਕਹਿੰਦੇ, ਇਸ਼ਨਾਨ ਜਲਦੀ ਕਰਾਓ ਭਾਈ। ਉਸੇ ਵੇਲੇ ਅਰਥੀ ਬਣੀ ਪਈ ਸੀ, ਕਹਿੰਦੇ ਸੂਰਜ ਛਿਪਦਾ ਹੈ, ਰਿਸ਼ਤੇਦਾਰ ਸਾਰੇ ਆਏ ਹੋਏ ਨੇ, ਹਰ ਕਿਸੇ ਨੇ ਆਉਣਾ ਨਹੀਂ ਹੈ, ਸਸਕਾਰ ਕਰ ਆਈਏ। ਕਿਥੇ ਖੁਸ਼ੀਆਂ ਕਿੱਥੇ ਨਾ ਉਸ ਲੜਕੀ ਦਾ ਚੂੜਾ ਅਜੇ ਮੈਲਾ ਹੋਇਆ ਹੈ, ਵਿਚਾਰੀ ਉਹ ਬੀਬੀ ਵੀ ਉਤਰ ਆਈ। ਉਸ ਤੋਂ ਬਾਅਦ ਸਸਕਾਰ ਕਰਕੇ ਜਦ ਆ ਗਏ ਤਾਂ ਭਾਈ ਗੁਰਮੁਖ ਨੂੰ ਕਹਿਣ ਲੱਗੇ, ਭਾਈ ਗੁਰਮੁਖ ਜੀ! ਤੁਸੀਂ ਅੱਜ ਪਾਠ ਸੁਣਾਵੋਂਗੇ? ਕਹਿਣ ਲੱਗੇ, ਹੈਂ, ਕੋਈ ਅਫਸੋਸ ਨਹੀਂ, ਕੋਈ ਪਾਠ ਦੇ ਨਿਤਨੇਮ ਦਾ ਫਰਕ ਨਹੀਂ ਪਾ ਰਹੇ। ਉਸ ਤੋਂ ਬਾਅਦ ਕਹਿਣ ਲੱਗੇ, ਪ੍ਰਸ਼ਾਦੇ ਛਕੋ। ਓਧਰ ਜਵਾਨ ਪੁੱਤ ਚੜ੍ਹਾਈ ਕਰ ਗਿਆ, ਦੂਸਰੇ ਦਿਨ ਦੇਖਿਆ, ਦੂਸਰੇ ਦਿਨ ਦੇਖ ਕੇ ਉਨ੍ਹਾਂ ਨੇ ਸਵਾਲ ਕਰਿਆ, ਕਹਿੰਦੇ ਭਾਈ ਭਿਖਾਰੀ ਜੀ, ਆਹ ਅਰਥੀ ਬਣ ਜਾਣੀ ਤੇ ਤੱਪੜ ਸਿਉਂ ਦੇਣਾ, ਤੇ ਮਿਰਤਕ ਦਾ ਸਮਾਨ ਘੜਾ ਤੇ ਪੂਲਾ ਆਦਿ ਰੱਖਣਾ ਆਦਿ ਇਸ ਤੋਂ ਮੈਨੂੰ ਇਹ ਅਨੁਮਾਨ ਹੁੰਦਾ ਹੈ ਕਿ ਤੁਹਾਨੂੰ ਪਤਾ ਸੀ ਕਿ ਤੁਹਾਡਾ ਲੜਕਾ ਚੜ੍ਹਾਈ ਕਰ ਜਾਣਾ ਹੈ।

ਠੀਕ ਹੈ?

ਕਹਿੰਦੇ ਹਾਂ ਸਾਨੂੰ ਪਤਾ ਸੀ।

ਕਹਿੰਦੇ, ਫੇਰ ਤੁਸੀਂ ਗੁਰੂ ਸਾਹਿਬ ਤੋਂ ਉਮਰ ਮੰਗ ਲੈਂਦੇ?

ਕਹਿੰਦੇ, ਫੇਰ ਨਹੀਂ ਸੀ ਜਾਣਾ, ਫੇਰ ਵੀ ਜਾਣਾ ਹੀ ਸੀ। ਗੁਰੂ ਸਾਹਿਬ ਤੋਂ ਤਾਂ ਵੱਡੀਆਂ ਚੀਜ਼ਾਂ ਮੰਗੀਦੀਆਂ ਨੇ। ਆਹ ਨਾਸ਼ਵਾਨ ਚੀਜ਼ਾਂ ਕੀ ਮੰਗਣੀਆਂ।

*ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ ॥ ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ ॥*

*ਅੰਗ - ੯੫੮*

ਗੁਰੂ ਤੋਂ ਮੰਗੋ 'ਨਾਮ' ਜਿਹਦਾ ਮੁੱਲ ਕੋਈ ਨਹੀਂ ਹੈ। ਸੋ ਉਸ ਵੇਲੇ ਉਹ ਕਹਿਣ ਲੱਗਿਆ ਕਿ ਜੇ ਇਹ ਗੱਲ ਸੀ ਤਾਂ ਵਿਆਹੁਣਾ ਕਿਉਂ ਸੀ ਤੁਸੀਂ? ਕਹਿੰਦੇ, ਉਹਦੀ ਸ਼ਾਦੀ ਹੋ ਕੇ ਹੀ ਉਹਨੇ ਚੜ੍ਹਾਈ ਕਰਨੀ ਸੀ, ਪਹਿਲਾਂ ਨਹੀਂ ਸੀ ਕਰਨੀ। ਕਹਿੰਦੇ, ਫੇਰ ਔਹ ਬੀਬੀ ਦਾ ਕੀ ਬਣੂੰ? ਕਹਿੰਦੇ ਉਹ ਵੀ ਖੁਸ਼ ਹੈ। ਜਾਹ ਪੁੱਛ ਲੈ ਉਸ ਤੋਂ?

ਨਵ ਵਿਆਹੀ ਬੀਬੀ ਦੇ ਕੋਲ ਜਾਂਦਾ ਹੈ, ਜਾ ਕੇ ਉਸ ਨੂੰ ਪੁੱਛਦਾ ਹੈ ਕਿ ਬੇਟਾ! ਤੇਰਾ ਪਤੀ ਚੜ੍ਹਾਈ ਕਰ ਗਿਆ, ਬੜਾ ਦੁਖ ਹੈ। ਕਹਿਣ ਲੱਗੀ, ਪਿਤਾ ਜੀ! ਇਹ ਇਸੇ ਤਰ੍ਹਾਂ ਹੀ ਹੋਣਾ ਸੀ। ਕਹਿੰਦੇ, ਬੀਬੀ! ਉਹ ਵੀ ਇਸੇ ਤਰ੍ਹਾਂ ਕਹਿੰਦੇ ਨੇ ਤੇ ਤੁਸੀਂ ਵੀ? ਤੁਹਾਨੂੰ ਪਤਾ ਹੈ? ਕਹਿੰਦੀ ਹਾਂ ਮੈਨੂੰ ਪਤਾ ਹੈ। ਕਹਿੰਦੇ, ਕਿਵੇਂ? ਕਹਿਣ ਲੱਗੀ, ਮੈਂ ਪਿਛਲੇ ਜਨਮ 'ਚ ਇਕ ਰਾਜੇ ਦੀ ਲੜਕੀ ਸੀ। ਮੈਂ ਐਨਾ ਤਪ ਕਰਿਆ ਕਿ ਮੇਰੇ ਨੇਤਰਾਂ 'ਚ ਐਨਾ ਜਲਾਲ ਆ ਗਿਆ ਕਿ ਕੋਈ ਮਨੁੱਖ ਮੇਰੇ ਨੇਤਰਾਂ ਵਲ ਨਹੀਂ ਸੀ ਦੇਖ ਸਕਦਾ। ਇਕ ਦਮ ਉਹਦੇ ਛਪਰ ਢਹਿ ਜਾਂਦੇ ਸੀ। ਮੇਰੇ ਪਿਤਾ ਨੇ ਸ਼ਾਦੀ ਕਰਨੀ ਚਾਹੀ, ਮੈਂ ਕਿਹਾ ਪਿਤਾ ਜੀ! ਮੇਰੀ ਸ਼ਾਦੀ ਉਥੇ ਕਰਿਓ, ਜਿਥੇ ਮੇਰੇ ਸਾਮ੍ਹਣੇ ਕਿਸੇ ਦੇ ਨੇਤਰ ਖੜ੍ਹੇ ਰਹਿ ਜਾਣ, ਸਨਮੁਖ ਰਹਿ ਕੇ। ਮੇਰੇ ਪਿਤਾ ਨੇ ਸੁਅੰਬਰ ਰਚਿਆ, ਸਾਰੇ ਰਾਜਕੁਮਾਰ ਆਏ, ਜੈ ਮਾਲਾ ਲੈ ਕੇ ਮੈਂ ਘੁੰਮੀ। ਜਿਹਦੇ ਨੇਤਰਾਂ 'ਚ ਮੈਂ ਨੇਤਰ ਪਾ ਕੇ ਦੇਖਾਂ, ਉਹ ਇਕ ਦਮ ਥੱਲੇ ਕਰ ਲਵੇ ਆਪਣੇ ਨੇਤਰ। ਅਖੀਰ ਤੀਰਥ ਯਾਤਰਾ ਸ਼ੁਰੂ ਕਰ ਦਿਤੀ, ਇਕ 22 ਸਾਲ ਦੀ ਉਮਰ ਦਾ ਬ੍ਰਹਮਚਾਰੀ, ਜਦ ਮੈਂ ਉਥੇ ਪਹੁੰਚੀ, ਉਹਦੇ ਨੇਤਰਾਂ ਵਿਚ ਐਡਾ ਜ਼ਬਰਦਸਤ ਜਲਾਲ ਤੇ ਐਨਾ ਤਪ ਕਿ ਦੇਖਦੇ ਸਾਰ ਮੇਰੇ ਨੇਤਰ ਹੇਠਾਂ ਹੋ ਗਏ। ਮੇਰੇ ਪਿਤਾ ਨੇ ਸਮਝ ਲਿਆ ਕਿ ਆਹੀ ਹੈ ਪਤੀ ਇਹਦਾ। ਮੈਂ ਵੀ ਕਹਿ ਦਿਤਾ ਕਿ ਮੈਂ ਜਿਥੇ ਆਉਣਾ ਸੀ ਆ ਗਈ। ਕਹਿੰਦੀ, ਉਸ ਬ੍ਰਹਮਚਾਰੀ ਨੂੰ ਬੜਾ ਪੁੱਛਿਆ, ਉਹ ਕਹਿੰਦਾ ਮੈਂ ਤਾਂ ਵਿਆਹ ਕਰਾਉਣਾ ਹੀ ਨਹੀਂ ਹੈ। ਉਸ ਤੋਂ ਬਾਅਦ ਮੈਂ ਕਿਹਾ ਪਿਤਾ ਜੀ! ਮੇਰੀ ਸ਼ਰਤ ਪੂਰੀ ਹੋ ਗਈ। ਸ਼ਾਦੀ ਮੈਂ ਜੇ ਕਰਾਵਾਂਗੀ ਤਾਂ ਇਹਦੇ ਨਾਲ ਕਰਾਵਾਂਗੀ, ਨਹੀਂ ਤਾਂ ਮੈਂ ਕਰਾਉਣੀ ਨਹੀਂ। ਸਾਰੀ ਜ਼ਿੰਦਗੀ ਕੁਆਰੀ ਰਹਾਂਗੀ। ਉਹ ਮੰਨੇ ਨਾ ਤੇ ਮੈਂ ਉਥੇ ਰਹਿ ਪਈ। ਸੇਵਾ ਕਰਦੀ ਰਹੀ, ਇਕ ਵਾਰੀ ਮੇਰੀ ਸੇਵਾ ਤੋਂ ਬੜਾ ਪ੍ਰਸੰਨ ਹੋ ਕੇ ਮੈਨੂੰ ਕਹਿਣ ਲੱਗਿਆ ਕਿ ਤੂੰ ਕਾਹਦੇ ਵਾਸਤੇ ਸੇਵਾ ਕਰ ਰਹੀ ਹੈਂ। ਦੱਸ ਮੈਂ ਤੇਰਾ ਮਨੋਰਥ ਪੂਰਾ ਕਰਾਂ। ਕਹਿਣ ਲੱਗੀ ਕਿ ਮੈਂ ਤੈਨੂੰ ਪਤੀ ਬਣਾਉਣਾ ਹੈ। ਉਹ ਕਹਿੰਦਾ ਇਸ ਜਨਮ ਵਿਚ ਤਾਂ ਨਹੀਂ ਮੈਂ ਬਣਦਾ। ਸਰੀਰ ਛੱਡ ਕੇ ਅਗਲੇ ਜਨਮ ਦੇ ਅੰਦਰ ਮੈਂ ਤੇਰੇ ਨਾਲ ਲਾਵਾਂ ਲੈ ਲਵਾਂਗਾ, ਪਰ ਸੰਜੋਗ ਕੋਈ ਨਹੀਂ ਹੋਏਗਾ, ਮੈਂ ਸਰੀਰ ਛੱਡ ਦੇਵਾਂਗਾ, ਕਿਉਂਕਿ ਮੈਂ ਇਹ ਗੱਲ ਨਹੀਂ ਕਰਨੀ, ਸਿਰਫ ਤੇਰੀ ਸੇਵਾ ਤੋਂ ਪ੍ਰਸੰਨ ਹੋ ਕੇ ਮੈਂ ਤੈਨੂੰ ਇਹ ਬਚਨ ਦੇ ਦਿੰਦਾ ਹਾਂ। ਮੇਰੇ ਮਨ ਵਿਚ ਬੜੀ ਖੁਸ਼ੀ ਹੋਈ। ਅਸੀਂ ਦੋਵੇਂ ਚੜ੍ਹਾਈ ਕਰ ਗਏ ਤੇ ਮੇਰੇ ਯਾਦ ਸੀ ਉਹ ਸਾਰੀ ਗੱਲ।

ਸੋ ਮੇਰੀ ਜਦ ਸ਼ਾਦੀ ਹੋ ਗਈ ਤਾਂ ਮੈਨੂੰ ਪਤਾ ਸੀ ਕਿ ਮੇਰਾ ਡੋਲਾ ਉਤਰਨ ਤੋਂ ਪਹਿਲਾਂ-ਪਹਿਲਾਂ ਇਹਨੇ ਸਰੀਰ ਛੱਡ ਦੇਣਾ ਹੈ। ਸੋ ਡੋਲਾ ਦਰਵਾਜ਼ੇ ਮੂਹਰੇ ਆ ਗਿਆ ਤੇ ਇਹਨੇ ਸਰੀਰ ਛੱਡ ਦਿਤਾ ਤੇ ਮੈਂ ਖੁਸ਼ ਹਾਂ। ਆਹ ਥੋੜ੍ਹਾ ਚਿਰ ਮੈਂ ਸਫਰ ਤਹਿ ਕਰ ਲੈਣਾ ਹੈ, ਉਸ ਤੋਂ ਬਾਅਦ ਮੈਂ ਇਹਨੂੰ ਟੋਲ੍ਹ ਲੈਣਾ ਹੈ ਜਾ ਕੇ, ਕਿਉਂਕਿ ਸਾਡਾ ਸੰਜੋਗ ਹੋ ਗਿਆ। ਹੁਣ ਮੈਂ ਇਹਨੂੰ ਛੱਡਣਾ ਨਹੀਂ ਹੈ, ਨਾ ਇਹ ਮੈਨੂੰ ਛੱਡੇ। ਦਰਗਾਹ ਦੇ ਵਿਚ ਅਸੀਂ ਇਕੱਠੇ ਰਹਾਂਗੇ, ਕਿਉਂਕਿ ਮੇਰਾ ਪਤੀ ਹੋ ਗਿਆ, ਮੈਂ ਪਤੀਵਰਤਾ ਇਸਤ੍ਰੀ ਹਾਂ।

ਸੋ ਇਸ ਤਰ੍ਹਾਂ ਦੇ ਨਾਲ ਕਹਿਣ ਲੱਗੀ ਕਿ ਇਹ ਤਾਂ ਇਵੇਂ ਹੀ ਹੋਣਾ ਸੀ। ਵਾਪਸ ਆ ਗਿਆ ਭਾਈ ਗੁਰਮੁਖ। ਮਹਾਰਾਜ ਕਹਿੰਦੇ, ਕਿਉਂ ਭਾਈ ਗੁਰਮੁਖਾ! ਦੇਖ ਲਿਆ ਗੁਰਸਿੱਖ, ਕਹਿੰਦੇ ਹਾਂ ਮਹਾਰਾਜ। ਦੁਖ ਦੇ ਵਿਚ ਵੀ ਓਨੀਂ ਹੀ ਪ੍ਰਸੰਨਤਾ, ਸੁਖ ਦੇ ਵਿਚ ਵੀ ਓਨੀਂ ਹੀ ਪ੍ਰਸੰਨਤਾ। ਕਹਿੰਦੇ ਇਹਦੇ ਨਾਲ ਨਾਮ ਚੱਲਿਆ ਕਰਦਾ ਹੈ। ਕਿਉਂਕਿ ਨਾਮ ਦੀ ਇਹ ਰਹਿਤ ਹੈ। ਜੋ ਦੁਖ ਵਿਚ ਗਾਲ੍ਹਾਂ ਕੱਢਣ ਲੱਗ ਜਾਵੇ ਰੱਬ ਨੂੰ, ਸੁਖ ਵਿਚ ਭੁੱਲ ਜਾਵੇ ਉਹ ਨਹੀਂ ਹੋਇਆ ਕਰਦਾ।

ਦੂਸਰਾ ਹੁੰਦਾ ਹੈ ਕਿ ਧਰਮ ਦਾ ਧਾਰਨੀ ਹੋਵੇ। ਧਰਮ ਦੇ ਦਸ ਥੰਮ ਹੁੰਦੇ ਨੇ। ਉਹਦੇ ਵਿਚ ਦਇਆ ਹੋਵੇ ਜਿੰਨਾ ਚਿਰ ਦਇਆ ਨਹੀਂ ਧਰਮ ਨਹੀਂ ਪੈਦਾ ਹੁੰਦਾ।

***ਧੌਲੁ ਧਰਮੁ ਦਇਆ ਕਾ ਪੂਤੁ ॥ ਅੰਗ - ੩***

ਆਹ ਜੀਅ ਵੱਢ-ਵੱਢ ਕੇ ਖਾਂਦੇ ਨੇ, ਇਹਨੂੰ ਦਇਆ ਕਹਿੰਦੇ ਨੇ?

***ਜੀਅ ਬਧਹੁ ਸੁ ਧਰਮੁ ਕਰਿ ਥਾਪਹੁ***
***ਅਧਰਮੁ ਕਹਹੁ ਕਤ ਭਾਈ ॥ ਅੰਗ - ੧੧੦੩***

ਗੁਰੂ ਗ੍ਰੰਥ ਸਾਹਿਬ ਮਹਾਰਾਜ ਪੁਛਦੇ ਨੇ, ਕਹਿੰਦੇ ਓ ਪ੍ਰੇਮੀਆਂ! ਜੀਵ ਮਾਰ-ਮਾਰ ਕੇ ਖਾਂਦਾ ਹੈਂ, ਇਹਨੂੰ ਧਰਮ ਕਹਿੰਦਾ ਹੈਂ?

***ਆਪਸ ਕਉ ਮੁਨਿਵਰ ਕਰਿ ਥਾਪਹੁ.............॥***
***ਅੰਗ - ੧੧੦੩***

ਆਪਣੇ ਆਪ ਨੂੰ ਕਹਿੰਦਾ ਹੈ ਕਿ ਮੈਂ ਪੂਰਾ ਹਾਂ, ਮੈਂ ਗੁਰੂ ਦਾ ਸਿੱਖ ਹਾਂ। ਫੇਰ ਦੱਸ ਪਿਆਰਿਆ?-

***ਕਾ ਕਉ ਕਹਹੁ ਕਸਾਈ ॥ ਅੰਗ - ੧੧੦੩***

ਕਸਾਈ ਕੀਹਨੂੰ ਕਹੇਂਗਾ ਤੂੰ? ਦਇਆ ਹੈ ਤਾਂ ਧਰਮ ਪੈਦਾ ਹੁੰਦਾ ਹੈ, ਜੇ ਮਾਂ ਹੀ ਮਾਰ ਦਿਤੀ, ਮਾਂ ਹੀ ਨਾ ਆਈ ਫੇਰ ਪੁੱਤ ਕਿਥੋਂ ਹੋ ਜਾਏਗਾ। ਸੋ ਦਇਆ ਜਿਹੜੀ ਹੈ ਪ੍ਰਮੇਸ਼ਰ ਨੂੰ ਭਾਉਂਦੀ ਹੈ।

ਇਕ ਐਸੀ ਧਾਰਮਿਕ ਇਤਿਹਾਸ ਦੇ ਅੰਦਰ ਸਾਖੀ ਆਉਂਦੀ ਹੈ ਕਿ ਸੰਗ ਜਾ ਰਿਹਾ ਹੈ ਕਾਹਬੇ ਨੂੰ। ਹੱਜ ਕਰਨ ਵਾਸਤੇ, ਜਦੋਂ ਨੇੜੇ ਪਹੁੰਚ ਗਏ, 60 ਕੋਹ ਰਹਿ ਗਏ, ਉਥੋਂ ਸੰਗ ਤੁਰਿਆ ਤਾਂ ਉਨ੍ਹਾਂ ਦੇ ਵਿਚ ਇਕ ਗੁਲਾਮ ਬੀਬੀ ਸੀ, ਮੁੱਲ ਵਿਕੀ ਹੋਈ, ਖਰੀਦੀ ਹੋਈ। ਉਹ ਬੀਬੀ ਭਜਨ ਕਰਦੀ ਸੀ, ਪੰਜ ਨਮਾਜ਼ਾਂ ਪੜ੍ਹਦੀ ਸੀ, ਹਰ ਵਕਤ ਨਾਮ ਜਪਦੀ ਸੀ। ਨੇਤਰ ਖੁਲ੍ਹੇ ਹੋਏ ਸੀ ਉਹਦੇ। ਉਹ ਇਕੱਲੀ ਰਹਿ ਗਈ ਸਮਾਨ ਬੰਨ੍ਹਦੀ-ਬੰਨ੍ਹਦੀ, ਪਹਿਲਾਂ ਮਾਲਕਾਂ ਨੂੰ ਤੋਰਿਆ, ਫੇਰ ਆਪ ਬੰਨ੍ਹਣ ਲੱਗ ਗਈ। ਐਨੇ ਨੂੰ ਕੀ ਦੇਖਦੀ ਹੈ ਕਿ ਇਕ ਕੁੱਤੀ ਕਤੂਰਿਆਂ ਸਣੇ ਖੂਹ ਦੀ ਮੌਣ ਦੇ ਦੁਆਲੇ ਗੇੜੇ ਕੱਢਦੀ ਹੈ, ਗੋਡੇ ਲਾ ਲੈਂਦੀ ਹੈ, ਖੂਹ ਵਿਚ ਨੂੰ ਗਰਦਨ ਰੱਖ ਲੈਂਦੀ ਹੈ, ਫੇਰ ਉਠ ਜਾਂਦੀ ਹੈ। ਸਮਝ ਲਿਆ ਕਿ ਇਹਨੂੰ ਪਿਆਸ ਲੱਗੀ ਹੋਈ ਹੈ। ਉਸ ਵੇਲੇ ਆਪ ਨੇ ਉਠ ਕੇ ਆਪਣੇ ਕੱਪੜੇ ਪਾੜਨੇ ਸ਼ੁਰੂ ਕਰ ਦਿਤੇ। ਰੱਸੀ ਵੱਟ ਲਈ, ਉਹ ਪਹੁੰਚ ਨਾ ਸਕੀ ਸਿਰੇ, ਫੇਰ ਉਸ ਤੋਂ ਬਾਅਦ ਉਹਨੇ ਆਪਣੇ ਕੇਸ ਕੱਟ ਲਏ, ਖੂਬਸੂਰਤੀ ਖਤਮ ਕਰ ਦਿਤੀ ਆਪਣੀ, ਉਨ੍ਹਾਂ ਦੀ ਰੱਸੀ ਵੱਟ ਕੇ, ਛੋਟਾ ਜਿਹਾ ਕੱਪੜਾ ਸਿਰੇ 'ਤੇ ਬੰਨ੍ਹ ਕੇ ਖੂਹ ਵਿਚ ਡੁਬੋਇਆ, ਡਬੋ=ਡਬੋ ਕੇ ਪਾਣੀ ਪਿਲਾਇਆ, ਪਾਣੀ ਕੁੱਤੀ ਨੇ ਪੀਤਾ, ਉਤੇ ਨੂੰ ਮੂੰਹ ਚੁੱਕ ਕੇ ਐਉਂ ਲੱਗਿਆ ਜਿਵੇਂ ਦੁਆ ਦਿੰਦੀ ਹੁੰਦੀ ਹੈ। ਵਾਹਿਗੁਰੂ ਤਾਂ ਸਾਰਿਆਂ ਦਾ ਹੈ। ਮਨੁੱਖਾਂ ਦਾ ਇਕੱਲਿਆਂ ਦਾ ਤਾਂ ਨਹੀਂ ਹੈ। ਸਾਰੀ ਸ੍ਰਿਸ਼ਟੀ ਦਾ ਵਾਹਿਗੁਰੂ ਹੈ, ਹਰੇਕ ਦਾ ਵਾਹਿਗੁਰੂ ਹੈ।

ਹੁਣ ਉਹਦੇ ਕੋਲ ਕੱਪੜਾ ਕੋਈ ਨਹੀਂ ਸੀ, ਰੇਤਾ ਸੀਗਾ, ਟਿੱਬੇ 'ਚ ਟੋਆ ਪੁੱਟਿਆ, ਗਲ-ਗਲ ਤੱਕ ਆਲੇ-ਦੁਆਲੇ ਰੇਤਾ ਕਰ ਲਿਆ, ਵਿਚ ਬਹਿ ਗਈ। ਜਿਹੜਾ ਸੰਗ ਸੀ ਉਹ ਅੱਗੇ ਲੰਘ ਗਿਆ। ਜਿਸ ਵਕਤ ਜਾ ਕੇ ਹੱਜ ਕਰਨ ਲੱਗੇ ਤਾਂ ਇਬਰਾਹੀਮ ਉਸ ਵੇਲੇ ਸੀ ਪੈਗੰਬਰ। ਉਹ ਹੱਜ ਕਰਦੇ ਨੇ ਤਾਂ ਕਾਹਬਾ ਨਜ਼ਰ ਨਹੀਂ ਆਉਂਦਾ। ਸਾਰਿਆਂ ਨੇ ਦੁਆ ਕਰੀ ਕਿ ਹੇ ਅੱਲਾਹ ਤਾਲਾ! ਇਹ ਕੀ ਹੋ ਗਿਆ, ਸਾਡੀਆਂ ਅੱਖਾਂ ਨੂੰ ਕੀ ਹੋ ਗਿਆ, ਕਿ ਕਾਹਬਾ ਕਿਤੇ ਚਲਿਆ ਗਿਆ। ਆਵਾਜ਼ ਆਈ ਕਿ ਹਾਜ਼ੀਓ! ਕਾਹਬਾ ਰਾਵੀਆ ਨੂੰ ਦਰਸ਼ਨ ਦੇਣ ਗਿਆ ਹੈ। ਉਹਨੇ ਹੱਜ ਕਰਨਾ ਸੀ, ਸਾਰਿਆਂ ਤੋਂ ਪਹਿਲਾਂ ਉਹਨੇ ਹੱਜ ਕਰਨਾ ਸੀ, ਜਾਓ ਐਸ ਸਾਲ ਦਾ ਹੱਜ ਉਥੇ ਹੋਏਗਾ, ਜਿਥੇ ਰਾਵੀਆ ਹੈ, ਸੱਠ ਕੋਹ ਦੇ ਉਤੇ ਹੈ। ਸਾਰੇ ਹਾਜ਼ੀ ਆ ਗਏ। ਹੈਰਾਨ ਹੋ ਗਏ ਕਿ ਕਾਹਬਾ ਟਿਕਿਆ ਹੋਇਆ ਹੈ ਇਥੇ। ਬੜੀਆਂ ਖੁਸ਼ੀਆਂ ਹੋਈਆਂ ਤੇ ਪਹਿਲਾਂ ਰਾਵੀਆ ਵਲ ਨੂੰ ਆਏ ਜਿਸ ਵਕਤ, ਕੀ ਦੇਖਦੇ ਨੇ ਰਾਵੀਆ ਦੀ ਗਰਦਨ ਤੋਂ ਉਤਲਾ ਹਿੱਸਾ ਬਾਕੀ ਰੇਤੇ 'ਚ ਹੈ। ਉਹਦੇ ਆਲੇ-ਦੁਆਲੇ ਜੰਗਲੀ ਜਾਨਵਰ ਬੈਠੇ ਨੇ, ਇਕ ਦੂਜੇ ਨੂੰ ਮਾਰਨ ਵਾਲੇ ਵੀ ਬੈਠੇ ਨੇ।

ਜਦ ਇਹ ਆਏ ਤਾਂ ਉਠ ਕੇ ਤੁਰ ਗਏ ਸਾਰੇ, ਤਾਂ ਉਹ ਕਹਿਣ ਲੱਗੀ ਕਿ ਵਸਤਰ ਲਿਆਓ ਪਹਿਲਾਂ ਮੈਨੂੰ ਪਹਿਨਣ ਲਈ। ਵਸਤਰ ਦਿਤੇ, ਤਾਂ ਕਹਿਣ ਲੱਗੇ ਕਿ ਬੀਬਾ! ਤੂੰ ਉਹ ਕਿਹੜਾ ਕੰਮ ਕਰਿਆ ਹੈ, ਜਿਹਦੇ ਕਰਕੇ ਖੁਦਾ ਤੇਰੇ 'ਤੇ ਐਨਾ ਦਿਆਲ ਹੋ ਗਿਆ ਕਿ ਕਾਹਬੇ ਨੂੰ ਵੀ ਇਥੇ ਲਿਆਂਦਾ ਉਹਨੇ। ਕਹਿਣ ਲੱਗੀ, ਪੀਰ ਜੀ! ਮੈਂ ਤਾਂ ਕੋਈ ਕਰਮ ਨਹੀਂ ਕਰਿਆ, ਮੈਂ ਤਾਂ ਇਕ ਕੁੱਤੀ ਦੇ ਉਤੇ ਦਇਆ ਕਰੀ ਹੈ। ਉਹਦੇ ਬੱਚੇ ਪਿਆਸੇ ਸੀ ਮੈਂ ਪਾਣੀ ਪਿਲਾਇਆ ਹੈ। ਦੂਜਾ ਸਵਾਲ ਕਰਿਆ ਕਿ ਤੇਰੇ ਆਲੇ-ਦੁਆਲੇ ਐਨੇ ਜਾਨਵਰ ਸੀ, ਇਕ ਦੂਜੇ ਦੇ ਵਿਰੋਧੀ, ਉਨ੍ਹਾਂ ਨੇ ਇਕ ਦੂਜੇ ਨੂੰ ਮਾਰਿਆ ਕਿਉਂ ਨਾ? ਕਹਿਣ ਲੱਗੀ ਜਿਥੇ ਦਇਆ ਦਾ ਜਜ਼ਬਾ ਹੈ, ਹਿਰਦੇ 'ਚੋਂ ਨਿਕਲ ਕੇ ਉਹਦਾ ਓਰਾ ਬਣ ਜਾਂਦਾ ਹੈ, ਜਿੰਨੇ ਉਸ ਓਰੇ 'ਚ ਆ ਗਏ ਸਭ ਦੀ ਬੁੱਧੀ ਬਦਲ ਗਈ। ਸਾਰਿਆਂ ਦੇ ਅੰਦਰ ਦਇਆ ਪ੍ਰਵੇਸ਼ ਕਰ ਗਈ। ਸੋ ਮਹਾਰਾਜ ਕਹਿੰਦੇ ਪਿਆਰਿਓ! ਇਹ ਰਹਿਤਾਂ ਅੰਦਰਲੀਆਂ ਨਾਮ ਚਲਾਉਣਗੀਆਂ, ਬਾਹਰਲੀਆਂ ਠੀਕ ਨੇ, self discipline ਤੁਸੀਂ ਰੱਖੋ, ਲੇਕਿਨ ਜੇ ਨਾਮ ਜਪਣਾ ਹੈ ਤਾਂ ਅੰਦਰਲੀਆਂ ਰਹਿਤਾਂ ਧਾਰਨ ਕਰੋ। ਦਇਆ ਵਿਚ ਆਓ, ਖਿਮਾ 'ਚ ਆਓ।

ਮਹਾਰਾਜਾ ਰਣਜੀਤ ਸਿੰਘ ਤੁਰਿਆ ਜਾਂਦਾ ਹੈ, ਬੱਚੇ ਬੇਰੀ ਤੋਂ ਬੇਰ ਝਾੜਦੇ ਸੀ, ਇੱਟ ਮਾਰੀ, ਉਹ ਬੇਰੀ ਨੂੰ ਤਾਂ ਲੱਗੀ ਨਾ ਜਾ ਕੇ ਉਪਰੋਂ ਆ ਕੇ ਮਹਾਰਾਜਾ ਰਣਜੀਤ ਸਿੰਘ ਦੇ ਮੋਢੇ 'ਚ ਲੱਗੀ। ਘਬਰਾ ਗਏ ਸਾਰੇ ਕਿ ਇੱਟ ਮਾਰੀ ਮਹਾਰਾਜਾ ਦੇ। ਇਕ ਦਮ ਸਿਪਾਹੀ ਤੁਰ ਗਏ ਤਲਵਾਰਾਂ ਨੰਗੀਆਂ ਲੈ ਕੇ। ਉਹਨੇ ਹਾਕ ਮਾਰੀ ਕਿ ਕੁਛ ਨਹੀਂ ਕਰਨਾ, ਐਨੇ ਨੂੰ ਕੀ ਦੇਖਦੇ ਨੇ ਕਿ ਇਕ ਬੱਚੇ ਨੂੰ ਫੜੀ ਆਉਂਦੇ ਨੇ, ਬੱਚਾ ਡਰਿਆ ਹੋਇਆ ਹੈ ਬਹੁਤ। ਕੋਲ ਆ ਗਿਆ, ਕਹਿੰਦੇ ਛੱਡੋ ਇਸ ਬੱਚੇ ਨੂੰ, ਆਪ ਪੁੱਛਣ ਲੱਗ ਗਏ ਕਿ ਬੇਟਾ! ਮੈਂ ਤਾਂ ਤੇਰਾ ਕੁਛ ਵਿਗਾੜਿਆ ਨਹੀਂ ਸੀਗਾ, ਤੂੰ ਮੇਰੇ ਇੱਟ ਕਿਉਂ ਮਾਰੀ? ਜੇ ਮੇਰੇ ਵਿਚ ਕੋਈ ਗਲਤੀ ਹੈ ਤਾਂ ਮੈਨੂੰ ਦੱਸ ਦੇ, ਮੈਂ ਦੂਰ ਕਰ ਲਵਾਂਗਾ। ਬੱਚਾ ਕਹਿਣ ਲੱਗਿਆ, ਮਹਾਰਾਜ! ਮੈਂ ਤਾਂ ਤੁਹਾਡੇ ਇੱਟ ਨਹੀਂ ਮਾਰੀ, ਮੈਂ ਤਾਂ ਬੇਰੀ ਦੇ ਮਾਰੀ ਹੈ। ਉਹ ਬੇਰੀ ਦੇ ਲੱਗੀ ਨਾ, ਤੁਹਾਡੇ ਆ ਲੱਗੀ। ਮੇਰੀ ਭੁੱਲ ਮਾਫ ਕਰੋ। ਕਹਿਣ ਲੱਗੇ, ਕਿ ਬੇਰੀ ਨੇ ਤੈਨੂੰ ਕੀ ਦੇਣਾ ਸੀ? ਕਹਿੰਦਾ ਬੇਰ। ਖਜ਼ਾਨਚੀ ਨੂੰ ਆਵਾਜ਼ ਦੇ ਦਿਤੀ, ਕਹਿੰਦੇ, ਉਰ੍ਹੇ ਆ, ਕਹਿੰਦੇ ਕਿਉਂ ਬਈ ਜੇ ਬੇਰੀ ਦੇ ਇੱਟ ਲਗਦੀ ਹੈ, ਉਹ ਤਾਂ ਦਿੰਦੀ ਹੈ ਬੇਰ, ਫੇਰ ਉਹ ਦਰਖਤ ਸਾਡੇ ਨਾਲੋਂ ਚੰਗਾ ਹੀ ਹੋਇਆ। ਜੇ ਮਨੁੱਖ ਦੇ ਲਗਦੀ ਹੈ ਤਾਂ ਮਨੁੱਖ ਉਹਦਾ ਗਲ ਵਢਦਾ ਹੈ। ਉਹ ਗੱਲ ਛੱਡ ਦਿਓ, ਹੁਣ

ਆਪਾਂ ਨੂੰ ਵੀ ਇਹਨੂੰ ਕੁਛ ਦੇਣਾ ਚਾਹੀਦਾ ਹੈ, ਕਿਉਂਕਿ ਬੱਚੇ ਨੇ ਇੱਟ ਤਾਂ ਮਾਰੀ ਸੀ ਕਿ ਕੁਛ ਲੈਣਾ ਚਾਹੁੰਦਾ ਸੀ। ਹੁਣ ਕਹਿੰਦੇ, ਲਿਖ ਦਿਓ ਕਿ ਬੁੱਢਣਵਾਲ ਪਿੰਡ, ਦੋ ਪਿੰਡ ਲਿਖ ਦਿਤੇ ਜਗੀਰ 'ਚ। ਲੈ ਬੇਟਾ! ਲੈ ਫੇਰ ਨਾ ਇਹ ਕੰਮ ਕਰੀਂ, ਸਾਵਧਾਨ ਹੋ ਕੇ ਮਾਰੀ ਇੱਟ, ਐਉਂ ਨਹੀਂ ਮਾਰਨੀ। ਇਹਨੂੰ ਖਿਮਾ ਕਹਿੰਦੇ ਨੇ। ਖਿਮਾ ਕਰ ਦੇਣੀ। ਦਇਆ ਵਿਚ ਰਹਿਣਾ, ਦੂਸਰੇ ਦਾ ਕੰਮ ਕਰਨਾ। ਦਿਲ ਨਰਮ ਹੋਣਾ ਚਾਹੀਦਾ ਹੈ।

ਮਹਾਰਾਜ ਰਣਜੀਤ ਸਿੰਘ ਤੁਰਿਆ ਜਾਂਦਾ ਹੈ। ਇਕ ਮੈਨੂੰ ਮਿਲਿਆ ਠਾਣੇਦਾਰ ਯੂ.ਪੀ. 'ਚ ਬਰੇਲੀ, ਉਹ ਕਹਿੰਦਾ ਮੇਰੇ ਜਿਹੜੇ ਬਜ਼ੁਰਗ ਸੀ ਉਹ ਜਰਨੈਲ ਸੀ ਮਹਾਰਾਜਾ ਰਣਜੀਤ ਸਿੰਘ ਦੇ ਉਨ੍ਹਾਂ ਦੀ ਲਿਖੀ ਹੋਈ ਡਾਇਰੀ ਮੇਰੇ ਘਰ ਪਈ ਹੈ ਤੇ ਉਸ ਵੇਲੇ ਤੋਂ ਕਹਿੰਦਾ ਮੈਂ ਵੀ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਦਾ ਹਾਂ, ਸਿੱਖ ਮੈਨੂੰ ਬਹੁਤ ਚੰਗੇ ਲਗਦੇ ਨੇ, ਮੁਸਲਮਾਨ ਸੀ ਉਹ। ਮੈਂ ਕਿਹਾ ਕੀ ਗੱਲ? ਕਾਰ 'ਚ ਬੈਠਾ ਨਾਲ ਜਾਂਦਾ ਸੀ। ਕਹਿਣ ਲੱਗਿਆ, ਮੇਰੇ ਬਜ਼ੁਰਗ ਜਿਹੜੇ ਸੀ, ਉਹ ਹੌਲਦਾਰ ਸੀ ਉਸ ਵੇਲੇ, ਬਾਅਦ ਵਿਚ ਜਰਨੈਲ ਬਣ ਗਿਆ ਵੱਡਾ। ਕਾਲ ਪਿਆ ਹੋਇਆ ਸੀ ਤੇ ਲਹਿਣਾ ਸਿੰਘ ਨੂੰ ਹੁਕਮ ਸੀ ਕਿ ਜਿੰਨਾ ਕੋਈ ਲਿਜਾ ਸਕਦਾ ਹੈ, ਓਨਾ ਅਨਾਜ ਦੇ ਦਿਓ। ਲਾਹੌਰ ਵਾਲੇ ਅਨਾਜ ਲਈਂ ਜਾਂਦੇ ਸੀ, ਧੜਾ-ਧੜ। ਇਕ ਬਿਰਦ ਨੂੰ ਪਤਾ ਲੱਗਿਆ ਉਹ ਬਿਰਦ ਆ ਗਿਆ, ਆਪਣੇ ਪੋਤੇ ਨੂੰ ਲੈ ਕੇ। ਉਹਨੇ ਜਦੋਂ ਅਨਾਜ ਚੁੱਕਿਆ, ਹੁਕਮ ਸੀ ਕਿ ਪਾ ਲਓ ਚੁੱਕਣ ਜੋਗਾ। ਲਾਲਚ ਵਿਚ ਆ ਕੇ ਉਸਨੇ ਬਹੁਤਾ ਪਾ ਲਿਆ ਤੇ ਚੁੱਕਿਆ ਨਹੀਂ ਜਾਂਦਾ। ਐਨੇ ਨੂੰ ਸਟੋਰ ਬੰਦ ਹੋ ਗਿਆ ਤੇ ਸ. ਲਹਿਣਾ ਸਿੰਘ ਨੇ ਉਹਦੀ ਪੰਡ ਬਾਹਰ ਰੱਖ ਦਿਤੀ ਕਿਹਾ ਕਿ ਬਾਬਾ! ਤੂੰ ਲਾਲਚੀ ਹੈਂ, ਕਿੱਡਾ ਲਾਲਚ ਕਰਿਆ ਹੈ। ਸੋਚਦਾ ਹੈ ਬਾਬਾ ਵਿਚਾਰਾ, ਦੂਜੇ ਪਾਸੇ ਲਾਹੌਰ 'ਚ ਘਰ ਹੈ ਉਸਦਾ।

ਐਨੇ ਨੂੰ ਕੀ ਦੇਖਦਾ ਹੈ ਕਿ ਇਕ ਸਰਦਾਰ ਆ ਗਿਆ, ਮਡਾਸਾ ਮਾਰਿਆ ਹੋਇਆ ਹੈ, ਲੱਤਾਂ ਵਿਚ ਕੁਛ ਨਹੀਂ ਪਾਇਆ, ਨੀਵਾਂ ਕੁੜਤਾ ਹੈ ਗੋਡਿਆਂ ਤੋਂ ਥੱਲੇ ਤੇ ਤੁਰਿਆ ਫਿਰਦਾ ਹੈ। ਆ ਕੇ ਕਹਿਣ ਲੱਗਿਆ ਕਿ ਬਾਬਾ! ਕੀ ਗੱਲ ਹੈ? ਕਹਿੰਦਾ, ਓ ਸਰਦਾਰਾ! ਆਹ ਪੰਡ ਚੁਕਾ ਦੇ ਮੈਨੂੰ। ਮੈਂ ਲਾਲਚ ਕਰ ਗਿਆ, ਦੂਰ ਘਰ ਸੀ ਮੇਰਾ, ਮੈਂ ਕਿਹਾ ਮੇਰੇ ਤੋਂ ਫੇਰ ਆ ਨਹੀਂ ਹੋਣਾ, ਮੈਂ ਜ਼ਿਆਦਾ ਦਾਣੇ ਪਾ ਲਵਾਂ। ਪੰਡ ਬੰਨਾ ਦਿਤੀ ਤੇ ਉਸ ਤੋਂ ਬਾਅਦ ਕਹਿਣ ਲੱਗਿਆ ਕਿ ਬਾਬਾ! ਤੇਰੇ ਤੋਂ ਤਾਂ ਇਹ ਚੁੱਕ ਨਹੀਂ ਹੋਣੀ। ਲੈ ਮੈਨੂੰ ਹੀ ਚੁਕਾ ਤੂੰ, ਪੋਤਾ ਵੀ ਰਲ ਗਿਆ, ਬਾਬਾ ਵੀ ਰਲ ਗਿਆ, ਸਰਦਾਰ ਤਕੜਾ ਸੀ ਉਹਨੇ ਆਪਣੇ ਸਿਰ 'ਤੇ ਰੱਖ ਲਈ।

ਚਲਦਾ-ਚਲਦਾ ਜਿਸ ਵਕਤ ਅੱਗੇ ਗਿਆ, ਕਾਫੀ ਦੂਰ ਲੰਘ ਗਿਆ। ਪੰਡ ਚੁੱਕੀ ਜਾਂਦਾ ਹੈ ਉਹ ਜੋ ਬਾਬਾ ਸੀ ਮੁਸਲਮਾਨ ਬਿਰਦ, ਉਹ ਕਹਿਣ ਲੱਗਿਆ, ਸਰਦਾਰਾ! ਇਕ ਮੇਰੀ ਮਦਦ ਕਰ ਦੇ? ਕਹਿੰਦਾ ਕੀ ਕਰਨੀ ਹੈ? ਕਹਿੰਦਾ ਮੈਨੂੰ ਮਹਾਰਾਜਾ ਰਣਜੀਤ ਸਿੰਘ ਦੇ ਦਰਸ਼ਨ ਕਰਾ ਦੇ। ਕਹਿੰਦਾ, ਬਾਬਾ! ਉਥੇ ਤਾਂ ਭੀੜ ਬੜੀ ਹੁੰਦੀ ਹੈ। ਕਹਿੰਦਾ, ਨਹੀਂ ਸਰਦਾਰਾ! ਮੈਂ ਤੇਰਾ ਅਸਾਨ ਨਹੀਂ ਭੁੱਲਾਂਗਾ, ਆਹ ਜਿਹੜਾ ਦਾਤਾ ਹੈ ਨਾ ਅਣਤੋਲਿਆ ਅਨਾਜ ਦੇਈ ਜਾਂਦਾ ਹੈ, ਮੈਂ ਇਹਦੇ ਦਰਸ਼ਨ ਵੀ ਕਰਨਾ ਚਾਹੁੰਦਾ ਹਾਂ। ਉਹ ਕਹਿੰਦਾ ਕੋਈ ਨਾ, ਤੈਨੂੰ ਕਿਤੇ ਨਾ ਕਿਤੇ ਕਰਾਵਾਂਗੇ। ਮੈਂ ਤੈਨੂੰ ਸੁਨੇਹਾ ਭਿਜਵਾ ਦੇਵਾਂਗਾ। ਗੱਲਾਂ ਸਾਧਾਰਣ ਕਰਦੇ ਜਾਂਦੇ ਨੇ। ਕਹਿਣ ਲੱਗਿਆ, ਸਾਡਾ ਜਿਹੜਾ ਬਜ਼ੁਰਗ ਸੀ ਉਹ ਉਸ ਵੇਲੇ ਹਵਾਲਦਾਰ ਸੀ, ਉਹ ਘੋੜਾ ਲਈਂ ਮਗਰ-ਮਗਰ ਜਾਂਦਾ ਹੈ ਕਿ ਆਹ ਪੰਡ ਚੁੱਕੀ ਜਾਂਦਾ ਹੈ ਸਰਦਾਰ, ਉਹੀ ਰਸਤਾ ਉਹਦਾ ਸੀ, ਉਹੀ ਉਹਦਾ ਸੀ। ਅੱਗੇ ਜਾ ਕੇ ਜਦੋਂ ਘਰ ਆ ਗਿਆ ਤਾਂ ਪੰਡ ਰੱਖ ਦਿਤੀ ਤਾਂ ਉਹ ਕਹਿਣ ਲੱਗਿਆ ਕਿ ਸਰਦਾਰਾ! ਮੇਰੇ ਵਾਲੀ ਗੱਲ ਨਾ ਭੁੱਲ ਜਾਈਂ। ਮੈਨੂੰ ਮਹਾਰਾਜਾ ਦੇ ਦਰਸ਼ਨ ਕਰਾਈਂ।

ਕਹਿੰਦਾ, ਸਾਡੇ ਬਜ਼ੁਰਗ ਨੇ ਦੇਖ ਲਿਆ ਕਿ ਇਹ ਤਾਂ ਮਹਾਰਾਜਾ ਰਣਜੀਤ ਸਿੰਘ ਆਪ ਹੀ ਪੰਡ ਚੁਕੀਂ ਆਉਂਦਾ ਹੈ, ਇਕ ਦਮ ਘੋੜੇ ਤੋਂ ਉਤਰ ਕੇ ਸਲੂਟ ਕਰਿਆ, ਸਾਰੇ ਸਿਪਾਹੀ ਘਬਰਾ ਗਏ ਅਸੀਂ ਕਿ ਇਹ ਪੈਦਲ ਤੁਰਿਆ ਆਇਆ ਹੈ ਪੰਡ ਚੁੱਕ ਕੇ ਅਸੀਂ ਘੋੜੇ ਤੇ ਆਏ ਹਾਂ ਨਾਲ। ਕਹਿੰਦੇ, ਸਾਡੇ ਬਜ਼ੁਰਗ ਨੂੰ ਕੁਛ ਨਹੀਂ ਕਿਹਾ, ਇਸ਼ਾਰਾ ਕਰ ਦਿਤਾ ਕਿ ਚੁੱਪ ਰਹਿ। ਇਸ ਤੋਂ ਬਾਅਦ ਬਾਬੇ ਨੇ ਪੁੱਛ ਲਿਆ ਕਿ ਇਹ ਕੌਣ ਸਰਦਾਰ ਹੈ ਐਹੋ ਜਿਹਾ। ਕਹਿੰਦੇ, ਮਹਾਰਾਜਾ ਰਣਜੀਤ ਸਿੰਘ ਆਪ ਹੀ ਹੈ। ਕਹਿੰਦਾ, ਬਾਬੇ ਨੇ ਨੱਠ ਕੇ ਆ ਕੇ ਚਰਨ ਫੜ ਲਏ, ਉਚੀ-ਉਚੀ ਧਾਹਾਂ ਮਾਰ-ਮਾਰ ਰੋਈ ਜਾਵੇ, ਕਹਿੰਦਾ ਓ ਤੂੰ ਕਿਹੋ ਜਿਹਾ ਚੰਗਾ ਮਹਾਰਾਜਾ ਹੈਂ, ਤੂੰ ਤਾਂ ਮੇਰੇ ਦਿਲ 'ਚ ਥਾਉਂ ਬਣਾ ਲਿਆ, ਤੂੰ ਹਿੰਦੂ ਦਾ ਵੀ ਹੈਂ, ਮੁਸਲਮਾਨ ਦਾ ਵੀ ਹੈਂ, ਤੂੰ ਸਿੱਖ ਦਾ ਵੀ ਹੈਂ।

ਸੋ ਇਹ ਚੀਜ਼ ਦੂਜੇ ਦੀ ਮਦਦ ਕਰਨੀ, ਕਹਿਣ ਲੱਗਿਆ ਉਸ ਵੇਲੇ ਤੋਂ ਮੇਰਾ ਦਾਦਾ! ਫੌਜ ਵਿਚ ਸਰਵਿਸ ਕਰਦਾ ਤੇ ਆਹ ਕਹਾਣੀ ਲਿਖ ਦਿਤੀ ਉਹਨੇ ਡਾਇਰੀ ਦੇ ਉਤੇ ਤੇ ਉਸ ਤੋਂ ਬਾਅਦ ਜਦੋਂ ਲੜਾਈ ਲੱਗੀ, ਅੰਗਰੇਜ਼ ਨੇ ਕਿਹਾ ਕਿ ਤੂੰ ਤਾਂ ਸਾਡੇ ਯੂ.ਪੀ. ਦਾ ਹੈਂ, ਬਰੇਲੀ ਦਾ, ਤੇ ਤੂੰ ਫੌਜ ਨੂੰ ਹਰਾ ਦੇ ਤੈਨੂੰ ਮੂੰਹ ਮੰਗਿਆ ਇਨਾਮ ਦੇਵਾਂਗਾ। ਕਹਿੰਦਾ, ਸਾਡਾ ਦਾਦਾ ਕਹਿਣ ਲੱਗਿਆ ਕਿ ਮੈਂ ਟੁਕੜੇ-ਟੁਕੜੇ ਹੋ ਜਾਵਾਂਗਾ, ਪਰ ਮੈਂ ਗਦਾਰੀ ਨਹੀਂ ਕਰ ਸਕਦਾ।

ਸੋ ਇਸ ਤਰ੍ਹਾਂ ਦੇ ਨਾਲ ਇਹ ਜਿਹੜੇ ਗੁਣ ਨੇ ਇਹ ਨਾਮ ਜਪਣ ਵਾਲਿਆਂ 'ਚ ਹੁੰਦੇ ਨੇ। ਇਹਦੇ ਨਾਲ ਨਾਮ ਚਲਦਾ ਹੈ। ਸੇਵਾ ਕਰਨ ਦੀ ਭਾਵਨਾ, ਦਾਨ ਕਰਨ ਦੀ ਭਾਵਨਾ, ਸੀਲ (ਜਿਹਨੂੰ ਚਰਿੱਤਰ ਕਹਿੰਦੇ ਨੇ), ਸੌਚ, ਪਵਿੱਤਰਤਾ - ਮਨ ਦੀ ਪਵਿੱਤਰਤਾ, ਸਰੀਰ ਦੀ ਪਵਿੱਤਰਤਾ, ਖਿਆਲਾਂ ਦੀ ਪਵਿੱਤਰਤਾ, ਬੁੱਧੀ ਦੀ ਪਵਿੱਤਰਤਾ, ਕਿਸੇ ਥਾਂ ਵੀ ਮੈਲ ਨਾ ਹੋਵੇ, ਬੋਲ ਦੀ ਪਵਿੱਤਰਤਾ, ਅਹਿੰਸਾ, ਨਾ ਸਰੀਰ ਨਾਲ ਕਿਸੇ ਨੂੰ ਦੁੱਖ ਦੇਣਾ, ਨਾ ਕਿਸੇ ਨੂੰ ਕੌੜਾ ਬੋਲ ਕੇ ਦੁੱਖ ਦੇਣਾ, ਮਿਹਣਾ-ਤਾਹਨਾ ਨਹੀਂ ਮਾਰਨਾ ਤੇ ਨਾ ਸਰੀਰਕ ਤੌਰ ਤੇ ਦੇਣਾ, ਨਾ ਮਾਨਸਿਕ ਤੌਰ ਤੇ ਦੇਣਾ। ਨਾ ਮਾਨਸਿਕ ਤੌਰ ਤੇ ਕਹਿਣਾ ਕਿ ਇਹਦਾ ਬੁਰਾ ਹੋ ਜਾਵੇ। ਇਸੇ ਕਰਕੇ ਗੁਰੂ ਸਾਹਿਬ ਨੇ ਸਾਨੂੰ ਸੁਮੱਤ ਦਿਤੀ ਹੈ ਕਿ ਅਰਦਾਸ ਤੋਂ ਬਾਅਦ ਸਾਰੇ ਬੋਲਿਆ ਕਰੋ-

***ਨਾਨਕ ਨਾਮ ਚੜ੍ਹਦੀ ਕਲਾ,***
***ਤੇਰੇ ਭਾਣੇ ਸਰਬੱਤ ਦਾ ਭਲਾ।***

ਹੇ ਵਾਹਿਗੁਰੂ ਸਭ ਦਾ ਭਲਾ ਕਰ। ਜਿਹੜਾ ਸਭ ਦਾ ਭਲਾ ਕਰਦਾ ਹੈ, ਉਹਦਾ ਬੁਰਾ ਨਹੀਂ ਹੋ ਸਕਿਆ ਕਰਦਾ। ਉਹਦਾ ਭਲਾ ਵਾਹਿਗੁਰੂ ਕਰਿਆ ਕਰਦਾ ਹੈ। ਠੀਕ ਹੈ ਆਦਮੀ ਹੱਥ ਤੋਂ ਖੋਹ ਲਏਗਾ, ਮੱਥੇ ਤੋਂ ਤਾਂ ਖੋਹ ਨਹੀਂ ਸਕਦਾ। ਉਹ ਭਲਾ ਮੰਗਦਾ ਹੈ ਸਭ ਦਾ। ਗੁਰੂ ਵੀ ਸਭ ਦਾ ਭਲਾ ਮੰਗਦਾ ਹੈ। ਕਿਸੇ ਦਾ ਵੀ ਬੁਰਾ ਨਹੀਂ ਕਰਦਾ। ਸੋ ਨਾ ਮਨ ਤੋਂ ਬੁਰਾ ਕਰਨਾ ਹੈ, ਨਾ ਬੁੱਧੀ ਨਾਲ, ਚਲਾਕੀਆਂ ਨਾਲ ਕਰਨਾ ਹੈ, ਨਾ ਸ਼ਕਤੀ ਨਾਲ ਕਰਨਾ ਹੈ। ਸੋ ਇਹ ਚੀਜ਼ਾਂ ਜਿਹੜੀਆਂ ਨੇ ਸਾਰੀਆਂ - ਮਿੱਠਾ ਬੋਲਣਾ, ਨਿਤਨੇਮ ਕਰਨਾ ਤੇ ਬਾਕੀ ਆਪਣਾ ਸ਼ੁਭ ਕਰਮ ਕਰਨੇ, ਇਹ ਚੀਜ਼ਾਂ ਕਹਿਣ ਲੱਗੇ, ਬਾਬਾ ਅਮਰਦਾਸ ਨਾਮ ਜਪਣ ਵਾਸਤੇ ਸਹਾਇਤਾ ਕਰਦੀਆਂ ਨੇ। ਸੋ ਉਸ ਵੇਲੇ ਆਪ ਨੇ ਨਾਮ ਦੀ ਦਾਤ ਦੇ ਦਿਤੀ। ਨਾਮ ਜਪਣਾ ਸ਼ੁਰੂ ਕਰ ਲਿਆ, ਇਕਾਂਤ ਹੋ ਕੇ ਬੈਠ ਜਾਂਦੇ ਨੇ, ਨਾਲ ਦੀ ਨਾਲ ਸੇਵਾ। ਸੇਵਾ ਤੇ ਸਿਮਰਨ ਦੋਵੇਂ ਕਰ ਲਏ। ਸਿਮਰਨ ਜਿਹੜਾ ਹੈ ਨਾਮ ਜਪਣਾ ਪਹਿਲਾਂ-ਪਹਿਲਾਂ ਔਖਾ ਬਹੁਤ ਹੈ। ਕਿਉਂਕਿ ਮਹਾਰਾਜ ਦਾ ਐਸਾ ਫੁਰਮਾਨ ਹੈ-

***ਧਾਰਨਾ - ਆਖਣ ਅਉਖਾ ਸਾਚਾ ਨਾਉ।***

ਨਾਮ ਵਲ ਆਦਮੀ ਦੀ ਰੁਚੀ ਨਹੀਂ ਲਗਦੀ ਕਿਉਂਕਿ ਔਖਾ ਹੈ ਨਾਮ ਜਪਣਾ। ਸਭ ਤੋਂ ਔਖਾ ਹੈ, ਹੈ ਸਭ ਤੋਂ ਕੀਮਤੀ, ਇਕ ਵਾਰੀ ਵੀ ਜੇ ਸਾਡੇ ਮੁਖ ਤੋਂ ਵਾਹਿਗੁਰੂ ਨਿਕਲ ਜਾਵੇ ਨਾ, ਕਾਲ ਦੀ ਪਈ ਹੋਈ ਫਾਂਸੀ ਸਾਡੇ ਗਲ 'ਚੋਂ ਹਟ ਜਾਂਦੀ ਹੈ ਤੇ ਕਿੰਨੀ ਮਹੱਤਤਾ ਰਖਦਾ ਹੈ -

***ਕਬੀਰ ਸੋੁਈ ਮੁਖੁ ਧੰਨਿ ਹੈ***
***ਜਾ ਮੁਖਿ ਕਹੀਐ ਰਾਮੁ॥ ਅੰਗ - ੧੩੭੦***

ਉਹ ਧੰਨ ਨੇ ਮੁਖ ਜਿਨ੍ਹਾਂ ਦੇ ਵਿਚੋਂ ਵਾਹਿਗੁਰੂ, ਰਾਮ, ਅੱਲਾਹ, ਗੋਬਿੰਦ, ਨਾਰਾਇਣ ਦੀ ਆਵਾਜ਼ ਆਉਂਦੀ ਹੈ। ਉਹਦਾ ਫਲ ਕਿੰਨਾ ਹੈ? ਕਹਿੰਦੇ -

***ਦੇਹੀ ਕਿਸ ਕੀ ਬਾਪੁਰੀ***
***ਪਵਿਤ੍ਰੁ ਹੋਇਗੋ ਗ੍ਰਾਮੁ ॥ ਅੰਗ - ੧੩੭੦***

ਦੇਹੀ ਨੂੰ ਤਾਂ ਛੱਡੋ ਇਕ ਪਾਸੇ। ਜਿਥੇ ਬੈਠ ਕੇ ਬੰਦਗੀ ਕਰੇਗਾ, ਬੰਦਗੀ ਕਰਨ ਵਾਲਾ, ਸਾਰੇ ਪਿੰਡ ਨੂੰ ਪਵਿੱਤਰ ਕਰ ਦੇਵੇਗਾ।

***ਧਾਰਨਾ - ਸਾਰਾ ਨਗਰ ਪਵਿੱਤਰ ਹੋ ਜਾਵੇ,***
***ਸਤਿਨਾਮ ਬੋਲ ਵਾਹਿਗੁਰੂ।***

ਐਡੀ ਵੱਡੀ ਚੀਜ਼ ਹੈ ਲੇਕਿਨ ਫੇਰ ਵੀ ਬੰਦਾ ਨਾਮ ਨਹੀਂ ਜਪਦਾ। ਕਿਉਂਕਿ ਔਖਾ ਹੈ।

***ਆਖਾ ਜੀਵਾ ਵਿਸਰੈ ਮਰਿ ਜਾਉ ॥***
***ਆਖਣਿ ਅਉਖਾ ਸਾਚਾ ਨਾਉ ॥ ਅੰਗ - ੯***

ਸੋ ਇਸ ਤਰ੍ਹਾਂ ਦੇ ਨਾਲ ਜੁਗਤ ਦੇ ਨਾਲ ਨਾਮ ਜਪਿਆ ਜਾਂਦਾ ਹੈ, ਪਹਿਲਾਂ ਮਾਲਾ ਦੀ ਮਦਦ ਨਾਲ, ਮਹਾਂਪੁਰਸ਼ ਕਹਿੰਦੇ ਨੇ ਕਿ ਭਾਈ ਤੂੰ ਪਹਿਲਾਂ ਛੇ ਪੱਕੀਆਂ ਮਾਲਾ ਫੇਰਿਆ ਕਰ, ਘੱਟ ਤੋਂ ਘੱਟ। 648 ਮਾਲਾ ਫੇਰਿਆ ਕਰ। ਇਸ ਤੋਂ ਅੱਗੇ ਫੇਰ ਦੱਸ ਦਿੰਦੇ ਨੇ ਕਿ ਤੂੰ ਲੱਖ ਵਾਰੀ ਵਾਹਿਗੁਰੂ-ਵਾਹਿਗੁਰੂ ਕਿਹਾ ਕਰ। ਕੋਈ ਔਖਾ ਨਹੀਂ, ਕਹਿ ਹੋ ਜਾਂਦਾ ਹੈ। ਫੇਰ ਦੱਸ ਦਿੰਦੇ ਨੇ ਕਿ ਤੂੰ ਹੁਣ ਸ੍ਵਾਸ ਨਾਲ ਕਿਹਾ ਕਰ। ਅੰਦਰ ਨੂੰ ਸ੍ਵਾਸ ਜਾਂਦਾ ਹੈ ਵਾਹਿ ਕਹਿ, ਬਾਹਰ ਨੂੰ ਆਉਂਦਾ ਹੈ ਗੁਰੂ ਕਹਿ। ਜੇ ਨਹੀਂ ਇਸ ਤਰ੍ਹਾਂ ਕਹਿ ਹੁੰਦਾ ਤਾਂ ਅੰਦਰ ਨੂੰ ਸ੍ਵਾਸ ਜਾਂਦੇ ਤਿੰਨ ਵਾਰੀ ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਕਹਿ। ਬਾਹਰ ਨੂੰ ਆਉਂਦੇ ਫੇਰ ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਕਹਿ। ਇਹਦੇ ਨਾਲ ਜਿਵੇਂ ਮਾਲਾ ਦੇ ਮਣਕੇ ਹੁੰਦੇ ਨੇ, ਐਉਂ ਬਣਾ ਲੈ। ਫੇਰ ਤੇਰੇ ਅੰਦਰ ਸ੍ਵਾਸ-ਸ੍ਵਾਸ ਦਾ ਨਾਮ ਚਲਿਆ ਜਾਏਗਾ।

***ਸਾਸਿ ਸਾਸਿ ਸਿਮਰਹੁ ਗੋਬਿੰਦ ॥***
***ਮਨ ਅੰਤਰ ਕੀ ਉਤਰੈ ਚਿੰਦ ॥ ਅੰਗ - ੨੯੫***

ਇਸ ਤਰ੍ਹਾਂ ਸ੍ਵਾਸ ਦੇ ਨਾਮ ਤੋਂ ਬਾਅਦ, ਨਾਮ ਆਪਣੇ ਆਪ ਹੀ ਅੱਗੇ ਤਰੱਕੀ ਕਰ ਜਾਂਦਾ ਹੈ। ਦਰਜਾ-ਬ-ਦਰਜਾ ਫਲ ਵਧਦਾ ਜਾਂਦਾ ਹੈ। ਬੈਖਰੀ 'ਚ ਅਸੀਂ ਜੇ ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਕਰਦੇ ਹਾਂ, ਦਸ ਵਾਰੀ ਕਰੀਏ ਇਕ ਵਾਰੀ ਕੰਠ 'ਚ ਕਹਿ ਦੇਈਏ, ਓਡਾ ਹੀ ਫਲ ਹੈ। ਸੌ ਵਾਰੀ ਬੋਲ ਕੇ ਵਾਹਿਗੁਰੂ-ਵਾਹਿਗੁਰੂ ਕਹੀਏ, ਇਕ ਵਾਰੀ ਹਿਰਦੇ 'ਚ ਕਹਿ ਦੇਈਏ, ਓਨਾ ਹੀ, ਬਾਹਰ ਹਜ਼ਾਰ ਵਾਰੀ ਕਹੀਏ ਵਾਹਿਗੁਰੂ-ਵਾਹਿਗੁਰੂ ਅੰਦਰ deep silence ਜਿਹਨੂੰ ਨਾਭੀ ਦੀ ਜਗ੍ਹਾ ਕਹਿੰਦੇ ਨੇ, ਉਹਦੇ ਵਿਚ ਇਕ ਵਾਰੀ ਕਿਹਾ ਹਜ਼ਾਰ ਵਾਰ ਦੇ ਬਰਾਬਰ ਹੈ। ਇਸ ਤੋਂ ਬਾਅਦ ਆਗਿਆ ਚੱਕਰ ਹੁੰਦਾ ਹੈ ਜਿਥੇ ਦੋਵੇਂ ਅੱਖਾਂ ਤੇ ਨੱਕ ਦੀ ਜੜ੍ਹ ਹੈ, ਇਥੇ ਅਨਹਦ ਸ਼ਬਦ ਦੀ ਮਦਦ ਦੇ ਨਾਲ ਨਾਮ ਜਪ ਹੁੰਦਾ ਹੈ। ਧੁਨ ਹੈ ਨਾਲ,

ਆਪਣੇ ਆਪ ਹੀ ਮਿਊਜ਼ਿਕ ਆ ਜਾਂਦਾ ਹੈ, ਉਹਦੇ ਨਾਲ ਬੰਦਗੀ ਕਰਦਾ ਹੈ ਫੇਰ। ਇਥੇ ਆ ਕੇ ਦੋ ਚੀਜ਼ਾਂ ਹੋ ਜਾਂਦੀਆਂ ਨੇ। ਇਕ ਤਾਂ ਹੁੰਦਾ ਹੈ ਜਿਹਨੂੰ ਉਪਾਸ਼ਨਾ ਕਹਿੰਦੇ ਨੇ, ਉਪਾਸ਼ਨਾ ਚਾਰ ਕਿਸਮ ਦੀ ਹੈ, ਲੇਕਿਨ ਜਿਹੜੀ ਸਾਰਿਆਂ ਦੀ ਸਮਝ ਵਿਚ ਆਉਣ ਵਾਲੀ ਉਪਾਸਨਾ ਹੈ, ਉਹ ਜਿਉਂਦਾ ਸਾਧਨ ਹੈ। ਬਹੁਤ ਸਾਰੇ ਇਹਦੇ ਵਿਪਰੀਤ ਗੱਲਾਂ ਕਰਦੇ ਨੇ ਕਿਉਂਕਿ ਆਪ ਨੂੰ ਅਨੁਭਵ ਨਾ ਹੋਣ ਕਰਕੇ ਸੁਣੀਆਂ-ਸੁਣਾਈਆਂ ਗੱਲਾਂ, ਊਟ-ਪਟਾਂਗ ਗੱਲਾਂ ਮਾਰ ਦਿੰਦੇ ਨੇ, ਨਾ ਆਪ ਤਰਨਾ ਹੈ ਨਾ ਦੂਜੇ ਨੂੰ ਲੰਘਣ ਦਿੰਦੇ ਨੇ। ਉਹ ਹੈ ਉਪਾਸਨਾ। ਉਪਾਸਨਾ ਹੁੰਦੀ ਹੈ mental ਸੇਵਾ mental ਪੂਜਾ। ਮਾਨਸਿਕ ਤੌਰ ਦੇ ਉਤੇ। ਸਪਸ਼ਟ ਤੌਰ ਦੇ ਉਤੇ ਉਸ ਬਾਰੇ ਐਸਾ ਫੁਰਮਾਨ ਹੈ –

***ਧਾਰਨਾ – ਧਰੀਏ ਮਨ ਵਿਚ ਧਿਆਨ***
***ਗੁਰਾਂ ਦੀ ਮੂਰਤ ਦਾ।***

***ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥***
***ਅੰਗ – ੮੬੪***

ਗੁਰੂ ਦੀ ਮੂਰਤ ਜਿਹੜੀ ਸਾਕਾਰ ਰੂਪ ਵਿਚ ਸਾਡੇ ਸਮਝ 'ਚ ਆ ਜਾਂਦੀ ਹੈ, ਉਹ ਹੋਇਆ ਕਰਦਾ ਹੈ ਗੁਰੂ ਦਾ ਸਰਗੁਣ ਸਰੀਰ। ਸੁਖਾਲਾ ਹੁੰਦਾ ਹੈ ਤੇ ਇਹਦੇ ਵਿਚ ਧਿਆਨ ਪਰਪੱਕ ਹੋ ਜਾਇਆ ਕਰਦਾ ਹੈ। ਦੂਸਰਾ ਹੋਇਆ ਕਰਦਾ ਹੈ, ਗੁਰੂ ਦਾ ਜੋ ਸਰੂਪ ਹੈ, ਸੂਖਸ਼ਮ, ਉਤਮ ਬੁੱਧੀ ਵਾਲਿਆਂ ਨੂੰ ਸਮਝ 'ਚ ਆਉਣ ਵਾਲਾ ਉਹ ਹੁੰਦੀ ਹੈ ਸਾਊਂਡ, ਸ਼ਬਦ ਜਿਹਨੂੰ ਕਹਿੰਦੇ ਨੇ। ਇਥੇ ਗਲਤੀ ਕਰ ਜਾਂਦੇ ਨੇ, ਵਾਹਿਗੁਰੂ ਅੱਖਰਾਂ ਦਾ ਧਿਆਨ ਕਰਨ ਲਗ ਜਾਂਦੇ ਨੇ, ਨਹੀਂ ਸਾਊਂਡ ਦਾ, ਸ਼ਬਦ ਦਾ ਜਿਹੜਾ ਅੰਦਰ ਸ਼ਬਦ ਚਲਦਾ ਹੈ ਨਾ, ਧੁੰਨ ਚਲਦੀ ਹੈ, ਉਹਦਾ ਧਿਆਨ ਹੁੰਦਾ ਹੈ। ਬਹੁਤ ਸਾਰਿਆਂ ਨੂੰ ਪਤਾ ਨਹੀਂ ਕਿ ਉਹ ਧੁਨ ਕਿਵੇਂ ਹੁੰਦੀ ਹੈ, ਕਿਉਂਕਿ ਅਧੂਰੀਆਂ ਗੱਲਾਂ ਰਹਿ ਜਾਂਦੀਆਂ ਨੇ, ਗੱਲ ਛੇੜ ਕੇ ਜੇ ਪੂਰੀ ਨਾ ਦੱਸੋ, ਰੌਲਾ-ਰੱਪਾ ਪੈ ਜਾਏਗਾ। ਉਹ ਧੁੰਨ ਹੋਇਆ ਕਰਦੀ ਹੈ ਗੁਰਮੰਤ੍ਰ ਦੀ, ਇਹਦੇ ਨਾਲ ਹੌਲੀ-ਹੌਲੀ ਜਿਉਂ-ਜਿਉਂ ਬਿਰਤੀ ਸੂਖਸ਼ਮ ਹੁੰਦੀ ਜਾਂਦੀ ਹੈ, ਇਹਦੇ ਨਾਲ ਮਿਊਜ਼ਿਕ ਰਲ ਜਾਂਦਾ ਹੈ ਆ ਕੇ, ਸਾਜ ਰਲ ਜਾਂਦਾ ਹੈ, ਸੋ ਉਸ ਧੁਨ ਦੀ ਪ੍ਰੈਕਟਿਸ ਕਰਨ ਵਾਸਤੇ, ਇਕੱਲਾ ਕਰਦਾ ਹੈ, ਚਾਹੇ ਬਾਕੀਆਂ ਨਾਲ ਰਲ ਕੇ ਕਰਦਾ ਹੈ, ਉਸ ਧੁਨ ਦਾ ਧਿਆਨ ਅੰਦਰ ਹੋਣਾ ਚਾਹੀਦਾ ਹੈ। ਸ਼ਬਦ ਦਾ ਧਿਆਨ ਜਿਹਨੂੰ ਕਹਿੰਦੇ ਨੇ। ਗੁਰੂ ਸ਼ਬਦ ਹੋਇਆ ਕਰਦਾ ਹੈ। ਅੱਖਰਾਂ ਨਾਲ ਤਾਂ ਉਹ ਅੱਖਰ ਨੇ, ਅੱਖਰ ਤਾਂ ਸ਼ਬਦ ਨਹੀਂ ਹੁੰਦੇ, ਸ਼ਬਦ ਤਾਂ ਸਾਊਂਡ ਨੂੰ ਕਹਿੰਦੇ ਨੇ, ਸ਼ਬਦ ਹੁੰਦਾ ਹੈ, ਪੜ੍ਹੋ ਪਿਆਰ ਨਾਲ ਸਾਰੇ –

ਵਾਹਿ............ਗੁਰੂ................ਵਾਹਿ...................ਗੁਰੂ
ਵਾਹਿ............ਗੁਰੂ................ਵਾਹਿ...................ਗੁਰੂ
ਵਾਹਿ............ਗੁਰੂ................ਵਾਹਿ...................ਗੁਰੂ
ਵਾਹਿ............ਗੁਰੂ................ਵਾਹਿ...................ਗੁਰੂ

ਚੁੱਪ ਕਰਕੇ ਸੁਣੋ ਏਸ ਨੂੰ ਹੁਣ। ਸੋ ਇਹਨੂੰ ਕਹਿੰਦੇ ਨੇ –

***ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥***
***ਅੰਗ – ੮੬੪***

ਤੀਸਰਾ ਹੋਇਆ ਕਰਦਾ ਹੈ ਜੋਤੀ ਸਰੂਪ ਸਮਝਣਾ। ਚੌਥਾ ਹੁੰਦਾ ਹੈ ਗਿਆਨ। ਉਹ ਹੁੰਦਾ ਹੈ ਕਿ ਮੇਰੇ ਚਾਰੇ ਪਾਸੇ ਹੀ ਅੰਦਰ ਵੀ ਤੇ ਬਾਹਰ ਵੀ, ਇਕ ਜੋਤੀ ਹੈ, ਉਹ ਪਰੀਪੂਰਨ ਹੈ। ਸੋ ਇਹ ਚਾਰੋ ਕਿਸਮ ਦਾ ਧਿਆਨ ਹੁੰਦਾ ਹੈ। ਸੋ ਇਹ ਉਪਾਸਨਾ ਹੋਇਆ ਕਰਦੀ ਹੈ। ਉਪਾਸਨਾ ਤੋਂ ਬਾਅਦ ਬਿਰਤੀ ਉਪਰ ਜਾਂਦੀ ਹੈ, ਵਿਵੇਕ ਮੰਡਲ ਦੇ ਅੰਦਰ ਗਿਆਨ ਜਿਹਨੂੰ ਕਹਿੰਦੇ ਨੇ। ਗਿਆਨ ਉਹ ਹੁੰਦਾ ਹੈ ਜਿਵੇਂ ਰਾਤ ਨੂੰ ਹਨ੍ਹੇਰੇ ਵਿਚ ਰੱਸੀ ਪਈ ਸੱਪ ਲੱਗੀ ਜਾਂਦਾ ਹੈ, ਪਰ ਦਿਨ ਚੜ੍ਹਨ 'ਤੇ ਪਤਾ ਲਗਦਾ ਹੈ ਕਿ ਇਹ ਤਾਂ ਰੱਸੀ ਸੀ। ਪ੍ਰਤੱਖ ਗਿਆਨ ਹੋ ਜਾਣਾ ਦੁਨੀਆਂ ਦਾ ਕਿ ਇਹ ਤਾਂ ਸਾਰਾ ਹੀ –

***ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ***
***ਨਦਰੀ ਹਰਿ ਨਿਹਾਲਿਆ ॥***
***ਏਹੁ ਵਿਸੁ ਸੰਸਾਰੁ ਤੁਮ ਦੇਖਦੇ***
***ਏਹੁ ਹਰਿ ਕਾ ਰੂਪੁ ਹੈ***
***ਹਰਿ ਰੂਪੁ ਨਦਰੀ ਆਇਆ ॥ ਅੰਗ – ੯੨੨***

ਜਿਹਨੂੰ ਇਹੀ ਪ੍ਰਮੇਸ਼ਰ ਦਾ ਰੂਪ ਬਣ ਕੇ ਦਿੱਸਣ ਲੱਗ ਜਾਵੇ, ਕਹਿੰਦੇ ਉਹਦੀ ਬਿਰਤੀ ਗਿਆਨ ਵਿਚ ਗਈ ਹੁੰਦੀ ਹੈ। ਉਹ ਪ੍ਰਤੱਖ ਰੂਪ ਦੇ ਵਿਚ ਨਜ਼ਰ ਆਉਂਦਾ ਹੈ, ਐਉਂ ਨਹੀਂ ਕਿ ਗੱਲਾਂ ਬਾਤਾਂ ਵਿਚ ਹੀ ਹੈ।

ਮੈਂ ਪਹਿਲੇ ਦਿਨ ਦੱਸਿਆ ਸੀ ਕਿ ਸੰਤ ਮਹਾਰਾਜ ਮਸਤੂਆਣੇ ਵਾਲੇ ਜਦ ਹਜ਼ੂਰ ਸਾਹਿਬ ਤੋਂ ਆਉਂਦੇ ਨੇ ਸ਼ੇਰ ਮਿਲ ਗਿਆ। ਸੇਵਾਦਾਰ ਆਇਆ ਦੌੜ ਕੇ, ਕਹਿੰਦਾ ਬਾਬਾ ਜੀ! ਸ਼ੇਰ ਆ ਗਿਆ ਸੀ? ਕਹਿੰਦੇ, ਨਾ ਭਾਈ ਤੇਰੀ ਨਿਗ੍ਹਾ 'ਚ ਸ਼ੇਰ, ਸਾਡੀ ਨਿਗ੍ਹਾ 'ਚ ਗੁਰੂ ਨਾਨਕ ਪਾਤਸ਼ਾਹ। ਸਾਨੂੰ ਤਾਂ ਹੁਣ ਦਿਸਣ ਤੋਂ ਹੀ ਹਟ ਗਿਆ ਸਭ। ਜੇ ਦਿਸਦਾ ਹੈ ਤਾਂ ਤੂੰ ਹੀ, ਤੂੰ ਹੀ ਦਿਸਦਾ ਹੈ। ਹੋਰ ਕੋਈ ਨਜ਼ਰ ਨਹੀਂ ਆਉਂਦਾ –

***ਧਾਰਨਾ – ਤੂੰ ਹੀ-ਤੂੰ ਹੀ ਮੋਹਿਨਾ***

***ਗੁਰਹਿ ਦਿਖਾਇਓ ਲੋਇਨਾ ॥ ੧ ॥ ਰਹਾਉ ॥***
***ਈਤਹਿ ਊਤਹਿ ਘਟਿ ਘਟਿ ਘਟਿ ਘਟਿ***
***ਤੂੰਹੀ ਤੂੰਹੀ ਮੋਹਿਨਾ ॥ ਅੰਗ – ੪੦੭***

ਇਹ ਨਾਮ ਦੀ ਪ੍ਰਾਪਤੀ ਹੈ, ਜਦੋਂ ਨਾਮ ਦੀ ਇਹ ਪ੍ਰਾਪਤੀ ਹੋ ਜਾਵੇ ਫੇਰ ਸਾਰੀ ਜਿੰਨੀ ਸ੍ਰਿਸ਼ਟੀ ਹੈ –

*ਹਰਹਟ ਭੀ ਤੂੰ ਤੂੰ ਕਰਹਿ*
*ਬੋਲਹਿ ਭਲੀ ਬਾਣਿ ॥ ਅੰਗ - ੧੪੨੦*

ਹਰਟ ਦਾ ਕੁੱਤਾ ਜਿਹੜਾ ਟੱਕ-ਟੱਕ ਕਰਦਾ ਹੈ ਉਹ ਵੀ ਵਾਹਿਗੁਰੂ ਦੀ ਆਵਾਜ਼ ਸੁਣਦੀ ਹੈ।

*ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ*
*ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥*
*ਅੰਗ - ੧੨੬੫*

ਜਿੰਨੇ ਪੰਛੀ ਬੋਲ ਰਹੇ ਨੇ, ਉਹ ਸਾਰੇ ਹੀ ਪ੍ਰਤੀਤ ਦਿੰਦੇ ਨੇ ਕਿ ਇਹ ਵੀ ਨਾਮ ਦੀ ਧੁਨ ਹੈ ਤੇ ਬਾਬਾ ਫਰੀਦ ਜੀ ਨੇ ਏਸ ਅਵਸਥਾ ਨੂੰ ਤੇ ਪੰਛੀਆਂ ਦੇ ਭਰੋਸੇ ਨੂੰ ਦੇਖ ਕੇ ਏਸ ਤਰ੍ਹਾਂ ਦਾ ਸ਼ਬਦ ਉਚਾਰਨ ਕਰਿਆ ਹੈ –

***ਧਾਰਨਾ – ਕੰਕਰ ਚੁਗਦੇ ਥਲਾਂ ਦੇ ਵਿਚ ਵਸਦੇ, ਰੱਬ ਦੀ ਨਾ ਆਸ ਛੱਡਦੇ ਪੰਛੀ।***

*ਫਰੀਦਾ ਹਉ ਬਲਿਹਾਰੀ ਤਿਨ੍ ਪੰਖੀਆ*
*ਜੰਗਲਿ ਜਿੰਨ੍ਾ ਵਾਸੁ ॥*
*ਕਕਰੁ ਚੁਗਨਿ ਥਲਿ ਵਸਨਿ*
*ਰਬ ਨ ਛੋਡਨਿ ਪਾਸੁ ॥ ਅੰਗ - ੧੩੮੩*

ਸੋ ਨਾਮ ਹੀ ਨਾਮ ਸੁਣਾਈ ਦਿੰਦਾ ਹੈ, ਫੇਰ ਉਹਨੂੰ ਸ਼ਬਦ ਜਿਹੜਾ ਹੈ ਗੂੰਜਦਾ ਸੁਣਾਈ ਦਿੰਦਾ ਹੈ, ਕਿਉਂਕਿ ਅਸਲ ਵਿਚ ਹੈ ਹੀ ਸ਼ਬਦ ਸਾਰੇ ਪਰੀਪੂਰਨ ਤੇ ਜਿਨ੍ਹਾਂ ਦੇ ਹਿਰਦੇ 'ਚ ਵਸ ਜਾਵੇ ਉਨ੍ਹਾਂ ਦੀ ਅਵਸਥਾ ਕੀ ਹੁੰਦੀ ਹੈ। ਮਹਾਰਾਜ ਕਹਿੰਦੇ –

*ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥*
*ਅੰਗ - ੩੯੭*

ਉਹ ਤਾਂ ਰੱਬ ਦਾ ਰੂਪ ਨੇ, ਸੋ ਏਸ ਤਰ੍ਹਾਂ ਦੇ ਨਾਲ ਨਾਮ ਦੀਆਂ ਅਵਸਥਾਵਾਂ ਬਾਬਾ ਅਮਰਦਾਸ ਜੀ ਮਹਾਰਾਜ, ਨਾਮ ਜਪਦੇ-ਜਪਦੇ, ਨਾਮ ਦਾ ਰੂਪ ਹੋ ਗਏ। ਦ੍ਰਿਸ਼ਟੀ ਜਿਹੜੀ ਹੈ ਗਿਆਨ ਦੀ ਖੁਲ੍ਹ ਜਾਇਆ ਕਰਦੀ ਹੈ। ਗਿਆਨ ਦੀ ਦ੍ਰਿਸ਼ਟੀ ਗੱਲਾਂ ਨਾਲ ਨਹੀਂ।

*ਗਿਆਨੁ ਨ ਗਲੀਈ ਢੂਢੀਐ*
*ਕਥਨਾ ਕਰੜਾ ਸਾਰੁ ॥ ਅੰਗ - ੪੬੫*

ਐਵੇਂ ਗਿਆਨ-ਗਿਆਨ ਦੀ ਗੱਲ ਕਰੀ ਜਾਂਦੇ ਨੇ, ਗਿਆਨ ਬਹੁਤ ਔਖੀ ਚੀਜ਼ ਹੈ। ਇਹ ਤਾਂ ਦ੍ਰਿਸ਼ਟੀ ਬਦਲਦੀ ਹੈ ਫੇਰ ਉਹਨੂੰ ਲੋਕ ਕਹਿਣ ਲੱਗ ਜਾਂਦੇ ਨੇ ਕਿ ਬ੍ਰਹਮ ਦਾ ਗਿਆਨ ਹੈ ਇਹਨੂੰ। ਕਿਉਂਕਿ ਉਹਦੇ ਭੇਦ ਖਤਮ ਹੋ ਜਾਂਦੇ ਨੇ। ਪ੍ਰਤੱਖ ਰੂਪ ਵਿਚ ਦੇਖ ਲੈਂਦਾ ਹੈ।

ਇਕ ਵਾਰੀ ਮੇਰੇ ਨਾਲ ਧਮੋਟ ਪਿੰਡ ਤੋਂ ਕੁਝ ਸਿੰਘ ਗਏ ਕਿ ਬੀਕਾਨੇਰ ਵਲ ਜ਼ਮੀਨ ਖਰੀਦਣੀ ਹੈ। ਜਦ ਅਸੀਂ ਚਲੇ ਗਏ ਅਨੂਪਗੜ੍ਹ ਦੇ ਪਰਲੇ ਪਾਸੇ ਨੂੰ, ਉਥੇ ਰੜ੍ਹਾ ਮੈਦਾਨ ਆ ਗਿਆ ਤੇ ਕੁਝ ਸਿੰਘਾਂ ਨੂੰ ਪਿਆਸ ਲਗ ਆਈ ਤੇ ਉਨ੍ਹਾਂ ਨੂੰ ਦੱਸਿਆ ਗੁਰਨਾਮ ਸਿੰਘ ਨੇ ਕਿ ਪਾਰਲਾ ਪਾਣੀ ਤਾਂ ਦੱਸ ਮੀਲ 'ਤੇ ਹੈ। ਉਹ ਕਹਿੰਦੇ ਪਾਣੀ ਤਾਂ ਉਹ ਜਾਂਦਾ ਹੈ। ਮੈਂ ਕਿਹਾ ਪਾਣੀ ਨਹੀਂ ਅੱਖਾਂ ਨੂੰ ਭੁਲੇਖਾ ਹੈ, ਕਹਿੰਦੇ ਬਿਲਕੁਲ ਉਹ ਦੇਖੋ। ਔਹ ਦਰਖਤ ਦਾ ਪਰਛਾਵਾਂ ਦੀਹੰਦਾ ਹੈ, ਭੁਲੇਖਾ ਕੱਢਣ ਵਾਸਤੇ ਅਸੀਂ ਮੁੜ ਗਏ, ਅਸੀਂ ਕਿਹਾ ਕਿ ਨਿਸ਼ਾਨ ਲਾ ਲੈ ਕਿ ਕਿਥੇ ਕੁ ਹੈ ਪਾਣੀ, ਕਹਿੰਦਾ ਉਹ ਹੈ। ਜਦ ਉਥੇ ਗਏ ਓਨਾ ਹੀ ਦੂਰ ਅੱਗੇ ਦਿਸੇ। ਜਦ ਉਥੇ ਗਏ ਅੱਗੇ ਹੋਰ ਦਿਸੇ ਇਹਨੂੰ ਮ੍ਰਿਗਤ੍ਰਿਸ਼ਨਾ ਕਹਿੰਦੇ ਨੇ। ਅਸਲੀ ਗੱਲ ਹੋਰ ਦਿਸਣੀ ਤੇ ਅਸਲ ਵਿਚ ਗੱਲ ਹੋਰ ਹੋਣੀ। ਇਹਨੂੰ ਅਗਿਆਨ ਤੇ ਅਵਿਦਿਆ ਕਹਿੰਦੇ ਨੇ। ਜਦ ਇਹ ਅਗਿਆਨ ਹਟ ਜਾਵੇ, ਪ੍ਰਤੱਖ ਰੂਪ ਦੇ ਵਿਚ ਨਿਹਚੇ 'ਚ ਆ ਜਾਵੇ, ਉਹਨੂੰ ਗਿਆਨ ਕਹਿੰਦੇ ਨੇ। ਗਿਆਨ ਗੱਲਾਂ ਨਾਲ ਨਹੀਂ ਹੋਇਆ ਕਰਦਾ, ਗਿਆਨ ਬੜੀ ਔਖੀ ਚੀਜ਼ ਹੈ।

*ਗਿਆਨੁ ਨ ਗਲੀਈ ਢੂਢੀਐ*
*ਕਥਨਾ ਕਰੜਾ ਸਾਰੁ ॥ ਅੰਗ - ੪੬੫*

ਅਨੰਦਪੁਰ ਸਾਹਿਬ ਦੇ ਅੰਦਰ ਬਹੁਤ ਭਿਆਨਕ ਯੁੱਧ ਛਿੜਿਆ ਹੋਇਆ ਹੈ, ਛੇ ਮਹੀਨੇ ਹੋ ਗਏ ਘੇਰਾ ਪਏ ਨੂੰ। ਮੁਗਲ ਫੌਜਾਂ ਬਹੁਤ ਹਮਲੇ ਕਰ-ਕਰ ਕੇ ਥੱਕ ਗਈਆਂ, ਹਾਰ ਗਈਆਂ, ਲੱਖਾਂ ਬੰਦਿਆਂ ਦਾ ਨੁਕਸਾਨ ਕਰਾ ਲਿਆ, ਦੱਸ ਲੱਖ ਬੰਦਾ ਏਸ ਦੇ ਉਤੇ deploy ਕਰਿਆ ਹੋਇਆ ਸੀ, ਨਾਕੇ ਰੋਕੇ ਹੋਏ ਸੀ, ਕਿਤੋਂ ਰਾਸ਼ਨ ਨਾ ਆ ਜਾਵੇ, ਪਿੰਡਾਂ ਦੇ ਵਿਚ ਪਹਿਰੇ ਲੱਗੇ ਹੋਏ ਸੀ। ਹਰ ਥਾਂ ਦੇ ਉਤੇ ਚੌਕਸੀ ਸੀ ਕਿ ਕੋਈ ਗੁਰੂ ਸਾਹਿਬ ਦੇ ਕੋਲ ਚਲਿਆ ਨਾ ਜਾਵੇ। ਉਸ ਵੇਲੇ ਬਹੁਤ ਸਾਰੇ ਸਿੰਘ ਸ਼ਹੀਦ ਹੋ ਗਏ, ਥੋੜ੍ਹੇ ਹੀ ਰਹਿ ਗਏ। ਰੋਪੜ ਦਾ ਇਕ ਜਰਨੈਲ ਸੀ, ਜਿਹਦਾ ਨਾਮ ਮੁਗਲਖਾਨ ਸੀ। ਮੀਟਿੰਗ ਕਰੀ ਉਸਨੇ ਆਪਣੇ ਭਰਾਵਾਂ ਨਾਲ ਕਿ ਆਪਾਂ ਕਿੰਨੇ ਹਾਂ ਲੱਖਾਂ ਦੀ ਤਾਦਾਦ 'ਚ, ਉਥੇ ਖਬਰ ਆਈ ਹੈ ਕਿ ਉਹ ਤਾਂ ਹਜ਼ਾਰ, ਡੇਢ ਹਜ਼ਾਰ ਰਹਿ ਗਿਆ। ਇਕ ਹੱਲਾ ਐਸਾ ਕਰੋ ਕਿ ਗੁਰੂ ਗੋਬਿੰਦ ਸਿੰਘ ਨੂੰ ਜਾਂ ਗ੍ਰਿਫਤਾਰ ਕਰ ਲਓ, ਜਾਂ ਸ਼ਹੀਦ ਕਰ ਲਓ। ਉਸ ਨੇ ਬੀੜਾ ਚੁੱਕਿਆ ਕਿ ਅੱਜ ਮੈਂ ਤਾਂ ਆਵਾਂਗਾ, ਜੇ ਗੁਰੂ ਗੋਬਿੰਦ ਸਿੰਘ ਨੂੰ ਫੜ ਲਿਆਵਾਂਗੇ ਜਾਂ ਸ਼ਹੀਦ ਕਰ ਦੇਵਾਂਗੇ। ਬਹੁਤ ਭਿਆਨਕ ਯੁੱਧ ਹੋਇਆ, ਬਹੁਤ ਨੁਕਸਾਨ ਹੋਇਆ, ਜਿਸ ਵਕਤ ਮਹਾਰਾਜ ਜੀ ਨੇ ਪੁਛਿਆ ਸ਼ਾਮ ਨੂੰ ਕਿ ਦੱਸੋ ਖਾਲਸਾ ਜੀ! ਯੁੱਧ ਦਾ ਹਾਲ। ਸਾਰਿਆਂ ਨੇ ਆਪਣਾ-ਆਪਣਾ ਹਾਲ ਦੱਸਣ ਤੋਂ ਬਾਅਦ ਸ਼ਿਕਾਇਤ ਕੀਤੀ ਕਿ ਮਹਾਰਾਜ! ਆਪਣੀ ਸੰਗਤ ਦੇ ਵਿਚ ਇਕ ਜਾਸੂਸ ਰਹਿੰਦਾ ਹੈ।

ਮਹਾਰਾਜ ਕਹਿੰਦੇ, ਕੌਣ ਹੈ ਉਹ?

ਕਹਿੰਦੇ, ਮਹਾਰਾਜ! ਉਹ ਘਨਈਆ ਸਾਧ, ਜਿਹੜਾ ਮਸ਼ਕ ਲੈ ਕੇ ਪਾਨੀ ਪਿਲਾਉਂਦਾ ਹੈ।

ਮਹਾਰਾਜ ਕਹਿੰਦੇ, ਬੁਲਾਓ ਉਸ ਨੂੰ।

ਡੇਰੇ ਭੇਜੇ ਬੰਦੇ, ਡੇਰੇ ਤੋਂ ਪਤਾ ਲੱਗਿਆ ਕਿ ਉਹ ਤਾਂ ਅਜੇ ਮੈਦਾਨੇ ਜੰਗ 'ਚੋਂ ਨਹੀਂ ਆਏ, ਹੁਕਮ ਹੋਇਆ ਕਿ ਜਾਓ ਮੈਦਾਨ-ਏ-ਜੰਗ 'ਚੋਂ ਟੋਲ੍ਹ ਕੇ ਲਿਆਓ। ਉਸ ਵੇਲੇ ਆਵਾਜ਼ ਆਉਂਦੀ ਹੈ, ਹਨ੍ਹੇਰਾ ਹੈ, ਦੂਜੇ ਪਾਸੇ ਮਸਾਲਾਂ ਦੋਹਾਂ ਧਿਰਾਂ ਦੀਆਂ ਮਚਦੀਆਂ ਨੇ, ਦੋਵੇਂ ਪਾਸੇਂ ਆਪਣੇ-ਆਪਣੇ ਜ਼ਖਮੀ ਬੰਦਿਆਂ ਨੂੰ ਚੁੱਕ-ਚੁੱਕ ਕੇ ਲਈ ਜਾਂਦੇ ਨੇ। ਉਹ ਵੀ ਲਈ ਜਾਂਦੇ ਨੇ, ਇਹ ਵੀ ਲਈ ਜਾਂਦੇ ਨੇ, ਇਕ ਦੂਜੇ ਨੂੰ ਕੋਈ ਕੁਛ ਨਹੀਂ ਕਹਿੰਦਾ। ਉਹ ਜਦੋਂ ਆਵਾਜ਼ ਆਉਂਦੀ ਹੈ ਓਧਰ ਨੂੰ ਤੁਰੇ, ਉਥੇ ਜਾ ਕੇ ਤੂੰਹੀ-ਤੂੰਹੀ ਦੀ ਆਵਾਜ਼ ਆ ਰਹੀ ਹੈ ਤੇ ਉਥੇ ਜਾ ਕੇ ਕੀ ਦੇਖਦੇ ਨੇ ਕਿ ਭਾਈ ਘਨਈਆ, ਕਿਸੇ ਜ਼ਖਮੀ ਹੋਏ-ਹੋਏ ਬੰਦੇ ਦਾ, ਸਿਰ ਚੁੱਕ ਕੇ ਆਪਣੇ ਪੱਟ 'ਤੇ ਰੱਖ ਕੇ ਕੁਛ ਬਚਨ ਕਰ ਰਿਹਾ ਹੈ ਤੇ ਉਹਦੇ ਮੂੰਹ ਵਿਚ ਪਾਨੀ ਪਾਇਆ ਹੈ ਤੇ ਉਹ ਬੰਦਾ ਹੋਸ਼ ਵਿਚ ਆ ਗਿਆ। ਹੋਸ਼ 'ਚ ਆਇਆ ਤਾਂ ਉਸ ਨੇ ਪਹਿਲੀਓ ਆਵਾਜ਼ ਦਿਤੀ, ਕੌਣ? ਕੌਣ ਹੈ ਇਥੇ? ਕਿਉਂਕਿ ਬੇਹੋਸ਼ੀ ਤੋਂ ਹੋਸ਼ ਵਿਚ ਲਿਆਂਦਾ। ਮਨ 'ਚ ਆਇਆ ਕਿ ਮੈਂ ਇਹਨੂੰ ਕੁਛ ਦੇਵਾਂ। ਜਦ ਪੁੱਛਿਆ ਤਾਂ ਭਾਈ ਘਨਈਆ ਨੇ ਕਿਹਾ ਕਿ ਮੈਂ ਤਾਂ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦਾ ਅਧਨਾ ਜਿਹਾ (ਛੋਟਾ ਜਿਹਾ) ਸਿੱਖ ਹਾਂ ਭਾਈ।

ਕਹਿਣ ਲੱਗਿਆ ਕਿ ਓ ਗੁਰਸਿੱਖਾ! ਤੈਨੂੰ ਪਤਾ ਹੈ ਕਿ ਤੂੰ ਪਾਨੀ ਕੀਹਨੂੰ ਪਿਲਾ ਰਿਹਾ ਹੈਂ। ਮੈਂ ਅੱਜ ਉਹ ਮੁਗਲ ਖਾਂ ਜਰਨੈਲ ਹਾਂ, ਜਿਹਨੇ ਅੱਜ ਵਾਇਦਾ ਕਰਿਆ ਸੀ ਕਿ ਮੈਂ ਅੱਜ ਗੁਰੂ ਗੋਬਿੰਦ ਸਿੰਘ ਨੂੰ ਗ੍ਰਿਫਤਾਰ ਕਰ ਲਵਾਂਗਾ, ਜਾਂ ਸ਼ਹੀਦ ਕਰ ਦੇਵਾਂਗਾ। ਤੇਰੇ ਮਨ ਵਿਚ ਦੁਖ ਨਹੀਂ ਹੁੰਦਾ ਮੈਨੂੰ ਪਾਨੀ ਪਿਲਾਉਂਦੇ?

ਕਹਿੰਦਾ, ਨਾ।

ਕਹਿੰਦੇ, ਕਿਉਂ?

ਕਿਉਂਕਿ ਮੇਰੇ ਗੁਰੂ ਨੇ ਜੋ ਸਾਨੂੰ ਉਪਦੇਸ਼ ਦਿਤਾ ਹੈ ਉਹਦੇ ਵਿਚ ਆਪਣਾ ਤੇ ਬੇਗਾਨਾ ਨਹੀਂ ਕੋਈ। ਮਿਤ੍ਰ, ਸਤ੍ਰ ਸਮਾਨ ਹੈ, ਸਾਨੂੰ ਕੋਈ ਗੈਰ ਨਜ਼ਰ ਨਹੀਂ ਆਉਂਦਾ।

***ਧਾਰਨਾ - ਨਾ ਦਿਸੇ ਬੇਗਾਨਾ ਜੀ,***
***ਨਾ ਕੋਈ ਬੈਰੀ-ਨਾ ਕੋਈ ਬੈਰੀ।***

ਕਹਿਣ ਲੱਗੇ ਕਿ ਸਾਡਾ ਗੁਰੂ ਜੋ ਕਹਿੰਦਾ ਹੈ ਉਹ ਹੈ -

***ਬਿਸਰਿ ਗਈ ਸਭ ਤਾਤਿ ਪਰਾਈ ॥***
***ਜਬ ਤੇ ਸਾਧਸੰਗਤਿ ਮੋਹਿ ਪਾਈ ॥ ੧ ॥ ਰਹਾਉ***
***॥ ਨਾ ਕੋ ਬੈਰੀ ਨਹੀ ਬਿਗਾਨਾ***
***ਸਗਲ ਸੰਗਿ ਹਮ ਕਉ ਬਨਿ ਆਈ ॥***
***ਅੰਗ - ੧੨੯੯***

ਸਾਡੀ ਨਿਗ੍ਹਾ ਵਿਚ ਨਹੀਂ ਹੈ ਕੋਈ ਬੇਗਾਨਾ।

ਕਹਿਣ ਲੱਗਿਆ ਕਿ ਇਹ ਗੁਰੂ ਗੋਬਿੰਦ ਸਿੰਘ ਤੁਹਾਨੂੰ ਦੱਸਦੇ ਨੇ?

ਕਹਿੰਦਾ, ਹਾਂ।

ਸਾਡੇ ਗੁਰੂ ਕਹਿੰਦੇ ਨੇ -

***ਜਬ ਧਾਰੈ ਕੋਊ ਬੈਰੀ ਮੀਤੁ ॥***
***ਤਬ ਲਗੁ ਨਿਹਚਲੁ ਨਾਹੀ ਚੀਤੁ ॥***
***ਅੰਗ - ੨੭੮***

ਉਹ ਤਾਂ ਉਹ ਸੁਰਮਾ ਸਾਡੀਆਂ ਅੱਖਾਂ 'ਚ ਪਾਉਂਦੇ ਨੇ, ਜੀਹਦੇ ਪੈਣ ਦੇ ਨਾਲ ਸਾਨੂੰ ਸਾਰਾ ਹੀ ਅੱਲਾਹ ਦਾ ਰੂਪ ਨਜ਼ਰ ਆਉਂਦਾ ਹੈ। ਦੂਜਾ ਨਜ਼ਰ ਨਹੀਂ ਆਉਂਦਾ।

***ਧਾਰਨਾ - ਇਕ ਨੂਰ ਅੱਲਾਹ ਦਾ ਜੀ,***
***ਸਾਰੀ ਦੁਨੀਆਂ-ਸਾਰੀ ਦੁਨੀਆਂ।***

***ਅਵਲਿ ਅਲਹ ਨੂਰੁ ਉਪਾਇਆ***
***ਕੁਦਰਤਿ ਕੇ ਸਭ ਬੰਦੇ ॥***
***ਏਕ ਨੂਰ ਤੇ ਸਭੁ ਜਗੁ ਉਪਜਿਆ***
***ਕਉਨ ਭਲੇ ਕੋ ਮੰਦੇ ॥ ਅੰਗ - ੧੩੫੦***

ਕਹਿਣ ਲੱਗਿਆ ਕਿ ਹੈਂ ਐਸਾ ਉਪਦੇਸ਼ ਗੁਰੂ ਦਾ। ਫੇਰ ਧਿਰਕਾਰ ਹੈ ਮੈਨੂੰ ਭਾਈ ਘਨਈਆ, ਧਿਰਕਾਰ ਹੈ। ਸਾਨੂੰ ਸਾਰਿਆਂ ਨੂੰ ਧਿਰਕਾਰ ਹੈ ਕਿ ਐਸੇ ਦਰਵੇਸ਼ ਗੁਰੂ ਦੇ ਖਿਲਾਫ ਹੋ ਕੇ ਅਸੀਂ ਸ਼ਸਤਰ ਚੁੱਕੀਂ ਫਿਰਦੇ ਹਾਂ। ਉਹਨੂੰ ਮਾਰਨ ਵਾਸਤੇ ਤਿਆਰੀਆਂ ਕਰੀਂ ਫਿਰਦੇ ਹਾਂ। ਗੁਰਸਿੱਖਾ! ਤੂੰ ਤਾਂ ਮੇਰੇ ਨੇਤਰ ਖੋਲ੍ਹ ਦਿਤੇ, ਅੱਜ ਮੈਂ ਅੱਲਾਹ ਤਾਲਾ ਨੂੰ ਜਾਮਨ ਰੱਖ ਕੇ ਕਹਿੰਦਾ ਹਾਂ ਕਿ ਜੇ ਮੈਂ ਜੀਉਂਦਾ ਰਿਹਾ ਤਾਂ ਮੈਂ ਤੇਰੇ ਗੁਰੂ ਦੇ ਚਰਨ ਪਰਸਾਂਗਾ। ਤੇਰੇ ਚਰਨ ਪਰਸਾਂਗਾ ਤੂੰ ਤਾਂ ਮੈਨੂੰ ਸੁਮੱਤ ਦੇ ਦਿਤੀ। ਐਨੇ ਬਚਨ ਹੋਏ ਤੇ ਉਨ੍ਹਾਂ ਨੇ ਆ ਕੇ ਭਾਈ ਘਨਈਏ ਨੂੰ ਕਿਹਾ ਕਿ ਘਨਈਆ! ਗੁਰੂ ਸਾਹਿਬ ਜਲਦੀ ਬੁਲਾ ਰਹੇ ਨੇ, ਹੁਕਮ ਮੰਨਿਆ ਤੇ ਉਥੋਂ ਗੁਰੂ ਮਹਾਰਾਜ ਕੋਲ ਆ ਗਿਆ ਤੇ ਸਾਰਿਆਂ ਨੇ ਕਿਹਾ ਕਿ ਦੱਸੋ ਭਾਈ! ਇਹਦੇ ਖਿਲਾਫ ਕੀ ਸ਼ਿਕਾਇਤ ਹੈ।

ਕਹਿੰਦੇ, ਸੱਚੇ ਪਾਤਸ਼ਾਹ! ਯੁੱਧ ਮੱਚਿਆ ਹੋਇਆ ਸੀ, ਸਾਡੇ ਬੰਦੇ ਗਿਰਦੇ ਸੀ ਬੇਹੋਸ਼ ਹੋ ਕੇ ਤੇ ਪਾਨੀ-ਪਾਨੀ ਦੀ ਆਵਾਜ਼ ਆਉਂਦੀ ਸੀ, ਇਹ ਸਾਨੂੰ ਨਹੀਂ ਸੀ ਪਿਲਾਉਂਦਾ ਪਾਨੀ, ਜਿਹੜਾ ਮੂਹਰੇ ਆ ਜਾਂਦਾ ਸੀ ਉਹਨੂੰ ਪਿਲਾ ਦਿੰਦਾ ਸੀ। ਮੁਗਲ ਸਿਪਾਹੀ ਮੂਹਰੇ

ਗਿਰਿਆ ਪਿਆ ਸੀ, ਪਹਿਲਾਂ ਉਹਨੂੰ ਪਾਣੀ ਪਿਲਾ ਕੇ, ਫੇਰ ਸਾਡੇ ਕੋਲ ਆਇਆ। ਮਹਾਰਾਜ ਸੱਚੇ ਪਾਤਸ਼ਾਹ! ਇਹ ਤਾਂ ਜਾਸੂਸ ਹੈ ਬੰਦਾ।

ਮਹਾਰਾਜ ਕਹਿੰਦੇ, ਕਿਉਂ ਘਨਈਆ! ਤੂੰ ਮੁਗਲ ਫੌਜਾਂ ਨੂੰ ਪਾਣੀ ਪਿਲਾਉਂਦਾ ਸੀ?

ਕਹਿੰਦਾ, ਨਹੀਂ ਮਹਾਰਾਜ।

ਕਹਿੰਦੇ, ਫੇਰ ਪਹਾੜੀ ਫੌਜਾਂ ਨੂੰ ਪਿਲਾਉਂਦਾ ਸੀ?

ਕਹਿੰਦੇ, ਨਹੀਂ।

ਫੇਰ ਤੂੰ ਖਾਲਸਾ ਫੌਜਾਂ ਨੂੰ ਪਾਣੀ ਪਿਲਾਉਂਦਾ ਸੀ?

ਕਹਿੰਦਾ, ਨਹੀਂ ਮਹਾਰਾਜ।

ਸਿੰਘ ਕਹਿਣ ਲੱਗੇ ਕਿ ਮਹਾਰਾਜ! ਝੂਠ ਬੋਲਦਾ ਹੈ ਡਰਦਾ ਇਹ। ਇਹ ਤਾਂ ਸਵੇਰ ਤੋਂ ਮਸ਼ਕ ਲਈਂ ਪਾਣੀ ਪਿਲਾਈ ਗਿਆ। ਹੁਣ ਵੀ ਮੈਦਾਨ-ਏ-ਜੰਗ 'ਚੋਂ ਪਾਣੀ ਪਿਲਾਉਂਦਾ ਹੀ ਫੜਿਆ ਹੈ, ਅਰ ਪਿਲਾਉਂਦਾ ਵੀ ਉਹਨੂੰ ਸੀ ਜਿਹੜਾ ਮੁਗਲ ਖਾਨ ਜਰਨੈਲ ਧਾਵਾ ਕਰਕੇ ਆਇਆ ਹੈ। ਮਸਾਂ ਮਾਰ ਕੇ ਅਸੀਂ ਸੁੱਟਿਆ ਸੀ, ਸੱਚੇ ਪਾਤਸ਼ਾਹ! ਰਾਤ ਭਰ ਖੂਨ ਨਿਕਲ ਕੇ ਮਰ ਜਾਣਾ ਸੀ ਉਹਨੇ। ਹੁਣ ਦਵਾ ਦਾਰੂ ਕੋਈ ਕਰ ਲਏਗਾ। ਫੇਰ ਦੁਸ਼ਟ ਚੜ੍ਹ ਕੇ ਆਏਗਾ।

ਮਹਾਰਾਜ ਜੀ ਕਹਿੰਦੇ, ਤੁਸੀਂ ਖਾਮੋਸ਼ ਰਹੋ।

ਕਹਿੰਦੇ, ਕਿਉਂ ਭਾਈ ਘਨਈਆ! ਅਸੀਂ ਤੁਹਾਥੋਂ ਇਹ ਗੱਲ ਪੁੱਛਦੇ ਹਾਂ ਕਿ ਤੁਸੀਂ ਪਾਣੀ ਕੀਹਨੂੰ ਪਿਲਾਉਂਦੇ ਸੀ?

ਉਸ ਵੇਲੇ ਆਪ ਗੰਭੀਰ ਹੋ ਕੇ, ਨੇਤਰਾਂ 'ਚੋਂ ਜਲ ਜਾ ਰਿਹਾ ਹੈ, ਕਹਿੰਦੇ, ਪਾਤਸ਼ਾਹ! ਮੈਂ ਤਾਂ ਸਦਾ ਹੀ ਭੁੱਲਣਹਾਰ ਹਾਂ, ਸਦਾ ਹੀ ਔਗੁਣ ਕਰਦਾ ਹਾਂ ਤੇ ਜਦ ਤੱਕ ਆਪ ਨੇ ਮੇਰੇ ਨੇਤਰਾਂ ਦੇ ਵਿਚ ਗਿਆਨ ਦਾ ਸੁਰਮਾ ਨਹੀਂ ਸੀ ਪਾਇਆ, ਮੈਨੂੰ ਦੁਸ਼ਮਣ ਵੀ ਨਜ਼ਰ ਆਉਂਦੇ ਸੀ, ਆਪਣੇ ਵੀ ਨਜ਼ਰ ਆਉਂਦੇ ਸੀ, ਬੇਗਾਨੇ ਵੀ ਨਜ਼ਰ ਆਉਂਦੇ ਸੀ, ਭਲੇ ਵੀ ਨਜ਼ਰ ਆਉਂਦੇ ਸੀ, ਬੁਰੇ ਵੀ ਨਜ਼ਰ ਆਉਂਦੇ ਸੀ। ਸੱਚੇ ਪਾਤਸ਼ਾਹ! ਜਦ ਤੂੰ ਮੋਤੀਆਬਿੰਦ ਮੇਰਾ ਦੂਰ ਕਰ ਦਿਤਾ-

***ਗਿਆਨ ਅੰਜਨੁ ਗੁਰਿ ਦੀਆ***
***ਅਗਿਆਨ ਅੰਧੇਰ ਬਿਨਾਸੁ ॥***
***ਹਰਿ ਕਿਰਪਾ ਤੇ ਸੰਤ ਭੇਟਿਆ***
***ਨਾਨਕ ਮਨਿ ਪਰਗਾਸੁ ॥ ਅੰਗ - ੨੯੩***

ਜਦੋਂ ਅੰਦਰ ਪ੍ਰਕਾਸ਼ ਹੋ ਗਿਆ ਪਾਤਸ਼ਾਹ, ਮੇਰੀ ਨਿਗ੍ਹਾ ਬਦਲ ਗਈ। ਇਸ ਤਰ੍ਹਾਂ ਕਹਿੰਦੇ ਨੇ -

***ਧਾਰਨਾ - ਗੁਰਾਂ ਨੇ ਮੇਰੇ ਓ ਨੈਣ ਖੋਲ੍ਹ 'ਤੇ।***
***ਮੈਨੂੰ ਸਾਰੀਆਂ ਘਟਾਂ ਦੇ ਵਿਚ ਦਿਸਿਆ।***

ਪਾਤਸ਼ਾਹ! ਜਦ ਤਕ ਮੇਰੇ ਅੱਖਾਂ ਦੇ ਉਤੇ ਮੋਤੀਆਬਿੰਦ ਅਗਿਆਨ ਦਾ, ਅਵਿਦਿਆ, illusion, ignorance ਦਾ, ਭਰਮ ਦਾ ਪਿਆ ਹੋਇਆ ਸੀ, ਮੈਨੂੰ ਵੀ ਦੁਸ਼ਮਣ ਨਜ਼ਰ ਆਉਂਦੇ ਸੀ, ਆਪਣੇ ਵੀ ਨਜ਼ਰ ਆਉਂਦੇ ਸੀ, ਬੇਗਾਨੇ ਵੀ ਨਜ਼ਰ ਆਉਂਦੇ ਸੀ। ਪਾਤਸ਼ਾਹ! ਜਿਸ ਵਕਤ ਤੋਂ ਤੇਰੇ ਨਾਮ ਦਾ ਸੁਰਮਾ, ਗਿਆਨ ਦਾ ਪ੍ਰਕਾਸ਼ ਲੈ ਕੇ ਮੇਰੇ ਨੇਤਰਾਂ 'ਚ ਆਇਆ, ਮੋਤੀਆਬਿੰਦ ਦੂਰ ਹੋਇਆ ਹੈ -

***ਗੁਰਹਿ ਦਿਖਾਇਓ ਲੋਇਨਾ ॥੧॥ ਰਹਾਉ ॥***
***ਅੰਗ - ੪੦੭***

ਮੈਨੂੰ ਤੂੰ ਉਹ ਅੱਖਾਂ ਦਿਖਾ ਦਿਤੀਆਂ।

***ਈਤਹਿ ਊਤਹਿ ਘਟਿ ਘਟਿ ਘਟਿ ਘਟਿ***
***ਤੂੰਹੀ ਤੂੰਹੀ ਮੋਹਿਨਾ ॥ ਅੰਗ - ੪੦੭***

ਜਿਧਰ ਮੈਂ ਦੇਖਦਾ ਹਾਂ ਤੇਰੇ ਬਗੈਰ ਨਜ਼ਰ ਨਹੀਂ ਆਉਂਦਾ ਤੇ ਮੈਂ ਤਾਂ ਪਾਣੀ ਤੈਨੂੰ ਹੀ ਪਿਲਾਉਂਦਾ ਰਹਿੰਦਾ ਹਾਂ, ਸਵੇਰ ਤੋਂ ਸ਼ਾਮ ਤੱਕ। ਮੈਨੂੰ ਨਹੀਂ ਹੋਰ ਕੋਈ ਦੂਜਾ ਨਜ਼ਰ ਆਉਂਦਾ। ਗੁਰੂ ਮਹਾਰਾਜ ਉਠੇ, ਬਲਿਹਾਰ! ਬਲਿਹਾਰ! ਬਲਿਹਾਰ ਗੁਰਸਿੱਖਾ, ਹੁਣ ਤੋਂ ਬਾਅਦ ਮੈਨੂੰ ਇਕੱਲਾ ਪਾਣੀ ਨਾ ਪਿਲਾਈਂ। ਜੱਫੀ 'ਚ ਲੈ ਲਿਆ। ਦੇਖ ਮੈਨੂੰ ਹੁਣ ਪਾਣੀ ਇਕੱਲਾ ਨਾ ਪਿਲਾਈਂ। ਮੇਰੇ ਜ਼ਖਮ ਦੇਖੀਂ ਤੇ ਉਨ੍ਹਾਂ ਨੂੰ ਸਾਫ ਕਰਕੇ ਉਨ੍ਹਾਂ 'ਚ ਮਲ੍ਹਮਾਂ ਭਰੀਂ ਤੇ ਪੱਟੀ ਬੰਨ੍ਹੀਂ। ਮੈਨੂੰ ਪਾਣੀ ਵੀ ਪਿਲਾਈਂ ਤੇ ਜ਼ਖਮ ਵੀ ਬੰਨ੍ਹੀਂ। ਆਹ ਫੜ ਮਲ੍ਹਮ ਤੇ ਆਹ ਪੱਟੀਆਂ। ਕਿੱਡਾ ਸਮਰੱਥ ਗੁਰੂ।

***ਸਤਿਗੁਰ ਪੁਰਖੁ ਅਗੰਮੁ ਹੈ***
***ਨਿਰਵੈਰੁ ਨਿਰਾਲਾ॥ ਭਾਈ ਗੁਰਦਾਸ ਜੀ***

ਕਿਸੇ ਨਾਲ ਵੈਰ ਹੀ ਨਹੀਂ ਹੈ, ਉਨ੍ਹਾਂ ਦਾ ਵੀ ਭਲਾ ਚਾਹੁੰਦਾ ਹੈ ਕਿ ਉਹ ਗਿਰੇ ਹੋਏ ਨੇ ਉਨ੍ਹਾਂ ਦੇ ਵੀ ਜ਼ਖਮ ਤੂੰ ਬੰਨ੍ਹਣੇ ਨੇ। ਸੋ ਇਹ ਦ੍ਰਿਸ਼ਟੀ ਜੋ ਹੋਇਆ ਕਰਦੀ ਹੈ, ਇਹਨੂੰ ਗਿਆਨ ਕਹਿੰਦੇ ਨੇ, ਗਿਆਨ ਗੱਲਾਂ ਨਾਲ ਨਹੀਂ ਆਇਆ ਕਰਦਾ। ਸੋ ਬੰਦਗੀ ਕਰਨ ਦੇ ਨਾਲ ਜਦੋਂ ਇਹ ਪ੍ਰਕਾਸ਼ ਹੋ ਜਾਂਦਾ ਹੈ -

***ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥***
***ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥***
***ਅੰਗ - ੩੯੭***

ਉਹ ਤਾਂ ਵਾਹਿਗੁਰੂ ਦਾ ਰੂਪ ਬਣ ਜਾਂਦੇ ਨੇ, ਫੇਰ ਵਾਹਿਗੁਰੂ 'ਚ ਅਭੇਦ ਹੋ ਜਾਂਦੇ ਨੇ। ਵਾਹਿਗੁਰੂ ਫੇਰ ਉਨ੍ਹਾਂ ਦੀ ਗੱਲ ਕਹੀ ਹੋਈ ਮੋੜਿਆ ਨਹੀਂ ਕਰਦਾ।

***ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ***
***ਓਇ ਰਾਮ ਨਾਮ ਰੰਗਿ ਰਾਤੇ ॥***
***ਤਿਨ੍ ਕੀ ਸੋਭਾ ਸਭਨੀ ਥਾਈ***

***ਜਿਨ੍ ਪ੍ਰਭ ਕੇ ਚਰਣ ਪਰਾਤੇ ॥ ਅੰਗ - ੭੪੮***

ਸੋ ਐਸ ਤਰ੍ਹਾਂ ਦੇ ਨਾਲ ਮੈਂ ਇਕ ਸਾਧਨਾ ਦਾ ਵਰਣਨ ਕੀਤਾ ਹੈ, ਕਿਸ ਤਰ੍ਹਾਂ ਦੇ ਨਾਲ ਨਾਮ ਜਪਿਆ ਜਾਂਦਾ ਹੈ। ਕੋਈ ਖਾਲੀ ਥਾਉਂ ਨਹੀਂ ਹੈ ਅੱਗੇ, ਮੰਜ਼ਲ-ਦਰ-ਮੰਜ਼ਲ ਜਾਂਦੀ ਹੈ। ਅੱਗੇ ਜਾ ਕੇ ਓਹੀ ਪ੍ਰਮੇਸ਼ਰ ਦਾ ਰੂਪ ਬਣ ਜਾਂਦਾ ਹੈ।

***ਕਬੀਰ ਤੂੰ ਤੂੰ ਕਰਤਾ ਤੂ ਹੂਆ***
***ਮੁਝ ਮਹਿ ਰਹਾ ਨ ਹੂੰ ॥***
***ਜਬ ਆਪਾ ਪਰ ਕਾ ਮਿਟਿ ਗਇਆ***
***ਜਤ ਦੇਖਉ ਤਤ ਤੂ ॥ ਅੰਗ - ੧੩੭੫***

ਆਪਣੀ ਹਉਮੈ ਦਾ ਹੀ ਝਗੜਾ ਹੈ ਸਾਰਾ। ਜਦ ਹਉਮੈ ਦਾ ਨਾਸ਼ ਹੋ ਜਾਂਦਾ ਹੈ ਉਸ ਵੇਲੇ ਅਸਲ ਪ੍ਰਗਟ ਹੋ ਜਾਂਦਾ ਹੈ। ਹੁਣ ਵੀ ਪ੍ਰਮੇਸ਼ਰ ਹੀ ਇਹਦੇ ਅੰਦਰ ਹੈ, ਦੂਜਾ ਨਹੀਂ ਹੈ ਇਹਦੇ ਅੰਦਰ ਕੋਈ। ਹਉਮੈ ਦਾ ਪੜਦਾ ਹਟਣ ਦੇ ਨਾਲ -

***ਹਉ ਹਉ ਭੀਤਿ ਭਇਓ ਹੈ ਬੀਚੋ***
***ਸੁਨਤ ਦੇਸਿ ਨਿਕਟਾਇਓ ॥***
***ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥***
***ਅੰਗ - ੬੨੪***

ਹਨ੍ਹੇਰਾ ਜਦ ਹਟ ਗਿਆ, ਚਾਨਣਾ ਹੋ ਗਿਆ, ਚਾਨਣੇ ਦੇ ਵਿਚ ਕੁਛ ਹੋਰ ਨਜ਼ਰ ਆਉਂਦਾ ਹੈ, ਹਨ੍ਹੇਰੇ 'ਚ ਆਪਣੇ ਹੀ ਬੇਗਾਨੇ ਨਜ਼ਰ ਆਉਂਦੇ ਹਨ। ਸੋ ਦ੍ਰਿਸ਼ਟੀ ਖੁਲ੍ਹ ਜਾਂਦੀ ਹੈ।

ਸੋ ਇਹ ਹੈ ਸਿਮਰਨ, ਇਹਦੀ ਸਫਲਤਾ ਹੋਇਆ ਕਰਦੀ ਹੈ, ਸੇਵਾ ਕਰਕੇ। ਸੋ ਸਿਮਰਨ ਤੇ ਸੇਵਾ ਦੋ ਸਾਧਨ ਐਸੇ ਨੇ ਗੁਰੂ ਘਰ ਦੇ ਅੰਦਰ ਕਿ ਛੇਤੀ ਤੋਂ ਛੇਤੀ, ਛੋਟੀ ਤੋਂ ਛੋਟੀ ਉਮਰ ਵਿਚ ਸਾਡਾ ਕਾਰਜ ਸਫਲ ਹੋ ਜਾਂਦਾ ਹੈ। ਸੋ ਸੇਵਾ ਕੀਤੀ ਸਫਲ ਹੋਇਆ ਕਰਦੀ ਹੈ, ਜੋ ਮੰਗੋ ਸੇਵਾ ਤੋਂ ਮਿਲ ਜਾਂਦਾ ਹੈ।

ਇਕ ਵਾਰੀ ਇਕ ਬਠਿੰਡੇ ਜ਼ਿਲੇ ਦੇ ਅੰਦਰ ਇਕ ਗੁਰਸਿੱਖ ਰਿਹਾ ਕਰਦਾ ਸੀ ਨਾਮਧਰੀਕ। ਸੁਣਿਆ ਹੋਇਆ ਸੀ, ਗੁਰੂ ਨੇ ਕਦੇ ਆ ਜਾਣਾ ਕਦੇ ਨਾ। ਉਹਦੀ ਸੱਤਰ ਸਾਲ ਦੀ ਉਮਰ ਲੰਘ ਗਈ। ਇਕ ਵਾਸ਼ਨਾ ਐਸੀ ਉਸਨੂੰ ਚਿੰਬੜੀ ਜਿਹੜੀ ਹਰ ਵਕਤ ਉਹਨੂੰ ਤੰਗ ਕਰੇ, ਉਹਦੀ ਘਰਵਾਲੀ ਨੂੰ ਵੀ ਤੇ ਉਹਨੂੰ ਵੀ।

ਇਕ ਲੜਕੀ ਤਾਂ ਹੋ ਗਈ, 20-22 ਸਾਲ ਦੀ। ਉਸ ਤੋਂ ਬਾਅਦ ਓਲਾਦ ਨਾ ਹੋਈ ਕੋਈ। ਬੜਾ ਫਿਰਿਆ, ਕਦੇ ਕਬਰਾਂ ਨੂੰ ਮੱਥੇ ਟੇਕਦਾ ਹੈ, ਕਦੇ ਕਿਤੇ ਜਾਂਦਾ ਹੈ, ਕਦੇ ਕਿਤੇ ਜਾਂਦਾ ਹੈ। ਬੜੇ ਤਰਲੇ ਲਏ ਲੇਕਿਨ ਉਹਦੀ ਝੋਲੀ 'ਚ ਖੈਰ ਨਾ ਪਈ। ਕਿਉਂਕਿ ਦਾਤ ਹੁੰਦੀ ਹੈ ਵਾਹਿਗੁਰੂ ਦੀ। ਪੁੱਤਰ, ਧੀਆਂ ਦੇਣੇ ਪ੍ਰਮੇਸ਼ਰ ਦੇ ਆਪਣੇ ਹੱਥ ਵਿਚ ਹੁੰਦੇ ਨੇ। ਆਪਣੇ ਪਿਆਰਿਆਂ ਦੇ ਕਹੇ ਤੋਂ ਦੇ ਦੇਵੇ ਵਾਹਵਾ, ਨਹੀਂ ਉਹ ਵੀ ਰਜ਼ਾ 'ਚ ਹੋ ਜਾਂਦੇ ਨੇ ਕਿ ਪ੍ਰਮੇਸ਼ਰ ਦੀ ਮੌਜ ਹੈ, ਹਠ ਨਹੀਂ ਕਰਦੇ।

ਸੋ ਆਪ ਨੂੰ ਇਕ ਗੁਰਸਿੱਖ ਮਿਲਿਆ, ਆ ਕੇ ਉਸ ਨੇ ਪਿੰਡ ਵਿਚ ਬਚਨ ਕੀਤੇ। ਇਹ ਭਾਈ ਆਦਮ ਉਹਦੇ ਕੋਲ ਚਲਿਆ ਗਿਆ, ਕਹਿਣ ਲੱਗਿਆ ਗੁਰਸਿੱਖਾ! ਬੜੀ ਦੇਰ ਤੋਂ ਮੈਂ ਇਕ ਵਾਸ਼ਨਾ ਦਾ ਸ਼ਿਕਾਰ ਹੋਇਆ ਹੋਇਆ ਹਾਂ ਕਿ ਮੇਰੇ ਪੁੱਤਰ ਨਹੀਂ ਹੁੰਦਾ। ਕਹਿਣ ਲੱਗਿਆ, ਬਾਬਾ! ਉਮਰ ਕਿੰਨੀ ਕੁ ਹੈ? ਕਹਿੰਦਾ, ਉਮਰ ਤਾਂ ਕੀ ਦੱਸਣੀ ਹੈ, ਸੰਗ ਲਗਦੀ ਹੈ। ਸੱਤਰ ਸਾਲ ਦੀ ਮੇਰੀ ਘਰਵਾਲੀ ਹੈ, ਸੱਤਰ ਸਾਲ ਦਾ ਮੈਂ ਹਾਂ। ਗੁਰਸਿੱਖ ਕਹਿਣ ਲੱਗਿਆ ਕਿ ਦੇਖ, ਐਸੀ ਤਾਂ ਕੋਈ ਗੱਲ ਨਹੀਂ ਕਿ ਨਾ ਹੋਵੇ। ਪਰ ਇਹ ਹੈ ਕਿ ਜੋ ਕੁਛ ਅਸੀਂ ਗੁਰੂ ਦੀ ਬਾਣੀ ਤੋਂ ਪ੍ਰਾਪਤ ਕੀਤਾ ਹੈ, ਉਹ ਮੈਂ ਤੈਨੂੰ ਅਰਜ਼ ਕਰ ਦਿੰਦਾ ਹਾਂ।

***ਧਾਰਨਾ - ਜੇ ਤੈਂ ਚਾਰ ਪਦਾਰਥ ਲੈਣੇ,***
***ਸੇਵਾ ਕਰ ਲੈ ਸਾਧੂਆਂ ਦੀ।***

***ਚਾਰਿ ਪਦਾਰਥ ਜੇ ਕੋ ਮਾਗੈ ॥***
***ਸਾਧ ਜਨਾ ਕੀ ਸੇਵਾ ਲਾਗੈ ॥***
***ਜੇ ਕੋ ਆਪੁਨਾ ਦੂਖੁ ਮਿਟਾਵੈ ॥***
***ਹਰਿ ਹਰਿ ਨਾਮੁ ਰਿਦੈ ਸਦ ਗਾਵੈ ॥***
***ਜੇ ਕੋ ਆਪੁਨੀ ਸੋਭਾ ਲੋਰੈ ॥***
***ਸਾਧਸੰਗਿ ਇਹ ਹਉਮੈ ਛੋਰੈ ॥***
***ਜੇ ਕੋ ਜਨਮ ਮਰਣ ਤੇ ਡਰੈ ॥***
***ਸਾਧ ਜਨਾ ਕੀ ਸਰਨੀ ਪਰੈ ॥***
***ਜਿਸੁ ਜਨ ਕਉ ਪ੍ਰਭ ਦਰਸ ਪਿਆਸਾ ॥***
***ਨਾਨਕ ਤਾ ਕੈ ਬਲਿ ਬਲਿ ਜਾਸਾ ॥***
***ਅੰਗ - ੨੬੬***

ਕਹਿਣ ਲੱਗੇ, ਪਿਆਰਿਆ! ਗੁਰੂ ਰਾਮਦਾਸ ਮਹਾਰਾਜ, ਗੁਰੂ ਕੇ ਚੱਕ ਅੰਮ੍ਰਿਤਸਰ ਵਿਚ ਐਸ ਵੇਲੇ ਸੰਗਤਾਂ ਨੂੰ ਤਾਰ ਰਹੇ ਨੇ। ਜਾਹ, ਉਥੇ ਸਾਧੂਆਂ ਦੀ, ਸੰਗਤਾਂ ਦੀ ਸੇਵਾ ਕਰ, ਗੁਰੂ ਨੂੰ ਪ੍ਰਸੰਨ ਕਰ ਲੈ, ਉਹ ਕਿਹੜੀ ਚੀਜ਼ ਹੈ ਜਿਹੜੀ ਗੁਰੂ ਦੇ ਘਰ ਤੋਂ ਨਾ ਮਿਲੇ।

***ਤੀਰਥ ਕੀਏ ਏਕ ਫਲ***
***ਸੰਤ ਮਿਲੇ ਫਲ ਚਾਰ।***
***ਗੁਰੂ ਮਿਲੇ ਫਲ ਅਨੇਕ ਹੈ***
***ਕਹਤ ਕਬੀਰ ਬੀਚਾਰ।***

ਪਰਿਵਾਰ ਨੂੰ ਲੈ ਕੇ ਉਥੇ ਆ ਗਿਆ, ਘਰਵਾਲੀ ਹੈ, ਲੜਕੀ ਹੈ 22 ਕੁ ਸਾਲ ਦੀ ਤੇ ਆਪ ਹੈ। ਸੇਵਾ ਕਰਦੇ ਨੇ, ਦਿਨ ਰਾਤ ਸੇਵਾ ਕਰਦੇ ਨੇ।

ਸੇਵਾ ਨੂੰ ਤਾਂ ਅਸੀਂ ਇਕ ਬਰਤਨ ਨਹੀਂ ਮਾਂਜਦੇ ਤੇ ਮੰਗਦੇ ਹਾਂ ਵੱਡੀ ਤੋਂ ਵੱਡੀ ਚੀਜ਼ ਕਿ ਆਹ ਮੈਨੂੰ ਮਿਲ ਜਾਏ, ਆਹ ਮਿਲ ਜਾਏ। ਦੁਕਾਨਾਂ ਤਾਂ ਨਹੀਂ ਹਨ ਨਾ ਭਾਈ। ਇਹ ਤਾਂ ਤੁਹਾਡੀ ਭਾਵਨਾ ਹੈ, ਜਿੰਨੀ ਭਾਵਨਾ ਕਰੋਗੇ, ਦੇਣ ਵਾਲਾ ਗੁਰੂ ਹੈ।

ਮਹਾਤਮਾ ਦਾ ਉਹਦੇ ਨਾਲ ਮਨ ਪ੍ਰਸੰਨ ਹੋ ਜਾਂਦਾ ਹੈ, ਉਹਦਾ ਹੋ ਗਿਆ, ਗੁਰੂ ਦਾ ਮਨ ਪ੍ਰਸੰਨ ਹੋ ਜਾਂਦਾ ਹੈ। ਕਿਉਂਕਿ ਅਭੇਦ ਅਵਸਥਾ ਦਾ ਹੁੰਦਾ ਹੈ ਮਹਾਤਮਾ।

ਸੋ ਇਸ ਤਰ੍ਹਾਂ ਉਥੇ ਜਾ ਕੇ ਦਿਨ ਰਾਤ ਸੇਵਾ ਕਰਦਾ ਹੈ, ਵਾਧੂ ਕੰਮ ਇਹ ਕਰਦਾ ਹੈ ਕਿ ਜੰਗਲ 'ਚ ਜਾਂਦਾ ਹੈ, ਦੋ ਭਰੇ ਲੈ ਕੇ ਆਉਂਦਾ ਹੈ ਲੱਕੜਾਂ ਦੇ ਇਕ ਆਪਣੇ ਘਰ ਸਿੱਟ ਲੈਂਦਾ ਹੈ, ਇਕ ਗੁਰੂ ਕੇ ਲੰਗਰ 'ਚ ਪਾ ਦਿੰਦਾ ਹੈ। ਕਰਦੇ-ਕਰਦੇ ਛੇ ਮਹੀਨੇ ਲੰਘ ਗਏ।

ਮਹਾਰਾਜ ਜੀ ਨੇ ਕਦੇ ਨਹੀਂ ਧਿਆਨ ਦਿਤਾ, ਨਾ ਕਦੇ ਬੁਲਾਇਆ ਤੇ ਅੱਜ ਸਰਦੀ ਦਾ ਮਹੀਨਾ ਹੈ, ਮਹਾਰਾਜ ਜੀ ਬਾਹਰ ਗਏ ਹੋਏ ਨੇ ਕਣੀਆਂ ਪੈ ਰਹੀਆਂ ਨੇ। ਬਾਹਰੋਂ ਸੰਗਤ ਆਈ ਹੋਈ ਹੈ, ਵਾਪਸ ਆਉਂਦੇ ਛੋਟੀਆਂ-ਛੋਟੀਆਂ ਕਣੀਆਂ ਦੇ ਨਾਲ ਵਸਤਰ ਭਿੱਜ ਗਏ। ਜਦੋਂ ਮਹਾਰਾਜ ਜੀ ਆਪਣੇ ਅਸਥਾਨ 'ਤੇ ਆਏ, ਮਹਾਰਾਜ ਜੀ ਨੇ ਦੇਖਿਆ ਕਿ ਬੱਚੇ, ਬੀਬੀਆਂ, ਬੁੱਢੇ ਇਨ੍ਹਾਂ ਨੂੰ ਤਾਂ ਠੰਢ ਲੱਗੇਗੀ। ਜਵਾਨ ਤਾਂ ਕੱਟ ਜਾਣਗੇ।

ਲੰਗਰ ਦਾ ਜੋ ਮੁਖੀ ਹੁੰਦਾ ਹੈ ਉਹਨੂੰ ਸ੍ਰੀ ਮਾਨ ਕਹਿੰਦੇ ਨੇ, ਗੁਰੂ ਘਰ 'ਚ।

***ਸੋ ਸੇਵਕੁ ਜੋ ਲਾਇਆ ਸੇਵ ॥***
***ਤਿਨ ਹੀ ਪਾਏ ਨਿਰੰਜਨ ਦੇਵ ॥***

***ਅੰਗ - ੧੧੫੯***

ਜਿਹਨੂੰ ਸੇਵਾ 'ਚ ਲਾ ਦਿਤਾ ਉਹਨੂੰ ਵਾਹਿਗੁਰੂ ਮਿਲ ਜਾਂਦਾ ਹੈ। ਪਰ ਇਹ ਨਾਲ ਸ਼ਰਤ ਕਿ ਇਕ ਤਾਂ ਸੇਵਾ ਹਉਮੈ 'ਚ ਨਾ ਹੋਵੇ, ਇਕ ਗੁਰੂ ਦਾ ਮਨ ਮੰਨ ਜਾਵੇ।

***ਸਾ ਸੇਵਾ ਕੀਤੀ ਸਫਲ ਹੈ***
***ਜਿਤੁ ਸਤਿਗੁਰ ਕਾ ਮਨੁ ਮੰਨੇ ॥***
***ਜਾ ਸਤਿਗੁਰ ਕਾ ਮਨੁ ਮੰਨਿਆ***
***ਤਾ ਪਾਪ ਕਸੰਮਲ ਭੰਨੇ ॥ ਅੰਗ - ੩੧੪***

ਸੋ ਆਪ, ਮਹਾਰਾਜ ਜੀ ਕਹਿਣ ਲੱਗੇ ਪਿਆਰਿਓ! ਸ੍ਰੀ ਮਾਨ ਜੀ! ਆਹ ਜਿੰਨੇ ਡੇਰੇ ਨੇ ਨਾ, ਜਿੰਨਿਆ 'ਚ ਸੰਗਤਾਂ ਠਹਿਰੀਆਂ ਹੋਈਆਂ ਨੇ। ਸਾਰਿਆਂ ਦੇ ਦਰਵਾਜ਼ਿਆਂ ਦੇ ਅੱਗੇ ਧੂਣੀਆਂ ਲਾ ਦਿਓ।

ਸੱਚੇ ਪਾਤਸ਼ਾਹ! ਆਪ ਦਾ ਹੁਕਮ ਸਿਰ ਮੱਥੇ ਤੇ, ਪਰ ਬੇਨਤੀ ਇਹ ਹੈ ਕਿ ਲੰਗਰ ਵਿਚ ਅੱਜ ਜੋਗਾ ਹੀ ਬਾਲਣ ਹੈ। ਕੱਲ੍ਹ ਨੂੰ ਆਏਗਾ ਤਾਂ ਲੰਗਰ ਬਣਨਾ ਹੈ, ਸੰਗਤ ਬਹੁਤੀ ਆਉਣ ਕਰਕੇ ਲੰਗਰ ਵਿਚ ਬਾਲਣ ਦਾ ਖਰਚ ਬਹੁਤ ਹੋਇਆ ਹੈ।

ਮਹਾਰਾਜ ਅੰਦਰ ਚਲੇ ਗਏ ਤੇ ਇਧਰਲੇ ਪਾਸੇ ਭਾਈ ਆਦਮ ਘਰਵਾਲੀ ਨੂੰ ਕਹਿਣ ਲੱਗਿਆ ਕਿ ਅੱਜ ਸੇਵਾ ਕਰਨ ਦਾ ਮੌਕਾ ਆ ਗਿਆ। ਜਿੰਨੇ ਛੇ ਮਹੀਨੇ 'ਚ ਭਰੇ ਇਕੱਠੇ ਕਰੇ ਸੀ, ਸਾਰੇ ਦੇ ਸਾਰੇ ਲਿਆ ਕੇ, ਤਿੰਨੋਂ ਜਣੇ ਲਗ ਗਏ, ਰਾਤ ਭਰ ਲਿਆ-ਲਿਆ ਕੇ ਧੂਣੀਆਂ 'ਤੇ ਪਾਉਂਦੇ ਰਹੇ। ਹਰੇਕ ਥਾਉਂ ਧੂਣੀ ਓ ਧੂਣੀ ਲੱਗੀ ਹੋਈ, ਅੰਦਰ ਨੂੰ ਗਰਮ ਹਵਾ ਜਾਵੇ ਕਮਰਿਆਂ ਵਿਚ। ਕੱਪੜੇ ਸੁੱਕ ਗਏ।

ਮਹਾਰਾਜ ਜੀ ਜਦੋਂ ਅੰਮ੍ਰਿਤ ਵੇਲੇ ਜਾਗੇ, ਉਠ ਕੇ ਇਸ਼ਨਾਨ ਕਰਨ ਵਾਸਤੇ, ਉਸ ਵੇਲੇ ਕਹਿਣ ਲੱਗੇ ਕਿ ਇਹ ਧੂਣੀਆਂ ਕੀਹਨੇ ਬਾਲੀਆਂ ਨੇ। ਕਹਿਣ ਲੱਗੇ ਕਿ ਇਕ ਮਾਲਵੇ ਤੋਂ ਆਇਆ ਹੋਇਆ ਸਿੱਖ ਹੈ, ਆਦਮ ਹੈ ਉਹਦਾ ਨਾਉਂ, ਇਹ ਬੜੀ ਦੇਰ ਦਾ ਸੇਵਾ ਕਰਦਾ ਹੈ। ਉਹ ਸੇਵਾ ਕਰਕੇ ਮਨੋਰਥ ਤਾਂ ਕਦੇ ਦਸਦਾ ਨਹੀਂ ਹੈ। ਕਹਿੰਦੇ, ਉਸ ਸਿੱਖ ਨੂੰ ਸਾਡੇ ਪੇਸ਼ ਕਰਿਓ ਸਵੇਰੇ।

ਆਸਾ ਜੀ ਦੀ ਵਾਰ ਦਾ ਕੀਰਤਨ ਹੋਇਆ, ਭੋਗ ਪਿਆ ਤਾਂ ਮਹਾਰਾਜ ਜੀ ਨੇ ਆਵਾਜ਼ ਦਿਤੀ ਕਿ ਭਾਈ! ਜਿਹੜੇ ਗੁਰਸਿੱਖ ਨੇ ਰਾਤ ਸੇਵਾ ਕੀਤੀ ਹੈ, ਉਹ ਸਾਡੇ ਕੋਲ ਆਓ। ਸਾਮ੍ਹਣੇ ਆ ਗਿਆ, ਕਹਿੰਦੇ, ਗੁਰਸਿੱਖਾ! ਸਾਡਾ ਮਨ ਮੰਨ ਗਿਆ ਤੇਰੀ ਸੇਵਾ ਤੋਂ। ਮੰਗ ਕੀ ਮੰਗਦਾ ਹੈਂ ਤੈਨੂੰ ਗੁਰੂ ਨਾਨਕ ਦੇ ਘਰੋਂ ਦਿਵਾ ਦਿੰਦੇ ਹਾਂ। ਕਹਿੰਦਾ, ਸੱਚੇ ਪਾਤਸ਼ਾਹ! ਨਾਮ ਦਾਨ ਦੇ ਦਿਓ। ਕਹਿੰਦੇ, ਨਹੀਂ ਅਸਲੀ ਗੱਲ ਕਰ। ਹੁਣ ਅਸਲੀ ਗੱਲ ਨਹੀਂ ਕਰਦਾ। ਘਰ ਆ ਗਿਆ, ਮਹਾਰਾਜ ਜੀ ਕਹਿੰਦੇ ਕਿ ਫੇਰ ਸੋਚ ਲੈ ਜ਼ਰਾ। ਘਰ ਗਿਆ ਤਾਂ ਕਹਿਣ ਲੱਗਿਆ ਕਿ ਮਹਾਰਾਜ ਜੀ ਨੇ ਅੱਜ ਤਿੰਨ ਬਚਨ ਕਰੇ ਨੇ, ਘਰਵਾਲੀ ਕਹਿਣ ਲੱਗੀ ਕਿ ਫੇਰ ਤੂੰ ਮੰਗਿਆ ਕਿਉਂ ਨਾ ਆਪਾਂ ਤਾਂ ਪੁੱਤਰ ਲੈਣ ਆਏ ਸੀ। ਕਹਿੰਦਾ, ਪੁੱਤਰ, ਸੱਤਰ ਸਾਲ ਦੀ ਆਪਣੀ ਉਮਰ ਹੋ ਗਈ, ਮੈਨੂੰ ਤਾਂ ਸੰਗ ਲਗਦੀ ਸੀ ਉਥੇ ਗੱਲ ਕਹਿੰਦੇ ਹੋਏ। ਮੈਂ ਕਿਵੇਂ ਕਹਿ ਦਿੰਦਾ। ਮਹਾਰਾਜ ਜੀ ਨੇ ਕਹਿ ਦਿਤਾ ਕਿ ਚਲੋ ਸਵੇਰੇ ਦੱਸ ਦੇਣਾ ਸਾਨੂੰ।

ਘਰਵਾਲੀ ਕਹਿਣ ਲੱਗੀ ਕਿ ਮੈਂ ਦੱਸਾਂਗੀ। ਲੜਕੀ ਕਹਿਣ ਲੱਗੀ ਕਿ ਬੇਬੇ ਤੇਰੇ ਤੋਂ ਵੀ ਨਹੀਂ ਕਹਿ ਹੋਣਾ, ਮੈਂ ਕਹਾਂਗੀ ਢੰਗ ਨਾਲ ਕਹਾਂਗੀ। ਉਸ ਵੇਲੇ ਜਦੋਂ ਦੂਜਾ ਦਿਨ ਹੋਇਆ, ਮਹਾਰਾਜ ਜੀ ਨੇ ਫੇਰ ਬੁਲਾਏ ਕਹਿਣ ਲੱਗੇ, ਗੁਰਸਿੱਖਾ! ਤੇਰੀ ਮੰਗ ਕਾਇਮ ਹੈ, ਸਾਡਾ ਹਿਰਦਾ ਪ੍ਰਸੰਨ ਹੋਇਆ ਹੋਇਆ ਹੈ, ਉਛਲ ਰਿਹਾ ਹੈ ਤੈਨੂੰ ਕੁਛ ਦੇਣ ਵਾਸਤੇ। ਨੀਵੀਂ ਪਾਈ ਖੜ੍ਹੇ ਨੇ, ਲੜਕੀ ਕਹਿਣ ਲੱਗੀ ਸੱਚੇ ਪਾਤਸ਼ਾਹ! ਮੈਂ ਇਕੱਲੀ ਹਾਂ, ਮੈਨੂੰ ਇਕ ਵੀਰ ਦੀ ਦਾਤ ਦੇ ਦਿਓ।

ਗੱਲ ਹੋ ਗਈ। ਮਹਾਰਾਜ ਜੀ ਅੰਤਰ ਧਿਆਨ ਹੋ ਗਏ, ਕਾਫੀ ਸਮੇਂ ਤੋਂ ਬਾਅਦ ਨੇਤਰ ਖੋਲ੍ਹੇ। ਕਹਿੰਦੇ, ਗੁਰਸਿੱਖਾ! ਤੇਰੇ ਤਾਂ ਕਿਸਮਤ ਵਿਚ ਕਈ ਜਨਮ ਪੁੱਤਰ ਦੀ ਦਾਤ ਹੀ ਨਹੀਂ ਲਿਖੀ ਹੋਈ, ਕੋਈ ਐਸਾ ਤੇਰੇ ਤੋਂ ਗੁਨਾਹ ਹੋ ਗਿਆ, ਕਿ ਤੈਨੂੰ ਪੁੱਤਰ ਦਾ ਮੂੰਹ ਦੇਖਣਾ ਨਸੀਬ ਨਹੀਂ ਹੋਏਗਾ। ਕਾਫੀ ਸਮਾਂ ਚੁੱਪ ਰਹੇ ਉਸ ਤੋਂ ਬਾਅਦ ਕਹਿਣ ਲੱਗੇ, ਪਰ ਗੁਰਸਿੱਖਾ! ਤੂੰ ਸਾਡਾ ਮਨ

ਪ੍ਰਸੰਨ ਕਰ ਲਿਆ ਸੇਵਾ ਕਰਕੇ, ਅੱਛਾ! ਤੇਰੀ ਕਿਸਮਤ ਵਿਚ ਤਾਂ ਪੁੱਤਰ ਨਹੀਂ। ਸਾਡੇ ਚੌਥਾ ਪੁੱਤਰ ਆਉਣਾ ਹੈ, ਉਹ ਤੇਰੇ ਘਰ ਅਸੀਂ ਭੇਜ ਦਿੰਦੇ ਹਾਂ ਤੇ ਉਹ ਸਿੱਧ ਹੋਏਗਾ ਜਮਾਂਦਰੂ ਹੀ। ਉਹਦਾ ਨਾਉਂ ਭਾਈ ਭਗਤੂ ਰੱਖੀਂ। ਅੰਤਵਾਰਾ ਨਾ ਕਦੇ ਲਈਂ ਉਸਦਾ, ਸਿੱਧ ਪੁਰਸ਼ ਹੋਏਗਾ। ਸੋ ਦੋਵੇਂ ਖੁਸ਼ ਹੋ ਗਏ ਤੇ ਚਲੇ ਗਏ।

ਕਈ ਪ੍ਰੇਮੀਆਂ ਦੇ ਮਨਾਂ ਵਿਚ ਇਹ ਹੁੰਦਾ ਹੈ ਕਿ ਇਹ ਗੱਲਾਂ ਹੋ ਵੀ ਜਾਂਦੀਆਂ ਨੇ? ਆਹ ਤੁਹਾਡੇ ਕੋਲ ਦੀ ਹੀ ਮੈਂ ਇਕ ਗੱਲ ਸੁਣਾਂਦਾ ਹਾਂ। ਸੰਤ ਮਹਾਰਾਜ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲੇ। ਆਪ ਸੈਦੋ ਚਲੇ ਜਾਇਆ ਕਰਦੇ ਸੀ, ਕਲਪਾਨੀ ਨਦੀ ਦੇ ਕੰਢੇ, ਬੈਠ ਕੇ ਬੰਦਗੀ ਕਰਿਆ ਕਰਦੇ ਸੀ। ਰਾਤ ਨੂੰ ਚਲੇ ਜਾਂਦੇ, ਮਹਾਰਾਜ ਜੀ ਨਾਲ ਸੀ ਉਨ੍ਹਾਂ ਦੇ। ਉਸ ਵੇਲੇ ਰਾਤ ਹੋਈ ਹੋਈ ਹੈ, ਪਠਾਣੀ ਇਲਾਕਾ ਹੈ, ਸਰਹੱਦ ਦਾ। ਇਕ ਲਾਲਟੈਨ ਲਈ ਉਨ੍ਹਾਂ ਵਲ ਨੂੰ ਤੁਰਿਆ ਆਉਂਦਾ ਹੈ ਪਰਛਾਵਾਂ। ਸੇਵਾਦਾਰ ਨੇ ਕਿਹਾ ਬਾਬਾ ਜੀ! ਕੋਈ ਲਾਲਟੈਨ ਲਈਂ ਆਪਣੇ ਵਲ ਨੂੰ ਆਉਂਦਾ ਹੈ। ਕਿਤੇ ਕੋਈ ਹੋਵੇ ਨਾ ਕੁਵੇਲੀ। ਕਹਿੰਦੇ, ਨਹੀਂ ਪਿਆਰਿਆ! ਇਹਦੇ 'ਚੋਂ ਤਾਂ ਪਿਆਰ ਦੀ ਸੁਗੰਧੀ ਆ ਰਹੀ ਹੈ। ਬਦਬੂ ਨਹੀਂ ਆ ਰਹੀ, ਆ ਜਾਣ ਦਿਓ ਨੇੜੇ। ਹੌਲੀ-ਹੌਲੀ ਚਲਦਾ-ਚਲਦਾ ਨੇੜੇ ਆ ਗਿਆ। ਸਿਜਦਾ ਕਰਿਆ ਉਸ ਨੇ, ਕਹਿਣ ਲੱਗਿਆ ਪੀਰ ਜੀ! ਮੈਂ ਇਥੇ ਦਾ ਪਠਾਣ ਹਾਂ, ਕਾਫੀ ਵੱਡਾ ਜ਼ਿਮੀਦਾਰ ਹਾਂ ਤੇ ਮੈਂ ਇਕ ਦਰਖਾਸ਼ਤ ਲੈ ਕੇ ਆਇਆ ਹਾਂ ਆਪ ਦੇ ਚਰਨਾਂ 'ਚ। ਉਹ ਇਹ ਹੈ ਕਿ ਮੈਂ ਬੜੇ ਪੀਰ ਫਕੀਰ ਮਨਵਾ ਲਏ ਨੇ ਮੇਰੇ ਓਲਾਦ ਨਹੀਂ ਹੋਈ। ਕ੍ਰਿਪਾ ਕਰੋ। ਮੈਂ ਨਿਰਾਸ਼ ਹੋ ਗਿਆ ਸਾਰੀਆਂ ਥਾਵਾਂ ਤੋਂ, ਮੈਨੂੰ ਇਹ ਪਤਾ ਲੱਗਿਆ ਹੈ ਕਿ ਜੋ ਅਰਾਧੇ ਬਾਬੇ ਨਾਨਕ ਤੋਂ ਸਭ ਕੁਛ ਮਿਲ ਜਾਂਦਾ ਹੈ। ਮੈਂ ਤੁਹਾਡੇ ਘਰ ਆਇਆ ਹਾਂ ਕ੍ਰਿਪਾ ਕਰੋ।

ਮਹਾਰਾਜ ਕਹਿੰਦੇ, ਬਾਬਾ! ਉਮਰ ਕਿੰਨੀ ਹੈ?

ਕਹਿੰਦਾ, ਮਹਾਰਾਜ! ਮੇਰੀ ਉਮਰ 90 ਸਾਲ ਦੀ ਹੈ।

ਕਿੰਨੇ ਵਿਆਹ ਕਰਾਏ ਨੇ?

ਕਹਿੰਦਾ, ਓਲਾਦ ਵਾਸਤੇ ਮੈਂ ਪੰਜ ਵਿਆਹ ਕਰਾਏ ਨੇ, ਲੇਕਿਨ ਓਲਾਦ ਨਹੀਂ ਹੋਈ।

ਮਹਾਰਾਜ ਜੀ ਕਾਫੀ ਦੇਰ ਚੁੱਪ ਕਰਕੇ ਬੈਠੇ ਰਹੇ। ਕਹਿੰਦੇ, ਲੈ ਬਾਬਾ! ਤੂੰ ਗੁਰੂ ਨਾਨਕ ਦਾ ਦਰ ਫੜਿਆ ਹੈ, ਏਸ ਦਰ ਤੋਂ ਕੋਈ ਖਾਲੀ ਨਹੀਂ ਜਾਇਆ ਕਰਦਾ। ਤੂੰ ਸੱਚੇ ਦਿਲ ਨਾਲ ਗੁਰੂ ਨਾਨਕ ਦੇ ਦਰ 'ਤੇ ਆਇਆ ਹੈਂ। ਗੁਰੂ ਨਾਨਕ ਪਾਤਸ਼ਾਹ ਤੋਂ ਅਸੀਂ ਤੈਨੂੰ ਇਕ ਪੁੱਤਰ ਮੰਗ ਦਿੰਦੇ ਹਾਂ। ਛੋਟੀ ਬੇਗਮ ਦੀ ਉਮਰ ਕਿੰਨੀ ਹੈ? ਕਹਿੰਦਾ, 55 ਸਾਲ। ਦੂਸਰੀ ਦੀ 65, ਵੱਡੀ ਦੀ 70, ਉਸ ਤੋਂ ਵੱਡੀਆਂ ਮਰ ਗਈਆਂ ਨੇ। ਮਹਾਰਾਜ ਜੀ ਨੇ ਕਿਹਾ ਕਿ ਚੰਗਾ, ਜਿਹੜੀ ਵੱਡੀ ਹੈ ਉਹਦੀ ਹੀ ਝੋਲੀ 'ਚ ਗੁਰੂ ਨਾਨਕ ਪਾਤਸ਼ਾਹ ਵਲੋਂ ਇਕ ਪੁੱਤਰ ਦੀ ਦਾਤ ਤੈਨੂੰ ਬਖਸ਼ਾਉਂਦੇ ਹਾਂ ਤੇ ਹੁਣ ਤੂੰ ਐਉਂ ਕਰੀਂ, ਨਮਾਜ਼ਾਂ ਪੜ੍ਹੀ ਜਾਈਂ, ਨੇਕ ਕੰਮ ਕਰੀਂ, ਸਹੀ ਕੰਮ ਕਰੀਂ। ਤੈਨੂੰ ਪੁੱਤਰ ਦੀ ਦਾਤ ਮਿਲ ਜਾਏਗੀ।

ਅਗਲੇ ਸਾਲ ਜਦ ਬਾਬਾ ਜੀ ਗਏ, ਉਸ ਪਠਾਣ ਨੇ ਸੁਨੇਹਾ ਭੇਜਿਆ ਕਿ ਮਹਾਰਾਜ! ਅੱਜ ਮੈਂ ਦਰਸ਼ਨ ਕਰਨ ਆਉਣਾ ਹੈ। ਸਾਰਾ ਪਠਾਣਾਂ ਦਾ ਭਾਈਚਾਰਾ ਨਾਲ ਲਿਆ, ਰੌਲਾ ਪਾਉਂਦਾ ਆਉਂਦਾ ਹੈ ਕਿ ਅੱਜ ਚਾਹੇ ਮੈਨੂੰ ਕੋਈ ਕਾਫਰ ਕਹੋ, ਚਾਹੇ ਮੈਨੂੰ ਬੇਦੀਨ ਕਹੋ, ਮੈਂ ਜਾ ਰਿਹਾ ਹਾਂ ਗੁਰੂ ਨਾਨਕ ਦੇ ਘਰ ਨੂੰ। ਬੈਂਡ-ਵਾਜਾ ਕਰ ਲਿਆ, ਢੋਲ-ਢਮੱਕੇ ਵਜਦੇ ਆਉਂਦੇ ਨੇ, ਨਚਦੇ-ਟਪਦੇ ਤੁਰੇ ਆਉਂਦੇ ਨੇ। ਉਸ ਵੇਲੇ ਲਿਆ ਕੇ ਦੋ ਮਹੀਨੇ ਦਾ ਬੱਚਾ ਮਹਾਂਪੁਰਸ਼ਾਂ ਦੇ ਚਰਨਾਂ 'ਤੇ ਲਿਟਾ ਦਿਤਾ। ਮਹਾਰਾਜ! ਇਹ ਗੁਰੂ ਨਾਨਕ ਦੇ ਘਰੋਂ ਜੋ ਮਿਲਿਆ ਹੈ, ਆਹ ਤੁਹਾਡੇ ਚਰਨਾਂ 'ਚ ਹੈ, ਆਪ ਕ੍ਰਿਪਾ ਕਰੋ ਇਹਦੇ ਲੇਖ ਸਿੱਧੇ ਕਰ ਦਿਓ। ਮਹਾਂਪੁਰਸ਼ਾਂ ਨੂੰ ਦਇਆ ਆਈ, ਮਸਤਕ ਦੇ ਉਤੇ ਹੱਥ ਰਖਿਆ, ਅੰਗੂਠੇ ਦੇ ਨਾਲ ਮਾੜੇ ਲੇਖ ਮਿਟਾ ਦਿਤੇ ਅਤੇ ਕਿਹਾ ਕਿ ਲੈ ਬਾਬਾ ਜਾਹ ਇਹਦਾ ਨਾਉਂ ਅੱਲਾਹ ਦਿਤਾ ਰੱਖੀਂ।

ਸੋ ਇਹ ਦਾਤ ਹੈ ਜਿਹੜੀ ਤਰੁੱਠ ਕੇ ਮਿਲਦੀ ਹੈ। ਅੰਦਰੋਂ ਇਕ ਵਾਰੀ ਹਿਰਦਾ ਖੁਸ਼ ਹੋ ਜਾਏ, ਫੇਰ ਇਹ ਮਿਲਿਆ ਕਰਦੀ ਹੈ।

***ਸਾ ਸੇਵਾ ਕੀਤੀ ਸਫਲ ਹੈ***
***ਜਿਤੁ ਸਤਿਗੁਰ ਕਾ ਮਨੁ ਮੰਨੇ ॥***
***ਜਾ ਸਤਿਗੁਰ ਕਾ ਮਨੁ ਮੰਨਿਆ***
***ਤਾ ਪਾਪ ਕਸੰਮਲ ਭੰਨੇ ॥ ਅੰਗ - ੩੧੪***

ਵੱਡੀ ਤੋਂ ਵੱਡੀ ਦਾਤ ਮਿਲਦੀ ਹੈ। ਸੰਤ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ, ਰਾੜਾ ਸਾਹਿਬ) ਦੀਵਾਨ ਲਾ ਕੇ ਇਥੋਂ ਸਾਡੇ ਕੋਲੋਂ ਭੀਮਤਾਲ ਨੂੰ ਚਲੇ ਗਏ, ਰਸਤੇ ਵਿਚ ਸਰਦਾਰ ਚੰਨਣ ਸਿੰਘ ਓਹਨੀਂ, ਜਗੇੜੇ ਵਾਲੇ, ਆਹ ਜਿਹੜੀ ਟਰੱਕ ਯੂਨੀਅਨ ਸਾਰੀ ਸੇਵਾ ਕਰਦੀ ਸੀ, ਉਨ੍ਹਾਂ ਨੇ ਸੰਤ ਮਹਾਰਾਜ ਜੀ ਨੂੰ ਚਰਨ ਪਾਉਣ ਦੀ ਬੇਨਤੀ ਕੀਤੀ। ਉਥੇ ਰਮੇਸ਼ ਕੁਮਾਰ ਸਾਹੂ ਦੀ ਕੋਠੀ ਸੀ ਮੁਰਾਦਾਬਾਦ, ਉਹਦੇ ਵਿਚ ਮਹਾਰਾਜ ਜੀ ਦਾ ਉਤਾਰਾ ਕਰਾ ਦਿਤਾ, ਦੋ ਚਾਰ ਘੰਟੇ ਵਾਸਤੇ। ਸੁਰਜੀਤ ਸਿੰਘ ਜਿਹੜਾ ਛੋਟਾ ਸੀ, ਰਮੇਸ਼ ਕੁਮਾਰ ਨੇ ਉਸਨੂੰ ਪੁੱਛਿਆ ਕਿ ਮੈਂ ਮਹਾਂਪੁਰਸ਼ਾਂ ਦੇ ਦਰਸ਼ਨ ਕਰਨੇ ਚਾਹੁੰਦਾ ਹਾਂ। ਕਿਸ ਤਰ੍ਹਾਂ ਦੇ ਨੇ ਮਹਾਂਪੁਰਸ਼। ਕਹਿੰਦੇ, ਸ਼ਾਹੂ ਸਾਹਿਬ! ਰਾਜਾ ਸੀ ਕੋਟ ਦੁਆਰ ਦਾ, ਪੂਰਨ ਮਹਾਤਮਾ ਆ ਗਏ ਨੇ ਤੁਹਾਡੇ। ਮੰਗ ਜੋ ਕੁਛ ਮੰਗਣਾ ਹੈ, ਲੈਣਾ ਹੈ ਲੈ ਲੈ। ਬਚਨ

ਮੰਨ ਲਿਆ, ਇਸ਼ਨਾਨ ਕਰਿਆ, ਰਾਣੀ ਦਾ ਵੀ ਇਸ਼ਨਾਨ ਕਰਾਇਆ, ਤੇ ਉਧਰ ਮਹਾਰਾਜ ਜੀ ਦਾ ਉਠਣ ਦਾ ਸਮਾਂ ਹੋ ਗਿਆ, ਇਹ ਇਸ਼ਨਾਨ ਕਰਕੇ, ਘਾਹ ਲੈ ਕੇ, ਗਲ 'ਚ ਪੱਲੇ ਪਾ ਕੇ ਪੂਰੀ ਵਿਧੀ ਨਾਲ ਮਹਾਂਪੁਰਸ਼ਾਂ ਕੋਲ ਚਲੇ ਗਏ। ਜਾ ਕੇ ਮਸਤਕ ਨਿਵਾਇਆ, ਪੱਲੇ ਪਾ ਕੇ ਖੜ੍ਹ ਗਏ, ਵਾਕਫੀ ਕਰਾਈ ਕਿ ਮਹਾਰਾਜ ਇਹ ਸ਼ਾਹੂ ਸਾਹਿਬ ਨੇ ਇਸ ਕੋਠੀ ਦੇ ਮਾਲਕ, ਆਹ ਦੇਖੋ ਕਿੰਨੀਆਂ ਦੁਕਾਨਾਂ ਵਾਹਿਗੁਰੂ ਨੇ ਬਖਸ਼ੀਆਂ ਨੇ, ਸਾਰੀ ਜਾਇਦਾਦ ਇਨ੍ਹਾਂ ਦੀ ਹੈ, ਇਹ ਰਾਜੇ ਨੇ ਕੋਟ ਦੁਆਰ ਦੇ, ਬੇਨਤੀ ਕਰਨ ਆਏ ਨੇ। ਮਹਾਰਾਜ ਜੀ ਕਹਿੰਦੇ, ਕੀ ਗੱਲ ਹੈ? ਕਹਿਣ ਲੱਗੇ, "ਸੱਚੇ ਪਾਤਸ਼ਾਹ! ਅਸੀਂ ਥੱਕ ਗਏ ਹਾਂ, ਸਾਡੀ ਝੋਲੀ 'ਚ ਕੋਈ ਖੈਰ ਨਹੀਂ ਪੈਂਦੀ। ਲੜਕੀ ਸਾਡੀ 25 ਸਾਲ ਦੀ ਹੋ ਗਈ, ਬਾਅਦ ਵਿਚ ਕੋਈ ਓਲਾਦ ਨਹੀਂ ਹੋਈ। ਕ੍ਰਿਪਾ ਕਰੋ ਆਪ।

ਮਹਾਰਾਜ ਜੀ ਕਹਿੰਦੇ, ਕੀ ਕੰਮ ਕਰਦਾ ਹੈਂ ਇਹਦੇ ਵਾਸਤੇ। ਕਹਿੰਦਾ, ਮੈਂ 68 ਤੀਰਥਾਂ ਦਾ ਇਸ਼ਨਾਨ ਵਿਧੀਪੂਰਵਕ ਕਰਿਆ, ਸਾਰੇ ਦਾਨ ਦਿਤੇ। ਸਾਧੂ ਮਹਾਂਪੁਰਸ਼ਾਂ ਦੇ ਜਗਰਾਤੇ ਕਰਾਏ ਨੇ, ਰੈਣ-ਸਬਾਈਆਂ ਕਰਾਈਆਂ ਨੇ, ਬੜੇ-ਬੜੇ ਦਾਨ ਦਿਤੇ ਪਰ ਮੇਰੀ ਝੋਲੀ 'ਚ ਖੈਰ ਨਹੀਂ ਪਈ ਇਹਦੀ। ਮਹਾਂਪੁਰਸ਼! ਅੰਤਰ ਧਿਆਨ ਹੋਏ, ਜਵਾਬ ਆ ਗਿਆ ਗੁਰੂ ਨਾਨਕ ਦੇ ਘਰੋਂ ਕਿ ਬਖਸ਼ ਦਿਓ ਇਹਨੂੰ, ਦੇ ਦਿਓ, ਕਿਉਂਕਿ ਮਹਾਂਪੁਰਸ਼ ਆਪਣੇ ਸਿਰ ਨਹੀਂ ਲੈਂਦੇ ਕਦੇ ਵੀ ਗੱਲ। ਉਹ ਜੇ ਕਹਿੰਦੇ ਨੇ ਤਾਂ ਮਾਲਕ ਨੂੰ ਕਹਿੰਦੇ ਨੇ ਕਿ ਮਾਲਕ ਜੀ! ਇਹਦੇ ਉਤੇ ਕ੍ਰਿਪਾ ਕਰ ਦਿਓ। ਮੌਜ ਮਾਲਕ ਦੀ ਹੈ, ਨੌਕਰ ਦਾ ਕੰਮ ਹੁੰਦਾ ਹੈ ਕਹਿਣਾ। ਸੋ ਉਸ ਵੇਲੇ ਮਹਾਰਾਜ ਜੀ ਕਹਿਣ ਲੱਗੇ ਕਿ ਤੁਸੀਂ ਉਪਾਸ਼ਨਾ ਕਾਹਦੀ ਕਰਦੇ ਓਂ, ਕਹਿੰਦੇ ਵਿਸ਼ਨੂੰ ਜੀ ਦੀ ਕਰਦੇ ਹਾਂ। ਮਹਾਰਾਜ ਕਹਿੰਦੇ, ਐਉਂ ਕਰੋ, ਉਪਾਸ਼ਨਾ ਉਵੇਂ ਜਿਵੇਂ ਕਰੀ ਜਾਓ। ਵਿਸ਼ਨੂੰ ਜੀ ਦੀ ਥਾਂ 'ਤੇ ਗੁਰੂ ਨਾਨਕ ਸਾਹਿਬ ਦੀ ਤਸਵੀਰ ਰੱਖ ਲਓ ਤੇ ਫਕੀਰ ਵੀ ਕਹਿੰਦੇ ਦੁਆ ਕਰੇਗਾ ਤੇ ਤੂੰ ਵੀ ਭਾਈ ਮਿਹਨਤ ਕਰੀਂ। ਸੁਣ ਲੈਣਗੇ, ਆਪਣੀ ਗੱਲ।

ਮਹਾਰਾਜ ਜੀ ਭੀਮਤਾਲ ਨੂੰ ਚਲੇ ਗਏ ਜਦ ਦੂਸਰੀ ਵਾਰੀ ਫੇਰ ਮੇਰੇ ਕੋਲ ਆਏ ਤਾਂ ਉਸ ਵੇਲੇ ਖਬਰਾਂ ਹੋ ਗਈਆਂ, ਖੁਸ਼ੀਆਂ ਹੋ ਗਈਆਂ ਕਿ ਮਹਾਰਾਜ! ਰਮੇਸ਼ ਕੁਮਾਰ ਸਾਹੂ ਨੂੰ ਦਾਤ ਮਿਲ ਗਈ ਪੁੱਤਰ ਦੀ।

ਸੋ ਸੇਵਾ ਤੋਂ ਪ੍ਰਸੰਨ ਹੋ ਕੇ, ਗੁਰੂ ਘਰ 'ਚੋਂ ਮਿਲ ਜਾਂਦਾ ਹੈ, ਇਹ ਨਹੀਂ ਕਹੀ ਕਿ ਸੌਦਾ ਕਰ ਲਓ ਗੁਰੂ ਨਾਲ। ਗੁਰੂ ਘਰ 'ਚ ਤਾਂ ਸੇਵਾ ਕਰਕੇ ਮਨਾਉਣਾ ਪੈਂਦਾ ਹੈ, ਪਹਿਲਾਂ ਗੁਰੂ। ਚਾਕਰੀ ਬਹੁਤ ਸਖਤ ਹੈ। ਐਸ ਤਰ੍ਹਾਂ ਦੇ ਨਾਲ ਫੁਰਮਾਨ ਆਉਂਦਾ ਹੈ, ਪੜ੍ਹੋ ਪਿਆਰ ਨਾਲ -

***ਧਾਰਨਾ - ਸੀਸ ਤਲੀ 'ਤੇ ਧਰਨਾ ਪੈਂਦੈ,***
***ਸੇਵਾ ਕਰਣੀ ਸਤਿਗੁਰੂ ਦੀ।***

***ਗੁਰ ਪੀਰਾਂ ਕੀ ਚਾਕਰੀ***
***ਮਹਾਂ ਕਰੜੀ ਸੁਖ ਸਾਰ।***

ਹੱਦ ਤੋਂ ਜ਼ਿਆਦਾ ਔਖੀ ਪਰ ਦਿੰਦੀ ਸੁੱਖ ਹੈ ਸਾਰੇ।

ਗੁਰੂ ਦਸ਼ਮੇਸ਼ ਪਿਤਾ ਮਹਾਰਾਜ ਜੀ, ਅਨੰਦਪੁਰ ਸਾਹਿਬ ਦੇ ਅੰਦਰ ਘਿਰੇ ਹੋਏ ਨੇ ਉਸ ਵੇਲੇ ਬਾਹਰਲੀਆਂ ਫੌਜਾਂ ਵੀ ਤੰਗ ਆ ਗਈਆਂ, ਉਨ੍ਹਾਂ ਨੇ ਇਕ ਖੜਯੰਤਰ ਰਚਿਆ ਕਿ ਕਿਸੇ ਤਰੀਕੇ ਨਾਲ, ਧਾਰਮਿਕ ਵਿਸ਼ਵਾਸ਼ ਦਾ ਆਸਰਾ ਲੈ ਕੇ, ਗੁਰੂ ਗੋਬਿੰਦ ਸਿੰਘ ਮਹਾਰਾਜ ਤੋਂ ਕਿਲ੍ਹਾ ਖਾਲੀ ਕਰਾ ਲਿਆ ਜਾਵੇ, ਕਿਉਂਕਿ ਰਾਜੇ ਦਾ ਕੋਈ ਧਰਮ ਨਹੀਂ ਹੋਇਆ ਕਰਦਾ। ਉਹ ਸਿਰਫ ਦਿਖਾਵਾ ਹੋਇਆ ਕਰਦਾ ਹੈ। ਮਤਲਬ ਸਿੱਧੀ ਹੋਇਆ ਕਰਦੀ ਹੈ, ਧਰਮ ਨਹੀਂ ਹੋਇਆ ਕਰਦਾ, ਕਿਉਂਕਿ ਪੋਲਟਿਕਸ ਵਿਚ ਧਰਮ ਦਾ, ਵੈਸੇ ਤਾਂ ਜ਼ਰੂਰੀ ਹੈ ਜੇ ਧਰਮ ਨਾ ਹੋਵੇ ਓਸ ਥਾਂ ਦੇ ਉਤੇ ਤਾਂ ਚੋਰਾਂ ਦਾ ਗ੍ਰਹਿ ਹੋ ਜਾਂਦਾ ਹੈ। ਮਜ੍ਹਬ ਨਹੀਂ ਹੋਇਆ ਕਰਦਾ। ਮਜ੍ਹਬ ਆ ਜਾਵੇ ਰਾਜ ਦੇ ਵਿਚ ਤਾਂ ਦ੍ਵੈਤ ਫੈਲ ਜਾਂਦੀ ਹੈ, ਦੁਨੀਆਂ ਦੁਖੀ ਹੋ ਜਾਂਦੀ ਹੈ। ਧਰਮ ਹੁੰਦਾ ਹੈ universal character ਸੋ ਇਸ ਤਰ੍ਹਾਂ ਦੇ ਨਾਲ ਉਨ੍ਹਾਂ ਨੇ ਖੜਯੰਤਰ ਰਚਿਆ। ਗਊ ਬਣਾਈ ਤੇ ਕੁਰਾਨ ਸ਼ਰੀਫ ਰੱਖ ਕੇ, ਗੁਰੂ ਮਹਾਰਾਜ ਕੋਲ ਭੇਜਿਆ ਕਿ ਮਹਾਰਾਜ! ਕਿਲ੍ਹਾ ਖਾਲੀ ਕਰ ਦਿਓ, ਬਸ ਐਨਾ ਹੀ ਰੌਲਾ ਹੈ, ਤੁਸੀਂ ਜਿਥੇ ਜੀਅ ਕਰਦਾ ਹੈ ਜਾਓ। ਬਾਦਸ਼ਾਹ ਵਲੋਂ ਆਇਆ ਹੈ, ਚਿੱਠੀ ਆ ਗਈ। ਮਹਾਰਾਜ ਕਹਿੰਦੇ, ਭਾਈ ਛਲ ਹੈ। ਉਹ ਸਿੱਧ ਕਰ ਦਿਤਾ। ਦੂਜੀ ਵਾਰੀ ਫੇਰ ਭੇਜਿਆ ਕਿ ਅਸੀਂ ਉਨ੍ਹਾਂ ਨੂੰ ਸਜ਼ਾਵਾਂ ਦਿਤੀਆਂ ਨੇ ਜਿਨ੍ਹਾਂ ਨੇ ਧੋਖਾ ਕਰਿਆ ਹੈ। ਅਸੀਂ ਵਾਸਤਾ ਪਾਉਂਦੇ ਹਾਂ ਕੁਰਾਨ ਸ਼ਰੀਫ ਦਾ। ਉਸ ਵੇਲੇ ਮਹਾਰਾਜ ਦੇ ਸਾਮ੍ਹਣੇ ਇਕ ਸਮੱਸਿਆ ਆ ਗਈ ਕਿ ਧਰਮ ਗ੍ਰੰਥ ਦਾ ਵਾਸਤਾ ਪਾਉਂਦੇ ਨੇ, ਜੇ ਅਸੀਂ ਨਾ ਧਰਮ ਗ੍ਰੰਥ ਦਾ ਸਤਿਕਾਰ ਕਰਿਆ, ਫੇਰ ਕੌਣ ਕਰੇਗਾ। ਕਹਿੰਦੇ, ਕੋਈ ਨਾ, ਕੁਰਾਨ ਸ਼ਰੀਫ ਦੇ ਸਤਿਕਾਰ ਦੇ ਵਾਸਤੇ ਜੋ ਕੁਝ ਵੀ ਹੋ ਸਕਦਾ ਹੈ, ਹੋਵੇ। ਗਊ ਦੀ ਨਹੀਂ ਪਰਵਾਹ ਕਰੀ, ਲੇਕਿਨ ਕੁਰਾਨ ਸ਼ਰੀਫ ਰੱਬੀ ਬਾਣੀ ਕਹਿੰਦੇ ਸੀ। ਇਹ ਨਹੀਂ ਕਿ ਗੁਰੂ ਗ੍ਰੰਥ ਸਾਹਿਬ ਨੇ ਸਾਨੂੰ ਗੁਰੂ ਸਾਹਿਬ ਦਾ ਅਦਬ ਦੱਸਿਆ ਹੈ, ਵੇਦਾਂ ਦਾ ਵੀ ਓਨਾ ਹੀ ਦੱਸਿਆ ਹੈ, ਕੁਰਾਨ ਸ਼ਰੀਫ ਦਾ ਵੀ ਓਨਾ, ਬਾਈਬਲ ਦਾ ਵੀ ਓਨਾ, ਕਿਉਂਕਿ ਉਹਦੇ 'ਚ ਪ੍ਰਮੇਸ਼ਰ ਦੀ ਗੱਲ ਚਲਦੀ ਹੈ। ਜਿਸ ਪੱਤਰ ਦੇ ਉਤੇ ਪ੍ਰਮੇਸ਼ਰ ਦਾ ਨਾਮ ਲਿਖਿਆ ਹੋਵੇ ਉਹ ਪੱਤਰ ਵੀ ਪੂਜਣਯੋਗ ਹੋ ਜਾਂਦਾ ਹੈ। ਉਸ ਵੇਲੇ ਸਾਰੀ ਗੱਲ ਵਿਚਾਰਨ ਤੋਂ ਬਾਅਦ ਸਮਾਂ ਦੇਖ ਕੇ ਆਪ ਕਿਲ੍ਹਾ ਛੱਡ ਦਿੰਦੇ ਨੇ। ਲੇਕਿਨ ਫੇਰ ਧੋਖਾ ਦਿਤਾ, ਬੜਾ ਭਾਰਾ ਹਮਲਾ ਹੋਇਆ। ਗੁਰੂ ਮਹਾਰਾਜ ਥੋੜ੍ਹੇ ਸਿੰਘਾਂ ਦੇ ਨਾਲ

ਸਰਸਾ ਪਾਰ ਕਰਕੇ ਪਹੁੰਚਦੇ ਨੇ ਚਮਕੌਰ ਸਾਹਿਬ ਤੇ ਉਥੇ ਬੜਾ ਹੀ ਭਿਆਨਕ ਯੁੱਧ ਹੋਇਆ, ਜੋ ਤੁਸੀਂ ਬੜੀ ਵਾਰੀ ਸੁਣਿਆ ਹੈ। ਉਸ ਤੋਂ ਬਾਅਦ ਗੁਰੂ ਮਹਾਰਾਜ ਜੀ ਨੂੰ ਪੰਜ ਪਿਆਰਿਆਂ ਨੇ ਹੁਕਮ ਦਿਤਾ ਕਿ ਪਾਤਸ਼ਾਹ! ਤੁਸੀਂ ਸਮਰੱਥ ਹੋਂ, ਸਾਡੇ ਵਰਗੇ ਹਜ਼ਾਰਾਂ ਤਿਆਰ ਕਰ ਸਕਦੇ ਹੋਂ, ਕਰੋੜਾਂ ਸਿੱਖ, ਅਰਬਾਂ ਸਿੱਖ ਇਕ ਗੁਰੂ ਗੋਬਿੰਦ ਸਿੰਘ ਤਿਆਰ ਕਰ ਸਕਦਾ। ਕ੍ਰਿਪਾ ਕਰੋ, ਚਾਹੇ ਸ਼ਕਤੀ ਵਰਤੋਂ, ਚਾਹੇ ਕੋਈ ਟੈਕਨੀਕ ਵਰਤੋ, ਤੁਸੀਂ ਜਾ ਕੇ ਸਿੱਖੀ ਦਾ ਪ੍ਰਚਾਰ ਦੁਬਾਰਾ ਫੇਰ ਆਰੰਭ ਕਰੋ। ਉਸ ਵੇਲੇ ਮਹਾਰਾਜ ਜੀ ਕਿਲ੍ਹਾ ਛੱਡਦੇ ਨੇ ਤੇ ਉਸ ਤੋਂ ਬਾਅਦ ਤਾੜੀ ਮਾਰੀ ਤੇ ਬੜਾ ਭਿਆਨਕ ਯੁੱਧ ਹੋਇਆ ਆਪਸ ਵਿਚ। ਮਾਛੀਵਾੜੇ ਆਏ ਤੇ ਉਥੋਂ ਮਹਾਰਾਜ ਜੀ ਖਿਦਰਾਣੇ ਦੀ ਢਾਬ 'ਤੇ ਜਾ ਕੇ, ਦੂਜਾ ਯੁੱਧ ਕਰਕੇ ਤੇ ਅੱਜ ਡੱਲੇ ਕੋਲ ਬੈਠੇ ਨੇ, ਡੱਲਾ ਸੇਵਾ ਕਰ ਰਿਹਾ ਹੈ ਦਿਨ ਰਾਤ। ਉਨ੍ਹਾਂ ਹੀ ਦਿਨਾਂ ਦੇ ਅੰਦਰ ਏਸ ਭਾਈ ਭਗਤੂ ਦੀ ਓਲਾਦ ਵਿਚੋਂ ਇਹਦੇ ਦੋ ਪੁੱਤਰ ਸੀ, ਭਾਈ ਗੌਰਾ ਤੇ ਭਾਈ ਜੀਵਨ ਉਹ ਵੀ ਸੇਵਾ ਕਰਦੇ ਨੇ, ਭਾਈ ਰਾਮ ਸਿੰਘ ਹੈ, ਫਤਹਿ ਸਿੰਘ ਹੈ, ਸਾਰੇ ਸੇਵਾ ਕਰ ਰਹੇ ਨੇ, ਅੱਜ ਓਸ ਥਾਂ ਦੇ ਉਤੇ ਦੋ ਹੋਰ ਗੁਰਸਿੱਖ ਸੰਗਤ ਦੇ ਨਾਲ ਇਕ ਦਾ ਨਾਮ ਰਾਮ ਸਿੰਘ ਹੈ ਤੇ ਇਕ ਦਾ ਨਾਮ ਤ੍ਰਿਲੋਕ ਸਿੰਘ ਹੈ, ਗੱਡੇ ਭਰੇ ਹੋਏ ਨੇ ਰਾਸ਼ਨ ਦੇ, ਹੋਰ ਸਭ ਚੀਜ਼ਾਂ ਲੈ ਕੇ ਹਾਜ਼ਰ ਹੋਏ ਨੇ ਤੇ ਗੁਰੂ ਮਹਾਰਾਜ ਦੇ ਜਦ ਭੇਟਾ ਕਰੀ, ਮਹਾਰਾਜ ਕਹਿੰਦੇ ਕਿਉਂ ਭਾਈ! ਇਹ ਤੁਹਾਡੇ ਹੀ ਨੇ ਕਿ ਤੁਸੀਂ ਮੰਗ-ਚੁੰਗ ਕੇ ਲਿਆਏ ਓਂ, ਉਗਰਾਹੀ ਕਰਕੇ ਲਿਆਏ ਓਂ। ਕਹਿੰਦੇ, ਸੱਚੇ ਪਾਤਸ਼ਾਹ! ਜ਼ਿਆਦਾ ਤਾਂ ਅਸੀਂ ਘਰ ਤੋਂ ਲਿਆਏ ਹਾਂ, ਪਰ ਬਹੁਤ ਸਾਰੇ ਸੰਗਤ ਸਾਡੇ ਨਾਲ ਰਲ ਕੇ, ਉਹ ਵੀ ਚੂਣ-ਭੂਣ ਇਕੱਠਾ ਕਰਕੇ ਲੈ ਆਈ। ਲੰਗਰ ਵਿਚ ਭੇਜ ਦਿਤਾ ਸਾਰਾ ਰਾਸ਼ਨ, ਉਸ ਤੋਂ ਬਾਅਦ ਹਜ਼ੂਰ ਬੈਠੇ ਨੇ ਤਾਂ ਇਕ ਸਿੱਖ ਕਹਿਣ ਲੱਗਿਆ, ਸੱਚੇ ਪਾਤਸ਼ਾਹ! ਇਹ ਜਿਹੜੇ ਸਿੱਖ ਆਏ ਨੇ ਦੋਵੇਂ, ਭਾਈ ਤਿਲੋਕ ਸਿੰਘ ਤੇ ਭਾਈ ਰਾਮ ਸਿੰਘ, ਇਹ ਸਾਹਿਬਜ਼ਾਦਿਆਂ ਦਾ ਸਸਕਾਰ ਕਰਕੇ ਆਏ ਨੇ ਵੱਡਿਆਂ ਦਾ। ਇਨ੍ਹਾਂ ਤੋਂ ਪੁਛੋ ਮਹਾਰਾਜ ਗੱਲ ਸਾਰੀ। ਉਸ ਵੇਲੇ ਗੁਰੂ ਦਸ਼ਮੇਸ਼ ਪਿਤਾ ਨੇ ਜਦ ਪੁੱਛਿਆ ਕਿ ਪਿਆਰਿਓ! ਸਹੀ ਤੁਸੀਂ ਸਸਕਾਰ ਕਰ ਦਿਤਾ ਸਾਹਿਬਜ਼ਾਦਿਆਂ ਦਾ? ਕਹਿਣ ਲੱਗੇ, ਹਾਂ ਮਹਾਰਾਜ!! ਕਹਿੰਦੇ, ਗੁਰਸਿੱਖਾਂ ਦਾ? ਕਹਿੰਦੇ, ਸੱਚੇ ਪਾਤਸ਼ਾਹ! ਤੁਹਾਨੂੰ ਸਾਰੀ ਵਾਰਤਾ ਦਸਦੇ ਹਾਂ, ਅਸੀਂ ਟਕੇ ਭਰਨ ਗਏ ਸੀ ਆਪਣੇ ਤੇ ਉਥੇ ਜਦ ਅਸੀਂ ਸਰਹੰਦ ਸਾਰੇ ਬਚਨ ਸੁਣੇ, ਗੱਲਾਂ-ਬਾਤਾਂ ਅਸੀਂ ਸੁਣੀਆਂ, ਸਾਨੂੰ ਇਹ ਤਾਂ ਪਤਾ ਲੱਗ ਗਿਆ ਕਿ ਆਪ ਸਹੀ ਸਲਾਮਤ ਚਲੇ ਗਏ। ਬਹੁਤ ਸਾਰਿਆਂ ਦਾ ਖਿਆਲ ਸੀ ਕਿ ਆਪ ਸ਼ਹੀਦ ਹੋ ਗਏ। ਲੇਕਿਨ ਕਿਸੇ ਪੱਕੇ ਬੰਦੇ ਨੇ ਸਾਨੂੰ ਦੱਸਿਆ ਹੈ ਕਿ ਉਹ ਤਾਂ ਨਹੀਂ ਹੋਏ ਸ਼ਹੀਦ। ਉਹ ਤਾਂ ਚਲੇ ਗਏ ਨੇ, ਬਾਕੀ ਜਿਹੜੇ ਸਾਹਿਬਜ਼ਾਦੇ ਸੀ ਉਹ ਵੀ ਸ਼ਹੀਦ ਹੋ ਗਏ ਤੇ ਨਾਲ ਦੇ ਤਿੰਨ ਸਿੰਘ ਛੱਡ ਕੇ ਬਾਕੀ ਸਾਰੇ ਸ਼ਹੀਦ ਹੋ ਗਏ। ਉਸ ਵੇਲੇ ਮਹਾਰਾਜ ਸਾਡੇ ਮਨ 'ਚ ਆਇਆ ਕਿ ਸਿੰਘਾਂ ਦੇ ਘਰ ਰੁਲਣਗੇ, ਇਹ ਜ਼ਾਲਮ ਫੌਜ ਉਨ੍ਹਾਂ ਦੇ ਸੀਸ ਵੱਢ ਦਏਗੀ। ਸਾਹਿਬਜ਼ਾਦਿਆਂ ਦੇ ਸੀਸ ਪਤਾ ਨਹੀਂ ਕਿਤੇ ਟੰਗ ਦੇਣ ਵੱਢ ਕੇ। ਸੱਚੇ ਪਾਤਸ਼ਾਹ! ਉਸ ਵੇਲੇ ਸਾਡੇ ਮਨ 'ਚ ਆਇਆ ਕਿ ਧਿਰਕਾਰ ਹੈ ਸਾਡਾ ਜੀਉਣਾ ਜੇ ਅਸੀਂ ਕੁਛ ਨਾ ਕਰ ਸਕੀਏ। ਸੱਚੇ ਪਾਤਸ਼ਾਹ! ਹੋਰ ਤਾਂ ਕੁਛ ਹੋ ਨਹੀਂ ਸੀ ਸਕਦਾ ਸਾਡੇ ਤੋਂ, ਅਸੀਂ ਦਸਤਾਰਾਂ ਲਾਹ ਦਿਤੀਆਂ, ਵਸਤਰ ਲਾਹ ਦਿਤੇ ਤੇ ਤੇੜ ਲੰਗੋਟੇ ਪਾ ਲਏ। ਮਿੱਟੀ ਲੈ ਲਈ ਤੇ ਸਿਰ ਦੇ ਵਿਚ ਪਾ ਲਈ। ਧੂੜ ਮਲ ਲਈ, ਅਸੀਂ ਉਸ ਮੈਦਾਨ ਵਿਚ ਪਹੁੰਚ ਗਏ। ਉਸ ਮੈਦਾਨ 'ਚ ਪਹੁੰਚ ਕੇ ਕੀ ਦੇਖਦੇ ਹਾਂ, ਬੇਅੰਤ ਲਾਸ਼ਾਂ ਹੀ ਲਾਸ਼ਾਂ, ਲੋਥਾਂ ਹੀ ਲੋਥਾਂ ਚੜ੍ਹੀਆਂ ਪਈਆਂ ਨੇ ਇਕ ਦੂਜੇ ਉਪਰ ਤੇ ਜਿਹੜੇ ਮੁਗਲਾਂ ਦੇ ਸਿਪਾਹੀ ਕੁਛ ਤਾਂ ਵਾਪਸ ਚਲੇ ਗਏ, ਰਾਜੇ ਵੀ ਵਾਪਸ ਚਲੇ ਗਏ। ਨਵਾਬ ਸਰਹੰਦ ਵੀ ਵਾਪਸ ਆ ਗਿਆ। ਥੋੜ੍ਹੀ ਜਿਹੀ ਫੌਜ ਰੱਖ ਆਏ ਕਿ ਜਿਹੜੇ ਤਾਂ ਸਿੱਖ ਨੇ ਇਨ੍ਹਾਂ ਦੇ ਸਿਰ ਕੱਟੀ ਜਾਓ, ਜਿਹੜੇ ਹੈਗੇ ਮੁਸਲਮਾਨ ਇਨ੍ਹਾਂ ਨੂੰ ਕਬਰਾਂ ਪੁੱਟ ਕੇ ਇਨ੍ਹਾਂ 'ਚ ਦੱਬ ਦਿਓ। ਜਿਹੜੇ ਰਾਜਿਆਂ ਦੀ ਫੌਜ ਦੇ ਬੰਦੇ ਸੀ ਉਹ ਆਪਣੇ ਸਿਪਾਹੀਆਂ ਨੂੰ ਟੋਲਦੇ ਫਿਰਦੇ ਸੀ।

ਸੋ ਸੱਚੇ ਪਾਤਸ਼ਾਹ! ਅਸੀਂ ਕਮਲੇ ਬਣ ਕੇ ਵਿਚ ਚਲੇ ਗਏ। ਕਦੀ ਤਾਂ ਮੁਸਲਮਾਨਾਂ ਨੂੰ ਢੋਣ ਲਗ ਜਾਣਾ, ਘੜੀਸੀ ਜਾਣਾ ਕਬਰਾਂ ਤੱਕ, ਮੁੜਦੇ ਹੋਏ ਅਸੀਂ ਲੱਕੜ ਚੁੱਕ ਲੈਣੀ, ਜਿਥੋਂ ਸਾਨੂੰ ਲੱਭਣੀ। ਪਰ ਸੱਚੇ ਪਾਤਸ਼ਾਹ! ਸਿੱਖ ਸਾਨੂੰ ਕੋਈ ਨਜ਼ਰ ਨਾ ਆਇਆ। ਮਹਾਰਾਜ ਕਹਿੰਦੇ ਕਿ ਉਹ ਕਿੱਧਰ ਚਲੇ ਗਏ? ਕਹਿੰਦੇ, ਸੱਚੇ ਪਾਤਸ਼ਾਹ! ਸਾਨੂੰ ਪਤਾ ਲੱਗਿਆ ਕਿ ਜਦ ਆਪ ਬਾਹਰ ਨਿਕਲ ਆਏ, ਦੂਸਰੇ ਦਿਨ ਸਾਰੇ ਗਫਲਤ ਵਿਚ ਹੋ ਕੇ ਕਿ ਜਿੱਤ ਗਏ, ਫੌਜਾਂ ਸੌਂ ਗਈਆਂ ਸਾਰੀਆਂ, ਕਿੰਨਿਆਂ ਘੰਟਿਆਂ, ਕਿੰਨਿਆਂ ਦਿਨਾਂ ਦਾ ਯੁੱਧ ਹੋ ਰਿਹਾ ਸੀ ਤੇ ਨੀਂਦ ਲਾਹੁੰਣ ਵਾਸਤੇ ਬਹੁਤੇ ਨਸ਼ਿਆਂ ਵਿਚ ਹੋ ਗਏ। ਉਸ ਵੇਲੇ ਉਥੋਂ ਦੀ ਹੀ ਇਕ ਬੀਬੀ ਆਪ ਦੀ ਪਿਆਰੀ, ਉਹ ਉਠੀ ਬੜਾ ਦਰਦ ਉਸ ਦੇ ਮਨ ਦੇ ਅੰਦਰ ਤੇ ਉਸ ਨੇ ਇਕ ਦੀਵਾ ਹੱਥ ਵਿਚ ਲਿਆ ਹੋਇਆ ਉਹ ਹੌਲੀ-ਹੌਲੀ ਇਕ-ਇਕ ਬੰਦੇ ਦੇ ਮ੍ਰਿਤਕ ਸਰੀਰ ਨੂੰ ਦੇਖਦੀ। ਸਰੀਰ ਜਿਹੜੇ ਜਟਾ-ਜੂਟ ਨੇ ਤੇ ਪੂਰੀ ਰਹਿਤ ਬਹਿਤ ਨਾਲ ਨੇ, ਉਸ ਸਰੀਰ ਨੂੰ ਉਹ ਹੌਲੀ ਦੇ ਕੇ ਲੈ ਜਾਂਦੀ ਹੈ। ਜਿਵੇਂ ਵੀ ਲਿਜਾ ਹੁੰਦਾ ਹੈ ਲਿਜਾਂਦੀ ਹੈ, ਇਕ ਥਾਉਂ ਉਸ ਨੇ ਲੱਕੜਾਂ ਇਕੱਠੀਆਂ ਕਰਕੇ ਢੇਰ ਲਾਇਆ ਹੋਇਆ ਸੀ ਤੇ ਬੜਾ ਉਸ ਦੇ ਮਨ ਵਿਚ ਜੋਸ਼ ਸੀ, ਬੜਾ ਹੀ ਸਤਿਕਾਰ ਸੀ, ਬਹੁਤ ਚੜ੍ਹਦੀ ਕਲਾ ਸੀ ਕਿ ਮੇਰਾ ਚਾਹੇ ਕੁਛ ਰਹੇ ਨਾ ਰਹੇ

ਤੇ ਉਹ ਮੌਤ ਤੋਂ ਬਿਲਕੁਲ ਨਿਡਰ ਹੋਈ-ਹੋਈ ਸੀ।

***ਧਾਰਨਾ - ਜਿਹੜੀ ਮੌਤ ਤੋਂ ਡਰੇ ਜਗ ਸਾਰਾ,***
***ਮੇਰੇ ਮਨ ਆਨੰਦ ਹੈ ਪਿਆਰਿਓ।***

***ਕਬੀਰ ਜਿਸੁ ਮਰਨੇ ਤੇ ਜਗੁ ਡਰੈ***
***ਮੇਰੈ ਮਨਿ ਆਨੰਦੁ ॥***
***ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥***
***ਅੰਗ - ੧੩੬੫***

ਪਾਤਸ਼ਾਹ ਬੜੀ ਨਿਡਰ ਹੋ ਕੇ ਉਸ ਬੀਬੀ ਨੇ, ਸ਼ਰਨ ਕੌਰ ਜਿਸਦਾ ਨਾਮ ਸੀ, ਇਕ-ਇਕ ਸਰੀਰ ਪਛਾਣਿਆ, ਜੋ ਜਟਾ-ਜੂਟ ਸਰੀਰ ਸੀ, ਉਹ ਸਾਬਤ ਸੂਰਤ ਨੂੰ ਦੇਖ ਕੇ, ਟੋਲ੍ਹ ਕੇ ਚੁਗ-ਚੁਗ ਕੇ ਲਿਜਾ ਕੇ ਉਹਨੇ ਇਕੱਲੀ ਨੇ, ਉਸ ਢੇਰ ਦੇ ਉਤੇ ਰੱਖਣਾ ਸ਼ੁਰੂ ਕਰ ਦਿਤਾ। ਸੱਚੇ ਪਾਤਸ਼ਾਹ! ਅੱਧੀ ਰਾਤ ਤੋਂ ਬਾਅਦ ਤੱਕ ਉਹਨੇ ਕੋਈ 30-32 ਸਰੀਰ ਢੋਏ ਤੇ ਅਗਨ ਜਲਾ ਦਿਤੀ, ਜਿਹੜੇ ਪਹਿਰੇਦਾਰ ਸੀ ਦੂਰ ਉਹ ਡਰ ਗਏ ਕਿ ਪਤਾ ਨਹੀਂ ਕੀ ਗੱਲ ਹੈ। ਬੀਬੀ ਨੂੰ ਦੇਖਿਆ, ਕਈ ਕਿਸਮ ਦੇ ਖਿਆਲ ਮਨਾਂ 'ਚ ਆਏ, ਉਸ ਤੋਂ ਬਾਅਦ 40-50 ਇਕ ਦਮ ਆ ਗਏ ਇਕੱਠੇ ਹੋ ਕੇ, ਸੱਚੇ ਪਾਤਸ਼ਾਹ! ਬਰਛੇ ਲੈ ਕੇ ਉਹਦੇ ਦੁਆਲੇ ਖੜ੍ਹ ਗਏ, ਕਹਿੰਦੇ ਤੈਨੂੰ ਡਰ ਨਹੀਂ ਲੱਗਿਆ? ਇਹ ਕੀ ਕਰਨ ਲੱਗੀ ਹੈਂ? ਕਹਿਣ ਲੱਗੀ, ਮੇਰੇ ਵੀਰ ਸ਼ਹੀਦ ਹੋਏ ਹੋਏ ਨੇ, ਇਨ੍ਹਾਂ ਦੇ ਮਿਰਤਕ ਸਰੀਰ ਮੈਂ ਰੁਲਣ ਨਹੀਂ ਦੇਣੇ, ਇਹ ਮੇਰਾ ਫਰਜ਼ ਹੈ, ਕਹਿੰਦੇ ਉਨ੍ਹਾਂ ਨੇ ਬਰਛਿਆਂ ਦੇ ਵਿਚ ਪਰੋ ਕੇ ਉਸ ਬੀਬੀ ਨੂੰ ਉਤੇ ਸੁੱਟ ਦਿਤਾ ਸਾਰਿਆਂ ਦੇ। ਸੱਚੇ ਪਾਤਸ਼ਾਹ! ਜਦੋਂ ਅਸੀਂ ਟੋਲ੍ਹ ਰਹੇ ਸੀ ਤਾਂ ਸਾਨੂੰ ਉਹ ਲੱਭ ਗਿਆ, ਸਾਨੂੰ ਪਤਾ ਲੱਗ ਗਿਆ ਕਿ ਗੁਰਸਿੱਖ ਜਿਹੜੇ ਨੇ ਇਥੇ ਹੋ ਗਏ, ਗਿਣਤੀ ਕਰੀ ਅਸੀਂ, ਅੱਧ-ਜਲੇ ਸਰੀਰਾਂ ਦੀ, ਬੀਬੀ ਦਾ ਸਰੀਰ ਉਹਦੇ ਉਤੇ ਸੀ। ਪਰ ਸੱਚੇ ਪਾਤਸ਼ਾਹ! ਸਾਹਿਬਜ਼ਾਦੇ ਨਜ਼ਰ ਨਾ ਆਏ ਸਾਨੂੰ ਉਹਦੇ ਵਿਚ। ਇਸੇ ਤਰ੍ਹਾਂ ਅਸੀਂ ਕਮਲੇ ਹੋਏ ਕਦੇ ਓਧਰ ਲਗ ਜਾਂਦੇ ਹਾਂ, ਕਦੇ ਓਧਰ ਲਗ ਜਾਂਦੇ ਹਾਂ। ਲੱਕੜਾਂ ਦਾ ਢੇਰ ਲਾ ਲਿਆ ਅਸੀਂ। ਕਦੇ ਮੇਰਾ ਛੋਟਾ ਭਰਾ ਮੈਨੂੰ ਮਾਰਨ ਲਗ ਜਾਂਦਾ ਹੈ, ਕਦੇ ਮੈਂ ਇਹਨੂੰ। ਉਹ ਕਹਿੰਦੇ, ਇਹ ਕਮਲੇ ਤੁਰੇ ਫਿਰਦੇ ਨੇ, ਕਦੇ ਅਸੀਂ ਮੁਸਲਮਾਨਾਂ ਨੂੰ ਕਬਰਾਂ 'ਚ ਢੋਣ ਲਗ ਜਾਂਦੇ ਹਾਂ, ਕਦੇ ਪਹਾੜੀਆਂ ਨਾਲ ਲਗ ਜਾਂਦੇ ਹਾਂ ਸਸਕਾਰ ਕਰਾਉਣ। ਐਈਂ ਕਰੀ ਗਏ ਅਸੀਂ। ਸਾਨੂੰ ਸਾਹਿਬਜ਼ਾਦੇ ਨਜ਼ਰ ਨਹੀਂ ਆ ਰਹੇ ਸੀ ਕਿਤੇ ਵੀ। ਉਸ ਵੇਲੇ ਪਾਤਸ਼ਾਹ, ਅਸੀਂ ਬਹੁਤ ਘਬਰਾ ਗਏ ਕਿ ਉਹ ਕਿੱਥੇ ਚਲੇ ਗਏ, ਫੇਰ ਅਸੀਂ ਅਰਦਾਸ ਕਰੀ ਕਿ ਹੇ ਪਾਤਸਾਹ! ਕ੍ਰਿਪਾ ਕਰ, ਸਾਨੂੰ ਉਹ ਨੈਣ ਬਖਸ਼ ਜਿਹਦੇ ਨਾਲ ਤੇਰੇ ਪਿਆਰਿਆਂ ਨੂੰ ਅਸੀਂ ਦੇਖ ਸਕੀਏ। ਪਾਤਸ਼ਾਹ! ਕੀ ਦੇਖਿਆ, ਰਾਤ ਨੂੰ ਬੜੀ ਭਾਰੀ ਹਨ੍ਹੇਰੀ ਚੱਲਣ ਕਰਕੇ, ਕੰਡੇ ਉਡ ਕੇ ਆ ਗਏ, ਜਿਥੇ ਦੋਵੇਂ ਪਏ ਸੀ ਸਾਹਿਬ ਅਜੀਤ ਸਿੰਘ ਜੀ ਤੇ ਸਾਹਿਬ ਜੁਝਾਰ ਸਿੰਘ ਜੀ, ਉਨ੍ਹਾਂ ਦੇ ਉਤੇ ਉਹ ਝਾਫੇ ਆ ਕੇ ਟਿਕ ਗਏ, ਉਨ੍ਹਾਂ ਦੇ ਨਾਲ ਬਹੁਤ ਸਾਰੇ ਪੱਤੇ ਲੱਗ ਗਏ। ਉਨ੍ਹਾਂ ਝਾਫਿਆਂ ਨੇ ਆਪਣੇ ਹੇਠ ਲੁਕਾ ਲਏ ਤੇ ਜਦ ਅਸੀਂ ਅਰਦਾਸ ਕਰੀ ਸੱਚੇ ਪਾਤਸ਼ਾਹ! ਉਸ ਵੇਲੇ ਸਾਨੂੰ ਵਿਚੀਂ ਦਿਸਣ ਲਗ ਗਏ। ਪਤਾ ਲੱਗ ਗਿਆ ਕਿ ਉਹ ਤਾਂ ਲੱਭ ਗਏ। ਮੌਕਾ ਤਾੜਿਆ ਅਸੀਂ, ਹਨ੍ਹੇਰਾ ਹੋ ਗਿਆ ਤੇ ਕਈਆਂ ਨੇ ਸਾਨੂੰ ਕੁੱਟਿਆ ਮਾਰਿਆ ਵੀ ਕਿ ਇਹ ਕਮਲੇ ਤੁਰੇ ਫਿਰਦੇ ਨੇ, ਕੀ ਕਰੀ ਜਾਂਦੇ ਨੇ। ਕਿਤੇ ਅੱਗ ਲਾ ਦਿੰਦੇ ਨੇ, ਕਿਤੇ ਕੁਛ ਕਰਦੇ ਨੇ। ਪਾਤਸ਼ਾਹ! ਭੁਲੇਖਾ ਪਾ ਦਿਤਾ ਅਸੀਂ, ਅਸੀਂ ਵੀ ਮੰਨ ਲਿਆ ਕਿ ਅੱਜ ਚਾਹੇ ਕੁਛ ਹੋ ਜਾਵੇ, ਅੱਜ ਗੁਰੂ ਦੇ ਲੇਖੇ ਜੇ ਲਗ ਜਾਈਏ ਤਾਂ ਸਾਡੇ ਵਰਗੇ ਵੱਡੇ ਭਾਗ ਕਿਸੇ ਦੇ ਨਹੀਂ ਹੈਗੇ।

***ਧਾਰਨਾ - ਦੇਹੀ ਨਿਤ ਨਾ***
***ਜਗਤ ਉਤੇ ਰਹਿਣੀ,***
***ਲੇਖੇ ਵਿਚ ਲੱਗੇ ਗੁਰਾਂ ਦੇ।***

ਪਾਤਸ਼ਾਹ! ਮਨ ਵਿਚ ਚਾਅ ਸੀ ਕਿ ਜਿਵੇਂ ਉਹ ਬੀਬੀ ਸ਼ਹੀਦ ਹੋ ਗਈ, ਅਸੀਂ ਵੀ ਸ਼ਹੀਦ ਹੋ ਜਾਵਾਂਗੇ। ਲੇਕਿਨ ਸਾਹਿਬਜ਼ਾਦਿਆਂ ਦਾ ਅਸੀਂ ਸਸਕਾਰ ਜ਼ਰੂਰ ਕਰ ਦੇਣਾ ਹੈ। ਸੋ ਐਨਾ ਪਾਖੰਡ ਰਚਿਆ, ਐਨਾ ਅਸੀਂ ਆਪਣੇ ਆਪ ਨੂੰ ਕਮਲੇ ਬਣਾਇਆ, ਮਿੱਟੀ ਚੁੱਕ ਕੇ ਕਦੇ ਸਿਰ 'ਚ ਪਾ ਲੈਂਦੇ ਹਾਂ, ਸਾਡਾ ਧਿਆਨ ਛੱਡ ਦਿਤਾ ਉਨ੍ਹਾਂ ਨੇ ਕਿ ਆਹ ਕਮਲੇ ਬੰਦੇ ਤੁਰੇ ਫਿਰਦੇ ਨੇ। ਉਸ ਵਕਤ ਜਦੋਂ ਅਸੀਂ ਮਿੱਟੀ ਪਰ੍ਹੇ ਹਟਾਈ, ਕੰਡੇ ਪਰ੍ਹੇ ਹਟਾਏ, ਪੱਤੇ ਪਰ੍ਹੇ ਹਟਾਏ..........ਰੋਣ ਲੱਗ ਗਏ ਐਨੀ ਗੱਲ ਕਹਿ ਕੇ। ਕਹਿੰਦੇ, ਸਾਹਿਬ ਜੀ! ਸਾਡੇ ਤੋਂ ਦੇਖਿਆ ਨਾ ਗਿਆ। ਕਿੰਨੇ ਜ਼ਖਮ ਉਨ੍ਹਾਂ ਦੇ ਸਰੀਰਾਂ 'ਤੇ ਲੱਗੇ, ਗਿਣਤੀ ਨਾ ਅਸੀਂ ਕਰ ਸਕੇ, ਸਾਰੇ ਸਰੀਰ ਵਿਚ ਕੋਈ ਥਾਂ ਨਹੀਂ ਸੀ ਜਿਥੇ ਅਸੀਂ ਚਾਰ ਉਂਗਲਾਂ ਪਾ ਸਕੀਏ। ਜ਼ਖਮੀ ਹੋਏ ਪਏ ਥਾਂ-ਥਾਂ ਤੋਂ। ਪਾਤਸ਼ਾਹ! ਫੇਰ ਅਸੀਂ ਉਥੇ ਨੇੜੇ ਲਾ ਲਿਆ ਉਹ ਚਿਖਾ ਤੇ ਸਾਹਿਬਾਂ ਨੂੰ ਚੁੱਕ ਲਿਆ ਤੇ ਅਸੀਂ ਉਨ੍ਹਾਂ ਦਾ ਸਸਕਾਰ ਕਰ ਦਿਤਾ।

***ਧੰਨ ਜੀਓ ਤਿਹ ਕੋ ਜਗ ਮੈ,***
***ਮੁਖ ਤੇ ਹਰਿ ਚਿਤ ਮੈ ਜੁਧੁ ਬਿਚਾਰੈ॥***
***ਦੇਹ ਅਨਿੱਤ ਨ ਨਿੱਤ ਰਹੈ,***
***ਜਸੁ ਨਾਵ ਚੜੈ ਭਵ ਸਾਗਰ ਤਾਰੈ॥***
***ਧੀਰਜ ਧਾਮ ਬਨਾਇ ਇਹੈ ਤਨ,***
***ਬੁਧਿ ਸੁ ਦੀਪਕ ਜਿਉ ਉਜੀਆਰੈ॥***
***ਗਿਆਨਹਿ ਕੀ ਬਢਨੀ ਮਨਹੁ ਹਾਥ ਲੈ***
***ਕਾਤਰਤਾ ਕੁਤਵਾਰ ਬੁਹਾਰੈ॥***
***(ਸ੍ਵੈਯਾ ਕ੍ਰਿਸ਼ਨਾਵਤਾਰ)***

ਉਸ ਵੇਲੇ ਸਾਰੀ ਸੰਗਤ ਇਕ ਟਕ ਹੋ ਕੇ ਸੁਣ

ਰਹੀ ਹੈ, ਕਹਿੰਦੇ, ਸੱਚੇ ਪਾਤਸ਼ਾਹ! ਅਸੀਂ ਉਹ ਅੰਗੀਠਾ ਜਿਹੜਾ ਅੱਧ-ਜਲਿਆ ਸੀ, ਉਹ ਵੀ ਅਸੀਂ ਪ੍ਰਜੁਲਤ ਕਰ ਦਿਤਾ ਤੇ ਸਾਰੇ ਸਿੰਘਾਂ ਦਾ ਸਸਕਾਰ ਕਰਨ ਤੋਂ ਬਾਅਦ ਫੇਰ ਅਸੀਂ ਬੜੀ ਦੂਰ ਤਕ ਦੇਖਿਆ ਕਿ ਸਾਨੂੰ ਹੋਰ ਕੋਈ ਲੱਭ ਜਾਵੇ, ਸਾਨੂੰ ਹੋਰ ਕੋਈ ਨਜ਼ਰ ਨਾ ਆਇਆ। ਸੋ ਪਾਤਸ਼ਾਹ ਤੁਸੀਂ ਇਹ ਸੇਵਾ ਸਾਡੇ ਤੋਂ ਆਪ ਕਰਾ ਲਈ ਹੈ।

ਉਸ ਵੇਲੇ ਸਾਰੀ ਸੰਗਤ ਦੇ ਨੇਤਰਾਂ 'ਚੋਂ ਜਲ ਜਾਣ ਲੱਗ ਗਿਆ। ਸਾਰਾ ਅੱਖੀਂ ਡਿੱਠਾ ਹਾਲ ਦੱਸਿਆ, ਉਸ ਵੇਲੇ ਮਹਾਰਾਜ ਜੀ ਨੇ ਧੀਰਜ ਦਿਵਾਈ, ਕਹਿੰਦੇ ਪਿਆਰਿਓ! ਕਿਉਂ ਐਨਾ ਵੈਰਾਗ ਕਰਦੇ ਹੋ। ਜਿਹੜੀ ਕਰਨੀ ਇਹ ਕਰ ਗਏ ਪਿਆਰੇ, ਇਹ ਤਾਂ ਇਕ ਐਸੀ ਕਰਨੀ ਹੈ ਕਿ ਜਗ ਤੋਂ ਕਦੇ ਭੁੱਲਣੀ ਨਹੀਂ ਹੈ –

***ਧਾਰਨਾ – ਵਾਹਵਾ-ਵਾਹਵਾ ਬਈ ਜਗ***
***ਸਦਾ ਯਾਦ ਕਰੂ***
***ਐਸੀ ਕਰਨੀ ਕਰ ਗਏ ਪਿਆਰੇ।***

***ਕਬੀਰ ਜਾ ਤੂੰ ਜਨਮਿਆ ਜਗਤ ਮਹਿ***
***ਜਗ ਹਸੈ ਤੂੰ ਰੋਏ।***
***ਐਸੀ ਕਰਨੀ ਕਰ ਚਲੋ ਪਿਆਰੇ,***
***ਤੂੰ ਹਸੈ ਜਗ ਰੋਇ***

ਕਹਿੰਦੇ, ਉਨ੍ਹਾਂ ਨੂੰ ਰੋਵੋ ਨਾ ਜੇ ਰੋਣਾ ਹੈ ਤਾਂ –

***ਧਾਰਨਾ – ਰੋਵੋ ਰੋਵੋ ਬਈ ਸਾਕਤ ਬਪੁਰੇ ਨੂੰ।***
***ਜਿਹੜਾ ਹਾਟੋ-ਹਾਟ ਬਿਕਾਇ।***

***ਕਬੀਰ ਸੰਤ ਮੂਏ ਕਿਆ ਰੋਈਐ***
***ਜੋ ਅਪੁਨੇ ਗ੍ਰਿਹਿ ਜਾਇ ॥***
***ਰੋਵਹੁ ਸਾਕਤ ਬਾਪੁਰੇ***
***ਜੁ ਹਾਟੈ ਹਾਟ ਬਿਕਾਇ ॥ ਅੰਗ - ੧੩੬੫***

ਬੜੀ ਧੀਰਜ ਦਿਵਾਈ, ਕਹਿੰਦੇ ਪਿਆਰਿਓ! ਉਹ ਤਾਂ ਇਕ ਨੇਕ ਕੰਮ ਦੇ ਵਿਚ ਆਪਣਾ ਸੀਸ ਵਾਰ ਗਏ ਨੇ। ਸੋ ਉਸ ਵੇਲੇ ਗੁਰੂ ਮਹਾਰਾਜ ਕਹਿਣ ਲੱਗੇ, ਭਾਈ ਤਿਲੋਕ ਸਿੰਘ, ਭਾਈ ਰਾਮ ਸਿੰਘ ਸਾਡਾ ਚਿੱਤ ਅਤਿ ਪ੍ਰਸੰਨ ਹੋ ਗਿਆ। ਮੰਗੋ ਕੀ ਮੰਗਦੇ ਓਂ, ਜੋ ਮੰਗੋਂਗੇ ਅੱਜ ਤੁਹਾਨੂੰ ਦਿਵਾ ਦੇਵਾਂਗੇ ਕਿਉਂਕਿ ਤੁਸੀਂ ਸੇਵਾ ਕਰਕੇ ਪ੍ਰਸੰਨ ਕਰ ਲਿਆ।

***ਸਾ ਸੇਵਾ ਕੀਤੀ ਸਫਲ ਹੈ***
***ਜਿਤੁ ਸਤਿਗੁਰ ਕਾ ਮਨੁ ਮੰਨੇ ॥***
***ਜਾ ਸਤਿਗੁਰ ਕਾ ਮਨੁ ਮੰਨਿਆ***
***ਤਾ ਪਾਪ ਕਸੰਮਲ ਭੰਨੇ ॥ ਅੰਗ - ੩੧੪***

ਜੇ ਮੰਨ ਜਾਵੇ ਸੇਵਾ ਕਰਕੇ, ਕਹਿੰਦੇ ਸੇਵਾ ਸਫਲ ਹੁੰਦੀ ਹੈ। ਫੇਰ ਦੁਨੀਆਂ ਦੀ ਕਿਹੜੀ ਚੀਜ਼ ਹੈ ਜਿਹੜੀ ਗੁਰੂ ਨਹੀਂ ਦਿੰਦਾ, ਸੇਵਾ ਤੋਂ ਪ੍ਰਸੰਨ ਹੋ ਕੇ। ਓਸ ਵੇਲੇ ਦੋਵੇਂ ਭਰਾ ਗਲ 'ਚ ਪੱਲਾ ਪਾਇਆ ਤੇ ਮਹਾਰਾਜ ਜੀ ਦੇ ਸਾਮ੍ਹਣੇ ਖੜ੍ਹੇ ਹੋ ਕੇ ਕਹਿਣ ਲੱਗੇ ਪਾਤਸ਼ਾਹ! ਇਕ ਸਾਡੀ ਬੇਨਤੀ ਹੈ ਕਿ ਜੇ ਤੂੰ ਤਰੁੱਠਾ ਹੈਂ, ਤਾਂ ਸਾਨੂੰ ਟਿਕਾਣਾ ਦੇ ਦੇ ਕਿਤੇ ਰਹਿਣ ਵਾਸਤੇ-

***ਧਾਰਨਾ – ਬਖਸ਼ੀਂ ਮਾਲਕਾ***
***ਕਿਤੇ ਵਸਣ ਦਾ ਟਿਕਾਣਾ।***

ਪਾਤਸ਼ਾਹ! ਸਾਨੂੰ ਕੋਈ ਟਿੱਕ ਕੇ ਨਹੀਂ ਰਹਿਣ ਦਿੰਦਾ। ਜੇ ਸਾਡੀਆਂ ਲੜਕੀਆਂ, ਨੂੰਹਾਂ ਪਾਣੀ ਲੈਣ ਜਾਂਦੀਆਂ ਨੇ, ਭੁੱਲਰਾਂ, ਧਾਲੀਵਾਲਾਂ ਦੇ ਖੂਹਾਂ ਤੋਂ, ਮੁੰਡੇ ਮਖੌਲ ਕਰਦੇ ਨੇ ਤੇ ਕਹਿੰਦੇ ਨੇ ਕਿ ਪਹਿਲਾਂ ਖੂਹ ਦੇ ਦੁਆਲੇ ਸਾਨੂੰ ਪਿੱਠ ਤੇ ਬਿਠਾ ਕੇ ਗੇੜਾ ਕੱਢ, ਤਾਂ ਖੂਹ 'ਚੋਂ ਪਾਣੀ ਲੈਣ ਦੇਵਾਂਗੇ। ਐਡੀ ਮੰਦੀ ਹਾਲਤ ਹੈ ਪਾਤਸ਼ਾਹ। ਮਹਾਰਾਜ ਕਹਿਣ ਲੱਗੇ –

***ਸੁਨਿ ਕਰਿ ਪਰਮ ਪ੍ਰਸੰਨ ਬਿਸਾਲਾ।***
***ਸ਼੍ਰੀ ਮੁਖ ਤੇ ਭਾਖਯੋ ਤਿਸ ਕਾਲਾ।***
***'ਰਾਮਾ ਸਿੰਘ ਤਿਲੋਕ ਸਿੰਘ ਸੁਨਿ!***
***ਜਾਚ ਲੇਹੁ ਹਮ ਤੇ ਬਾਂਛਤ ਮਨ'॥***
***ਗੁਰ ਅਨਕੂਲ ਜਾਨਿ ਕਰਿ ਆਛੇ।***
***ਦੂਹੂੰਅਨਿ ਮਾਂਗਯੋ ਜਿਮ ਚਿਤ ਬਾਂਛੇ।***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 6115***

ਹੁਣ ਬਈ ਕੋਈ ਸੰਕੋਚ ਨਾ ਕਰਿਓ, ਲੈ ਲਓ ਸਾਡੇ ਤੋਂ ਜੋ ਲੈ ਸਕਦੇ ਓ।

***'ਪ੍ਰਭ ਜੀ! ਜਬਿ ਕੇ ਹਮ ਇਤ ਆਏ।***
***ਭਲੀ ਪ੍ਰਕਾਰ ਨ ਪਾਇ ਜਮਾਏ।***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 6115***

ਸੱਚੇ ਪਾਤਸ਼ਾਹ! ਸਾਡਾ ਕਿਤੇ ਪੈਰ ਨਹੀਂ ਜਮਦਾ, ਰਾਹਕ ਬਣ ਕੇ ਗੁਜ਼ਾਰਾ ਕਰ ਰਹੇ ਹਾਂ। ਆਹ ਜਿਹੜੀ ਤੁਹਾਨੂੰ ਬੇਨਤੀ ਕੀਤੀ ਹੈ, ਆਹ ਹਾਲ ਸਾਡਾ ਕਰਦੇ ਨੇ –

***ਕਹੂੰ ਨ ਭੂਮ ਹਮਾਰੀ ਭਈ।***
***ਜਿਮ ਰਾਹਕ ਅਪਰਨ ਨਿਜ ਲਈ।***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 6115***

ਪਾਤਸ਼ਾਹ ਵਟਾਈ ਤੇ ਲੈਂਦੇ ਹਾਂ, ਸਾਡੀ ਇੱਜ਼ਤ ਕੋਈ ਨਹੀਂ ਹੈ। ਉਸ ਵੇਲੇ ਗੁਰੂ ਮਹਾਰਾਜ ਗੰਭੀਰ ਹੋ ਗਏ ਕਹਿੰਦੇ ਪਿਆਰਿਓ! ਤੁਸੀਂ ਐਡੀ ਵੱਡੀ ਸੇਵਾ ਕੀਤੀ ਤੇ ਤੁਸੀਂ ਫੇਰ ਰੁਲਦੇ ਫਿਰਦੇ ਓਂ? ਜਾਓ, ਵਰ ਦੇ ਦਿਤਾ –

***ਧਾਰਨਾ – ਰਾਜ ਕਰੇਗੀ ਵੰਸ ਸਾ ਬਹੁਤੀ***
***ਸੇਵਾ ਵਾਲਾ ਫਲ ਭੋਗਿਓ।***

ਦਸ਼ਮੇਸ਼ ਪਾਤਸ਼ਾਹ ਕਹਿਣ ਲੱਗੇ ਪਿਆਰਿਓ! –

***ਦਯਾ ਸਿੰਧੁ ਸੁਨਿ ਧੀਰਜ ਦੀਨਿ।***
***ਤੁਮ ਤੌ ਦੇਸ਼ ਸਕਲ ਹੀ ਲੀਨਿ॥***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 6115***

ਛੋਟੀ ਸੇਵਾ ਕਰੀ ਹੈ ਤੁਸੀਂ? ਤੁਸੀਂ ਐਉਂ ਉਦਾਸ ਨਾ ਹੋਵੋ, ਤੁਸੀਂ ਤਾਂ ਸੇਵਾ ਕਰਕੇ ਸਾਰਾ ਦੇਸ਼ ਹੀ ਲੈ ਲਿਆ। ਤੁਸੀਂ ਥੋੜ੍ਹਾ ਟਿਕਾਣਾ ਕਿਉਂ ਮੰਗਦੇ ਓਂ?

***ਐਸੇ ਪਾਇ ਤੁਮਾਰੇ ਜਮੈਂ।***
***ਭੂਪਨ ਭੂਪ ਦੇਸ਼ ਗਨ ਨਮੈਂ।***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 6115***

ਐਹੋ ਜਿਹੇ ਪੈਰ ਜਮਣਗੇ ਤੁਹਾਡੇ, ਤੁਹਾਡੇ ਪਾਸ ਵੱਡੇ-ਵੱਡੇ ਰਾਜੇ ਆਉਣਗੇ। ਦੂਜੇ ਰਾਜੇ ਤੁਹਾਨੂੰ ਨਮਸ਼ਕਾਰਾਂ ਕਰਨਗੇ।

***ਦਿੱਲੀ ਲਵਪੁਰਿ ਕੇ ਵਿਚ ਵਧੋ।***
***ਗ੍ਰਾਮ ਹਜ਼ਾਰਨ ਹੀ ਕਹੁ ਸਧੋ॥***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 6115***

ਹਜ਼ਾਰਾਂ ਹੀ ਪਿੰਡ ਤੁਹਾਡੇ ਮਤੈਹਤ ਹੋ ਜਾਣਗੇ।

***ਕੁਰਸੀ ਬਹੁਤ ਬਕੁਰਸੀ ਰਾਜ।***
***ਪੈਹਹੁ ਬਡੋ ਅਨੇਕ ਸਮਾਜ।***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 6115***

ਵੱਡੀਆਂ-ਵੱਡੀਆਂ ਰਿਆਸਤਾਂ ਦੇ ਮਾਲਕ ਹੋਵੋਂਗੇ। ਕੁਰਸੀ-ਬ-ਕੁਰਸੀ ਤੁਹਾਡਾ ਰਾਜ ਚੱਲੇਗਾ।

***ਹਮਰੇ ਹਿਤ ਇਮ ਕਾਰਜ ਕੀਨਿ।***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 6115***

ਸਾਡੇ ਵਾਸਤੇ ਤੁਸੀਂ ਕਿਤੇ ਛੋਟਾ ਕਾਰਜ ਕਰਿਆ ਹੈ, ਮੈਨੂੰ ਪ੍ਰਸੰਨ ਕਰ ਲਿਆ ਪਿਆਰਿਓ ਤੁਸੀਂ ਸੇਵਾ ਕਰਕੇ।

***ਇਸੀ ਹੇਤੁ ਕਰਿ ਸਭਿ ਕੁਛ ਲੀਨ।***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 6115***

ਏਸੇ ਵਾਸਤੇ ਅਸੀਂ ਤੁਹਾਨੂੰ ਸਭ ਕੁਛ ਦੇ ਦਿਤਾ।

***ਇਮ ਕਹਿ ਅਪਰ ਜਿਥੇ ਤਿਨ ਸਾਥ।***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 6115***

ਜਿੰਨੇ ਨਾਲ ਸੀ ਸਾਰਿਆਂ ਨੂੰ ਮਹਾਰਾਜ ਜੀ ਨੇ ਬੁਲਾ ਲਿਆ -

***ਤਿਨ ਪਰ ਖੁਸ਼ੀ ਕਰੀ ਤਬਿ ਨਾਥ।***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 6115***

ਕਹਿੰਦੇ ਜਾਓ, ਤੁਸੀਂ ਵੀ ਕਿਸੇ ਦੇ ਵੀ ਮਤੈਹਿਤ ਨਹੀਂ ਹੋਵੋਂਗੇ। ਕੋਈ ਤੁਹਾਡੇ ਤੋਂ ਮਾਮਲਾ ਨਹੀਂ ਲੈਣ ਵਾਲਾ ਹੋਵੇਗਾ। ਬੜੀ ਦੇਰ ਤੱਕ ਤੁਹਾਡੀ ਉਲਾਦ ਸੁਤੰਤਰ ਜ਼ਮੀਨਾਂ ਦੇ ਉਤੇ ਕਾਸ਼ਤ ਕਰੇਗੀ, ਕੋਈ ਮਾਮਲਾ ਨਹੀਂ ਲਏਗਾ।

***ਮਨਹੁਂ ਕਾਮਨਾ ਪੂਰਨ ਭਈ॥***
***ਦੋਨਹੁਂ ਕੌ ਦਸਤਾਰ ਦੁ ਦਈ॥***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 6115***

ਦੋ ਦਸਤਾਰਾਂ ਦੇ ਦਿਤੀਆਂ, ਵਰ ਦੇ ਦਿਤਾ। ਸੋ ਇਹ ਸੇਵਾ ਦਾ ਫਲ ਭਾਈ ਰਾਮ ਸਿੰਘ ਦਾ ਪੁੱਤਰ ਬਾਬਾ ਆਲਾ ਸਿੰਘ ਹੋਇਆ, ਪਟਿਆਲੇ ਦਾ ਰਾਜ ਕਰਦਾ ਸੀ। ਸੁਖਚੈਨ ਸਿੰਘ ਜੀਂਦ ਵਾਲਾ, ਗੁਰਦਿੱਤ ਸਿੰਘ ਨਾਭੇ ਵਾਲਾ, ਭਾਈ ਤ੍ਰਿਲੋਕ ਸਿੰਘ ਦੇ ਦੋਵੇਂ ਪੁੱਤਰ ਇਨ੍ਹਾਂ ਨੇ ਵੀ ਭਾਰਤ ਵਰਸ਼ ਜਦੋਂ ਆਜ਼ਾਦ ਹੋਇਆ 1951 ਤਕ ਇਹ ਵੀ ਰਾਜ ਕਰਦੇ ਰਹੇ।

ਸੋ ਇਹ ਫਲ ਸੇਵਾ ਦਾ ਸਾਧਸੰਗਤ ਜੀ ਪ੍ਰਾਪਤ ਹੁੰਦਾ ਹੈ।

***ਚਾਰਿ ਪਦਾਰਥ ਜੇ ਕੋ ਮਾਗੈ ॥***
***ਸਾਧ ਜਨਾ ਕੀ ਸੇਵਾ ਲਾਗੈ ॥ ਅੰਗ - ੨੬੬***

ਜਿਹਨੇ ਗੁਰੂ ਦੀ ਸੇਵਾ ਕਰ ਲਈ ਉਹਨੂੰ ਕਿਸ ਚੀਜ਼ ਦਾ ਘਾਟਾ ਰਹਿੰਦਾ ਹੈ। ਰਾਹ 'ਚ ਫਿਰਦੇ ਸੀ, ਕੋਈ ਥਾਂ ਨਹੀਂ ਸੀ, ਕਿੱਡਾ ਵੱਡਾ ਰਾਜ, ਕਦ ਤਕ ਰਾਜ ਦੇ ਦਿਤਾ, ਕਿੰਨੀਆਂ ਪੁਸ਼ਤਾਂ ਨੇ ਰਾਜ ਕਰਿਆ।

ਸੋ ਏਸ ਕਰਕੇ ਸੇਵਾ ਤੇ ਸਿਮਰਨ ਦਾ ਮੈਂ ਜ਼ਿਕਰ ਕਰਦਾ ਹਾਂ। ਗੁਰੂ ਦੀ ਕੀਤੀ ਹੋਈ ਸੇਵਾ 'ਚੋਂ ਜੋ ਜੀਅ ਕਰਦਾ ਹੈ ਮੰਗ ਲਓ ਉਹ ਪ੍ਰਾਪਤ ਹੋ ਜਾਇਆ ਕਰਦਾ ਹੈ। ਸੇਵਾ ਐਵੇਂ ਨਹੀਂ ਹੁੰਦੀ, ਸਾਡਾ ਮਾਲਕ ਦੇਖ ਰਿਹਾ ਹੈ ਸੇਵਾ ਕਰਨ ਵਾਲਿਆਂ ਨੂੰ। ਦਾਨ ਕਰਨ ਵਾਲਿਆਂ ਨੂੰ ਦੇਖਦਾ ਹੈ। ਲੰਗਰ ਦਾ ਰਾਸ਼ਨ ਲਿਆ-ਲਿਆ ਕੇ ਸੰਗਤਾਂ ਨੂੰ ਛਕਾਉਂਦੇ ਨੇ, ਉਹਦੀ ਗਿਣਤੀ 'ਚ ਆ ਰਿਹਾ ਹੈ, ਕਿਸੇ ਤੋਂ ਸੋਭਾ ਲੈਣ ਦੀ ਲੋੜ ਨਹੀਂ ਹੈ। ਉਹ ਤਾਂ ਗੁਰੂ ਕਲਗੀਧਰ ਪਾਤਸ਼ਾਹ, ਗੁਰੂ ਨਾਨਕ ਪਾਤਸ਼ਾਹ ਆਪ ਦੇਖ ਰਹੇ ਨੇ। ਕਿੰਨੀਆਂ ਸੰਗਤਾਂ ਪ੍ਰਸ਼ਾਦੇ ਛਕ ਰਹੀਆਂ ਨੇ, ਕਿਸ ਤਰ੍ਹਾਂ ਦੇ ਨਾਲ ਲੰਗਰ ਤਿਆਰ ਹੋ ਰਹੇ ਨੇ, ਕਿੰਨੀ ਸੇਵਾ ਹੁੰਦੀ ਹੈ ਸੰਗਤਾਂ ਨੂੰ ਲੈ ਕੇ ਆਉਂਦੇ ਨੇ। ਇਹ ਗੁਰੂ ਦੀ ਸੇਵਾ ਕਰਕੇ ਗੁਰੂ ਨੂੰ ਪ੍ਰਸੰਨ ਕਰ ਲਓ। ਜੋ ਚਾਹੀਦਾ ਹੈ ਗੁਰੂ ਦੇ ਦਰ ਤੋਂ ਮਿਲ ਜਾਂਦਾ ਹੈ, ਪਰ ਸਾਡਾ ਵੀ ਕੋਈ ਫਰਜ਼ ਹੈ ਉਹ ਇਹ ਹੈ ਕਿ ਐਸਾ ਪਾਤਸ਼ਾਹ! ਜਿਹਨੇ ਆਪਣਾ ਰੱਖਿਆ ਹੀ ਕੁਛ ਨਹੀਂ ਹੈ, ਉਹਦਾ ਧਿਆਨ ਸਾਨੂੰ ਕਿਵੇਂ ਭੁੱਲ ਜਾਂਦਾ ਹੈ, ਕਿਵੇਂ ਉਹਦੇ ਨਾਲੋਂ ਅਸੀਂ ਟੁੱਟ ਗਏ -

***ਧਾਰਨਾ - ਪਿਤਾ ਵਾਰਿਆ,***
***ਪੁੱਤਰ ਚਾਰੇ ਵਾਰੇ***
***ਸਿੰਘਾਂ ਤੇਰੀ ਸ਼ਾਨ ਬਦਲੇ।***

ਐਸਾ ਉਪਕਾਰੀ ਗੁਰੂ ਜੋ ਸੇਵਾ ਕਰਨ ਦਾ ਕੁਛ ਵੀ ਉਧਾਰ ਨਹੀਂ ਰੱਖਦਾ, ਬੇਅੰਤ-ਬੇਅੰਤ ਫਲ ਦਿੰਦਾ ਹੈ ਸਾਧਸੰਗਤ ਜੀ! ਅਸੀਂ ਉਸਨੂੰ ਭੁੱਲ ਗਏ? ਕਿਧਰ ਨੂੰ ਜਾ ਰਹੇ ਹਾਂ ਅਸੀਂ ਭੁੱਲ ਕੇ। ਅੱਜ ਤਾਂ ਸਾਨੂੰ ਸ਼ਰਾਬ ਦੀ ਬੋਤਲ, ਕੌੜਾ ਪਾਣੀ ਤਾਂ ਬਹੁਤ ਵਧੀਆ ਲਗਦਾ ਹੈ ਲੇਕਿਨ ਜੋ ਅੰਮ੍ਰਿਤ ਹੈ ਜਿਹਨੇ ਅਮਰ ਕਰ ਦੇਣਾ ਹੈ -

***ਇਹੁ ਹਰਿ ਰਸੁ ਪਾਵੈ ਜਨੁ ਕੋਇ ॥***
***ਅੰਮ੍ਰਿਤੁ ਪੀਵੈ ਅਮਰੁ ਸੋ ਹੋਇ॥ ਅੰਗ - ੨੮੭***

ਜਿਹਨੇ ਜਮਦੂਤਾਂ ਤੋਂ ਛੁਡਾ ਦੇਣਾ ਹੈ, ਗੁਰੂ ਦਾ ਬਣਾ ਦੇਣਾ ਹੈ, ਉਹਦੇ ਵਾਸਤੇ ਅਸੀਂ ਢਿੱਲੇ ਪਏ ਹਾਂ। ਨਹੀਂ ਅੰਦਰ ਦਰਦ ਕਿ ਹੈਂ, ਐਸਾ ਵੀ ਗੁਰੂ ਹੋ ਹਟਿਆ ਹੈ, ਉਹ ਗੁਰੂ ਗਿਆ ਨਹੀਂ, ਜਿਸ ਵਕਤ ਜਾਣ ਲੱਗੇ, ਕਨਾਤ ਦੇ ਅੰਦਰ ਚਿਖਾ ਲਾਈ ਹੋਈ ਸੀ, ਆਲੇ ਦੁਆਲੇ ਕਨਾਤ ਤਾਣੀ ਹੋਈ ਸੀ। ਉਸ ਵੇਲੇ

ਸਿੰਘ ਬਹੁਤ ਬਿਹਬਲ ਹੋ ਗਏ ਤੇ ਮਹਾਰਾਜ ਜੀ ਦੁਬਾਰਾ ਅੰਦਰੋਂ ਫੇਰ ਆ ਗਏ ਕਿ ਸਿੰਘਾਂ ਨੂੰ ਮੈਂ ਦਿਲਾਸਾ ਦੇਵਾਂ। ਕਹਿਣ ਲੱਗੇ, ਗੁਰਸਿੱਖੋ! ਮੈਂ ਜਾ ਨਹੀਂ ਰਿਹਾ। ਮੈਂ ਜਾਂਦਾ ਨਹੀਂ -

***ਪੰਥ ਖਾਲਸਾ ਖੇਤੀ ਮੇਰੀ।***
***ਕਰੌਂ ਸੰਭਾਲਨਿ ਮੈਂ ਤਿਸ ਬੇਰੀ।***
***ਸ਼੍ਰੀ ਸੂਰਜ ਪ੍ਰਕਾਸ਼ ਗ੍ਰੰਥ, ਪੰਨਾ - 5642***

ਮੈਂ ਤਾਂ ਇਹਦੀ ਸੰਭਾਲ ਕਰਨੀ ਹੈ, ਤੁਸੀਂ ਨਾ ਮੇਰੇ ਨਾਲੋਂ ਟੁੱਟਿਓ। ਮੈਂ ਨਹੀਂ ਤੁਹਾਡੇ ਨਾਲੋਂ ਟੁਟਦਾ। ਮੈਂ ਹਰ ਵਕਤ ਤੁਹਾਡੀ ਸੰਭਾਲ ਕਰਾਂਗਾ।

***ਜਬ ਲਗ ਖ਼ਾਲਸਾ ਰਹੇ ਨਿਆਰਾ।।***
***ਤਬ ਲਗ ਤੇਜ ਦੀਉ ਮੈਂ ਸਾਰਾ॥***
***ਜਬ ਇਹ ਗਹੈ ਬਿਪਰੀਨ ਕੀ ਰੀਤ।***
***ਮੈਂ ਨ ਕਰੋਂ ਇਨ ਕੀ ਪ੍ਰਤੀਤ॥***
***(ਸਰਬ ਲੋਹ ਗ੍ਰੰਥ 'ਚੋਂ)***

ਜਦੋਂ ਗੁਰੂ ਨੂੰ ਛੱਡ ਕੇ ਕਬਰਾਂ ਨੂੰ ਮੱਥੇ ਟੇਕਣ ਲੱਗ ਜਾਏਗਾ, ਫੇਰ ਪਿਆਰਿਓ! ਮੈਂ ਨਹੀਂ ਤੁਹਾਡੀ ਪ੍ਰਤੀਤ ਕਰਨੀ। ਤੁਸੀਂ ਤਾਂ ਫੇਰ ਬੇਇਤਬਾਰੇ ਹੋਏ। ਓਸ ਵੇਲੇ ਗੁਰਸਿੱਖਾਂ ਨੇ, ਭਾਈ ਸੰਤੋਖ ਸਿੰਘ ਜੀ ਸਾਰਿਆਂ ਤੋਂ ਅੱਗੇ ਸੀ ਜਥੇਦਾਰ, ਉਨ੍ਹਾਂ ਨੇ ਮਨ ਵਿਚ ਧਾਰ ਲਿਆ ਕਿ ਹੁਣ ਚਾਹੇ ਬਾਹਵਾਂ ਵੱਢ ਦਿਤੀਆਂ ਜਾਣ, ਪਰ ਮੈਂ ਗੁਰੂ ਸਾਹਿਬ ਨੂੰ ਕਨਾਤ ਦੇ ਅੰਦਰ ਨਹੀਂ ਜਾਣ ਦੇਣਾ। ਸਾਡੇ ਦੇਖਦੇ-ਦੇਖਦੇ ਇਹ ਚਿਖਾ ਦੇ ਉਤੇ ਬੈਠ ਜਾਣ? ਸਾਡਾ ਵੀ ਤਾਂ ਕੋਈ ਫਰਜ਼ ਹੈ ਗੁਰਸਿੱਖਾਂ ਦਾ, ਨਹੀਂ ਬੈਠਣ ਦੇਣੇ ਅਸੀਂ। ਉਸ ਵੇਲੇ ਭਾਈ ਸੰਤੋਖ ਸਿੰਘ ਨੇ ਮੱਥਾ ਟੇਕਣ ਲੱਗੇ ਨੇ ਜੱਫਾ ਮਾਰ ਲਿਆ ਲੱਤਾਂ ਨੂੰ, ਪਰ ਹੈਰਾਨ ਹੋ ਗਿਆ, ਬਾਹਵਾਂ ਵਿਚ ਲੱਤਾਂ ਤਾਂ ਕੀ ਆਉਣੀਆਂ ਨੇ, ਆਪਣੀ ਛਾਤੀ ਨਾਲ ਹੀ ਦੋਵੇਂ ਬਾਹਾਂ ਫੇਰ ਲੱਗ ਗਈਆਂ। ਤਿੰਨ ਵਾਰੀ ਇਸੇ ਤਰ੍ਹਾਂ ਕਰਿਆ, ਗੁਰੂ ਸਾਹਿਬ ਮੁਸਕਰਾ ਰਹੇ ਨੇ, ਕਹਿੰਦੇ, ਸੰਤੋਖ ਸਿੰਘਾਂ! ਆਹ ਤਾਂ ਹੈਗਾ ਸਾਡਾ ਅਸਲੀ ਸਰੀਰ, ਜਿਹਦੇ ਨਾਲ ਅਸੀਂ ਸਿੰਘਾਂ ਨੂੰ ਦਰਸ਼ਨ ਦੇਣੇ ਨੇ, ਇਨ੍ਹਾਂ ਦੇ ਕਾਰਜ ਕਰਨੇ ਨੇ, ਉਹ ਜਿਹੜਾ ਪੰਜ ਤੱਤ ਦਾ ਸਰੀਰ ਸੀ ਉਹ ਮਾਇਆ ਦਾ ਸਰੀਰ ਸੀ, ਉਹਦੇ ਨਾਲ ਅਸੀਂ ਬੜੇ ਕੌਤਕ ਕਰੇ ਨੇ, ਇਹ ਹੁਣ ਸਦਾ ਤਾਂ ਰਹਿੰਦਾ ਨਹੀਂ।

***ਪਾਂਚ ਤਤ ਕੋ ਤਨੁ ਰਚਿਓ***
***ਜਾਨਹੁ ਚਤੁਰ ਸੁਜਾਨ ॥ ਅੰਗ - ੧੪੨੭***

ਆਹ ਸਾਡਾ ਸਰੂਪ ਹੈ ਅਸਲੀ, ਜਿਹੜਾ ਅਸੀਂ ਤੁਹਾਨੂੰ ਹੁਣ ਦਿਖਾਇਆ ਹੈ। ਉਸ ਤੋਂ ਬਾਅਦ ਬਾਬਾ ਦੀਪ ਸਿੰਘ, ਦੂਸਰੇ ਸਾਰੇ ਜਿੰਨੇ ਵੀ ਸੀ, ਵਾਰੀ-ਵਾਰੀ ਚਰਨ ਛੂਹੀ ਜਾਂਦੇ ਨੇ, ਹੱਥ 'ਚ ਹੀ ਨਹੀਂ ਆਉਂਦਾ ਕੋਈ।

ਸੋ ਉਹ ਜਿਹੜਾ ਗੁਰੂ ਹੈ -

***ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥***
***ਸਿਮਰਿ ਸਿਮਰਿ ਤਿਸੁ ਸਦਾ ਸਮ੍ਾਲੇ ॥***
***ਅੰਗ - ੩੯੪***

ਉਹ ਨਾਲ ਰਹਿੰਦਾ ਹੈ ਸਿੱਖ ਦੇ। ਸਾਧਸੰਗਤ ਜੀ! ਉਹਨੂੰ ਪਿੱਠ ਨਾ ਦਿਓ, ਬਣ ਜਾਓ ਉਹਦੇ, ਜਿੰਨੇ ਬਣ ਜਾਓਗੇ, ਉਨ੍ਹਾਂ ਦਾ ਉਹ ਰਾਖਾ ਹੋ ਜਾਂਦਾ ਹੈ। ਮੈਂ ਨਹੀਂ ਤੁਹਾਨੂੰ ਕਹਿੰਦਾ ਕਿ ਕਿਸੇ ਨਾਲ ਲੜਾਈਆਂ ਝਗੜੇ ਕਰੋ। ਅਸੀਂ ਤਾਂ ਕਹਿੰਦੇ ਹਾਂ ਗੁਰਸਿੱਖ ਲਈ ਕੋਈ ਵੈਰੀ ਹੀ ਨਾ ਹੋਵੇ, ਜੋ ਸਾਰਿਆਂ ਦਾ ਭਲਾ ਮਨਾਉਂਦਾ ਹੈ ਕਿ -

***ਨਾਨਕ ਨਾਮ ਚੜ੍ਹਦੀ ਕਲਾ***
***ਤੇਰੇ ਭਾਣੇ ਸਰਬੱਤ ਦਾ ਭਲਾ।***

ਭਲਾ ਕਰਦਾ ਵੀ ਹੈ, ਕਹਿੰਦਾ ਹੀ ਨਹੀਂ ਹੈ। ਸੋ ਕਰੋ ਹਿੰਮਤ ਸ਼ਰਾਬਾਂ ਛੱਡ ਦਿਓ, ਨਾ ਪੀਓ ਇਹ ਪਾਣੀ, ਬਰਬਾਦੀ ਕਰ ਦਿੰਦਾ ਹੈ।

***ਮਦਰਾ ਦਹਤੀ ਸਪਤ ਕੁਲ।***

ਸੱਤ ਕੁਲਾਂ ਨਾਸ਼ ਕਰਨ ਵਾਲੀ ਚੀਜ਼ ਨੂੰ ਅਸੀਂ ਮੂੰਹ ਲਾਉਂਦੇ ਹਾਂ। ਉਹ ਅੰਮ੍ਰਿਤ ਜਿਹਨੇ ਸਾਨੂੰ ਅਮਰ ਕਰ ਦੇਣਾ ਹੈ। ਓਸ ਅੰਮ੍ਰਿਤ ਨੂੰ ਪੀਵੋ ਤੁਸੀਂ। ਜਨਮ ਸੁਹੇਲਾ ਹੋ ਜਾਏਗਾ।

***ਧਾਰਨਾ - ਪੀਵਹੁ ਪਾਹੁਲ ਖੰਡੇਧਾਰ***
***ਹੋਵੇ ਜਨਮ ਸੁਹੇਲਾ।***

ਕਦੇ-ਕਦੇ ਸਮਾਂ ਮਿਲਿਆ ਕਰਦਾ ਹੈ, ਜਿਹੜੇ ਭੁੱਲ ਚੁੱਕੇ ਨੇ, ਗੁਰੂ ਤੋਂ ਟੁੱਟ ਚੁੱਕੇ ਨੇ, ਇਕ ਦਾ ਹੀ ਰਹਿੰਦਾ ਹੁੰਦਾ ਹੈ, ਦੋ ਨਹੀਂ ਕਦੇ ਵੀ ਹੋਇਆ ਕਰਦੇ, ਜੇ ਫਿਰ ਕਹੇ ਕਿ ਮੈਂ ਫਲਾਣੇ ਨੂੰ ਵੀ ਮੰਨਦਾ ਹਾਂ, ਫਲਾਣੇ ਨੂੰ ਵੀ ਮੰਨਦਾ ਹਾਂ, ਬਿਲਕੁਲ ਨਹੀਂ, ਦੋ ਬੇੜੀਆਂ 'ਤੇ ਪੈਰ ਧਰ ਕੇ ਨਾ ਉਹ ਬੇੜੀ ਨੇ ਲੰਘਾਉਣਾ ਹੈ, ਨਾ ਦੂਜੀ ਨੇ ਲੰਘਾਉਣਾ ਹੈ। ਇਕ ਪਾਸੇ ਹੋ ਜਾਓ। ਲੇਕਿਨ ਇਹ ਜਿਹੜਾ ਜਹਾਜ਼ ਹੈ ਗੁਰੂ ਕਾ ਇਹ ਠੋਸ ਹੈ, ਗੁਰੂ ਗ੍ਰੰਥ ਸਾਹਿਬ ਦਾ ਜੋ ਗਿਆਨ ਹੈ ਉਹ ਮੁਕੰਮਲ ਹੈ, ਪੂਰਨ ਹੈ ਇਹ ਗੁਰੂ। ਇਹਦਾ ਲੜ ਨਾ ਛੱਡੋ, ਇਹਦੀ ਸ਼ਰਨ ਵਿਚ ਆ ਜਾਓ।

***ਜੋ ਸਰਣਿ ਆਵੈ ਤਿਸੁ ਕੰਠਿ ਲਾਵੈ***
***ਇਹੁ ਬਿਰਦੁ ਸੁਆਮੀ ਸੰਦਾ ॥ ਅੰਗ - ੫੪੪***

# ਬਿਨੁ ਹਰਿ ਨਾਮ ਨ ਸਾਂਤਿ ਹੋਇ

*ਸਤਿਨਾਮ ਸ੍ਰੀ ਵਾਹਿਗੁਰੂ*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ*

*ਡੰਡਉਤਿ ਬੰਦਨ ਅਨਿਕ ਬਾਰ*
*ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥*
*ਅੰਗ - ੨੮੯*

*ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ ॥*
*ਕਿਉ ਨ ਮਰੀਜੈ ਰੋਇ*
*ਜਾ ਲਗੁ ਚਿਤਿ ਨ ਆਵਹੀ ॥ ਅੰਗ - ੭੯੨*

*ਧਾਰਨਾ - ਲਾਡ ਲਡਾਇਆ ਤੇਰੈ ਭਰੋਸੈ ਮੈਂ।*

*ਤੇਰੈ ਭਰੋਸੈ ਪਿਆਰੇ ਮੈ ਲਾਡ ਲਡਾਇਆ ॥*
*ਭੂਲਹਿ ਚੂਕਹਿ ਬਾਰਿਕ*
*ਤੂੰ ਹਰਿ ਪਿਤਾ ਮਾਇਆ ॥ ੧ ॥*
*ਸੁਹੇਲਾ ਕਹਨੁ ਕਹਾਵਨੁ ॥*
*ਤੇਰਾ ਬਿਖਮੁ ਭਾਵਨੁ ॥ ੧ ॥ ਰਹਾਉ ॥*
*ਹਉ ਮਾਣੁ ਤਾਣੁ ਕਰਉ ਤੇਰਾ*
*ਹਉ ਜਾਨਉ ਆਪਾ ॥*
*ਸਭ ਹੀ ਮਧਿ ਸਭਹਿ ਤੇ ਬਾਹਰਿ*
*ਬੇਮੁਹਤਾਜ ਬਾਪਾ ॥ ੨ ॥*
*ਪਿਤਾ ਹਉ ਜਾਨਉ ਨਾਹੀ*
*ਤੇਰੀ ਕਵਨ ਜੁਗਤਾ ॥*
*ਬੰਧਨ ਮੁਕਤੁ ਸੰਤਹੁ ਮੇਰੀ ਰਾਖੈ ਮਮਤਾ ॥ ੩ ॥*
*ਭਏ ਕਿਰਪਾਲ ਠਾਕੁਰ ਰਹਿਓ ਆਵਣ ਜਾਣਾ ॥*
*ਗੁਰ ਮਿਲਿ ਨਾਨਕ ਪਾਰਬ੍ਰਹਮੁ ਪਛਾਣਾ ॥*
*ਅੰਗ - ੫੨*

ਸਾਧਸੰਗਤ ਜੀ! ਗੱਜ ਕੇ ਬੋਲਣਾ, ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਏਸ ਅਸਥਾਨ 'ਤੇ ਗੁਰੂ ਮਹਾਰਾਜ ਦੀ ਅਪਾਰ ਕ੍ਰਿਪਾ ਦੇ ਸਦਕੇ ਸ਼ਸ਼ੋਭਤ ਹੋਏ ਹੋ। ਦੂਰ-ਦਰਾਜ਼ ਤੋਂ ਅਨੇਕ ਕਿਸਮ ਦੀਆਂ ਸਵਾਰੀਆਂ ਲੈ ਕੇ ਇਥੇ ਪਹੁੰਚੇ ਓਂ। ਕੁਝ ਥੋੜ੍ਹਾ ਜਿਹਾ ਜੇ ਵਿਚਾਰ ਕੇ ਮਨ ਨੂੰ, ਰੋਕ ਕੇ ਸੁਣ ਲਿਆ ਜਾਵੇ, ਤਾਂ ਐਸਾ ਹੁੰਦਾ ਹੈ ਕਿ ਇਕੋ ਹੀ ਦੀਵਾਨ ਦੇ ਅੰਦਰ ਰਸਤਾ ਲੱਭ ਜਾਇਆ ਕਰਦਾ ਹੈ, ਬਹੁਤਾ ਨੱਠਣ ਭੱਜਣ ਦੀ ਲੋੜ ਨਹੀਂ ਹੋਇਆ ਕਰਦੀ, ਕਿਉਂਕਿ ਇਹ ਸਬਕ ਹੋਇਆ ਕਰਦਾ ਹੈ । ਜੋ ਵਿਦਿਆਰਥੀ ਸਬਕ attentively ਮਨ ਨੂੰ ਇਕਾਗਰ ਕਰਕੇ ਸੁਣਦੇ ਹਨ, ਉਨ੍ਹਾਂ ਦੇ ਅੰਦਰ ਉਹ ਅੰਸ ਬੈਠ ਜਾਇਆ ਕਰਦੇ ਹਨ ਜੋ ਉਚਾਰੇ ਜਾਇਆ ਕਰਦੇ ਨੇ। ਅਸੀਂ ਸਤਿਸੰਗ 'ਚ ਕਿਉਂ ਆਉਂਦੇ ਹਾਂ, ਸਾਨੂੰ ਗੁਰੂ ਮਹਾਰਾਜ ਕੀ ਫੁਰਮਾਉਂਦੇ ਨੇ, ਅਸੀਂ ਕਿੰਨੀ ਕੁ ਉਹ ਗੱਲ ਮੰਨ ਰਹੇ ਹਾਂ, ਆਹ ਸਾਰੀਆਂ ਗੱਲਾਂ ਦੀ ਜੇ ਆਦਮੀ ਮਨ ਦੇ ਅੰਦਰ ਪੜਚੋਲ ਕਰੇ ਤਾਂ ਫਲ ਕਿੰਨਾ ਹੁੰਦਾ ਹੈ -

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥*
*ਅੰਗ - ੫੪੬*

ਕਈ ਕਰੋੜ ਜਗਾਂ ਦਾ ਫਲ ਮਿਲ ਜਾਂਦਾ ਹੈ, ਇਹ ਕੋਈ ਕਵਿਤਾ ਨਹੀਂ ਹੈ, ਇਹ ਦਰਗਾਹ ਦਾ ਹੁਕਮ ਹੈ, ਹੈਰਾਨ ਹੋ ਜਾਈਦਾ ਹੈ ਜਦੋਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਉਚਾਰਨ ਕਰੀਦਾ ਹੈ ਕਿ ਹੈਂ ਐਨਾ ਥੋੜ੍ਹਾ ਟਾਈਮ ਤੇ ਫਲ ਐਨਾ? ਮਹਾਰਾਜ ਕਹਿੰਦੇ ਕਿ ਇਹ ਤਾਂ ਅਸੀਂ ਬਹੁਤ ਵੱਡੀ ਗੱਲ ਕਹਿ ਦਿਤੀ, ਤਿੰਨ ਘੰਟੇ, ਢਾਈ ਘੰਟੇ ਦੀਵਾਨ ਹੁੰਦਾ ਹੈ, ਇਹਨੂੰ ਵੀ ਜੇ ਅਸੀਂ ਹੋਰ ਛੋਟਾ ਕਰ ਲਈਏ, ਹੋਰ ਛੋਟਾ ਕਰ ਲਈਏ, ਘੰਟੇ ਤੋਂ ਵੀ ਅੱਧੇ ਘੰਟੇ 'ਤੇ ਲੈ ਆਈਏ, ਫੇਰ ਅੱਧੇ ਘੰਟੇ, ਫੇਰ-

*ਕਬੀਰ ਏਕ ਘੜੀ ਆਧੀ ਘਰੀ*
*ਆਧੀ ਹੂੰ ਤੇ ਆਧ ॥ ਅੰਗ - ੧੩੭੭*

'ਆਧੀ ਹੂੰ ਤੇ ਆਧ' ਸਵਾ ਛੇ ਮਿੰਟ ਦੀ ਹੁੰਦੀ ਹੈ।

*ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ ॥*
*ਅੰਗ - ੧੩੭੭*

ਸੰਤਾਂ ਦੇ ਨਾਲ ਜਿਹੜੇ ਬਚਨ ਕਰਨੇ ਨੇ, ਉਹ ਲਾਭ ਹੀ ਲਾਭ ਹੁੰਦਾ ਹੈ, ਕਿਉਂਕਿ ਸੰਤਾਂ ਦੇ ਬਚਨ ਤੱਤ ਦੇ ਬਚਨ ਹੁੰਦੇ ਨੇ, ਜੇ ਇਕ ਬਚਨ ਵੀ ਕੰਨ 'ਚ ਪੈ ਜਾਵੇ। ਉਹਦੇ ਨਾਲ ਵੀ ਛੁਟਕਾਰਾ ਹੋ ਜਾਇਆ ਕਰਦਾ ਹੈ। ਫਿਰ ਸਵਾਲ ਆਉਂਦਾ ਹੈ ਕਿ ਮਹਾਰਾਜ! ਇਹ ਤਾਂ ਸਵਾ ਛੇ ਮਿੰਟ ਹੈ, ਇਸ ਤੋਂ ਵੀ ਥੋੜ੍ਹਾ ਹੋ ਸਕਦਾ ਹੈ, ਕੋਈ ਐਸਾ ਨਹੀਂ ਹੈ ਕਿ ਬਟਨ ਦੱਬ ਦਿਤਾ ਜਾਵੇ ਤੇ ਫਲ ਪ੍ਰਾਪਤ ਹੋ ਜਾਵੇ। ਮਹਾਰਾਜ ਕਹਿੰਦੇ, ਹਾਂ ਐਸਾ ਵੀ ਹੈ ਪਰ ਉਹਦੀ condition ਹੈ ਕਿ ਇਕ ਚਿੱਤ ਹੋਣਾ ਪੈਂਦਾ ਹੈ। ਇਕ ਚਿੱਤ ਹੋਣਾ ਬਹੁਤ ਮੁਸ਼ਕਲ ਹੈ, ਜ਼ਿੰਦਗੀ ਭਰ ਮਿਹਨਤ ਕਰਕੇ ਸ਼ਾਇਦ ਕੋਈ ਬੰਦਾ, ਇਕ ਚਿੱਤ ਹੋ ਜਾਵੇ, ਕਿਉਂਕਿ ਮਨ ਜਿਹੜਾ ਹੈ ਇਹ ਟਿਕਦਾ ਨਹੀਂ ਹੁੰਦਾ, ਇਹ ਪਾਰੇ ਵਰਗਾ ਹੈ, ਉਂਗਲੀ ਥੱਲੇ ਆਉਂਦਾ ਨਹੀਂ ਹੈ, ਹਥੇਲੀ

’ਤੇ ਰੱਖ ਲਓ, ਡੋਲਦਾ ਹੀ ਰਹੇਗਾ, ਇਹੀ ਸੁਭਾਅ ਮਨ ਦਾ ਹੈ। ਕੰਮ ਸਾਰਾ ਸਾਡਾ ਮਨ ਨਾਲ ਹੈ –

***ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ॥ ਮਨ ਹੀ ਮਨ ਸਿਉ ਕਹੈ ਕਬੀਰਾ ਮਨ ਸਾ ਮਿਲਿਆ ਨ ਕੋਇ ॥ ਅੰਗ – ੩੪੨***

ਜੇ ਤਾਂ ਮਨ ਸਾਥ ਦੇ ਦੇਵੇ ਤਾਂ ਇਹਦੇ ਵਰਗਾ, ਦੁਨੀਆਂ ’ਚ ਕੋਈ ਸਾਥੀ ਨਹੀਂ ਹੈ। ਜੇ ਇਹ ਮਨ ਸਾਥ ਨਹੀਂ ਦਿੰਦਾ, ਜਿੰਨਾ ਜੀਅ ਕਰਦਾ ਹੈ, ਪੜ੍ਹ ਲੈ, ਜਿੰਨਾ ਜੀਅ ਕਰਦਾ ਹੈ ਯਾਦ ਕਰ ਲੈ, ਜਿੰਨਾ ਜੀਅ ਕਰਦਾ ਹੈ, ਲੈਕਚਰ ਦੇ ਲੈ, ਜਿੰਨਾ ਜੀਅ ਕਰਦਾ ਹੈ ਤੀਰਥ ਯਾਤਰਾ ’ਤੇ ਘੁੰਮ ਲੈ, ਦਾਨ ਕਰ ਲੈ, ਜੋ ਕਰਨਾ ਹੈ ਕਰ ਲੈ। ਨਹੀਂ ਉਹ ਸਾਥ ਦਿੰਦਾ, ਸਾਥ ਨਹੀਂ ਦਿੰਦਾ, ਕਿਸੇ ਲੇਖੇ ’ਚ ਨਹੀਂ ਪੈਂਦੀ ਗੱਲ। ਸੋ ਇਸ ਕਰਕੇ ਮਹਾਰਾਜ ਕਹਿੰਦੇ ਨੇ ਕਿ ਜੇ ਇਕ ਚਿੱਤ ਹੋ ਜਾਵੇਂ ਨਾ, ਤਾਂ ਫਲ ਕਿੰਨਾ ਹੈ, ਕਹਿੰਦੇ, ਇਕ ਛਿਨ, ਅੱਖ ਝਮਕਣ ਜਿੰਨਾ ਚਿਰ ਹੈ, ਜੇ ਐਨਾ ਚਿਰ ਤੇਰਾ ਮਨ ਵਾਹਿਗੁਰੂ ਦੀ ਸੱਤਾ ਵਲ ਲੱਗ ਜਾਵੇ, ਇਹ ਗੱਲ ਬੜੀ ਸਮਝਣ ਵਾਲੀ ਹੈ, ਉਹ ਗੱਲ ਸਾਡੇ ਸਮਝ ’ਚ ਨਹੀਂ ਆਉਂਦੀ ਜਿਹੜੀ ਮੈਂ ਦੱਸਣਾ ਚਾਹੁੰਦਾ ਹਾਂ, ਅੱਖਰ ਵੀ ਨਹੀਂ ਸਾਥ ਦਿੰਦੇ ਕਿ ਅਸੀਂ ਦੱਸੀਏ ਕਿਵੇਂ? ਪ੍ਰੀਪੂਰਨ ਪ੍ਰਮੇਸ਼ਰ ਦੀ ਸੱਤਾ ਦੇ ਨਾਲ ਜੇ ਇਕ ਅੱਖ ਝਮਕਣ ਜਿੰਨਾ ਚਿਰ ਲੱਗ ਜਾਵੇ, ਕਹਿੰਦੇ, ਫੇਰ ਕੀ ਹੁੰਦਾ ਹੈ, ਕਾਲ ਦੀ ਫਾਸੀ ਗਲ ’ਚ ਪਈ ਹੋਈ ਜਮ੍ਹਾਂ ਦੀ ਕਟ ਕੇ ਉਹ ਮਾਰਦਾ ਹੈ।

***ਏਕ ਚਿਤ ਜਿਹ ਇਕ ਛਿਨ ਧਿਆਇਓ ਕਾਲ ਫਾਸ ਕੇ ਬੀਚ ਨ ਆਇਓ।***

ਇਹ ਕਵਿਤਾ ਨਹੀਂ ਹੈ, ਫਲ ਹੈ ਦੱਸਿਆ ਹੋਇਆ। ਸਚਾਈ ਹੈ, ਸਤਿ ਦੀ ਗੱਲ ਕੀਤੀ ਹੋਈ ਹੈ ਇਹਦੇ ’ਚ। ਫੇਰ ਅਸੀਂ ਐਨੇ ਲੰਮੇ ਪ੍ਰੋਗਰਾਮ ਕਿਉਂ ਕਰਦੇ ਹਾਂ? ਏਸ ਕਰਕੇ ਕਿਉਂਕਿ ਮਨ ਸਾਡਾ ਕਿਸੇ ਰਸਤੇ ਪੈਂਦਾ ਨਹੀਂ ਹੈ। ਕੁੱਤੇ ਦੀ ਪੂੰਛ ਨੂੰ ਸਿਆਣੇ ਕਹਿੰਦੇ ਨੇ ਕਿ ਕਿਸੇ ਨੇ ਬਾਰ੍ਹਾਂ ਸਾਲ ਨਲਕੀ ’ਚ ਪਾ ਕੇ ਸਿੱਧਾ ਰੱਖ ਦਿਤਾ, ਬਾਰ੍ਹਵੇਂ ਸਾਲ ਜਦ ਖੋਲ੍ਹੀ ਉਹ ਮੁੜ ਕੇ ਫੇਰ ਵਲ ਖਾ ਗਈ। ਉਹਨੂੰ ਤੇ ਮਨ ਨੂੰ ਤਸ਼ਵੀਹ ਇਕੋ ਜਿਹੀ ਦਿਤੀ ਹੋਈ ਹੈ, ਮਨ ਦਾ ਕੋਈ ਪਤਾ ਨਹੀਂ ਹੈ ਕਿਹੜੇ ਵੇਲੇ ਧੋਖਾ ਦੇ ਦੇਵੇ। ਕੋਈ ਨਹੀਂ ਦੁਨੀਆਂ ’ਚ ਕਹਿ ਸਕਦਾ ਹੈ, ਸਿਆਣੇ ਬੰਦੇ ਮਨ ਦਾ ਭਰੋਸਾ ਨਹੀਂ ਕਰਦੇ। ਕਦੇ ਵੀ ਨਹੀਂ ਕਹਿੰਦੇ, ਹਮੇਸ਼ਾ ਡਰਦੇ ਰਹਿੰਦੇ ਨੇ, ਬਚਨ ਕਰਦੇ ਵੀ ਡਰਦੇ ਰਹਿੰਦੇ ਨੇ ਕਿ ਖਬਰੇ ਕਿਹੜੇ ਵੇਲੇ ਹਮਲਾ ਕਰ ਦੇਵੇ। ਕਿਸ ਹਾਲਤ ’ਚ ਹਮਲਾ ਕਰ ਦੇਵੇ। ਵੱਡਿਆਂ–ਵੱਡਿਆਂ ’ਤੇ ਕੀਤਾ ਹੈ।

ਗੋਪੀਚੰਦ, ਭਰਥਰੀ ਦੋ ਰਾਜੇ ਹੋਏ ਨੇ, ਉਜੈਨ ਦਾ ਰਾਜਾ ਭਰਥਰੀ ਸੀ। ਭਰਥਰੀ ਨੂੰ ਵੈਰਾਗ ਹੋ ਗਿਆ ਕਿਸੇ ਕਾਰਨ ’ਤੇ। ਪਦਮਣੀ ਰਾਣੀਆਂ ਸੀ ਦੋਨਾਂ ਦੇ ਕੋਲ, ਰਾਜ ਭਾਗ ਬਹੁਤ ਵੱਡਾ, ਬਹੁਤ ਖਜ਼ਾਨੇ ਭਰੇ ਹੋਏ, ਫੌਜਾਂ ਬਹੁਤ ਮਜ਼ਬੂਤ ਸੀ, ਲੇਕਿਨ ਵੈਰਾਗ ਹੋ ਗਿਆ ਪਿਛਲੀ ਕੋਈ ਚੰਗੀ ਕਮਾਈ ਕਰੀ ਹੋਈ ਸੀ। ਉਹਨੇ ਸਭ ਕੁਛ ਛੱਡ ਦਿਤਾ। ਸਾਧੂ ਬਣ ਗਿਆ, ਸਾਧੂ ਵੀ ਐਨਾ ਸੱਚਾ ਬਣਿਆ ਕਿਉਂਕਿ ਬਹੁਤ ਵੱਡੀ ਕੁਰਬਾਨੀ ਕਰਨ ਤੋਂ ਬਾਅਦ ਕਿਸੇ ਚੀਜ਼ ’ਚ ਪਿਆ ਸੀ, ਹੁਣ ਇਹ ਚਾਹੁੰਦਾ ਸੀ ਕਿ ਮੈਂ ਵਿਚਾਲੇ ਨਾ ਰਹਿ ਜਾਵਾਂ। ਇਹਨੇ ਸਾਰੇ ਜਿੰਨੇ ਰੁਕਾਵਟਾਂ ਪਾਉਣ ਵਾਲੇ ਕਾਰਜ ਸੀ, ਸਾਰੇ ਛੱਡ ਦਿਤੇ। ਨਾ ਸ਼ਹਿਰ ’ਚ ਆਇਆ ਕਰੇ, ਪ੍ਰਸ਼ਾਦਾ ਲੈਣ ਵਾਸਤੇ ਤੇ ਨਾ ਕਿਸੇ ਨੂੰ ਮਿਲਿਆ ਕਰੇ, ਘੋਰ ਜੰਗਲ ’ਚ ਰਹਿਣਾ ਸ਼ੁਰੂ ਕਰ ਦਿਤਾ, ਕਪੜੇ ਪਾਟ ਗਏ ਮੁੜ ਕੇ ਕੱਪੜਾ ਨਹੀਂ ਪਹਿਨਿਆ। ਕੋਈ ਚੀਜ਼ ਨਹੀਂ ਕੋਲ ਹੈ, ਹੱਥਾਂ ’ਤੇ ਪਾਣੀ ਪੀ ਲੈਂਦਾ ਹੈ, ਕੰਦ ਮੂਲ ਚੁਗ ਕੇ ਖਾ ਲੈਂਦਾ ਹੈ, ਅੰਮ੍ਰਿਤ ਵੇਲਾ ਹੈ, ਦੋ ਵੱਜੇ ਨੇ, ਜਾਗ ਕੇ ਭਜਨ ਕਰਦਾ ਹੈ, ਚੰਦ ਦੀ ਚਾਨਣੀ ਪੂਰੇ ਜ਼ੋਰ ਨਾਲ ਪੈ ਰਹੀ ਹੈ। ਅਚਾਨਕ ਇਹਦੇ ਨੇਤਰ ਖੁਲ੍ਹੇ ਤਾਂ ਕੀ ਦੇਖਦਾ ਹੈ, ਚੰਦ ਦੀ ਚਾਨਣੀ ਕਿਸੇ ਲਾਲ ਚੀਜ਼ ’ਤੇ ਪੈ ਰਹੀ ਹੈ। ਉਹਦੀਆਂ ਪਰਤਵੀਆਂ ਕਿਰਨਾਂ ਇਹਦੀਆਂ ਅੱਖਾਂ ’ਚ ਆ ਰਹੀਆਂ ਨੇ। ਹੁਣ ਮਨ ਨੇ ਕੀ ਕਿਹਾ, ਮਨ ਅਜੇ ਰੁਕਿਆ ਪਿਆ ਸੀ ਬੈਠਾ ਵਿਚ। ਕਹਿਣ ਲੱਗਿਆ, ਭਰਥਰੀ! ਐਡਾ ਵੱਡਾ ਲਾਲ ਦੁਨੀਆਂ ’ਚ ਹੈ ਨਹੀਂ ਜਿਹੜਾ ਆਹ ਪਿਆ ਹੈ। ਅਮੁੱਲ ਲਾਲ ਹੈ ਜਿਹੜਾ ਮਿਲ ਨਹੀਂ ਸਕਦਾ। ਮਨ ਨੇ ਮਾਰਿਆ ਹੁਲਾਰਾ, ਸਾਰੀਆਂ senses ਜਿਹੜੀਆਂ ਕੰਟਰੋਲ ਕਰਦੀਆਂ ਸੀ ਮਨ ਨੂੰ, ਉਹ ਸਾਰੀਆਂ ਉਹਦੇ ਅੱਗੇ ਹਾਰ ਗਈਆਂ ਤੇ ਉਹਨੇ ਹੱਥ ਵਧਾਇਆ, ਜਦ ਉਹ ਲਾਲ ਚੀਜ਼ ਚੁੱਕੀ, ਪਛਤਾਇਆ ਬਹੁਤ ਕਿਉਂਕਿ ਉਹ ਕਿਸੇ ਨੇ ਪਾਨ ਖਾ ਕੇ ਥੁੱਕਿਆ ਹੋਇਆ ਸੀ। ਕਿੱਡਾ ਧੋਖਾ ਮਨ ਨੇ ਦਿਤਾ, ਉਹਨੇ ਫੇਰ ਇਕ ਸਚਾਈ ਦੁਨੀਆਂ ਨੂੰ ਦੱਸੀ ਕਿ ਜੇ ਮਨ ਦੁਸ਼ਮਣ ਜੀਉਂਦਾ ਹੈ, ਸਭ ਦੁਸ਼ਮਣ ਜੀਉਂਦੇ ਨੇ।

***ਮਨ ਰਿਪੁ ਜੀਤੇ ਸਭ ਰਿਪੁ ਜੀਤੇ।***

ਜੇ ਮਨ ਦੁਸ਼ਮਣ ਜੀਉਂਦਾ ਹੈ, ਸਭ ਜੀਉਂਦੇ ਨੇ। ਜੇ ਮਨ ਦੁਸ਼ਮਣ ਜਿੱਤ ਲਿਆ –

***ਮਨ ਰਿਪੁ ਜੀਤੇ ਸਭ ਰਿਪੁ ਜੀਤੇ।***

ਜੇ ਮਨ ਨੂੰ ਜਿੱਤ ਲਿਆ ਤਾਂ ਸਾਰੇ ਦੁਸ਼ਮਣ ਜਿੱਤੇ ਗਏ। ਸੋ ਏਸ ਕਰਕੇ ਜਿਹੜੀ ਮਹਾਰਾਜ ਨੇ ਇਹ ਗੱਲ ਕਹੀ –

***ਏਕ ਚਿਤ ਜਿਹ ਇਕ ਛਿਨ ਧਿਆਇਓ ਕਾਲ ਫਾਸ ਕੇ ਬੀਚ ਨ ਆਇਓ।***

ਉਹ ਉਹਦੇ ਵਾਸਤੇ ਹੈ ਜਿਹਨੇ ਮਨ ਨੂੰ ਫਤਹਿ ਕਰ ਲਿਆ। ਫੁਰਨੇ ਵਾਸ਼ਨਾਵਾਂ ਕਾਬੂ ਕਰ ਲਈਆਂ। ਜਿਹਦਾ ਚਿੱਤ ਪ੍ਰਮੇਸ਼ਰ ਦੇ ਨਾਲ ਜਾ ਲੱਗਿਆ, ਜੋ ਕੁੱਲ ਐਨਰਜੀ ਹੈ ਉਹਦੀ ਨੇੜਤਾ ਪ੍ਰਾਪਤ ਹੋ ਗਈ, ਛੋਹ ਪ੍ਰਾਪਤ ਹੋ ਗਈ। ਕਹਿੰਦੇ, ਐਨਾ ਹੀ ਕੰਮ ਹੈ ਕਲਜੁਗ ਦੇ ਅੰਦਰ। ਪਰ ਇਹਨੂੰ ਸਮਝਾਉਣ ਵਾਸਤੇ ਸਤਿਸੰਗ ਨੇ, ਇਹਨੂੰ ਸਮਝਾਉਣ ਵਾਸਤੇ ਪੁੰਨ ਦਾਨ ਨੇ, ਇਹਨੂੰ ਸਮਝਾਉਣ ਵਾਸਤੇ ਪੜ੍ਹਾਈਆਂ ਨੇ, ਇਹਨੂੰ ਸਮਝਾਉਣ ਵਾਸਤੇ ਸਾਧੂਆਂ ਦੀ ਸੰਗਤ ਹੈ। ਪਰ ਇਹ ਨਾ ਕਦੇ ਸਮਝੇਗਾ। ਕਹਿੰਦੇ ਨੇ ਜੀ, ਗਿਆਨ ਬੜਾ ਹੈਗਾ ਦੁਨੀਆਂ ਨੂੰ। ਗਿਆਨੀ ਵੀ ਜਿਹੜੇ ਨੇ ਉਹ ਠੀਕ ਨਹੀਂ ਹੁੰਦੇ, ਬਹੁਤ ਗੱਲਾਂ ਜਾਣਦੇ ਨੇ। ਮਹਾਰਾਜ ਕਹਿੰਦੇ ਕਾਂਉ ਨੇ, ਉਹ ਕਾਂਉ (ਕਾਂ) ਤੋਂ ਵੱਧ ਨਹੀਂ ਹੈ, ਉਨ੍ਹਾਂ ਦਾ ਜਿਹੜਾ ਗਿਆਨ ਹੈ, ਧਿਆਨ ਹੈ, ਗੱਲਾਂ ਨੇ, ਇਹ ਕਾਉਂ ਵਰਗੀਆਂ ਨੇ।

*ਜਗੁ ਕਊਆ ਮੁਖਿ ਚੁੰਚ ਗਿਆਨੁ ॥*

*ਅੰਗ - ੯੩੨*

ਇਕ ਯਥਾਰਥ ਗਿਆਨ ਹੁੰਦਾ ਹੈ, ਇਕ ਚੁੰਚ ਗਿਆਨ ਹੁੰਦਾ ਹੈ, ਗੱਲਾਂ ਜਾਣ ਲੈਣੀਆਂ, ਅੱਗੇ pass on ਕਰੀ ਜਾਣੀਆਂ। ਇਕ ਗਿਆਨ ਉਹ ਹੁੰਦਾ ਹੈ ਜਿਹੜਾ ਅੰਦਰੋਂ ਪੈਦਾ ਹੁੰਦਾ ਹੈ, ਜਾਣਿਆ ਨਹੀਂ ਜਾਂਦਾ ਕਿਸੇ ਥਾਂ ਤੋਂ, ਨਾ ਕਿਤਾਬਾਂ 'ਚੋਂ ਆਉਂਦਾ ਹੈ, ਨਾ ਕਿਸੇ ਥਾਂ ਤੋਂ, ਨਾ ਕਿਸੇ ਤਜਰਬੇ ਤੋਂ, ਉਹ ਅੰਦਰ ਗਿਆਨ ਦਾ ਭੰਡਾਰਾ ਹੈ, ਉਥੇ ਚਲਿਆ ਜਾਂਦਾ ਹੈ, ਉਹ ਇਹਦੇ ਅੰਦਰ ਪ੍ਰਗਟ ਹੋ ਜਾਂਦੀ ਹੈ, ਉਹ ਕਿਤਾਬਾਂ 'ਚੋਂ ਲਿਖੀ ਹੋਈ ਨਹੀਂ ਹੁੰਦੀ, ਉਹ ਆਪਣੇ ਆਪ ਆਈ ਜਾਂਦੀ ਹੈ, ਉਹਦੇ ਪ੍ਰਕਾਸ਼ ਦੇ ਵਿਚ ਸਾਰੇ ਬਚਨ ਹੋਈ ਜਾਂਦੇ ਨੇ। ਸੋ ਏਸ ਕਰਕੇ ਮੈਂ ਬੇਨਤੀ ਕਰੀ ਸੀ ਕਿ ਆਪਾਂ ਆਏ ਹਾਂ ਬੜੀ ਦੂਰ ਤੋਂ, ਗਰਮੀ ਬਹੁਤ ਹੈ, ਪਰ ਜਿਉਂ-ਜਿਉਂ ਤੁਹਾਡੇ ਮਨ ਦੇ ਅੰਦਰ ਇਕਾਗਰਤਾ ਆਏਗੀ, ਗਰਮੀ ਹਟਦੀ ਜਾਏਗੀ, ਇਹ ਵੀ ਪ੍ਰਤਿਆ ਲਿਓ। ਪਤਾ ਹੀ ਨਹੀਂ ਲੱਗਣਾ ਕਿ ਗਰਮੀ ਸੀ ਕਿ ਨਹੀਂ ਸੀ। ਮਹਾਰਾਜ ਕਹਿੰਦੇ ਨੇ ਕਿ ਤਪਸ਼ ਲਗਦੀ ਕੀਹਨੂੰ ਹੈ? ਕਹਿੰਦੇ, ਉਹਨੂੰ ਲਗਦੀ ਹੈ ਜਿਹਦੇ ਅੰਦਰ ਪ੍ਰਮੇਸ਼ਰ ਦਾ ਨਾਮ ਨਹੀਂ ਵਸਿਆ, ਜਿਹਦਾ ਹਿਰਦਾ ਨਾਮ ਤੋਂ ਖਾਲੀ ਹੈ।

ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਉਬਲਦੇ ਪਾਣੀ ਦੇ ਵਿਚ ਉਬਾਲ ਦਿਤੇ ਗਏ। ਉਹ ਜਿਹੜੇ ਪਹਿਰੇਦਾਰ ਸੀ ਜਦ ਉਹ ਕੱਢਣ ਲੱਗੇ ਹੱਥ ਨਾ ਲੱਗੇ ਦੇਗੇ ਨੂੰ। ਉਸ ਵੇਲੇ ਕਰਿਆ ਕੀ ਉਨ੍ਹਾਂ ਨੇ, ਡੰਡੇ ਲੈ ਕੇ ਦੇਗਾ ਟੇਡਾ ਕਰ ਦਿਤਾ ਪਾਣੀ ਕੱਢ ਦਿਤਾ, ਫੇਰ ਵੀ ਹੱਥ ਨਾ ਲੱਗਣ, ਐਨੀ ਤਪਸ਼ ਵਧੀ ਹੋਈ ਸੀ ਤੇ ਉਨ੍ਹਾਂ ਦਾ ਕੀ ਹਾਲ ਸੀ ਕਿ ਜਿਵੇਂ ਕੁਛ ਨਹੀਂ ਵਾਪਰਿਆ ਹੁੰਦਾ, ਕੁਛ ਨਹੀਂ ਹੋਇਆ ਹੁੰਦਾ, ਨਾ ਕੋਈ ਚਿਹਰੇ ਦੀ ਰੰਗਤ ਦੇ ਵਿਚ ਫਰਕ, ਨਾ ਕੋਈ ਤਿਊੜੀ ਆਈ ਹੋਈ, ਨਾ ਕੋਈ curse ਕਰਨ ਵਾਸਤੇ ਚਿੱਤ ਦੇ ਵਿਚ ਫੁਰਨਾ। ਅਫੁਰ ਅਵਸਥਾ 'ਚ ਸੀ, ਤੱਤੀ ਤਵੀ 'ਤੇ ਚੜ੍ਹਨ ਲੱਗੇ, ਲਾਲ ਤਵੀ ਹੋਈ ਹੋਈ ਹੈ, ਭਾਈ ਨਿਗਾਹੇ ਨੇ ਦੇਖਿਆ ਕਿ ਗੁਰੂ ਮਹਾਰਾਜ ਐਨੀ ਲਾਲ ਤਵੀ 'ਤੇ ਚਰਨ ਕਿਵੇਂ ਰੱਖਣਗੇ? ਇਹਨੂੰ ਤਾਂ ਹੱਥ ਨਹੀਂ ਲਗ ਸਕਦਾ, ਪੈਰ ਕਿਥੋਂ ਰੱਖੇਗਾ ਕੋਈ, ਭੁੜਕ ਕੇ ਔਹ ਜਾਊ। ਜੇ ਜ਼ਬਰਦਸਤੀ ਵੀ ਕੋਈ ਬਿਠਾਏਗਾ, ਬੈਠ ਹੀ ਨਹੀਂ ਸਕਦਾ। ਜਦ ਮਹਾਰਾਜ ਜੀ ਨੇ ਚਰਨ ਚੁੱਕਿਆ ਉਹਨੇ ਦੋਵੇਂ ਬਾਹਵਾਂ ਉਪਰ ਕਰ ਲਈਆਂ, ਸਿੱਧੀਆਂ ਕਰਕੇ। ਮਹਾਰਾਜ ਜੀ ਦੀ ਦ੍ਰਿਸ਼ਟੀ ਪੈ ਗਈ ਕਹਿਣ ਲੱਗੇ, ਭਾਈ ਸਿੱਖਾ! ਆਹ ਕੀ ਕਰਨ ਲੱਗਿਆ ਹੈਂ? ਕਹਿੰਦਾ, ਮਹਾਰਾਜ! ਮੈਂ ਨਹੀਂ ਦੇਖ ਸਕਦਾ ਆਪ ਨੂੰ ਇਸ ਤਰ੍ਹਾਂ, ਮੈਂ ਲਾਹੌਰ ਗਰਕ ਕਰਨ ਲੱਗਿਆ ਹਾਂ। ਕਹਿੰਦੇ, ਪਿਆਰਿਆ! ਕੀ ਅਸੀਂ ਨਹੀਂ ਕਰ ਸਕਦੇ?

ਪਰਿਵਰਤਨ ਹੀ ਨਹੀਂ ਹੈ ਮਨ ਦੇ ਅੰਦਰ ਕੋਈ ਵੀ, ਫੁਰਨਾ ਹੀ ਨਹੀਂ ਹੈ। ਕਹਿੰਦੇ, ਅਸੀਂ ਆਪ ਹੀ ਕਰ ਦਿੰਦੇ, ਤੂੰ ਦੇਖੀ ਜਾਹ ਕੀ ਹੋ ਰਿਹਾ ਹੈ, ਅਸੀਂ ਸਰੀਰ ਛੱਡਣਾ ਹੈ ਤੇ ਤੂੰ ਦੇਖਦਾ ਰਹਿ, ਅਸੀਂ ਮਰਜ਼ੀ ਨਾਲ ਹੀ ਕਰ ਰਹੇ ਹਾਂ। ਉਹ ਤੱਤੀ ਤਵੀ ਤੇ ਐਉਂ ਬੈਠ ਗਏ ਜਿਵੇਂ ਕੋਈ ਵਧੀਆ ਆਸਣ ਲੱਗਿਆ ਹੁੰਦਾ ਹੈ, ਭਾਵੇਂ ਮਾਸ ਜਲ ਰਿਹਾ ਹੈ, ਉਤੋਂ ਦੀ ਤੱਤਾ ਰੇਤਾ ਪੈ ਰਿਹਾ ਹੈ। ਕ੍ਰੋਧ ਕਿਉਂ ਨਹੀਂ ਆਇਆ? ਤਪਸ਼ ਅੰਦਰ ਕਿਉਂ ਨਾ ਪੈਦਾ ਹੋਈ? ਹਾਲੋ-ਬੇਹਾਲ ਹੋ ਕੇ ਕਿਉਂ ਨਾ ਉਨ੍ਹਾਂ ਨੇ ਬਚਨ ਕਰਿਆ, ਉਹ ਆਪ ਗਰਕ ਕਰ ਦਿੰਦੇ।

ਮੀਆਂ ਮੀਰ ਆਉਂਦਾ ਹੈ ਦੇਖ ਨਹੀਂ ਸਕਿਆ, ਬਾਹਾਂ ਉਚੀਆਂ ਕਰ ਲਈਆਂ। ਕਹਿੰਦੇ, ਪੀਰ ਜੀ! ਕੋਈ ਬਚਨ ਨਾ ਕਰ ਦਿਓ। ਕਹਿਣ ਲੱਗਿਆ, ਮਹਾਰਾਜ! ਮੈਂ ਨਹੀਂ ਦੇਖ ਸਕਦਾ। ਕਹਿੰਦੇ, ਕੀਹਨੂੰ ਤੁਸੀਂ curse ਕਰੋਗੇ, ਇਥੇ ਪ੍ਰਮੇਸ਼ਰ ਤੋਂ ਬਿਨਾਂ ਕੋਈ ਹੈ? ਇਹ ਗੱਲ ਤੁਸੀਂ ਸਾਨੂੰ ਕਹੀ ਸੀ ਜਦ ਸੁਖਮਨੀ ਸਾਹਿਬ ਸੁਣਿਆ ਸੀ।

*ਮਨਿ ਸਾਚਾ ਮੁਖਿ ਸਾਚਾ ਸੋਇ ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥*
*ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥*

*ਅੰਗ - ੨੭੨*

ਜਿਸਦੇ ਅੰਦਰ ਗਿਆਨ ਪੈਦਾ ਹੋ ਗਿਆ।

*ਕਬਹੂ ਸਾਧਸੰਗਤਿ ਇਹੁ ਪਾਵੈ ॥*
*ਉਸੁ ਅਸਥਾਨ ਤੇ ਬਹੁਰਿ ਨ ਆਵੈ ॥*
*ਅੰਤਰਿ ਹੋਇ ਗਿਆਨ ਪਰਗਾਸੁ ॥*

*ਉਸੁ ਅਸਥਾਨ ਕਾ ਨਹੀ ਬਿਨਾਸੁ ॥*
*ਅੰਗ - ੨੭੮*

ਉਹ ਜਿਹੜਾ ਅਸਥਾਨ ਹੈ ਉਹਦਾ ਵਿਨਾਸ਼ ਨਹੀਂ ਹੁੰਦਾ। ਕਿਉਂਕਿ ਅੰਦਰ ਪ੍ਰਕਾਸ਼ ਹੋ ਗਿਆ। ਹਨ੍ਹੇਰੇ ਵਿਚ ਰੱਸੀ ਲਗਦੀ ਸੀ ਕਿ ਸੱਪ ਪਿਆ ਹੈ, ਜਦੋਂ ਚਾਨਣਾ ਹੋ ਗਿਆ, ਸੱਪ ਕਿੱਥੇ ਸੀ ਉਹ ਤਾਂ ਰੱਸੀ ਪਈ ਸੀ। ਅਗਿਆਨ ਦੇ ਵਿਚ ਸੰਸਾਰ ਲਗਦਾ ਸੀ ਕਿ ਇਹ ਸੰਸਾਰ ਹੈ, ਆਹ ਮੇਰੇ ਰਿਸ਼ਤੇਦਾਰ ਨੇ, ਆਹ ਮੇਰੇ ਮਿੱਤਰ, ਆਹ ਮੇਰੇ ਦੁਸ਼ਮਣ ਨੇ, ਆਹ ਮੇਰੇ ਧਰਮ ਦੇ ਅਭਿਲੰਭੀ ਨੇ, ਸਾਥੀ ਨੇ, ਅਸੀਂ ਹਿੰਦੋਸਤਾਨੀ ਹਾਂ, ਹਜ਼ਾਰਾਂ ਗੱਲਾਂ ਕਰਦਾ ਹੈ ਅਗਿਆਨ ਦੀਆਂ। ਜਦੋਂ ਗਿਆਨ ਹੋ ਗਿਆ ਫੇਰ ਕਹਿੰਦਾ ਹੈ ਕਿ ਇਥੇ ਤਾਂ ਪ੍ਰਮੇਸ਼ਰ ਬਿਨਾਂ ਕੋਈ ਨਹੀਂ, ਆਪੇ ਹੀ ਆਪ ਹੈ, ਮੇਰੇ ਬਿਨਾਂ ਕੋਈ ਹੈ ਹੀ ਨਹੀਂ ਸੰਸਾਰ 'ਚ।

ਕਹਿੰਦੇ, ਹੁਣ ਦੱਸੋ ਪੀਰ ਜੀ! ਤੁਸੀਂ ਉਸ ਵੇਲੇ ਕਿਹਾ ਸੀ ਕਿ ਇਹ ਅਵਸਥਾ ਆ ਵੀ ਸਕਦੀ ਹੈ? ਕਹਿੰਦੇ ਹੁਣ curse ਕਿਉਂ ਦੇ ਰਹੇ ਓਂ। ਅਸੀਂ ਨਹੀਂ ਕਰ ਸਕਦੇ ਕੀ ਸਭ ਕੁਛ? ਐਥੇ ਨਹੀਂ ਪ੍ਰਮੇਸ਼ਰ ਤੋਂ ਬਗੈਰ ਦੂਜਾ।

*ਆਪੇ ਪਾਵਕੁ ਆਪੇ ਪਵਨਾ ॥*
*ਜਾਰੈ ਖਸਮੁ ਤ ਰਾਖੈ ਕਵਨਾ ॥ ਅੰਗ - ੩੨੯*

ਕਹਿੰਦੇ, ਪਉਣ ਵੀ ਆਪ ਹੈ, ਜਲਦੀ ਅੱਗ ਵੀ ਆਪ, ਤਵੀ ਵੀ ਆਪ ਹੈ, ਬੈਠਾ ਵੀ ਆਪ ਹੈ। ਸਮੁੰਦਰ ਉਛਲਦਾ ਹੈ, ਬੇਅੰਤ ਲਹਿਰਾਂ ਉਛਲਦੀਆਂ ਨੇ, ਵਾ-ਵਰੋਲੇ ਉਸ ਵਿਚ ਉਠਦੇ ਨੇ, ਸਮੁੰਦਰ ਦੇ ਪਾਣੀ ਦੇ ਵਰੋਲੇ ਦੋ-ਦੋ ਸੌ ਫੁੱਟ, ਤਿੰਨ ਸੌ ਫੁੱਟ, ਜਹਾਜ਼ ਡੋਲ ਜਾਂਦੇ ਨੇ, ਡੁੱਬ ਜਾਂਦੇ ਨੇ ਵੱਡੇ-ਵੱਡੇ ਜਹਾਜ਼, ਵੱਡੀਆਂ ਲਹਿਰਾਂ ਉਠਦੀਆਂ ਨੇ 50-50 ਫੁੱਟ ਉਚੀਆਂ। ਡਾਵਾਂਡੋਲ ਕਰ ਦਿੰਦੀਆਂ ਨੇ ਜਹਾਜ਼ਾਂ ਨੂੰ। ਪਰ ਹੈ ਕੀ ਇਹ, ਸਮੁੰਦਰ ਆਪਣੀ ਮੌਜ ਵਿਚ ਖੇਲ੍ਹ ਰਿਹਾ ਹੈ, ਕੁਛ ਵੀ ਨਹੀਂ ਹੋ ਰਿਹਾ। ਸੋ ਐਸਾ ਜਿਸਨੂੰ ਗਿਆਨ ਪ੍ਰਾਪਤ ਹੋ ਜਾਂਦਾ ਹੈ। ਉਹਦੇ ਅੰਦਰਲੀ ਠੰਢ ਨੂੰ ਕੋਈ ਖਤਮ ਨਹੀਂ ਕਰ ਸਕਦਾ। ਇਹ ਜੋ ਮੈਂ ਬਚਨ ਕੀਤੇ ਨੇ ਇਹਨੂੰ ਕਹਿੰਦੇ ਨੇ ਕਿ ਇਹਦੇ ਹਿਰਦੇ ਦੇ ਵਿਚ 'ਨਾਮ' ਵਸ ਗਿਆ। ਇਹਨੂੰ ਹਿਰਦੇ 'ਚ ਨਾਮ ਵਸਣਾ ਕਹਿੰਦੇ ਨੇ। ਸੰਤ ਕੋਈ ਉਚ ਕੋਟੀ ਦਾ ਇਸ ਗੱਲ ਨੂੰ ਸਮਝ ਸਕਦਾ ਹੈ, ਦੁਨੀਆਂ ਨੂੰ ਨਹੀਂ ਪਤਾ ਇਸ ਗੱਲ ਦਾ ਕਿ ਮੈਂ ਕੀ ਕਹਿ ਰਿਹਾ ਹਾਂ। ਐਸੀ ਸਥਿਤੀ ਉਸ ਦੀ ਹੋ ਜਾਂਦੀ ਹੈ, ਦੇਹ ਅਧਿਆਸ ਟੁੱਟ ਜਾਂਦਾ ਹੈ, 'ਮੈਂ' ਭਾਵ ਟੁੱਟ ਜਾਂਦਾ ਹੈ, individuality ਉਹਦੀ ਖਤਮ ਹੋ ਜਾਂਦੀ ਹੈ, totality ਦੇ ਵਿਚ ਲੀਨ ਹੋ ਜਾਂਦਾ ਹੈ। ਏਸ ਗੱਲ ਨੂੰ ਕਹਿੰਦੇ ਨੇ ਕਿ ਇਹਦੇ ਹਿਰਦੇ ਦੇ ਵਿਚ ਨਾਮ ਵਸ ਗਿਆ। ਉਹਦੇ ਅੰਦਰ ਤਪਸ਼ ਨਹੀਂ ਪੈਦਾ ਹੁੰਦੀ, ਕੋਈ ਹਾਲਾਤ, ਕਿੱਡੇ ਹੀ reverse circumstances ਹੋ ਜਾਣ। ਉਹਦੇ ਮਨ ਦੀ ਸ਼ਾਂਤੀ ਨੂੰ ਕੋਈ ਭੰਗ ਨਹੀਂ ਕਰ ਸਕਿਆ ਕਰਦਾ। ਐਉਂ ਪੜ੍ਹ ਲਓ -

***ਧਾਰਨਾ - ਜਿਹੜੇ ਹਿਰਦੇ 'ਚ ਨਾਮ***
***ਨਹੀਂਓਂ ਵਸਿਆ,***
***ਹਾੜ੍ਹ ਤਪੰਦਾ ਲਗਦਾ।***

ਅੰਦਰੋਂ ਤਪਸ਼ ਨਹੀਂ ਖਤਮ ਹੋਇਆ ਕਰਦੀ। ਤਪਸ਼ ਦੇ ਦੋ ਰੂਪ ਨੇ ਇਕ ਕ੍ਰੋਧ ਹੈ, ਇਕ ਤ੍ਰਿਸ਼ਨਾ ਹੈ। ਨਾ ਕ੍ਰੋਧ ਦੀ ਗਰਮੀ ਖਤਮ ਹੁੰਦੀ ਹੈ ਉਹਦੇ ਅੰਦਰ, ਨਾ ਤ੍ਰਿਸ਼ਨਾ ਦੇ ਭਾਂਬੜ ਬੁਝਦੇ ਨੇ ਕਿਉਂਕਿ ਨਾਮ ਨਹੀਂ ਵਸਿਆ, ਨਾਮ ਠੰਢਾ ਜਿਸਦਾ ਸੁਭਾਅ ਹੈ, ਉਹ ਵਸਿਆ ਨਹੀਂ ਇਸ ਕਰਕੇ ਤਪਸ਼ ਦੇ ਵਿਚ ਮਹਾਰਾਜ ਕਹਿੰਦੇ, ਅੱਗ ਦੇ ਵਿਚ ਬਲਦਾ ਹੈ ਜੀਵ। ਏਸ ਅੱਗ ਨੇ ਸਾਰਾ ਸੰਸਾਰ ਜਾਲਿਆ ਪਿਆ ਹੈ।

*ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ ॥*
*ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ ॥*
*ਪਰੈ ਪਰੈ ਹੀ ਕਉ ਲੁਝੀ ਹੇ ॥ ਅੰਗ - ੨੧੩*

ਪਹਿਲਾਂ ਕਹਿੰਦਾ ਹੈ ਕਿ ਮੇਰੇ ਕੋਲ ਦਸ ਲੱਖ ਹੋਵੇ ਬਹੁਤ ਹੈ, ਦੂਜਾ ਮਿਲ ਗਿਆ ਉਹ ਕਹਿੰਦਾ ਦਸ ਲੱਖ ਦਸ ਕਰੋੜ ਹੋਣਾ ਚਾਹੀਦਾ ਹੈ। ਦੱਸ ਕਰੋੜ ਵੀ ਥੋੜ੍ਹਾ ਹੈ ਇਕ ਅਰਬ ਹੋਣਾ ਚਾਹੀਦਾ ਹੈ। ਮਹਾਰਾਜ ਕਹਿੰਦੇ ਨੇ ਕਿ ਨਹੀਂ ਮਿਟਦੀ ਤ੍ਰਿਸ਼ਨਾ, ਕਿਉਂਕਿ ਤ੍ਰਿਸ਼ਨਾ ਦਾ ਜੋ ਬੁਝਾਉਣ ਵਾਲਾ ਫਾਰਮੂਲਾ ਹੈ ਉਹਨੂੰ ਵਰਤਿਆ ਨਹੀਂ ਹੈ। ਉਹ ਬੁਝਦੀ ਹੈ ਹਰੀ ਦੇ ਨਾਮ ਨਾਲ-

*ਤ੍ਰਿਸਨਾ ਬੁਝੈ ਹਰਿ ਕੈ ਨਾਮਿ ॥ ਅੰਗ - ੬੮੨*

ਦੂਸਰਾ ਕ੍ਰੋਧ ਹੈ, ਕ੍ਰੋਧ ਜਿਹੜਾ ਹੈ ਇਹ ਇਕ ਮਾਨਸਿਕ ਬਿਮਾਰੀ ਹੈ, ਜਿਸਨੂੰ ਹੋ ਜਾਵੇ, ਉਹ ਛੇਤੀ ਫਿਕਰ ਕਰੇ ਇਹਦਾ। ਕਿਉਂਕਿ ਉਹ ਇਕ ਐਸੀ ਬਿਮਾਰੀ ਦੇ ਵਿਚ ਗੁਲਤਾਨ ਹੋ ਗਿਆ। ਕ੍ਰੋਧ ਦੀ ਬਿਮਾਰੀ ਦੇ, ਉਹ ਕਰਦੀ ਕੀ ਹੈ, ਮੇਰੇ ਸਰੀਰ ਨੂੰ 14 ਖਰਬ, 15 ਅਰਬ ਸੈਲ ਲੱਗੇ ਹੋਏ ਨੇ, ਵਾਹਿਗੁਰੂ ਨੇ ਕਿੱਡਾ ਵੱਡਾ ਕੰਮ ਕੀਤਾ ਹੈ ਸਾਰੀ ਜ਼ਿੰਦਗੀ ਨਹੀਂ ਗਿਣ ਸਕਦੇ ਅਸੀਂ ਕਿ ਐਨੇ ਸੈਲਾਂ ਦਾ ਜੋੜ ਕੇ ਆਹ ਸਰੀਰ ਬਣਾਇਆ ਹੋਇਆ ਹੈ। 72 ਕਰੋੜ, 72 ਲੱਖ, 72 ਹਜ਼ਾਰ, 210 ਬਲੱਡ ਚੈਨਲ ਹੈ ਇਹਦੇ ਵਿਚ, ਜਿਹਦੇ 'ਚੋਂ 20 ਵੱਡੀਆਂ ਨਾਲੀਆਂ ਜਾਂਦੀਆਂ ਨੇ, ਲਾਈਫ ਕਰੰਟ, ਹਰ ਥਾਂ ਦੇ ਉਤੇ ਖ਼ੂਨ ਹਰ ਵਕਤ ਹਾਜ਼ਰ ਰੱਖਦੀਆਂ ਨੇ। ਪੰਜ ਇਹਦੇ ਵਿਚ ਪ੍ਰਾਣ ਨੇ, vital forces ਨੇ, ਪ੍ਰਾਨ, ਉਪਾਨ, ਉਦਾਨ, ਬਿਆਨ, ਸਮਾਨ, ਹਰ ਵਕਤ ਆਪਣਾ-ਆਪਣਾ ਕੰਮ ਜਿਸ ਦਿਨ final signal ਮਿਲਣਾ ਹੈ ਉਸ ਵੇਲੇ ਉਹ ਸਕਿੰਟ ਤੱਕ

ਹੀ ਜਾਰੀ ਰੱਖਦੀਆਂ ਨੇ, ਜਦ ਆ ਗਿਆ ਕਿ ਹੁਣ ਸਾਹ ਬਾਹਰੋਂ ਗਿਆ ਹੋਇਆ ਹੁਣ ਨਹੀਂ ਅੰਦਰ ਜਾਣਾ, ਉਸ ਦਿਨ ਹੀ ਇਹ ਕੰਮ ਛੱਡਦੀਆਂ ਨੇ। ਚਾਹੇ ਸੌ ਸਾਲ ਦੀ ਉਮਰ ਹੋ ਜਾਏ, ਚਾਹੇ ਸਵਾ ਸੌ ਸਾਲ ਦੀ ਹੋ ਜਾਏ, ਇਨ੍ਹਾਂ ਨੇ ਆਗਿਆ ਮੰਨਣੀ ਹੀ ਮੰਨਣੀ ਹੈ। ਐਸਾ ਸਰੀਰ ਮਹਾਰਾਜ ਜੀ ਨੇ ਬਣਾਇਆ ਹੈ। ਸੋ ਇਹਦੇ ਅੰਦਰ ਜਿਹੜੀਆਂ ਖਤਰਨਾਕ ਚੀਜ਼ਾਂ ਨੇ ਮਾਨਸਿਕ – ਜਿਹਨੂੰ ਕਾਮ ਕਹਿੰਦੇ ਨੇ, ਇਕ ਨੂੰ ਕ੍ਰੋਧ ਕਹਿੰਦੇ ਨੇ। ਕਾਮੁਕ ਬਿਰਤੀ ਰਹਿਣੀ ਹਰ ਵਕਤ, ਦੂਸਰਾ ਕ੍ਰੋਧ ਵਿਚ ਰਹਿਣਾ। ਉਹ ਕਰਦੇ ਕੀ ਨੇ, ਵਿਸਫੋਟ ਕਰਦੇ ਨੇ, ਲੱਖਾਂ ਸੈਲ ਇਕ Bombardment ਨਾਲ ਖਤਮ ਕਰ ਦਿੰਦੇ ਨੇ। ਉਹਦੇ ਨਾਲ ਹੁੰਦਾ ਕੀ ਹੈ, ਸਰੀਰ ਰੋਗੀ ਹੋ ਜਾਂਦਾ ਹੈ –

***ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥***
***ਅੰਗ - ੧੩੫***

ਕਿਉਂਕਿ ਇਹ ਦੋਵੇਂ ਜਜ਼ਬੇ ਪ੍ਰਮੇਸ਼ਰ ਨਾਲ ਜੁੜਨ ਨਹੀਂ ਦਿੰਦੇ, ਇਸ ਕਰਕੇ ਸਰੀਰ ਰੋਗੀ ਹੁੰਦਾ ਹੈ।

***ਖਸਮੁ ਵਿਸਾਰਿ ਕੀਏ ਰਸ ਭੋਗ ॥***
***ਤਾਂ ਤਨਿ ਉਠਿ ਖਲੋਏ ਰੋਗ ॥ ਅੰਗ - ੧੨੫੬***

ਰੋਗ ਖੜ੍ਹੇ ਹੋ ਜਾਂਦੇ ਨੇ, ਐਸਾ ਫੁਰਮਾਨ ਹੈ ਮਹਾਰਾਜ ਦਾ –

***ਧਾਰਨਾ - ਕਾਇਆਂ ਨੂੰ ਗਾਲਦੇ***
***ਕਾਮ ਤੇ ਕ੍ਰੋਧ ਦੋਵੇਂ।***

***ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥***
***ਜਿਉ ਕੰਚਨ ਸੋਹਾਗਾ ਢਾਲੈ ॥ ਅੰਗ - ੯੩੨***

ਸੋਨੇ ਨੂੰ ਢਾਲਣ ਵਾਸਤੇ ਸੁਹਾਗਾ ਪਾਇਆ ਜਾਂਦਾ ਹੈ, ਲੋਹੇ ਨੂੰ ਢਾਲਣ ਵਾਸਤੇ ਮਰੇ ਹੋਏ ਬਕਰੇ ਦੀ ਖੱਲ੍ਹ ਨੂੰ ਜਲਾ ਕੇ ਸੁਆਹ ਵਿਚ ਪਾਈ ਜਾਂਦੀ ਹੈ, ਨਹੀਂ ਤਾਂ ਢਲਿਆ ਨਹੀਂ ਕਰਦਾ। ਇਸੇ ਤਰ੍ਹਾਂ ਸਰੀਰ ਨੂੰ ਇਹ ਦੋ ਜਜ਼ਬੇ ਜਾਲ ਦਿਆ ਕਰਦੇ ਨੇ, ਕ੍ਰੋਧ ਜਿਹੜਾ ਹੈ ਇਹ ਤਪਸ਼ ਹੈ, ਮਹਾਰਾਜ ਕਹਿੰਦੇ ਤਪਸ਼ ਤਾਂ ਹੈ ਕਿਉਂਕਿ ਇਹਦੇ ਹਿਰਦੇ 'ਚ ਨਾਮ ਨਹੀਂ ਵਸਿਆ।

***ਆਸਾੜੁ ਤਪੰਦਾ ਤਿਸੁ ਲਗੈ***
***ਹਰਿ ਨਾਹੁ ਨ ਜਿੰਨਾ ਪਾਸਿ ॥ ਅੰਗ - ੧੩੪***

ਜਿਨ੍ਹਾਂ ਦੇ ਹਿਰਦੇ 'ਚ ਪ੍ਰਮੇਸ਼ਰ ਦਾ ਖਿਆਲ ਨਹੀਂ ਹੈ, ਪ੍ਰਮੇਸ਼ਰ ਵਸਿਆ ਨਹੀਂ ਹੈ, ਕਹਿੰਦੇ ਉਨ੍ਹਾਂ ਦਾ ਅੰਦਰ ਤਪਦਾ ਰਹਿੰਦਾ ਹੈ, ਹਰ ਵਕਤ ਤਪਸ਼ 'ਚ ਰਹਿੰਦਾ ਹੈ। ਕਿਉਂਕਿ ਸ਼ਾਂਤ ਕਰਨ ਵਾਲੀ ਚੀਜ਼ ਨਹੀਂ ਹੈ। ਮਹਾਰਾਜ ਜੀ ਐਸਾ ਇਕ ਥਾਂ ਫੁਰਮਾਨ ਕਰਦੇ ਨੇ–

***ਧਾਰਨਾ - ਜਲ ਬਲ ਜਾਵੇ ਜੀਊੜਾ***
***ਨਾਮ ਤੋਂ ਬਿਨਾਂ।***

***ਹਰਿ ਬਿਨੁ ਜੀਉ ਜਲਿ ਬਲਿ ਜਾਉ॥ਅੰਗ - ੧੪***

ਮਹਾਰਾਜ ਨੇ ਸਿਧਾਂਤ ਦੱਸ ਦਿਤਾ ਕਿ ਪ੍ਰਮੇਸ਼ਰ ਦਾ ਵਾਸਾ ਜੇ ਨਾ ਹੋਵੇ ਅੰਦਰ, ਤਾਂ ਇਹ ਜੀਉੜਾ ਜਲਿਆ ਰਹਿੰਦਾ ਹੈ। ਸਾਨੂੰ ਤਾਂ ਇਹੀ ਨਹੀਂ ਪਤਾ ਕਿ ਜੀਉੜਾ ਮਹਾਰਾਜ ਕਾਸਨੂੰ ਕਹਿੰਦੇ ਨੇ।

ਯੋਗ ਦਾ ਅਭਿਆਸ ਕਰਨ ਵਾਲਿਆਂ ਨੂੰ, ਇਕ ਹਿਰਦਾ ਕੌਲ ਆਉਂਦਾ ਹੈ ਰਸਤੇ 'ਚ। ਉਹ ਜੇ ਤਾਂ ਸਿੱਧਾ ਹੋਵੇ ਫੇਰ ਤਾਂ ਅੰਦਰੋਂ ਹੀ ਅੰਮ੍ਰਿਤ ਝਰਦਾ ਰਹਿੰਦਾ ਹੈ ਤੇ ਉਹਦੇ ਅੰਦਰ ਖੁਸ਼ੀ ਰਹਿੰਦੀ ਹੈ। ਖੁਸ਼ੀ ਆਉਂਦੀ ਹੈ, ਖੇੜਾ ਆਉਂਦਾ ਹੈ, ਆਪੇ ਹੀ ਹਸਣ ਨੂੰ ਜੀਅ ਕਰਦਾ ਹੈ, ਅੱਖਾਂ ਦੇ ਵਿਚ ਕੋਈ ਰੌਣਕ ਹੁੰਦੀ ਹੈ, ਕੋਈ ਖਿੱਚ ਹੁੰਦੀ ਹੈ, ਮੈਗਨੈਟਿਕ power ਹੁੰਦੀ ਹੈ, ਜਿਧਰ ਦੇਖ ਲਵੇ, ਖਿੱਚ ਖਾ ਜਾਂਦਾ ਹੈ ਦੂਸਰਾ। ਕਿਉਂਕਿ ਐਨਾ ਜ਼ਿਆਦਾ ਅੰਦਰ ਖੁਸ਼ੀ ਦਾ ਭੰਡਾਰਾ ਜਮ੍ਹਾਂ ਹੋ ਗਿਆ ਉਸ ਤੋਂ ਵੀ ਸਾਂਭਿਆ ਨਹੀਂ ਜਾਂਦਾ। ਫੇਰ ਉਹ ਕੀ ਕਰਦਾ ਹੈ, ਦੁਨੀਆਂ ਨੂੰ ਵੰਡਦਾ ਹੈ ਇਹ ਖੁਸ਼ੀਆਂ। ਕਿਉਂਕਿ ਐਨਾ ਭੰਡਾਰ ਉਹਦੇ ਕੋਲ ਹੋ ਜਾਂਦਾ ਹੈ, ਫੇਰ ਉਹ ਦੇਖਦਾ ਹੈ ਕਿ ਦੁਨੀਆਂ ਦੁਖੀ ਹੈ। ਝੁਰੜੀਆਂ ਮੂੰਹਾਂ 'ਤੇ ਪਈਆਂ ਹੋਈਆਂ ਨੇ, ਫਿੱਕੇ ਮੂੰਹ ਹੋਏ ਹੋਏ ਹੁੰਦੇ ਨੇ ਨਿੰਦਿਆ ਕਰਕੇ, ਚੁਗਲੀਆਂ ਕਰ-ਕਰ ਕੇ, ਸੋਚ-ਸੋਚ ਕੇ ਗੱਲਾਂ, ਬਿਮਾਰੀਆਂ ਲਗ ਜਾਂਦੀਆਂ ਨੇ, ਖੇੜਾ ਜਾਂਦਾ ਰਹਿੰਦਾ ਹੈ, ਜ਼ਿੰਦਗੀ ਦਾ ਸੁਆਦ ਹੀ ਜਾਂਦਾ ਰਹਿੰਦਾ ਹੈ, ਕੋਈ ਚੀਜ਼ ਵੀ ਦੁਨੀਆਂ ਦੀ ਐਸੀ ਨਹੀਂ ਜਿਹੜੀ ਅੰਦਰ ਖੇੜਾ ਪੈਦਾ ਕਰ ਦੇਵੇ। ਮਹਾਰਾਜ ਕਹਿੰਦੇ, ਜਿਹੜਾ ਅੰਦਰਲਾ ਖੇੜਾ ਹੈ ਨਾ ਉਹਦੀ ਕੋਈ value ਨਹੀਂ ਹੈ ਕੋਈ ਵੀ ਦੁਨੀਆਂ ਦੇ ਅੰਦਰ।

ਇਕ ਵਾਰੀ ਗੁਰੂ ਨਾਨਕ ਪਾਤਸ਼ਾਹ ਨੂੰ ਕਲਜੁਗ ਮਿਲਿਆ। ਕਹਿਣ ਲੱਗਿਆ ਹੇ ਨਾਨਕ ਜੀ, ਮੈਂ ਆਪ ਦਾ ਪਰਮ ਸ਼ਰਧਾਲੂ ਹਾਂ। ਆਪ ਏਸ ਜੁਗ ਦੇ ਤਾਰਕ ਹੋ, ਮੈਂ ਇਸ ਜੁਗ ਦਾ ਰਾਜਾ। ਮੇਰੇ ਜ਼ਿੰਮੇ ਬੁਰਿਆਈ ਹੀ ਬੁਰਿਆਈ ਆਈ, ਮੇਰੇ ਕੋਲ ਚੰਗਿਆਈ ਕੋਈ ਨਹੀਂ ਹੈ, ਸਭ ਬੁਰੀਆਂ ਚੀਜ਼ਾਂ ਨੇ ਤੇ ਤੁਹਾਡੀ ਮੇਰੇ ਉਤੇ ਦਇਆ ਹੈ ਕਿਉਂਕਿ ਤੁਸੀਂ ਮੇਰੇ ਜੁਗ ਦੇ ਅੰਦਰ ਐਸਾ ਸਾਧਨ ਪੈਦਾ ਕਰ ਦਿਤਾ ਕਿ ਜ਼ਿੰਦਗੀ ਭਰ ਆਦਮੀ ਪਾਪ ਕਰੀ ਜਾਵੇ, ਜੇ ਅੰਤ ਦੇ ਸਮੇਂ ਇਕ ਵਾਰੀ ਪ੍ਰਮੇਸ਼ਰ ਵਲ ਉਸਦਾ ਧਿਆਨ ਚਲਿਆ ਗਿਆ ਤਾਂ ਉਹਦੇ ਸਾਰੇ ਪਾਪ ਕੱਟ ਹੋ ਜਾਂਦੇ ਨੇ। ਤੁਸੀਂ ਨਾਮ ਦੀ ਮਹਿਮਾ ਐਨੀ ਚੁੱਕ ਦਿਤੀ ਕਿ ਅੱਜ ਤੱਕ ਕਿਸੇ ਯੁਗ ਦੇ ਅੰਦਰ ਨਹੀਂ ਸੀ। ਸਤਿਜੁਗ ਦੇ ਅੰਦਰ 10 ਹਜ਼ਾਰ ਸਾਲ ਤਪ ਕਰਨ ਦਾ ਫਲ, ਤ੍ਰੇਤ੍ਰੇ ਜੁਗ ਦੇ ਹਜ਼ਾਰ ਸਾਲ ਦੇ ਤਪ ਦੇ ਬਰਾਬਰ ਹੋਇਆ ਕਰਦਾ ਸੀ, ਤ੍ਰੇਤੇ ਜੁਗ ਦਾ ਹਜ਼ਾਰ ਸਾਲ ਦਾ ਤਪ ਦੁਆਪਰ ਜੁਗ ਦੇ ਸੌ ਸਾਲ ਦੇ ਬਰਾਬਰ ਹੋਇਆ ਕਰਦਾ ਸੀ।

ਕਹਿਣ ਲੱਗਿਆ, ਹੇ ਪਾਤਸ਼ਾਹ! ਉਹ ਜੁਗਾਂ ਨੂੰ ਚੰਗਾ ਗਿਣਦੇ ਨੇ, ਪਰ ਜਿਹੜਾ ਦੱਸ ਹਜ਼ਾਰ ਸਾਲ ਦਾ ਫਲ ਹੈ ਤਪ ਦਾ, ਉਹ ਤੁਸੀਂ ਕਲਜੁਗ ਦੇ ਅੰਦਰ 24 ਮਿੰਟ 30 ਸੈਕਿੰਟ ਮਨ ਚਿੱਤ ਇਕਾਗਰ ਕਰਕੇ ਸਤਿਸੰਗ ਕਰਨ ਵਾਲੇ ਨੂੰ ਦੇ ਦਿਤਾ।

ਆਪਾਂ ਦੇਖ ਲਓ ਵਿਚਾਰ ਕੇ ਕਿ ਕਿੱਥੇ 24 ਮਿੰਟ, ਕਿੱਥੇ ਦੱਸ ਹਜ਼ਾਰ। ਫੇਰ ਇਹ ਜੁਗ ਮਾੜਾ ਤਾਂ ਨਾ ਹੋਇਆ ਨਾ। ਮਹਾਰਾਜ ਕਹਿੰਦੇ, ਉਤਮ ਯੁੱਗ ਹੈ ਇਹ। ਕਿਉਂ ਹੈ? ਇਹਦੇ 'ਚ ਜੇ ਇਕ ਵਾਰੀ ਵਾਹਿਗੁਰੂ ਕਹਿ ਦਿਓ ਅੰਤ ਦੇ ਸਮੇਂ ਸਾਰੇ ਪਾਪ ਕਟ ਜਾਂਦੇ ਨੇ, ਮੁਕਤ ਹੋ ਜਾਂਦਾ ਹੈ। ਇਸ ਤੋਂ ਵੱਡਾ ਫਲ ਕਿੱਥੇ ਹੋਇਆ? ਹੇ ਪਾਤਸ਼ਾਹ! ਤੁਸੀਂ ਮੇਰੀ ਜਿਹੜੀ ਕਾਲਖ ਸੀ ਉਹ ਧੋ ਦਿਤੀ। ਇਸ ਜੁੱਗ ਦੇ ਅੰਦਰ ਕਸ਼ਿਸ਼ ਐਨੀ ਪੈਦਾ ਕਰ ਦਿਤੀ ਕਿ ਦੇਵੀ ਦੇਵਤਾ ਵੀ ਸੋਚਦੇ ਨੇ ਕਿ ਆਹ ਜੁੱਗ 'ਚ ਜਾ ਕੇ ਅਸੀਂ ਜਨਮ ਲਈਏ, ਲੇਕਿਨ ਮੈਂ ਕਰਾਂ ਕੀ? ਮੇਰੇ ਜੁਗ ਦੇ ਅੰਦਰ ਸਾਰੇ ਭੂਤਨੇ ਆਉਣੇ ਨੇ, ਰਾਜਾ ਜਨਕ ਨੇ ਨਰਕ ਖਾਲੀ ਕਰ ਦਿਤੇ ਸੀ ਤ੍ਰੇਤਾ ਜੁੱਗ ਸੀ।

***ਨਰਕਹੁੰ ਛੂਟੇ ਜੀਅ ਜੰਤ***
***ਕਟੀ ਗਲਹੁੰ ਸਿਲਕ ਜਮ ਫਾਸੀ॥***
***ਮੁਕਤਿ ਜੁਗਤਿ ਨਾਵੈ ਕੀ ਦਾਸੀ॥***
***ਭਾਈ ਗੁਰਦਾਸ ਜੀ, ਵਾਰ 10 ਪਉੜੀ 5***

ਪਾਤਸ਼ਾਹ! ਉਹ ਰੂਹਾਂ ਅਵਿਅਕਤ ਘੁੰਮਦੀਆਂ ਫਿਰਦੀਆਂ ਨੇ, ਮੇਰੇ ਜੁਗ 'ਚ ਆਬਾਦੀ ਬੇਅੰਤ ਵਧੇਗੀ, ਪਰ ਆਉਣਗੇ ਕੌਣ ਉਹ ਨਰਕਾਂ ਦੇ ਜੀਵ ਭੂਤ ਪ੍ਰੇਤ ਜਿਹੜੇ ਬਣੇ ਹੋਏ ਨੇ ਉਨ੍ਹਾਂ ਨੇ ਪੈਦਾ ਹੋਣਾ ਹੈ। ਫੇਰ ਅਸਰ ਕੀ ਹੋਣਾ ਹੈ, ਨਾ ਤਾਂ ਭਾਈਚਾਰਕ ਜ਼ਿੰਦਗੀ ਰਹਿਣੀ ਹੈ, ਨਾ ਰਾਜਸੀ ਬੰਦਿਆਂ ਦਾ ਕੋਈ ਇਤਬਾਰ ਰਹਿਣਾ ਹੈ, ਕਿਸੇ ਦਾ ਰਹਿਣਾ ਹੀ ਨਹੀਂ, ਆਪ-ਹੁਦਰਾਪੁਣ ਐਨਾ ਵਧ ਜਾਣਾ ਹੈ ਕਿ ਪਸਾਰਾ ਹੀ ਸਾਰਾ ਹਨ੍ਹੇਰੇ ਦਾ ਹੋ ਜਾਣਾ ਹੈ। ਐਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਸਾਰੇ ਕੂੜ ਦਾ ਹੋ ਗਿਆ***
***ਵਰਤਾਰਾ, ਸੱਚ ਵਾਲਾ ਕਾਲ ਪੈ ਗਿਆ।***
***ਸਚਿ ਕਾਲੁ ਕੂੜੁ ਵਰਤਿਆ***
***ਕਲਿ ਕਾਲਖ ਬੇਤਾਲ ॥***
***ਬੀਉ ਬੀਜਿ ਪਤਿ ਲੈ ਗਏ***
***ਅਬ ਕਿਉ ਉਗਵੈ ਦਾਲਿ॥***
***ਜੇ ਇਕੁ ਹੋਇ ਤ ਉਗਵੈ***
***ਰੁਤੀ ਹੂ ਰੁਤਿ ਹੋਇ ॥***
***ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ ॥***
***ਭੈ ਵਿਚਿ ਖੁੰਬਿ ਚੜਾਈਐ***
***ਸਰਮੁ ਪਾਹੁ ਤਨਿ ਹੋਇ ॥***
***ਨਾਨਕ ਭਗਤੀ ਜੇ ਰਪੈ ਕੂੜੈ ਸੋਇ ਨ ਕੋਇ॥***
***ਅੰਗ - ੪੬੮***

ਕਲਜੁਗ ਦਾ ਜੋ ਲੱਛਣ ਹੈ ਉਸ ਨੇ ਸੱਚ ਜਿਹੜਾ ਹੈ ਉਹ ਲਕੋ (ਢਕ) ਦਿਤਾ, ਰਾਜੇ ਜਿਹੜੇ ਰਿਆਇਆ ਦੇ ਹਾਮੀ ਹੋਇਆ ਕਰਦੇ ਸੀ, ਰਿਆਇਆ ਦੀ ਖੁਸ਼ੀ ਚਾਹੁੰਦੇ ਸੀ, ਰਿਆਇਆ ਨੂੰ ਪੁੱਤਰਾਂ ਵਾਂਗੂੰ ਪਾਲਦੇ ਸੀ, ਨੇਹ ਕਲੰਕ ਰਾਜੇ ਅਵਤਾਰ ਕਹਾਇਆ ਕਰਦੇ ਸੀ। ਲੇਕਿਨ ਅੱਜ ਕੀ ਹੋ ਗਿਆ ਕਹਿੰਦੇ-

***ਕਲਿ ਕਾਤੀ ਰਾਜੇ ਕਾਸਾਈ***
***ਧਰਮੁ ਪੰਖ ਕਰਿ ਉਡਰਿਆ ॥ ਅੰਗ - ੧੪੫***

ਕਸਾਈਆਂ ਦਾ ਰੂਪ ਰਾਜੇ ਨੇ ਧਾਰ ਲਿਆ। ਕਲਜੁਗ ਕੈਂਚੀ ਹੈ, ਕੈਂਚੀ ਨੇ ਕੀ ਕਰਿਆ, ਟੁਕੜੇ-ਟੁਕੜੇ ਕਰ ਦਿਤਾ ਸਮਾਜ, ਨਾ ਕੋਈ ਭਰਾ-ਭਰਾ ਨਾਲ ਬੋਲਦਾ ਹੈ, ਨਾ ਕੋਈ ਭੈਣ ਭੈਣ ਨਾਲ ਬੋਲਦੀ ਹੈ। ਨਾ ਕੋਈ ਲੜਕੀ ਮਾਂ ਨੂੰ ਪਸੰਦ ਕਰਦੀ ਹੈ, ਨਾ ਮਾਂ ਲੜਕੀ ਨੂੰ ਪਸੰਦ ਕਰੇ, ਨਾ ਭਾਈਚਾਰਕ ਜੀਵਨ ਰਹੇ, ਇਸ ਕੈਂਚੀ ਨੇ ਟੁਕੜੇ-ਟੁਕੜੇ ਕਰ ਦਿਤਾ ਸਭ। ਧਰਮ ਇਕ Universal Character ਹੈ, ਉਹ ਉਡ ਗਿਆ ਸੰਸਾਰ ਤੋਂ।

***ਕੂੜੁ ਅਮਾਵਸ ਸਚੁ ਚੰਦ੍ਰਮਾ***
***ਦੀਸੈ ਨਾਹੀ ਕਹ ਚੜਿਆ ॥ ਅੰਗ - ੧੪੫***

ਕੂੜ ਦੀ ਮੱਸਿਆ ਛਾ ਗਈ, ਪਤਾ ਹੀ ਨਹੀਂ ਚੰਦਰਮਾ ਕਿੱਥੇ ਜਾ ਕੇ ਲੁਕ ਗਿਆ। ਸੋ ਐਸਾ ਜੀਵਨ ਕਲਜੁਗ ਕਹਿਣ ਲੱਗਿਆ, ਮਹਾਰਾਜ! ਮੇਰੇ ਰਾਜ ਦੇ ਅੰਦਰ, ਐਸਾ ਵਰਤਾਰਾ ਜਿਹਨੂੰ ਸਾਰੀ ਦੁਨੀਆਂ ਨਿੰਦਦੀ ਹੈ। ਲੋਕ ਡਰਦੇ ਨੇ, ਮੇਰੇ ਜੁਗ ਦੇ ਅੰਦਰ ਸਭ ਭੂਤ-ਪ੍ਰੇਤ ਪੈਦਾ ਹੋ ਰਹੇ ਨੇ।

***ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ ॥***
***ਪੁਤੁ ਜਿਨੂਰਾ ਧੀਅ ਜਿੰਨੂਰੀ***
***ਜੋਰੂ ਜਿੰਨਾ ਦਾ ਸਿਕਦਾਰੁ ॥ ਅੰਗ - ੫੫੬***

ਪਿਉ ਵੀ ਭੂਤ ਆ ਗਿਆ, ਪੁੱਤਰ ਵੀ ਭੂਤ ਆ ਗਿਆ, ਧੀ ਵੀ ਭੂਤਨੀ ਆ ਗਈ ਆਖੇ ਹੀ ਨਹੀਂ ਲਗਦੀ। ਘਰਵਾਲੀ ਸਾਰਿਆਂ ਦੀ ਮਾਲਕ ਬਣ ਕੇ ਬਹਿ ਗਈ ਕਿ ਮੇਰਾ ਹੀ ਹੁਕਮ ਚੱਲੇ, ਹੋਰ ਕਿਸੇ ਦਾ ਚੱਲੇ ਹੀ ਨਾ। ਕਹਿੰਦੇ, ਐਸਾ ਸਮਾਂ ਹੋਣ ਦੇ ਬਾਵਜੂਦ ਮਹਾਰਾਜ! ਤੁਸੀਂ ਮੇਰੇ 'ਤੇ ਕ੍ਰਿਪਾ ਕਰੋ, ਤੇ ਮੇਰੇ ਜੁਗ ਦੇ ਅੰਦਰ ਤੁਸੀਂ ਨਾਮ ਨੂੰ ਐਨਾ ਫਲ ਲਾ ਦਿਤਾ ਕਿ ਇਕ ਵਾਰੀ ਕਿਹਾ ਹੋਇਆ ਹੀ ਆਦਮੀ ਨਰਕਾਂ 'ਚੋਂ ਬਚ ਜਾਂਦਾ ਹੈ। ਹੁਣ ਮੈਂ ਤੁਹਾਨੂੰ ਭੇਟਾ ਦੇਣੀ ਚਾਹੁੰਦਾ ਹਾਂ। ਤੁਸੀਂ ਫਿਰ ਰਹੇ ਹੋ। ਜਿੱਥੇ ਜਾਵੋਂ ਮੈਂ ਆਪਣੀ ਸ਼ਕਤੀ ਦੇ ਨਾਲ, ਮੋਤੀਆਂ ਦੇ ਮੰਦਰ ਬਣਾ ਦੇਵਾਂਗਾ, ਰਤਨਾਂ ਦੇ ਨਾਲ ਜੜ ਦੇਵਾਂਗਾ। ਪਹਿਲਾਂ ਤਾਂ ਮੋਤੀਆਂ ਦੀ ਕੰਧ ਹੀ ਨਹੀਂ ਬਣਦੀ। ਐਨੇ ਮੋਤੀ ਲਿਆਵਾਂ ਕਿ

ਕੰਧਾਂ ਬਣਾ ਦੇਵਾਂ। ਝਿਲਮਿਲ-ਝਿਲਮਿਲ ਹੋਵੇ। 'ਕਸਤੂਰਿ ਕੁੰਗੂ ਅਗਰ ਚੰਦਨਿ' ਨਾਲ ਮੈਂ ਲਿਪ ਦੇਵਾਂ ਤੇ ਦੂਰ-ਦੂਰ ਤੱਕ ਸੁਗੰਧੀਆਂ ਆਉਣ। 'ਲੀਪਿ ਆਵੈ ਚਾਉ'।

ਕਹਿੰਦੇ, ਹੋਰ?

ਕਹਿੰਦਾ, ਹੋਰ ਮੈਂ ਭੋਗਾਂ ਵਾਸਤੇ ਐਸੀਆਂ ਚੀਜ਼ਾਂ ਉਤਪੰਨ ਕਰ ਦੇਵਾਂ -

***ਧਰਤੀ ਤ ਹੀਰੇ ਲਾਲ ਜੜਤੀ***
***ਪਲਘਿ ਲਾਲ ਜੜਾਉ॥***
***ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥***
***ਅੰਗ - ੧੪***

ਆਹ ਜਿਹੜੇ ਘਾਹ ਵਾਲੇ ਪਾਰਕ ਨੇ, ਇਨ੍ਹਾਂ ਨੂੰ ਹੀਰੇ-ਜਵਾਹਰਾਤਾਂ ਦੇ ਨਾਲ ਜੜ ਕੇ ਝਿਲਮਿਲ-ਝਿਲਮਿਲ ਕਰਨ ਵਾਲੇ ਤੁਹਾਡੇ ਵਾਸਤੇ ਬਣਾ ਦੇਵਾਂ। ਜਿਹੜੇ ਪਲੰਘਾਂ 'ਤੇ ਤੁਸੀਂ ਪਵੋਂ ਉਹ ਪਲੰਘ ਮੈਂ ਲਾਲਾਂ ਦੇ ਨਾਲ ਐਨੇ ਸਜ਼ਾ ਦੇਵਾਂ ਕਿ ਨਿਗ੍ਹਾਂ ਨਾ ਟਿਕੇ ਉਨ੍ਹਾਂ ਪਲੰਘਾਂ 'ਤੇ। ਫੇਰ ਮੋਹਣੀਆਂ ਇਸਤ੍ਰੀਆਂ, ਜਿਨ੍ਹਾਂ ਦੇ ਮਣੀਆਂ ਮੱਥੇ 'ਤੇ ਲੱਗੀਆਂ ਹੋਣ। ਮਣੀ ਜਿਹੜੀ ਹੈ ਉਹ ਰੌਸ਼ਨੀ ਦਿੰਦੀ ਹੈ। ਚਿਹਰਾ ਥੋੜ੍ਹਾ ਜਿਹਾ ਸੁਰਖ ਹੋਵੇ ਦਗ-ਦਗ ਕਰਨ ਲਗ ਜਾਂਦਾ ਹੈ ਰੌਸ਼ਨੀ ਦੇ ਨਾਲ, ਐਸੀਆਂ ਮਣੀਆਂ ਵਾਲੀਆਂ ਇਸਤ੍ਰੀਆਂ ਮੈਂ ਹਾਜ਼ਰ ਕਰ ਦੇਵਾਂ।

ਕਹਿੰਦੇ, ਹੋਰ?

ਕਹਿੰਦਾ, ਹੋਰ ਮੈਂ ਮਹਾਰਾਜ! ਰਿੱਧੀਆਂ-ਸਿੱਧੀਆਂ ਤੁਹਾਡੇ ਚਰਨਾਂ 'ਚ ਭੇਟਾਂ ਕਰ ਦੇਵਾਂ।

***ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥***
***ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥***
***ਅੰਗ - ੧੪***

ਜੇ ਮੈਂ ਇਥੇ ਬੋਲਦਾ ਹਾਂ, ਹੁਣੇ ਹੀ ਮੈਂ ਜਾ ਕੇ ਅਮਰੀਕਾ 'ਚ ਬੋਲਣ ਲੱਗ ਜਾਵਾਂ, ਲੋਕ ਆਪੇ ਹੀ ਭਾਉ ਰੱਖਣਗੇ ਕਿ ਐਨੀ ਸ਼ਕਤੀ ਤਾਂ ਅਸੀਂ ਦੇਖੀ ਨਹੀਂ ਕਿਤੇ। ਸਾਰੀ ਦੁਨੀਆਂ ਮਹਾਰਾਜ ਤੁਹਾਡੇ ਪਿਛੇ ਤੁਰੀ ਫਿਰੇਗੀ।

ਕਹਿੰਦੇ, ਹੋਰ ਕੀ ਦਏਗਾ?

ਕਹਿੰਦਾ, ਮਹਾਰਾਜ! ਜਿਹੜੇ ਰਾਜ ਪਿਛੇ ਦੁਨੀਆਂ ਕਮਲੀ ਹੋਈ ਫਿਰਦੀ ਹੈ ਨਾ, ਅਸੂਲ ਛੱਡ ਦਿੰਦੀ ਹੈ, ਆਪਸ ਵਿਚ ਇਕ ਦੂਜੇ ਨਾਲ ਨਫਰਤ ਕਰਦੇ ਨੇ। ਇਕ ਦੂਜੇ ਦੀ ਲਾਸ਼ ਤੇ ਖੜ੍ਹ ਕੇ ਚੜ੍ਹਦੇ ਨੇ। ਮਹਾਰਾਜ, ਇਹ ਰਾਜ ਮੈਂ ਤੁਹਾਨੂੰ-

***ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ ॥***
***ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥***
***ਅੰਗ - ੧੪***

ਮਹਾਰਾਜ ਕਹਿੰਦੇ, ਕਲਜੁਗ! ਇਹ ਤੇਰੀਆਂ ਚਾਰੋਂ ਚੀਜ਼ਾਂ ਦੁਨੀਆਂ ਦੇ ਭੋਗਾਂ ਦੀਆਂ ਉੱਤਮ ਗਿਣੀਆਂ ਗਈਆਂ ਨੇ, ਤੈਨੂੰ ਪਤਾ ਹੈ ਇਹਦਾ ਅਸਰ ਕੀ ਹੁੰਦਾ ਹੈ? ਇਹ ਮਨ ਨੂੰ ਘੇਰ ਲੈਂਦੀਆਂ ਨੇ। ਮਨ ਇਹਦੇ ਵਿਚ ਲੱਗ ਜਾਂਦਾ ਹੈ। ਉਹਦੇ ਲੱਗਣ ਨਾਲ ਕੀ ਹੁੰਦਾ ਹੈ, ਪ੍ਰਮੇਸ਼ਰ ਭੁੱਲ ਜਾਂਦਾ ਹੈ, ਜਦੋਂ ਪ੍ਰਮੇਸ਼ਰ ਭੁੱਲ ਗਿਆ, ਕੋਈ ਦੁਨੀਆਂ ਦੀ ਚੀਜ਼ ਐਸੀ ਨਹੀਂ ਹੈ ਜਿਹੜੀ ਫੇਰ ਆਦਮੀ ਦੇ ਅੰਦਰ ਖੇੜਾ ਪੈਦਾ ਕਰ ਸਕੇ। ਇਹ ਚੀਜ਼ਾਂ ਤਾਂ ਦੇਖਣ ਵਗੈਰਾ ਨਾਲ ਸਬੰਧ ਰੱਖਦੀਆਂ ਨੇ। temporary ਟੀਕੇ ਨੇ ਇਹ। ਲੇਕਿਨ ਅਸਲੀ ਚੀਜ਼ ਤਾਂ ਪ੍ਰਮੇਸ਼ਰ ਦਾ ਨਾਮ ਹੈ।

***ਮਤੁ ਦੇਖਿ ਭੂਲਾ ਵੀਸਰੈ***
***ਤੇਰਾ ਚਿਤਿ ਨ ਆਵੈ ਨਾਉ ॥ ਅੰਗ - ੧੪***

**ਧਾਰਨਾ - ਕਿਤੇ ਭੁੱਲ ਨਾ ਜਾਈਂ**
**ਓਏ ਮਨਾਂ ਮੇਰਿਆ,**
**ਮੋਤੀਆਂ ਦੇ ਮੰਦਰ ਵੇਖ ਕੇ।**

***ਮੋਤੀ ਤ ਮੰਦਰ ਊਸਰਹਿ***
***ਰਤਨੀ ਤ ਹੋਹਿ ਜੜਾਉ ॥***
***ਕਸਤੂਰਿ ਕੁੰਗੂ ਅਗਰਿ ਚੰਦਨਿ***
***ਲੀਪਿ ਆਵੈ ਚਾਉ ॥***
***ਮਤੁ ਦੇਖਿ ਭੂਲਾ ਵੀਸਰੈ***
***ਤੇਰਾ ਚਿਤਿ ਨ ਆਵੈ ਨਾਉ॥ ਅੰਗ - ੧੪***

ਸੋ ਜੇ ਨਾਮ ਹਿਰਦੇ 'ਚੋਂ ਨਿਕਲ ਜਾਵੇ, ਮਹਾਰਾਜ ਜੀ ਨੇ ਸ਼ੁਰੂ ਇਥੋਂ ਹੀ ਕਰਿਆ ਹੈ -

***ਆਸਾੜੁ ਤਪੰਦਾ ਤਿਸੁ ਲਗੈ***
***ਹਰਿ ਨਾਹੁ ਨ ਜਿੰਨਾ ਪਾਸਿ ॥ ਅੰਗ - ੧੩੪***

ਉਹਦਾ ਜੀਵਨ ਕੁਛ ਨਹੀਂ ਹੈ, ਕੁਰਾਹੇ ਪਿਆ ਹੋਇਆ ਬੰਦਾ ਹੈ ਜਿਹਦੇ ਹਿਰਦੇ 'ਚ ਨਾਮ ਨਹੀਂ ਹੈ। ਵੱਡੀਆਂ-ਵੱਡੀਆਂ ਪ੍ਰਾਪਤੀਆਂ ਦੇ ਵਾਸਤੇ ਤੁਰਿਆ ਫਿਰਦਾ ਹੈ, ਕੋਈ ਪ੍ਰਾਪਤੀ ਦੁਨੀਆਂ ਦੀ ਜਿਹੜੀ ਹੈ ਉਹ ਅੰਦਰ ਸ਼ਾਂਤੀ ਪੈਦਾ ਨਹੀਂ ਕਰ ਸਕਦੀ।

***ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥***
***ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ ॥***
***ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ ॥***
***ਅੰਗ - ੭੦੭***

ਆਹ ਚੀਜ਼ਾਂ ਸਾਰੀਆਂ ਹੋਣ, ਜੇ ਵਾਹਿਗੁਰੂ ਨਹੀਂ ਨਾ ਚਿੱਤ ਆਉਂਦਾ -

***ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥***
***ਅੰਗ - ੭੦੭***

ਜਿਹੋ ਜਿਹਾ ਵਿਸ਼ਟਾ ਦਾ ਕੀੜਾ ਓਹੋ ਜਿਹਾ ਉਹ ਬੰਦਾ। ਕਿਉਂਕਿ ਰੂਹਾਨੀ ਨਾਮ, ਅਧਿਆਤਮਵਾਦ ਸਤਿ ਦੀ ਬਾਤ ਕਰਦਾ ਹੈ। ਉਹਦਾ ਸ਼ਖਸ਼ੀਅਤਾਂ ਨੂੰ

ਨਾਪਣ ਵਾਸਤੇ ਮਾਇਆ ਦਾ ਗਜ਼ ਨਹੀਂ ਹੈ, ਅਧਿਆਤਮਵਾਦ ਦਾ ਗਜ਼ ਹੈ।

*ਬਿਨੁ ਹਰਿ ਨਾਮ ਨ ਸਾਂਤਿ ਹੋਇ*
*ਕਿਤੁ ਬਿਧਿ ਮਨੁ ਧੀਰੇ ॥ ਅੰਗ - ੭੦੭*

ਸੋ ਨਾਮ ਨੂੰ ਭੁੱਲਣ ਦੇ ਨਾਲ, ਜੀਉੜਾ ਜਿਹੜਾ ਹੈ ਉਹ ਜਲ ਜਾਇਆ ਕਰਦਾ ਹੈ।

*ਮਾਇਆ ਅਗਨਿ ਜਲੈ ਸੰਸਾਰੇ॥ ਅੰਗ - ੧੦੪੯*

ਮਾਇਆ ਦੀ ਅੱਗ ਦੇ ਵਿਚ ਸਾਰਾ ਸੰਸਾਰ ਜਲ ਰਿਹਾ ਹੈ। ਕੌਣ ਬਚਦਾ ਹੈ? ਕਹਿੰਦੇ ਜਿਹੜੇ ਸ਼ਬਦ ਦੀ ਵਿਚਾਰ ਕਰਦੇ ਨੇ, ਉਹ ਗੁਰਮੁਖ ਪਿਆਰੇ ਬਚਦੇ ਨੇ -

*ਗੁਰਮੁਖਿ ਨਿਵਾਰੈ ਸਬਦਿ ਵੀਚਾਰੇ ॥*
*ਅੰਤਰਿ ਸਾਂਤਿ ਸਦਾ ਸੁਖੁ ਪਾਇਆ*
*ਗੁਰਮਤੀ ਨਾਮੁ ਲੀਜੈ ਹੇ ॥ ਅੰਗ - ੧੦੪੯*

ਅੰਦਰ ਸ਼ਾਂਤ ਹੋ ਜਾਂਦਾ, ਸੁਖਾਂ ਦੀ ਪ੍ਰਾਪਤੀ ਹੋ ਜਾਂਦੀ ਹੈ। ਗੁਰੂ ਦੀ ਮਤ ਧਾਰ ਕੇ ਨਾਮ ਲਵੇ।

*ਮਾਇਆ ਬਿਖੁ ਭੁਇਅੰਗਮ ਨਾਲੇ॥*
*ਅੰਗ - ੧੦੨੯*

ਆਦਮੀ ਦੇ ਅੰਦਰ ਮਾਇਆ ਦਾ ਖੜੱਪਾ ਨਾਗ ਵਸਦਾ ਹੈ, ਫੇਰ ਇਹਦੇ ਨਾਲ ਹੁੰਦਾ ਕੀ ਹੈ?

*ਇਨਿ ਦੁਬਿਧਾ ਘਰ ਬਹੁਤੇ ਗਾਲੇ ॥*
*ਸਤਿਗੁਰ ਬਾਝਹੁ ਪ੍ਰੀਤਿ ਨ ਉਪਜੈ*
*ਭਗਤਿ ਰਤੇ ਪਤੀਆਰਾ ਹੇ ॥ ਅੰਗ - ੧੦੨੯*

ਸੋ ਇਸ ਤਰ੍ਹਾਂ ਜਦੋਂ ਨਾਮ ਨੂੰ ਭੁੱਲ ਜਾਂਦਾ ਹੈ, ਫੇਰ ਇਹਦੇ ਗਲ ਦੇ ਵਿਚ ਜਮਾਂ ਦੀ ਫਾਂਸੀ ਪੈ ਜਾਇਆ ਕਰਦੀ ਹੈ। ਐਸਾ ਫੁਰਮਾਨ ਕਰਦੇ ਨੇ ਮਹਾਰਾਜ! -

***ਧਾਰਨਾ - ਗਲ ਪੈ ਜਾਊਗੀ***
***ਜਮਾਂ ਵਾਲੀ ਫਾਂਸੀ,***
***ਰਾਮ ਨੂੰ ਵਿਸਾਰੇਂ ਗਾਫਲਾ।***

ਦੂਸਰੀ ਜੋ ਲਾਈਨ ਹੈ ਏਸ ਸ਼ਬਦ ਦੀ, ਮਹਾਰਾਜ ਕਹਿੰਦੇ, ਜਗਤ ਨੂੰ ਜੀਵਨ ਦੇਣ ਵਾਲਾ ਜਿਹੜਾ ਪੁਰਖ ਹਰੇਕ ਦੇ ਘਟ-ਘਟ ਵਿਚ ਵਿਆਪਕ ਹੈ, ਉਹਨੂੰ ਤੂੰ ਭੁੱਲ ਗਿਆ ਤੇ ਕੰਮ ਕੀ ਕਰਿਆ, ਮਨੁੱਖ ਦੀ ਆਸ ਰੱਖ ਲਈ। ਉਹਨੂੰ ਛੱਡ ਦਿਤਾ, ਜਿਹੜਾ ਸਰਬ ਕਲਾ ਸਮਰੱਥ, ਹਰ ਥਾਂ ਦੇ ਉਤੇ ਮਦਦ ਕਰ ਸਕਦਾ ਹੈ। ਉਹਦਾ ਸਾਥ ਤਾਂ ਛੱਡ ਦਿਤਾ, ਮਨੁੱਖ ਦਾ ਸਾਥ ਪ੍ਰਵਾਨ ਕਰ ਲਿਆ।

*ਜਗਜੀਵਨ ਪੁਰਖੁ ਤਿਆਗਿ ਕੈ ਮਾਨਸ ਸੰਦੀ*
*ਆਸ॥ ਦੁਯੈ ਭਾਇ ਵਿਗੁਚੀਐ*
*ਗਲਿ ਪਈਸੁ ਜਮ ਕੀ ਫਾਸ ॥ ਅੰਗ - ੧੩੪*

ਵਾਹਿਗੁਰੂ ਨਾਲੋਂ ਟੁੱਟ ਗਿਆ, ਟੁੱਟਣ ਦਾ ਨਤੀਜਾ ਕੀ ਹੋਇਆ -

*........ਗਲਿ ਪਈਸੁ ਜਮ ਕੀ ਫਾਸ ॥*
*ਅੰਗ-੧੩੪*

ਜਮਾਂ ਦੀ ਫਾਸੀ ਫੇਰ ਗਲ 'ਚ ਪੈ ਗਈ। ਹੁਣ ਇਹ ਜੋ ਗੱਲ ਹੈ, ਮਹਾਰਾਜ ਜੀ ਨੇ ਸਿਧਾਂਤ ਦਿਤਾ ਕਿ ਉਹ ਸਾਰਿਆਂ ਦਾ ਰਾਖਾ ਜਿਹੜਾ ਵਾਹਿਗੁਰੂ ਹੈ, ਉਹ ਹਰ ਥਾਂ ਦੇ ਉਤੇ ਸਹਾਇਤਾ ਕਰਦਾ ਹੈ, ਜਿਥੇ ਕੋਈ ਨਹੀਂ ਹੁੰਦਾ ਨਾ, ਜਿਥੇ ਕਿਸੇ ਦਾ ਹੱਥ ਹੀ ਨਹੀਂ ਪਹੁੰਚ ਸਕਦਾ।

ਦੋ ਹਾਲਤਾਂ ਨੇ ਸਾਡੀ ਜ਼ਿੰਦਗੀ ਦੀਆਂ, ਇਕ ਤਾਂ ਪ੍ਰਤੱਖ ਜੀਵਨ ਹੈ, ਜਿਹਦੇ 'ਚ ਅਸੀਂ ਜਿਉਂ ਰਹੇ ਹਾਂ। ਇਹਦੇ ਵਿਚ ਵੀ ਸਾਨੂੰ ਮਦਦ ਦੀ ਲੋੜ ਹੈ, ਇਕ ਉਹ ਜੀਵਨ ਹੈ ਜਿਹੜਾ ਇਸ ਜੀਵਨ ਤੋਂ ਬਾਅਦ ਸਾਨੂੰ ਮਿਲਣਾ ਹੈ। ਉਹਦੇ ਬਾਰੇ ਅਸੀਂ ਜਾਣਦੇ ਵੀ ਹਾਂ ਲੇਕਿਨ ਮਹਾਰਾਜ ਜੀ indication ਦੇਈ ਜਾ ਰਹੇ ਨੇ ਕਿ ਜੇ ਤੂੰ ਐਉਂ ਕਰਿਆ ਐਉਂ ਹੋ ਜਾਏਗਾ, ਜੇ ਇਸ ਤਰ੍ਹਾਂ ਕਰਿਆ ਤਾਂ ਆਹ ਹੋ ਜਾਏਗਾ। ਉਹਦੇ ਉਤੇ ਵਿਸ਼ਵਾਸ਼ ਨਹੀਂ ਕਰਦਾ ਕਿ ਮੈਂ ਅੱਖਾਂ ਨਾਲ ਨਹੀਂ ਦੇਖਿਆ। ਮੈਂ ਤਾਂ ਨਹੀਂ ਵਿਸ਼ਵਾਸ਼ ਕਰਦਾ। ਤੇਰੀਆਂ ਅੱਖਾਂ ਨੂੰ ਤਾਂ ਬਹੁਤ ਚੀਜ਼ਾਂ ਨਹੀਂ ਨਜ਼ਰ ਆਉਂਦੀਆਂ। ਰੇਡੀਓ waves ਹੀ ਨਹੀਂ ਦਿਸਦੀਆਂ। ਟੈਲੀਵੀਜ਼ਨ ਦੀਆਂ waves ਨਹੀਂ ਦਿਸਦੀਆਂ। ਗਾਮਾ rays ਨਹੀਂ ਦਿਸਦੀਆਂ, ਜਿਹੜੀਆਂ cosmic rays ਹਜ਼ਾਰਾਂ ਦੀ ਤਾਦਾਦ 'ਚ ਚਲ ਰਹੀਆਂ ਨੇ, ਉਹ ਤੈਨੂੰ ਦਿੰਹਦੀਆਂ ਨੇ? ਉਨ੍ਹਾਂ ਨੂੰ ਤਾਂ ਮੰਨਦਾ ਹੈਂ? ਕਹਿਦਾ ਜੀ, ਉਹ ਯੰਤਰਾਂ ਦੇ ਨਾਲ ਸਾਬਤ ਹੋ ਗਈਆਂ, ਤਾਂ ਮੈਂ ਮੰਨਦਾ ਹਾਂ। ਕਹਿੰਦੇ, ਜਿਥੇ ਯੰਤਰ ਨਹੀਂ ਉਥੇ ਵੀ ਦੁਨੀਆਂ ਹੈਗੀ। ਉਥੇ ਸਹਾਇਤਾ ਲਈ ਮਨੁੱਖ ਦਾ ਹੱਥ ਨਹੀਂ ਪਹੁੰਚ ਸਕਦਾ, ਕਿਸੇ ਤਰੀਕੇ ਨਾਲ ਨਹੀਂ ਪਹੁੰਚਦਾ -

*ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ ॥*
*ਅੰਗ - ੧੨੯੧*

ਉਥੇ ਕਿਸੇ ਤਰੀਕੇ ਦੇ ਨਾਲ ਹੱਥ ਨਹੀਂ ਪਹੁੰਚਦਾ।

*ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥*
*ਨਾਨਕ ਜਿਉ ਮਥਨਿ ਮਾਧਾਣੀਆ*
*ਤਿਉ ਮਥੇ ਧ੍ਰਮ ਰਾਇ ॥ ਅੰਗ - ੧੪੨੫*

ਉਹ ਵੀ ਦੁਨੀਆਂ ਹੈ ਇਕ, ਸੂਖਸ਼ਮ।

*ਧਰਮ ਰਾਇ ਨੋ ਹੁਕਮੁ ਹੈ*
*ਬਹਿ ਸਚਾ ਧਰਮੁ ਬੀਚਾਰਿ ॥*
*ਦੂਜੈ ਭਾਇ ਦੁਸਟੁ ਆਤਮਾ*
*ਓਹੁ ਤੇਰੀ ਸਰਕਾਰ ॥ ਅੰਗ - ੩੮*

ਜਿਨ੍ਹਾਂ ਨੇ ਇਥੇ ਆ ਕੇ ਸਤਿਪੁਰਸ਼ਾਂ ਦੀ ਗੱਲ ਮੰਨਣੀ ਹੀ ਨਹੀਂ ਹੈ, ਐਵੇਂ ਅਲਪੱਗ ਚੀਜ਼ਾਂ ਦੇ

ਤਜਰਬੇ ਮੰਨਣੇ ਨੇ, ਕਹਿੰਦੇ, ਉਹ ਤੇਰੇ ਕੋਲ ਆਉਣਗੇ ਧਰਮਰਾਜ ਨੂੰ ਮਹਾਰਾਜ ਕਹਿੰਦੇ, ਉਨ੍ਹਾਂ ਦਾ ਹਿਸਾਬ ਕਿਤਾਬ ਤੂੰ ਕਰਨਾ ਹੈ। ਗੁਰੂ ਵਾਲਿਆਂ ਨੇ ਨਹੀਂ ਤੇਰੇ ਕੋਲ ਆਉਣਾ, ਗੁਰੂ ਵਾਲਾ ਤਾਂ ਜੇ ਚਲਿਆ ਜਾਵੇ ਕਦੇ, ਸੇਵਾ ਕਰਨ ਵਾਲਾ ਬਾਣੀ ਪੜ੍ਹਨ ਵਾਲਾ, ਨਾਮ ਜਪਣ ਵਾਲਾ, ਜੇ ਭੁੱਲ ਕੇ ਕਿਤੇ ਧਰਮਰਾਜ ਦੇ ਚਲਿਆ ਜਾਵੇ ਫੇਰ ਕੀ ਹੁੰਦਾ ਹੈ? ਧਰਮਰਾਜ ਨੂੰ ਫਿਕਰ ਪੈ ਜਾਂਦਾ ਹੈ ਕਿ ਕੋਈ ਬੇਅਦਬੀ ਨਾ ਮੈਂ ਕਰ ਬੈਠਾਂ। ਐਸਾ ਗੁਰਬਾਣੀ ਦੇ ਅੰਦਰ ਫੁਰਮਾਨ ਆਉਂਦਾ ਹੈ -

***ਧਾਰਨਾ - ਧਰਮਰਾਜਾ ਵੀ ਕਰੇਗਾ ਸੇਵਾ,***
***ਸਾਧੂਆਂ ਦੇ ਸੰਗੀਆਂ ਦੀ।***

***ਸਾਧਸੰਗਿ ਧਰਮ ਰਾਇ ਕਰੇ ਸੇਵਾ ॥***
***ਸਾਧ ਕੈ ਸੰਗਿ ਸੋਭਾ ਸੁਰਦੇਵਾ ॥ ਅੰਗ - ੨੭੧***

ਜਿਹੜੇ ਸੁਰ ਲੋਕ ਨੇ ਨਾ, ਸਾਨੂੰ ਤਾਂ ਪਤਾ ਨਹੀਂ ਉਨ੍ਹਾਂ ਦਾ, ਕਿਉਂਕਿ ਸਾਡੀਆਂ ਅੱਖਾਂ ਮੈਟਰ ਨੂੰ ਦੇਖਦੀਆਂ ਨੇ, ਉਹ ਵੀ ਤਾਂ, ਜੇ ਰੌਸ਼ਨੀ ਹੋਵੇ ਉਹਦੇ ਉਤੇ। ਅਦਿੱਖ ਕਿੰਨਾ ਕੁਛ ਹੈ ਸੰਸਾਰ 'ਚ, ਇਹ ਅਸੀਂ ਨਹੀਂ ਜਾਣ ਸਕਦੇ। ਜਿੰਨਾ ਕੁ ਮਹਾਰਾਜ ਜੀ ਨੇ ਦੱਸਿਆ ਹੈ, ਉਸ ਹਿਸਾਬ ਨਾਲ ਸੁਰ ਲੋਕ ਹੈ ਜਿਥੇ ਦੇਵਤੇ ਰਹਿੰਦੇ ਨੇ। ਜਿਨ੍ਹਾਂ ਨੇ ਹੋਰ ਖੋਜ ਕਰੀ ਹੈ ਉਹ ਦਸਦੇ ਨੇ ਕਿ ਪਹਿਲਾਂ ਗੰਧਰਬ ਲੋਕ ਆਇਆ ਕਰਦਾ ਹੈ, ਉਹਦੇ 'ਚ ਥੋੜ੍ਹੇ-ਥੋੜ੍ਹੇ ਪੁੰਨ ਕਰਨ ਵਾਲੇ, ਮਾੜੇ ਮੋਟੇ ਜਿਹੜੇ ਨੇਕ ਜਿਹੇ ਬੰਦੇ, ਕੁਛ ਥੋੜ੍ਹੀਆਂ ਜਿਹੀਆਂ ਨੇਕੀਆਂ ਕਰੀਆਂ ਹੋਈਆਂ, ਥੋੜ੍ਹੀਆਂ ਜਿਹੀਆਂ ਬਦੀਆਂ ਕਰੀਆਂ ਨੇ, ਪੁੰਨ ਫਲ ਭੁਗਤਾਉਣ ਵਾਸਤੇ ਫੇਰ ਉਸ ਤੋਂ ਬਾਅਦ ਪਾਪਾਂ ਦੇ ਫਲ ਭੁਗਤਾਉਣ ਵਾਸਤੇ ਵੰਡ ਕਰ ਦਿਤੀ ਜਾਂਦੀ ਹੈ ਕਿ ਐਨਾ ਚਿਰ ਇਹਨੂੰ ਇਸ ਲੋਕ 'ਚ ਰਹਿਣਾ ਪੈਣਾ ਹੈ, ਉਹਦੇ 'ਚ ਸੁਖ ਕਿੰਨਾ ਹੈ, ਸਾਡੇ ਇਥੇ ਦੇ ਚੱਕਰਵਰਤੀ ਬਾਦਸ਼ਾਹ ਨਾਲੋਂ ਸੌ ਗੁਣਾਂ ਸੁਖ ਹੈ। ਉਸ ਤੋਂ ਸੌ ਗੁਣਾਂ ਜ਼ਿਆਦਾ ਅਗਲੇ ਲੋਕ ਦੇ ਵਿਚ ਸੁਖ ਹੈ, ਉਹਨੂੰ ਦੇਵ ਗੰਧਰਬ ਲੋਕ ਕਹਿੰਦੇ ਨੇ। ਉਹਦੇ 'ਚ duration ਬਹੁਤੀ ਹੈ ਤੇ ਜ਼ਿਆਦਾ ਪੁੰਨ ਦਾਨ ਕਰਨ ਵਾਲੇ ਲੋਕ ਉਥੇ ਜਾਂਦੇ ਨੇ।

ਕਿਉਂਕਿ ਅਸੀਂ ਇਕ ਗਲਤ ਗੱਲ ਕਰਦੇ ਹਾਂ, ਦਾਨ ਪੁੰਨ, ਨੇਕੀ ਕਰਕੇ ਬਦਲਾ ਚਾਹੁੰਦੇ ਹਾਂ। ਮਿਲਦਾ ਹੈ ਇਹ ਨਹੀਂ ਹੈ ਕਿ ਮਿਲਦਾ ਨਹੀਂ ਹੈ ਪਰ ਇਹ ਹੈ ਕਿ ਉਥੇ ਇਕ ਗਲਤੀ ਇਹ ਹੋ ਜਾਂਦੀ ਹੈ ਕਿ ਉਨ੍ਹਾਂ 'ਚ, ਉਹਦਾ ਫਲ ਭੋਗ ਮੁੜ ਕੇ ਇਥੇ ਫੇਰ ਆਉਣਾ ਪੈਂਦਾ ਹੈ।

ਇਕ ਵਾਰੀ ਵਸ਼ਿਸ਼ਟ ਜੀ ਤੇ ਰਾਮ ਚੰਦਰ ਜੀ ਅਤੇ ਹੋਰ ਅਨੇਕਾਂ ਰਿਸ਼ੀ-ਮੁਨੀ ਚੰਗੇ ਪੁਰਸ਼ ਬੈਠੇ ਸਭਾ 'ਚ ਵਿਚਾਰ ਹੋ ਰਹੀ ਸੀ, ਅਧਿਆਤਮ ਵਿਚਾਰ। ਅਚਾਨਕ ਰਾਮ ਚੰਦਰ ਜੀ ਇਕ ਕੀੜੇ ਵਲ ਦੇਖਣ ਲੱਗ ਗਏ। ਦੇਖਿਆ ਤਾਂ ਉਸ ਕੀੜੇ ਦੀਆਂ ਦੋ ਲੱਤਾਂ ਟੁੱਟੀਆਂ ਹੋਈਆਂ ਨੇ। ਦੀਵਾਰ 'ਤੇ ਚੜ੍ਹਦਾ ਸੀ ਗਿਰ ਪੈਂਦਾ ਸੀ। ਸ੍ਰੀ ਰਾਮ ਚੰਦਰ ਜੀ ਨੇ ਜ਼ੋਰ ਨਾਲ ਤਾਲੀ ਮਾਰੀ ਤੇ ਉਚੀ-ਉਚੀ ਹੱਸ ਪਏ, ਸਭਾ ਸਾਰੀ ਦਾ ਧਿਆਨ ਇਧਰ ਹੋ ਗਿਆ ਕਿ ਕੀ ਗੱਲ? ਵਸ਼ਿਸ਼ਟ ਜੀ ਨੇ ਪੁਛਿਆ ਕਿ ਹੇ ਰਾਮ ਜੀ! ਆਪ ਦੇ ਹੱਸਣ ਦਾ ਕਾਰਨ? ਕਹਿੰਦੇ ਆਹ ਕੀੜਾ ਦੇਖਿਆ ਹੈ? ਉਨ੍ਹਾਂ ਨੇ ਵੀ ਧਿਆਨ ਨਾਲ ਦੇਖਿਆ ਤੇ ਕਹਿੰਦੇ ਇਹਦੇ 'ਚ ਤਾਂ ਹੱਸਣ ਦਾ ਕਾਰਣ ਨਹੀਂ ਕੋਈ, ਦੋ ਲੱਤਾਂ ਟੁੱਟੀਆਂ ਹੋਈਆਂ ਨੇ, ਕੰਧ ਤੇ ਚੜ੍ਹਦਾ ਹੈ ਤੇ ਗਿਰ ਪੈਂਦਾ ਹੈ, ਕੁਦਰਤੀ ਹੈ ਇਹ ਤਾਂ। ਆਪ ਗੋਹਝ ਗੱਲ ਪ੍ਰਗਟ ਕਰੋ?

ਇਕ ਦੋ ਮਿੰਟ ਵਾਸਤੇ ਮਾਇਆ ਸੰਕੋਚ ਦਿਓ ਤਾਂ ਕਿ ਅਸੀਂ ਮਾਇਆ ਦੇ ਮੰਡਲ ਤੋਂ ਪਾਰ ਕੀ ਵਰਤ ਰਿਹਾ ਹੈ ਉਹ ਦੇਖ ਲਈਏ।

ਉਸ ਵੇਲੇ ਸ੍ਰੀ ਰਾਮ ਚੰਦਰ ਜੀ ਨੇ ਮਾਇਆ ਸੰਕੋਚ ਦਿਤੀ। ਕਹਿਣ ਲੱਗੇ ਦੇਖੋ, ਪ੍ਰੇਮੀਓ! ਇਹ ਕੀੜਾ ਅੱਜ ਤੋਂ ਪਹਿਲਾਂ ਚੌਦਾਂ ਵਾਰੀ ਇੰਦਰ ਦੇ ਤਖਤ 'ਤੇ ਬੈਠ ਚੁੱਕਿਆ। ਇੰਦਰ ਦੀ ਪਦਵੀ ਹਾਸਲ ਕਰ ਚੁੱਕਿਆ ਤੇ 3 ਕਰੋੜ 56 ਲੱਖ ਸਾਲ ਦੀ duration ਹੁੰਦੀ ਹੈ, ਉਥੇ ਉਸ ਪਦਵੀ ਦੀ। ਇਹ ਐਨਾ ਸੁੱਖ ਭੋਗ ਕੇ ਮੁੜ ਕੇ 84 'ਚ ਗਿਰ ਜਾਂਦਾ ਹੈ। ਹੁਣ ਇਹ ਕੀੜਾ ਬਣਿਆ ਹੋਇਆ ਹੈ, ਇਹਦੀ ਸਿਮ੍ਰਤੀ ਐਨੀ ਪੱਕ ਗਈ ਕਿ ਇਹ ਕਹਿੰਦਾ ਹੈ ਛੇਤੀ-ਛੇਤੀ ਮੈਂ 84 ਲੱਖ ਜੂਨਾਂ ਪੂਰੀਆਂ ਕਰਾਂ ਫੇਰ ਮਨੁੱਖ ਬਣਾਂ ਤੇ ਫੇਰ ਮੈਂ ਸੌ ਨਿਰਵਿਘਨ ਯੱਗ ਪੂਰਾ ਕਰਾਂ ਅਤੇ ਫੇਰ ਇੰਦਰ ਦੀ ਪਦਵੀ ਹਾਸਲ ਕਰਾਂ। ਕਹਿੰਦੇ, ਇਸ ਮਹਾਂ-ਮੂਰਖ ਨੂੰ ਇਹ ਨਹੀਂ ਪਤਾ ਕਿ ਪਰਮ ਪਦ ਦੀ ਪ੍ਰਾਪਤੀ ਕਰ ਜਿਥੋਂ ਮੁੜ ਕੇ ਆਈਦਾ ਹੀ ਨਹੀਂ ਹੈ, ਹਮੇਸ਼ਾ ਹੀ ਰਹੀਦਾ ਹੈ। ਨਹੀਂ ਤਾਂ ਜਿਹੜੇ ਪੁੰਨ ਨੇ ਉਹਦਾ ਫਲ ਜਦ ਮੁੱਕ ਜਾਂਦਾ ਹੈ, ਫੇਰ ਗਿਰਨਾ ਪੈਂਦਾ ਹੈ। ਸੋ ਇਸ ਤਰ੍ਹਾਂ ਜਿਹੜੇ ਬੰਦੇ -

***ਪੁੰਨ ਦਾਨੁ ਜੋ ਬੀਜਦੇ***
***ਸਭ ਧਰਮ ਰਾਇ ਕੈ ਜਾਈ॥ ਅੰਗ - ੧੪੧੪***

ਉਹ ਧਰਮਰਾਜ ਦੇ ਜਾਂਦੇ ਨੇ, ਕੋਈ ਪੰਜ ਹਜ਼ਾਰ ਸਾਲ ਸਵਰਗ 'ਚ ਰਹਿ ਕੇ ਫੇਰ ਇਥੇ ਆ ਜਾਂਦਾ ਹੈ, ਕੋਈ ਦੱਸ ਹਜ਼ਾਰ ਸਾਲ ਬਾਅਦ ਆ ਜਾਂਦਾ ਹੈ। ਜਿੰਨਾ-ਜਿੰਨਾ ਕਿਸੇ ਨੇ ਇੰਧਨ ਪਾਇਆ ਹੁੰਦਾ ਹੈ, ਓਨੀਂ ਉਚਾਈ ਤੋਂ ਜਾ ਕੇ ਗਿਰਿਆ ਆਉਂਦਾ ਹੈ ਥੱਲੇ।

ਇਸ ਤਰ੍ਹਾਂ ਗੰਧਰਭ ਲੋਕ ਹੈ, ਦੇਵ ਗੰਧਰਭ ਲੋਕ ਹੈ, ਪਿੱਤਰ ਲੋਕ ਹੈ, ਸਵਰਗ ਲੋਕ ਹੈ, ਇੰਦਰ

ਲੋਕ ਹੈ, ਕਰਮ ਦੇਵ ਲੋਕ ਹੈ, ਅਜਾਨ ਦੇਵ ਲੋਕ ਹੈ, ਪਰਜਾਪਤ ਲੋਕ ਹੈ, ਸ਼ਿਵ ਲੋਕ ਹੈ, ਬ੍ਰਹਮ ਲੋਕ ਹੈ ਤੇ ਬੈਕੁੰਠ ਜਿਹੜਾ ਲੋਕ ਹੈ ਉਹ ਪ੍ਰਕ੍ਰਿਤੀ ਦੀ ਆਖਰੀ ਹੱਦ 'ਤੇ ਹੈ। ਉਸ ਤੋਂ ਅੱਗੇ ਸੱਚਖੰਡ ਸ਼ੁਰੂ ਹੋ ਜਾਂਦਾ ਹੈ। anti matter ਜਗਤ ਸੁਰੂ ਹੋ ਜਾਂਦਾ ਹੈ, matter ਨਹੀਂ ਹੈ, ਉਹ ਹੋਰ ਹੀ ਕਿਸਮ ਦਾ ਹੈ, ਕਹਿੰਦੇ, ਕਹਿਆ ਹੀ ਨਹੀਂ ਜਾ ਸਕਦਾ ਉਸ ਬਾਰੇ –

***ਨਾਨਕ ਕਥਨਾ ਕਰੜਾ ਸਾਰੁ।***

ਕਿਉਂਕਿ ਨਾ ਇਥੇ terminology ਹੈ, ਨਾ ਸਮਝਾਇਆ ਜਾ ਸਕਦਾ ਹੈ, ਗੂੰਗੇ ਦੀ ਮਠਿਆਈ ਹੈ। ਸੋ ਇਸ ਤਰ੍ਹਾਂ ਦੇ ਨਾਲ ਥੋੜ੍ਹੇ-ਥੋੜ੍ਹੇ ਪੁੰਨ ਦਾਨ ਕਰਕੇ ਲੋਕ ਸਵਰਗਾਂ ਦੇ ਵਿਚ ਚਲੇ ਜਾਂਦੇ ਨੇ। ਕਹਿਣ ਲੱਗੇ, ਇਹਨੂੰ ਮੂਰਖ ਨੂੰ ਐਉਂ ਨਹੀਂ ਪਤਾ ਕਿ ਮੈਂ ਨਾਮ ਜਪਾਂ, ਬੰਦਗੀ ਕਰਾਂ।

ਸੋ ਮੈਂ ਧਰਮਰਾਜ ਦੇ ਦਰਬਾਰ ਦੀ ਗੱਲ ਕਰਦਾ ਸੀ।

ਬਾਬਾ ਸਾਹਿਬ ਸਿੰਘ ਜੀ ਬੇਦੀ ਊਨੇ ਵਾਲੇ, ਆਪ ਦੇ ਲੰਗਰ ਵਿਚ ਭਾਈ ਭਾਗ ਸਿੰਘ ਸੇਵਾ ਕਰਿਆ ਕਰਦੇ ਸੀ, ਉਹਦੀ ਮਾਤਾ ਸਮਾਂ ਕੱਢ ਕੇ, ਬਰਤਨ ਵਗੈਰਾ ਮਾਂਜਣਾ, ਝਾੜੂ ਦੇਣਾ, ਹੋਰ ਸੇਵਾ ਕਰਨੀ, ਵਸਤਰ ਧੋਣੇ, ਅਨੇਕ ਕਿਸਮ ਦੀ ਸੇਵਾ ਕਰਦੀ ਰਹਿੰਦੀ ਸੀ ਤੇ ਅੱਜ ਬਾਬਾ ਜੀ ਨੂੰ ਆਖਿਆ ਗਿਆ ਕਿ ਬਾਬਾ ਜੀ! ਭਾਗ ਸਿੰਘ ਦੀ ਮਾਤਾ ਚੜ੍ਹਾਈ ਕਰ ਗਈ। ਹੁਣ ਸਾਧੂ ਦੇਖ ਲੈਂਦੇ ਨੇ ਕਿ ਕਿੱਥੇ ਜਾ ਰਹੀ ਹੈ ਮਾਤਾ। ਆਪ ਨੇ ਦੇਖ ਲਿਆ ਕਿ ਇਹ ਤਾਂ ਗਲਤ ਰਸਤੇ ਪੈ ਗਈ, ਧਰਮਰਾਜ ਦੇ ਚਲੀ ਗਈ। ਇਹਨੂੰ ਤਾਂ ਜਾਣਾ ਨਹੀਂ ਚਾਹੀਦਾ ਕਹਿਣ ਲੱਗੇ, ਭਾਈ ਗੁਰਮੁਖੋ! ਇਹਦੇ ਸਰੀਰ ਦਾ ਦਾਹ ਨਾ ਕਰਿਓ। ਇਹਨੇ ਮੁੜ ਕੇ ਜੀਉਂਦੀ ਹੋ ਜਾਣਾ ਹੈ।

ਜਦੋਂ ਧਰਮਰਾਜ ਦੇ ਪੇਸ਼ ਕਰੀ, ਰਜਿਸਟਰ ਖੋਲ੍ਹਿਆ, ਇਹਦਾ ਨਾਉਂ ਹੀ ਨਾ ਨਿਕਲੇ, ਇਹਦੇ ਨਾਉਂ 'ਤੇ ਹੋਰ ਨਿਕਲੀ ਜਾਣ। ਧਰਮਰਾਜ ਨੂੰ ਫਿਕਰ ਪੈ ਗਿਆ ਕਿ ਬੜਾ ਮਾੜਾ ਕੰਮ ਹੋਇਆ। ਇਹ ਤਾਂ ਮੇਰੇ ਕੋਲ ਆਉਣ ਵਾਲੇ ਨਹੀਂ। ਮੇਰੇ ਕੋਲ ਤਾਂ ਉਹ ਆਉਂਦੇ ਨੇ ਜਿਹੜੇ –

***ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ ॥***
***ਅੰਗ - ੩੮***

ਜਿਹੜੇ ਅਧਿਆਤਮਕ ਗੱਲ ਕਰਦੇ ਨੇ, ਨਾਮ ਜਪਦੇ ਨੇ ਉਹ ਤਾਂ –

***ਤਿਨ ਕੀ ਸੇਵਾ ਧਰਮ ਰਾਇ ਕਰੈ***
***ਧੰਨੁ ਸਵਾਰਣਹਾਰੁ ॥ ਅੰਗ - ੩੮***

ਉਨ੍ਹਾਂ ਦੀ ਸੇਵਾ ਧਰਮਰਾਜ ਨੂੰ ਕਰਨੀ ਪੈਂਦੀ ਹੈ। ਉਸੇ ਵੇਲੇ ਗਲਤੀ ਸਮਝ ਗਿਆ, ਮਾਤਾ ਤੋਂ ਖਿਮਾ ਮੰਗੀ, ਕਹਿਣ ਲੱਗੇ ਕਿ ਮਾਤਾ! ਸਾਡੀ ਭੁੱਲ ਹੋ ਗਈ ਤੇ ਤੂੰ ਅਜੇ ਆਉਣਾ ਨਹੀਂ ਸੀ, ਤੂੰ ਗੁਰੂ ਨਾਨਕ ਦੀ ਦਰਗਾਹ ਦੀ ਮੈਂਬਰ ਹੈਂ, ਤੈਨੂੰ ਗੁਰੂ ਨਾਨਕ ਦਾ ਸੰਦੇਸ਼ਾ ਆਏਗਾ, ਅੰਤ ਕਾਲ 'ਚ। ਮੇਰੇ ਕੋਲ ਨਹੀਂ ਤੂੰ ਆਉਣਾ। ਉਸ ਵੇਲੇ ਉਹ ਕਹਿਣ ਲੱਗੀ ਕਿ ਮੈਨੂੰ ਉਹ ਦਰਗਾਹ ਦੇ ਦਰਸ਼ਨ ਕਰਾ ਦਿਓ। ਸਰੀਰ ਵਲ ਦੇਖਿਆ ਕਿ ਧਰਮਰਾਜ ਨੇ, ਜਾਣ ਗਿਆ ਕਿ ਅਜੇ ਸਸਕਾਰ ਨਹੀਂ ਕਰਨਾ, ਕਹਿਣ ਲੱਗੇ, ਜਾਓ ਭਾਈ! ਦਰਸ਼ਨ ਕਰਾ ਦਿਓ। ਬੜੀ ਸੇਵਾ ਕਰੀ, ਭੁੱਲ ਮੰਗਦਾ ਹੈ ਬਾਰ-ਬਾਰ।

ਜਦ ਉਥੇ ਗਈ ਤਾਂ ਉਹ ਕਹਿੰਦੇ ਕਿ ਬੀਬੀ! ਤੇਰੇ ਤਾਂ ਅਜੇ ਸੱਤ-ਅੱਠ ਸਾਲ ਰਹਿੰਦੇ ਨੇ। ਜਾਹ ਵਾਪਸ। ਜੀਉਂਦੀ ਹੋ ਗਈ ਤੇ ਬਾਬਾ ਜੀ ਦੇ ਕੋਲ ਨੂੰ ਚੱਲ ਪਏ ਸਾਰੇ। ਬਾਬਾ ਜੀ ਨੇ ਪੁਛਿਆ ਕਿ ਮਾਤਾ ਕਿਵੇਂ ਹੋਇਆ? ਸਾਰੀ ਗੱਲ ਦੱਸੀ। ਕਹਿੰਦੇ ਦੇਖੋ ਭਾਈ! ਜਿਹੜੇ ਸੰਗਤ ਕਰਨ ਵਾਲੇ ਪੁਰਸ਼, ਨਾਮ ਜਪਣ ਵਾਲੇ ਪੁਰਸ਼ ਚਲੇ ਵੀ ਜਾਣ ਧਰਮਰਾਜ ਦੇ। ਉਨ੍ਹਾਂ ਦੀ ਧਰਮਰਾਜ ਨੂੰ ਸੇਵਾ ਕਰਨੀ ਪੈਂਦੀ ਹੈ।

***ਸਾਧਸੰਗਿ ਧਰਮ ਰਾਇ ਕਰੇ ਸੇਵਾ ॥***
***ਸਾਧ ਕੈ ਸੰਗਿ ਸੋਭਾ ਸੁਰਦੇਵਾ ॥ ਅੰਗ - ੨੭੧***

ਕਿਉਂਕਿ ਉਹਦੀ ਸੋਭਾ ਉਥੇ ਪਹੁੰਚੀ ਹੁੰਦੀ ਹੈ, ਮਾੜਿਆਂ ਦੀ ਸੋਭਾ ਵੀ ਪਹੁੰਚੀ ਹੁੰਦੀ ਹੈ। ਚੰਗਿਆਂ ਦੀ ਸੋਭਾ ਜਦੋਂ ਉਹ ਸੰਸਾਰ ਤੋਂ ਜਾਂਦੇ ਨੇ, ਸਾਰੇ ਮੰਡਲਾਂ ਦੇ ਦੇਵਤੇ ਫੁੱਲ ਵਰਸਾਉਂਦੇ ਨੇ ਉਨ੍ਹਾਂ ਦੇ ਉਤੇ, ਜਦ ਲੰਘ ਰਹੇ ਹੁੰਦੇ ਨੇ ਮੰਡਲਾਂ 'ਚੋਂ। ਉਹ ਵੀ ਜੇ ਕਿਤੇ ਮੰਡਲਾਂ ਵਲ ਦੀ ਤੁਰ ਪੈਣ, ਨਹੀਂ ਸਿੱਧੇ ਜਾਂਦੇ ਨੇ। ਮਹਾਰਾਜ ਕਹਿੰਦੇ ਕਿ –

***ਧੰਨਿ ਧੰਨਿ ਕਹੈ ਸਭੁ ਕੋਇ ॥***
***ਮੁਖ ਊਜਲ ਹਰਿ ਦਰਗਹ ਸੋਇ ॥***
***ਅੰਗ - ੨੯੩***

ਮੁਖ ਉਜਲਾ ਹੋ ਜਾਂਦਾ ਹੈ, ਜੈ-ਜੈਕਾਰ ਹੁੰਦੀ ਹੈ, ਧੰਨ ਤੇਰੀ ਮਾਤਾ, ਧੰਨ ਤੇਰੀ ਮਾਤਾ। ਤੂੰ ਆਪ ਹੀ ਨਹੀਂ ਤਰਿਆ, ਤੂੰ 101 ਕੁਲ ਦਾ ਉਧਾਰ ਕਰ ਦਿਤਾ, ਧੰਨ ਹੈਂ ਤੂੰ, ਐਸੀ ਮਾਤਾ ਧੰਨ ਹੈ, ਜਿਸ ਦੀ ਕੁੱਖ ਤੋਂ ਐਸੇ ਬੱਚਿਆਂ ਨੇ ਜਨਮ ਲਿਆ। ਜਿਨ੍ਹਾਂ ਨੇ ਕੁਲਾਂ ਦੀਆਂ ਕੁਲਾਂ ਤਾਰ ਦਿਤੀਆਂ। ਦੂਜੇ ਪਾਸੇ ਫਿਟਕਾਰਾਂ ਪੈਂਦੀਆਂ ਜਾਂਦੀਆਂ ਨੇ, ਰੋਂਦਾ ਜਾਂਦਾ ਹੈ –

***ਬਾਰਿ ਵਿਡਾਨੜੈ ਹੁੰਮਸ ਧੁੰਮਸ***
***ਕੂਕਾ ਪਈਆ ਰਾਹੀ॥ ਅੰਗ - ੫੨੦***

ਕੂਕਾਂ ਮਾਰਦਾ ਜਾਂਦਾ ਹੈ। ਸੋ ਜਦ ਐਹੋ ਜਿਹੇ

ਥਾਂ ਚਲਿਆ ਜਾਂਦਾ ਹੈ। ਫੇਰ ਉਥੇ ਸਹਾਇਤਾ ਕੌਣ ਕਰਦਾ ਹੈ। ਮਹਾਰਾਜ ਕਹਿੰਦੇ, ਤੂੰ ਮਨੁੱਖ ਦੀ ਆਸ ਰੱਖ ਲਈ ਵਾਹਿਗੁਰੂ ਛੱਡ ਕੇ।

*ਜਗਜੀਵਨ ਪੁਰਖੁ ਤਿਆਗਿ ਕੈ*
*ਮਾਣਸ ਸੰਦੀ ਆਸ॥ ਅੰਗ - ੧੩੪*

ਹੁਣ ਦੱਸ, ਜਿਹੜੇ ਮਨੁੱਖਾਂ ਦੀ ਆਸ ਕਰੀ ਉਹ ਤਾਂ ਅੱਗ ਲਾ ਕੇ ਵਾਪਸ ਮੁੜ ਗਏ ਜਾ ਕੇ ਪ੍ਰਸ਼ਾਦ ਗੁਰਦੁਆਰੇ ਕਰ ਲਿਆ। ਤੇਰੀ ਸਹਾਇਤਾ ਕਰਨ ਤੇਰੇ ਨਾਲ ਵੀ ਕੋਈ ਤੁਰਿਆ? ਤੇਰੇ ਨਾਲ ਦੋ ਚੀਜ਼ਾਂ ਆ ਰਹੀਆਂ ਨੇ, ਇਕ ਮਾੜੇ ਕਰਮ ਇਕ ਚੰਗੇ ਕਰਮ। ਇਹ ਤੂੰ ਦੋ ਪੋਟਲੀਆਂ ਲਈ ਜਾਂਦਾ ਹੈਂ ਪ੍ਰੇਮੀਆਂ ਤੇ ਤੇਰੀ ਮਦਦ ਨਹੀਂ ਕਰਨੀ। ਉਥੇ ਮਦਦ ਕੌਣ ਕਰਦਾ ਹੈ, ਮਹਾਰਾਜ ਫੁਰਮਾਨ ਕਰਦੇ ਨੇ -

*ਧਾਰਨਾ - ਪਿਆਰੇ ਜੀ ਜਿਥੇ ਨਾ*
*ਕੋਈ ਮਾਤ ਪਿਤਾ,*
*ਉਥੇ ਨਾਮ ਨੇ ਸਹਾਇਤਾ ਕਰਨੀ।*
*ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥*
*ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥*
*ਅੰਗ - ੨੬੪*

ਆਦਮੀ ਦੇ ਅੰਦਰ ਮਾਇਆ ਦਾ ਖੜੱਪਾ ਨਾਗ ਵਸਦਾ ਹੈ, ਫੇਰ ਇਹਦੇ ਨਾਲ ਹੁੰਦਾ ਕੀ ਹੈ?

*ਇਨਿ ਦੁਬਿਧਾ ਘਰ ਬਹੁਤੇ ਗਾਲੇ ॥*
*ਸਤਿਗੁਰ ਬਾਝਹੁ ਪ੍ਰੀਤਿ ਨ ਉਪਜੈ*
*ਭਗਤਿ ਰਤੇ ਪਤੀਆਰਾ ਹੇ ॥ ਅੰਗ - ੧੦੨੯*

ਸੋ ਇਸ ਤਰ੍ਹਾਂ ਜਦੋਂ ਨਾਮ ਨੂੰ ਭੁੱਲ ਜਾਂਦਾ ਹੈ, ਫੇਰ ਇਹਦੇ ਗਲ ਦੇ ਵਿਚ ਜਮਾਂ ਦੀ ਫਾਂਸੀ ਪੈ ਜਾਇਆ ਕਰਦੀ ਹੈ।

ਹੁਣ ਦੇਖੋ ਸਾਧਸੰਗਤ ਜੀ! ਮਨ ਨੇ ਕਿੱਥੇ ਜਾ ਕੇ ਧੋਖਾ ਦਿਤਾ। ਮਛੰਦਰਨਾਥ ਗੋਰਖਨਾਥ ਦਾ ਗੁਰੂ, ਰਾਜੇ ਅਮਰੂ ਦੇ ਪਾਸ ਲੰਕਾ 'ਚ, ਬੜੀ ਮਾਨਤਾ ਸੀ ਉਹਨੂੰ ਗੁਰੂ ਕਰਕੇ ਮੰਨਦਾ ਸੀ ਉਹ, ਕਈ ਚਿਰ ਹੋ ਗਿਆ ਸੀ, ਰਾਜੇ ਦੇ ਰਾਣੀਆਂ ਸੇਵਾ ਕਰਦੀਆਂ ਸੀ। ਰਾਜਾ ਅਮਰੂ ਚੜ੍ਹਾਈ ਕਰ ਗਿਆ, ਓਸ ਵੇਲੇ ਇਹਦੇ ਮਨ ਨੇ ਧੋਖਾ ਦੇ ਦਿਤਾ ਕਿ ਰਾਜਾ ਤਾਂ ਚੜ੍ਹਾਈ ਕਰ ਗਿਆ, ਇਹਦਾ ਸਰੀਰ ਖਾਲੀ ਪਿਆ ਹੈ ਤੇ ਇਹਦੀਆ ਪਦਮਣੀ ਰਾਣੀਆਂ ਮੈਂ ਭੋਗਣਾ ਚਾਹੁੰਦਾ ਹਾਂ, ਆਪਣਾ ਸਰੀਰ ਕੰਦਰਾਂ 'ਚ ਰੱਖ ਆਇਆ, transplant ਕਰਕੇ ਉਹਦੇ ਵਿਚ ਜੀਉਂਦਾ ਹੋ ਗਿਆ। ਨਾਲ ਦੀ ਨਾਲ ਹੁਕਮ ਕਰ ਦਿਤਾ ਕਿ ਇਥੇ ਕੋਈ ਸਾਧੂ ਨਾ ਆਵੇ, ਕੋਈ ਜੋਗੀ ਨਾ ਆਵੇ, ਗੋਰਖਨਾਥ ਨੂੰ 14-15 ਸਾਲ ਲੰਘ ਗਏ ਕਿ ਗੁਰੂ ਕਿਥੇ ਚਲਿਆ ਗਿਆ? ਬਾਲ ਗੁੰਦਾਈ ਕਹਿਣ ਲਗਿਆ, ਬੋਲ ਤੂੰ ਕੀ ਬੋਲ ਸਕਦਾ ਹੈਂ? ਤੇਰਾ ਗੁਰੂ ਪਤਾ ਹੈ ਕਿੱਥੇ ਹੈ ਟੋਲ੍ਹ ਉਹਨੂੰ। ਪਰ ਨਾ ਲੱਭਿਆ, ਕਹਿਣ ਲੱਗਿਆ, ਕਿਥੇ ਹੈ? ਉਸ ਨੇ ਕਿਹਾ, ਰਾਜੇ ਅਮਰੂ ਦੇ ਸਰੀਰ 'ਚ ਰਾਣੀਆਂ ਭੋਗਦਾ ਫਿਰਦਾ ਹੈ। ਓਸ ਵੇਲੇ ਇਹਨੇ ਆ ਕੇ ਉਹਨੂੰ ਸੁਚੇਤ ਕੀਤਾ ਜਗਾਇਆ ਸ਼ਕਤੀ ਦੇ ਨਾਲ, ਮੁੜ ਕੇ ਪ੍ਰਵੇਸ਼ ਕਰਾਇਆ ਉਸੇ ਪਿੰਜਰ 'ਚ, ਜਿਹੜਾ ਸੁਕ ਗਿਆ ਸੀ ਚੌਦਾਂ ਸਾਲ 'ਚ। ਫੇਰ ਪੁਛਿਆ, ਕਹਿਣ ਲੱਗਿਆ, ਮੇਰੇ ਮਨ ਨੇ ਧੋਖਾ ਦੇ ਦਿਤਾ। ਸੋ ਏਸ ਮਨ ਦਾ ਨਹੀਂ ਕੋਈ ਪਤਾ ਹੁੰਦਾ।

*ਮਨ ਦੇ ਮਾਰੇ ਮਰ ਗਏ ਕਾਜ਼ੀ ਮੁੱਲਾਂ ਸੇਖ*

ਸੋ ਗੁਰੂ ਕਹਿਣ ਲੱਗਿਆ, ਅਜਾਮਲ ਨੂੰ ਕਿ ਬੇਟਾ! ਤੂੰ ਜਵਾਨ ਹੈਂ, ਤੂੰ ਨਾ ਇਹ ਹੱਠ ਕਰ। ਕਹਿਣ ਲੱਗਾ ਕਿ ਗੁਰੂ ਜੀ ਮੇਰੀ ਵਿਦਵਤਾ 'ਤੇ ਤੁਹਾਨੂੰ ਸ਼ੱਕ ਹੋ ਗਿਆ। ਮੈਨੂੰ ਦੁਨੀਆਂ ਸਾਰੀ ਦਿਗ ਵਿਜਈ ਕਹਿੰਦੀ ਹੈ ਤੇ ਤੁਸੀਂ ਮੈਨੂੰ ਐਉਂ ਸਮਝਦੇ ਹੋਂ ਕਿ ਮੈਂ ਗਿਰ ਜਾਵਾਂਗਾ, ਮੈਨੂੰ ਪਤਾ ਹੈ ਰੌਰਵ ਨਰਕ ਦੇ ਵਿਚ ਔਰਤਾਂ ਵਾਸਤੇ ਮਰਦ, ਮਰਦਾਂ ਵਾਸਤੇ ਔਰਤਾਂ ਬਣਾ ਕੇ ਤਪਾਏ ਹੋਏ ਲੋਹੇ ਦੇ ਸਰੀਰ, ਉਹਦੇ ਨਾਲ ਚੰਬੇੜ ਦਿਤਾ ਜਾਂਦਾ ਹੈ, ਮੈਂ ਜਾਣਦਾ ਹਾਂ, ਮੈਂ ਏਹੋ ਜਿਹੀ ਗਲਤੀ ਕਿਉਂ ਕਰਾਂਗਾਂ? ਕਹਿੰਦੇ ਬੇਟਾ! ਜਦ ਗਲਤੀ ਕਰਨ 'ਤੇ ਆਦਮੀ ਆਉਂਦਾ ਹੈ justify ਕਰ ਲੈਂਦਾ ਹੈ ਕਿ ਇਹ ਤਾਂ ਕੋਈ ਗੱਲ ਹੀ ਨਹੀਂ ਹੈ। ਅਸੀਂ ਕਿਹੜਾ ਕਿਸੇ ਦਾ ਗਲ ਵੱਢਦੇ ਹਾਂ।

ਉਵੇਂ ਹੀ ਹੋਇਆ, ਵੇਸਵਾ ਦੇ ਬਜ਼ਾਰ 'ਚ ਪਹਿਲੇ ਦਿਨ, ਦੂਜੇ ਦਿਨ, ਤੀਜੇ ਦਿਨ, ਮੈਲ ਤਾਂ ਮਨ 'ਚ ਪੈਣੀ ਹੀ ਹੈ ਓਸਦੀ, ਜਿੰਨਾਂ ਓਹਦਾ ਵਾਤਾਵਰਣ ਸੀ, ਗੰਦੇ ਖਿਆਲਾਂ ਦੇ ਨਾਲ, ਇਹਦਾ mind pollute ਕਰ ਦਿਤਾ, ਉਹਦੇ ਨਾਲ ਕੀ ਹੋਇਆ ਇਕ ਦਿਨ ਵੇਸਵਾ ਦੇ ਦਰਵਾਜ਼ੇ 'ਤੇ ਚਲਿਆ ਗਿਆ, ਉਹ ਬੜੀ ਸੁੰਦਰ ਸੀ, ਹਾਵ ਭਾਵ ਕਰਕੇ ਰਖ ਲਿਆ, ਅਖੀਰ ਰਾਜੇ ਦੇ ਪਾਸ ਸ਼ਿਕਾਇਤ ਹੋਈ, ਕੱਢ ਦਿਤਾ ਗਿਆ ਇਹਨੂੰ। ਬਾਹਰ ਰਹਿਣਾ ਸ਼ੁਰੂ ਕਰ ਦਿਤਾ ਗਿਆ ਉਥੋਂ। ਪੰਡਤਾਈ ਤਾਂ ਕਿਤੇ ਗਈ ਹੁਣ ਗੁਜ਼ਾਰਾ ਨਹੀਂ ਚਲਦਾ, ਜਾਲ ਬਣਾ ਲਿਆ, ਚੌਲ ਨਾਲ ਲੈ ਲੈਂਦਾ ਰੋਹੀ ਦੇ ਵਿਚ ਜਾ ਕੇ ਵਿਛਾ ਦਿੰਦਾ ਹੈ, ਉਹਦੇ 'ਚ ਪੰਛੀ ਫਸ ਜਾਂਦੇ ਨੇ, ਉਨ੍ਹਾਂ ਨੂੰ ਲੈ ਆਉਂਦਾ ਹੈ ਤੇ ਜਾ ਕੇ ਬਜ਼ਾਰ 'ਚ ਬਹਿ ਜਾਂਦਾ ਹੈ ਭੁੰਜੇ ਹੀ, ਉਥੇ ਵੇਚਦਾ ਰਹਿੰਦਾ ਹੈ। ਸੋ ਭਾਈ ਗੁਰਦਾਸ ਜੀ ਲਿਖਦੇ ਨੇ ਕਿ ਐਸਾ ਹਾਲ ਹੋ ਗਿਆ ਕਿ ਪਤਿਤ ਹੋ ਗਿਆ ਉਹ -

*ਪਤਿਤ ਅਜਾਮਲੁ ਪਾਪ ਕਰਿ*
*ਜਾਇ ਕਲਾਵਤਣੀ ਦੇ ਰਹਿਆ।*
*ਗੁਰ ਤੇ ਬੇਮੁਖ ਹੋਇਕੈ*
*ਪਾਪ ਕਮਾਵੈ ਦੁਰਮਤਿ ਦਹਿਆ।*
*ਭਾਈ ਗੁਰਦਾਸ ਜੀ ਵਾਰ ੧੦/੨੦*

ਜਦੋਂ ਖੋਟੀ ਮਤ ਆਦਮੀ 'ਚ ਆ ਜਾਵੇ ਉਹਦੀ ਨਿਸ਼ਾਨੀ ਹੁੰਦੀ ਹੈ ਪਾਪ ਨੂੰ ਪੁੰਨ ਬਣਾ ਦਿੰਦਾ ਹੈ, ਜੇ

ਕਿਸੇ ਤੋਂ ਰਿਸ਼ਵਤ ਲੈਣੀ ਹੈ ਕਹਿੰਦੇ ਨੇ ਕਿ ਬਥੇਰਾ ਇਹਨੂੰ ਮੁਨਾਫਾ ਹੋਣਾ ਹੈ, ਜੇ ਮੈਨੂੰ ਇਹ ਥੋੜ੍ਹਾ ਜਿਹਾ ਦੇ ਦਏਗਾ, ਤਾਂ ਕੀ ਫਰਕ ਪੈਂਦਾ ਹੈ, justify ਕਰ ਲਿਆ ਨਾ ਆਪੇ ਹੀ, ਪਰ ਮਹਾਰਾਜ ਕਹਿੰਦੇ -

*ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥*
*ਸੁਤ ਦਾਰਾ ਪਹਿ ਆਨਿ ਲੁਟਾਵੈ ॥*
*ਮਨ ਮੇਰੇ ਭੂਲੇ ਕਪਟੁ ਨ ਕੀਜੈ ॥*
*ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥*
*ਅੰਗ - ੬੫੬*

ਜਦੋਂ ਫੇਰ ਲੇਖੇ ਦੇਣੇ ਪੈਂਦੇ ਨੇ, ਫੇਰ ਤਾਂ ਸੁਣਦਾ ਹੀ ਨਹੀਂ ਕੋਈ ਓਥੇ। ਬਥੇਰੇ ਬਹਾਨੇ ਲਾਉਂਦਾ ਹੈ ਕਿ ਮੈਂ ਭੁੱਲ ਗਿਆ। ਮਹਾਰਾਜ ਕਹਿੰਦੇ ਨਹੀਂ ਪਿਆਰਿਆ! ਓਥੇ ਨਹੀਂ ਕਿਸੇ ਨੇ ਤੇਰੀ ਪੁਕਾਰ ਨੂੰ ਸੁਣਨਾ, ਹੁਣ ਸੰਭਲ ਲੈ, ਮਨੁੱਖਾ ਜਨਮ ਦੇ ਅੰਦਰ-ਅੰਦਰ, ਫੇਰ ਤਾਂ ਪੈਰ ਰਖਣ ਦਾ ਵੀ ਥਾਉਂ ਨਹੀਂ ਮਿਲਣਾ।

*ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ॥*
*ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥ ਅਗੈ ਕਰਣੀ ਕੀਰਤਿ ਵਾਚੀਐ*
*ਬਹਿ ਲੇਖਾ ਕਰਿ ਸਮਝਾਇਆ ॥*
*ਥਾਉ ਨ ਹੋਵੀ ਪਉਦੀਈ*
*ਹੁਣਿ ਸੁਣੀਐ ਕਿਆ ਰੂਆਇਆ॥*
*ਮਨਿ ਅੰਧੈ ਜਨਮੁ ਗਵਾਇਆ ॥ ਅੰਗ - ੪੬੪*

ਮਹਾਰਾਜ ਕਹਿੰਦੇ, ਫੇਰ ਨਹੀਂ ਸੁਣਨਾ ਕਿਸੇ ਨੇ -

*ਧਾਰਨਾ - ਜਿੰਦੇ ਰੋਵੇਂਗੀ ਰੋ ਰੋ ਪਛੋਤਾਵੇਂਗੀ*
*ਰੋਣਾ ਤੇਰਾ ਕੋਈ ਨਾ ਸੁਣੇ।*
*ਥਾਉ ਨ ਹੋਵੀ ਪਉਦੀਈ*
*ਹੁਣਿ ਸੁਣੀਐ ਕਿਆ ਰੂਆਇਆ॥*
*ਮਨਿ ਅੰਧੈ ਜਨਮੁ ਗਵਾਇਆ ॥ ਅੰਗ - ੪੬੪*

ਸੋ ਏਸ ਤਰ੍ਹਾਂ ਗੁਰੂ ਤੋਂ ਬੇਮੁਖ ਹੋ ਕੇ ਪਾਪ ਕਰਮਾਂ ਨੂੰ justify ਕਰ ਲੈਂਦਾ ਹੈ ਬੰਦਾ। ਐਨਾ ਚਾਲਾਕ ਹੈ ਕਹਿੰਦਾ ਹੈ ਮੈਂ ਕੀ ਕਰ ਰਿਹਾ ਹਾਂ, ਸ਼ਰਾਬ ਪੀਣ ਵਾਲਾ ਕਹਿੰਦਾ ਹੈ ਕਿ ਮੈਂ ਕੀ ਕਿਸੇ ਦਾ ਗਲ ਵੱਢ ਰਿਹਾ ਹਾਂ? ਗਲਿਆ-ਸੜਿਆ ਪਾਣੀ, ਉਹਨੂੰ ਮੈਂ ਉਬਾਲ ਕੇ, ਸਾਫ ਕਰਕੇ ਦੂਜੇ ਪਾਸੇ ਲੈ ਜਾਂਦਾ ਹਾਂ, ਬਈ ਇਹਦੇ 'ਚ ਮਾੜੀ ਚੀਜ਼ ਕਿਸੇ ਦਾ ਮਾਸ ਨਹੀਂ ਪਾਇਆ ਹੋਇਆ, ਕਿਸੇ ਦਾ ਖੂਨ ਨਹੀਂ ਪਾਇਆ ਹੋਇਆ, ਬਈ ਇਹ ਪੀਣ ਦੇ ਨਾਲ ਲੋਕ ਖਿੜਦੇ ਨੇ, ਕਿਉਂ ਖਿੜਦੇ ਨੇ? ਮਹਾਰਾਜ ਕਹਿੰਦੇ ਇਹ ਪਾਣੀ ਐਨਾ ਮਾੜਾ ਹੈ ਕਿ ਤੇਰੇ ਅੰਦਰ ਜਾਂਦੇ ਹੀ, ਤੈਨੂੰ ਪ੍ਰਮੇਸ਼ਰ ਨਾਲੋਂ ਤੋੜ ਦਏਗਾ। ਉਹਦੇ ਨਾਲ ਤੇਰਾ ਜਨਮ ਬਿਰਥਾ ਜਾਣਾ ਸ਼ੁਰੂ ਹੋ ਜਾਏਗਾ, ਤੇਰੇ ਅੰਦਰ ਪਾਪਾਂ ਦੀ ਉਤੇਜਨਾ ਪੈਦਾ ਕਰ ਦਏਗਾ, ਫੇਰ ਤੇਰੇ ਕੰਟਰੋਲ ਤੋਂ ਬਾਹਰ ਹੋ ਜਾਣੀਆਂ ਨੇ ਗੱਲਾਂ, ਪਹਿਲਾਂ ਹੀ ਨਾ ਇਸ ਸ਼ਰਾਰਤ ਭਰੇ ਪਾਣੀ ਨੂੰ ਮੂੰਹ ਨਾਲ ਲਾ। justify ਕਰ ਦਿਤਾ। ਚੋਰ ਡਾਕੂ ਚੋਰੀਆਂ ਕਰਦੇ ਨੇ, ਭੂਮੀਆਂ ਡਾਕੇ ਮਾਰਦਾ ਸੀ, ਕਹਿੰਦਾ ਮੈਂ ਤਾਂ ਲਿਆ ਕੇ ਸਾਧਾਂ ਨੂੰ ਵੰਡ ਦਿੰਦਾ ਹਾਂ। ਪਾਪ ਨੂੰ justify ਕਰ ਦਿਤਾ। ਏਸੇ ਤਰ੍ਹਾਂ ਨਾਲ ਗੁਰੂ ਤੋਂ ਬੇਮੁਖ ਹੋਇਆ ਬੰਦਾ ਪਾਪਾਂ ਦੇ ਵਿਚ ਰੁੜ੍ਹ ਜਾਇਆ ਕਰਦਾ ਹੈ।

*ਪਤਿਤ ਅਜਾਮਲੁ ਪਾਪ ਕਰਿ*
*ਜਾਇ ਕਲਾਵਤਣੀ ਦੇ ਰਹਿਆ।*
*ਗੁਰ ਤੇ ਬੇਮੁਖ ਹੋਇਕੈ*
*ਪਾਪ ਕਮਾਵੈ ਦੁਰਮਤਿ ਦਹਿਆ।*
*ਬਿਰਥਾ ਜਨਮੁ ਗਵਾਇਅਨੁ*
*ਭਵਜਲ ਅੰਦਰਿ ਫਿਰਦਾ ਵਹਿਆ।*
*ਭਾਈ ਗੁਰਦਾਸ ਜੀ ਵਾਰ ੧੦/੨੦*

ਸਾਲਾਂ ਦੇ ਸਾਲ ਬਤੀਤ ਕਰ ਦਿਤੇ। ਓਧਰਲੇ ਪਾਸੇ ਵੇਸਵਾ ਦੇ ਛੇ ਪੁੱਤਰ ਹੋ ਗਏ।

*ਛਿਅ ਪੁਤ ਜਾਏ ਵੇਸੁਆ*
*ਪਾਪਾਂ ਦੇ ਫਲ ਇਛੇ ਲਹਿਆ।*
*ਭਾਈ ਗੁਰਦਾਸ ਜੀ ਵਾਰ ੧੦/੨੦*

ਕੀ ਪੁੱਤਰ ਕਰ ਦੇਣਗੇ? ਦਿਨ ਰਾਤ ਕੰਮ ਕਰਦਾ ਹੈ, ਮੰਜੂਰੀਆਂ ਕਰਨੀਆ ਸ਼ੁਰੂ ਕਰ ਦਿਤੀਆਂ। ਜਿਹੜੇ ਪਾਪ ਦੇ ਫਲ ਲਗੇ ਹੋਏ ਸੀ ਉਨ੍ਹਾਂ ਨੂੰ ਹੀ ਪਾਲੀ ਜਾਂਦਾ ਹੈ। ਕਹਿੰਦਾ ਮੇਰੇ ਪੁੱਤਰ ਨੇ, ਮੇਰੇ ਨੇ। ਅਖੀਰ ਦੁਖੀ ਹੋ ਗਿਆ। ਇਕ saturation point ਹੁੰਦਾ ਹੈ ਭੋਗਾਂ ਦਾ ਵੀ, ਉਸ ਤੋਂ ਬਾਅਦ ਲੜਾਈ ਸ਼ੁਰੂ ਹੋ ਜਾਂਦੀ ਹੈ, frustration ਪੈਦਾ ਹੋ ਜਾਇਆ ਕਰਦੀ ਹੈ, ਚਾਹੇ ਨਸ਼ਾ ਪੀਂਦਾ ਹੈ ਕੋਈ ਬੰਦਾ, ਚਾਹੇ ਉਹ ਭੋਗੀ ਹੈ, ਅੰਦਰ ਨਫਰਤ ਹੋਣੀ ਸ਼ੁਰੂ ਹੋ ਜਾਂਦੀ ਹੈ ਕਿ ਮਾੜਾ ਕੰਮ ਹੈ। ਓਸ ਵੇਲੇ ਛੱਡ ਸਕਦਾ ਨਹੀਂ ਹੈ, ਨੱਠ ਨਹੀਂ ਸਕਦਾ। ਬੰਨ੍ਹਿਆਂ ਗਿਆ ਪੁਤਰਾਂ ਨਾਲ, ਘਰ 'ਚ ਲੜਾਈ ਹੁੰਦੀ ਹੈ, ਕਹਿਣ ਲੱਗਿਆ ਕਿ ਇਹਦੇ ਨਾਲੋਂ ਤਾਂ ਮਰਨਾ ਹੀ ਚੰਗਾ ਹੈ। ਕਮਜ਼ੋਰ ਆਦਮੀਆਂ ਦੇ, ਜਿਹੜੇ ਕੋਈ ਹੱਲ ਨਾ ਕੱਢ ਸਕਣ ਕਿਸੇ ਗੱਲ ਦਾ, ਉਹ ਇਕੋ ਹੀ ਗੱਲ ਕਹਿੰਦੇ ਨੇ ਕਿ ਮਰ ਜਾਈਏ, ਖੁਦਕਸ਼ੀ ਕਰ ਲਈਏ। ਖੁਦਕਸ਼ੀ ਕਰਨਾ ਸਾਰੀ ਦੁਨੀਆ ਦੇ ਪਾਪਾਂ ਨਾਲੋਂ ਮਹਾਂ ਹੱਤਿਆ ਹੈ। ਮਨੁਖੀ ਸਰੀਰ 83 ਲੱਖ 99 ਹਜ਼ਾਰ 999, ਜੂਨਾਂ ਭੋਗਣ ਤੋਂ ਬਾਅਦ ਪ੍ਰਾਪਤ ਹੋਇਆ । ਇਹਨੂੰ ਗੁੱਸੇ 'ਚ ਆ ਕੇ ਕਿਸੇ ਹਾਦਸੇ, ਕਿਸੇ ਗਲਤ ਗੱਲ ਦੇ ਵਿਚ, ਕੋਈ ਘਾਟਾ ਪਾ ਕੇ ਮਾਰ ਲੈਣ ਨਾਲ, ਅੱਗੇ ਕੀ ਹੋਏਗਾ? ਤੇਰਾ ਜੀਵ ਆਤਮਾ ਤਾਂ ਮਰਨਾ ਨਹੀਂ ਪਿਆਰਿਆ -

*ਮਰਣਹਾਰੁ ਇਹੁ ਜੀਅਰਾ ਨਾਹੀ ॥ ਅੰਗ - ੧੮੮*

ਓਥੈ ਤੈਨੂੰ ਕਿਤੇ ਕੋਈ ਟਿਕਾਣਾ ਨਹੀਂ ਮਿਲਣਾ, ਭਟਕਦਾ ਫਿਰੇਂਗਾ, ਦੁਖੀ ਹੋਏਂਗਾ। ਕਿਉਂਕਿ ਪ੍ਰਮੇਸ਼ਰ ਦਾ ਅੰਦਰ ਪ੍ਰਕਾਸ਼ ਨਹੀਂ ਹੁੰਦਾ, ਹਨ੍ਹੇਰਾ ਹੋਇਆ ਹੁੰਦਾ ਹੈ ਅੰਦਰ, ਆਦਮੀ ਮਰ ਜਾਂਦਾ ਹੈ। ਕੋਈ ਗੋਲੀ ਮਾਰ ਲੈਂਦਾ ਹੈ, ਕੋਈ ਪਾਣੀ 'ਚ ਛਾਲ ਮਾਰ ਦਿੰਦਾ ਹੈ, ਹੋਰ ਅਨੇਕਾਂ ਤਰੀਕੇ ਨੇ।

ਇਹ ਵੀ ਤੁਰਿਆ ਜਾਂਦਾ ਹੈ, ਅੱਗੇ ਧੂੜ ਉਡਦੀ ਦੇਖ ਕੇ ਖੜ੍ਹ ਗਿਆ, ਪਛਾਣ ਗਿਆ ਕਿ ਕੋਈ ਸਾਧੂ ਆ ਰਹੇ ਨੇ। ਅੰਤ ਦਾ ਸਮਾਂ ਸੀ, ਭੋਗਾਂ ਤੋਂ ਬਿਰਤੀ ਸਾਫ ਹੋ ਚੁੱਕੀ ਸੀ, ਖਿਆਲ ਆ ਗਏ ਪੁਰਾਣੇ 18 ਸਾਲ ਦੀ ਉਮਰ ਤੋਂ ਪਹਿਲਾਂ ਦੇ, ਕਿ ਇਹ ਸਾਧੂ ਤਾਂ ਰੇਖ 'ਚ ਮੇਖ ਮਾਰ ਦਿੰਦੇ ਨੇ। ਚਲੋ ਦਰਸ਼ਨ ਹੀ ਕਰ ਲੈਂਦੇ ਹਾਂ ਸਾਰੀ ਜ਼ਿੰਦਗੀ ਤਾਂ ਲੰਘ ਗਈ, ਅੰਤ ਦੇ ਸਮੇਂ ਜੇ ਮੈਂ ਸਾਧੂਆਂ ਦੇ ਦਰਸ਼ਨ ਕਰ ਲਏ, ਇਹਦੇ ਨਾਲ ਵੀ ਮੇਰਾ ਭਲਾ ਹੋ ਜਾਏਗਾ, ਹੁਣ ਨਰਕ ਵੀ ਸਾਮ੍ਹਣੇ ਦਿਸਣ ਲਗ ਗਏ, ਨਮਸ਼ਕਾਰ ਕਰਦਾ ਹੈ ਜਾ ਕੇ, ਰੋਈ ਜਾਂਦਾ ਹੈ, ਸਾਧੂ ਨੇ ਉਠਾਇਆ ਕਹਿਣ ਲਗਿਆ ਬੇਟਾ! ਕੀ ਗੱਲ, ਕਹਿੰਦਾ ਜੀ ਮੈਂ ਮਹਾਂਪਾਪੀ ਹਾਂ, ਪਤਿਤ, ਮੇਰਾ ਨਾਉਂ ਅਜਾਮਲ ਹੈ, ਮੈਂ ਤੁਹਾਡਾ ਕਿਸੇ ਸਮੇਂ ਸ਼ਿਸ਼ ਹੁੰਦਾ ਸੀ, ਬੇਮੁਖ ਹੋ ਗਿਆ, ਮੈਂ ਤੁਹਾਡਾ ਬਚਨ ਨਹੀਂ ਸੀ ਮੰਨਿਆਂ। ਬਚਨ ਨਾ ਮੰਨਣ ਕਰਕੇ ਮੈਨੂੰ ਬੜਾ ਦੋਸ਼ ਲਗਿਆ, ਆਹ ਮੇਰਾ ਹਾਲ ਹੋ ਗਿਆ, ਹੁਣ ਮੈਨੂੰ ਜੀਉਣ ਦਾ ਕੋਈ ਸ਼ੌਕ ਨਹੀਂ, ਨਾ ਮੇਰੇ ਤੋਂ ਜੀਵਿਆ ਜਾਂਦਾ ਹੈ, ਐਨਾ ਬੋਝ ਮੇਰੇ ਦਿਮਾਗ 'ਤੇ ਪੈ ਗਿਆ, ਹੁਣ ਤਾਂ ਮਰਨਾ ਹੀ ਹੈ।

ਗੁਰੂ ਨੇ ਕਿਹਾ ਕਿ ਮਰ ਕੇ ਕੀ ਹੋਏਗਾ ਫੇਰ?

ਇਹ ਤਾਂ ਨਾਲ ਲੈ ਜਾਏਂਗਾ, ਏਵੇਂ ਜਿਵੇਂ ਰਹੇਗਾ ਤੇਰੇ 'ਤੇ। ਜਿਹੜੀ ਹਾਲਤ 'ਚ ਮਰਨਾ ਹੈ ਨਾ ਤੂੰ, ਇਹੋ ਹਾਲਤ ਰਹੇਗੀ, ਏਸ ਤੋਂ ਭੋਰਾ ਜਿੰਨੀ ਵੀ ਏਧਰ ਓਧਰ ਨਹੀਂ ਬਦਲੇਗੀ, ਕਿਤੇ ਸ਼ਾਂਤੀ ਮਿਲਦੀ ਹੈ ਮਰੇ ਤੋਂ? ਖਿਆਲ ਦਾ ਬੰਨ੍ਹਿਆਂ ਹੁੰਦਾ ਹੈ ਆਦਮੀ।

ਓਸ ਵੇਲੇ ਕਹਿਣ ਲਗੇ ਕਿ ਇਕ ਪੁੱਤ ਤੇਰੇ ਹੋਰ ਹੋਣਾ ਹੈ, ਸਾਡੇ ਕੋਲ ਲੈ ਕੇ ਆਈਂ।

*ਛਿਅ ਪੁਤ ਜਾਏ ਵੇਸੁਆ*
*ਪਾਪਾਂ ਦੇ ਫਲ ਇਛੇ ਲਹਿਆ।*
*ਪੁਤੁ ਉਪੰਨਾਂ ਸਤਵਾਂ*
*ਨਾਉ ਧਰਣ ਨੋ ਚਿਤਿ ਉਮਹਿਆ।*
*ਭਾਈ ਗੁਰਦਾਸ ਜੀ ਵਾਰ ੧੦/੨੦*

ਹੁਕਮ ਦੇ ਮੁਤਾਬਿਕ ਮਹਾਂਪੁਰਸ਼ਾਂ ਦੇ ਕੋਲ ਲੈ ਕੇ ਚਲਿਆ ਗਿਆ। ਚਰਨਾਂ 'ਤੇ ਲਿਟਾ ਦਿਤਾ, ਕਹਿਣ ਲੱਗਿਆ ਕਿ ਮਹਾਰਾਜ ਇਹ ਮੇਰੇ ਪਾਪ ਦਾ ਸੱਤਵਾਂ ਫਲ ਹੈ, ਕ੍ਰਿਪਾ ਕਰੋ। ਕਹਿੰਦੇ, ਲੈ ਅਜਾਮਲ! ਅਸੀਂ ਜਿਹੜਾ ਨਾਮ ਇਹਦਾ ਰੱਖਾਂਗੇ ਨਾ, ਛੇ ਪੁੱਤਰ ਨੇ ਤੇਰੇ ਛੋਟਾ ਪਿਆਰਾ ਹੁੰਦਾ ਹੈ, ਇਹਦਾ ਨਾਮ ਤੂੰ ਬਾਰ-ਬਾਰ ਲਈਂ ਜਾਈਂ, ਅਸੀਂ ਇਹਦਾ ਨਾਉਂ ਇਹ ਰਖਦੇ ਹਾਂ। ਪੜ੍ਹੋ ਐਉਂ-

*ਧਾਰਨਾ - ਰੱਖ 'ਤਾ ਨਾਮ ਨਾਰਾਇਣ*
*ਗੁਰਮੁਖ ਪਿਆਰੇ ਨੇ।*

*ਗੁਰੂ ਦੁਆਰੈ ਜਾਇਕੈ*
*ਗੁਰਮੁਖਿ ਨਾਉ ਨਰਾਇਣੁ ਕਹਿਆ।*
*ਭਾਈ ਗੁਰਦਾਸ ਜੀ ਵਾਰ ੧੦/੨੦*

ਕਹਿੰਦੇ ਲੈ ਅਜਾਮਲ ਅਸੀਂ ਇਹਦਾ ਨਾਉਂ ਨਾਰਾਇਣ ਰਖਦੇ ਹਾਂ, ਤੂੰ ਇਹਦਾ ਨਾਉਂ ਜ਼ਿਆਦਾ ਲਈ ਜਾਇਆ ਕਰੀਂ, ਨਾਰਾਇਣ-ਨਾਰਾਇਣ-ਨਾਰਾਇਣ; ਮਹਾਂਪੁਰਸ਼ਾਂ ਨੂੰ ਪਤਾ ਸੀ ਕਿ ਇਹ ਭਗਤੀ ਵਲ ਨਹੀਂ ਲਗ ਸਕਦਾ, ਕਿਉਂਕਿ ਇਹਦਾ ਹਿਰਦਾ ਪਾਪਾਂ ਨਾਲ ਭਰਿਆ ਪਿਆ ਹੈ। ਇਹਦੇ ਅੰਦਰ ਨਾ ਵੈਰਾਗ ਪੈਦਾ ਹੋ ਸਕਦਾ ਹੈ, ਨਾ ਵਿਵੇਕ ਪੈਦਾ ਹੋ ਸਕਦੀ ਹੈ, ਨਾ ਵਿਚਾਰ ਪੈਦਾ ਹੋ ਸਕਦੀ ਹੈ, ਨਾ ਸਤਿਸੰਗ 'ਚ ਇਹ ਆ ਸਕਦਾ ਹੈ। ਜ਼ੀਰੋ ਬਣਿਆ ਹੋਇਆ ਹੈ ਇਹਦਾ ਹਿਰਦਾ ਭਗਤੀ ਵਲੋਂ। ਪ੍ਰੇਰਨਾ ਨਹੀਂ ਇਹਦੇ ਅੰਦਰ ਕੋਈ ਵੀ। ਕਹਿੰਦੇ ਲੈ, ਆਹ ਨਾਉਂ ਰੱਖ ਦਿਤਾ। ਸਹਿਜ ਸੁਭਾਅ ਤੁਰਦਾ-ਫਿਰਦਾ ਵੀ ਨਾਰਾਇਣ-ਨਾਰਾਇਣ ਕਰੀ ਜਾਂਦਾ ਹੈ, ਘਰਵਾਲੀ ਵੀ ਗੁੱਸੇ ਹੁੰਦੀ ਹੈ ਕਿ ਆਹ ਕੀ ਕੰਮ ਫੜ ਲਿਆ ਤੂੰ, ਨਾਰਾਇਣ-ਨਾਰਾਇਣ ਕਰੀ ਜਾਂਦਾ ਹੈ? ਸੋ ਆਦਤ ਪੈ ਗਈ ਨਾਰਾਇਣ-ਨਾਰਾਇਣ ਕਰਨ ਦੀ। ਹੁਣ ਉਹ ਸਮਾਂ ਆ ਗਿਆ ਜਿਹੜਾ ਸਾਰੀ ਦੁਨੀਆਂ 'ਤੇ ਆਉਣਾ ਹੈ, ਕੋਈ ਨਹੀਂ ਬਚ ਸਕਦਾ, ਉਹ ਹੈ ਜਿਸ ਦਿਨ ਐਸ ਸੰਸਾਰ ਨੂੰ ਛੱਡ ਕੇ, ਦੁਨੀਂ ਸੁਹਾਵਾ ਬਾਗ ਛੱਡ ਕੇ ਕਿਸੇ, unknown world ਵਲ ਚੱਲ ਪੈਣਾ ਹੈ। ਜਿਹਦੇ ਬਾਰੇ ਨਾ ਕੋਈ ਵਾਕਫੀ ਹੈ, ਨਾ ਕੋਈ ਪਹਿਚਾਣ ਹੈ, ਨਾ ਕੋਈ ਆਪਣਾ ਹੈ ਓਥੇ। ਓਥੇ ਕੀ ਹੋਏਗਾ, ਕਿਵੇਂ ਹੋਏਗਾ ਕੁਛ ਨਹੀਂ ਪਤਾ ਕਿਸੇ ਨੂੰ। ਸੋ ਉਹ ਸਮਾਂ ਆਉਂਦਾ ਹੈ ਸਭ 'ਤੇ, ਓਸ 'ਤੇ ਵੀ ਆ ਗਿਆ, ਜਮਦੂਤਾਂ ਦੀਆਂ ਸ਼ਕਲਾਂ ਦੇਖ ਕੇ ਡਰ ਗਿਆ, ਸਾਰੇ ਪਾਪ ਸਾਮ੍ਹਣੇ ਆ ਗਏ, computerised ਹੁੰਦੀ ਇਹ ਚੀਜ਼, ਆਟੋਮੈਟਿਕ। ਓਸ ਵੇਲੇ ਪੁੱਤਰ ਨੇੜੇ ਖੇਲ੍ਹਦਾ ਸੀ ਹਾਕ ਮਾਰੀ ਪੁੱਤ ਨਾਰਾਇਣ! ਨਾਰਾਇਣ ਕਹਿੰਦੇ ਹੀ ਪ੍ਰਮੇਸ਼ਰ ਦਾ ਧਿਆਨ ਆ ਗਿਆ ਓਹਨੂੰ। ਦੇਖ ਕੇ ਡਰ ਗਿਆ ਜਮਦੂਤਾਂ ਨੂੰ-

*ਧਾਰਨਾ - ਡਰ ਕੇ ਹਾਕ ਪੁੱਤਰ ਨੂੰ ਮਾਰੀਂ,*
*ਮੁਖ ਤੋਂ ਨਾਰਾਇਣ ਬੋਲਿਆ।*

***ਅੰਤਕਾਲ ਜਮਦੂਤ ਵੇਖਿ***
***ਪੁਤ ਨਰਾਇਣੁ ਬੋਲੈ ਛਹਿਆ।***
***ਭਾਈ ਗੁਰਦਾਸ ਜੀ ਵਾਰ ੧੦/੨੦***

ਕਹਿੰਦੇ-ਕਹਿੰਦੇ ਪ੍ਰਮੇਸ਼ਰ ਵਲ ਧਿਆਨ ਚਲਿਆ ਗਿਆ। ਰੱਬ ਕਿਸੇ ਦਾ ਕੀਤਾ ਹੋਇਆ ਰਖਦਾ ਨਹੀਂ ਹੈ। ਉਹ ਐਨੀ ਛੇਤੀ ਸੁਣਦਾ ਹੈ, ਸਾਨੂੰ ਵਿਸ਼ਵਾਸ਼ ਨਹੀਂ ਹੈ ਕਿ ਉਹ ਸੁਣਦਾ ਹੈ, ਅਸੀਂ ਤਾਂ ਰੱਬ ਨੂੰ ਬੋਲਾ ਸਮਝਦੇ ਹਾਂ ਕਿ ਬੋਲਾ ਹੈ ਜ਼ੋਰ-ਜ਼ੋਰ ਦੀ ਹਾਕਾਂ ਮਾਰੋ ਤਾਂ ਸੁਣਦਾ ਹੈ।

ਇੰਗਲੈਂਡ 'ਚ ਸਾਡਾ ਰਿਸ਼ਤੇਦਾਰ ਸੀ, ਉਹਨੂੰ ਇਕ ਅੰਗਰੇਜ਼ ਕਹਿੰਦਾ ਕਿ ਮਿਸਟਰ ਸਿੰਘ ਤੁਸੀਂ ਬੜਾ ਜ਼ੋਰ-ਜ਼ੋਰ ਦੀ ਬੋਲਦੇ ਓਂ, ਗਾਉਂਦੇ ਓਂ? ਉਹ ਕਹਿੰਦਾ ਮਿਸਟਰ ਤੇਰੇ ਵਾਲਾ ਰੱਬ ਜਿਹੜਾ ਹੈ ਨਾ ਉਹ ਹੋਰ ਹੈ, ਸਾਡੇ ਵਾਲਾ ਤਾਂ ਬੋਲਾ ਹੈ ਤਾਂ ਵੀ ਨਹੀਂ ਸੁਣਦਾ ਐਨਾ ਉਚੀ-ਉਚੀ ਬੋਲਣ 'ਤੇ ਵੀ।

ਕਿਉਂ ਨਹੀਂ ਸੁਣਦਾ ਸਾਨੂੰ ਹਾਕ ਮਾਰਨ ਦੀ ਜਾਂਚ ਨਹੀਂ। ਮਹਾਰਾਜ ਕਹਿੰਦੇ ਐਨਾ ਸੁਣਦਾ ਹੈ -

***ਹਾਥੀ ਕੀ ਚੰਘਾਰ ਪਲ ਪਾਛੈ ਪਹੁਚਤ ਤਾਹਿ।***
***ਚੀਟੀ ਕੀ ਪੁਕਾਰ ਪਹਿਲੈ ਹੀ ਸੁਨੀਅਤ ਹੈ।***

ਜਿਹੜਾ ਕੀੜੀ ਦੀ ਪੁਕਾਰ ਸੁਣ ਲੈਂਦਾ ਹੈ, ਹਾਥੀ ਦੀ ਅਜੇ ਪਿਛੋਂ ਪਹੁੰਚਦੀ ਹੈ। ਸੋ ਜਦ ਹਾਕ ਮਾਰੀ ਓਸਨੇ, ਗੁਰੂ ਮਹਾਰਾਜ ਏਸ ਪੁਆਇੰਟ ਨੂੰ clear ਕਰਦੇ ਨੇ -

***ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ***
***ਕਰਿ ਨਾਰਾਇਣ ਬੋਲਾਰੇ ॥ ਅੰਗ - ੯੮੧***

ਇਕ ਵਾਰੀ ਨਾਰਾਇਣ ਕਹਿਣ ਦੇ ਨਾਲ -

***ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ***
***ਜਮਕੰਕਰ ਮਾਰਿ ਬਿਦਾਰੇ ॥ ਅੰਗ - ੯੮੧***

ਭਾਵਨੀ ਜਿਹੜੀ ਹੈ ਉਹਦੇ ਅੰਦਰਲੀ ਹਾਲਤ ਸੀ ਜੋ ਉਸ ਵੇਲੇ, ਦੋ ਚਾਰ ਸੈਕਿੰਟ ਦੀ ਗੱਲ ਸੀ ਏਸ ਤੋਂ ਵੱਧ ਨਹੀਂ ਸੀ। ਮੈਂ ਕਲਜੁਗ ਦੇ ਵਿਚ ਨਾਮ ਦੇ ਮਹਾਤਮ ਦੀ ਗੱਲ ਕਰਦਾ ਹਾਂ ਕਿ ਕਿੰਨੀ ਸਹਾਇਤਾ ਕਰਦਾ ਹੈ।

ਓਸੇ ਵੇਲੇ immediate action ਕੀ ਹੋਇਆ -

***.ਜਮਕੰਕਰ ਮਾਰਿ ਬਿਦਾਰੇ ॥ ਅੰਗ - ੯੮੧***

ਉਹ ਜਿਹੜੇ ਆਏ ਸੀ ਇਹਨੂੰ ਮਾਰਨ ਵਾਸਤੇ ਉਹ ਨਠਾ ਦਿਤੇ। ਓਸ ਵੇਲੇ ਫੇਰ ਨਰਕਾਂ ਵਿਚ ਨਹੀਂ ਗਿਆ, ਓਸ ਵੇਲੇ ਸਵਰਗ ਲੋਕਾਂ ਨੂੰ ਚਲ ਪਿਆ -

***ਧਾਰਨਾ - ਚਲਿਆ ਸੁਰਗਾਂ ਨੂੰ ਅਜਾਮਲ ਪਾਪੀ,***
***ਪਾਪਾਂ ਦਾ ਪਹਾੜ ਢਹਿ ਗਿਆ।***
***ਜਮਗਣ ਮਾਰੇ ਹਰਿ ਜਨਾਂ***
***ਗਇਆ ਸੁਰਗ ਜਮੁਡੰਡੁ ਨ ਸਹਿਆ।***
***ਭਾਈ ਗੁਰਦਾਸ ਜੀ ਵਾਰ ੧੦/੨੦***

ਸੋ ਮੈਂ ਇਹ ਬੇਨਤੀ ਕਰਦਾ ਸੀ ਕਿ -

***ਜਗਜੀਵਨ ਪੁਰਖੁ ਤਿਆਗਿ ਕੈ***
***ਮਾਣਸ ਸੰਦੀ ਆਸ॥ ਅੰਗ - ੧੩੪***

ਕਿੱਡੀ ਭਾਰੀ ਗਲਤੀ ਇਹਨੇ ਕੀਤੀ, ਵਾਹਿਗੁਰੂ ਨੂੰ ਤਾਂ ਭੁੱਲ ਗਿਆ ਤੇ ਮਨੁਖਾਂ ਦੀ ਆਸ ਲਾ ਲਈ ਕਿ ਇਹ ਸਾਡੀ ਸਹਾਇਤਾ ਕਰਨਗੇ। ਮੇਰਾ ਭਰਾ ਕਰੇਗਾ, ਮੇਰੀ ਮਾਂ ਕਰੇਗੀ, ਮੇਰਾ ਪਿਉ ਕਰੇਗਾ, ਮੇਰਾ ਫਲਾਣਾ ਕਰੇਗਾ। ਉਹ ਤਾਂ ਆਪ ਫਸੇ ਹੋਏ ਨੇ ਉਨ੍ਹਾਂ ਦੀ ਸਹਾਇਤਾ ਕੌਣ ਕਰੇਗਾ? ਮਹਾਰਾਜ ਕਹਿੰਦੇ, ਗੁਰੂ ਸਹਾਇਤਾ ਕਰਦਾ ਹੈ, ਨਾਮ ਸਹਾਇਤਾ ਕਰਦਾ ਹੈ, ਹੋਰ ਕਿਸੇ ਦਾ ਹੱਥ ਪਹੁੰਚਦਾ ਨਹੀਂ -

***ਓਥੈ ਹਥੁ ਨ ਅਪੜੈ***
***ਕੂਕ ਨ ਸੁਣੀਐ ਪੁਕਾਰ ॥***
***ਓਥੈ ਸਤਿਗੁਰੁ ਬੇਲੀ ਹੋਵੈ***
***ਕਢਿ ਲਏ ਅੰਤੀ ਵਾਰ ॥ ਅੰਗ - ੧੨੮੧***

ਉਹ ਆਪਣਿਆਂ ਨੂੰ ਖਿੱਚ ਲੈਂਦਾ ਹੈ, ਕੱਢ ਲੈਂਦਾ ਹੈ। ਇਹ ਤਾਂ ਜਿਹੜੀ ਹੈ ਇਹ ਮੈਂ ਅਵਿਅਕਤ ਦੁਨੀਆਂ ਦੀ ਬਾਤ ਕਰੀ ਹੈ। ਹੁਣ ਇਹ ਹੈ ਕਿ ਏਸ ਦੁਨੀਆਂ 'ਚ ਵੀ ਸਹਾਇਤਾ ਕਰਦਾ ਹੈ? ਐਸ ਦੁਨੀਆਂ 'ਚ ਤਾਂ ਬੰਦਿਆਂ ਦੀ ਲੋੜ ਹੈ। ਮਹਾਰਾਜ ਕਹਿੰਦੇ ਬੰਦਿਆਂ ਦੀ ਲੋੜ, ਤੂੰ ਨੀਵੇਂ ਦਰਜੇ 'ਤੇ ਆ ਗਿਆ। ਬੰਦੇ ਤਾਂ ਆਪਣੀ ਗਰਜ ਦੇ ਭਰੇ ਹੋਏ ਨੇ, ਜੇ ਤਾਂ ਗਰਜ ਪੂਰੀ ਹੋਏਗੀ ਤਾਂ, ਤਾਂ ਸਹਾਇਤਾ ਕਰਨਗੇ, ਜੇ ਗਰਜ਼ ਦਾ ਟਕਰਾਅ ਹੋ ਗਿਆ, ਹਿਤਾਂ ਦਾ, ਇਕ ਮਿੰਟ 'ਚ ਵਿਗੜ ਜਾਣਗੇ। ਨਾ ਓਹਦਾ ਉਹ ਕੁਛ ਲਗੇਗਾ, ਨਾ ਓਹਦਾ ਉਹ। ਇਹ ਤਾਂ ਹਿਤ ਦੀ ਬੰਨ੍ਹੀ ਹੋਈ ਦੁਨੀਆਂ ਹੈ, ਇਥੇ ਕੋਈ ਕਿਸੇ ਦੀ ਸਹਾਇਤਾ ਨਹੀਂ ਕਰਦਾ। ਹਿਤ ਪੂਰਾ ਹੁੰਦਾ ਹੈ ਤਾਂ ਸਹਾਇਤਾ ਹੈ, ਜੇ ਨਹੀਂ ਹੁੰਦਾ ਤਾਂ ਕੁਛ ਬੀ ਨਹੀ। ਇਥੇ ਵੀ ਸਹਾਇਤਾ ਪ੍ਰਮੇਸ਼ਰ ਹੀ ਕਰਦਾ ਹੈ, ਗੁਰੂ ਹੀ ਕਰਦਾ ਹੈ।

ਗੁਰੂ ਛੇਵੇਂ ਪਾਤਸ਼ਾਹ ਵੇਲੇ ਇਕ ਗੁਰਸਿਖ ਸੀ ਤੇ ਆਪ ਗੁਰੂ ਮਹਾਰਾਜ ਦੇ ਪਾਸ ਆਏ, ਗੁਰੂ ਮਹਾਰਾਜ ਨੇ ਸਿੱਖੀ ਦੀ ਦਾਤ ਦਿਤੀ, ਫੌਜ ਦੇ ਵਿਚ ਕਮਾਂਡਰ ਸੀ ਉਹ, ਜਰਨੈਲ ਸੀ, ਵੱਡੇ ਅਹੁਦੇ 'ਤੇ, ਗਜ਼ਨੀ ਦੀ ਫੌਜ ਵਿਚ ਵੱਡਾ ਜਰਨੈਲ 'ਤੇ, ਨਵਾਬ ਦਾ ਅੰਗਰਖਿਅਕ ਸੀ ਸਪੈਸ਼ਲ। ਉਹ ਜਿਹੜੇ ਇਸਲਾਮ ਵਾਲੇ ਸੀ, ਸਿੱਖਾਂ ਦਾ ਜੀਵਨ ਐਨਾ ਉਚਾ ਸੀ ਗੁਰੂਆਂ ਨੂੰ ਮੰਨਣ ਵਾਲਿਆਂ ਦਾ ਕਿ ਉਹ ਕਹਿੰਦੇ ਸੀ ਕਿ ਹੋਰ ਕੋਈ ਗੱਲ ਹੋਵੇ ਸਿੱਖ ਨਾ ਕਦੇ ਝੂਠ ਬੋਲੇਗਾ, ਨਾ ਵਿਭਚਾਰ ਕਰੇਗਾ, ਨਾ ਬੇਈਮਾਨੀ ਕਰੇਗਾ, ਨਾ ਧੋਖਾ ਦੇਵੇਗਾ, ਨਾ ਕਪਟ ਕਰੇਗਾ, ਨਾ ਵਲ ਛਲ ਕਰੇਗਾ। ਇਹ ਗੁਰੂ ਦਾ ਪਿਆਰਾ ਹੈ, ਗੁਰੂ ਇਹਦਾ ਸਿਖਾਉਂਦਾ ਹੈ ਕਿ ਲੂਣ ਖਾ ਕੇ ਬੁਰਾ ਨਾ ਕਿਸੇ ਦਾ ਕਰੀਂ। ਸੋ ਉਹਦੇ ਉਤੇ ਵਿਸ਼ਵਾਸ਼ ਕਰਦੇ ਸੀ

ਸਾਰੇ, ਭਾਈ ਤਿਲੋਕਾ ਸੀ ਇਸਦਾ ਨਾਉਂ। ਇਕ ਵਾਰੀ ਐਸਾ ਹੋਇਆ ਕਿ ਜੰਗਲ ਵਿਚ ਸ਼ਿਕਾਰ ਕਰਦਿਆਂ ਇਕ ਹਿਰਨੀ ਮਾਰੀ ਗਈ, ਉਹਦੇ ਪੇਟ ਵਿਚ ਬੱਚਾ ਸੀ, ਕੱਟਿਆ ਪੇਟ ਤੇ ਉਹ ਬੱਚਾ ਵੀ ਮਾਰਿਆ ਗਿਆ। ਐਸੀ ਗਿਲਾਨੀ ਆਈ ਕਿ ਬੜਾ ਮਾੜਾ ਕੰਮ ਹੈ, ਉਹਦੀ ਥਾਂ 'ਤੇ ਕਾਠ ਦੀ ਤਲਵਾਰ ਪਹਿਨ ਲਈ ਇਨ੍ਹਾਂ ਨੇ। ਵੱਡਾ ਆਫੀਸਰ ਸੀ, ਜਿਹੜੇ ਛੋਟੇ ਸੀ ਇਹ ਲਗ ਰਹੇ ਸੀ, ਕੁਦਰਤੀ ਹੁੰਦਾ ਹੈ, ਐਸਾ ਹੀ ਕੰਮ ਚਲਦਾ ਹੁੰਦਾ ਹੈ ਮਿਤਰ ਨਹੀਂ ਹੁੰਦੇ ਲਗਦੇ ਹੁੰਦੇ ਨੇ ਲੋਕ, ਕਿ ਇਹ ਜਾਵੇ ਤਾਂ ਅਸੀਂ ਬਣੀਏ। ਉਹ ਇਕ ਹੋਰ ਜਿਹੜਾ ਬੜਾ ਸੂਹੀਆ ਸੀ, ਉਹ ਨਵਾਬ ਦੇ ਕੋਲ ਗਿਆ ਕਹਿਣ ਲਗਿਆ ਨਵਾਬ ਸਾਹਿਬ! ਦੇਖੋ ਜਿਸਦਾ ਜਰਨੈਲ ਕਾਠ ਦੀ ਤਲਵਾਰ ਪਹਿਨ ਲਏ, ਉਹਦੀ ਫੌਜ ਜਿੱਤ ਸਕਦੀ ਹੈ ਕਦੇ? ਉਹ ਕਹਿੰਦਾ ਬਿਲਕੁਲ ਨਹੀਂ ਜਿੱਤ ਸਕਦੀ। ਕਹਿੰਦਾ ਜੇ ਬੁਰਾ ਨਾ ਮੰਨੋ ਤਾਂ ਮੈਂ ਦਸਦਾ ਹਾਂ ਕਿ ਤੁਸੀਂ ਭਾਈ ਤਿਲੋਕੇ ਦੇ ਉਤੇ ਪੂਰਾ ਵਿਸ਼ਵਾਸ਼ ਕਰੀ ਬੈਠੇ ਓ, ਉਹਨੇ ਤਾਂ ਤਲਵਾਰ ਕਾਠ ਦੀ ਪਹਿਨੀ ਹੋਈ ਹੈ। ਨਵਾਬ ਕਹਿਣ ਲੱਗਿਆ, ਬਿਲਕੁਲ ਗਲਤ। ਮੈਂ ਸ਼ਰਤ ਲਗਾਉਂਦਾ ਹਾਂ। ਉਹ ਕਹਿਣ ਲਗਿਆ ਕਿ ਮਹਾਰਾਜ ਮੈਂ ਵੀ ਪੱਕੇ ਨਿਸ਼ਚੇ ਨਾਲ ਕਹਿੰਦਾ ਹਾਂ, ਕਹਿੰਦੇ ਜੇ ਨਾ ਨਿਕਲੀ ਮੈਂ ਤੈਨੂੰ ਸਜ਼ਾ ਦੇਵਾਂਗਾ। ਕਹਿੰਦਾ ਹਾਂ ਮੈਨੂੰ ਪ੍ਰਵਾਨ ਹੈ, ਪੂਰੀ ਤਰ੍ਹਾਂ ਮੈਂ ਜਾਣਦਾ ਹਾਂ ਕਿ ਉਹਦੇ ਜਿਹੜੀ ਤਲਵਾਰ ਹੈ ਉਹ ਕਾਠ ਦੀ ਹੈ।

ਭਾਈ ਤਿਲੋਕਾ ਦਿਨ ਰਾਤ ਭਜਨ ਬੰਦਗੀ 'ਚ ਰਹਿੰਦਾ ਸੀ, ਨਵਾਬ ਉਹਦਾ ਸਤਿਕਾਰ ਕਰਦਾ ਸੀ, ਅਚਾਨਕ ਤਾਂ ਕਹਿ ਨਹੀਂ ਸਕਦਾ ਸੀ। ਕਹਿਣ ਲੱਗਿਆ ਕਿ ਭਾਈ ਤਿਲੋਕਾ ਫੌਜ ਨੂੰ ਲਿਆ ਕੇ ਖੜਾਓ। ਬਿਗਲ ਵਜ ਗਿਆ, ਸਾਰੀ ਫੌਜ ਆ ਕੇ ਪਰੇਡ ਗਰਾਉਂਡ 'ਚ ਖੜ੍ਹੀ ਹੋ ਗਈ। ਕਹਿਣ ਲੱਗੇ ਬੜੀ ਦੇਰ ਹੋ ਗਈ ਯੁੱਧ-ਜੰਗ ਕਰਦਿਆਂ ਨੂੰ, ਹਥਿਆਰ ਨਹੀਂ ਕਦੇ ਚੈਕ ਕਰੇ। ਹੁਕਮ ਕਰ ਦਿਓ ਕਿ ਸਾਰੇ ਆਪਣੇ-ਆਪਣੇ ਹਥਿਆਰ ਬਾਹਰ ਕੱਢ ਲਓ। ਚੈਕਿੰਗ ਵਾਸਤੇ ਜਦੋਂ ਕੱਢਦੇ ਨੇ ਮੁੱਠਾ ਜਿਹੜਾ ਹੁੰਦਾ ਹੈ ਬਾਹਰਲੇ ਪਾਸੇ ਨੂੰ ਹੁੰਦਾ ਹੈ, ਨੋਕ ਜਿਹੜੀ ਹੈ ਉਹ ਅੰਦਰਲੇ ਪਾਸੇ ਨੂੰ ਹੁੰਦੀ ਹੈ, ਸਾਰੇ ਆਪਣੇ ਹਥਿਆਰ ਬਰਛੇ ਵਗੈਰਾ, ਸਭ ਉਨ੍ਹਾਂ ਨੇ ਰੱਖ ਦਿਤੇ, ਨਵਾਬ ਹੌਲੀ-ਹੌਲੀ ਦੇਖਦਾ ਤੁਰਿਆ ਆਉਂਦਾ ਹੈ, ਭਾਈ ਤਿਲੋਕਾ ਵੀ ਖੜ੍ਹੇ ਨੇ, ਇਨ੍ਹਾਂ ਦੀ ਤਲਵਾਰ ਵੀ ਦੇਖਣੀ ਸੀ, ਓਸ ਵੇਲੇ ਮਨ 'ਚ ਖਿਆਲ ਆਇਆ ਕਿ ਜੇ ਨਵਾਬ ਨੇ ਕਾਠ ਦੀ ਤਲਵਾਰ ਦੇਖ ਲਈ ਤਾਂ ਬੜੀ ਭਾਰੀ ਮੈਨੂੰ ਸਜ਼ਾ ਦੇਵੇਗਾ, ਹੁਣ ਐਸ ਵੇਲੇ ਸਹਾਇਤਾ ਕਰਨ ਵਾਲਾ ਕੋਈ ਨਹੀਂ ਹੈ, ਮਨੁੱਖ ਤਾਂ ਏਥੇ ਸਹਾਇਤਾ ਨਹੀਂ ਕਰ ਸਕਦਾ। ਇਥੇ ਤਾਂ ਸਹਾਇਤਾ ਗ਼ੈਬੀ ਹੋ ਸਕਦੀ ਹੈ, ਗੁਰੂ ਸਹਾਇਤਾ ਕਰ ਸਕਦਾ ਹੈ। ਮੀਰੀ ਪੀਰੀ ਦੇ ਮਾਲਕ ਐਸ ਵੇਲੇ ਅੰਮ੍ਰਿਤਸਰ ਸਸ਼ੋਭਤ ਨੇ, ਜਿਉਂ-ਜਿਉਂ ਨਵਾਬ ਤੁਰਿਆ ਆਉਂਦਾ ਹੈ ਤਿਉਂ-ਤਿਉਂ ਇਹਦੀ ਸੁਰਤ ਅੰਦਰ ਹੀ ਅੰਦਰ ਗੁਰੂ ਦੇ ਨਾਲ ਜੁੜਦੀ ਹੈ ਆ ਕੇ, ਜਦ ਚਰਨਾਂ ਨਾਲ ਸੁਰਤ ਜੁੜ ਗਈ, ਆਲਾ-ਦੁਆਲਾ ਭੁੱਲ ਗਿਆ, ਓਸ ਵੇਲੇ ਹਿਰਦੇ 'ਚੋਂ ਇਹ ਆਵਾਜ਼ ਉਠਦੀ ਹੈ -

*ਧਾਰਨਾ - ਰੱਖੀਂ ਮਾਲਕਾ ਪੈਜ ਨਾਮ ਆਪਣੇ ਦੀ।*

*ਸੁਨਹੁ ਬਿਨੰਤੀ ਠਾਕੁਰੁ ਮੇਰੇ*
*ਜੀਅ ਜੰਤ ਤੇਰੇ ਧਾਰੇ ॥*
*ਰਾਖੁ ਪੈਜ ਨਾਮ ਅਪੁਨੇ ਕੀ ਕਰਨ ਕਰਾਵਨਹਾਰੇ॥*
*ਪ੍ਰਭ ਜੀਉ ਖਸਮਾਨਾ ਕਰਿ ਪਿਆਰੇ ॥*
*ਬੁਰੇ ਭਲੇ ਹਮ ਥਾਰੇ ॥ ਰਹਾਉ ॥*
*ਸੁਣੀ ਪੁਕਾਰ ਸਮਰਥ ਸੁਆਮੀ*
*ਬੰਧਨ ਕਾਟਿ ਸਵਾਰੇ ॥*
*ਪਹਿਰਿ ਸਿਰਪਾਉ ਸੇਵਕ ਜਨ ਮੇਲੇ*
*ਨਾਨਕ ਪ੍ਰਗਟ ਪਹਾਰੇ ॥ ਅੰਗ - ੬੩੧*

ਬੁਰਾ ਹਾਂ, ਚਾਹੇ ਭਲਾ ਹਾਂ ਹੁਣ ਮੇਰਾ ਖਸਮਾਨਾ ਕਰੋ, ਰਾਖੀ ਕਰੋ। ਐਸ ਵੇਲੇ ਕੋਈ ਦੁਨੀਆਂ ਦਾ ਮਨੁੱਖ ਮੇਰੀ ਮਦਦ ਨਹੀਂ ਕਰ ਸਕਦਾ। ਜੇ ਕਰ ਸਕਦੇ ਹੋ ਤਾਂ ਤੁਸੀਂ ਕਰ ਸਕਦੇ ਓ। ਏਧਰ ਗੁਰੂ ਮਹਾਰਾਜ ਜੀ ਸਾਰੀ ਸੰਗਤ ਦੇਖ ਰਹੀ ਹੈ ਅਚਾਨਕ ਸਾਵਧਾਨ ਹੋ ਗਏ, ਆਪ ਦਾ ਜੋ ਦਸਤ-ਏ-ਮੁਬਾਰਕ ਸੀ, ਉਹ ਇਹਦੀ ਪਿੱਠ ਦੇ ਉਤੇ ਰੱਖ ਦਿਤਾ, ਅੰਦਰ ਹੀ ਅੰਦਰ, ਕਹਿੰਦੇ ਗੁਰਸਿਖਾ! ਫਿਕਰ ਨਾ ਕਰ। ਗੁਰੂ ਤੇਰੇ ਨਾਲ ਹੈ ਜਿਹਦੇ ਨਾਲ ਗੁਰੂ ਹੋ ਜਾਵੇ ਫੇਰ ਉਹਦੀ ਹਾਰ ਨਹੀਂ ਹੋਇਆ ਕਰਦੀ-

*ਧਾਰਨਾ - ਉਹ ਤਾਂ ਕਦੇ ਵੀ ਨਾ ਹਾਰਦਾ*
*ਜਿਹਦੇ ਹੋ ਜਾਏ ਵਲ।*
*ਜਿਸ ਦੈ ਹੋਵੈ ਵਲਿ ਸੁ ਕਦੇ ਨ ਹਾਰਦਾ ॥*
*ਸਦਾ ਅਭਗੁ ਦੀਬਾਣੁ ਹੈ*
*ਹਉ ਤਿਸੁ ਨਮਸਕਾਰਦਾ॥ ਅੰਗ - ੫੧੯*

ਗੁਰੂ ਮਹਾਰਾਜ ਦਾ ਧਿਆਨ ਹੋਇਆ, ਸਾਵਧਾਨ ਹੋ ਗਿਆ, ਪੁਕਾਰ ਸੁਣ ਲਈ -

*ਸੁਣੀ ਪੁਕਾਰ ਸਮਰਥ ਸੁਆਮੀ ਬੰਧਨ ਕਾਟਿ*
*ਸਵਾਰੇ॥ ਪਹਿਰਿ ਸਿਰਪਾਉ ਸੇਵਕ ਜਨ ਮੇਲੇ*
*ਨਾਨਕ ਪ੍ਰਗਟ ਪਹਾਰੇ ॥ ਅੰਗ - ੬੩੧*

ਐਧਰੋਂ ਨਵਾਬ, ਭਾਈ ਤਿਲੋਕੇ ਦੇ ਸਾਮ੍ਹਣੇ ਜਿਸ ਵਕਤ ਪਹੁੰਚਦਾ ਹੈ, ਓਸ ਵੇਲੇ ਕਹਿਣ ਲੱਗਿਆ, ਭਾਈ ਤਿਲੋਕਾ ਤੁਸੀਂ ਵੀ ਆਪਣਾ ਸ਼ਸਤਰ ਦਿਖਾ ਦਿਓ ਅੱਜ। ਓਸ ਨੇ ਵਾਹਿਗੁਰੂ ਕਹਿ ਕੇ ਜਦੋਂ ਸ੍ਰੀ ਸਾਹਿਬ ਦੇ ਮੁੱਠੇ 'ਤੇ ਹੱਥ ਪਾਇਆ, ਜਦ ਬਾਹਰ ਕੱਢੀ ਐਨਾ ਲਿਸ਼ਕਾਰਾ ਹੋਇਆ ਜਿਵੇਂ ਬਿਜਲੀ ਚਮਕਦੀ ਹੁੰਦੀ ਹੈ। ਨਵਾਬ ਦੋ ਤਿੰਨ ਕਦਮ ਪਿਛੇ ਹਟ ਗਿਆ, ਹੈਰਾਨ ਹੋ ਗਿਆ ਕਿ ਐਸੀ ਤਲਵਾਰ, ਅੱਜ ਤਕ ਤਾਂ ਦੇਖੀ ਨਹੀਂ ਹੈ। ਐਨਾ

ਸ਼ੁਧ ਸਟੀਲ ਤੇ ਐਨੀ ਚਮਕ, ਓਸੇ ਵੇਲੇ ਕਹਿਣ ਲੱਗਿਆ ਭਾਈ ਤਿਲੋਕਾ ਤੁਸੀਂ ਮਿਆਨ 'ਚ ਕਰ ਲਓ ਇਹਨੂੰ, ਉਹ ਜਿਹੜਾ ਚੁਗਲ ਸੀ ਨਾਲ ਫਿਰ ਰਿਹਾ ਸੀ, ਉਹ ਵੀ ਬਰਾਬਰ ਦੇ ਰੈਂਕ ਦਾ ਸੀ। ਉਥੇ ਹੀ ਨਵਾਬ ਨੇ ਕਿਹਾ ਕਿ ਇਹਨੂੰ ਫੜ ਕੇ ਜੇਲ੍ਹ ਦੇ ਵਿਚ ਬੰਦੀਖਾਨੇ ਵਿਚ ਸੁਟ ਦਿਓ। ਜਦੋਂ ਤਕ ਮੈਂ ਦੁਬਾਰਾ ਹੁਕਮ ਨਹੀਂ ਦਿੰਦਾ, ਇਹਨੂੰ ਨਹੀਂ ਕੱਢਣਾ। ਪ੍ਰਮੇਸ਼ਰ ਦੇ ਪਿਆਰੇ ਦੇ ਨਾਲ ਝਗੜਾ ਪਾਇਆ, ਜਿਹਨੂੰ ਆਸ ਮਨੁਖ ਦੀ ਨਹੀਂ ਸੀ, ਪ੍ਰਮੇਸ਼ਰ ਦੀ ਸੀ। ਮਹਾਰਾਜ ਕਹਿੰਦੇ ਜਿਹਨੂੰ ਪ੍ਰਮੇਸ਼ਰ ਦੀ ਆਸ ਹੋਵੇ ਉਹ ਮਹਾਂਪੁਰਸ਼ ਹੋਇਆ ਕਰਦੇ ਨੇ, ਉਨ੍ਹਾਂ ਨਾਲ ਝਗੜੇ ਪਾਉਣ ਵਾਲੇ ਕਦੇ ਸੁਖ ਨਹੀਂ ਪਾਉਂਦੇ-

*ਧਾਰਨਾ - ਸੁਖ ਕਦੇ ਨਾ ਪਾਉਂਦੇ ਜੀ*
*ਮੁਗਧ ਨਰ ਸੰਤਾਂ ਨਾਲ ਖਹੰਦੇ।*
*ਨਾਨਕ ਵੀਚਾਰਹਿ ਸੰਤ ਜਨ ਚਾਰਿ ਵੇਦ ਕਹੰਦੇ ॥*
*ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ ॥*
*ਪ੍ਰਗਟ ਪਹਾਰਾ ਜਾਪਦਾ ਸਭਿ ਲੋਕ ਸੁਣੰਦੇ ॥*
*ਸੁਖੁ ਨ ਪਾਇਨਿ ਮੁਗਧ ਨਰ*
*ਸੰਤ ਨਾਲਿ ਖਹੰਦੇ ॥ ਅੰਗ - ੩੦੬*

ਸੋ ਏਸ ਮਹੀਨੇ ਦੇ ਅੰਦਰ ਮਹਾਰਾਜ ਫੁਰਮਾਨ ਕਰਦੇ ਨੇ -

*ਜਗਜੀਵਨ ਪੁਰਖੁ ਤਿਆਗਿ ਕੈ*
*ਮਾਣਸ ਸੰਦੀ ਆਸ ॥ ਅੰਗ - ੧੩੪*

ਵਾਹਿਗੁਰੂ ਨੂੰ ਛੱਡ ਕੇ ਮਨੁੱਖ 'ਤੇ ਆਸ ਕਰਦਾ ਹੈ, ਕਹਿੰਦੇ ਹੁੰਦਾ ਕੀ ਹੈ, ਉਹ ਵਾਹਿਗੁਰੂ ਤੋਂ ਤਾਂ ਟੁਟ ਗਿਆ, ਗਲ ਵਿਚ ਜਮਾਂ ਦੀ ਫਾਂਸੀ ਪੈ ਜਾਂਦੀ ਹੈ। ਜਿਹੜੇ ਵਾਹਿਗੁਰੂ ਨਾਲ ਜੁੜੇ ਹੁੰਦੇ ਨੇ ਉਹ ਉਨ੍ਹਾਂ ਦੀ ਰਾਖੀ ਕਰਦਾ ਹੈ, ਉਹ ਉਨ੍ਹਾਂ ਦੇ ਨਾਲ ਰਹਿੰਦਾ ਹੈ, ਉਨ੍ਹਾਂ ਨੂੰ ਕੋਈ ਦੁਖ ਨਹੀਂ ਪਹੁੰਚਣ ਦਿੰਦਾ। ਸੋ ਅੱਗੇ ਲਿਖਦੇ ਨੇ ਕਿ -

*ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ ॥*
*ਅੰਗ - ੧੩੪*

ਜਿਹੋ ਜਿਹਾ ਬੀਜਦਾ ਹੈ ਓਹੋ ਜਿਹਾ ਇਹਨੂੰ ਵਢਣਾ ਪੈਂਦਾ ਹੈ, ਤੇ ਇਹਦੇ ਲੇਖ ਬਣ ਜਾਂਦੇ ਨੇ, ਮੱਥੇ ਦੇ ਉਤੇ ਲਿਖ ਦਿਤੇ ਜਾਂਦੇ ਨੇ। ਫੇਰ -

*ਲੇਖੁ ਨ ਮਿਟਈ ਹੇ ਸਖੀ*
*ਜੋ ਲਿਖਿਆ ਕਰਤਾਰਿ ॥ ਅੰਗ - ੯੩੭*

ਫੇਰ ਨਹੀਂ ਮਿਟਦਾ। ਦੋਸ਼ ਦਿੰਦਾ ਹੈ ਦੂਜਿਆਂ ਨੂੰ ਕਿ ਮੇਰੇ ਨਾਲ ਫਲਾਣੇ ਨੇ ਐਉਂ ਕਰਿਆ ਹੈ, ਮੇਰੇ ਨਾਲ ਐਉਂ ਕਰਿਆ ਹੈ। ਮਹਾਰਾਜ ਕਹਿੰਦੇ ਮੂਰਖਾ! ਕਾਹਨੂੰ ਦੋਸ਼ ਦਿੰਦਾ ਹੈਂ, ਤੈਨੂੰ ਪਤਾ ਹੈ ਤੂੰ ਕੀ-ਕੀ ਕਰਕੇ ਆਇਆ ਹੈਂ ਤੇ ਕੀ-ਕੀ ਤੂੰ ਭੁਗਤਣਾ ਸੀ, ਦੋਸ਼ ਦੇਈ ਜਾਂਦਾ ਹੈਂ, ਦੋਸ਼ ਨਾ ਦੇ ਕਿਸੇ ਨੂੰ। ਜੇ ਦੋਸ਼ ਦੇਣਾ ਹੈ ਤਾਂ ਤੈਨੂੰ ਅਸੀਂ ਦਸ ਦਿੰਦੇ ਹਾਂ -

*ਧਾਰਨਾ - ਪਿਆਰੇ ਦੋਸ਼ ਨਾ ਕਿਸੇ ਨੂੰ ਦੇਵੀਂ,*
*ਦੋਸ਼ ਤੇਰੇ ਕਰਮਾਂ ਦਾ।*
*ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ*
*ਆਪਣਿਆ॥ ਜੋ ਮੈ ਕੀਆ ਸੋ ਮੈ ਪਾਇਆ*
*ਦੋਸੁ ਨ ਦੀਜੈ ਅਵਰ ਜਨਾ ॥ ਅੰਗ - ੪੩੩*

ਮਹਾਰਾਜ ਕਹਿੰਦੇ ਜਦ ਕਰਮ ਕਰਦਾ ਸੀ ਜਦ ਸੋਚਦਾ ਸੀ ਕਿ ਮੈਂ ਆਹ ਕਰਮ ਕਰਦਾ ਹਾਂ? ਕੀਤਾ ਹੋਇਆ ਕਰਮ ਕਦੇ ਵੀ action ਦਾ reaction ਨਹੀਂ ਹੁੰਦਾ। ਜੋ ਤੂੰ ਚੰਗਾ ਮੰਦਾ ਕਰੇਂਗਾ ਉਹਦਾ ਫਲ ਤੈਨੂੰ ਭੋਗਣਾ ਹੀ ਪੈਣਾ ਹੈ। ਉਹ ਤੇਰੇ ਕਰਮ ਬਣ ਜਾਣੇ ਨੇ, ਮੱਥੇ 'ਚ ਲੇਖ ਲਿਖਿਆ ਜਾਣਾ ਹੈ, ਫੇਰ ਤੂੰ ਰੋਵੇਂਗਾ ਕਿ ਮੇਰੇ ਨਾਲ ਐਉਂ ਹੋ ਗਿਆ, ਮੇਰੇ ਆਹ ਹੋ ਗਿਆ। ਤੂੰ ਤਾਂ ਲੇਖ ਲਿਖਾ ਕੇ ਲਿਆਇਆ ਹੈਂ -

*ਜੈਸੀ ਕਲਮ ਵੁੜੀ ਹੈ ਮਸਤਕਿ*
*ਤੈਸੀ ਜੀਅੜੇ ਪਾਸਿ ॥ ਅੰਗ - ੭੫*

ਓਹੋ ਜਿਹੀ ਲੈ ਕੇ ਆਇਆ ਹੈ ਜੀਵ। ਸੋ ਮਹਾਰਾਜ ਕਹਿੰਦੇ ਪਿਆਰਿਆ -

*ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ ॥*
*ਰੈਣ ਵਿਹਾਣੀ ਪਛੁਤਾਣੀ*
*ਉਠਿ ਚਲੀ ਗਈ ਨਿਰਾਸ॥ ਅੰਗ - ੧੩੪*

ਆਹ ਉਮਰ ਲੰਘ ਜਾਣੀ ਹੈ, ਬਚਪਨ ਨੂੰ ਜਵਾਨੀ ਖਾ ਗਈ। ਜਵਾਨੀ ਨੂੰ ਬੁਢੇਪਾ ਖਾ ਗਿਆ, ਬੁਢੇਪੇ ਦਾ ਹਰ ਕਦਮ ਮੌਤ ਵਲ ਨੂੰ ਵਧਦਾ ਤੁਰਿਆ ਜਾ ਰਿਹਾ ਹੈ। ਫੇਰ ਕੀ ਹੋਏਗਾ? ਜਦ ਕਟੈਹਿਰੇ 'ਚ ਖੜ੍ਹਨਾ ਪੈਣਾ ਹੈ, ਜਿਥੇ ਲੇਖੇ ਪੱਤੇ ਜ਼ਿੰਦਗੀ ਦੇ ਹਿਸਾਬ-ਕਿਤਾਬ ਨਾਪੇ ਜਾਂਦੇ ਨੇ। ਫੇਰ ਤੇਰੇ ਪੱਲੇ ਕੀ ਹੋਏਗਾ? ਪਛਤਾਵਾ ਹੋਏਗਾ। ਕੀ ਸਭ ਪਛਤਾਉਂਦੇ ਨੇ? ਕਹਿੰਦੇ, ਹਾਂ ਨਾਮ ਜਪਣ ਵਾਲੇ ਵੀ ਪਛਤਾਉਂਦੇ ਨੇ। ਜਿਨ੍ਹਾਂ ਨੇ ਨਹੀਂ ਜਪਿਆ, ਉਹ ਵੀ ਪਛਤਾਉਂਦੇ ਨੇ, ਬੜੀ ਅਜੀਬ ਬਾਤ ਹੈ ਇਹ ਤਾਂ। ਨਾਮ ਜਪਣ ਵਾਲਿਆਂ ਨੂੰ ਤਾਂ ਖੁਸ਼ ਹੋਣਾ ਚਾਹੀਦਾ ਹੈ ਉਹ ਕਿਉਂ ਪਛਤਾਉਂਦੇ ਨੇ? ਕਹਿੰਦੇ ਉਹ ਐਉਂ ਪਛਤਾਉਂਦੇ ਨੇ ਕਿ ਅਸੀਂ ਐਨਾ ਨਾਮ ਨਾ ਜਪਿਆ ਜਿੰਨਾਂ ਸਾਨੂੰ ਜਪਣਾ ਚਾਹੀਦਾ ਸੀ। ਸਾਨੂੰ ਗਿਆਨ ਸੀ ਵਿਹਲ ਸੀ, ਸਾਡੇ ਕੋਲ ਹਾਲਾਤ ਸਾਜ਼ਗਾਰ ਸੀ, ਅਸੀਂ ਤਾਂ ਦਿਨ-ਰਾਤ ਚੌਵੀ ਘੰਟੇ ਨਾਮ ਜਪਦੇ, ਓਨਾਂ ਨਾਮ ਤਾਂ ਜਪ ਨਾ ਹੋਇਆ, ਥੋੜ੍ਹਾ ਨਾਮ ਜਪ ਹੋਇਆ ਸਾਡੇ ਤੋਂ। ਉਹ ਏਸ ਗੱਲ ਨੂੰ ਪਛਤਾਉਂਦੇ ਨੇ। ਜਿਨ੍ਹਾਂ ਨੇ ਨਹੀਂ ਜਪਿਆ, ਜਦ ਉਨ੍ਹਾਂ ਨੂੰ ਨਰਕਾਂ ਵਲ ਨੂੰ, ਮਾੜੀਆਂ ਜੂਨਾਂ ਵਲ ਨੂੰ ਧੱਕਾ ਦਿੰਦੇ ਨੇ, ਉਹ ਫੇਰ ਪਛਤਾਉਂਦੇ ਨੇ ਕਿ ਅਸੀਂ ਜਨਮ ਬਿਰਥਾ ਗੁਆ ਲਿਆ। ਸੋ -

*ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ ॥*

*ਰੈਣ ਵਿਹਾਣੀ ਪਛੁਤਾਣੀ*
*ਉਠਿ ਚਲੀ ਗਈ ਨਿਰਾਸ॥ ਅੰਗ - ੧੩੪*

ਛੁਟਦੇ ਮਹਾਰਾਜ ਕਹਿੰਦੇ ਉਹ ਨੇ ਜਿਨ੍ਹਾਂ ਨੂੰ ਸਮਰੱਥ ਗੁਰੂ ਦੀ ਪ੍ਰਾਪਤੀ ਹੋ ਜਾਵੇ। ਤੱਤ ਬੇਤੇ ਮਹਾਂਪੁਰਸ਼ ਦਾ ਸਤਿਸੰਗ ਹੋਵੇ, ਦੂਜਾ ਨਹੀਂ ਛੁਟਿਆ ਕਰਦਾ, ਉਹ ਦਰਗਾਹ ਦੇ ਵਿਚ ਛੁਟ ਜਾਂਦੇ ਨੇ, ਜਿਹਨੂੰ ਪੂਰਾ ਸਤਿਗੁਰੂ ਮਿਲ ਗਿਆ -

*ਧਾਰਨਾ - ਦਰਗਹਿ ਛੁਟ ਜਾਵੇਗਾ,*
*ਮਿਲ ਗਿਆ ਜਿਹਨੂੰ ਸਤਿਗੁਰ ਪੂਰਾ*

*ਜਿਨ ਕੌ ਸਾਧੂ ਭੇਟੀਐ*
*ਸੋ ਦਰਗਹ ਹੋਇ ਖਲਾਸੁ ॥*
*ਕਰਿ ਕਿਰਪਾ ਪ੍ਰਭ ਆਪਣੀ*
*ਤੇਰੇ ਦਰਸਨ ਹੋਇ ਪਿਆਸ ॥*
*ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ*
*ਨਾਨਕ ਕੀ ਅਰਦਾਸਿ ॥ ਅੰਗ - ੧੩੪*

ਸੋ ਹਾੜ੍ਹ ਦੇ ਮਹੀਨੇ ਦਾ ਤੱਤ ਕੱਢਦੇ ਹੋਏ ਮਹਾਰਾਜ ਫੁਰਮਾਨ ਕਰਦੇ ਨੇ ਕਿ ਜਿਹਦੇ ਹਿਰਦੇ 'ਚ ਪ੍ਰਭੂ ਵਸ ਗਿਆ, ਉਹਨੂੰ ਅਸਾੜ੍ਹ ਜਿਹੜਾ ਹੈ ਉਹ ਤਪਦਾ ਨਹੀਂ ਲਗਦਾ, ਸੋਹੰਦਾ ਲਗਦਾ ਹੈ, ਠੰਢਾ ਠਾਰ ਲਗਦਾ ਹੈ। ਅੰਦਰ ਕੋਈ ਤਲਖੀ ਨਹੀਂ ਆਉਂਦੀ, ਅਨੰਦ ਵਿਚ ਰਹਿੰਦਾ ਹੈ, ਖੇੜੇ 'ਚ ਰਹਿੰਦਾ ਹੈ। ਕਿਉਂਕਿ ਅੰਦਰ ਠੰਢ ਪੈ ਗਈ -

*ਆਸਾੜੁ ਸੁਹੰਦਾ ਤਿਸੁ ਲਗੈ*
*ਜਿਸੁ ਮਨਿ ਹਰਿ ਚਰਣ ਨਿਵਾਸ ॥*
*ਅੰਗ - ੧੩੪*

ਜਿਹਦੇ ਮਨ ਦੇ ਵਿਚ ਹਰੀ ਦੇ ਚਰਨਾਂ ਦਾ ਨਿਵਾਸ ਹੈ -

*ਧਾਰਨਾ - ਜਿਸਦੇ ਹਿਰਦੇ ਹਰਿ ਜੀ ਵਸਦੇ,*
*ਆਸਾੜ ਸੋਹੰਦਾ ਲਗਦਾ।*

ਸੋਹਣਾ ਹਾੜ ਕਿਹਨੂੰ ਲਗਦਾ ਹੈ, ਠੰਢਾ ਕਿਹਨੂੰ ਲਗਦਾ ਹੈ, ਮਹਾਰਾਜ ਕਹਿੰਦੇ -

*ਆਸਾੜੁ ਸੁਹੰਦਾ ਤਿਸੁ ਲਗੈ*
*ਜਿਸੁ ਮਨਿ ਹਰਿ ਚਰਣ ਨਿਵਾਸ॥ ਅੰਗ - ੧੩੪*

ਤਪਦਾ ਕਿਹਨੂੰ ਲਗਦਾ ਹੈ -

*ਆਸਾੜੁ ਤਪੰਦਾ ਤਿਸੁ ਲਗੈ*
*ਹਰਿ ਨਾਹੁ ਨ ਜਿੰਨਾ ਪਾਸਿ ॥ ਅੰਗ - ੧੩੪*

ਜਿਹਦੇ ਕੋਲ ਨਾਮ ਨਹੀਂ, ਬੰਦਗੀ ਨਹੀਂ, ਪਿਆਰ ਨਹੀਂ ਹਿਰਦੇ 'ਚ ਸੁੱਚ ਨਹੀਂ ਹੈ, ਉਨ੍ਹਾਂ ਨੂੰ ਤਪਦਾ ਲਗਦਾ ਹੈ ਭਾਈ, ਜਿਨ੍ਹਾਂ ਦੇ ਹਿਰਦੇ 'ਚ ਨਾਮ ਹੈ ਉਨ੍ਹਾਂ ਨੂੰ ਸੋਹਣਾ ਲਗਦਾ ਹੈ, ਕਿਉਂਕਿ ਅੰਦਰ ਖੇੜਾ ਹੁੰਦਾ ਹੈ। ਵਿਰਲੇ ਪੁਰਸ਼ ਹੁੰਦੇ ਨੇ ਜਿਹੜੇ ਜਾਣਦੇ ਨੇ ਕਿ ਨਾਮ ਅੰਦਰ ਕਿੰਨਾਂ ਖੇੜਾ ਪੈਦਾ ਕਰ ਦਿੰਦਾ ਹੈ। ਕੋਈ ਚੀਜ਼ ਨਾ ਦੁਨੀਆਂ ਦੀ ਕੋਲ ਹੋਵੇ, ਖਾਲੀ ਜੇਬ ਹੋਵੇ, ਬੈਠਣ ਨੂੰ ਥਾਂ ਨਾ ਹੋਵੇ, ਜੇ ਕਿਤੇ ਅੰਦਰ ਨਾਮ ਦੀ ਰੌ ਚਲਦੀ ਹੋਵੇ, ਨਾਮ ਦਾ ਖੇੜਾ ਅੰਦਰ ਵਸ ਜਾਵੇ, ਮਹਾਰਾਜ ਕਹਿੰਦੇ-

*ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ॥*
*ਅੰਗ - ੭੦੭*

ਟੁੱਟੀ ਹੋਈ ਝੌਂਪੜੀ 'ਚ ਰਹਿੰਦਾ ਹੈ, ਕਪੜੇ ਸਭ ਪਾਟੇ ਹੋਏ ਨੇ -

*ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ ॥*
*ਅੰਗ - ੭੦੭*

ਕੋਈ ਜਾਤ ਨਹੀਂ, ਕੋਈ ਪਤ ਨਹੀਂ, ਕੋਈ ਆਦਰ ਦੇਣ ਵਾਲਾ ਨਹੀਂ, ਬਾਹਰ ਜੰਗਲਾਂ 'ਚ ਘੁੰਮੀ ਜਾਂਦੇ ਨੇ -

*ਮਿਤ੍ਰ ਨ ਇਠ ਧਨ ਰੂਪਹੀਣ*
*ਕਿਛੁ ਸਾਕੁ ਨ ਸਿੰਨਾ॥ ਅੰਗ - ੭੦੭*

ਨਾ ਕੋਈ ਮਿਤਰ ਹੈ, ਨਾ ਕੋਈ ਸਾਕ ਹੈ, ਨਾ ਰੂਪ ਵਾਲਾ ਹੈ, ਪਰ ਪਿਆਰਿਓ ਜੇ ਹਰੀ ਵਸ ਜਾਵੇ ਉਹਦੇ ਹਿਰਦੇ 'ਚ, ਫੇਰ ਕਿਹੋ ਜਿਹਾ ਹੁੰਦਾ ਹੈ? ਕਹਿੰਦੇ -

*ਰਾਜਾ ਸਗਲੀ ਸ੍ਰਿਸਟਿ ਕਾ*
*ਹਰਿ ਨਾਮਿ ਮਨੁ ਭਿੰਨਾ ॥ ਅੰਗ - ੭੦੭*

ਉਹ ਸਾਰੀ ਸ੍ਰਿਸ਼ਟੀ ਦਾ, ਰਾਜਿਆਂ ਦਾ ਰਾਜਾ ਹੁੰਦਾ ਹੈ ਉਹ-

*ਜਿਸ ਨੋ ਬਖਸੇ ਸਿਫਤਿ ਸਾਲਾਹ ॥*
*ਨਾਨਕ ਪਾਤਿਸਾਹੀ ਪਾਤਿਸਾਹੁ ॥ ਅੰਗ - ੫*

*ਜਿਸੁ ਨਾਮੁ ਰਿਦੈ ਸੋਈ ਵਡ ਰਾਜਾ ॥*
*ਅੰਗ - ੧੧੫੫*

ਮਹਾਰਾਜ ਐਵੇਂ ਵਡਿਆਉਂਦੇ ਨੇ, ਰਾਜੇ ਦਾ ਤਾਂ ਹੁਕਮ ਚਲਦਾ ਹੈ। ਕਹਿੰਦੇ ਇਹਦਾ ਵੀ ਹੁਕਮ ਚਲਦਾ ਹੈ। ਇਕ ਮਹਾਂਪੁਰਸ਼ ਹੋਏ ਨੇ, ਭੁਚੋਮੰਡੀ ਦੇ ਵਿਚ ਸੰਤ ਬਾਬਾ ਹਰਨਾਮ ਸਿੰਘ ਜੀ, ਬਾਬਾ ਨੰਦ ਸਿੰਘ ਦੇ ਗੁਰੂਦੇਵ ਸੀ, ਇਕ ਵਾਰੀ ਕਾਫੀ ਸਮਾਂ ਲੰਘ ਗਿਆ, ਬਾਬਾ ਜੀ ਕਲੇਰਾਂ ਤੋਂ ਦਰਸ਼ਨ ਦੀ ਅੰਦਰ ਖਿਚ ਪੈਦਾ ਹੋਈ, ਕਹਿਣ ਲੱਗੇ ਆਪਾਂ ਚੱਲੀਏ, ਦੂਸਰੇ ਦਿਨ ਇਕ ਸਰਦਾਰ ਆ ਗਿਆ, ਗੱਡੀਆਂ ਜਦ ਟਾਂਵੇਂ-ਟਾਂਵੇਂ ਹੁੰਦੀਆਂ ਸੀ, ਇਕ ਅੱਧੀ ਹੁੰਦੀ ਕਿਸੇ ਬੜੇ ਚੰਗੇ ਬੰਦੇ ਕੋਲ। ਕਹਿੰਦਾ ਮਹਾਰਾਜ ਮੈਨੂੰ ਕੋਈ ਸੇਵਾ ਦੱਸੋ, ਸੇਵਾਦਾਰ ਕਹਿਣ ਲੱਗੇ ਕਿ ਬਾਬਾ ਜੀ ਨੇ ਅੱਜ ਭੁਚੋਮੰਡੀ ਜਾਣਾ ਹੈ, ਆ ਕੇ ਤੁਸੀਂ ਸੇਵਾ ਕਰੋ। ਕਹਿੰਦੇ ਠੀਕ ਹੈ, ਬਾਬਾ ਜੀ ਗੱਡੀ 'ਚ ਬੈਠ ਗਏ। ਉਹ ਕਹਿਣ ਲੱਗੇ ਕਿ ਇਕ ਰਸਤਾ ਤਾਂ ਲੰਮਾ ਹੈ, ਇਕ ਨੇੜੇ ਦਾ (shortcut) ਵੀ ਹੈਗਾ

ਜੇ ਆਪਾਂ ਨਹਿਰ ਦੀ ਪਟੜੀ ਚੜ੍ਹ ਜਾਈਏ, ਛੇਤੀ ਪਹੁੰਚ ਜਾਵਾਂਗੇ। ਉਹ ਨਹਿਰ ਦੀ ਪਟੜੀ ਚੜ੍ਹ ਗਏ, ਇਕ ਬੋਪਾਰਾਏ ਦਾ ਸੀਗਾ, ਉਹ ਐਸ.ਡੀ.ਓ ਲੱਗਿਆ ਹੋਇਆ ਸੀ ਉਹਨੇ ਜਦ ਗੱਡੀ ਦੀ ਆਵਾਜ਼ ਸੁਣੀ, ਨਹਿਰ ਦੇ ਕੰਢੇ ਕੋਠੀਆਂ ਹੁੰਦੀਆਂ, ਇਕ ਦਮ ਆ ਕੇ ਕਹਿਣ ਲੱਗਿਆ ਕਿ ਗੱਡੀ ਘੇਰੋ, ਗੱਡੀ ਘੇਰ ਲਈ। ਕਹਿੰਦਾ ਕੀਹਦੇ ਹੁਕਮ ਨਾਲ ਤੁਸੀਂ ਪਟੜੀ 'ਤੇ ਚਾੜ੍ਹੀ, ਉਹ ਕਹਿੰਦੇ ਸਰਦਾਰ ਜੀ ਹੁਕਮ ਤਾਂ ਅਸੀਂ ਕਿਸੇ ਦਾ ਲਿਆ ਨਹੀਂ, ਮਹਾਂਪੁਰਸ਼ਾਂ ਨੇ ਜਾਣਾ ਹੈ। ਉਹ ਕਹਿੰਦਾ ਮੈਂ ਨਹੀਂ ਕਿਸੇ ਮਹਾਂਪੁਰਸ਼ਾਂ ਨੂੰ ਜਾਣਦਾ, ਬਥੇਰੇ ਠੱਗ ਫਿਰਦੇ ਨੇ। ਇਹ ਤਾਂ ਪੂਪਨੇ ਹੁੰਦੇ ਨੇ, ਪੂਪਨੇ; ਬੜੇ ਨਿਰਾਦਰ ਦੇ ਵਾਕ ਕਹੇ, ਬਾਬਾ ਜੀ ਕੋਈ ਅੱਖਰ ਨਾ ਬੋਲੇ। ਉਹ ਕਹਿਣ ਲੱਗੇ ਕਿ ਦੇਖ ਸਾਨੂੰ ਲੰਘ ਜਾਣ ਦੇ, ਜੇ ਤੁਹਾਨੂੰ ਪੈਸਾ ਚਾਹੀਦਾ ਹੈ ਮੈਂ ਦੇ ਦਿੰਦਾ ਹਾਂ ਸਰਦਾਰ ਕਹਿਣ ਲੱਗਿਆ। ਕਹਿੰਦਾ, ਹੁਣ ਤਾਂ ਮੈਂ ਚਲਾਨ ਕਰਾਂਗਾ, ਤੈਨੂੰ ਤੇ ਤੇਰੇ ਸੰਤ ਨੂੰ ਪਤਾ ਲੱਗੇਗਾ ਜਦ ਕਚਹਿਰੀ 'ਚ ਜਾਓਂਗੇ। ਫੇਰ ਵੀ ਬਾਬਾ ਜੀ ਚੁੱਪ ਰਹੇ, ਕੋਈ ਗੱਲ ਨਾ ਕਰੀ। ਕਹਿੰਦੇ ਭਾਈ ਆਪਾਂ ਪੈਦਲ ਚਲਦੇ ਹਾਂ। ਕਹਿੰਦੇ ਨਹੀਂ ਮਹਾਰਾਜ ਚਲਾਨ ਕਰ ਲੈਣ ਦਿਓ। ਚਲਾਨ ਕਰ ਦਿਤਾ, ਮੁੜ ਕੇ ਫੇਰ ਪੁਠੇ ਆਏ, ਰਸਤਾ ਸੀ। ਭੂਚੋ ਮੰਡੀ ਪਹੁੰਚ ਜਾਂਦੇ ਨੇ। ਬਾਬਾ ਜੀ ਕੋਲ ਜਦੋਂ ਗਏ ਕਹਿਣ ਲੱਗੇ, ਤੁਸੀਂ ਤਾਂ ਬੜੇ ਸਾਝਰੇ (ਸਵੱਖਤੇ) ਦੇ ਤੁਰੇ ਹੋਏ ਸੀ ਕੀ ਗੱਲ। ਓਸ ਵੇਲੇ ਬਾਬਾ ਜੀ ਤਾਂ ਚੁਪ ਰਹੇ, ਨਾਲਦਿਆਂ ਨੇ ਕਿਹਾ ਕਿ ਮਹਾਰਾਜ, ਓਥੇ ਇਕ ਐਸ.ਡੀ.ਓ ਮਿਲ ਗਿਆ ਸੀ, ਉਹਨੇ ਨਾਲੇ ਚਲਾਨ ਕਰ ਦਿਤਾ, ਨਾਲੇ ਬੜੇ ਮੰਦੇ ਵਾਕ ਬੋਲੇ ਬਾਬਾ ਜੀ ਨੂੰ, ਬਾਬਾ ਜੀ ਤਾਂ ਬੜੇ ਸ਼ਾਂਤ ਨੇ, ਕੋਈ ਬਚਨ ਨਹੀਂ ਕਰਿਆ।। ਕਹਿੰਦੇ ਹੈਂ! ਸਾਧੂ ਦਾ ਨਿਰਾਦਰ ਕਰੇ ਦੁਨੀਆਂਦਾਰ। ਓਸ ਵੇਲੇ ਹੱਥ ਮਾਰ ਕੇ ਕਿਹਾ ਕਿ ਨੌਕਰੀ ਤੋਂ ਗਿਆ, ਮੁਕਦਮਾ ਖਾਰਜ, ਪੈਸਾ ਟਕਾ ਸਭ ਖਤਮ, ਰਿਸ ਰਿਸ ਕੇ ਮਰੇਗਾ, ਚਾਰ ਬਚਨ ਕਰ ਦਿਤੇ। ਕਹਿੰਦੇ ਇਹਨੂੰ ਪਤਾ ਨਹੀਂ ਕਿ ਦੁਨੀਆਂ ਦਾ ਬਾਦਸ਼ਾਹ ਆ ਰਿਹਾ ਹੈ। ਓਸੇ ਵੇਲੇ ਐਸਾ ਹੋਇਆ, ਬੀਮਾਰ ਹੋ ਗਿਆ, ਬੀਮਾਰ ਹੋ ਕੇ ਗਠੀਆ ਹੋ ਗਿਆ, ਉਨ੍ਹਾਂ ਨੇ ਨੌਕਰੀ ਤੋਂ ਖਾਰਜ ਕਰ ਦਿਤਾ। ਉਹ ਜਿਹੜਾ ਚਲਾਨ ਸੀ ਉਹ ਕਿਸੇ ਨੇ ਦੇਖਿਆ ਹੀ ਨਾ, ਉਹ ਓਥੇ ਹੀ ਖਾਰਜ ਕਰ ਦਿਤਾ। ਮੁੜ ਕੇ ਓਸ ਦਾ ਐਨਾ ਬੁਰਾ ਹਾਲ ਹੋ ਗਿਆ ਕਿ ਸਾਰੇ ਹੀ ਪੈਸੇ ਖਤਮ ਹੋ ਗਏ। ਬੜਾ ਆਕੜਬਾਜ਼ ਸੀ ਕਹਿੰਦਾ ਤਾਂ ਕੀ ਹੈ ਮੈਂ ਇਲਾਜ ਕਰਾ ਲਵਾਂਗਾ। ਪਤਾ ਉਹਨੂੰ ਵੀ ਲਗ ਗਿਆ ਕਿ ਮਹਾਂਪੁਰਸ਼ਾਂ ਭੂਚੋ ਵਾਲਿਆਂ ਨੇ ਬਚਨ ਕਰ ਦਿਤਾ। ਬਖਸ਼ਾਉਂਦਾ ਨਹੀਂ ਹੈ ਮੂਰਖ ਜਾ ਕੇ। ਕਹਿਣ ਲਗਿਆ, ਇਲਾਜ ਕਰਾ ਲਵਾਂਗਾ ਡਾਕਟਰ ਥੋੜ੍ਹੇ ਨੇ। ਅਖੀਰ ਇਕ ਵੀ ਪੈਸਾ ਨਾ ਰਿਹਾ।

ਇਕ ਮਹਾਤਮਾ ਸੀ ਗੁਲਾਬ ਸਿੰਘ ਜੀ ਘੋਲੀਆ ਵਾਲੇ, ਉਹ ਵੈਦ ਵੀ ਸੀ, ਓਥੇ ਚਲਿਆ ਗਿਆ, ਘਰਵਾਲੇ ਲੈ ਗਏ। ਉਹ ਤਿੰਨ ਪੁੜੀਆਂ ਦਿੰਦੇ ਹੁੰਦੇ ਸੀ, ਚੌਥੀ ਨਹੀਂ ਸੀ ਦਿੰਦੇ ਹੁੰਦੇ। ਉਨ੍ਹਾਂ ਨੇ ਤਿੰਨ ਪੁੜੀਆਂ ਦਿਤੀਆਂ, ਨਾਲ ਕਿਹਾ ਕਿ ਇਹ ਤਾਂ ਕਿਸੇ ਮਹਾਂਪੁਰਸ਼ ਦਾ ਦੁਰਕਾਰਿਆਂ ਹੋਇਆ ਬੰਦਾ ਹੈ, ਨਹੀਂ ਮੇਰੀ ਦਵਾਈ ਕਦੇ ਧੋਖਾ ਨਹੀਂ ਸੀ ਦਿੰਦੀ। ਪਤਾ ਲਗ ਗਿਆ ਕਿ ਬਾਬਿਆਂ ਨੇ ਇਹ ਗੱਲ ਕਹੀ ਹੈ ਭੂਚੋ ਵਾਲਿਆਂ ਨੇ। ਓਸ ਤੋਂ ਬਾਅਦ ਉਹ ਬਾਬਾ ਜੀ ਕੋਲ ਆਇਆ ਕਲੇਰਾਂ ਵਾਲਿਆਂ ਕੋਲ ਬਾਬਾ ਨੰਦ ਸਿੰਘ ਕੋਲ, ਕਹਿਣ ਲੱਗਿਆ ਬਾਬਾ ਜੀ! ਮਹਾਂਪੁਰਸ਼ਾਂ ਨੇ ਗੁੱਸੇ 'ਚ ਆ ਕੇ ਬੜੇ ਸਖਤ ਬਚਨ ਕਹਿ ਦਿਤੇ। ਦਿਆਲੂ ਸੁਭਾਅ ਹੁੰਦਾ ਹੈ ਮਹਾਂਪੁਰਸ਼ਾਂ ਦਾ। ਕਹਿਣ ਲੱਗੇ ਕਿ ਚੰਨਣ ਸਿੰਘ ਬਹੁਤ ਬੁਰੀ ਹਾਲਤ ਵਿਚ ਹੈ, ਦਵਾਈ ਕੋਈ ਲਗਦੀ ਨਹੀਂ, ਗੋਡੇ ਜੁੜ ਗਏ, ਕੂਹਣੀਆਂ ਜੁੜ ਗਈਆਂ, ਰੋਟੀ ਖਾਣੀ ਔਖੀ ਹੋ ਗਈ, ਢਾਂਚਾ ਜਿਹਾ ਪਿਆ ਹੈ ਹੱਡੀਆ ਦਾ, ਨਾ ਮਰਦਾ ਹੈ ਨਾ ਰਾਜ਼ੀ ਹੁੰਦਾ ਹੈ। ਬਾਬਾ ਜੀ ਤੋਂ ਬਚਨ ਵਾਪਸ ਕਰਾ ਲਈਏ। ਕਹਿਣ ਲੱਗੇ ਬਾਬਾ ਜੀ ਕਿ ਮੇਰੀ ਤਾਂ ਹਿੰਮਤ ਨਹੀਂ ਹੈ, ਉਨ੍ਹਾਂ ਨੂੰ ਕੁਛ ਕਹਿਣ ਦੀ, ਤੁਸੀਂ ਦੇਖ ਲਓ ਜੇ ਕਹਿ ਸਕਦੇ ਓਂ। ਉਹਨੂੰ ਨਾਲ ਲੈ ਕੇ ਉਥੇ ਚਲੇ ਗਏ, ਜਾ ਕੇ ਮਹਾਂਪੁਰਸ਼ ਗੁਲਾਬ ਸਿੰਘ ਜੀ ਨੇ ਬੇਨਤੀ ਕਰੀ, ਪਹਿਲਾਂ ਬੜੀਆਂ ਪਿਆਰ ਦੀਆਂ ਗੱਲਾਂ ਕੀਤੀਆਂ, ਉਸ ਤੋਂ ਬਾਅਦ ਕਹਿਣ ਲੱਗੇ ਮਹਾਂਪੁਰਸ਼ੋ, ਕ੍ਰਿਪਾ ਕਰੋ ਬਖਸ਼ ਦਿਓ। ਕਹਿੰਦੇ ਕੀਹਨੂੰ ਬਖਸ਼ਾਉਣ ਆਏ ਹੋ, ਓਸ ਐਸ.ਡੀ.ਓ ਨੂੰ? ਕਹਿੰਦੇ ਉਹ ਤਾਂ ਹੁਣ ਇਥੋਂ ਮਰ ਕੇ ਹੀ ਜਾਏਗਾ। ਬਖਸ਼ਾਉਣ ਆਏ ਓ ਤੁਸੀਂ, ਸਾਧੂ ਦੀ ਓਹ ਨਿਰਾਦਰੀ ਕਰੇ। ਕਹਿੰਦੇ ਜਾਓ ਖਤਮ। ਉਹ ਬਾਹਰ ਸੀ ਕਿਸੇ ਗੱਡੇ 'ਤੇ, ਕਿਸੇ ਸਵਾਰੀ 'ਤੇ ਲੱਦ ਕੇ ਲਿਆਏ ਸੀ, ਖਬਰ ਆ ਗਈ ਕਿ ਉਹਦੇ ਤਾਂ ਪ੍ਰਾਣ ਨਿਕਲ ਗਏ।

ਸੋ ਇਹ ਰਾਜਾ ਆਪਣਾ ਬਲ ਦਿਖਾਵੇ, ਆਪਣਾ ਹੁਕਮ ਦਿਖਾਵੇ, ਇਹਦੀ ਮੌਜ ਹੈ ਇਹਨੂੰ ਕੋਈ ਕੁਛ ਕਹਿ ਨਹੀਂ ਸਕਿਆ ਕਰਦਾ। ਜੀਅ 'ਚ ਆ ਜਾਵੇ ਤੱਤੀਆਂ ਤਵੀਆਂ 'ਤੇ ਵੀ ਬਹਿ ਜਾਏਗਾ, ਖੋਪਰੀ ਵੀ ਲੁਹਾ ਲਏਗਾ, ਬੰਦ-ਬੰਦ ਵੀ ਕਟਵਾ ਲਏਗਾ, ਆਰੇ ਨਾਲ ਵੀ ਚਿਰ ਜਾਏਗਾ, ਨਾ ਜੀਅ 'ਚ ਆਵੇ, ਫਨਾਹ ਕਰ ਦਿੰਦਾ ਹੈ, ਹੁਕਮ ਚਲਦਾ ਹੈ ਇਹਦਾ -

*ਜਾ ਕਾ ਕਹਿਆ ਦਰਗਹ ਚਲੈ ॥*
*ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥*

*ਅੰਗ - ੧੮੬*

ਉਹ ਕੀਹਨੂੰ ਨਦਰ ਥੱਲੇ ਲਿਆਉਂਦਾ ਹੈ, ਉਹ ਤਾਂ ਬੇਪਰਵਾਹ ਹੁੰਦਾ ਹੈ -

*ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ॥*
*ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ ॥*
*ਅੰਗ - ੪੭੩*

ਸੋ ਏਸ ਤਰ੍ਹਾਂ ਦੇ ਨਾਲ ਮਹਾਂਪੁਰਸ਼ ਜਿਹੜੇ ਹੁੰਦੇ ਨੇ, ਬਾਦਸ਼ਾਹ ਹੋਇਆ ਕਰਦੇ ਨੇ ਆਪਣੀ ਮੌਜ ਵਿਚ ਰਹਿੰਦੇ ਨੇ, ਕਿਉਂਕਿ ਉਨ੍ਹਾਂ ਦੀ ਬਣ ਚੁੱਕੀ ਹੁੰਦੀ ਹੈ ਅਕਾਲ ਪੁਰਖ ਦੇ ਨਾਲ। ਕਹਿੰਦੇ ਉਨ੍ਹਾਂ ਨਾਲ ਨਾ ਰੁੱਸੇ-

*ਨਾਨਕ ਜਿਸੁ ਬਿਨੁ ਘੜੀ ਨ ਜੀਵਣਾ*
*ਵਿਸਰੇ ਸਰੈ ਨ ਬਿੰਦ ॥*
*ਤਿਸੁ ਸਿਉ ਕਿਉ ਮਨ ਰੂਸੀਐ*
*ਜਿਸਹਿ ਹਮਾਰੀ ਚਿੰਦ ॥ ਅੰਗ - ੧੦੯੭*

ਜਿਹਦੇ ਵਿਸਰਨ ਨਾਲ ਇਕ ਬਿੰਦ ਜਿੰਨਾ ਵੀ ਨਹੀਂ ਸਰ ਸਕਦਾ, ਉਥੇ ਤਾਂ ਹੱਥ ਬੰਨ੍ਹੇ ਹੀ ਚੰਗੇ ਹੁੰਦੇ ਨੇ। ਆਕੜਨਾ ਨਹੀਂ ਚੰਗਾ ਹੁੰਦਾ। ਸੋ ਏਸ ਤਰ੍ਹਾਂ ਮਹਾਤਮਾ ਜਿਹੜੇ ਹੁੰਦੇ ਨੇ, ਇਹ ਵਾਹਿਗੁਰੂ ਦੇ ਬੰਦੇ ਹੋਇਆ ਕਰਦੇ ਨੇ। ਸੁਭਾਅ ਹੁੰਦਾ ਹੈ ਆਪਣਾ-ਆਪਣਾ। ਸੋ ਉਹ ਦੁਨੀਆ ਨੂੰ ਉਪਦੇਸ਼ ਦਿੰਦੇ ਨੇ ਕਿ ਸਿੱਧੇ ਰਸਤੇ 'ਤੇ ਪੈ ਜਾਣ, ਗੱਲ ਸਮਝ 'ਚ ਆ ਜਾਵੇ, ਚੱਲ ਪੈਣ ਏਸ ਰਸਤੇ, ਭਲਾ ਲੋਚਦੇ ਨੇ ਹਰ ਵਕਤ। ਸੋ ਆਪਾਂ ਸਾਰੇ ਇਥੇ ਇਕੱਠੇ ਹੋਏ ਹਾਂ। ਆਸਾੜ ਦੇ ਮਹੀਨੇ ਦਾ ਵਿਚਾਰ ਕਰਿਆ ਹੈ। ਜੇ ਤਾਂ ਭੁੱਲੇ ਰਹਾਂਗੇ ਤਾਂ, ਤਾਂ ਇਹ ਤਪਸ਼ ਅੰਦਰੋਂ ਵੀ ਜਾਲੇਗੀ ਤੇ ਬਾਹਰੋਂ ਵੀ। ਜੇ ਅਸੀਂ ਜੁੜੇ ਰਹਾਂਗੇ, ਤਾਂ ਨਾਮ ਦੇ ਵਿਚ ਐਨੀ ਠੰਢਕ ਹੁੰਦੀ ਹੈ ਕਿ ਅੰਦਰ ਠੰਢਾ-ਠਾਰ ਰਹਿੰਦਾ ਹੈ। ਜਿਹੜਾ ਮਿਲਦਾ ਹੈ ਉਹਨੂੰ ਵੀ ਠੰਢਾ ਕਰ ਦਿੰਦੇ ਨੇ। ਸੋ ਉਨ੍ਹਾਂ ਦੀ ਡਿਊਟੀ ਹੁੰਦੀ ਹੈ। ਸੋ ਮਹਾਰਾਜ ਕਹਿੰਦੇ ਕਿ ਪਿਆਰਿਓ -

*ਆਸਾੜੁ ਤਪੰਦਾ ਤਿਸੁ ਲਗੈ*
*ਹਰਿ ਨਾਹੁ ਨ ਜਿੰਨਾ ਪਾਸਿ ॥*
*ਜਗਜੀਵਨ ਪੁਰਖੁ ਤਿਆਗਿ ਕੈ*
*ਮਾਣਸ ਸੰਦੀ ਆਸ ॥*
*ਦੁਯੈ ਭਾਇ ਵਿਗੁਚੀਐ*
*ਗਲਿ ਪਈਸੁ ਜਮ ਕੀ ਫਾਸ ॥*
*ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ ॥*
*ਰੈਣ ਵਿਹਾਣੀ ਪਛੁਤਾਣੀ*
*ਉਠਿ ਚਲੀ ਗਈ ਨਿਰਾਸ ॥*
*ਜਿਨ ਕੌ ਸਾਧੂ ਭੇਟੀਐ*
*ਸੋ ਦਰਗਹ ਹੋਇ ਖਲਾਸੁ ॥*
*ਕਰਿ ਕਿਰਪਾ ਪ੍ਰਭ ਆਪਣੀ*
*ਤੇਰੇ ਦਰਸਨ ਹੋਇ ਪਿਆਸ ॥*
*ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ*
*ਨਾਨਕ ਕੀ ਅਰਦਾਸਿ ॥*
*ਆਸਾੜੁ ਸੁਹੰਦਾ ਤਿਸੁ ਲਗੈ*
*ਜਿਸੁ ਮਨਿ ਹਰਿ ਚਰਣ ਨਿਵਾਸ ॥ ਅੰਗ-੧੩੪*

ਜਿਹਦੇ ਮਨ 'ਚ ਚਰਨਾਂ ਦਾ ਨਿਵਾਸ ਹੋ ਰਿਹਾ ਹੈ, ਉਹਨੂੰ ਠੰਢਾ ਲਗਦਾ ਹੈ। main ਗੱਲ ਜਿਹੜੀ ਆਪਾਂ ਕਰੀ ਹੈ ਉਹ ਇਹ ਕਰੀ ਹੈ ਕਿ -

*ਜਗਜੀਵਨ ਪੁਰਖੁ ਤਿਆਗਿ ਕੈ*
*ਮਾਣਸ ਸੰਦੀ ਆਸ ॥*

ਇਕ ਗੱਲ ਕਰੀ ਹੈ ਕਿ ਜਗਜੀਵਨ ਪੁਰਖ, ਵਾਹਿਗੁਰੂ ਨੂੰ ਤਿਆਗ ਕੇ, ਮਨੁੱਖ ਦੀ ਤੂੰ ਆਸ ਰਖਦਾ ਹੈਂ, ਕਿਉਂ ਗਲਤ ਗੱਲ 'ਚ ਪਿਆ ਹੈਂ, ਤੂੰ ਵਾਹਿਗੁਰੂ ਦੀ ਆਸ ਰੱਖ। ਉਹਦੀ ਆਸ ਰੱਖ ਜਿਹੜਾ ਸਾਰੀਆ ਆਸਾਂ ਪੂਰੀਆਂ ਕਰਦਾ ਹੈ।

*ਸਭਨਾ ਜੀਆ ਕਾ ਇਕੁ ਦਾਤਾ*
*ਸੋ ਮੈ ਵਿਸਰਿ ਨ ਜਾਈ ॥ ਅੰਗ - ੨*

ਜਿਹੜਾ ਸਾਰੀ ਦੁਨੀਆ ਨੂੰ ਦਿੰਦਾ ਹੈ, ਪਸ਼ੂ ਪੰਛੀਆਂ ਨੂੰ ਦਿੰਦਾ ਹੈ, ਕੀੜਿਆਂ ਮਕੌੜਿਆਂ ਨੂੰ ਦਿੰਦਾ ਹੈ, ਕਿਸੇ ਨੂੰ ਭੁੱਖਾ ਨਹੀਂ ਰਹਿਣ ਦਿੰਦਾ, ਉਹਨੂੰ ਵਿਸਾਰਦਾ ਹੈ? ਉਹਨੂੰ ਨਾ ਵਿਸਾਰ, ਮਨੁੱਖਾ ਜਨਮ ਬੜੀ ਮੁਸ਼ਕਲ ਨਾਲ ਪ੍ਰਾਪਤ ਹੋਇਆ ਹੈ, ਇਹਦਾ ਫਾਇਦਾ ਉਠਾ ਲੈ ਜਿੰਨਾ ਤੇਰੇ ਤੋਂ ਉਠਾ ਹੁੰਦਾ ਹੈ। ਅਰਦਾਸ ਕਰਿਆ ਕਰ ਕਿ ਹੇ ਵਾਹਿਗੁਰੂ! ਕ੍ਰਿਪਾ ਕਰ ਮੈਨੂੰ ਸਤਿਸੰਗ ਦੇ-ਦੇ। ਇਹ ਜੇ ਮਿਲ ਜਾਵੇ ਤਾਂ ਰੁਚੀ ਜਾਗਦੀ ਹੈ, ਫੇਰ ਘਰ ਨਹੀਂ ਰਹਿ ਸਕਦਾ, ਨਠਿਆ ਹੀ ਆਉਂਦਾ ਹੈ ਕਿ ਸਤਿਸੰਗ 'ਚ ਜਾਵਾਂ। ਅੱਜ ਨਹੀਂ ਮੈਂ ਘਰ ਰਹਿਣਾ। ਫੇਰ ਕੰਮ ਕੀ ਹੁੰਦਾ ਹੈ, ਕਿਸੇ ਦਾ ਨਹੀਂ ਅੱਜ ਤਕ ਖਰਾਬ ਹੋਇਆ। ਮਹਾਰਾਜ ਕਹਿੰਦੇ -

*ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ*
*ਜਿਨ ਹਰਿ ਕਾ ਨਾਮੁ ਪਿਆਰਾ ॥ ਅੰਗ - ੬੩੮*

ਜਿਹੜੇ ਵਾਹਿਗੁਰੂ ਵਲ ਨੂੰ ਤੁਰਦੇ ਨੇ, ਉਹ ਭੁੱਖੇ ਨਹੀਂ ਮਰਦੇ, ਉਨ੍ਹਾਂ ਦਾ ਕੰਮ ਪ੍ਰਮੇਸ਼ਰ ਆਪ ਕਰ ਦਿੰਦਾ ਹੈ, ਕਿਸੇ ਨੂੰ ਪਰੇਰ ਦੇਵੇ।

ਸੋ ਸਾਧਸੰਗਤ ਜੀ! ਮਨੁਖਾ ਜਨਮ ਮਿਲਿਆ ਹੈ, ਇਹਨੂੰ ਸੰਭਾਲੋ ਜੇ ਸੰਭਾਲ ਸਕਦੇ ਓਂ, ਨਹੀਂ ਤਾਂ ਲੰਘ ਜਾਣਾ ਹੈ। ਲੰਘਿਆ ਪਤਾ ਨਹੀਂ ਫੇਰ ਕਰੋੜ ਸਾਲਾਂ ਨਾ ਆਵੇ, ਹਜ਼ਾਰ ਸਾਲ ਨਾ ਆਵੇ, ਵਾਹਿਗੁਰੂ ਜਾਣੇ, ਆਪਣੀ ਗਤੀ ਆਪ। ਸੋ ਮਹਾਰਾਜ ਤਾਂ ਇਹ ਕਹਿੰਦੇ ਨੇ ਕਿ -

*ਇਸੁ ਪਉੜੀ ਤੇ ਜੋ ਨਰੁ ਚੂਕੈ*
*ਸੋ ਆਇ ਜਾਇ ਦੁਖੁ ਪਾਇਦਾ ॥*
*ਅੰਗ - ੧੦੭੫*

ਫੇਰ ਦੁਖਾਂ ਦੇ ਵਿਚ ਗਿਰ ਜਾਇਆ ਕਰਦਾ ਹੈ।

# ਤਬ ਹਮ ਜਨਮ ਕਲੂ ਮਹਿ ਲੀਆ

*ਸਤਿਨਾਮ ਸ੍ਰੀ ਵਾਹਿਗੁਰੂ*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*

*ਧਾਰਨਾ - ਤੇਰੇ ਨਾਮ ਦਾ ਦਾਨ ਮੇਰੇ ਸਾਹਿਬਾ,*
*ਦੋਵੇਂ ਹੱਥ ਜੋੜ ਮੰਗਦਾ।*

*ਹਰਿ ਸਮਰਥ ਕੀ ਸਰਨਾ ॥*
*ਜੀਉ ਪਿੰਡੁ ਧਨੁ ਰਾਸਿ ਮੇਰੀ*
*ਪ੍ਰਭ ਏਕ ਕਾਰਨ ਕਰਨਾ ॥ ੧ ॥ ਰਹਾਉ ॥*
*ਸਿਮਰਿ ਸਿਮਰਿ ਸਦਾ ਸੁਖੁ ਪਾਈਐ*
*ਜੀਵਣੈ ਕਾ ਮੂਲੁ ॥*
*ਰਵਿ ਰਹਿਆ ਸਰਬਤ ਠਾਈ ਸੂਖਮੋ*
*ਅਸਥੂਲ॥ ੧ ॥*
*ਆਲ ਜਾਲ ਬਿਕਾਰ ਤਜਿ ਸਭਿ*
*ਹਰਿ ਗੁਨਾ ਨਿਤ ਗਾਉ॥*
*ਕਰ ਜੋੜਿ ਨਾਨਕੁ ਦਾਨੁ ਮਾਂਗੈ*
*ਦੇਹੁ ਅਪਨਾ ਨਾਉ ॥ ਅੰਗ - ੯੮੮*

*ਧਾਰਨਾ - ਪਿਆਰੇ ਜੀ, ਦੋਵੇਂ ਹੱਥ ਜੋੜ ਮੰਗਦਾ,*
*ਮੈਨੂੰ ਦੇਵੋ ਆਪਣਾ ਨਾਮ।*
*ਧਾਰਨਾ - ਸੁਣ ਲਓ ਪਿਆਰਿਓ,*
*ਕਥਾ ਦਸਵੇਂ ਗੁਰਾਂ ਦੀ।*

ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਹੋ, ਅੱਜ ਮਹਾਨ ਪਵਿੱਤਰ ਦਿਹਾੜਾ ਸਾਰੇ ਸੰਸਾਰ ਵਾਸਤੇ ਜਾਂ ਐਉਂ ਸਮਝ ਲਓ ਕਿ ਸਾਰੀ ਪ੍ਰਾਕ੍ਰਿਤੀ ਵਾਸਤੇ ਹੈ ਕਿ ਅੱਜ ਦੇ ਦਿਨ ਉਹ ਮਹਾਂ ਪਿਆਰ ਕਰਨ ਵਾਲੇ, ਗੁਰੂ ਦਸ਼ਮੇਸ਼ ਪਿਤਾ ਦਾ ਪ੍ਰਕਾਸ਼ ਹੋਇਆ। ਓਸ ਉਤਸਵ ਨੂੰ ਮਨਾਉਣ ਵਾਸਤੇ ਆਪ ਕਾਰੋਬਾਰ ਸੰਕੋਚਦੇ ਹੋਏ ਦੂਰ-ਦਰਾਜ਼ ਤੋਂ ਅਨੇਕਾਂ ਕਿਸਮ ਦੀਆ ਸਵਾਰੀਆਂ ਦੇ ਰਾਹੀਂ ਗੁਰੂ ਦਰਬਾਰ 'ਚ ਪਹੁੰਚੇ ਹੋ। ਸੋ ਹੁਣ ਜੋ ਥੋੜ੍ਹਾਂ ਸਮਾਂ ਆਪਾਂ ਨੂੰ ਪ੍ਰਾਪਤ ਹੋਇਆ ਹੈ ਉਹ ਧਿਆਨ ਦੇ ਕੇ ਚਿਤ ਬਿਰਤੀਆ ਨੂੰ ਇਕਾਗਰ ਕਰਕੇ, ਪੂਰਾ-ਪੂਰਾ ਲਾਭ ਉਠਾਓ, ਜਦ ਅਸੀਂ ਨੇਤਰਾਂ ਦੇ ਨਾਲ ਗੁਰੂ ਸਰੂਪ ਦਾ ਦਰਸ਼ਨ ਕਰਾਂਗੇ, ਕੰਨਾਂ ਦੇ ਨਾਲ ਗੁਰੂ ਉਸਤਤ, ਗੁਰੂ ਜਸ ਸਰਵਣ ਕਰਾਂਗੇ, ਰਸਨਾ ਦੇ ਨਾਲ ਸ਼ਬਦ 'ਚ ਬੋਲਾਂਗੇ, ਹਿਰਦੇ ਵਿਚ ਵਿਚਾਰ ਕਰਾਂਗੇ, ਓਸ ਵੇਲੇ ਮਹਾਰਾਜ ਫੁਰਮਾਨ ਕਰਦੇ ਨੇ ਕਿ ਫਲ ਕੀ ਹੁੰਦਾ ਹੈ -

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥*
*ਅੰਗ - ੫੪੬*

ਕਈ ਕਰੋੜ ਜੱਗਾਂ ਦਾ ਫਲ ਮਿਲ ਜਾਂਦਾ ਹੈ, ਜਿਹਨੇ ਕੁਛ ਮੰਗਣਾ ਹੈ, ਮੰਗ ਲਓ, ਪਰ ਇਹ ਜਿਹੜਾ ਤਰੀਕਾ ਦੱਸਿਆ ਹੈ ਇਹ ਵਰਤ ਕੇ। ਚਿਤ ਬਿਰਤੀਆ ਇਕਾਗਰ ਹੋ ਜਾਵੇ, ਗੁਰੂ ਦੇ ਨਾਲ ਬਿਰਤੀ ਜੁੜ ਜਾਵੇ, ਮੰਗ ਲਓ ਸੰਸਾਰ ਮੰਗਣਾ ਹੈ, ਸੰਸਾਰ ਮੰਗਣ ਦੇ ਨਾਲ ਤਾਂ ਕੁਛ ਵਿਗੜਦਾ ਹੀ ਨਹੀਂ ਹੈ। ਕੁਛ ਨਹੀਂ ਘਟਦਾ-

*ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ ॥*
*ਘਰਿ ਤ ਤੇਰੈ ਸਭੁ ਕਿਛੁ ਹੈ*
*ਜਿਸੁ ਦੇਹਿ ਸੁ ਪਾਵਏ॥ ਅੰਗ - ੯੧੭*

ਲੇਕਿਨ ਮੰਗਣਾ ਕੀ ਹੈ, ਨਾਮ ਮੰਗੋ ਉਸ ਤੋਂ। ਬਾਕੀ ਨੂੰ ਤਾਂ ਮਹਾਰਾਜ ਕਹਿੰਦੇ -

*ਆਲ ਜਾਲ ਬਿਕਾਰ ਤਜਿ ਸਭਿ*
*ਹਰਿ ਗੁਨਾ ਨਿਤ ਗਾਉ॥ ਅੰਗ - ੯੮੮*

ਬਾਕੀ ਆਲ ਜਾਲ ਨੂੰ ਛੱਡ ਦੇ, ਕੁਛ ਨਹੀਂ ਹੈ, ਹਰੀ ਦੇ ਗੁਣ ਗਾਓ -

*ਕਰ ਜੋੜਿ ਨਾਨਕੁ ਦਾਨੁ ਮਾਂਗੈ*
*ਦੇਹੁ ਅਪਨਾ ਨਾਉ ॥ ਅੰਗ - ੯੮੮*

ਸੋ ਗੁਰੂ ਦਸ਼ਮੇਸ਼ ਪਿਤਾ ਮਹਾਰਾਜ ਦੀਆ ਖੁਸ਼ੀਆਂ ਅੱਜ ਸੰਸਾਰ ਦੇ ਉਤੇ ਬੇਅੰਤ ਨੇ। ਉਨ੍ਹਾਂ ਦੇ ਜੀਵਨ ਦੇ ਕੁਛ ਪੱਖਾਂ ਤੇ ਵਿਚਾਰ ਕਰਨ ਵਾਸਤੇ ਆਪਾਂ ਇਥੇ ਆਏ ਹਾਂ, ਧਿਆਨ ਦੇ ਨਾਲ ਸਰਵਣ ਕਰਿਓ। ਕਿਉਂਕਿ ਗੁਰੂ ਦਸਵੇਂ ਪਾਤਸ਼ਾਹ ਦਾ ਸਮੁੱਚਾ ਜੀਵਨ ਕਹਿਣ ਵਾਸਤੇ ਕੋਈ ਵੀ ਦੁਨੀਆ ਅੰਦਰ ਨਹੀਂ ਆਇਆ ਜਿਹੜਾ ਸਮਰੱਥ ਹੋਵੇ। ਆਪ ਨੇ ਜ਼ਿੰਦਗੀ ਦੇ ਹਰ ਪੱਖ ਦੇ ਵਿਚ ਕੁਝ ਨਾ ਕੁਝ ਕੀਤਾ ਹੈ, ਰਸਤਾ ਦਿਖਾਇਆ ਹੈ ਹਰ ਪੱਖ ਦੇ ਵਿਚ। ਸੋ ਐਨੇ ਪੱਖ ਨੇ ਦੁਨੀਆਂ ਦੇ ਅੰਦਰ ਕਿ ਵਿਚਾਰ ਨਹੀਂ ਕੀਤੀ ਜਾ ਸਕਦੀ। ਲਿਟਰੇਚਰ ਐਨਾ ਰਚਿਆ ਹੈ ਕਿ ਓਹਦਾ ਹਿਸਾਬ ਕਿਤਾਬ ਹੀ ਨਹੀਂ ਲਾਇਆ ਜਾ ਸਕਦਾ। 102 ਲਿਖਾਰੀ ਗੁਰੂ ਮਹਾਰਾਜ ਦੇ ਦਰਬਾਰ ਵਿਚ ਸਨ, 52 ਕਵੀ ਤੇ 50 ਲਿਖਣ ਵਾਲੇ। ਹਰ ਵਕਤ ਉਨ੍ਹਾਂ ਦਾ ਕੰਮ ਸੀ ਕਿ ਲਿਖਦੇ ਰਹਿਣਾ, ਸਾਰੇ ਪੁਰਾਣੇ ਗ੍ਰੰਥ ਅਰਬੀ ਦੇ, ਪਸ਼ਤੋ ਦੇ, ਸੰਸਕ੍ਰਿਤ ਦੇ ਹਿੰਦੀ ਦੇ, ਹੋਰ ਅਨੇਕਾਂ ਭਾਸ਼ਾਵਾਂ ਦੇ, ਜੋ ਉਸ ਵੇਲੇ ਭਾਰਤ ਵਰਸ਼ ਦੇ ਵਿਚ ਪ੍ਰਚਲਤ ਸਨ, ਗੁਰੂ ਮਹਾਰਾਜ ਨੇ ਉਨ੍ਹਾਂ ਸਾਰਿਆਂ ਦਾ ਅਨੁਵਾਦ ਕੀਤਾ। ਲੇਕਿਨ ਇਹ ਦੂਸਰੀ ਗੱਲ ਹੈ ਕਿ ਸਾਡੇ ਹੱਥ 'ਚੋਂ ਨਿਕਲ ਗਏ ਤੇ ਅੱਜ ਅਸੀਂ ਗੁਰੂ ਦਸਵੇਂ ਪਾਤਸ਼ਾਹ ਦਾ ਲਿਖਿਆ ਹੋਇਆ ਨਾ ਪੜ੍ਹ ਸਕਦੇ ਹਾਂ, ਨਾ ਸਮਝ ਸਕਦੇ ਹਾਂ।

ਸਮਾਂ ਨਹੀਂ ਸਾਡੇ ਕੋਲ। ਕਿਉਂਕਿ ਬਹੁ ਭਾਸ਼ਾ 'ਚ ਲਿਖਿਆ ਹੋਣ ਕਰਕੇ ਵਿਦਵਾਨ ਪੁਰਸ਼ਾਂ ਨੂੰ ਤਾਂ ਸਮਝ ਆ ਜਾਂਦਾ ਹੈ, ਦੂਸਰੇ ਆਮ ਪੁਰਸ਼ ਨੂੰ ਨਹੀਂ ਪਤਾ ਲਗਦਾ ਕਿ ਮਹਾਰਾਜ ਨੇ ਐਨੇ ਔਖੇ ਲਫਜ਼ ਲਿਆਂਦੇ ਕਿਥੋਂ ਅਰ ਲੱਖਾਂ ਦੀ ਤਦਾਦ ਵਿਚ। ਕਿਸੇ ਬੰਦੇ ਦੇ 5000 ਡਿਕਸ਼ਨਰੀ ਦਾ ਸ਼ਬਦ ਯਾਦ ਹੋਵੇ ਉਹ great-great person ਗਿਣਿਆ ਜਾਂਦਾ ਹੈ। ਲੇਕਿਨ ਗੁਰੂ ਦਸ਼ਮੇਸ਼ ਪਿਤਾ ਦੇ ਸ਼ਬਦ ਵੱਖਰੇ-ਵੱਖਰੇ ਕਰਕੇ ਰੱਖੋ, ਪਤਾ ਹੀ ਨਹੀਂ ਲਗਦਾ ਕਿ ਐਨੇ ਅੱਖਰ ਆ ਕਿੱਥੋਂ ਗਏ, ਸੋ ਇਸ ਕਰਕੇ ਉਨ੍ਹਾਂ ਦੀ ਮਾਨਤਾ ਹਰ ਪਾਸੇ ਹੈ। ਮਹਾਰਾਜ ਕਹਿੰਦੇ ਨੇ ਕਿ ਸਾਡਾ ਆਉਣਾ ਕਿਵੇਂ ਹੋਇਆ, ਮਹਾਰਾਜ ਜੀ ਆਪਣੇ ਹੱਥਾਂ ਨਾਲ ਲਿਖਦੇ ਨੇ ਕਿਸੇ ਦੀ ਗੱਲ ਸੁਣੀ ਸੁਣਾਈ ਨਹੀਂ ਹੈ, ਗੁਰੂ ਮਹਾਰਾਜ ਨੇ ਆਪਣੀ ਗੱਲ ਆਪ ਲਿਖੀ ਹੈ। ਆਪ ਫੁਰਮਾਨ ਕਰਦੇ ਨੇ ਕਿ-

***ਅਬ ਮੈ ਅਪਨੀ ਕਥਾ ਬਖਾਨੋ।***
***ਤਪ ਸਾਧਤ ਜਿਹਿ ਬਿਧਿ ਮੋਹਿ ਆਨੋ।***

ਪਿਛਲੇ ਜਨਮ ਦੇ ਅੰਦਰ ਮੈਂ -

***ਹੇਮ ਕੁੰਟ ਪਰਬਤ ਹੈ ਜਹਾਂ।***
***ਸਪਤ ਸ੍ਰਿੰਗ ਸੋਭਿਤ ਹੈ ਤਹਾਂ।***
***ਸਪਤ ਸ੍ਰਿੰਗ ਤਿਹ ਨਾਮੁ ਕਹਾਵਾ।***
***ਪੰਡੁ ਰਾਜ ਜਹ ਜੋਗ ਕਮਾਵਾ।***
***ਤਹ ਹਮ ਅਧਿਕ ਤਪੱਸਿਆ ਸਾਧੀ।***
***ਮਹਾਕਾਲ ਕਾਲਿਕਾ ਅਰਾਧੀ।***

ਕਹਿੰਦੇ ਉਹ ਜਿਹੜਾ ਪਰਬਤ ਸੀ, ਉਥੇ ਅਸੀਂ ਤਪ ਕਰ ਰਹੇ ਸੀ -

***ਸਪਤ ਸ੍ਰਿੰਗ ਤਿਹ ਨਾਮੁ ਕਹਾਵਾ।***

ਸੱਤ ਚੋਟੀਆਂ ਸ਼ੋਭਦੀਆਂ ਨੇ, ਪਤਾ ਦਿਤਾ, ਤੇ ਉਨ੍ਹਾਂ ਨੂੰ ਸਪਤ ਸਿੰਘ ਕਹਿੰਦੇ ਨੇ। ਦੂਸਰੀ ਨਿਸ਼ਾਨੀ ਇਹ ਦਿਤੀ ਕਿ ਓਸ ਥਾਂ ਦੇ ਉਤੇ ਜਦੋਂ ਮਹਾਂਭਾਰਤ ਦਾ ਯੁੱਧ ਜਿਤਿਆ ਗਿਆ ਤਾਂ ਓਸ ਵੇਲੇ ਪਾਂਡਵਾਂ ਨੇ ਰਾਜ ਕਰਿਆ ਸਾਰਾ। ਰਾਜਸੀ ਯੱਗ ਕਰਿਆ। ਸਾਰਾ ਹਿੰਦੋਸਤਾਨ, ਭਾਰਤ ਵਰਸ਼, ਉਨ੍ਹਾਂ ਦੇ ਅਧਿਕਾਰ ਦੇ ਥੱਲੇ ਆ ਗਿਆ। ਓਸ ਵੇਲੇ ਹਿੰਦੋਸਤਾਨ ਜਿਹਨੂੰ ਭਾਰਤ ਕਹਿੰਦੇ ਸੀ ਉਸ ਵਿਚ ਈਰਾਨ ਵੀ ਵਿਚ ਹੁੰਦਾ ਸੀ, ਅਰਬ ਵੀ ਵਿਚ ਹੁੰਦਾ ਸੀ, ਬਰਮਾ ਵੀ ਵਿਚ ਹੁੰਦਾ ਸੀ, ਲੰਕਾ ਵਗੈਰਾ ਵੀ ਵਿਚ ਹੁੰਦਾ ਸੀ। ਅੱਡ ਰਾਜ ਨਹੀਂ ਸੀ ਹੁੰਦੇ। ਸਾਰਾ ਪਹਾੜ ਹੁੰਦਾ। ਪੂਰਾ ਰਾਜ ਲੈ ਕੇ ਵੀ ਚਿਤ ਨਾ ਉਨ੍ਹਾਂ ਦਾ ਲੱਗਿਆ। ਉਦਾਸ ਹੋ ਗਏ, ਉਹ ਬੰਦੇ ਨਜ਼ਰ ਨਹੀਂ ਆਉਂਦੇ ਜਿਨ੍ਹਾਂ ਨੂੰ ਜਾ ਕੇ ਨਮਸ਼ਕਾਰਾਂ ਕਰਿਆ ਕਰਦੇ ਸੀ। ਨਾ ਕੁਲ ਦੇ ਵੱਡੇ ਵਡੇਰੇ ਭੀਸ਼ਮ ਪਿਤਾਮਾ, ਗੁਰੂ ਦਰੋਣਾਚਾਰੀਆ, ਕ੍ਰਿਪਾਚਾਰੀਆ ਵਰਗੇ ਨਜ਼ਰ ਆ ਰਹੇ ਸਨ। ਨਾ ਕੋਈ ਹੋਰ ਚੰਗੇ-ਚੰਗੇ ਰਾਜੇ ਜਿਨ੍ਹਾਂ ਨਾਲ ਮਿਤਰਤਾ ਸੀ ਕੋਈ ਨਜ਼ਰ ਨਹੀਂ ਆ ਰਿਹਾ। ਏਸ ਲੜਾਈ ਦੇ ਅੰਦਰ 45 ਲੱਖ ਬੰਦਾ ਯੁੱਧ ਕਰਨ ਵਾਸਤੇ ਆਇਆ ਸੀ ਜਿਹਨੂੰ 18 ਕੂਹਣੀਆਂ ਕਹਿੰਦੇ ਨੇ। 45 ਲੱਖ ਦੇ ਵਿਚੋਂ ਸਿਰਫ ਸੱਤ ਬੰਦੇ ਬਚੇ ਸੀ। ਬਾਕੀ ਸਭ ਮਾਰੇ ਗਏ। ਬਹਾਦਰ ਸੂਰਮੇ ਆਪਣੇ ਵੀ ਮਾਰੇ ਗਏ ਉਨ੍ਹਾਂ ਦੇ ਵੀ ਮਾਰੇ ਗਏ। ਐਨੇ ਬੰਦਿਆਂ ਜਦ ਖੂਨ ਹੋ ਜਾਵੇ, ਇਹ ਤਖਤ ਤਾਂ ਫੇਰ ਖੂਨ ਦਾ ਬਣਿਆ ਹੋਇਆ ਹੋ ਗਿਆ। ਉਹਦੇ ਉਤੇ ਜੀ ਕੀ ਲਗਣਾ ਹੈ, ਉਦਾਸ ਹੋ ਗਏ ਤੇ ਏਸ ਦੇ ਪਸ਼ਚਾਤਾਪ ਵਾਸਤੇ, ਪ੍ਰਸ਼ਚਿਤ ਕਰਨ ਵਾਸਤੇ ਉਨ੍ਹਾਂ ਨੇ ਵੱਡਾ ਭਾਰਾ ਯੱਗ ਕਰਿਆ। ਉਹਦੇ ਨਾਲ ਵੀ ਦਿਲ ਨਾ ਲੱਗਿਆ। ਕਿਉਂਕਿ ਆਪਣੇ ਵੀ ਪੁੱਤਰ ਮਾਰੇ ਗਏ ਸਨ। ਪੰਜ ਪੁਤਰ ਇਕ ਮਾਰੇ ਗਏ, ਇਕ ਅੱਡ ਮਾਰਿਆ ਗਿਆ ਅਰਜਨ ਦਾ ਪੁੱਤਰ। ਸੋ ਦਿਲ ਨਾ ਲੱਗਿਆ ਉਹ ਤਪ ਕਰਨ ਵਾਸਤੇ ਇਨ੍ਹਾਂ ਪਰਬਤਾਂ ਤੇ ਚਲੇ ਗਏ। ਦਰੋਪਤੀ ਨਾਲ ਚਲੀ ਗਈ, ਪੰਜੇ ਪਾਂਡਵ ਚਲੇ ਗਏ, ਤੇ ਉਸ ਤੋਂ ਬਾਅਦ ਇਤਿਹਾਸ ਵਿਚ ਉਨ੍ਹਾਂ ਦਾ ਕਿਤੇ ਨਾਮ ਨਹੀਂ ਆਉਂਦਾ। ਕਿਸੇ ਨੇ ਮੁੜ ਕੇ ਦੇਖੇ ਹੀ ਨਹੀਂ, ਕਿਸੇ ਪਤਰੇ ਤੇ ਨਹੀਂ ਆਉਂਦਾ ਕਿ ਉਹ ਮੁੜ ਕੇ ਆ ਗਏ ਸੰਸਾਰ ਦੇ ਅੰਦਰ। ਉਥੇ ਹੀ ਉਨਾਂ ਦੇ ਸਰੀਰ ਬਰਫਾਂ 'ਚ ਗਲ ਗਏ। ਸੋ ਮਹਾਰਾਜ ਕਹਿੰਦੇ ਉਹ ਜਗ੍ਹਾਂ ਹੈ -

***ਪੰਡੁ ਰਾਜ ਜਹ ਜੋਗ ਕਮਾਵਾ।***
***ਤਹ ਹਮ ਅਧਿਕ ਤਪੱਸਿਆ ਸਾਧੀ।***
***ਮਹਾਕਾਲ ਕਾਲਿਕਾ ਅਰਾਧੀ।***

ਜਿਹੜਾ ਕਾਲ ਦਾ ਵੀ ਕਾਲ ਕਰਨ ਵਾਲਾ ਮਹਾਂ ਕਾਲ ਹੈ, time & space ਨੂੰ ਵੀ ਜਿਹੜਾ ਖਤਮ ਕਰ ਦਿੰਦਾ ਹੈ, ਇਹ ਗੱਲ ਸਾਇੰਟੇਫਿਕ ਹੈ, ਇਹ ਆਪਣੀ ਸਮਝ 'ਚ ਆਉਣ ਤੋਂ ਬਾਹਰਲੀ ਗੱਲ ਹੈ। ਸਾਇੰਸ ਨੂੰ ਵੀ ਨਹੀਂ ਪਤਾ ਕਿ ਸਮਾਂ ਵੀ ਕਦੇ ਖਤਮ ਹੋ ਜਾਂਦਾ ਹੈ। ਹੁਣ ਪਤਾ ਲਗ ਗਿਆ ਕਿ ਸਮਾਂ create ਕੀਤਾ ਗਿਆ ਹੈ, space ਵੀ ਬਣਾਈ ਗਈ ਹੈ। ਵਾਹਿਗੁਰੂ ਵਿਚ ਨਾ space ਹੈ ਨਾ ਸਮਾਂ ਹੈ, ਦੋਵੇਂ ਚੀਜ਼ਾਂ ਨਹੀਂ ਹੈਗੀਆਂ ਇਹ ਤਾਂ ਸਾਡੇ ਕੋਲ ਸਮਾਂ ਹੈ, ਸਾਡੀ ਉਮਰ ਘਟਦੀ ਹੈ, ਬਚਪਨ ਹੁੰਦਾ ਹੈ, ਜਵਾਨ ਹੁੰਦਾ ਹੈ, ਜਵਾਨ ਹੁੰਦੇ ਹਾਂ, ਬੁਢਾਪਾ ਆ ਜਾਂਦਾ ਹੈ ਮਰ ਜਾਂਦੇ ਹਾਂ। ਉਹ ਸਮੇਂ ਦਾ ਸਾਡੇ ਤੇ ਅਸਰ ਹੁੰਦਾ ਹੈ। ਲੇਕਿਨ ਮਹਾਂ ਕਾਲ ਉਪਰ ਸਮੇਂ ਦਾ ਅਸਰ ਨਹੀਂ ਹੁੰਦਾ, ਮਹਾਰਾਜ ਕਹਿੰਦੇ, ਜਿਹੜਾ ਕਾਲ ਦਾ ਵੀ ਮਹਾਂ ਕਾਲ ਹੈ ਨਾ, ਅਸੀਂ ਉਹਦੀ ਤਪਸਿਆ ਕਰਦੇ ਹਾਂ, ਤੇ ਵਾਹਿਗੁਰੂ ਦਾ ਐਨਾ ਭਜਨ ਕਰਿਆ, ਐਨੇ ਪਿਆਰ ਦੇ ਵਿਚ ਗੁਲਤਾਨ ਹੋ ਗਏ ਕਿ ਸਾਨੂੰ ਆਪਣੀ ਸੁਧ ਬੁਧ ਕੋਈ ਨਾ ਰਹੀ ਤੇ ਸਾਨੂੰ ਜਿਹੜਾ ਮੈਂ ਸੀ, ਆਪਣਾ ਆਪ ਸੀ ਉਹ ਰੱਬ ਵਰਗਾ ਹੀ ਹੋ ਗਿਆ, ਰੱਬ ਦੇ ਵਿਚ ਰਲ ਗਿਆ।

***ਇਹ ਬਿਧਿ ਕਰਤ ਤਪੱਸਿਆ ਭਯੋ।***
***ਦ੍ਵੈ ਤੇ ਏਕ ਰੂਪ ਹ੍ਵੈ ਗਯੋ।***

ਮੇਰੇ ਦੋ ਰੂਪ ਨਾ ਰਹੇ ਤੇ ਮੈਂ ਅਕਾਲ ਦੇ ਨਾਲ ਰਲ ਗਿਆ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਹੋ ਗਿਆ ਇਕ ਰੂਪ,*
*ਆਪਾ ਨਾਲ ਅਕਾਲ ਦੇ।*
*ਇਹ ਬਿਧਿ ਕਰਤ ਤਪੱਸਿਆ ਭਯੋ।*
*ਦ੍ਵੈ ਤੇ ਏਕ ਰੂਪ ਹ੍ਵੈ ਗਯੋ।*
*ਤਾਤ ਮਾਤ ਮੁਰ ਅਲਖ ਅਰਾਧਾ।*
*ਬਹੁ ਬਿਧਿ ਜੋਗ ਸਾਧਨਾ ਸਾਧਾ।*
*ਤਿਨ ਜੋ ਕਰੀ ਅਲਖ ਕੀ ਸੇਵਾ।*
*ਤਾ ਤੇ ਭਏ ਪ੍ਰਸੰਨ ਗੁਰਦੇਵਾ।*
*ਤਿਨ ਪ੍ਰਭ ਜਬ ਆਇਸ ਮੁਹਿ ਦੀਆ।*
*ਤਬ ਹਮ ਜਨਮ ਕਲੂ ਮਹਿ ਲੀਆ।*

ਸੋ ਗੁਰੂ ਮਹਾਰਾਜ ਕਹਿਣ ਲੱਗੇ ਕਿ ਅਸੀਂ ਤਪ ਕਰ ਰਹੇ ਸੀ, ਹੁਣ ਮੇਰਾ ਤੇ ਵਾਹਿਗੁਰੂ ਦਾ ਇਕੋ ਹੀ ਰੂਪ ਹੋ ਗਿਆ -

*ਜਿਉ ਜਲ ਮਹਿ ਜਲੁ ਆਇ ਖਟਾਨਾ ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ ॥*

*ਅੰਗ - ੨੭੮*

ਜਿਵੇਂ ਦਰਿਆ ਜਾ ਕੇ ਸਮੁੰਦਰ 'ਚ ਪੈ ਜਾਵੇ ਫੇਰ ਓਸ ਦਰਿਆ ਨੂੰ ਜੇ ਭਾਲੀਏ ਕਿ ਕਿਥੇ ਕੁ ਚਲਿਆ ਗਿਆ? ਉਹ ਤਾਂ ਉਹਦੇ ਨਾਲ ਰਲ ਗਿਆ, ਜੋਤ ਦੇ ਨਾਲ ਜੋਤ ਰਲ ਗਈ। ਕਹਿੰਦੇ ਐਨਾ ਡੂੰਘਾ ਧਿਆਨ ਚਲਿਆ ਗਿਆ, ਐਨੀ ਸਰੂਪ ਦੇ ਵਿਚ ਪਹੁੰਚ ਹੋ ਗਈ, ਵਾਸਾ ਮਿਲ ਗਿਆ ਕਿ ਇਕੋ ਰੂਪ ਬਣ ਗਏ ਅਸੀਂ। ਇਧਰਲੇ ਪਾਸੇ ਜੋ ਸਾਡੇ ਮਾਤਾ ਪਿਤਾ ਸੀ, ਉਨ੍ਹਾਂ ਨੇ ਬਹੁਤ ਘੋਰ ਤਪਸਿਆ ਕਰੀ, ਏਸ ਜਨਮ ਦੇ ਅੰਦਰ 28 ਸਾਲ ਮਾਤਾ ਗੁਜਰੀ ਜੀ ਗੁਰੂ ਨੌਂਵੇਂ ਪਾਤਸ਼ਾਹ ਮਹਾਰਾਜ ਭੌਰੇ ਵਿਚ ਤਪ ਕਰਦੇ ਸੀ ਤੇ ਆਪ ਬਾਹਰ ਦਰਵਾਜ਼ੇ ਅੱਗੇ ਬੈਠੇ ਰਹਿੰਦੇ ਸੀ। ਜਿੰਨਾਂ ਨਾਮ ਉਨ੍ਹਾਂ ਨੇ ਜਪਿਆ, ਓਨਾਂ ਹੀ ਮਾਤਾ ਜੀ ਨੇ ਜਪਿਆ। ਮਾਤਾ ਜੀ ਕੋਈ ਘੱਟ ਨਹੀਂ ਸੀਗੇ। ਬੰਦਗੀ ਦੇ ਵਿਚ ਕੋਈ ਕਸਰ ਨਹੀਂ ਸੀ। ਦੋਹਾਂ ਨੇ ਵਾਹਿਗੁਰੂ ਦੀ ਆਰਾਧਨਾ ਕਰੀ, ਬੜੇ ਤਰੀਕੇ ਨਾਲ ਭਜਨ ਬੰਦਗੀ ਕਰੀ, ਏਸ ਜਨਮ ਵਿਚ ਵੀ ਤੇ ਪਹਿਲੇ ਵਿਚ ਵੀ। ਸੋ ਉਸ ਵੇਲੇ ਹੋਰ ਕੋਈ ਮਾਂ ਨਹੀਂ ਸੀ ਸੰਸਾਰ ਦੇ ਅੰਦਰ, ਕੋਈ ਵੀ ਜਿਹੜੀ ਗੁਰੂ ਦਸਵੇਂ ਪਾਤਸ਼ਾਹ ਨੂੰ ਜਨਮ ਦੇ ਦਿੰਦੀ, ਕਿਉਂਕਿ ਤਪ ਵਾਲੀ ਮਾਂ ਹੋਵੇ ਤਾਂ ਮਹਾਂਪੁਰਸ਼ਾਂ ਦਾ ਜਨਮ ਹੋਇਆ ਕਰਦਾ ਹੈ। ਕੋਈ ਵੱਡਾ ਗੁਣ ਹੋਣਾ ਚਾਹੀਦਾ ਹੈ ਮਾਂ ਵਿਚ। ਉਸਦੀ ਕੁੱਖ 'ਚ ਆ ਕੇ ਨਿਵਾਸ ਕਰਦੀਆਂ ਨੇ ਵੱਡੀਆਂ ਰੂਹਾਂ, ਇਸੇ ਕਰਕੇ ਉਨ੍ਹਾਂ ਮਾਵਾਂ ਨੂੰ ਧੰਨ ਕਹਿੰਦੇ ਨੇ ਕਿ ਧੰਨ ਹੈਂ ਤੂੰ। ਤੇਰੇ ਤਪ ਕਰਕੇ ਜਨਮ ਲਿਆ ਹੈ ਇਸ ਨੇ। ਤਪ ਤੋਂ ਹੀਣੀ ਮਾਂ ਦੇ ਹੋਰ ਹੀ ਤਰ੍ਹਾਂ ਦੇ ਪੁੱਤਰ ਹੁੰਦੇ ਨੇ, ਨਾਸਤਕ ਵਗੈਰਾ। ਇਸੇ ਕਰਕੇ ਇਹਨੂੰ ਕਹਿੰਦੇ ਨੇ ਕਿ ਜੇ ਤੂੰ ਵਿਧਵਾ ਹੋ ਜਾਂਦੀ ਚੰਗਾ ਸੀ। ਐਸੇ ਪੁੱਤਰਾਂ ਦਾ ਜਨਮ ਤਾਂ ਨਾ ਹੁੰਦਾ ਨਾ, ਜਿਹੜੇ ਸੰਸਾਰ ਨੂੰ ਖਰਾਬ ਕਰਦੇ ਨੇ -

*ਤਿਨ ਜੋ ਕਰੀ ਅਲਖ ਕੀ ਸੇਵਾ।*
*ਤਾ ਤੇ ਭਏ ਪ੍ਰਸੰਨ ਗੁਰਦੇਵਾ।*

ਵਾਹਿਗੁਰੂ ਪ੍ਰਸੰਨ ਹੋ ਗਏ।

*ਤਿਨ ਪ੍ਰਭ ਜਬ ਆਇਸ ਮੁਹਿ ਦੀਆ।*

ਮੈਨੂੰ ਹੁਕਮ ਦੇ ਦਿਤਾ ਵਾਹਿਗੁਰੂ ਨੇ, ਬਈ ਤੁਸੀਂ ਸੰਸਾਰ 'ਚ ਜਾਓ ਹੁਣ,

*ਤਬ ਹਮ ਜਨਮ ਕਲੂ ਮਹਿ ਲੀਆ।*

ਅਸੀਂ ਕਿਸੇ ਕਰਮ ਦੇ ਬੰਨੇ ਹੋਏ ਨਹੀਂ ਆਏ। ਸਾਨੂੰ ਅਕਾਲ ਪੁਰਖ ਨੇ ਭੇਜਿਆ ਹੈ, ਤੇ ਬਹੁਤ ਗੱਲਾਂ ਸਮਝਾ ਕੇ ਭੇਜਿਆ ਹੈ, ਸੰਸਾਰ ਦੀ ਹਾਲਤ ਦੇਖ ਕੇ ਕਿ ਐਸ ਵੇਲੇ ਜੋ ਕਲਜੁਗ ਦਾ ਜ਼ੋਰ ਚਲ ਰਿਹਾ ਹੈ, ਇਹਦੇ ਵਿਚ ਦੋ ਪੱਖ ਨੇ, ਇਕ ਤਾਂ ਉਹ ਪੱਖ ਸੀ ਜੋ ਰੂਹਾਨੀ ਪੱਖ ਸੀ, ਦੂਜਾ ਪਾਖੰਡ ਵਗੈਰਾ। ਉਹ ਤਾਂ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਨੌਂ ਜਾਮਿਆਂ ਤਕ ਜੋਤ ਨੇ ਕੰਮ ਕਰਕੇ, ਭਰਮ ਤੇ ਵਹਿਮ ਹਟਾ ਦਿਤੇ ਸੀ ਹੁਣ ਇਕ ਐਸੇ ਜਾਮੇ ਦੀ ਲੋੜ ਸੀ ਜਿਹੜਾ, ਅਮੋੜ ਬੰਦਿਆਂ ਨੂੰ ਵੀ ਮੋੜ ਸਕੇ, ਜਿਸਦਾ ਜਜ਼ਬਾ, ਜਿਸਦਾ ਰੋਹਬ ਉਨ੍ਹਾਂ ਦੇ ਉਤੇ ਵੀ ਕਾਇਮ ਹੋ ਜਾਵੇ। ਅਕਾਲ ਪੁਰਖ ਨੇ ਇਸ ਤਰ੍ਹਾਂ ਦੀਆ ਗੱਲਾਂ ਸਮਝਾ ਕੇ ਜਦੋਂ ਭੇਜਿਆ, ਮਹਾਰਾਜ ਕਹਿੰਦੇ -

*ਚਿਤ ਨ ਭਯੋ ਹਮਰੋ ਆਵਨ ਕਹ।*
*ਚੁਭੀ ਰਹੀ ਸੁਰਤਿ ਪ੍ਰਭ ਚਰਨਨ ਮਹ।*

ਕਿਉਂਕਿ ਪਰਮ ਅਨੰਦ ਨੂੰ ਛੱਡ ਕੇ ਜਦੋਂ ਅਸੀਂ ਨਾਟਕ ਦੇਖਿਆ ਕਿ ਯੁੱਧ ਹੀ ਯੁੱਧ ਨੇ, ਥਾਂ-ਥਾਂ ਤੇ ਤੁਰੇ ਫਿਰਨਾ ਹੈ, ਬੱਚੇ ਵੀ ਸ਼ਹੀਦ ਕਰਾ ਦੇਣੇ ਨੇ, ਪਿਤਾ ਵੀ ਸ਼ਹੀਦ ਕਰਾ ਦੇਣਾ ਹੈ। ਮਾਤਾ ਵੀ ਸ਼ਹੀਦ ਕਰਾ ਦੇਣੀ ਹੈ, ਬੇਅੰਤ ਪਿਆਰੇ ਜਿਹੜੇ ਸਿੰਘ ਨੇ, ਸਾਥੀ ਨੇ ਉਹ ਸਭ ਸ਼ਹੀਦ ਹੋ ਜਾਣੇ ਨੇ ਤੇ ਭੂੰਜੇ ਸੌਣਾ ਹੈ ਰੋੜ੍ਹਾਂ ਦੀ ਸੇਜ 'ਤੇ। ਸਾਰਾ ਜਦ ਹਾਲ ਦੇਖਿਆ, ਮਹਾਰਾਜ ਜੀ ਕਹਿੰਦੇ ਓਸ ਵੇਲੇ ਸਾਡੇ ਚਿਤ ਜੋ ਪ੍ਰਭੂ ਦੇ ਪਿਆਰ ਦਾ ਜੋ ਆਨੰਦ ਸੀ ਉਹਨੂੰ ਛੱਡਣ ਨੂੰ ਜੀਅ ਨਾ ਕਰੇ।

*ਚਿਤ ਨ ਭਯੋ ਹਮਰੋ ਆਵਨ ਕਹ।*
*ਚੁਭੀ ਰਹੀ ਸੁਰਤਿ ਪ੍ਰਭ ਚਰਨਨ ਮਹ।*
*ਜਿਉ ਜਿਉ ਪ੍ਰਭ ਹਮ ਕੋ ਸਮਝਾਯੋ।*
*ਇਮ ਕਹਿ ਕੈ ਇਹ ਲੋਕ ਪਠਾਯੋ।*

ਜਿਵੇਂ-ਤਿਵੇਂ ਸਮਝਾਉਣਾ ਕੀਤਾ, ਕਿ ਹੁਣ ਤੁਹਾਨੂੰ ਜਾਣਾ ਹੀ ਪੈਣਾ ਹੈ ਤੇ ਜਦੋਂ ਮੈਂ ਇਧਰ ਦੇਖਦਾ ਹਾਂ ਓਸ ਵੇਲੇ ਇਧਰਲਾ ਬਹੁਤ ਬੁਰਾ ਹਾਲ ਹੈ, ਬੜਾ ਹੀ ਜ਼ਾਲਮ ਬਾਦਸ਼ਾਹ ਸੰਸਾਰ ਦੇ ਪੱਟ 'ਤੇ ਔਰੰਗਜ਼ੇਬ ਆਇਆ ਹੋਇਆਂ ਹੈ ਜਿਸ ਨੇ ਇਹ ਪ੍ਰਣ ਕਰ ਲਿਆ ਸੀ ਕਿ ਸਵਾ ਮਣ ਜਨੇਊ ਜਦ ਤਕ ਨਹੀਂ ਲਹਿੰਦੇ ਮੈਂ

ਖਾਣਾ ਨਹੀਂ ਖਾਣਾ। ਆਪਣੇ ਪਿਤਾ ਨੂੰ ਕਤਲ ਕਰਾ ਦਿਤਾ, ਭਰਾਵਾਂ ਨੂੰ ਕਤਲ ਕਰਾ ਦਿਤਾ। ਵੱਡੇ-ਵੱਡੇ ਸਰਮੱਦ ਵਰਗੇ ਪੀਰਾਂ ਨੂੰ ਕਤਲ ਕਰਾ ਦਿਤਾ। ਮੁਸਲਮਾਨਾਂ ਨੂੰ ਵੀ ਕਰਾ ਦਿਤਾ, ਹਿੰਦੂ ਸੰਤਾਂ ਨੂੰ ਵੀ ਕਰਾ ਦਿਤਾ। ਜ਼ੋਰ ਜਬਰ ਦੇ ਨਾਲ ਚਲਾਉਂਦਾ ਸੀ ਧਰਮ ਨੂੰ, ਆਪਣੀ ਮਰਜ਼ੀ ਦੇ ਮੁਤਾਬਿਕ ਜਿਹੜੇ ਸਾਧੂ ਸੀ ਉਹ ਸੁਤੰਤਰ ਹੁੰਦੇ ਨੇ, ਚਾਹੇ ਉਹ ਕਿਸੇ ਵੀ ਧਰਮ ਦੇ ਹੋਣ। ਉਨ੍ਹਾਂ ਨੂੰ ਜੇ ਕੋਈ ਆਪਣੀ ਮਰਜ਼ੀ ਦੇ ਨਾਲ ਚਲਾਵੇ, ਤਾਂ ਇਹ ਜ਼ਬਰ ਹੋ ਜਾਇਆ ਕਰਦਾ ਹੈ। ਜੋ ਸੂਫੀ ਪੀਰ ਸਨ, ਉਹ ਪ੍ਰਮੇਸ਼ਰ ਦਾ ਨੂਰ ਸਭ ਵਿਚ ਦੇਖਦੇ ਸਨ। ਸਾਰਿਆਂ ਦੇ ਅੰਦਰ ਪ੍ਰਭੂ ਦੀ ਜੋਤ, ਅੱਲਾਹ ਦੀ ਜੋਤ ਦੇਖਦੇ ਸਨ। ਸੋ ਉਨ੍ਹਾਂ ਨੂੰ ਉਹ ਲਾਈਨਾਂ 'ਚੋਂ ਬਾਹਰ ਨਹੀਂ ਸੀ ਨਿਕਲਣ ਦਿੰਦਾ। ਗਿਆਨ ਦੀ ਅਵਸਥਾ 'ਚ ਨਹੀਂ ਸੀ ਪਹੁੰਚਣ ਦਿੰਦਾ। ਜਦੋਂ ਇਹ ਸਾਰਾ ਹਾਲ ਦੇਖਿਆ ਕਿ ਸਾਰੇ corruption ਹੀ corruption ਹੋ ਗਈ ਤੇ ਹੋ ਵੀ ਧਰਮ ਦੇ ਨਾਮ 'ਤੇ ਗਈ। ਜਦੋਂ ਧਰਮ ਦੇ ਨਾਉਂ 'ਤੇ ਹੀ ਬੰਦੇ ਮਾਰੇ ਜਾਣ ਲੱਗ ਜਾਣ, ਫੇਰ ਬਚਾਓ ਕਿੱਥੇ ਹੋਇਆ ਕਰਦਾ ਹੈ, ਕਿਤੇ ਵੀ ਨਹੀਂ ਹੋਇਆ ਕਰਦਾ। ਮਹਾਰਾਜ ਕਹਿੰਦੇ ਜੇ ਪਰਮਾਰਥ ਵਾਸਤੇ ਹੀ ਪਾਪ ਕਰਨ ਲੱਗ ਜਾਵੇ, ਫੇਰ ਤਾਂ ਧਰਮਰਾਜ ਡਰ ਕੇ ਅਕਾਲ ਪੁਰਖ ਕੋਲ ਚਲਿਆ ਜਾਂਦਾ ਹੈ। ਕਿਉਂ ਡਰਦਾ ਹੈ, ਕਿਉਂਕਿ ਉਹ ਐਨਾ ਵੱਡਾ ਅਪਰਾਧ ਕਰ ਦਿੰਦਾ ਹੈ, ਧਰਮ ਦੇ ਨਾਉਂ 'ਤੇ, ਕਿ ਧਰਮਰਾਜ ਨੂੰ ਇਹ ਨਹੀਂ ਪਤਾ ਲਗਦਾ ਕਿ ਇਨ੍ਹਾਂ ਨੂੰ ਕਿਹੜੇ ਨਰਕ ਵਿਚ ਮੈਂ ਸੁੱਟਾਂ? ਅਕਾਲ ਪੁਰਖ ਨੂੰ ਪੁਛਦੇ ਨੇ ਕਿ ਮੈਨੂੰ ਕੋਈ ਨਵਾਂ ਨਰਕ ਬਣਾਂ ਕੇ ਦਿਓ, ਪਹਿਲੇ ਨਰਕ ਜਿਹੜੇ ਨਿੰਦਕਾਂ ਦੇ, ਹਤਿਆਰਿਆਂ ਦੇ, ਠੱਗਾਂ ਦੇ ਚੋਰਾਂ ਦੇ, ਬੇਮੁਖਾਂ ਦੇ, ਉਨ੍ਹਾਂ 'ਚ ਇਨ੍ਹਾਂ ਦੀ ਥਾਂ ਨਹੀਂ ਹੈ ਇਨ੍ਹਾਂ ਨੇ ਧਰਮ ਦੇ ਨਾਉਂ ਤੇ ਪਾਪ ਕਰੇ ਨੇ, ਲੇਕਿਨ ਪਾਪ ਕਰਨ ਵਾਲਾ ਇਹ ਸਮਝਦਾ ਹੈ ਕਿ ਮੈਂ ਪੁੰਨ ਕਰਿਆ ਹੈ। ਫਰਕ ਐਨਾ ਸੀ ਸੋਚ ਦਾ ਸਾਰਾ ਹੀ, ਸੋ ਮਹਾਰਾਜ ਕਹਿੰਦੇ ਕਿ ਇਹ ਸਾਰੀਆਂ ਚੀਜ਼ਾਂ ਦੇਖ ਕੇ ਸਾਡਾ ਚਿਤ ਨਾ ਕਰੇ, ਉਸ ਵੇਲੇ ਅਕਾਲ ਪੁਰਖ ਨੇ ਸਾਨੂੰ ਹੁਕਮ ਦਿਤਾ ਇਸ ਤਰ੍ਹਾਂ ਦੇ ਨਾਲ, ਪੜ੍ਹੋ ਪਿਆਰ ਨਾਲ -

***ਧਾਰਨਾ - ਮੈਂ ਅਪਨਾ ਸੁਤ ਤੋਹੇ ਨਿਵਾਜਾ,***
***ਧਰਮ ਚਲਾਵੋ ਜਗ 'ਤੇ।***

***ਮੈ ਅਪਨਾ ਸੁਤ ਤੁਹਿ ਨਿਵਾਜਾ।***
***ਪੰਥ ਪ੍ਰਚੁਰ ਕਰਬੇ ਕਉ ਸਾਜਾ।***
***ਜਹਾ ਤਹਾ ਤੇ ਧਰਮੁ ਚਲਾਇ।***
***ਕਬੁਧਿ ਕਰਨ ਤੇ ਲੋਕ ਹਟਾਇ।***

ਕਹਿਣ ਲੱਗੇ ਮੈਂ ਆਪ ਨੂੰ ਆਪਣਾ ਪੁੱਤਰ ਨਿਵਾਜ ਕੇ ਭੇਜ ਰਿਹਾ ਹਾਂ। ਨਿਵਾਜਿਸ਼ ਪਹਿਲਾਂ ਹੋਈ ਹੈ -

***ਪਹਿਲਾ ਬਾਬੇ ਪਾਯਾ ਬਖਸੁ ਦਰਿ,***
***ਪਿਛੋਂ ਦੇ ਫਿਰਿ ਘਾਲ ਕਮਾਈ।***
***ਭਾਈ ਗੁਰਦਾਸ ਜੀ, ਵਾਰ ੧/੨੪***

ਸੰਸਾਰ ਦੇ ਉਤੇ ਬਹੁਤ ਮਹਾਂਪੁਰਖ ਆਏ, ਜਦ ਤੋਂ ਸੰਸਾਰ ਰਚਿਆ ਹੈ ਤਦ ਤੋਂ ਆਉਂਦੇ ਹੀ ਰਹਿੰਦੇ ਨੇ, ਤੇ ਜੇ ਅਸੀਂ ਵੱਡਿਆਂ-ਵੱਡਿਆ ਦੇ ਬਾਰੇ ਪੜ੍ਹੀਏ, ਤਾਂ ਈਸਾਈ ਧਰਮ ਦੇ ਜੋ ਮੁਖੀ ਸਨ, ਈਸਾ ਜੀ ਉਨ੍ਹਾਂ ਨੂੰ ਪ੍ਰਮੇਸ਼ਰ ਦਾ ਸੁਨੇਹਾ ਇਕ ਫਰਿਸ਼ਤੇ ਦੇ ਰਾਹੀਂ ਪ੍ਰਾਪਤ ਹੋਇਆ, ਨਾਲ ਪ੍ਰਮੇਸ਼ਰ ਵਲੋਂ ਸ਼ਕਤੀ ਆਈ, ਫਰਿਸ਼ਤੇ ਨੇ ਆ ਕੇ ਕਿਹਾ ਕਿ ਤੁਸੀਂ ਆਹ ਕੰਮ ਸੰਸਾਰ ਦੇ ਉਤੇ ਆ ਕੇ ਕਰੋ। ਨੇਕ ਕੰਮ, ਨੇਕ ਬੁੱਧੀ ਦੁਨੀਆਂ ਨੂੰ ਬਖਸ਼ੋ। ਇਸੇ ਤਰ੍ਹਾਂ ਇਸਲਾਮ ਦੇ ਪੈਗੰਬਰ ਮਹੁੰਮਦ ਸਾਹਿਬ ਜੀ ਨੂੰ ਸੁਨੇਹਾ ਆਇਆ, ਉਸ ਤੋਂ ਬਾਅਦ ਉਨ੍ਹਾਂ ਨੂੰ ਬੁਲਾਇਆ ਗਿਆ, ਸਤਵੇਂ ਅਸਮਾਨ 'ਤੇ ਆ ਕੇ ਪ੍ਰਮੇਸ਼ਰ ਦੇ ਆਮ੍ਹਣੇ-ਸਾਮ੍ਹਣੇ ਗੱਲਬਾਤ ਹੋਈ, ਹੋਰ ਬੇਅੰਤ ਮਹਾਤਮਾ ਹੋਏ ਨੇ, ਵੱਡੇ-ਵੱਡਿਆਂ ਦਾ ਮੈਂ ਜ਼ਿਕਰ ਕਰਦਾ ਹਾਂ, ਗੁਰੂ ਦਸ਼ਮੇਸ਼ ਪਿਤਾ ਨੂੰ ਦਰਗਾਹ ਦੇ ਵਿਚ ਤੁਰਨ ਤੋਂ ਪਹਿਲਾਂ, ਨਿਵਾਜਿਸ਼ ਹੋਈ ਕਿਉਂਕਿ ਪ੍ਰਮੇਸ਼ਰ ਨੇ ਜਦੋਂ ਉਨ੍ਹਾਂ ਦਾ ਕੰਮ ਦੇਖਿਆ ਸੰਸਾਰ ਅੰਦਰ ਕਿ ਬਹੁਤ ਜ਼ਾਲਮ ਨੇ, ਬਾਦਸ਼ਾਹ ਤਾਂ ਸੁਣਦਾ ਹੀ ਨਹੀਂ ਕਿਸੇ ਦੀ ਗੱਲ। ਉਸ ਵੇਲੇ ਕਿਹਾ ਕਿ ਮੈਂ ਤੈਨੂੰ ਆਪਣਾ ਪੁੱਤਰ ਬਣਾਉਂਦਾ ਹਾਂ। ਪੁੱਤਰ ਦੀ ਪਦਵੀ ਦਿੰਦਾ ਹਾਂ। ਦਸ਼ਮੇਸ਼ ਪਿਤਾ ਨੂੰ ਜਦ ਤੋਰਿਆ ਹੈ ਸੰਸਾਰ 'ਤੇ, ਉਸ ਵੇਲੇ ਇਹ ਗੱਲ ਕਹੀ ਕਿ -

***ਮੈ ਅਪਨਾ ਸੁਤ ਤੁਹਿ ਨਿਵਾਜਾ।***
***ਪੰਥ ਪ੍ਰਚੁਰ ਕਰਬੇ ਕਉ ਸਾਜਾ।***

ਮੈਂ ਆਪਣਾ ਪੁੱਤਰ ਨਿਵਾਜ ਕੇ ਤੈਨੂੰ ਭੇਜਦਾ ਹਾਂ, ਵੈਸੇ ਪ੍ਰਮੇਸ਼ਰ ਦਾ ਕੋਈ ਪੁੱਤਰ ਨਹੀਂ, ਸਾਰੇ ਹੀ ਪੁੱਤਰ ਨੇ ਸੰਸਾਰ ਦੇ, ਨਾ ਕੋਈ ਉਹਦੀ ਮਾਂ ਹੈ, ਨਾ ਪਿਓ, ਨਾ ਕੋਈ ਭਰਾ ਹੈ, ਨਾ ਕੋਈ ਪੁੱਤਰ ਹੈ, ਉਹ ਨਿਵਾਜਦਾ ਹੈ, ਪੁੱਤਰ ਦਾ ਦਰਜਾ ਦਿੰਦਾ ਹੈ, ਕਹਿੰਦੇ ਮੈਂ ਪੁੱਤਰ ਦਾ ਦਰਜਾ ਦੇ ਕੇ ਭੇਜਦਾ ਹਾਂ -

***ਜਹਾ ਤਹਾ ਤੇ ਧਰਮੁ ਚਲਾਇ।***
***ਕਬੁਧਿ ਕਰਨ ਤੇ ਲੋਕ ਹਟਾਇ।***

ਉਥੇ ਜਾ ਕੇ ਧਰਮ ਚਲਾਉਣਾ ਹੈ। ਧਰਮ ਦੀ ਗੱਲ ਹੁਣ ਸਾਡੇ ਸਮਝ ਵਿਚ ਨਹੀਂ ਆਉਂਦੀ ਕਿ ਧਰਮ ਕਿਹੜਾ ਚਲਾਉਣਾ ਸੀਗਾ। ਇਕ ਪਾਸੇ ਤਾਂ ਇਸੇ ਕਥਾ ਦੇ ਅੰਦਰ ਗੁਰੂ ਮਹਾਰਾਜ ਆਪਣੇ ਦਸਤ-ਏ-ਮੁਬਾਰਕ ਨਾਲ ਲਿਖਦੇ ਨੇ, ਕਿ ਜਿੰਨੇ ਵੀ ਸਿਆਣੇ ਆਏ ਉਨ੍ਹਾਂ ਨੇ ਆਪਣਾ-ਆਪਣਾ ਤਰੀਕਾ ਚਲਾ ਦਿਤਾ, ਰੱਬ ਦਾ ਰਾਹ ਨਾ ਕਿਸੇ ਨੇ ਦੱਸਿਆ ਤੇ ਆਪਣੇ ਆਪ ਨੂੰ ਵਿਚ ਰੱਖ ਲਿਆ ਕਿ ਮੈਨੂੰ ਵੀ ਮੰਨੋ, ਮੇਰੇ ਰਾਹੀਂ ਤੁਸੀਂ ਰੱਬ ਕੋਲ ਪਹੁੰਚ ਸਕਦੇ ਓਂ ਤੇ ਜਦੋਂ ਆਪ ਨੇ ਇਹ ਗੱਲ ਕਹਿ ਦਿਤੀ, ਤਾਂ ਫੇਰ ਕਿਹੜਾ ਧਰਮ ਰਹਿ ਗਿਆ, ਜਦੋਂ ਇਕ ਪਾਸੇ ਤਾਂ ਹੁਕਮ ਹੈ ਕਿ ਆਪਣੇ ਪਿਛੇ ਨਹੀਂ ਕੋਈ ਲਾਉਣਾ। ਮਹਾਰਾਜ ਜੀ ਕਹਿੰਦੇ ਨੇ ਕਿ ਦੇਖੋ ਅਸੀਂ ਆਪਣੇ ਪਿਛੇ ਨਹੀਂ ਲਾਉਂਦੇ -

*ਜੋ ਹਮ ਕੋ ਪਰਮੇਸਰ ਉਚਰਿ ਹੈਂ।*
*ਤੇ ਸਭ ਨਰਕ ਕੁੰਡ ਮਹਿ ਪਰਿ ਹੈਂ।*
*ਮੋ ਕੋ ਦਾਸ ਤਵਨ ਕਾ ਜਾਨੋ।*
*ਯਾ ਮੈ ਭੇਦ ਨ ਰੰਚ ਪਛਾਨੋ।*

ਦੇਖਿਓ ਮੈਨੂੰ ਨਾ ਰੱਬ ਕਹਿਣ ਲੱਗ ਜਾਇਓ ਕਿਤੇ ਭੁੱਲ ਕੇ, ਪ੍ਰਮੇਸ਼ਰ ਤਾਂ ਓਹੀ ਹੈ ਜਿਹੜਾ ਸਾਰੇ ਪਰੀਪੂਰਨ ਹੈ, ਉਹਦੇ ਹੀ ਮੈਂ ਲੜ ਲਾਉਣ ਵਾਸਤੇ ਆਇਆ ਹਾਂ, ਤੇ ਇਕ ਰਸਤਾ ਪ੍ਰਚਲਤ ਕਰਨ ਵਾਸਤੇ ਆਇਆ ਹਾਂ ਜਿਹਨੂੰ ਧਰਮ ਦਾ ਰਾਹ ਕਹਿੰਦੇ ਨੇ, ਧਰਮ ਦੇ ਰਾਹ 'ਤੇ Human Values ਹੁੰਦੀਆਂ ਨੇ, ਅੰਗ੍ਰੇਜ਼ੀ ਪੜ੍ਹੇ ਹੋਏ ਜਾਣਦੇ ਨੇ, Values basis, ਇਨਸਾਨੀ ਕੀਮਤਾਂ ਹੁੰਦੀਆਂ ਨੇ। ਉਹ ਮਨੁੱਖ ਦੇ ਵਿਚੋਂ ਗਾਇਬ ਹੋ ਗਈਆਂ ਸੀ, ਉਹ ਮਨੁੱਖ ਦੇ ਵਿਚ ਦੁਬਾਰਾ ਭਰਨੀਆਂ ਸੀ। ਖਿਮਾ ਨਹੀਂ ਸੀ ਰਹੀ, ਦਇਆ ਨਹੀਂ ਸੀ ਰਹੀ, ਸਤਿ ਦਾ ਜੀਵਨ ਨਹੀਂ ਸੀ ਰਿਹਾ, ਅਹਿੰਸਾ ਖਤਮ ਹੋ ਗਈ ਸੀ। ਬ੍ਰਹਮਚਰੀਆ ਨਹੀਂ ਸੀ ਰਿਹਾ, ਤਪ, ਦਾਨ, ਸਤਿ, ਸੰਤੋਖ, ਸ਼ੀਲ, ਸੁੱਚ ਨਹੀਂ ਸੀ ਰਹੀ, ਇਹ ਜਿਹੜੀਆਂ ਸਾਰੀਆਂ ਕੀਮਤਾਂ ਨੇ, ਇਸ ਤੋਂ ਆਦਮੀ ਖਾਲੀ ਹੋ ਗਿਆ ਸੀ। ਅਕਾਲ ਪੁਰਖ ਨੇ ਕਿਹਾ ਕਿ ਮਨੁਖ ਖਾਲੀ ਹੋ ਕੇ ਦੁਖੀ ਹੋ ਰਿਹਾ ਹੈ, ਜਦ ਤਕ ਇਹਦੇ ਅੰਦਰ ਇਹ ਗੁਣ ਨਹੀਂ ਹੋਣਗੇ, ਇਹ ਲੰਘੇਗਾ ਨਹੀਂ, ਧਰਮ ਨੂੰ ਇਕ ਰੂਪ ਰੇਖਾ ਬਣਾ ਲਿਆ ਏਸ ਨੇ, ਧਰਮ ਨੂੰ ਸਮਝਿਆ ਨਹੀਂ ਹੈ।

ਜੇ ਗੁਰੂ ਨਾਨਕ ਪਾਤਸ਼ਾਹ ਨੂੰ ਜਨੇਊ ਪਾਉਣ ਵਾਸਤੇ ਆਖਿਆ ਪਾਧੇ ਨੇ, ਇਕੱਠ ਹੋਇਆ ਬਹੁਤ ਵੱਡਾ, ਤਾਂ ਗੁਰੂ ਨਾਨਕ ਨੇ ਕਿਹਾ ਕਿ ਇਹ ਜਨੇਊ ਕੀ ਕੰਮ ਕਰਦਾ ਹੈ? ਧਾਗਾ ਪਾ ਕੇ ਗਲ ਵਿਚ ਮੇਰਾ ਕੀ ਬਣ ਜਾਏਗਾ? ਕਹਿੰਦੇ ਇਹਦੇ ਨਾਲ ਤੂੰ ਹਿੰਦੂ ਬਣ ਜਾਏਂਗਾ, ਹਾਲੇ ਤਕ ਤੂੰ ਕੁਛ ਵੀ ਨਹੀਂ ਹੈਗਾ ਤੇ ਤੇਰੀ ਜਾਤ ਖਤਰੀ ਦੀ ਹੈ, ਜਦ ਜਨੇਊ ਪਾਏਂਗਾ, ਤਾਂ ਤੈਨੂੰ ਸਭਾ ਸੁਸਾਇਟੀ ਨੇ ਮਾਣ ਦੇਣਾ ਹੈ, ਨਹੀਂ ਤਾਂ ਤੇਰਾ ਬਾਈਕਾਟ ਕਰ ਦੇਣਗੇ। ਤੇਰੇ ਨਾਲ ਕਿਸੇ ਨੇ ਬੋਲਣਾ ਨਹੀਂ, ਮਹਾਰਾਜ ਜੀ ਕਹਿੰਦੇ ਇਹ ਤਾਂ ਕੋਈ ਗੱਲ ਨਹੀਂ, ਕੀ ਧਾਗਾ ਪਾ ਕੇ ਆਦਮੀ ਬਦਲ ਗਿਆ? ਬੰਦਾ ਤਾਂ ਓਹੀ ਡਾਕੇ ਮਾਰਨ ਵਾਲਾ ਹੈ, ਚੋਰੀਆ ਕਰਨ ਵਾਲਾ ਹੈ, ਠੱਗੀਆਂ ਕਰਨ ਵਾਲਾ ਹੈ, ਤੇ ਇਕ ਧਾਗਾ ਪਾ ਲਿਆ ਉਹਦੇ ਗਲ ਵਿਚ ਕੀ ਉਹ ਪਵਿੱਤਰ ਹੋ ਗਿਆ? ਕਹਿੰਦੇ ਇਹ ਤਾਂ ਗੱਲ ਪਾਧਾ ਜੀ, ਮਨ ਨੂੰ ਨਹੀਂ ਲਗਦੀ ਕਿ ਇਕ ਧਾਗਾ ਪਾ ਲਓ ਤੇ ਉਹ ਪਵਿੱਤਰ ਹੋ ਗਿਆ। ਜਨੇਊ ਪਾ ਲਓ ਤੇ ਪਵਿੱਤਰ ਹੋ ਗਿਆ। ਨਹੀਂ ਇਹਦੇ ਵਿਚ ਤਾਂ ਕੋਈ ਗੜਬੜ ਹੋਈ, ਹੋਈ ਹੈ, ਇਹਦਾ ਮਤਲਬ ਇਹ ਨਹੀਂ ਸੀ ਇਹ ਤਾਂ ਕੋਈ ਪ੍ਰਤੀਕ ਸੀ ਕਿਸੇ ਚੀਜ਼ ਦਾ। ਪਾਧੇ ਨੇ ਕਿਹਾ ਕਿ ਇਹਨੂੰ ਜਨੇਊ ਕਿਹੜਾ ਪਾਉਣਾ ਚਾਹੀਦਾ ਹੈ। ਮਹਾਰਾਜ ਜੀ ਕਹਿੰਦੇ ਨੇ ਕਿ ਜੇ ਜਨੇਊ ਪਾਉਣਾ ਹੈ ਨਾ ਤਾਂ ਦਇਆ ਦੀ ਕਪਾਹ ਲੈ, ਸੰਤੋਖ ਦਾ ਸੂਤ ਲੈ, ਜਤ ਦੀਆਂ ਗੱਠਾਂ ਦੇ ਤੇ ਸਤਿ ਦਾ ਵੱਟ ਚਾੜ੍ਹ, ਹੁਣ ਸਤਿ ਦਾ ਜੀਵਨ ਤੇ ਜਤ, ਇੰਦਰਿਆਂ ਦਾ ਜਤ ਸਾਰਿਆਂ ਦਾ –

*ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥ ਅੰਗ – ੨੭੪*
*ਕਰਨ ਨ ਸੁਨੈ ਕਾਹੂ ਕੀ ਨਿੰਦਾ॥ ਅੰਗ – ੨੭੪*
*ਮਿਥਿਆ ਨਾਹੀ ਰਸਨਾ ਪਰਸ ॥ ਅੰਗ – ੨੭੪*

ਨਾ ਜ਼ੁਬਾਨ ਦੇ ਉਤੇ ਝੂਠ ਲੱਗੇ, ਨਾ ਕੰਨ ਕਿਸੇ ਦੀ ਨਿੰਦਿਆ ਸੁਣਨ ਤੇ ਨਾ ਜੀਭ ਕਿਸੇ ਦੀ ਨਿੰਦਿਆ ਚੁਗਲੀ ਦੀ ਗੱਲ ਕਰੇ। ਤੇ ਨਾ ਅੱਖਾਂ ਬੇਗਾਨਾ ਰੂਪ ਦੇਖਣ ਕਹਿੰਦੇ –

*ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥*
*ਅੰਗ – ੪੭੧*

ਜੇ ਤੇਰੇ ਕੋਲ ਇਹ ਹੈਗਾ ਤਾਂ ਮੈਨੂੰ ਦੇ ਦੇ। ਸੋ ਗੁਰੂ ਨਾਨਕ ਜੀ ਵੀ human values ਆਦਮੀ ਦੇ ਅੰਦਰ ਪਾਉਣ ਆਏ ਸੀ। ਗੁਰੂ ਦਸ਼ਮੇਸ਼ ਪਿਤਾ ਵੇਲੇ ਵੀ human values ਅਲੋਪ ਹੋ ਚੁੱਕੀਆਂ ਸੀ, ਇਹ ਨਹੀ ਸੀ ਮਤਲਬ ਕਿ ਮਨੁਖ ਦੀ ਸ਼ਕਲ ਬਦਲ ਦਿਓ, ਨਾ, ਉਹ human values ਆਦਮੀ ਦੇ ਅੰਦਰ ਭਰਨ ਆਏ ਸੀ। ਪ੍ਰਮੇਸ਼ਰ ਨੇ ਜਿਵੇਂ ਪੈਦਾ ਕੀਤਾ ਸੀ, ਮਨੁੱਖ ਨੇ ਉਹਦੇ ਵਿਚ ਭੰਨ ਤੋੜ ਕਰ ਲਈ। ਕੇਸ ਜਮਾਂਦਰੂ ਆਉਂਦੇ ਨੇ ਸਾਡੇ, ਅਸੀਂ ਤਾਂ ਨਹੀਂ ਲਾਉਂਦੇ, ਉਹਦੀ ਹੁਕਮ ਅਦੂਲੀ ਕਰ ਲਈ, ਇਹ ਗੱਲ ਸਮਝਾਉਣੀ ਸੀ ਮਹਾਰਾਜ ਜੀ ਨੇ ਸਾਰੀ ਕਿ natural life ਕਿਵੇਂ ਜੀਉਈ ਜਾਂਦੀ ਹੈ, ਕੁਦਰਤ ਦੇ ਨਾਲ ਅਸੀਂ ਕਿਵੇਂ ਰਲ ਕੇ ਚਲ ਸਕਦੇ ਹਾਂ ਕਿਉਂਕਿ ਕੁਦਰਤ ਨੇ ਕੋਈ ਗੱਲ ਗਲਤ ਨਹੀਂ ਕਰੀ। ਉਹ ਸਾਡੇ ਭਲੇ ਵਾਸਤੇ ਹੀ ਕਰ ਰਹੀ ਹੈ। ਜੋ ਸਾਡੇ ਸਰੀਰਾਂ ਦੀ ਬਣਤਰ ਹੈ ਉਹ ਕੁਦਰਤ ਨੇ ਬਣਾਈ ਹੈ, ਲੋੜ ਦੇ ਮੁਤਾਬਿਕ। ਇਹਨੂੰ ਭੰਨ-ਤੋੜ ਕਰੀਏ ਫੇਰ ਗਲਤ ਹੋ ਜਾਂਦਾ ਹੈ। ਸੋ ਇਹ ਸਾਰੀਆ ਚੀਜ਼ਾਂ ਦੀ values ਦੱਸਣ ਵਾਸਤੇ ਮਹਾਰਾਜ ਨੂੰ ਹੁਕਮ ਹੋਇਆ –

*ਜਹਾ ਤਹਾ ਤੈ ਧਰਮੁ ਚਲਾਇ।*
*ਕਬੁਧਿ ਕਰਨ ਤੇ ਲੋਕ ਹਟਾਇ।*
*ਅਕਾਲ ਪੁਰਖ ਬਾਚ।। ਚੌਪਈ।।*

ਜਿਹੜੀ ਮਾੜੀ ਬੁੱਧੀ ਹੈ ਓਸ ਬੁੱਧੀ ਨੂੰ ਦੂਰ ਕਰੋ, ਜਿਹੜੇ ਗਲਤ ਨਿਹਚੇ ਨੇ ਉਨ੍ਹਾਂ ਨੂੰ ਦੂਰ ਕਰੋ, ਮਹਾਰਾਜ ਕਹਿਣ ਲੱਗੇ ਜਦੋਂ ਅਸੀਂ ਧਿਆਨ ਕਰਕੇ ਦੇਖਿਆ ਸਾਨੂੰ ਨਜ਼ਰ ਆਇਆ ਕਿ ਹਰੀ ਦੀ ਜੋਤ ਤਾਂ ਅਲੋਪ ਹੋ ਗਈ ਸਾਰਿਆਂ ਦੇ ਹਿਰਦਿਆਂ ਦੇ ਵਿਚੋਂ ਤੇ ਮਾਇਆ ਦਾ ਗੁਬਾਰ ਹਰ ਇਕ ਦੇ ਹਿਰਦੇ ਵਿਚ ਛਾਇਆ ਹੋਇਆ ਹੈ, ਇਸ ਤਰ੍ਹਾਂ ਫੁਰਮਾਨ ਹੈ –

*ਧਾਰਨਾ - ਜੋਤ ਹਰੀ ਦੀ ਨਜ਼ਰ ਨਾ ਆਵੇ,*
*ਮਾਇਆ ਦਾ ਗੁਬਾਰ ਛਾ ਗਿਆ।*

ਕਹਿੰਦੇ ਕਿਸੇ ਨੇ ਪੱਥਰ ਇਕੱਠੇ ਕਰ ਲਏ, ਉਹਨੂੰ ਹੀ ਵਾਹਿਗੁਰੂ ਕਹਿਣ ਲੱਗ ਗਏ, ਕੋਈ ਮਹੇਸ਼ ਨੂੰ ਵਾਹਿਗੁਰੂ ਕਹਿਣ ਲੱਗ ਗਏ, ਦੇਵਤਿਆਂ ਨੂੰ ਵਾਹਿਗੁਰੂ ਕਹਿਣ ਲੱਗ ਗਏ। ਕਿਸੇ ਨੇ ਕਿਹਾ ਹੈ ਕਿ ਸਾਡੇ ਮੰਦਰ ਦੇ ਵਿਚ ਰੱਬ ਰਹਿੰਦਾ ਹੈ, ਹੋਰ ਕਿਤੇ ਨਹੀਂ ਹੈ। ਕਿਸੇ ਨੇ ਕਿਹਾ ਹੈ ਕਿ ਮਸਜਿਦ ਦੇ ਵਿਚ ਰੱਬ ਰਹਿੰਦਾ ਹੈ, ਹੋਰ ਬਾਹਰ ਕਿਤੇ ਨਹੀਂ ਲੱਭਦਾ, ਸਭ ਦੇ ਦਿਲ ਵਿਚ ਰਹਿੰਦਾ ਹੈ, ਕੋਈ ਥਾਂ ਐਸਾ ਨਹੀਂ ਜਿਥੇ ਪ੍ਰਮੇਸ਼ਰ ਨਾ ਹੋਵੇ। ਕਿਸੇ ਨੇ ਰਾਮ ਚੰਦਰ ਜੀ ਨੂੰ ਰੱਬ ਕਹਿ ਦਿਤਾ, ਕਿਸੇ ਨੇ ਕ੍ਰਿਸ਼ਨ ਮਹਾਰਾਜ ਜੀ ਨੂੰ ਰੱਬ ਕਹਿ ਦਿਤਾ।

ਕੋਈ ਮੱਛ ਅਵਤਾਰ ਨੂੰ ਮੰਨਦਾ ਹੈ, ਕੋਈ ਕੱਛ ਅਵਤਾਰ ਨੂੰ ਮੰਨਦਾ ਹੈ, ਆਪਣੀ-ਆਪਣੀ ਮਾਨਤਾ ਸ਼ੁਰੂ ਹੋ ਗਈ।

ਮਹਾਰਾਜ ਕਹਿੰਦੇ ਛੱਡ ਦੇ ਇਹ ਚੀਜ਼ਾਂ ਨੂੰ, ਫੋਕਟ ਨੇ, ਜਿਵੇਂ ਬਦਾਮ ਦਾ ਛਿਲਕਾ ਕੁੱਟ ਕੇ ਕੱਢ ਦੇਈਏ ਬਾਹਰ ਤੇ ਕੋਈ ਸਾਂਭ-ਸਾਂਭ ਕੇ ਰੱਖੀ ਜਾਵੇ, ਉਹਨੂੰ ਸਿਆਣਾ ਤਾਂ ਕੋਈ ਕਹਿੰਦਾ ਨਹੀਂ ਉਹਨੂੰ ਫੋਕਟ ਕਹਿੰਦੇ ਨੇ। ਨਿੰਬੂ ਨਚੋੜ ਲਿਆ ਤੇ ਉਹ ਫੋਕਟ ਨੂੰ ਸਾਂਭੀ ਫਿਰਦੇ ਨੇ, ਸੰਤਰਾ ਖਾ ਲਿਆ, ਫੋਕਟ ਨੂੰ ਸਾਂਭੀ ਫਿਰਦਾ ਹੈ। ਸੇਬ ਖਾ ਲਿਆ, ਉਪਰਲੀ ਛਿਲਕ ਨੂੰ ਸਾਂਭੀ ਫਿਰਦਾ ਹੈ। ਮਹਾਰਾਜ ਕਹਿੰਦੇ ਇਹ ਛੱਡ ਦੇ, ਜਿਹੜਾ ਸਾਰੀ ਸ੍ਰਿਸ਼ਟੀ ਨੂੰ ਸਾਜਦਾ ਹੈ ਨਾ, 'ੴ ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ, ਗੁਰ ਪ੍ਰਸਾਦਿ' ਉਹਨੂੰ ਤੂੰ ਰੱਬ ਜਾਣ, ਜਿਹੜਾ ਹਰ ਥਾਂ ਦੇ ਉਤੇ ਹੈ ਸੋ ਇਹੀ ਉਪਦੇਸ਼ ਗੁਰੂ ਮਹਾਰਾਜ ਨੇ ਆ ਕੇ ਸਾਨੂੰ ਦਿਤਾ -

*ਧਾਰਨਾ - ਜਪੋ ਖਾਲਸਾ ਤੁਸੀਂ ਜਾਗਦੀ ਜੋਤ ਨੂੰ।*
*ਜਾਗਤ ਜੋਤਿ ਜਪੈ ਨਿਸ ਬਾਸੁਰ,*
*ਏਕ ਬਿਨਾਂ ਮਨ ਨੈਕ ਨ ਆਨੈ॥*
*ਤੀਰਥ ਦਾਨ ਦਇਆ ਤਪ ਸੰਜਮ*
*ਏਕ ਬਿਨਾ ਨਹਿ ਏਕ ਪਛਾਨੈ॥*
*ਪੂਰਨ ਜੋਤ ਜਗੈ ਘਟ ਮੈ*
*ਤਬ ਖਾਲਸ ਤਾਹਿ ਨਖਾਲਸ ਜਾਨੈ॥*

ਸੰਸਾਰ ਨੂੰ ਦੱਸਿਆ ਗੁਰੂ ਮਹਾਰਾਜ ਨੇ ਆ ਕੇ ਕਿ ਵਾਹਿਗੁਰੂ ਨਾ ਪੱਥਰ ਹੈ, ਨਾ ਕਿਸੇ ਮੰਦਰ ਦੇ ਵਿਚ ਕੈਦ ਹੈ, ਨਾ ਮਸਜਿਦ 'ਚ ਕੈਦ ਹੈ, ਨਾ ਕਿਸੇ ਹੋਰ ਧਰਮ ਅਸਥਾਨ 'ਚ ਕੈਦ ਹੈ, ਵਾਹਿਗੁਰੂ ਤਾਂ ਸਾਰੇ ਪਰੀਪੂਰਨ ਹੈ ਜਿਥੇ ਜਾਓ ਉਥੇ-

*ਜਹ ਜਹ ਪੇਖਉ ਤਹ ਹਜੂਰਿ*
*ਦੂਰਿ ਕਤਹੁ ਨ ਜਾਈ ॥*
*ਰਵਿ ਰਹਿਆ ਸਰਬਤ੍ਰ ਮੈ*
*ਮਨ ਸਦਾ ਧਿਆਈ ॥* *ਅੰਗ - ੬੭੭*

ਜਿਥੇ ਵੀ ਅਸੀਂ ਜਾਵਾਂਗੇ ਉਹ ਜਾਗ੍ਰਤ ਜੋਤ -

*ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ।।*
*ਨ ਘਾਟ ਹੈ ਨ ਬਾਢ ਹੈ*
*ਨ ਘਾਟਿ ਬਾਢਿ ਹੋਤ ਹੈ॥* *ਅਕਾਲ ਉਸਤਤਿ*

ਉਹ ਤਾਂ ਜਿਥੇ ਤਕ ਅਸਮਾਨ ਨੇ, ਜਿਥੇ ਤਕ ਹੋਰ ਕੁਝ ਹੈ, ਕੋਈ ਕਹਿ ਨਹੀਂ ਸਕਦਾ ਕਿਉਂਕਿ ਏਧਰ ਆਦਮੀ ਜੇ ਖਿਆਲ ਲਿਆਵੇ ਤਾਂ ਪਤਾ ਨਹੀਂ ਲਗਦਾ confuse ਹੋ ਜਾਂਦਾ ਹੈ, ਕਿਥੇ ਹੋਇਆ? ਉਪਰ ਨੂੰ ਦੇਖੋ ਤਾਂ ਨਹੀਂ ਕਿਤੇ ਅੰਤ। ਸੱਜੇ ਪਾਸੇ ਨੂੰ ਦੇਖੋ ਤਾਂ ਨਹੀਂ ਅੰਤ, ਖੱਬੇ ਨੂੰ ਦੇਖੋ ਤਾਂ ਨਹੀਂ ਅੰਤ, ਸਾਮ੍ਹਣੇ ਦੇਖੋ ਤਾਂ ਨਹੀਂ ਅੰਤ। ਪਿੱਠ ਵਲ ਦੇਖੋ ਤਾਂ ਨਹੀਂ ਅੰਤ, ਹੇਠਾਂ ਨੂੰ ਦੇਖੋ ਤਾਂ ਨਹੀਂ ਅੰਤ। ਕਿਤੇ ਹੈ ਹੀ ਨਹੀਂ, ਕਹਿੰਦੇ ਉਹ ਤਾਂ ਜੋਤੀ ਸਾਰੇ ਪਰੀਪੂਰਨ ਹੈ, ਉਹਨੂੰ ਵਾਹਿਗੁਰੂ, ਅੱਲਾਹ, ਰਾਮ, ਕੁਛ ਵੀ ਕਹੋ ।

ਮੜ੍ਹੀਆਂ ਵਿਚ ਕੀ ਪਿਆ ਹੈ ਮੜ੍ਹੀਆਂ ਵਿਚ, ਆਦਮੀ ਜੀਉਂਦਾ-ਜੀਉਂਦਾ ਕੁਛ ਕਰ ਨਹੀਂ ਸਕਿਆ, ਇੱਟਾਂ ਲਾ ਦਿਓ, ਫੇਰ ਉਹਦੇ ਉਪਰ ਮੱਥੇ ਟੇਕੀ ਜਾਓ, ਰੱਬ ਨੂੰ ਕਿਉਂ ਨਹੀਂ ਮੰਨਦੇ ਜਿਹੜਾ ਸਾਰੇ ਪਰੀਪੂਰਨ ਹੈ, ਅਰ ਜਾਗ੍ਰਤ ਜੋਤ ਹੈ, ਮੁਰਦਾ ਜੇ ਉਹਦੇ ਵਿਚ ਤਾਕਤ ਹੋਵੇ ਜੀਉਂਦਾ-ਜੀਉਂਦਾ ਹੀ ਕਰ ਲੈਂਦਾ ਸਭ ਕੁਛ। ਉਹਨੂੰ ਕਿਉਂ ਮੱਥੇ ਟੇਕਦੇ ਹੋ ਜਾ ਕੇ ? ਆਪੇ ਹੀ ਬਣਾ ਕੇ, ਆਪੇ ਹੀ ਡਰੀ ਜਾਂਦੇ ਨੇ। ਮਹਾਰਾਜ ਕਹਿੰਦੇ ਭੁੱਲ ਕੇ ਵੀ ਨਾ ਕਰਿਓ ਇਹ ਕੰਮ, ਪ੍ਰੇਮੀਓ! ਪ੍ਰਮੇਸ਼ਰ ਦੇ ਨਾਲ ਦੂਈ ਪੈ ਜਾਏਗੀ ਤੁਹਾਡੀ। ਤੁਹਾਡੇ ਅੰਦਰਲੇ ਪਾਸੇ ਇਕ ਹੋਰ ਆ ਵੜੇਗਾ। 'ਧਨ ਪਿਰ ਕਾ ਇਕ ਹੀ ਸੰਗਿ ਵਾਸਾ' ਇਹ ਤਾਂ ਅੰਦਰ ਸਾਡੇ ਇਕ ਵਾਹਿਗੁਰੂ ਰਹਿੰਦਾ ਹੈ ਇਕ ਮੈਂ ਰਹਿੰਦਾ ਹੈ, ਜੇ ਇਕ ਹੋਰ ਵਾੜ ਲਈਏ, ਫੇਰ ਤਾਂ ਗੜਬੜ ਮੱਚਣੀ ਹੀ ਹੈ। ਕਈ ਐਥੇ ਕਹਿੰਦੇ ਨੇ ਕਿ ਜੀ ਅਸੀਂ ਫਲਾਣੇ ਥਾਂ ਮੱਥਾ ਟੇਕਿਆ, ਫਲਾਣੇ ਥਾਂ ਗਏ, ਮੈਂ ਕਿਹਾ ਕਿ ਤੁਸੀਂ ਇਕ ਨੂੰ ਮੰਨੋ। ਜਿਹੜਾ ਸਮਰੱਥ ਹੈ ਉਹਨੂੰ ਮੰਨੋ, ਉਹ ਪ੍ਰਮੇਸ਼ਰ ਹੈ, ਵਾਹਿਗੁਰੂ ਹੈ, ਅੱਲਾਹ ਹੈ, ਰਾਮ ਹੈ। ਉਹਦੀ ਆਰਾਧਨਾ ਕਰੋ। ਜਦ ਉਹਨੂੰ ਹਿਰਦੇ 'ਚ ਵਸਾ ਲਿਆ, ਮਹਾਰਾਜ ਕਹਿੰਦੇ ਫੇਰ ਤਾਂ ਮਨ ਨਾ ਵਰਤਾਂ ਨੂੰ, ਨਾ ਗੋਰਾਂ ਨੂੰ, ਨਾ ਕਬਰਾਂ ਨੂੰ, ਨਾ ਮੜ੍ਹੀਆਂ ਨੂੰ, ਨਾ ਮੱਠਾਂ ਨੂੰ ਕਰਦਾ ਹੈ -

*ਤੀਰਥ ਦਾਨ ਦਇਆ ਤਪ ਸੰਜਮ....॥*
*......ਏਕ ਬਿਨਾ ਨਹਿ ਏਕ ਪਛਾਨੈ॥*

ਇਨ੍ਹਾਂ ਦਾ ਆਸਰਾ ਨਾ ਲਓ, ਤੀਰਥਾਂ ਦਾ, ਦਾਨਾਂ ਦਾ, ਦਇਆਂ ਦਾ, ਤਪ ਦਾ ਵਾਹਿਗੁਰੂ ਨੂੰ ਹੀ ਦੇਖੋ ਸਾਰੇ ਪਰੀਪੂਰਨ -

*ਪੂਰਨ ਜੋਤ ਜਗੈ ਘਟ ਮੈ*

*ਤਬ ਖਾਲਸ ਤਾਹਿ ਨਖਾਲਸ ਜਾਨੈ॥*

ਜਦੋਂ ਘਟ ਦੇ ਅੰਦਰੋਂ ਹਨ੍ਹੇਰਾ ਦੂਰ ਹੋ ਗਿਆ, ਸਾਰੇ ਇਕ ਵਾਹਿਗੁਰੂ ਦਿਸਣ ਲਗ ਗਿਆ, ਫੇਰ ਕਹਿੰਦੇ ਕੀ ਹੁੰਦਾ ਹੈ, ਮਨੁਖ ਓਹੀ ਜਿਹੜਾ ਮੈਲ ਦਾ ਭਰਿਆ ਹੋਇਆ ਸੀ, ਉਹ ਮਨੁਖ pure ਹੋ ਗਿਆ।

*ਤਬ ਖਾਲਸ ਤਾਹਿ ਨਖਾਲਸ ਜਾਨੈ॥*

ਨਖਾਲਸਾਂ ਦੇ ਵਿਚੋਂ ਉਹ ਖਾਲਸ ਹੋ ਜਾਂਦਾ ਹੈ, pure man ਹੋ ਜਾਂਦਾ ਹੈ। ਫੇਰ ਉਹਦੀ ਨਿਸ਼ਾਨੀ ਕੀ ਹੈ -

*ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ॥*
*ਪ੍ਰਭ ਮਹਿ, ਮੋ ਮਹਿ, ਤਾਸ ਮਹਿ,*
*ਰੰਚਕ ਨਾਹਨ ਭੇਵ॥*

ਜਿਹਨੇ ਸਾਰੇ ਪਰੀਪੂਰਨ ਆਤਮਾ ਤਕ ਲਈ, ਨਿਹਚਾ ਹੋ ਗਿਆ ਜਿਹਦਾ ਕਿ ਵਾਹਿਗੁਰੂ ਸਾਰੇ ਪਰੀਪੂਰਨ ਆਤਮਾ ਹੈ ਤੇ ਉਹਦਾ ਰਸ ਕੀਹਨੂੰ ਆ ਗਿਆ? ਇਕ ਤਾਂ intellectually ਆ ਗਿਆ, ਅਕਲ ਨਾਲ ਸਿੱਖ ਲਿਆ, ਇਕ ਹੁੰਦਾ ਹੈ ਰਸ ਆ ਜਾਂਦਾ ਹੈ। ਕਹਿੰਦੇ ਉਹ ਖਾਲਸਾ ਹੁੰਦਾ ਹੈ।

ਕਿੱਡਾ ਵੱਡਾ ਹੋ ਗਿਆ ਉਹ, ਕਹਿੰਦੇ ਨਾ ਮੇਰੇ ਵਿਚ, ਨਾ ਵਾਹਿਗੁਰੂ ਵਿਚ, ਨਾ ਉਹਦੇ ਵਿਚ, ਕੋਈ ਭੇਦ ਨਹੀਂ ਹੈ। ਸੋ ਐਸਾ ਗੁਰੂ ਮਹਾਰਾਜ ਨੇ ਆ ਕੇ ਉਪਦੇਸ਼ ਦਿਤਾ। ਐਸਾ ਧਰਮ ਦੇ ਵਿਚ ਉਨ੍ਹਾਂ ਨੇ ਇਨਕਲਾਬ ਲਿਆਂਦਾ, ਕਿ ਉਨ੍ਹਾਂ ਦਾ ਸਾਰੇ ਬੋਲਬਾਲਾ ਹੋ ਗਿਆ, ਸਾਰੇ ਮੰਨਦੇ ਨੇ ਉਨ੍ਹਾਂ ਨੂੰ। ਮਨੁਖ ਦੇ ਬਾਰੇ ਉਨ੍ਹਾਂ ਨੇ ਵਿਸ਼ਲੇਸ਼ਣ ਕੀਤਾ ਹੈ ਕਿ ਮਨੁੱਖ ਦੀ ਕੋਈ ਜਾਤ ਨਹੀਂ ਹੋਇਆ ਕਰਦੀ। ਕੋਈ ਜਾਤ ਨਹੀਂ ਹੈ ਮਨੁੱਖ ਦੀ, ਇਹ ਸਾਰੇ ਮਨੁੱਖ ਚਾਹੇ ਇਸਲਾਮ ਦੇ ਵਿਚ ਰਹਿਣ ਵਾਲਾ ਹੈ, ਚਾਹੇ ਹਿੰਦੂ ਹੈ, ਚਾਹੇ ਬੋਧੀ ਹੈ, ਚਾਹੇ ਕੋਈ ਵੀ ਹੈ ਜਾਤ ਇਕੋ ਹੀ ਹੈ,

*ਮਾਨਸ ਕੀ ਜਾਤ ਸਭੈ ਏਕੋ ਪਹਿਚਾਨਬੋ॥*

ਸੋ ਐਸੇ ਉਪਦੇਸ਼ ਮਹਾਰਾਜ ਜੀ ਨੇ ਸਾਨੂੰ ਸੰਸਾਰ 'ਤੇ ਦਿਤੇ -

*ਧਾਰਨਾ - ਸੁਣ ਗੁਰੂ ਪਿਆਰੇ,*
*ਸੱਚਾ ਅਮਰ ਗੋਬਿੰਦ ਕਾ।*
*ਸੱਚਾ ਅਮਰ ਗੋਬਿੰਦ ਕਾ ਸੁਣ ਗੁਰੂ ਪਿਆਰੇ।*
*ਸਤਿ ਸੰਗਤਿ ਮੇਲਾਪ ਕਰਿ ਪੰਚ ਦੂਤ ਸੰਘਾਰੇ।*
*ਵਿਚਿ ਸੰਗਤਿ ਢੋਈ ਨਾ ਲਹਿਨਿ ਜੋ ਖਸਮੁ ਵਿਸਾਰੇ।*
*ਗੁਰਮੁਖ ਮੱਥੇ ਉਜਲੇ ਸੱਚੇ ਦਰਬਾਰੇ।*
*ਹਰਿ ਗੁਰੁ ਗੋਬਿੰਦ ਧਿਆਈਐ ਸਦ ਅੰਮ੍ਰਿਤ ਵੇਲਾ।*
*ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ।*
*ਭਾਈ ਗੁਰਦਾਸ ਜੀ, ਵਾਰ ੪੧/੨*

ਕਹਿੰਦੇ ਪਿਆਰੀ ਸਾਧਸੰਗਤ! ਸੁਣੋ ਗੁਰੂ ਦਾ ਅਮਰ । ਕੀ ਕੀਤਾ ਉਨ੍ਹਾਂ ਨੇ, ਕਹਿੰਦੇ -

*ਸਤਿ ਸੰਗਤਿ ਮੇਲਾਪ ਕਰਿ ਪੰਚ ਦੂਤ ਸੰਘਾਰੇ।*

ਸਤਿਸੰਗਤ ਕਹਿੰਦੇ ਨੇ -

*ਸਤਸੰਗਤਿ ਕੈਸੀ ਜਾਣੀਐ ॥*
*ਜਿਥੈ ਏਕੋ ਨਾਮੁ ਵਖਾਣੀਐ ॥ ਅੰਗ - ੭੨*

ਜਿਥੇ ਨਾਮ ਜਪਣ ਵਾਲੇ, ਨਾਮ ਦੀ ਵਿਆਖਿਆ ਕਰਨ ਵਾਲੇ, ਨਾਮ ਦੇ ਰਸੀਏ ਬੈਠਦੇ ਸੀ, ਕਹਿੰਦੇ ਉਨ੍ਹਾਂ ਦਾ ਮਿਲਾਪ ਕਰਕੇ ਪੰਚ ਦੂਤ ਸੰਘਾਰ ਦਿਤੇ। ਪੰਜਾਂ ਦੂਤਾਂ ਨੇ ਸਾਰੇ ਸੰਸਾਰ ਨੂੰ ਲੁਟਿਆ ਹੋਇਆ ਹੈ। ਅੰਦਰੋਂ ਇਹ ਦੂਤ ਮਾਰ ਦਿਤੇ।

*ਵਿਚਿ ਸੰਗਤਿ ਢੋਈ ਨਾ ਲਹਿਨਿ*
*ਜੋ ਖਸਮੁ ਵਿਸਾਰੇ।*

ਜਿਹੜੇ ਖਸਮ ਨੇ ਵਿਸਾਰ ਦਿਤੇ ਸੰਗਤ ਵਿਚ ਉਨ੍ਹਾਂ ਦਾ ਪਾਖੰਡ ਨਹੀਂ ਚਲਦਾ। ਨਾ ਮਸੰਦਾਂ ਦਾ ਚਲਦਾ ਹੈ, ਨਾ ਕਿਸੇ ਹੋਰ ਦਾ ਚਲਦਾ ਹੈ। ਭੇਖ ਦਾ ਨਹੀਂ ਚਲਦਾ, ਰਸਮਾਂ ਦਾ ਨਹੀਂ ਚਲਦਾ। ਕਿਉਂਕਿ ਉਹ ਰਲਦੇ ਨਹੀਂ ਖਸਮ ਨੇ ਵਿਸਾਰੇ ਹੋਏ ਨੇ।

*ਗੁਰਮੁਖ ਮੱਥੇ ਉਜਲੇ ਸੱਚੇ ਦਰਬਾਰੇ।*
*ਹਰਿ ਗੁਰੁ ਗੋਬਿੰਦ ਧਿਆਈਐ*
*ਸਦ ਅੰਮ੍ਰਿਤ ਵੇਲਾ।*
*ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ।*

ਆਪ ਹੀ ਗੁਰੂ ਤੇ ਆਪ ਹੀ ਚੇਲਾ। ਪਹਿਲਾਂ ਅੰਮ੍ਰਿਤ ਛਕਾਇਆ ਤੇ ਫੇਰ ਉਨ੍ਹਾਂ ਤੋਂ ਆਪ ਛਕਿਆ। ਸੋ ਆਪ ਦੇ ਜੋ ਬਚਪਨ ਦੇ ਕੌਤਕ ਨੇ, ਬੜੇ ਵਚਿੱਤਰ ਨੇ, ਖਿੱਚ ਪਾਉਣ ਵਾਲੇ ਨੇ, ਜਿਸ ਵਕਤ ਆਪ ਦਾ ਪ੍ਰਕਾਸ਼ ਹੋਇਆ, ਉਸ ਵੇਲੇ ਅੰਮ੍ਰਿਤ ਵੇਲੇ ਦੀ ਨਮਾਜ਼ ਜਿਹਨੂੰ ਫਜ਼ਰ ਦੀ ਨਮਾਜ਼ ਕਹਿੰਦੇ ਨੇ, ਇਥੇ ਘੜਾਮ ਦੇ ਵਿਚ ਇਕ ਸਮਰੱਥ ਪੁਰਸ਼ ਰਹਿੰਦਾ ਸੀ ਤੇ ਜੇ ਆਪਾਂ ਇਨਸਾਫ ਨਾਲ ਗੱਲ ਕਰੀਏ ਨਾ ਤਾਂ ਤੁਸੀਂ ਹੈਰਾਨ ਹੋ ਜਾਵੋਂਗੇ ਕਿ ਓਸ ਸੂਫੀ ਪੀਰ ਨੂੰ ਪ੍ਰਕਾਸ਼ ਹੋਇਆ, ਸਿਜਦਾ ਕਰ ਰਿਹਾ ਸੀ, ਪੱਛਮ ਨੂੰ। ਲੇਕਿਨ ਹੈਰਾਨ ਹੁੰਦਾ ਹੈ ਕਿ ਇਹ ਪ੍ਰਕਾਸ਼ ਕਿਸ ਥਾਂ ਤੋਂ ਆ ਰਿਹਾ ਹੈ? ਉਸ ਵੇਲੇ ਰੁਖ ਬਦਲ ਲਿਆ। ਪੱਛਮ ਵਲ ਪਿੱਠ ਕਰ ਲਈ, ਪੂਰਬ ਵਲ ਮੂੰਹ ਕਰ ਲਿਆ, ਸਾਰੇ ਮੁਰੀਦ ਹੈਰਾਨ ਹੋ ਰਹੇ ਨੇ ਕਿ ਅੱਜ ਮੁਰਸ਼ਦ ਕੀ ਕਰਨ ਲੱਗ ਗਏ ਸਾਡੇ, ਬਈ ਪੱਛਮ ਨੂੰ ਨਮਾਜ਼ ਪੜ੍ਹੀ ਜਾਂਦੀ ਹੈ, ਤੇ ਇਹਨੇ ਪੱਛਮ ਦੀ ਥਾਂ ਦੇ ਉਤੇ ਪੂਰਬ ਨੂੰ ਮੂੰਹ ਕਰ ਲਿਆ। ਇਹ ਤਾਂ ਉਲਟ ਹੋ ਗਿਆ, ਓਧਰ ਤਾਂ ਪਿੱਠ ਹੋ ਗਈ। ਸ਼ੰਕਾ ਮਨ ਵਿਚ ਆ ਗਿਆ। ਓਸ ਵੇਲੇ ਉਹ ਨਮਾਜ਼ ਪੜ੍ਹਦਾ ਬਜ਼ਦ 'ਚ ਆ ਗਿਆ। ਨਾਪਣ ਲਗ ਗਿਆ ਅਸਮਾਨ ਨੂੰ, ਧਰਤੀ ਨੂੰ ਕਿ ਆਹ ਪ੍ਰਕਾਸ਼ ਕਿਥੋਂ ਆ ਰਿਹਾ ਹੈ। ਦੇਖਣ ਲਗ ਗਿਆ, ਬਿਬਾਨ ਤੁਰਿਆ ਆ

ਰਿਹਾ ਹੈ, ਪ੍ਰਕਾਸ਼ ਹੀ ਪ੍ਰਕਾਸ਼ ਹੈ ਸਾਰੇ, ਸਾਰੀ ਸ੍ਰਿਸ਼ਟੀ ਦੇ ਵਿਚ ਪ੍ਰਕਾਸ਼ ਹੋ ਗਿਆ, ਬੰਦਗੀ ਕਰਨ ਵਾਲਿਆਂ ਨੂੰ ਪਤਾ ਲਗ ਜਾਂਦਾ ਹੈ ਕਿ ਅੱਜ ਇਸ ਇਲਾਕੇ ਦੇ ਵਿਚ ਕੋਈ ਜੋਤ ਵਾਲਾ ਪੁਰਸ਼ ਪਹੁੰਚਿਆ ਹੈ। ਇਹ ਵੀ ਪਤਾ ਲਗ ਜਾਂਦਾ ਹੈ ਕਿ ਅੱਜ ਕੋਈ ਦੁਸ਼ਟ ਆਤਮਾ ਇਥੇ ਆਈ ਹੋਈ ਹੈ, ਨਾਮ ਜਪਣ ਵੇਲੇ ਸਾਰੀ ਚੀਜ਼ ਦੀ ਸੋਝੀ ਹੋ ਜਾਂਦੀ ਹੈ। ਉਸ ਵੇਲੇ ਬੇਅੰਤ ਸੰਤ ਸੀਗੇ, ਵੱਡੇ-ਵੱਡੇ ਸਾਧੂ ਸੀਗੇ, ਵੱਡੇ-ਵੱਡੇ ਯੋਗੀ ਸੀ, ਲੇਕਿਨ ਕੋਈ ਵੀ ਨਾ ਦੇਖ ਸਕਿਆ। ਦੇਖਿਆ ਕੀਹਨੇ ਭੀਖਣਸ਼ਾਹ ਨੇ ਦੇਖਿਆ, ਪੀਰ ਨੇ ਦੇਖਿਆ ਕਿ ਕੋਈ ਨੂਰ ਅੱਲਾਹ ਦਾ ਉਤਰ ਰਿਹਾ ਹੈ। ਐਡਾ ਪ੍ਰਕਾਸ਼ ਜਿਹੜਾ ਅੱਜ ਤਕ ਨਹੀਂ ਦੇਖਿਆ। ਉਹਨੇ ਨਮਾਜ਼ ਓਧਰ ਪੜ੍ਹੀ ਮੂੰਹ ਕਰਕੇ, ਤੇ ਸਿਜਦਾ ਕਰ ਦਿਤਾ। ਹੈਰਾਨ ਹੋ ਗਏ ਮੁਰੀਦ ਕਿ ਇਹ ਪੀਰ ਜੀ ਨੇ ਅੱਜ ਕੀ ਕਰਿਆ। ਜਦੋਂ ਨਮਾਜ਼ ਪੜ੍ਹ ਹਟੇ, ਕਹਿਣ ਲੱਗੇ ਪੀਰ ਜੀ! ਅੱਜ ਤੁਸੀਂ ਕੁਫਰ ਦੀ ਬਾਤ ਕਰੀ ਹੈ। ਸ਼ਰ੍ਹਾ ਦੇ ਉਲਟ ਗੱਲ ਕਰੀ ਹੈ। ਸਾਡੇ ਮਨਾਂ 'ਚ ਸ਼ੰਕੇ ਪੈ ਗਏ ਨੇ, ਆਪ ਸਮਰੱਥ ਪੁਰਸ਼ ਹੋ, ਆਪ ਕ੍ਰਿਪਾ ਕਰਕੇ ਸਾਡਾ ਸ਼ੰਕਾ ਨਵਿਰਤ ਕਰੋ। ਮੁਰੀਦਾਂ ਨੂੰ ਕਹਿਣ ਲੱਗੇ ਕਿ ਅੱਜ ਮੈਂ ਦੂਰੀ ਨਾਪ ਲਈ ਹੈ ਇਥੋਂ, ਸੇਧ ਲੈ ਲਈ ਹੈ ਪੂਰੀ, ਤੇ ਮੇਰੀ ਸੇਧ ਵਿਚ ਗਲਤੀ ਨਹੀਂ ਕੋਈ ਵੀ ਹੋਣੀ ਤੇ ਓਸ ਥਾਂ ਦੇ ਉਤੇ ਅੱਲਾਹ ਦਾ ਨੂਰ, ਵਾਹਿਗੁਰੂ ਦੀ ਜੋਤ ਪ੍ਰਗਟ ਹੋਈ ਹੈ ਅੱਜ, ਤੇ ਮੈਂ ਜਿਸਨੂੰ ਚਾਹੁੰਦਾ ਸੀ ਉਹ ਅੱਜ ਇਥੇ ਆ ਗਿਆ ਧਰਤੀ ਦੇ ਉਤੇ, ਇਸ ਕਰਕੇ ਮੈਂ ਉਹਨੂੰ ਪਛਾਣ ਕੇ ਸਿਜਦਾ ਕਰਿਆ ਸੀ, ਲੇਕਿਨ ਸਾਰਿਆਂ ਦੇ ਨਿਹਚੇ ਤਾਂ ਪੱਕੇ ਨਹੀਂ ਹੁੰਦੇ, ਉਸ ਵੇਲੇ ਉਹ ਕਹਿਣ ਲੱਗਿਆ ਕਿ ਆਪਾਂ ਛੇਤੀ ਚੱਲੀਏ। ਉਸ ਜੋਤ ਦਾ ਦਰਸ਼ਨ ਕਰੀਏ। ਤਾਂ ਉਸ ਵੇਲੇ ਸਨੇ-ਸਨੇ ਜੋ ਸੇਧ ਲਾਈ ਸੀ ਉਹਦੇ ਉਤੇ ਤੁਰਦਾ ਰਿਹਾ, ਬੜਾ ਕਾਮਲ ਫਕੀਰ ਸੀ ਜਿਹਨੇ ਬਗੈਰ ਨਕਸ਼ੇ ਤੋਂ, ਬਗੈਰ ਜਾਣੇ ਤੋਂ ਸਫਰ ਆਰੰਭ ਦਿਤਾ ਤੇ ਪਤਾ ਹੈ ਉਹਨੂੰ ਕਿ ਇਥੇ ਹੈ ਜੋਤ। ਜੋਤ ਧਿਆਨ ਵਿਚ ਹੈ। ਚਲਦਾ-ਚਲਦਾ ਬਿਹਾਰ ਵਿਚ ਪਹੁੰਚਿਆ, ਕਈ ਮਹੀਨੇ ਲਗ ਗਏ ਉਹਨੂੰ ਚਲਦੇ ਨੂੰ। ਉਥੇ ਜਾ ਕੇ ਗੁਰੂ ਮਹਾਰਾਜ ਜੀ ਦਾ ਜਿਥੇ ਨਿਵਾਸ ਸੀ, ਗੁਰੂ ਨੌਵੇਂ ਪਾਤਸ਼ਾਹ ਤਾਂ ਆਸਾਮ ਵਲ ਗਏ ਹੋਏ ਸੀ ਤੇ ਇਹ ਪਟਨੇ ਓਸ ਘਰ ਦੇ ਅੱਗੇ ਪਹੁੰਚ ਗਿਆ, ਕਹਿਣ ਲੱਗਿਆ ਇਥੇ ਹੈ ਜੋਤੀ, ਇਸ ਘਰ ਵਿਚ ਹੈ ਜੋਤੀ। ਹੁਣ ਦੇਖੋ ਕਹਿੰਦਾ ਪ੍ਰਕਾਸ਼ ਹੀ ਪ੍ਰਕਾਸ਼ ਹੈ। ਮੈਂ ਸੈਂਟਰ ਲੱਭ ਲਿਆ ਜੋਤੀ ਦਾ। ਜਾ ਕੇ ਬੇਨਤੀ ਕਰੀ ਕਿ ਅੱਲਾਹ ਦੇ ਨੂਰ ਦਾ ਦਰਸ਼ਨ ਕਰਨ ਆਇਆ ਹਾਂ। ਮਾਤਾ ਜੀ ਨੇ ਸੁਣਿਆ, ਮਾਤਾ ਗੁਜਰੀ ਜੀ ਨੇ ਸੁਣਿਆ, ਓਸ ਵੇਲੇ ਆਪ ਨੇ ਸੁਣਿਆ, ਮਾਤਾ ਨਾਨਕੀ ਜੀ ਨੇ ਸੁਣਿਆ, ਕਹਿਣ ਲੱਗੇ ਕਿ ਕੋਈ ਸੂਫੀ ਪੀਰ ਆਇਆ ਹੈ। ਮਾਮਾ ਕ੍ਰਿਪਾਲ ਜੀ ਨਾਲ ਸਲਾਹ ਕਰੀ, ਕਿ ਹੁਣ ਕੀ ਕਰਿਆ ਜਾਵੇ, ਉਹ ਪੀਰ ਆਇਆ ਹੈ ਪੰਜਾਬ ਤੋਂ, ਤੇ ਥਹੁ ਟਿਕਾਣੇ ਦਾ ਪਤਾ ਲਗ ਗਿਆ, ਸਾਹਿਬਜ਼ਾਦੇ ਨੂੰ ਆਪਾਂ ਛੁਪਾ ਕੇ ਰਖਦੇ ਸੀ, ਇਹਨੇ ਪ੍ਰਗਟ ਕਰ ਦੇਣਾ ਹੈ, ਰਾਜ ਬੜਾ ਮਾੜਾ ਚਲ ਰਿਹਾ ਹੈ, ਬਈ ਹੁਣ ਕੀ ਕਰਿਆ ਜਾਵੇ। ਕਹਿੰਦੇ ਕੋਈ ਚੇਟਕੀ ਨਾ ਹੋਵੇ, ਕੋਈ ਜਾਦੂ ਟੂਣਾ ਨਾ ਕਰ ਜਾਵੇ, ਉਹਨੂੰ ਕਹਿ ਦਿਤਾ ਪੀਰ ਜੀ, ਹਾਲੇ ਦਰਸ਼ਨ ਨਹੀਂ ਕਰਾਉਣੇ, ਤਿੰਨ ਮਹੀਨੇ ਦੇ ਹੋਏ ਨੇ ਅਜੇ। ਉਹਨੇ ਕਿਹਾ ਕਿ ਦਰਸ਼ਨ ਤੋਂ ਬਗੈਰ ਤਾਂ ਮੈਂ ਵੀ ਨਹੀਂ ਜਾਂਦਾ। ਉਥੇ ਹੀ ਭੁੱਖ ਹੜਤਾਲ ਕਰਕੇ ਮੁਰੀਦਾਂ ਸਣੇ ਦਰਵਾਜ਼ੇ ਦੇ ਅੱਗੇ ਡੇਰਾ ਲਾ ਲਿਆ, ਕਹਿਣ ਲੱਗਿਆ ਕਿ ਮੈਨੂੰ ਜੋਤ ਨਜ਼ਰ ਆ ਰਹੀ ਹੈ ਤੇ ਮੈਂ ਐਡੀ ਦੂਰੋਂ ਆਇਆ ਹਾਂ, ਐਨਾ ਪੰਧ ਕਰਕੇ, ਦੋ-ਢਾਈ ਮਹੀਨੇ ਤਾਂ ਮੈਨੂੰ ਚਲਦੇ-ਚਲਦੇ ਨੂੰ ਲਗ ਗਏ ਨੇ, ਮੈਂ ਨਿਰਾਸ਼ ਵਾਪਸ ਨਹੀਂ ਜਾਣਾ, ਮੈਂ ਅੱਲਾਹ ਦੇ ਦਰਸ਼ਨ ਕਰਕੇ ਜਾਣਾ ਹੈ। ਇਕ ਦਿਨ ਲੰਘ ਗਿਆ, ਸਮਝਾਉਂਦੇ ਨੇ ਪੀਰ ਨੂੰ, ਜਾਓ ਤੁਸੀਂ ਇਨ੍ਹਾਂ ਨੇ ਨਹੀਂ ਦਰਸ਼ਨ ਕਰਾਉਣੇ। ਕਹਿੰਦਾ ਮੈਂ ਜਾਣਾ ਹੀ ਨਹੀਂ ਅੰਨ ਪਾਣੀ ਛੱਡ ਕੇ ਬਹਿ ਗਿਆ। ਜਦੋਂ ਦੋ ਦਿਨ ਲੰਘ ਗਏ ਤੀਸਰਾ ਦਿਨ ਆਇਆ, ਤੇ ਫੇਰ ਸਲਾਹ ਕੀਤੀ ਗਈ ਕਿ ਹੋ ਸਕਦਾ ਹੈ ਕਿ ਇਹ ਸੱਚਾ ਹੋਵੇ, ਕੋਈ ਸਰਾਪ ਨਾ ਦੇ ਜਾਵੇ ਜਾਂਦਾ-ਜਾਂਦਾ ਤੇ ਕਿਉਂ ਨਾ ਦਰਸ਼ਨ ਕਰਾ ਦੇਈਏ, ਉਸ ਵੇਲੇ ਮਾਤਾ ਗੁਜਰੀ ਜੀ ਗੁਰੂ ਦਸ਼ਮੇਸ਼ ਪਿਤਾ ਨੂੰ ਬਾਹਾਂ 'ਚ ਪਾ ਕੇ ਲਈ ਆ ਰਹੇ ਨੇ। ਅੱਗੇ ਸੋਨੇ ਤੇ ਚਾਂਦੀ ਦੇ ਪਾਵਿਆਂ ਵਾਲਾ ਪਲੰਘ ਡਹਿਆ ਹੋਇਆ ਹੈ, ਫੁੱਲਾਂ ਦੀ ਸੇਜ ਵਿਛੀ ਹੋਈ ਹੈ, ਉਤੇ ਚਾਨਣੀ ਲੱਗੀ ਹੋਈ ਹੈ, ਬਹੁਤ ਹੀ ਸੁੰਦਰ ਵਸਤਰ ਉਸ ਥਾਂ ਦੇ ਉਤੇ ਵਿਛਾਏ ਹੋਏ ਨੇ, ਹੇਠਾਂ ਗਲੀਚੇ ਵਿਛਾਏ ਹੋਏ ਨੇ, ਮਾਮਾ ਕ੍ਰਿਪਾਲ ਜੀ ਤੇ ਮਾਤਾ ਜੀ ਹੌਲੀ-ਹੌਲੀ ਗੁਰੂ ਮਹਾਰਾਜ ਨੂੰ ਬਾਹਾਂ 'ਚ ਪਾਈਂ ਆ ਰਹੇ ਨੇ ਤੇ ਸਾਰਿਆਂ ਨੇ ਦਰਸ਼ਨ ਕਰੇ, ਜਿਸ ਵਕਤ ਮੰਜੇ ਦੇ ਉਤੇ ਬਿਰਾਜਮਾਨ ਕਰ ਦਿਤੇ ਤਾਂ ਨੂਰ ਝੱਲਿਆ ਨਹੀਂ ਜਾਂਦਾ ਕਿਸੇ ਤੋਂ ਵੀ, ਐਨੇ ਸੁੰਦਰ ਨੇ। ਓਹ ਸਿਜਦੇ ਕਰਦਾ ਹੈ ਨੇਤਰਾਂ 'ਚੋਂ ਜਲ ਜਾਂਦਾ ਹੈ। ਅੱਲਾਹ ਤਾਲਾ! ਤੂੰ ਮੇਰੀ ਇਸੇ ਜਨਮ ਦੇ ਵਿਚ ਸੁਣ ਲਈ, ਤੂੰ ਮੈਨੂੰ ਮਨੁੱਖ ਜਾਮੇ ਵਿਚ ਦਰਸ਼ਨ ਦੇ ਦਿਤੇ। ਮੁਰੀਦਾਂ ਨੂੰ ਕਿਹਾ ਦਰਸ਼ਨ ਕਰ ਲਓ, ਇਨ੍ਹਾਂ ਨੂੰ ਮੈਂ ਸਿਜਦਾ ਕਰਿਆ ਸੀ ਓਸ ਦਿਨ, ਇਹ ਨਿਰਾ ਹੀ ਨੂਰ ਦਾ ਬੁੱਤ ਹੈ, ਸਰੀਰ ਤਾਂ ਦੇਖਣ ਵਾਸਤੇ ਲਗਦਾ ਹੈ। ਸਰੀਰ ਨਹੀਂ ਹੈ ਨੂਰ ਹੀ ਨੂਰ ਹੈ। ਇਹ ਦੇਖਣ ਵਾਸਤੇ ਕਿ ਕੀਹਦਾ ਪੱਖ ਕਰਨਗੇ। ਕੀਹਦੇ ਵਲ ਹੋਣਗੇ। ਦੋ ਕੁੱਜੀਆ ਮੰਗਾ ਲਈਆਂ। ਇਕ ਓਧਰਲੇ ਹੱਥ ਕੋਲ ਰੱਖ ਦਿਤੀ, ਇਕ ਦੂਸਰੇ ਕੋਲ ਰੱਖ ਦਿਤੀ। ਰੱਖ ਦਿਤੀਆਂ ਜ਼ਰਾ ਦੂਰ, ਗੁਰੂ ਮਹਾਰਾਜ ਬੜੇ ਮੁਸਕਰਾਏ ਤਿੰਨ ਮਹੀਨੇ ਦੇ, ਇਹਦੇ ਵਲ ਦੇਖਿਆ ਦੇਖ ਕੇ ਬੜੇ ਮੁਸਕਰਾਏ,

ਹੱਸ ਰਹੇ ਨੇ, ਓਸ ਤੋਂ ਬਾਅਦ ਗਰਦਨ ਮਰੋੜ ਲਈ, ਖੱਬੇ ਪਾਸੇ ਵਾਲੀ ਕੁੱਜੀ 'ਤੇ ਹੱਥ ਰੱਖ ਦਿਤਾ, ਸੱਜੇ ਪਾਸੇ ਵਲ ਮਰੋੜੀ ਸੱਜੇ ਪਾਸੇ ਵਾਲੀ 'ਤੇ ਰੱਖ ਦਿਤਾ। ਫੇਰ ਦੋਹਾਂ ਤੋਂ ਹੱਥ ਚੁੱਕ ਕੇ ਆਪ ਫੇਰ ਮੁਸਕਰਾਏ, ਫੇਰ ਦੇਖਿਆ ਪੀਰ ਵਲ, ਪੀਰ ਸਮਝ ਗਿਆ ਜੋ ਗੱਲ ਸੀ, ਸਿਜਦਾ ਕੀਤਾ, ਕਹਿਣ ਲੱਗਿਆ ਮੁਰੀਦਾ ਨੂੰ, ਕਹਿਣ ਲੱਗਿਆ ਮੁਰੀਦੋ! ਕੁਛ ਸਮਝ 'ਚ ਪਿਆ? ਕਹਿੰਦੇ ਮੈਂ ਪਰਲਾ ਬਰਤਨ ਰੱਖਿਆ ਸੀ ਇਸਲਾਮ ਵਾਲਿਆਂ ਦਾ ਉਰਲਾ ਰੱਖਿਆ ਸੀ ਹਿੰਦੂਆਂ ਦਾ। ਜੇ ਤਾਂ ਇਨ੍ਹਾਂ ਨੇ ਦੋਵੇਂ ਹੱਥ ਰੱਖ ਦਿਤੇ, ਹਿੰਦੂਆਂ ਵਾਲੇ ਉਪਰ ਤਾਂ ਇਹ ਹਿੰਦੂਆਂ ਦਾ ਪੱਖ ਕਰਨਗੇ। ਜੇ ਇਸਲਾਮ ਵਾਲਿਆਂ ਦੇ ਉਤੇ ਰੱਖ ਦਿਤੇ ਤਾਂ ਇਸਲਾਮ ਵਾਲਿਆਂ ਦਾ ਕਰਨਗੇ। ਇਹ ਤਾਂ ਸੁਲਾਕੁਲ ਆਏ ਨੇ, ਇਨ੍ਹਾਂ ਨੂੰ ਹਿੰਦੂ ਤੇ ਮੁਸਲਮਾਨ ਬਰਾਬਰ ਹੋਏਗਾ। ਦੋਵੇਂ ਬਰਾਬਰ ਹੋਣਗੇ, ਘੱਟ ਨਹੀਂ ਕੋਈ ਹੋਏਗਾ।

ਜੀਵਨ ਦੇ ਅੰਦਰ ਦੇਖੋ ਤੁਸੀਂ ਵਿਚਾਰ ਕਰਕੇ, ਗਲਤੀ ਇਥੋਂ ਪੈਂਦੀ ਹੈ, ਇਤਿਹਾਸਾਂ 'ਚ ਗਲਤੀਆਂ ਪੈ ਜਾਂਦੀਆਂ ਨੇ। ਲਿਖਣ ਵਾਲੇ ਵਿਚਾਰ ਕਰਕੇ ਨਹੀਂ ਲਿਖਦੇ। ਇੱਕਲੇ-ਇੱਕਲੇ ਵਾਕੇ ਨੂੰ ਜੋੜਦੇ ਨਹੀਂ ਜਿਹੜਾ ਕੁਛ ਮੂਹਰੇ ਆਇਆ ਲਿਖ ਦਿਤਾ। ਸਾਡੇ ਵਿਚ ਇਹ ਪ੍ਰਚਲਤ ਹੋ ਗਿਆ ਕਿ ਮੁਸਲਮਾਨ ਬਹੁਤ ਮਾੜਾ ਹੈ ਤੇ ਸਾਡਾ ਉਹ ਮਿੱਤਰ ਨਹੀਂ ਹੈ, ਸਾਡਾ ਕੁਛ ਨਹੀਂ ਲਗਦਾ। ਅਸੀਂ ਭੁੱਲ ਜਾਂਦੇ ਹਾਂ, ਗੁਰੂ ਨਾਨਕ ਨੇ ਕੀਹਦੇ ਨਾਲ ਸਾਰੀ ਜ਼ਿੰਦਗੀ ਸਫਰ ਕਰਿਆਂ, ਕੌਣ ਸੀਗਾ ਜਿਹਨੂੰ ਕਹਿੰਦੇ ਸੀ ਮਰਦਾਨਿਆਂ! ਧੁਰ ਕੀ ਬਾਣੀ ਆ ਰਹੀ ਹੈ ਰਬਾਬ ਸੁਰ ਕਰ। ਕੌਣ ਸੀ ਉਹ? ਜਿਹੜੇ ਬਹੁਤੇ ਕੱਟੜ ਨੇ ਉਹ ਇਹ ਕਹਿੰਦੇ ਹੋਣੇ ਕਿ ਗੁਰੂ ਨਾਨਕ ਸਾਹਿਬ ਆਪੇ ਹੀ ਖੂਹ ਤੇ ਜਾ ਕੇ ਪਾਣੀ ਪੀਂਦੇ ਹੋਣੇ ਨੇ, ਜਾਂ ਭਾਈ ਬਾਲਾ ਲਿਆ ਦਿੰਦਾ ਹੋਣਾ ਹੈ। ਇਹ ਗੱਲਾਂ ਸੋਚਣੀਆਂ ਗਲਤ ਨੇ। ਜਦੋਂ ਮਹਾਰਾਜ ਇਹ ਕਹਿੰਦੇ ਨੇ ਕਿ-

***ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ।***

ਇਹ ਕੋਈ ਐਵੇਂ ਤਾਂ ਨਹੀਂ, ਕਵਿਤਾ ਤਾਂ ਨਹੀਂ ਬਣਾ ਰਹੇ ਨੇ ਕਿ ਮਨੁੱਖ, ਮਨੁੱਖ ਹੀ ਹੁੰਦਾ ਹੈ। ਉਹਦੇ ਹੱਥ ਦੀ ਕੋਈ ਭਿੱਟ ਨਹੀਂ ਹੁੰਦੀ। ਮਨੁੱਖ ਮਨੁੱਖ ਹੀ ਹੈ, ਮਨੁੱਖ ਨੂੰ ਮਨੁੱਖ ਵਰਗਾ ਪਿਆਰ ਕਰੋ, ਨੇੜੇ ਰੱਖੋ, ਸਾਰਿਆਂ ਨੂੰ ਪਿਆਰ ਕਰੋ, ਕਿਸੇ ਦੇ ਨਾਲ ਨਫਰਤ ਨਾ ਕਰੋ। ਫੇਰ ਹੁਣ ਹਾਲਾਤ ਦੇਖੋ।

ਗੁਰੂ ਮਹਾਰਾਜ ਪਾਉਂਟੇ ਸਾਹਿਬ ਆ ਜਾਂਦੇ ਨੇ, ਪਾਉਂਟੇ ਸਾਹਿਬ ਪਠਾਣ ਨੌਕਰ ਰੱਖ ਲਏ, ਤੇ ਬਾਈ ਧਾਰ ਦੇ ਰਾਜਿਆਂ ਨੇ ਫਤਹਿ ਚੰਦ ਦੇ ਘਰ ਵਿਆਹੁਣ ਆਉਣਾ ਹੈ, ਭੀਮ ਚੰਦ ਦੇ ਲੜਕੇ ਨੂੰ ਲੈ ਕੇ ਬਰਾਤ ਦੇ ਰੂਪ ਦੇ ਅੰਦਰ, ਤੇ 500 ਪਠਾਣ ਜਿਹੜਾ ਹੈ ਉਹ ਔਰੰਗਜ਼ੇਬ ਨੇ ਕੱਢੇ ਸੀ, ਮਹਾਰਾਜ ਜੀ ਨੇ ਬੁੱਧੂਸ਼ਾਹ ਦੇ ਕਹਿਣ ਦੇ ਉਤੇ, ਆਪਣੇ ਉਥੇ ਥਾਂ ਦੇ ਦਿਤਾ ਤੇ ਨੌਕਰ ਰੱਖ ਲਏ। ਉਹ ਬੇਈਮਾਨ ਹੋ ਗਏ। ਉਹ ਚਲੇ ਗਏ, ਲੇਕਿਨ ਕਾਲੇ ਖਾਂ ਸੌ ਬੰਦੇ ਨੂੰ ਨਾਲ ਲੈ ਕੇ ਗੁਰੂ ਮਹਾਰਾਜ ਕੋਲ ਰਿਹਾ। ਮਹਾਰਾਜ ਕਹਿੰਦੇ, ਕਾਲੇ ਖਾਂ ਤੂੰ ਵੀ ਜਾਹ, ਤੂੰ ਕਾਹਨੂੰ ਰਹਿ ਗਿਆ, ਤੂੰ ਸਾਥੀਆ ਨਾਲ ਜਾਹ। ਕਹਿੰਦਾ ਮਹਾਰਾਜ! ਉਨ੍ਹਾਂ ਨੇ ਈਮਾਨ ਵੇਚ ਦਿਤਾ, ਮੈਂ ਈਮਾਨ ਵਾਲਾ ਬੰਦਾ ਹਾਂ। ਮੈਂ ਤੇਰਾ ਨਮਕ ਖਾਧਾ ਹੈ, ਮੈਂ ਕਿੱਥੇ ਜਾਵਾਂ? ਮੈਂ ਤਾਂ ਆਪਣੀ ਜਾਨ ਇਥੇ ਦੇਵਾਂਗਾ ਤੇ ਜਿਸ ਵਕਤ ਬੁੱਧੂਸ਼ਾਹ ਨੂੰ ਪਤਾ ਲਗਦਾ ਹੈ ਕਿ ਗੁਰੂ ਮਹਾਰਾਜ ਦੇ ਉਤੇ ਬਾਈਧਾਰ ਦੇ ਰਾਜਿਆਂ ਨੇ ਮਿਲਵੀ ਫੌਜ ਦਾ ਹੱਲਾ ਕਰ ਦਿਤਾ, ਉਸ ਵੇਲੇ ਸੱਤ ਸੌ ਮੁਰੀਦ ਲੈ ਕੇ ਪਹੁੰਚਦਾ ਹੈ। ਕੋਈ ਆਉਂਦਾ ਹੈ ਕਿਸੇ ਦੀ ਮਦਦ ਨੂੰ? ਆਪ ਮੈਦਾਨੇ-ਏ-ਜੰਗ 'ਚ ਆਉਂਦਾ ਹੈ, ਜੰਗ ਸ਼ੁਰੂ ਹੋ ਚੁਕਿਆ ਹੈ। ਦੋ ਪੁੱਤਰ ਤੇ ਦੋ ਆਪਣੇ ਭਰਾ ਰਿਸ਼ਤੇਦਾਰ ਓਸ ਜੰਗ ਦੇ ਵਿਚ ਸ਼ਹੀਦ ਕਰਾ ਦਿਤੇ। ਸਾਮ੍ਹਣੇ ਅੱਖਾਂ ਦੇ ਪਹਿਲਾਂ ਵੱਡਾ ਪੁੱਤਰ ਸ਼ਹੀਦ ਹੋਇਆ, ਫੇਰ ਉਸ ਤੋਂ ਵੱਡਾ ਹੋਇਆ। ਇਕ ਨੇ ਵੀ ਪੈਰ ਪਿੱਛੇ ਨਹੀਂ ਪਾਇਆ। ਜੰਗ ਜਿੱਤਿਆ ਗਿਆ। ਹੁਣ ਇਕ ਪਾਸੇ ਤਾਂ ਤੁਸੀਂ ਲੈ ਲਓ ਹਿੰਦੂ ਰਾਜੇ, ਉਹ ਰਾਜੇ ਜਿਨ੍ਹਾਂ ਨੂੰ ਮਹਾਰਾਜ ਜੀ ਨੇ ਤਿੰਨ ਲੱਖ ਦਾ ਓਸ ਸਮੇਂ ਦਾ ਜਦੋਂ ਇੱਕ ਰੁਪਏ ਦੇ ਨੌ ਮਣ ਕੱਚੇ ਛੋਲੇ ਆਉਂਦੇ ਸੀ, ਓਸ ਵੇਲੇ ਦਾ ਜਿਹੜਾ gift ਭੇਜਿਆ, ਲੜਕੀ ਦੀ ਸ਼ਾਦੀ 'ਤੇ, ਉਹਦਾ ਮੁੱਲ ਤਿੰਨ ਲੱਖ ਲਿਖਿਆ ਹੋਇਆ ਹੈ ਇਤਿਹਾਸ 'ਚ; ਹੁਣ ਦਾ ਤਿੰਨ ਕਰੋੜ ਸਮਝ ਲਓ। ਦੋ ਸੌ ਬੰਦਾ ਲੈ ਕੇ ਗਿਆ ਸੀ ਉਸਨੂੰ। ਉਨ੍ਹਾਂ ਦੇ ਐਨਾ ਕੁਛ ਦੇਣ ਦੇ ਬਾਵਜੂਦ ਵੀ ਉਹਦੀ ਫੌਜ ਗੁਰੂ ਦਸਵੇਂ ਪਾਤਸ਼ਾਹ ਦੇ ਖਿਲਾਫ ਚੜ੍ਹੀ, ਨਾਲ ਨਹੀਂ ਰਹੀ। ਹੁਣ ਤੁਸੀਂ ਦੇਖੋ ਮਿਤਰ ਕਿਹੜਾ ਸੀ ਤੇ ਗਦਾਰੀ ਕੀਹਨੇ ਕਰੀ। ਐਵੇਂ ਹੀ ਸੁਣ ਸੁਣਾ ਕੇ ਦੂਜੇ ਦੇ ਖਿਲਾਫ ਖਿਆਲ ਪੈਦਾ ਕਰ ਲੈਣੇ, ਬੜੀ ਮਾੜੀ ਗੱਲ ਹੁੰਦੀ ਹੈ। ਇਤਿਹਾਸ ਨੂੰ ਵਾਚੋ, ਵਾਕਿਆਤ ਨੂੰ ਵਾਚੋ। ਉਸ ਵੇਲੇ ਕਿੰਨਾ ਡਰ ਸੀ। ਰਾਜੇ ਵੀ ਖਿਲਾਫ ਸੀ ਬੁੱਧੂਸ਼ਾਹ ਦੇ, ਖਿਲਾਫ ਹੋਣਾ ਹੀ ਸੀ, ਤੇ ਬਾਅਦ ਵਿਚ ਉਹਨੂੰ ਪਤਾ ਸੀ ਕਿ ਮੈਨੂੰ ਇਕੱਲੇ ਨੂੰ ਦੰਡ ਦੇਣਗੇ, ਲੇਕਿਨ ਪਰਵਾਹ ਨਹੀਂ ਕਰੀ ਓਸਨੇ। ਜਦੋਂ ਬੱਚੇ ਸ਼ਹੀਦ ਹੋ ਗਏ, ਗੁਰੂ ਮਹਾਰਾਜ ਨੇ ਸਾਰੇ ਬੁਲਾਏ ਜੰਗ ਤੋਂ ਬਾਅਦ ਤਾਂ ਬੁੱਧੂਸ਼ਾਹ ਦੇ ਪਾਸ ਗੁਰੂ ਮਹਾਰਾਜ ਨੇ ਅਫਸੋਸ ਪ੍ਰਗਟ ਕੀਤਾ ਕਿ ਬੁੱਧੂਸ਼ਾਹ ਤੇਰੇ ਲਖਤ-ਏ-ਜਿਗਰ ਤੇਰੀਆਂ ਅੱਖਾਂ ਦੇ ਸਾਮ੍ਹਣੇ ਸ਼ਹੀਦ ਹੋ ਗਏ ਤੇ ਅਸੀਂ ਅਸੀਸ਼ ਦਿੰਦੇ ਹਾਂ। ਕਹਿੰਦਾ ਪਾਤਸ਼ਾਹ ਐਉਂ ਨਾ ਕਹੋ, ਮੈਂ ਤਾਂ ਤੁੱਛ ਭੇਟਾ ਦਿਤੀ ਹੈ ਆਪ ਨੂੰ। ਮੈਂ ਤਾਂ ਆਪਣਾ ਸਰੀਰ ਦੇਣ ਆਇਆ ਸੀ, ਲੇਕਿਨ ਤੁਹਾਨੂੰ ਮੇਰੇ ਪੁਤਰਾਂ ਦਾ ਸਰੀਰ ਪਿਆਰਾ ਸੀ, ਉਨ੍ਹਾਂ ਨੂੰ ਅੱਲਾਹ ਦੀ ਵਾਰੇਗਾਹ ਖਾਸ ਵਿਚ ਭੇਜ ਦਿਤਾ, ਦਰਗਾਹ ਵਿਚ ਭੇਜ ਦਿਤਾ ਤੁਸੀਂ। ਮੈਂ ਰਿਣੀ ਹਾਂ ਤੁਹਾਡਾ। ਤੇ ਨਸੀਰਾਂ

ਦੇ ਦੋ ਭਰਾਵਾਂ ਨੂੰ ਤੁਸੀਂ ਭੇਜ ਦਿਤਾ, ਤੇ ਮੈਂ ਰਿਣੀ ਹਾਂ, ਬਹੁਤ ਅੱਛਾ ਹੁੰਦਾ ਜੇ ਮੈਨੂੰ ਵੀ ਤੁਸੀਂ ਭੇਜ ਦਿੰਦੇ।

ਹੁਣ ਦੇਖੋ! ਕਿੱਡੀ ਅਕੀਦਤ ਹੈ, ਕਿੰਨੀ ਸ਼ਰਧਾ ਹੈ, ਕਿੰਨਾ ਭਰੋਸਾ ਹੈ, ਜੇ ਵੈਰ ਹੁੰਦਾ, ਗੁਰੂ ਦਸ਼ਮੇਸ਼ ਪਿਤਾ ਨੂੰ ਮੁਸਲਮਾਨ ਮਾੜਾ ਸਮਝਦੇ ਹੁੰਦੇ, ਤਾਂ ਸੱਤ ਸੌ ਬੰਦਾ ਕਿਉਂ ਆਉਂਦਾ ਲੜਨ ਵਾਸਤੇ ਲੱਕ ਬੰਨ ਕੇ। ਅਨੁਮਾਨ ਹੈ ਕਿ ਤਿੰਨ ਸੌ ਬੰਦਾ ਉਹਦਾ ਸ਼ਹੀਦ ਹੋ ਗਿਆ ਸੀ।

ਉਸ ਤੋਂ ਬਾਅਦ ਗੁਰੂ ਦਸਵੇਂ ਪਾਤਸ਼ਾਹ ਮਹਾਰਾਜ, ਜਦੋਂ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਦੇ ਨੇ, ਇਕ ਪਾਸੇ ਰਾਜੇ ਨੇ, ਰਾਜਿਆਂ ਦੀ ਆਪਣੀ ਨੀਤੀ ਹੁੰਦੀ ਹੈ, ਜਨਤਾ ਦਾ ਆਪਣਾ ਹਿਸਾਬ ਹੁੰਦਾ ਹੈ। ਰਾਜਿਆਂ ਦੇ ਪਿਛੇ ਜਨਤਾ ਨਾਲ ਵਿਗਾੜ ਲਓ ਤਾਂ ਗੱਲ ਮਾੜੀ ਹੁੰਦੀ ਹੈ ਨਾ। ਓਸ ਵੇਲੇ ਗੁਰੂ ਦਸਵੇਂ ਪਾਤਸ਼ਾਹ ਸਰਸੇ ਤੋਂ ਲੰਘਦੇ ਨੇ। ਲੰਘ ਕੇ ਫੌਜ ਪਿਛੇ ਪਈ ਹੋਈ ਹੈ, ਤੇ ਆਉਂਦੇ ਕਿਥੇ ਨੇ, ਨਿਹੰਗ ਕੋਟਲੇ, ਨਿਹੰਗ ਖਾਨ ਦੇ ਕਿਲੇ ਵਿਚ ਆ ਜਾਂਦੇ ਨੇ। ਪਹਿਲਾਂ ਤਾਂ ਕਿਲੇ ਵਿਚ ਆਉਣਾ, ਹੁਣ ਉਹਨੂੰ ਤਾਂ ਚਾਹੀਦਾ ਸੀ ਦਰਵਾਜ਼ੇ ਬੰਦ ਕਰ ਦਿੰਦਾ। ਗੁਰੂ ਮਹਾਰਾਜ ਨਾਲ ਚਾਲੀ ਸਿੰਘ ਸੀਗੇ ਤੇ ਉਥੇ ਹੀ ਫੜ ਕੇ ਬੜਾ ਹੀ ਭਾਰਾ ਇਨਾਮ ਲੈਂਦਾ। ਲੇਕਿਨ ਉਹਨੇ ਗੁਰੂ ਮਹਾਰਾਜ ਨੂੰ ਇਕ ਕਮਰੇ 'ਚ ਬੰਦ ਕਰ ਦਿਤਾ ਕਿ ਮਹਾਰਾਜ ਤੁਸੀਂ ਇਥੇ ਬਿਰਾਜੋ। ਪਿਛੇ ਹੀ ਫੌਜ ਦਾ ਦਸਤਾ ਆ ਜਾਂਦਾ ਹੈ। ਉਹਨੇ ਤਲਾਸ਼ੀ ਸ਼ੁਰੂ ਕਰ ਦਿਤੀ। ਸਾਰੇ ਕਮਰੇ ਦਿਖਾ ਦਿਤੇ ਨਿਹੰਗਖਾਨ ਨੇ, ਲੇਕਿਨ ਜਿਥੇ ਗੁਰੂ ਮਹਾਰਾਜ ਸੀ, ਜਦ ਉਹ ਕਮਰਾ ਦਿਖਾਉਣ ਨੂੰ ਕਿਹਾ ਤਾਂ ਕਹਿਣ ਲੱਗਿਆ ਇਥੇ ਤਾਂ ਮੇਰੀ ਲੜਕੀ ਤੇ ਦਾਮਾਦ ਨੇ। ਇਹ ਨਹੀਂ ਮੈਂ ਖੋਲ੍ਹ ਸਕਦਾ। ਹੁਣ ਕਿੱਡੀ ਵੱਡੀ ਕੁਰਬਾਨੀ ਸੀ। ਓਸ ਲੜਕੀ ਨੇ ਜਦ ਇਹ ਗੱਲ ਸੁਣੀ ਕਿ ਮੇਰੇ ਪਿਤਾ ਨੇ ਆਹ ਗੱਲ ਕਹਿ ਦਿਤੀ, ਸਾਰੀ ਜ਼ਿੰਦਗੀ ਕੁਆਰੀ ਰਹੀ, ਵਿਆਹ ਹੀ ਨਹੀਂ ਕਰਾਇਆ। ਉਸ ਤੋਂ ਬਾਅਦ ਗੁਰੂ ਮਹਾਰਾਜ ਮਾਛੀਵਾੜੇ ਚਲੇ ਜਾਂਦੇ ਨੇ। ਗੁਲਾਬੇ ਨੂੰ ਕਹਿੰਦੇ ਨੇ, ਗੁਲਾਬਿਆ! ਦਰਵਾਜ਼ਾ ਖੋਲ੍ਹ, ਜਿਹਦੇ ਬਾਗ 'ਚ ਰਹੇ ਸੀ, ਗੁਲਾਬਾ ਕਹਿੰਦਾ ਇਹ ਦਰਵਾਜ਼ਾ ਨਹੀਂ ਖੁਲ੍ਹਦਾ, ਬੰਦ ਹੋਇਆ ਹੋਇਆ ਹੈ, ਜਦ ਕਿ ਚੰਗਾ ਭਲਾ ਖੁਲ੍ਹਦਾ ਸੀ। ਮਹਾਰਾਜ ਕਹਿੰਦੇ, ਚੰਗਾ ਇਹ ਹੁਣ ਖੁਲ੍ਹਣਾ ਹੀ ਨਹੀਂ ਹੈ। ਉਪਰ ਦੀ ਹੋ ਕੇ ਗਏ, ਪਾਸੇ ਦੀ। ਉਸ ਵੇਲੇ ਕਿੰਨਾ ਔਖਾ ਸੀ। ਤੇ ਕੀਹਨੂੰ-ਕੀਹਨੂੰ ਭੇਤ ਵਿਚ ਲਿਆ, ਇਕ ਤਾਂ ਲਲਾਰੀ ਨੂੰ ਲਿਆ ਭੇਤ ਵਿਚ ਕਿ ਤੂੰ ਨੀਲੇ ਵਸਤਰ ਰੰਗ ਦੇ। ਫਟਾਫਟ ਨੀਲੇ ਕਰ ਦੇ ਇਨ੍ਹਾਂ ਨੂੰ। ਦੂਸਰਾ ਦੋਵੇਂ ਭਰਾ ਗਨੀ ਖਾਂ ਤੇ ਨਬੀ ਖਾਂ। ਉਸ ਵੇਲੇ ਹੁਕਮ ਇਹ ਸੀ ਕਿ ਜਿਸਦੇ ਘਰ ਕੋਈ ਸਿੱਖ ਫੜਿਆ ਗਿਆ ਤੇ ਜਾਂ ਗੁਰੂ ਰਹਿ ਗਿਆ। ਉਹਦੇ ਬਾਲ-ਬੱਚੇ ਕੋਹਲੂ ਵਿਚ ਸਾਰੀ ਦੁਨੀਆਂ ਦੇ ਸਾਮ੍ਹਣੇ ਪੀੜ ਦਿਤੇ ਜਾਣਗੇ। ਕਿੰਨਿਆਂ ਸਿੱਖਾਂ ਦੇ ਇਤਿਹਾਸ ਵਿਚ, ਪੂਰਾ ਇਤਿਹਾਸ ਨਹੀਂ ਹੈ, ਆਹ ਵਾਲੇਵਾਲ ਪਿਆਰਾ ਸਿੰਘ ਸੀਗਾ ਉਹਦੇ ਸਾਰੇ ਬੱਚੇ ਪੀੜ ਦਿਤੇ ਸੀ ਕਿ ਤੇਰੇ ਕੋਲ ਗੁਰੂ ਆਏ ਸੀ ਰਾਤ ਨੂੰ। ਉਹ ਹਾਲਾਤ ਕੋਈ ਮਾਮੂਲੀ ਨਹੀਂ ਸੀ, ਇਨਾਮ ਵੱਡੇ-ਵੱਡੇ ਰੱਖੇ ਗਏ ਸੀ। ਓਸ ਵੇਲੇ ਕੀਹਨੇ ਹੌਂਸਲਾ ਕਰਿਆ। ਦੋਹਾਂ ਭਰਾਵਾਂ ਪਠਾਣਾਂ ਨੇ ਕਰਿਆ ਕਿ ਮਹਾਰਾਜ ਇਥੇ ਤਾਂ ਸ਼ੱਕ ਪੈ ਜਾਏਗਾ, ਕੋਈ ਦੱਸ ਦਏਗਾ, ਤੁਸੀਂ ਸਾਡੇ ਘਰ ਚੱਲੋ, ਤੇ ਜਿਸ ਵਕਤ ਗੁਰੂ ਮਹਾਰਾਜ ਜੀ ਵਾਪਸ ਉਥੋਂ ਜਾਣ ਦੀ ਤਿਆਰੀ ਕਰਦੇ ਨੇ, ਓਸ ਵੇਲੇ ਸਲੋਹ ਵਾਲਾ ਪੀਰ ਆ ਜਾਂਦਾ ਹੈ ਤੇ ਉਹ ਪੀਰ ਇਹ ਗੱਲ ਕਹਿੰਦਾ ਹੈ ਕਿ ਮਹਾਰਾਜ! ਫੌਜ ਨੇ ਤਕੜਾਈ ਕਰੀ ਹੋਈ ਹੈ, ਚੌਂਕੀਆਂ ਬਹੁਤ ਤਕੜੀਆਂ ਨੇ ਜੇ ਤੁਸੀ ਗ੍ਰਿਫਤਾਰ ਹੋ ਗਏ, ਬਹੁਤ ਔਖਾ ਹੋ ਜਾਏਗਾ, ਤੁਹਾਨੂੰ ਸਭ ਜਾਣਦੇ ਨੇ। ਤੇ ਕੋਈ ਵਿਉਂਤ ਕਰੀਏ। ਵਿਉਂਤ ਇਹ ਹੈ ਕਿ ਇਕ ਪਲਟਣ ਮੇਰੇ ਚੇਲਿਆਂ ਦੀ, ਮੇਰੇ ਮੁਰੀਦਾਂ ਦੀ ਆਈ ਹੋਈ ਹੈ, ਇਥੇ ਤੇ ਮੈਂ ਸਾਰਾ ਇੰਤਜ਼ਾਮ ਕਰ ਦਿੰਦਾ ਹਾਂ। ਆਪ ਨੂੰ ਪ੍ਰਵਾਨ ਹੋਵੇ ਉਵੇਂ ਜਿਵੇਂ ਕਰ ਦਿੰਦੇ ਹਾਂ। ਕਿ ਭਾਈ ਦਇਆ ਸਿੰਘ ਨੂੰ ਪਲੰਘ ਤੇ ਬਿਠਾਓ, ਦੋਵੇਂ ਇਹ ਚੁੱਕਣਗੇ ਦੋਵੇਂ ਦੂਸਰੇ, ਤੇ ਜੇ ਤਾਂ ਲੰਘ ਗਏ ਫੇਰ ਤਾਂ ਠੀਕ ਹੈ। ਜੇ ਨਾ ਲੰਘੇ ਫੜੇ ਗਏ ਤਾਂ ਸਾਨੂੰ ਕਹਿਣ ਦਾ ਮੌਕਾ ਮਿਲ ਜਾਏਗਾ ਕਿ ਇਹ ਗੁਰੂ ਗੋਬਿੰਦ ਸਿੰਘ ਨਹੀਂ ਹੈ ਨਾ ਅਸੀਂ ਝੂਠ ਬੋਲੀਏ। ਸੋ ਸਾਰਾ ਇੰਤਜ਼ਾਮ ਕਰ ਲਿਆ, ਓਸ ਤੋਂ ਬਾਅਦ ਜਦੋਂ ਸੂਰਜ ਛਿਪਣ ਲੱਗਿਆ ਤੇ ਮੰਜੇ ਤੇ ਬਿਠਾ ਕੇ ਜਾ ਰਹੇ ਨੇ, ਓਸ ਵੇਲੇ ਕੁਦਰਤੀ ਗ੍ਰਿਫਤਾਰ ਕਰਨਾ ਸੀ, ਗ੍ਰਿਫਤਾਰ ਕਰਕੇ ਉਹ ਬੰਦ ਕਰ ਦਿਤੇ, ਤਾਂ ਓਸ ਵੇਲੇ ਜਿਹੜੇ ਦੋਵੇਂ ਭਰਾ ਸੀ ਉਹ ਕਹਿਣ ਲੱਗੇ ਕਿ ਇਹ ਗੁਰੂ ਗੋਬਿੰਦ ਸਿੰਘ ਨਹੀਂ ਹੈਗੇ ਇਹ ਤਾਂ ਪੀਰ ਨੇ। ਕਹਿਣ ਲੱਗੇ ਗੁਰੂ ਗੋਬਿੰਦ ਸਿੰਘ ਨੂੰ ਸਲੋਹ ਵਾਲੇ ਪੀਰ ਨੇ ਫਾਰਸੀ ਪੜ੍ਹਾਈ ਹੈ, ਤੇ ਉਹ ਅੱਜ ਤੁਹਾਡੀ ਫੌਜ ਵਿਚ ਆਏ ਹੋਏ ਨੇ, ਉਨ੍ਹਾਂ ਨੂੰ ਬੁਲਾ ਕੇ ਪੁੱਛ ਲਓ, ਪਿਆਦਾ ਭੇਜ ਦਿਤਾ। ਉਹਨੇ ਕਿਹਾ ਕਿ ਹੁਣ ਤਾਂ ਮੈਂ ਨਮਾਜ਼ ਪੜ੍ਹਨੀ ਹੈ। ਅਜੇ ਤਾਂ ਨਹੀਂ ਮੈਂ ਆ ਸਕਦਾ, ਉਸ ਤੋਂ ਬਾਅਦ ਮੈਂ ਇਬਾਦਤ ਕਰਨੀ ਹੈ, ਦਿਨ ਚੜ੍ਹੇ ਆਵਾਂਗਾ, ਤੁਸੀਂ ਉਨ੍ਹਾਂ ਨੂੰ ਕਹਿਣਾ ਨਾ ਕੁਛ ਵੀ, ਆਦਰ ਤੇ ਸਤਿਕਾਰ ਨਾਲ ਰੱਖਿਓ, ਐਨੀ ਗੱਲ ਕਹਿ ਕੇ ਓਸੇ ਵੇਲੇ ਆਪਣੇ ਮੁਰੀਦ ਨੂੰ ਭੇਜਿਆ ਕਿ ਜਾਹ ਸਾਰੀਆਂ ਪਿਕਟਾਂ ਤੇ ਘੁੰਮ ਕੇ ਆ, ਦੇਖ ਸਾਰੇ ਗੱਲ ਧੁੰਮ ਗਈ ਕਿ ਗੁਰੂ ਗੋਬਿੰਦ ਸਿੰਘ ਫੜੇ ਗਏ। ਉਹਨੇ ਆ ਕੇ ਦੱਸ ਦਿਤਾ ਕਿ ਸਾਰੇ ਗੱਲ ਧੁੰਮ ਗਈ ਕਿ ਗੁਰੂ ਗੋਬਿੰਦ ਸਿੰਘ ਫੜੇ ਗਏ ਨੇ ਤੇ ਸਵੇਰੇ ਤੁਹਾਡੀ ਗਵਾਹੀ ਨਾਲ ਨਿਰਣਾ ਹੋਣਾ ਹੈ, ਕਿਉਂਕਿ ਤੁਸੀਂ ਉਨ੍ਹਾਂ ਨੂੰ ਫਾਰਸੀ ਪੜ੍ਹਾਈ ਹੈ, ਕਹਿਣ ਲੱਗੇ ਕਿ ਕੀ ਕਰ ਰਹੇ

ਨੇ ਸਭ, ਕਹਿੰਦਾ ਸਭ ਬੱਸ ਹੁਣ ਤਾਂ ਮਸਤ ਹੋਏ ਸੁਸਤ ਹੋਏ ਬੈਠੇ ਨੇ। ਉਸ ਵੇਲੇ ਮਹਾਰਾਜ ਜੀ ਕੋਲ ਆਇਆ ਕਿ ਮਹਾਰਾਜ! ਹੁਣ ਨਿਕਲਣ ਦਾ ਮੌਕਾ ਹੈ। ਗੁਰੂ ਮਹਾਰਾਜ ਕੋਲ ਤਿੰਨ ਸ਼ਸਤਰ ਸੀ ਗੁਰੂ ਤੇਗ ਬਹਾਦਰ ਸਾਹਿਬ ਦੇ, ਜਿਹੜੇ ਉਹ ਕਿਸੇ ਕੀਮਤ ਤੇ ਵੀ ਆਪਣੇ ਕੋਲੋਂ ਨਹੀਂ ਸੀ ਛੱਡਣਾ ਚਾਹੁੰਦੇ। ਉਸ ਵੇਲੇ ਗੁਰੂ ਮਹਾਰਾਜ ਜੀ ਨੂੰ ਬੁੱਢਾ ਦਰਿਆ ਪਾਰ ਕਰਕੇ, ਛੇ-ਸੱਤ ਮੀਲ ਲੈ ਗਏ, ਉਥੇ ਦਰਿਆ ਦੇ ਕੰਢੇ ਉਹਦੇ ਮੁਰੀਦ ਦੀ ਝੌਂਪੜੀ ਸੀ। ਕਹਿੰਦੇ, ਤੁਸੀਂ ਹੁਣ ਇਥੇ, ਦਿਨ ਚੜ੍ਹੇ ਜਾਣਾ ਤਾਂ ਠੀਕ ਨਹੀਂ ਮੈਂ ਸਾਰਾ ਅੰਦਾਜ਼ਾ ਰੱਖਾਂਗਾ, ਹਰ ਚੀਜ਼ ਦਾ ਪਤਾ ਰੱਖਾਂਗਾ, ਪਹਿਲਾਂ ਉਨ੍ਹਾਂ ਨੂੰ ਛੁਡਾਈਏ, ਇਹ ਫੌਜ ਨੇ ਚਲੇ ਜਾਣਾ ਹੈ ਇਥੋਂ, ਤੇ ਅਸੀਂ ਫੇਰ ਤੁਹਾਨੂੰ ਲੈ ਲਵਾਂਗੇ। ਸੋ ਮੁਰੀਦ ਨੂੰ ਕਹਿ ਦਿਤਾ ਇਹ ਜੋ ਮਹਿਮਾਨ ਨੇ, ਇਨ੍ਹਾਂ ਦੇ ਬਾਰੇ ਕਿਤੇ ਕੋਈ ਗੱਲ ਨਹੀਂ ਤੁਸੀਂ ਕਰਨੀ। ਇਥੇ ਹੀ ਰਹਿਣਗੇ। ਸੋ ਦੂਸਰੇ ਦਿਨ ਉਹ ਜਾਂਦਾ ਹੈ, ਜਾ ਕੇ ਜਦ ਪੁਛਿਆ ਗਿਆ ਕਿ ਪੀਰ ਜੀ! ਤੁਸੀਂ ਗੁਰੂ ਗੋਬਿੰਦ ਸਿੰਘ ਜੀ ਕੋਲ ਚੰਗੀ ਤਰ੍ਹਾਂ ਰਹੇ ਓਂ, ਦੱਸੋ ਇਹ ਗੁਰੂ ਗੋਬਿੰਦ ਸਿੰਘ ਨੇ ਉਹ ਕਹਿੰਦਾ ਨਾ। ਇਹ ਤਾਂ ਨਹੀਂ ਹਨ ਇਹ ਤਾਂ ਕੋਈ ਪੀਰ ਨੇ, ਇਹ ਤਾਂ ਆਪਣੇ ਸੈਰ ਸਪਾਟੇ ਕਰਦੇ ਫਿਰਦੇ ਨੇ, ਮੈਂ ਨਹੀਂ ਇਨ੍ਹਾਂ ਨੂੰ ਜਾਣਦਾ, ਮੈਂ ਗੁਰੂ ਗੋਬਿੰਦ ਸਿੰਘ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ। ਉਨ੍ਹਾਂ ਨੂੰ ਛੱਡ ਦਿਤਾ ਜਾਂਦਾ ਹੈ, ਉਵੇਂ ਹੀ ਮੰਜੇ ਤੇ ਫੇਰ ਸ਼ਾਮ ਨੂੰ ਤੁਰਦੇ ਨੇ ਓਥੇ, ਤੇ ਜਦੋਂ ਰਾਤ ਨੂੰ ਆਉਂਦੇ ਨੇ ਫੇਰ ਉਹ ਪੀਰ ਸਲੋਹ ਵਾਲਾ ਆਪਣੇ ਮੁਰੀਦ ਕੋਲ ਆਉਂਦਾ ਹੈ, ਉਥੋਂ ਫੇਰ ਗੁਰੂ ਮਹਾਰਾਜ ਨੂੰ ਚਾਰਪਾਈ ਤੇ ਬਿਠਾਇਆ।

ਹੁਣ ਐਡਾ ਵੱਡਾ ਨਾਟਕ, ਬਈ ਇਹ ਪਹਿਲਾਂ ਪ੍ਰਗਟ ਕਿਉਂ ਨਾ ਹੋਇਆ? ਕਿੰਨਿਆਂ ਦੇ ਮਨਾਂ 'ਚ ਵੀਚਾਰ ਆਉਂਦੀ ਹੈ ਕਿ ਗੱਲ ਐਉਂ ਚਲਦੀ ਹੈ, ਗੱਲ ਐਉਂ ਚਲਦੀ ਸੀ। ਇਸਲਾਮ ਦਾ ਰਾਜ ਸੀ, ਭੇਤ, ਭੇਤ ਹੀ ਰਹਿੰਦਾ ਹੁੰਦਾ ਹੈ। ਜੇ ਕੋਈ ਦੱਸ ਦਿੰਦਾ ਕਿ ਇਨ੍ਹਾਂ ਨੇ ਕੱਢਿਆ ਹੈ, ਫੇਰ ਉਹ ਕਾਨੂੰਨ ਦੀ ਪਕੜ ਵਿਚ ਤਾਂ ਬਾਅਦ ਵਿਚ ਵੀ ਆ ਸਕਦਾ ਹੈ। ਵੀਹ ਸਾਲ ਤੋਂ ਬਾਅਦ ਵੀ ਆ ਸਕਦਾ ਹੈ, ਤੀਹ ਸਾਲ ਤੋਂ ਬਾਅਦ ਵੀ ਆ ਸਕਦਾ ਹੈ। ਤੇ ਇਹ ਗੱਲ ਪ੍ਰਚਲਤ ਨਹੀਂ ਹੋਈ, ਪ੍ਰਚਲਤ ਗੱਲ ਦੂਸਰੀ ਹੋ ਗਈ। ਸੋ ਪੀਰ ਤੇ ਉਹ ਦੋਵੇਂ ਭਰਾ ਚਾਹੁੰਦੇ ਤਾਂ ਲੱਖਾਂ ਰੁਪਿਆ ਲੈ ਲੈਣਾ ਸੀ ਉਨ੍ਹਾਂ ਨੇ। ਫੇਰ ਉਹ ਮਿੱਤਰ ਹੋਏ ਕਿ ਦੁਸ਼ਮਣ ਹੋਏ?

ਅੱਗੇ ਜਾ ਕੇ ਮਹਾਰਾਜ ਰਾਏ ਕੱਲੇ ਦੇ ਕੋਲ ਪਹੁੰਚ ਜਾਂਦੇ ਨੇ, ਰਾਏ ਕੱਲੇ ਕੋਲ ਮਹਾਰਾਜ ਤਿੰਨ ਮਹੀਨੇ ਰਹੇ, ਨਵਾਬ ਸਰਹੰਦ ਨੂੰ ਪਤਾ ਲਗਦਾ ਹੈ ਕਿ ਰਾਏ ਕੱਲੇ ਕੋਲ ਉਹਦਾ ਰਾਜ ਸੀਗਾ, ਮਲੇਰਕੋਟਲੇ ਦੇ ਬਰਾਬਰ-ਬਰਾਬਰ, ਮਨਸੂਰਾਂ, ਜੋਧਾਂ ਸਭ ਉਹਦੇ ਰਾਜ ਵਿਚ ਸੀ, ਲੁਧਿਆਣੇ ਤਕ ਰਾਜ ਸੀਗਾ ਓਹਦਾ। ਉਹਨੂੰ ਸੰਦੇਸ਼ਾ ਜਾਂਦਾ ਹੈ ਜਿ ਗੁਰੂ ਗੋਬਿੰਦ ਸਿੰਘ ਤੇਰੇ ਕੋਲ ਨੇ ਤੂੰ ਗ੍ਰਿਫਤਾਰ ਕਰ ਕੇ ਮੇਰੇ ਕੋਲ ਭੇਜ ਦੇ, ਔਰੰਗਜ਼ੇਬ ਦੇ ਕੋਲੋਂ ਬਹੁਤ ਵੱਡਾ ਇਨਾਮ ਪ੍ਰਾਪਤ ਕਰਾਂਗੇ। ਤੈਨੂੰ ਹੋਰ ਵੱਡਾ ਅਹੁਦਾ ਦਿਤਾ ਜਾਏਗਾ। ਪ੍ਰਵਾਨ ਹੋਏਂਗਾ। ਉਹਨੇ ਜਵਾਬ ਕੀ ਦਿਤਾ। ਉਹ ਕਹਿੰਦਾ ਨਵਾਬ ਸਾਹਿਬ! ਮੈਂ ਰੱਬ ਵਾਲਾ ਬੰਦਾ ਹਾਂ, ਮੈਂ ਕਾਫਰ ਨਹੀਂ ਹਾਂ, ਮੇਰਾ ਅਕੀਦਾ ਜੋ ਹੈ, ਉਹ ਗੁਰੂ ਗੋਬਿੰਦ ਸਿੰਘ ਦੇ ਉਤੇ ਪੀਰਾਂ ਵਾਲਾ ਹੈ। ਤੇ ਪੀਰਾਂ ਦੇ ਵਾਸਤੇ ਜਿਵੇਂ ਮੁਰੀਦ ਆਖਰੀ ਦਮ ਤਕ ਕਟ ਮਰਦੇ ਨੇ, ਜਦ ਤਕ ਮੇਰੀ ਸਟੇਟ ਦਾ ਇਕ ਵੀ ਬੰਦਾ ਬਚਦਾ ਹੈ, ਓਨੀਂ ਦੇਰ ਤਕ ਤੁਸੀਂ ਗੁਰੂ ਗੋਬਿੰਦ ਸਿੰਘ ਨੂੰ ਹੱਥ ਨਹੀਂ ਲਾ ਸਕਦੇ।

ਅੱਜ ਕੋਈ ਹੈ ਸਾਧਸੰਗਤ ਜੀ! ਸੰਸਾਰ ਦੇ ਅੰਦਰ ਜਿਹੜਾ ਕਿਸੇ ਨੂੰ ਪਨਾਹ ਦੇਵੇ ਇਕ ਰਾਜਾ। ਕੋਈ ਸਟੇਟ ਹੈ ਜਿਹੜੀ ਕਿਸੇ ਨੂੰ ਪਨਾਹ ਦੇ ਦੇਵੇ, ਤੇ ਕਹਿ ਦੇਵੇ ਕਿ ਅਸੀਂ ਮਰਦੇ ਦਮ ਤਕ ਗੁਰੂ ਜੀ ਨੂੰ ਤੈਨੂੰ ਨਹੀਂ ਦੇ ਸਕਦੇ। ਫੇਰ ਇਨ੍ਹਾਂ ਨੂੰ ਮਿੱਤਰ ਕਹੀਏ ਕਿ ਦੁਸ਼ਮਣ? ਸੋ ਇਹ ਗੱਲਾਂ ਗਲਤ ਨੇ।

ਸੋ ਭੀਖਣਸ਼ਾਹ ਨੇ ਕੁੱਜੀਆ ਲਿਆ ਕੇ, ਦੇਖਣਾ ਚਾਹਿਆ ਕਿ ਗੁਰੂ ਗੋਬਿੰਦ ਸਿੰਘ ਕੀਹਦੇ ਨੇ, ਹਿੰਦੂਆਂ ਦੇ ਨੇ ਕਿ ਮੁਸਲਮਾਨਾਂ ਦੇ ਨੇ। ਮਹਾਰਾਜ ਜੀ ਨੇ ਦੱਸਿਆ ਕਿ ਅਸੀਂ ਦੋਹਾਂ ਦੇ ਹਾਂ। ਸੋ ਐਸੇ ਕੌਤਕ ਨੇ ਸਾਧਸੰਗਤ ਜੀ! ਪੜ੍ਹੋ ਪਿਆਰ ਨਾਲ–

*ਧਾਰਨਾ - ਸੁਣ ਲਓ ਪਿਆਰਿਓ!*
*ਕਥਾ ਦਸਵੇਂ ਗੁਰਾਂ ਦੀ।*

ਸੋ ਇਸ ਤਰ੍ਹਾਂ ਆਪ ਬਚਪਨ ਤੋਂ ਹੀ, ਬਹੁਤ ਹੀ ਪਿਆਰੇ ਬਹੁਤ ਸੁੰਦਰ, ਜੋ ਦੇਖਦਾ ਸੀ ਮੋਹਿਆ ਜਾਂਦਾ ਸੀ। ਮਾਤਾ ਜੀ ਜਿਥੇ ਰਹਿੰਦੇ ਸੀ ਉਥੇ ਖੂਹ ਸੀਗਾ, ਓਸ ਮਹੱਲੇ ਤੋਂ, ਦੂਰ-ਦੂਰ ਤੋਂ ਸੋਹਣਾ ਪਾਣੀ ਹੋਣ ਕਰਕੇ ਓਥੋਂ ਭਰਨ ਵਾਸਤੇ ਆਉਂਦੇ ਸੀ, ਤੇ ਨਾਲ ਇਹ ਹੁੰਦਾ ਕਿ ਅਸੀਂ ਬਾਲਾ ਗੋਬਿੰਦ ਰਾਏ ਦੇ ਦਰਸ਼ਨ ਵੀ ਕਰ ਲਵਾਂਗੇ। ਖਿੱਚ ਪੈਂਦੀ ਸੀ ਹਰੇਕ ਨੂੰ। ਜ਼ਰੂਰ ਦਰਸ਼ਨ ਕਰਨੇ ਚਾਹੁੰਦੇ ਸੀ ਲੇਕਿਨ ਮਹਾਰਾਜ ਜੀ ਨੇ ਐਸਾ ਕੌਤਕ ਰਚਣਾ ਕਿ ਗੁਲੇਲੇ ਲੈ ਕੇ ਜਦ ਘੜਾ ਭਰ ਕੇ ਸਿਰ ਤੇ ਰੱਖਣਾ, ਗੁਲੇਲੇ ਮਾਰਨਾ ਤੇ ਘੜਾ ਭੰਨ ਦੇਣਾ। ਕੁਛ ਨਹੀਂ ਕਹਿਣਾ। ਉਹ ਘੜੇ ਨਹੀਂ ਸੀ ਭੰਨਦੇ, ਉਹ ਪਾਪਾਂ ਦੇ ਘੜੇ ਭੰਨਦੇ ਸੀ। ਜਿਹਦੇ ਗੁਲੇਲਾ ਲਗਦਾ ਸੀ ਘੜੇ 'ਚ ਉਹਦੇ ਸਾਰੇ ਪਾਪ ਖੰਡਤ ਕਰ ਦਿੰਦੇ ਸੀ। ਦੁਨੀਆਂ ਨੂੰ ਸਮਝ ਨਹੀਂ ਪਈ, ਗੁਰੂ ਦਸਵੇਂ ਪਾਤਸ਼ਾਹ ਗੁਲੇਲੇ ਕਿਉਂ ਮਾਰਦੇ ਸੀ। ਕਿੰਨਿਆਂ ਦਾ ਉਧਾਰ ਕਰਦੇ ਸੀ।

ਉਸ ਤੋਂ ਬਾਅਦ ਮਾਤਾ ਜੀ ਨੇ ਗਾਗਰਾਂ ਦੇ ਦਿਤੀਆਂ। ਮਹਾਰਾਜ ਜੀ ਨੇ ਤੀਰ ਬਣਾ ਲਏ। ਗਾਗਰਾਂ ਦੇ ਵਿਚ ਚਿੱਬ ਪਾਉਣੇ ਸ਼ੁਰੂ ਕਰ ਦਿਤੇ। ਜਦ ਕਈਆਂ ਨੇ ਕਿਹਾ ਕਿ ਅਸੀਂ ਹੁਣ ਪਾਣੀ ਕਿਥੋਂ ਲਈਏ? ਕਹਿੰਦੇ

ਖੂਹ ਹੀ ਖਾਰਾ ਹੋ ਜਾਏ। ਖਾਰਾ ਹੋ ਗਿਆ ਉਸੇ ਵੇਲੇ ਖੂਹ। ਉਥੇ ਇਕ ਬਹੁਤ ਵਿਦਵਾਨ ਜਿਸਦਾ ਨਾਮ ਸ਼ਿਵਦੱਤ ਸੀ, ਉਹ ਸੱਚੀਮੁਚੀ ਦੀ ਭਗਤੀ ਕਰਦਾ ਹੁੰਦਾ ਸੀ। ਸ੍ਰੀ ਰਾਮ ਚੰਦਰ ਜੀ ਦੇ ਉਤੇ ਉਸਦੀ ਨੇਸ਼ਟਾ ਸੀ, ਬਹੁਤ ਵੈਰਾਗ ਕਰਦਾ ਸੀ, ਵੈਰਾਗ ਦੇ ਅੰਦਰ ਨੇਤਰਾਂ 'ਚੋ ਜਲ ਜਾਈ ਜਾਂਦਾ। ਗੰਗਾ ਦੇ ਕਿਨਾਰੇ ਬੈਠ ਕੇ ਉਹਨੇ ਭਗਤੀ ਕਰਨੀ, ਹਰ ਵਕਤ ਰੋਂਦਾ ਰਹਿੰਦਾ ਸੀ ਕਿ ਹੇ ਪ੍ਰਭੂ! ਮੈਨੂੰ ਦਰਸ਼ਨ ਦੇ। ਜੋ ਵੈਰਾਗੀਆਂ ਦੀ ਦਸ਼ਾ ਹੋਇਆ ਕਰਦੀ ਹੈ ਉਹ ਦਸ਼ਾ ਉਸ ਉਤੇ ਵਾਪਰਿਆਂ ਕਰਦੀ ਸੀ। ਅੱਜ ਉਹਦੀ ਅਰਦਾਸ ਦਰਗਾਹ 'ਚ ਕਬੂਲ ਹੋਈ। ਬਾਲਾ ਗੋਬਿੰਦ ਰਾਇ ਜੀ ਬੱਚਿਆਂ ਨੂੰ ਲੈ ਕੇ ਉਥੇ ਚਲੇ ਗਏ ਜਿਥੇ ਉਹ ਬੈਠਾ ਭਗਤੀ ਕਰਦਾ ਸੀ। ਬਹੁਤੇ ਵੱਡੇ ਨਹੀਂ ਸੀਗੇ, ਛੋਟੀ ਜਿਹੀ ਉਮਰ ਸੀ, ਪੰਜ ਕੁ ਸਾਲ ਦੀ। ਕੋਲ ਚਲੇ ਗਏ ਜਾ ਕੇ ਕੰਨ ਦੇ ਕੋਲ ਜਾ ਕੇ ਕਹਿੰਦੇ ਪੰਡਤ ਜੀ! ਝਾਤ। ਉਹਨੇ ਜਦ ਨੇਤਰ ਖੋਲ੍ਹੇ ਤਾਂ ਉਸ ਵੇਲੇ ਅੱਖਾਂ ਤੋਂ ਓਹਲੇ ਜਾ ਚੁੱਕੇ ਸੀ, ਆਵਾਜ਼ ਆਈ ਜਾਂਦੀ ਹੈ, ਝਾਤ। ਫੇਰ ਵੈਰਾਗ ਕਰਨ ਲੱਗ ਗਿਆ ਕਿ ਹੇ ਪ੍ਰਭੂ! ਤੂੰ ਦਰਸ਼ਨ ਤਾਂ ਦਿਤਾ, ਮੈਂ ਦੇਖ ਨਹੀਂ ਸਕਿਆ ਤੈਨੂੰ। ਫੇਰ ਆਈ ਆਵਾਜ਼ ਪੰਡਤ ਜੀ! ਦੇਖੋ। ਕੀ ਦੇਖਦਾ ਹੈ ਸਾਮ੍ਹਣੇ ਸ੍ਰੀ ਰਾਮਚੰਦਰ ਜੀ ਧਨੁਖ ਬਾਣ ਲਈ ਖੜ੍ਹੇ ਨੇ। ਨਮਸ਼ਕਾਰਾਂ ਕਰਦਾ ਹੈ, ਜਦ ਮੱਥਾ ਟੇਕਦਾ ਹੈ, ਸੀਸ ਚੁੱਕਦਾ ਹੈ ਤਾਂ ਗੁਰੂ ਦਸ਼ਮੇਸ਼ ਪਿਤਾ ਦੇ ਦਰਸ਼ਨ ਹੁੰਦੇ ਨੇ। ਬਾਲੇ ਪੰਜ ਸਾਲ ਦੀ ਉਮਰ ਦੇ। ਜਦ ਫੇਰ ਹੱਥ ਬੰਨ੍ਹ ਕੇ ਦੇਖਦਾ ਹੈ ਤਾਂ ਸ੍ਰੀ ਰਾਮਚੰਦਰ ਜੀ ਦੇ ਦਰਸ਼ਨ ਹੁੰਦੇ ਨੇ, ਹੈਰਾਨ ਹੋ ਗਿਆ। ਮਹਾਰਾਜ ਮੁਸਕਰਾ ਰਹੇ ਨੇ, ਪੱਕਾ ਨੇਸ਼ਟਾ ਹੋ ਗਿਆ ਕਿ ਮੇਰਾ ਇਸ਼ਟ ਆ ਗਿਆ, ਫਤਹਿ ਹੋ ਗਈ। ਪਿਆਰ ਦੀ ਫਤਹਿ ਕਹਿੰਦੇ ਨੇ ਇਹਨੂੰ।

ਉਸੇ ਸ਼ਹਿਰ ਦੇ ਅੰਦਰ ਇਕ ਰਾਜਾ ਫਤਹਿ ਚੰਦ ਜਿਸਦਾ ਨਾਮ ਸੀ, ਬੇਔਲਾਦ ਸੀ। ਬਹੁਤ ਪੈਸੇ ਵਾਲਾ ਸੀ ਤੇ ਉਹਦੀ ਰਾਣੀ ਨੂੰ ਹਰ ਵਕਤ ਚਿੰਤਾ ਰਹਿੰਦੀ ਸੀ ਕਿ ਬਹੁਤ ਧਨ ਹੈ ਲੇਕਿਨ ਔਲਾਦ ਨਹੀਂ ਹੋਈ ਹੈ। ਫਤਹਿਚੰਦ ਦਾ, ਮੈਣੀ ਗੋਤ ਸੀ। ਉਸ ਨੂੰ ਰਾਣੀ ਮੈਣੀ ਕਹਿੰਦੇ ਸੀ। ਜਦ ਇਹ ਸ਼ਿਵਦੱਤ ਦੇ ਪਾਸ ਗਈ ਕਿ ਪੰਡਤ ਜੀ ਤੁਸੀਂ ਰੱਬ ਨੂੰ ਮਿਲੇ ਹੋਏ ਹੋ। ਸਾਰੇ ਕਹਿੰਦੇ ਨੇ ਕਿ ਪੰਡਤ ਜੀ ਨੂੰ ਰੱਬ ਮਿਲ ਗਿਆ। ਤੁਹਾਡੇ ਉਪਰ ਤਾਂ ਕੋਈ ਖਾਸ ਨੂਰ ਚੜ੍ਹ ਗਿਆ ਅੱਜ ਤਾਂ। ਹਰ ਵਕਤ ਤੁਸੀਂ ਖੁਸ਼ ਰਹਿੰਦੇ ਓਂ। ਤੁਹਾਡੇ ਬਚਨਾਂ 'ਚ ਮਿਠਾਸ ਆ ਗਈ, ਤੁਹਾਡੇ ਨੇਤਰਾਂ 'ਚ ਖਿੱਚ ਹੈ ਤੇ ਤੁਸੀਂ ਮੇਰੇ ਤੇ ਕ੍ਰਿਪਾ ਕਰੋ। ਮੇਰੀ ਝੋਲੀ ਦੇ ਵਿਚ ਪੁੱਤਰ ਦੀ ਦਾਤ ਪਾਓ। ਕਹਿਣ ਲੱਗੇ, ਰਾਣੀ ਸਾਹਿਬ ਦਾਤਾਂ ਦੇਣ ਵਾਲਾ ਤਾਂ ਇਥੇ ਤੁਹਾਡੇ ਕੋਲ ਹੀ ਰਹਿੰਦਾ ਹੈ। ਤੁਸੀਂ ਉਹਦੀ ਆਰਾਧਨਾ ਕਰੋ। ਉਹਨੇ ਆਪ ਹੀ ਦਾਤ ਦੇਣ ਵਾਸਤੇ ਆ ਜਾਣਾ ਹੈ। ਕਿਉਂਕਿ ਮੈ ਜਦ ਤੋਂ ਬਾਣੀ ਦੀ ਵਿਚਾਰ ਸ਼ੁਰੂ ਕੀਤੀ ਹੈ, ਜਦ ਤੋਂ ਮੈਨੂੰ ਮਿਲਿਆ ਹੈ ਭਗਵਾਨ, ਉਸ ਵੇਲੇ ਮੈਂ ਤੱਤ ਬਾਣੀ ਦੀ ਵਿਚਾਰ ਸ਼ੁਰੂ ਕਰ ਦਿਤੀ ਤੇ ਓਸ ਬਾਣੀ ਦੇ ਵਿਚੋਂ ਮੈਂ ਇਸ ਤਰ੍ਹਾਂ ਦੇ ਨਾਲ ਏਸ ਮਤਲਬ ਨਾਲ ਗੱਲ ਨੂੰ ਸਮਝਣ ਕੀਤਾ ਹੈ-

***ਧਾਰਨਾ - ਜੇ ਤੈਂ ਚਾਰ ਪਦਾਰਥ ਲੈਣੇ,***
***ਸੇਵਾ ਕਰ ਲੈ ਸਾਧੂਆਂ ਦੀ।***

***ਚਾਰਿ ਪਦਾਰਥ ਜੇ ਕੋ ਮਾਗੈ ॥***
***ਸਾਧ ਜਨਾ ਕੀ ਸੇਵਾ ਲਾਗੈ ॥ ਅੰਗ - ੨੬੬***

ਕਹਿਣ ਲੱਗੇ, ਰਾਣੀ ਸਾਹਿਬ ਮੈਂ ਗੁਰਬਾਣੀ ਦੀ ਵਿਚਾਰ ਕਰੀ ਹੈ ਕਿ ਚਾਰ ਪਦਾਰਥ - ਧਰਮ, ਅਰਥ, ਕਾਮ, ਮੋਖਸ਼ ਇਹਦੇ 'ਚ ਸਾਰੀ ਦੁਨੀਆਂ ਦੇ ਪਦਾਰਥ ਤੇ ਰੂਹਾਨੀ ਪਦਾਰਥ ਆ ਜਾਂਦੇ ਨੇ। ਇਹ ਸਾਰੇ ਹੀ ਸਾਧੂਆਂ ਦੀ ਸੇਵਾ ਕਰਕੇ ਜੇ ਉਨ੍ਹਾਂ ਨੂੰ ਪ੍ਰਸੰਨ ਕਰ ਲਓ ਤੇ ਉਨ੍ਹਾਂ ਦੇ ਮੁਖ 'ਚੋਂ ਨਿਕਲ ਜਾਵੇ, ਪ੍ਰਸੰਨ ਹੋ ਕੇ ਤਾਂ ਵੱਡੀ ਤੋਂ ਵੱਡੀ ਦਾਤ ਮਿਲ ਜਾਂਦੀ ਹੈ।

ਐਉਂ ਨਹੀਂ ਹੁੰਦਾ ਕਿ ਜੀ ਬਚਨ ਦੇ ਦਿਓ ਜੀ। ਹੱਟੀ ਤਾਂ ਨਹੀਂ ਹੈ ਇਹ। ਸਾਡਾ ਆਹ ਹੋ ਜਾਏ, ਆਹ ਹੋ ਜਾਏ ਜੀ। ਐਉਂ ਨਹੀਂ ਹੋਇਆ ਕਰਦਾ। ਸੇਵਾ ਕਰਨੀ ਪੈਂਦੀ ਹੈ, ਰੀਝਾਉਣਾ ਪੈਂਦਾ ਹੈ, ਜਦੋਂ ਗੁਰੂ ਰੀਝਦਾ ਹੈ ਓਸ ਵੇਲੇ ਦਿੰਦਾ ਹੈ, ਗੁਰੂ ਕਦ ਰੀਝਦਾ ਹੈ ਜਦ ਉਹਦਾ ਸਿੱਖ ਰੀਝ ਜਾਂਦਾ ਹੈ। ਉਹਦਾ ਸਿੱਖ ਰੀਝ ਜਾਵੇ ਕਿਸੇ ਦੀ ਸੇਵਾ 'ਤੇ, ਫੇਰ ਗੁਰੂ ਦਾ ਬਿਰਧ ਬਣ ਜਾਂਦਾ ਹੈ। ਉਹਦੇ ਬਚਨ ਦੀ ਲਾਜ ਰੱਖਣੀ। ਸੋ ਕਹਿਣ ਲੱਗੇ, ਬਾਲਾ ਗੋਬਿੰਦ ਰਾਏ ਬਚਪਨ ਦੇ ਅੰਦਰ, ਉਹ ਸਾਥੀਆਂ ਦੇ ਨਾਲ ਖੇਲ੍ਹਦੇ ਰਹਿੰਦੇ ਨੇ। ਤੁਸੀਂ ਉਨ੍ਹਾਂ ਦੀ ਆਸ ਕਰੋ, ਲੰਗਰ ਤਿਆਰ ਕਰੋ, ਆਰਾਧਨਾ ਕਰੋ। ਉਹ ਆ ਜਾਣਗੇ, ਫੇਰ ਉਨ੍ਹਾਂ ਤੋਂ ਮੰਗ ਲਓ। ਦਰਸ਼ਨ ਕਰਾ ਦਿਤੇ, ਕਿ ਆਹ ਜਾਂਦੇ ਨੇ, ਖੇਲ੍ਹਦਿਆਂ ਦੇ ਦਰਸ਼ਨ ਕਰਾ ਦਿਤੇ ਮਹਾਰਾਜ ਜੀ ਦੇ। ਸਰੂਪ ਹਿਰਦੇ 'ਚ ਵਸ ਗਿਆ, ਸਮਾਧੀ ਲਾ ਕੇ ਬੈਠਦੀ ਹੈ, ਨਾਲ ਇਹ ਹੈ ਕਿ ਹੇ ਬਾਲਾ ਪ੍ਰੀਤਮ, ਜੇ ਪੁਤਰ ਦੇਣਾ ਹੈ ਤਾਂ ਆਪਣੇ ਵਰਗਾ ਦੇਈਂ। ਤੇਰੇ ਵਰਗਾ ਹੋਵੇ ਇੰਨ-ਬਿੰਨ, ਜਿਹੜਾ ਖਿੱਚਾਂ ਪਾਉਂਦਾ ਹੋਵੇ, ਜਿਹਦੇ ਨੇਤਰਾਂ 'ਚ ਰਸ ਹੋਵੇ। ਜਿਹਦੇ ਬੋਲ ਦੇ ਵਿਚ ਮੁਸਕਾਨ ਹੋਵੇ, ਜਿਹਦੇ ਅੰਗ-ਅੰਗ ਦੇ ਵਿਚ ਪਿਆਰ ਹੋਵੇ, ਅੱਜ ਬੈਠੀ ਹੈ, ਅੰਮ੍ਰਿਤ ਵੇਲੇ ਦੋ ਵਜੇ ਤੋਂ ਬੈਠੀ ਹੈ। ਚੌਂਕੜਾ ਨਹੀਂ ਹਿਲਾ ਰਹੀ, ਦਿਨ ਚੜ੍ਹ ਗਿਆ, ਓਧਰ ਹੁਕਮ ਕਰ ਦਿਤਾ ਕਿ ਘੁੰਗਣੀਆਂ ਬਣਾਓ, ਜੇ ਉਹ ਆ ਗਏ ਤਾਂ ਪ੍ਰਸ਼ਾਦ ਕੀ ਦੇਵਾਂਗੇ, ਨਿਹਚਾ ਹੈ ਹਿਰਦੇ ਦੇ ਅੰਦਰ ਕਿ ਜ਼ਰੂਰ ਆਉਣਗੇ, ਕਿਉਂਕਿ ਪੰਡਤ ਸ਼ਿਵਦੱਤ ਗਲਤ ਗੱਲ ਨਹੀਂ ਕਹਿੰਦਾ। ਸਮਾਂ ਨਿਕਲਦਾ ਤੁਰਿਆਂ ਜਾਂਦਾ ਹੈ, ਦਿਨ ਚੜ੍ਹ ਗਿਆਂ ਤੇ ਓਧਰ ਗੁਰੂ ਦਸ਼ਮੇਸ਼ ਪਿਤਾ ਬਾਲਾ ਪ੍ਰੀਤਮ ਬੱਚਿਆਂ ਨੂੰ ਨਾਲ ਲੈ ਕੇ ਓਸਦੇ ਰਾਜ ਮਹੱਲ ਵਲ ਨੂੰ ਤੁਰ ਪਏ। ਪਹਿਰੇਦਾਰ ਖੜ੍ਹੇ ਨੇ, ਰੂਪ ਦੇਖਿਆ ਸਭ ਨੇ ਕੋਈ ਰੋਕ

?

ਨਹੀਂ ਸਕਿਆ, ਬਈ ਅਸੀਂ ਰੋਕ ਦੇਈਏ ਤੇ ਖਬਰ ਅੰਦਰ ਦੇਈਏ, ਹੈਰਾਨ ਹੋ ਗਏ ਸਰੂਪ ਦੇਖਦੇ ਸਾਰ। ਭੁੱਲ ਗਏ ਸਾਰੇ ਸਭ ਕੁਛ, ਆਪਣਾ ਆਪਾ ਭੁੱਲ ਗਏ। ਮਹਾਰਾਜ ਮਲਕੜੇ ਅੰਦਰ ਚਲੇ ਗਏ, ਪੌੜੀਆਂ ਚੜ੍ਹ ਗਏ, ਜਿਸ ਮਹੱਲ ਦੇ ਅੰਦਰ ਰਾਣੀ ਬੈਠੀ ਸੀ ਚੌਂਕੜਾ ਮਾਰੀਂ ਤੇ ਨੇਤਰ ਬੰਦ ਸੀ ਤੇ ਓਸ ਆਸਣ ਤੇ ਗੁਰੂ ਮਹਾਰਾਜ ਚੜ੍ਹੇ ਤੇ ਦੋਵੇਂ ਬਾਹਾਂ ਗਲ 'ਚ ਪਾ ਲਈਆਂ। ਗੋਦੀ 'ਚ ਇਕ ਦਮ ਲਮਕ ਕੇ ਪੈ ਗਏ। ਮਾਂ.....ਮਾਂ....., ਆਵਾਜ਼ ਦਿਤੀ, ਮਾਂ.....ਮਾਂ......। ਮਾਂ ਦਾ ਸ਼ਬਦ ਸੁਣਦੀ ਸਾਰ ਉਹਦੇ ਸਰੀਰ ਦੇ ਵਿਚੋਂ ਝਰਨ੍ਹਾਟਾਂ ਨਿਕਲਣ ਲਗ ਗਈਆਂ। ਸੰਭਲਿਆ ਨਹੀਂ ਜਾਂਦਾ ਐਨਾ ਅਨੰਦ ਆ ਗਿਆ। ਮੈਨੂੰ ਵੀ ਕੋਈ ਮਾਂ ਕਹਿਣ ਵਾਲਾ ਆ ਗਿਆ? ਮੇਰੀ ਗੋਦੀ ਦੇ ਵਿਚ ਵੀ ਕੋਈ ਪੈ ਕੇ ਕਹਿੰਦਾ ਹੈ ਮਾਂ? ਤੇ ਮੇਰੇ ਗਲ ਵਿਚ ਬਾਹਾਂ ਪਾ ਕੇ, ਮੇਰੇ ਸੀਨੇ ਨੂੰ ਠੰਢ ਪਾ ਕੇ ਕੋਈ ਕਹਿੰਦਾ ਹੈ ਮਾਂ। ਪੁੱਤਰ ਕਿੱਡੀ ਪਿਆਰੀ ਚੀਜ਼ ਹੈ। ਪੁੱਤਰ ਦੀ ਵਾਸ਼ਨਾ, ਪੁੱਤਰ ਦੀ ਲਾਲਸਾ ਕਿਵੇਂ ਬੀਬੀਆਂ ਨੂੰ ਤੰਗ ਕਰ ਦਿੰਦੀ ਹੈ। ਮਾੜੇ ਤੋਂ ਮਾੜਾ ਕੰਮ ਕਰਨ ਨੂੰ ਤਿਆਰ ਹੋ ਜਾਂਦੀਆਂ ਨੇ। ਸੋ ਜਦੋਂ ਨੇਤਰ ਖੋਲ੍ਹੇ ਹੈਰਾਨ ਹੋ ਗਈ ਕਿ ਮੇਰੀ ਗੋਦੀ ਵਿਚ ਬੈਠੇ ਨੇ। ਕਹਿਣ ਲੱਗੇ, ਮਾਂ! ਮੇਰੇ ਵਰਗਾ ਤਾਂ ਮੈਂ ਹੀ ਹਾਂ ਤੇ ਮੈਂ ਤੇਰਾ ਪੁੱਤਰ ਹਾਂ, ਮੇਰੇ ਸਾਥੀਆਂ ਨੂੰ ਭੁੱਖ ਲੱਗੀ ਹੋਈ ਹੈ। ਛੇਤੀ ਲਿਆ ਕੇ ਦੇ ਖਾਣ ਨੂੰ। ਓਸੇ ਵੇਲੇ ਘੁੰਗਣੀਆਂ ਤਿਆਰ ਸੀ, ਛਕਾਈਆਂ ਆਪ ਨੇ, ਦਿਲ ਨਹੀਂ ਕਰਦਾ ਕਿ ਇਹ ਮੇਰੀਆਂ ਅੱਖਾਂ ਤੋਂ ਓਹਲੇ ਹੋਣ। ਕਹਿੰਦੇ ਅਸੀਂ ਰੋਜ਼ ਆਇਆਂ ਕਰਾਂਗੇ ਤੇ ਤੇਰੇ ਬਾਗ ਵਿਚ ਖੇਲ੍ਹਿਆ ਕਰਾਂਗੇ ਤੇ ਮਾਤਾ ਹੁਣ ਤੂੰ ਮੇਰੀ ਮਾਤਾ ਹੋ ਗਈ ਨਾ, ਮੈਂ ਤੇਰਾ ਪੁੱਤਰ ਹੋ ਗਿਆ, ਹੁਣ ਤਾਂ ਆਪਾਂ ਇਕੋ ਹੀ ਹੋ ਗਏ।

ਸੋ ਸਮਾਂ ਪੈਂਦਾ ਗਿਆ, ਹੌਲੀ-ਹੌਲੀ ਓਥੇ ਇਕ ਨਵਾਬ ਸੀ ਕਰੀਮ ਖਾਨ, ਤੇ ਓਸ ਵੇਲੇ ਦਾ ਰਿਵਾਜ਼ ਇਹ ਸੀ ਕਿ ਜਦੋਂ ਕੋਈ ਆਫੀਸਰ ਆਉਂਦਾ, ਨਵਾਬ ਆਉਂਦਾ ਤਾਂ ਸੱਤ ਸਲਾਮਾਂ ਝੁਕ ਕੇ ਕਰਨੀਆਂ ਪੈਂਦੀਆਂ ਸੀ। ਤਾਂ ਜਿਸ ਵਕਤ ਉਹ ਨਵਾਬ ਆਇਆ ਮਹਾਰਾਜ ਜੀ ਨੇ ਸਾਰੇ ਬੱਚਿਆਂ ਨੂੰ ਕਹਿ ਦਿਤਾ ਕਿ ਦੰਦੀਆਂ ਚੜਾਉਣੀਆਂ ਨੇ ਝੁਕਣਾ ਨਹੀਂ ਹੈਗਾ। ਓਸੇ ਤਰ੍ਹਾਂ ਕੀਤਾ, ਜਦ ਸਿਪਾਹੀ ਮਗਰ ਪਏ, ਸਾਰੇ ਹੀ ਕੋਈ ਏਧਰ ਜਾ ਵੜਿਆ, ਕੋਈ ਓਧਰ ਜਾ ਵੜਿਆ। ਕੋਈ ਨਾ ਲੱਭਿਆ, ਇਹ ਖੜ੍ਹੇ ਰਹੇ। ਜਦ ਉਹਨੇ ਰੂਪ ਦੇਖਿਆ, ਤੱਕਣੀ ਦੇਖੀ ਦਿਲ ਦੇ ਅੰਦਰ ਹੀ ਖੁੱਭ ਗਈ। ਉਸ ਵੇਲੇ ਘੋੜੇ ਤੋਂ ਉਤਰਿਆ, ਸਲਾਮ ਕਰੀ, ਸਿਜਦਾ ਕਰਿਆ। ਕਹਿੰਦੇ ਕੌਣ ਹੈ ਇਹ ਬਾਲਕ, ਜਿਸਨੇ ਮੈਨੂੰ ਵੀ ਆਪਣੇ ਘੋੜੇ ਤੋਂ ਉਤਾਰ ਕੇ ਆਪਣੇ ਚਰਨਾਂ ਤੇ ਪਾ ਲਿਆ? ਕਹਿੰਦੇ, ਇਹ ਪੰਜਾਬ ਤੋਂ ਆਏ ਹੋਏ ਨੇ, ਗੁਰੂ ਤੇਗ ਬਹਾਦਰ ਸਾਹਿਬ ਦੇ ਫਰਜ਼ੰਦ ਨੇ। ਸੋ ਉਸ ਨੇ ਬੇਨਤੀ ਕਰੀ ਕਿ ਹੇ ਸਾਹਿਬਜ਼ਾਦੇ! ਮੈਨੂੰ ਦਰਸ਼ਨ ਦਿਆ ਕਰ, ਰੋਜ਼ ਦਿਆ ਕਰ। ਸੋ ਐਸੇ ਪਿਆਰ ਦੀਆਂ ਜਿੱਤਾਂ ਬੇਅੰਤ, ਗਿਣਤੀ ਤੋਂ ਬਾਹਰ ਨੇ। ਲੇਕਿਨ ਸੁਨੇਹਾ ਆ ਗਿਆ ਮਹਾਰਾਜ ਨੂੰ ਕਿ ਵਾਪਸ ਪੰਜਾਬ ਆ ਜਾਓ।

ਗੁਰੂ ਮਹਾਰਾਜ ਨੇ ਤਿਆਰੀਆਂ ਕਰ ਲਈਆਂ। ਗੁਰੂ ਨੌਵੇਂ ਪਾਤਸ਼ਾਹ ਨੂੰ ਪਤਾ ਸੀ ਕਿ ਹੁਣ ਅਸੀਂ ਸ਼ਹੀਦੀ ਦੇ ਦੇਣੀ ਹੈ। ਉਸ ਵੇਲੇ ਉਨ੍ਹਾਂ ਨੇ ਆਪ ਨੂੰ ਵਾਪਸ ਬੁਲਾ ਲਿਆ। ਵਿਛੋੜਾ ਜਿਹਨੂੰ ਕਹਿੰਦੇ ਨੇ, ਇਹ ਬਹੁਤ ਹੀ ਬੁਰਾ ਸੱਲ੍ਹ ਹੈ ਸਾਧਸੰਗਤ ਜੀ। ਖਾਸ ਕਰਕੇ ਮਹਾਂਪੁਰਸ਼ਾਂ ਦਾ ਵਿਛੋੜਾ, ਉਹ ਝੱਲਣਾ ਔਖਾ ਹੋ ਜਾਂਦਾ ਹੈ, ਝੱਲ ਨਹੀਂ ਹੁੰਦਾ ਤੇ ਉਸ ਦੇ ਬਾਰੇ ਇਸ ਤਰ੍ਹਾਂ ਫੁਰਮਾਨ ਕਰਿਆ ਹੈ -

*ਧਾਰਨਾ - ਝੱਲਿਆ ਨਾ ਜਾਵੇ*
*ਸਤਿਗੁਰ ਤੇਰਾ ਵਿਛੋੜਾ।*

*ਜਿਉ ਮਛੁਲੀ ਬਿਨੁ ਪਾਣੀਐ*
*ਕਿਉ ਜੀਵਣੁ ਪਾਵੈ ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ*
*ਬੰਧਾਵੈ॥ ਤਿਉ ਸੰਤ ਜਨਾ ਹਰਿ ਪ੍ਰੀਤਿ ਹੈ*
*ਦੇਖਿ ਦਰਸੁ ਅਘਾਵੈ ॥ ਅੰਗ - ੭੦੮*

ਐਸੀ ਹਾਲਤ ਹੈ ਸ਼ਹਿਰ ਦੀ -

*ਬਾਝੁ ਪਿਆਰੇ ਆਪਣੇ ਬਿਰਹੀ ਨਾ ਧੀਰੋਇ ॥*
*ਅੰਗ - ੧੧੦੦*

ਸਾਰਿਆਂ ਦੇ ਅੰਦਰ ਬਿਰਹਾ ਆ ਗਿਆ, ਤੇ ਜਿਸ ਵਕਤ ਮਹਾਰਾਜ ਜੀ ਰਾਣੀ ਦੇ ਪਾਸ ਜਾਂਦੇ ਨੇ ਕਿ ਮਾਤਾ! ਹੁਕਮ ਆ ਗਿਆ ਸਾਨੂੰ, ਅਸੀਂ ਜਾ ਰਹੇ ਹਾਂ। ਇਹ ਬਚਨ ਨਹੀਂ ਸੀਗਾ, ਉਹਨੂੰ ਐਉਂ ਲੱਗਿਆ ਜਿਵੇਂ ਕਿਸੇ ਨੇ ਬਹੁਤ ਅਣੀ ਵਾਲਾ ਬਾਣ ਮਾਰਿਆ ਹੋਵੇ, ਬੇਹੋਸ਼ ਹੋ ਕੇ ਗਿਰ ਗਈ ਉਸ ਵੇਲੇ। ਪੱਖੇ ਝੱਲੇ ਗਏ, ਜਲ ਮੂੰਹ ਵਿਚ ਪਾਇਆ ਗਿਆ, ਸਾਵਧਾਨ ਕਰਿਆ, ਮਾਤਾ ਐਨਾ ਅਫਸੋਸ ਗੱਲ ਦਾ, ਐਨਾ ਦੁੱਖ? ਕਹਿਣ ਲੱਗੀ, ਪੁੱਤਰ! ਮੈਂ ਰਹਿ ਨਹੀਂ ਸਕਦੀ, ਬੜੀ ਦੇਰ ਤੋਂ ਬਾਅਦ ਮੇਰੀ ਇੱਛਾ ਪੂਰੀ ਹੋਈ ਸੀ। ਆਪ ਕਹਿਣ ਲੱਗੇ, "ਅਸੀਂ ਜਾਣੇ ਹਾਂ ਕਿਤੇ, ਜਿਸ ਟਾਇਮ ਅਸੀਂ ਆਉਂਦੇ ਹਾਂ ਸੰਗਤ ਕਰਿਆ ਕਰੋ, ਬਾਣੀ ਦੀ ਵਿਚਾਰ ਕਰਿਆ ਕਰੋ, ਮੇਰੇ ਸਾਥੀ ਜੋ ਨੇ ਇਹ ਆਉਣਗੇ, ਜਦੋਂ ਘੁੰਗਣੀਆਂ ਦਾ ਪ੍ਰਸ਼ਾਦ ਤੁਸੀਂ ਵਰਤਾਓਗੇ, ਤੁਸੀਂ ਦੇਖੋਗੇ ਮੈਂ ਵਿਚ ਖੇਡਦਾ ਹੋਵਾਂਗਾ। ਨਵਾਬ ਰਹੀਮ ਖਾਂ ਨੂੰ ਪਤਾ ਲੱਗਿਆ, ਬੇਹਬਲ ਹੋ ਗਿਆ, ਰੋ ਰਿਹਾ ਹੈ ਉਚੀ-ਉਚੀ, ਸਾਹਿਬ ਮੈਂ ਕਿਵੇਂ ਜੀਵਾਂਗਾ, ਮੇਰਾ ਤਾਂ ਅਮਲ ਤੁਸੀਂ ਬਣ ਚੁੱਕੇ।

ਕਹਿੰਦੇ, ਰਹੀਮ ਖਾਂ! ਸੱਚੇ ਦਿਲ ਦੇ ਨਾਲ ਨਮਾਜ਼ ਪੜ੍ਹੀਂ ਜਦ ਤੂੰ ਸਿਜਦਾ ਕਰਕੇ ਦੋਵੇਂ ਹੱਥ ਜੋੜ ਕੇ ਮੰਗੇਂਗਾ ਪ੍ਰਭੂ ਤੋਂ ਤਾਂ ਮੈਂ ਸਾਮ੍ਹਣੇ ਤੇਰੇ ਖੜ੍ਹਾ ਹੋਇਆ ਕਰਾਂਗਾ। ਰੋਜ਼ ਤੈਨੂੰ ਦਰਸ਼ਨ ਹੋਣਗੇ। ਸੋ ਐਉਂ ਬਖਸ਼ਿਸ਼ਾਂ ਕਰਕੇ ਆਪ ਚਲਦੇ-ਚਲਦੇ ਪੰਜਾਬ ਵਲ ਨੂੰ ਆ ਰਹੇ ਨੇ ਤੇ ਅੱਜ ਆਪ ਲਖਨੌਰ ਆ ਜਾਂਦੇ ਨੇ ਤੇ ਉਥੇ ਵੀ ਕਈ ਮਹੀਨੇ ਆਪ ਨੂੰ ਠਹਿਰਨਾ ਪਿਆ ਤੇ ਖੁਦੋ-ਖੂੰਡੀ ਖੇਲ੍ਹ ਰਹੇ ਨੇ। ਹਾਕੀ ਖੇਲ੍ਹ ਰਹੇ ਨੇ ਅੱਜਕਲ੍ਹ ਦੀ ਅੰਗ੍ਰੇਜ਼ੀ ਦੀ ਜ਼ੁਬਾਨ 'ਚ। ਕਿੰਨੇ ਪਿਆਰੇ ਲਗਦੇ ਹੋਣੇ ਨੇ ਖੇਲ੍ਹਦੇ। ਉਹ ਪੀਰ ਭੀਖਨਸ਼ਾਹ ਫੇਰ ਆ ਗਿਆ। ਉਹਨੇ ਉਸੇ ਵੇਲੇ ਸਿਜਦਾ ਕਰਨਾ ਸ਼ੁਰੂ ਕਰ ਦਿਤਾ, ਸੱਤ ਸਿਜਦੇ ਕੀਤੇ, ਸੱਤ ਸਲਾਮਾਂ ਕੀਤੀਆਂ, ਨਵੇਂ ਮੁਰੀਦ ਰਲੇ ਹੋਏ ਸੀ ਉਨ੍ਹਾਂ ਨੇ ਫੇਰ ਸ਼ੰਕਾ ਕਰਿਆ ਕਿ ਤੁਸੀਂ ਹਿੰਦੂ ਲੜਕੇ ਨੂੰ ਸਲਾਮਾਂ ਕਰੀ ਜਾਂਦੇ ਓਂ। ਕਹਿਣ ਲੱਗੇ, ਇਹ ਤਾਂ ਅੱਲਾਹ ਦਾ ਨੂਰ ਨੇ, ਇਨ੍ਹਾਂ ਦੇ ਦਰਸ਼ਨ ਵਾਸਤੇ ਮੈਂ ਉਥੇ ਪਟਨੇ ਪਹੁੰਚਿਆ ਸੀ। ਆਓ ਮੈਂ ਇਕ ਗੱਲ ਪੁੱਛਣੀ ਹੈ ਇਨ੍ਹਾਂ ਤੋਂ। ਓਸ ਵੇਲੇ ਬੱਚੇ ਸੀ, ਅੱਜ ਵੱਡੇ ਨੇ ਮੈਂ ਇਨ੍ਹਾਂ ਤੋਂ ਇਕ ਗੱਲ ਪੁਛਣੀ ਹੈ, ਬਈ ਇਹ ਕਿਨ੍ਹਾਂ ਵਲ ਹੋਣਗੇ। ਓਸ ਵੇਲੇ ਦੋ ਮਠਿਆਈ ਦੇ ਬਰਤਨ ਮੰਗਾਏ ਗਏ, ਕੁੱਜੇ ਮੰਗਾਏ ਗਏ, ਦੋਹਾਂ ਦੇ ਮੂੰਹ ਢੱਕ ਦਿਤੇ ਤੇ ਮਹਾਰਾਜ ਜੀ ਦੇ ਅੱਗੇ ਲਿਜਾ ਕੇ ਰੱਖ ਦਿਤੇ। ਮਹਾਰਾਜ ਜੀ ਕਹਿੰਦੇ, ਦੋ ਕਿਉਂ ਲੈ ਕੇ ਆਏ ਓਂ ਤਿੰਨ ਲੈ ਕੇ ਆਓ। ਇਕ ਹੋਰ ਮੰਗਾ ਲਿਆ। ਹੁਣ ਸੋਚਦੇ ਨੇ ਕਿ ਤਿੰਨ ਮੰਗਾ ਲਏ, ਤੀਜਾ ਕੀਹਦਾ ਮੰਗਾ ਲਿਆ? ਤਾਂ ਉਸ ਵੇਲੇ ਬੈਠੇ ਨੇ, ਕੋਈ ਸਵਾਲ ਨਹੀਂ ਹੋ ਰਿਹਾ ਤੇ ਮਹਾਰਾਜ ਪੀਰ ਵਲ ਦੇਖਦੇ ਨੇ, ਮੁਸਕਰਾਏ। ਮਹਾਰਾਜ ਜੀ ਨੇ ਪਹਿਲਾਂ ਦੋਵੇਂ ਹੱਥ ਇਕ ਦੇ ਉਤੇ ਰੱਖ ਦਿਤੇ। ਫੇਰ ਇਕ-ਇਕ ਹੱਥ ਦੋਹਾਂ ਤੇ ਰੱਖ ਦਿਤਾ। ਹੁਣ ਪੀਰ ਸਮਝਦਾ ਹੈ, ਕਰਨੀ ਕਮਾਈ ਵਾਲਾ ਪੀਰ ਸੀ। ਸਿਜਦਾ ਕੀਤਾ। ਉਸ ਵੇਲੇ ਮੁਰੀਦਾਂ ਨੇ ਪੁੱਛਿਆ ਕਿ ਪੀਰ ਜੀ! ਸਾਡੇ ਤਾਂ ਸਮਝ ਵਿਚ ਨਹੀਂ ਆਈ ਕੁਛ ਗੱਲ? ਸਾਨੂੰ ਵੀ ਸਮਝਾ ਦਿਓ ਕਿ ਕੀ ਤੁਹਾਡੀ ਗੱਲਬਾਤ ਹੋਈ ਹੈ? ਇਸ਼ਾਰੇ ਨਾਲ ਗੱਲਬਾਤ ਹੋਈ ਹੈ, ਤੁਸੀਂ ਵੀ ਕੋਈ ਇਸ਼ਾਰਾ ਕਰ ਰਹੇ ਸੀ, ਉਹ ਵੀ ਕੋਈ ਇਸ਼ਾਰਾ ਕਰ ਰਹੇ ਸੀ। ਕਹਿੰਦੇ, ਮੁਰੀਦੋ! ਮੈਂ ਇਹ ਜਾਨਣ ਦੀ ਕੋਸ਼ਿਸ਼ ਕਰੀ ਸੀ ਕਿ ਇਹ ਹਿੰਦੂਆਂ ਦਾ ਹੋਣਗੇ ਜਾਂ ਇਸਲਾਮ ਵਾਲਿਆਂ ਦੇ ਹੋਣਗੇ। ਪਰ ਉਨ੍ਹਾਂ ਨੇ ਇਕ ਬਰਤਨ ਹੋਰ ਮੰਗਾ ਕੇ ਕਿਹਾ ਕਿ ਅਸੀਂ ਦੋਹਾਂ ਵਾਸਤੇ ਇਕ ਸਾਂਝਾ ਰਸਤਾ ਚਲਾਵਾਂਗੇ। ਉਹਦੇ ਉਤੇ ਤਾਂ ਦੋਵੇਂ ਹੱਥ ਰੱਖ ਦਿਤੇ, ਫੇਰ ਮੈਂ ਕਿਹਾ ਕਿ ਹਿੰਦੂਆਂ ਦਾ ਤੇ ਇਸਲਾਮ ਦਾ ਤੁਹਾਡੇ ਨਾਲ ਕੀ ਸਬੰਧ ਹੋਏਗਾ? ਉਸ ਵੇਲੇ ਆਪ ਨੇ ਦੋਵੇਂ ਹੱਥ ਦੋਹਾਂ ਤੇ ਰੱਖ ਦਿਤੇ, ਇਕ ਓਧਰ ਇਕ ਓਧਰ ਕਿ ਸਾਨੂੰ ਸਾਰੇ ਸਮ ਨੇ। ਸਾਡਾ ਕਿਸੇ ਨਾਲ ਵਿਰੋਧ ਨਹੀਂ। ਸਾਡੀ ਨਿਗ੍ਹਾ ਵਿਚ ਨਾ ਕੋਈ ਹਿੰਦੂ ਹੈ, ਨਾ ਕੋਈ ਤੁਰਕ ਹੈ।

ਐਨੇ ਨੂੰ ਇਕ ਹੋਰ ਪੀਰ ਆ ਗਿਆ, ਤੇ ਓਸ ਪੀਰ ਨੇ ਆ ਕੇ ਜਿਸ ਦਾ ਨਾਮ ਆਰਫਦੀਨ ਸੀ ਲਖਨੌਰ ਦਾ, ਬੜਾ ਹੀ ਕਰਾਮਾਤੀ ਤੇ ਅੰਤਰਜਾਮੀ ਫਕੀਰ ਸੀ। ਪਹੁੰਚਿਆ ਹੋਇਆ ਸੀ ਰੱਬ ਤਕ। ਗੁਰੂ ਦਸਵੇਂ ਪਾਤਸ਼ਾਹ ਦੀਆਂ ਕਥਾਵਾਂ ਨੂੰ ਪ੍ਰਗਟ ਕਰਨ ਵਾਲੇ ਸਾਧਸੰਗਤ ਜੀ ਧਿਆਨ ਰੱਖੋ, ਮੁਸਲਮਾਨ ਪੀਰ ਨੇ। ਜਿਨ੍ਹਾਂ ਨੇ ਸੱਚ ਬੋਲਿਆ, ਹਿੰਦੂ ਦਾ ਜ਼ਿਕਰ ਨਹੀਂ ਆਇਆ, ਜਾਂ ਤਾਂ ਉਨ੍ਹਾਂ ਨੂੰ ਪਤਾ ਹੀ ਨਹੀਂ ਲੱਗਿਆ, ਜਾਂ ਪਹੁੰਚ ਨਹੀਂ ਸੀ ਐਡੀ ਵੱਡੀ, ਉਨ੍ਹਾਂ ਦੀ ਪਹੁੰਚ ਵੱਡੀ ਸੀ, ਇਹ ਗੱਲ ਮੰਨਣੀ ਪੈਣੀ ਹੈ। ਐਵੇਂ ਨਹੀਂ ਸੀ ਅਸੀਂ ਕਹਿ ਦੇਈਏ ਕਿ ਸੂਫੀ ਪੀਰ ਸੀ, ਬਾਬਾ ਫਰੀਦ ਗੁਰੂ ਗ੍ਰੰਥ ਸਾਹਿਬ ਵਿਚ ਨਾ ਆਉਂਦੇ, ਜੇ ਉਚੇ ਨਾ ਹੁੰਦੇ। ਸੋ ਉਹ ਆ ਕੇ ਜਦੋਂ ਪਾਲਕੀ 'ਚੋਂ ਉਤਰਿਆ, ਉਤਰ ਕੇ ਸਿਜਦਾ ਕੀਤਾ। ਉਹ ਕਹਿੰਦਾ ਵਲੀ ਅੱਲਾਹ! ਸੁਬਾਨ ਅੱਲਾਹ! ਸੁਬਾਨ ਅੱਲਾਹ! ਤੇ ਮੁਰੀਦਾਂ ਨੇ ਪੁੱਛਿਆ ਪੀਰ ਜੀ! ਤੁਸੀਂ ਤਾਂ ਸਭ ਤੋਂ ਵੱਡੇ ਓਂ, ਤੁਹਾਡੇ ਸਮਾਨ ਐਸ ਵੇਲੇ ਭਾਰਤ ਵਰਸ਼ ਵਿਚ ਕੋਈ ਪੀਰ ਨਹੀਂ ਹੈ, ਤੁਸੀਂ ਇਹ ਕੀ ਕੰਮ ਕਰਿਆ, ਏਸ ਬੱਚੇ ਨੂੰ ਸਲਾਮ ਕਰੀ ਹੈ ਤੇ ਨਾਲੇ ਤੁਸੀਂ ਸੁਬਾਨ ਅੱਲਾਹ! ਸੁਬਾਨ ਅੱਲਾਹ! ਕਹਿ ਰਹੇ ਓਂ? ਕਹਿਣ ਲੱਗੇ, ਮੈਂ ਹੈਰਾਨ ਹਾਂ ਅੱਲਾਹ ਦੀ ਕੁਦਰਤ ਤੋਂ। ਜਦ ਮੈਂ ਸਮਾਧੀ 'ਚ ਜਾਂਦਾ ਹਾਂ ਤੇ ਉਥੇ ਅੱਲਾਹ ਦੇ ਦਰ ਤੇ ਪਹੁੰਚਦਾ ਹਾਂ, ਉਥੇ ਮੈਂ ਕੀ ਦੇਖਦਾ ਹਾਂ ਕਿ ਉਥੇ ਬੇਅੰਤ ਪੀਰ ਪੈਗੰਬਰ, ਔਲੀਏ ਖੜ੍ਹੇ ਨੇ ਸਾਰੇ, ਬਾਹਰ ਖੜ੍ਹੇ ਨੇ।

ਸਭ ਨੇ ਉਥੇ, ਲੇਕਿਨ ਕੋਈ ਖੁਦਾ ਦੇ ਕੋਲ ਨਹੀਂ ਪਹੁੰਚਦਾ, ਮੈਂ ਹੈਰਾਨ ਹਾਂ, ਜਿੰਨੀਆਂ ਬੇਨਤੀਆਂ ਕਰਦੇ ਨੇ। ਸਾਰੀਆਂ ਅਰਜ਼ੀਆਂ ਏਸ ਬੱਚੇ ਦੇ ਹੱਥ ਵਿਚ ਹੁੰਦੀਆਂ ਨੇ, ਤੇ ਇਹ ਅੱਲਾਹ ਤਾਲਾ ਦੇ ਅੰਦਰ ਜਾਂਦਾ ਹੈ -

***ਸਚ ਖੰਡਿ ਵਸੈ ਨਿਰੰਕਾਰੁ ॥***
***ਕਰਿ ਕਰਿ ਵੇਖੈ ਨਦਰਿ ਨਿਹਾਲ ॥ ਅੰਗ - ੮***

ਤੇ ਓਧਰੋਂ ਸੁਨੇਹੇ ਲਿਆ ਕੇ ਦਿੰਦਾ ਹੈ, ਅੱਜ ਇਥੇ ਮੈਨੂੰ ਏਸ ਰੂਪ ਵਿਚ, ਇਸ ਧਰਤੀ ਤੇ ਦਰਸ਼ਨ ਹੋ ਗਏ, ਤਾਂ ਮੈਂ ਸਲਾਮਾਂ ਕਰੀਆਂ ਨੇ। ਸੋ ਇਸ ਤਰ੍ਹਾਂ ਦੇ ਨਾਲ ਗੁਰੂ ਦਸ਼ਮੇਸ਼ ਪਿਤਾ ਅਨੰਦਪੁਰ ਸਾਹਿਬ ਪਹੁੰਚ ਜਾਂਦੇ ਨੇ।

ਅੱਜ ਆਪ ਖੇਲ੍ਹਦੇ-ਖੇਲ੍ਹਦੇ ਆਉਂਦੇ ਨੇ। ਨੌਂ ਸਾਲ ਦੀ ਆਪ ਦੀ ਉਮਰ ਹੋ ਗਈ। ਉਸ ਵੇਲੇ ਕੀ ਦੇਖਦੇ ਨੇ ਅੰਦਰ ਬਹੁਤ ਸਾਰੇ ਬੰਦੇ ਬੈਠੇ ਨੇ, ਵੱਡੇ-ਵੱਡੇ ਤਿਲਕ ਲੱਗੇ ਹੋਏ ਨੇ। ਵਧੀਆ-ਸੋਹਣੇ ਵਸਤਰ ਪਹਿਨੇ ਹੋਏ ਨੇ, ਦੇਖਣ ਤੋਂ ਪਤਾ ਲਗਦਾ ਹੈ ਕਿ ਵੱਡੇ ਵਿਦਵਾਨ ਪੁਰਸ਼ ਆਏ ਨੇ। ਲੇਕਿਨ ਉਦਾਸੀ ਤੋਂ ਪਤਾ ਲਗਦਾ ਹੈ ਕਿ ਇਨ੍ਹਾਂ ਜਿੰਨਾਂ ਸ਼ਾਇਦ ਹੀ ਸੰਸਾਰ ਤੇ ਕੋਈ ਦੁਖੀ ਹੋਵੇ

ਤੇ ਗੁਰੂ ਤੇਗ ਬਹਾਦਰ ਸਾਹਿਬ ਮਹਾਰਾਜ ਆਪ ਨੇ ਸਾਰੀ ਅਰਜ਼ ਉਨ੍ਹਾਂ ਦੀ ਸੁਣੀ ਤੇ ਆਪ ਗੰਭੀਰ ਹੋਏ ਬੈਠੇ ਨੇ, ਓਸ ਵੇਲੇ ਅਚਾਨਕ ਖੇਲ੍ਹਦੇ-ਖੇਲ੍ਹਦੇ ਆ ਕੇ ਇਸ ਚੁੱਪ ਨੂੰ ਤੋੜਨ ਵਾਸਤੇ ਗੁਰੂ ਮਹਾਰਾਜ ਨੇ ਪਿਛਲੇ ਪਾਸੇ ਦੀ ਹੋ ਕੇ ਗੁਰੂ ਤੇਗ ਬਹਾਦਰ ਸਾਹਿਬ ਦੇ ਗਲ ਵਿਚ ਦੋਹੇਂ ਬਾਹਾਂ ਪਾ ਲਈਆਂ। ਜਦ ਸਾਵਧਾਨ ਹੋਏ ਦੇਖਿਆ। ਕੋਈ ਮਾਮੂਲੀ ਪੁੱਤਰ ਨਹੀਂ ਸੀ, ਗੁਰੂ ਤੇਗ ਬਹਾਦਰ ਸਾਹਿਬ ਨੇ, ਜਦੋਂ ਜਨਮ ਲਿਆ ਇਨ੍ਹਾਂ ਨੇ ਓਸ ਵੇਲੇ ਆਤਮ ਦਾਸ ਇਕ ਵੱਡਾ ਸੰਤ ਗੁਰੂ ਮਹਾਰਾਜ ਕੋਲ ਆਸਾਮ ਵਿਚ ਸੀਗਾ, ਆਹ ਧੋਬੜੀ-ਘਾਟ ਕੋਲ ਸੀਗਾ, ਉਥੇ ਜਦੋਂ ਖੁਸ਼ੀਆਂ ਮਨਾਈਆਂ ਜਾ ਰਹੀਆਂ ਸੀ, ਉਹ ਕਹਿਣ ਲੱਗੇ, ਮਹਾਰਾਜ ਅੱਜ ਤੁਸੀਂ ਐਨੀ ਖੁਸ਼ੀ ਮਨਾ ਰਹੇ ਓਂ, ਰਾਜੇ ਖੁਸ਼ੀ ਮਨਾ ਰਹੇ ਨੇ, ਕਾਰਨ ਕੀ ਹੈ? ਉਹ ਕਹਿਣ ਲੱਗੇ, ਸੰਤ ਜੀ! ਅੱਜ ਸਾਡੇ ਗ੍ਰਹਿ ਵਿਚ ਗੁਰੂ ਅਵਤਾਰ ਪ੍ਰਗਟ ਹੋਏ ਨੇ, ਧੁਰ ਤੋਂ ਨਿਵਾਜੇ ਨੇ। ਉਨ੍ਹਾਂ ਨੂੰ ਕਿਸੇ ਤਪ ਨੂੰ ਕਰਨ ਦੀ ਲੋੜ ਨਹੀਂ ਪੈਣੀ, ਸਾਧਨਾ ਵਿਚ ਪੈਣ ਦੀ ਲੋੜ ਨਹੀਂ ਪੈਣੀ, ਧੁਰ ਤੋਂ ਹੀ ਪੂਰੇ ਆਏ ਨੇ ਤੇ ਜੇ ਮੈਂ ਐਉਂ ਕਹਿ ਦੇਵਾਂ ਅਕਾਲ ਪੁਰਖ ਆਪ ਹੀ manifest ਹੋ ਕੇ ਸਾਕਾਰ ਰੂਪ ਧਾਰ ਕੇ ਮਨੁਖ ਦੇ ਜਾਮੇ 'ਚ ਆਏ ਨੇ। ਇਹ ਵੀ ਗੱਲ ਠੀਕ ਹੈ। ਓਸ ਵੇਲੇ ਉਹਨੇ ਬੇਨਤੀ ਕੀਤੀ ਕਿ ਫੇਰ ਪਾਤਸ਼ਾਹ ਮੈਨੂੰ ਦਰਸ਼ਨ ਕਰਨ ਦੀ ਆਗਿਆ ਦਿਓ। ਕਹਿੰਦੇ ਦਰਸ਼ਨ ਤੈਨੂੰ ਹੋਣਗੇ, ਅੱਜ ਤੋਂ 43 ਸਾਲ ਬਾਅਦ, ਉਹ ਦੱਖਣ ਨੂੰ ਜਾਂਦੇ ਹੋਣਗੇ, ਤੇ ਤੂੰ ਉਥੇ ਦਰਸ਼ਨ ਕਰੇਂਗਾ ਬੁਰਹਾਨਪੁਰ ਦੇ ਅੰਦਰ ਨਾਲੇ ਸੇਵਾ ਕਰੇਂਗਾ। 43 ਸਾਲ ਬਾਅਦ ਦਰਸ਼ਨ ਹੋਏ ਉਸ ਨੂੰ।

ਸੋ ਗੁਰੂ ਮਹਾਰਾਜ ਤਾਂ ਸਭ ਕੁਛ ਜਾਣਦੇ ਸੀ। ਉਸ ਵੇਲੇ ਆਪ ਨੇ ਕਿਹਾ ਪਿਤਾ ਜੀ! ਐਨੀ ਗੰਭੀਰ ਅਵਸਥਾ ਕਿਉਂ ਹੈ? ਇਹ ਲੋਕ ਕੌਣ ਨੇ? ਕਹਿਣ ਲੱਗੇ, ਗੋਬਿੰਦ ਰਾਏ ਇਹ ਬਹੁਤ ਦੁਖੀ ਨੇ, ਜ਼ਬਰਦਸਤੀ ਇਨ੍ਹਾਂ ਦਾ ਧਰਮ ਬਦਲਿਆ ਜਾ ਰਿਹਾ ਹੈ। ਇਹ ਵਿਦਵਾਨ ਪੁਰਸ਼ ਨੇ ਤੇ ਇਹ ਆਪਣੇ ਧਰਮ ਦੀ ਰਾਖੀ ਵਾਸਤੇ ਆਏ ਨੇ। ਕਹਿੰਦੇ ਇਨ੍ਹਾਂ 'ਚ ਕੋਈ ਨਹੀਂ ਹੈ ਜਿਹੜਾ ਆਪਣੇ ਧਰਮ ਦੀ ਰਾਖੀ ਕਰ ਲਵੇ। ਭਾਰਤ ਵਰਸ਼ ਵਿਚ ਕੋਈ ਬੰਦਾ ਐਸਾ ਨਹੀਂ ਜਿਹੜਾ ਇਨ੍ਹਾਂ ਦੇ ਧਰਮ ਦੀ ਰਾਖੀ ਕਰ ਦੇਵੇ? ਸੈਂਕੜੇ ਰਾਜੇ ਨੇ ਵੱਡੇ-ਵੱਡੇ, ਵੱਡੇ-ਵੱਡੇ ਸਟੇਟਾਂ ਦੇ ਮਾਲਕ ਨੇ ਤੇ ਕੋਈ ਇਕ ਨਹੀਂ, ਵੱਡੇ-ਵੱਡੇ ਇਨ੍ਹਾਂ ਦੇ ਸਾਧੂ ਨੇ, ਕੋਈ ਨਹੀਂ ਕਰ ਸਕਦਾ? ਕਹਿੰਦੇ, ਨਹੀਂ, ਸਭ ਪਾਸਿਓਂ ਹਾਰ ਕੇ ਆਏ ਨੇ, ਤੇ ਕਹਿੰਦੇ ਇਨ੍ਹਾਂ ਦੇ ਐਨੇ ਦੇਵਤੇ ਨੇ, ਮੰਦਰਾਂ ਦੇ ਵਿਚ ਟੱਲ ਵਜਦੇ ਨੇ, ਵੱਡੇ-ਵੱਡੇ ਮੰਦਰ ਬਣਾਏ ਹੋਏ ਨੇ ਤੇ ਉਨ੍ਹਾਂ ਨੂੰ ਭੋਗ ਲਵਾਉਂਦੇ ਨੇ, ਕਹਿੰਦੇ ਨੇ ਕਿ ਸਾਡੇ ਦੇਵਤੇ ਪ੍ਰਤੱਖ ਨੇ। ਉਨ੍ਹਾਂ ਦੇਵਤਿਆਂ ਦੀ ਆਰਾਧਨਾ ਕਰਕੇ ਆਪਣੀ ਰਾਖੀ ਨਹੀਂ ਕਰਾ ਸਕਦੇ, ਧਰਮ ਨਹੀਂ ਬਚਾ ਸਕਦੇ, ਕਹਿੰਦੇ ਨਹੀਂ, ਕਿਸੇ ਦੇਵਤੇ ਨੇ ਰਾਖੀ ਨਹੀਂ ਕਰੀ, ਸਗੋਂ ਦੇਵ ਮੰਦਰ ਤੋੜ-ਤੋੜ ਕੇ ਪੈਰਾਂ ਦੇ ਵਿਚ ਲਾ ਦਿਤੇ ਗਏ ਨੇ, ਨੀਹਾਂ ਦੇ ਵਿਚ ਚਿਣ ਦਿਤੇ ਗਏ ਨੇ, ਮੂਰਤੀਆਂ ਚਿਣ ਦਿਤੀਆਂ ਗਈਆਂ ਨੇ, ਕੋਈ ਦੇਵਤਾ ਟਸ ਤੋਂ ਮਸ ਨਹੀਂ ਹੋਇਆ। ਕਹਿੰਦੇ ਹੁਣ ਪਿਤਾ ਜੀ! ਤੁਸੀਂ ਕੀ ਸੋਚ ਰਹੇ ਹੋ? ਕਹਿੰਦੇ, ਪੁੱਤਰ ਐਸ ਵੇਲੇ ਕੋਈ ਪੂਰਨ ਸੰਤ ਹੋਵੇ, ਉਹ ਆਪਣੀ ਕੁਰਬਾਨੀ ਦੇਵੇ ਤਾਂ ਇਹ ਧਰਮ ਠਹਿਰ ਸਕਦਾ ਹੈ, ਨਹੀਂ ਤਾਂ ਧਰਮ ਦਾ ਪਹਾੜ ਐਨੇ ਜ਼ੋਰ ਨਾਲ ਰੁੜ੍ਹਿਆ ਆ ਰਿਹਾ ਹੈ, ਕਿ ਇਹ ਹਿੰਦ ਸਾਰਾ ਜਿਹੜਾ ਹੈ ਇਹ ਧਰਮ ਤੋਂ ਹੀਣਾ ਹੋ ਜਾਏਗਾ। ਕੋਈ ਨਹੀਂ ਰਹੇਗਾ, ਸੋ ਅਸੀਂ ਇਸ ਚੀਜ਼ ਦੀ ਵਿਚਾਰ ਕਰ ਰਹੇ ਹਾਂ। ਭਾਈ ਗੁਰਦਾਸ ਜੀ ਨੇ ਲਿਖਿਆ ਹੈ ਕਿ –

***ਕੋਇ ਨ ਥੰਮੈ ਸਾਧ ਬਿਨ***
***ਸਾਧ ਨ ਦਿਸੈ ਜਗਿ ਵਿਚ ਕੋਆ।***

ਪੂਰਨ ਸਾਧਾਂ ਦੀ ਅਣਹੋਂਦ ਹੋ ਗਈ ਸੀ। ਕਹਿੰਦੇ, ਪਿਤਾ ਜੀ! ਗੁਰੂ ਨਾਨਕ ਨੇ ਸਾਧ ਬਣਾਏ ਇਥੇ ਆ ਕੇ, ਸੰਤ ਬਣਾਏ ਤੇ ਤੁਸੀਂ ਗੁਰੂ ਨਾਨਕ ਆਪ ਹੋਂ, ਤੁਹਾਡੇ ਨਾਲੋਂ ਵੱਡਾ ਤਾਂ ਕੋਈ ਹੋਰ ਹੋ ਨਹੀਂ ਸਕਦਾ, ਤੇ ਤੁਸੀਂ ਜਾਓ ਜਾ ਕੇ ਆਪਣਾ ਬਲੀਦਾਨ ਦਿਓ, ਐਨੇ ਜਦ ਬਚਨ ਸੁਣੇ, ਮਹਾਰਾਜ ਜੀ ਨੇ ਛਾਤੀ ਨਾਲ ਲਾ ਲਏ, ਘੁੱਟ ਕੇ ਪਿਆਰ ਕਰਿਆ। ਕਹਿਣ ਲੱਗੇ, ਠੀਕ ਹੈ, ਤੂੰ ਅਜੇ ਬੱਚਾ ਹੈਂ? ਕਹਿਣ ਲੱਗੇ, ਪਿਤਾ ਜੀ! ਜਦ ਮੈਂ ਮਾਂ ਦੇ ਪੇਟ 'ਚ ਸੀ, ਉਥੇ ਵੀ ਮੇਰੀ ਰਾਖੀ ਹੁੰਦੀ ਸੀ, ਜਦ ਮੈਂ ਬਾਹਰ ਆਇਆ ਤਾਂ ਮੇਰੇ ਦੰਦ ਨਹੀਂ ਸੀ ਆਏ, ਦੁੱਧ ਉਸ ਵੇਲੇ ਪ੍ਰਮੇਸ਼ਰ ਨੇ ਪੈਦਾ ਕਰਿਆ ਤੇ ਹੁਣ ਜਦ ਮੈਂ ਨੌਂ ਸਾਲ ਦਾ ਹੋ ਗਿਆ, ਹੁਣ ਤਾਂ ਉਹ ਆਪ ਹੀ ਮੇਰੇ ਨਾਲ ਹੈ ਤੁਸੀਂ ਕਾਹਦਾ ਫਿਕਰ ਕਰਦੇ ਓਂ। ਸੋ ਪਿਤਾ ਨੂੰ ਸ਼ਹੀਦੀ ਵਾਸਤੇ ਹੱਸ ਕੇ ਭੇਜ ਦਿਤਾ। ਸ਼ਹੀਦੀ ਹੋ ਜਾਂਦੀ ਹੈ। ਉਸ ਤੋਂ ਬਾਅਦ ਗੁਰੂ ਮਹਾਰਾਜ ਗੱਦੀ 'ਤੇ ਬੈਠਦੇ ਨੇ, ਉਮਰ ਛੋਟੀ ਹੈ, ਮਸੰਦਾਂ ਦੀ ਪੂਜਾ ਦਾ ਧਾਨ ਖਾ-ਖਾ ਕੇ ਮਤ ਮਾਰੀ ਗਈ ਸੀ। ਜੇ ਤਾਂ ਪੂਜਾ ਖਾਣ ਵਾਲਾ ਪੁਰਸ਼ ਭਜਨ ਕਰੇ, ਬੰਦਗੀ ਕਰੇ, ਸੇਵਾ ਕਰੇ ਤਾਂ, ਤਾਂ ਬਚਿਆ ਕਰਦਾ ਹੈ, ਨਹੀਂ ਤਾਂ ਕਹਿੰਦੇ–

***ਤਿਉ ਧਰਮਸਾਲ ਦੀ ਝਾਕ ਹੈ ਵਿਹੁ ਖੰਡੂ ਪਾਜੁ।।***
***ਭਾਈ ਗੁਰਦਾਸ ਜੀ, ਵਾਰ ੩੫/੧੨***

ਜਿਵੇਂ ਵਿਹੁ ਦੇ ਕੈਪਸੂਲ ਖਾਂਦਾ ਹੈ, ਐਉਂ ਉਹ ਖਾਂਦਾ ਹੈ। ਇਸ ਤਰ੍ਹਾਂ ਉਹ ਖਾਣ ਲਗ ਗਏ ਸੀ। ਸੰਗਤਾਂ ਨੇ ਜੋ ਗੁਰੂ ਵਾਸਤੇ ਭੇਟਾ ਕਰਨਾ, ਰਾਹ ਵਿਚ ਆਪਣੇ ਵਾਸਤੇ ਹੀ ਰੱਖ ਲੈਣਾ, ਆਪਣੀ ਐਸ਼ੋ-ਇਸ਼ਰਤ ਵਧ ਗਈ। ਬੜੇ-ਬੜੇ ਰੇਸ਼ਮੀ ਕੱਪੜੇ, ਕੀਮਤੀ ਗਹਿਣੇ, ਹੀਰੇ ਜਵਾਹਾਰਾਤ ਪਹਿਨਣੇ ਸ਼ੁਰੂ ਕਰ ਦਿਤੇ, ਕਲਗੀਆਂ ਲਾਉਣੀਆਂ ਸ਼ੁਰੂ ਕਰ ਦਿਤੀਆਂ। ਵਿਸ਼ੇ-ਵਿਕਾਰਾਂ 'ਚ ਪੈ

ਗਏ, ਵੇਸਵਾਵਾਂ ਰੱਖਣੀਆਂ ਸ਼ੁਰੂ ਕਰ ਦਿਤੀਆਂ। ਪੂਰਨ ਤੌਰ ਦੇ ਉਤੇ ਨਿਹਚਾ ਡੋਲ ਗਿਆ ਤੇ ਜਿਹੜਾ ਕੰਮ ਧਰਮਸਾਲਾ ਦੀਆ ਰੋਟੀਆਂ ਕਰਿਆਂ ਕਰਦੀਆ ਨੇ –

*ਧਰਮਸਾਲਾਂ ਦੀਆਂ ਰੋਟੀਆਂ ਤਿਨ ਕੰਮ ਕਰੇਨਿ।*
*ਹਡ ਗਾਲਣ, ਮਤ ਮਾਰਨ, ਭਜਨ ਕਰਨ ਨ ਦੇਨਿ।*

ਉਹ ਪੂਰੀ ਤਰ੍ਹਾਂ ਮਸੰਦਾਂ ਦੇ ਉਤੇ ਅਸਰ ਛਾ ਗਿਆ। ਮਾਇਆ ਫੈਲ ਗਈ ਉਨ੍ਹਾਂ ਦੇ ਉਤੇ, ਉਨ੍ਹਾਂ ਦੇ ਮਨ ਵਿਚ ਇਹ ਨਿਹਚਾ ਹੋ ਗਿਆ ਕਿ ਗੁਰੂ ਨੂੰ ਗੁਰੂ ਬਣਾਉਣਾ ਤਾਂ ਸਾਡੇ ਹੱਥ ਹੈ। ਅਸੀਂ ਇਲਾਕੇ ਦੇ ਮਸੰਦ ਹਾਂ, ਸਾਰੀ ਸੰਗਤ ਸਾਡੇ ਹੱਥ ਵਿਚ ਹੁੰਦੀ ਹੈ ਤੇ ਜਿਹਨੂੰ ਜੀਅ ਕਰੇ ਗੁਰੂ ਬਣਾ ਲਵਾਂਗੇ, ਗੁਰੂਆਂ 'ਚ ਕੋਈ ਖਾਸ ਗੱਲ ਹੁੰਦੀ ਹੈ? ਜੇ ਗੁਰੂ 'ਚ ਸ਼ਕਤੀ ਹੁੰਦੀ ਤਾਂ ਔਰੰਗਜ਼ੇਬ ਸੀਸ ਕਿਵੇਂ ਕੱਟ ਦਿੰਦਾ? ਗੁਰੂ ਦਸਵੇਂ ਪਾਤਸ਼ਾਹ ਕਹਿੰਦੇ ਸੀ ਪਿਆਰਿਓ! –

*ਨਾਟਕ ਚੇਟਕ ਕੀਏ ਕੁਕਾਜਾ।*
*ਪ੍ਰਭ ਲੋਗਨ ਕਹ ਆਵਤ ਲਾਜਾ।*

ਉਹ ਤਾਂ ਸਮਰੱਥ ਸੀ ਇਕ ਬਚਨ ਕਰਕੇ ਸਭ ਕੁਛ ਕਰ ਦਿੰਦੇ ਲੇਕਿਨ ਨਾਟਕ ਚੇਟਕ ਸਤਿਪੁਰਸ਼ ਦਿਖਾਇਆ ਨਹੀਂ ਕਰਦੇ। ਨਿਹਚਾ ਨਹੀਂ ਸੀ ਆ ਰਿਹਾ ਉਨ੍ਹਾਂ ਨੂੰ ਗੁਰੂ ਮਹਾਰਾਜ 'ਤੇ, ਕਿੰਨੇ ਕੌਤਕ ਮਹਾਰਾਜ ਨੇ ਦਿਖਾਏ ਤੇ ਅੱਜ ਦੀਵਾਨ ਲਗਿਆ ਹੋਇਆ, ਉਹਦੇ ਵਿਚ ਗੁਰੂ ਮਹਾਰਾਜ ਜੀ ਬਹੁਤ ਕਿਸਮ ਦੇ ਬਚਨ ਕਰ ਰਹੇ ਨੇ। ਕੁਛ ਥੋੜ੍ਹੇ-ਥੋੜ੍ਹੇ ਹਾਸੇ ਦੇ ਵੀ ਬਚਨ ਚਲਣ ਲਗ ਗਏ, ਹਲਕਾ-ਹਲਕਾ ਹਾਸਾ ਉਪਦੇਸ਼ ਦੇਣ ਦੇ ਵਾਸਤੇ। ਸਤਿਪੁਰਸ਼ ਜਦ ਹਸਦੇ ਨੇ ਉਪਦੇਸ਼ ਦਿੰਦੇ ਨੇ। ਛੋਟੇ ਮਹਾਰਾਜ ਜੀ (ਸੰਤ ਕਿਸ਼ਨ ਸਿੰਘ ਜੀ ਮਹਾਰਾਜ ਰਾੜਾ ਸਾਹਿਬ) ਨਾਲੇ ਹਸੀ ਜਾਂਦੇ ਸੀ, ਨਾਲੇ ਉਪਦੇਸ਼ ਦੇਈ ਜਾਣਾ ਬੜੀ ਡੂੰਘੀ ਤੋਂ ਡੂੰਘੀ ਗੱਲ, ਹੱਸ ਕੇ ਕਹਿ ਦੇਣੀ। ਸੋ ਐਸਾ ਮਾਹੌਲ ਦੇਖ ਇਕ ਮਦਾਰੀ ਆ ਗਿਆ, ਰਿੱਛ ਵਾਲਾ। ਬੜਾ ਵੱਡਾ ਰਿੱਛ ਹੈ ਉਹਦੇ ਕੋਲ। ਆ ਕੇ ਤਮਾਸ਼ਾ ਦਿਖਾਉਣ ਲਗ ਗਿਆ। ਉਸ ਵੇਲੇ ਮਹਾਰਾਜ ਦੀ ਗਿਆਰ੍ਹਾਂ ਸਾਲ ਦੀ ਉਮਰ ਸੀ। 1734 ਸੰਮਤ ਸੀ ਉਸ ਵੇਲੇ ਤੇ ਉਹ ਕੁਸ਼ਤੀਆਂ ਦਿਖਾ ਰਿਹਾ ਹੈ, ਕਦੇ ਥੱਲੇ ਆ ਜਾਂਦਾ ਹੈ ਮਦਾਰੀ, ਕਦੇ ਰਿੱਛ ਆ ਜਾਂਦਾ ਹੈ। ਬੜੀ ਦੇਰ ਇਸ ਤਰ੍ਹਾਂ ਕਰਦੇ ਦੋਵੇਂ ਗਰਮੀ-ਗਰਮੀ ਹੋ ਗਏ। ਸਾਰੇ ਦੇਖ-ਦੇਖ ਕੇ ਹੱਸ ਰਹੇ ਨੇ। ਐਨੇ ਨੂੰ ਜਿਹੜਾ ਚੌਰ ਬਰਦਾਰ ਸੀ, ਭਾਈ ਕੀਰਤੀਆ, ਉਹ ਵੀ ਹਸਦਾ ਹੈ, ਮਹਾਰਾਜ ਨੇ ਐਉਂ ਉਪਰ ਨੂੰ ਦੇਖਿਆ, ਕਹਿੰਦੇ ਕੀਰਤੀਆ! ਪਛਾਣਦਾ ਹੈਂ ਕਿ ਐਵੇਂ ਹੀ ਹੱਸੀ ਜਾਂਦਾ ਹੈਂ?

ਕਹਿੰਦਾ, ਰਿੱਛ ਨੂੰ ਦੇਖ ਕੇ ਹੱਸਦਾ ਹਾਂ। ਮੈਨੂੰ ਤਾਂ ਪਛਾਣ ਨਹੀਂ ਹੈ।

ਕਹਿੰਦੇ, ਤੂੰ ਨਾ ਹੱਸ, ਬਾਕੀਆ ਨੂੰ ਹੱਸ ਲੈਣ ਦੇ।

ਕਹਿੰਦਾ ਮਹਾਰਾਜ ਮੈਂ ਕਿਉਂ ਨਾ ਹੱਸਾਂ?

ਕਹਿਣ ਲੱਗੇ, ਤੇਰਾ ਬਾਪੂ ਹੈ ਇਹ।

ਕਹਿੰਦਾ, ਮੇਰਾ ਪਿਤਾ? ਮੇਰਾ ਪਿਤਾ ਤਾਂ ਗੁਰੂ ਨੌਵੇਂ ਪਾਤਸ਼ਾਹ ਦਾ ਚੌਰ ਬਰਦਾਰ ਸੀ, ਸੇਵਾ ਕਰਦਾ ਸੀ ਤੇ ਮੇਰਾ ਪਿਤਾ ਚੌਰ ਬਰਦਾਰ ਹੋ ਕੇ ਰਿੱਛ ਬਨਦਾ ਹੈ ਤਾਂ ਫੇਰ ਮੈਂ ਤੁਹਾਡੀ ਸੇਵਾ ਕਰਦਾ ਹਾਂ ਮੈਂ ਫੇਰ ਬਾਂਦਰ ਬਣ ਜਾਵਾਂਗਾ। ਫੇਰ ਗੁਰੂਆਂ ਦੀ ਸੇਵਾ ਕਰਨ ਦਾ ਕੀ ਫਲ ਹੋਇਆ? ਮਹਾਰਾਜ ਕਹਿੰਦੇ ਭਾਈ ਕੀਰਤੀਆ! ਗੁਰੂ ਨਾਨਕ ਸਾਹਿਬ ਨੇ ਤਾਂ ਸਾਰਾ ਕੁਛ ਖੋਲ੍ਹ ਕੇ ਦੱਸਿਆ ਹੋਇਆ ਹੈ ਬਈ ਜੇ ਸੇਵਾ, ਸੇਵਾ ਦੇ ਤੌਰ ਤੇ ਕੀਤੀ ਜਾਵੇ ਤਾਂ ਇਥੇ ਵੀ ਮਾਣ ਮਿਲਦਾ ਹੈ, ਦਰਗਾਹ ਵਿਚ ਵੀ ਮਾਣ ਮਿਲਦਾ ਹੈ –

*ਧਾਰਨਾ – ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,*
*ਸੇਵਾ ਕਰਕੇ ਮਾਣ ਪਾਈਦੈ।*

ਦੇਖ ਭਾਈ ਕੀਰਤੀਆ! ਗੁਰੂ ਨਾਨਕ ਇਹ ਕਹਿੰਦੇ ਨੇ ਕਿ –

*ਵਿਚਿ ਦੁਨੀਆ ਸੇਵ ਕਮਾਈਐ ॥*
*ਤਾ ਦਰਗਹ ਬੈਸਣੁ ਪਾਈਐ ॥*
*ਕਹੁ ਨਾਨਕ ਬਾਹ ਲੁਡਾਈਐ ॥ ਅੰਗ – ੨੬*

ਇਹ ਠੀਕ ਹੈ ਸੇਵਾ ਕਰਨ ਵਾਲੇ ਨੂੰ ਐਥੇ ਵੀ ਮਾਣ ਮਿਲਦਾ ਹੈ। ਲੇਕਿਨ ਸੇਵਾ, ਸੇਵਾ ਕਰਨ ਵਿਚ ਫਰਕ ਹੈ। ਜੇ ਤਾਂ ਬੱਧਾ ਚੱਟੀ ਕਰਦਾ ਹੈ, ਜਾਂ ਏਸ ਕਰਕੇ ਕਰਦਾ ਹੈ ਕਿ ਬਾਬਾ ਜੀ! ਨਾਰਾਜ਼ ਨਾ ਹੋ ਜਾਣ, ਦੇਖਦੇ ਨੇ ਸੇਵਾ ਕਰਾਂ। ਉਹ ਤਾਂ ਸੇਵਾ ਹੋਰ ਚੀਜ਼ ਹੈ। ਇਕ ਆਪੇ ਹੀ ਜਾਂਦਾ ਹੈ, ਆਪਣੇ ਆਪ ਹੀ ਸੇਵਾ ਕਰਨ ਕਿ ਮੈਂ ਹੁਣ ਸੇਵਾ ਕੀ ਕਰਾਂ। ਇਥੇ ਬੀਬੀਆਂ ਆਉਂਦੀਆਂ ਨੇ। ਭਾਈ ਬੀਮਾਰੀ ਹਟ ਜਾਏਗੀ, ਸੇਵਾ ਕਰੋ। ਗੁਰੂ ਪ੍ਰਸੰਨ ਹੋ ਜਾਏਗਾ, ਕਈ ਵਾਰੀ ਮੈਂ ਦੇਖਦਾ ਹਾਂ, ਮੈਨੂੰ ਪਤਾ ਲਗ ਜਾਂਦਾ ਹੈ ਕਿ ਇਹ ਦਿਲੋਂ ਸੇਵਾ ਨਹੀਂ ਕਰਦੀ ਬੱਸ ਰਾਜ਼ੀ ਹੋਣ ਵਾਸਤੇ ਹੀ ਕਰਦੀ ਹੈ। ਸੇਵਾ ਹੋਰ ਚੀਜ਼ ਹੁੰਦੀ ਹੈ, ਉਥੇ ਨੱਠ-ਨੱਠ ਕੇ ਪੈਂਦਾ ਹੈ ਬੰਦਾ। ਕਈ ਐਸੇ ਵੀ ਹੁੰਦੇ ਨੇ ਉਹ ਮੂੰਹ ਮਲਾਜ਼ਾ ਰੱਖਣ ਵਾਸਤੇ ਸੇਵਾ ਕਰਦੇ ਨੇ।

*ਵਿਚਿ ਹਉਮੈ ਸੇਵਾ ਥਾਇ ਨ ਪਾਏ ॥*
*ਜਨਮਿ ਮਰੈ ਫਿਰਿ ਆਵੈ ਜਾਏ ॥*
*ਅੰਗ – ੧੦੭੧*

ਹੁਣ ਇਹਨੂੰ ਕੌਣ ਟਾਲ ਦਏਗਾ। ਸਤਿਗੁਰੂ ਦੀ ਸੇਵਾ ਤਾਂ ਸਫਲ ਹੈ। ਕਹਿੰਦੇ ਓਹੀ ਸਫਲ ਹੈ –

*ਸਤਿਗੁਰ ਕੀ ਸੇਵਾ ਸਫਲ ਹੈ*
*ਜੇ ਕੋ ਕਰੇ ਚਿਤੁ ਲਾਇ ॥ ਅੰਗ – ੫੫੨*

ਜਿਹੜਾ ਚਿੱਤ ਲਾ ਕੇ ਕਰਦਾ ਹੈ ਤੇ ਨਿਮਾਣਾ ਹੋ ਕੇ ਕਰਦਾ ਹੈ ਤੇ ਸ਼ੁਕਰ 'ਚ ਰਹਿੰਦਾ ਹੈ ਕਿ ਹੇ ਸੱਚੇ ਪਾਤਸ਼ਾਹ! ਤੂੰ ਮੈਨੂੰ ਸੇਵਾ ਕਰਨ ਦਾ ਬਲ ਬਖਸ਼ ਦਿਤਾ, ਮਨੁੱਖ ਜਾਮੇ 'ਚ। ਬਣ ਕੇ ਨਹੀਂ ਕਰਦਾ, ਜਿਹੜਾ ਬਣ ਕੇ ਕਰਦਾ ਹੈ, ਮਹਾਰਾਜ ਕਹਿੰਦੇ ਉਹ ਤਾਂ ਨਹੀਂ ਸੇਵਕ ਹੈਗਾ। ਬਾਕੀ ਉਹ ਤਾਂ ਬਾਤਾਂ-ਚੀਤਾਂ ਨੇ, ਬਾਤਾਂ-ਚੀਤਾਂ ਨੂੰ ਤਾਂ ਮਹਾਰਾਜ ਐਉਂ ਫੁਰਮਾਉਂਦੇ ਨੇ-

*ਧਾਰਨਾ - ਗੱਲਾਂ ਵਾਲੇ ਹੈਨ ਘਨੇਰੇ*
*ਚਾਕਰ ਕੋਈ-ਕੋਈ ਹੈ।*

*ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ ॥*
*ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ ॥*
*ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ ॥*
*ਨਾਨਕ ਜਿਸ ਨੋ ਲਗਾ ਤਿਸੁ ਮਿਲੈ*
*ਲਗਾ ਸੋ ਪਰਵਾਨੁ ॥ ਅੰਗ - ੪੭੪*

ਮਹਾਰਾਜ ਕਹਿਣ ਲੱਗੇ, ਗੱਲਾਂ ਵਾਲੀ ਦੁਨੀਆਂ ਬੇਅੰਤ ਹੈ। ਲੇਕਿਨ ਸੱਚੇ ਦਿਲ ਦਾ ਚਾਕਰ ਹੋਣਾ ਬਹੁਤ ਮੁਸ਼ਕਲ ਹੈ।ਸੇਵਾਦਾਰ ਹੋਣਾ ਬਹੁਤ ਮੁਸ਼ਕਲ ਹੈ। ਕਹਿੰਦੇ ਉਹ ਹੁੰਦਾ ਹੈ ਜਿਹੜਾ ਸਿਰ ਦੀ ਪਰਵਾਹ ਨਾ ਕਰੇ। ਇਥੇ ਮੇਰੇ ਕੋਲ ਆਇਆ ਸੇਵਾਦਾਰ, ਕਹਿੰਦਾ ਜੀ ਵਾਹਿਗੁਰੂ ਮੰਤਰ ਦੀ ਰੌਲ 'ਤੇ ਬੈਠਣ ਨੂੰ ਕੋਈ ਬੀਬੀ ਤਿਆਰ ਨਹੀਂ ਹੋ ਰਹੀ, ਕੋਈ ਭਾਈ ਨਹੀਂ ਤਿਆਰ ਹੋ ਰਿਹਾ। ਮੈਂ ਕਿਹਾ ਕਮਾਲ ਹੈ, ਇਹ ਤਾਂ ਬੀਮਾਰ ਹੋ ਜਾਣਗੇ ਸਾਰੇ। ਇਹ ਤਾਂ ਅਸੀਂ ਕਰਿਆ ਹੀ ਤਾਂ ਹੈ ਕਿ ਗੁਰਦੁਆਰੇ ਦੇ ਪ੍ਰਸ਼ਾਦੇ ਛਕ ਕੇ ਭਜਨ ਵੀ ਬਰਾਬਰ ਦਾ ਹੁੰਦਾ ਰਹੇ ਪਰ ਇਹ ਗੱਲ ਕੀ ਇਨ੍ਹਾਂ ਨੂੰ ਸਮਝ ਵਿਚ ਹੀ ਨਹੀਂ ਪਈ। ਵਾਹਿਗੁਰੂ-ਵਾਹਿਗੁਰੂ ਕਰਨ ਤੋਂ ਹੀ ਟਲਦੇ ਨੇ। ਮੈਂ ਕਿਹਾ ਜਾਹ, ਜਿਹੜੀ ਬੀਬੀ ਨੂੰ ਕਹੇਂਗਾ ਜੇ ਉਹਨੇ ਨਾਂਹ ਕਰੀ, ਮੇਰੇ ਕੋਲ ਲੈ ਕੇ ਆਈਂ। ਫੇਰ ਉਹਨੇ ਜਾ ਕੇ ਕਿਹਾ, ਫੇਰ ਉਹ ਆਇਆ ਨਹੀਂ।

ਇਹ ਮੈਂ ਤਾਂ ਕਰਦਾ ਹਾਂ ਇਥੇ ਵਾਲਿਆਂ ਨਾਲ ਗੱਲ ਕਿ ਇਹ ਸੇਵਾਦਾਰ ਕਹਾਉਂਦੇ ਨੇ, ਘਰ-ਬਾਰ ਛੱਡੇ ਨੇ, ਫੇਰ ਸਹੀ ਸੇਵਾ ਵਾਲਾ ਹੋਣਾ ਚਾਹੀਦਾ ਹੈ। ਜੇ ਤਾਂ ਐਡਾ ਸ਼ੌਕ ਹੋਵੇ ਫੇਰ ਤਾਂ ਠੀਕ ਹੈ। ਨਹੀਂ ਤਾਂ ਘਰ ਹੀ ਰਹੋ ਆਪਣੇ, ਜਿਥੇ ਦੁਨੀਆਂ ਰੋਂਦੀ-ਕੁਰਲਾਉਂਦੀ ਹੈ ਉਥੇ ਆਪ ਕਰੀ ਜਾਓ, ਵਿਚੇ ਗੁਜ਼ਾਰਾ ਸਭ ਦਾ ਹੋਈ ਜਾਣਾ ਹੈ। ਜੇ ਗੁਰੂ ਦੇ ਦਰ ਤੇ ਆਉਣਾ ਹੈ ਤਾਂ ਗੁਰੂ ਦਾ ਦਰਬਾਰ ਕੁਛ ਹੋਰ ਤਰ੍ਹਾਂ ਦਾ ਹੈ ਉਹ ਤਾਂ ਕਹਿੰਦਾ ਹੈ ਕਿ-

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ*
*ਤਉ ਆਉ ਹਮਾਰੈ ਪਾਸਿ ॥ ਅੰਗ - ੧੧੦੨*

ਰੇਣੁਕਾ ਬਣ ਕੇ ਆ। ਮਹਾਰਾਜ ਕਹਿੰਦੇ, ਸੇਵਾ, ਸੇਵਾ 'ਚ ਭਾਈ ਕੀਰਤੀਆ ਫਰਕ ਹੈ। ਤੇਰਾ ਪਿਓ ਸੇਵਾ ਤਾਂ ਕਰਦਾ ਸੀ, ਚੌਰ ਬਰਦਾਰ ਸੀ, ਹਰ ਵਕਤ ਗੁਰੂ ਦੇ ਕੋਲ ਰਹਿੰਦਾ ਸੀ। ਪਰ ਉਹਦੇ ਮਨ ਵਿਚ ਅਭਿਮਾਨ ਬੜਾ ਸੀ, ਬਈ ਮੈਂ ਗੁਰੂ ਦਾ ਚੌਰ ਬਰਦਾਰ ਹਾਂ। ਕਹਿੰਦਾ ਮਹਾਰਾਜ ਜੀ! ਗੱਲ ਕੀ ਹੋਈ ਆਪ ਖੋਲ੍ਹ ਕੇ ਦੱਸੋ। ਆਪ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਸਾਹਿਬ ਦੇ ਦੀਵਾਨ ਦਾ ਭੋਗ ਪਿਆ ਤੇ ਮਹਾਰਾਜ ਜੀ ਅਜੇ ਬੈਠੇ ਹੀ ਨੇ ਕਿ ਤੇਰਾ ਪਿਤਾ ਪ੍ਰਸ਼ਾਦ ਵੰਡਣ ਲਗ ਗਿਆ। ਪ੍ਰਸ਼ਾਦ ਵੰਡਦੇ-ਵੰਡਦੇ ਓਥੇ ਇਕ ਕਿਸਾਨ ਦਸਵੰਧ ਲਈ ਆਉਂਦਾ ਸੀ ਤੇ ਉਹਨੇ ਅੱਗੇ ਜਾਣਾ ਸੀ। ਗੱਡਾ ਰੋਕ ਲਿਆ ਤੇ ਮਨ ਵਿਚ ਹੋਇਆ ਕਿ ਭੋਗ ਲਗਿਆ ਹੋਇਆ ਹੈ ਗੁਰੂ ਦਾ। ਜਦੋਂ ਭੋਗ ਲਗ ਗਿਆ, ਸ਼ੀਤ ਪ੍ਰਸ਼ਾਦ ਜਿਹੜਾ ਗੁਰੂ ਦਾ ਖਾ ਲਏਗਾ ਉਹਦਾ ਤਾਂ ਤਨ ਮਨ ਸਭ ਨਿਰਮਲ ਹੋ ਜਾਣਾ ਹੈ। ਗੁਰੂ ਦਾ ਸ਼ੀਤ ਪ੍ਰਸ਼ਾਦ ਕਿਤੇ ਮਿਲਦਾ ਹੈ। ਬਈ ਹੋਵੇ ਨਾ ਤਾਂ ਮੈਂ ਭਾਗਾਂ ਵਾਲਾ ਬਣਾਂ, ਪ੍ਰਸ਼ਾਦ ਲੈ ਆਵਾਂ, ਸ਼ੀਤ ਪ੍ਰਸ਼ਾਦ ਹੁੰਦਾ ਹੈ ਇਹ। ਕਹਿੰਦੇ ਵੀ ਹਾਂ ਅਰਦਾਸ ਦੇ ਅੰਦਰ। ਤੇ ਨਾਲ ਇਹ ਵੀ ਅਰਦਾਸ ਕਰਦੇ ਹਾਂ ਕਿ ਬੰਦਗੀ ਕਰਨ ਦਾ ਬਲ ਆ ਜਾਏ, ਸ਼ੀਤ ਪ੍ਰਸ਼ਾਦ ਛਕ ਕੇ, ਨਾਮ ਜਪਣ ਦਾ, ਸੇਵਾ ਕਰਨ ਦਾ। ਪਰ ਸਮਝ ਕੇ ਕਹਿਣਾ ਹੋਰ ਗੱਲ ਹੈ, ਅੱਖਰਾਂ ਨੂੰ ਰੋਜ਼ ਘੋਟਾ ਲਾ ਦੇਣਾ ਹੋਰ ਗੱਲ ਹੈ। ਕਹਿੰਦੇ ਉਹ ਏਸ ਆਸੇ ਨਾਲ ਆਇਆ ਹੈ ਤੇ ਏਧਰਲੇ ਪਾਸੇ ਤੇਰੇ ਪਿਤਾ ਦੇ ਸਾਮ੍ਹਣੇ ਆ ਗਿਆ, ਗੱਡੇ ਦੀ ਧੂੜ ਨਾਲ ਲੱਥਪੱਥ ਹੋਇਆ, ਦਾੜ੍ਹੇ ਤੇ ਧੂੜ ਹੀ ਧੂੜ ਪਈ ਸੀ। ਚਿਹਰਾ ਧੂੜ ਨਾਲ ਲੱਥਪੱਥ ਹੋਇਆ, ਕਪੜਿਆਂ ਤੇ ਧੂੜ ਪਈ ਸੀ। ਹੱਥ ਉਸਨੇ ਛੇਤੀ ਨਾਲ ਕੱਪੜੇ ਨਾਲ ਪੂੰਝ ਲਏ ਤੇ ਜਦੋਂ ਤੇਰੇ ਪਿਤਾ ਕੋਲ ਆਇਆ ਤਾਂ ਉਹ ਕਹਿਣ ਲੱਗਿਆ ਕਿ ਪਰ੍ਹੇ ਹੋ ਕੇ ਬੈਠ। ਫਿੱਕਾ ਬੋਲਿਆ। ਗੱਡਾ ਉਹਦਾ ਤੁਰ ਪਿਆ। ਉਹਨੇ ਦੇਖ ਲਿਆ ਕਿ ਗੱਡਾ ਤੁਰਿਆ ਜਾਂਦਾ ਹੈ। ਦੂਸਰੀ ਵਾਰੀ ਓਹਨੇ ਕਿਹਾ ਕਿ ਸ਼ਾਇਦ ਮੈਨੂੰ ਹੁਣ ਪ੍ਰਸ਼ਾਦ ਦੇ ਦੇਵੇ। ਜਦ ਉਹ ਤੇਰੇ ਪਿਤਾ ਦੇ ਸਾਮ੍ਹਣੇ ਦੂਜੀ ਵਾਰੀ ਆਇਆ, ਤਾਂ ਤੇਰੇ ਪਿਤਾ ਨੇ ਗੁੱਸੇ ਵਿਚ ਕਿਹਾ ਕਿ ਤੈਨੂੰ ਕਿਹਾ ਸੀ ਸਾਮ੍ਹਣੇ ਬੈਠ, ਰਿੱਛ ਜਿਹਾ ਫੇਰ ਟੱਪ ਕੇ ਸਾਮ੍ਹਣੇ ਆ ਗਿਆ। ਕੁਰਹਿਤ ਕਰ ਦਿਤੀ ਫਿੱਕਾ ਬੋਲ ਕੇ। ਰਹਿਤਾਂ ਕੇਵਲ ਇਹੀ ਨਹੀਂ ਕਿ ਕਿਰਪਾਨ ਪਹਿਨ ਲਓ, ਕਛਹਿਰਾ ਪਹਿਨ ਲਓ। ਇਹ ਤਾਂ ਸਰੀਰ ਦੀਆ ਰਹਿਤਾਂ ਨੇ, ਅੰਦਰਲੀਆਂ ਰਹਿਤਾਂ ਜਿਹੜੀਆਂ ਨੇ ਨਾ ਉਹ ਜ਼ਰੂਰੀ ਨੇ-

*ਨਿੰਦਾ ਭਲੀ ਕਿਸੈ ਕੀ ਨਾਹੀ*
*ਮਨਮੁਖ ਮੁਗਧ ਕਰੰਨਿ ॥ ਮੁਹ ਕਾਲੇ ਤਿਨ*
*ਨਿੰਦਕਾ ਨਰਕੇ ਘੋਰਿ ਪਵੰਨਿ ॥ ਅੰਗ - ੭੫੫*

ਕਿਵੇਂ ਸਿੱਖ ਕਹਾ ਲਏਗਾ ਆਪਣੇ ਆਪ ਨੂੰ ਨਿੰਦਿਆ ਕਰਨ ਵਾਲਾ। ਉਹ ਤਾਂ ਮਨਮੁਖ ਤੇ ਮੂਰਖ ਹੈ, ਮੁਗਧ ਹੈ। ਚੁਗਲੀ ਕਰਨ ਵਾਲਾ ਸਿੱਖ ਕਿਵੇਂ ਬਣ ਗਿਆ। ਬੇਈਮਾਨੀ, ਠੱਗੀ ਕਰਨ ਵਾਲਾ ਸਿੱਖ ਕਿਵੇਂ ਬਣ ਗਿਆ ਤੇ ਜਦੋਂ ਰਹਿਤਾਂ ਦੀ ਉਲੰਘਣਾ ਕਰੇਗਾ ਫੇਰ ਸਜ਼ਾ ਪਾਵੇਗਾ ਤੇ ਰਹਿਤ ਇਸ ਤਰ੍ਹਾਂ ਕਹਿੰਦੀ ਹੈ -

*ਧਾਰਨਾ - ਫਿੱਕਾ ਬੋਲ ਨਾ ਜ਼ੁਬਾਨ ਵਿਚੋਂ ਬੋਲੀਐ,*
*ਦਰਗਾਹ ਵਿਚ ਧੱਕੇ ਖਾਵੇਂਗਾ।*

*ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥*
*ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ ॥*
*ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ॥*
*ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ ॥*
*ਅੰਗ - ੪੭੩*

ਕਹਿੰਦੇ ਕੁਰਹਿਤ ਕਰ ਦਿਤੀ ਓਸਨੇ। ਪਹਿਲਾਂ ਤਾਂ ਤਨ, ਮਨ ਫਿੱਕਾ ਹੋਇਆ ਰਿੱਛ ਕਹਿ ਕੇ। ਫੇਰ ਜਦੋਂ ਉਹ ਦਰਗਾਹ 'ਚ ਪਹੁੰਚਿਆ, ਫੇਰ ਜਾਣਾ ਤਾਂ ਸੱਚਖੰਡ ਨੂੰ ਸੀ, ਲੇਕਿਨ ਫਿੱਕਾ ਕਹਿਣ ਦੇ ਨਾਲ ਕੀ ਹੋਇਆ ਧੱਕਿਆ ਗਿਆ ਦਰਗਾਹ 'ਚੋਂ।

*ਫਿਕਾ ਦਰਗਹ ਸਟੀਐ*
*ਮੁਹਿ ਥੁਕਾ ਫਿਕੇ ਪਾਇ ॥ ਅੰਗ - ੪੭੩*

ਦਰਗਾਹ 'ਚੋਂ ਸੁੱਟ ਦਿੰਦੇ ਨੇ। ਫਿੱਕੇ ਦਾ ਥਾਂ ਨਹੀਂ ਦਰਗਾਹ ਹੈ। ਗੱਡਾ ਓਸ ਦਾ ਕਾਫੀ ਦੂਰ ਚਲਿਆ ਗਿਆ। ਸਿੱਖ ਪਤਾ ਹੈ ਕੌਣ ਸੀ ਉਹ? ਜੋ ਅਭੇਦ ਅਵਸਥਾ ਦਾ ਸਿੱਖ ਹੁੰਦਾ ਹੈ ਓਹਦੀ ਅਵਸਥਾ ਬਹੁਤ ਉਚੀ ਹੁੰਦੀ ਹੈ -

*ਧਾਰਨਾ - ਮੇਰਾ ਹੀ ਰੂਪ ਹੈ,*
*ਮੇਰੇ ਹੀ ਬਣ ਗਏ ਜਿਹੜੇ।*
*ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥*
*ਅੰਗ - ੩੯੭*
*ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ॥*
*ਪ੍ਰਭ ਮਹਿ ਮੋ ਮਹਿ ਤਾਸ ਮਹਿ*
*ਰੰਚਕ ਨਾਹਨ ਭੇਵ॥ (ਸਰਬ ਲੋਹ ਗ੍ਰੰਥ 'ਚੋਂ)*

ਕਹਿੰਦੇ ਕੀਰਤੀਆ! ਉਹ ਜਿਹੜਾ ਸਿੱਖ ਸੀ ਉਹ ਤਾਂ ਅਭੇਦ ਅਵਸਥਾ ਦਾ ਸਿੱਖ ਸੀ। ਹਰ ਵਕਤ ਗੁਰੂ 'ਚ ਰਹਿੰਦਾ ਸੀ। ਤੇਰੇ ਪਿਓ ਨੇ ਸੁਣੀਆਂ ਹੋਈਆਂ ਸੀ ਸਾਖੀਆਂ ਕਿ ਭਾਈ ਲੱਖੂ ਨੇ ਕਹਿ ਦਿਤਾ ਸੀ, ਕਿ ਆਵੇ ਕੱਚੇ-ਆਵੇ ਕੱਚੇ; ਲੇਕਿਨ ਅੰਦਰੋਂ ਨਹੀਂ ਸੀ ਮੰਨਦਾ ਕਿ ਸਿੱਖ ਗੁਰੂ ਦਾ ਰੂਪ ਹੁੰਦਾ ਹੈ। ਸੋ ਐਨਾ ਫਿੱਕਾ ਬੋਲਿਆ, ਓਸ ਸਿੱਖ ਨੇ ਬਚਨ ਸੁਣੇ, ਨੇਤਰਾਂ 'ਚ ਜਲ ਆ ਗਿਆ ਉਹਦੇ ਕਿ ਗੁਰੂ ਦੀ ਹਜ਼ੂਰੀ 'ਚ ਗੁਰੂ ਦਾ ਪ੍ਰਸ਼ਾਦ ਲੈਣਾ ਵੀ ਮੈਨੂੰ ਪ੍ਰਵਾਨ ਨਾ ਹੋਇਆ। ਇਕ ਕਿਣਕਾ ਗਿਰਿਆ ਪਿਆ ਸੀ ਉਹ ਚੁੱਕ ਕੇ ਮੁੱਖ 'ਚ ਪਾ ਲਿਆ, ਕਹਿੰਦੇ ਸਿੱਖਾ! ਰਿੱਛ ਤਾਂ ਤੂੰ ਹੀ ਬਣਨਾ ਹੈ। ਐਨੀ ਗੱਲ ਕਹਿ ਦਿਤੀ। ਇਹਦੇ ਬਾਰੇ ਮਹਾਰਾਜ ਨੇ ਐਸਾ ਫੁਰਮਾਨ ਕਰਿਆ ਹੈ -

*ਧਾਰਨਾ - ਸੁਖ ਕਦੇ ਨਾ ਪਾਉਂਦੇ ਜੀ,*
*ਮੁਗਧ ਨਰ ਸੰਤਾਂ ਨਾਲ ਖਹੰਦੇ।*
*ਸੁਖੁ ਨ ਪਾਇਨਿ ਮੁਗਧ ਨਰ*
*ਸੰਤ ਨਾਲਿ ਖਹੰਦੇ ॥ ਅੰਗ - ੩੦੬*

ਤੇਰਾ ਪਿਓ ਖਹਿਆ ਉਹਦੇ ਨਾਲ। ਅਭੇਦ ਅਵਸਥਾ ਦਾ, ਬ੍ਰਹਮਗਿਆਨੀ ਅਵਸਥਾ ਦਾ, ਗੁਰਸਿਖ ਲੁਕਿਆ ਹੋਇਆ ਸੀ। ਤੇਰੇ ਪਿਤਾ ਨੇ ਭੇਦ ਨਾ ਜਾਣੇ। ਸੋ ਪਿਆਰਿਆ! ਉਹਦੇ ਮੁਖ 'ਚੋਂ ਨਿਕਲ ਗਿਆ, ਕਿ ਭਾਈ ਮੈਂ ਤਾਂ ਰਿੱਛ ਨਹੀਂ ਬਣਨਾ, ਤੂੰ ਜ਼ਰੂਰ ਬਣੇਂਗਾ। ਸੰਤ ਕੁਛ ਵੀ ਬੋਲਦਾ ਹੈ ਤੇ ਜਿਹੜਾ ਕੁਛ ਬੋਲਦਾ ਹੈ, ਉਹਦੇ ਬਾਰੇ ਮਹਾਰਾਜ ਦਾ ਐਸਾ ਫੁਰਮਾਨ ਹੈ -

*ਧਾਰਨਾ - ਸੇ ਬਚਨ ਹੋਵੰਦੇ,*
*ਭਗਤ ਮੁਖਹਿ ਤੇ ਬੋਲਦੇ।*
*ਨਾਨਕ ਵੀਚਾਰਹਿ ਸੰਤ ਜਨ ਚਾਰਿ ਵੇਦ ਕਹੰਦੇ ॥*
*ਅੰਗ - ੩੦੬*

ਮੁਨੀਆਂ ਦੀ, ਜਨਾਂ ਦੀ ਤੇ ਰਿਸ਼ੀਆਂ ਦੀ, ਚਾਰੇ ਵੇਦਾਂ ਦੀ ਬਾਤ ਤੁਹਾਨੂੰ ਦਸਦੇ ਹਾਂ -

*ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ ॥*
*ਅੰਗ - ੩੦੬*

ਜਿਹੜਾ ਕੁਛ ਕਹਿ ਦਿਤਾ ਉਹ ਬਚਨ ਹੋ ਗਿਆ।

*ਪ੍ਰਗਟ ਪਹਾਰਾ ਜਾਪਦਾ ਸਭਿ ਲੋਕ ਸੁਣੰਦੇ ॥*
*ਸੁਖੁ ਨ ਪਾਇਨਿ ਮੁਗਧ ਨਰ*
*ਸੰਤ ਨਾਲਿ ਖਹੰਦੇ ॥ ਅੰਗ - ੩੦੬*

ਸੋ ਬਚਨ ਹੋ ਗਿਆ ਪ੍ਰੇਮੀਆਂ! ਹੁਣ ਬਚਨ ਹੋਇਆ-ਹੋਇਆ ਤਾਂ ਉਹਦੇ ਮਨ 'ਚ ਆਇਆ ਕਿ ਮੈਂ ਗੁਰੂ ਤੇਗ ਬਹਾਦਰ ਸੱਚੇ ਪਾਤਸ਼ਾਹ ਦਾ ਚੌਰ ਬਰਦਾਰੀਆ ਹਾਂ। ਇਹਨੇ ਕੀ ਗੱਲ ਕਹਿ ਦਿਤੀ। ਇਹ ਨਹੀਂ ਹੈ ਕਿ ਓਸ ਤੋਂ ਮਾਫੀ ਮੰਗਦਾ, ਖਿਮਾ ਮੰਗਦਾ, ਨਾਂਹ ਆਪਣੇ ਅਭਿਮਾਨ 'ਚ ਰਿਹਾ। ਕਿ ਆਪੇ ਗੁਰੂ ਮਹਾਰਾਜ ਜਿਨ੍ਹਾਂ ਦੀ ਮੈਂ ਸੇਵਾ ਕਰਦਾ ਹੈ ਦਰਗਾਹ 'ਚ ਕੀ ਸਹਾਇਤਾ ਨਹੀਂ ਕਰਨਗੇ? ਦੂਜੇ ਪਾਸੇ ਗੁਰੂ ਮਹਾਰਾਜ ਐਉਂ ਵੀ ਕਹਿੰਦੇ ਨੇ -

*ਧਾਰਨਾ - ਭਾਵੇਂ ਚੰਦਰਮਾ ਨਾਸ਼ ਹੋ ਜਾਵੇ,*
*ਸੰਤਾਂ ਦਾ ਬੋਲ ਨਾ ਟਲੇ।*
*ਨਿਸਿ ਬਾਸੁਰ ਨਖਿਅਤ੍ਰ ਬਿਨਾਸੀ*
*ਰਵਿ ਸਸੀਅਰ ਬੇਨਾਧਾ ॥*
*ਗਿਰਿ ਬਸੁਧਾ ਜਲ ਪਵਨ ਜਾਇਗੋ*
*ਇਕਿ ਸਾਧ ਬਚਨ ਅਟਲਾਧਾ ॥ ਅੰਗ - ੧੨੦੪*

ਸਾਧ ਦੇ ਮੁਖ ਤੋਂ ਬਚਨ ਹੋ ਜਾਏ, ਹੁਣ ਇਹਨੂੰ ਟਾਲਣ ਨੂੰ ਕੋਈ ਸਮਰੱਥ ਨਹੀਂ। ਕਹਿੰਦਾ, ਮਹਾਰਾਜ! ਗੁਰੂ ਤੇਗ ਬਹਾਦਰ ਮਹਾਰਾਜ ਤਾਂ ਸੀਗੇ। ਕਹਿੰਦੇ, ਕੀਰਤੀਆ! ਗੁਰੂ ਤੇਗ ਬਹਾਦਰ ਸਾਹਿਬ ਕਹਿੰਦੇ ਨੇ ਕਿ ਉਹ ਤਾਂ ਮੇਰਾ ਹੀ ਰੂਪ ਸੀ, ਮੈਂ ਹੀ ਉਹਦੀ ਜ਼ੁਬਾਨ 'ਤੇ ਬੋਲਿਆ ਸੀ। ਗੁਰੂ ਹੀ ਬੋਲਦਾ ਹੁੰਦਾ ਹੈ ਸੰਤਾਂ ਦੀ ਜ਼ੁਬਾਨ 'ਤੇ।

*ਧਾਰਨਾ - ਪ੍ਰਭ ਜੀ ਦਾ ਵਾਸਾ ਹੈ*
*ਸੰਤਾਂ ਦੀ ਰਸਨਾ ਉਤੇ।*

ਕਹਿੰਦੇ ਭਾਈ ਕੀਰਤੀਆ! ਉਹ ਆਪ ਨਹੀਂ ਸੀ ਬੋਲਿਆ, ਗੁਰੂ ਤੇਗ ਬਹਾਦਰ ਸਾਹਿਬ ਉਹਦੀ ਜ਼ੁਬਾਨ ਤੇ ਹੋ ਕੇ ਬੋਲੇ ਸੀ। ਸੋ ਬੋਲ ਕਿਵੇਂ ਟਲ ਜਾਵੇ, ਸੇਵਾ ਕੀਤੀ ਠੀਕ ਹੈ, ਕਰੀ, ਉਹ ਸੇਵਾ ਦਾ ਹੀ ਫਲ ਹੈ ਕਿ ਇਹ ਫੇਰ ਸਾਡੇ ਸਾਮ੍ਹਣੇ ਆ ਗਿਆ। ਚਰਨ ਫੜ ਲਏ, ਆਕੜ ਨਿਕਲ ਗਈ, ਗੁਮਾਨ ਨਿਕਲ ਗਿਆ ਅੰਦਰੋਂ ਕਿ ਮੈਂ ਗੁਰੂ ਦਸਵੇਂ ਪਾਤਸ਼ਾਹ ਦਾ ਚੌਰ ਬਰਦਾਰ ਹਾਂ। ਇਹ ਮਾਣ ਹੀ ਮਾੜੀ ਚੀਜ਼ ਹੁੰਦੀ ਹੈ ਜਿਹਨੂੰ ਹੋ ਜਾਵੇ ਉਹ ਡੁੱਬ ਜਾਂਦਾ ਹੈ, ਕਿਸੇ ਨੂੰ ਹੋ ਜਾਵੇ। ਸੰਤਾਂ ਦੇ ਬਹੁਤੇ ਸੇਵਾਦਾਰ ਏਸੇ ਕਰਕੇ down ਚਲੇ ਜਾਂਦੇ ਨੇ ਕਿਉਂਕਿ ਅਭਿਮਾਨ ਆ ਜਾਂਦਾ ਹੈ ਉਨ੍ਹਾਂ ਦੇ ਮਨਾਂ 'ਚ। ਕੁਛ ਲੈ ਨਹੀਂ ਸਕਦੇ ਫੇਰ। ਇਹ ਨਿਮਰਤਾ ਦਾ ਘਰ ਹੈ, ਝੁਕੇ ਪਲੜੇ ਭਾਰੀ ਹੁੰਦੇ ਨੇ, ਉਚੇ ਪਲੜੇ ਫਿੱਕੇ ਪੈ ਜਾਂਦੇ ਨੇ। ਸੋ ਕਹਿਣ ਲੱਗੇ, ਮਹਾਰਾਜ! ਕ੍ਰਿਪਾ ਕਰੋ ਆਪ, ਜਿਵੇਂ ਕਿਵੇਂ ਹੋਵੇ ਰੱਖੋ ਇਹਦੀ ਗੱਲ। ਮਹਾਰਾਜ ਨੇ ਰਿੱਛ ਵਾਲੇ ਨੂੰ ਪੁਛਿਆ ਕਿ ਕਿੰਨੇ ਪੈਸੇ ਲੈਣੇ ਨੇ, ਰਿੱਛ ਦੇ। ਕਹਿੰਦਾ, ਦੋ ਸੌ ਰੁਪਿਆ। ਮਹਾਰਾਜ ਕਹਿੰਦੇ, ਦਿਓ ਦੋ ਸੌ ਰੁਪਿਆ। ਰਿੱਛ ਲੈ ਲਿਆ। ਪ੍ਰਸ਼ਾਦ ਲਿਆਂਦਾ ਬਣਾ ਕੇ। ਮਹਾਰਾਜ ਜੀ ਨੇ ਅਰਦਾਸ ਆਪ ਕਰੀ, ਗੁਰੂ ਨਾਨਕ ਦੇ ਦਰਬਾਰ 'ਚ। ਸੀਗੇ ਤਾਂ ਆਪ ਹੀ ਪਰ ਸਾਨੂੰ ਸਿਖਾਉਂਦੇ ਸੀ ਕਿ ਐਉਂ ਕਰੀਦਾ ਹੁੰਦਾ ਹੈ। ਪ੍ਰਸ਼ਾਦ ਪਾਇਆ ਰਿੱਛ ਨੂੰ, ਧੜੰਮ ਦੇ ਕੇ ਗਿਰ ਗਿਆ ਰਿੱਛ। ਸ਼ੀਤ ਪ੍ਰਸ਼ਾਦ ਦੇਣ ਨਾਲ ਓਸੇ ਵੇਲੇ ਰਿੱਛ ਦੀ ਜੂਨੀ ਛੁਟ ਗਈ, ਤੇ ਕੀ ਦੇਖਦੇ ਨੇ ਸਾਮ੍ਹਣੇ ਭਾਈ ਕੀਰਤੀਏ ਦਾ ਪਿਓ ਖੜ੍ਹਾ ਹੈ। ਨਮਸ਼ਕਾਰਾਂ ਕਰ ਰਿਹਾ ਹੈ ਕਿ ਪਾਤਸ਼ਾਹ! ਭੁੱਲ ਹੋ ਗਈ ਸੀ। ਫੇਰ ਵੀ ਤੁਸੀਂ ਬਿਰਦ ਬਾਣੇ ਦੀ ਲਾਜ ਰੱਖਦੇ ਓਂ।

ਇਸ ਤਰ੍ਹਾਂ ਗੁਰੂ ਮਹਾਰਾਜ ਸੱਚੇ ਪਾਤਸ਼ਾਹ ਦੇ ਅਨੇਕ ਕੌਤਕ ਨੇ। ਜੇ ਦੋ ਚਾਰ ਮਹੀਨੇ, ਛੇ ਮਹੀਨੇ ਵੀ ਕਰੀ ਜਾਈਏ ਕਰੀ ਜਾਈਏ ਕੀਰਤਨ ਇਵੇਂ-ਜਿਵੇਂ ਲਗਾਤਾਰ ਤਾਂ ਵੀ ਖਤਮ ਨਾ ਹੋਣ। ਸੋ ਅੱਜ ਆਪ ਉਨ੍ਹਾਂ ਦਾ ਪ੍ਰਕਾਸ਼ ਉਤਸਵ ਮਨਾ ਰਹੇ ਓ, ਤੇ ਉਨ੍ਹਾਂ ਨੇ ਜੋ ਵਚਿੱਤਰ ਚੀਜ਼ ਲਿਆਂਦੀ ਹੈ ਉਹ ਹੈ ਅੰਮ੍ਰਿਤ। ਅੰਮ੍ਰਿਤ ਹਰੇਕ ਦੇ ਅੰਦਰ ਹੈ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥*

*ਅੰਗ - ੨੯੩*

ਲੇਕਿਨ ਇਹ ਪ੍ਰਾਪਤ ਨਹੀਂ ਹੁੰਦਾ ਜਿੰਨੀ ਦੇਰ ਤਕ ਪੰਜ ਪਿਆਰਿਆਂ ਤੋਂ ਅੰਮ੍ਰਿਤ ਦੀ ਦਾਤ ਲੈ ਕੇ, ਨਾਮ ਦੀ ਕਮਾਈ ਨਾ ਕਰੇ। ਬਾਹਰੋਂ ਨਾਮ ਲਓ ਪੰਜ ਪਿਆਰਿਆਂ ਤੋਂ। ਗੁਰੂ ਗ੍ਰੰਥ ਸਾਹਿਬ ਜੀ ਦੇ ਜੋ ਟਰੱਸਟੀ ਹਨ ਉਹ ਪੰਜ ਪਿਆਰੇ ਨੇ, ਉਨ੍ਹਾਂ ਨੇ ਨਾਮ ਦੇਣਾ ਹੈ, ਪੰਜਾਂ ਨੇ ਇਕੱਠੇ ਹੋ ਕੇ, ਉਹ ਨਾਮ ਲਓ। ਫੇਰ ਸੰਤਾਂ ਦੀ ਸੰਗਤ ਕਰਕੇ, ਸੇਵਾ ਕਰਕੇ, ਬਾਣੀ ਦੀ ਵਿਚਾਰ ਕਰਕੇ, ਬਾਣੀ ਪੜ੍ਹ ਕੇ, ਜਿਉਂ-ਜਿਉਂ ਅਸੀਂ ਰੂਹਾਨੀ ਕਦਮ ਅੱਗੇ ਪੁਟਦੇ ਜਾਵਾਂਗੇ, ਤਿਉਂ-ਤਿਉਂ ਸਾਨੂੰ ਅਵਸਰ ਮਿਲਦਾ ਜਾਵੇਗਾ, ਕਿ ਅਸੀਂ ਅੰਮ੍ਰਿਤ ਦੇ ਕੁੰਡ ਤਕ ਪਹੁੰਚ ਸਕੀਏ।

*ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ*
*ਅੰਮ੍ਰਿਤੁ ਗੁਰਮਤਿ ਪਾਏ ਰਾਮ ॥*
*ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ*
*ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥*

*ਅੰਗ - ੫੩੮*

ਸੋ ਏਸ ਅੰਮ੍ਰਿਤ ਵਾਸਤੇ ਤਾਕੀਦ ਕਰੀ ਹੈ -

*ਧਾਰਨਾ - ਪੀਵਹੁ ਪਾਹੁਲ ਖੰਡੇਧਾਰ*
*ਹੋਵੇ ਜਨਮ ਸੁਹੇਲਾ।*
*ਹਰਿ ਸੱਚੇ ਤਖਤ ਰਚਾਇਆ ਸਤਿ ਸੰਗਤਿ ਮੇਲਾ।*
*ਨਾਨਕ ਨਿਰਭਉ ਨਿਰੰਕਾਰ ਵਿਚਿ ਸਿਧਾ ਖੇਲਾ।*
*ਗੁਰ ਸਿਮਰਿ ਮਨਾਈ ਕਾਲਕਾ ਖੰਡੇ ਕੀ ਵੇਲਾ।*
*ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮ ਸੁਹੇਲਾ।*
*ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।*
*ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ।*

*ਭਾਈ ਗੁਰਦਾਸ ਜੀ, ਵਾਰ ੪੧/੧*

ਗੁਰੂ ਧਾਰਨ ਕਰ ਲਓ, ਜਿਨ੍ਹਾਂ ਨੇ ਲੰਘਣਾ ਹੈ ਕਲਜੁਗ ਦੇ ਵਿਚੋਂ। ਪੰਜ ਪਿਆਰਿਆਂ ਤੋਂ ਨਾਮ ਦੀ ਦਾਤ ਪ੍ਰਾਪਤ ਕਰੋ। ਸੇਵਾ ਕਰੋ, ਸਿਮਰਨ ਕਰੋ, ਸਤਿਸੰਗ ਕਰੋ ਤੇ ਇਹਦੇ ਨਾਲ ਜਨਮ ਸੁਹੇਲਾ ਹੋ ਜਾਏਗਾ।

# ਭੋਗੇ ਬਿਨ ਭਾਗੇ ਨਹੀ ਕਰਮ ਗਤੀ ਬਲਵਾਨ

*ਸਤਿਨਾਮ ਸ੍ਰੀ ਵਾਹਿਗੁਰੂ*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥*
*ਅੰਗ - ੨੮੯*

*ਧਾਰਨਾ - ਮਹਿਮਾ ਤੇਰੀ ਨਾ ਵੇਦ ਜਾਣਦੇ,*
*ਤੇਰਾ ਬ੍ਰਹਮਾ ਨੇ ਅੰਤ ਨਾ ਪਾਇਆ।*

*ਮਹਿਮਾ ਨ ਜਾਨਹਿ ਬੇਦ ॥*
*ਬ੍ਰਹਮੇ ਨਹੀ ਜਾਨਹਿ ਭੇਦ ॥*
*ਅਵਤਾਰ ਨ ਜਾਨਹਿ ਅੰਤੁ ॥*
*ਪਰਮੇਸਰੁ ਪਾਰਬ੍ਰਹਮ ਬੇਅੰਤੁ ॥ ੧ ॥*
*ਅਪਨੀ ਗਤਿ ਆਪਿ ਜਾਨੈ ॥*
*ਸੁਣਿ ਸੁਣਿ ਅਵਰ ਵਖਾਨੈ ॥ ੧ ॥ ਰਹਾਉ ॥*
*ਅੰਗ - ੮੯੪*

*ਧਾਰਨਾ - ਵਾਹਿਗੁਰੂ ਮਹਿਮਾ ਨ ਤੇਰੀ ਵੇਦ ਜਾਣਦੇ।*
*ਤੇਰਾ ਬ੍ਰਹਮਾ ਨੇ ਅੰਤ ਨ ਪਾਇਆ।*

*ਸੰਕਰਾ ਨਹੀ ਜਾਨਹਿ ਭੇਵ ॥*
*ਖੋਜਤ ਹਾਰੇ ਦੇਵ ॥*
*ਦੇਵੀਆ ਨਹੀ ਜਾਨੈ ਮਰਮ ॥*
*ਸਭ ਊਪਰਿ ਅਲਖ ਪਾਰਬ੍ਰਹਮ ॥ ੨ ॥*
*ਅਪਨੈ ਰੰਗਿ ਕਰਤਾ ਕੇਲ ॥*
*ਆਪਿ ਬਿਛੋਰੈ ਆਪੇ ਮੇਲ ॥*
*ਇਕਿ ਭਰਮੇ ਇਕਿ ਭਗਤੀ ਲਾਏ ॥*
*ਅਪਣਾ ਕੀਆ ਆਪਿ ਜਣਾਏ ॥ ੩ ॥*
*ਸੰਤਨ ਕੀ ਸੁਣਿ ਸਾਚੀ ਸਾਖੀ ॥*
*ਸੋ ਬੋਲਹਿ ਜੋ ਪੇਖਹਿ ਆਖੀ ॥*
*ਨਹੀ ਲੇਪੁ ਤਿਸੁ ਪੁੰਨਿ ਨ ਪਾਪਿ ॥*
*ਨਾਨਕ ਕਾ ਪ੍ਰਭੁ ਆਪੇ ਆਪਿ ॥ ਅੰਗ - ੮੯੪*

ਸਾਧਸੰਗਤ ਜੀ! ਚਿੱਤ ਬਿਰਤੀਆਂ ਇਕਾਗਰ ਕਰੋ, ਨੇਤਰਾਂ ਦੇ ਨਾਲ ਗੁਰੂ ਸਰੂਪ ਦੇ ਦਰਸ਼ਨ ਕਰੋ, ਕੰਨਾਂ ਦੇ ਨਾਲ ਬਾਣੀ ਸਰਵਣ ਕਰੋ, ਬੁੱਧੀ ਦੇ ਨਾਲ ਵਿਚਾਰ ਕਰਕੇ ਹਿਰਦੇ 'ਚ ਧਾਰਨ ਕਰੋ। ਹਿਰਦੇ ਵਿਚ ਧਾਰਨ ਕਰਨ ਤੋਂ ਬਾਅਦ ਬਾਣੀ ਨੂੰ ਕਮਾਓ, ਰਸਨਾ ਦੇ ਨਾਲ ਗੱਜ-ਵੱਜ ਕੇ ਬੋਲੋ। ਵੱਡਿਆਂ ਭਾਗਾਂ ਦੇ ਨਾਲ ਸਤਿਸੰਗ ਦੀ ਪ੍ਰਾਪਤੀ ਹੁੰਦੀ ਹੈ। ਜਦ ਤਕ ਪੁੰਨ ਕਰਮ ਜਮ੍ਹਾਂ ਨਾ ਹੋਣ ਓਨੀਂ ਦੇਰ ਤਕ ਸਤਿਸੰਗ ਨਹੀਂ ਪ੍ਰਾਪਤ ਹੋਇਆ ਕਰਦਾ। ਭਾਵੇਂ ਇਕੱਲਾ ਬੰਦਾ ਹੋਵੇ, ਚਾਹੇ ਇਲਾਕਾ ਹੋਵੇ, ਚਾਹੇ ਕੋਈ ਦੇਸ਼ ਹੋਵੇ, ਚਾਹੇ ਕੁਝ ਵੀ ਹੋਵੇ, ਪਹਿਲਾਂ ਪੁੰਨ ਕਰਮ ਬਣਦੇ ਨੇ, ਫੇਰ ਜਾ ਕੇ ਸਤਿਪੁਰਸ਼ਾਂ ਦੇ ਬਚਨ ਸੁਣਨ ਨੂੰ ਮਿਲਦੇ ਨੇ।

*ਹਰਿ ਕੀਰਤਿ ਸਾਧਸੰਗਤਿ ਹੈ*
*ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥ ਅੰਗ - ੬੪੨*

ਸਤਿਸੰਗ 'ਚ ਆ ਕੇ, ਜੀਵ ਨੂੰ ਇਹ ਸੁਮੱਤ ਮਿਲਦੀ ਹੈ ਕਿ ਮੈਂ ਕਿਸ ਤਰ੍ਹਾਂ ਦੇ ਨਾਲ ਜਿਹਦੇ ਨਾਲੋਂ ਵਿਛੜ ਕੇ ਦੁਖੀ ਹੋ ਰਿਹਾ ਹਾਂ, ਉਹਦੇ ਨਾਲ ਮੇਰਾ ਕਿਵੇਂ ਮਿਲਾਪ ਹੋ ਸਕਦਾ ਹੈ। ਸੋ ਬਾਣੀ ਦਾ ਜੋ ਫਲ ਪ੍ਰਾਪਤ ਹੁੰਦਾ ਹੈ, ਮਹਾਰਾਜ ਕਹਿੰਦੇ ਗਾਉਂਦੇ ਤਾਂ ਸਾਰੇ ਹੀ ਨੇ, ਸੁਣਦੇ ਵੀ ਸਾਰੇ ਨੇ, ਕਿਸੇ ਨੂੰ ਫਲ ਘੱਟ ਮਿਲਦਾ ਹੈ, ਕਿਸੇ ਨੂੰ ਵੱਧ ਮਿਲਦਾ ਹੈ, ਸੁਣਨ ਵਾਲੇ ਵੀ ਉਥੇ ਹੀ ਬੈਠੇ ਨੇ, ਗਾਉਣ ਵਾਲੇ ਵੀ ਉਥੇ ਹੀ ਬੈਠੇ ਨੇ। ਕਈ ਵਾਰੀ ਗਾਉਣ ਵਾਲੇ ਖਾਲੀ ਰਹਿ ਜਾਂਦੇ ਨੇ। ਸੁਣਨ ਵਾਲੇ ਬਹੁਤ ਕੁਛ ਲੈ ਜਾਂਦੇ ਨੇ। ਇਹ ਗੱਲ ਕੀ ਹੈ, ਮਹਾਰਾਜ ਕਹਿੰਦੇ -

*ਸੇਵਕ ਸਿਖ ਪੂਜਣ ਸਭਿ ਆਵਹਿ*
*ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥*
*ਅੰਗ - ੬੬੯*

ਸਾਰੇ ਹੀ ਗਾਉਂਦੇ ਨੇ ਇਸ ਉਤਮ ਬਾਣੀ ਨੂੰ। ਪਰ -

*ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ*
*ਜਿਨ ਸਤਿਗੁਰ ਕੀ ਆਗਿਆ*
*ਸਤਿ ਸਤਿ ਕਰਿ ਮਾਨੀ ॥ ਅੰਗ - ੬੬੯*

ਜਿਹਨੇ ਆਗਿਆ ਤੇ ਬਚਨਾਂ ਨੂੰ ਸਤਿ ਕਰਕੇ ਹਿਰਦੇ 'ਚ ਧਾਰਨ ਕਰ ਲਿਆ, ਉਹਦਾ ਥਾਂ ਪੈਂਦਾ ਹੈ। ਕਿੰਨਾਂ ਥਾਂ ਪੈਂਦਾ ਹੈ, ਅੰਦਾਜ਼ਾ ਹੀ ਨਹੀਂ ਲਾ ਸਕਦੇ, ਐਸੇ ਗੁਰੂ ਮਹਾਰਾਜ ਦੇ ਬ੍ਰਹਮ ਵਾਕ ਨੇ, ਜੇ ਇਕ ਦੇ ਉਤੇ ਵੀ ਅਸੀਂ ਨਿਸ਼ਚਾ ਕਰ ਲਈਏ, ਤਾਂ ਵੀ ਸਾਡਾ ਉਧਾਰ ਹੋ ਸਕਦਾ ਹੈ। ਮਹਾਰਾਜ ਕਹਿੰਦੇ -

*ਕਈ ਕੋਟਿਕ ਜਗ ਫਲਾ*
*ਸੁਣਿ ਗਾਵਨਹਾਰੇ ਰਾਮ ॥ ਅੰਗ - ੫੪੬*

ਕੋਟਿਕ ਕਹਿੰਦੇ ਨੇ ਕਰੋੜ। ਕਈ ਕਰੋੜ ਜਗ ਦਾ ਫਲ ਉਹਨੂੰ ਮਿਲਦਾ ਹੈ, ਜੇ ਹੁਣ ਵਿਚਾਰੀਏ, ਗੱਲ ਤਾਂ ਮੈਂ ਕਹਿ ਦਿਤੀ, ਪਰ ਜੇ ਗਹਿਰਾਈ ਨਾਲ ਵਿਚਾਰੀਏ ਕਿੰਨਾਂ ਫਲ ਹੁੰਦਾ ਹੈ। ਅੰਦਾਜ਼ਾ ਲਾਓ ਤੁਸੀਂ, ਇਕ ਬੰਦਾ ਪੈਦਾ ਹੁੰਦੇ ਸਾਰ, ਓਸ ਵੇਲੇ ਤਾਂਈ ਯੱਗ ਕਰਨਾ ਸ਼ੁਰੂ

ਕਰ ਦੇਵੇ, ਮਾਂ-ਬਾਪ ਕਰਨ ਜਦ ਤਕ ਸੁਰਤ ਨਹੀਂ ਆਉਂਦੀ ਉਹਦੇ ਨਮਿਤ। ਸੌ ਸਾਲ ਦੀ ਉਮਰ ਦਾ ਹੋਵੇ, ਇਕ ਵੀ ਦਿਨ ਉਹ ਬਰਬਾਦ ਨਾ ਕਰੇ। ਸੌ ਸਾਲ ਯੱਗ ਕਰੀ ਜਾਵੇ, ਕਿੰਨੇ ਯੱਗ ਹੋਣਗੇ ਸਾਰੀ ਉਮਰ ਦੇ ਅੰਦਰ। 36 ਹਜ਼ਾਰ 500 ਯੱਗ ਹੋਏਗਾ। ਜੇ ਹਜ਼ਾਰ ਸਾਲ ਦੀ ਉਮਰ ਹੋਏਗੀ ਤਾਂ ਤਿੰਨ ਲੱਖ ਸੱਠ ਹਜ਼ਾਰ ਹੋਏਗਾ। ਜੇ ਦੱਸ ਹਜ਼ਾਰ ਸਾਲ ਦੀ ਉਮਰ ਹੋਏਗੀ, ਤਾਂ ਹੋਰ ਲਾ ਲਓ ਤੁਸੀਂ ਤਿੰਨ ਕਰੋੜ। ਸੱਠ ਲੱਖ ਯੱਗ ਕਰੇਗਾ, ਐਨੀ ਨਾ ਉਮਰ ਸਾਨੂੰ ਮਿਲੇ। ਐਸਾ ਕੋਈ ਬੰਦਾ ਅੱਜ ਤਕ ਦੁਨੀਆਂ ਤੇ ਨਹੀਂ ਆਇਆ ਜਿਹਨੇ ਐਨਾ ਪੁੰਨ ਕਰਿਆ ਹੋਵੇ। ਅੰਦਾਜ਼ਾ ਨਹੀਂ ਆਉਂਦਾ ਕਿ ਐਨਾ ਵੱਡਾ ਪੁੰਨ। ਕਿਉਂਕਿ ਪੁੰਨਾਂ ਦਾ ਜੋ ਸਭ ਤੋਂ ਵੱਡਾ ਫਲ ਹੈ, ਗੁਰੂ ਦਾ ਮਿਲਾਪ ਹੈ। ਪੂਰਨ ਗੁਰੂ, ਸਮਰੱਥ ਗੁਰੂ। ਜਿਹੜਾ ਇਸ ਜੀਵ ਨੂੰ ਚੁੱਕ ਕੇ ਪ੍ਰਮੇਸ਼ਰ ਦੇ ਨਾਲ ਮਿਲਾ ਦੇਵੇ, ਜਿਸ ਦੇ ਬਾਰੇ ਐਸਾ ਫੁਰਮਾਨ ਹੈ -

*ਧਾਰਨਾ - ਨਿਰਵੈਰ ਨਿਰਾਲਾ ਜੀ,*
*ਸਤਿਗੁਰ ਪੁਰਖ ਅਗੰਮ ਹੈ।*
*ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।*
*ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।*
*ਜੇਹਾ ਬੀਜੈ ਸੋ ਲੁਣੈ ਫਲ ਕਰਮ ਸਮਾਲਾ।*
*ਜਿਉਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।*
*ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।*
*ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹਕਾਲਾ।*
*ਭਾਈ ਗੁਰਦਾਸ ਜੀ, ਵਾਰ ੩੪/੧*

ਐਸਾ ਸਤਿਗੁਰੂ ਮਿਲ ਜਾਵੇ, ਬੇਅੰਤ-ਬੇਅੰਤ ਪੁੰਨਾਂ ਦਾ ਫਲ ਹੋਇਆ ਕਰਦਾ ਹੈ, ਅਰਬਾਂ ਪੁੰਨ ਇਕੱਠੇ ਹੋਣ ਤਾਂ ਸਮਰੱਥ ਗੁਰੂ ਦੀ ਪ੍ਰਾਪਤੀ ਹੁੰਦੀ ਹੈ। ਕਿਉਂਕਿ ਜੀਵ ਪ੍ਰਮੇਸ਼ਰ ਤੋਂ ਵਿਛੜ ਕੇ, ਅਰਬਾਂ-ਖਰਬਾਂ ਸਾਲਾਂ ਤੋਂ ਦੁਖੀ ਹੋ ਰਿਹਾ ਹੈ। ਐਨਾ ਭੁੱਲ ਚੁਕਿਆ ਹੈ ਕਿ ਇਹਨੂੰ ਪਤਾ ਹੀ ਨਹੀਂ ਕਿ ਮੈਂ ਕੌਣ ਹਾਂ। ਮਹਾਰਾਜ ਕਹਿੰਦੇ, ਤੈਨੂੰ ਪਤਾ ਹੈ -

*ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ ॥*
*ਅੰਗ - ੯੯੯*

ਤੂੰ ਕੌਣ ਹੈਂ? ਕਿਥੋਂ ਆਇਆ ਹੈਂ? ਅਸੀਂ ਕਹਿੰਦੇ ਜੀ ਅਸੀਂ ਫਲਾਣੇ ਸ਼ਹਿਰ ਤੋਂ ਆਏ ਹਾਂ, ਫਲਾਣੇ ਪਿੰਡ ਤੋਂ ਆਏ ਹਾਂ।

*ਏਤੀ ਨ ਜਾਨਉ ਕੇਤੀਕ ਮੁਦਤਿ*
*ਚਲਤੇ ਖਬਰਿ ਨ ਪਾਇਓ ॥ ਅੰਗ - ੯੯੯*

ਤੈਨੂੰ ਤਾਂ ਇਹ ਨਹੀਂ ਪਤਾ ਹੈਗਾ ਕਿ ਤੂੰ ਕਦ ਤੋਂ ਚੱਲਿਆ ਹੋਇਆਂ ਹੈਂ। ਬੇਹੋਸ਼ੀ ਛਾ ਗਈ ਤੇਰੇ ਉਤੇ। ਆਪਣੇ ਆਪ ਦਾ ਗਿਆਨ ਭੁੱਲ ਗਿਆ ਕਿ ਮੈਂ ਕੌਣ ਹਾਂ? ਮਾਇਆ ਦਾ ਅਸਰ ਪੈ ਗਿਆ, ਉਹਦੇ ਵਿਚ ਗੇੜੇ ਖਾਂਦਾ ਫਿਰਦਾ ਹੈ, ਕਹਿੰਦਾ ਹੈ ਕਿ ਮੈਂ ਅਕਲਮੰਦ ਹਾਂ, ਮੈਨੂੰ ਵਾਹਿਗੁਰੂ ਨੇ ਅਕਲ ਦਿਤੀ ਹੈ, ਸਾਰਾ ਸੰਸਾਰ ਮੈਨੂੰ ਅਕਲਮੰਦ ਕਹਿੰਦਾ ਹੈ, ਵੱਡੀਆਂ-ਵੱਡੀਆਂ ਡਿਗਰੀਆਂ ਨੇ, ਵੱਡੇ-ਵੱਡੇ ਸਮਾਰੋਹ ਕਰਕੇ ਉਹਨੂੰ ਸਨਮਾਨਤ ਕੀਤਾ ਜਾਂਦਾ ਹੈ, ਦੁਨੀਆਂ ਦੇ ਵਿਚ ਟੈਲੀਵੀਜ਼ਨ ਵਾਲੇ ਫੋਟੋਆਂ ਲੈ-ਲੈ ਕੇ ਸਾਰੀ ਦੁਨੀਆਂ ਵਿਚ ਦਿਖਾਉਂਦੇ ਨੇ, ਤੇ ਸਾਰੇ ਜਾਣਦੇ ਨੇ ਤੇ ਮੈਨੂੰ ਕਹਿੰਦੇ ਨੇ ਕਿ ਤੈਨੂੰ ਆਪਣੇ ਆਪ ਦਾ ਪਤਾ ਨਹੀਂ ਹੈ। ਜੇ ਆਪਣੇ ਆਪ ਨੂੰ ਜਾਣਦਾ ਹਾਂ ਤਾਂ ਹੀ ਮੇਰਾ ਸਨਮਾਨ ਹੁੰਦਾ ਹੈ। ਮਹਾਰਾਜ ਕਹਿੰਦੇ ਚੰਗਾ ਫੇਰ ਵਿਚਾਰ ਕਰਕੇ ਦੇਖ ਲੈ। ਪਹਿਲਾਂ ਤਾਂ ਤੂੰ ਇਹ ਦੱਸ ਕਿ ਤੂੰ ਕੌਣ ਹੈਂ? ਸ਼ਾਇਦ ਇਕ ਅੱਧਾ ਬੰਦਾ ਨਿਕਲ ਆਵੇ ਜਿਹੜਾ ਇਹ ਜਾਣ ਜਾਵੇ ਕਿ ਮੈਂ ਕੌਣ ਹਾਂ, ਬਾਕੀ ਨਹੀਂ ਜਾਣਦੇ। ਕਹਿਣ ਨੂੰ ਸਾਰੇ ਹੀ ਕਹਿੰਦੇ ਨੇ-

*ਏਕੋ ਏਕੁ ਕਹੈ ਸਭੁ ਕੋਈ*
*ਹਉਮੈ ਗਰਬੁ ਵਿਆਪੈ ॥ ਅੰਗ - ੯੩੦*

ਆਪ ਹਉਮੈ ਦੇ ਵਿਚ ਰਹਿ ਕੇ, ਅਭਿਮਾਨ ਦੇ ਵਿਚ ਰਹਿ ਕੇ, ਵਾਹਿਗੁਰੂ ਇਕ ਹੈ-ਵਾਹਿਗੁਰੂ ਇਕ ਹੈ, ਇਹਦੀ ਰੱਟ ਤਾਂ ਬੇਅੰਤ ਲਾ ਰਹੇ ਨੇ, ਮਹਾਰਾਜ ਕਹਿੰਦੇ ਈਮਾਨਦਾਰੀ ਨਾਲ ਜੇ ਤੂੰ ਗੱਲ ਪਰਖਣੀ ਚਾਹੁੰਦਾ ਹੈਂ ਤਾਂ -

*ਅੰਤਰਿ ਬਾਹਰਿ ਏਕੁ ਪਛਾਣੈ*
*ਇਉ ਘਰੁ ਮਹਲੁ ਸਿਞਾਪੈ ॥ ਅੰਗ - ੯੩੦*

ਤੈਨੂੰ ਪਛਾਣ ਆ ਗਈ ਅੰਦਰ ਬਾਹਰ ਇਕ ਦੀ। ਜੇ ਪਿਆਰਿਆ ਪਛਾਣ ਆ ਗਈ ਤਾਂ ਹਉਕੇ ਹਾਵੇ ਕਿਸ ਗੱਲ ਦੇ, ਚਿੰਤਾ ਕਿਹੜੀ ਗੱਲ ਦੀ। ਘਬਰਾਹਟ ਕਿਹੜੀ ਗੱਲ ਦੀ। ਘਬਰਾਹਟ ਤਾਂ ਓਨੀਂ ਦੇਰ ਹੈ, ਜਿੰਨੀ ਦੇਰ ਤਕ ਜਾਣਿਆਂ ਨਹੀਂ ਹੈ, ਜਦੋਂ ਜਾਣ ਲਿਆ ਫੇਰ ਕਿਹੜੀ ਘਬਰਾਹਟ, ਕਿਹੜਾ ਉਚਾ ਕਿਹੜਾ ਨੀਵਾਂ, ਕਿਹੜਾ ਵਿਛੜਿਆ ਹੋਇਆ, ਕਿਹੜਾ ਮਿਲਿਆ ਹੋਇਆ, ਫੇਰ ਤਾਂ ਗੱਲਾਂ ਹੀ ਦਵੈਤ ਦੀਆ ਖਤਮ ਹੋ ਜਾਣਗੀਆਂ। ਪਛਾਣਿਆਂ ਨਹੀਂ ਹੈ ਗੱਲਾਂ ਬਾਤਾਂ ਹੈਗੀਆਂ ਬਥੇਰੀਆਂ। ਕੌਣ ਹੈਂ ਤੂੰ ਪਛਾਣ ਤਾਂ ਸਹੀ। ਬੇਵਸ ਹੋ ਗਿਆ ਕਿ ਨਾਂਹ, ਮੈਨੂੰ ਨਹੀਂ ਕੁਛ ਥਾਹ ਲਗਦੀ। ਕਹਿੰਦੇ ਜਦ ਤੂੰ ਏਸ ਸਰੀਰ 'ਚ ਨਹੀਂ ਸੀ ਆਇਆ, ਤੂੰ ਏਹੀ ਕਹਿੰਦਾ ਹੈਂ ਕਿ ਮੈਂ ਫਲਾਣਾ ਸਿੰਘ, ਕਿਹੜੀ ਚੀਜ਼ ਹੈ ਤੇਰੀ। ਇਕੱਲੀ-ਇਕੱਲੀ ਚੀਜ਼ ਦੇਖ ਲੈ, ਕੀ ਤੇਰੇ ਹੱਥ ਹੈ?

ਇਕ ਵਾਰੀ ਸਵਾਮੀ ਰਾਮ ਤੀਰਥ ਅਮਰੀਕਾ ਚਲੇ ਗਏ, ਬੜੇ ਉਚ ਕੋਟੀ ਦੇ ਵਿਦਾਂਤੀ ਸੰਤ ਸੀਗੇ, ਉਥੇ ਕੈਲੇਫੋਰਨੀਆਂ 'ਚ ਬੜਾ ਲੈਕਚਰ ਦਿਤਾ ਉਨ੍ਹਾਂ ਨੇ। ਤਾਂ ਇਕ ਅਮਰੀਕਨ ਪ੍ਰੇਮੀ ਕਹਿਣ ਲੱਗਿਆ ਸਵਾਮੀ ਜੀ! ਮੈਂ ਤੁਹਾਡੇ ਏਸ ਲੈਕਚਰ ਤੋਂ ਬਹੁਤ ਪ੍ਰਭਾਵਿਤ ਹੋਇਆ ਹਾਂ। ਕੀ ਆਪ ਕ੍ਰਿਪਾ ਕਰ ਸਕਦੇ ਹੋ, ਮੇਰੇ ਘਰ ਦਰਸ਼ਨ ਦੇ ਸਕਦੇ ਹੋ। ਕਹਿੰਦੇ ਹਾਂ, ਐਡਰਸ ਸਹੀ

ਹੋਵੇ ਮੈਂ ਆ ਜਾਵਾਂਗਾ। ਐਡਰਸ ਬੜਾ ਸੋਧ ਕੇ ਲਿਖ ਦਿਤਾ, ਸਵਾਮੀ ਜੀ ਗਏ ਨਾ, ਦੂਜੇ ਦਿਨ ਫੇਰ ਉਹਨੇ ਕਿਹਾ ਕਿ ਮੈਂ ਇੰਤਜ਼ਾਰ ਕਰਦਾ ਰਿਹਾ ਤੁਸੀਂ ਆਏ ਨਾ। ਕਹਿੰਦੇ, ਤੇਰਾ ਐਡਰਸ ਗਲਤ ਸੀ। ਕਹਿੰਦੇ, ਮਹਾਰਾਜ ਨਹੀਂ ਮੇਰਾ ਐਡਰਸ ਤਾਂ ਬਿਲਕੁਲ ਸਹੀ ਹੈ, ਦੂਸਰੇ ਦਿਨ ਨਕਸ਼ਾ ਬਣਾ ਕੇ ਦੇ ਦਿਤਾ। ਸਵਾਮੀ ਜੀ ਫੇਰ ਨਾ ਗਏ। ਤੀਸਰੇ ਦਿਨ ਉਹਨੇ ਫੇਰ ਬੇਨਤੀ ਕਰੀ, ਕਹਿੰਦਾ ਸਵਾਮੀ ਜੀ ਮੈਂ ਬੜਾ ਇੰਤਜ਼ਾਰ ਕਰਿਆ, ਆਪ ਆਏ ਨਹੀਂ। ਕਹਿੰਦੇ, ਪ੍ਰੇਮੀਆਂ ਤੇਰਾ ਐਡਰਸ ਗਲਤ ਹੈ। ਕਹਿੰਦਾ ਨਹੀਂ ਸਵਾਮੀ ਜੀ, ਮੇਰਾ ਐਡਰਸ ਬਿਲਕੁਲ ਠੀਕ ਹੈ, ਆਹ ਦੇਖੋ, ਆਹ high way ਜਾਂਦੀ ਹੈ। ਇਸ ਤੋਂ ਐਨੇ ਨੰਬਰ ਜਿਹੜੀ ਹੈ ਉਹ exit ਆਉਂਦੀ ਹੈ, ਉਹਦੇ ਵਿਚੋਂ ਨਿਕਲ ਕੇ, ਇਥੇ ਆ ਕੇ ਮੇਰਾ ਮਕਾਨ ਹੈ। ਕਹਿੰਦੇ, ਕੀ ਤੂੰ ਜਾਣਦਾ ਹੈਂ ਆਪਣੇ ਆਪ ਨੂੰ? ਕਹਿੰਦਾ ਹਾਂ ਜਾਣਦਾ ਹੀ ਹਾਂ। ਕਹਿੰਦੇ ਕੀ ਹੈਂ? ਆਪਣਾ ਨਾਉਂ ਦੱਸ ਦਿਤਾ, ਅਹੁਦਾ ਦੱਸ ਦਿਤਾ। ਕਹਿੰਦੇ, ਆਪਾਂ ਵਿਚਾਰ ਕਰ ਲਈਏ। ਕਹਿੰਦੇ, ਆਹ ਤੇਰਾ ਸਰੀਰ ਹੈ ਨਾ ਜਿਹੜਾ ਇਹ ਅੰਗੂਠੇ ਤੋਂ ਲੈ ਕੇ ਸਿਰ ਤਕ ਏਸ ਨੂੰ ਤੂੰ ਕਹਿੰਦਾ ਹੈਂ ਨਾ ਮੈਂ? ਕਹਿੰਦੇ ਹਾਂ? ਕਹਿੰਦੇ, ਹਾਂ, ਚਲੋ ਮੰਨ ਲੈਂਦੇ ਹਾਂ ਘੜੀ ਦੀ ਘੜੀ ਕਿ ਇਹ ਤੂੰ ਹੈਂ। ਕਹਿੰਦੇ ਇਹਦੀਆਂ ਦੋਵੇਂ ਲੱਤਾਂ ਉਥੇ ਰੱਖ ਦੇਈਏ, ਦੋਵੇਂ ਬਾਹਾਂ ਦੂਜੇ ਪਾਸੇ ਰੱਖ ਦੇਈਏ, ਤੂੰ ਕੀ ਕਹੇਂਗਾ? ਕਹਿੰਦਾ ਮੈਂ ਕਹਾਂ ਕਿ ਇਹ ਮੇਰੀਆਂ ਲੱਤਾਂ ਹਨ, ਇਹ ਮੇਰੀਆਂ ਬਾਹਾਂ ਹਨ. ਕਹਿੰਦੇ ਜੇ ਗਲ ਵੱਢ ਕੇ ਉਥੇ ਰੱਖ ਦੇਈਏ ਤੇ ਬਾਕੀ ਦਾ ਧੜ? ਕਹਿੰਦੇ ਫੇਰ ਮੈਂ ਕਹਾਂਗਾ ਕਿ ਇਹ ਮੇਰਾ ਗਲ ਹੈ, ਇਹ ਮੇਰਾ ਧੜ ਹੈ। ਚਾਰ ਹਿੱਸੇ ਹੋ ਗਏ ਨਾ ਤੇਰੇ? ਕਹਿੰਦਾ ਹਾਂ। ਕਹਿੰਦਾ ਇਹ ਫੇਰ ਤੇਰੀਆਂ ਹੋਈਆਂ, ਤੂੰ ਤਾਂ ਨਾ ਚਾਰ ਹਿੱਸੇ ਹੋਇਆ? ਤੇਰੇ ਸਰੀਰ ਦੇ ਚਾਰ ਹਿੱਸੇ ਹੋਏ। ਜੇ ਤੇਰੇ ਹੋਏ ਹੁੰਦੇ, ਤੂੰ ਕਹਿੰਦਾ ਆਹ ਮੈਂ ਲੱਤਾਂ ਹਾਂ, ਆਹ ਮੈਂ ਬਾਹਾਂ ਹਾਂ। ਤੂੰ ਤਾਂ ਮੇਰੀਆਂ ਕਹਿੰਦਾ ਹੈਂ। ਤੂੰ ਇਹਦਾ ਮਾਲਕ ਹੈਂ। ਤੂੰ ਆਪਣੇ ਆਪ ਨੂੰ ਜਾਣਦਾ ਹੀ ਨਹੀਂ, ਉਹ ਗੱਲ ਕਹਿਣ ਦੀ ਦੇਰ ਸੀ, ਸਵਾਮੀ ਜੀ ਦੇ ਚਰਨਾਂ 'ਤੇ ਢਹਿ ਪਿਆ। ਕਹਿੰਦਾ, ਤੁਸੀਂ ਤਾਂ ਬੜੇ ਹਨ੍ਹੇਰੇ ਵਿਚ ਪਏ ਨੂੰ ਬਾਹਰ ਕੱਢ ਲਿਆਂਦਾ। ਮੈਂ ਕੀ ਹਾਂ, ਫੇਰ ਮੈਨੂੰ ਦੱਸੋ? ਕਹਿੰਦੇ ਆਹੀ ਗੱਲ ਜੇ ਜਾਣਨੀ ਹੈ ਨਾ, ਐਨੀ ਸੁਖਾਲੀ ਨਹੀਂ ਜਾਣੀ ਜਾਂਦੀ, ਇਹਦੇ ਵਾਸਤੇ ਸਾਧਨ ਕਰਨੇ ਪੈਂਦੇ ਨੇ, ਇਹਦੇ ਵਾਸਤੇ ਸਮਰੱਥ ਗੁਰੂ ਦੇ ਕੋਲ ਆ ਕੇ ਆਪਣਾ ਆਪ ਵੇਚਣਾ ਪੈਂਦਾ ਹੈ। ਜਦ ਤਕ ਤੂੰ ਆਪਣਾ ਆਪ ਵੇਚਦਾ ਨਹੀਂ ਕੰਮ ਨਹੀਂ ਬਣਦਾ, ਗੁਰੂ ਮਹਾਰਾਜ ਏਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਮਨ ਵੇਚ ਦੇ ਗੁਰਾਂ ਨੂੰ ਆਪਣਾ***
***ਕਾਰਜ ਤੇਰੇ ਰਾਸ ਹੋਣਗੇ।***

***ਮਨੁ ਬੇਚੈ ਸਤਿਗੁਰ ਕੈ ਪਾਸਿ ॥***
***ਤਿਸੁ ਸੇਵਕ ਕੇ ਕਾਰਜ ਰਾਸਿ ॥ ਅੰਗ - ੨੮੬***

ਗੁਰੂ ਮਹਾਰਾਜ ਨੇ ਇਕ ਚਾਬੀ ਲਾ ਦਿਤੀ, ਤਾਲਾ ਖੋਹਲਣ ਵਾਸਤੇ। ਕਹਿੰਦੇ, ਆਹ ਚਾਬੀ ਲੈ ਲੈ ਤੇ ਮਨ ਵੇਚ ਦੇ, ਮਨ ਇਥੇ ਬਹੁ ਅਰਥੀ ਸ਼ਬਦ ਹੈ, ਗੁਰੂ ਗ੍ਰੰਥ ਸਾਹਿਬ ਦੇ ਅੰਦਰ। ਕਿਤੇ ਤਾਂ ਇਹ ਸੰਕਲਪ ਵਿਕਲਪ ਕਰਨ ਵਾਲੀ ਸ਼ਕਤੀ ਜੋ ਹੈ ਉਸਨੂੰ ਆਖਿਆ ਜਾਂਦਾ ਹੈ। ਕਿਤੇ ਇਹ ਚਾਰਾਂ ਦਾ ਜੋ ਸਮੂੰਹ ਹੈ ਜਿਹਨੂੰ ਅੰਤਸ਼ਕਰਣ ਕਹਿੰਦੇ ਨੇ, ਉਹਨੂੰ ਆਖਿਆ ਜਾਂਦਾ ਹੈ। ਕਿਤੇ ਜਿਹੜੀ 'ਮੈਂ' ਹੈ ਇਹਦੇ ਵਿਚ ਉਸਨੂੰ ਆਖਿਆ ਜਾਂਦਾ ਹੈ।

ਗੁਰੂ ਨਾਨਕ ਪਾਤਸ਼ਾਹ ਜਗਤ ਦਾ ਉਧਾਰ ਕਰਦੇ-ਕਰਦੇ ਦੂਰ ਦੇਸ਼ ਵਿਚ ਲੰਘ ਜਾਂਦੇ ਨੇ, ਤੇ ਉਥੇ ਆ ਕੇ ਝੰਡਾ ਬਾਢੀ ਮਹਾਰਾਜ ਜੀ ਦਾ ਇੰਤਜ਼ਾਰ ਕਰ ਰਿਹਾ ਹੈ। ਨਾ ਸੁਣਿਆ ਹੈ, ਨਾ ਦੇਖਿਆ ਹੈ, ਲੇਕਿਨ ਅਰਦਾਸਾਂ ਕਰਦਾ ਹੈ ਕਿ ਹੇ ਪ੍ਰਭੂ! ਕੋਈ ਭੇਖਧਾਰੀ ਨਾ ਹੋਵੇ। ਮਹਾਰਾਜ ਦੇ ਹੁਣ ਦਰਸ਼ਨ ਹੁੰਦੇ ਨੇ, ਤਾਂ ਉਸ ਵੇਲੇ ਕਹਿਣ ਲੱਗਿਆ ਕਿ ਮਹਾਰਾਜ! ਆਪ ਨੇ ਮੇਰੇ 'ਤੇ ਤਾਂ ਕ੍ਰਿਪਾ ਕਰ ਦਿਤੀ ਤੇ ਮੇਰਾ ਇਕ ਮਿੱਤਰ ਹੈ ਰਾਜੇ ਦਾ ਭਾਣਜਾ ਇੰਦ੍ਰਸੈਨ! ਕ੍ਰਿਪਾ ਕਰੋ, ਉਸ ਦੇ ਉਤੇ ਵੀ ਜੇ ਕ੍ਰਿਪਾ ਕਰ ਦਿਓ, ਅਸੀਂ ਦੋ ਮਿੱਤਰ ਇਕੱਠੇ ਭਗਤੀ ਕਰਦੇ ਰਹੇ ਹਾਂ। ਦੋਵੇਂ ਇਕੱਠੇ ਵਿਚਾਰਾਂ ਕਰਦੇ ਰਹੇ ਹਾਂ, ਮਹਾਰਾਜ ਕਹਿੰਦੇ, ਝੰਡਿਆ! ਲਿਆ ਉਸਨੂੰ । ਬੁਲਾ ਲਿਆਂਦਾ ਤਾਂ ਉਹਨੇ ਆ ਕੇ ਨਮਸ਼ਕਾਰ ਕਰੀ, ਪਾਤਸ਼ਾਹ! ਸਾਡੇ ਉਤੇ ਕ੍ਰਿਪਾ ਕਰੋ, ਬੜੀ ਦੇਰ ਹੋ ਗਈ ਸਾਨੂੰ ਖੋਜਦਿਆਂ ਨੂੰ। ਸਾਨੂੰ ਕੁਛ ਥਾਹ ਨਹੀਂ ਲਗਦਾ, ਮਹਾਰਾਜ ਕਹਿੰਦੇ ਕ੍ਰਿਪਾ ਕਰਾਉਣੀ ਹੈ, ਤਾਂ ਜਿਹੜਾ ਤੇਰੇ ਕੋਲ ਕੁਛ ਹੈ, ਉਹ ਭੇਟਾ ਰੱਖ ਦੇ। ਉਸ ਦੇ ਕੋਲ ਦੋ ਚੀਜ਼ਾਂ ਸੀ, ਸਾਰੀਆਂ ਮਹਾਰਾਜ ਦੇ ਕੋਲ ਭੇਟ ਕਰ ਦਿਤੀਆਂ। ਮਹਾਰਾਜ ਕਹਿੰਦੇ, ਅਜੇ ਤਾਂ ਤੇਰੇ ਕੋਲ ਬਹੁਤ ਕੁਛ ਹੈ, ਜਿਹੜਾ ਬਾਕੀ ਹੈ ਉਹ ਵੀ ਭੇਟ ਕਰ ਦੇ। ਉਹਨੇ ਕਿਹਾ, ਮਹਾਰਾਜ ਹੁਣ ਤਾਂ ਮੇਰੇ ਕੋਲ ਵਸਤਰ ਹੀ ਨੇ, ਹੋਰ ਤਾਂ ਕੋਈ ਚੀਜ਼ ਨਹੀਂ, ਕਹਿੰਦੇ ਇਹ ਵੀ ਭੇਟ ਕਰ ਦੇ, ਲਾਹੁੰਣ ਦੀ ਲੋੜ ਨਹੀ, ਫੁਰਨਾ ਕਰ ਦੇ। ਕਹਿੰਦਾ ਇਹ ਵੀ ਕਰ ਦਿਤੇ। ਮਹਾਰਾਜ ਕਹਿੰਦੇ, ਅਜੇ ਤਾਂ ਤੇਰੇ ਕੋਲ ਬਹੁਤ ਕੁਛ ਪਿਆ ਹੈ। ਸੋਚ? ਕਹਿਣ ਲੱਗਿਆ, ਮਹਾਰਾਜ! ਮੇਰੇ ਕੋਲ ਤਾਂ ਸਰੀਰ ਹੈ। ਕਹਿੰਦੇ ਇਹ ਵੀ ਕਰ ਦੇ ਭੇਟ। ਉਹ ਵੀ ਭੇਟਾ ਹੋ ਗਿਆ। ਕਹਿੰਦੇ, ਅਜੇ ਤਾਂ ਤੇਰੇ ਕੋਲ ਹੋਰ ਵੀ ਬਹੁਤ ਕੁਛ ਹੈ, ਬੇਅੰਤ ਤੇਰੇ ਅੰਦਰ ਅਵਿਦਿਆ ਹੈ, ਬੇਅੰਤ ਤੇਰੇ ਅੰਦਰ ਖਿਆਲ ਨੇ, ਤੇਰੇ ਅੰਦਰ ਫੁਰਨਾ ਕਰਨ ਵਾਲੀ ਸ਼ਕਤੀ ਹੈ। ਤੇਰੇ ਅੰਦਰ ਨਿਰਣਾ ਕਰਨ ਵਾਲੀ ਬੁੱਧੀ ਸ਼ਕਤੀ ਹੈ। ਤੇਰੇ ਅੰਦਰ feed ਕਰਨ ਵਾਲੀ ਚੇਤਨ ਸ਼ਕਤੀ ਹੈ। ਇਹ ਵੀ ਪਿਆਰਿਆ! ਭੇਟਾ ਕਰ ਦੇ। ਸੋਚਿਆ! ਵਿਦਵਾਨ ਸੀ, ਉਸੇ ਵੇਲੇ ਤਿੰਨੇ ਚੀਜ਼ਾਂ ਭੇਟਾ ਕਰ ਦਿਤੀਆਂ, ਕਹਿੰਦਾ ਮਹਾਰਾਜ ਮੇਰੇ ਕੋਲ ਹੋਰ ਤਾਂ ਕੁਛ ਹੈ ਨਹੀਂ। ਕਹਿੰਦਾ,

ਆਹ ਜਿਹੜਾ ਮੇਰੇ ਕੋਲ ਕਹਿੰਦਾ ਹੈਂ ਨਾ, ਉਹ ਭੇਟਾ ਕਰ। ਆਹ ਜਿਹੜਾ ਤੂੰ ਕਹਿੰਦਾ ਹੈਂ ਨਾ, ਤੂੰ ਤਾਂ ਬਚਿਆ ਪਿਆ ਹੈਂ, ਸਭ ਕੁਛ ਦੇ ਕੇ ਵੀ ਤੇਰੇ ਕੋਲ ਤਾਂ ਸਾਰਾ ਕੁਛ ਹੀ ਹੈ ਅਜੇ। ਆਹ ਜਿਹੜੀ ਤੇਰੀ 'ਮੈਂ' ਹੈ ਇਹਨੂੰ ਭੇਟਾ ਕਰ ਦੇ। ਉਸ ਵੇਲੇ 'ਮੈਂ' ਭੇਟਾ ਕਰ ਦਿਤੀ, ਬਾਕੀ ਕੀ ਰਹਿ ਗਿਆ। ਨਾ ਕੋਈ ਬਚਨ ਕਰ ਸਕਦਾ ਹੈ, ਨਾ ਕੋਈ ਸੋਚ ਸਕਦਾ ਹੈ, ਨਾ ਕੋਈ ਗੱਲ ਕਰ ਸਕਦਾ ਹੈ, ਉਸ ਵੇਲੇ ਲੀਨ ਹੋ ਗਿਆ, ਪਰਮ ਅਨੰਦ ਵਿਚ। ਕਿਉਂਕਿ ਮੈਂ ਗੁਰੂ ਨੂੰ ਸਉਂਪ ਦਿਤੀ, ਕਿਉਂਕਿ 'ਮੈਂ' ਹੀ ਸਾਰੇ ਝਗੜਿਆਂ ਦਾ ਮੂਲ ਹੈ। ਵਾਹਿਗੁਰੂ ਦੇ ਨਾਲੋਂ ਅਸੀਂ ਵਿਛੜੇ ਹਾਂ, ਇਹ ਵਿਛੋੜਨ ਵਾਲੀ ਕਿਹੜੀ ਚੀਜ਼ ਹੈ, 'ਮੈਂ' ਹੈ। ਸਮਾਂ ਲੰਘ ਗਿਆ, ਪਹਿਰ ਲੰਘ ਗਏ, ਉਸੇ ਅਨੰਦ ਵਿਚ ਬੈਠਾ ਹੈ। ਮਹਾਰਾਜ ਕਹਿੰਦੇ, ਕਿਉਂ ਇੰਦਰਸੈਨ! ਇਹ ਜਿਹੜੇ ਪੰਜ ਤੱਤ ਨੇ, 25 ਪ੍ਰਕ੍ਰਿਤੀਆਂ ਨੇ ਜਿਨ੍ਹਾਂ ਦੇ ਨਾਲ ਗਿਆਨ ਇੰਦਰੇ ਬਣੇ ਹੋਏ ਨੇ, ਪੰਜ ਪ੍ਰਾਣ ਨੇ - ਪ੍ਰਾਣ, ਉਪਾਨ, ਉਦਾਨ, ਬਿਆਨ, ਸਮਾਨ; ਫੁਰਨੇ ਕਰਨ ਵਾਲਾ ਮਨ ਹੈ। ਨਿਰਣਾ ਕਰਨ ਵਾਲੀ ਬੁੱਧੀ ਹੈ, feel ਕਰਨ ਵਾਲਾ ਚਿੱਤ ਹੈ, ਤੇ ਜਿਹੜਾ 'ਮੈਂ' ਭਾਵ ਹੈ, ਸਾਰਿਆਂ ਦਾ ਮੂਲ, ਜੜ੍ਹ ਹੈ ਇਹ; ਕਹਿੰਦੇ ਏਸ ਤੋਂ ਪਰ੍ਹੇ ਤਿੰਨੇ ਤੱਤਾਂ ਤੋਂ ਰਜੋ ਗੁਣ, ਤਮੋ ਗੁਣ, ਸਤੋ ਗੁਣ; ਤਿੰਨੋਂ ਅਵਸਥਾ ਤੋਂ ਜਾਗ੍ਰਤ, ਸੁਪਨ, ਸਖੋਪਤ ਤੋਂ ਪਰ੍ਹੇ - ਸ਼ਬਦ, ਸਪਰਸ਼, ਰੂਪ, ਰਸ, ਗੰਧ; ਦੇ ਵਿਸ਼ਿਆਂ ਤੋਂ ਪਰ੍ਹੇ ਤੇਰਾ ਆਪਣਾ ਆਤਮ ਸਰੂਪ ਹੈ ਜਿਹਨੂੰ ਬੁੱਧੀ ਜਾਣ ਨਹੀਂ ਸਕਦੀ, ਬੁੱਧੀ ਦੀ ਤਾਕਤ ਨਹੀਂ ਆਪਣੇ ਸਰੂਪ ਨੂੰ ਜਾਨਣ ਦੀ ਕਿਉਂਕਿ ਜੜ੍ਹ ਹੈ ਜੜ੍ਹ ਚੇਤਨ ਨੂੰ ਨਹੀਂ ਜਾਣ ਸਕਦੀ। ਏਸ ਕਰਕੇ ਆਹ ਜਿਹੜਾ ਬਾਕੀ ਬਚਿਆ ਸੀ ਨਾ, ਕੇਵਲ ਅਨੁਭਵ ਮਾਤਰ ਇਹ ਤੇਰਾ ਆਪਣਾ ਸਰੂਪ ਹੈ ਪਿਆਰਿਆ! ਇਹਦੇ ਵਿਚ ਅਨੰਦ ਹੈ। ਮਹਾਰਾਜ ਕਹਿੰਦੇ, ਜਿੰਨੀ ਦੇਰ ਤਕ ਅਸੀਂ ਮੈਂ ਨੂੰ ਬਚਾ ਕੇ ਰਖਦੇ ਹਾਂ, ਗੱਲ ਨਹੀਂ ਬਣਦੀ, ਇਹ ਪੜਦਾ ਹੈ -

***ਹਉ ਹਉ ਭੀਤਿ ਭਇਓ ਹੈ ਬੀਚੋ***
***ਸੁਨਤ ਦੇਸਿ ਨਿਕਟਾਇਓ ॥***
***ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥***
***ਅੰਗ - ੬੨੪***

ਹਉਮੈ ਨੇ ਸੰਸਾਰ ਨੂੰ ਤੋੜ ਦਿਤਾ ਵਾਹਿਗੁਰੂ ਨਾਲੋਂ, ਸਾਰੇ ਸੰਸਾਰ ਨੂੰ। ਐਸਾ ਫੁਰਮਾਨ ਆਉਂਦਾ ਹੈ -

***ਧਾਰਨਾ - ਸਾਰੇ ਜਗ ਨੂੰ ਹਰੀ ਦੇ ਨਾਲੋਂ ਤੋੜਿਆ***
***ਹਉਮੈ ਵਾਲਾ ਰੋਗ ਹੈ ਬੁਰਾ।***

ਪ੍ਰਮੇਸ਼ਰ ਦੇ ਨਾਲੋਂ ਤੋੜ ਦੇਣਾ ਤੇ ਇਕ ਨੂੰ ਦੋ ਰੂਪਾਂ 'ਚ ਦਿਖਾ ਦੇਣਾ, ਇਹਨੂੰ ਹਉਮੈ ਕਹਿੰਦੇ ਨੇ, ਅਸਲ ਨੂੰ ਨਕਲ ਬਣਾ ਦੇਣਾ। ਕਿੰਨਾਂ ਹੀ ਸਮਝਾ ਲਓ, ਕਿੰਨਾਂ ਹੀ ਦੱਸ ਦਿਓ, ਨਹੀਂ ਮੰਨਦਾ ਇਹ ਚੀਜ਼। ਨਾ ਗੁਰੂ ਦੀ ਮੰਨੇ, ਜ਼ੋਰ ਲਾ ਲਏ ਜਿੰਨਾਂ ਲਗਦਾ ਹੈ, ਮੱਥੇ ਟੇਕੀ ਜਾਵੇ ਸਾਰੀ ਜ਼ਿੰਦਗੀ। ਸੁਣੀ ਜਾਵੇ ਨਹੀਂ ਪਤਾ ਲਗਦਾ, ਏਸ ਗੱਲ 'ਚੋਂ ਨਿਕਲ ਹੀ ਨਹੀਂ ਸਕਦਾ ਬੰਦਾ ਆਪਣੇ ਆਪ। ਕਾਰਨ ਕੀ ਹੈ? ਜਦੋਂ ਅਸੀਂ ਵਿਚਾਰ ਕਰਦੇ ਹਾਂ, ਕਿ ਐਹੋ ਜਿਹੀ ਕਿਹੜੀ ਗੱਲ ਹੋ ਗਈ, ਜਿਹਨੇ ਪ੍ਰਮੇਸ਼ਰ ਨੂੰ ਦੋ ਹਿੱਸਿਆਂ 'ਚ ਕਰ ਦਿਤਾ। ਇਕ ਨੂੰ ਮਾਇਆ ਬਣਾ ਦਿਤਾ, ਇਕ ਨੂੰ ਪ੍ਰਮੇਸ਼ਰ। ਉਹ ਆਪੇ ਹੀ ਆਪ ਹੈ -

***ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥***
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥***
***ਜਾਪੁ ਸਾਹਿਬ***

ਉਹ ਜਿਹੜਾ ਅਨੁਭਵ ਨੀਵਾਂ ਹੋ ਗਿਆ, ਉਹ ਹਉਮੈ ਕਰਕੇ ਹੋ ਗਿਆ। ਅਸਲ ਦੀ ਥਾਂ 'ਤੇ ਨਕਲ ਦਿਸਣ ਲਗ ਗਿਆ। ਐਉਂ ਸਮਝ ਲਓ, ਸਮਝਣ ਵਾਸਤੇ ਕਿ ਇਕ ਦਰਿਆ ਚੱਲ ਰਿਹਾ ਹੈ, ਉਹ ਦਰਿਆ ਉਛਲਿਆ ਉਹਦਾ ਪਾਣੀ ਬੜੇ ਟੋਭਿਆਂ 'ਚ ਵੀ ਚਲਿਆ ਗਿਆ, ਛੋਟਿਆਂ 'ਚ ਵੀ ਚਲਿਆ ਗਿਆ, ਛਪੜੀਆਂ 'ਚ ਵੀ ਚਲਿਆ ਗਿਆ, ਨਿੱਕੇ-ਨਿੱਕੇ ਥਾਵਾਂ 'ਤੇ ਵੀ ਚਲਿਆ ਗਿਆ। ਉਨ੍ਹਾਂ ਦਾ ਜਦ ਸਬੰਧ ਟੁੱਟ ਗਿਆ, ਦਰਿਆ ਦੇ ਨਾਲੋਂ ਦਰਿਆ ਹੇਠਾਂ ਆ ਗਿਆ, ਉਸ ਵੇਲੇ ਕੀ ਹੋਏਗਾ, ਉਨ੍ਹਾਂ ਦੀ ਆਪਣੀ ਵੱਖਰੀ ਹਸਤੀ ਕਾਇਮ ਹੋ ਗਈ ਕਿ ਇਹ ਰੇਤ ਹੈ ਜੀ, ਇਹ ਟੋਭਾ ਹੈ ਜੀ, ਇਹ ਤਲਾਬ ਹੈ ਇਹ ਛਪੜੀ ਹੈ। ਹੈ ਕੀ, ਹੈ ਤਾਂ ਪਾਣੀ ਹੀ, ਦੋ ਤਾਂ ਨਹੀਂ ਹੋਏ ਲੇਕਿਨ conection (ਸਬੰਧ) ਟੁੱਟ ਗਿਆ। ਉਹਦੇ ਨਾਲ ਕੀ ਹੁੰਦਾ ਹੈ ਕਿ ਉਹ ਪਾਣੀ ਜਿਹੜਾ ਹੈ ਉਹ limit (ਹੱਦ) ਵਿਚ, ਗਿਣਤੀ-ਮਿਣਤੀ ਦਾ ਪਾਣੀ ਉਹਦੇ ਵਿਚ ਮੌਸਮ ਦਾ ਜਿਹੜਾ ਅਸਰ ਸੀ ਉਹ ਪੈਣਾ ਸ਼ੁਰੂ ਹੋ ਗਿਆ, ਧੁੱਪ ਨੇ ਉਸ ਨੂੰ ਬਦਬੂਦਾਰ ਕਰ ਦਿਤਾ। ਉਡ-ਉਡ ਕੇ ਚੀਜ਼ਾਂ ਪੈ ਗਈਆਂ, ਪੱਤੇ ਆ ਕੇ ਗਿਰ ਗਏ, ਉਨ੍ਹਾਂ ਨੂੰ ਗੰਦਾ ਕਰ ਦਿਤਾ। ਉਹਦੇ ਵਿਚ ਜੀਵ ਪੈਦਾ ਹੋ ਗਏ, ਬੇਅੰਤ ਮੱਛਰ ਪੈਦਾ ਹੋ ਗਿਆ, ਬੇਅੰਤ ਚੀਜ਼ਾਂ ਪੈਦਾ ਹੋ ਗਈਆਂ। ਕਿਰਮ ਪੈਦਾ ਹੋ ਗਏ, ਉਹ ਪਾਣੀ, ਜਿਹੜਾ ਸਾਫ ਪਾਣੀ ਸੀ ਉਹਦੇ ਨਾਲੋਂ ਕਿੰਨਾ ਬਦਲ ਗਿਆ, ਗੰਦਾ ਪਾਣੀ ਹੋ ਗਿਆ, ਛੱਪੜੀਆਂ ਬਣ ਗਈਆਂ ਤੇ ਉਹ ਪਾਣੀ ਪੂਰਾ ਜਿਹੜਾ ਸੀ, ਸੁਥਰਾ ਚਲ ਰਿਹਾ ਹੈ ਉਸੇ ਤਰ੍ਹਾ ਦੇ ਨਾਲ। ਇਹ ਜਿਹੜਾ ਕਾਰਨ ਹੈ ਉਹ ਇਹਦੇ ਨਾਲੋਂ conection (ਸਬੰਧ) ਟੁੱਟਣ ਨਾਲ ਹੋਇਆ, ਇਕ ਥਾਂ ਦੇ ਉਤੇ ਭਾਈ ਵੀਰ ਸਿੰਘ ਜੀ ਮਿਸਾਲ ਦਿੰਦੇ ਨੇ ਕਿ ਕਾਲਾ ਕਲੋਟਾ ਪਿਆ ਹੈ ਕੋਲਾ, ਯਤਨ ਕਰਿਆ ਕਿ ਇਹਨੂੰ ਕਿਸੇ ਤਰੀਕੇ ਦੇ ਨਾਲ ਚਿੱਟਾ ਕਰ ਦੇਈਏ। ਕਹਿੰਦੇ -

***ਸਾਬਣ ਲਾ ਲਾ ਧੋਤਾ ਕੋਲਾ***

*ਦੁੱਧ ਦਹੀਂ ਵਿਚ ਪਾਇਆ,*
*ਖੁੰਬ ਚਾੜ੍ਹ ਰੰਗਣ ਭੀ ਧਰਿਆ*
*ਰੰਗ ਨ ਏਸ ਵਟਾਇਆ। ਭਾਈ ਵੀਰ ਸਿੰਘ*

ਬੜੇ ਸਾਬਣ ਲਾਏ, ਸਰਫ ਵਿਚ ਪਾਇਆ, ਕਹਿੰਦੇ ਕਿਉਂ ਨਾ ਰੰਗ ਵਟਾਇਆ, ਕਹਿੰਦੇ ਕਿਉਂਕਿ ਵਿਛੜ ਚੁਕਿਆ ਸੀ ਆਪਣੀ ਅਸਲ ਚੀਜ਼ ਨਾਲੋਂ।

*ਵਿਛੁੜ ਕੇ ਕਾਲਖ ਸੀ ਆਈ*
*ਬਿਨ ਮਿਲਿਆਂ ਨਹੀਂ ਲਹਿੰਦੀ। ਭਾਈ ਵੀਰ ਸਿੰਘ*

ਰੁਬਾਈ ਹੈ ਚਾਰ ਲਾਇਨਾਂ ਦੀ –

ਲੇਕਿਨ ਬੜਾ ਹੀ ਅਧਿਆਤਮਕ ਸਬਕ ਹੈ ਇਹਦੇ ਅੰਦਰ, ਕਹਿੰਦੇ ਵਿਛੜ ਗਿਆ, ਵਿਛੜ ਕੇ ਕਾਲਖ ਆ ਗਈ। ਹੁਣ ਲਹਿੰਦੀ ਨਹੀਂ ਜਿੰਨਾ ਚਿਰ ਮਿਲਾਪ ਨਹੀਂ ਹੁੰਦਾ। ਕਹਿੰਦੇ –

*ਅੰਗ ਅੱਗ ਦੇ ਲਾ ਕੇ ਵੇਖੋ*
*ਚੜ੍ਹਦਾ ਰੂਪ ਸਵਾਇਆ। ਭਾਈ ਵੀਰ ਸਿੰਘ*

ਉਸੇ ਕਾਲੇ ਕੋਲੇ ਨੂੰ ਅੱਗ ਦੇ ਵਿਚ ਸੁੱਟ ਦਿਓ, ਦੇਖੋ ਕਿਵੇਂ ਦਗ-ਦਗ ਕਰਦਾ ਹੈ। ਕਿਉਂਕਿ ਆਪਣੇ ਅਸਲੇ ਵਿਚ ਆ ਗਿਆ, ਆਹੀ ਹਾਲ ਸਾਡਾ ਹੋਇਆ ਹੈ ਅਸੀਂ ਪ੍ਰਮੇਸ਼ਰ ਤੋਂ ਵਿਛੜ ਗਏ। ਕਿਰਮ ਪੈ ਗਏ ਜਿਹੜੇ ਸਾਨੂੰ ਹੁਣ ਪ੍ਰਮੇਸ਼ਰ ਨਾਲ ਮਿਲਣ ਨਹੀਂ ਦਿੰਦੇ ਤੇ ਜਿਹੜੀ ਪਰਮ ਸੁਖ ਜੀਵ ਆਤਮਾ ਸੀ, ਉਹਨੇ ਜੀਵ ਦੀ ਉਪਾਧੀ ਧਾਰਨ ਕਰਕੇ ਜੀਵ ਬਣ ਗਿਆ, ਇਹ ਤਾਂ ਆਉਂਦਾ ਹੈ ਕਿਸੇ-ਕਿਸੇ ਨੂੰ। ਇਹ ਜੀਵ ਤੋਂ ਥੱਲੇ ਨੂੰ ਚਲ ਪਿਆ। ਪਹਿਲਾਂ ਇਸਨੂੰ ਅਗਿਆਨ ਪੈਦਾ ਹੋਇਆ, ਅਨੰਦ ਆਇਆ ਜਿਵੇਂ ਘੂਕ ਨੀਂਦ ਦਾ ਆਉਂਦਾ ਹੈ, ਉਹਦੇ ਬਾਅਦ ਵਿਗਿਆਨ; ਹਿਲਜੁਲ ਪੈਦਾ ਹੋਈ ਵੱਖਰੀ ਸਮਝ ਹੈ ਇਹ। ਉਸ ਤੋਂ ਬਾਅਦ ਇਹਦੇ ਵਿਚ ਫੁਰਨੇ ਹੋਏ, ਫੇਰ ਪ੍ਰਾਣ ਸ਼ਕਤੀ ਆ ਗਈ, ਹਿਲਜੁਲ ਹੋ ਗਈ, ਉਸ ਤੋਂ ਬਾਅਦ ਆਹ ਸਰੀਰ ਬਣ ਗਿਆ। ਪੰਜ ਪੜਦੇ ਹੇਠਾਂ ਨੂੰ ਤਿਲਕ ਆਇਆ, ਪਹਿਲਾ ਪੜਦਾ ਅਨੰਦ ਦਾ ਪੈ ਗਿਆ, ਦੂਜਾ ਅਕਲ ਦਾ ਪੈ ਗਿਆ, ਤੀਜਾ ਮਨ ਦਾ ਪੈ ਗਿਆ, ਚੌਥਾ ਪੜਦਾ ਪ੍ਰਾਣ ਸ਼ਕਤੀ ਦਾ ਪੈ ਗਿਆ, ਪੰਜਵਾਂ ਪੜਦਾ ਸਰੀਰ ਦਾ ਪੈ ਗਿਆ। ਐਉਂ ਲਾ ਲਓ ਇਕ ਬਹੁਤ ਵੱਡਾ ਹਜ਼ਾਰ ਵਾਟ ਦਾ ਬਲਬ ਚਾਨਣਾ ਦੇ ਰਿਹਾ ਹੈ। ਉਹਦੇ ਉਤੇ ਕਿਸੇ ਨੇ ਪੇਂਟ ਕਰ ਦਿਤਾ। ਕਾਗਜ਼ ਚਾੜ੍ਹ ਦਿਤਾ ਪੀਲਾ, ਉਹਦਾ ਰੰਗ ਬਦਲ ਗਿਆ, ਪੀਲਾ ਬਣ ਗਿਆ, ਕੋਈ ਹੋਰ ਆਇਆ ਉਹਨੇ ਗਾੜ੍ਹਾ ਨੀਲਾ ਕਾਗਜ਼ ਚਾੜ੍ਹ ਦਿਤਾ। ਰੰਗ ਹੋਰ ਬਦਲ ਗਿਆ, ਉਹਦੇ ਵਿਚੋਂ ਥੋੜ੍ਹਾ ਜਿਹਾ ਪਤਾ ਲਗਦਾ ਹੈ ਕਿ ਇਥੇ ਰੋਸ਼ਨੀ ਹੈ, ਤੀਸਰਾ ਹੋਰ ਆਇਆ ਉਸਨੇ ਉਹਦੇ ਉਤੇ ਪੇਂਟ ਕਰ ਦਿਤਾ ਕਾਲਾ। ਰੋਸ਼ਨੀ ਜਿਹੜੀ ਸੀ ਉਹ ਬਹੁਤ ਹੀ ਮਾਮੂਲੀ ਰਹਿ ਗਈ। ਹਨ੍ਹੇਰੇ ਵਿਚ ਪਤਾ ਲਗਦਾ ਹੈ ਕਿ ਕੁਛ ਹੈ ਤਾਂ ਸਹੀ ਰੋਸ਼ਨੀ। ਕੋਈ ਹੋਰ ਆਇਆ ਉਹਨੇ ਉਹਦੇ ਉਤੇ ਹੋਰ ਗਾੜ੍ਹਾ ਪੇਂਟ ਕਰ ਦਿਤਾ। ਲੁੱਕ ਦਾ ਕਰ ਦਿਤਾ ਤੇ ਪੰਜਵਾ ਆਇਆ, ਉਹਨੇ ਬਰਤਨ ਮੂਧਾ ਮਾਰ ਦਿਤਾ ਉਹਦੇ ਉਤੇ। ਘੜਾ ਮੂਧਾ ਮਾਰ ਦਿਤਾ। ਹੁਣ ਅੰਦਰ ਤਾਂ ਰੋਸ਼ਨੀ ਹੈ, ਲੇਕਿਨ ਬਾਹਰ ਪੜਦੇ ਪੈ ਗਏ। ਆਹੀ ਹਾਲ ਸਾਡਾ ਹੋਇਆ, ਅੰਦਰ ਤਾਂ ਸਾਡੇ ਆਤਮਾ ਹੈ। ਲੇਕਿਨ ਇਹਦੇ ਉਤੇ ਪੜਦਾ ਦਰ ਪੜਦਾ ਚੜ੍ਹਦੇ-ਚੜ੍ਹਦੇ ਇਹੋ ਜਿਹੀ ਸਾਡੀ ਬੁੱਧੀ ਦੂਰ ਹੋ ਗਈ ਕਿ ਅਸੀਂ ਆਪਣੇ ਆਪ ਨੂੰ ਸਾਢੇ ਤਿੰਨ ਹੱਥ ਦੀ ਦੇਹ ਸਮਝ ਕੇ, ਉਹਦਾ ਨਾਉਂ ਸਮਝ ਕੇ ਇਹਦੇ ਵਾਸਤੇ ਜੀਉਣਾ ਸ਼ੁਰੂ ਕਰ ਦਿਤਾ। ਸੁਰਤ ਨਵੀਂ ਆ ਗਈ ਸਾਡੇ ਕੋਲ, ਜਿਹੜੀ ਅਸਲੀ ਸੁਰਤ ਸੀ ਉਹ ਸਾਡੀ ਗਵਾਚ ਗਈ, ਇਸ ਸੁਰਤ ਨੇ ਕੀ ਕਰਿਆ ਕਿ ਮੈ ਫਲਾਣਾ ਸਿੰਘ, ਮੇਰੇ ਕੋਲ ਐਨੀ ਜ਼ਮੀਨ, ਮੇਰੇ ਕੋਲ ਐਨੇ ਟਰੈਕਟਰ ਮੇਰੇ ਕੋਲ ਕੰਬਾਈਨ, ਮੇਰੇ ਬੱਚੇ ਬੜੇ ਨੌਕਰ, ਮੇਰੇ ਕੋਲ ਐਨੀਆਂ ਕੋਠੀਆਂ, ਮੇਰੇ ਐਨੇ ਪੁੱਤਰ, ਮੇਰੇ ਰਿਸ਼ਤੇਦਾਰ, ਮੇਰਾ ਫਲਾਣਾ-ਮੇਰਾ ਫਲਾਣਾ। ਮੇਰਾ ਦੇਸ਼, ਮੇਰਾ ਹੀ ਮੇਰਾ ਇਹਦੇ ਆਲੇ-ਦੁਆਲੇ ਖਲਾਰ ਦਿਤਾ। 'ਮੈਂ' ਹੀ 'ਮੈਂ' ਫੈਲ ਗਈ। ਹੁਣ ਮਹਾਰਾਜ ਕਹਿੰਦੇ ਭੋਲਿਆ! ਕਿੱਥੇ ਤੂੰ ਤੁਰਿਆ ਫਿਰਦਾ ਹੈਂ, ਇਹ ਜਿਹੜੀ ਸੁਰਤ ਤੇਰੀ ਹੈ ਇਹ ਇਕ ਗਾੜ੍ਹੀ ਨੀਂਦ ਹੈ, ਤੂੰ ਤਾਂ ਸੌਂ ਗਿਆ, ਇਹ ਤੈਨੂੰ ਜਾਗ ਨਹੀਂ ਆ ਰਹੀ, ਸੌਂ ਕੇ ਤੂੰ ਸੁਪਨੇ ਲੈ ਰਿਹਾ ਹੈਂ। ਤੇਰੇ ਅੰਦਰ ਪੰਜ ਚੋਰਾਂ ਨੇ ਘਰ ਬਣਾ ਲਿਆ, ਬੜੇ ਬਲੀ ਨੇ ਜਿਨ੍ਹਾਂ ਨੇ ਤੇਰੇ ਅੰਦਰ ਘਰ ਬਣਾ ਲਿਆ। ਕਾਮ ਹੈ, ਕਿਹੋ ਜਿਹਾ ਬਲੀ ਹੈ।

ਇਕ ਮਹਾਤਮਾ ਹੋਏ ਨੇ ਬਹੁਤ ਉਚ ਕੋਟੀ ਦੇ ਤੇ ਉਨ੍ਹਾਂ ਦਾ ਨਾਉਂ ਸੀ ਮਛੰਦਰ; ਗੋਰਖਨਾਥ ਦੇ ਗੁਰੂ ਸੀ ਉਹ; ਪਹਿਲਾਂ ਤਾਂ ਗੋਰਖਨਾਥ ਹੀ ਦੁਨੀਆਂ 'ਚ ਮਸ਼ਹੂਰ ਹੈ, ਤੇ ਉਹਦੇ ਉਹ ਗੁਰੂ ਸੀਗੇ। ਉਹ ਰਾਜਾ ਅਮਰੂ ਲੰਕਾ ਦਾ, ਬੜਾ ਉਨ੍ਹਾਂ ਦਾ ਸੇਵਕ ਸੀ, ਉਹਦੇ ਕੋਲ ਆਪ ਨਿਵਾਸ ਰਖਦੇ ਸੀ। ਉਹ ਜਦ ਰਾਜਾ ਚੜ੍ਹਾਈ ਕਰ ਗਿਆ, ਇਹ ਉਹਦੇ ਸਰੀਰ ਵਿਚ ਦਾਖਲ ਹੋ ਗਏ, ਰਾਣੀਆਂ ਦਾ ਰੋਣਾ ਨਾ ਦੇਖ ਸਕੇ। ਇਹਨੇ ਕਿਹਾ ਕਿ ਰਾਜੇ ਦੇ ਸਰੀਰ ਵਿਚੀਂ ਹੋ ਕੇ ਮੈਂ ਇਸਨੂੰ ਜੀਉਂਦਾ ਕਰਦਾ ਹਾਂ। ਆਪਣਾ ਸਰੀਰ ਇਕ ਕੰਦਰਾ ਵਿਚ ਲਕੋ ਦਿਤਾ, ਉਥੇ ਹੀ ਚੌਦਾਂ ਪੰਦਰਾਂ ਸਾਲ ਲੰਘ ਗਏ, ਕਿਸੇ ਨੂੰ ਨਹੀਂ ਪਤਾ ਲਗਦਾ ਕਿ ਮਛੰਦਰ ਕਿੱਥੇ ਚਲਿਆ ਗਿਆ। ਮਸਤ ਹੋ ਗਿਆ, ਉਹਦੇ ਵਿਚੋਂ ਨਿਕਲਦਾ ਨਹੀਂ ਹੈ। ਕਿਉਂਕਿ ਭੋਗਾਂ ਨੇ ਗ੍ਰਸ ਲਿਆ ਉਸਨੂੰ। ਰਸ ਆ ਗਿਆ ਉਹਨੂੰ ਭੋਗਾਂ ਦਾ। ਇਧਰ ਇਕ ਬਾਲ ਗੁੰਦਾਈ ਮਹਾਤਮਾ ਪੰਜਾਬ ਦੇ ਹੋਏ ਨੇ, ਕਿਤੇ ਗੋਰਖ ਨਾਲ ਗੱਲਬਾਤ ਚੱਲੀ, ਕਹਿਣ ਲੱਗੇ ਗੁਰੂ ਜੀ ਤੇਰੇ ਕਿੱਥੇ ਨੇ? ਕਦੇ ਦਰਸ਼ਨ ਨਹੀਂ ਹੁੰਦੇ? ਕਹਿੰਦੇ, ਕੋਈ ਪਤਾ ਨਹੀਂ ਕਿੱਥੇ ਜਾ ਕੇ ਕੰਦਰਾ ਵਿਚ ਸਮਾਧੀ ਲਾ ਲਈ। ਕਹਿੰਦੇ, ਟੋਲ੍ਹ ਲੈ, ਜੇ ਤੈਨੂੰ ਜ਼ਿਆਦਾ ਪਤਾ ਹੈ। ਬੜਾ

ਗੋਰਖ ਨੇ ਦੇਖਿਆ ਕਿਤੇ ਨਾ ਲੱਭੇ, ਅੰਤਰ-ਆਤਮੇ ਹੋ ਕੇ ਵੀ ਸਾਰੀ ਦੁਨੀਆਂ, ਸਮੁੰਦਰ ਵੀ ਭਾਲੇ, ਪਹਾੜ ਵੀ ਭਾਲੇ, ਕਿਤੇ ਨਾ ਲੱਭੇ, ਅਖੀਰ ਬਾਲ ਗੁੰਦਾਈ ਨੇ ਮੇਹਣਾ ਮਾਰਿਆ ਕਿ ਤੂੰ ਜਿਹਨੂੰ ਗੁਰੂ ਬਣਾਈਂ ਫਿਰਦਾ ਹੈਂ ਉਹ ਤਾਂ ਰਾਜੇ ਅਮਰੂ ਦੇ ਸਰੀਰ ਵਿਚੀਂ ਹੋ ਕੇ ਪਦਮਨੀ ਰਾਣੀਆਂ ਭੋਗ ਰਿਹਾ ਹੈ। ਮਛੰਦਰ ਗਿਆ ਇਸ ਨੇ ਜਾ ਕੇ ਆਪਣੇ ਗੁਰੂ ਨੂੰ ਛੁਡਾਇਆ। ਕਿੱਡੀ ਵੱਡੀ ਚੀਜ਼ ਹੈ, ਕਿੱਡਾ ਵੱਡਾ ਚੋਰ ਸਾਡੇ ਅੰਦਰ ਵੜ ਗਿਆ। ਕ੍ਰੋਧ ਹੈ, ਲੋਭ ਹੈ, ਮੋਹ ਹੈ, ਮੋਹ ਦਾ ਤਾਂ ਕੋਈ ਪਤਾ ਨਹੀਂ, ਬਾਰ-ਬਾਰ ਜੰਮਦਾ ਹੈ ਮੋਹ ਦਾ ਬੰਨਿਆ ਹੋਇਆ। ਸੋ ਇਹ ਪ੍ਰਮੇਸ਼ਰ ਨੂੰ ਤਾਂ ਭੁੱਲ ਗਿਆ ਬਿਲਕੁਲ ਹੀ, ਉਹਦਾ ਤਾਂ ਇਹਨੇ ਖਿਆਲ ਛੱਡ ਦਿਤਾ ਤੇ ਖਿਆਲ ਛੱਡ ਕੇ ਇਨ੍ਹਾਂ ਨਾਲ ਜਿਹਨੇ ਇਨ੍ਹਾਂ ਨੂੰ ਫੜ ਲਿਆ, ਨੀਵਾਂ ਲਿਆ ਦਿਤਾ, ਮਹਾਰਾਜ ਕਹਿੰਦੇ, ਉਨ੍ਹਾਂ ਨੂੰ ਬਣਾ ਲਿਆ ਮਿੱਤਰ; ਪ੍ਰਮੇਸ਼ਰ ਨੂੰ ਬਣਾ ਲਿਆ ਅਣਜਾਣ ਕਿ ਮੇਰਾ ਤਾਂ ਉਹ ਲਗਦਾ ਹੀ ਕੁਛ ਨਹੀਂ ਹੈ। ਕਹਿੰਦੇ -

*ਸੰਗਿ ਸਹਾਈ ਸੁ ਆਵੈ ਨ ਚੀਤਿ ॥*
*ਜੋ ਬੈਰਾਈ ਤਾ ਸਿਉ ਪ੍ਰੀਤਿ ॥ ਅੰਗ - ੨੬੭*

*ਰਾਮੁ ਸੰਗੀ ਤਿਸੁ ਗਤਿ ਨਹੀ ਜਾਨਹਿ ॥*
*ਪੰਚ ਬਟਵਾਰੇ ਸੇ ਮੀਤ ਕਰਿ ਮਾਨਹਿ ॥ ੧ ॥*
*ਸੋ ਘਰੁ ਸੇਵਿ ਜਿਤੁ ਉਧਰਹਿ ਮੀਤ ॥*
*ਗੁਣ ਗੋਵਿੰਦ ਰਵੀਅਹਿ ਦਿਨੁ ਰਾਤੀ*
*ਸਾਧਸੰਗਿ ਕਰਿ ਮਨ ਕੀ ਪ੍ਰੀਤਿ ॥ ੧ ॥ ਰਹਾਉ*
*॥ ਜਨਮੁ ਬਿਹਾਨੋ ਅਹੰਕਾਰਿ ਅਰੁ ਵਾਦਿ ॥*
*ਤ੍ਰਿਪਤਿ ਨ ਆਵੈ ਬਿਖਿਆ ਸਾਦਿ ॥*
*ਭਰਮਤ ਭਰਮਤ ਮਹਾ ਦੁਖੁ ਪਾਇਆ ॥*
*ਤਰੀ ਨ ਜਾਈ ਦੁਤਰ ਮਾਇਆ ॥ ੨ ॥*
*ਕਾਮਿ ਨ ਆਵੈ ਸੁ ਕਾਰ ਕਮਾਵੈ ॥*
*ਆਪਿ ਬੀਜਿ ਆਪੇ ਹੀ ਖਾਵੈ ॥ ਅੰਗ - ੮੯੮*

ਹੁਣ 'ਮੈਂ' ਬਣ ਕੇ ਬੀਜ ਬੀਜਣ ਲੱਗ ਗਿਆ। ਇਹ ਕਰਮ ਕਰਦਾ ਹੈ ਜੀਵ, ਕਹਿੰਦਾ ਮੈਂ ਕਰਦਾ ਹਾਂ। ਮੈਂ ਕਰਦਾ ਹੈ, ਤਾਂ ਇਹ ਬੰਨ੍ਹਿਆ ਜਾਂਦਾ ਹੈ। ਇਹ ਤਾਂ ਫੇਰ ਫਲ ਭੋਗਣਾ ਹੀ ਪੈਂਦਾ ਹੈ।

ਗੁਰੂ ਦਸਵੇਂ ਪਾਤਸ਼ਾਹ ਦੇ ਪਾਸ ਇਕ ਵਾਰੀ ਬੇਨਤੀ ਕੀਤੀ ਕਿ ਪਾਤਸ਼ਾਹ! ਕਰਮਾਂ ਦੇ ਬਾਰੇ ਅਸੀਂ ਬੜਾ ਸੁਣਦੇ ਹਾਂ, ਜੇ ਕੋਈ ਗੱਲ ਹੁੰਦੀ ਹੈ ਤਾਂ ਕਹਿੰਦੇ ਨੇ ਤੇਰੇ ਕਰਮ ਹੀ ਐਸੇ ਸੀ। ਕ੍ਰਿਪਾ ਕਰਕੇ ਆਪਣੇ ਮੁਖਾਰਬਿੰਦ ਤੋਂ ਇਹ ਸੰਸਾ ਨਵਿਰਤ ਕਰੋ। ਮਹਾਰਾਜ ਕਹਿੰਦੇ ਪਿਆਰਿਓ! ਤੁਹਾਡਾ ਜੋ ਸੰਸਾ ਹੈ, ਭਾਈ ਦਇਆ ਸਿੰਘ ਜੀ ਨੂੰ ਮੇਰਾ ਰੂਪ ਜਾਣੋ -

*ਖਾਲਸਾ ਮੇਰੋ ਰੂਪ ਹੈ ਖਾਸ*
*ਖਾਲਸੇ ਮੈ ਹੌਂ ਕਰਹੁੰ ਨਿਵਾਸ।*

ਸਰੀਰ ਕਰਕੇ ਸਾਨੂੰ ਦੋ ਨਾ ਜਾਣੋ। ਇਹ ਹਰ ਵਕਤ ਅਭੇਦ ਅਵਸਥਾ ਦੇ ਗੁਰਮੁਖ ਪਿਆਰੇ ਨੇ, ਮੇਰੇ ਵਿਚ ਹੀ ਰਹਿੰਦੇ ਨੇ, ਸੋ ਇਨ੍ਹਾਂ ਨੂੰ ਤੇ ਮੈਨੂੰ ਦੋ ਰੂਪ ਨਾ ਜਾਣੋ। ਇਸ ਤਰ੍ਹਾਂ ਬਾਣੀ ਫੁਰਮਾਨ ਕਰਦੀ ਹੈ -

*ਧਾਰਨਾ - ਸਾਂਈ ਹੀ ਵਰਗੇ ਨੇ,*
*ਵਿਸਰੇ ਨਾ ਨਾਮ ਜਿਨ੍ਹਾਂ ਨੂੰ।*
*ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥*
*ਅੰਗ - ੩੯੭*

ਕਹਿੰਦੇ ਪਿਆਰਿਓ! ਇਹ ਮੇਰਾ ਹੀ ਰੂਪ ਨੇ। ਤੁਸੀਂ ਇਨ੍ਹਾਂ ਤੋਂ ਵਿਸਥਾਰ ਪੂਰਵਕ ਸੁਣੋ। ਭਾਈ ਦਇਆ ਸਿੰਘ ਜੀ! ਤੁਸੀਂ ਇਨ੍ਹਾਂ ਦੇ ਪ੍ਰਸ਼ਨਾਂ ਦਾ ਉਤਰ ਦੇ ਕੇ ਨਿਸ਼ਾ ਕਰੋ ਇਨ੍ਹਾਂ ਦੀ ਕਿ ਕਰਮ ਕੀ ਨੇ?

ਭਾਈ ਸਾਹਿਬ ਨੇ ਨਿਮਰਤਾ 'ਚ ਆ ਕੇ ਮਸਤਕ ਨਿਵਾਇਆ, ਕਹਿਨ ਲੱਗੇ, ਪਾਤਸ਼ਾਹ! ਬੋਲਣਾ ਤੁਸੀਂ ਹੈ, ਇਹ ਸਰੀਰ ਵੀ ਤੁਹਾਡਾ ਹੈ ਚਾਹੇ ਇਹਦੇ ਵਿਚੀਂ ਬੋਲੀ ਜਾਓ, ਚਾਹੇ ਆਪਣੇ ਵਿਚੀਂ ਬੋਲੀ ਜਾਓ। ਉਸ ਵੇਲੇ ਭਾਈ ਸਾਹਿਬ ਕਹਿਣ ਲੱਗੇ, ਪਿਆਰਿਓ! ਇਹ ਕਰਮ ਜਿਹੜੇ ਨੇ ਇਹ ਬਹੁਤ ਤਰ੍ਹਾਂ ਦੇ ਕਰਮ ਹੋਇਆ ਕਰਦੇ ਨੇ। ਪਰ ਜਿਨ੍ਹਾਂ ਦਾ ਤੁਸੀਂ ਜ਼ਿਕਰ ਕਰਿਆ ਹੈ, ਉਹ ਆਮ ਤੌਰ ਤੇ ਤਿੰਨ ਕਿਸਮ ਦੇ ਕਰਮ ਹੋਇਆ ਕਰਦੇ ਨੇ। ਇਕ ਕਰਮ ਉਹ ਨੇ ਜਿਨ੍ਹਾਂ ਨੂੰ ਕ੍ਰਿਆਮਾਨ ਕਰਮ ਕਹਿੰਦੇ ਨੇ। ਦੂਸਰੇ ਉਹ ਨੇ ਜਿਨ੍ਹਾਂ ਨੂੰ ਸੰਚਿਤ ਕਰਮ ਕਹਿੰਦੇ ਨੇ। ਤੀਸਰੇ ਉਹ ਨੇ ਜਿਹੜੇ ਪਰਾਲਬਧ ਕਰਮ ਨੇ। ਇਨ੍ਹਾਂ ਤੋਂ ਬਗੈਰ ਨਿਤ ਕਰਮ ਹੁੰਦੇ ਨੇ, ਕਾਇਕ ਕਰਮ ਹੁੰਦੇ ਨੇ, ਪ੍ਰਾਸਚਿਤ ਕਰਮ ਹੁੰਦੇ ਨੇ। ਸੋ ਹੋਰ ਬਹੁਤ ਤਰ੍ਹਾਂ ਦੇ ਕਰਮ ਹੋਇਆ ਕਰਦੇ ਨੇ, ਲੇਕਿਨ ਤਿੰਨ ਦਾ ਸਬੰਧ ਬਹੁਤਾ ਹੈ ਜੀਵ ਦੇ ਨਾਲ। ਕਹਿੰਦੇ ਜੀਵ ਕਰਮ ਕਰਦਾ ਹੈ, ਇਹ ਕਰਮ ਜਿੰਨੇ ਵੀ ਕਰਦਾ ਹੈ ਜਦ ਤਕ ਇਹਦੀ ਹਉਮੈ ਦਾ ਨਾਸ਼ ਨਹੀਂ ਹੁੰਦਾ ਨਾ, ਇਹ ਕਹੀ ਜਾਵੇ ਕਿ ਗੁਰੂ ਸਾਹਿਬ ਨੇ ਕਰਾਇਆ ਹੈ ਮੇਰੇ ਤੋਂ। ਇਹ ਬਿਲਕੁਲ ਗਲਤ ਗੱਲ ਹੈ, ਇਹ ਇਕ ਬੋਲਣ ਦਾ ਤਰੀਕਾ ਹੈ ਕਿ ਚੰਗੇ ਢੰਗ ਦੇ ਨਾਲ। ਕਰਮ ਕਿਵੇਂ ਛੱਡ ਦਏਗਾ, ਜਿੰਨਾਂ ਚਿਰ ਤੇਰੇ ਅੰਦਰ ਮੈਂ ਭਾਵ ਹੈ। ਜਿਹੜਾ ਹੈਗਾ ਉਹਨੂੰ ਤਾਂ ਫੜਨਾ ਹੀ ਫੜਨਾ ਹੈ ਕਰਮ ਨੇ। ਮਹਾਰਾਜ ਨੇ ਇਕ ਥਾਉਂ ਲਿਖਿਆ ਹੈ ਕਿ 'ਹੁੰਦੋ ਫੜਿਆਗ' ਜਿਹੜਾ ਹੈਗਾ ਉਹ ਫੜਿਆ ਜਾਏਗਾ। ਐਉਂ ਤਾਂ ਨਹੀਂ ਛੁਟਦਾ, ਧੋਖਾ ਦੇਵੇ ਕਿ ਜੀ ਮੇਰੇ ਤੋਂ ਤਾਂ ਗੁਰੂ ਸਾਹਿਬ ਕਰਾਉਂਦੇ ਨੇ। 'ਮੇਰੇ ਤੋਂ' ਤਾਂ ਤੇਰਾ ਅਜੇ ਮੈਂ ਵਿਚ ਪਿਆ ਹੈ। ਜਿੰਨਾਂ ਚਿਰ 'ਮੈਂ' ਕਹਿੰਦਾ ਹੈ ਓਨਾਂ ਚਿਰ ਤਾਂ ਤੂੰ ਫਸਿਆ ਹੀ ਫਸਿਆ ਹੈਂ। ਗੁਰੂ ਸਾਹਿਬ ਨਹੀਂ ਕਰਾਉਂਦੇ ਤੂੰ ਆਪ ਕਰਦਾ ਹੈਂ। ਗੁਰੂ ਸਾਹਿਬ ਦੇ ਸਿਰ ਨਾ ਦੋਸ਼ ਲਾ, ਆਪ ਹੀ ਕਰ। ਉਹ ਕਰਮ ਕਰਦਾ ਹੈ, ਕਰਮ ਕਰਨ ਦਾ ਫਲ ਮਿਲਣਾ ਹੈ, ਚਾਹੇ ਚੰਗਾ ਕਰਦਾ ਹੈ, ਚਾਹੇ ਮਾੜਾ ਕਰਦਾ

ਹੈ, ਜਿਹੜੇ ਚੰਗੇ ਕਰਮ ਨੇ ਉਹ ਸੋਨੇ ਦੀਆਂ ਬੇੜੀਆਂ ਨੇ, ਜਿਹੜੇ ਮਾੜੇ ਕਰਮ ਨੇ ਲੋਹੇ ਦੀਆਂ ਬੇੜੀਆਂ ਨੇ। ਫਲ ਤਾਂ ਦੇਣਾ ਹੀ ਹੈ ਦੋਹਾਂ ਨੇ, ਕਰਮ ਨੇ ਆਪਣਾ ਫਲ ਦੇਣਾ, ਚੰਗੇ ਕਰਮ ਨੇ ਚੰਗਾ ਫਲ ਦੇਣਾ ਹੈ, ਮਾੜੇ ਨੇ ਮਾੜਾ ਦੇਣਾ ਹੈ, ਜਦ ਤਕ ਜੀਵ ਦੇ ਅੰਦਰ 'ਮੈਂ' ਭਾਵ ਕਾਇਮ ਹੈ ਇਹ ਕਰਮਾਂ 'ਚੋਂ ਨਿਕਲ ਨਹੀਂ ਸਕਦਾ। ਜੇ ਅਰਦਾਸ ਵੀ ਕਰਦਾ ਹੈ ਨਾ ਰੋਜ਼, ਕਈ ਪ੍ਰੇਮੀ ਕਹਿਣਗੇ, ਨਹੀਂ ਜੀ ਗੁਰਸਿੱਖ ਤਾਂ ਅਰਦਾਸ ਕਰ ਦਿੰਦਾ ਹੈ। ਅਰਦਾਸ ਕਰਦਾ ਹੀ ਨਹੀਂ, ਅੱਖਰ ਬੋਲਦਾ ਹੈ। ਉਹ ਕਹਿੰਦਾ, ਸੱਚੇ ਪਾਤਸ਼ਾਹ! ਅੰਮ੍ਰਿਤ ਵੇਲੇ ਤੋਂ ਜਿੰਨੇ ਮੈਂ ਪਾਠ ਕਰੇ ਨੇ, ਜੋ ਵੀ ਆਪ ਦੀ ਬਾਣੀ ਪੜ੍ਹੀ ਹੈ ਉਹਨੂੰ ਸੋਧ ਕੇ ਆਪਣੇ ਖਜ਼ਾਨੇ 'ਚ ਪਾ ਲੈ, ਇਹਦਾ ਮਤਲਬ ਹੈ ਕਰਮਾਂ ਦਾ ਸਮਰਪਣ ਕਰਨਾ। ਬਾਕੀ ਦੇ ਕਰਮ ਤਾਂ 'ਮੈਂ' ਸਮਝ ਕੇ ਕਰਦਾ ਹੈ ਨਾ, ਉਹ ਜਦ 'ਮੈਂ' ਕਰਦਾ ਹੈ, ਇਹ ਕੁਬਾਤ ਬਣ ਗਿਆ ਕਹਿਣ ਵਾਸਤੇ, ਅਸਲੀ ਬਾਤ ਤਾਂ ਬਣੀ ਨਾ। ਨਾ ਅਰਦਾਸ ਕਰਨ ਵਾਲੇ ਨੂੰ ਸਮਝ ਹੈ ਕਿ ਮੈਂ ਕੀ ਕਹਿ ਰਿਹਾ ਹਾਂ, ਤਾਂ ਕਰਮ ਨੇ ਤਾਂ ਚਿੰਬੜਨਾ ਹੈ, ਕਿਉਂਕਿ ਹੋਂਦ ਇਹਦੀ ਕਾਇਮ ਹੈ। ਜਦ ਤਕ 'ਮੈਂ' ਭਾਵ ਕਾਇਮ ਹੈ ਕਿਹੋ ਜਿਹੇ ਬਚਨ ਬੋਲੀ ਜਾਹ, ਕਿਹੋ ਜਿਹੀ ਚਲਾਕੀ ਕਰੀ ਜਾਹ, ਨਹੀਂ ਛੁਟਦਾ, ਇਹ ਤਾਂ ਕਰਮ ਕਰੇ ਨੇ, ਬੰਨਣਾ ਹੀ ਬੰਨਣਾ ਹੈ ਕਰਮ ਨੇ, ਚੰਗੇ ਨੇ ਵੀ ਬੰਨਣਾ ਹੈ ਮਾੜੇ ਨੇ ਵੀ ਬੰਨਣਾ ਹੈ। ਸੋ ਜਦ ਤਕ 'ਮੇਰੀ' ਤੇ 'ਮੈਂ' ਇਹਦੀ ਕਾਇਮ ਹੈ, ਓਨੀਂ ਦੇਰ ਤਕ ਕਰਮਾਂ ਦੇ ਸਕੰਜੇ 'ਚੋਂ ਨਹੀਂ ਨਿਕਲ ਸਕਦਾ। ਕਹਿਣ ਲੱਗੇ ਜੀਵ ਕਰਮ ਕਰਦਾ ਹੈ, ਚੰਗੇ ਵੀ ਕਰਦਾ ਹੈ, ਮਾੜੇ ਵੀ ਕਰਦਾ ਹੈ, ਇਹਨੂੰ ਕ੍ਰਿਆਮਾਨ ਕਰਮ ਕਹਿੰਦੇ ਨੇ। ਇਹ ਜਮ੍ਹਾਂ ਹੁੰਦੇ ਤੁਰੇ ਜਾਂਦੇ ਨੇ, ਕਈ ਕਰਮ ਐਸੇ ਨੇ ਜਿਹੜੇ ਨਾਲ ਦੀ ਨਾਲ ਫਲਦੇ ਹੁੰਦੇ ਨੇ। ਕਈ ਐਸੇ ਨੇ ਜਿਨ੍ਹਾਂ ਦਾ ਫਲ ਪੰਜ, ਸੱਤ, ਦੱਸ ਸਾਲ ਬਾਅਦ ਮਿਲਦਾ ਹੈ, ਕਈ ਐਸੇ ਨੇ ਜਿਨ੍ਹਾਂ ਦਾ ਫਲ ਪੰਜਾਹ ਸੌ ਸਾਲ ਬਾਅਦ ਮਿਲਦਾ ਹੈ, ਕਈ ਐਸੇ ਨੇ ਜਿਨ੍ਹਾਂ ਦਾ ਫਲ ਕਈ ਹਜ਼ਾਰ ਸਾਲ ਬਾਅਦ ਮਿਲਦਾ ਹੈ। ਕਹਿੰਦੇ ਉਹ ਕ੍ਰਿਆਮਾਨ ਕਰਮ ਹੋਇਆ ਕਰਦੇ ਨੇ, ਚੰਗੇ ਕਰ ਲਓ, ਮਾੜੇ ਕਰ ਲਓ, ਕਰਮ ਨੇ ਤਾਂ ਬੰਨਣਾ ਹੀ ਬੰਨਣਾ ਹੈ, ਚੰਗਾ ਜਿਹੜਾ ਹੈ ਉਹ ਸੁਖ ਦਿੰਦਾ ਹੈ, ਮਾੜਾ ਜਿਹੜਾ ਹੈ ਦੁਖ ਦਿੰਦਾ ਹੈ, ਉਹਦਾ ਫਲ ਭੋਗਣਾ ਪੈਂਦਾ ਹੈ।

ਇਕ ਵਾਰੀ ਗੁਰੂ ਮਹਾਰਾਜ ਗੁਰੂ ਨਾਨਕ ਪਾਤਸ਼ਾਹ ਨੂੰ ਪੁਛਿਆਂ ਕਿ ਸੱਚੇ ਪਾਤਸ਼ਾਹ! ਇਹ ਜੀਵ ਐਉਂ ਕਹਿੰਦੇ ਨੇ ਕਿ ਮੇਰੇ ਨਾਲ ਫਲਾਣੇ ਨੇ ਐਉਂ ਕਰਿਆ, ਮੇਰੇ ਨਾਲ ਫਲਾਣੇ ਨੇ ਐਉਂ ਕਰਿਆ, ਉਹਦੇ ਮੇਰੇ ਨਾਲ ਬੜੀ ਵਧੀਕੀ ਕਰੀ, ਮਹਾਰਾਜ ਕਹਿੰਦੇ ਪਿਆਰਿਓ! ਜੋ ਅਸਲੀ ਬਾਤ ਹੈ, ਉਹ ਇਹ ਹੈ ਕਿ ਸੰਸਾਰ ਕਰਮਾਂ ਦਾ ਬੰਨ੍ਹਿਆ ਹੋਇਆ ਚਲ ਰਿਹਾ ਹੈ। ਇਹਦੇ ਵਿਚ ਇਕ ਤਾਂ ਉਹ ਨੇ ਜਿਹੜੇ ਇਸ ਗੱਲ ਨੂੰ ਸਮਝ ਕੇ ਕਿਸੇ ਨੂੰ ਦੋਸ਼ ਨਹੀਂ ਦਿੰਦੇ, ਇਕ ਉਹ ਨੇ ਜਿਹੜੇ ਦੂਸਰਿਆਂ ਨੂੰ ਦੋਸ਼ ਦਿੰਦੇ ਨੇ। ਕਰਦੇ ਆਪ ਨੇ, ਦੋਸ਼ ਬੇਗਾਨਿਆਂ ਨੂੰ ਦਿੰਦੇ ਨੇ -

*ਧਾਰਨਾ - ਫਲ ਦਿਤਿਆਂ ਬਾਜ ਨਾ ਜਾਣਾ,*
*ਤੇਰਿਆਂ ਕਰਮਾਂ ਨੇ ਪਿਆਰਿਆ।*

***ਦਦੈ ਦੋਸੁ ਨ ਦੇਊ ਕਿਸੈ***
***ਦੋਸੁ ਕਰੰਮਾ ਆਪਣਿਆ ॥***
***ਜੋ ਮੈ ਕੀਆ ਸੋ ਮੈ ਪਾਇਆ***
***ਦੋਸੁ ਨ ਦੀਜੈ ਅਵਰ ਜਨਾ ॥ ਅੰਗ - ੪੩੩***

ਮਹਾਰਾਜ ਕਹਿੰਦੇ, ਪਿਆਰਿਓ! ਆਹ ਜੀਵ ਕਰਮ ਕਰਦਾ ਹੈ, ਕਰਮ ਦਾ ਫਲ ਭੋਗਦਾ ਹੈ, ਕਈ ਕਰਮ ਤਾਂ ਹਨ ਜੋ ਬਹੁਤ ਛੇਤੀ ਫਲ ਭੁਗਤਾ ਦਿੰਦੇ ਹਨ। ਕੋਈ ਕਰਮ ਐਸੇ ਹਨ ਜਿਨ੍ਹਾਂ ਦਾ ਫਲ ਭੋਗਣ ਵਾਸਤੇ ਸਮਾਂ ਚਾਹੀਦਾ ਹੈ। ਸੋ ਦੋਵੇਂ ਤਰ੍ਹਾਂ ਦੇ ਕਰਮ ਨੇ, ਸੰਸਾਰ ਦੇ ਅੰਦਰ ਬੁਰੇ ਕੰਮ ਕਰਦਾ ਹੈ, ਵਿਭਚਾਰ ਕਰਦਾ ਹੈ, ਹੁੰਦਾ ਕੀ ਹੈ aids ਦੀ ਬੀਮਾਰੀ ਹੋ ਗਈ, ਉਹ ਪਿਛਲੇ ਕਰਮ ਦਾ ਰੋਗ ਤਾਂ ਨਹੀਂ ਹੈ, ਇਹ ਤਾਂ ਇਹਨੇ ਆਪ ਗਲਤੀ ਕਰੀ, ਗਲਤੀ ਕਰਨ ਦੇ ਨਾਲ ਉਹ ਬੀਮਾਰੀ ਸਹੇੜ ਲਈ, ਸਹੇੜਨ ਦੇ ਨਾਲ ਦੁਖ ਸਹਿੰਦਾ ਹੈ, ਭਾਈ ਕਰਮ ਤੂੰ ਕਰਿਆ ਹੈ, ਉਹਨੂੰ ਭੋਗ ਵੀ ਆਪ ਹੀ। ਕੋਈ ਕਰਮ ਐਸਾ ਹੈ ਜਿਹੜਾ ਬੜੀ ਦੇਰ ਤੋਂ ਬਾਅਦ ਫਲ ਦਿੰਦਾ ਹੈ। ਮਹਾਂਭਾਰਤ ਦੇ ਯੁੱਧ ਤੋਂ ਬਾਅਦ ਕ੍ਰਿਸ਼ਨ ਮਹਾਰਾਜ ਪਾਂਡਵਾਂ ਨੂੰ ਲੈ ਕੇ ਰਾਜਾ ਧ੍ਰਿਤਰਾਸ਼ਟਰ ਦੇ ਪਾਸ ਚਲੇ ਜਾਂਦੇ ਨੇ, ਜਾ ਕੇ ਕਹਿਣ ਲੱਗੇ, ਰਾਜਨ! ਸਾਨੂੰ ਬੜਾ ਅਫਸੋਸ ਹੈ ਅਸੀਂ ਪਰਚੌਣੀ ਕਰਨ ਵਾਸਤੇ ਆਏ ਹਾਂ, ਤੇਰਾ ਸੌ ਪੁੱਤਰ ਮਾਰਿਆ ਗਿਆ, ਰਾਜ ਤੇਰੇ ਹੱਥੋਂ ਜਾਂਦਾ ਰਿਹਾ ਅਤੇ ਘਰ ਵਿਚ ਵਿਧਵਾਵਾਂ ਹੋ ਗਈਆਂ ਤੇ ਰਾਜਸੀ ਸ਼ਕਤੀ ਨਾ ਹੋਣ ਕਰਕੇ ਆਮਦਨ ਘਟ ਗਈ, ਬੱਚੇ ਜਿਹੜੇ ਨੇ ਇਹ ਆਮ ਬੱਚੇ ਹੋ ਗਏ, ਪਰ ਤੂੰ ਫਿਕਰ ਨਾ ਕਰ। ਰਾਜਾ ਯੁਧਿਸ਼ਟਰ ਇਹ ਕਹਿੰਦਾ ਹੈ ਕਿ ਜਿਸ ਤਰੀਕੇ ਨਾਲ ਤੁਸੀਂ ਪਹਿਲਾਂ ਹੀ ਰਹਿੰਦੇ ਸੀ ਓਨਾਂ ਹੀ ਖਰਚ ਅਸੀਂ ਦੇਵਾਂਗੇ। ਉਵੇਂ ਜਿਵੇਂ ਰਹੋ ਤੁਸੀਂ। ਬਾਕੀ ਜਿਹੜਾ ਵਿਛੋੜਾ ਹੋ ਗਿਆ, ਪੁੱਤਰਾਂ ਦਾ, ਕੋਈ ਤਰੀਕਾ ਹੀ ਨਹੀਂ ਹੈ ਕਿ ਤੁਹਾਨੂੰ ਪੁੱਤਰ ਮਿਲਾ ਸਕੀਏ। ਹਾਂ, ਜਿਹੜਾ ਦੁਨੀਆਂਦਾਰੀ ਦਾ ਦੁਖ ਹੈ, ਪੈਸੇ ਟਕੇ ਦੀ ਘਾਟ ਦਾ, ਉਹ ਅਸੀਂ ਬਿਲਕੁਲ ਨਹੀਂ ਹੋਣ ਦਿੰਦੇ। ਤੁਸੀਂ ਆਪਣੇ ਆਪ ਨੂੰ ਐਉਂ ਹੀ ਸਮਝੋ ਕਿ ਤੁਸੀਂ ਰਾਜ ਗੱਦੀ ਤੇ ਹੋਂ, ਜੋ ਤੁਸੀਂ ਕਹੋਂਗੇ ਤੁਹਾਡਾ ਹੁਕਮ ਮੰਨ ਲਿਆ ਜਾਏਗਾ ਤੇ ਪੂਰਾ ਕਰ ਦਿਤਾ ਜਾਏਗਾ, ਤੁਸੀਂ ਅਫਸੋਸ ਨਾ ਕਰੋ। ਕਹਿਣ ਲੱਗਿਆ, ਕ੍ਰਿਸ਼ਨ ਮਹਾਰਾਜ! ਮੈਨੂੰ ਬੱਚਿਆਂ ਦਾ ਅਫਸੋਸ ਨਹੀਂ, ਕਿਉਂਕਿ ਵੀਰ ਗਤੀ ਨੂੰ ਪ੍ਰਾਪਤ ਹੋ ਕੇ ਉਹ ਸਾਰੇ ਸਵਰਗ ਲੋਕ 'ਚ ਪਹੁੰਚ ਚੁੱਕੇ ਨੇ। ਮੇਰੇ ਕਿਸੇ ਬੱਚੇ ਨੇ ਵੀ ਪਿੱਠ ਨਹੀਂ ਦਿਤੀ ਯੁੱਧ ਦੇ ਅੰਦਰ। ਇਸ ਕਰਕੇ ਉਹ ਸਵਰਗ ਵਿਚ ਕਿਸੇ ਨੂੰ ਥੋੜ੍ਹਾਂ ਕਿਸੇ ਨੂੰ ਬਹੁਤਾ, ਉਹ ਜਾਣਾ ਹੀ ਸੀ, ਇਕ

ਨੇ ਜਿੱਤਣਾ ਹੈ ਇਕ ਨੇ ਹਾਰਨਾ ਹੈ, ਪਰ ਮੇਰੇ ਮਨ ਵਿਚ ਜੋ ਗਮ ਹੈ ਉਹ ਇਹ ਹੈ ਕਿ ਮੇਰੇ ਨਾਲ ਨਜਾਇਜ਼ ਹੋਈ। ਕਹਿੰਦੇ, ਤੁਹਾਨੂੰ ਕਿਵੇਂ ਪਤਾ ਹੈ? ਕਹਿਣ ਲੱਗਿਆ ਕਿ ਮੈਂ ਜਮਾਂਦਰੂ ਅੰਨਾ ਹੋਣ ਕਰਕੇ ਮੇਰੀ ਸੁਰਤੀ ਸੁਖਮਨਾ ਨਾੜੀ 'ਚ ਪ੍ਰਵੇਸ਼ ਕਰੀ ਹੋਈ ਹੈ ਤੇ ਦਸਵੇਂ ਦੁਆਰ ਦੇ ਵਿਚ ਪ੍ਰਵੇਸ਼ ਹੋ ਕੇ ਸੌ ਜਨਮ ਦਾ ਗਿਆਨ ਪ੍ਰਾਪਤ ਕੀਤਾ ਹੋਇਆ ਹੈ। ਸੌ ਜਨਮ ਵਿਚ ਤਾਂ ਮੈਂ ਕੋਈ ਐਸਾ ਕਰਮ ਨਹੀਂ ਕੀਤਾ ਜਿਹਦਾ ਮੈਨੂੰ ਇਹ ਫਲ ਮਿਲਿਆ। ਕ੍ਰਿਸ਼ਨ ਮਹਾਰਾਜ ਕਹਿੰਦੇ, 107ਵਾਂ ਜਨਮ ਦੇਖ? ਕ੍ਰਿਪਾ ਕਰ ਦਿਤੀ। ਜਨਮ ਦਿਖਾਇਆ। ਰਾਜਾ ਹੈ ਉਸ ਜਨਮ ਵਿਚ ਵੀ। ਮਾਸ ਖਾਣ ਦਾ ਸ਼ੌਕੀਨ ਹੈ, ਇਕ ਦਿਨ ਕਿਤੋਂ ਮਿਲਿਆ ਨਾ, ਬਾਵਰਚੀਆਂ ਨੇ ਕਿਹਾ ਕਿ ਜੀ ਅੱਜ ਕਿਤੋਂ ਮਾਸ ਨਹੀਂ ਮਿਲਿਆ। ਕਹਿਣ ਲੱਗਿਆ ਕਿ ਕਿੰਨੇ ਹੰਸ ਨੇ ਆਪਣੇ ਕੋਲ? ਕਹਿਣ ਲੱਗਿਆ, ਸੌ ਬੱਚੇ ਨੇ ਹੰਸਾਂ ਦੇ। ਕਹਿੰਦੇ, ਇਕ ਮਾਰ ਦਿਓ, ਉਹ ਖਾ ਲਿਆ, ਖਾ ਕੇ ਕਹਿਣ ਲੱਗਿਆ ਕਿ ਇਹ ਤਾਂ ਸੁਆਦ ਹੀ ਬੜਾ ਹੈ, ਰੋਜ਼ ਬਣਾਇਆ ਕਰੋ, ਤਿੰਨ ਮਹੀਨੇ ਦੱਸ ਦਿਨ ਦੇ ਅੰਦਰ ਸਾਰੇ ਖਾ ਲਏ। ਉਸ ਤੋਂ ਬਾਅਦ ਜਿਹੜੇ ਉਨ੍ਹਾਂ ਦੇ ਮਾਂ-ਬਾਪ ਸੀ, ਉਹ ਪਹਾੜਾਂ 'ਚੋਂ ਵਾਪਸ ਆ ਗਏ। ਮਾਨ-ਸਰੋਵਰ ਤੋਂ ਵਾਪਸ ਆ ਗਏ। ਆ ਕੇ ਉਨ੍ਹਾਂ ਨੇ ਇਕ ਦਮ, sense ਕਰ ਲਿਆ। ਜਾਣ ਗਏ ਕਿ ਸਾਡੇ ਤਾਂ ਬੱਚੇ ਨਹੀਂ ਇਥੇ। ਇਕ ਤਾਂ ਹੰਸ ਇਕ ਬਾਂਦਰੀ, ਇਕ ਸਾਰਸ; ਇਨ੍ਹਾਂ ਦਾ ਜੇ ਬੱਚਾ ਮਰ ਜਾਵੇ ਇਹ ਨਾਲ ਹੀ ਮਰਨ ਵਾਲੇ ਹੋ ਜਾਂਦੇ ਨੇ। ਹੰਸ ਮਰ ਜਾਂਦਾ ਹੈ, ਸਾਰਸ ਮਰਨ ਵਾਲੀ ਹੋ ਜਾਂਦੀ ਹੈ, ਇਕ ਮਰ ਜਾਵੇ ਤਾਂ ਦੂਜਾ ਵੀ ਮਰ ਜਾਂਦਾ ਹੈ, ਬਾਂਦਰੀ ਜਿਹੜੀ ਹੈ ਉਹਦੇ ਜਦ ਤਕ ਅਗਲਾ ਬੱਚਾ ਨਹੀਂ ਹੁੰਦਾ, ਉਹਦੇ ਕਰੰਗ ਨੂੰ ਨਾਲ ਹੀ ਚੁੱਕੀ ਫਿਰਦੀ ਰਹਿੰਦੀ ਹੈ। ਮੋਹ ਹੈ ਇਨ੍ਹਾਂ ਦਾ। ਉਹ ਜਿਹੜੇ ਹੰਸ ਸੀ, ਉਹ ਰਾਜੇ ਦੇ ਮਹਿਲਾਂ ਉਪਰ ਉਡ-ਉਡ ਕੇ ਧਰਤੀ 'ਤੇ ਗਿਰ ਕੇ ਮਰ ਗਏ। ਕ੍ਰਿਸ਼ਨ ਮਹਾਰਾਜ ਕਹਿਣ ਲੱਗੇ, ਰਾਜਨ! 107 ਜਨਮ ਪਹਿਲਾਂ ਕੀਤਾ ਹੋਇਆਂ ਕਰਮ ਹੈ ਤੇਰਾ, ਇਹ ਫਲ ਤੈਨੂੰ ਮਿਲਣਾ ਹੀ ਮਿਲਣਾ ਸੀ। ਕਹਿਣ ਲੱਗਿਆ, ਮਹਾਰਾਜ! ਮੈਂ ਅੱਖਾਂ ਤੋਂ ਅੰਨਾ ਕਿਉਂ ਹਾਂ? ਜਮਾਂਦਰੂ ਕਿਉਂ ਮੈਨੂੰ ਅੰਧ ਪੈ ਗਿਆ। ਕਹਿਣ ਲੱਗੇ, 104 ਜਨਮ ਦੇਖ, ਉਹਦੇ ਵਿਚ ਕੀ ਦੇਖਦਾ ਹੈ ਕਿ ਬੱਚੇ ਟਿੱਡਾ ਫੜਦੇ ਫਿਰਦੇ ਨੇ, ਹਰਾ ਟਿੱਡਾ; ਅੱਕਾਂ ਤੋਂ ਫੜਦੇ ਨੇ, ਕੱਚਾ ਧਾਗਾ ਬੰਨ੍ਹ ਕੇ ਉਹਦੀ ਗੁੱਡੀ ਬਣਾ ਕੇ ਉਡਾਉਂਦੇ ਨੇ, ਉਹ ਧਾਗਾ ਟੁੱਟ ਜਾਂਦਾ ਹੈ, ਉਹ ਛੱਡ ਦਿੰਦੇ ਨੇ। ਇਸ ਨੇ ਕੀ ਕਰਿਆ, ਟਿੱਡਾ ਫੜ ਲਿਆ, ਫੜ ਕੇ ਸੂਲ ਤੋੜੀ ਸਾਰ-ਪਾਰ ਲੰਘਾ ਦਿਤੀ ਦੋਵੇਂ ਅੱਖਾਂ ਦੇ। ਉਤੇ ਨੂੰ ਮਾਰਿਆਂ ਵਗਾਹ ਕੇ। ਤੜਫ-ਤੜਫ ਕੇ ਉਹਨੇ ਜਾਨ ਦੇ ਦਿਤੀ। ਇਹ ਵੀ ਤੇਰਾ ਕਰਮ ਸੀ, 104 ਜਨਮ ਪਹਿਲਾਂ ਦਾ, ਹੁਣ ਭੁਗਤਾਇਆ ਹੈ। ਕਹਿਣ ਲੱਗਿਆ, ਫੇਰ ਐਨੀ ਦੇਰ ਕਿਉਂ ਲੱਗੀ ਭੁਗਤਣ ਨੂੰ? 106ਵੇਂ ਜਾਂ 103ਵੇਂ ਜਨਮ ਵਿਚ ਭੁਗਤਾ ਦਿੰਦੇ? ਕਹਿਣ ਲੱਗੇ, ਰਾਜਨ! ਤੇਰੇ ਪੁੰਨਾਂ ਦਾ ਅੰਬਾਰ ਬਹੁਤ ਵੱਡਾ ਸੀ, ਜਿਵੇਂ ਚੱਕੀ ਚਲਦੀ ਹੋਵੇ ਤੇ ਮੱਕੀ ਦੀ ਵਿਚ ਪੀਹਾਈ ਚਲ ਰਹੀ ਹੋਵੇ, ਉਸ ਵੇਲੇ ਕੋਈ ਕਹੇ ਕਿ ਮੈਨੂੰ ਕਣਕ ਪੀਹ ਦੇ, ਕਹਿੰਦਾ ਹੈ ਕਿ ਨਾ ਬਈ ਅਜੇ ਤਾਂ ਮੱਕੀ ਚਲਦੀ ਹੈ, ਇਹ ਮੁੱਕ ਜਾਏਗੀ, ਕਣਕ ਦੀ ਵਾਰੀ ਆ ਜਾਏਗੀ। ਇਹ ਜਦ ਪੁੰਨਾਂ ਵਾਲਾ ਕੰਮ ਚਲ ਰਿਹਾ ਹੈ, ਉਸ ਵਕਤ ਪੁੰਨਾਂ ਵਾਲੇ, ਜਿਨ੍ਹਾਂ ਲੋਕਾਂ ਦੇ ਲੈਣੇ ਦੇਣੇ ਸੀ ਉਹ ਆ ਰਹੇ ਸੀ। ਕਹਿੰਦੇ ਇਸ ਕਰਕੇ ਜਿਹੜੇ ਤੇਰੇ ਪੁੰਨ ਸੀ, ਹੁਣ ਆ ਕੇ ਖਤਮ ਹੋਏ ਨੇ। ਹੁਣ ਪਾਪਾਂ ਦਾ ਹੀ ਗੇੜ ਸ਼ੁਰੂ ਹੋਇਆ ਹੈ, ਹੁਣ ਪਾਪਾਂ ਦਾ ਹੀ ਗੇੜ ਚਲਣਾ ਹੈ। ਸੋ ਇਸ ਤਰ੍ਹਾਂ ਦੇ ਨਾਲ ਭਾਈ ਦਇਆ ਸਿੰਘ ਜੀ ਕਹਿਣ ਲੱਗੇ ਕਿ ਪਿਆਰਿਓ! ਇਹ ਆਦਮੀ ਕਰਮ ਕਰਦਾ ਹੈ, ਕਿਸੇ ਦਾ ਫਲ ਤਾਂ ਉਦੋਂ ਹੀ ਭੁਗਤ ਲੈਂਦਾ ਹੈ, ਕਿਸੇ ਦਾ ਬਹੁਤ ਦੇਰ ਬਾਅਦ।ਇਹ ਜਦ ਕਰਮ ਕਰਕੇ ਚੜ੍ਹਾਈ ਕਰਦਾ ਹੈ ਤਾਂ ਇਹਦੇ ਜਿੰਨੇ ਜਮ੍ਹਾਂ ਨੇ ਕਰਮ ਉਨ੍ਹਾਂ ਨੂੰ ਸੰਚਿਤ ਕਰਮ ਕਹਿੰਦੇ ਨੇ। ਜਮ੍ਹਾਂ ਹੋਏ-ਹੋਏ ਕਰਮ, ਉਹ ਜਮ੍ਹਾਂ ਹੋਏ-ਹੋਏ ਕਰਮਾਂ 'ਚੋਂ ਜਦ ਨਵਾਂ ਜਨਮ ਧਾਰਦਾ ਹੈ, ਉਸ ਵੇਲੇ ਦੇਖਦੇ ਨੇ ਕਿ ਕਿਹੜਾ-ਕਿਹੜਾ ਜੀਵ ਆ ਰਿਹਾ ਹੈ, ਜਿਸ ਤੋਂ ਇਹਨੇ ਲੈਣਾ ਹੈ। ਕਿਹੜਾ-ਕਿਹੜਾ ਜੀਵ ਆ ਰਿਹਾ ਹੈ, ਜਿਹਨੂੰ ਇਹਨੇ ਦੇਣਾ ਹੈ, ਇਹਦਾ ਪੁੱਤਰ ਕੀਹਨੂੰ ਬਣਾਈਏ, ਇਹਦੀ ਇਸਤ੍ਰੀ ਕੀਹਨੂੰ ਬਣਾਈਏ, ਕੀਹਦਾ ਇਹਨੇ ਦੇਣਾ ਹੈ, ਕਿਸ ਤੋਂ ਲੈਣਾ ਹੈ। ਉਹ ਲੈਣ ਦੇਣ ਦੇ ਹਿਸਾਬ ਨਾਲ ਕਰਮ ਫਿੱਟ ਕੀਤੇ ਜਾਂਦੇ ਨੇ। ਉਹਨੂੰ ਪਰਾਲਬਧ ਕਰਮ ਕਹਿੰਦੇ ਨੇ। ਉਹ ਐਉਂ ਸਮਝ ਲਓ ਕਰਮਾਂ ਦੇ ਸਟੋਰ 'ਚੋਂ ਭੱਥੇ 'ਚ ਜਿਵੇਂ ਤੀਰ ਪਾ ਦੇਈਏ, ਉਹ ਪਰਾਲਬਧ ਕਰਮ ਭੱਥੇ ਦੇ ਤੀਰ ਨੇ ਤੇ ਉਹ ਸਮਾਂ ਜਿਹੜਾ ਹੈ ਉਹ ਚਲਾਈ ਜਾਂਦਾ ਹੈ। ਉਹ ਚਲਾਏ ਹੋਏ ਸਾਰੀ ਜ਼ਿੰਦਗੀ ਪਰਾਲਬਧ ਕਰਮ ਭੋਗਦਾ ਹੈ।

***ਭੋਗੇ ਬਿਨ ਭਾਗੇ ਨਹੀ ਕਰਮ ਗਤੀ ਬਲਵਾਨ।***

***ਲੇਖੁ ਨ ਮਿਟਈ ਹੇ ਸਖੀ***
***ਜੋ ਲਿਖਿਆ ਕਰਤਾਰਿ ॥ ਅੰਗ - ੯੩੭***

ਸੋ ਇਹ ਕਰਮ ਜੀਵ ਭੋਗਦਾ ਹੋਇਆ ਇਸੇ ਚੱਕਰ 'ਚ ਪਿਆ ਹੋਇਆ ਜੰਮਦਾ ਹੈ, ਮਰਦਾ ਹੈ। ਹੁਣ ਇਹ ਹੈ ਇਕ ਕਰਮ ਦਾ ਨਾਸ਼ ਵੀ ਹੋਵੇ? ਜਦ ਤਕ ਗਿਆਨ ਨਹੀਂ ਇਸਨੂੰ ਹੁੰਦਾ, ਜਦ ਤਕ ਇਹਨੂੰ ਆਪਣੇ ਆਪੇ ਦੀ ਸੋਝੀ ਆ ਕੇ 'ਮੈਂ ਨਹੀਂ ਮਰਦੀ, ਅਸਲ ਗਿਆਨ ਨਹੀਂ ਹੁੰਦਾ। ਜਿਸ ਤਰ੍ਹਾਂ ਹਨ੍ਹੇਰੇ ਵਿਚ ਕੋਈ ਰੱਸੀ ਪਈ ਹੈ, ਸਾਰੀ ਰਾਤ ਡਰੀ ਜਾਂਦਾ ਹੈ ਕਿ ਸੱਪ ਪਿਆ ਹੈ, ਗਿਆਨ ਕਦੋਂ ਹੋਇਆ ਹੈ ਜਦੋਂ ਚਾਨਣਾ ਹੋ ਗਿਆ। ਜਦ ਚਾਨਣਾ ਹੋ ਗਿਆ ਫੇਰ

ਉਹਦਾ ਨਾਸ਼ ਹੋ ਗਿਆ ਸੱਪ ਦੇ ਡਰ ਦਾ। ਉਹ ਤਾਂ ਰੱਸੀ ਸੀ, ਪਹਿਲਾਂ ਵੀ ਰੱਸੀ ਸੀ, ਰਾਤ ਨੂੰ ਵੀ ਰੱਸੀ ਸੀ, ਅਰ ਹੈ ਵੀ ਰੱਸੀ। ਇਸੇ ਤਰ੍ਹਾਂ ਜਦ ਏਸ ਜੀਵ ਨੂੰ ਗਿਆਨ ਹੋ ਜਾਂਦਾ ਹੈ, ਇਹਨੂੰ ਜਾਗ ਆ ਜਾਂਦੀ ਹੈ ਉਸ ਵੇਲੇ ਇਹਦੇ ਕਰਮਾਂ ਦਾ ਨਾਸ਼ ਹੋ ਜਾਂਦਾ ਹੈ। ਨਹੀਂ ਇਹ ਪ੍ਰਮੇਸ਼ਰ ਤੋਂ ਵਿਛੜ ਕੇ ਆਪਣੀ ਦੁਨੀਆਂ ਬਨਾਈ ਰਖਦਾ ਹੈ, ਕਰਮ ਕਰਦਾ ਹੈ, ਕਰਮ ਕਰਕੇ ਜੰਮਦਾ ਹੈ, ਮਰਦਾ ਹੈ, ਇਹ ਸਾਰੀ ਚੀਜ਼ ਨੂੰ ਹਉਮੈ ਦਾ ਪਰਿਵਾਰ ਕਹਿੰਦੇ ਨੇ। ਮਹਾਰਾਜ ਕਹਿੰਦੇ-

***ਹਉਮੈ ਏਹਾ ਜਾਤਿ ਹੈ***
***ਹਉਮੈ ਕਰਮ ਕਮਾਹਿ ॥ ਅੰਗ - ੪੬੬***

ਕਰਮ ਤਾਂ ਕਰਦਾ ਹਉਮੈ ਵਿਚ ਹੈ, ਨਾਮ ਜਪਦਾ ਹੈ ਤਾਂ ਵੀ ਹਉਮੈ ਵਿਚ; ਪਾਠ ਕਰਦਾ ਹੈ ਤਾਂ ਵੀ ਹਉਮੈ ਵਿਚ; ਫਲ ਮੰਗਦਾ ਹੈ ਹਰੇਕ ਚੀਜ਼ ਦਾ। ਜਦ ਤਕ ਇਹਦੀ ਹਉਮੈ ਨਾਸ਼ ਨਹੀਂ ਹੁੰਦੀ ਓਨੀਂ ਦੇਰ ਤਕ-

***ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥***
***ਅੰਗ - ੪੬੬***

ਕਦੇ ਰਾਜਾ ਬਣ ਗਿਆ, ਕਦੇ ਕੰਗਾਲ ਬਣ ਗਿਆ, ਐਸ ਤਰ੍ਹਾਂ ਨਾਲ ਫੁਰਮਾਉਂਦੇ ਨੇ -

***ਧਾਰਨਾ - ਜੰਮਦਾ ਤੇ ਮਰਦਾ ਹੈ***
***ਹਉਮੈ ਦਾ ਬੰਨ੍ਹਿਆ ਹੋਇਆ।***

ਸੋ ਇਹ ਜੀਵ ਪ੍ਰਮੇਸ਼ਰ ਨਾਲੋਂ ਵਿਛੜ ਕੇ ਹਉਮੈ ਦੇ ਚੱਕਰ ਵਿਚ ਆ ਗਿਆ, ਜਿਵੇਂ ਛੱਪੜੀਆਂ ਬਣ ਜਾਂਦੀਆਂ ਨੇ, ਛੋਟੀਆਂ-ਛੋਟੀਆਂ ਟੋਭੇ ਬਣ ਜਾਂਦੇ ਨੇ, ਸਮੁੰਦਰ ਨਾਲ, ਦਰਿਆ ਦੇ ਨਾਲੋਂ ਟੁੱਟ ਕੇ, ਐਸ ਤਰ੍ਹਾਂ ਆਪਾਂ ਟੁੱਟ ਗਏ ਸਾਧਸੰਗਤ ਜੀ! ਟੁੱਟ ਕੇ ਕਿਰਮ ਪੈ ਗਏ - ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਨਿੰਦਿਆ, ਚੁਗਲੀ, ਵਖੀਲੀ, ਮੈਂ, ਮੇਰੀ; ਬੇਅੰਤ ਕਿਰਮ ਪੈ ਗਏ। ਉਹਦੇ ਨਾਲ ਇਹ ਦੁਖੀ ਹੁੰਦਾ ਤੁਰਿਆ ਜਾਂਦਾ ਹੈ, ਜਦ ਤਕ ਇਹ ਦੁਬਾਰਾ ਉਹਦੇ ਵਿਚ ਨਹੀਂ ਰਲ ਜਾਂਦਾ, main ਪਾਣੀ ਦੀ ਧਾਰ ਵਿਚ; main ਕਰੰਟ ਵਿਚ; ਓਨੀਂ ਦੇਰ ਤਕ ਇਹ ਸਾਫ ਨਹੀਂ ਹੋ ਸਕਦਾ, ਹੁਣ ਛਪੜੀ ਆਪਣੇ ਆਪ ਤਾਂ ਰਲ ਨਹੀਂ ਸਕਦੀ। ਕੋਈ ਹੋਰ ਆ ਕੇ ਕ੍ਰਿਪਾ ਕਰ ਦੇਵੇ, ਉਹ ਇੰਜਣ ਲੈ ਆਵੇ, ਮੋਟਰ ਲੈ ਆਵੇ, ਤਿਉਂ-ਤਿਉਂ ਪਾਈਪ ਨੂੰ drain ਕਰਕੇ ਉਹ ਦਰਿਆ ਦੇ ਨਾਲ ਮਿਲਾ ਦੇਵੇ, ਮੁੜ ਕੇ ਉਹੋ ਜਿਹਾ ਹੀ ਤਾਜ਼ਾ ਫੇਰ ਹੋ ਜਾਵੇਗਾ; ਸੋ ਆਹ ਸਾਡਾ ਹਾਲ ਹੈ ਜਿਹਦੇ ਨਾਲ ਅਸੀਂ ਦੁਖੀ ਹੁੰਦੇ ਤੁਰੇ ਜਾਂਦੇ ਹਾਂ। ਆਪਣੇ ਆਪ ਨੂੰ ਅਸੀਂ ਅੱਡ ਕਰ ਲਿਆ, ਬਾਰ-ਬਾਰ ਮਹਾਤਮਾ ਸਮਝਾਉਂਦੇ ਨੇ ਕਿ ਪਿਆਰਿਆ! ਤੈਨੂੰ ਹੁਣ ਮੌਕਾ ਮਿਲਿਆ ਹੈ, ਹੁਣ ਤੂੰ ਖੁੰਝ ਨਾ ਜਾਈਂ ਕਿਤੇ; ਜਿਹੜੀਆਂ ਚੀਜ਼ਾਂ ਦੇ ਵਿਚ ਤੂੰ ਫਸ ਗਿਆ, ਤੇਰੇ ਨਾਲ ਨਹੀਂ ਕੋਈ ਵੀ ਜਾਣ ਵਾਲੀ -

***ਕਬੀਰ ਇਹੁ ਤਨੁ ਜਾਇਗਾ***
***ਸਕਹੁ ਤ ਲੇਹੁ ਬਹੋਰਿ॥***
***ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ॥***
***ਅੰਗ - ੧੩੬੫***

ਕਿਉਂਕਿ ਇਹ ਬੜੀ ਭਾਰੀ ਰੁਕਾਵਟ ਹੈ -

***ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ ॥***
***ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ ॥***
***ਅੰਗ - ੧੨੮੮***

ਰਾਜਸੀ ਸ਼ਕਤੀ ਆ ਜਾਵੇ ਬੰਦੇ ਦੇ ਕੋਲ, ਉਹਦਾ mind ਦੂਸ਼ਿਤ ਹੋ ਜਾਂਦਾ ਹੈ, ਓਹੋ ਜਿਹਾ ਬੰਦਾ ਨਹੀਂ ਰਹਿੰਦਾ, ਫੇਰ ਮਿਲਦਾ ਨਹੀਂ ਦੂਜਿਆਂ ਦੇ ਨਾਲ; ਓਹੀ ਬੰਦਾ ਜਿਹਦੇ ਨਾਲ ਮਿਲੋ-ਗਿਲੋ ਇਕੱਠੇ ਰਹੋ, ਜਿਸ ਵਕਤ ਸ਼ਕਤੀ ਆ ਗਈ ਰਾਜਸੀ, ਉਸ ਨਾਲ ਉਹਦੇ ਰੁਝੇਵੇਂ ਵਧ ਗਏ, ਓਹੀ ਬੰਦਾ ਓਪਰਾ ਬਣ ਜਾਂਦਾ ਹੈ। ਮਹਾਰਾਜ ਕਹਿੰਦੇ ਇਹ ਠੱਗ ਨੇ। ਇਨ੍ਹਾਂ ਨੇ ਸਾਰੇ ਸੰਸਾਰ ਨੂੰ ਠੱਗ ਲਿਆ। ਸੋ ਇਹ ਜੀਵ ਇਸ ਤਰ੍ਹਾਂ ਬੇਵਸ ਹੋਇਆ-ਹੋਇਆ, ਬੰਨ੍ਹਿਆ ਹੋਇਆ ਤੇ ਮਹਾਰਾਜ ਕਹਿੰਦੇ ਤੂੰ ਪਛਾਣ ਤਾਂ ਸਹੀ -

***ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ ॥***
***ਏਤੀ ਨ ਜਾਨਉ ਕੇਤੀਕ ਮੁਦਤਿ***
***ਚਲਤੇ ਖਬਰਿ ਨ ਪਾਇਓ ॥ ਅੰਗ - ੯੯੯***

ਜਾਣਦਾ ਹੈਂ ਕਿ ਕਿਥੋਂ ਆਇਆ ਹੈਂ, ਕਿੰਨਾ ਪੜ੍ਹਿਆ ਹੋਇਆ ਹੈਂ, ਕਹਿੰਦਾ ਮੈਂ ਪੀ.ਐਚ.ਡੀ ਕਰੀ ਹੋਈ ਹੈ। ਕਹਿੰਦੇ ਜਾਣਦਾ ਹੈ? ਕਹਿੰਦਾ ਮੈਂ ਜਾਣਦਾ ਨਹੀਂ, ਸੁਣਿਆ ਹੋਇਆ ਹੈ। ਸੱਚ ਬੋਲ ਪਿਆ, ਇਕ ਝੂਠ ਬੋਲ ਪਿਆ, ਉਹਨੂੰ ਕਹਿੰਦਾ ਜਾਣਦਾ ਹੈਂ? ਕਹਿੰਦਾ ਹਾਂ ਜੀ ਮੈਂ ਜਾਣਦਾ ਹਾਂ, ਮੈਂ ਆਤਮਾ ਹਾਂ। ਕਹਿੰਦੇ, ਆਤਮਾ ਦਾ ਲੱਛਣ ਕੀ ਹੈ? ਆਤਮਾ ਤਾਂ ਜਾਣਿਆ ਹੀ ਨਹੀਂ ਜਾਂਦਾ। ਜਿਹੜਾ ਆਪਣਾ ਆਪ ਹੈ ਅਨੁਭਵ ਹੁੰਦਾ ਹੈ। ਗੱਲਬਾਤ ਨਹੀਂ ਉਹਦੀ ਕੋਈ ਹੋ ਸਕਦੀ, ਉਹ ਤਾਂ ਅਨੁਭਵ ਹੈ, ਚਿੰਨ ਮਾਤਰ ਹੈ। ਕਹਿੰਦਾ ਪੜ੍ਹਿਆ ਹੋਇਆ ਹਾਂ ਮੈਂ। ਪੜ੍ਹਿਆ ਹੋਇਆਂ ਨਾਲ ਤਾਂ ਨਹੀਂ ਗੱਲ ਬਣਨੀ -

***ਪੜਿਐ ਨਾਹੀ ਭੇਦੁ ਬੁਝਿਐ ਪਾਵਣਾ ॥***
***ਅੰਗ- ੧੪੮***

ਬੁੱਝਣਾ ਪੈਂਦਾ ਹੈ, ਪੜ੍ਹ ਕੇ ਨਹੀਂ ਏਸ ਗੱਲ ਦਾ ਥਹੁ ਲਗਦਾ। ਇਹ ਤਾਂ ਸਾਧਨ ਦੇ ਨਾਲ ਪੂਰਾ ਸਮਰੱਥ ਗੁਰੂ ਮਿਲ ਜਾਵੇ। ਉਹਦੀ ਹੋ ਜਾਵੇ ਮਿਹਰ, ਉਹ ਮੇਲ ਦੇਵੇ ਨਹੀਂ ਤਾਂ ਜੀਵ ਦੀ ਆਪਣੇ ਆਪ ਕੋਈ ਤਾਕਤ ਨਹੀਂ। ਸੋ ਮਹਾਰਾਜ ਕਹਿੰਦੇ ਪਹਿਲਾਂ ਤੂੰ ਗੱਲ ਸਮਝ। ਏਸ ਗੱਲ ਨੂੰ ਮੰਨ ਲੈ, ਬਈ ਬੜੇ ਜਨਮ ਹੋ ਗਏ

ਮੈਨੂੰ ਵਾਹਿਗੁਰੂ ਤੋਂ ਵਿਛੜੇ ਹੋਏ, ਤੇ ਮੇਰਾ ਜਿਹੜਾ ਵਾਹ ਹੈ ਉਹ ਦੁਸ਼ਮਣਾਂ ਨਾਲ ਪੈ ਗਿਆ, ਠੱਗਾਂ ਨਾਲ ਪੈ ਗਿਆ, ਚੋਰਾਂ ਨਾਲ ਪੈ ਗਿਆ ਤੇ ਭੁੱਲ ਗਿਆ। ਹੁਣ ਕੋਈ ਕਰਮ ਹੋ ਜਾਏ ਤੇ ਚੰਗਾ ਹੈ ਤਾਂ ਸਤਿਸੰਗ ਮਿਲ ਜਾਂਦਾ ਹੈ। ਸਤਿਸੰਗ ਦੇ ਵਿਚ ਬਚਨ ਮਿਲ ਜਾਂਦੇ ਨੇ, ਬਚਨਾਂ ਦੇ ਵਿਚ ਰਾਹ ਦੱਸਿਆ ਹੁੰਦਾ ਹੈ, ਜੇ ਤਾਂ ਓਸ ਰਾਹ ਤੇ ਚੱਲ ਪਵੇ ਫੇਰ ਤਾਂ ਕਿਸੇ ਮੰਜ਼ਲ ਤੇ ਪਹੁੰਚ ਜਾਂਦਾ ਹੈ। ਜੇ ਸੁਣਦਾ ਹੀ ਸੁਣਦਾ ਹੈ, ਫੇਰ ਨਹੀਂ ਪਹੁੰਚਦਾ। ਦੂਸਰਾ ਸਾਰੇ ਮਹਾਂਪੁਰਸ਼ ਕਹਿੰਦੇ ਨੇ ਕਿ ਜੀਵ ਨੂੰ ਮੂਰਛਤ ਵਰਗੀ ਨੀਂਦ ਆਈ ਹੋਈ ਹੈ। ਇਹ ਉਠਦਾ ਨਹੀਂ ਹੈ, ਐਸੀ ਗਾੜ੍ਹੀ ਨੀਂਦ ਆ ਗਈ ਇਸਨੂੰ ਕਿ ਇਹਨੂੰ ਜਾਗ ਨਹੀਂ ਆਉਂਦੀ। ਇਕ ਦੋ ਚਾਰ ਨਹੀਂ, ਕਹਿੰਦੇ ਸਾਰਾ ਹੀ ਸੰਸਾਰ ਜਿੰਨਾਂ ਵੀ ਹੈ ਚਾਹੇ ਪੜ੍ਹੇ ਹੋਏ ਨੇ, ਚਾਹੇ ਨਾ ਪੜ੍ਹੇ ਹੋਏ ਨੇ, ਚਾਹੇ ਅਮੀਰ ਨੇ, ਚਾਹੇ ਗਰੀਬ ਨੇ, ਚਾਹੇ ਕੋਈ ਹੈ, ਕਹਿੰਦੇ ਜਾਗਦਾ ਤਾਂ ਕੋਈ ਵਿਰਲਾ ਹੀ ਹੈ। ਬਾਕੀ ਤਾਂ ਸਾਰਾ ਸੰਸਾਰ ਜਿਹੜਾ ਹੈ ਉਹਦੇ ਬਾਰੇ ਮਹਾਰਾਜ ਨੇ ਇਸ ਤਰ੍ਹਾਂ ਫੁਰਮਾਨ ਕੀਤਾ ਹੈ -

*ਧਾਰਨਾ - ਸੌਂ ਗਿਆ ਜਗ ਸਾਰਾ ਜੀ,*
*ਮਾਇਆ ਦੀ ਨੀਂਦ ਗਾੜ੍ਹੀ।*

*ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ*
*ਸੁਤਿਆ ਰੈਣਿ ਵਿਹਾਣੀ ॥ ਅੰਗ - ੯੨੦*

ਮਹਾਰਾਜ ਕਹਿੰਦੇ ਭਰਮ ਦੀ ਨੀਂਦ ਪੈ ਗਈ ਇਸਨੂੰ। ਤਿੰਨਾਂ ਗੁਣਾਂ ਦੀ - ਰਜੋ ਗੁਣ, ਸਤੋ ਗੁਣ, ਤਮੋ ਗੁਣ; ਤੇ ਨਾਲ ਇਨ੍ਹਾਂ ਦੇ ਪੈ ਗਿਆ ਭਰਮ ਇਹਦੇ ਵਿਚ ਸੌਂ ਗਿਆ। ਇਹਨੂੰ ਜਾਗ ਨਹੀਂ ਆਉਂਦੀ, ਮਹਾਤਮਾ ਹਾਕਾਂ ਮਾਰਦੇ ਨੇ, ਫੇਰ ਬੇਵਸ ਹੋ ਜਾਂਦੇ ਨੇ, ਕਹਿੰਦੇ ਕਮਾਲ ਦੀ ਨੀਂਦ ਹੈ ਐਨੀਆਂ ਹਾਕਾਂ ਮਾਰਨ ਤੋਂ ਬਾਅਦ ਵੀ ਏਸ ਜੀਵ ਨੂੰ ਜਾਗ ਨਹੀਂ ਆਉਂਦੀ।-

*ਫਰੀਦਾ ਕੂਕੇਦਿਆ ਚਾਂਗੇਦਿਆ*
*ਮਤੀ ਦੇਦਿਆ ਨਿਤ ॥*
*ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥*
*ਅੰਗ - ੧੩੭੮*

ਚਾਰੇ ਵੇਦ, 27 ਸਿਮ੍ਰਤੀਆਂ, ਛੇਈ ਸ਼ਾਸਤਰ, ਉਪਨਿਸ਼ਦਾਂ, ਕੁਰਾਨ ਸ਼ਰੀਫ, ਤੌਰੇਤ, ਅੰਜੀਲ, ਜੰਬੂਲ, ਬਾਈਬਲ, ਅਨੇਕਾਂ ਹੀ ਧਰਮ ਗ੍ਰੰਥ, ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ, ਸਾਧੂ, ਸੰਤ ਏਸ ਜੀਵ ਨੂੰ ਜਗਾਉਣ ਦਾ ਉਦਮ ਕਰ ਰਹੇ ਨੇ। ਐਸੀ ਨੀਂਦ ਇਕ ਸੁਣੀ ਸੀ ਕਿ ਕੁੰਭਕਰਨ ਹੋਇਆ ਹੈ ਕੋਈ, ਕਹਿੰਦੇ ਉਹਨੂੰ ਐਨੀ ਨੀਂਦ ਆਉਂਦੀ ਸੀ ਕਿ ਢੋਲ ਵਜਾਉਂਦੇ ਸੀਗੇ ਉਹਦੇ ਕੋਲ। ਉਹਨੂੰ ਜਾਗ ਹੀ ਨਹੀਂ ਸੀ ਆਉਂਦੀ ਹੁੰਦੀ, ਪੰਜ ਛੇ ਮਹੀਨੇ ਲੰਘ ਜਾਣੇ ਫੇਰ ਉਹਨੇ ਉਠਣਾ। ਜਿਵੇਂ ਰਿੱਛ ਹੈ, ਰਿੱਛ ਨੂੰ ਨੀਂਦ ਆਉਂਦੀ ਹੈ ਸਰਦੀਆਂ ਦੇ ਮਹੀਨੇ। ਇਹ ਪਹਾੜਾਂ ਦੀ, ਪੱਥਰਾਂ ਦੀ ਓਟ ਲੈ ਲੈਂਦਾ ਹੈ ਤੇ ਉਤੇ ਬਰਫ ਪੈਣੀ ਸ਼ੁਰੂ ਹੋ ਜਾਂਦੀ ਹੈ, ਇਹ ਆਪਣਾ ਸ੍ਵਾਸ ਖਿੱਚ ਲੈਂਦਾ ਹੈ, ਡੱਡੂ ਹੈ ਇਹਨੂੰ ਨੀਂਦ ਬੜੀ ਆਉਂਦੀ ਹੈ, ਕਿੰਨੇ ਜਾਨਵਰ ਨੇ, ਬਰਫਾਂ 'ਚ ਰਹਿੰਦੇ ਨੇ, ਕਿਸੇ ਨੂੰ ਤਿੰਨ ਮਹੀਨੇ ਦੀ ਨੀਂਦ ਆਉਂਦੀ ਹੈ, ਕਿਸੇ ਨੂੰ ਛੇ ਮਹੀਨੇ ਦੀ ਆਉਂਦੀ ਹੈ। ਉਤੇ ਬਰਫਾਂ ਗਿਰ ਜਾਂਦੀਆਂ ਨੇ, ਜਾਗ ਨਹੀਂ ਆਉਂਦੀ। ਜਿਸ ਵਕਤ ਬਰਫਾਂ ਪਿਘਲ ਜਾਂਦੀਆਂ ਨੇ, ਫੇਰ ਕਿਤੇ ਜਾ ਕੇ ਅੰਗੜਾਈਆਂ ਲੈਂਦੇ ਨੇ, ਫੇਰ ਜਾਗ ਆਉਂਦੀ ਹੈ, ਸੌਣ ਤੋਂ ਪਹਿਲਾਂ ਆਪਣੀ ਖੁਰਾਕ ਦੱਬ ਲੈਂਦੇ ਨੇ ਕਿ ਜਦ ਮੈਨੂੰ ਜਾਗ ਆਏਗੀ, ਫੇਰ ਖਾਣ ਨੂੰ ਵੀ ਕੁਛ ਚਾਹੀਦਾ ਹੈ, ਇਸੇ ਤਰ੍ਹਾਂ ਦੇ ਨਾਲ ਕਹਿੰਦੇ ਕੁੰਭਕਰਨ ਨੂੰ ਨੀਂਦ ਆਉਂਦੀ ਸੀ। ਛੇ ਮਹੀਨੇ ਬਾਅਦ ਉਹਨੂੰ ਜਾਗ ਆਇਆ ਕਰਦੀ ਸੀ। ਬੜੀ ਗਾੜ੍ਹੀ ਨੀਂਦ ਅਸੀਂ ਗਿਣਦੇ ਹਾਂ। ਮਹਾਰਾਜ ਕਹਿੰਦੇ, ਉਹ ਤਾਂ ਥੋੜ੍ਹਾਂ ਹੀ ਹੈ ਫੇਰ ਵੀ ਕਿ ਛੇ ਮਹੀਨੇ ਬਾਅਦ ਜਾਗ ਪੈਂਦੇ ਨੇ। ਕੋਈ ਨੌਂ ਮਹੀਨੇ ਬਾਅਦ ਜਾਗ ਪੈਂਦਾ ਹੈ। ਆਹ ਜਿਹੜਾ ਸੰਸਾਰ ਤੁਰਿਆ ਫਿਰਦਾ ਹੈ ਇਹ ਤਾਂ ਹੈ ਹੀ ਨੀਂਦ ਦੇ ਅੰਦਰ। ਗਾੜ੍ਹੀ ਨੀਂਦ ਆ ਗਈ -

*ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ ॥*
*ਸ੍ਰਵਣ ਸੋਏ ਸੁਣਿ ਨਿੰਦ ਵੀਚਾਰ ॥*
*ਰਸਨਾ ਸੋਈ ਲੋਭਿ ਮੀਠੈ ਸਾਦਿ ॥*
*ਮਨੁ ਸੋਇਆ ਮਾਇਆ ਬਿਸਮਾਦਿ ॥*
*ਅੰਗ - ੧੮੨*

ਮਾਇਆ ਦਾ ਨਸ਼ਾ ਮਨ ਨੂੰ ਚੜ੍ਹ ਗਿਆ।

*ਸਗਲ ਸਹੇਲੀ ਅਪਨੈ ਰਸ ਮਾਤੀ ॥*
*ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ ॥*
*ਮੁਸਨਹਾਰ ਪੰਚ ਬਟਵਾਰੇ ॥*
*ਸੂਨੇ ਨਗਰਿ ਪਰੇ ਠਗਹਾਰੇ ॥ ਅੰਗ - ੧੮੨*

ਕਹਿੰਦੇ ਜੇ ਤਾਂ ਕੋਈ ਜਾਗਦਾ ਹੋਵੇ ਤਾਂ, ਤਾਂ ਆਪਣੇ ਘਰ ਦੀ ਰਾਖੀ ਕਰ ਲਵੇ ਇਹ ਤਾਂ ਸੌਂ ਗਏ ਸਾਰੇ, ਤੇ ਚੋਰ ਲੁੱਟੀ ਜਾਂਦੇ ਨੇ।

*ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ*
*ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥*
*ਅੰਗ - ੬੦੦*

ਕਰਦੇ ਕੀ ਨੇ? -

*ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ*
*ਕੋਇ ਨ ਸੁਣੈ ਪੂਕਾਰਾ॥ ਅੰਗ - ੧੮੨*

ਆਹ ਹਾਲ ਸਾਡਾ ਹੋ ਰਿਹਾ ਹੈ।ਸਾਨੂੰ ਨੀਂਦ ਆਈ ਹੋਈ ਹੈ। ਉਹ ਨੀਂਦ ਅਸਲ ਦਾ ਨਹੀਂ ਪਤਾ ਲਗਣ ਦਿੰਦੀ। ਨਕਲ ਦੇ ਵਿਚ ਹੀ ਰੱਖ ਕੇ ਭਰਮ ਪੈ ਗਿਆ। ਪੰਜ ਕਿਸਮ ਦੇ ਭਰਮ ਹੁੰਦੇ ਨੇ, ਉਨ੍ਹਾਂ ਭਰਮਾਂ ਦੇ ਵਿਚ ਸਾਡੇ ਜਨਮ ਦਰ ਜਨਮ ਬੀਤਦੇ ਤੁਰੇ ਜਾ ਰਹੇ

ਨੇ। ਮਹਾਰਾਜ ਕਹਿੰਦੇ-

*ਫਿਰਤ ਫਿਰਤ ਬਹੁਤੇ ਜੁਗ ਹਾਰਿਓ*
*ਮਾਨਸ ਦੇਹ ਲਹੀ ॥*
*ਨਾਨਕ ਕਹਤ ਮਿਲਨ ਕੀ*
*ਬਰੀਆ ਸਿਮਰਤ ਕਹਾ ਨਹੀ ॥ ਅੰਗ - ੬੩੧*

ਕਹਿੰਦੇ ਫਿਰਦੇ ਨੂੰ ਬਹੁਤ ਜੁਗ ਬੀਤ ਗਏ ਤੈਨੂੰ ਤੇ ਤੈਨੂੰ ਮਾਨਸ ਦੇਹ ਮਿਲ ਗਈ। ਸੁੱਤੇ ਪਏ ਨੂੰ, ਫਿਰਦੇ-ਫਿਰਦੇ ਨੂੰ ਮਨੁਖ ਦੀ ਦੇਹੀ ਮਿਲ ਗਈ। ਫੇਰ ਕੋਸ਼ਿਸ਼ ਕਰਦੇ ਨੇ ਕਿ ਹਾਕ ਦੇ ਕੇ ਇਹਨੂੰ ਜਗਾਓ। ਬਾਰ-ਬਾਰ ਮਹਾਤਮਾ ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ -

*ਧਾਰਨਾ - ਲੱਖਾਂ ਜਨਮ ਬੀਤ ਗਏ ਓ,*
*ਗਾਫਲਾ ਤੈਨੂੰ ਜਾਗ ਨ ਆਈ।*

ਅਜੇ ਵੀ ਤੂੰ ਉਪਦੇਸ਼ ਨਹੀਂ ਸੁਣਦਾ।

*ਫਰੀਦਾ ਕੂਕੇਦਿਆ ਚਾਂਗੇਦਿਆ*
*ਮਤੀ ਦੇਦਿਆ ਨਿਤ ॥*
*ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥*
*ਅੰਗ - ੧੩੭੮*

ਬੇਵਸ ਹੋ ਗਏ ਮਹਾਤਮਾ ਕਿ ਉਪਦੇਸ਼ ਦਿੰਦੇ-ਦਿੰਦੇ ਸਤਿ ਦੀ ਬਾਤ ਕਹਿੰਦੇ ਹਾਂ ਇਹ ਸੰਸਾਰ ਕਿਉਂ ਨਹੀਂ ਫੜਦਾ। ਅਖੀਰ ਮਹਾਤਮਾ ਬੁੱਧ ਨੇ ਵੀ ਇਹੀ ਗੱਲ ਕਹੀ। ਕਹਿਣ ਲੱਗੇ, ਹੇ ਕੀ ਗਿਆ ਸੰਸਾਰ ਨੂੰ। ਗੱਲ ਕਹਿੰਦੇ ਹਾਂ ਸੰਸਾਰ ਨੂੰ, ਜੇ ਪੈਸੇ ਟਕੇ ਦੀ ਕਹਿ ਦੇਈਏ ਫੇਰ ਮੰਨ ਲੈਂਦਾ ਹੈ। ਜੇ ਪ੍ਰਮੇਸ਼ਰ ਦੀ ਸਤਿ ਗੱਲ ਕਹੀਏ ਫੇਰ ਇਹ ਮੰਨਦਾ ਹੀ ਨਹੀਂ। ਕਹਿੰਦੇ ਮਾਰ ਦੇਵਤਾ ਹੈ ਉਹ ਨਹੀਂ ਮੰਨਣ ਦਿੰਦਾ। ਕੋਈ nagtive ਸ਼ਕਤੀ ਜਿਹੜੀ ਹੈ ਆਦਮੀ ਦੇ ਅੰਦਰ ਇਹ ਗੱਲਾਂ ਮੰਨਣ ਨਹੀਂ ਦਿੰਦੀ। ਅਸੀਂ ਕਹਿੰਦੇ ਹਾਂ ਕਿ ਇਹਦੇ ਮਨ ਦੇ ਅੰਦਰ ਕੋਈ ਐਸੀ ਬੁੱਧੀ ਹੈ ਛਿਪੀ ਹੋਈ ਜਿਹੜੀ ਕਿ ਸਤਿ ਬਚਨ ਜੋ ਗੁਰੂਆਂ ਦੇ ਨੇ ਉਹ ਮੰਨਣ ਨਹੀਂ ਦਿੰਦੀ। ਇਹਨੂੰ ਜਾਗ ਨਹੀਂ ਆਉਂਦੀ।

ਇਕ ਵਾਰੀ ਕ੍ਰਿਸ਼ਨ ਮਹਾਰਾਜ ਅਰਜਨ ਦੇ ਨਾਲ ਜਾ ਰਹੇ ਨੇ, ਜਾਂਦੇ-ਜਾਂਦੇ ਬਚਨ ਚਲਦੇ ਨੇ, ਰੂਹਾਨੀ, ਤਾਂ ਆਪ ਨੇ ਫੁਰਮਾਇਆ ਕਿ ਹੇ ਅਰਜਨ! ਮੈਂ ਪਾਰਬ੍ਰਹਮ ਪ੍ਰਮੇਸ਼ਰ ਸਾਰੇ ਸੰਸਾਰ ਦਾ ਕਾਰਜ ਆਪਣੀ ਤ੍ਰਿਗੁਣੀ ਮਾਇਆ ਦੇ ਓਹਲੇ ਹੋ ਕੇ ਕਰਦਾ ਹਾਂ, ਛੁਪਿਆ ਹੋਇਆ ਹਾਂ ਮੈਂ, ਇਹ ਜੀਵ ਮੈਨੂੰ ਨਹੀਂ ਪਛਾਣ ਸਕਦੇ। ਮੇਰੀ ਮਾਇਆ ਦੇ ਵਿਚ ਉਲਝੇ ਰਹਿੰਦੇ ਨੇ। ਐਸੀ ਪ੍ਰਬਲ ਮਾਇਆ ਹੈ, ਇਸ ਤੋਂ ਛੁੱਟ ਨਹੀਂ ਸਕਦੇ, ਪਾਰਦਰਸ਼ੀ ਨਹੀਂ ਹੈ ਇਹ। ਇਨ੍ਹਾਂ ਦੀ ਸ਼ੇਰ ਦ੍ਰਿਸ਼ਟੀ ਨਹੀਂ ਹੈ, ਕੁੱਤਾ ਦ੍ਰਿਸ਼ਟੀ ਹੋਣ ਕਰਕੇ object ਦੇ ਨਾਲ ਇਹ ਫਸੇ ਰਹਿੰਦੇ ਨੇ। ਮੈਨੂੰ ਨਹੀਂ ਇਹ ਦੇਖ ਸਕਦੇ। ਮਾਇਆ ਬਹੁਤ ਪ੍ਰਬਲ ਹੈ। ਕਹਿਣ ਲੱਗਿਆ, ਮੈਨੂੰ ਵੀ ਦਿਖਾ ਦਿਓ ਮਹਾਰਾਜ। ਕਹਿੰਦੇ ਕੀ ਲੈਣਾ ਹੈ ਤੂੰ ਦੇਖ ਕੇ। ਕਹਿੰਦਾ, ਨਹੀਂ ਮਹਾਰਾਜ। ਟਾਲ ਦਿਤਾ ਕ੍ਰਿਸ਼ਨ ਮਹਾਰਾਜ ਨੇ। ਦੂਜੇ-ਤੀਜੇ ਦਿਨ ਫੇਰ ਜਾਂਦੇ ਨੇ, ਫੇਰ ਇਹੀ ਬਚਨ ਛਿੜ ਗਿਆ, ਕਹਿੰਦਾ ਮਹਾਰਾਜ! ਮੈਂ ਤਾਂ ਤੁਹਾਡੀ ਮਾਇਆ ਦੇਖਣੀ ਹੈ। ਕਹਿੰਦੇ ਦੇਖ ਅਰਜਨ! ਮਾਇਆ ਐਨੀ ਪ੍ਰਬਲ ਹੈ ਕਿ ਤੂੰ ਆਪਣੇ ਆਪ ਨੂੰ ਵੀ ਭੁੱਲ ਜਾਏਂਗਾ ਤੇ ਮੈਨੂੰ ਵੀ ਭੁੱਲ ਜਾਏਂਗਾ। ਹੱਸ ਪਿਆ। ਕਹਿਣ ਲੱਗਿਆ ਮਹਾਰਾਜ! ਕੁਛ ਹੋ ਜਾਵੇ, ਨਾ ਮੈਂ ਆਪਣੇ ਆਪ ਨੂੰ ਭੁੱਲਾਂ, ਨਾ ਮੈਂ ਤੁਹਾਨੂੰ ਭੁੱਲਾਂ। ਕਹਿੰਦੇ, ਅਸਲੀ ਸਰੂਪ ਤਾਂ ਇਕ ਪਾਸੇ ਰਹਿ ਗਿਆ, ਤੂੰ ਤਾਂ ਆਪਣੇ ਸਰੀਰ ਦਾ ਨਾਉਂ ਵੀ ਭੁੱਲ ਜਾਏਂਗਾ। ਜਦ ਤੂੰ ਆਪਣੇ ਆਪ ਨੂੰ ਹੀ ਭੁੱਲ ਗਿਆ, ਮੈਂ ਕਿਹੜੇ ਬਾਗ ਦੀ ਮੂਲੀ ਹਾਂ, ਕਹਿੰਦਾ ਨਹੀਂ ਮਹਾਰਾਜ ਇਹ ਕਦੇ ਨਹੀਂ ਹੋ ਸਕਦਾ, ਮੈਂ ਤੁਹਾਨੂੰ ਭੁੱਲਾਂ। ਕਹਿੰਦੇ, ਚੰਗਾ! ਨਾ ਦੇਖੇ ਮਾਇਆ ਤਾਂ ਚੰਗਾ ਹੈ। ਕਹਿੰਦਾ ਨਹੀਂ ਮਹਾਰਾਜ! ਕਹਿੰਦੇ ਅਰਜਨ! ਬਹੁਤ ਪ੍ਰਬਲ ਹੈ, ਸਾਰਾ ਸੰਸਾਰ, ਸਿੱਧ ਸਾਧਕ, ਦੇਵੀ ਦੇਵਤੇ, ਵੱਡੇ-ਵੱਡੇ ਸਭ ਮਾਇਆ ਦੇ ਵਿਚ ਭੁੱਲੇ ਪਏ ਨੇ ਤੇ ਕਿਸੇ ਨੂੰ ਹੋਸ਼ ਨਹੀਂ ਆ ਰਹੀ। ਤੂੰ ਕਾਹਨੂੰ ਹੱਠ ਕਰਦਾ ਹੈਂ। ਕਹਿੰਦਾ ਨਹੀਂ ਮਹਾਰਾਜ! ਮੈਂ ਤਾਂ ਮਾਇਆ ਦੇਖਣੀ ਚਾਹੁੰਦਾ ਹਾਂ। ਉਸ ਵੇਲੇ ਕਹਿੰਦੇ ਜਾਹ, ਪਾਣੀ ਲਿਆ। ਦਾਤਨ ਕਰ ਲਈਏ, ਦਾਤਨ ਕਰ ਲਈ, ਤੇ ਕੋਲ ਹੀ ਇਕ ਸਰੋਵਰ ਸੀ, ਬਰਤਨ ਲੈ ਲਿਆ, ਸਰੋਵਰ ਦੇ ਵਿਚ ਜਾ ਕੇ ਬਰਤਨ ਲੈ ਕੇ ਪਾਣੀ ਲੈਣ ਵਾਸਤੇ ਝੁਕਦਾ ਹੈ, ਮਾਇਆ ਪੈ ਗਈ। ਮਾਇਆ ਨੇ ਸਭ ਤੋਂ ਪਹਿਲਾਂ ਸਾਰਾ ਹੀ ਦ੍ਰਿਸ਼ ਗੁੰਮ ਕਰ ਦਿਤਾ, ਜਿੰਨਾ ਕੁਛ ਦੇਖਦਾ ਸੀ, ਨਾ ਕ੍ਰਿਸ਼ਨ ਮਹਾਰਾਜ ਨੇ, ਨਾ ਉਹ ਸਰੋਵਰ ਹੈ, ਭੁੱਲ ਗਿਆ ਕਿ ਮੈਂ ਪਾਣੀ ਲੈਣ ਵਾਸਤੇ ਆਇਆ ਸੀ। ਕੀ ਦੇਖਦਾ ਹੈ, ਸਾਮ੍ਹਣੇ ਸ਼ੇਰ ਤੁਰਿਆ ਆਉਂਦਾ ਹੈ, ਦੇਖ ਕੇ ਆਪਣਾ ਆਲਾ-ਦੁਆਲਾ ਦੇਖਦਾ ਹੈ ਕਿ ਧਨੁਸ਼ ਮੇਰਾ ਕਿਥੇ ਚਲਿਆ ਗਿਆ। ਇਥੇ ਕ੍ਰਿਸ਼ਨ ਮਹਾਰਾਜ ਸੀ ਕਿੱਥੇ ਚਲੇ ਗਏ। ਉਹ ਹਾਕਾਂ ਮਾਰਦਾ ਹੈ, ਉਧਰੋਂ ਜਵਾਬ ਕੋਈ ਨਹੀਂ ਆਉਂਦਾ। ਅੱਗੇ ਜਾ ਕੇ ਦਰਖਤ 'ਤੇ ਚੜ੍ਹ ਗਿਆ। ਦਰਖਤ 'ਤੇ ਚੜ੍ਹਦਾ ਹੈ ਇਕ ਸੱਪ ਚਲ ਰਿਹਾ ਹੈ, ਬੜਾ ਵੱਡਾ। ਮੂੰਹ ਅੱਡੀ ਬੈਠਾ ਹੈ। ਫਿਕਰ ਪੈ ਗਿਆ, ਦੂਸਰੇ ਦਰਖਤ 'ਤੇ ਪਹੁੰਚ ਗਿਆ, ਟਾਹਣਾ ਫੜ ਕੇ। ਹਾਕਾਂ ਮਾਰੀ ਜਾਂਦਾ ਹੈ ਕਿ ਹੇ ਪ੍ਰਭੂ! ਤੂੰ ਕਿਥੇ ਚਲਿਆ ਗਿਆ। ਮੇਰੇ ਨਾਲ ਸੀ, ਆਹ ਕੀ ਹੋ ਗਿਆ ਮੈਨੂੰ, ਭੁੱਲ ਗਿਆ ਕਿ ਮੇਰੇ 'ਤੇ ਮਾਇਆ ਪੈ ਰਹੀ ਹੈ। ਤਿੰਨ ਦਿਨ, ਤਿੰਨ ਰਾਤਾਂ ਉਸ ਜੰਗਲ ਦੇ ਵਿਚ ਵਿਆਕੁਲ ਹੋਇਆ, ਡਰਦਾ, ਦਰਖਤਾਂ 'ਤੇ ਸੌਂ ਕੇ ਐਹੋ ਜਿਹਾ ਮਾੜਾ ਹਾਲ ਹੋ ਗਿਆ, ਰੋਈ ਜਾਂਦਾ ਹੈ। ਕੋਈ ਥਹੁ ਪਤਾ ਨਹੀਂ ਲਗਦਾ, ਕਿਉਂਕਿ ਸਮਾਂ ਬਦਲ ਦਿਤਾ। ਸਤਿਪੁਰਸ਼ਾਂ ਦੇ ਹੱਥ ਵਿਚ ਹੁੰਦਾ ਹੈ ਪਿਛਲਾ ਸਮਾਂ ਲਿਆ ਦੇਣਾ। ਹੁਣ ਵਾਲਾ ਚੱਲਣ ਦੇਣਾ ਤੇ ਜਿਹੜਾ ਹੁਣ ਤੋਂ ਹਜ਼ਾਰ ਸਾਲ ਨੂੰ ਆਉਣਾ ਹੈ, ਉਹ ਸਮਾਂ ਲੈ ਆਉਣਾ। ਉਨ੍ਹਾਂ ਨੂੰ ਕੋਈ ਔਖੀ ਬਾਤ ਨਹੀਂ ਹੁੰਦੀ। ਕੋਈ-ਕੋਈ ਮਹਾਂਪੁਰਸ਼ ਹੈ ਜਿਹੜਾ ਸਮੇਂ ਨੂੰ ਅੱਗੇ-ਪਿੱਛੇ ਕਰ ਲੈਂਦਾ ਹੈ, ਖਿੱਚ ਵੀ

ਲੈਂਦਾ ਹੈ। ਦਿਖਾ ਦਿੰਦਾ ਹੈ ਕਿ ਤੇਰੇ ਨਾਲ ਐਉਂ ਭਾਣਾ ਵਰਤਣਾ ਹੈ।

ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਜੀ ਦੇ ਕੋਲ ਇਕ ਰਾਜਾ ਆਇਆ ਮੰਡੀ ਸਕੇਤ ਦਾ, ਉਥੇ ਆਇਆ ਤਾਂ ਉਸ ਵੇਲੇ ਵਿਚਾਰ ਚਲ ਰਹੀ ਸੀ ਕਿ –

*ਲੇਖੁ ਨ ਮਿਟਈ ਹੇ ਸਖੀ*
*ਜੋ ਲਿਖਿਆ ਕਰਤਾਰਿ ॥ ਅੰਗ – ੯੩੭*

ਇਹ ਮਾਇਆ ਲੈ ਕੇ ਆਏ ਸੀ ਗੁਰੂ ਸਾਹਿਬ ਦੀ ਭੇਟਾ ਕਰਨ ਵਾਸਤੇ। ਮਾਇਆ ਭੇਟ ਕਰਨ ਤੋਂ ਬਾਅਦ, ਇਹਦੇ ਬੁੱਧੀਵਾਨ ਮੱਤ ਨੇ ਵਿਚਾਰ ਕੀਤਾ ਕਿ ਜੇ ਲੇਖ ਨਹੀਂ ਮਿਟਦਾ, ਫੇਰ ਗੁਰੂ ਕੋਲ ਆ ਕੇ ਮੱਥੇ ਟੇਕਣ ਦਾ ਕੀ ਫਾਇਦਾ ਹੈ। ਉਸ ਵੇਲੇ ਇਹ ਵਿਚਾਰ ਆਉਣ ਦੇ ਨਾਲ, ਜਾਣ ਦੀ ਤਿਆਰੀ ਕਰ ਲਈ ਕਿ ਫੇਰ ਇਥੇ ਗੁਰੂਆਂ ਕੋਲ ਬੈਠਣ ਦਾ ਕੀ ਫਾਇਦਾ ਹੈ ਜੇ ਲੇਖ ਹੀ ਨਹੀਂ ਮਿਟਣੇ। ਮਹਾਰਾਜ ਨੇ ਜਾਣ ਲਿਆ, ਕਹਿਣ ਲੱਗੇ ਰਾਜਨ! ਜਾਣਾ ਨਹੀਂ ਹੈ। ਤੁਹਾਨੂੰ ਦੱਸਾਂਗੇ, ਆਗਿਆ ਦੇਵਾਂਗੇ। ਸੋ ਆਗਿਆ ਮੰਨ ਲਈ, ਰਾਤ ਨੂੰ ਸੌਂ ਗਿਆ। ਰਾਤ ਨੂੰ ਸੁੱਤਾ ਪਿਆ ਕੀ ਦੇਖਦਾ ਹੈ ਕਿ ਸਰੀਰ ਛੱਡ ਦਿਤਾ। ਸਰੀਰ ਛੱਡ ਕੇ ਨਵੇਂ ਘਰ ਜਾ ਕੇ ਜਿਨ੍ਹਾਂ ਦੇ ਜਨਮਿਆ, ਉਹ ਮਲਮੂਤਰ ਚੁਕਦੇ ਸੀ ਲੋਕਾਂ ਦਾ। ਗੋਹਾ ਚੁਕਦੇ ਸੀ। ਉਹ ਜਵਾਨ ਹੋਇਆ ਉਥੇ ਤੇ ਨਾਲ ਕਿਸੇ ਦੇ ਕਾਮਾ ਲਗ ਗਿਆ, ਵਿਆਹ ਹੋ ਗਿਆ, ਬੱਚੇ ਹੋ ਗਏ ਕਈ। ਉਸ ਤੋਂ ਬਾਅਦ ਸਾਰੀ ਜ਼ਿੰਦਗੀ ਭੋਗਣ ਤੋਂ ਬਾਅਦ ਮਰ ਜਾਂਦਾ ਹੈ, ਮਰਨ ਤੋਂ ਬਾਅਦ ਦੇਖਦਾ ਹੈ ਕਿ ਮੇਰੇ ਸਰੀਰ ਨੂੰ ਚੁੱਕੀ ਜਾਂਦੇ ਨੇ। ਫਲਾਣੇ ਥਾਂ ਜਾ ਕੇ ਦੱਬ ਦਿਤਾ ਜਦੋਂ ਮਿੱਟੀ ਪਾ ਦਿਤੀ, ਇਧਰ ਜਾਗ ਆ ਗਈ। ਦਹਿਲ ਗਿਆ, ਦਿਲ ਨਹੀਂ ਲਗਦਾ ਕਿ ਆਹ ਕੀ ਹੋਇਆ। ਉਹ ਅੱਖਾਂ ਦੇ ਸਾਮ੍ਹਣੇ ਸਾਰਾ ਦ੍ਰਿਸ਼ ਉਵੇਂ ਜਿਵੇਂ ਘੁੰਮਦਾ ਹੈ। ਪਿਆਰ ਆਉਂਦਾ ਹੈ ਉਨ੍ਹਾਂ ਬੱਚਿਆਂ ਦਾ ਜਿਹੜੇ ਸੁਪਨੇ ਵਾਲੇ ਸੀ ਉਨ੍ਹਾਂ ਦੀ ਖਿੱਚ ਪੈਂਦੀ ਹੈ, ਮੋਹ ਵਿਚ ਹੈ। ਜਦ ਉਹ ਜਨਮ ਦੇਖਦਾ ਹੈ ਫੇਰ ਕੰਬ ਜਾਂਦਾ ਹੈ ਕਿ ਐਹੋ ਜਿਹਾ ਮੇਰਾ ਮਾੜਾ ਹਾਲ ਹੋਇਆ। ਐਹੋ ਜਿਹੇ ਕੰਮ ਮੈਂ ਕਰੇ, ਅਖੀਰ ਉਦਾਸ ਹੋਇਆ ਬੈਠਾ ਹੈ, ਸੁਨੇਹਾ ਆ ਗਿਆ ਗੁਰੂ ਮਹਾਰਾਜ ਦਾ ਕਿ ਰਾਜਨ! ਅੱਜ ਬਾਹਰ ਚੱਲਣਾ ਹੈ। ਘੋੜਿਆਂ 'ਤੇ ਸਵਾਰ ਹੋ ਗਏ, ਬਾਹਰ ਜਾ ਰਹੇ ਨੇ, ਹਰਨ ਨਿਕਲਿਆ 'ਤੇ ਰਾਜੇ ਨੇ ਘੋੜਾ ਪਿੱਛੇ ਲਾ ਲਿਆ। ਪਿੱਛੇ ਲਾ ਲਿਆ ਤੇ ਬਹੁਤ ਦੂਰ ਚਲਿਆ ਗਿਆ। ਉਥੇ ਜਾ ਕੇ ਕੀ ਦੇਖਦਾ ਹੈ, ਉਹ ਜਿਹੜੇ ਰਾਤ ਨੂੰ ਸੁਪਨੇ ਵਿਚ ਦੇਖੇ ਸੀ ਦਰਖਤ, ਖੇਤ, ਖੂਹ, ਟੋਭੇ; ਉਹ ਸਾਰੇ ਦੇ ਸਾਰੇ ਉਵੇਂ ਨਜ਼ਰ ਆਉਂਦੇ ਨੇ, ਭਮੱਤਰ (ਪ੍ਰੇਸ਼ਾਨ ਹੋ) ਗਿਆ ਦੇਖ ਕੇ, ਆਹ ਤਾਂ ਓਹੀ ਸੁਪਨੇ ਵਾਲੀ ਜਗ੍ਹਾ ਹੈ ਜਿਹੜਾ ਰਾਤ ਮੈਨੂੰ ਆਇਆ ਸੀ, ਇਹ ਤਾਂ ਪ੍ਰਤੱਖ ਹੈ, ਪਿੰਡ ਵਲ ਨੂੰ ਚਲਿਆ ਗਿਆ, ਉਥੇ ਇਸ ਦੇ ਬੱਚੇ ਖੇਲ੍ਹਦੇ ਫਿਰਦੇ ਸੀ। ਘਰ ਵਿਚ ਰੋਣਾ ਪਿਟਣਾ ਪਿਆ ਹੋਇਆ ਸੀ, ਬਾਹਰ ਸੀ ਛੋਟੇ ਬੱਚੇ; ਇਕ ਦਮ ਦੇਖ ਲਿਆ, ਘੋੜਾ ਬੰਨ੍ਹ ਕੇ ਇਹ ਆਰਾਮ ਕਰਨ ਲਗ ਗਿਆ, ਬੱਚਾ ਆ ਗਿਆ ਆ ਕੇ ਕਹਿਣ ਲੱਗਿਆ, ਬਾਪੂ! ਘੋੜਾ ਕਿੱਥੋਂ ਲੈ ਆਇਆ। ਇਹ ਹੈਰਾਨ ਹੁੰਦਾ ਹੈ, ਕਹਿੰਦਾ ਬੱਚਾ ਮੇਰਾ ਹੀ ਹੈ। ਉਹ ਬੱਚਾ ਪਿਆਰ ਕਰਦਾ ਹੈ, ਇਹ ਉਹਨੂੰ ਦੂਰ ਕਰਦਾ ਹੈ, ਉਹ ਕਹਿੰਦਾ ਦੂਰ ਕਿਉਂ ਮੈਨੂੰ ਕਰੀਂ ਜਾਂਦਾ ਹੈਂ ਤੂੰ, ਤੂੰ ਕਿਥੇ ਚਲਿਆ ਗਿਆ ਸੀ? ਘਰ ਤਾਂ ਸਾਰੇ ਰੋਂਦੇ ਨੇ, ਨੱਠ ਕੇ ਜਾ ਕੇ ਘਰ ਦੱਸ ਦਿਤਾ। ਪਿੰਡ 'ਚ ਰੌਲਾ ਪੈ ਗਿਆ, ਸਾਰਾ ਪਿੰਡ ਇਕੱਠਾ ਹੋ ਗਿਆ, ਰਾਜਾ ਘੇਰ ਲਿਆ। ਘਰਵਾਲੀ ਕਹਿੰਦੀ, ਤੂੰ ਐਨਾ ਧੋਖਾ ਦਿਤਾ, ਘੋੜਾ ਕਿਥੋਂ ਲੈ ਆਇਆ। ਹੀਰੇ ਜਵਾਹਰਾਤ ਕਿੱਥੋਂ ਪਾ ਲਏ, ਚੋਰੀ ਕਰਨ ਗਿਆ ਸੀ, ਮਰਨ ਦਾ ਬਹਾਨਾ ਕਰਕੇ, ਤੈਨੂੰ ਕੀਹਨੇ ਕੱਢ ਲਿਆ ਵਿਚੋਂ ਕਬਰ ਦੇ। ਝਗੜਾ ਪਿਆ ਹੋਇਆ ਹੈ, ਲੋਕ ਖਹਿੜਾ ਨਹੀਂ ਛੱਡਦੇ, ਘੇਰਿਆ ਹੋਇਆ ਹੈ, ਬਥੇਰਾ ਕਹਿੰਦਾ ਹੈ ਕਿ ਮੈਂ ਰਾਜਾ ਹਾਂ, ਮੈਂ ਰਾਜਾ ਹਾਂ। ਕੋਈ ਨਹੀਂ ਮੰਨਦਾ, ਐਨੇ ਨੂੰ ਗੁਰੂ ਮਹਾਰਾਜ ਆ ਗਏ, ਆ ਕੇ ਕਹਿਣ ਲੱਗੇ, ਪਿਆਰਿਓ! ਰਾਜੇ ਨੂੰ ਕਿਉਂ ਘੇਰਿਆ ਹੈ? ਕਹਿੰਦੇ, ਸੱਚੇ ਪਾਤਸ਼ਾਹ! ਇਹ ਰਾਜਾ ਨਹੀਂ ਹੈ, ਇਹ ਤਾਂ ਸਾਡੇ ਪਿੰਡ ਦਾ ਫਲਾਣਾ ਬੰਦਾ ਹੈ, ਕੱਲ੍ਹ ਮਰਿਆ ਸੀ ਇਹ, ਪਾਖੰਡ ਕਰਕੇ ਪਤਾ ਨਹੀਂ ਕਿਵੇਂ ਨਿਕਲ ਗਿਆ। ਬੱਚੇ ਨੂੰ ਪਿਆਰ ਨਹੀਂ ਕਰਦਾ। ਮਹਾਰਾਜ ਜੀ ਨੇ ਰਾਜੇ ਵਲ ਦੇਖਿਆ, ਕਹਿੰਦੇ ਕਿਉਂ ਰਾਜਨ! ਕਹਿਣ ਲੱਗੇ, ਮਹਾਰਾਜ ਮੇਰੇ ਤਾਂ ਸਮਝ ਤੋਂ ਪਰ੍ਹੇ ਦੀ ਗੱਲ ਹੋ ਗਈ। ਪਰਿਵਾਰ ਮੇਰਾ ਹੀ ਹੈ ਇਹ, ਮੈਂ ਹੀ ਮਰਿਆ ਹਾਂ, ਹੋ ਕੀ ਗਿਆ, ਇਧਰ ਵੀ ਮੈਂ ਹਾਂ, ਓਧਰ ਵੀ ਮੈਂ ਹਾਂ। ਕ੍ਰਿਪਾ ਕਰੋ, ਮੈਨੂੰ ਛੁਡਾਓ ਇਥੋਂ। ਮਹਾਰਾਜ ਕਹਿਣ ਲੱਗੇ ਦੇਖੋ ਪ੍ਰੇਮੀਓ! ਤੁਹਾਡਾ ਬੰਦਾ ਮਰ ਗਿਆ ਨਾ, ਕਿਥੇ ਦਬਿਆ ਸੀ? ਕਹਿੰਦੇ ਜੀ ਉਥੇ। ਕਹਿੰਦੇ ਜੇ ਤਾਂ ਉਥੇ ਕਬਰ ਵਿਚ ਹੋਇਆ, ਫੇਰ ਤਾਂ ਇਹ ਰਾਜਾ ਹੀ ਹੈ, ਸ਼ਕਲਾਂ ਦੋ ਵੀ ਰਲ ਸਕਦੀਆਂ ਨੇ। ਉਸ ਵੇਲੇ ਮਹਾਰਾਜ ਕਹਿੰਦੇ ਕਬਰ ਪੁੱਟੋ। ਜਦੋਂ ਕਬਰ ਪੁੱਟੀ, ਤਾਂ ਵਿਚੋਂ ਕੱਢ ਲਿਆ। ਸਾਰੇ ਹੈਰਾਨ, ਕਹਿੰਦੇ ਇਹਦੇ ਤਾਂ ਨਕਸ਼ ਸਾਰੇ ਹੀ ਇਹਦੇ ਨਾਲ ਰਲਦੇ ਨੇ। ਅਖੀਰ ਸਾਰਿਆਂ ਨੇ ਨਮਸ਼ਕਾਰ ਕਰ ਦਿਤੀ। ਵਾਪਸ ਆ ਗਏ, ਬੜਾ ਹੈਰਾਨ ਹੋ ਰਿਹਾ ਹੈ।

ਮਹਾਰਾਜ ਕਹਿੰਦੇ, ਰਾਜਨ! ਤੇਰੇ ਮਨ ਵਿਚ ਕੀ ਗੱਲ ਆਈ ਸੀ, ਜਦ ਤੂੰ ਨਮਸ਼ਕਾਰ ਕਰੀ ਸੀ ਤੇ ਮਾਇਆ ਭੇਟ ਕਰੀ ਸੀ? ਸੱਚੇ ਪਾਤਸ਼ਾਹ! ਤੁਸੀਂ ਬਚਨ ਕਰ ਰਹੇ ਸੀ –

*ਲੇਖੁ ਨ ਮਿਟਈ ਹੇ ਸਖੀ*
*ਜੋ ਲਿਖਿਆ ਕਰਤਾਰਿ ॥ ਅੰਗ – ੯੩੭*

ਮੇਰੇ ਮਨ ਵਿਚ ਆਈ ਕਿ ਜੇ ਲੇਖ ਨਹੀਂ ਮਿਟਦਾ, ਤਾਂ ਫੇਰ ਗੁਰੂਆਂ ਨੂੰ ਨਮਸ਼ਕਾਰਾਂ ਕਰਨ ਦਾ ਕੀ ਫਾਇਦਾ? ਕਹਿੰਦੇ, ਰਾਜਨ! ਸੰਤ, ਗੁਰੂ ਉਹ ਹੁੰਦੇ ਨੇ; ਪ੍ਰਮੇਸ਼ਰ ਆਪਣੀ ਕੀਤੀ ਮੇਟ ਨਹੀਂ ਸਕਿਆ ਕਰਦਾ,

veto power ਸੰਤਾਂ ਕੋਲ ਹੈ -

*ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ*
*ਓਇ ਰਾਮ ਨਾਮ ਰੰਗਿ ਰਾਤੇ ॥*
*ਤਿਨ੍ ਕੀ ਸੋਭਾ ਸਭਨੀ ਥਾਈ*
*ਜਿਨ੍ ਪ੍ਰਭ ਕੇ ਚਰਣ ਪਰਾਤੇ ॥ ਅੰਗ - ੭੪੮*

ਪ੍ਰਭੂ ਦੀ ਕੀਤੀ ਤਾਂ ਮੇਟ ਨਹੀਂ ਸਕਦੇ ਪਰ ਉਹ ਸੂਲੀ ਦੀ, ਸੂਲ ਬਣਾ ਦਿੰਦੇ ਨੇ। ਕਹਿੰਦੇ, ਤੂੰ ਠੀਕ 40 ਸਾਲ ਇਸੇ ਤਰ੍ਹਾਂ ਦੇ ਨਾਲ ਭੁਗਤਣੇ ਸੀ। ਐਥੇ ਆ ਕੇ ਸਤਿਸੰਗ ਕੀਤਾ। ਸਤਿਸੰਗ ਦਾ ਫਲ ਇਹ ਹੋਇਆ ਕਿ ਤੇਰਾ ਉਹ ਲੇਖ ਕੇਵਲ ਸੁਪਨੇ ਮਾਤਰ ਹੋ ਕੇ ਮਿਟ ਗਿਆ। ਜਿਹੜੀ ਗੱਲ ਅੱਜ ਤੋਂ 40 ਸਾਲ ਬਾਅਦ ਹੋਣੀ ਸੀ, ਸੁਪਨੇ ਦੇ ਵਿਚ ਉਹ ਸਮਾਂ ਖਿੱਚ ਕੇ ਅੱਗੇ ਕਰਕੇ ਤੇਰਾ ਕਰਮ ਕੱਟ ਦਿਤਾ। ਸੋ ਜੋ ਮਹਾਂਪੁਰਸ਼ ਹੋਇਆ ਕਰਦੇ ਨੇ, ਸਮਾਂ ਖਿੱਚ ਲਿਆ ਕਰਦੇ ਨੇ।

ਸੋ ਇਸੇ ਤਰ੍ਹਾਂ ਕ੍ਰਿਸ਼ਨ ਮਹਾਰਾਜ ਨੇ ਸਮਾਂ ਖਿੱਚ ਲਿਆ, ਉਥੇ ਬਾਹਰ ਚਲਿਆ ਗਿਆ, ਬਉਰਾ ਹੋਇਆ ਫਿਰਦਾ ਹੈ। ਕਿਸੇ ਨੇ ਪੁਛਿਆ ਪ੍ਰੇਮੀਆਂ! ਕੀ ਗੱਲ? ਤੂੰ ਰੋਈ ਜਾਂਦਾ ਹੈਂ? ਕਹਿੰਦਾ, ਮੇਰੇ ਨਾਲ ਕ੍ਰਿਸ਼ਨ ਮਹਾਰਾਜ ਸੀਗੇ, ਤੇ ਮੈਨੂੰ ਪਤਾ ਨਹੀਂ ਲਗਦਾ ਉਹ ਕਿੱਥੇ ਚਲੇ ਗਏ? ਉਹ ਹੈਰਾਨ ਹੋ ਗਿਆ, ਕਹਿਣ ਲੱਗਿਆ, ਪ੍ਰੇਮੀਆਂ! ਕੋਈ ਦਿਮਾਗ ਵਿਚ ਤੇਰੇ ਗੜਬੜ ਤਾਂ ਨਹੀਂ? ਕਹਿੰਦਾ, ਕ੍ਰਿਸ਼ਨ ਮਹਾਰਾਜ ਨੂੰ ਹੋਇਆਂ ਨੂੰ ਪੂਰੇ ਤਿੰਨ ਸੌ ਸਾਲ ਹੋ ਚੁੱਕੇ। ਉਨ੍ਹਾਂ ਦਾ ਜੋ ਲੜਕਾ ਸੀ ਅਭਿਮਨਯੂੰ ਉਹ ਜੰਗ ਦੇ ਵਿਚ ਸ਼ਹੀਦ ਹੋ ਗਿਆ ਸੀ, ਉਸ ਤੋਂ ਬਾਅਦ ਆਪਣੇ ਪੋਤੇ ਰਾਜਾ ਪ੍ਰੀਛਤ, ਨੂੰ ਰਾਜ ਦੇ ਕੇ ਉਹ ਤਾਂ ਹਿਮਾਲੀਆਂ ਪਰਬਤ ਚਲੇ ਗਏ ਸੀ ਤਪ ਕਰਨ, ਉਥੋਂ ਵਾਪਸ ਨਹੀਂ ਆਏ। ਉਨ੍ਹਾਂ ਦਾ ਜਿਹੜਾ ਪੋਤਾ ਸੀ ਉਸ ਤੋਂ ਅੱਗੇ ਜਨਮੇਜਾ ਹੋਇਆ, ਹੁਣ ਜਨਮੇਜੇ ਦਾ ਪੁੱਤਰ ਰਾਜ ਕਰ ਰਿਹਾ ਹੈ। ਕਿੰਨੀਆਂ ਪੁਸ਼ਤਾਂ ਲੰਘ ਗਈਆਂ ਤੇ ਤੂੰ ਗੱਲ ਕਰਦਾ ਹੈਂ, ਕ੍ਰਿਸ਼ਨ ਮਹਾਰਾਜ ਦੀ। ਉਹ ਤਾਂ ਛੱਡ ਗਏ ਨੇ ਸਰੀਰ, ਬੱਧਕ ਨੇ ਬਾਣ ਮਾਰਿਆ ਸੀ। ਜੇ ਤੈਨੂੰ ਨਹੀਂ ਇਤਬਾਰ ਆਉਂਦਾ, ਚਲ ਪਿੰਡ ਕਥਾ ਹੋ ਰਹੀ ਹੈ। ਉਥੇ ਗਿਆ ਤਾਂ ਕਥਾ ਹੋ ਰਹੀ ਸੀ ਮਹਾਂਭਾਰਤ ਦੀ। ਅਰਜਨ ਦੀਆਂ ਗੱਲਾਂ ਹੋ ਰਹੀਆਂ ਸੀ। ਉਹ ਕਹਿੰਦਾ ਇਥੇ ਨਾ ਕਹੀਂ ਰਾਜਾ ਤੈਨੂੰ ਕੈਦ ਕਰ ਦੇਵੇਗਾ। ਅਰਜਨ ਨੂੰ ਗਏ ਨੂੰ ਤਾਂ ਐਨਾ ਚਿਰ ਹੋ ਗਿਆ, ਤੂੰ ਕਿਥੋਂ ਅਰਜਨ ਆ ਗਿਆ? ਸ਼ੱਕ ਪੈ ਗਿਆ ਉਹਨੂੰ, ਕਹਿੰਦਾ ਅਰਜਨ ਨਾ ਆਪਣਾ ਨਾਂ ਰੱਖੀਂ, ਪ੍ਰਦੇਸੀ ਤੂੰ ਹੈਗਾ, ਪ੍ਰਦੇਸੀ ਕਹਿ ਦਿਆ ਕਰ। ਜਦ ਰਾਜੇ ਨਾਉਂ ਪੁਛਿਆ, ਤਾਂ ਕਹਿੰਦਾ ਮੈਂ ਪ੍ਰਦੇਸੀ ਹਾਂ। ਰਾਜੇ ਨੇ ਆਪਣੀ ਫੌਜ 'ਚ ਰੱਖ ਲਿਆ। ਉਸਦੇ ਕਰਤੱਬ ਦੇਖ ਕੇ ਫੌਜਾਂ ਦਾ ਜਰਨੈਲ ਬਣਾ ਦਿਤਾ। ਆਪਣੀ ਲੜਕੀ ਦੀ ਸ਼ਾਦੀ ਕਰ ਦਿਤੀ। ਐਸਾ ਭੋਗਾਂ ਦੇ ਵਿਚ ਪ੍ਰਵਿਰਤ ਹੋਇਆ, ਪ੍ਰਮੇਸ਼ਰ ਨੂੰ ਭੁੱਲ ਗਿਆ, ਕ੍ਰਿਆਕਰਮ ਭੁੱਲ ਗਿਆ, ਨਿਤਨੇਮ ਭੁੱਲ ਗਿਆ ਤੇ ਗਲਤ ਕੰਮਾਂ ਦੇ ਵਿਚ ਪੈ ਗਿਆ ਜੇ ਕੋਈ ਕ੍ਰਿਸ਼ਨ ਦੀ ਗੱਲ ਕਰਦਾ ਹੈ ਤਾਂ ਨਰਾਜ਼ ਹੋ ਜਾਂਦਾ। ਰਾਜਾ, ਕ੍ਰਿਸ਼ਨ ਭਗਤ ਸੀਗਾ। ਗੱਲ ਨਾ ਸੁਣਿਆ ਕਰੇ। ਅਖੀਰ ਜਿਹੜੀ ਘਰਵਾਲੀ ਸੀ ਉਹ ਚੜ੍ਹਾਈ ਕਰ ਗਈ। ਚੜ੍ਹਾਈ ਕਰੀ ਤਾਂ ਜਦੋਂ ਉਹਦਾ ਸਸਕਾਰ ਕਰਨ ਲੱਗੇ ਤਾਂ ਕਹਿੰਦਾ ਮੈਂ ਤਾਂ ਨਾਲ ਹੀ ਜਾਣਾ ਹੈ ਇਹਦੇ, ਬਥੇਰਾ ਹਟਾਉਂਦੇ ਨੇ, ਨਹੀਂ ਸਮਝਦਾ। ਅਖੀਰ ਕ੍ਰਿਸ਼ਨ ਮਹਾਰਾਜ ਨੇ ਊਧੋ ਨੂੰ ਕਿਹਾ ਕਿ ਤੂੰ ਸਮਝਾ ਜਾ ਕੇ। ਉਹ ਊਧੋ ਜਦ ਸਮਝਾਉਣ ਲੱਗਿਆ ਤਾਂ ਕਹਿੰਦਾ ਤੈਨੂੰ ਤਾਂ ਮੈਂ ਜਾਣਦਾ ਹੀ ਨਹੀਂ। ਕਹਿੰਦਾ, ਅਰਜਨ! ਮੈਂ ਕ੍ਰਿਸ਼ਨ ਦਾ ਸਖਾ ਹਾਂ, ਮਿਤਰ ਹਾਂ। ਕਹਿੰਦਾ, ਕਿਹੜੇ ਕ੍ਰਿਸ਼ਨ ਨੇ, ਕ੍ਰਿਸ਼ਨ ਨੂੰ ਹੋਏ ਨੂੰ ਤਾਂ 300 ਸਾਲ ਲੰਘ ਗਏ। ਸਾਡੇ ਰੋਜ਼ ਕਥਾ ਹੁੰਦੀ ਹੈ, ਕਹਿੰਦਾ ਕਮਲਾ ਤਾਂ ਨਹੀਂ ਤੂੰ ਕਿਤੋਂ ਆ ਗਿਆ। ਜਦ ਉਹਦਾ ਵੀ ਕਿਹਾ ਨਾ ਮੰਨਿਆ ਤਾਂ ਕ੍ਰਿਸ਼ਨ ਮਹਾਰਾਜ ਨੇ ਆ ਕੇ ਕਹਿਣ ਲੱਗੇ ਅਰਜਨ! ਦੇਖ, ਮੋਹ ਵਸ ਨਹੀਂ ਹੋਈਦਾ, ਤੈਨੂੰ ਕਿੰਨਾ ਉਪਦੇਸ਼ ਦਿਤਾ ਸੀ, ਉਹ ਕਿਥੇ ਗਿਆ ਤੇਰਾ ਬ੍ਰਹਮਗਿਆਨ, ਜਿਹੜਾ ਤੈਨੂੰ ਦਿਤਾ ਸੀ। ਹੱਸਣ ਲਗ ਗਿਆ, ਕਹਿੰਦਾ ਤੂੰ ਕਿਥੋਂ ਆ ਗਿਆ, ਉਨ੍ਹਾਂ ਨੂੰ ਤਾਂ 300 ਸਾਲ ਹੋ ਗਏ, ਸਰੀਰ ਵੀ ਛੱਡ ਗਏ। ਕਹਿੰਦੇ, ਅਰਜਨ! ਮੈਂ ਤੇਰੇ ਤੇ ਮਾਇਆ ਪਾਈ ਹੋਈ ਹੈ। ਨਹੀਂ ਮੰਨਦਾ। ਕਹਿੰਦੇ, ਅਰਜਨ! ਤੈਨੂੰ ਮੈਂ ਕਿਹਾ ਸੀ ਨਾ ਕਿ ਇਹ ਮਾਇਆ ਐਨੀ ਪ੍ਰਬਲ ਹੈ ਕਿ ਵਾਹਿਗੁਰੂ ਹਰੇਕ ਦੇ ਨਾਲ ਰਹਿੰਦਾ ਹੈ ਪਰ ਪਛਾਣ ਨਹੀਂ ਸਕਦਾ -

*ਜਹ ਜਹ ਪੇਖਉ ਤਹ ਹਜੂਰਿ*
*ਦੂਰਿ ਕਤਹੁ ਨ ਜਾਈ ॥ ਅੰਗ - ੬੭੭*

ਇਹ ਤਾਂ ਬ੍ਰਹਮ ਵਾਕ ਨੇ, ਬਈ ਜਿਧਰ ਵੀ ਮੈਂ ਦੇਖਦਾ ਹਾਂ ਓਧਰ ਵਾਹਿਗੁਰੂ ਹੀ ਵਾਹਿਗੁਰੂ ਹੈ -

*ਰਵਿ ਰਹਿਆ ਸਰਬਤ੍ਰ ਮੈ*
*ਮਨ ਸਦਾ ਧਿਆਈ ॥ ੧ ॥*
*ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ ॥*
*ਬਿਨਸਿ ਜਾਇ ਜੋ ਨਿਮਖ ਮਹਿ*
*ਸੋ ਅਲਪ ਸੁਖੁ ਭਨੀਐ ॥ ਰਹਾਉ ॥*
*ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ ॥*
*ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ ॥*
*ਅੰਗ - ੬੭੭*

*ਸੋ ਅੰਤਰਿ ਸੋ ਬਾਹਰਿ ਅਨੰਤ ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ ॥*
*ਅੰਗ - ੨੯੩*

ਕਹਿਣ ਲੱਗੇ, ਭੁੱਲ ਗਏ। ਅਸੀਂ ਵੀ ਭੁੱਲੇ ਬੈਠੇ ਹਾਂ, ਅਸੀਂ ਬਿਲਕੁਲ ਨਹੀਂ ਗੁਰੂ ਮਹਾਰਾਜ ਦੇ ਬਚਨ ਤੇ ਪਹਿਰਾ ਦਿੰਦੇ, ਪਹਿਰਾ ਕੀ ਦੇਣਾ ਹੈ, ਕਿਉਂਕਿ ਮਾਇਆ ਦਾ ਅਸਰ ਪਿਆ ਹੋਇਆ ਹੈ। ਕਿਉਂਕਿ ਮਾਇਆ ਦਾ ਕੰਮ ਹੀ ਜੀਵ ਨੂੰ ਭੁਲਾਉਣਾ ਹੈ -

*ਧਾਰਨਾ - ਤੁਮਰੇ ਚਰਨ ਵਿਸਾਰੇ ਜੀ,*

ਇਨਿ੍ ਮਾਇਆ ਜਗਦੀਸ ਗੁਸਾਈ
ਤੁਮ੍ਰੇ ਚਰਨ ਬਿਸਾਰੇ ॥
ਕਿੰਚਤ ਪ੍ਰੀਤਿ ਨ ਉਪਜੈ
ਜਨ ਕਉ ਜਨ ਕਹਾ
ਕਰਹਿ ਬੇਚਾਰੇ ॥ ਅੰਗ - ੮੫੭

ਮਾਇਆ ਉਹਨੂੰ ਕਹਿੰਦੇ ਨੇ, ਜਿਸਨੂੰ illusion ਕਹਿੰਦੇ ਨੇ ਅੰਗ੍ਰੇਜ਼ੀ ਵਿਚ। ignorance, ਭੁੱਲ, ਅਵਿਦਿਆ; ਹੁਣ ਐਨੀ ਅਵਿਦਿਆਂ ਤੇ ਭੁੱਲ ਪੈ ਗਈ, ਵਾਹਿਗੁਰੂ ਤਾਂ ਇਹਦੇ ਨਾਲ ਰਹਿੰਦਾ, ਪਹਿਲਾਂ ਤਾਂ ਇਹ ਅੱਡ ਹੋ ਕੇ ਜੀਵ ਬਣਿਆ ਹੈ। ਦਰਅਸਲ ਹੈ ਨਹੀਂ ਇਹ ਇਕ ਭੂਠਾ, ਜਿਵੇਂ ਪਰਛਾਵਾਂ ਹੁੰਦਾ ਹੈ, ਪਰਛਾਵੇਂ ਨੂੰ ਆਪਣਾ ਮੰਨ ਲਿਆ ਇਹਨੇ -

ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ॥
ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ॥
ਅੰਗ - ੫੫੦

ਪਰਛਾਵਾਂ ਬਣ ਗਿਆ ਆਪ ਤੇ ਜਿਹੜਾ ਸਾਖੀ ਸੀ ਅਸਲੀ ਹੈ ਸਰੀਰ ਦੇ ਵਿਚ। ਜਿਹਨੂੰ ਆਤਮਾ ਕਹਿੰਦੇ ਨੇ ਉਹਨੂੰ ਭੁੱਲ ਗਿਆ, ਆਪਣੇ ਆਪ ਨੂੰ ਭੁੱਲ ਗਿਆ। ਭੁੱਲ ਕੇ ਮਹਾਂਪੁਰਸ਼ ਇਹਨੂੰ ਜਗਾਉਂਦੇ ਫਿਰਦੇ ਨੇ, ਹਾਕਾਂ ਮਾਰਦੇ ਫਿਰਦੇ ਨੇ।

ਜਾਗ ਲੇਹੁ ਰੇ ਮਨਾ ਜਾਗ ਲੇਹੁ
ਕਹਾ ਗਾਫਲ ਸੋਇਆ ॥
ਜੋ ਤਨੁ ਉਪਜਿਆ ਸੰਗ
ਹੀ ਸੋ ਭੀ ਸੰਗਿ ਨ ਹੋਇਆ ॥
ਅੰਗ - ੭੨੬

ਤੂੰ ਤਨ ਬਣਿਆ ਬੈਠਾ ਹੈਂ ਇਹ ਤਾਂ ਤੇਰੇ ਹੱਥੋਂ ਨਿਕਲਦਾ ਜਾ ਰਿਹਾ ਹੈ। ਇਹ ਤਾਂ ਹੌਲੀ-ਹੌਲੀ ਚਲਿਆ ਜਾਣਾ ਹੈ, ਰਹਿਣਾ ਨਹੀਂ ਹੈ। ਤੈਨੂੰ ਪ੍ਰਤੀਤ ਨਹੀਂ ਉਹਦੀ-

ਫਰੀਦਾ ਕਿਥੈ ਤੈਡੇ ਮਾਪਿਆ
ਜਿਨ੍ੀ ਤੂ ਜਣਿਓਹਿ ॥
ਤੈ ਪਾਸਹੁ ਓਇ ਲਦਿ ਗਏ
ਤੂੰ ਅਜੈ ਨ ਪਤੀਣੋਹਿ॥ ਅੰਗ - ੧੩੮੧

ਦੱਸ ਤਾਂ ਸਹੀ ਧਿਆਨ ਦੇ ਕੇ ਕਿ ਕਿੱਥੇ ਚਲੇ ਗਏ? ਉਹ ਤਾਂ ਲੱਦੇ ਹੋਏ ਚਲੇ ਗਏ, ਕੁਛ ਪਾਪਾਂ ਦੇ ਲੱਦੇ ਹੋਏ, ਕੁਛ ਪੁੰਨਾਂ ਦੇ ਲੱਦੇ ਹੋਏ। ਲੰਘ ਗਏ ਇਥੋਂ। ਜੇ ਇਹ ਜਗ ਸਤਿ ਹੁੰਦਾ, ਉਹ ਮੁੜ ਕੇ ਵੀ ਤਾਂ ਆਉਂਦੇ। ਉਹ ਤਾਂ ਆਉਂਦੇ ਹੀ ਨਹੀਂ ਮੁੜ ਕੇ ਜਿਹੜਾ ਲੰਘ ਗਿਆ, ਲੰਘ ਗਿਆ। ਜਿਹਦਾ ਇਕ ਵਾਰੀ conection (ਸਬੰਧ) ਟੁਟ ਗਿਆ, ਉਹ ਟੁੱਟ ਹੀ ਗਿਆ। ਨਦੀ ਦਾ ਪਾਣੀ ਹੈ ਪਿਆਰਿਓ, ਚੁੱਕ ਕੇ ਰੇਤੇ ਨੂੰ ਖਿੰਡਾ ਦਿੰਦਾ ਹੈ, ਕੋਈ ਕਿਣਕਾ ਕਿਤੇ, ਕੋਈ ਕਿਣਕਾ ਕਿਤੇ। ਫੇਰ ਨਹੀਂ ਮੇਲ ਹੁੰਦਾ। ਬਹੁਤ ਔਖਾ ਹੈ -

ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ ॥
ਅੰਗ - ੭੨੯

ਸਵਾਲ ਹੈ ਇਹ ਕਿ ਮਿਲ ਜਾਵਾਂਗੇ ਕਿ ਨਹੀਂ ਮਿਲਾਂਗੇ? ਮਹਾਰਾਜ ਕਹਿੰਦੇ ਸ਼ਬਦ ਦਾ ਮਿਲਾਵਾ ਹੁੰਦਾ ਹੈ, ਜੇ ਸ਼ਬਦ ਦੇ ਵਿਚ ਆ ਜਾਓ, ਫੇਰ ਮੇਲੇ ਹੈਗੇ, ਆਹ ਦੇਹ ਦਾ ਮੇਲਾ ਨਹੀਂ ਹੁੰਦਾ। ਰੂਹਾਂ ਨਹੀਂ ਇਹ ਦੁਬਾਰਾ ਮਿਲਦੀਆਂ। ਜਿਹੜਾ ਵਿਛੜ ਗਿਆ ਸੁ ਵਿਛੜ ਗਿਆ। ਸਮੁੰਦਰ ਦੀਆਂ ਲਹਿਰਾਂ ਉਠਦੀਆਂ ਨੇ। ਪਿਛਲੀਆਂ ਲਹਿਰਾਂ ਜੇ ਕਹਿਣ ਕਿ ਅਸੀਂ ਮੂਹਰਲੀਆਂ ਨੂੰ ਮਿਲ ਲਈਏ, ਮੂਹਰਲੀਆਂ ਨੂੰ ਕਿਥੋਂ ਮਿਲਣਾ ਹੈ। ਉਹ ਤਾਂ ਕੰਢੇ ਤੇ ਆ ਕੇ ਪਾਣੀ ਨਾਲ ਪਾਣੀ ਫੇਰ ਬਣ ਜਾਣਾ ਹੈ।

ਜਿਉ ਜਲ ਮਹਿ ਜਲੁ ਆਇ ਖਟਾਨਾ ॥
ਤਿਉ ਜੋਤੀ ਸੰਗਿ ਜੋਤਿ ਸਮਾਨਾ ॥
ਮਿਟਿ ਗਏ ਗਵਨ ਪਾਏ ਬਿਸ੍ਰਾਮ ॥
ਨਾਨਕ ਪ੍ਰਭ ਕੈ ਸਦ ਕੁਰਬਾਨ ॥ ਅੰਗ - ੨੭੮

ਪਰ ਜਿਹੜੇ ਅਗਿਆਨਮਈ ਸਰੀਰ ਹਨ, ਜੀਵ ਆਤਮਾਵਾਂ ਨੇ ਉਨ੍ਹਾਂ ਨੂੰ ਅਸੀਂ ਜਾਣਦੇ ਨਹੀਂ, ਅਸੀਂ ਆਪਣਾ ਹੀ ਰੰਗ-ਰੂਪ ਨਹੀਂ ਜਾਣਦੇ, ਕਿਹੋ ਜਿਹਾ ਹੈ। ਸਰੀਰ ਨੂੰ ਤਾਂ ਜਾਣਦੇ ਹਾਂ। ਸ਼ੀਸ਼ੇ ਦੇ ਸਾਮ੍ਹਣੇ ਹੋ ਕੇ ਦੇਖ ਲਵਾਂਗੇ ਕਿ ਐਹੋ ਜਿਹਾ ਸਰੀਰ ਹੈ। ਇਹਦੇ ਵਿਚ ਜਿਹੜੀਆਂ ਚੀਜ਼ਾਂ ਰਹਿੰਦੀਆਂ ਨੇ, ਉਨ੍ਹਾਂ ਨੂੰ ਅਸੀਂ ਕਿਸੇ ਨੂੰ ਵੀ ਨਹੀਂ ਜਾਣਦੇ, ਆਪਣੇ ਆਪ ਨੂੰ ਨਹੀਂ ਜਾਣਦੇ, ਐਨੀ ਭੁੱਲ ਪਈ ਹੋਈ ਹੈ। ਜਦ ਤਕ ਗਿਆਨ ਨਹੀਂ ਹੁੰਦਾ, ਪੂਰੇ ਸਤਿਗੁਰੂ ਦਾ ਮਿਲਾਪ ਨਹੀਂ ਹੁੰਦਾ, ਓਨੀਂ ਦੇਰ ਤਕ ਹਉਮੈ ਦਾ ਨਾਸ਼ ਨਹੀਂ ਹੁੰਦਾ। ਜਦੋਂ ਤੱਕ ਹਉਮੈ ਦਾ ਨਾਸ਼ ਨਹੀਂ ਹੁੰਦਾ ਓਨੀਂ ਦੇਰ ਅਸੀਂ ਭੁੱਲੇ ਹੋਏ ਹਾਂ। ਸੋ ਮਹਾਰਾਜ ਕਹਿੰਦੇ ਪਿਆਰਿਓ! ਆਪਣੇ ਆਪ ਨੂੰ ਭੁੱਲ ਕੇ ਜੀਵ ਦੁਖੀ ਹੋ ਰਿਹਾ ਹੈ। ਕਾਰਨ ਕੀ ਹੈ? ਕਿਉਂਕਿ ਇਹਦੀ ਸੁਰਤ ਜਿਹੜੀ ਹੈ ਉਹ chemical ਸੁਰਤ ਹੈ, ਦਿਮਾਗ ਦੀ ਸੁਰਤ ਹੈ ਇਹਦੀ; ਇਹ ਸੁਰਤ ਨੇ ਆਪਣੀ ਦੁਨੀਆਂ ਬਣਾ ਲਈ, ਜਿਹੜੀ ਅਸਲੀ ਸੁਰਤ ਹੈ ਉਹਦਾ ਇਹਨੂੰ ਪਤਾ ਨਹੀਂ ਲਗਦਾ। ਇਲੈਕਟ੍ਰੌਨਿਕ ਤੇ ਮਗਨੈਟਿਕ ਦੋ ਲਹਿਰਾਂ ਸਾਡੇ ਅੰਦਰ ਬਿਜਲੀ ਦੀਆਂ ਚਲਦੀਆਂ ਨੇ ਦਿਮਾਗ ਦੇ ਅੰਦਰ; ਉਹ ਜੇ ਤਾਂ ਚਲਦੀਆਂ ਨੇ ਦਿਮਾਗ ਜੀਉਂਦਾ ਹੈ, ਜੇ ਉਹ ਖੜ੍ਹ ਜਾਣ ਦਿਮਾਗ ਉਸੇ ਵੇਲੇ dead (ਮਰ) ਹੋ ਜਾਂਦਾ ਹੈ। ਕਹਿੰਦੇ ਨੇ ਇਹ ਤਾਂ dead (ਮਰ) ਹੋ ਗਿਆ ਜੀ। ਉਹਦੀ ਜਿਹੜੀ ਸੁਰਤ ਹੈ, ਉਹ lower level (ਹੇਠਲੇ ਪੱਧਰ) ਦੀ ਹੈ, ਘਟੀਆ level ਦੀ, higher level (ਉਪਰਲੇ ਪੱਧਰ) ਦੀ ਨਹੀਂ ਹੈ, ਇਹਦੇ ਅੰਦਰ ਹੀ ਦੂਸਰੀ ਸੁਰਤ ਹੈ, ਜਿੰਨੀ ਦੇਰ ਤਕ ਇਹ ਸਮਰੱਥ ਗੁਰੂ ਨੂੰ ਮਿਲ ਕੇ ਓਸ ਸੁਰਤ ਵਿਚ ਪਹੁੰਚਣ ਦਾ ਯਤਨ ਨਹੀਂ ਕਰਦਾ। ਜਿਹਨੂੰ ਮਹਾਰਾਜ ਨੇ ਕਿਹਾ ਹੈ -

*ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥*
*ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥*
*ਅੰਗ - ੮*

*ਕਹਿ ਕਬੀਰ ਬੁਧਿ ਹਰਿ ਲਈ ਮੇਰੀ*
*ਬੁਧਿ ਬਦਲੀ ਸਿਧਿ ਪਾਈ ॥ ਅੰਗ - ੩੩੯*

ਜਦ ਸਿਧ ਪਾਈ ਫੇਰ ਕੀ ਹੋ ਗਿਆ, ਕਹਿੰਦੇ -

*ਗੁਰਹਿ ਦਿਖਾਇਓ ਲੋਇਨਾ ॥੧॥ ਰਹਾਉ ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ ॥ ਅੰਗ - ੪੦੭*

ਅੱਖ ਖੁਲ੍ਹ ਗਈ ਤੀਸਰੀ। ਤੀਸਰੀ ਅੱਖ ਖੁਲ੍ਹਦੇ ਸਾਰ ਨਿਗ੍ਹਾਂ ਹੋਰ ਹੋ ਗਈ। ਸੋ ਮਹਾਰਾਜ ਕਹਿੰਦੇ ਪਿਆਰਿਆ! ਅਸਲੀ ਤਾਂ ਚੀਜ਼ ਹੈਗੀ ਓਹੀ। ਫੇਰ ਨਜ਼ਰ ਆ ਗਿਆ ਕਿ ਇਥੇ ਤਾਂ ਵਾਹਿਗੁਰੂ ਤੋਂ ਬਿਨਾਂ ਹੋਰ ਹੈ ਹੀ ਨਹੀਂ ਕੋਈ। ਅੱਖਾਂ ਉਹਦੀਆਂ ਦੇਖਣ ਨੂੰ ਏਹੋ ਜਿਹੀਆਂ ਹੀ ਹੁੰਦੀਆਂ ਨੇ ਲੇਕਿਨ ਅੰਦਰ ਇਕ ਅਨੁਭਵ ਦੀ ਅੱਖ ਖੁਲ੍ਹ ਜਾਂਦੀ ਹੈ ਜਿਹਦੇ ਨਾਲ ਓਹਦੀ ਦ੍ਰਿਸ਼ਟੀ 'ਚ ਫਰਕ ਪੈ ਜਾਂਦਾ ਹੈ। ਸੋ ਮਹਾਰਾਜ ਸਾਨੂੰ ਸਲਾਹ ਦਿੰਦੇ ਨੇ ਕਿ ਭੋਲਿਓ! ਕਿਉਂ ਤੁਸੀਂ ਜਨਮ ਬਰਬਾਦ ਕਰਦੇ ਹੋ। ਆਹ ਜਿਹੜੀ ਸੁਰਤ ਤੁਹਾਨੂੰ ਆਈ ਹੋਈ ਹੈ, 'ਮੈਂ' ਤੇ 'ਮੇਰੀ' ਦੀ, ਇਹਨੂੰ ਵਿਸਾਰੋ -

*ਧਾਰਨਾ - ਮਨ ਭੋਲਿਆ ਹਉਮੈ ਸੁਰਤ ਵਿਸਾਰ।*

ਐਡੀ ਵੱਡੀ ਗੱਲ ਮਹਾਰਾਜ ਜੀ ਨੇ ਕਹਿ ਦਿਤੀ। ਸੱਚੇ ਪਾਤਸ਼ਾਹ! ਇਕ ਬੰਦਾ ਕੈਂਸਰ ਦਾ ਹੋਵੇ ਰੋਗੀ ਤੇ ਉਹਨੂੰ ਜੇ ਕੋਈ ਡਾਕਟਰ ਕਹੇ, ਕੈਂਸਰ ਨੂੰ ਭੁੱਲ ਜਾ, ਵਿਸਾਰ ਦੇ ਕੈਂਸਰ, ਉਹਦੇ ਤਾਂ ਵਸ ਤੋਂ ਬਾਹਰਲੀ ਗੱਲ ਹੈ। ਸੱਚੇ ਪਾਤਸ਼ਾਹ! ਜੇ ਸਾਡੇ ਵਸ ਵਿਚ ਹੋਵੇ, ਐਨੇ ਬਚਨ ਸੁਣ ਕੇ ਸਾਨੂੰ ਤਾਂ ਗਿਆਨ ਹੋ ਜਾਵੇ, ਨਹੀਂ ਵਿਸਾਰੀ ਜਾਂਦੀ, ਕੋਈ ਢੰਗ ਦੱਸੋ। ਮਹਾਰਾਜ ਕਹਿੰਦੇ, ਨਾਮ ਦਾ ਨਾ ਗਿਆਨ ਹੋਣ ਕਰਕੇ ਇਹ ਗੱਲ ਹੋ ਰਹੀ ਹੈ, ਪਹਿਲਾਂ ਸਾਰੀ ਪ੍ਰਾਕ੍ਰਿਤੀ, ਸਾਰੀ ਸ੍ਰਿਸ਼ਟੀ ਦੇ ਵਿਚੋਂ ਚੀਜ਼ ਟੋਲ੍ਹ, ਜਿਹੜੀ ਖਾ ਕੇ ਬੀਮਾਰੀ ਨੂੰ ਦੂਰ ਕਰ ਦੇਵੇ, ਕੋਈ ਹੈ ਐਸੀ? ਮਹਾਰਾਜ ਕਹਿੰਦੇ, ਦੇਖੋ ਇਕ ਤਾਂ ਨਾਮ ਵਾਲੀ ਸੁਰਤ ਹੈ, ਇਕ ਨਾਮ ਤੋਂ ਹੀਣੀ ਸੁਰਤ ਹੈ। ਜਿਹੜੀ ਨਾਮ ਵਾਲੀ ਸੁਰਤ ਹੈ ਉਹ ਤਾਂ ਹੈ ਅਸਲੀ ਸੁਰਤ। ਜਿਹੜੀ ਨਾਮ ਤੋਂ ਹੀਣੀ ਸੁਰਤ ਹੈ, ਉਹ ਜਿਹੜੀ ਸੁਰਤ ਹੈ, ਉਹ ਕਹਿੰਦੇ ਸੁਰਤ ਨਹੀਂ ਉਹ ਤਾਂ ਬਉਰਾ ਹੋਇਆ-ਹੋਇਆ ਹੈ ਬੰਦਾ, ਹਲਕਿਆ ਹੋਇਆ ਹੈ।

*ਅੰਮ੍ਰਿਤ ਨਾਮੁ ਸਦਾ ਸੁਖਦਾਤਾ*
*ਅੰਤੇ ਹੋਇ ਸਖਾਈ ॥*
*ਬਾਝੁ ਗੁਰੂ ਜਗਤੁ ਬਉਰਾਨਾ*
*ਨਾਵੈ ਸਾਰ ਨ ਪਾਈ ॥ ਅੰਗ - ੧੨੯੭*

ਤਿੰਨ ਚੀਜ਼ਾਂ ਆ ਗਈਆਂ, ਇਕ ਨਾਮ ਆ ਗਿਆ, ਇਕ ਗੁਰੂ ਆ ਗਿਆ, ਇਕ ਬੇਸੁਰਤੀ ਹਉਮੈ ਆ ਗਈ। ਹੁਣ ਮਹਾਰਾਜ ਨੇ ਕਿਹਾ ਕਿ ਡਾਕਟਰ ਜਿਹੜਾ ਅਸਲੀ ਹੈ ਉਹ ਤਾਂ ਹੈਗਾ ਗੁਰੂ। ਗੁਰੂ ਕੋਲ ਕੀ ਹੈ?

*ਸਤਿਗੁਰ ਸੇਵੈ ਲਗਿਆ*
*ਕਢਿ ਰਤਨੁ ਦੇਵੈ ਪਰਗਾਸਿ॥ ਅੰਗ - ੪੦*

ਗੁਰੂ ਕੋਲ ਨਾਮ ਹੋਇਆ ਕਰਦਾ ਹੈ, ਕਿਉਂਕਿ ਨਾਮ ਦਾ ਦਾਤਾ ਹੋਰ ਕੋਈ ਹੈ ਨਹੀਂ ਬਗੈਰ ਗੁਰੂ ਤੋਂ।

*ਬਿਨੁ ਸਤਿਗੁਰ ਨਾਉ ਨ ਪਾਈਐ*
*ਬੁਝਹੁ ਕਰਿ ਵੀਚਾਰੁ ॥*
*ਨਾਨਕ ਪੂਰੈ ਭਾਗਿ ਸਤਿਗੁਰੁ ਮਿਲੈ*
*ਸੁਖੁ ਪਾਏ ਜੁਗ ਚਾਰਿ ॥ ਅੰਗ - ੬੪੯*

ਅਸੀਂ ਕਹਿੰਦੇ ਹਾਂ ਕਿ ਗੁਰੂ ਤਾਂ ਧਾਰਨ ਅਸੀਂ ਕਰ ਲਿਆ, ਅੰਮ੍ਰਿਤ ਛਕ ਲਿਆ, ਤੇ ਪੰਜ ਪਿਆਰਿਆਂ ਨੇ ਸਾਨੂੰ ਨਾਮ ਦੇ ਦਿਤਾ। ਕਹਿੰਦੇ, ਨਾਮ ਨਹੀਂ ਪੰਜ ਪਿਆਰੇ ਮੰਤ੍ਰ ਦਿੰਦੇ ਨੇ, ਉਹ ਮੰਤ੍ਰ ਦਾ ਤੂੰ ਜਾਪ ਕਰ, ਜਿਵੇਂ ਮੰਤ੍ਰ ਸਿੱਧ ਕਰੀਦਾ ਹੈ, ਇਹ ਮੰਤਰ ਜਦ ਸਿੱਧ ਹੋ ਗਿਆ, ਉਸ ਵੇਲੇ ਤੇਰੇ ਅੰਦਰੋਂ ਨਾਮ ਪ੍ਰਗਟ ਹੋ ਜਾਣਾ ਹੈ। ਨਾਮ ਨਹੀਂ ਕੋਈ ਵੀ ਦਿੰਦਾ। ਨਾਮ ਤਾਂ ਆਪਣੇ ਅੰਦਰ ਹੁੰਦਾ ਹੈ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥ ਅੰਗ - ੨੯੩*

ਕਹਿੰਦੇ ਕਿੱਥੇ ਹੈ? ਕਹਿੰਦੇ ਜਿਥੇ ਹੈਗਾ, ਉਥੇ ਨੀਸ਼ਾਨੀ ਦੱਸ ਦਿੰਦੇ ਹਾਂ -

*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥*
*ਅੰਗ - ੨੯੩*

ਉਥੇ ਕੋਈ ਫੁਰਨਾ ਨਹੀਂ। ਉਥੇ music (ਸੰਗੀਤ) ਹੈ, ਆਤਮਕ ਸੰਗੀਤ ਹੈ, ਜਿਥੇ ਨਾਮ ਦਾ ਵਾਸਾ ਆਦਮੀ ਦੇ ਅੰਦਰ ਹੈ। ਜੇ ਕਹੇ ਕ੍ਰੋਧ ਦਾ ਵਾਸਾ ਜਿਥੇ ਹੈ, ਉਥੇ ਘਬਰਾਹਟ ਹੈ, ਕੰਬਣੀ ਹੈ, ਉਥੇ ਅਰਲ-ਬਰਲ ਬੋਲਦਾ ਹੈ, ਉਥੇ ਯਾਦਦਾਸ਼ਤ ਭੁੱਲ ਜਾਂਦੀ ਹੈ। ਟੋਲ੍ਹ ਲੈ ਕ੍ਰੋਧ ਕਿੱਥੇ ਹੈ। ਕੋਈ ਗਾਲ੍ਹ ਕੱਢ ਦੇਵੇ, ਉਸੇ ਵੇਲੇ ਪਤਾ ਲਗ ਜਾਏਗਾ ਕਿ ਸਿਰ ਦੁਖਣ ਲਗ ਗਿਆ ਮੇਰਾ। ਕ੍ਰੋਧ ਵਸਦਾ ਹੈ ਅੰਦਰ, ਇਸੇ ਤਰ੍ਹਾਂ ਤੇਰੇ ਅੰਦਰ ਨਾਮ ਵਸਦਾ ਹੈ। ਜਿਸਦਾ ਕੋਈ ਮੁੱਲ ਨਹੀਂ।

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥*
*ਜਿਨਾ ਭਾਗ ਮਥਾਹਿ*
*ਸੇ ਨਾਨਕ ਹਰਿ ਰੰਗੁ ਮਾਣਦੋ॥ ਅੰਗ - ੮੧*

ਪਿਆਰਿਆ! ਨਾਮ ਦੀ ਤਲਾਸ਼ ਕਰ।

ਐਨਾ ਅਨੰਦ ਹੈ ਕਿਹਾ ਹੀ ਨਹੀਂ ਜਾ ਸਕਦਾ। ਦੱਸਿਆ ਨਹੀਂ ਜਾ ਸਕਦਾ, ਉਹ ਤੇਰੇ ਅੰਦਰ ਨਾਮ ਹੈ। ਨਾਮ ਤੇ ਹਉਮੈ ਦਾ ਆਪਸ ਵਿਚ ਵਿਰੋਧ ਹੈ, ਉਹ ਚੀਜ਼ ਟੋਲ੍ਹ ਲੈ ਜਿਹੜੀ ਚੀਜ਼ ਆਇਆਂ ਹਉਮੈ ਰਹੇ ਨਾ। ਹਉਮੈ ਖਤਮ ਹੋ ਜਾਵੇ, ਸਾਰੇ ਕਰਮ ਖਤਮ ਹੋ ਜਾਣ, ਨਾ ਕ੍ਰਿਆਮਾਨ ਕਰਮ ਰਹੇ। ਕਰਮ ਕਰੀ ਜਾਹ, ਲੱਗੇ ਹੀ ਨਾ। ਜਿਹੜੇ ਸੰਚਿਤ ਪਏ ਨੇ ਉਹ ਸਾਰੇ ਜਲ ਜਾਣ।

ਜਿਹੜੇ ਪਰਾਲਬਧ ਵਾਲੇ ਨੇ ਉਹ ਨਿਆਰਾ ਹੋ ਕੇ ਸਰੀਰ ਭੋਗੀ ਜਾਵੇ। ਕਹਿੰਦੇ ਉਹ ਚੀਜ਼ ਟੋਲ੍ਹ ਲੈ। ਦੁਨੀਆਂ ਦੇ ਅੰਦਰ ਅਲੱਗ ਚੀਜ਼ ਹੈ। ਪਰ ਉਹ ਮਿਲਦੀ ਕਿੱਥੋਂ ਹੈ? ਕਹਿੰਦੇ ਪਿਆਰਿਆ ਉਹ ਸਤਿਗੁਰੂ ਦੀ ਹੱਟ 'ਤੇ ਮਿਲਦੀ ਹੈ।

*ਗੁਰੁ ਸਤਿਗੁਰੁ ਸਚਾ ਸਾਹੁ ਹੈ*
*ਸਿਖ ਦੇਇ ਹਰਿ ਰਾਸੇ ॥*
*ਧਨੁ ਧੰਨੁ ਵਣਜਾਰਾ ਵਣਜੁ ਹੈ*
*ਗੁਰੁ ਸਾਹੁ ਸਾਬਾਸੇ ॥ ਅੰਗ - ੪੪੯*

ਉਹ ਸੱਚਾ ਸ਼ਾਹ ਹੈ ਨਾਮ ਦਾ ਦਾਤਾ। ਉਹਦੀ ਦੁਕਾਨ ਦੇ ਉਤੇ ਤੈਨੂੰ ਨਾਮ ਮਿਲੇਗਾ, ਜਿਹੜੀ ਚੀਜ਼ ਨੂੰ ਲੈਣ ਆਇਆ ਹੈਂ।

*ਜਿਸੁ ਵਖਰ ਕਉ ਲੈਨਿ ਤੂ ਆਇਆ ॥*
*ਰਾਮ ਨਾਮੁ ਸੰਤਨ ਘਰਿ ਪਾਇਆ ॥*
*ਤਜਿ ਅਭਿਮਾਨੁ ਲੇਹੁ ਮਨ ਮੋਲਿ ॥*
*ਅੰਗ - ੨੮੩*

ਹੁਣ ਉਹਦਾ ਮੁੱਲ ਕੀ ਹੈ? ਮੈਂ ਛੱਡ ਦੇ, ਪਰ ਅਸੀਂ ਮੈਂ ਛੱਡਣੀ ਨਾ ਹੋਈ। ਨਾਮ ਫੇਰ ਸਾਨੂੰ ਕਿਥੋਂ ਮਿਲ ਜਾਏਗਾ? ਕਹਿੰਦੇ, ਜੇ ਤਾਂ ਜਾਣਾ ਹੈ ਨਾ ਇਸ ਦੁਕਾਨ ਦੇ ਉਤੇ ਪਹਿਲਾਂ ਤਾਂ -

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ*
*ਤਉ ਆਉ ਹਮਾਰੈ ਪਾਸਿ॥ ਅੰਗ - ੧੧੦੨*

ਆਹ ਜਿਹੜਾ ਹਉਮੈ ਦਾ ਜੀਵਨ 'ਮੈਂ', 'ਮੇਰਾ' ਹੈ ਇਹਨੂੰ ਮਰਨਾ ਕਬੂਲ ਕਰ ਲੈ, ਉਹਦੇ ਚਰਨਾਂ 'ਚ ਭੇਟਾ ਕਰ ਦੇ, ਉਹ ਫੇਰ ਜਾ ਕੇ ਤੈਨੂੰ -

*ਤਜਿ ਅਭਿਮਾਨੁ ਲੇਹੁ ਮਨ ਮੋਲਿ ॥*
*ਰਾਮ ਨਾਮੁ ਹਿਰਦੇ ਮਹਿ ਤੋਲਿ ॥*
*ਲਾਦਿ ਖੇਪ ਸੰਤਹ ਸੰਗਿ ਚਾਲੁ ॥*
*ਅਵਰ ਤਿਆਗਿ ਬਿਖਿਆ ਜੰਜਾਲ ॥*
*ਅੰਗ - ੨੮੩*

ਖੇਪ ਲੱਦ ਲੈ, ਦਿਨ ਰਾਤ ਲੱਗਿਆ ਰਹਿ, ਸਵਾਸ-ਸਵਾਸ ਨਾਮ ਜਪ, ਰਸਨਾ ਨਾਲ ਨਾਮ ਜਪ। ਅਨਹਦ ਸ਼ਬਦ ਦੀ ਮਦਦ ਦੇ ਨਾਲ ਨਾਮ ਜਪ। ਪਰਾ ਬਾਣੀ 'ਚ ਨਾਮ ਜਪ। ਪਸੰਤੀ 'ਚ, ਬੈਖਰੀ, ਮਧਮਾ ਬਾਣੀ 'ਚ ਨਾਮ ਜਪ। ਉਹ ਜਪਦੇ-ਜਪਦੇ ਤੇਰਾ ਭੰਡਾਰਾ ਭਰ ਜਾਏਗਾ, ਲੱਦ ਲੈ, ਫੇਰ ਇਕੱਲਾ ਨਾ ਜਾਈਂ, ਲੁੱਟ ਲੈਣਗੇ ਪੰਜ ਚੋਰ। ਫੇਰ ਮਹਾਤਮਾ ਦੇ ਨਾਲ ਮਿਲ ਕੇ ਚੱਲੀਂ, ਤਾਂ, ਤਾਂ ਬਚ ਜਾਏਂਗਾ, ਨਹੀਂ ਤਾਂ ਚੋਰ ਬੜੇ ਡਾਹਢੇ ਨੇ ਉਨ੍ਹਾਂ ਨੇ ਲੁੱਟ ਹੀ ਲੈਣਾ ਹੈ ਤੈਨੂੰ।

*ਧੰਨਿ ਧੰਨਿ ਕਹੈ ਸਭੁ ਕੋਇ ॥*
*ਮੁਖ ਊਜਲ ਹਰਿ ਦਰਗਹ ਸੋਇ ॥*
*ਇਹੁ ਵਾਪਾਰੁ ਵਿਰਲਾ ਵਾਪਾਰੈ ॥*
*ਨਾਨਕ ਤਾ ਕੈ ਸਦ ਬਲਿਹਾਰੈ ॥ ਅੰਗ - ੨੮੩*

ਜਦੋਂ ਨਾਮ ਦਾ ਵਪਾਰੀ ਹੋ ਗਿਆ, ਨਾਮ ਧੰਨ ਪੱਲੇ ਹੋ ਗਿਆ ਫੇਰ ਦੇਵਤੇ ਫੁੱਲ ਵਰਸਾਉਂਦੇ ਨੇ ਆ ਕੇ।

ਜਦ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ ਮਹਾਂਪੁਰਸ਼ ਸੰਸਾਰਕ ਯਾਤਰਾ ਪੂਰੀ ਕਰਕੇ ਆਪਣੇ ਘਰ ਨੂੰ ਜਾ ਰਹੇ ਸੀ, ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ ਮਹਾਰਾਜ ਜੀ (ਲੇਖਕ ਨੂੰ) ਦਸਦੇ ਸੀ ਕਿ ਓਸ ਵੇਲੇ ਅਸਮਾਨ ਦੇ ਵਿਚ ਐਉਂ ਹੋ ਗਿਆ ਜਿਵੇਂ ਚਾਨਣਾ ਹੀ ਚਾਨਣਾ ਹੋ ਗਿਆ ਹੁੰਦਾ ਹੈ ਤੇ ਧੁਨੀਆਂ ਆਉਣ, ਸੁਗੰਧੀਆਂ ਹੀ ਸੁਗੰਧੀਆਂ ਫੈਲ ਗਈਆਂ, ਐਹੋ ਜਿਹੇ ਸਾਜ ਸੁਣੇ ਇਨ੍ਹਾਂ ਨਾਦੀ ਕੰਨਾਂ ਨਾਲ, ਜਿਨ੍ਹਾਂ ਦੇ ਬਾਰੇ ਦੱਸਿਆ ਹੀ ਨਹੀਂ ਜਾ ਸਕਦਾ। ਕਿਉਂਕਿ ਉਹ ਵੱਜ ਰਹੇ ਸੀ, ਧੰਨ-ਧੰਨ ਹੋ ਰਹੀ ਸੀ। ਦੇਵਤੇ ਵੀ ਧੰਨ-ਧੰਨ ਕਰ ਰਹੇ ਸੀ, ਜਿੰਨੀਆਂ ਮੁਕਤ ਆਤਮਾਵਾਂ ਨੇ ਸਭ ਜੈ-ਜੈਕਾਰ ਕਰਦੀਆਂ ਨੇ, ਕਿ ਪਿਆਰਿਆ! ਸੰਸਾਰ 'ਚ ਜਾ ਕੇ ਜਿੱਤ ਕੇ ਆਇਆ ਹੈਂ, ਜੇਤੂ ਜਦ ਆਪਣੇ ਘਰ 'ਚ ਵਾਪਸ ਜਾਂਦਾ ਹੈ, ਉਹਦਾ ਸਤਿਕਾਰ ਹੁੰਦਾ ਹੈ, ਹਾਰਿਆ ਹੋਇਆ ਜਦ ਜਾਂਦਾ ਹੈ ਫੇਰ ਉਹਨੂੰ ਲਾਹਨਤਾਂ ਪੈਂਦੀਆਂ ਨੇ। ਸੋ ਜਿੱਤ ਕੇ ਜਾਹ ਸੰਸਾਰ 'ਚੋਂ ਹਾਰ ਕੇ ਨਾ ਜਾਹ। ਸੋ ਉਹ ਮਿਲਦੀ ਹੈ ਸੰਤਾਂ ਤੋਂ, ਗੁਰੂ ਘਰ ਤੋਂ। ਪੰਜ ਪਿਆਰੇ ਦਿੰਦੇ ਜੁਗਤ, ਮੰਤਰ ਦਿੰਦੇ ਨੇ, ਮੰਤਰ ਨੂੰ ਜਪ, ਜਪਣ ਦਾ ਫਲ ਕੀ ਹੋਏਗਾ, ਉਹਦੇ ਬਾਰੇ ਇਸ ਤਰ੍ਹਾਂ ਫੁਰਮਾਨ ਹੈ -

*ਧਾਰਨਾ - ਹਉਮੈ ਨੂੰ ਖੋਈਦੈ,*
*ਵਾਹਿਗੁਰੂ ਮੰਤ੍ਰ ਜਪ ਕੇ।*

*ਵਾਹਿਗੁਰੂ ਗੁਰਮੰਤ੍ਰ ਹੈ ਜਪੁ ਹਉਮੈ ਖੋਈ॥*

ਸੋ ਸਾਰੀ ਵਿਚਾਰ, ਜੋ ਆਪਾਂ ਕਰੀ ਹੈ ਉਹ ਇਹ ਸੀ ਕਿ ਜੀਵ ਵਾਹਿਗੁਰੂ ਦੀ ਅੰਸ ਹੁੰਦਾ ਹੋਇਆ, ਵਾਹਿਗੁਰੂ ਨਾਲੋਂ ਟੁੱਟ ਕੇ ਦੁਖੀ ਹੋ ਗਿਆ, ਮਨ ਦੇ ਪਿਛੇ ਲਗ ਕੇ -

*ਮਨਮੁਖ ਦੁਖ ਕਾ ਖੇਤੁ ਹੈ*
*ਦੁਖੁ ਬੀਜੇ ਦੁਖੁ ਖਾਇ ॥*
*ਦੁਖ ਵਿਚਿ ਜੰਮੈ ਦੁਖਿ ਮਰੈ*
*ਹਉਮੈ ਕਰਤ ਵਿਹਾਇ॥ ਅੰਗ - ੯੪੭*

ਹੁਣ ਇਹ ਨਿਕਲੇ ਕਿਵੇਂ? ਕਿਹੜਾ ਤਰੀਕਾ ਹੈ ਜਿਹਦੇ ਨਾਲ ਨਿਕਲੇ। ਗੱਲਾਂ ਨਾਲ ਤਾਂ ਨਹੀਂ ਇਹ ਨਿਕਲਦਾ।

*ਗਿਆਨੁ ਨ ਗਲੀਈ ਢੂਢੀਐ*
*ਕਥਨਾ ਕਰੜਾ ਸਾਰੁ ॥ ਅੰਗ - ੪੬੫*

ਜਿੰਨੀ ਦੇਰ ਤਕ ਇਹਦੇ ਅੰਦਰ 'ਮੈਂ' ਤੇ 'ਮੇਰੀ' ਦਾ ਭਾਵ ਹੈ, ਓਨੀਂ ਦੇਰ ਤਕ ਇਹ ਫਸਿਆ ਰਹੇਗਾ। ਇਹਦੇ ਕਰਮ ਵੀ ਇਹਨੂੰ ਫਸਾਉਂਦੇ ਨੇ। ਗੱਲਾਂ ਨਾਲ ਹਉਮੈ ਨਹੀਂ ਜਾਂਦੀ। ਹਉਮੈ ਤਾਂ ਉਸ ਵੇਲੇ ਜਾਏਗੀ ਜਦ ਪ੍ਰਤੱਖ ਰੂਪ ਦੇ ਅੰਦਰ ਹਨ੍ਹੇਰਾ ਹਟ ਕੇ ਦੇਖ ਲਈ ਕਿ ਆਹ ਤਾਂ ਰੱਸੀ ਹੈ, ਉਹ ਮਿਥਿਆ ਗਿਆਨ ਜਿਹੜਾ

ਹੋਇਆ-ਹੋਇਆ ਹੈ ਉਹ ਪ੍ਰਤੱਖ ਗਿਆਨ ਨਾਲ ਹਟੇਗਾ, ਨਹੀਂ ਤਾਂ ਨਹੀਂ ਹਟੇਗਾ, ਨਹੀਂ ਤਾਂ ਗੱਲਾਂ ਹੀ ਨੇ, ਪੜ੍ਹੇ ਲਿਖੇ ਗੱਲਾਂ ਬਹੁਤ ਜਾਣਦੇ ਨੇ। ਲੇਕਿਨ ਹੈਗੇ ਹਉਮੈ ਵਿਚ ਹੀ। ਸੋ ਇਹਦਾ ਇਕੋ ਹੀ ਇਲਾਜ ਹੈ ਕਿ ਪੰਜ ਪਿਆਰਿਆਂ ਤੋਂ ਵਾਹਿਗੁਰੂ ਮੰਤਰ ਦੀ ਪ੍ਰਾਪਤੀ ਕਰੇ, ਫੇਰ ਉਹ ਮੰਤਰ ਜਪੇ, ਉਹ ਐਨਾ ਜਪੇ ਕਿ ਇਹ ਹਉਮੈ ਤਕ ਪਹੁੰਚ ਕੇ ਹਉਮੈ ਨੂੰ ਕੱਟ ਦੇਵੇ।

*ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥*
*ਕਿਰਪਾ ਕਰੇ ਜੇ ਆਪਣੀ*
*ਤਾ ਗੁਰ ਕਾ ਸਬਦੁ ਕਮਾਹਿ ॥ ਅੰਗ - ੪੬੬*

ਗੁਰੂ ਦਾ ਸ਼ਬਦ ਮੰਤਰ ਹੈ। ਇਕ ਵਾਹਿਗੁਰੂ ਦਾ ਸ਼ਬਦ ਹੁੰਦਾ ਹੈ, ਇਕ ਗੁਰੂ ਦਾ ਸ਼ਬਦ ਹੁੰਦਾ ਹੈ, ਇਕ ਪ੍ਰਾਕ੍ਰਿਤੀ ਦਾ ਸ਼ਬਦ ਹੁੰਦਾ ਹੈ, ਇਕ ਸਾਡੇ ਆਮ ਸ਼ਬਦ ਨੇ, ਇਹ ਗੁਰ ਕਾ ਜਿਹੜਾ ਸ਼ਬਦ ਹੈ ਉਹਦੀ ਕਮਾਈ ਕਰੇ, ਫੇਰ ਮਹਾਰਾਜ ਕਹਿੰਦੇ-

*ਨਾਨਕੁ ਕਹੈ ਸੁਣਹੁ ਜਨਹੁ*
*ਇਤੁ ਸੰਜਮਿ ਦੁਖ ਜਾਹਿ ॥ ਅੰਗ - ੪੬੬*

ਕਿਉਂਕਿ ਦੁਖ ਸਾਡੇ ਹਿੱਸੇ ਵਿਚ ਆ ਗਿਆ -

*ਹਉਮੈ ਰੋਗੁ ਮਾਨੁਖ ਕਉ ਦੀਨਾ॥ ਅੰਗ-੧੧੪੦*

ਉਹਨੇ ਪ੍ਰਮੇਸ਼ਰ ਨਾਲੋਂ ਤੋੜ ਦਿਤਾ ਸਾਨੂੰ। ਜਦ ਤਕ ਅਸੀਂ ਆਪਣੇ ਅਸਲੇ ਨਾਲ ਮਿਲਦੇ ਨਹੀਂ ਹਾਂ ਓਨਾਂ ਚਿਰ ਚੱਕਰ ਸਾਡੇ ਖਤਮ ਨਹੀਂ ਹੋਣੇ। ਜੰਮਦੇ ਰਹਾਂਗੇ, ਮਰਦੇ ਰਹਾਂਗੇ। ਸੋ -

*ਸਤਸੰਗਤਿ ਕੈਸੀ ਜਾਣੀਐ ॥*
*ਜਿਥੈ ਏਕੋ ਨਾਮੁ ਵਖਾਣੀਐ ॥ ਅੰਗ - ੭੨*

ਜਿਥੇ ਪਿਆਰਿਓ, ਛੁੱਟਣ ਦਾ ਰਸਤਾ ਪਤਾ ਲੱਗੇ, ਉਹ ਤਾਂ ਹੁੰਦੀ ਹੈ ਸਤਿਸੰਗ। ਜਿਥੇ ਐਵੇਂ ਹੀ ਹੱਸ-ਹੁਸ ਕੇ ਤੁਰ ਗਏ, ਏਧਰਲੀ-ਓਧਰਲੀ ਗੱਲ ਸੁਣ ਲਈ, ਉਹ ਸਤਿਸੰਗ ਨਹੀਂ ਹੁੰਦਾ। ਭਾਵੇਂ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਇਆ ਹੋਵੇ, ਪਰ ਉਹ ਬੰਦੇ ਆਪਣੇ ਮਨ ਦੀ ਮਤ ਕਰ ਰਹੇ ਹੁੰਦੇ ਨੇ। ਮਨਮਤਿ ਜਿਹੜੀ ਹੈ ਉਹ ਸਤਿਸੰਗ ਨਹੀਂ ਹੋਇਆ ਕਰਦੀ। ਗੁਰੂ ਦੀ ਬਾਣੀ ਦੀ ਵਿਚਾਰ ਜਿਸ ਥਾਂ 'ਤੇ ਹੁੰਦੀ ਹੈ। ਨਾਮ ਵਲ ਚਿੱਤ ਲਗਦਾ ਹੋਵੇ, ਰਸ ਆਉਂਦਾ ਹੋਵੇ, ਉਥੇ ਸਮਝ ਲਓ ਸਤਿਸੰਗ ਹੈ। ਉਹ ਬਿਨਾਂ ਭਾਗਾਂ ਤੋਂ ਪ੍ਰਾਪਤ ਨਹੀਂ ਹੁੰਦੀ।

*ਬਿਨੁ ਭਾਗਾ ਸਤਸੰਗੁ ਨ ਲਭੈ*
*ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥ ਅੰਗ - ੯੫*

ਸੋ ਇਸ ਕਰਕੇ ਜੋ ਮੈਂ ਬੇਨਤੀਆਂ ਕਰੀਆਂ ਨੇ, ਇਨ੍ਹਾਂ ਨੂੰ ਹਿਰਦੇ ਦੇ ਅੰਦਰ ਵਸਾਓ। ਏਸ ਮੁਸ਼ਕਲ ਨੂੰ ਹੱਲ ਕਰਨ ਦਾ ਇਰਾਦਾ ਬਣਾਈਏ। ਜੇ ਇਰਾਦਾ ਕਰ ਲਵੇ, ਨਾ ਪੂਰਾ ਹੋਵੇ, ਮੁੜ ਕੇ ਮਨੁਖਾ ਜਨਮ ਪ੍ਰਾਪਤ ਹੋ ਜਾਇਆ ਕਰਦਾ ਹੈ, ਸਾਧੂ ਦਾ ਮੇਲ ਦੁਬਾਰ ਫੇਰ ਹੋ ਜਾਂਦਾ ਹੈ। ਸੋ ਇਸ ਕਰਕੇ -

*ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ ॥*
*ਅੰਗ - ੧੦੯੬*

ਅੱਗੇ ਨੂੰ ਪੈਰ ਰਖਦਾ ਚਲਿਆ ਜਾਹ। ਪਿਛੇ ਨੂੰ ਨਾ ਆਈਂ। ਵਧਦਾ ਚਲਿਆ ਜਾਹ। ਇਹ ਕਿਤੇ ਛੋਟਾ ਜਿਹਾ ਸਫਰ ਹੈ! ਸੌ ਜਨਮ ਵਿਚ ਪੂਰਾ ਹੋ ਜਾਵੇ ਤਾਂ ਵੀ ਬਹੁਤ ਵੱਡੀ ਬਾਤ ਹੈ। ਕੋਈ ਹਿਸਾਬ-ਕਿਤਾਬ ਨਹੀਂ, ਇਹ ਰਹਿਮਤ ਦੀ ਚੀਜ਼ ਹੈ -

*ਨਾਨਕ ਨਦਰੀ ਨਦਰਿ ਨਿਹਾਲ ॥ ਅੰਗ - ੮*

ਰਹਿਮਤ ਮੰਗ ਤੂੰ। ਮੰਗਿਆ ਕਰ ਪ੍ਰਮੇਸ਼ਰ ਤੋਂ। ਹੇ ਪ੍ਰਭੂ! ਮੇਰੇ ਤੇ ਮੇਹਰ ਕਰ, ਮੈਨੂੰ ਵੀ ਮਿਲਣ ਦੀ ਕੋਈ ਜੁਗਤੀ ਦੱਸੇਂਗਾ? ਮੈਨੂੰ ਪਤਾ ਲਗ ਗਿਆ ਕਿ ਤੇਰੇ ਨਾਲੋਂ ਵਿਛੜ ਕੇ ਮੈਂ ਦੁਖੀ ਹੋਇਆ ਹਾਂ। ਤੂੰ ਕ੍ਰਿਪਾ ਕਰ, ਮੇਰੇ ਅੰਦਰੋਂ ਆਹ 'ਮੇਰਾਪਣ' ਕੱਢ ਦੇ। ਤੂੰ ਬਣ ਜਾ। 'ਤੂੰ' ਮੈਂ ਬਣ ਜਾਏਂ, 'ਮੈਂ' 'ਤੂੰ' ਬਣ ਜਾ। ਇਕੋ ਹੀ ਹੋਵੇ। ਸੋ ਜਦੋਂ ਇਕੋ ਹੋਵੇਗਾ, ਓਸ ਵੇਲੇ ਅਸਲੀ ਚੀਜ਼ ਜਿਹੜੀ ਹੈ ਉਹ ਪ੍ਰਤੱਖ ਹੋ ਕੇ ਜਿਉਂ ਦੀ ਤਿਉਂ ਪ੍ਰਗਟ ਹੋ ਜਾਏਗੀ। ਸੋ ਆਪਣਾ ਜੋ ਸਰੂਪ ਹੈ ਉਸਨੂੰ ਭੁੱਲਣ ਕਰਕੇ ਮਹਾਰਾਜ ਕਹਿੰਦੇ -

*ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ ॥*
*ਏਤੀ ਨ ਜਾਨਉ ਕੇਤੀਕ ਮੁਦਤਿ ਚਲਤੇ*
*ਖਬਰਿ ਨ ਪਾਇਓ ॥੧॥ ਅੰਗ - ੯੯੯*

ਅੱਗੇ ਫੁਰਮਾਨ ਕਰਦੇ ਨੇ -

*ਜਿਨਿ ਰਚਿ ਰਚਿਆ ਪੁਰਖਿ ਬਿਧਾਤੈ*
*ਨਾਲੇ ਹਉਮੈ ਪਾਈ ॥*
*ਜਨਮ ਮਰਣੁ ਉਸ ਹੀ ਕਉ ਹੈ ਰੇ*
*ਓਹਾ ਆਵੈ ਜਾਈ ॥ ਅੰਗ - ੯੯੯*

ਆਹ ਹਉਮੈ ਭਾਵਨਾ ਜੰਮਦੀ ਮਰਦੀ ਹੈ, ਹਉਮੈ ਹੀ ਜਿਹੜੀ ਹੈ ਇਹ ਪੁੱਤਰ, ਧੀਆਂ, ਬਣਾਉਂਦੀ ਹੈ, ਜਾਇਦਾਦ ਬਣਾਉਂਦੀ ਹੈ, ਆਹ ਜੀਵ ਦਾ ਤਾਂ ਕੁਛ ਵੀ ਨਹੀਂ। ਆਹ ਤਾਂ ਇਕ ਸੱਤਾ ਹੈ, ਸੱਤਾ ਦਿੰਦਾ ਹੈ, ਆਹ ਖੇਲ੍ਹ ਕਰਦੀ ਹੈ ਮਾਇਆ। ਇਹਦੇ ਵਿਚ ਜੀਵ ਦੁਖੀ ਹੋ ਰਿਹਾ ਹੈ। ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ।

ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ , ਹੁਕਮਨਾਮਾ

# ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ ॥

*ਸਤਿਨਾਮ ਸ੍ਰੀ ਵਾਹਿਗੁਰੂ*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ*
*ਸਮਰਥ॥ ਡੋਲਨ ਤੇ ਰਾਖਹੁ*
*ਪ੍ਰਭੂ ਨਾਨਕ ਦੇ ਕਰਿ ਹਥ ॥ ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥*
*ਅੰਗ - ੨੮੯*

*ਧਾਰਨਾ - ਰਾਖੋ ਰਾਖਨਹਾਰ ਦਇਆਲਾ,*
*ਨਾਨਕ ਘਰ ਕੇ ਗੋਲੇ ਜੀ।*

*ਤੁਮ ਦਾਤੇ ਠਾਕੁਰ ਪ੍ਰਤਿਪਾਲਕ*
*ਨਾਇਕ ਖਸਮ ਹਮਾਰੇ ॥*
*ਨਿਮਖ ਨਿਮਖ ਤੁਮ ਹੀ ਪ੍ਰਤਿਪਾਲਹੁ*
*ਹਮ ਬਾਰਿਕ ਤੁਮਰੇ ਧਾਰੇ ॥ ੧ ॥*
*ਜਿਹਵਾ ਏਕ ਕਵਨ ਗੁਨ ਕਹੀਐ ॥*
*ਬੇਸੁਮਾਰ ਬੇਅੰਤ ਸੁਆਮੀ*
*ਤੇਰੋ ਅੰਤੁ ਨ ਕਿਨ ਹੀ ਲਹੀਐ ॥ ਰਹਾਉ ॥*
*ਕੋਟਿ ਪਰਾਧ ਹਮਾਰੇ ਖੰਡਹੁ*
*ਅਨਿਕ ਬਿਧੀ ਸਮਝਾਵਹੁ ॥*
*ਹਮ ਅਗਿਆਨ ਅਲਪ ਮਤਿ ਥੋਰੀ*
*ਤੁਮ ਆਪਨ ਬਿਰਦੁ ਰਖਾਵਹੁ ॥ ੨ ॥*
*ਤੁਮਰੀ ਸਰਣਿ ਤੁਮਾਰੀ ਆਸਾ*
*ਤੁਮ ਹੀ ਸਜਨ ਸੁਹੇਲੇ ॥*
*ਰਾਖਹੁ ਰਾਖਨਹਾਰ ਦਇਆਲਾ*
*ਨਾਨਕ ਘਰ ਕੇ ਗੋਲੇ ॥ ਅੰਗ - ੬੭੪*

*ਧਾਰਨਾ - ਸੁਣਿਓ ਮੇਰੇ ਮੀਤਾ*
*ਮਹਿਮਾ ਸਾਧੂਆਂ ਦੇ ਸੰਗ ਦੀ।*

*ਪਿੰਗੁਲ ਪਰਬਤ ਪਾਰਿ ਪਰੇ*
*ਖਲ ਚਤੁਰ ਬਕੀਤਾ ॥*
*ਅੰਧੁਲੇ ਤ੍ਰਿਭਵਣ ਸੂਝਿਆ*
*ਗੁਰ ਭੇਟਿ ਪੁਨੀਤਾ ॥ ੧ ॥*
*ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ ॥*
*ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ॥*
*ਅੰਗ - ੮੦੯*

ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਉਨ੍ਹਾਂ ਪਿਆਰਿਆਂ ਦੀ ਮਹਿਮਾਂ ਦੱਸ ਰਹੇ ਨੇ, ਜਿਨ੍ਹਾਂ ਨੇ ਪ੍ਰਮੇਸ਼ਰ ਦੇ ਵਿਚ ਅਭੇਦਤਾ ਹਾਸਲ ਕਰ ਲਈ ਹੈ। ਆਪਣੀ ਮਹਿਮਾ ਨਹੀਂ ਮਹਾਰਾਜ ਦੱਸ ਰਹੇ। ਸਾਧੂਆਂ ਦੀ ਮਹਿਮਾ ਦੱਸ ਰਹੇ ਨੇ। ਸਾਧਨਾ ਸੰਪੰਨ ਜਿਸਨੂੰ ਗਿਆਨ ਦੀ ਪ੍ਰਾਪਤੀ ਹੋ ਗਈ, ਉਹ ਸਾਧੂ ਹੋਇਆ ਕਰਦਾ ਹੈ, ਉਹਦੇ ਬਗੈਰ ਰੂਹਾਨੀ ਸਫਰ ਨਹੀਂ ਤਹਿ ਹੋਇਆ ਕਰਦਾ। ਜ਼ਰੂਰੀ ਹੈ, ਮਹਾਰਾਜ ਕਹਿੰਦੇ ਉਨ੍ਹਾਂ ਦੀ ਸੋਭਾ ਕਹੀ ਨਹੀਂ ਜਾਂਦੀ।

*ਤਿਨ ਕੀ ਸੋਭਾ ਕਿਆ ਗਣੀ*
*ਜਿ ਸਾਹਿਬਿ ਮੇਲੜੀਆਹ ॥ ਅੰਗ - ੧੩੫*

ਸਾਹਿਬ ਨੂੰ ਇਕ ਤਾਂ ਨਹੀਂ ਮਿਲਦਾ, ਬੇਅੰਤ ਕਰੋੜਾਂ ਬ੍ਰਹਿਮੰਡ ਨੇ, ਖਰਬਾਂ ਬ੍ਰਹਿਮੰਡ ਨੇ, ਖਰਬਾਂ ਬ੍ਰਹਿਮੰਡਾਂ 'ਚੋਂ ਮਿਲਦੇ ਹੀ ਜਾਂਦੇ ਨੇ। ਉਨ੍ਹਾਂ ਦੀ ਮਹਿਮਾਂ ਬਹੁਤ ਉਚੀ ਮਹਾਰਾਜ ਜੀ ਨੇ ਫੁਰਮਾਨ ਕੀਤੀ ਹੈ -

*ਧਾਰਨਾ - ਮਹਿਮਾਂ ਸੰਤਾਂ ਦੀ ਵੇਦ ਨ ਜਾਣਦੇ।*

*ਸਾਧ ਕੀ ਮਹਿਮਾ ਬੇਦ ਨ ਜਾਨਹਿ ॥*
*ਜੇਤਾ ਸੁਨਹਿ ਤੇਤਾ ਬਖਿਆਨਹਿ॥ ਅੰਗ - ੨੭੨*

ਦੁਨੀਆਂਦਾਰ ਦੀ ਮਹਿਮਾ ਨਹੀਂ ਗੁਰੂ ਮਹਾਰਾਜ ਨੇ ਕਥੀ, ਨਾ ਗਿਆਨੀਆਂ ਦੀ ਕਥੀ ਹੈ, ਨਾ ਲੈਕਚਰਾਰਾਂ ਦੀ, ਨਾ ਪੜ੍ਹਿਆਂ ਲਿਖਿਆਂ ਦੀ, ਨਾ ਪੈਸੇ ਵਾਲਿਆਂ ਦੀ; ਮਹਾਰਾਜ ਨੇ ਤਾਂ ਉਨ੍ਹਾਂ ਨੂੰ ਭਾਗਸ਼ੀਲ ਆਖਿਆ ਹੈ-

*ਭਾਗਠੜੇ ਹਰਿ ਸੰਤ ਤੁਮ੍ਾਰੇ*
*ਜਿਨ੍ ਘਰਿ ਧਨੁ ਹਰਿ ਨਾਮਾ ॥*
*ਪਰਵਾਣੁ ਗਣੀ ਸੇਈ ਇਹ ਆਏ*
*ਸਫਲ ਤਿਨਾ ਕੇ ਕਾਮਾ ॥ ਅੰਗ - ੭੪੯*

ਸਾਧੂ ਦੀ ਮਹਿਮਾ ਦਾ ਜ਼ਿਕਰ ਬਾਰ-ਬਾਰ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿਚ ਆਉਂਦਾ ਹੈ, ਸਾਡੀ ਭਾਰਤੀ ਸੰਸਕ੍ਰਿਤੀ ਦੇ ਅੰਦਰ ਬ੍ਰਹਮਾ ਜੀ ਦੇ ਮੁਖ ਤੋਂ ਵੇਦਾਂ ਦੀ ਰਚਨਾ ਹੋਈ। ਕਿਉਂਕਿ ਰਚਨਾ ਕਰਨ ਵਾਲਾ ਜੋ ਦੇਵ ਸੀ -

*ਇਕੁ ਸੰਸਾਰੀ ਇਕੁ ਭੰਡਾਰੀ*
*ਇਕੁ ਲਾਏ ਦੀ ਬਾਣੁ ॥ ਅੰਗ - ੭*

ਸੰਸਾਰੀ ਇਸਨੂੰ ਆਖਿਆ ਗਿਆ ਹੈ, ਰਚਨਾ ਕਰਦਾ ਹੈ ਸੰਸਾਰ ਦੀ। ਪ੍ਰਕ੍ਰਿਤੀ ਦੇ, ਮਾਇਆ ਮੰਡਲ 'ਚੋਂ ਆਖਰੀ ਹੱਦ ਦੇ ਉਤੇ ਇਹਦੀ ਪਦਵੀ ਹੈ ਤੇ ਇਹਨੇ ਵੇਦ ਰਚੇ ਨੇ, ਵੇਦ ਜਿਹੜੇ ਨੇ ਅਤਿ ਉਤਮ ਕਿਸਮ ਦੀ ਗਿਆਨ ਭਰੀ ਹੋਈ ਬਾਣੀ ਹੈ। ਉਸ ਤੋਂ ਉਤੇ ਕੋਈ ਹੋਰ ਗ੍ਰੰਥ ਗਿਣਿਆ ਨਹੀਂ ਜਾ ਸਕਦਾ। ਮਹਾਰਾਜ ਕਹਿੰਦੇ ਉਸਨੂੰ ਵੀ ਮਹਿਮਾ ਦਾ ਨਹੀਂ ਪਤਾ ਹੈ ਕਿ ਸਾਧੂ ਕੀ ਹੁੰਦਾ ਹੈ? ਕਿਉਂਕਿ ਸਾਧੂ ਜਿਹੜਾ ਹੁੰਦਾ ਹੈ ਉਹ ਰਜੋ ਗੁਣ, ਤਮੋ ਗੁਣ, ਸਤੋ ਗੁਣ ਤੋਂ ਉਤੇ ਹੋ ਕੇ ਤੁਰੀਆ ਅਤੀਤ ਅਵਸਥਾ 'ਚ ਹੁੰਦਾ ਹੈ। ਤੁਰੀਆ ਅਤੀਤ ਅਵਸਥਾ ਅਨੁਭਵ ਦੀ ਬੋਲੀ ਹੈ। ਅਨੁਭਵ ਦੀ ਸੂਝ ਹੈ, ਲਿਖਣ ਪੜ੍ਹਨ ਵਿਚ ਨਹੀਂ ਉਹ ਆਉਂਦੀ ਹੁੰਦੀ। ਨਾ

ਲਿਖ ਪੜ੍ਹ ਕੇ ਜਾਣਦਾ ਹੈ, ਜਿਥੇ ਲਿਖਾਂਗੇ ਪੜ੍ਹਾਂਗੇ ਉਥੇ ਤਿੰਨ ਗੁਣਾਂ ਦੇ ਵਿਚੋਂ ਰਜੋ ਗੁਣ, ਤਮੋ ਗੁਣ, ਸਤੋ ਗੁਣ ਦੇ ਵਿਚ ਲਿਖਿਆ ਜਾਏਗਾ। ਏਸ ਕਰਕੇ ਤਿੰਨ ਗੁਣਾਂ ਤੋਂ ਉਚਾ ਸਾਧੂ ਹੋਣ ਕਰਕੇ -

*ਸਾਧ ਕੀ ਮਹਿਮਾ ਬੇਦ ਨ ਜਾਨਹਿ ॥*
*ਜੇਤਾ ਸੁਨਹਿ ਤੇਤਾ ਬਖਿਆਨਹਿ ॥*
*ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ ॥*
*ਅੰਗ - ੨੭੨*

ਰਜੋ ਗੁਣ, ਤਮੋ ਗੁਣ, ਸਤੋ ਗੁਣ ਤੋਂ ਬਹੁਤ ਦੂਰ ਹੈ, ਅਛੋਹ ਹੈ ਨਹੀਂ ਜਾਣ ਸਕਦੀ -

*ਸਾਧ ਕੀ ਉਪਮਾ ਰਹੀ ਭਰਪੂਰਿ ॥*
*ਸਾਧ ਕੀ ਸੋਭਾ ਕਾ ਨਾਹੀ ਅੰਤ ॥*
*ਸਾਧ ਕੀ ਸੋਭਾ ਸਦਾ ਬੇਅੰਤ ॥*
*ਸਾਧ ਕੀ ਸੋਭਾ ਊਚ ਤੇ ਊਚੀ ॥ ਅੰਗ - ੨੭੨*

ਜਿੰਨੀ ਕਹਿ ਦੇਵਾਂਗੇ ਉਸ ਤੋਂ ਅੱਗੇ ਫੇਰ ਹੈ, ਜੇ ਹੋਰ ਕੁਛ ਕਹਿ ਦਿਤਾ, ਉਸ ਤੋਂ ਅੱਗੇ ਹੋਰ ਹੈ -

*ਸਾਧ ਕੀ ਸੋਭਾ ਮੂਚ ਤੇ ਮੂਚੀ ॥*
*ਸਾਧ ਕੀ ਸੋਭਾ ਸਾਧ ਬਨਿ ਆਈ ॥*
*ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥*
*ਅੰਗ - ੨੭੨*

ਸਾਧ ਨੂੰ ਜਾਣਦਾ ਕੌਣ ਹੈ? ਸਾਧੂ ਦੀ ਸੋਭਾ, ਸਾਧੂ ਦੀ ਮਹਿਮਾ ਸਾਧੂ ਹੀ ਜਾਣਦਾ ਹੈ, ਹੋਰ ਕਿਸੇ ਨੂੰ ਨਹੀਂ ਪਤਾ ਹੁੰਦਾ। ਪਰ ਸਾਧੂ ਹੋਵੇ ਭੇਖ ਨਾ ਹੋਵੇ, ਮੁਸ਼ਕਲ ਸਾਨੂੰ ਇਹ ਪੇਸ਼ ਆਉਂਦੀ ਹੈ ਕਿ ਸਾਧੂ ਮਿਲਦਾ ਨਹੀਂ। ਸਾਧੂ ਮਿਲਦਾ ਹੈ -

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ ॥ ਅੰਗ - ੨੦੪*

ਸਾਧੂ ਦੇ ਮਿਲਣ ਨਾਲ ਦੋ ਗੱਲਾਂ ਹੁੰਦੀਆਂ ਨੇ। ਇਕ ਤਾਂ ਜਿਹੜੀ ਇਹਨੂੰ ਨੀਂਦ ਚੜ੍ਹੀ ਹੋਈ ਹੈ, ਮਾਇਆ ਦੀ, ਤਿੰਨਾਂ ਗੁਣਾਂ ਦੀ, ਖਰਬਾਂ ਸਾਲ ਤੋਂ ਇਹ ਸੁਪਨਾ ਟੁੱਟਣ 'ਚ ਨਹੀਂ ਆ ਰਿਹਾ। ਉਹ ਟੁੱਟ ਜਾਂਦਾ ਹੈ, ਤੱਤ ਗਿਆਨ ਦੇ ਵਿਚ ਜਾਗ ਆ ਜਾਂਦੀ ਹੈ। ਤਿੰਨਾਂ ਗੁਣਾਂ ਤੋਂ ਉਤੇ ਤ੍ਰਿਗੁਣ ਅਤੀਤ ਅਵਸਥਾ ਵਾਲਾ ਹੋ ਜਾਂਦਾ ਹੈ। ਦੂਸਰਾ ਜੋ ਅਗਿਆਨ ਦਾ ਹਨ੍ਹੇਰਾ ਹੈ ਜਿਸਨੇ ਸਾਰੇ ਸੰਸਾਰ ਨੂੰ ਆਪਣੇ ਵਿਚ; ਅੰਧਕਾਰ ਦੇ ਵਿਚ ਸਮੋਇਆ ਹੋਇਆ ਹੈ ਉਹ ਅੰਧੇਰਾ ਦੂਰ ਹੋ ਜਾਂਦਾ ਹੈ ਤੇ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ। ਦੋ ਚੀਜ਼ਾਂ ਸਾਧੂ ਦੇ ਮਿਲਾਪ ਨਾਲ ਹੋਇਆ ਕਰਦੀਆਂ ਨੇ। ਉਹਦੇ ਮਿਲਾਪ ਦੇ ਵਿਚ ਕਿਸੇ ਦੇ ਅਵਗੁਣ ਬਾਧਾ ਨਹੀਂ ਪਾਇਆ ਕਰਦੇ।

*ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ॥*
*ਅੰਗ - ੮੦੯*

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ ॥*
*ਖੰਨਲੀ ਧੋਤੀ ਉਜਲੀ ਨ ਹੋਵਈ*
*ਜੇ ਸਉ ਧੋਵਣਿ ਪਾਹੁ ॥ ਅੰਗ - ੬੫੧*

ਹੁਣ ਇਹਦਾ ਕਿਤੇ ਨਾ ਕਿਤੇ ਤਾਂ ਖਾਤਮਾ ਹੋਣਾ ਹੀ ਹੈ। ਕਿੰਨੀ ਕੁ ਮੈਲ ਲੱਗੀ ਹੋਈ ਹੈ? ਕਈ ਵਾਰੀ ਇਹ ਪ੍ਰਸ਼ਨ ਹੋਇਆ ਕਰਦਾ ਹੈ ਕਿ ਕੀ ਸਾਨੂੰ ਪਤਾ ਲਗ ਸਕਦਾ ਹੈ ਕਿ ਸਾਡੇ ਅੰਦਰੋਂ ਮੈਲ ਖਤਮ ਹੋ ਗਈ? ਸੰਤਾਂ ਨੂੰ ਅਨੁਭਵ ਹੁੰਦਾ ਹੈ; ਉਹ ਕਹਿੰਦੇ ਹਾਂ ਪਤਾ ਲਗ ਸਕਦਾ ਹੈ। ਕਿਵੇਂ ਪਤਾ ਲੱਗੇ? ਜਿੰਨਾਂ ਚਿਰ ਅੰਤਸ਼ਕਰਣ ਮੈਲਾ ਹੈ ਨਾ ਨਾਮ ਵਿਚ ਚਿਤ ਲੱਗੇ, ਨਾ ਬਾਣੀ 'ਚ ਚਿਤ ਲੱਗੇ; ਤੇ ਜਿਉਂ-ਜਿਉਂ ਅੰਤਸ਼ਕਰਣ ਦੀ ਮੈਲ ਲਹਿੰਦੀ ਜਾਏਗੀ; ਨਾਮ ਦਾ ਰਸ ਅੰਦਰ ਸ਼ੁਰੂ ਹੋ ਜਾਏਗਾ। ਨਾਮ ਦੇ ਵਿਚ ਸ਼ਮੂਲੀਅਤ ਮਿਲ ਜਾਏਗੀ। ਨਾਮ ਦਾ ਅੰਦਰ ਪ੍ਰਕਾਸ਼ ਹੋ ਜਾਏਗਾ ਤੇ ਮੈਲ ਸਮਝ ਲਓ ਕਿ ਲਹਿਣੀ ਸ਼ੁਰੂ ਹੋ ਜਾਏਗੀ। ਉਸ ਵੇਲੇ ਹੋਏਗਾ ਕੀ? ਉਸ ਵੇਲੇ ਇਕ ਐਸੀ ਅਵਸਥਾ ਆ ਜਾਏਗੀ, ਜਿਹਨੂੰ ਬਾਣੀ ਦੇ ਅੰਦਰ ਮਹਾਰਾਜ ਜੀ ਨੇ ਫੁਰਮਾਨ ਕਰਕੇ ਦੱਸਿਆ ਹੈ ਕਿ -

*ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥*
*ਨਾਨਕ ਅਵਰੁ ਨ ਜੀਵੈ ਕੋਇ ॥*
*ਜੇ ਜੀਵੈ ਪਤਿ ਲਥੀ ਜਾਇ ॥*
*ਸਭੁ ਹਰਾਮੁ ਜੇਤਾ ਕਿਛੁ ਖਾਇ ॥ ਅੰਗ - ੧੪੨*

ਉਹਦੇ ਅੰਦਰ ਜ਼ਿੰਦਗੀ ਦੀ ਰੌ ਰੁਮਕ ਜਾਏਗੀ। ਉਹ ਨਾਮ ਦੇ ਉਤੇ ਅਧਾਰਿਤ ਹੋ ਗਈ। ਜੇ ਨਾਮ ਵਿਸਰਦਾ ਹੈ, ਤਾਂ ਉਹਨੂੰ ਪਤਾ ਲਗ ਜਾਂਦਾ ਹੈ ਕਿ ਮੈਨੂੰ ਤਾਂ ਕੋਈ ਬਹੁਤ ਘਾਟਾ ਪੈ ਗਿਆ, ਮੈਨੂੰ ਕੋਈ ਬਹੁਤ ਨੁਕਸਾਨ ਹੋ ਰਿਹਾ ਹੈ। ਮੇਰਾ ਜੀਵਨ ਖਤਮ ਹੋ ਰਿਹਾ ਹੈ ਤੇ ਅਵਸਥਾ ਐਸੀ ਆ ਜਾਂਦੀ ਹੈ -

*ਧਾਰਨਾ - ਆਖਾ ਜੀਵਾ ਵਿਸਰੇ ਮਰ ਜਾਵਾਂ।*

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ*
*ਬੰਧਾਵੈ॥ ਤਿਉ ਸੰਤ ਜਨਾ ਹਰਿ ਪ੍ਰੀਤਿ ਹੈ*
*ਦੇਖਿ ਦਰਸੁ ਅਘਾਵੈ ॥ ਅੰਗ - ੭੦੮*

ਪੰਛੀਆਂ ਦੀਆਂ ਮਿਸਾਲਾਂ, ਮਛਲੀ ਦੀ ਮਿਸਾਲ ਦਿਤੀ ਮਹਾਰਾਜ ਜੀ ਨੇ, ਫੇਰ ਪਪੀਹੇ ਦੀ ਮਿਸਾਲ ਦਿਤੀ, ਫੇਰ ਹਰਨ ਦੀ; ਇਹ ਜ਼ਿੰਦਗੀ ਦੀ ਨਿਸ਼ਾਨੀ ਹੈ। ਇਹ ਸਮਝ ਲਓ ਕਿ ਮੈਲ ਮੇਰੀ ਉਤਰ ਗਈ। ਹੁਣ ਮੇਰਾ ਅੰਤਸ਼ਕਰਣ ਮੈਲਾ ਨਹੀਂ ਰਿਹਾ। ਜਦ ਅੰਤਸ਼ਕਰਣ ਦਾ ਸ਼ੀਸ਼ਾ ਸਾਫ ਹੋਏਗਾ ਫੇਰ ਅੱਗੇ ਕੀ

ਹੋਏਗਾ? ਅੱਗੇ ਵਾਹਿਗੁਰੂ ਦੇ ਦਰਸ਼ਨ ਨੇ। ਵਾਹਿਗੁਰੂ ਤਾਂ ਪ੍ਰੀਪੂਰਨ ਹੈ, ਹਰੇਕ ਦੇ ਅੰਦਰ ਬਾਹਰ ਹੈ -

*ਸੋ ਅੰਤਰਿ ਸੋ ਬਾਹਰਿ ਅਨੰਤ ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ ॥*
*ਅੰਗ - ੨੯੩*

ਲੇਕਿਨ ਸ਼ੀਸ਼ਾ ਮੈਲਾ ਹੋਣ ਕਰਕੇ ਉਹ ਨਜ਼ਰ ਨਹੀਂ ਆ ਰਿਹਾ, ਦਿਸਦਾ ਨਹੀਂ। ਹੁਣ ਜੇ ਤਾਂ ਹੋਰ ਚੀਜ਼ ਹੋਵੇ ਤਾਂ, ਤਾਂ ਸ਼ੀਸ਼ੇ ਦੀ ਸਫਾਈ ਹੋ ਜਾਵੇ; ਸ਼ੁਭ ਕਰਮਾਂ ਤੇ ਨਿਸ਼ਕਾਮ ਕਰਮਾਂ ਦੇ ਨਾਲ ਅੰਤਸ਼ਕਰਣ ਦੀ ਮੈਲ ਹਟਦੀ ਹੈ। ਸ਼ੁਭ ਕਰਮਾਂ ਦੀ ਪ੍ਰੇਰਨਾ ਮਹਾਂਪੁਰਸ਼ਾਂ ਤੋਂ ਮਿਲਦੀ ਹੈ; ਸਾਧੂ ਦੀ ਸੰਗਤ ਤੋਂ ਮਿਲਦੀ ਹੈ, ਸਾਧੂ ਦੇ ਬਚਨਾਂ ਤੋਂ ਮਿਲਦੀ ਹੈ; ਫੇਰ ਉਸ ਤੋਂ ਬਾਅਦ ਸ਼ੀਸ਼ਾ ਜਿਹੜਾ ਹੈ ਸਿੱਧਾ ਨਹੀਂ ਹੈ। ਟੇਢਾ ਤੇ ਵਿੰਗਾ ਹੈ, ਉਹਦੇ 'ਚ ਸ਼ਕਲ ਨਜ਼ਰ ਨਹੀਂ ਆਉਂਦੀ, ਪੁੱਠਾ ਹੈ। ਹੁਣ ਸ਼ੀਸ਼ਾ ਸਿੱਧਾ ਕਰਕੇ ਸਨਮੁਖ ਲਿਆਉਣ ਤੇ, ਆਤਮ ਤੱਤ ਦੇ ਸਨਮੁਖ ਲਿਆਉਣਾ ਹੈ, ਜਿਵੇਂ ਸੂਰਜ ਸ਼ੀਸ਼ੇ ਵਿਚੋਂ ਦੇਖਣਾ ਹੈ, ਐਉਂ ਪ੍ਰੀਪੂਰਨ ਵਾਹਿਗੁਰੂ ਨੂੰ ਅੰਤਸ਼ਕਰਣ ਦੇ ਸ਼ੀਸ਼ੇ 'ਚ ਦੇਖਣਾ ਹੈ, ਉਹ ਤਾਂ ਹੋਏਗਾ, ਜੇ ਸ਼ੀਸ਼ਾ ਸਿੱਧਾ ਹੋ ਜਾਏਗਾ। ਉਹ ਸਿੱਧਾ ਤਾਂ ਹੋਏਗਾ ਜੇ ਟਿਕ ਜਾਏਗਾ। ਉਹ ਟਿਕਣ ਵਾਸਤੇ ਉਪਾਸਨਾ ਹੁੰਦੀ ਹੈ। ਉਪਾਸਨਾ ਦੋ ਤਰ੍ਹਾਂ ਦੀ ਹੈ, ਇਕ ਅੰਤਰੀਵ ਉਪਾਸਨਾ, ਉਹਨੂੰ ਅੰਤਰੰਗ ਕਹਿੰਦੇ ਨੇ, ਦੂਸਰੀ ਬਾਹਰਲੀ ਉਪਾਸ਼ਨਾ ਹੈ। ਆਪਣੇ ਇਸ਼ਟ ਦੀ ਬਾਹਰੋਂ ਸੇਵਾ ਕਰਨੀ। ਆਪਣੇ ਇਸ਼ਟ ਨੂੰ ਆਗਿਆ ਚੱਕਰ 'ਚ ਨਿਵਾਸ ਦੇ ਕੇ, ਬਿਠਾ ਕੇ ਉਹਦੀ ਫੇਰ ਵਿਧੀਪੂਰਵਕ ਸੇਵਾ ਕਰਨੀ। ਹਰ ਬੰਦੇ ਦੇ ਸਮਝ ਵਿਚ ਨਹੀਂ ਆਉਂਦੀ ਇਹ ਗੱਲ; ਬੰਦਗੀ ਕਰੇ ਲਗਾਤਾਰ ਤਾਂ ਜਾ ਕੇ ਕਿਤੇ ਇਹ ਗੱਲ ਸਮਝ ਵਿਚ ਪੈਂਦੀ ਹੈ। ਜੇ ਵਿਚਾਲੇ ਹੀ ਕਿਸੇ ਨਾਸਤਕ ਨਾਲ ਮਿਲ ਗਿਆ, ਕਿਸੇ ਹੋਰ ਮਤ ਦੇ ਨਾਲ ਮਿਲ ਗਿਆ, ਫੇਰ ਇਹ ਮੱਤ ਹੋਰ ਹੈ ਉਹ ਹੋਰ ਹੈ। ਏਸ ਤੋਂ ਵੀ ਜਾਂਦਾ ਰਹਿੰਦਾ ਹੈ, ਏਸ ਕਰਕੇ ਸਾਰੀਆਂ ਚੀਜ਼ਾਂ ਗੁਪਤ ਰੱਖੀਆਂ ਗਈਆਂ ਨੇ। ਸਾਧੂ ਦਸਦਾ ਹੈ ਕਿ ਹੁਣ ਐਉਂ ਕਰ ਤੂੰ। ਜੇ ਉਹ ਪ੍ਰਗਟ ਵੀ ਕਰ ਦੇਵੇ ਫੇਰ ਵੀ ਜਾਂਦਾ ਰਹਿੰਦਾ ਹੈ, ਫੇਰ ਵੀ ਨਹੀਂ ਰਹਿੰਦਾ। ਅੰਦਰਲਾ ਕੁਛ ਸਿਸਟਮ ਹੀ ਐਸਾ ਹੈ।

ਕਈ ਪ੍ਰੇਮੀ ਮੈਨੂੰ ਦੱਸਣਗੇ ਜੀ! ਮੈਨੂੰ ਜੋਤੀ ਦੇ ਦਰਸ਼ਨ ਹੋ ਰਹੇ ਸੀ, ਅੱਖਾਂ ਮੀਟਣੀਆ ਓਸੇ ਵੇਲੇ ਜੋਤ ਲਟਾਲਟ ਜਗ ਪੈਣੀ। ਹੁਣ ਪਤਾ ਨਹੀਂ ਕੀ ਹੋ ਗਿਆ, ਬੁੱਝ ਗਈ। ਬੁੱਝ ਗਈ ਪ੍ਰੇਮੀਆਂ! ਤੂੰ ਦੱਸ ਬੈਠਿਆ। ਇਹ ਰੂਹਾਨੀ ਭੇਦ ਕਿਸੇ ਨੂੰ ਨਹੀਂ ਦੱਸਣੇ, ਜੇ ਦੱਸਣੇ ਨੇ ਤਾਂ ਅਧਿਕਾਰੀ ਨੂੰ ਦੱਸੇ ਜਾਂਦੇ ਨੇ ਹੋਰ ਨਹੀਂ ਕਿਸੇ ਨੂੰ ਦੱਸੇ ਜਾਂਦੇ। ਆਮ ਪਬਲਿਕ ਨੂੰ ਨਹੀਂ ਦੱਸੇ ਜਾਂਦੇ। ਇਸੇ ਕਰਕੇ ਨਾਮ ਦੀ ਮਹਿਮਾ ਮਨਮੁਖ ਨੂੰ ਦੱਸਣੀ ਦੋਸ਼ ਪੈਦਾ ਕਰਦੀ ਹੈ। ਇਹ ਰਸਤਾ ਹੋਰ ਤਰ੍ਹਾਂ ਦਾ ਹੈ, ਇਹ ਸਕੂਲ ਹੋਰ ਤਰ੍ਹਾਂ ਦਾ ਹੈ। ਗੁਪਤ ਸਕੂਲ ਹੈ, ਗੁਪਤ ਇਹਦੇ ਉਪਦੇਸ਼ ਨੇ, ਕਿਤਾਬਾਂ ਵਿਚ ਨਹੀਂ ਇਹ ਲਿਖੇ ਜਾਂਦੇ। ਕਿਤਾਬਾਂ 'ਚ ਉਸ ਹੱਦ ਤਕ ਲਿਖੇ ਜਾਂਦੇ ਨੇ ਜਿਥੇ ਕੋਈ ਅੰਦਰਲੇ ਨੂੰ ਨੁਕਸਾਨ ਨਾ ਪਹੁੰਚਦਾ ਹੋਵੇ। ਸੋ ਉਪਾਸਨਾ ਬੜੇ-ਬੜੇ ਮਹਾਤਮਾ ਕਰਦੇ ਨੇ; ਚਾਹੇ ਉਹ ਬ੍ਰਹਮਗਿਆਨੀ ਨੇ। ਬਾਬਾ ਬੁੱਢਾ ਜੀ ਨੇ ਜਦ ਸਰੀਰ ਛੱਡਣਾ ਸੀ ਤਾਂ ਆਪ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਬੇਨਤੀ ਭੇਜੀ ਕਿ ਮਹਾਰਾਜ! ਮੇਰੀਆ ਹੁਣ ਤਿਆਰੀਆਂ ਨੇ, ਸਰੀਰ ਛੱਡਣਾ ਹੈ; ਤੇ ਮੇਰੇ ਉਤੇ ਕ੍ਰਿਪਾ ਕਰੋ, ਉਹ ਕ੍ਰਿਪਾ ਇਹ ਹੈ ਕਿ ਉਧਰੋਂ ਮੈਂ ਸਰੀਰ ਛੱਡਾਂ, ਉਧਰੋਂ ਤੁਹਾਡੇ ਦਰਸ਼ਨ ਹੁੰਦੇ ਹੋਣ।

*ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥*
*ਅੰਗ - ੨੯੦*

ਚਾਰੇ ਅਵਸਥਾ ਦੇ ਵਿਚ ਵਾਹਿਗੁਰੂ ਆਪ ਹੀ ਹੋਇਆ ਕਰਦਾ ਹੈ। ਮਹਾਰਾਜ ਨੇ ਕਿਹਾ, ਬਾਬਾ ਜੀ! ਤੁਸੀਂ ਤਾਂ ਜੋ ਕੁਛ ਜਾਨਣਾ ਸੀ ਜਾਣ ਲਿਆ, ਜੋ ਕੁਛ ਪਾਉਣਾ ਸੀ ਪਾ ਲਿਆ ਤੁਹਾਨੂੰ ਕਿਹੜੀ ਲੋੜ ਹੈ। ਕਹਿੰਦੇ ਨਾ ਮਹਾਰਾਜ! ਮੈਨੂੰ ਗੁਰੂ ਦੇ ਦਰਸ਼ਨ ਦੀ ਲੋੜ ਹੈ, ਮੈਂ ਦਰਸ਼ਨ ਕਰਦਾ ਹੋਇਆ ਆਖਰੀ ਸਾਹ ਲਵਾਂ। ਗੁਰੂ ਮਹਾਰਾਜ ਨੂੰ ਜਾਣਾ ਪਿਆ, ਜਾ ਕੇ ਸਾਮ੍ਹਣੇ ਬੈਠੇ, ਬਾਬਾ ਜੀ ਨੇ ਸਰੀਰ ਛੱਡਿਆ। ਭਾਈ ਮਤੀ ਦਾਸ ਜੀ ਨੂੰ ਕਹਿਣਾ ਪਿਆ ਜਲਾਦ ਨੂੰ ਕਿ ਹੇ ਜਲਾਦ! ਚੀਰਨਾ ਤਾਂ ਤੂੰ ਹੈ ਪਰ ਤੂੰ ਮੇਰਾ ਮੂੰਹ ਗੁਰੂ ਤੇਗ ਬਹਾਦਰ ਸਾਹਿਬ ਵਲ ਕਰ ਦੇ। ਭਾਈ ਮਤੀ ਦਾਸ ਜੀ ਦੀ ਅਵਸਥਾ ਛੋਟੀ ਨਹੀਂ ਸੀ, ਬ੍ਰਹਮਲੀਨ ਪਹਿਲਾਂ ਹੀ ਸੀਗੇ। ਲੇਕਿਨ ਫੇਰ ਵੀ ਉਪਾਸਨਾ ਜ਼ਰੂਰੀ ਹੋਇਆ ਕਰਦੀ ਹੈ। ਸੋ ਅੰਤਰੀਵ ਉਪਾਸਨਾ ਜਿਹੜੀ ਹੈ ਉਹਦੇ ਵਿਚ ਚਿੱਤ ਲਗਦਾ ਹੈ, ਬਹੁਤ ਰਸ ਆਉਂਦਾ ਹੈ, ਉਥੋਂ ਦੀ ਹੋ ਕੇ ਲੰਘਣਾ ਪੈਂਦਾ ਹੈ, ਫੇਰ ਅੱਗੇ ਕੀ ਆਉਂਦਾ ਹੈ, ਅੱਗੇ ਆਉਂਦਾ ਹੈ ਹਨ੍ਹੇਰਾ, ਪੜਦਾ, ਜਿੰਨੀ ਦੇਰ ਤਕ ਪੜਦਾ ਨਹੀਂ ਚੁੱਕ ਹੁੰਦਾ, ਓਨੀਂ ਦੇਰ ਤਕ ਵਾਹਿਗੁਰੂ ਦੇ ਦਰਸ਼ਨ ਨਹੀਂ ਹੁੰਦੇ, ਪੜਦੇ ਦੇ ਅੰਦਰ ਹੈ। ਪੜਦਾ ਕਿਵੇਂ ਚੁੱਕ ਹੁੰਦਾ ਹੈ? ਪੜਦੇ ਨੂੰ ਚੁੱਕਣ ਨੂੰ ਕੋਈ ਸਮਰੱਥ ਨਹੀਂ। ਉਸ ਹਨ੍ਹੇਰੇ ਨੂੰ ਦੂਰ ਕਰਨ ਲਈ ਦੁਨੀਆਂ ਦੇ ਅੰਦਰ ਕੋਈ ਸਮਰੱਥ ਨਹੀਂ ਹੈ। ਉਹਦੇ ਬਾਰੇ ਮਹਾਰਾਜ ਨੇ ਐਸਾ ਫੁਰਮਾਨ ਕੀਤਾ ਹੈ -

*ਧਾਰਨਾ - ਬਿਨਾਂ ਗੁਰਾਂ ਤੋਂ ਨਾ ਮਿਟਦਾ ਅੰਧੇਰਾ,*
*ਚੰਦ ਭਾਵੇਂ ਸੌ ਚੜ੍ਹ ਜਾਏ।*
*ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥*
*ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥*
*ਅੰਗ - ੪੬੩*

ਇਹ ਜੋ ਪੜਦਾ ਹੈ, ਇਹ ਸਮਰੱਥ ਗੁਰੂ ਤੋਂ ਬਗੈਰ ਦੂਰ ਨਹੀਂ ਹੋਇਆ ਕਰਦਾ। ਇਸੇ ਕਰਕੇ ਆਖਰੀ ਜੋ ਮੰਜ਼ਲ ਹੈ ਇਹ ਮੁਰਸ਼ਦ ਤੋਂ ਬਗੈਰ ਨਹੀਂ ਲੰਘੀ ਜਾਂਦੀ। ਮੁਰਸ਼ਦ-ਏ-ਕਾਮਲ ਹੈ ਜਿਹੜਾ, ਮੰਜ਼ਲ-ਏ-ਹੈਰਾਨ

ਜਾਂ ਮੰਜ਼ਲ-ਏ-ਨੂਰ ਤੋਂ ਫਨਾਹ-ਫਿਲਾ ਦੇ ਵਿਚ ਦਾਖਲ ਕਰਦਾ ਹੈ। ਉਥੇ ਗੁਰੂ ਦੀ ਨਦਰ ਹੁੰਦੀ ਹੈ -

*ਨਾਨਕ ਨਦਰੀ ਨਦਰਿ ਨਿਹਾਲ ॥ ਅੰਗ - ੮*

ਵਾਹਿਗੁਰੂ ਦੇ ਮੰਡਲ ਵਿਚ ਗੁਰੂ ਦਾਖਲ ਕਰਕੇ ਆਪ ਕਿੱਥੇ ਜਾਂਦਾ ਹੈ? ਕਹਿੰਦੇ, ਹੈਰਾਨ ਹੋ ਗਏ ਇਹ ਤਾਂ ਵਾਹਿਗੁਰੂ ਆਪ ਹੀ ਸੀ ਮੇਰਾ ਗੁਰੂ -

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ ॥ ਅੰਗ - ੪੪੨*

ਸੋ ਏਸ ਕਰਕੇ ਜਦ ਤਕ ਆਦਮੀ ਦੇ ਅੰਦਰ ਮੈਲ ਹੈ, ਜਦੋਂ ਤਕ ਮੈਲ ਦੀਆਂ ਲਹਿਰਾਂ ਇਹਦੇ ਅੰਦਰ ਚਲਦੀਆਂ ਨੇ -

*ਜਬ ਲਗੁ ਜਾਨੈ ਮੁਝ ਤੇ ਕਛੁ ਹੋਇ ॥*
*ਤਬ ਇਸ ਕਉ ਸੁਖੁ ਨਾਹੀ ਕੋਇ ॥*
*ਜਬ ਇਹ ਜਾਨੈ ਮੈ ਕਿਛੁ ਕਰਤਾ ॥*
*ਤਬ ਲਗੁ ਗਰਭ ਜੋਨਿ ਮਹਿ ਫਿਰਤਾ ॥*
*ਜਬ ਧਾਰੈ ਕੋਊ ਬੈਰੀ ਮੀਤੁ ॥*
*ਤਬ ਲਗੁ ਨਿਹਚਲੁ ਨਾਹੀ ਚੀਤੁ ॥*
*ਜਬ ਲਗੁ ਮੋਹ ਮਗਨ ਸੰਗਿ ਮਾਇ ॥*
*ਤਬ ਲਗੁ ਧਰਮੁ ਰਾਇ ਦੇਇ ਸਜਾਇ ॥*
*ਅੰਗ - ੨੭੮*

ਇਹ ਮੈਲਾਂ ਨੇ ਬੇਅੰਤ; ਕਿਤੇ ਪੈਸੇ ਦੀ ਮੈਲ ਹੈ, ਕਿਤੇ ਬੱਚਿਆਂ ਦੀ ਮੈਲ ਹੈ, ਕਿਤੇ ਪਦਵੀਆਂ ਦੀ ਮੈਲ ਹੈ, ਕਿਤੇ ਆਪਣੇ ਆਪ ਦੀ ਮੈਲ ਹੈ, ਇਹ ਮੈਲਾਂ ਨਹੀਂ ਉਤਰਦੀਆਂ, ਮੈਲ ਨੂੰ ਉਤਾਰਦਾ ਕੌਣ ਹੈ; ਕਹਿੰਦੇ ਸਾਧੂ ਦੀ ਸੰਗਤ; -

*ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ॥*
*ਅੰਗ - ੮੦੯*

ਫੇਰ ਨਿਰਮਲ ਹੋ ਗਿਆ -

*ਕਬੀਰ ਮਨੁ ਨਿਰਮਲੁ ਭਇਆ*
*ਜੈਸਾ ਗੰਗਾ ਨੀਰੁ ॥*
*ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥*
*ਅੰਗ - ੧੩੬੭*

ਜਨਮਾਂ-ਜਨਮਾਤਰਾਂ ਦੀ ਲੱਗੀ ਹੋਈ ਮੈਲ ਇਕ ਕਣੀ ਨਾਮ ਦੀ ਦੇ ਕੇ ਸਾਧੂ ਦੂਰ ਕਰ ਦਿੰਦੇ ਨੇ।

*ਗੁਰਮੁਖਿ ਕੋਟਿ ਉਧਾਰਦਾ ਭਾਈ*
*ਦੇ ਨਾਵੈ ਏਕ ਕਣੀ ॥ ਅੰਗ - ੬੦੮*

ਇਕ ਕਣੀ ਦੇ ਕੇ ਸਾਰੀ ਮੈਲ ਲਾਹ ਦਿੰਦਾ ਹੈ ਤੇ ਕਰੋੜਾਂ ਬੰਦਿਆਂ ਦਾ ਉਧਾਰ ਕਰ ਦਿੰਦਾ ਹੈ। ਸੋ ਐਸਾ ਇਕ ਚਰਿੱਤਰ ਜੋ ਬਿਲਕੁਲ ਹੀ ਮੈਲਾ ਸੀ, ਗੁਰੂ ਮਹਾਰਾਜ ਉਹਦਾ ਜ਼ਿਕਰ ਬਾਣੀ ਦੇ ਅੰਦਰ ਐਉਂ ਕਰਦੇ ਨੇ -

*ਧਾਰਨਾ - ਬਾਲਮੀਕ ਨੂੰ,*
*ਹੋਇਆ ਸਾਧੂਆਂ ਦਾ ਸੰਗ।*

ਮਹਾਰਾਜ ਕਹਿੰਦੇ, ਦੇਖੋ ਇਕ ਗਵਾਹੀ ਦਿੰਦੇ ਹਾਂ, ਪਿਆਰ ਦੇ ਨਾਲ ਸੁਣਿਓ।

*ਸੁਣਿ ਸਾਖੀ ਮਨ ਜਪਿ ਪਿਆਰ ॥*
*ਅਜਾਮਲੁ ਉਧਰਿਆ ਕਹਿ ਏਕ ਬਾਰ ॥*
*ਬਾਲਮੀਕੈ ਹੋਆ ਸਾਧਸੰਗੁ ॥*
*ਧ੍ਰੂ ਕਉ ਮਿਲਿਆ ਹਰਿ ਨਿਸੰਗ ॥*
*ਅੰਗ - ੧੧੯੨*

ਤਿੰਨ ਮਿਸਾਲਾਂ ਮਹਾਰਾਜ ਨੇ ਦਿਤੀਆਂ ਨੇ, ਇਕ ਤਾਂ ਇਕ ਬੱਚੇ ਦੀ ਦਿਤੀ ਹੈ। ਮਹਾਰਾਜ ਕਹਿੰਦੇ ਜਦੋਂ ਉਹ ਪ੍ਰਮੇਸ਼ਰ ਦੇ ਰਸਤੇ 'ਤੇ ਲੱਗਿਆ ਵਾਹਿਗੁਰੂ ਨਿਸੰਗ ਹੋ ਕੇ ਕੋਈ ਪੜਦਾ ਨਹੀ, ਕੋਈ ਲਕੋਅ ਨਹੀਂ ਰੱਖਿਆ ਸਾਮ੍ਹਣੇ ਆ ਗਿਆ। ਅਜਾਮਲ ਨੇ ਪਿਆਰ ਵਿਚ ਆ ਕੇ ਸਿਰਫ ਇਕ ਵਾਰੀ ਨਾਰਾਇਣੁ ਕਿਹਾ ਸੀ। ਬਾਲਮੀਕ ਜਿਹੜਾ ਸੀ ਉਹਨੂੰ ਸਾਧੂਆਂ ਦਾ ਸੰਗ ਹੋਇਆ, ਸਾਧੂਆਂ ਦਾ ਜੋ ਅਸਰ ਹੁੰਦਾ ਹੈ; ਸੰਗਤ ਹੋਣ ਤੋਂ ਬਾਅਦ ਉਹਦੇ ਬਾਰੇ ਮਹਾਰਾਜ ਫ਼ੁਰਮਾਨ ਕਰਦੇ ਨੇ ਕਿ ਬਾਲਮੀਕ ਬੰਦਗੀ ਕਰਨ ਵਾਲਾ ਨਹੀਂ ਸੀਗਾ। ਦੋ ਬਾਲਮੀਕ ਹੋਏ ਨੇ ਇਤਿਹਾਸ ਵਿਚ। ਦੋਹਾਂ ਦੀ ਬੜੀ ਮਾਨਤਾ ਹੈ। ਇਕ ਨੂੰ ਤਾਂ ਸਾਰੇ ਚੰਗੀ ਤਰ੍ਹਾਂ ਜਾਣਦੇ ਨੇ, ਇਕ ਨੂੰ ਨਹੀਂ ਜਾਣਦੇ। ਇਕ ਬਾਲਮੀਕ ਉਹ ਹੈ ਜਿਹੜਾ ਤ੍ਰੇਤੇ ਜੁਗ ਵਿਚ ਹੋਇਆ, ਬ੍ਰਾਹਮਣ ਸੀਗਾ, ਬੜਾ ਭਾਰੀ ਰਿਸ਼ੀ ਸੀ, ਤੇ ਉਸ ਨੇ ਸ੍ਰੀ ਰਾਮ ਚੰਦਰ ਜੀ ਦੇ ਆਉਣ ਤੋਂ ਪਹਿਲਾਂ, ਰਾਮਾਇਣ ਲਿਖ ਦਿਤੀ ਸੀ। ਅਨੁਮਾਨ ਹੈ ਵਿਦਵਾਨਾਂ ਦਾ ਕਿ ਦੱਸ ਹਜ਼ਾਰ ਸਾਲ ਪਹਿਲਾਂ ਰਾਮਾਇਣ ਲਿਖ ਦਿਤੀ ਸੀ ਉਸਨੇ। ਜਿਹੜੀ ਲਵ ਤੇ ਕੁਸ਼ ਨੂੰ ਜਦੋਂ ਅਯੁੱਧਿਆ ਭੇਜਿਆ ਉਸ ਵੇਲੇ ਉਹ ਰਾਮਾਇਣ ਯਾਦ ਕਰਵਾ ਦਿਤੀ ਸੀ, ਉਨ੍ਹਾਂ ਨੇ ਉਥੇ ਜਾ ਕੇ ਸਾਰੀ ਗਾਈ। ਫੇਰ ਰਾਮ ਚੰਦਰ ਜੀ ਨੂੰ ਪਤਾ ਲੱਗਿਆ ਕਿ ਇਹ ਤਾਂ ਮੇਰੇ ਹੀ ਬੱਚੇ ਨੇ। ਪਹਿਲਾਂ ਉਨ੍ਹਾਂ ਨਾਲ ਯੁੱਧ ਕਰਦੇ ਰਹੇ। ਉਹ ਐਡਾ ਪ੍ਰਤਾਪ ਵਾਲਾ ਸੀ। ਉਹਦਾ ਅਸਥਾਨ ਸੀ ਅੰਮ੍ਰਿਤਸਰ ਦੇ ਕੋਲ; ਪੰਜਾਬ ਦੇ ਰਹਿਣ ਵਾਲਾ, ਇਥੇ ਰਹਿੰਦੇ ਸੀ। ਮਾਤਾ ਸੀਤਾ ਜੀ ਨੂੰ ਇਥੇ ਬਨਵਾਸ ਦੇ ਕੇ ਛੱਡ ਦਿਤਾ ਗਿਆ ਸੀ ਉਨ੍ਹਾਂ ਕੋਲ। ਉਨ੍ਹਾਂ ਨੂੰ ਸਾਰੇ ਜਾਣਦੇ ਨੇ। ਕਿਉਂਕਿ ਰਾਮਾਇਣ ਹੈ ਬਾਲਮੀਕ ਦੀ, ਰਾਮਾਇਣ ਨੂੰ ਸਾਰੇ ਜਾਣਦੇ ਨੇ ਤੇ ਉਨ੍ਹਾਂ ਨੂੰ ਵੀ ਜਾਣਦੇ ਨੇ।

ਦੂਸਰਾ ਜੋ ਬਾਲਮੀਕ ਸੀ ਉਹ ਗੁੰਮਨਾਮ ਸੀ, ਉਹ ਕਿਰਤੀ ਬੰਦਾ ਸੀ, ਲੇਕਿਨ ਉਹਦਾ ਜੋ ਪਹਿਲਾ ਜੀਵਨ ਸੀ, ਉਹ ਇਹ ਸੀ ਕਿ ਉਹ ਚੰਡਾਲ ਜਾਤੀ

ਨਾਲ ਸਬੰਧ ਰਖਦਾ ਸੀ। ਇਹ ਆਰੀਅਨ ਤੇ ਅਨਾਰੀਅਨ ਦੋ ਵਸਦੇ ਸੀ ਭਾਰਤ ਵਰਸ਼ ਦੇ ਵਿਚ। ਆਰੀਆਂ ਦੀ ਸਭਿਅਤਾ ਵੱਖ ਸੀ, ਅਨਾਰੀਅਨ ਦੀ ਵੱਖ ਸੀ। ਅਨਾਰੀਅਨ ਜਿਹੜੇ ਸੀ ਉਹ ਆਰੀਆਂ ਦਾ ਮੰਤਰ 'ਓਅੰਕਾਰ' ਨਹੀਂ ਸੀ ਜਪ ਸਕਦੇ। ਨਾ ਵੇਦ ਸੁਣ ਸਕਦੇ ਸੀ, ਕੋਈ ਕੰਮ ਵਿਚ ਵੀ ਉਨ੍ਹਾਂ ਨੂੰ ਨੇੜੇ ਨਹੀਂ ਸੀ ਆਉਣ ਦਿੰਦੇ। ਉਨ੍ਹਾਂ ਦੀ ਆਪਣੀ ਸਭਿਅਤਾ ਸੀ, ਕਾਲੇ ਜਾਦੂ ਕਰਨੇ, ਮੰਤਰ ਜੰਤਰ ਕਰਨੇ ਤੇ ਇਨ੍ਹਾਂ ਕੋਲ ਵੇਦਾਂ ਦਾ ਗਿਆਨ ਹੋਣ ਕਰਕੇ ਇਹਨੂੰ ਗੁਪਤ ਰਖਦੇ ਸੀ। ਦਿੱਲੀ ਦੇ ਨੇੜੇ ਹੀ ਬਹੁਤ ਭਾਰੀ ਜੰਗਲ ਸੀ, ਜਦ ਦਿੱਲੀ ਸ਼ਹਿਰ ਇਸ ਤਰ੍ਹਾਂ ਨਹੀਂ ਸੀਗਾ। ਮਾੜ੍ਹਾ ਜਿਹਾ ਟਿਕਾਣਾ ਹੁੰਦਾ, ਲੋਕ ਲੰਘਦੇ, ਰਾਤ ਕੱਟਦੇ ਸੀ, ਦਰਿਆ ਲੰਘਣ ਤੋਂ ਬਾਅਦ। ਇਥੇ ਇਹਦਾ ਵਾਸਾ ਸੀ, ਭੀਲ ਕੌਮ ਦੇ ਵਿਚੋਂ ਹੋਣ ਕਰਕੇ, ਡਾਕੇ ਮਾਰਨੇ, ਚੋਰੀਆਂ ਚਕਾਰੀਆਂ ਕਰਨੀਆਂ, ਇਹ ਇਨ੍ਹਾਂ ਦਾ ਆਮ ਪੇਸ਼ਾ ਹੋਇਆ ਕਰਦਾ ਸੀ। ਬੁਰਾ ਨਹੀਂ ਸੀ ਮੰਨਦੇ ਉਸਨੂੰ।

ਸੋ ਬਾਲਮੀਕ ਜਿਸ ਵਕਤ ਜੁਆਨ ਹੋ ਗਿਆ, ਅਠਾਰ੍ਹਾਂ ਸਾਲ ਦਾ ਪਿਤਾ ਇਹਦਾ ਚੜ੍ਹਾਈ ਕਰ ਗਿਆ ਸੀ। ਮਾਂ ਨੇ ਕਿਹਾ ਬੇਟਾ! ਤੂੰ ਕੋਈ ਕੰਮ ਕਰਿਆ ਕਰ, ਕੰਮ ਕਰਨ ਤੇ ਰੋਟੀ ਮਿਲਣੀ ਹੈ ਆਪਾਂ ਨੂੰ। ਕਹਿੰਦਾ, ਮੈਨੂੰ ਪਤਾ ਨਹੀਂ ਮਾਤਾ ਮੈਂ ਕੀ ਕੰਮ ਕਰਾਂ? ਕਹਿੰਦੀ ਤੇਰੇ ਨਾਲੋਂ ਜੁਆਨ ਇਥੇ ਕੋਈ ਨਹੀਂ ਹੈ। ਐਡਾ ਤੈਨੂੰ ਪ੍ਰਭੂ ਨੇ ਸਰੀਰ ਦਿਤਾ ਹੈ ਮਜ਼ਬੂਤ, ਕੁਹਾੜਾ ਲੈ, ਇਥੋਂ ਦੀ ਜਾਂਦੇ ਨੇ ਅਮੀਰ ਆਦਮੀ, ਕਾਫਲੇ ਲੰਘਦੇ ਨੇ, ਮੌਕਾ ਪਾ ਕੇ ਲੁੱਟ ਲਿਆ ਕਰ ਤੇ ਇਹੀ ਤੇਰੇ ਪਿਤਾ ਦਾ ਪੇਸ਼ਾ ਸੀ, ਇਹੀ ਤੇਰੇ ਦਾਦੇ ਦਾ, ਇਹੀ ਪੜਦਾਦੇ ਦਾ। ਸੋ ਦੋ ਤਰ੍ਹਾਂ ਦੀਆਂ ਮਾਵਾਂ ਗਿਣੀਆਂ ਗਈਆਂ ਨੇ ਸੰਸਾਰ ਵਿਚ; ਇਕ ਮਾਵਾਂ ਉਹ ਨੇ ਜਿਹੜੀਆਂ ਆਪਣੇ ਬੱਚਿਆਂ ਨੂੰ ਜੰਮਣ ਮਰਨ ਦੇ ਚੱਕਰ 'ਚੋਂ ਛੁਡਾਉਂਦੀਆਂ ਨੇ, ਜਮਾਂ ਤੋਂ ਛੁਡਾਉਂਦੀਆਂ ਨੇ। ਸੰਸਾਰ ਦੇ ਦੁਖਾਂ ਕਲੇਸ਼ਾਂ ਤੋਂ ਛੁਡਾਉਂਦੀਆਂ ਨੇ, ਉਹ ਪ੍ਰਮੇਸ਼ਰ ਦਾ ਭਜਨ ਕਰਨ ਲਾਉਂਦੀਆਂ ਨੇ। ਉਨ੍ਹਾਂ ਮਾਵਾਂ ਨੂੰ ਧੰਨ ਕਿਹਾ ਗਿਆ ਹੈ –

*ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥*
*ਅੰਗ - ੪੮੮*

ਧਰੂੰ ਦੀ ਮਾਤਾ, ਬਾਬੇ ਫਰੀਦ ਦੀ ਮਾਤਾ, ਅਨੇਕਾਂ ਮਾਤਾਵਾਂ ਹੋਈਆਂ ਨੇ ਜਿਨ੍ਹਾਂ ਨੇ ਆਪਣੇ ਬੱਚਿਆਂ ਨੂੰ ਬੰਦਗੀ ਕਰਨ ਲਾਇਆ; ਕਿਉਂਕਿ ਉਹ ਚਾਹੁੰਦੀਆਂ ਸੀ ਕਿ ਜਿਹਨੇ ਮੇਰੀ ਕੁੱਖ ਤੋਂ ਜਨਮ ਲੈ ਲਿਆ, ਉਹ ਜਮਾਂ ਦੇ ਨਾ ਜਾਵੇ। ਇਕ ਮਾਵਾਂ ਉਹ ਨੇ ਜਿਹੜੀਆਂ ਪੁੱਠੀ ਮੱਤ ਦਿੰਦੀਆਂ ਨੇ, ਉਹਦੇ ਬਾਰੇ ਮਹਾਰਾਜ ਨੇ ਕਿਹਾ ਹੈ ਕਿ –

*ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ॥*
*ਬਿਧਵਾ ਕਸ ਨ ਭਈ ਮਹਤਾਰੀ॥ ਅੰਗ - ੩੨੮*

ਹੇ ਮਾਂ! ਤੂੰ ਵਿਧਵਾ ਹੋ ਜਾਣਾ ਸੀ, ਕਿਉਂਕਿ ਤੂੰ ਐਸੇ ਪੁੱਤਰ ਨੂੰ ਜਨਮ ਦੇ ਦਿਤਾ, ਤੇਰੀਆਂ ਕੁਲਾਂ ਨਰਕਾਂ ਨੂੰ ਜਾਣਗੀਆਂ। ਇਕ ਪੁੱਤਰ 101 ਕੁਲ ਦਾ ਉਧਾਰ ਕਰ ਦਿੰਦੇ ਨੇ, ਇਕ ਪੁੱਤਰ ਡੋਬ ਦਿੰਦੇ ਨੇ। ਕਿਵੇਂ ਡੋਬ ਦਿੰਦੇ ਨੇ? ਰਹਿਤਨਾਮੇ ਦੀ ਬਾਤ ਆਉਂਦੀ ਹੈ ਇਹ –

*ਤਨਕ ਤਮਾਕੂ ਸੇਵੀਐ ਦੇਵ ਪਿਤਰ ਤਜਿ ਜਾਇ।*

ਜਰਾ ਕੁ ਤਮਾਕੂ ਦਾ ਸੇਵਨ ਕਰ ਲਓ, ਜਿਹੜੇ ਬਜ਼ੁਰਗ ਸਾਡੇ ਦੇਵਤੇ ਬਣੇ ਹੋਏ ਨੇ, ਪਿਤਰ ਲੋਕ 'ਚ ਨੇ, ਗੰਧਰਭ ਲੋਕ ਵਿਚ ਨੇ, ਦੇਵ ਗੰਧਰਭ ਲੋਕ, ਸਵਰਗ ਲੋਕ 'ਚ, ਇੰਦਰ ਲੋਕ 'ਚ, ਉਸੇ ਵੇਲੇ ਉਹ ਛੱਡ ਜਾਂਦੇ ਨੇ; ਕਹਿੰਦੇ ਨੇ ਇਹ ਸਾਡਾ ਕੁਛ ਨਹੀਂ ਲਗਦਾ। ਉਹਦੇ ਉਤੇ ਜਿਹੜਾ protection ਦਾ ਹੱਥ ਸੀ, ਉਹ ਖਤਮ ਹੋ ਜਾਂਦਾ ਹੈ, ਹੁਣ ਉਹਦਾ ਦੋਸ਼ ਕਿੰਨਾ ਲਗਦਾ ਹੈ, ਕਹਿੰਦੇ –

*ਪਾਨੀ ਤਾ ਕਿ ਹਾਥ ਕਉ ਮਧਰਾ ਸਮ ਅਘਦਾਇ।*

ਉਹਦੇ ਹੱਥ ਤੋਂ ਪਾਣੀ ਪੀਣਾ, ਜਿਹੋ ਜਿਹੀ ਸ਼ਰਾਬ ਪੀ ਲਈ, ਜਿਹੋ ਜਿਹਾ ਪਾਣੀ ਪੀ ਲਿਆ, ਓਨਾਂ ਹੀ ਪਾਪਦਾਇਕ। ਫੇਰ ਪੁਛਿਆ ਕਿ ਸ਼ਰਾਬ ਦਾ ਕਿੰਨਾ ਦੋਸ਼ ਹੁੰਦਾ ਹੈ? ਕਹਿੰਦੇ –

*ਮਧਰਾ ਦਹਤੀ ਸਪਤ ਕੁਲ।*

ਸੱਤ ਕੁਲਾਂ ਦਾ ਨਾਸ਼ ਸ਼ਰਾਬ ਕਰਦੀ ਹੈ।

*ਭਾਂਗ ਦਹੇ ਤਨ ਏਕ।*

ਭੰਗ ਪੀਣ ਵਾਲਾ ਆਪਣੇ ਤਨ ਦਾ ਨਾਸ਼ ਕਰਦਾ ਹੈ।

*ਜਗਤ ਜੂਠ ਸਤ ਕੁਲ ਦਹੇ।*

ਜਿਹੜਾ ਤਮਾਕੂ ਪੀਂਦਾ ਹੈ, ਖਾਂਦਾ ਹੈ, ਸੌ ਕੁਲ ਦਾ ਨਾਸ਼ ਕਰ ਦਿੰਦਾ ਹੈ।

*ਨਿੰਦਾ ਦਹੇ ਅਨੇਕ।*

ਨਿੰਦਾ ਕਰਨ ਵਾਲੇ ਦਾ ਹਿਸਾਬ ਕਿਤਾਬ ਹੀ ਨਹੀਂ ਰਹਿੰਦਾ। ਸੋ ਮਹਾਰਾਜ ਕਹਿੰਦੇ ਪਿਆਰਿਓ! ਜਿਸ ਕੁਲ ਦੇ ਅੰਦਰ ਐਸਾ ਕਲੰਕਤ ਕਰਨ ਵਾਲਾ ਪੁੱਤਰ ਪੈਦਾ ਹੋ ਜਾਵੇ, ਉਸ ਨਾਲੋਂ ਚੰਗਾ ਇਹ ਹੈ ਕਿ ਵਿਧਵਾ ਰਹਿ ਜਾਂਦੀ, ਪੁੱਤਰ ਦਿਤਾ ਨਹੀਂ ਸੀ ਅਕਾਲ ਪੁਰਖ ਨੇ, ਨਾ ਮਾਂ ਨੂੰ ਪਾਪ ਲੱਗਿਆ, ਨਾ ਪਿਓ ਨੂੰ, ਨਾ ਦਾਦੇ ਨੂੰ, ਨਾ ਪੜਦਾਦੀ ਨੂੰ, ਨਾ ਨਾਨਕਿਆਂ ਨੂੰ, ਕਿਸੇ ਨੂੰ ਪਾਪ ਨਹੀਂ ਸੀ ਲਗਣਾ। ਨਹੀਂ ਤਾਂ 101 ਕੁਲ ਨੂੰ ਡਬੋ ਲੈਂਦਾ ਹੈ ਉਹ ਇਕੋ ਹੀ ਬੰਦਾ। ਸੋ ਤਾਂ ਮਹਾਰਾਜ ਕਹਿੰਦੇ ਨੇ –

*ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ॥*
*ਬਿਧਵਾ ਕਸ ਨ ਭਈ ਮਹਤਾਰੀ ॥ ੧ ॥*
*ਜਿਹ ਨਰ ਰਾਮ ਭਗਤਿ ਨਹਿ ਸਾਧੀ ॥*
*ਜਨਮਤ ਕਸ ਨ ਮੁਓ ਅਪਰਾਧੀ ॥ ਅੰਗ - ੨੮*

ਕਹਿੰਦੇ ਜੰਮਦਾ ਹੀ ਮਰ ਜਾਂਦਾ, ਚੰਗਾ ਸੀ। ਇਕ ਥਾਂ ਗੁਰੂ ਮਹਾਰਾਜ ਨੇ ਐਸਾ ਫੁਰਮਾਨ ਕੀਤਾ ਹੈ-

*ਧਾਰਨਾ - ਕਾਹਨੂੰ ਜੰਮਣਾ ਸੀ*
*ਭਗਤੀ ਤੋਂ ਹੀਣਿਆਂ ਓਏ,*
*ਕਾਹਨੂੰ ਜੰਮਣਾ।*

*ਜਿਨੀ ਐਸਾ ਹਰਿ ਨਾਮੁ ਨ ਚੇਤਿਓ*
*ਸੇ ਕਾਹੇ ਜਗਿ ਆਏ ਰਾਮ ਰਾਜੇ ॥*
*ਅੰਗ - ੪੫੦*

ਮਹਾਰਾਜ ਕਹਿੰਦੇ ਤੁਸੀਂ ਦੱਸੋ ਤਾਂ ਸਹੀ ਕੀ ਕਰਨ ਆਏ ਹੋ? ਕੋਈ ਜਵਾਬ ਨਹੀਂ ਹੈ। ਮਹਾਰਾਜ ਕਹਿੰਦੇ ਤੁਸੀਂ ਆਪਣੇ ਕਰਮ ਭੁਗਤਣ ਆਏ ਹੋ। ਕਰਮ ਭੁਗਤਣੇ ਨੇ ਸੰਸਾਰ ਦੇ ਅੰਦਰ; ਹੋਰ ਤੁਹਾਡਾ ਕੋਈ ਕੰਮ ਨਹੀਂ।

*ਮਾਣਸ ਜਨਮੁ ਦੁਲੰਭੁ ਹੈ*
*ਨਾਮ ਬਿਨਾ ਬਿਰਥਾ ਸਭੁ ਜਾਏ ॥ਅੰਗ - ੪੫੦*

ਬਿਰਥਾ ਚਲਿਆ ਜਾਂਦਾ ਹੈ ਨਾਮ ਜਪਣ ਤੋਂ ਬਗੈਰ।

*ਹੁਣਿ ਵਤੈ ਹਰਿ ਨਾਮੁ ਨ ਬੀਜਿਓ*
*ਅਗੈ ਭੁਖਾ ਕਿਆ ਖਾਏ ॥ ਅੰਗ - ੪੫੦*

ਹੁਣ ਤੇਰੀ ਵਤ ਲੱਗੀ ਹੋਈ ਹੈ ਨਾਮ ਜਪਣ ਦੀ। ਕੀ ਔਖਾ ਹੈ? ਗੁਰੂ ਵਾਲਾ ਬਣ ਕੇ ਮੰਤਰ ਲੈ ਲਓ। ਉਸ ਮੰਤਰ ਦਾ ਜਾਪ ਕਰਦੇ ਹੀ ਜਾਓ। ਕਿਉਂਕਿ ਅੰਦਰ ਮੈਲ ਹੈ, ਉਹਨੇ ਅੰਦਰਲੇ ਪਾਸੇ ਦੀ ਲੰਘਣਾ ਹੈ, ਪੜਤਾਂ ਦੀਆਂ ਪੜਤਾਂ ਮੈਲ ਦੀਆਂ ਪਾਟ ਗਈਆਂ ਨੇ। ਪਾਣੀ ਕੱਢਣ ਵਾਸਤੇ ਕਿੰਨਾਂ ਤੁਰੱਦਦ ਕਰਦੇ ਹਾਂ। ਬੋਰ ਕਰਦੇ ਹਾਂ। ਇਵੇਂ ਜਿਵੇਂ ਸਰੀਰ ਦੇ ਅੰਦਰ ਨਾਮ ਪਿਆ ਹੈ।

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥*
*ਅੰਗ - ੨੯੩*

ਮਹਾਰਾਜ ਕਹਿੰਦੇ ਏਸ ਸਰੀਰ ਨੂੰ ਪਛਾਣੋ -

*ਇਹੁ ਸਰੀਰੁ ਸਭੁ ਧਰਮੁ ਹੈ*
*ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ॥*
*ਅੰਗ - ੩੦੯*

ਅੰਦਰ ਨਾਮ ਪਿਆ ਹੈ -

*ਗੁਹਜ ਰਤਨ ਵਿਚਿ ਲੁਕਿ ਰਹੇ*
*ਕੋਈ ਗੁਰਮੁਖਿ ਸੇਵਕੁ ਕਢੈ ਖੋਤਿ ॥*
*ਅੰਗ - ੩੦੯*

'ਖੋਤ' ਕਹਿੰਦੇ ਨੇ, ਹੌਲੀ-ਹੌਲੀ ਖੁਣ-ਖੁਣ ਕੇ ਕੱਢਣਾ। ਜਿਵੇਂ ਆਪਾਂ ਬੋਰ ਕਹਿ ਲਓ। ਜਦ ਨਾਮ ਤਕ ਪਹੁੰਚਿਆ।

*ਸਭੁ ਆਤਮ ਰਾਮੁ ਪਛਾਣਿਆ*
*ਇਕੁ ਰਵਿਆ ਇਕੋ ਓਤਿ ਪੋਤਿ ॥*
*ਅੰਗ - ੩੦੯*

ਆਪਣਾ ਹੀ ਨਹੀਂ ਪਤਾ ਲੱਗਿਆ, ਸਾਰਿਆਂ ਦੇ ਸਰੀਰ 'ਚ ਪਤਾ ਲਗ ਗਿਆ ਕਿ ਇਨ੍ਹਾਂ ਦੇ ਅੰਦਰ ਤਾਂ ਇੱਕੋ ਹੀ ਆਤਮਾ ਪਈ ਹੈ।

*ਇਕੁ ਦੇਖਿਆ ਇਕੁ ਮੰਨਿਆ*
*ਇਕੋ ਸੁਣਿਆ ਸ੍ਰਵਣ ਸਰੋਤਿ ॥ ਅੰਗ - ੩੦੯*

ਮਹਾਰਾਜ ਕਹਿੰਦੇ ਇਕ ਦੇਖਿਆ, ਇਕ ਮੰਨ ਲਿਆ, ਇਕ ਸੁਣ ਲਿਆ। ਮਹਾਰਾਜ ਕਹਿੰਦੇ, ਫੇਰ ਤੇਰਾ ਫਾਇਦਾ ਕੀ, ਜੇ ਤੂੰ ਅੰਦਰੋਂ ਨਾਮ ਨਾ ਕੱਢ ਸਕਿਆ। ਫੇਰ ਤੇਰੇ ਸੰਸਾਰ 'ਚ ਆਉਣ ਦਾ ਫਾਇਦਾ ਕੀ। ਕਿਤੇ ਮਹਾਰਾਜ ਇਹਨੂੰ ਬੀਜਣਾ ਕਹਿੰਦੇ ਨੇ। ਅਨੇਕ ਅਲੰਕਾਰਾਂ ਨਾਲ ਦਸਦੇ ਨੇ ਕਿ ਤੇਰੇ ਅੰਦਰ ਨਾਮ ਪਿਆ ਹੈ, ਗੁਰੂ ਵਾਲਾ ਬਣ ਕੇ ਤੂੰ ਏਸ ਨਾਮ ਨੂੰ ਪ੍ਰਾਪਤ ਕਰਨ ਦਾ ਯਤਨ ਕਰ। ਦਿਨ ਲੰਘਦੇ ਜਾਂਦੇ ਨੇ, ਮੁੜ ਕੇ ਪਤਾ ਨਹੀਂ ਫੇਰ ਕਿਹੜੇ ਘਰ ਪੈਦਾ ਹੋਣਾ ਹੈ। ਗਰੀਬ ਹੋਣਾ ਹੈ, ਅਮੀਰ ਹੋਣਾ ਹੈ, ਐਵੇਂ ਬੋਝਾ ਚੁੱਕ-ਚੁੱਕ ਮਰ ਜਾਵਾਂਗੇ, ਹੁਣ ਵਧੀਆ ਮਹਾਰਾਜ ਜੀ ਨੇ ਰਹਿਣ ਨੂੰ ਵੀ ਥਾਂ ਦਿਤੇ ਨੇ। ਸ਼ਹਿਰ ਵੀ ਦਿਤਾ ਹੈ, ਸੋਹਣਾ ਵਾਤਾਵਰਣ ਵੀ ਦਿਤਾ ਹੈ। ਇਹ ਵੀ ਨਹੀਂ ਪਤਾ ਕਿ ਕੋਈ ਜਾਨਵਰ ਹੀ ਬਣ ਜਾਣਾ ਹੈ, ਕੋਈ ਪਤਾ ਨਹੀਂ ਹੈ।

ਬੰਦਾ ਬਹਾਦਰ ਦੇ ਕੋਲ ਗੁਰੂ ਦਸ਼ਮੇਸ਼ ਪਿਤਾ ਜਾਂਦੇ ਨੇ, ਜਦ ਬੰਦਾ ਬਹਾਦਰ ਨੇ ਗੁਰੂ ਮਹਾਰਾਜ ਦੀ ਮਹਿਮਾ ਨੂੰ ਜਾਣ ਲਿਆ, ਉਸ ਵੇਲੇ ਮਹਾਰਾਜ ਜੀ ਨੇ ਪੁਛਿਆ ਕਿ ਕਿਉਂ ਬਈ ਬੰਦਾ ਸਿੰਘ ਬਹਾਦਰ ਤੇਰੇ ਗੁਰੂ ਕਿੱਥੇ ਨੇ, ਤੈਨੂੰ ਕੁਛ ਹੈ ਗਿਆਨ? ਕਹਿੰਦਾ ਮਹਾਰਾਜ! ਐਨਾ ਗਿਆਨ ਮੈਨੂੰ ਨਹੀਂ ਹੈ। ਕਹਿੰਦੇ ਫੇਰ ਵੀ? ਕਹਿੰਦਾ, ਬ੍ਰਹਮਲੀਨ ਹੋ ਗਏ। ਬ੍ਰਹਮਲੀਨ ਹੀ ਕਹਿੰਦੇ ਹਾਂ ਅਸੀਂ ਕਿ ਜੀ ਫਲਾਣਾ ਬ੍ਰਹਮਲੀਨ ਹੋ ਗਿਆ। 'ਅੱਖਰ' ਹੈ ਇਕ। ਅਸੀਂ ਚੜ੍ਹਾਈ ਕਰ ਗਿਆ ਕਹਿ ਦਿੰਦੇ ਹਾਂ। ਕਿੱਥੇ ਨੂੰ ਕਰ ਗਿਆ ਚੜ੍ਹਾਈ ਇਹ ਵੀ ਨਹੀਂ ਸਾਨੂੰ ਪਤਾ ਹੁੰਦਾ। ਉਹ ਕਹਿੰਦਾ, ਮੈਨੂੰ ਤਾਂ ਪਤਾ ਨਹੀਂ, ਜੇ ਆਪ ਨੂੰ ਪਤਾ ਹੈ ਤਾਂ ਇਕ ਵਾਰੀ ਦਰਸ਼ਨ ਕਰਾ ਦਿਓ, ਮਹਾਰਾਜ ਕਹਿੰਦੇ ਦੇਖ ਉਤੇ ਚੱਲ। ਆਹ ਜਿਹੜਾ ਬਿਲ ਦਾ ਦਰਖਤ ਹੈ। ਇਹਦੀਆਂ ਤੂੰ ਆਹ ਟਾਹਣੀਆਂ ਤੇ ਨਾ ਜਾਈਂ। ਐਸ ਟਾਹਣੀ 'ਤੇ ਜਾਹ। ਇਹਦੇ ਉਤੋਂ ਫੇਰ ਤੂੰ ਨਿੱਕੀ ਟਾਹਣੀ 'ਤੇ ਜਾਈਂ। ਉਥੇ ਤੈਨੂੰ ਇਕ ਕੀੜਾ ਮਿਲੇਗਾ ਵੱਡਾ ਸਾਰਾ। ਉਹਨੇ ਬਿੱਲ ਦੇ ਅੰਦਰ ਸੁਰਾਖ ਕਰਿਆ ਹੋਇਆ ਹੈ। ਇਹ ਮੌਜ ਦੇ ਨਾਲ ਅੰਦਰ ਬਿੱਲ ਵੀ ਖਾਂਦਾ ਰਹਿੰਦਾ ਹੈ, ਕੀੜੇ ਖਾਂਦੇ ਹੀ ਨੇ, ਕੱਕੜੀਆਂ ਦੇ ਵਿਚ ਸੁਰਾਖ ਕਰ ਲੈਂਦੇ ਨੇ।

ਖਰਬੂਜਿਆਂ ਵਿਚ ਕਰ ਲੈਂਦੇ ਨੇ। ਕਹਿੰਦੇ, ਉਹਨੂੰ ਲਿਆ ਤੂੰ ਸਾਡੇ ਕੋਲ। ਬੰਦਾ ਬਹਾਦਰ ਉਤੇ ਚੜ੍ਹ ਗਿਆ, ਜਿਥੇ-ਜਿਥੇ ਮਹਾਰਾਜ ਨੇ ਦੱਸਿਆ, ਓਸ ਟਾਹਣੀ ਤੋਂ ਜਾ ਕੇ, ਜੜ੍ਹਾਂ ਦੇ ਵਿਚ ਐਉਂ ਲੱਗਿਆ ਪਿਆ, ਉਹਨੇ ਫੜ ਲਿਆ, ਬਿੱਲ ਵੀ ਤੋੜ ਲਿਆ। ਮਹਾਰਾਜ ਜੀ ਕੋਲ ਲੈ ਆਇਆ। ਮਹਾਰਾਜ ਕਹਿੰਦੇ ਆਹ ਹੈ ਤੇਰਾ ਗੁਰੂ। ਹੈਰਾਨ ਹੋ ਗਿਆ ਕਿ ਸੱਚੇ ਪਾਤਸ਼ਾਹ! ਮੈਨੂੰ ਤੁਹਾਡੇ ਬਚਨਾਂ 'ਤੇ ਯਕੀਨ ਹੈ, ਮੇਰਾ ਸੰਸਾ ਨਵਿਰਤ ਕਰ ਦਿਓ। ਇਕ ਵਾਰੀ ਮੇਰਾ ਗੁਰੂ ਬੋਲ ਕੇ ਮੈਨੂੰ ਦੱਸ ਦੇਵੇ। ਮਹਾਰਾਜ ਜੀ ਨੇ ਕ੍ਰਿਪਾ ਕਰ ਦਿਤੀ ਬੋਲਣ ਦੀ ਸ਼ਕਤੀ ਦੇ ਦਿਤੀ। ਕਹਿਣ ਲੱਗਿਆ, ਮਾਧੋਦਾਸ! ਸੱਚਮੁੱਚ ਮੈਂ ਤੇਰਾ ਗੁਰੂ ਹਾਂ। ਰੋਣ ਲੱਗ ਗਿਆ, ਕਹਿਣ ਲੱਗਿਆ, ਹੇ ਸਤਿਗੁਰੂ! ਤੂੰ ਮੈਨੂੰ ਐਡੀ ਵੱਡੀ ਵਿਦਿਆ ਦਿਤੀ, ਐਨੀਆਂ ਸ਼ਕਤੀਆਂ ਦਾ ਮਾਲਕ ਬਣਾਇਆ, ਐਨੇ ਬੀਰ ਮੈਂ ਵਸ ਵਿਚ ਕੀਤੇ। ਤੁਹਾਡਾ ਆਹ ਹਾਲ? ਮੇਰਾ ਕੀ ਹਾਲ ਹੋਏਗਾ ਫੇਰ? ਕਹਿੰਦੇ, ਮਾਧੋਦਾਸ! ਤੈਨੂੰ ਪੂਰਾ ਸਤਿਗੁਰੂ ਮਿਲ ਗਿਆ। ਤੇਰਾ ਹਾਲ ਕੋਈ ਮਾੜਾ ਨਹੀਂ ਹੋਣਾ। ਇਨ੍ਹਾਂ ਦਾ ਬਚਨ ਕਮਾ, ਮਹਾਰਾਜ! ਤੁਹਾਡਾ ਇਹ ਹਾਲ ਕਿਉਂ ਹੋਇਆ? ਕਹਿੰਦਾ, ਮੈਂ ਜਦ ਚੜ੍ਹਾਈ ਕਰ ਰਿਹਾ ਸੀ। ਬਿੱਲ ਪੱਕੇ ਹੋਏ ਸੀ। ਮੈਂ ਉਤੇ ਨੂੰ ਝਾਕਿਆ ਤਾਂ ਮੇਰੇ ਮਨ ਵਿਚ ਆਇਆ ਕਿ ਮੈਂ ਇਹ ਪੱਕਿਆ ਹੋਇਆ ਬਿੱਲ ਨਹੀਂ ਖਾਧਾ, ਮੇਰੇ ਆਹ ਖਿਆਲ ਆ ਗਿਆ, ਨਾਲ ਦੀ ਨਾਲ ਮੇਰੇ ਪ੍ਰਾਣ ਨਿਕਲ ਗਏ। 'ਅੰਤ ਮਤੇ ਸੋ ਗਤੇ' ਜਿਹੋ ਜਿਹੀ ਅੰਤ ਦੀ ਮਤੀ ਹੋਏਗੀ, ਉਹੋ ਜਿਹੀ ਗਤੀ ਹੋਏਗੀ। ਜੇ ਕੋਠੀ 'ਚ ਰਹਿ ਜਾਵੇ ਸੁਰਤ, ਪ੍ਰੇਤ ਬਣ ਜਾਂਦਾ ਹੈ, ਨਾਲੇ ਆਪ ਦੁਖੀ, ਨਾਲੇ ਘਰਦਿਆਂ ਦੀ ਬੱਸ ਕਰਾ ਦਿੰਦਾ ਹੈ। ਪਸ਼ੂ ਮਾਰ ਦਏਗਾ, ਡੰਗਰ ਮਾਰ ਦਏਗਾ, ਘਾਟੇ ਪਾਉਣ ਲੱਗ ਜਾਏਗਾ, ਫਸਲਾਂ ਤਬਾਹ ਕਰ ਦਏਗਾ।

ਗੁਰੂ ਦਸਵੇਂ ਪਾਤਸ਼ਾਹ ਨੇ ਬਠਿੰਡੇ ਦਿਓ ਨੂੰ ਪੁਛਿਆ ਕਿ ਤੁਸੀਂ ਕੀ ਕੰਮ ਕਰਦੇ ਹੁੰਦੇ ਓ, ਕਹਿੰਦੇ ਮਾਲਵੇ ਦੀਆਂ ਸਭ ਫਸਲਾਂ ਖਾ ਜਾਂਦੇ ਹਾਂ, ਤਾਂ ਵੀ ਨਹੀਂ ਸਾਡਾ ਗੁਜ਼ਾਰਾ ਹੁੰਦਾ।ਸੋ ਨੁਕਸਾਨ ਕਰ ਦਿੰਦੀਆਂ ਨੇ ਆਹ ਰੂਹਾਂ। ਕਹਿਣ ਲੱਗਾ, ਮਰਨ ਤੋਂ ਬਾਅਦ ਮੈਂ ਕੀੜਾ ਬਣਦਾ ਤੁਰਿਆ ਆ ਰਿਹਾ ਹਾਂ। ਮੇਰੀ ਗਤੀ ਹੋਈ ਨਹੀਂ ਹੈ। ਇਹ ਤਾਂ ਗੁਰੂ ਮਹਾਰਾਜ ਆ ਗਏ, ਕ੍ਰਿਪਾ ਕਰ ਦਿਤੀ, ਮੇਰੀ ਵੀ ਗਤੀ ਤੇ ਤੇਰੀ ਵੀ ਗਤੀ।

ਹੁਣ ਇਹ ਨਹੀਂ ਪਤਾ ਕਿ ਸਰੀਰ ਛੱਡਣ ਤੋਂ ਬਾਅਦ ਅਸੀਂ ਕਿੱਥੇ ਜਾਈਏ। ਕਿਹੋ ਜਿਹੇ ਘਰ ਵਿਚ ਜਾਈਏ। ਬੜਾ ਮੁਸ਼ਕਲ ਹੈ, ਜਿਸ ਨੂੰ ਪਿਛਲੇ ਜਨਮ ਦਾ ਪਤਾ ਹੋਵੇ ਨਾ ਕਿ ਮੈਂ ਆਹ ਸੀ, ਦੂਸਰੇ ਜਨਮ ਵਿਚ ਉਹਨੂੰ ਬਹੁਤ ਔਖਾ ਹੁੰਦਾ ਹੈ, ਕਿ ਲੈ ਚੰਗੇ ਭਲੇ ਬੈਠੇ ਸੀ, ਭਜਨ ਕਰਦੇ ਸੀ, ਆਹ ਹੁਣ ਆ ਕੇ ਫੇਰ ਬੱਚੇ ਬਣ ਗਏ, ਚਪੇੜਾਂ ਖਾਣੀਆਂ ਪੈ ਗਈਆਂ ਕਿ ਤੂੰ ਪੜ੍ਹਦਾ ਨਹੀਂ ਹੈਂ, ਆਹ ਕੰਮ ਨਹੀਂ ਕਰਦਾ, ਆਹ ਨਹੀਂ ਕਰਦਾ। ਬੇ-ਵਸ ਹੋ ਗਿਆ ਆਦਮੀ ਗੁਰੂ ਨਾਨਕ ਦੇਵ ਜੀ ਦੇ ਵੀ ਤਾਂ ਮਾਰੀਆਂ ਸੀ ਚਪੇੜਾਂ ਕਿ ਤੂੰ ਵੀਹ ਰੁਪਏ ਕਿਉਂ ਖਰਚ ਕਰਕੇ ਆਇਆ। ਝਿੜਕਾਂ ਰੋਜ਼ ਹੀ ਪੈਂਦੀਆਂ ਸੀ।

ਮਹਾਰਾਜ ਕਹਿੰਦੇ, ਜੇ ਤੂੰ ਹੁਣੇ ਕੁਛ ਕਰ ਲਵੇਂ ਤਾਂ, ਤਾਂ ਬਹੁਤ ਵਧੀਆ ਹੈ, ਔਖਾ ਰਾਹ ਨਹੀਂ ਹੈ, ਬਿਲਕੁਲ ਸੁਖਾਲਾ ਹੈ। ਕਹਿੰਦਾ ਹੈ ਕਿ ਮਹਾਰਾਜ ਔਖਾ ਐਨਾ ਹੈ ਕਿ ਇਕ ਵਾਲ ਜਿੰਨਾ ਵੀ ਨਹੀਂ ਟੱਪਿਆ ਜਾਂਦਾ, ਪੂਰੇ ਜਨਮ 'ਚ। ਬਹੁਤ ਹੀ ਔਖਾ ਹੈ।

ਸੰਤ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲੇ) ਨੂੰ ਮੈਂ ਜਦੋਂ ਮਿਲਿਆ ਤਾਂ ਮੈਨੂੰ ਕਹਿੰਦੇ ਤੇਰਾ ਇਕ ਕਦਮ ਰਹਿੰਦਾ ਹੈ ਬਾਕੀ, ਤੂੰ ਏਸ ਜਨਮ 'ਚ ਪੁੱਟ ਲੈ, ਜੇ ਏਸ 'ਚ ਨਾ ਪੁੱਟ ਹੋਇਆ, ਅਗਲਾ ਜਨਮ ਲੈਣਾ ਪਵੇਗਾ, ਫੇਰ ਅਗਲਾ, ਪਤਾ ਨਹੀਂ ਕਿੱਥੇ ਜਾ ਕੇ ਹੋਵੇ, ਪਿਛੇ ਨੂੰ ਗਿਰਨ ਤੋਂ ਬਚੀਂ -

*ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ ॥*

*ਅੰਗ - ੧੦੯੬*

ਪਿਛੇ ਨੂੰ down fall ਨਾ ਹੋ ਜਾਵੇ, ਕੀ ਪਤਾ ਹੈ ਸੁਸਾਇਟੀ ਮਾੜੀ ਮਿਲ ਜਾਵੇ, ਮਾਇਆ ਦਾ ਅਸਰ ਪੈ ਜਾਵੇ, ਮਾਇਆ ਤਾਂ ਵੱਡਿਆਂ-ਵੱਡਿਆਂ ਨੂੰ ਸੁੱਟ ਲੈਂਦੀ ਹੈ। ਕਿਹੋ ਜਿਹਾ ਹਾਲ ਹੋਵੇ ਕਿ ਉਹ ਕਦਮ ਪੁੱਟ ਹੁੰਦਾ ਹੈ ਕਿ ਨਹੀਂ ਪੁੱਟ ਹੁੰਦਾ। ਉਹ ਤਾਂ ਇਸ਼ਾਰਾ ਕਰ ਗਏ। ਕਿਉਂਕਿ ਸੁਖਾਲਾ ਨਹੀਂ ਹੈ, ਸੌ ਜਨਮ ਦੀ ਭਗਤੀ ਹੋਵੇ ਤਾਂ ਵੀ ਨਹੀਂ ਪੁੱਟ ਹੁੰਦਾ। ਬਾਂਹ ਫੜ ਕੇ ਕੋਈ ਪਾਰ ਕਰਾ ਦੇਵੇ ਤਾਂ ਹੁੰਦਾ ਹੈ, ਨਹੀਂ ਤਾਂ ਨਹੀਂ ਹੁੰਦਾ। ਆਖਰੀ ਮੰਜ਼ਲ ਵਸ ਤੋਂ ਬਾਹਰ ਹੈ। ਇਹ ਗੁਰੂ ਦੇ ਹੱਥ ਵਿਚ ਹੈ, ਸੰਤ ਦੇ ਹੱਥ ਵਿਚ ਹੈ, ਜੇ ਪਹੁੰਚਿਆ ਹੋਇਆ ਸਾਧੂ ਹੈ, ਉਹ ਲੰਘਾ ਦਿੰਦਾ ਹੈ, ਦੂਜੇ ਤੋਂ ਨਹੀਂ ਲੰਘਾ ਹੁੰਦਾ। ਸੋ ਇਸ ਤਰ੍ਹਾਂ ਮਹਾਰਾਜ ਕਹਿੰਦੇ ਪਿਆਰਿਆ! ਤੂੰ ਐਨਾ ਸਿਆਣਾ ਹੈਂ ਜੇ ਤੂੰ ਨਾਮ ਨਹੀਂ ਸੀ ਜਪਣਾ-

*ਜਿਨੀ ਐਸਾ ਹਰਿ ਨਾਮੁ ਨ ਚੇਤਿਓ*
*ਸੇ ਕਾਹੇ ਜਗਿ ਆਏ ਰਾਮ ਰਾਜੇ ॥*

*ਅੰਗ - ੪੫੦*

ਕਿਹੋ ਜਿਹਾ ਨਾਮ ਜਿਸ ਵਿਚ ਸਾਰੀਆਂ ਹੀ ਬਰਕਤਾਂ ਨੇ।

*ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ*
*ਫਿਰਹਿ ਜੋ ਹਰਿ ਹਿਰਦੈ ਸਦਾ ਵਸਾਇ ॥*

*ਅੰਗ - ੬੪੯*

*ਜਿਸੁ ਨਾਮੁ ਰਿਦੈ ਸੋਈ ਵਡ ਰਾਜਾ ॥*

*ਅੰਗ - ੧੧੫੫*

*ਰਾਜਾ ਸਗਲੀ ਸ੍ਰਿਸਟਿ ਕਾ*
*ਹਰਿ ਨਾਮਿ ਮਨੁ ਭਿੰਨਾ ॥ ਅੰਗ - ੭੦੭*

ਕੋਈ ਤਕਲੀਫ ਨਹੀਂ ਆਉਂਦੀ।

*ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ*
*ਮਨ ਤਨ ਭਏ ਅਰੋਗਾ ॥ ਅੰਗ - ੬੧੧*

ਜੇ ਇਹੋ ਜਿਹਾ ਨਾਮ ਜਪਿਆ ਨਹੀਂ ਤਾਂ ਕਾਹਦੇ ਵਾਸਤੇ ਸੰਸਾਰ ਤੇ ਆਇਆ ਹੈਂ ਤੂੰ? ਕਹਿੰਦਾ ਜੀ ਮੈਂ ਕੋਠੀਆਂ ਬਣਾਉਣ ਵਾਸਤੇ, ਬੱਚੇ ਪੜ੍ਹਾਉਣ ਵਾਸਤੇ, ਨੌਕਰੀ ਕਰਨ ਵਾਸਤੇ; ਨੌਕਰੀ 'ਚੋਂ ਕੀ ਮਿਲਦਾ ਹੈ? ਕਹਿੰਦਾ ਹੈ ਜੀ ਰੋਟੀ। ਰੋਟੀ ਤਾਂ ਤੇਰੇ ਕਰਮਾਂ 'ਚ ਲਿਖੀ ਪਈ ਹੈ, ਮੈਂ ਲਿਖ ਕੇ ਭੇਜੀ ਹੈ ਪਹਿਲਾਂ, ਪ੍ਰਮੇਸ਼ਰ ਕਹਿੰਦਾ ਹੈ। ਪਰਾਲਬਧ ਕਰਮ ਮੈਂ ਤੇਰੇ ਮੱਥੇ 'ਚ ਲਿਖੇ ਨੇ, ਰੋਟੀ ਤਾਂ ਮੈਂ ਲਿਖ ਦਿਤੀ ਹੁਣ ਬੇਈਮਾਨੀ ਕਰ-ਕਰ ਕੇ ਤੂੰ ਹੋਰ ਗੱਲਾਂ ਵਾਧੂ ਕਰਦਾ ਹੈਂ, ਰੋਟੀ ਤਾਂ ਲਿਖੀ ਹੋਈ ਹੈ -

*ਕਾਹੇ ਰੇ ਮਨ ਚਿਤਵਹਿ ਉਦਮੁ*
*ਜਾ ਆਹਰਿ ਹਰਿ ਜੀਉ ਪਰਿਆ ॥*
*ਸੈਲ ਪਥਰ ਮਹਿ ਜੰਤ ਉਪਾਏ*
*ਤਾ ਕਾ ਰਿਜਕੁ ਆਗੈ ਕਰਿ ਧਰਿਆ ॥*
*ਅੰਗ - ੧੦*

ਰਿਜਕ ਦਾ ਫਿਕਰ ਨਾ ਕਰ, ਉਹ ਰਾਜਕ ਹੈ, ਉਹਨੇ ਦੇਣਾ ਹੀ ਦੇਣਾ ਹੈ।ਕਿਵੇਂ ਹੀ ਦੇਵੇ ਚਾਹੇ। ਇਹ ਡਿਊਟੀ ਵਾਹਿਗੁਰੂ ਦੀ ਹੈ, ਫੇਰ ਇਹ ਤੇਰੀ ਡਿਊਟੀ ਤਾਂ ਹੈ ਨਹੀਂ, ਤੂੰ ਆਪਣਾ ਜਨਮ ਬਰਬਾਦ ਕਰਕੇ ਚਲਿਆ ਜਾਵੇਂਗਾ। ਤੈਨੂੰ ਬੜੀ ਮੁਸ਼ਕਲ ਦੇ ਨਾਲ 83 ਲੱਖ 99 ਹਜ਼ਾਰ, 999 ਜੂਨਾਂ ਲੰਘਣ ਤੋਂ ਬਾਅਦ ਇਹ ਸਰੀਰ ਪ੍ਰਾਪਤ ਹੋਇਆ ਹੈ, ਇਹਦਾ ਫਾਇਦਾ ਲੈ ਲੈ, ਜੇ ਲੈ ਹੁੰਦਾ ਹੈ। ਸੰਤਾਂ ਦਾ ਬਚਨ ਕਮਾ ਲੈ, ਉਹਦੇ ਨਾਲ ਤਰ ਜਾਏਂਗਾ।

*ਜੇ ਕੋ ਬਚਨੁ ਕਮਾਵੈ ਸੰਤਨ ਕਾ*
*ਸੋ ਗੁਰ ਪਰਸਾਦੀ ਤਰੀਐ ॥ ਅੰਗ - ੭੪੭*

ਸੋ ਇਸ ਤਰ੍ਹਾਂ ਮਹਾਰਾਜ ਸਵਾਲ ਕਰਦੇ ਨੇ ਕਿ ਦੱਸ ਫੇਰ ਤੂੰ ਕਾਹਦੇ ਵਾਸਤੇ ਆਇਆ ਹੈਂ?

*ਇਹੁ ਮਾਣਸ ਜਨਮੁ ਦੁਲੰਭੁ ਹੈ*
*ਨਾਮ ਬਿਨਾ ਬਿਰਥਾ ਸਭੁ ਜਾਏ ॥*
*ਹੁਣਿ ਵਤੈ ਹਰਿ ਨਾਮੁ ਨ ਬੀਜਿਓ*
*ਅਗੈ ਭੁਖਾ ਕਿਆ ਖਾਏ ॥*
*ਮਨਮੁਖਾ ਨੋ ਫਿਰਿ ਜਨਮੁ ਹੈ*
*ਨਾਨਕ ਹਰਿ ਭਾਏ ॥ ਅੰਗ - ੪੫੦*

*ਮਨਮੁਖੁ ਦੁਖ ਕਾ ਖੇਤੁ ਹੈ*
*ਦੁਖੁ ਬੀਜੇ ਦੁਖੁ ਖਾਇ ॥*
*ਦੁਖ ਵਿਚਿ ਜੰਮੈ ਦੁਖਿ ਮਰੈ*
*ਹਉਮੈ ਕਰਤ ਵਿਹਾਇ॥ ਅੰਗ - ੯੪੭*

ਸੋ ਇਸ ਤਰ੍ਹਾਂ ਸ਼ੁਭ ਉਪਦੇਸ਼ ਦਿੰਦੀਆਂ ਨੇ ਮਾਵਾਂ। ਬਾਲਮੀਕ ਨੂੰ ਉਪਦੇਸ਼ ਦੇ ਦਿਤਾ ਕਿ ਬੰਦਾ ਪਹਿਲਾਂ ਮਾਰਿਆ ਕਰ, ਪਿਛੋਂ ਤਲਾਸ਼ੀ ਲਿਆ ਕਰ। ਪਹਿਲੇ ਦਿਨ ਉਹਨੇ ਬੰਦਾ ਮਾਰ ਦਿਤਾ, ਕੁਛ ਵੀ ਨਾ ਨਿਕਲਿਆ, ਦੋ ਪੈਸੇ ਨਿਕਲੇ। ਬੜਾ ਅਫਸੋਸ ਆਇਆ ਮਨ ਵਿਚ; ਜ਼ਮੀਰ ਨੇ ਆਵਾਜ਼ ਦਿਤੀ, ਜ਼ਮੀਰ ਮਾੜੇ ਕੰਮ ਲਈ ਵੀ ਆਵਾਜ਼ ਦਿੰਦੀ ਹੈ, ਚੰਗੇ ਲਈ ਵੀ ਦਿੰਦੀ ਹੈ ਲੇਕਿਨ ਮਾੜੇ ਨੇ ਉਹਨੂੰ ਅਵਾਜ਼ proof ਕਰ ਲਿਆ ਹੁੰਦਾ ਹੈ, ਉਹਦੀ ਆਵਾਜ਼ pass on ਨਹੀਂ ਹੁੰਦੀ। ਚੰਗੇ ਬੰਦੇ ਨੂੰ ਉਸੇ ਵੇਲੇ ਪਤਾ ਲਗ ਜਾਂਦਾ ਹੈ ਕਿ ਤੂੰ ਤਾਂ ਗਲਤ ਕੰਮ ਕਰ ਰਿਹਾ ਹੈਂ, ਠਹਿਰ ਜਾ; ਜ਼ਮੀਰ ਨੇ ਆਵਾਜ਼ ਦਿਤੀ ਕਿ ਤੂੰ ਬੜਾ ਮਾੜਾ ਕੰਮ ਕਰਿਆ, ਦੋ ਪੈਸੇ ਪਿਛੇ ਬੰਦਾ ਮਾਰ ਦਿਤਾ, ਇਹਦੇ ਬੱਚੇ ਹੋਣੇ, ਇਸਤਰੀ ਹੋਣੀ, ਕਿਸੇ ਕਾਰਜ ਜਾ ਰਿਹਾ ਸੀਗਾ ਤੇ ਤੂੰ ਮਾਰ ਦਿਤਾ। ਕੁਹਾੜਾ ਰੱਖ ਦਿਤਾ ਮਾਂ ਦੇ ਕੋਲ ਗਿਆ ਕਿ ਮੈਂ ਨਹੀਂ ਇਹ ਕੰਮ ਕਰਨਾ। ਮਾਂ ਕਹਿੰਦੀ, ਲਿਆ ਦੋ ਪੈਸੇ। ਦੋ ਪੈਸੇ ਲੈ ਕੇ ਮਾਛੀਆਂ ਦੇ ਘਰ ਜਾ ਕੇ ਪੂੰਗ ਖਰੀਦ ਲਿਆਈ (ਪੂੰਗ ਛੋਟੀਆਂ-ਛੋਟੀਆਂ ਮੱਛੀਆਂ ਹੁੰਦੀਆਂ ਨੇ) ਝੱਕਰਾ ਭਰ ਲਿਆਂਦਾ। ਕਹਿੰਦੀ, ਬਾਲਮੀਕ ਉਰ੍ਹੇ ਆ, ਤੂੰ ਤਾਂ ਦੋ ਪੈਸੇ ਪਿਛੇ ਇਕ ਬੰਦਾ ਮਾਰਿਆ, ਆਹ ਦੇਖ ਭਰਿਆ ਹੋਇਆ ਝੱਕਰਾ, ਇਹਨੇ ਦੋ ਪੈਸੇ ਲਈ ਕਿੰਨੇ ਜੀਵ ਮਾਰ ਦਿਤੇ; ਜੀਵ ਦੀ ਹੱਤਿਆ ਤਾਂ ਇਕੋ ਜਿਹੀ ਹੈ, ਬੰਦਾ ਮਾਰ ਦਿਤਾ, ਕੁੱਤਾ ਮਾਰ ਦਿਤਾ। ਪੁੱਠੇ ਰਸਤੇ ਲਾ ਦਿਤਾ; ਹੁਣ ਕੰਮ ਕੀ ਕਰਦਾ ਹੈ, ਬੰਦਿਆਂ ਨੂੰ ਮਾਰੀ ਜਾਂਦਾ ਹੈ। ਭਾਈ ਗੁਰਦਾਸ ਜੀ ਨੇ ਲਿਖਿਆ ਹੈ -

*ਵਾਟੈ ਮਾਣਸ ਮਾਰਦਾ ਬੈਠਾ ਬਾਲਮੀਕ ਬਟਵਾੜਾ।*
*ਭਾਈ ਗੁਰਦਾਸ ਜੀ, ਵਾਰ ੧੦/੧੯*

ਲੇਕਿਨ ਇਕ ਦਿਨ ਐਸਾ ਹੋਇਆ ਕਿ ਪੂਰਾ ਸਤਿਗੁਰੂ ਆ ਗਿਆ; ਸਤਿਗੁਰੂ ਦੀ ਅਣਹੋਂਦ ਨਹੀਂ ਕਦੇ ਵੀ ਸਾਧਸੰਗਤ ਜੀ ਹੁੰਦੀ। ਇਹ ਵਾਹਿਗੁਰੂ ਦਾ ਇੰਤਜ਼ਾਮ ਹੈ, ਸਾਨੂੰ ਦਖਲ ਨਹੀਂ ਦੇਣਾ ਚਾਹੀਦਾ ਇਹਦੇ ਵਿਚ ਕਿ ਗੁਰੂ ਹੁੰਦਾ ਹੈ ਕਿ ਨਹੀਂ ਹੁੰਦਾ, ਜਿਹਦੇ ਮਸਤਕ 'ਚ ਲਿਖਿਆ ਹੋਇਆ ਹੈ, ਉਹਨੂੰ ਗੁਰੂ ਮਿਲ ਜਾਏਗਾ, ਜਿਹਦੇ ਨਹੀਂ ਲਿਖਿਆ ਉਹਨੂੰ ਨਹੀਂ ਮਿਲੇਗਾ।

*ਜਿਨ ਮਸਤਕਿ ਧੁਰਿ ਹਰਿ ਲਿਖਿਆ*
*ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ ॥*
*ਅੰਗ - ੪੫੦*

ਸਤਿਗੁਰੂ ਦੀ ਅਣਹੋਂਦ ਨਹੀਂ, ਜਦ ਤੋਂ ਸੰਸਾਰ ਰਚਿਆ ਹੈ ਸਤਿਗੁਰੂ ਆਉਂਦਾ ਹੀ ਹੈ। ਕਦੇ ਕਿਸੇ ਰੂਪ ਵਿਚ, ਕਦੇ ਕਿਸੇ 'ਚ। ਸਤਿਗੁਰੂ ਜੋਤੀ ਹੁੰਦੀ ਹੈ, ਸਰੀਰ ਧਾਰਨ ਕਰ ਲੈਂਦੀ ਹੈ।

*ਪੂਰਾ ਸਤਿਗੁਰੁ ਭੇਟਿਆ*
*ਮਨ ਵਿਚਿ ਹੋਆ ਖਿੰਜੋ ਤਾੜਾ।*
**ਭਾਈ ਗੁਰਦਾਸ ਜੀ, ਵਾਰ ੧੦/੧੯**

ਪੂਰਾ ਸਤਿਗੁਰੂ ਆ ਗਿਆ, ਹੁਣ ਅੱਜ ਪਹਿਲੀ ਵਾਰੀ ਜੋ-ਜ਼ਿਕ ਆਈ ਅੰਦਰ। ਪਹਿਲਾਂ ਤਾਂ ਨੱਠ ਕੇ ਮਾਰਦਾ ਸੀ, ਹੁਣ ਮਨ ਵਿਚ ਹੋਇਆ ਕਿ ਇਹ ਤਾਂ ਜ਼ੋਰ ਨਹੀਂ ਚੱਲਦਾ। ਉਹਦਾ ਰੋਹਬ ਐਡਾ ਹੈ, ਨਾਮ ਦਾ ਪ੍ਰਤਾਪ ਐਡਾ ਹੈ, ਮਨ ਵਿਚ ਡਰ ਗਿਆ, ਹਿੱਲ ਗਿਆ ਪੈਰਾਂ ਤੋਂ।

*ਮਾਰਨ ਨੋ ਲੋਚੈ ਘਣਾ*
*ਕਢਿ ਨ ਹੰਘੈ ਹਥੁ ਉਘਾੜਾ।*
**ਭਾਈ ਗੁਰਦਾਸ ਜੀ, ਵਾਰ ੧੦/੧੯**

ਲੇਕਿਨ ਮਾਰ ਨਹੀਂ ਸਕਦਾ। ਕੁਹਾੜਾ ਫੜਦਾ ਹੈ, ਬਾਹਾਂ ਡੋਲ ਰਹੀਆਂ ਨੇ। ਮਾਰ ਨਹੀਂ ਸਕਦਾ।

*ਸਤਿਗੁਰ ਮਨੂਆ ਰਾਖਿਆ*
*ਹੋਇ ਨ ਆਵੈ ਉਛੋਹਾੜਾ।*
**ਭਾਈ ਗੁਰਦਾਸ ਜੀ, ਵਾਰ ੧੦/੧੯**

ਉਨ੍ਹਾਂ ਨੇ ਮਨ ਹੀ ਬਦਲ ਦਿਤਾ ਉਹਦਾ। ਹੁਣ ਹੋ ਨਹੀਂ ਸਕਦਾ। ਉਹਨੇ ਕਿਹਾ ਕਿ ਅੱਜ ਤਾਂ ਅਜੀਬ ਆਦਮੀ ਨਾਲ ਵਾਹ ਪਿਆ ਹੈ।

ਸਾਧਸੰਗਤ ਜੀ! ਇਤਿਹਾਸ ਦੇ ਵਿਚ ਬੇਅੰਤ ਮਿਸਾਲਾਂ ਆਉਂਦੀਆਂ ਨੇ, ਗੁਰੂ ਨਾਨਕ ਪਾਤਸ਼ਾਹ ਨੂੰ ਜਦੋਂ ਬਗਦਾਦ ਵਿਚ ਵੱਟੇ ਮਾਰਨ ਆਇਆ ਸ਼ਹਿਰ; ਮਹਾਰਾਜ ਨੇ ਇਕ ਦ੍ਰਿਸ਼ਟੀ ਕਰੀ ਹੈ, 'ਸਤਿ ਸ੍ਰੀ ਅਕਾਲ, ਗੁਰਬਰ ਅਕਾਲ' ਖੜ੍ਹੇ ਹੋ ਕੇ ਇਹ ਬਾਂਗ ਦੇ ਦਿਤੀ। ਉਹਦਾ ਅਸਰ ਕੀ ਹੋਇਆ ਸਾਰਿਆਂ ਦੇ ਉਥੇ ਹੀ ਹੱਥ ਜੁੜ ਗਏ।

ਸਿਕੰਦਰ ਰਾਵੀ ਦੇ ਕੰਢੇ ਗਿਆ, ਪੋਰਸ ਨੂੰ ਨਾਲ ਲੈ ਕੇ, ਉਥੇ ਗਿਆ, ਮਹਾਤਮਾ ਬੈਠੇ ਨੇ ਉਨ੍ਹਾਂ ਨੇ ਸਤਿਕਾਰ ਹੀ ਨਾ ਕਰਿਆ, ਇਹਨੂੰ ਗੁੱਸਾ ਆ ਗਿਆ ਕਿ ਮੈਂ ਦੁਨੀਆਂ ਨੂੰ ਜਿੱਤ ਕੇ ਆਇਆ ਹਾਂ, ਇਹਨੇ ਮੇਰਾ ਸਤਿਕਾਰ ਹੀ ਨਹੀਂ ਕਰਿਆ, ਨੰਗ-ਧੜੰਗਾ ਬੈਠਾ ਹੈ। ਇਹਨੇ ਕਿਹਾ ਕਿ ਮੈਂ ਤਾਂ ਇਹਨੂੰ ਮਾਰ ਦੇਵਾਂਗਾ, ਘੋੜਾ ਤੇਜ਼ ਕਰ ਲਿਆ ਤੇ ਤਲਵਾਰ ਕੱਢ ਲਈ। ਜਦ ਕੋਲ ਗਿਆ, ਮਹਾਤਮਾ ਨੇ ਇਹਦੇ ਵਲ ਜਦ ਦੇਖਿਆ, ਤਲਵਾਰ ਉਥੇ ਹੀ ਰਹਿ ਗਈ, ਨਾ ਹੇਠਾਂ ਹੁੰਦੀ ਹੈ, ਬਾਂਹ, ਨਾ ਹੋਰ ਉਪਰ ਹੁੰਦੀ ਹੈ। ਕਹਿੰਦੇ, ਮਾਰ, ਮਾਰਦਾ ਕਿਉਂ ਨਹੀਂ ਹੁਣ? ਅਜੇ ਤੇਰੀ ਤਲਵਾਰ ਰੱਜੀ ਨਹੀਂ ਹਜ਼ਾਰਾਂ ਬੇ-ਦੋਸ਼ਿਆਂ ਦਾ ਖੂਨ ਪੀ ਕੇ।

ਗੁਰੂ ਅੰਗਦ ਸਾਹਿਬ ਦੇ ਪਾਸ ਹਮਾਯੂੰ ਆਉਂਦਾ ਹੈ। ੧੫ ਮਿੰਟ ਮਹਾਰਾਜ ਬੇ-ਪਰਵਾਹ ਰਹੇ। 15 ਮਿੰਟਾਂ ਤੋਂ ਬਾਅਦ ਹਮਾਯੂੰ ਨੇ ਤਲਵਾਰ ਕੱਢ ਲਈ। ਉਹ ਉਥੇ ਹੀ ਜੁੜ ਗਿਆ, ਏਧਰ ਓਧਰ ਹੀ ਨਹੀਂ ਹੁੰਦਾ। ਸੋ ਬਾਲਮੀਕ ਨਾਲ ਇਸ ਤਰ੍ਹਾਂ ਹੀ ਬੀਤਿਆ, ਕੱਢ ਨਾ ਸਕਿਆ ਹੱਥ। ਓਸ ਵੇਲੇ ਮਨ 'ਚ ਖਿਆਲ ਆਇਆ ਕਿ ਅੱਜ ਬਹੁਤ ਸ਼ਕਤੀਸ਼ਾਲ ਰੂਹ ਨਾਲ ਮੇਰਾ ਮੁਕਾਬਲਾ ਪੈ ਗਿਆ। ਓਸ ਵੇਲੇ ਮਹਾਂਪੁਰਸ਼ਾਂ ਨੇ ਪੁਛਿਆ, ਬਾਲਮੀਕ! ਇਹ ਤੂੰ ਬੰਦੇ ਕਿਉਂ ਮਾਰਦਾ ਹੈਂ। ਤੈਨੂੰ ਪਤਾ ਹੈ ਬੰਦੇ ਮਾਰਨ ਦਾ ਦੋਸ਼ ਕਿੰਨਾ ਹੁੰਦਾ ਹੈ। ਉਹ ਕਹਿੰਦਾ ਮਹਾਰਾਜ ਸਾਡਾ ਰੁਜ਼ਗਾਰ ਆਹੀ ਹੈ, ਮੇਰੀ ਮਾਂ ਨੇ ਮੈਨੂੰ ਇਹੀ ਰੁਜ਼ਗਾਰ ਦੱਸਿਆ ਹੈ।

*ਅਉਗਣੁ ਸਭ ਪਰਗਾਸਿਅਨੁ*
*ਰੋਜਗਾਰੁ ਹੈ ਏਹੁ ਅਸਾੜਾ।*
**ਭਾਈ ਗੁਰਦਾਸ ਜੀ, ਵਾਰ ੧੦/੧੯**

ਉਹ ਕਹਿੰਦੇ, ਦੇਖ ਬਾਲਮੀਕ! ਕੰਮ ਕੋਈ ਵੀ ਕਰ ਲੈ, ਜਿਵੇਂ ਖੇਤ 'ਚ ਬੀਜ ਲੈ, ਉਵੇਂ ਵੱਢਣਾ ਪੈਂਦਾ ਹੈ। ਆਹ ਸਰੀਰ ਨਾਲ ਜਿਹੜਾ ਬੀਜੇਂਗਾ ਨਾ, ਇਹ ਤੈਨੂੰ ਵੱਢਣਾ ਪੈਣਾ ਹੈ। ਤੂੰ ਬੀਜਦਾ ਹੈਂ ਪਾਪ। ਪਾਪਾਂ ਦਾ ਫਲ ਜਿਹੜਾ ਦਰਗਾਹ 'ਚ ਜਾ ਕੇ ਮਿਲਣਾ ਹੈ ਨਾ, ਉਥੇ ਤੈਨੂੰ ਬਹੁਤ ਜ਼ਿਆਦਾ ਤਕਲੀਫਾਂ ਹੋਣਗੀਆਂ।

*ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥*
*ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥*
*ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ ॥*
*ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥*
*ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥*
**ਅੰਗ - ੩੧੫**

ਜਿਨ੍ਹਾਂ ਦੇ ਵਾਸਤੇ ਕਰਦਾ ਹੈਂ ਉਨ੍ਹਾਂ ਨੂੰ ਪੁਛ ਕੇ ਆ ਕਿ ਤੇਰੀ ਸਹਾਇਤਾ ਕਰਨਗੇ?

*ਘਰਿ ਵਿਚਿ ਪੁਛਣ ਘਲਿਆ*
*ਅੰਤਕਾਲ ਹੈ ਕੋਇ ਅਸਾੜਾ।*
**ਭਾਈ ਗੁਰਦਾਸ ਜੀ, ਵਾਰ ੧੦/੧੯**

ਹੁਣ ਸਾਰਿਆਂ ਨੇ ਜਵਾਬ ਦੇ ਦਿਤਾ।

*ਕੋੜਮੜਾ ਚਉਖੰਨੀਐ*
*ਕੋਇ ਨ ਬੇਲੀ ਕਰਦੇ ਝਾੜਾ।*
**ਭਾਈ ਗੁਰਦਾਸ ਜੀ, ਵਾਰ ੧੦/੧੯**

ਬੇਲੀ ਨਹੀਂ ਬਣਦਾ ਕੋਈ ਵੀ। ਮਾਂ ਕਹਿੰਦੀ ਕਿ ਤੈਨੂੰ ਮੈਂ ਪਾਲਿਆ ਹੈ, ਤੇਰਾ ਫਰਜ਼ ਹੈ, ਪਾਪ ਜਿਹੜੇ ਤੂੰ ਕਰਦਾ ਹੈਂ, ਤੂੰ ਹੀ ਭੁਗਤੇਂਗਾ ਮੈਂ ਕਿਉਂ ਤੇਰੀ ਥਾਂ ਤੇ ਭੁਗਤਾਂਗੀ। ਮੈਂ ਆਪਣਾ ਫਰਜ਼ ਪੂਰਾ ਕਰ ਦਿਤਾ ਕਿ ਤੈਨੂੰ ਪਾਲ ਦਿਤਾ। ਘਰਵਾਲੀ ਕਹਿੰਦੀ ਮੈਂ ਤਾਂ ਤੇਰੇ ਨਾਲ ਵਿਆਹ ਕਰਾਇਆ ਹੈ ਮੈਂ ਤੇਰੇ ਕਰਮਾਂ ਦੀ ਭਾਗੀਦਾਰ ਨਹੀਂ ਹਾਂ। ਬੱਚਿਆ ਨੇ ਕਿਹਾ ਕਿ ਉਹ ਆਪ ਹੀ ਹੈ। ਨਿਰਾਸ਼ ਹੋ ਗਿਆ, ਕਹਿਣ ਲੱਗਿਆ ਕਿ ਜਿਨ੍ਹਾਂ ਦੇ ਵਾਸਤੇ ਮੈਂ ਇਹ ਕੰਮ ਕਰਦਾ ਹਾਂ, ਇਹ ਤਾਂ

ਕੋਈ ਵੀ ਮੇਰਾ ਸਾਥ ਨਹੀਂ ਦੇ ਰਿਹਾ।

*ਧਾਰਨਾ - ਤੇਰਾ ਕੋਈ ਨਾ ਬੇਲੀ ਹੋਣਾ,*
*ਪਾਪ ਕਮਾਵਦਿਆਂ।*

*ਅਨ ਕਾਏ ਰਾਤੜਿਆ ਵਾਟ ਦੁਹੇਲੀ ਰਾਮ ॥*
*ਪਾਪ ਕਮਾਵਦਿਆ ਤੇਰਾ ਕੋਇ ਨ ਬੇਲੀ ਰਾਮ ॥*
*ਅੰਗ - ੫੪੬*

ਕਿਉਂ ਗਲਤ ਗੱਲਾਂ ਵਿਚ ਪਿਆ ਹੋਇਆ ਹੈਂ, ਜਿਸ ਰਾਹ ਤੂੰ ਜਾਣਾ ਹੈਂ, ਉਹ ਬਹੁਤ ਔਖਾ ਰਸਤਾ ਹੈ, ਉਥੇ ਸਭ ਹਾਏ-ਹਾਏ ਕਰਦੇ ਜਾਂਦੇ ਨੇ।

*ਬਾਰਿ ਵਿਡਾਨੜੈ ਹੁੰਮਸ ਧੁੰਮਸ*
*ਕੂਕਾ ਪਈਆ ਰਾਹੀ ॥ ਅੰਗ - ੫੨੦*

ਉਥੇ ਰੋਣਾ ਪੈਂਦਾ ਹੈ। ਫੇਰ ਪਛਤਾਉਣ 'ਤੇ ਬਣਦਾ ਕੁਛ ਨਹੀਂ।

*ਕੋਏ ਨ ਬੇਲੀ ਹੋਇ ਤੇਰਾ ਸਦਾ ਪਛੋਤਾਵਹੇ ॥*
*ਗੁਨ ਗੁਪਾਲ ਨ ਜਪਹਿ ਰਸਨਾ*
*ਫਿਰਿ ਕਦਹੁ ਸੇ ਦਿਹ ਆਵਹੇ ॥ ਅੰਗ - ੫੪੬*

ਕਦੋਂ ਆਉਣਾ ਹੈ ਮੁੜ ਕੇ। ਹੁਣ ਤੂੰ ਮਨੁਖ ਬਣਿਆ ਹੋਇਆ ਹੈਂ, ਹੁਣ ਭਜਨ ਨਹੀਂ ਕਰਦਾ, ਫੇਰ ਤਾਂ ਔਖਾ ਹੋ ਜਾਏਗਾ-

*ਧਾਰਨਾ - ਗੂੰਗਾ ਮੁਖ ਹੋ ਗਿਆ,*
*ਹੁਣ ਕਿਵੇਂ ਨਾਮ ਜਪੇਂਗਾ।*

*ਚਾਰਿ ਪਾਵ ਦੁਇ ਸਿੰਗ ਗੁੰਗ ਮੁਖ*
*ਤਬ ਕੈਸੇ ਗੁਨ ਗਈਹੈ ॥*
*ਊਠਤ ਬੈਠਤ ਠੇਗਾ ਪਰਿਹੈ*
*ਤਬ ਕਤ ਮੂਡ ਲੁਕਈਹੈ ॥ ੧ ॥*
*ਹਰਿ ਬਿਨੁ ਬੈਲ ਬਿਰਾਨੇ ਹੁਈਹੈ ॥*
*ਅੰਗ - ੫੨੪*

ਕਬੀਰ ਸਾਹਿਬ ਨੇ ਇਕ ਪਾਖੰਡੀ ਸਾਧੂ ਨੂੰ ਕਹਿਣਾ ਕਿ ਤੂੰ ਬੰਦਗੀ ਕਰਿਆ ਕਰ। ਉਹਨੇ ਕਹਿਣਾ ਕਿ ਦੇਖ ਤੂੰ ਤਾਂ ਜੁਲਾਹਾ ਹੈਂ, ਮੈਂ ਹਾਂ ਬ੍ਰਾਹਮਣ, ਨਾਲ ਸੰਨਿਆਸੀ, ਮੈਂ ਨਾ ਵੀ ਨਾਮ ਜਪਾਂ ਤਾਂ ਵੀ ਤੇਰੇ ਨਾਲੋਂ ਅੱਗੇ ਹਾਂ। ਖਾਂਦਾ ਰਿਹਾ, ਹੁਣ ਪ੍ਰਮੇਸ਼ਰ ਦੇ ਘਰ 'ਤੇ ਤਾਂ ਲੈਣਾ ਦੇਣਾ, ਹਿਸਾਬ ਕਿਤਾਬ ਬਣਿਆ ਹੋਇਆ ਹੈ। ਪਹਿਲਾਂ ਕਿਸੇ ਦਾ ਖਾਓ ਫੇਰ ਉਸ ਦਾ ਹਿਸਾਬ ਕਿਤਾਬ ਦੇਓ। ਬੜਾ ਔਖਾ ਹੈ ਹਿਸਾਬ -

*ਦਰਿ ਲਏ ਲੇਖਾ ਪੀੜਿ ਛੁਟੈ*
*ਨਾਨਕਾ ਜਿਉ ਤੇਲੁ ॥ ਅੰਗ - ੪੭੪*

ਬਾਬਾ ਫਰੀਦ ਤੁਰੇ ਜਾਂਦੇ ਇਕ ਬੈਲ ਦਾ ਕਰੰਗ ਦੇਖ ਕੇ ਸਿਜਦਾ ਕਰਨ ਲੱਗ ਗਏ। ਹੈਰਾਨ ਹੋ ਗਏ ਮੁਰੀਦ! ਮੁਰਸ਼ਦ! ਇਹ ਕੀ ਕਰ ਰਹੇ ਹੋਂ ਤੁਸੀਂ, ਇਕ ਬੈਲ ਮਰਿਆ ਹੋਇਆ ਹੈ, ਕਹਿੰਦੇ ਪ੍ਰਮੇਸ਼ਰ ਦਾ ਅਸੀਂ ਹੁਕਮ ਦੇਖ ਰਹੇ ਸੀ, ਕਹਿੰਦੇ ਸਾਨੂੰ ਵੀ ਕੁਛ ਗਿਆਤ ਹੋਵੇ ਮਹਾਰਾਜ। ਕਹਿੰਦੇ ਜਿਹੜਾ ਬੈਲ ਪਿਆ ਹੈ ਨਾ ਇਥੇ ਦਾ ਹੀ ਵੱਡਾ ਸਰਦਾਰ ਸੀ। ਬਹੁਤ ਜ਼ਮੀਨ ਸੀ ਹਜ਼ਾਰ ਵਿੱਘੇ ਤੋਂ ਵੀ ਜ਼ਿਆਦਾ। ਪਰ ਲਾਲਚੀ ਹੱਦ ਦਰਜੇ ਦਾ ਸੀ। ਇਕ ਦਿਨ ਘੋੜੀ ਦੇ ਉਤੇ ਜਾ ਰਿਹਾ ਹੈ ਕਣਕ ਪੱਕੀ ਹੋਈ ਹੈ, ਦੇਖਦਾ ਫਿਰਦਾ ਹੈ, ਨਾਲ ਦੇ ਖੇਤ ਵਾਲੇ ਦੇ ਵਿਚ ਘੋੜੀ ਚਲਾਉਂਦਾ ਹੈ, ਬੰਨੇ 'ਤੇ ਨਹੀਂ ਚਲਾਉਂਦਾ। ਉਹਦੀਆਂ ਅੱਠ-ਦੱਸ ਬੱਲੀਆਂ ਰਕਾਬ ਵਿਚ ਫਸ ਗਈਆਂ। ਇਹਨੇ ਦੇਖ ਲਈਆਂ, ਉਵੇਂ ਜਿਵੇਂ ਫਸਾਈ ਆਇਆ, ਘਰ ਆ ਕੇ ਕਣਕ ਕੁਛ ਕੱਢੀ ਹੋਈ ਸੀ, ਹੱਥ ਨਾਲ ਮਲ ਕੇ ਉਹਦੇ ਵਿਚ ਦਾਣੇ ਪਾ ਦਿਤੇ। ਕਹਿੰਦੇ ਦਾਣੇ ਤਾਂ ਹੋਣੇ ਜ਼ਿਆਦਾ ਤੋਂ ਜ਼ਿਆਦਾ ਦੋ ਸੌ ਜਾ ਤਿੰਨ ਸੌ; ਪਰ ਪ੍ਰਮੇਸ਼ਰ ਦਾ ਹਿਸਾਬ ਦੇਖੋ, ਪੂਰਾ ਜਨਮ ਬੈਲ ਬਣ ਕੇ ਇਹਨੇ ਲੇਖਾ ਦਿਤਾ ਹੈ, ਅਸੀਂ ਤਾਂ ਸਿਜਦਾ ਕਰਦੇ ਹਾਂ। ਕਬੀਰ ਸਾਹਿਬ ਕਹਿੰਦੇ ਲੇਖਾ ਦੇਣਾ ਔਖਾ ਹੋ ਜਾਏਗਾ ਤੂੰ ਖਾਈ ਜਾਂਦਾ ਹੈਂ। ਜਿਹੜੇ ਸਾਧੂ ਦਾਨ ਲੈਂਦੇ ਨੇ, ਖਾਂਦੇ ਨੇ, ਬੰਦਗੀ ਨਹੀਂ ਕਰਦੇ, ਹਾਲ ਉਨ੍ਹਾਂ ਦਾ ਵੀ ਆਹੀ ਹੋਣਾ ਹੈ, ਉਹ ਵੀ ਛੁਟ ਨਹੀਂ ਸਕਦੇ, ਲੇਖਾ ਤਾਂ ਦੇਣਾ ਹੀ ਪੈਣਾ ਹੈ।

ਇਕ ਵਾਰੀ ਕਬੀਰ ਸਾਹਿਬ ਜਾ ਰਹੇ ਨੇ, ਉਨ੍ਹਾਂ ਕਿਸਾਨਾਂ ਦਾ ਇਕ ਬੈਲ ਚਲ ਨਹੀਂ ਰਿਹਾ। ਹੈ ਭਾਰੀ। ਕਹਿੰਦੇ ਭਾਈ! ਆਹ ਬੈਲ ਨਾਲ ਗੱਲ ਕਰਨੀ ਹੈ। ਪਾਸੇ ਹਟ ਜਾਓ ਤੁਸੀਂ। ਕਹਿੰਦੇ ਲੈ ਹੁਣ ਦੱਸ, ਤੈਨੂੰ ਪਾਲਿਆ ਹੈ, ਨਿਹਾਰੀਆਂ ਖਲਾ ਖਲਾ ਕੇ, ਘਿਉ ਖਲਾ-ਖਲਾ ਕੇ ਤਕੜਾ ਕੀਤਾ ਹੈ। ਪੁਰਾਣੇ ਸਮਿਆਂ ਵਿਚ ਮਣ-ਮਣ ਘਿਉ ਖਲਾ ਦਿੰਦੇ ਸੀ ਬੈਲਾਂ ਨੂੰ, ਪੀਪੇ ਚਾਰ-ਚਾਰ। ਫੇਰ ਦੇਖਦੇ ਹੁੰਦੇ ਕਿ ਮੇਰੇ ਬੈਲ 30 ਮੀਲ ਜਾਂਦੇ ਨੇ ਕਿ 50 ਮੀਲ ਜਾਂਦੇ ਨੇ। ਥੱਕਦੇ ਨਹੀਂ ਹੈਗੇ। ਕਹਿੰਦੇ ਹੁਣ ਦੱਸ ਨਿਹਾਰੀਆਂ ਖਾਂਦਾ ਸੀ, ਮੱਖਣ ਖਾਂਦਾ ਸੀ ਜਦ। ਹੁਣ ਵੀ ਇਨ੍ਹਾਂ ਨੇ ਤੈਨੂੰ ਬੜਾ ਪਾਲਿਆ ਹੈ, ਹੁਣ ਤਾਂ ਤੈਨੂੰ ਲੇਖਾ ਦੇਣਾ ਹੀ ਪੈਣਾ ਹੈ -

*ਜਨ ਭਗਤਨ ਕੋ ਕਹੋ ਨ ਮਾਨੋ*
*ਕੀਓ ਅਪਨੋ ਪਈਹੈ ॥ ਅੰਗ - ੫੨੪*

ਜੇ ਤੂੰ ਓਦੋਂ ਹੀ ਸਾਡਾ ਕਿਹਾ ਮੰਨ ਲੈਂਦਾ, ਹੁਣ ਤੂੰ ਸਿੱਧਾ ਹੋ ਕੇ ਤੁਰ। ਪਰਾਣੀਆਂ ਤੇਰੇ ਪੈ ਰਹੀਆਂ ਨੇ, ਨੱਕ ਤੇਰਾ ਬੰਦ ਕਰਿਆ ਹੋਇਆ ਹੈ। ਪੂੰਛ ਤੇਰੀ ਦੱਬੀ ਹੋਈ ਹੈ, ਐਉਂ ਤਾਂ ਤੈਨੂੰ ਛੱਡਣਾ ਨਹੀਂ ਇਨ੍ਹਾਂ ਨੇ, ਇਨ੍ਹਾਂ ਨੂੰ ਕੀ ਪਤਾ ਕਿ ਸਾਡਾ ਗੁਰੂ ਹੀ ਆ ਵੜਿਆ ਮੁੜ ਕੇ ਫੇਰ, ਇਹ ਤਾਂ ਲੇਖੇ ਦੇਣੇ ਪੈਣੇ ਨੇ। ਮਹਾਰਾਜ ਕਹਿੰਦੇ, ਪਿਆਰਿਓ -

*ਗੁਨ ਗੁਪਾਲ ਨ ਜਪਹਿ ਰਸਨਾ*
*ਫਿਰਿ ਕਦਹੁ ਸੇ ਦਿਹ ਆਵਹੇ ॥ ਅੰਗ - ੫੪੬*

ਕਦ ਆਉਣਗੇ ਮੁੜ ਕੇ ਫੇਰ ਨਾਮ ਜਪਣ ਵਾਲੇ

ਦਿਨ। ਖਬਰੇ ਕਿੱਥੇ ਚਲੇ ਜਾਈਏ। ਦੁਨੀਚੰਦ ਕੋਲ ਗੁਰੂ ਮਹਾਰਾਜ ਜਾਂਦੇ ਨੇ, ਦੁਨੀਚੰਦ ਨੇ ਸਰਾਧ ਕੀਤਾ ਹੈ, ਮਹਾਰਾਜ ਕਹਿੰਦੇ, ਅਸੀਂ ਤੇਰੇ ਪਿਉ ਨੂੰ ਛਕਾ ਕੇ ਫੇਰ ਛਕਾਂਗੇ। ਕਹਿਣ ਲੱਗਿਆ, ਮਹਾਰਾਜ! ਇਹ ਤਾਂ ਮੈਂ ਹਰ ਸਾਲ ਕਰਦਾ ਹਾਂ, ਸਾਧੂ ਮਹਾਤਮਾ ਹਰ ਸਾਲ ਆਉਂਦੇ ਨੇ। ਕਹਿੰਦਾ, ਅੱਗੇ ਤੇਰੇ ਪਿਉ ਤਕ ਨਹੀਂ ਪਹੁੰਚਦਾ। ਜਾਹ, ਥਾਲ ਲੈ ਜਾਹ ਦ੍ਰਿਸ਼ਟੀ ਕਰ ਦਿਤੀ, ਚਾਰ ਮੀਲ ਦੇ ਉਤੇ ਬਘਿਆੜ ਬਣਿਆ ਪਿਆ ਹੈ, ਉਥੇ ਡਰੀ ਨਾ, ਤੇਰੇ ਕੋਲ ਆ ਜਾਏਗਾ। ਇਹ ਛਕ ਕੇ ਰੂਹ ਉਹਦੀ ਨਿਕਲ ਜਾਏਗੀ। ਪੁਛ ਲਈਂ ਉਸ ਤੋਂ, ਸਵਾਲ ਕਰ ਲਈਂ ਜਿਹੜੇ ਕਰਨੇ ਹੋਣਗੇ। ਸਵਾਲ ਕਰਦਾ ਹੈ ਕਿ ਪਿਤਾ ਜੀ! ਆਹ ਤੁਹਾਡਾ ਕੀ ਹਾਲ ਹੋਇਆ। ਕਹਿੰਦਾ, ਬੇਟਾ! ਮੈਂ ਬਦੀ ਕੋਈ ਨਹੀਂ ਸੀ ਕਰੀ। ਮਾੜਾ ਕੰਮ ਕੋਈ ਨਹੀਂ ਸੀ ਕਰਿਆ, ਦਾਨ ਦਿੰਦਾ ਸੀ। ਪਰ ਮੇਰੀ ਮਾੜੀ ਕਿਸਮਤ, ਓਧਰੋਂ ਮੇਰੇ ਪ੍ਰਾਣ ਨਿਕਲ ਰਹੇ ਸੀ, ਓਧਰੋਂ ਕਿਸੇ ਨੇ ਤੜਕਾ ਲਾਇਆ, ਰਾੜ੍ਹਾ ਜਿਹਨੂੰ ਕਹਿੰਦੇ ਨੇ, ਮਾਸ ਨੂੰ। ਇਹਦਾ ਹੀ ਮੇਰੇ ਮਨ 'ਚ ਖਿਆਲ ਆ ਗਿਆ, ਖਿਆਲ ਆਇਆ ਤਾਂ ਮੈਂ ਬਘਿਆੜ ਦੀ ਜੂਨੀ 'ਚ ਜਾਣਾ ਹੀ ਸੀ। 'ਅੰਤ ਮਤੇ ਸੋ ਗਤੇ'। ਜਿਹੋ ਜਿਹੀ ਮਤ ਕਰ ਲੈ ਉਹੋ ਜਿਹੀ ਗਤੀ ਪ੍ਰਾਪਤ ਹੋ ਜਾਏਗੀ। ਇਹ ਤੇਰੇ ਘਰ ਵਾਹਿਗੁਰੂ ਖਾਸ ਆ ਗਿਆ, ਪਾਰਬ੍ਰਹਮ ਪ੍ਰਮੇਸ਼ਰ, ਤੂੰ ਹੁਣ ਇਹਦੇ ਚਰਨ ਫੜ ਲਈਂ, ਮੈਨੂੰ ਤਾਂ ਤਾਰ ਦਿਤਾ ਤੂੰ, ਤੇ ਤੂੰ ਵੀ ਤਰ ਜਾਈਂ ਕਿਤੇ ਰਹਿ ਨਾ ਜਾਈਂ। ਆ ਗਿਆ, ਮਹਾਰਾਜ ਕਹਿੰਦੇ ਕਿ ਛਕਾ ਦਿਤਾ ਪ੍ਰਸ਼ਾਦਾ ਪਿਤਾ ਨੂੰ? ਕਹਿੰਦਾ, ਹਾਂ ਜੀ। ਮੈਨੂੰ ਕੋਈ ਸੇਵਾ ਦੱਸੋ ਮਹਾਰਾਜ, ਮੇਰੇ ਪਿਤਾ ਨੇ ਕਿਹਾ ਹੈ ਕਿ ਸੇਵਾ ਕਰੀਂ। ਕਹਿੰਦੇ, ਸੇਵਾ ਸਾਡੀ ਕਾਹਦੀ ਹੈ, ਆਹ ਸੂਈ ਸਾਡੀ ਬਹੁਤ ਵਧੀਆ ਹੈ, ਇਹ ਅਗਲੇ ਜਨਮ ਵਿਚ ਲੈ ਲਵਾਂਗੇ, ਦਰਗਾਹ ਵਿਚ। ਇਸ ਨੇ ਫੜ ਲਈ, ਘਰ ਆ ਗਿਆ। ਘਰਵਾਲੀ ਨੂੰ ਕਹਿਣ ਲੱਗਿਆ, ਉਹ ਕਹਿੰਦੀ ਹੈਂ ਤੁਹਾਨੂੰ ਪਤਾ ਹੀ ਨਹੀਂ ਲੱਗਿਆ ਗੱਲ ਦਾ? ਕਹਿੰਦਾ ਕਾਹਦਾ? ਕਹਿੰਦੀ, ਕੁਛ ਵੀ ਨਹੀਂ ਆਪਣੇ ਤਾਂ ਨਾਲ ਜਾਣਾ, ਸੂਈ ਕਿਥੋਂ ਲੈ ਕੇ ਜਾਵਾਂਗੇ, ਸਰੀਰ ਤਾਂ ਇਥੇ ਹੀ ਜਲ ਜਾਣਾ ਹੈ। ਸੂਈ ਨੇ ਵੀ ਨਹੀਂ ਜਾਣਾ, ਹੋਸ਼ ਆ ਗਈ, ਬਾਹਰ ਲਿਆ ਕੇ ਦੇ ਦਿਤੀ ਕਹਿਣ ਲੱਗਿਆ, ਮਹਾਰਾਜ! ਸੂਈ ਤਾਂ ਨਾਲ ਜਾਣੀ ਨਹੀਂ। ਫੇਰ ਕਹਿੰਦੇ ਮਹਾਰਾਜ ਕਿ ਜਿਹੜੇ ਤੇਰੇ ਆਹ ਅੰਬਾਰ ਲੱਗੇ ਹੋਏ ਨੇ ਸੱਤ ਕਰੋੜ ਰੁਪਈਏ ਦੇ ਸੱਤ ਝੰਡੇ ਲੱਗੇ ਹੋਏ ਨੇ, ਇਹ ਨਾਲ ਜਾਣਗੇ? ਮਾਇਆ ਨੂੰ ਤੂੰ ਕੈਦ ਕਰਿਆ ਹੋਇਆ ਹੈ ਇਕੱਲੇ ਬੰਦੇ ਨੇ-

*ਦਮੜਾ ਤਿਸੀਕਾ ਜੋ ਖਰਚੈ ਅਰ ਖਾਇ।।*
*ਦੇਵੈ ਦਿਲਾਵੈ ਰਜਾਵੈ ਖੁਦਾਇ।।*
*ਹੋਤਾ ਨ ਰਾਖੈ ਅਕੇਲਾ ਨ ਖਾਇ।।*
*ਤਹਕੀਕ ਦਿਲਦਾਨੀ ਵਹੀ ਭਿਸ਼ਤ ਜਾਇ।।*

*ਨਸੀਹਤ ਨਾਮਾ*

ਪੈਸਾ ਦਾ ਕੰਮ ਹੁੰਦਾ ਹੈ ਉਹਨੂੰ ਖਰਚਣਾ, ਚੰਗੇ ਕੰਮਾਂ ਤੇ ਲਾਓ, ਗਰੀਬੀ ਆਉਂਦੀ ਨਹੀਂ ਹੁੰਦੀ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ ਕੋਈ ਪਤਾ ਨਹੀਂ। ਕਦ ਦਿਨ ਆਉਣਗੇ, ਕਦ ਸਤਿਸੰਗ ਮਿਲੇਗੀ, ਕਦ ਫੇਰ ਅਸੀਂ ਹੋਸ਼ ਵਿਚ ਆਵਾਂਗੇ। ਕਹਿੰਦੇ ਹੁਣ ਸਾਨੂੰ ਪਤਾ ਹੈ-

*ਤਰਵਰ ਵਿਛੁੰਨੇ ਨਹ ਪਾਤ ਜੁੜਤੇ*
*ਜਮ ਮਗਿ ਗਉਨੁ ਇਕੇਲੀ ॥ ਅੰਗ - ੫੪੬*

ਉਥੇ ਤਾਂ ਇਕੱਲਿਆਂ ਨੇ ਜਾਣਾ ਹੈ -

*ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥*
*ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥*
*ਅੰਗ - ੨੬੪*

ਉਥੇ ਨਾਮ ਨੇ ਕੰਮ ਆਉਣਾ ਹੈ। ਘਰੋਂ ਨਿਰਾਸ ਹੋ ਕੇ ਆ ਗਿਆ ਬਾਲਮੀਕ। ਲਿਆ ਕੇ ਕੁਹਾੜਾ ਸੁੱਟ ਦਿਤਾ। ਚਰਨਾਂ 'ਤੇ ਲੰਮਾ ਪੈ ਗਿਆ ਕਿ ਮੈਨੂੰ ਬਖਸ਼ ਦਿਓ, ਮਹਾਤਮਾ ਜੀ! ਤੁਸੀਂ ਤਾਂ ਮੇਰੀਆਂ ਅੱਖਾਂ ਖੋਲ੍ਹ ਦਿਤੀਆਂ। ਮੈਂ ਤਾਂ ਬੜਾ ਗਲਤ ਰਾਹ ਪਿਆ ਹੋਇਆ ਸੀ। ਕ੍ਰਿਪਾ ਕਰੋ। ਉਸ ਵਕਤ ਮਹਾਤਮਾ ਦਾ ਸੁਭਾਅ ਹੁੰਦਾ ਹੈ, ਔਗੁਣ ਨਹੀਂ ਦੇਖਦੇ ਹੁੰਦੇ, ਉਨ੍ਹਾਂ ਦਾ ਕੰਮ ਹੀ ਇਹੀ ਹੁੰਦਾ ਹੈ, ਸੰਸਾਰ ਦੀ ਮੈਲ ਦੂਰ ਕਰਨੀ।

*ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ॥*
*ਅੰਗ - ੮੦੯*

ਕਰੋੜਾਂ ਪਾਪਾਂ ਨੂੰ ਦੂਰ ਕਰਨਾ।

ਓਸ ਵੇਲੇ ਉਨ੍ਹਾਂ ਨੇ ਕਿਹਾ ਕਿ ਤੈਨੂੰ ਅਸੀਂ ਮੰਤਰ ਦਿੰਦੇ ਹਾਂ, ਇਹਦਾ ਜਾਪ ਕਰੀਂ, ਕਰਦਾ ਹੀ ਰਹੀ ਜਦੋਂ ਤਕ ਅਸੀ ਆਉਂਦੇ ਨਹੀਂ, ਅਸੀਂ ਫੇਰ ਮੁੜ ਕੇ ਆਵਾਂਗੇ, ਫੇਰ ਤੈਨੂੰ ਅੱਗੇ ਦਾ ਸਬਕ ਦੇਵਾਂਗੇ। ਸੋ ਉਸ ਵੇਲੇ ਐਸਾ ਇਤਿਹਾਸ 'ਚ ਆਉਂਦਾ ਹੈ ਕਿ ਅਧਿਕਾਰੀ ਤੋਂ ਬਿਨਾਂ ਨਾਮ ਦੇਣਾ ਠੀਕ ਨਹੀਂ ਹੁੰਦਾ। ਉਨ੍ਹਾਂ ਨੇ ਪ੍ਰਤੀਲੋਮ ਨਾਮ ਦੇ ਦਿਤਾ, ਰਾਮ ਦੀ ਜਗ੍ਹਾਂ, 'ਮਰਾ' ਨਾਮ ਦੇ ਦਿਤਾ। ਮਰਾ-ਮਰਾ ਕਰਦੇ-ਕਰਦੇ, ਰਾਮ ਰਾਮ ਹੋ ਗਿਆ। ਹੁਣ ਉਹ ਬੰਦਗੀ ਕਰਨ ਲਗ ਗਿਆ, ਮਹਾਤਮਾ ਚਲੇ ਗਏ, ਵੈਰਾਗ ਉਹਦੇ ਅੰਦਰ ਪੈਦਾ ਹੋ ਗਿਆ -

*ਬਿਨੁ ਬੈਰਾਗ ਨ ਛੂਟਸਿ ਮਾਇਆ ॥*
*ਅੰਗ - ੩੨੯*

ਜਿੰਨਾ ਚਿਰ ਅੰਦਰ ਵੈਰਾਗ ਨਹੀਂ ਆਉਂਦਾ, ਮਾਇਆ ਨਹੀਂ ਛੱਡਦੀ। ਸਾਰਿਆਂ ਉਤੇ ਅਸਰ ਕਿਉਂ ਨਹੀਂ ਹੁੰਦਾ, ਹੋਇਆ ਤਾਂ ਬਥੇਰਾ ਹੈ, ਸਤਿਸੰਗ 'ਚ ਆਉਂਦੇ ਹੋ ਬਿਨਾਂ ਅਸਰ ਤੋਂ ਤਾਂ ਨਹੀਂ ਨਾ ਆਉਂਦੇ।

ਪਰ ਜਿੰਨੀ ਛੇਤੀ ਤਰੱਕੀ ਕਰਨੀ ਚਾਹੀਦੀ ਹੈ ਓਸ ਤਰ੍ਹਾਂ ਨਹੀਂ ਹੋ ਰਹੀ, ਉਹ ਤਾਂ ਨਹੀਂ ਹੁੰਦੀ, ਅਸੀਂ ਇਕ ਭੇਤ ਨਹੀਂ ਸਮਝਿਆ।

*ਲੋਗ ਕੁਟੰਬ ਸਭਹੁ ਤੇ ਤੋਰੈ*
*ਤਉ ਆਪਨ ਬੇਢੀ ਆਵੈ ਹੋ ॥ ਅੰਗ - ੬੫੭*

ਇਕ ਪਾਸੇ ਪ੍ਰੀਤ ਹੋ ਜਾਵੇ ਸਾਡੀ ਵਾਹਿਗੁਰੂ ਨਾਲ। ਉਸ ਤੋਂ ਬਗੈਰ ਸਾਨੂੰ ਐਉਂ ਲਗੇ ਕਿ ਸਾਡਾ ਤਾਂ ਗੁਆਚ ਗਿਆ ਕੁਛ। ਜਦ ਇਹੋ ਜਿਹੀ ਪ੍ਰੀਤ ਹੋ ਜਾਵੇਗੀ। ਕਿਉਂਕਿ ਉਹ ਪ੍ਰੀਤ ਦਾ ਭੁੱਖਾ ਹੈ -

*ਗੋਬਿੰਦ ਭਾਉ ਭਗਤ ਦਾ ਭੁਖਾ।*

ਪਿਆਰ ਅਸੀਂ ਉਸਨੂੰ ਕਰਦੇ ਨਹੀਂ। ਪਿਆਰ ਅਸੀਂ ਆਪਣੇ ਸੁਖਾਂ ਨੂੰ ਕਰਦੇ ਹਾਂ। ਲੋੜਾਂ ਨੂੰ ਕਰਦੇ ਹਾਂ। ਰੱਬ ਦਾ ਪਿਆਰ ਤਾਂ ਮੇਰਾ ਖਿਆਲ ਹੈ 1/1000 ਐਨਾ ਕੁ ਹੀ ਹੋਣਾ ਹੈ, ਸਾਡੇ ਦਿਲਾਂ ਵਿਚ, ਇਸ ਤੋਂ ਜ਼ਿਆਦਾ ਨਹੀਂ ਹੈ। ਕਿਸੇ ਦੇ ਹੌਲ ਨਹੀਂ ਪੈਂਦਾ ਕਿ ਮੈਂ ਅੱਜ ਬੰਦਗੀ ਨਹੀਂ ਕਰੀ। ਮੇਰੀ ਬਿਰਤੀ ਨਹੀਂ ਅੱਜ ਲੱਗੀ। ਜਿਹਦੇ ਅੰਦਰ ਹੈ ਪਿਆਰ ਉਹ ਤਾਂ-

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ*
*ਓ ਕ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ*
*ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ*
*ਹੈ ਟੋਰ ਅਨੰਤ ਉਨ੍ਹਾਂ ਦੀ*
*ਵਸਲੋਂ ਉਰੇ ਮੁਕਾਮ ਨ ਕੋਈ*
*ਸੋ ਚਾਲ ਪਏ ਨਿਤ ਰਹਿੰਦੇ।*

ਉਹ ਤਾਂ ਅੱਗੇ ਹੀ ਅੱਗੇ ਤੁਰਦੇ ਜਾਂਦੇ ਨੇ ਕਿ ਮੈਨੂੰ ਅਜੇ ਮਿਲਿਆ ਨਹੀਂ, ਮੇਰਾ ਅਜੇ ਕੁਛ ਬਣਿਆ ਨਹੀਂ। ਮਹਾਤਮਾ ਤਾਂ ਸੁਣਦੇ ਨੇ, ਉਸ ਤੋਂ ਬਾਅਦ ਇਕ ਦਮ ਆਪਣਾ ਰਸਤਾ ਸੋਧ ਲੈਂਦੇ ਨੇ ਕਿ ਮੈਂ ਤਾਂ ਬੰਦਗੀ ਕਰਨੀ ਹੈ। ਕੋਸ਼ਿਸ਼ ਕਰਦੇ ਨੇ। ਪਰ ਇਥੋਂ ਜਦ ਉਠਦੇ ਹੋ ਮਾਇਆ ਦਾ ਐਡਾ ਹੜ੍ਹ ਚਲ ਰਿਹਾ ਹੈ ਕਿ ਪੈਰ ਹੀ ਨਹੀਂ ਲਗ ਰਹੇ ਸਾਡੇ। ਉਸੇ ਵੇਲੇ ਯਾਦ ਆ ਜਾਂਦੇ ਨੇ ਕੰਮ, ਭੁੱਲ ਜਾਂਦੇ ਹਾਂ ਅਸੀਂ। ਇਥੇ ਕਿਉਂ ਨਹੀਂ ਆਉਂਦੀ, ਕਿਉਂਕਿ ਇਥੇ ਇਕ ਵਾਤਾਵਰਣ create ਹੋ ਗਿਆ। ਜਿਹਨੂੰ ਓਰਾ ਕਹਿੰਦੇ ਨੇ, ਓਰਾ create ਹੋਣ ਦੇ ਨਾਲ ਉਹਦੀਆਂ ਜਿਹੜੀਆਂ ਕਾਲੀਆਂ ਲਹਿਰਾਂ ਨੇ ਉਹ ਪ੍ਰਕਾਸ਼ ਦੇ ਵਿਚ ਆ ਨਹੀਂ ਸਕਦੀਆਂ, ਸਤਿਸੰਗ 'ਚ ਨਹੀਂ ਉਹਦਾ ਅਸਰ ਪੈਂਦਾ। ਉਸ ਤੋਂ ਬਾਅਦ ਉਹਦਾ ਅਸਰ ਪੈਂਦਾ ਹੈ। ਸੋ ਉਸ ਵੇਲੇ ਉਨ੍ਹਾਂ ਨੇ ਨਾਮ ਜਪਣ ਦੀ ਜੁਗਤੀ ਦਸ ਦਿਤੀ। ਪਹਿਲਾਂ ਨਾਮ ਰਸਨਾ ਨਾਲ ਜਪਿਆ ਜਾਂਦਾ ਹੈ, 'ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ' ਕਰੀ ਜਾਓ। ਅੰਦਰ ਨਹੀਂ ਬਿਰਤੀ ਲਗਣੀ ਜੇ ਕਹੋ ਅੰਦਰ ਲਗ ਜਾਏਗੀ, ਅੱਖਾਂ ਮੀਚ ਕੇ। ਅੱਖਾਂ ਮੀਚ ਕੇ ਤਾਂ ਨੀਂਦ ਆਉਂਦੀ ਹੁੰਦੀ ਹੈ। ਉਹ ਅਗਾਹਾਂ ਦੀ ਅਵਸਥਾ ਹੈ ਜਿਥੇ ਜਾ ਕੇ ਅੱਖਾਂ ਮੀਚ ਕੇ ਨਾਮ ਜਪ ਹੁੰਦਾ ਹੈ। ਇਹ ਪਹਿਲਾਂ ਤਾਂ ਹੱਠ ਧਾਰਨਾ ਪੈਂਦਾ ਹੈ ਕਿ ਮੈਂ ਰੋਟੀ ਨਹੀਂ ਖਾਣੀ, ਜਿੰਨਾ ਚਿਰ ਐਨਾ ਨਹੀਂ ਕਰਦਾ। ਲਗਨ ਲਗਦੀ ਸਾਰ ਉਹ ਬੰਦੇ ਉਠਦੇ ਨੇ ਜਿਨ੍ਹਾਂ ਨੇ ਪਿਛਲੇ ਜਨਮਾਂ ਵਿਚ ਤਪ ਕਰਿਆ ਹੋਇਆ ਹੈ। ਦੂਜੇ ਨਹੀਂ ਉਠਦੇ, ਜਿਹੜੇ ਹਾਲੇ ਸ਼ੁਰੂ ਕਰਨ ਵਾਲੇ ਨੇ ਉਨ੍ਹਾਂ ਨੂੰ ਤਾਂ 'ਵਾਹਿਗੁਰੂ-ਵਾਹਿਗੁਰੂ' 'ਰਾਮ-ਰਾਮ' ਕਰਨਾ ਹੀ ਪੈਣਾ ਹੈ, ਬੈਠ ਕੇ ਘੰਟਿਆਂ ਬੱਧੀ ਥੋੜਾ ਜਿਹਾ ਨਹੀਂ ਨਾਮ ਜਪ ਹੁੰਦਾ। ਜੇ ਰਸਤਾ ਤਹਿ ਕਰਨਾ ਹੈ ਤਾਂ ਬਹੁਤ ਜ਼ਿਆਦਾ ਨਾਮ ਜਪਣਾ ਪੈਂਦਾ ਹੈ, ਇਸੇ ਕਰਕੇ ਕਿਸੇ ਤੀਰਥ 'ਤੇ, ਕਿਸੇ ਗੁਰਦੁਆਰੇ 'ਤੇ, ਇਕਾਂਤ ਥਾਂ ਭਾਲ ਕੇ ਨਾਮ ਜਪੇ। ਰਤਵਾੜਾ ਸਾਹਿਬ ਹੈ ਕੋਈ ਐਸਾ ਪ੍ਰੇਮੀ ਆ ਜਾਵੇ ਅਸੀਂ ਬੁਲਾਉਂਦੇ ਵੀ ਨਹੀਂ ਉਹਨੂੰ, ਅਸੀਂ ਕਹਿੰਦੇ ਹਾਂ, ਪ੍ਰਸ਼ਾਦੇ ਵੇਲੇ ਪ੍ਰਸ਼ਾਦਾ ਛਕ ਜਾਇਆ ਕਰ, ਸਾਰੀਆਂ ਤੈਨੂੰ ਸਹੂਲਤਾਂ ਨੇ ਇਸ਼ਨਾਨ ਵਗੈਰਾ ਦੀਆਂ, ਜਪ ਲੈ ਨਾਮ ਜੇ ਤੇਰੇ ਤੋਂ ਜਪ ਹੁੰਦਾ ਹੈ।

*ਕਬੀਰ ਲੂਟਨਾ ਹੈ ਤ ਲੂਟਿ ਲੈ*
*ਰਾਮ ਨਾਮ ਹੈ ਲੂਟਿ ॥*
*ਫਿਰਿ ਪਾਛੈ ਪਛੁਤਾਹੁਗੇ ਪ੍ਰਾਨ ਜਾਹਿੰਗੇ ਛੂਟਿ ॥*
*ਅੰਗ - ੧੩੬੬*

ਜਪ ਲਓ ਜਿੰਨਾ ਜਪ ਹੁੰਦਾ ਹੈ, ਇਹ ਵਾਹਿਗੁਰੂ-ਵਾਹਿਗੁਰੂ ਕਰਨ ਤੋਂ ਬਗੈਰ ਅੰਦਰ ਨਹੀਂ ਜਾਣਾ। ਅੰਦਰ ਕੀਹਦੇ ਜਾਏਗਾ ਜਿਹਨੇ ਪਿਛਲੇ ਜਨਮ ਵਿਚ ਜਪਿਆ ਹੋਇਆ ਹੈ। ਪਹਿਲੀ ਜਮਾਤ ਜਿਹਨੇ ਕਰ ਲਈ। ਦੂਸਰਾ ਹੁੰਦਾ ਹੈ ਕਿ ਬੈਖਰੀ ਬਾਣੀ ਨਾਲੋਂ ਮਧਮਾ ਬਾਣੀ ਵਿਚ ਆ ਜਾਂਦਾ ਹੈ। ਫੇਰ ਅਵਾਜ਼ ਨਹੀਂ ਆਉਂਦੀ ਫੇਰ ਬੁੱਲ੍ਹ ਹੀ ਹਿਲਦੇ ਨੇ। ਇਹਦੇ ਵਿਚ ਮੈਂ ਇਕ ਜੁਗਤੀ ਦਸਦਾ ਹਾਂ, ਬਹੁਤ ਸੁਖਾਲੀ ਹੈ, ਜਿੰਨੀ ਤੇਜ਼ੀ ਨਾਲ ਜਪੋਂਗੇ, ਇਸੇ ਕਰਕੇ ਨਾਮਧਾਰੀਆਂ ਨੇ ਢਾਈ ਮਾਲਾ ਰੱਖੀਆਂ ਹੋਈਆਂ ਨੇ ਪੱਕੀਆਂ। ਜੇ ਹੌਲੀ ਜਪੋ ਹੁੰਦੀਆਂ ਹੀ ਨਹੀਂ। ਤੇਜ਼ੀ ਨਾਲ ਕਰਦੇ ਨੇ 'ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ' ਤੇਜ਼ੀ ਨਾਲ ਕਰਦੇ ਵਿਚਾਲੇ ਵਿੱਥ ਨਹੀਂ ਪੈਂਦੀ, ਮਨ ਨੂੰ ਨੱਠਣ ਨੂੰ ਥਾਉਂ ਨਹੀਂ ਲੱਭਦਾ। ਦੌੜਦਾ ਨਹੀਂ ਮਨ। ਇਹ ਫੇਰ ਹੌਲੀ ਦੇ ਕੇ ਬੁਲ੍ਹਾਂ 'ਚ ਆ ਜਾਂਦਾ ਹੈ ਦੋਹਾਂ 'ਚ। ਰਸਨਾ ਅੰਦਰ ਹਿਲਦੀ ਹੈ, ਬੁਲ੍ਹ ਚਲਦੇ ਨੇ, ਦੱਸ ਗੁਣਾਂ ਫਲ ਵੱਧ ਜਾਂਦਾ ਹੈ, ਬਾਹਰ ਹਜ਼ਾਰ ਵਾਰੀ ਕਹੋ, ਇਥੇ ਸੌ ਵਾਰੀ; ਇਸ ਤਰ੍ਹਾਂ ਕਰਦੇ ਜਦ ਤੁਸੀਂ ਇਸ ਤਰ੍ਹਾਂ ਦਾ ਨਾਮ ਜਪਣਾ ਸ਼ੁਰੂ ਕਰ ਦਿਤਾ ਹੈ, ਰਸਨਾ ਦੇ ਨਾਲ, ਰਸਨਾ ਤੋਂ ਆਪੇ ਤਰੱਕੀ ਨਹੀਂ ਹੁੰਦੀ, ਸੰਤਾਂ ਤੋਂ ਸੁਣ ਲਿਆ ਕਿ ਤੂੰ ਬਿਰਤੀ ਇਥੇ ਟਿਕਾਇਆ ਕਰ। ਉਹ ਐਉਂ ਨਹੀਂ ਹੁੰਦੀ, ਉਹ ਤਾਂ ਉਨ੍ਹਾਂ ਲਈ ਹੁੰਦੀ ਹੈ ਜਿਨ੍ਹਾਂ ਨੇ ਸਬਕ ਪਹਿਲਾਂ ਲਏ ਹੋਏ ਹੁੰਦੇ ਨੇ। ਇਹ ਚਲਣਾ ਹੀ ਹੈ ਇਵੇਂ ਜਿਵੇਂ ਚਲਣਾ ਹੈ। ਚਲਦੇ-ਚਲਦੇ ਆਪਣੇ ਆਪ ਹੀ ਰਸਨਾ ਹਿੱਲਣ ਤੋਂ ਹਟ ਜਾਣੀ ਹੈ, ਗਲ 'ਚ ਹਰਕਤ ਆ ਜਾਣੀ ਹੈ।

ਇਥੇ ਆਪੇ ਹੀ ਹੋਣ ਲਗ ਜਾਣਾ ਹੈ ਵਾਹਿਗੁਰੂ-ਵਾਹਿਗੁਰੂ। ਜਿਹੜਾ ਵੀ ਮੰਤਰ ਹੈ ਕਿਸੇ ਦਾ। ਮੰਤਰਾਂ 'ਚ ਨਹੀਂ ਫਰਕ ਹੁੰਦਾ, ਸਾਧਨਾ ਵਿਚ ਫਰਕ ਹੁੰਦਾ ਹੈ। ਆਪਣੇ ਆਪ ਹੀ ਗਲ ਦੇ ਵਿਚ ਚਲੇਗਾ, ਇਹਨੂੰ ਕੰਠ ਦਾ ਨਾਮ ਕਹਿੰਦੇ ਨੇ। ਇਹਦਾ ਨਾਉਂ ਹੈ ਅਨਾਹਤ ਚੱਕਰ; ਇਥੇ ਨਾਮ ਚਲਦਾ ਹੈ, ਫਲ ਕਿੰਨਾ ਹੋ ਗਿਆ, ਬਾਹਰਲੇ ਨਾਲੋਂ ਸੌ ਗੁਣਾਂ ਵਧ ਗਿਆ, ਸੌ ਵਾਰੀ ਵਾਹਿਗੁਰੂ ਬਾਹਰ, ਇਕ ਵਾਰੀ ਇਥੇ ਕਹਿ ਲਓ। ਇਹ ਜਪਦੇ-ਜਪਦੇ ਤੁਹਾਡੀਆਂ ਦੋ ਗੱਲਾਂ ਬਦਲਣਗੀਆਂ ਇਕ ਤਾਂ ਹੋਏਗਾ ਸਵਾਸ ਤੇ ਨਾਮ ਚੜ੍ਹ ਜਾਏਗਾ ਆਪਣੇ ਆਪ ਹੀ। ਪਰ ਉਥੇ ਸੰਤੁਸ਼ਟੀ ਨਹੀਂ ਆਉਣੀ, ਪਹਿਲਾਂ ਨਾਮ ਅਸੀਂ ਤੇਜ਼ ਜਪਿਆ ਹੋਇਆ ਹੈ, ਸਵਾਸ ਤਾਂ ਮਿੰਟ ਵਿਚ ਛੇ ਕੁ ਆਉਂਦੇ ਨੇ ਨਾਮ ਜਪਣ ਵਾਲੇ ਨੂੰ। ਛੇ ਦੇ ਉਤੇ ਛੇ ਵਾਰੀ ਕਿਹਾ ਮਨ ਟਿਕਦਾ ਨਹੀਂ ਹੈ ਕਿ ਛੇ ਵਾਰੀ ਇਹ ਤਾਂ ਬਹੁਤ ਹੌਲੀ ਹੈ। ਉਹਦੇ ਅੰਦਰ ਫੇਰ ਵਾਹਿਗੁਰੂ ਦੀ ਧੁਨੀ ਜਾਗ ਪੈਂਦੀ ਹੈ। 'ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ' ਆਪਣੇ ਆਪ ਹੀ ਹੋਣ ਲਗ ਜਾਂਦਾ ਹੈ। ਅੱਖਾਂ ਮੀਚ ਲੈਂਦਾ ਹੈ, ਨਾਲੇ ਝੂਲਦਾ ਹੈ, ਝੂਲਦਾ ਕਿਹੜੀ ਚੀਜ਼ ਨਾਲ ਹੈ, ਨਾਮ ਦਾ ਹੁਲਾਰਾ ਪੈ ਰਿਹਾ ਹੈ, ਕਰੰਟ ਆ ਰਿਹਾ ਹੈ, ਉਹ ਸਰੀਰ ਨੂੰ ਹਿਲਾ ਰਿਹਾ ਹੈ। ਉਹਦੇ ਨਾਲ ਹੀ ਰਸ ਨੇ ਆ ਜਾਣਾ ਹੈ ਉਸੇ ਵੇਲੇ। ਹੁਣ ਇਥੇ ਇਕ ਸਾਵਧਾਨੀ ਵਰਤਣੀ ਪੈਂਦੀ ਹੈ। ਉਹ ਇਹ ਹੈ ਕਿ ਸਾਡੇ ਕੰਨ ਜਿਹੜੇ ਨੇ ਉਹ ਨਾਮ ਸੁਣਨ ਤੋਂ ਹਟ ਨਾ ਜਾਣ। ਬਾਹਰੋਂ ਤਾਂ ਸੁਣਨਾ ਨਹੀਂ ਅੰਦਰ ਜਿਹੜੇ ਕੰਨ ਨੇ ਨਾ ਅੰਦਰਲੇ, ਉਹ ਫੇਰ ਨਾਮ ਦੀ ਧੁਨ ਸੁਣਦੇ ਨੇ। ਇਹ ਜਦ ਇਸਨੂੰ ਸੁਣਦੇ ਨੇ, ਇਹਦਾ ਫਲ ਵਧ ਜਾਂਦਾ ਹੈ, ਹਜ਼ਾਰ ਵਾਰੀ ਬਾਹਰ ਕਹੋ, ਇਕ ਵਾਰੀ ਇਥੇ ਕਹੋ। ਕਿੰਨਾ ਅਸੀਂ ਤੇਜ਼ ਕਰ ਲਿਆ ਇਹ। ਇਸ ਤੋਂ ਬਾਅਦ ਹੁੰਦਾ ਹੈ ਨਾਭੀ ਵਿਚ ਨਾਮ, ਨਾਭੀ 'ਚ ਆਪਣੇ ਆਪ ਦਾ ਕੁਛ ਪਤਾ ਨਹੀਂ ਹੁੰਦਾ ਸਰੀਰ ਦਾ। ਲੇਕਿਨ ਧੁਨ ਚਲ ਰਹੀ ਹੈ, ਹੁਣ ਇਥੇ ਦੋ ਨੇ ਇਕ ਤਾਂ musical ਧੁਨ ਬਣ ਜਾਂਦੀ ਹੈ। ਉਹ ਕਿਸੇ ਰਾਗ ਦੇ ਵਿਚ ਆ ਜਾਂਦੀ ਹੈ। ਜਿਵੇਂ ਕੀਰਤਨ ਕਰਦੇ ਹਾਂ ਅਸੀਂ ਕਿਸੇ ਨਾ ਕਿਸੇ ਟਿਊਨ ਵਿਚ ਆ ਜਾਏਗੀ, ਉਸ ਟਿਊਨ ਦੇ ਵਿਚ ਆਪਣੀ ਸਪੀਡ ਉਹਦੇ ਮੁਤਾਬਿਕ ਕਰ ਲਏਗੀ, ਆਟੋਮੈਟਿਕ; ਹੁਣ ਐਨਾ ਤੇਜ਼ ਨਹੀਂ ਨਾਮ ਰਹਿੰਦਾ, ਆਟੋਮੈਟਿਕ ਓਸ ਧੁਨ ਦੇ ਨਾਲ ਮਿਲ ਜਾਂਦਾ ਹੈ।

*ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ*
*ਗੁਰਮੁਖਿ ਅਕਥ ਕਹਾਨੀ ॥ ਅੰਗ - ੮੭੯*

ਇਥੋਂ ਪਲਟਾ ਦੇ ਕੇ ਨਾਮ ਸਿੱਧਾ ਹੀ ਪੰਜ ਚੱਕਰਾਂ ਨੂੰ ਵਿੰਨਣ ਦੀ ਲੋੜ ਨਹੀਂ ਸਿੱਧਾ ਹੀ ਆਗਿਆ ਚੱਕਰ 'ਚ ਆ ਜਾਂਦਾ ਹੈ। ਇਥੇ ਆਉਂਦਾ ਹੈ ਤਾਂ ਅਸੀਂ ਕਹਿੰਦੇ ਹਾਂ ਕਿ ਹੁਣ ਤੂੰ ਗੁਰੂ ਦਾ ਧਿਆਨ ਧਰ।

*ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥*
*ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥*
*ਅੰਗ - ੮੬੪*

ਧਿਆਨ ਧਰ ਹੁਣ ਤੂੰ। ਜੇ ਤਾਂ ਉਹ ਅਗਿਆਨੀ ਹੈ ਫੇਰ ਤਾਂ ਟਿਕਣਾ ਨਹੀਂ ਉਹਨੇ। ਇਧਰਲੀਆਂ ਓਧਰਲੀਆਂ ਗੱਲਾਂ ਬੜੀਆਂ ਖਤਰਨਾਕ ਨੇ ਜਿਹੜਾ ਆਦਮੀ ਸੁਣਦਾ ਹੈ, ਉਹ ਟਿਕ ਨਹੀਂ ਸਕਦਾ, ਇਕ ਪੁਆਇੰਟ ਦੇ ਉਤੇ, ਉਹ ਜਦ ਧਿਆਨ ਦੇ ਵਿਚ ਆਏਗਾ, ਇਥੇ ਹੁੰਦਾ ਕੀ ਹੈ, ਪਹਿਲਾਂ ਸਾਨੂੰ ਧਿਆਨ ਕਿਸੇ ਸਾਕਾਰ ਦਾ ਲਾਉਣਾ ਪੈਂਦਾ ਹੈ। ਇਹ ਹੈਗਾ ਅਵਸਥਾ ਭੇਦ ਕਿ ਇਹਨੇ ਪਿਛਲੇ ਜਨਮ 'ਚ ਕਿੰਨਾ ਕੁ ਨਾਮ ਜਪਿਆ ਹੈ, ਸੰਤਾਂ ਨੂੰ ਪਤਾ ਹੁੰਦਾ ਹੈ, ਉਹ ਦਸ ਦਿੰਦੇ ਨੇ ਕਿ ਤੂੰ ਐਉਂ ਧਿਆਨ ਧਰ। ਲੇਕਿਨ ਆਮ ਜਿਹੜਾ ਹੈ ਉਹ ਇਹ ਹੈ ਕਿ ਤੁਸੀਂ ਧਿਆਨ ਧਰੋ। ਉਹਦੇ ਬਾਰੇ ਗੁਰੂ ਮਹਾਰਾਜ ਨੇ ਸਾਨੂੰ ਬਾਰ-ਬਾਰ ਤਾਕੀਦ ਕੀਤੀ ਹੈ, ਜਿਹੜੀ ਸਾਨੂੰ ignore ਨਹੀਂ ਕਰਨੀ ਚਾਹੀਦੀ।

*ਧਾਰਨਾ - ਧਰੀਏ ਮਨ ਵਿਚ ਧਿਆਨ*
*ਗੁਰਾਂ ਦੀ ਮੂਰਤ ਦਾ।*

*ਸਤਿਗੁਰ ਕੀ ਮੂਰਤਿ ਹਿਰਦੈ ਵਸਾਏ ॥*
*ਜੋ ਇਛੈ ਸੋਈ ਫਲੁ ਪਾਏ ॥ ਅੰਗ - ੬੬੧*

ਉਹ ਐਵੇਂ ਹੀ ਨਹੀਂ ਹੁੰਦਾ, ਗੁਰੂ ਨਾਲ ਤਾਂ ਗੱਲ ਸਿੱਧੀ ਹੋਣੀ ਸ਼ੁਰੂ ਹੋ ਗਈ। ਗੁਰੂ ਪ੍ਰਤੀਕ ਹੈ, ਜਿਹੜਾ ਤੁਹਾਡਾ ਧਿਆਨ ਧਰਿਆ ਹੋਇਆ ਹੈ, ਉਹਦੇ ਪਿਛਲੇ ਪਾਸੇ ਗੁਰੂ ਹੀ ਹੈ। ਇਹ ਹੁੰਦਾ ਕੀ ਹੈ, ਇਹ ਰੌਸ਼ਨੀ ਦਾ ਬਣ ਜਾਂਦਾ ਹੈ। ਰੌਸ਼ਨੀ ਦਾ ਬਣਿਆ ਹੋਇਆ, ਤੁਸੀਂ ਉਹਦੇ ਵਿਚ ਆਪਣੇ ਆਪ ਨੂੰ ਲੀਨ ਹੋਇਆ ਦੇਖੋਂਗੇ, ਤੁਹਾਡਾ ਜਿਹੜਾ ਸਰੀਰ ਹੈ, ਭੁਲੇਖਾ ਪਵੇਗਾ ਕਿ ਇਹ ਸਰੀਰ ਗੁਰੂ ਦਾ ਸਰੀਰ ਬਣ ਗਿਆ। ਪ੍ਰੈਕਟੀਕਲ ਹੈ, ਸੋ ਜਦੋਂ ਧਿਆਨ ਪਰਪੱਕ ਹੋ ਗਿਆ, ਤਿੰਨ ਅਵਸਥਾ ਹੁੰਦੀਆਂ ਨੇ - ਧਿਆਤਾ, ਧਿਆਨ, ਧੇਅ। ਪ੍ਰਕਾਸ਼ ਆ ਜਾਂਦਾ ਹੈ ਇਥੇ। ਪ੍ਰਕਾਸ਼ 'ਚ ਗੁਰੂ ਦਿਸਦਾ ਹੈ, ਗੁਰੂ 'ਚ ਪ੍ਰਕਾਸ਼ ਦਿਸਦਾ ਹੈ, ਓਤਪੋਤ ਹਨ ਦੋਵੇਂ, ਸੋ ਇਸ ਤਰ੍ਹਾਂ ਦੇ ਨਾਲ ਜਦ ਅਸੀਂ ਨਾਮ ਜਪਦੇ ਹਾਂ, ਤ੍ਰਿਕੁਟੀ ਦੇ ਵਿਚ ਵੇਧਦੇ ਹਾਂ, ਓਸ ਵੇਲੇ ਅਸੀਂ ਇਕ ਖਤਰਨਾਕ ਥਾਂ ਪਹੁੰਚਦੇ ਹਾਂ, ਉਹ ਹੈ ਸ਼ਕਤੀਆਂ ਦਾ ਥਾਂ ਰਿੱਧੀਆਂ ਸਿੱਧੀਆਂ ਦਾ, ਉਹਨੂੰ ਸਹੰਸਰਾਰ ਦਲ ਮੰਡਲ ਕਹਿੰਦੇ ਨੇ। ਓਥੇ ਐਨੀਆਂ ਤਾਕਤਾਂ ਹੁੰਦੀਆਂ ਨੇ ਕਿ ਤੁਸੀਂ ਬੈਠੇ ਹੀ ਦੇਖ ਲਓਂਗੇ ਕਿ ਫਲਾਣਾ ਹੈ, ਤੁਹਾਨੂੰ ਆਪ ਤਾਂ ਪਤਾ ਲਗ ਗਿਆ ਨਾ ਜੇ ਰੌਲਾ ਨਹੀਂ ਪਾਓਂਗੇ, ਕਿ ਮੈਂ ਹੁਣੇ ਹੀ ਚਿਤਵਿਆ ਸੀਗਾ, ਆ ਗਿਆ ਬੰਦਾ ਇਹ। ਮੈਂ ਇਹਨੂੰ ਯਾਦ ਕਰਿਆ ਸੀ, ਉਹ ਕਹਿੰਦਾ ਜੀ ਮੈਂ ਤਾਂ ਘਰੋਂ ਆਇਆ ਹਾਂ।

ਤੁਹਾਡੇ ਖਿਆਲ ਦੇ ਵਿਚ ਸ਼ਕਤੀ ਆ ਜਾਂਦੀ ਹੈ, ਕਸ਼ਿਸ਼ ਆ ਜਾਂਦੀ ਹੈ। ਫੇਰ ਹੌਲੀ-ਹੌਲੀ ਸ਼ਕਤੀਆਂ ਆ ਜਾਂਦੀਆਂ ਨੇ। ਸ਼ਕਤੀਆਂ ਦੇ ਵਿਚ ਲੋਕ ਖਹਿੜਾ ਨਹੀਂ ਛੱਡਦੇ, ਮਹਾਤਮਾ ਓਥੋਂ ਨੱਠਦੇ ਨੇ ਕਿ ਕਿਤੇ ਹੋਰ ਥਾਂ ਚੱਲੀਏ।

*ਬੁਲਿਆ ਓਥੇ ਵਸੀਏ ਜਿਥੇ ਸਾਰੇ ਹੀ ਅੰਨੇ*
*ਨਾ ਕੋਈ ਸਾਨੂੰ ਜਾਣੇ ਤੇ ਨਾ ਮੰਨੇ।*

ਮਹਾਤਮਾ ਫੇਰ ਪੂਜਾ ਨਹੀਂ ਕਰਾਉਂਦੇ, ਸਤਿਕਾਰ ਨਹੀਂ ਕਰਾਉਂਦੇ, ਏਸ ਤੋਂ ਤੰਗ ਆ ਜਾਂਦੇ ਨੇ। ਤੰਗ ਆਏ ਕ੍ਰਿਆ ਐਹੋ ਜਿਹੀ ਕਰ ਦਿੰਦੇ ਨੇ, ਕਿ ਲੋਕ ਟੁੱਟ ਜਾਣ। ਜਾਣ ਕੇ ਕਰਦੇ ਨੇ। ਕਬੀਰ ਸਾਹਿਬ ਵੇਸਵਾ ਨੂੰ ਨਾਲ ਲੈ ਕੇ ਬਜ਼ਾਰ ਵਿਚ ਘੁੰਮ ਗਏ। ਬੇਅੰਤ ਦੁਨੀਆਂ ਝੜ ਗਈ। ਗੁਰੂ ਨਾਨਕ ਸਾਹਿਬ ਨੂੰ ਕੁਤਕਾ ਰੱਖਣਾ ਪਿਆ ਮੋਢੇ ਦੇ ਉਤੇ। ਜਿਹੜਾ ਸਿੱਖ ਨੇੜੇ ਆਵੇ ਨੱਠ ਕੇ ਮਾਰਨ ਉਹਦੇ ਡੰਡਾ; ਉਹ ਕਹਿੰਦੇ ਪਤਾ ਨਹੀਂ ਦਿਮਾਗ 'ਚ ਫਰਕ ਪੈ ਗਿਆ ਗੁਰੂ ਸਾਹਿਬ ਦੇ। ਵੀਹ ਹਜ਼ਾਰ ਸੀ ਉਸ ਵੇਲੇ, ਵੀਹ ਹਜ਼ਾਰ ਦੇ ਵਿਚੋਂ ਦੋ ਰਹਿ ਗਏ ਅਖੀਰ ਦੇ ਉਤੇ। ਕਹਿੰਦੇ ਤੁਸੀਂ ਨਹੀਂ ਨੱਠਦੇ? ਕਹਿੰਦੇ ਕੋਈ ਥਾਉਂ ਨਹੀਂ ਹੈ, ਤੇਰੇ ਚਰਨਾਂ ਤੋਂ ਬਗੈਰ। ਕਹਿੰਦੇ ਫੇਰ ਆਹ ਖਾਓ ਮੁਰਦਾ। ਕਹਿੰਦੇ ਕਿਧਰੋਂ ਖਾਈਏ? ਕਹਿੰਦੇ ਸਿਰ ਵਲੋਂ ਖਾਓ। ਗੁਰੂ ਅੰਗਦ ਸਾਹਿਬ ਜਦੋਂ ਚਾਦਰ ਚੁੱਕਦੇ ਨੇ, ਓਥੇ ਮੁਰਦਾ ਤਾਂ ਹੈ ਹੀ ਨਹੀਂ ਸੀ, ਓਥੇ ਤਾਂ ਪ੍ਰਸ਼ਾਦ ਪਿਆ ਹੈ। ਗੁਰੂ ਦੀ ਕ੍ਰਿਆ ਹੈ ਇਹ। ਕੁਛ ਦਿਖਾ ਦੇਵੇ। ਸੋ ਏਸ ਤਰ੍ਹਾਂ ਜਦੋਂ ਇਥੇ ਬਿਰਤੀ ਆ ਜਾਂਦੀ ਹੈ, ਇਥੇ ਮਹਾਤਮਾ ਦੀ ਲੋੜ ਹੈ ਜਿਹੜਾ ਤਾੜਨਾ ਕਰ ਦੇਵੇ ਕਿ ਤੂੰ ਹਟਦਾ ਨਹੀਂ ਹੈਂ। ਸੰਤ ਮਨੀ ਸਿੰਘ ਨੇ ਦਰਖਤਾਂ ਦੇ ਉਤੋਂ ਲੱਡੂ ਜਲੇਬੀਆਂ ਝਾੜ ਕੇ ਸੰਗਤ ਨੂੰ ਛਕਾ ਦਿਤੇ। ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਨੇ ਡੰਡਾ ਲੈ ਕੇ ਉਹਨੂੰ ਕੁੱਟਿਆ। ਕਹਿੰਦੇ ਤੇਰੀ ਰਿੱਧੀ-ਸਿੱਧੀ ਝਾੜਾਂ ਪਹਿਲਾਂ। ਫੇਰ ਕਿੱਡੇ ਪ੍ਰਤਾਪ ਵਾਲੇ ਮਹਾਤਮਾ ਹੋਏ। ਅਫਰੀਕਾ ਗਏ ਹੋਏ ਸੀ, ਕਹਿੰਦੇ ਬਈ ਅੱਜ ਜੰਗਲ 'ਚ ਜਾਣਾ ਹੈ। ਚਲੇ ਗਏ ਜੰਗਲ 'ਚ, ਸ਼ਾਮ ਨੂੰ ਮੁੜ ਆਏ, ਕਹਿੰਦੇ ਅੱਜ ਫੇਰ ਜਾਣਾ ਹੈ। ਇਕ ਨਦੀ ਦੇ ਕੰਢੇ ਬੈਠ ਗਏ, ਓਥੇ ਕੀ ਹੋਇਆ ਇਕ ਹਰਨੀ ਆਈ ਉਹਦੇ ਪਿਛੇ ਸ਼ੇਰ ਪਿਆ ਹੋਇਆ ਸੀ, ਉਹ ਹਰਨੀ ਐਨੀ ਤੇਜ਼ ਦੌੜੀ ਦਮ ਟੁੱਟ ਗਿਆ ਉਹਦਾ। ਆ ਕੇ ਸੰਤ ਮਨੀ ਸਿੰਘ ਉਨ੍ਹਾਂ ਦੀ ਗੋਦੀ ਦੇ ਵਿਚ ਚੜ੍ਹਾਈ ਕਰ ਗਈ। ਕਹਿੰਦੇ ਭਾਈ! ਇਹਦਾ ਦਾਹ ਸਸਕਾਰ ਕਰ ਦੇਈਏ, ਟੋਆ ਪੁਟੋ, ਵਸਤਰ ਪਾ ਕੇ ਦੱਬ ਦਿਓ। ਕਿਸੇ ਨੂੰ ਪਤਾ ਨਾ ਲੱਗਿਆ ਕਿ ਸੰਤ ਕੀ ਕੰਮ ਕਰਨ ਲੱਗੇ ਨੇ, ਕਿ ਹਰਨੀ ਨੂੰ ਦਬਾਉਣ ਲੱਗੇ ਨੇ। ਕਹਿੰਦੇ, ਬਾਬਾ ਜੀ ਕੁਛ ਸਾਨੂੰ ਵੀ ਭੇਤ ਲੱਗੇ? ਕਹਿੰਦੇ, ਭੇਤ ਲੈ ਕੇ ਤੁਸੀਂ ਕਰਨਾ ਕੀ ਹੈ। ਜਦ ਬਹੁਤ ਸੰਗਤ ਖਹਿੜੇ ਪਈ ਤਾਂ ਦੱਸਿਆ ਕਿ ਇਹ ਸਾਡੀ ਪਿਛਲੇ ਜਨਮ ਦੇ ਵਿਚ ਪਤਨੀ ਸੀ, ਇਹਨੇ ਨਾਮ ਨਹੀਂ ਜਪਿਆ, ਤਰਕ ਕਰਦੀ ਰਹੀ ਤੇ ਹਰਨੀ ਦੀ ਜੂਨੀ ਪੈ ਗਈ। ਅਸੀਂ ਆਏ ਹੀ ਇਸ ਕਰਕੇ ਸੀ ਕਿ ਇਹਦੇ ਮਨ ਵਿਚ ਬਾਰ-ਬਾਰ ਆਉਂਦਾ ਸੀ ਕਿ ਮੇਰਾ ਉਧਾਰ-ਮੇਰਾ ਉਧਾਰ। ਸ਼ਕਤੀਆਂ ਵਰਤਾਉਣ ਤੋਂ ਸੰਤ ਹਟ ਜਾਂਦੇ ਨੇ ਬਿਲਕੁਲ, ਬਦਨਾਮੀ ਕਰਾ ਲੈਂਦੇ ਨੇ, ਲੇਕਿਨ ਜੇ ਸ਼ਕਤੀ ਦਿਖਾਉਂਦਾ ਹੈ ਤਾਂ ਫਸ ਜਾਂਦਾ ਹੈ ਸੰਤ -

*ਰਿਧਿ ਸਿਧਿ ਸਭੁ ਮੋਹੁ ਹੈ*
*ਨਾਮੁ ਨ ਵਸੈ ਮਨਿ ਆਇ ॥ ਅੰਗ - ੫੯੩*

ਇਥੇ ਪਹੁੰਚ ਕੇ ਵਿਵੇਕ ਮੰਡਲ 'ਚ ਦਾਖਲਾ ਹੁੰਦਾ ਹੈ। ਫੇਰ ਸੋਚਦਾ ਹੈ ਕਿ ਮੈਂ ਕੌਣ ਹਾਂ। ਮੈਂ ਕਿਥੋਂ ਆ ਗਿਆ, ਫੇਰ ਗਿਆਨ ਦੀ ਰੌਸ਼ਨੀ ਪੈਂਦੀ ਹੈ ਇਹਨੂੰ, ਗਿਆਨ ਜਿਹੜਾ ਹੈ ਉਹ ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਤੋਂ ਬਗੈਰ ਫਲੀਭੂਤ ਨਹੀਂ ਹੋਇਆ ਕਰਦਾ। ਫੇਰ ਵਾਹਿਗੁਰੂ ਦਾ ਇੰਤਜ਼ਾਮ ਹੈ, ਉਨ੍ਹਾਂ ਨੂੰ ਘੇਰ-ਘੇਰ ਕੇ ਸੰਤਾਂ ਦੇ ਕੋਲ ਲੈ ਕੇ ਆਏਗਾ। ਓਥੇ ਉਨ੍ਹਾਂ ਨਾਮ ਜਪਿਆ ਹੁੰਦਾ ਹੈ। ਥੋੜ੍ਹੇ ਜਿਹੇ ਉਪਦੇਸ਼ ਨਾਲ ਹੀ ਫਲੀਭੂਤ ਹੋ ਜਾਂਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਬਾਲਮੀਕ ਨੇ ਦ੍ਰਿੜ੍ਹਤਾ ਦੇ ਨਾਲ ੧੪ ਸਾਲ ਐਨਾ ਨਾਮ ਜਪਿਆ ਕਿ ਦੇਹ ਤੋਂ ਬੇਖਬਰ ਹੋ ਗਿਆ। ਜਦ ਸੁਰਤੀ ਚੜ੍ਹ ਗਈ, ਬੈਠਾ ਹੈ, ਪੱਤੇ ਆ ਲੱਗੇ ਹਵਾ ਦੇ ਨਾਲ, ਮਿੱਟੀ ਆ ਲੱਗੀ, ਰੇਤਾ ਆ ਲੱਗਿਆ, ਸਿਉਂਕ ਲੱਗ ਗਈ। ਹੱਡੀਆਂ 'ਚ ਪ੍ਰਾਣ ਹੁੰਦੇ ਸੀ ਜਦ, ਮਹਾਤਮਾ ਆ ਗਏ, ਉਨ੍ਹਾਂ ਨੇ ਕਿਹਾ ਕਿ ਕਿਧਰ ਗਿਆ ਬਾਲਮੀਕ। ਪਤਾ ਕਰਿਆ ਤਾਂ ਕਹਿੰਦੇ ਜੀ ਉਹ ਤਾਂ ਆਹ ਬੈਠਾ ਹੈ, ਪਤਾ ਨਹੀਂ ਜੀਉਂਦਾ ਹੈ, ਪਤਾ ਨਹੀਂ ਮਰਿਆ ਹੋਇਆ ਹੈ, ਬਰਮੀ ਬਣੀ ਪਈ ਹੈ ਉਹਦੇ ਦੁਆਲੇ। ਮਹਾਤਮਾ ਨੇ ਓਸ ਵੇਲੇ ਓਸਨੂੰ ਕੱਢ ਲਿਆ, ਦਸਵੇਂ ਦੁਆਰ ਤੋਂ ਪ੍ਰਾਣ ਉਤਾਰੇ, ਠਹਿਰੇ ਓਥੇ ਕੁਛ ਦਿਨ। ਠੀਕ ਕਰਿਆ ਉਹਦਾ ਸਰੀਰ। ਓਸ ਵੇਲੇ ਮਹਾਂਪੁਰਸ਼ਾਂ ਕੋਲ ਜਿਹੜਾ ਉਪਦੇਸ਼ ਹੁੰਦਾ ਹੈ-

*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥*
*ਅੰਗ - ੩੦੬*

ਜਿਹਦੇ ਉਤੇ ਦਇਆਲ ਹੋ ਜਾਂਦਾ ਹੈ ਓਸ ਵੇਲੇ ਉਪਦੇਸ਼ ਜਿਹੜਾ ਹੈ ਕਿਸੇ ਨੂੰ ਨਹੀਂ ਪਤਾ। ਇਕ ਵਾਰੀ ਮੈਂ ਵਿਸ਼ਾ ਦਿਤਾ ਕਿ ਦੱਸੋ ਉਹ ਕਿਹੜਾ ਉਪਦੇਸ਼ ਹੈ? ਕਿਸੇ ਨੇ ਹੱਥ ਨਾ ਪਾਇਆ। ਸੰਤਾਂ ਨੂੰ ਸਾਰਿਆਂ ਨੂੰ ਪਤਾ ਹੈ ਕਿ ਕਿਹੜਾ ਉਪਦੇਸ਼ ਹੈ ਉਹ। ਉਹ ਜ਼ਾਹਰ ਨਹੀਂ ਕਰਦੇ, ਕਿਉਂਕਿ ਜ਼ਾਹਰ ਕਰਨ ਵਾਲੀ ਚੀਜ਼ ਨਹੀਂ ਹੈ। ਜੇ ਕਿਤਾਬਾਂ 'ਚ ਆ ਗਈ, ਇਹਦਾ ਮਤਲਬ ਆਈ ਹੋਈ ਹੈ ਪਹਿਲਾਂ ਬਥੇਰੀਆਂ ਕਿਤਾਬਾਂ 'ਚ। ਇਹ ਕੋਈ ਅਸਰ ਨਹੀਂ ਕਰਦੀ। ਇਹ ਅਸਰ ਕਰਦੀ ਹੈ ਜਦ ਮਹਾਤਮਾ ਦੇਖਦਾ ਹੈ ਕਿ ਇਹ ਪੱਕਾ ਹੈ। ਕੱਚੇ ਨੂੰ ਮਹਾਤਮਾ ਨਹੀਂ ਛੇੜਦੇ। ਪੱਕੇ ਨੂੰ ਛੇੜਦੇ ਨੇ -

*ਰਾਮ ਪਦਾਰਥੁ ਪਾਇ ਕੈ*
*ਕਬੀਰਾ ਗਾਂਠਿ ਨ ਖੋਲੑ ॥*
*ਨਹੀ ਪਟਣੁ ਨਹੀ ਪਾਰਖੂ*
*ਨਹੀ ਗਾਹਕੁ ਨਹੀ ਮੋਲੁ ॥ ਅੰਗ - ੧੩੬੫*

ਚਾਰ ਵਾਰੀ ਲਿਖ ਦਿਤਾ। ਕਹਿੰਦੇ -

*ਕੋਈ ਆਇ ਮਿਲੈਗੋ ਗਾਹਕੀ*
*ਲੇਗੋ ਮਹਗੇ ਮੋਲਿ ॥ ਅੰਗ - ੧੩੭੯*

ਆ ਜਾਏਗਾ ਕੋਈ, ਸਿਰ ਦੇ ਵੱਟੇ ਦੇਣ ਵਾਲਾ। ਗੁਰੂ ਮਹਾਰਾਜ ਨੂੰ ਪੰਜ ਮਿਲੇ, ਜਿਨ੍ਹਾਂ ਨੂੰ ਉਪਦੇਸ਼ ਕਰਕੇ ਜਨਮ ਮਰਨ ਦੇ ਚੱਕਰ 'ਚੋਂ ਖਤਮ ਕਰਕੇ ਗੁਰੂ ਦੀ ਪਦਵੀ ਦੇ ਦਿਤੀ ਕਿ ਜਿਹੜਾ ਕੰਮ ਮੈਂ ਕਰਦਾ ਹਾਂ ਤੁਸੀਂ ਵੀ ਕਰੋ। ਸੋ ਓਸ ਵੇਲੇ ਉਨ੍ਹਾਂ ਦੇ ਮਹਾਤਮਾ ਨੇ ਉਪਦੇਸ਼ ਦਿਤਾ-

*ਸਚੁ ਦ੍ਰਿੜਾਇ ਉਧਾਰਿਅਨੁ*
*ਪਿ ਨਿਕਥਾ ਉਪਰ ਵਾੜਾ।*
*ਗੁਰਮੁਖਿ ਲੰਘੇ ਪਾਪ ਪਹਾੜਾ।।*
*ਭਾਈ ਗੁਰਦਾਸ ਜੀ, ਵਾਰ ੧੦/੧੯*

ਕਿੰਨੇ ਪਾਪ ਸੀ ਉਹਦੇ -

*ਧਾਰਨਾ - ਜਪ ਕੇ ਨਾਮ ਹਰੀ ਦਾ ਬਾਲਮੀਕ ਨੇ*
*ਪਾਪਾਂ ਦਾ ਪਹਾੜ ਲੰਘਿਆ।*

ਗੁਰਮੁਖ ਤੋਂ ਉਪਦੇਸ਼ ਲੈ ਕੇ ਕਿੱਡੀ ਅਵਸਥਾ 'ਤੇ ਪਹੁੰਚਿਆ, ਪਾਂਡਵਾਂ ਦਾ ਯੱਗ ਸੰਪੂਰਨ ਨਹੀਂ ਹੋ ਰਿਹਾ। ਸਾਰੇ ਹੈਰਾਨ ਹੋ ਗਏ ਕਿ ਭਾਰਤ ਵਰਸ਼ ਵਿਚ ਘੋੜਾ ਫੇਰਿਆ, ਯੁੱਧ ਕਰੇ ਤੇ ਹੁਣ ਆ ਕੇ ਸਾਡਾ ਜਿਹੜਾ ਯੱਗ ਹੈ ਸੰਪੂਰਨ ਨਹੀਂ ਹੋ ਰਿਹਾ। ਕ੍ਰਿਸ਼ਨ ਮਹਾਰਾਜ ਕੋਲ ਬੇਨਤੀ ਕਰੀ ਕਹਿਣ ਲੱਗੇ ਇਕ ਮਹਾਂਪੁਰਸ਼ ਨੂੰ ਤੁਸੀਂ ਛੱਡ ਦਿਤਾ। ਦੱਸਿਆ ਕਿ ਬਾਲਮੀਕ ਹੈ ਉਹਦਾ ਨਾਉਂ, ਜਾਓ ਲੈ ਕੇ ਆਓ, ਉਹ ਆਉਂਦਾ ਨਹੀਂ, ਉਹ ਕਹਿੰਦਾ ਮੈਨੂੰ ਇਕ ਯੱਗ ਦਾ ਫਲ ਦੇਵੋ ਤਾਂ ਜਾਊਂ। ਦਰੋਪਤੀ ਗਈ, ਦਰੋਪਤੀ ਨੇ ਕਿਹਾ ਕਿ ਮਹਾਂਪੁਰਸ਼ੋ! ਇਕ ਯੱਗ ਤਾਂ ਕੀ, ਕਿੰਨੇ ਹੀ ਯੱਗਾਂ ਦਾ ਫਲ ਲੈ ਲਓ, ਸਾਸ਼ਤਰ 'ਚ ਲਿਖਿਆ ਹੋਇਆ ਹੈ ਕਿ ਜੇ ਬ੍ਰਹਮਗਿਆਨੀ ਮਹਾਂਪੁਰਸ਼ ਦੇ ਵਲ ਸ਼ਰਧਾ ਧਾਰ ਕੇ ਘਰੋਂ ਚੱਲੇ ਤਾਂ ਹਰ ਕਦਮ ਦੇ ਉਤੇ ਇਕ ਯੱਗ ਦਾ ਫਲ ਪ੍ਰਾਪਤ ਹੁੰਦਾ ਹੈ। ਹੁਣ ਮੁੜਦੇ ਹੋਏ ਕਦਮ ਗਿਣ ਲੈਣਾ, ਇਕ ਰੱਖ ਲੈਣਾ ਬਾਕੀ ਮੇਰੇ ਪੱਲੇ ਪਾ ਦੇਣਾ। ਉਹ ਉਠ ਕੇ ਤੁਰ ਪਏ। ਓਧਰ ਜਾ ਕੇ ਕ੍ਰਿਸ਼ਨ ਮਹਾਰਾਜ ਨੇ ਚਰਨ ਧੋਣ ਦੀ ਡਿਊਟੀ ਲਈ ਹੋਈ ਸੀ। ਪਤਲਾਂ ਚੁੱਕਣ ਦੀ ਡਿਊਟੀ ਲਈ ਹੋਈ ਸੀ, ਦੋ ਡਿਊਟੀਆਂ ਉਨ੍ਹਾਂ ਨੇ ਲਈਆਂ ਸੀ ਕਿ ਇਕ ਤਾਂ ਜੂਠੀਆਂ ਪਤਲਾਂ ਮੈਂ ਚੁੱਕਾਂਗਾ ਸਾਧੂਆਂ ਦੀਆਂ, ਇਕ ਚਰਨ ਮੈਂ ਧੋਵਾਂਗਾ। ਚਰਨ ਧੋਤੇ, ਉਸ ਤੋਂ ਬਾਅਦ ਪ੍ਰਸ਼ਾਦ ਛਕਿਆ। ਪਹਿਲੀ ਵਾਰੀ ਸ਼ੰਕਾ ਹੋ ਗਿਆ, ਦੂਜੀ ਵਾਰੀ ਛਕਿਆ, ਸੰਖ ਬੰਨ੍ਹਿਆ ਹੋਇਆ ਸੀ ਬਾਂਸ ਨਾਲ ਗੱਜ ਕੇ ਬੋਲਿਆ। ਮਹਾਰਾਜ ਕਹਿੰਦੇ -

*ਰੇ ਚਿਤ ਚੇਤਿ ਚੇਤ ਅਚੇਤ ॥*
*ਕਾਹੇ ਨ ਬਾਲਮੀਕਹਿ ਦੇਖ ॥*
*ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ*
*ਰਾਮ ਭਗਤਿ ਬਿਸੇਖ ॥ ਅੰਗ - ੧੧੨੪*

ਦੇਖੋ, ਕਿਥੇ ਚਲਿਆ ਗਿਆ ਉਹ। ਸੋ ਇਸ ਕਰਕੇ ਰਾਮ ਦੀ ਜਿਹੜੀ ਭਗਤੀ ਹੈ ਨਾਮ ਜਪਣਾ, ਬੰਦਗੀ ਕਰਨੀ ਉਹਦੇ ਮੁਕਾਬਲੇ ਦੇ ਉਤੇ ਹੋਰ ਕੋਈ ਚੀਜ਼ ਹੈ ਹੀ ਨਹੀਂ। ਸੋ ਇਸ ਕਰਕੇ ਜਿਹੜੀ ਮਹਿਮਾ ਹੈ ਬਹੁਤ ਵੱਡੀ ਹੈ -

*ਧਾਰਨਾ - ਸੁਣਿਓ ਮੇਰੇ ਮੀਤਾ*
*ਮਹਿਮਾ ਸਾਧੂਆਂ ਦੇ ਸੰਗ ਦੀ।*
*ਪਿੰਗੁਲ ਪਰਬਤ ਪਾਰਿ ਪਰੇ*
*ਖਲ ਚਤੁਰ ਬਕੀਤਾ ॥*
*ਅੰਧੁਲੇ ਤ੍ਰਿਭਵਣ ਸੁਝਿਆ*
*ਗੁਰ ਭੇਟਿ ਪੁਨੀਤਾ ॥ ੧ ॥*
*ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ ॥*
*ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ॥*
*ਅੰਗ - ੮੦੯*

ਸੋ ਇਸ ਤਰ੍ਹਾਂ ਮਹਾਂਪੁਰਸ਼ਾਂ ਦੀ ਸੰਗਤ ਦੀ ਮਹਿਮਾ ਬਾਰੇ ਗੁਰੂ ਮਹਾਰਾਜ ਨੇ ਫੁਰਮਾਨ ਕੀਤਾ ਹੈ ਕਿ ਉਹਨਾਂ ਦੀ ਮਹਿਮਾਂ ਨੂੰ ਹੀ ਨਹੀਂ ਕੋਈ ਜਾਣਦਾ।

*ਤਿਨ ਕੀ ਸੋਭਾ ਕਿਆ ਗਣੀ*
*ਜਿ ਸਾਹਿਬਿ ਮੇਲੜੀਆਹ ॥ ਅੰਗ - ੧੩੫*

ਕੀ ਗਿਣਿਆਂ ਜਾਵੇ ਉਨ੍ਹਾਂ ਦੀ ਸੋਭਾ ਹੋ ਹੀ ਨਹੀਂ ਸਕਦੀ। ਕਿਸ ਤਰ੍ਹਾਂ ਅਸੀਂ ਗਿਣੀਏ, ਜਿਨ੍ਹਾਂ ਨੂੰ ਪ੍ਰਮੇਸ਼ਰ ਮਿਲ ਗਿਆ। ਸੋ ਇਸ ਕਰਕੇ ਜੋ ਬੇਨਤੀਆਂ ਕੀਤੀਆਂ ਨੇ ਧਿਆਨ ਦੇ ਨਾਲ ਕਰਨੀਆਂ, ਪ੍ਰੈਕਟਿਸ ਵਿਚ ਲਿਆਉਣੀਆਂ ਸ਼ੁਰੂ ਕਰੋ। ਫੇਰ ਆਪਣਾ ਸਮਾਂ ਸਫਲਾ ਹੈ।

ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ

ਹੁਕਮਨਾਮਾ

# ਬਾਬਾ ਸਾਹਿਬ ਸਿੰਘ ਜੀ ਬੇਦੀ ਊਨਾ ਸਾਹਿਬ

*ਸਤਿਨਾਮ ਸ੍ਰੀ ਵਾਹਿਗੁਰੂ*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ*
*ਡੰਡਉਤਿ ਬੰਦਨ ਅਨਿਕ ਬਾਰ*
*ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥*
*ਅੰਗ - ੨੮੯*
*ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥*
*ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥*
*ਅੰਗ - ੨੯੦*
*ਧਾਰਨਾ - ਏਕੋ ਕਹੀਐ ਨਾਨਕਾ,*
*ਏਕੋ ਕਹੀਐ ਨਾਨਕਾ।*
*ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ।*
*ਨਿਆਰੇ ਨਿਆਰੇ ਹੋਇ ਕੈ, ਫੇਰਿ ਆਗ ਮੈ ਮਿਲਾਹਿੰਗੇ।*
*ਜੈਸੇ ਏਕ ਧੂਰ ਤੇ, ਅਨੇਕ ਧੂਰ ਪੂਰਤ ਹੈਂ*
*ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ।*
*ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ*
*ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿੰਗੇ।*
*ਤੈਸੇ ਬਿਸ੍ਵ ਰੂਪ ਤੇ, ਅਭੂਤ ਭੂਤ ਪ੍ਰਗਟ ਹੋਇ*
*ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ।*
*ਅਕਾਲ ਉਸਤਤਿ*
*ਧਾਰਨਾ - ਤੂੰ ਹੀ-ਤੂੰ ਹੀ ਮੋਹਿਨਾ।*

*ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥*
*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥*
*ਅੰਗ - ੧੨੯੧*

ਸਾਧਸੰਗਤ ਜੀ ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਦੂਰ ਦਰਾਜ਼ ਤੋਂ ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ ਵਿਚ ਮਹਾਂਪੁਰਸ਼ਾਂ ਦੇ ਜੀਵਨ ਬਾਰੇ ਉਨ੍ਹਾਂ ਦੇ ਉਪਦੇਸ਼ਾਂ ਬਾਰੇ, ਉਨ੍ਹਾਂ ਦੀਆਂ ਕਰਨੀਆਂ ਕਮਾਈਆਂ ਬਾਰੇ ਪ੍ਰੇਰਨਾ ਲੈ ਕੇ ਪ੍ਰਕਾਸ਼ ਲੈ ਕੇ ਦ੍ਰਿੜਤਾ ਦੇ ਘਰ ਵਿਚ ਆਉਣ ਲਈ ਆਪਣੇ ਜੀਵਨ ਨੂੰ ਏਸ ਭਵਸਾਗਰ ਤੋਂ ਦੂਸਰੇ ਕਿਨਾਰੇ ਜਿਥੇ ਨਾ ਮੌਤ ਹੈ, ਜਿਥੇ ਨਾ ਦੁੱਖ ਹੈ, ਨਾ ਜਿਥੇ ਆਉਣਾ ਜਾਣਾ ਹੈ, ਉਥੇ ਪਹੁੰਚਾਉਣ ਦਾ ਰਸਤਾ ਸੁਣਨ ਤੇ ਜਾਣਨ ਲਈ ਆਪ ਏਸ ਥਾਂ ਦੇ ਉਤੇ ਇਕੱਤਰ ਹੋਏ ਓਂ।ਸੋ ਆਪਾਂ ਨੂੰ ਬਹੁਤ ਕੁਛ ਦੱਸਿਆ ਗਿਆ ਹੈ, ਸਮਝਾਇਆ ਗਿਆ ਹੈ, ਕਿਸੇ ਨੇ ਕਿਸੇ ਕੋਨੇ 'ਤੇ ਖੜ੍ਹੇ ਹੋ ਕੇ ਗੱਲ ਕਰੀ ਹੈ, ਕਿਸੇ ਨੇ ਕਿਸੇ ਪਾਸਿਓਂ ਖੜ੍ਹੇ ਹੋ ਕੇ ਕਰੀ ਹੈ, ਕਿਉਂਕਿ ਜੋ ਵਿਸ਼ਾਲਤਾ ਹੁੰਦੀ ਹੈ, ਉਹਨੂੰ ਸੀਮਤ ਨਹੀਂ ਕੀਤਾ ਜਾ ਸਕਦਾ ਇਕ ਪਾਸਿਓਂ ਨਹੀਂ ਦੱਸਿਆ ਜਾ ਸਕਦਾ, ਉਹਦੇ ਬੇਅੰਤ ਪਹਿਲੂ ਹੋਇਆ ਕਰਦੇ ਨੇ ਤੇ ਮਹਾਂਪੁਰਸ਼ਾਂ ਦੇ ਜੀਵਨ ਦੇ ਤਾਂ ਐਨੇ ਪਹਿਲੂ ਨੇ ਕਿ ਇਥੇ ਮੇਰੇ ਤੋਂ ਪਹਿਲਾਂ ਇਕ ਮਹਾਂਪੁਰਸ਼ ਨੇ ਸ਼ਬਦ ਪੜ੍ਹਿਆ ਸੀ - *'ਸਾਧ ਕੀ ਮਹਿਮਾ ਬੇਦ ਨ ਜਾਨਹਿ॥* ਨਹੀਂ ਪਤਾ ਲਗਦਾ, ਬਾਹਰਲੀ ਕ੍ਰਿਆ ਦਾ ਉਨ੍ਹਾਂ ਦੀ ਅੰਦਰਲੀ ਕ੍ਰਿਆ ਨੂੰ ਉਨ੍ਹਾਂ ਦੀ ਅਸੀਂ ਕਿਵੇਂ ਜਾਣ ਸਕਦੇ ਹਾਂ, ਸੋ ਉਹਦੇ ਵਾਸਤੇ ਆਪ ਸਾਰੇ ਇਕਾਗਰ ਚਿਤ ਹੋ ਕੇ ਸੁਣਨ ਵਾਸਤੇ ਬੈਠੇ ਹੋ। ਸੋ ਕੱਲ ਮੈਂ ਬੇਨਤੀ ਕੀਤੀ ਸੀ, ਤੇ ਮਹਾਂਪੁਰਸ਼ਾਂ ਦੇ ਸਮੁੱਚੇ ਜੀਵਨ ਬਾਰੇ ਤਾਂ ਕਿਹਾ ਹੀ ਨਹੀਂ ਜਾ ਸਕਦਾ। ਸਾਰੀ ਸੰਪਰਦਾ ਦੇ ਮਹਾਂਪੁਰਸ਼ਾਂ ਬਾਰੇ ਕਹਿਣਾ ਇਸ ਤਰ੍ਹਾਂ ਹੀ ਹੈ ਜਿਵੇਂ ਇਕ-ਇਕ ਝਾਕੀ ਉਨ੍ਹਾਂ ਦੇ ਜੀਵਨ ਦੀ ਦਿਖਾ ਦਿਤੀ ਜਾਵੇ। ਇਸ ਤੋਂ ਜ਼ਿਆਦਾ ਕਿਹਾ ਨਹੀਂ ਜਾ ਸਕਦਾ।

ਸੋ ਬਾਬਾ ਸਾਹਿਬ ਸਿੰਘ ਜੀ ਬੇਦੀ, ਬਹੁਤ ਉਚ ਕੋਟੀ ਦੇ ਮਹਾਂਪੁਰਸ਼ ਸਰਬ ਕਲਾ ਸਮਰੱਥ, ਤ੍ਰਿਕਾਲਦਰਸ਼ੀ, ਭੂਤ, ਭਵਿੱਖਤ, ਵਰਤਮਾਨ; ਸਭ ਦੇ ਮਾਲਕ। ਇਸ ਤਰ੍ਹਾਂ ਦੇ ਨਾਲ ਏਸ ਲੜੀ ਦੇ ਵਿਚ ਚਮਕ ਰਹੇ ਨੇ, ਜਿਸ ਤਰ੍ਹਾਂ ਸੂਰਜ ਚਮਕ ਰਿਹਾ ਹੈ, ਆਪ ਦੇ ਜਨਮ ਤੋਂ ਕੁਛ ਦੇਰ ਪਹਿਲਾਂ ਗੁਰੂ ਦਸ਼ਮੇਸ਼ ਪਿਤਾ ਦੇ ਵੇਲੇ ਗੁਰੂ ਨਾਨਕ ਪਾਤਸ਼ਾਹ ਦੀ ਬਿੰਦੀ ਓਲਾਦ ਦੇ ਵਿਚੋਂ ਬਾਬਾ ਕਲਾਧਾਰੀ ਨੌਂਵੇਂ ਥਾਂ ਸੀਗੇ। ਕੁਦਰਤੀ ਤੌਰ ਤੇ ਗੁਰੂ ਨਾਨਕ ਪਾਤਸ਼ਾਹ ਦੀ ਓਲਾਦ ਦਾ ਸਤਿਕਾਰ ਗੁਰੂ ਮਹਾਰਾਜ, ਸਾਰੇ ਮਹਾਤਮਾ ਜਿੰਨੇ ਵੀ ਗੁਰੂ ਮਹਾਰਾਜ ਹੋਏ, ਸਾਰੇ ਹੀ ਕਰਦੇ ਆਏ। ਭਾਵੇਂ ਇਧਰ ਵੀ ਗੁਰੂ ਨਾਨਕ ਪਾਤਸ਼ਾਹ ਹੀ ਸੀ, ਫੇਰ ਵੀ ਜਗਤ ਮਰਿਆਦਾ ਨੂੰ ਕਾਇਮ ਰੱਖਣ ਵਾਸਤੇ ਜਦੋਂ ਮਾਤਾ ਸੁਲੱਖਣੀ ਜੀ ਨੇ ਗੁਰੂ ਨਾਨਕ ਸਾਹਿਬ ਦੇ ਚਰਨਾਂ ਵਲ ਖੜ੍ਹੇ ਹੋ ਕੇ ਬੇਨਤੀ ਕੀਤੀ, ਹੰਝੂਆਂ ਨਾਲ ਭਰ ਕੇ ਅੱਖਾਂ, ਕਹਿਣ ਲੱਗੇ ਤੁਸੀਂ ਤਾਂ ਚਲੇ ਗਏ ਤੇ ਸਭ ਕੁਛ ਭਾਈ ਲਹਿਣੇ ਦੇ ਹਵਾਲੇ ਕਰ ਦਿਤਾ, ਮੇਰੇ ਬੱਚਿਆਂ ਦਾ ਕੀ ਹਾਲ ਹੋਏਗਾ? ਇਨ੍ਹਾਂ ਨੂੰ ਤਾਂ ਕਿਸੇ ਨੇ ਪੁੱਛਣਾ ਹੀ ਨਹੀਂ ਹੈ। ਮਹਾਰਾਜ ਕਹਿੰਦੇ, ਬੱਚਿਆਂ ਦੀ ਗੱਲ ਕਰਦੇ ਹੋ? ਬੱਚੇ ਤਾਂ ਇਕ ਪਾਸੇ ਰਹੇ ਏਸ ਘਰ ਦੇ ਕੁੱਤਿਆਂ ਨੂੰ ਵੀ ਲੋਕ ਮੱਥੇ ਟੇਕਿਆ ਕਰਨਗੇ। ਕੁੱਤਿਆਂ ਦੇ ਵਿਚ ਵੀ ਕਰਾਮਾਤ ਹੋਇਆ ਕਰੇਗੀ, ਸ਼ਕਤੀ ਹੋਇਆ ਕਰੇਗੀ। ਉਸੇ ਤਰ੍ਹਾਂ ਦੇ ਨਾਲ ਬਿੰਦੀ ਵੰਸ ਅੱਜ ਨੌਂਵੇਂ ਥਾਂ ਦਾਖਲ ਹੋ ਕੇ ਬਾਬਾ ਕਲਾਧਾਰੀ

ਦੇ ਰੂਪ ਵਿਚ ਗੁਰੂ ਦਸ਼ਮੇਸ਼ ਪਿਤਾ ਦੇ ਵੇਲੇ, ਮਹਾਰਾਜ ਬਹੁਤ ਪਿਆਰ ਕਰਦੇ ਸੀ ਗੁਰੂ ਦਸਵੇਂ ਪਾਤਸ਼ਾਹ ਤੇ ਸਲੋਹਗੜ੍ਹ ਇਕ ਪਿੰਡ ਹੈ ਊਨਾ ਸਾਹਿਬ ਤੇ ਅਨੰਦਪੁਰ ਸਾਹਿਬ ਦੇ ਦਰਮਿਆਨ। ਉਥੇ ਹਰ ਰੋਜ਼ ਹੀ ਤਕਰੀਬਨ ਆਪ ਜੀ ਏਧਰ ਨੂੰ ਆ ਜਾਂਦੇ, ਉਹ ਓਧਰ ਨੂੰ ਚਲੇ ਜਾਂਦੇ, ਸੈਰ ਸਪਾਟੇ ਕਰਦੇ, ਓਥੇ ਮੇਲ ਹੋਣਾ, ਪਰਸਪਰ ਕੁਛ ਵਿਚਾਰ ਹੋਣੀ, ਬੜੇ ਪਿਆਰ ਦੇ ਨਾਲ ਉਨ੍ਹਾਂ ਨੇ ਓਧਰ ਨੂੰ ਵਿਦਾ ਹੋ ਜਾਣਾ। ਇਨ੍ਹਾਂ ਨੇ ਇਧਰ ਨੂੰ ਹੋ ਜਾਣਾ, ਦੂਸਰੀ ਮਰਿਆਦਾ ਗੁਰੂ ਘਰ ਵਿਚ ਇਹ ਸੀ ਕਿ ਜਦੋਂ ਸਾਹਿਬਜ਼ਾਦੇ ਆ ਜਾਂਦੇ ਸੀ ਓਸ ਵੇਲੇ ਬੜਾ ਸਤਿਕਾਰ ਕੀਤਾ ਜਾਂਦਾ ਸੀ। ਬਾਬਾ ਸ੍ਰੀ ਚੰਦ ਜੀ ਜਦੋਂ ਚੌਥੇ ਪਾਤਸ਼ਾਹ ਦੇ ਪਾਸ ਆਉਂਦੇ ਨੇ, ਸਹਿਜ-ਸੁਭਾਅ ਪੁੱਛ ਬੈਠੇ ਕਿ ਆਪ ਦਾ ਦਾੜ੍ਹਾ ਬੜਾ ਲੰਮਾ ਹੈ, ਓਸੇ ਵੇਲੇ ਜਵਾਬ ਨਹੀਂ ਦਿਤਾ ਆਪ ਨੇ, ਬੋਲੇ ਨਹੀਂ ਹਨ ਮੂੰਹ ਤੋਂ, ਐਕਸ਼ਨ ਵਿਚ ਆ ਗਏ, ਦਾੜ੍ਹੇ ਦੇ ਨਾਲ ਚਰਨ ਸਾਫ ਕਰਨ ਲਗ ਗਏ, ਕਹਿੰਦੇ ਇਹ ਕੀ ਗੱਲ? ਕਹਿੰਦੇ ਪਾਤਸ਼ਾਹ! ਆਪ ਦੇ ਚਰਨ ਸਾਫ ਕਰਨ ਵਾਸਤੇ ਹੈ। ਕਹਿੰਦੇ, ਆਹ ਨਿਮਰਤਾ ਨੇ ਗੁਰੂ ਨਾਨਕ ਦੀ ਜੋਤ ਖਿੱਚ ਲਈ। ਸਾਡੇ ਵਿਚ ਇਹ ਨਿਮਰਤਾ ਨਹੀਂ ਸੀ, ਅਸੀਂ ਬਿੰਦੀ ਓਲਾਦ ਹੋਣ ਕਰਕੇ ਕੁਛ ਥੋੜ੍ਹਾ ਜਿਹਾ ਜ਼ਿਆਦਾ ਹੱਕ ਰੱਖਦੇ ਸੀ, ਪਰ ਇਹ ਨਿਵਾਣ ਨੂੰ ਚੀਜ਼ ਆਉਂਦੀ ਹੈ, ਸੋ ਇਸੇ ਤਰ੍ਹਾਂ ਦੇ ਨਾਲ ਮਰਿਆਦਾ ਚਲੀ ਆਈ, ਜਿਸ ਵਕਤ ਗੁਰੂ ਛੇਵੇਂ ਪਾਤਸ਼ਾਹ ਜੀ ਦੇ ਪਾਸ ਬਾਬਾ ਸ੍ਰੀ ਚੰਦ ਆਏ, ਤਾਂ ਓਸ ਵੇਲੇ ਆਪ ਨੇ ਕਿਹਾ ਗੁਰੂ ਮਹਾਰਾਜ ਨੂੰ ਕਿ ਵੱਡਾ ਪੁੱਤਰ ਜੋ ਆਪ ਦਾ ਟਿੱਕਾ ਹੈ ਇਹ ਸਾਡੇ ਹਵਾਲੇ ਕਰ ਦਿਓ, ਇਕ ਪੁੱਤਰ ਸਾਨੂੰ ਦੇ ਦਿਓ। ਓਸ ਵੇਲੇ ਮਹਾਰਾਜ ਜੀ ਨੇ ਦੇ ਦਿਤਾ। ਚਾਰ ਧੂਣੇ ਉਦਾਸੀਆਂ ਦੇ ਪ੍ਰਚਾਰ ਵਾਸਤੇ ਨਾਨਕਮਤੇ, ਬੰਗਾਲ ਤਕ, ਹੇਠਾਂ ਤਕ ਉੜੀਸਾ ਤਕ ਕਾਇਮ ਕੀਤੇ ਤੇ ਜਦੋਂ ਵੀ ਬੇਦੀ ਸਾਹਿਬਜ਼ਾਦੇ ਗੁਰੂ ਦਰਬਾਰ 'ਚ ਆਉਂਦੇ ਓਸ ਵੇਲੇ ਮਰਿਯਾਦਾ ਇਹ ਰੱਖੀ ਗਈ ਸੀ ਕਿ ਪੰਜ ਸੌ ਰੁਪਿਆ ਤੇ ਇਕ ਦੁਸ਼ਾਲਾ ਤੇ ਇਕ ਖਿਲਤ, ਉਨ੍ਹਾਂ ਦੇ ਸਤਿਕਾਰ ਵਜੋਂ ਸਿਰੋਪਾਓ ਦਿਤਾ ਜਾਂਦਾ ਸੀ। ਅੱਜ ਗੁਰੂ ਦਸ਼ਮੇਸ਼ ਪਿਤਾ ਦੇ ਦਰਬਾਰ ਵਿਚ ਇਕ ਪਾਖੰਡੀ ਜਿਸ ਦੀ ਜਾਤ ਸੋਨੇ ਦਾ ਕੰਮ ਕਰਨ ਵਾਲੀ ਸੀ, ਬੇਦੀਆਂ ਦਾ ਰੂਪ ਧਾਰ ਕੇ ਉਨ੍ਹਾਂ ਦੇ ਦਰਬਾਰ ਵਿਚ ਆਉਂਦੇ ਨੇ, ਮਹਾਰਾਜ ਨੇ ਦੇਖ ਲਿਆ ਕਿ ਰੂਪ ਧਾਰਿਆ ਹੋਇਆ ਹੈ, ਪਾਖੰਡੀ ਹੈ ਪਰ ਭੇਖ ਦਾ ਆਦਰ ਕਰਨ ਵਾਸਤੇ ਆਪ ਨੇ ਓਸੇ ਤਰ੍ਹਾਂ ਦੇ ਨਾਲ ਸਤਿਕਾਰ ਕੀਤਾ। ਜਦੋਂ ਆਪ ਸਿਰੋਪਾਓ ਦੇ ਰਹੇ ਸੀ ਉਹਦੇ ਮਨ ਵਿਚ ਇਹ ਗੱਲ ਚੱਲ ਰਹੀ ਸੀ ਕਿ ਐਵੇਂ ਦੁਨੀਆਂ ਤਾਂ ਲਕੀਰ ਦੀ ਫਕੀਰ ਹੈ, ਇਹ ਮੰਨਦੇ ਤੁਰੇ ਆਉਂਦੇ ਨੇ, ਪਰ ਅਸਲ ਤਾਂ ਗੱਲ ਕੋਈ ਨਹੀਂ, ਮੇਰਾ ਨਹੀਂ ਇਨ੍ਹਾਂ ਨੂੰ ਪਤਾ ਲੱਗਿਆ ਕਿ ਮੈਂ ਇਨ੍ਹਾਂ ਨੂੰ ਧੋਖਾ ਦੇ ਰਿਹਾ ਹਾਂ? ਮਹਾਰਾਜ ਜੀ ਦੇਖ ਕੇ ਮੁਸਕਰਾਏ, ਚੁੱਪ ਕਰ ਰਹੇ, ਕੋਈ ਗੱਲ ਨਹੀਂ ਕਰੀ, ਓਸ ਤੋਂ ਬਾਅਦ ਇਹ ਚਲਿਆ ਜਾਂਦਾ ਹੈ, ਜਦੋਂ ਸਤਿਲੁਜ ਪਾਰ ਕਰਕੇ ਲੰਘਣ ਲਗਦਾ ਹੈ, ਓਸ ਵੇਲੇ ਕਹਿਣ ਲੱਗਿਆ ਇਹ ਗੱਦੀ ਜਿਹੜੀ ਹੈ ਗੁਰੂ ਨਾਨਕ ਪਾਤਸ਼ਾਹ ਤੋਂ ਹੀ ਇਕ ਧੋਖੇ ਦੀ ਦੁਕਾਨ ਹੈ ਜ਼ਬਰਦਸਤ, ਲੋਕਾਂ ਨੂੰ ਲੁੱਟ ਰਹੇ ਨੇ, ਓਸ ਵੇਲੇ ਗੁਰੂ ਮਹਾਰਾਜ ਨੇ ਸਿੰਘਾਂ ਨੂੰ ਬੁਲਾਇਆ, ਕਹਿਣ ਲੱਗੇ ਇਹ ਜਿਹੜਾ ਲੈ ਕੇ ਗਿਆ ਹੈ ਸਾਡੇ ਤੋਂ ਸਿਰੋਪਾ, ਜਾਓ ਉਹਦੀਆਂ ਮੁਸ਼ਕਾਂ ਬੰਨ੍ਹ ਕੇ ਲੈ ਆਓ ਉਹਨੂੰ। ਇਕ ਗੱਲ ਰੱਖਿਓ ਕਿ ਜੋ ਬੇਦੀਆਂ ਦਾ ਭੇਖ ਓਸਨੇ ਕਰਿਆ ਹੋਇਆ ਹੈ, ਉਹਦਾ ਭੇਖ ਪਹਿਲਾਂ ਲਾਹ ਲਿਓ। ਭੇਖ ਦਾ ਨਿਰਾਦਰ ਨਹੀਂ ਅਸੀਂ ਕਰਨਾ, ਸਾਰੇ ਹੀ ਭੇਖ ਸਾਨੂੰ ਪ੍ਰਵਾਨ ਨੇ ਜਿੰਨੇ ਵੀ ਨੇ, ਸਭ ਦਾ ਆਦਰ ਹੈ ਸਾਨੂੰ। ਸੋ ਓਸ ਵੇਲੇ ਸਿੰਘਾਂ ਨੇ ਜਾ ਕੇ ਪਹਿਲਾਂ ਵਸਤਰ ਉਤਾਰ ਲਏ ਸਾਰੇ; ਓਸ ਤੋਂ ਬਾਅਦ ਫੇਰ ਉਹਦੀਆਂ ਮੁਸ਼ਕਾਂ ਦੇ ਕੇ ਗੁਰੂ ਮਹਾਰਾਜ ਕੋਲ ਲਿਆਂਦਾ, ਕੁਛ ਥੋੜ੍ਹਾ ਬਹੁਤਾ ਸਜ਼ਾ ਵੀ ਦਿਤੀ ਤੇ ਓਸ ਵੇਲੇ ਮਹਾਰਾਜ ਕਹਿਣ ਲੱਗੇ, ਕਿਉਂ ਬਈ ਪ੍ਰੇਮੀਆਂ! ਮੈਂ ਤਾਂ ਆਪਣੀ ਗੱਲ ਬਾਰੇ ਕੁਛ ਨਹੀਂ ਕਿਹਾ। ਕਿਉਂਕਿ ਸਾਡੀ ਤਾਲੀਮ ਹੀ ਇਹ ਹੈ ਕਿ -

*ਕਬੀਰ ਸਭ ਤੇ ਹਮ ਬੁਰੇ*
*ਹਮ ਤਜਿ ਭਲੋ ਸਭੁ ਕੋਇ ॥*
*ਜਿਨਿ ਐਸਾ ਕਰਿ ਬੂਝਿਆ*
*ਮੀਤੁ ਹਮਾਰਾ ਸੋਇ ॥ ਅੰਗ - ੧੩੬੪*
*ਹਮ ਨਹੀ ਚੰਗੇ ਬੁਰਾ ਨਹੀ ਕੋਇ ॥*
*ਪ੍ਰਣਵਤਿ ਨਾਨਕੁ ਤਾਰੇ ਸੋਇ ॥ ਅੰਗ - ੭੨੮*

ਤੇਰੀ ਭਾਵਨਾ ਸੀ ਗਲਤ ਦੇਖਦਾ ਸੀ, ਗੁਰੂ ਨਿਰਵੈਰ ਹੁੰਦਾ ਹੈ ਅਫੁਰ ਹੁੰਦਾ ਹੈ, ਪਰ ਗੁਰੂ ਨਾਨਕ ਪਾਤਸ਼ਾਹ ਦੀ ਨਿੰਦਿਆ ਤੂੰ ਕਿਉਂ ਕਰੀ। ਉਸ ਵੇਲੇ ਕੱਢ ਦਿਤਾ। ਗੱਲ ਉਡ ਗਈ ਕਿ ਬੇਦੀ ਸਾਹਿਬਜ਼ਾਦਾ ਕੁੱਟਿਆ, ਬਾਬਾ ਕਲਾਧਾਰੀ ਨੂੰ ਨਰਾਜ਼ਗੀ ਆਈ, ਮਹਾਰਾਜ ਜੀ ਜਾਂਦੇ ਨੇ ਸਲੋਅ ਤਕ ਜਾਂਦੇ ਨੇ, ਕਹਿੰਦੇ ਬਾਬਾ ਜੀ ਆਏ ਨਹੀਂ ਇੰਤਜ਼ਾਰ ਕਰਕੇ ਮੁੜ ਆਉਂਦੇ ਨੇ, ਓਸ ਵੇਲੇ ਸੁਨੇਹਾ ਭੇਜ ਕੇ ਬੁਲਾਏ ਕਹਿਣ ਲੱਗੇ ਕਿ ਤੁਸੀਂ ਨਰਾਜ਼ ਕਿਉਂ ਹੋ ਗਏ, ਕਾਰਨ ਕੀ ਹੈ? ਵੈਸੇ ਤਾਂ ਗੁਰਮੁਖ ਨੂੰ ਨਰਾਜ਼ਗੀ ਨਹੀਂ ਆਇਆ ਕਰਦੀ। ਪਰ ਫੇਰ ਵੀ ਪਾਣੀ ਦੀ ਲੀਕ ਵਾਂਗੂੰ ਗੁਰਮੁਖ ਦਾ ਰੋਸ (protest) ਹੋਇਆ ਕਰਦਾ ਹੈ, ਕਾਰਨ ਦੱਸੋ ਆਪ? ਕਹਿਣ ਲੱਗੇ, ਮਹਾਰਾਜ! ਹੁਣ ਤਾਂ ਬੇਦੀਆਂ ਨੂੰ ਆਪ ਦੇ ਹੁੰਦੇ ਹੀ ਕੁੱਟਣ ਲਗ ਗਏ। ਆਪ ਦਾ ਪੰਥ ਤਾਂ ਪਤਾ ਨਹੀਂ ਕੀ ਕਰੇਗਾ। ਗੁਰੂ ਨਾਨਕ ਨੇ ਤਾਂ ਕਿਹਾ ਸੀ ਕਿ ਇਸ ਘਰ ਦੇ ਕੁੱਤਿਆਂ ਦੀ ਵੀ, ਮਾੜਿਆਂ ਦੀ ਵੀ ਇੱਜ਼ਤ

ਹੋਏਗੀ।

ਕਹਿਣ ਲੱਗੇ ਬਾਬਾ ਜੀ! ਜੋ ਤੁਹਾਡਾ ਭੇਖ ਹੈ ਬੇਦੀਆਂ ਦਾ, ਉਹਦਾ ਅਸੀਂ ਸਤਿਕਾਰ ਕਰਿਆ ਹੈ, ਇਹ ਪਾਖੰਡੀ ਬੰਦਾ ਸੀ, ਇਹਨੇ ਜੋ ਗੱਲਾਂ ਮਹਾਰਾਜ ਗੁਰੂ ਨਾਨਕ ਪਾਤਸ਼ਾਹ ਵਾਸਤੇ ਕਹੀਆਂ ਉਹ ਸਾਨੂੰ ਸਹਿਣੀਆਂ ਔਖੀਆਂ ਸੀ। ਸੋ ਇਸ ਕਰਕੇ ਅਸੀਂ ਤਾਂ ਇਕ ਭੇਖੀ ਨੂੰ ਦੰਡ ਦਿਤਾ ਹੈ, ਕਹਿੰਦੇ ਚਾਹੇ ਭੇਖੀ ਨੂੰ ਦਿਤਾ ਹੈ, ਪਰ ਦੁਨੀਆਂ 'ਚ ਇਹ ਹੋ ਗਿਆ ਨਾ? ਮਹਾਰਾਜ ਕਹਿੰਦੇ, ਫੇਰ ਖੁਸ਼ ਕਿਵੇਂ ਹੁੰਦੇ ਓਂ, ਤੁਹਾਡੀਆਂ ਖੁਸ਼ੀਆਂ ਕਿਵੇਂ ਹੋਣ? ਕਹਿਣ ਲੱਗੇ, ਮਹਾਰਾਜ! ਜਿੱਡਾ ਆਪ ਦਾ ਪ੍ਰਤਾਪ ਹੈ, ਚਾਹੇ ਆਪ ਆਓ, ਚਾਹੇ ਕਿਸੇ ਹੋਰ ਨੂੰ ਭੇਜੋ ਗੁਰੂ ਨਾਨਕ ਦੇ ਬਿੰਦੀ ਵੰਸ ਦੇ ਵਿਚ ਪੂਰਨ ਪ੍ਰਤਾਪਵਾਨ ਪੁਰਸ਼ ਆਉਣਾ ਚਾਹੀਦਾ ਹੈ। ਬੜੀ ਦੇਰ ਹੋ ਗਈ। ਉਸ ਵੇਲੇ ਮਹਾਰਾਜ ਕਹਿਣ ਲੱਗੇ, ਬਾਬਾ ਜੀ! ਅਸੀਂ ਤਾਂ ਨਹੀਂ ਆਉਣਾ ਅਸੀਂ ਤਾਂ ਹੁਣੇ ਬੜੀ ਮੁਸ਼ਕਲ ਨਾਲ ਆਏ ਹਾਂ-

*ਚਿਤ ਨ ਭਯੋ ਹਮਰੋ ਆਵਨ ਕਹ।*
*ਚੁਭੀ ਰਹੀ ਸ੍ਰੁਤਿ ਪ੍ਰਭ ਚਰਨਨ ਮਹ।*

ਪਰ ਇਕ ਐਸੀ ਤੇਜਵਾਨ ਰੂਹ ਅਸੀਂ ਤੁਹਾਡੇ ਘਰ ਵਿਚ ਭੇਜਾਂਗੇ, ਜੋ ਜਮਾਂਦਰੂ ਸਿੱਧ ਹੋਣਗੇ, ਤ੍ਰਿਕਾਲਦਰਸ਼ੀ ਹੋਣਗੇ। ਪਰ ਇਕ ਸ਼ਰਤ ਹੈ ਕਿ ਤੁਸੀਂ ਅੰਮ੍ਰਿਤ ਛਕ ਲਓ। ਆਪਣੀ ਓਲਾਦ ਨੂੰ ਅੰਮ੍ਰਿਤ ਛਕਾ ਦਿਓ। ਉਸ ਵੇਲੇ ਕਹਿਣ ਲੱਗੇ ਕਿ ਅਸੀਂ ਆਪਣੇ ਲੜਕੇ ਨੂੰ (ਅਜੀਤ ਸਿੰਘ ਜਿਨ੍ਹਾਂ ਦਾ ਨਾਮ ਅੰਮ੍ਰਿਤ ਛਕ ਕੇ ਰੱਖਿਆ ਗਿਆ), ਛਕਾਵਾਂਗੇ। ਕਹਿੰਦੇ ਫੇਰ ਆ ਜਾਏਗੀ, ਕਿਉਂਕਿ ਉਹ ਮਹਾਂਪਵਿੱਤਰ ਰੂਹ ਜਿਹੜੀ ਆਉਣੀ ਹੈ, ਉਹ ਪੂਰੇ ਤਿਆਰ-ਬਰ-ਤਿਆਰ ਦੇ ਘਰ ਵਿਚ ਆਉਣੀ ਹੈ, ਜਿਹੜਾ ਹਰ ਪਾਸਿਆਂ ਤੋਂ ਪੂਰਨ ਹੋਵੇ, ਕਿਉਂਕਿ ਜੋ ਪੂਰਨ ਰੂਹਾਂ ਹੋਇਆ ਕਰਦੀਆਂ ਨੇ, ਇਹ ਐਵੇਂ ਨਹੀਂ ਆਇਆ ਕਰਦੀਆਂ, ਗੰਦੀਆ ਕੁਖਾਂ 'ਚ, ਜੇ ਗੁਰੂ ਦਸ਼ਮੇਸ਼ ਪਿਤਾ ਪ੍ਰਗਟ ਹੋਏ ਨੇ ਤਾਂ ਆਪ ਨੇ ਇਹ ਫੁਰਮਾਨ ਕੀਤਾ ਹੈ ਕਿ ਮੇਰੇ ਮਾਤਾ ਤੇ ਪਿਤਾ ਨੇ ਬਹੁਤ ਤਪਸਿਆ ਕਰੀ -

*ਤਾਤ ਮਾਤ ਮੁਰ ਅਲਖ ਦੀ ਸੇਵਾ।*
*ਤਾ ਤੇ ਭਏ ਪ੍ਰਸੰਨ ਗੁਰ ਦੇਵਾ।*

ਫੇਰ ਆ ਕੇ ਅਕਾਲ ਪੁਰਖ ਨੇ ਸਾਰੇ ਸੰਸਾਰ ਨੂੰ ਤੋਲਿਆ, ਨਾਪਿਆ ਕਿ ਕਿਸ ਦੇ ਗ੍ਰਹਿ ਦੇ ਵਿਚ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਰੂਹ ਟਿਕ ਸਕਦੀ ਹੈ, ਸੋ ਕਹਿਣ ਲੱਗੇ ਇਸ ਤਰ੍ਹਾਂ ਦੇ ਨਾਲ ਅੰਮ੍ਰਿਤਧਾਰੀ ਹੋਵੋਂਗੇ, ਉਹ ਆ ਜਾਣਗੇ, ਸੋ ਬਾਬਾ ਸਾਹਿਬ ਸਿੰਘ ਜੀ ਦਾ ਜਨਮ ਇਨ੍ਹਾਂ ਹਾਲਾਤ ਦੇ ਵਿਚ ਹੋਇਆ।

ਬਚਪਨ ਤੋਂ ਹੀ ਆਪ ਸਿੱਧ ਸੀਗੇ। ਉਸ ਵੇਲੇ ਸਿੱਖ ਰਾਜ ਦੀ ਜੱਦੋ-ਜਹਿਦ ਚਲ ਰਹੀ ਸੀ, ਛੋਟੀਆਂ-ਛੋਟੀਆਂ ਮਿਸਲਾਂ ਆਪਸ ਵਿਚ ਲੜ ਰਹੀਆਂ ਸੀ ਤੇ ਮੰਗ ਕੀਤੀ ਜਾ ਰਹੀ ਸੀ ਕਿ ਕੋਈ ਐਸਾ ਪ੍ਰਵਾਨ ਪੁਰਸ਼ ਸੰਸਾਰ ਦੇ ਵਿਚ ਪ੍ਰਗਟ ਹੋਵੇ ਜਿਹੜਾ ਐਸ ਵੇਲੇ ਸਿੱਖੀ ਦੀ ਵਾਗਡੋਰ ਸੰਭਾਲ ਲਵੇ। ਦੂਸਰਾ ਸਿੱਖੀ ਦੇ ਉਤੇ ਬਹੁਤ ਵਹਿਮ-ਪ੍ਰਸਤੀ ਦਾ ਹੱਲਾ ਹੋਇਆ ਹੋਇਆ ਸੀ, ਜਿਨ੍ਹਾਂ ਗੱਲਾਂ ਵਿਚੋਂ ਗੁਰੂ ਮਹਾਰਾਜ ਨੇ ਕੱਢਿਆ ਸੀ ਸਾਨੂੰ, ਉਹ ਗੱਲਾਂ ਮੁੜ ਕੇ ਫੇਰ ਸਾਡੇ ਵਿਚ ਪ੍ਰਵਿਰਤ ਹੋ ਰਹੀਆ ਸੀ। ਸੋ ਲੋੜ ਸੀ ਕਿ ਕੋਈ ਆਵੇ, ਸਮੇਂ ਦੀ ਲੋੜ ਦੇ ਮੁਤਾਬਿਕ ਵਿਅਕਤੀ ਪ੍ਰਗਟ ਹੋਇਆ ਕਰਦਾ ਹੈ, ਸੋ ਬਾਬਾ ਸਾਹਿਬ ਸਿੰਘ ਜੀ ਆਏ, ਆ ਕੇ ਬਹੁਤ ਸੇਵਾ ਕੀਤੀ, ਬੜੀਆਂ ਹੀ ਉਨ੍ਹਾਂ ਦੀਆਂ ਸਾਖੀਆਂ ਨੇ ਜੋ ਛੋਟੇ ਜਿਹੇ ਸਮੇਂ ਵਿਚ ਦੱਸੀਆ ਨਹੀਂ ਜਾਂਦੀਆਂ, ਪਰ ਇਕ ਮੈਂ ਦਸਦਾ ਹਾਂ ਜਿਹੜੀ ਸਾਡੇ ਨਾਲ ਸਬੰਧ ਰਖਦੀ ਹੈ, ਜਿਸ ਪੱਧਰ ਦੇ ਉਤੇ ਅਸੀਂ ਚਲ ਰਹੇ ਹਾਂ, ਓਸ ਪੱਧਰ 'ਤੇ ਜਿਹੜੀ ਸਾਨੂੰ ਕੋਈ ਸਾਖੀ ਅਸਰ ਦੇ ਸਕਦੀ ਹੈ, ਉਹਦਾ ਮੈਂ ਜ਼ਿਕਰ ਕਰਦਾ ਹਾਂ ਕਿ ਇਕ ਰਾਜੂ ਨਾਮ ਦਾ ਕਿਸਾਨ ਸੀ, ਜਦੋਂ ਉਸ ਨੇ ਸਤਿਸੰਗ ਸੁਣਨਾ, ਮਨ ਵਿਚ ਉਹਦੇ ਖਿਆਲ ਆਉਂਦਾ ਸੀ ਕਿ ਕੋਈ ਐਸਾ ਪੂਰਾ ਮਿਲ ਜਾਵੇ, ਜਿਹੜਾ ਮੇਰੇ ਵਰਗੇ ਨੂੰ ਵੀ ਰਾਹ ਦੱਸ ਦੇਵੇ ਤੇ ਉਹਨੇ ਜਾਣਾ ਨਮਸ਼ਕਾਰ ਕਰਨੀ, ਦਾਣਿਆਂ ਦੇ ਰੂਪ 'ਚ ਭੇਟਾ ਕਰਨੀ। ਲੇਕਿਨ ਰਸਤਾ ਨਹੀਂ ਸੀ ਮਿਲ ਰਿਹਾ ਤੇ ਉਹਦੇ ਕੰਨ ਵਿਚ ਆਵਾਜ਼ ਪਈ ਕਿ ਐਸ ਵੇਲੇ ਰਾਹ ਦਿਖਾਉਣ ਵਾਲਾ ਪ੍ਰਗਟ ਹੋ ਚੁੱਕਿਆ ਹੈ ਤੇ ਬੇਦੀ ਸਾਹਿਬਜ਼ਾਦਾ ਹੈ। ਗੁਰੂ ਨਾਨਕ ਤੋਂ ਗਿਆਰ੍ਹਵੀਂ ਥਾਂ ਹਨ, ਮਨ ਵਿਚ ਚਾਓ ਜਾਗਿਆ, ਦਰਬਾਰ ਵਿਚ ਹਾਜ਼ਰ ਹੋਇਆ, ਬੜੇ ਪਿਆਰ ਤੇ ਸ਼ਰਧਾ ਨਾਲ ਮਹਾਂਪੁਰਸ਼ਾਂ ਦੇ ਬਚਨ ਸਰਵਣ ਕਰਨ ਤੋਂ ਬਾਅਦ, ਗਲ ਵਿਚ ਪੱਲਾ ਪਾ ਕੇ ਖੜ੍ਹਾ ਹੋ ਗਿਆ, ਮਹਾਂਪੁਰਸ਼ਾਂ ਨੇ ਪੁਛਿਆ ਕਿ ਪ੍ਰੇਮੀਆ! ਕੀ ਮਨੋਰਥ ਹੈ ਤੇਰਾ, ਪ੍ਰਗਟ ਕਰ, ਸਾਰੀ ਸੰਗਤ ਦੇ ਸਾਮ੍ਹਣੇ ਪ੍ਰਗਟ ਕਰ। ਓਸ ਵੇਲੇ ਏਸ ਤਰ੍ਹਾਂ ਦੇ ਨਾਲ ਬੇਨਤੀ ਕੀਤੀ-

*ਧਾਰਨਾ - ਕਾਟਹੁ ਮੇਰਾ ਇਕ ਦੁਖ ਰਾਮਰਾਇ।*

*ਜਿਹ ਮੁਖਿ ਪਾਂਚਉ ਅੰਮ੍ਰਿਤ ਖਾਏ ॥*
*ਤਿਹ ਮੁਖ ਦੇਖਤ ਲੂਕਟ ਲਾਏ ॥੧॥*
*ਇਕੁ ਦੁਖੁ ਰਾਮ ਰਾਇ ਕਾਟਹੁ ਮੇਰਾ ॥*
*ਅਗਨਿ ਦਹੈ ਅਰੁ ਗਰਭ ਬਸੇਰਾ ॥*

*ਅੰਗ - ੩੨੯*

ਬਾਰ-ਬਾਰ ਜਾਲਿਆ ਜਾਂਦਾ ਹੈ, ਸਰੀਰ ਧਾਰਨ ਕਰ ਲਈਦਾ ਹੈ, ਫੇਰ ਮੁੜ ਕੇ ਗਰਭ 'ਚ ਚਲੇ ਜਾਈਦਾ ਹੈ, ਫੇਰ ਰੋਟੀਆ ਵਗੈਰਾ ਖਾ ਕੇ ਤਕੜੇ ਹੋਈਦਾ ਹੈ, ਸਮੇਂ ਦੇ ਨਾਲ ਫੇਰ ਵੱਡੇ ਹੋ ਜਾਈਦਾ ਹੈ, ਫੇਰ ਮਰ ਜਾਈਦਾ ਹੈ, ਫੇਰ ਜਾਲ ਦਿੰਦੇ ਨੇ, ਫੇਰ ਜਾ ਕੇ ਦੂਸਰੇ ਦੇ ਵਿਚ ਪੈਦਾ ਹੋ ਜਾਈਦਾ ਹੈ। ਪਾਤਸ਼ਾਹ! ਮੇਰਾ ਦੁਖ ਕਟਿਆ ਜਾਵੇ, ਕੋਈ ਇਲਾਜ ਦੱਸੋ, ਉਸ ਵੇਲੇ ਬਾਬਾ ਜੀ ਫੁਰਮਾਨ ਲੱਗੇ, ਕਹਿਣ ਲੱਗੇ, ਦੇਖ ਭਾਈ ਰਾਜੂ!

ਇਕ ਗੱਲ ਸਮਝ ਲੈ, ਉਹ ਇਹ ਹੈ ਕਿ ਹੈ ਤਾਂ ਇਹ ਪ੍ਰਮੇਸ਼ਰ ਦੀ ਜੋਤ, ਜਿੰਨੇ ਆਪਾਂ ਬੈਠੇ ਹਾਂ ਆਪਣੇ ਨਾਮ ਜਿਹੜੇ ਰੱਖੇ ਗਏ ਨੇ ਸਰੀਰਾਂ ਦੇ ਨਾਮ ਨੇ, ਸਾਡਾ ਕੋਈ ਨਾਮ ਨਹੀਂ ਹੈ, ਨਾ ਕੋਈ ਰੱਖ ਸਕਦਾ ਹੈ, ਨਾ ਕੋਈ ਜਾਣਦਾ ਹੈ, ਇਹ ਕੰਮ ਚਲਾਉਣ ਵਾਸਤੇ ਸਰੀਰ ਦੇ ਨਾਮ ਦੱਸੇ ਗਏ ਨੇ, ਵਾਹਿਗੁਰੂ ਜੀ ਨੇ ਸਾਰਿਆਂ ਨੂੰ ਵੱਖਰੇ-ਵੱਖਰੇ ਪੈਦਾ ਕੀਤਾ ਹੈ, ਇਕ ਦੇ ਨਾਲ ਦੂਸਰਾ ਨਹੀਂ ਰਲਦਾ। ਕਹਿੰਦੇ, ਆਤਮ ਜੋਤ ਹੌਲੀ-ਹੌਲੀ ਨਾਲ ਹੇਠਾਂ ਨੂੰ ਪ੍ਰਕ੍ਰਿਤੀ ਦੇ ਨਾਲ ਮਿਲ ਕੇ ਚਲ ਪਈ -

***ਕਬੀਰ ਨਿਰਮਲ ਬੂੰਦ ਅਕਾਸ ਕੀ***
***ਪਰਿ ਗਈ ਭੂਮਿ ਬਿਕਾਰ ॥***
***ਬਿਨੁ ਸੰਗਤਿ ਇਉ ਮਾਂਨਈ***
***ਹੋਇ ਗਈ ਭਠ ਛਾਰ ॥*** ***ਅੰਗ - ੧੩੭੫***

ਪ੍ਰਕ੍ਰਿਤੀ ਦੇ ਵਿਚ ਰਲ ਗਈ ਆ ਕੇ ਆਤਮ ਜੋਤ ਤੇ ਆਪਣੇ ਅਸਲੇ ਦੇ ਨਾਲੋਂ ਟੁੱਟ ਗਈ, ਆਪਣੇ ਅਸਲੇ ਦੇ ਨਾਲੋਂ ਟੁੱਟਣ ਦੇ ਨਾਲ ਕੀ ਹੋਇਆ, ਜਿਵੇਂ ਸੁਆਹ ਹੁੰਦੀ ਹੈ ਭੱਠ ਦੇ ਵਿਚ ਐਸ ਤਰ੍ਹਾਂ ਦੇ ਨਾਲ ਇਹ ਆਤਮ ਜੋਤ, ਚੇਤਨ ਜੋਤ ਆਪਣੇ ਆਪ ਨੂੰ ਸਰੀਰ ਸਮਝਣ ਲਗ ਗਈ ਗਲਤੀ ਦੇ ਨਾਲ, ਇਹ ਸਮਝਦੀ ਕਦ ਹੈ, ਜਦ ਇਹਦੇ ਅੰਦਰ ਪਹਿਲੀ ਵਾਰੀ ਇਹ ਅਹਿਸਾਸ ਆਉਂਦਾ ਹੈ, ਜਾਣਕਾਰੀ ਆਉਂਦੀ ਹੈ, ਜਦੋਂ ਚੇਤਨ ਦਾ ਪ੍ਰਕਾਸ਼ ਪੈਂਦਾ ਹੈ, ਪੰਜਾਂ ਤੱਤਾਂ 'ਤੇ; ਓਸ ਵੇਲੇ ਇਹਦੇ ਅੰਦਰ awarenwss (ਜਾਗ੍ਰਤ) ਆਉਂਦੀ ਹੈ, ਇਹ 'ਮੈਂ' ਬਣ ਜਾਂਦਾ ਹੈ, ਜਦ ਇਹ 'ਮੈਂ' ਬਣ ਜਾਂਦਾ ਹੈ, ਆਤਮ ਸਤਾ ਦੇ ਨਾਲ ਅੰਤਸ਼ਕਰਣ ਦੇ ਅੰਦਰ ਇਹਦੇ ਇਕ ਤਰ੍ਹਾਂ ਦਾ ਅਭਾਸ ਹੋ ਜਾਂਦਾ ਹੈ, ਇਕ ਖਿਆਲ ਪੱਕ ਜਾਂਦਾ ਹੈ ਕਿ ਮੈਂ ਫਲਾਣਾ ਸਿੰਘ ਹਾਂ, ਮੈਂ ਵਰਿਆਮ ਸਿੰਘ ਹਾਂ। ਮੇਰਾ ਫਲਾਣਾ ਟੱਬਰ ਹੈ, ਮੇਰੇ ਫਲਾਣੇ ਬੱਚੇ ਨੇ; ਮੇਰਾ ਫਲਾਣਾ ਧਰਮ ਹੈ, ਮੇਰਾ ਫਲਾਣਾ ਘਰ ਹੈ, ਸਰੀਰ ਦੇ ਨਾਲ ਤਾਂ ਇਹ ਚੀਜ਼ਾਂ ਸਬੰਧ ਰੱਖਦੀਆਂ ਨੇ, ਜਿੰਨਾਂ ਚਿਰ ਸਫਰ ਕਰਨਾ ਹੈ ਇਹ ਪ੍ਰਮੇਸ਼ਰ ਨੇ ਦਿਤੀਆਂ ਹੋਈਆਂ ਨੇ, ਲੇਕਿਨ ਚੇਤਨ ਦੇ ਨਾਲ ਕੋਈ ਸਬੰਧ ਨਹੀਂ। ਇਹੋ ਜਿਹੇ ਤਾਂ ਅਸੀਂ ਹਜ਼ਾਰਾਂ ਘਰ ਹੰਢਾ ਚੁੱਕੇ ਹਾਂ, ਕਿੰਨੀ ਵਾਰੀ ਤਖਤਾਂ 'ਤੇ ਬੈਠ ਚੁੱਕੇ ਹਾਂ, ਕਈ ਵਾਰੀ ਹੇਠਾਂ ਵੀ ਤੁਰੇ ਫਿਰਦੇ ਰਹੇ ਹਾਂ-

***ਕਈ ਜਨਮ ਭਏ ਕੀਟ ਪਤੰਗਾ ॥***
***ਕਈ ਜਨਮ ਗਜ ਮੀਨ ਕੁਰੰਗਾ ॥***
***ਕਈ ਜਨਮ ਪੰਖੀ ਸਰਪ ਹੋਇਓ ॥***
***ਕਈ ਜਨਮ ਹੈਵਰ ਬ੍ਰਿਖ ਜੋਇਓ ॥***
***ਅੰਗ - ੧੭੬***

ਬੜਾ ਸਫਰ ਲੰਮਾ ਹੈ ਕਦੇ ਸੋਚੋ ਬੈਠ ਕੇ, ਬਈ ਐਡਾ ਲੰਮਾ ਸਫਰ ਮੁੱਕਣ 'ਚ ਹੀ ਨਹੀਂ ਆਉਂਦਾ। ਉਹ ਕਹਿਣ ਲੱਗੇ ਕਿ ਇਹ ਗੱਲ ਹੈ ਕੁਛ ਨਹੀਂ, ਸਿਰਫ ਇਕ ਖਿਆਲ ਪੱਕਿਆ ਹੋਇਆ ਹੈ ਜਿਹਨੂੰ ਹਉਮੈਂ ਕਹਿੰਦੇ ਨੇ, ਮੈਂ ਭਾਵ ਕਹਿੰਦੇ ਨੇ, ਮੈਂ ਦਾ ਬੰਨ੍ਹਿਆ ਹੋਇਆ ਇਹ ਜੀਵ ਗੇੜੇ ਖਾਈ ਜਾਂਦਾ ਹੈ -

***ਧਾਰਨਾ - ਜੰਮਦਾ ਤੇ ਮਰਦਾ ਹੈ***
***ਹਉਮੈ ਦਾ ਬੰਨ੍ਹਿਆ ਹੋਇਆ।***

***ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥***
***ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥***
***ਅੰਗ - ੪੬੬***

ਇਕ ਗਲਤ ਖਿਆਲ ਨੇ ਏਸ ਜੀਵ ਨੂੰ ਜੋ ਨਿਰੋਲ ਆਤਮਾ ਸੀ ਉਸ ਤੋਂ ਖਿੱਚ ਕੇ ਇਹਨੂੰ ਜੀਵ ਆਤਮਾ ਬਣਾ ਦਿਤਾ, ਉਸ ਤੋਂ ਹੋਰ ਹੇਠਾਂ ਚਲਿਆ, ਪੰਜ ਤੱਤਾਂ ਦਾ ਸਰੀਰ ਬਣ ਗਿਆ, ਮਿੱਟੀ ਬਣ ਗਈ ਅੰਨ੍ਹੀ ਮਿੱਟੀ, ਹੁਣ ਇਸਨੂੰ ਪਤਾ ਨਹੀਂ ਲਗਦਾ ਕਿ ਮੈਂ ਕੌਣ ਹਾਂ, ਕਿੱਥੋਂ ਆਇਆ ਹਾਂ।

ਕਹਿੰਦੇ ਐ ਰਾਜੂ! ਤੂੰ ਬਚਨ ਸੁਣ ਕੇ ਹਿਰਦੇ ਦੇ ਵਿਚ ਧਾਰਨ ਕਰੀਂ, ਫੇਰ ਤੈਨੂੰ ਰਾਹ ਲੱਭ ਜਾਏਗਾ, ਹੌਲੀ-ਹੌਲੀ ਅਸੀਂ ਤੈਨੂੰ ਰਾਹ ਦੀ ਗੱਲ ਸਮਝਾ ਦਿੰਦੇ ਹਾਂ, ਤੂੰ ਰਸਤਾ ਪੁਛਿਆ ਹੈ। ਕਹਿਣ ਲੱਗੇ, ਜਿਹੜਾ ਤੇਰਾ ਆਪਣਾ ਆਪ ਹੈ ਨਾ ਜਿਹਨੂੰ ਤੂੰ ਗਲਤੀ ਦੇ ਨਾਲ ਹੁਣ ਰਾਜੂ ਕਹਿੰਦਾ ਹੈਂ, 'ਮੈਂ' ਕਹਿੰਦਾ ਹੈਂ ਇਹਦਾ ਸਫਰ ਸ਼ੁਰੂ ਹੋਇਆ ਹੈ ਪਹਿਲਾਂ ਇਹਦੇ ਵਿਚ ਅਗਿਆਨ ਦਾ ਕੁੰਡਲ ਪਿਆ, ਅਗਿਆਨ ਦਾ ਚੱਕਰ ਪਿਆ, ਅਗਿਆਨ ਦੇ ਚੱਕਰ ਨੇ ਜਿਵੇਂ ਘੂਕ ਨੀਂਦ ਦੇ ਵਿਚ ਆਦਮੀ ਨੂੰ ਅਨੰਦ ਹੁੰਦਾ ਹੈ, ਐਸ ਤਰ੍ਹਾਂ ਦੇ ਇਕ ਅਨੰਦ ਦੀ ਅਵਸਥਾ ਆਉਣ ਦੇ ਨਾਲ ਆਪਣੇ ਸ੍ਰੋਤ ਦੇ ਨਾਲੋਂ ਤੋੜ ਦਿਤਾ ਤੇ ਇਕ ਪੜਦਾ ਪੈ ਗਿਆ ਜਿਹਨੂੰ ਅਨੰਦ ਦਾ ਪੜਦਾ ਕਹਿੰਦੇ ਨੇ, ਇਹਦੇ ਬਾਅਦ ਜਦੋਂ ਇਹਨੂੰ ਹੋਸ਼ ਆਈ, ਆਪਣੇ ਆਪ ਨੂੰ ਭੁੱਲ ਚੁੱਕਿਆ ਹੈ, ਪ੍ਰਕ੍ਰਿਤੀ ਦੇ ਨਾਲ ਰਲ ਗਿਆ ਤੇ ਇਹਨੇ ਦੂਸਰਾ ਹੋਰ ਹੇਠਾਂ ਦਾ ਡੰਡਾ ਫੜਿਆ ਤੇ ਆਪਣੀ ਬੁੱਧੀ ਦੇ ਵਿਚ ਆ ਕੇ ਸੋਚਣ ਲਗ ਗਿਆ, ਦੇਖਣ ਲਗ ਗਿਆ ਤੇ ਬੁੱਧੀ ਦਾ ਪੜਦਾ ਪੈ ਗਿਆ, ਹੇਠਾਂ ਹੋਰ ਉਤਰਿਆ ਫੇਰ ਫੁਰਨੇ ਕਰਨ ਲਗ ਗਿਆ, ਫੁਰਨਿਆਂ ਦਾ ਪੜਦਾ ਪੈ ਗਿਆ, ਉਸ ਤੋਂ ਬਾਅਦ ਫੇਰ ਪੰਜਾਂ ਤੱਤਾਂ ਦੇ ਵਿਚ ਸ਼ਕਤੀ ਦੇ ਨਾਲ ਹਿਲਜੁਲ ਹੋਈ ਉਹਨੂੰ ਪ੍ਰਾਣਾਂ ਦਾ ਪੜਦਾ ਕਹਿੰਦੇ ਨੇ, ਉਸ ਤੋਂ ਬਾਅਦ ਜਿਹੜਾ ਸਾਢੇ ਤਿੰਨ ਹੱਥ ਦਾ ਸਰੀਰ ਹੈ, ਇਹ ਐਉਂ ਸਮਝ ਲੈ ਕਿ ਓਸ ਜੋਤ ਦੇ ਉਤੇ ਕੜਾਹਾ ਮੂਧਾ ਮਾਰ ਦਿਤਾ, ਹੁਣ ਜੋਤ ਅੰਦਰ ਤਾਂ ਹੈਗੀ, ਬਾਹਰਲੇ ਪਾਸੇ ਕੜਾਹਾ ਮੂਧਾ ਮਾਰਨ ਕਰਕੇ ਹਨ੍ਹੇਰਾ ਘੁੱਪ ਹੋ ਗਿਆ। ਤੂੰ ਤਾਂ ਓਹੀ ਚੀਜ਼ ਹੈਂ ਪਰ ਹੇਠਾਂ ਉਤਰਦਾ-ਉਤਰਦਾ ਤੇਰੇ ਉਤੇ ਵਿਕਾਰ ਪੈ ਗਏ, ਜਿਨ੍ਹਾਂ ਨੂੰ ਪੰਜ ਕੋਸ਼ ਕਹਿੰਦੇ ਨੇ, ਹੁਣ ਇਨ੍ਹਾਂ ਨੂੰ ਇਵੇਂ ਜਿਵੇਂ ਤੂੰ ਵਾਪਸ ਜਾਵੇਂ, ਤਾਂ ਆਪਣੇ ਥਾਂ 'ਤੇ ਪਹੁੰਚ ਸਕਦਾ ਹੈਂ। ਪਹਿਲਾਂ

ਜੋ ਪੜਦਾ ਹੈ ਉਹ ਪੜਦਾ ਕਰਮ ਦੇ ਨਾਲ ਟੁੱਟਿਆ ਕਰਦਾ ਹੈ ਜਿਸਨੂੰ ਅੰਨਮਈ ਕੋਸ਼ ਕਹਿੰਦੇ ਨੇ, ਸ਼ੁਭ ਕਰਮ ਕਰਨੇ, ਸੇਵਾ ਕਰਨੀ, ਸੰਗਤ ਵਿਚ ਆਉਣਾ, ਪਾਠ ਕਰਨੇ ਹੋਰ ਅਨੇਕਾਂ ਸ਼ੁਭ ਕੰਮ ਕਰਨੇ, ਦਇਆ ਧਾਰਨੀ, ਖਿਮਾ ਧਾਰਨੀ, ਧੀਰਜਵਾਨ ਹੋਣਾ, ਅਹਿੰਸਾ 'ਚ ਆਉਣਾ, ਬ੍ਰਹਮਚਰੀਆ ਰੱਖਣਾ, ਸਤਿ ਦਾ ਜੀਵਨ ਬਤੀਤ ਕਰਨਾ, ਤ੍ਰਿਸ਼ਨਾ ਰਹਿਤ ਹੋਣਾ, ਇਹ ਸਾਰੇ ਕਰਮਾਂ ਦੇ ਨਾਲ ਪਹਿਲਾ ਪੜਦਾ ਟੁੱਟਿਆ ਕਰਦਾ ਹੈ ਇਹਦੇ ਵਾਸਤੇ ਸਾਧਨ ਇਹ ਹੁੰਦਾ ਹੈ ਕਿ ਰਸਨਾ ਦੇ ਨਾਲ ਨਾਮ ਜਪੇ। ਜਦੋਂ ਰਸਨਾ ਦੇ ਨਾਲ ਨਾਮ ਜਪੇਗਾ ਤਾਂ ਫੇਰ ਇਹ ਸਰੀਰ ਦੇ ਵਿਚੋਂ ਰਾਹ ਕੱਢੇਗਾ, ਪਿਛੇ ਜਾਏਗਾ ਸਰੀਰ ਨੂੰ ਛੱਡ ਕੇ। ਉਸ ਤੋਂ ਬਾਅਦ ਪ੍ਰਾਣਾਂ ਨਾਲ ਵਾਹ ਪੈਂਦਾ ਹੈ ਸਾਡਾ। ਪ੍ਰਾਣਾਂ ਦੇ ਨਾਲ ਜਦ ਨਾਮ ਜਪੇਂਗਾ ਜਦ ਤੂੰ ਧਿਆਨ ਕਰੇਂਗਾ, ਤੈਨੂੰ ਦੱਸਣਗੇ ਮਹਾਂਪੁਰਸ਼, ਅਭਿਆਸ ਕਰੀਂ ਫੇਰ ਦੂਸਰੇ ਪੜਦੇ ਨੂੰ ਲੰਘ ਜਾਏਂਗਾ, ਫੇਰ ਜਦੋਂ ਤੂੰ ਉਪਾਸਨਾ ਦੇ ਮੰਡਲ ਵਿਚ ਜਾਏਂਗਾ, ਤੇਰਾ ਮਨ ਉਪਾਸਨਾ ਦੇ ਵਿਚ ਟਿਕੇਗਾ, ਦੋ ਤਿੰਨ ਤਰ੍ਹਾਂ ਦੀ ਉਪਾਸਨਾ ਹੁੰਦੀ ਹੈ ਇਕ ਬਹਿਰੰਗ ਉਪਾਸ਼ਨਾ ਹੈ, ਇਹ ਤਾਂ ਬਹੁਤਾ ਫਲ ਨਹੀਂ ਦਇਆ ਕਰਦੀ, ਇਕ ਅੰਤਰੰਗ ਉਪਾਸ਼ਨਾ ਹੈ ਕਿ ਅੰਦਰਲੇ ਪਾਸੇ ਹੀ –

*ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥*
*ਅੰਗ – ੮੬੪*

ਗੁਰੂ ਦੀ ਮੂਰਤਿ ਵਿਚ ਧਿਆਨ ਰੱਖਣਾ, ਮਨ ਨੂੰ ਇਕ ਥਾਂ ਦੇ ਉਤੇ ਕੇਂਦਰਤ ਕਰਨਾ, ਬਾਹਰੋਂ ਖਿੱਚ ਲੈਣਾ, ਜਾਂ ਸ਼ਬਦ ਦੀ ਧੁਨ 'ਤੇ ਧਿਆਨ ਟਿਕਾਉਣਾ, ਤੇ ਜਾਂ ਪ੍ਰੀਪੂਰਨ ਜੋਤੀ ਸਮਝ ਕੇ ਉਹਦੇ ਉਤੇ ਧਿਆਨ ਟਿਕਾਉਣਾ; ਕਹਿੰਦੇ ਇਹਦੇ ਨਾਲ ਫੇਰ ਉਪਾਸ਼ਨਾ ਕਾਂਡ ਦੇ ਵਿਚੋਂ ਨਿਕਲ ਕੇ ਤੂੰ ਮਨੋਮਈ ਕੋਸ਼ ਵਿਚੋਂ ਲੰਘ ਜਾਏਂਗਾ, ਬੁੱਧੀ ਦੇ ਕੋਸ਼ 'ਚੋਂ ਤੈਨੂੰ ਆਤਮ ਵਿਚਾਰ ਦੇ ਨਾਲ ਰਸਤਾ ਲੱਭੇਗਾ ਤੇ ਜੋ ਓਸ ਤੋਂ ਅਗਲਾ ਰਹਿ ਗਿਆ, ਜਿਹਨੂੰ ਅਗਿਆਨ ਕਹਿੰਦੇ ਨੇ, ਅਗਿਆਨ ਵਾਲਾ ਤੇਰਾ ਹਉਮੈ ਦੇ ਨਾਲ ਵਾਹ ਪੈਣਾ ਹੈ। ਜਦ ਤਕ ਹਉਮੈ ਨਹੀਂ ਟੁੱਟਦੀ ਓਦੋਂ ਤਕ ਤੂੰ ਜਾ ਨਹੀਂ ਸਕਦਾ। ਸੋ ਰੱਬ ਨਹੀਂ ਮਿਲ ਸਕਦਾ।

ਏਸ ਗੱਲ ਨੂੰ ਇਕ ਮਹਾਤਮਾ ਨੇ, ਸਮਸ਼ਤਬਰੇਜ਼ ਇਕ ਬਹੁਤ ਵੱਡੇ ਉਚ ਕੋਟੀ ਦੇ ਮਹਾਤਮਾ ਹੋਏ ਨੇ, ਉਨ੍ਹਾਂ ਦਾ ਇਕ ਚੇਲਾ ਸੀ ਬੜਾ ਸੁਲਝਿਆ ਹੋਇਆ, ਬਹੁਤ ਪੜ੍ਹਿਆ ਲਿਖਿਆ ਸੀ ਜਿਹਦਾ ਨਾਮ ਸਾਰੇ ਜਾਣਦੇ ਨੇ ਤੇ ਬੜੀਆ ਕਿਤਾਬਾਂ ਵੀ ਉਹਨੇ ਲਿਖੀਆਂ ਨੇ, ਉਹਦਾ ਨਾਉਂ ਮੋਲਾਨਾ ਰੂਮ ਸੀ, ਦਿੱਲੀ ਦੇ ਵਿਚ ਬੱਚਿਆਂ ਨੂੰ ਪੜ੍ਹਾਇਆ ਕਰਦਾ ਸੀ, ਇਹ ਸਮਸ਼ਤਬਰੇਜ਼ ਨੇ ਅਨੁਭਵ ਕੀਤਾ ਕਿ ਇਕ ਰੂਹ ਭਟਕ ਰਹੀ ਹੈ, ਰਸਤਾ ਨਹੀਂ ਉਸਨੂੰ ਲੱਭ ਰਿਹਾ, ਅੰਦਰ ਲੋਚਾ ਹੈ ਉਸਦੇ। (ਮਹਾਂਪੁਰਸ਼ ਆਪ ਹੀ ਚਲੇ ਜਾਇਆ ਕਰਦੇ ਨੇ ਬਹੁਤ ਥਾਂ ਦੱਸਣ ਵਾਸਤੇ, ਕਿਉਂਕਿ ਰੂਹਾਂ ਖੜ੍ਹੀਆਂ ਨੇ, ਭਟਕੀਆਂ ਹੋਈਆਂ ਨੇ, ਅਟਕੀਆਂ ਹੋਈਆਂ ਨੇ, ਅੰਦਰ ਲਗਨ ਹੁੰਦੀ ਹੈ, ਰਾਹ ਦਿਸਦਾ ਨਹੀਂ ਹੁੰਦਾ। ਉਸ ਵੇਲੇ ਉਸਦੇ ਸਕੂਲ ਵਿਚ ਚਲੇ ਗਏ, ਉਥੇ ਬੱਚੇ ਪੜ੍ਹ ਰਹੇ ਸੀ ਤੇ ਮੋਲਾਨਾ ਕਿਸੇ ਕੰਮ ਵਾਸਤੇ ਬਾਹਰ ਗਿਆ ਹੋਇਆ ਸੀ। ਬੱਚਿਆਂ ਨੂੰ ਕਹਿੰਦਾ ਕਿ ਕੀ ਪੜ੍ਹਦੇ ਓਂ ਲਿਆਓ ਕਿਤਾਬਾਂ। ਸਾਰੀਆਂ ਕਿਤਾਬਾਂ ਇਕੱਠੀਆਂ ਕਰ ਲਈਆਂ। ਢੇਰ ਲਗ ਗਿਆ ਕਿਤਾਬਾਂ ਦਾ, ਕੋਲ ਇਕ ਚੁਬੱਚਾ ਸੀ ਵੱਡਾ ਸਾਰਾ, ਸਾਰੀਆਂ ਕਿਤਾਬਾਂ ਚੁੱਕ ਕੇ ਉਹਦੇ ਵਿਚ ਸੁੱਟ ਦਿਤੀਆਂ। ਬੱਚੇ ਹੈਰਾਨ ਹੋ ਗਏ, ਰੋਣ ਲਗ ਗਏ, ਕਹਿੰਦੇ ਦਰਵੇਸ਼ ਸਾਂਈ! ਸਾਡੇ ਨਾਲ ਕੀ ਬਣੂੰ, ਸਾਨੂੰ ਮੋਲਾਨਾ ਜੀ ਮਾਰਨਗੇ। ਉਹ ਕਹਿੰਦਾ ਨਹੀਂ ਮਾਰਦੇ, ਉਹਨੂੰ ਕਹਿ ਦੇਣਾ ਕਿ ਕੱਢ ਲਵੇ ਆ ਕੇ। ਤੁਸੀਂ ਨਾ ਕੱਢਿਓ ਆਪੇ ਕੱਢੇਗਾ। ਕਹਿੰਦੇ ਜੇ ਮਿਲਣਾ ਹੋਵੇ ਤਾਂ ਉਸ ਨੂੰ ਇਹ ਗੱਲ ਦੱਸ ਦੇਣਾ, ਮੁਲਤਾਨ ਵਿਚ ਮੁਹੱਲਾ-ਏ-ਖਾਮੋਸ਼ਾਂ ਦੇ ਵਿਚ ਮੈਂ ਰਹਿੰਦਾ ਹਾਂ। ਉਸ ਵੇਲੇ ਜਿਸ ਵਕਤ ਇਹਦੇ ਕੋਲ ਆਉਂਦੇ ਨੇ, ਮੋਲਾਨਾ ਵਾਪਸ ਆਇਆ, ਤੇ ਬੱਚੇ ਸਾਰੇ ਕਹਿਣ ਲੱਗੇ ਕਿ ਇਥੇ ਇਕ ਦਰਵੇਸ਼ ਆਇਆ ਸੀ, ਸਾਡੀਆਂ ਸਾਰੀਆਂ ਕਿਤਾਬਾਂ ਆਹ ਚੁਬੱਚੇ ਵਿਚ ਸੁੱਟ ਗਿਆ ਤੇ ਨਾਲ ਇਕ ਗੱਲ ਕਹਿ ਗਿਆ ਕਿ ਆਪਣੇ ਮੋਲਾਨੇ ਨੂੰ ਗੱਲ ਕਰਿਓ ਕਿ ਇਹ ਕਿਉਂ ਮੈਂ ਇਹ ਕੰਮ ਕੀਤਾ ਹੈ। ਜੇ ਉਹਨੇ ਇਹ ਸਵਾਲ ਕੱਢ ਲਿਆ ਤਾਂ ਅਗਲੇ ਪਾਸੇ ਮੈਨੂੰ ਮਿਲਣ ਦਾ ਯਤਨ ਕਰੇ। ਸੋ ਉਸ ਵੇਲੇ ਜਦੋਂ ਇਹ ਗੱਲ ਦੱਸੀ ਗਈ ਉਹਨੂੰ। ਉਸ ਵੇਲੇ ਸੋਚਾਂ 'ਚ ਪੈ ਗਿਆ, ਬੜਾ ਉਲਮਾ ਸੀ, ਪੜ੍ਹਿਆ ਲਿਖਿਆ ਪੀ.ਐਚ.ਡੀ ਜਿਹਨੂੰ ਕਹਿੰਦੇ ਨੇ ਅੱਜਕੱਲ੍ਹ। ਆਲਮ ਫਾਜ਼ਲ ਸੀ ਮਾਹਰ ਸੀ ਵਿਦਿਆ ਦਾ, ਹੁਣ ਸੋਚਦਾ ਹੈ ਕਿ ਇਹ ਗੱਲ ਕੀ ਹੋਈ? ਗੱਲ ਸਮਝ ਵਿਚ ਨਹੀਂ ਆ ਰਹੀ, ਅਖੀਰ ਰਮਜ਼ ਸਮਝ ਗਿਆ ਮਹਾਤਮਾ ਦੀ ਕਿ ਗੱਲ ਕੋਈ ਹੋਰ ਹੀ ਹੈ। ਓਸ ਗੱਲ ਨੂੰ ਗੁਰੂ ਨਾਨਕ ਪਾਤਸ਼ਾਹ ਨੇ ਵੀ ਸਾਨੂੰ ਐਸ ਤਰ੍ਹਾਂ ਦੱਸਿਆ ਹੈ –

*ਧਾਰਨਾ – ਲੇਖੇ ਤੇਰੇ ਜੀ ਇਕ ਗੱਲ ਹੈ,*
*ਹੋਰ ਹਉਮੈ ਝੱਖਣਾ ਝਾਖ ਪਿਆਰਿਆ।*

*ਪੜਿ ਪੜਿ ਗਡੀ ਲਦੀਅਹਿ*
*ਪੜਿ ਪੜਿ ਭਰੀਅਹਿ ਸਾਥ ॥*
*ਪੜਿ ਪੜਿ ਬੇੜੀ ਪਾਈਐ*
*ਪੜਿ ਪੜਿ ਗਡੀਅਹਿ ਖਾਤ ॥*
*ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ*
*ਮਾਸ ॥ ਪੜੀਐ ਜੇਤੀ ਆਰਜਾ ਪੜੀਅਹਿ ਜੇਤੇ*
*ਸਾਸ ॥ ਨਾਨਕ ਲੇਖੈ ਇਕ ਗਲ*
*ਹੋਰੁ ਹਉਮੈ ਝਖਣਾ ਝਾਖ॥ ਅੰਗ – ੪੬੭*

ਸਮਝ ਗਿਆ ਕਿ ਮੈਨੂੰ ਰਮਜ਼ ਮਾਰੀ ਹੈ ਕਿ

ਮੈਂ ਪੜ੍ਹਦਾ ਹੀ ਪੜ੍ਹਦਾ ਹਾਂ, ਕਿਤਾਬਾਂ ਪੜ੍ਹੀ ਜਾਂਦਾ ਹਾਂ-

*ਇਲਮੋਂ ਬਸ ਕਰੀ ਹੁਣ ਯਾਰ*
*ਇਕੋ ਅਲਫ ਤੈਨੂੰ ਦਰਕਾਰ।*

ਇਸ਼ਾਰਾ ਦੇ ਗਏ ਮੈਨੂੰ ਮਾਰਫਤ ਦਾ। ਓਸ ਵੇਲੇ ਕਿਤਾਬਾਂ ਕੱਢਣ ਲੱਗਿਆ, ਹੈਰਾਨ ਹੋ ਗਿਆ ਕਿ ਸਾਰੀਆ ਕਿਤਾਬਾਂ ਉਵੇਂ ਜਿਵੇਂ ਸੁੱਕੀਆਂ ਦੀਆਂ ਸੁੱਕੀਆਂ ਤਲਾਬ ਵਿਚੋਂ ਨਿਕਲ ਆਈਆਂ, ਸ਼ਰਧਾ ਆ ਗਈ ਮਨ ਵਿਚ ਕਿ ਕੋਈ ਪੂਰਾ ਸੀ ਰਮਜ਼ ਮਾਰ ਗਿਆ। ਮੁਲਤਾਨ ਪਹੁੰਚ ਜਾਂਦਾ ਹੈ, ਉਥੇ ਪੁਛਦਾ ਫਿਰਦਾ ਹੈ ਕਿ ਕੋਈ ਸਾਂਈ ਦਰਵੇਸ ਲੋਕ ਮਹੱਲਾ-ਏ-ਖਾਮੋਸ਼ਾਂ ਵਿਚ ਰਹਿੰਦਾ ਹੈ, ਚੁੱਪ ਮੁਹੱਲੇ ਵਿਚ ਰਹਿੰਦਾ ਹੈ, ਦੱਸੋ ਮੈਨੂੰ? ਚੁੱਪ ਮੁਹੱਲਾ ਕਿਸੇ ਕਾਗਜ਼ ਵਿਚ ਨਹੀਂ ਸੀ ਲਿਖਿਆ ਹੋਇਆ, ਨਾ ਕਿਸੇ ਪਟਵਾਰੀ ਕੋਲ ਲਿਖਿਆ ਹੋਇਆ ਸੀ, ਨਾ ਕਿਸੇ ਮਿਊਸਪੈਲਿਟੀ ਕੋਲ ਲਿਖਿਆ ਹੋਇਆ ਸੀ। ਕਹਿੰਦੇ ਇਹ ਤਾਂ ਮੁਹੱਲਾ ਹੀ ਨਹੀਂ ਹੈ, ਉਹ ਕਹਿਣ ਲੱਗਿਆ ਨਹੀਂ ਇਹ ਵੀ ਰਮਜ਼ ਹੋਣੀ ਹੈ। ਸੋਚਣ ਲੱਗ ਗਿਆ ਕਿ ਖਾਮੋਸ਼ੀ ਕਿੱਥੇ ਹੋ ਸਕਦੀ ਹੈ। ਅਖੀਰ ਇਕ ਮਹਾਤਮਾ ਮਿਲ ਗਏ, ਕਹਿਣ ਲੱਗੇ, ਪ੍ਰੇਮੀਆਂ! ਜਿਹਨੇ ਤੈਨੂੰ ਐਡਰੈਸ ਦਿਤਾ ਹੈ ਉਹਨੇ ਤੈਨੂੰ ਰਮਜ਼ ਨਾਲ ਦਿਤਾ ਹੈ। ਕਿਉਂਕਿ ਮਹਾਤਮਾ ਰਮਜ਼ ਮਾਰਦੇ ਨੇ, ਅਧਿਕਾਰੀ ਹੋਵੇ ਤਾਂ ਗੱਲ ਸਮਝ ਜਾਂਦਾ ਹੈ, ਨਾ ਅਧਿਕਾਰੀ ਹੋਵੇ ਤਾਂ ਫਿਰਦਾ ਰਹਿੰਦਾ ਹੈ। ਕਹਿੰਦਾ, ਮਹਾਰਾਜ ਦੱਸੋ? ਕਹਿੰਦੇ, ਖਾਮੋਸ਼ੀ ਕਬਰਸਤਾਨ 'ਚ ਹੋਇਆ ਕਰਦੀ ਹੈ, ਹੋਰ ਹਰ ਥਾਂ ਦੇ ਉਤੇ ਬੋਲ ਹੈ, ਉਥੇ ਸਾਰੀਆਂ ਕਬਰਾਂ ਦੇ ਵਿਚ ਖਾਮੋਸ਼ੀ ਹੀ ਖਾਮੋਸ਼ੀ ਹੈ। ਉਥੇ ਚਲਿਆ ਜਾਂਦਾ ਹੈ, ਅੱਗੇ ਦੇਖਦਾ ਹੈ ਕਿ ਇਕ ਮਹਾਤਮਾ ਜਲਾਲ ਵਾਲੇ ਬੈਠੇ ਨੇ, ਜਾ ਕੇ ਸਿੱਜਦਾ ਕਰਦਾ ਹੈ, ਚਰਨ ਚੁੰਮਦਾ ਹੈ।

ਕਹਿਣ ਲੱਗਿਆ, "ਮਹਾਰਾਜ! ਕ੍ਰਿਪਾ ਕਰੋ ਮੇਰੇ 'ਤੇ।"

ਕਹਿਣ ਲੱਗੇ, "ਕੀ ਚਾਹੁੰਦਾ ਹੈ?"

ਕਹਿਣ ਲੱਗਿਆ, "ਮੈਂ ਖੁਦਾ ਨੂੰ ਮਿਲਣਾ ਚਾਹੁੰਦਾ ਹਾਂ।"

ਕਹਿੰਦੇ, "ਖੁਦਾ ਨੂੰ ਮਿਲਣਾ ਹੈਂ, ਮਿਲਣਾ ਚਾਹੁੰਦਾ ਹੈਂ ਸੱਚਮੁੱਚ?

ਕਹਿੰਦੇ, "ਖਜੂਰ 'ਤੇ ਚੜ੍ਹ ਜਾ।"

ਖਜੂਰ 'ਤੇ ਚੜ੍ਹ ਜਾਂਦਾ ਹੈ ਤੇ ਜਦੋਂ ਸਿਖਰ ਚਲਿਆ ਗਿਆ, ਕਹਿੰਦੇ ਹੱਥ ਛੱਡ ਦੇ, ਛਾਲ ਮਾਰ ਹੇਠਾਂ।

ਹੁਣ ਬਚਨ ਦਾ ਭਰੋਸਾ ਸੀ ਉਸਨੂੰ, ਜੀਊਣ ਮਰਨ ਨਾਲ ਉਸਨੂੰ ਨਹੀਂ ਸੀ ਕੋਈ ਸਬੰਧ। ਉਹਨੂੰ ਸਬੰਧ ਸੀ ਕਿ ਮੈਨੂੰ ਅੱਲਾਹ ਤਾਲਾ ਮਿਲ ਜਾਵੇ। ਜਦੋਂ ਉਹਨੇ ਛਾਲ ਮਾਰੀ, ਰਾਹ ਵਿਚ ਕਹਿਣ ਲੱਗਿਆ, ਹਉ ਮੂਆ। ਕਹਿੰਦੇ, ਤਉ ਫਿਰ ਖੁਦਾ ਹੂਆ। ਸ਼ਕਤੀ ਦੇ ਨਾਲ ਰੋਕ ਲਿਆ, ਇਕੋ ਗੱਲ ਕਹੀ ਹਿਰਦੇ 'ਚ ਚਲੀ ਗਈ।

*ਬੁੱਲਿਆ ਰੱਬ ਦਾ ਕੀ ਪਾਉਣਾ*
*ਐਧਰੋਂ ਪੁੱਟਣਾ ਐਧਰ ਲਾਉਣਾ।*

ਸੋ ਇਹ ਮਹਾਤਮਾ ਦੀ ਰਮਜ਼ ਹੁੰਦੀ ਹੈ ਕਿ ਜਿੰਨਾ ਚਿਰ ਆਦਮੀ ਦੇ ਅੰਦਰ 'ਮੈਂ' ਭਾਵ ਹੈ, ਤਨ ਹੰਗਤਾ ਹੈ, ਮਮਤਾ ਤੇ ਅਹੰਭਾਵ ਹੈ; ਕਹਿਣ ਲੱਗੇ, ਭਾਈ ਰਾਜੂ! ਰਾਹ ਨਹੀਂ ਲੱਭਿਆ ਕਰਦਾ। ਪਹਿਲਾਂ ਪਛਾਨਣਾ ਪੈਂਦਾ ਹੈ, ਓਸ ਤੋਂ ਪਹਿਲਾਂ ਪਛਾਨਣਾ ਤਾਂ ਆਉਂਦਾ ਹੈ ਜੇ ਪਹਿਲਾਂ ਕਾਇਆਂ ਨੂੰ ਸੋਧੇ। ਕਾਇਆ ਨੂੰ ਸੋਧਣਾ ਪੈਂਦਾ ਹੈ, ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਕਾਇਆਂ ਨੂੰ ਸੋਧ ਲੈ,*
*ਮਿਲਣੈ ਜੇ ਪ੍ਰਭ ਜੀ ਤਾਈਂ।*

ਪ੍ਰੇਮੀਆਂ! ਆਹ ਜਿਹੜੀ ਸਾਡੀ ਕਾਇਆਂ ਹੈ ਨਾ, ਸਾਡੇ ਸਰੂਪ ਤੋਂ ਬਗੈਰ, ਅੰਤਸ਼ਕਰਣ ਤਕ ਜਿੰਨਾਂ ਵੀ ਕੂੜ ਕਬਾੜ ਸਾਰਾ ਇਹਦੇ ਵਿਚ ਹੈ ਇਹਨੂੰ ਸਾਰੀ ਨੂੰ ਕਾਇਆ ਕਹਿੰਦੇ ਨੇ, ਇਹਨੂੰ ਪਹਿਲਾਂ ਸੋਧ ਲੈ। ਜਦ ਤਕ ਤੂੰ ਇਹਦੀ ਸੋਧ-ਸੁਧਾਈ ਨਹੀਂ ਕਰਦਾ ਤਾਂ ਅਗਲਾ ਕਦਮ ਤੂੰ ਪੁੱਟ ਨਹੀਂ ਸਕਦਾ। ਜਿਹੜੀ ਗੱਲ ਅਸੀਂ ਤੈਨੂੰ ਅੱਗੇ ਦੱਸਣੀ ਹੈ, ਉਹ ਤੂੰ ਕਰ ਨਹੀਂ ਸਕਦਾ ਤੇ ਜੇ ਤੂੰ ਕਹੇਂ ਬਿਨਾਂ ਕਾਇਆਂ ਸੋਧੇ ਹੀ ਮੈਨੂੰ ਦੱਸ ਦਿਓ ਤਾਂ ਬਹੁਤ ਮਾੜੀ ਗੱਲ ਹੈ।

ਇਕ ਕੋਈ ਜੱਟ ਸੀ, ਮਹਾਤਮਾ ਦੇ ਬਚਨ ਸੁਣੇ, ਤੇ ਪਤਾ ਲੱਗਿਆ ਕਿ ਜੇ ਸੰਤ ਉਪਦੇਸ਼ ਦੇ ਦੇਣ, ਤਾਂ ਆਦਮੀ ਜੀਵ ਤੋਂ ਰੱਬ ਬਣ ਜਾਇਆ ਕਰਦਾ ਹੈ ਤੇ ਏਸ ਨੂੰ ਨਾਮ ਕਹਿੰਦੇ ਨੇ। ਸੰਤਾਂ ਨੂੰ ਕਹਿਆ ਕਰੇ ਕਿ ਮੈਨੂੰ ਨਾਮ ਦੇ ਦਿਓ, ਮੈਨੂੰ ਨਾਮ ਦੇ ਦਿਓ। ਜਿਥੇ ਮਿਲਣ ਉਥੇ ਹੀ ਕਹਿ ਦਿਆ ਕਰੇ ਕਿ ਨਾਮ ਦਿਓ ਜੀ। ਬੇਅੰਤ ਦੁਨੀਆਂ ਹੈ ਜਿਹੜੀ ਇਹ ਗੱਲ ਕਹਿੰਦੀ ਹੈ ਕਿ ਮੈਨੂੰ ਨਾਮ ਦਾਨ ਦਿਓ ਜੀ। ਪਤਾ ਹੈ ਨਹੀਂ ਕਿ ਇਹਦੀ ਕੀਮਤ ਕੀ ਹੁੰਦੀ ਹੈ। ਸੁਖਾਲਾ ਜਿਹਾ ਤਾਂ ਨਹੀਂ ਨਾਮ ਦਾਨ ਮਿਲਦਾ। ਇਹ ਬਹੁਤ ਔਖੀ ਗੱਲ ਹੈ ਸਾਧਸੰਗਤ ਜੀ, ਉਹ ਤਾਂ ਪੂਰੀ ਲਗਨ ਵਾਲਾ ਬੰਦਾ ਹੋਵੇ, ਸੱਚਮੁੱਚ ਉਹਦੇ ਹਿਰਦੇ ਦੇ ਵਿਚ ਇਹ ਭਾਵ ਉਠ ਜਾਵੇ, ਮਹੀਨਿਆਂ ਬੱਧੀ, ਸਾਲਾਂ ਬੱਧੀ ਅੱਖਾਂ 'ਚੋਂ ਹੰਝੂ ਜਾਂਦੇ ਰਹਿਣ। ਵੈਰਾਗ ਵਿਚ ਰਹੇ, ਵੈਰਾਗ 'ਚ ਆ ਕੇ ਦੁਨੀਆਂ ਦੇ ਕੂੜ-ਕਬਾੜ ਨਾਲੋਂ ਆਪਣਾ ਮੋਹ ਤੋੜ ਕੇ ਕੇਵਲ ਆਪਣਾ ਧੇਅ ਪ੍ਰਮੇਸ਼ਰ ਨੂੰ ਬਣਾ ਕੇ ਜਦ ਏਸ ਰਸਤੇ ਚਲਦਾ ਹੈ, ਤਾਂ ਮਹਾਂਪੁਰਸ਼ ਧਿਆਨ ਦਿੰਦੇ ਨੇ, ਉਸ ਤੋਂ ਪਹਿਲਾਂ ਧਿਆਨ ਨਹੀਂ ਦਿੰਦੇ, ਟਾਲੀ ਜਾਂਦੇ ਨੇ, ਕਿਉਂਕਿ ਅਧਿਕਾਰੀ ਨਹੀਂ ਹੁੰਦਾ -

*ਰਾਮ ਪਦਾਰਥੁ ਪਾਇ ਕੈ*

*ਕਬੀਰਾ ਗਾਂਠਿ ਨ ਖੋਲ੍ ॥*
*ਨਹੀ ਪਟਣੁ ਨਹੀ ਪਾਰਖੂ*
*ਨਹੀ ਗਾਹਕੁ ਨਹੀ ਮੋਲੁ ॥ ਅੰਗ - ੧੩੬੫*

ਜਦ ਗਾਹਕ ਹੀ ਨਹੀਂ ਹੈ, ਉਹਦੀ ਝੋਲੀ 'ਚ ਹੀਰੇ ਪਾ ਦਿਓ, ਕੰਚ ਦੇ ਟੁਕੜੇ ਸਮਝ ਕੇ ਇਥੇ ਹੀ ਸੁੱਟ ਜਾਏਗਾ, ਰਾਹ ਜਾਂਦਾ। ਪੰਜ ਪਿਆਰੇ ਗੁਰਮੰਤ੍ਰ, ਮੂਲਮੰਤ੍ਰ ਦਿੰਦੇ ਨੇ ਇਹ ਕੋਈ ਮਾਮੂਲੀ ਗੱਲ ਨਹੀਂ ਹੈ, ਅਨ-ਅਧਿਕਾਰੀ ਜਿਹੜੇ ਨੇ ਉਹ ਨਾਮ ਨੂੰ ਤਾਂ ਦਿੰਦੇ ਨੇ ਛੱਡ। ਥੋੜ੍ਹਾ ਜਿਹਾ ਰੱਖ ਲੈਂਦੇ ਨੇ ਕਿ ਕਕਾਰ ਪਹਿਨਣੇ ਨੇ, ਬੱਸ ਮੈਂ ਸਿੰਘ ਬਣ ਗਿਆ, ਅਗਲੀ ਗੱਲ ਦੇਖਦੇ ਹੀ ਨਹੀਂ ਕਿ ਅਸਲੀ ਗੱਲ ਮੇਰੇ ਕੋਲ ਕੀ ਸੀ ਕਿ ਮੈਂ ਕਾਹਦੇ ਵਾਸਤੇ ਅੰਮ੍ਰਿਤ ਛਕਿਆ ਹੈ, ਗੁਰੂ ਕਾਹਦੇ ਵਾਸਤੇ ਧਾਰਨ ਕਰਿਆ ਹੈ। ਸੋ ਪਤਾ ਨਾ ਹੋਣ ਕਰਕੇ ਉਹ ਕਿਸਾਨ ਐਵੇਂ ਜਿਵੇਂ ਕਹੀ ਜਾਂਦਾ ਹੈ। ਮਹਾਤਮਾ ਨੇ ਕਿਹਾ ਕਿ ਇਹ ਤਾਂ ਖਹਿੜਾ ਹੀ ਨਹੀਂ ਛੱਡਦਾ, ਇਹਨੂੰ ਜੁਗਤੀ ਦੇ ਨਾਲ ਸਮਝਾਉਂਦੇ ਹਾਂ। ਇਨ੍ਹਾਂ ਨੇ ਇਕ ਦਿਨ ਆਪਣੀ ਚਿੱਪੀ ਦੇ ਵਿਚ ਲਿੱਦ ਪਾ ਲਈ, ਜਾ ਕੇ ਉਹਦੇ ਘਰ 'ਚ ਆਵਾਜ਼ ਦੇ ਦਿਤੀ ਸਤਿ ਕਰਤਾਰ, ਬਾਹਰ ਆਇਆ ਸੁਣ ਕੇ ਕਿ ਸੰਤ ਆ ਗਏ, ਅੱਜ ਮਨ 'ਚ ਖੁਸ਼ੀ ਆਈ ਕਿ ਅੱਜ ਸਾਡੇ ਦਰ ਤੇ ਆ ਕੇ ਅਲੱਖ ਜਗਾਈ ਹੈ, ਊਂਜਲ ਭਰ ਲਿਆਇਆ ਆਟੇ ਦਾ, ਕਹਿੰਦਾ ਕਰੋ ਚਿੱਪੀ ਮਹਾਰਾਜ! ਜਦ ਚਿੱਪੀ ਵਲ ਦੇਖਿਆਂ ਤਾਂ ਵਿਚ ਲਿੱਦ ਪਈ ਹੈ। ਖੜ੍ਹ ਗਿਆ, ਕਹਿੰਦੇ ਪਾ ਦੇ। ਕਹਿੰਦਾ, ਲਿੱਦ ਹੈ ਮਹਾਰਾਜ ਇਹਦੇ ਵਿਚ ਤਾਂ। ਕਹਿੰਦੇ ਤੈਨੂੰ ਕੀ ਲਿੱਦ ਹੋਵੇ, ਕੁਛ ਹੋਵੇ; ਕਹਿੰਦਾ ਆਟਾ ਖਰਾਬ ਹੋ ਜਾਏਗਾ। ਮੈਨੂੰ ਪਾਪ ਲਗੇਗਾ, ਐਨੀ ਸ਼ੁੱਧ ਚੀਜ਼ ਮੈਂ ਲਿੱਦ ਵਿਚ ਪਾ ਦੇਵਾਂ, ਤੁਹਾਡੇ ਕਿਸੇ ਕੰਮ ਨਹੀਂ ਆਉਣੀ, ਕਹਿੰਦੇ ਪਾ ਦੇ, ਪਾ ਦੇ, ਤੈਨੂੰ ਕੀ ਇਸ ਗੱਲ 'ਤੇ। ਜਦ ਅੱਠ ਦੱਸ ਵਾਰੀ ਉਹਨੂੰ ਕਿਹਾ ਸੰਤਾਂ ਨੇ ਤਾਂ ਉਹਨੇ ਆਪਣੇ ਹੱਥ ਦੂਰ ਕਰ ਲਏ, ਕਹਿਣ ਲੱਗਿਆ ਕਿ ਮਹਾਰਾਜ! ਪਹਿਲਾਂ ਇਹਨੂੰ ਸਾਫ ਕਰੋ, ਫੇਰ ਮੈਂ ਆਟਾ ਪਾਵਾਂ। ਕਹਿੰਦੇ, ਪ੍ਰੇਮੀਆਂ! ਕਿੰਨੇ ਕੁ ਦਾ ਆਟਾ ਹੋਣਾ ਹੈ ਊਂਜਲ ਦੇ ਵਿਚ? ਸਸਤੇ ਹੀ ਭਾਅ ਸੀ, ਕਹਿੰਦੇ ਪੈਸੇ ਦੋ ਪੈਸੇ ਦਾ ਹੋਣਾ ਹੈ? ਤੇ ਮੇਰੇ ਤੋਂ ਨਾਮ ਦੀ ਦਾਤ ਮੰਗਦਾ ਹੈਂ, ਤੇਰੇ ਅੰਦਰ ਪਤਾ ਹੈ ਕਿੰਨੀਆਂ ਬਿੱਲੀਆਂ ਮਰੀਆਂ ਪਈਆਂ ਨੇ, ਕਿੰਨੇ ਚੂਹੇ ਮਰੇ ਪਏ ਨੇ, ਨਿੰਦਿਆ ਤੇਰੇ ਅੰਦਰ ਹੈ, ਚੁਗਲੀਆਂ ਤੇਰੇ ਅੰਦਰ ਨੇ, ਈਰਖਾ ਤੇਰੇ ਅੰਦਰ ਹੈ, ਪੰਜ ਚੋਰ ਦਿਨ ਰਾਤ ਤੇਰੇ ਅੰਦਰ ਖੌਰੂ ਪਾ ਰਹੇ ਨੇ, ਦੱਸ ਨਾਮ ਦਾ ਵਾਸਾ ਕਿੱਥੇ ਹੋਏਗਾ? ਕਹਿੰਦੇ, ਪਹਿਲਾਂ ਇਹਨੂੰ ਕੂੜ-ਕਬਾੜ ਨੂੰ ਸਾਫ ਕਰ, ਫੇਰ ਜਾ ਕੇ ਪਛਾਣ ਆਏਗੀ -

*ਸਚੁ ਤਾ ਪਰੁ ਜਾਣੀਐ*
*ਜਾ ਜੁਗਤਿ ਜਾਣੈ ਜੀਉ ॥*
*ਧਰਤਿ ਕਾਇਆ ਸਾਧ ਕੈ*
*ਵਿਚਿ ਦੇਇ ਕਰਤਾ ਬੀਉ॥ ਅੰਗ - ੪੬੮*

ਬੀਜ ਤਾਂ ਪੈਣਾ ਹੈ ਪਹਿਲਾਂ ਜ਼ਮੀਨ ਨੂੰ ਵਾਹ। ਕਹਿਣ ਲੱਗੇ, ਭਾਈ ਰਾਜੂ! ਤੂੰ ਕਿਸਾਨ ਹੈਂ, ਅਸੀਂ ਇਸ ਕਰਕੇ ਗੱਲ ਕਰਕੇ ਤੈਨੂੰ ਸਮਝਾਉਂਦੇ ਹਾਂ। ਇਹਦੇ ਵਿਚੋਂ ਪਹਿਲਾਂ ਜੜ੍ਹੀਆਂ-ਬੂਟੀਆਂ ਤਾਂ ਸਾਫ ਕਰ, ਕਿੰਨੇ ਬੀਜ ਪਏ ਨੇ ਕੂੜ-ਕਬਾੜ ਦੇ। ਫੇਰ ਇਹਨੂੰ ਸੋਧ। ਸੋਧ ਕੇ ਜਿਵੇਂ ਦਵਾਈਆਂ ਅਸੀਂ ਖਾਦ ਪਾਉਂਦੇ ਹਾਂ ਕਿ ਨਾਈਟਰੋਜਨ ਐਨੀ ਪਾ ਦਿਓ, ਪੋਟਾਸ਼ ਐਨੀ ਪਾ ਦਿਓ, ਸੁਪਰਫਾਸਫੇਟ ਐਨਾ ਪਾ ਦਿਓ, ਜ਼ਿੰਕ ਐਨਾ ਪਾ ਦਿਓ, ਗੰਧਕ ਐਨੀ ਪਾ ਦਿਓ, ਸੋਲ੍ਹਾਂ ਨਿਊਟ੍ਰੈਂਟ ਹੁੰਦੇ ਨੇ, ਜਦੋਂ ਸੋਲ੍ਹਾਂ ਨਿਊਟ੍ਰੈਂਟ ਧਰਤੀ ਦੇ ਵਿਚ ਚਲੇ ਜਾਣ, ਕਿੰਨੀਓਂ ਮਾੜੀ ਧਰਤੀ ਹੋਵੇ ਪੂਰੀ ਫਸਲ ਦਿੰਦੀ ਹੈ। ਮੈਗਨੀਸ਼ੀਅਮ ਇਹਦੇ ਵਿਚ ਪੈਂਦਾ ਹੈ, ਅਮੋਨੀਆ ਇਹਦੇ ਵਿਚ ਪੈਂਦਾ ਹੈ, ਬੇਅੰਤ ਚੀਜ਼ਾਂ ਪੈਂਦੀਆਂ ਨੇ, ਉਹ ਪਾ ਲੈ।

ਕਹਿਣ ਲੱਗਿਆ, ਮਹਾਰਾਜ! ਕ੍ਰਿਪਾ ਕਰਕੇ ਮੈਨੂੰ ਸਮਝਾਓ।

ਮਹਾਂਪੁਰਸ਼ ਕਹਿਣ ਲੱਗੇ, ਦੇਖ ਰਾਜੂ! ਗੱਲ ਇਹ ਹੈ ਕਿ ਪਹਿਲਾਂ ਤੂੰ ਸਤਿ ਦਾ ਜੀਵਨ ਜੀਉਣਾ ਸਿੱਖ, ਪਾਖੰਡ ਨਾ ਕਰੀਂ ਬਿਲਕੁਲ ਵੀ। ਸਤਿ ਦਾ ਜੀਵਨ, ਜੋ ਬਚਨ ਕਹਿ ਦਿਤਾ ਉਹਦੇ ਉਤੇ ਪਹਿਰਾ ਦੇ। ਫੇਰ ਤੂੰ ਕਿਸੇ ਦਾ ਬੁਰਾ ਨਾ ਬੋਲ ਕੇ ਕਰੀਂ, ਨਾ ਮਨ ਨਾਲ ਬੁਰਾ ਕਰੀਂ, ਮਨ ਨਾਲ ਕਿਹਾ ਕਰੀਂ ਰੋਜ਼ -

*ਨਾਨਕ ਨਾਮ ਚੜ੍ਹਦੀ ਕਲਾ*
*ਤੇਰੇ ਭਾਣੇ ਸਰਬੱਤ ਕਾ ਭਲਾ।*

ਸੱਚੀਮੁੱਚੀਂ ਕਹੀਂ। ਕਹਿੰਦਾ ਮਹਾਰਾਜ! ਜਿਹੜੇ ਮੇਰੇ ਖੇਤ ਦੀਆਂ ਵੱਟਾਂ ਬੰਨ੍ਹਦੇ ਨੇ ਉਨ੍ਹਾਂ ਦਾ ਵੀ ਮੈਂ ਭਲਾ ਕਹਿਆ ਕਰਾਂ। ਕਹਿੰਦੇ ਹਾਂ, ਉਨ੍ਹਾਂ ਦਾ ਵੀ ਭਲਾ ਮੰਗਣਾ ਹੈ -

*ਫਰੀਦਾ ਬੁਰੇ ਦਾ ਭਲਾ ਕਰਿ*
*ਗੁਸਾ ਮਨਿ ਨ ਹਢਾਇ॥*
*ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥*
*ਅੰਗ - ੧੩੮੨*
*ਵਵਾ ਵੈਰੁ ਨ ਕਰੀਐ ਕਾਹੂ ॥*
*ਘਟ ਘਟ ਅੰਤਰਿ ਬ੍ਰਹਮ ਸਮਾਹੂ ॥*
*ਅੰਗ - ੨੫੯*

ਕਹਿੰਦੇ ਵੈਰ ਨਹੀਂ ਕਿਸੇ ਨਾਲ ਕਰਨਾ। ਸੋ ਨਾ ਸਰੀਰਕ ਤੌਰ ਤੇ ਕਿਸੇ ਨੂੰ ਦੁਖ ਦੇਣਾ ਹੈ, ਨਾ ਬਚਨ ਦੇ ਨਾਲ ਤਾਹਨਾ ਮੇਹਣਾ ਫਿੱਕਾ ਬੋਲ ਕੇ ਦੇਣਾ ਹੈ, ਨਾ ਮਨ ਦੇ ਨਾਲ ਬੁਰਾ ਚਿਤਵਣਾ ਹੈ, ਨਾ ਬੁੱਧੀ ਦੀ ਚਤੁਰਾਈ ਦੇ ਨਾਲ ਕਿਸੇ ਦਾ ਨੁਕਸਾਨ ਕਰਨਾ ਹੈ, ਬਾਕੀ ਆਤਮ ਸਤਾ ਤਾਂ ਤੇਰੇ ਕੋਲ ਹੈ ਹੀ ਨਹੀ, ਉਹਦੇ ਬਾਰੇ ਤਾਂ ਅਸੀਂ ਗੱਲ ਨਹੀਂ ਕਰਦੇ, ਕਿਉਂਕਿ ਆਤਮ ਸਤਾ ਦੇ ਨਾਲ ਵੀ ਨੁਕਸਾਨ ਕਰ ਦੇਣਾ ਦੂਸਰੇ ਦਾ, ਇਹਨੂੰ ਹਿੰਸਾ ਕਹਿੰਦੇ ਨੇ, ਇਹਦੇ ਉਲਟ ਕਹਿੰਦੇ ਅਹਿੰਸਾ ਧਾਰਨ ਕਰੋ। ਫੇਰ ਨਾ ਮਨ ਦੀ ਚੋਰੀ ਕਰੀਂ, ਨਾ ਅੱਖਾਂ ਨਾਲ ਚੋਰੀ

ਕਰੀਂ, ਨਾ ਕੰਨਾਂ ਨਾਲ ਚੋਰੀ ਕਰੀਂ; ਕਈ ਹੈਰਾਨ ਹੋਣਗੇ ਕਿ ਕੰਨਾਂ ਨਾਲ ਵੀ ਚੋਰੀ ਹੁੰਦੀ ਹੈ? ਦੋ ਬੰਦੇ ਗੱਲ ਕਰ ਰਹੇ ਨੇ, ਉਹਨੂੰ ਅੰਗ੍ਰੇਜ਼ੀ ਵਿਚ overhearing ਕਹਿੰਦੇ ਨੇ, ਭੇਤ ਦੀ ਗੱਲ ਜਾਨਣ ਦੀ ਕੋਸ਼ਿਸ਼ ਕਰਨੀ। ਅੱਖਾਂ ਦੇ ਨਾਲ ਜਿਹੜੀ ਗੱਲ ਸਾਡੇ ਨਾਲ ਸਬੰਧ ਹੀ ਨਹੀਂ ਰੱਖਦੀ ਉਹਨੂੰ ਦੇਖਣਾ, ਬੇਗਾਨੇ ਰੂਪ ਦੇਖਣੇ -

*ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥ ਅੰਗ - ੨੭੪*

ਹੱਥ ਚੋਰੀ ਕਰਦੇ ਨੇ ਬੇਗਾਨੀਆਂ ਚੀਜ਼ਾਂ ਚੁੱਕ ਕੇ, ਸੋ ਕਹਿੰਦੇ ਕਿਸੇ ਤਰ੍ਹਾਂ ਤਨ ਦੇ ਨਾਲ ਚੋਰੀ ਨਹੀਂ ਕਰਨੀ, ਮਨ ਚੋਰੀ ਕਰਦਾ ਹੈ, ਖਿਆਲ ਚੋਰੀ ਕਰਦਾ ਹੈ ਦੂਸਰੇ ਦੇ ਕਿ ਮੈਂ ਸੁਣਾਵਾਂਗਾ ਇਹਦੇ ਖਿਆਲ ਬੜੇ ਵਧੀਆ ਨੇ। ਲਿਖਤ ਚੋਰੀ ਕਰਦਾ ਹੈ, ਲਿਖੀ ਹੋਈ ਕਿਤਾਬ ਪੜ੍ਹ ਲਈ ਤੇ ਆਪਣੀ ਦੇ ਵਿਚ ਓਹੀ ਲਿਖ ਦਿਤਾ। ਫੇਰ ਸਾਰੇ ਇੰਦ੍ਰਿਆਂ ਦਾ ਬ੍ਰਹਮਚਰੀਆ ਰੱਖਣਾ, ਅੱਖਾਂ ਦਾ ਵੀ, ਕੰਨਾਂ ਦਾ ਵੀ, ਜ਼ੁਬਾਨ ਦਾ ਵੀ, ਸਾਰੇ ਸਰੀਰ ਦਾ ਬ੍ਰਹਮਚਰੀਆ ਰੱਖਣਾ।

*ਏਕਾ ਨਾਰੀ ਜਤੀ ਹੋਇ*
*ਪਰ ਨਾਰੀ ਧੀ ਭੈਣ ਵਖਾਣੈ॥*

ਫੇਰ ਉਸ ਤੋਂ ਬਾਅਦ ਭਾਈ ਧੀਰਜੀ ਹੋਣਾ ਹੈ, ਕਾਹਲਾ ਨਹੀਂ ਹੋਣਾ, ਵੱਡੇ-ਵੱਡੇ ਧੀਰਜੀ ਬੰਦੇ ਹੋਏ ਨੇ ਸੰਸਾਰ ਦੇ ਵਿਚ; ਇਕ ਨਿਊਟਨ ਨਾਮ ਦਾ ਸਭ ਤੋਂ ਪਹਿਲਾ ਸਾਇੰਸਦਾਨ ਹੋਇਆ ਹੈ, ਆਹ ਸਾਰੀ ਸਾਇੰਸ ਨਿਊਟਨ ਤੋਂ ਚਲਦੀ ਹੈ। ਇਕ ਵਾਰੀ ਉਹਨੇ ਖੋਜ ਕਰੀ, ਅੱਠ ਦੱਸ ਸਾਲ ਖੋਜ ਕਰਦਾ ਰਿਹਾ, ਸਾਰੇ ਕਾਗਜ਼ ਤਿਆਰ ਕਰਕੇ ਮੇਜ਼ 'ਤੇ ਰੱਖ ਲਏ, ਰਾਤ ਸੀਗੀ, ਮੋਮਬੱਤੀ ਜਾਲੀ ਹੋਈ ਸੀ, ਉਹਦੀ ਇਕ ਬਿੱਲੀ ਪਾਲੀ ਹੋਈ ਸੀ, ਬਿੱਲੀ ਨੇ ਛਾਲ ਮਾਰੀ, ਮੋਮਬੱਤੀ ਸੁੱਟ ਦਿਤੀ, ਸਾਰੇ ਹੀ ਕਾਗਜ਼ ਜਲ ਗਏ ਉਹਦੇ, ਦੱਸ ਸਾਲ ਦੀ ਮਿਹਨਤ ਸੁਆਹ ਬਣ ਗਈ। ਜਿਸ ਵਕਤ ਉਹ ਆਇਆ, ਉਹਨੂੰ ਪਤਾ ਲਗ ਗਿਆ ਕਿ ਬਿੱਲੀ ਨੇ ਸੁੱਟੀ ਹੈ ਇਹ; ਬਿੱਲੀ ਵਲ ਦੇਖਿਆ ਬਿੱਲੀ ਸਹਿਮੀ ਪਈ ਹੈ, ਕੋਲ ਗਿਆ, ਚੁੱਕ ਲਿਆ, ਚੁੱਕ ਕੇ ਹੱਥ ਫੇਰਿਆ, ਪਿਆਰ ਕੀਤਾ, ਨਾਲ ਕਹਿਣ ਲੱਗਿਆ ਕਿ ਤੈਨੂੰ ਇੰਨੀ ਗੱਲ ਦਾ ਗਿਆਨ ਨਹੀਂ ਸੀ ਕਿ ਤੇਰੇ ਮਾਲਕ ਨੇ ਦਸ ਸਾਲ ਲਾਏ ਨੇ। ਤੇਰੇ ਤੋਂ ਭੁੱਲ ਹੋ ਗਈ, ਤੈਨੂੰ ਪਤਾ ਨਹੀ ਸੀ। ਦੇਖੋ, ਕਿੰਨੀ ਧੀਰਜ ਹੈ।

ਕਹਿੰਦੇ ਇਸੇ ਤਰ੍ਹਾਂ ਖਿਮਾ ਕਰਨੀ, ਦਇਆ ਕਰਨੀ, ਕੋਮਲ ਚਿੱਤ ਰਹਿਣਾ, ਮਧੁਰ ਵਾਕ ਬੋਲਣੇ, ਅਲਪ ਅਹਾਰ ਸੁਲਪ ਸੀ ਨਿੰਦ੍ਰਾ ਰੱਖਣੀ, ਪਵਿੱਤਰਤਾ ਰੱਖਣੀ; ਫੇਰ ਸਾਧਸੰਗਤ ਦੀ ਸੇਵਾ ਕਰਨੀ; ਜਿਥੇ ਸਤਿਸੰਗ ਹੋਵੇ ਉਥੇ ਚੱਲ ਕੇ ਜਾਣਾ। ਸੇਵਾ ਕਰਨੀ ਹੈ, ਪੱਖੇ ਝੱਲਣੇ ਨੇ, ਜੋੜਿਆਂ ਦੀ ਸੇਵਾ ਕਰਨੀ ਹੈ, ਲੰਗਰ ਦੀ ਸੇਵਾ ਕਰਨੀ ਹੈ, ਬਰਤਨ ਮਾਂਜਣੇ ਨੇ, ਪਾਣੀ ਪਿਲਾਉਣਾ ਹੈ, ਹਿਰਦੇ ਦੇ ਅੰਦਰ ਸੰਤੋਖ ਧਾਰਨ ਕਰਨਾ ਹੈ, 'ਯਥਾ ਲਾਭ ਸੰਤੁਸ਼ਟੇ'। ਜੋ ਕੁਛ ਮਿਲ ਗਿਆ ਉਹਦੇ 'ਤੇ ਸਤੁੰਸ਼ਟ ਰਹਿਣਾ ਤੇ ਅੱਖਾਂ ਦਾ ਸੰਤੋਖ, ਕੰਨਾਂ ਦਾ ਸੰਤੋਖ, ਸਾਰੇ ਇੰਦ੍ਰਿਆਂ ਦਾ ਸੰਤੋਖ ਧਾਰਨ ਕਰਨਾ ਹੈ। ਬੁੱਧੀ ਹਮੇਸ਼ਾ ਇਹ ਰੱਖਣੀ ਹੇ ਕਿ ਵਾਹਿਗੁਰੂ ਮੇਰੇ ਨਾਲ ਰਹਿੰਦਾ ਹੈ, ਅੰਦਰ ਵੀ ਮੇਰੇ ਤੇ ਬਾਹਰ ਵੀ। ਇਹ ਪੱਕਾ ਨਿਸ਼ਚਾ ਰੱਖਣਾ ਹੈ। ਉਸ ਤੋਂ ਬਾਅਦ ਫੇਰ ਆਪਣੀ ਕਮਾਈ ਕਰਕੇ ਆਪਣੀ ਕਮਾਈ ਹੋਈ ਚੀਜ਼ ਦੇ ਵਿਚੋਂ ਪ੍ਰਮੇਸ਼ਰ ਦੇ ਨਮਿਤ ਦਾਨ ਕੱਢਣਾ ਹੈ, ਦੂਸਰੇ ਦੀ ਮਦਦ ਕਰਨੀ ਹੈ, ਮਾਇਆ ਦੇ ਨਾਲ ਵੀ ਮਦਦ ਕਰਨੀ ਹੈ। ਬਚਨਾਂ ਦੇ ਨਾਲ ਵੀ ਦੂਸਰੇ ਨੂੰ ਦਾਨ ਦੇਣਾ ਹੈ, ਬੁੱਧੀ ਦਾ ਵੀ ਦਾਨ ਦੇਣਾ ਹੈ, ਮਨ ਦਾ ਵੀ ਦਾਨ ਦੇਣਾ ਹੈ ਸੋ ਏਸ ਤਰ੍ਹਾਂ ਸਾਰਿਆਂ ਨਾਲੋਂ ਵੱਡਾ ਦਾਨ ਹੋਇਆ ਕਰਦਾ ਹੈ-

*ਜੀਅ ਦਾਨੁ ਦੇ ਭਗਤੀ ਲਾਇਨਿ*
*ਹਰਿ ਸਿਉ ਲੈਨਿ ਮਿਲਾਏ ॥ ਅੰਗ - ੭੪੯*

ਕਹਿੰਦੇ ਸਮਝ ਗਿਆ ਨਾ? ਕਹਿੰਦਾ, ਗੱਲਾਂ ਬਹੁਤ ਹੋ ਗਈਆਂ ਜੀ। ਕਹਿੰਦੇ ਫੇਰ ਦੱਸ ਦਿੰਦੇ ਹਾਂ ਤੈਨੂੰ। ਮਹਾਂਪੁਰਸ਼ਾਂ ਨੇ ਦਇਆ ਕੀਤੀ ਫੇਰ ਸਮਝਾ ਦਿਤਾ। ਕਹਿੰਦਾ ਹੁਣ ਸਮਝ ਵਿਚ ਪੈ ਗਈ।

ਕਹਿਣ ਲੱਗੇ, ਫੇਰ ਤੂੰ ਇਸ ਤੋਂ ਅੱਗੇ ਗੁਰੂ ਦੇ ਸ਼ਬਦ ਦੀ ਕਮਾਈ ਕਰੀਂ, ਜਿਹੜਾ ਅਸੀਂ ਕੋਈ ਬਚਨ ਕਹਾਂਗੇ ਉਸ ਨੂੰ ਸਤਿ ਮੰਨੀਂ। ਬਾਣੀ ਪੜ੍ਹੀਂ, ਪੜ੍ਹ ਕੇ ਉਹਦੇ ਅਰਥ ਜਾਨਣ ਦੀ ਕੋਸ਼ਿਸ਼ ਕਰੀਂ, ਅਰਥ ਜਾਨਣ ਤੋਂ ਬਾਅਦ ਹਿਰਦੇ 'ਚ ਵਸਾਈਂ, ਆਪਣੇ ਜੀਵਨ 'ਤੇ ਘਟਾਈਂ। ਸਤੋ ਗੁਣੀ ਬਿਰਤੀ ਰੱਖੀਂ, ਤਮੋ ਗੁਣੀ ਤੇ ਰਜੋ ਗੁਣੀ ਬਿਰਤੀ 'ਚੋਂ ਨਿਕਲ ਕੇ ਸਤੋ ਗੁਣੀ ਬਿਰਤੀ 'ਚ ਰਹਿਣਾ ਹੈ। ਚੰਚਲ ਬਿਰਤੀ ਨਹੀਂ ਧਾਰਨ ਕਰਨੀ। ਫੇਰ ਨਿਤਨੇਮ ਦੇ ਪੂਰੇ ਹੋਣਾ ਹੈ। ਭੁੱਖੇ ਨੂੰ ਪ੍ਰਸ਼ਾਦਾ ਛਕਾਉਣਾ ਹੈ।

ਕਹਿੰਦੇ, ਭਾਈ ਰਾਜੂ! ਇਹਦੇ ਨਾਲ ਤਨ ਸੋਧਿਆ ਜਾਂਦਾ ਹੈ। ਕਾਇਆ ਸੋਧ ਹੁੰਦੀ ਹੈ ਜਦ ਤਕ ਕਾਇਆਂ ਨਹੀਂ ਸੋਧਦਾ-

*ਧਰਤਿ ਕਾਇਆ ਸਾਧ ਕੈ*
*ਵਿਚਿ ਦੇਇ ਕਰਤਾ ਬੀਉ ॥ ਅੰਗ - ੪੬੮*

ਫੇਰ ਅਗਲਾ ਕੰਮ ਕੀ ਹੈ? ਉਹਦੇ ਬਾਰੇ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਨਾਮ ਤੂੰ ਬੀਜ ਲੈ,*
*ਹਿਰਦੇ ਦੇ ਖੇਤ ਅੰਦਰ।*

ਕਹਿਣ ਲੱਗੇ, ਜਦੋਂ ਹਿਰਦੇ ਦੀ ਧਰਤੀ ਸਾਫ ਕਰ ਲਈ ਨਾ, ਫੇਰ ਐਉਂ ਨਹੀਂ ਪਾਣੀ ਕਿ ਸੱਤਵੇ ਦਿਨ, ਦਸਵੇਂ ਦਿਨ, ਪੰਦਰਵੇਂ ਦਿਨ ਦੇਣਾ ਹੈ, ਕਹਿੰਦੇ ਫੇਰ ਪ੍ਰਮੇਸ਼ਰ ਦੇ ਨਾਮ ਦਾ ਰੋਜ਼ ਪਾਣੀ ਦੇਈਂ।

ਸੋ ਇਸ ਤਰ੍ਹਾਂ ਦੇ ਨਾਲ ਕਹਿਣ ਲੱਗੇ, ਭਾਈ

ਰਾਜੂ! ਦੇਖ ਆਦਮੀ ਨੂੰ ਆਪਣੇ ਆਪ ਦਾ ਨਹੀਂ ਪਤਾ ਲਗਦਾ। ਜਦ ਤਕ ਇਹ ਆਪਣੇ ਆਪ ਦਾ ਨਹੀਂ ਪਤਾ ਲਾਉਂਦਾ, ਓਨੀਂ ਦੇਰ ਤਕ ਇਹ ਰੂਹਾਨੀ ਤੌਰ 'ਤੇ ਚਲ ਹੀ ਨਹੀਂ ਸਕਦਾ। ਪਹਿਲਾਂ ਇਹਨੂੰ ਪਤਾ ਤਾਂ ਹੋਣਾ ਚਾਹੀਦਾ ਹੈ, ਮਾੜਾ ਮੋਟਾ ਤਾਂ ਤੁਰੇ। ਥੋੜ੍ਹਾ ਜਿਹਾ ਤਾਂ ਲੰਘੋ, ਸਰੀਰਧਾਰੀ ਬੈਠੇ ਹਾਂ ਆਪਾਂ ਸਾਰੇ ਸਾਧਸੰਗਤ ਜੀ! ਕੋਈ ਫਲਾਣਾ ਸਿੰਘ, ਕੋਈ ਫਲਾਣਾ ਸਿੰਘ; ਮੇਰਾ ਫਲਾਣਾ ਪਿੰਡ, ਮੈਂ ਸਿੱਖ ਹਾਂ, ਮੈਂ ਹਿੰਦੁਸਤਾਨੀ ਹਾਂ, ਮੈਂ ਪਾਕਿਸਤਾਨੀ ਹਾਂ, ਕਿਥੇ ਭੁੱਲ ਗਈ ਦੁਨੀਆਂ ਸਾਰੀ। ਮਹਾਰਾਜ ਕਹਿੰਦੇ ਪ੍ਰੇਮੀਓਂ ਪਛਾਣ ਕਰੋ -

*ਧਾਰਨਾ - ਪਛਾਣ ਪਿਆਰਿਆ!*
*ਤੂੰ ਤਾਂ ਜੋਤ ਸਰੂਪ ਹੈਂ।*

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥*
*ਮਨ ਹਰਿ ਜੀ ਤੇਰੈ ਨਾਲਿ ਹੈ*
*ਗੁਰਮਤੀ ਰੰਗੁ ਮਾਣੁ॥ ਅੰਗ - ੪੪੧*

ਆਹ ਮਿੱਟੀ ਕਿਉਂ ਸਮਝੀ ਜਾਂਦਾ ਹੈਂ ਤੂੰ ਆਪਣੇ ਆਪ ਨੂੰ। ਕਿੱਡੀ ਭੁੱਲ ਤੇਰੇ 'ਚ ਪਈ ਹੋਈ ਹੈ। ਗੁਰੂ ਦੀ ਬਾਣੀ ਸੁਣਦਾ ਹੈਂ, ਅੱਗੇ ਲੰਘਣ ਦੀਆਂ ਤਿਆਰੀਆਂ ਕਰਦਾ ਹੈਂ, ਪਰ ਐਨਾ ਅੰਧਕਾਰ ਤੇਰੇ ਮਨ ਵਿਚ ਛਾਇਆ ਹੋਇਆ ਹੈ ਕਿ ਆਪਣੇ ਆਪ ਨੂੰ ਸਾਢੇ ਤਿੰਨ ਹੱਥ ਦੀ ਦੇਹ ਸਮਝੀ ਜਾਂਦਾ ਹੈਂ। ਕਹਿੰਦੇ ਪਛਾਣ ਤੂੰ ਤਾਂ ਪ੍ਰਮੇਸ਼ਰ ਦੀ ਅੰਸ ਹੈਂ।

*ਪੰਚ ਤਤੁ ਮਿਲਿ ਕਾਇਆ ਕੀਨੀ ॥*
*ਤਿਸ ਮਹਿ ਰਾਮ ਰਤਨੁ ਲੈ ਚੀਨੀ ॥*
*ਅੰਗ - ੧੦੩੦*

ਆਹ ਸਰੀਰ ਦੇ ਅੰਦਰ ਆਤਮਾ ਦਾ ਨਿਵਾਸ ਹੋਇਆ ਹੈ -

*ਆਤਮ ਰਾਮੁ ਰਾਮੁ ਹੈ ਆਤਮ*
*ਹਰਿ ਪਾਈਐ ਸਬਦਿ ਵੀਚਾਰਾ ਹੇ ॥*
*ਅੰਗ - ੧੦੩੦*

ਆਤਮਾ ਹੀ ਪ੍ਰਮੇਸ਼ਰ ਹੈ, ਪ੍ਰਮੇਸ਼ਰ ਹੀ ਆਤਮਾ ਹੈ।

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ*
*॥ ਆਤਮ ਪਸਾਰਾ ਕਰਣਹਾਰਾ*
*ਪ੍ਰਭ ਬਿਨਾ ਨਹੀ ਜਾਣੀਐ ॥ ਅੰਗ - ੮੪੬*

ਕਹਿੰਦੇ ਦੇਖ, ਇਕ ਸ਼ੀਸ਼ਾ ਲੈ ਲੈ, ਉਹਨੂੰ ਭੰਨ ਦੇ, ਜੇ ਤੇਰੇ ਮਨ ਦੇ ਵਿਚ ਵਹਿਮ ਹੈ ਕਿ ਰੱਬ ਸਾਰਿਆਂ 'ਚ ਕਿਵੇਂ ਆ ਗਿਆ। ਉਹ ਸੂਰਜ ਦੇ ਸਾਮ੍ਹਣੇ ਸੁੱਟਦਾ ਹੈ, ਕੋਈ ਟੁਕੜਾ ਚੁੱਕ ਲੈ ਉਹਦੇ ਵਿਚ ਸੂਰਜ ਉਹੋ ਜਿਹਾ ਹੀ ਦਿੱਸੇਗਾ, ਪੂਰੇ ਦਾ ਪੂਰਾ। ਇਵੇਂ ਜਿਵੇਂ ਸਾਰੇ ਜੀਵਾਂ ਦੇ ਅੰਦਰ ਇਕ ਪ੍ਰਮੇਸ਼ਰ ਦੀ ਸਤਾ ਕੰਮ ਕਰ ਰਹੀ ਹੈ। ਇਕ ਪਰਛਾਵਾਂ ਹੈ ਇਹਦੇ ਅੰਦਰ -

*ਜਿਉ ਪ੍ਰਤਿਬਿੰਬੁ ਬਿੰਬ ਕਉ ਮਿਲੀ ਹੈ*
*ਉਦਕ ਕੁੰਭੁ ਬਿਗਰਾਨਾ ॥*
*ਕਹੁ ਕਬੀਰ ਐਸਾ ਗੁਣ ਭ੍ਰਮੁ ਭਾਗਾ*
*ਤਉ ਮਨੁ ਸੁੰਨਿ ਸਮਾਨਾਂ॥ ਅੰਗ - ੪੭੬*

ਬ੍ਰਹਮ ਗਿਆਨ ਦੇ ਵਿਚ ਪਹੁੰਚਾ ਦਿਤਾ, ਕਹਿੰਦੇ ਲੈ ਹੁਣ ਇਹ ਗਿਆਨ ਐਉਂ ਨਹੀਂ ਪੱਕਣਾ, ਇਹਦੇ ਪੱਕਣ ਦੀ ਵੀ ਅਸੀਂ ਤੈਨੂੰ ਜੁਗਤੀ ਦੱਸ ਦਿੰਦੇ ਹਾਂ -

*ਧਾਰਨਾ - ਕਲੂ ਆਇਓ ਰੇ,*
*ਇਕ ਨਾਮ ਬੀਜ ਲਓ।*

*ਅਬ ਕਲੂ ਆਇਓ ਰੇ ॥*
*ਇਕੁ ਨਾਮੁ ਬੋਵਹੁ ਬੋਵਹੁ ॥*
*ਅਨ ਰੂਤਿ ਨਾਹੀ ਨਾਹੀ ॥*
*ਮਤੁ ਭਰਮਿ ਭੂਲਹੁ ਭੂਲਹੁ ॥ ਅੰਗ - ੧੧੮੫*

ਕਹਿਣ ਲੱਗੇ, ਪਿਆਰਿਆ! ਜੇ ਲੰਘਣਾ ਹੈ, ਸੱਚਮੁੱਚ ਚਾਹੁੰਦਾ ਹੈਂ ਕਿ -

*ਇਕੁ ਦੁਖੁ ਰਾਮ ਰਾਇ ਕਾਟਹੁ ਮੇਰਾ ॥*
*ਅਗਨਿ ਦਹੈ ਅਰੁ ਗਰਭ ਬਸੇਰਾ ॥*
*ਅੰਗ - ੩੨੯*

ਤਾਂ ਇਹ ਦੁਖ ਕੱਟਣ ਦਾ ਇਲਾਜ ਤੈਨੂੰ ਬਹੁਤ ਵਿਸਥਾਰ ਦੇ ਨਾਲ ਅਸੀਂ ਸਮਝਾਇਆ ਹੈ। ਸੋ ਇਸ ਤਰ੍ਹਾਂ ਦੇ ਨਾਲ ਆਪ ਨੇ ਓਸ ਗਰੀਬ ਆਦਮੀ ਦੇ ਉਤੇ ਕ੍ਰਿਪਾ ਕੀਤੀ, ਕਿਉਂਕਿ ਮਹਾਤਮਾ ਦੀ ਡਿਊਟੀ ਹੋਇਆ ਕਰਦੀ ਹੈ -

*ਕਬੀਰ ਸੇਵਾ ਕਉ ਦੁਇ ਭਲੇ*
*ਏਕੁ ਸੰਤੁ ਇਕੁ ਰਾਮੁ ॥*
*ਰਾਮੁ ਜੁ ਦਾਤਾ ਮੁਕਤਿ ਕੋ*
*ਸੰਤੁ ਜਪਾਵੈ ਨਾਮੁ ॥ ਅੰਗ - ੧੩੭੩*

ਸੰਤਾਂ ਦਾ ਕੰਮ ਕੀ ਹੁੰਦਾ ਹੈ, ਕਹਿੰਦੇ ਨਾਮ ਜਪਾਉਣਾ -

ਸੰਤਾਂ ਦੀ ਡਿਊਟੀ ਲੱਗੀ ਹੋਈ ਹੈ ਅਕਾਲ ਪੁਰਖ ਵਲੋਂ ਕਿ ਆਪ ਵੀ ਜਪੋ ਤੇ ਦੂਸਰਿਆਂ ਨੂੰ ਵੀ ਜਪਾਓ, ਸਿੱਖਾਂ ਦੀ ਵੀ ਡਿਊਟੀ ਲੱਗੀ ਹੋਈ ਹੈ ਕਿ ਆਪ ਨਾਮ ਜਪੋ, ਦੂਸਰਿਆਂ ਨੂੰ ਵੀ ਜਪਾਓ ਤੇ ਪਦਵੀ ਕਿੱਡੀ ਮਿਲਦੀ ਹੈ -

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ*
*ਆਪਿ ਜਪੈ ਅਵਰਹ ਨਾਮੁ ਜਪਾਵੈ ॥*
*ਅੰਗ - ੩੦੬*

ਸੋ ਇਸ ਤਰ੍ਹਾਂ ਦੇ ਨਾਲ ਬਾਬਾ ਜੀ ਦੇ ਬੇਅੰਤ ਕੌਤਕ ਇਕ ਤੋਂ ਇਕ ਚੜ੍ਹਦੇ ਬ੍ਰਹਮਗਿਆਨ ਕਰਾ ਦਿੰਦੇ ਸੀ ਜਦ ਕੋਈ ਕੋਲ ਆਉਂਦਾ ਸੀ। ਭਰਮ-ਭੁਲੇਖਾ ਨਹੀਂ ਸੀ ਰਹਿਣ ਦਿੰਦੇ। ਨਾਮ ਦੀਆਂ ਸਾਰੀਆਂ ਵਿਧੀਆਂ, ਸਾਰਾ ਰਸਤਾ ਭਾਈ ਦਇਆ ਸਿੰਘ ਜੀ ਤੋਂ ਜਿਸ ਤਰ੍ਹਾਂ ਚਲਿਆ ਆਉਂਦਾ ਸੀ, ਕਿਉਂਕਿ ਮੈਂ ਪਹਿਲਾਂ ਬੇਨਤੀ ਕੀਤੀ ਸੀ

ਕਿ ਭਾਈ ਦਇਆ ਸਿੰਘ ਜੀ ਪੂਰਨ ਯੋਗੀ ਸੀਗੇ, ਨਾਲੇ ਤਾਂ ਸਬਦਿ-ਸੁਰਤਿ ਦੇ ਮਾਰਗ ਦੇ, ਨਾਮ ਮਾਰਗ ਦੇ; (ਅੱਡ-ਅੱਡ ਨੇ ਮਾਰਗ ਇਹ) ਹੱਠ ਯੋਗ ਦੇ ਤੇ ਰਾਜ ਯੋਗ ਦੇ, ਪੂਰਨ ਧਨੀ ਸੀਗੇ, ਸਭ ਕੁਛ ਦੇਖਿਆ ਹੋਇਆ ਹੈ ਸੀ ਅਸੀਂ ਕਮਾ ਕੇ, ਸ਼ਕਤੀਆਂ ਦੇ ਮਾਲਕ ਸੀ। ਉਹੀ ਦਾਤ ਚਲਦੀ-ਚਲਦੀ ਬਾਬਾ ਸੋਭਾ ਸਿੰਘ ਜੀ ਤੋਂ ਹੋ ਕੇ ਬਾਬਾ ਸਾਹਿਬ ਸਿੰਘ ਜੀ ਤਕ ਆਈ। ਇਸੇ ਤਰ੍ਹਾਂ ਇਹ ਚੀਜ਼ ਅੱਗੇ ਚਲਦੀ ਆਉਂਦੀ ਹੈ, ਅਮਾਨਤ ਮਹਾਂਪੁਰਸ਼ ਇਕੱਠੀ ਕਰਕੇ ਓਸ ਅਧਿਕਾਰੀ ਨੂੰ ਦਿੰਦੇ ਨੇ, ਲੈ ਭਾਈ! ਹੁਣ ਤੂੰ ਅੱਗੇ ਨਾਮ ਜਸ ਫੈਲਾਉਣਾ ਹੈ, ਅਸੀਂ ਆਪਣਾ ਪਹਿਰਾ ਦੇ ਦਿਤਾ, ਹੁਣ ਤੇਰੀ ਡਿਊਟੀ ਹੈ ਤੇ ਹੁਣ ਤੂੰ ਕਰ ਅੱਗੇ ਚੱਲ ਕੇ। ਸੋ ਚਲਦੀ ਆਂਉਂਦੀ ਹੈ ਇਹ ਗੱਲ।

ਸੋ ਇਸ ਤਰ੍ਹਾਂ ਬਾਬਾ ਜੀ ਦੇ ਬੇਅੰਤ ਕੌਤਕ ਨੇ। ਇਕ ਵਾਰੀ ਆਪ ਸਾਹਨੇਵਾਲ ਗਏ। ਲੁਧਿਆਣੇ ਤੋਂ ਉਰਲੇ ਪਾਸੇ।ਉਨ੍ਹਾਂ ਦਿਨਾਂ 'ਚ ਮਿਸਲਾਂ ਆਪਣਾ-ਆਪਣਾ ਰਾਜ ਦੱਬ ਰਹੀਆਂ ਸੀ ਤੇ ਓਥੇ ਇਕ ਸਰਦਾਰ ਸੀ, ਸਾਹਨੇਵਾਲ ਦਾ ਜਿਸਨੂੰ ਰਾਜਾ ਵੀ ਕਿਹਾ ਜਾ ਸਕਦਾ ਹੈ, ਉਹਦਾ ਨਾਮ ਸੁੱਧ ਸਿੰਘ ਸੀਗਾ। ਉਹਦੇ ਕੋਲ ਜਦ ਆਏ ਤਾਂ ਉਹਨੂੰ ਇਕ ਸ਼ੌਕ ਜਾਗਿਆ ਹੋਇਆ ਸੀ, ਬਾਰ੍ਹਾਂਬਾਂਕੀ ਤੋਂ ਇਕ ਹਾਥੀ ਮੰਗਾਇਆ ਉਹਨੇ, ਜਿਧਰ ਵੀ ਜਾਣਾ, ਚਾਹੇ ਕਿਤੇ ਵੀ ਜਾਏ, ਹਾਥੀ 'ਤੇ ਚੜ੍ਹ ਕੇ ਜਾਂਦਾ ਹੁੰਦਾ ਸੀ, ਘੋੜੇ ਤੇ ਨਹੀਂ ਸੀ ਜਾਂਦਾ ਹੁੰਦਾ। ਹਾਥੀ ਬਹੁਤ ਤਕੜਾ ਸੀ, ਪਲਿਆ ਹੋਇਆ ਹਾਥੀ, ਬਾਬਾ ਜੀ ਦਾ ਪਤਾ ਲੱਗਿਆ ਤਾਂ ਤੁਰ ਕੇ ਵੀ ਆ ਸਕਦਾ ਸੀ, ਕਿਉਂਕਿ ਸੰਤਾਂ ਕੋਲ ਤਾਂ ਬੜੀ ਨਿਮਰਤਾ ਨਾਲ ਜਾਣਾ ਚਾਹੀਦਾ ਹੈ, ਜ਼ਿਆਦਾ pump & show ਨਾਲ ਜਾਣਾ, ਖਾਲੀ ਆਉਂਦਾ ਹੈ ਆਦਮੀ, ਨਿਮਰਤਾ ਦੀ ਝੋਲੀ ਲੈ ਕੇ ਜਾਣ ਵਾਲਾ, ਝੋਲੀ ਭਰ ਕੇ ਲਿਆਂਦਾ ਹੈ, ਬਾਬਾ ਜੀ ਦੇ ਕੋਲ ਆ ਕੇ ਹਾਥੀ ਬਿਠਾ ਦਿਤਾ ਤੇ ਉਤੋਂ ਉਤਰ ਆਇਆ। ਬਾਬਾ ਜੀ ਪੂਰਨ ਮਹਾਂਪੁਰਸ਼ ਸੀ, ਮਾੜੇ ਮੋਟੇ ਤਾਂ ਹੈ ਨਹੀਂ ਸੀ, ਬਾਬਾ ਜੀ ਨੇ ਇਕ ਦਮ ਅਨੁਭਵ ਕਰਿਆ ਕਿ ਇਹ ਹਾਥੀ ਤਾਂ ਜਾਨਲੇਵਾ ਹੈ, ਫੇਰ ਵੀ ਮਹਾਂਪੁਰਸ਼ਾਂ ਦੇ ਮਨ 'ਚ ਉਪਕਾਰ ਹੁੰਦਾ ਹੈ ਤੇ ਹਾਲ ਚਾਲ ਪੁਛਿਆਂ, ਕਹਿਣ ਲੱਗੇ, ਸੁੱਧ ਸਿੰਘ! ਆਹ ਹਾਥੀ 'ਤੇ ਨਾ ਤੂੰ ਚੜ੍ਹਿਆ ਕਰ ਪ੍ਰੇਮੀਆਂ! ਇਹਦੇ ਤੇਰੇ ਲੈਣੇ ਦੇਣੇ ਦੇ ਕੁਛ ਹਿਸਾਬ ਨੇ, ਇਹ ਇਹਨੇ ਪੂਰੇ ਕਰਨੇ ਨੇ ਤੇ ਤੇਰੇ ਤੋਂ ਹਿਸਾਬ ਕਿਤਾਬ ਲੈਣਾ ਹੀ ਹੈ ਜਿਵੇਂ ਗੁਰੂ ਮਹਾਰਾਜ ਨੇ ਫੁਰਮਾਨ ਕੀਤਾ ਹੈ -

*ਧਾਰਨਾ - ਫਲ ਦਿਤਿਆਂ ਬਾਜ ਨਾ ਜਾਣਾ,*
*ਤੇਰਿਆਂ ਕਰਮਾਂ ਨੇ ਪਿਆਰਿਆ।*

*ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥ ਜੋ ਮੈ ਕੀਆ ਸੋ ਮੈ ਪਾਇਆ*
*ਦੋਸੁ ਨ ਦੀਜੈ ਅਵਰ ਜਨਾ ॥ ਅੰਗ - ੪੩੩*

ਕਹਿਣ ਲੱਗੇ, ਸੁੱਧ ਸਿੰਘ! ਤੇਰੇ ਕਰਮ ਐਹੋ ਜਿਹੇ ਕੀਤੇ ਹੋਏ ਨੇ ਕਿ ਇਹ ਫਲ ਦੇਣ ਨੂੰ ਤਿਆਰ ਹੋਏ-ਹੋਏ ਨੇ। ਕਰਮ ਵੀ ਫਲ ਦਿੰਦੇ ਨੇ ਸਾਧਸੰਗਤ ਜੀ? ਮੈਂ ਪਿਛੇ ਬੇਨਤੀ ਕੀਤੀ ਸੀ ਕਿ ਭਾਈ ਦਇਆ ਸਿੰਘ ਜੀ ਨੇ ਬੜੇ ਵਿਸਥਾਰ ਦੇ ਨਾਲ ਗੁਰੂ ਦਸ਼ਮੇਸ਼ ਪਿਤਾ ਦੇ ਆਖਣ 'ਤੇ ਸਮਝਾਇਆ ਸੀ ਸਿੰਘਾਂ ਨੂੰ ਕਿ ਕਰਮ ਕਿਵੇਂ ਕੰਮ ਕਰਦੇ ਨੇ। ਤਿੰਨ ਤਰ੍ਹਾਂ ਦੇ ਕਰਮ ਹੁੰਦੇ ਨੇ - ਇਕ ਕ੍ਰਿਆਮਾਨ ਕਰਮ ਹੁੰਦੇ ਨੇ, ਇਕ ਸੰਚਿਤ ਹੁੰਦੇ ਨੇ, ਇਕ ਪਰਾਲਬਧ ਕਰਮ ਹੁੰਦੇ ਨੇ। ਜਿਹੜਾ ਕਰਮ ਪਰਾਲਬਧ ਦੀ ਕੋਟੀ ਵਿਚ ਆ ਗਿਆ, ਉਹ ਐਸਾ ਮੱਤ ਹੈ ਕਿ ਭੋਗਣਾ ਹੀ ਪੈਂਦਾ ਹੈ।

*ਭੋਗੇ ਬਿਨ ਭਾਗੇ ਨਹੀਂ ਕਰਮ ਗਤੀ ਬਲਵਾਨ।*

ਗੁਰੂ ਮਹਾਰਾਜ ਗੁਰੂ ਨਾਨਕ ਸਾਹਿਬ ਇਸ ਦੀ ਜ਼ਬਰਦਸਤ ਪ੍ਰੋੜਤਾ ਕਰਦੇ ਹੋਏ ਫੁਰਮਾਨ ਕਰਦੇ ਨੇ ਕਿ ਮੱਥੇ ਦੇ ਵਿਚ ਲਿਖੀ ਹੋਈ ਗੱਲ ਨੂੰ ਕੋਈ ਟਾਲ੍ਹਣ ਨੂੰ ਸਮਰੱਥ ਨਹੀ, ਕੋਈ ਟਾਲ ਨਹੀਂ ਸਕਦਾ।

*ਰਾਜਾ ਜਨਮੇਜਾ ਦੇ ਮਤੀਂ*
*ਬਰਜਿ ਬਿਆਸਿ ਪੜ੍ਹਾਇਆ ॥*
*ਤਿਨ੍ਹਿ ਕਰਿ ਜਗ ਅਠਾਰਹ ਘਾਏ*
*ਕਿਰਤੁ ਨ ਚਲੈ ਚਲਾਇਆ ॥ ਅੰਗ - ੧੩੪੪*

ਅਰਜਨ ਦਾ ਪੜੋਤਾ ਸੀਗਾ, ਇਕ ਵਾਰੀ ਵਿਆਸ ਰਿਸ਼ੀ ਜਿਨ੍ਹਾਂ ਨੂੰ ਤ੍ਰਿਕਾਲਦਰਸ਼ੀ ਕਿਹਾ ਜਾਂਦਾ ਹੈ, ਜੋ ਵਿਦਿਆ ਦੇ ਕਾਰਕ ਅਵਤਾਰ ਨੇ, ਜਦ ਵੀ ਵਿਦਿਆ ਲੀਨਤਾ 'ਚ ਆਏਗੀ, ਉਸ ਵੇਲੇ ਕਾਰਕ ਰੂਪ ਦੇ ਅਨੁਸਾਰ, ਭੀਸ਼ਮ ਪਿਤਾਮਾ ਬਾਲ ਜਤੀ ਤੇ ਸਭ ਕੁਛ ਜਾਨਣ ਵਾਲਾ ਤੇ ਹੋਰ ਵੱਡੇ-ਵੱਡੇ ਮਹਾਂਪੁਰਸ਼ ਦਰੋਣਾਚਾਰੀਆ ਵਰਗੇ ਤੇ ਬਿਦਰ ਵਰਗੇ ਨੀਤੀ ਨੇਤਾ ਹੁੰਦਿਆਂ ਹੋਇਆਂ ਫੇਰ ਯੁੱਧ ਹੋ ਗਿਆ, ਅਰ ਕਿਸੇ ਗੱਲ 'ਤੇ ਨਹੀਂ ਹੋਇਆ, ਉਹਦਾ ਕੋਈ ਵੀ ਕਾਰਨ ਨਹੀਂ ਕੇਵਲ ਹਉਮੈ ਕਾਰਨ ਹੈ, ਅਭਿਮਾਨ ਕਾਰਨ ਹੈ। ਪਾਂਡਵਾਂ ਨੇ ਮਹੱਲ ਬਣਾਇਆ ਸੀ ਤੇ ਸੀਗਾ ਮਾਇਆ ਮਹੱਲ, ਦੁਰਯੋਧਨ ਪਾਣੀ 'ਚ ਗਿਰ ਗਿਆ ਤੇ ਦਰੋਪਤੀ ਦੇ ਮੂੰਹੋਂ ਨਿਕਲ ਗਿਆ ਕਿ ਅੰਨ੍ਹੇ ਦਾ ਪੁੱਤਰ ਅੰਨਾ ਹੀ ਹੁੰਦਾ ਹੈ, ਆਹ ਗੱਲ ਸੀ ਸਾਰੀ ਲੜਾਈ ਦੀ, ਇਥੋਂ ਜਿਉਂ ਵਿਵਾਦ ਛਿੜਿਆ, 45 ਲੱਖ ਬੰਦਾ 18 ਦਿਨਾਂ 'ਚ ਮਰ ਗਿਆ। ਢਾਈ-ਢਾਈ ਲੱਖ ਦੀ ਇਕ ਖੂਹਣੀ ਹੁੰਦੀ। ਹਰ ਰੋਜ਼ ਇਕ ਖੂਹਣੀ ਮਰ ਜਾਇਆ ਕਰਦੀ ਸੀ, ਢਾਈ ਲੱਖ ਬੰਦਾ ਰੋਜ਼ ਮਰਦਾ ਸੀ। 18 ਦਿਨਾਂ 'ਚ ਸਾਰਾ ਮੈਦਾਨ-ਏ-ਜੰਗ ਮਰੇ ਹੋਏ ਬੰਦਿਆਂ ਨਾਲ ਭਰਿਆਂ ਪਿਆ ਸੀ, ਸਿਰਫ ਸੱਤ ਬੰਦੇ ਬਚੇ। ਕਹਿਣ ਲੱਗੇ, ਐਡੀ ਵੱਡੀ ਦੁਰਘਟਨਾ ਸਾਰੇ ਇਤਿਹਾਸ ਦੇ ਅੰਦਰ ਕਦੇ ਕਿਸੇ ਨਾਲ ਨਹੀਂ ਹੋਈ, ਜਿਹੜੀ ਤੁਹਾਡੇ ਹੁੰਦਿਆਂ ਹੋਈ। ਸਮਝਾ

ਨਾ ਸਕੇ ਤੁਸੀ ਉਨ੍ਹਾਂ ਨੂੰ। ਉਸ ਵੇਲੇ ਬਿਆਸ ਜੀ ਕਹਿਣ ਲੱਗੇ, ਕਹਿੰਦੇ ਜਨਮੇਜੇ! -

*ਹੋਣਹਾਰ ਹਿਰਦੇ ਵਸੀ ਗਈ ਸਰੀਰੋਂ ਬੁੱਧ।*

ਜਦੋਂ ਹੋਣਹਾਰ ਵਸ ਜਾਵੇ ਨਾ ਹਿਰਦੇ 'ਚ। ਫੇਰ ਬੁੱਧੀ ਨਹੀਂ ਕੰਮ ਕਰਿਆ ਕਰਦੀ। ਬੁੱਧੀ ਮਲੀਨ ਹੋ ਜਾਂਦੀ ਹੈ -

*ਵਿਨਾਸ ਕਾਲਯ ਬੁੱਧੀ ਬਿਪਰੀਤਯ।*

ਦੂਜੀ ਗੱਲ ਇਹ ਹੈ ਕਿ ਜਿਹੜਾ ਕੁਛ ਹੋਣਾ ਹੈ, ਇਵੇਂ ਹੀ ਹੋਣਾ ਹੈ। ਹੋਣਾ ਹੀ ਸੀਗਾ ਇਹ। ਹੋਣੀ ਨੂੰ ਕੋਈ ਟਾਲ ਨਹੀਂ ਸਕਦਾ। ਕਹਿੰਦੇ, ਇਹ ਤਾਂ ਜਦ ਗੱਲ ਹੋ ਜਾਂਦੀ ਹੈ ਨਾ, ਜਿਥੇ ਹੱਥ ਨਾ ਅਪੜੇ ਓਥੇ ਰੱਬ ਦਾ ਭਾਣਾ, ਪਿਛੋਂ ਗੱਲ ਕਹਿ ਦੇਣੀ,। ਕਹਿੰਦਾ ਪਤਾ ਹੋਵੇ ਬੰਦੇ ਨੂੰ ਕਿ ਸਾਮ੍ਹਣੇ ਮੈਂ ਖੂਹ ਵਿਚ ਗਿਰਨਾ ਹੈ ਤੇ ਕੋਈ ਦੱਸ ਦੇਵੇ, ਦੇਖਦਾ ਹੋਵੇ, ਕਿਵੇਂ ਖੂਹ ਵਿਚ ਗਿਰ ਪਏਗਾ। ਉਹ ਕਹਿੰਦੇ, ਜਨਮੇਜਾ! ਜੇ ਖੂਹ ਵਿਚ ਗਿਰਨਾ ਹੈ, ਗਿਰ ਹੀ ਪਏਗਾ ਉਹਦੀ ਅਕਲ ਨੂੰ ਤਾਲਾ ਲਗ ਜਾਏਗਾ। ਅਕਲ ਨਹੀਂ ਉਸ ਵੇਲੇ ਕੰਮ ਕਰਦੀ। ਕਿਹੜਾ ਬੰਦਾ ਹੈ ਕਮਲਾ ਜਿਹੜਾ ਆਪਣਾ ਨਫਾ ਨੁਕਸਾਨ ਨਹੀਂ ਜਾਣਦਾ। ਲੇਕਿਨ ਫੇਰ ਸਾਡੇ ਨਾਲ ਬੀਤਦੀਆਂ ਨੇ। ਕਹਿਣ ਲੱਗੇ, ਜੇ ਮੈਨੂੰ ਪਤਾ ਹੋਵੇ ਮੈਂ ਬਿਲਕੁਲ ਨਹੀਂ ਹੋਣ ਦਿੰਦਾ। ਕਹਿੰਦਾ, ਲੈ ਲਿਖ ਲੈ, ਤੈਨੂੰ ਮੈਂ ਸਮਝਾ ਦਿੰਦਾ ਹਾਂ। ਕਹਿੰਦੇ, ਤੂੰ ਇਕ ਘੋੜੀ ਲੈਣੀ ਹੈ, ਉਹ ਘੋੜੀ 'ਤੇ ਚੜ੍ਹ ਕੇ ਤੂੰ ਸ਼ਿਕਾਰ ਖੇਲ੍ਹਣਾ ਹੈ ਤੇ ਇਕ ਦਿਨ ਓਸ ਘੋੜੀ ਦੇ ਪੇਟ ਤੋਂ ਬੱਚਾ ਹੋਣਾ ਹੈ ਹਰੇ ਰੰਗ ਦਾ, ਵਛੇਰਾ ਹੋਏਗਾ ਤੇ ਤੂੰ ਸ਼ਿਕਾਰ ਖੇਲ੍ਹਦੇ-ਖੇਲ੍ਹਦੇ ਦੱਖਣ ਦਿਸ਼ਾ 'ਚ ਚਲੇ ਜਾਣਾ ਹੈ ਤੇ ਓਥੇ ਜਾ ਕੇ, ਖੂਬਸੂਰਤ ਲੜਕੀ ਜਿਸਦੀ ਜ਼ਾਤ ਬਾਰੇ ਤੂੰ ਨਹੀਂ ਜਾਣਦਾ, ਓਸ ਨੂੰ ਆਪਣੇ ਮਹਿਲਾਂ 'ਚ ਲੈ ਆਵੇਂਗਾ ਤੇ ਕਿਉਂਕਿ ਜ਼ਾਤ ਪਾਤ ਦਾ ਬੰਧਨ ਹੱਦ ਤੋਂ ਜ਼ਿਆਦਾ ਸੀ, ਓਸ ਵੇਲੇ ਰਿਆਇਆ ਤੇਰੀ ਸਾਰੀ ਤੇਰੇ ਨਾਲ ਨਰਾਜ਼ ਹੋ ਜਾਏਗੀ ਤੇ ਤੇਰਾ ਬਾਈਕਾਟ ਕਰ ਦੇਵੇਗੀ। ਓਸ ਵੇਲੇ ਤੂੰ ਉਨ੍ਹਾਂ ਨੂੰ ਟਿਕਾਉਣ ਵਾਸਤੇ ਵੱਡਾ ਯੱਗ ਕਰੇਂਗਾ, ਅਸ੍ਵਮੇਧ ਯੱਗ ਕਰੇਂਗਾ, ਘੋੜਾ ਮਾਰ ਕੇ ਫੇਰ ਮੰਤਰਾਂ ਦੇ ਬਲ ਨਾਲ ਉਹਨੂੰ ਜੀਉਂਦਾ ਕਰ ਲੈਣਾ। ਉਸ ਦੇ ਵਿਚ ਕਿਸੇ ਬ੍ਰਾਹਮਣ ਨੇ ਨਹੀਂ ਆਉਣਾ, ਬੱਚਿਆਂ ਨੂੰ ਸਕੂਲਾਂ 'ਚੋਂ ਲੈ ਆਵੇਂਗਾ। 18-18 ਸਾਲਾਂ ਦੇ ਬੱਚੇ ਹੋਣਗੇ, ਉਹ ਪ੍ਰਸ਼ਾਦਾ ਛਕਦੇ-ਛਕਦੇ ਆਪਣੀ ਹੀ ਗੱਲ ਤੋਂ ਹੱਸਣਗੇ ਤੇ ਓਧਰਲੇ ਪਾਸੇ ਤੇਰੀ ਰਾਣੀ ਦਾ ਪੱਲਾ ਉਚਾ ਹੋ ਜਾਏਗਾ ਸਾੜੀ ਦਾ, ਤੇ ਤੂੰ ਸਮਝੇਂਗਾ ਕਿ ਤੇਰੀ ਰਾਣੀ ਨੂੰ ਦੇਖ ਕੇ ਹੱਸੇ ਨੇ ਉਹ। ਤੂੰ ਉਨ੍ਹਾਂ ਬੱਚਿਆਂ ਨੂੰ ਮਾਰ ਦੇਵੇਂਗਾ ਤੇ ਤੈਨੂੰ ਕੋਹੜ ਹੋ ਜਾਏਗਾ। ਦੁਖੀ ਹੋਏਂਗਾ ਤੇ ਮੈਂ ਤੇਰੇ ਕੋਲ ਆ ਕੇ -

*ਸਰਬ ਰੋਗ ਕਾ ਅਉਖਦੁ ਨਾਮੁ॥ ਅੰਗ - ੨੭੪*

ਤੈਨੂੰ ਨਾਮ ਦੀ ਕਥਾ ਸੁਣਾਵਾਂਗਾ। ਭਾਗਵਤ ਕਥਾ ਸੁਣਾਵਾਂਗਾ ਪ੍ਰਮੇਸ਼ਰ ਦੀ। ਪ੍ਰਭੂ ਦੀ ਕਥਾ ਦਾ ਫਲ ਇਹ ਹੋਏਗਾ ਕਿ ਤੇਰਾ ਰੋਗ, ਜਿਉਂ-ਜਿਉਂ ਤੂੰ ਸੁਣੇਂਗਾ, ਤਿਉਂ-ਤਿਉਂ ਮਿਟਦਾ ਚਲਾ ਜਾਏਂਗਾ। ਲੇਕਿਨ ਤੇਰੇ ਅੰਦਰ ਵਿਸ਼ਵਾਸ਼ ਦੀ ਘਾਟ ਹੋਣ ਕਰਕੇ, ਤੂੰ ਉਹਦੇ ਉਤੇ ਤਰਕ ਕਰ ਦਏਂਗਾ। ਤਰਕ ਦੇ ਨਾਲ ਤੇਰੇ ਨੱਕ ਦੇ ਉਤੇ ਕੋਹੜ ਰਹਿ ਜਾਏਗਾ। ਤੂੰ ਉਹਦੇ ਨਾਲ ਹੀ ਮਰੇਂਗਾ। ਜਾਹ, ਜਿਹੜਾ ਕੁਛ ਕਰਨਾ ਹੈ ਕਰ ਲੈ। ਕਹਿੰਦਾ, ਆਹ ਤਾਂ ਮਾਮੂਲੀ ਗੱਲ ਹੈ ਮੈਂ ਘੋੜੀ ਹੀ ਨਹੀਂ ਖਰੀਦਦਾ। ਮੈਂ ਚੜ੍ਹਨਾ ਹੀ ਨਹੀਂ ਘੋੜਿਆਂ 'ਤੇ। ਕਹਿੰਦੇ ਜਾਹ, ਕਰ ਲੈ ਜਿਹੜਾ ਕੁਛ ਤੂੰ ਕਰਨਾ ਹੈ। ਕਹਿੰਦੇ, ਤੇਰੀ ਬੁੱਧੀ ਕਾਇਮ ਨਹੀਂ ਰਹਿਣੀ ਜਦ ਇਹ ਗੱਲ ਹੋਣੀ ਹੈ। ਉਸ ਵੇਲੇ ਹੁਕਮ ਕਰ ਦਿਤਾ ਕਿ ਘੋੜਾ ਕੋਈ ਨਹੀਂ ਖਰੀਦਣਾ, ਚਾਰ ਸਾਲ ਲੰਘ ਗਏ। ਉਸ ਵੇਲੇ ਜਿਹੜਾ ਉਹਦਾ ਸੈਨਾਪਤੀ ਸੀ ਉਹ ਕਹਿਣ ਲੱਗਿਆ ਕਿ ਮਹਾਰਾਜ! ਘੋੜੇ ਬੁੱਢੇ ਹੋ ਗਏ, ਜੇ ਕਿਸੇ ਨਾਲ ਲੜਾਈ ਕਰਨੀ ਪਈ, ਨਾ ਤਾਂ ਘੋੜੇ ਨੱਠ ਸਕਣਗੇ ਤੇਜ਼ੀ ਫੁਰਤੀ ਦੇ ਨਾਲ ਨਾ ਆਪਣੇ ਪੈਂਤਰੇ ਬਦਲ ਸਕਣਗੇ ਤੇ ਜੁਆਨ ਮਾਰੇ ਜਾਣਗੇ, ਹਾਰ ਹੋ ਜਾਏਗੀ ਤੇ ਰਾਜ ਜਾਂਦਾ ਰਹੇਗਾ, ਦੁਸ਼ਮਣ ਸਿਰ 'ਤੇ ਚੜ੍ਹੇ ਬੈਠੇ ਨੇ। ਕਹਿੰਦਾ, ਘੋੜੇ ਖਰੀਦ ਲਓ, ਘੋੜੀ ਨਹੀਂ ਖਰੀਦਣੀ। ਘੋੜੇ ਖਰੀਦ ਲਏ ਗਏ, ਇਕ ਘੋੜੀ ਐਨੀ ਖੂਬਸੂਰਤ ਆ ਗਈ, ਜਿਹਨੂੰ ਦੇਖ ਕੇ ਸਾਰੇ ਅਮੀਰ ਵਜ਼ੀਰ ਕਹਿਣ ਲੱਗੇ ਕਿ ਆਹ ਘੋੜੀ ਤਾਂ ਰਾਜੇ ਕੋਲ ਚਾਹੀਦੀ ਹੈ। ਇਹਦੇ ਉਤੇ ਹੋਰ ਬੰਦਾ ਨਹੀਂ ਚੜ੍ਹਨਾ ਚਾਹੀਦਾ। ਸੋ ਉਸ ਵੇਲੇ ਜਨਮੇਜੇ ਨੂੰ ਕਿਹਾ ਕਿ ਘੋੜੀ ਤੁਹਾਡੇ ਅਸਤਬਲ 'ਚ ਚਾਹੀਦੀ ਹੈ, ਨਾ ਚੜ੍ਹਨਾ ਉਹਦੇ ਉਤੇ, ਖਰੀਦ ਤਾਂ ਲਓ। ਘੋੜੀ ਖਰੀਦ ਲਈ ਗਈ, ਪੰਜ ਚਾਰ ਮਹੀਨੇ ਤੋਂ ਬਾਅਦ ਘੋੜੀ ਮਾੜੀ ਹੋ ਗਈ ਤੇ ਉਸ ਵੇਲੇ ਕਹਿਣ ਲੱਗੇ ਕਿ ਮਹਾਰਾਜ! ਤੁਸੀਂ ਮਾੜਾ-ਮੋਟਾ ਫਿਰ ਆਇਆ ਕਰੋ, ਦੱਖਣ ਦਿਸ਼ਾ ਨਾ ਜਾਇਓ, ਅਖੀਰ ਇਸ ਤਰ੍ਹਾਂ ਹੁੰਦੇ-ਹੁੰਦੇ ਦੱਖਣ ਦਿਸ਼ਾ 'ਚ ਚਲਿਆ ਗਿਆ। ਓਸ ਲੜਕੀ ਨੂੰ ਲੈ ਆਇਆ ਤੇ ਉਸ ਤੋਂ ਬਾਅਦ ਨਰਾਜ਼ਗੀ ਫੈਲ ਗਈ ਰਿਆਇਆ 'ਚ। ਇਹਨੇ ਯੱਗ ਸ਼ੁਰੂ ਕਰ ਦਿਤਾ, ਕੋਈ ਆਇਆ ਨਾ, ਬੱਚਿਆਂ ਨੂੰ ਲੈ ਆਇਆ ਤੇ ਜਦੋਂ ਪ੍ਰਸ਼ਾਦਾ ਵਰਤਾਉਂਦੇ ਨੇ ਤੇ ਉਹ ਰਾਣੀ ਨਾਲ ਰਹਿੰਦੀ ਹੈ ਹਰ ਵਕਤ। ਉਹ ਵੀ ਪੰਗਤ ਵਿਚ ਨਾਲ ਘੁੰਮਦੀ ਫਿਰਦੀ ਹੈ ਤੇ ਕਰਦੀ ਇਹ ਹੈ ਕਿ ਹਰ ਵਾਰੀ ਅੰਦਰ ਜਾ ਕੇ ਦੂਜੀ ਸਾੜੀ ਲਾ ਆਉਂਦੀ ਹੈ। ਬੱਚੇ ਕਹਿਣ ਲੱਗੇ ਕਿ ਰਾਣੀਆਂ ਬਦਲ ਜਾਂਦੀਆਂ ਨੇ ਹਰ ਵਾਰੀ, ਇਕ ਕਹਿਣ ਲੱਗਿਆ ਕਿ ਨਹੀਂ ਓਹੀ ਆਉਂਦੀ ਹੈ। ਦੂਜਾ ਕਹਿੰਦਾ ਕਿ ਤੈਨੂੰ ਕਿਵੇਂ ਪਤਾ ਹੈ। ਕਿਉਂਕਿ ਬੱਚਿਆਂ ਦੀ ਚੰਚਲ ਬੁੱਧ ਹੁੰਦੀ ਹੈ, ਕਹਿੰਦਾ ਖੀਰ ਦਾ ਇਕ ਚੌਲ ਨਹੁੰ ਤੇ ਰੱਖ ਕੇ ਮਾਰਿਆ, ਉਹਦੇ ਪੈਰ ਤੇ ਲੱਗਿਆ ਹੋਇਆ ਹੈ, ਦੇਖ ਲੈਣਾ, ਜਦ ਉਹ

ਰਾਣੀ ਆਈ ਤਾਂ ਸੱਚੀਓਂ ਪੈਰ 'ਤੇ ਲੱਗਿਆ ਹੋਇਆ ਸੀ, ਬੱਚੇ ਤਾੜੀ ਮਾਰ ਕੇ ਹੱਸ ਪਏ, ਬੱਚੇ ਸੀਗੇ, ਉਚੀ-ਉਚੀ ਹਸੇ ਤੇ ਓਧਰੋਂ ਹਵਾ ਆ ਗਈ, ਸਾੜੀ ਦਾ ਪੱਲਾ ਉਪਰ ਉਠ ਗਿਆ। ਰਾਜੇ ਨੂੰ ਐਨਾ ਕ੍ਰੋਧ ਆਇਆ ਕਿ ਚੁੱਕ-ਚੁੱਕ ਕੇ ਕੜਾਹਿਆਂ 'ਚ ਸੁੱਟ ਦਿਤੇ, ਭੱਠਾਂ ਵਿਚ ਸੁੱਟ ਦਿਤੇ। ਬੱਚੇ ਮਰ ਗਏ, ਕੋਹੜ ਹੋ ਗਿਆ। ਜਨਮੇਜੇ ਦੇ ਕੋਲ ਵਿਆਸ ਜੀ ਆਏ, ਕਹਿਣ ਲੱਗੇ ਕਿਉਂ ਜਨਮੇਜੇ ਹੁਣ ਦੱਸ ਤੇਰੀ ਬੁੱਧੀ ਕਿਥੇ ਗਈ ਸੀ। ਤੈਨੂੰ ਤਾਂ ਅਸੀ ਲਿਖਾ ਦਿਤਾ ਸੀ ਨਾ ਪਰ ਤੂੰ ਰੋਕ ਨਾ ਸਕਿਆ। ਕਹਿਣ ਲੱਗਿਆ, ਮਹਾਰਾਜ! ਹੁਣ ਤਾਂ ਹੋ ਗਿਆ ਸਭ ਕੁਛ, ਜੋ ਕੁਛ ਹੋਣਾ ਸੀ। ਹੁਣ ਮੇਰੇ 'ਤੇ ਕ੍ਰਿਪਾ ਕਰੋ, ਕਹਿੰਦੇ ਲੈ ਕ੍ਰਿਪਾ ਤਾਂ ਅਸੀਂ ਕਰ ਦਿੰਦੇ ਹਾਂ, ਪਰ ਤੇਰੇ ਅੰਦਰ ਤਰਕ ਆ ਜਾਣੀ ਹੈ। ਕਹਿੰਦਾ ਕਿੱਥੇ? ਕਹਿੰਦੇ ਉਹ ਵੀ ਤੈਨੂੰ ਦੱਸ ਦਿੰਦੇ ਹਾਂ ਕਿ ਹੁਣ ਆਏਗੀ ਤੈਨੂੰ ਤਰਕ। ਸੁਣਾਉਂਦੇ-ਸੁਣਾਉਂਦੇ ਇਕ ਥਾਂ ਦੇ ਉਤੇ ਮੰਤਰ ਬਲ ਦਾ ਜ਼ਿਕਰ ਚੱਲ ਰਿਹਾ ਸੀ, ਉਹਦੇ ਵਿਚ ਆਇਆ ਕਿ ਬਾਰ-ਬਾਰ ਜੇ ਕਿਸੇ ਮੰਤਰ ਨੂੰ ਜਪਿਆ ਜਾਵੇ ਤਾਂ ਉਹਦੀ ਤਾਕਤ ਪ੍ਰਗਟ ਹੋ ਜਾਂਦੀ ਹੈ।

ਐਥੇ ਆਪਣੇ ਆਸ਼ਰਮ ਦੇ ਅੰਦਰ (ਰਤਵਾੜਾ ਸਾਹਿਬ) ਬਿਮਾਰ ਆਉਂਦੇ ਨੇ ਬਹੁਤ ਸਾਰੇ। ਅਸੀਂ ਕੁਛ ਨਹੀਂ ਦਸਦੇ, ਕੋਈ ਦਵਾਈ ਨਹੀਂ ਉਨ੍ਹਾਂ ਨੂੰ ਦਿੰਦੇ। ਸਿਰਫ ਐਨਾ ਹੀ ਦਸਦੇ ਹਾਂ ਕਿ ਤੁਸੀਂ ਜਪੁਜੀ ਸਾਹਿਬ ਦੀ ਸ਼ਕਤੀ ਦੇ ਨਾਲ ਰਾਜ਼ੀ ਹੋ ਜਾਵੋਂਗੇ। ਜਪੁਜੀ ਸਾਹਿਬ ਨੂੰ ਚਾਹੇ ਤਾਂ ਗਿਆਨ ਵਾਸਤੇ ਪੜ੍ਹ ਲਓ, ਚਾਹੇ ਦੁਨੀਆਂ ਦੇ ਕੰਮ ਠੀਕ ਕਰਨ ਨੂੰ ਪੜ੍ਹ ਲਓ, ਚਾਹੇ ਬੀਮਾਰੀਆਂ ਠੀਕ ਕਰਨ ਨੂੰ ਪੜ੍ਹ ਲਓ, ਸਾਰੀਆਂ ਚੀਜ਼ਾਂ ਨੂੰ ਸਮਰੱਥ ਹੈ ਤੇ ਨਾਲ ਅਸੀਂ ਸੇਵਾ ਦੱਸ ਦਿੰਦੇ ਹਾਂ, ਪੜ੍ਹਦੇ-ਪੜ੍ਹਦੇ ਉਨ੍ਹਾਂ ਦੀਆਂ ਬੀਮਾਰੀਆਂ ਖਤਮ ਹੋ ਜਾਂਦੀਆਂ ਨੇ। ਥੱਕੇ ਹੁੰਦੇ ਨੇ ਦਵਾਈਆਂ ਖਾ-ਖਾ ਕੇ, ਕਿਉਂਕਿ ਮੰਤਰ ਬਲ ਹੈ ਇਹ। ਪ੍ਰਗਟ ਹੋ ਜਾਂਦਾ ਹੈ ਉਹਦੇ ਵਿਚੋਂ। ਦੋ ਚੀਜ਼ਾਂ ਹੁੰਦੀਆਂ ਨੇ, ਇਕ ਤਾਂ ਲਕਸ਼ਣ ਹੁੰਦਾ ਹੈ, ਇਕ ਸ਼ਕਤੀ ਹੁੰਦੀ ਹੈ, ਅੱਖਰ ਕੋਈ ਬੋਲ ਲਓ ਤੁਸੀ, ਇਕ ਤਾਂ ਲਕਸ਼ਣ ਹੋਏਗਾ, ਇਕ ਸ਼ਕਤੀ ਹੋਏਗੀ। ਆਹ ਵਾਜਾ ਪਿਆ ਹੈ ਮੇਰੇ ਮੂਹਰੇ, ਇਕ ਤਾਂ ਇਹਦਾ ਲਕਸ਼ਣ ਹੈ ਕਿ ਜਿਹੜਾ ਤੁਹਾਨੂੰ ਨਜ਼ਰ ਆਉਂਦਾ ਹੈ, ਇਹਦੀ ਸ਼ਕਤੀ ਹੈ ਜੇ ਮੈਂ ਇਹਨੂੰ ਸਹੀ ਤਰੀਕੇ ਨਾਲ ਵਜਾਵਾਂ ਤਾਂ ਉਹ ਸੁਰਾਂ ਤੁਹਾਡੇ ਮਨ ਨੂੰ ਮੋਹਿਤ ਕਰ ਦੇਣਗੀਆਂ। ਮੋਹ ਲੈਣਾ ਇਹਦੀ ਸ਼ਕਤੀ ਹੈ, ਇਸੇ ਤਰ੍ਹਾਂ ਸ਼ਬਦ ਦੇ ਵਿਚ ਸ਼ਕਤੀ ਹੁੰਦੀ ਹੈ। ਸੋ ਉਹ ਜਿਸ ਵਕਤ ਕਹਿਣ ਲੱਗੇ ਮੈਂ ਸ਼ਬਦ ਦੀ ਗੱਲ ਕਰਨੀ ਹੈ ਤਾਂ ਤੈਨੂ ਤਰਕ ਆਉਣੀ ਹੈ, ਸਾਰੀ ਕਥਾ ਸੁਣਾਉਣ ਤੋਂ ਬਾਅਦ ਇਕ ਥਾਂ ਆਇਆ ਕਿ ਭੀਮ ਘਿਰ ਗਿਆ, ਕੋਈ ਹਥਿਆਰ ਨਹੀਂ। ਮੰਤਰ ਬਲ ਨਾਲ ਉਹਨੇ ਹਾਥੀ ਚੁੱਕ-ਚੁੱਕ ਕੇ ਉਪਰ ਸੁੱਟ ਦਿਤੇ, space ਵਿਚ, ਉਹ ਹੁਣ ਤਾਂਈਂ ਘੁੰਮਦੇ ਫਿਰਦੇ ਨੇ, ਉਤੋਂ ਤਾਂ ਹਾਂ ਕਰ ਦਿਤੀ ਲੇਕਿਨ ਅੰਦਰੋਂ ਤਰਕ ਆ ਗਈ, ਕਹਿੰਦੇ ਸੱਚ ਦੱਸ। ਕਹਿੰਦਾ, ਸੱਚ ਤਾਂ ਇਹ ਹੈ ਜੀ ਬਈ ਆਦਮੀ 'ਚ ਐਨਾ ਬਲ ਹੋ ਸਕਦਾ ਹੈ ਕਿ ਹਾਥੀਆਂ ਨੂੰ ਘੁੰਮਾ ਕੇ ਉਪਰ ਮਾਰੇ ਚੁੱਕ ਕੇ, ਚਾਲੀ ਪੰਜਾਹ ਮੀਲ ਕਹਿੰਦੇ ਉਹ ਤਾਂ ਤੈਨੂੰ ਹੁਣ ਅਸੀਂ ਦਿਖਾ ਦਿੰਦੇ ਹਾਂ, ਯੋਗ ਬਲ ਦੇ ਨਾਲ ਸਾਰੇ ਹਾਥੀਆਂ ਦੇ ਪਿੰਜਰਾਂ ਦਾ ਢੇਰ ਲਾ ਦਿਤਾ, ਕਹਿੰਦੇ ਹੁਣ ਦੱਸ। ਹੁਣ ਤੇਰੇ ਨੱਕ 'ਤੇ ਕੋਹੜ ਰਹਿ ਗਿਆ, ਇਹ ਵੀ ਮਿਟ ਜਾਣਾ ਸੀ, ਪਰ ਤੇਰੇ ਕਰਮਾਂ ਨੇ ਤੇਰਾ ਸਾਥ ਦਿਤਾ ਨਹੀਂ ਹੈ। ਸੋ ਮਹਾਰਾਜ ਕਹਿੰਦੇ -

*ਰਾਜਾ ਜਨਮੇਜਾ ਦੇ ਮਤੀਂ*
*ਬਰਜਿ ਬਿਆਸਿ ਪੜ੍ਹਾਇਆ ॥*
*ਤਿਨ੍ਹਿ ਕਰਿ ਜਗ ਅਠਾਰਹ ਘਾਏ*
*ਕਿਰਤੁ ਨ ਚਲੈ ਚਲਾਇਆ ॥ ਅੰਗ - ੧੩੪੪*

ਮੱਥੇ ਦੇ ਉਤੇ ਜੋ ਲਿਖਿਆ ਹੋਇਆ ਹੈ ਕਲਮ ਨਾਲ ਉਹ ਟਲਦੀ ਨਹੀਂ।

ਇਹਦੇ ਵਿਚ ਕਈਆਂ ਨੂੰ ਸ਼ੰਕਾ ਹੋ ਜਾਂਦਾ ਹੈ ਕਿ ਟਲਣ ਦਾ ਕੋਈ ਇਲਾਜ ਹੀ ਨਹੀਂ। ਮਹਾਰਾਜ ਕਹਿੰਦੇ, ਹੈਗਾ। ਸਿਰਫ veeto power ਸੰਤਾਂ ਕੋਲ ਹੁੰਦੀ ਹੈ ਇਸੇ ਕਰਕੇ ਵੇਦ ਸ਼ਾਸਤਰ ਇਨ੍ਹਾਂ ਦੀ ਮਹਿਮਾ ਨੂੰ ਨਹੀਂ ਜਾਣਦੇ।

*ਸਾਧ ਕੀ ਮਹਿਮਾ ਬੇਦ ਨ ਜਾਨਹਿ ॥*
*ਅੰਗ - ੨੭੨*

ਸੁਪਨੇ 'ਚ ਭੁਗਤਾ ਦੇਣ, ਸੂਲੀ ਦੀ ਸੂਲ ਕਰ ਦੇਣ, ਇਨ੍ਹਾਂ ਕੋਲ veeto power ਹੁੰਦੀ ਹੈ -

*ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ*
*ਓਇ ਰਾਮ ਨਾਮ ਰੰਗਿ ਰਾਤੇ ॥*
*ਤਿਨ੍ ਕੀ ਸੋਭਾ ਸਭਨੀ ਥਾਈ*
*ਜਿਨ੍ ਪ੍ਰਭ ਕੇ ਚਰਣ ਪਰਾਤੇ ॥ ਅੰਗ - ੭੪੯*

*ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ*
*ਮੋਹਿ ॥ ਏਕ ਸਮੈ ਮੋ ਕਉ ਗਹਿ ਬਾਂਧੈ*
*ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥*
*ਅੰਗ - ੧੨੫੩*

ਰਾਜਾ ਸੁਧ ਸਿੰਘ ਕਹਿੰਦਾ, ਮਹਾਰਾਜ! ਕ੍ਰਿਪਾ ਕਰਕੇ ਚਾਨਣਾ ਵੀ ਪਾ ਦਿਓ, ਮੈਂ ਬਚਣ ਦਾ ਯਤਨ ਕਰਾਂਗਾ।

ਕਹਿੰਦੇ ਲੈ ਤੈਨੂੰ ਦਸ ਦਿੰਦੇ ਹਾਂ ਪਿਛਲੇ ਜਨਮ 'ਚ ਤੂੰ ਗੁਰੂ ਕਾ ਸਿੰਘ ਸੀਗਾ, ਅਨੰਦਪੁਰ ਸਾਹਿਬ ਜਦੋਂ ਯੁੱਧ ਹੋਇਆ, ਉਥੇ ਜਦ ਘੇਰਾ ਪਿਆ ਤੇਰਾ ਦਿਲ ਟੁੱਟ ਗਿਆ, ਤੂੰ ਬੇਦਾਵਾ ਦੇ ਕੇ ਚਲਿਆ ਗਿਆ ਗੁਰੂ ਮਹਾਰਾਜ ਨੂੰ। ਲੇਕਿਨ ਦੁਬਾਰਾ ਮੁਕਤਸਰ ਆ ਕੇ ਤੂੰ

ਆਪਣਾ ਬਲੀਦਾਨ ਦਿਤਾ ਤੇ ਮਹਾਰਾਜ ਜੀ ਨੇ ਜਿੰਨੇ-ਜਿੰਨੇ ਕਿਸੇ ਦੇ ਦੁਆਲੇ ਮਰੇ ਹੋਏ, ਕਟੇ ਹੋਏ ਬੰਦੇ ਪਏ ਸੀ, ਉਸੇ ਤਰ੍ਹਾਂ ਦੱਸ ਹਜ਼ਾਰੀ, ਵੀਹ ਹਜ਼ਾਰੀ, ਪੰਜਾਹ ਹਜ਼ਾਰੀ, ਪੰਜ ਹਜ਼ਾਰੀ; ਇਸ ਤਰ੍ਹਾਂ ਵਰ ਦਿੰਦੇ ਚਲੇ ਗਏ। ਉਹ ਵਰ ਦਾ ਸਦਕਾ, ਆਹ ਜਿਹੜੇ ਛੋਟੇ-ਛੋਟੇ ਮਿਸਲਾਂ ਵਾਲੇ ਨੇ ਇਹਨਾਂ ਨੂੰ ਸਰਦਾਰੀਆਂ ਮਿਲ ਰਹੀਆ ਨੇ। ਤੇਰੇ ਘਰ ਵਿਚ ਇਕ ਨੌਕਰ ਸੀ, ਉਹਨੇ ਚੋਰੀ ਕਰ ਲਈ, ਤੂੰ ਐਨਾ ਕੁੱਟਿਆ ਕਿ ਉਹ ਮਰ ਗਿਆ। ਕਹਿੰਦਾ, ਮਰਨ ਤੋਂ ਬਾਅਦ ਉਹ ਬਾਰ੍ਹਾਂਬੰਕੀ 'ਚ ਜਾ ਕੇ ਯੂ.ਪੀ. 'ਚ ਹਾਥੀ ਬਣ ਗਿਆ। ਕਹਿੰਦਾ, ਹੁਣ ਤੇਰੇ ਕਰਮ ਨੇ ਓਹੀ ਹਾਥੀ ਖਰੀਦ ਲਿਆ। ਕਹਿੰਦਾ, ਮਹਾਰਾਜ! ਇਹ ਤਾਂ ਮੈਨੂੰ ਬੜੇ ਜੰਗਾਂ-ਯੁੱਧਾਂ 'ਚੋਂ ਬਚਾ ਕੇ ਲਿਆਉਂਦਾ ਹੈ, ਕਹਿੰਦਾ ਬਚਾ ਕੇ ਹੀ ਲਿਆਉਂਦਾ ਹੈ ਦੂਜੇ ਦੇ ਹੱਥੋਂ ਨਹੀਂ ਇਹਨੇ ਤੈਨੂੰ ਮਰਨ ਦੇਣਾ, ਇਹਨੇ ਤੈਨੂੰ ਆਪ ਮਾਰਨਾ ਹੈ।

ਕਹਿੰਦੇ, ਅਸੀਂ ਪੜ੍ਹ ਲਿਆ, ਮਨ ਦੇ ਵਿਚ ਬੁਰਿਆਈ ਰੱਖੀ ਬੈਠਾ ਹੈ ਇਹ। ਬਚਨ ਮੰਨ ਲੈ ਸੰਤਾਂ ਦਾ। ਜੇ ਬਚਨ ਮੰਨ ਲਏਂਗਾ, ਸੁਖੀ ਰਹੇਂਗਾ। ਤੇਰੀ ਮਰਜ਼ੀ ਅੱਗੇ, ਸੋ ਸਾਰੀ ਗੱਲ ਸਮਝਾ ਦਿੱਤੀ। ਮਹਾਂਪੁਰਸ਼ ਤਾਂ ਵਾਪਸ ਊਨੇ ਸਾਹਿਬ ਨੂੰ ਆ ਗਏ। ਜਦੋਂ ਇਹ ਬਾਬਾ ਸਾਹਿਬ ਸਿੰਘ ਜੀ ਕੋਲੋਂ ਤੁਰਿਆ ਤਾਂ ਹਾਥੀ ਦੇ ਨਾਲ ਤੁਰਿਆ ਜਾਂਦਾ ਹੈ, ਜਿਹੜੇ ਅੰਗਰਖਿਅਕ ਸੀ ਕਹਿਣ ਲੱਗੇ ਕਿ ਸਰਦਾਰ ਜੀ! ਉਤੇ ਚੜ੍ਹ ਜਾਓ। ਕਹਿੰਦਾ, ਨਾ ਬਾਬਾ ਜੀ ਨੇ ਮਨ੍ਹਾਂ ਕਰਿਆ ਹੈ। ਉਹ ਕਹਿੰਦੇ ਕਿ ਸਾਨੂੰ ਪਤਾ ਹੈ ਕਿ ਬਾਬਾ ਜੀ ਨੇ ਕਿਉਂ ਮਨ੍ਹਾਂ ਕਰਿਆ ਹੈ। ਕਹਿੰਦਾ, ਤੁਹਾਨੂੰ ਕੀ ਪਤਾ ਹੈ? ਕਹਿੰਦੇ, ਤੁਸੀਂ ਉਨ੍ਹਾਂ ਦੇ ਸਾਮ੍ਹਣੇ ਹਾਥੀ 'ਤੇ ਚੜ੍ਹ ਕੇ ਆਏ ਤੇ ਉਥੇ ਸਾਮ੍ਹਣੇ ਬਿਠਾ ਕੇ ਉਤਰੇ, ਉਨ੍ਹਾਂ ਨੇ ਬੁਰਾ ਮੰਨਿਆ ਤੇ ਹਾਥੀ ਤੋਂ ਹੀ ਤੁਹਾਡਾ ਖਹਿੜਾ ਛੁਡਾ ਦਿਤਾ ਢੰਗ ਨਾਲ।

ਗੱਲ ਨਾਸਤਕਤਾ ਦੀ ਕਰ ਦਿਤੀ। ਕਹਿੰਦਾ ਗੱਲ ਤਾਂ ਮੇਰੇ ਮਨ 'ਚ ਵੀ ਲਗਦੀ ਹੈ, ਇਹ ਤਾਂ ਵਿਚਾਰੇ ਨੇ ਜੇ ਮੈਨੂੰ ਮਾਰਨਾ ਹੁੰਦਾ ਹੁਣ ਤਕ ਮਾਰ ਹੀ ਦਿੰਦਾ। ਤਿੰਨ ਮਹੀਨੇ ਤੋਂ ਬਾਅਦ ਜਦ ਸਾਹਨੇਵਾਲ ਦੀ ਸੰਗਤ ਊਨੇ ਸਾਹਿਬ ਗਈ, ਬਾਬਾ ਜੀ ਕਹਿਣ ਲੱਗੇ, ਸੁਨਾਓ ਭਾਈ ਸੁੱਧ ਸਿੰਉਂ ਦਾ ਹਾਲ ਕੀ ਹੈ? ਕਹਿੰਦੇ, ਬਾਬਾ ਜੀ! ਉਹ ਤਾਂ ਥੋੜ੍ਹੇ ਦਿਨ ਹੋਏ ਹਾਥੀ ਨੇ ਮਾਰ ਦਿਤਾ, ਮਾਰਿਆ ਵੀ ਬੁਰੀ ਤਰ੍ਹਾਂ ਹੈ। ਕਹਿੰਦੇ, ਇਕੱਲਾ ਅੜਿੱਕੇ ਆਇਆ, ਸਿੱਟ ਲਿਆ, ਸਿੱਟ ਕੇ ਪੈਰ ਨਾਲ ਦੱਬ ਲਿਆ। ਫੇਰ ਉਹਦੇ ਉਤੇ ਬੈਠ ਕੇ ਸਾਰੀਆਂ ਉਹਦੀਆਂ ਆਂਦਰਾਂ ਪਸਲੀਆਂ ਤੋੜ-ਤੋੜ ਕੇ ਐਉਂ ਬਣਾ ਦਿਤੀਆਂ ਜਿਵੇਂ ਚੱਕੀ 'ਚ ਪੀਹੀਦਾ ਹੈ। ਸੌ ਮਣ ਬੋਝ ਹੁੰਦਾ ਹੈ ਹਾਥੀ ਦਾ। ਕਹਿੰਦੇ, ਜਿੰਦ ਹੀ ਪੈ ਗਿਆ, ਕੋਈ ਛੁਡਾ ਨਹੀਂ ਸਕਿਆ। ਕਹਿੰਦੇ, ਭਾਈ! ਅਸੀਂ ਤਾਂ ਗੁਰਮੁਖੋ! ਸੰਤ ਦਰਸ਼ਨ ਦਾ ਫਲ ਦੇਣਾ ਚਾਹੁੰਦੇ ਸੀ। ਕਿਉਂਕਿ ਸੰਤਾਂ ਦੇ ਦਰਸ਼ਨ ਕਰਨ ਦੇ ਨਾਲ ਵਿਘਨਾਂ ਦਾ ਨਾਸ਼ ਹੋ ਜਾਇਆ ਕਰਦਾ ਹੈ, ਸੰਤਾਂ ਦੇ ਬਚਨ ਦੀ ਕਮਾਈ ਦੇ ਨਾਲ ਜਿਹੜੀਆਂ ਔਖਿਆਈਆਂ ਤੇ ਦੁਖ ਜ਼ਿੰਦਗੀ 'ਚ ਆਉਂਦੇ ਨੇ, ਉਹ ਹਟ ਜਾਇਆ ਕਰਦੇ ਨੇ, ਮਾਮੂਲੀ ਰਹਿ ਜਾਇਆ ਕਰਦੇ ਨੇ। ਸੂਲੀ ਦੀ ਸੂਲ ਬਣ ਜਾਇਆ ਕਰਦੀ ਹੈ। ਪਰ ਕੋਈ ਨਾ ਉਹਦੀ ਕਿਸਮਤ ਐਹੋ ਜਿਹੀ ਸੀ। ਉਸ ਪ੍ਰੇਮੀ ਨੇ ਗੱਲ ਮੰਨੀ ਨਾ।

ਇਕ ਦਿਨ ਆਪ ਦਰਬਾਰ ਵਿਚ ਬੈਠੇ ਨੇ। ਉਸ ਵੇਲੇ ਸਾਰੇ ਰਾਜੇ ਪੰਜਾਬ ਦੇ ਆਪ ਦੇ ਦਰਬਾਰ ਵਿਚ ਥਾਂ-ਥਾਂ 'ਤੇ ਬੈਠੇ ਸਤਿਕਾਰ ਦੇ ਨਾਲ ਬਾਬਾ ਜੀ ਦੇ ਬਚਨ ਸੁਣਦੇ ਨੇ। ਐਨੇ ਨੂੰ ਇਕ ਮਾਈ ਮਾਲਵੇ ਦੀ ਜਿਸਨੇ ਬਾਬਾ ਜੀ ਦੇ ਬਾਰੇ ਉਡਦੀ-ਉਡਦੀ ਗੱਲ ਸੁਣੀ ਕਿ ਐਸ ਵੇਲੇ ਉਹ ਸਮਰੱਥ ਪੁਰਸ਼ ਨੇ। ਜੋ ਕੁਛ ਕਹਿਣ ਉਹ ਕਰ ਦਿੰਦੇ ਨੇ। ਉਹਦੇ ਮਨ ਵਿਚ ਵੀ ਸ਼ੌਕ ਜਾਗਿਆ ਕਿ ਮੈਂ ਮਹਾਂਪੁਰਸ਼ਾਂ ਦੇ ਦਰਸ਼ਨ ਤਾਂ ਕਰਾਂ। ਕੁਛ ਰੂਹਾਨੀ ਸ਼ੌਕ ਸੀ ਮਨ ਦੇ ਅੰਦਰ। ਸੋ ਮਾਈ ਮਾਲਵੇ 'ਚੋਂ ਜਦ ਚਲਦੀ ਹੈ ਤਾਂ ਨਾਲ ਹੀ ਖਿਆਲ ਆਉਂਦਾ ਹੈ ਕਿ ਸੰਤਾਂ ਦੇ ਕੋਲ ਖਾਲੀ ਹੱਥ ਨਹੀਂ ਜਾਣਾ ਚਾਹੀਦਾ। ਖਾਲੀ ਜਾਣ ਵਾਲਾ ਖਾਲੀ ਆਉਂਦਾ ਹੈ ਕਿਉਂਕਿ ਸ਼ਰਧਾ ਭਾਵਨਾ ਨਾ ਹੋਣ ਕਰਕੇ ਉਹ ਝੁਕਦਾ ਨਹੀਂ ਹੈ ਤੇ ਆਪਣੀ ਸ਼ਰਧਾ ਦਾ ਪ੍ਰਗਟਾਵਾ ਨਹੀਂ ਕਰਦਾ। ਸੰਤਾਂ ਨੇ ਤਾਂ ਕਿਸੇ ਤੋਂ ਪੈਸੇ ਲੈਣੇ ਹੀ ਨਹੀਂ, ਉਨ੍ਹਾਂ ਨੇ ਕਰਨੇ ਹੀ ਕੀ ਨੇ, ਉਹ ਤਾਂ ਤੁਹਾਡੀ ਕਮਾਈ ਨੂੰ ਸਫਲ ਕਰਨ ਵਾਸਤੇ, ਸਮਾਂ ਖੇਚਲ 'ਚ ਪੈਂਦੇ ਨੇ, ਵਾਧੂ ਸਮਾਂ ਦਿੰਦੇ ਨੇ, ਲੰਗਰ ਚਲਾਉਣਗੇ। ਸਕੂਲ ਚਲਾਉਣਗੇ, ਬੇਅੰਤ ਭਲਾਈ ਦੇ ਕਾਰਜ ਕਰਨਗੇ। ਉਹਦੀ ਥਾਂ ਤੇ ਆਰਾਮ ਨਾਲ ਵੀ ਨਾਮ ਜਪ ਸਕਦੇ ਨੇ ਇਕ ਥਾਂ ਬੈਠ ਕੇ। ਪਰ

*ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥*

*ਅੰਗ - ੨੭੩*

ਉਮਾਹ ਚਿੱਤ ਵਿਚ ਹੁੰਦਾ ਹੈ ਕਿ ਪਰਉਪਕਾਰ ਹੋ ਜਾਵੇ। ਦੁਖੀ ਤੇ ਗਰੀਬ ਦੁਨੀਆਂ ਨੂੰ ਕੋਈ ਰਾਹ ਲੱਭ ਜਾਵੇ। ਇਨ੍ਹਾਂ ਦੀ ਆਰਥਕ ਸਥਿਤੀ ਵੀ ਠੀਕ ਹੋ ਜਾਵੇ। ਇਨ੍ਹਾਂ ਦੀਆਂ ਭਾਈਚਾਰਕ ਗੁੰਝਲਾਂ ਵੀ ਠੀਕ ਹੋ ਜਾਣ ਤੇ ਇਨ੍ਹਾਂ ਨੂੰ ਰੂਹਾਨੀ ਰਾਹ ਵੀ ਮਿਲ ਜਾਏ। ਇਸ ਕਰਕੇ ਸੰਤ ਤੁਰੇ ਫਿਰਦੇ ਨੇ ਜਿਨ੍ਹਾਂ ਨੂੰ ਜੰਗਮ ਤੀਰਥ ਕਹਿੰਦੇ ਨੇ। ਥਾਂ-ਥਾਂ ਤੇ ਤੀਰਥ ਲਾਉਂਦੇ ਨੇ ਤੇ ਲੋਕਾਂ ਦਾ ਭਲਾ ਕਰਦੇ ਨੇ। ਸੋ ਇਸ ਤਰ੍ਹਾਂ ਦੇ ਨਾਲ ਮਨ ਵਿਚ ਖਿਆਲ ਆਇਆ ਕਿ ਮਹਾਂਪੁਰਸ਼ਾਂ ਕੋਲ ਖਾਲੀ ਹੱਥ ਨਹੀਂ ਜਾਣਾ ਚਾਹੀਦਾ। ਉਸ ਵੇਲੇ ਉਹਨੇ ਦਸ ਸੇਰ ਬਾਜਰੇ ਦੀ ਇਕ ਪੋਟਲੀ ਬੰਨ੍ਹੀ, ਬੁੜ੍ਹੀ ਮਾਈ ਹੈ। ਰੋਜ਼ ਪੰਜ-ਪੰਜ, ਛੇ-ਛੇ ਮੀਲ ਦਾ ਪੈਂਡਾ ਤਹਿ ਕਰਦੀ ਹੈ, ਸਿਰ ਦੇ ਉਤੇ ਪੋਟਲੀ ਚੁੱਕੀ ਹੋਈ ਹੈ, ਤੇ ਮਨ ਵਿਚ ਚਾਓ ਹੈ ਕਿ ਮੈਂ ਜਾ ਕੇ ਮਹਾਂਪੁਰਸ਼ਾਂ ਦੇ ਅੱਗੇ ਭੇਟਾ ਕਰਾਂਗੀ। ਇਸ ਤਰ੍ਹਾਂ ਕਰਦੀ-

ਕਰਦੀ ਊਨਾ ਸਾਹਿਬ ਕਿੰਨਿਆਂ ਦਿਨਾਂ 'ਚ ਪਹੁੰਚਦੀ ਹੈ। ਕੱਪੜੇ ਮੈਲੇ ਹੋ ਗਏ, ਧੂੜ ਨਾਲ ਲੱਥ-ਪਥ ਹੋਈ ਪਈ ਹੈ ਤੇ ਅੱਗੇ ਜਾ ਕੇ ਕੀ ਦੇਖਦੀ ਹੈ ਕਿ ਬਾਬਾ ਜੀ ਦੇ ਦਰਬਾਰ ਵਿਚ ਬਹੁਤ ਸੋਹਣੇ ਰੇਸ਼ਮੀ ਕੱਪੜਿਆ ਵਾਲੇ ਰਾਜੇ ਬੈਠੇ ਨੇ, ਸਰਦਾਰ ਬੈਠੇ ਨੇ, ਡਰ ਗਈ ਕਿ ਮੇਰੇ ਵਰਗੇ ਦਾ ਇਥੇ ਕੀ ਥਾਉਂ। ਇਹ ਤਾਂ ਸ਼ਾਹੀ ਦਰਬਾਰ ਲੱਗਿਆ ਹੋਇਆ ਹੈ ਮੈਂ ਗਰੀਬਣੀ, ਮੇਰੇ ਤਾਂ ਜੁੱਤੀ ਵੀ ਨਹੀਂ ਪੈਰਾਂ ਦੇ ਅੰਦਰ। ਪੈਰ ਵੀ ਪਾਟ ਗਏ ਤੁਰਦੀ-ਤੁਰਦੀ ਦੇ। ਕੱਪੜੇ ਸਾਰੇ ਮੈਲੇ ਹੋਏ ਪਏ ਨੇ, ਪਸੀਨੇ ਦੀ ਬਦਬੂ ਆ ਰਹੀ ਹੈ, ਮੈਂ ਮਹਾਂਪੁਰਸ਼ਾਂ ਕੋਲ ਕਿਵੇਂ ਜਾਵਾਂ? ਉਹ ਦਿਆਲੂ ਹੁੰਦੇ ਨੇ, ਸਮ-ਦ੍ਰਿਸ਼ਟੀ ਹੁੰਦੀ ਹੈ ਮਹਾਂਪੁਰਸ਼ਾਂ ਦੀ। ਉਸੇ ਵੇਲੇ ਸੇਵਾਦਾਰ ਨੂੰ ਕਹਿਣ ਲੱਗੇ, ਔਹ ਜਿਹੜੀ ਮਾਈ ਖੜ੍ਹੀ ਹੈ ਨਾ ਬਾਹਰ, ਉਹਨੂੰ ਸਾਡੇ ਕੋਲ ਲਿਆਓ। ਸੇਵਾਦਾਰ ਜਾਂਦਾ ਹੈ ਕਹਿੰਦਾ ਹੈ ਕਿ ਮਾਈ ਤੈਨੂੰ ਬਾਬਾ ਜੀ ਬੁਲਾ ਰਹੇ ਨੇ। ਪੋਟਲੀ ਲਾਹ ਕੇ ਰੱਖਣ ਦੀ ਗੱਲ ਕਰਦੀ ਹੈ। ਮੇਰੇ ਕੋਲ ਪੋਟਲੀ ਹੈ, ਇਥੇ ਰਾਜੇ ਬੈਠੇ ਨੇ ਤੇ ਮੈਂ ਕਿਵੇਂ ਜਾ ਕੇ ਪੋਟਲੀ ਦੇਵਾਂਗੀ ਉਨ੍ਹਾਂ ਨੂੰ। ਉਸ ਵੇਲੇ ਪੋਟਲੀ ਰੱਖ ਦਿਤੀ। ਬਾਬਾ ਜੀ ਨੇ ਦੂਜਾ ਸਿੰਘ ਭੇਜਿਆ ਕਿ ਮਾਤਾ ਨੂੰ ਕਹਿ ਉਹ ਰੱਖੇ ਨੇ ਉਵੇਂ ਜਿਵੇਂ ਹੀ ਲੈ ਆਵੇ। ਸੋ ਲੈ ਕੇ ਜਦੋਂ ਹਾਜ਼ਰ ਹੁੰਦੀ ਹੈ, ਨਮਸ਼ਕਾਰ ਕਰਦੀ ਹੈ ਤੇ ਪੋਟਲੀ ਚਰਨਾਂ 'ਚ ਭੇਟਾ ਕਰਦੀ ਹੈ, ਓਸ ਵੇਲੇ ਬਾਬਾ ਜੀ ਦਇਆ ਦੇ ਘਰ ਵਿਚ ਆ ਕੇ, ਪਿਆਰ ਦੇ ਘਰ ਵਿਚ ਆ ਕੇ, ਕਹਿਣ ਲੱਗੇ, ਲਓ ਪ੍ਰੇਮੀਓ! ਆਹ ਸਾਡੀ ਪਿਆਰ ਭੇਟਾ ਆ ਗਈ। ਇਹ ਆਦਿ ਜੁਗਾਦਿ ਤੋਂ ਤੁਰਿਆ ਆਉਂਦਾ ਹੈ ਕਿ ਜਦੋਂ ਸੁਦਾਮਾ ਗਿਆ ਸੀ ਕੱਚੇ ਚੌਲ ਲੈ ਕੇ ਗਿਆ ਸੀ। ਉਸ ਵੇਲੇ ਕਿੰਨੇ ਪਿਆਰ ਦੇ ਨਾਲ ਕ੍ਰਿਸ਼ਨ ਮਹਾਰਾਜ ਨੇ ਉਨ੍ਹਾਂ ਦੇ ਫੱਕੇ ਮਾਰੇ, ਤਿੰਨ ਮਾਰ ਲਏ ਸੀ, ਚੌਥਾ ਮਾਰਨ ਲੱਗੇ ਤਾਂ ਰੁਕਮਣੀ ਨੇ ਬਾਂਹ ਫੜ ਲਈ, ਕਹਿਣ ਲੱਗੀ ਕਿ ਮਹਾਰਾਜ! ਕੁਛ ਸਾਡੇ ਜੋਗਾ ਵੀ ਛੱਡ ਦਿਓ, ਤੁਸੀਂ ਸਾਰਾ ਕੁਛ ਹੀ ਉਹਨੂੰ ਦੇਈ ਜਾਂਦੇ ਓਂ।

*ਧਾਰਨਾ - ਸਤਿਗੁਰ ਬਖਸ਼ਦੇ*
*ਖਜ਼ਾਨੇ ਭਰੇ ਦਾਤਾਂ ਦੇ,*
*ਕਉਡੀ ਇਕ ਲੈ ਕੇ ਪਿਆਰ ਦੀ।*

ਕਿਉਂਕਿ ਸਤਿਗੁਰੂ ਦਇਆਲੂ ਹੋਇਆ ਕਰਦਾ ਹੈ। ਭਾਵਨਾ ਦੇਖਿਆ ਕਰਦੇ ਨੇ।

ਬਾਬਾ ਕਰਮ ਸਿੰਘ ਜੀ ਮਹਾਰਾਜ ਹੋਤੀ ਮਰਦਾਨ ਵਾਲੇ ਸੰਗਤ ਬੈਠੀ ਹੈ, ਬਚਨ ਚੱਲ ਰਹੇ ਨੇ। ਓਸ ਵੇਲੇ ਇਕ ਬੁੱਢੀ ਮਾਈ ਆਉਂਦੀ ਹੈ। ਤੀਹ ਮੀਲ ਦਾ ਸਫਰ ਕੱਢ ਕੇ ਜਦ ਬਾਬਾ ਜੀ ਦੇ ਪਾਸ ਪਹੁੰਚਦੀ ਹੈ, ਓਸ ਵੇਲੇ ਮਾਤਾ ਨੇੜੇ ਆਉਂਦੀ ਹੈ, ਬਾਬਾ ਜੀ ਬੁਲਾ ਲੈਂਦੇ ਨੇ ਕਿ ਮਾਤਾ ਹੋਰ ਨੇੜੇ ਆ। ਡਰਦੀ ਹੈ, ਆਪਣੇ ਕੱਪੜਿਆਂ ਵਲ ਦੇਖਦੀ ਹੈ, ਆਪਣੇ ਬੁਢਾਪੇ ਵਲ ਦੇਖਦੀ ਹੈ, ਹੌਂਸਲਾ ਹੋਇਆ ਕਿ ਮਹਾਂਪੁਰਸ਼ ਮੈਨੂੰ ਕਹਿੰਦੇ ਨੇ ਹੋਰ ਅੱਗੇ ਆ ਜਾ। ਨੇੜੇ ਆ ਗਈ, ਇਕ ਲੀਰ ਕੱਢੀ, ਇਕ ਗੰਢ ਖੋਲ੍ਹੀ, ਦੂਜੀ ਖੋਲ੍ਹੀ, ਤੀਜੀ ਖੋਲ੍ਹੀ, ਚੌਥੀ ਖੋਲ੍ਹੀ; ਸਾਰੇ ਦੇਖਦੇ ਨੇ ਕਿ ਨੇ ਕਿ ਪਤਾ ਨਹੀਂ ਮਾਈ ਨੇ ਕੋਈ ਸੋਨੇ ਦਾ ਟੁਕੜਾ ਬੰਨ੍ਹਿਆ ਹੋਣਾ ਹੈ ਇਹਦੇ ਵਿਚ। ਕੋਈ ਕੀਮਤੀ ਚੀਜ਼ ਹੈ ਜਿਹੜੀ ਐਨੀਆਂ ਗੰਢਾਂ ਦਿਤੀਆਂ ਨੇ। ਵਿਚੋਂ ਕੀ ਨਿਕਲਿਆ ਪੰਜ ਪੈਸੇ। ਬਾਬਾ ਜੀ ਨੇ ਅੱਗੇ ਹੱਥ ਕਰ ਦਿਤਾ। ਕਹਿੰਦੇ ਲਿਆ ਮਾਈ, ਪੰਜ ਪੈਸੇ ਲੈ ਕੇ ਹੱਥ ਵਿਚ ਹੀ ਰੱਖ ਲਏ। ਚਰਨਾਂ ਦੇ ਵਿਚ ਇਕ ਪ੍ਰੇਮੀ ਨੇ ਇਕ ਹਜ਼ਾਰ ਰੁਪਿਆ ਮੱਥਾ ਟੇਕਿਆ ਹੋਇਆ ਹੈ। ਉਹਦੇ ਮਨ 'ਚ ਆਉਂਦਾ ਹੈ ਕਿ ਬਾਬਾ ਜੀ ਹੇਠਾਂ ਨੂੰ ਦੇਖਣ ਤੇ ਪਤਾ ਲਗ ਜਾਵੇ ਉਨ੍ਹਾਂ ਨੂੰ ਕਿ ਮੈਂ ਹਜ਼ਾਰ ਰੁਪਿਆ ਮੱਥਾ ਟੇਕਿਆ ਹੈ, ਜਿਉਂ-ਜਿਉਂ ਉਹਦੇ ਮਨ ਵਿਚ ਖਿਆਲ ਆਉਂਦਾ ਹੈ ਬਾਬਾ ਜੀ ਜੋੜੇ ਸਣੇ ਬੈਠੇ ਸੀ, ਉਹਦੀ ਨੋਕ ਦੇ ਨਾਲ ਹਰ ਵਾਰੀ ਓਸਨੂੰ ਪਰ੍ਹੇ ਨੂੰ ਕਰ ਦਿੰਦੇ ਨੇ। ਉਹ ਉਹਦੇ ਵਲ ਦੇਖੀ ਜਾਂਦਾ ਹੈ ਕਿ ਮੇਰੇ ਰੁਪਈਆਂ ਵਲ ਦੇਖਦੇ ਹੀ ਨਹੀਂ। ਫੇਰ ਨੇੜੇ ਜਿਹੇ ਨੂੰ ਕਰ ਦਿੰਦਾ ਹੈ, ਬਾਬਾ ਜੀ ਫੇਰ ਪਰ੍ਹੇ ਨੂੰ ਕਰ ਦਿੰਦੇ ਨੇ, ਸਾਧਾਰਣ ਹੀ। ਅਖੀਰ ਜਦ ਓਸ ਪ੍ਰੇਮੀ ਨੂੰ ਦੇਖਿਆ ਕਿ ਬੜਾ ਫੁਰਨਾ ਕਰ ਰਿਹਾ ਹੈ ਕਿ ਮੇਰਾ ਪੈਸਾ ਨਹੀਂ ਦੇਖ ਰਹੇ। ਓਸ ਵੇਲੇ ਬਾਬਾ ਜੀ ਕਹਿਣ ਲੱਗੇ, ਪ੍ਰੇਮੀਆਂ! ਚੁੱਕ ਆਪਣਾ ਪੈਸਾ। ਕਿੰਨੇ ਚਿਰ ਦਾ ਫੁਰਨੇ ਕਰੀ ਜਾਂਦਾ ਹੈ। ਕਹਿੰਦੇ, ਸੱਚ ਦੱਸ ਕਿੱਥੋਂ ਲੈ ਕੇ ਆਇਆ ਹੈਂ ਐਨੇ ਪੈਸੇ। ਕੀ ਕੰਮ ਕਰਦਾ ਹੈਂ? ਕਹਿੰਦਾ ਜੀ ਮੈਂ ਸਰਕਾਰੀ ਕਰਮਚਾਰੀ ਹਾਂ, ਤੇ ਮੇਰੇ ਚਾਰਜ ਵਿਚ ਵੱਡਾ ਮਹਿਕਮਾ ਹੈ। ਕਹਿੰਦੇ ਸੱਚ ਦੱਸ, ਨਹੀਂ ਤਾਂ ਅਸੀਂ ਦੱਸ ਦੇਵਾਂਗੇ। ਕਹਿੰਦਾ, ਮਹਾਰਾਜ! ਮੇਰਾ ਪੜਦਾ ਰੱਖ ਲਓ, ਹੁਣ ਨਾ ਦੱਸਿਓ। ਕਹਿੰਦੇ, ਪ੍ਰੇਮੀਆਂ! ਬੇਈਮਾਨੀ ਕਰਕੇ ਠੱਗੀ ਕਰਕੇ ਰਿਸ਼ਵਤ ਲੈ ਕੇ ਤੂੰ ਇਹ ਪੈਸੇ ਲੈ ਕੇ ਆਇਆ ਹੈਂ, ਮੈਂ ਜਿਹੜੇ ਸਾਧਾਂ ਨੂੰ ਖਲਾ ਦੇਵਾਂਗਾ, ਉਹ ਬਚਣਗੇ ਕਿ ਮਰਨਗੇ? ਜ਼ਹਿਰ ਦੇ ਰਿਹਾ ਹੈਂ ਤੂੰ ਇਨ੍ਹਾਂ ਨੂੰ। ਚੁੱਕ ਆਪਣੇ ਪੈਸੇ। ਆਹ ਮਾਈ ਦੇ ਪੰਜ ਪੈਸਿਆਂ ਤੇ ਇਤਰਾਜ਼ ਕਰੀ ਜਾਂਦਾ ਹੈਂ ਕਿ ਬਾਬਾ ਜੀ ਨੇ ਪੰਜ ਪੈਸੇ ਤਾਂ ਹੱਥ ਵਿਚ ਰੱਖ ਲਏ।

ਮਾਈ! ਆਪਣੀ ਵਾਰਤਾ ਦੱਸ। ਕਿੱਥੇ ਰਹਿੰਦੀ ਹੈਂ, ਕਹਿੰਦੀ ਮਹਾਰਾਜ ਮੇਰਾ ਪਿੰਡ ਇਥੋਂ ਤੀਹ ਮੀਲ 'ਤੇ ਹੈ। ਬਚਪਨ ਵਿਚ ਮੈਂ ਵਿਧਵਾ ਹੋ ਗਈ, ਮੇਰੇ ਕੋਈ ਬੱਚਾ ਨਹੀਂ, ਸਾਰੀ ਜ਼ਿੰਦਗੀ ਮੈਂ ਰੁਲ-ਖੁਲ ਕੇ ਕੱਟੀ ਹੈ। ਲੋਕਾਂ ਦੇ ਭਾਂਡੇ ਮਾਂਜੇ ਨੇ, ਘਰ ਲਿੱਪੇ ਨੇ, ਗੋਹੇ ਚੁੱਕੇ ਨੇ, ਬੱਚੇ ਖਿਡਾਏ ਨੇ, ਹੋਰ ਜੋ ਕੰਮ ਵੀ ਮੈਨੂੰ ਕਹਿੰਦੇ ਨੇ ਚੱਕੀ ਪੀਹਣ ਨੂੰ, ਮੈਂ ਆਟੇ ਪੀਸੇ ਨੇ ਤੇ ਮੈਨੂੰ ਖਾਣ ਨੂੰ ਰੋਟੀ ਹੀ ਮਿਲਦੀ ਸੀ ਮਹਾਰਾਜ! ਹੋਰ ਕੁਛ ਨਹੀਂ ਸੀ ਮਿਲਦਾ। ਤਰਸ ਕਰਕੇ ਕਿਸੇ ਨੇ ਮੈਨੂੰ ਕੱਪੜਾ ਦੇ ਦੇਣਾ, ਜਦ ਮੇਰੇ ਪਹਿਲੇ ਪਾਟ ਜਾਂਦੇ ਸੀ। ਐਉਂ ਮੈਂ ਜ਼ਿੰਦਗੀ

ਸਾਰੀ ਗੁਜ਼ਾਰੀ ਹੈ। ਕਦੇ ਦੀਵਾਲੀ ਆ ਗਈ, ਕਦੇ ਦੁਸਹਿਰਾ ਆ ਗਿਆ, ਵਿਸਾਖੀ ਆ ਗਈ ਤਾਂ ਮੈਨੂੰ ਇਕ ਪੈਸਾ ਇਨਾਮ ਦੇ ਦਿੰਦੇ ਸੀ। ਸੋ ਮਹਾਰਾਜ ਮੈਂ ਦੋ ਸਾਲ ਤੋਂ ਸੋਚਦੀ ਸੀ ਕਿ ਹਜ਼ੂਰ ਦੇ ਦਰਸ਼ਨ ਕਰਾਂ। ਪਰ ਮੈਂ ਸੁਣਿਆ ਹੋਇਆ ਸੀ ਕਿ ਮਹਾਂਪੁਰਸ਼ਾਂ ਦੇ ਕੋਲ ਖਾਲੀ ਹੱਥ ਨਹੀਂ ਜਾਈਦਾ, ਸੋ ਮੈਂ ਜੋੜਨ ਲਗ ਗਈ, ਇਹ ਦੋ ਸਾਲ ਦੇ ਵਿਚ ਮੇਰੇ ਕੋਲ ਪੰਜ ਪੈਸੇ ਜੁੜੇ ਨੇ ਮਹਾਰਾਜ। ਬੜੀ ਮੇਰੇ ਵਾਸਤੇ ਕੀਮਤੀ ਚੀਜ਼ ਹੈ ਮੈਂ ਸਾਂਭ-ਸਾਂਭ ਕੇ ਗੱਠਾਂ ਦੇ-ਦੇ ਕੇ, ਲਕੋ-ਲਕੋ ਕੇ ਰੱਖੇ ਨੇ, ਤੇ ਹੁਣ ਮਹਾਰਾਜ ਮੈਂ ਪਰਸੋਂ ਤੁਰੀ ਸੀ, ਥੋੜ੍ਹਾ ਜਿਹਾ ਪੈਂਡਾ ਅੰਨ੍ਹ ਦੇ ਦਾਣਿਆਂ ਦੀ ਪੰਡ ਚੁੱਕ ਕੇ ਮੈਂ ਥੱਕ ਗਈ, ਫੇਰ ਉਥੇ ਰਹੀ, ਫੇਰ ਤੁਰੀ ਤੇ ਫੇਰ ਥੱਕ ਗਈ, ਅੱਜ ਤੁਹਾਡੇ ਦਰਬਾਰ ਵਿਚ ਪਹੁੰਚੀ ਹਾਂ ਮਹਾਰਾਜ। ਸੋ ਮੇਰੀ ਵਿਥਿਆ ਤਾਂ ਐਨੀ ਹੈ। ਕਹਿੰਦੇ, ਕਿਉਂ ਸਾਧਸੰਗਤ ਜੀ! ਆਹ ਦੇਖੋ ਨਾ ਧਰਮ ਦੀ ਕਿਰਤ, ਜਿਹਦੇ ਅੰਦਰ ਇਕ ਦਾਣਾ ਵੀ ਪੈ ਗਿਆ, ਉਹਦੇ ਅੰਦਰੋਂ ਧੁਨ ਆਉਣੀ ਹੈ ਵਾਹਿਗੁਰੂ-ਵਾਹਿਗੁਰੂ।

***ਘਾਲਿ ਖਾਇ ਕਿਛੁ ਹਥਹੁ ਦੇਇ ॥***
***ਨਾਨਕ ਰਾਹੁ ਪਛਾਣਹਿ ਸੇਇ ॥ ਅੰਗ - ੧੨੪੫***

ਰਾਹ ਉਨ੍ਹਾਂ ਨੂੰ ਮਿਲਦਾ ਹੈ ਜਿਹੜੇ ਮਿਹਨਤ ਕਰਨ ਤੋਂ ਬਾਅਦ ਪ੍ਰਮੇਸ਼ਰ ਦੇ ਅਰਪਣ ਕੁਛ ਕਰਦੇ ਨੇ। ਸੋ ਭਾਈ ਗੁਰਮੁਖਾ! ਤੂੰ ਲੈ ਕੇ ਆਇਆ ਹੈਂ ਰਿਸ਼ਵਤ ਦਾ ਤੇ ਇਹ ਮਾਈ ਲਿਆਈ ਹੈ ਹੱਕ ਦਾ। ਇਹ ਪੈਸੇ ਜਿਹੜੇ ਨੇ ਦੋ ਸਾਲ ਤੋਂ ਇਹਦੀਆਂ ਲਹਿਰਾਂ ਸਾਡੇ ਕੋਲ ਪਹੁੰਚ ਰਹੀਆਂ ਸਨ। ਮਾਈ ਯਾਦ ਕਰਦੀ ਹੈ ਤੇ ਸਾਡੀਆਂ ਤਾਰਾਂ ਹਿੱਲ ਰਹੀਆਂ ਨੇ। ਅੱਜ ਆਈ ਹੈ ਇਹ, ਇਨ੍ਹਾਂ ਪੰਜਾਂ ਪੈਸਿਆਂ ਦਾ ਮੁਕਾਬਲਾ ਤੂੰ ਕਰ ਸਕਦਾ ਹੈਂ।

ਸੋ ਇਸ ਤਰ੍ਹਾਂ ਬਾਬਾ ਸਾਹਿਬ ਸਿੰਘ ਜੀ ਕਹਿਣ ਲੱਗੇ, ਦੇਖੋ ਸਾਧਸੰਗਤ ਜੀ! ਕਿੱਡੀ ਦਇਆ ਕੀਤੀ ਹੈ ਇਸ ਮਾਈ ਨੇ ਸਾਡੇ ਉਤੇ, ਇਹ ਸਾਡੀ ਪਰਾਲਬਧ 'ਚ ਸੀਗੇ, ਜਿਹੜਾ ਦੱਸ ਸੇਰ ਬਾਜਰਾ ਹੈ। ਅਸੀਂ ਇਹ ਖਾਣ ਵਾਸਤੇ ਦੇਖੋ ਕਿੱਥੇ ਜਾਣਾ ਸੀ, ਮਾਲਵੇ ਦੇ ਵਿਚ। ਕਿੰਨਾ ਸਾਡਾ ਖਰਚ ਹੋਣਾ ਸੀ, ਕਿੰਨਾ ਸਾਡਾ ਸਮਾਂ ਲੱਗਣਾ ਸੀ। ਦੇਖੋ, ਮਾਈ ਕਿੰਨੀ ਦਿਆਲੂ ਹੈ, ਸਾਡੀ ਪਰਾਲਬਧ ਸੀਸ 'ਤੇ ਚੁੱਕ ਕੇ ਲਿਆਈ ਹੈ। ਚੁੱਕੀਂ ਤੁਰੀ ਆਈ ਹੈ, ਸਿਆਣੀ ਉਮਰ ਹੈ। ਉਸੇ ਵੇਲੇ ਲਾਂਗਰੀ ਨੂੰ ਬੁਲਾਇਆ ਕਹਿੰਦੇ ਦੁਰਲਭ ਜਾਣੀਂ, ਭਾਈ ਇਨ੍ਹਾਂ ਦਾ ਇਕ ਦਾਣਾ ਵੀ ਨਾ ਕਿਤੇ ਗੁਆਚ ਜਾਵੇ।

ਜਦੋਂ ਬਣਾ ਕੇ ਲਿਆਏ, ਕਹਿੰਦੇ ਸਵਾਦ ਨਾਲ, ਬੜੇ ਹੀ ਪਿਆਰ ਦੇ ਨਾਲ ਛਕਦੇ ਨੇ। ਸੋ ਮਹਾਂਪੁਰਸ਼ਾਂ ਤੋਂ ਬਗੈਰ ਹੋਰ ਤਾਂ ਕੋਈ ਕਰ ਨਹੀਂ ਸਕਦਾ ਸਾਧਸੰਗਤ ਜੀ! ਕਿਉਂਕਿ ਸਾਧੂ ਜਿਹੜੇ ਹੁੰਦੇ ਨੇ ਇਨ੍ਹਾਂ ਦੀ ਦਿਲਾਂ ਦੀ ਸਾਂਝ ਹੋਇਆ ਕਰਦੀ ਹੈ। ਅੰਦਰਲੀਆਂ ਗੱਲਾਂ ਨੂੰ ਜਾਣਦੇ ਨੇ, ਅਮੀਰੀ ਵਜ਼ੀਰੀ ਇਨ੍ਹਾਂ ਦੇ ਕੋਲ ਕੋਈ ਨਹੀਂ ਹੋਇਆ ਕਰਦੀ। ਅਮੀਰ ਨੂੰ ਅੱਖ ਦੇ ਥੱਲੇ ਨਹੀਂ ਲਿਆਉਂਦੇ, ਗਰੀਬ ਨੂੰ ਸਿਰ 'ਤੇ ਬਿਠਾ ਲੈਂਦੇ ਨੇ।

ਸੰਤ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲੇ) ਦੇ ਪਾਸ ਇਕ ਪ੍ਰੇਮੀ ਇਥੇ ਚੰਡੀਗੜ੍ਹ ਹੀ ਰਹਿੰਦਾ ਹੈ, ਮੇਰੀ ਡਿਊਟੀ ਲੱਗੀ ਹੋਈ ਸੀ, ਤੇ ਮੈਂ ਓਸ ਦਿਨ ਚਰਨ ਧੁਆ ਰਿਹਾ ਸੀ, ਗਰਮੀ ਬਹੁਤ ਜ਼ਿਆਦਾ ਸੀ, ਚੰਗੇ-ਚੰਗੇ ਘਰਾਂ ਵਿਚ ਜਿਹੜੇ air-condition ਘਰ ਸੀ, ਮੈਂ ਕਿਹਾ ਸੀ ਮਹਾਂਪੁਰਸ਼ਾਂ ਨੂੰ ਗਰਮੀ ਨਾ ਲੱਗੇ। ਮੇਰੀ ਆਪਣੀ ਭਾਵਨਾ ਸੀ, ਉਨ੍ਹਾਂ ਦੀ ਆਪਣੀ। ਜਦ ਸਾਰਿਆਂ ਦੇ ਮੈਂ ਲੈ ਗਿਆ, ਦੀਵਾਨ ਦਾ ਸਮਾਂ ਹੋ ਗਿਆ। ਜਦ ਅਸੀਂ 19-20 ਸੈਕਟਰ ਦੇ ਚੌਂਕ ਵਿਚ ਆਏ, ਮਹਾਰਾਜ ਕਹਿੰਦੇ ਕੋਈ ਰਹਿ ਤਾਂ ਨਹੀਂ ਗਿਆ। ਮੈਂ ਚੁੱਪ ਕਰ ਗਿਆ ਕਿ ਮਹਾਰਾਜ ਜੀ ਨੂੰ ਪਤਾ ਲਗ ਗਿਆ। ਇਹ ਅੰਤਰਜਾਮੀ ਨੇ।

ਮਹਾਂਪੁਰਸ਼ਾਂ ਕੋਲ ਤਾਂ ਬਹੁਤ ਹੀ ਔਖਾ ਹੁੰਦਾ ਹੈ ਰਹਿਣਾ ਸਾਧਸੰਗਤ ਜੀ। ਬਹੁਤ ਕਰੜੀ ਹੋਇਆ ਕਰਦੀ ਹੈ ਸੇਵਾ, ਜੇ ਬਚਨ ਉਲਟਾ ਨਿਕਲ ਗਿਆ ਤਾਂ ਖਾਤਮਾ। ਕੁਛ ਵੀ ਨਹੀਂ ਬਚਦਾ ਫੇਰ, ਸਹਿਜ ਸੁਭਾਅ ਕੁਛ ਕਹਿ ਦੇਣ। ਕਹਿ ਦੇਣ ਜੇ ਕਿ ਓ ਮੂਰਖਾ! ਕੀ ਕਰਦਾ ਹੈਂ, ਮੂਰਖ ਹੀ ਹੋ ਜਾਂਦਾ ਬੰਦਾ, ਕਮਲਾ ਹੀ ਹੋ ਜਾਊ। ਕਹਿਣ ਦੀ ਦੇਰ ਹੈ। ਚੁੱਪ ਕਰ ਗਿਆ ਮੈਂ। ਫੇਰ ਵੀ ਦਿਆਲੂ ਸੀ ਕਹਿਣ ਲੱਗੇ ਕਿ ਕੋਈ ਗਰੀਬ ਰਹਿ ਗਿਆ ਹੋਣਾ ਹੈ। ਮੈਂ ਕਿਹਾ ਹਾਂ ਮਹਾਰਾਜ। ਕਹਿੰਦੇ ਕੌਣ ਹੈ? ਮੈਂ ਕਿਹਾ, ਮਹਾਰਾਜ! ਉਹਦਾ ਨਾਉਂ ਤਾਂ ਆਹ ਹੈ। ਕਹਿੰਦੇ ਘਰ ਕਿੱਥੇ ਹੈ? ਮੈਂ ਕਿਹਾ, ਮਹਾਰਾਜ! ਮੈਂ ਤਾਂ ਪੁਛਿਆ ਨਹੀਂ, ਧਿਆਨ ਦੇ ਨਾਲ ਕਿ ਘਰ ਕਿੱਥੇ ਹੈ? ਕਹਿੰਦੇ, ਅਸੀਂ ਤਾਂ ਉਹਦੇ ਘਰ ਜਾਣਾ ਹੈ। ਮੈਂ ਕਿਹਾ, ਮਹਾਰਾਜ ਜੀ! ਦੀਵਾਨ ਦਾ ਸਮਾਂ ਹੋ ਗਿਆ। ਕਹਿੰਦੇ ਹੋ ਜਾਵੇ ਜਿੰਨਾ ਹੁੰਦਾ ਹੈ ਪਰ ਅਸੀਂ ਉਹਦੇ ਘਰ ਜਾਣਾ ਹੈ। ਪਤਾ ਕਰ ਉਤਰ ਕੇ ਕਿ ਘਰ ਕਿੱਥੇ ਹੈ? ਹੁਣ ਮੈਂ ਹੈਰਾਨ, ਨਾ ਮੈਂ ਉਸ ਬੰਦੇ ਨੂੰ ਪਹਿਲਾਂ ਦੇਖਿਆ। ਸਿਰਫ ਨਾਉਂ ਮੇਰੇ ਕੋਲ ਸੀ, ਇਹ ਵੀ ਸੀਗਾ ਕਿ ਐਸ ਸੈਕਟਰ 'ਚ ਰਹਿੰਦਾ ਹੈ। ਉਸ ਵੇਲੇ ਮੈਂ ਪਰੇਸ਼ਾਨ ਹੋਇਆ, ਮੇਰੇ ਚਿਹਰੇ ਵਲ ਮਹਾਰਾਜ ਜੀ ਨੇ ਦੇਖਿਆ, ਕਹਿੰਦੇ ਗੱਡੀ ਖੜ੍ਹਾਓ ਇਥੇ, ਆਪੇ ਉਤਰ ਕੇ ਟੋਲ੍ਹ ਕੇ ਲਿਆਊਗਾ। ਮੈਂ ਕਿਹਾ ਚਲੋ ਦੇਖੀ ਜਾਏਗੀ, ਹੌਲੇ-ਹੌਲੇ ਤੁਰੇ ਫਿਰਦੇ ਹਾਂ, ਕੋਈ ਦੱਸ ਹੀ ਦੇਵੇਗਾ। ਐਨੇ ਨੂੰ ਮਹਾਰਾਜ ਜੀ ਕਹਿੰਦੇ, ਜਦੋਂ ਮੈਂ ਉਤਰਨ ਲੱਗਿਆ ਕਿ ਔਹ ਤਾਂ ਨਹੀਂ ਹੈ, ਮੈਂ ਕਿਹਾ ਜੀ ਓਹੀ ਹੈ, ਉਹ ਸਾਇਕਲ ਤੇ ਮੂਹਰੇ ਅਸੀਂ ਪਿਛੇ, ਘਰ ਲੈ ਗਿਆ। ਜਦੋਂ ਅਸੀਂ ਉਥੇ ਗਏ ਤਾਂ ਉਹਨੇ ਬਹੁਤ ਸੋਹਣਾ ਸਜਾਇਆ ਹੋਇਆ, ਤਖਤ ਬਣਾਇਆ ਹੋਇਆ, ਜਿਵੇਂ ਤਖਤ-ਏ-ਤਾਊਸ ਹੁੰਦਾ ਹੈ, ਫੁੱਲਾਂ ਨਾਲ ਹੀ ਗੁੰਦਿਆ ਪਿਆ, ਉਪਰ ਜਿਵੇਂ ਰਥ ਹੁੰਦਾ ਹੈ, ਐਉਂ ਫੁੱਲਾਂ ਨਾਲ ਬਣਾਇਆ ਹੋਇਆ ਸੀ। ਕਹਿੰਦਾ, ਮਹਾਰਾਜ ਜੀ ਵਿਚ ਬੈਠ ਜਾਓ। ਵਿਚ ਬਿਠਾ ਕੇ, ਫੋਟੋਆਂ ਖਿੱਚਣ ਲਗ ਗਿਆ। ਐਨਾ ਉਹਨੇ ਕੋਕਾਕੋਲਾ ਮੰਗਾਇਆ ਹੋਇਆ, ਸਭ ਨੂੰ ਪਿਲਾਈ ਜਾਵੇ। ਪੈਰ ਨਾ ਲੱਗੇ ਉਸ ਦਾ ਧਰਤੀ 'ਤੇ। ਮੈਨੂੰ ਕਹਿੰਦਾ, ਤੁਸੀਂ ਤਾਂ ਮੇਰੇ 'ਤੇ ਬੜਾ ਉਪਕਾਰ ਕੀਤਾ ਅੱਜ,

ਮਹਾਂਪੁਰਸ਼ਾਂ ਦੇ ਮੇਰੇ ਘਰ ਚਰਨ ਪੁਆ ਦਿਤੇ। ਮੈਂ ਕਿਹਾ, ਨਾ ਪ੍ਰੇਮੀਆਂ ਮੈਂ ਨਹੀਂ ਕਰਿਆ, ਇਹ ਤਾਂ ਮਹਾਰਾਜ ਜੀ ਨੇ ਹੀ ਕੀਤਾ ਹੈ, ਮੈਂ ਤਾਂ ਤੇਰੇ ਘਰ ਲਿਆਉਂਦਾ ਹੀ ਨਹੀਂ ਸੀ। ਮੈਨੂੰ ਪਤਾ ਸੀ ਕਿ ਇਹ ਕੋਠੇ 'ਤੇ ਕਿਵੇਂ ਚੜ੍ਹਨਗੇ। ਪਉੜੀਆਂ ਛੋਟੀਆਂ-ਛੋਟੀਆਂ ਸੀ। ਕਹਿੰਦਾ, ਮੈਨੂੰ ਇਹੀ ਗੱਲ ਮੁਹੱਲੇ ਵਾਲੇ ਕਹਿੰਦੇ ਸੀ ਕਿ ਤੇਰੇ ਕਿੱਥੇ ਆਉਣਾ ਹੈ, ਉਹ ਤਾਂ ਵੱਡੇ-ਵੱਡੇ ਵਜ਼ੀਰਾਂ ਦੇ ਗਏ ਹੋਏ ਨੇ ਅੱਜ, ਤੂੰ ਇਕ ਗਰੀਬ ਮਾਲੀ, ਤੇਰੇ ਕਿਵੇਂ ਆ ਜਾਣਗੇ, ਮੈਂ ਕਿਹਾ ਕਿ ਮੈਂ ਖੂਹ ਵਿਚ ਛਾਲ ਮਾਰ ਦੇਵਾਂਗਾ ਜੇ ਨਾ ਆਏ। ਜਦ ਮੈਂ ਐਨੀ ਗੱਲ ਸੁਣੀ, ਮੇਰੇ ਤਾਂ ਪੈਰਾਂ ਥੱਲੋਂ ਮਿੱਟੀ ਨਿਕਲ ਗਈ। ਮੈਂ ਕਿਹਾ, ਹੇ ਵਾਹਿਗੁਰੂ ਤੂੰ ਹੀ ਹੱਥ ਦੇ ਕੇ ਰੱਖ ਲਿਆ ਅੱਜ ਮੈਨੂੰ। ਇਹ ਜੇ ਸੱਚੀਓਂ ਛਾਲ ਮਾਰਦਾ, ਕੱਲ੍ਹ ਨੂੰ ਅਖਬਾਰਾਂ 'ਚ ਆ ਜਾਣਾ ਸੀ।

ਸੋ ਇਸ ਤਰ੍ਹਾਂ ਦੇ ਨਾਲ ਮਹਾਂਪੁਰਸ਼ ਦਿਆਲੂ ਹੋਇਆ ਕਰਦੇ ਨੇ, ਕਿਸੇ ਦੀ ਗਰੀਬੀ ਤੇ ਅਮੀਰੀ ਨਹੀਂ ਦੇਖਿਆ ਕਰਦੇ। ਫੇਰ ਸ਼ਕਤੀ ਕਿੰਨੀ ਹੁੰਦੀ ਹੈ, ਸਾਰੇ ਰਾਜਿਆਂ ਤੋਂ ਵੱਡੇ ਰਾਜੇ ਹੁੰਦੇ ਨੇ। ਜਿਨ੍ਹਾਂ ਦੇ ਕਹਿਣੇ ਵਿਚ ਸਭ ਕੁਛ ਚਲਦਾ ਹੈ -

*ਜਾ ਕਾ ਕਹਿਆ ਦਰਗਹ ਚਲੈ ॥*
*ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥*
*ਅੰਗ - ੧੮੬*

ਐਸ ਤਰ੍ਹਾਂ ਮਹਾਰਾਜ ਨੇ ਫੁਰਮਾਨ ਕੀਤਾ ਹੈ -

*ਧਾਰਨਾ - ਚਿਤ ਹਰੀ ਦੇ ਨਾਮ ਨਾਲ ਲੱਗਿਆ,*
*ਰਾਜਾ ਸਾਰੀ ਦੁਨੀਆਂ ਦਾ।*
*ਰਾਜਾ ਸਗਲੀ ਸ੍ਰਿਸਟਿ ਕਾ*
*ਹਰਿ ਨਾਮਿ ਮਨੁ ਭਿੰਨਾ ॥ ਅੰਗ - ੭੦੭*

ਰਾਜੇ ਦਾ ਰਾਜ ਤਾਂ ਧਰਤੀ 'ਤੇ ਹੀ ਹੁੰਦਾ ਹੈ ਲੇਕਿਨ ਇਨ੍ਹਾਂ ਦਾ ਰਾਜ ਅਸਮਾਨਾਂ 'ਤੇ ਵੀ ਹੁੰਦਾ ਹੈ, ਅੱਗ 'ਤੇ ਵੀ ਹੁੰਦਾ ਹੈ, ਪਾਣੀਆਂ 'ਤੇ ਵੀ ਹੁੰਦਾ ਹੈ। ਵੱਡਾ ਰਾਜਾ ਓਹੀ ਹੋਇਆ -

*ਜਾ ਕਾ ਕਹਿਆ ਦਰਗਹ ਚਲੈ ॥*
*ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥*
*ਅੰਗ - ੧੮੬*

ਬਾਬਾ ਜੀ ਅੱਜ ਡੇਰਾ ਬਾਬਾ ਨਾਨਕ ਚਲੇ ਜਾਂਦੇ ਨੇ। ਓਥੇ ਜਾ ਕੇ ਸਾਰੇ ਬੇਦੀਆਂ ਨੇ ਆਪ ਦੇ ਚਰਨਾਂ 'ਚ ਬੇਨਤੀ ਕੀਤੀ ਕਹਿਣ ਲੱਗੇ ਮਹਾਰਾਜ! ਸਾਨੂੰ ਇਕ ਤਕਲੀਫ ਹੈ ਬੜੀ ਤੇ ਆਪਦੇ ਚਰਨਾਂ 'ਚ ਬੇਨਤੀ ਹੈ ਉਹਨੂੰ ਦੂਰ ਕਰੋ। ਕਹਿਣ ਲੱਗੇ, ਕੀ ਤਕਲੀਫ ਹੈ ਦੱਸੋ? ਉਨ੍ਹਾਂ ਕਿਹਾ ਕਿ ਇਥੇ ਇਕ ਬੇਦੀ ਮਸਤਾਨਾ ਹੋਇਆ ਹੈ ਜਿਹਦਾ ਨਾਮ ਫਕੀਰ ਚੰਦ ਸੀ, ਮੱਝਾਂ ਚਾਰਦਾ ਹੁੰਦਾ, ਜੇਠ ਦਾ ਮਹੀਨਾ ਸੀ, ਟੋਭੇ 'ਚ, ਛਪੜੀ 'ਚ ਵੜ ਗਈਆਂ ਏਸ 'ਚ, ਗਾਰਾ ਲਗ ਗਿਆ ਨਾਲ ਤੇ ਦੇਖਿਆ ਜਦ ਕਿ ਮੱਝ ਲਿਬੜ ਗਈ, ਉਚੀ ਦੇ ਕੇ ਆਵਾਜ਼ ਮਾਰੀ, ਕਹਿੰਦੇ ਓ ਰਾਵੀਏ ਸਾਡੇ ਛੱਪੜ ਨਹੀਂ ਭਰ ਕੇ ਗਈ, ਦਰਿਆ ਉਛਲ ਪਿਆ ਮਹਾਰਾਜ, ਆ ਕੇ ਟੋਭਾ ਭਰ ਗਈ, ਨਾਲ ਕਹਿੰਦੇ ਹੁਣ ਹਰ ਸਾਲ ਭਰ ਕੇ ਜਾਇਆ ਕਰੀਂ। ਜੇ ਕਦੇ ਟੋਭੇ ਸੁੱਕੇ ਦੇਖ ਲਈਂ ਫੇਰ। ਓਸ ਵੇਲੇ ਤੋਂ ਮਹਾਰਾਜ ਇਹ ਰਾਵੀ ਅਚਾਨਕ ਉਛਲ ਪੈਂਦੀ ਹੈ, ਤੇ ਸਾਡੇ ਘਰਾਂ ਵਿਚ ਪਾਣੀ ਆ ਜਾਂਦਾ ਹੈ। ਆਪ ਕ੍ਰਿਪਾ ਕਰੋ। ਬਾਬਾ ਜੀ ਕਹਿੰਦੇ, ਲਓ, ਇਕ ਸੰਤ ਨੇ ਬੰਨ੍ਹ ਦਿਤਾ, ਦੂਸਰਾ ਫੇਰ ਖੋਲ੍ਹ ਦਿੰਦਾ ਹੈ, ਦੇਗ ਤਿਆਰ ਕਰੋ। ਦੇਗ ਤਿਆਰ ਕਰੀ ਰਾਵੀ ਦੇ ਕੰਢੇ ਚਲੇ ਗਏ। ਦੇਗ ਰੱਖ ਦਿਤੀ ਤੇ ਨਾਲ ਦਰਿਆ ਵਲ ਨੂੰ ਦੇਖ ਕੇ ਕਹਿਣ ਲੱਗੇ ਕਿ ਯਾਦ ਹੈ ਨਾ ਤੇਰੇ ਗੁਰੂ ਨਾਨਕ ਦਾ ਬਚਨ -

*ਧਾਰਨਾ - ਪਉਣ ਪਾਣੀ ਦੇਵਤੇ ਸਾਰੇ,*
*ਵਸਦੇ ਨੇ ਭੈ ਵਿਚ ਜੀ।*
*ਭੈ ਵਿਚਿ ਪਵਣੁ ਵਹੈ ਸਦਵਾਉ ॥*
*ਭੈ ਵਿਚਿ ਚਲਹਿ ਲਖ ਦਰੀਆਉ ॥*
*ਭੈ ਵਿਚਿ ਅਗਨਿ ਕਢੈ ਵੇਗਾਰਿ ॥*
*ਭੈ ਵਿਚਿ ਧਰਤੀ ਦਬੀ ਭਾਰਿ ॥ ਅੰਗ - ੪੬੪*

ਕਹਿਣ ਲੱਗੇ, ਦੇਖੋ! ਤੁਹਾਨੂੰ ਇਕ ਸੰਤ ਨੇ ਬੰਨ੍ਹ ਦਿਤਾ ਸੀ, ਅੱਜ ਅਸੀਂ ਛੁੱਟੀ ਦਿਵਾਉਂਦੇ ਹਾਂ, ਅੱਜ ਤੋਂ ਬਾਅਦ ਡੇਰਾ ਬਾਬਾ ਨਾਨਕ 'ਚ ਨਹੀਂ ਵੜਨਾ। ਓਸ ਦਿਨ ਤੋਂ ਬਾਅਦ ਰਾਵੀ 'ਚ ਕਿੰਨਾ ਹੀ ਹੜ੍ਹ ਆਇਆ ਲੇਕਿਨ ਉਛਲੀ ਨਹੀਂ ਓਸ ਥਾਂ ਤੋਂ।

ਗੁਰੂ ਦਸ਼ਮੇਸ਼ ਪਿਤਾ ਜਦੋਂ ਪਾਉਂਟੇ ਸਾਹਿਬ ਕਵਿਤਾ ਰਚ ਰਹੇ ਨੇ ਕਵੀ ਲੋਕ ਬੈਠੇ ਕਹਿਣ ਲੱਗੇ ਮਹਾਰਾਜ! ਦਰਿਆ ਦੀ ਜਿਹੜੀ ਕੁਰਲ-ਕੁਰਲ ਹੈ ਇਹ ਵਿਘਨ ਪਾਉਂਦੀ ਹੈ ਸਾਡੀ ਬਿਰਤੀ ਇਕਾਗਰ ਨਹੀਂ ਹੋਣ ਦਿੰਦੀ। ਮਹਾਰਾਜ ਕਹਿਣ ਲੱਗੇ, ਲੈ ਜਮੁਨਾ ਅੱਜ ਤੋਂ ਬਾਅਦ ਨਹੀਂ ਤੂੰ ਬੋਲਣਾ। ਚੁੱਪ ਕਰਕੇ ਲੰਘਣਾ ਹੈ ਇਥੋਂ। ਅੱਗੇ ਪਿੱਛੇ ਬੋਲਦੀ ਹੈ, ਓਥੋਂ ਚੁੱਪ ਕਰਕੇ ਲੰਘਦੀ ਹੈ।

ਸੋ ਇਸ ਤਰ੍ਹਾਂ ਦੇ ਨਾਲ ਸਾਧਸੰਗਤ ਜੀ ਜਿਹੜੀਆਂ ਕਥਾਵਾਂ ਹੁੰਦੀਆਂ ਨੇ। ਉਹ ਅਜੀਬ ਹੋਇਆ ਕਰਦੀਆਂ ਨੇ -

*ਧਾਰਨਾ - ਹਰਿ ਕੇ ਸੇਵਕ ਜੋ ਹਰਿ ਭਾਏ,*
*ਤਿਨ ਕੀ ਕਥਾ ਨਿਰਾਰੀ ਰੇ।*
*ਹਰਿ ਕੇ ਸੇਵਕ ਜੋ ਹਰਿ ਭਾਏ*
*ਤਿਨ੍ ਕੀ ਕਥਾ ਨਿਰਾਰੀ ਰੇ ॥*
*ਆਵਹਿ ਨ ਜਾਹਿ ਨ ਕਬਹੂ ਮਰਤੇ*
*ਪਾਰਬ੍ਰਹਮ ਸੰਗਾਰੀ ਰੇ ॥ ਅੰਗ - ੮੫੫*

ਸੋ ਇਸ ਤਰ੍ਹਾਂ ਸਾਧਸੰਗਤ ਜੀ ਚਾਹੇ ਸਾਰਾ ਦਿਨ, ਸਾਰੀ ਰਾਤ ਕਰੀ, ਮਹੀਨਾ ਭਰ ਕਰੀ ਜਾਓ, ਨਾ ਮਹਾਂਪੁਰਸ਼ਾਂ ਦੀਆਂ ਕਥਾਵਾਂ ਨੇ ਮੁੱਕਣਾ, ਸਮਾਂ ਮੁੱਕ ਜਾਂਦਾ ਹੈ। ਸੋ ਹੁਣ ਵੀ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੇ ਹੀ ਸਮਾਪਤੀ ਹੈ।

ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ

# ਸ਼ਬਦ ਗੁਰੂ

*ਸਤਿਨਾਮ ਸ੍ਰੀ ਵਾਹਿਗੁਰੂ*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥*
*ਅੰਗ - ੨੮੯*

*ਧਾਰਨਾ - ਲੇਖੇ ਵਿਚ ਲਾ ਲਓ ਜੀ,*
*ਜਨਮ ਤੁਮਾਰੇ ਲੇਖੇ।*

*ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ*
*ਅਬ ਪਤੀਆਰੁ ਕਿਆ ਕੀਜੈ ॥*
*ਬਚਨੀ ਤੋਰ ਮੋਰ ਮਨੁ ਮਾਨੈ*
*ਜਨ ਕਉ ਪੂਰਨੁ ਦੀਜੈ ॥ ੧ ॥*
*ਹਉ ਬਲਿ ਬਲਿ ਜਾਉ ਰਮਈਆ ਕਾਰਨੇ ॥*
*ਕਾਰਨ ਕਵਨ ਅਬੋਲ ॥ ਰਹਾਉ ॥*
*ਬਹੁਤ ਜਨਮ ਬਿਛੁਰੇ ਥੇ ਮਾਧਉ*
*ਇਹੁ ਜਨਮੁ ਤੁਮ੍ਹਾਰੇ ਲੇਖੇ ॥*
*ਕਹਿ ਰਵਿਦਾਸ ਆਸ ਲਗਿ ਜੀਵਉ*
*ਚਿਰ ਭਇਓ ਦਰਸਨੁ ਦੇਖੇ ॥ ਅੰਗ - ੬੯੪*

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ ੧ ॥*
*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥*
*ਅੰਗ - ੧੭੬*

*ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥*
*ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥*
*ਅੰਗ - ੧੫੬*

*ਧਾਰਨਾ - ਕਿਤੇ ਵਾਰੀ ਨਾ ਗਵਾ ਲਈਂ,*
*ਮਿਲਣੈਂ ਰਾਮ ਪਿਆਰੇ ਨੂੰ।*

ਸਾਧਸੰਗਤ ਜੀ! ਚਿਤ ਬਿਰਤੀਆਂ ਇਕਾਗਰ ਕਰੋ, ਨੇਤਰਾਂ ਦੇ ਨਾਲ ਗੁਰੂ ਸਰੂਪ ਦਾ ਦਰਸ਼ਨ ਕਰੋ, ਕੰਨਾਂ ਦੇ ਨਾਲ ਬਾਣੀ ਸਰਵਣ ਕਰੋ, ਰਸਨਾ ਦੇ ਨਾਲ ਗੱਜ ਵੱਜ ਕੇ ਬੋਲੋ, ਬੁੱਧੀ ਦੇ ਨਾਲ ਵਿਚਾਰ ਕੇ ਹਿਰਦੇ 'ਚ ਧਾਰਨ ਕਰਾਂਗੇ ਤਾਂ ਫਲ ਕਿੰਨਾ ਹੋਏਗਾ? -

*ਕਈ ਕੋਟਿਕ ਜਗ ਫਲਾ*
*ਸੁਣਿ ਗਾਵਨਹਾਰੇ ਰਾਮ ॥ ਅੰਗ - ੫੪੬*

ਕੱਲ੍ਹ ਬਹੁਤ ਵਿਸਥਾਰ ਦੇ ਨਾਲ ਬੇਨਤੀ ਕੀਤੀ ਗਈ ਸੀ, ਜਿਹੜੇ ਪ੍ਰੇਮੀ ਕੱਲ੍ਹ ਦੇ ਦੀਵਾਨ ਵਿਚ ਗੁਰੂ ਮਹਾਰਾਜ ਦੀ ਹਾਜ਼ਰੀ ਭਰ ਰਹੇ ਸੀ, ਬਹੁਤ ਕੁਛ ਉਨ੍ਹਾਂ ਨੇ ਸਮਝਿਆ, ਬਹੁਤ ਕੁਛ ਬੇਨਤੀਆਂ ਕੀਤੀਆਂ ਗਈਆਂ, ਸਾਰਿਆ ਨਾਲੋਂ ਜੋ ਜ਼ਰੂਰੀ ਚੀਜ਼ ਹੈ ਇਸ ਸੰਸਾਰ ਦੇ ਅੰਦਰ ਕਿਉਂਕਿ ਗੁਰੂ ਗ੍ਰੰਥ ਸਾਹਿਬ ਸਾਡੇ ਗੁਰੂ ਨੇ, ਮਨੁਖ ਦੀ ਗੱਲ ਤਾਂ ਅਸੀਂ ਮੰਨਣੀ ਨਹੀਂ ਹੈ ਕਿਸੇ ਦੀ, ਕਿਉਂਕਿ ਜੋ ਪ੍ਰਮੇਸ਼ਰ ਦੀ ਗੱਲ ਹੈ ਉਹ ਮੰਨਣੀ ਹੈ। ਮਨੁੱਖ ਦੀ ਗੱਲ ਗਲਤ ਹੁੰਦੀ ਹੈ ਕਿਉਂਕਿ ਮਨੁੱਖ ਹਉਮੈ ਦੇ ਚੱਕਰ ਵਿਚ ਹੋਣ ਕਰਕੇ ਉਹਦੇ ਅੰਦਰ ਹਨ੍ਹੇਰਾ ਹੁੰਦਾ ਹੈ, ਹਨ੍ਹੇਰੇ 'ਚੋਂ ਸਹੀ ਗੱਲ ਨਹੀਂ ਆਇਆ ਕਰਦੀ, ਪ੍ਰਕਾਸ਼ ਵਿਚੋਂ ਗੱਲ ਸਹੀ ਆਇਆ ਕਰਦੀ ਹੈ। ਗੁਰੂ ਗ੍ਰੰਥ ਸਾਹਿਬ ਜੋ ਹਨ ਇਹ ਮੈਂ ਇਕ ਬੇਨਤੀ ਕਰਦਾ ਹਾਂ, ਥੋੜ੍ਹਾ ਜਿਹਾ ਧਿਆਨ ਦੇ ਨਾਲ ਬੇਨਤੀ ਸੁਣਿਓ, ਕਿਉਂਕਿ ਤੁਹਾਡਾ ਆਮ ਤੌਰ ਦੇ ਉਤੇ ਇਨ੍ਹਾਂ ਗੱਲਾਂ ਦੇ ਨਾਲ ਵਾਹ ਪੈਂਦਾ ਰਹਿੰਦਾ ਹੈ। ਦੂਸਰੇ ਜੋ ਹੋਰ ਕਿਸਮ ਦੇ, ਹੋਰ ਸੰਪਰਦਾ ਨਾਲ ਸਬੰਧ ਰੱਖਣ ਵਾਲੇ ਹਨ ਉਨ੍ਹਾਂ ਦੇ ਨਿਸ਼ਚੇ ਵਿਚ ਤੇ ਸਾਡੇ ਨਿਸ਼ਚੇ ਵਿਚ ਕੁਛ ਫਰਕ ਹੈ ਥੋੜ੍ਹਾ, ਉਹ ਜਦ ਤਕ ਸਾਡੀ ਸਮਝ ਵਿਚ ਨਹੀਂ ਆਉਂਦਾ, ਅਸੀਂ ਚੁੱਪ ਕਰ ਜਾਂਦੇ ਹਾਂ, ਉਨ੍ਹਾਂ ਦਾ ਖਿਆਲ ਇਹ ਹੁੰਦਾ ਹੈ ਕਿ ਗੁਰੂ ਜੋ ਹੈ ਉਹ ਸਰੀਰ ਵਿਚ ਹੋਣਾ ਚਾਹੀਦਾ ਹੈ। ਲੇਕਿਨ ਜਦ ਅਸੀਂ ਗੁਰੂ ਬਾਰੇ ਦੇਖਦੇ ਹਾਂ, ਗੁਰੂ ਹੈ ਕੀ? ਬੜਾ ਰੌਲਾ ਸੰਸਾਰ ਦੇ ਅੰਦਰ ਗੁਰੂ ਦਾ, ਸਾਰੇ ਹੀ ਅਸੀਂ ਕਹਿੰਦੇ ਹਾਂ ਕਿ ਗੁਰੂ ਤੋਂ ਬਗੈਰ ਨਹੀਂ ਮਿਲਣਾ ਤੈਨੂੰ ਕੁਛ ਵੀ, ਉਹ ਜਦ ਐਡਾ ਜ਼ਰੂਰੀ ਹੈ, ਉਹ ਕੌਣ ਹੈ? ਕੀ ਹੈ ਉਹ, ਉਹਨੂੰ ਕਿਥੇ ਮਿਲੀਏ, ਕਿਵੇਂ ਮਿਲੀਏ? ਇਕ ਤਾਂ ਵਾਹਿਗੁਰੂ ਜੀ ਜਿਨ੍ਹਾਂ ਨੂੰ ਨਿਰੰਕਾਰ ਕਿਹਾ ਜਾਂਦਾ ਹੈ, ਇਕ ਹਾਲਤ ਹੈ ਜਿਵੇਂ ਆਪਾਂ ਕਿਸੇ ਦਫਤਰ 'ਚੋਂ ਕੰਮ ਕਰਨ ਤੋਂ ਬਾਅਦ ਆਪਣੇ ਘਰ ਵਿਚ ਆ ਜਾਈਏ, ਹਾਂ ਤਾਂ ਅਸੀਂ ਓਹੀ, ਲੇਕਿਨ ਓਸ ਵੇਲੇ ਸਾਡੇ ਹੱਥ ਦੇ ਵਿਚ ਉਹ ਤਾਕਤ ਨਹੀਂ ਜੋ ਕੋਰਟ ਵਿਚ ਹੁੰਦੀ ਹੈ, ਜੱਜ ਤੁਰਿਆ ਜਾਂਦਾ ਹੈ, ਉਹ ਤੁਰਿਆ ਜਾਂਦਾ ਕਿਸੇ ਨੂੰ ਵੀ ਸਜ਼ਾ ਨਹੀਂ ਦੇ ਸਕਦਾ। ਜਦ ਤਕ ਆਪਣੀ ਕੁਰਸੀ 'ਤੇ ਨਹੀਂ ਬੈਠ ਜਾਂਦਾ। ਇਹ ਹਾਲਤ ਹੈ, ਹੈ ਓਹੀ ਬੰਦਾ, ਲੇਕਿਨ ਓਸ ਵੇਲੇ ਉਹ ਕ੍ਰਿਆਸ਼ੀਲ ਨਹੀਂ ਹੈ। ਏਸੇ ਤਰ੍ਹਾਂ ਜੋ ਵਾਹਿਗੁਰੂ ਜੀ ਦਾ ਸਰੂਪ ਹੈ -

*ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥*
*ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ॥*
*ਅੰਗ - ੨੯੦*

ਸਭ ਤੋਂ ਪਹਿਲਾਂ ਉਹਨੇ ਆਪਣੇ ਆਪ ਨੂੰ ਆਪੇ

ਹੀ ਸਾਜ ਲਿਆ, ਨਿਰੰਕਾਰ ਤੋਂ ਏਕੰਕਾਰ ਹੋ ਗਿਆ, ਅਸੀਂ ਏਕੰਕਾਰ ਤੋਂ ਸ਼ੁਰੂ ਕਰਦੇ ਹਾਂ ਸਾਰਾ ਕੁਛ ਕਿਉਂਕਿ ਜੋ ਨਿਰੰਕਾਰ ਹੈ, ਸਾਡਾ ਜੋ ਮੂਲਮੰਤਰ ਹੈ ਜਿਸ ਦੇ ਉਤੇ ਸਾਡਾ ਧੁਰਾ ਕਾਇਮ ਹੈ ਵਿਚਾਰ ਦਾ, ਉਹ ੴ ਤੋਂ ਸ਼ੁਰੂ ਹੁੰਦਾ ਹੈ, ਉਸ ਤੋਂ ਪਹਿਲਾਂ ਦੀ ਜੋ ਹਾਲਤ ਹੈ ਓਸ ਵਿਚ ਨਾ ਅਸੀਂ ਸੀ, ਨਾ ਸੂਰਜ ਸੀ, ਨਾ ਚੰਦ ਸੀ, ਨਾ ਤਾਰੇ ਸੀ, ਨਾ ਕੋਈ ਦੇਵੀ ਸੀ, ਨਾ ਕੋਈ ਦੇਵਤਾ ਸੀ, ਨਾ ਕੋਈ ਦਰਿਆ ਸੀ, ਨਾ ਕੋਈ ਪਹਾੜ ਸੀ, ਨਾ ਕੋਈ ਦੇਵ ਸੀ, ਨਾ ਸ਼ਾਸਤਰ ਸੀ, ਨਾ ਕੋਈ ਗੁਰੂ ਸੀ, ਨਾ ਕੋਈ ਪੀਰ ਸੀ, ਕੋਈ ਨਹੀਂ ਆਪੇ ਆਪ ਨਿਰੰਕਾਰ ਸੀ। ਆਪਣੀ ਮਹਿਮਾ ਦੇ ਵਿਚ ਆਪ ਸਥਿਤ ਸੀ, ਜਿਸਨੂੰ ਕੋਈ ਵੀ ਵਰਣਨ ਨਹੀਂ ਕਰ ਸਕਦਾ। ਜਿਹੜਾ ਵਰਣਨ ਕਰਦਾ ਹੈ ਉਹ ਕਰ ਨਹੀਂ ਸਕਦਾ ਉਹਦੇ ਵਿਚ ਲੀਨ ਹੋ ਜਾਂਦਾ ਹੈ। ਇਸ ਕਰਕੇ ਉਸ ਅਵਸਥਾ ਨੂੰ ਅਨੁਭਵ ਦੇ ਅੰਦਰ, ਮਾਣਿਆ ਤਾਂ ਜਾ ਸਕਦਾ ਹੈ, ਦੱਸਿਆ ਨਹੀਂ ਜਾ ਸਕਦਾ। ਇਕ ਬੱਚਾ ਮਾਂ ਦਾ ਪਿਆਰ ਮਾਣਦਾ ਹੈ, ਪਿਤਾ ਦਾ ਪਿਆਰ ਮਾਣਦਾ ਹੈ ਉਹ ਦੱਸ ਨਹੀਂ ਸਕਦਾ ਜੇ ਉਹਨੂੰ ਕਹੋ ਕਿ ਤੈਨੂੰ ਕਿੰਨਾ ਪਿਆਰ ਆਉਂਦਾ ਹੈ, ਨਾ ਕੋਈ ਨਾਪ ਹੈ, ਨਾ ਕੋਈ ਤੋਲ ਹੈ, ਦੋਵੇਂ ਬਾਹਾਂ ਖੋਲ੍ਹ ਦਏਗਾ, ਦੋਵੇਂ ਬਾਹਾਂ ਫੈਲਾ ਦੇਵੇਗਾ 180 ਡਿਗਰੀ 'ਤੇ। ਜਿਹੜਾ ਉਸ ਤੋਂ ਸਿਆਣਾ ਬੱਚਾ ਹੈ ਉਹ ਦੋਵੇਂ ਬਾਹਾਂ ਪਿੱਛੇ ਕਰਕੇ ਹੱਥ ਫੜ ਲਏਗਾ। ਉਹ ਗੋਲਾਈ ਵਿਚ ਦੱਸ ਦਏਗਾ ਕਿ ਇਹਦਾ ਕੋਈ ਅੰਤ ਨਹੀਂ ਪਿਆਰ ਦਾ। ਉਹ ਗੱਲ ਕਹੀ ਨਹੀਂ ਜਾ ਸਕਦੀ। ਸੋ ਉਹ ਜੋ ਹਾਲਤ ਹੈ ਉਹ ਨਿਰੰਕਾਰ ਆਪੇ ਹੀ ਆਪ ਸੀ, ਜਦੋਂ ਨਿਰੰਕਾਰ ਕ੍ਰਿਆਸ਼ੀਲ ਹੋਇਆ, ਉਹਨੇ ਆਪਣੇ ਆਪ ਨੂੰ ਆਪੇ ਹੀ ਸਾਜ਼ ਲਿਆ।

***ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ ॥***
***ਅੰਗ - ੪੬੩***

ਇਹਦੇ ਵਿਚ ਨਾਉ ਕੀ ਬਣਿਆ ਓਹਦਾ -

***ਨਿਰੰਕਾਰੁ ਆਕਾਰੁ ਹੋਇ ਏਕੰਕਾਰੁ ਅਪਾਰੁ ਸਦਾਇਆ।***
***ਭਾਈ ਗੁਰਦਾਸ ਜੀ, ਵਾਰ ੨੬/੨***

ਨਿਰੰਕਾਰ ਏਕੰਕਾਰ ਕਹਾਇਆ, ਏਕੰਕਾਰ ਤੋਂ ਸਾਡੀ ਤਾਲੀਮ ਸ਼ੁਰੂ ਹੋ ਗਈ ਸਿੱਖੀ ਦੀ, ਵਾਹਿਗੁਰੂ ਨੇ ਸਰਗੁਣ ਰੂਪ ਧਾਰਿਆ ਪ੍ਰਮੇਸ਼ਰ ਨੇ ਏਕੰਕਾਰ ਦਾ, ਆਪਣੇ ਆਪ ਨੂੰ ਪ੍ਰਗਟ ਕੀਤਾ। ਸਭ ਤੋਂ ਪਹਿਲਾਂ ਨਾਮ ਹੋਇਆ -

***ਏਕੰਕਾਰਹੁ ਸਬਦ ਧੁਨਿ***
***ਓਅੰਕਾਰ ਅਕਾਰੁ ਬਣਾਇਆ।***
***ਭਾਈ ਗੁਰਦਾਸ ਜੀ, ਵਾਰ ੨੬/੨***

ਓਸ ਸ਼ਬਦ ਨੇ ਸਾਰੀ ਸ੍ਰਿਸ਼ਟੀ ਪੈਦਾ ਕਰ ਦਿਤੀ, ਚੇਤਨ ਸ਼ਬਦ ਸੀਗਾ, ਪ੍ਰਕ੍ਰਿਤਕ ਸ਼ਬਦ ਦੇ ਨਾਲ ਅਸੀਂ ਉਹਦੀ ਤੁਲਨਾ ਨਹੀਂ ਕਰ ਸਕਦੇ, ਪ੍ਰਕ੍ਰਿਤਕ ਉਹ ਹੁੰਦਾ ਹੈ ਜਿਵੇਂ ਆਪਾਂ ਕੋਈ ਵਾਜਾਂ ਵਜਾਉਂਦੇ ਹਾਂ, ਢੋਲਕ ਵਜਾਉਂਦੇ ਹਾਂ, ਇਹ ਸ਼ਬਦ ਹੋ ਰਹੇ ਨੇ, ਇਹ ਸ਼ਬਦ ਉਹ ਸ਼ਬਦ ਨਹੀਂ ਹੈ, ਉਹ ਦਿਬਯ ਸ਼ਬਦ ਹੈ ਚੇਤਨ ਸ਼ਬਦ, ਉਹਨੂੰ ਕੁਛ ਵੀ ਨਹੀਂ ਕਿਹਾ ਜਾ ਸਕਦਾ, ਕਿਉਂਕਿ ਸਾਡੀ ਜਿਹੜੀ ਪ੍ਰਕ੍ਰਿਤੀ ਹੈ ਜਿਥੇ ਤਕ ਅਸੀਂ ਜਾਣਦੇ ਹਾਂ, ਉਹਦੇ 'ਚ ਕੋਈ ਚੀਜ਼ ਹੈ ਹੀ ਨਹੀਂ ਜਿਹਦੀ ਤੁਲਨਾ ਦੇ ਦੇਈਏ। ਸੋ ਇਹ ਸਾਨੂੰ ਨਿਹਚੇ 'ਚ ਰੱਖਣਾ ਪੈਂਦਾ ਹੈ ਕਿ ਸ਼ਬਦ ਹੋਇਆ ਹੈ, ਸਾਡੇ ਤੋਂ ਪਹਿਲਾਂ, ਗੁਰੂ ਦਸ਼ਮੇਸ਼ ਪਿਤਾ ਫੁਰਮਾਉਂਦੇ ਨੇ -

***ਪ੍ਰਥਮ ਓਅੰਕਾਰ ਤਿਨ ਕਹਾ***
***ਸੋ ਧੁਨ ਪੂਰ ਜਗਤ ਮੋ ਰਹਾ।***

ਓਅੰਕਾਰ ਦੀ ਧੁਨ ਹੋਈ ਜਿਹੜੀ ਹੁਣ ਸਾਰੇ ਸੰਸਾਰ 'ਚ ਪ੍ਰੀਪੂਰਨ ਹੈ, ਓਹ ਧੁਨ ਕਰਦੀ ਕੀ ਹੈ, ਓਸਨੂੰ ਅਸੀਂ ਨਾਮ ਕਹਿੰਦੇ ਹਾਂ, ਉਹ ਇਕ ਅਵਸਥਾ ਹੈ ਅਨੁਭਵ ਦੀ, ਜਿਸ ਦੇ ਵਿਚ ਪ੍ਰਮੇਸ਼ਰ ਤੋਂ ਬਗੈਰ ਹੋਰ ਕੋਈ ਨਜ਼ਰ ਨਹੀਂ ਆਉਂਦਾ। ਉਹ ਪੱਕਾ ਅਨੁਭਵ ਹੈ ਜਿਹਨੂੰ ਆਤਮ ਅਨੁਭਵ ਕਹਿੰਦੇ ਨੇ, ਉਹਦੇ ਵਿਚ ਨਾਉਂ ਰੱਖੇ ਗਏ, ਓਅੰਕਾਰ ਨਾਮ ਰੱਖ ਲਿਆ, ਲੇਕਿਨ ਉਹ ਹਸਤੀ ਹੈ, ਨਾਮ ਤੋਂ ਤੁਰਿਆ ਹੈ, ਨਾਮ ਉਹਦਾ ਹੈ ਹੀ ਨਹੀਂ, ਅਨਾਮ ਹੈ, ਉਹਨੇ ਆਕਾਰ ਬਣਾ ਦਿਤੇ ਸਾਰੇ, This is all manifestaion of shabad ਹੁਣ ਸਾਇੰਸ ਦੇ ਨਾਲ ਅਸੀਂ ਮੁਕਾਬਲਾ ਕਰਦੇ ਹਾਂ, ਬੱਚੇ ਸਾਇੰਸ ਪੜ੍ਹਦੇ ਨੇ ਘਬਰਾ ਜਾਂਦੇ ਨੇ, ਕਿਉਂਕਿ ਉਨ੍ਹਾਂ ਕਿਤਾਬਾਂ ਵਿਚ ਰੱਬ ਦਾ ਜ਼ਿਕਰ ਨਹੀਂ ਆਉਂਦਾ। ਸਾਇੰਸ ਦਾ ਹੁੰਦਾ ਹੈ, ਬੜਾ ਸਹੀ ਵਿਸ਼ਲੇਸ਼ਨ ਕਰਦੇ ਨੇ, ਸਹੀ ਦਸਦੇ ਨੇ, ਇਹ ਨਹੀਂ ਹੈ ਕਿ ਸਾਇੰਸ ਗਲਤ ਹੈ। ਜੇ ਗਲਤ ਹੋਵੇ ਤਾਂ ਇਹ ਜਹਾਜ਼ ਹੀ ਨਾ ਚੱਲਣ, ਕੰਪਿਊਟਰ ਚੱਲੇ ਹੀ ਨਾ, ਉਹ ਅਟਕਲਪੱਚੂ ਬਾਤਾਂ ਨਹੀਂ ਹਨ, ਬਿਲਕੁਲ ਸਹੀ ਬਾਤਾਂ ਨੇ, ਲੇਕਿਨ ਉਹ ਆਪਣੀ ਖੋਜ ਤੋਂ ਬਾਹਰ ਨਹੀਂ ਗੱਲ ਕਰਦੇ, ਜਿੰਨੀ ਖੋਜ ਹੋ ਗਈ ਓਨੀਂ ਹੀ ਕਰਨੀ ਹੈ, ਸਭ ਤੋਂ ਪਹਿਲਾਂ ਉਹ ਕਹਿੰਦੀ ਸੀ ਸੰਸਾਰ ਐਟਮਾਂ ਦਾ, ਪ੍ਰਮਾਣੂਆਂ ਦਾ ਬਣਿਆ ਹੋਇਆ ਹੈ। ਸਾਡੇ ਚਿੰਤਕ ਨੇ ਕਿਹਾ, ਗੋਤਮ ਰਿਸ਼ੀ ਨੇ ਇਹ ਗੱਲ ਕਹੀ ਨਿਆਏ ਸ਼ਾਸਤਰ ਦੇ ਅੰਦਰ ਕਿ ਇਹ ਸੰਸਾਰ ਪ੍ਰਮਾਣੂਆਂ ਦਾ ਬਣਿਆ ਹੋਇਆ ਹੈ, ਖੋਜ ਜਾਰੀ ਰਹੀ ਅੱਜ ਦੇ ਸਾਇੰਸਦਾਨਾਂ ਨੇ 50-60 ਸਾਲ ਪਹਿਲਾਂ ਕਿਹਾ ਕਿ ਨਹੀਂ ਇਹ ਤਾਂ ਪ੍ਰਮਾਣੂ ਜਿਹੜਾ ਹੈ ਇਕ ਪ੍ਰਮਾਣੂ ਦੇ ਅੰਦਰ ਤਿੰਨ ਹਿੱਸੇ ਨੇ ਇਲੈਕਟ੍ਰਾਨ, ਪ੍ਰੋਟਾਨ, ਨਿਉਟ੍ਰਾਨ; ਤਿੰਨ ਲਹਿਰਾਂ ਚਲਦੀਆਂ ਨੇ, ਇਹਨੂੰ ਚਾਹੇ ਰਜੋ ਗੁਣ, ਤਮੋ ਗੁਣ, ਸਤੋ ਗੁਣ ਕਹਿ ਲਓ, ਉਹ ਕਹਿੰਦੇ ਨਹੀਂ ਇਹ ਤਾਂ ਇਲੈਕਟ੍ਰਾਨ, ਪ੍ਰੋਟਾਨ, ਨਿਉਟ੍ਰਾਨ ਤਿੰਨ ਲਹਿਰਾਂ ਨੇ ਬਿਜਲੀ ਦੀਆਂ, ਜਿਸ ਤੋਂ ਇਹ ਸੰਸਾਰ ਬਣਿਆ, ਖੋਜ ਹੋਰ ਅੱਗੇ ਵਧੀ, ਉਹ ਕਹਿਣ ਲੱਗੇ, ਨਹੀਂ ਇਹ ਤਾਂ ਐਨਰਜੀ ਤੋਂ ਬਣਿਆ ਹੈ, ਸ਼ਕਤੀ ਤੋਂ ਬਣੀਆਂ ਨੇ,

ਸ਼ਕਤੀ ਨੂੰ ਅਸੀਂ ਵੀ ਮੰਨਦੇ ਹਾਂ -

***ਸਿਵ ਸਕਤਿ ਆਪਿ ਉਪਾਇ ਕੈ***
***ਕਰਤਾ ਆਪੇ ਹੁਕਮੁ ਵਰਤਾਏ ॥ ਅੰਗ - ੯੨੦***

ਫੇਰ ਉਹ ਅੱਗੇ ਵਧੇ ਕਿ ਸ਼ਕਤੀ ਜਿਹੜੀ ਹੈ, ਜਿਹਦੇ ਵਿਚ ਜਿੰਦ ਨਹੀਂ ਜਾਨ ਨਹੀਂ ਹੈ, ਜਿਹਨੂੰ ਕੋਈ ਪਤਾ ਹੀ ਨਹੀਂ ਹੈ, ਗਿਆਨ ਨਹੀਂ ਹੈ, ਅੰਨ੍ਹੀ ਸ਼ਕਤੀ ਹੈ, ਬਈ ਉਹ ਹਿਲਜੁਲ 'ਚ ਕਿਵੇਂ ਆ ਗਈ, ਉਹ ਇਹ ਮੰਨਦੇ ਨੇ ਕਿ ਸੰਸਾਰ ਵੀ ਕਿਸੇ ਦਿਨ ਬਣਿਆ ਹੈ, ਕਿਸੇ ਦਿਨ ਬਿਨਸ ਜਾਏਗਾ, ਲੇਕਿਨ ਉਨ੍ਹਾਂ ਨੇ ਬੜੇ ਲੰਮੇ ਹਿਸਾਬ ਕਿਤਾਬ ਕੱਢੇ ਨੇ, ਸੋ ਉਹ ਇਹ ਕਹਿੰਦੇ ਨੇ ਕਿ ਇਕ ਤਾਂ ਬਿਗ ਬੈਂਗ ਹੋਇਆ ਸੀ, ਇਕ ਬੜਾ ਭਾਰਾ ਧਮਾਕੇ ਦਾ ਸ਼ਬਦ ਹੋਇਆ ਸੀ, ਐਨਰਜੀ ਜਿਹੜੀ ਹੈ ਉਹ ਸ਼ਬਦ 'ਚੋਂ ਪੈਦਾ ਹੋਈ ਉਹਨੇ ਸੰਸਾਰ ਰਚਿਆ ਹੈ, ਇਥੇ ਤਕ ਤਾਂ ਸਾਇੰਸ ਪਹੁੰਚ ਗਈ, ਹੁਣ ਇਹਦੇ ਉਪਰ ਅਸੀਂ ਚਲਦੇ ਹਾਂ, ਅਸੀਂ ਇਹਦੇ ਉਤੇ ਇਤਰਾਜ਼ ਕਰਦੇ ਹਾਂ ਕਿ ਸ਼ਬਦ ਤਾਂ ਹੋਇਆ ਤਰਤੀਬ ਕਿਵੇਂ ਦਿਤੀ ਕਿ ਅੱਖਾਂ ਇਥੇ ਲੱਗਣ, ਦਿਮਾਗ ਇਥੇ ਲੱਗੇ, ਇਕ ਸਰੀਰ ਦੇ ਅੰਦਰ ਦੋ ਖਰਬ 15 ਅਰਬ ਸੈਲ ਲੱਗਿਆ ਹੋਇਆ ਹੈ, ਇਹ ਕੀਹਨੇ ਲਾ ਦਿਤੇ, ਆਪਣੇ ਆਪ ਤਾਂ ਲਗ ਨਹੀਂ ਸਕਦੇ ਇਥੇ ਜ਼ਰੂਰ ਕੋਈ ਸ਼ਕਤੀ ਹੈ, ਜਿਹੜੀ ਸਰਬ ਕਲਾ ਸਮਰੱਥ ਹੈ, ਅਸੀਂ ਇਸ ਤੋਂ ਅੱਗੇ ਚਲਦੇ ਨਹੀਂ, ਸੋ ਮਹਾਰਾਜ ਹੇਠਾਂ ਤੋਂ ਉਪਰ ਨੂੰ ਨਹੀਂ ਦੱਸ ਰਹੇ, ਉਪਰੋਂ ਹੇਠਾਂ ਨੂੰ ਦੱਸ ਰਹੇ ਨੇ, ਉਹ ਕਹਿੰਦੇ ਪਿਆਰਿਓ, ਪਹਿਲਾਂ ਨਿਰੰਕਾਰ ਆਕਾਰ ਵਿਚ ਆ ਕੇ ਏਕੰਕਾਰ ਸਦਾਇਆ -

***ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ ॥***
***ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥***
***ਅੰਗ - ੪੬੩***

ਉਸ ਤੋਂ ਬਾਅਦ ਜਿਹਨੂੰ ਕੁਦਰਤ ਕਹਿੰਦੇ ਨੇ ਨਾ, ਸ਼ਕਤੀ ਕਹਿੰਦੇ ਹਾਂ, ਉਹ ਧਾਰਨ ਕਰਿਆ ਨਾਮ ਨੇ, ਨਾਮ ਤੋਂ ਸਭ ਕੁਛ ਹੋਇਆ। ਮਹਾਰਾਜ ਸਾਰੀ ਗੱਲ ਦੱਸਦੇ ਨੇ, ਸਾਇੰਸਦਾਨ ਖੋਜ ਲੈਣ।

ਮੈਂ ਜਦ ਅਮਰੀਕਾ ਵਿਚ ਸੀ ਉਥੇ ਇਕ ਕਿਤਾਬ ਪੜ੍ਹੀ Time and space ਬਹੁਤ ਵੱਡੇ ਖੋਜੀ ਨੇ ਲਿਖੀ ਸੀ, ਸਾਇੰਦਾਨ ਨੇ ਇੰਗਲੈਂਡ ਦੇ ਨੇ, ਉਹਨੇ ਬਹੁਤ ਯਤਨ ਕਰਿਆ ਲਿਖਣ ਦਾ, ਲੇਕਿਨ ਉਹ ਅਸਫਲ ਰਹਿ ਗਿਆ, ਅਖੀਰ ਉਹ ਪਛਤਾਇਆ ਕਿ ਮੈਂ ਯਤਨ ਤਾਂ ਕਰਿਆ, ਨਾ ਤਾਂ ਮੈਂ ਗਿਣਤੀਆਂ-ਮਿਣਤੀਆਂ 'ਚ ਪੂਰਾ ਪਹੁੰਚਿਆ, ਉਹ ਵਿਸਥਾਰ ਕਰਨ ਲੱਗਿਆ ਵਿਸਥਾਰ ਦਾ ਅੰਤ ਨਾ ਆਇਆ, ਇਕ ਦੇ ਨਾਲ 80 ਸਿਫਰੇ ਲਾ ਕੇ infinity ਲਿਖ ਦਿਤਾ, infinity ਦਾ ਮਤਲਬ ਹੁੰਦਾ ਹੈ ਕਿ ਕਰੋੜ ਸਾਲ ਸਿਫਰੇ ਲਾਈ ਜਾਓ ਤਾਂ ਵੀ ਨਹੀਂ ਮੁਕਣਾ, ਜਦ ਸੂਖਮ ਵਲ ਨੂੰ ਚੱਲਿਆ, ਓਸ ਵੇਲੇ ਉਹਨੇ ਪੁਆਇੰਟ ਲਾ ਕੇ 80 ਜ਼ੀਰੋ ਲਾ ਕੇ, infinity ਲਿਖ ਦਿਤੀ ਕਿ ਇਹ ਵੀ ਅੰਤ ਨਹੀਂ ਆਉਂਦਾ। ਉਹ ਘਬਰਾ ਗਿਆ, confuse ਹੋ ਗਿਆ, ਉਹਨੇ ਲਿਖ ਦਿਤਾ ਉਥੇ, ਲਾਈਨਾਂ ਲਿਖੀਆਂ ਹੋਈਆਂ ਨੇ, ਬਈ ਮੈਂ ਬਿਲਕੁਲ ਘਬਰਾ ਚੁਕਿਆ ਹਾਂ, ਨਾ ਇਹਦੇ ਵਿਸਥਾਰ ਦਾ ਪਤਾ ਲਗਦਾ ਹੈ, ਨਾ ਇਹਦੇ ਸੰਕੋਚ ਦਾ ਪਤਾ ਲਗਦਾ ਹੈ, ਬਈ ਕੋਈ ਧਰਮ ਹੈ ਐਸਾ ਸੰਸਾਰ ਦੇ ਅੰਦਰ ਜਿਹੜਾ ਇਹ ਦੱਸ ਦੇਵੇ ਕਿ universe ਕਿਵੇਂ ਬਣਿਆ, ਆਹ ਜਿਹੜਾ ਅਸੀਂ ਦੇਖਦੇ ਹਾਂ ਕਿ ਸੰਸਾਰ ਕਿਥੋਂ ਆ ਗਿਆ, ਤੇ ਕਿਵੇਂ ਬਣ ਗਿਆ, ਪਹਿਲਾਂ ਮੇਰੇ ਮਨ ਵਿਚ ਆਈ ਕਿ ਥੋੜ੍ਹਾ ਜਿਹਾ ਹੀ ਵਿਸਥਾਰ ਹੈ -

***ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥***
***ਅੰਗ - ੫***

ਇਹ ਅਲੇਖੇ ਦੀ ਗੱਲ ਹੈ, ਲੇਖਾ ਇਹਦੇ ਵਿਚ ਪੂਰਾ ਚਲਦਾ ਹੀ ਨਹੀਂ। ਲਿਖ ਕੇ ਫੇਰ ਪਛਤਾਉਣਾ ਪੈਂਦਾ ਹੈ ਕਿ ਮੈਂ ਪੂਰਾ ਨਹੀਂ ਕਹਿ ਸਕਿਆ। ਸੋ ਇਹਦੇ ਵਿਚ ਨਾਮ ਸ਼ਕਤੀ ਜਿਹੜੀ ਹੈ, ਇਹ ਨਾਮ ਸ਼ਕਤੀ ਤੋਂ ਸਾਰਾ ਕੁਛ ਹੋਇਆ, ਪਹਿਲਾਂ ਆਪਣਾ ਆਪ ਸਾਜਿਆ। ਏਕੰਕਾਰ ਦਾ ਰੂਪ ਧਾਰਿਆ, ਉਸ ਤੋਂ ਨਾਮ ਸ਼ਕਤੀ ਪੈਦਾ ਹੋਈ, ਉਸ ਨਾਮ ਸ਼ਕਤੀ ਨੇ -

***ਨਾਮ ਕੇ ਧਾਰੇ ਸਗਲੇ ਜੰਤ ॥***
***ਨਾਮ ਕੇ ਧਾਰੇ ਖੰਡ ਬ੍ਰਹਮੰਡ ॥***
***ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥***
***ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥***
***ਅੰਗ - ੨੮੪***

ਦੂਜੇ ਪਾਸੇ ਮਹਾਰਾਜ ਨੇ ਇਸੇ ਨੂੰ ਹੋਰ ਤਰੀਕੇ ਨਾਲ ਦੱਸਿਆ ਹੈ -

***ਓਅੰਕਾਰਿ ਬ੍ਰਹਮਾ ਉਤਪਤਿ ॥***
***ਓਅੰਕਾਰੁ ਕੀਆ ਜਿਨਿ ਚਿਤਿ ॥***
***ਓਅੰਕਾਰਿ ਸੈਲ ਜੁਗ ਭਏ ॥***
***ਓਅੰਕਾਰਿ ਬੇਦ ਨਿਰਮਏ ॥ ਅੰਗ - ੯੩੦***

ਇਕ ਸ਼ਬਦ ਤੋਂ ਸਾਰਾ ਪਸਾਰਾ ਹੋ ਗਿਆ -

***ਕੀਤਾ ਪਸਾਉ ਏਕੋ ਕਵਾਉ ॥***
***ਤਿਸ ਤੇ ਹੋਏ ਲਖ ਦਰੀਆਉ ॥ ਅੰਗ - ੩***

ਐਥੇ ਤਕ ਤੁਸੀਂ ਗੱਲ ਸਮਝੋ, ਹੁਣ ਪਸਾਰਾ ਕਿਥੋਂ ਹੋਇਆ, ਬਾਹਰੋਂ ਤਾਂ ਕਿਤੋਂ ਆਇਆ ਨਹੀਂ। ਬਾਹਰੋਂ ਨਹੀਂ ਆਇਆ, ਗੁਰੂ ਮਹਾਰਾਜ ਏਸ ਨੂੰ ਪ੍ਰਗਟ ਕਰਨ ਵਾਸਤੇ, ਏਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ -

***ਧਾਰਨਾ - ਆਪੇ ਇਕ ਨੇ ਅਨੇਕ ਰੂਪ ਧਾਰੇ,***
***ਆਪੇ ਦੇਖੇ ਖੇਲ੍ਹ ਆਪਣੀ।***

*ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ।*
*ਨਿਆਰੇ ਨਿਆਰੇ ਹੋਇ ਕੈ, ਫੇਰਿ ਆਗ ਮੈ ਮਿਲਾਹਿੰਗੇ।*
*ਜੈਸੇ ਏਕ ਧੂਰ ਤੇ, ਅਨੇਕ ਧੂਰ ਪੂਰਤ ਹੈਂ*
*ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ।*
*ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ*
*ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿੰਗੇ।*
*ਤੈਸੇ ਬਿਸ੍ਵ ਰੂਪ ਤੇ, ਅਭੂਤ ਭੂਤ ਪ੍ਰਗਟ ਹੋਇ*
*ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ।*
*ਅਕਾਲ ਉਸਤਤਿ*

ਮਿਸਾਲਾਂ ਦਿਤੀਆਂ ਨੇ ਗੁਰੂ ਮਹਾਰਾਜ ਜੀ ਨੇ, ਗੁਰੂ ਦਸ਼ਮੇਸ਼ ਪਿਤਾ ਨੇ ਕਿ ਇਕ ਤੋਂ ਹੀ ਸਾਰੇ ਵਜੂਦ ਵਿਚ ਆਏ ਉਹਦੇ ਵਿਚ ਹੀ ਸਮਾਅ ਜਾਣਗੇ -

*ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ।*
*ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ।*

ਬੇਨਤੀ ਕਰਨ ਤੋਂ ਮੇਰਾ ਭਾਵ ਹੈ ਕਿ ਓਸ ਹਸਤੀ ਨੂੰ ਸਮਝਿਆ ਜਾਵੇ ਜਿਹਨੂੰ ਅਸੀਂ ਰੱਬ, ਖੁਦਾ, ਵਾਹਿਗੁਰੂ, ਰਾਮ, ਕ੍ਰਿਸ਼ਨ ਕਹਿੰਦੇ ਹਾਂ, ਨਾਰਾਇਣ ਕਹਿੰਦੇ ਹਾਂ, ਗੋਬਿੰਦ ਕਹਿੰਦੇ ਹਾਂ, ਉਹ ਇਕ ਹਸਤੀ ਹੈ, ਜਿਹਦਾ ਰੂਪ, ਰੇਖ ਮੂਲਮੰਤ੍ਰ ਦੇ ਵਿਚ ਵਰਣਨ ਕੀਤਾ ਗਿਆ ਹੈ।

ੴ ਫੇਰ ਉਹ 'ਸਤਿ' ਹੈ, ਹਸਤੀ ਸਤਿ ਹੈ ਬਦਲਦੀ ਨਹੀਂ ਹੈ, ਫੇਰ ਉਹ ਸ਼ਕਤੀ ਨਾਮ ਹੈ, ਸਾਰੇ ਪ੍ਰੀਪੂਰਨ ਹੈ, ਸਾਰੀ ਦੁਨੀਆ ਨੂੰ ਬਣਾਉਣ ਵਾਲੀ, ਸਾਰੀ ਦੁਨੀਆਂ ਨੂੰ ਧਾਰਨ ਕਰਨ ਵਾਲੀ। ਉਹ ਇਕ ਸੋਝੀ ਹੈ, ਅਨੁਭਵ ਹੈ ਜਿਹਨੂੰ ਨਾਮ ਕਹਿੰਦੇ ਨੇ। ਉਹ ਦੱਸਿਆ ਨਹੀਂ ਜਾ ਸਕਦਾ ਕਿਉਂਕਿ ਸਾਰੀ ਦੁਨੀਆ ਨਾਮ ਨੂੰ ਦਸਦੀ, ਦਸਦੀ ਦੱਸ ਨਹੀਂ ਸਕੀ। ਮਹਾਰਾਜ ਕਹਿੰਦੇ ਉਹ ਐਨਾ ਅਮੋਲ ਹੈ -

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥*
*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥*
*ਅੰਗ - ੮੧*

ਉਹਦਾ ਰਸ ਤੇ ਰੰਗ ਤਾਂ ਮਾਣਿਆ ਜਾ ਸਕਦਾ ਹੈ, ਲੇਕਿਨ ਜ਼ੁਬਾਨ ਦੇ ਨਾਲ ਬਿਆਨਿਆ ਨਹੀਂ ਜਾ ਸਕਦਾ। ਇਹ ਜਦ ਗੱਲ ਗੋਰਖਨਾਥ ਨੇ ਸੁਣੀ, ਓਸ ਵੇਲੇ ਉਨ੍ਹਾਂ ਦੇ ਨਾਲ ਬੜਾ ਭਾਰਾ contrast ਹੋ ਗਿਆ ਖਿਆਲਾਂ ਦਾ, ਉਹ ਕਹਿਣ ਲੱਗਿਆ ਨਾਨਕ! ਤੇਰੇ ਖਿਆਲ ਨਾਲ ਅਸੀਂ ਸਹਿਮਤ ਨਹੀਂ ਕਿਉਂਕਿ ਸੰਸਾਰ ਦੇ ਅੰਦਰ ਜੀਵ ਕਿਥੋਂ ਆ ਗਿਆ, ਪ੍ਰਕ੍ਰਿਤੀ ਕਿਥੋਂ ਆ ਗਈ, ਵਾਹਿਗੁਰੂ ਤਾਂ ਅਤਿ ਨਿਰਮਲ ਹੈ, ਉਹਦੇ ਵਿਚ ਐਹੋ ਜਿਹੀ ਮੈਲੀ ਚੀਜ਼ ਕਿਥੋਂ ਆ ਗਈ, ਫੇਰ ਦੁਖ ਸੰਸਾਰ 'ਚ ਕਿਉਂ ਆ ਗਿਆ, ਉਹ ਤਾਂ ਸਤਿ ਚਿਤ ਅਨੰਦ ਹੈ, ਜਿਹੜੀ ਸਾਡੀ ਥਿਊਰੀ ਹੈ ਉਹ ਹੈ ਕਿ ਮਾਇਆ ਹੈ ਅਨਾਦੀ, ਇਕ ਜੀਵ ਹੈ ਤੇ ਇਕ ਈਸ਼ਵਰ ਹੈ; ਤਿੰਨ ਨੇ। ਜਦ ਈਸ਼ਵਰ ਦੀ ਨਿਗ੍ਹਾ ਮਾਇਆ 'ਤੇ ਪਈ, ਸੱਤਾ ਪਈ, ਪਰਛਾਵਾਂ ਪਿਆ ਉਹਦੇ ਵਿਚ ਹਿਲਜੁਲ ਹੋ ਗਈ। ਹਿਲਜੁਲ ਹੋਣ ਦੇ ਨਾਲ ਉਹਦੇ ਵਿਚ awareness ਆ ਗਈ ਤੇ ਜੀਵ ਉਹਦੇ ਵਿਚ ਫਸ ਗਿਆ -

*ਕਬੀਰ ਨਿਰਮਲ ਬੂੰਦ ਅਕਾਸ ਕੀ*
*ਪਰਿ ਗਈ ਭੂਮਿ ਬਿਕਾਰ ॥*
*ਬਿਨੁ ਸੰਗਤਿ ਇਉ ਮਾਂਨਈ ਹੋਇ ਗਈ ਭਠ ਛਾਰ॥*
*ਅੰਗ - ੧੩੭੫*

ਮਾਇਆ ਦੇ ਵਿਕਾਰ ਦੇ ਵਿਚ ਆ ਕੇ ਉਹ ਜੋਤੀ ਫਸ ਗਈ। ਵਾਹਿਗੁਰੂ ਨਾਲੋਂ ਟੁੱਟ ਗਈ, ਉਹਦੀ ਜਿਹੜੀ ਮੌਲਿਕਤਾ ਸੀ ਉਹ ਖਤਮ ਹੋ ਗਈ, ਉਹ ਪਰਮ ਚੇਤਨ ਸੁਖ ਸਰੂਪ ਸੀ, ਲੇਕਿਨ ਸਾਢੇ ਤਿੰਨ ਹੱਥ ਦੀ ਦੇਹ ਬਣ ਗਈ, ਹੁਣ ਇਹ ਨਿਕਲਦੀ ਨਹੀਂ ਹੈ।

*ਕਬੀਰ ਨਿਰਮਲ ਬੂੰਦ ਅਕਾਸ ਕੀ*
*ਲੀਨੀ ਭੂਮਿ ਮਿਲਾਇ ॥*
*ਅਨਿਕ ਸਿਆਨੇ ਪਚਿ ਗਏ*
*ਨਾ ਨਿਰਵਾਰੀ ਜਾਇ ॥ ਅੰਗ - ੧੩੭੫*

ਕਹਿਣ ਲੱਗੇ, ਹੇ ਨਾਨਕ! ਇਹ ਜੋ ਤੂੰ ਗੱਲ ਕਹਿੰਦਾ ਹੈਂ ਇਹ ਮੰਨੀ ਨਹੀਂ ਜਾ ਸਕਦੀ। ਨਾ ਸਿਆਣਾ ਬੰਦਾ ਕੋਈ ਮੰਨ ਸਕਦਾ ਹੈ, ਇਹ ਰੱਬ ਕਿਵੇਂ ਸੰਸਾਰ ਬਣ ਗਿਆ, ਇਹਦੇ 'ਚ ਤਾਂ ਮਾੜੇ ਬੜੇ ਨੇ, ਦੁਸ਼ਟ ਬੜੇ ਨੇ, ਦੁਖ ਦੇਣ ਵਾਲੇ ਬੜੇ ਨੇ, ਬਈ ਅਸੀਂ ਇਹਦੇ ਉਤੇ ਭਾਵਨਾ ਐਨੀ ਪਵਿਤਰ ਕਿਉਂ ਲੈ ਕੇ ਆਈਏ, ਮਹਾਰਾਜ ਕਹਿੰਦੇ ਗੋਰਖਨਾਥ! ਵਾਹਿਗੁਰੂ ਤਾਂ ਆਪੇ ਸੀ ਆਪਣੀ ਮੌਜ ਦੇ ਵਿਚ ਉਸ ਨੇ -

*ਜਿਨਿ ਰਚਿ ਰਚਿਆ ਪੁਰਖਿ ਬਿਧਾਤੈ*
*ਨਾਲੇ ਹਉਮੈ ਪਾਈ ॥*
*ਜਨਮ ਮਰਣੁ ਉਸ ਹੀ ਕਉ ਹੈ ਰੇ*
*ਓਹਾ ਆਵੈ ਜਾਈ ॥ ਅੰਗ - ੯੯੯*

ਸਭ ਤੋਂ ਪਹਿਲਾਂ ਹਉਮੈ ਦਾ ਤੱਤ ਪੈਦਾ ਕਰ ਦਿਤਾ। "ਅਹੰ" I am, 'ਮੈਂ' ਪ੍ਰਕ੍ਰਿਤੀ ਜਦ ਹਉਮੈ ਤੋਂ ਬਣੀ, ਉਸ ਵੇਲੇ ਇਹਦੇ ਵਿਚ ਜਿਹੜੀ awareness ਆਈ ਉਹ ਮੈਂ ਬਣ ਗਈ, ਅੱਡ ਹੋ ਗਈ, ਵਾਹਿਗੁਰੂ ਦੇ ਨਾਲੋਂ ਉਸੇ ਵੇਲੇ ਹੀ, ਛੋਟੀਆਂ-ਛੋਟੀਆਂ ਅੱਡ-ਅੱਡ ਬਣ ਗਈਆ ਚੀਜ਼ਾਂ -

*ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ*
*ਕਿਤੁ ਕਿਤੁ ਦੁਖਿ ਬਿਨਸਿ ਜਾਈ ॥*
*ਹਉਮੈ ਵਿਚਿ ਜਗੁ ਉਪਜੈ ਪੁਰਖਾ*
*ਨਾਮਿ ਵਿਸਰਿਐ ਦੁਖੁ ਪਾਈ ॥ ਅੰਗ - ੯੪੬*

ਨਾਮ ਸ਼ਕਤੀ ਨੂੰ ਭੁੱਲਣ ਕਰਕੇ ਅਸੀਂ ਦੁਖੀ ਹੋ ਰਹੇ ਹਾਂ, ਹੁਣ ਬਣ ਤਾਂ ਗਏ ਅਸੀਂ ਜੀਵ, ਸਾਡਾ ਸਫਰ

ਕਿੰਨਾ ਚਿਰ ਹੋ ਗਿਆ? ਮਹਾਰਾਜ ਕਹਿੰਦੇ, ਪਿਆਰਿਆ-

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥*

*ਅੰਗ - ੧੭੬*

ਆਹ ਦੇਖ ਲੈ ਚੌਰਾਸੀ, ਕਿਵੇਂ ਘੁੰਮਦੀ ਫਿਰਦੀ ਹੈ; ਇਨ੍ਹਾਂ ਸਾਰਿਆਂ ਦੇ ਵਿਚੀਂ ਤੂੰ ਹੋ ਕੇ ਆਇਆ ਹੈ, ਤੇ ਹੁਣ ਤੂੰ ਵਾਪਸ ਜਾਣਾ ਹੈ ਆਪਣੇ ਘਰ ਨੂੰ। ਦੁਖਾਂ ਤੋਂ ਛੁਟਕਾਰਾ ਪਾਉਣਾ ਹੈ। ਮੈਂ ਪਿਛਲੇ ਦੀਵਾਨ ਵਿਚ ਬੇਨਤੀ ਕਰੀ ਸੀ ਕਿ ਕਰਮ ਕਿਵੇਂ ਕੰਮ ਕਰਦੇ ਨੇ, ਕਿਵੇਂ ਜੀਵ ਨੂੰ ਬੰਨ੍ਹ ਲੈਂਦੇ ਨੇ, ਕਿਵੇਂ ਜੀਵ ਛੁਟ ਨਹੀਂ ਸਕਦਾ, ਕਰਮਾਂ ਤੋਂ। ਕੋਈ ਤਰੀਕਾ ਨਹੀਂ ਹੈ। ਇਕੋ ਹੀ ਤਰੀਕਾ ਹੈ ਜੇ ਸਾਡੀ ਰੁਸਵਾਈ ਨਾਮ ਤਕ ਹੋ ਜਾਵੇ, ਫੇਰ ਅਸੀਂ ਛੁਟ ਜਾਂਦੇ ਹਾਂ, ਕਿਉਂਕਿ ਹਉਮੈ ਦਾ ਤੇ ਨਾਮ ਦਾ ਵੈਰ ਹੈ ਆਪਸ ਵਿਚ -

*ਹਉਮੈ ਨਾਵੈ ਨਾਲਿ ਵਿਰੋਧੁ ਹੈ*
*ਦੁਇ ਨ ਵਸਹਿ ਇਕ ਠਾਇ ॥ ਅੰਗ - ੫੬੦*

ਸੋ ਇਹਨੂੰ ਸੁਖਾਲੇ ਅੱਖਰਾਂ ਦੇ ਵਿਚ ਫਿਲਾਸਫੀ ਦੀ ਥਾਂ 'ਤੇ ਗੁਰੂ ਮਹਾਰਾਜ ਇਹ ਫੁਰਮਾਨ ਕਰਦੇ ਨੇ, ਸਿੱਧੀ-ਸਿੱਧੀ ਮੈਂ ਹੁਣ ਗੱਲ ਸ਼ੁਰੂ ਕਰਦਾ ਹਾਂ; ਇਹ ਮੈਂ ਇਸ ਵਾਸਤੇ ਬੇਨਤੀ ਕਰੀ ਹੈ, ਕਿ ਇਹ ਸਾਰਾ ਜਿੰਨਾਂ ਤੁਹਾਨੂੰ ਨਜ਼ਰ ਆਉਂਦਾ ਹੈ ਨਾ ਇਹ ਸਾਰਾ ਸ਼ਬਦ ਤੋਂ ਹੋਇਆ ਹੈ।

*ਏਕ ਕਵਾਵੈ ਤੇ ਸਭਿ ਹੋਆ ॥ ਅੰਗ - ੧੦੦੩*

ਇਕ ਸ਼ਬਦ ਤੋਂ ਸਾਰਾ ਕੁਛ ਹੋਇਆ ਹੈ, ਉਹ ਜਿਹੜਾ ਸ਼ਬਦ ਹੈ, ਇਕ ਤਾਂ ਉਹ ਜਿਹੜਾ ਪ੍ਰਕ੍ਰਿਤੀ ਨੂੰ ਸਤਿਆ ਦੇ ਕੇ ਸੰਸਾਰ ਬਣਾ ਦਿਤਾ, ਇਕ ਉਹ ਸ਼ਬਦ ਬਿਲਕੁਲ ਖਾਲਸ ਹੈ, ਉਸ ਸ਼ਬਦ ਨੂੰ ਗੁਰੂ ਕਹਿੰਦੇ ਨੇ, ਗੁਰੂ ਅੱਜ ਤਕ ਸਰੀਰ ਨਹੀਂ, ਗੁਰੂ ਹਮੇਸ਼ਾ ਹੀ ਸ਼ਬਦ ਹੁੰਦਾ ਹੈ। ਗੁਰੂ ਕੀ ਕੰਮ ਕਰਦਾ ਹੈ, ਜਿਹੜੇ ਮਹਾਂਪੁਰਸ਼ ਹੁੰਦੇ ਨੇ, ਜਿਨ੍ਹਾਂ ਦੇ ਵਿਚ ਹਉਮੈ ਦਾ ਨਾਸ਼ ਹੋ ਕੇ ਅਭੇਦ ਅਵਸਥਾ ਵਿਚ ਚਲੇ ਗਏ, ਉਨ੍ਹਾਂ 'ਚ ਉਹ ਸ਼ਬਦ vibration ਕਰਦਾ ਹੈ। ਬੋਲਦਾ ਹੈ, ਆਪਾਂ ਐਉਂ ਕਹਿ ਲਓ ਕਿ ਅਕਾਸ਼ਬਾਣੀ ਆਉਂਦੀ ਹੈ, ਉਹਨੂੰ। ਜਿਹੜੀ ਗੁਰੂ ਨਾਨਕ ਸਾਹਿਬ ਨੇ ਕਿਹਾ ਹੈ -

*ਜੈਸੀ ਮੈ ਆਵੈ ਖਸਮ ਕੀ ਬਾਣੀ*
*ਤੈਸੜਾ ਕਰੀ ਗਿਆਨੁ ਵੇ ਲਾਲੋ ॥*

*ਅੰਗ - ੭੨੨*

ਮੈਂ ਨਹੀਂ ਬੋਲਦਾ -

*ਹਉ ਆਪਹੁ ਬੋਲਿ ਨ ਜਾਣਦਾ*
*ਮੈ ਕਹਿਆ ਸਭੁ ਹੁਕਮਾਉ ਜੀਉ ॥ਅੰਗ - ੭੬੩*

ਵੇਦਾਂ ਦੇ ਅੰਦਰ ਉਹ ਸ਼ਬਦ ਆਇਆ, ਰਿਸ਼ੀਆ-ਮੁਨੀਆਂ ਦੇ ਰਾਹੀਂ। ਉਹ ਵੇਦ ਰਚ ਦਿਤੇ, ਚਾਰ ਵੇਦ। ਮੁਹੰਮਦ ਸਾਹਿਬ ਦੇ ਰਾਹੀਂ ਆਇਆ, ਉਨ੍ਹਾਂ ਨੇ ਪਵਿਤਰ ਪੁਸਤਕ ਕੁਰਾਨ ਸ਼ਰੀਫ ਦੀ ਰਚ ਦਿਤੀ, ਮੂਸਾ ਜੀ ਨੂੰ ਆਇਆ, ਮੂਸਾ ਜੀ ਪਤਾ ਨਹੀਂ ਕੀ ਕਾਰਨ ਸੀ ਕਿ ਉਹ ਉਸੇ ਤਰ੍ਹਾਂ ਨਾ ਲਿਆ ਸਕੇ, ਉਹਦੀਆਂ ten commandments ਪਹਾੜ ਦੇ ਉਤੇ ਉਕਰੀਆ ਗਈਆਂ। ਉਹ ਸਾਰੇ ਅਨੁਆਈਆਂ ਨੂੰ ਲੈ ਗਿਆਂ ਕਿ ਲਓ ਪਿਆਰਿਓ! ਮੈਂ ਤਾਂ ਦਸਦਾ ਭੁੱਲਦਾ ਹਾਂ, ਲੇਕਿਨ ਜਿਹੜੀ ਗੱਲ ਮੈਨੂੰ ਅੱਜ ਆਈ ਹੈ, ਜਦ ਮੈਂ ਕਿਹਾ ਕਿ ਐਨੀਆਂ ਮੇਰੇ ਯਾਦ ਨਹੀਂ ਰਹਿਣੀਆਂ। ਮੇਰੇ ਦੇਖਦੇ-ਦੇਖਦੇ ਪਹਾੜ ਦੇ ਉਤੇ ਉਕਰ ਗਈਆਂ। ਉਹਨੂੰ ten commandments ਕਹਿੰਦੇ ਨੇ, ਜਿਹਦੇ ਉਤੇ ਯਹੂਦੀਆਂ ਦਾ ਧਰਮ ਚਲਦਾ ਹੈ। ਏਸੇ ਤਰ੍ਹਾਂ ਗੁਰੂ ਮਹਾਰਾਜ ਸੰਤਾਂ, ਮਹਾਤਮਾਵਾਂ ਦੇ ਅਨੁਭਵ 'ਚੋਂ ਬਾਣੀ ਆਉਂਦੀ ਹੈ, ਆਪ ਨਹੀਂ ਉਹ ਬੋਲਿਆ ਕਰਦੇ, ਉਹ ਜਦ ਜੁੜੇ ਹੁੰਦੇ ਨੇ ਉਤੋਂ ਆਉਂਦਾ ਹੈ ਇਸ਼ਾਰਾ। ਉਸੇ ਤਰ੍ਹਾਂ ਦੇ ਉਹ ਬਚਨ ਕਰਦੇ ਨੇ, ਉਹਨੂੰ ਅਨੁਭਵ ਦੇ ਬਚਨ ਕਹਿੰਦੇ ਨੇ। ਅਨੁਭਵ clear ਵੀ ਹੁੰਦਾ ਹੈ ਗਲਤ ਵੀ ਹੁੰਦਾ ਹੈ। ਜੇ ਤਾਂ ਉਹਦੇ ਉਤੇ ਅਸਰ ਹੈ ਪ੍ਰਕ੍ਰਿਤੀ ਦਾ ਤਾਂ ਉਹਦੀਆਂ ਗੱਲਾਂ ਸੰਸਾ ਦੂਰ ਨਹੀਂ ਕਰ ਸਕਦੀਆਂ, ਸੰਸਾ ਪੈਦਾ ਕਰਦੀਆ ਨੇ। ਜੇ ਉਹਦੇ ਅੰਦਰ ਇਹ ਅਸਰ ਨਹੀਂ ਹੈ, ਅੰਦਰ ਗਿਆਨ ਹੈ ਪੂਰਨ ਤੌਰ ਦੇ ਉਤੇ, ਆਤਮ ਸਥਿਤੀ ਵਿਚ ਉਹਦਾ ਨਿਵਾਸ ਹੈ, ਫੇਰ ਉਹ ਓਹੀ ਬੋਲੀ ਬੋਲਦਾ ਹੈ। ਉਹਨੂੰ ਕਿਸੇ ਗ੍ਰੰਥ 'ਚੋਂ ਪੜ੍ਹ ਕੇ ਕੱਢ ਲਓ, ਉਹਦੇ ਨਾਲ ਗੱਲ ਮਿਲਦੀ ਹੋਏਗੀ, ਇਸ ਕਰਕੇ ਸੰਤਾਂ ਦਾ ਜੋ ਉਪਦੇਸ਼ ਹੁੰਦਾ ਹੈ ਉਹ ਕਿਸੇ ਖਾਸ ਇਕ ਧਰਮ ਵਾਸਤੇ ਨਹੀਂ ਹੋਇਆ ਕਰਦਾ, ਉਹ ਸਾਰੇ ਜਗਤ ਵਾਸਤੇ ਸਾਂਝਾ ਹੋਇਆ ਕਰਦਾ ਹੈ, ਸਾਰੇ ਵਰਣਾਂ ਵਾਸਤੇ -

*ਖਤ੍ਰੀ ਬ੍ਰਾਹਮਣ ਸੂਦ ਵੈਸ*
*ਉਪਦੇਸੁ ਚਹੁ ਵਰਨਾ ਕਉ ਸਾਝਾ ॥*

*ਅੰਗ - ੭੪੮*

ਸੋ ਉਹਦੇ ਵਿਚ ਜਿਹੜਾ ਸ਼ਬਦ ਹੈ, ਇਹ ਸ਼ਬਦ ਚਲਦਾ-ਚਲਦਾ, ਸ਼ਬਦ ਗੁਰੂ ਜਿਸਨੂੰ ਆਖਦੇ ਨੇ, ਇਹ ਆਦਮੀ ਦੇ ਅੰਦਰ ਆਉਂਦਾ ਹੈ, ਅੰਦਰ ਆ ਕੇ ਸਾਡੇ ਵਾਸਤੇ ਅਸੀਂ ਐਨੇ ਖੁਸ਼ਕਿਸਮਤ ਹਾਂ ਕਿ ਇਕ ਤਾਂ ਸਾਡੀ ਬੋਲੀ ਹੈ। ਹੁਣ ਵੇਦ ਨੇ ਉਹਦੀ ਜਦੋਂ ਵਿਆਖਿਆ ਕਰਦੇ ਨੇ, ਉਹ ਦੇਰ ਦੀ ਬੋਲੀ ਹੋਣ ਕਰਕੇ ਉਹਦੀ ਪਰਿਭਾਸ਼ਾ 'ਚ ਫਰਕ ਪੈਣ ਕਰਕੇ ਉਹਦੀ ਬਹੁਤ ਬਿਧ ਦੀ ਵਿਆਖਿਆ ਹੋ ਗਈ, ਕੋਈ ਆਦਮੀ ਨਿਰਣਾ ਨਹੀਂ ਕਰ ਸਕਦਾ, ਸ਼ੱਕ 'ਚ ਪਿਆ ਰਹਿੰਦਾ ਹੈ। ਇਹ ਗੁਰੂ ਗ੍ਰੰਥ ਸਾਹਿਬ ਕਿਉਂਕਿ ਬਹੁਤ ਥੋੜ੍ਹੇ ਅਰਸੇ ਦੇ ਵਿਚ ਵਜੂਦ ਵਿਚ ਆਏ ਨੇ, ਸਾਡੀ ਬੋਲੀ ਦੇ ਵਿਚ ਨੇ, ਏਸ ਕਰਕੇ ਬੜੀ ਭਾਰੀ ਕ੍ਰਿਪਾ ਕਰੀ

ਵਾਹਿਗੁਰੂ ਜੀ ਨੇ ਕਿ ਉਹ ਆਪ ਹੀ ਜਿਹੜੇ ਉਨ੍ਹਾਂ ਦੇ ਵਿਚ ਅਭੇਦ ਵਾਹਿਗੁਰੂ ਦਾ ਰੂਪ ਸੀ -

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ ॥ ਅੰਗ - ੪੪੨*

ਉਹ ਗੁਰੂ ਪ੍ਰਮੇਸ਼ਰ ਦੇ ਰਾਹੀ ਪ੍ਰਗਟ ਹੋ ਕੇ ਗੁਰੂ ਗ੍ਰੰਥ ਸਾਹਿਬ ਦੇ ਵਿਚ ਆ ਗਏ, ਹੁਣ ਚਾਹੇ ਤਾਂ ਦੇਹਧਾਰੀ ਗੁਰੂ ਹੈ, ਉਹ ਵੀ ਸ਼ਬਦ ਦੀ ਗੱਲ ਕਰੇਗਾ, ਚਾਹੇ ਗੁਰੂ ਗ੍ਰੰਥ ਸਾਹਿਬ ਨੇ, ਇਹ ਨਿਰਾ ਹੀ ਸ਼ਬਦ ਦਾ ਰੂਪ ਹੈ। ਇਹਦੇ ਵਿਚ ਕੋਈ ਪੜਦਾ ਨਹੀਂ, ਇਨ੍ਹਾਂ ਨੇ ਥੱਕਣਾ ਨਹੀ ਹੈ, ਅੱਕਣਾ ਨਹੀਂ ਹੈ, ਨਾ ਇਹਦੇ ਵਿਚ ਬਦਲੀ ਆਉਣੀ ਹੈ, ਇਹ ਜਿਉਂ ਦਾ ਤਿਉਂ ਹੀ ਰਹਿਣਾ ਹੈ। ਏਸ ਕਰਕੇ ਸਾਧਸੰਗਤ ਜੀ, ਮੈਂ ਇਹ ਬੇਨਤੀ ਕਰੀ ਸੀ, ਕਿ ਗੁਰੂ ਗ੍ਰੰਥ ਸਾਹਿਬ ਨੂੰ ਪਛਾਣੋ। ਇਹ ਜੋ ਕੁਛ ਗੁਰੂ ਗ੍ਰੰਥ ਸਾਹਿਬ ਵਿਚ ਆਇਆ ਹੈ, ਸਾਡੀਆਂ ਪਰਮ ਰਹਿਤਾਂ ਇਹੀ ਨੇ, ਇਹਦੇ ਵਿਚੋਂ ਨਹੀਂ ਅਸੀਂ ਬਦਲਣਾ। ਇਕ ਬੰਦਾ ਕਹਿੰਦਾ ਹੈ ਕਿ ਆਹ ਕਰ ਲਓ, ਔਹ ਕਰ ਲਓ, ਗੁਰੂ ਗ੍ਰੰਥ ਸਾਹਿਬ ਤਾਂ ਕਹਿੰਦੇ ਹੀ ਨਹੀਂ, ਕਿਸੇ ਕਿਤਾਬ ਵਿਚ ਲਿਖਿਆ ਹੋਣਾ ਹੈ, ਕਿਸੇ ਲਿਖਾਰੀ ਨੇ ਲਿਖਿਆ ਹੋਣਾ ਹੈ। ਕਿਸੇ ਲਿਖਾਰੀ ਨੇ ਲਿਖਿਆ ਹੋਣਾ ਹੈ, ਕਿਸੇ ਇਤਿਹਾਸਕਾਰ ਨੇ ਲਿਖਿਆ ਹੋਣਾ ਹੈ, ਇਤਿਹਾਸਕਾਰ ਭੁੱਲੇ ਹੋਏ ਨੇ, ਜੋ ਗੁਰੂ ਗ੍ਰੰਥ ਸਾਹਿਬ ਵਿਚ ਆਉਂਦਾ ਹੈ, ਅੱਖਰ ਦਰ ਅੱਖਰ ਅਸੀਂ ਉਹਦੇ ਉਤੇ ਚਲਣਾ ਹੈ, ਜਿਹੜਾ ਚੱਲੇਗਾ, ਉਹ ਪਾਰ ਹੋ ਜਾਏਗਾ -

*ਸੰਤਹੁ ਸਾਗਰੁ ਪਾਰਿ ਉਤਰੀਐ ॥*
*ਜੇ ਕੋ ਬਚਨੁ ਕਮਾਵੈ ਸੰਤਨ ਕਾ*
*ਸੋ ਗੁਰ ਪਰਸਾਦੀ ਤਰੀਐ ॥ ਅੰਗ - ੭੪੭*

ਇਹ ਪਾਰਬ੍ਰਹਮ ਪ੍ਰਮੇਸ਼ਰ ਦੇ ਗੁਰੂ ਸਰੂਪ ਦੇ ਬਚਨ ਨੇ, ਗੁਰੂ ਗ੍ਰੰਥ ਸਾਹਿਬ ਦੇ ਅੰਦਰ, ਸੋ ਐਨੀ ਮੈਂ ਬੇਨਤੀ ਕਰਨੀ ਸੀ, ਤਾਂ ਕਿ ਜਿਹੜੇ ਭੁਲੇਖੇ ਜਿਹਾ ਪਾਈ ਜਾਂਦੇ ਨੇ, ਉਨ੍ਹਾਂ ਭੁਲੇਖਿਆਂ ਤੋਂ ਦੂਰ ਰਹੋ, ਸਤਿਕਾਰ ਕਰੋ ਸਾਰੇ ਸੰਸਾਰ ਦੇ ਮਹਾਂਪੁਰਸ਼ਾਂ ਦਾ। ਕਿਸੇ ਨੂੰ ਮਾੜਾ ਨਾ ਕਹੋ, ਕਿਉਂਕਿ ਉਨ੍ਹਾਂ ਦੀ ਕੋਸ਼ਿਸ਼ ਹੈ ਕਿ ਜੀਵ ਨੂੰ ਛੁਡਾਉਣਾ ਹੈ, ਜੇ ਅਸੀਂ ਸਤਿਕਾਰ ਨਹੀਂ ਕਰਾਂਗੇ ਸਾਡੇ ਅੰਦਰ ਦ੍ਵੈਤ ਪੈਦਾ ਹੁੰਦੀ ਹੈ, ਹਉਮੈ ਪੈਦਾ ਹੁੰਦੀ ਹੈ, ਅਸੀਂ ਆਪ ਹੀ ਉਲਝਦੇ ਹਾਂ, ਲੇਕਿਨ ਜੋ ਸਿਧਾਂਤ ਹੈ, ਜਿਹਨੂੰ ਇਸ਼ਟ ਕਹਿੰਦੇ ਨੇ, ਉਹ ਗੁਰੂ ਗ੍ਰੰਥ ਸਾਹਿਬ ਹੈ, ਇਸ਼ਟ ਤੋਂ ਬਾਹਰ ਨਹੀਂ ਜਾਣਾ ਅਸੀਂ, ਇਨ੍ਹਾਂ ਨੂੰ ਮੰਨਣਾ ਹੈ, ਸੋ ਇਸ ਤਰ੍ਹਾਂ ਦੇ ਨਾਲ ਜੋ ਗੁਰੂ ਗ੍ਰੰਥ ਸਾਹਿਬ ਦੇ ਬਚਨ ਨੇ ਮੈਂ ਉਹ ਬੇਨਤੀ ਕਰੀ ਸੀ ਕਿ ਪਿਆਰਿਆ! ਵਾਰੀ ਨਾ ਲੰਘਾ ਲਈਂ ਕਿਤੇ, ਬੜੀ ਮੁਸ਼ਕਲ ਤੋਂ ਬਾਅਦ ਤੈਨੂੰ ਮਾਨਸ ਦੇਹ ਮਿਲੀ ਹੈ, ਇਹ ਨਾ ਕਹੋ ਕਿ ਸਾਨੂੰ ਬਾਰ-ਬਾਰ ਮਿਲ ਜਾਏਗੀ, ਮਹਾਰਾਜ ਕਹਿੰਦੇ, ਬਿਲਕੁਲ ਨਹੀਂ, ਇਹ ਧਾਰਨਾ ਗਲਤ ਹੈ ਆਦਮੀ ਦੇ ਮਨ ਵਿਚ।

*ਧਾਰਨਾ - ਤੈਨੂੰ ਬਾਰ-ਬਾਰ ਨਾ ਮਿਲਣੀ,*
*ਮਾਨਸ ਦੇਹੀ-ਮਾਨਸ ਦੇਹੀ।*

*ਕਬੀਰ ਮਾਨਸ ਜਨਮੁ ਦੁਲੰਭੁ ਹੈ*
*ਹੋਇ ਨ ਬਾਰੈ ਬਾਰ ॥*
*ਜਿਉ ਬਨ ਫਲ ਪਾਕੇ ਭੁਇ ਗਿਰਹਿ*
*ਬਹੁਰਿ ਨ ਲਾਗਹਿ ਡਾਰ ॥ ਅੰਗ - ੧੩੬੬*

ਪਿਆਰਿਓ! ਬਾਰ-ਬਾਰ ਇਹ ਨਰ ਨਰਾਇਣੀ ਦੇਹ ਹੱਥ ਨਹੀਂ ਆਉਣੀ, ਕਿਉਂ ਨਹੀਂ ਆਉਣੀ ਅਸੀਂ ਹੁਣ ਕਰਮ ਕਰ ਰਹੇ ਹਾਂ, ਜੇ ਤਾਂ ਅਸੀਂ ਕਰਮ ਸੋਧ ਕੇ ਕਰੀਏ -

*ਐਸੀ ਕਲਾ ਨ ਖੇਡੀਐ*
*ਜਿਤੁ ਦਰਗਹ ਗਇਆ ਹਾਰੀਐ ॥ਅੰਗ - ੪੬੯*

ਐਹੋ ਜਿਹਾ ਕੰਮ ਨਾ ਕੋਈ ਵੀ ਕਰ ਬੈਠਿਓ ਕਿ ਦਰਗਾਹ ਵਿਚ ਜਾ ਕੇ ਹਾਰ ਹੋ ਜਾਵੇ, ਜਾ ਕੇ ਮਿੰਨਤਾਂ ਕਰਦੇ ਨੇ ਸਾਧੂ ਸੰਤ, ਓ ਪਿਆਰਿਆ! ਨਾ ਸ਼ਰਾਬ ਪੀ, ਨਾ ਪੀ, ਕਿਉਂ ਗਾਲਦਾ ਹੈਂ ਇਹਨੂੰ, ਪ੍ਰਮੇਸ਼ਰ ਦੀ ਦਿਤੀ ਹੋਈ ਉਤਮ ਚੀਜ਼ ਨੂੰ, ਨਾ ਮਾਸ ਵਗੈਰਾ ਖਾਹ, ਨਾ ਨਿੰਦਿਆ ਕਰ, ਨਾ ਚੁਗਲੀਆਂ ਕਰ, ਨਾ ਈਰਖਾ ਕਰ, ਨਾ ਕਿਸੇ ਨਾਲ ਵੈਰ ਕਰ, ਨਾ ਕਿਸੇ ਦੇ ਖਿਲਾਫ ਗੁੱਸਾ ਰੱਖ।

*ਫਰੀਦਾ ਬੁਰੇ ਦਾ ਭਲਾ ਕਰਿ*
*ਗੁਸਾ ਮਨਿ ਨ ਹਢਾਇ ॥*
*ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥*
*ਅੰਗ - ੧੩੮੨*

ਇਕ ਗੁੱਸਾ ਨਾ ਕਰਨ ਵਾਸਤੇ, ਬੁਰੇ ਦਾ ਭਲਾ ਨਾ ਕਰਨ ਵਾਸਤੇ, ਜੇ ਇਹ ਗੁਣ ਤੇਰੇ ਵਿਚ ਆ ਜਾਣ, ਤੇਰੇ ਉਤੇ ਦਰਵਾਜ਼ਾ ਖੁਲ੍ਹ ਜਾਏਗਾ, ਪ੍ਰਮੇਸ਼ਰ ਦੀਆਂ ਰਹਿਮਤਾਂ ਦਾ। ਕਿਉਂਕਿ ਤੂੰ ਰੱਬ ਨੂੰ ਪਛਾਣ ਲਿਆ -

*ਵਵਾ ਵੈਰੁ ਨ ਕਰੀਐ ਕਾਹੂ ॥*
*ਘਟ ਘਟ ਅੰਤਰਿ ਬ੍ਰਹਮ ਸਮਾਹੂ ॥*
*ਅੰਗ - ੨੫੯*

ਹਨ੍ਹੇਰੇ ਵਿਚੋਂ ਸਾਨੂੰ ਗੁਰੂ ਚਾਨਣੇ ਵਿਚ ਲਿਜਾ ਰਹੇ ਨੇ, ਕਿ ਹਨ੍ਹੇਰੇ ਦੀ ਗੱਲ ਛੱਡੋ ਪਿਆਰਿਓ, ਹਨ੍ਹੇਰੇ ਵਿਚ ਜਨਮ ਬੀਤ ਗਏ, ਪ੍ਰਕਾਸ਼ ਵਿਚ ਆਓ, ਓਥੇ ਆ ਕੇ ਖੜ੍ਹੋ ਜਿਥੇ ਅਸੀਂ ਤੁਹਾਨੂੰ ਲਿਜਾਉਣਾ ਚਾਹੁੰਦੇ ਹਾਂ, ਸੋ ਇਹ ਦੇਹੀ ਐਨੀ ਉਤਮ ਹੈ ਕਿ ਚੌਰਾਸੀ ਲੱਖ ਜੂਨਾਂ ਜਿੰਨੀ creation ਹੈ, ਮਹਾਂਪੁਰਸ਼ਾਂ ਦੇ ਬਚਨ ਨੇ, ਵਾਹਿਗੁਰੂ ਦੇ ਬਚਨ ਨੇ, ਦਰਗਾਹ ਤੋਂ ਆਈ ਹੋਈ ਅਕਾਸ਼ਬਾਣੀ ਦੇ ਬਚਨ ਨੇ, ਜਿਹੜੇ ਸਾਨੂੰ ਮੰਨ ਲੈਣੇ

ਚਾਹੀਦੇ ਨੇ-

*ਧਾਰਨਾ - ਜਿਹੜੀ ਦੇਹੀ ਨੂੰ ਲੋਚਦੇ ਦੇਵਤੇ*
*ਓਹ ਦੇਹੀ ਤੈਨੂੰ ਮਿਲ ਗਈ ਪਿਆਰਿਆ*

*ਗੁਰ ਸੇਵਾ ਤੇ ਭਗਤਿ ਕਮਾਈ ॥*
*ਤਬ ਇਹ ਮਾਨਸ ਦੇਹੀ ਪਾਈ ॥*
*ਇਸ ਦੇਹੀ ਕਉ ਸਿਮਰਹਿ ਦੇਵ ॥*
*ਸੋ ਦੇਹੀ ਭਜੁ ਹਰਿ ਕੀ ਸੇਵ ॥ ੧ ॥*
*ਭਜਹੁ ਗੋੁਬਿੰਦ ਭੂਲਿ ਮਤ ਜਾਹੁ ॥*
*ਮਾਨਸ ਜਨਮ ਕਾ ਏਹੀ ਲਾਹੁ ॥ ੧ ॥ ਰਹਾਉ ॥*
*ਜਬ ਲਗੁ ਜਰਾ ਰੋਗੁ ਨਹੀ ਆਇਆ ॥*
*ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ ॥*
*ਜਬ ਲਗੁ ਬਿਕਲ ਭਈ ਨਹੀ ਬਾਨੀ ॥*
*ਭਜਿ ਲੇਹਿ ਰੇ ਮਨ ਸਾਰਿਗਪਾਨੀ ॥ ੨ ॥*
*ਅਬ ਨ ਭਜਸਿ ਭਜਸਿ ਕਬ ਭਾਈ ॥*
*ਆਵੈ ਅੰਤੁ ਨ ਭਜਿਆ ਜਾਈ ॥*
*ਜੋ ਕਿਛੁ ਕਰਹਿ ਸੋਈ ਅਬ ਸਾਰੁ ॥*
*ਫਿਰਿ ਪਛੁਤਾਹੁ ਨ ਪਾਵਹੁ ਪਾਰੁ ॥*

*ਅੰਗ - ੧੧੫੯*

ਬਹੁਤ ਵੱਡੀ ਬਾਤ ਮਹਾਰਾਜ ਜੀ ਨੇ ਕਹਿ ਦਿਤੀ, ਹੁਣ ਇਕ ਤਾਂ ਹੈ ਕਿ ਇਹਨੂੰ ਮੰਨ ਲਓ, ਇਕ ਉਹ ਦਿਮਾਗ ਨੇ ਜਿਹੜੇ ਕਹਿੰਦੇ ਨੇ ਕਿ ਸਾਬਤ ਕਰੋ ਕਿ ਇਹ ਦੇਵਤਿਆਂ ਤੋਂ ਵਧੀਆ ਦੇਹ ਹੈ। ਅਸੀਂ ਪੜ੍ਹ ਗਏ ਸਾਡੇ ਅੰਦਰ ਤਰਕ ਆਉਂਦੀ ਹੈ, ਤਰਕ ਦਾ ਜਦ ਤਕ ਜਵਾਬ ਨਹੀਂ ਆਉਂਦਾ, ਓਨੀ ਦੇਰ ਤਕ ਸੰਸਾ ਬਣਿਆ ਰਹਿੰਦਾ ਹੈ ਕਿ ਇਸ ਦੇਹੀ ਨੂੰ ਕਿਉਂ ਕਿਹਾ ਹੈ, ਇਹ ਤਾਂ ਦੇਹੀ ਦੁਖਾਂ ਦੀ ਖਾਨ ਹੈ, ਹਉਕੇ ਹਾਵੇ ਇਹਦੇ ਵਿਚ ਨੇ, ਵੈਰ ਵਿਰੋਧ ਇਹਦੇ ਵਿਚ ਨੇ, ਸਭ ਕੁਛ ਹੈ, ਇਹਨੂੰ ਉਤਮ ਕਿਉਂ ਕਿਹਾ ਹੈ, ਕੱਚੀ ਦੇਹ ਹੈ ਇਹ, ਮਾੜਾ ਜਿਹਾ ਠਣਕਾ ਲੱਗੇ ਜਾਂਦੀ ਰਹਿੰਦੀ ਹੈ ਇਹ। ਇਕ ਇਹਦਾ ਪਤਾ ਹੀ ਨਹੀਂ ਹੈ -

*ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ ॥*
*ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ ॥*

*ਅੰਗ - ੨੫੪*

ਫੇਰ ਇਹਨੂੰ ਐਨੀ ਉਤਮ ਕਿਉਂ ਕਿਹਾ ਗਿਆ ਹੈ, ਸੋ ਸਾਧਸੰਗਤ ਜੀ! ਜਦ ਅਸੀਂ ਵਿਚਾਰ ਕਰਦੇ ਹਾਂ, ਅਸੀਂ ਇਥੇ ਪੁੰਨ ਦਾਨ ਕਰਦੇ ਹਾਂ, ਜਿਹੜੇ ਸੋਝੀ ਵਾਲੇ ਬੰਦੇ ਨੇ ਉਹ ਦਾਨ ਕਰਦੇ ਨੇ, ਸੇਵਾ ਕਰਦੇ ਨੇ, ਦੂਸਰਿਆਂ ਦਾ ਭਲਾ ਕਰਦੇ ਨੇ, ਦੂਸਰਿਆਂ ਦੇ ਲੰਘਣ ਵਾਸਤੇ ਸੜਕਾਂ ਠੀਕ ਕਰਦੇ ਨੇ, ਭੁੱਖਿਆਂ ਦੇ ਪੇਟ ਭਰਨ ਵਾਸਤੇ ਲੰਗਰ ਚਲਾਉਂਦੇ ਨੇ, ਬੜੇ ਨੇਕ ਕੰਮ ਨੇ, ਇਨ੍ਹਾਂ ਦਾ ਫਲ ਬੇਅੰਤ ਹੁੰਦਾ ਹੈ, ਹਜ਼ਾਰਾਂ ਗੁਣਾਂ ਜ਼ਿਆਦਾ ਹੁੰਦਾ ਹੈ, ਇਹ ਕੀ ਕਰਦੇ ਨੇ, ਜਿਸ ਵਕਤ ਆਦਮੀ ਸਰੀਰ ਛੱਡ ਦਿੰਦਾ ਹੈ, ਉਨ੍ਹਾਂ ਦੇ ਪੁੰਨਾਂ ਦਾ ਜਿਹੜਾ ਬਲ ਹੈ, ਉਸਨੇ ਨੇਕੀ ਕਮਾਈ ਹੈ ਦਇਆ ਵਿਚ ਜੀਵਨ ਬਤੀਤ ਕਰਿਆ ਹੈ, ਕਿਸੇ ਨਾਲ ਈਰਖਾ ਦੀ ਥਾਂ 'ਤੇ ਪਿਆਰ ਕਰਿਆ ਹੈ, ਪ੍ਰਸੰਸਾ ਕਰੀ ਹੈ, ਕਠੋਰਤਾ ਦੀ ਥਾਂ ਤੇ ਦਇਆ ਕਰੀ ਹੈ, ਤ੍ਰਿਸ਼ਨਾ ਦੀ ਥਾਂ 'ਤੇ ਸੰਤੋਖ ਵਿਚ ਜੀਵਨ ਗੁਜ਼ਾਰਿਆ ਹੈ, ਇਹ ਸਾਰੀਆਂ ਕੀਮਤਾਂ ਇਸ ਰੂਹ ਨੂੰ ਉਚਾ ਚੁਕਦੀਆਂ ਨੇ, ਇਹਦੇ ਵਿਪਰੀਤ ਕਰੀ ਹੈ, ਵੈਰ ਕਰਿਆ ਹੈ, ਤ੍ਰਿਸ਼ਨਾ ਦੇ ਵਿਚ ਜੀਵਨ ਬਤੀਤ ਹੋ ਗਿਆ, ਤਾਂ ਇਹ ਥੱਲੇ ਨੂੰ ਐਉਂ ਸਮਝ ਲਓ ਪੱਥਰ ਨੇ, ਹੇਠਾਂ ਨੂੰ ਲੈ ਜਾਂਦੇ ਨੇ, ਜੇ ਦਸ ਕੁਇੰਟਲ ਬੋਝ ਬੰਨ੍ਹ ਕੇ ਪਾਣੀ ਵਿਚ ਸੁੱਟ ਦਿਓ, ਸਮੁੰਦਰ ਵਿਚ ਦਸ ਕੁਇੰਟਲ ਜਿਥੇ ਤਕ ਜ਼ੀਰੋ ਨਹੀਂ ਬਣਦਾ, ਥੱਲੇ ਲੈ ਜਾਵਾਂਗੇ। ਉਤੇ ਨੂੰ ਵੀ ਜਾਂਦੀ ਹੈ ਇਹ ਜੀਵ ਆਤਮਾ ਹੇਠਾਂ ਨੂੰ ਵੀ ਜਾਂਦੀ ਹੈ, ਜਿਸ ਵਕਤ ਆਦਮੀ ਪੁੰਨਾਂ ਦੇ ਬਲ ਕਰਕੇ ਉਤੇ ਜਾਂਦਾ ਹੈ, ਤਾਂ ਮਾੜਾ ਜਿਹਾ ਪੁੰਨ ਕਰਿਆ ਹੋਇਆ, ਬਹੁਤਾ ਨਹੀਂ ਥੋੜ੍ਹਾ ਜਿਹਾ ਹੀ, ਇਹਦੇ ਨਾਲ ਗੰਧਰਬ ਲੋਕ ਵਿਚ ਵਾਸਾ ਮਿਲ ਜਾਂਦਾ ਹੈ, ਗੰਧਰਬ ਲੋਕ ਵਿਚ ਸੌ ਗੁਣਾਂ ਜ਼ਿਆਦਾ ਸੁਖ ਹੈ, ਇਥੇ ਦੇ ਬਾਦਸ਼ਾਹ ਨਾਲੋਂ। ਜਿਹਨੇ ਉਸ ਤੋਂ ਜ਼ਿਆਦਾ ਕਰਿਆ ਹੈ, ਜਿੰਨਾ fuel ਪਾਇਆ ਹੈ, ਜਿੰਨੀ ਚੀਜ਼ ਉਹਦੇ ਪੱਲੇ ਹੈ ਓਨਾਂ ਚਿਰ ਸੁਖ ਭੋਗਣ ਵਾਸਤੇ ਦੇਵ ਗੰਧਰਬ ਲੋਕ ਮਿਲ ਜਾਂਦਾ ਹੈ। ਸੌ ਗੁਣਾਂ ਸੁਖ ਹੋਰ ਵਧ ਜਾਂਦਾ ਹੈ, ਦਸ ਹਜ਼ਾਰ ਗੁਣਾਂ ਸੁਖ ਤਾਂ ਧਰਤੀ ਦੇ ਰਾਜੇ ਨਾਲੋਂ ਵਧ ਜਾਂਦਾ ਹੈ। ਏਸੇ ਤਰ੍ਹਾਂ ਦੇ ਨਾਲ ਸੌ ਗੁਣਾਂ ਸੁਖ ਵਧ ਜਾਂਦਾ ਹੈ, ਪਿਤਰ ਲੋਕ ਵਿਚ। ਪਿੱਤਰ ਲੋਕ ਨਾਲੋਂ ਸੌ ਗੁਣਾਂ ਸੁਖ ਸਵਰਗ ਲੋਕ ਵਿਚ ਵਧਦਾ ਹੈ, ਸਵਰਗ ਲੋਕ ਤੋਂ ਸੌ ਗੁਣਾਂ ਸੁਖ ਇੰਦਰ ਲੋਕ ਵਿਚ ਵਧਦਾ ਹੈ, ਇੰਦਰ ਲੋਕ ਤੋਂ ਜ਼ਿਆਦਾ ਕਰਮਦੇਵ ਲੋਕ ਵਿਚ, ਅਜਾਨ ਦੇਵ ਲੋਕ, ਪਰਜਾਪਤ ਲੋਕ, ਬ੍ਰਹਮ ਲੋਕ, ਸ਼ਿਵ ਲੋਕ, ਆਖਰੀ ਸੀਮਾਂ ਬੈਕੁੰਠ ਧਾਮ ਹੈ ਪਰ ਹੈ ਇਹ ਸਾਰੀ ਕਾਲ ਦੇ ਚੱਕਰ ਵਿਚ। ਕਾਲ ਤੋਂ ਬਾਹਰ ਨਹੀਂ ਹੈ, ਕਾਲ ਦੇ ਚੱਕਰ ਦੇ ਅੰਦਰ ਹੀ ਅੰਦਰ ਹੈ। ਕਾਲ ਕੀ ਕਰਦਾ ਹੈ, ਜਿੰਨਾਂ ਪੁੰਨ ਕਰਿਆ ਹੈ, ਓਨਾਂ ਓਥੇ ਉਹਨੂੰ ਪਤਾ ਲਗ ਜਾਂਦਾ ਹੈ ਕਿ ਮੈਂ ਐਨੇ ਸਾਲ ਇਥੇ ਰਹਿਣਾ ਹੈ, ਉਸ ਤੋਂ ਬਾਅਦ ਮੈਂ ਗਿਰ ਜਾਣਾ ਹੈ, ਇਕ ਤਾਂ ਇਹ ਹੈ। ਦੂਸਰੇ ਦੇਵਤੇ ਉਹ ਨੇ ਜਿਹੜੇ ਕਿਸੇ ਤਪ ਕਰਕੇ ਨਹੀਂ ਹੋਏ, ਕੇਵਲ ਜਿਵੇਂ ਅਸੀਂ ਮਨੁਖ ਹਾਂ ਏਸੇ ਤਰ੍ਹਾਂ ਉਹ ਦੇਵ ਬਣੇ ਹੋਏ ਨੇ। ਉਨ੍ਹਾਂ ਦੇ ਵਿਚ ਮੁਖੀ ਦੇਵ ਨੇ ਬ੍ਰਹਮਾ ਜੀ, ਵਿਸ਼ਨੂੰ ਜੀ ਤੇ ਸ਼ਿਵ ਜੀ। ਸ੍ਰਿਸ਼ਟੀ ਦਾ ਕੰਮ ਸੰਭਾਲਦੇ ਨੇ ਲੇਕਿਨ ਇਕ ਗੱਲ ਉਨ੍ਹਾਂ ਨੂੰ ਪ੍ਰਾਪਤ ਨਹੀਂ ਹੈ, ਸਭ ਤੋਂ ਮੁਖੀ ਨੂੰ ਲੈਂਦੇ ਹਾਂ, ਛੋਟਿਆਂ ਦੀ ਤਾਂ ਗੱਲ ਕੀ ਕਰਨੀ ਹੈ, ਉਨ੍ਹਾਂ ਨੂੰ ਇਕ ਗੱਲ ਇਹ ਪ੍ਰਾਪਤ ਨਹੀਂ ਹੈ, ਉਨ੍ਹਾਂ ਨੂੰ ਵਾਹਿਗੁਰੂ ਨਹੀਂ ਮਿਲ ਸਕਦਾ। ਗੁਰੂ ਗ੍ਰੰਥ ਸਾਹਿਬ ਜੀ ਵਿਚ ਆਉਂਦਾ ਹੈ, ਰੋਜ਼ ਪੜ੍ਹਦੇ ਹਾਂ -

*ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥*
*ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥*
*ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥*
*ਅੰਗ - ੭*

ਚਲਦੇ ਨੇ ਹੁਕਮ ਦੇ ਵਿਚ, ਪਰ ਗੱਲ ਕੀ ਹੈ? ਕਹਿੰਦੇ -

*ਓਹੁ ਵੇਖੈ ਓਨਾ ਨਦਰਿ ਨ ਆਵੈ*
*ਬਹੁਤਾ ਏਹੁ ਵਿਡਾਣੁ ॥ ਅੰਗ - ੭*

ਹੁਣ ਏਸ ਵਾਕ ਨੂੰ ਅਕਾਲ ਪੁਰਖ ਦਾ ਜੋ ਹੁਕਮ ਅਕਾਲ ਪੁਰਖ ਦੇ ਰਾਹੀ ਪ੍ਰਗਟ ਹੋਇਆ ਹੈ, ਇਹਨੂੰ ਕੋਈ ਹੈ ਦੁਨੀਆਂ ਦੇ ਅੰਦਰ ਕਿ ਇਹਦੇ ਅਰਥ ਹੋਰ ਕੱਢ ਦੇਵੇ। ਵਾਹਿਗੁਰੂ ਤਾਂ ਇਨ੍ਹਾਂ ਨੂੰ ਦੇਖਦਾ ਹੈ ਪਰ ਉਹ ਨਜ਼ਰ ਨਹੀਂ ਆਉਂਦਾ। ਅਸਚਰਜ ਦੀ ਗੱਲ ਹੈ। ਸਭ ਤੋਂ ਸ਼੍ਰੋਮਣੀ ਦੇਵਤੇ ਵਾਹਿਗੁਰੂ ਨੂੰ ਨਹੀਂ ਦੇਖ ਸਕਦੇ, ਵਾਹਿਗੁਰੂ ਨੂੰ ਨਹੀਂ ਮਿਲ ਸਕਦੇ। ਬਾਕੀ ਹਨ ਕਹਾਣੀਆ, ਕਹਾਣੀਆਂ ਨੇ ਬੇਅੰਤ ਰੂਪ ਧਾਰੇ ਹੋਏ ਨੇ, ਸਾਡੇ ਇਤਿਹਾਸਾਂ 'ਚ ਵੀ ਧਾਰੇ ਹੋਏ ਨੇ। ਲੇਕਿਨ ਜਦ ਅਸੀਂ ਗੁਰੂ ਗ੍ਰੰਥ ਸਾਹਿਬ ਦੀ, ਗੁਰਬਾਣੀ ਦੀ ਕਸਵੱਟੀ 'ਤੇ ਪਰਖ ਕੇ ਦੇਖਦੇ ਹਾਂ ਤਾਂ ਮਹਾਰਾਜ ਨੇ ਇਨ੍ਹਾਂ ਤਿੰਨਾਂ ਮੁਖੀ ਦੇਵਤਿਆਂ ਨੂੰ ਹਉਮੈ ਦੀ ਕਾਰ ਕਰਦੇ ਦੱਸਿਆ ਹੈ, ਹਉਮੈ ਦੇ ਚੱਕਰ ਦੇ ਅੰਦਰ ਨੇ ਇਹ, ਹਉਮੈਂ ਤੋਂ Free ਨਹੀਂ ਹਨ, ਏਸ ਕਰਕੇ ਇਹ ਜਿਹੜਾ ਮਨੁੱਖ ਹੈ ਇਹਦੇ ਅੰਦਰ ਵਿਸ਼ੇਸ਼ਤਾ ਇਹ ਹੈ ਕਿ ਇਹ ਵਾਹਿਗੁਰੂ ਨੂੰ ਮਿਲ ਸਕਦਾ ਹੈ, ਹੋਰ ਕੋਈ ਨਹੀਂ ਮਿਲ ਸਕਦਾ, ਇਹਦੇ ਅੰਦਰ ਗਿਆਨ ਦਾ ਪ੍ਰਕਾਸ਼ ਹੋ ਸਕਦਾ ਹੈ, ਇਹਦੇ ਅੰਦਰ ਵਾਹਿਗੁਰੂ ਜਿਉਂ ਕਾ ਤਿਉਂ ਪ੍ਰਗਟ ਹੋ ਜਾਂਦਾ ਹੈ, ਹੋਰ ਕਿਸੇ ਦੇ ਵਿਚ ਨਹੀਂ ਹੈ ਇਹ ਸ਼ਕਤੀ। ਇਸ ਕਰਕੇ ਮਹਾਰਾਜ ਕਹਿੰਦੇ ਨੇ -

*ਇਸ ਦੇਹੀ ਕਉ ਸਿਮਰਹਿ ਦੇਵ ॥*
*ਸੋ ਦੇਹੀ ਭਜੁ ਹਰਿ ਕੀ ਸੇਵ ॥ਅੰਗ - ੧੧੫੯*

ਸਾਖੀਆਂ ਬਹੁਤ ਨੇ ਕਿ ਸਵਰਗ ਦੇ ਲੋਕ ਜਿਹੜੇ ਨੇ ਉਹ ਕਹਿੰਦੇ ਨੇ ਕਿ ਜੀ, ਧੰਨ ਮਾਨਸ ਦੇਹੀ, ਨਰ ਨਾਰਾਇਣੀ। ਧੰਨ ਇਸੇ ਕਰਕੇ ਹੈ ਉਹ ਕਿ ਇਹਦੇ 'ਚ ਵਾਹਿਗੁਰੂ ਮਿਲ ਜਾਂਦਾ ਹੈ। ਦੂਜਾ ਇਹ ਹੈ ਕਿ ਇਹ ਕਰਮ ਭੂਮੀ ਹੈ, ਜਿਵੇਂ ਤੁਸੀਂ ਜ਼ਮੀਨ ਵਿਚ ਫਸਲਾਂ ਬੀਜਦੇ ਹੋ ਨਾ, ਇਕ ਬੰਦਾ ਨੈਨੀਤਾਲ ਬੈਠਾ ਹੈ, ਇਕ ਫਸਲਾਂ ਬੀਜਦਾ ਹੈ, ਫਸਲ ਬੀਜਣ ਵਾਲਾ ਜਿਹੜਾ ਹੈ ਉਹ ਆਪਣੀ ਕਮਾਈ ਨੂੰ ਵਧਾ ਲੈਂਦਾ ਹੈ ਜਿਹੜਾ ਨੈਨੀਤਾਲ ਬੈਠ ਕੇ ਖਾਂਦਾ ਹੈ ਉਹਦੀ ਕਮਾਈ ਘਟ ਜਾਂਦੀ ਹੈ। ਇਹਦੇ ਵਿਚ ਕਰਮਭੂਮੀ ਹੋਣ ਕਰਕੇ ਤੁਸੀਂ ਚੰਗੇ ਤੋਂ ਚੰਗੇ ਕਰਮ ਬੀਜ ਸਕਦੇ ਓਂ, ਬਾਕੀ ਨਹੀਂ ਹਨ ਕਰਮ ਭੂਮੀਆਂ। 83 ਲੱਖ 99 ਹਜ਼ਾਰ, 999 ਜੂਨ, ਸ਼ੇਰ ਚਾਹੇ ਲੱਖ ਬੰਦਾ ਰੋਜ਼ ਮਾਰ ਦੇਵੇ, ਉਹਨੂੰ ਪਾਪ ਹੀ ਨਹੀਂ ਲਗਦਾ, ਭੋਗ ਜੂਨੀ ਹੈ ਉਹ। ਇਹ ਕੇਵਲ ਮਨੁਖ ਹੈ ਜਿਹਦੇ ਅੰਦਰ ਕਰਮ ਚਲਦਾ ਹੈ। ਹਉਮੈ ਧਾਰਦਾ ਹੈ ਕਰਮ, ਘੋੜਾ ਨਹੀਂ ਕਦੇ ਵੀ ਹਉਮੈ ਧਾਰਦਾ ਕਰਮ ਦੀ, ਗਧਾ ਨਹੀਂ ਧਾਰਦਾ, ਬਲਦ ਨਹੀਂ ਧਾਰਦਾ; ਮਨੁਖ ਧਾਰਦਾ ਹੈ ਕਿ ਮੈਂ ਇਹ ਕਰਿਆ। ਜੇ ਮੂੰਹ ਨਾਲ ਕਹੇ ਕਿ ਮੈਂ ਨਹੀਂ ਕਰਿਆ, ਮੇਰੇ ਤੋਂ ਕਰਾਇਆ ਗਿਆ, ਓ ਭਾਈ! ਤੇਰੇ ਅੰਦਰ ਤਾਂ ਅਜੇ ਹਉਮੈ ਹੈ, ਅੱਖਰਾਂ ਨਾਲ ਨਹੀਂ ਕੁਝ ਵੀ ਬਣਨਾ। ਏਸ ਕਰਕੇ ਇਹ ਮਨੁਖ ਦੇਹੀ ਜਿਹੜੀ ਹੈ ਇਹਦੇ ਵਿਚ ਦੋਵੇਂ ਪੱਖ ਨੇ, ਜੇ ਤਾਂ ਹੇਠਾਂ ਨੂੰ ਚੱਲ ਪਵੇ, ਫੇਰ ਤਾਂ ਇਹਦੇ ਵਰਗੀ ਮਾੜੀ ਕੋਈ ਨਹੀਂ, ਨਰਕਾਂ 'ਚ ਚਲਿਆ ਜਾਂਦਾ ਹੈ, ਦੁਨੀਆਂ ਨੂੰ ਦੁਖੀ ਕਰ ਦਿੰਦਾ ਹੈ, ਕਿਸੇ ਨੂੰ ਸੁਖ ਦਾ ਸਾਹ ਲੈਣ ਨਹੀਂ ਦਿੰਦਾ, ਪਾਪ ਤੇ ਪਾਪ ਕਮਾਉਂਦਾ ਹੈ। ਫੇਰ ਦੁਖੀ ਹੁੰਦਾ ਹੈ, ਜੇ ਇਹ ਚੱਲ ਪਵੇ ਆਪਣੇ ਘਰ ਵਲ ਨੂੰ ਵਾਪਸ, ਫੇਰ ਇਹ ਰੱਬ ਦਾ ਰੂਪ ਬਣ ਜਾਂਦਾ ਹੈ, ਰੂਪ ਨਹੀਂ ਬਣਦਾ, ਆਪ ਹੀ ਰੱਬ ਬਣ ਜਾਂਦਾ ਹੈ। ਦੇਵਤਾ ਰਬ ਨਹੀਂ ਬਣ ਸਕਦਾ। ਕਬੀਰ ਸਾਹਿਬ ਕਹਿੰਦੇ ਨੇ -

*ਕਬੀਰ ਤੂੰ ਤੂੰ ਕਰਤਾ ਤੂ ਹੂਆ*
*ਮੁਝ ਮਹਿ ਰਹਾ ਨ ਹੂੰ ॥*
*ਜਬ ਆਪਾ ਪਰ ਕਾ ਮਿਟਿ ਗਇਆ*
*ਜਤ ਦੇਖਉ ਤਤ ਤੂ ॥ ਅੰਗ - ੧੩੭੫*

ਹੇ ਪ੍ਰਭੂ! ਮੈਂ ਤੂੰ ਤੂੰ ਤੇਰਾ ਹੀ ਧਿਆਨ ਕਰਕੇ, ਤੇਰਾ-ਤੇਰਾ ਤੂੰ-ਤੂੰ ਕਰਦਾ ਹੁਣ ਮੈਨੂੰ ਐਉਂ ਨਹੀਂ ਪਤਾ ਲਗਦਾ ਕਿ ਮੈਂ ਵੀ ਹੈਗਾ ਸੀ ਕਦੇ। ਤੂੰ ਬਣ ਗਿਆ, ਕਿਉਂਕਿ ਮੇਰੇ ਵਿਚ ਜਿਹੜੀ ਵੱਖਰੀ ਕਰਨ ਵਾਲੀ ਚੀਜ਼ ਸੀ, ਉਹ ਖਤਮ ਹੋ ਗਈ ਹੁਣ ਤਾਂ ਤੂੰ ਹੀ ਤੂੰ ਹੈ।

*ਰਾਮ ਕਬੀਰਾ ਏਕ ਭਏ ਹੈ*
*ਕੋਇ ਨ ਸਕੈ ਪਛਾਨੀ॥ ਅੰਗ - ੯੬੯*
*ਕਬੀਰ ਮਨੁ ਨਿਰਮਲੁ ਭਇਆ*
*ਜੈਸਾ ਗੰਗਾ ਨੀਰੁ ॥*
*ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥*
*ਅੰਗ - ੧੩੬੭*

ਹੁਣ ਜਿਹੜਾ ਪ੍ਰਮੇਸ਼ਰ ਹੈ ਉਹ ਕਬੀਰ-ਕਬੀਰ ਕਰਦਾ ਹੈ, ਕਿਉਂਕਿ ਭੇਦ ਦ੍ਰਿਸ਼ਟੀ ਅਲੋਪ ਹੋਣ ਦੇ ਨਾਲ ਇਹ ਭੇਦ ਖਤਮ ਹੋ ਗਿਆ, ਇਕੋ ਜੋਤ ਘਟ-ਘਟ ਦੇ ਵਿਚ ਵਿਆਪਕ ਨਜ਼ਰ ਆ ਕੇ ਦੂਜਾ ਮਿਟ ਹੀ ਗਿਆ-

*ਮਨਿ ਸਾਚਾ ਮੁਖਿ ਸਾਚਾ ਸੋਇ ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥*
*ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥*
*ਅੰਗ - ੨੭੨*

ਪਿਆਰਿਓ! ਧਰਮ ਦਾ ਪੰਥ ਚਲਾਓ, ਜਿਹੜੀਆਂ ਪੁੱਗੀਆਂ ਹੋਈਆਂ ਰੂਹਾਂ ਅਭੇਦ ਅਵਸਥਾ ਦੀਆਂ ਨੇ, ਜਾਓ, ਜਾ ਕੇ ਨਾਮ ਜਪਾਓ। ਤੁਹਾਨੂੰ ਪਦਵੀ ਕਿੰਨੀ ਮਿਲੇਗੀ –

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥*
*ਅੰਗ – ੩੦੬*

ਮੈਂ ਧੂੜੀ ਮੰਗਾਂਗਾ ਤੁਹਾਡੀ, ਜਾਓ ਨਾਮ ਜਪਾਓ। ਇਹ ਧਰਮ ਦਾ ਪੰਥ ਜੋ ਅਕਾਲ ਪੁਰਖ ਵਲੋਂ ਪ੍ਰਗਟ ਹੋਇਆ ਹੈ, ਸੱਤ ਦਾ ਪੰਥ, ੧ੴ ਤੋਂ ਗੁਰਪ੍ਰਸਾਦਿ ਵਾਲਾ ਜਿਹੜਾ ਪੰਥ ਹੈ ਇਹਨੂੰ ਪਿਆਰਿਓ ਦੁਨੀਆਂ ਵਿਚ ਪਸਾਰੋ, ਦੁਨੀਆਂ ਸ਼ਾਂਤ ਹੋ ਜਾਵੇਗੀ। ਦੁਨੀਆਂ 'ਚ ਦੁਖ ਨਾ ਰਹੇ। ਉਨ੍ਹਾਂ ਨੇ ਇਹ ਡਿਊਟੀ ਭਾਈ ਸਾਹਿਬ ਭਾਈ ਦਇਆ ਸਿੰਘ ਜੀ ਨੇ, ਬਾਬਾ ਸੋਭਾ ਸਿੰਘ ਜੀ ਨੂੰ ਦਿਤੀ। ਜਦੋਂ ਬਾਬਾ ਸੋਭਾ ਸਿੰਘ ਜੀ ਅੰਮ੍ਰਿਤ ਛਕਣ ਲੱਗੇ, ਗੁਰੂ ਦਸਵੇਂ ਪਾਤਸ਼ਾਹ ਜੀ ਦੇ ਕੋਲ ਬੇਨਤੀ ਕਰੀ ਕਿ ਸੱਚੇ ਪਾਤਸ਼ਾਹ! ਮੈਂ ਤੁਹਾਡੀ ਵੰਸ ਦਾ ਹਾਂ, ਸੋਢੀ ਵੰਸ ਦਾ ਹਾਂ, ਤੁਹਾਡੇ ਭਾਈਚਾਰੇ 'ਚੋਂ ਹਾਂ, ਤੇ ਮੈਨੂੰ ਤੁਸੀਂ ਅੰਮ੍ਰਿਤ ਛਕਣ ਨੂੰ ਕਹਿੰਦੇ ਹੋ ਮੈਂ ਤਾਂ ਤੁਹਾਡੇ ਤੋਂ ਗਿਆਨ ਲੈਣਾ ਹੈ, ਤੁਹਾਡੇ ਤੋਂ ਅੰਮ੍ਰਿਤ ਛਕਣਾ ਹੈ। ਆਪ ਤੁਸੀਂ ਪੰਜਾਂ ਪਿਆਰਿਆਂ 'ਚ ਹੋਵੋ, ਤਾਂ ਮੈਂ ਅੰਮ੍ਰਿਤ ਛਕਾਂਗਾ। ਮਹਾਰਾਜ ਕਹਿੰਦੇ, ਸੋਭਾ ਸਿੰਘ! ਦੇਖ, ਅਸੂਲ ਸਮਝ, ਜਿਹੜਾ ਗੁਰੂ ਹੁੰਦਾ ਹੈ, ਜਦ ਸਿੱਖ ਉਹਦੇ ਵਿਚ ਅਭੇਦ ਹੋ ਜਾਵੇ, ਗੁਰੂ ਤੇ ਸਿੱਖ ਦਾ ਫਰਕ ਨਹੀਂ ਫੇਰ ਰਿਹਾ ਕਰਦਾ।

*ਦਾਸ ਅਨਿੰਨ ਮੇਰੋ ਨਿਜ ਰੂਪ।*

ਉਹ ਮੇਰੇ ਹੀ ਹੁੰਦੇ ਨੇ, ਐਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ-

*ਧਾਰਨਾ – ਮੇਰਾ ਹੀ ਰੂਪ ਹੈ,*
*ਮੇਰੇ ਹੀ ਬਣ ਗਏ ਜਿਹੜੇ।*

ਕਹਿਣ ਲੱਗੇ, ਭਾਈ ਸੋਭਾ ਸਿੰਘ! ਇਹ ਗੱਲ ਤੇਰੇ ਮਨ ਵਿਚ ਕਿਵੇਂ ਪੈਦਾ ਹੋ ਗਈ। ਕਿਉਂਕਿ ਜੋ ਅਭੇਦ ਅਵਸਥਾ ਦਾ ਪੁਰਸ਼ ਹੁੰਦਾ ਹੈ, ਉਹਦੇ ਵਿਚ ਤੇ ਰੱਬ ਦੇ ਵਿਚ ਤੇ ਗੁਰੂ ਦੇ ਵਿਚ, ਫਰਕ ਨਹੀਂ ਹੁੰਦਾ, ਮੈਂ ਤਾਂ ਇਹ ਗੱਲ ਬਹੁਤ ਸਪਸ਼ਟ ਅੱਖਰਾਂ ਦੇ ਵਿਚ ਸਪਸ਼ਟ ਕੀਤੀ ਹੈ –

*ਆਤਮ ਰਸ ਜਿਹ ਜਾਨਹੀ, ਸੋ ਹੈ ਖਾਲਸ ਦੇਵ।*
*ਪ੍ਰਭ ਮੈ ਮੋ ਮਹਿ ਤਾਸ ਮਹਿ ਰੰਚਕ ਨਾਹਨ ਭੇਵ।*

ਐਵੇਂ ਨਾਉਂ ਦੇ ਨਾਲ ਖਾਲਸਾ ਲਾ ਲਓ, ਐਉਂ ਤਾਂ ਨਹੀਂ ਬਣਨਾ, ਬ੍ਰਹਮਗਿਆਨੀ ਲਾ ਲਓ। ਬ੍ਰਹਮਗਿਆਨੀ ਬਣ ਜਾਏਗਾ ਕੋਈ, ਜਦ ਤਕ ਉਹਦੇ ਵਿਚ ਉਹ ਲੱਛਣ ਨਹੀਂ ਆਉਂਦੇ, ਜਿਹੜੇ ਖਾਲਸੇ ਦੇ ਲੱਛਣ ਦੱਸੇ ਨੇ।

*ਜਾਗਤ ਜੋਤਿ ਜਪੈ ਨਿਸ ਬਾਸੁਰ,*
*ਏਕ ਬਿਨਾਂ ਮਨ ਨੈਕ ਨ ਆਨੈ॥*

ਪੂਰਨ ਪ੍ਰੇਮ ਪ੍ਰਤੀਤ ਸਜੈ, ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥

*ਤੀਰਥ ਦਾਨ ਦਇਆ ਤਪ ਸੰਜਮ,*
*ਏਕ ਬਿਨਾ ਨਹਿ ਏਕ ਪਛਾਨੈ॥*
*ਪੂਰਨ ਜੋਤ ਜਗੈ ਘਟ ਮੈ,*
*ਤਬ ਖਾਲਸ ਤਾਹਿ ਨਖਾਲਸ ਜਾਨੈ॥*

ਜਦ ਤਕ ਉਹਦੇ ਅੰਦਰ ਭਰਮ ਦੀ ਲੇਸ ਹੈ, ਭਰਮ ਦਾ ਹਨ੍ਹੇਰਾ ਹੈ, ਪੂਰਨ ਜੋਤ ਤਾਂ ਹੋਈ ਨਾ। ਉਹਦੇ ਇਕ ਹਿੱਸੇ ਦੇ ਵਿਚ ਹਨ੍ਹੇਰਾ ਪਿਆ ਹੈ, ਮੇਰੇ ਤੇਰੇ ਦਾ, ਉਹ ਖਾਲਸਾ ਕਿਵੇਂ ਹੋ ਜਾਏਗਾ।

*ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ॥*
*ਪ੍ਰਭ ਮਹਿ, ਮੋ ਮਹਿ, ਤਾਸ ਮਹਿ,*
*ਰੰਚਕ ਨਾਹਨ ਭੇਵ॥ (ਸਰਬ ਲੋਹ ਗ੍ਰੰਥ 'ਚੋਂ)*

ਭੇਦ ਨਹੀਂ ਹੋਇਆ ਕਰਦਾ, ਜਿਹੜੇ ਅਭੇਦ ਪੁਰਸ਼ ਹੋਇਆ ਕਰਦੇ ਨੇ, ਉਹ ਗੁਰੂ ਦਾ ਰੂਪ ਹੋ ਕੇ ਗੁਰੂ ਦੇ ਵਿਚ ਰਹਿੰਦੇ ਨੇ।

ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਸ੍ਰੀ ਨਗਰ ਗਏ ਹੋਏ ਨੇ, ਬਹੁਤ ਸੰਗਤਾਂ ਦਰਸ਼ਨ ਕਰਨ ਆਉਂਦੀਆਂ ਨੇ, ਕਾਠੀ ਦਰਵਾਜ਼ੇ, ਮਾਈ ਭਾਗਭਰੀ ਦੇ ਪਾਸ ਗਏ ਹੋਏ ਨੇ। ਓਸ ਵੇਲੇ ਬਹੁਤ ਸਾਰੀਆਂ ਸੰਗਤਾਂ ਪਹਾੜ ਦੇ ਵਿਚੋਂ ਚੱਲੀਆਂ, ਜੱਥਾ ਬਣਾਇਆ, ਕਿਉਂਕਿ ਗੁਰਸਿੱਖੀ ਬੜੀ-ਬੜੀ ਦੂਰ-ਦੂਰ ਤਕ, ਗੁਰੂ ਨਾਨਕ ਪਾਤਸ਼ਾਹ ਦੇ ਰਾਹੀਂ ਫੈਲੀ ਸੀ, ਤਿੱਬਤ ਦੇ ਅੰਦਰ ਅਜੇ ਵੀ ਉਸੇ ਤਰ੍ਹਾਂ ਹੈ। ਨਿਸ਼ਾਨ ਬਣੇ ਹੋਏ ਨੇ, ਅਸੀਂ ਤਾਂ ਜਾ ਨਹੀਂ ਸਕੇ, ਨਾ ਸਾਨੂੰ ਬੋਲੀ ਆਉਂਦੀ ਹੈ, ਨਾ ਕੁਛ ਕਹਿ ਸਕਦੇ ਹਾਂ, ਨਾ ਦੱਸ ਸਕਦੇ ਹਾਂ, ਸਾਡੇ ਨਾਲੋਂ ਹਜ਼ਾਰਾਂ ਗੁਣਾਂ ਚੰਗੇ ਨੇ ਜਿਹੜੇ ਸਾਂਭ ਕੇ ਰੱਖੀਂ ਬੈਠੇ ਨੇ, ਗੁਰੂ ਨਾਨਕ ਪਾਤਸ਼ਾਹ ਦੇ ਚਿੰਨ੍ਹ ਸਾਂਭੇ ਪਏ ਨੇ ਉਨ੍ਹਾਂ ਨੇ। ਸੋ ਉਹਦੇ ਵਿਚ ਸੰਗਤਾਂ ਦਰਸ਼ਨ ਕਰਨ ਆਉਂਦੀਆਂ ਨੇ।

ਸੋ ਇਸ ਤਰ੍ਹਾਂ ਦੇ ਨਾਲ ਸੰਗਤ ਆਉਂਦੀ ਹੈ, ਸਾਰਿਆਂ ਨੇ ਸਲਾਹ ਕਰ ਲਈ ਕਿ ਮਹਾਰਾਜ ਦੇ ਵਾਸਤੇ ਤਾਜ਼ੇ ਫਲ ਲੈ ਕੇ ਚੱਲੀਏ, ਬਾਗ ਦੇ ਵਿਚ ਜਾ ਕੇ ਤਾਜ਼ੇ ਫਲ ਤੁੜਾ ਕੇ ਟੋਕਰਾ ਭਰਿਆ ਤੇ ਇਕ ਸ਼ਹਿਦ ਦਾ ਬਰਤਨ ਭਰਿਆ। ਸ਼ਬਦ ਪੜ੍ਹਦੇ ਹੋਏ ਆਪ ਗੁਰੂ ਮਹਾਰਾਜ ਵਲ ਨੂੰ ਆ ਰਹੇ ਨੇ। ਰਸਤੇ ਦੇ ਵਿਚ ਭਾਈ ਕੱਟੂ ਜੋ ਅਭੇਦ ਅਵਸਥਾ ਦਾ ਗੁਰਸਿੱਖ ਸੀ, ਉਹਨੇ ਕਿਹਾ ਕਿ ਸੰਗਤ ਸ਼ਬਦ ਪੜ੍ਹਦੀ ਜਾਂਦੀ ਹੈ, ਦਰਸ਼ਨ ਮੇਲੇ ਕਰੀਏ, ਜਦ ਉਹਨੇ ਆ ਕੇ ਦਰਸ਼ਨ ਕੀਤੇ, ਨਾਲ ਰੋਕਿਆ

ਕਿ ਪਿਆਰਿਓ ਕਿੱਥੇ ਜਾ ਰਹੇ ਹੋ, ਕਹਿੰਦੇ ਭਾਈ ਕੱਟੂ ਜੀ! ਅਸੀਂ ਗੁਰੂ ਛੇਵੇਂ ਪਾਤਸ਼ਾਹ ਮੀਰੀ ਪੀਰੀ ਦੇ ਮਾਲਕ ਦੇ ਦਰਸ਼ਨ ਕਰਨ ਜਾ ਰਹੇ ਹਾਂ, ਕਹਿਣ ਲੱਗੇ ਆਹ ਕੀ ਚੁੱਕਿਆ ਹੈ ? ਕਹਿਣ ਲੱਗੇ, ਇਹ ਫਲਾਂ ਦਾ ਟੋਕਰਾ ਹੈ। ਆਹ ਤਾਜ਼ਾ ਅਸੀਂ ਸ਼ਹਿਦ ਚੋ ਕੇ ਲਿਆਏ ਹਾਂ, ਸ਼ੁੱਧ ਕਰਕੇ, ਇਹਦੇ ਵਿਚ ਕੋਈ ਚਿੱਟੀ ਧਾਰੀ ਨਹੀਂ ਹੈ, ਬਿਲਕੁਲ ਸ਼ੁੱਧ ਸ਼ਹਿਦ ਹੈ, ਫਲਾਂ ਤੇ ਫੁੱਲਾਂ ਦਾ ਸ਼ਹਿਦ ਹੈ। ਭਾਈ ਕੱਟੂ ਨੇ ਸਹਿਜ ਸੁਭਾਅ ਹੱਥ ਅੱਗੇ ਕੱਢ ਦਿਤਾ। ਕਹਿੰਦਾ, ਥੋੜ੍ਹਾ ਜਿਹਾ ਮੇਰੇ ਹੱਥ 'ਤੇ ਪਾ ਦਿਓ, ਮੇਰਾ ਜੀਅ ਕਰਦਾ ਹੈ ਕਿ ਮੈਂ ਵੀ ਦੇਖਾਂ ਕਿ ਕਿਹੋ ਜਿਹਾ ਹੈ, ਤੇ ਹੋ ਸਕੇ ਤਾਂ ਇਕ ਅੱਧਾ ਫਲ ਵੀ ਮੈਨੂੰ ਦੇ ਦਿਓ, ਅੰਮ੍ਰਿਤ ਵੇਲੇ ਤੋਂ ਮੈਂ ਅੱਜ ਕੁਛ ਛਕਿਆ ਨਹੀਂ। ਤੁਸੀਂ ਵੀ ਅੱਗੇ ਵੰਡਣੇ ਹੀ ਨੇ। ਓਸ ਵੇਲੇ ਜੱਥੇਦਾਰ ਕਹਿਣ ਲੱਗਿਆ, ਭਾਈ ਕੱਟੂ! ਗੁਰੂ ਪੀਰਾਂ ਨੂੰ ਜਿਹੜੀ ਭੇਟ ਲੈ ਕੇ ਜਾਈਦੀ ਹੈ, ਰਾਹ ਵਿਚ ਨਹੀਂ ਵੰਡੀਦੀ, ਸੁੱਚੀ ਲੈ ਕੇ ਜਾਈਦੀ ਹੈ, ਕਹਿੰਦੇ ਚੰਗਾ ਭਾਈ! ਤੁਹਾਡੀ ਮਰਜ਼ੀ ਹੈ। ਜਿਸ ਵਕਤ ਉਹ ਗੁਰੂ ਮਹਾਰਾਜ ਦੇ ਹਜ਼ੂਰ ਲੈ ਕੇ ਜਾਂਦੇ ਨੇ, ਟੋਕਰਾ ਰੱਖਿਆ ਤੇ ਸ਼ਹਿਦ ਰੱਖਿਆ, ਮਹਾਰਾਜ ਕਹਿੰਦੇ, ਭਾਈ ਗੁਰਮੁਖੋ! ਇਹਦੇ ਵਿਚ ਕੀ ਢਕਿਆ ਹੋਇਆ ਹੈ, ਇਹਦੇ 'ਚੋਂ ਦੁਰਗੰਧ ਆ ਰਹੀ ਹੈ, ਖੁਸ਼ਬੂ ਨਹੀਂ ਆ ਰਹੀ, ਸੁਗੰਧੀ ਨਹੀਂ ਆ ਰਹੀ, ਦੁਰਗੰਧੀ ਆਉਂਦੀ ਹੈ, ਓਸ ਵੇਲੇ ਉਹ ਕਹਿਣ ਲੱਗੇ ਕਿ ਮਹਾਰਾਜ! ਤਾਜ਼ੇ ਫਲ ਤੋੜ ਕੇ ਲਿਆਂਦੇ ਨੇ, ਆਪ ਦੀ ਭੇਟਾ ਵਿਚ, ਦੁਰਗੰਧ ਤਾਂ ਨਹੀਂ ਆ ਸਕਦੀ, ਇਨ੍ਹਾਂ ਦੀ ਤਾਂ ਵਾਸ਼ਨਾ ਬਹੁਤ ਚੰਗੀ ਹੈ। ਮਹਾਰਾਜ ਜੀ ਕਹਿੰਦੇ, ਕੱਪੜਾ ਚੁੱਕੋ ਤਾਂ, ਜਦ ਕਪੜਾ ਚੁੱਕਿਆ ਤਾਂ ਕੀ ਦੇਖਦੇ ਐਂ ਕਿ ਫਲ ਗਲੇ ਹੋਏ ਨੇ, ਆਪ ਨੂੰ ਵੀ ਬਦਬੂ ਆਈ। ਪੁਛਿਆ ਕਿ ਆਹ ਬਰਤਨ ਵਿਚ ਕੀ ਹੈ? ਕਹਿੰਦੇ, ਸ਼ਹਿਦ। ਕਹਿੰਦੇ, ਦਿਖਾਓ ਤਾਂ? ਜਿਸ ਵਕਤ ਖੋਲ੍ਹਿਆਂ ਹੈਰਾਨ ਹੋ ਗਏ ਕਿ ਉਹਦੇ ਵਿਚ ਕੀੜੇ ਪੈ ਗਏ, ਕੁਰਬਲ-ਕੁਰਬਲ ਕਰਦੇ ਨੇ। ਮਹਾਰਾਜ ਕਹਿੰਦੇ, ਪਿਆਰਿਓ! ਆਹ ਤਾਜ਼ਾ ਸ਼ਹਿਦ ਹੈ? ਓਸ ਵੇਲੇ ਭਾਵਨਾ ਨਾਲ ਆਏ ਸੀ, ਨੇਤਰਾਂ 'ਚੋਂ ਜਲ ਜਾਣ ਲਗ ਗਿਆ ਕਿ ਸਾਡੇ ਤੋਂ ਕੋਈ ਵੱਡੀ ਭਾਰੀ ਭੁੱਲ ਹੋ ਗਈ। ਇਹ ਗੁਰੂ ਮਹਾਰਾਜ ਦੇ ਚਰਨਾਂ ਵਿਚ ਬੇਨਤੀ ਕਰੇ ਬਗੈਰ ਬਖਸ਼ੀ ਨਹੀਂ ਜਾਣੀ। ਓਸ ਵੇਲੇ ਚਰਨਾਂ 'ਤੇ ਢਹਿ ਪਿਆ ਸਾਰਾ ਹੀ ਜੱਥਾ। ਪਾਤਸ਼ਾਹ! ਤੂੰ ਸਮਰੱਥ ਹੈਂ ਸਾਡੇ ਤੋਂ ਕੋਈ ਵੱਡੀ ਭੁੱਲ ਹੋ ਗਈ। ਕ੍ਰਿਪਾ ਕਰ, ਸਾਡੀ ਭੁੱਲ ਠੀਕ ਕਰ। ਕਹਿੰਦੇ, ਪਿਆਰਿਓ! ਜਦ ਮੈਂ ਹੱਥ ਕੱਢ ਕੇ ਤੁਹਾਡੇ ਤੋਂ ਮੰਗਿਆ ਸੀ, ਜਦ ਤਾਂ ਤੁਸੀਂ ਦਿਤਾ ਨਾ। ਓਸ ਵੇਲੇ ਤੁਸੀਂ ਮੈਨੂੰ ਕਿਉਂ ਨਾ ਦਿਤਾ ਤੇ ਮੰਗਣ ਵਾਲਾ ਕੌਣ ਸੀ, ਮੈਂ ਗੁਰਸਿੱਖ ਦੇ ਅੰਦਰ ਨਿਵਾਸ ਕਰਦਾ ਹਾਂ। ਮੇਰਾ ਤੇ ਗੁਰਸਿੱਖ ਦਾ ਫਰਕ ਨਾ ਜਾਣੋ।

*ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ॥*
*ਪ੍ਰਭ ਮਹਿ, ਮੋ ਮਹਿ, ਤਾਸ ਮਹਿ,*
*ਰੰਚਕ ਨਾਹਨ ਭੇਵ॥* (ਸਰਬ ਲੋਹ ਗ੍ਰੰਥ 'ਚੋਂ)

ਮੇਰੇ ਵਿਚ ਤੇ ਅਭੇਦ ਅਵਸਥਾ ਦੇ ਗੁਰਸਿੱਖ ਵਿਚ ਤੇ ਵਾਹਿਗੁਰੂ ਵਿਚ ਭੇਤ ਜਾਣਦੇ ਹੋ? ਇਹ ਭੇਤ ਨਹੀਂ ਹੋਇਆ ਕਰਦਾ, ਮੇਰਾ ਹੀ ਵਾਸਾ ਹੁੰਦਾ ਹੈ -

*ਧਾਰਨਾ - ਪ੍ਰਭ ਜੀ ਦਾ ਵਾਸਾ ਹੈ,*
*ਸੰਤਾਂ ਦੀ ਰਸਨਾ ਉਤੇ।*
*ਪ੍ਰਭ ਜੀ ਬਸਹਿ ਸਾਧ ਕੀ ਰਸਨਾ॥*
*ਅੰਗ - ੨੬੩*

ਮੇਰਾ ਤੇ ਭਾਈ ਕੱਟੂ ਦਾ ਤੁਸੀਂ ਭੇਦ ਜਾਣਿਆ ਹੈ, ਉਹ ਤਾਂ ਅਭੇਦ ਅਵਸਥਾ ਦਾ ਗੁਰਸਿੱਖ ਹੈ, ਮੇਰੇ ਵਿਚ ਰਹਿੰਦਾ ਹੈ, ਮੈਂ ਹੀ ਮੰਗਿਆ ਸੀ, ਉਹ ਮੇਰਾ ਰੂਪ ਹੈ। ਉਹ ਖਾਲਸਾ ਹੋਇਆ ਕਰਦਾ ਹੈ ਜਿਹਦੀ ਦ੍ਰਿਸ਼ਟੀ ਹੁੰਦੀ ਹੈ -

*ਮਨਿ ਸਾਚਾ ਮੁਖਿ ਸਾਚਾ ਸੋਇ ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥*
*ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥*
*ਅੰਗ - ੨੭੨*

ਐਵੇਂ ਹੀ ਕਿਸੇ ਦੇ, ਜਾਂ ਮੇਰੇ ਨਾਮ ਨਾਲ ਲਿਖ ਦਿਓ ਕਿ ਜੀ ਪੂਰਨ ਬ੍ਰਹਮਗਿਆਨੀ ਹੈ, ਗੱਲਾਂ ਨਾਲ ਤਾਂ ਬਣਨਾ ਨਹੀਂ, ਨਾ ਕਹਿਣ ਨਾਲ ਬਣਨਾ ਹੈ। ਉਹ ਤਾਂ ਪਤਾ ਹੈ, ਜਿਹੜਾ ਬਣਿਆ ਹੈ ਉਹ ਬਣਦਾ ਨਹੀਂ ਜਿਹੜਾ ਬਣਿਆ ਨਹੀਂ ਉਹ ਬਣ ਗਿਆ, ਇਹ ਵੀ ਉਲਟਾ ਹੀ ਹਿਸਾਬ ਹੈ। ਜਿਹੜਾ ਕਹਿੰਦਾ ਹੈ ਮੈਂ ਸੰਤ ਹਾਂ, ਉਹ ਸੰਤ ਨਹੀਂ ਹੈ। ਜਿਹੜਾ ਕੁਛ ਬਣਦਾ ਨਹੀਂ ਉਹਨੂੰ ਕੋਈ ਟੋਲ੍ਹ ਹੀ ਨਹੀਂ ਸਕਦਾ। ਉਹ ਤਾਂ ਪ੍ਰਮੇਸ਼ਰ ਵਿਚ ਘੁਲ ਮਿਲ ਗਿਆ -

*ਜਿਉ ਜਲ ਮਹਿ ਜਲੁ ਆਇ ਖਟਾਨਾ ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ ॥*
*ਮਿਟਿ ਗਏ ਗਵਨ ਪਾਏ ਬਿਸ੍ਰਾਮ ॥*
*ਨਾਨਕ ਪ੍ਰਭ ਕੈ ਸਦ ਕੁਰਬਾਨ ॥ ਅੰਗ - ੨੭੮*

ਸੋ ਉਸ ਵੇਲੇ ਗੁਰੂ ਦਸ਼ਮੇਸ਼ ਪਿਤਾ ਕਹਿਣ ਲੱਗੇ, ਭਾਈ ਸੋਭਾ ਸਿੰਘ ਜੀ! ਮੇਰੇ ਵਿਚ ਤੇ ਖਾਲਸੇ ਵਿਚ ਤੁਸੀਂ ਕੋਈ ਭੇਤ ਨਾ ਜਾਣੋ। ਕਿਉਂਕਿ ਮੈਂ ਇਸ ਭੇਤ ਨੂੰ ਮਿਟਾਉਣ ਵਾਸਤੇ ਹੀ ਖੰਡੇ ਦੇ ਅੰਮ੍ਰਿਤ ਦਾ ਕੌਤਕ ਰਚਾਇਆ ਸੀ, ਜਿਸ ਦੇ ਬਾਰੇ ਭਾਈ ਗੁਰਦਾਸ ਦੂਜੇ ਫੁਰਮਾਨ ਕਰਦੇ ਨੇ -

*ਹਰਿ ਸੱਚੇ ਤਖਤ ਰਚਾਇਆ ਸਤਿ ਸੰਗਤਿ ਮੇਲਾ।*
*ਨਾਨਕ ਨਿਰਭਉ ਨਿਰੰਕਾਰ ਵਿਚਿ ਸਿਧਾਂ ਖੇਲਾ।*
*ਗੁਰ ਸਿਮਰਿ ਮਨਾਈ ਕਾਲਕਾ ਖੰਡੇ ਕੀ ਵੇਲਾ।*
*ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮ ਸੁਹੇਲਾ।*
*ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।*

*ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ।*
*ਭਾਈ ਗੁਰਦਾਸ ਜੀ, ਵਾਰ ੪੧*

ਭਾਈ ਸੋਭਾ ਸਿੰਘ ਮੈਂ ਇਹ ਭਰਮ ਭੇਦ ਮਿਟਾ ਕੇ ਜਦ ਪੰਜ ਪਿਆਰਿਆ ਨੂੰ ਅੰਮ੍ਰਿਤ ਛਕਾਇਆ ਮੈਂ ਆਪ ਉਨ੍ਹਾਂ ਤੋਂ ਛਕਿਆ। ਇਥੋਂ ਹੀ ਸਮਝ ਲੈਣਾ ਚਾਹੀਦਾ ਹੈ ਕਿ ਗੁਰੂ ਘਰ ਦੇ ਅੰਦਰ ਕੋਈ ਵਰਨ, ਜਾਤ ਨਹੀਂ ਹੈ, ਇਥੇ ਸਭ ਇਕੋ ਹੀ ਆਤਮਾ ਬੇਅੰਤ ਸਰੀਰਾਂ 'ਚ ਖੇਲ੍ਹ ਕਰਦੀ ਹੈ, ਜੀਵ ਆਤਮਾ ਬਣਨ ਕਰਕੇ ਆਪਣੇ ਘਰ ਨੂੰ ਵਾਪਸ ਜਾਣ ਵਾਸਤੇ, ਉਹਨੂੰ ਗੁਰੂ ਧਾਰਨ ਕਰਨ ਦਾ ਇਹੀ ਤਰੀਕਾ ਅਸੀਂ ਬਣਾਇਆ ਹੈ, ਮੈਂ ਪੰਜ ਪਿਆਰਿਆਂ ਦੇ ਵਿਚ ਅਭੇਦ ਹੋ ਗਿਆ। ਹੁਣ ਤੁਸੀਂ ਅੰਮ੍ਰਿਤ ਭਾਈ ਦਇਆ ਸਿੰਘ ਜੀ ਤੋਂ ਛਕੋ। ਉਨ੍ਹਾਂ ਤੋਂ ਹੀ ਬ੍ਰਹਮਗਿਆਨ ਦੇ ਭੰਡਾਰੇ ਹਾਸਲ ਕਰੋ। ਜੋ ਕੁਛ ਗੁਰੂ ਗ੍ਰੰਥ ਸਾਹਿਬ ਦਾ ਸਿਧਾਂਤ ਹੈ, ਉਹ ਸਾਰਾ ਤੁਹਾਨੂੰ ਓਥੋਂ ਪ੍ਰਾਪਤ ਹੋਏਗਾ, ਉਨ੍ਹਾਂ ਦੀ ਸੰਗਤ 'ਚੋਂ। ਸੋ ਆਪ ਨੇ ਸੰਗਤ ਕਰੀ –

*ਸਰਬ ਰੋਗ ਕਾ ਅਉਖਦੁ ਨਾਮੁ ॥*
*ਅੰਗ – ੨੭੪*

ਉਨ੍ਹਾਂ ਤੋਂ ਸ਼ੁਰੂ ਹੋਇਆ, ਸ਼ਬਦ ਦੇ ਨਾਲ ਬੀਮਾਰੀਆਂ ਕੱਟਦੇ ਸੀ, ਉਪਦੇਸ਼ ਦੇ ਨਾਲ ਮਨ ਦੀਆਂ ਬਿਮਾਰੀਆਂ, ਤਨ ਦੀਆਂ ਬੀਮਾਰੀਆਂ ਦਵਾਈ ਦੇ ਨਾਲ। ਇਕ ਤਰ੍ਹਾਂ ਦਾ ਹਸਪਤਾਲ ਸੀ, ਦਵਾਈਆਂ ਵੀ ਰਖਦੇ ਸੀ। ਉਨ੍ਹਾਂ ਤੋਂ ਬਾਬਾ ਸਾਹਿਬ ਸਿੰਘ ਜੀ ਬੇਦੀ ਗੁਰੂ ਨਾਨਕ ਪਾਤਸ਼ਾਹ ਤੋਂ ਗਿਆਰ੍ਹਵੀਂ ਥਾਂ ਬਿੰਦੀ ਓਲਾਦ, ਆਪ ਤੋਂ ਮਹਾਂਪੁਰਸ਼ ਵਰੋਸਾਏ ਬਾਬਾ ਭਾਗ ਸਿੰਘ ਜੀ। ਬਾਬਾ ਭਾਗ ਸਿੰਘ ਜੀ ਬਚਪਨ ਤੋਂ ਹੀ ਪੂਰਨ ਮਹਾਂਪੁਰਸ਼ ਸੀਗੇ, ਲੇਕਿਨ ਅਜੇ ਤਕ ਜਾਗ ਨਹੀਂ ਸੀ ਲੱਗੀ, ਜਿਵੇਂ ਤੇਲ ਦਾ ਦੀਵਾ ਭਰਿਆ ਹੋਵੇ, ਬੱਤੀ ਹੋਵੇ, ਭਾਂਡਾ ਹੋਵੇ ਤੇ ਜਗਦਾ ਦੀਵਾ ਨਹੀਂ ਅਜੇ ਮਿਲਿਆ, ਜਿਹੜਾ ਉਹਦੇ ਅੰਦਰ ਰੋਸ਼ਨੀ ਕਰ ਦੇਵੇ ਤੇ ਜਿਸ ਵਕਤ ਬਾਬਾ ਸਾਹਿਬ ਸਿੰਘ ਜੀ ਦੇ ਸੰਪਰਕ ਵਿਚ ਆਏ, ਭਰਮ ਟੁੱਟ ਗਏ ਤੇ ਨਜ਼ਰ ਕੀ ਆਇਆ, ਇਕੋ ਹੀ ਚੀਜ਼ ਨਜ਼ਰ ਆਉਂਦੀ ਹੈ, ਕਿਉਂਕਿ ਪੂਰਨ ਸੀ –

*ਧਾਰਨਾ – ਤੂੰ ਹੀ ਤੂੰ ਹੀ ਮੋਹਿ ਨਾ।*
*ਗੁਰਹਿ ਦਿਖਾਇਓ ਲੋਇਨਾ ॥ ਰਹਾਉ ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ ॥ ਅੰਗ – ੪੦੭*

ਆਪ ਹਜ਼ੂਰ ਸਾਹਿਬ ਨੂੰ ਜਾ ਰਹੇ ਨੇ ਪੈਦਲ ਚੱਲ ਕੇ, ਸ਼ਬਦ ਦੀ ਸਵਾਰੀ ਕਰਦੇ ਜਾ ਰਹੇ ਨੇ, ਮਹਾਤਮਾ ਦੀ ਮੌਜ ਹੈ ਚਾਹੇ ਧਰਤੀ 'ਤੇ ਪੈਰ ਰੱਖਦੇ ਚਲੇ ਜਾਣ, ਚਾਹੇ ਵੈਸੇ ਚਲੇ ਜਾਣ। ਇਨ੍ਹਾਂ ਨੂੰ ਕੋਈ ਰੋਕ ਨਹੀਂ ਜਿਹੜੇ ਅਭੇਦ ਅਵਸਥਾ ਦੇ ਮਹਾਂਪੁਰਸ਼ ਨੇ।

ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਵਾਲੇ ਆਪ ਦੇ ਨਾਲ ਨਿਹੰਗ ਟਹਿਲ ਸਿੰਘ ਜਾ ਰਿਹਾ ਸੀ। ਕੋਠਾ ਪਿੰਡ ਸੀ, ਉਥੇ ਅਖੰਡਪਾਠ ਹੋ ਰਿਹਾ ਸੀ। ਆਪ ਕਹਿਣ ਲੱਗੇ, ਨਿਹੰਗ ਸਿੰਘਾ! ਬਾਹਰ ਚੱਲੀਏ ਆਪਾਂ, ਗੜਵਾ ਚੁੱਕ ਸਾਡਾ, ਉਥੋਂ ਬਾਹਰ ਨਿਕਲੇ, ਅੱਗੇ ਖੂਹ ਆ ਗਿਆ, ਉਥੇ ਸਿੰਘ ਇਸ਼ਨਾਨ ਵੀ ਕਰ ਰਹੇ ਸੀ, ਕੇਸੀ ਇਸ਼ਨਾਨ, ਕੁਛ ਵਸਤਰ ਸਾਫ ਕਰ ਰਹੇ ਸੀ। ਪਾਣੀ ਦਾ ਇਕ ਚਲ੍ਹਾ ਜਿਹਾ ਮੂਹਰੇ ਆ ਗਿਆ, ਜਿਹੜਾ ਛਾਲ ਮਾਰ ਕੇ ਟੱਪ ਹੁੰਦਾ ਸੀ ਹਿੰਮਤ ਨਾਲ, ਕਹਿੰਦੇ ਨਿਹੰਗ ਸਿੰਘਾਂ! ਮੂਹਰੇ ਚਲ੍ਹਾ ਹੈ, ਬਾਂਹ ਫੜਾ ਸਾਨੂੰ, ਬਾਂਹ ਫੜਾਈ, ਮਾੜਾ ਜਿਹਾ ਪੈਰ ਚੁੱਕਿਆ, ਜਦ ਪੈਰ ਧਰਤੀ 'ਤੇ ਲੱਗਿਆ ਨਿਹੰਗ ਸਿੰਘ ਹੈਰਾਨ ਹੋ ਗਿਆ ਕਿ ਦਰਖਤ ਵੀ ਉਹ ਨਹੀਂ ਰਹੇ, ਰਸਤਾ ਵੀ ਉਹ ਨਹੀਂ ਰਿਹਾ, ਇਹ ਹੋਇਆ ਕੀ ਮੈਨੂੰ? ਭਮੱਤਰ ਗਿਆ। ਕੁਛ ਸਮਝ ਨਹੀਂ ਪੈਂਦੀ।

ਮੈਨੂੰ ਕਹਿਣ ਲੱਗਿਆ ਕਿ ਅਸੀਂ ਜਾਂਦੇ-ਜਾਂਦੇ ਕੀ ਦੇਖਿਆ, ਜਾਣਿਆ ਪਛਾਣਿਆਂ ਪਿੰਡ ਰਾਮਗੜ੍ਹ ਆ ਗਿਆ, ਕਪੂਰਥਲੇ ਕੋਲ। ਉਥੋਂ ਅਸੀਂ ਸਿੱਧੇ ਗਏ ਕਰਤਾਰ ਸਿੰਘ ਉਨ੍ਹਾਂ ਦੇ ਘਰ। ਉਥੇ ਗਏ ਤਾਂ ਉਹ ਆਖਰੀ ਸੁਆਸਾਂ 'ਤੇ ਸੀ, ਬਾਬਾ ਜੀ ਇਕ ਦਮ ਪਲੰਘ ਦੇ ਨੇੜੇ ਗਏ, ਜਾ ਕੇ ਉਸ ਦੇ ਸਿਰਾਣੇ ਬਹਿ ਗਏ ਤੇ ਉਹਦਾ ਸੀਸ ਚੁਕਿਆ ਤੇ ਆਪਣੀ ਗੋਦੀ ਵਿਚ ਕਰ ਲਿਆ ਤੇ ਨਾਲ ਕਹਿਣ ਲੱਗੇ, ਬੋਲ ਵਾਹਿਗੁਰੂ! ਬੋਲ ਵਾਹਿਗੁਰੂ! ਕਹਿ ਵਾਹਿਗੁਰੂ! ਦਸ ਵਾਰੀ ਕਹਾਇਆ। ਦਸਵੀਂ ਵਾਰੀ ਅੱਖਾਂ 'ਤੇ ਹੱਥ ਫੇਰ ਦਿਤਾ, ਮੂੰਹ ਬੰਦ ਕਰ ਦਿਤਾ, ਕਹਿੰਦੇ ਲਓ ਭਾਈ ਗੁਰਮੁਖੋ! ਇਹ ਤਾਂ ਆਪਣੇ ਘਰ ਨੂੰ ਚਲੇ ਗਏ, ਚਲੋ ਹੁਣ ਦੇਰ ਨਾ ਲਾਓ ਸਸਕਾਰ ਜਲਦੀ ਕਰ ਦਿਓ। ਸਸਕਾਰ ਦਾ ਪ੍ਰਬੰਧ ਕਰ ਦਿਤਾ ਗਿਆ, ਉਥੇ ਬਾਬਾ ਜੀ ਨੇ ਆਪ ਕੀਰਤਨ ਸੋਹਿਲੇ ਦਾ ਪਾਠ ਕਰਨ ਤੋਂ ਉਪਰੰਤ ਸੰਗਤ ਨੂੰ ਕਿਹਾ ਕਿ ਤੁਸੀਂ ਹੁਣ ਗੁਰਦੁਆਰੇ ਜਾਓ, ਉਥੇ ਪੰਜ ਇਸ਼ਨਾਨਾ ਕਰੋ, ਅਲ੍ਹਾਣੀਆਂ ਵਗੈਰਾ ਪੜ੍ਹੋ, ਸਬਰ, ਸੰਤੋਖ 'ਚ ਰਹਿਣਾ ਹੈ, ਇਹ ਸੱਚੇ ਘਰ 'ਚ ਗਿਆ ਹੈ।

*ਮਿਤੁ ਪੈਝੈ ਮਿਤੁ ਬਿਗਸੈ*
*ਜਿਸੁ ਮਿਤ ਕੀ ਪੈਜ ਭਾਵਏ ॥ ਅੰਗ – ੯੨੩*

ਮਿਤ੍ਰ ਨੂੰ ਜੇ ਤਰੱਕੀ ਮਿਲੇ ਤਾਂ ਮਿਤ੍ਰ ਖੁਸ਼ ਹੋਇਆ ਕਰਦਾ ਹੈ, ਜਦੋਂ ਮਿਤਰ ਦੀ ਪੈਜ ਭਾ ਜਾਵੇ ਪ੍ਰਮੇਸ਼ਰ ਨੂੰ ਫੇਰ ਖੁਸ਼ੀਆਂ ਹੁੰਦੀਆਂ ਨੇ, ਕਿ ਸਾਡਾ ਮਿਤਰ ਪਹੁੰਚ ਗਿਆ ਸੱਚਖੰਡ ਵਿਚ। ਸੋ ਬਾਬਾ ਜੀ ਕਹਿਣ ਲੱਗੇ ਕਿ ਇਹ ਉਥੇ ਜਾ ਰਿਹਾ, ਕਿਉਂਕਿ ਅੰਤ ਦੇ ਸਮੇਂ ਇਹਦੀ ਬਿਰਤੀ ਪ੍ਰਮੇਸ਼ਰ 'ਚ ਲੱਗੀ ਹੋਈ ਸੀ।

*ਅੰਤਿ ਕਾਲਿ ਨਾਰਾਇਣੁ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ ॥*
*ਬਦਤਿ ਤਿਲੋਚਨੁ ਤੇ ਨਰ ਮੁਕਤਾ*
*ਪੀਤੰਬਰੁ ਵਾ ਕੇ ਰਿਦੈ ਬਸੈ ॥ ਅੰਗ – ੫੨੬*

ਆਪਣੀ ਸ਼ਕਤੀ ਦੇ ਨਾਲ ਖਿੱਚ ਕੇ ਮਹਾਂਪੁਰਸ਼ਾਂ ਨੇ ਪ੍ਰਮੇਸ਼ਰ ਨਾਲ ਜੋੜ ਦਿਤਾ। ਉਸ ਵੇਲੇ ਕਹਿੰਦੇ ਨਿਹੰਗ ਸਿੰਘਾ! ਚੱਲ ਆਪਾਂ ਚੱਲੀਏ, ਕਹਿੰਦੇ ਓਵੇਂ ਹੀ ਮੇਰੀ ਬਾਂਹ ਫੜ ਲਈ ਤੇ ਉਸ ਤੋਂ ਬਾਅਦ ਮੈਂ ਹੈਰਾਨ ਰਹਿ ਗਿਆ ਕਿ ਜਿਸ ਚਲ੍ਹੇ ਤੋਂ ਅਸੀਂ ਪੈਰ ਪੁਟਿਆ ਸੀ ਉਥੇ ਹੀ ਆ ਗਏ। ਕਹਿੰਦਾ ਨਾ ਮੈਂ ਬਾਬਾ ਜੀ ਨੂੰ ਕੁਛ ਪੁੱਛਾਂ। ਨਾ ਕੋਈ ਗੱਲ ਕਰਾਂ, ਹੈਰਾਨ ਹੀ ਹੋ ਗਿਆ ਕਿ ਇਹ ਐਡੇ ਵੱਡੇ ਮਹਾਂਪੁਰਸ਼, ਅਸੀਂ ਤਾਂ ਹੱਸੀ ਜਾਂਦੇ ਹਾਂ, ਇਨ੍ਹਾਂ ਨੂੰ ਮਖੌਲ ਕਰੀ ਜਾਂਦੇ ਹਾਂ।

ਦੂਸਰੇ ਦਿਨ ਮੈਂ ਪਾਰਸਭਾਗ ਦੀ ਕਥਾ ਕਰਦਾ ਸੀ, ਉਹਦੇ 'ਚ ਆਇਆ ਕਿ ਕਈ ਵਾਰੀ ਮਹਾਂਪੁਰਸ਼ ਕਿਸੇ ਬਚਨ ਨੂੰ ਪੂਰਾ ਕਰਨ ਵਾਸਤੇ ਸ਼ਕਤੀ ਦਾ ਪ੍ਰਯੋਗ ਕਰ ਲੈਂਦੇ ਨੇ। ਆਮ ਨਹੀਂ ਉਹ ਕਰਦੇ ਕਿਉਂਕਿ -

***ਰਿਧਿ ਸਿਧਿ ਸਭੁ ਮੋਹੁ ਹੈ***
***ਨਾਮੁ ਨ ਵਸੈ ਮਨਿ ਆਇ ॥ ਅੰਗ - ੫੯੩***

***ਨਾਟਕ ਚੇਟਕ ਕੀਏ ਕੁਕਾਜਾ।***
***ਪ੍ਰਭ ਲੋਗਨ ਕਹ ਆਵਤ ਲਾਜਾ।***

ਨਾਟਕ ਚੇਟਕ ਭਾਉਂਦੇ ਨਹੀਂ ਹਨ।

ਸੰਤ ਮਹਾਰਾਜ ਬਾਬਾ ਮਨੀ ਸਿੰਘ ਜੀ ਦਿਆਲਪੁਰੇ ਵਾਲੇ, ਆਪ ਨੂੰ ਸੰਤ ਮਹਾਰਾਜ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦੀ ਸੰਗਤ ਪ੍ਰਾਪਤ ਸੀ, ਉਨ੍ਹਾਂ ਦੀ ਛੋਹ ਪ੍ਰਾਪਤ ਕਰਕੇ ਆਪ ਨੇ ਐਨਾ ਨਾਮ ਜਪਿਆ ਕਿ ਰਿਧ ਸਿਧ ਫੁਰ ਗਈ। ਆਪ ਅਫਰੀਕਾ 'ਚ ਗਏ ਹੋਏ ਨੇ, ਕੀਨੀਆ ਦੀਵਾਨ ਲੱਗ ਰਹੇ ਨੇ ਤੇ ਇਕ ਦਿਨ ਇਕ ਪ੍ਰੇਮੀ ਮੈਨੂੰ ਦੱਸੇ ਕਿ ਮੈਨੂੰ ਨਾਲ ਲੈ ਕੇ ਕਹਿੰਦੇ ਆਪਾਂ ਜਿਥੇ ਸ਼ੇਰ ਰਹਿੰਦੇ ਨੇ ਓਥੇ ਚੱਲਣਾ ਹੈ, ਪਾਰਕ ਬਣਿਆ ਹੋਇਆ ਸੀ ਉਥੇ, ਪਾਰਕ ਵਿਚ ਚਲੇ ਗਏ, ਜਾ ਕੇ ਨਦੀ ਦੇ ਕੰਢੇ ਬੈਠ ਗਏ, ਸ਼ਾਮ ਨੂੰ ਵਾਪਸ ਆ ਗਏ, ਦੂਜੇ ਦਿਨ ਕਹਿੰਦੇ ਪਿਆਰਿਆ! ਅੱਜ ਫੇਰ ਜਾਣਾ ਹੈ, ਇਕ ਰੂਹ ਯਾਦ ਕਰ ਰਹੀ ਹੈ। ਤੜਫ ਰਹੀ ਹੈ, ਡਿਊਟੀ ਹੈ ਸਾਡੀ ਕਿ ਅਸੀਂ ਉਸਦਾ ਭਲਾ ਕਰੀਏ। ਦੂਸਰੇ ਦਿਨ ਗਏ ਕੀ ਦੇਖਦੇ ਨੇ ਇਕ ਸ਼ੇਰ ਹਰਨੀ ਦੇ ਪਿਛੇ ਪਿਆ ਹੋਇਆ ਹੈ, ਉਹ ਹਰਨੀ ਸਿੱਧੀ ਹੀ ਆ ਕੇ ਸੰਤਾਂ ਦੀ ਗੋਦੀ ਦੇ ਵਿਚ ਐਉਂ ਬਹਿ ਗਈ ਜਿਵੇਂ ਕੋਈ ਬੱਚਾ ਬੈਠਦਾ ਹੁੰਦਾ ਹੈ, ਸੰਤਾਂ ਨੇ ਜਦੋਂ ਗਲ ਤੋਂ ਫੜੀ ਉਹ, ਉਸੇ ਵੇਲੇ ਉਹਦੇ ਪ੍ਰਾਣ ਨਿਕਲ ਗਏ, ਆਪ ਨੇ ਕੀਰਤਨ ਸੋਹਿਲੇ ਦਾ ਪਾਠ ਕਰਿਆ, ਕਹਿਣ ਲੱਗੇ, ਚਲੋ ਆਪਣਾ ਮਨੋਰਥ ਪੂਰਾ ਹੋ ਗਿਆ।

ਕਹਿੰਦਾ ਮੈਂ ਹੈਰਾਨ, ਗੱਲ ਤਾਂ ਮੇਰੇ ਕੋਈ ਸਮਝ ਵਿਚ ਨਹੀਂ ਆਈ। ਮੈ ਕਿਹਾ, ਕੋਈ ਭੇਤ ਤਾਂ ਦਿਓ ਇਸ ਗੱਲ ਦਾ, ਕਹਿੰਦੇ, ਕੀ ਲੈਣਾ ਹੈ? ਜਦ ਮੈਂ ਬਾਰ-ਬਾਰ ਕਿਹਾ ਤਾਂ ਕਹਿਣ ਲੱਗੇ ਪਿਆਰਿਆ! ਪਿਛਲੇ ਜਨਮ ਦੇ ਅੰਦਰ ਇਹ ਸਾਡੀ ਪਤਨੀ ਸੀ, ਲੇਕਿਨ ਅਸੀਂ ਇਹਨੂੰ ਬਥੇਰਾ ਕਹਿੰਦੇ ਸੀ ਕਿ ਤੂੰ ਬੰਦਗੀ ਕਰਿਆ ਕਰ, ਨਾਮ ਜਪਿਆ ਕਰ। ਪਰ ਏਸ ਪਾਸੇ ਘੱਟ ਆਉਂਦੀ ਸੀ, ਦੂਜੇ ਪਾਸੇ ਨੂੰ ਮਨ ਜ਼ਿਆਦਾ ਰੱਖਦੀ ਸੀ, ਸੋ ਇਹ ਸਰੀਰ ਛੱਡਣ ਤੋਂ ਬਾਅਦ ਇਸਨੂੰ ਹਰਨੀ ਦੀ ਦੇਹ ਪ੍ਰਾਪਤ ਹੋ ਗਈ, ਅਸੀਂ ਵੀ ਸਰੀਰ ਛੱਡ ਦਿਤਾ। ਹੁਣ ਸਾਨੂੰ ਇਹਦੀ ਜਿਹੜੀ ਰੂਹ ਸੀ, ਭਟਕਦੀ, ਸਾਨੂੰ ਉਹਦਾ ਕਿੰਨੀ ਵਾਰੀ ਖਿਆਲ ਆਉਂਦਾ ਸੀ, ਸਾਡਾ ਕੀਨੀਆ ਆ ਕੇ ਇਸ ਜੰਗਲ ਵਿਚ ਜਾਣਾ ਆਹੀ ਮਨੋਰਥ ਸੀ, ਹੁਣ ਆਪਾਂ ਵਾਪਸ ਚੱਲਾਂਗੇ। ਕਿਉਂਕਿ ਇਹਦੇ ਵਾਸਤੇ ਹੀ ਮੈਂ ਇਥੇ ਪਹੁੰਚਿਆ ਸੀ।

ਸੋ ਐਸੇ ਮਹਾਤਮਾ ਦਿਆਲਪੁਰੇ ਰਹਿੰਦੇ ਸੀ। ਆਪ ਦੇ ਪਾਸ ਸੰਗਤ ਆ ਗਈ ਮਸਤੂਆਣੇ ਤੋਂ, ਲੰਗਰ ਵਰਤ ਚੁੱਕਿਆ ਸੀ, ਲਾਂਗਰੀ ਸਿੰਘ ਨੂੰ ਬੁਲਾਇਆ ਕਿ ਸੰਗਤ ਬਹੁਤ ਆ ਗਈ, ਕਹਿੰਦਾ ਬਾਬਾ ਜੀ ਜੇ ਹੁਕਮ ਹੋਵੇ ਤਾਂ ਦੁਬਾਰਾ ਲੰਗਰ ਤਿਆਰ ਕਰ ਦੇਈਏ? ਕਹਿੰਦੇ ਗੁਰਭਾਈ ਆਏ ਨੇ, ਚਲੋ ਲੰਗਰ ਕੀ ਤਿਆਰ ਕਰਨਾ ਹੈ, ਕੱਪੜੇ ਲਿਆਓ, ਕੱਪੜੇ ਲੈ ਆਂਦੇ ਕਹਿੰਦੇ ਵਿਛਾ ਦਿਓ, ਆਹ ਦਰਖਤ ਥੱਲੇ। ਆਪ ਉਤੇ ਚੜ੍ਹ ਗਏ, ਕਹਿੰਦੇ ਲਓ ਭਾਈ ਗੁਰਮੁਖੋ! ਤੁਸੀਂ ਐਉਂ ਕਰੋ, ਪਰਾਤਾਂ ਲੈ ਆਓ ਤੇ ਆਹ ਮਠਿਆਈ ਚੁੱਕੀ ਜਾਓ। ਦਰਖਤ ਹਿਲਾਈ ਜਾਂਦੇ ਨੇ, ਕਦੇ ਜਲੇਬੀਆਂ ਗਿਰਦੀਆਂ ਨੇ, ਕਦੇ ਲੱਡੂ ਗਿਰਦੇ ਨੇ, ਕਦੇ ਕੁਛ ਗਿਰਦਾ ਹੈ, ਕਦੇ ਕੁਛ ਗਿਰਦਾ ਹੈ, ਸਾਰਿਆਂ ਨੂੰ ਛਕਾਏ, ਜਿਸ ਤਰ੍ਹਾਂ ਗੁਰੂ ਨਾਨਕ ਪਾਤਸ਼ਾਹ ਨੇ ਗੁਰੂ ਅੰਗਦ ਸਾਹਿਬ ਤੋਂ ਦਰਖਤ ਝੁਲਵਾਇਆ ਸੀ।

ਬਾਬਾ ਜੀ ਨੂੰ ਪਤਾ ਲੱਗ ਗਿਆ, ਆ ਕੇ ਸਿੰਘਾਂ ਨੇ ਦੱਸਿਆ, ਬੜੀ ਮਹਿਮਾ ਕਰੀ। ਉਨ੍ਹਾਂ ਨੇ ਕਿਹਾ ਕਿ ਮਹਿਮਾਂ ਤਾਂ ਠੀਕ ਹੈ, ਪਰ ਇਹ ਸਾਧਗਿਰੀ ਤੋਂ ਹੇਠਾਂ ਚਲਿਆ ਗਿਆ। ਇਹ ਰਿੱਧੀ ਸਿੱਧੀ ਵਿਚ ਉਲਝ ਗਿਆ।

***ਰਿਧਿ ਸਿਧਿ ਸਭੁ ਮੋਹੁ ਹੈ***
***ਨਾਮੁ ਨ ਵਸੈ ਮਨਿ ਆਇ ॥ ਅੰਗ - ੫੯੩***

ਦੁਨੀਆਂ ਨੂੰ ਬੜੀ ਚੰਗੀ ਲਗਦੀ ਹੈ ਇਹ, ਲੇਕਿਨ ਸੰਤ ਦਾ ਸੱਤਿਆ ਨਾਸ ਕਰ ਦਿੰਦੀ ਹੈ ਇਹ, ਕੁਛ ਵੀ ਨਹੀਂ ਬਚਦਾ ਸੰਤ ਕੋਲ। ਰਿੱਧੀਆਂ-ਸਿੱਧੀਆਂ 'ਚ ਪੈ ਕੇ ਆਦਮੀ ਬਾਹਰਲੀ ਤੇ ਅੰਦਰਲੀ ਮਾਇਆ ਵਿਚ ਪੈ ਜਾਂਦਾ ਹੈ। ਬਾਹਰਲੀ ਮਾਇਆ ਛੱਡ ਦੇਣੀ ਕੋਈ ਵੱਡੀ ਗੱਲ ਨਹੀਂ, ਘਰ ਛੱਡ ਦੇਣਾ, ਜ਼ਮੀਨ ਜਾਇਦਾਦ ਛੱਡ ਦੇਣੀ, ਮਾਮੂਲੀ ਗੱਲ ਹੋਇਆ ਕਰਦੀ ਹੈ। ਲੇਕਿਨ ਇਹ ਜਿਹੜਾ ਰਿੱਧੀਆਂ-ਸਿੱਧੀਆਂ ਦਾ ਅਭਿਮਾਨ ਹੈ, ਉਹ ਨਹੀਂ ਛੱਡਿਆ ਜਾਂਦਾ। ਇਹ ਸਾਰਿਆਂ ਨੂੰ ਪਿਆਰਾ ਲਗਦਾ ਹੈ -

*ਕਬੀਰ ਮਾਇਆ ਤਜੀ ਤ ਕਿਆ ਭਇਆ*
*ਜਉ ਮਾਨੁ ਤਜਿਆ ਨਹੀ ਜਾਇ ॥*
*ਮਾਨ ਮੁਨੀ ਮੁਨਿਵਰ ਗਲੇ*
*ਮਾਨੁ ਸਭੈ ਕਉ ਖਾਇ ॥ ਅੰਗ - ੧੩੭੨*

ਗਲ ਜਾਂਦੇ ਨੇ ਸਾਰੇ। ਸੋ ਇਸ ਤਰ੍ਹਾਂ ਦੇ ਨਾਲ ਮਰਜ਼ੀ ਹੈ ਮਹਾਤਮਾ ਦੀ; ਪੂਰਨ, ਪਹੁੰਚੇ ਹੋਇਆਂ ਦੀ, ਚਾਹੇ ਪੈਦਲ ਚਲੇ ਜਾਣ, ਚਾਹੇ ਨਾ ਚਲਣ।

ਕਈ ਪ੍ਰੇਮੀਆਂ ਦੇ ਮਨਾਂ 'ਚ ਖਿਆਲ ਹੁੰਦਾ ਹੈ ਕਿ ਐਸੀਆਂ ਗੱਲਾਂ ਹੋ ਜਾਂਦੀਆਂ ਨੇ? ਸਾਰੀਆਂ ਸੰਪਰਦਾਵਾਂ ਦਾ ਪੜ੍ਹ ਲਓ ਇਤਿਹਾਸ ਨਾਮਧਾਰੀ ਸੰਪਰਦਾ ਵਿਚ ਬਾਬਾ ਮੋਹਨ ਜੀ ਹੋਏ ਨੇ, ਮੈਂ ਜਦ ਛੋਟਾ ਹੁੰਦਾ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਆਪ ਸੰਗਤਾਂ ਦਾ ਉਧਾਰ ਕਰਦੇ ਸੀ। (ਕਿਉਂਕਿ ਮੈਂ ਦੂਜਾ ਸ਼ਬਦ ਨਹੀਂ ਵਰਤਣਾ, ਜਿਹੜੇ ਉਹ ਵਰਤਦੇ ਨੇ ਅਸੀਂ ਉਸੇ ਤਰ੍ਹਾਂ ਕਹਿਣਾ ਹੈ, ਕਿਸੇ ਦਾ ਦਿਲ ਦੁਖਾਉਣ ਦਾ ਸਾਨੂੰ ਕੋਈ ਮਤਲਬ ਨਹੀਂ ਹੈ) ਸੋ ਉਨ੍ਹਾਂ ਨੇ ਗੁਰਦਾਸਪੁਰ ਦੀਵਾਨ ਲਾਏ, ਵਾਪਸ ਚੱਲੇ ਤਾਂ ਸੰਤ ਮੋਹਨ ਜੀ ਸੀਗੇ ਮਸਤਾਨੇ। ਕਹਿਣ ਲੱਗੇ ਬਾਬਾ ਜੀ! ਮੈਨੂੰ ਵੀ ਗੱਡੀ 'ਚ ਬਿਠਾਲ ਲਓ। ਕਹਿੰਦੇ, ਮਸਤਾਨਿਆਂ! ਜਗ੍ਹਾ ਨਹੀਂ ਹੈ, ਜਿਸ ਵਕਤ ਭੈਣੀ ਸਾਹਿਬ ਪਹੁੰਚਦੇ ਨੇ, ਉਥੇ ਦੀਵਾਨ ਲੱਗਿਆ ਹੋਇਆ ਹੈ, ਕੀਰਤਨ ਹੋ ਰਿਹਾ ਹੈ; ਅੰਦਰ ਗਏ ਤਾਂ ਬਾਬਾ ਜੀ ਨੇ ਸਿੰਘ ਬੁਲਾ ਲਏ, ਇਹ ਕਦੋਂ ਕੁ ਦਾ ਆਇਆ ਹੋਇਆ ਹੈ? ਕਹਿੰਦੇ, ਮਹਾਰਾਜ! ਇਹਨੂੰ ਤਾਂ ਤਿੰਨ ਘੰਟੇ ਹੋ ਗਏ ਕੀਰਤਨ ਕਰਦੇ ਨੂੰ। ਇਥੇ ਆ ਕੇ ਫੇਰ ਇਸ਼ਨਾਨ ਕਰਿਆ ਹੈ, ਫੇਰ ਕੀਰਤਨ ਹੋ ਰਿਹਾ ਹੈ, ਤਿੰਨ ਘੰਟੇ ਦਾ ਕਰ ਰਿਹਾ ਹੈ। ਕਹਿੰਦੇ, ਸਮਾਪਤੀ ਤੋਂ ਬਾਅਦ ਸਾਡੇ ਕੋਲ ਭੇਜਣਾ। ਜਦ ਉਨ੍ਹਾਂ ਕੋਲ ਗਿਆਂ ਤਾਂ ਉਨ੍ਹਾਂ ਨੇ ਡੰਡਾ ਚੁੱਕ ਲਿਆ, ਮਾਰਨੇ ਸ਼ੁਰੂ ਕਰ ਦਿਤੇ, ਕਹਿੰਦੇ ਤੇਰੀ ਰਿੱਧੀ-ਸਿੱਧੀ ਝਾੜੀਏ ਪਹਿਲਾਂ। ਇਹ ਸਾਨੂੰ ਹੀ ਦਿਖਾਉਂਦਾ ਹੈਂ ਤੂੰ, ਖਬਰੇ ਦੁਨੀਆਂ ਵਾਸਤੇ ਕੀ ਕਰੇਂਗਾ ਤੂੰ, ਕਿੰਨੇ ਤਮਾਸੇ ਦਿਖਾਏਂਗਾ। ਐਨੇ ਨੂੰ ਜਦ ਬਾਬਾ ਮਨੀ ਸਿੰਘ ਜੀ ਦਿਆਲਪੁਰ ਵਾਲੇ ਮਸਤੂਆਣੇ ਗਏ ਤਾਂ ਇਨ੍ਹਾਂ ਦੇ ਵੀ ਡੰਡੇ ਲੱਗੇ, ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲੇ ਕਹਿੰਦੇ ਤੇਰੀ ਰਿੱਧੀ-ਸਿੱਧੀ ਝਾੜਦੇ ਹਾਂ। ਸੋ ਦਿਖਾਉਂਦਾ ਨਹੀਂ ਹੈ ਗੁਰਮੁਖ, ਸਭ ਕੁਛ ਹੁੰਦਾ ਹੋਇਆ ਫੇਰ ਗੁਪਤ ਵਰਤਦਾ ਹੈ।

ਇਸ ਤਰ੍ਹਾਂ ਦੇ ਨਾਲ ਬਾਬਾ ਭਾਗ ਸਿੰਘ ਜੀ ਜਾ ਰਹੇ ਨੇ ਹਜ਼ੂਰ ਸਾਹਿਬ, ਜਾਂਦੇ-ਜਾਂਦੇ ਜਦ ਵਿੰਧਿਆਚਲ ਪਰਬਤ 'ਤੇ ਲੰਘ ਰਹੇ ਨੇ ਤਾਂ ਉਥੇ ਇੱਕ ਥਾਂ ਜਾ ਕੇ ਹਨ੍ਹੇਰਾ ਹੋ ਗਿਆ, ਉਥੇ ਆਪ ਦੀ ਦ੍ਰਿਸ਼ਟੀ ਆਇਆ ਕਿ ਇੱਕ ਬੜਾ ਸੋਹਣਾ ਸਰੋਵਰ ਜੰਗਲ ਵਿਚ ਬਣਿਆ ਹੋਇਆ ਹੈ। ਫੁਰਨਾ ਕਰ ਲਿਆ ਕਿ ਇਥੇ ਹੀ ਰਹਾਂਗੇ, ਰਾਤ ਨੂੰ, ਕੀ ਓਟ ਆਸਰਾ ਲੈਣਾ ਹੈ ਕਿਸੇ ਦਾ। ਆਪ ਓਸ ਛੋਟੇ ਜਿਹੇ ਸਰੋਵਰ ਦੇ ਕੰਢੇ ਬੈਠ ਗਏ, ਇਧਰੋਂ ਲੱਕੜੀਆਂ ਲਈਂ ਉਥੋਂ ਦੇ ਲੋਕ ਜਿਹੜੇ ਸੀ ਮਹਾਂਰਾਸ਼ਟਰ ਦੇ, ਜਾ ਰਹੇ ਨੇ। ਉਹ ਖੜ੍ਹ ਗਏ, ਕਹਿੰਦੇ ਬਾਲ ਜੋਗੀ! ਇਥੇ ਸ਼ੇਰ ਆਉਂਦਾ ਹੈ ਰਾਤ ਨੂੰ, ਜੰਗਲੀ ਜਾਨਵਰ ਆਉਂਦੇ ਨੇ ਪਾਣੀ ਪੀਣ ਵਾਸਤੇ, ਤੇ ਤੂੰ ਨਗਰ 'ਚ ਚੱਲ ਉਥੇ ਥਾਂ ਬਣਿਆ ਹੋਇਆ ਹੈ, ਉਥੇ ਰਹਿ। ਕਹਿੰਦੇ, ਪਿਆਰਿਓ! ਤੁਸੀਂ ਜਾਓ, ਮੈਨੂੰ ਜਾਣ ਦੀ ਲੋੜ ਨਹੀਂ ਹੈ ਤੁਸੀਂ ਮੇਰਾ ਨਾ ਫਿਕਰ ਕਰੋ। ਸੋ ਉਹ ਚਲੇ ਜਾਂਦੇ ਨੇ ਤੇ ਆਪ ਪ੍ਰਭੂ ਦੀ ਯਾਦ ਵਿੱਚ ਸਮਾਧਿਤ ਹੋ ਜਾਂਦੇ ਨੇ। ਦੁਨੀਆਂ ਨੂੰ ਭੁੱਲ ਗਏ ਇੱਕ ਮਹਾਨ ਰਸ ਵਿੱਚ ਚਲੇ ਗਏ, ਜਿਸ ਦੇ ਬਾਰੇ ਐਸਾ ਜ਼ਿਕਰ ਹੈ -

***ਧਾਰਨਾ - ਸਹਿਜ ਸਮਾਧ ਲਗੀ ਲਿਵ ਅੰਤਰ,***
***ਸੋ ਰਸ ਸੋਈ ਜਾਨੈ।***

'ਸਹਿਜ ਸਮਾਧ' ਜਿਥੇ ਇੱਕ ਤੋਂ ਬਗੈਰ ਦੂਜਾ ਹੁੰਦਾ ਹੀ ਨਹੀਂ, ਅਭੇਦ ਅਵਸਥਾ ਦੀ ਸਮਾਧੀ ਹੈ, ਨਾ ਆਪਣਾ ਆਪ ਹੁੰਦਾ ਹੈ, ਨਾ ਸੰਸਾਰ ਹੁੰਦਾ ਹੈ, ਨਾ ਕੋਈ ਹੋਰ ਹੁੰਦਾ ਹੈ, ਆਪੇ ਹੀ ਆਪ ਹੁੰਦਾ ਹੈ। ਸੋ ਸਾਰੀ ਰਾਤ ਬੀਤਣ ਤੋਂ ਬਾਅਦ ਪਿੰਡ ਵਿਚ ਗੱਲਾਂ ਚੱਲੀਆਂ ਕਿ ਪਿਆਰਿਓ! ਜੋ ਬਾਲ ਯੋਗੀ ਆਇਆ ਸੀ ਰਾਤ, ਉਹ ਤਾਂ ਹੋ ਸਕਦਾ ਹੈ ਸ਼ੇਰ ਨੇ ਖਾ ਲਿਆ ਹੋਵੇ। ਓਸਦੀ ਖਬਰ ਲੈਣੀ ਚਾਹੀਦੀ ਹੈ। ਚੰਗੇ-ਚੰਗੇ ਬੰਦੇ ਇਕੱਠੇ ਹੋ ਕੇ ਜੰਗਲ ਵਲ ਨੂੰ ਆਏ, ਆ ਕੇ ਕੀ ਦੇਖਦੇ ਨੇ, ਖੁਸ਼ੀ ਦੀ ਕੋਈ ਹੱਦ ਨਾ ਰਹੀ, ਬਈ ਓਹ ਤਾਂ ਜਿਥੇ ਬੈਠਾ ਅਸੀਂ ਛੱਡ ਗਏ ਸੀ ਉਥੇ ਹੀ ਬੈਠਾ ਹੈ, ਤੇ ਨਾ ਉਹਨੂੰ ਸਾਡੇ ਖੜਕੇ ਦਾ ਪਤਾ ਹੈ, ਨਾ ਸਾਡੀਆਂ ਗੱਲਾਂ ਦਾ ਪਤਾ ਹੈ। ਉਹ ਤਾਂ ਕੋਈ ਉਚੀ ਅਵਸਥਾ 'ਚ ਬੈਠਾ ਹੈ। ਜਿੱਥੇ ਸਭ ਕੁਛ ਭੁੱਲਿਆ ਹੁੰਦਾ ਹੈ। ਉਥੇ ਆ ਕੇ ਦੇਖਣ ਲੱਗ ਗਏ, ਕੀ ਦੇਖਦੇ ਨੇ ਇੱਕ ਸ਼ੇਰ ਨਹੀਂ, ਕਈ ਸ਼ੇਰਾਂ ਦੇ ਪੰਜੇ ਲੱਗੇ ਹੋਏ ਨੇ ਧਰਤੀ ਦੇ ਉਤੇ, ਸੁੰਘਿਆ ਉਨ੍ਹਾਂ ਨੇ, ਕੋਈ ਏਧਰ ਘੁੰਮਿਆ, ਕੋਈ ਦੂਜੇ ਪਾਸੇ ਘੁੰਮਿਆ, ਪਾਣੀ ਵੀ ਪੀਤਾ, ਹੈਰਾਨ ਰਹਿ ਗਏ ਕਿ ਇੱਕ ਸ਼ੇਰ ਆਵੇ, ਦੋ ਆਵੇ, ਇਥੇ ਤਾਂ ਕਿੰਨੇ ਸ਼ੇਰਾਂ ਦੇ ਖੁਰੇ ਲੱਗੇ ਹੋਏ ਨੇ। ਬਈ ਇਹ ਤਾਂ ਖਾਧਾ ਹੀ ਨਹੀਂ ਕਿਸੇ ਨੇ। ਖਾਸ ਹੈ ਇਹ ਕੋਈ ਬੰਦਾ ਇਹਨੂੰ ਪੁੱਛਣਾ ਚਾਹੀਦਾ ਹੈ। ਓਸ ਵੇਲੇ ਨਿਮਰਤਾ ਦੇ ਨਾਲ ਨਮਸ਼ਕਾਰ ਕੀਤੀ, ਨਮਸ਼ਕਾਰ ਕਰਕੇ ਕਹਿਣ ਲੱਗੇ, ਬਾਲ ਯੋਗੀ ਜੀ! ਸਾਨੂੰ ਬੜੀ ਹੈਰਾਨੀ ਹੋ ਰਹੀ ਹੈ ਕਿ ਤੁਸੀਂ ਏਸ ਜੰਗਲ 'ਚ ਬੈਠੇ ਓਂ, ਇੱਥੇ ਤਾਂ ਦਿਨੇ ਹੀ ਸ਼ੇਰ ਪੈ ਜਾਂਦੇ ਨੇ, man eater ਸ਼ੇਰ ਨੇ ਉਹ ਖਾ ਜਾਂਦੇ ਨੇ ਬੰਦਿਆਂ ਨੂੰ, ਸਾਡੇ ਬੰਦੇ ਚੁੱਕੇ ਗਏ ਨੇ, ਅਸੀਂ ਤਾਂ ਛੇਤੀ ਤੋਂ ਛੇਤੀ ਇੱਕਠੇ ਹੋ ਕੇ ਚਲਦੇ ਹਾਂ, ਰੌਲਾ ਰੱਪਾ ਪਾ ਕੇ ਜਾਂਦੇ ਹਾਂ ਤਾਂ ਕਿ ਇੱਕਲੇ-ਦੁਕੱਲੇ ਦੇ ਉਤੇ ਕੋਈ ਸ਼ੇਰ ਨਾ ਪੈ ਜਾਏ। ਆਹ ਤੁਹਾਡੇ ਦੁਆਲੇ ਤਾਂ ਪ੍ਰਕਰਮਾ ਕਰੀਆਂ ਹੋਈਆਂ ਨੇ, ਸੁੰਘਿਆ ਹੋਇਆ ਹੈ ਤੁਹਾਨੂੰ, ਐਨਾ ਨੇੜੇ ਆਏ ਹੋਏ ਨੇ ਕਿ ਤੁਹਾਡੇ ਮਸਤਕ ਨੂੰ ਸੁੰਘਿਆ ਹੈ ਜਾਂ ਚਰਨਾਂ ਨੂੰ ਸੁੰਘਿਆ ਹੈ। ਬਾਬਾ! ਸਾਨੂੰ ਉਹ ਕਾਰਨ ਦੱਸ ਜਿਹਦੇ ਕਰਕੇ ਤੈਨੂੰ ਉਨ੍ਹਾਂ

ਸ਼ੇਰਾਂ ਨੇ ਨਹੀਂ ਖਾਧਾ? ਤੂੰ ਕੋਈ ਅਰਸ਼ਾਂ ਤੋਂ ਉਤਰਿਆ ਹੋਇਆ ਵਲੀ ਪੁਰਸ਼ ਮਾਲੂਮ ਦਿੰਦਾ ਹੈਂ। ਕ੍ਰਿਪਾ ਕਰਕੇ ਸਾਡਾ ਇਹ ਭਰਮ ਕੱਢ ਕੇ ਕਿ ਤੈਨੂੰ ਕਿਉਂ ਨਹੀਂ ਖਾਧਾ, ਜਦ ਕਿ ਉਹ ਸਭ ਨੂੰ ਖਾ ਜਾਂਦਾ ਹੈ।

ਕਹਿਣ ਲੱਗੇ, "ਪਿਆਰਿਓ! ਦ੍ਰਿਸ਼ਟੀ ਦੇ ਵਿੱਚ ਫਰਕ ਹੈ, ਮੈਨੂੰ ਪੂਰਨ ਮਹਾਂਪੁਰਸ਼ ਮਿਲ ਗਏ, ਬਾਬਾ ਸਾਹਿਬ ਸਿੰਘ ਜੀ। ਉਨ੍ਹਾਂ ਦੇ ਦਰਸ਼ਨ ਕਰਦੇ ਸਾਰ ਮੇਰੇ 'ਤੇ ਕ੍ਰਿਪਾ ਕਰੀ, ਮੇਰੀਆਂ ਵੀ ਅੱਖਾਂ ਕਦੇ ਤੁਹਾਡੇ ਵਰਗੀਆਂ ਸੀ। ਮੈਨੂੰ ਵੀ ਸ਼ੇਰ ਨਜ਼ਰ ਆਉਂਦਾ ਸੀ, ਸੱਪ ਨਜ਼ਰ ਆਉਂਦਾ ਸੀ। ਆਪਣੇ ਨਜ਼ਰ ਆਉਂਦੇ ਸੀ, ਬੇਗਾਨੇ ਨਜ਼ਰ ਆਉਂਦੇ ਸੀ। ਪਰ ਪਿਆਰਿਓ! ਮੈਨੂੰ ਨਹੀਂ ਸੀ ਪਤਾ ਕਿ ਕੋਈ ਹੋਰ ਅੱਖ ਵੀ ਇਹਦੇ ਅੰਦਰ ਹੈ। ਜਿਹੜੀ ਹੋਰ ਗੁਪਤ ਅੱਖ ਹੈ, ਉਹ ਤੁਹਾਨੂੰ ਮੈਂ ਸਮਝਾ ਨਹੀਂ ਸਕਦਾ ਕਿਉਂਕਿ ਕੋਈ ਨਿਸ਼ਾਨੀ ਬਾਹਰ ਦੁਨੀਆਂ 'ਚ ਹੈ ਨਹੀਂ ਜਿਹੜੀ ਮੈਂ ਦੱਸਾਂ। ਜਦ ਮੈਂ ਓਸ ਮਹਾਂਪੁਰਸ਼ ਨੂੰ ਮਿਲਿਆ, ਤਾਂ ਉਹਨੇ ਕ੍ਰਿਪਾ ਕਰਕੇ ਮੇਰਾ ਜਿਹੜਾ ਅੰਤਰੀਵ ਨੇਤਰ ਸੀ ਉਹ ਖੋਲ੍ਹ ਦਿੱਤਾ, ਓਸਦੀ ਮਹਿਮਾ ਹੈ ਇਹ ਸਾਰੀ।

***ਧਾਰਨਾ - ਗੁਰਾਂ ਨੇ ਮੇਰੇ ਓ, ਨੈਣ ਖੋਲ੍ਹ 'ਤੇ,***
***ਮੈਨੂੰ ਸਾਰੀਆਂ ਘਟਾਂ ਦੇ ਵਿੱਚ***
***ਇੱਕੋ ਦਿਸਿਆ।***

***ਗੁਰਹਿ ਦਿਖਾਇਓ ਲੋਇਨਾ ॥੧॥ ਰਹਾਉ ॥***
***ਈਤਹਿ ਊਤਹਿ ਘਟਿ ਘਟਿ ਘਟਿ ਘਟਿ***
***ਤੂੰਹੀ ਤੂੰਹੀ ਮੋਹਿਨਾ ॥ ਅੰਗ - ੪੦੭***

ਕਹਿੰਦੇ, ਪਿਆਰਿਓ! ਹੈਰਾਨ ਹੋਣ ਦੀ ਬਾਤ ਨਹੀਂ, ਆਪਣੇ ਅੰਦਰ ਇੱਕ ਹੋਰ ਨੇਤਰ ਹੈ ਜਿਸਨੂੰ ਤੀਸਰਾ ਤਿਲ, ਸ਼ਿਵ ਨੇਤਰ, ਬਿਅੰਨ ਅੱਖੜੀਆਂ, ਆਤਮਕ ਸੂਝ ਦੇ ਨੈਣ ਕਹਿੰਦੇ ਨੇ, ਮੈਨੂੰ ਪੂਰਾ ਮਹਾਤਮਾ ਮਿਲ ਗਿਆ, ਉਹਨੇ ਮੇਰੇ ਨੈਣ ਖੋਲ੍ਹ ਦਿੱਤੇ ਤੇ ਹੁਣ ਮੈਨੂੰ ਕੋਈ ਹੋਰ ਨਜ਼ਰ ਨਹੀਂ ਆਉਂਦਾ। ਜਿਹੜਾ ਅਸਲ ਵਾਹਿਗੁਰੂ ਹੈ ਘਟ-ਘਟ ਦੇ ਵਿੱਚ ਵਿਆਪਕ ਓਹੀ ਨਜ਼ਰ ਆਉਂਦਾ ਹੈ, ਤੁਹਾਡੀ ਦ੍ਰਿਸ਼ਟੀ ਵਿੱਚ ਸ਼ੇਰ ਹੈ, ਮੇਰੀ ਦ੍ਰਿਸ਼ਟੀ ਵਿੱਚ ਪ੍ਰਭੂ ਹੈ, ਏਸ ਕਰਕੇ ਦ੍ਰਿਸ਼ਟੀ ਦਾ ਫਰਕ ਹੈ, ਕਹਿੰਦੇ ਤਾਂ ਹਨ ਕਿ -

***ਏਕੋ ਏਕੁ ਕਹੈ ਸਭੁ ਕੋਈ***
***ਹਉਮੈ ਗਰਬੁ ਵਿਆਪੈ ॥ ਅੰਗ - ੯੩੦***

ਕਹਿੰਦਾ ਤਾਂ ਹੈ ਕਿ ਇੱਕੋ ਇੱਕ ਹੈ, ਲੇਕਿਨ ਹਉਮੈ ਦੇ ਵਿੱਚ ਬੋਲ ਰਿਹਾ ਹੈ, ਗਿਆਨ ਦੀ ਗੱਲ ਕਰ ਰਿਹਾ ਹੈ -

***ਅੰਤਰਿ ਬਾਹਰਿ ਏਕੁ ਪਛਾਣੈ***
***ਇਉ ਘਰੁ ਮਹਲੁ ਸਿਞਾਪੈ ॥ ਅੰਗ - ੯੩੦***

ਜੇ ਸਿਆਣ ਲਿਆ ਬਾਹਰ, ਉਹਨੂੰ ਤਾਂ ਕਹਿੰਦੇ ਫੇਰ ਠੀਕ ਹੈ, ਉਹਦਾ ਨੇਤਰ ਖੁੱਲ੍ਹ ਜਾਂਦਾ ਹੈ, ਜਿਹੜਾ ਨਹੀਂ ਸਿਆਣਦਾ ਉਹਦਾ ਨੇਤਰ ਬੰਦ ਪਿਆ ਹੈ, ਉਹਦੇ ਵਾਸਤੇ ਵੈਰੀ, ਵੈਰੀ ਨੇ; ਆਪਣੇ, ਆਪਣੇ ਨੇ; ਬੇਗਾਨੇ, ਬੇਗਾਨੇ ਨੇ; ਉਚੇ ਵੀ ਨੇ, ਨੀਵੇਂ ਵੀ ਨੇ, ਉਹਦੇ ਵਾਸਤੇ ਨਹੀਂ।

ਗੁਰਦੁਆਰਾ ਰਤਵਾੜਾ ਸਾਹਿਬ ਵਿਖੇ ਆਹ ਨਿਸ਼ਾਨ ਸਾਹਿਬ ਦਾ ਫਰਾਇਰਾ ਹਿਲਦਾ ਹੈ, ਅਵਾਜ਼ਾਂ ਦੇ ਰਿਹਾ ਹੈ ਕਿ ਕੋਈ ਭੁੱਖਾ ਪ੍ਰੇਮੀ ਕੋਲ ਦੀ ਨਾ ਲੰਘਿਓ, ਪ੍ਰਸ਼ਾਦਾ ਤਿਆਰ ਹੈ। ਛਕ ਕੇ ਜਾਇਓ। ਉਹ ਇਕ ਨਾਅਰਾ ਦੇ ਰਿਹਾ ਹੈ, ਉਚਾ ਹੋ ਕੇ ਦੇ ਰਿਹਾ ਹੈ, ਆਓ ਜਿਹਨੂੰ ਭੁੱਖ ਹੈ, ਦਰਦ ਵਾਲੇ ਬੰਦੇ ਆਓ ਦਵਾਈਆਂ ਮਿਲਣਗੀਆਂ ਇਥੇ, ਜਿਨ੍ਹਾਂ ਦਾ ਕੋਈ ਆਸਰਾ ਨਹੀਂ ਉਹ ਆਓ, ਨਿਆਸਰਿਆਂ ਦਾ ਆਸਰਾ, ਇਹ ਘਰ ਹੈ।

ਉਹਦੀ ਦ੍ਰਿਸ਼ਟੀ 'ਚ ਫਰਕ ਪੈ ਜਾਂਦਾ ਹੈ ਸਾਧਸੰਗਤ ਜੀ! ਉਹ ਬੋਝ ਨਹੀਂ ਬਣਦਾ, ਸੇਵਾ ਕਰਦਾ ਹੈ; ਸੱਚਮੁੱਚ ਸੇਵਾ ਕਰਕੇ ਪ੍ਰਤੱਖ ਨੂੰ ਦੇਖਦਾ ਹੈ, ਸੋ ਇਹ ਜੋ ਮੈਂ ਐਨੀ ਲੰਮੀ ਚੌੜੀ ਬਾਤ ਕਰੀ ਹੈ ਸਮਝਾਉਣ ਵਾਸਤੇ ਕਿ ਸਾਡੀ ਦੇਹੀ ਦੇ ਅੰਦਰ ਤੇ ਦੇਵਤਿਆਂ ਦੀ ਦੇਹੀ ਦੇ ਅੰਦਰ ਕੀ ਫਰਕ ਹੈ? ਦੇਵਤੇ ਵੱਡੇ ਤੋਂ ਵੱਡੇ ਨੇ, ਇੰਦਰ ਦੇਵਤਾ ਹੈ, ਉਹਦੇ ਕੋਲ ਬੇਅੰਤ ਐਸ਼ੂਰਜ ਹੈ, ਹਿਸਾਬ ਕਿਤਾਬ ਤੋਂ ਬਾਹਰਲਾ ਹੈ। ਇਥੋਂ ਦੇ ਬਾਦਸ਼ਾਹ ਨਾਲੋਂ ਦਸ ਅਰਬ ਗੁਣਾਂ ਜ਼ਿਆਦਾ ਸੁੱਖ ਹੈ ਉਹਦੇ ਕੋਲ। ਪਰ ਕੀ ਉਹਦਾ ਮਨ ਸ਼ਾਂਤ ਹੈ, ਮਨ ਸ਼ਾਂਤ ਨਹੀਂ ਹੈ -

***ਸਹੰਸਰ ਦਾਨ ਦੇ ਇੰਦ੍ਰੁ ਰੋਆਇਆ ॥***
***ਅੰਗ - ੯੫੩***

ਗੋਤਮ ਤਪੇ ਦੀ ਇਸਤ੍ਰੀ ਦੇ ਪਿੱਛੇ ਸਵਰਗ ਲੋਕ ਛੱਡ ਕੇ ਭਟਕਦਾ ਫਿਰਦਾ ਹੈ।

***ਗੋਤਮੁ ਤਪਾ ਅਹਿਲਿਆ ਇਸਤ੍ਰੀ***
***ਤਿਸੁ ਦੇਖਿ ਇੰਦ੍ਰੁ ਲੁਭਾਇਆ ॥***
***ਸਹਸ ਸਰੀਰ ਚਿਹਨ ਭਗ ਹੂਏ***
***ਤਾ ਮਨਿ ਪਛੋਤਾਇਆ ॥ ਅੰਗ - ੧੩੪੪***

ਇਸੇ ਤਰ੍ਹਾਂ ਬਾਕੀ ਦੇਵਤਿਆਂ ਦੀਆਂ ਗੱਲਾਂ ਲਿਖੀਆਂ ਹੋਈਆ ਨੇ ਪੁਰਾਣਾ ਦੇ ਅੰਦਰ। ਉਹ ਪ੍ਰਮੇਸ਼ਰ ਜਿਹੜਾ ਹੈ ਉਹ ਸਿਰਫ ਮਨੁੱਖ ਦੀ ਦੇਹੀ ਦੇ ਅੰਦਰ ਪ੍ਰਗਟ ਹੁੰਦਾ ਹੈ। ਏਸ ਕਰਕੇ ਉਹ ਜੋ ਵਾਹਿਗੁਰੂ ਵਸਦਾ ਹੈ, ਐਨਾ ਸਾਡੇ ਨੇੜੇ ਹੈ ਕਿ ਐਉਂ ਕਹਿ ਸਕਦੇ ਹਾਂ ਕਿ ਦੂਰ ਨਹੀਂ ਹੈਗਾ, ਦੂਰੀ ਦਾ ਕੋਈ point ਨਹੀਂ ਹੁੰਦਾ ਕਿ ਇੱਥੋਂ ਐਨਾ ਦੂਰ ਹੈ।

***ਮਨ ਮਹਿ ਆਪਿ ਮਨ ਅਪੁਨੇ ਮਾਹਿ ॥***
***ਅੰਗ - ੨੭੯***

ਮਨ 'ਚ ਉਹ ਹੈ, ਆਹ ਜਿਹੜਾ ਮੈਂ ਹੈ ਨਾ, ਸਾਡੀ ਮੈਂ ਦੇ ਵਿੱਚ ਹੀ ਵਾਹਿਗੁਰੂ ਰਹਿੰਦਾ ਹੈ। ਹੁਣ ਇਹ ਮਿਲਦਾ ਕਿਵੇਂ ਹੈ? ਮਨੁੱਖ ਜਨਮ ਤਾਂ ਸਫਲਾ ਹੁੰਦਾ ਹੈ ਜੇ ਅਸੀਂ ਏਸ ਜਨਮ 'ਚ ਆ ਕੇ -

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਅੰਗ - ੧੨*

ਮਹਾਰਾਜ ਕਹਿੰਦੇ, ਪਿਆਰਿਆ! ਕਾਹਨੂੰ ਭੁੱਲਿਆ ਫਿਰਦਾ ਹੈਂ? ਜ਼ਮੀਨਾਂ ਦੀਆਂ ਜ਼ਮੀਨਾਂ ਖਰੀਦੀ ਜਾਂਦਾ ਹੈਂ, ਕੀ ਕਰੇਂਗਾ, ਦੱਸ ਲੈ ਕੇ ਕੀ ਜਾਏਂਗਾ -

*ਕਬੀਰ ਇਹੁ ਤਨੁ ਜਾਇਗਾ*
*ਸਕਹੁ ਤ ਲੇਹੁ ਬਹੋਰਿ॥*
*ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ ॥*
*ਅੰਗ - ੧੩੬੫*

ਮਹਾਰਾਜ ਕਹਿੰਦੇ, ਖਰੀਦਣ ਤੋਂ ਨਹੀਂ ਅਸੀਂ ਹਟਾਉਂਦੇ, ਪਰ ਜੇ ਤੂੰ ਇਹਦੇ ਵਿਚ ਖੱਚਤ ਹੋ ਗਿਆ ਨਾ, ਇਹਦੇ ਵਿੱਚ ਹੀ ਭੁੱਲ ਗਿਆ, ਤਾਂ ਤੇਰਾ ਜਨਮ ਬਿਰਥਾ ਚਲਾ ਗਿਆ। ਇਹ ਤਾਂ ਇਕ ਬੋਝ ਚੁੱਕੀ ਗਿਆ ਸਾਰੀ ਜ਼ਿੰਦਗੀ, ਲੈ ਕੇ ਕੀ ਗਿਆ? ਲੱਖ ਕਰੋੜ ਕਹਿੰਦੇ ਨੇ ਸੌ ਖਰਬ ਰੁਪਈਆ, ਜਿਹਦੇ ਕੋਲ ਸੌ ਖਰਬ ਦੀ ਜਾਇਦਾਦ ਹੈ, ਉਹ ਵੀ ਖਾਲੀ ਜਾਂਦਾ ਹੈ। ਫੇਰ ਤਾਂ ਜ਼ਿੰਦਗੀ ਦਾ ਮਨੋਰਥ ਕੋਈ ਹੋਰ ਹੈ, ਪੈਸੇ ਕਮਾਉਣਾ ਤਾਂ ਹੈ ਨਹੀਂ ਨਾ -

*ਦਮੜਾ ਤਿਸੀਕਾ ਜੋ ਖਰਚੈ ਅਰ ਖਾਇ॥*
*ਦੇਵੈ ਦਿਲਾਵੈ ਰਜਾਵੈ ਖੁਦਾਇ॥*
*ਹੋਤਾ ਨ ਰਾਖੈ ਅਕੇਲਾ ਨ ਖਾਇ॥*
*ਤਹਕੀਕ ਦਿਲਦਾਨੀ ਵਹੀ ਭਿਸ਼ਤ ਜਾਇ॥*
*ਨਸੀਹਤਨਾਮਾ*

ਆਪਣਾ ਬਣਾਈ ਜਾਣਾ ਹੈ, ਬਣਾਈ ਜਾਣਾ ਹੈ; ਫੇਰ ਅਗਾਹਾਂ ਕੀ ਹੈ? ਭੂਤ ਬਣਿਆ ਫਿਰਦਾ ਹੈ। ਭੂਤ ਕਹਿੰਦਾ ਹੈ ਕਿ ਮੈਂ ਤਾਂ ਆਪਣੇ ਪੋਤੇ ਮਾਰ ਦਿੱਤੇ। ਕਹਿੰਦੇ, ਕਿਉਂ ਮਾਰ ਦਿੱਤੇ? ਕਹਿੰਦਾ, ਮੈਂ ਬੜਾ ਦੁਖੀ ਹਾਂ, ਇਨ੍ਹਾਂ ਵਾਸਤੇ ਜਾਇਦਾਦ ਕਰਕੇ ਗਿਆ, ਇਨ੍ਹਾਂ ਨੇ ਮੇਰੀ ਗਤੀ ਨਹੀਂ ਕਰਾਈ। ਗਤੀ ਤੇਰੀ ਕੀ ਕਰਾਉਣੀ ਹੈ, ਤੂੰ ਤਾਂ ਸੰਤਾਂ ਦੇ ਬੋਲ ਹੀ ਨਾ ਸੁਣੇ -

*ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ*
*ਨਿਤ॥ ਜੋ ਸੈਤਾਨਿ ਵੰਞਾਇਆ*
*ਸੇ ਕਿਤ ਫੇਰਹਿ ਚਿਤ ॥ ਅੰਗ - ੧੩੭੮*

ਚਿੱਤ ਨਹੀਂ ਫਿਰਦਾ, ਮਾਇਆ ਵਿੱਚ ਲੱਗ ਗਿਆ। ਗੱਲ ਸੁਣਦਾ ਹੀ ਨਹੀਂ, ਸੰਤਾਂ ਦਾ ਕਹਿਆ ਮੰਨਦਾ ਹੀ ਨਹੀਂ ਜ਼ਿੰਦਗੀ ਭਰ, ਸੰਤ ਉਚੀ-ਉਚੀ ਬੋਲ ਕੇ, ਬੜੇ ਤਰੀਕਿਆਂ ਦੇ ਨਾਲ ਇਹਨੂੰ ਸਮਝਾਉਂਦੇ ਨੇ ਲੇਕਿਨ ਇਹਦੀ ਸਮਝ ਵਿੱਚ ਨਹੀਂ ਪੈਂਦਾ, ਜਦ ਸਤਿਸੰਗ 'ਚੋਂ ਉਠ ਜਾਏਗਾ, ਓਹੀ ਫੇਰ ਗੱਲ। ਵਜ੍ਹਾ ਕੀ ਹੈ? ਅਭਿਆਸ ਨਹੀਂ ਪੱਕਿਆ ਹੋਇਆ। ਮਨ ਨਹੀਂ ਮੰਨਿਆ, ਜੇ ਮਨ ਮੰਨ ਜਾਵੇ -

*ਮੰਨੈ ਪਾਵਹਿ ਮੋਖੁ ਦੁਆਰੁ ॥*
*ਮੰਨੈ ਪਰਵਾਰੈ ਸਾਧਾਰੁ ॥ ਅੰਗ - ੩*
*ਮਮਾ ਮਨ ਸਿਉ ਕਾਜੁ ਹੈ*
*ਮਨ ਸਾਧੇ ਸਿਧਿ ਹੋਇ ॥*
*ਮਨ ਹੀ ਮਨ ਸਿਉ ਕਹੈ ਕਬੀਰਾ*
*ਮਨ ਸਾ ਮਿਲਿਆ ਨ ਕੋਇ ॥ ਅੰਗ - ੩੪੨*

ਸੋ ਇਸ ਕਰਕੇ ਪਿਆਰਿਓ! ਮੈਂ ਜੋ ਬੇਨਤੀ ਕੀਤੀ ਸੀ ਕਿ -

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅੰਗ - ੧੨*

ਵਾਰੀ ਆ ਗਈ, ਮਿਲ ਲੈ ਜੇ ਮਿਲ ਹੁੰਦਾ ਹੈ। ਪੜ੍ਹੋ ਪਿਆਰ ਦੇ ਨਾਲ -

*ਧਾਰਨਾ - ਕਿਤੇ ਵਾਰੀ ਨਾ ਗਵਾ ਲਈਂ,*
*ਮਿਲ ਲੈ ਰਾਮ ਪਿਆਰੇ ਨੂੰ।*
*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥੧॥*
*ਸਰੰਜਾਮਿ ਲਾਗੁ ਭਵਜਲ ਤਰਨ ਕੈ ॥*
*ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥*
*ਅੰਗ - ੧੨*

ਹੋਕਾ ਹੈ, ਗੁਰੂ ਮਹਾਰਾਜ ਹੋਕਾ ਦੇ ਰਹੇ ਨੇ ਪਿਆਰਿਓ! ਤੁਸੀਂ ਮੱਥੇ ਟੇਕਦੇ ਹੋ, ਤੁਸੀਂ ਆਉਂਦੇ ਹੋ ਸਤਿਸੰਗ 'ਚ; ਮੇਰੇ ਦਰਬਾਰ ਵਿੱਚ ਆ ਕੇ ਹਾਜ਼ਰੀਆ ਭਰਦੇ ਹੋ, ਪਰ ਮੇਰੀ ਗੱਲ ਵੀ ਸੁਣੋ ਨਾ, ਮੰਨੋ ਮੇਰੀ ਗੱਲ। ਜਿਹੜਾ ਮੰਨ ਜਾਏਗਾ, ਜਿਹਦੇ ਮਨ ਵਿੱਚ ਪ੍ਰਤੀਤ ਆ ਜਾਏਗੀ, ਕਹਿੰਦੇ ਉਹ ਤਰ ਜਾਏਗਾ।

ਸੋ ਇਸ ਤਰ੍ਹਾਂ ਦੇ ਨਾਲ ਆਪਾਂ ਜੋ ਬੇਨਤੀਆਂ ਕਰੀਆਂ ਨੇ, ਅਗਲੇ ਦੀਵਾਨਾਂ ਵਿਚ subject ਪੂਰਾ ਕੀਤਾ ਜਾਏਗਾ, ਜਦ ਤੱਕ ਸਾਨੂੰ ਇਹ ਨਹੀਂ ਪਤਾ ਲਗਦਾ ਕਿ ਅਸੀਂ ਮਿਲ ਕਿਵੇਂ ਸਕਦੇ ਹਾਂ, ਰਹਿੰਦਾ ਕਿੱਥੇ ਹੈ ਪ੍ਰਮੇਸ਼ਰ, ਜਦ ਤੱਕ ਇਹ ਸਾਡੀ ਸਮਝ ਵਿਚ ਨਹੀਂ ਆਉਂਦਾ, ਸਾਨੂੰ ਕੋਈ ਕਿਨਾਰਾ ਨਹੀਂ ਲੱਭਦਾ, ਹਨ੍ਹੇਰਾ ਸਾਡੇ ਸਾਮ੍ਹਣੇ ਪਿਆ ਰਹਿੰਦਾ ਹੈ। ਸੋ ਇਸ ਕਰਕੇ ਵਾਹਿਗੁਰੂ ਜੀ ਕ੍ਰਿਪਾ ਕਰਨ ਅਗਲੀ ਵੀਚਾਰ ਅਗਲੇ ਪ੍ਰੋਗਰਾਮ ਵਿਚ ਹੋਏਗੀ। ਹੁਣ ਸਮਾਂ ਇਜ਼ਾਜਤ ਨਹੀਂ ਦਿੰਦਾ, ਇਥੇ ਹੀ ਸਮਾਪਤੀ ਹੈ।

ਅਨੰਦ ਸਾਹਿਬ, ਗੁਰ ਸਤੋਤਰ

ਅਰਦਾਸ, ਹੁਕਮਨਾਮਾ

# ਸ੍ਰੀ ਗੁਰੂ ਨਾਨਕ ਦੇਵ ਜੀ

*ਸਤਿਨਾਮ ਸ੍ਰੀ ਵਾਹਿਗੁਰੂ*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥*
*ਅੰਗ - ੨੮੯*

*ਧਾਰਨਾ - ਜਬ ਕੀ ਰਾਮ ਰੰਗੀਲੈ ਰਾਤੀ*
*ਰਾਮ ਜਪਤ ਮਨ ਧੀਰੇ ਜੀ।*

*ਅਪੁਨੇ ਠਾਕੁਰ ਕੀ ਹਉ ਚੇਰੀ ॥*
*ਚਰਨ ਗਹੇ ਜਗਜੀਵਨ ਪ੍ਰਭ ਕੇ*
*ਹਉਮੈ ਮਾਰਿ ਨਿਬੇਰੀ ॥ ੧ ॥ ਰਹਾਉ ॥*
*ਪੂਰਨ ਪਰਮ ਜੋਤਿ ਪਰਮੇਸਰ*
*ਪ੍ਰੀਤਮ ਪ੍ਰਾਨ ਹਮਾਰੇ ॥*
*ਮੋਹਨ ਮੋਹਿ ਲੀਆ ਮਨੁ ਮੇਰਾ*
*ਸਮਝਸਿ ਸਬਦੁ ਬੀਚਾਰੇ ॥ ੧ ॥*
*ਮਨਮੁਖ ਹੀਨ ਹੋਛੀ ਮਤਿ ਝੂਠੀ*
*ਮਨਿ ਤਨਿ ਪੀਰ ਸਰੀਰੇ ॥*
*ਜਬ ਕੀ ਰਾਮ ਰੰਗੀਲੈ ਰਾਤੀ*
*ਰਾਮ ਜਪਤ ਮਨ ਧੀਰੇ ॥ ੨ ॥*
*ਹਉਮੈ ਛੋਡਿ ਭਈ ਬੈਰਾਗਨਿ*
*ਤਬ ਸਾਚੀ ਸੁਰਤਿ ਸਮਾਨੀ ॥*
*ਅਕੁਲ ਨਿਰੰਜਨ ਸਿਉ ਮਨੁ ਮਾਨਿਆ*
*ਬਿਸਰੀ ਲਾਜ ਲੁੋਕਾਨੀ ॥ ੩ ॥*
*ਭੂਤ ਭਵਿਖ ਨਾਹੀ ਤੁਮ ਜੈਸੇ*
*ਮੇਰੇ ਪ੍ਰੀਤਮ ਪ੍ਰਾਨ ਅਧਾਰਾ ॥*
*ਹਰਿ ਕੈ ਨਾਮਿ ਰਤੀ*
*ਸੋਹਾਗਨਿ ਨਾਨਕ ਰਾਮ ਭਤਾਰਾ ॥*
*ਅੰਗ - ੧੧੯੭*

ਸਾਧਸੰਗਤ ਜੀ! ਗੱਜ ਕੇ ਬੋਲਣਾ, ਸਤਿਨਾਮ ਸ੍ਰੀ ਵਾਹਿਗੁਰੁ। ਕਾਰਜ ਸੰਕੋਚਦੇ ਹੋਏ ਆਪ ਗੁਰੂ ਦਰਬਾਰ ਦੇ ਵਿਚ ਹਫਤਾਵਾਰੀ ਦੀਵਾਨ ਦੇ ਵਿਚ ਹਾਜ਼ਰੀਆਂ ਲਵਾ ਰਹੇ ਹੋ, ਆਪਣੀਆਂ ਚਿੱਤ ਬਿਰਤੀਆਂ ਇਕਾਗਰ ਕਰਕੇ ਹਰੀ ਦਾ ਜਸ ਸਰਵਣ ਕਰੋ। ਬੇਨਤੀ ਕੀਤੀ ਹੈ ਕਿ ਜਦ ਤੋਂ ਰੰਗੀਲੇ ਵਾਹਿਗੁਰੂ ਦੇ ਨਾਲ ਮਨ ਭਿੱਜ ਗਿਆ, ਓਸ ਵੇਲੇ ਤੋਂ ਸਾਡਾ ਮਨ ਧੀਰਜ ਤਾਂ ਧਰਦਾ ਹੈ ਜੇ ਨਾਮ ਜਪਦੇ ਹਾਂ, ਜੇ ਨਾਮ ਨਹੀਂ ਜਪਦੇ, ਤਾਂ ਧੀਰਜ ਨਹੀਂ ਧਰਦੇ।

ਗੁਰੂ ਨਾਨਕ ਪਾਤਸ਼ਾਹ, ਅੱਜ ਆਪ ਸੰਸਾਰ ਦਾ ਉਧਾਰ ਕਰਦੇ-ਕਰਦੇ ਸਚਖੰਡ ਦੀ ਫੇਰੀ ਪਾ ਕੇ ਹਿਮਾਲੀਆਂ ਪਰਬਤ, ਬਰਮਾ ਦੇਸ਼ ਤੇ, ਉਪਰਲੇ ਸਾਰੇ ਦੇਸ਼ਾਂ 'ਚੋਂ ਹੁੰਦੇ ਹੋਏ, ਤਾਸ਼ਕੰਦ, ਕਸ਼ਮੀਰ, ਇਥੇ ਪਹੁੰਚਦੇ ਨੇ ਲਾਹੌਰ। ਇਥੇ ਇੱਕ ਬਹੁਤ ਵੱਡਾ ਸੇਠ ਗੁਰੂ ਨਾਨਕ ਸਾਹਿਬ ਤੋਂ ਪ੍ਰਭਾਵਿਤ ਹੁੰਦਾ ਹੈ ਜਿਸ ਦਾ ਨਾਂ ਦੁਨੀਚੰਦ ਹੈ, ਗੁਰੂ ਨਾਨਕ ਪਾਤਸ਼ਾਹ ਨੂੰ ਘਰ ਵਿਚ ਬੁਲਾਉਂਦਾ ਹੈ ਤੇ ਅੱਗੇ ਇੱਕ ਬਹੁਤ ਵੱਡਾ ਸ਼ਰਾਧ ਹੋ ਰਿਹਾ ਹੈ। ਗੁਰੂ ਨਾਨਕ ਪਾਤਸ਼ਾਹ ਪੁੱਛਦੇ ਨੇ ਕਿ ਦੁਨੀਚੰਦ! ਐਨਾ ਇਕੱਠ ਕਿਸ ਚੀਜ਼ ਦਾ ਹੈ? ਕਹਿਣ ਲੱਗਿਆ, ਪਾਤਸ਼ਾਹ! ਮੇਰੇ ਪਿਤਾ ਦਾ ਸ਼ਰਾਧ ਹੈ। ਕਿੰਨੀ ਕੁ ਦੇਰ ਤੋਂ ਕਰ ਰਿਹਾ ਹੈ? ਕਹਿਣ ਲੱਗਿਆ, ਪਾਤਸ਼ਾਹ! ਮੈਂ ਕਿੰਨਿਆਂ ਸਾਲਾਂ ਤੋਂ ਕਰ ਰਿਹਾ ਹਾਂ। ਕਹਿੰਦੇ, ਇਹ ਜਿਹੜਾ ਤੂੰ ਦਾਨ ਪੁੰਨ ਕਰਦਾ ਹੈਂ, ਪ੍ਰਸ਼ਾਦੇ ਛਕਾਉਂਦਾ ਹੈਂ, ਕੀ ਇਹ ਪਹੁੰਚ ਜਾਂਦੇ ਨੇ ਤੇਰੇ ਪਿਤਾ ਨੂੰ? ਕਹਿੰਦਾ, ਮਹਾਰਾਜ! ਪਹੁੰਚਦੇ ਹੀ ਹੋਣੇ ਨੇ। ਕਹਿੰਦੇ, ਇਹ ਨਹੀਂ ਗੱਲ ਹੋਇਆ ਕਰਦੀ। ਤੇਰਾ ਪਿਤਾ ਅੱਜ ਪੂਰੇ ਚਾਰ ਦਿਨ ਤੋਂ ਭੁੱਖਾ ਹੈ। ਉਹਨੂੰ ਕੁਛ ਵੀ ਖਾਣ ਵਾਸਤੇ ਨਹੀਂ ਮਿਲਿਆ। ਪਾਤਸ਼ਾਹ! ਕੀ ਮੇਰਾ ਪਿਤਾ ਸਵਰਗਾਂ 'ਚ ਨਹੀਂ ਹੈ? ਪਿੱਤਰ ਲੋਕ 'ਚ ਨਹੀਂ ਹੈ? ਮਹਾਰਾਜ ਕਹਿੰਦੇ, ਨਾ, ਪਿੱਤਰ ਲੋਕ 'ਚ ਜਾਣਾ, ਸਵਰਗਾਂ 'ਚ ਜਾਣਾ, ਉਹ ਤਾਂ ਵਿਧਾਨ ਹੈ, ਸਪੈਸ਼ਲ rules ਨੇ, ਓਹੀ ਜਾ ਸਕਿਆ ਕਰਦਾ ਹੈ ਜਿਹੋ ਜਿਹੀ ਕਿਸੇ ਦੀ ਵਾਸ਼ਨਾ ਹੁੰਦੀ ਹੈ, ਜਨਮ ਓਹੋ ਜਿਹਾ ਹੀ ਹੋਇਆ ਕਰਦਾ ਹੈ। ਜਿਸ ਵਾਸ਼ਨਾ ਦੇ ਵਿੱਚ ਆਦਮੀ ਜ਼ਿੰਦਗੀ ਭਰ ਫਸਿਆ ਰਹਿੰਦਾ ਹੈ, ਅੰਤ ਦੇ ਸਮੇਂ ਓਹੀ ਵਾਸ਼ਨਾ ਪ੍ਰਬਲ ਹੋ ਜਾਇਆ ਕਰਦੀ ਹੈ। debit, credit balance ਨਿਕਲ ਆਉਂਦਾ ਹੈ, ਆਦਮੀ ਦੇ ਕਰਮਾਂ ਦਾ, ਤੇ ਉਹਦੇ ਮੁਤਾਬਿਕ ਉਹਨੂੰ ਜੂਨ ਪ੍ਰਾਪਤ ਹੋਇਆ ਕਰਦੀ ਹੈ। ਤੇਰਾ ਜਿਹੜਾ ਪਿਤਾ ਸੀ, ਓਸਨੂੰ ਸ਼ੁੱਧ ਜੂਨੀ ਪ੍ਰਾਪਤ ਨਹੀਂ ਹੋਈ। ਉਹ ਇੱਕ ਬਘਿਆੜ ਦੀ ਜੂਨੀ ਦੇ ਅੰਦਰ ਰਾਵੀ ਦੇ ਕੰਢੇ 'ਤੇ ਚਾਰ ਦਿਨ ਦਾ ਭੁੱਖਾ ਬੈਠਾ ਹੈ।

ਕਹਿਣ ਲੱਗਿਆ, ਪਾਤਸ਼ਾਹ! ਮੇਰਾ ਪਿਤਾ ਤਾਂ ਬੜਾ ਪੁੰਨ ਦਾਨ ਕਰਦਾ ਸੀ। ਕਹਿੰਦੇ, ਪੁੰਨ ਦਾਨ ਤਾਂ ਉਨ੍ਹਾਂ ਨੂੰ ਕਰਦਾ ਸੀ ਜਿਨ੍ਹਾਂ ਦੇ conection ਟੁੱਟੇ ਹੋਏ ਸੀ। ਉਹ ਪਹੁੰਚਾ ਨਹੀਂ ਸੀ ਸਕਦੇ, ਉਹ ਅਭਿਆਗਤ ਨਹੀਂ ਸੀਗੇ।

*ਅਭਿਆਗਤ ਏਹਿ ਨ ਆਖੀਅਨਿ*
*ਜਿਨ ਕੇ ਚਿਤ ਮਹਿ ਭਰਮੁ ॥*

***ਤਿਸ ਦੈ ਦਿਤੈ ਨਾਨਕਾ ਤੇਹੋ ਜੇਹਾ ਧਰਮੁ ॥***
***ਅੰਗ - ੯੪੯***

ਉਨ੍ਹਾਂ ਨੂੰ ਦਿੱਤਾ ਹੋਇਆ ਤਾਂ ਇੱਥੇ ਹੀ ਰਹਿ ਜਾਂਦਾ ਹੈ, ਜਿਹਦੀਆਂ ਤਾਰਾਂ ਟੁੱਟੀਆਂ ਹੋਣ ਉਹ ਟੈਲੀਫੋਨ ਤੇ ਨਹੀਂ ਗੱਲ ਕਰ ਸਕਦੇ। ਕਹਿਣ ਲੱਗਿਆ, ਪਾਤਸ਼ਾਹ! ਮਿਹਰ ਕਰੋ। ਕਹਿਣ ਲੱਗੇ, ਐਉਂ ਕਰ ਪ੍ਰਸ਼ਾਦ ਲਿਆ, ਮਹਾਰਾਜ ਜੀ ਨੇ ਦ੍ਰਿਸ਼ਟੀ ਭੋਗ ਲਾਇਆ। ਕਹਿੰਦੇ, ਆਹ ਲੈ ਜਾ ਉਹਦੇ ਕੋਲ ਉਹਨੂੰ ਖਿਲਾ ਦੇਈਂ। ਡਰੀ ਨਾ ਓਸ ਤੋਂ, ਚਾਰ-ਪੰਜ ਮੀਲ ਜਾਣ ਤੋਂ ਬਾਅਦ, ਕੀ ਦੇਖਦਾ ਹੈ ਇੱਕ ਬਘਿਆੜ ਬੈਠਾ ਹੈ, ਦੁਨੀਚੰਦ ਦੇ ਕੋਲ ਆ ਜਾਂਦਾ ਹੈ, ਪ੍ਰਸ਼ਾਦ ਦੇ ਦਿੰਦਾ ਹੈ ਉਸਨੂੰ, ਜਦੋਂ ਉਹਨੇ ਇਕ ਗ੍ਰਾਹੀ ਖਾਈ, ਉਸੇ ਵੇਲੇ ਉਹਦਾ ਸਰੀਰ ਛੁੱਟ ਜਾਂਦਾ ਹੈ ਤੇ ਇੱਕ ਧੂੰਆਂ ਜਿਹਾ ਬਣ ਜਾਂਦਾ ਹੈ, ਉਹਦੇ ਵਿਚੋਂ ਇੱਕ ਪ੍ਰਕਾਸ਼ ਦਾ ਸਰੀਰ ਨਿਕਲਦਾ ਹੈ, ਉਹ ਉਸਨੂੰ ਦੱਸਦਾ ਹੈ ਕਿ ਦੁਨੀਚੰਦ, ਮੈਨੂੰ ਇਹ ਜਿਹੜਾ ਪ੍ਰਸ਼ਾਦ ਪ੍ਰਾਪਤ ਹੋਇਆ ਹੈ, ਮੇਰਾ ਸਰੀਰ ਛੁੱਟਿਆ ਹੈ, ਇਹ ਤੇਰੇ ਦਰਸ਼ਨ ਕਰਕੇ ਛੁੱਟਿਆ ਹੈ ਤੇ ਹੁਣ ਮੈਨੂੰ ਸੋਝੀ ਆ ਰਹੀ ਹੈ ਕਿ ਤੇਰੇ ਦਰਸ਼ਨਾਂ 'ਚ ਕਿਉਂ ਐਨੀ ਕਸ਼ਿਸ਼ ਹੋ ਗਈ, ਕਿਉਂਕਿ ਤੂੰ ਗੁਰੂ ਨਾਨਕ ਪਾਤਸ਼ਾਹ ਦੇ ਦਰਸ਼ਨ ਕਰੇ ਹਨ। ਉਨ੍ਹਾਂ ਦੇ ਦਰਸ਼ਨ ਕਰਨ ਦੇ ਨਾਲ ਮੈਨੂੰ ਇਹ ਫਲ ਪ੍ਰਾਪਤ ਹੋਇਆ ਹੈ।

ਪਿਤਾ ਜੀ! ਤੁਸੀਂ ਫੇਰ ਬਘਿਆੜ ਦੀ ਜੂਨੀ ਵਿੱਚ ਕਿਵੇਂ ਪੈ ਗਏ?

ਕਹਿਣ ਲੱਗਿਆ, ਬੇਟਾ! ਆਖਰੀ ਵੇਲੇ ਪੜੌਸ ਦੇ ਵਿੱਚ ਮਾਸ ਰਿੰਨਿਆ ਜਾ ਰਿਹਾ ਸੀ ਜਦੋਂ ਮੈਂ ਸਰੀਰ ਛੱਡ ਰਿਹਾ ਸੀ, ਮੇਰੀ ਸੁਰਤ ਉਹਦੇ ਵਿੱਚ ਚਲੀ ਗਈ। ਮੇਰੇ ਜੀਅ ਵਿੱਚ ਆਇਆ ਕਿ ਜੇ ਮੈਂ ਰਾਜ਼ੀ ਹੁੰਦਾ, ਤਾਂ ਮੈਂ ਖਾਂਦਾ। ਮੈਂ ਓਸ ਦਿਨ ਦਾ ਹੀ ਬਘਿਆੜ ਬਣਿਆ ਤੁਰਿਆ ਆਉਂਦਾ ਹਾਂ।

***ਅੰਤ ਮਤੇ ਸੋ ਗਤੇ।***

ਜਿਹੋ ਜਿਹਾ ਅੰਤ ਦੇ ਵੇਲੇ ਮਤਾ ਹੁੰਦਾ ਹੈ, ਓਹੀ ਜਿਹੀ ਗਤੀ ਹੋਇਆ ਕਰਦੀ ਹੈ। ਸੋ ਓਸ ਵੇਲੇ ਗੁਰੂ ਨਾਨਕ ਪਾਤਸ਼ਾਹ ਦੇ ਪਾਸ ਆ ਕੇ ਬਹੁਤ ਸ਼ਰਧਾ ਦੇ ਨਾਲ, ਬਹੁਤ ਭਾਵਨਾ ਦੇ ਨਾਲ ਆ ਕੇ ਮਸਤਕ ਨਿਵਾਉਂਦਾ ਹੈ ਕਿ ਪਾਤਸ਼ਾਹ! ਆਪ ਤਾਂ ਖਾਸ ਨਿਰੰਕਾਰ ਦਾ ਸਰੂਪ ਹੋਂ, ਮੈਨੂੰ ਕੋਈ ਸੇਵਾ ਦੱਸੋ? ਮਹਾਰਾਜ ਕਹਿੰਦੇ ਆਹ ਝੰਡੇ ਕਾਹਦੇ ਲੱਗੇ ਹੋਏ ਨੇ? ਕਹਿੰਦਾ, ਪਾਤਸ਼ਾਹ! ਮੇਰੇ ਕੋਲ ਸੱਤ ਝੰਡੇ ਲਾਏ ਹੋਏ ਨੇ, ਸੱਤ ਲੱਖ ਰੁਪਿਆ ਅੱਜ ਦਾ ਸੱਤ ਕਰੋੜ ਰੁਪਿਆ ਜਮ੍ਹਾਂ ਹੈ, ਮਹਾਰਾਜ ਕਹਿੰਦੇ, ਐਨਾ ਰੁਪਿਆ? ਹਾਂ ਮਹਾਰਾਜ! ਦੁਨੀਆਂਦਾਰਾਂ ਦੀ ਇੱਜ਼ਤ ਤਾਂ ਹੀ ਹੁੰਦੀ ਹੈ, ਜੇ ਉਨ੍ਹਾਂ ਕੋਲ ਪੈਸਾ ਹੋਵੇ, ਜਾਇਦਾਦ ਹੋਵੇ, ਨਾਮਣਾ ਹੋਵੇ, ਸਰਕਾਰੂ ਰਸੂਖ ਹੋਵੇ, ਕੋਈ ਸਰਕਾਰੀ ਅਹੁੱਦਾ ਹੋਵੇ, ਤਾਂ ਦੁਨੀਆਂ ਵੱਡਾ ਕਹਿੰਦੀ ਹੈ। ਮਹਾਰਾਜ ਕਹਿੰਦੇ, ਭਾਈ! ਤੁਸੀਂ ਤਾਂ ਬੰਦੇ ਨੂੰ ਸੋਨੇ ਦੇ ਗਜ਼ਾਂ ਨਾਲ ਨਾਪਦੇ ਹੋ, ਪ੍ਰੇਮੀਓ! ਸ਼ਖਸ਼ੀਅਤ ਸੋਨੇ ਦੇ ਗਜ਼ਾਂ ਨਾਲ ਨਹੀਂ ਨਾਪੀ ਜਾਂਦੀ, ਉਹ ਤਾਂ ਗੁਣਾਂ ਦੇ ਨਾਲ ਨਾਪ ਹੁੰਦੀ ਹੈ। ਤੇਰੇ ਪਿਤਾ ਨੇ ਨਹੀਂ ਦੱਸਿਆ? ਕਹਿੰਦਾ, ਦੱਸਿਆ ਸੀ ਮਹਾਰਾਜ ਕਿ ਇਹ ਜਿਹੜੀਆਂ ਚੀਜ਼ਾਂ ਨੇ ਦੁਨੀਆਂ ਦੀਆਂ ਦਰਗਾਹ 'ਚ ਇਨ੍ਹਾਂ ਦਾ ਕੌਡੀ ਵੀ ਮੁੱਲ ਨਹੀਂ ਹੈ। ਕਹਿਣ ਲੱਗਿਆ, ਮਹਾਰਾਜ! ਮੈਨੂੰ ਕੋਈ ਸੇਵਾ ਦੱਸੋ? ਮਹਾਰਾਜ ਕਹਿੰਦੇ, ਸੇਵਾ ਤੈਨੂੰ ਛੋਟੀ ਜਿਹੀ ਦਿੰਦੇ ਹਾਂ, ਸੂਈ ਲੈ ਲੈ, ਆਹ ਫੜ, ਇਹ ਅਸੀਂ ਤੇਰੇ ਤੋਂ ਪਰਲੋਕ ਵਿੱਚ ਲਵਾਂਗੇ। ਬੇ-ਧਿਆਨੇ ਨੇ ਸੂਈ ਲੈ ਲਈ, ਘਰਵਾਲੀ ਨੂੰ ਲਿਆ ਕੇ ਜਦ ਦਿੰਦਾ ਹੈ, ਕਹਿੰਦਾ ਇਹਨੂੰ ਸਾਂਭ ਕੇ ਰੱਖ ਦੇ। ਕਹਿੰਦੀ ਕੀ ਗੱਲ? ਕਹਿੰਦਾ, ਸੰਤਾਂ ਨੇ ਇਹ ਗੱਲ ਕਹੀ ਹੈ, ਬਈ ਹੁਣ ਤਾਂ ਨਹੀਂ ਲੈਂਦੇ, ਅਸੀਂ ਅਗਲੇ ਪਰਲੋਕ ਵਿੱਚ ਲੈ ਲਵਾਂਗੇ ਤੇਰੇ ਤੋਂ। ਉਹ ਸੋਝੀਵਾਨ ਸੀ, ਕਹਿਣ ਲੱਗੀ, ਸ਼ਾਹ ਜੀ! ਪਰਲੋਕ ਵਿੱਚ ਸੂਈ ਕਿਵੇਂ ਜਾਵੇਗੀ, ਇਹ ਤਾਂ ਸਰੀਰ ਵੀ ਨਹੀਂ ਜਾਂਦਾ ਹੈ? ਪੈਸਾ ਵੀ ਨਹੀਂ ਜਾਂਦਾ, ਕੋਈ ਚੀਜ਼ ਜਾਂਦੀ ਨਹੀਂ ਹੈ -

***ਕਬੀਰ ਇਹੁ ਤਨੁ ਜਾਇਗਾ***
***ਸਕਹੁ ਤ ਲੇਹੁ ਬਹੋਰਿ॥***
***ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ ॥***
***ਅੰਗ - ੧੩੬੫***

ਨਾਲ ਨਹੀਂ ਕੁਛ ਵੀ ਜਾਂਦਾ, ਇਸ ਤਰ੍ਹਾਂ ਮਹਾਰਾਜ ਫੁਰਮਾਨ ਕਰਦੇ ਨੇ -

***ਧਾਰਨਾ - ਖਾਲੀ ਹੱਥ ਦੁਨੀਆਂ ਵਿੱਚੋਂ ਜਾਣਗੇ,***
***ਮਾਲਕ ਕਰੋੜਾਂ ਦੇ।***
***ਕਬੀਰ ਇਹੁ ਤਨੁ ਜਾਇਗਾ***
***ਸਕਹੁ ਤ ਲੇਹੁ ਬਹੋਰਿ॥***
***ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ ॥***
***ਅੰਗ - ੧੩੬੫***

ਲੱਖ ਕਰੋੜ, ਸੌ ਖਰਬ ਰੁਪਈਏ ਨੂੰ ਕਹਿੰਦੇ ਨੇ, ਐਨੀ ਜ਼ਿਆਦਾ ਜਿਹਦੇ ਕੋਲ ਮਾਇਆ ਹੈ ਉਹ ਵੀ ਸੰਸਾਰ ਤੋਂ ਜਾਣ ਵੇਲੇ ਖਾਲੀ ਹੱਥ ਜਾਂਦਾ ਹੈ। ਕੁਛ ਵੀ ਨਾਲ ਨਹੀਂ ਲੈ ਕੇ ਜਾਂਦਾ, ਵੱਡੇ-ਵੱਡੇ ਲਾਲਚੀ ਇਸ ਸੰਸਾਰ 'ਚ ਹੋਏ ਨੇ। ਜਿਨ੍ਹਾਂ ਨੂੰ ਗੁਰੂ ਨਾਨਕ ਪਾਤਸ਼ਾਹ ਨੇ ਜਾ ਕੇ ਸੁਮੱਤ ਦਿੱਤੀ ਕਿ ਪਿਆਰਿਆ! ਤੇਰੇ ਨਾਲ ਤਾਂ ਕੁਛ ਨਹੀਂ ਜਾਣਾ -

***ਦਮੜਾ ਤਿਸੀਕਾ ਜੋ ਖਰਚੈ ਅਰ ਖਾਇ॥***
***ਦੇਵੈ ਦਿਲਾਵੈ ਰਜਾਵੈ ਖੁਦਾਇ॥***
***ਹੋਤਾ ਨ ਰਾਖੈ ਅਕੇਲਾ ਨ ਖਾਇ॥***
***ਤਹਕੀਕ ਦਿਲਦਾਨੀ ਵਹੀ ਭਿਸ਼ਤ ਜਾਇ॥***
***ਨਸੀਹਤਨਾਮਾ***

ਇਹ ਨਾਲ ਨਹੀਂ ਜਾਣਾ। ਨਾਲ ਕੀ ਜਾਣਾ ਹੈ,

ਤੇਰੇ ਕਰਮਾਂ ਨੇ ਜਾਣਾ ਹੈ, ਨਾਮ ਜਪੇ ਹੋਏ ਨੇ ਜਾਣਾ ਹੈ। ਉਹ ਚੀਜ਼ ਤੂੰ ਇਕੱਠੀ ਕਰ ਲੈ ਜਿਹੜੀ ਤੈਨੂੰ ਦਰਗਾਹ ਵਿੱਚ ਜਾ ਕੇ ਸਹਾਇਤਾ ਦੇਵੇ, ਪੈਸੇ ਨੇ ਨਹੀਂ ਸਹਾਇਤਾ ਦੇਣੀ, ਇਹ ਤਾਂ ਬੈਂਕ 'ਚ ਪਿਆ ਰਹਿ ਜਾਂਦਾ ਹੈ ਜਦੋਂ ਸੁਆਸ ਨਿਕਲਦੇ ਨੇ, ਜੀਉਂਦੇ-ਜੀਉਂਦੇ ਹੀ ਝਗੜਾ ਖੜ੍ਹਾ ਹੋ ਜਾਂਦਾ ਹੈ। ਜੀਉਂਦੇ-ਜੀਉਂਦੇ ਹੀ ਵਾਰਸ ਆ ਜਾਂਦੇ ਨੇ। ਬਜ਼ੁਰਗ ਹੁੰਦਾ ਹੈ, ਉਨ੍ਹਾਂ ਨੂੰ ਦਿਸਣ ਲੱਗ ਜਾਂਦਾ ਹੈ ਕਿ ਹੁਣ ਨਹੀਂ ਇਹ ਬਚਦਾ, ਛੇਤੀ ਹੀ ਤੁਰ ਜਾਣਾ ਹੈ ਇਹਨੇ, ਮਾੜਾ ਮੋਟਾ ਹੀ ਸਮਾਂ ਹੈ ਇਹਦਾ, ਦਿਨ ਲੰਘਦੇ ਨੇ, ਕਿਉਂਕਿ ਬਚਪਨ ਦੇ ਵਿੱਚ ਆਸ ਹੁੰਦੀ ਹੈ ਕਿ ਮੈਂ ਜੀਉਂਦਾ ਰਹਾਂ, ਜਵਾਨੀ 'ਚ ਆਸ ਹੁੰਦੀ ਹੈ ਕਿ ਮੇਰੇ 'ਤੇ ਬੁਢਾਪਾ ਆਏਗਾ, ਫੇਰ ਮੈਂ ਜੀਵਾਂਗਾ, ਸੱਤਰ ਸਾਲ ਦਾ ਹੋ ਜਾਂਦਾ ਹੈ, ਆਪਣੇ ਸਰੀਰ ਵੱਲ ਦੇਖਦਾ ਹੈ ਕਿ ਅਜੇ ਤਕੜਾ ਹੈ, ਕੰਮ ਕਰਦਾ ਹੈ, ਅਜੇ ਤਾਂ ਕਾਫੀ ਦੇਰ ਚੱਲ ਜਾਏਗਾ। ੭੫-੭੬ ਸਾਲ ਦਾ ਹੋ ਜਾਂਦਾ ਹੈ, ਹੱਥ ਕੰਬਣ ਲੱਗ ਜਾਂਦੇ ਨੇ, ਲੱਤਾਂ ਕੰਬਣ ਲੱਗ ਜਾਂਦੀਆ ਨੇ, ਸਰੀਰ ਸਾਥ ਨਹੀਂ ਦਿੰਦਾ, ਓਸ ਵੇਲੇ ਖਿਆਲ ਕਰਦਾ ਹੈ ਕਿ ਹੁਣ ਮੈਂ ਕੋਈ ਵੱਡੀਆਂ ਦਵਾਈਆਂ ਖਾਵਾਂ ਜਿਹਦੇ ਨਾਲ ਮੇਰਾ ਸਰੀਰ ਮੁੜ ਕੇ ਸੈਟ ਹੋ ਜਾਵੇ। ਕਿਉਂਕਿ ਜਾਣ ਨੂੰ ਸੰਸਾਰ ਤੋਂ ਕਿਸੇ ਦਾ ਦਿਲ ਨਹੀਂ ਕਰਦਾ। ਸਾਰੇ ਐਸਾ ਹੀ ਚਾਹੁੰਦੇ ਨੇ ਕਿ ਮੈਂ ਸੰਸਾਰ 'ਤੇ ਰਹਾਂ, ਲੇਕਿਨ ਅਕਾਲ ਪੁਰਖ ਵਲੋਂ ਸੰਦੇਸ਼ੇ ਤੇ ਸੰਦੇਸ਼ਾ ਆਉਂਦਾ ਹੈ। ਬਾਬਾ ਫਰੀਦ ਜੀ ਕਹਿੰਦੇ ਨੇ ਕਿ ਪਹਿਲਾ ਸੰਦੇਸ਼ਾ ਆਉਂਦਾ ਹੈ ਤਾਂ ਜਿਨ੍ਹਾਂ ਦੇ ਨਾਲ ਪਿਆਰ ਹੁੰਦਾ ਹੈ ਉਹ ਇਕੱਲਾ-ਇਕੱਲਾ ਕਰਕੇ ਜਾਣਾ ਸ਼ੁਰੂ ਕਰ ਦਿੰਦੇ ਨੇ।

*ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ੀ ਤੂ ਜਣਿਓਹਿ ॥*
*ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ॥*
*ਅੰਗ - ੧੩੮੧*

ਵੱਡੀਆਂ ਉਮਰਾ ਵਾਲੇ ਦੇਖੋ ਧਿਆਨ ਮਾਰ ਕੇ, ਕਿੱਥੇ ਗਏ ਓਹ ਮਾਪੇ, ਜਿਹੜੇ ਗੋਦੀ ਚੁੱਕੀਂ ਫਿਰਦੇ ਸੀ, ਉਂਗਲੀਆਂ ਲਾ ਕੇ ਮੇਲਿਆਂ 'ਤੇ ਲਿਜਾਂਦੇ ਸੀ। ਪੜ੍ਹਨ ਤੋਰਿਆ ਕਰਦੇ ਸੀ, ਸਕੂਲ ਤੋਂ ਆਇਆਂ ਨੂੰ ਰਸਤਾ ਉਡਕਿਆ ਕਰਦੇ ਸੀ, ਉਹ ਚਲੇ ਕਿੱਥੇ ਗਏ ਅੱਜ? ਕੁਛ ਨਹੀਂ ਪਤਾ ਲਗਦਾ। ਤੈਨੂੰ ਐਨਾ ਵੀ ਨਹੀਂ ਪਤਾ ਉਹ ਗਏ ਕਿੱਥੇ, ਤੇਰਾ ਪਿਆਰ ਫੇਰ ਕਿਹੜੀ ਗੱਲ ਦਾ ਹੈ ਉਨ੍ਹਾਂ ਨਾਲ। ਅਜੇ ਤੇਰਾ ਮਨ ਨਹੀਂ ਪਤੀਜਿਆ? ਉਹ ਤਾਂ ਤੁਰਦੇ ਜਾਂਦੇ ਨੇ ਸਾਰੇ, ਜਿਵੇਂ ਉਹ ਜਾਂਦੇ ਨੇ ਐਸੇ ਤਰ੍ਹਾਂ ਤੈਂ ਵੀ ਚਲੇ ਜਾਣਾ ਹੈ, ਤੇ ਇਹ ਜਿਹੜਾ ਸੰਸਾਰ ਹੈ ਇਹ ਕੋਈ ਰਹਿਣ ਦਾ ਥਾਂ ਨਹੀਂ, ਥੋੜ੍ਹਾ ਜਿਹਾ ਹੈ, ਫੇਰ ਇੰਤਜ਼ਾਰ ਕਰਦਾ ਹੈ ਕਿ ਮੈਂ ਹੋਰ ਸਾਲ ਕੱਢ ਲਵਾਂ। ਮਹਾਰਾਜ ਕਹਿੰਦੇ ਪਿਆਰਿਆ! ਇਹ ਤਾਂ ਪਤਾ ਨਹੀਂ ਹੈ -

*ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ॥*
*ਓਹ ਬੇਰਾ ਨਹ ਬੂਝੀਐ ਜਉ*
*ਆਇ ਪਰੈ ਜਮ ਫੰਧੁ ॥ ਅੰਗ - ੨੫੪*

ਤੇਰੀ ਜ਼ਿੰਦਗੀ ਦਾ ਕੋਈ ਵੀ ਭਰੋਸਾ ਨਹੀਂ। ਕੋਈ ਇਹਦਾ ਸੈਟ ਸਮਾਂ ਨਹੀਂ ਕਿ ਕਦ ਚਲਾ ਜਾਏਂਗਾ। ਇੱਥੋਂ ਤੁਰਿਆ ਜਾਂਦਾ ਹੈ, ਥੋੜ੍ਹੀ ਦੇਰ ਤੋਂ ਬਾਅਦ ਖਬਰ ਆ ਜਾਂਦੀ ਹੈ ਕਿ ਐਕਸੀਡੈਂਟ ਹੋ ਗਿਆ ਜੀ। ਕਹਿੰਦੇ ਹੁਣੇ ਗਿਆ ਸੀ ਅਜੇ ਸਾਡੇ ਕੋਲੋਂ ਤਾਂ, ਗੱਲਾਂ ਕਰਦਾ ਗਿਆ ਹੈ। ਕੀ ਭਰੋਸਾ ਹੋਇਆ ਸਾਧਸੰਗਤ ਜੀ। ਇੱਥੇ ਇੱਕ ਪ੍ਰੇਮੀ ਸੀ ਥੋੜ੍ਹੇ ਦਿਨ ਪਹਿਲਾਂ ਲੰਗਰ 'ਚ ਆਉਂਦੇ ਸੀ, ਉਹ ਜਾਂਦਾ ਹੈ ਜਾ ਕੇ ਮੋੜ ਮੁੜਨ ਲੱਗਿਆ, ਉਹਦੇ 'ਚ ਆ ਕੇ ਇੱਕ ਗੱਡੀ ਲਗਦੀ ਹੈ ਮਰੂਤੀ ਵੈਨ, ਚੜ੍ਹਾਈ ਕਰ ਗਿਆ, ਕੋਈ ਪਤਾ ਨਹੀਂ, ਸਕਿੰਟ ਪਹਿਲਾਂ ਉਹਨੂੰ ਪਤਾ ਨਹੀਂ ਸੀ ਕਿ ਮੇਰੇ ਨਾਲ ਆਹ ਭਾਣਾ ਵਰਤਣਾ ਹੈ। ਮਹਾਰਾਜ ਕਹਿੰਦੇ, ਪਿਆਰਿਆ! ਜੀਵਨ ਦਾ ਨਾ ਭਰੋਸਾ ਕਰ, ਹੋਰ ਸਭ ਚੀਜ਼ ਦਾ ਭਰੋਸਾ ਹੋ ਸਕਦਾ ਹੈ, ਕੋਠੀ ਬਣਾਈ ਹੈ ਇਹਦਾ ਪਤਾ ਹੈ, ਕਿ ਤੈਨੂੰ ਜਾਂ ਤਾਂ ਭੁਚਾਲ ਨਾਲ ਗਿਰੇਗੀ, ਨਹੀਂ ਤਾਂ ਇਹ ਸੈਂਕੜੇ ਸਾਲ ਕੱਢ ਜਾਏਗੀ। ਕੱਪੜੇ ਸਵਾਏ ਨੇ ਤੈਨੂੰ ਪਤਾ ਹੈ ਕਿ ਸਾਲ ਭਰ ਤਾਂ ਇਹ ਪਾਟਦੇ ਨਹੀਂ ਹਨ। ਅੱਜਕਲ੍ਹ ਦੇ ਨੇ ਇਹ ਤਾਂ ਪੰਜ ਛੇ ਸਾਲ ਨਹੀਂ ਪਾਟਦੇ, ਇਨ੍ਹਾਂ ਦਾ ਭਰੋਸਾ ਹੈ ਲੇਕਿਨ ਤੇਰਾ ਭਰੋਸਾ ਕੋਈ ਨਹੀਂ, ਤੇਰੇ ਭਰੋਸੇ ਬਾਰੇ ਤਾਂ ਮਹਾਰਾਜ ਇਸ ਤਰ੍ਹਾਂ ਖਬਰਦਾਰ ਕਰਦੇ ਨੇ -

*ਧਾਰਨਾ - ਇੱਥੇ ਕੀ ਮੁਨਿਆਦਾਂ ਤੇਰੀਆਂ,*
*ਪਾਣੀ ਦਿਆ ਬੁਲਬਲਿਆ।*

*ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥*
*ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ॥*
*ਅੰਗ - ੧੪੨੭*

ਆਦਮੀ ਦੇ ਜਾਣ ਦਾ ਕੋਈ ਭਰੋਸਾ ਨਹੀਂ ਹੈ, ਸੋ ਇਸ ਤਰ੍ਹਾਂ ਦੇ ਨਾਲ ਕਹਿਣ ਲੱਗੀ ਕਿ ਸ਼ਾਹ ਜੀ! ਤੁਸੀਂ ਸੂਈ ਲੈ ਆਏ ਮਹਾਂਪੁਰਸ਼ਾਂ ਤੋਂ, ਅਗਲੀ ਦਰਗਾਹ ਵਿੱਚ ਦੇਵਾਂਗਾ, ਅਗਲੀ ਦਰਗਾਹ 'ਚ ਨਾ ਤਾਂ ਸਰੀਰ ਨੇ ਜਾਣਾ ਹੈ, ਨਾ ਕਿਸੇ ਚੀਜ਼ ਨੇ ਜਾਣਾ ਹੈ, ਸੂਈ ਕਿੱਥੇ ਲੈ ਜਾਵੋਂਗੇ? ਜੇ ਤੁਸੀਂ ਵਸੀਅਤ ਕਰ ਵੀ ਦੇਵੋਂ ਕਿ ਮੇਰੇ ਨਾਲ ਰੱਖ ਦੇਣਾ ਸੂਈ ਜਦੋਂ ਮੇਰੇ ਸਰੀਰ ਦਾ ਸਸਕਾਰ ਕਰੋਗੇ, ਫੇਰ ਵੀ ਨਹੀਂ ਜਾਂਦੀ, ਨਾਲ ਜਾਣ ਵਾਲੀਆਂ ਚੀਜ਼ਾਂ ਤਾਂ ਹੋਰ ਹਨ। ਜਾਓ ਮਹਾਂਪੁਰਸ਼ਾਂ ਤੋਂ ਇਸ ਰਮਜ਼ ਨੂੰ ਸਮਝਣ ਦਾ ਯਤਨ ਕਰੋ ਕਿ ਉਨ੍ਹਾਂ ਨੇ ਕਿਉਂ ਸੂਈ ਦੇ ਦਿਤੀ। ਸੂਈ ਲੈ ਕੇ ਗੁਰੂ ਨਾਨਕ ਦੇ ਪਾਸ ਵਾਪਸ ਆ ਜਾਂਦਾ ਹੈ। ਕਹਿਣ ਲੱਗਿਆ, ਪਾਤਸ਼ਾਹ! ਇਹ ਤਾਂ ਨਾਲ ਨਹੀਂ ਜਾਣੀ। ਮਹਾਰਾਜ ਕਹਿੰਦੇ, ਆਹ ਜਿਹੜੇ

ਸੱਤ ਝੰਡੇ ਖੜ੍ਹੇ ਨੇ ਤੇਰੇ ਮਕਾਨ ਦੇ ਉੱਤੇ ਇਹ ਮਾਇਆ ਤੇਰੇ ਨਾਲ ਕੀ ਜਾਏਗੀ? ਸੋਚਾਂ ਵਿੱਚ ਪੈ ਗਿਆ। ਕਹਿੰਦਾ, ਮਹਾਰਾਜ! ਜੇ ਸੂਈ ਨਹੀਂ ਜਾਂਦੀ, ਫੇਰ ਇਹ ਮਾਇਆ ਵੀ ਨਾਲ ਨਹੀਂ ਜਾਂਦੀ। ਮਹਾਰਾਜ ਕਹਿੰਦੇ, ਫੇਰ ਐਉਂ ਦੱਸ -

*ਪਾਪਾ ਬਾਝਹੁ ਹੋਵੈ ਨਾਹੀ*
*ਮੁਇਆ ਸਾਥਿ ਨ ਜਾਈ॥ ਅੰਗ - ੪੧੭*

ਇਹਦੇ ਵਾਸਤੇ ਪਾਪ ਕਰਨੇ ਪੈਂਦੇ ਨੇ, ਬੇਅੰਤ ਪਾਪੜ ਵੇਲਣੇ ਪੈਂਦੇ ਨੇ ਤਾਂ ਜਾ ਕੇ ਕਿਤੇ ਮਾਇਆ ਇਕੱਠੀ ਹੁੰਦੀ ਹੈ, ਮਰਿਆਂ ਤੋਂ ਇਹ ਨਾਲ ਨਹੀਂ ਜਾਂਦੀ ਫੇਰ ਉਹਦਾ ਮਤਲਬ ਕੀ? ਉਹਦੀ ਲੋੜ ਨਹੀਂ ਹੈ। ਇਹ ਵਾਧੂ ਦੀ ਇੱਕ ਖੇਚਲ ਹੈ। ਉਸ ਵੇਲੇ ਕਹਿਣ ਲੱਗਿਆ, ਪਾਤਸ਼ਾਹ! ਕੋਈ ਚੀਜ਼ ਨਾਲ ਵੀ ਜਾਂਦੀ ਹੈ। ਮਹਾਰਾਜ ਕਹਿੰਦੇ ਹਾਂ, ਨੇਕ ਕਰਮ ਨਾਲ ਜਾਂਦੇ ਨੇ। ਬੁਰੇ ਵੀ ਜਾਂਦੇ ਨੇ, ਬੁਰੇ ਕਰਮ ਜਿਹੜੇ ਨੇ ਉਹ ਨਰਕਾਂ ਦੇ ਵਿੱਚ ਸਜ਼ਾ ਦਿਵਾਉਂਦੇ ਨੇ, ਜਿਹੜੇ ਨੇਕ ਕਰਮ ਨੇ ਉਹ ਸੁੱਖ ਦੇ ਮੰਡਲਾਂ 'ਚ ਪਹੁੰਚਾਉਂਦੇ ਨੇ ਤੇ ਸਾਰਿਆਂ ਨਾਲੋਂ ਜਿਹੜੀ ਮਜ਼ਬੂਤ ਚੀਜ਼ ਨਾਲ ਜਾਂਦੀ ਹੈ ਉਹ ਹੋਰ ਹੈ, ਕਿਉਂਕਿ ਇਹ ਪੁੰਨ ਦਾਨ ਜੋ ਨੇ -

*ਪੁੰਨ ਦਾਨੁ ਜੋ ਬੀਜਦੇ*
*ਸਭ ਧਰਮ ਰਾਇ ਕੈ ਜਾਈ॥ ਅੰਗ - ੧੪੧੪*

ਉਹ ਤਾਂ ਧਰਮਰਾਜ ਕੋਲ ਜਾਂਦੇ ਨੇ, ਐਸਾ ਲਿਖਿਆ ਹੋਇਆ ਹੈ ਗ੍ਰੰਥਾਂ ਦੇ ਅੰਦਰ ਕਿ ਜੀਵ ਜਦ ਜਾਂਦਾ ਹੈ ਤਾਂ ਪੁਰੀਆਂ ਆਉਂਦੀਆਂ ਨੇ ਰਸਤਿਆਂ ਦੇ ਅੰਦਰ, ੨੧ ਪੁਰੀਆਂ। ਇੱਕ ਤੋਂ ਇੱਕ ਭਿਆਨਕ ਆਉਂਦੀ ਹੈ। ਅੰਧਕਾਰ ਦਾ ਮੰਡਲ ਆਉਂਦਾ ਹੈ।

ਇਕ ਮੈਨੂੰ ਮਿਲਿਆ ਸੁਲੇਮਾਨ ਪ੍ਰੇਤ, ਸੰਤ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ) ਦੇ ਕੋਲ ਆਇਆ ਸੀ ਹਾਪੜ, ਉਸ ਵੇਲੇ ਉਸਨੇ ਇੱਛਿਆ ਕੀਤੀ ਕਿ ਮੈਨੂੰ ਮਹਾਰਾਜ ਦੇ ਨਾਲ ਮਿਲਾ ਦਿਓ। ਮੈਂ ਕਿਹਾ, ਮਹਾਰਾਜ ਜੀ! ਤਾਂ ਮਿਲਦੇ ਨਹੀਂ ਹੁੰਦੇ ਪਰ ਦੇਖ ਲੈਂਦੇ ਹਾਂ, ਤੇਰੀ ਕਿਸਮਤ ਚੰਗੀ ਹੋਈ ਤਾਂ ਮੇਲ ਵੀ ਹੋ ਜਾਏਗਾ। ਮੈਂ ਬੇਨਤੀ ਕਰੀ ਮਹਾਰਾਜ ਜੀ ਨੂੰ, ਮਹਾਰਾਜ ਕਹਿਣ ਲੱਗੇ ਇਨ੍ਹਾਂ ਨੂੰ ਨਹੀਂ ਆਪਾਂ ਮਿਲਣਾ, ਮੈਂ ਕਿਹਾ, ਸੱਚੇ ਪਾਤਸ਼ਾਹ! ਇਹ ਤਾਂ ਕੋਈ ਚੰਗਾ ਵਿਦਵਾਨ ਪੁਰਸ਼ ਹੈ, ਗੱਲਾ ਬਹੁਤ ਵੱਡੀਆਂ-ਵੱਡੀਆਂ ਕਰਦਾ ਹੈ। ਇਹਨੂੰ ਹਜ਼ਾਰ ਸਾਲ ਭਟਕਦੇ ਨੂੰ ਹੋ ਗਏ ਤੇ ਇਹ ਵੀ ਨਾਲ ਦੱਸਦਾ ਹੈ ਕਿ ਮੈਨੂੰ ਅਜ਼ਰਾਈਲ ਨੇ ਇਹ ਗੱਲ ਕਹੀ ਸੀ ਕਿ ਤੇਰੀ ਗਤੀ ਹੋਏਗੀ, ਮਹਾਂਪੁਰਸ਼ ਆਉਣਗੇ, 1000 ਸਾਲ ਦੀ ਜਦ ਤੇਰੀ ਉਮਰ ਹੋ ਜਾਏਗੀ। ਕਹਿਣ ਲੱਗਿਆ ਕਿ ਮੇਰੀ ਹੁਣ 999 ਸਾਲ ਤੋਂ ਉਪਰ ਉਮਰ ਹੋ ਚੁੱਕੀ ਹੈ, ਇਹੀ ਮਹਾਂਪੁਰਸ਼ ਨੇ ਜਿਨ੍ਹਾਂ ਕੋਲੋਂ ਮੇਰਾ ਉਧਾਰ ਹੋਣਾ ਹੈ, ਮੈਨੂੰ ਇਹ ਪਹਿਲਾਂ ਲਿਜਾ ਵੀ ਚੁੱਕੇ ਨੇ ਬਹੁਤ ਸਾਰੇ ਸੰਤਾਂ ਕੋਲ ਪਰ ਮੇਰਾ ਉਧਾਰ ਨਹੀਂ ਹੋਇਆ, ਮੈਨੂੰ ਮਿਲਾ ਦਿਓ। ਮੈਂ ਜਦ ਮਹਾਰਾਜ ਜੀ ਕੋਲ ਬੇਨਤੀ ਕਰੀ, ਮੈਨੂੰ ਕਹਿਣ ਲੱਗੇ, ਚੰਗਾ! ਇਹਨੂੰ ਕਹਿ ਦੇ ਸਵੇਰੇ ਆ ਜਾਏ।

ਦੂਸਰੇ ਦਿਨ ਮਹਾਰਾਜ ਜੀ ਦੀ ਕੁਰਸੀ ਲੱਗੀ, ਮੈਂ ਵੀ ਫਾਰਮ ਤੋਂ ਆਇਆ ਹੋਇਆ ਸੀ, ਮੈਂ ਕਿਹਾ ਮਹਾਰਾਜ! ਉਹਨੂੰ ਇਜਾਜ਼ਤ ਦੇ ਦਿਓ? ਉਹ ਕਹਿੰਦੇ, ਸਾਡੇ ਵਲੋਂ ਤਾਂ ਇਜਾਜ਼ਤ ਹੈ, ਪਰ ਉਹ ਆਇਆ ਨਾ। ਜਿਸ ਵਕਤ ਕੁਰਸੀ ਦਾ ਸਮਾਂ ਲੰਘ ਗਿਆ, ਮੈਂ ਆ ਕੇ ਪੁੱਛਿਆ ਕਿ ਸੁਲੇਮਾਨ! ਤੈਨੂੰ ਤਾਂ ਇਜਾਜ਼ਤ ਮਿਲ ਗਈ ਸੀ, ਤੂੰ ਆਇਆ ਕਿਉਂ ਨਾ? ਕਹਿਣ ਲੱਗਿਆ, ਮੈਂ ਕੈਸੇ ਆ ਸਕਤਾ ਥਾ? ਆਪ ਲੋਗੋ ਕੋ ਨਹੀਂ ਪਤਾ, ਮੁਝੇ ਪਤਾ ਹੈ ਉਨ ਕਾ ਜਲਾਲ ਇਤਨਾ ਜ਼ਿਆਦਾ ਹੈ ਕਿ ਮੈਂ ਉਸ ਮੇਂ ਦਾਖਲ ਨਹੀਂ ਹੋ ਸਕਤਾ। (ਜਿਹਨੂੰ ਓਰਾ ਕਹਿੰਦੇ ਨੇ) ਇਸ ਕਰਕੇ ਮੈਂ ਆ ਨਹੀਂ ਸਕਤਾ। ਮੇਰੇ ਵਲੋਂ ਬੇਨਤੀ ਕੀਤੀ ਜਾਵੇ ਕਿ ਉਹ ਜਲਾਲ ਸ਼ਾਂਤ ਕਰਨ। ਮੈਂ ਆ ਕੇ ਮਹਾਰਾਜ ਜੀ ਨੂੰ ਬੇਨਤੀ ਕਰੀ ਕਿ ਉਹ ਇਸ ਤਰ੍ਹਾਂ ਕਹਿੰਦਾ ਹੈ ਕਿ ਜਲਾਲ ਸ਼ਾਂਤ ਕਰੋ। ਮਹਾਰਾਜ ਜੀ ਮੁਸਕਰਾ ਪਏ। ਕਿਉਂਕਿ ਇਸ ਗੱਲ ਦਾ ਸਾਨੂੰ ਨਹੀਂ ਸੀ ਪਤਾ। ਉਸ ਨੂੰ ਪਤਾ ਸੀ ਇਸ ਗੱਲ ਦਾ, ਕਿਉਂਕਿ ਦਾਖਲ ਨਹੀਂ ਸੀ ਹੋ ਸਕਦਾ ਉਹ।

ਦੂਸਰੇ ਦਿਨ ਮਹਾਰਾਜ ਜੀ ਨੇ ਬੁਲਾ ਲਿਆ, ਬੁਲਾ ਕੇ ਉਹਦੇ ਉਪਰ ਕ੍ਰਿਪਾ ਕੀਤੀ, ਮੈਂ ਉਸ ਤੋਂ ਪੁੱਛਦਾ ਸੀ ਕਿ ਸੁਲੇਮਾਨ! ਤੂੰ ਪੜ੍ਹਿਆ ਲਿਖਿਆ ਬੰਦਾ ਹੈਂ, ਇੱਕ ਦੋ ਗੱਲਾਂ ਤਾਂ ਦੱਸ? ਕਹਿਣ ਲੱਗਿਆ, ਪੁੱਛ? ਮੈਂ ਕਿਹਾ ਕਿ ਜਦ ਤੇਰਾ ਅੰਤ ਸਮਾਂ ਆਇਆ, ਤੂੰ ਐਉਂ ਦੱਸ ਕਿ ਇੱਥੇ ਅਸੀਂ ਹਰ ਵਕਤ ਕਹਿੰਦੇ ਹਾਂ ਕਿ ਜਦੋਂ ਆਦਮੀ ਚੜ੍ਹਾਈ ਕਰਦਾ ਹੈ। ਜਮਦੂਤ ਲੈਣ ਵਾਸਤੇ ਆਉਂਦੇ ਨੇ, ਤੇਰੇ ਨਾਲ ਕੀ ਵਰਤਿਆ, ਤੂੰ ਆਪਣਾ ਤਜਰਬਾ ਦੱਸ? ਰੋਣ ਲੱਗ ਗਿਆ, ਮੈਂ ਕਿਹਾ, ਰੋਂਦਾ ਕਿਉਂ ਹੈਂ? ਕਹਿਣ ਲੱਗਿਆ, ਮੈਂ ਦੱਸ ਹੀ ਨਹੀਂ ਸਕਦਾ, ਹਜ਼ਾਰ ਸਾਲ ਤੋਂ ਬਾਅਦ ਵੀ ਮੇਰੇ ਮਨ ਦੇ ਵਿਚ ਐਨਾ ਡਰ ਪਿਆ ਹੋਇਆ ਹੈ ਕਿ ਆਹ ਰਸਤਾ ਕਿਤੇ ਦੁਬਾਰਾ ਨਾ ਮਿਲ ਜਾਵੇ। ਬਹੁਤ ਔਖਾ ਹੈ। ਕਹਿੰਦਾ, ਇੱਕ ਥਾਂ ਮੈਂ ਲੰਘਦਾ ਸੀ, ਉਥੇ ਦਰਖਤਾਂ ਦੇ ਪੱਤੇ ਐਉਂ ਸੀ ਜਿਵੇਂ ਤਲਵਾਰਾਂ ਹੁੰਦੀਆਂ ਨੇ ਸਿਰ ਵਿੱਚ ਲੱਗਦੀਆਂ ਸੀ, ਸੂਖਸ਼ਮ ਸਰੀਰ ਵਿੱਚ, ਸੂਖਸ਼ਮ ਪੱਤੇ। ਇਸ ਤਰ੍ਹਾਂ ਦੇ ਨਾਲ ਕਹਿਣ ਲੱਗਿਆ, ਅੰਧਕਾਰ ਦਾ ਮੰਡਲ ਆਇਆ, ਕੁਛ ਨਾ ਦਿਸੇ, ਘੜੀਸ-ਘੜੀਸ ਮਾਰ ਦਿੱਤਾ ਉਨ੍ਹਾਂ ਨੇ, ਜਮ ਦਾ ਮਾਰਗ ਬਹੁਤ ਬੁਰਾ ਹੈ -

*ਬਾਰਿ ਵਿਡਾਨੜੈ ਹੁੰਮਸ ਧੁੰਮਸ*
*ਕੂਕਾ ਪਈਆ ਰਾਹੀ॥ ਅੰਗ - ੫੨੦*

ਕੂਕਾਂ ਮਾਰਦਾ ਜਾਂਦਾ ਹੈ ਆਦਮੀ। ਸੋ ਉਸ ਵੇਲੇ ਆਹ ਜਿਹੜਾ ਰਸਤਾ ਹੈ ਲੰਘਾਉਣ ਵਾਸਤੇ ਇਹਦੇ ਵਿੱਚ

ਜਿਹੜੇ ਕਰਮ ਧਰਮ, ਪੁੰਨ ਕਰਦੇ ਹਾਂ -

*ਕਰਮ ਧਰਮ ਪਾਖੰਡ ਜੋ ਦੀਸਹਿ*
*ਤਿਨ ਜਮੁ ਜਾਗਾਤੀ ਲੂਟੈ ॥ ਅੰਗ - ੭੪੭*

ਜਮ ਲੁੱਟ ਲੈਂਦੇ ਨੇ, ਫੇਰ ਕਹਿੰਦੇ ਨੇ ਲੰਘ ਜਾ। ਵੈਤਰਨੀ ਨਦੀ ਕੋਲ ਆ ਗਏ, ਕਹਿੰਦੇ, ਕੋਈ ਪੁੰਨ ਦੇ ਦੇ, ਫੇਰ ਤੈਨੂੰ ਲੰਘਾ ਦਿੰਦੇ ਹਾਂ।

ਇੱਕ ਸਾਡੀ ਰਿਸ਼ਤੇਦਾਰ ਸੀ ਉਹਨੇ ਇਹ ਗੱਲ ਦੱਸੀ, ਕਹਿਣ ਲੱਗੀ ਜਦ ਮੈਂ ਚੜ੍ਹਾਈ ਕਰ ਗਈ, ਮੈਨੂੰ ਲਈ ਜਾਂਦੇ ਨੇ, ਅੱਗੇ ਇੱਕ ਨਦੀ ਆ ਗਈ ਬਹੁਤ ਭਿਆਨਕ, ਦੇਖ ਕੇ ਡਰ ਲੱਗੇ, ਉਥੇ ਪੁਲ ਜਿਹੜਾ ਸੀ ਵਾਲ ਨਾਲੋਂ ਵੀ ਛੋਟਾ ਸੀ, ਤਿੱਖਾ, ਅੱਗ ਵਰਗਾ ਗਰਮ, ਲਾਲ ਰੰਗ ਹੋਇਆ ਹੋਇਆ, ਜਿਹੜਾ ਉਸ 'ਤੇ ਚੜ੍ਹੇ ਕੱਟ ਕੇ ਦੋ ਟੁਕੜੇ ਹੋ ਕੇ ਗਿਰ ਜਾਏ, ਫੇਰ ਜੁੜ ਜਾਵੇ ਫੇਰ ਚਾੜ੍ਹ ਦੇਣ। ਚੀਕਾਂ ਪੈ ਰਹੀਆਂ ਸੀ, ਮੈਂ ਵੀ ਬੜੀ ਡਰ ਰਹੀ ਸੀ ਕਿ ਕੀ ਹੋਏਗਾ? ਐਨੇ ਨੂੰ ਮੈਂ ਕੀ ਦੇਖਿਆ ਇੱਕ ਕੋਈ ਚਿੱਟੇ ਸਫੈਦ ਵਸਤਰਾਂ ਵਾਲੀ ਬੀਬੀ ਇੱਕ ਨਿੱਕੀ ਜਿਹੀ ਕਿਸ਼ਤੀ ਲੈ ਕੇ ਆ ਗਈ, ਉਹਦੇ ਵਿੱਚ ਬਿਠਾ ਕੇ ਮੈਨੂੰ ਪਾਰ ਕਰ ਦਿੱਤਾ ਤੇ ਮੈਂ ਉਸ ਨੂੰ ਪੁੱਛਿਆ ਕਿ ਬੀਬੀ ਮੈਂ ਤਾਂ ਤੈਨੂੰ ਜਾਣਦੀ ਨਹੀਂ, ਤੂੰ ਕਿੱਡਾ ਵੱਡਾ ਉਪਕਾਰ ਮੇਰੇ 'ਤੇ ਕੀਤਾ ਹੈ। ਕਹਿਣ ਲੱਗੀ ਕਿ ਤੂੰ ਨਹੀਂ ਮੈਨੂੰ ਜਾਣਦੀ ਮੈਂ ਤੈਨੂੰ ਜਾਣਦੀ ਹਾਂ। ਮੈਂ ਕਿਹਾ ਕਿ ਮੈਂ ਤਾਂ ਤੈਨੂੰ ਪਹਿਲਾਂ ਦੇਖਿਆ ਹੀ ਨਹੀਂ ਕਿਤੇ, ਤੂੰ ਕਿਵੇਂ ਜਾਣਦੀ ਹੈਂ? ਕਹਿੰਦੀ ਦੇਖ ਤੂੰ ਹੁਣ ਦਰਗਾਹ ਦੇ ਵਿਚ ਹੈਂ, ਧਰਤੀ ਦੇ ਉਤੇ ਨਹੀਂ ਹੈਂ, ਉਹ ਤਾਂ ਤੇਰੀਆਂ ਜਾਣਾਂ-ਪਛਾਣਾਂ ਹੋ ਗਈਆਂ ਖਤਮ। ਹੁਣ ਇਥੇ ਜਾਣ ਪਛਾਣ ਵਾਲੇ ਤੇਰੇ ਕਰਮ ਨੇ, ਮੈਂ ਤੇਰਾ ਕਰਮ ਹਾਂ, ਰੂਪ ਧਾਰ ਕੇ ਆਈ ਹਾਂ। ਕਹਿੰਦੀ, ਕਿਹੜਾ ਕਰਮ ਹੈਂ ਤੂੰ, ਕਹਿੰਦੀ ਤੇਰੇ ਯਾਦ ਹੈ, ਤੂੰ ਇੱਕ ਦਿਨ ਝਾੜੂ ਦਿੰਦੀ ਸੀ, ਆਪਣੇ ਘਰ 'ਚ ਬਾਹਰ ਵਿਹੜੇ ਵਿੱਚ, ਬੇਰੀ ਸੀ, ਉਹਦੇ ਉੱਤੇ ਇੱਕ ਚਿੜੀ ਦੀ ਲੱਤ ਦੇ ਨਾਲ ਕਿਸੇ ਬੱਚੇ ਨੇ ਧਾਗਾ ਪੱਕਾ ਬੰਨ੍ਹ ਕੇ ਛੱਡ ਦਿੱਤਾ, ਉਹ ਬੇਰੀ ਦੇ ਵਿੱਚ ਉਲਝ ਗਈ, ਦੋ ਦਿਨ ਦੀ ਬੈਠੀ ਚੀਂ-ਚੀਂ ਕਰਦੀ ਸੀ, ਉਹਦੀ ਫਰਿਆਦ ਪਹੁੰਚਦੀ ਹੈ ਦਰਗਾਹ ਦੇ ਵਿੱਚ। ਤੈਨੂੰ ਪ੍ਰੇਰਨਾ ਹੋਈ, ਤੂੰ ਮੇਜ਼ ਲਿਆ ਕੇ, ਉਸ 'ਤੇ ਖੜ੍ਹੀ ਹੋ ਕੇ ਕੈਂਚੀਂ ਦੇ ਨਾਲ ਜਿਹੜਾ ਬੰਨ੍ਹਿਆ ਹੋਇਆ ਧਾਗਾ ਸੀ, ਉਹ ਕਟ ਦਿੱਤਾ। ਉਹ ਚਿੜੀ ਆਜ਼ਾਦ ਹੋ ਗਈ। ਉਹ ਜਿਹੜਾ ਨਿੱਕਾ ਜਿਹਾ ਪੁੰਨ ਸੀ ਨਾ -

*ਅਠਸਠਿ ਤੀਰਥ ਸਗਲ ਪੁੰਨ*
*ਜੀਅ ਦਇਆ ਪਰਵਾਨੁ॥ ਅੰਗ - ੧੩੬*

ਇੱਕ ਜੀਅ ਦੇ ਉੱਤੇ ਦਇਆ ਕਰ ਦੇਣੀ ੬੮ ਤੀਰਥਾਂ ਦਾ ਪੁੰਨ ਹੋਇਆ ਕਰਦਾ ਹੈ, ਕਹਿੰਦੀ ਉਹ ਤੈਨੂੰ ਪੁੰਨ ਪ੍ਰਾਪਤ ਹੋ ਗਿਆ ਤੇ ਉਹ ਤੇਰਾ ਪੁੰਨ ਮੈਂ ਬਣ ਕੇ ਆਈ ਹਾ। ਧਰਮਰਾਜ ਕੋਲ ਗਈ, ਉਹ ਕਹਿੰਦੇ ਕਿ ਇਹ ਸੁਰਜੀਤ ਕੌਰ ਨਹੀਂ ਸੀ ਲਿਆਉਣੀ, ਉਹ ਤਾਂ ਹੋਰ ਹੈ ਨਾਲ ਦੇ ਹੀ ਫਾਰਮ ਵਿੱਚ, ਉਹਨੂੰ ਵਾਪਸ ਕਰ ਗਏ ਤੇ ਦੂਸਰੀ ਨੂੰ ਲੈ ਗਏ।

ਸੋ ਇਹ ਜਿਹੜੇ ਕਰਮ ਹੁੰਦੇ ਨੇ ਇਹ ਨਾਲ ਜਾ ਕੇ ਸਹਾਇਤਾ ਵੀ ਕਰਦੇ ਨੇ। ਮਾੜੇ ਕਰਮ ਹੋਣ ਦੁੱਖ ਵੀ ਦਿੰਦੇ ਨੇ।

ਸੋ ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ, ਦੁਨੀਚੰਦ! ਇੱਕ ਚੀਜ਼ ਹੈ ਜਿਹੜੀ ਬੰਦੇ ਦੀ ਇੱਥੇ ਵੀ ਸਹਾਇਤਾ ਕਰਦੀ ਹੈ ਤੇ ਦਰਗਾਹ ਵਿੱਚ ਵੀ ਸਹਾਇਤਾ ਕਰਦੀ ਹੈ, ਓਸ ਤੋਂ ਆਦਮੀ ਬੇਖਬਰ ਹੋ ਕੇ ਆਪਣੀ ਜ਼ਿੰਦਗੀ ਬਤੀਤ ਕਰ ਰਿਹਾ ਹੈ। ਮਹਾਂਪੁਰਸ਼ ਹਾਕਾ ਮਾਰ-ਮਾਰ ਕੇ ਦੱਸ ਰਹੇ ਨੇ, ਉੱਚੀ-ਉੱਚੀ ਬੋਲ ਕੇ ਦੱਸ ਰਹੇ ਨੇ ਕਿ ਤੇਰੀ ਦਰਗਾਹ ਦੇ ਵਿੱਚ ਇੱਥੇ ਸਹਾਇਤਾ ਕਰਨ ਵਾਲੀ ਜਿਹੜੀ ਚੀਜ਼ ਹੈ ਉਹਨੂੰ ਤੂੰ ਸੰਭਾਲਣ ਦਾ ਯਤਨ ਕਰ -

*ਧਾਰਨਾ - ਤੇਰੀ ਨਾਮ ਨੇ ਸਹਾਇਤਾ ਕਰਨੀ,*
*ਔਖੀ ਵੇਲਾ-ਔਖੀ ਵੇਲਾ।*

*ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥*
*ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥*
*ਜਹ ਮਹਾ ਭਇਆਨ ਦੂਤ ਜਮ ਦਲੈ ॥*
*ਤਹ ਕੇਵਲ ਨਾਮੁ ਸੰਗਿ ਤੇਰੈ ਚਲੈ ॥*
*ਜਹ ਮੁਸਕਲ ਹੋਵੈ ਅਤਿ ਭਾਰੀ ॥*
*ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥*
*ਅੰਗ - ੨੬੪*

ਪ੍ਰਮੇਸ਼ਰ ਦਾ ਨਾਮ ਸਹਾਇਤਾ ਕਰਦਾ ਹੈ -

*ਜਾ ਕਉ ਮੁਸਕਲੁ ਅਤਿ ਬਣੈ*
*ਢੋਈ ਕੋਇ ਨ ਦੇਇ ॥*
*ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ ॥*
*ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ ॥*
*ਚਿਤਿ ਆਵੈ ਓਸੁ ਪਾਰਬ੍ਰਹਮੁ*
*ਲਗੈ ਨ ਤਤੀ ਵਾਉ॥ ਅੰਗ - ੭੦*

ਜੇ ਪਾਰਬ੍ਰਹਮ ਚਿੱਤ ਆ ਜਾਵੇ, ਫੇਰ ਤੱਤੀ ਵਾਹ ਨਹੀਂ ਲੱਗਿਆ ਕਰਦੀ।

ਗੁਰੂ ਗ੍ਰੰਥ ਸਾਹਿਬ ਦੇ ਅੰਦਰ ਧਾਰਮਕ ਇਤਿਹਾਸ ਜਿਸ ਦਾ ਵਰਣਨ ਕੀਤਾ ਹੈ, ਉਹਦੇ ਵਿੱਚ ਮਹਾਰਾਜ ਇੱਕ ਮਹਾਂ ਪਾਪੀ ਦਾ ਜੋ ਬਦਨਾਮ ਹੋ ਗਿਆ ਸੀ ਸਾਰੇ ਭਾਰਤ ਵਰਸ਼ ਵਿੱਚ ਓਸਦਾ ਜ਼ਿਕਰ ਕਰਦੇ ਨੇ। ਆਪ ਕਹਿੰਦੇ ਨੇ ਕਿ -

*ਅਜਾਮਲ ਕਉ ਅੰਤ ਕਾਲ ਮਹਿ*
*ਨਾਰਾਇਨ ਸੁਧਿ ਆਈ ॥*
*ਜਾਂ ਗਤਿ ਕਉ ਜੋਗੀਸੁਰ ਬਾਛਤ*
*ਸੋ ਗਤਿ ਛਿਨ ਮਹਿ ਪਾਈ ॥ ਅੰਗ - ੯੦੨*

ਜ਼ਿੰਦਗੀ ਸਾਰੀ ਪਾਪਾਂ ਦੇ ਵਿੱਚ ਬੀਤੀ ਸੀ ਤੇ ਐਡੇ ਪਾਪ ਕੀਤੇ ਸੀ ਕਿ ਉਹਦਾ ਨਾਉਂ ਹੀ ਪਤਿਤ ਪੈ ਗਿਆ ਸੀ। ਕਹਿੰਦੇ ਐਨਾ ਪਾਪ ਕਰਨ ਵਾਲਾ ਜਿਹੜਾ ਸੀਗਾ, ਓਸਨੂੰ ਵੀ ਜਦੋਂ ਪ੍ਰਮੇਸ਼ਰ ਦੇ ਨਾਮ ਦੀ ਸੋਝੀ ਹੋਈ, ਓਸ ਵੇਲੇ ਸਾਰੇ ਪਾਪ ਜਿਹੜੇ ਸੀ ਓਸ ਦੇ ਉਨ੍ਹਾਂ ਨੂੰ ਇੱਕ ਨਾਮ ਦੇ ਉਚਾਰਨ ਨੇ ਕੱਟ ਦਿੱਤਾ।

*ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ*
*ਕਰਿ ਨਾਰਾਇਣ ਬੋਲਾਰੇ ॥*
*ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ*
*ਜਮਕੰਕਰ ਮਾਰਿ ਬਿਦਾਰੇ ॥ ਅੰਗ - ੯੮੧*

ਤੇ ਵੱਡੀ ਗਤੀ ਓਸਨੂੰ ਪ੍ਰਾਪਤ ਹੋ ਜਾਂਦੀ ਹੈ -

*ਧਾਰਨਾ - ਗਤੀ ਮਿਲ ਗਈ ਜੋਗੀਆਂ ਵਾਲੀ,*
*ਇੱਕ ਵਾਰੀ ਰਾਮ ਬੋਲ ਕੇ।*

ਦੁਨੀਚੰਦ! ਇਹ ਪ੍ਰਮੇਸ਼ਰ ਦਾ ਨਾਮ ਸੰਸਾਰ ਜਿਹੜਾ ਹੈ, ਏਸ ਵੱਲ ਧਿਆਨ ਨਹੀਂ ਦਿੰਦਾ, ਇਹਦੀ ਥਾਂ ਦੇ ਉੱਤੇ ਕੱਚ-ਪਿੱਚ ਇਕੱਠਾ ਕਰ ਰਿਹਾ ਹੈ, ਜਿਹੜਾ ਨਾ ਇੱਥੇ ਸੁਖਦਾਈ ਹੋਣਾ ਹੈ ਤੇ ਨਾ ਦਰਗਾਹ ਵਿੱਚ ਸੁਖਦਾਈ ਹੋਣਾ ਹੈ। ਪ੍ਰਮੇਸ਼ਰ ਦਾ ਨਾਮ ਹੈ ਜਿਹੜਾ ਨਾਲ ਜਾਣਾ ਹੈ। ਕਹਿਣ ਲੱਗਿਆ, ਪਾਤਸ਼ਾਹ! ਮੇਰੇ 'ਤੇ ਕ੍ਰਿਪਾ ਕਰੋ। ਮਹਾਰਾਜ ਕਹਿੰਦੇ, ਜੇ ਕ੍ਰਿਪਾ ਕਰਾਉਣੀ ਹੈ ਨਾ ਤਾਂ ਆਹ ਜਿਹੜਾ ਸੱਤ ਲੱਖ ਜਮ੍ਹਾਂ ਹੋਇਆ ਪਿਆ ਹੈ, ਅੱਜ ਦੇ ਸੱਤ ਕਰੋੜ ਵਰਗਾ ਇਹਨੂੰ ਜਨ ਸਮੂੰਹ ਦੀ ਭਲਾਈ ਵਾਸਤੇ ਖਰਚ ਦੇ। ਬੜਾ ਬਹਾਦਰ ਸੀ, ਬਹੁਤ ਫੈਸਲਾ ਕਰਨ ਵਾਲਾ ਸੀ। ਮਾੜਾ-ਧੀੜਾ ਨਹੀਂ ਸੀ। ਗੁਰੂ ਨਾਨਕ ਸਾਹਿਬ ਤਾਂ ਓਹੀ ਨੇ, ਗੁਰੂ ਗ੍ਰੰਥ ਸਾਹਿਬ ਦੇ ਰੂਪ ਦੇ ਅੰਦਰ ਪਰ ਕਿੰਨਾ ਕੁ ਅਸੀਂ ਬਚਨ ਮੰਨਦੇ ਹਾਂ ਇਨ੍ਹਾਂ ਦਾ। ਆਪਣੇ ਆਪ ਆਪੇ ਹੀ ਦੇਖ ਲਓ। ਬਿਲਕੁਲ ਅਸੀਂ ਤੁਰਨ ਵਾਸਤੇ ਤਿਆਰ ਨਹੀਂ। ਅੰਮ੍ਰਿਤ ਵੇਲੇ ਨਹੀਂ ਉੱਠ ਸਕਦੇ, ਬਾਣੀ ਨਹੀਂ ਪੜ੍ਹ ਸਕਦੇ, ਚਿੱਤ ਦੀ ਇਕਾਗਰਤਾ ਨਹੀਂ ਹਾਸਲ ਕਰ ਸਕਦੇ, ਕਿਉਂਕਿ ਮਨ ਦੇ ਵਿੱਚ ਬਹੁਤ ਸਾਰੀਆਂ ਚੀਜ਼ਾਂ ਦਾ ਫਤੂਰ ਪਿਆ ਹੋਇਆ ਹੈ। ਨਿਰਣਾ ਨਹੀਂ ਅਸੀਂ ਕਰ ਸਕਦੇ, ਡਾਵਾਂਡੋਲ ਤੁਰੇ ਜਾਂਦੇ ਹਾਂ। ਪਰ ਉਹ ਕਿਡਾ ਬਹਾਦਰ ਸੀ, ਐਨਾ ਪੈਸਾ ਛੱਡਣਾ ਕਿੰਨਾ ਔਖਾ ਸੀ। ਓਸੇ ਵਕਤ ਉਹਨੇ ਜਿਹੜਾ ਪੈਸਾ ਸੀ, ਸਕੀਮਾ ਬਣਾ ਦਿੱਤੀਆਂ ਲਾਉਣਾ ਸ਼ੁਰੂ ਕਰ ਦਿੱਤਾ, ਦਿਨਾਂ ਦੇ ਵਿੱਚ ਹੀ ਸਾਰਾ ਧਨ ਵੀ ਲਾ ਦਿੱਤਾ ਤੇ ਜਿਹੜੀ ਵੱਡੀ ਭਾਰੀ ਹਵੇਲੀ 'ਚ ਰਹਿੰਦਾ ਸੀ ਉਹਨੂੰ ਸਤਿਸੰਗ ਘਰ ਬਣਾ ਕੇ ਛੋਟੇ ਜਿਹੇ ਘਰ ਵਿੱਚ ਰਹਿਣਾ ਸ਼ੁਰੂ ਕਰ ਦਿੱਤਾ। ਗੁਰੂ ਨਾਨਕ ਪਾਤਸ਼ਾਹ ਦੀ ਖੁਸ਼ੀ ਪ੍ਰਾਪਤ ਕੀਤੀ। ਸਤਿਸੰਗ ਘਰ ਕਾਇਮ ਹੋ ਗਿਆ ਤੇ, ਗੁਰੂ ਨਾਨਕ ਪਾਤਸ਼ਾਹ ਨੇ ਮਰਦਾਨੇ ਨੂੰ ਕਿਹਾ ਕਿ ਅੱਜ ਖਿੱਚਾਂ ਪੈ ਰਹੀਆਂ ਨੇ, ਬਾਰ-ਬਾਰ ਅੰਮ੍ਰਿਤ ਵੇਲੇ ਤੋਂ ਖਿੱਚਾਂ ਪੈਂਦੀਆਂ ਨੇ, ਕਿਉਂਕਿ ਆਵਾਜ਼ ਆ ਰਹੀ ਹੈ, ਪਿਆਰ ਦੀ ਖਿੱਚ ਦੀ ਆਵਾਜ਼ ਆ ਰਹੀ ਹੈ। ਪੜ੍ਹੋ ਪਿਆਰ ਨਾਲ -

*ਧਾਰਨਾ - ਸਹਿਆ ਨਾ ਜਾਵੇ ਹੁਣ ਹੋਰ ਵਿਛੋੜਾ।*

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥ ਭਵਰੁ*
*ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ*
*ਦੇਖਿ ਦਰਸੁ ਅਘਾਵੈ ॥ ਅੰਗ - ੭੦੮*

ਪਾਣੀ ਦੀ ਮੱਛੀ ਨਾਲ ਪ੍ਰੀਤ ਹੈ, ਮੱਛੀ ਜਿਉਂ ਨਹੀਂ ਸਕਦੀ ਪਾਣੀ ਤੋਂ ਬਗੈਰ। ਕਹਿੰਦੇ, ਮਰਦਾਨਿਆਂ! ਖਿੱਚ ਪੈ ਰਹੀ ਹੈ, ਬਾਰ-ਬਾਰ ਅਰਦਾਸਾਂ ਆ ਰਹੀਆਂ ਨੇ -

*ਬਾਬੀਹਾ ਖਿਨੁ ਖਿਨੁ ਬਿਲਲਾਇ ॥*
*ਬਿਨੁ ਪਿਰ ਦੇਖੇ ਨੀਂਦ ਨ ਪਾਇ ॥*
*ਇਹੁ ਵੇਛੋੜਾ ਸਹਿਆ ਨ ਜਾਇ ॥*
*ਸਤਿਗੁਰੁ ਮਿਲੈ ਤਾਂ ਮਿਲੈ ਸੁਭਾਇ॥*
*ਅੰਗ - ੧੨੬੨*

ਅਸਹਿ ਵਿਛੋੜਾ ਹੋ ਗਿਆ, ੧੨ ਸਾਲ ਦਾ ਸਮਾ ਗੁਰੁ ਨਾਨਕ ਪਾਤਸ਼ਾਹ ਨੂੰ ਘਰ ਤੋਂ ਸੱਚਖੰਡ ਵਾਲੀ ਫੇਰੀ ਦੇ ਵਿੱਚ ਦੂਸਰੀ ਉਦਾਸੀ ਦੇ ਵਿੱਚ ਗਿਆਂ ਹੋਇਆਂ ਹੋ ਗਿਆ। ਕੋਈ ਪਤਾ ਨਹੀਂ ਲਗਦਾ, ਕੋਈ ਸੁਨੇਹਾ ਨਹੀਂ ਆਉਂਦਾ। ਸਿਰਫ ਸੁਰਤ ਦੇ ਨਾਲ ਮੇਲ ਚੱਲ ਰਿਹਾ ਹੈ ਤੇ ਅੱਜ ਅੰਮ੍ਰਿਤ ਵੇਲੇ ਹੀ ਐਨੀ ਖਿੱਚ ਪਈ, ਨੇਤਰਾਂ 'ਚ ਝੜੀ ਲੱਗੀ ਹੋਈ ਹੈ ਤੇ ਦਿਲ ਜਿਹੜਾ ਹੈ ਠਹਿਰਦਾ ਨਹੀਂ ਹੈ, ਹਉਕੇ ਆਉਂਦੇ ਨੇ ਤੇ ਅਰਦਾਸ ਤੇ ਅਰਦਾਸ ਹੁੰਦੀ ਹੈ ਕਿ ਪਾਤਸ਼ਾਹ! ਹੁਣ ਹੋਰ ਨਹੀਂ ਮੈਂ ਸਹਿ ਸਕਦੀ। ਕੌਣ ਹੈ ਇਹ? ਸੁਲਤਾਨਪੁਰ ਦੇ ਅੰਦਰ ਬੇਬੇ ਨਾਨਕੀ ਜੀ। ਪਿਆਰ ਦੇ ਨਾਲ ਅਰਦਾਸਾਂ ਕਰਦੀ ਹੈ, ਕਹਿੰਦੇ ਮਰਦਾਨਿਆਂ! ਖਿੱਚਾਂ ਪੈ ਰਹੀਆਂ ਨੇ। ਬਹੁਤ ਯਾਦ ਕੀਤਾ ਜਾ ਰਿਹਾ ਹੈ -

*ਮਰਦਾਨੇ ਸੋਂ ਗਿਰਾ ਅਲਾਈ।*
*ਕਿਯੋ ਯਾਦ ਭਗਨੀ ਮੁਝ ਤਾਈਂ।*
*ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - ੮੦੨*

ਭੈਣ ਨੇ ਮੈਨੂੰ ਯਾਦ ਕਰਿਆ ਹੈ -

*ਚਲਿ ਸੁਲਤਾਨਪੁਰੇ ਸੁਦ ਲੀਜੈ।*
*ਬੇਬੇ ਜੀ ਕੀ ਖੁਸ਼ੀ ਕਰੀਜੈ।*
*ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - ੮੦੨*

ਹੁਣ ਆਪਾਂ ਚੱਲੀਏ, ਓਸੇ ਵੇਲੇ ਮਰਦਾਨੇ ਨੂੰ ਮਹਾਰਾਜ ਜੀ ਕਹਿੰਦੇ ਨੇਤਰ ਬੰਦ ਕਰ। ਇਕ ਖਿਨ ਦੇ ਵਿੱਚ ਮਹਾਰਾਜ ਜੀ ਓਸ ਥਾਂ ਦੇ ਉਤੇ ਪਹੁੰਚ ਜਾਂਦੇ ਨੇ, ਓਸ ਵੇਲੇ ਬੇਬੇ ਨਾਨਕੀ ਜੀ ਨੂੰ ਕਿੰਨੀ ਖੁਸ਼ੀ ਹੋਈ। ਸ੍ਰੀ ਚੰਦ ਨੂੰ ਬੁਲਾ ਲਿਆ ਤੇ ਭਾਈਆ ਜੈ ਰਾਮ ਆ ਗਏ।

12 ਸਾਲ ਦਾ ਵਿਛੋੜਾ ਜਿਹੜਾ ਸੀ ਮਿਲਾਪ 'ਚ ਬਦਲ ਗਿਆ ਤੇ ਹੱਦ ਤੋਂ ਜ਼ਿਆਦਾ ਖੁਸ਼ੀ ਹੁੰਦੀ ਹੈ, ਰਾਤ ਰਹਿਣ ਤੋਂ ਬਾਅਦ ਮਹਾਰਾਜ ਜੀ ਕਹਿਣ ਲੱਗੇ ਕਿ ਭੈਣ ਜੀ! ਇੱਕ ਹੋਰ ਖਿੱਚ ਪੈ ਰਹੀ ਹੈ ਤੇ ਅਸੀਂ ਹੁਣ ਓਥੇ ਜਾਣਾ ਚਾਹੁੰਦੇ ਹਾਂ। ਓਸ ਵੇਲੇ ਆਪ ਤਲਵੰਡੀ ਨੂੰ ਚੱਲ ਪੈਂਦੇ ਨੇ ਤੇ ਜਾ ਕੇ ਚੰਦਰਭਾਨ ਦਾ ਜੋ ਖੂਹ ਸੀ, ਜੋ ਬਾਲੇ ਦੇ ਪਿਤਾ ਜੀ ਸਨ, ਉਥੇ ਮਹਾਰਾਜ ਜੀ ਦੋ ਮੀਲ 'ਤੇ ਬਾਹਰ ਬੈਠ ਗਏ। ਕਹਿੰਦੇ ਮਰਦਾਨਿਆਂ! ਐਉਂ ਕਰ ਤੇਰੇ ਮਨ ਦੇ ਅੰਦਰ, ਆਪਣੇ ਸਬੰਧੀਆਂ ਨੂੰ ਮਿਲਣ ਦੀ ਚਾਹ ਰਹਿੰਦੀ ਹੈ, ਜਾਹ ਬਾਰ੍ਹਾਂ ਸਾਲ ਲੰਘ ਗਏ, ਤੂੰ ਜਾ ਕੇ ਮਿਲ ਆ। ਕਹਿੰਦਾ ਸੱਚੇ ਪਾਤਸ਼ਾਹ! ਹੁਣ ਪਤਾ ਹੀ ਨਹੀਂ ਕਿ ਕਿੰਨੇ ਜੀਉਂਦੇ ਨੇ ਤੇ ਕਿੰਨੇ ਮਰ ਗਏ ਨੇ, ਕਲੇਸ਼ ਵਾਪਰੇਗਾ ਮਨ ਦੇ ਅੰਦਰ ਤੇ ਦੂਜੀ ਗੱਲ ਇਹ ਹੈ ਕਿ ਮੈਂ ਐਨੀ ਦੇਰ ਤੋਂ ਬਾਅਦ ਆਇਆ ਹਾਂ, ਨਿਆਣੇ ਝਾਕਣਗੇ ਮੇਰੇ ਹੱਥਾਂ ਵਲ, ਓਹ ਵੀ ਦੇਖਣਗੇ ਕਿ ਪ੍ਰਦੇਸਾਂ 'ਚੋਂ ਆਇਆ ਹੈ, ਕੁਛ ਲੈ ਕੇ ਆਇਆ ਹੋਣਾ, ਪਾਤਸ਼ਾਹ! ਮੈਂ ਤਾਂ ਆਪ ਦੀ ਰਬਾਬ ਹੀ ਵਜਾਉਂਦਾ ਰਿਹਾ ਮੈਂ ਤਾਂ ਕੁਛ ਲੈ ਕੇ ਵੀ ਨਹੀਂ ਆਇਆ। ਮਹਾਰਾਜ ਕਹਿੰਦੇ, ਮਰਦਾਨਿਆਂ! ਜਿਹੜੇ ਪ੍ਰਮੇਸ਼ਰ ਦੇ ਪਿਆਰੇ ਹੁੰਦੇ ਨੇ, ਉਹ ਜੇ ਮਿੱਟੀ ਨੂੰ ਵੀ ਹੱਥ ਪਾ ਲੈਣ, ਸੋਨਾ ਬਣ ਜਾਇਆ ਕਰਦਾ ਹੈ। ਜਾਹ ਚੁੱਕ ਲੈ, ਜਿੰਨੇ ਰੋੜ ਤੇਰੇ ਤੋਂ ਚੁੱਕ ਹੁੰਦੇ ਨੇ। ਉਂਜਲ ਭਰ ਲਿਆ, ਕੱਪੜੇ 'ਚ ਘੁੱਟ ਕੇ ਗੰਢ ਦੇ ਕੇ ਬੰਨ ਲਈ ਰੋੜਾਂ ਦੀ।

ਕਈ ਪ੍ਰੇਮੀਆਂ ਦੇ ਮਨਾਂ 'ਚ ਆ ਜਾਂਦਾ ਹੈ ਕਿ ਐਉਂ ਗੱਲਾਂ ਹੋ ਜਾਇਆ ਕਰਦੀਆਂ ਨੇ? ਕਿਉਂਕਿ ਜਦੋਂ ਘਰ ਜਾ ਕੇ ਖੋਲ੍ਹਦਾ ਹੈ, ਸਬੰਧੀਆਂ ਨੂੰ ਮਿਲਦਾ ਹੈ ਤੇ ਸਬੰਧੀ ਦੇਖਦੇ ਨੇ ਤੇ ਦੇਖਦੇ-ਦੇਖਦੇ ਗੰਢ ਖੋਲ੍ਹੀ ਤਾਂ ਉਹ ਰੋੜ ਨਹੀਂ ਰਹੇ, ਸਾਰਾ ਸੋਨਾ ਬਣ ਗਿਆ। ਕਈ ਪ੍ਰੇਮੀ ਸੋਚਦੇ ਨੇ ਕਿ ਐਸੀ ਬਾਤ ਹੋ ਵੀ ਸਕਦੀ ਹੈ?

ਇਤਿਹਾਸ ਦੇ ਅੰਦਰ ਬਹੁਤ ਸਾਰੀਆਂ ਮਿਸਾਲਾਂ ਆਉਂਦੀਆਂ ਨੇ, ਬਹੁਤ ਸਾਰੇ ਮਹਾਤਮਾਵਾਂ ਦੀਆਂ ਆਉਂਦੀਆਂ ਨੇ। ਭਾਈ ਗੜ੍ਹੀਆ ਜੀ, ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਜੀ ਦੇ ਪਾਸ ਇੱਕ ਅੰਨਿਨ ਸਿੱਖ ਸੀਗੇ। ਅਭੇਦ ਅਵਸਥਾ ਦੇ ਸਿੱਖ, ਹਰ ਵਕਤ ਜਿਹੜੇ ਗੁਰੂ ਵਿੱਚ ਰਹੇ। ਆਪਣੇ ਆਪ ਨੂੰ ਕਦੇ ਗਿਣਾਵੇ ਹੀ ਨਾ ਤੇ ਹਰ ਵਕਤ ਗੁਰੂ 'ਚ ਰਹੇ, ਉਹਨੂੰ ਅਭੇਦ ਅਵਸਥਾ ਦਾ ਸਿੱਖ ਕਹਿੰਦੇ ਨੇ। ਆਪਣਾ ਆਪ ਲੀਨ ਕਰ ਦੇਵੇ ਗੁਰੂ 'ਚ, ਓਹਦੀ ਰਜ਼ਾ ਦੇ ਵਿੱਚ ਰਾਜ਼ੀ ਰਹੇ। ਪਿਆਰ ਕਰਦਾ ਹੈ ਤਾਂ ਵੀ ਰਾਜ਼ੀ, ਨਹੀਂ ਕਰਦਾ ਤਾਂ ਵੀ, ਧੱਕੇ ਮਾਰ ਕੇ ਕਢਾ ਦਿੰਦਾ ਹੈ ਤਾਂ ਵੀ ਰਾਜ਼ੀ, ਕੋਲ ਬਹਾਲ ਲੈਂਦਾ ਹੈ ਤਾਂ ਵੀ ਰਾਜ਼ੀ। ਇਹ ਅਭੇਦ ਅਵਸਥਾ ਦੇ ਗੁਰਸਿੱਖ ਹੋਇਆ ਕਰਦੇ ਨੇ, ਮਾਨ ਅਪਮਾਨ ਦੀ ਹੱਦ ਨੂੰ ਲੰਘ ਜਾਇਆ ਕਰਦੇ ਨੇ, ਕੇਵਲ ਪਿਆਰ ਵਿੱਚ ਜੀਉਂਦੇ ਨੇ। ਉਸ ਵੇਲੇ ਗੁਰੂ ਮਹਾਰਾਜ ਨੇ ਭਾਈ ਗੜ੍ਹੀਆ ਨੂੰ ਬੁਲਾਇਆ ਤੇ ਕਿਹਾ ਕਿ ਤੂੰ ਕਸ਼ਮੀਰ ਜਾਹ, ਕਾਫੀ ਦੇਰ ਤੋਂ ਉਥੇ ਦਾ ਦਸਵੰਧ ਨਹੀਂ ਆਇਆ, ਤੂੰ ਜਾ ਕੇ ਲੈ ਆ। ਚਲਦੇ-ਚਲਦੇ ਜਦ ਗੁਜਰਾਤ ਆਏ ਤਾਂ ਉਥੇ ਦੌਲੇਸ਼ਾਹ ਇੱਕ ਬੜਾ ਹੀ ਕਰਾਮਾਤੀ ਪੀਰ ਰਹਿੰਦਾ ਸੀ, ਲੇਕਿਨ ਗੁਰੂ ਘਰ ਦੇ ਨਾਲ ਸ਼ਰਧਾ ਰੱਖਿਆ ਕਰਦਾ ਸੀ ਤੇ ਜਦੋਂ ਭਾਈ ਗੜ੍ਹੀਆ ਜੀ ਆ ਗਏ, ਤਾਂ ਉਸਨੂੰ ਬੜੀ ਖੁਸ਼ੀ ਹੋਈ, ਕਹਿੰਦਾ ਭਾਈ ਗੜ੍ਹੀਆ ਜੀ! ਇੱਕ ਤਰ੍ਹਾਂ ਨਾਲ ਮੇਰੇ ਭਾਗ ਹੀ ਜਾਗੇ ਨੇ ਕਿ ਤੇਰੇ ਦਰਸ਼ਨ ਹੋ ਗਏ ਤੇ ਕ੍ਰਿਪਾ ਕਰੋ ਜਿੰਨੇ ਦਿਨ ਆਪ ਨੇ ਠਹਿਰਣਾ ਹੈ, ਜ਼ਰੂਰ ਠਹਿਰੋ ਹਫਤਾਭਰ ਮੇਰੇ ਕੋਲ ਤੇ ਮੈਨੂੰ ਸੁਖਮਨੀ ਸਾਹਿਬ ਸੁਣਾਈ ਜਾਓ, ਕਿਉਂਕਿ ਮੈਂ ਸੁਖਮਨੀ ਸਾਹਿਬ ਦਾ ਬਹੁਤ ਹੀ ਚਾਹਵੰਦ ਹਾਂ, ਇਹ ਬ੍ਰਹਮਗਿਆਨ ਦੀ ਬਾਣੀ ਕਿਤੋਂ ਪ੍ਰਾਪਤ ਨਹੀਂ ਹੁੰਦੀ। ਐਸੀ ਬਾਣੀ ਹੈ ਨਹੀਂ ਕਿਤੇ; ਕਿਉਂਕਿ ਜਿਹੜੇ ਬੰਦੇ ਦੇ ਅੰਦਰ ਤਰਕ ਵਿਤਰਕ ਹੁੰਦੀ ਹੈ, ਉਸ ਤੋਂ ਰੱਬ ਬੜੀ ਦੂਰ ਹੋਇਆ ਕਰਦਾ ਹੈ, ਪ੍ਰਮੇਸ਼ਰ ਨਹੀਂ ਨੇੜੇ ਹੋਇਆ ਕਰਦਾ, ਪ੍ਰਮੇਸ਼ਰ ਹੋਇਆ ਕਰਦਾ ਹੈ ਜਿਹੜੇ ਸਾਰਿਆਂ ਦੇ ਸਾਂਝੇ ਹੋਇਆ ਕਰਦੇ ਹਨ।

ਓਸ ਵੇਲੇ ਭਾਈ ਗੜ੍ਹੀਆ ਜੀ ਰਹਿੰਦੇ ਨੇ, ਸੁਖਮਨੀ ਸਾਹਿਬ ਦਾ ਰੋਜ਼ ਪਾਠ ਸੁਣਾਉਂਦੇ ਨੇ, ਪੀਰ ਦਾ ਮਨ ਬੜਾ ਪ੍ਰਸੰਨ ਹੋਇਆ, ਜਦੋਂ ਆਪ ਚੱਲੇ ਤਾਂ ਵਿਦਾ ਕਰਨ ਵਾਸਤੇ ਆਉਂਦਾ ਹੈ, ਤੇ ਭਾਈ ਗੜ੍ਹੀਆ ਦੇ ਪੈਰਾਂ ਵਿੱਚ ਛਿੱਤਰ ਪਾਏ ਹੋਏ ਨੇ, ਮੌਜ ਨਾਲ ਹੀ। ਜਿਹੜਾ ਚੋਲਾ ਪਾਇਆ ਹੋਇਆ ਹੈ ਉਹ ਵੀ ਸਾਧਾਰਣ ਚੋਲਾ ਹੈ, ਕੋਈ ਬਹੁਤਾ ਚੰਗਾ ਨਹੀਂ। ਪੀਰ ਦੇ ਮਨ ਵਿਚ ਖਿਆਲ ਆਇਆ ਕਿ ਗਰੀਬ ਹੈ, ਹੋਵੇ ਨਾ ਤਾਂ ਮੈਂ ਇਸ ਦੀ ਗਰੀਬੀ ਨੂੰ ਅਮੀਰੀ ਵਿੱਚ ਬਦਲ ਦੇਵਾਂ। ਅੱਗੇ ਹਲ ਵਾਹਿਆ ਹੋਇਆ ਸੀ, ਖੇਤ ਵਿੱਚ ਵੱਡੇ-ਵੱਡੇ ਡਲੇ ਪਏ ਸੀ, ਪੰਜ-ਪੰਜ, ਸੱਤ-ਸੱਤ, ਦੱਸ-ਦੱਸ ਕਿਲੋ ਦੇ। ਉਸ ਵੇਲੇ ਭਾਈ ਗੜ੍ਹੀਆ ਨੂੰ ਕਹਿਣ ਲੱਗਿਆ, ਭਾਈ ਗੜ੍ਹੀਆ ਜੀ! ਮੈਂ ਤੁਹਾਡੀ ਸੇਵਾ ਕਰਨੀ ਚਾਹੁੰਦਾ ਹਾ, ਕ੍ਰਿਪਾ ਕਰੋ ਆਪ ਉਹ ਜਿਹੜਾ ਡਲਾ ਹੈ ਵੱਡਾ, ਉਹ ਚੁੱਕ ਲਓ। ਭਾਈ ਗੜ੍ਹੀਆ ਜੀ ਨੇ ਨਿਗ੍ਹਾ ਕੀਤੀ, ਹੈਰਾਨ ਹੋ ਗਏ ਕਿ ਪੀਰ ਨੇ ਮਾਇਆ ਦਾ ਕੌਤਕ ਵਰਤਾਅ ਦਿੱਤਾ। ਉਹ ਜਿਹੜਾ ਡਲਾ ਸੀ ਸੋਨੇ ਵਾਂਗੂੰ ਝਿਲਮਿਲ-ਝਿਲਮਿਲ ਕਰਦਾ ਹੈ। ਸੋਨੇ ਦਾ ਡਲਾ ਬਣਾ ਦਿੱਤਾ। ਓਸ ਵੇਲੇ ਭਾਈ ਗੜ੍ਹੀਆ ਜੀ ਨੇ ਗੁਰਸਿੱਖੀ ਦੀ ਮਹਿਮਾ ਪ੍ਰਗਟ ਕਰਨ ਵਾਸਤੇ ਕਿ ਜਿਹੜਾ ਗੁਰਸਿੱਖ ਹੁੰਦਾ ਹੈ ਬਾਹਰੋਂ ਭੋਲਾ ਹੁੰਦਾ ਹੈ, ਪਰ ਅੰਦਰੋਂ ਸਾਰੀਆਂ ਸ਼ਕਤੀਆਂ ਦਾ ਮਾਲਕ ਹੁੰਦਾ ਹੈ ਪਰ ਜਣਾਉਂਦਾ ਨਹੀਂ ਆਪਣੇ ਆਪ ਨੂੰ। ਓਸ ਵੇਲੇ ਕਹਿਣ ਲੱਗੇ, ਪੀਰ ਜੀ! ਕੀ ਲੋੜ ਹੈ ਇਹ ਤਾਂ ਸਾਰੀ ਹੀ ਧਰਤੀ ਸੋਨੇ ਦੀ ਹੈ, ਆਪਾਂ ਨੇ ਇੱਕ ਡਲਾ ਚੁੱਕ ਕੇ ਕੀ ਕਰਨਾ ਹੈ, ਜਿਸ ਵਕਤ ਪੀਰ ਦੇਖਦਾ ਹੈ ਹੈਰਾਨ ਹੋ ਗਿਆ, ਜਿੰਨੀ ਦੂਰ ਤੱਕ ਨਿਗ੍ਹਾ ਜਾਂਦੀ ਹੈ ਝਿਲਮਿਲ-ਝਿਲਮਿਲ ਹੋ ਰਹੀ ਹੈ। ਸੋਨੇ ਦਾ ਹੀ ਖੇਤ ਬਣਾ ਦਿਤਾ। ਇਹ ਕੋਈ ਔਖੀਆਂ ਗੱਲਾਂ ਨਹੀਂ

ਹੁੰਦੀਆਂ।

ਇੱਕ ਸੰਤ ਬੁੱਧੂਸ਼ਾਹ ਹੋਏ ਨੇ, ਆਪ ਦੇ ਪਾਸ ਇੱਕ ਜੋਗੀ ਆ ਜਾਂਦਾ ਹੈ। ਉਹ ਜੋਗੀ ਜਿਹੜਾ ਸੀ ਉਹਨੇ ਲੰਗਰ ਚਲਦਾ ਦੇਖ ਕੇ ਮਨ ਵਿੱਚ ਖਿਆਲ ਕੀਤਾ ਕਿ ਕਿਤੇ ਇਹ ਉਗਰਾਹੀ ਕਰਨ ਵੀ ਨਹੀਂ ਜਾਂਦੇ, ਜੋ ਕੁਛ ਆਉਂਦਾ ਹੈ, ਉਹਨੂੰ ਬਣਾ ਦਿੰਦੇ ਨੇ, ਕਿਉਂ ਨਾ ਹੋਵੇ ਮੈਂ ਇਨ੍ਹਾਂ ਨੂੰ ਕੋਈ ਨੁਸਖਾ ਦੱਸ ਦੇਵਾਂ ਤਾਂ ਉਸ ਨੇ ਚਾਂਦੀ ਬਣਾਉਣ ਦਾ ਨੁਸਖਾ ਮਹਾਂਪੁਰਸ਼ਾਂ ਨੂੰ ਦੱਸ ਕੇ ਬੇਨਤੀ ਕੀਤੀ ਕਿ ਆਹ ਮੈਂ ਸਮਾਨ ਰੱਖ ਚੱਲਿਆ ਹਾਂ ਤੇ ਇਹ ਚਾਂਦੀ ਬਣਾ ਦੇਣਗੇ। ਤੁਸੀਂ ਚਾਂਦੀ ਬਣਾ ਲਿਆ ਕਰੋ, ਲੰਗਰ ਬਹੁਤ ਸੋਹਣਾ ਚੱਲੇਗਾ। ਜੋਗੀ ਸਾਹਿਬ! ਇਹ ਲੰਗਰ ਗੁਰੁ ਨਾਨਕ ਦਾ ਹੈ ਇਹ ਮੰਗਣ ਨਾਲ ਨਹੀਂ ਚੱਲਦਾ ਹੁੰਦਾ ਇਹ ਤਾਂ ਆਪਣੇ ਆਪ ਆਉਂਦਾ ਹੈ, ਜਿੰਨਿਆਂ ਦਾ ਭਲਾ ਕਰਨਾ ਹੈ, ਉਨ੍ਹਾਂ ਤੋਂ ਆਪਣੇ ਆਪ ਹੀ ਤੁਰਿਆ ਆਉਂਦਾ ਹੈ, ਜਿੰਨਾ ਜ਼ਿਆਦਾ ਖਰਚੋ ਓਨਾ ਹੀ ਜ਼ਿਆਦਾ ਆਏਗਾ, ਜਿੰਨਾ ਜ਼ਿਆਦਾ ਰੋਕੋਂਗੇ, ਓਨਾ ਹੀ ਰੁਕ ਜਾਏਗਾ। ਸੋ ਕਹਿੰਦੇ ਇਹ ਤਾਂ ਗੁਰੂ ਨਾਨਕ ਦਾ ਲੰਗਰ ਹੈ, ਗੁਰੂ ਨਾਨਕ ਦੇ ਘਰ ਤਾਂ ਐਸੀ ਰਹੁਰੀਤ ਚਲੀ ਆਈ ਹੈ। ਗੁਰੂ ਤੀਸਰੇ ਪਾਤਸ਼ਾਹ ਦੇ ਕੋਲ ਜਿੰਨਾ ਰਾਸ਼ਨ ਆਉਂਦਾ ਸੀ ਸਾਰਾ ਹੀ ਪਕਾ ਕੇ ਰਾਤ ਨੂੰ ਭਾਂਡੇ ਮੂਧੇ ਮਾਰ ਦਿੰਦੇ ਸੀ, ਪਾਣੀ ਵੀ ਡੋਲ ਦਿੰਦੇ ਸੀ। ਕੋਈ ਚੀਜ਼ ਨਹੀਂ ਸੀ ਰੱਖਿਆ ਕਰਦੇ। ਦੂਸਰੇ ਦਿਨ ਅੱਗ ਜਾਲ ਲੈਂਦੇ ਸੀ, ਸਵੇਰੇ ਹੀ ਫੇਰ ਰਸਦਾਂ ਆ ਜਾਇਆ ਕਰਦੀਆਂ ਸੀ।

ਬਾਬਾ ਆਇਆ ਸਿੰਘ ਜੀ, ਬਾਬਾ ਕਰਮ ਸਿੰਘ ਜੀ ਤੋਂ ਬਾਅਦ, ਆਪ ਦਾ ਵੀ ਇਹ ਅਸੂਲ ਸੀ, ਜਿੰਨਾਂ ਲੰਗਰ ਆਉਣਾ ਸਾਰਾ ਹੀ ਬਣਾ ਦੇਣਾ, ਜਿਹੜਾ ਵਧ ਜਾਣਾ ਕਲਪਾਣੀ 'ਚ ਪਾ ਆਉਣਾ, ਮੱਛੀਆਂ ਵਾਸਤੇ ਤੇ ਜਮ੍ਹਾਂ ਨਹੀਂ ਸੀ ਰੱਖਿਆ ਕਰਦੇ। ਦੂਸਰੇ ਦਿਨ ਆਉਂਦਾ, ਓਸ ਵੇਲੇ ਆਪ ਫੇਰ ਬਣਾ ਲਿਆ ਕਰਦੇ ਸੀ।

ਸੋ ਇਨ੍ਹਾਂ ਦੀਆਂ ਗੱਲਾਂ ਅਜੀਬ ਹੋਇਆ ਕਰਦੀਆਂ ਨੇ, ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ, ਆਪ ਨੇ ਲਾਂਗਰੀ ਸਿੰਘਾਂ ਨੂੰ ਕਿਹਾ ਕਿ ਅੱਜ ਤਿੰਨ ਪੀਪਿਆਂ ਦੀ ਦੇਗ ਬਣਾਓ, ਲਾਂਗਰੀ ਚੁੱਪ ਕਰ ਰਹੇ। ਕਹਿੰਦੇ ਕੀ ਗੱਲ ਜਵਾਬ ਨਹੀਂ ਦਿੱਤਾ? ਕਹਿੰਦੇ, ਪਾਤਸ਼ਾਹ! ਲੰਗਰ ਦੇ ਵਿੱਚ ਤਾਂ ਸੇਰ ਘਿਉ ਵੀ ਨਹੀਂ ਹੈਗਾ, ਤਿੰਨ ਪੀਪੇ ਤਾਂ ਕਿੱਥੇ ਹੋਏ। ਕਹਿੰਦੇ ਨਾ ਭਾਈ, ਅੱਜ ਗੁਰੁ ਨਾਨਕ ਦੀ ਸੰਗਤ ਨੇ ਆਉਣਾ ਹੈ ਤਿੰਨ ਪੀਪਿਆਂ ਦੀ ਦੇਗ ਬਣਾਓ। ਕਹਿੰਦੇ ਜਾਓ, ਕਲਪਾਣੀ ਨਦੀ ਤੋਂ ਉਧਾਰਾ ਲੈ ਆਓ। ਤਿੰਨ ਪੀਪੇ ਲੈ ਕੇ ਚਲਦੇ ਨੇ, ਜਾ ਕੇ ਤਿੰਨ ਪੀਪੇ ਪਾਣੀ ਦੇ ਭਰ ਲਿਆਏ, ਲਿਆ ਕੇ ਕੜਾਹ ਪ੍ਰਸ਼ਾਦ ਬਣਾਇਆ, ਦਿਨ ਚੜ੍ਹਿਆ ਤਾਂ ਨਵੀਂ ਪਲਟਣ ਆਈ ਸੀ, ਸਾਰੀ ਪਲਟਨ ਸੰਤਾਂ ਦੇ ਦਰਸ਼ਨ ਕਰਨ ਵਾਸਤੇ, ਮਹਾਂਪੁਰਸ਼ਾਂ ਦੇ ਆ ਗਈ, ਪ੍ਰਸ਼ਾਦ ਵਰਤਣਾ ਸ਼ੁਰੂ ਹੋ ਗਿਆ, ਜਦੋਂ ਲੰਗਰ ਵਰਤ ਚੁੱਕਿਆ, ਦੁਪਹਿਰਾ ਹੋਇਆ, ਓਸ ਵੇਲੇ ਇੱਕ ਖੱਚਰ ਦੇ ਉੱਤੇ ਤਿੰਨ ਪੀਪੇ ਘਿਓ ਦੇ ਲੱਦੀ ਇੱਕ ਸੌਦਾਗਰ ਆ ਗਿਆ। ਬਾਬਾ ਜੀ! ਮੈਂ ਰਾਤ ਆ ਰਿਹਾ ਸੀ, ਲੇਕਿਨ ਨਦੀ ਐਨੀ ਚੜ੍ਹੀ ਹੋਈ ਸੀ ਕਿ ਮੈਨੂੰ ਉਹਨੇ ਲੰਘਣ ਨਾ ਦਿੱਤਾ। ਕਹਿੰਦੇ, ਕੋਈ ਨਾ ਪ੍ਰੇਮੀਆਂ! ਅਸੀਂ ਨਦੀ ਤੋਂ ਲੈ ਆਂਦਾ ਸੀਗਾ, ਸਾਡੇ ਕੋਲ ਪਹੁੰਚ ਗਿਆ ਤੇਰਾ ਘਿਉ। ਉਸੇ ਵੇਲੇ ਸਿੰਘਾਂ ਨੂੰ ਕਹਿਣ ਲੱਗੇ ਕਿ ਐਉਂ ਕਰੋ ਇਹ ਤਿੰਨੋ ਪੀਪੇ ਲੈ ਜਾ ਕੇ ਨਦੀ ਦੇ ਵਾਪਸ ਕਰ ਆਓ। ਅਜੀਬ ਬਾਤਾਂ ਮਹਾਂਪੁਰਸ਼ਾਂ ਦੀਆਂ ਹੁੰਦੀਆਂ ਨੇ, ਕਿਉਂਕਿ -

***ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ***
***ਓਇ ਰਾਮ ਨਾਮ ਰੰਗਿ ਰਾਤੇ ॥***
***ਤਿਨ੍ ਕੀ ਸੋਭਾ ਸਭਨੀ ਥਾਈ***
***ਜਿਨ੍ ਪ੍ਰਭ ਕੇ ਚਰਣ ਪਰਾਤੇ ॥ ਅੰਗ - ੭੪੯***

ਜੋ ਕੁਛ ਵੀ ਕਰਦੇ ਨੇ ਉਹ ਪ੍ਰਮੇਸ਼ਰ ਮੰਨ ਲੈਂਦਾ ਹੈ-

***ਧਾਰਨਾ - ਮੰਨੇ ਵਾਹਿਗੁਰੂ ਆਪਣੇ ਸਾਧੂਆਂ ਦੀ ਕੀਤੀ।***

ਸੰਤ ਬੁੱਧੂਸ਼ਾਹ ਨੂੰ ਕਹਿਣ ਲੱਗਿਆ ਕਿ ਮਹਾਰਾਜ! ਮੈਂ ਨੁਸਖਾ ਰੱਖ ਚੱਲਿਆ ਹਾਂ, ਅਲਮਾਰੀ ਨੂੰ ਤਾਲਾ ਲਾ ਲਿਓ। ਕਹਿੰਦੇ, ਕੋਈ ਨਾ। ਦੋ ਮੀਲ 'ਤੇ ਜਾ ਕੇ ਫੁਰਨਾ ਆਇਆ ਕਿ ਸੰਤਾਂ ਨੇ ਤਾਂ ਸ਼ਾਇਦ ਹੱਥ ਵੀ ਨਾ ਲਾਇਆ ਹੋਵੇ, ਕਿਸੇ ਹੋਰ ਦੇ ਹੱਥ ਨਾ ਲਗ ਜਾਏ। ਜਦ ਆਇਆ ਤਾਂ ਆ ਕੇ ਕੀ ਦੇਖਦਾ ਹੈ ਅਲਮਾਰੀ ਓਵੇਂ ਜਿਵੇਂ ਖੁਲ੍ਹੀ ਪਈ ਹੈ। ਵਾਪਸ ਆ ਗਿਆ। ਮਹਾਂਪੁਰਸ਼ ਉਸ ਵੇਲੇ ਝਾੜੂ ਦੇ ਰਹੇ ਸੀ ਆਲੇ-ਦੁਆਲੇ। ਸੇਵਾ ਕਰ ਰਹੇ ਸੀ। ਉਸ ਵੇਲੇ ਕਹਿਣ ਲੱਗਿਆ, ਮਹਾਂਪੁਰਸ਼ੋ! ਅਲਮਾਰੀ ਖੁਲ੍ਹੀ ਪਈ ਹੈ, ਮਹਾਂਪੁਰਸ਼ਾਂ ਨੇ ਦੇਖਿਆ ਕਿ ਇਹਦੀ ਬਿਰਤੀ ਅਜੇ ਮਾਇਆ 'ਚ ਚੱਲ ਰਹੀ ਹੈ। ਉਪਰ ਨਹੀਂ ਹੋਇਆ, ਮਾਇਆ ਦੇ ਪਤੀ ਵਿੱਚ ਨਹੀਂ ਗਿਆ, ਜਿਹਦੇ ਸਭ ਕੁਛ ਹੱਥ ਵਿੱਚ ਹੈ। ਜੇ ਉਹ ਹਿਰਦੇ ਵਿੱਚ ਵਸ ਜਾਵੇ -

***ਨਵ ਨਿਧੀ ਅਠਾਰਹ ਸਿਧੀ***
***ਪਿਛੈ ਲਗੀਆ ਫਿਰਹਿ***
***ਜੋ ਹਰਿ ਹਿਰਦੈ ਸਦਾ ਵਸਾਇ॥ ਅੰਗ - ੬੪੯***

ਜਿਹਦੇ ਹਿਰਦੇ 'ਚ ਵਸ ਗਿਆ, ਰਿੱਧੀਆਂ-ਸਿੱਧੀਆਂ ਸਾਰੀਆਂ ਤਾਕਤਾਂ ਉਹਦੇ ਪਿੱਛੇ ਲੱਗੀਆਂ ਫਿਰਦੀਆਂ ਨੇ । ਓਸ ਵੇਲੇ ਮਹਾਂਪੁਰਸ਼ ਓਹਦਾ ਭਰਮ ਦੂਰ ਕਰਨ ਵਾਸਤੇ ਕਹਿਣ ਲੱਗੇ, ਸੰਤ ਜੀ! ਔਹ ਇੱਟਾਂ ਦਾ ਚੱਠਾ ਹੈ ਉਹਦੇ ਵਿਚੋਂ ਮੈਨੂੰ ਇੱਕ ਇੱਟ ਲਿਆ ਕੇ ਦੇ ਦਿਓ। ਇੱਟ ਚੁੱਕੀਂ ਆਉਂਦਾ ਹੈ ਹੈਰਾਨ ਹੋ ਗਿਆ ਕਿ ਇਹ ਇੱਟ ਮਿੱਟੀ ਦੀ ਤਾਂ ਹੈ ਨਹੀਂ, ਸੋਨੇ ਦੀ ਇੱਟ ਹੈ ਇਹ ਤਾਂ। ਕਹਿਣ ਲੱਗਿਆ, ਸੰਤਾਂ ਨੇ ਰੱਖ ਦਿੱਤੀ ਹੋਣੀ ਹੈ। ਇੱਟ ਲੈ ਆਂਦੀ, ਸੰਤ ਕਹਿੰਦੇ ਹੋਰ

ਲਿਆ ਭਾਈ ਦੋ ਚਾਰ, ਖੇਚਲ ਤਾਂ ਤੈਨੂੰ ਹੈਗੀ, ਜਦ ਵਾਪਸ ਆ ਕੇ ਦੇਖਦਾ ਹੈ, ਸਾਰਾ ਹੀ ਚੱਠਾ ਝਿਲਮਿਲ-ਝਿਲਮਿਲ ਕਰਦਾ ਹੈ, ਸੋਨਾ ਹੀ ਬਣਿਆ ਪਿਆ ਹੈ। ਵਾਪਸ ਆ ਗਿਆ ਤੇ ਇਧਰ ਗੁਰਦੁਆਰੇ ਵਲ ਦੇਖਣ ਲੱਗਿਆ ਸਾਰਾ ਹੀ ਗੁਰਦੁਆਰਾ ਝਿਲਮਿਲ-ਝਿਲਮਿਲ ਕਰਦਾ ਹੈ, ਸੋਨਾ ਹੀ ਸੋਨਾ ਲੱਗਿਆ ਦਿੱਸਦਾ ਹੈ। ਓਸ ਵੇਲੇ ਚਰਨਾਂ 'ਚ ਢਹਿ ਪਿਆ ਕਹਿਣ ਲੱਗਿਆ, ਮਹਾਰਾਜ! ਮੈਂ ਤਾਂ ਇਕ ਨੁਸਖਾ ਬਣਾ ਕੇ ਬੜੇ ਮਾਣ ਵਿੱਚ ਸੀ, ਤੁਸੀਂ ਤਾਂ ਐਨੀਆਂ ਸ਼ਕਤੀਆਂ ਦੇ ਮਾਲਕ ਹੁੰਦੇ ਹੋਏ, ਫੇਰ ਵੀ ਆਪ ਦੇ ਅੰਦਰ ਐਡੀ ਨਿਰਮਾਨਤਾ ਹੈ ਕਿ ਗਰੀਬੀ ਵੇਸ ਵਿੱਚ ਰਹਿੰਦੇ ਹੋ। ਆਪ ਆਪਣੇ ਹੱਥਾਂ ਦੇ ਨਾਲ ਲੰਗਰ ਬਣਾਉਂਦੇ ਸੀ। ਨਿਮਰਤਾ ਹੱਦ ਤੋਂ ਜ਼ਿਆਦਾ ਸੀ, ਇੱਕ ਵਾਰੀ ਚੌਰਾਹੇ ਦੇ ਵਿੱਚ ਉਨ੍ਹਾਂ ਨੇ ਆਪਣਾ ਤੰਦੂਰ ਲਾਇਆ ਹੋਇਆ ਸੀ, ਆਏ ਗਏ ਰਾਹੀਆਂ ਨੂੰ ਤਾਜ਼ਾ ਪ੍ਰਸ਼ਾਦਾ ਬਣਾ ਕੇ ਦਿੰਦੇ ਸੀ, ਅੱਜ ਇੱਕ ਮੁਗਲ ਆ ਜਾਂਦਾ ਹੈ, ਓਸ ਮੁਗਲ ਨੇ ਕਿਹਾ ਕਿ ਓਏ ਬੁੱਧੂ! ਹਮੇਂ ਭੂਖ ਲਗੀ ਹੈ, ਖਾਣਾ ਜਲਦੀ ਬਣਾਓ। ਕਹਿੰਦੇ ਬੈਠੋ ਜੀ! ਬਿਠਾ ਦਿੱਤਾ, ਓਸ ਤੋਂ ਬਾਅਦ ਜਦੋਂ ਆਪ ਪ੍ਰਸ਼ਾਦਾ ਲੈ ਕੇ ਗਏ, ਕਿਉਂਕਿ ਤੰਦੂਰ ਦਾ ਪ੍ਰਸ਼ਾਦਾ ਸੀ, ਥੋੜ੍ਹਾ ਜਿਹਾ ਸੇਕ ਲੱਗ ਹੀ ਜਾਂਦਾ ਹੈ। ਇੱਕ ਥਾਂ ਦੇ ਉੱਤੇ ਮਾੜਾ ਜਿਹਾ ਸੇਕ ਲੱਗ ਗਿਆ, ਜਦ ਓਸਨੇ ਦੇਖਿਆ ਉਠ ਕੇ ਕੁੱਟਣ ਲੱਗ ਗਿਆ ਸੰਤਾਂ ਨੂੰ ਕਿ ਮੈਨੂੰ ਤੂੰ ਮਾਮੂਲੀ ਆਦਮੀ ਸਮਝਿਆ ਹੈ, ਮੈਂ ਵੱਡਾ ਕਰਿੰਦਾ ਹਾਂ, ਮੁਗਲ ਰਾਜ ਦਾ; ਤੇ ਮੈਨੂੰ ਇਹੋ ਜਿਹਾ ਪ੍ਰਸ਼ਾਦਾ ਦਿੱਤਾ ਤੂੰ? ਥੱਪੜ ਮਾਰਦਾ ਹੈ, ਆਪ ਨੇ ਦੂਜੀ ਗੱਲ੍ਹ ਕਰ ਦਿੱਤੀ ਤੇ ਕਿਹਾ ਕਿ ਮਾਂ ਨੇ ਮੇਰਾ ਨਾਮ ਬੁੱਧੂ ਰੱਖਿਆ ਸੀ, ਮੈਂ ਬੁੱਧੂ ਹੀ ਰਿਹਾ, ਤੁਸੀਂ ਮੈਨੂੰ ਸ-ਬੁੱਧੂ ਬਣਾ ਦਿਓ, ਐਧਰ ਵੀ ਮਾਰ ਦਿਓ। ਪ੍ਰਸ਼ਾਦਾ ਛਕ ਲਿਆ, ਕਹਿੰਦੇ ਹੋਰ ਬਣਾ ਦਿੰਦੇ ਹਾਂ, ਤੁਸੀਂ ਫਿਕਰ ਨਾ ਕਰੋ। ਮੈਨੂੰ ਮੱਤ ਦੇ ਕੇ ਜਾਇਓ, ਕਿਉਂਕਿ ਮੈਂ ਬੇਮੱਤ ਹੋਣ ਕਰਕੇ, ਮੇਰੀ ਮਾਂ ਬੁੱਧੂ ਹੀ ਮੈਨੂੰ ਕਹਿੰਦੀ ਰਹੀ ਹੈ, ਪਠਾਣ ਥੋੜ੍ਹੀ ਦੂਰ ਪ੍ਰਸ਼ਾਦਾ ਛਕ ਕੇ ਜਾਂਦਾ ਹੈ, ਘੋੜਾ ਤਬਕ ਗਿਆ, ਥੱਲੇ ਗਿਰ ਗਿਆ, ਗਿਰਦੇ ਦਾ ਪੱਟ ਟੁੱਟ ਗਿਆ, ਹਾਏ-ਹਾਏ ਦੀ ਆਵਾਜ਼ ਆ ਰਹੀ ਹੈ, ਕੋਈ ਨੇੜੇ-ਤੇੜੇ ਨਹੀਂ। ਭਾਈ ਬੁੱਧੂ ਫੇਰ ਜਾਂਦੇ ਨੇ, ਜਾ ਕੇ ਬੰਦੇ ਨਾਲ ਲਏ ਤੇ ਚੁੱਕ ਕੇ ਲੈ ਆਂਦਾ, ਪੱਟ ਦਾ ਇਲਾਜ ਕਰਾਉਂਦੇ ਨੇ, ਬਨ੍ਹਾਉਂਦੇ ਨੇ, ਮਹੀਨਾਬੱਧੀ ਆਪਣੇ ਆਸ਼ਰਮ 'ਚ ਰੱਖ ਕੇ ਇਲਾਜ ਕਰਾਉਂਦੇ ਨੇ ਬੜੇ ਪਿਆਰ ਦੇ ਨਾਲ। ਅਖੀਰ ਕਹਿਣ ਲੱਗਿਆ, ਸੰਤ ਜੀ! ਤੁਸੀਂ ਲੋਕ ਇਸੇ ਕਰਕੇ ਸਾਡੇ ਨਾਲੋਂ ਵੱਡੇ ਹੋ, ਅਸੀਂ ਨਹੀਂ ਸਮਝ ਸਕਦੇ, ਅਸੀਂ ਹੰਕਾਰ ਦੇ ਮਾਰੇ ਹੋਏ ਹਾਂ, ਤੁਹਾਡੇ ਅੰਦਰ ਤਾਂ ਹੱਦ ਤੋਂ ਜ਼ਿਆਦਾ ਪ੍ਰਮੇਸ਼ਰ ਵਸਦਾ ਹੈ ਤੇ ਨਿਮਰਤਾ ਹੀ ਨਿਮਰਤਾ ਹੈ। ਸੋ ਇਸ ਤਰ੍ਹਾਂ ਬੇਅੰਤ ਐਸੇ ਪ੍ਰਵਾਨ ਨੇ ਗੁਰੂ ਘਰ ਦੇ ਅੰਦਰ; ਕੋਈ ਵੱਡੀ ਬਾਤ ਨਹੀਂ, ਪ੍ਰਾਕਿਰਤੀ ਦਾ ਸੁਭਾਅ ਬਦਲ ਜਾਇਆ ਕਰਦਾ ਹੈ, ਪ੍ਰਮੇਸ਼ਰ ਦੀ ਦਇਆ ਦੇ ਨਾਲ। ਸੋ ਭਾਈ ਮਰਦਾਨਾ ਜਾਂਦਾ ਹੈ, ਉਸ ਵੇਲੇ ਜਾ ਕੇ ਆਪਣੇ ਪਰਿਵਾਰ ਨੂੰ ਮਿਲਿਆ, ਤੇ ਉਸ ਵੇਲੇ ਖਬਰ ਫੈਲ ਗਈ ਕਿ ਮਰਦਾਨਾ ਆ ਗਿਆ, ਮਾਤਾ ਜੀ ਨੂੰ ਵੀ ਪਤਾ ਲੱਗਿਆ ਕਿ ਮਰਦਾਨਾ ਆਇਆ ਹੈ ਪਰ ਇਕੱਲਾ ਆਇਆ ਹੈ। ਮਰਦਾਨਾ ਚਾਰ ਘੜੀਆਂ ਰਹਿ ਕੇ, ਕੋਈ ਡੇਢ ਦੋ ਘੰਟੇ ਤੋਂ ਬਾਅਦ ਕਹਿਣ ਲੱਗਿਆ ਕਿ ਪੁੱਤਰੋ! ਮੈਂ ਤਾਂ ਜਾਣਾ ਹੈ। ਪੁੱਛਿਆ ਕਿ ਕਿੱਥੇ ਜਾਣਾ ਹੈ? ਕਹਿੰਦਾ, ਹੁਕਮ ਦੇ ਵਿੱਚ ਅਸੀਂ ਤੁਰੇ ਫਿਰਦੇ ਹਾਂ, ਦੱਸਿਆ ਨਹੀਂ। ਕਿਉਂਕਿ ਗੁਰੂ ਮਹਾਰਾਜ ਜੀ ਨੇ ਕਿਹਾ ਸੀ ਕਿ ਸਾਡੇ ਬਾਰੇ ਗੱਲ ਨਾ ਕਰੀਂ ਤੇ ਉਸ ਵੇਲੇ ਆਪ ਮਾਤਾ ਜੀ ਨੂੰ ਮਿਲਣ ਚਲੇ ਜਾਂਦੇ ਨੇ। ਮਾਤਾ ਜੀ ਪੁੱਛਦੀ ਹੈ ਗੁਰੂ ਨਾਨਕ ਪਾਤਸ਼ਾਹ ਵਾਸਤੇ ਤੇ ਬਾਰ-ਬਾਰ ਪੁੱਛਣਾ ਕਰਦੀ ਹੈ ਤੇ ਹੁਕਮ ਸੀ ਕਿ ਦੱਸਣਾ ਨਹੀਂ ਹੈ, ਮਰਦਾਨੇ ਨੂੰ ਯਾਦ ਸੀ, ਪਿਆਰ ਤੋਂ ਖਾਲੀ ਨਹੀਂ ਸੀ, ਜਦੋਂ ਬੇਬੇ ਨੂੰ ਮਿਲੇ ਸੀ ਉਸ ਵੇਲੇ ਬੇਬੇ ਨਾਨਕੀ ਜੀ ਨੇ ਕਿਹਾ ਕਿ ਮੈਂ ਆਪ ਨੂੰ ਭਰਾ ਨਹੀਂ ਸਮਝਦੀ, ਜਿਥੇ ਮੇਰੇ ਤੁਸੀਂ ਮੇਰੇ ਭਰਾ ਹੋ, ਮੈਨੂੰ ਭਾਗ ਪ੍ਰਾਪਤ ਹੋਇਆ ਹੈ ਕਿ ਮੈਂ ਆਪ ਦੀ ਭੈਣ ਲਗਦੀ ਹਾਂ, ਉਥੇ ਮੈਂ ਆਪ ਨੂੰ ਗੁਰੂ ਰੂਪ ਦੇ ਵਿੱਚ ਸਮਝਦੀ ਹਾਂ, ਪਾਤਸ਼ਾਹ! ਜੇ ਤੁਸੀਂ ਸਾਨੂੰ ਵਿਛੋੜ ਦੇਵੋਂ, ਤੁਸੀਂ ਸਾਨੂੰ ਵਿਸਾਰ ਦੇਵੋਂ, ਕਿੰਨਾ ਸਮਾਂ ਲੰਘ ਗਿਆ, ਬਾਰ੍ਹਾਂ ਸਾਲ ਲੰਘ ਗਏ, ਤੇ ਆਪ ਨੇ ਕੋਈ ਸੁੱਖ ਸਨੇਹਾ, ਕੋਈ ਦਰਸ਼ਨ ਨਹੀਂ ਦਿੱਤੇ ਤੇ ਇਸ ਤਰ੍ਹਾਂ ਲਗਦਾ ਹੈ ਕਿ -

***ਬਹੁਤ ਬਰਖ ਬੀਤੇ ਬਿਨ ਦਰਸ਼ਨ।***
***ਇਉਂ ਕਹਿ ਭਗਨੀ ਗੇਰਤਿ ਆਂਸੁਨ।***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - ੮੦੨***

ਭੈਣ ਨੇ ਹੰਝੂਆਂ ਦੀ ਝੜੀ ਲਾ ਦਿੱਤੀ ਕਿ ਐਨੇ ਸਾਲ ਬੀਤ ਗਏ -

***ਹਮੈਂ ਬਿਸਾਰ ਦਿਯੋ ਨਿਜ ਮਨ ਤੇ॥***
***ਹਰਖ ਹੋਤਿ ਰਾਵਰਿ ਦਰਸ਼ਨ ਤੇ॥***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - ੮੦੨***

ਸਾਨੂੰ ਤੁਸੀਂ ਆਪਣੇ ਮਨ ਤੋਂ ਵਿਸਾਰ ਦਿੱਤਾ। ਖੁਸ਼ੀ ਹੁੰਦੀ ਹੈ ਸਾਨੂੰ ਤੁਹਾਡੇ ਦਰਸ਼ਨ 'ਤੇ, ਤੁਸੀਂ ਤਾਂ ਸਾਨੂੰ ਆਪਣੇ ਮਨ ਤੋਂ ਵਿਸਾਰ ਦਿੱਤਾ। ਦੱਸੋ, ਸਾਡਾ ਜੀਵਨ ਹੈ ਕੋਈ ਤੁਹਾਡੇ ਤੋਂ ਬਗੈਰ, ਇਸ ਤਰ੍ਹਾਂ ਬੇਨਤੀ ਕਰਦੀ ਹੈ -

***ਧਾਰਨਾ - ਨਿਜ ਮਨ ਤੋਂ ਵਿਸਾਰ ਦਿੱਤਾ ਦਾਤਿਆ,***
***ਜੀਉਣਾ ਸਾਡਾ ਕਿਹੜੇ ਕੰਮ ਹੈ।***

ਯਾਦ ਸੀ, ਕਿਵੇਂ ਬੀਬੀ ਨੇ ਵੈਰਾਗ ਕਰਿਆ ਸੀ, ਮਨ 'ਚ ਖਿਆਲ ਆਉਂਦਾ ਸੀ ਕਿ ਮਾਤਾ ਤਾਂ ਬਹੁਤ ਵੈਰਾਗ ਕਰਦੀ ਹੋਣੀ। ਲੇਕਿਨ ਹਿੰਮਤ ਕੀਤੀ, ਮਾਤਾ ਤ੍ਰਿਪਤਾ ਜੀ ਦੇ ਪਾਸ ਪਹੁੰਚ ਜਾਂਦਾ ਹੈ ਮਰਦਾਨਾ। ਜਦੋਂ ਮਰਦਾਨੇ ਨੂੰ ਦੇਖਦੇ ਨੇ, ਉਸੇ ਵੇਲੇ ਦੇਖਦੇ ਸਾਰ

ਖਿਆਲ ਆਇਆ ਕਿ ਮਰਦਾਨਾ ਇਕੱਲਾ ਆਇਆ ਹੈ, ਪੁੱਤਰ ਮੇਰਾ ਕਿੱਥੇ ਰਹਿ ਗਿਆ। ਨਾਨਕ ਜੀ, ਕਿੱਥੇ ਰਹਿ ਗਏ, ਨਾਲ ਕਿਉਂ ਨਹੀਂ ਆਏ। ਕੀ ਗੱਲ ਹੋ ਗਈ? ਬੇਅੰਤ ਕਿਸਮ ਦੇ ਖਿਆਲ ਇੱਕ ਸਕਿੰਟ 'ਚ ਬਿਜਲੀ ਦੀ ਤੇਜ਼ੀ ਦੇ ਨਾਲ ਪਹੁੰਚ ਜਾਂਦੇ ਨੇ ਤੇ ਦਿਲ ਦੇ ਵਿੱਚ ਜਿਹੜੀ ਧੀਰਜ ਸੀ ਉਹ ਟੁੱਟ ਗਈ। ਸਾਧਸੰਗਤ ਜੀ! ਅੱਖਾਂ 'ਚ ਹੰਝੂ ਆ ਗਏ ਧਾਰਾ ਬਹਿ ਚੱਲੀਆਂ। ਮਰਦਾਨੇ ਦੇ ਕੋਲ ਆ ਗਏ ਤੇ ਉਸ ਵੇਲੇ ਮਾਤਾ ਜੀ ਦੀ ਜੋ ਹਾਲਤ ਸੀ, ਉਹ ਜਗਿਆਸੂ ਦੀ ਅਵਸਥਾ ਵਿੱਚ ਇਸ ਤਰ੍ਹਾਂ ਸੀ -

*ਧਾਰਨਾ - ਝੜੀ ਹੰਝੂਆਂ ਦੀ ਲੱਗੀ ਨੈਣੀਂ ਮੇਰੇ,*
*ਜੀਉਣਾ ਔਖਾ ਪਿਆਰੇ ਤੋਂ ਬਿਨਾਂ।*

*ਹਰਿ ਹਰਿ ਸਜਣੁ ਮੇਰਾ ਪ੍ਰੀਤਮੁ ਰਾਇਆ ॥*
*ਕੋਈ ਆਣਿ ਮਿਲਾਵੈ ਮੇਰੇ ਪ੍ਰਾਣ ਜੀਵਾਇਆ ॥*
*ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ*
*ਮੈ ਨੀਰੁ ਵਹੇ ਵਹਿ ਚਲੈ ਜੀਉ ॥ ਅੰਗ - ੯੪*

ਜਿਨ੍ਹਾਂ ਦਾ ਆਪਣੇ ਪਿਆਰੇ ਪ੍ਰੀਤਮ, ਸਤਿਗੁਰੂ ਦੇ ਨਾਲ ਪਿਆਰ ਹੁੰਦਾ ਹੈ ਉਨ੍ਹਾਂ ਦੀ ਅਵਸਥਾ ਮਹਾਰਾਜ ਵਰਣਨ ਕਰਦੇ ਨੇ ਕਿ ਨੀਰ ਅੱਖਾਂ ਦੇ ਵਿੱਚ ਖੜੋਂਦਾ ਨਹੀਂ ਹੈ, ਵਹਿ-ਵਹਿ ਕੇ ਚਲਦਾ ਰਹਿੰਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਮਾਤਾ ਜੀ ਨੇ ਜਦੋਂ ਮਰਦਾਨੇ ਨੂੰ ਦੇਖਿਆ-

*ਜਬ ਆਵਤਿ ਦੇਖਯੋ ਮਰਦਾਨਾ।*
*ਗਰ ਸੌਂ ਲਾ ਬਿਰਾਗ ਬਹੁ ਠਾਨਾ।*
*ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - ੮੦੪*

ਗਲ ਦੇ ਨਾਲ ਲਾ ਲਿਆ, ਗੱਲ ਨਹੀਂ ਹੋ ਰਹੀ ਮਾਤਾ ਜੀ ਤੋਂ। ਪੁੱਛ ਨਹੀਂ ਸਕੇ ਕਿ ਮਰਦਾਨਿਆਂ! ਨਾਨਕ ਜੀ ਨੂੰ ਕਿੱਥੇ ਛੱਡ ਆਇਆ। ਵੈਰਾਗ ਐਨਾ ਛਾਇਆ ਕਿ ਇਹ ਨਾਲ ਰਿਹਾ ਹੈ, ਨਾਨਕ ਜੀ ਦੇ ਤੇ ਇਹ ਆ ਗਿਆ।

*ਭਯੋ ਮੋਹ ਸਰਿਤਾ ਸੁ ਪ੍ਰਵਾਹਾ।*
*ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - ੮੦੪*

ਕਹਿੰਦੇ ਨਦੀ ਜਿਵੇਂ ਵਗਦੀ ਹੈ ਐਉਂ ਮੋਹ ਦਾ ਪ੍ਰਵਾਹ ਜਾਗ ਗਿਆ -

*ਧੀਰਜ ਸਿਕਤਾ ਸੇਤੁ ਨਸਾਹਾ।*
*ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - ੮੦੪*

ਜਿਹੜਾ ਧੀਰਜ ਦਾ ਪੁਲ ਬਣਿਆ ਹੋਇਆ ਸੀ ਉਹ ਐਉਂ ਟੁੱਟ ਗਿਆ ਜਿਵੇਂ ਰੇਤੇ ਦਾ ਪੁਲ ਟੁੱਟ ਜਾਂਦਾ ਹੈ।

*ਸੁਤ ਨਾਨਕ ਕੀ ਖਬਰ ਸੁਨਾਵਹੁ।*
*ਤਜਯੋ ਥਾਨ ਕਿਹ? ਮੋਹਿ ਬਤਾਵਹੁ॥*
*ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - ੮੦੪*

ਮਰਦਾਨਿਆਂ! ਮੈਨੂੰ, ਨਾਨਕ ਦੇ ਨਾਲ ਮੇਲ ਦੇ। ਤੈਨੂੰ ਪਤਾ ਹੈ ਕਿ ਉਹ ਕਿੱਥੇ ਨੇ। ਮਰਦਾਨਾ ਬੋਲਦਾ ਨਹੀਂ ਕਿਉਂਕਿ ਹੁਕਮ ਹੈ। ਐਨਾ ਦੱਸੀ ਜਾਂਦਾ ਹੈ ਕਿ ਮੈਂ ਨਾਲ ਗਿਆ ਸੀ ਉਨ੍ਹਾਂ ਦੇ। ਬੜੀ ਦੂਰ-ਦੂਰ ਤੱਕ ਅਸੀਂ ਜਾ ਕੇ ਆਏ ਹਾਂ ਮਾਤਾ ਜੀ। ਅਗਾਹਾਂ ਦੀ ਗੱਲ ਨਹੀਂ ਦੱਸਦਾ ਕਿ ਨਾਨਕ ਜੀ ਹੈ ਕਿੱਥੇ, ਹੁਣ ਹੈਗੇ ਕਿ ਨਹੀਂ ਹੈਗੇ। ਕਹਿਣ ਲੱਗੀ -

*ਸੁਤ ਨਾਨਕ ਸੌਂ ਮੇਲਹੁ ਮੋਕੋ।*
*ਸੁਧ ਮਰਦਾਨੇ ਹੈ ਕਹੁ ਤੋਕੋ।*
*ਬਹੁਤ ਬਰਖ ਭੇ ਦੇਖਯੋ ਨਾਂਹੀ।*
*ਮੋਹ ਬਢਯੋ ਅਤਿਸ਼ੈ ਮਨ ਮਾਂਹੀ।*
*ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - ੮੦੪*

ਬਾਰ੍ਹਾਂ ਸਾਲ ਲੰਘ ਗਏ, ਮੈਂ ਨਹੀਂ ਮੁੜ ਕੇ ਦੇਖਿਆ। ਹੱਦ ਤੋਂ ਜ਼ਿਆਦਾ ਮੇਰੇ ਮਨ ਵਿੱਚ ਖਿੱਚ ਪੈਦਾ ਹੋ ਗਈ ਹੈ। ਮਰਦਾਨਾ ਚੁੱਪ ਕਰਿਆ ਬੈਠਾ ਹੈ, ਕੋਈ ਜਵਾਬ ਨਹੀਂ ਦਿੰਦਾ। ਕਾਫੀ ਦੇਰ ਬੈਠਾ ਰਿਹਾ, ਬਾਕੀ ਗੱਲਾਂ ਕਰੀ ਜਾਂਦਾ ਹੈ, ਲੇਕਿਨ ਗੁਰੂ ਨਾਨਕ ਸਾਹਿਬ ਦੀ ਜਦ ਗੱਲ ਪੁੱਛੀ ਜਾਂਦੀ ਹੈ, ਚੁੱਪ ਹੋ ਜਾਂਦਾ ਹੈ। ਉਸ ਵੇਲੇ ਮਰਦਾਨੇ ਨੇ ਮਾਤਾ ਜੀ ਨੂੰ ਨਮਸ਼ਕਾਰ ਕੀਤੀ ਤੇ ਬਾਹਰ ਨੂੰ ਚੱਲ ਪਿਆ, ਮਾਤਾ ਜੀ ਨੇ ਕਿਹਾ ਕਿ ਇਹ ਵੀ ਬਾਰ੍ਹਾਂ ਸਾਲ ਬਾਅਦ ਮੁੜਿਆ ਹੈ ਤੇ ਘਰ ਵਿੱਚ ਨਹੀਂ ਬੈਠਿਆ, ਮੇਰੇ ਕੋਲ ਬਹੁਤੀ ਦੇਰ ਨਹੀਂ ਬੈਠਿਆ, ਇਹਨੂੰ ਕਾਹਦੀ ਕਾਹਲੀ ਹੈ, ਐਨਾ ਮੁੜਨ ਦੀ? ਮਨ ਵਿੱਚ ਕਿਹਾ ਕਿ ਹੋ ਸਕਦਾ ਹੈ ਇਹ ਮੇਰੇ ਪੁੱਤਰ ਕੋਲ ਹੀ ਜਾ ਰਿਹਾ ਹੋਵੇ। ਉਸੇ ਵੇਲੇ ਮਾਤਾ ਜੀ ਨੇ ਛੇਤੀ-ਛੇਤੀ ਜਿਹੜਾ ਖਾਣਾ ਪਿਆ ਸੀ, ਤਿਆਰ ਹੋਇਆ, ਉਹ ਆਪਣੇ ਨਾਲ ਲਿਆ ਤੇ ਰੇਸ਼ਮ ਦੇ ਵਸਤਰ ਨਾਲ ਲਏ, ਤੇ ਮਰਦਾਨੇ ਦੇ ਪਿੱਛੇ ਨਿਗ੍ਹਾ ਰੱਖੀ ਕਿ ਆਹ ਰਸਤੇ ਜਾਂਦਾ ਹੈ। ਉਥੇ ਧਾਈ ਕਰਕੇ, ਦੌੜ-ਦੌੜ ਕੇ ਰਸਤਾ ਪਾਰ ਕਰਦੇ ਨੇ, ਕਿਸੇ ਨੂੰ ਨਾਲ ਨਹੀਂ ਲਿਆ, ਦੌੜੀ ਜਾਂਦੇ ਨੇ ਮਾਤਾ ਜੀ। ਮਨ ਦੇ ਅੰਦਰ ਚਾਅ ਹੈ, ਸਰੀਰ ਬੁੱਢਾ ਹੈ, ਬਹੁਤ ਕਾਹਲੀ ਦੇ ਨਾਲ ਕਦਮ ਪੁੱਟਦੇ ਜਾਂਦੇ ਨੇ, ਬਈ ਹੋ ਸਕਦਾ ਹੈ ਮੇਰੀ ਆਸ ਪੂਰੀ ਹੋ ਜਾਵੇ ਤੇ ਪੁੱਤਰ ਨਾਨਕ! ਕਿਤੇ ਗੁਪਤ ਹੋਇਆ ਬੈਠਾ ਹੋਵੇ, ਨਾ ਆ ਰਿਹਾ ਹੋਵੇ, ਏਸ ਗੱਲ ਤੋਂ ਖਿਆਲ ਕਰਕੇ ਕਿ ਪਿਤਾ ਜੀ ਬਹੁਤ ਸਾਰੀਆਂ ਗੱਲਾਂ ਕਹਿਣਗੇ, ਅਸੀਂ ਗੱਲਾਂ ਕਹਾਂਗੇ। ਪਰ ਮੈਂ ਕੋਈ ਗੱਲ ਨਹੀਂ ਕਹਾਂਗੀ। ਮੈਂ ਤਾਂ ਨਾਨਕ ਨੂੰ ਆਪਣੀ ਛਾਤੀ ਨਾਲ ਲਾ ਕੇ ਛੱਡਣਾ ਹੀ ਨਹੀਂ ਹੈ। ਐਸਾ ਪਿਆਰ ਦਾ ਖਿਆਲ ਆਉਂਦਾ ਹੈ ਤੇ ਜਿਸ ਵਕਤ ਅੱਗੇ ਜਾਂਦੇ ਨੇ ਮਰਦਾਨੇ ਨੇ ਜਾ ਕੇ ਨਮਸ਼ਕਾਰ ਕੀਤੀ, ਪੁੱਛਿਆ ਮਰਦਾਨਿਆਂ! ਦੱਸਿਆ ਤਾਂ ਨਹੀਂ ਹੈ। ਨਾ ਪਾਤਸ਼ਾਹ! ਮੈਂ ਤਾਂ ਨਹੀਂ ਦੱਸਿਆ। ਮੈਂ ਤਾਂ ਮੌਨ ਰਿਹਾ, ਆਪ ਦਾ ਹੁਕਮ ਵਜਾ ਲਿਆਇਆ। ਥੋੜ੍ਹੀ ਦੇਰ ਤੋਂ ਬਾਅਦ ਕੀ ਦੇਖਦੇ ਨੇ, ਧੂੜ ਉੱਡ ਰਹੀ ਹੈ ਤੇ ਕਹਿਣ ਲੱਗੇ, ਮਰਦਾਨਿਆਂ! ਮਾਤਾ ਜੀ ਤਾਂ ਇਕੱਲੀ ਹੀ ਤੁਰੀ ਆ ਰਹੀ ਹੈ। ਬਹੁਤ ਕਾਹਲੀ ਨਾਲ ਆ ਰਹੀ ਹੈ, ਕੁਛ ਚੁੱਕਿਆ ਵੀ ਹੈ ਉਹਨੇ। ਜਦੋਂ ਨੇੜੇ ਆ ਗਏ ਉਸ ਵੇਲੇ ਮਾਤਾ ਨੇ ਜਦ ਗੁਰੂ ਨਾਨਕ ਪਾਤਸ਼ਾਹ ਦੇ ਚਿਹਰੇ ਨੂੰ

ਤੱਕਿਆ, ਉਹ ਦਰਸ਼ਨ ਦੇ ਬਾਰੇ ਜੋ ਉਸ ਵੇਲੇ ਦਾ ਅਸਰ ਹੋਇਆ ਕਰਦਾ ਹੈ, ਉਹਨੂੰ ਕੋਈ ਦੱਸ ਨਹੀਂ ਸਕਦਾ, ਲੇਕਿਨ ਭਾਈ ਗੁਰਦਾਸ ਜੀ ਨੇ ਐਸੇ ਮਿਲਾਪ ਦੇ ਬਾਰੇ ਇਸ ਤਰ੍ਹਾਂ ਦੇ ਨਾਲ ਦੱਸਣ ਦਾ ਯਤਨ ਕੀਤਾ ਹੈ -

*ਧਾਰਨਾ - ਜਦੋਂ ਦਰਸ ਗੁਰਾਂ ਦਾ ਕੀਤਾ*
*ਬਜਰ ਕਪਾਟ ਖੁਲ੍ਹ ਗਏ।*

ਜੋ ਐਸੇ ਦਰਸ਼ਨ ਦਾ ਫਲ ਹੋਇਆ ਕਰਦਾ ਹੈ, ਭਾਈ ਗੁਰਦਾਸ ਜੀ ਆਪਣੇ ਕਬਿੱਤ ਸਵੱਯੀਆਂ 'ਚ ਫੁਰਮਾਉਂਦੇ ਨੇ ਕਿ

*ਦਰਸਨ ਧਿਆਨ ਦਿਬ ਦ੍ਰਿਸਟਿ ਪ੍ਰਗਾਸ ਭਈ,*
*ਕਰੁਨਾ ਕਟਾਛ ਦਿੱਬ ਦੇਹ ਪਰਵਾਨ ਹੈ।*
*ਸਬਦ ਸੁਰਤਿ ਲਿਵ ਬੱਜਰ ਕਪਾਟ ਖੁਲੇ*
*ਪ੍ਰੇਮ ਰਸ ਰਸਨ ਕੈ, ਅੰਮ੍ਰਿਤ ਨਿਧਾਨ ਹੈ।*
*ਚਰਨ ਕਮਲ ਮਕਰੰਦ ਬਾਸਨਾ ਸੁ ਬਾਸ,*
*ਹਸਤ ਪੂਜਾ ਪ੍ਰਨਾਮ ਸਫਲ ਸੁ ਗਯਾਨ ਹੈ।*
*ਅੰਗ ਅੰਗ ਬਿਸਮ ਸ੍ਰਬੰਗ ਮੈ ਸਮਾਇ ਭਏ,*
*ਮਨ ਮਨਸਾ ਥਕਤ ਬ੍ਰਹਮ ਧਿਆਨ ਹੈ।*
*ਕਬਿੱਤ ਭਾਈ ਗੁਰਦਾਸ ਜੀ*

ਸਾਰੀਆਂ ਵਾਸ਼ਨਾਵਾਂ, ਸਾਰੇ ਫੁਰਨੇ ਖਤਮ ਹੋ ਗਏ ਤੇ ਪਿਆਰ ਦੇ ਵਿੱਚ ਲੀਨ ਹੋ ਕੇ ਬ੍ਰਹਮਗਿਆਨ ਦੀ ਅਵਸਥਾ ਤੱਕ ਪਹੁੰਚ ਜਾਂਦੇ ਨੇ। ਸੋ ਮਾਤਾ ਜੀ ਨੇ ਜਦੋਂ ਗੁਰੂ ਨਾਨਕ ਦਾ ਝਲਕਾਰਾ ਡਿੱਠਾ, ਨਿਰੀਓ ਰੌਸ਼ਨੀ। ਉਸ ਵੇਲੇ ਸੁੱਧ ਬੁੱਧ ਭੁੱਲ ਗਈ, ਧਾਅ ਕੇ ਗੁਰੂ ਨਾਨਕ ਦੇ ਪਾਸ ਜਾ ਕੇ, ਗੁਰੂ ਨਾਨਕ ਪਾਤਸ਼ਾਹ ਜੀ ਨੂੰ ਬੁੱਕਲ 'ਚ ਲੈ ਲਿਆ, ਮਹਾਰਾਜ ਜੀ ਉੱਠ ਕੇ ਨਮਸ਼ਕਾਰ ਕਰ ਰਹੇ ਨੇ, ਉਸ ਵੇਲੇ ਮਾਤਾ ਜੀ ਨੇ ਆਪ ਨੂੰ ਬੁੱਕਲ 'ਚ ਲੈ ਕੇ, ਮਹਾਰਾਜ ਦਾ ਜਾਮਾ ਹੰਝੂਆਂ ਦੇ ਨਾਲ ਭਿਉਂ ਦਿੱਤਾ। ਮਹਾਰਾਜ ਜੀ ਨੇ ਧੀਰਜ ਦਿੱਤੀ, ਐਨਾ ਵੈਰਾਗ ਨਾ ਕਰੋ।

ਇਧਰਲੇ ਪਾਸੇ ਜਦੋਂ ਮਹਿਤਾ ਕਾਲੂ ਜੀ ਨੂੰ ਪਤਾ ਲਗਦਾ ਹੈ, ਬਈ ਮੇਰੇ ਪੁੱਤਰ ਉਥੇ ਚੰਦਰਭਾਨ ਦੇ ਖੂਹ 'ਤੇ ਬੈਠੇ ਨੇ, ਉਸੇ ਵੇਲੇ ਘੋੜਾ ਮੰਗਵਾਇਆ, ਘੋੜੇ 'ਤੇ ਚੜ੍ਹ ਕੇ, ਛੇਤੀ ਤੋਂ ਛੇਤੀ ਚੜ੍ਹ ਕੇ ਉਥੇ ਪਹੁੰਚਣ ਦਾ ਯਤਨ ਕਰਦੇ ਨੇ। ਅੱਜ ਕੋਈ ਗੱਲ ਨਹੀਂ ਕਹੀ, ਘੋੜੇ ਤੋਂ ਉਤਰ ਗਏ। ਉਤਰ ਕੇ ਅੱਜ ਗੁਰੂ ਨਾਨਕ ਨੂੰ ਪਹਿਲੀ ਵਾਰੀ ਬੁੱਕਲ 'ਚ ਲਿਆ ਇਨ੍ਹਾਂ ਨੇ। ਅੱਜ ਉਹ ਹਿਰਦਾ ਜੋ ਸਦਾ ਹੀ ਕਠੋਰ ਰਹਿੰਦਾ ਸੀ, ਕਠੋਰ ਵਾਕ ਬੋਲਦਾ ਸੀ ਉਹ ਭੁੱਲ ਗਿਆ ਕਠੋਰ ਵਾਕ ਬੋਲਣਾ। ਉਸ ਵੇਲੇ ਬੁੱਕਲ 'ਚ ਲੈ ਕੇ ਛਮਾ-ਛਮ ਹੰਝੂ ਜਾ ਰਹੇ ਨੇ ਤੇ ਗੁਰੂ ਨਾਨਕ ਪਾਤਸ਼ਾਹ ਦੇ ਮੋਢੇ ਤੇ ਸੀਸ ਰੱਖ ਕੇ ਅੱਖਾਂ ਦੇ ਵਿੱਚੋਂ ਹੰਝੂ ਗਿਰ ਰਹੇ ਨੇ। ਧੀਰਜ ਦਿੱਤੀ ਮਹਾਰਾਜ ਨੇ, ਉਸ ਵੇਲੇ ਮਹਿਤਾ ਜੀ ਨੇ ਕਿਹਾ, ਹੇ ਨਾਨਕ! ਕਿੰਨੇ ਸਾਲ ਹੋ ਗਏ ਤੈਨੂੰ ਬਾਹਰ ਫਿਰਦੇ ਨੂੰ, ਤੂੰ ਦੱਸ ਤਾਂ ਸਹੀ ਤੈਨੂੰ ਦੁੱਖ ਕਿਹੜਾ ਲੱਗਿਆ ਹੈ, ਕਿਹੜਾ ਕਾਰਨ ਹੈ ਜਿਹਦੇ ਕਰਕੇ ਤੂੰ ਘਰ ਛੱਡ ਦਿੱਤਾ ਤੇ ਫਕੀਰਾਨਾ ਲਿਬਾਸ ਪਹਿਨ ਲਿਆ। ਦਰ-ਬ-ਦਰ ਤੁਰਿਆ ਫਿਰਦਾ ਹੈ, ਕਿਤੇ ਰਾਤ ਕਿਤੇ ਦਿਨ। ਕਿਹੜੀ ਹਾਲਤ ਹੋਈ-ਹੋਈ ਹੈ, ਤੂੰ ਕੈਸੇ ਵਸਤਰ ਪਹਿਨੇ ਹੋਏ ਨੇ ਤੇ ਪੈਦਲ ਤੁਰਿਆ ਫਿਰਦਾ ਹੈਂ, ਦੱਸ ਇੱਥੇ ਕਿਹੜੀ ਚੀਜ਼ ਦਾ ਘਾਟਾ ਹੈ, ਅਸੀਂ ਬੁੱਢੇ ਹੋ ਚੁੱਕੇ ਹਾਂ ਤੇ ਸੰਸਾਰ ਦੇ ਉਤੇ ਤਾਂ ਥੋੜ੍ਹੀ ਦੇਰ ਅਸੀਂ ਹੋਰ ਹਾਂ, ਤੇ ਹੁਣ ਸਾਨੂੰ ਨਾ ਵਿਛੋੜੀਂ, ਮੈਂ ਕੁਛ ਨਹੀਂ ਕਹਿੰਦਾ, ਕੁਛ ਕਰ, ਚਾਹੇ ਨਾ ਕਰ ਇਹ ਤੇਰੀ ਮੌਜ ਹੈ। ਬੜਾ ਕੁਛ ਮੈਂ ਜ਼ਿੰਦਗੀ 'ਚ ਜੋੜਿਆ ਹੈ ਤੇਰੇ ਤੋਂ ਮੁੱਕਣਾ ਨਹੀਂ ਹੈ, ਐਨਾ ਮੈਂ ਜੋੜ ਦਿੱਤਾ। ਤੂੰ ਹੁਣ ਸਾਡੇ ਨੇਤਰਾਂ ਤੋਂ ਓਹਲੇ ਨਾ ਹੋ। ਉਸ ਵੇਲੇ ਬੜੇ ਮੋਹ ਦੇ ਬਚਨ ਸੁਣੇ, ਉਸ ਵੇਲੇ ਮਾਲਕ ਦੀ ਯਾਦ ਵਿੱਚ ਮਹਾਰਾਜ ਲੀਨ ਹੋ ਕੇ ਮਰਦਾਨੇ ਨੂੰ ਕਹਿਣ ਲੱਗੇ, ਮਰਦਾਨਿਆਂ! ਰਬਾਬ ਸੁਰ ਕਰ, ਬਾਣੀ ਆ ਰਹੀ ਹੈ। ਉਸ ਵੇਲੇ ਮਹਾਰਾਜ ਜੀ ਨੇ ਆਪਣਾ ਭਾਵ ਪ੍ਰਗਟਾਉਂਦੇ ਇਸ ਤਰ੍ਹਾਂ ਫੁਰਮਾਨ ਕੀਤਾ -

*ਧਾਰਨਾ - ਤਉ ਸਾਹਿਬ ਕੇ ਵਾਰੇ ਜੀ,*
*ਵਾਰੀ ਵੰਞਾ, ਖੰਨੀਐਂ ਵੰਞਾ।*

*ਅਮਲੀ ਅਮਲੁ ਨ ਅੰਬੜੈ ਮਛੀ ਨੀਰੁ ਨ ਹੋਇ ॥*
*ਅੰਗ - ੫੫੭*

ਅਮਲੀ ਨੂੰ ਜੇ ਅਮਲ ਨਾ ਮਿਲੇ ਉਹਨੂੰ ਜੀਉਣਾ ਔਖਾ ਹੋ ਜਾਂਦਾ ਹੈ। ਨੀਰ ਨਾ ਹੋਏ, ਮੱਛੀ ਨੂੰ ਪਾਣੀ ਨਹੀਂ ਮਿਲਦਾ, ਮੱਛੀ ਦਾ ਜੀਉਣਾ ਵੀ ਔਖਾ ਹੋ ਜਾਂਦਾ ਹੈ।

*ਜੋ ਰਤੇ ਸਹਿ ਆਪਣੈ ਤਿਨ ਭਾਵੈ ਸਭੁ ਕੋਇ॥*
*ਅੰਗ - ੫੫੭*

ਜਿਹੜੇ ਵਾਹਿਗੁਰੂ ਨਾਲ ਰੱਤੇ ਹੋਏ ਨੇ, ਉਨ੍ਹਾਂ ਦੀ ਵੀ ਐਸੀ ਹਾਲਤ ਹੋਇਆ ਕਰਦੀ ਹੈ -

*ਹਉ ਵਾਰੀ ਵੰਞਾ ਖੰਨੀਐ ਵੰਞਾ*
*ਤਉ ਸਾਹਿਬ ਕੇ ਨਾਵੈ ॥ ਅੰਗ - ੫੫੭*

ਉਸ ਵੇਲੇ ਪਿਤਾ ਨੇ ਤੇ ਮਾਤਾ ਨੇ ਦੋਹਾਂ ਨੇ ਕਿਹਾ, ਕਹਿਣ ਲੱਗੇ, ਬੇਟਾ! ਬਾਰ੍ਹਾਂ ਸਾਲ ਦਾ ਸਮਾਂ ਬੀਤ ਗਿਆ, ਅਸੀਂ ਇਨ੍ਹਾਂ ਰਾਹਾਂ ਦੇ ਉਤੇ ਨੇਤਰ ਗੱਡ-ਗੱਡ ਕੇ ਤੇਰੇ ਆਉਣ ਦੀ ਉਡੀਕ ਕਰਦੇ ਰਹੇ, ਪਰ ਤੂੰ ਅੱਜ ਆਇਆ ਹੈਂ ਤੇ ਕੋਈ ਬਚਨ ਨਹੀਂ ਕਰ ਰਿਹਾ। ਕੋਈ ਗੱਲ ਨਹੀਂ ਦੱਸ ਰਿਹਾ, ਅਸੀਂ ਬੇਨਤੀ ਕਰਦੇ ਹਾਂ, ਬੜੇ ਪਿਆਰ ਨਾਲ ਕਹਿੰਦੇ ਹਾਂ ਕਿ ਤੂੰ ਹੁਣ ਸਾਡੇ ਕੋਲੋਂ ਜਾਹ ਨਾ, ਸਾਡੇ ਨਾਲ ਗੱਲਾਂਬਾਤਾਂ ਕਰ, ਅਸੀਂ ਕੀਹਦੇ ਨਾਲ ਗੱਲਬਾਤ ਕਰੀਏ, ਤੂੰ ਹੀ ਇੱਕੋ ਇੱਕ ਸਾਡਾ ਪੁੱਤਰ ਸੀ, ਸਾਡੀ ਆਸ ਤੇ ਸਾਡੀ ਧਿਰ ਤੂੰ ਹੀ ਸੀ, ਹੁਣ ਦੱਸ ਕੀਹਦੇ ਨਾਲ ਅਸੀਂ ਬੋਲੀਏ, ਕੀਹਦੇ ਨਾਲ ਚੱਲੀਏ ਤੇ ਕੁਝ ਸਾਡੇ ਨਾਲ ਤੁਸੀਂ ਬਚਨ ਕਰੋ, ਕੁਝ ਹਾਲ ਚਾਲ ਦੱਸੋ। ਮਾਤਾ ਕਹਿਣ ਲੱਗੀ, ਹੇ ਨਾਨਕ! ਤੇਰਾ ਪਹਿਲਾਂ ਤੋਂ ਹੀ ਇਹ ਸੁਭਾਅ ਰਿਹਾ ਕਿ ਚੁੱਪ ਰਹਿੰਦਾ ਹੈਂ,

ਅਸੀਂ ਕਿੰਨੀਆਂ ਹੀ ਗੱਲਾਂ ਕਰੀ ਜਾਈਏ, ਤੂੰ ਹਾਂ, ਹੂੰ ਤੋਂ ਅਗਾਹਾਂ ਜਵਾਬ ਨਹੀਂ ਦਿੰਦਾ। ਹੁਣ ਖੁਲ੍ਹ ਕੇ ਜਾਂ ਤਾਂ ਸਾਡੇ ਨਾਲ ਗੱਲ ਕਰ ਜਾਂ ਕਾਰਨ ਦੱਸ ਕਿ ਬੋਲਦਾ ਕਿਉਂ ਨਹੀਂ। ਕਹਿਣ ਲੱਗੇ, ਮਾਤਾ! ਤੁਹਾਨੂੰ ਨਹੀਂ ਪਤਾ, ਮੇਰੀ ਜ਼ਿੰਦਗੀ ਜਿਹੜੀ ਹੈ ਉਹ 'ਨਾਮ' ਵਿੱਚ ਹੈ, ਜੇ ਤਾਂ ਮੈਂ ਨਾਮ ਜਪਦਾਂ ਹਾਂ ਤਾਂ, ਤਾਂ ਜੀਉਂਦਿਆਂ ਵਿੱਚ ਹਾਂ -

*ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥*
*ਨਾਨਕ ਅਵਰੁ ਨ ਜੀਵੈ ਕੋਇ ॥ ਅੰਗ - ੧੪੨*

ਮਾਤਾ ਜਿਸ ਤਰ੍ਹਾਂ ਮੱਛੀ ਪਾਣੀ ਤੋਂ ਬਗੈਰ ਨਹੀਂ ਰਹਿ ਸਕਦੀ, ਇਸੇ ਤਰ੍ਹਾਂ ਮੈਂ ਪ੍ਰਭੂ ਦੇ ਧਿਆਨ ਤੋਂ ਬਗੈਰ ਹੋਰ ਧਿਆਨ ਵਿੱਚ ਨਹੀਂ ਜਾ ਸਕਦਾ, ਤੇ ਮੇਰਾ ਤਾਂ ਜੀਵਨ ਹੀ ਜਿਹੜਾ ਹੈ ਉਹ ਪ੍ਰਮੇਸ਼ਰ ਦਾ ਨਾਮ ਹੈ-

*ਧਾਰਨਾ - ਆਖਾਂ ਜੀਵਾਂ, ਵਿਸਰੇ ਮਰ ਜਾਵਾਂ।*
*ਹਰਿ ਬਿਨੁ ਰਹਿ ਨ ਸਕਉ ਇਕ ਰਾਤੀ ॥*
*ਜਿਉ ਬਿਨੁ ਅਮਲੈ ਅਮਲੀ ਮਰਿ ਜਾਈ ਹੈ*
*ਤਿਉ ਹਰਿ ਬਿਨੁ ਹਮ ਮਰਿ ਜਾਤੀ ॥*
*ਅੰਗ - ੬੬੮*
*ਹਰਿ ਸਿਉ ਪ੍ਰੀਤਿ ਅੰਤਰੁ ਮਨੁ ਬੇਧਿਆ*
*ਹਰਿ ਬਿਨੁ ਰਹਣੁ ਨ ਜਾਈ ॥*
*ਜਿਉ ਮਛੁਲੀ ਬਿਨੁ ਨੀਰੈ ਬਿਨਸੈ*
*ਤਿਉ ਨਾਮੈ ਬਿਨੁ ਮਰਿ ਜਾਈ ॥ ਅੰਗ - ੬੦੭*

ਮਾਤਾ! 'ਨਾਮ' ਅਸਲੀ ਜ਼ਿੰਦਗੀ ਹੈ, ਜਿਹਦੇ ਅੰਦਰ ਨਾਮ ਵਸਿਆ ਹੈ, ਉਹ ਨਾਮ ਤੋਂ ਬਗੈਰ ਜੀਉਂਦਾ ਨਹੀਂ ਰਿਹਾ ਕਰਦਾ। ਸੋ ਨਾਮ ਹੀ ਅਸਲੀ ਜੀਵਨ ਹੈ, ਜੀਉਂਦਾ ਓਹੀ ਹੈ ਜਿਹਦੇ ਅੰਦਰ 'ਨਾਮ' ਦੀ ਰੌ ਰੁਮਕਦੀ ਹੈ, ਇਸ ਕਰਕੇ ਸੰਸਾਰ ਦੀਆਂ, ਕਚ-ਪਿਚ ਦੀਆਂ ਕੀ ਗੱਲਾਂ ਕਰਨੀਆਂ ਨੇ, ਨਾਮ ਵਿਸਰਦਾ ਹੈ ਇਨ੍ਹਾਂ ਦੇ ਨਾਲ। ਕਹਿਣ ਲੱਗੀ, ਬੇਟਾ! ਜੇ ਇਹ ਜ਼ਿੰਦਗੀ ਹੈ ਤਾਂ ਸਾਰੇ ਕਿਉਂ ਨਹੀਂ ਨਾਮ ਜਪਦੇ। ਸਾਰਾ ਸੰਸਾਰ ਫੇਰ ਨਾਮ ਕਿਉਂ ਨਹੀਂ ਜਪਦਾ। ਉਸ ਵੇਲੇ ਮਹਾਰਾਜ ਕਹਿਣ ਲੱਗੇ, ਮਾਤਾ! ਇਹ ਨਾਮ ਜਪਣਾ ਐਨਾ ਸੁਖਾਲਾ ਨਹੀਂ ਜਿੰਨਾਂ ਸੰਸਾਰ ਸਮਝਦਾ ਹੈ, ਜੇ ਕੋਈ ਔਖੀ ਚੀਜ਼ ਹੈ ਦੁਨੀਆਂ ਦੇ ਅੰਦਰ ਤਾਂ ਉਹ ਪ੍ਰਮੇਸ਼ਰ ਦਾ ਨਾਮ ਜਪਣਾ ਹੈ -

*ਧਾਰਨਾ - ਆਖਣ ਅਉਖਾ ਸਾਚਾ ਨਾਉ।*

ਮਾਤਾ ਜੀ! ਨਾਮ ਬੇਅੰਤ ਹੈ, ਨਾਮ ਦੀ ਮਹਿਮਾ ਸੰਸਾਰ 'ਚ ਕੋਈ ਨਹੀਂ ਜਾਣਦਾ, ਜੇ ਜਾਣਦੇ ਨੇ ਤਾਂ ਕੇਵਲ ਸਾਧੂ ਜਾਣਦੇ ਨੇ।

*ਨਾਮ ਕੀ ਮਹਿਮਾ ਸੰਤ ਰਿਦ ਵਸੈ॥*
*ਅੰਗ - ੨੬੫*

ਬਾਕੀ ਸੰਸਾਰ ਦੇ ਹਿਰਦੇ ਦੇ ਅੰਦਰ ਮਹਿਮਾ ਵਸਦੀ ਹੈ ਮਾਇਆ ਦੀ, ਮਹਿਮਾ ਵਸਦੀ ਹੈ ਤਾਕਤਾਂ ਦੀ, ਮਹਿਮਾਂ ਵਸਦੀ ਹੈ ਮਹਿਮਾ ਦੀ; ਮਹਿਮਾ ਵਸਦੀ ਹੈ ਆਪਣੇ ਜੋਬਨ ਦੀ, ਵਿਸ਼ਿਆਂ ਦੇ ਰਸ ਦੀ, ਨਾਮ ਦੀ ਮਹਿਮਾ ਤਾਂ ਸੰਸਾਰ ਜਾਣਦਾ ਹੀ ਨਹੀਂ। ਨਾਮ ਦੀ ਮਹਿਮਾ ਨੂੰ ਕੋਈ ਜੇ ਜਾਣਦਾ ਹੈ ਤਾਂ ਪੁੱਛੋ ਨਾਮਦੇਵ ਤੋਂ, ਪੁੱਛੋ ਕਬੀਰ ਜੀ ਤੋਂ, ਪੁੱਛੋ ਰਵਿਦਾਸ ਜੀ ਤੋਂ -

*ਗੋਬਿੰਦ ਗੋਬਿੰਦ ਗੋਬਿੰਦ ਸੰਗਿ*
*ਨਾਮਦੇਉ ਮਨੁ ਲੀਣਾ॥*
*ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ ॥*
*ਅੰਗ - ੪੮੭*

*ਧਾਰਨਾ - ਨਾਮ ਜਪ ਕੇ ਲੱਖਾਂ ਦਾ ਹੋ ਗਿਆ,*
*ਨਾਮਾ ਅੱਧੀ ਦਮੜੀ ਦਾ।*

ਕਿੱਡੀ ਵੱਡੀ ਪਦਵੀ ਗਰੀਬ ਨੇ ਪਾਈ ਕਿ ਹਿੰਦੋਸਤਾਨ ਦਾ ਚੱਕਰਵਰਤੀ ਬਾਦਸ਼ਾਹ ਸਲੇਮਸ਼ਾਹ, ਨਾਮਦੇਵ ਜੀ ਦੇ ਅੱਗੇ ਗਲ 'ਚ ਪੱਲਾ ਪਾਇਆ ਹੋਇਆ ਹੈ, ਮੂੰਹ 'ਚ ਘਾਹ ਲੈ ਕੇ ਕਹਿੰਦਾ ਹੈ ਕਿ -

*ਬਖਸੀ ਹਿੰਦੂ ਮੈ ਤੇਰੀ ਗਾਇ ॥ ਅੰਗ - ੧੧੬੬*

ਮੈਨੂੰ ਗਊ ਸਮਝ ਕੇ ਬਖਸ਼ ਦੇ, ਕਿਉਂਕਿ ਉਹਨੇ ਬੇਅਦਬੀ ਕੀਤੀ ਸੀ ਨਾਮਦੇਵ ਦੀ; ਗਊ ਮਰੀ ਹੋਈ ਕਹਿੰਦਾ ਸੀ ਜੀਉਂਦੀ ਕਰ ਦੇ। ਪ੍ਰਮੇਸ਼ਰ ਨੇ ਗਊ ਤਾਂ ਜੀਉਂਦੀ ਕਰ ਦਿੱਤੀ ਤੇ ਨਾਲ ਦੀ ਨਾਲ ਸਬਕ ਦੇਣ ਵਾਸਤੇ ਐਸਾ ਦਰਦ ਉਠਾਲਿਆ ਬਾਦਸ਼ਾਹ ਦੇ, ਲਿਟਦਾ ਫਿਰਦਾ ਹੈ ਧਰਤੀ 'ਤੇ, ਅਖੀਰ ਸੋਝੀ ਆ ਗਈ ਕਿ ਮੈਂ ਭਗਤ ਨੂੰ ਦੁਖੀ ਕੀਤਾ ਹੈ, ਕਹਿੰਦਾ ਜਾਓ, ਮਾਫੀ ਮੰਗੋ, ਮੈਨੂੰ ਲੈ ਚੱਲੋ। ਗਲ 'ਚ ਪੱਲਾ ਪਾਈ ਖੜ੍ਹਾ ਹੈ ਤੇ ਨਾਲ ਮੂੰਹ ਵਿੱਚ ਘਾਹ ਲਈ ਖੜ੍ਹਾ ਹੈ। ਕਿੱਡੀ ਵੱਡੀ ਪਦਵੀ ਹੋਈ, ਇੱਕ ਬਾਦਸ਼ਾਹ ਹਿੰਦੋਸਤਾਨ ਦਾ ਤੇ ਇੱਕ ਪਾਸੇ ਇੱਕ ਗਰੀਬ, ਪ੍ਰਮੇਸ਼ਰ ਦਾ ਨਾਮ ਜਪਣ ਵਾਲਾ।

ਮਹਾਰਾਜ ਕਹਿੰਦੇ, ਮਾਤਾ! ਇਸ ਸੰਸਾਰ ਨੂੰ ਪਤਾ ਨਹੀਂ ਹੈ, ਨਾਮ ਦੀ ਮਹਿਮਾ ਦਾ। ਜੇ ਕਿਤੇ ਨਾਮ ਦੀ ਭੁੱਖ ਲਗ ਜਾਵੇ ਹਿਰਦੇ ਦੇ ਅੰਦਰ, ਜਿਵੇਂ ਰੋਟੀ ਪਾਣੀ ਦੀ ਭੁੱਖ ਹੈ, ਜਿਵੇਂ ਪੈਸਿਆਂ ਦੀ ਭੁੱਖ ਹੈ, ਜਿਵੇਂ ਪੁੱਤਰ ਹੋ ਜਾਵੇ ਪੁੱਤਰ ਦੀ ਭੁੱਖ ਹੈ, ਜਿਵੇਂ ਮਕਾਨਾਂ ਦੀ ਭੁੱਖ ਹੈ, ਜਿਵੇਂ ਆਪਣੇ ਜੋਬਨ ਨੂੰ ਸ਼ਿੰਗਾਰਨ ਦੀ ਭੁੱਖ ਹੈ, ਜੇ ਕਿਤੇ ਨਾਮ ਦੀ ਭੁੱਖ ਇਸੇ ਤਰ੍ਹਾਂ ਨਾਲ ਲਗ ਜਾਵੇ, ਤਾਂ ਜਿੰਨੇ ਤਮਾਮ ਦੁੱਖ ਨੇ ਉਨ੍ਹਾਂ ਦਾ ਖਾਤਮਾ ਹੋ ਜਾਂਦਾ ਹੈ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਸਾਰੇ ਦੁੱਖਾਂ ਦਾ ਨਾਸ ਹੋ ਜਾਵੇ,*
*ਸਤਿਨਾਮ ਜਪ ਕੇ ਵਾਹਿਗੁਰੂ।*

ਮਾਤਾ! ਜੇ ਕਿਤੇ ਭੁੱਖ ਲਗ ਜਾਵੇ, ਜਿਸ ਤਰ੍ਹਾਂ ਦੁਨੀਆਂਦਾਰਾਂ ਨੂੰ ਭੁੱਖ ਹੈ ਪ੍ਰਾਪਰਟੀਆਂ ਦੀ, ਮਕਾਨਾਂ ਦੀ, ਕਾਰਖਾਨਿਆਂ ਦੀ, ਨੌਕਰੀਆਂ ਦੀ ਤੇ ਆਪਣੀ ਪ੍ਰਭਤਾ ਦੀ, ਰਾਜਸੀ ਸ਼ਕਤੀਆਂ ਦੀ ਜੇ ਕਿਤੇ ਨਾਮ ਦੀ ਭੁੱਖ

ਐਉਂ ਲਗ ਜਾਵੇ ਨਾ -

*ਸਾਚੇ ਨਾਮ ਕੀ ਲਾਗੈ ਭੂਖ ॥*
*ਉਤੁ ਭੂਖੈ ਖਾਇ ਚਲੀਅਹਿ ਦੂਖ ॥ ਅੰਗ - ੯*

ਸਾਰੇ ਦੁਖਾਂ ਦਾ ਖਾਤਮਾ ਹੋ ਜਾਂਦਾ ਹੈ, ਐਡੀ ਵੱਡੀ ਚੀਜ਼ ਹੈ ਤੇ ਉਹਨੂੰ ਮੈਂ ਕਿਵੇਂ ਵਿਸਾਰ ਦੇਵਾਂ, ਐਨੀ ਕੀਮਤੀ ਚੀਜ਼ ਨੂੰ, ਸੋ ਉਸ ਵੇਲੇ ਪ੍ਰਸ਼ਾਦਾ ਆ ਗਿਆ ਤੇ ਮਹਾਰਾਜ ਬੇਨਤੀ ਕਰਨ ਲੱਗੇ ਕਿ ਤੁਸੀਂ ਦੇਖੋ, ਬਹੁਤ ਪਿਆਰ ਦੇ ਨਾਲ ਪ੍ਰਸ਼ਾਦਾ ਬਣਾਇਆ ਹੈ, ਛੱਤੀ ਪ੍ਰਕਾਰ ਦੇ ਖਾਣੇ ਬਣਾਏ ਨੇ, ਮਿੱਠਾ ਹੁੰਦਾ ਹੈ ਛੇ ਕਿਸਮ ਦਾ, ਛੇ ਕਿਸਮ ਦਾ ਖੱਟਾ ਹੁੰਦਾ ਹੈ, ਛੇ ਕਿਸਮ ਦਾ ਚਟਪਟਾ ਹੁੰਦਾ ਹੈ, ਛੇ ਕਿਸਮ ਦਾ ਸਲੂਣਾ ਹੁੰਦਾ ਹੈ, ਛੇ ਕਿਸਮ ਦਾ ਕੁਸੈਲਾ ਹੁੰਦਾ ਹੈ, ਛੇ ਕਿਸਮ ਦਾ ਕੌੜਾ, ਇਹ ਸਾਰੇ ਖਾਣਿਆਂ ਨੂੰ ਛੱਤੀ ਪ੍ਰਕਾਰ ਦਾ ਭੋਜਨ ਕਹਿੰਦੇ ਨੇ। ਕਹਿਣ ਲੱਗੇ, ਦੇਖ ਪੁੱਤਰ ਆਹ ਦੇਖ ਅਸੀਂ ਕਿੰਨੇ ਪ੍ਰਕਾਰ ਦੇ ਖਾਣੇ ਬਣਾਏ ਨੇ ਤੇਰੇ ਵਾਸਤੇ, ਤੂੰ ਅੱਜ ਛਕ ਲੈ, ਸਾਡਾ ਮਨ ਠੰਡਾ ਹੋ ਜਾਏਗਾ। ਮਹਾਰਾਜ ਕਹਿਣ ਲੱਗੇ, ਮਾਤਾ ਜੀ! ਅਸੀਂ ਤਾਂ ਸਦਾ ਹੀ ਛੱਤੀ ਪ੍ਰਕਾਰ ਦੇ ਭੋਜਨ ਖਾਂਦੇ ਹਾਂ। ਜਿਹਦੇ ਮਨ ਵਿੱਚ ਲਿਵ ਲੱਗੀ ਹੋਈ ਹੈ, ਰਸ ਉਹਦੇ ਅੰਦਰ ਹੋਇਆ ਕਰਦਾ ਹੈ। ਇਹ ਅਸੂਲ ਹੈ ਸਾਧਸੰਗਤ ਜੀ! ਚਾਹੇ ਛੱਤੀ ਪ੍ਰਕਾਰ ਦੇ ਸੁਆਦਲੇ ਭੋਜਨ ਖਾ ਲਓ, ਜੇ ਲਿਵ ਤੋਂ ਵਿਹੂਣਾ ਖਾਂਦਾ ਹੈ, ਉਹਨੂੰ ਨਹੀਂ ਪਤਾ ਲਗਦਾ ਇਹਦੇ ਵਿੱਚ ਕੀ ਸੁਆਦ ਹੈ। ਜਿਹੜਾ ਲਿਵ ਵਾਲਾ ਬੰਦਾ ਹੈ ਉਹ ਰੁੱਖੀ ਰੋਟੀ ਖਾਂਦਾ ਹੈ -

*ਹਰਿ ਰੁਖੀ ਰੋਟੀ ਖਾਇ ਸਮਾਲੇ॥ ਅੰਗ - ੧੦੫*

ਉਸ ਰੁੱਖੀ ਰੋਟੀ ਵਿਚੋਂ ਹੀ ਅੰਮ੍ਰਿਤ ਦਾ ਸੁਆਦ ਆਉਂਦਾ ਹੈ, ਮਹਾਰਾਜ ਕਹਿੰਦੇ -

*ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ ॥*
*ਖਟ ਤੁਰਸੀ ਮੁਖਿ ਬੋਲਣਾ ਮਾਰਣ ਨਾਦ ਕੀਏ ॥*
*ਅੰਗ - ੧੬*

ਜਿਹੜਾ ਮੰਨਣਾ ਹੈ ਨਾ ਗੁਰੂ ਦੀ ਬਾਣੀ ਨੂੰ, ਇੱਕ ਹੁੰਦਾ ਹੈ ਸੁਣਨਾ, ਇੱਕ ਹੁੰਦਾ ਹੈ ਮੰਨਣਾ; ਇੱਕ ਹੁੰਦਾ ਹੈ ਨਿਧਿਆਸਣ, ਇੱਕ ਹੁੰਦੀ ਹੈ ਪ੍ਰਾਪਤੀ, ਮਹਾਰਾਜ ਕਹਿੰਦੇ ਜਿਹੜਾ ਸੁਣਦਾ ਹੈ ਨਾ, ਇਹ ਸਾਰੇ ਸਲੂਣੇ ਭੋਜਨ, ਜਿਹੜੇ ਮਿੱਠੇ ਭੋਜਨ ਨੇ ਉਹ ਬਾਣੀ ਨੂੰ ਮੰਨਣਾ, ਨਾਮ ਦੀ ਮਹਿਮਾ ਨੂੰ ਮੰਨਣਾ; ਤੇ ਜਿਹੜੇ ਛੇ ਪ੍ਰਕਾਰ ਦੇ ਤੁਰਸ਼ ਨੇ ਉਹ ਮੁੱਖ ਤੋਂ ਵਾਹਿਗੁਰੂ-ਵਾਹਿਗੁਰੂ ਬੋਲਣਾ, ਤੇ ਜਿਹੜੇ ਮਸਾਲੇ ਨੇ ਇਹਦੇ ਵਿੱਚ ਉਹ ਜਿਹੜਾ ਹਰੀ ਦਾ ਜਸ ਅਸੀਂ ਕਰਦੇ ਹਾਂ, ਉਹ ਮਸਾਲੇ ਹੋਇਆ ਕਰਦੇ ਨੇ -

*ਛਤੀਹ ਅੰਮ੍ਰਿਤ ਭਾਉ ਏਕੁ*
*ਜਾ ਕਉ ਨਦਰਿ ਕਰੇਇ॥ ਅੰਗ - ੧੬*

ਉਹਨੂੰ ਛੱਤੀ ਪ੍ਰਕਾਰ ਦੇ ਭੋਜਨਾਂ ਦੀ ਪ੍ਰਾਪਤੀ ਹੁੰਦੀ ਹੈ, ਇੱਕ ਪਿਆਰ ਦੇ ਵਿੱਚ, ਲਿਵ ਵਿੱਚ ਰਹਿਣ ਨਾਲ; ਬਾਕੀ ਜਿਹੜੇ ਖਾਣੇ ਨੇ, ਮਹਾਰਾਜ ਕਹਿੰਦੇ -

*ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥*
*ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥*
*ਅੰਗ - ੧੬*

ਜਿਹੜਾ ਖਾਣਾ, ਸਾਡੀ ਖ਼ੁਸ਼ੀ ਦੀ ਖ਼ੁਆਰੀ ਕਰਦਾ ਹੈ ਤੇ ਮਨ ਵਿੱਚ ਵਿਕਾਰ ਪੈਦਾ ਕਰਦਾ ਹੈ ਤੇ ਸਰੀਰ ਦੇ ਵਿੱਚ ਪੀੜ ਪੈਦਾ ਕਰਦਾ ਹੈ, ਕਹਿੰਦੇ ਉਹ ਖਾਣਾ ਕਿਸੇ ਕੰਮ ਦਾ ਨਹੀਂ, ਕਿਉਂਕਿ ਉਥੇ ਮਹਾਰਾਜ ਨੇ ਖਾਣਿਆਂ ਦੀ ਲਿਸਟ ਨਹੀਂ ਬਣਾਈ, ਕਿ ਆਹ ਖਾਓ ਔਹ ਨਾ ਖਾਓ। ਸਾਨੂੰ ਆਪਣੇ ਆਪ ਹੀ ਸੋਝੀ ਦੇ ਦਿੱਤੀ ਕਿ ਜੋ ਤੁਸੀਂ ਖਾਣਾ ਹੈ ਉਹ ਖਾਓ, ਜਿਹਦੇ ਨਾਲ ਵਿਕਾਰ ਨਾ ਚੱਲੇ। ਜਿਹੜਾ ਬੰਦਗੀ ਨਹੀਂ ਕਰਦਾ, ਨਾਮ ਨਹੀਂ ਜਪਦਾ, ਪਾਪ ਕਰਦਾ ਹੈ, ਕਹਿੰਦੇ ਉਹਦਾ ਜਿਹੜਾ ਖਾਣਾ ਹੈ ਨਾ, ਉਹ ਐਸਾ ਹੈ ਕਿ ਤਪੀਆਂ ਦਾ ਤਪ ਨਾਸ਼ ਕਰ ਦਿੰਦਾ ਹੈ, ਜਪੀਆਂ ਦਾ ਜਪ ਤੋੜ ਦਿੰਦਾ ਹੈ, ਭਜਨ ਕਰਨ ਵਾਲਿਆਂ ਦੀ ਬਿਰਤੀ ਤੋੜ ਦਿੰਦਾ ਹੈ, ਤੇ ਧਿਆਨੀਆਂ ਦਾ ਧਿਆਨ ਤੋੜ ਦਿੰਦਾ ਹੈ। ਏਸ ਕਰਕੇ ਕਹਿੰਦੇ ਨੇ -

*ਜਾ ਕੀ ਰਹਿਤ ਨ ਜਾਣੀਐ ਗੁਰਬਾਣੀ ਨਹੀਂ ਰੀਤ*
*ਤਿਸ ਦੈ ਹਥਹੁੰ ਖਾਧੀਐ ਵਿਸਰੈ ਹਰਿ ਕੀ ਪ੍ਰੀਤ।*

ਫੇਰ ਭਾਵੇਂ ਛੱਤੀ ਪ੍ਰਕਾਰ ਕੀ, ਚਾਹੇ 72 ਪ੍ਰਕਾਰ ਦੇ ਭੋਜਨ ਬਣਾਏ ਹੋਣ। ਉਹ ਨਹੀਂ ਚੱਲਿਆਂ ਕਰਦੇ, ਕਿਉਂਕਿ ਮਨ ਵਿੱਚ ਵਿਕਾਰ ਪੈਦਾ ਕਰ ਦਿੰਦਾ ਹੈ। ਤਨ ਵਿੱਚ ਪੀੜਾ ਕਰ ਦਿੰਦਾ ਹੈ। ਜਦੋਂ ਤਨ ਵਿੱਚ ਪੀੜਾ ਕਰ ਦੇਵੇ, ਜਿਹੜਾ ਵੀ ਖਾਣਾ ਕਰਦਾ ਹੈ ਮਹਾਂ ਦੀ ਦਾਲ ਵਾਇ ਕਰਦੀ ਹੈ ਨਾ ਖਾਓ, ਗੋਭੀ ਮੁਆਫਕ ਨਹੀਂ ਆਉਂਦੀ ਨਾ ਖਾਓ ਭਾਈ, ਜਿਹੜੀ ਚੀਜ਼ ਸਰੀਰ ਨੂੰ ਮੁਆਫਕ ਹੈ ਉਹ ਚੀਜ਼ ਖਾ ਲਓ, ਜਿਹੜੀ ਮਨ ਵਿੱਚ ਵਿਕਾਰ ਪੈਦਾ ਕਰਦੀ ਹੈ ਉਹ ਨਾ ਖਾਓ। ਸੋ ਮਾਤਾ! ਅਸੀਂ ਤਾਂ ਛੱਤੀ ਪ੍ਰਕਾਰ ਦੇ ਭੋਜਨ ਹਰ ਵਕਤ ਕਰਦੇ ਹਾਂ। ਓਸ ਵੇਲੇ ਕਹਿਣ ਲੱਗੀ ਬੇਟਾ! ਤੂੰ ਇਹ ਚੋਲਾ ਲਾਹ ਦੇ, ਆਹ ਦੇਖ ਅਸੀਂ ਰੇਸ਼ਮ ਦੇ ਵਸਤਰ ਲਿਆਏ ਹਾਂ, ਪਜਾਮਾ ਵੀ ਲਿਆਂਦਾ ਹੈ, ਚੋਲਾ ਵੀ ਦਸਤਾਰ ਵੀ ਵਧੀਆ ਰੇਸ਼ਮ ਦੀ ਲਿਆਂਦੀ ਹੈ, ਤੂੰ ਇਹ ਪਹਿਨ ਲੈ ਤੇ ਜਿਹੜਾ ਦੋ ਗਜ਼ ਦਾ ਪਟਕਾ ਵਲੇਟਿਆ ਹੈ ਇਹ ਲਾਹ ਦੇ, ਪਟਕਾ ਲਾਹ ਦੇ ਤੇ ਇਹ ਚੋਲਾ ਲਾਹ ਦੇ। ਉਸ ਵੇਲੇ ਮਹਾਰਾਜ ਕਹਿਣ ਲੱਗੇ -

*ਰਤਾ ਪੈਨਣੁ ਮਨੁ ਰਤਾ ਸੁਪੇਦੀ ਸਤੁ ਦਾਨੁ ॥*
*ਅੰਗ - ੧੬*

ਕਿ ਜਿਹੜਾ ਸਤਿ ਦਾ ਦਾਨ ਕਰਨਾ ਹੈ ਪ੍ਰਮੇਸ਼ਰ ਦਾ। ਉਹ ਤਾਂ ਸਫੈਦ ਵਸਤਰ ਨੇ, ਜਿਹਦਾ ਮਨ ਵਾਹਿਗੁਰੂ ਨਾਲ ਰੱਤਿਆ ਹੋਇਆ ਹੈ, ਉਹ ਸੂਹੇ ਵਸਤਰ ਪਹਿਨਦਾ ਹੈ।

*ਨੀਲੀ ਸਿਆਹੀ ਕਦਾ ਕਰਣੀ ਪਹਿਰਣੁ ਪੈਰ ਧਿਆਨੁ॥*
*ਅੰਗ - ੧੬*

ਜਿਹੜਾ ਮਾੜੇ ਕਰਮਾਂ ਨੂੰ, ਮਾੜੇ ਖਿਆਲਾਂ ਨੂੰ ਕੱਟਣਾ ਹੈ, ਇਹ ਨੀਲੇ ਵਸਤਰ ਨੇ।

*ਕਮਰਬੰਦੁ ਸੰਤੋਖ ਕਾ ਧਨੁ ਜੋਬਨੁ ਤੇਰਾ ਨਾਮੁ ॥*
*ਅੰਗ - ੧੬*

ਜਿਹੜਾ ਸੰਤੋਖ ਧਾਰਨ ਕਰਨਾ ਹੈ, ਉਹ ਲੱਕ ਦੇ ਉਤੇ ਜਿਹੜੀ ਪੇਟੀ ਬੰਨਣੀ ਹੈ, ਕਮਰਬੰਦ ਬੰਨਣਾ ਹੈ, ਉਹ ਸੰਤੋਖ ਦਾ; ਵਾਹਿਗੁਰੂ ਦਾ ਨਾਮ ਜਿਹੜਾ ਹੈ ਇਹ ਧਨ ਹੈ ਤੇ ਜੋਬਨ ਹੈ।

*ਬਾਬਾ ਹੋਰੁ ਪੈਨਣੁ ਖੁਸੀ ਖੁਆਰੁ ॥*
*ਜਿਤੁ ਪੈਧੈ ਤਨੁ ਪੀੜੀਐ*
*ਮਨ ਮਹਿ ਚਲਹਿ ਵਿਕਾਰ॥ ਅੰਗ - ੧੬*

ਜਿਹੜਾ ਹੋਰ ਹੈ ਖੁਸ਼ੀ ਦੀ ਖੁਆਰੀ ਕਰਦਾ ਹੈ। ਉਸ ਵੇਲੇ ਕਹਿਣ ਲੱਗੇ ਕਿ ਹੇ ਨਾਨਕ! ਤੂੰ ਪੈਦਲ ਨਾ ਚੱਲ, ਬਹੁਤ ਸੋਹਣੇ ਘੋੜੇ ਨੇ ਆਪਣੇ ਘਰ ਦੇ ਅੰਦਰ; ਤੂੰ ਉਨ੍ਹਾਂ ਸਵਾਰੀਆਂ ਤੇ ਚੜ੍ਹਨਾ ਕਰ, ਸੋਹਣੇ ਹਥਿਆਰ ਸਜਾ, ਤਲਵਾਰ ਆਪਣੇ ਗਾਤਰੇ 'ਚ ਸਜਾ, ਨੇਜਾ ਨਾਲ ਰੱਖ ਤੇ ਤੀਰ ਕਮਾਨ ਆਪਣੇ ਗਲੇ 'ਚ ਪਾ, ਤੇ ਫੇਰ ਤੇਰਾ ਬਾਣਾ ਗ੍ਰਿਹਿਸਤੀਆਂ ਵਾਲਾ, ਖੱਤਰੀਆਂ ਵਾਲਾ ਹੋਏਗਾ, ਤੂੰ ਐਸਾ ਬਾਣਾ ਪਹਿਨ ਲੈ। ਮਹਾਰਾਜ ਕਹਿੰਦੇ, ਪਿਤਾ ਜੀ! -

*ਘੋੜੇ ਪਾਖਰ ਸੁਇਨੇ ਸਾਖਤਿ*
*ਬੂਝਣੁ ਤੇਰੀ ਵਾਟ ॥ ਅੰਗ - ੧੬*

ਜਿਹੜਾ ਪ੍ਰਮੇਸ਼ਰ ਦੀ ਵਾਟ ਨੂੰ ਬੁੱਝ ਜਾਣਾ ਹੈ, ਇਹ ਘੋੜੇ ਪਾਖਰ ਨੇ, ਤੇ ਕਾਠੀਆਂ ਸੋਨੇ ਦੀਆਂ ਤੇ ਪਾਖਰ ਜਿਹੜਾ ਉਤੇ ਲਾਉਂਦਾ ਹੈ ਇਹ ਓਹੀ ਹੋਇਆ ਕਰਦਾ ਹੈ -

*ਤਰਕਸ ਤੀਰ ਕਮਾਣ ਸਾਂਗ ਤੇਗਬੰਦ ਗੁਣ ਧਾਤੁ ॥*
*ਵਾਜਾ ਨੇਜਾ ਪਤਿ ਸਿਉ ਪਰਗਟੁ*
*ਕਰਮੁ ਤੇਰਾ ਮੇਰੀ ਜਾਤਿ ॥ ੩ ॥*
*ਬਾਬਾ ਹੋਰੁ ਚੜਣਾ ਖੁਸੀ ਖੁਆਰੁ ॥*
*ਜਿਤੁ ਚੜਿਐ ਤਨੁ ਪੀੜੀਐ*
*ਮਨ ਮਹਿ ਚਲਹਿ ਵਿਕਾਰ ॥ ਅੰਗ - ੧੬*

ਜਿਹੜਾ ਪ੍ਰਮੇਸ਼ਰ ਨੂੰ ਬੁੱਝਣਾ ਹੈ, ਕਿਉਂਕਿ ਵਾਹਿਗੁਰੂ ਹਰ ਘਟ ਦੇ ਅੰਦਰ ਹੈ -

*ਸੋ ਅੰਤਰਿ ਸੋ ਬਾਹਰਿ ਅਨੰਤ ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ ॥*
*ਅੰਗ - ੨੯੩*

ਵਿਰਲਾ ਪੁਰਸ਼ ਹੈ ਜਿਹੜਾ ਇਸ ਬਚਨ ਨੂੰ ਬੁੱਝਦਾ ਹੈ, ਬਾਕੀ ਤਾਂ ਸਾਰਾ ਪ੍ਰਮੇਸ਼ਰ ਨੂੰ ਦੂਰ ਜਾਨਣ ਵਾਲਾ ਸੰਸਾਰ ਹੈ। ਜੇ ਨੇੜੇ ਜਾਣਦਾ ਹੋਵੇ ਤਾਂ ਇਹ ਗਲਤੀਆਂ ਨਹੀਂ ਕਰ ਸਕਦਾ।

ਇੱਕ ਵਾਰੀ ਇੱਕ ਮਹਾਤਮਾ, ਉਹਦੇ ਦੋ ਚੇਲੇ ਸੀ, ਇੱਕ ਚੇਲਾ ਤਾਂ ਗੱਪਾਂ ਬਹੁਤੀਆਂ ਮਾਰਿਆਂ ਕਰਦਾ ਸੀ, ਗੱਲਾ ਮਾਰਨੀਆਂ, ਲੋਕਾਂ ਨਾਲ ਮੇਲ ਮਿਲਾਪ ਵਧਾਉਣੇ, ਬਈ ਇਹ ਸਾਰੇ ਸਹਾਈ ਹੋਣਗੇ ਤੇ ਮੈਨੂੰ ਗੱਦੀ ਦਿਵਾ ਦੇਣਗੇ, ਇੱਕ ਜਿਹੜਾ ਸੀ ਭਜਨ ਬੰਦਗੀ ਕਰਦਾ ਰਹਿੰਦਾ ਸੀ, ਉਹਨੂੰ ਨਾ ਕੋਈ ਵਾਸ਼ਨਾ, ਨਾ ਕੋਈ ਗੱਦੀ ਲੈਣ ਦਾ ਖਿਆਲ ਹੈ, ਤੇ ਮਹਾਤਮਾ ਨੇ ਆਪਣਾ ਅੰਤ ਸਮਾਂ ਨੇੜੇ ਜਾਣ ਕੇ ਇਕੱਠ ਕਰ ਲਿਆ ਬਹੁਤ ਭਾਰਾ, ਕਹਿਣ ਲੱਗੇ, ਪਿਆਰਿਓ! ਮੈਂ ਆਪਣੀ ਥਾਂ ਦੇ ਉਤੇ ਤੁਹਾਨੂੰ ਸੇਧ ਦੇਣ ਵਾਸਤੇ ਕਿਸੇ ਨੂੰ ਬਿਠਾਉਣਾ ਚਾਹੁੰਦਾ ਹਾਂ। ਆਹ ਦੋ ਚੇਲੇ ਵੱਡੇ ਨੇ, ਜਿਹੜੇ ਤੁਹਾਡੀ ਨਿਗ੍ਹਾ ਦੇ ਵਿੱਚ ਵੱਡੇ ਨੇ ਤੇ ਮੈਂ ਵੀ ਇਨ੍ਹਾਂ ਨੂੰ ਸਮਝਦਾ ਹਾਂ, ਹੁਣ ਮੈਂ ਇਨ੍ਹਾਂ ਨੂੰ ਪਰਖਣਾ ਹੈ, ਪਰਖ ਦੇ ਵਿੱਚ ਜਿਹੜਾ ਪੂਰਾ ਹੋਏਗਾ, ਕਸਵੱਟੀ ਵਿੱਚ ਉਹਨੂੰ ਮੈਂ ਗੱਦੀ ਦੇ ਦੇਵਾਂਗਾ। ਉਸ ਵੇਲੇ ਦੋਨਾਂ ਨੂੰ ਬੁਲਾਇਆ ਕਹਿੰਦੇ ਦੇਖੋ, ਪ੍ਰੇਮੀਓ! ਆਹ ਸੰਗਤ ਨੇ ਤੁਹਾਨੂੰ ਮੁਖੀ ਬਣਾਉਣਾ ਹੈ, ਪਰ ਬਣਾਉਣਾ ਉਹਨੂੰ ਹੈ, ਆਹ ਜਿਹੜੇ ਸਾਡੇ ਕੋਲ ਦੋ ਕਬੂਤਰ ਨੇ, ਜਿਹੜਾ ਸਾਰਿਆਂ ਤੋਂ ਪਹਿਲਾਂ ਮਾਰ ਕੇ ਲਿਆਏਗਾ, ਉਹਨੂੰ ਅਸੀਂ ਬਿਠਾ ਦੇਵਾਂਗੇ। ਦੋਹਾਂ ਦੇ ਹੱਥ ਵਿੱਚ ਕਬੂਤਰ ਫੜਾ ਦਿੱਤੇ, ਕਹਿੰਦੇ ਠਹਿਰੋ! ਅਗਲੀ ਗੱਲ ਸੁਣੋ? ਅਗਲੀ ਗੱਲ ਇਹ ਹੈ ਕਿ ਮਾਰਨੇ ਉਥੇ ਨੇ ਜਿਥੇ ਕੋਈ ਦੇਖਦਾ ਨਾ ਹੋਵੇ। ਜਿਹੜਾ ਗਾਲੜੀ ਚੇਲਾ ਸੀ, ਕੋਠੇ ਦੇ ਪਿੱਛੇ ਗਿਆ, ਜਾ ਕੇ ਗਰਦਨ ਮਰੋੜੀ ਲਿਆ ਕੇ ਸੰਤਾਂ ਦੇ ਕੋਲ ਰੱਖ ਦਿੱਤਾ, ਕਹਿੰਦਾ ਲਓ ਮਹਾਰਾਜ। ਖੁਸ਼ ਹੋ ਗਿਆ ਕਿ ਮੈਂ ਸ਼ਰਤ ਪੂਰੀ ਕਰ ਦਿੱਤੀ। ਦੂਸਰਾ ਜਿਹੜਾ ਸੀ, ਉਹ ਘੰਟਾ ਦੋ ਘੰਟੇ ਲਾ ਕੇ ਫੇਰ ਵੀ ਉਵੇਂ ਜਿਵੇਂ ਕਬੂਤਰ ਨੂੰ ਜੀਉਂਦਾ ਲੈ ਆਇਆ। ਉਹ ਕਹਿੰਦੇ ਤੂੰ ਨਹੀਂ ਮਾਰ ਕੇ ਲਿਆਇਆ, ਇੱਕ ਤਾਂ ਤੂੰ ਦੇਰ ਐਨੀ ਕਰ ਦਿੱਤੀ, ਤੇ ਮਾਰ ਕੇ ਵੀ ਨਹੀਂ ਲਿਆਇਆ? ਉਹ ਕਹਿੰਦਾ, ਮਹਾਰਾਜ! ਆਪ ਦਾ ਹੁਕਮ ਜਿਹੜਾ ਸੀ ਕਿ ਜਿਥੇ ਕੋਈ ਦੇਖਦਾ ਨਾ ਹੋਵੇ ਉਥੇ ਮਾਰੀਂ। ਮੈਂ ਮਕਾਨ ਦੇ ਪਿਛੇ ਗਿਆ, ਫਸਲ 'ਚ ਵੜ ਗਿਆ, ਉਥੇ ਟਿੱਡੇ ਦੇਖਦੇ ਸੀ। ਕੀੜੀਆਂ ਦੇਖਦੀਆਂ ਸੀ। ਹੋਰ ਚੀਜ਼ਾਂ ਦੇਖਦੀਆਂ ਸੀ, ਮੈਂ ਪਰ੍ਹੇ ਚਲਿਆ ਗਿਆ, ਸੰਘਣੀ ਝੀੜੀ 'ਚ ਉਥੇ ਦੇਖਿਆਂ ਤਾਂ ਪੰਛੀ ਦੇਖਦੇ ਸੀ। ਅੱਗੇ ਇੱਕ ਟੋਆ ਸੀ ਮੈਂ ਉਹਦੇ ਵਿੱਚ ਵੜ ਗਿਆ, ਉਹਦੇ ਵਿੱਚ ਮੈਂ ਇਹਨੂੰ ਦੇਖਦਾ ਸੀ, ਇਹ ਮੈਨੂੰ ਦੇਖਦਾ ਸੀ। ਮੈਂ ਉਪਰ ਖੇਸ ਦੀ ਬੁੱਕਲ ਮਾਰ ਲਈ ਤੇ ਆਪਣੀਆਂ ਅੱਖਾਂ 'ਤੇ ਪੱਟੀ ਬੰਨ੍ਹ ਲਈ। ਉਸ ਵੇਲੇ ਜਦ ਮੈਂ ਫੇਰ ਖਿਆਲ ਕਰਿਆ ਕਿ ਹੁਣ ਤਾਂ ਨਹੀਂ ਕੋਈ ਦੇਖਦਾ, ਫੇਰ ਮਹਾਰਾਜ! ਵਾਹਿਗੁਰੂ ਤਾਂ ਹਰ ਥਾਂ ਦੇਖਦਾ ਹੈ, ਹਰ ਥਾਂ ਦੇ ਉਤੇ ਨੇੜੇ ਹੈ, ਐਸਾ ਮਹਾਰਾਜ ਫੁਰਮਾਨ ਕਰਦੇ ਨੇ -

*ਧਾਰਨਾ - ਪੇਖਤ ਸੁਨਤ ਸਦਾ ਹੈ ਸੰਗੇ,*
*ਮੈਂ ਮੂਰਖ ਜਾਨਿਆ ਦੂਰੀ ਰੇ।*
*ਪੇਖਤ ਸੁਨਤ ਸਦਾ ਹੈ ਸੰਗੇ*

***ਮੈ ਮੂਰਖ ਜਾਨਿਆ ਦੂਰੀ ਰੇ ॥ ਅੰਗ - ੬੧੨***

ਕਹਿਣ ਲੱਗਿਆ, ਮਹਾਪੁਰਸ਼ੋ! ਮੈਂ ਹਰ ਥਾਂ 'ਤੇ ਦੇਖਿਆ, ਲੇਕਿਨ ਪ੍ਰਮੇਸ਼ਰ ਤਾਂ ਹਰ ਥਾਂ ਤੇ ਹੀ ਦੇਖਦਾ ਹੈ, ਤੁਹਾਡਾ ਹੁਕਮ ਇਹ ਸੀ ਕਿ ਜਿਥੇ ਦੇਖਦਾ ਨਾ ਹੋਵੇ, ਉਥੇ ਮਾਰ ਕੇ ਲਿਆਈਂ। ਸੋ ਮੈਨੂੰ ਕਿਸੇ ਗੱਦੀ ਦੀ ਲੋੜ ਨਹੀਂ ਹੈ, ਆਹ ਸਾਂਭੋ ਆਪਣਾ ਕਬੂਤਰ, ਮੈਨੂੰ ਨਹੀਂ ਕੋਈ ਥਾਂ ਲੱਭਿਆ ਜਿਥੇ ਪ੍ਰਮੇਸ਼ਰ ਨਾ ਹੋਵੇ। ਉਸ ਵੇਲੇ ਮਹਾਂਪੁਰਸ਼ ਬਹੁਤ ਪ੍ਰਸੰਨ ਹੋਏ, ਕਹਿੰਦੇ, ਪਿਆਰਿਓ! ਇਹਨੇ ਪ੍ਰਮੇਸ਼ਰ ਨੂੰ ਬੁੱਝ ਲਿਆ। ਸੋ ਮਹਾਰਾਜ ਫੁਰਮਾਨ ਕਰਦੇ ਨੇ ਕਿ -

***ਘੋੜੇ ਪਾਖਰ ਸੁਇਨੇ ਸਾਖਤਿ***
***ਬੂਝਣੁ ਤੇਰੀ ਵਾਟ ॥ ਅੰਗ - ੧੬***

ਜਿਨ੍ਹਾਂ ਨੇ ਪ੍ਰਮੇਸ਼ਰ ਦੇ ਰਾਹ ਨੂੰ ਬੁੱਝ ਲਿਆ, ਉਹ ਘੋੜਿਆਂ 'ਤੇ ਚੜ੍ਹੇ ਹੋਏ ਨੇ, ਸੋਨੇ ਦੀਆਂ ਕਾਠੀਆਂ ਨੇ; '***ਤਰਕਸ ਤੀਰ ਕਮਾਣ ਸਾਂਗ ਤੇਗਬੰਦ ਗੁਣ ਧਾਤੁ ॥***' ਇਹ ਸਾਰੀਆਂ ਚੀਜ਼ਾਂ - ਜਿਹੜਾ ਪ੍ਰਮੇਸ਼ਰ ਨਾਲ ਮਿਲ ਗਿਆ ਉਹਦੇ ਕੋਲ ਨੇ ਬਚਨਾਂ ਰੂਪੀ। '***ਵਾਜਾ ਨੇਜਾ ਪਤਿ ਸਿਉ ਪਰਗਟੁ ਕਰਮੁ ਤੇਰਾ ਮੇਰੀ ਜਾਤਿ॥ ਬਾਬਾ ਹੋਰੁ ਚੜਣਾ ਖੁਸੀ ਖੁਆਰੁ ॥ ਜਿਤੁ ਚੜਿਐ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥***' ਸੋ ਇਸ ਤਰ੍ਹਾਂ ਦੇ ਨਾਲ ਫੇਰ ਕਹਿਣ ਲੱਗੇ, ਹੇ ਨਾਨਕ! ਘਰ ਆਪਣਾ ਬਹੁਤ ਵਧੀਆ ਹੈ, ਹੋਰ ਅਸੀਂ ਨਵੇਂ ਕਮਰੇ ਅਸੀਂ ਬਣਾ ਦਿੰਦੇ ਹਾਂ, ਉਥੇ ਤੂੰ ਅਰਾਮ ਦੇ ਨਾਲ ਰਹੀਂ। ਆਪਣੀ ਨੀਂਦ ਜਾਗੀਂ, ਆਪਣੀ ਉਠੀਂ। ਉਸ ਵੇਲੇ ਮਹਾਰਾਜ ਕਹਿਣ ਲੱਗੇ ਕਿ ਇਹ ਜਿਹੜਾ ਮੰਦਰਾਂ ਦਾ ਸੁਖ ਹੈ, ਕੋਠੀਆਂ ਦਾ ਸੁਖ ਤਾਂ ਕਿਸੇ ਨੂੰ ਮਿਲਦਾ ਨਹੀਂ ਜ਼ੋਰ ਲਾ ਲਓ ਜਿੰਨਾਂ ਲਗਦਾ ਹੈ, ਵਧੀਆ ਤੋਂ ਵਧੀਆ ਕੋਠੀ, ਕਰੋੜਾਂ ਰੁਪਿਆ ਲਾ ਕੇ ਕੋਠੀ ਪਾ ਲਓ ਜੇ ਮਨ ਨਹੀਂ ਸੁਖੀ ਤਾਂ ਕੋਠੀ ਨੇ ਕਿਤੇ ਕੰਧਾਂ ਨੇ ਸੁਖ ਦੇ ਦੇਣਾ ਹੈ, ਕੰਧਾਂ ਤਾਂ ਕਿਸੇ ਨੂੰ ਸੁਖ ਨਹੀਂ ਦੇ ਸਕਦੀਆਂ, ਜੇ ਮਨ ਵਿੱਚ ਕਲਪਣਾ ਹੈ ਤਾਂ ਸੁਖੀ ਨਹੀਂ ਹੋ ਸਕਦਾ। ਮਹਾਰਾਜ ਕਹਿੰਦੇ ਜਿਹਦਾ ਮਨ ਨਾਮ ਦੇ ਨਾਲ ਰੰਗਿਆ ਹੋਇਆ ਹੈ, ਉਹ ਤਾਂ ਮੰਦਰਾਂ ਤੋਂ ਵੀ ਵੱਧ ਸੁਖੀ ਹੈ, ਸੁਖ ਮਾਣਦਾ ਹੈ। ਐਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਮਨ ਨਾਮ ਦੇ ਰੰਗਾਂ ਦੇ ਵਿੱਚ ਰੰਗਿਆ,***
***ਮਾਣੇ ਸੁਖ ਮੰਦਰਾਂ ਦਾ।***

'ਨਾਮ' ਤੋਂ ਬਗੈਰ ਚਿੱਤ ਦੀ ਖੁਸ਼ੀ ਨਹੀਂ ਹੋਇਆ ਕਰਦੀ, ਭਾਵੇਂ ਪੰਜਾਹ-ਪੰਜਾਹ ਮੰਜ਼ਲੇ ਮਕਾਨ ਹੋਣ, ਕਲਪਨਾ ਵਾਲਾ ਉਹਦੇ ਵਿੱਚ ਤੜਫਦਾ ਹੈ।

ਇੱਕ ਵਾਰੀ ਇੱਕ ਮਹਾਤਮਾ, ਸ਼ਾਮ ਦਾ ਮੌਕਾ ਹੈ ਫਿਰਦੇ-ਫਿਰਦੇ ਆਪ ਵਸਤਰ ਕੋਈ ਕੋਲ ਨਹੀਂ ਹੈ, ਸਰਦੀ ਦਾ ਮਹੀਨਾ ਹੈ, ਇੱਕ ਕੋਈ ਬੀਬੀ ਆਪਣੇ ਦਾਣੇ ਭੁੰਨਣ ਤੋਂ ਬਾਅਦ ਭੱਠ ਜਿਹੜਾ ਸੀ ਉਹਦੇ ਉਤੋਂ ਕੜਾਹੀ ਚੁੱਕ ਕੇ ਲੈ ਗਈ ਤੇ ਮਹਾਤਮਾ ਨੇ ਦੇਖਿਆ ਕਿ ਇੱਥੋਂ ਨਿੱਘ ਆ ਰਿਹਾ ਹੈ ਉਹ ਆ ਕੇ ਉਸ ਭੱਠੀ ਦੇ ਕੋਲ ਬਹਿ ਗਏ, ਡੰਡਾ ਹੱਥ ਵਿੱਚ ਹੈ ਥੋੜ੍ਹੀ-ਥੋੜ੍ਹੀ ਦੇਰ ਤੋਂ ਬਾਅਦ ਅੱਗ ਫਰੋਲੀ ਜਾਂਦੇ ਨੇ। ਐਧਰਲੇ ਪਾਸੇ ਨੇੜੇ ਹੀ ਰਾਜੇ ਦਾ ਮਹਿਲ ਸੀ, ਰਾਜੇ ਨੇ ਦੇਖਿਆ, ਬਈ ਕੱਪੜਾ ਕੋਈ ਕੋਲ ਨਹੀਂ ਹੈ, ਸਰਦੀ ਦਾ ਮਹੀਨਾ ਹੈ ਤੇ ਸੰਤ ਇੱਥੇ ਆ ਕੇ ਕੋਈ ਬਹਿ ਗਿਆ ਹੈ, ਬੜਾ ਦੁਖੀ ਹੈ ਇਹ; ਕੱਪੜਾ ਵੀ ਨਹੀਂ ਕੋਈ ਇਸ ਦੇ ਕੋਲ, ਉਸ ਤੋਂ ਬਾਅਦ ਕੀ ਦੇਖਦਾ ਹੈ ਰਾਜਾ, ਕਾਫੀ ਸਮੇਂ ਤੋਂ ਬਾਅਦ ਕਿ ਉਹ ਸੰਤ ਭੱਠ ਵਿੱਚ ਵੜ ਗਏ, ਉਹ ਸੁਆਹ ਦੇ ਵਿੱਚ ਜਾ ਕੇ ਪੈ ਗਏ, ਹੁਕਮ ਕਰ ਦਿੱਤਾ ਕਿ ਜਦ ਇਹ ਸੰਤ ਉਠੇਗਾ ਨਾ, ਜਾਣ ਨਾ ਦੇਣਾ, ਮੇਰੇ ਨਾਲ ਮਿਲਾਣਾ ਇਸਨੂੰ, ਮੈਂ ਇੱਕ ਸਵਾਲ ਦਾ ਜਵਾਬ ਲੈਣਾ ਹੈ ਇਨ੍ਹਾਂ ਤੋਂ।

ਜਦੋਂ ਦਿਨ ਚੜ੍ਹ ਗਿਆ ਤਾਂ ਸੰਤਾਂ ਨੂੰ ਬੇਨਤੀ ਕਰ ਦਿੱਤੀ ਤੇ ਰਾਜਾ ਸੰਤਾਂ ਦੇ ਕੋਲ ਆ ਗਿਆ। ਰਾਜਾ ਕਹਿਣ ਲੱਗਿਆ ਕਿ ਹੇ ਮਹਾਤਮਾ! ਮੈਨੂੰ ਬੜਾ ਅਫਸੋਸ ਹੈ ਕਿ ਮੇਰੇ ਮਹਿਲ ਤੇਰੇ ਕੋਲ ਸੀਗੇ, ਪਰ ਤੂੰ ਇੱਥੇ ਭੱਠ ਦੇ ਵਿੱਚ ਪਿਆ ਰਿਹਾ, ਮੈਨੂੰ ਦੱਸ ਕਿ ਰਾਤ ਕਿਵੇਂ ਬੀਤੀ? ਮਹਾਤਮਾ ਕਹਿਣ ਲੱਗੇ ਕਿ ਰਾਜਨ! ਕੁਛ ਤਾਂ ਤੇਰੇ ਵਰਗੀ, ਕੁਛ ਤੇਰੇ ਨਾਲੋਂ ਬਹੁਤ ਚੰਗੀ। ਹੈਰਾਨ ਹੋ ਗਿਆ ਕਿ ਮੇਰੇ ਵਰਗੀ? ਮੈਂ ਤਾਂ ਬੈਡਰੂਮ ਦੇ ਅੰਦਰ ਵੱਡੇ ਗਦੈਲਿਆਂ 'ਤੇ ਪਿਆ ਸੀ ਤੇ ਪਾਲੇ ਦਾ ਭੋਰਾ ਨਾਮ ਨਿਸ਼ਾਨ ਓਸ ਥਾਂ ਨਹੀਂ ਸੀ। ਕਮਰਾ ਮੇਰਾ ਗਰਮ ਹੋਇਆ-ਹੋਇਆ ਸੀ। ਮੇਰੇ ਵਰਗੀ ਰਾਤ ਇਸ ਦੀ ਕਿਵੇਂ ਇਹਨੇ ਕੱਢ ਲਈ, ਤੇ ਮੇਰੇ ਤੋਂ ਚੰਗੀ ਕਿਵੇਂ ਕੱਢ ਲਈ? ਕਹਿਣ ਲੱਗਿਆ ਕਿ ਹੇ ਮਹਾਤਮਾ! ਇਹ ਗੱਲ ਮੇਰੀ ਸਮਝ ਵਿੱਚ ਨਹੀਂ ਆਈ ਤੇ ਕ੍ਰਿਪਾ ਕਰਕੇ ਮੈਨੂੰ ਸਮਝਾ? ਕਹਿਣ ਲੱਗੇ, ਰਾਜਨ! ਜਦ ਤੂੰ ਜਾਗਦਾ ਸੀ, ਮੈਂ ਵੀ ਜਾਗਦਾ ਸੀ, ਮੇਰਾ ਚਿੱਤ ਹਰੀ ਦੇ ਨਾਮ 'ਚ ਲੱਗਿਆ ਹੋਇਆ ਸੀ, ਕੋਈ ਫੁਰਨਾ ਨਹੀਂ ਸੀ, ਮਹਾਨ ਰਸ ਦਾ ਅਨੰਦ ਮੈਂ ਮਾਣ ਰਿਹਾ ਸੀ, ਮੇਰੇ ਅੰਦਰ ਹੀ ਰੌਣਕਾਂ ਲੱਗੀਆਂ ਹੋਈਆਂ ਸੀ, ਅਨਹਦ ਨਾਦ ਵੱਜ ਰਹੇ ਸੀ, ਮਹਾਂਪੁਰਸ਼ਾਂ ਦੇ ਦਰਸ਼ਨ ਹੋ ਰਹੇ ਸੀ, ਪ੍ਰਭੂ ਦੇ ਨਾਮ ਦਾ ਸੰਗੀਤ ਸੁਣ ਰਿਹਾ ਸੀ, ਓਸ ਵੇਲੇ ਜਿਹੜਾ ਮੇਰਾ ਅਨੰਦ ਹੈ ਤੈਨੂੰ ਤਾਂ ਉਹ ਪ੍ਰਾਪਤ ਹੀ ਨਹੀਂ ਹੈ, ਤੇਰਾ ਸਾਰਾ ਹੀ ਅਨੰਦ ਮੇਰੇ ਸਮੁੰਦਰ ਵਰਗੇ ਅਨੰਦ ਦੇ ਸਾਮ੍ਹਣੇ ਇੱਕ ਬੂੰਦ ਸੀ, ਬਾਕੀ ਜਦ ਤੂੰ ਸੌਂ ਗਿਆ ਤੈਨੂੰ ਘੂਕ ਨੀਂਦ, ਆਉਂਦੀ ਨਹੀਂ ਰਾਜਿਆਂ ਨੂੰ ਤਾਂ ਜੇ ਭਲਾ ਤੈਨੂੰ ਆ ਹੀ ਗਈ; ਘੜੀ, ਅੱਧੀ ਘੜੀ ਉਹ ਮੇਰੇ ਵਰਗੀ ਹੀ ਸੀ, ਮੈਂ ਵੀ ਸੌਂ ਗਿਆ, ਤੂੰ ਵੀ ਸੌਂ ਗਿਆ, ਬਾਕੀ ਜਿਹੜਾ ਤੂੰ ਕਲਪਨਾ 'ਚ ਪਿਆ ਸੁਪਨੇ ਦੇਖਦਾ ਰਿਹਾ, ਉਹ ਤੇਰੇ ਨਾਲੋਂ ਮੈਂ ਚੰਗਾ ਸੀ, ਮੈਂ ਪ੍ਰਭੂ ਦਾ ਨਾਮ ਜਪਿਆ।

ਸੋ ਮਹਾਰਾਜ ਕਹਿਣ ਲੱਗੇ, ਪਿਤਾ ਜੀ! -

*ਘਰ ਮੰਦਰ ਖੁਸੀ ਨਾਮ ਕੀ*
*ਨਦਰਿ ਤੇਰੀ ਪਰਵਾਰੁ ॥ ਅੰਗ - ੧੯*

ਘਰਾਂ ਦੇ ਅੰਦਰ, ਸੋਹਣੇ ਮੰਦਰਾਂ ਦੇ ਅੰਦਰ ਖੁਸ਼ੀ ਕੇਵਲ ਨਾਮ ਦੀ ਹੋਇਆ ਕਰਦੀ ਹੈ -

*ਹੁਕਮੁ ਸੋਈ ਤੁਧੁ ਭਾਵਸੀ*
*ਹੋਰੁ ਆਖਣੁ ਬਹੁਤੁ ਅਪਾਰੁ ॥*
*ਨਾਨਕ ਸਚਾ ਪਾਤਿਸਾਹੁ*
*ਪੂਛਿ ਨ ਕਰੇ ਬੀਚਾਰੁ ॥ ੪ ॥*
*ਬਾਬਾ ਹੋਰੁ ਸਉਣਾ ਖੁਸੀ ਖੁਆਰੁ ॥*
*ਜਿਤੁ ਸੁਤੈ ਤਨੁ ਪੀੜੀਐ*
*ਮਨ ਮਹਿ ਚਲਹਿ ਵਿਕਾਰ ॥ ਅੰਗ - ੧੭*

ਖਿਆਲ ਆ ਜਾਂਦਾ ਹੈ ਕਿ ਮਹਾਰਾਜ ਤਾਂ ਫੇਰ ਸਵਾਰੀਆਂ ਨੂੰ ਵੀ reject ਕਰ ਗਏ ਤੇ ਨਾਲ ਸੋਹਣੀਆਂ ਕੋਠੀਆਂ ਨੂੰ ਵੀ reject ਕਰ ਗਏ। ਅਸੀਂ ਕੋਠੀਆਂ 'ਚ ਰਹਿੰਦੇ ਹਾਂ, ਸਾਡੇ ਕੋਲ ਸਵਾਰੀਆਂ ਵਧੀਆ ਤੋਂ ਵਧੀਆ ਨੇ, ਕੱਪੜੇ ਸੋਹਣੇ ਤੋਂ ਸੋਹਣੇ ਪਹਿਨਦੇ ਹਾਂ, ਖਾਂਦੇ ਵਧੀਆ ਤੋਂ ਵਧੀਆ ਹਾਂ। ਫੇਰ ਨਾ ਖਾਇਆ ਕਰੀਏ? ਮਹਾਰਾਜ ਕਹਿੰਦੇ, ਨਾ ਪ੍ਰੇਮੀਆਂ! ਇੱਕ ਗੱਲ ਸਮਝ, ਅਸੀਂ ਇਹ ਨਹੀਂ ਕਿਹਾ ਕਿ ਨਾ ਖਾ, ਅਸੀਂ ਇਹ ਕਿਹਾ ਹੈ ਕਿ *'ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥'* ਉਹ ਚੀਜ਼ ਨਾ ਖਾ ਜਿਹੜੀ ਤੇਰੀ ਖੁਸ਼ੀ ਦੀ ਖੁਆਰੀ ਕਰੇ ਤੇ ਤਨ ਵਿੱਚ ਪੀੜਾ ਕਰੇ ਤੇ ਮਨ ਵਿੱਚ ਵਿਕਾਰ ਲਿਆਵੇ। ਉਹ ਨਾ ਪਹਿਨ ਜਿਹੜਾ ਤਨ ਨੂੰ ਪੀੜੇ ਤੇ ਮਨ ਦੇ ਅੰਦਰ ਵਿਕਾਰ ਲਿਆਵੇ, ਹੁਣ ਸਰਦੀਆਂ ਲੰਘੀਆਂ ਨੇ ਜੇ ਮਲਮਲ ਦੇ ਕੱਪੜੇ ਪਾ ਲਓ ਤਨ ਨੂੰ ਪੀੜਾ ਹੋਣੀ ਹੀ ਹੈ, ਜੇਠ ਹਾੜ ਦੇ ਵਿੱਚ ਗਰਮ ਸੂਟ ਪਾ ਲਓ, ਤਨ ਨੂੰ ਪੀੜਾ ਹੋਣੀ ਹੀ ਹੈ, ਤੇ ਮਨ ਵਿੱਚ ਵਿਕਾਰ ਪੈਂਦੇ ਨੇ, ਜਦ ਆਦਮੀ ਕੱਪੜੇ ਦੇਖ ਕੇ ਸੱਜਦਾ ਹੈ, ਸੱਜ ਕੇ ਫੇਰ ਆਪਣਾ ਮੁੱਲ ਪਾਉਂਦਾ ਹੈ, ਕਹਿੰਦੇ ਕਰੋ ਸਭ ਕੁਛ, ਲੇਕਿਨ ਪ੍ਰਮੇਸ਼ਰ ਨੂੰ ਨਾ ਭੁੱਲੋ, ਨਿਗ੍ਹਾ ਰੱਖੋ ਦੇਣ ਵਾਲੇ ਦਾ ਜਸ ਕਰੋ ਕਿ ਪਾਤਸ਼ਾਹ! ਮੇਰੇ ਵਰਗੇ ਬੰਦੇ ਨੂੰ ਵੀ ਤੂੰ ਸਵਾਰੀਆਂ ਦਿੱਤੀਆਂ ਨੇ, ਮੈਨੂੰ ਵੀ ਰਹਿਣ ਨੂੰ ਸੋਹਣੀ ਕੋਠੀ ਦਿੱਤੀ ਹੈ, ਮੈਨੂੰ ਪਹਿਨਣ ਵਾਸਤੇ ਤੂੰ ਵਸਤਰ ਦਿੱਤੇ ਨੇ, ਕਹਿੰਦੇ ਡੁੱਬੋ ਨਾ ਇਹਦੇ ਵਿੱਚ, ਜਿਹੜਾ ਡੁੱਬ ਜਾਂਦਾ ਹੈ, ਉਹ ਮਾਰਿਆ ਜਾਂਦਾ ਹੈ, ਜਿਹੜਾ ਭੁੱਲ ਜਾਂਦਾ ਹੈ ਪ੍ਰਮੇਸ਼ਰ ਨੂੰ ਇਨ੍ਹਾਂ ਚੀਜ਼ਾਂ 'ਚ, ਇਸੇ ਕਰਕੇ ਮਹਾਰਾਜ ਜੀ ਨੇ ਐਸਾ ਫੁਰਮਾਨ ਕੀਤਾ ਹੈ -

*ਧਾਰਨਾ - ਕਿਤੇ ਭੁੱਲ ਨਾ ਜਾਈਂ ਓ ਮਨਾ ਮੇਰਿਆ*
*ਮੋਤੀਆਂ ਦੇ ਮੰਦਰ ਵੇਖ ਕੇ।*

ਮੋਤੀਆਂ ਦੇ ਮੰਦਰ ਮਾੜੇ ਨਹੀਂ ਹੈਗੇ, ਕੱਪੜੇ ਪਹਿਨਣੇ ਕੋਈ ਮਾੜੀ ਚੀਜ਼ ਨਹੀਂ, ਮਹਾਰਾਜ ਕਹਿੰਦੇ ਕਿਤੇ ਨਾਮ ਨਾ ਭੁੱਲ ਜਾਏ, ਕਿਉਂਕਿ ਇਹ ਮਾਇਆ ਦਾ ਪ੍ਰਬਲ ਵੇਗ ਨਾਮ ਭੁਲਾ ਦਿੰਦਾ ਹੈ -

*ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ॥*
*ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥*
*ਮਤੁ ਦੇਖਿ ਭੂਲਾ ਵੀਸਰੈ*
*ਤੇਰਾ ਚਿਤਿ ਨ ਆਵੈ ਨਾਉ ॥ ਅੰਗ - ੧੪*
*ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥*
*ਅੰਗ - ੧੪*

ਸਾਧੂ ਬਣ ਗਿਆ, ਰਿੱਧੀਆਂ-ਸਿੱਧੀਆਂ ਆ ਗਈਆਂ, ਲੋਕਾਂ 'ਚ ਮਹਿਮਾ ਹੋ ਗਈ -

*ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥*
*ਅੰਗ - ੧੪*

ਪਰ ਜੇ ਭੁੱਲ ਜਾਏ ਪ੍ਰਮੇਸ਼ਰ ਨੂੰ, ਲਿਵ ਟੁੱਟ ਜਾਵੇ ਇਹਦੇ ਨਾਲੋਂ ਮਾੜੀ ਚੀਜ਼ ਕੋਈ ਨਹੀਂ -

*ਮਤੁ ਦੇਖਿ ਭੂਲਾ ਵੀਸਰੈ*
*ਤੇਰਾ ਚਿਤਿ ਨ ਆਵੈ ਨਾਉ ॥ ਅੰਗ - ੧੪*
*ਸੁਲਤਾਨੁ ਹੋਵਾ ਮੇਲਿ ਲਸਕਰ*
*ਤਖਤਿ ਰਾਖਾ ਪਾਉ ॥ ਅੰਗ - ੧੪*

ਕੁਰਸੀਆਂ 'ਤੇ ਬੈਠਣਾ ਮਹਾਰਾਜ ਕਹਿੰਦੇ ਮਾੜੀ ਗੱਲ ਨਹੀਂ, ਬੈਠੋ, ਹਕੂਮਤ ਹਾਸਲ ਕਰੋ ਪਰ ਉਸ ਪਿਆਰੇ ਨੂੰ ਯਾਦ ਰੱਖੋ, ਨਿਆਂ ਕਰੋ, ਸੰਸਾਰ ਦੀ ਸੇਵਾ ਕਰੋ, ਫੇਰ ਇਹ ਸਫਲ ਹੈ, ਜੇ ਭੁੱਲਦੇ ਹਾਂ ਤਾਂ ਇਹ ਦੋਜਕ ਹੈ -

*ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥*
*ਮਤੁ ਦੇਖਿ ਭੂਲਾ ਵੀਸਰੈ*
*ਤੇਰਾ ਚਿਤਿ ਨ ਆਵੈ ਨਾਉ ॥ ਅੰਗ - ੧੪*

ਭੁੱਲਣ ਨਾਲ ਕੀ ਹੁੰਦਾ ਹੈ, ਸੁੱਖ ਨਹੀਂ ਹੋਇਆ ਕਰਦਾ, ਜਿਹੜੀ ਅਸਲੀ ਸੁੱਖ ਦੀ ਚੀਜ਼ ਹੈ ਉਹ ਹੈ ਪ੍ਰਮੇਸ਼ਰ ਦਾ ਨਾਮ-

*ਧਾਰਨਾ - ਜਲ ਬਲ ਜਾਵੇ ਜੀਉੜਾ*
*ਨਾਮ ਤੋਂ ਬਿਨਾਂ।*
*ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥*
*ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ ॥*
*ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ ॥*
*ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥*
*ਬਿਨੁ ਹਰਿ ਨਾਮ ਨ ਸਾਂਤਿ ਹੋਇ*
*ਕਿਤੁ ਬਿਧਿ ਮਨੁ ਧੀਰੇ ॥ ਅੰਗ - ੭੦੭*

ਸਾਰੀਆਂ ਦੁਨੀਆਂ ਦੀਆਂ ਵਧੀਆ ਤੋਂ ਵਧੀਆਂ ਪ੍ਰਾਪਤੀਆਂ ਦੇ ਵਿੱਚ ਜੇ ਵਾਹਿਗੁਰੂ ਭੁੱਲ ਜਾਂਦਾ ਹੈ, ਕਹਿੰਦੇ ਵਿਸ਼ਟਾ ਦੇ ਕੀੜੇ ਵਰਗੀ ਹਾਲਤ ਹੈ ਓਹਦੀ, ਸੋ ਇਸ ਕਰਕੇ ਨਾਮ ਨੂੰ ਭੁੱਲ ਜਾਣਾ ਮਾੜੀ ਚੀਜ਼ ਹੈ, ਚੀਜ਼ਾਂ ਤਾਂ ਸੁੱਖ ਵਾਸਤੇ ਵਾਹਿਗੁਰੂ ਨੇ ਦਿੱਤੀਆਂ ਨੇ, ਸੋਹਣੇ ਕੱਪੜੇ, ਸੋਹਣੀਆਂ ਕੋਠੀਆਂ, ਸੋਹਣੀਆਂ ਸਵਾਰੀਆਂ, ਇੱਕ ਸ਼ਰਤ ਮਹਾਰਾਜ ਨੇ ਰੱਖੀ ਹੈ ਕਿ ਪ੍ਰਮੇਸ਼ਰ ਨਾ ਵਿਸਰੇ, ਮਨ ਵਿੱਚ ਵਿਕਾਰ ਨਾ ਪੈਦਾ ਹੋਏ, ਸਰੀਰ 'ਚ ਪੀੜਾ ਨਾ ਹੋਵੇ, ਸੋ ਇਸ ਤਰ੍ਹਾਂ ਦੇ ਨਾਲ -

*ਹਰਿ ਬਿਨੁ ਜੀਉ ਜਲਿ ਬਲਿ ਜਾਉ ॥*
*ਮੈ ਆਪਣਾ ਗੁਰੁ ਪੂਛਿ ਦੇਖਿਆ*

***ਅਵਰੁ ਨਾਹੀ ਥਾਉ ॥ ਅੰਗ - ੧੪***

ਕਹਿੰਦੇ ਪਿਤਾ ਜੀ! ਅਸੀਂ ਜਿਸ ਹਾਲਤ 'ਚ ਰਹਿੰਦੇ ਹਾਂ, ਓਸ ਹਾਲਤ 'ਚ ਅਸੀਂ ਬਹੁਤ ਅੱਛੇ ਰਹਿੰਦੇ ਹਾਂ। ਇਸ ਤਰ੍ਹਾਂ ਦੇ ਬਚਨ ਤੋਂ ਬਾਅਦ ਬੇਨਤੀ ਕਰਨ ਲੱਗੇ ਤੇ ਕਹਿੰਦੇ ਬੇਟਾ! ਅਸੀਂ ਹੁਣ ਤੈਨੂੰ ਹੁਕਮ ਨਹੀਂ ਦੇ ਸਕਦੇ, ਇੱਕ ਤਰਲਾ ਕਰਦੇ ਹਾਂ, ਦੇਖ ਪੁੱਤਰ ਤੂੰ ਇਕੱਲਾ ਹੀ ਹੈਂ ਸਾਡੇ, ਹੋਰ ਤਾਂ ਕੋਈ ਹੈ ਨਹੀਂ। ਸਾਨੂੰ ਦੇਖਣ ਨੂੰ ਕੁਛ ਨਹੀਂ। ਸਾਰੀ ਜ਼ਿੰਦਗੀ ਬਾਹਰ ਲੰਘਾ ਦਿੱਤੀ। ਪਿਤਾ ਕਾਲੂ ਕਹਿਣ ਲੱਗੇ ਕਿ ਦੇਖ, ਮੈਂ ਤੇਰੇ ਨਾਲ ਕੁਰੱਖਤ ਰਿਹਾ ਹਾਂ, ਕੌੜਾ ਰਿਹਾ ਹਾਂ, ਤੇਰੇ ਮੂੰਹ ਦੇ ਉਤੇ ਮੈਂ ਥੱਪੜ ਵੀ ਮਾਰੇ, ਜਦ ਤੂੰ ਖਰਾ ਸੌਦਾ ਕਰਿਆ, ਬੜੀਆਂ ਮੇਰੇ ਤੋਂ ਭੁੱਲਾਂ ਹੋਈਆਂ ਨੇ, ਲੇਕਿਨ ਨਾਨਕ ਜੀ! ਮੈਨੂੰ ਸੋਝੀ ਐਸੀਓ ਸੀ, ਜੈਸੀ ਦਿੱਤੀ ਸੀ ਪ੍ਰਮੇਸ਼ਰ ਨੇ, ਉਹ ਮੈਂ ਗੱਲਾਂ ਕਰਦਾ ਰਿਹਾ, ਹੁਣ ਮੈਂ ਦੇਖ ਲਿਆ, ਹੁਣ ਮੈਂ ਨਾ ਤੈਨੂੰ ਕਿਸੇ ਕੰਮ ਨੂੰ ਕਹਾਂ, ਤੂੰ ਆਰਾਮ ਨਾਲ ਸਾਡੇ ਸਾਮ੍ਹਣੇ ਰਹਿ, ਹੁਣ ਸਾਡਾ ਸਮਾਂ ਨਹੀਂ ਹੈ ਇਕੱਲੇ ਰਹਿਣ ਦਾ, ਪੁੱਤਰ, ਬੱਚੇ ਸੰਸਾਰ 'ਚ ਏਸੇ ਕਰਕੇ ਹੁੰਦੇ ਨੇ ਕਿ ਬੁਢਾਪੇ ਦੇ ਵਿੱਚ ਦੇਖ-ਦੇਖ ਕੇ ਅਸੀਂ ਜੀਉਂਈਏ। ਸੋ ਹੁਣ ਸਮਾਂ ਨਹੀਂ, ਤੂੰ ਕ੍ਰਿਪਾ ਕਰ, ਸਾਡੇ ਕੋਲ ਰਹਿ। ਉਸ ਵੇਲੇ ਬੜੇ ਤਰਲੇ ਜਿਹੇ ਦੇ ਨਾਲ ਕਿਹਾ ਕਿ ਨਾਨਕ ਜੀ! ਹੁਣ ਦੇਖੋ, ਉਮਰ ਕਿੰਨੀ ਹੋ ਗਈ ਹੈ, ਹੁਣ ਤਾਂ ਅਸੀਂ ਕੁਛ ਦਿਨ ਦੇ ਪਰਾਹੁਣੇ ਹਾਂ। ਇਸ ਤਰ੍ਹਾਂ ਦੇ ਨਾਲ ਭਾਵ ਪ੍ਰਗਟ ਕਰਦੇ ਨੇ -

***ਧਾਰਨਾ - ਦਿਨ ਥੋੜ੍ਹੇ ਰਹਿ ਗਏ,***
***ਭਇਆ ਪੁਰਾਣਾ ਚੋਲਾ ਜੀ।***

***ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ ॥ ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ ॥ ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨੁ ਨਉ ਹੁਲਾ ॥***
***ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ ॥***
***ਅੰਗ - ੨੩***

ਨਾਨਕ ਜੀ! ਹੁਣ ਤਾਂ ਦੇਖ ਲਓ ਨਦੀ ਕਿਨਾਰੇ ਰੁੱਖੜਾ ਹੈ, ਅੰਗ ਵੀ ਜਵਾਬ ਦਿੰਦੇ ਜਾ ਰਹੇ ਨੇ, ਨੇਤਰਾਂ 'ਚ ਜੋਤ ਘੱਟ ਹੋ ਗਈ ਹੈ, ਕੰਨਾਂ 'ਚ ਸੁਣਨ ਦੀ ਸ਼ਕਤੀ ਘੱਟ ਹੋ ਗਈ ਹੈ, ਬੋਲਦੇ ਹਾਂ ਕੁਛ ਹੋਰ, ਕਹਿ ਕੁਛ ਹੋਰ ਹੋ ਜਾਂਦਾ ਹੈ।

ਬਾਬੇ ਫਰੀਦ ਨੇ ਜਦੋਂ ਆਪਣੀ ਇਹ ਹਾਲਤ ਦੇਖੀ, ਆਪ ਪਲੰਘ ਦੇ ਉਤੇ ਪਏ ਨੇ ਤੇ ਕੋਈ ਸੇਵਾਦਾਰ ਕੋਲ ਨਹੀਂ ਹੈ, ਵੱਡੀ ਉਮਰ ਹੋ ਗਈ ਹੈ, 95 ਸਾਲ ਦੀ ਉਮਰ ਹੋਈ ਉਸ ਵੇਲੇ ਪਾਣੀ ਦੀ ਪਿਆਸ ਲੱਗੀ, ਤਰਲਾ ਲਿਆ ਕੁਛ ਉੱਦਮ ਕਰਨਾ ਚਾਹਿਆ ਲੇਕਿਨ ਉੱਠ ਨਹੀਂ ਹੋਇਆ, ਉਸ ਵੇਲੇ ਕਹਿਣ ਲੱਗੇ ਕਿ ਦੇਖੋ ਆਹ ਸਰੀਰ ਕਿੰਨਾ ਤਕੜਾ ਸੀ -

***ਫਰੀਦਾ ਇਨੀ ਨਿਕੀ ਜੰਘੀਐ***
***ਥਲ ਡੂੰਗਰ ਭਵਿਓਮ੍ਹਿ॥***
***ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ ॥***
***ਅੰਗ - ੧੩੭੮***

ਆਹ ਪਾਣੀ ਦਾ ਕੁੱਜਾ ਗਜ਼ ਕੁ ਮੇਰੇ ਤੋਂ ਪਰ੍ਹੇ ਪਿਆ ਹੈ, ਲੇਕਿਨ ਐਨੀ ਦੂਰ ਲਗਦਾ ਹੈ ਜਿਵੇਂ ਸੌ ਕੋਹ ਤੇ ਪਿਆ ਹੁੰਦਾ ਹੈ।

***ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ ॥***
***ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ ॥***
***ਅੰਗ - ੧੩੮੨***

ਕਿੱਥੇ ਗਏ ਉਹ ਦੰਦ ਜਿਹੜੇ ਲੋਹੇ ਨੂੰ ਵੀ ਦਾਗ ਪਾ ਦਿੰਦੇ ਸੀ, ਕਿੱਥੇ ਗਏ ਉਹ ਕੰਨ ਜਿਹੜੇ ਦੂਰ-ਦੂਰ ਤੋਂ ਆਵਾਜ਼ ਸੁਣ ਲੈਂਦੇ ਸੀ, ਕਿੱਥੇ ਗਏ ਉਹ ਨੇਤਰ ਜਿਹੜੇ ਦੋ-ਦੋ ਮੀਲ ਤੋਂ ਬੰਦੇ ਨੂੰ ਪਛਾਣ ਲੈਂਦੇ ਸੀ, ਕਿੱਥੇ ਗਈ ਬੋਲਣ ਦੀ ਸ਼ਕਤੀ, ਇਹ ਤਾਂ ਸਾਰੇ ਹੀ ਜਵਾਬ ਦੇ ਚੁੱਕੇ। ਉਸ ਵੇਲੇ ਇਹ ਗੱਲ ਦੇਖ ਕੇ ਜਿਹੜਾ ਇਹਦੇ ਵਿੱਚ ਜੀਵ ਆਤਮਾ ਹੈ ਉਹ ਧਾਂਹਾਂ ਮਾਰਦਾ ਹੈ ਕਿ ਹੁਣ ਤਾਂ ਮੈਨੂੰ ਜਾਣਾ ਹੀ ਪੈਣਾ ਹੈ, ਕਿਉਂਕਿ ਜਿਹੜੇ ਮੇਰੇ ਨਾਲ ਆਏ ਸੀ ਮਾਂ ਦੇ ਪੇਟ 'ਚੋਂ, ਉਹ ਤਾਂ ਇੱਕ-ਇੱਕ ਕਰਕੇ ਮੇਰਾ ਸਾਥ ਛੱਡ ਗਏ -

***ਧਾਰਨਾ - ਤੈਨੂੰ ਛੱਡ ਗਏ ਬਾਲ ਸਖਾਈ,***
***ਜਿੰਦੇ ਤੈਨੂੰ ਛੱਡ ਗਏ।***

ਧਾਹ ਮਾਰੀ ਕਿ ਕਿੱਥੇ ਚਲੇ ਗਏ ਸਾਰੇ।

ਓਸ ਵੇਲੇ ਤਰਲਾ ਕੀਤਾ ਬੇਟਾ! ਸਰੀਰ ਕੰਬ ਰਿਹਾ ਹੈ, ਤਾਕਤ ਨਹੀਂ ਰਹੀ, ਬੋਲਣ ਦੀ ਤਾਕਤ ਘਟ ਗਈ ਹੈ, ਹੁਣ ਤਾਂ ਤੂੰ ਸਾਡੇ ਕੋਲ ਥੋੜ੍ਹੀ ਦੇਰ ਰਹਿ ਨਾ। ਓਸ ਵੇਲੇ ਗੁਰੂ ਨਾਨਕ ਪਾਤਸ਼ਾਹ ਘਰ ਵਿੱਚ ਆ ਜਾਂਦੇ ਨੇ ਤੇ ਮਹਿਤਾ ਕਾਲੂ ਜੀ ਪੁੱਤਰ ਭਾਵਨਾ ਤੋਂ ਉੱਚੇ ਉੱਠਦੇ ਨੇ, ਕਹਿਣ ਲੱਗੇ, ਮਨਾਂ! ਸਾਰਾ ਸੰਸਾਰ ਕਹਿੰਦਾ ਹੈ ਕਿ ਇਹ ਨਿਰੰਕਾਰ ਦੀ ਜੋਤ ਹੈ, ਇੱਕ ਤੂੰ ਨਹੀਂ ਮੰਨਦਾ, ਤੂੰ ਇਹਨੂੰ ਪੁੱਤਰ ਸਮਝੀ ਜਾਂਦਾ ਹੈਂ, ਪੁੱਤਰ ਵੀ ਨਾਲਾਇਕ ਪੁੱਤਰ ਸਮਝਦਾ ਹੈਂ। ਗਾਲ੍ਹਾਂ ਕੱਢਦਾ ਹੈ, ਕੂੜ੍ਹਦਾ ਹੈਂ, ਮਾੜੀਆਂ ਗੱਲਾਂ ਕਹਿੰਦਾ ਹੈਂ, ਪਸ਼ਚਾਤਾਪ ਕਰ, ਤੈਂ ਗਲਤੀ ਕੀਤੀ। ਗੁਰੂ ਨਾਨਕ ਨੂੰ ਇਕੱਲਾ ਦੇਖ ਕੇ ਕੋਲ ਆ ਗਿਆ, ਕਹਿਣ ਲੱਗੇ, ਬੇਟਾ! ਤੂੰ ਸਾਰੇ ਸੰਸਾਰ ਦਾ ਉਧਾਰ ਕਰ ਦਿੱਤਾ। ਮੈਂ ਸੁਣਦਾ ਹਾਂ, ਮੇਰੇ ਮਨ ਵਿੱਚ ਖੁਸ਼ੀ ਹੁੰਦੀ ਹੈ, ਤੇ ਮੈਨੂੰ ਭੁਲੇਖਾ ਪਿਆ ਰਿਹਾ ਕਿ ਤੂੰ ਮੇਰਾ ਪੁੱਤਰ ਹੈਂ ਤੇ ਮੈਂ ਤੇਰੇ ਨਾਲ ਕਰੜੇ ਪਿਤਾ ਵਾਲਾ ਵਿਵਹਾਰ ਕੀਤਾ ਹੈ। ਬਹੁਤ ਤੇਰੇ ਨਾਲ ਨਰਾਜ਼ ਹੁੰਦਾ ਰਿਹਾ, ਮੈਂ ਹੋਰ ਤਰ੍ਹਾਂ ਸਮਝਦਾ ਰਿਹਾ, ਤੂੰ ਹੋਰ ਤਰ੍ਹਾਂ ਸਮਝਦਾ ਰਿਹਾ। ਹੁਣ ਕ੍ਰਿਪਾ ਕਰ ਮੇਰੇ ਉੱਤੇ ਮੈਨੂੰ ਵੀ ਕਿਸੇ ਕਿਨਾਰੇ ਲਾ ਦੇ।

ਮਹਾਰਾਜ ਕਹਿਣ ਲੱਗੇ, ਪਿਤਾ ਜੀ! ਇਹ ਜਿਹੜਾ ਸੰਸਾਰ ਹੈ ਨਾ ਇਹਦੇ 'ਚ ਸੁਰਤ ਤੇ ਮਤ ਜਿਹੜੀ ਹੈ ਨਾ, ਇਹਦਾ ਹੀ ਕੰਮ ਹੈ, ਜਿਹੜੀ ਸੁਰਤ ਹੈ ਇਹ ਇੱਕ ਨੌਕਾ ਦੀ ਨਿਆਈਂ ਹੈ, ਜਿਹੜਾ ਪੈਸਾ

ਹੈ ਇਹ ਮੋਹ ਨੇ, ਜਾਲ ਨੇ, ਇਹਨੂੰ ਐਉਂ ਸਮਝ ਲਓ ਕਿ ਨਦੀ ਚਲ ਰਹੀ ਹੈ ਪਾਣੀ ਦੀ ਤੇ ਪਾਣੀ ਵੀ ਬੜਾ ਬਿਖੜਾ ਚੱਲ ਰਿਹਾ ਹੈ, ਉੱਚੀਆਂ-ਉੱਚੀਆਂ ਛੱਲਾਂ ਮਾਰ ਕੇ ਇਹਦੇ ਵਿੱਚ ਜਿਹੜੀ ਮੱਤ ਰੂਪੀ ਨਉਕਾ ਹੈ, ਜੇ ਤਾਂ ਇਹਦੇ ਵਿੱਚ ਪਾਣੀ ਪੈ ਜਾਵੇ ਵਿਸ਼ਿਆਂ ਦਾ ਤਾਂ ਫੇਰ ਇਹ ਡੁੱਬ ਜਾਇਆ ਕਰਦੀ ਹੈ। ਡੁੱਬਣ ਦੇ ਨਾਲ ਕੀ ਹੁੰਦਾ ਹੈ, ਇਹਨੂੰ ਜੰਮਣ ਮਰਨ ਦਾ ਚੱਕਰ ਗਲ ਪੈ ਜਾਂਦਾ ਹੈ, ਜੰਮਦਾ ਰਹਿੰਦਾ ਹੈ, ਮਰਦਾ ਰਹਿੰਦਾ ਹੈ, ਕਿਉਂਕਿ ਵਿਸ਼ਿਆਂ ਨੇ ਇਹਦੀ ਨਉਕਾ ਜਿਹੜੀ ਸੀ, ਵਾਸ਼ਨਾਵਾਂ ਨੇ ਡੋਬ ਦਿੱਤੀ। ਜੇ ਕਿਤੇ ਗੁਰੂ ਸੁਚੇਤ ਪਾਤਣੀ ਬਣ ਜਾਵੇ, ਖੇਵਟ ਬਣ ਜਾਵੇ, ਮਲਾਹ ਬਣ ਜਾਵੇ, ਤਾਂ ਉਹ ਸੁਚੇਤ ਰਹਿੰਦਾ ਹੈ, ਘੁੰਮਣ-ਘੇਰੀਆਂ 'ਚ ਨਹੀਂ ਫਸਣ ਦਿੰਦਾ ਤੇ ਕਿਸ਼ਤੀ ਨੂੰ ਪਾਰ ਲਾ ਦਿੰਦਾ ਹੈ। ਆਤਮਾ ਦਾ ਲੱਖਣਾ, ਆਪਣੇ ਆਪ ਦੀ ਪਛਾਣ ਕਰਨੀ ਪਰਲਾ ਕਿਨਾਰਾ ਹੈ, ਐਧਰਲਾ ਕਿਨਾਰਾ ਮਾਇਆ ਦਾ ਭਰਿਆ ਪਿਆ ਹੈ, ਮੋਹ ਦਾ ਭਰਿਆ ਪਿਆ ਹੈ, ਦਿਖਾਵੇ ਦਾ ਭਰਿਆ ਪਿਆ ਹੈ, ਇਹਦੇ ਵਿੱਚ ਮੰਦਰ ਸੁੰਦਰ ਲਗਦੇ ਨੇ, ਕੱਪੜੇ ਸੋਹਣੇ ਲਗਦੇ ਨੇ, ਮਹਿਮਾ ਅੱਛੀ ਲਗਦੀ ਹੈ, ਵਿਸ਼ੇ ਵਿਕਾਰ ਇਹਦੇ 'ਚ ਰਸ ਦਿੰਦੇ ਨੇ, ਕਾਮ ਇਹਦੇ ਵਿੱਚ ਬਹੁਤ ਅੱਛਾ ਲਗਦਾ ਹੈ, ਲੋਭ ਇਹਦੇ ਵਿੱਚ ਬਹੁਤ ਅੱਛਾ ਲਗਦਾ ਹੈ, ਪਿਤਾ ਜੀ! ਇਹ ਨਉਕਾ ਪਾਣੀ ਪੈ ਕੇ ਡੁੱਬ ਜਾਂਦੀ ਹੈ, ਪਰਲੇ ਕਿਨਾਰੇ ਨਹੀਂ ਪਹੁੰਚਦੀ, ਪਰਲਾ ਕਿਨਾਰਾ ਹੈ ਆਤਮਾ ਨੂੰ ਲਖਣਾ, ਆਪਣੇ ਸਰੂਪ ਨੂੰ ਜਾਨਣਾ। ਸੋ ਜੇ ਪਹੁੰਚ ਜਾਵੇ ਤਾਂ ਫੇਰ ਜਿੱਤ ਗਿਆ ਨਹੀਂ ਤਾਂ ਫੇਰ ਜਨਮ ਮਰਨ ਦੇ ਚੱਕਰ 'ਚ ਪੈ ਜਾਂਦਾ ਹੈ। ਉਸ ਵੇਲੇ ਮਹਿਤਾ ਕਾਲੂ ਜੀ ਜਗਿਆਸਾ 'ਚ ਆ ਗਏ, ਬੜੇ ਪਿਆਰ ਦੇ ਨਾਲ ਨਿਮਰਤਾ ਧਾਰ ਲਈ, ਕਹਿਣ ਲੱਗੇ ਪੁੱਤਰ! ਫੇਰ ਮੇਰੇ 'ਤੇ ਕ੍ਰਿਪਾ ਕਰ। ਮੈਨੂੰ ਕ੍ਰਿਪਾ ਕਰਕੇ ਇਹ ਗੱਲ ਸਮਝਾ ਦੇ –

*ਧਾਰਨਾ – ਦੱਸੀਂ ਸਾਹਿਬਾ!*
*ਕੌਣ ਦੇਹੀ ਵਿੱਚ ਵਸਦਾ।*

ਹੇ ਨਾਨਕ! ਕ੍ਰਿਪਾ ਕਰ ਮੇਰੇ ਉਤੇ, ਕਿਉਂਕਿ ਮੈਂ ਅੱਜ ਤਕ ਆਪਣੇ ਆਪ ਨੂੰ ਸਾਢੇ ਤਿੰਨ ਹੱਥ ਦੇਹ ਸਮਝਦਾ ਰਿਹਾ ਹਾਂ ਤੇ ਮੇਰਾ ਨਾਮ ਮਹਿਤਾ ਕਾਲੂ ਹੈ, ਮੈਂ ਤਾਂ ਆਹੀ ਸਮਝਦਾ ਰਿਹਾ, ਹੁਣ ਮੈਨੂੰ ਪਤਾ ਲਗ ਗਿਆ ਕਿ ਮੈਂ ਸਰੀਰ ਛੱਡ ਦੇਣਾ ਹੈ, ਫਿਕਰ ਪੈ ਗਿਆ ਮੈਨੂੰ ਕਿ ਮੈਂ ਸਰੀਰ ਵਿੱਚ ਵਸਦਾ ਸੀ, ਮੈਂ ਹੈਗਾ ਕੌਣ?

ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੇ ਦੇਖਿਆ ਕਿ ਹੁਣ ਸਮਾਂ ਆ ਗਿਆ, ਕਿਉਂਕਿ ਜਦ ਤਕ ਸਮਾਂ ਨਹੀਂ ਆਉਂਦਾ ਓਨੀਂ ਤੱਕ ਮਹਾਰਾਜ ਦਾ ਐਸਾ ਫੁਰਮਾਨ ਹੈ –

*ਧਾਰਨਾ – ਜਿਥੇ ਮਿਲੇ ਨਾ ਸੌਦਾਗਰ ਪੂਰਾ,*
*ਗੱਠੜੀ ਨਾ ਖੋਲ੍ਹੀਂ ਨਾਮ ਦੀ।*

*ਰਾਮ ਪਦਾਰਥੁ ਪਾਇ ਕੈ*
*ਕਬੀਰਾ ਗਾਂਠਿ ਨ ਖੋਲ੍ ॥*
*ਨਹੀ ਪਟਣੁ ਨਹੀ ਪਾਰਖੂ*
*ਨਹੀ ਗਾਹਕੁ ਨਹੀ ਮੋਲੁ॥ ਅੰਗ – ੧੩੬੫*
*ਕਬੀਰਾ ਏਕੁ ਅਚੰਭਉ ਦੇਖਿਓ*
*ਹੀਰਾ ਹਾਟ ਬਿਕਾਇ ॥*
*ਬਨਜਨਹਾਰੇ ਬਾਹਰਾ ਕਉਡੀ ਬਦਲੈ ਜਾਇ ॥*
*ਅੰਗ – ੧੩੭੨*

ਜਿੰਨਾਂ ਚਿਰ ਗਾਹਕ ਨਾ ਹੋਵੇ, ਪੂਰਾ ਮੁੱਲ ਦੇਣ ਵਾਲਾ ਨਾ ਹੋਵੇ, ਓਨਾਂ ਚਿਰ ਇਹ ਗੁਪਤ ਗੱਲ ਕਰਨੀ ਇਸ ਤਰ੍ਹਾਂ ਦੇ ਨਾਲ ਹੈ ਕਿ ਬੇਕਦਰਿਆਂ ਨੂੰ ਹੀਰੇ ਦੇਣੇ, ਉਹ ਤਾਂ ਕੱਚ ਦੇ ਟੁਕੜੇ ਸਮਝਦੇ ਨੇ। ਲੇਕਿਨ ਇਹਦਾ ਮੁੱਲ ਕਿੰਨਾਂ ਹੈ, ਮਹਾਰਾਜ ਕਹਿੰਦੇ ਜੇ ਗੱਲ ਸਮਝਣੀ ਹੈ ਤਾਂ –

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ*
*ਤਉ ਆਉ ਹਮਾਰੈ ਪਾਸਿ ॥ ਅੰਗ – ੧੧੦੨*

ਇਹਨੂੰ ਜਗਿਆਸੂ ਕਹਿੰਦੇ ਨੇ, ਜਗਿਆਸੂ ਨੂੰ ਵੱਡੀਆਂ-ਵੱਡੀਆਂ ਕੁਰਬਾਨੀਆਂ ਕਰਨੀਆਂ ਪੈਂਦੀਆਂ ਨੇ, ਇਹ ਬਚਨ ਸਮਝਣ ਵਾਸਤੇ ਤੇ ਅੱਜ ਗੁਰੂ ਮਹਾਰਾਜ ਜੀ ਦੀ ਆਪਣੀ ਕ੍ਰਿਪਾ ਹੋਈ ਤੇ ਪਿਤਾ ਦਾ ਤੇ ਮਾਤਾ ਦਾ ਅੰਤ ਆਇਆ ਨੇੜੇ ਦੇਖ ਕੇ, ਉਸ ਵੇਲੇ ਆਪ ਨੇ ਐਸੀ ਭਾਵਨਾ ਪੈਦਾ ਕਰ ਦਿੱਤੀ ਤੇ ਮਹਿਤਾ ਜੀ ਕਹਿੰਦੇ ਨੇ ਕਿ ਹੇ ਨਾਨਕ! ਮੈਨੂੰ ਐਉਂ ਤਾਂ ਦੱਸ, ਹੁਣ ਮੈਨੂੰ ਨਿਰਣਾ ਹੋ ਗਿਆ ਕਿ ਮੈਂ ਪਹਿਲਾਂ ਬੱਚਾ ਸੀ, ਫੇਰ ਜੁਆਨ ਹੋ ਗਿਆ, ਹੁਣ ਬੁੱਢਾ ਹੋ ਗਿਆ, ਹੁਣ ਮੈਨੂੰ ਪਤਾ ਲੱਗਿਆ ਕਿ ਮੈਂ ਸਰੀਰ 'ਚੋਂ ਨਿਕਲ ਜਾਣਾ ਹੈ, ਮੈਂ ਫੇਰ ਕੀ ਹੋਇਆ?

*ਇਆ ਮੰਦਰ ਮਹਿ ਕੌਨ ਬਸਾਈ ॥*
*ਤਾ ਕਾ ਅੰਤੁ ਨ ਕੋਊ ਪਾਈ ॥ ਅੰਗ – ੮੭੧*

ਮੈਨੂੰ ਇਹ ਗੱਲ ਸਮਝਾ ਦੇ ਤੇ ਕ੍ਰਿਪਾ ਕਰ ਮੇਰੇ ਉਪਰ। ਉਸ ਵੇਲੇ ਮਹਾਰਾਜ ਜੀ ਨੇ ਥੋੜ੍ਹੇ ਸਮੇਂ ਵਾਸਤੇ ਮਾਇਆ ਰੋਕ ਦਿੱਤੀ। ਮਾਇਆ ਰੋਕ ਕੇ ਦਿਖਾ ਦਿੱਤਾ ਕਿ ਮੈਂ ਸਰੀਰ ਤੋਂ ਨਿਆਰਾ ਕੁਛ ਹੋਰ ਹਾਂ, ਤੇ ਉਹ ਸਮਝਣ ਵਾਸਤੇ ਬੇਨਤੀ ਕਰਦਾ ਹੈ। ਸਾਧਸੰਗਤ ਜੀ ਹੁਣ ਸਮਾਂ ਇਜ਼ਾਜਤ ਨਹੀਂ ਦਿੰਦਾ, ਅਗਲੇ ਪ੍ਰੋਗਰਾਮ ਵਿੱਚ ਜਿਹੜੇ ਗੁਰੂ ਨਾਨਕ ਪਾਤਸ਼ਾਹ ਦੇ ਮਾਤਾ ਤੇ ਪਿਤਾ ਨਾਲ ਬਚਨ ਹੋਏ ਨੇ, ਉਹ ਆਪਾਂ ਗੁਰਬਾਣੀ ਦੇ ਚਾਨਣ ਵਿੱਚ ਵਿਚਾਰਨ ਦੀ ਕੋਸ਼ਿਸ਼ ਕਰਾਂਗੇ।

ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ, ਹੁਕਮਨਾਮਾ

# ਵੈਦ ਸੁਜਾਨ ਰਾਇ ਜੀ

*ਸਤਿਨਾਮ ਸ੍ਰੀ ਵਾਹਿਗੁਰੂ*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥*
*ਅੰਗ - ੨੮੯*

*ਧਾਰਨਾ - ਪਿਆਰੇ ਜਬ ਤੇ ਦਰਸ਼ਨ ਪਾਇਆ*
*ਸੰਸਾ ਉਤਰ ਗਿਆ।*

*ਠਾਕੁਰ ਤੁਮ੍ ਸਰਣਾਈ ਆਇਆ ॥*
*ਉਤਰਿ ਗਇਓ ਮੇਰੇ ਮਨ ਕਾ ਸੰਸਾ*
*ਜਬ ਤੇ ਦਰਸਨੁ ਪਾਇਆ ॥ ੧ ॥ ਰਹਾਉ ॥*
*ਅਨਬੋਲਤ ਮੇਰੀ ਬਿਰਥਾ ਜਾਨੀ*
*ਅਪਨਾ ਨਾਮੁ ਜਪਾਇਆ ॥*
*ਦੁਖ ਨਾਠੇ ਸੁਖ ਸਹਜਿ ਸਮਾਏ*
*ਅਨਦ ਅਨਦ ਗੁਣ ਗਾਇਆ ॥ ੧ ॥*
*ਬਾਹ ਪਕਰਿ ਕਢਿ ਲੀਨੇ ਅਪੁਨੇ*
*ਗ੍ਰਿਹ ਅੰਧ ਕੂਪ ਤੇ ਮਾਇਆ ॥*
*ਕਹੁ ਨਾਨਕ ਗੁਰਿ ਬੰਧਨ ਕਾਟੇ*
*ਬਿਛੁਰਤ ਆਨਿ ਮਿਲਾਇਆ ॥ ਅੰਗ - ੧੨੧੮*

*ਧਾਰਨਾ - ਸੰਸਾ ਮੇਰਾ ਜੀ ਉਤਰ ਗਿਆ,*
*ਪਿਆਰੇ ਜਬ 'ਤੇ ਦਰਸ਼ਨ ਪਾਇਆ।*

*ਧਾਰਨਾ - ਦਰਗਹ ਮਿਲਦੈ ਥਾਉਂ ਜੀ,*
*ਜੇ ਵਿਚ ਦੁਨੀਆਂ ਸੇਵ ਕਮਾਈਐ।*

*ਵਿਚਿ ਦੁਨੀਆ ਸੇਵ ਕਮਾਈਐ ॥*
*ਤਾ ਦਰਗਹ ਬੈਸਣੁ ਪਾਈਐ ॥*
*ਕਹੁ ਨਾਨਕ ਬਾਹ ਲੁਡਾਈਐ ॥ ਅੰਗ - ੨੬*

ਗੁਰੂ ਮਹਾਰਾਜ ਦਾ ਉਪਦੇਸ਼ ਹੈ, ਸੰਸਾਰ ਦੇ ਵਿੱਚ ਰਹਿ ਕੇ ਕਿਹੜਾ ਕੰਮ ਕੀਤਾ ਜਾਵੇ, ਜਿਹਦੇ ਨਾਲ ਦਰਗਾਹ 'ਚ ਜਾ ਕੇ ਪੱਤ ਰਹਿ ਜਾਵੇ, ਇਜ਼ਤ ਮਿਲ ਜਾਵੇ -

*ਰੇ ਰੇ ਦਰਗਹ ਕਹੈ ਨ ਕੋਊ ॥*
*ਆਉ ਬੈਠੁ ਆਦਰੁ ਸੁਭ ਦੇਊ ॥ ਅੰਗ - ੨੫੨*

ਸਾਰੇ ਸ਼ੁਭ ਆਦਰ ਦੇਣ ਤੇ ਸਤਿਕਾਰ ਕਰਨ, ਅਰੇ-ਅਰੇ ਕੋਈ ਨਾ ਕਹੇ, ਐਸਾ ਕੰਮ ਕਿਹੜਾ ਹੈ। ਮਹਾਰਾਜ ਕਹਿੰਦੇ ਕੁਛ ਤਾਂ ਕੰਮ ਐਸੇ ਨੇ ਜਿਹੜੇ ਜਾ ਕੇ ਦਰਗਾਹ ਦੇ ਵਿੱਚ ਸ਼ਰਮਿੰਦਾ ਕਰ ਦਿੰਦੇ ਨੇ।

*ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ॥*
*ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ ॥*
*ਅੰਗ - ੧੩੮੧*

ਐਹੋ ਜਿਹਾ ਕੰਮ ਨਾ ਕੋਈ ਕਰ ਬੈਠੀਂ ਕਿ ਦਰਗਾਹ ਵਿੱਚ ਜਾ ਕੇ ਤੈਨੂੰ ਸ਼ਰਮਿੰਦਾ ਹੋਣਾ ਪਵੇ, ਨੀਵੀਂ ਪਾ ਲਏਂ, ਜਵਾਬ ਨਾ ਤੇਰੇ ਤੋਂ ਬਣ ਆਵੇ, ਐਹੋ ਜਿਹਾ ਕੰਮ ਨਾ ਕਰੀਂ, ਜੇ ਭਲਾ ਪਿਛਲੇ ਜੀਵਨ ਦੇ ਅੰਦਰ ਹੋ ਵੀ ਗਏ, ਤਾਂ ਬਖਸ਼ਾ ਲੈ ਗੁਰੂ ਬਖਸ਼ਣਯੋਗ ਹੈ। ਸਮਾਂ ਜਿੰਨਾ ਕੁ ਬਾਕੀ ਬਚਦਾ ਹੈ ਬਖਸ਼ਾ ਲੈ ਉਹਦੇ ਵਿੱਚ, ਬਖਸ਼ ਦੇਵੇਗਾ। ਕਿਉਂਕਿ ਉਹਦਾ ਨਾਮ ਹੀ ਪਤਿਤ ਪਾਵਨ ਹੈ, ਪਤਿਤਾਂ ਨੂੰ ਪਵਿੱਤਰ ਕਰਨ ਵਾਲਾ। ਸੋ ਇਸ ਤਰ੍ਹਾਂ ਦੇ ਨਾਲ ਐਹੋ ਜਿਹਾ ਕੰਮ ਨਾ ਕਰ -

*ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ ॥*
*ਅੰਗ - ੧੩੮੧*

*ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ ॥*
*ਨਾਨਕ ਸਾਈ ਭਲੀ ਪਰੀਤਿ*
*ਜਿਤੁ ਸਾਹਿਬ ਸੇਤੀ ਪਤਿ ਰਹੈ ਅੰਗ - ੫੯੦*

ਪੱਤ ਰਹਿ ਜਾਵੇ, ਓਹੀ ਪ੍ਰੀਤਾਂ ਠੀਕ ਹੋਇਆ ਕਰਦੀਆਂ ਨੇ। ਸੋ ਦੁਨੀਆਂ ਦੇ ਅੰਦਰ ਜੀਵ ਆਉਂਦਾ ਹੈ, ਅਨੇਕ ਕਿਸਮ ਦੇ ਕੰਮ ਕਰਦਾ ਹੈ, ਨੌਕਰੀਆਂ-ਚਾਕਰੀਆਂ, ਵਣਜ-ਵਪਾਰ, ਮਹਾਰਾਜ ਕਹਿੰਦੇ ਬਈ ਦੁਨੀਆਂ 'ਚ ਸੇਵਾ ਕਰ। ਫੇਰ ਤੈਨੂੰ ਦਰਗਾਹ 'ਚ ਥਾਉਂ ਮਿਲੇਗਾ। ਇੱਕ ਕਰਮਚਾਰੀ ਹੈ ਦਿਨ ਰਾਤ ਕੰਮ ਕਰਦਾ ਹੈ, ਆਪਣੀ ਡਿਊਟੀ ਦਿੰਦਾ ਹੈ ਬਈ ਉਹ ਕਿਸ ਤਰ੍ਹਾਂ ਸੇਵਾ ਕਰੇ? ਸਵਾਲ ਪੈਦਾ ਹੋ ਜਾਂਦਾ ਹੈ ਕਿ ਜੀ ਮੇਰੇ ਕੋਲ ਤਾਂ ਸਮਾਂ ਹੀ ਨਹੀਂ, ਸੇਵਾ ਕਿਵੇਂ ਕੀਤੀ ਜਾਵੇ। ਰੋਟੀ ਪਾਣੀ ਤਾਂ ਵਾਹਿਗੁਰੂ ਨੇ ਦੇਣਾ ਹੈ, ਠੀਕ ਹੈ, ਤਨਖਾਹ ਮਿਲਦੀ ਹੈ, ਮਾਸਟਰ ਹੈ ਬੱਚਿਆਂ ਨੂੰ ਪੜ੍ਹਾਉਂਦਾ ਹੈ, ਪਰ ਜੇ ਉਸ ਮਾਸਟਰ ਦੇ ਮਨ ਵਿੱਚ ਇਹ ਭਾਵਨਾ ਜਾਗ ਪਵੇ ਕਿ ਮੈਂ ਬੱਚਿਆਂ ਨੂੰ ਪੜ੍ਹਾਉਣਾ ਹੀ ਪੜ੍ਹਾਉਣਾ ਹੈ। ਮੇਰਾ ਪੜ੍ਹਾਇਆ ਹੋਇਆ ਕੋਈ ਫੇਲ੍ਹ ਨਾ ਹੋਵੇ ਤੇ ਵੱਡੇ-ਵੱਡੇ ਆਫੀਸਰ ਲੱਗਣ। ਉਹ ਮਾਸਟਰ ਭਾਵੇਂ ਤਨਖਾਹ ਲੈਂਦਾ ਹੈ ਪਰ ਉਹਦੀ ਜਿਹੜੀ ਕਿਰਤ ਹੈ ਉਹ ਸੇਵਾ ਦੇ ਵਿੱਚ ਗਿਣੀ ਜਾਣ ਲੱਗ ਜਾਂਦੀ ਹੈ, ਕਿਉਂਕਿ extra ਉਨ੍ਹਾਂ ਦੀ ਭਾਵਨਾ ਇਹ ਹੈ ਕਿ ਮੈਂ ਸੇਵਾ ਕਰਾਂ, ਦਫਤਰਾਂ ਦੇ ਵਿੱਚ ਜੇ ਸਹੀ ਤਰੀਕੇ ਨਾਲ ਕੰਮ ਕਰਦਾ ਹੈ, ਧਿਆਨ 'ਚ ਰਖਦਾ ਹੈ ਕਿ ਦੇਰ ਨਾ ਹੋ ਜਾਵੇ, ਪਰੇਸ਼ਾਨੀ ਨਾ ਕਿਸੇ ਨੂੰ ਹੋ ਜਾਵੇ, ਸਹੀ ਰਸਤੇ ਮੈਂ ਪਾ ਦੇਵਾਂ, ਉਹਦਾ ਕੰਮ ਵੀ ਸੇਵਾ ਬਣ ਜਾਇਆ ਕਰਦਾ ਹੈ, ਅਤੇ ਪਾਪ ਕਦੋਂ ਬਣਦਾ ਹੈ ਜਦ ਜਾਣ ਬੁੱਝ

ਕੇ ਦੇਰੀ ਕਰੇ, ਖਰਾਬ ਕਰੇ ਕੰਮ ਨੂੰ, ਕਿਉਂਕਿ ਸਰਕਾਰ ਨੇ ਕਾਨੂੰਨ ਬਣਾਏ ਹੋਏ ਨੇ, ਹਰ ਇੱਕ ਨੂੰ ਉਨ੍ਹਾਂ ਕਾਨੂੰਨਾਂ ਦੇ ਬਾਰੇ ਗਿਆਤ ਨਹੀਂ ਹੁੰਦੀ। ਕੋਈ ਆਦਮੀ ਕੰਮ ਕਰਾਉਣਾ ਚਾਹੁੰਦਾ ਹੈ, ਉਸ ਕਾਗਜ਼ ਦੇ ਵਿੱਚ ਕਮੀਆਂ ਹੋ ਗਈਆਂ, ਉਹਨੇ ਉਸਨੂੰ guide ਕਰ ਦੇਣਾ ਹੈ ਕਿ ਐਨੀਆਂ ਚੀਜ਼ਾਂ ਹੋਰ ਚਾਹੀਦੀਆਂ ਨੇ ਜਿੰਨੀਆਂ ਤੁਸੀਂ ਲਿਖੀਆਂ ਨੇ, ਇਨ੍ਹਾਂ 'ਚੋਂ ਐਨੀਆਂ ਠੀਕ ਨੇ, ਐਨੀਆਂ ਜਿਹੜੀਆਂ ਨੇ ਇਨ੍ਹਾਂ ਨੂੰ ਹੋਰ ਤੁਸੀਂ ਐਸ ਹਿਸਾਬ ਨਾਲ ਬਣਾ ਕੇ ਭੇਜੋ, ਐਨੀਆਂ ਚੀਜ਼ਾਂ ਵਿੱਚ ਕਮੀ ਹੈ, ਜਦ ਉਹ ਇਸ ਤਰ੍ਹਾਂ ਦੇ ਨਾਲ guide ਕਰ ਦਏਗਾ, ਉਹਦਾ ਚਿੱਤ ਪ੍ਰਸੰਨ ਹੋ ਜਾਏਗਾ, ਜਿਸ ਦਾ ਕੰਮ ਹੋ ਰਿਹਾ ਹੈ। ਉਹ ਸੇਵਾ ਬਣ ਜਾਇਆ ਕਰਦੀ ਹੈ। ਡਾਕਟਰ ਹੈ ਮਰੀਜ਼ ਨੂੰ ਜੇ ਤਨਦੇਹੀ ਦੇ ਨਾਲ ਦੇਖਦਾ ਹੈ, ਅੰਦਰੋਂ ਦੇਖਦਾ ਹੈ, ਸੇਵਾ ਕਰਦਾ ਹੈ ਉਹ ਵੀ ਸੇਵਾ ਬਣ ਜਾਂਦੀ ਹੈ, ਇਸ ਤੋਂ ਇਲਾਵਾ ਸਾਂਝੇ ਕੰਮਾਂ ਦੇ ਵਿੱਚ ਜਿਥੇ ਆਪਣਾ ਹਿੱਤ ਨਾ ਹੋਵੇ, ਬੇਗਾਨਾ ਹਿੱਤ ਕੰਮ ਕਰਦਾ ਹੋਵੇ, ਉਥੇ ਜਿਹੜਾ ਸੇਵਾ ਕਰਦਾ ਹੈ, ਲੰਗਰ ਦੀ ਸੇਵਾ ਕਰਦਾ ਹੈ, ਹੋਰ ਅਨੇਕ ਕਿਸਮ ਦੀਆਂ ਸੇਵਾ, ਸੜਕਾਂ 'ਤੇ ਸੇਵਾ, ਬਿਲਡਿੰਗਾਂ ਦੀਆਂ ਸੇਵਾ, ਉਨ੍ਹਾਂ ਦੀ ਮਿਹਨਤ ਸੇਵਾ ਵਿੱਚ ਗਿਣੀ ਜਾਂਦੀ ਹੈ। ਐਸੀਆਂ ਸੇਵਾਵਾਂ ਜਿਸ ਵਕਤ ਕਰਦਾ ਹੈ, ਉਹਦੇ ਨਾਲ ਹੁੰਦਾ ਕੀ ਹੈ, ਉਸਨੂੰ ਮਿਹਰ ਪ੍ਰਾਪਤ ਹੁੰਦੀ ਹੈ ਵਾਹਿਗੁਰੂ ਦੀ, ਮਿਹਰ ਪ੍ਰਾਪਤ ਹੋਵੇ ਤਾਂ ਸਾਧੂ ਦਾ ਮਿਲਾਪ ਹੋਇਆ ਕਰਦਾ ਹੈ, ਸਤਿਸੰਗ ਮਿਲਣ ਲਗ ਜਾਂਦਾ ਹੈ–

*ਬਿਨੁ ਭਾਗਾ ਸਤਸੰਗੁ ਨ ਲਭੈ*
*ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥ ਅੰਗ - ੯੫*
*ਹਰਿ ਕੀਰਤਿ ਸਾਧਸੰਗਤਿ ਹੈ*
*ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥ ਅੰਗ - ੬੪੨*

ਸਤਿਸੰਗ ਦੇ ਵਿੱਚ entry ਮਿਲ ਜਾਂਦੀ ਹੈ ਉਸਨੂੰ, ਕਿਉਂਕਿ ਉਹਦੀ ਸੇਵਾ 'ਤੇ ਪ੍ਰਭੂ ਪ੍ਰਸੰਨ ਹੋ ਗਿਆ। ਕੋਈ ਮੰਦਰ, ਮਸਜਿਦ, ਗੁਰਦੁਆਰਾ, ਗਿਰਜਾ ਵਗੈਰਾ ਕੋਈ ਬਣਾਉਂਦਾ ਹੈ, ਏਸ ਆਸ਼ੇ ਨੂੰ ਮੁੱਖ ਰੱਖ ਕੇ ਕਿ ਇੱਥੇ ਪ੍ਰਮੇਸ਼ਰ ਦੇ ਪਿਆਰੇ ਇਕੱਠੇ ਹੋਇਆ ਕਰਨਗੇ, ਉਹ ਆਪਣਾ ਮਨ ਜਿਹੜਾ ਹੈ ਉਹ ਹਰੀ ਦੇ ਨਾਮ ਨਾਲ ਲਾ ਕੇ ਜਨਮ ਪਦਾਰਥ ਖੱਟਣਗੇ, ਉਹ ਸੇਵਾ ਥਾਂ ਪੈ ਜਾਇਆ ਕਰਦੀ ਹੈ, ਜੇ ਉਹਦੇ ਵਿੱਚ 'ਮੈਂ' ਨਾ ਹੋਵੇ। ਜੇ 'ਮੈਂ' ਹੋਵੇ ਕਿ 'ਮੈਂ' ਕਰਦਾ ਹਾਂ, ਆਹ ਚੀਜ਼ ਗੁਰੂ ਨੂੰ ਨਹੀਂ ਭਾਉਂਦੀ। ਕਿਉਂਕਿ ਇੱਕੋ ਚੀਜ਼ ਹੈ ਜਿਹੜੀ ਪ੍ਰਮੇਸ਼ਰ ਨੂੰ ਚੰਗੀ ਨਹੀਂ ਲਗਦੀ, ਉਹ ਹੈ ਅਭਿਮਾਨ, ਮਾਣ ਦੇ ਵਿੱਚ ਪ੍ਰਮੇਸ਼ਰ ਦੇ ਨਾਲੋਂ ਇਹ ਜੀਵ ਟੁੱਟ ਜਾਇਆ ਕਰਦਾ ਹੈ, ਵਿਛੜ ਜਾਇਆ ਕਰਦਾ ਹੈ, ਕਿਉਂਕਿ ਇਸੇ ਮਾਣ ਦਾ ਸੁਧਰਿਆ ਹੋਇਆ ਸਰੂਪ ਜਿਹੜਾ ਹੈ ਉਹ ਬਹੁਤ ਦੂਰ ਜਾ ਕੇ ਹਉਮੈ ਦੇ ਨਾਲ ਰਲ ਜਾਂਦਾ ਹੈ, ਹਉਮੈ ਦੇ ਜਜ਼ਬੇ ਨੇ ਏਸ ਜੀਵ ਨੂੰ ਬੁੱਧੀਹੀਣ ਕਰਕੇ ਅਖੰਡ ਜਿਹੜੀ ਜੋਤੀ ਸੀ ਉਹਨੂੰ ਤਿੰਨ ਹਿੱਸਿਆਂ 'ਚ ਵੰਡਿਆ ਹੋਇਆ ਦਿਖਾ ਦਿੱਤਾ ਜਿਵੇਂ ਅੱਖ ਦੇ ਕੋਏ ਦੇ ਵਿੱਚ ਆਪਾਂ ਉਂਗਲੀ ਰੱਖ ਦੇਈਏ, ਚੰਦ ਇੱਕ ਹੈ ਲੇਕਿਨ ਦੋ ਨਜ਼ਰ ਆਉਣ ਲੱਗ ਜਾਂਦੇ ਨੇ। ਹੈ ਤਾਂ ਇੱਕ, ਦੋਸ਼ ਕਿੱਥੇ ਪੈ ਗਿਆ, ਕਿਉਂਕਿ ਉਹਨੇ ਉਂਗਲੀ ਰੱਖ ਦਿੱਤੀ ਅੱਖ ਦੇ ਕੋਲ, ਇਹ ਤਾਂ ਅਖੰਡ ਜੋਤੀ ਹੈ ਵਾਹਿਗੁਰੁ ਜਿੰਨਾਂ ਕੁਛ ਤੁਸੀਂ ਦੇਖਦੇ ਓਂ, ਇੱਥੇ ਹੋਰ ਹੈ ਨਹੀਂ ਕੋਈ। ਲੇਕਿਨ ਇਹ ਹਉਮੈ ਰੁਪੀ ਜਿਹੜੀ ਸਾਡੀ ਉਂਗਲੀ ਸੀ, ਏਸ ਨੇ ਵਾਹਿਗੁਰੂ ਨੂੰ ਤਿੰਨ ਹਿੱਸਿਆਂ ਵਿੱਚ ਦਿਖਾ ਦਿੱਤਾ, ਇਕ ਤਾਂ ਈਸ਼ਵਰ ਦਿਖਾ ਦਿੱਤਾ, ਇੱਕ ਜੀਵ ਦਿਖਾ ਦਿੱਤਾ, ਇੱਕ ਜਗਤ ਦਿਖਾ ਦਿੱਤਾ, ਇਹ ਹਉਮੈ ਦਾ ਕਸੂਰ ਹੈ, ਪ੍ਰਮੇਸ਼ਰ ਇੱਕੋ ਹੀ ਹੈ ਸਾਡੀ ਦ੍ਰਿਸ਼ਟੀ 'ਚ ਫਰਕ ਪੈ ਗਿਆ। ਗੁਰੂ ਮਹਾਰਾਜ ਕਹਿੰਦੇ, ਤੇਰੀ ਸੇਵਾ ਤਾਂ ਭਾਉਣੀ ਹੈ ਜੇ ਤੂੰ ਨਿਮਰਤਾ ਧਾਰਨ ਕਰਕੇ ਸੇਵਾ ਕਰੇਂ, ਜੇ ਤੇਰੇ ਵਿੱਚ ਮੈਂ ਆ ਜਾਵੇ, ਮੈਂ ਕਰਦਾ ਹਾਂ, ਫੇਰ ਨਹੀਂ ਇਹ ਭਾਇਆ ਕਰਦੀ, ਐਸਾ ਫੁਰਮਾਨ ਹੈ –

*ਧਾਰਨਾ - ਤੇਰੀ ਸੇਵਾ ਨਾ ਗੁਰਾਂ ਨੂੰ ਭਾਵੇ*
*ਸੇਵਾ ਕਰਕੇ ਮਾਣ ਕਰਦਾ।*

ਸੇਵਾ ਕੀਤੀ ਤੇ ਨਾਲ ਮਾਣ ਕਰਨਾ ਸ਼ੁਰੂ ਕਰ ਦਿੱਤਾ ਕਿ ਮੈਂ ਕਰਦਾ ਹਾਂ, ਮੇਰੇ ਤੋਂ ਬਗੈਰ ਨਹੀਂ ਹੋ ਸਕਦੀ। ਜ਼ਰਾ ਕਿਸੇ ਨੇ ਟੋਕ ਦਿੱਤਾ ਗੁੱਸਾ ਆ ਗਿਆ, ਉਹ ਸੇਵਾ ਨਹੀਂ ਹੋਇਆ ਕਰਦੀ ਉਹ ਮਾਣ ਦੀ ਖੁਰਾਕ ਹੋਇਆ ਕਰਦੀ ਹੈ, ਗੁਰੂ ਨੂੰ ਨਹੀਂ ਭਾਇਆ ਕਰਦੀ। ਇਹ ਵਾਹਿਗੁਰੂ ਦੀ ਮਿਹਰ ਹੋਵੇ ਓਹੀ ਕਰ ਸਕਦਾ ਹੈ, ਨਹੀਂ ਤਾਂ ਨੇੜੇ ਰਹਿ ਕੇ ਵੀ ਖਾਲੀ ਰਹਿ ਜਾਂਦਾ ਹੈ। ਲੰਘ ਜਾਇਆ ਕਰਦਾ ਹੈ ਸਮਾਂ, ਬਾਅਦ ਵਿੱਚ ਕਹਿੰਦਾ ਹੈ ਕਿ ਜੇ ਮੈਂ ਵੀ ਸੇਵਾ ਕਰਦਾ ਤਾਂ ਚੰਗਾ ਸੀ।

*ਜਿਸੁ ਹਰਿ ਸੇਵਾ ਲਾਏ ਸੋਈ ਜਨੁ ਲਾਗੈ ॥*
*ਗੁਰ ਕੈ ਸਬਦਿ ਭਰਮ ਭਉ ਭਾਗੈ ॥*
*ਵਿਚੇ ਗ੍ਰਿਹ ਸਦਾ ਰਹੈ ਉਦਾਸੀ*
*ਜਿਉ ਕਮਲੁ ਰਹੈ ਵਿਚਿ ਪਾਣੀ ਹੇ ॥*
*ਅੰਗ - ੧੦੭੧*

ਘਰ 'ਚ ਰਹਿੰਦਾ ਹੋਇਆ, ਇਸ ਤਰ੍ਹਾਂ ਉਦਾਸ ਰਹੇ ਜਿਵੇਂ ਕਮਲ ਦਾ ਫੁੱਲ ਪਾਣੀ 'ਚ ਰਹਿੰਦਾ ਹੋਇਆ, ਕੋਈ ਅਸਰ ਨਹੀਂ ਕਬੂਲਦਾ।

*ਵਿਚਿ ਹਉਮੈ ਸੇਵਾ ਥਾਇ ਨ ਪਾਏ ॥*
*ਜਨਮਿ ਮਰੈ ਫਿਰਿ ਆਵੈ ਜਾਏ॥ ਅੰਗ-੧੦੭੧*

ਥਾਂ ਹੀ ਨਾ ਪਈ ਸੇਵਾ, ਜੰਮਦਾ ਮਰਦਾ ਰਹਿਣਾ ਹੈ ਉਸਨੇ, ਆਉਂਦਾ ਜਾਂਦਾ ਰਹਿਣਾ ਹੈ,

*ਸੋ ਤਪੁ ਪੂਰਾ ਸਾਈ ਸੇਵਾ*
*ਜੋ ਹਰਿ ਮੇਰੇ ਮਨਿ ਭਾਣੀ ਹੇ ॥*
*ਅੰਗ - ੧੦੭੧*

ਜਿਹੜੀ ਵਾਹਿਗੁਰੂ ਨੂੰ ਭਾਅ ਗਈ ਉਹ ਸੇਵਾ ਕੀਤੀ ਸਫਲ ਹੁੰਦੀ ਹੈ, ਐਸਾ ਫੁਰਮਾਨ ਹੈ ਗੁਰੂ ਮਹਾਰਾਜ ਦਾ -

*ਧਾਰਨਾ - ਸਾ ਸੇਵਾ ਕੀਤੀ ਸਫਲ ਹੈ,*
*ਜਾ ਸਤਿਗੁਰ ਕਾ ਮਨ ਮੰਨੇ।*

*ਸਾ ਸੇਵਾ ਕੀਤੀ ਸਫਲ ਹੈ*
*ਜਿਤੁ ਸਤਿਗੁਰ ਕਾ ਮਨੁ ਮੰਨੇ ॥*
*ਜਾ ਸਤਿਗੁਰ ਕਾ ਮਨੁ ਮੰਨਿਆ*
*ਤਾ ਪਾਪ ਕਸੰਮਲ ਭੰਨੇ ॥ ਅੰਗ - ੩੧੪*

ਫੇਰ ਉਹਦਾ ਅਸਰ ਕੀ ਹੋਏਗਾ, ਜਿੰਨੇ ਪਾਪ ਨੇ, ਜਿੰਨੀਆਂ ਬੁਰੀਆਂ ਚੀਜ਼ਾਂ ਨੇ ਸਾਰੀਆਂ ਭੱਜ ਜਾਣਗੀਆਂ। ਸਰੀਰ ਪਵਿੱਤਰ ਹੋ ਜਾਏਗਾ, ਸੋ ਅਨੇਕਾਂ ਹੀ ਤਰੀਕੇ ਨੇ ਸੇਵਾ ਕਰਨ ਦੇ।

*ਅਨਿਕ ਭਾਂਤਿ ਕਰਿ ਸੇਵਾ ਕਰੀਐ ॥*
*ਜੀਉ ਪ੍ਰਾਨ ਧਨੁ ਆਗੈ ਧਰੀਐ ॥ ਅੰਗ - ੩੯੧*

ਆਪਣਾ ਜੀਅ ਵੀ ਗੁਰੂ ਨੂੰ ਦੇ ਦੇ, ਧਨ ਵੀ ਦੇ ਦੇ, ਪ੍ਰਾਣ ਵੀ ਦੇ ਦੇ -

*ਪਾਨੀ ਪਖਾ ਕਰਉ ਤਜਿ ਅਭਿਮਾਨੁ ॥*
*ਅਨਿਕ ਬਾਰ ਜਾਈਐ ਕੁਰਬਾਨੁ॥ ਅੰਗ - ੩੯੧*

ਅਭਿਮਾਨ ਨਾ ਦਿਲ ਵਿੱਚ ਆਵੇ। ਵੱਡਾ ਆਦਮੀ ਜੋੜੇ ਝਾੜਨ ਲਗ ਜਾਏ, ਉਹਦੇ ਮਨ 'ਚ ਅਭਿਮਾਨ ਆ ਜਾਏਗਾ ਕਿ ਮੈਂ ਜੋੜੇ ਝਾੜ ਰਿਹਾ ਹਾਂ। ਜਦ ਇਹ ਗੱਲ ਆਈ ਤੇ ਉਸੇ ਵੇਲੇ ਗੁਰੂ ਨਾਲੋਂ ਟੁੱਟ ਜਾਂਦਾ ਹੈ। ਕਿਉਂਕਿ ਗੁਰੂ ਦੀ ਨਿਗ੍ਹਾ 'ਚ ਤਾਂ ਵੱਡਾ ਓਹੀ ਹੈ ਜਿਹਦੇ ਹਿਰਦੇ ਦੇ ਵਿੱਚ ਨਾਮ ਦੀ ਰੌ ਵਗ ਰਹੀ ਹੈ, ਬਾਕੀ ਨਹੀਂ ਵੱਡੇ। ਮਾਇਆਧਾਰੀ, ਮਾਇਆਧਾਰੀਆਂ ਲਈ ਵੱਡਾ ਹੋਣਾ ਹੈ, ਸੰਤਾਂ ਦੀ ਤੇ ਗੁਰੂ ਦੀ ਨਿਗ੍ਹਾ ਵਿੱਚ ਨਹੀਂ ਵੱਡਾ ਹੁੰਦਾ। ਜਿਹਨੇ ਨਾਮ ਨਾਲ ਲਿਵ ਲਾ ਲਈ ਉਹ ਵੱਡਾ ਹੈ। ਬਾਕੀ ਜਿਹੜੇ ਵੱਡੇ ਨੇ -

*ਵਡੇ ਵਡੇ ਜੋ ਦੀਸਹਿ ਲੋਗ ॥*
*ਤਿਨ ਕਉ ਬਿਆਪੈ ਚਿੰਤਾ ਰੋਗ॥ ਅੰਗ - ੧੮੮*

ਉਹ ਤਾਂ ਚਿੰਤਾ ਦੇ ਰੋਗੀ ਨੇ ਸਾਰੇ, ਚਿੰਤਾ ਦਾ ਸ਼ਿਕਾਰ ਹੋਏ ਹੋਏ ਨੇ, ਵੱਡੇ ਨਹੀਂ ਹਨ। ਵੱਡਾ ਹੈ ਪ੍ਰਮੇਸ਼ਰ ਦਾ ਪਿਆਰਾ, ਸੋ ਏਸ ਕਰਕੇ ਜੇ ਸੇਵਾ ਕਰਕੇ ਮਨ ਵਿੱਚ ਆ ਜਾਵੇ ਕਿ ਮੈਂ ਸੇਵਾ ਕਰਦਾ ਹਾਂ, ਮੇਰੇ ਤੋਂ ਬਗੈਰ ਹੋ ਨਹੀਂ ਸਕਦਾ, ਉਹ ਗੁਰੂ ਨੂੰ ਨਹੀਂ ਭਾਉਂਦਾ। ਮਹਾਰਾਜ ਕਹਿੰਦੇ -

*ਪਾਨੀ ਪਖਾ ਕਰਉ ਤਜਿ ਅਭਿਮਾਨੁ ॥*
*ਅਨਿਕ ਬਾਰ ਜਾਈਐ ਕੁਰਬਾਨੁ॥ ਅੰਗ - ੩੯੧*

ਐਸੇ ਜੀਵਨ ਵਾਲੇ ਗੁਰਸਿੱਖਾਂ ਦਾ ਜਦ ਅਸੀਂ ਜੀਵਨ ਦੇਖਦੇ ਹਾਂ, ਸਾਨੂੰ ਫੇਰ ਪੱਥ ਪ੍ਰਦਰਸ਼ਨ ਹੁੰਦਾ ਹੈ, ਤੇ ਇਰਾਦਾ ਬਣਦਾ ਹੈ ਕਿ ਐਸੇ ਸੇਵਕ ਵੀ ਹੋਏ ਨੇ ਜਿਨ੍ਹਾਂ ਨੇ ਸੇਵਾ ਕਰੀ। ਉਨ੍ਹਾਂ ਦੇ ਵਿਚੋਂ ਇੱਕ ਭਾਈ ਸੁਜਾਨ ਰਾਇ ਹੋਇਆ ਹੈ ਗੁਰੂ ਦਸਵੇਂ ਪਾਤਸ਼ਾਹ ਵੇਲੇ। ਜਿਹਦਾ ਨਾਮ ਬਾਅਦ ਵਿੱਚ ਭਾਈ ਸੁਜਾਨ ਸਿੰਘ ਰੱਖਿਆ ਗਿਆ। ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਜੀ ਨੇ ਆਪ ਅੰਮ੍ਰਿਤ ਛਕਾਇਆ ਉਸਨੂੰ, ਆਪਣੇ ਦਸਤ-ਏ-ਮੁਬਾਰਕ ਨਾਲ। ਇਹ ਬੜਾ ਹੀ ਅਮੀਰ ਘਰਾਣੇ ਨਾਲ ਸਬੰਧ ਰੱਖਣ ਵਾਲਾ ਸੀ, ਪਿਤਾ ਛੋਟੇ ਹੁੰਦੇ ਦਾ ਚੜ੍ਹਾਈ ਕਰ ਗਿਆ, ਤਾਏ ਦੇ ਓਲਾਦ ਕੋਈ ਨਹੀਂ ਸੀ, ਤਾਏ ਨੇ ਗੋਦ ਲੈ ਕੇ ਪਾਲਿਆ, ਪੜ੍ਹਾਇਆ। ਪਹਿਲਾਂ ਸੰਸਕ੍ਰਿਤ ਪੜ੍ਹਾਈ, ਹਿੰਦੀ ਪੜ੍ਹਾਈ, ਫਾਰਸੀ ਪੜ੍ਹਾਈ, ਅਰਬੀ ਪੜ੍ਹਾਈ ਹੋਰ ਵੀ ਜੋ ਵਿਦਿਆ ਉਹ ਸਿਖਲਾਈ ਤੇ ਇੱਕ ਚੰਗਾ ਡਾਕਟਰ ਹਕੀਮ ਸੀ ਓਸ ਤੋਂ ਹਿਕਮਤ ਸਿਖਾਈ। ਓਸ ਤੋਂ ਵੀ ਬਾਅਦ ਸਾਧੂ ਸੰਤਾਂ ਨਾਲ ਮਿਲਾਪ ਕਰਦਾ ਰਿਹਾ, ਪੈਸੇ ਦੀ ਕੋਈ ਘਾਟ ਨਹੀਂ ਸੀ, ਤੀਰਥ ਯਾਤਰਾ ਵਗੈਰਾ ਵੀ ਓਸ ਨੇ ਕਰੀਆਂ, ਬੜਾ ਕੁਛ ਕਰਿਆ ਤੇ ਵਾਹਿਗੁਰੂ ਦੀ ਕ੍ਰਿਪਾ ਨਾਲ ਪਤਨੀ ਉਸ ਦੀ ਬਹੁਤ ਆਗਿਆਕਾਰ ਸੀ, ਜਿਸ ਘਰ ਦੇ ਅੰਦਰ ਪਤਨੀ ਆਗਿਆਕਾਰ ਹੈ, ਉਹ ਸਵਰਗ ਦਾ ਦਰਵਾਜ਼ਾ ਹੋਇਆ ਕਰਦਾ ਹੈ। ਜਿਥੇ ਕੁਲਹਿਣੀ ਹੋਵੇ ਉਹ ਨਰਕ ਦਾ ਦਰਵਾਜ਼ਾ ਹੋਇਆ ਕਰਦਾ ਹੈ। ਪੁੱਤਰ ਆਗਿਆਕਾਰ ਹੋਵੇ, ਸਵਰਗ ਦਾ ਦਰਵਾਜ਼ਾ ਹੈ, ਆਪਣਾ ਧਨ ਪੱਲੇ ਹੋਵੇ ਸਵਰਗ ਦਾ ਦਰਵਾਜ਼ਾ ਹੈ। ਸੋ ਦੋ ਬੱਚਿਆਂ ਦੀਆਂ ਜੋੜੀਆਂ ਬਹੁਤ ਸੁੰਦਰ ਬੱਚੇ, ਪਿਆਰ ਕਰਨ ਵਾਲੇ, ਘਰ 'ਚ ਪਿਆਰ ਹੀ ਪਿਆਰ ਹੈ, ਤੀਰਥ ਯਾਤਰਾ ਕਰਦੇ ਨੇ, ਅਠਾਹਠ ਤੀਰਥਾਂ ਦਾ ਇਸ਼ਨਾਨ ਕਰਦੇ ਨੇ, ਲੇਕਿਨ ਮਨ ਵਿੱਚ ਕੁਛ ਸ਼ਾਂਤੀ ਨਹੀਂ ਆਉਂਦੀ, ਪਹਾੜਾਂ ਤੇ ਸੈਰ ਕਰਨ ਜਾਂਦੇ ਨੇ, ਨਹੀਂ ਸ਼ਾਂਤੀ ਆਉਂਦੀ, ਮੇਲੇ ਵਗੈਰਾ ਦੇਖਣ ਜਾਂਦੇ ਨੇ, ਮਨ ਦੇ ਅੰਦਰ ਗੌਰ ਕਰਦਾ ਹੈ ਕਿ ਥੋੜ੍ਹੀ ਦੇਰ ਦਾ ਛਿੰਨਭੰਗਰ ਜਿੰਨਾ ਅਨੰਦ ਜਿਹਾ ਤਾਂ ਆਉਂਦਾ ਹੈ, ਪਰ ਸ਼ਾਂਤੀ ਨਹੀਂ ਪੈਦਾ ਹੁੰਦੀ। ਇਸ ਤਰ੍ਹਾਂ ਦੇ ਨਾਲ ਸਮਾਂ ਲੰਘਦਾ ਰਿਹਾ, ਸਾਧਨ ਵੀ ਓਸਨੇ ਬੜੇ ਕੀਤੇ, ਸੰਗਤ ਵੀ ਕੀਤੀ, ਜਿਥੇ ਵੀ ਕੋਈ ਮਹਾਂਪੁਰਸ਼ ਸੁਣਿਆ, ਉਥੇ ਗਿਆ, ਲੇਕਿਨ ਚਿੱਤ ਦੇ ਅੰਦਰ ਇੱਕ ਖਾਲੀ ਥਾਂ ਸੀ, ਭਰੀ ਨਾ ਜਾਏ, ਨਾਟਕ-ਚੇਟਕ ਵੀ ਦੇਖੇ ਦੁਨੀਆਂ ਦੇ ਵੀ ਦਰਸ਼ਨ ਕਰੇ, ਮਹਾਰਾਜ ਕਹਿੰਦੇ ਇਸ ਤਰ੍ਹਾਂ ਤਾਂ ਸ਼ਾਂਤੀ ਆਇਆ ਨਹੀਂ ਕਰਦੀ ਕਿਉਂਕਿ ਜਿਸ ਚੀਜ਼ ਨੂੰ ਅੱਖਾਂ ਦੇਖਦੀਆਂ ਨੇ ਅੱਖਾਂ ਦੇਖ ਕੇ ਰੱਜਿਆ ਨਹੀਂ ਕਰਦੀਆਂ, ਕੰਨ ਸੁਣਦੇ ਨੇ ਸੁਣ-ਸੁਣ ਕੇ ਰੱਜਿਆ ਨਹੀਂ ਕਰਦੇ, ਜੀਭ ਸੁਆਦ ਲੈਂਦੀ ਹੈ ਇਹ ਰੱਜਿਆ ਨਹੀਂ ਕਰਦੀ, ਭੋਗਾਂ ਦੇ ਨਾਲ ਮਨ ਦੇ ਵਿੱਚ ਸੰਤੁਸ਼ਟੀ ਨਹੀਂ ਆਇਆ ਕਰਦੀ। ਨੱਕ ਜਿਹੜਾ ਹੈ ਇਹ ਵਾਸ਼ਨਾ ਲਈ ਜਾਵੇ ਇਹ ਨਹੀਂ ਰੱਜਦਾ ਤੇ ਜੀਉਣਾ ਵੀ

ਜਿਹੜਾ ਹੈ ਇਹਦੇ ਨਾਲ ਵੀ ਆਦਮੀ ਨਹੀਂ ਰੱਜਦਾ। ਐਸਾ ਭਾਈ ਗੁਰਦਾਸ ਜੀ ਦੀ ਬਾਣੀ ਦੇ ਅੰਦਰ ਸਿਧਾਂਤ ਆਉਂਦਾ ਹੈ -

*ਅਖੀ ਵੇਖਿ ਨ ਰਜੀਆ ਬਹੁ ਰੰਗ ਤਮਾਸੇ।*
*ਉਸਤਤਿ ਨਿੰਦਾ ਕੰਨਿ ਸੁਣਿ ਰੋਵਣਿ ਤੈ ਹਾਸੇ।*
*ਸਾਦੀ ਜੀਭ ਨ ਰਜੀਆ ਕਰਿ ਭੋਗਿ ਬਿਲਾਸੇ।*
*ਨਕ ਨ ਰਜਾ ਵਾਸੁ ਲੈ ਦੁਰਗੰਧ ਸੁਵਾਸੇ।*
*ਰਜਿ ਨ ਕੋਈ ਜੀਵਿਆ ਕੂੜੇ ਭਰਵਾਸੇ।*
*ਪੀਰ ਮੁਰੀਦਾ ਪਿਰਹੜੀ ਸਚੀ ਰਹਰਾਸੇ॥*
*ਭਾਈ ਗੁਰਦਾਸ ਜੀ, ਵਾਰ ਪਉੜੀ ੨੭/੯*

ਸ਼ਬਦ, ਸਪਰਸ, ਰੂਪ, ਰਸ, ਗੰਧ; ਇਹ ਪੰਜ ਵਿਸ਼ੇ ਹਨ, ਇਨ੍ਹਾਂ ਦੇ ਵਿੱਚ ਜਿਹੜਾ ਪੈ ਜਾਂਦਾ ਹੈ। ਮਹਾਰਾਜ ਕਹਿੰਦੇ ਉਹ ਬਚਦਾ ਨਹੀਂ ਹੈ, ਆਦਮੀ ਦੇ ਅੰਦਰ ਇਕੱਠੇ ਵਿਸ਼ੇ ਕੰਮ ਕਰਦੇ ਨੇ, ਅੱਖਾਂ ਦਾ ਵਿਸ਼ਾ ਪਤੰਗੇ ਦੇ ਵਿੱਚ ਹੈ, ਪਤੰਗਾ ਲਾਟ ਦੇ ਵਿੱਚ ਚਲਿਆ ਜਾਂਦਾ ਹੈ, ਤੇ ਫੰਗ ਜਲ ਜਾਂਦੇ ਨੇ। ਵਾਸ਼ਨਾ ਦਾ ਭੰਵਰੇ ਦੇ ਵਿੱਚ ਹੈ, ਫੁੱਲ ਦੇ ਵਿੱਚ ਆ ਜਾਂਦਾ ਹੈ ਤੇ ਮਾਰਿਆ ਜਾਂਦਾ ਹੈ। ਰਸ ਦਾ ਜੋ ਵਿਸ਼ਾ ਹੈ ਮੱਛੀ ਵਿੱਚ ਹੈ, ਕੁੰਡੀ ਸਣੇ ਨਿਗਲ ਜਾਂਦੀ ਹੈ ਤੇ ਅਖੀਰ ਮਰਨਾ ਪੈਂਦਾ ਹੈ। ਸਪਰਸ਼ ਦਾ ਜੋ ਵਿਸ਼ਾ ਹੈ ਇਹ ਹਾਥੀ ਦੇ ਅੰਦਰ ਹੈ ਟੋਆ ਪੁੱਟ ਲੈਂਦੇ ਨੇ ਉਥੇ ਕਾਗਜ਼ਾਂ ਦੀ ਹਥਨੀ ਖੜ੍ਹੀ ਕਰ ਲੈਂਦੇ ਨੇ, ਹਾਥੀ ਆ ਕੇ ਟੋਏ 'ਚ ਗਿਰ ਜਾਂਦਾ ਹੈ, ਸ਼ਬਦ ਦਾ ਜੋ ਵਿਸ਼ਾ ਹੈ ਇਹ ਹਰਨ ਦੇ ਵਿੱਚ ਹੈ। ਘੰਡੇਹੇੜੇ ਦਾ ਸ਼ਬਦ ਸੁਣਦਾ ਹੈ, ਮਸਤ ਹੋ ਕੇ ਲਿਟਣ ਲਗ ਜਾਂਦਾ ਹੈ, ਸ਼ਿਕਾਰੀ ਆ ਕੇ ਫੜ ਲੈਂਦਾ ਹੈ, ਸੋ ਇਨ੍ਹਾਂ ਵਿਸ਼ਿਆਂ ਦੇ ਵਿੱਚ ਕੋਈ ਰੱਜਦਾ ਨਹੀਂ ਹੈ, ਨਿਰਾਸ਼ ਹੀ ਹੁੰਦਾ ਹੈ, ਐਸਾ ਫੁਰਮਾਨ ਹੈ, ਪੜ੍ਹੋ ਪਿਆਰ ਨਾਲ-

*ਭਵਰੈ ਵਾਨੁ ਵਿਣਾਸੁ ਹੈ ਫਿਰਦਾ ਫੁਲਵਾੜੀ।*
*ਜਲੈ ਪਤੰਗੁ ਨਿਸੰਗੁ ਹੋਇ ਕਰਿ ਅਖਿ ਉਘਾੜੀ।*
*ਮਿਰਗ ਨਾਦਿ ਬਿਸਮਾਦੁ ਹੋਇ ਫਿਰਦਾ ਓਜਾੜੀ।*
*ਕੁੰਡੀ ਫਾਥੇ ਮਛ ਜਿਉ ਰਸਿ ਜੀਭ ਵਿਗਾੜੀ।*
*ਹਾਥਣਿ ਹਾਥੀ ਫਾਹਿਆ ਦੁਖ ਸਹੈ ਦਿਹਾੜੀ।*
*ਪੀਰ ਮੁਰੀਦਾ ਪਿਰਹੜੀ*
*ਲਾਇ ਨਿਜ ਘਰਿ ਤਾੜੀ।।*
*ਭਾਈ ਗੁਰਦਾਸ ਜੀ, ਵਾਰ ੨੭/੩*

ਜਿੰਨਾ ਸੰਸਾਰ ਦੇ ਵਿਸ਼ਿਆਂ ਨੂੰ ਕੋਈ ਭੋਗਦਾ ਹੈ, ਉਨੀਂ ਹੀ ਅਸ਼ਾਂਤੀ ਵਧਦੀ ਤੁਰੀ ਜਾਂਦੀ ਹੈ, ਸ਼ਾਂਤੀ ਨਹੀਂ ਆਇਆ ਕਰਦੀ ਤੇ ਨਾਸ਼ ਕਰ ਦਿੰਦੀ ਹੈ, ਕੇਵਲ ਇੱਕ ਹੈ ਕਿ ਪੀਰ ਦਾ ਤੇ ਮੁਰੀਦ ਦਾ (ਗੁਰੂ ਦਾ ਤੇ ਸਿੱਖ ਦਾ) ਪਿਆਰ ਜਿਹੜਾ ਹੈ, ਉਹ ਆਪਣੇ ਅਸਲ ਘਰ ਦੇ ਵਿੱਚ ਪਹੁੰਚਾ ਦਿੰਦਾ ਹੈ, ਜਿਥੇ ਮਹਾਨ ਅਨੰਦ ਹੈ। ਸੋ ਇਸ ਤਰ੍ਹਾਂ ਦੇ ਨਾਲ ਇਹ ਚੀਜ਼ਾਂ ਸ਼ਾਂਤੀ ਨਹੀਂ ਦਿੰਦੀਆਂ। ਇਹ ਜੋ ਭਾਈ ਸੁਜਾਨ ਰਾਇ ਸੀ, ਬੜਾ ਕੁਛ ਏਸ ਨੇ ਤੱਕਿਆ, ਲੇਕਿਨ ਸ਼ਾਂਤੀ ਨਹੀਂ ਆਉਂਦੀ, ਇਨ੍ਹਾਂ ਦਾ ਇੱਕ ਮਿੱਤਰ ਸੀ ਜਿਸਦਾ ਨਾਉਂ ਅੰਮ੍ਰਿਤਰਾਇ ਸੀ, ਇਹ ਅੰਮ੍ਰਿਤਰਾਇ ਇੱਕ ਕਵੀ ਸੀ, ਮਿਲ ਕੇ ਦੋਵੇਂ ਜਣੇ ਵਿਚਾਰ ਕਰ ਲੈਂਦੇ ਸੀ, ਕਦੇ-ਕਦੇ ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਦਾ ਜ਼ਿਕਰ ਚੱਲ ਪੈਣਾ, ਅੰਮ੍ਰਿਤਰਾਇ ਨੇ ਕਹਿਣਾ ਕਿ ਮੈਂ ਕਵੀ ਹਾਂ ਏਸ ਸੰਸਾਰ ਦੇ ਅੰਦਰ, ਕਵੀਆਂ ਦੀ ਹੁਣ ਕਦਰ ਨਹੀਂ ਹੁੰਦੀ। ਵਿਦੇਸ਼ੀ ਮੁਗਲਾਂ ਦਾ ਰਾਜ ਹੈ ਤੇ ਇਹ ਕਦਰ ਨਹੀਂ ਕਰਦੇ, ਤੇ ਸੁਣਿਆ ਹੈ ਕਿ ਗੁਰੂ ਗੋਬਿੰਦ ਸਿੰਘ ਮਹਾਰਾਜ ਜਿਹੜੇ ਨੇ ਉਹ ਕਵੀਆਂ ਦੀ ਕਦਰ ਕਰਦੇ ਨੇ ਤੇ ਮੇਰੇ ਮਿੱਤਰ ਕਵੀ ਸੈਨਾਪਤੀ ਓਸ ਥਾਂ ਨੇ, ਮੈਂ ਵੀ ਤੇਰੇ ਵਾਗੂੰ ਹੀ ਆਪਣੇ ਮਨ ਦੇ ਅੰਦਰ ਐਸੀਆਂ ਗੱਲਾਂ ਸੋਚਿਆ ਕਰਦਾ ਸੀ ਕਿ ਸ਼ਾਂਤੀ ਨਹੀਂ ਆਉਂਦੀ ਤੇ ਮੈਂ ਕਈ ਵਾਰੀ ਓਸ ਦੇ ਕੋਲ ਜ਼ਿਕਰ ਕੀਤਾ, ਤਾਂ ਓਸ ਨੇ ਮੈਨੂੰ ਗੁਰੂ ਦੀ ਬਾਣੀ ਦੇ ਨਾਲ ਐਸ ਤਰ੍ਹਾਂ ਸਮਝਾਉਣ ਦਾ ਯਤਨ ਕੀਤਾ -

*ਧਾਰਨਾ - ਕਿਤ ਬਿਧ ਮਨ ਧੀਰੇ ਜੀ,*
*ਬਿਨ ਹਰਿ ਨਾਮ ਨ ਸ਼ਾਂਤ ਹੋਇ।*
*ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥*
*ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ ॥*
*ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ ॥*
*ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥*
*ਬਿਨੁ ਹਰਿ ਨਾਮ ਨ ਸਾਂਤਿ ਹੋਇ*
*ਕਿਤੁ ਬਿਧਿ ਮਨੁ ਧੀਰੇ ॥ ਅੰਗ - ੭੦੭*

ਕੰਨਾਂ ਦੇ ਨਾਲ ਬੇਅੰਤ ਰਾਗ ਵਗੈਰਾ ਸੁਣਨੇ, ਗੱਲਾਂਬਾਤਾਂ ਸੁਣਨੀਆਂ, ਨਹੀਂ ਧੀਰਜ ਧਰਦਾ ਮਨ, ਕੋਈ ਤਰੀਕਾ ਹੀ ਨਹੀਂ ਹੈ, ਮਾਇਆ ਦੀ ਪ੍ਰਾਪਤੀ, ਸੁਖਾਂ ਦੀ ਕੋਈ ਗਿਣਤੀ ਨਹੀਂ, ਰਸ ਸਾਰੇ ਭੋਗ ਸਕਦਾ ਹੈ, ਘਰ ਦੇ ਅੰਦਰ ਹੀਰੇ ਤੇ ਮੋਤੀ ਲੱਗੇ ਹੋਏ ਨੇ ਤੇ ਬਹੁਤ ਸੋਹਣੀ ਸਜਾਵਟ ਕੀਤੀ ਹੋਈ ਹੈ। ਜੋ ਵੀ ਮਨ 'ਚ ਸੁਖ ਆ ਜਾਏ, ਉਹ ਉਹਨੂੰ ਮਾਣ ਹੀ ਲੈਂਦਾ ਹੈ, ਕੋਈ ਕਮੀ ਨਹੀਂ, ਕੋਈ ਘਾਟਾ ਨਹੀਂ, ਕੋਈ ਦੁਖ ਨਹੀਂ ਹੁੰਦਾ, ਪਰ ਜੇ ਵਾਹਿਗੁਰੂ ਚਿੱਤ ਨਹੀਂ ਆਉਂਦਾ -

*ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥*

ਕਿੰਨੀਓਂ ਪ੍ਰਾਪਤੀ ਹੋਵੇ, ਮਹਾਰਾਜ ਨੇ ਕਿੱਥੇ ਰੱਖ ਦਿੱਤਾ, ਵਿਸ਼ਟਾ ਦੇ ਕੀੜੇ ਦੇ ਬਰਾਬਰ ਰੱਖ ਦਿੱਤਾ, ਇਹਦਾ ਮਤਲਬ ਹੈ ਕੋਈ ਬਹੁਤ ਵੱਡੀ ਗੱਲ ਮਹਾਰਾਜ ਕਰ ਰਹੇ ਨੇ, ਜਿਹੜੀ ਸਾਡੀ ਸਮਝ ਤੋਂ ਪਰ੍ਹੇ ਹੈ। ਨਾਮ ਤੋਂ ਬਗੈਰ ਜੇ ਵੱਡੀਆਂ-ਵੱਡੀਆਂ ਚੀਜ਼ਾਂ ਪ੍ਰਾਪਤ ਹੋ ਜਾਣ, ਤਾਂ ਵੀ ਮਨ ਧੀਰਜ ਨਹੀਂ ਧਰਦਾ ਕਿਉਂਕਿ ਨਾਮ ਤੋਂ ਬਿਨਾਂ ਮਾਇਆ ਦਾ ਜਿਹੜਾ ਸੇਕ ਹੈ, ਤ੍ਰਿਸ਼ਨਾ ਦੀ ਅਗਨ ਹੈ ਉਹ ਏਸਨੂੰ ਜਾਲ ਕੇ ਰੱਖ ਦਿੰਦੀ ਹੈ। ਐਸਾ ਫੁਰਮਾਨ ਹੈ ਮਹਾਰਾਜ ਜੀ ਦਾ -

*ਧਾਰਨਾ - ਜਲ ਬਲ ਜਾਵੇ ਜੀਉੜਾ ਨਾਮ ਤੋਂ ਬਿਨਾਂ।*

ਨਾਮ ਤੋਂ ਬਗੈਰ ਆਦਮੀ ਦਾ ਜੋ ਮਹਿਸੂਸ ਕਰਨ ਵਾਲਾ ਜੰਤਰ ਹੈ, ਸੁਖ ਤੇ ਦੁਖ ਨੂੰ, ਖੁਸ਼ੀ ਤੇ ਗਮੀ ਨੂੰ ਮਹਿਸੂਸ ਕਰਦਾ ਹੈ, ਕਹਿੰਦੇ ਜਲ ਜਾਂਦਾ ਹੈ, ਕਿਉਂਕਿ ਤ੍ਰਿਸ਼ਨਾ ਦੀ ਅੱਗ ਬੁਰੀ ਹੈ -

*ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ*
*ਕੋਈ ਹਰਿਆ ਬੂਟੁ ਰਹਿਓ ਰੀ॥ ਅੰਗ - ੩੮੪*

ਕੋਈ ਸੰਸਾਰ ਦੇ ਅੰਦਰ ਹਰਾ ਬੂਟਾ ਹੈ, ਬਾਕੀ ਸਾਰੇ ਜਾਲ ਦਿੱਤੇ, ਬਾਹਰਲੀਆਂ ਪ੍ਰਾਪਤੀਆਂ ਆਦਮੀ ਨੂੰ ਅੰਦਰਲੀ ਸ਼ਾਂਤੀ ਦੇਣੋਂ ਅਸਮਰੱਥ ਨੇ, ਕਿਉਂਕਿ ਬਾਹਰਲੇ ਸੁਖ ਛਿਨਭੰਗਰ ਨੇ, ਆਦਮੀ ਨੂੰ ਓਸ ਚੀਜ਼ ਨਾਲ ਲੱਗਣਾ ਚਾਹੀਦਾ ਹੈ ਜਿਹੜੀ ਸਥਿਰ ਹੈ, ਸਦੀਵੀ ਹੈ ਇੱਕ ਰਸ ਰਹਿਣ ਵਾਲੀ ਹੈ।

ਗੁਰੂ ਨਾਨਕ ਪਾਤਸ਼ਾਹ ਦੇ ਨਾਲ ਜਦੋਂ ਕਲਜੁਗ ਦਾ ਮਿਲਾਪ ਹੋਇਆ, ਤੇ ਮਹਾਰਾਜ ਜੀ ਤੋਂ ਪ੍ਰਭਾਵਿਤ ਹੋ ਗਿਆ, ਓਸ ਵੇਲੇ ਉਸ ਨੇ ਮਹਾਰਾਜ ਜੀ ਨੂੰ ਕੁਛ ਭੇਟਾਵਾਂ (offers) ਕਰੀਆਂ, ਕਹਿਣ ਲੱਗਿਆ, ਸੱਚੇ ਪਾਤਸ਼ਾਹ! ਮੇਰੀ ਸੇਵਾ ਪ੍ਰਵਾਨ ਕਰੋ, ਮੈਂ ਸਾਰੀਆਂ ਦੌਲਤਾਂ ਦਾ ਮਾਲਕ ਹਾਂ, ਸਾਰੀਆਂ ਰਿੱਧੀਆਂ-ਸਿੱਧੀਆਂ ਦਾ ਮਾਲਕ ਹਾਂ, ਸਾਰੇ ਰੂਪ ਦਾ ਮਾਲਕ ਹਾਂ, ਸਾਰੀਆਂ ਸ਼ਕਤੀਆਂ, ਰਾਜਸੀ ਸ਼ਕਤੀਆਂ ਦਾ ਮਾਲਕ ਹਾਂ, ਤੇ ਮੈਂ ਆਪ ਨੂੰ ਚਾਰੇ ਚੀਜ਼ਾਂ ਭੇਟਾ ਕਰਦਾ ਹਾਂ। ਆਪ ਦੇ ਵਾਸਤੇ ਮੋਤੀਆਂ ਦੇ ਮੰਦਰ ਬਣਾ ਦਿੰਦਾ ਹਾਂ, ਰਤਨਾਂ ਦੇ ਨਾਲ ਜੜ ਦਿੰਦਾ ਹਾਂ, ਨਿਗ੍ਹਾਂ ਨਹੀਂ ਟਿਕੇਗੀ, ਝਿਲਮਿਲ-ਝਿਲਮਿਲ ਕਰੇਗਾ, ਚਮਕਾਰਾ ਓਸ ਦਾ ਰੰਗ-ਬਿਰੰਗਾ ਪਏਗਾ ਤੇ ਆਦਮੀ ਉਹਦੇ ਵਿੱਚ ਮਸਤ ਹੋ ਜਾਏਗਾ, ਇਕ ਤਰ੍ਹਾਂ ਦਾ ਓਸ ਨੂੰ ਅਨੰਦ ਆ ਜਾਏਗਾ, ਚੰਦਨ ਦੀਆਂ ਸੁਗੰਧੀਆਂ, ਐਸੀਆਂ ਸੁਗੰਧੀਆਂ ਕਿ ਆਦਮੀ ਦੇ ਅੰਦਰ ਜਾਂਦੇ ਸਾਰ ਮਸਤੀ ਛਾ ਜਾਏਗੀ, ਕਿਉਂਕਿ ਐਸਾ ਸੁਗੰਧੀ ਦਾ ਅਸਰ ਹੋਣਾ ਕੁਦਰਤੀ ਹੋਇਆ ਕਰਦਾ ਹੈ। ਇਸੇ ਕਰਕੇ ਗੰਧ ਜਿਹੜਾ ਹੈ ਇਹਨੂੰ ਵਿਸ਼ਾ ਗਿਣਿਆ ਗਿਆ ਹੈ।

ਡਾ. ਸਵਾਮੀ ਰਾਮ ਜੀ ਲਿਖਦੇ ਨੇ ਕਿ ਮੈਂ ਇਕ ਵਾਰੀ ਇਰਾਦਾ ਕਰਿਆ ਕਿ ਫੁੱਲਾਂ ਦੀ ਜਿਹੜੀ ਪਹਾੜੀ ਹੈ, ਇਹ ਸਾਰੀ ਫਿਰ ਕੇ ਦੇਖਾਂ ਤੇ ਮੈਨੂੰ ਇਕ ਮਹਾਤਮਾ ਜਿਹਨੂੰ ਗੋਦੜੀ ਬਾਬਾ ਕਹਿੰਦੇ ਸੀ, ਜਿਹੜਾ ਉਥੇ ਹੀ ਰਹਿੰਦਾ ਸੀ, ਉਹ ਮਿਲ ਗਿਆ ਤੇ ਉਹ ਕਹਿਣ ਲੱਗਿਆ ਕਿ ਤੂੰ ਕਿੱਥੇ ਜਾਣਾ ਹੈ? ਮੈਂ ਕਿਹਾ, ਮੈਂ ਤੁਹਾਡੇ ਨਾਲ ਜਾਣਾ ਹੈ, ਕਹਿੰਦੇ ਦੇਖ ਜਾਣਾ ਤਾਂ ਹੈ, ਪਰ ਜੇ ਤੂੰ ਇੱਕ ਵਾਰੀ ਇਸ ਵੈਲੀ 'ਚੋਂ ਲੰਘ ਗਿਆ ਨਾ, ਤਾਂ ਤੈਨੂੰ ਆਪਣਾ ਨਾਮ ਵੀ ਭੁੱਲ ਜਾਣਾ ਹੈ, ਸਭ ਕੁਛ ਭੁੱਲ ਜਾਣਾ ਹੈ, ਆਪਣੇ ਆਪ ਨੂੰ ਤੂੰ ਭੁੱਲ ਜਾਣਾ ਹੈ, ਇਥੇ ਬਹੁਤੇ ਨੇ ਜਿਹੜੇ ਇੱਥੇ ਹੀ ਰਹਿ ਜਾਂਦੇ ਨੇ। ਇਸ ਗੱਲ ਤੋਂ ਸਾਵਧਾਨ ਰਹੀਂ, ਕਹਿੰਦਾ ਮੈਂ ਅਜੇ ਗੱਲਾਂ ਕਰਦਾ ਸੀ ਐਨੇ ਨੂੰ ਜਪਾਨ ਤੋਂ ਇੱਕ ਸੰਤ ਆ ਗਿਆ, ਉਸ ਨੇ ਵੀ ਇਹ ਗੱਲ ਕਹੀ ਕਿ ਮੈਂ ਇੱਥੇ ਫੁੱਲਾਂ ਦੀ ਘਾਟੀ ਦੇਖਣ ਆਇਆ ਹਾਂ, ਅਸੀਂ ਪੈਦਲ ਚੱਲ ਪਏ ਉਨ੍ਹਾਂ ਦੇ ਨਾਲ, ਕਹਿਣ ਲੱਗੇ, ਜੇ ਮੇਰੇ ਨਾਲ ਚੱਲਣਾ ਹੈ ਤਾਂ ਮੇਰੀ ਗੋਦੜੀ ਚੁੱਕੋ। ਕਹਿੰਦੇ ਮੈਂ ਚੁੱਕ ਲਈ, ਉਹ ਪੰਜਾਹ ਸੇਰ ਭਾਰੀ, ਮੋਢਾ ਥੱਲੇ ਨੂੰ ਲਈ ਜਾਵੇ, ਪਹਾੜ ਦੀ ਚੜ੍ਹਾਈ, ਮੈਂ ਕਿਹਾ ਬਾਬਾ ਇਹ ਗੋਦੜੀ ਨਹੀਂ ਚੁੱਕ ਹੁੰਦੀ। ਕਹਿੰਦਾ ਫੇਰ ਇਹ ਜਪਾਨੀ ਚੁੱਕੇ, ਜਪਾਨੀ ਨੇ ਚੁੱਕੀ ਉਹ ਵੀ ਕਹਿੰਦਾ ਕਿ ਇਹ ਨਹੀਂ ਮੇਰੇ ਤੋਂ ਚੁੱਕ ਹੁੰਦੀ। ਕਹਿੰਦੇ ਫੇਰ ਉਹਨੇ ਫੇਰ ਆਪ ਹੀ ਚੁੱਕ ਲਈ। ਉਹਨੂੰ ਗੋਦੜੀ ਬਾਬਾ ਕਹਿੰਦੇ ਸੀ। ਉਹਦੇ ਗੁਰੂ ਗ੍ਰੰਥ ਸਾਹਿਬ ਸਾਰਾ ਜ਼ੁਬਾਨੀ ਯਾਦ ਸੀ, ਸਾਡੇ ਤਾਂ ਹੈ ਨਹੀਂ ਕਿਸੇ ਦੇ, ਪਰ ਉਹਦੇ ਸਾਰਾ ਯਾਦ ਸੀ। ਜਾਂਦੇ-ਜਾਂਦੇ ਜਪਾਨੀ ਸੰਤ ਜਿਹੜਾ ਸੀ ਉਸਨੂੰ ਬੁਖਾਰ ਚੜ੍ਹ ਗਿਆ ਤੇ ਮੈਂ ਕਿਹਾ ਬਾਬਾ! ਇਹਨੂੰ ਤਾਂ ਬੁਖਾਰ ਬੜਾ ਚੜ੍ਹ ਗਿਆ। ਕਹਿੰਦਾ, ਕੰਬਲੀ ਨੂੰ ਨਿੰਦਦੇ ਓ ਨਾ ਮੇਰੀ ਨੂੰ, ਇਹ ਕੰਬਲੀ ਸਾਰੇ ਹੀ ਇਲਾਜ ਕਰ ਦਿੰਦੀ ਹੈ, ਉਤੇ ਦੇ ਦਿੱਤੀ ਜਪਾਨੀ ਸੰਤ ਦੇ, ਉਹ ਕੰਬ ਰਿਹਾ ਸੀ, ਸ਼ਾਂਤ ਹੋ ਗਿਆ। ਕਹਿੰਦੇ ਨਿਕਲ ਆ, ਬਾਹਰ। ਜਦੋਂ ਨਿਕਲਿਆ ਬਾਹਰ ਤਾਂ ਕੰਬਲੀ ਟੱਪੀ ਜਾਵੇ।ਮੈਂ ਕਿਹਾ, ਬਾਬਾ! ਇਹ ਕੰਬਲੀ ਕਿਉਂ ਟੱਪ ਰਹੀ ਹੈ? ਕਹਿੰਦੇ ਬੁਖਾਰ ਚੜ੍ਹ ਗਿਆ ਇਹਨੂੰ। ਤੁਸੀਂ ਇਹਨੂੰ ਨਿੰਦਦੇ ਸੀ, ਇਹ ਤਾਂ ਜੀਉਂਦੀ ਜਾਗਦੀ ਚੀਜ਼ ਹੈ। ਕਹਿੰਦੇ, ਹੁਣ? ਜਿਹੜਾ ਚੁੱਕੇਗਾ ਉਹਨੂੰ ਚੜ੍ਹ ਜਾਏਗਾ। ਕਹਿੰਦੇ, ਫੇਰ ਕੀ ਕਰੀਏ? ਕਹਿੰਦੇ, ਐਉਂ ਕਰੋ, ਕੰਨੀਆਂ ਫੜ ਕੇ, ਖੱਡ ਵਿੱਚ ਸੁੱਟ ਦਿਓ ਬੁਖਾਰ ਨੂੰ।

ਮਹਾਤਮਾ ਦੀਆਂ ਗੱਲਾਂ ਬਹੁਤੀਆਂ ਹੀ ਅਜੀਬ ਹੋਇਆ ਕਰਦੀਆਂ ਨੇ। ਦੁਨੀਆਦਾਰ ਨਹੀਂ ਇਹਨੂੰ ਸਮਝ ਸਕਿਆ ਕਰਦੇ। ਬਾਬਾ ਸ੍ਰੀ ਚੰਦ ਜੀ ਮਹਾਰਾਜ ਜਹਾਂਗੀਰ ਨੇ ਬੁਲਾਏ, ਜਹਾਂਗੀਰ ਦੇ ਪਾਸ ਚਲੇ ਗਏ, ਬੁਖਾਰ ਚੜ੍ਹਿਆ ਹੋਇਆ ਸੀ, ਆਪ ਨੂੰ। ਜਦੋਂ ਜਹਾਂਗੀਰ ਗੱਲਬਾਤ ਕਰਨ ਲੱਗਿਆ ਤਾਂ ਇਨ੍ਹਾਂ ਨੇ ਗੋਦੜੀ ਲਾਹ ਕੇ ਥੱਲੇ ਰੱਖ ਦਿੱਤੀ ਥੋੜ੍ਹੀ ਦੂਰ। ਇਹ ਗੱਲਬਾਤ ਕਰਨ ਤੇ ਗੋਦੜੀ ਟੱਪੀ ਜਾਵੇ। ਕਹਿਣ ਲੱਗਿਆ, ਬਾਬਾ! ਇਹ ਗੋਦੜੀ ਕਿਉਂ ਟੱਪੀ ਜਾਂਦੀ ਹੈ? ਕਹਿੰਦੇ, ਬੁਖਾਰ ਚੜ੍ਹਿਆ ਹੋਇਆ ਸੀ ਮੈਨੂੰ, ਮੈਂ ਤੇਰੇ ਨਾਲ ਗੱਲ ਕਰਨੀ ਸੀ ਤੇ ਹੁਣ ਮੈਂ ਥੋੜ੍ਹੀ ਦੇਰ ਲਈ ਗੋਦੜੀ ਨੂੰ ਬੁਖਾਰ ਚਾੜ੍ਹਿਆ ਹੈ, ਤੂੰ ਮੇਰੇ ਨਾਲ ਗੱਲ ਕਰ ਲੈ। ਜਹਾਂਗੀਰ ਨੇ ਕਿਹਾ ਕਿ ਇਸ ਤਰ੍ਹਾਂ ਵੀ ਬੁਖਾਰ ਚੜ੍ਹ ਜਾਂਦਾ ਹੈ? ਕਹਿੰਦਾ ਲੈ ਹੁਣੇ ਚੜ੍ਹ ਜਾਂਦਾ ਹੈ। ਉਂਗਲੀ ਕਰੀ ਗੋਦੜੀ ਵੱਲ, ਕਹਿੰਦੇ ਜਹਾਂਗੀਰ ਨੂੰ ਦੇਈਂ ਦਰਸ਼ਨ ਜ਼ਰਾ ਕੁ। ਜਦ ਚੜ੍ਹਿਆ ਤਖਤ 'ਤੇ ਬੈਠਾ ਹੀ ਟੱਪੇ। ਕਹਿੰਦਾ, ਬਾਬਾ! ਛੇਤੀ ਲਾਹ-ਛੇਤੀ ਲਾਹ ਇਹਨੂੰ। ਗੋਦੜੀ ਨੂੰ ਫੇਰ ਚਾੜ੍ਹ ਦਿੱਤਾ ਬੁਖਾਰ। ਇਹ ਗੱਲਾਂ ਸਮਝ ਆਉਣ ਤੋਂ ਉੱਚੀਆਂ ਨੇ ਕਿਉਂਕਿ ਇਹ ਗੱਲਾਂ ਹੀ ਹੋਰ ਨੇ, ਰਸਤਾ ਹੀ ਹੋਰ ਹੈ। ਲੋਕ ਤਾਂ ਸਾਧੂ ਸੰਤਾਂ ਨੂੰ ਗਾਲ੍ਹਾਂ ਹੀ ਕੱਢੀ ਜਾਂਦੇ

ਹੁੰਦੇ ਨੇ, ਪਤਾ ਨਹੀਂ ਹੈ ਕਿ ਕਿੱਡੀਆਂ ਕਮਾਈਆਂ ਦੇ ਮਾਲਕ ਹੁੰਦੇ ਨੇ।

ਸਵਾਮੀ ਜੀ ਕਹਿਣ, ਲੱਗੇ, ਦੋ ਕਿਨਾਰੇ ਗੋਦੜੀ ਦੇ ਮੈਂ ਫੜ ਲਏ, ਦੋ ਉਹਨੇ ਫੜ ਲਏ। ਕਹਿੰਦੇ, ਝਟਕਾ ਦੇ ਕੇ ਮਾਰੋ ਇਹਨੂੰ ਖੱਡ ਦੇ ਵਿੱਚ। ਉਸੇ ਤਰ੍ਹਾਂ ਕਰਿਆ, ਗੋਦੜੀ ਰੱਖ ਦਿੱਤੀ ਕਹਿੰਦੇ ਲੈ ਬਈ ਉਤਰ ਗਿਆ ਬੁਖ਼ਾਰ।

ਸਵਾਮੀ ਜੀ ਕਹਿਣ ਲੱਗੇ, ਚਲਦੇ-ਚਲਦੇ ਅਸੀਂ ਰੋਜ਼ ਫੁੱਲਾਂ ਵਿੱਚ ਤੁਰੇ ਜਾਂਦੇ ਹਾਂ ਤੇ ਅਖੀਰ ਹੋਇਆ ਕੀ? ਮੈਂ ਉਸ ਜਪਾਨੀ ਨੂੰ ਕਿਹਾ ਕਿ ਮੈਨੂੰ ਤਾਂ ਆਪਣਾ ਨਾਉਂ ਭੁੱਲ ਗਿਆ। ਉਹ ਕਹਿੰਦਾ, ਮੈਂ ਵੀ ਭੁੱਲ ਗਿਆ ਮੈਂ ਕੌਣ ਹਾਂ, ਕਿੱਥੋਂ ਆਇਆ ਹਾਂ, ਬੜਾ ਸੋਚਦਾ ਹਾਂ ਕਿ ਮੈਂ ਇੱਥੇ ਕਿੱਥੋਂ ਆ ਗਿਆ। ਕਹਿੰਦਾ, ਮੇਰਾ ਵੀ ਹਾਲ ਇਹੀ ਹੋ ਗਿਆ ਤੇ ਉਹਦਾ ਵੀ ਹੋ ਗਿਆ। ਬਾਬੇ ਨੂੰ ਕਿਹਾ ਕਿ ਬਾਬਾ! ਅਸੀਂ ਕੌਣ ਹਾਂ, ਕਿੱਥੋਂ ਆਏ ਹਾਂ? ਕਹਿੰਦਾ, ਬੱਸ, ਤੁਹਾਡੇ ਦਿਮਾਗ ਨੂੰ ਆਹ ਸੁਗੰਧੀ ਚੜ੍ਹ ਗਈ। ਗੋਦੜੀ ਲੈ ਲਓ ਦੋਵੇਂ ਜਣੇ ਉੱਤੇ। ਕਹਿੰਦੇ, ਅਸੀਂ ਲੈ ਲਈ, ਰਾਜ਼ੀ ਹੋ ਗਏ ਅਸੀਂ। ਸੋ ਇਹ ਜਿਹੜੀ ਸੁਗੰਧੀ ਹੈ ਇਹ ਆਦਮੀ ਦੇ ਦਿਮਾਗ ਵਿੱਚ ਅਸਰ ਕਰਦੀ ਹੈ। ਮਸਤ ਕਰ ਦਿੰਦੀ ਹੈ। ਸੋ ਗੁਰੂ ਨਾਨਕ ਸਾਹਿਬ ਨੂੰ ਕਹਿਣ ਲੱਗਿਆ ਕਿ ਐਨੀਆਂ ਸੁਗੰਧੀਆ ਆਉਣਗੀਆ ਉਸ ਵਿੱਚ ਲੱਗੀਆ ਕਿ ਲਪਟਾਂ ਹੀ ਮਾਰਨਗੀਆਂ। ਆਦਮੀ ਨੂੰ ਕੋਈ ਫੁਰਨਾ ਨਹੀਂ ਆਉਣ ਦੇਣਗੀਆਂ ਤੇ ਐਨ ਮਸਤ ਕਰ ਦੇਣਗੀਆਂ।

***ਮੋਤੀ ਤ ਮੰਦਰ ਊਸਰਹਿ***
***ਰਤਨੀ ਤ ਹੋਹਿ ਜੜਾਉ ॥***
***ਕਸਤੂਰਿ ਕੁੰਗੂ ਅਗਰਿ ਚੰਦਨਿ***
***ਲੀਪਿ ਆਵੈ ਚਾਉ ॥***
***ਮਤੁ ਦੇਖਿ ਭੂਲਾ ਵੀਸਰੈ***
***ਤੇਰਾ ਚਿਤਿ ਨ ਆਵੈ ਨਾਉ ॥ ਅੰਗ - ੧੪***

ਮਹਾਰਾਜ ਕਹਿਣ ਲੱਗੇ, ਕਲਜੁਗ! ਸਾਡੇ ਅੰਦਰ ਨਾਮ ਦਾ ਫ਼ੁਹਾਰਾ ਚੱਲ ਰਿਹਾ ਹੈ, ਫ਼ੁਹਾਰ ਚੱਲ ਰਹੀ ਹੈ, ਠੰਢ ਦੇ ਰਹੀ ਹੈ, ਸ਼ਾਂਤੀ ਦੇ ਰਹੀ ਹੈ। ਉਹ top energy ਹੈ ਜਿਹੜੀ ਕਿਸੇ ਨੂੰ ਪ੍ਰਾਪਤ ਨਹੀਂ ਹੁੰਦੀ, ਇਹ ਤਾਂ ਚੀਜ਼ਾਂ ਹੀ ਬਹੁਤ ਥੋੜ੍ਹੀਆਂ ਨੇ। ਇਹ ਤਾਂ ਨਾਮ ਵਾਲਾ ਜੇ ਇੱਕ ਫੁਰਨਾ ਕਰ ਲਵੇ, ਇਸ ਤੋਂ ਵੀ ਵੱਧ ਪੈਦਾ ਕਰ ਦਿੰਦਾ ਹੈ। ਇਹ ਤਾਂ ਕੁਛ ਵੀ ਨਹੀਂ ਹੈਗੀਆਂ।

ਗੋਰਖਨਾਥ ਦੇ ਕੋਲ ਗੁਰੂ ਨਾਨਕ ਪਾਤਸ਼ਾਹ ਜਿਸ ਵਕਤ ਪਹਾੜ 'ਤੇ ਜਾਂਦੇ ਨੇ, ਬਚਨ ਹੋਣ 'ਤੇ ਉਨ੍ਹਾਂ ਨੇ, ਮਨ ਵਿੱਚ ਵਿਚਾਰ ਕੇ ਗੱਲ ਕਰੀ ਕਿ ਇਹ ਤਾਂ ਬਹੁਤ ਵੱਡਾ ਪੁਰਸ਼ ਹੈ, ਗੱਲਬਾਤ ਵਿੱਚ ਚਤਰ ਹੈ, ਕਿਸੇ ਨੂੰ ਬਾਤ ਵਿੱਚ ਨਹੀਂ ਆਉਣ ਦਿੰਦਾ। ਜੇ ਕਿਤੇ ਇਹ ਸਾਡਾ ਚੇਲਾ ਬਣ ਜਾਵੇ ਤਾਂ ਸਾਡਾ ਪੰਥ ਉਜਿਆਲਾ ਹੋ ਜਾਵੇ।

ਗੋਰਖ ਨੂੰ ਸਿੱਧਾਂ ਨੇ ਬੇਨਤੀ ਕਰੀ, ਕਹਿੰਦਾ ਦੇਖਦੇ ਹਾਂ। ਕਹਿਣ ਲੱਗੇ, ਨਾਨਕ ਜੀ! ਸਿੱਧਾਂ ਨੂੰ ਪਿਆਸ ਲੱਗੀ ਹੈ। ਇੱਕ ਲੋਟਾ ਪਾਣੀ ਦਾ ਭਰ ਲਿਆਓ। ਸਾਰੇ ਹੀ ਪੀ ਲੈਣਗੇ, ਲੋਟਾ ਮੁੱਕਦਾ ਹੀ ਨਹੀਂ ਹੈ। ਸੋ ਗੁਰੂ ਨਾਨਕ ਸਾਹਿਬ ਜਦ ਉਥੇ ਜਾਂਦੇ ਨੇ ਤਾਂ ਕੀ ਦੇਖਦੇ ਨੇ ਕਿ ਇਹਨੇ ਆਪਣੀ ਸ਼ਕਤੀ ਵਰਤ ਕੇ ਪਾਣੀ ਸਾਰਾ ਹੀ ਹੀਰੇ ਜਵਾਹਰਾਤ ਬਣਾ ਦਿੱਤਾ। ਗੁਰੂ ਨਾਨਕ ਸਾਹਿਬ ਮੁੜ ਆਏ, ਕਹਿੰਦੇ, ਨਾਥ ਜੀ! ਉਥੇ ਤਾਂ ਪਾਣੀ ਹੈ ਨਹੀਂ। ਕਹਿੰਦੇ, ਨਾਨਕ ਜੀ! ਉਥੇ ਹੀਰੇ ਜਵਾਹਰਾਤ ਦੇਖੇ ਨਾ। ਮਹਾਰਾਜ ਕਹਿੰਦੇ, ਪੱਥਰ ਸੀ ਚਮਕਣੇ, ਸਾਡੇ ਕਿਸ ਕੰਮ। ਸਾਡੇ ਕੋਲ ਤਾਂ ਇੱਕ ਐਸੀ ਚੀਜ਼ ਹੈ, ਜਿਹਦਾ ਮੁਕਾਬਲਾ ਦੁਨੀਆਂ ਦੇ ਅੰਦਰ ਕੋਈ ਚੀਜ਼ ਕਰ ਹੀ ਨਹੀਂ ਸਕਦੀ, ਉਹ ਹੈ ਪ੍ਰਮੇਸ਼ਰ ਦਾ ਨਾਮ। ਜਿਹਨੂੰ 'ਨਾਮ' ਪ੍ਰਾਪਤ ਹੋ ਗਿਆ, ਉਹਦੇ ਵਰਗਾ ਦੁਨੀਆਂ 'ਤੇ ਹੋਰ ਨਹੀਂ ਕੋਈ ਹੋਇਆ ਕਰਦਾ-

***ਜਿਸ ਨੋ ਬਖਸੇ ਸਿਫਤਿ ਸਾਲਾਹ ॥***
***ਨਾਨਕ ਪਾਤਿਸਾਹੀ ਪਾਤਿਸਾਹੁ ॥ ਅੰਗ - ੫***
***ਨਾਨਕ ਹੋਰਿ ਪਤਿਸਾਹੀਆ ਕੂੜੀਆ***
***ਨਾਮਿ ਰਤੇ ਪਾਤਿਸਾਹ ॥ ਅੰਗ - ੧੪੧੩***

ਨਾਮ ਰੱਤੇ ਹੋਏ ਪਾਤਸ਼ਾਹ ਹੋਇਆ ਕਰਦੇ ਨੇ। ਕਲਜੁਗ ਨੂੰ ਕਹਿਣ ਲੱਗੇ, ਇਹ ਦੇਖ ਇਨ੍ਹਾਂ 'ਚ ਕਿੰਨਾਂ ਦੋਸ਼ ਹੈ। ਜਿਹੜਾ ਅੰਦਰ ਨਾਮ ਚਲਦਾ ਹੈ, ਜਦ ਸਾਡੀ ਬਿਰਤੀ ਇਨ੍ਹਾਂ ਮੋਤੀਆਂ ਦੇ ਮੰਦਰਾਂ ਨਾਲ ਲੱਗੀ, ਤੇ ਸੁਗੰਧੀਆ ਆਉਣ ਲੱਗੀਆਂ, ਓਸ ਵੇਲੇ ਅਸੀਂ ਨਾਮ ਨੂੰ ਭੁੱਲ ਜਾਵਾਂਗੇ। ਕਿਉਂਕਿ ਬਿਰਤੀ ਤਾਂ ਇੱਕ ਹੈ, ਉਸੇ ਬਿਰਤੀ ਨੇ ਇਹਨੂੰ ਦੇਖਣਾ ਸ਼ੁਰੂ ਕਰਨਾ ਹੈ, ਨਾਮ ਦੇ ਨਾਲੋਂ ਕਰੰਟ ਟੁੱਟ ਜਾਏਗੀ। ਓਸ ਵੇਲੇ ਆਪ ਐਸਾ ਫੁਰਮਾਨ ਕਰਦੇ ਨੇ -

***ਧਾਰਨਾ - ਕਿਤੇ ਭੁੱਲ ਨਾ ਜਾਈਂ ਓ ਮਨਾਂ ਮੇਰਿਆ***
***ਮੋਤੀਆਂ ਦੇ ਮੰਦਰ ਵੇਖ ਕੇ।***

ਦੂਸਰੀ ਚੀਜ਼ ਹੈ -

***ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ॥***
***ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥***
***ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥***
***ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥ ਗੁਪਤੁ***
***ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥***
***ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥***
***ਅੰਗ - ੧੪***

ਜਿਸ ਚੀਜ਼ ਨਾਲ ਨਾਮ ਵਿਸਰਦਾ ਹੈ, ਮਹਾਤਮਾ ਨਾਮ ਤੋਂ ਬਗੈਰ ਹੋਰ ਕਿਸੇ ਚੀਜ਼ ਨੂੰ ਮਹੱਤਤਾ ਦਿੰਦੇ ਹੀ ਨਹੀਂ। ਪਦਾਰਥ ਭਾਵਨੀ ਇਨ੍ਹਾਂ ਦੇ ਅੰਦਰ ਖਤਮ ਹੋ ਜਾਂਦੀ

ਹੈ। ਬ੍ਰਹਮਦ੍ਰਿਸ਼ਟੀ ਪੈਦਾ ਹੋ ਕੇ ਸਭ ਬ੍ਰਹਮ ਦਿਸਿਆ ਕਰਦਾ ਹੈ।

*ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ॥*
*ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥ ਮਤੁ*
*ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥*
*ਅੰਗ - ੧੪*

ਸਾਰੀ ਦੁਨੀਆਂ ਦਾ ਬਾਦਸ਼ਾਹ ਬਣ ਕੇ ਹੁਕਮ ਚਲਦਾ ਹੋਵੇ ਤੇ ਫੇਰ ਜੇ ਭੁੱਲ ਜਾਵੇ ਪ੍ਰਮੇਸ਼ਰ ਨੂੰ, ਤਾਂ ਜੋ ਆਪਾਂ ਸਾਰੇ ਪਦਾਰਥਾਂ ਦੀ ਵਿਚਾਰ ਕਰੀ ਹੈ; ਦੁਨੀਆਂ ਇਹਦੇ ਵਿੱਚ ਖਚਿਤ ਹੋਈ ਪਈ ਹੈ। ਡੁੱਬੀ ਜਾਂਦੀ ਹੈ।

ਅੱਜ ਅਖਬਾਰ ਵਿੱਚ ਖਬਰ ਸੀ ਕਿ ਇਹ ਜਿਹੜੇ ਸੰਤ ਨੇ ਇਹ ਗੁਰਦੁਆਰਿਆਂ ਵਲ ਨੂੰ ਝਾਕਦੇ ਨੇ, ਇਲੈਕਸ਼ਨਾਂ ਦੇ ਵਿੱਚ ਆਉਣ ਨੂੰ ਫਿਰਦੇ ਨੇ। ਮੇਰੇ ਮਨ ਵਿੱਚ ਆਇਆ ਕਿ ਇਹ ਬੰਦੇ ਨੂੰ ਐਨਾ ਨਹੀਂ ਪਤਾ ਕਿ ਸੰਤ ਤਾਂ ਗੁਰਦੁਆਰੇ ਨਵੇਂ ਪੈਦਾ ਕਰ ਦਿੰਦੇ ਹਨ । ਜਿਥੇ ਬੈਠਦੇ ਨੇ ਉਥੇ ਹੀ ਗੁਰਦੁਆਰਾ ਹੋ ਜਾਂਦਾ ਹੈ, ਉਨ੍ਹਾਂ ਨੇ ਕਿਸੇ ਗੁਰਦੁਆਰੇ 'ਤੇ ਕੀ ਕਬਜ਼ਾ ਕਰਨਾ ਹੈ। ਲੈਣਾ ਕੀ ਹੈ ਕਬਜ਼ੇ 'ਚ ਪੈ ਕੇ -

*ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ ॥*
*ਅੰਗ - ੩੧੯*

ਰੜ੍ਹੇ ਮੈਦਾਨ ਵਿੱਚ ਬਹਿ ਜਾਣ ਉਥੇ ਹੀ ਥਾਨ ਸੁਹੰਦਾ ਹੋ ਜਾਣਾ ਹੈ। ਉਨ੍ਹਾਂ ਨੇ ਆਪਣੇ ਪ੍ਰਭੂ ਦੇ ਗੁਣ ਗਾਉਣੇ ਨੇ ਤੇ ਉਹ ਥਾਂ ਪਵਿੱਤਰ ਹੋ ਜਾਣੀ ਹੈ। ਇਨ੍ਹਾਂ ਲੋਕਾਂ ਨੂੰ ਕਿੰਨਾ ਭਰਮ ਪਿਆ ਹੋਇਆ ਹੈ, ਇਨ੍ਹਾਂ ਨੂੰ ਪਤਾ ਹੀ ਨਹੀਂ ਕਿ ਸਾਧੂ ਹੁੰਦੇ ਕੀ ਨੇ। ਕਿੱਡੀਆਂ-ਕਿੱਡੀਆ ਚੀਜ਼ਾਂ ਤਿਆਗ ਦਿੰਦੇ ਨੇ। ਉਹ ਤਾਂ ਨਿਗ੍ਹਾਂ ਭਰ ਕੇ ਵੀ ਨਹੀਂ ਝਾਕਦੇ ਕਿ ਆਹ ਗੁਰਦੁਆਰਿਆਂ ਦੀ ਇਲੈਕਸ਼ਨ ਹੈ ਕੀ ਲੈਣਾ ਹੈ ਅਸੀਂ। ਹੈ ਕੋਈ ਚੀਜ਼ ਇਹ? ਕੁਛ ਵੀ ਨਹੀਂ, ਖਲਜਗਣ ਹੈ। ਮਾਇਆ ਦੀ ਖੇਡ ਹੈ, ਮਾਇਆ ਦੀ ਖੇਡ ਵਿੱਚ ਆਦਮੀ ਭੁੱਲ ਜਾਂਦਾ ਹੈ। ਦੂਜਿਆ ਨੂੰ ਵੀ ਭੁੱਲੇ ਹੀ ਸਮਝਦਾ ਹੈ। ਓਹੋ ਜਿਹੀ ਹੀ ਗੱਲ ਕਰ ਦਿੰਦੇ ਨੇ, ਫੇਰ ਜਦ ਐਨੀ ਕੁ ਸੋਝੀ ਹੈ, ਗੱਲ ਕਰਨ ਵਾਲਿਆ ਨੂੰ ਫੇਰ ਉਹ ਬੰਦੇ ਤਾਂ ਕੁਛ ਵੀ ਨਾ ਹੋਏ, ਬਹੁਤ ਛੋਟੇ ਹੋਏ। ਸੋ ਮਹਾਰਾਜ ਕਹਿੰਦੇ, ਇਹ ਚੀਜ਼ਾਂ ਦੇਖ ਕੇ ਪਸਾਰੇ ਦੀਆਂ ਭੁੱਲਦੇ ਹਾਂ, ਅੰਦਰ ਨਾਮ ਦੀ ਜੋ ਧੁਨ ਹੈ, ਨਾਮ ਦਾ ਜੋ ਪ੍ਰਕਾਸ਼ ਹੈ, ਨਾਮ ਦੀ ਫੁਹਾਰ ਹੈ, ਉਹ ਐਨੀ ਉੱਚੀ ਹੈ ਕਿ ਦੱਸਿਆ ਹੀ ਨਹੀਂ ਜਾਂਦਾ ਓਸ ਅਨੰਦ ਨੂੰ। ਕੋਈ ਦਸ ਨਹੀਂ ਸਕਦਾ -

*ਕਬੀਰ ਚਰਨ ਕਮਲ ਕੀ ਮਉਜ ਕੋ*
*ਕਹਿ ਕੈਸੇ ਉਨਮਾਨ ॥*
*ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥*
*ਅੰਗ - ੧੩੭੦*

ਉਹ ਤਾਂ ਇੱਕ ਜ਼ਿੰਦਗੀ ਹੈ, ਹੋਰ ਤਰ੍ਹਾਂ ਦੀ ਜ਼ਿੰਦਗੀ ਹੈ, ਦੱਸੀ ਨਹੀਂ ਜਾਂਦੀ ਕਿ ਕਿਹੋ ਜਿਹੀ ਹੈ। ਉਹ ਖੇੜਿਆਂ ਦੀ ਭਰੀ ਹੋਈ, ਚੜ੍ਹਦੀ ਕਲਾ ਦੀ ਜ਼ਿੰਦਗੀ ਹੈ।

ਬਾਬਾ ਜੱਸਾ ਸਿੰਘ ਜੀ ਮਾਈ ਦਾ ਸਰੀਰ ਸੀਗੇ ਇਹ। ਜੱਸ ਕੌਰ ਨਾਮ ਸੀ, ਪਰ ਜਦ ਉਹਦੇ ਅੰਦਰ ਜੋਤ ਪ੍ਰਗਟ ਹੋਈ ਤਾਂ ਓਸ ਵੇਲੇ ਉਹਨੂੰ ਜੱਸਾ ਸਿੰਘ ਕਹਿਣ ਲੱਗ ਗਏ ਸਾਰੇ। ਉਸ ਵੇਲੇ ਰਾਜਿਆਂ ਦਾ ਬੜਾ ਜ਼ੋਰ ਹੁੰਦਾ ਸੀ, ਪਟਿਆਲੇ ਵਾਲੇ, ਨਾਭੇ ਵਾਲੇ, ਉਨ੍ਹਾਂ ਦੇ ਸੀਸ ਝੁਕਦੇ ਸੀ, ਉਹ ਲੁਭਾਏ ਨਹੀਂ ਸੀ ਜਾਂਦੇ ਮਾਇਆ ਦੇ ਨਾਲ। ਉਹ ਤਾਂ ਪਿਆਰ ਦੇ ਬੰਨ੍ਹੇ ਹੋਏ ਵਸ ਹੁੰਦੇ ਨੇ।

ਮਹਾਰਾਜਾ ਨਰਿੰਦਰ ਸਿੰਘ ਇੰਗਲੈਂਡ ਨੂੰ ਗਿਆ, ਉਥੋਂ ਮੁੜਦਾ ਹੋਇਆ ਦੁਸ਼ਾਲੇ ਲੈ ਆਇਆ ਰੇਸ਼ਮ ਦੇ ਕਿ ਬਾਬਾ ਜੀ ਨੂੰ ਭੇਟਾ ਕਰ ਦੇਈਏ। ਉਹ ਜਿਸ ਵਕਤ ਭੇਟਾ ਲੈ ਕੇ ਆਇਆ, ਲਿਆ ਕੇ ਕਹਿ ਬੈਠਿਆ ਕਿ ਬਾਬਾ ਜੀ! ਇਹ ਮੈਂ ਹੀ ਲਿਆ ਸਕਦਾ ਸੀ, ਹਰ ਬੰਦੇ ਤੋਂ ਨਹੀਂ ਇਹ ਚੀਜ਼ਾਂ ਲਿਆ ਹੁੰਦੀਆਂ, ਬਹੁਤ ਹੀ ਸੋਹਣੀ ਹੈ, ਤੁਸੀਂ ਇਹ ਪਹਿਨਣਾ ਤੇ ਵਿਛਾਣਾ, ਦੇਖਿਓ ਕਿੰਨਾ ਸੋਹਣਾ ਲੱਗੇਗਾ। ਉਹ ਕਹਿੰਦੇ, ਕੋਈ ਨਾ ਪ੍ਰੇਮੀਆਂ। ਦੇਖ ਲਿਆ ਆਪ ਨੇ ਕਿ ਇਹਦੇ ਵਿੱਚ ਅਭਿਮਾਨ ਦੀ ਅੰਸ ਹੈ। ਸਾਨੂੰ ਲੋੜ ਕੋਈ ਨਹੀਂ, ਅਸੀਂ ਤਾਂ ਇਹਦੀ ਭਾਵਨਾ ਪੂਰੀ ਕਰਨ ਵਾਸਤੇ ਚੁੱਕ ਕੇ ਉੱਤੇ ਲੈ ਲੈਂਦੇ ਤਾਂ ਲੈ ਲੈਂਦੇ; ਨਹੀਂ ਤਾਂ ਸਾਨੂੰ ਕੀ ਲੋੜ ਹੈ। ਜਿਹੋ ਜਿਹੇ ਕੱਪੜੇ ਪਹਿਨਦੇ ਹਾਂ, ਪਹਿਨਦੇ ਹਾਂ। ਉਥੇ ਹੀ ਪਿਆ ਰਹਿਣ ਦਿੱਤਾ ਤੇ ਕੁੱਤੇ ਉਥੇ ਤਿੰਨ-ਚਾਰ ਸੌ ਰਹਿੰਦੇ ਹੁੰਦੇ। ਡੇਹਰਾ ਬਾਬਾ ਜੱਸਾ ਸਿੰਘ, ਹੁਣ ਉਥੇ ਗੁਰਮਤਿ ਕਾਲਜ ਬਣਿਆ ਹੋਇਆ ਹੈ। ਉਹ ਰਾਤ ਨੂੰ ਕੁੱਤਿਆਂ ਨੂੰ ਲੱਗਿਆ ਸੋਹਣਾ ਖਿੱਚਣ ਲੱਗ ਗਏ, ਕੋਈ ਐਧਰੋਂ ਖਿੱਚ ਰਿਹਾ ਹੈ, ਕੋਈ ਓਧਰੋਂ ਖਿੱਚ ਰਿਹਾ ਹੈ, ਤੇ ਸਾਰੇ ਹੀ ਚਾਮਲ ਗਏ। ਸਾਰੀ ਰਾਤ ਪਾੜ੍ਹੀ ਗਏ, ਸਵੇਰ ਨੂੰ ਲੀਰਾਂ ਬਣਾ ਦਿੱਤੀਆਂ, ਹਵਾ ਚਲਦੀ ਸੀ ਤੇਜ਼, ਉਹ ਲੀਰਾਂ ਨੂੰ ਰੋੜ੍ਹ-ਰੋੜ੍ਹ ਕੇ ਅੱਗੇ ਵਾੜ ਖੜ੍ਹੀ ਸੀ ਉਥੇ ਲੈ ਗਈ, ਕੁਛ ਵਾੜ੍ਹ ਦੇ ਉਤੇ ਫਸ ਗਈਆਂ, ਕੁਛ ਜੜ੍ਹਾਂ ਵਿੱਚ। ਕੁਛ ਐਧਰ ਨਾਲ੍ਹਾ ਚਲਦਾ ਸੀ ਓਧਰ ਰੁੜ੍ਹ ਗਈਆਂ। ਸੋ ਰਾਜਾ ਜਦ ਸਵੇਰੇ ਆਇਆ ਤੇ ਨਾਲ ਅਹਿਲਕਾਰ ਨੇ, ਵਜ਼ੀਰ ਨੇ; ਬਈ ਚਲੋ ਸੰਤਾਂ ਦੇ ਦੇਖ ਕੇ ਆਈਏ ਕਿ ਕਿੰਨਾ ਕੁ ਸਜਦਾ ਹੈ ਜਿਹੜੇ ਮੈਂ ਕੱਪੜੇ ਲੈ ਕੇ ਆਇਆ ਹਾਂ। ਉਥੇ ਜਦ ਆਇਆ ਤਾਂ ਲੀਰਾਂ ਉਡਦੀਆ ਫਿਰਦੀਆ ਨੇ। ਵਜ਼ੀਰ ਕਹਿਣ ਲੱਗਿਆ, ਮਹਾਰਾਜ! ਜੇ ਗਲਤ ਨਾ ਹੋਵੇ ਤਾਂ ਮੈਨੂੰ ਐਉਂ ਲਗਦਾ ਹੈ ਕਿ ਤੁਸੀਂ ਇੰਗਲੈਂਡ ਤੋਂ ਦੁਸ਼ਾਲੇ ਲੈ ਕੇ ਆਏ ਸੀ, ਆਹ ਉਡਦੇ ਫਿਰਦੇ ਨੇ, ਉਹ ਤਾਂ ਪਾੜ ਦਿੱਤੇ। ਬਾਬਾ ਜੀ ਨੇ ਪੜਵਾ ਦਿੱਤੇ ਜਾਂ ਕਿਸੇ ਨੇ ਪਾੜ ਦਿੱਤੇ, ਕਹਿਣ ਲੱਗਿਆ, ਇਨ੍ਹਾਂ ਸਾਧਾਂ ਨੂੰ ਪਤਾ ਹੀ ਨਹੀਂ ਹੁੰਦਾ, ਮੈਂ ਬੜੀ ਮੁਸ਼ਕਲ ਨਾਲ ਲੈ ਕੇ ਆਇਆ

ਹਾਂ ਤੇ ਕਿੱਡੀ ਕੀਮਤੀ ਚੀਜ਼ ਲੈ ਕੇ ਆਇਆ ਹਾਂ, ਬਾਬਾ ਜੀ ਕੋਲ ਚਲਿਆ ਗਿਆ, ਜਾ ਕੇ ਕਹਿਣ ਲੱਗਿਆ ਕਿ ਬਾਬਾ ਜੀ!, ਬੋਲਿਆ ਨਹੀਂ ਅਜੇ, ਬਾਬਾ ਜੀ ਪਹਿਲਾਂ ਹੀ ਬੋਲ ਪਏ ਕਹਿੰਦੇ ਵਾਹ ਬਈ ਰਾਜਨ! ਆਹ ਜਿਹੜੇ ਤੂੰ ਲੈ ਕੇ ਆਇਆ ਸੀ ਨਾ ਗਲੀਚੇ, ਉਹਦਾ ਕੱਪੜਾ ਬੜਾ ਹੀ ਮਜ਼ਬੂਤ ਸੀ, ਤਕੜਾ ਸੀ, ਸਾਡੇ ਕੂਕਰਾਂ ਦਾ ਸਾਰੀ ਰਾਤ ਜ਼ੋਰ ਲੱਗੀ ਗਿਆ ਤਾਂ ਮਸਾਂ ਫਾੜ ਹੋਇਆ ਹੈ। ਕਹਿੰਦੇ, ਹੁਣ ਪੰਜ ਸੌ ਰੁਪਈਏ ਦਾ ਕੜਾਹ ਪ੍ਰਸ਼ਾਦ ਬਣਾ ਤੇ ਇਨ੍ਹਾਂ ਦਾ ਥਕੇਵਾਂ ਲਾਹ।

ਬੇਪਰਵਾਹੀ ਸੀ, ਉਨ੍ਹਾਂ ਦੇ ਕੋਲ ਕੋਈ ਚੀਜ਼ ਸੀ ਐਸੀ ਉੱਚੀ ਜਿਹਦੇ ਕਰਕੇ ਇਹ ਚੀਜ਼ਾਂ ਨੀਵੀਆਂ ਨਜ਼ਰ ਆਉਂਦੀਆਂ ਸੀ। ਕੁਛ ਵੀ ਨਹੀਂ ਸੀ ਲਗਦਾ ਇਹਨੂੰ, desireless ਸਟੇਜ 'ਚ ਪਹੁੰਚੇ ਹੋਏ ਸੀ। ਗੁਰੂ ਮਹਾਰਾਜ ਕਹਿਣ ਲੱਗੇ ਕਿ –

***ਹਰਿ ਬਿਨੁ ਜੀਉ ਜਲਿ ਬਲਿ ਜਾਉ ॥***
***ਮੈ ਆਪਨਾ ਗੁਰੁ ਪੂਛਿ ਦੇਖਿਆ***
***ਅਵਰੁ ਨਾਹੀ ਥਾਉ ॥*** ***ਅੰਗ – ੧੪***

ਨਾਮ ਤੋਂ ਬਗੈਰ ਜਿਹੜਾ ਜੀਅ ਹੈ ਅੰਦਰ, ਉਹਨੂੰ ਸ਼ਾਂਤੀ ਨਹੀਂ ਆਉਂਦੀ, ਪਦਾਰਥ ਸ਼ਾਂਤੀ ਦੇਣ ਨੂੰ ਸਮਰੱਥ ਨਹੀਂ ਹੁੰਦੇ। ਜਿਵੇਂ ਰੇਤੇ ਵਿਚੋਂ ਤੇਲ ਨਹੀਂ ਨਿਕਲਦਾ, ਕੋਈ ਸਾਇੰਸ ਆ ਜਾਵੇ ਸ਼ਾਇਦ ਰੇਤੇ 'ਚੋਂ ਤੇਲ ਕੱਢ ਲਵੇ, ਪਰ ਪਦਾਰਥਾਂ ਦੇ ਵਿਚੋਂ ਸ਼ਾਂਤੀ ਫੇਰ ਵੀ ਨਹੀਂ ਆਏਗੀ। ਪਦਾਰਥਾਂ ਵਿੱਚ ਸ਼ਾਂਤੀ ਨਹੀਂ ਹੁੰਦੀ, ਇਹਦੇ ਵਿੱਚ ਰਾਗ ਤੇ ਦਵੈਸ਼ ਹੋਇਆ ਕਰਦਾ ਹੈ। ਇਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਜਲ ਬਲ ਜਾਵੇ ਜੀਉੜਾ ਨਾਮ ਤੋਂ ਬਿਨਾਂ।***

ਸੋ ਇਸ ਤਰ੍ਹਾਂ ਨਾਮ ਤੋਂ ਬਗੈਰ ਸ਼ਾਂਤੀ ਨਹੀਂ ਆਇਆ ਕਰਦੀ, ਕਿਉਂਕਿ ਮਨ ਨੂੰ ਵਾਸ਼ਨਾਵਾਂ ਰਿੜਕਦੀਆਂ ਰਹਿੰਦੀਆਂ ਨੇ, ਜਦ ਤੱਕ ਮਨ ਨਾਮ ਵਲ ਪੂਰੀ ਤਰ੍ਹਾਂ ਨਹੀਂ ਲਗਦਾ, ਓਨੀਂ ਦੇਰ ਤੱਕ ਵਾਸ਼ਨਾ ਤੋਂ ਇਹਦਾ ਖਹਿੜਾ ਨਹੀਂ ਛੁਟਿਆ ਕਰਦਾ। ਵਾਸ਼ਨਾ ਗਹਿਰੀ ਚਲਦੀ ਹੈ, ਜਨਮਾਂ-ਜਨਮਾਂਤਰਾਂ ਤਕ ਜਾਂਦੀ ਹੈ, ਵਾਸ਼ਨਾ ਜੋ ਹੈ ਜਨਮ ਦਾ ਮੂਲ ਹੈ, ਉਤੋਂ ਜੇ ਵਾਸ਼ਨਾ ਹਟਾ ਦਿਓ, ਅੰਦਰ ਜੜ੍ਹ ਰਹਿੰਦੀ ਹੈ ਇਹਦੀ, ਮੌਕਾ ਆਉਣ 'ਤੇ ਇਹ ਫੁੱਟ ਪੈਂਦਾ ਹੈ, ਜਿਵੇਂ ਕੱਟਿਆ ਹੋਇਆ ਦਰਖਤ ਫੁੱਟ ਪੈਂਦਾ ਹੈ, ਜਦ ਤਕ ਇਹਦੀ ਜੜ੍ਹ ਦਾ ਨਾਸ਼ ਨਹੀਂ ਹੁੰਦਾ, ਓਨੀਂ ਦੇਰ ਤੱਕ ਕੁਛ ਨਹੀਂ ਬਣਦਾ। ਜੜ੍ਹ ਦਾ ਨਾਸ਼ ਨਾਮ ਕਰਦਾ ਹੈ, ਹੋਰ ਕਿਸੇ ਚੀਜ਼ ਤੋਂ ਨਹੀਂ ਹੁੰਦਾ।

ਇੱਕ ਵਾਰੀ ਸ੍ਰੀ ਰਾਮਚੰਦਰ ਜੀ ਮਹਾਰਾਜ ਬੈਠੇ ਨੇ, ਅਧਿਆਤਮਕ ਬਾਤਚੀਤ ਹੋ ਰਹੀ ਹੈ ਤੇ ਮਹਾਂਰਿਸ਼ੀ ਵਸ਼ਿਸ਼ਟ ਜੀ ਜੋ ਸ੍ਰੀ ਰਾਮਚੰਦਰ ਜੀ ਦੇ ਅਧਿਆਤਮਕ ਗੁਰੂ ਵੀ ਸਨ, ਆਪ ਜੀ ਸਭਾ 'ਚ ਬੈਠੇ ਬਚਨ ਸੁਣਾ ਰਹੇ ਨੇ, ਸਾਰੇ ਰਿਸ਼ੀ-ਮੁਨੀ ਸਭਾ 'ਚ ਆਏ ਹੋਏ, ਉਨ੍ਹਾਂ ਤੋਂ ਕਥਾ ਸਰਵਣ ਕਰ ਰਹੇ ਨੇ ਤੇ ਸ੍ਰੀ ਰਾਮ ਚੰਦਰ ਜੀ ਆਪਣੇ ਆਸਣ 'ਤੇ ਬੈਠੇ ਨੇ, ਵਸ਼ਿਸ਼ਟ ਜੀ ਬਰਾਬਰ ਬੈਠੇ ਨੇ। ਵਸ਼ਿਸ਼ਟ ਜੀ ਕੀ ਦੇਖਦੇ ਨੇ ਕਿ ਰਾਮਚੰਦਰ ਜੀ ਦਾ ਧਿਆਨ ਕਿਸੇ ਪਾਸੇ ਚਲਿਆ ਗਿਆ, ਕਥਾ 'ਚ ਧਿਆਨ ਘੱਟ ਹੈ। ਅਚਾਨਕ ਸ੍ਰੀ ਰਾਮਚੰਦਰ ਜੀ ਤਾੜੀ ਮਾਰ ਕੇ ਹੱਸ ਪਏ। ਵਸ਼ਿਸ਼ਟ ਜੀ ਨੇ ਕਥਾ ਬੰਦ ਕਰਕੇ ਪੁੱਛਿਆ ਕਿ ਹੇ ਰਾਮ ਜੀ! ਮੈਂ ਦੇਖਦਾ ਸੀ ਕਿ ਕੁਛ ਸਮੇਂ ਤੋਂ ਆਪ ਦਾ ਧਿਆਨ ਜਿਹੜਾ ਹੈ ਕਿਸੇ ਹੋਰ ਵਸਤੂ ਵਲ ਲੱਗਿਆ ਹੋਇਆ ਹੈ ਤੇ ਹੱਸਣ ਦਾ ਕਾਰਨ ਕੀ ਹੈ? ਮੈਂ ਵੀ ਬੜੇ ਧਿਆਨ ਨਾਲ ਦੇਖਿਆ ਹੈ ਕਿ ਕੋਈ ਚੀਜ਼ ਨਜ਼ਰ ਤਾਂ ਆਈ ਨਹੀਂ ਹੈ, ਜਿਹਦੇ ਕਰਕੇ ਆਪ ਹੱਸ ਰਹੇ ਓ? ਸ੍ਰੀ ਰਾਮ ਚੰਦਰ ਜੀ ਕਹਿਣ ਲੱਗੇ, ਗੁਰੂਦੇਵ! ਤੁਸੀਂ ਤ੍ਰਿਕਾਲਦਰਸ਼ੀ ਓ, ਸਭ ਕੁਛ ਜਾਣਦੇ ਓ ਕਿ ਮੈਂ ਕਿਉਂ ਹੱਸਿਆ ਹਾਂ। ਕਹਿਣ ਲੱਗੇ, ਮਹਾਰਾਜ! ਸਭਾ ਨੇ ਸਾਰੀ ਗੱਲ ਸੁਣਨੀ ਹੈ ਆਪ ਦੇ ਮੁਖਾਰਬਿੰਦ ਤੋਂ, ਆਪ ਕ੍ਰਿਪਾ ਕਰਕੇ ਕਾਰਨ ਦੱਸੋ ਕਿ ਆਪ ਦਾ ਹੱਸਣ ਦਾ ਕਾਰਨ ਕੀ ਹੈ? ਓਸ ਵੇਲੇ ਰਾਮ ਚੰਦਰ ਜੀ ਕਹਿਣ ਲੱਗੇ ਕਿ ਮੈਂ ਕੀੜੇ ਨੂੰ ਦੇਖ ਕੇ ਹੱਸਿਆ ਹਾਂ। ਧਿਆਨ ਨਾਲ ਦੇਖਿਆ ਵਸ਼ਿਸ਼ਟ ਜੀ ਨੇ ਕਹਿਣ ਲੱਗੇ ਕਿ ਇਹਦੀਆਂ ਦੋ ਪਿਛਲੀਆਂ ਲੱਤਾਂ ਟੁੱਟੀਆਂ ਹੋਈਆਂ ਨੇ, ਇਹ ਦੋ ਲੱਤਾਂ ਨਾਲ ਦੀਵਾਰ 'ਤੇ ਚੜ੍ਹਦਾ ਹੈ ਤੇ ਥੋੜ੍ਹਾ ਚੜ੍ਹ ਕੇ ਥੱਕ ਜਾਂਦਾ ਹੈ ਤੇ ਗਿਰ ਪੈਂਦਾ ਹੈ। ਫੇਰ ਚੜ੍ਹਨ ਲੱਗ ਜਾਂਦਾ ਹੈ ਤੇ ਫੇਰ ਗਿਰ ਪੈਂਦਾ ਹੈ। ਕਹਿਣ ਲੱਗੇ, ਇਹ ਤਾਂ ਕਾਰਨ ਤੁਹਾਡੇ ਹੱਸਣ ਦਾ ਨਹੀਂ, ਤੁਹਾਡੇ ਹੱਸਣ ਦਾ ਕਾਰਨ ਕੋਈ ਗਹਿਰਾ ਹੈ, ਆਪ ਕ੍ਰਿਪਾ ਕਰਕੇ ਇਹਦੇ ਉਤੇ ਸਪਸ਼ਟੀਕਰਨ ਦੇਵੋ ਤਾਂ ਕਿ ਸਾਰੀ ਸਭਾ ਜਿਸਦੇ ਅੰਦਰ ਸ਼ੰਕਾ ਪੈਦਾ ਹੋ ਗਿਆ ਹੈ, ਉਹ ਨਿਰਨਾ ਹੋ ਕੇ ਉਨ੍ਹਾਂ ਦਾ ਮਨ ਸ਼ਾਂਤ ਹੋਵੇ। ਕਹਿਣ ਲੱਗੇ, ਵਸ਼ਿਸ਼ਟ ਜੀ! ਮੈਂ ਇਸ ਕੀੜੇ ਦਾ ਜਿਹੜਾ ਭੂਤਕਾਲ ਸੀ ਦੇਖਣਾ ਸ਼ੁਰੂ ਕਰ ਦਿਤਾ, ਇਹ ਅੱਜ ਤੋਂ ਪਹਿਲਾਂ ਚੌਦਾਂ ਵਾਰੀ ਇੰਦਰ ਦੇ ਤਖਤ ਤੇ ਬੈਠਾ ਹੈ, ਬੜੀ ਦੇਰ ਤੱਕ ਜਾ ਕੇ ਸਵਰਗ ਲੋਕ ਦਾ ਸੁਖ ਭੋਗਿਆ ਹੈ, ਫੇਰ ਗਿਰ ਜਾਂਦਾ ਹੈ, ਫੇਰ ਮਨੁੱਖ ਬਣ ਜਾਂਦਾ ਹੈ। ਫੇਰ ਜਾ ਕੇ ਯੱਗ ਕਰਦਾ ਹੈ, ਯਾਨਿ ਚੌਦਾਂ ਵਾਰੀ ਇੰਦਰ ਦੇ ਤਖਤ 'ਤੇ ਬੈਠ ਚੁਕਿਆ। ਤਿੰਨ ਕਰੋੜ ਬਵੰਜਾ ਲੱਖ ਸਾਲ ਦੀ ਉਮਰ ਹੁੰਦੀ ਹੈ ਇੰਦਰ ਦੀ। ਤੇ ਹੁਣ ਇਹ ਕੀੜਾ ਬਣਿਆ ਹੋਇਆ ਹੈ, ਲੇਕਿਨ ਵਾਸ਼ਨਾ ਇਹਦੇ ਅੰਦਰ ਅਜੇ ਵੀ ਤਾਜ਼ੀ ਹੈ ਤੇ ਇਹ ਸੋਚਦਾ ਹੈ ਕਿ ਮੈਂ ਕਦ ਮਨੁੱਖ ਬਣਾਂ, ਕਦ ਮੇਰੀ ਚੌਰਾਸੀ ਦਾ ਗੇੜਾ ਪੂਰਾ ਹੋਵੇ ਤੇ ਫੇਰ ਮੈਂ ਮਨੁੱਖ ਬਣ ਕੇ, ਫੇਰ ਮੈਂ ਉਹ ਕਰਮ ਕਰਾਂ ਜਿਹਦੇ ਨਾਲ ਮੈਨੂੰ ਇੰਦਰ ਦਾ ਤਖਤ ਪ੍ਰਾਪਤ ਹੋ ਜਾਵੇ ਅਤੇ ਅਸੀਂ ਇਹਦੀ ਬੇਸਮਝੀ 'ਤੇ ਹਸੇ ਹਾਂ ਕਿ ਮੂਰਖਾ! ਚੌਦਾਂ ਵਾਰੀ ਤੂੰ ਇੰਦਰ ਦੀ

ਪਦਵੀ ਤੋਂ ਗਿਰ ਚੁੱਕਿਆ ਹੈਂ ਤੇ ਤੂੰ ਉਹ ਪਦਵੀ ਪ੍ਰਾਪਤ ਕਰ ਜਿਥੋਂ ਦੁਬਾਰਾ ਨਹੀਂ ਗਿਰਿਆ ਜਾਂਦਾ। ਓਸ ਥਾਂ ਪਹੁੰਚ -

*ਸਚ ਖੰਡਿ ਵਸੈ ਨਿਰੰਕਾਰੁ ॥*
*ਕਰਿ ਕਰਿ ਵੇਖੈ ਨਦਰਿ ਨਿਹਾਲ ॥ ਅੰਗ - ੮*

ਨਿਰੰਕਾਰ ਦੇ ਮੰਡਲ ਵਿੱਚ ਪ੍ਰਵੇਸ਼ ਕਰ, ਮੂਰਖ ਮੁੜ ਕੇ ਉਸੇ ਚੀਜ਼ ਨੂੰ ਫੇਰ ਕਰਦਾ ਹੈ ਤਾਂ ਉਸ ਵੇਲੇ ਵਸ਼ਿਸ਼ਟ ਜੀ ਕਹਿਣ ਲੱਗੇ ਕਿ ਸਾਰੀ ਸਭਾ ਦੇ ਵਿੱਚ ਸਸ਼ੋਭਤ ਰਿਸ਼ੀਆਂ-ਮੁਨੀਆਂ, ਸਰੋਤਿਆਂ ਨੂੰ ਕਿ ਦੇਖੋ, ਸਰੋਤਾ ਜਨੋ! ਵਾਸ਼ਨਾ ਕਿੰਨੀ ਪ੍ਰਬਲ ਹੈ, ਕੀੜਾ ਬਣ ਗਿਆ, ਤਾਂ ਵੀ ਵਾਸ਼ਨਾ ਨਹੀਂ ਇਸਦੀ ਹਟ ਰਹੀ। ਸੋ ਜਦ ਤਕ ਆਦਮੀ ਦੇ ਅੰਦਰ ਵਾਸ਼ਨਾ ਹੈ, ਸੁਖ ਦਾ ਨਾਮ ਨਿਸ਼ਾਨ ਨਹੀਂ ਹੋਇਆ ਕਰਦਾ। ਸੁਖ ਕੇਵਲ ਨਾਮ ਦੇ ਵਿੱਚ ਹੋਇਆ ਕਰਦਾ ਹੈ, ਸਾਰੀਆ ਵਾਸ਼ਨਾਵਾਂ ਖਤਮ ਕਰਕੇ desireless stage ਦੇ ਵਿੱਚ ਆਦਮੀ ਪਹੁੰਚ ਜਾਵੇ, ਫੇਰ ਸੁਖ ਹੁੰਦਾ ਹੈ। ਇਹ ਜਿਹੜਾ ਸੁਖ ਹੈ, ਗੁਰੂ ਤੋਂ ਬਗੈਰ ਨਹੀਂ ਪ੍ਰਾਪਤ ਹੁੰਦਾ। ਗਿਆਨ ਨਹੀਂ ਪ੍ਰਾਪਤ ਹੁੰਦਾ ਗੁਰੂ ਤੋਂ ਬਗੈਰ, ਗੁਰੂ ਤੋਂ ਬਗੈਰ ਮੁਕਤੀ ਨਹੀਂ ਮਿਲਿਆ ਕਰਦੀ। ਐਸਾ ਗੁਰੂ ਮਹਾਰਾਜ ਦਾ ਫੁਰਮਾਨ ਹੈ -

*ਧਾਰਨਾ - ਬਿਨਾਂ ਗੁਰਾਂ ਤੋਂ ਮੁਕਤ ਨਾ ਹੋਵੇ,*
*ਪੁਛੋ ਬ੍ਰਹਮੇ ਨਾਰਦੇ ਨੂੰ।*
*ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ ॥*
*ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ ॥*
*ਅੰਗ - ੫੯*

ਵੱਡਿਆਂ-ਵੱਡਿਆਂ ਦਾ ਜ਼ਿਕਰ ਗੁਰੂ ਮਹਾਰਾਜ ਨੇ ਕਰਿਆ ਹੈ ਕਿ ਇਨ੍ਹਾਂ ਤੋਂ ਪੁੱਛ ਲਓ ਤੁਸੀਂ। ਇਨ੍ਹਾਂ ਦੇ ਜੀਵਨ ਨੂੰ ਵਿਚਾਰ ਕੇ ਦੇਖ ਲਓ। ਬਗੈਰ ਗੁਰੂ ਤੋਂ ਮੁਕਤ ਨਹੀਂ ਹੋਇਆ ਕਰਦਾ। ਗੁਰੂ ਧਾਰਨਾ ਅਵੱਸ਼ਕ ਹੈ, ਉਸ ਤੋਂ ਬਗੈਰ ਨਹੀਂ ਲੰਘ ਸਕਦਾ ਆਦਮੀ ਪਾਰ। ਐਵੇਂ ਖਿਆਲ ਹੈ, ਜਨਮ ਆਪਣਾ ਬਿਰਥਾ ਗੁਆ ਕੇ ਤੁਰ ਜਾਂਦਾ ਹੈ। ਲੇਕਿਨ ਪਾਰ ਨਹੀਂ ਲੰਘਿਆ ਕਰਦਾ। ਪਾਰ ਕੇਵਲ ਸਮਰੱਥ ਗੁਰੂ ਹੋਵੇ ਤਾਂ ਹੁੰਦਾ ਹੈ।

ਚਾਰ ਕਿਸਮ ਦੇ ਗੁਰੂ ਸੰਸਾਰ 'ਚ ਗਿਣੇ ਨੇ ਇਕ ਤਾਂ ਹੈਗੇ ਕੱਚੇ ਗੁਰੂ। ਇੱਕ ਨੇ ਅੰਨ੍ਹੇ ਗੁਰੂ, ਕੱਚੇ ਵੀ ਮਿਲਦੇ ਨੇ, ਅੰਨ੍ਹੇ ਵੀ ਮਿਲਦੇ ਨੇ। ਤੀਸਰੇ ਨੇ ਵਿਦਵਾਨ ਗੁਰੂ। ਜਾਣਦੇ ਸਭ ਕੁਛ ਹੁੰਦੇ ਨੇ, ਉਨ੍ਹਾਂ ਕੋਲ authority ਨਹੀਂ ਹੁੰਦੀ। ਚੌਥੇ ਹੁੰਦੇ ਨੇ ਸਮਰੱਥ ਗੁਰੂ; ਸਮਰੱਥ ਗੁਰੂ ਜਿਹੜਾ ਹੈ ਉਹਦੀ ਕ੍ਰਿਆ ਵੀ ਨਿਰਾਲੀ ਹੁੰਦੀ ਹੈ ਤੇ ਦੁਨੀਆਂ ਦੇ ਅੰਦਰ ਉਹਦਾ ਵਰਤ ਵਰਤਾਰਾ, ਸੋਚ ਸਾਰੀ ਨਿਆਰੀ ਹੋਇਆ ਕਰਦੀ ਹੈ, ਜਿਸ ਦੇ ਬਾਰੇ ਐਸਾ ਫੁਰਮਾਨ ਹੈ-

*ਧਾਰਨਾ - ਨਿਰਵੈਰ ਨਿਰਾਲਾ ਜੀ,*
*ਸਤਿਗੁਰ ਪੁਰਖ ਅਗੰਮ ਹੈ।*
*ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।*
*ਜਾਣਹੁ ਧਰਤੀ ਧਰਮ ਕੀ, ਸਚੀ ਧਰਮਸਾਲਾ।*
*ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮਾਲਾ।*
*ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।*
*ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।*
*ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹ ਕਾਲਾ।*
*ਭਾਈ ਗੁਰਦਾਸ ਜੀ, ੩੪/੧*

ਸਮਰੱਥ ਗੁਰੂ ਜੋ ਹੋਇਆ ਕਰਦਾ ਹੈ ਉਹਦੇ ਵਿੱਚ ਜੋ ਗੁਣ ਹੋਇਆ ਕਰਦੇ ਹਨ ਉਨ੍ਹਾਂ ਨੂੰ ਭਾਈ ਗੁਰਦਾਸ ਜੀ ਨੇ ਜਿਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਦਾ ਦਰਜਾ ਦੇ ਕੇ ਸਨਮਾਨਿਆ ਗਿਆ ਹੈ, ਉਹ ਇਹ ਗੁਣ ਦਸਦੇ ਨੇ। ਜਿਹੋ ਜਿਹੀ ਕਿਸੇ ਦੀ ਭਾਵਨਾ ਓਹੋ ਜਿਹਾ ਹੀ ਨਜ਼ਰ ਆਇਆ ਕਰਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਉਹ ਸਤਿਗੁਰੂ ਹੈ ਪੂਰਾ, ਉਸ ਤੋਂ ਬਗੈਰ ਬੰਦੇ ਦੀ ਗਤੀ ਨਹੀਂ ਹੋਇਆ ਕਰਦੀ। ਨਾ ਤਾਂ ਕੱਚਾ ਗੁਰੂ ਕਰ ਸਕਦਾ ਹੈ। ਅੰਨ੍ਹਾ ਗੁਰੂ ਜਿਹੜਾ ਹੈ ਉਹ ਭਰਮਾਂ ਵਿੱਚ ਪਾ ਦਿਆ ਕਰਦਾ ਹੈ। ਕਰਮਕਾਂਡ ਦੇ ਵਿੱਚ ਫਸਾ ਦਿੰਦਾ ਹੈ, ਨਿਕਲਣ ਨਹੀਂ ਦਿੰਦਾ। ਜਿਹੜਾ ਵਿਦਵਾਨ ਗੁਰੂ ਹੈ ਉਹਦੇ ਕੋਲ ਵਿਦਿਆ ਤਾਂ ਹੁੰਦੀ ਹੈ, ਲੇਕਿਨ ਅਗਿਆਨਤਾ ਦੇ ਛੌੜ ਕੱਟਣ ਦੇ ਉਹ ਸਮਰੱਥ ਨਹੀਂ ਹੋਇਆ ਕਰਦਾ। ਸਿਰਫ ਸਮਰੱਥ ਗੁਰੂ ਹੈ ਜਿਸ ਦੀ ਸੰਗਤ ਦੇ ਨਾਲ, ਜਿਸ ਦੇ ਉਪਦੇਸ਼ ਦੇ ਨਾਲ ਇਸ ਜੀਵ ਦਾ ਉਧਾਰ ਹੋਇਆ ਕਰਦਾ ਹੈ। ਉਹਦੇ ਕੋਲ ਨਾਮ ਦਾ ਖਜ਼ਾਨਾ ਹੁੰਦਾ ਹੈ। ਨਾਮ ਦੇ ਕੇ ਹਉਮੈ ਦਾ ਰੋਗ ਕੱਟ ਦਿੰਦਾ ਹੈ। ਐਸਾ ਬਾਣੀ ਦੇ ਅੰਦਰ ਆਉਂਦਾ ਹੈ, ਪੜ੍ਹੋ ਪਿਆਰ ਨਾਲ -

*ਧਾਰਨਾ - ਨਾਮ ਅਮੋਲਕ ਰਤਨ ਹੈ,*
*ਪੂਰੇ ਸਤਿਗੁਰ ਪਾਸ।*
*ਸਤਿਗੁਰ ਸੇਵੈ ਲਗਿਆ*
*ਕਢਿ ਰਤਨੁ ਦੇਵੈ ਪਰਗਾਸਿ॥ ਅੰਗ - ੪੦*

ਜਿਹੜਾ ਗੁਰੂ ਦੀ ਸੇਵਾ 'ਚ ਲਗ ਜਾਂਦਾ ਹੈ, ਗੁਰੂ ਨੂੰ ਮਨਾ ਲੈਂਦਾ ਹੈ, ਗੁਰੂ ਉਸਨੂੰ ਉਹ ਰਤਨ ਦੇ ਦਿੰਦਾ ਹੈ ਜਿਹਦਾ ਮੁੱਲ ਕੋਈ ਨਹੀਂ ਹੈ -

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥*
*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ॥*
*ਅੰਗ - ੮੧*

ਉਨ੍ਹਾਂ ਨੂੰ ਉਹ ਰਤਨ ਦੇ ਦਿਆ ਕਰਦਾ ਹੈ -

*ਧੰਨੁ ਵਡਭਾਗੀ ਵਡ ਭਾਗੀਆ*
*ਜੋ ਆਇ ਮਿਲੇ ਗੁਰ ਪਾਸਿ ॥ ਅੰਗ - ੪੦*
*ਬਿਨੁ ਸਤਿਗੁਰ ਦਾਤਾ ਕੋ ਨਹੀ*
*ਜੋ ਹਰਿ ਨਾਮੁ ਦੇਇ ਆਧਾਰੁ ॥ ਅੰਗ - ੧੪੧੭*

ਗੁਰੂ ਦੀ ਕ੍ਰਿਪਾ ਹੋਵੇ ਤਾਂ ਨਾਮ ਮਨ ਵਿੱਚ ਵਸਿਆ ਕਰਦਾ ਹੈ -

*ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥ ਗੁਰ ਪਰਸਾਦੀ ਰਾਮੁ ਮਨਿ ਵਸੈ*
*ਤਾ ਫਲੁ ਪਾਵੈ ਕੋਇ ॥ ਅੰਗ - ੪੯੧*
*ਬਿਨੁ ਸਤਿਗੁਰ ਦਾਤਾ ਕੋ ਨਹੀ*
*ਜੋ ਹਰਿ ਨਾਮੁ ਦੇਇ ਆਧਾਰੁ ॥*
*ਗੁਰ ਕਿਰਪਾ ਤੇ ਨਾਉ ਮਨਿ ਵਸੈ*
*ਸਦਾ ਰਹੈ ਉਰਿ ਧਾਰਿ ॥*
*ਤਿਸਨਾ ਬੁਝੈ ਤਿਪਤਿ ਹੋਇ*
*ਹਰਿ ਕੈ ਨਾਇ ਪਿਆਰਿ ॥*
*ਨਾਨਕ ਗੁਰਮੁਖਿ ਪਾਈਐ*
*ਹਰਿ ਅਪਨੀ ਕਿਰਪਾ ਧਾਰਿ ॥ ਅੰਗ - ੧੪੧੭*

ਸੋ ਜਦੋਂ ਤੱਕ ਨਾਮ ਦੀ ਪ੍ਰਾਪਤੀ ਨਹੀਂ ਹੁੰਦੀ, ਓਨੀਂ ਦੇਰ ਤੱਕ ਵਾਸ਼ਨਾ ਦਾ ਖਾਤਮਾ ਨਹੀਂ ਹੁੰਦਾ। ਜਦ ਤੱਕ ਵਾਸ਼ਨਾ ਦਾ ਖਾਤਮਾ ਨਹੀਂ ਹੁੰਦਾ ਸ਼ਾਂਤੀ ਨਹੀਂ ਆਇਆ ਕਰਦੀ।

*ਬਿਨੁ ਹਰਿ ਨਾਮ ਨ ਸਾਂਤਿ ਹੋਇ*
*ਕਿਤੁ ਬਿਧਿ ਮਨੁ ਧੀਰੇ ॥ ਅੰਗ - ੭੦੭*

ਸੋ ਭਾਈ ਸੁਜਾਨ ਰਾਇ ਕਹਿਣ ਲੱਗਿਆ, ਅੰਮ੍ਰਿਤਰਾਇ ਜੀ! ਬੜਾ ਕੁਛ ਕਰਿਆ ਹੈ, ਲੇਕਿਨ ਮਨ ਸ਼ਾਂਤ ਨਹੀਂ ਹੋ ਰਿਹਾ। ਮੇਰੇ ਅੰਦਰ ਕੋਈ ਖਾਲੀ ਥਾਂ ਮੈਨੂੰ ਲਗਦਾ ਹੈ ਜਿਹੜਾ ਭਰਿਆ ਨਹੀਂ ਹੈ, ਪਦਾਰਥਾਂ ਦੀ ਮੇਰੇ ਕੋਲ ਕੋਈ ਘਾਟ ਨਹੀਂ, ਬੱਚੇ ਮੇਰੇ ਸੁੰਦਰ ਸਵੱਸਥ ਪਿਆਰ ਕਰਨ ਵਾਲੇ ਨੇ, ਘਰਵਾਲੀ ਮੇਰੀ ਪਤੀਵਰਤਾ, ਆਗਿਆਕਾਰ, ਪੈਸੇ ਟਕੇ ਦੀ ਮੇਰੇ ਕੋਲ ਕੋਈ ਘਾਟ ਨਹੀਂ। ਸਰੀਰ ਸਾਡੇ ਸੰਤੁਸ਼ਟ, ਨਾਉਂ ਸਾਡਾ ਬਹੁਤ ਵੱਡਾ। ਹਿਕਮਤ ਕਰਕੇ ਮੈਂ ਸੇਵਾ ਕਰਦਾ ਹਾਂ, ਕਿਸੇ ਤੋਂ ਕੋਈ ਪੈਸਾ ਨਹੀਂ ਲੈਂਦਾ, ਫਰੀ ਇਲਾਜ ਕਰਦਾ ਹਾਂ, ਉਹਦੇ ਨਾਲ ਮੇਰਾ ਜਸ ਫੈਲਿਆ ਹੋਇਆ ਹੈ, ਲੇਕਿਨ ਵਜ੍ਹਾ ਕੀ ਹੈ ਕਿ ਮੈਨੂੰ ਅਜੇ ਵੀ ਸ਼ਾਂਤੀ ਨਹੀਂ ਆਉਂਦੀ, ਮੈ ਰਾਜ ਯੋਗ ਵੀ ਕੀਤਾ ਹੈ, ਲੇਕਿਨ ਮੈਂ ਕਿਸੇ ਕਿਨਾਰੇ ਨਹੀਂ ਪਹੁੰਚਿਆ। ਸਾਨੂੰ ਨਹੀਂ ਪਤਾ ਲਗਦਾ ਕਿ ਰਾਜ ਯੋਗ ਕੀ ਹੁੰਦਾ ਹੈ, ਉਹ ਅਸ਼ਟਾਂਗ ਯੋਗ ਕਹਾਉਂਦਾ ਹੈ ਆਪਣੇ ਆਪ 'ਚ। ਅੱਠ ਉਹਦੇ ਅੰਗ ਹੁੰਦੇ ਨੇ। ਅਸ਼ਟਾਂਗ ਕਹਿੰਦੇ ਨੇ ਅੱਠ ਅੰਗਾਂ ਨੂੰ। ਉਹ ਸਾਧਨ ਹੈ, ਹੈ ਬਹੁਤ ਵਧੀਆ ਰਸਤਾ। ਕੋਈ ਮਾੜਾ ਰਸਤਾ ਨਹੀਂ ਜੇ ਕਿਸੇ ਨੂੰ ਪ੍ਰਾਪਤ ਹੋ ਜਾਵੇ, ਪਰ ਗੁਰੂ ਘਰ ਵਿੱਚ ਉਸ ਨਾਲੋਂ ਬਹੁਤ ਸੁਖਾਲਾ ਤੇ ਸੁਖੈਨ ਰਸਤਾ ਹੋਰ ਵੀ ਹੈਗਾ। ਇਹ ਵੀ ਨਿੰਦਿਆ ਨਹੀਂ ਹੈ, ਇਹ ਰਸਤਾ ਵੀ ਬੇਅੰਤ ਮਹਾਤਮਾ ਕਰ-ਕਰ ਦੇਖਦੇ ਨੇ, ਕਿਉਂਕਿ ਇਹਦੇ ਵਿੱਚ ਮਨ ਦਾ ਟਿਕਾਉ ਹੁੰਦਾ ਹੈ। ਇਹਦੇ ਵਿੱਚ ਕੁਛ ਰਹਿਤਾਂ ਹੁੰਦੀਆਂ ਨੇ, ਜਿਹੜੀਆਂ ਰਹਿਤਾਂ ਸਾਨੂੰ ਰੱਖਣੀਆਂ ਪੈਂਦੀਆਂ ਨੇ ਵੈਸੇ ਵੀ। ਗੁਰੂ ਗ੍ਰੰਥ ਸਾਹਿਬ ਉਨ੍ਹਾਂ ਸਾਰੀਆਂ ਰਹਿਤਾਂ ਦੀ ਪ੍ਰੋੜ੍ਹਤਾ ਕਰਦੇ ਨੇ ਕਿ ਇਹ ਰਹਿਤ-

*ਵਿਣੁ ਗੁਣ ਕੀਤੇ ਭਗਤਿ ਨ ਹੋਇ ॥*
*ਅੰਗ - ੪*

ਇੱਕੋ ਅੱਖਰ ਵਿੱਚ ਮਹਾਰਾਜ ਜੀ ਨੇ ਕਹਿ ਦਿੱਤਾ ਕਿ ਜਿੰਨਾ ਚਿਰ ਗੁਣ ਨਹੀਂ ਧਾਰਨ ਕਰਦਾ, ਓਨੀਂ ਦੇਰ ਤੱਕ ਨਾਮ ਨਹੀਂ ਜਪ ਸਕਦਾ, ਭਗਤੀ ਨਹੀਂ ਕਰ ਸਕਦਾ। ਸੋ ਰਹਿਤਾਂ ਹੋਇਆਂ ਕਰਦੀਆਂ ਨੇ, ਅਸ਼ਟਾਂਗ ਯੋਗ ਦੀਆਂ। ਪਹਿਲੇ ਨੂੰ ਤਾਂ ਯਮ ਕਹਿੰਦੇ ਨੇ, ਇਹ ਕੁਛ ਗੁਣ ਹੋਇਆ ਕਰਦੇ ਨੇ, ਇੱਕ ਤਾਂ ਹੁੰਦੀ ਹੈ ਅਹਿੰਸਾ, ਨਾ ਸਰੀਰ ਕਰਕੇ ਕਿਸੇ ਨੂੰ ਦੁੱਖ ਦੇਣਾ ਤੇ ਨਾ ਬਚਨ ਨਾਲ ਦੁੱਖ ਦੇਣਾ ਤੇ ਮਨ ਦੇ ਨਾਲ ਫੁਰਨੇ ਨਾਲ ਦੁੱਖ ਦੇਣਾ, ਨਾ ਬੁੱਧੀ ਨਾਲ ਦੁੱਖ ਦੇਣਾ, ਨਾ ਆਪਣੀ ਕਿਸੇ ਸ਼ਕਤੀ ਨਾਲ ਦੁੱਖ ਦੇਣਾ। ਇਹਦੀ ਥਾਂ ਤੇ ਸਦਾ ਹੀ ਇਸ ਭਾਵਨਾ 'ਚ ਰਹਿਣਾ -

*ਨਾਨਕ ਨਾਮ ਚੜ੍ਹਦੀ ਕਲਾ,*
*ਤੇਰੇ ਭਾਣੇ ਸਰਬੱਤ ਕਾ ਭਲਾ।*

ਐਨੀ ਗੱਲ ਦੇ ਵਿੱਚ ਜਿਹੜਾ ਯਮ ਹੈ ਇਸ ਦੇ ਉਤੇ ਅਸੀਂ ਅਮਲ ਕਰ ਲੈਂਦੇ ਹਾਂ। ਉਹ ਤਾਂ ਜੇ ਦਿਲੋਂ ਅਸੀਂ ਕਹੀਏ, ਜੇ ਐਵੇਂ ਹੀ ਅੱਖਰ ਗਿਣਦੇ ਹਾਂ, ਫੇਰ ਨਹੀਂ। ਦੂਸਰਾ ਹੋਇਆ ਕਰਦਾ ਹੈ ਝੂਠ ਦਾ ਤਿਆਗ। ਬਹੁਤੇ ਨਿਤਨੇਮ ਕਰਦੇ ਨੇ, ਬਾਣੀ ਪੜ੍ਹਦੇ ਨੇ, ਅੰਮ੍ਰਿਤ ਵੇਲੇ ਜਾਗਦੇ ਨੇ ਪਰ ਬਹੁਤਾ ਬੋਲਣ ਕਰਕੇ ਰਸਨਾ ਦੇ ਉਤੇ ਕੰਟਰੋਲ ਨਹੀ ਤੇ ਗੱਲਬਾਤ ਕਰਨ ਵਾਸਤੇ ਜਿਹੜਾ ਅਧੂਰਾ, ਵਿਚਾਲੇ ਪੂਰਾ ਹੁੰਦਾ ਨਹੀਂ ਹੈ ਉਹ ਇੱਕ ਚੰਗੇ artist ਵਾਂਗਣ ਉਹ ਗੱਲ ਆਪਣੇ ਕੋਲੋਂ ਬਣਾ ਕੇ, ਉਹ ਕਹਾਣੀ ਬੜੀ ਸੁੰਦਰ ਬਣਾ ਲੈਂਦੇ ਨੇ, ਇਹਨੂੰ ਝੂਠ ਕਹਿੰਦੇ ਨੇ। ਆਮ ਇਹ ਬੰਦਿਆਂ 'ਚ ਦੇਖਿਆ ਜਾਂਦਾ ਹੈ। ਨਾਮ ਜਪਣ ਵਾਲੇ ਨੂੰ ਉਦੋਂ ਹੀ ਪਤਾ ਲੱਗ ਜਾਂਦਾ ਹੈ, ਕਿਉਂਕਿ ਉਹਦੀ ਲਿਵ ਟੁੱਟ ਜਾਂਦੀ ਹੈ ਉਸੇ ਵੇਲੇ। ਐਸੀ ਨਿਸ਼ਾਨੀ ਹੈ ਲਿਵ ਦੀ ਕਿ ਪਤਾ ਲਗ ਜਾਂਦਾ ਹੈ ਕਿ ਮੈਂ ਗਲਤ ਹੋ ਗਿਆ, ਸੋ ਝੂਠ ਦਾ ਤਿਆਗ ਕਰੇ।

ਤੀਸਰਾ ਹੁੰਦਾ ਹੈ ਚੋਰੀ ਦਾ ਤਿਆਗ। ਚੋਰੀ ਕਈ ਕਿਸਮ ਦੀ ਹੋਇਆ ਕਰਦੀ ਹੈ, ਕਿਸੇ ਦਾ ਧਨ ਕਮਾਇਆ ਹੋਇਆ ਚੋਰੀ ਕਰ ਲੈਣਾ, ਇਹ ਵੀ ਚੋਰੀ ਹੈ। ਕਿਸੇ ਨੂੰ ਤੰਗ ਕਰਕੇ, ਦੁਖੀ ਕਰਕੇ ਉਸ ਤੋਂ ਪੈਸਾ ਹਾਸਲ ਕਰ ਲੈਣਾ, ਰਿਸ਼ਵਤ ਵਗੈਰਾ ਲੈ ਕੇ ਉਹ ਵੀ ਚੋਰੀ ਹੈ। ਕਿਸੇ ਦੀ ਕਵਿਤਾ ਹੈ ਉਹਦੇ ਬੰਦ ਚੋਰੀ ਕਰਕੇ ਆਪਣੇ ਨਾਉਂ 'ਤੇ ਸੁਣਾ ਦੇਣੇ। ਕਿਸੇ ਵਖਿਆਨਕਾਰ ਦਾ ਜੋ ਬਚਨ ਹੈ, ਉਹ ਆਪਣਾ ਬਣਾ ਕੇ ਸੁਣਾ ਦੇਣਾ, ਦੁਨੀਆਂ ਤੋਂ ਵਾਹਵਾ-ਵਾਹਵਾ ਲੈਣੀ। ਉਹ ਵੱਡੇ ਚੋਰ ਹੋਇਆ ਕਰਦੇ ਨੇ, ਸਭ ਤੋਂ ਵੱਡੇ ਚੋਰ ਮਹਾਰਾਜ ਨੇ ਕਿਹਾ ਹੈ ਜਿਹੜੇ ਨਾਮ ਨਹੀਂ ਜਪਦੇ, ਉਨ੍ਹਾਂ ਤੋਂ ਵੱਡਾ

ਚੋਰ ਕੋਈ ਹੋਇਆ ਨਹੀਂ ਕਰਦਾ। ਉਨ੍ਹਾਂ ਨੂੰ ਵੱਡੇ ਚੋਰ ਕਿਹਾ ਹੈ, ਭਾਰੀ ਚੋਰ। ਸੋ ਚੋਰੀ ਦਾ ਤਿਆਗ ਕਰਨਾ।

ਚੌਥਾ ਹੋਇਆ ਕਰਦਾ ਹੈ 'ਸਤ'। ਬਚਨ ਦੇ ਉਤੇ ਪਹਿਰਾ ਦੇਣਾ, ਰਾਜੇ ਹਰੀ ਚੰਦ ਨੇ ਸੁਪਨੇ 'ਚ ਬਚਨ ਕਰਿਆ ਸੀ। ਸੁਪਨੇ ਦੇ ਅੰਦਰ ਰਾਜ ਦਿੱਤਾ ਸੀ, ਵਿਸ਼ਵਾਮਿੱਤਰ ਨੂੰ। ਉਹਨੇ ਜਾਗ੍ਰਤ 'ਚ ਆ ਕੇ ਮੰਗ ਲਿਆ। ਕਹਿੰਦਾ ਹਾਂ, ਮੈਂ ਸੁਪਨੇ ਵਿੱਚ ਦਿੱਤਾ ਸੀ, ਕਹਿੰਦੇ ਦੇਹ ਫੇਰ ਹੁਣ। ਉਹ 'ਸਤ' ਤੋਂ ਨਹੀਂ ਟਲਿਆ, ਲੇਕਿਨ ਦੁੱਖ ਬੇਅੰਤ ਸਹਿ ਲਏ। ਜਦ ਹਰੀ ਚੰਦ ਦਾ ਪੜ੍ਹਦੇ ਹਾਂ ਤਾਂ ਹੈਰਾਨ ਹੋ ਜਾਈਦਾ ਹੈ ਕਿ ਦੇਖੋ, ਬਚਨ ਦਾ ਪੂਰਾ ਸੀ, ਬਚਨ ਤੋਂ ਨਹੀਂ ਹਾਰਿਆ, ਦੁੱਖ ਪਾ ਲਿਆ ਤੇ ਅਗਲਾ ਹੋਇਆ ਕਰਦਾ ਹੈ ਧੀਰਜ। ਦੁੱਖ ਆ ਜਾਵੇ, ਸੁੱਖ ਆ ਜਾਵੇ, ਬਿਰਤੀ ਨੂੰ ਨਹੀਂ ਡੋਲਣ ਦੇਣਾ, ਸਮਾਨ ਬਿਰਤੀ ਰੱਖਣੀ। ਜੇ ਸੁਖ ਆਉਂਦਾ ਹੈ ਤਾਂ ਵੀ ਵਾਹਿਗੁਰੂ ਦਾ ਸ਼ੁਕਰ। ਜੇ ਦੁੱਖ ਆ ਗਿਆ ਤਾਂ ਵੀ ਕਹਿੰਦਾ ਹੈ -

***ਕੇਤਿਆ ਦੂਖ ਭੂਖ ਸਦ ਮਾਰ ॥***
***ਏਹਿ ਭਿ ਦਾਤਿ ਤੇਰੀ ਦਾਤਾਰ ॥ ਅੰਗ - ੫***
***ਜੇ ਸੁਖੁ ਦੇਹਿ ਤ ਤੁਝਹਿ ਅਰਾਧੀ***
***ਦੁਖਿ ਭੀ ਤੁਝੈ ਧਿਆਈ ॥੨॥***
***ਜੇ ਭੁਖ ਦੇਹਿ ਤ ਇਤ ਹੀ ਰਾਜਾ***
***ਦੁਖ ਵਿਚਿ ਸੂਖ ਮਨਾਈ ॥ ਅੰਗ - ੭੫੭***

ਇਹ ਬਿਰਤੀ ਜਿਹੜੀ ਹੈ ਇਹਨੂੰ ਧੀਰਜ ਕਹਿੰਦੇ ਨੇ, ਫੇਰ ਖਿਮਾ ਹੋਇਆ ਕਰਦੀ ਹੈ। ਆਪਣੇ 'ਚ ਤਾਕਤ ਹੈ ਕਿਸੇ ਦਾ ਨੁਕਸਾਨ ਕਰ ਦੇਣ ਦੀ ਤੇ ਉਹਨੇ ਗਲਤੀ ਕਰ ਦਿੱਤੀ ਤੇ ਫੇਰ ਖਿਮਾ ਕਰਕੇ ਛੱਡ ਦੇਣਾ ਕਿ ਕੋਈ ਨਾ ਇਹ ਭੁੱਲੜ ਬੰਦਾ ਹੈ, ਸਮਝਾ ਦਿੱਤਾ, ਨੁਕਸਾਨ ਨਹੀਂ ਇਹਦਾ ਕਰਨਾ। ਉਸ ਤੋਂ ਅੱਗੇ ਹੁੰਦੀ ਹੈ ਦਇਆ। ਦਇਆ ਤੋਂ ਧਰਮ ਪੈਦਾ ਹੁੰਦਾ ਹੈ।

***ਧੌਲੁ ਧਰਮੁ ਦਇਆ ਕਾ ਪੂਤੁ ॥ ਅੰਗ - ੩***

ਜੇ ਜਾਨਵਰਾਂ ਦੇ ਗਲ ਵੱਢ-ਵੱਢ ਮਾਸ ਖਾਈ ਜਾਂਦਾ ਹੈ, ਫੇਰ ਦਇਆ ਨਾ ਹੋਈ, ਮਹਾਰਾਜ ਜੀ ਦਾ ਐਸਾ ਹੁਕਮ ਆਉਂਦਾ ਹੈ -

***ਜੀਅ ਬਧਹੁ ਸੁ ਧਰਮੁ ਕਰਿ ਥਾਪਹੁ***
***ਅਧਰਮੁ ਕਹਹੁ ਕਤ ਭਾਈ ॥***
***ਆਪਸ ਕਉ ਮੁਨਿਵਰ ਕਰਿ ਥਾਪਹੁ***
***ਕਾ ਕਉ ਕਹਹੁ ਕਸਾਈ ॥ ਅੰਗ - ੧੧੦੩***

'ਬਧਹੁ' ਕਹਿੰਦੇ ਨੇ ਮਾਰਨੇ, ਜੀਅ ਮਾਰ ਕੇ ਤੁਸੀਂ ਕਹਿੰਦੇ ਓਂ ਅਸੀਂ ਧਰਮ ਕਰਦੇ ਹਾਂ। ਫੇਰ ਤੁਸੀਂ ਸਾਨੂੰ ਇਹ ਦੱਸੋ ਤੁਹਾਡੇ ਕੋਸ਼ ਵਿੱਚ ਅਧਰਮ ਕਿਸ ਚੀਜ਼ ਦਾ ਨਾਉਂ ਹੈ ਤੇ ਫੇਰ ਤੁਸੀਂ ਵੱਡੇ ਤੋਂ ਵੱਡੇ ਓਂ ਇਹ ਗੱਲਾਂ ਕਰਕੇ। ਆਪਣੇ ਆਪ ਨੂੰ ਬਹੁਤ ਵੱਡਾ ਸਮਝਦੇ ਓਂ, ਮੇਰੇ ਨਾਲ ਦਾ ਹੋਰ ਕੋਈ ਨਹੀਂ ਹੈ। ਮੈਂ ਧਰਮ ਕਰਨ ਵਾਲਾ ਬੰਦਾ ਹਾਂ। ਕਹਿੰਦੇ ਫੇਰ ਕਸਾਈ ਕਿਹੜੇ ਨੂੰ ਤੁਸੀਂ ਕਹੋਂਗੇ। ਸਾਫ ਕਹੀ ਹੈ ਗੱਲ, ਗੁਰਮਤਿ ਦਾ ਧਿਆਨ ਨਾ ਦੇਣ ਵਾਲੇ, ਇੱਕੋ ਰਟ ਲਾਈ ਜਾਂਦੇ ਨੇ। ਇਤਿਹਾਸ ਵਿੱਚ ਤਾਂ ਬਹੁਤ ਗੱਲਾਂ ਆਉਂਦੀਆ ਨੇ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਜਿਸ ਵਕਤ ਯੁੱਧ ਹੋ ਰਿਹਾ ਹੈ ਤੇ ਪਤਾ ਲੱਗਿਆ ਕਿ ਰਾਜਾ ਕੇਸਰੀ ਚੰਦ ਕੱਲ੍ਹ ਨੂੰ ਮਸਤ ਹਾਥੀ ਜਿਹੜਾ ਕਿ ਬਹੁਤ ਹੀ ਮਜ਼ਬੂਤ ਹੈ, ਉਹਨੂੰ ਸ਼ਰਾਬ ਪਿਲਾ ਕੇ ਮੱਥੇ ਵਿੱਚ ਤਵੀਆਂ ਬੰਨ੍ਹੀਆਂ ਨੇ, ਉਹ ਕਿਲ੍ਹੇ ਦੇ ਦਰਵਾਜ਼ੇ ਨੂੰ ਟੱਕਰਾਂ ਮਰਵਾਏਗਾ ਤੇ ਦਰਵਾਜ਼ਾ ਤੋੜ ਕੇ ਅੰਦਰ ਵੜਨਗੇ ਕੱਲ੍ਹ ਨੂੰ। ਉਸ ਵਕਤ ਜਦੋਂ ਖਬਰ ਲੱਗੀ, ਮਹਾਰਾਜ ਕਹਿਣ ਲੱਗੇ ਕਿ ਆਹ ਸਾਡਾ ਦੁਨੀਚੰਦ ਜਿਹੜਾ ਬੈਠਾ ਹੈ ਇਹ ਵੀ ਤਾਂ ਗੁਰੂ ਘਰ ਦਾ ਹਾਥੀ ਹੈ। ਦੁਨੀਚੰਦ ਰਾਤ ਨੂੰ ਨੱਠ ਗਿਆ, ਜਦ ਮਹਾਰਾਜ ਜੀ ਨੂੰ ਪਤਾ ਲੱਗਿਆ, ਮਹਾਰਾਜ ਕਹਿੰਦੇ, ਕੋਈ ਨਹੀਂ, ਬਚਿੱਤਰ ਸਿੰਘ ਸਾਡਾ ਸ਼ੇਰ ਹੈ, ਇਹ ਕਰੇਗਾ ਮੁਕਾਬਲਾ।

ਉਥੇ ਇਤਿਹਾਸ ਦੇ ਵਿੱਚ ਐਡੀ ਵੱਡੀ ਕੁਰਬਾਨੀ ਦੇ ਪਿੱਛੇ ਇੱਕ ਗੱਲ ਆਉਂਦੀ ਹੈ ਜਿਹੜੀ ਅਸੀ ਮੰਨ ਲਈਏ ਤਾਂ ਦੁਨੀਆ ਦੀ ਨਿਗ੍ਹਾ 'ਚੋਂ ਗਿਰ ਜਾਵਾਂਗੇ। ਉਹ ਇਹ ਹੈ ਕਿ ਗੁਰੂ ਸਾਹਿਬ drug ਖਿਲਾ ਕੇ ਲੜਾਇਆ ਕਰਦੇ ਸੀ। drug ਖਿਲਾ ਦਿੰਦੇ ਸੀ, ਬੇਸੁਰਤ ਕਰਕੇ ਲੜਾਉਂਦੇ ਸੀ। ਆਹ ਸਾਡੇ ਇਤਿਹਾਸਾਂ ਦੇ ਵਿੱਚ ਲਿਖਿਆ ਹੈ, ਚਾਹੇ ਤਵਾਰੀਖ ਖਾਲਸਾ ਪੜ੍ਹ ਲਓ, ਚਾਹੇ ਸੂਰਜ ਪ੍ਰਕਾਸ਼ ਪੜ੍ਹ ਲਓ। ਉਹਦੇ ਵਿੱਚ ਲਿਖਿਆ ਹੋਇਆ ਹੈ ਕਿ ਗੁਰੂ ਸਾਹਿਬ ਨੇ ਇੱਕ ਗੱਲ ਕਹੀ ਕਿ ਸਾਡੇ ਤੋਸ਼ੇਖਾਨੇ 'ਚੋਂ ਜਿਹੜੀ ਅਫੀਮ ਮੈਨੂੰ ਦਿੰਦੇ ਓਂ ਨਾ, ਉਹ ਇਹਨੂੰ ਬਚਿੱਤਰ ਸਿੰਘ ਨੂੰ ਦੇ ਦਿਓ। ਉਹ ਅਫੀਮ ਸਪੈਸ਼ਲ ਲਿਆਂਦੀ ਤੇ ਬਚਿੱਤਰ ਸਿੰਘ ਨੂੰ ਕਿਹਾ ਕਿ ਤੂੰ ਖਾ ਲੈ। ਗੋਲਾ ਵੱਟ ਕੇ ਦਿੱਤਾ ਉਹਨੂੰ ਕਿ ਐਨੀ ਖਾ ਲੈ। ਉਹ ਖਾ ਲਿਆ, ਸਵੇਰੇ ਜਦ ਆਇਆ ਤਾਂ ਕਹਿੰਦੇ ਕਿਉਂ ਬਈ ਬਚਿੱਤਰ ਸਿੰਘਾ! ਕਿਵੇਂ ਲਗਦਾ ਹੈ? ਕਹਿੰਦਾ ਮਹਾਰਾਜ! ਮਾੜੀ-ਮਾੜੀ ਤੋਟ ਆਈ ਲਗਦੀ ਹੈ ਨਸ਼ੇ 'ਚ ਤੇ ਓਧਰੋਂ ਆ ਗਿਆ ਸੁਨੇਹਾ ਕਿ ਉਨ੍ਹਾਂ ਨੇ ਹਾਥੀ ਨੂੰ ਸ਼ਿੰਗਾਰ ਲਿਆ ਹੈ ਤੇ ਸ਼ਸਤਰ ਉਹਦੇ ਬੰਨ੍ਹ ਦਿਤੇ ਨੇ ਤੇ ਉਹ ਹਾਥੀ ਅੱਗੇ-ਅੱਗੇ ਆ ਰਿਹਾ ਹੈ ਤੇ ਫੌਜ ਪਿੱਛੇ-ਪਿੱਛੇ ਆ ਰਹੀ ਹੈ। ਗੁਰੂ ਮਹਾਰਾਜ ਕਹਿੰਦੇ ਜਿਹੜੀ ਅਸੀਂ ਚੀਨ ਤੋਂ ਸਪੈਸ਼ਲ ਅਫੀਮ ਮੰਗਾਈ ਹੈ ਨਾ, ਉਹ ਲਿਆਓ ਛੇਤੀ ਨਾਲ ਚੜ੍ਹਦੀ ਹੈ ਉਹ। ਸਾਡੇ ਵਾਲੀ ਸਪੈਸ਼ਲ ਡੱਬੀ ਲਿਆਓ। ਉਹ ਲਿਆਂਦੀ ਜਦ ਉਹਨੂੰ ਦਿੱਤੀ ਮਹਾਰਾਜ ਨੇ, ਉਹਨੇ ਖਾਧੀ, ਕਹਿੰਦੇ ਕਿਉਂ ਬਈ ਬਚਿੱਤਰ ਸਿੰਆਂ! ਕਿਵੇਂ ਲਗਦਾ ਹੈ? ਕਹਿੰਦੇ, ਹੁਲਾਰੇ ਆਉਂਦੇ ਨੇ, ਕਹਿੰਦੇ ਉਹ ਦੇਖ ਕੀ ਆ ਰਿਹਾ ਹੈ, ਹਾਥੀ ਆ ਰਿਹਾ ਹੈ। ਕਹਿੰਦਾ, ਮਹਾਰਾਜ! ਉਹ ਤਾਂ

ਕੱਟੜਾ ਜਿਹਾ ਹੈ ਛੋਟਾ ਜਿਹਾ। ਕਹਿੰਦੇ, ਜਿਹੜਾ ਉਹ ਕੱਟੜਾ ਜਿਹਾ ਹੈ ਨਾ ਬੱਸ ਉਹਦਾ ਸਿਰ ਵਿੰਨਣਾ ਹੈ, ਆ ਲੈ ਜਾ ਸਾਡੀ ਨਾਗਣੀ। ਉਹਨੇ ਜਾ ਕੇ ਦਰਵਾਜ਼ਾ ਖੋਲ੍ਹਿਆ, ਤੇ ਹਾਥੀ ਨਜ਼ਰ ਨਹੀਂ ਆਉਂਦਾ, ਕੱਟਾ ਨਜ਼ਰ ਆਉਂਦਾ ਹੈ, ਉਹਦਾ ਉਹਨੇ ਮੱਥਾ ਵਿੰਨਣਾ ਹੀ ਸੀ।

ਸਾਧਸੰਗਤ ਜੀ! ਹੁਣ ਇਹ ਤਾਂ ਗੱਲ ਲਿਖ ਦਿੱਤੀ ਨਾ ਲਿਖਣ ਵਾਲਿਆਂ ਨੇ। ਪਿਛੋਂ ਤਾਂ ਇਹ ਸੋਚਿਆ ਨਹੀਂ ਕਿ ਇਹਦਾ ਅਸਰ ਕੀ ਹੋਏਗਾ। ਇਹਦਾ ਅਸਰ ਹੋਇਆ ਕਿ ਗੁਰੂ ਮਹਾਰਾਜ ਵੀ drug use ਕਰਦੇ ਸੀ। ਹੁਣ drug ਦੇ ਪਿਛੇ ਕਿਵੇਂ ਪਈ ਹੋਈ ਹੈ ਦੁਨੀਆਂ। ਜੇ ਬਾਹਰਲਿਆ ਨੂੰ ਪਤਾ ਲਗ ਜਾਵੇ ਇਸ ਸਾਖੀ ਦਾ, ਉਹ ਪੰਜਾਬੀ ਨਹੀਂ ਸਮਝਦੇ। ਜੇ ਪੜ੍ਹਦੇ ਹੋਣ ਤਾਂ ਹੁਣ ਨੂੰ ਕੱਢ ਵੀ ਲੈਂਦੇ ਗੱਲ। ਉਹ ਲਿਖ ਦਿੰਦੇ ਕਿ ਗੁਰੂ ਮਹਾਰਾਜ ਨਸ਼ਾ ਖਾਂਦੇ ਸੀ, ਅਫੀਮ ਖਾਂਦੇ ਸੀ। ਇਥੇ ਹੀ ਬੱਸ ਨਹੀਂ, ਜਦ ਗੁਰੂ ਮਹਾਰਾਜ ਚਮਕੌਰ ਸਾਹਿਬ 'ਚੋਂ ਨਿਕਲੇ, ਮਾਛੀਵਾੜੇ ਉਹ ਕਹਿੰਦੇ ਨੇ ਕਿ ਭਾਈ ਮਾਨ ਸਿੰਘਾਂ! ਸਾਡੀ ਡੱਬੀ ਤਾਂ ਉਥੇ ਹੀ ਰਹਿ ਗਈ, ਕੋਈ ਇਲਾਜ ਕਰ, ਕਹਿੰਦੇ ਮਹਾਰਾਜ! ਇਥੇ ਤਾਂ ਕੋਈ ਪ੍ਰਬੰਧ ਨਹੀਂ ਹੈ, ਜੇ ਕਹੋਂ ਤਾਂ ਮੈਂ ਅੱਕਾਂ ਦੀਆਂ ਕੂੰਬਲੀਆਂ ਤੋੜ ਲਿਆਂਦਾ ਹਾਂ। ਕਹਿੰਦੇ, ਹਾਂ ਤੋੜ ਕੇ ਲਿਆ। ਕੁਛ ਕਰਾਰ ਆਵੇ ਸਰੀਰ ਨੂੰ ਤਾਂ ਤੁਰੀਏ।

ਇਹ ਗੱਲਾਂ ਜਦ ਲਿਖਦੇ ਨੇ, ਤਾਂ ਅੱਗੇ ਕਹਿ ਦੇਣਗੇ ਕਿ ਗੁਰੂ ਸਾਹਿਬ ਮਾਸ ਖਾਂਦੇ ਸੀ। ਸਾਖੀਆਂ ਬਣਾ ਦਿੱਤੀਆਂ ਬੇਅੰਤ।

ਉਹ ਜੇ ਸ਼ਿਕਾਰ ਖੇਲ੍ਹਦੇ ਸੀ ਤਾਂ ਹਰ ਸ਼ਿਕਾਰ ਦਾ background ਹੈ। ਜੇ ਸ਼ੇਰ ਮਾਰਿਆ ਹੈ ਪਾਉਂਟਾ ਸਾਹਿਬ ਤਾਂ ਦੱਸਿਆ ਕਿ ਇਹ ਜੈਦਰਥ ਹੈ। ਪੰਜ ਹਜ਼ਾਰ ਸਾਲ ਦਾ ਭਟਕਦਾ ਫਿਰਦਾ ਹੈ, ਇਹ ਮੈਦਾਨੇ-ਏ-ਜੰਗ 'ਚੋਂ ਪਿੱਠ ਦੇ ਕੇ ਨੱਠਿਆ ਸੀ, ਉਹਦਾ ਦੋਸ਼ ਇਹਨੂੰ ਲੱਗਿਆ ਕਿ ਨਖਿੱਧ ਜੂਨੀਆਂ 'ਚ ਆ ਗਿਆ। ਜੇ ਕਾਂ ਮਰਵਾਇਆਂ ਗੁਰੂ ਮਹਾਰਾਜ ਨੇ, ਮਾਲਵੇ 'ਚ ਤਾਂ ਨਾਲ ਦੱਸਿਆ ਕਿ ਇਹ ਸਿੱਖ ਸੀਗਾ, ਇਹਦੀ ਗਤੀ ਕਰੀ ਹੈ ਅਸੀਂ। ਜੇ ਰਿੱਛ ਮੁੱਲ ਲੈ ਕੇ ਮਰਵਾਇਆ ਹੈ, ਉਹ ਵੀ ਦੱਸਿਆ ਕਿ ਸੋਭਾ ਰਾਮ ਗੁਰੂ ਨੌਵੇਂ ਪਾਤਸ਼ਾਹ ਦਾ ਚੌਰ ਬਰਦਾਰ ਸੀ, ਸਿੱਖ ਦੇ ਸਰਾਪ ਕਰਕੇ ਇਹ ਰਿੱਛ ਬਣ ਗਿਆ। ਗੁਰੂ ਦੀ ਕਰਨੀ ਦੇ ਬਰਾਬਰ ਅਸੀਂ ਚਲੇ ਜਾਵਾਂਗੇ?

ਸਾਡੇ ਕਹਿੰਦੇ ਨੇ ਜੀ ਅਸੀਂ ਗਤੀ ਕਰਦੇ ਹਾਂ, ਮੁਕਤੀ ਕਰਦੇ ਹਾਂ ਬੱਕਰਿਆਂ ਦੀ। ਮੁਕਤੀ ਤਾਂ ਤੁਹਾਡੀ ਆਪ ਦੀ ਨਹੀਂ ਹੋਈ, ਤੁਸੀਂ ਪਾਪ ਕਰਦੇ ਓਂ, ਇਹਦੇ ਨਾਲ ਬੰਨ੍ਹੇ ਜਾਓਗੇ।

*ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ॥ ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ ॥*

*ਅੰਗ - ੧੩੭੪*

ਪਹਿਲਾਂ ਮਾਰ ਕੇ ਖਾਓ ਤੇ ਫੇਰ ਆਪਣਾ ਗਲਾ ਕਟਾਉਣ ਨੂੰ ਤਿਆਰ ਹੋ ਜਾਓ। ਸੋ ਇਹ ਦਇਆ ਨਹੀਂ ਹੋਇਆ ਕਰਦੀ, ਦਇਆ ਹੁੰਦੀ ਹੈ, ਦੂਸਰੇ ਤੇ ਤਰਸ ਕਰਨਾ। ਇਹ ਸਾਰੀ ਸ੍ਰਿਸ਼ਟੀ ਪ੍ਰਮੇਸ਼ਰ ਦੀ ਹੈ, ਆਪ ਹੀ ਹੈ ਉਹ, ਇਹਦੇ ਵਿੱਚ ਖੇਡ ਰਚੀ ਹੋਈ ਹੈ ਉਹਨੇ। ਮਾਰਦਾ, ਜੀਵਾਲਦਾ ਆਪੇ ਹੀ ਹੈ ਉਹ। ਕਿਉਂ ਧਾਰਦੇ ਹਾਂ ਅਸੀਂ ਕਿ ਮੈਂ ਮਾਰਦਾ ਹਾਂ। ਸੋ ਇਸ ਤਰ੍ਹਾਂ ਦੇ ਨਾਲ ਦਇਆ ਜਿਹੜੀ ਹੈ ਇਹ ਜ਼ਰੂਰੀ ਚੀਜ਼ ਹੈ। ਜਿਸਨੇ ਵੀ ਦਇਆ ਕਰੀ ਹੈ, ਐਸੀਆਂ ਕਹਾਣੀਆਂ ਆਨਮਤਾਂ 'ਚ ਆਉਂਦੀਆਂ ਨੇ। ਰਾਵੀਆ ਨੇ ਕੁੱਤੀ ਦੇ ਕਤੂਰਿਆਂ ਨੂੰ ਪਾਣੀ ਪਿਲਾਇਆ ਸੀ, ਆਪਣੇ ਕੱਪੜੇ ਫਾੜ ਕੇ, ਸਿਰ ਦੀ ਸੋਭਾ ਗੁਆ ਕੇ ਤੇ ਨਤੀਜਾ ਇਹ ਲਿਖਿਆ ਹੋਇਆ ਹੈ ਕਿ ਸੱਠ ਕੋਹ ਮੱਕਾ, ਉਹਨੂੰ ਦੀਦਾਰ ਦੇਣ ਵਾਸਤੇ ਆ ਗਿਆ। ਮੈਂ ਇਹ ਨਹੀਂ ਕਹਿੰਦਾ ਕਿ ਮੱਕਾ ਕਿਵੇਂ ਆ ਗਿਆ, ਜੇ ਇਹ ਗੱਲ ਅਸੀਂ ਕਹਿੰਦੇ ਹਾਂ ਤਾਂ ਮੱਕਾ ਫਿਰਿਆ ਵੀ ਸਾਬਤ ਨਹੀਂ ਹੁੰਦਾ। ਇਹ ਸਾਖੀ ਦੇ ਨਾਲ ਹੋ ਸਕਦਾ ਹੈ, ਨਹੀਂ ਤਾਂ ਨਹੀਂ ਹੁੰਦਾ। ਨਹੀਂ ਤਾਂ ਗਲ ਪੈ ਜਾਂਦਾ ਹੈ ਅਗਲਾ। ਆਵਾਜ਼ ਆਉਂਦੀ ਹੈ ਕਿ ਉਥੇ ਕਿਉਂ ਗਿਆ, ਕਹਿੰਦੇ ਉਹਨੇ ਇੱਕ ਦਇਆ ਦਾ ਕੰਮ ਕਰਿਆ ਹੈ, ਵਾਹਿਗੁਰੂ ਕਹਿੰਦਾ ਮੈਨੂੰ ਦਇਆ ਭਾਉਂਦੀ ਹੈ। ਮੈਨੂੰ ਮੇਰੇ ਜੀਵਾਂ ਤੇ ਕੀਤੀ ਹੋਈ ਦਇਆ ਚੰਗੀ ਲਗਦੀ ਹੈ। ਦਇਆ ਮੈਨੂੰ ਰਿਝਾ ਲੈਂਦੀ ਹੈ।

ਸੋ ਇਸ ਤਰ੍ਹਾਂ ਦੇ ਨਾਲ ਜੋ 'ਯਮ' ਹੈ ਇਹਦੇ ਵਿੱਚ ਦਇਆ ਬੜਾ ਜ਼ਰੂਰੀ ਅੰਗ ਹੈ। ਅਗਲਾ ਹੋਇਆ ਕਰਦਾ ਹੈ। 'ਕੋਮਲ ਹਿਰਦਾ'। ਸਖਤ ਹਿਰਦਾ ਨਾ ਹੋਵੇ, ਕੋਮਲ ਹੋਵੇ। ਦੂਸਰੇ ਦਾ ਦੁਖ ਦੇਖ ਕੇ ਪਿਘਲਣ ਵਾਲਾ ਹੋਵੇ, ਯਥਾਸ਼ਕਤ ਜਿੰਨੀ ਕੁ ਹੋ ਸਕਦੀ ਹੈ, ਦੂਸਰੇ ਦੀ ਮਦਦ ਕਰਨ ਵਾਲਾ ਹੋਵੇ। ਫੇਰ ਮਰਿਆਦਾ ਹੋਵੇ-

*ਅਲਪ ਅਹਾਰ ਸੁਲਪ ਸੀ ਨਿੰਦ੍ਰਾ*
*ਦਯਾ ਛਿਮਾ ਤਨ ਪ੍ਰੀਤਿ।*

*ਰਾਮਕਲੀ ਪਾਤਸ਼ਾਹੀ ੧੦*

ਭੋਜਨ ਦਾ ਤੇ ਗੱਲਬਾਤ ਦਾ ਤੇ ਵਸਤਰ ਪਹਿਨਣ ਦੀ ਮਰਿਆਦਾ ਹੋਵੇ। ਪਵਿੱਤਰਤਾ ਹੋਵੇ, ਮਨ ਦੀ, ਬੁੱਧੀ ਦੀ, ਖਿਆਲਾਂ ਦੀ। ਇਹਨੂੰ ਯਮ ਕਹਿੰਦੇ ਨੇ, ਦੂਸਰਾ ਹੋਇਆ ਕਰਦਾ ਹੈ 'ਨੇਮ'। ਨੇਮ ਦੇ ਵਿੱਚ ਤਪ ਹੋਇਆ ਕਰਦਾ ਹੈ, ਜਿਹਨੂੰ ਅਸੀਂ ਸੇਵਾ 'ਚ convert ਕਰ ਲਿਆ। ਨਿਰਾਰਥਕ ਤਪ ਗੁਰੂ ਘਰ 'ਚ ਨਹੀਂ ਹੈ, ਕਿ ਐਵੇਂ ਧੁੱਪੇ ਬੈਠੇ ਰਹੋ ਜਾਂ ਪਾਣੀ 'ਚ ਬੈਠੇ ਰਹੋ, ਉਹ ਕਹਿੰਦੇ ਜੇ ਧੁੱਪੇ ਬੈਠਣਾ ਹੈ ਤਾਂ ਨਾਲ ਤੂੰ ਸੇਵਾ

ਕਰ ਹੱਥਾਂ ਦੇ ਨਾਲ। ਉਹਦਾ ਫਲ ਬੇਅੰਤ ਹੋਏਗਾ, ਓਸ ਤਪ ਦਾ ਫਲ ਤਮੋ ਗੁਣ ਹੋਏਗਾ। ਇਸ ਤਪ ਦਾ ਫਲ ਸਤੋਗੁਣੀ ਹੋਏਗਾ। ਉਹ ਤਪ ਤੈਨੂੰ ਸਿੱਧੀਆਂ ਦੇਵੇਗਾ, ਉਹ ਤਪ ਤੇਰੀਆਂ ਸਾਰੀਆਂ ਇੱਛਿਆ ਪੂਰੀਆਂ ਕਰੇਗਾ। ਸੋ ਗੁਰੂ ਘਰ ਦਾ ਜੋ ਤਪ ਹੈ ਉਹ ਤਾਮਸੀ ਤਪ ਨਹੀਂ ਹੈ, ਰਾਜਸੀ ਨਹੀਂ ਹੈ, ਸਾਂਤਕੀ ਤਪ ਹੈ। ਸੇਵਾ ਕਰਨੀ।

ਅੱਗੇ ਹੋਇਆ ਕਰਦਾ ਹੈ 'ਸੰਤੋਖ'। 'ਯਥਾ ਲਾਭ ਸੰਤੁਸ਼ਟੇ।' ਦੂਸਰੇ ਦੀ ਦੌਲਤ ਦੇਖ ਕੇ ਭਟਕਣਾ ਨਹੀਂ। ਮਿਹਨਤ ਕਰਨੀ ਹੈ ਜੀਅ ਭਰ ਕੇ, ਜੋ ਕੁਛ ਮਿਲ ਗਿਆ, ਉਹਨੂੰ ਪ੍ਰਮੇਸ਼ਰ ਵਲੋਂ ਆਇਆ ਸਮਝ ਕੇ ਸੰਤੁਸ਼ਟ ਰਹਿਣਾ, ਫੇਰ ਹੋਇਆ ਕਰਦਾ ਹੈ, 'ਆਸਤਕ ਬੁੱਧੀ' ਭਰੋਸਾ ਰੱਖਣਾ ਗੁਰੂ ਗ੍ਰੰਥ ਸਾਹਿਬ ਉਪਰ। ਗੁਰੂ ਗ੍ਰੰਥ ਸਾਹਿਬ ਜੀ ਦੇ ਜੋ ਬਚਨ ਨੇ ਉਨ੍ਹਾਂ ਨੂੰ ਮੰਨਣਾ। ਪ੍ਰਮੇਸ਼ਰ ਨੂੰ ਮੰਨਣਾ, ਫੇਰ ਹੋਇਆ ਕਰਦਾ ਹੈ, 'ਦਾਨ'। ਤਿੰਨ ਕਿਸਮ ਦਾ ਦਾਨ ਹੁੰਦਾ ਹੈ - ਤਮੋ ਦਾਨ, ਰਜੋ ਦਾਨ, ਸਤੋ ਦਾਨ। ਤਮੋ ਦਾਨ ਉਹ ਹੁੰਦਾ ਹੈ ਜਿਹੜਾ ਜ਼ੋਰ ਪਾ ਕੇ ਲੈ ਲੈਂਦੇ ਨੇ ਬੰਦੇ, ਉਸਦਾ ਦੋਹਾਂ ਨੂੰ ਦੋਸ਼ ਲੱਗਿਆ ਕਰਦਾ ਹੈ, ਦੇਣ ਵਾਲੇ ਨੂੰ ਵੀ ਤੇ ਲੈਣ ਵਾਲੇ ਨੂੰ ਵੀ। ਕਿਉਂਕਿ ਉਹਦੀ ਤਾਕਤ ਤਾਂ ਹੈ ਨਹੀਂ। ਉਹ ਕਹੇ ਕਹਾਏ ਤੇ ਦੇ ਦਿੱਤਾ। ਉਹ ਮਨ ਵਿੱਚ ਖਿਝ ਗਿਆ, ਉਹ ਜਦ ਖਿਝਿਆ ਤਾਂ ਲੈਣ ਵਾਲਾ ਵੀ ਨਾਲ ਹੀ ਦੋਸ਼ੀ ਹੋ ਗਿਆ। ਦੂਸਰਾ ਹੋਇਆ ਕਰਦਾ ਹੈ ਰਜੋ ਗੁਣੀ ਦਾਨ। ਉਹ ਹੁੰਦਾ ਹੈ ਆਪਣੀਆਂ ਵਾਸ਼ਨਾਵਾਂ ਵਾਸਤੇ, ਆਪਣੇ ਦਿਖਾਵੇ ਵਾਸਤੇ, ਕੋਈ ਸੁਖਣਾ ਸੁਖ ਕੇ ਦਾਨ ਦੇਣਾ, ਇਹਨੂੰ ਰਜੋ ਗੁਣੀ ਦਾਨ ਕਹਿੰਦੇ ਨੇ, ਤੀਸਰਾ ਹੁੰਦਾ ਹੈ ਸਤੋ ਗੁਣੀ ਦਾਨ। ਆਪਣੀ ਕਮਾਈ ਦੇ ਵਿੱਚੋਂ ਮਰਿਆਦਾ ਦੇ ਨਾਲ, ਗੁਰੂ ਦਾ ਹਿੱਸਾ ਕੱਢਣਾ। ਜਿਹੜਾ ਗੁਰੂ ਦਾ ਹਿੱਸਾ ਨਹੀਂ ਕੱਢਦਾ, ਉਨ੍ਹਾਂ ਦੇ ਉਤੇ ਵਿਘਨ ਆ ਜਾਂਦੇ ਨੇ। ਉਨ੍ਹਾਂ ਦੇ ਕਾਰੋਬਾਰ 'ਚ ਰੁਕਾਵਟਾਂ ਪੈ ਜਾਂਦੀਆਂ ਨੇ। ਸੋ ਗੁਰੂ ਦਾ ਹਿੱਸਾ ਕੱਢਣਾ ਚਾਹੀਦਾ ਹੈ।

ਮੈਂ ਬੇਨਤੀ ਕਰਦਾ ਹਾਂ ਕਿ ਇਹ ਸੌ ਬੋਰੀ ਅਨਾਜ ਦੇ ਪਿਛੇ ਇੱਕ ਬੋਰੀ ਅਨਾਜ ਦੀ ਕੱਢੇ। ਦੁਕਾਨਦਾਰ ਜਿਹੜਾ ਹੈ ਇਹ ਡੇਢ ਰੁਪਿਆ ਕੱਢੇ। ਸੌ ਰੁਪਿਆ ਵੱਟੇ, ਡੇਢ ਰੁਪਿਆ ਗੁਰੂ ਦਾ ਕੱਢੇ। ਕਈਆਂ ਦੇ ਮਨਾਂ 'ਚ ਹੁੰਦਾ ਹੈ ਕਿ ਦਸਵਾਂ ਹਿੱਸਾ ਕਹਿੰਦੇ ਨੇ। ਦਸਵਾਂ ਹਿੱਸਾ ਹੁੰਦਾ ਹੈ profit ਦਾ। ਬਾਕੀ ਤਾਂ ਰਾਸ ਲਾਈ ਹੈ ਤੁਸੀਂ, ਉਹਦੀ ਵਾਪਸੀ ਕਿੰਨੀ ਹੋਈ ਹੈ, ਦਸਵਾਂ ਹਿੱਸਾ ਕਿਸਾਨ ਨੂੰ ਮਸਾਂ ਬਚਦਾ ਹੈ ਤੇ 15-20% ਬਿਜ਼ਨਸ ਵਾਲੇ ਨੂੰ ਬਚ ਜਾਂਦਾ ਹੈ। ਉਹ ਇਸ ਹਿਸਾਬ ਨਾਲ ਗੁਰੂ ਦਾ ਦਸਵੰਧ ਦੇਵੇ। ਇਹ ਸਤੋਗੁਣੀ ਦਾਨ ਕਹਾਉਂਦਾ ਹੈ। ਇਹ ਫਲਿਆ ਕਰਦਾ ਹੈ, ਇਹ ਇੱਥੇ ਵੀ ਫਲਦਾ ਹੈ, ਦਰਗਾਹ ਵਿੱਚ ਵੀ ਫਲਦਾ ਹੈ ਤੇ ਸ਼ਾਂਤੀ ਦਿੰਦਾ ਹੈ ਤੇ ਵਿਘਨਾਂ ਦਾ ਨਾਸ਼ ਕਰਦਾ ਹੈ। ਉਸ ਤੋਂ ਬਾਅਦ ਹੁੰਦਾ ਹੈ 'ਪੂਜਾ'। ਅੰਤਰ ਆਤਮੇ ਤੇ ਬਾਹਰਲੀ। ਇਹਨੂੰ ਉਪਾਸਨਾ ਵੀ ਕਹਿੰਦੇ ਨੇ, ਫੇਰ ਹੋਇਆ ਕਰਦਾ ਹੈ, ਨਿਤਨੇਮ। ਨਿਤਨੇਮ ਨਾ ਖੁੰਝਾਵੇ। ਰੋਜ਼ ਕਰਦੇ-ਕਰਦੇ, ਇੱਕ ਤਾਂ ਸੱਤਾ ਆ ਜਾਂਦੀ ਹੈ, ਕਰਨ ਵਾਲੇ ਦੀ ਜ਼ੁਬਾਨ ਸੁੱਚੀ ਹੋ ਜਾਂਦੀ ਹੈ। ਉਹਦੇ ਬਚਨ ਦੇ ਵਿੱਚ ਸ਼ਕਤੀ ਆ ਜਾਇਆ ਕਰਦੀ ਹੈ। ਦੂਸਰਾ ਰੋਜ਼ ਜਿਵੇਂ ਆਪਾਂ ਝਾੜੂ ਦਿੰਦੇ ਹਾਂ। ਜਦ ਤੱਕ ਅੰਦਰ ਝਾੜੂ ਨਹੀਂ ਦਿੰਦੇ, ਮੈਲ ਰਹਿ ਜਾਂਦੀ ਹੈ ਇਸ ਕਰਕੇ ਨਿਤਨੇਮ ਨਾ ਖੁੰਝਾਵੇ। ਫੇਰ ਹੁੰਦਾ ਹੈ ਪਾਖੰਡ ਰਹਿਤ ਜੀਵਨ। ਕਿਸੇ ਤਰੀਕੇ ਨਾਲ ਆਪਣੀ ਪ੍ਰਭਤਾ ਹਾਸਲ ਕਰਨ ਵਾਸਤੇ, ਕਿਸੇ ਕਿਸਮ ਦਾ ਪਾਖੰਡ ਨਾ ਰਚੇ। ਫੇਰ ਹੋਇਆ ਕਰਦੀ ਹੈ ਸਾਂਤਕੀ ਬਿਰਤੀ। ਨਿਵ ਚੱਲਣਾ, ਮਿੱਠਾ ਬੋਲਣਾ। ਫੇਰ ਹੋਇਆ ਕਰਦਾ ਮੌਨ। ਮੌਨ ਹੁੰਦਾ ਹੈ ਮਨ ਦੀਆਂ ਵਾਸ਼ਨਾਵਾਂ ਰੋਕਣੀਆਂ ਭਜਨ ਵੇਲੇ ਤੇ ਭਟਕਣਾ ਤੋਂ ਮਨ ਨੂੰ ਰੋਕ ਕੇ ਰੱਖਣਾ। ਇਹ ਨਹੀਂ ਕਿ ਸਿਰਫ ਚੁੱਪ ਕਰ ਗਏ ਬੱਸ। ਚੁੱਪ ਵੀ ਬਹੁਤ ਕਰਦੇ ਨੇ ਲੇਕਿਨ ਮਨ ਭਟਕਦਾ ਰਹਿੰਦਾ ਹੈ। ਸਲੇਟਾਂ ਲੈ ਲੈਂਦੇ ਨੇ, ਕਾਪੀ ਲੈ ਲੈਂਦੇ ਨੇ, ਉਸ ਤੇ ਲਿਖਦੇ ਹਨ, ਇਸ਼ਾਰਿਆਂ ਨਾਲ ਗੱਲਾਂ ਕਰਦੇ ਨੇ, ਫੇਰ ਕਾਹਦਾ ਮੌਨ ਹੋ ਗਿਆ। ਮਨ ਨੂੰ ਇਕਾਗਰਤਾ ਵਲ ਲਿਜਾਣਾ, ਬੇਸ਼ੱਕ ਬੋਲੀ ਜਾਓ। ਇਨ੍ਹਾਂ ਤੋਂ ਇਲਾਵਾ ਹੋਇਆ ਕਰਦਾ ਹੈ ਹੋਮ। ਹੋਮ ਹੁੰਦਾ ਹੈ - ਭੁੱਖੇ ਨੂੰ ਪ੍ਰਸ਼ਾਦਾ ਛਕਾਉਣਾ, ਗੁਰੂ ਕੇ ਲੰਗਰ 'ਚ ਦੇਣਾ। ਇਸ ਤੋਂ ਬਾਅਦ ਤੀਸਰਾ ਹੁੰਦਾ ਹੈ - ਆਸਣ। ਭਜਨ ਕਰਨ ਵੇਲੇ ਟਿੱਕ ਕੇ ਬੈਠਣਾ। ਐਸੀ ਚੌਂਕੜੀ ਮਾਰਨੀ ਜਿਹਦੇ ਨਾਲ ਲੱਤਾਂ ਨਾ ਥੱਕਣ, ਖੂਨ ਬੰਦ ਨਾ ਹੋਵੇ। ਸੁਖਾਲਾ ਬੈਠਣਾ, ਫੇਰ ਹੋਇਆ ਕਰਦਾ ਹੈ, ਪ੍ਰਾਣਾਯਾਮ। ਪ੍ਰਾਣਾਯਾਮ ਹੋਇਆ ਕਰਦਾ ਹੈ, ਇਹਦੀ ਗਿਣਤੀ ਹੁੰਦੀ ਹੈ - ਈੜਾ, ਪੀੜਾ, ਸੁਖਮਨਾ। ਸ੍ਵਾਸ ਅੰਦਰ ਖਿੱਚਣਾ ਤੇ ਫੇਰ ਕੁੰਭਕ ਕਰਨਾ। ਰੋਕਣਾ ਅਤੇ ਫੇਰ ਬਾਹਰ ਛੱਡਣਾ। ਉਹਦੇ ਨਾਲ ਗਿਣ ਕੇ ਪਾਠ ਕਰਨੇ। ਇਹ ਜਿਹੋ ਜਿਹੀ ਕਿਸੇ ਦੀ ਬੁੱਧੀ ਹੁੰਦੀ ਹੈ ਉਸ ਮੁਤਾਬਿਕ ਮਹਾਤਮਾ ਦੱਸ ਦਿੰਦੇ ਨੇ। ਇਸ ਤੋਂ ਬਾਅਦ ਹੋਇਆ ਕਰਦੀ ਹੈ ਧਾਰਨਾ। ਧਾਰਨਾ ਹੁੰਦੀ ਹੈ, ਮਨ ਦੌੜਦਾ ਹੈ ਭਜਨ ਕਰਨ ਵੇਲੇ। ਉਹਨੂੰ ਰੋਕਣਾ। ਫੇਰ ਦੌੜਦਾ ਹੈ ਫੇਰ ਰੋਕਣਾ, ਬਾਰ-ਬਾਰ ਮਨ ਨੂੰ ਰੋਕਣਾ। ਇਹ ਜੇ ਬਾਰ੍ਹਾਂ ਸਕਿੰਟ ਮਨ ਰੁਕ ਜਾਵੇ ਤਾਂ ਇਕ ਧਾਰਨਾ ਬਣ ਜਾਂਦੀ ਹੈ। ਜੇ ਬਾਰ੍ਹਾਂ ਧਾਰਨਾ 144 ਸਕਿੰਟ, ਯਾਨਿ ਦੋ ਮਿੰਟ ਤੇ ਕੁਛ ਸਕਿੰਟ ਜਿਵੇਂ 24, ਇਹਨੂੰ ਇੱਕ ਧਾਰਨਾ ਕਹਿੰਦੇ ਨੇ। ਢਾਈ ਮਿੰਟ ਮਨ ਨੂੰ ਰੋਕ ਲੈਣਾ, ਕਿਸੇ ਪਾਸੇ ਜਾਣ ਨਾ ਦੇਣਾ। ਇਕ ਧਾਰਨਾ ਹੁੰਦੀ ਹੈ। ਸੋ ਬਾਰ੍ਹਾਂ ਧਾਰਨਾ ਜਦ ਪੂਰੀਆਂ ਹੋ ਜਾਣ, ਉਸ ਵੇਲੇ ਧਿਆਨ ਸ਼ੁਰੂ ਹੋ ਜਾਂਦਾ ਹੈ ਤੇ ਤੀਹ ਮਿੰਟ ਦੀ ਇੱਕ ਸਮਾਧੀ ਹੋਇਆ ਕਰਦੀ ਹੈ। ਤੀਹ ਮਿੰਟ ਜੇ ਲਗਾਤਾਰ ਮਨ ਟਿਕਿਆ ਰਹੇ। ਇਹ ਸਮਾਧੀ ਵਧਦੀ-ਵਧਦੀ, ਢਾਈ

ਘੰਟੇ, ਤਿੰਨ ਘੰਟੇ ਤੱਕ ਵੀ ਚਲੀ ਜਾਂਦੀ ਹੈ, ਫੇਰ ਇਹਦੇ ਹਿੱਸੇ ਹੁੰਦੇ ਨੇ - ਇਕ ਤਾਂ ਇਹ ਹੁੰਦਾ ਹੈ ਕਿ ਆਪਣਾ ਪਤਾ ਹੁੰਦਾ ਹੈ ਕਿ ਮੈਂ ਸਮਾਧੀ ਲਾਈ ਬੈਠਾ ਹਾਂ, ਮੇਰੇ ਆਲੇ-ਦੁਆਲੇ ਹੈਗਾ ਕੁਛ। ਉਹ ਤਾਂ ਸਾ-ਵਿਕਲਪ ਹੋਇਆ ਕਰਦੀ ਹੈ, ਇਕ ਕਿਸੇ ਗੱਲ ਦਾ ਵੀ ਨਹੀਂ ਪਤਾ ਹੁੰਦਾ ਕੇਵਲ ਧੇਯ ਦਾ ਪਤਾ ਹੁੰਦਾ ਹੈ, ਉਹਨੂੰ ਨਿਰਵਿਕਲਪ ਸਮਾਧੀ ਕਹਿੰਦੇ ਨੇ। ਉਸ ਤੋਂ ਉਤੇ ਰਾਜਮੇਘ ਸਮਾਧੀ ਹੁੰਦੀ ਹੈ, ਉਹਦੇ ਵਿੱਚ ਕਿਸੇ ਚੀਜ਼ ਦਾ ਵੀ ਨਹੀਂ ਪਤਾ ਹੁੰਦਾ, ਕੇਵਲ ਧੇਯ ਦੇ ਉੱਤੇ ਕੇਂਦਰਿਤ ਹੁੰਦੀ ਹੈ ਸੁਰਤ। ਸਾਰਾ ਚਿੱਤ ਜਿਹੜਾ ਹੈ ਲੀਨ ਹੋਇਆ ਹੁੰਦਾ ਹੈ। ਸੋ ਇਸ ਸਾਰੀ ਚੀਜ਼ ਨੂੰ ਕਹਿੰਦੇ ਨੇ ਕਿ ਅਸ਼ਟਾਂਗ ਯੋਗ ਹੈ। ਰਾਜ ਯੋਗ ਇਹਦਾ ਨਾਉਂ ਹੈ।

ਕਈ ਸਾਲ ਪਹਿਲਾਂ ਮੈਂ ਸਵਾਲ ਦਿੱਤਾ ਸੀ ਪ੍ਰੋਫੈਸਰਾਂ ਨੂੰ ਸਮਾਗਮ ਵਿੱਚ ਬੋਲਣ ਲਈ ਕਿ ਰਾਜ ਯੋਗ ਕੀ ਹੁੰਦਾ ਹੈ, ਗੁਰਮਤਿ ਯੋਗ ਕੀ ਹੁੰਦਾ ਹੈ। ਰਾਜ ਯੋਗ ਤਾਂ ਉਨ੍ਹਾਂ ਨੇ ਬਹੁਤ ਸੋਹਣਾ ਦਸ ਦਿੱਤਾ ਸੀ, ਗੁਰਮਤਿ ਤੇ ਆ ਕੇ ਅੜ ਗਏ ਸੀ। ਦੱਸ ਨਹੀਂ ਸੀ ਸਕੇ, ਗੁਰਮਤਿ ਯੋਗ ਬਾਰੇ। ਸੋ ਗੁਰਮਤਿ ਯੋਗ ਕੀ ਹੈ ਇਹਦੇ ਨਾਲੋਂ ਬਹੁਤ ਸੁਖਾਲਾ ਹੈ ਧਿਆਨ ਨਾਲ ਸ੍ਰਵਣ ਕਰੋਂਗੇ, ਤੁਹਾਨੂੰ ਪਤਾ ਲਗ ਜਾਏਗਾ।

ਗੁਰਮਤਿ ਯੋਗ ਇਹ ਹੈ ਕਿ ਜਿਹੜਾ ਹੈ ਯਮ, ਉਹ ਹੈ ਮਨ ਨੂੰ ਨਿਰਮਲ ਰੱਖਣਾ, ਬੁਰੇ ਖਿਆਲ ਆਉਣ ਹੀ ਨਹੀਂ ਦੇਣੇ ਤੇ ਗੁਣਾਂ ਦੇ ਅਭਿਮਾਨ ਤੋਂ ਖਾਲੀ ਰਹਿਣਾ। ਧਾਰਨਾ ਮਨ ਵਿਚ ਇਹ ਨਹੀਂ ਕਿ ਮੈਂ ਕੀਰਤਨ ਬਹੁਤ ਕਰਦਾ ਹਾਂ। ਬਹੁਤ ਵਧੀਆਂ ਵਖਿਆਨ ਕਰਦਾ ਹਾਂ। ਮੇਰਾ ਲੈਕਚਰ ਬਹੁਤ ਸੋਹਣਾ ਹੈ ਜਾਂ ਹੋਰ ਕਿਸੇ ਕਿਸਮ ਦਾ ਅਭਿਮਾਨ, ਇਹ ਨਹੀਂ ਧਾਰਨਾ। ਇਹਨੂੰ ਯਮ ਕਹਿੰਦੇ ਨੇ, ਦੋਵੇਂ ਗੱਲਾਂ ਨੇ ਇਹਦੇ ਵਿੱਚ। ਨੇਮ ਹੋਇਆ ਕਰਦਾ ਹੈ, ਬਾਣੀ ਪੜ੍ਹਨੀ ਤੇ ਬਾਣੀ ਸੁਣਨੀ ਤੇ ਬਾਣੀ ਵਿਚਾਰਨੀ। ਬਾਕੀ ਜਿਹੜੇ ਗੁਣ ਨੇ ਇਹ ਬਾਣੀ 'ਚ ਆਉਂਦੇ ਨੇ। ਜਿੰਨੀਆਂ ਮੈਂ ਗੱਲਾਂ ਦੱਸੀਆ ਨੇ ਇਹ ਸਾਰੀਆ ਬਾਣੀ 'ਚ ਆਉਂਦੀਆਂ ਨੇ। ਇਸ ਕਰਕੇ ਬਾਣੀ ਜਦ ਅਸੀਂ ਵਿਚਾਰਦੇ ਹਾਂ, ਬਾਣੀ ਕਹਿੰਦੀ ਹੈ -

*ਵਵਾ ਵੈਰੁ ਨ ਕਰੀਐ ਕਾਹੂ ॥*
*ਘਟ ਘਟ ਅੰਤਰਿ ਬ੍ਰਹਮ ਸਮਾਹੂ ॥*

*ਅੰਗ - ੨੫੯*

ਜਦ ਮੰਨਿਆ ਵੈਰ ਚਲਿਆ ਗਿਆ -

*ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥*
*ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥*

*ਅੰਗ - ੧੩੮੨*

ਵੈਰ ਭਾਵ ਸਾਡਾ ਖਤਮ ਹੋ ਗਿਆ। ਗੁੱਸਾ ਸਾਡਾ ਖਤਮ ਹੋ ਗਿਆ।

*ਫਰੀਦਾ ਜੋ ਤੈ ਮਾਰਨਿ ਮੁਕੀਆਂ*
*ਤਿਨ੍ਾ ਨ ਮਾਰੇ ਘੁੰਮਿ ॥*
*ਆਪਨੜੈ ਘਰਿ ਜਾਈਐ ਪੈਰ ਤਿਨ੍ਾ ਦੇ ਚੁੰਮਿ ॥*

*ਅੰਗ - ੧੩੭੮*

ਕਹਿੰਦੇ ਗੁੱਸੇ ਹੋ ਕੇ, ਪਿੱਠ ਦਿਖਾ ਕੇ, ਜੇ ਨਾ ਆਓ, ਕੋਸ਼ਿਸ਼ ਕਰੋ ਕਿ ਇਹਨੂੰ ਮਨਾ ਲਈਏ ਇਹਦਾ ਗੁੱਸਾ ਦੂਰ ਕਰ ਦੇਈਏ। ਇਹ ਬਾਣੀ 'ਚ ਰਹਿਤਾਂ ਆਉਂਦੀਆਂ ਨੇ ਸਾਰੀਆਂ। ਜਦ ਬਾਣੀ ਵਿਚਾਰ ਨਾਲ ਪੜ੍ਹਾਂਗੇ। ਲਿਖ ਲਓ ਕਾਗਜ਼ ਲੈ ਕੇ, ਰਹਿਤਾਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਨੇ। ਐਨੀਆਂ ਰਹਿਤਾਂ ਗੁਰੂ ਸਾਹਿਬ ਨੇ ਦੱਸੀਆਂ ਨੇ। ਇਹ 'ਨੇਮ' ਦੇ ਵਿੱਚ ਆ ਜਾਂਦਾ ਹੈ। 'ਇਕਾਂਤ ਵਾਸ' ਹੁੰਦਾ ਹੈ, ਮਨ ਚਾਹੇ ਬੱਚਿਆਂ 'ਚ ਬੈਠ ਕੇ ਭਜਨ ਕਰਦਾ ਹੈ, ਚਾਹੇ ਖੜਕੇ-ਦੜਕੇ ਹੋਈ ਜਾਂਦੇ ਨੇ, ਮਨ ਨੂੰ ਫੁਰਨਿਆਂ ਤੋਂ ਰੋਕਣਾ, ਇਕਾਂਤਵਾਸ ਹੋਇਆ ਕਰਦਾ ਹੈ। ਵਾਸ਼ਨਾਵਾਂ ਤੋਂ ਰੋਕਣਾ, ਆਤਮ ਵਿਚਾਰ ਕਰਨੀ ਤੇ ਸਾਰੀਆਂ ਘਟਾਂ 'ਚ ਵਾਹਿਗੁਰੂ ਨੂੰ ਦੇਖਣਾ; ਇਹਨੂੰ ਇਕਾਂਤ ਵਾਸ ਕਹਿੰਦੇ ਨੇ। ਚੌਥਾ ਹੋਇਆ ਕਰਦਾ ਹੈ ਆਸਣ, ਸੁੱਖ ਨਾਲ ਬੈਠਣਾ, ਬਿਰਤੀ ਅਕਾਲ ਪੁਰਖ ਦੇ ਵਿੱਚ ਲੀਨ ਕਰਨੀ, ਅਕਾਲ ਪੁਰਖ ਦੇ ਉਤੇ, ਵਾਹਿਗੁਰੂ ਦੇ ਉੱਤੇ ਵਿਸ਼ਵਾਸ਼ ਲਿਆਉਣਾ। ਪੰਜਵਾਂ ਹੋਇਆ ਕਰਦਾ ਹੈ ਪ੍ਰਾਣਾਯਾਮ; ਪ੍ਰਾਣਾਯਾਮ ਵਿੱਚ ਤਿੰਨ ਅੰਗ ਹੁੰਦੇ ਨੇ - ਪੂਰਕ, ਕੁੰਭਕ ਤੇ ਰੇਚਕ। ਪੂਰਕ ਹੁੰਦਾ ਹੈ ਅੰਦਰ ਚੀਜ਼ ਭਰਨੀ। ਕੁੰਭਕ ਹੁੰਦਾ ਹੈ ਰੱਖ ਲੈਣੀ, ਤੇ ਰੇਚਕ ਹੁੰਦਾ ਹੈ ਕੱਢ ਦੇਣੀ। ਸੋ ਪੂਰਕ ਦੇ ਹੁੰਦਾ ਹੈ ਕਿ ਗੁਰੂ ਦੇ ਸਿਧਾਂਤ ਤੁਸੀਂ ਸੁਖਮਨੀ ਸਾਹਿਬ ਵਿੱਚ ਪੜ੍ਹਦੇ ਓਂ। ਪੜ੍ਹ ਕੇ ਕੁਛ ਨਹੀਂ ਪਤਾ ਲੱਗਿਆ ਕਿ ਕੀ ਪੜ੍ਹਿਆ ਹੈ ਤੇ ਜਿਹੜਾ ਅਸੀਂ ਕਰਨਾ ਹੈ ਸਾਵਧਾਨ ਹੋ ਕੇ ਪੂਰਕ ਕਰ ਰਹੇ ਹਾਂ, ਉਹਦੇ ਵਿੱਚ ਆ ਗਿਆ -

*ਸੋਧਤ ਸੋਧਤ ਸੋਧਤ ਸੀਝਿਆ ॥*
*ਗੁਰ ਪ੍ਰਸਾਦਿ ਤਤੁ ਸਭੁ ਬੂਝਿਆ ॥*
*ਜਬ ਦੇਖਉ ਤਬ ਸਭੁ ਕਿਛੁ ਮੂਲੁ ॥*
*ਨਾਨਕ ਸੋ ਸੂਖਮੁ ਸੋਈ ਅਸਥੂਲੁ ॥*

*ਅੰਗ - ੨੮੧*

ਫੇਰ ਕਿੱਥੇ ਰਹਿ ਗਏ, ਅੱਗੇ ਤਾਂ ਫੇਰ ਤੁਰ ਹੀ ਨਹੀਂ ਹੁੰਦਾ, ਇੱਥੇ ਹੀ ਬਿਰਤੀ ਅਟਕ ਜਾਏਗੀ ਕਿ ਹੈਂ ਆਹ ਸਾਰਾ ਕੁਛ ਵਾਹਿਗੁਰੂ ਹੀ ਹੈ, ਜਿੰਨਾ ਕੁਛ ਸਾਨੂੰ ਨਜ਼ਰ ਆਉਂਦਾ ਹੈ, ਐਨਾ ਫੈਲ ਗਿਆ? ਜਦ ਅੱਗੇ ਪੜ੍ਹਦੇ ਹਾਂ -

*ਪਾਰਬ੍ਰਹਮ ਕੇ ਸਗਲੇ ਠਾਉ ॥*
*ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ ॥*
*ਆਪੇ ਕਰਨ ਕਰਾਵਨ ਜੋਗੁ ॥*
*ਪ੍ਰਭ ਭਾਵੈ ਸੋਈ ਫੁਨਿ ਹੋਗੁ ॥*

*ਪਸਰਿਓ ਆਪਿ ਹੋਇ ਅਨਤ ਤਰੰਗ ॥*
*ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ ॥*
*ਜੈਸੀ ਮਤਿ ਦੇਇ ਤੈਸਾ ਪਰਗਾਸ ॥*
*ਪਾਰਬ੍ਰਹਮੁ ਕਰਤਾ ਅਬਿਨਾਸ ॥ ਅੰਗ - ੨੭੫*

ਜਦੋਂ ਬਾਣੀ ਪੜ੍ਹ ਲਈ ਤਾਂ ਇਹਦਾ ਸਿਧਾਂਤ ਅੰਦਰ ਆ ਗਿਆ, ਇਹਨੂੰ ਅੰਦਰ ਵਿਚਾਰ ਲੈਣਾ ਕਿ ਵਾਹਿਗੁਰੂ ਅੰਦਰ ਆਪ ਹੀ ਪਸਰਿਆ ਹੋਇਆ ਹੈ। ਅਸੀਂ ਤਾਂ ਹੋਰ ਤਰ੍ਹਾਂ ਸਮਝਦੇ ਹਾਂ, ਇਹਨੂੰ ਰੇਚਕ ਕਹਿੰਦੇ ਨੇ। ਕੁੰਭਕ ਹੁੰਦਾ ਹੈ ਇਹਨੂੰ ਅੰਦਰ ਧਾਰਨ ਕਰ ਲੈਣਾ ਫੇਰ ਭੁੱਲਣਾ ਨਾ। ਇਹ ਸਾਰਾ ਆਤਮ ਪਸਾਰਾ ਸਮਝਣਾ -

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ*
*ਏਕੁ ਏਕੁ ਵਖਾਣੀਐ ॥*
*ਆਤਮ ਪਸਾਰਾ ਕਰਣਹਾਰਾ*
*ਪ੍ਰਭ ਬਿਨਾ ਨਹੀ ਜਾਣੀਐ॥ ਅੰਗ - ੮੪੬*

ਇਹ ਹੁਣ ਅੰਦਰ ਧਾਰਨ ਕਰ ਰਿਹਾ ਹੈ, ਇਹਨੂੰ ਕਹਿੰਦੇ ਨੇ ਕੁੰਭਕ। ਉਹ ਕੁੰਭਕ ਸੀਗਾ ਸਾਹ ਰੋਕਣਾ। ਉਹ ਸਾਹ ਨਿਕਲ ਗਿਆ ਗੱਲ ਖਤਮ ਹੋ ਗਈ। ਇਥੇ ਤਾਂ ਗੱਲ ਖਤਮ ਨਹੀਂ ਹੈ। ਅਸੀਂ ਤਾਂ ਸਾਰਾ ਬਾਣੀ ਦਾ ਸਿਧਾਂਤ ਅੰਦਰ ਧਾਰਨ ਕਰ ਲਿਆ, ਹੁਣ ਨਿਕਲਣ ਨਹੀਂ ਦਿੰਦੇ ਤੇ ਉਸ ਤੋਂ ਬਾਅਦ ਆਤਮਾ ਦੇ ਵਿੱਚ ਰਿਦਾ ਸਥਿਤ ਕਰਨਾ। ਰੇਚਕ ਕੀ ਹੈ? ਬਾਣੀ ਸੁਣ ਲਈ, ਇਹਨੇ ਦੱਸ ਦਿੱਤਾ ਕਿ -

*ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ॥*
*ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥*
*ਅੰਗ - ੭੫੫*

ਜਿਵੇਂ ਸਾਹ ਬਾਹਰ ਕੱਢੀਦਾ ਹੈ, ਕੱਢ ਦਿਓ ਨਿੰਦਾ ਨੂੰ ਕਿ ਨਿੰਦਿਆਂ ਨਹੀਂ ਕਰਨੀ, ਝੂਠ ਨਹੀਂ ਬੋਲਣਾ, ਈਰਖਾ ਨਹੀਂ ਕਰਨੀ, ਵਖੀਲੀ ਨਹੀਂ ਕਰਨੀ ਤੇ ਨਫਰਤ ਨਹੀਂ ਕਰਨੀ, ਵੈਰ ਨਹੀਂ ਕਰਨਾ, ਵਿਰੋਧ ਨਹੀਂ ਕਰਨਾ, ਬੇਈਮਾਨੀ ਨਹੀਂ ਕਰਨੀ, ਠੱਗੀ ਨਹੀਂ ਕਰਨੀ, ਅਹੰਕਾਰ ਨਹੀਂ ਕਰਨਾ, ਤ੍ਰਿਸ਼ਨਾ ਤੋਂ ਰਹਿਤ ਰਹਿਣਾ, ਆਸਾ ਤੇ ਅੰਦੇਸਾ ਵਿੱਚ ਨਹੀਂ ਰਹਿਣਾ। ਕਲਪਨਾ ਨਹੀਂ ਕਰਨੀ, ਮਨ ਦੇ ਵਿੱਚ ਬੁਰਿਆਈ ਨਹੀਂ ਰੱਖਣੀ, ਇਹ ਚੀਜ਼ਾਂ ਬਾਹਰ ਕੱਢ ਦੇਣੀਆਂ, ਇਹਨੂੰ ਰੇਚਕ ਕਹਿੰਦੇ ਨੇ। ਓਧਰਲੇ ਪਾਸੇ ਕੀ ਹੈ, ਸਾਹ ਰੋਕ ਲਿਆ। ਦੱਸ ਵਾਰੀ ਕਿਹਾ, ਵਾਹਿਗੁਰੂ-ਵਾਹਿਗੁਰੂ, ਸਾਹ ਖਿੱਚ ਲਿਆ ਅੰਦਰ। ਵੀਹ ਵਾਰੀ ਰੋਕ ਕੇ ਕਹਿ ਦਿੱਤਾ, ਦੱਸ ਵਾਰੀ ਨਿਕਲਦੇ-ਨਿਕਲਦੇ ਕਹਿ ਦਿੱਤਾ। ਇਕ ਪਾਸੇ ਤਾਂ ਇਹ ਚੀਜ਼ ਹੈ, ਇੱਕ ਪਾਸੇ ਇਹ ਹੈ ਕਿ ਬੁਰਿਆਈਆਂ ਸਾਰੀਆਂ ਹੀ ਜਿਵੇਂ ਸਾਹ ਬਾਹਰ ਕੱਢੀਦਾ ਹੈ, ਐਉਂ ਕੱਢ ਦਿੱਤੀਆਂ। ਇਸ ਕਰਕੇ ਇਹ ਉੱਤਮ ਹੈ ਜਿਹਨੂੰ ਗੁਰਮਤਿ ਯੋਗ ਕਹਿੰਦੇ ਨੇ। ਬਹੁਤਾ ਫਲ ਹੈ ਇਹਦੇ ਵਿੱਚ। ਫੇਰ ਹੈ ਧਾਰਨਾ। ਧਾਰਨਾ ਹੈ ਕਿ ਮਨ ਨੂੰ ਬਾਰ-ਬਾਰ ਰੋਕ ਕੇ ਗੁਰੂ ਦੇ ਸ਼ਬਦ ਵਿੱਚ ਲਾਉਣਾ। ਜੋ ਨਾਮ ਦੀ ਧੁਨ ਚਲਦੀ ਹੈ, ਉਹਦੇ ਵਿੱਚ ਬਾਰ-ਬਾਰ, ਰੋਕ-ਰੋਕ ਕੇ ਮਨ ਨੂੰ ਲਾਉਣਾ। ਫੇਰ ਰੋਕਣਾ ਫੇਰ ਲਾ ਦੇਣਾ-ਫੇਰ ਰੋਕਣਾ ਫੇਰ ਲਾ ਦੇਣਾ। ਫੇਰ ਹੁੰਦਾ ਹੈ ਧਿਆਨ। ਧਿਆਨ ਜਿਹੜਾ ਹੈ, ਗੁਰੂ ਦਾ ਸਿਧਾਂਤ, ਸਤਿਸੰਗ ਦੇ ਵਿੱਚ ਜਿਵੇਂ ਮੈਂ ਹੁਣ ਬੋਲ ਰਿਹਾ ਹਾਂ, ਉਪਦੇਸ਼ ਨੇ, ਇਨ੍ਹਾਂ ਨੂੰ ਰਿਦੇ ਵਿੱਚ ਵਸਾ ਲੈਣਾ, ਇਹ ਧਿਆਨ ਹੋਇਆ ਕਰਦਾ ਹੈ। ਫੇਰ ਹੁੰਦੀ ਹੈ ਸਮਾਧੀ। ਸਮਾਧੀ ਹੁੰਦੀ ਹੈ, ਹਉਮੈ ਨੂੰ ਮੇਟ ਕੇ ਪੰਜੇ ਭਰਮਾਂ ਤੋਂ ਉੱਪਰ ਹੋ ਕੇ ਸੰਗ ਭਰਮ, ਕਰਤੱਤ੍ਵ ਭਰਮ, ਭੇਦ ਭਰਮ, ਵਿਕਾਰ ਭਰਮ ਤੇ ਜਗਤ ਨੂੰ ਬ੍ਰਹਮ ਤੋਂ ਅੱਡ ਜਾਨਣ ਦਾ ਭਰਮ। ਇਨ੍ਹਾਂ ਤੋਂ ਨਿਰਲੇਪ ਹੋ ਕੇ ਸਾਰੇ ਸੰਸਾਰ ਦੇ ਅੰਦਰ ਪ੍ਰਮੇਸ਼ਰ ਨੂੰ ਫੈਲਿਆ ਹੋਇਆ, ਪਸਰਿਆ ਹੋਇਆ ਜਾਨਣਾ। ਸੋਨੇ ਦੇ ਗਹਿਣੇ ਤੇ ਸੋਨੇ ਦੇ ਵਿੱਚ ਫਰਕ ਨਹੀਂ ਹੋਇਆ ਕਰਦਾ। ਸੋ ਇਹਨੂੰ ਸਮਾਧੀ ਕਹਿੰਦੇ ਹਾਂ ਜਾਂ ਆਤਮ ਚਿੰਤਨ ਕਹਿੰਦੇ ਹਾਂ। ਸੋ ਇਸ ਤੋਂ ਬਾਅਦ ਕੀ ਹੁੰਦਾ ਹੈ, ਜਦੋਂ ਇਸ ਤਰ੍ਹਾਂ ਅਸੀਂ ਗੁਰਮਤਿ ਯੋਗ ਕਰਦੇ ਹਾਂ ਤਾਂ ਅਸੀਂ ਸਹਿਜ ਦੀ ਅਵਸਥਾ ਵਿੱਚ ਪਹੁੰਚ ਜਾਂਦੇ ਹਾਂ। ਸਾਡਾ ਮਨ ਜਿਹੜਾ ਹੈ ਸੰਕਲਪ ਵਿਕਲਪ ਤੋਂ ਰਹਿਤ ਹੋ ਕੇ ਤੱਤ ਨੂੰ ਫੜ ਲੈਂਦਾ ਹੈ, ਤੱਤ ਨੂੰ ਫੜੇ ਹੋਏ ਓਸ ਪ੍ਰੀਪੂਰਨ ਪ੍ਰਮੇਸ਼ਰ ਜੋ ਅਸਲੀਅਤ ਹੈ, ਸਤਿ ਹੈ ਉਹਦੇ ਵਿੱਚ ਸਾਡੀ ਬਿਰਤੀ ਲੱਗ ਜਾਂਦੀ ਹੈ ਤੇ ਉਹਨੂੰ ਸਹਿਜ ਸਮਾਧ ਕਹਿੰਦੇ ਨੇ-

*ਧਾਰਨਾ - ਸਹਿਜ ਸਮਾਧ ਲਗੀ ਲਿਵ ਅੰਤਰ*
*ਸੋ ਰਸ ਸੋਈ ਜਾਨੈ।*
*ਸਹਜ ਸਮਾਧਿ ਲਗੀ ਲਿਵ ਅੰਤਰਿ*
*ਸੋ ਰਸੁ ਸੋਈ ਜਾਣੈ ਜੀਉ ॥ ਅੰਗ - ੧੦੬*

ਅੱਖਾਂ ਖੋਲ੍ਹਦਾ ਹੈ ਤਾਂ ਪ੍ਰਮੇਸ਼ਰ ਦੇ ਦਰਸ਼ਨ, ਅੱਖਾਂ ਮੀਚਦਾ ਹੈ ਤਾਂ ਪ੍ਰਮੇਸ਼ਰ ਦੇ ਦਰਸ਼ਨ, ਸੁਣਦਾ ਹੈ ਤਾਂ ਪ੍ਰਮੇਸ਼ਰ ਦੇ ਗੁਣ-

*ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ*
*ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥*
*ਅੰਗ - ੧੨੬੬*

ਦ੍ਵੈਤ ਖਤਮ ਹੋ ਗਈ, ਸਾਰੇ ਪ੍ਰਮੇਸ਼ਰ ਦਾ ਸਰੂਪ ਨਜ਼ਰ ਆ ਕੇ ਨਿਸ਼ਚਾ ਬੱਝ ਗਿਆ ਉਸਦਾ -

*ਧਾਰਨਾ - ਇੱਕ ਨੂਰ ਅੱਲਾਹ ਦਾ ਜੀ,*
*ਸਾਰੀ ਦੁਨੀਆਂ-ਸਾਰੀ ਦੁਨੀਆਂ।*
*ਅਵਲਿ ਅਲਹ ਨੂਰੁ ਉਪਾਇਆ*
*ਕੁਦਰਤਿ ਕੇ ਸਭ ਬੰਦੇ ॥*
*ਏਕ ਨੂਰ ਤੇ ਸਭੁ ਜਗੁ ਉਪਜਿਆ*
*ਕਉਨ ਭਲੇ ਕੋ ਮੰਦੇ ॥*
*ਲੋਗਾ ਭਰਮਿ ਨ ਭੂਲਹੁ ਭਾਈ ॥*

*ਖਾਲਿਕੁ ਖਲਕ ਖਲਕ ਮਹਿ ਖਾਲਿਕੁ*
*ਪੂਰਿ ਰਹਿਓ ਸ੍ਰਬ ਠਾਂਈ ॥ ਅੰਗ - ੧੩੪੯*

ਕੋਈ ਥਾਂ ਐਸਾ ਨਹੀਂ ਜਿੱਥੇ ਵਾਹਿਗੁਰੂ ਨਹੀਂ ਹੈ, ਅਖੰਡ ਜੋਤੀ -

*ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥*
*ਨ ਘਾਟ ਹੈ ਨ ਬਾਢ ਹੈ ਨਾ ਘਾਟਿ ਬਾਢਿ ਹੋਤ ਹੈ॥*
*ਅਕਾਲ ਉਸਤਤਿ*
*ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ॥*
*ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ ॥*
*ਸਭ ਮਹਿ ਸਚਾ ਏਕੋ ਸੋਈ*
*ਤਿਸ ਕਾ ਕੀਆ ਸਭੁ ਕਛੁ ਹੋਈ ॥*
*ਹੁਕਮੁ ਪਛਾਨੈ ਸੁ ਏਕੋ ਜਾਨੈ*
*ਬੰਦਾ ਕਹੀਐ ਸੋਈ॥*
*ਅਲਹੁ ਅਲਖੁ ਨ ਜਾਈ ਲਖਿਆ*
*ਗੁਰਿ ਗੁੜੁ ਦੀਨਾ ਮੀਠਾ॥*
*ਕਹਿ ਕਬੀਰ ਮੇਰੀ ਸੰਕਾ ਨਾਸੀ*
*ਸਰਬ ਨਿਰੰਜਨੁ ਡੀਠਾ ॥ ਅੰਗ - ੧੩੫੦*

ਸਾਰੇ ਹੀ ਇੱਕੋ ਪ੍ਰਮੇਸ਼ਰ ਨਜ਼ਰ ਆ ਜਾਂਦਾ ਹੈ ਜਿਸ ਵਕਤ ਇਸ ਅਵਸਥਾ 'ਤੇ ਪਹੁੰਚਦਾ ਹੈ। ਸੋ ਗੁਰੂ ਘਰ ਦੇ ਅੰਦਰ ਜੋ ਰਹਿਣਾ ਬਹਿਣਾ ਹੈ, ਮਰਿਆਦਾ ਹੈ, ਉਹ ਹੈ -

*ਗੁਰਮੁਖਿ ਨਾਮੁ ਦਾਨੁ ਇਸਨਾਨੁ ॥ ਅੰਗ - ੯੪੨*

ਨਾਮ ਜਪਣਾ, ਦਾਨ ਕਰਨਾ ਤੇ ਇਸ਼ਨਾਨ ਕਰਨਾ। ਦੂਸਰਾ ਹੈ ਸੰਸਾਰ ਦੇ ਨਾਲ ਵਰਤਣ ਵੈਰਾਗ ਦੀ, ਫਸਣਾ ਨਹੀਂ ਸੰਸਾਰ ਦੇ ਅੰਦਰ। ਵੈਰਾਗ ਵਿੱਚ ਰਹਿਣਾ ਹੈ, ਸਭ ਕੁਛ ਹੁੰਦੇ ਹੋਏ ਕਿਸੇ ਚੀਜ਼ ਨਾਲ attachment ਨਹੀਂ ਰੱਖਣੀ। ਸਭ ਵਾਹਿਗੁਰੂ ਦੀ ਅਮਾਨਤ ਸਮਝਣੀ ਹੈ, ਦੇ ਦਿੱਤੀ ਠੀਕ ਹੈ ਜੇ ਲੈ ਲਈ ਫੇਰ ਵੀ ਠੀਕ ਹੈ, ਕਿਉਂਕਿ ਆਪਣਾ ਨਹੀਂ ਕੁਛ ਉਹਦੇ ਵਿੱਚ। ਅਗਲਾ ਹੈ ਮੁਖ ਭਗਤੀ। ਪਿਆਰ 'ਚ ਰਹਿਣਾ ਹੈ -

*ਸਾਚ ਕਹੌਂ ਸੁਨ ਲੇਹੁੰ ਸਭੈ ਜਿਨ ਪ੍ਰੇਮ ਕੀਓ*
*ਤਿਨ ਹੀ ਪ੍ਰਭ ਪਾਇਓ।*

ਤੀਸਰਾ ਫੇਰ ਨਿਹਚੇ ਗਿਆਨ। ਨਿਹਚੇ 'ਚ ਇਹ ਰੱਖਣਾ ਹੈ ਕਿ ਇੱਥੇ ਇੱਕੋ ਹੀ ਆਤਮਾ ਦਾ ਪਸਾਰਾ ਹੈ-

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥*
*ਆਤਮ ਪਸਾਰਾ ਕਰਣਹਾਰਾ*
*ਪ੍ਰਭ ਬਿਨਾ ਨਹੀ ਜਾਣੀਐ॥ ਅੰਗ - ੮੪੬*

ਸੋ ਇਹ ਗੁਰਮਤਿ ਦਾ ਜੀਵਨ ਕਹਾਉਂਦਾ ਹੈ। ਅਗਲੀ ਚੀਜ਼ ਕੀ ਹੈ ਨਾਮ ਦਾ ਅਖੰਡ ਜਾਪ। ਗੱਲਾਂ ਨਾਲ ਨਹੀਂ ਗਿਆਨ ਰੱਖਣਾ। ਨਾਮ ਦੇ ਬਲ ਦੇ ਉੱਤੇ ਗਿਆਨ ਦਾ ਪਹਿਰਾ ਦੇਣਾ। ਕਿਉਂਕਿ ਪ੍ਰਕਾਸ਼ ਨਹੀਂ ਹੁੰਦਾ ਜਿੰਨਾ ਚਿਰ ਨਾਮ ਨਹੀਂ ਜਪਦਾ। ਸੋ ਐਸੇ ਗੁਰਮਤਿ ਦੇ ਸਿਧਾਂਤ, ਅੰਮ੍ਰਿਤਰਾਇ ਜੋ ਕਵੀ ਸੀਗਾ ਉਸਨੇ ਦੱਸਿਆ ਕਿ ਮੈਂ ਇਹ ਬਚਨ ਸੈਨਾਪਤੀ ਜੀ ਤੋਂ ਸੁਣਦਾ ਹੁੰਦਾ ਹਾਂ, ਓਸ ਘਰ ਦੀ ਜੋ ਮਰਿਆਦਾ ਹੈ, ਸੋਚ ਹੈ ਉਹ ਐਸ ਤਰ੍ਹਾਂ ਹੈ ਭਾਈ। ਉਹਦੇ ਮਨ ਨੂੰ ਲਗ ਗਈ ਕਿ ਹੈਂ ਇਹ ਤਾਂ ਬਹੁਤ ਵੱਡੀ ਚੀਜ਼ ਹੈ ਤੇ ਉਸ ਤੋਂ ਬਾਅਦ ਉਨ੍ਹਾਂ ਨੇ ਗੁਰੂ ਦਸ਼ਮੇਸ਼ ਪਿਤਾ ਦੇ ਬਚਨ ਕਰਨੇ ਸ਼ੁਰੂ ਕਰ ਦਿੱਤੇ। ਉਹ ਅਣਡਿੱਠਾ ਪਿਆਰ ਮਨ ਵਿੱਚ ਪੈਦਾ ਹੋ ਗਿਆ। ਹਰ ਵਕਤ ਲਗਨ ਲਗੀ ਰਹਿੰਦੀ ਹੈ, ਇੱਕੋ ਧੂਹ ਅੰਦਰ ਲੱਗੀ ਰਹਿੰਦੀ ਹੈ -

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ*
*ਓ ਕਰ ਅਰਾਮ ਨਹੀ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ*
*ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ*
*ਹੈ ਟੋਰ ਅਨੰਤ ਉਨ੍ਹਾਂ ਦੀ*
*ਵਸਲੋਂ ਉਰੇ ਮੁਕਾਮ ਨ ਕੋਈ*
*ਸੋ ਚਾਲ ਪਏ ਨਿਤ ਰਹਿੰਦੇ।*
*ਡਾ. ਭਾਈ ਵੀਰ ਸਿੰਘ ਜੀ*

ਐਸੀ ਖਿੱਚ ਗੁਰੂ ਦਸਵੇਂ ਪਾਤਸ਼ਾਹ ਦੇ ਪਿਆਰ ਦੀ ਹਿਰਦੇ 'ਚ ਜਾਗੀ ਕਿ ਨਾ ਸੌਂਦਾ ਭੁੱਲਦਾ ਹੈ, ਨਾ ਜਾਗਦਾ ਭੁੱਲਦਾ ਹੈ, ਹਰ ਵਕਤ ਇਹੀ ਖਿਆਲ ਆਈ ਜਾਂਦਾ ਹੈ, ਅਖੀਰ ਫੈਸਲਾ ਕਰਿਆ ਕਿ ਮੈਂ ਤਿਆਰੀ ਕਰਾਂ, ਕੰਮ ਸੰਕੋਚਾਂ ਤੇ ਸੰਕੋਚ ਕੇ ਕੁਛ ਦੇਰ ਰਹਾਂ, ਸੰਗਤ ਵਿੱਚ ਜਾ ਕੇ ਸੇਵਾ ਕਰਾਂ ਤੇ ਗੁਰੂ ਸਿਧਾਂਤ ਸਿੱਖਾਂ, ਤਾਂ ਕਿ ਮੇਰੇ ਮਨ ਨੂੰ ਸ਼ਾਂਤੀ ਆਵੇ ਤੇ ਮੇਰਾ ਜੋ ਜੀਵਨ ਮਨੋਰਥ ਹੈ, ਉਹ ਪੂਰਾ ਹੋ ਜਾਵੇ -

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅੰਗ - ੧੨*

ਇਹ ਸਾਡਾ ਜੀਵਨ ਮਨੋਰਥ ਹੈ। ਇਹ ਕੰਮ ਕਰਨ ਆਏ ਹਾਂ -

*ਜਿਸੁ ਵਖਰ ਕਉ ਲੈਨਿ ਤੂ ਆਇਆ ॥*
*ਰਾਮ ਨਾਮੁ ਸੰਤਨ ਘਰਿ ਪਾਇਆ ॥*
*ਤਜਿ ਅਭਿਮਾਨੁ ਲੇਹੁ ਮਨ ਮੋਲਿ ॥*
*ਰਾਮ ਨਾਮੁ ਹਿਰਦੇ ਮਹਿ ਤੋਲਿ ॥*
*ਲਾਦਿ ਖੇਪ ਸੰਤਹ ਸੰਗਿ ਚਾਲੁ ॥*
*ਅਵਰ ਤਿਆਗਿ ਬਿਖਿਆ ਜੰਜਾਲ ॥*
*ਧੰਨਿ ਧੰਨਿ ਕਹੈ ਸਭੁ ਕੋਇ ॥*
*ਮੁਖ ਊਜਲ ਹਰਿ ਦਰਗਹ ਸੋਇ ॥*
*ਇਹੁ ਵਾਪਾਰੁ ਵਿਰਲਾ ਵਾਪਾਰੈ ॥*
*ਨਾਨਕ ਤਾ ਕੈ ਸਦ ਬਲਿਹਾਰੈ ॥ ਅੰਗ - ੨੮੩*

ਸੋ ਮਨ ਦੇ ਵਿੱਚ ਖਿੱਚ ਪੈ ਰਹੀ ਹੈ, ਦੇਖਿਆ, ਦਰਸ਼ਨ ਅਜੇ ਕੀਤੇ ਨਹੀਂ, ਜੇ ਕੋਈ ਗੁਰਸਿੱਖ ਮਿਲਦਾ

ਹੈ, ਉਚੇਚੇ ਤੌਰ 'ਤੇ ਉਸ ਕੋਲ ਜਾ ਕੇ ਬਚਨ ਚਲਾਉਂਦਾ ਹੈ। ਉਹਦੇ ਬਚਨ ਸੁਣਦਾ ਹੈ ਤਾਂ ਮਸਤ ਹੋ ਜਾਂਦਾ ਹੈ। ਜੀਅ ਵਿੱਚ ਧਾਰਦਾ ਹੈ ਕਿ ਮੈਂ ਸਮਾਂ ਕੱਢਾਂ, ਕਾਫੀ ਸਮਾਂ ਕੱਢ ਕੇ ਉਸ ਪਿਆਰੇ ਦੇ ਮੈਂ ਦਰਸ਼ਨ ਕਰਾਂ ਤੇ ਫੇਰ ਮੈਂ ਕਮਾਈ ਕਰਾਂ ਤੇ ਫੇਰ ਮੇਰੇ ਉਤੇ ਕ੍ਰਿਪਾ ਹੋ ਜਾਵੇ ਉਹਦੀ ਤੇ ਮੇਰਾ ਜੀਵਨ ਸਫਲ ਹੋ ਜਾਵੇ। ਅਖੀਰ ਤਿਆਰੀ ਕਰਕੇ ਅੰਮ੍ਰਿਤਰਾਇ ਨੂੰ ਨਹੀਂ ਉਡੀਕਿਆ, ਉਹ ਵੀ ਜਾਣ ਨੂੰ ਕਹਿੰਦਾ ਸੀ ਪਰ ਇਕੱਲਾ ਹੀ ਤੁਰ ਪਿਆ। ਜਾ ਕੇ ਜਿਸ ਵਕਤ ਅਨੰਦਪੁਰ ਸਾਹਿਬ ਪਹੁੰਚਦਾ ਹੈ, ਉਥੇ ਜਾ ਕੇ ਧਰਤੀ ਦੀ ਪਵਿੱਤਰਤਾ ਐਨੀ ਜ਼ਬਰਦਸਤ ਸੀ ਕਿ ਜੂਹ ਵਿੱਚ ਪੈਰ ਰਖਦੇ ਸਾਰ ਅੰਦਰ ਸੁਰਤ ਇਕਾਗਰ ਹੋ ਗਈ। ਕੋਈ ਸਰੂਰ ਆਉਣਾ ਸ਼ੁਰੂ ਹੋ ਗਿਆ, ਕੋਈ ਅਨੰਦ ਆਉਣਾ ਸ਼ੁਰੂ ਹੋ ਗਿਆ, ਉਸੇ ਮਸਤੀ ਦੇ ਵਿੱਚ ਜਦ ਗੁਰੂ ਦਰਬਾਰ ਵਿੱਚ ਜਾਂਦਾ ਹੈ, ਨਮਸ਼ਕਾਰ ਕਰਦਾ ਹੈ ਤੇ ਬੈਠਣਾ ਭੁੱਲ ਗਿਆ, ਇੱਕ ਕੰਧ ਦੇ ਨਾਲ ਲਗ ਕੇ ਖੜ੍ਹ ਗਿਆ ਕਿਉਂਕਿ ਦਰਸ਼ਨ ਐਸੇ ਅਲੌਕਿਕ ਸੀ ਉਹਦੇ ਵਿੱਚ ਮਸਤ ਹੋ ਗਿਆ। ਫੁਰਨੇ ਤੋਂ ਰਹਿਤ ਹੋ ਗਿਆ, ਹੁਣ ਫੁਰਨਾ ਆਵੇ ਤਾਂ ਬੈਠੇ। ਉਹ ਖੜ੍ਹ ਗਿਆ ਤੇ ਕੰਨਾਂ ਦੇ ਨਾਲ ਕੀ ਸੁਣਦਾ ਹੈ, ਗੁਰੂ ਦਸ਼ਮੇਸ਼ ਪਿਤਾ ਦੇ ਮੁਖਾਰਬਿੰਦ ਤੋਂ ਐਸੀ ਆਵਾਜ਼ ਆ ਰਹੀ ਹੈ -

*ਧਾਰਨਾ - ਜਪੋ ਖਾਲਸਾ ਤੁਸੀਂ ਜਾਗਦੀ ਜੋਤ ਨੂੰ।*

*ਜਾਗਤ ਜੋਤਿ ਜਪੈ ਨਿਸ ਬਾਸੁਰ,*
*ਏਕ ਬਿਨਾਂ ਮਨ ਨੈਕ ਨ ਆਨੈ॥*
*ਪੂਰਨ ਪ੍ਰੇਮ ਪ੍ਰਤੀਤ ਸਜੈ*
*ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥*
*ਤੀਰਥ ਦਾਨ ਦਇਆ ਤਪ ਸੰਜਮ,*
*ਏਕ ਬਿਨਾ ਨਹਿ ਏਕ ਪਛਾਨੈ॥*
*ਪੂਰਨ ਜੋਤ ਜਗੈ ਘਟ ਮੈ*
*ਤਬ ਖਾਲਸ ਤਾਹਿ ਨਖਾਲਸ ਜਾਨੈ।*

*ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ॥*
*ਪ੍ਰਭ ਮਹਿ, ਮੋ ਮਹਿ, ਤਾਸ ਮਹਿ ਰੰਚਕ ਨਾਹਨ ਭੇਵ॥*
*(ਸਰਬ ਲੋਹ ਗ੍ਰੰਥ 'ਚੋਂ)*

ਪੜ੍ਹਿਆ ਲਿਖਿਆ ਸੀ, ਬੜੇ ਗ੍ਰੰਥ ਵਿਚਾਰੇ ਹੋਏ ਸੀ। ਸਮਝ 'ਚ ਆ ਗਿਆ ਕਿ ਕਿਸ ਜਾਗ੍ਰਤ ਜੋਤ ਨੂੰ ਕਹਿੰਦੇ ਨੇ ਜਪੋ, ਉਹਦਾ ਅਨੁਭਵ ਮਨ 'ਚ ਹੋਣਾ ਚਾਹੀਦਾ ਹੈ, ਉਹਦੀ ਹਾਜ਼ਰੀ ਮਨ ਵਿੱਚ ਮਹਿਸੂਸ ਹੋਣੀ ਚਾਹੀਦੀ ਹੈ, ਫੇਰ ਵਾਹਿਗੁਰੂ ਕਿਹਾ ਹੋਇਆ, ਵਾਹਿਗੁਰੂ ਤੱਕ ਪਹੁੰਚਦਾ ਹੈ। ਜੇ ਅੰਦਰ ਨਿਸ਼ਚਾ ਨਹੀਂ ਹੈ ਸਿਰਫ ਜਾਪ ਹੀ ਕਰੀ ਜਾਂਦਾ ਹੈ, ਉਸ ਦਾ ਕੋਈ ਫਾਇਦਾ ਨਹੀਂ। ਸਮਝ ਕੇ ਕਹਿ ਜੇ ਵਾਹਿਗੁਰੂ ਕਹਿਣਾ ਹੈ ਜਾਂ ਵਾਹਿਗੁਰੂ ਮੈਂ ਕਿਸ ਚੀਜ਼ ਨੂੰ ਕਹਿ ਰਿਹਾ ਹਾਂ। ਇਹ ਜਿਹੜਾ ਸਾਰਾ ਹੀ ਸੰਸਾਰ ਹੈ, ਇਹਦੇ ਦੋ ਨਾਉਂ ਨੇ ਸੰਸਾਰ ਦੇ। ਧਿਆਨ ਨਾਲ ਮੇਰੀ ਬੇਨਤੀ ਸ੍ਰਵਣ ਕਰਿਓ, ਜੋ ਕੁਛ ਗੁਰੂ ਗ੍ਰੰਥ ਸਾਹਿਬ ਕਹਿੰਦੇ ਨੇ ਉਹਦੇ ਮੁਤਾਬਿਕ ਮੈਂ ਦਸਦਾ ਹਾਂ। ਇਹਦੇ ਦੋ ਰੂਪ ਨੇ ਸੰਸਾਰ ਦੇ, ਦੋ ਨਾਉਂ ਨੇ, ਇੱਕ ਨਾਉਂ ਤਾਂ ਹੈਗਾ ਸੰਸਾਰ ਤੇ ਜਗਤ। ਉਹ ਆਪਾਂ ਸਾਰੇ ਹੀ ਕਹਿੰਦੇ ਹਾਂ, ਦੂਜਾ ਇਹਦਾ ਨਾਮ ਇਹਦਾ ਕੀ ਹੈ, ਕਹਿੰਦੇ ਦੂਜਾ ਨਾਮ ਹੈ ਵਾਹਿਗੁਰੂ। ਬੜੀ ਹੈਰਾਨੀ ਹੁੰਦੀ ਹੈ ਕਿ ਵਾਹਿਗੁਰੂ ਸੰਸਾਰ ਦਾ ਹੀ ਨਾਉਂ ਹੈ। ਜਿਹੜਾ ਤਾਂ ਅਗਿਆਨੀ ਹੈ ਉਹਨੂੰ ਤਾਂ ਇਹ ਸੰਸਾਰ ਦਿਸਦਾ ਹੈ, ਜਿਹਦੇ ਨੇਤਰ ਖੁਲ੍ਹ ਗਏ, ਉਹਨੂੰ ਇਹ ਵਾਹਿਗੁਰੂ ਦਿਸਦਾ ਹੈ -

*ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ*
*ਨਦਰੀ ਹਰਿ ਨਿਹਾਲਿਆ ॥*
*ਏਹੁ ਵਿਸੁ ਸੰਸਾਰੁ ਤੁਮ ਦੇਖਦੇ*
*ਏਹੁ ਹਰਿ ਕਾ ਰੂਪੁ ਹੈ*
*ਹਰਿ ਰੂਪੁ ਨਦਰੀ ਆਇਆ ॥ ਅੰਗ - ੯੨੨*

ਇਹ ਵਿਸ਼ਵ ਦੇਖਦੇ ਓ ਨਾ ਤੁਸੀਂ, ਇਹ ਹੈ ਕੀ ਅਸਲੀਅਤ, ਕਹਿੰਦੇ ਅਸੀਂ ਅੱਖਾਂ ਨਾਲ ਦੇਖ ਕੇ ਇਹ ਗੱਲ ਕਹਿ ਰਹੇ ਹਾਂ, ਅਸੀਂ ਤਾਂ ਨਹੀਂ ਮੰਨ ਰਹੇ, ਕਿਉਂਕਿ ਅਸੀਂ ਅਗਿਆਨ ਦੇ ਵਿੱਚ ਹਾਂ, ਅਸੀਂ ਕਹਿੰਦੇ ਹਾਂ ਨਹੀਂ ਇਹ ਤਾਂ ਸੰਸਾਰ ਹੈ। ਇਹ world ਹੈ, ਦੁਨੀਆਂ ਹੈ, ਗਿਆਨਵਾਨ ਕਹਿੰਦਾ ਹੈ ਕਿ ਇਹ ਵਾਹਿਗੁਰੂ ਹੈ। ਗਿਆਨਵਾਨ ਦੀ ਦ੍ਰਿਸ਼ਟੀ ਦੇ ਅੰਦਰ ਐਸਾ ਭਾਵ ਹੈ-

*ਧਾਰਨਾ - ਤੂੰਹੀਂ, ਤੂੰਹੀਂ ਮੋਹਿ ਨਾ।*

*ਗੁਰਹਿ ਦਿਖਾਇਓ ਲੋਇਨਾ ॥ ੧ ॥ ਰਹਾਉ ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ ॥ ਅੰਗ - ੪੦੭*

ਅੱਖ ਖੁਲ੍ਹ ਗਈ ਗਿਆਨ ਦੀ, ਨਜ਼ਰ ਕੀ ਆਇਆ, ਜਿਹੜਾ ਹੁਣ ਤੱਕ ਸੰਸਾਰ ਦਿਸਦਾ ਸੀ ਕਿ ਇਹ ਤਾਂ ਹੈ ਹੀ ਵਾਹਿਗੁਰੂ, ਦ੍ਰਿਸ਼ਟੀ ਬਦਲ ਗਈ। ਮਹਾਰਾਜ ਕਹਿੰਦੇ -

*ਕਾਹੇ ਰੇ ਬਨ ਖੋਜਨ ਜਾਈ ॥*
*ਸਰਬ ਨਿਵਾਸੀ ਸਦਾ ਅਲੇਪਾ*
*ਤੋਹੀ ਸੰਗਿ ਸਮਾਈ ॥ ਰਹਾਉ॥*
*ਪੁਹਪ ਮਧਿ ਜਿਉ ਬਾਸੁ ਬਸਤੁ ਹੈ*
*ਮੁਕਰ ਮਾਹਿ ਜੈਸੇ ਛਾਈ ॥*
*ਤੈਸੇ ਹੀ ਹਰਿ ਬਸੇ ਨਿਰੰਤਰਿ*
*ਘਟ ਹੀ ਖੋਜਹੁ ਭਾਈ ॥ ੧ ॥*
*ਬਾਹਰਿ ਭੀਤਰਿ ਏਕੋ ਜਾਨਹੁ*
*ਇਹੁ ਗੁਰ ਗਿਆਨੁ ਬਤਾਈ ॥*
*ਜਨ ਨਾਨਕ ਬਿਨੁ ਆਪਾ ਚੀਨੈ*

*ਮਿਟੈ ਨ ਭ੍ਰਮ ਕੀ ਕਾਈ ॥ ਅੰਗ - ੬੮੪*

ਜਿੰਨਾ ਕੁਛ ਦ੍ਰਿਸ਼ਟੀ ਆਉਂਦਾ ਹੈ, ਜਿੰਨਾ ਨਹੀਂ ਆਉਂਦਾ, ਇਹ ਸਾਰਾ ਹੀ ਕਹਿੰਦੇ ਇੱਕੋ ਹੀ ਹੈ, ਇੱਕੋ ਜੋਤ ਵਰਤ ਰਹੀ ਹੈ। ਸ਼ਬਦ ਦਾ manifestation ਹੋਇਆ ਹੋਇਆ ਹੈ, ਜਿਹੜੀ ਚੀਜ਼ ਅਸਲੀ ਹੈ, ਓਹਦੀ ਚੀਜ਼ ਬਣੀ ਹੋਈ, ਪਾਣੀ ਦੀ ਬਰਫ ਬਣੀ ਹੋਈ, ਉਹ ਪਾਣੀ ਤੋਂ ਕਿਵੇਂ ਅੱਡ ਹੋ ਜਾਵੇਗੀ। ਪਾਣੀ ਜੰਮਿਆ ਹੋਇਆ ਹੈ। ਜਿਹੜੀ ਭਾਫ ਉਡਦੀ ਫਿਰਦੀ ਹੈ ਉਹ ਪਾਣੀ ਤੋਂ ਕਿਵੇਂ ਅੱਡ ਹੋ ਜਾਵੇਗੀ, ਉਹ ਪਾਣੀ ਦਾ ਹੋਰ ਰੂਪ ਹੈ, ਹੈ ਪਾਣੀ ਹੀ, ਠੰਡਾ ਹੋ ਗਿਆ ਫੇਰ ਪਾਣੀ ਬਣ ਗਿਆ। ਬਰਫ ਪਿਘਲ ਗਈ ਫੇਰ ਪਾਣੀ ਬਣ ਗਿਆ। ਪਾਣੀ ਤਾਂ ਠੋਸ ਨਹੀਂ ਹੈ, ਪਾਣੀ ਉਡ ਨਹੀਂ ਸਕਦਾ, ਲੇਕਿਨ ਪਾਣੀ ਉਡਿਆ ਫਿਰਦਾ ਹੈ, ਇਥੇ ਗਿਲਾਸ ਰੱਖ ਦਿਓ ਠੰਡੇ ਪਾਣੀ ਦਾ, ਹਵਾ 'ਚੋਂ ਪਾਣੀ ਹੀ ਪਾਣੀ ਹੋ ਜਾਏਗਾ ਉਹਦੇ ਆਲੇ-ਦੁਆਲੇ। ਇਸੇ ਤਰ੍ਹਾਂ ਦੇ ਨਾਲ ਅਨੇਕ ਰੂਪ ਨੇ।

*ਅਪਨੀ ਮਾਇਆ ਆਪਿ ਪਸਾਰੀ*
*ਆਪਹਿ ਦੇਖਨਹਾਰਾ ॥*
*ਨਾਨਾ ਰੂਪੁ ਧਰੇ ਬਹੁ ਰੰਗੀ*
*ਸਭ ਤੇ ਰਹੈ ਨਿਆਰਾ॥ ਅੰਗ - ੫੩੭*
*ਸੋ ਅੰਤਰਿ ਸੋ ਬਾਹਰਿ ਅਨੰਤ ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ ॥*
*ਧਰਨਿ ਮਾਹਿ ਆਕਾਸ ਪਇਆਲ ॥*
*ਸਰਬ ਲੋਕ ਪੂਰਨ ਪ੍ਰਤਿਪਾਲ ॥*
*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥*
*ਜੈਸੀ ਆਗਿਆ ਤੈਸਾ ਕਰਮੁ ॥*
*ਪਉਣ ਪਾਣੀ ਬੈਸੰਤਰ ਮਾਹਿ ॥*
*ਚਾਰਿ ਕੁੰਟ ਦਹ ਦਿਸੇ ਸਮਾਹਿ ॥*
*ਤਿਸ ਤੇ ਭਿੰਨ ਨਹੀ ਕੋ ਠਾਉ ॥*
*ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥*
*ਅੰਗ - ੨੯੪*

ਆਹ ਜਦ ਬਚਨ ਸੁਣੇ, ਕਪਾਟ ਖੁਲ੍ਹ ਗਏ ਉਸਦੇ, ਬੱਜਰ ਕਪਾਟ ਟੁੱਟ ਗਏ, ਸ਼ਰਧਾ ਨਾਲ ਆਇਆ ਸੀ, ਗੁਰੂ ਮਹਾਰਾਜ ਦੇ ਸਨਮੁਖ ਖੜ੍ਹਾ ਹੈ, ਆਪਣੇ ਆਪ ਨੂੰ ਭੁੱਲ ਕੇ ਬਚਨਾਂ 'ਚ ਲੀਨ ਹੋ ਗਿਆ, ਹੁਣ ਪਤਾ ਨਹੀਂ ਲਗਦਾ ਆਪਣੇ ਆਪ ਦਾ। ਦੀਵਾਨ ਦੀ ਸਮਾਪਤੀ ਹੋ ਗਈ, ਸੰਗਤਾਂ ਚਲੀਆਂ ਗਈਆਂ, ਲੇਕਿਨ ਇਹ ਖੜ੍ਹਾ ਹੈ ਉਸੇ ਤਰ੍ਹਾਂ ਬੁੱਤ ਬਣਿਆ। ਗੁਰੂ ਮਹਾਰਾਜ ਆਪਣੇ ਸਿੰਘਾਸਨ ਤੋਂ ਉਠੇ ਤੇ ਇਹਦੇ ਕੋਲ ਜਾ ਕੇ ਮੋਢੇ 'ਤੇ ਹੱਥ ਰੱਖ ਦਿੱਤਾ। ਹੱਥ ਰੱਖਣ ਦੀ ਦੇਰ ਸੀ, ਸਾਰੇ ਸਰੀਰ ਦੇ ਅੰਦਰ ਐਸੀ ਝਰਨਾਹਟ ਉਠੀ, ਬਿਨਾਂ ਬੋਲਿਆਂ ਇਕੱਲੇ-ਇਕੱਲੇ ਰੋਮ ਦੇ ਵਿਚੋਂ ਆਵਾਜ਼ ਆ ਰਹੀ ਹੈ - ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ; ਨਾਲ ਦ੍ਰਿਸ਼ਟੀ ਖੁਲ੍ਹ ਗਈ। ਮਹਾਰਾਜ ਕਹਿੰਦੇ ਜਾਹ ਪ੍ਰੇਮੀਆਂ! ਤੇਰੇ ਵਾਸਤੇ ਜੋ ਹੁਕਮ ਹੈ, ਉਹ ਤੂੰ ਸੇਵਾ ਕਰ, ਸਾਧਸੰਗਤ 'ਚ, ਜਨਤਾ 'ਚ ਮੈਨੂੰ ਦੇਖ, ਸੰਸਾਰ 'ਚ ਮੈਨੂੰ ਦੇਖ ਕੇ ਮੇਰੀ ਸੇਵਾ ਕਰ ਤੇ ਨਾਮ ਜਪਣਾ ਤੇ ਸੇਵਾ ਕਰਨਾ, ਗੁਰੂ ਘਰ ਦੇ ਅੰਦਰ ਦੋਵੇਂ ਵੱਡੇ ਸਿਧਾਂਤ ਨੇ -

***ਧਾਰਨਾ - ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,***
***ਸੇਵਾ ਕਰਕੇ ਮਾਣ ਪਾਈਦੈ।***

ਜਾਹ ਗੁਰਮੁਖਾ ਨਾਮ ਜਪ ਤੇ ਸੇਵਾ ਕਰ। ਹੁਕਮ ਦੇ ਦਿੱਤਾ ਕਿ ਐਧਰ ਚਲਿਆ ਜਾਹ, ਰੋਪੜ ਵਲ, ਚਲਦਾ ਆਇਆ, ਚਲਦਾ ਆਇਆ ਇੱਕ ਥਾਂ ਤੇ ਆ ਕੇ ਐਸਾ ਹੋਇਆ ਕਿ ਠੋਕਰ ਲੱਗੀ ਤੇ ਗਿਰ ਗਿਆ। ਮਨ ਵਿੱਚ ਖਿਆਲ ਆ ਗਿਆ ਕਿ ਮੇਰੇ ਗੁਰੂ ਨੇ ਇੱਥੇ ਹੀ ਮੈਨੂੰ ਬੈਠਣ ਦਾ ਹੁਕਮ ਦਿੱਤਾ ਹੈ। ਝੌਂਪੜੀ ਪਾ ਲਈ, ਹਿਕਮਤ ਜਾਣਦਾ ਸੀ, ਨਿਸ਼ਕਾਮ ਸੇਵਾ ਕਰਦਾ ਸੀ -

*ਸੇਵਾ ਕਰਤ ਹੋਇ ਨਿਹਕਾਮੀ ॥*
*ਤਿਸ ਕਉ ਹੋਤ ਪਰਾਪਤਿ ਸੁਆਮੀ ॥*
*ਅੰਗ - ੨੮੬*

ਸੇਵਾ ਕਰਦਾ ਹੈ ਤੇ ਸੇਵਾ ਦਾ ਬਦਲਾ ਨਹੀਂ ਲੈਂਦਾ, ਸੇਵਾ ਦੀ ਕੀਮਤ ਨਹੀਂ ਲੈਂਦਾ, ਪ੍ਰਮੇਸ਼ਰ ਜਾਣ ਕੇ ਸੇਵਾ ਕਰਦਾ ਹੈ। ਕਹਿੰਦੇ ਉਹਨੂੰ ਰੱਬ ਮਿਲ ਜਾਇਆ ਕਰਦਾ ਹੈ। ਜਿਹੜਾ ਨਿਸ਼ਕਾਮ ਸੇਵਾ ਕਰਦਾ ਹੈ। ਉਸ ਵੇਲੇ ਹਿਕਮਤ ਜਾਣਦਾ ਹੈ, ਬੀਮਾਰ ਆਉਂਦੇ ਨੇ, ਭਜਨ ਬੰਦਗੀ ਕਰਦਾ ਹੈ, ਜਦ ਕੋਈ ਅਵਾਜ਼ ਦਿੰਦਾ ਹੈ, ਉਸੇ ਵੇਲੇ ਚਲਿਆ ਜਾਂਦਾ ਹੈ, ਚਾਹੇ ਅੰਮ੍ਰਿਤ ਵੇਲਾ ਹੈ, ਚਾਹੇ ਕੋਈ ਵੇਲਾ ਹੈ ਤੇ ਯਾਦ ਰੱਖਦਾ ਹੈ ਗੁਰੂ ਦਾ ਬਚਨ ਕਿ ਸੁਜਾਨ ਰਾਇ! ਮੈਨੂੰ ਸੰਗਤਾਂ 'ਚ ਦੇਖੀਂ, ਜਨਤਾ 'ਚ ਦੇਖੀਂ, ਮੈਂ ਸਾਰਿਆਂ ਦੇ ਵਿੱਚ ਹਾਂ। ਮੈਨੂੰ ਪਛਾਣੀਂ, ਮੈਂ ਕੇਵਲ ਏਸ ਰੂਪ ਵਿੱਚ ਨਹੀਂ, ਮੈਂ ਸਾਰੇ ਰੂਪਾਂ ਦੇ ਅੰਦਰ ਸਾਰੇ ਰੰਗਾਂ ਦੇ ਅੰਦਰ, ਹਰ ਥਾਂ ਦੇ ਉਤੇ ਮੈਨੂੰ ਪਛਾਨਣ ਦਾ ਯਤਨ ਕਰ। ਮੈਂ ਸਭ ਥਾਂ ਦੇ ਉਤੇ ਪੂਰਨ ਵਿਆਪਕ ਹਾਂ। ਮੈਂ ਜਿਹੜੀ ਸੇਵਾ ਕਰਦਾ ਹਾਂ ਉਸ ਬੰਦੇ ਦੀ ਸੇਵਾ ਨਹੀਂ ਕਰਦਾ, ਗੁਰੂ ਦੀ ਸੇਵਾ ਕਰ ਰਿਹਾ ਹਾਂ।

ਅੱਜ ਛੇ ਸਾਲ ਲੰਘ ਗਏ, ਅਨੰਦਪੁਰ ਸਾਹਿਬ ਮੁੜ ਕੇ ਨਹੀਂ ਗਿਆ, ਮਸਤ ਹੋਇਆ ਹੋਇਆ ਹੈ ਸੇਵਾ 'ਚ, ਗੁਰੂ ਨੂੰ ਪਛਾਣ ਰਿਹਾ ਹੈ ਸਾਰੀ ਜਨਤਾ ਦੇ ਅੰਦਰ ਤੇ ਅੱਜ ਅਚਾਨਕ ਗੁਰੂ ਦਸ਼ਮੇਸ਼ ਪਿਤਾ ਅੰਮ੍ਰਿਤ ਵੇਲਾ ਹੈ, ਪੋਹ ਦਾ ਮਹੀਨਾ ਹੈ, ਏਧਰ ਆਪ ਦੇ ਪ੍ਰਕਾਸ਼ ਉਤਸਵ ਦੀਆਂ ਤਿਆਰੀਆਂ ਹੋ ਰਹੀਆਂ ਨੇ ਤੇ ਓਧਰ ਗੁਰੂ ਮਹਾਰਾਜ ਮਲਕੜੇ ਦੋ ਵਜੇ ਘੋੜੇ 'ਤੇ ਸਵਾਰ ਹੋਏ, ਕਿਸੇ ਨੂੰ ਨਾਲ ਨਹੀਂ ਲਿਆ, ਇਕੱਲੇ ਹੀ ਸਿੱਧੇ ਓਸ ਥਾਂ 'ਤੇ ਆ ਕੇ ਪਹੁੰਚ ਗਏ। ਸੁਜਾਨ

ਰਾਇ ਮਸਤ ਬੈਠਾ ਹੈ ਸਮਾਧੀ ਦੇ ਅੰਦਰ, ਗੁਰੂ ਮਹਾਰਾਜ ਨੇ ਝੌਂਪੜੀ ਦਾ ਬੂਹਾ ਲਾਹਿਆ, ਅੰਦਰ ਚਲੇ ਗਏ ਤੇ ਅੰਦਰ ਉਸਨੇ ਬੈਠਣ ਵਾਸਤੇ ਥਾਂ ਬਣਾਇਆ ਹੋਇਆ ਹੈ। ਗੁਰੂ ਮਹਾਰਾਜ ਗਏ, ਜਾ ਕੇ ਚੌਂਕੜਾ ਮਾਰਿਆ ਤੇ ਬੈਠ ਗਏ। ਇਹਨੂੰ ਕੋਈ ਪਤਾ ਨਹੀਂ ਲੱਗਿਆ ਕਿ ਕੌਣ ਆ ਕੇ, ਕਦੋਂ ਬੈਠ ਗਿਆ। ਉਸ ਤੋਂ ਬਾਅਦ ਗੁਰੂ ਮਹਾਰਾਜ ਨੇ ਅੰਦਰਲਾ ਸਰੂਪ ਜਿਹਦੇ ਵਿੱਚ ਮਸਤ ਸੀ ਉਹ ਹਿਲਾ ਦਿੱਤਾ। ਨੇਤਰ ਖੋਲ੍ਹੇ ਤਾਂ ਬਾਹਰ ਓਹੀ ਸਰੂਪ ਹੈ, ਭੁੱਲ ਗਿਆ ਨਮਸ਼ਕਾਰ ਕਰਨੀ, ਮਸਤ ਹੋ ਗਿਆ ਇਸ ਚੀਜ਼ ਦੇ ਅੰਦਰ। ਐਨੇ ਨੂੰ ਆਵਾਜ਼ ਆਈ ਕਿ ਗੁਰਸਿੱਖਾ! ਬਹੁਤ ਸਖਤ ਬਿਮਾਰ ਹੈ, ਕ੍ਰਿਪਾ ਕਰ, ਛੇਤੀ ਪਹੁੰਚ। ਹੁਣ ਸਵਾਲ ਆ ਗਿਆ ਕਿ ਇੱਕ ਪਾਸੇ ਗੁਰੂ ਸਾਹਿਬ ਬੈਠੇ ਨੇ, ਦੂਜੇ ਪਾਸੇ ਲੋੜਵੰਦ ਹੈ। ਇੱਕ ਪਾਸੇ ਫਰਜ਼ ਹੈ ਇੱਕ ਪਾਸੇ ਪਿਆਰ ਹੈ। ਫਰਜ਼ ਨੂੰ ਪਿਆਰ ਤੋਂ ਉੱਚਾ ਜਾਣ ਕੇ, ਤਰਜੀਹ ਦਿੱਤੀ, ਉਸੇ ਵੇਲੇ ਆਪਣਾ ਦਵਾਈਆਂ ਦਾ ਬੁਗਚਾ ਚੁੱਕਿਆ। ਮਹਾਰਾਜ ਜੀ ਨੂੰ ਨਮਸ਼ਕਾਰ ਕਰੀ, ਆਪ ਸਮਾਧੀ ਸਥਿਤ ਬੈਠੇ ਨੇ, ਉਸੇ ਤਰ੍ਹਾਂ ਦੇ ਨਾਲ ਆਪ ਚਲਿਆ ਗਿਆ। ਜਾ ਕੇ ਦਵਾ-ਦਾਰੂ ਕਰਿਆ। ਦੋ ਤਿੰਨ ਘੰਟੇ ਲਗ ਗਏ ਉਥੇ ਤੇ ਉਹ ਰਾਜ਼ੀ ਹੋ ਗਿਆ, ਉਸ ਵੇਲੇ ਗੁਰੂ ਦਸ਼ਮੇਸ਼ ਪਿਤਾ ਦੇ ਪਾਸ ਆ ਕੇ ਚਰਨਾਂ 'ਤੇ ਢਹਿ ਪਿਆ, ਬੇਨਤੀਆਂ ਕਰਦਾ ਹੈ ਕਿ ਪਾਤਸ਼ਾਹ ਮੈਨੂੰ ਬਖਸ਼ ਲੈ। ਮੈਂ ਬੜਾ ਗੁਨਾਹਗਾਰ ਹਾਂ, ਤੁਸੀਂ ਆਏ ਹੋ ਦਰਸ਼ਨ ਦੇਣ ਤੇ ਮੈਂ ਤੁਹਾਨੂੰ ਪਿੱਠ ਦੇ ਕੇ ਚਲਿਆ ਜਾਵਾਂ? ਰੋ ਰਿਹਾ ਹੈ ਉਸ ਵੇਲੇ। ਗੁਰੂ ਮਹਾਰਾਜ ਨੇ ਸਮਾਧੀ ਖੋਲ੍ਹੀ ਤੇ ਉਸ ਤੋਂ ਬਾਅਦ ਗੁਰਸਿੱਖ ਨੂੰ ਬੁੱਕਲ ਵਿੱਚ ਲੈ ਲਿਆ ਤੇ ਕਹਿਣ ਲੱਗੇ, ਗੁਰਸਿੱਖਾ! ਨਿਹਾਲ! ਨਿਹਾਲ! ਨਿਹਾਲ; ਤੂੰ ਮੇਰਾ ਬਚਨ ਕਮਾਇਆ ਹੈ ਤੇ ਤੂੰ ਮੈਨੂੰ ਸਾਰੀ ਸ੍ਰਿਸ਼ਟੀ 'ਚ ਦੇਖਿਆ ਹੈ, ਜਾਹ ਮੈਂ ਤੈਨੂੰ ਪੱਕੇ ਨੇਤਰ ਦਿੰਦਾ ਹਾਂ, ਜਿਨ੍ਹਾਂ ਦੇ ਨਾਲ ਤੂੰ ਕਦੇ ਵੀ ਨਾ ਭੁੱਲੇਂਗਾ। ਤੈਨੂੰ ਗੁਰੂ ਪ੍ਰਮੇਸ਼ਰ ਹਰ ਵਕਤ ਨਜ਼ਰ ਆਏਗਾ, ਹਰ ਥਾਂ ਨਜ਼ਰ ਆਏਗਾ।

ਸੋ ਇਸ ਤਰ੍ਹਾਂ ਦੇ ਨਾਲ ਸੇਵਾ ਕਰਕੇ ਕਿੱਡੀ ਵੱਡੀ ਪਦਵੀ ਪ੍ਰਾਪਤ ਕਰ ਲਈ, ਸਾਰੇ ਸੰਸਾਰ ਤੋਂ ਤਰ ਗਿਆ ਬਚਨ ਮੰਨ ਕੇ, ਐਉਂ ਪੜ੍ਹ ਲਓ -

*ਧਾਰਨਾ - ਤਰ ਗਿਆ ਸੰਸਾਰ ਤੋਂ,*
*ਸਤਿਗੁਰ ਦਾ ਬਚਨ ਕਮਾ ਕੇ।*

*ਸੰਤਹੁ ਸਾਗਰੁ ਪਾਰਿ ਉਤਰੀਐ ॥*
*ਜੇ ਕੋ ਬਚਨੁ ਕਮਾਵੈ ਸੰਤਨ ਕਾ*
*ਸੋ ਗੁਰ ਪਰਸਾਦੀ ਤਰੀਐ ॥ ਅੰਗ - ੭੪੭*

ਬਚਨ ਕਮਾਇਆ, ਸੇਵਾ ਕੀਤੀ, ਗੁਰੂ ਨੂੰ ਜਨਤਾ ਵਿੱਚ ਦੇਖਿਆ, ਮਰੀਜ਼ਾਂ ਵਿੱਚ ਦੇਖਿਆ, ਗੁਰੂ ਦਸ਼ਮੇਸ਼ ਪਿਤਾ ਕਹਿੰਦੇ ਗੁਰਸਿੱਖਾ! ਮੈਂ ਹੀ ਬਿਮਾਰ ਸੀ, ਤੂੰ ਮੇਰੀ ਹੀ ਦਾਰੀ ਕਰੀ ਹੈ। ਮੈਂ ਪ੍ਰਸੰਨ ਹਾਂ, ਚੱਲ ਹੁਣ ਤੇਰੀ ਸੇਵਾ ਪੂਰੀ ਹੋਈ, ਅਨੰਦਪੁਰ ਸਾਹਿਬ ਲੈ ਗਏ ਤੇ ਕਿਹਾ ਕਿ ਹੁਣ ਆਪਣੇ ਬੱਚਿਆਂ ਨੂੰ ਬੁਲਾ ਲੈ, ਛੇ ਸਾਲ ਬਾਅਦ ਘਰਵਾਲੀ ਨੂੰ ਬੁਲਾਇਆ, ਬੱਚੇ ਆ ਗਏ, ਅੰਮ੍ਰਿਤ ਛਕਾਇਆ ਗੁਰੂ ਦਸ਼ਮੇਸ਼ ਪਿਤਾ ਨੇ ਆਪਣੇ ਦਸਤ-ਏ-ਮੁਬਾਰਕ ਦੇ ਨਾਲ ਤੇ ਜਿਸ ਵਕਤ ਇਸ ਪਰਿਵਾਰ ਨੂੰ ਨਾਮ ਦੀ ਦਾਤ ਗੁਰੂ ਮੁਖ ਤੋਂ ਪ੍ਰਾਪਤ ਹੋਈ, ਕਾਇਆਂ ਕਲਪ ਹੋ ਗਈ, ਬੱਜਰ ਕਪਾਟ ਖੁਲ੍ਹ ਗਏ, ਇੱਕੋ ਇੱਕ ਦ੍ਰਿਸ਼ਟੀ ਆ ਗਿਆ, ਬੜਾ ਯੋਧਾ ਤੇ ਨਾਲ ਹਕੀਮ ਵੀ ਨਾਲ ਹੋਇਆ ਤੇ ਚਮਕੌਰ ਸਾਹਿਬ ਦੇ ਮੈਦਾਨ-ਏ-ਜੰਗ ਦੇ ਵਿੱਚ ਓਸ ਵੇਲੇ ਇਨ੍ਹਾਂ ਨੇ ਸਹੀਦੀ ਪ੍ਰਾਪਤ ਕਰੀ, ਚਾਲੀ ਸਿੰਘਾਂ ਦੇ ਨਾਲ। ਸੋ ਇਸ ਗੁਰਸਿੱਖ ਨੇ ਸੇਵਾ ਕਰੀ।

ਸੇਵਾ ਕਰਨ ਦਾ ਜੋ ਮਹਾਤਮ ਹੈ ਦਰਗਾਹ 'ਚ ਥਾਂ ਮਿਲਦਾ ਹੈ -

*ਧਾਰਨਾ - ਦਰਗਹ ਮਿਲਦੈ ਥਾਉਂ,*
*ਜੇ ਵਿੱਚ ਦੁਨੀਆਂ ਸੇਵ ਕਮਾਈਐ।*

*ਵਿਚਿ ਦੁਨੀਆ ਸੇਵ ਕਮਾਈਐ ॥*
*ਤਾ ਦਰਗਹ ਬੈਸਣੁ ਪਾਈਐ ॥*
*ਕਹੁ ਨਾਨਕ ਬਾਹ ਲੁਡਾਈਐ ॥ ਅੰਗ - ੨੬*

ਵਾਹਿਗੁਰੂ ਦੀ ਕ੍ਰਿਪਾ ਨਾਲ ਜਿਹਨੂੰ ਲਾ ਦਿੱਤਾ ਜਾਂਦਾ ਹੈ ਉਹ ਸੇਵਾ ਕਰਦਾ ਹੈ, ਦੂਜਾ ਕਰ ਹੀ ਨਹੀਂ ਸਕਦਾ। ਸੋ ਇਹ ਤਪ ਜੋ ਆਪ ਸਤਿਸੰਗ ਕਰਦੇ ਹੋ, ਸੇਵਾ ਕਰਦੇ ਹੋ ਇਹਦਾ ਫਲ ਮਿਲ ਰਿਹਾ ਹੈ, ਫਲ ਮਿਲਣ ਦੇ ਨਾਲ ਗੁਰੂ ਨੇ ਸੇਵਾ ਲਾ ਦਿੱਤੀ, ਵਧਦੀ ਹੀ ਤੁਰੀ ਜਾਂਦੀ ਹੈ, ਘਟਦੀ ਨਹੀਂ ਹੈ। ਇਹਦੇ ਵਿੱਚ ਸ਼ਾਂਤੀ ਹੈ।

ਅਨੰਦ ਸਾਹਿਬ, ਗੁਰ ਸਤੋਤਰ

ਅਰਦਾਸ, ਹੁਕਮਨਾਮਾ

# ਸ੍ਰੀ ਗੁਰੂ ਨਾਨਕ ਦੇਵ ਜੀ ਮਾਤਾ ਪਿਤਾ ਨੂੰ ਉਪਦੇਸ਼

*ਸਤਿਨਾਮ ਸ੍ਰੀ ਵਾਹਿਗੁਰੂ*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ*

*ਡੰਡਉਤਿ ਬੰਦਨ ਅਨਿਕ ਬਾਰ*
*ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*
*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥*
*ਅੰਗ - ੨੮੯*
*ਮੈ ਨਾਹੀ ਕਛੁ ਹਉ ਨਹੀ*
*ਕਿਛੁ ਆਹਿ ਨ ਮੋਰਾ ॥*
*ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ ॥*
*ਅੰਗ - ੮੫੮*
*ਧਾਰਨਾ - ਕਵਨ ਅਨਾਥ ਵਿਚਾਰਾ,*
*ਪ੍ਰਭ ਮੋਹਿ ਕਵਨ ਅਨਾਥ ਬਿਚਾਰਾ।*
*ਪ੍ਰਭ ਜੀ ਮੋਹਿ ਕਵਨੁ ਅਨਾਥੁ ਬਿਚਾਰਾ ॥*
*ਕਵਨ ਮੂਲ ਤੇ ਮਾਨੁਖੁ ਕਰਿਆ*
*ਇਹੁ ਪਰਤਾਪੁ ਤੁਹਾਰਾ ॥੧॥ ਰਹਾਉ ॥*
*ਜੀਅ ਪ੍ਰਾਨ ਸਰਬ ਕੇ ਦਾਤੇ*
*ਗੁਣ ਕਹੇ ਨ ਜਾਹਿ ਅਪਾਰਾ ॥*
*ਸਭ ਕੇ ਪ੍ਰੀਤਮ ਸ੍ਰਬ ਪ੍ਰਤਿਪਾਲਕ*
*ਸਰਬ ਘਟਾਂ ਆਧਾਰਾ ॥*
*ਕੋਇ ਨ ਜਾਣੈ ਤੁਮਰੀ ਗਤਿ ਮਿਤਿ*
*ਆਪਹਿ ਏਕ ਪਸਾਰਾ ॥*
*ਸਾਧ ਨਾਵ ਬੈਠਾਵਹੁ ਨਾਨਕ*
*ਭਵ ਸਾਗਰੁ ਪਾਰਿ ਉਤਾਰਾ ॥ ਅੰਗ - ੧੨੨੦*
*ਧਾਰਨਾ - ਕਰ ਦਿਓ ਭਵਸਾਗਰ ਤੋਂ ਪਾਰ,*
*ਸੰਗਤ ਦੇ ਕੇ ਸੰਤਾਂ ਦੀ।*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਮਹਾਰਾਜ ਦਾ ਫੁਰਮਾਨ ਹੈ ਕਿ ਸਾਧੂਆਂ ਦੀ ਕਿਸ਼ਤੀ ਵਿੱਚ ਬਿਠਾ ਕੇ -

*ਸਾਧ ਨਾਵ ਬੈਠਾਵਹੁ ਨਾਨਕ*
*ਭਵ ਸਾਗਰੁ ਪਾਰਿ ਉਤਾਰਾ ॥ ਅੰਗ - ੧੨੨੦*

ਮੈਨੂੰ ਓਸ ਕਿਸ਼ਤੀ ਦੇ ਵਿੱਚ ਬਿਠਾ ਦਿਓ, ਕਿਉਂਕਿ ਬਾਕੀ ਜਿਹੜੀਆਂ ਕਿਸ਼ਤੀਆਂ ਨੇ ਪੰਡਤਾਂ ਦੀਆਂ, ਗਿਆਨੀਆਂ ਦੀਆਂ, ਧਿਆਨੀਆਂ ਦੀਆਂ, ਕਥਾਕਾਰਾਂ ਦੀਆਂ, ਕਿਸੇ ਹੋਰ ਦੀਆਂ ਕਿਸ਼ਤੀਆਂ ਭਵਸਾਗਰ ਤੋਂ ਪਾਰ ਨਹੀਂ ਲੰਘ ਸਕਦੀਆਂ। ਡੁੱਬ ਜਾਇਆ ਕਰਦੀਆਂ ਹਨ, ਕ੍ਰਿਪਾ ਕਰਕੇ ਮੈਨੂੰ ਉਹ ਕਿਸ਼ਤੀ ਦੇ ਦਿਓ ਜਿਹਦੇ ਵਿੱਚ ਬੈਠ ਕੇ ਮੈਂ ਭਵਸਾਗਰ ਤੋਂ ਪਾਰ ਹੋ ਜਾਵਾਂ, ਕਿਉਂਕਿ ਭਵਸਾਗਰ ਜਿਹੜਾ ਹੈ -

*ਪਾਵਕ ਸਾਗਰ ਅਥਾਹ ਲਹਰਿ ਮਹਿ*
*ਤਾਰਹੁ ਤਾਰਨਹਾਰੇ ॥ ਅੰਗ - ੬੧੩*

ਅਥਾਹ ਲਹਿਰ ਹੈ ਇਹ ਜਿਹਦਾ ਕੋਈ ਥਾਹ ਹੀ ਨਹੀਂ ਪੈਂਦਾ। ਅਰਦਾਸ ਕਰਦੇ ਨੇ ਕਿ ਹੇ ਪ੍ਰਭੂ! ਮੈਨੂੰ ਇਹਦੇ ਵਿਚੋਂ ਤਾਰ ਲੈ, ਮੇਰੇ ਤੋਂ ਨਹੀਂ ਇਹ ਤਰਿਆ ਜਾਣਾ, ਬੜਾ ਮੁਸ਼ਕਲ ਭਵਸਾਗਰ ਹੈ, ਕਿਉਂਕਿ ਜੋ ਕੁਛ ਮੈਨੂੰ ਦਿਸਦਾ ਹੈ, ਉਹ ਹੈ ਨਹੀਂ। ਜੋ ਕੁਛ ਮੈਨੂੰ ਦਿਸਦਾ ਨਹੀਂ, ਉਹ ਹੈਗਾ। ਅਜੀਬ ਗੱਲ ਹੈ, ਕਹਾਣੀ ਐਸੀ ਹੈ ਜਿਹੜੀ ਕਥੀ ਨਹੀਂ ਜਾ ਸਕਦੀ ਤੇ ਇਹਦੇ 'ਚੋਂ ਤਰਿਆ ਕਿਵੇਂ ਜਾਵੇ? ਸੋ ਕੇਵਲ ਇੱਕੋ ਹੀ ਰਸਤਾ ਦੱਸਿਆ ਹੈ ਕਿ ਸਾਧੂਆਂ ਦੀ ਸੰਗਤ ਮਿਲ ਜਾਵੇ, ਬੰਦਗੀ ਕਰਨ ਵਾਲੇ ਮਹਾਂਪੁਰਸ਼ਾਂ ਦੀ ਸੰਗਤ ਮਿਲ ਜਾਵੇ, ਓਸ ਅਵਸਥਾ ਵਾਲਿਆਂ ਦੀ ਸੰਗਤ ਮਿਲ ਜਾਵੇ -

*ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥*
*ਅੰਗ - ੩੯੭*

ਜਿਨ੍ਹਾਂ ਦੇ ਵਿੱਚ ਤੇ ਪ੍ਰਮੇਸ਼ਰ ਦੇ ਵਿੱਚ ਕੋਈ ਫਰਕ ਨਾ ਨਜ਼ਰ ਆਉਂਦਾ ਹੋਵੇ। ਪੂਰਨ ਮਹਾਂਪੁਰਸ਼ ਹੋਣ।

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥*
*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥*
*ਅੰਗ - ੨੭੩*

ਜਿਨ੍ਹਾਂ ਦੇ ਵਿੱਚ ਕੋਈ ਭੇਤ ਨਹੀਂ ਹੁੰਦਾ, ਉਨ੍ਹਾਂ ਦੀ ਮੈਨੂੰ ਸੰਗਤ ਦੇ ਦਿਓ। ਕਿਉਂਕਿ ਉਨ੍ਹਾਂ ਦੀ ਬੋਲੀ ਮੈਂ ਸਮਝ ਲਵਾਂਗਾ, ਉਹ ਮੈਨੂੰ ਜਾਣ ਜਾਣਗੇ ਕਿ ਕਿਥੇ ਕੁ ਮੈਂ ਹੈਗਾ, ਮੈਨੂੰ ਕਿਹੜੀ-ਕਿਹੜੀ ਪੜ੍ਹਾਈ ਦੀ ਲੋੜ ਹੈ, ਕਿਹੜੀ-ਕਿਹੜੀ ਕਿਤਾਬ ਪੜ੍ਹਨੀ ਚਾਹੀਦੀ ਹੈ, ਕਿਹੜੇ ਵਿਸ਼ੇ ਦੇ ਵਿੱਚ ਮੈਂ ਕਮਜ਼ੋਰ ਹਾਂ, ਮੈਨੂੰ ਲੰਘਾ ਦੇਣਗੇ। ਸੋ ਸੰਗਤ ਬਹੁਤ ਜ਼ਰੂਰੀ ਹੈ।

ਸੋ ਆਪ ਸਾਰੇ ਘਰਾਂ ਤੋਂ ਗੁਰੂ ਮਹਾਰਾਜ ਦੀ ਪ੍ਰੇਰਨਾ ਦੇ ਸਦਕਾ ਆ ਕੇ ਬੈਠੇ ਓਂ। ਪਿਛਲੀ ਵਾਰੀ ਇੱਕ ਬੇਨਤੀ ਕੀਤੀ ਗਈ ਸੀ, ਵਿਚਾਰ ਕੀਤੀ ਗਈ ਸੀ ਕਿ ਗੁਰੂ ਨਾਨਕ ਪਾਤਸ਼ਾਹ ਦੂਸਰੀ ਉਦਾਸੀ ਤੋਂ ਬਾਅਦ, ਬਾਰ੍ਹਾਂ ਸਾਲ ਤੋਂ ਬਾਅਦ ਆਪ ਘਰ ਆਏ, ਬੜਾ ਵੈਰਾਗ ਸੀ ਸਾਰਿਆਂ ਦੇ ਹਿਰਦਿਆਂ ਦੇ ਅੰਦਰ। ਮਾਤਾ ਜੀ ਬਹੁਤ ਵੈਰਾਗ ਦੇ ਅੰਦਰ ਭਿੱਜ ਗਏ ਸੀ। ਪਿਤਾ ਪਹਿਲਾਂ ਕੌੜੀਆਂ ਗੱਲਾਂ ਕਿਹਾ ਕਰਦਾ ਸੀ ਪਰ ਐਤਕੀਂ ਕੁਛ ਨਹੀਂ, ਕੋਈ ਐਸੀ ਗੱਲ ਨਹੀਂ ਕਹੀ। ਐਨਾ

ਹੀ ਕਿਹਾ ਕਿ ਤੁਸੀਂ ਚੰਗਾ ਖਾ ਲਓ, ਚੰਗਾ ਪਹਿਨ ਲਓ, ਚੰਗੀ ਸਵਾਰੀ 'ਤੇ ਚੜ੍ਹ ਜਾਓ, ਚੰਗਿਆਂ ਘਰਾਂ 'ਚ ਰਹੋ। ਦਰ-ਬ-ਦਰ ਫਿਰਦੇ ਪਏ ਹੋ, ਤੁਹਾਨੂੰ ਕਦੇ ਖਾਣ ਨੂੰ ਮਿਲਦਾ ਹੈ, ਕਦੇ ਕੁਛ ਨਹੀਂ ਮਿਲਦਾ। ਉਹ ਗੁਰੂ ਨਾਨਕ ਪਾਤਸ਼ਾਹ ਵਲੋਂ ਸਾਰੇ ਉੱਤਰ ਦੇਣ ਤੋਂ ਬਾਅਦ, ਉਹ ਬੇਨਤੀ ਕਰਕੇ ਆਪ ਨੂੰ ਘਰ ਲੈ ਆਏ। ਉਸ ਵੇਲੇ ਪਿਤਾ ਜੀ ਆਪ ਦੇ ਹਿਸਾਬ ਦੇ ਨਾਲ ਜਿਵੇਂ ਦੁਨੀਆਂਦਾਰਾਂ ਨੂੰ ਗੱਲਬਾਤ ਕਰਨੀ ਆਉਂਦੀ ਹੈ ਜਾਂ ਕਰਦੇ ਨੇ। ਉਸ ਦੇ ਹਿਸਾਬ ਨਾਲ ਕਹਿਣ ਲੱਗੇ ਹੇ ਬੇਟਾ ਨਾਨਕ! ਦੁਨੀਆਂ ਵਲ ਤੂੰ ਦੇਖ, ਲੋਕ ਪੁੱਤਰਾਂ ਦੇ ਵਾਸਤੇ ਵੱਡੇ-ਵੱਡੇ ਜਫਰ ਜਾਲਦੇ ਨੇ, ਜਿਹਦੇ ਪੁਤਰ ਨਹੀਂ ਹੁੰਦਾ, ਉਹ ਥਾਂ-ਥਾਂ 'ਤੇ ਜਾ ਕੇ ਸੁਖਣਾ ਸੁਖਦੇ ਨੇ, ਵੱਡੇ-ਵੱਡੇ ਤਪ ਕਰਦੇ ਨੇ, ਦਾਨ ਕਰਦੇ ਨੇ, ਕਾਹਦੇ ਵਾਸਤੇ ਕਰਦੇ ਨੇ ਕਿਉਂਕਿ ਪੁੱਤਰ ਦਾ ਧਰਮ ਹੋਇਆ ਕਰਦਾ ਹੈ ਕਿ ਮਾਂ ਬਾਪ ਨੂੰ ਸੰਭਾਲਣਾ, ਬੁਢਾਪੇ ਦੇ ਅੰਦਰ। ਭਾਰਤ ਵਰਸ਼ ਦੀ ਜਿਹੜੀ ਸੰਸਕ੍ਰਿਤੀ ਹੈ, ਸਮਾਜ ਹੈ, ਉਹਦੇ 'ਚ ਇਹ ਹੈ ਕਿ ਪਹਿਲਾਂ ਜਦ ਤੱਕ ਪੁੱਤਰ ਦੀ ਸ਼ਾਦੀ ਨਹੀਂ ਹੁੰਦੀ ਤੇ ਕਿਸੇ ਕਾਰੋਬਾਰ 'ਤੇ ਨਹੀਂ ਲਗਦਾ। ਓਨੀਂ ਦੇਰ ਤੱਕ ਮਾਂ-ਬਾਪ ਦਾ ਇਹ ਧਰਮ ਹੋਇਆ ਕਰਦਾ ਹੈ ਕਿ ਪੁੱਤਰ ਨੂੰ ਚੰਗਾ ਪੜ੍ਹਾ ਲਿਖਾ ਕੇ, ਕਾਬਲ ਬਣਾ ਕੇ, ਸਮਾਜ ਦੇ ਫਿਟ ਬਣਾ ਕੇ ਓਸ ਨੂੰ ਓਹਦੀ ਜੀਵਨ ਨਈਆਂ ਦੇ ਵਿੱਚ ਓਸਨੂੰ ਬਿਠਾਉਣ ਤੇ ਪੁੱਤਰ ਦਾ ਇਹ ਧਰਮ ਹੋਇਆ ਕਰਦਾ ਹੈ ਕਿ ਜਦੋਂ ਮਾਂ-ਬਾਪ ਬਿਰਦ ਹੋ ਜਾਣ, ਓਸ ਵੇਲੇ ਉਨ੍ਹਾਂ ਨੂੰ ਬੜੀ ਚਾਹ ਹੋਇਆ ਕਰਦੀ ਹੈ, ਬੜੀ ਲੋਚਾ ਹੋਇਆ ਕਰਦੀ ਹੈ ਕਿ ਸਾਡੇ ਘਰ ਸਾਡੇ ਪੁੱਤਰ ਦੀ ਵੇਲ ਵਧੇ, ਭੋਲੇ ਭਾਲੇ ਬੱਚੇ ਸਾਡੇ ਪਰਿਵਾਰ ਵਿੱਚ ਆਉਣ। ਪੁੱਤਰ ਰੁਝੇਵਿਆਂ ਵਿੱਚ ਹੋ ਜਾਂਦਾ ਹੈ। ਓਧਰ ਉਹ ਬੁਢਾਪੇ 'ਚ ਆ ਜਾਂਦੇ ਨੇ, ਉਨ੍ਹਾਂ ਨੂੰ ਲੋੜ ਹੁੰਦੀ ਹੈ ਕਿਸੇ ਦਰਦ ਵਾਲੇ ਦੀ, ਕਿਸੇ ਪਿਆਰ ਵਾਲੇ ਦੀ ਤੇ ਉਹ ਆਪਣੇ ਪੋਤੇ-ਪੋਤਰਿਆਂ ਦੇ ਨਾਲ ਆਪਣਾ ਸਮਾਂ ਬਤੀਤ ਕਰਦੇ ਨੇ, ਕਿਉਂਕਿ ਉਹ ਨਿਰਛਲ ਹੁੰਦੇ ਨੇ, ਕੋਈ ਰਾਗ-ਦ੍ਵੈਸ਼ ਨਹੀਂ ਉਨ੍ਹਾਂ 'ਚ ਹੋਇਆ ਕਰਦੀ। ਸੋ ਆਪਣੇ ਪੁੱਤਰ ਨੂੰ ਵੀ ਕੋਲ ਦੇਖਣਾ ਚਾਹੁੰਦੇ ਨੇ ਤਾਂ ਕਿ ਬੁਢਾਪੇ ਦੇ ਵਿੱਚ ਸੰਭਾਲੇ। ਉਸ ਵੇਲੇ ਮਹਿਤਾ ਕਾਲੂ ਜੀ ਨੇ ਗੁਰੂ ਨਾਨਕ ਪਾਤਸ਼ਾਹ ਨੂੰ ਦੱਸਿਆ ਕਿ ਦੇਖ ਬੇਟਾ! ਕਿੰਨੇ ਸਾਲ ਹੋ ਗਏ ਤੈਨੂੰ ਬਾਹਰ ਗਏ ਨੂੰ ਤੇ ਅਸੀਂ ਇਕੱਲੇ ਹਾਂ, isolation ਜਿਹੜੀ ਹੈ ਇਹ ਸਾਡੇ ਉੱਤੇ ਬੜਾ ਅਸਰ ਕਰ ਰਹੀ ਹੈ, ਜਿੰਨੇ ਸਾਡੇ ਆਸ-ਪੜੌਸ ਦੇ ਨੇ ਸਾਰੇ ਆਪਣੇ ਬੱਚਿਆਂ 'ਚ ਬੈਠਦੇ ਨੇ, ਰਾਤ ਨੂੰ ਪਰਿਵਾਰ ਇਕੱਠਾ ਹੁੰਦਾ ਹੈ, ਕਮਾਈ ਕਰਨ ਵਾਲੇ ਬੱਚੇ ਆ ਕੇ ਦਸਦੇ ਨੇ ਕਿ ਪਿਤਾ ਜੀ! ਅੱਜ ਮੈਂ ਆਹ ਕੰਮ ਕਰਿਆ, ਆਹ ਕਮਾਈ ਕਰੀ, ਆਹ ਵਪਾਰ ਕਰਿਆ, ਦੁੱਖ ਸੁਖ ਦੇ ਸਾਂਝੀ ਹੁੰਦੇ ਨੇ, ਇੱਕ ਦੂਜੇ ਦੇ ਦਰਦ ਨੂੰ ਜਾਨਣ ਦਾ ਯਤਨ ਕਰਦੇ ਨੇ, ਬੇਟਾ! ਤੇਰੀ ਮਾਤਾ ਤੇ ਮੈਂ ਬਿਲਕੁਲ ਇਕੱਲੇ ਹਾਂ, isolation ਹੈ, ਵੱਡੀ ਭੈਣ ਦਾ ਤੇਰੀ ਦਾ ਵਿਆਹ ਹੋ ਗਿਆ, ਉਹ ਤਾਂ ਆਪਣੇ ਸਹੁਰੇ ਰਹਿੰਦੀ ਹੈ, ਅਸੀਂ ਇੱਥੇ ਇਕੱਲੇ ਹਾਂ, ਇਕੱਲਤਾ ਦਾ ਦੁਖ ਦੇਖ ਲਓ ਕਿੰਨਾ ਹੋਇਆ ਕਰਦਾ ਹੈ, ਉਹ ਸਾਨੂੰ ਦੁੱਖ ਬੜਾ ਤੰਗ ਕਰਦਾ ਹੈ। ਦੂਸਰਾ ਇਹ ਹੈ ਕਿ ਪੁੱਤਰਾਂ ਦੇ ਪਿਆਰ ਤੋਂ ਬਗੈਰ, ਮਾਪਿਆਂ ਦੇ ਪਿਆਰ ਤੋਂ ਬਗੈਰ ਇਹ ਜੀਵਨ ਸੁੰਨਾ ਹੋ ਜਾਂਦਾ ਹੈ, ਇਹ ਸੈਲ ਜਿਹੜੇ ਨੇ ਸਰੀਰ ਦੇ ਖੁਸ਼ਕ ਹੋ ਕੇ ਮਰਨੇ ਸ਼ੁਰੂ ਹੋ ਜਾਂਦੇ ਨੇ। ਉਸ ਪ੍ਰਮੇਸ਼ਰ ਨੇ ਹੀ ਮੋਹ ਪੈਦਾ ਕੀਤਾ ਹੈ -

*ਕੁਰਬਾਣੁ ਕੀਤਾ ਤਿਸੈ ਵਿਟਹੁ*
*ਜਿਨਿ ਮੋਹੁ ਮੀਠਾ ਲਾਇਆ ॥ ਅੰਗ - ੯੧੮*

ਮਹਾਰਾਜ ਕਹਿੰਦੇ, ਕੁਰਬਾਨ ਹੈ ਜਿਨ੍ਹਾਂ ਨੇ ਮੋਹ ਨੂੰ, ਭਾਵੇਂ ਬਹੁਤ ਬੁਰੀ ਚੀਜ਼ ਹੈ ਹੱਦ ਤੋਂ ਜ਼ਿਆਦਾ, ਇਹ ਬਾਰ-ਬਾਰ ਜੀਵ ਨੂੰ ਜੰਮਣ ਮਰਨ ਦੇ ਚੱਕਰ 'ਚ ਪਾਉਂਦੀ ਹੈ ਪਰ ਫੇਰ ਮਿੱਠਾ ਲਗਦਾ ਹੈ, ਮਾਇਆ ਭਾਵੇਂ ਜ਼ਹਿਰੀਲੀ ਹੈ, ਪਰ ਇਹ ਮਿੱਠੀ ਲਗਦੀ ਹੈ, ਸਾਰੀ ਦੁਨੀਆਂ ਹੀ ਇਸ ਮਿੱਠੀ ਮਾਇਆ 'ਚ ਪਰਚੀ ਪਈ ਹੈ। ਮੋਹ ਦੇ ਵਿੱਚ ਪੁੱਤਰ ਬਾਹਰੋਂ ਆਉਂਦਾ ਜਾਂਦਾ ਤਾਂ ਵੀ ਅਸੀਂ ਦੇਖੀਏ। ਤੇਰਾ ਵਪਾਰ ਵਧਦਾ ਦੇਖੀਏ, ਤੇਰਾ ਕਾਰੋਬਾਰ ਵਧਦਾ ਦੇਖੀਏ। ਤੈਨੂੰ ਪਰਿਵਾਰ 'ਚ ਬੈਠੇ ਦੇਖੀਏ। ਸੋ ਹੁਣ ਤੂੰ ਐਸਾ ਕਰ ਕਿ ਸਾਡੇ ਕੋਲ ਰਹਿ, ਜਿਹੋ ਜਿਹਾ ਤੇਰਾ ਮਨ ਕਰਦਾ ਹੈ ਓਹੋ ਜਿਹਾ ਖਾਹ, ਬਥੇਰਾ ਧਨ ਮੈਂ ਇਕੱਠਾ ਕਰ ਲਿਆ। ਜ਼ਮੀਨ ਬਥੇਰੀ ਹੈ, ਪਸ਼ੂ ਬਥੇਰੇ ਨੇ, ਕਾਰੋਬਾਰ ਬਥੇਰਾ ਹੈ, ਇੱਜ਼ਤ-ਮਾਣ ਬਹੁਤ ਹੈ ਤੇ ਤੇਰੀ ਵੀ ਇਸ ਤੋਂ ਵੱਧ ਕਿ ਇੱਜ਼ਤ ਤੇ ਮਾਣ ਹੋਵੇਗਾ, ਤੇ ਹੁਣ ਤੂੰ ਜਾਹ ਨਾ, ਜੇ ਤੂੰ ਹੁਣ ਕੋਈ ਕੰਮ ਨਹੀਂ ਨਾ ਕਰਨਾ, ਤਾਂ ਤੂੰ ਐਉਂ ਕਰਿਆ ਕਰ, ਜਿਥੇ ਤੇਰਾ ਜੀਅ ਕਰਦਾ ਹੈ ਬੈਠਾ ਰਿਹਾ ਕਰ, ਦਿਨ ਵਿੱਚ ਜੰਗਲ 'ਚ ਚਲਿਆ ਗਿਆ, ਭਜਨ ਬੰਦਗੀ ਕਰੀ, ਰਾਤ ਨੂੰ ਆ ਗਿਆ। ਇੱਕ ਵਾਰੀ ਸਾਨੂੰ ਦਰਸ਼ਨ ਜ਼ਰੂਰ ਦੇ ਜਾਇਆ ਕਰ ਤੇ ਅਸੀਂ ਸੁਣਿਆ ਹੈ ਕਿ ਤੇਰੇ ਦਰਸ਼ਨ ਕਰਨ ਵਾਸਤੇ ਦੁਨੀਆਂ ਦੂਰ-ਦੂਰ ਤੋਂ ਆਉਂਦੀ ਹੈ, ਪਰ ਅਸੀਂ ਤੇਰੇ ਮਾਤਾ-ਪਿਤਾ ਹੋ ਕੇ ਵੀ ਤੇਰੇ ਦਰਸ਼ਨ ਤੋਂ ਵਾਂਝੇ ਰਹਿੰਦੇ ਹਾਂ। ਇਸ ਤਰ੍ਹਾਂ ਮੋਹ ਦੀਆਂ ਗੱਲਾਂ ਜਿਸ ਵਕਤ ਸੁਣਦੇ ਨੇ, ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ, ਪਿਤਾ ਜੀ! ਇਹ ਜਿਹੜਾ ਸੰਸਾਰ ਹੈ ਨਾ, ਇਹਨੂੰ ਸਮਝਣ ਦਾ ਯਤਨ ਕਰੋ। ਜਿਹੜੀ ਆਪਣੀ ਮਤ ਹੈ ਇਹ ਤਾਂ ਹੈਗੀ ਕਿਸ਼ਤੀ, ਇਹ ਜਿਹੜਾ ਮਾਲ, ਧਨ, ਜਾਇਦਾਦਾਂ, ਸਮਾਜ ਪਰਿਵਾਰ, ਮੋਹ ਹੈ ਇਹਦੇ ਵਿੱਚ ਚੀਜ਼ਾਂ ਪੈ ਜਾਂਦੀਆਂ ਨੇ ਭਾਰੀਆਂ ਤੇ ਇਹ ਇੱਕ ਨਦੀ ਚਲਦੀ ਹੈ, ਮੋਹ ਦੀ, ਮਾਇਆ ਦੀ ਨਦੀ ਚਲ ਰਹੀ ਹੈ, ਜਿਹਦੇ 'ਚ ਸੁਰਤ ਦੀ ਕਿਸ਼ਤੀ ਪਾ ਕੇ ਪਾਰ ਲੰਘਣਾ ਹੈ। ਪਰ ਇਸ ਨਦੀ ਦੇ ਵਿੱਚ ਬਹੁਤ ਖਤਰਨਾਕ ਚੀਜ਼ਾਂ

ਨੇ ਤੇ ਇਹਦੇ ਵਿੱਚ ਵੱਡੇ-ਵੱਡੇ ਮਗਰਮੱਛ ਨੇ, ਆਸਾ ਅਤੇ ਅੰਦੇਸਾ ਦੇ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਈਰਖਾ, ਨਿੰਦਿਆ, ਚੁਗਲੀ ਦੀਆਂ ਵੱਡੀਆਂ-ਵੱਡੀਆਂ ਘੁੰਮਣ-ਘੇਰੀਆਂ ਨੇ ਜਿਹਦੇ ਵਿੱਚ ਜੇ ਕਿਸ਼ਤੀ ਫਸ ਜਾਵੇ, ਡੁੱਬ ਜਾਇਆ ਕਰਦੀ ਹੈ। ਦੂਸਰਾ ਪਿਤਾ ਜੀ, ਕਿਸ਼ਤੀ ਭਰੀ ਹੋਈ ਹੈ ਤੇ ਪਾਣੀ ਦੀਆਂ ਛੱਲਾਂ ਕਿੱਡੀਆਂ ਉੱਚੀਆਂ-ਉੱਚੀਆਂ ਆ ਰਹੀਆਂ ਨੇ, ਜੇ balance ਸਹੀ ਨਾ ਰਹੇ, ਕਿਸ਼ਤੀ 'ਚ ਪਾਣੀ ਪੈ ਜਾਵੇ, ਤਾਂ ਕਿਸ਼ਤੀ ਡੁੱਬ ਜਾਂਦੀ ਹੈ, ਸੋ ਇਹ ਲੰਘਦੀ ਨਹੀਂ ਪਾਰ ਡੁੱਬ ਜਾਂਦੀ ਹੈ, ਰਾਹ ਵਿੱਚ ਹੀ ਤੇ ਇਹਨੂੰ ਮਲਾਹ ਚਾਹੀਦਾ ਹੈ ਕੋਈ ਪੂਰਾ। ਉਹ ਪੂਰਾ ਮਲਾਹ ਇਸ ਨੂੰ ਸੁਚੇਤ ਰਹਿ ਕੇ ਪਾਰ ਲੰਘਾਉਂਦਾ ਹੈ, ਪਾਰਲਾ ਜਿਹੜਾ ਕਿਨਾਰਾ ਹੈ, ਐਧਰਲਾ ਕਿਨਾਰਾ ਤਾਂ ਹੈ ਦਲਦਲ ਦਾ, ਫਸਣ ਦਾ ਦੁੱਖਾਂ ਦਾ, ਅੰਦੇਸ਼ਿਆਂ ਦਾ, ਘਾਟਿਆਂ ਦਾ, ਚਿੰਤਾਵਾਂ ਦਾ, ਇਸ ਕਿਨਾਰੇ 'ਚੋਂ ਲੰਘ ਕੇ ਅਸੀਂ ਕਿਸ਼ਤੀ ਵਿੱਚ ਬੈਠ ਕੇ ਪਾਰ ਲੰਘਣਾ ਚਾਹੁੰਦੇ ਹਾਂ, ਪਰ ਜਿਹੜਾ ਪਾਰ ਦਾ ਕਿਨਾਰਾ ਹੈ ਪਿਤਾ ਜੀ! ਉਹ ਆਤਮ ਸੂਝ ਦਾ ਕਿਨਾਰਾ ਹੈ, ਇਧਰ ਦੁਨੀਆਂ ਦੀ ਦਲਦਲ ਹੈ, ਓਧਰ ਆਤਮ-ਸੂਝ ਦਾ ਬਹੁਤ ਹੀ ਸੁੰਦਰ ਕਿਨਾਰਾ ਹੈ। ਜੇ ਤਾਂ ਇਹ ਪਾਰ ਲੰਘ ਗਏ। ਆਤਮ ਸੂਝ ਸਾਨੂੰ ਪ੍ਰਾਪਤ ਹੋ ਗਈ ਤਾਂ, ਤਾਂ ਅਸੀਂ ਜਨਮ ਜਿੱਤ ਲਿਆ, ਨਹੀਂ ਤਾਂ ਜੀਵ ਜਿਹੜਾ ਹੈ ਉਹ ਜੰਮਦਾ ਤੇ ਮਰਦਾ ਰਹਿੰਦਾ ਹੈ, ਮੁੜ-ਮੁੜ ਕੇ ਜੰਮਦਾ ਹੈ, ਮੁੜ-ਮੁੜ ਕੇ ਮਰਦਾ ਹੈ, ਸੋ ਇਹ ਮੋਹ ਦਾ ਜਿਹੜਾ ਜਾਲ ਹੈ ਇਹ ਠੀਕ ਉਸੇ ਤਰ੍ਹਾਂ ਜੀਵ ਨੂੰ ਫਸਾਉਂਦਾ ਹੈ ਜਿਸ ਤਰ੍ਹਾਂ ਦੇ ਨਾਲ ਮੱਛੀ ਨੂੰ ਬੱਧਕ ਦਾ ਲਾਇਆ ਹੋਇਆਂ ਜਾਲ ਫਸਾ ਲਿਆ ਕਰਦਾ ਹੈ, ਲੇਕਿਨ ਮਹਾਰਾਜ ਉਹਦੇ ਬਾਰੇ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਭੋਲੀ ਮੱਛਲੀਏ! ਤੈਂ ਜਾਲ ਨ ਜਾਣਿਆ*
*ਸਰ ਖਾਰਾ ਅਸਗਾਹ।*

*ਮਛੁਲੀ ਜਾਲੁ ਨ ਜਾਣਿਆ ਸਰੁ ਖਾਰਾ ਅਸਗਾਹੁ॥*
*ਅਤਿ ਸਿਆਣੀ ਸੋਹਣੀ ਕਿਉ ਕੀਤੋ ਵੇਸਾਹੁ ॥*
*ਕੀਤੇ ਕਾਰਣਿ ਪਾਕੜੀ ਕਾਲੁ ਨ ਟਲੈ ਸਿਰਾਹੁ ॥*
*ਭਾਈ ਰੇ ਇਉ ਸਿਰਿ ਜਾਣਹੁ ਕਾਲੁ ॥*
*ਜਿਉ ਮਛੀ ਤਿਉ ਮਾਣਸਾ ਪਵੈ ਅਚਿੰਤਾ ਜਾਲੁ॥*
*ਅੰਗ - ੫੫*

*ਧਾਰਨਾ - ਪੈ ਜੂ ਅਚਿੰਤਾ ਜਾਲ*
*ਇੱਕ ਦਿਨ ਪੈ ਜਾਣਾ।*

*ਭਾਈ ਰੇ ਇਉ ਸਿਰਿ ਜਾਣਹੁ ਕਾਲੁ ॥*
*ਜਿਉ ਮਛੀ ਤਿਉ ਮਾਣਸਾ ਪਵੈ ਅਚਿੰਤਾ ਜਾਲੁ ॥*
*ਅੰਗ - ੫੫*

*ਧਾਰਨਾ - ਤੇਰੇ ਕਾਲ ਨੇ ਗੁਲੇਲਾ ਮਾਰਨੈ*
*ਚੋਗਾ ਚੁਗਦੇ ਦੇ।*

*ਫਰੀਦਾ ਦਰੀਆਵੈ ਕੰਨ੍ਹੈ ਬਗੁਲਾ ਬੈਠਾ ਕੇਲ ਕਰੇ*
*॥ ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ ॥*
*ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ ॥*
*ਜੋ ਮਨਿ ਚਿਤਿ ਨ ਚੇਤੇ ਸਨਿ*
*ਸੋ ਗਾਲੀ ਰਬ ਕੀਆਂ ॥ ਅੰਗ - ੧੩੮੩*

*ਕਾਲੁ ਬਿਆਲੁ ਜਿਉ ਪਰਿਓ ਡੋਲੈ*
*ਮੁਖੁ ਪਸਾਰੇ ਮੀਤ ॥ ੧ ॥*
*ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ*
*ਸਮਝਿ ਰਾਖਉ ਚੀਤਿ ॥ ਅੰਗ - ੬੩੧*
*ਭਾਈ ਰੇ ਇਉ ਸਿਰਿ ਜਾਣਹੁ ਕਾਲੁ ॥*
*ਜਿਉ ਮਛੀ ਤਿਉ ਮਾਣਸਾ ਪਵੈ ਅਚਿੰਤਾ ਜਾਲੁ॥*
*ਅੰਗ - ੫੫*

ਇਹ ਜਾਲ ਦੱਸ ਕੇ ਨਹੀਂ ਪੈਂਦਾ, ਅਚਾਨਕ ਪੈਂਦਾ ਹੈ, ਹੈਰਾਨ ਹੋ ਜਾਂਦੇ ਨੇ ਕਿ ਇਹ ਕੀ ਹੋ ਗਿਆ। ਲੇਕਿਨ ਇਹਦੇ ਵਿੱਚ ਮਹਾਰਾਜ ਕਹਿੰਦੇ -

*ਸਭੁ ਜਗੁ ਬਾਧੋ ਕਾਲ ਕੋ*
*ਬਿਨੁ ਗੁਰ ਕਾਲੁ ਅਫਾਰੁ ॥ ਅੰਗ - ੫੫*

ਕਾਲ ਮੁੜਦਾ ਨਹੀਂ ਹੈ ਸਿਵਾਏ ਗੁਰੂ ਤੋਂ, ਬਾਕੀ ਤਾਂ ਸਾਰਾ ਸੰਸਾਰ ਕਾਲ ਵਿੱਚ ਬੰਨ੍ਹਿਆ ਪਿਆ ਹੈ।

*ਸਚਿ ਰਤੇ ਸੇ ਉਬਰੇ ਦੁਬਿਧਾ ਛੋਡਿ ਵਿਕਾਰ ॥*
*ਅੰਗ - ੫੫*

ਜਿਹੜੇ ਤਾਂ ਵਾਹਿਗੁਰੂ ਦੇ ਨਾਲ ਪਿਆਰ ਵਿੱਚ ਰੰਗੇ ਗਏ, ਉਹ ਤਾਂ ਬਚ ਗਏ, ਜਿਹੜੇ ਦੁਚਿੱਤੀ ਵਿੱਚ ਪਏ ਹੋਏ ਨੇ, ਏਸ ਨਾਵ ਦੇ ਵਿੱਚ ਪਏ ਹੋਏ ਨੇ, ਪਾਣੀ ਭਰ ਰਿਹਾ ਹੈ ਨਾਵ ਦੇ ਅੰਦਰ, ਮੋਹ ਦਾ, ਕ੍ਰੋਧ ਦਾ, ਕਾਮ ਦਾ, ਅਹੰਕਾਰ ਦਾ, ਛੱਲਾਂ ਉਠ ਰਹੀਆਂ ਨੇ ਬਹੁਤ ਵੱਡੀਆਂ-ਵੱਡੀਆਂ, ਕਹਿੰਦੇ ਉਹ ਜਿਹੜੇ ਨੇ ਉਹ ਡੁੱਬ ਜਾਣਗੇ, ਦੂਜੇ ਤਰ ਜਾਂਦੇ ਨੇ।

*ਹਉ ਤਿਨ ਕੈ ਬਲਿਹਾਰਣੈ*
*ਦਰਿ ਸਚੈ ਸਚਿਆਰ ॥ ੨ ॥*
*ਸੀਚਾਨੇ ਜਿਉ ਪੰਖੀਆ ਜਾਲੀ ਬਧਿਕ ਹਾਥਿ ॥*
*ਅੰਗ - ੫੫*

ਪੰਛੀ ਚੋਗਾ ਚੁਗਦਾ ਹੈ, ਅਚਾਨਕ ਆ ਕੇ ਬਾਜ ਪੈ ਜਾਂਦਾ ਹੈ। ਬਧਕ ਜਿਹੜਾ ਹੈ ਜਾਲ ਲਈ ਫਿਰਦਾ ਹੈ -

*ਗੁਰਿ ਰਾਖੇ ਸੇ ਉਬਰੇ ਹੋਰਿ ਫਾਥੇ ਚੋਗੈ ਸਾਥਿ ॥*
*ਅੰਗ - ੫੫*

ਜਿਹੜੇ ਚੋਗ ਚੁਗਦੇ ਨੇ ਇਨ੍ਹਾਂ ਚੀਜ਼ਾਂ ਦਾ ਉਹ ਫਸ ਜਾਂਦੇ ਨੇ -

*ਧਾਰਨਾ - ਪੰਛੀ ਭੋਗ ਦੇ ਚੋਗ ਵਿੱਚ ਫਸਿਆ,*
*ਮਾਇਆ ਵਾਲਾ ਜਾਲ ਲੱਗਿਆ।*

*ਮਾਇਆ ਜਾਲੁ ਪਸਾਰਿਆ ਭੀਤਰਿ ਚੋਗ ਬਣਾਇ॥*
*ਤ੍ਰਿਸਨਾ ਪੰਖੀ ਫਾਸਿਆ*

*ਨਿਕਸੁ ਨ ਪਾਏ ਮਾਇ ॥ ਅੰਗ - ੫੦*
*ਪੰਖੀ ਬਿਰਖ ਸੁਹਾਵੜੇ*
*ਊਡਹਿ ਚਹੁ ਦਿਸਿ ਜਾਹਿ ॥*
*ਜੇਤਾ ਊਡਹਿ ਦੁਖ ਘਣੇ*
*ਨਿਤ ਦਾਝਹਿ ਤੈ ਬਿਲਲਾਹਿ ॥ ਅੰਗ - ੬੬*

ਚੋਗ ਦੇ ਵਿੱਚ ਆ ਕੇ ਬਾਕੀ ਸਾਰਾ ਸੰਸਾਰ ਫਸਿਆ ਪਿਆ ਹੈ, ਕਿਸੇ ਨੂੰ ਚੋਗਾ ਪੈਸੇ ਦਾ ਪੈ ਰਿਹਾ ਹੈ, ਕਿਸੇ ਨੂੰ ਅਹੁਦਿਆਂ ਦਾ ਪੈ ਰਿਹਾ ਹੈ। ਕਿਸੇ ਨੂੰ ਪੁੱਤਰਾਂ ਦਾ ਪੈ ਰਿਹਾ ਹੈ, ਕਿਸੇ ਨੂੰ ਜਾਇਦਾਦ ਦਾ ਪੈ ਰਿਹਾ ਹੈ, ਕਿਸੇ ਨੂੰ ਮਾਣ ਦਾ ਪੈ ਰਿਹਾ ਹੈ, ਬੇਅੰਤ ਕਿਸਮ ਦੇ ਚੋਗੇ ਨੇ, ਜਿਸ ਦੇ ਨਾਲ ਇਹ ਜੀਵ ਉਡਦਾ-ਉਡਦਾ ਆ ਕੇ ਫਸ ਗਿਆ। ਨਿਕਲ ਨਹੀਂ ਸਕਦਾ -

*ਮਾਇਆ ਜਾਲੁ ਪਸਾਰਿਆ*
*ਭੀਤਰਿ ਚੋਗ ਬਣਾਇ ॥*
*ਤ੍ਰਿਸਨਾ ਪੰਖੀ ਫਾਸਿਆ*
*ਨਿਕਸੁ ਨ ਪਾਏ ਮਾਇ ॥ ਅੰਗ - ੫੦*

ਤ੍ਰਿਸ਼ਨਾ ਦੇ ਵਸ ਹੋ ਕੇ ਪੰਖੀ ਫੜਿਆ ਗਿਆ, ਇੱਕ ਕੋਈ ਗਰੀਬ ਬੰਦਾ ਸੀ। ਗੁਜ਼ਾਰਾ ਚਲਦਾ ਨਹੀਂ ਸੀ ਤੇ ਓਸ ਨੇ ਮਹਾਂਪੁਰਸ਼ਾਂ ਤੋਂ ਸਰਵਣ ਕੀਤਾ ਕਿ -

*ਚਾਰਿ ਪਦਾਰਥ ਜੇ ਕੋ ਮਾਗੈ ॥*
*ਸਾਧ ਜਨਾ ਕੀ ਸੇਵਾ ਲਾਗੈ ॥ ਅੰਗ - ੨੬੬*

ਜੇ ਕਿਸੇ ਨੂੰ ਚਾਰ ਪਦਾਰਥ ਚਾਹੀਦੇ ਨੇ, ਜਾਂ ਕਿਸੇ ਨੇ ਮੰਗਣੇ ਨੇ; ਉਹ ਬੰਦਗੀ ਕਰਨ ਵਾਲਿਆਂ ਦੇ ਕੋਲ ਸਹਿਜ ਸੁਭਾਅ ਹੋਇਆ ਕਰਦੇ ਨੇ। ਉਨ੍ਹਾਂ ਦੀ ਸੇਵਾ ਲਗ ਜਾਵੇ, ਪ੍ਰਸੰਨ ਹੋ ਜਾਣ ਸੇਵਾ ਤੋਂ, ਚਾਰੇ ਪਦਾਰਥ ਮਿਲ ਜਾਂਦੇ ਨੇ। ਧਰਮ, ਅਰਥ, ਕਾਮ, ਮੋਖ। ਇਹਦੇ ਮਨ ਵਿੱਚ ਵੀ ਆਇਆ ਕਿ ਚੱਲੀਏ, ਸੇਵਾ ਕਰੀਏ ਮਹਾਂਪੁਰਖਾਂ ਦੀ। ਇੱਕ ਤਾਂ ਉਹ ਹੁੰਦੇ ਨੇ ਕਿ ਸੁਣਦੇ ਨੇ ਕਿ ਫਲਾਣੇ ਥਾਂ 'ਤੇ ਮਹਾਤਮਾ ਹੈ, ਨੱਠੇ-ਨੱਠੇ ਆਉਂਦੇ ਨੇ ਤੇ ਜਿਸ ਤਰ੍ਹਾਂ ਇੱਕ ਮੰਗਤਾ ਘਰ ਵਿਚ ਆ ਜਾਵੇ, ਸਾਡੇ ਕੋਲ ਹੱਦ ਤੋਂ ਜ਼ਿਆਦਾ ਕੀਮਤੀ ਚੀਜ਼ਾਂ ਪਈਆਂ ਹੋਣ ਤੇ ਉਹ ਕਹੇ ਜੀ ਜਿਹੜਾ ਨੌਂ ਲੱਖਾਂ ਹਾਰ ਹੈ ਉਹ ਮੈਨੂੰ ਦੇ ਦਿਓ ਛੇਤੀ ਦੇ ਕੇ। ਮੈਂ ਫਲਾਣੇ ਥਾਉਂ ਤੋਂ ਸੁਣ ਕੇ ਆਇਆ ਹਾਂ। ਕੋਈ ਕਹਿੰਦਾ ਹੈ ਕਿ ਜੀ ਮੈਨੂੰ ਹੀਰੇ ਦੇ ਦਿਓ, ਲਾਲ ਦੇ ਦਿਓ, ਮੈਨੂੰ ਐਨੇ ਹਜ਼ਾਰ ਰੁਪਿਆ ਦੇ ਦਿਓ। ਦੌੜੇ-ਦੌੜੇ ਆਉਂਦੇ ਨੇ, ਉਸੇ ਵਕਤ ਕਹਿੰਦੇ ਨੇ ਹੁਣੇ ਹੀ ਹੋ ਜਾਵੇ, ਕਿੰਡੀਆਂ-ਕਿੰਡੀਆਂ ਵੱਡੀਆਂ ਦੌਲਤਾਂ ਹੁੰਦੀਆਂ ਨੇ, ਪੁੱਤਰ ਕਰੋੜਾਂ ਰੁਪਿਆਂ 'ਤੇ ਪ੍ਰਾਪਤ ਨਹੀਂ ਹੁੰਦਾ। ਸਿਹਤ - ਲੱਖਾਂ ਰੁਪਏ ਲਾ ਕੇ ਵੀ ਪ੍ਰਾਪਤ ਨਹੀਂ ਹਨ, ਤੁਰੇ ਜਾਂਦੇ ਕਹਿੰਦੇ ਨੇ ਕਿ ਹੁਣੇ ਹੀ ਸਾਨੂੰ ਮਿਲ ਜਾਵੇ। ਐਸੇ ਵੀ ਪ੍ਰੇਮੀ ਹੋਇਆ ਕਰਦੇ ਨੇ। ਇੱਕ ਐਸੇ ਹੁੰਦੇ ਹਨ ਜਿਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਸਾਧੂ ਜੇ ਪ੍ਰਸੰਨ ਹੋ ਜਾਵੇ ਉਹਦੇ ਚਿੱਤ ਵਿੱਚੋਂ ਆਪੇ ਹੀ ਆਵਾਜ਼ ਨਿਕਲੇ, ਤਾਂ ਚੀਜ਼ਾਂ ਸਾਰੀਆਂ ਮਿਲ ਜਾਂਦੀਆਂ ਨੇ ਕਿਉਂਕਿ ਉਹਦਾ ਦਿਲ ਦੇਣ ਨੂੰ ਕਰਦਾ ਹੁੰਦਾ ਹੈ, ਦੋ ਚੀਜ਼ਾਂ ਉਹ ਦੇਣੀਆਂ ਚਾਹੁੰਦਾ ਹੈ ਇੱਕ ਤਾਂ ਇਹ ਕਿ ਇਸ ਨੂੰ ਐਸੀ ਚੀਜ਼ ਦੇ ਦੇਈਏ, ਜਿਹਦੇ ਨਾਲ ਇਹਦਾ ਜੰਮਣ-ਮਰਨ ਖਤਮ ਹੋ ਜਾਏ ਤੇ ਚੱਕਰ ਤੋਂ ਨਿਕਲ ਜਾਵੇ। ਇਹਨੂੰ ਪਰਮ ਅਵਸਥਾ ਦੀ ਪ੍ਰਾਪਤੀ ਹੋ ਜਾਵੇ। ਉਹ ਉਨ੍ਹਾਂ ਨੂੰ ਮਿਲਦੀ ਹੈ ਜਿਹੜੇ ਮੰਗਿਆ ਨਹੀਂ ਕਰਦੇ। ਕਿਉਂਕਿ ਬਹੁਤ ਵੱਡੀ ਦਾਤ ਹੈ -

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥*
*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ॥*
*ਅੰਗ - ੮੧*

ਸ਼ਰਤਾਂ ਨੇ ਉਹਦੀਆਂ ਕਿ ਜੇ ਨਾਮ ਲੈਣਾ ਹੈ -

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ*
*ਤਉ ਆਉ ਹਮਾਰੈ ਪਾਸਿ॥ ਅੰਗ - ੧੧੦੨*

ਇੱਕ ਧੰਦੇ ਦੇ ਹੋਇਆ ਕਰਦੇ ਨੇ, ਉਹ ਦੁਨੀਆਂ ਮੰਗਦੇ ਨੇ। ਦੁਨੀਆਂ ਵੀ ਮਿਲ ਜਾਂਦੀ ਹੈ ਉਨ੍ਹਾਂ ਕੋਲੋਂ -

*ਤੀਰਥ ਕੀਏ ਏਕ ਫਲ ਸੰਤ ਮਿਲੇ ਫਲ ਚਾਰ*
*ਗੁਰੂ ਮਿਲੇ ਫਲ ਅਨੇਕ ਹੈਂ*
*ਕਹਤ ਕਬੀਰ ਵਿਚਾਰ।*

ਸੋ ਸੇਵਾ ਵਿੱਚ ਲਗ ਜਾਂਦੇ ਨੇ, ਸੇਵਾ ਕਰਦੇ-ਕਰਦੇ ਸਮਾਂ ਲੰਘ ਜਾਂਦਾ ਹੈ, ਜਿਸ ਨੇ ਵੀ ਪ੍ਰਾਪਤ ਕੀਤਾ ਹੈ, ਸੇਵਾ ਕਰਕੇ ਕੀਤਾ ਹੈ।

ਭਾਈ ਆਦਮ ਬਰਾੜ ਫਰੀਦਕੋਟ ਜ਼ਿਲੇ ਦੇ ਅੱਜਕਲ੍ਹ ਜਾਂ ਫਿਰੋਜ਼ਪੁਰ ਦੇ, ਆਪ ਵੱਡੀ ਉਮਰ ਤੱਕ ਇੰਤਜ਼ਾਰ ਵਿੱਚ ਰਹੇ ਕਿ ਸ਼ਾਇਦ ਮੇਰੇ ਘਰ ਪੁੱਤਰ ਹੋ ਜਾਵੇ। ਸੱਤਰ ਸਾਲ ਦੀ ਉਮਰ ਤੱਕ ਕੋਈ ਔਲਾਦ ਨਾ ਹੋਈ, ਇੱਕ ਲੜਕੀ ਹੋਈ। ਉਸ ਵੇਲੇ ਬੜੇ ਸਾਧੂ ਮਹਾਂਪੁਰਸ਼ਾਂ ਦੀ ਸੇਵਾ ਕਰੀ, ਉਨ੍ਹਾਂ ਨੇ ਦੱਸਿਆ ਕਿ ਇਹ ਦਾਤ ਤਾਂ ਗੁਰੂ ਰਾਮਦਾਸ ਮਹਾਰਾਜ ਜੀ ਦੇ ਪਾਸ ਹੈ, ਕਿਉਂਕਿ -

*ਜਾ ਕਾ ਕਹਿਆ ਦਰਗਹ ਚਲੈ ॥*
*ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥*
*ਅੰਗ - ੧੮੬*

ਉਥੇ ਜਾਹ ਤੂੰ, ਸੇਵਾ ਕਰ ਤੇ ਉਨ੍ਹਾਂ ਨੂੰ ਪ੍ਰਸੰਨ ਕਰ ਲੈ। ਮਹਾਤਮਾ ਦਾ ਚਿੱਤ ਪ੍ਰਸੰਨ ਹੋ ਜਾਵੇ, ਸਭ ਚੀਜ਼ਾਂ ਹੀ ਮਿਲ ਜਾਇਆ ਕਰਦੀਆਂ ਨੇ। ਉਥੇ ਆ ਕੇ ਸੇਵਾ ਕੂਰਨ ਲੱਗ ਗਿਆ। ਲੜਕੀ ਨਾਲ ਹੈ, ਘਰਵਾਲੀ ਨਾਲ ਹੈ। ਪ੍ਰਸ਼ਾਦੇ ਦਾ ਬੰਦੋਬਸਤ ਇਹ ਕਰਿਆ ਕਿ ਇੱਕ ਭਰ੍ਹਾ ਲੱਕੜੀਆਂ ਦਾ ਚੁਗ ਕੇ, ਲਿਆ ਕੇ ਬਜ਼ਾਰ ਵਿੱਚ ਦੇ ਕੇ ਪ੍ਰਸ਼ਾਦਾ ਛਕਦਾ ਸੀ। ਇੱਕ ਭਰ੍ਹਾ ਗੁਰੂ ਕੇ ਲੰਗਰ 'ਚ ਲਿਆਂਦਾ ਸੀ ਰੋਜ਼। ਬਾਲਣ ਨਹੀਂ ਸੀ ਥੁੜ੍ਹਨ

ਦਿੰਦਾ ਤੇ ਇਸ ਤਰ੍ਹਾਂ ਕਰਦੇ-ਕਰਦੇ ਕਈ ਮਹੀਨੇ, ਸਾਲਾਂ ਦੇ ਸਾਲ ਲੰਘ ਗਏ, ਇੱਕ ਵਾਰੀ ਗੁਰੂ ਚੌਥੇ ਪਾਤਸ਼ਾਹ ਮਹਾਰਾਜ ਬਾਹਰ ਗਏ ਹੋਏ ਨੇ, ਸਿਆਲਾਂ ਦਾ ਮਹੀਨਾ ਹੈ ਬਾਰਿਸ਼ ਪੈਣ ਲਗ ਗਈ, ਵਸਤਰ ਭਿੱਜ ਗਏ, ਬਹੁਤ ਠੰਢੀ ਹਵਾ ਚਲ ਰਹੀ ਹੈ, ਠੱਕਾ ਚਲ ਰਿਹਾ ਹੈ, ਉਥੇ ਮਹਾਰਾਜ ਜੀ ਜਦ ਵਾਪਸ ਆਏ ਕਹਿਣ ਲੱਗੇ, ਦੇਖੋ ਬਈ ਅੱਜ ਬਹੁਤ ਠੰਢ ਹੈ ਤੇ ਸੰਗਤ ਦੇ ਕੋਲ ਐਨੇ ਕੱਪੜੇ ਨਹੀਂ, ਦੂਰ-ਦਰਾਜ਼ ਤੋਂ ਆਉਂਦੇ ਨੇ ਬਿਸਤਰੇ ਤਾਂ ਉਹ ਚੁੱਕ ਹੀ ਨਹੀਂ ਸੀ ਸਕਦੇ ਕਿ ਭਾਰੇ ਬਿਸਤਰੇ ਸਿਰਾਂ 'ਤੇ ਚੁੱਕੀ ਆਉਂਦੇ, ਖੇਸ ਹੋਇਆ ਕਰਦੇ ਸੀ, ਕੰਬਲ ਵੀ ਨਹੀਂ ਸੀ ਹੋਇਆ ਕਰਦੇ ਕਿ ਪਤਲੇ ਕੱਪੜੇ ਨੇ, ਗਰਮ ਕੱਪੜੇ ਨਹੀਂ ਸੀ ਜਦ ਹੋਇਆ ਕਰਦੇ। ਬਹੁਤ ਘੱਟ ਹੋਇਆ ਕਰਦੇ ਸੀ। ਕਹਿੰਦੇ ਸੰਗਤ ਨੂੰ ਠੰਢ ਲੱਗ ਰਹੀ ਹੈ ਭਾਈ! ਲੰਗਰ ਵਿੱਚੋਂ ਲੱਕੜੀਆਂ ਲੈ ਕੇ ਸਾਰੇ ਡੇਰਿਆਂ ਦੇ ਅੱਗੇ ਇੱਕ-ਇੱਕ ਧੂਣੀ ਲਾ ਦਿਓ ਤਾਂ ਕਿ ਗਰਮ ਹਵਾ ਅੰਦਰ ਨੂੰ ਜਾਵੇ ਤੇ ਜਿਹੜਾ ਦੋ ਘੜੀ ਉਨ੍ਹਾਂ ਨੇ ਆਰਾਮ ਕਰਨਾ ਹੈ ਉਹ ਆਰਾਮ ਕਰ ਸਕਣ। ਉਸ ਵੇਲੇ ਲਾਂਗਰੀ ਸਿੰਘ ਨੇ ਅਰਜ਼ ਕੀਤੀ ਕਿ ਪਾਤਸ਼ਾਹ! ਲੱਕੜਾਂ ਜਮ੍ਹਾਂ ਨਹੀਂ ਹਨ, ਲੰਗਰ ਜੋਗੀਆਂ ਹੀ ਹੈਗੀਆਂ। ਕੱਲ੍ਹ ਜੋ ਸਵੇਰ ਨੂੰ ਬਣਾਉਣਾ ਹੈ ਤੇ ਆਗਿਆ ਦੇਵੋ। ਐਨੇ ਬਚਨ ਸੁਣ ਕੇ ਮਹਾਰਾਜ ਅੰਦਰ ਚਲੇ ਗਏ। ਏਧਰ ਭਾਈ ਆਦਮ, ਉਹ ਵੀ ਮਹਾਰਾਜ ਜੀ ਦੇ ਸਤਿਕਾਰ ਵਾਸਤੇ ਸੰਗਤ ਵਿੱਚ ਖੜ੍ਹਾ ਸੀ, ਉਸ ਨੇ ਸੁਣਿਆ, ਕੋਈ ਗੱਲ ਨਹੀਂ ਕਰੀ, ਜਾ ਕੇ ਜਿੰਨੀਆਂ ਛੇ ਮਹੀਨੇ ਜਾਂ ਸਾਲ ਵਿੱਚ ਲੱਕੜਾਂ ਇਕੱਠੀਆਂ ਹੋਈਆਂ ਸੀ, ਤਿੰਨੋ ਜਣੇ ਲੱਗ ਗਏ, ਭਰੇ ਬੰਨ੍ਹ-ਬੰਨ੍ਹ ਕੇ ਹਰੇਕ ਦੇ ਡੇਰੇ ਦੇ ਅੱਗੇ ਲਿਆ ਕੇ ਧੂਣੀਆਂ ਜਾਲੀ ਜਾਣ। ਅੰਮ੍ਰਿਤ ਵੇਲਾ ਜਦ ਹੋਇਆ ਤਾਂ ਮਹਾਰਾਜ ਜੀ ਨੇ ਦੇਖਿਆ ਕਿ ਏਧਰ ਚਾਨਣਾ ਹੀ ਚਾਨਣਾ ਹੋਇਆ ਪਿਆ ਹੈ। ਪੁੱਛਿਆ ਕਿ ਐਧਰ ਚਾਨਣਾ ਕਾਹਦਾ ਹੈ? ਕਹਿੰਦੇ, ਮਹਾਰਾਜ! ਆਪ ਨੇ ਫ਼ੁਰਮਾਨ ਕੀਤਾ ਸੀ ਨਾ ਕਿ ਸੰਗਤਾਂ ਨੂੰ ਪਾਲਾ ਬਹੁਤ ਲੱਗ ਰਿਹਾ ਹੈ ਤੇ ਇਨ੍ਹਾਂ ਨੂੰ ਭਾਈ! ਕੋਈ ਧੂਣੀਆਂ ਸੇਕਾਓ, ਲੰਗਰ 'ਚ ਤਾਂ ਹੈ ਨਹੀਂ ਐਨੀਆਂ। ਇੱਥੇ ਇੱਕ ਸਿੱਖ ਰਹਿੰਦਾ ਹੈ ਬਰਾੜ ਹੈ ਉਹ ਆਦਮ ਉਹਦਾ ਨਾਉਂ ਹੈ ਤੇ ਉਸ ਨੇ ਆਪਣੇ ਘਰ ਵਿੱਚੋਂ ਜਿੰਨੀਆਂ ਲੱਕੜੀਆਂ ਜੋੜੀਆਂ ਹੋਈਆਂ ਸੀ, ਉਹ ਸਾਰੀਆਂ ਲਿਆ-ਲਿਆ ਕੇ ਸੰਗਤਾਂ ਦੇ ਆਰਾਮ ਵਾਸਤੇ ਧੂਣੀਆਂ ਜਾਲ ਦਿੱਤੀਆਂ। ਉਸ ਵੇਲੇ ਮਹਾਰਾਜ ਜੀ ਕਹਿਣ ਲੱਗੇ, ਅੱਜ ਦੀਵਾਨ ਦੀ ਸਮਾਪਤੀ ਤੋਂ ਬਾਅਦ ਸਾਡੇ ਪੇਸ਼ ਕਰਨਾ। ਪੇਸ਼ ਕੀਤਾ ਤਾਂ ਮਹਾਰਾਜ ਜੀ ਨੇ ਕਿਹਾ ਭਾਈ ਆਦਮ! ਤੇਰੀ ਸੇਵਾ ਦੇ ਉੱਤੇ ਅਸੀਂ ਬਹੁਤ ਪ੍ਰਸੰਨ ਹੋਏ ਹਾਂ। ਮੰਗ ਕੀ ਮੰਗਦਾ ਹੈਂ? ਦੱਸ ਨਾ ਸਕਿਆ ਉਮਰ ਵਡੇਰੀ ਸੀ ਕਿ ਮਹਾਰਾਜ ਜੀ ਤੋਂ ਮੈਂ ਕੀ ਮੰਗਾਂ? ਰੋਜ਼ ਸੰਗਤ ਦੇ ਵਿੱਚ ਆਉਂਦਾ ਸੀ, ਸੁਣਦਾ ਸੀ, ਬਈ ਨਾਮ ਬੜੀ ਵੱਡੀ ਚੀਜ਼ ਹੈ। ਕਹਿੰਦਾ, ਮਹਾਰਾਜ! ਸਿੱਖੀ ਸਿਦਕ ਤੇ ਨਾਮ ਦਿਓ। ਕਹਿੰਦੇ, ਨਹੀਂ ਜਿਹੜੀ ਚੀਜ਼ ਤੂੰ ਮੰਗਣ ਵਾਸਤੇ ਆਇਆ ਹੈਂ ਉਹ ਗੱਲ ਕਰ। ਚੁੱਪ ਰਿਹਾ ਇਹ। ਮਹਾਰਾਜ ਜੀ ਨੇ ਕਿਹਾ ਚੰਗਾ ਸਵੇਰੇ ਸੋਚ ਕੇ ਦੱਸ ਦੇਣਾ। ਦੂਸਰੇ ਦਿਨ ਲੜਕੀ ਨਾਲ ਆ ਗਈ, ਜਦੋਂ ਮਹਾਰਾਜ ਜੀ ਨੇ ਫੇਰ ਦੀਵਾਨ 'ਚ ਖੜ੍ਹੇ ਕਰੇ, ਨਾਲ ਹੀ ਖੜ੍ਹੀ ਹੋ ਗਈ ਕਹਿਣ ਲੱਗੀ, ਸੱਚੇ ਪਾਤਸ਼ਾਹ! ਇਹ ਦੱਸ ਨਹੀਂ ਸਕਦੇ, ਮੈਨੂੰ ਇੱਕ ਵੀਰ ਦੀ ਲੋੜ ਹੈ। ਮਹਾਰਾਜ ਜੀ ਅੰਤਰ ਧਿਆਨ ਹੋ ਗਏ। ਅੰਤਰ ਧਿਆਨ ਹੋਏ ਕਹਿਣ ਲੱਗੇ ਭਾਈ ਆਦਮ! ਤੇਰੀ ਕਿਸਮਤ ਦੇ ਅੰਦਰ ਸੱਤ ਜਨਮ ਤੱਕ ਕੋਈ ਪੁੱਤਰ ਨਹੀਂ ਲਿਖਿਆ ਹੋਇਆ ਤੇ ਤੂੰ ਸੇਵਾ ਕਰਕੇ ਸਾਨੂੰ ਪ੍ਰਸੰਨ ਕਰ ਲਿਆ। ਹੁਣ ਤੂੰ ਐਉਂ ਕਰ ਸਾਡੇ ਜਿਹੜਾ ਚੌਥਾ ਪੁੱਤਰ ਹੋਣਾ ਹੈ ਨਾ, ਉਹ ਅਸੀਂ ਤੇਰੇ ਘਰ ਭੇਜ ਦਿੰਦੇ ਹਾਂ, ਭਗਤੂ ਉਹਦਾ ਨਾਉਂ ਰੱਖੀਂ ਤੇ ਉਹ ਜਮਾਂਦਰੂ ਸਿੱਧ ਹੋਵੇਗਾ, ਉਹਦਾ ਆਦਰ ਸਤਿਕਾਰ ਕਰੀਂ ਕਿਤੇ ਵਰ ਲੈਂਦਾ-ਲੈਂਦਾ, ਕੋਈ ਸਰਾਪ ਨਾ ਲੈ ਲਈਂ। ਸੋ ਪ੍ਰਸੰਨ ਹੋ ਗਏ ਮਹਾਰਾਜ ਤੇ ਪੁੱਤਰ ਦੀ ਦਾਤ ਮਿਲ ਗਈ ਓਸਨੂੰ। ਕੈਂਥਲ ਵਾਲੇ ਜਿਹੜੇ ਰਾਜੇ ਸੀਗੇ ਉਹ ਇਸੇ ਦੀ ਓਲਾਦ ਵਿੱਚੋਂ ਸੀ। ਸੋ ਇਸ ਤਰ੍ਹਾਂ ਇੱਕ ਤਾਂ ਉਹ ਨੇ ਜਿਹੜੇ ਤੁਰੇ ਜਾਂਦੇ-ਜਾਂਦੇ ਕਹਿੰਦੇ ਨੇ ਕਿ ਹੁਣੇ ਵੱਡੀ ਤੋਂ ਵੱਡੀ ਚੀਜ਼ ਸਾਨੂੰ ਮਿਲ ਜਾਏ। ਜਦ ਮਿਲ ਗਈ ਫੇਰ ਮੁੜ ਕੇ ਨਾ ਜਾਨਣਾ, ਨਾ ਪਛਾਨਣਾ, ਕਿਉਂਕਿ ਬਹੁਤ ਸਸਤੀ ਚੀਜ਼ ਮਿਲ ਜਾਂਦੀ ਹੈ। ਇੱਕ ਉਹ ਹੁੰਦੇ ਨੇ ਜਿਨ੍ਹਾਂ ਨੂੰ ਵਿਧੀ ਦਾ ਪਤਾ ਹੈ ਕਿ ਜਾ ਕੇ ਸੇਵਾ ਕਰੋ, ਕਿਤੇ ਮਹਾਂਪੁਰਸ਼ ਪ੍ਰਸੰਨ ਹੋਣਗੇ ਬੁਲਾ ਕੇ ਪੁੱਛਣਗੇ ਤੇ ਫੇਰ ਬੇਨਤੀ ਕਰਾਂਗੇ। ਸੋ ਇਹ ਪ੍ਰੇਮੀ ਜਾ ਕੇ ਮਹਾਂਪੁਰਸ਼ਾਂ ਦੀ ਸੇਵਾ ਕਰਨ ਲੱਗ ਗਿਆ, ਕਰਦੇ-ਕਰਦੇ ਸਾਲ, ਦੋ ਸਾਲ ਬੀਤ ਗਏ ਤੇ ਮਹਾਂਪੁਰਸ਼ਾਂ ਨੇ ਦੇਖਿਆ ਕਿ ਇਹ ਪ੍ਰੇਮੀ ਸੇਵਾ ਬਹੁਤ ਕਰਦਾ ਹੈ ਪਰ ਮੰਗਦਾ ਨਹੀਂ ਹੈ ਕੁਛ। ਕਿਉਂਕਿ ਮੰਗਣ ਦੀ ਮੈਂ ਬੇਨਤੀ ਕਰਦਾ ਹਾਂ, ਮੰਗਦਾ ਹੁੰਦਾ ਹੈ ਮੰਗਤਾ। ਮਜ਼ਦੂਰ ਮੰਗਦਾ ਹੁੰਦਾ ਹੈ, ਮਿਹਨਤ ਕਰਕੇ ਦਿਹਾੜੀ ਲਾ ਕੇ ਪੰਜੀ-ਸੱਤੀਂ ਦਿਨੀਂ ਬਾਅਦ ਕਹਿੰਦਾ ਹੈ ਜੀ ਕਿ ਮੇਰੀਆਂ ਦਿਹਾੜੀਆਂ ਦਿਓ। ਤਨਖਾਹ ਲੈਂਦੇ ਨੇ ਕਰਮਚਾਰੀ ਮਹੀਨਾ ਭਰ ਕੰਮ ਕਰਨ ਤੋਂ ਬਾਅਦ, ਤਨਖਾਹ ਮੰਗਦੇ ਨੇ ਸਰਕਾਰ ਤੋਂ। ਸੋ ਉਹ ਦੇਣੀ ਕੋਈ ਔਖੀ ਨਹੀਂ ਹੁੰਦੀ ਮਹਾਂਪੁਰਸ਼ਾਂ ਨੂੰ। ਸੰਤ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ) ਕਹਿੰਦੇ ਹੁੰਦੇ ਕਿ ਜਿਹੜੇ ਸਾਡੇ ਤੋਂ ਮੰਗਦੇ ਨੇ, ਸਾਨੂੰ ਕੋਈ ਵੀ ਚੀਜ਼ ਔਖੀ ਨਹੀਂ ਹੈ ਜਿਹੜੀ ਨਾ ਦੇ ਸਕੀਏ, ਸਾਰੀਆਂ ਦਿੰਦੇ ਹਾਂ, ਪਰ ਇੱਕ ਐਸੇ ਨੇ ਜਿਹੜੇ ਸੇਵਾ ਦਿਨ ਰਾਤ ਕਰਦੇ ਨੇ, ਮੰਗਦੇ ਕਦੇ ਵੀ ਨਹੀਂ ਹੈਗੇ, ਕਹਿੰਦੇ ਉਹ ਕੌਣ ਹੁੰਦੇ ਨੇ? ਕਹਿੰਦੇ ਉਹ ਪੁੱਤਰ ਹੋਇਆ ਕਰਦੇ ਨੇ, ਜਾਇਦਾਦ ਦੇ ਮਾਲਕ ਹੁੰਦੇ ਨੇ ਮਹਾਂਪੁਰਸ਼ਾਂ ਦੀ। ਕਿਉਂਕਿ ਮੰਗਿਆ ਨਹੀਂ ਸਾਰੀ ਜ਼ਿੰਦਗੀ ਉਹ ਜਾਂਦੇ ਹੋਏ ਸਾਰੀ ਰੂਹਾਨੀ ਜਾਇਦਾਦ ਉਨ੍ਹਾਂ ਨੂੰ

ਦੇ ਦਿੰਦੇ ਨੇ ਜਿਹੜੇ ਸੇਵਾ ਕਰਦੇ ਨੇ, ਪਰ ਮੰਗਦੇ ਨਹੀਂ ਹਨ। ਸੋ ਇਹ ਪ੍ਰੇਮੀ ਸੇਵਾ ਕਰਦਾ ਰਿਹਾ, ਜਦ ਦੋ ਢਾਈ ਸਾਲ ਲੰਘੇ ਇੱਕ ਦਿਨ ਪੁੱਛਿਆ, ਕਹਿੰਦੇ ਪ੍ਰੇਮੀਆ! ਨਾ ਤਾਂ ਤੂੰ ਘਰ ਗਿਆ ਹੈਂ ਗ੍ਰਿਹਸਤੀ ਆਦਮੀ ਹੈਂ। ਕਹਿੰਦਾ ਹਾਂ ਮਹਾਰਾਜ ਤੇ ਸੇਵਾ ਕਰਦੇ ਵੀ ਤੈਨੂੰ ਕਈ ਸਾਲ ਬੀਤ ਗਏ। ਤੂੰ ਦੱਸ ਸਾਨੂੰ ਕਿ ਕੋਈ ਇੱਛਿਆ ਕਰਕੇ ਇੱਥੇ ਆਇਆ ਹੈਂ। ਤੇਰੀ ਇਛਿਆ ਪੂਰੀ ਕਰੀਏ, ਕਿਉਂਕਿ ਅਸੀਂ ਤੇਰੀ ਸੇਵਾ 'ਤੇ ਬਹੁਤ ਪ੍ਰਸੰਨ ਹੋਏ ਹਾਂ, ਓਸ ਵੇਲੇ ਕਹਿਣ ਲੱਗਿਆ ਮਹਾਰਾਜ! ਮੈਂ ਏਸ ਕਰਕੇ ਆਪ ਦੇ ਚਰਨਾਂ 'ਚ ਹਾਜ਼ਰ ਹੋਇਆ ਹਾਂ ਕਿ ਗਰੀਬੀ ਘਰ ਵਿੱਚ ਬਹੁਤ ਹੈ ਤੇ ਦੋ ਡੰਗ ਦਾ ਪ੍ਰਸ਼ਾਦਾ ਮਿਲ ਜਾਵੇ ਜਿਹਦੇ ਨਾਲ ਅਸੀਂ ਨਾਮ ਵੀ ਜਪੀਏ ਤੇ ਪ੍ਰਸ਼ਾਦ ਪਾਣੀ, ਕੱਪੜੇ; ਤਿੰਨ ਚੀਜ਼ਾਂ ਦੀ ਲੋੜ ਹੁੰਦੀ ਹੈ - ਕੁੱਲੀ, ਜੁੱਲੀ, ਗੁੱਲੀ, ਉਹ ਯਥਾਸ਼ਕਤ ਮਿਲ ਜਾਵੇ। ਮਹਾਂਪੁਰਸ਼ ਕਹਿਣ ਲੱਗੇ ਕਿ ਪ੍ਰੇਮੀਆਂ! ਉਹ ਤਾਂ ਮਿਲ ਜਾਂਦੀ ਹੈ, ਕੋਈ ਔਖੀ ਗੱਲ ਨਹੀਂ, ਲੇਕਿਨ ਜਿਹੜੀ ਇਹਦੇ ਹਿਰਦੇ ਦੇ ਅੰਦਰ ਅੱਗ ਮੱਚਦੀ ਹੈ, ਉਹ ਬੁਝਾਉਣੀ ਔਖੀ ਹੈ ਕਿਉਂਕਿ ਪਦਾਰਥ ਜਿੰਨਾ ਪਾਈ ਜਾਓ ਓਨੀਂਓਂ ਵੱਧ ਜਾਂਦੀ ਹੈ। ਮਿੱਟੀ ਦਾ ਤੇਲ ਜਿੰਨਾ ਪਾਓ, ਡੀਜ਼ਲ ਜਿੰਨਾ ਪਾਓ ਅੱਗ ਦੇ ਉੱਤੇ ਓਡਾ ਹੀ ਭਾਂਬੜ ਵੱਡਾ ਮਚਦਾ ਹੈ, ਤ੍ਰਿਸ਼ਨਾ ਓਡੀ ਹੀ ਵੱਡੀ ਹੋ ਜਾਂਦੀ ਹੈ।

*ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ ॥ ੧ ॥*
*ਰਹਾਉ॥ ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ ॥*
*ਪਰੈ ਪਰੈ ਹੀ ਕਉ ਲੁਝੀ ਹੇ ॥ ਅੰਗ - ੨੧੩*

ਬੁੱਝਦੀ ਨਹੀਂ ਹੈ, ਸਾਰਾ ਸੰਸਾਰ ਤ੍ਰਿਸ਼ਨਾ ਦੀ ਅੱਗ ਵਿੱਚ ਫਸਿਆ ਹੋਇਆ -

*ਏਹ ਤਿਸਨਾ ਵਡਾ ਰੋਗੁ ਲਗਾ*
*ਮਰਣੁ ਮਨਹੁ ਵਿਸਾਰਿਆ ॥ ਅੰਗ - ੬੧੯*

ਮਰਨਾ ਭੁੱਲ ਜਾਇਆ ਕਰਦਾ ਹੈ, ਕਹਿੰਦੇ ਚੰਗਾ ਤੂੰ ਸੇਵਾ ਕੀਤੀ ਹੈ, ਅਸੀਂ ਤੈਨੂੰ ਚਾਰ ਬੱਤੀਆ ਦਿੰਦੇ ਹਾਂ, ਪਹਿਲੇ ਨੰਬਰ ਦੀ ਬੱਤੀ ਤੂੰ ਪੂਰਬ ਵਲ ਨੂੰ ਜਾ ਕੇ ਰਾਤ ਨੂੰ ਇਹਨੂੰ ਜਲਾ ਲਈਂ, ਜਲਾ ਕੇ ਪੂਰਬ ਵਲ ਨੂੰ ਚਲਿਆ ਜਾਈਂ, ਜਿਥੇ ਜਾ ਕੇ ਬੁੱਝ ਜਾਏਗੀ ਉਥੇ ਥਾਂ ਪੁੱਟ ਲਈਂ, ਉਥੇ ਤੈਨੂੰ ਗੁਜ਼ਾਰੇ ਜੋਗਾ ਧਨ ਮਿਲ ਜਾਏਗਾ। ਕਹਿਣ ਲੱਗਿਆ, ਮਹਾਰਾਜ! ਇਹ ਦੂਜੀ ਬੱਤੀ? ਕਹਿੰਦੇ, ਇਹ ਹੈਗੀ ਉੱਤਰ ਦਿਸ਼ਾ ਦੀ, ਜੇ ਤੈਨੂੰ ਖਰਚਦੇ-ਖਰਚਦੇ ਐਸਾ ਮਹਿਸੂਸ ਹੋਏ ਕਿ ਇਹ ਖਤਮ ਹੋ ਜਾਏਗਾ ਤਾਂ ਫੇਰ ਤੂੰ ਇਹ ਜਾਲ ਕੇ ਚਲਿਆ ਜਾਈਂ ਜਿਥੇ ਜਾ ਕੇ ਬੁਝੇ ਉਥੋਂ ਪੁੱਟ ਲਈਂ ਉਹ ਤੇਰੇ ਵਾਸਤੇ ਬਹੁਤ ਹੋਏਗਾ। ਤੀਸਰੀ? ਤੀਸਰੀ ਕਹਿੰਦੇ ਹੈਗੀ ਪੱਛਮ ਦੀ। ਇਥੇ ਵੀ ਜਦੋਂ ਦੋਵੇਂ ਮੁੱਕ ਜਾਣ ਤਾਂ ਤੂੰ ਇੱਥੋਂ ਕੱਢ ਲਈਂ ਫੇਰ। ਚੌਥੀ ਬੱਤੀ? ਕਹਿੰਦੇ, ਇਹ ਤਾਂ ਤੈਨੂੰ ਵੈਸੇ ਦਿੱਤੀ ਹੈ, ਇਹ ਵਰਤਣੀ ਨਹੀਂ ਹੈ ਇਹ ਦੱਖਣ ਦਿਸ਼ਾ ਦੀ, ਕਰੂਰ ਦਿਸ਼ਾ ਦੀ ਬੱਤੀ ਹੈ ਤੇ ਇਹ ਜਾਲ ਕੇ ਨਹੀਂ ਕਦੇ ਵੀ ਤੁਰਨਾ। ਸੋ ਘਰ ਨੂੰ ਆ ਗਿਆ, ਬੜਾ ਪ੍ਰਸੰਨ ਹੋਇਆ, ਨੀਂਦ ਨਹੀਂ ਆਉਂਦੀ, ਰਾਤ ਪਈ, ਅੱਧੀ ਰਾਤ ਹੋਈ, ਬੱਤੀ ਜਲਾਈ ਤੇ ਤੁਰ ਪਿਆ। ਕਹੀ ਮੋਢੇ 'ਤੇ ਚੁੱਕ ਲਈ, ਉਥੇ ਜਾ ਕੇ ਜਿਥੇ ਬੁਝੀ, ਥਾਂ ਪੁੱਟਿਆ। ਪੰਜ ਸੱਤ ਫੁੱਟ ਡੂੰਘਾ ਜਦ ਪੁੱਟਿਆ ਤਾਂ ਕੀ ਦੇਖਦਾ ਹੈ ਕਿ ਤਾਂਬੇ ਦਾ ਖਜ਼ਾਨਾ ਪਿਆ ਹੈ। ਪੈਸੇ ਹੀ ਪੈਸੇ ਨਿਕਲ ਆਏ, ਖੁਸ਼ ਹੋ ਗਿਆ ਕਿ ਬੜਾ ਧਨ ਹੈ, ਬਹੁਤ ਹੈ ਆਹ ਤਾਂ। ਮਿੱਟੀ ਪਾ ਦਿੱਤੀ ਉਸੇ ਤਰ੍ਹਾਂ ਦੇ ਨਾਲ ਝਾੜੀਆਂ ਵਗੈਰਾ ਲਿਆ ਕੇ ਉਥੇ ਰੱਖ ਦਿੱਤੀਆਂ ਕਿ ਪਤਾ ਨਾ ਲੱਗ ਜਾਵੇ ਕਿਸੇ ਨੂੰ ਕਿ ਰਾਤ ਨੂੰ ਕੱਢਾਂਗੇ। ਕੋਈ ਗੱਡਾ ਵਗੈਰਾ ਲਿਆਵਾਂਗੇ, ਉਹਦੇ 'ਚ ਢੋਅ ਲਵਾਂਗੇ ਇਹਨੂੰ। ਲੇਕਿਨ ਦੂਸਰੇ ਦਿਨ ਤ੍ਰਿਸ਼ਨਾ ਦੀ ਹਵਾ ਚੱਲੀ ਹੋਈ ਹੈ, ਕਹਿਣ ਲੱਗਿਆ ਕਿ ਇਹ ਤਾਂ ਠੀਕ ਹੈ, ਇਧਰਲਾ ਵੀ ਪਤਾ ਲਗ ਜਾਵੇ, ਉੱਤਰ ਵਲ ਕੀ ਹੈ। ਕੱਢਿਆ ਨਹੀਂ ਉਤਰ ਵਲ ਨੂੰ ਤੁਰ ਪਿਆ। ਜਿਥੇ ਜਾ ਕੇ ਬੱਤੀ ਬੁਝੀ ਤਾਂ ਉਥੇ ਜਾ ਕੇ ਕੀ ਦੇਖਦਾ ਹੈ ਕਿ ਉਥੇ ਤਾਂ ਪੈਸੇ ਸੀ, ਇਥੇ ਰੁਪਏ ਹੀ ਰੁਪਏ ਪਏ ਨੇ, ਕਹਿੰਦਾ ਲੈ ਪੈਸਿਆਂ ਨਾਲ ਕਾਹਨੂੰ ਟੱਕਰਾਂ ਮਾਰਨੀਆਂ ਰੁਪਈਏ ਹੀ ਲੈ ਜਾਵਾਂਗੇ। ਰਾਤ ਪੈ ਗਈ, ਫੇਰ ਆਇਆ ਕਿ ਇਧਰਲਾ ਪਾਸਾ ਵੀ ਦੇਖ ਲਈਏ, ਜਦ ਪੱਛਮ ਵਲ ਨੂੰ ਲੈ ਕੇ ਤੁਰਿਆ ਉਥੇ ਕੀ ਦੇਖਦਾ ਹੈ ਕਿ ਉਥੇ ਨਾ ਪੈਸੇ ਨੇ, ਨਾ ਰੁਪਈਏ ਨੇ, ਉਥੇ ਹੀਰੇ ਜਵਾਰਾਤ ਝਿਲਮਿਲ-ਝਿਲਮਿਲ ਕਰਦੇ ਨੇ। ਇੱਕ-ਇੱਕ ਹੀਰਾ ਹਜ਼ਾਰਾਂ ਰੁਪਿਆਂ ਦਾ। ਖੁਸ਼ ਹੋ ਗਿਆ ਕਿ ਉਹ ਦੋਵੇਂ ਤਾਂ ਐਵੇਂ ਹੀ ਸੀ, ਉਨ੍ਹਾਂ ਦੀ ਤਾਂ ਲੋੜ ਹੀ ਨਹੀਂ ਮੈਨੂੰ ਕੱਢਣ ਦੀ। ਆਹੀ ਬਹੁਤ ਹੈ। ਆ ਗਿਆ, ਤਿਆਰੀ ਕਰਨ ਲੱਗ ਗਿਆ। ਸੋਚਣ ਲੱਗ ਗਿਆ ਕਿ ਮਹਾਤਮਾ ਨੇ ਇਹ ਗੱਲ ਕਹੀ ਹੈ ਕਿ ਦੱਖਣ ਨੂੰ ਨਾ ਜਾਈਂ। ਲੇਕਿਨ ਜਿਹੜਾ ਮਨ ਹੈ ਸਾਧਸੰਗਤ ਜੀ, ਇਹਨੂੰ ਕੋਈ ਵੀ ਦੁਨੀਆਂ ਦੇ ਵਿੱਚ ਸੂਰਮਾ ਨਹੀਂ ਆਇਆ, ਸਿਵਾਏ ਬ੍ਰਹਮਗਿਆਨੀ ਤੋਂ ਜਿਹੜਾ ਇਹਨੂੰ ਕਾਬੂ ਕਰ ਲਵੇ, ਬਾਕੀਆਂ ਦੇ ਉੱਤੇ ਇਹ ਕਾਠੀ ਪਾ ਲੈਂਦਾ ਹੈ।

*ਮਨ ਦੇ ਮਾਰੇ ਮਰ ਗਏ, ਕਾਜ਼ੀ ਮੁੱਲਾਂ ਸੇਖ।*

ਵੱਡੇ-ਵੱਡੇ ਜਿਹੜੇ ਰਿਸ਼ੀ-ਮੁਨੀ ਨੇ ਸਭ ਮਨ ਨੇ ਮਾਰ ਦਿੱਤੇ। ਮਨ ਦਾ ਹੀ ਸਾਡਾ ਸਬੰਧ ਹੈ -

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ*
*ਹੋਇ॥ ਮਨ ਹੀ ਮਨ ਸਿਉ ਕਹੈ ਕਬੀਰਾ*
*ਮਨ ਸਾ ਮਿਲਿਆ ਨ ਕੋਇ ॥ ਅੰਗ - ੩੪੨*

ਪਹਿਲਾਂ ਦ੍ਰਿੜ੍ਹ ਰਿਹਾ ਜਦ ਬਾਰ੍ਹਾਂ ਵੱਜਣ ਲੱਗੇ ਕਿ ਤਿਆਰੀ ਕਰ ਲਈ ਕਿ ਹੁਣ ਚੱਲੀਏ ਤੇ ਕੱਢੀਏ, ਖਿਆਲ ਆਇਆ ਕਿ ਚੌਥੀ ਬੱਤੀ ਵਾਲੀ ਦਿਸ਼ਾ ਵਿੱਚ ਬਹੁਤ ਵਧੀਆਂ ਚੀਜ਼ ਹੋਵੇ, ਕਿਉਂਕਿ ਤ੍ਰਿਸ਼ਨਾ ਵਧਦੀ

ਤੋਂ ਵਧਦੀ ਜਾਂਦੀ ਹੈ। ਬਚਨ ਨੂੰ igonore ਕਰ ਦਿਤਾ ਤੇ ਬੱਤੀ ਜਲਾ ਕੇ ਤੁਰਿਆ, ਜਿਥੇ ਜਾ ਕੇ ਟੋਆ ਪੁੱਟਿਆ, ਵਿੱਚ ਦਰਵਾਜ਼ਾ ਆ ਗਿਆ। ਖੋਲ੍ਹ ਲਿਆ, ਅੱਗੇ ਲੰਘ ਗਿਆ, ਅੱਗੇ ਕੀ ਦੇਖਦਾ ਹੈ ਕਿ ਉਥੇ ਇੱਕ ਕੋਈ ਪ੍ਰੇਮੀ ਬੈਠਾ ਹੈ, ਚੱਕੀ ਚਲਾ ਰਿਹਾ ਹੈ ਤੇ ਉਥੋਂ ਇੱਕ ਚੱਕਰ ਨਿਕਲਿਆ ਤੇ ਇਹਦੇ ਮੱਥੇ ਦੇ ਦੁਆਲੇ ਘੁੰਮਣ ਲਗ ਗਿਆ, ਘਬਰਾਇਆ ਹੋਇਆ ਉਥੇ ਗਿਆ ਛੇਤੀ ਨਾਲ, ਕਹਿਣ ਲੱਗਿਆ ਕਿ ਮੈਂ ਕਿਵੇਂ ਬਚਾਂ, ਆਹ ਚੱਕਰ ਮੇਰੇ ਦੁਆਲੇ ਘੁੰਮ ਰਿਹਾ ਹੈ। ਕਹਿੰਦੇ, ਆਹ ਚੱਕੀ ਦੇ ਹੱਥੇ ਨੂੰ ਹੱਥ ਲਾ ਲੈ, ਫੇਰ ਬਚ ਜਾਏਂਗਾ। ਉਸ ਨੇ ਹੱਥ ਲਾਇਆ ਤੇ ਉਥੇ ਹੀ ਫੜਿਆ ਗਿਆ ਤੇ ਉਹਦਾ ਹੱਥ ਛੁਟ ਗਿਆ। ਉਹ ਜਦੋਂ ਤੁਰਨ ਲੱਗਿਆ ਤਾਂ ਇਹਨੇ ਕਿਹਾ ਕਿ ਮੈਂ ਤਾਂ ਇੱਥੇ ਹੀ ਫਸ ਗਿਆ, ਉਹ ਕਹਿੰਦੇ ਹਾਂ ਹੁਣ ਐਵੇਂ ਜਿਵੇਂ ਫਸਣਾ ਹੈ। ਫੇਰ ਮੇਰਾ ਛੁਟਕਾਰਾ? ਕਹਿੰਦੇ, ਤੇਰੇ ਤੋਂ ਕੋਈ ਵੱਧ ਤ੍ਰਿਸ਼ਨਾਲੂ ਇੱਥੇ ਆਏਗਾ, ਉਹ ਤੇਰਾ ਛੁਟਕਾਰਾ ਓਵੇਂ ਹੀ ਕਰੇਗਾ ਜਿਵੇਂ ਤੂੰ ਮੇਰਾ ਛੁਟਕਾਰਾ ਕਰਾਇਆ ਹੈ। ਸੋ ਮਹਾਰਾਜ ਕਹਿੰਦੇ -

***ਮਾਇਆ ਜਾਲੁ ਪਸਾਰਿਆ***
***ਭੀਤਰਿ ਚੋਗ ਬਣਾਇ ॥***
***ਤ੍ਰਿਸਨਾ ਪੰਖੀ ਫਾਸਿਆ***
***ਨਿਕਸੁ ਨ ਪਾਏ ਮਾਇ ॥ ਅੰਗ - ੫੦***

ਹੁਣ ਨਿਕਲੇ ਕਿਵੇਂ ਫਸ ਗਿਆ ਉਹਦੇ ਵਿੱਚ।

***ਪੰਖੀ ਬਿਰਖ ਸੁਹਾਵੜੇ***
***ਊਡਹਿ ਚਹੁ ਦਿਸਿ ਜਾਹਿ ॥***
***ਜੇਤਾ ਊਡਹਿ ਦੁਖ ਘਣੇ***
***ਨਿਤ ਦਾਝਹਿ ਤੈ ਬਿਲਲਾਹਿ ॥ ਅੰਗ - ੬੬***

ਉਡਾਰੀਆਂ ਮਾਰਦਾ ਹੈ ਚਾਰੋਂ ਦਿਸ਼ਾਵਾਂ ਵਿੱਚ। ਸੋ ਇਸੇ ਤਰ੍ਹਾ ਦੇ ਨਾਲ ਮਹਾਰਾਜ ਕਹਿੰਦੇ -

***ਗੁਰਿ ਰਾਖੇ ਸੇ ਉਬਰੇ ਹੋਰਿ ਫਾਥੇ ਚੋਗੈ ਸਾਥਿ ॥***
***ਅੰਗ - ੫੫***

ਚੋਗੇ ਦੇ ਵਿੱਚ ਫਸ ਗਿਆ ਸਾਰਾ ਸੰਸਾਰ। ਕੇਵਲ ਕਾਲ ਦੇ ਚੱਕਰ ਚੋਂ ਓਹੀ ਨਿਕਲਦੇ ਹਨ ਜਿਨ੍ਹਾਂ ਨੂੰ ਗੁਰੂ ਆਪਣਾ ਬਣਾ ਲਵੇ। ਬਾਕੀ ਜਿਹੜਾ ਸੰਸਾਰ ਹੈ ਉਹ ਤਾਂ ਨਾਮ ਤੋਂ ਹੀਣੇ ਹੁੰਦੇ ਨੇ, ਕੋਈ ਵਿਰਲਾ ਹੈ ਜਿਹਨੂੰ ਲਗਨ ਲੱਗੀ ਹੋਈ ਹੈ ਇਕ ਮੈਂ ਇਸੇ ਜਨਮ ਦੇ ਅੰਦਰ, ਜੋ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੇ ਅੰਦਰ ਅਵਸਥਾਵਾਂ ਆਉਂਦੀਆਂ ਹਨ ਉਹ ਪ੍ਰਾਪਤ ਕਰ ਲਵਾਂ। ਉਹਦੀ ਕੂੰਜੀ ਹੈਗਾ 'ਨਾਮ'। ਜਿਹਨੂੰ ਵਾਹਿਗੁਰੂ ਮੰਤਰ ਕਹਿੰਦੇ ਨੇ। ਵਾਹਿਗੁਰੂ-ਵਾਹਿਗੁਰੂ ਕਰਦਾ-ਕਰਦਾ ਆਦਮੀ ਇੱਥੇ ਤੱਕ ਪਹੁੰਚ ਜਾਂਦਾ ਹੈ, ਲੇਕਿਨ ਦ੍ਰਿੜ੍ਹਤਾ ਇਹ ਹੈ ਕਿ ਉਹ ਲੱਗਿਆ ਹੋਇਆ ਹਟੇ ਨਾ, ਕਰਦਾ ਹੀ ਰਹੇ। ਪਰ ਇਹ ਜਿਹੜੇ ਚੋਗੇ ਨੇ ਇਹ ਚੱਲਣ ਨਹੀਂ ਦਿੰਦੇ, ਇਹ ਆਦਮੀ ਨੂੰ ਪੈਰ-ਪੈਰ 'ਤੇ ਰੋਕਦੇ ਨੇ। ਬਹੁਤ ਕੁਛ ਹੈ ਇਸ ਸੰਸਾਰ ਦੇ ਅੰਦਰ, ਬੰਦਾ ਚੱਲ ਨਹੀਂ ਸਕਦਾ। ਮਹਾਰਾਜ ਕਹਿੰਦੇ ਜਿਹੜੇ 'ਨਾਮ' ਤੋਂ ਬਗੈਰ ਨੇ -

***ਬਿਨੁ ਨਾਵੈ ਚੁਣਿ ਸੁਟੀਅਹਿ***
***ਕੋਇ ਨ ਸੰਗੀ ਸਾਥਿ॥ ਅੰਗ - ੫੫***

ਚੁਣ ਕੇ ਸੁੱਟ ਦਿੰਦੇ ਨੇ ਤੇ ਸਾਥੀ ਵੀ ਕੋਈ ਨਹੀਂ ਹੋਇਆ ਕਰਦਾ, ਸੋ ਇਸ ਤਰ੍ਹਾਂ ਦੇ ਨਾਲ ਜਿਹੜੀ ਸਾਡੀ ਮੱਤ ਰੂਪੀ ਕਿਸ਼ਤੀ ਹੈ ਨਾ, ਜਿਹਨੂੰ ਗੁਰੂ ਨਾਨਕ ਸਾਹਿਬ ਦੱਸ ਰਹੇ ਨੇ, ਪਿਤਾ ਜੀ ਨੂੰ ਕਿ ਇਹ ਜਿਹੜੀ ਮੱਤ ਰੂਪੀ ਕਿਸ਼ਤੀ ਹੈ ਇਹ ਬਹੁਤ ਹੀ ਪੈਸਾ ਟਕਾ, ਜਾਇਦਾਦ, ਨਾਮ ਵਗੈਰਾ ਇਹਦੀ ਤੇਜ਼ ਨਦੀ ਦੇ ਵਿੱਚ ਵਹਿ ਰਹੀ ਹੈ। ਅਸਗਾਹ ਸਾਗਰ ਦੇ ਵਿੱਚ ਵਹਿ ਰਹੀ ਹੈ, ਮਾਇਆ ਸਾਗਰ ਲੰਘਣਾ ਹੱਦ ਤੋਂ ਜ਼ਿਆਦਾ ਮੁਸ਼ਕਲ ਹੈ। ਇਹਦੇ ਵਿੱਚ ਵੱਡੇ-ਵੱਡੇ ਮਗਰਮੱਛ ਨੇ ਵਾਸ਼ਨਾਵਾਂ ਦੇ, ਆਸ਼ਾਵਾਂ ਦੀਆ ਅਥਾਹ ਲਹਿਰਾਂ ਚੱਲ ਰਹੀਆਂ ਨੇ। ਹਰਖ ਸੋਗ ਦੀਆਂ ਘੁੰਮਣ-ਘੇਰੀਆਂ ਨੇ, ਆਸਾ ਅੰਦੇਸੇ ਦੇ ਭੰਵਰ ਪੈ ਰਹੇ ਨੇ। ਵਿੱਚੋਂ ਲੰਘਣਾ ਪੈਂਦਾ ਹੈ। ਜੇ ਮੋਹ ਆਦਿ ਦਾ ਪਾਣੀ ਨਉਕਾ 'ਚ ਪੈ ਜਾਵੇ ਤਾਂ ਨਉਕਾ ਡੁੱਬ ਜਾਂਦੀ ਹੈ, ਇਹਦੇ ਵਾਸਤੇ ਪੂਰੇ ਮਲਾਹ ਦੀ ਲੋੜ ਹੈ, ਕਿਉਂਕਿ ਮਲਾਹ ਨੂੰ ਦਿਸਦਾ ਹੈ, ਮਲਾਹ ਤੋਂ ਬਗੈਰ ਜਿਹੜਾ ਹੈ ਉਹ ਗੁਬਾਰ ਹੈ ਇੱਥੇ, ਹਨ੍ਹੇਰਾ ਪਿਆ ਹੋਇਆ ਹੈ। ਇਹ ਹਨ੍ਹੇਰਾ ਲੰਘਣ ਨਹੀਂ ਦਿਆ ਕਰਦਾ ਤੇ ਗੁਰੂ ਹੀ ਜਿਸਨੂੰ ਸੋਝੀ ਦਿੰਦਾ ਹੈ, ਇਹਦੇ ਵਿਚੋਂ ਕੱਢ ਲੈਂਦਾ ਹੈ, ਗੁਰੂ ਤੋਂ ਬਗੈਰ ਗੁਬਾਰ ਹੈ, ਇਸ ਤਰ੍ਹਾਂ ਮਹਾਰਾਜ ਫੁਰਮਾਨ ਕਰਦੇ ਨੇ -

***ਧਾਰਨਾ - ਬਾਝ ਗੁਰੂ ਗੁਬਾਰ ਹੈ***
***ਬਿਨੁ ਸ਼ਬਦੇ ਬੂਝ ਨ ਪਾਇ।***

ਹਨ੍ਹੇਰ ਗੁਬਾਰ ਮਚਿਆ ਪਿਆ ਹੈ। ਜਿੰਨਾ ਚਿਰ ਗੁਰੂ ਸ਼ਬਦ ਨਹੀਂ ਦਿੰਦਾ ਤੇ ਸ਼ਬਦ ਦਾ ਪ੍ਰਕਾਸ਼ ਅੰਦਰ ਨਹੀਂ ਹੁੰਦਾ ਤੇ ਰਸਤਾ ਨਹੀਂ ਬੁੱਝਿਆ ਜਾਂਦਾ।

***ਬਿਨੁ ਸਬਦੈ ਅੰਤਰਿ ਆਨੇਰਾ ॥***
***ਨ ਵਸਤੁ ਲਹੈ ਨ ਚੂਕੈ ਫੇਰਾ ॥***
***ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ***
***ਗੁਰੁ ਪੂਰੈ ਭਾਗਿ ਮਿਲਾਵਣਿਆ॥ ਅੰਗ - ੧੨੪***

ਤੇ ਜਦੋਂ ਗੁਰੂ ਮਿਲ ਜਾਂਦਾ ਹੈ, ਉਹਦੀ ਅਸੀਂ ਆਪਣੀ ਮਤ ਧਾਰਨ ਕਰੀਏ ਕਿਉਂਕਿ ਮਤ ਵਿੱਚ ਬਹੁਤ ਫਰਕ ਹੈ, ਅਸੀਂ ਗੁਰਮਤਿ ਕਹਿ ਦਿੰਦੇ ਹਾਂ। ਇਹਦੀ ਆਪਣੀ-ਆਪਣੀ ਪਰਿਭਾਸ਼ਾ ਹੈ ਸਾਰਿਆਂ ਦੀ ਕਿ ਉਹ ਕਹਿੰਦਾ ਆਹ ਗੁਰਮਤਿ ਹੈ, ਕੋਈ ਕਹਿੰਦਾ ਹੈ ਆਹ ਗੁਰਮਤਿ ਹੈ। ਮੈਂ ਤਾਂ ਜਿਥੇ ਤੱਕ ਸਮਝਣ ਦਾ ਯਤਨ ਕਰਿਆ ਹੈ। ਉਹ ਇਹ ਹੈ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਮਹਾਰਾਜ ਨੂੰ ਚਵਰ ਤਖਤ ਦੇ ਮਾਲਕ ਮੰਨਦੇ ਹਾਂ, ਇਨ੍ਹਾਂ ਦਾ ਲੜ ਫੜਿਆ ਹੈ ਅਸੀਂ। ਕਿੱਡਾ ਹੀ ਕੋਈ ਵਿਦਵਾਨ, ਕਿੱਡਾ ਹੀ ਕੋਈ ਲਿਖਾਰੀ, ਕਿੱਡਾ ਹੀ ਕੋਈ ਪ੍ਰੋਫੈਸਰ,

ਕਿੰਨਾ ਹੀ ਕੋਈ ਸ਼ਕਤੀਆਂ ਦਿਖਾਉਣ ਵਾਲਾ, ਕੋਈ ਗੱਲ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਨਾ ਰਲਦੀ ਮਿਲਦੀ ਹੋਵੇ ਕਹਿ ਦੇਵੇ ਉਹ ਗੱਲ ਨੂੰ ਮੰਨ ਲੈਣਾ ਜਿਹੜਾ ਹੈ ਉਹ ਗੁਰਮਤਿ ਨਹੀਂ ਹੈ। ਉਹ ਉਸਦੀ ਆਪਣੀ ਮੱਤ ਹੈ, ਜਿਹੜੇ ਬੰਦੇ ਦੀ ਤੁਸੀਂ ਗੱਲ ਮੰਨੀ ਹੈ ਤੇ ਉਹਦਾ ਨਾਉਂ ਹੋ ਸਕਦਾ ਹੈ ਕਿ ਫਲਾਣੇ ਦੀ ਮੱਤ ਧਾਰਨ ਕਰੀਏ। ਆਪਣੇ ਵੀ ਕਹਿੰਦੇ ਨੇ ਕਿ ਜੀ ਲੜਕਾ ਪਹਿਲਾਂ ਚੰਗਾ ਸੀ, ਫਲਾਣੇ ਦੀ ਮੱਤ ਇਹਨੇ ਧਾਰਨ ਕਰ ਲਈ, ਸ਼ਰਾਬਾਂ ਪੀਣ ਲਗ ਗਿਆ, ਮਾਸ ਖਾਣ ਲੱਗ ਗਿਆ, ਚੋਰੀਆਂ ਚਕਾਰੀਆਂ ਕਰਨ ਲੱਗ ਗਿਆ ਕਿਉਂਕਿ ਇਹਨੇ ਮੱਤ ਉਨ੍ਹਾਂ ਦੀ ਧਾਰਨ ਕਰ ਲਈ। ਸੋ ਜਦੋਂ ਅਸੀਂ ਗੁਰੂ ਦੀ ਮੱਤ ਧਾਰਨ ਕਰਦੇ ਹਾਂ, ਗੁਰੂ ਗ੍ਰੰਥ ਸਾਹਿਬ ਦੀ ਮੱਤ ਵਿਚਾਰ ਕੇ ਦੇਖ ਲਿਓ, ਬੜੀ ਲੰਮੀ ਗੱਲ ਹੈ ਇਹ ਕਿ ਗੁਰਮਤਿ ਕੀ ਹੁੰਦੀ ਹੈ। ਉਹ ਜਦ ਅਸੀਂ ਗੁਰਮਤਿ ਧਾਰਨ ਕਰਦੇ ਹਾਂ ਫੇਰ ਮਹਾਰਾਜ ਕਹਿੰਦੇ ਪ੍ਰਕਾਸ਼ ਹੋ ਜਾਂਦਾ ਹੈ ਸਾਡੇ ਅੰਦਰ, ਹਨ੍ਹੇਰਾ ਨਹੀਂ ਰਹਿੰਦਾ, ਫੇਰ ਸੱਚ ਸਾਡੇ ਨੇੜੇ ਹੋਣ ਕਰਕੇ ਉਹਦੇ ਨਾਲ ਸਾਡੀ ਪਿਆਰ ਦੀ ਲਿਵ ਲੱਗੀ ਰਹਿੰਦੀ ਹੈ, ਜਦੋਂ ਇਸ ਸੱਚ ਦੇ ਨਾਲ ਲਿਵ ਲੱਗ ਜਾਂਦੀ ਹੈ, ਮਹਾਰਾਜ ਕਹਿੰਦੇ –

*ਬਾਝੁ ਗੁਰੂ ਗੁਬਾਰੁ ਹੈ ਬਿਨੁ ਸਬਦੈ ਬੂਝ ਨ*
*ਪਾਇ॥ ਗੁਰਮਤੀ ਪਰਗਾਸੁ ਹੋਇ*
*ਸਚਿ ਰਹੈ ਲਿਵ ਲਾਇ ॥*
*ਤਿਥੈ ਕਾਲੁ ਨ ਸੰਚਰੈ ਜੋਤੀ ਜੋਤਿ ਸਮਾਇ ॥*

*ਅੰਗ – ੫੫*

ਉਥੇ ਕਾਲ ਦੀ ਪਹੁੰਚ ਹੀ ਨਹੀਂ ਹੈ ਤੇ ਗੁਰੂ ਦੀ ਜੋਤੀ 'ਚ ਆਪਣੀ ਹਉਂ ਨੂੰ ਮਿਟਾ ਕੇ ਉਹਦੇ ਵਿੱਚ ਸਮਾਅ ਜਾਂਦਾ ਹੈ। ਗੁਰੂ ਵਾਹਿਗੁਰੂ 'ਚ ਸਮਾਇਆ ਹੋਇਆ ਹੈ, ਇਹ ਵੀ ਵਾਹਿਗੁਰੂ 'ਚ ਸਮਾਅ ਜਾਂਦਾ ਹੈ। ਉਹਦਾ ਹੀ ਰੂਪ ਬਣ ਜਾਂਦਾ ਹੈ।

*ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥*

*ਅੰਗ – ੩੯੭*

ਸੋ ਇਸ ਕਰਕੇ ਘੁੰਮਣ-ਘੇਰੀਆਂ ਪੈਂਦੇ ਸਾਗਰ ਦੇ ਵਿਚ ਗੁਰੂ ਮਹਾਰਾਜ ਕਹਿਣ ਲੱਗੇ, ਪਿਤਾ ਜੀ! ਇਹਦੇ 'ਚ ਜੇ ਗੁਰੂ ਸੁਚੇਤ ਹੋ ਕੇ ਲੰਘਾ ਦੇਵੇ, ਬੇੜੀ 'ਚ ਪਾਣੀ ਨਾ ਪੈਣ ਦੇਵੇ, ਪਰ ਜੇਕਰ ਮੋਹ ਦਾ, ਲੋਭ ਦਾ, ਅਭਿਮਾਨ ਦਾ, ਹੰਕਾਰ ਦਾ, ਈਰਖਾ, ਨਿੰਦਿਆ ਚੁਗਲੀ, ਬਖੀਲੀ ਦਾ ਪਾਣੀ ਪੈ ਜਾਵੇ, ਤਾਂ ਇਹ ਬੇੜਾ ਕੱਪਰਾਂ 'ਚੋਂ ਲੰਘ ਜਾਂਦਾ ਹੈ, ਇਸ ਤਰ੍ਹਾਂ ਮਹਾਰਾਜ ਫੁਰਮਾਨ ਕਰਦੇ ਨੇ –

*ਧਾਰਨਾ – ਜੇ ਰਹੇ ਮਲਾਹ ਸੁਚੇਤ*
*ਬੇੜਾ ਕੱਪਰਾਂ 'ਚੋਂ ਲੰਘਦਾ।*

ਮਲਾਹ ਸੁਚੇਤ ਹੋਵੇ, ਕਹਿਣ ਲੱਗੇ, ਪਿਤਾ ਜੀ! ਜੇ ਅੰਨ੍ਹਾ ਮਲਾਹ ਹੋਵੇ, ਉਹਨੂੰ ਦਿੱਸਦਾ ਨਹੀਂ ਉਹ ਡੋਲ ਜਾਂਦਾ ਹੈ। ਕੱਚਾ ਮਲਾਹ ਹੋਵੇ ਉਹ ਭੰਵਰਾਂ 'ਚੋਂ ਨਿਕਲਣ ਦੀ ਜਾਂਚ ਨਹੀਂ ਰੱਖਦਾ। ਵੱਡੀਆਂ-ਵੱਡੀਆਂ ਲਹਿਰਾਂ ਚਲਦੀਆਂ ਨੇ, ਉਛਲਦੀਆਂ ਨੇ ਤੇ ਕਈ ਵਾਰੀ ਐਸਾ ਹੁੰਦਾ ਹੈ ਕਿ ਲਹਿਰਾਂ ਘੁੰਮਣ ਲੱਗ ਜਾਂਦੀਆਂ ਨੇ ਉਥੇ, ਜਿਵੇਂ ਵਾ-ਵਰੋਲਾ ਘੁੰਮਦਾ ਹੈ, ਉਹਦੇ 'ਚੋਂ ਤਾਂ ਜਹਾਜ਼ ਨਿਕਲਦਾ ਹੀ ਨਹੀਂ, ਡੁੱਬ ਹੀ ਜਾਇਆ ਕਰਦਾ ਹੈ। ਕੋਈ ਹੀ ਭਾਗਾਂ ਵਾਲਾ ਹੈ ਜਿਹੜਾ ਕੱਢ ਕੇ ਲੈ ਜਾਵੇ।

*ਫਰੀਦਾ ਭੁਖਾ ਸੇਤੀ ਦਿਹੁ ਗਇਆ ਸੂਲਾਂ ਸੇਤੀ ਰਾਤਿ॥*
*ਖੜਾ ਪੁਕਾਰੇ ਪਾਤਣੀ ਬੇੜਾ ਕਪਰ ਵਾਤਿ ॥*

*ਅੰਗ – ੧੩੮੨*

ਹਾਕਾਂ ਮਾਰਦਾ ਹੈ ਕਿ ਮੇਰਾ ਬੇੜਾ ਜਿਹੜਾ ਹੈ ਕਪਰ ਦੇ ਮੂੰਹ ਵਿੱਚ ਆ ਗਿਆ।

*ਲੰਮੀ ਲੰਮੀ ਨਦੀ ਵਹੈ ਕੰਧੀ ਕੇਰੈ ਹੇਤਿ ॥*
*ਬੇੜੇ ਨੋ ਕਪਰੁ ਕਿਆ ਕਰੇ ਜੇ ਪਾਤਣ ਰਹੈ ਸੁਚੇਤਿ॥*

*ਅੰਗ – ੧੩੮੨*

ਜੇ ਸਮਰੱਥ ਗੁਰੂ ਹੈ, ਤਾਂ ਕਪਰਾਂ ਦੇ ਵਿੱਚ ਪੈਣ ਹੀ ਨਹੀਂ ਦਿੰਦਾ, ਪਹਿਲਾਂ ਹੀ ਪਾਰ ਲਗ ਜਾਂਦਾ ਹੈ। ਆਹ ਜਿਹੜੇ ਸਮੁੰਦਰ ਵਿੱਚ ਚਲਦੇ ਨੇ, ਇਥੇ ਹਦਾਇਤਾਂ ਹੁੰਦੀਆਂ ਰਹਿੰਦੀਆਂ ਨੇ ਫਲਾਣੇ ਪਾਸੇ ਦੇ ਉਤੇ ਕਪਰ ਬਣ ਗਏ ਨੇ, ਬਹੁਤ ਵੱਡੀਆਂ ਲਹਿਰਾਂ ਉੱਠ ਰਹੀਆਂ ਨੇ, ਜਹਾਜ਼ਾਂ ਵਾਲੇ ਪਾਸੇ ਹਟ ਜਾਣ। ਜਿਹੜੇ ਸੁਚੇਤ ਨੇ ਉਹ ਰਸਤੇ ਦੂਜੇ ਕੱਢ ਲੈਂਦੇ ਨੇ। ਜਿਹੜੇ ਅਣਜਾਣ ਨੇ ਉਹਦੇ ਵਿੱਚ ਲਹਿ ਜਾਣਗੇ, ਉਨ੍ਹਾਂ ਨੇ ਤਾਂ ਡੁੱਬਣਾ ਹੀ ਡੁੱਬਣਾ ਹੈ। ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿਣ ਲੱਗੇ, ਪਿਤਾ ਜੀ! ਇਹ ਜੋ ਮੋਹ ਦੀ ਨਦੀ ਹੈ, ਕ੍ਰੋਧ ਦੀ, ਲੋਭ ਦੀ, ਹੰਕਾਰ ਦੀ, ਈਰਖਾ, ਨਿੰਦਿਆ, ਚੁਗਲੀ ਦੀ ਬੜੀਆਂ ਘੁੰਮਣ-ਘੇਰੀਆਂ ਨੇ ਇਸ ਨਦੀ ਦੇ ਵਿੱਚ ਤੇ ਹੁਣ ਤੁਸੀਂ ਜਿਹੜਾ ਮੈਨੂੰ ਕਹਿ ਰਹੇ ਹੋ ਨਾ ਕਿ ਘਰ ਰਹਿ, ਅਸੀਂ ਇਕੱਲੇ ਹਾਂ, ਇਹ ਤਾਂ ਤੁਸੀਂ ਮੋਹ ਦੀ ਨਦੀ ਦੇ ਵਿੱਚ ਮੈਨੂੰ ਵਾੜਨਾ ਚਾਹੁੰਦੇ ਹੋ ਤੇ ਤੁਹਾਡੀ ਸੁਰਤ ਜਿਹੜੀ ਹੈ ਮੋਹ ਦੀ ਨਦੀ 'ਚ ਪਈ ਹੋਈ ਹੈ ਤੇ ਇਹ ਡੁੱਬ ਜਾਂਦੀ ਹੈ ਜਦ ਇਹਦੇ 'ਚ ਪਾਣੀ ਪੈ ਜਾਵੇ। ਸੋ ਇਹਨੂੰ ਲੰਘਾਉਣ ਵਾਸਤੇ ਪੂਰੇ ਦੀ ਲੋੜ ਹੈ। ਉਹਦੀ ਲੋੜ ਹੈ ਜਿਹੜਾ ਇਹਦੇ ਵਿਚੋਂ ਲੰਘਾ ਸਕੇ, ਦੂਸਰੇ ਤੋਂ ਨਹੀਂ ਇਹ ਲੰਘਦਾ।

*ਧਾਰਨਾ – ਬਿਨਾਂ ਗੁਰਾਂ ਤੋਂ*
*ਰਾਹ ਬੁੱਝਣਾ ਹੈ ਔਖਾ।*

*ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥*
*ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥*
*ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥*
*ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ ॥*
*ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ ॥*

*ਫਲੀਅਹਿ ਫੂਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ॥*
*ਅੰਗ - ੪੬੩*

ਹਨ੍ਹੇਰਾ ਦੂਰ ਨਹੀਂ ਹੁੰਦਾ, ਨਾ ਕਿਤਾਬਾਂ ਦੂਰ ਕਰ ਸਕਦੀਆਂ, ਨਾ ਕੋਈ ਗੱਲਾਂਬਾਤਾਂ ਦੂਰ ਕਰ ਸਕਦੀਆਂ ਨੇ। ਕੇਵਲ ਗੁਰੂ 'ਚ ਇਹ ਸ਼ਕਤੀ ਹੈ ਕਿ ਮਨ ਦੇ ਪਏ ਹੋਏ ਹਨ੍ਹੇਰੇ ਨੂੰ ਦੂਰ ਕਰ ਦੇਵੇ। ਸੋ ਮਹਾਰਾਜ ਕਹਿੰਦੇ -

*ਭੂਲੀ ਭੂਲੀ ਥਲਿ ਚੜਾ ਥਲਿ ਚੜਿ ਡੂਗਰਿ ਜਾਉ ॥*
*ਅੰਗ - ੫੭*

ਭੁੱਲ ਕੇ ਵੱਡੇ-ਵੱਡੇ ਪਹਾੜਾਂ 'ਤੇ, ਥਲਾਂ 'ਤੇ ਚੜ੍ਹ ਜਾਵਾਂ, ਥਲਾਂ ਤੇ ਟਿੱਬਿਆਂ 'ਤੇ ਚੜ੍ਹ ਕੇ ਉਸ ਤੋਂ ਵੀ ਉਪਰ ਪਹਾੜਾਂ ਦੀਆਂ ਚੋਟੀਆ 'ਤੇ ਚੜ੍ਹ ਜਾਵਾਂ।

*ਬਨ ਮਹਿ ਭੂਲੀ ਜੇ ਫਿਰਾ*
*ਬਿਨੁ ਗੁਰ ਬੂਝ ਨ ਪਾਉ ॥ ਅੰਗ - ੫੭*

ਆਪਣੇ ਆਪ ਰਾਹ ਨਹੀਂ ਮਿਲਦਾ, ਬਗੈਰ ਗੁਰੂ ਤੋਂ ਨਹੀਂ ਬੁੱਝਦੀ ਗੱਲ।

*ਨਾਵਹੁ ਭੂਲੀ ਜੇ ਫਿਰਾ*
*ਫਿਰਿ ਫਿਰਿ ਆਵਉ ਜਾਉ॥*
*ਪੂਛਹੁ ਜਾਇ ਪਧਾਊਆ ਚਲੇ ਚਾਕਰ ਹੋਇ ॥*
*ਅੰਗ - ੫੭*

ਕਹਿੰਦੇ ਜਾਓ ਜਿਹੜੇ ਰਸਤੇ ਪਏ ਹੋਏ ਨੇ ਨਾ, ਤੁਰਦੇ ਨੇ, ਉਨ੍ਹਾਂ ਨੂੰ ਜਾ ਕੇ ਪੁਛੋ ਕਿ ਮੈਨੂੰ ਰਸਤਾ ਦੱਸ ਦਿਓ ਕਿ ਕਿਹੜੀ ਡੰਡੀ ਜਾਂਦੀ ਹੈ, ਕਿਹੜਾ ਰਸਤਾ ਜਾਂਦਾ ਹੈ, ਕਿਹੜੀ ਸੜਕ ਜਾਂਦੀ ਹੈ ਤੇ ਮੈਨੂੰ ਇਸ ਰਸਤੇ ਪਾ ਦਿਓ ਤੇ ਨਾਲ ਚਾਕਰ ਬਣ ਕੇ ਚੱਲੋ, ਇਹ ਨਹੀ ਕਿ ਅਭਿਮਾਨੀ ਬਣ ਕੇ ਚੱਲੋ। ਉਹ ਦੱਸਦੇ ਹੀ ਤਾਂ ਨੇ ਜੇ ਦੱਸਣ ਦੇ ਕਾਬਲ ਸਮਝਣ।

*ਰਾਜਨੁ ਜਾਣਹਿ ਆਪਣਾ ਦਰਿ ਘਰਿ ਠਾਕ ਨ ਹੋਇ॥ ਅੰਗ - ੫੭*

ਆਪਣੇ ਵਾਹਿਗੁਰੂ ਨੂੰ ਜਾਣੇ। ਜਦੋਂ ਜਾਣ ਲਿਆ ਫੇਰ ਪ੍ਰਮੇਸ਼ਰ ਦੇ ਦਰ 'ਤੇ ਜਾਣ ਵੇਲੇ ਕੋਈ ਰੋਕਣ ਵਾਲੀ ਚੀਜ਼ ਨਹੀਂ।

*ਨਾਨਕ ਏਕੋ ਰਵਿ ਰਹਿਆ ਦੂਜਾ ਅਵਰੁ ਨ ਕੋਇ ॥*
*ਅੰਗ - ੫੭*

ਜਦੋਂ ਜਾਣ ਲਿਆ ਫੇਰ ਉਹਨੂੰ ਦਿਸ ਗਿਆ ਕਿ ਇਥੇ ਤਾਂ ਵਾਹਿਗੁਰੂ ਤੋਂ ਬਗੈਰ ਹੋਰ ਹੈ ਹੀ ਕੋਈ ਨਹੀਂ। ਸੋ ਇਸ ਤਰ੍ਹਾਂ ਦੇ ਨਾਲ ਗੁਰੂ ਨਾਨਕ ਪਾਤਸ਼ਾਹ ਨੇ ਆਪਣੇ ਪਿਤਾ ਜੀ ਨੂੰ, ਮਾਤਾ ਜੀ ਨੂੰ, ਦੋਹਾਂ ਨੂੰ ਬਚਨਾਂ ਦੇ ਨਾਲ ਸਮਝਾਉਣ ਦਾ ਯਤਨ ਕੀਤਾ। ਅੱਜ ਪਹਿਲੀ ਵਾਰੀ ਹੈ ਕਿ ਮਹਿਤਾ ਕਾਲੂ ਜੀ ਦੇ ਮਨ ਵਿੱਚ ਆਇਆ ਕਿ ਐਨੀ ਦੁਨੀਆਂ ਮੰਨਦੀ ਹੈ, ਐਨੇ ਰਾਜੇ, ਐਨੇ ਵਿਦਵਾਨ, ਐਨੇ ਪੰਡਤ; ਜੇ ਦੁਨੀਆਂ ਦੇ ਵਿੱਚ ਇਨ੍ਹਾਂ ਦੇ ਪ੍ਰਤਾਪ ਨੂੰ ਨਹੀਂ ਕੋਈ ਮੰਨਦਾ ਤਾਂ ਮੈਂ ਹੀ ਹਾਂ ਇੱਕ। ਬਾਕੀ ਤਾਂ ਸਾਰੇ ਮੰਨਦੇ ਨੇ। ਰਾਇ ਬੁਲਾਰ ਕਹਿੰਦਾ ਹੀ ਚਲਿਆ ਗਿਆ ਕਿ ਇਹਦੇ ਅਰ ਰੱਬ ਦੇ ਵਿੱਚ ਕੋਈ ਭੇਤ ਨਹੀਂ ਹੈ। ਵੈਦ ਨੇ ਇਹ ਗੱਲ ਪਹਿਲੇ ਦਿਨ ਹੀ ਕਹਿ ਦਿੱਤੀ ਸੀ ਕਿ ਨਾਨਕ ਤਾਂ ਸਾਰੀ ਦੁਨੀਆਂ ਦੇ ਦੁੱਖ ਦੂਰ ਕਰਨ ਵਾਲਾ ਵੈਦ ਹੈ। ਇਹਦਾ ਇਲਾਜ ਮੈਂ ਨਹੀਂ ਕਰ ਸਕਦਾ, ਇਹ ਤਾਂ ਸਾਰੀ ਦੁਨੀਆਂ ਦੇ ਦੁਖਾਂ ਨੂੰ ਦੂਰ ਕਰਨ ਵਾਲਾ ਹੈ। ਪੰਡਤ ਨੇ ਕਹਿ ਦਿੱਤਾ ਸੀ ਪਹਿਲੇ ਦਿਨ ਹੀ ਕਿ ਕਾਲੂ ਜੀ! ਨਾਨਕ ਤਾਂ ਸਾਰੇ ਪੜ੍ਹਿਆਂ ਹੋਇਆਂ ਨੂੰ ਪੜ੍ਹਾਉਣ ਵਾਲੇ ਆਏ ਨੇ। ਕਾਜ਼ੀ ਨੇ ਵੀ ਇਹੀ ਗੱਲ ਕਹਿ ਦਿੱਤੀ। ਸੱਯਦ ਨੇ ਵੀ ਇਹੀ ਗੱਲ ਕਹਿ ਦਿੱਤੀ। ਸਾਸ਼ਤਰੀ ਨੇ ਵੀ ਇਹੀ ਗੱਲ ਕਹਿ ਦਿੱਤੀ ਤੇ ਬਾਕੀ ਤਾਂ ਸਾਰੇ ਮੰਨਦੇ ਨੇ ਤੇ ਜੇ ਨਹੀਂ ਮੰਨਿਆ ਤਾਂ ਮੈਂ ਹੀ ਨਹੀਂ ਹਾਲੇ ਤੱਕ ਮੰਨਿਆ ਤੇ ਭੈਣ ਇਹਦੀ ਨਾਨਕੀ ਸਦਾ ਹੀ ਮੈਨੂੰ ਕਹਿੰਦੀ ਹੈ ਕਿ ਪਿਤਾ ਜੀ! ਪਛਾਣੋ ਤੁਸੀਂ। ਅੱਜ ਮਨ ਵਿੱਚ ਖਿਆਲ ਆਇਆ ਪਹਿਲੀ ਵਾਰੀ ਕਿ ਮੈਂ ਵੀ ਦੇਖਾਂ ਕਿਤੇ ਮੈਂ ਭੁਲੇਖੇ ਵਿੱਚ ਹੀ ਤਾਂ ਨਹੀਂ ਚਲਿਆ ਜਾ ਰਿਹਾ। ਉਸ ਵੇਲੇ ਕਹਿਣ ਲੱਗਿਆ, ਹੇ ਨਾਨਕ! ਮੈਂ ਜੋ ਬਾਤਾਂ ਸੁਣੀਆਂ ਹਨ ਉਹਦਾ ਅਸਰ ਮੇਰੇ 'ਤੇ ਹੋਇਆ ਹੈ, ਜਿਹੜੀਆਂ ਤੂੰ ਹੁਣ ਕਹੀਆਂ ਨੇ, ਜਿਹੜੀਆਂ ਮੈਂ ਪਹਿਲਾਂ ਸੁਣੀਆਂ ਨੇ ਤੇ ਮੇਰੇ ਮਨ ਵਿੱਚ ਇਸ ਗੱਲ ਦੀ ਬਹੁਤ ਸ਼ਰਧਾ ਜਾਗੀ ਹੈ ਤੇ ਲਿਖਦੇ ਨੇ-

*ਬੋਲਯੋ ਕਰਿਕੈ ਭਾਉ ਘਨੇਰਾ।*
*ਮੈਂ ਜਾਨਤਿ ਰਹਿਓ ਸੁਤ ਮੇਰਾ।*
*ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - ੮੧੨*

ਮੈਂ ਤਾਂ ਇਹੀ ਜਾਣਦਾ ਰਿਹਾ ਹੁਣ ਤੱਕ ਕਿ ਇਹ ਮੇਰਾ ਪੁੱਤਰ ਹੈ। ਪਰ ਮੈਨੂੰ ਤਾਂ ਹੁਣ ਪਤਾ ਲੱਗਿਆ ਹੈ ਕਿ -

*ਮਹਾਂਪੁਰਖ ਤੁਮ ਦੀਨਦਯਾਲਾ।*
*ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - ੮੧੨*

ਤੂੰ ਤਾਂ ਦੀਨਾਂ ਦੇ ਉਤੇ ਦਇਆਲ ਹੋਣ ਵਾਲਾ ਮਹਾਂਪੁਰਖ ਹੈਂ।

*ਮੁਝ ਉਰ ਦੀਜੈ ਗਯਾਨ ਬਿਸਾਲਾ।*
*ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - ੮੧੨*

ਮੇਰੇ ਮਨ ਦੇ ਅੰਦਰ ਜਿਹੜਾ ਹਨ੍ਹੇਰਾ ਪਿਆ ਹੈ, ਮੇਰੇ ਹਿਰਦੇ ਦੇ ਵਿੱਚ ਉਹ ਐਸਾ ਗਿਆਨ ਦੇ ਦੇ-

*ਜਿਹ ਤੇ ਜਨਮ ਮਰਨ ਹ੍ਵੈ ਹਾਨਾ।*
*ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - ੮੧੨*

ਜਿਸ ਤੋਂ ਮੈਂ ਜੰਮਣ ਮਰਨ ਦੇ ਚੱਕਰ 'ਚੋਂ ਛੁਟ ਜਾਵਾਂ।

*ਉਪਜੈ ਅਬਚਲ ਅਨੰਦ ਮਹਾਨਾ।*
*ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - ੮੧੨*

ਮੇਰੇ ਅੰਦਰ ਜਿਹੜਾ ਨਾ ਚਲਾਏਮਾਨ, ਕਦੇ ਵੀ ਘੱਟ ਨਹੀਂ ਹੁੰਦਾ, ਐਸਾ ਅਨੰਦ ਮੇਰੇ ਹਿਰਦੇ 'ਚ ਪੈਦਾ

ਹੋ ਜਾਵੇ। ਹੇ ਨਾਨਕ! ਤੂੰ ਮੇਰੇ 'ਤੇ ਕ੍ਰਿਪਾ ਕਰ। ਐਸ ਤਰ੍ਹਾਂ ਦੇ ਨਾਲ ਬੇਨਤੀ ਕਰਦੇ ਨੇ-

*ਧਾਰਨਾ - ਬਹੁਤੇ ਫੇਰ ਭਏ ਕ੍ਰਿਪਨ ਕਉ*
*ਅਬ ਕਿਛੁ ਕ੍ਰਿਪਾ ਕੀਜੈ ਜੀ।*
*ਬਹੁਤੇ ਫੇਰ ਪਏ ਕਿਰਪਨ ਕਉ*
*ਅਬ ਕਿਛੁ ਕਿਰਪਾ ਕੀਜੈ ॥*
*ਹੋਹੁ ਦਇਆਲ ਦਰਸਨੁ*
*ਦੇਹੁ ਅਪੁਨਾ ਐਸੀ ਬਖਸ ਕਰੀਜੈ ॥*

*ਅੰਗ - ੬੬੬*

ਹੇ ਨਾਨਕ ਜੀ! ਐਸੀ ਮੇਰੇ 'ਤੇ ਕ੍ਰਿਪਾ ਕਰ, ਐਸੀ ਬਖਸ਼ਿਸ਼ ਕਰ ਕਿ ਸੰਸਾਰ ਦੇ ਜੰਮਣ ਮਰਨ ਦੇ ਚੱਕਰ ਵਿਚੋਂ ਨਿਕਲ ਜਾਵਾਂ। ਉਸ ਵੇਲੇ ਗੁਰੂ ਮਹਾਰਾਜ ਨੇ ਕ੍ਰਿਪਾ ਕਰਕੇ ਮਾਇਆ ਰੋਕ ਦਿੱਤੀ। ਮਾਇਆ ਕਰਕੇ ਹੀ ਅਸੀਂ ਭੁੱਲੇ ਹੋਏ ਹਾਂ, ਜੇ ਰੁਕ ਜਾਵੇ ਉਸੇ ਵੇਲੇ ਸਾਨੂੰ ਅਸਲੀਅਤ ਦਾ ਪਤਾ ਲਗ ਜਾਂਦਾ ਹੈ ਕਿ ਆਹ ਤਾਂ ਅਸਲ ਨਹੀਂ ਹੈ ਆਹ ਅਸਲ ਹੈ। ਨਕਲ ਦੇ ਵਿੱਚ ਅਸੀਂ ਫਸੇ ਹੋਏ ਹਾਂ। ਜਿਸ ਚੀਜ਼ ਦਾ ਕੋਈ ਵਜੂਦ ਨਹੀਂ ਜਿਹਦੀ ਕੋਈ ਜੜ੍ਹ ਨਹੀਂ ਜਿਹਦਾ ਕੋਈ ਕੁਛ ਵੀ ਨਹੀਂ ਹੈ, ਉਹਨੂੰ ਤਾਂ ਅਸੀਂ ਸਤਿ ਕਰਕੇ ਮੰਨਦੇ ਹਾਂ। ਜਿਹੜਾ ਪਾਰਬ੍ਰਹਮ ਪ੍ਰਮੇਸ਼ਰ ਸਤਿ ਹੈ ਉਹ ਸਾਨੂੰ ਸਦਾ ਹੀ ਭੁੱਲਿਆ ਰਹਿੰਦਾ ਹੈ। ਉਸ ਵੇਲੇ ਆਪ ਨੇ ਬੇਨਤੀ ਕਰੀ, ਕਹਿਣ ਲੱਗੇ, ਹੇ ਨਾਨਕ! ਮੈਂ ਹਰਖ ਸੋਗ ਦੇ ਵਿੱਚ ਰੁੜ੍ਹਦਾ ਜਾਂਦਾ ਹਾਂ। ਕਦੇ ਮੈਨੂੰ ਖੁਸ਼ੀ ਹੋ ਜਾਂਦੀ ਹੈ, ਕਦੇ ਮੈਂ ਬਹੁਤ ਹੱਸਦਾ ਹਾਂ, ਕਦੇ ਮੈਂ ਬੋਲ ਕੇ ਵੀ ਰਾਜ਼ੀ ਨਹੀਂ ਤੇ ਹਰਖ ਸੋਗ ਦੇ ਕੱਪਰਾਂ ਦੇ ਵਿੱਚ ਮੇਰੀ ਸਾਰੀ ਜ਼ਿੰਦਗੀ ਲੰਘ ਗਈ ਕਿਉਂਕਿ ਇਹ ਦੋਵੇਂ ਚੀਜ਼ਾਂ ਨੇ ਸਾਧਸੰਗਤ ਜੀ! ਪੰਜ ਕਲੇਸ਼ ਨੇ ਵੱਡੇ, ਇਹ ਪੰਜਾਂ ਦੇ ਵਿੱਚ ਹੀ ਆਦਮੀ ਰੁੱਝਿਆ ਪਿਆ ਹੈ। ਇਹਦੇ ਵਿੱਚੋਂ ਨਿਕਲ ਨਹੀਂ ਸਕਦਾ। ਕਿਉਂਕਿ ਸਾਡੇ ਸਾਮ੍ਹਣੇ ਜਿਹੜੇ ਕੰਮ ਕਰਨ ਵਾਲੇ ਨੇ, ਹੋਰ ਨੇ, ਜਿਹੜੇ ਕੰਮਾਂ ਨੂੰ ਅਸੀਂ ਨੰਬਰ ਇਕ 'ਤੇ ਮਹੱਤਤਾ ਦਿੱਤੀ ਹੋਈ ਹੈ, ਉਹ ਮਹਾਰਾਜ ਕਹਿੰਦੇ ਕੌਡੀ ਦੇ ਵੀ ਕੰਮ ਨਹੀਂ ਹੈ।

*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*

*ਅੰਗ - ੧੨*

ਕਿਤੇ ਨਾ ਉਸਨੂੰ ਕਹਿੰਦੇ ਨੇ ਜਿਹੜੇ ਕੌਡੀ ਦੇ ਵੀ ਕੰਮ ਨਹੀਂ ਹੁੰਦੇ, worthless ਕੰਮਾਂ 'ਚ ਪਿਆ ਹੋਇਆ ਹੈਂ, ਜਿਹੜਾ ਅਸਲੀ ਕੰਮ ਹੈ ਉਹਨੂੰ ਤੂੰ ਪਿੱਠ ਦੇਈਂ ਬੈਠਾ ਹੈਂ ਤੇ ਇਸ ਤੋਂ ਵੱਡਾ ਮੂਰਖ ਕੀ ਹੈ, ਜਿਹੜੇ ਟਾਹਣੇ 'ਤੇ ਬੈਠਾ ਹੈਂ ਉਹਨੂੰ ਹੀ ਵੱਢੀ ਜਾਂਦਾ ਹੈਂ, ਗਿਰੇਂਗਾ ਕਿ ਨਹੀਂ ਗਿਰੇਂਗਾ? ਜੇ ਕੋਈ ਦਸ ਦੇਵੇ, ਕਹਿੰਦੇ ਤੂੰ ਗਿਰ ਜਾਏਂਗਾ, ਤੇਰੇ ਚੋਟਾ ਆਉਣਗੀਆਂ, ਟਾਹਣੇ ਨੇ ਤਾਂ ਟੁੱਟਣਾ ਹੀ ਹੈ, ਇਸ ਗੱਲ ਲਈ ਨੱਠਿਆ ਜਾਏਗਾ, ਪਿੱਛੇ, ਬਈ ਤੂੰ ਤਾਂ ਮੈਨੂੰ ਗੱਲ ਦੱਸ ਦਿੱਤੀ, ਤੂੰ ਤਾਂ ਅੰਤਰਜਾਮੀ ਹੈਂ। ਸੋ ਉਸ ਵੇਲੇ ਮਾਇਆ ਰੁਕਦੇ ਸਾਰ, ਸਾਰੀ ਚੀਜ਼ ਸਮਝ ਵਿੱਚ ਆ ਗਈ। ਉਸ ਵੇਲੇ ਬੜੀ ਅਧੀਨਗੀ ਦੇ ਨਾਲ ਆਪ ਨੇ ਫੇਰ ਬੇਨਤੀ ਗੁਰੂ ਨਾਨਕ ਪਾਤਸ਼ਾਹ ਦੇ ਪਾਸ ਕੀਤੀ -

*ਧਾਰਨਾ - ਦੱਸੀਂ ਸਾਹਿਬਾ*
*ਮੈਂ ਹਾਂ ਕੌਣ ਕਿੱਥੋਂ ਆਇਆ ਹਾਂ।*

ਹੇ ਨਾਨਕ! ਆਹ ਮੈਨੂੰ ਤੂੰ ਕੀ ਦਿਖਾ ਦਿੱਤਾ ਮੈਂ ਤਾਂ ਹੈਰਾਨ ਹਾਂ, ਜਿਵੇਂ ਚੱਕਰੀ ਘੁੰਮਿਆ ਕਰਦੀ ਹੈ, ਐਉਂ ਮੇਰੇ ਪਿੱਛੇ ਪਿਛਲਾ ਸਮਾਂ ਘੁੰਮਦਾ ਗਿਆ, ਕਿੰਨਿਆਂ ਦਾ ਮੈਂ ਪਿਉ ਬਣਿਆ, ਕਿੰਨਿਆਂ ਦਾ ਪੁੱਤਰ ਬਣਿਆ, ਕਿੰਨਿਆਂ ਦਾ ਪੋਤਰਾ ਬਣਿਆ, ਕਿੰਨਿਆਂ ਦਾ ਕੁਛ ਬਣਿਆ, ਕਿੰਨਿਆਂ ਦਾ ਕੁਛ ਬਣਿਆ। ਮੈਂ ਐਉਂ ਚਲਦਾ ਆਇਆ ਹਾਂ? ਮੈਂ ਕੌਣ ਹਾਂ?

*ਮੈਂ ਹੌਂ ਕੌਨ-ਮੋਹਿ ਸੁਧ ਨਾਂਹੀ।*
*ਰਹਿ ਹੌਂ ਹਰਖ ਸ਼ੋਕ ਕੇ ਮਾਂਹੀ॥*
*ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - ੮੧੨*

ਮੈਂ ਤਾਂ ਸਦਾ ਹੀ ਹਰਖ ਤੇ ਸੋਗ ਦੋਹਾਂ ਚੀਜ਼ਾਂ ਦੀ ਥਪੇੜਾਂ ਦੇ ਵਿੱਚ ਆਪਣੀ ਜ਼ਿੰਦਗੀ ਬਤੀਤ ਕਰੀ ਸੀ। ਮੈਂ ਬੇਨਤੀ ਕਰੀ ਸੀ ਪੰਜ ਕਲੇਸ਼ ਨੇ ਬੜੇ ਜ਼ਬਰਦਸਤ, ਪਹਿਲਾ ਤਾਂ ਹੈ ਅਵਿਦਿਆ ਦਾ, ਇਹਦੇ ਵਿੱਚੋਂ ਤਾਂ ਕੋਈ ਵਿਰਲਾ ਬਚਦਾ ਹੈ। ਅਵਿਦਿਆ ਕਹਿੰਦੇ ਨੇ ਅਸਲੀ ਚੀਜ਼ ਨੂੰ ਨਕਲੀ ਜਾਨਣਾ, ਉਹਦਾ ਪਤਾ ਨਾ ਲਗਣਾ। ਅਵਿਦਿਆ ਦੀ ਨੀਂਦ ਦੇ ਵਿੱਚ ਸਾਰਾ ਸੰਸਾਰ ਸੁੱਤਾ ਪਿਆ ਹੈ, ਦੁਖੀ ਹੋ ਰਿਹਾ ਹੈ।

*ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ*
*ਸੁਤਿਆ ਰੈਣਿ ਵਿਹਾਣੀ ॥ ਅੰਗ - ੯੨੦*

ਮੈਂ ਹਰਖ ਸੋਗ ਦੇ ਵਿਚ ਪੀੜਤ ਹੋ ਰਿਹਾ ਹਾਂ -

*ਇਕ ਛਿਨ ਮਨ ਥਿਤ ਹੋਵਤਿ ਨਾਂਹੀ।*
*ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - ੮੧੨*

ਇੱਕ ਛਿਨ ਜਿੰਨਾ ਵੀ ਮਨ ਜਿਹੜਾ ਹੈ ਉਹ ਖੜ੍ਹਦਾ ਨਹੀਂ ਹੈਗਾ -

*ਬਿਚਰਹਿ ਰਾਗ ਦ੍ਵੈਖ ਕੇ ਮਾਂਹੀ॥*
*ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - ੮੧੨*

ਕਦੇ ਮੈਂ ਕਿਸੇ ਨਾਲ ਨਫਰਤ ਕਰਨ ਲਗ ਜਾਂਦਾ ਹਾਂ। ਕਿਸੇ ਨਾਲ ਗੁੱਸੇ ਹੋ ਜਾਂਦਾ ਹਾਂ, ਕਿਸੇ ਨਾਲ ਮੈਂ ਦੂਰੀਆਂ ਪਾ ਲੈਂਦਾ ਹਾਂ, ਕਦੇ ਨੇੜਤਾ ਪਾ ਲੈਂਦਾ ਹਾਂ। ਕਦੇ ਕਿਸੇ ਨਾਲ ਮੈਂ ਖੁਸ਼ ਹੁੰਦਾ ਹਾਂ, ਕਦੇ ਕਿਸੇ ਨਾਲ ਮੈਂ ਨਰਾਜ਼ ਹੁੰਦਾ ਹਾਂ। ਆਹ ਮੇਰਾ ਕੀ ਹਾਲ ਹੋ ਰਿਹਾ ਹੈ, ਕ੍ਰਿਪਾ ਕਰਕੇ ਮੈਨੂੰ ਦੱਸੋ।

*ਕਤ ਕੀ ਮਾਈ ਬਾਪੁ ਕਤ ਕੇਰਾ*

*ਕਿਵੂ ਥਾਵਹੁ ਹਮ ਆਏ ॥ ਅੰਗ - ੧੫੬*

ਇਹ ਮਾਂ-ਬਾਪ ਕਿੱਥੋਂ ਆ ਗਏ, ਇੱਕ ਤਾਂ ਨਹੀਂ ਮੈਂ ਤਾਂ ਬਹੁਤ ਮਾਂ-ਬਾਪ ਦੇਖ ਲਏ, ਥੋੜ੍ਹੇ ਜਿਹੇ ਚਿਰ 'ਚ ਤੁਸੀਂ ਮੈਨੂੰ ਦਿਖਾਇਆ ਹੈ।

*ਕਤ ਕੀ ਮਾਈ ਬਾਪੁ ਕਤ ਕੇਰਾ*
*ਕਿਵੂ ਥਾਵਹੁ ਹਮ ਆਏ ॥ ਅੰਗ - ੧੫੬*

ਕਿੰਨੇ ਗੁਰੂਆਂ ਦਾ ਮੈਂ ਚੇਲਾ ਵੀ ਬਣਿਆ, ਆਹ ਹੋਇਆ ਕੀ ਹੇ ਨਾਨਕ, ਮੈਨੂੰ ਪਤਾ ਨਹੀਂ ਲਗਦਾ ਕਿ ਮੈਂ ਫੇਰ ਕੌਣ ਹੋਇਆ।

*ਅਗਨਿ ਬਿੰਬ ਜਲ ਭੀਤਰਿ*
*ਨਿਪਜੇ ਕਾਹੇ ਕੰਮਿ ਉਪਾਏ ॥ ਅੰਗ - ੧੫੬*

ਅਸੀਂ ਆਏ ਕਾਹਦੇ ਵਾਸਤੇ ਹਾਂ, ਓਸ ਵੇਲੇ ਗੁਰੂ ਮਹਾਰਾਜ ਕਹਿਣ ਲੱਗੇ, ਪਿਤਾ ਜੀ! ਤੁਹਾਡਾ ਨਹੀਂ ਇਹ ਜੀਵ ਜਿੰਨੇ ਸੰਸਾਰ 'ਤੇ ਨੇ, ਇਹ ਅਨੰਤ ਕਾਲ ਤੋਂ ਨੇ, ਅਨਾਦੀ ਇਨ੍ਹਾਂ ਨੂੰ ਕਹਿੰਦੇ ਨੇ। ਆਦਿ ਨਾ ਜਿਨ੍ਹਾਂ ਦਾ ਹੋਵੇ, ਲੇਕਿਨ ਵਾਹਿਗੁਰੂ ਜਾਣਦਾ ਹੈ ਇਨ੍ਹਾਂ ਦੇ ਆਦਿ ਨੂੰ। ਹੋਰ ਕੋਈ ਜਾਣਦਾ ਨਹੀਂ ਹੈ, ਕਿਉਂਕਿ ਅਨਾਦੀ ਇੱਕ ਵਾਹਿਗੁਰੂ ਹੈ ਤੇ ਇਹ ਜਿਹੜਾ ਜੀਵ ਹੈ ਇੱਕ ਭਰਮ ਕਰਕੇ ਪ੍ਰਤੀਤ ਦਿੰਦਾ ਹੈ। ਦਰਅਸਲ ਇਹਦੀ ਕੋਈ ਹਸਤੀ ਨਹੀਂ ਹੈ, ਲੇਕਿਨ ਹੈਗਾ, ਨਜ਼ਰ ਆਉਂਦਾ ਹੈ, ਅਜੀਬ ਆਹੀ ਗੱਲ ਹੈ ਜਿਹੜੀ ਸਮਝ ਵਿੱਚ ਨਹੀਂ ਆਉਂਦੀ। ਇਸੇ ਨੂੰ ਅਕੱਥ ਕਥਾ ਕਹਿੰਦੇ ਨੇ ਨਾ ਕਥੀ ਜਾਣ ਵਾਲੀ, ਸਮਝੋ ਕੀ, ਹੈਗਾ ਵੀ ਤੇ ਨਹੀਂ ਵੀ ਹੈਗਾ। ਹੁਣ ਕਾਹਦੇ ਉਤੇ ਨਿਰਣਾ ਕਰੀਏ। ਹੈਗਾ ਤਾਂ ਸਾਡੇ ਪੁੱਤਰ ਨੇ, ਧੀਆਂ ਨੇ, ਜਾਇਦਾਦ ਹੈ, ਕੋਈ ਸਾਡਾ ਮਿੱਤਰ ਹੈ, ਕੋਈ ਸਾਡਾ ਧਰਮ ਹੈ, ਇਸ ਗੱਲ ਕਰਕੇ ਤਾਂ ਹੈਗਾ, ਜਦ ਅਸੀਂ ਦੇਖਦੇ ਹਾਂ ਕਿ ਥੋੜ੍ਹੀ ਦੇਰ ਪਹਿਲਾਂ ਇੱਥੇ ਕੁਛ ਵੀ ਨਹੀਂ ਸੀਗਾ। ਮੇਰਾ ਵਜੂਦ ਵੀ ਨਹੀਂ ਸੀ, ਫੇਰ ਇਹ ਮੈਨੂੰ ਝੂਠਾ ਲਗਣ ਲਗ ਜਾਂਦਾ ਹੈ ਕਿ ਇਹ ਸੁਪਨਾ ਹੈ। ਕਿਉਂਕਿ ਜ਼ਿੰਦਗੀ 'ਚ ਮੈਂ ਸੁਪਨੇ ਵੀ ਹਜ਼ਾਰਾਂ ਦੇਖੇ ਨੇ, ਉਨ੍ਹਾਂ ਸੁਪਨਿਆਂ 'ਚ ਮੈਨੂੰ ਉਸ ਵੇਲੇ ਸਤਿ ਨਜ਼ਰ ਆਉਂਦਾ ਹੈ ਤੇ ਸੁਪਨੇ ਤੋਂ ਬਾਅਦ ਉਹ ਝੂਠਾ ਹੋ ਜਾਂਦਾ ਹੈ। ਮਹਾਰਾਜ ਕਹਿੰਦੇ, ਇਸੇ ਤਰ੍ਹਾਂ ਪਿਤਾ ਜੀ! ਇਹ ਜੀਵ ਦਾ ਸਫਰ ਬਹੁਤ ਲੰਮਾ ਹੈ। ਇਹਨੇ ਬੜੇ ਸਰੀਰ ਹੰਢਾ-ਹੰਢਾ ਕੇ ਦੇਖੇ ਨੇ -

*ਧਾਰਨਾ - ਕੇਤੇ ਨਾਗ ਕੁਲੀ ਮਹਿ ਆਏ,*
*ਕੇਤੇ ਪੰਖ ਉਡਾਏ ਨੇ।*

*ਕੇਤੇ ਰੁਖ ਬਿਰਖ ਹਮ ਚੀਨੇ*
*ਕੇਤੇ ਪਸੂ ਉਪਾਏ ॥*
*ਕੇਤੇ ਨਾਗ ਕੁਲੀ ਮਹਿ ਆਏ*
*ਕੇਤੇ ਪੰਖ ਉਡਾਏ ॥ ਅੰਗ - ੧੫੬*
*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ ੧ ॥*
*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥ਅੰਗ - ੧੭੬*

ਪਿਤਾ ਜੀ! ਇਹ ਜਿੰਨੇ ਜੀਵ ਸੰਸਾਰ 'ਚ ਨਜ਼ਰ ਆਉਂਦੇ ਨੇ, ਇਨ੍ਹਾਂ ਦਾ ਸਫਰ ਬਹੁਤ ਦੇਰ ਦਾ ਅਨਾਦੀ ਕਾਲ ਤੋਂ ਸ਼ੁਰੂ ਹੋਇਆ ਹੈ, ਕੋਈ ਦੱਸ ਨਹੀਂ ਸਕਦਾ। ਓਸ ਵੇਲੇ ਤੋਂ ਹੀ ਇਹ ਰੂਪ ਵਟਾਉਂਦਾ ਆਉਂਦਾ ਹੈ ਵਾਸ਼ਨਾ ਦੇ ਮੁਤਾਬਿਕ। ਜਿਹੋ ਜਿਹੀ ਵਾਸ਼ਨਾ ਪ੍ਰਧਾਨ ਹੋ ਜਾਂਦੀ ਹੈ, ਉਹੋ ਜਿਹਾ ਰੂਪ ਇਹਨੂੰ ਮਿਲ ਜਾਇਆ ਕਰਦਾ ਹੈ, ਅਗਲੇ ਜਨਮ ਵਿਚ। ਸੋ ਇਸ ਕਰਕੇ ਇਹਦਾ ਸਫਰ ਬਹੁਤ ਲੰਮਾ ਹੈ। ਚੌਵੀ ਹਜ਼ਾਰ ਕਿਸਮ ਦੇ ਰੁੱਖ-ਬਿਰਖ, ਜੜ੍ਹੀਆਂ ਬੂਟੀਆਂ ਗਿਣੀਆਂ ਨੇ ਸੰਸਾਰ 'ਤੇ ਮਹਾਂਪੁਰਸ਼ਾਂ ਨੇ। ਚਾਰ ਲੱਖ ਕਿਸਮ ਦੇ ਪੱਥਰ ਨੇ ਜਿਨ੍ਹਾਂ 'ਚ ਜਾਨ ਹੈ। ਸਾਢੇ ਸੱਤ ਲੱਖ ਕਿਸਮ ਦੇ ਉਹ ਜੀਵ ਨੇ ਜਿਹੜੇ ਪਾਣੀ ਵਿੱਚ ਵੀ ਰਹਿੰਦੇ ਨੇ ਤੇ ਬਾਹਰ ਵੀ; ਪੇਟ ਭਾਰ ਚਲਦੇ ਨੇ। ਉਨ੍ਹਾਂ ਦੇ ਲੱਤਾਂ ਨਹੀਂ ਹਨ। ਸਾਢੇ ਸੱਤ ਲੱਖ ਕਿਸਮ ਦੇ ਉਹ ਨੇ, ਜਿਹੜੇ ਫੰਗਾਂ ਦੇ ਨਾਲ ਉਡਦੇ ਨੇ, ਚਾਰ ਲੱਖ ਕਿਸਮ ਦੇ ਜੀਵ ਉਹ ਨੇ ਜਿਹੜੇ ਲੱਤਾਂ ਦੇ ਨਾਲ ਚਲਦੇ ਨੇ। ਦੋ ਲੱਖ ਕਿਸਮ ਦੇ ਭੂਤ, ਪ੍ਰੇਤ ਐਸੇ ਅਦ੍ਰਿਸ਼ ਜੀਵ ਨੇ ਜਿਹੜੇ ਨਜ਼ਰ ਨਹੀਂ ਆਉਂਦੇ ਪਰ ਹੈਗੇ। ਬਾਕੀ ਜਿਹੜੇ ਨੇ ਉਹ ਪਾਣੀ ਵਿੱਚ ਮੱਛੀਆਂ ਵਗੈਰਾ, ਬੇਅੰਤ ਚੀਜ਼ਾਂ ਨੇ, ਸੋ ਇਹ ਸਾਰੇ ਸਰੀਰ ਧਾਰਨ ਕਰਕੇ ਅਖੀਰ ਚਲਦੇ-ਚਲਦੇ ਇਹਦੀ ਵਾਰੀ ਆ ਜਾਂਦੀ ਹੈ, ਉਹਨੂੰ ਮਹਾਰਾਜ ਕਹਿੰਦੇ -

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅੰਗ - ੧੨*

ਲੈ ਬਈ ਵਾਰੀ ਆ ਗਈ ਤੇਰੀ ਤੇ ਹੁਣ ਤੂੰ ਜਾਗ, ਤੈਨੂੰ ਮਨੁੱਖ ਦਾ ਜਾਮਾ ਮਿਲ ਗਿਆ ਫਿਰਦੇ-ਫਿਰਦੇ ਨੂੰ।

*ਫਿਰਤ ਫਿਰਤ ਬਹੁਤੇ ਜੁਗ ਹਾਰਿਓ*
*ਮਾਨਸ ਦੇਹ ਲਹੀ ॥*
*ਨਾਨਕ ਕਹਤ ਮਿਲਨ ਕੀ*
*ਬਰੀਆ ਸਿਮਰਤ ਕਹਾ ਨਹੀ ॥ ਅੰਗ - ੬੩੧*

ਤੈਨੂੰ ਮਾਣਸ ਦੀ ਦੇਹ ਮਿਲ ਗਈ। ਇਹ ਜਿਹੜੀ ਦੇਹ ਤੈਨੂੰ ਹੁਣ ਮਿਲੀ ਹੈ ਇਹਦੀ ਤੂੰ ਕਦਰ ਕਰ, ਕਿੰਨਾ ਸਮਾਂ ਲੰਘ ਗਿਆ, ਜੇ ਮਾੜ੍ਹਾ-ਮਾੜ੍ਹਾ ਵੀ ਸਮਾਂ ਗਿਣੀਏ ਨਾ। ਵਿਚੇ ਲੰਮੀਆਂ ਉਮਰਾਂ, ਵਿਚੇ ਛੋਟੀਆ ਉਮਰਾਂ, ਚੌਰਾਸੀ ਲੱਖ ਤਾਂ ਜੂਨ ਹੀ ਹੈ। ਇਹ ਤਕਰੀਬਨ 60 ਕਰੋੜ ਸਾਲ ਦੇ ਕਰੀਬ ਪਹੁੰਚ ਜਾਂਦੀ ਹੈ, ਮਾਮੂਲੀ ਜਿਹੇ ਅੰਦਾਜ਼ੇ ਨਾਲ। 60 ਕਰੋੜ ਸਾਲ ਦੇ ਚੱਕਰ ਤੋਂ

ਬਾਅਦ ਸਾਨੂੰ ਇਹ ਦੇਹ ਪ੍ਰਾਪਤ ਹੋਈ ਹੈ, ਜਿਹਦੇ ਵਿੱਚ ਅਸੀਂ ਪ੍ਰਮੇਸ਼ਰ ਨੂੰ ਮਿਲ ਸਕਦੇ ਹਾਂ, ਹੋਰ ਦੇਹਾਂ 'ਚ ਇਹ ਅਧਿਕਾਰ ਨਹੀਂ ਹੈਗਾ। ਇਹ ਕੇਵਲ ਪ੍ਰਕ੍ਰਿਤੀ ਦਾ ਜਿਹੜਾ ਸਭ ਤੋਂ ਸ੍ਰੇਸ਼ਟ ਉੱਤਮ ਫਲ ਹੈ ਉਹ ਆਹ ਮਾਨਸ ਸਰੀਰ ਹੈ, ਇਸੇ ਕਰਕੇ ਸਾਨੂੰ ਬਾਰ-ਬਾਰ ਤਾਕੀਦਾਂ ਹੁੰਦੀਆਂ ਨੇ ਕਿ ਦੇਖ, ਐਸਾ ਨਾ ਹੋਵੇ ਕਿ ਤੇਰੇ ਹੱਥੋਂ ਨਿਕਲ ਜਾਵੇ। ਤੂੰ ਜਿਸ ਕੰਮ ਨੂੰ ਕਰਨ ਆਇਆ ਹੈਂ ਉਹ ਕੰਮ ਨੂੰ ਕਰ ਲੈ।

***ਧਾਰਨਾ - ਆਇਓ ਲਾਹਾ ਲੈਣ ਪ੍ਰਾਣੀ,***
***ਆਇਓ ਲਾਹਾ ਲੈਣ।***

***ਪ੍ਰਾਣੀ ਤੂੰ ਆਇਆ ਲਾਹਾ ਲੈਣਿ ॥***
***ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ॥***
***ਅੰਗ - ੪੩***

ਤੇਰੀ ਤਾਂ ਉਮਰ ਦਾ ਰੋਜ਼ ਚੌਵੀ ਹਜ਼ਾਰ ਸ੍ਵਾਸ ਘਟ ਜਾਇਆ ਕਰਦਾ ਹੈ। ਰੋਜ਼ ਦੀ ਰੋਜ਼ ਮੁਕਦੀ ਜਾਂਦੀ ਹੈ, ਸੌ ਸਾਲ ਦੀ ਉਮਰ ਹੋਵੇ ਤਾਂ 88 ਕਰੋੜ 66 ਲੱਖ ਸ੍ਵਾਸ ਮਿਲਿਆ ਕਰਦਾ ਹੈ। ਜੇ 75 ਸਾਲ ਦੀ ਹੋਵੇ ਤਾਂ 66 ਕਰੋੜ 44 ਲੱਖ ਸ੍ਵਾਸ ਮਿਲਦੇ ਨੇ। ਸਾਰੇ ਮੁੱਕ ਜਾਂਦੇ ਨੇ ਇੱਕ-ਇੱਕ ਕਰਕੇ ਤੇ ਉਹ ਕੰਮ ਤਾਂ ਤੂੰ ਕਰਿਆ ਨਹੀਂ। ਸੋ ਮਹਾਰਾਜ ਕਹਿਣ ਲੱਗੇ, ਪਿਤਾ ਜੀ! ਆਹ ਲੰਮਾ ਸਫਰ ਹੈ ਸਾਡਾ, ਕਹਿਣ ਲੱਗੇ, ਹੇ ਨਾਨਕ! ਮੈਨੂੰ ਇਹ ਨਹੀਂ ਤੂੰ ਗੱਲ ਦੱਸੀ ਕਿ ਮੈਂ ਕੌਣ ਹਾਂ, ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਇਸ ਤਰ੍ਹਾਂ ਦਾ ਭਾਵ ਪ੍ਰਗਟ ਕਰਦੇ ਨੇ -

***ਧਾਰਨਾ - ਸੁਣ ਪਿਆਰਿਆ!***
***ਤੂੰ ਹੈਂ ਕੌਣ ਕਿਥੋਂ ਆਇਆ।***

ਮਹਾਰਾਜ ਸਾਨੂੰ ਦਸਦੇ ਨੇ ਕਿ ਸੁਣੋ ਧਿਆਨ ਦੇ ਨਾਲ, ਤੁਸੀਂ ਕੌਣ ਹੋ ਤੇ ਕਿੱਥੋਂ ਆਏ ਹੋ। ਆਹ ਵਾਕਫੀ ਜੇ ਸਾਨੂੰ ਹੋ ਜਾਵੇ ਨਾ, ਬਹੁਤ ਮਸਲਾ ਸਾਡਾ ਹੱਲ ਹੋ ਜਾਵੇ। ਕਈ ਪ੍ਰੇਮੀ ਇਹ ਸੋਚਦੇ ਨੇ ਕਿ ਆਹ ਵੀ ਕੋਈ ਮਸਲਾ ਹੈ, ਮੈਂ ਫਲਾਣੇ ਪਿੰਡ ਤੋਂ ਆਇਆ ਹਾਂ, ਮੇਰਾ ਨਾਉਂ ਆਹ ਹੈ ਤੇ ਮੈਂ ਸਿੱਖ ਹਾਂ ਤੇ ਮੈਂ ਚੰਗੀ ਤਰ੍ਹਾਂ ਆਪਣੇ ਆਪ ਨੂੰ ਜਾਣਦਾ ਹਾਂ। ਆਹ ਵੀ ਕੋਈ ਸਵਾਲ ਹੈ ਕਿ ਤੂੰ ਕੌਣ ਹੈਂ ਤੇ ਕਿੱਥੋਂ ਆਇਆ ਹੈਂ? ਜੇ ਕੋਈ ਪੁੱਛੇ ਕਿ ਤੂੰ ਕੌਣ ਹੈਂ, ਕਿੱਥੋਂ ਆਇਆ ਹੈਂ ਤਾਂ ਕਹਿੰਦਾ ਹੈ ਕਿ ਜੀ ਮੈਂ ਫਲਾਣੇ ਸੈਕਟਰ ਤੋਂ ਆਇਆ ਹਾਂ, ਮੈਂ ਫਲਾਣਾ ਹਾਂ। ਤੇ ਮੈਂ ਆਫੀਸਰ ਲੱਗਿਆ ਹੋਇਆ ਜਾਂ ਕੋਈ ਕਹਿੰਦਾ ਹੈ ਪ੍ਰੋਫੈਸਰ ਲੱਗਿਆ ਹੋਇਆ ਹਾਂ ਜਾਂ ਮੈਂ ਫਲਾਣਾ ਲੱਗਿਆ ਹੋਇਆ ਹਾਂ। ਇਹ ਵੀ ਕੋਈ ਗੱਲ ਹੈ ਜਿਹੜੀ ਨਾ ਜਾਣੀ ਜਾਵੇ। ਇਹ ਤਾਂ ਸਵਾਲ ਹੀ ਕੋਈ ਨਹੀਂ। ਮਹਿਤਾ ਜੀ ਐਵੇਂ ਸਵਾਲ ਪੁੱਛਣ ਲੱਗ ਗਏ ਇਸ ਗੱਲ ਦਾ। ਇਸ ਤੋਂ ਜਿਹੜੇ ਹੋਰ ਸਿਆਣੇ ਨੇ ਉਹ ਕਹਿੰਦੇ ਕਿ ਮੈਂ ਮਾਂ ਦੇ ਪੇਟ 'ਚੋਂ ਆਇਆ ਹਾਂ। ਕਾਫੀ ਨੇੜੇ ਪਹੁੰਚ ਜਾਂਦੇ ਨੇ ਗੱਲ ਦੇ। ਜਿਹੜੇ ਇਸ ਤੋਂ ਸਿਆਣੇ ਨੇ ਉਹ ਕਹਿੰਦੇ ਨੇ ਕਿ 'ਮਰਣਹਾਰੁ ਇਹੁ ਜੀਅਰਾ ਨਾਹੀ ॥' ਇਹ ਤਾਂ ਮਰਦਾ ਨਹੀਂ ਇਹ ਤਾਂ ਸਰੀਰ ਵਟਾਉਂਦਾ ਹੈ, ਫੇਰ ਮੈਂ ਤਾਂ ਕੁਛ ਹੋਰ ਹਾਂ। ਇੱਥੇ ਤਾਂ ਨਹੀਂ ਮੇਰਾ ਸਫਰ ਸ਼ੁਰੂ ਹੁੰਦਾ। ਮੇਰਾ ਸਫਰ ਤਾਂ ਬਹੁਤ ਦੂਰੋਂ ਸ਼ੁਰੂ ਹੁੰਦਾ ਹੈ ਕਿਤੋਂ। ਜਿਹਦੇ ਬਾਰੇ ਮੈਨੂੰ ਗਿਆਨ ਨਹੀਂ ਹੈ। ਸੋ ਮਹਾਰਾਜ ਕਹਿੰਦੇ -

***ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ ॥***
***ਏਤੀ ਨ ਜਾਨਉ ਕੇਤੀਕ ਮੁਦਤਿ***
***ਚਲਤੇ ਖਬਰਿ ਨ ਪਾਇਓ ॥ ਅੰਗ - ੯੯੯***

ਐਨਾ ਹੀ ਨਹੀਂ ਤੈਨੂੰ ਪਤਾ ਲੱਗਿਆ ਬਈ ਕਿੰਨਾ ਸਮਾਂ ਹੋ ਗਿਆ ਤੈਨੂੰ ਫਿਰਦੇ ਨੂੰ ਤੇ ਚਲਦੇ ਨੂੰ ਤੈਨੂੰ ਖਬਰ ਹੀ ਨਹੀਂ ਲੱਗੀ ਅਜੇ ਤੱਕ। ਕਰੋੜਾਂ ਅਰਬਾਂ ਖਰਬਾਂ ਸਾਲ ਤੋਂ ਤੂੰ ਚਲਦਾ ਹੈਂ, ਕੋਈ ਪਤਾ ਨਹੀਂ ਜੇ ਖਰਬਾਂ ਕਹਿੰਦੇ ਹਾਂ ਇਹ ਵੀ ਝੂਠੀ ਗੱਲ ਹੈ-

***ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥***
***ਅੰਗ - ੫***

***ਥਿਤਿ ਵਾਰੁ ਨਾ ਜੋਗੀ ਜਾਣੈ***
***ਰੁਤਿ ਮਾਹੁ ਨਾ ਕੋਈ ॥ ਅੰਗ - ੪***

ਸਮਾਂ ਨਹੀਂ ਬੰਨ੍ਹਿਆ ਜਾ ਸਕਦਾ ਕਿ ਐਨਾ ਚਿਰ ਹੋ ਗਿਆ, ਸਾਇੰਸ ਵਾਲੇ ਖੋਜਦੇ ਫਿਰਦੇ ਨੇ, ਬਈ ਅਸੀਂ ਕੰਮਪਿਊਟਰ ਦੀ ਮਦਦ ਦੇ ਨਾਲ ਇਹ ਗੱਲ ਜਾਣ ਲਈਏ ਕਿ ਧਰਤੀ ਨੂੰ ਬਣੀ ਨੂੰ ਕਿੰਨਾ ਚਿਰ ਹੋ ਗਿਆ। ਫੇਰ ਮਸਲਾ ਹੱਲ ਹੋ ਜਾਊ, ਉਸ ਤੋਂ ਅੱਗੇ ਫੇਰ ਖੜ੍ਹਾ ਹੋ ਜਾਣਾ ਹੈ ਜਿਹੜੇ ਤੱਤਾਂ ਨੇ ਧਰਤੀ ਬਣਾਈ ਹੈ ਉਹ ਕਦੋਂ ਦੇ ਨੇ? ਧਰਤੀ ਦਾ ਤਾਂ ਕੱਢ ਲਓਂਗੇ, ਮਿੱਟੀ ਨੂੰ exmin ਕਰਕੇ, ਇਹਦੀਆਂ ਲਹਿਰਾਂ ਗਿਣ ਕੇ, ਸਾਰਾ ਕੁਛ ਗਿਣ ਕੇ ਇਹਦੀ ਉਮਰ ਨਿਕਲ ਸਕਦੀ ਹੈ। ਪਹਿਲਿਆਂ ਨੇ ਵੀ ਕੱਢੀ ਹੈ ਕਿ ਧਰਤੀ ਦੀ ਉਮਰ ੮ ਅਰਬ 64 ਕਰੋੜ ਸਾਲ ਹੋਇਆ ਕਰਦੀ ਹੈ, ਉਸ ਤੋਂ ਬਾਅਦ ਇਹ ਖਤਮ ਹੋ ਜਾਂਦੀ ਹੈ, ਮੁੜ ਕੇ ਹੋਰ ਬਣ ਜਾਂਦੀ ਹੈ, ਐਹੋ ਜਿਹੀਆਂ ਧਰਤੀਆਂ ਅਰਬਾਂ-ਖਰਬਾਂ ਬਣ ਚੁੱਕੀਆਂ ਨੇ ਲੇਕਿਨ ਉਹ ਤੱਤਾਂ ਨੂੰ ਕਿਵੇਂ ਕੱਢੋਂਗੇ ਕਿ ਤੱਤ ਬਣਿਆਂ ਨੂੰ ਕਿੰਨਾ ਚਿਰ ਹੋ ਗਿਆ ਜਿਸ ਤੋਂ ਧਰਤੀ ਬਣਦੀ ਹੈ। ਜੇ ਉਹਦਾ ਵੀ ਕੱਢ ਲਿਆ ਕਿ ਐਨਾ ਚਿਰ ਹੋ ਗਿਆ ਮਿੱਟੀ ਬਣੀ ਨੂੰ, ਐਨਾ ਚਿਰ ਪਾਣੀ ਬਣੇ ਨੂੰ, ਐਨਾ ਚਿਰ ਹਵਾ ਬਣੇ ਨੂੰ, ਐਨਾ ਚਿਰ ਅੱਗ ਬਣੇ ਨੂੰ, ਐਨਾ ਚਿਰ ਆਕਾਸ਼ ਬਣੇ ਨੂੰ, ਫੇਰ ਜਿਨ੍ਹਾਂ ਦੇ ਵਿਚੋਂ ਇਹ ਬਣਿਆ ਹੈ ਸ਼ਬਦ, ਸਪਰਸ਼, ਰੂਪ, ਰਸ, ਗੰਧ ਇਨ੍ਹਾਂ ਦੀ ਉਮਰ ਕਿਵੇਂ ਕੱਢਾਂਗੇ। ਜੇ ਭਲਾ ਸਾਨੂੰ ਕੋਈ ਚੀਜ਼ ਮਿਲ ਜਾਵੇ ਤਾਂ ਫੇਰ ਮਾਇਆ ਦੀ ਉਮਰ ਕਿਵੇਂ ਕੱਢਾਂਗੇ ਕਿ ਮਾਇਆ ਕਦੋਂ ਤੋਂ ਹੈ, ਅਗਿਆਨ ਕਦੋਂ ਤੋਂ ਹੈ, ਅਗਿਆਨ ਦੀ

ਤਾਂ ਉਮਰ ਹੀ ਨਹੀਂ ਕੱਢੀ ਜਾਂਦੀ। ਹਉਮੈ ਦੀ ਉਮਰ ਕੱਢ ਨਹੀਂ ਹੁੰਦੀ। ਕੋਈ ਨਹੀਂ ਐਸਾ ਜਿਹੜਾ ਹਉਮੈ ਦੀ ਉਮਰ ਕੱਢ ਲਵੇ। ਸੋ ਇਹ ਤਾਂ ਪੁੱਛਣਾ ਹੀ ਪੈਂਦਾ ਹੈ ਕਿ ਹੇ ਮਹਾਰਾਜ! ਆਪ ਕ੍ਰਿਪਾ ਕਰਕੇ ਦੱਸੋ ਮੈਂ ਤਾਂ ਮੂਰਖ ਇਹੀ ਕਹਿੰਦਾ ਹਾਂ ਕਿ ਮੈਂ ਫਲਾਣੇ ਪਿੰਡ ਤੋਂ ਆਇਆ ਹਾਂ ਤੇ ਐਨਾ ਚਿਰ ਹੋ ਗਿਆ ਮੈਨੂੰ ਚਲਦੇ ਨੂੰ, ਤਿੰਨ ਘੰਟੇ ਮੇਰੀ ਬੱਸ ਚਲੀ ਹੈ ਤਾਂ ਮੈਂ ਇੱਥੇ ਪਹੁੰਚਿਆ ਹਾਂ। ਮੈਨੂੰ ਖਬਰ ਤਾਂ ਹੈਗੀ ਰਸਤੇ 'ਚ ਆਉਂਦੇ ਨੂੰ ਲੇਕਿਨ ਜਿੱਥੇ ਮੈਨੂੰ ਉਂਘ ਆ ਗਈ ਉਥੇ ਨਹੀਂ ਪਤਾ ਹੈ। ਬਿਲਕੁਲ ਅਣਜਾਣ ਜਵਾਬ ਹੈ ਇਹ, ਸਮਝਦਾਰ ਬੰਦੇ ਦਾ ਨਹੀਂ ਹੈ। ਸਮਝਦਾਰ ਸੋਚਦਾ ਹੈ ਕਿ ਇਹ ਗੱਲ? ਐਨੀ ਮਹੱਤਤਾ ਦਿੰਦੇ ਨੇ ਮੈਨੂੰ ਇਹ ਸਮਝਣੀ ਚਾਹੀਦੀ ਹੈ। ਜੇ ਮੇਰੇ ਸਮਝ ਵਿੱਚ ਪੈ ਜਾਵੇ ਫੇਰ ਮੈਂ ਪੱਕਾ ਹੋ ਜਾਵਾਂਗਾ, ਆਪਣੇ ਆਪ ਨੂੰ ਤਾਂ ਜਾਣ ਲਵਾਂ। ਜਿੰਨਾ ਚਿਰ ਅਸੀਂ ਆਪਣੇ ਆਪ ਨੂੰ ਨਹੀਂ ਪਛਾਣਦੇ, ਆਪਣੇ ਸਰੂਪ ਨੂੰ ਨਹੀਂ ਜਾਣਦੇ। ਰੱਬ ਨੂੰ ਕੀ ਜਾਣਾਂਗੇ, ਰੱਬ ਦਾ ਤਾਂ ਜਾਨਣਾ ਬਹੁਤ ਔਖਾ ਹੈ। ਜੇ ਕਹੇ ਜੀ ਫਲਾਣੇ ਨੂੰ ਦਰਸ਼ਨ ਹੋਏ ਨੇ। ਇੱਥੇ ਮੇਰੇ ਕੋਲ ਆ ਕੇ ਕਹਿੰਦੇ ਨੇ ਕਿ ਜੀ ਫਲਾਣੇ ਨੂੰ ਦਰਸ਼ਨ ਹੋ ਗਏ, ਫਲਾਣੇ ਨੂੰ ਹੋ ਗਏ। ਮੈਂ ਚੁੱਪ ਕਰ ਰਹਿੰਦਾ ਹਾਂ। ਮੈਂ ਕਹਿੰਦਾ ਹਾਂ ਕਿ ਜਿਹੜੇ ਦਰਸ਼ਨ ਨੇ ਨਾ ਅਸਲੀ ਉਹ ਹੋਰ ਚੀਜ਼ ਹੈ, ਇਹ ਮਨ ਦੀ ਭਾਵਨਾ ਹੋਇਆ ਕਰਦੀ ਹੈ, ਉਹਦੇ ਮੁਤਾਬਿਕ ਚੇਤਨ ਤੱਤ ਦੇ ਵਿਚੋਂ ਜਿਹੋ ਜਿਹੀ ਭਾਵਨਾ ਦੇ ਨਾਲ ਕੋਈ ਖਿੱਚੋ, ਉਹੋ ਜਿਹਾ ਹੀ ਹੋ ਕੇ ਦਰਸ਼ਨ ਦੇ ਦਿੰਦਾ ਹੈ। ਲੇਕਿਨ ਉਹ ਦਰਸ਼ਨ ਨਹੀਂ ਹੋਇਆ ਕਰਦੇ।

ਸੋ ਗੁਰੂ ਨਾਨਕ ਪਾਤਸ਼ਾਹ ਸਮਝਾਉਂਦੇ ਨੇ ਕਿ ਪਿਤਾ ਜੀ, ਤੁਸੀਂ ਜਿਸ ਥਾਂ ਤੋਂ ਕੋਈ ਚੀਜ਼ ਪੈਦਾ ਹੁੰਦੀ ਹੈ, ਜਿਸ ਬੀਜ ਤੋਂ ਕੋਈ ਦਰਖਤ ਪੈਦਾ ਹੋਇਆ ਹੈ, ਉਸ ਬੀਜ ਨੂੰ ਜਾਨਣ ਦਾ ਯਤਨ ਕਰੋ। ਉਹ ਬੀਜ ਹਾਂ ਆਪਾਂ। ਉਸ ਵੇਲੇ ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

*ਧਾਰਨਾ – ਆਪੇ ਇੱਕ ਤੋਂ ਅਨੇਕ ਰੂਪ ਧਾਰ ਕੇ,*
*ਆਪੇ ਖੇਲ੍ਹੇ ਖੇਲ੍ਹ ਆਪਣੀ।*

*ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ ॥*
*ਦੁਯੀ ਕੁਦਰਤਿ ਸਾਜੀਐ*
*ਕਰਿ ਆਸਣੁ ਡਿਠੋ ਚਾਉ ॥*
*ਦਾਤਾ ਕਰਤਾ ਆਪਿ ਤੂੰ*
*ਤੁਸਿ ਦੇਵਹਿ ਕਰਹਿ ਪਸਾਉ ॥*
*ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥*
*ਕਰਿ ਆਸਣੁ ਡਿਠੋ ਚਾਉ ॥ ਅੰਗ - ੪੬੩*
*ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥*
*ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥*
*ਅੰਗ - ੨੯੦*
*ਨਿਰਗੁਨੁ ਆਪਿ ਸਰਗੁਨੁ ਭੀ ਓਹੀ ॥*
*ਕਲਾ ਧਾਰਿ ਜਿਨਿ ਸਗਲੀ ਮੋਹੀ ॥*
*ਅਪਨੇ ਚਰਿਤ ਪ੍ਰਭਿ ਆਪਿ ਬਨਾਏ ॥*
*ਅਪੁਨੀ ਕੀਮਤਿ ਆਪੇ ਪਾਏ ॥*
*ਹਰਿ ਬਿਨੁ ਦੂਜਾ ਨਾਹੀ ਕੋਇ ॥*
*ਸਰਬ ਨਿਰੰਤਰਿ ਏਕੋ ਸੋਇ ॥*
*ਓਤਿ ਪੋਤਿ ਰਵਿਆ ਰੂਪ ਰੰਗ ॥*
*ਭਏ ਪ੍ਰਗਾਸ ਸਾਧ ਕੈ ਸੰਗ ॥*
*ਰਚਿ ਰਚਨਾ ਅਪਨੀ ਕਲ ਧਾਰੀ ॥*
*ਅਨਿਕ ਬਾਰ ਨਾਨਕ ਬਲਿਹਾਰੀ ॥*
*ਅੰਗ - ੨੯੮*
*ਆਪਿ ਸਤਿ ਕੀਆ ਸਭੁ ਸਤਿ ॥*
*ਤਿਸੁ ਪ੍ਰਭ ਤੇ ਸਗਲੀ ਉਤਪਤਿ ॥*
*ਤਿਸੁ ਭਾਵੈ ਤਾ ਕਰੇ ਬਿਸਥਾਰੁ ॥*
*ਤਿਸੁ ਭਾਵੈ ਤਾ ਏਕੰਕਾਰੁ ॥*
*ਅਨਿਕ ਕਲਾ ਲਖੀ ਨਹ ਜਾਇ ॥*
*ਜਿਸੁ ਭਾਵੈ ਤਿਸੁ ਲਏ ਮਿਲਾਇ ॥*
*ਕਵਨ ਨਿਕਟਿ ਕਵਨ ਕਹੀਐ ਦੂਰਿ ॥*
*ਆਪੇ ਆਪਿ ਆਪ ਭਰਪੂਰਿ ॥*
*ਅੰਤਰਗਤਿ ਜਿਸੁ ਆਪਿ ਜਨਾਏ ॥*
*ਨਾਨਕ ਤਿਸੁ ਜਨ ਆਪਿ ਬੁਝਾਏ ॥*
*ਅੰਗ - ੨੯੪*

ਕਹਿਣ ਲੱਗੇ, ਪਿਤਾ ਜੀ! ਇੱਥੇ ਤੂੰ-ਮੈਂ, ਇਹ-ਉਹ, ਐਥੇ-ਉਥੇ, ਐਧਰ-ਉਧਰ ਕੋਈ ਚੀਜ਼ ਨਹੀਂ ਹੈ, ਇਹ ਕੇਵਲ ਮਾਇਆ ਨੇ ਪੈਦਾ ਕਰੀ ਹੋਈ ਚੀਜ਼ ਹੈ। ਇੱਥੇ ਨਿਰੰਕਾਰ ਆਪਣੀ ਖੇਲ੍ਹ ਆਪੇ ਖੇਲ੍ਹ ਰਿਹਾ ਹੈ। ਕਿਸੇ ਦੂਜੇ ਦਾ ਇਹਦੇ ਵਿੱਚ ਦਖਲ ਨਹੀਂ ਹੈ।

*ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥*
*ਖੇਲ ਖੇਲ ਅਖੇਲ ਖੇਲਨ ਅੰਤ ਕਉ ਫਿਰਿ ਏਕ॥*

ਪਹਿਲਾਂ ਵੀ ਇੱਕ *'ਆਦਿ ਪੂਰਨ'*, ਹੁਣ ਵਿਚਾਲੇ ਵੀ ਖੇਲ੍ਹਦਾ ਆਪੇ ਹੈ *'ਮਧਿ ਪੂਰਨ', ਅੰਤਿ ਪੂਰਨ ਪਰਮੇਸੁਰਹ॥'* ਜਦੋਂ ਖੇਲ੍ਹ ਨਹੀਂ ਹੋਏਗੀ। *'ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥'* ਕਹਿਣ ਲੱਗੇ ਦੂਜਾ ਨਹੀਂ ਇੱਥੇ ਹੈ, ਦੂਜਾ ਤਾਂ ਹੋ ਗਿਆ, ਕਿਉਂਕਿ ਮਾਇਆ ਪੈ ਗਈ, ਆਪਣੀ ਖੇਲ੍ਹ ਕਰਦਾ ਹੈ।

ਇੱਕ ਵਾਰੀ ਇੱਕ ਜਾਦੂਗਰ ਰਾਜੇ ਦੇ ਪਾਸ ਆਉਂਦਾ ਹੈ। ਕਹਿੰਦਾ ਮਹਾਰਾਜ! ਮੈਂ ਬੜੇ ਅਜੀਬ-ਅਜੀਬ ਖੇਲ੍ਹ ਕਰਕੇ ਦਿਖਾ ਸਕਦਾ ਹਾਂ। ਆਪ ਆਗਿਆ ਦੇਵੋ ਤੇ ਆਪਣੇ ਕਰਮਚਾਰੀਆਂ ਨੂੰ ਛੁੱਟੀ ਦੇ ਦਿਓ ਤੇ ਖੁਲ੍ਹੇ ਮੈਦਾਨ ਦੇ ਵਿੱਚ ਮੈਂ ਖੇਲ੍ਹ ਦਿਖਾਉਣੀ ਚਾਹੁੰਦਾ ਹਾਂ। ਰਾਜੇ ਨੇ ਕਿਹਾ, ਕਿਹੋ ਜਿਹੀ ਦਿਖਾਏਂਗਾ? ਕਹਿੰਦਾ, ਜਿਹੋ ਜਿਹੀ ਤੁਸੀਂ ਕਹੋਗੇ। ਰਾਜੇ ਨੇ ਕਿਹਾ ਕਿ ਦੇਖ ਬਈ ਖੇਲ੍ਹ ਅਸੀਂ ਬਹੁਤ ਦੇਖੀਆਂ ਨੇ, ਜਾਦੂ ਦੇ ਤਮਾਸ਼ੇ ਬਹੁਤ

ਦੇਖੇ ਨੇ, ਐਸੇ ਵੀ ਦੇਖੇ ਨੇ ਕਿ ਅੱਗ ਜਲ ਰਹੀ ਹੈ। ਲਾਈ ਹੋਈ ਹੈ, ਮੂੰਹ ਵਿੱਚ ਪਾ ਲਈ, ਅੱਗ ਜਲਦੀ-ਜਲਦੀ ਬੁਝਾ ਦਿੱਤੀ। ਪਾਣੀ ਦੇ ਉੱਤੇ ਦੌੜ-ਦੌੜ ਕੇ ਤੁਰੇ ਜਾਂਦੇ ਨੇ ਜਿਵੇਂ ਧਰਤੀ 'ਤੇ ਤੁਰੇ ਜਾਂਦੇ ਨੇ। ਹਵਾ 'ਚ ਉਡਦੇ ਵੀ ਦੇਖੇ ਨੇ। ਪਰ ਕੋਈ ਐਹੋ ਜਿਹੀ ਖੇਲ੍ਹ ਦਿਖਾ ਜੋ ਦਿਲਚਸਪ ਵੀ ਹੋਵੇ ਤੇ ਨਾਲ ਉਹਦੇ ਵਿਚੋਂ ਕੋਈ ਸਿੱਖਿਆ ਵੀ ਮਿਲੇ। ਕਹਿਣ ਲੱਗੇ, ਜੋ ਹਜ਼ੂਰ ਦੀ ਆਗਿਆ। ਪਰ ਮੇਰੇ ਨਾਲ ਮੇਰੀ ਇਸਤ੍ਰੀ ਹੈ ਮੈਂ ਤੁਹਾਨੂੰ ਇੱਕ ਖੇਲ੍ਹ ਦਿਖਾਉਣਾ ਚਾਹੁੰਦਾ ਹਾਂ, ਉਹ ਇਹ ਹੈ ਕਿ ਮੇਰੇ ਵਿੱਚ ਤਾਕਤ ਹੈ, ਮੈਂ ਸਵਰਗ ਲੋਕ 'ਚ ਜਾ ਕੇ ਦੇਵਤਿਆਂ ਨਾਲ ਲੜਾਈ ਕਰਨੀ ਚਾਹੁੰਦਾ ਹਾਂ।

ਕਹਿੰਦਾ, ਐਡੀ ਸੂਰਮਤਾਈ ਹੈ ਤੇਰੇ ਵਿੱਚ?

ਕਹਿੰਦਾ ਹਾਂ। ਕਹਿੰਦੇ ਫੇਰ ਦਿਖਾ।

ਕਹਿੰਦਾ, ਮੇਰੀ ਇਸਤ੍ਰੀ, ਐਸਾ ਨਾ ਹੋਵੇ ਕਿ ਮੈਂ ਉਥੇ ਮਾਰਿਆ ਜਾਵਾਂ, ਕੋਈ ਇਹਨੂੰ ਤੰਗ ਕਰੇ। ਰਾਜਾ ਕਹਿਣ ਲੱਗਿਆ ਕਿ ਮੇਰੀ ਲੜਕੀ ਹੈ ਇਹ, ਮੈਂ ਆਪਣੀ ਲੜਕੀ ਦੇ ਨਾਲ ਰੱਖਾਂਗਾ ਇਸਨੂੰ। ਸੋ ਖੇਲ੍ਹ ਸ਼ੁਰੂ ਹੋ ਗਿਆ। ਉਸ ਨੇ ਇਕ ਡੋਰੇ ਜਿਹੇ ਦਾ ਗੋਲਾ ਕੱਢਿਆ, ਉਪਰ ਨੂੰ ਮਾਰਿਆ, ਖਿੱਚ ਕੇ ਦੇਖਿਆ ਜਿਵੇਂ ਕਿਤੇ ਫਸ ਗਿਆ ਹੁੰਦਾ ਹੈ ਤੇ ਉਹਦੇ ਉਤੇ ਹੀ ਚੜ੍ਹ ਗਿਆ ਇੱਕ ਦਮ, ਦੇਖਦੇ ਹੀ ਦੇਖਦੇ ਅੱਖਾਂ ਤੋਂ ਓਹਲੇ ਹੋ ਗਿਆ। ਉਥੇ ਜਾ ਕੇ ਆਵਾਜ਼ ਦਿੱਤੀ ਕਿ ਮਹਾਰਾਜ ਮੇਰੇ ਨਾਲ ਲੜਨ ਵਾਸਤੇ ਪਵਨ ਦੇਵਤਾ ਆ ਰਿਹਾ। ਹਥਿਆਰ ਚਲਦੇ ਸੁਣਦੇ ਨੇ, ਮਾਰ ਲੈ-ਮਾਰ ਦੀ ਆਵਾਜ਼ ਸੁਣਦੀ ਹੈ, ਅਖੀਰ ਆਵਾਜ਼ ਆਈ ਕਿ ਮੈਂ ਪਵਨ ਦੇਵਤੇ ਨੂੰ ਮਾਰ ਦਿੱਤਾ ਤੇ ਮੈਂ ਧਰਤੀ ਦੇ ਉੱਤੇ ਦਰਸ਼ਨ ਕਰਨ ਵਾਸਤੇ ਸੁੱਟ ਰਿਹਾ ਹਾਂ। ਬੇਅੰਤ ਹਵਾ ਚੱਲ ਪਈ, ਦਰਖਤ ਪੁੱਟ-ਪੁੱਟ ਕੇ ਸੁੱਟਦੀ ਹੈ। ਕਹਿਣ ਲੱਗੇ, ਬੜਾ ਬਲੀ ਦੇਵਤਾ ਹੈ। ਫੇਰ ਅਗਨ ਦੇਵਤੇ ਨਾਲ ਯੁੱਧ ਕਰਿਆ। ਅਗਨ ਦੇਵਤੇ ਨੂੰ ਵੀ ਹੇਠਾਂ ਸੁੱਟ ਦਿਤਾ। ਫੇਰ ਵਰੁਨ ਦੇਵਤੇ ਨਾਲ ਯੁੱਧ ਕਰਿਆ। ਵਰੁਨ ਦੇਵਤੇ ਨੂੰ ਵੀ ਸੁੱਟ ਦਿਤਾ। ਅਖੀਰ ਇੰਦ੍ਰ ਨਾਲ ਯੁੱਧ ਕਰਨ ਲੱਗਿਆ ਤਾਂ ਆਪ ਦੀ ਲੱਤ ਕੱਟ ਗਈ, ਆਵਾਜ਼ ਆਈ ਕਿ ਮੇਰੀ ਲੱਤ ਕੱਟ ਗਈ, ਮੇਰੀ ਹੁਣ ਖੱਬੀ ਬਾਂਹ ਕਟ ਗਈ। ਮੇਰੀ ਸੱਜੀ ਬਾਂਹ ਕਟ ਗਈ, ਹੁਣ ਮੇਰੀ ਗਰਦਨ ਕਟ ਜਾਣੀ ਹੈ। ਟੁਕੜੇ-ਟੁਕੜੇ ਹੋ ਕੇ ਧਰਤੀ 'ਤੇ ਗਿਰ ਗਿਆ। ਉਸ ਵੇਲੇ ਉਹਦੇ ਘਰਵਾਲੀ ਜਿਹੜੀ ਸੀ ਉਹਨੇ ਪਛਾਣ ਲਿਆ ਕਿ ਇਹ ਤਾਂ ਮੇਰਾ ਪਤੀ ਹੈ, ਉਸ ਦੇ ਸਾਰੇ ਅੰਗ ਉਵੇਂ ਹੀ ਜੋੜ ਦਿਤੇ ਗਏ ਜਿਵੇਂ ਪਹਿਲਾਂ ਸੀਗੇ ਤੇ ਅਖੀਰ ਉਹਨੇ ਕਿਹਾ ਕਿ ਮੈਂ ਨਾਲ ਸਤੀ ਹੋਣਾ ਹੈ, ਚਿਤਾ ਚਿਣ ਲਈ ਗਈ ਤੇ ਸਤੀ ਹੋ ਗਈ। ਸਭ ਕੁਛ ਹੋ ਗਿਆ, ਤਾਂ ਬੜਾ ਅਫਸੋਸ ਹੈ, ਇਕੱਠੇ ਹੋਏ ਬੈਠੇ ਨੇ ਕਿ ਮਹਾਰਾਜ! ਦੇਖੋ ਕਿੱਡਾ ਬਲਵਾਨ ਸੀ। ਐਵੇਂ ਹੀ ਆਪਾਂ ਮੰਨ ਗਏ ਇਸਨੂੰ ਕਿ ਦੇਵਤਿਆਂ ਨਾਲ ਯੁੱਧ ਕਰ ਲਵੇ। ਕਿੱਡਾ ਬਹਾਦਰ ਤਿੰਨ ਦੇਵਤੇ ਮਾਰ ਲਏ। ਮਨੁੱਖ ਦਾ ਕੀ ਕੰਮ ਦੇਵਤੇ ਨੂੰ ਮਾਰ ਲਏ। ਬੜੀ ਬਹਾਦਰੀ ਹੈ, ਸ਼ੋਕ ਵਿੱਚ ਬੈਠੇ ਨੇ ਕਿ ਐਹੋ ਜਿਹੇ ਸੂਰਮੇ ਨਾ ਰਹੇ ਤਾਂ ਧਰਤੀ ਖਾਲੀ ਹੋ ਜਾਏਗੀ। ਐਨੇ ਨੂੰ ਕੀ ਦੇਖਦੇ ਨੇ ਕਿ ਉਤੋਂ ਉਤਰਿਆ ਆਉਂਦਾ ਹੈ, ਕਹਿੰਦੇ ਇਹ ਤਾਂ ਜੀਉਂਦਾ ਹੈ, ਇਹ ਕੌਣ ਹੋਇਆ, ਇਹਦੀ ਤਾਂ ਘਰਵਾਲੀ ਵੀ ਸਤੀ ਹੋ ਗਈ। ਉਥੇ ਆ ਕੇ ਕਹਿਣ ਲੱਗਿਆ, ਮਹਾਰਾਜ ਕੀ ਜੈ ਹੋ ਤੇ ਮੇਰੀ ਇਸਤ੍ਰੀ ਕਿੱਥੇ ਹੈ? ਉਹ ਕਹਿੰਦੇ, ਉਹ ਤਾਂ ਸਤੀ ਹੋ ਗਈ। ਕੀਹਦੇ ਨਾਲ? ਕਹਿੰਦੇ, ਤੇਰੇ ਨਾਲ। ਕਹਿੰਦਾ, ਮੈਂ ਤਾਂ ਸਾਮ੍ਹਣੇ ਖੜ੍ਹਾ ਹਾਂ। ਮੈਂ ਕੋਈ ਭੂਤ-ਪ੍ਰੇਤ ਨਹੀਂ ਹਾਂ, ਮੈਨੂੰ ਹੱਥ ਲਾ ਕੇ ਦੇਖ ਲਓ, ਮੈਂ ਤੁਹਾਡੇ ਵਰਗਾ ਹੀ ਬੰਦਾ ਹਾਂ। ਸਾਰੇ ਹੈਰਾਨ ਹੋ ਰਹੇ ਨੇ। ਕਹਿੰਦਾ, ਉਹ ਸਤੀ ਨਹੀਂ ਹੋਈ, ਤੁਸੀਂ ਆਪਣੇ ਮਹਿਲਾਂ 'ਚ ਲਕੋ ਲਈ ਹੈ, ਤਿੰਨ ਆਵਾਜ਼ਾਂ ਮਾਰੀਆਂ, ਜਵਾਬ ਆਇਆ ਕਿ ਮੈਨੂੰ ਇਸ ਰਾਜੇ ਨੇ ਸੱਤ ਤਾਲਿਆਂ 'ਚ ਬੰਦ ਕਰਿਆ ਹੋਇਆ ਹੈ। ਤਾਲੇ ਖੁਲ੍ਹਾ ਲਏ ਗਏ, ਸਭ ਹੈਰਾਨ ਹੋ ਰਹੇ ਨੇ ਕਿ ਇੱਕ ਤੋਂ ਇੱਕ ਅਜੀਬ ਗੱਲ ਕਰ ਰਿਹਾ ਹੈ। ਇਹ ਜਲ ਗਈ ਸੀ ਇਹ ਫੇਰ ਜੀਉਂਦੀ ਹੋ ਗਈ, ਇਹ ਮਰ ਗਿਆ ਸੀ ਇਹ ਫੇਰ ਜੀਉਂਦਾ ਹੈ। ਉਸ ਵੇਲੇ ਖੇਲ੍ਹ ਸੰਕੋਚ ਕੇ ਕਹਿਣ ਲੱਗਿਆ, ਮਹਾਰਾਜ! ਆਪ ਕੀ ਜੈ ਹੋ। ਖੇਲ੍ਹ ਪਸੰਦ ਆਇਆ। ਕਹਿੰਦੇ, ਜਾਦੂਗਰ! ਐਸਾ ਖੇਲ੍ਹ ਤਾਂ ਅਸੀਂ ਜ਼ਿੰਦਗੀ 'ਚ ਕਦੇ ਨਹੀਂ ਦੇਖਿਆ। ਉਹ ਤਾਂ ਠੀਕ ਹੈ ਕਿ ਬੜਾ ਹੀ ਮੰਨੋਰੰਜਕ ਸੀਗਾ, ਲੇਕਿਨ ਇਹਦੇ ਵਿੱਚ ਸਿੱਖਿਆ ਕੀ ਹੈ, ਕਹਿੰਦੇ ਸਿੱਖਿਆ ਇਹ ਹੈ ਕਿ ਮੈਂ ਇੱਕ ਮਾਮੂਲੀ ਆਦਮੀ ਹਾਂ। ਮੈਂ ਆਪਣੇ ਅੰਦਰ ਇੱਕ ਸ਼ਕਤੀ ਪੈਦਾ ਕੀਤੀ ਹੋਈ ਹੈ। ਜਿਸਨੂੰ ਅੰਗਰੇਜ਼ੀ 'ਚ ਹਿਪਨੋਟੀਜ਼ਮ ਕਹਿੰਦੇ ਨੇ ਤੇ ਮੈਂ ਆਪਣੇ ਖਿਆਲ ਦੇ ਨਾਲ ਤੁਹਾਨੂੰ ਸਾਰਿਆਂ ਨੂੰ ਸਮੋਹਿਤ ਕਰ ਦਿੱਤਾ, ਜਿੰਨੇ ਬੈਠੇ ਸੀ, ਸਾਰਿਆਂ ਨੂੰ ਮੂਰਛਿਤ ਕਰ ਦਿੱਤਾ ਤੇ ਜੋ ਕੁਛ ਮੈਂ ਕਹਿੰਦਾ ਸੀ, ਓਹੀ ਤੁਹਾਨੂੰ ਦਿਸਦਾ ਸੀ। ਨਾ ਮੈਂ ਕਿਤੇ ਲੜਨ ਗਿਆ, ਨਾ ਮੇਰੀ ਕੋਈ ਇਸਤ੍ਰੀ ਹੈ, ਮੈਂ ਤਾਂ ਤੁਹਾਡੇ ਕੋਲ ਖੜ੍ਹਾ ਸੀ, ਲੇਕਿਨ ਮੈਂ ਆਪਣਾ ਐਸਾ ਪ੍ਰਭਾਵ ਪਾਇਆ ਜਾਦੂ ਦਾ ਕਿ ਮੈਂ ਤੁਹਾਨੂੰ ਦਿੱਸਣ ਤੋਂ ਹਟ ਗਿਆ ਤੇ ਤੁਹਾਨੂੰ ਹੁਣ ਤੱਕ ਸਤਿ ਲਗ ਰਿਹਾ ਹੈ ਇਹ ਖੇਲ੍ਹ। ਤੁਹਾਡੇ ਅੰਦਰ ਰਾਗ ਤੇ ਦ੍ਵੈਸ਼ ਪੈਦਾ ਹੋ ਗਈ। ਤੁਹਾਡੇ ਅੰਦਰ ਬੜਾ ਅਫਸੋਸ ਪੈਦਾ ਹੋ ਗਿਆ ਕਿ ਮਾਰਿਆ ਗਿਆ, ਉਸ ਤੋਂ ਬਾਅਦ ਤੁਹਾਡੇ ਅੰਦਰ ਬੜਾ ਸਹਿਮ ਪੈਦਾ ਹੋ ਗਿਆ ਤੇ ਜਿਸ ਵਕਤ ਮੈਂ ਆਵਾਜ਼ ਮਾਰੀ, ਮੇਰੀ ਘਰਵਾਲੀ ਨੇ ਵੀ ਆਵਾਜ਼ ਮਾਰੀ, ਕਿਉਂਕਿ ਤੁਸੀਂ ਬੜੇ ਬਚਨ ਕਰੇ ਸੀ ਕਿ ਉਹ ਇੱਥੇ ਹੈ ਨਹੀਂ, ਉਹ ਤਾਂ ਮਰ ਗਈ। ਸੋ ਰਾਜਨ! ਮੈਂ ਇੱਕ ਮਾਮੂਲੀ ਆਦਮੀ ਐਡੇ ਵੱਡੇ ਜੇ ਤਮਾਸ਼ੇ ਕਰ ਸਕਦਾ, ਜਿਹੜਾ ਪਾਰਬ੍ਰਹਮ ਪ੍ਰਮੇਸ਼ਰ ਹੈ ਜਿਹਦੀ ਕਲਾ ਨੂੰ ਜਾਣਿਆ ਹੀ

ਨਹੀਂ ਜਾਂਦਾ। 'ਅਨਿਕ ਕਲਾ ਲਖੀ ਨ ਜਾਇ' ਤੇ ਜਿਹਦੀ ਕਲਾ ਨੂੰ ਜਾਣਦੇ ਹੀ ਨਹੀਂ, ਉਹਨੇ ਆਹ ਸ੍ਰਿਸ਼ਟੀ ਦੇਖੋ, ਅਣਹੋਈ ਸ੍ਰਿਸ਼ਟੀ ਰਚ ਦਿੱਤੀ, ਇਹਦਾ ਵਜੂਦ ਕੋਈ ਨਹੀਂ ਇੱਕ ਖੇਲ੍ਹ ਹੋ ਰਿਹਾ ਹੈ। ਉਸ ਖੇਲ੍ਹ ਦੇ ਵਿੱਚ ਇਹ ਜੀਵ ਕਿੰਨਾ ਭੁੱਲ ਗਿਆ, ਆਪੇ ਹੀ ਆਪਣੇ ਆਪ ਤੋਂ, ਆਪਣੇ ਆਪ ਨੂੰ ਜੀਵ ਬਣਾ ਦਿੱਤਾ ਤੇ ਇਹਦਾ ਸਫਰ ਸ਼ੁਰੂ ਹੋ ਗਿਆ ਤੇ ਪੰਜ ਇਹਦੇ 'ਤੇ ਭਰਮ ਪਾ ਦਿੱਤੇ - ਕਲੇਸ਼, ਅਵਿਦਿਆ, ਅਭਿਨਿਵੇਸ਼, ਅਸਿਮਿਤਾ, ਰਾਗ ਤੇ ਦ੍ਵੈਸ਼; ਇਹਦੇ ਵਿੱਚ ਸਾਰੇ ਬੰਦੇ ਭੁੱਲੇ ਫਿਰਦੇ ਨੇ ਤੇ ਭੁੱਲ ਕੇ ਆਪਣੇ ਸਰੂਪ ਨੂੰ ਭੁੱਲੇ ਫਿਰਦੇ ਨੇ।

ਸੋ ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ, ਪਿਤਾ ਜੀ! ਇੱਥੇ ਨਾ ਕੋਈ ਦੂਜਾ ਹੋਇਆ ਹੈ ਨਾ ਕੋਈ ਹੋਣਾ ਹੈ।

*ਨਿਰੰਕਾਰੁ ਆਕਾਰੁ ਹੋਇ*
*ਏਕੰਕਾਰੁ ਅਪਾਰੁ ਸਦਾਇਆ।।*

*ਭਾਈ ਗੁਰਦਾਸ ਜੀ, ਵਾਰ ੨੬/੨*

ਨਿਰੰਕਾਰ ਨੇ ਜਦੋਂ ਆਕਾਰ ਕਰਿਆ, ਏਕੰਕਾਰ ਹੋ ਕੇ ਆਕਾਰ ਬਣਾ ਲਏ। ਏਕੰਕਾਰ ਤੋਂ ਸ਼ਬਦ ਧੁਨ ਹੋਈ। ਓਅੰਕਾਰ ਨੇ ਸਾਰੇ ਆਕਾਰ ਜਿੰਨੇ ਤੁਹਾਨੂੰ ਨਜ਼ਰ ਆਉਂਦੇ ਨੇ, ਖਰਬਾਂ ਹੀ ਖਰਬਾਂ ਖੰਡ ਬ੍ਰਹਿਮੰਡ ਇਹ ਸਾਰੇ ਉਪਾ ਦਿੱਤੇ ਤੇ ਇਹਦਾ ਕੋਈ ਆਦਿ ਨਹੀਂ, ਕੋਈ ਅੰਤ ਨਹੀਂ ਹੈ। ਉਹ ਆਪੇ ਹੀ ਆਪਣੇ ਆਪ ਖੇਲ੍ਹ ਰਿਹਾ ਹੈ।

*ਨਿਰਗੁਨੁ ਆਪਿ ਸਰਗੁਨੁ ਭੀ ਓਹੀ ॥*
*ਕਲਾ ਧਾਰਿ ਜਿਨਿ ਸਗਲੀ ਮੋਹੀ ॥*
*ਅਪਨੇ ਚਰਿਤ ਪ੍ਰਭਿ ਆਪਿ ਬਨਾਏ ॥*
*ਅਪੁਨੀ ਕੀਮਤਿ ਆਪੇ ਪਾਏ ॥*
*ਹਰਿ ਬਿਨੁ ਦੂਜਾ ਨਾਹੀ ਕੋਇ ॥*
*ਸਰਬ ਨਿਰੰਤਰਿ ਏਕੋ ਸੋਇ ॥*
*ਓਤਿ ਪੋਤਿ ਰਵਿਆ ਰੂਪ ਰੰਗ ॥*
*ਭਏ ਪ੍ਰਗਾਸ ਸਾਧ ਕੈ ਸੰਗ ॥*
*ਰਚਿ ਰਚਨਾ ਅਪਨੀ ਕਲ ਧਾਰੀ ॥*
*ਅਨਿਕ ਬਾਰ ਨਾਨਕ ਬਲਿਹਾਰੀ ॥*

*ਅੰਗ - ੨੮੯*

ਜਿੰਨਾ ਕੁਛ ਤੁਹਾਨੂੰ ਦਿਸ ਰਿਹਾ ਹੈ, ਇਹ ਸਾਰਾ ਪ੍ਰਮੇਸ਼ਰ ਨੇ ਇੱਕ ਓਤ ਪੋਤ ਰਚਨਾ ਰਚੀ ਹੋਈ ਹੈ।

*ਆਪਿ ਸਤਿ ਕੀਆ ਸਭੁ ਸਤਿ ॥*
*ਤਿਸੁ ਪ੍ਰਭ ਤੇ ਸਗਲੀ ਉਤਪਤਿ॥ ਅੰਗ - ੨੯੪*

ਜਿੰਨਾ ਤੁਹਾਨੂੰ ਨਜ਼ਰ ਆਉਂਦਾ ਹੈ ਇਹ ਵੀ ਵਾਹਿਗੁਰੂ ਦਾ ਹੀ ਸਰੂਪ ਹੈ, ਇਹ ਦੁਨੀਆਂ ਨਹੀਂ ਹੈ, ਇਹ ਸੰਸਾਰ ਨਹੀਂ ਹੈ, ਭਰਮ ਕਰਕੇ ਪ੍ਰਤੀਤ ਦੇ ਰਿਹਾ ਹੈ ਸੰਸਾਰ। ਜਿਨ੍ਹਾਂ ਦੇ ਨੇਤਰ ਖੁਲ੍ਹੇ ਨੇ ਉਨ੍ਹਾਂ ਨੂੰ ਕੀ ਦਿਸਦਾ ਹੈ -

*ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ*
*ਨਦਰੀ ਹਰਿ ਨਿਹਾਲਿਆ ॥*
*ਏਹੁ ਵਿਸੁ ਸੰਸਾਰੁ ਤੁਮ ਦੇਖਦੇ*
*ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥*

*ਅੰਗ - ੯੨੨*

ਬੇਅੰਤ ਰੂਪ ਨੇ ਉਹਦੇ। ਆਪੇ ਹੀ ਰੂਪ ਧਾਰੇ ਹੋਏ ਨੇ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਬਹੁਤੇ ਤੇਰੇ ਰੂਪ ਨੇ,*
*ਬਹੁਤੇ ਤੇਰੇ ਭੇਖ ਮਾਲਕਾ।*
*ਕਤਹੂੰ ਸੁਚੇਤ ਹੁਇਕੈ ਚੇਤਨਾ ਕੋ ਚਾਰ ਕੀਓ*
*ਕਤਹੂੰ ਅਚਿੰਤ ਹੁਇਕੈ ਸੋਵਤ ਅਚੇਤ ਹੋ।*
*ਕਤਹੂੰ ਭਿਖਾਰੀ ਹੁਇਕੈ ਮਾਂਗਤ ਫਿਰਤ ਭੀਖ*
*ਕਹੂੰ ਮਹਾਂ ਦਾਨ ਹੁਇਕੈ ਮਾਂਗਿਓ ਧਨ ਦੇਤ ਹੋ॥*
*ਕਹੂੰ ਮਹਾਰਾਜਨ ਕੋ ਦੀਜਤ ਅਨੰਤ ਦਾਨ*
*ਕਹੂੰ ਮਹਾਰਾਜਨ ਤੇ ਛੀਨ ਛਿਤ ਲੇਤ ਹੋ॥*
*ਕਹੂੰ ਬੇਦ ਰੀਤ ਕਹੂੰ ਤਾ ਸਿਉ ਬਿਪ੍ਰੀਤ*
*ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰਗੁਨ ਸਮੇਤ ਹੋ॥*

*ਅਕਾਲ ਉਸਤਤਿ*

*ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ*
*ਨਿਆਰੇ ਨਿਆਰੇ ਹੋਇ ਕੈ ਫੇਰਿ ਆਗ ਮੈ ਮਿਲਾਹਿੰਗੇ॥*
*ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈਂ*
*ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ॥*
*ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ*
*ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿੰਗੇ॥*
*ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ*
*ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ॥*

*ਅਕਾਲ ਉਸਤਤਿ*

ਕਹਿਣ ਲੱਗੇ, ਪਿਤਾ ਜੀ! ਇੱਕ 'ਚੋਂ ਹੀ ਸਾਰੇ ਪੈਦਾ ਹੁੰਦੇ ਨੇ, ਇੱਕ ਨੇ ਹੀ ਅਨੇਕਾਂ ਰੂਪ ਧਾਰੇ ਨੇ। ਇੱਕ ਦੇ ਵਿੱਚੋਂ ਹੀ ਨਿਕਲ ਕੇ ਆਪ ਹੀ ਕੌਤਕ ਕਰਦਾ ਹੈ।

*ਨਾਨਾ ਰੂਪ ਨਾਨਾ ਜਾ ਕੇ ਰੰਗ ॥*
*ਨਾਨਾ ਭੇਖ ਕਰਹਿ ਇਕ ਰੰਗ ॥*
*ਨਾਨਾ ਬਿਧਿ ਕੀਨੋ ਬਿਸਥਾਰੁ ॥*
*ਪ੍ਰਭੁ ਅਬਿਨਾਸੀ ਏਕੰਕਾਰੁ ॥*
*ਨਾਨਾ ਚਲਿਤ ਕਰੇ ਖਿਨ ਮਾਹਿ ॥*
*ਪੂਰਿ ਰਹਿਓ ਪੂਰਨੁ ਸਭ ਠਾਇ ॥*
*ਨਾਨਾ ਬਿਧਿ ਕਰਿ ਬਨਤ ਬਨਾਈ ॥*
*ਅਪਨੀ ਕੀਮਤਿ ਆਪੇ ਪਾਈ ॥*
*ਸਭ ਘਟ ਤਿਸ ਕੇ ਸਭ ਤਿਸ ਕੇ ਠਾਉ ॥*
*ਜਪਿ ਜਪਿ ਜੀਵੈ ਨਾਨਕ ਹਰਿ ਨਾਉ ॥*

*ਅੰਗ - ੨੮੪*

ਸਾਰੇ ਘਟਾਂ 'ਚ ਉਹ ਹੈ ਤੇ ਸਾਰੇ ਘਟਾਂ 'ਚ ਆਪ ਹੀ

ਹੈ -

*ਪਾਰਬ੍ਰਹਮ ਕੇ ਸਗਲੇ ਠਾਉ ॥*
*ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ ॥*
*ਆਪੇ ਕਰਨ ਕਰਾਵਨ ਜੋਗੁ ॥*
*ਪ੍ਰਭ ਭਾਵੈ ਸੋਈ ਫੁਨਿ ਹੋਗੁ ॥*
*ਪਸਰਿਓ ਆਪਿ ਹੋਇ ਅਨਤ ਤਰੰਗ ॥*
*ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ ॥*
*ਜੈਸੀ ਮਤਿ ਦੇਇ ਤੈਸਾ ਪਰਗਾਸ ॥*
*ਪਾਰਬ੍ਰਹਮੁ ਕਰਤਾ ਅਬਿਨਾਸ ॥*
*ਸਦਾ ਸਦਾ ਸਦਾ ਦਇਆਲ ॥*
*ਸਿਮਰਿ ਸਿਮਰਿ ਨਾਨਕ ਭਏ ਨਿਹਾਲ ॥*

**ਅੰਗ - ੨੭੫**

ਕਹਿਣ ਲੱਗੇ, ਸੰਸਾਰ ਦੇ ਅੰਦਰ ਨਾ ਮਾਇਆ ਹੈ ਕਿਤੋਂ ਆਈ ਹੋਈ, ਨਾ ਜੀਵ ਆਇਆ ਹੋਇਆ ਹੈ, ਇਹ ਤਾਂ ਕਰਤਾ ਪੁਰਖ ਦਾ ਇੱਕ ਖੇਲ੍ਹ ਹੈ, ਉਹ ਆਪ ਹੀ ਵਸਦਾ ਹੈ ਲੇਕਿਨ ਇਹਦਾ ਜਿਹੜਾ ਹੁਕਮ ਚੱਲ ਰਿਹਾ ਹੈ, ਹੁਕਮ ਦੇ ਮੁਤਾਬਿਕ ਕੋਈ ਉੱਚਾ ਹੈ ਕੋਈ ਨੀਵਾਂ ਹੈ। ਕਿਸੇ ਨੂੰ ਵਡਿਆਈ ਮਿਲਦੀ ਹੈ, ਕਿਸੇ ਨੂੰ ਛੋਟਿਆਈ ਮਿਲਦੀ ਹੈ। ਕਹਿਣ ਲੱਗੇ, ਜਦੋਂ ਪਾਰਬ੍ਰਹਮ ਪ੍ਰਮੇਸ਼ਰ ਤੋਂ ਰੁਖ ਹਟ ਕੇ ਮਾਇਆ ਵਲ ਨੂੰ ਹੋ ਜਾਵੇ, ਉਸ ਵੇਲੇ ਆਹ ਸਰੀਰ ਦੇ ਅੰਦਰ ਜਿਹੜੀ ਚੇਤਨਤਾ ਹੈ, ਉਹਨੂੰ ਮਨ ਕਹਿੰਦੇ ਨੇ, ਜੀਵ ਕਹਿੰਦੇ ਨੇ ਤੇ ਜਿਸ ਵਕਤ ਪ੍ਰਮੇਸ਼ਰ ਵਲ ਇਹਦੀ ਰੁਚੀ ਲਗ ਜਾਵੇ, ਉਸ ਵੇਲੇ ਮਨੋ ਨਾਸ਼, ਵਾਸ਼ਨਾ ਖ੍ਹੈ, ਤਤ੍ਵ ਗਿਆਨ ਹੋ ਜਾਇਆ ਕਰਦਾ ਹੈ। ਮਨ, ਅਮਨ ਬਣ ਜਾਇਆ ਕਰਦਾ ਹੈ। ਪਾਣੀ ਜਿਹੜਾ ਹੈ ਜੇ ਸੂਰਜ ਦੀ ਧੁੱਪ ਨਾ ਪਵੇ ਤਾਂ ਇਹ ਸਾਰੇ ਸਮੁੰਦਰ ਜਮ ਕੇ ਬਰਫ ਬਣ ਜਾਇਆ ਕਰਦੇ ਨੇ ਤੇ ਜਦੋਂ ਧੁੱਪ ਪੈਂਦੀ ਹੈ ਉਸ ਵੇਲੇ ਸਾਰੀ ਜਿਹੜੀ ਬਰਫ ਹੈ ਉਹ ਪਾਣੀ ਬਣ ਜਾਂਦੀ ਹੈ। ਇਵੇਂ ਜਿਵੇਂ ਜਿਹੜਾ ਸਨਮੁਖ ਹੈ, ਉਹਦਾ ਮੁਖ ਹਰ ਵਕਤ ਪ੍ਰਮੇਸ਼ਰ ਵਲ ਰਹਿੰਦਾ ਹੈ। ਉਹਦੇ ਚਿੱਤ 'ਚ ਪਾਰਬ੍ਰਹਮ ਪ੍ਰਮੇਸ਼ਰ, ਨਿਗ੍ਹਾ ਉਹਦੀ ਵਾਹਿਗੁਰੂ 'ਤੇ ਰਹਿੰਦੀ ਹੈ, ਇੱਕੋ ਥਾਂ ਰਹਿੰਦਾ ਹੈ, ਆਪਣੇ ਆਦਿ ਨੂੰ ਸੋਚਦਾ ਹੈ, ਅੱਗੇ ਵਾਲੇ ਫੈਲਾਓ ਨੂੰ ਨਹੀਂ ਸੋਚਦਾ ਤੇ ਉਹ ਜੀਵ ਆਪਣੇ ਆਦਿ ਨਾਲ ਜੁੜਿਆ ਰਹਿੰਦਾ ਹੈ ਤੇ ਜਦੋਂ ਇਹ ਭੁੱਲ ਵਿੱਚ ਪੈਂਦਾ ਹੈ ਤਾਂ ਇਹਦੇ ਵਿੱਚ ਰਾਗ ਤੇ ਦ੍ਵੈਸ਼ ਆ ਜਾਂਦੀ ਹੈ। ਵਾਹਿਗੁਰੂ ਤੋਂ ਇਹ ਵਿਮੁਖ ਹੋ ਜਾਂਦਾ ਹੈ। ਸਭ ਕਹਿੰਦੇ ਨੇ ਧਰਤੀ 'ਚ ਪਾਣੀ ਹੈ, ਪਰ ਪ੍ਰਗਟ ਕਿੱਥੇ ਹੁੰਦਾ ਹੈ, ਕਹਿੰਦੇ ਜਿਹੜਾ ਤਾਂ ਗੁਰਮੁਖ ਹੈ, ਗੁਰੂ ਦੀ ਮਤ ਧਾਰਨ ਕਰਕੇ ਜਿਸ ਨੇ ਇਹ ਗੱਲ ਨੂੰ ਸਮਝ ਲਿਆ, ਜਿਹਨੂੰ ਗਿਆਨਵਾਨ ਕਹਿੰਦੇ ਨੇ, ਉਹਦੇ ਹਿਰਦੇ 'ਚ ਐਉ ਚਲਦਾ ਹੈ ਜਿਵੇਂ ਪਰਵਾਹ ਚਲਿਆ ਕਰਦਾ ਹੈ। ਚਸ਼ਮਾ ਚੱਲਿਆ ਕਰਦਾ ਹੈ। ਉਹਦੇ ਅੰਦਰ ਪ੍ਰਗਟ ਹੈ ਵਾਹਿਗੁਰੂ। ਜਿਹੜਾ ਹੈਗਾ ਜਗਿਆਸੂ ਉਹਦੇ ਅੰਦਰ ਜਦ ਉਹ ਭਜਨ ਬੰਦਗੀ ਕਰੇਗਾ, ਬਾਣੀ ਪੜ੍ਹੇਗਾ, ਉਸ ਵੇਲੇ ਪ੍ਰਗਟ ਹੋਏਗਾ ਜਿਵੇਂ ਉਹ ਧਰਤੀ 'ਤੇ ਫਿਰਦਾ-ਫਿਰਦਾ ਖੂਹ ਦੇ ਕੰਢੇ 'ਤੇ ਆ ਕੇ ਖੂਹ ਵਿੱਚ ਝਾਤੀ ਮਾਰ ਕੇ ਦੇਖਣ ਲਗ ਜਾਵੇ ਤਾਂ ਉਹ ਪਾਣੀ ਉਹਨੂੰ ਨਜ਼ਰ ਆਏਗਾ ਤੇ ਜਿਹੜਾ ਹੈਗਾ ਅਗਿਆਨੀ, ਮਨਮੁਖ ਹੈ, ਸੋਝੀ ਨਹੀਂ ਹੈ, ਉਹਨੂੰ ਐਨਾ ਤਾਂ ਪਤਾ ਹੈ ਕਿ ਧਰਤੀ 'ਚ ਪਾਣੀ ਹੈ, ਪਰ ਅੱਗੇ ਦੀ ਗੱਲ ਨਹੀਂ ਜਾਣਦਾ। ਜਿਹੜਾ ਵਾਚ ਗਿਆਨੀ ਹੈ ਉਹ ਐਨਾ ਤਾਂ ਜਾਣਦਾ ਹੈ ਕਿ ਇੱਥੇ ਵਾਹਿਗੁਰੂ ਪਰੀਪੂਰਨ ਹੈ ਸਾਰੇ, ਲੇਕਿਨ ਉਹਨੂੰ ਕੋਈ ਫਾਇਦਾ ਨਹੀਂ ਹੈ ਕਿਉਂਕਿ ਕੋਈ ਯਤਨ ਨਹੀਂ ਹੈ ਉਸ ਪਾਣੀ ਨੂੰ ਕੱਢਣ ਵਾਸਤੇ। ਜਿਹੜਾ ਜਗਿਆਸੂ ਹੈ ਉਸ ਨੂੰ ਪਾਣੀ ਪ੍ਰਾਪਤ ਹੁੰਦਾ ਹੈ ਯਤਨ ਕਰਨ 'ਤੇ। ਡੋਲ ਲਿਆਵੇ, ਨਲਕਾ ਲਾਵੇ, ਜਾਂ ਟਿਊਬਵੈੱਲ ਲਾਵੇ। ਜਿਹੜਾ ਗਿਆਨਵਾਨ ਹੈ ਉਹਦੇ ਹਿਰਦੇ 'ਚ ਹਰ ਵਕਤ ਪ੍ਰਗਟ ਹੈ ਜਿਵੇਂ ਚਸ਼ਮਾ ਫੁੱਟਿਆ ਹੁੰਦਾ ਹੈ, ਇਸੇ ਤਰ੍ਹਾਂ ਦੇ ਨਾਲ ਕਹਿੰਦੇ ਦੇਖੋ ਬੀਜ ਹੈ ਛੋਟਾ ਜਿਹਾ, ਬੋਹੜ ਦਾ ਬੀਜ ਹੈ ਖਸਖਸ ਦੇ ਦਾਣੇ ਜਿੰਨਾਂ, ਜਦੋਂ ਵਿਸਥਾਰ ਹੁੰਦਾ ਹੈ ਏਕੜਾਂ 'ਚ ਹੋ ਜਾਂਦਾ ਹੈਂ। ਜੜ੍ਹਾਂ ਲਗਦੀਆ ਜਾਂਦੀਆਂ ਨੇ ਟਾਹਣੇ ਵਧਦੇ ਜਾਂਦੇ ਨੇ ਉਸ ਬੀਜ ਨੂੰ। ਇਹ ਪ੍ਰਮੇਸ਼ਰ ਇਸੇ ਤਰ੍ਹਾਂ ਦੇ ਨਾਲ ਉਹ ਬੀਜ ਜਿਹੜਾ ਹੈ ਉਹ ਸੰਸਾਰ ਦੇ ਰੂਪ ਵਿੱਚ ਪ੍ਰਗਟ ਹੋਇਆ-ਹੋਇਆ, ਜਿੰਨੇ ਤੁਹਾਨੂੰ ਖੰਡ ਬ੍ਰਹਿਮੰਡ ਨਜ਼ਰ ਆਉਂਦੇ ਨੇ।

*ਤੂੰ ਪੇਡੁ ਸਾਖ ਤੇਰੀ ਫੂਲੀ ॥*
*ਤੂੰ ਸੂਖਮੁ ਹੋਆ ਅਸਥੂਲੀ ॥*
*ਤੂੰ ਜਲਨਿਧਿ ਤੂੰ ਫੇਨੁ ਬੁਦਬੁਦਾ*
*ਤੁਧੁ ਬਿਨੁ ਅਵਰੁ ਨ ਭਾਲੀਐ ਜੀਉ ॥*

**ਅੰਗ - ੧੦੨**

ਕਹਿੰਦੇ ਬੀਜ ਜਿਹੜਾ ਹੈ, ਪ੍ਰਮੇਸ਼ਰ ਰੂਪ ਤੋਂ ਇੱਕੋ ਅਨੇਕ ਰੂਪਾਂ 'ਚ ਪ੍ਰਗਟ ਹੋ ਗਿਆ ਵਾਹਿਗੁਰੂ। ਹੁਣ ਟੋਲ੍ਹਣਾ ਹੈ। ਜਿਹੜਾ ਤਾਂ ਮਨਮੁਖ ਹੈ, ਤਮੋ ਗੁਣੀ ਬੰਦਾ ਹੈ, ਉਹ ਕਠੋਰ ਹੈ, ਮੁਖ ਤੋਂ ਵੀ ਕਠੋਰ ਬਚਨ ਕਹਿੰਦਾ ਹੈ, ਫਿੱਕੇ ਕਹਿੰਦਾ ਹੈ, ਜਿਹੜੇ ਦੂਸਰੇ ਦੇ ਦਿਲ ਨੂੰ ਵਿੰਨ੍ਹ ਕੇ ਰੱਖ ਦੇਣ। ਫਿਕਾ ਬੋਲਦਾ ਹੈ, ਝੂਠ ਬੋਲਦਾ ਹੈ, ਤਮੋ ਗੁਣ 'ਚ ਰਹਿੰਦਾ ਹੈ, ਕਹਿੰਦੇ ਤਮੋ ਗੁਣੀ ਬੰਦਾ ਜਿਹੜਾ ਹੈ ਉਹ ਬ੍ਰਿਛ ਦੇ ਤਣੇ 'ਚੋਂ ਬੀਜ ਭਾਲਦਾ ਹੈ, ਤਣੇ 'ਚੋਂ ਸਾਰੀ ਜ਼ਿੰਦਗੀ ਜਿੰਨਾਂ ਜੀਅ ਕਰਦਾ ਹੈ, ਫਿਰੀ ਜਾਵੇ, ਕਾਠ ਦੇ ਵਿਚੋਂ ਬੀਜ ਨਹੀਂ ਮਿਲਿਆ ਕਰਦਾ ਤੇ ਜਿਹੜਾ ਰਜੋ ਗੁਣੀ ਬੰਦਾ ਹੈ, ਉਹ ਪੱਤਿਆ ਦੇ ਵਿਚੋਂ ਬੀਜ ਭਾਲਦਾ ਹੈ। ਪੱਤਿਆਂ 'ਚ ਵੀ ਬੀਜ ਨਹੀਂ ਹੁੰਦਾ। ਜਿਹੜਾ ਸਤੋ ਗੁਣੀ ਬੰਦਾ ਹੈ ਉਹ ਸੁਗੰਧੀ ਮਾਣਦਾ ਹੈ। ਫੁੱਲ ਦੇ ਵਿਚੋਂ ਬੀਜ ਭਾਲਦਾ ਹੈ। ਲੇਕਿਨ ਫੁੱਲ ਦੇ ਵਿੱਚ ਵੀ ਬੀਜ ਨਹੀਂ ਹੋਇਆ ਕਰਦਾ। ਜਿਹੜਾ ਗਿਆਨੀ ਉਹਨੂੰ ਫਲ ਪ੍ਰਾਪਤ ਹੂੰਦਾ ਹੈ, ਫਲ ਦੇ ਵਿੱਚੋਂ ਬੀਜ ਲੱਭ

ਜਾਂਦਾ ਹੈ।

*ਬੀਜੁ ਬੀਜਿ ਦੇਖਿਓ ਬਹੁ ਪਰਕਾਰਾ ॥*
*ਫਲ ਪਾਕੇ ਤੇ ਏਕੰਕਾਰਾ ॥ ਅੰਗ - ੭੩੬*
*ਬਾਜੀਗਰਿ ਜੈਸੇ ਬਾਜੀ ਪਾਈ ॥*
*ਨਾਨਾ ਰੂਪ ਭੇਖ ਦਿਖਲਾਈ ॥*
*ਸਾਂਗੁ ਉਤਾਰਿ ਥੰਮ੍ਹਿਓ ਪਾਸਾਰਾ ॥*
*ਤਬ ਏਕੋ ਏਕੰਕਾਰਾ ॥ ਅੰਗ - ੭੩੬*

ਜਦੋਂ ਪਸਾਰਾ ਥੰਮ ਦਿੱਤਾ ਤਾਂ ਫੇਰ ਕੀ ਹੋਇਆ - 'ਤਬ ਏਕੋ ਏਕੰਕਾਰਾ ॥' ਪਹਿਲਾਂ ਵੀ ਏਕੰਕਾਰ ਸੀ, ਖੇਲੁ ਦੇ ਵਿੱਚ ਵੀ ਏਕੰਕਾਰ ਹੈ ਤੇ ਇਸ ਤੋਂ ਬਾਅਦ ਵੀ ਏਕੰਕਾਰ ਹੈ ਸੋ ਇਸ ਕਰਕੇ ਮਹਾਂਪੁਰਸ਼ ਕਹਿੰਦੇ ਨੇ ਕਿ ਸੰਸਾਰ ਤਾਂ ਹੈ ਹੀ ਨਹੀਂ, ਕਿਉਂ ਭਰਮ ਪਿਆ ਹੋਇਆ ਹੈ ਕਿ ਇਹ ਸੰਸਾਰ ਹੈ। ਇਹ ਤਾਂ ਆਪ ਹੀ ਅਨੇਕਾਂ ਰੂਪਾਂ ਵਿੱਚ ਖੇਲੁ ਰਿਹਾ ਹੈ। ਸੋ ਇੱਕ ਵਾਹਿਗੁਰੂ ਹੀ ਸਾਰੇ ਹੈ। ਰਾਗ ਦ੍ਵੈਖ ਵਿੱਚ ਕਿਉਂ? ਕਹਿਣ ਲੱਗੇ, ਪਿਤਾ ਜੀ! ਜਦੋਂ ਸਾਰੇ ਵਾਹਿਗੁਰੂ ਹੈ ਫੇਰ ਰਾਗ ਦ੍ਵੈਖ ਕਿਹੜੀ? ਜਿਹੜਾ ਤੁਸੀਂ ਕਿਹਾ ਹੈ ਨਾ ਕਿ ਮੇਰਾ ਮਨ।

*ਇਕ ਛਿਨ ਮਨ ਥਿਤ ਹੋਵਤਿ ਨਾਂਹੀ॥*
*ਬਿਚਰਹਿ ਰਾਗ ਦ੍ਵੈਖ ਕੇ ਮਾਂਹੀ॥*
*ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ ੮੧੨*

ਕਹਿੰਦੇ ਰਾਗ ਦ੍ਵੈਸ਼ ਤਾਂ, ਤਾਂ ਹੀ ਹਟੇਗੀ ਜਦੋਂ ਤੁਹਾਨੂੰ ਪਛਾਣ ਆ ਜਾਏਗੀ। ਸੋ ਮਾਇਆ ਨੇ ਛਲ ਲਿਆ ਜੀਵ ਨੂੰ ਤੇ ਪ੍ਰਭੂ ਨੂੰ ਭੁਲਾ ਦਿੱਤਾ। ਹੈ ਸਾਰਿਆ ਦੇ ਅੰਦਰ ਇੱਕੋ ਹੀ ਪ੍ਰਮੇਸ਼ਰ -

*ਧਾਰਨਾ - ਘਟ ਘਟ ਅੰਤਰ ਸਰਬ ਨਿਰੰਤਰ*
*ਕੇਵਲ ਏਕ ਮੁਰਾਰੀ ਹੈ।*
*ਏਕ ਅਨੇਕ ਬਿਆਪਕ ਪੂਰਕ*
*ਜਤ ਦੇਖਉ ਤਤ ਸੋਈ ॥ ਅੰਗ - ੪੮੫*

ਕਹਿੰਦੇ ਜਿਵੇਂ ਸ਼ੀਸਾ ਹੋਵੇ ਉਹਦੇ ਹਜ਼ਾਰ ਲੱਖ ਟੁਕੜੇ ਬਣਾ ਦਿਓ ਤੇ ਸਾਰੇ ਟੁਕੜਿਆਂ ਦੇ ਵਿੱਚ ਇੱਕੋ ਸੂਰਜ ਪ੍ਰੀਪੂਰਨ ਹੈ, ਹਰੇਕ ਦੇ ਅੰਦਰ ਸੂਰਜ ਹੈ, ਕਰੋੜਾਂ ਘੜੇ ਪਾਣੀ ਦੇ ਭਰ ਕੇ ਰੱਖ ਦਿਓ, ਹਰੇਕ ਦੇ ਅੰਦਰ ਸੂਰਜ ਦਾ ਇੱਕੋ ਦਾ ਪਰਛਾਵਾਂ ਹੈ, ਸੋ ਇਸ ਤਰ੍ਹਾਂ -

*ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ*
*ਬਿਰਲਾ ਬੂਝੈ ਕੋਈ ॥ ਅੰਗ - ੪੮੫*

ਲੇਕਿਨ ਮਾਇਆ ਨੇ ਐਨਾ ਮੋਹ ਲਿਆ ਸਾਨੂੰ, ਬਾਵਜੂਦ ਇਸ ਦੇ ਕਿ ਗੁਰੂ ਹਾਕਾਂ ਮਾਰ-ਮਾਰ ਕੇ ਦਸਦੇ ਨੇ। ਅਸੀਂ ਯਕੀਨ ਕਰਨ ਨੂੰ ਬਿਲਕੁਲ ਤਿਆਰ ਨਹੀਂ, ਗੁਰੂ ਦੀ ਗੱਲ ਮੰਨਣ ਨੂੰ ਤਿਆਰ ਨਹੀਂ ਕਿ ਇਹ ਵੀ ਗੱਲ ਕਦੇ ਹੋ ਸਕਦੀ ਹੈ। ਆਹ ਤਾਂ ਗੱਲ ਹੀ ਬੜੀ ਔਖੀ ਹੈ ਫੇਰ ਤਾਂ ਦੁਨੀਆਂ ਹੀ ਖਤਮ ਹੋ ਗਈ, ਜੇ ਅਸੀਂ ਗੁਰੂ ਸਾਹਿਬ ਦੀ ਗੱਲ ਮੰਨ ਲਈ। ਮਹਾਰਾਜ ਕਹਿੰਦੇ -

*ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ*
*ਗੋਬਿੰਦ ਬਿਨੁ ਨਹੀ ਕੋਈ ॥*
*ਸੂਤੁ ਏਕੁ ਮਣਿ ਸਤ ਸਹੰਸ ਜੈਸੇ*
*ਓਤਿ ਪੋਤਿ ਪ੍ਰਭੁ ਸੋਈ ॥ ਅੰਗ - ੪੮੫*

ਕਹਿੰਦੇ ਜਿਵੇਂ ਕੱਪੜਾ ਬੁਣਿਆ ਹੁੰਦਾ ਹੈ ਨਾ, ਉਹਦੇ ਵਿੱਚ ਬੇਅੰਤ ਕਿਸਮ ਦੀਆਂ ਬੁਣਤੀਆਂ ਪਾਈਆਂ ਹੁੰਦੀਆਂ ਨੇ, ਲੇਕਿਨ ਹੈ ਇੱਕੋ ਹੀ ਧਾਗਾ, ਦੋ ਧਾਗੇ ਨਹੀਂ ਹੈਗੇ।

*ਇਕਤੁ ਤਾਗੈ ਰਲਿ ਮਿਲੈ*
*ਗਲਿ ਮੋਤੀਅਨ ਕਾ ਹਾਰੁ ॥ ਅੰਗ - ੫੮*

ਇੱਕ ਤਾਰ ਜਦੋਂ ਮਿਲ ਜਾਂਦੀ ਹੈ ਤੇ ਗਲ ਵਿੱਚ ਮੋਤੀਆਂ ਦਾ ਹਾਰ ਬਣ ਜਾਂਦਾ ਹੈ -

*ਜਲ ਤਰੰਗ ਅਰੁ ਫੇਨ ਬੁਦਬੁਦਾ*
*ਜਲ ਤੇ ਭਿੰਨ ਨ ਹੋਈ ॥ ਅੰਗ - ੪੮੫*

ਸਮੁੰਦਰ ਉੱਛਲ ਰਿਹਾ ਹੈ, ਬੇਅੰਤ ਲਹਿਰਾਂ ਉਠ ਰਹੀਆਂ ਨੇ, ਝੱਗ ਉਠ ਰਹੀ ਹੈ, ਬੁਲਬਲੇ ਉਠ ਰਹੇ ਨੇ ਲੇਕਿਨ ਜਲ ਤੋਂ ਬਾਹਰ ਤਾਂ ਹੈ ਨਹੀਂ।

*ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ*
*ਬਿਚਰਤ ਆਨ ਨ ਹੋਈ ॥ ਅੰਗ - ੪੮੫*

ਇਹ ਤਾਂ ਇੱਕ ਲੀਲਾ ਹੋ ਰਹੀ ਹੈ -

*ਮਿਥਿਆ ਭਰਮੁ ਅਰੁ ਸੁਪਨ ਮਨੋਰਥ*
*ਸਤਿ ਪਦਾਰਥੁ ਜਾਨਿਆ ॥ ਅੰਗ - ੪੮੫*

ਭਰਮ ਪੈ ਗਿਆ ਮਿਥਿਆ ਦਾ। ਰੱਸੀ ਪਈ ਹੈ ਹਨ੍ਹੇਰੇ ਦੇ ਅੰਦਰ। ਮਟਕ ਚਾਨਣਾ ਹੈ, ਨਿਰਣਾ ਨਹੀਂ ਹੁੰਦਾ ਤੇ ਡਰ ਲੱਗੇਗਾ ਕਿ ਸੱਪ ਪਿਆ ਹੈ, ਹੋਰ ਸਿਆਣਾ ਹੋਏਗਾ ਕਿ ਸੱਪ ਤਾਂ ਇੱਥੇ ਆਉਂਦਾ ਨਹੀਂ, ਕਿਤੇ ਤ੍ਰੇੜ ਆ ਗਈ ਧਰਤੀ ਨੂੰ ਰਾਤ ਨੂੰ। ਤੀਸਰਾ ਕਹੇਗਾ ਕਿ ਇਹ ਕੋਈ ਮਾਲਾ ਤਾਂ ਨਹੀਂ। ਸਿੱਪੀ ਪਈ ਹੈ ਚੰਦ ਚਾਨਣੇ ਭੁਲੇਖਾ ਪਏਗਾ ਕਿ ਇਹ ਤਾਂ ਸ਼ਾਇਦ ਚਾਂਦੀ ਪਈ ਹੈ, ਰੜ੍ਹਾ ਮੈਦਾਨ ਹੈ ਸੂਰਜ ਤਪ ਰਿਹਾ ਹੈ, ਦੁਪਹਿਰਾ ਹੋਇਆ ਹੋਇਆ ਹੈ, ਭੁਲੇਖਾ ਪਏਗਾ ਕਿ ਦਰਿਆ ਚਲ ਰਿਹਾ ਹੈ। ਇਹ ਸੁਪਨੇ ਦੀ ਹੈ -

*ਜਿਉ ਸੁਪਨੈ ਹੋਇ ਬੈਸਤ ਰਾਜਾ ॥*
*ਨੇਤ੍ਰ ਪਸਾਰੈ ਤਾ ਨਿਰਾਰਥ ਕਾਜਾ ॥ ਅੰਗ-੧੭੯*

ਸੁਪਨੇ ਦੇ ਵਿੱਚ ਰਾਜਾ ਬਣ ਜਾਂਦਾ ਹੈ ਤੇ ਰਾਜੇ ਦਾ ਸੁਪਨਾ ਆ ਗਿਆ। ਰਾਜ ਮਾਣਦਾ ਹੈ ਲੇਕਿਨ ਜਦੋਂ ਜਾਗ ਆਉਂਦੀ ਹੈ ਉਸ ਵੇਲੇ ਕੁਛ ਵੀ ਨਹੀਂ ਹੁੰਦਾ -

*ਜਿਉ ਸੁਪਨਾ ਅਰੁ ਪੇਖਨਾ*
*ਐਸੇ ਜਗ ਕਉ ਜਾਨਿ ॥ ਅੰਗ - ੧੪੨੭*

ਸੋ ਮਹਾਰਾਜ ਕਹਿੰਦੇ, ਇਸੇ ਤਰ੍ਹਾਂ ਇਹ ਮਾਇਆ ਹੈ।

*ਸੁਕ੍ਰਿਤ ਮਨਸਾ ਗੁਰ ਉਪਦੇਸੀ*
*ਜਾਗਤ ਹੀ ਮਨੁ ਮਾਨਿਆ ॥ ਅੰਗ - ੪੮੫*

ਜਦੋਂ ਜਗਾ ਦਿੱਤਾ ਗੁਰੂ ਨੇ, ਬਾਣ ਮਾਰ-ਮਾਰ ਕੇ, ਉਸ ਵੇਲੇ ਦੇ ਬੁਲਟ ਪਰੂਫ ਜਾਕਟਾਂ ਨਹੀਂ ਉਨ੍ਹਾਂ ਦੇ ਤਾਂ ਪੈਂਦੇ ਨੇ ਕਲੇਜੇ ਵਿੱਚ ਛੇਕ, ਜਿਹੜੇ ਆਏ ਹੋਏ ਨੇ ਤਿਆਰ ਹੋ ਕੇ ਕਿ ਗੁਰੂ ਦਾ ਬਚਨ ਨਹੀਂ ਲਗਣ ਦੇਣਾ, ਉਨ੍ਹਾਂ ਨੂੰ ਅਸਰ ਨਹੀਂ ਹੁੰਦਾ।

*ਸੁਕ੍ਰਿਤ ਮਨਸਾ ਗੁਰ ਉਪਦੇਸੀ*
*ਜਾਗਤ ਹੀ ਮਨੁ ਮਾਨਿਆ ॥ ੩ ॥*
*ਕਹਤ ਨਾਮਦੇਉ ਹਰਿ ਕੀ ਰਚਨਾ*
*ਦੇਖਹੁ ਰਿਦੈ ਬੀਚਾਰੀ ॥*
*ਘਟ ਘਟ ਅੰਤਰਿ ਸਰਬ ਨਿਰੰਤਰਿ*
*ਕੇਵਲ ਏਕ ਮੁਰਾਰੀ ॥ ਅੰਗ - ੪੮੫*

ਸੋ ਇਸ ਤਰ੍ਹਾਂ ਦੇ ਨਾਲ ਕੇਵਲ ਇੱਕ ਮੁਰਾਰੀ ਸਾਰਿਆਂ ਦੇ ਅੰਦਰ ਵਸਦਾ ਹੈ। ਉਸ ਵੇਲੇ ਕਹਿਣ ਲੱਗਿਆ, ਪਾਤਸ਼ਾਹ! ਆਪ ਨੇ ਇਹ ਮੈਨੂੰ ਦੱਸਿਆ ਸੀ ਮੈਂ ਕੌਣ ਹਾਂ? ਫੇਰ ਆਹ ਦੇਹੀ 'ਚ ਕੌਣ ਵਸਦਾ ਹੋਇਆ? ਮੈਂ ਤਾਂ ਕਹਿੰਦਾ ਹਾਂ 'ਮੈਂ' ਵਸਦਾ ਹਾਂ। ਮੇਰਾ ਸਰੀਰ ਹੈ, ਮੇਰੀਆਂ ਅੱਖਾਂ, ਮੇਰੇ ਕੰਨ, ਮੇਰੀ ਜ਼ੁਬਾਨ, ਮੇਰੀਆਂ ਧੀਆਂ, ਮੇਰੀ ਜਾਇਦਾਦ, ਮੇਰਾ ਹੀ ਹੈ ਇਹ, ਫੇਰ ਮੈਂ ਹੀ ਵਸਦਾ ਹੋਇਆ। ਮੈਂ ਕੀ ਹਾਂ? ਮੈਨੂੰ ਸਤਿ, ਸਤਿ, ਸਹੀ-ਸਹੀ; ਮਹਾਰਾਜ ਦੱਸੋ ਇਹਦੇ 'ਚ ਕੌਣ ਵਸਦਾ ਹੈ। ਤਾਂ ਕਿ ਮੈਨੂੰ ਨਿਰਣਾ ਹੋ ਜਾਵੇ। ਪੜ੍ਹੋ ਪਿਆਰ ਨਾਲ -

*ਧਾਰਨਾ - ਦੇਹੀ ਅੰਦਰ ਓ ਓਹੀਓ ਵਸਦੈ।*
*ਜਿਹਦਾ ਅੰਤ ਨਾ ਕਿਸੇ ਨੇ ਪਾਇਆ।*
*ਨਾ ਇਹੁ ਮਾਨਸੁ ਨਾ ਇਹੁ ਦੇਉ ॥*
*ਨਾ ਇਹੁ ਜਤੀ ਕਹਾਵੈ ਸੇਉ ॥*
*ਨਾ ਇਹੁ ਜੋਗੀ ਨਾ ਅਵਧੂਤਾ ॥*
*ਨਾ ਇਸੁ ਮਾਇ ਨ ਕਾਹੂ ਪੂਤਾ ॥ ੧ ॥*
*ਇਆ ਮੰਦਰ ਮਹਿ ਕੌਨ ਬਸਾਈ ॥*
*ਤਾ ਕਾ ਅੰਤੁ ਨ ਕੋਊ ਪਾਈ ॥ ੧ ॥ ਰਹਾਉ ॥*
*ਨਾ ਇਹੁ ਗਿਰਹੀ ਨਾ ਓਦਾਸੀ ॥*
*ਨਾ ਇਹੁ ਰਾਜ ਨ ਭੀਖ ਮੰਗਾਸੀ ॥*
*ਨਾ ਇਸੁ ਪਿੰਡੁ ਨ ਰਕਤੂ ਰਾਤੀ ॥*
*ਨਾ ਇਹੁ ਬ੍ਰਹਮਨੁ ਨਾ ਇਹੁ ਖਾਤੀ ॥ ੨ ॥*
*ਨਾ ਇਹੁ ਤਪਾ ਕਹਾਵੈ ਸੇਖੁ ॥*
*ਨਾ ਇਹੁ ਜੀਵੈ ਨ ਮਰਤਾ ਦੇਖੁ ॥*
*ਇਸੁ ਮਰਤੇ ਕਉ ਜੇ ਕੋਊ ਰੋਵੈ ॥*
*ਜੋ ਰੋਵੈ ਸੋਈ ਪਤਿ ਖੋਵੈ ॥ ੩ ॥*
*ਗੁਰ ਪ੍ਰਸਾਦਿ ਮੈ ਡਗਰੋ ਪਾਇਆ ॥*
*ਜੀਵਨ ਮਰਨੁ ਦੋਊ ਮਿਟਵਾਇਆ ॥*
*ਕਹੁ ਕਬੀਰ ਇਹੁ ਰਾਮ ਕੀ ਅੰਸੁ ॥*
*ਜਸ ਕਾਗਦ ਪਰ ਮਿਟੈ ਨ ਮੰਸੁ ॥*
*ਅੰਗ - ੮੭੧*

ਜਿਹਦਾ ਜਸ ਕਾਗਜ਼ਾਂ 'ਤੇ ਲਿਖ ਕੇ ਕੀਤਾ ਹੀ ਨਹੀਂ ਜਾ ਸਕਦਾ, ਕਹਿੰਦੇ ਉਹ ਵਸਦਾ ਹੈ, ਵਾਹਿਗੁਰੂ ਵਸਦਾ ਹੈ ਇਸ ਸਰੀਰ ਦੇ ਅੰਦਰ -

*ਪੰਚ ਤਤੁ ਮਿਲਿ ਕਾਇਆ ਕੀਨੀ ॥*
*ਤਿਸ ਮਹਿ ਰਾਮ ਰਤਨੁ ਲੈ ਚੀਨੀ ॥*
*ਆਤਮ ਰਾਮੁ ਰਾਮੁ ਹੈ ਆਤਮ*
*ਹਰਿ ਪਾਈਐ ਸਬਦਿ ਵੀਚਾਰਾ ਹੇ ॥*
*ਅੰਗ - ੧੦੩੦*

ਸ਼ਬਦ ਦੀ ਵਿਚਾਰ ਕਰਕੇ ਇਸ ਦਾ ਪਤਾ ਲਗਦਾ ਹੈ ਸੋ ਇਸ ਕਰਕੇ ਮਹਾਰਾਜ ਕਹਿਣ ਲੱਗੇ ਜਿਹੜਾ ਇਸ ਸਰੀਰ ਵਿੱਚ ਵਸਦਾ ਹੈ ਤੇ ਤੂੰ ਆਪਣਾ ਆਪ ਜਿਸਨੂੰ ਕਹਿੰਦਾ ਹੈਂ, ਜਿਹਨੂੰ ਤੂੰ ਨਿਜ ਸਰੂਪ ਕਹਿੰਦਾ ਹੈ, ਆਪਣਾ ਆਪ ਕਹਿੰਦਾ ਹੈਂ ਤੇ ਜਿਸਨੂੰ ਆਤਮਾ ਕਹਿੰਦਾ ਹੈਂ, ਉਹ ਜੋਤ ਸਰੂਪ ਹੈ -

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥*
*ਮਨ ਹਰਿ ਜੀ ਤੇਰੈ ਨਾਲਿ ਹੈ*
*ਗੁਰਮਤੀ ਰੰਗੁ ਮਾਣੁ ॥ ਅੰਗ - ੪੪੧*
*ਅਚਰਜ ਕਥਾ ਮਹਾ ਅਨੂਪ ॥*
*ਪ੍ਰਾਤਮਾ ਪਾਰਬ੍ਰਹਮ ਕਾ ਰੂਪੁ ॥ ਰਹਾਉ ॥*
*ਨਾ ਇਹੁ ਬੂਢਾ ਨਾ ਇਹੁ ਬਾਲਾ ॥*
*ਨਾ ਇਸੁ ਦੂਖੁ ਨਹੀ ਜਮ ਜਾਲਾ ॥*
*ਨਾ ਇਹੁ ਬਿਨਸੈ ਨਾ ਇਹੁ ਜਾਇ ॥*
*ਆਦਿ ਜੁਗਾਦੀ ਰਹਿਆ ਸਮਾਇ॥ ਅੰਗ - ੮੬੮*

ਸੰਸਾਰ ਤੋਂ ਪਹਿਲਾਂ ਵੀ ਇਹ ਸੀਗਾ ਤੇ ਬਾਅਦ ਵਿੱਚ ਵੀ ਇਹਨੇ ਰਹਿਣਾ ਹੈ।

*ਨਾ ਇਸੁ ਉਸਨੁ ਨਹੀ ਇਸੁ ਸੀਤੁ ॥*
*ਨਾ ਇਸੁ ਦੁਸਮਨੁ ਨਾ ਇਸੁ ਮੀਤੁ ॥*
*ਨਾ ਇਸੁ ਹਰਖੁ ਨਹੀ ਇਸੁ ਸੋਗੁ ॥*
*ਸਭੁ ਕਿਛੁ ਇਸ ਕਾ ਇਹੁ ਕਰਨੈ ਜੋਗੁ ॥ ੨ ॥*
*ਨਾ ਇਸੁ ਬਾਪੁ ਨਹੀ ਇਸੁ ਮਾਇਆ ॥*
*ਇਹੁ ਅਪਰੰਪਰੁ ਹੋਤਾ ਆਇਆ ॥*
*ਪਾਪ ਪੁੰਨ ਕਾ ਇਸੁ ਲੇਪੁ ਨ ਲਾਗੈ ॥*
*ਘਟ ਘਟ ਅੰਤਰਿ ਸਦ ਹੀ ਜਾਗੈ ॥ ੩ ॥*
*ਤੀਨਿ ਗੁਣਾ ਇਕ ਸਕਤਿ ਉਪਾਇਆ ॥*
*ਅੰਗ - ੮੬੮*

ਤਿੰਨ ਗੁਣੀ ਤੇ ਇੱਕ ਸ਼ਕਤੀ ਉਪਾ ਦਿੱਤੀ ਮਾਇਆ ਦੀ -

*ਮਹਾ ਮਾਇਆ ਤਾ ਕੀ ਹੈ ਛਾਇਆ ॥*
*ਅੰਗ - ੮੬੮*

ਆਹ ਜਿਹੜਾ ਕੁਛ ਹੋ ਰਿਹਾ ਹੈ ਸਭ ਉਹਦੀ ਛਾਇਆ 'ਚ ਚਲ ਰਿਹਾ ਹੈ -

*ਅਛਲ ਅਛੇਦ ਅਭੇਦ ਦਇਆਲ ॥*
*ਦੀਨ ਦਇਆਲ ਸਦਾ ਕਿਰਪਾਲ ॥*
*ਤਾ ਕੀ ਗਤਿ ਮਿਤਿ ਕਛੂ ਨ ਪਾਇ ॥*
*ਨਾਨਕ ਤਾ ਕੈ ਬਲਿ ਬਲਿ ਜਾਇ ॥*

**ਅੰਗ - ੯੬੮**

ਸੋ ਸਾਰਿਆਂ ਦੇ ਅੰਦਰ ਮਹਾਰਾਜ ਕਹਿਣ ਲੱਗੇ, ਪਿਤਾ ਜੀ! ਜਿੰਨੀ ਵੀ ਵਿਚਾਰ ਕਰੀ ਹੈ, ਉਹ ਇੱਕੋ ਵਿਚਾਰ ਹੈ ਕਿ ਸਾਰਿਆਂ ਅੰਦਰ ਜਿਹੜਾ 'ਮੈਂ' 'ਤੂੰ' ਹੈ ਇਹ ਤਾਂ ਹੈਗਾ ਭੁਲੇਖਾ, ਪਰਛਾਵਾਂ -

*ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ ॥*
*ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ ॥*

**ਅੰਗ - ੫੫੦**

ਭੁਲੇਖੇ ਨੂੰ ਸਤਿ ਕਰਕੇ ਮੰਨ ਲਿਆ ਇਹਨੂੰ ਮਾਇਆ ਕਹਿੰਦੇ ਨੇ, ਅਸਲੀ ਚੀਜ਼ ਜਿਹੜੀ ਸੀ ਉਹਨੂੰ ਭੁੱਲ ਗਿਆ, ਨਕਲੀ ਚੀਜ਼ ਨੂੰ ਮੰਨ ਕੇ ਫੇਰ ਰਾਗ, ਦ੍ਵੈਸ਼, ਨਿੰਦਿਆ ਚੁਗਲੀ, ਈਰਖਾ, ਵਖੀਲੀ ਇਸ ਦ੍ਵੰਦ ਦੇ ਅੰਦਰ ਪੈ ਗਿਆ। ਦ੍ਵੰਦ ਦੇ ਵਿੱਚ ਪਿਆ ਹੋਇਆ ਉਹ ਜਿਹੜੀ ਛਾਇਆ ਹੈ, ਜਦ ਤੱਕ ਉਹਦੇ ਉਤੋਂ ਬੁਲਬਲਾ ਹਟਦਾ ਨਹੀਂ, ਓਨੀਂ ਦੇਰ ਤੱਕ ਉਹ ਛਾਇਆ ਘੁੰਮਦੀ ਹੈ, ਉਹਨੂੰ ਜੀਵ ਕਹਿੰਦੇ ਨੇ ਤੇ ਉਹ ਜੀਵ ਤੁਰੇ ਫਿਰਦੇ ਨੇ। ਸੋ ਇਹਦੇ ਵਿੱਚ ਅਸਲੀਅਤ ਇਹ ਹੈ ਕਿ -

*ਆਤਮ ਰਾਮੁ ਸਰਬ ਮਹਿ ਪੇਖੁ ॥*
*ਪੂਰਨ ਪੂਰਿ ਰਹਿਆ ਪ੍ਰਭ ਏਕੁ ॥*
*ਰਤਨੁ ਅਮੋਲੁ ਰਿਦੇ ਮਹਿ ਜਾਨੁ ॥*
*ਅਪਨੀ ਵਸਤੁ ਤੂ ਆਪਿ ਪਛਾਨੁ ॥ ੧ ॥*
*ਪੀ ਅੰਮ੍ਰਿਤੁ ਸੰਤਨ ਪਰਸਾਦਿ ॥*
*ਵਡੇ ਭਾਗ ਹੋਵਹਿ ਤਉ ਪਾਈਐ ਬਿਨੁ*
*ਜਿਹਵਾ ਕਿਆ ਜਾਣੈ ਸੁਆਦੁ ॥ ੧ ॥ ਰਹਾਉ ॥*
*ਅਠ ਦਸ ਬੇਦ ਸੁਨੇ ਕਹ ਡੋਰਾ ॥*

**ਅੰਗ - ੯੯੨**

ਕਹਿੰਦੇ ਬੋਲਾ ਕਿਵੇਂ ਸੁਣ ਲਵੇ ਆਹ ਬਚਨ, ਜਿਹੜਾ ਮਨ ਦਾ ਬੋਲਾ ਹੈ ਜਿਹਦੇ ਅੰਦਰ ਵੈਰਾਗ ਆਇਆ ਨਹੀਂ ਹੈ, ਲੱਗਿਆ ਨਹੀਂ ਜਿਹਦੇ ਅੰਦਰ, ਕੰਨ ਨਹੀਂ ਜਿਹਨੂੰ ਪ੍ਰਾਪਤ ਹੋਏ, ਕਹਿੰਦੇ ਉਹ ਬੋਲਾ ਕਿਵੇਂ ਸੁਣ ਲਏਗਾ। ਸੁਣ ਨਹੀਂ ਸਕਦਾ, ਕਿਉਂਕਿ ਉਹਦੇ ਅੰਦਰ ਕੰਨ੍ਹ ਨਹੀਂ ਖੁਲ੍ਹੇ ਹੋਏ ਤੇ ਅੱਖਾਂ ਨਹੀਂ ਖੁਲ੍ਹੀਆਂ। ਅਠਾਰ੍ਹਾਂ ਪੁਰਾਣ, ਚਾਰ ਵੇਦ, ਸਿਮ੍ਰਤੀਆਂ, ਸਾਰੀਆਂ ਸੁਣੀਆਂ, ਕਹਿੰਦੇ ਬੋਲਾ ਕਿਵੇਂ ਸੁਣ ਸਕਦਾ ਹੈ -

*ਕੋਟਿ ਪ੍ਰਗਾਸ ਨ ਦਿਸੈ ਅੰਧੇਰਾ॥* **ਅੰਗ - ੯੯੨**

ਜਿਹਦਾ ਮਨ ਅੰਨਾ ਹੈ, ਜਿਹਨੂੰ ਗਿਆਨ ਦੇ ਚਕਸ਼ੂ ਨਹੀਂ ਅਜੇ ਪ੍ਰਾਪਤ ਹੋਏ, ਉਹਨੂੰ ਦਿਸਦਾ ਨਹੀਂ ਵਾਹਿਗੁਰੂ ਘਟ-ਘਟ 'ਚ ਵਿਆਪਕ।

*ਪਸੂ ਪਰੀਤਿ ਘਾਸ ਸੰਗਿ ਰਚੈ ॥*
*ਜਿਸੁ ਨਹੀ ਬੁਝਾਵੈ ਸੋ ਕਿਤੁ ਬਿਧਿ ਬੁਝੈ ॥ ੨ ॥*
*ਜਾਨਣਹਾਰੁ ਰਹਿਆ ਪ੍ਰਭੁ ਜਾਨਿ ॥*
*ਓਤਿ ਪੋਤਿ ਭਗਤਨ ਸੰਗਾਨਿ ॥*
*ਬਿਗਸਿ ਬਿਗਸਿ ਅਪੁਨਾ ਪ੍ਰਭੁ ਗਾਵਹਿ ॥*
*ਨਾਨਕ ਤਿਨ ਜਮ ਨੇੜਿ ਨ ਆਵਹਿ ॥*

**ਅੰਗ - ੯੯੨**

ਉਨ੍ਹਾਂ ਦੇ ਜਮ ਨੇੜ ਨਹੀਂ ਆਉਂਦਾ। ਸੋ ਵਿਚਾਰ ਤੇ ਗਿਆਨ ਰੂਪੀ ਅੱਖਾਂ ਨਹੀਂ ਜਿਹਦੇ ਕੋਲ ਨਿਸ਼ਚਾ ਤੇ ਵਿਚਾਰ ਰੂਪੀ ਕੰਨ ਨਹੀਂ ਹਨ, ਉਹ ਬੋਲਾ ਹੈ ਸੰਸਾਰ 'ਚ, ਕਿੰਨੀਆਂ ਹੀ ਆਵਾਜ਼ਾਂ ਦੇ ਦਿਓ, ਉਹ ਸੁਣਦਾ ਹੀ ਨਹੀਂ ਹੈ -

*ਧਾਰਨਾ - ਸੁੱਤੇ ਪਏ ਨੇ ਭਾਗ*
*ਦਿੱਤੀਆਂ ਬਾਗਾਂ ਤੋਂ ਨਾ ਜਾਗਦੇ।*
*ਫਰੀਦਾ ਕੂਕੇਦਿਆ ਚਾਂਗੇਦਿਆ*
*ਮਤੀ ਦੇਦਿਆ ਨਿਤ ॥*
*ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥*

**ਅੰਗ - ੧੩੭੮**

ਬੜਾ ਸ਼ਿਕਵਾ ਕੀਤਾ ਹੈ ਬਾਣੀ ਦੇ ਅੰਦਰ ਕਿ ਚਾਰੇ ਵੇਦ, ਛੇਈ ਸਾਸ਼ਤਰ, ਸਤਾਈ ਸਿਮ੍ਰਿਤੀਆਂ, ਉਪਨਿਸ਼ਦਾਂ, ਕੁਰਾਨ ਸ਼ਰੀਫ, ਤੌਰੇਤ, ਅੰਜੀਲ ਜੰਬੂਰ, ਬਾਈਬਲ, ਗੁਰੂ ਗ੍ਰੰਥ ਸਾਹਿਬ, ਲੱਖਾਂ ਮਹਾਤਮਾ ਪੁਕਾਰ-ਪੁਕਾਰ ਕੇ ਇੱਕੋ ਗੱਲ ਕਹਿ ਰਹੇ ਨੇ, ਲੇਕਿਨ ਕਹਿੰਦੇ ਮਾਇਆ ਨੇ ਜਿਹੜੇ ਮੋਹ ਲਏ, ਸ਼ੈਤਾਨ ਨੇ ਜਿਨ੍ਹਾਂ ਦਾ ਚਿੱਤ ਫੇਰ ਦਿੱਤਾ, ਉਹ ਚਿੱਤ ਫੇਰਦੇ ਨਹੀਂ ਹੈਗੇ। ਇਸ ਗੱਲ ਵਿੱਚ ਨਹੀਂ ਆਉਂਦੇ। ਸਮਝਣ ਦਾ ਯਤਨ ਨਹੀਂ ਕਰਦੇ, ਜੇ ਸਮਝਦੇ ਨਹੀਂ ਤਾਂ intlectual level ਤੋਂ ਅੱਗੇ ਆਤਮਕ ਮੰਡਲ ਵਿੱਚ ਪ੍ਰਵੇਸ਼ ਨਹੀਂ ਹੁੰਦਾ, ਕਿਉਂਕਿ ਇੱਕ ਹੁੰਦਾ ਹੈ ਬੁੱਝਣਾ, ਅਕਲ ਦੇਣਾ, ਇੱਕ ਹੁੰਦਾ ਹੈ ਆਤਮਕ ਮੰਡਲ ਵਿੱਚ ਜਾ ਕੇ ਬੁੱਝਣਾ। ਜਿਹਨੂੰ ਉਨਮਨੀ ਮੰਡਲ ਕਹਿੰਦੇ ਨੇ। ਉਨਮਨੀ ਮੰਡਲ 'ਚ ਜਦੋਂ ਅਸੀਂ ਬੁੱਝਾਂਗੇ, ਉਥੇ ਨਿਸ਼ਾਨੀਆਂ ਨੇ ਸਾਰੀਆਂ।

*ਘਰ ਮਹਿ ਘਰੁ ਦੇਖਾਇ ਦੇਇ*
*ਸੋ ਸਤਿਗੁਰੁ ਪੁਰਖੁ ਸੁਜਾਣੁ ॥*
*ਪੰਚ ਸਬਦ ਧੁਨਿਕਾਰ ਧੁਨਿ ਤਹ*
*ਬਾਜੈ ਸਬਦੁ ਨੀਸਾਣੁ ॥*
*ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥*
*ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ*
*॥ ਸੁਖਮਨ ਕੈ ਘਰਿ ਰਾਗੁ ਸੁਨਿ*
*ਸੁੰਨਿ ਮੰਡਲਿ ਲਿਵ ਲਾਇ ॥* **ਅੰਗ - ੧੨੯੧**

ਉਸੇ ਨੂੰ ਮਹਾਰਾਜ ਕਹਿੰਦੇ ਨੇ -

*ਨਉ ਦਰਵਾਜੇ ਕਾਇਆ ਕੋਟੁ ਹੈ*
*ਦਸਵੈ ਗੁਪਤੁ ਰਖੀਜੈ ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*
*ਅੰਗ - ੯੫੪*

ਜਦੋਂ ਖੁਲ੍ਹ ਗਏ ਫੇਰ ਕੀ ਹੁੰਦਾ ਹੈ -

*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥*
*ਅੰਗ - ੯੫੪*

ਜ਼ੁਬਾਨੀ ਤਾਂ ਨਹੀਂ ਨਾ ਖੁਲ੍ਹਦੇ, ਅਕਲ ਦੇ ਨਾਲ ਤਾਂ ਨਹੀਂ ਨਾ ਖੁਲ੍ਹਦੇ, ਇਹ ਤਾਂ ਫੇਰ ਵਿਚਾਲੇ ਰਹਿ ਜਾਂਦਾ ਹੈ। ਉਥੇ ਤਾਂ ਨਿਸ਼ਾਨੀਆਂ ਨੇ, ਜਦੋਂ ਪ੍ਰਕਾਸ਼ ਹੋਏਗਾ ਫੇਰ ਨਜ਼ਰ ਆਏਗਾ -

*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥*
*ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ॥*
*ਅੰਗ - ੯੫੪*
*ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥*
*ਅੰਗ - ੯੪੭*

ਉਸ ਵੇਲੇ ਪਿਤਾ ਕਾਲੂ ਜੀ ਕਹਿਣ ਲੱਗੇ, ਹੇ ਨਾਨਕ! ਜੋ ਆਪ ਨੇ ਬਚਨ ਕੀਤੇ ਨੇ ਇੱਕ-ਇੱਕ ਮੇਰੇ ਹਿਰਦੇ 'ਚ ਪਰੋਏ ਗਏ ਨੇ, ਪਰ ਮੈਨੂੰ ਅਜੇ ਵੀ ਸੰਸਾ ਹੈ। ਕਹਿਣ ਲੱਗੇ, ਉਹ ਵੀ ਦੱਸੋ ਪਿਤਾ ਜੀ। ਕਹਿਣ ਲੱਗੇ ਜਦੋਂ ਵਾਹਿਗੁਰੂ ਸੀਗਾ, ਉਹ ਪੂਰਨ ਗਿਆਨ ਵਿੱਚ ਖੇਲ੍ਹਣ ਲੱਗਿਆ ਸੀ, ਅਗਿਆਨ ਕਿੱਥੋਂ ਆ ਗਿਆ। ਇਹ ਭਟਕਣਾ ਕਿੱਥੋਂ ਆ ਗਈ, ਦੁੱਖ ਕਿਥੋਂ ਆ ਗਏ, ਇਹ ਜੀਵ ਭੁੱਲ ਕਿਉਂ ਗਏ, ਜਦੋਂ ਪੂਰਨ ਗਿਆਨ ਸੀ ਉਸ ਵੇਲੇ। ਜਦੋਂ ਕਰਮ ਹੈ ਹੀ ਨਹੀਂ ਸੀ, ਕਰਮ ਦਾ ਫਲ ਕਿੱਥੋਂ ਮਿਲ ਗਿਆ, ਆਹ ਸੰਸਾ ਮੇਰੇ ਮਨ ਵਿੱਚ ਹੈ, ਸੋ ਮਹਾਰਾਜ ਕਹਿਣ ਲੱਗੇ ਪਿਤਾ ਜੀ, ਵਾਹਿਗੁਰੂ ਨੇ ਜਦ ਸ੍ਰਿਸ਼ਟੀ ਰਚੀ ਹੈ ਨਾ, ਖੇਲ੍ਹ ਕੀਤਾ ਹੈ, ਇਹਦੇ ਵਿੱਚ ਸਭ ਤੋਂ ਪਹਿਲਾਂ ਅਹੰ ਭਾਵ ਪੈਦਾ ਕੀਤਾ ਹੈ ਜਿਹਨੂੰ ਹਉਮੈ ਕਹਿੰਦੇ ਨੇ। ਹਉਮੈ ਦੇ ਤੱਤ ਤੋਂ ਹੀ ਸਾਰੀ ਜੋ ਮਾਇਆ ਹੈ, ਜਿਹਨੂੰ ਮਹਿ ਤੱਤ ਕਹਿੰਦੇ ਨੇ, ਬੁੱਧੀ ਕਹਿੰਦੇ ਨੇ ਉਹ ਪੈਦਾ ਹੋ ਗਈ, ਉਹਦੇ ਵਿਚੋਂ ਸ਼ਬਦ, ਸਪਰਸ਼, ਰੂਪ, ਰਸ, ਗੰਧ; ਪੰਜ ਤਨ ਮਾਤਰਾ ਤੇ ਇਨ੍ਹਾਂ ਦੇ ਵਿਚੋਂ ਪੰਜ ਸਥੂਲ ਤੱਤ ਪਾਣੀ, ਅੱਗ, ਧਰਤੀ ਵਗੈਰਾ ਇਨ੍ਹਾਂ ਤੋਂ ਮਨ ਪੈਦਾ ਹੋਇਆ, ਬੁੱਧੀ ਪੈਦਾ ਹੋਈ ਤੇ ਚਿੱਤ ਪੈਦਾ ਹੋਇਆ ਤੇ ਝੂਠਾ ਪਰਛਾਵਾਂ ਇਨ੍ਹਾਂ 'ਚ ਪ੍ਰਵੇਸ਼ ਕਰਕੇ 'ਮੈਂ' ਬਣ ਕੇ ਇਹਦੇ 'ਚ ਆ ਕੇ ਦਾਖਲ ਹੋ ਗਿਆ, ਇਹ ਕਰਤਾ ਪੁਰਖ ਨੇ ਹੀ ਇਹ ਚੀਜ਼ ਬਣਾ ਦਿੱਤੀ, ਖੇਲ੍ਹਣ ਵਾਸਤੇ -

*ਧਾਰਨਾ - ਜਿਨ ਰਚ ਰਚਿਆ ਪੁਰਖ ਬਿਧਾਤੇ,*
*ਨਾਲੇ ਹਉਮੈ ਪਾਈ ਹੈ।*

*ਜਿਨਿ ਰਚਿ ਰਚਿਆ ਪੁਰਖਿ ਬਿਧਾਤੈ*
*ਨਾਲੇ ਹਉਮੈ ਪਾਈ ॥*
*ਜਨਮ ਮਰਣੁ ਉਸ ਹੀ ਕਉ ਹੈ ਰੇ*
*ਓਹਾ ਆਵੈ ਜਾਈ ॥ ਅੰਗ - ੯੯੯*

ਕਹਿਣ ਲੱਗੇ, ਪਿਤਾ ਜੀ! ਇਹ ਸਾਰਾ ਖੇਲ੍ਹ ਹਉਮੈ ਕਰਕੇ ਹੋ ਰਿਹਾ ਹੈ, ਇੱਕ ਤੋਂ ਅਨੇਕ ਵੀ ਹਉਮੈ ਕਰਕੇ ਹੀ ਦਿਸਦਾ ਹੈ, ਹਉਮੈ ਹੀ ਕਰਮ ਕਰਦੀ ਹੈ, ਹਉਮੈ ਹੀ ਬੰਧਨ ਵਿੱਚ ਪੈਂਦੀ ਹੈ, ਹਉਮੈ ਹੀ ਜੰਮਦੀ ਹੈ, ਹਉਮੈ ਹੀ ਮਰਦੀ ਹੈ, ਸੱਤਾ ਪ੍ਰਮੇਸ਼ਰ ਦੀ ਹੈ ਇਹਨੂੰ। ਸੰਸਾਰ ਦੀ ਉਪਜ -

*ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ*
*ਕਿਤੁ ਕਿਤੁ ਦੁਖਿ ਬਿਨਸਿ ਜਾਈ ॥*
*ਹਉਮੈ ਵਿਚਿ ਜਗੁ ਉਪਜੈ ਪੁਰਖਾ*
*ਨਾਮਿ ਵਿਸਰਿਐ ਦੁਖੁ ਪਾਈ ॥ ਅੰਗ - ੯੪੬*

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿਣ ਲੱਗੇ -

*ਹੇ ਪਿਤ!ਇਕ ਪਰਮਾਤਮ ਸਾਰੇ।*
*ਰਾਗ ਦ੍ਵੈਖ ਕਿਉਂ ਕਰਹੁ ਬਿਚਾਰੇ।*
*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ ੮੧੪*

ਰਾਗ ਤੇ ਦ੍ਵੈਸ਼, ਲਗਾਓ ਤੇ ਰੁੱਖਾਪਨ ਕਿਉਂ ਵਿਚਾਰ ਕਰਦੇ ਓਂ।

*ਅਪਰ ਕਲਪਨਾ ਤੇ ਮਨ ਰੋਕਹੁ।*
*ਸਰਬ ਸਥਾਨ ਏਕ ਅਵਲੋਕਹੁ॥*
*ਜਗਤ ਮੋਹਨੀ ਜੋ ਇਹ ਮਾਯਾ।*
*ਇਸ ਬਿਧਿ ਜਾਨਹੁ ਜਿਉਂ ਤਨ ਛਾਯਾ।*
*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ ੮੧੪*

ਜਿਵੇਂ ਤਨ ਦੀ ਛਾਂ ਹੁੰਦੀ ਹੈ ਐਉਂ ਜਾਣੋ, ਜੇ ਤਾਂ ਸੂਰਜ ਵਲ ਮੂੰਹ ਕਰ ਲਓ, ਛਾਂ ਪਿੱਛੇ ਹੋ ਜਾਂਦੀ ਹੈ, ਜੇ ਛਾਂ ਨੂੰ ਫੜਨਾ ਚਾਹੋ ਇਹ ਅੱਗੇ-ਅੱਗੇ ਜਾਂਦੀ ਹੈ। ਸੋ ਕਰਤਾਰ ਵਲ ਮੂੰਹ ਕਰੇ ਤਾਂ ਪਿੱਛੇ ਲਗਦੀ ਹੈ, ਜੇ ਪਿੱਠ ਕਰੇ ਤਾਂ ਫੇਰ ਅੱਗੇ ਭੱਜਦੀ ਹੈ। ਸੋ ਸਭ ਦਾ ਮੂਲ ਵਾਹਿਗੁਰੂ ਹੈ, ਸ਼ੇਰ ਦ੍ਰਿਸ਼ਟੀ ਰੱਖੋ, ਤੁਸੀਂ ਆਹ ਸਾਰੇ ਪਸਾਰੇ ਹਉਮੈ ਤੋਂ ਉਪਰ ਇੱਕੋ ਹੀ ਪ੍ਰਮੇਸ਼ਰ ਅਨੇਕ ਰੂਪ ਵਿੱਚ ਹੋਇਆ ਹੈ, ਉਹਦੇ ਉੱਤੇ ਆਪਣੀ ਬਿਰਤੀ ਨੂੰ ਤਦਾਕਾਰ ਕਰੋ ਤੇ ਵਾਹਿਗੁਰੂ ਜੀ ਨੂੰ ਸਦਾ ਹੀ ਯਾਦ ਵਿੱਚ ਵਸਾਓ। ਸੋ ਇਸ ਤਰ੍ਹਾਂ ਜਦੋਂ ਉਪਦੇਸ਼ ਦਿੱਤਾ, ਉਸ ਵੇਲੇ ਨੂੰ ਦੂਰ ਕਰਨ ਦਾ ਜੋ ਇਲਾਜ ਹੈ -

*ਹਉਮੈ ਏਹਾ ਜਾਤਿ ਹੈ*
*ਹਉਮੈ ਕਰਮ ਕਮਾਹਿ ॥*
*ਹਉਮੈ ਏਈ ਬੰਧਨਾ*
*ਫਿਰਿ ਫਿਰਿ ਜੋਨੀ ਪਾਹਿ ॥ ਅੰਗ - ੪੬੬*
*ਹਉਮੈ ਦੀਰਘ ਰੋਗੁ ਹੈ*

*ਦਾਰੂ ਭੀ ਇਸੁ ਮਾਹਿ ॥*
*ਕਿਰਪਾ ਕਰੇ ਜੇ ਆਪਣੀ*
*ਤਾ ਗੁਰ ਕਾ ਸਬਦੁ ਕਮਾਹਿ॥*
*ਨਾਨਕੁ ਕਹੈ ਸੁਣਹੁ ਜਨਹੁ*
*ਇਤੁ ਸੰਜਮਿ ਦੁਖ ਜਾਹਿ॥ ਅੰਗ - ੪੬੬*

ਜਿਹੜੇ ਆਪਾਂ ਗੁਰੂ ਦੇ ਸ਼ਬਦਾਂ ਦੀ ਹੁਣ ਤੱਕ ਵਿਚਾਰ ਕਰੀ ਹੈ, ਇਹਨੂੰ ਵਿਚਾਰੋ ਹਿਰਦੇ ਦੇ ਅੰਦਰ, ਜਦੋਂ ਅਸੀਂ ਵਿਚਾਰਾਂਗੇ, ਇਹਨੂੰ ਸਵੈ-ਸਰੂਪ ਦਾ ਧਿਆਨ ਕਹਿੰਦੇ ਨੇ, ਲੇਕਿਨ ਪਹਿਲਾਂ ਓਨੀਂ ਦੇਰ ਤੱਕ ਵਿਚਾਰ ਵਿੱਚ ਨਹੀਂ ਆਉਂਦਾ। ਜਦ ਤੱਕ ਰੋਮ-ਰੋਮ ਦੇ ਵਿੱਚ ਨਾਮ ਨਾ ਰਚ ਜਾਵੇ, ਇਹ ਸ਼ਰਤ ਹੈ ਇਹਦੀ। ਜਦ ਰੋਮ-ਰੋਮ ਦੇ ਵਿੱਚ ਵਸ ਗਿਆ, ਨਾਮ ਤੁਰਦੇ-ਫਿਰਦੇ, ਦੇਖਦੇ-ਸੁਣਦੇ -

*ਹਰਹਟ ਭੀ ਤੂੰ ਤੂੰ ਕਰਹਿ*
*ਬੋਲਹਿ ਭਲੀ ਬਾਣਿ ॥ ਅੰਗ - ੧੪੨੦*

ਉਸ ਵੇਲੇ ਉਹ ਸੋਝੀ ਜਾਗਦੀ ਹੈ, ਜਿਹਨੂੰ ਉਨਮਨ ਕਹਿੰਦੇ ਨੇ। ਉਨਮਨ ਦੇ ਵਿੱਚ ਜਾ ਕੇ ਸਵੈ ਸਰੂਪ ਦੀ ਸੋਝੀ ਆਉਂਦੀ ਹੈ। ਸਵੈ ਸਰੂਪ ਦੀ ਸੋਝੀ ਜਦੋਂ ਹੋ ਗਈ, ਫੇਰ ਪ੍ਰਮੇਸ਼ਰ ਦੀ ਸੋਝੀ ਹੋ ਜਾਇਆ ਕਰਦੀ ਹੈ, ਗੁਰੂ ਦੀ ਕ੍ਰਿਪਾ ਨਾਲ। ਸੋ ਐਨੇ ਜਦ ਬਚਨ ਕਰੇ, ਤਾਂ ਪਿਤਾ ਕਾਲੂ ਦੀ ਸਮਾਧੀ ਲਗ ਗਈ। ਓਸ ਥਾਂ ਪਹੁੰਚ ਗਏ, ਮਾਇਆ ਤੋਂ ਪਾਰ ਕਰ ਦਿੱਤਾ ਗੁਰੂ ਨਾਨਕ ਪਾਤਸ਼ਾਹ ਨੇ। ਹੁਣ ਗੁਰੂ ਨਾਨਕ ਪਾਤਸ਼ਾਹ ਆਪਣੀ ਮੌਜ ਵਿੱਚ ਰਹਿ ਰਹੇ ਨੇ, ਕਿੰਨੇ ਦਿਨ ਲੰਘ ਗਏ ਤੇ ਇਨ੍ਹਾਂ ਦਾ ਸੁਭਾਵ ਵੀ ਬਦਲ ਗਿਆ। ਉਸ ਵੇਲੇ ਇੱਕ ਦਿਨ ਮਹਾਰਾਜ ਵਾਪਸ ਆਏ ਤਾਂ ਬੜੇ ਲੋਕ ਆਏ ਹੋਏ ਨੇ, ਰਾਸ਼ਨ ਵਗੈਰਾ ਖਰੀਦੇ ਹੋਏ ਨੇ, ਕੜਾਹੀਆਂ ਚੜ੍ਹਨ ਦਾ ਯਤਨ ਹੋ ਰਹੇ ਨੇ। ਮਹਾਰਾਜ ਕਹਿਣ ਲੱਗੇ, ਪਿਤਾ ਜੀ! ਇਹ ਕੀ ਕਰਨ ਲੱਗੇ ਹੋਏ ਓਂ ਤੁਸੀਂ। ਕਹਿਣ ਲੱਗੇ, ਬੇਟਾ! ਸਰਾਧ ਆ ਗਏ ਤੇ ਮੈਂ ਸਰਾਧ ਕਰਨਾ ਹੈ। ਕਹਿੰਦੇ ਤੁਹਾਨੂੰ ਸ਼ਰਾਧਾਂ ਦੀ ਲੋੜ ਨਹੀਂ ਹੈ{ ਕਹਿੰਦੇ, ਪੁੱਤਰ! ਮੇਰਾ ਧਰਮ ਹੈ ਤੇ ਮੇਰੇ ਜਾਣ ਤੋਂ ਬਾਅਦ ਤੂੰ ਮੇਰਾ ਵੀ ਸਰਾਧ ਕਰਿਆ ਕਰੀਂ।

ਮਹਾਰਾਜ ਕਹਿਣ ਲੱਗੇ, ਪਿਤਾ ਜੀ ਸ਼ਰਾਧਾਂ ਦੀ ਆਪਾਂ ਨੂੰ ਲੋੜ ਨਹੀਂ ਰਹੀ।

ਕਿਵੇਂ ਨਾਨਕ?

ਆਪ ਨੇ ਕਿਹਾ, ਸ਼ਰਾਧ ਜਿਥੇ ਕੀਤੇ ਜਾਂਦੇ ਨੇ ਉਹ ਮੰਡਲ ਬਹੁਤ ਛੋਟੇ ਤੇ ਨੀਵੇਂ ਨੇ ਤੇ ਜਿਹੜੇ ਤੁਹਾਡੇ ਬਜ਼ੁਰਗ ਨੇ ਉਹ ਉਨ੍ਹਾਂ ਤੋਂ ਉਪਰ ਲੰਘ ਗਏ ਨੇ। ਕਹਿਣ ਲੱਗੇ, ਪੁੱਤਰ! ਜੇ ਤੂੰ ਮੈਨੂੰ ਅੱਖਾਂ ਨਾਲ ਦਿਖਾ ਦੇਵੇਂ ਨਾ ਤਾਂ ਮੈਂ ਮੰਨਾਂਗਾ ਇਸ ਨੂੰ। ਜਿਵੇਂ ਤੂੰ ਮਾਇਆ ਲਾਹੀ ਹੈ ਮੇਰੇ ਤੋਂ ਇਵੇਂ ਜਿਵੇਂ ਮੇਰਾ ਇਹ ਵੀ ਭਰਮ ਦੂਰ ਕਰ ਦੇ। ਓਸ ਵੇਲੇ ਮਹਾਰਾਜ ਜੀ ਨੇ ਹੱਥ ਫੜ ਲਿਆ। ਕਹਿੰਦੇ ਨੇਤਰ ਬੰਦ ਕਰੋ। ਨੇਤਰ ਬੰਦ ਕਰੇ, ਸਾਰੇ ਜਿੰਨੇ ਮੰਡਲ ਸੀ, ਇੱਕ-ਇੱਕ 'ਚੋਂ ਲੰਘਦੇ ਜਾਂਦੇ ਨੇ। ਗੰਧਰਬ ਲੋਕ, ਦੇਵ ਗੰਧਰਬ ਲੋਕ, ਪਿੱਤਰ ਲੋਕ, ਸਵਰਗ ਲੋਕ, ਇੰਦਰ ਲੋਕ, ਕਰਮ ਦੇਵ ਲੋਕ, ਅਜਾਨ ਦੇਵ ਲੋਕ, ਪ੍ਰਜਾਪਤ ਲੋਕ, ਬ੍ਰਹਮ ਲੋਕ, ਸ਼ਿਵ ਲੋਕ; ਤੇ ਓਸ ਤੋਂ ਬਾਅਦ ਉਪਰ ਲੰਘ ਗਏ, ਉਥੇ ਜਦ ਕਾਲੂ ਜੀ ਪਹੁੰਚਦੇ ਨੇ ਉਥੇ ਧੰਨ-ਧੰਨ ਹੋ ਰਹੀ ਹੈ। ਕਹਿਣ ਲੱਗੇ, ਮਹਿਤਾ ਕਾਲੂ! ਧੰਨ ਹੈਂ ਬੇਟਾ ਤੂੰ ਧੰਨ ਹੈਂ, ਤੇਰੀ ਕ੍ਰਿਪਾ ਦੇ ਨਾਲ ਅਸੀਂ ਆਹ ਪਰਮ ਉੱਚੀ ਅਵਸਥਾ 'ਚ ਪਹੁੰਚ ਗਏ ਹਾਂ ਤੇ ਪਰਮ ਸੁਖ ਦੀ ਸਾਨੂੰ ਪ੍ਰਾਪਤੀ ਹੋ ਗਈ ਹੈ। ਹੁਣ ਅਸੀਂ ਅਚੱਲ ਸੁਖ ਦੀ ਪ੍ਰਾਪਤੀ ਕਰ ਲਈ ਹੈ, ਸਾਨੂੰ ਹੁਣ ਕਿਸੇ ਚੀਜ਼ ਦੀ ਲੋੜ ਨਹੀਂ ਹੈ। ਨਾ ਕਿਸੇ ਸ਼ਰਾਧ ਦੀ। ਕਿਉਂਕਿ ਤੇਰੇ ਘਰ ਨਿਰੰਕਾਰ ਪ੍ਰਗਟ ਹੋਇਆ ਹੈ -

*ਸੁਨਿ ਕਾਲੂ! ਜਬ ਸਦਨ ਤੁਮਾਰੇ।*
*ਅਵਤਰਯੋ ਸ਼੍ਰੀ ਏਕੰਕਾਰੇ।*
*ਤਬਿ ਕੇ ਆਨ ਬਸੇ ਇਹ ਥਾਨਾ।*
*ਅੱਚੁਤ ਪਦਵੀ ਅਨਦ ਮਹਾਨਾ।*
*ਸੁਤ ਕੋ ਸੁਤ ਨ ਜਾਨ ਬਡਭਾਗੀ।*
*ਹਰਿ ਸੋ ਲਖੋ ਹੋਹੋ ਅਨੁਰਾਗੀ।*
*ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ ੮੧੬*

ਇਹਨੂੰ ਪ੍ਰਮੇਸ਼ਰ ਦਾ ਰੂਪ ਜਾਣ, ਮਹਾਰਾਜ ਕਹਿਣ ਲੱਗੇ, ਪਿਤਾ ਜੀ! ਛੱਡ ਦਿੱਤਾ ਹੱਥ। ਵਾਪਸ ਆ ਗਏ ਤੇ। ਪਿਤਾ ਕਾਲੂ ਦਾ ਨਮਸ਼ਕਾਰ ਕਰਨ ਨੂੰ ਚਿੱਤ ਕਰਦਾ ਹੈ, ਮੈਂ ਆਪਣੇ ਪੁੱਤਰ ਦੇ ਚਰਨ ਫੜ ਲਵਾਂ, ਇਹ ਤਾਂ ਪੁੱਤਰ ਨਹੀਂ ਇਹ ਤਾਂ ਆਪ ਨਿਰੰਕਾਰ ਆ ਗਿਆ। ਇਹ ਤਾਂ ਮੇਰੇ ਘਰ ਦੇ ਅੰਦਰ -

*ਆਪਿ ਨਰਾਇਣੁ ਕਲਾ ਧਾਰਿ*
*ਜਗ ਮਹਿ ਪਰਵਰਿਯਉ ॥ ਅੰਗ - ੧੩੯੫*

ਉਸ ਵੇਲੇ ਆਪ ਕਹਿਣ ਲੱਗੇ, ਪਿਤਾ ਜੀ! ਜੋ ਵੀ ਬੰਦਗੀ ਕਰਦਾ ਹੈ, ਪ੍ਰਹਿਲਾਦ ਨੇ ਨਾਮ ਜਪ ਕੇ ਇੱਕੀ ਕੁਲ ਉਧਾਰੇ। ਜੋ ਬ੍ਰਹਮਗਿਆਨੀ ਹੁੰਦਾ ਹੈ ਉਸਦੀਆਂ 20 ਕੁਲਾਂ ਨਾਨਕਿਆਂ ਦੀਆਂ, 24 ਕੁਲਾਂ ਦਾਦਕਿਆਂ ਦੀਆਂ, 16 ਜਿਥੇ ਵਿਆਹਿਆ ਹੋਵੇ, 12 ਜਿਥੇ ਲੜਕਾ-ਲੜਕੀ ਵਿਆਹੇ ਹੁੰਦੇ ਨੇ, 11 ਜਿੱਥੇ ਭੈਣ ਵਿਆਹੀ ਹੁੰਦੀ ਹੈ 10 ਜਿਥੇ ਭੂਆ ਹੂੰਦੀ ਹੈ, 8 ਜਿਥੇ ਮਾਸੀ ਹੁੰਦੀ ਹੈ। ਸੋ ਆਪ ਵੀ ਤਰਦਾ ਹੈ ਤੇ ਕੁਲਾਂ ਦਾ ਵੀ ਉਧਾਰ ਕਰ ਦਿੰਦਾ ਹੈ -

*ਧਾਰਨਾ - ਆਪ ਤਰਦੈ ਤੇ ਪਿੱਤਰਾਂ ਨੂੰ ਤਾਰ ਦੇਵੇ,*
*ਸਤਿਨਾਮ ਜਪ ਕੇ ਵਾਹਿਗੁਰੂ।*

ਸੋ ਬੰਦਗੀ ਕਰਨ ਵਾਲਾ ਆਪ ਵੀ ਤਰ ਜਾਂਦਾ ਹੈ ਤੇ ਕੁਲਾਂ ਨੂੰ ਵੀ ਬਖਸ਼ਾ ਲੈਂਦਾ ਹੈ। ਸੋ ਇਸ ਤਰ੍ਹਾਂ ਪਿਤਾ ਕਾਲੂ ਜੀ ਬ੍ਰਹਮਗਿਆਨ ਦੀ ਅਵਸਥਾ 'ਚ ਪਹੁੰਚ ਜਾਂਦੇ ਨੇ ਤੇ ਲਿਵ ਲੱਗੀ ਰਹਿੰਦੀ ਹੈ। ਜੋ ਬਚਨ ਗੁਰਬਾਣੀ ਦੇ ਮੁਤਾਬਿਕ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨੇ ਸਾਨੂੰ ਬਖਸ਼ੇ ਨੇ, ਸਾਡਾ ਉਹ ਟੀਚਾ ਹੈ, ਜਿਥੇ ਆਪਾਂ ਪਹੁੰਚਣਾ ਹੈ ਸਾਧਸੰਗਤ ਜੀ ਤੇ ਆਪਣੇ ਸਰੂਪ ਨੂੰ ਪਹਿਲਾਂ ਪਛਾਨਣਾ ਹੈ, ਆਪਣੇ ਸਰੂਪ ਨੂੰ ਪਛਾਣ ਕੇ ਜੋ ਵਾਹਿਗੁਰੂ ਪ੍ਰੀਪੂਰਨ ਹੈ, ਇਹਦੇ ਵਿਚੋਂ ਦੂਜਾਪਨ ਦੂਰ ਕਰਕੇ, ਹੁੰਦਾ ਕੀ ਹੈ, ਉਹਦਾ ਹੀ ਰੂਪ ਹੋ ਜਾਇਆ ਕਰਦਾ ਹੈ –

*ਕਬੀਰ ਤੂੰ ਤੂੰ ਕਰਤਾ ਤੂ ਹੂਆ*
*ਮੁਝ ਮਹਿ ਰਹਾ ਨ ਹੂੰ ॥*
*ਜਬ ਆਪਾ ਪਰ ਕਾ ਮਿਟਿ ਗਇਆ*
*ਜਤ ਦੇਖਉ ਤਤ ਤੂ ॥ ਅੰਗ – ੧੩੭੫*
*ਜਬ ਹਮ ਹੋਤੇ ਤਬ ਤੂ ਨਾਹੀ*
*ਅਬ ਤੂਹੀ ਮੈ ਨਾਹੀ ॥*
*ਅਨਲ ਅਗਮ ਜੈਸੇ ਲਹਰਿ ਮਇ ਓਦਧਿ*
*ਜਲ ਕੇਵਲ ਜਲ ਮਾਂਹੀ ॥ ਅੰਗ – ੬੫੭*

ਮੈਂ ਖਤਮ ਹੋ ਗਈ, ਹੁਣ ਤੂੰ ਹੀ ਹੋ ਗਿਆ। ਲਹਿਰ ਬਣਿਆ ਹੋਇਆ ਆਪਣੇ ਆਪ ਨੂੰ ਸਮੁੰਦਰ ਤੋਂ ਅੱਡ ਸਮਝਦਾ ਸੀ, ਜਦੋਂ ਪੂਰੇ ਗੁਰੂ ਨੇ ਕ੍ਰਿਪਾ ਕਰ ਦਿੱਤੀ, ਪਤਾ ਲਗ ਗਿਆ ਕਿ ਲਹਿਰ ਵੀ ਮੈਂ ਹਾਂ, ਸਮੁੰਦਰ ਵੀ ਮੈਂ ਹਾਂ, ਬੁਲਬਲਾ ਵੀ ਮੈਂ ਹਾਂ, ਆਹ ਤਾਂ ਖੇਲ੍ਹ ਹੀ ਹੋਰ ਕੁਛ ਹੈ। ਦ੍ਵੈਤ ਖਤਮ ਹੋ ਗਈ, ਇਕੋ ਇੱਕ ਤੂੰ ਹੀ ਤੂੰ ਹੋ ਗਿਆ ਹਰ ਥਾਂ ਦੇ ਉੱਤੇ। ਸੋ ਇਸ ਤਰ੍ਹਾਂ ਸਾਧਸੰਗਤ ਜੀ! ਜੋ ਬਚਨ ਆਪਾਂ ਵਿਚਾਰ ਕਰੇ ਨੇ, ਸੁਣੇ ਨੇ, ਜਿਨ੍ਹਾਂ ਦੇ ਮਨ ਵਿੱਚ ਸ਼ੌਕ ਹੈ, ਜਿਹੜੇ ਇਸ ਰਸਤੇ ਤੇ ਚੱਲਣਾ ਚਾਹੁੰਦੇ ਨੇ, ਉਹ ਮਿਹਨਤ ਕਰੋ। ਪਹਿਲਾਂ ਨਾਮ ਜਪ ਕੇ ਮਿਹਨਤ ਹੋਇਆ ਕਰਦੀ ਹੈ, ਹਉਮੈ ਕੱਟਣੀ ਪੈਂਦੀ ਹੈ। ਮੂੰਹ ਦਾ ਗਿਆਨੀ ਤਾਂ ਸਾਰਾ ਸੰਸਾਰ ਹੋ ਸਕਦਾ ਹੈ, ਲੇਕਿਨ ਉਹਦੇ ਨਾਲ ਕੁਛ ਬਣਦਾ ਨਹੀਂ। ਪਾਣੀ ਤਾਂ ਸਾਰੇ ਜਾਣ ਜਾਂਦੇ ਨੇ ਕਿ ਧਰਤੀ ਵਿੱਚ ਹੈ ਲੇਕਿਨ ਗੁਰਮੁਖ ਦੇ ਹਿਰਦੇ ਦੇ ਵਿੱਚ ਚਸ਼ਮਾ ਨਿਕਲ ਰਿਹਾ ਹੁੰਦਾ ਹੈ। ਉਹ ਚਸ਼ਮਾ ਜਿਹੜਾ ਹੈ ਉਹ ਪ੍ਰਾਪਤੀ ਹੋਇਆ ਕਰਦੀ ਹੈ, ਜਾਨਣਾ ਪ੍ਰਾਪਤੀ ਨਹੀਂ ਹੁੰਦਾ ਕਿ ਸਾਰੀ ਧਰਤੀ 'ਚ ਪਾਣੀ ਹੈ। ਬਈ ਆਹ ਦਰਖਤ ਦੇ ਬੀਜ ਵਿੱਚ ਬੀਜ ਹੈ, ਸਭ ਦਰਖਤਾਂ ਦੇ ਵਿੱਚ ਬੀਜ ਨੇ ਕਿਹੜਾ ਨਹੀਂ ਜਾਣਦਾ, ਲੇਕਿਨ ਜਿਹਨੂੰ ਫਲ ਹੱਥ ਆ ਕੇ, ਪਾੜ ਕੇ ਬੀਜ ਹੱਥ ਆ ਗਿਆ। ਉਹ ਤਾਂ ਅਸਲੀਅਤ ਨੂੰ ਜਾਣ ਗਿਆ, ਜਿਹੜਾ ਦੂਸਰਾ ਹੈ ਇਹ ਸਾਰੀ ਹਉਮੈ ਘੁੰਮਦੀ ਫਿਰਦੀ ਹੈ, ਮਾਇਆ ਘੁੰਮਦੀ ਫਿਰਦੀ ਹੈ, ਜਿੰਨਾ ਕੁਛ ਰੂਪ ਦਿਸਦਾ ਹੈ, ਜਿੰਨਾਂ ਕੁਛ ਅਸੀਂ ਬੋਲਦੇ ਹਾਂ, ਜਿੰਨਾਂ ਕੁਛ ਸੁਣਦੇ ਹਾਂ, ਸਭ ਮਾਇਆ ਦੇ ਚਮਤਕਾਰੇ ਨੇ। ਉਹਦੇ ਓਹਲੇ ਵਾਹਿਗੁਰੂ ਹੈ, ਤਿੰਨਾਂ ਗੁਣਾਂ ਦੇ। ਓਹਲੇ ਵਾਲੇ ਨੂੰ ਪਛਾਣੋ, ਪਛਾਨ ਕੇ ਕੀ ਹੁੰਦਾ ਹੈ, ਮੈਂ ਖਤਮ ਹੋ ਜਾਂਦੀ ਹੈ, ਇਸੇ ਕਰਕੇ ਮਹਾਰਾਜ ਨੇ ਫੁਰਮਾਨ ਕੀਤਾ ਹੈ –

*ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ।*
*ਪ੍ਰਭ ਮਹਿ ਮੋਹਿ ਮਹਿ ਤਾਸ ਮਹਿ ਰੰਚਕ ਨਾਹਨ ਭੇਵ।*
*ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥*
*ਅੰਗ – ੩੯੭*

ਕਿਉਂਕਿ ਸਾਂਈ ਪ੍ਰਗਟ ਹੋ ਜਾਂਦਾ ਹੈ, ਦੂਜਾਇਗੀ ਖਤਮ ਹੋ ਜਾਂਦੀ ਹੈ। ਅਸਲੀਅਤ ਆ ਜਾਂਦੀ ਹੈ, ਬੱਦਲ ਪਰ੍ਹੇ ਹਟ ਜਾਂਦੇ ਨੇ ਸੂਰਜ ਚਮਕਣਾ ਸ਼ੁਰੂ ਹੋ ਜਾਂਦਾ ਹੈ, ਇਹਨੂੰ ਮਿਲਾਪ ਕਹਿੰਦੇ ਨੇ। ਸੋ ਇਸ ਕਰਕੇ ਸਾਧਸੰਗਤ ਜੀ! ਜੋ ਆਪ ਨੇ ਬਚਨ ਗੁਰੂ ਮਹਾਰਾਜ ਦੀ ਬਾਣੀ 'ਚੋਂ ਸਰਵਣ ਕਰੇ ਨੇ, ਇਹਨੂੰ ਟੀਚਾ ਬਣਾ ਕੇ ਏਸ ਪਾਸੇ ਨੂੰ ਲਗ ਜਾਓ, ਲੱਗੇ ਹੋਏ ਕਦੇ ਨਾ ਕਦੇ ਪਹੁੰਚ ਜਾਵਾਂਗੇ ਗੁਰੂ ਮਹਾਰਾਜ ਦੀ ਕ੍ਰਿਪਾ ਨਾਲ। ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਹੁਣ ਸਾਰੇ ਪ੍ਰੇਮੀ ਅਨੰਦ ਸਾਹਿਬ 'ਚ ਬੋਲੋ।

ਗੁਰ ਸਤੋਤਰ, ਅਰਦਾਸ

ਹੁਕਮਨਾਮਾ।

# ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ

*ਸਤਿਨਾਮ ਸ੍ਰੀ ਵਾਹਿਗੁਰੂ*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ*
*ਸਮਰਥ॥ ਡੋਲਨ ਤੇ ਰਾਖਹੁ*
*ਪ੍ਰਭੂ ਨਾਨਕ ਦੇ ਕਰਿ ਹਥ ॥ ਅੰਗ - ੨੫੬*
*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥*
*ਅੰਗ - ੨੮੯*
*ਧਾਰਨਾ - ਖੇਲੇ ਸੁਆਮੀ ਮੇਰਾ ਨਿਰਗੁਨ ਹੋ ਕੇ*
*ਸਰਗੁਨ ਹੋ ਕੇ।*
*ਸਰਗੁਨ ਨਿਰਗੁਨ ਨਿਰੰਕਾਰ*
*ਸੁੰਨ ਸਮਾਧੀ ਆਪਿ ॥*
*ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥*
*ਅੰਗ - ੨੯੦*
*ਅਪਨੀ ਮਾਇਆ ਆਪਿ ਪਸਾਰੀ*
*ਆਪਹਿ ਦੇਖਨਹਾਰਾ ॥*
*ਨਾਨਾ ਰੂਪੁ ਧਰੇ ਬਹੁ ਰੰਗੀ*
*ਸਭ ਤੇ ਰਹੈ ਨਿਆਰਾ ॥ ਅੰਗ - ੫੩੭*
*ਆਪੇ ਪਟੀ ਕਲਮ ਆਪਿ*
*ਉਪਰਿ ਲੇਖੁ ਭਿ ਤੂੰ ॥*
*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥*
*ਅੰਗ - ੧੨੯੧*
*ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ*
*ਨਿਆਰੇ ਨਿਆਰੇ ਹੋਇ ਕੈ ਫੇਰਿ ਆਗ ਮੈ ਮਿਲਾਹਿੰਗੇ॥*
*ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈਂ*
*ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ॥*
*ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ*
*ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿੰਗੇ॥*
*ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ*
*ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ॥*
*ਅਕਾਲ ਉਸਤਤਿ*
*ਧਾਰਨਾ - ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ*
*ਸੇਵਾ ਕਰਕੇ ਮਾਣ ਪਾਈਦੈ।*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਬੜੇ ਪਿਆਰ ਦੇ ਨਾਲ ਆਪ ਹਰੀ ਜਸ ਸਰਵਣ ਕਰ ਰਹੇ ਸੀ। ਨਾਮ ਦੀ ਬਾਤ ਚੱਲ ਰਹੀ ਸੀ। ਸਾਰੇ ਦੁਖਾਂ ਦਾ ਖਾਤਮਾ ਪ੍ਰਮੇਸ਼ਰ ਦਾ 'ਨਾਮ' ਕਰਦਾ ਹੈ। ਨਾਲ ਇਹ ਵੀ ਸੁਣਿਆ ਹੈ ਕਿ ਬਾਰ-ਬਾਰ ਕਿਹਾ ਜਾਂਦਾ ਹੈ ਨਾਮ ਜਪਣ ਵਾਸਤੇ। ਇੱਕੋ ਹੀ ਗੱਲ ਕਹੀ ਜਾਂਦੇ ਨੇ। ਗੁਰੂ ਨਾਨਕ ਪਾਤਸ਼ਾਹ ਕਹਿੰਦੇ ਮੇਰੇ ਘਰ ਦੇ ਵਿੱਚ ਤਾਂ ਕੇਵਲ ਨਾਮ ਹੈ। ਜੇ ਪੰਜਾਹ ਜਨਮਾਂ ਵਿੱਚ ਵੀ ਨਾਮ ਦੀ ਗੱਲ ਤੁਹਾਡੇ ਸਮਝ ਆ ਜਾਵੇ ਫੇਰ ਵੀ ਤੁਸੀਂ ਖੁਸ਼ਕਿਸਮਤ ਹੋਂ ਕਿਉਂਕਿ ਨਾਮ ਦੀ ਬਾਤ ਸਮਝ ਵਿੱਚ ਨਹੀਂ ਆ ਰਹੀ ਕਿਸੇ ਦੇ। ਨਾਮ ਦੀ ਲਗਨ ਨਹੀਂ ਲਗ ਰਹੀ, ਨਾਮ ਦੇ ਵਾਸਤੇ ਚਾਉ ਨਹੀਂ ਉਠਦਾ। ਨਾਮ ਜਪਣ ਦਾ ਕੋਈ ਇਰਾਦਾ ਨਹੀਂ ਬਣਾਉਂਦਾ, ਚੀਜ਼ ਕਿੱਡੀ ਵੱਡੀ ਹੈ ਜਿਹਦੇ ਬਾਰੇ ਮਹਾਰਾਜ ਕਹਿੰਦੇ ਨੇ। ਕਹਿੰਦੇ ਦੁਨੀਆਂ ਦੇ ਦੁਖ ਨੇ ਉਨ੍ਹਾਂ ਸਾਰਿਆਂ ਦਾ ਖਾਤਮਾ ਹੋ ਜਾਂਦਾ ਹੈ, ਪਰਮ ਸਤਿ, ਚਿੱਤ, ਅਨੰਦ ਅਵਸਥਾ ਪ੍ਰਾਪਤ ਹੋ ਜਾਂਦੀ ਹੈ। ਇੱਕ ਵੀ ਦੁੱਖ ਨਹੀਂ ਸੰਸਾਰ ਦਾ ਰਿਹਾ ਕਰਦਾ ਨਾਮ ਜਪਣ ਨਾਲ। ਹੋਰ ਕੋਈ ਤਰੀਕਾ ਨਹੀਂ ਹੈ, ਜੋ ਵੀ ਤੁਸੀਂ ਸੰਸਾਰ 'ਚ ਦੇਖਦੇ ਹੋ ਖਰਦੋ ਵਸ਼ਰ, ਇਨਸਾਨ ਦੇਖਦੇ ਹੋ, ਇਨ੍ਹਾਂ ਨੂੰ ਤਾਂ ਛੱਡ ਦਿਓ, ਜੀਵ ਜੰਤੂ ਵੀ ਦੁਖੀ ਨੇ, ਲੇਕਿਨ ਇਨਸਾਨ ਕਦੇ ਵੀ ਸੁਖੀ ਨਹੀਂ ਹੋ ਸਕਦਾ ਨਾਮ ਤੋਂ ਬਗੈਰ। ਟੀਕੇ ਨੇ ਨਸ਼ਿਆਂ ਦੇ, ਰਾਜ ਦਾ ਨਸ਼ਾ ਹੈ, ਥੋੜ੍ਹੇ ਦਿਨ ਠੀਕ ਰਹਿੰਦਾ ਹੈ ਉਸ ਤੋਂ ਬਾਅਦ ਅਨੇਕਾਂ ਹੀ ਚਿੰਤਾਵਾਂ, ਅਨੇਕਾਂ ਹੀ ਸਮੱਸਿਆਵਾਂ ਉਹਦੇ ਅੰਦਰ ਖੜ੍ਹੀਆਂ ਕਰ ਦਿੰਦਾ ਹੈ, ਇੱਕ ਸਕਿੰਟ ਵਾਸਤੇ ਵੀ ਉਹਦਾ ਮਨ ਇਕਾਗਰ ਨਹੀਂ ਹੋ ਸਕਦਾ, ਮਨ ਇਕਾਗਰ ਨਹੀਂ ਹੁੰਦਾ, ਸੁਖ ਦੀ ਪ੍ਰਾਪਤੀ ਨਹੀਂ ਹੁੰਦੀ। ਬੇਅੰਤ ਧਨ ਹੈ ਕਿਸੇ ਕੋਲ, ਗਿਣਤੀ ਮਿਣਤੀ ਤੋਂ ਬਾਹਰਾ ਹੈ, ਉਸ ਨੂੰ ਵੀ ਪਤਾ ਨਹੀਂ ਲਗਦਾ ਕਿ ਮੈਨੂੰ ਕਿੰਨਾ ਕੁ ਕੋਈ ਲੁੱਟੀ ਜਾ ਰਿਹਾ ਹੈ। ਜੇ ਲੁੱਟੀ ਵੀ ਜਾਣ ਤਾਂ ਵੀ ਨਹੀਂ ਕੁਛ ਫਰਕ ਪੈਂਦਾ। ਲੇਕਿਨ ਮਨ ਦੇ ਅੰਤਰ ਸ਼ਾਂਤੀ ਨਹੀਂ ਹੈ। ਰੂਪ ਹੈ, ਰੂਪਵਾਨ ਵੀ ਦੇਖਣ ਨੂੰ ਬਹੁਤ ਸੋਹਣਾ ਹੈ, ਲੇਕਿਨ ਅੰਦਰ ਘੁਣ ਲੱਗਿਆ ਪਿਆ ਹੈ, ਜਾਤ ਹੈ, ਜੋਬਨ ਹੈ, ਪੈਸਾ ਹੈ, ਸ਼ੋਹਰਤ ਹੈ, ਵਿਦਿਆ ਹੈ, ਮਹਾਰਾਜ ਕਹਿੰਦੇ ਇਹ ਚੀਜ਼ਾਂ ਸੁਖ ਦੇਣ ਵਾਸਤੇ ਨਹੀਂ ਹੋਇਆ ਕਰਦੀਆਂ। ਜੇ ਤੂੰ ਸਦਾ ਸੁਖ ਚਾਹੁੰਦਾ ਹੈਂ-

**ਜਉ ਸੁਖ ਕਉ ਚਾਹੈ ਸਦਾ**
**ਸਰਨਿ ਰਾਮ ਕੀ ਲੇਹ ॥ ਅੰਗ - ੧੧੨੭**

ਇੱਕੋ ਹੀ ਨੁਸਖਾ ਹੈ -

***ਐਸਾ ਜਗੁ ਦੇਖਿਆ ਜੁਆਰੀ ॥***
***ਸਭਿ ਸੁਖ ਮਾਗੈ ਨਾਮੁ ਬਿਸਾਰੀ ॥***
***ਅੰਗ - ੨੨੨***

ਨਾਮ ਨੂੰ ਭੁੱਲ ਕੇ ਤਾਂ ਸੁੱਖ ਹੋ ਹੀ ਨਹੀਂ ਸਕਦਾ ਕਦੇ ਵੀ, ਇਹ ਵੀ ਫੈਸਲਾ ਹੈ ਸਾਰੇ ਤੱਤ ਬੇਤੇ ਮਹਾਂਪੁਰਸ਼ਾਂ ਦਾ, ਗੁਰੂ ਨਾਨਕ ਸਾਹਿਬ ਦਾ। ਬੰਦਾ ਸੁੱਖ ਦੇ ਵਾਸਤੇ ਯਤਨ ਕਰ ਰਿਹਾ ਹੈ ਲੇਕਿਨ ਸੁੱਖ ਆ

ਨਹੀਂ ਰਿਹਾ ਹੱਥ ਦੇ ਵਿੱਚ। ਅੱਗੇ ਹੀ ਅੱਗੇ ਤੁਰਿਆ ਜਾਂਦਾ ਹੈ, ਜਿਵੇਂ ਪਰਛਾਵਾਂ ਫੜੀਏ, ਪੈਰ ਰਖਦੇ ਹਾਂ ਕਿ ਮੈਂ ਪਰਛਾਵੇਂ 'ਤੇ ਪੈਰ ਰੱਖ ਦੇਣਾ ਹੈ, ਜਦ ਤੁਸੀਂ ਪੈਰ ਰੱਖੋਗੇ, ਪਰਛਾਵਾਂ ਓਨੇਂ ਹੀ ਫੁੱਟ ਅੱਗੇ ਹੋਏਗਾ। ਪਰਛਾਵਾਂ ਫੜਿਆ ਨਹੀਂ ਜਾਂਦਾ, ਏਸੇ ਤਰ੍ਹਾਂ ਦੇ ਨਾਲ ਸੁੱਖ ਫੜਿਆ ਨਹੀਂ ਜਾਂਦਾ। ਪਰ ਜੇ ਸੂਰਜ ਵਲ ਮੂੰਹ ਕਰਕੇ ਤੁਰਨ ਲੱਗ ਜਾਓ, ਤਾਂ ਓਹੀ ਪਰਛਾਵਾਂ ਪਿੱਛੇ ਲਗ ਜਾਂਦਾ ਹੈ। ਏਸ ਤਰ੍ਹਾਂ ਦੇ ਨਾਲ ਸੁੱਖ ਵੀ ਪਿੱਛੇ ਲਗ ਜਾਂਦਾ ਹੈ। ਸਾਰੇ ਸੁੱਖ ਆ ਜਾਂਦੇ ਨੇ, ਜੇ ਭੁੱਲ ਜਾਵੇ ਤਾਂ ਸਾਰੇ ਦੁੱਖ ਉਥੇ ਹੀ ਸ਼ੁਰੂ ਹੋ ਜਾਂਦੇ ਨੇ, ਐਨੀ ਹੀ ਹੈ ਚੀਜ਼ ਸਾਰੀ ਜੇ ਸਮਝ ਵਿੱਚ ਆ ਜਾਵੇ, ਤਾਂ ਆਦਮੀ ਪਰਮ ਸੁੱਖੀ ਹੋ ਜਾਂਦਾ ਹੈ। ਜੇ ਸਾਰੀ ਜ਼ਿੰਦਗੀ 'ਚ ਨਹੀਂ ਸਮਝਿਆ ਕੁਛ ਵੀ ਨਹੀਂ ਬਣਿਆ, ਕਿੰਨਾ ਹੀ ਪੜ੍ਹ ਲਿਆ। ਮਹਾਰਾਜ ਕਹਿੰਦੇ -

*ਨਾਨਕ ਲੇਖੈ ਇਕ ਗਲ*
*ਹੋਰੁ ਹਉਮੈ ਝਖਣਾ ਝਾਖ॥ ਅੰਗ - ੪੬੭*
*ਐਸਾ ਜਗੁ ਦੇਖਿਆ ਜੁਆਰੀ ॥*
*ਸਭਿ ਸੁਖ ਮਾਗੈ ਨਾਮੁ ਬਿਸਾਰੀ॥ ਅੰਗ - ੨੨੨*
*ਜੇ ਲੋੜਹਿ ਸਦਾ ਸੁਖੁ ਭਾਈ ॥ ਅੰਗ - ੧੧੮੨*

ਚਾਹੁੰਦੇ ਓਂ ਕਿ ਸਦਾ ਦਾ ਸੁਖ ਮਿਲ ਜਾਏ, ਤਾਂ ਫੇਰ ਕਹਿੰਦੇ -

*ਸਾਧੂ ਸੰਗਤਿ ਗੁਰਹਿ ਬਤਾਈ॥ ਅੰਗ - ੧੧੮੨*

ਗੁਰੂ ਮਹਾਰਾਜ ਨੇ ਸਾਨੂੰ ਦੱਸ ਦਿੱਤਾ ਕਿ ਪੂਰਨ ਤੱਤ ਬੇਤੇ ਮਹਾਂਪੁਰਸ਼ ਦੀ ਸੰਗਤ ਦੇ ਵਿੱਚ ਸੁਖ ਮਿਲ ਸਕਦਾ ਹੈ, ਹੋਰ ਸੁਖ ਹੋਇਆ ਨਹੀਂ ਕਰਦਾ ਕਿਤੇ। ਗੁਰੂ ਦੀ ਸ਼ਰਨ ਲੈ ਲੈ। ਸ਼ਰਨ ਲੈਣੀ ਕੋਈ ਸੁਖਾਲੀ ਚੀਜ਼ ਨਹੀਂ ਹੈ, ਬਹੁਤ ਮੁਸ਼ਕਲ ਹੈ, ਆਦਮੀ ਆਪਣਾ ਤਾਣ ਨਹੀਂ ਛੱਡਦਾ। ਆਪਣੀ 'ਮੈਂ' ਨਹੀਂ ਛੱਡਦਾ, ਗੁਰੂ ਦੀ ਸ਼ਰਨ ਨਹੀਂ ਲੈਂਦਾ। ਉਹ ਕਹਿੰਦੇ ਜੇ ਗੁਰੂ ਦੀ ਸ਼ਰਨ ਲੈ ਲਵੇ, ਤਾਂ ਸੁੱਖਾਂ ਦੀ ਪ੍ਰਾਪਤੀ ਹੋ ਜਾਂਦੀ ਹੈ, ਗੁਰੂ ਕੋਲ ਨਾਮ ਹੁੰਦਾ ਹੈ, ਨਾਮ ਦੇ ਕੇ ਸਾਰੇ ਦੁੱਖਾਂ ਦਾ ਖਾਤਮਾ ਕਰ ਦਿੰਦਾ ਹੈ। ਸਾਰੀ ਦੁਨੀਆਂ ਦੇ ਵੱਡੇ-ਵੱਡੇ ਬੰਦਿਆਂ ਦਾ ਨਾਮ ਲੈ ਕੇ ਮਹਾਰਾਜ ਫੈਸਲਾ ਦਿੰਦੇ ਨੇ।

*ਬਾਲੀ ਰੋਵੈ ਨਾਹਿ ਭਤਾਰੁ ॥*
*ਨਾਨਕ ਦੁਖੀਆ ਸਭੁ ਸੰਸਾਰੁ ॥ ਅੰਗ - ੯੫੪*

ਕੌਣ ਹੈ ਜਿਹੜਾ ਕਹੇ ਕਿ ਮੈਂ ਦੁਖੀ ਰਹਾਂ, ਸੰਸਾਰ 'ਚ ਹੈ ਕੋਈ? ਲੇਕਿਨ approach ਗਲਤ ਹੈ ਓਹਦੀ। ਜਿਥੇ ਸੁੱਖ ਹੈ ਓਸ ਥਾਂ 'ਤੇ ਜਾਂਦਾ ਨਹੀਂ ਹੈ, ਜਿਥੇ ਦੁਖ ਹੈ ਓਥੇ ਘੁੰਮਦਾ ਫਿਰਦਾ ਹੈ। ਉਹ ਕਿਉਂ ਘੁੰਮਦਾ ਹੈ, ਕਿਉਂਕਿ ਇੱਕ ਭੁਲੇਖਾ ਪੈ ਗਿਆ, ਇਹਦਾ ਮਨ ਮੋਹਿਆ ਗਿਆ। ਇੱਕ ਠਗਉਰੀ ਬੂਟੀ ਸੁੰਘਾ ਦਿੱਤੀ ਤੇ ਸੁਖ ਵਾਲਾ ਜਿਹੜਾ ਪਾਸਾ ਹੈ, ਉਹ ਇਹਨੂੰ ਭੁੱਲ ਕੇ ਦੁਖਾਂ ਵਾਲੇ ਪਾਸੇ ਤੋਂ ਸੁਖ ਭਾਲਦਾ ਹੈ। ਪੂਰਾਂ ਦੇ ਪੂਰ ਲੰਘ ਗਏ ਸੰਸਾਰ ਦੇ ਅੰਦਰ। ਜਦ ਤੋਂ ਸੰਸਾਰ ਰਚਿਆ ਹੈ, ਓਸ ਵੇਲੇ ਤੋਂ ਲੰਘ ਗਏ, ਮਾਇਆ ਪ੍ਰਾਪਤੀ ਕਰਦੇ, ਕੋਠੀਆਂ ਬਣਾਉਂਦੇ, ਵੱਡੀਆਂ-ਵੱਡੀਆਂ ਦੁਕਾਨਾਂ, ਬਜ਼ਾਰ, ਬਿਜ਼ਨਸਾਂ ਬਣਾਉਂਦੇ; ਕੋਈ ਅੰਤ ਹੈ ਸੁਖਾਂ ਦੇ ਸਾਧਨਾਂ ਦਾ। ਲੇਕਿਨ ਸੁਖ ਨਹੀਂ ਮਿਲਦਾ ਕਿਸੇ ਨੂੰ। ਅੰਦਰੋਂ ਹਉਕੇ ਨਿਕਲਦੇ ਨੇ, ਅੰਦਰਲਾ ਇਲਾਜ ਕਰਿਆ ਹੀ ਨਹੀਂ ਓਸਨੇ, ਜਿਥੇ ਸੁਖ ਦਾ ਵਾਸਾ ਹੈ, ਓਸ ਥਾਂ 'ਤੇ ਜਾਂਦਾ ਨਹੀਂ ਹੈ, ਬਾਹਰ-ਬਾਹਰ ਸੁਖ ਭਾਲਦਾ ਹੈ।

ਇੱਕ ਰਾਜੇ ਦੀ ਲੜਕੀ ਦਾ ਨੌਂ ਲੱਖਾ ਹਾਰ, ਇਸ਼ਨਾਨ ਕਰਦਿਆਂ ਗੁੰਮ ਹੋ ਗਿਆ। ਬੜੀ ਤਲਾਸ਼ ਹੋਈ, ਨਾ ਮਿਲਿਆ, ਰਾਜੇ ਨੇ ਐਲਾਨ ਕਰ ਦਿੱਤਾ ਕਿ ਅੱਧਾ ਧਨ ਓਸ ਪੁਰਸ਼ ਨੂੰ ਦੇ ਦਿੱਤਾ ਜਾਵੇਗਾ, ਜਿਹੜਾ ਹਾਰ ਦੀ ਦੱਸ ਪਾ ਦੇਵੇ। ਸਭ ਦੁਨੀਆਂ ਟੋਲਦੀ ਹੈ ਕਿਸੇ ਥਾਂ ਨਹੀਂ ਪਤਾ ਲੱਗਿਆ। ਅਖੀਰ ਇੱਕ ਦਿਨ ਇੱਕ ਲਕੜਹਾਰਾ ਸੰਘਣੇ ਜੰਗਲ ਦੇ ਵਿੱਚ, ਗਹਿਰਾ ਪਾਣੀ ਹੈ ਓਥੇ ਗਰਮੀ ਦਾ ਸਤਾਇਆ ਹੋਇਆ ਪਾਣੀ ਦੇ ਕੰਢੇ ਬੈਠਿਆ, ਸਰੋਵਰ ਵਲ ਜਿਹਦਾ ਕੁੰਗੂ ਵਰਗਾ ਪਾਣੀ ਸੀ ਦੇਖਣਾ ਸ਼ੁਰੂ ਕਰ ਦਿੱਤਾ, ਕੀ ਦੇਖਦਾ ਹੈ ਹਾਰ ਪਿਆ ਹੈ, ਖੁਸ਼ੀ ਚੜ੍ਹ ਗਈ ਕਿ ਮੇਰੀ ਗਰੀਬੀ ਦਾ ਹੁਣ ਨਾਸ਼ ਹੋ ਜਾਏਗਾ। ਐਨਾ ਧਨ ਮਿਲ ਜਾਏਗਾ, ਅੱਜ ਦੇ ਕਰੋੜਾਂ ਰੁਪਏ ਜਿੰਨਾਂ। ਟੁੱਭੀਆਂ ਲਾਈਆਂ ਲੇਕਿਨ ਲੱਭ ਨਾ ਸਕਿਆ। ਅਖੀਰ ਹਾਰ ਕੇ ਉਹਨੇ ਕਿਹਾ ਕਿ ਜਿਹੜਾ ਰਾਜੇ ਨੇ ਕਿਹਾ ਹੈ ਕਿ ਜਿਹੜਾ ਦੱਸ ਪਾ ਦੇਵੇ ਉਸ ਨੂੰ ਵੀ ਇਨਾਮ ਦਿੱਤਾ ਜਾਵੇਗਾ। ਰਾਜੇ ਕੋਲ ਜਾ ਕੇ ਦੱਸ ਪਾ ਦਿੱਤੀ, ਕਾਫੀ ਬੰਦੇ ਲੈ ਕੇ ਰਾਜਾ ਡੁਬੋਲੀਏ ਲੈ ਕੇ ਉਥੇ ਪਹੁੰਚਦਾ ਹੈ। ਦਿਖਾ ਦਿੱਤਾ ਓਸਨੇ, ਉਹ ਗੋਤੇ ਮਾਰਦੇ ਨੇ ਮਿੱਟੀ ਚੁੱਕ ਲਿਆਉਂਦੇ ਨੇ ਓਸੇ ਥਾਂ ਤੋਂ। ਲੇਕਿਨ ਹਾਰ ਨਹੀਂ ਮਿਲ ਰਿਹਾ, ਹੈਰਾਨ ਹੋ ਗਏ ਸਾਰੇ ਕਿ ਹੱਥ ਵਿੱਚ ਨਹੀਂ ਆਉਂਦਾ, ਕੋਈ ਜਾਦੂ ਦਾ ਹਾਰ ਹੈ। ਰੌਲਾ-ਗੌਲਾ ਸੁਣ ਕੇ ਇੱਕ ਨੇੜੇ ਮਹਾਂਪੁਰਸ਼ ਸੀ, ਉਹ ਆ ਗਏ। ਕਹਿਣ ਲੱਗੇ, ਕੀ ਗੱਲ ਹੈ? ਐਨਾ ਰੌਲਾ-ਗੌਲਾ ਹੈ? ਰਾਜਾ ਕਹਿਣ ਲੱਗਿਆ ਮਹਾਰਾਜ! ਇੱਕ ਅਚੰਭਾ ਦੇਖ ਰਹੇ ਹਾਂ ਅਸੀਂ। ਹਾਰ ਗੁਆਚ ਗਿਆ ਲੜਕੀ ਦਾ, ਹਾਰ ਨਜ਼ਰ ਆ ਰਿਹਾ ਹੈ, ਲੇਕਿਨ ਹੱਥ 'ਚ ਨਹੀਂ ਆ ਰਿਹਾ, ਪਤਾ ਨਹੀਂ ਤਿਲਸਮ ਹੈ ਜਾਂ ਕੀ ਖੇਲ੍ਹ ਹੈ, ਸਾਡੀ ਸਮਝ ਤੋਂ ਪਰ੍ਹੇ ਹੈ, ਮਹਾਂਪੁਰਸ਼ ਕਹਿਣ ਲੱਗੇ, ਮੈਨੂੰ ਦਿਖਾਓ, ਦੇਖਿਆ ਤਾਂ ਉਸੇ ਵੇਲੇ ਕਹਿਣ ਲੱਗੇ, ਬਈ ਇੱਕ ਚੁਸਤ ਜਿਹਾ ਬੰਦਾ ਦਿਓ। ਹਾਜ਼ਰ ਹੋ ਗਿਆ ਬੰਦਾ। ਕਹਿੰਦੇ ਪ੍ਰੇਮੀਆਂ! ਆਹ ਦਰਖਤ 'ਤੇ ਚੜ੍ਹ ਜਾਹ, ਆਹ ਟਾਹਣੇ ਦੇ ਉਤੇ ਚਲਿਆ ਜਾਹ, ਔਹ ਜਿਹੜਾ ਸਭ ਤੋਂ ਉੱਚਾ ਟਾਹਣਾ ਬਾਹਰ ਨੂੰ ਲਟਕਦਾ ਹੈ ਉਹ ਨਜ਼ਰ ਆਉਂਦਾ ਹੈ? ਕਹਿੰਦਾ

ਹਾਂ। ਕਹਿੰਦੇ, ਉਹਦੇ ਪਰਲੇ ਪਾਸੇ ਹਾਰ ਲਟਕਦਾ ਹੈ, ਜਾਹ ਲਾਹ ਲਿਆ। ਸਾਰਿਆਂ ਦੇ ਮਨਾਂ ਵਿੱਚ ਖੁਸ਼ੀ ਹੋਈ, ਹਾਰ ਲਾਹ ਕੇ ਲੈ ਆਇਆ, ਸੋ ਇਸੇ ਤਰ੍ਹਾਂ ਦੇ ਨਾਲ ਜਿੱਥੇ ਸੁੱਖ ਹੈ ਅਸੀਂ ਉਥੇ ਤਲਾਸ਼ ਨਹੀਂ ਕਰ ਰਹੇ, ਜਿਥੇ ਉਹਦਾ ਪਰਛਾਵਾਂ ਪੈ ਰਿਹਾ ਹੈ, ਉਥੇ ਤਲਾਸ਼ ਕਰ ਰਹੇ ਹਾਂ। ਇਸ ਕਰਕੇ ਸੁੱਖ ਦਾ ਸਾਨੂੰ ਕੁਛ ਮਿਲ ਨਹੀਂ ਰਿਹਾ। ਜੇ ਨਾਮ ਅੰਦਰ ਪ੍ਰਗਟ ਹੋ ਜਾਵੇ, ਜਿਹੜਾ ਦੁੱਖ ਹੈ ਉਹ ਵਿੱਚ ਸੁੱਖ ਵਿਚ ਬਦਲ ਜਾਇਆ ਕਰਦਾ ਹੈ, ਵੱਡੇ ਤੋਂ ਵੱਡਾ ਦੁੱਖ।

ਭਾਈ ਮਤੀ ਦਾਸ ਨੂੰ ਹੁਕਮ ਹੋ ਗਿਆ ਕਿ ਇਹਨੂੰ ਆਰੇ ਨਾਲ ਚੀਰ ਕੇ ਦੋ ਫਾੜ ਕਰ ਦਿਓ, ਗੁਰੂ ਦੇ ਸਾਮ੍ਹਣੇ। ਦੋਸ਼ ਇਹ ਲਾਇਆ ਕਿ ਇਹ ਰਾਤ ਨੂੰ ਕਹਿ ਰਿਹਾ ਸੀ ਕਿ ਜੇ ਮੈਨੂੰ ਹੁਕਮ ਕਰ ਦਿਓ ਤਾਂ ਮੈਂ ਲਾਹੌਰ ਤੇ ਦਿੱਲੀ ਦੇ ਛੈਣੇ ਵਜਾ ਦੇਵਾਂ। ਗਰਕ ਕਰ ਦੇਵਾਂ ਦੋਹਾਂ ਸ਼ਹਿਰਾਂ ਨੂੰ। ਸੱਤਿਆ ਸੀ ਉਹਦੇ ਵਿਚ, ਕਰ ਸਕਦਾ ਸੀ, ਐਸੀ ਗੱਲ ਨਹੀਂ ਕਿ ਨਹੀਂ ਕਰ ਸਕਦਾ। ਗੁਰੂ ਮਹਾਰਾਜ ਨੇ ਕਿਹਾ ਕਿ ਨਹੀਂ ਆਪਾਂ ਅੰਦਰਲੀ ਸ਼ਕਤੀ ਨਹੀਂ ਦਿਖਾਉਣੀ, ਮਤੀ ਦਾਸ ਤੂੰ ਗੁਰਸਿੱਖੀ ਧਾਰਨ ਕਰੀ ਹੈ, ਗੁਰਸਿੱਖੀ ਧਾਰਨ ਦਾ ਜਿਹੜਾ ਸਭ ਤੋਂ ਪਹਿਲਾਂ ਮੰਤਰ ਹੈ, ਉਹ ਤੈਨੂੰ ਭੁੱਲ ਗਿਆ? ਯਾਦ ਨਹੀਂ ਆ ਰਿਹਾ, ਕਹਿਣ ਲੱਗੇ, ਸੱਚੇ ਪਾਤਸ਼ਾਹ! ਆਪ ਕ੍ਰਿਪਾ ਕਰਕੇ ਯਾਦ ਕਰਾਓ। ਕਹਿੰਦੇ, ਜਦ ਤੂੰ ਸਾਡੇ ਕੋਲ ਆਇਆ ਸੀ। ਓਸ ਵੇਲੇ ਤੈਨੂੰ ਇੱਕ ਬਚਨ ਕਿਹਾ ਸੀ ਪੜ੍ਹੋ ਪਿਆਰ ਨਾਲ –

***ਧਾਰਨਾ – ਮੁਰਦਾ ਹੋਇਕੈ ਮੁਰੀਦ ਬਣ ਜਾਵਣਾ।***

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥***
***ਹੋਹੁ ਸਭਨਾ ਕੀ ਰੇਣੁਕਾ***
***ਤਉ ਆਉ ਹਮਾਰੈ ਪਾਸਿ॥ ਅੰਗ – ੧੧੦੨***

ਬੜੀ ਔਖੀ ਸ਼ਰਤ ਲਾ ਦਿੱਤੀ ਗੁਰੂ ਮਹਾਰਾਜ ਨੇ। ਅਸੀਂ ਨਹੀਂ ਚਾਹੁੰਦੇ, ਅਸੀਂ ਇਹਦੀ ਤੁਕ ਦੇ ਵਿੱਚ ਸੋਧ (amendment) ਕਰਨਾ ਚਾਹੁੰਦੇ ਹਾਂ, ਜੇ ਸਾਡਾ ਵਸ ਚੱਲ ਜਾਏ, ਬਿਲਕੁਲ ਅਸੀਂ ਕਰ ਦੇਈਏ, ਸਾਡੇ ਪੜ੍ਹੇ ਲਿਖੇ ਬੰਦੇ ਕਰ ਦੇਣ। ਉਹ ਕਰ ਤਾਂ ਹੁਣ ਵੀ ਰਹੇ ਨੇ, ਸਾਨੂੰ ਸਮਝ ਵਿੱਚ ਨਹੀਂ ਆ ਰਹੀ ਕਿ ਇਨ੍ਹਾਂ ਨੇ amendment ਕਰ ਵੀ ਦਿੱਤੀ। ਪਹਿਲਾਂ ਮਰਨਾ ਕਬੂਲ ਕਰ। ਨਾਲ ਇਹ ਕਹਿ ਦਿੱਤਾ ਕਿ ਤੈਨੂੰ ਪਿਆਰ ਹੈ ਸਾਡੇ ਨਾਲ। ਕਹਿੰਦੇ–

***ਜਉ ਤਉ ਪ੍ਰੇਮ ਖੇਲਣ ਕਾ ਚਾਉ ॥***
***ਸਿਰੁ ਧਰਿ ਤਲੀ ਗਲੀ ਮੇਰੀ ਆਉ ॥***
***ਇਤੁ ਮਾਰਗਿ ਪੈਰੁ ਧਰੀਜੈ ॥***
***ਸਿਰੁ ਦੀਜੈ ਕਾਣਿ ਨ ਕੀਜੈ ॥ ਅੰਗ – ੧੪੧੨***

ਤਾਂ ਤੈਨੂੰ ਸਿਰ ਲਾਹੁੰਣਾ ਪੈ ਜਾਣਾ ਹੈ, ਤਲੀ 'ਤੇ ਧਰਨਾ ਪੈ ਜਾਣਾ ਹੈ। ਫੇਰ ਤੂੰ ਸਾਡੇ ਕੋਲ ਆ ਜਾਣਾ ਹੈ, ਇਹ ਵੀ ਇੱਕ ਸਿਧਾਂਤ ਦੇ ਰਹੇ ਨੇ ਗੁਰੂ ਮਹਾਰਾਜ ਗੁਰੂ ਤੇ ਸਿੱਖ ਦੇ ਰਿਸ਼ਤੇ ਦਾ। ਜਦ ਅਸੀਂ ਸੋਚਦੇ ਹਾਂ, ਵੈਸੇ ਤਾਂ ਅਸੀਂ ਕਹਿੰਦੇ ਹਾਂ ਕਿ ਗੁਰੂ ਨਾਨਕ ਸਾਹਿਬ ਨੇ ਐਨੇ ਤਾਰ ਦਿੱਤੇ, ਜਿੰਨੇ ਤਾਰਿਆਂ ਤੋਂ ਵੀ ਵੱਧ। ਕਈਆਂ ਦਾ ਖਿਆਲ ਹੈ ਇਹ ਆਪੋ ਆਪਣਾ। ਪਰ ਜਦ ਅਸੀਂ ਅਸਰ ਦੇਖਦੇ ਹਾਂ, ਤਾਂ ਸਾਰਿਆਂ ਵਿੱਚੋਂ ਪ੍ਰਵਾਨ ਕਿੰਨੇ ਹੋਏ। ਭਾਈ ਗੁਰਦਾਸ ਜੀ ਨੇ ਲਿਸਟ ਬਣਾਈ ਹੋਈ ਹੈ ਕਿ ਐਨੇ ਪ੍ਰਵਾਨ ਹੋਏ। 19 ਕੁ ਨੇ ਬਹੁਤੇ ਨਹੀਂ ਹੈਗੇ। ਸਿੱਖੀ ਤਾਂ ਬੇਅੰਤ ਸੀ, ਕੋਈ ਥੋੜ੍ਹੀ ਸੀ ਸਿੱਖੀ। ਵੀਹ ਹਜ਼ਾਰ ਬੰਦਾ ਕਰਤਾਰਪੁਰ ਆ ਕੇ ਗੁਰੂ ਨਾਨਕ ਪਾਤਸ਼ਾਹ ਪਾਸ ਠਹਿਰ ਗਿਆ। ਰੋਜ਼ ਲੰਗਰ ਬਣਦੇ ਨੇ ਵੱਡੇ-ਵੱਡੇ। ਵੀਹ ਹਜ਼ਾਰ ਬੰਦੇ ਦੀ ਗਿਣਤੀ ਹੈ, ਹਜ਼ਾਰ ਚਲਿਆ ਗਿਆ, ਹਜ਼ਾਰ ਹੋਰ ਆ ਗਿਆ। ਸਾਰੇ ਭਾਰਤ ਵਰਸ਼ ਵਿੱਚ, ਅਫਗਾਨਿਸਤਾਨ, ਲੰਕਾ, ਬ੍ਰਮਾ, ਮਲਾਇਆ, ਚੀਨ, ਜਪਾਨ; ਕੋਈ ਵੀ ਦੇਸ਼ ਐਸਾ ਨਹੀਂ ਜਿੱਥੇ ਗੁਰੂ ਨਾਨਕ ਸਾਹਿਬ ਨਾ ਗਏ ਹੋਣ। ਇੱਕੋ ਵਾਰੀ ਗਏ ਨੇ, ਇੱਕੋ ਵਾਰੀ ਜਾ ਕੇ ਪੂਰਾ ਬਣਾ ਆਏ ਜਿਹਨੂੰ ਬਣਾ ਆਏ। ਉਹਨੇ ਅੱਗੇ ਸਿੱਖੀ ਨੂੰ ਕਾਇਮ ਰੱਖਿਆ, ਵਧਾਇਆ। ਹੌਲੀ-ਹੌਲੀ ਸਾਰੇ ਦੇਸ਼ਾਂ 'ਚੋਂ ਚਲਦੇ-ਚਲਦੇ, ਵੀਹ ਕੁ ਹਜ਼ਾਰ ਬੰਦੇ ਦਾ ਇਕੱਠ ਰਹਿੰਦਾ ਸੀ। ਮਹਾਰਾਜ ਨੇ ਕਿਹਾ ਕਿ ਸਿੱਖ ਕਿੰਨੇ ਕੁ ਨੇ? ਦੇਖੀਏ, ਹੁਕਮ ਕਰ ਦਿੱਤਾ ਕਿ ਲੰਗਰ ਇੱਕ ਡੰਗ ਬਣਾਇਆ ਕਰੋ। ਜਿਹੜੇ ਤਿੰਨ ਵਾਰੀ ਰੋਟੀਆਂ ਖਾਣ ਵਾਲੇ ਸੀ ਉਹ ਖਿਸਕ ਗਏ ਸਾਰੇ। ਦੱਸ ਹਜ਼ਾਰ ਚਲਿਆ ਗਿਆ। ਦੱਸ ਕੁ ਹਜ਼ਾਰ ਰਹਿ ਗਿਆ। ਮਹਾਰਾਜ ਕਹਿੰਦੇ, ਇੱਕ ਦਿਨ ਲੰਗਰ ਨਾ ਬਣਾਇਆ ਕਰੋ। ਇੱਕ ਦਿਨ ਛੱਡ ਕੇ ਬਣਾਇਆ ਕਰੋ। ਹੋਰ ਚਲੇ ਗਏ ਪੰਜ-ਸੱਤ ਹਜ਼ਾਰ। ਖਿਆਲ ਹੋ ਗਿਆ ਕਿ ਬਹੁਤੀ ਸੰਗਤ ਹੈ, ਦਾਣਾ ਐਨਾ ਹੈ ਨਹੀਂ ਤੀਜੇ ਦਿਨ ਲੰਗਰ ਬਣਨ ਲਗ ਗਿਆ। ਫੇਰ ਹੁਕਮ ਕਰ ਦਿੱਤਾ, ਕਿ ਦੋ ਦਿਨ ਛੱਡ ਕੇ ਲੰਗਰ ਤਿਆਰ ਕਰਿਆ ਕਰੋ। ਬੰਦੇ ਥੋੜ੍ਹੇ ਜਿਹੇ ਰਹਿ ਗਏ। ਕਣਕ ਬੀਜਣ ਦੀ ਰੁੱਤ ਆ ਗਈ। ਸਲਾਹ ਕਰੀ ਕਿ ਜਿੰਨਾ ਕਰਤਾਰਪੁਰ ਦਾ ਏਰੀਆ ਹੈ ਇਹ ਇੱਕ ਵਿਸਵਾ ਨਹੀਂ ਖਾਲੀ ਰਹਿਣ ਦੇਣਾ ਤੇ ਸਾਰਾ ਹੀ ਬੀਜ ਦੇਣਾ ਹੈ। ਪੰਜ ਸੌ ਹੱਲ ਲੈ ਕੇ, ਜ਼ਮੀਨ ਵਾਹੀ ਤੇ ਵਾਹ ਕੇ ਬਹੁਤ ਵੱਡਾ ਖੇਤਰ ਕਣਕ ਦਾ ਕਰ ਦਿਤਾ, ਸਾਰਿਆਂ ਦੇ ਮਨ 'ਚ ਹੋਇਆ ਕਿ ਔਖੇ ਸੌਖੇ ਕੱਟ ਲੈਂਦੇ ਹਾਂ, ਫੇਰ ਫਸਲ ਆ ਜਾਏਗੀ, ਫੇਰ ਲੰਗਰ ਓਵੇਂ ਜਿਵੇਂ ਤਿੰਨ ਵਾਰ ਬਣਨਾ ਸ਼ੁਰੂ ਹੋ ਜਾਏਗਾ। ਕਣਕ ਦੀ ਬੜੀ ਦੇਖ-ਰੇਖ ਕੀਤੀ, ਵਢਾਈਆਂ ਕੀਤੀਆਂ, ਹੋਰ ਸੰਭਾਲ ਕੀਤੀ ਤੇ ਬੜੀ ਭਰਪੂਰ ਫਸਲ ਹੋਈ, ਬੜੀਆਂ ਖੁਸ਼ੀਆਂ ਹੋ ਗਈਆਂ ਸਭ ਦੇ ਮਨ ਵਿਚ। ਮਹਾਰਾਜ ਨੇ ਆਪ ਖੜ੍ਹੇ ਹੋ ਕੇ ਕਣਕ ਵਢਾਈ, ਇੱਥੇ ਤੱਕ ਕਿ ਆਪ ਵੀ ਵੱਢਣ ਲਗ ਜਾਂਦੇ ਸੀ ਨਾਲ। ਗੁਰੂ

ਨਾਨਕ ਸਾਹਿਬ ਜੋ ਕਹਿੰਦੇ ਸੀ ਕਰਕੇ ਵਿਖਾਉਂਦੇ ਸੀ (man of action), ਸਾਨੂੰ ਦੱਸਣ ਆਏ ਸੀ। ਕਿੱਡਾ ਹੀ ਵੱਡਾ ਹੋਵੇ, ਕਿਰਤ ਕਰਨ ਤੋਂ, ਸੇਵਾ ਕਰਨ ਤੋਂ ਨਾ ਰੁਕੀਂ ਕਦੇ ਵੀ। ਸੇਵਾ ਕਰਨੀ ਤੇਰਾ ਮੁੱਖ ਫਰਜ਼ ਹੈ ਜੇ ਤੂੰ ਚਾਹੁੰਦਾ ਹੈ ਕੁਛ ਤਾਂ ਸੇਵਾ ਕਰ। ਸੋ ਕਣਕ ਹੋ ਗਈ ਬਹੁਤ, ਢੇਰ ਲਵਾ ਦਿੱਤੇ। ਸਾਰੇ ਇਹ ਕਹਿੰਦੇ ਨੇ ਕਿ ਸੱਚੇ ਪਾਤਸ਼ਾਹ! ਹੁਣ ਤਾਂ ਬਹੁਤ ਕਣਕ ਹੋ ਗਈ, ਲੰਗਰ ਜਿਹੜਾ ਮਸਤਾਨਾ ਸੀ ਉਹ ਹੁਣ ਚੱਲ ਜਾਇਆ ਕਰੇਗਾ। ਮਹਾਰਾਜ ਕਹਿੰਦੇ ਐਉਂ ਕਰੋ ਸਾਰੇ ਗਰਿਆਂ ਨੂੰ ਅੱਗ ਲਾ ਦਿਓ। ਅਨਾਜ ਨੂੰ ਜਾਲਣਾ ਅਸੀਂ ਪਾਪ ਗਿਣਦੇ ਹਾਂ। ਜੇ ਕੋਈ ਜਿੱਦ ਵਿੱਚ ਆ ਕੇ ਅੱਗ ਵੀ ਲਾ ਦਿੰਦਾ ਹੈ ਤਾਂ ਸਾਰੇ ਲੋਕ ਸਰਾਪ ਦੇਣ ਲਗ ਜਾਂਦੇ ਨੇ ਕਿ ਇਹ ਕੋਹੜੀ ਹੋ ਜਾਏਗਾ, ਅੰਨ੍ਹ ਜਾਲ ਦਿੱਤਾ ਇਹਨੇ। ਕਿਸੇ ਦੀ ਹਿੰਮਤ ਨਾ ਪਈ, ਸਾਰੇ ਇੱਕ ਦੂਜੇ ਵਲ ਝਾਕਦੇ ਨੇ ਕਿ ਕੀ ਗੱਲ ਭਾਈ? ਜਦ ਦੇਖਿਆ ਕਿ ਇਹ ਕਣਕ ਨੂੰ ਅੱਗ ਨਹੀਂ ਲਾ ਰਹੇ ਤਾਂ ਗੁਰੂ ਅੰਗਦ ਸਾਹਿਬ ਨੂੰ ਕਿਹਾ ਕਿ ਪੁਰਖਾ! ਤੂੰ ਕਰ ਹਿੰਮਤ। ਉਨ੍ਹਾਂ ਨੇ ਇੱਕ ਦਮ ਸਾਰੇ ਗਰੇ ਜਾਲ ਦਿੱਤੇ। ਕਿਉਂਕਿ ਕਣਕ ਨਾਲ ਨਹੀਂ ਸੀ ਉਨ੍ਹਾਂ ਦਾ ਮਤਲਬ, ਉਨ੍ਹਾਂ ਦਾ ਮਤਲਬ ਗੁਰੂ ਨਾਲ ਸੀ। ਹੁਣ ਸਾਰਿਆਂ ਨੂੰ ਫਿਕਰ ਪੈ ਗਿਆ ਕਿ ਲੰਗਰ ਤਾਂ ਪਹਿਲਾਂ ਹੀ ਮਸਤਾਨਾ ਹੈ। ਗੁਰੂ ਮਹਾਰਾਜ ਨੇ ਕੁਛ ਕਿਰਿਆ ਬਦਲ ਲਈ। ਸੰਗਤਾਂ ਨਾਲ ਬਚਨ ਕਰਨ ਤੋਂ ਬਾਅਦ, ਵਸਤਰ ਜਿਹੜੇ ਸੀ ਸਿਰਫ ਇੱਕ ਤੇੜ ਦੋ ਗਜ਼ ਕੱਪੜਾ ਪਹਿਨ ਲਿਆ ਤੇ ਸਿਰ ਦੇ ਉੱਤੇ ਦੋ ਗਜ਼ ਕਪੜਾ ਬੰਨ੍ਹ ਲਿਆ। ਇਸ ਤੋਂ ਜ਼ਿਆਦਾ ਵਸਤਰ ਹੀ ਨਾ ਰੱਖੇ, ਸਰਦੀ ਦਾ ਮਹੀਨਾ ਹੈ ਤੇ ਬਾਹਰ ਇੱਕ ਝੌਂਪੜੀ ਬਣਵਾਈ ਚਾਰ ਫੁੱਟ ਉੱਚੀ, ਤਿੰਨ ਫੁੱਟ ਚੌੜੀ। ਉਥੇ ਪੈਣ ਵਾਸਤੇ ਰੋੜ ਵਿਛਾ ਦਿੱਤੇ। ਸੰਗਤਾਂ ਨੂੰ ਮਿਲਦੇ ਸੀ, ਰਾਤ ਨੂੰ ਜਦ ਆਰਾਮ ਕਰਨਾ ਹੈ, ਉਥੇ ਜਾ ਕੇ ਰੋੜ੍ਹਾਂ ਦੇ ਉਤੇ ਜਾ ਕੇ ਪੈ ਜਾਇਆ ਕਰਨ, ਬੜਾ ਮਨ ਵਿੱਚ ਆਵੇ, ਗੁਰੂ ਅੰਗਦ ਸਾਹਿਬ ਬਹੁਤ ਵੈਰਾਗ ਕਰਨ। ਅਸੀਂ ਬਿਸਤਰਿਆਂ 'ਤੇ ਪੈਂਦੇ ਹਾਂ ਤੇ ਮਹਾਰਾਜ ਜਾ ਕੇ ਰੋੜ੍ਹਾਂ 'ਤੇ ਪੈਂਦੇ ਨੇ। ਵਸਤਰ ਉੱਤੇ ਵੀ ਕੋਈ ਨਹੀਂ ਹੁੰਦਾ, ਥੱਲੇ ਵੀ ਕੋਈ ਨਹੀਂ ਹੁੰਦਾ। ਉਸੇ ਵੇਲੇ ਥੋੜ੍ਹੀ ਦੇਰ ਘੰਟਾ ਕੁ ਆਰਾਮ ਕਰਕੇ ਰਾਵੀ ਦੇ ਵਿੱਚ ਖੜ੍ਹ ਜਾਂਦੇ ਸੀ। ਠੰਡਾ ਪਾਣੀ ਬਰਫ ਵਰਗਾ। ਦਿਨ ਚੜ੍ਹੇ ਤੱਕ ਖੜ੍ਹੇ ਰਹਿਣਾ। ਫੇਰ ਚਾਰ ਮੀਲ ਦਾ ਚੱਕਰ ਬਣਾ ਲਿਆ, ਰਾਵੀ ਦੇ ਕੰਢੇ-ਕੰਢੇ ਉਪਰ ਨੂੰ ਚਲੇ ਜਾਣਾ। ਹੇਠਾਂ ਨੂੰ ਆ ਜਾਣਾ, ਗੁਰੂ ਅੰਗਦ ਸਾਹਿਬ ਮਹਾਰਾਜ ਨਾਲ ਰਹਿੰਦੇ ਸੀ, ਉਨ੍ਹਾਂ ਨੇ ਵਿਚਾਲੇ ਦੋ ਮੀਲ ਦੇ ਉਤੇ ਇੱਕ ਥੜ੍ਹਾ ਜਿਹਾ ਬਣਾ ਲਿਆ, ਓਧਰ ਨੂੰ ਜਾਂਦੇ ਨੇ, ਓਧਰ ਨੂੰ ਦੇਖੀਂ ਜਾਂਦੇ ਨੇ, ਇਧਰ ਨੂੰ ਆਉਂਦੇ ਨੇ ਇਧਰ ਨੂੰ ਦੇਖੀ ਜਾਇਆ ਕਰਨ ਕਿਉਂਕਿ ਪ੍ਰੀਤ ਹੋਇਆ ਕਰਦੀ ਹੈ। ਦੇਖੇ ਤੋਂ ਬਗੈਰ ਹਨ੍ਹੇਰਾ ਛਾ ਜਾਂਦਾ ਹੈ। ਮਹਾਰਾਜ ਕਹਿੰਦੇ, ਨਾਲ ਨਾ ਘੁੰਮੀਂ ਪੁਰਖਾ! ਅਸੀਂ ਆਪਣੀ ਮੌਜ ਵਿੱਚ ਘੁੰਮ ਰਹੇ ਹਾਂ। ਇੱਕ ਦਿਨ ਗੁਰੂ ਅੰਗਦ ਸਾਹਿਬ, ਜਦੋਂ ਗੁਰੂ ਮਹਾਰਾਜ ਰਾਵੀ ਦੇ ਵਿੱਚ ਵੜ੍ਹੇ, ਨਾਲ ਵੜ੍ਹ ਗਏ, ਐਨਾ ਠੰਢਾ ਪਾਣੀ ਆਪ ਬੇਹੋਸ਼ ਹੋ ਗਏ, ਉਸੇ ਵੇਲੇ ਗੁਰੂ ਮਹਾਰਾਜ ਨੇ ਬਾਹਰ ਕੱਢ ਕੇ ਆਪਣੇ ਅਗੂੰਠੇ ਦੇ ਨਾਲ ਛੋਹਿਆ, ਕਹਿੰਦੇ ਪੁਰਖਾ! ਆਹ ਸਾਰੀਆਂ ਖੇਚਲਾਂ ਅਸੀਂ ਤੁਹਾਡੇ ਵਾਸਤੇ ਕਰ ਰਹੇ ਹਾਂ, ਤੁਹਾਨੂੰ ਕਰਨ ਦੀ ਲੋੜ ਨਹੀਂ ਰਹਿਣੀ। ਕਹਿੰਦੇ ਨੇ ਈਸਾ ਜੀ ਨੇ ਸਾਰੇ ਗੁਨਾਹ ਲੈ ਲਏ ਆਪਣੇ ਉੱਤੇ ਤੇ ਵੱਡੀ ਭਾਰੀ ਕੁਰਬਾਨੀ ਦੇ ਦਿੱਤੀ। ਮਹਾਂਪੁਰਖਾਂ ਦੀ ਮੌਜ, ਕੋਈ ਸਮਝੇ, ਕੋਈ ਨਾ ਸਮਝੇ। ਓਸ ਵੇਲੇ ਇੱਕ ਦਮ ਕ੍ਰਿਆ ਬਦਲ ਲਈ ਮਹਾਰਾਜ ਜੀ ਨੇ। ਡੰਡਾ ਲੈ ਲਿਆ ਹੱਥ ਵਿੱਚ, ਜਿਹੜਾ ਮੱਥਾ ਟੇਕਣ ਆਵੇ, ਓਹਦੀ ਪਿੱਠ 'ਤੇ ਮਾਰਨ ਜ਼ੋਰ ਦੀ। ਦੂਰੋਂ ਹੋ ਕੇ ਟੇਕਣ ਲੱਗ ਗਏ, ਮਹਾਰਾਜ ਪਿੱਛੇ ਚਲੇ ਜਾਇਆ ਕਰਨ। ਉਸ ਤੋਂ ਬਾਅਦ ਸਾਰੇ ਹੀ ਗਿਣਤੀ ਵਿੱਚ ਵੀਹ-ਪੱਚੀ ਕੁ ਬੰਦੇ ਰਹਿ ਗਏ, ਬਾਕੀ ਸਾਰੇ ਚਲੇ ਗਏ ਕਿ ਇੱਥੇ ਤਾਂ ਕੁਛ ਹੋਰ ਹੀ ਬਣ ਗਿਆ। ਵੀਹ ਹਜ਼ਾਰ 'ਚੋਂ ਵੀਹ ਕੁ ਰਹਿ ਗਏ। ਹਜ਼ਾਰ 'ਚੋਂ ਇੱਕ ਬਚਿਆ। ਉਹ ਵੀ ਨੇੜੇ ਨਾ ਜਾਵੇ, ਜਿਹੜਾ ਨੇੜੇ ਜਾਵੇ, ਰਹਿ ਗਏ ਮਨਸੁਖ ਵਰਗੇ, ਭਾਈ ਭਗੀਰਥ ਵਰਗੇ। ਜਿਹੜਾ ਨੇੜੇ ਜਾਵੇ ਮਹਾਰਾਜ ਪਿੱਛੇ ਪੈ ਜਾਣ। ਅਖੀਰ ਇੱਕ ਦਿਨ ਕੁੱਤੇ ਵਗੈਰਾ ਲੈ ਕੇ ਬਾਹਰ ਨੂੰ ਤੁਰ ਪਏ। ਸ਼ਿਕਾਰੀਆਂ ਵਾਲਾ ਭੇਸ ਕਰਿਆ ਹੋਇਆ ਹੈ, ਕੁਤਕਾ ਮੋਢੇ 'ਤੇ ਰੱਖਿਆ ਹੋਇਆ ਹੈ। ਕਹਿੰਦੇ, ਮੁੜਦੇ ਓ ਨਹੀਂ ਪਿੱਛੇ। ਮੁੜੇ ਨਾ। ਮਹਾਰਾਜ ਨੇ ਕਿਹਾ ਕਿ ਤੁਸੀਂ ਮਾਇਆ ਲੈਣੀ ਹੈ, ਬੇਅੰਤ ਧਨ ਸੁੱਟ ਦਿੱਤਾ ਉਥੇ। ਉਹ ਚੁਗਣਾ ਸ਼ੁਰੂ ਕਰ ਲਿਆ, ਭੁੱਲ ਗਿਆ ਗੁਰੂ ਦਾ ਪਿਆਰ, ਮਾਇਆ ਇਕੱਠੀ ਕਰਨ ਲਗ ਪਏ। ਥੋੜ੍ਹੇ ਜਿਹੇ ਫੇਰ ਪਿੱਛੇ ਤੁਰ ਪਏ, ਮਹਾਰਾਜ ਜੀ ਨੇ ਸੋਨੇ ਦੀਆਂ ਮੋਹਰਾਂ ਸੁੱਟਣੀਆਂ ਸ਼ੁਰੂ ਕਰ ਦਿੱਤੀਆਂ। ਉਹ ਚੁਗਣ ਲਗ ਗਏ, ਪੰਡਾਂ ਬੰਨ੍ਹ ਲਈਆਂ। ਜਦ ਅੱਗੇ ਮਹਾਰਾਜ ਜੀ, ਦੇਖਿਆ ਦੋ ਰਹਿ ਗਏ, ਕਹਿੰਦੇ ਤੁਸੀਂ ਕਿਉਂ ਨਹੀਂ ਮੁੜਦੇ, ਉਨ੍ਹਾਂ ਦੇ ਆ ਕੇ ਕੁਤਕਾ ਮਾਰਦੇ ਰਹੇ। ਪਰ ਉਹ ਖੜ੍ਹੇ ਰਹੇ। ਇੱਕ ਪਾਸੇ ਮਾਰਦੇ ਨੇ ਤਾਂ ਦੂਜਾ ਪਾਸਾ ਕਰ ਦਿੰਦੇ ਨੇ, ਦੂਜੇ ਪਾਸੇ ਮਾਰਦੇ ਨੇ ਤਾਂ ਪਹਿਲਾ ਪਾਸਾ ਕਰ ਦਿੰਦੇ ਨੇ। ਇਹ ਪਿਆਰ ਦੀ ਹੱਦ ਹੁੰਦੀ ਹੈ ਸਾਧਸੰਗਤ ਜੀ। ਜੇ ਝਿੜਕਦਾ ਹੈ ਤਾਂ ਵੀ ਵਡਿਆਈ ਹੈ, ਸੁਖ ਦਿੰਦਾ ਹੈ ਤਾਂ ਵੀ ਵਡਿਆਈ, ਜੇ ਦੁਖ ਦਿੰਦਾ ਹੈ ਤਾਂ ਵੀ ਪਿਆਰਾ ਹੈ।

ਬਾਬਾ ਰਾਮ ਸਿੰਘ ਜੀ ਨਾਮਧਾਰੀ ਬੜੇ ਉੱਚੇ ਜੀਵਨ ਵਾਲੇ ਮਹਾਂਪੁਰਸ਼ ਹੋਏ ਨੇ ਉਸ ਵੇਲੇ ਸਿੱਖੀ ਦਾ ਜੇ ਕੋਈ ਅਸਲੀ ਰਾਖਾ ਸੀ ਤਾਂ ਓਹੀ ਸੀਗੇ। ਇਹ ਤਾਂ

ਜਿੱਦਵਾਦ 'ਚ ਅਸੀਂ, ਈਰਖਾ ਦੇ ਵਸ ਹੋ ਕੇ -

*ਆਪਿ ਨ ਦੇਹਿ ਚੁਰੂ ਭਰਿ ਪਾਨੀ ॥*
*ਤਿਹ ਨਿੰਦਹਿ ਜਿਹ ਗੰਗਾ ਆਨੀ ॥*
*ਅੰਗ - ੩੩੨*

ਜਿਹਨੇ ਵੱਡੀਆ ਕੁਰਬਾਨੀਆਂ ਕੀਤੀਆਂ ਹਨ ਓਹਦੀ ਨਿੰਦਿਆ ਅਸੀਂ ਸਹਿਜ ਨਾਲ ਕਰ ਸਕਦੇ ਹਾਂ, ਆਪ ਅਸੀਂ ਕੁਛ ਨਹੀਂ ਹੁੰਦੇ। ਉਨ੍ਹਾਂ ਦੇ ਨਾਲ ਨਾਮ ਜਪਣ ਵਾਲੇ, ਕੁਛ ਮਸਤਾਨੀ ਬਿਰਤੀ ਦੇ ਵਧ ਗਏ ਬਹੁਤ ਜ਼ਿਆਦਾ, ਸੌ ਦੇ ਕਰੀਬ ਹੋ ਗਏ, ਉਨ੍ਹਾਂ ਨੂੰ ਮਸਤਾਨੇ ਕਹਿਣ ਲੱਗ ਗਏ, ਉਹ ਖੁੱਲ੍ਹੀ ਕਿਰਿਆ ਦੇ ਸੀ, ਸਾਰਿਆਂ ਨੇ ਕਿਹਾ ਕਿ ਮਹਾਰਾਜ ਇਹ ਮਰਿਆਦਾ ਵਿੱਚ ਨਹੀਂ ਰਹਿੰਦੇ। ਇੱਕ ਵਾਰੀ ਸ਼ਿਕਾਇਤ ਕਰੀ, ਦੂਜੀ ਵਾਰੀ ਸ਼ਿਕਾਇਤ ਕਰੀ, ਤੀਜੀ ਵਾਰੀ ਉਨ੍ਹਾਂ ਨੇ ਕਿਹਾ ਕਿ ਇਨ੍ਹਾਂ ਦਾ ਲੰਗਰ ਬੰਦ ਕਰ ਦਿਓ। ਲੰਗਰ ਬੰਦ ਕਰ ਦਿੱਤਾ, ਸਾਰੇ ਬਹਿ ਗਏ, ਭਜਨ ਕਰੀ ਜਾਂਦੇ ਨੇ, ਕਹਿੰਦੇ ਮੌਜਾਂ ਹੀ ਬਣ ਗਈਆਂ ਹੁਣ ਤਾਂ, ਭਜਨ ਹੀ ਕਰਾਂਗੇ। ਇਧਰ ਕੀ ਹੋਇਆ, ਬਾਬਾ ਜੀ ਨੂੰ ਪ੍ਰਸ਼ਾਦਾ ਲੈ ਕੇ ਗਏ, ਵਾਪਸ ਕਰ ਦਿੱਤਾ ਕਹਿੰਦੇ ਭਾਈ! ਸਾਡਾ ਤਾਂ ਗਲਾ ਦੁਖਦਾ ਹੈ, ਸਾਡੇ ਤੋਂ ਨਹੀਂ ਅੱਜ ਪ੍ਰਸ਼ਾਦਾ ਛਕ ਹੁੰਦਾ। ਦੂਸਰਾ ਦਿਨ ਵੀ ਭੁੱਖਿਆਂ ਦਾ ਲੰਘ ਗਿਆ, ਤੀਸਰਾ ਦਿਨ ਵੀ ਲੰਘ ਗਿਆ। ਤੀਸਰੇ ਦਿਨ ਉਹ ਜਿਹੜੇ ਮਸਤਾਨੇ ਸੀ, ਬਾਬਾ ਜੀ ਨੇ ਸੋਟੀ ਲੈ ਲਈ, ਉਨ੍ਹਾਂ ਨੂੰ ਨਠਾਉਣਾ ਸ਼ੁਰੂ ਕਰ ਦਿੱਤਾ। ਡੰਡਾ ਲੈ ਲਿਆ, ਉਹ ਟੁੱਟ ਗਿਆ, ਦੂਜਾ ਲੈ ਲਿਆ। ਉਨ੍ਹਾਂ ਦੇ ਪੈਂਦੇ ਨੇ, ਨਾਲ ਹੀ ਉਹ ਦੂਜਾ ਪਾਸਾ ਕਰਕੇ ਕਹਿੰਦੇ ਨੇ ਕਿ ਸੱਚੇ ਪਾਤਸ਼ਾਹ! ਦੂਜਾ ਪਾਸਾ ਵੀ ਪਵਿੱਤਰ ਕਰ ਦਿਓ, ਅਜੇ ਸੀਸ ਨਹੀਂ ਪਵਿੱਤਰ ਹੋਇਆ। ਅਜੇ ਪਿੱਠ ਨਹੀਂ ਪਵਿੱਤਰ ਹੋਈ। ਹੈਰਾਨ ਹੋ ਗਏ, ਨੇਤਰਾਂ 'ਚੋਂ ਜਲ ਜਾਣ ਲਗ ਗਿਆ। ਉਹ ਕ੍ਰਿਆ ਸੀ ਬਹੁਤ ਗਹਿਰੀ। ਜਿਹਨੂੰ ਅਸੀਂ ਨਹੀਂ ਸਮਝ ਸਕਦੇ। ਪ੍ਰਸ਼ਾਦਾ ਛਕਿਆ ਨਾ, ਤਿੰਨ ਦਿਨ ਹੋ ਗਏ। ਸਾਰੀ ਸੰਗਤ ਨੇ ਵਿਚਾਰਿਆ ਕਿ ਇਨ੍ਹਾਂ ਦਾ ਪਿਆਰ ਤਾਂ ਉਨ੍ਹਾਂ ਵਿੱਚ ਹੈ, ਉਨ੍ਹਾਂ ਨੂੰ ਜਦ ਛਕਾਵਾਂਗੇ, ਤਾਂ ਛਕਣਗੇ, ਬੇਨਤੀ ਕੀਤੀ, ਮਨਜ਼ੂਰੀ ਲੈ ਲਈ, ਜਦ ਪ੍ਰਸ਼ਾਦਾ ਛਕਾ ਦਿੱਤਾ, ਗਲ ਦੁਖਣਾ ਵੀ ਬੰਦ ਹੋ ਗਿਆ। ਓਦੋਂ ਹੀ ਪ੍ਰਸ਼ਾਦਾ ਛਕ ਲਿਆ। ਸੋ ਗੁਰੂ ਐਉਂ ਨਹੀਂ ਸੀ ਮਾਰਦੇ ਕਿ ਨਠਾ ਦਿੱਤਾ, ਗੁਰੂ ਇੱਕ ਟੈਸਟ ਲੈ ਰਹੇ ਸੀ। ਪੁੱਗੀ ਹੋਈ ਸਿੱਖੀ ਦਾ। ਦੋ ਰਹਿ ਗਏ, ਕਹਿੰਦੇ ਤੁਸੀਂ ਕਿਉਂ ਨਹੀਂ ਜਾਂਦੇ? ਬੇਨਤੀ ਕਰੀ ਬਾਬਾ ਬੁੱਢਾ ਜੀ ਨੇ, ਗੁਰੂ ਅੰਗਦ ਸਾਹਿਬ ਨੇ ਕਿ ਪਾਤਸ਼ਾਹ! ਜਿਨ੍ਹਾਂ ਦਾ ਦੁਨੀਆਂ ਵਿੱਚ ਕੋਈ ਥਾਂ ਸੀ, ਉਹ ਆਪਣੇ-ਆਪਣੇ ਥਾਵਾਂ ਨੂੰ ਚਲੇ ਗਏ, ਪਾਤਸ਼ਾਹ! ਤੇਰੇ ਚਰਨਾਂ ਤੋਂ ਬਗੈਰ ਸਾਡਾ ਤਾਂ ਦੁਨੀਆਂ ਦੇ ਵਿੱਚ ਕੋਈ ਥਾਂ ਨਹੀਂ। ਸਾਨੂੰ ਮਾਰੋ, ਰੱਖੋ, ਜੋ ਕਰਨਾ ਹੈ ਕਰੋ ਅਸੀਂ ਨਹੀਂ ਜਾ ਸਕਦੇ। ਤੇਰਾ ਦਰ ਅਸੀਂ ਛੱਡ ਨਹੀਂ ਸਕਦੇ। ਸਾਰੇ ਦਰ ਛੱਡ ਕੇ ਤੇਰਾ ਦਰ ਆਪਣਾ ਬਣਾਇਆ ਹੈ, ਹੁਣ ਦੱਸੋ ਕਿੱਥੇ ਜਾਈਏ?

ਕਹਿੰਦੇ ਜੇ ਨਹੀਂ ਜਾਣਾ, ਤਾਂ ਔਹ ਦੇਖੋ ਸਾਮ੍ਹਣੇ ਕੀ ਪਿਆ ਹੈ?

ਕਹਿੰਦੇ, ਮੁਰਦਾ ਪਿਆ ਹੈ।

ਕਹਿੰਦੇ, ਫੇਰ ਉਹਨੂੰ ਖਾਓ। ਦੋਵੇਂ ਚਲੇ ਗਏ, ਜਾ ਕੇ ਕੋਲ ਖੜ੍ਹ ਗਏ, ਕਹਿੰਦੇ ਖਾਂਦੇ ਕਿਉਂ ਨਹੀਂ? ਕਹਿੰਦੇ, ਪਾਤਸ਼ਾਹ! ਹੁਕਮ ਨਹੀਂ ਹੋਇਆ। ਕਿਹੜੇ ਪਾਸਿਓਂ ਸ਼ੁਰੂ ਕਰੀਏ, ਕਹਿੰਦੇ ਸਿਰ ਵਲੋਂ ਕਰੋ। ਗੁਰੂ ਅੰਗਦ ਸਾਹਿਬ ਇੱਕ ਦਮ ਸਿਰ ਕੋਲ ਪਹੁੰਚ ਗਏ। ਬਾਬਾ ਬੁੱਢਾ ਜੀ ਥੋੜ੍ਹਾ ਜਿਹਾ ਪਿੱਛੇ ਰਹਿ ਗਏ ਤੇ ਕੀ ਸੀ ਉਥੇ। ਕੁਛ ਵੀ ਨਹੀਂ ਸੀ ਉਥੇ। ਪ੍ਰਸ਼ਾਦ ਲਿਖਦੇ ਨੇ ਕਿ ਪ੍ਰਸ਼ਾਦ ਸੀ ਉਥੇ। ਲੰਮੀ ਬਾਤ ਹੈ ਜੇ ਇਹ ਮੈਂ ਸਿੱਧ (justify) ਕਰਾਂ ਕਿ ਮੁਰਦਾ ਕਿਵੇਂ ਪ੍ਰਸ਼ਾਦ ਬਣ ਗਿਆ। ਇਹ ਕੋਈ ਵੱਡੀਆਂ ਗੱਲਾਂ ਨਹੀਂ ਹਨ। ਸੋ ਇਹ ਚੀਜ਼ ਜਿਹੜੀ ਹੈ ਇਹ ਭਾਵਨਾ ਹੈ, ਕਿੰਨੇ ਕੁ ਨਿਤਰੇ। ਵੀਹ ਹਜ਼ਾਰ ਤੋਂ ਇੱਕ ਪੂਰੇ ਹੋਏ, ਇਕਨਾ ਦੇ ਇੱਕ ਪੁਆਇੰਟ ਨਾਲ ਨੰਬਰ ਘੱਟ ਰਹਿ ਗਏ। ਸੀਗੇ ਤਾਂ ਬੇਅੰਤ ਹੀ, ਬੇਅੰਤ ਨੇ ਬਾਣੀ ਸਮਝੀ ਸੀ। ਸੋ ਪਹਿਲੀ ਸ਼ਰਤ ਹੈ ਕਿ ਜੇ ਗੁਰੂ ਦੇ ਨਾਲ ਕੁਛ ਬਣਾਉਣਾ ਹੈ ਸਬੰਧ, ਤਾਂ ਮੁਰਦਾ ਬਣਨਾ ਪੈਂਦਾ ਹੈ।

*ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।*

ਇਹ ਸਾਡੇ ਤੇ ਨਹੀਂ ਲਾਗੂ ਹੁੰਦੀ, ਕਿਉਂਕਿ ਅਸੀਂ ਅਜੇ ਓਸ ਕਲਾਸ ਵਿੱਚ ਨਹੀਂ ਗਏ, ਜਿੱਥੇ ਇਹ ਚੀਜ਼ਾਂ ਲਾਗੂ ਹੁੰਦੀਆਂ ਨੇ ਅਸੀਂ ਤਾਂ ਮੰਗਦੇ ਹੀ ਮੰਗਦੇ ਹਾਂ।

*ਆਖਹਿ ਮੰਗਹਿ ਦੇਹਿ ਦੇਹਿ*
*ਦਾਤਿ ਕਰੇ ਦਾਤਾਰੁ ॥ ਅੰਗ - ੨*

ਦੇ-ਦੇ-ਦੇ-ਦੇ ਸਾਰੀ ਜ਼ਿੰਦਗੀ ਦੇ-ਦੇ ਹੈ ਸਾਡੀ। ਆਹ ਵੀ ਦੇ ਦੇ ਮੈਨੂੰ, ਆਹ ਵੀ ਦੇ ਦੇ, ਪੁੱਤਰ ਵੀ ਦੇ ਦੇ, ਵਿਆਹ ਵੀ ਹੋ ਜਾਏ, ਅੱਗੇ ਪੋਤਰਾ ਵੀ ਹੋ ਜਾਏ। ਇਹ ਵੀ ਵੱਡਾ ਹੋ ਜਾਏ, ਇਹ ਵੀ ਅਫਸਰ ਲਗ ਜਾਏ। ਉਹ ਕਹਿੰਦੇ ਉਹਦਾ ਸੁਭਾਅ ਹੈ-

*ਆਖਹਿ ਮੰਗਹਿ ਦੇਹਿ ਦੇਹਿ*
*ਦਾਤਿ ਕਰੇ ਦਾਤਾਰੁ ॥ ਅੰਗ - ੨*

ਦਾਤਾਂ ਦਿੰਦਾ ਹੀ ਰਹਿੰਦਾ ਹੈ। ਸੋ ਇਹ ਗੁਰੂ ਨਾਲ ਸਬੰਧ ਨਹੀਂ ਹੈ, ਜਿਹੜਾ ਗੁਰੂ ਨਾਲ ਸਬੰਧ ਚਾਹੀਦਾ ਹੈ, ਗੁਰੂ ਨਾਲ ਤਾਂ ਪਿਆਰ ਕਰਿਆ ਹੀ ਨਹੀਂ। ਦਾਤ ਨਾਲ ਪਿਆਰ ਕਰਿਆ। ਜਦ ਦਾਤ ਨਾਲ ਪਿਆਰ ਕਰਿਆ। ਫੇਰ ਸਾਡਾ ਗੁਰੂ ਨਾਲੋਂ ਸਬੰਧ ਟੁੱਟ ਜਾਂਦਾ ਹੈ।

*ਧਾਰਨਾ - ਮਨਮੁੱਖਾਂ ਨੇ ਵਿਸਾਰ ਦਿੱਤਾ ਦਾਤਾ,*
*ਦਾਤ ਨੂੰ ਪਿਆਰੀ ਜਾਣ ਕੇ।*

*ਦਾਤਿ ਪਿਆਰੀ ਵਿਸਰਿਆ ਦਾਤਾਰਾ ॥*
*ਅੰਗ - ੬੭੬*

ਮੰਗੀ ਜਾਂਦਾ ਹੈ, ਸਾਰੀ ਜ਼ਿੰਦਗੀ ਦੇ-ਦੇ ਕਰਦਿਆਂ ਦੀ ਲੰਘ ਜਾਂਦੀ ਹੈ, ਸਾਡਾ ਤਾਂ ਪਿਆਰ ਹੀ ਨਹੀਂ ਗੁਰੂ ਨਾਲ। ਉਹ ਦਿੰਦਾ ਜਾਂਦਾ ਹੈ, ਉਹਦਾ ਨਤੀਜਾ ਕੀ ਹੁੰਦਾ ਹੈ, ਉਹਦਾ ਦਾਤ ਨਾਲ ਪਿਆਰ ਪੈ ਗਿਆ, ਕਿਉਂਕਿ ਉਹਦੇ ਨਾਲ ਹੀ ਪਿਆਰ ਸੀ, ਗੁਰੂ ਨਾਲ ਪਿਆਰ ਨਹੀਂ ਸੀਗਾ। ਕੋਈਓ ਹੈ ਪੁਰਸ਼ ਜਿਹੜਾ ਸਹੀ ਮੰਗ ਮੰਗਦਾ ਹੈ। ਉਹ ਕੋਈ ਜਾਗੀ ਹੋਈ ਰੂਹ ਹੈ ਜਿਹੜੀ ਕਹਿੰਦੀ ਹੈ -

*ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ ॥*
*ਅੰਗ - ੯੫੮*

ਵਿਰਲਾ ਹੈ ਜਿਹੜਾ, ਨਾਮ ਮੰਗਦਾ ਹੈ, ਗੁਰੂ ਤੋਂ ਪਿਆਰ ਮੰਗਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ ਜੇ ਸਾਡੇ ਨਾਲ ਸਬੰਧ ਜੋੜਨਾ ਹੈ ਤਾਂ -

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ*
*ਤਉ ਆਉ ਹਮਾਰੈ ਪਾਸਿ॥ ਅੰਗ - ੧੧੦੨*

ਜਿਹੜਾ ਮਰ ਹੀ ਗਿਆ ਉਹਦੀਆਂ ਵਾਸ਼ਨਾ ਕੀ ਰਹਿ ਗਈਆਂ। ਜੀਉਂਦੇ ਦੀ ਵਾਸ਼ਨਾ ਹੁੰਦੀ ਹੈ, ਜਿਹੜਾ ਮਰ ਹੀ ਗਿਆ ਉਹਦਾ ਮਾਣ ਕੀ ਹੈ। ਮੁਰਦੇ ਨੂੰ ਚਾਹੇ ਚੰਦਨ ਲਾ ਦਿਓ, ਚਾਹੇ ਮਿੱਟੀ ਦੇ ਵਿੱਚ ਲਾ ਦਿਓ। ਮੁਰਦੇ ਨੂੰ ਤਾਂ ਕੋਈ ਫਰਕ ਨਹੀਂ ਪੈਂਦਾ। ਪਹਿਲਾਂ ਵੀ ਕਈ ਵਾਰ ਮੈਂ ਬੇਨਤੀ ਕਰੀ ਹੈ ਕਿ ਗੁਲਾਮ ਅਤੇ ਮੁਰਦੇ ਦਾ ਫਰਕ ਹੋਇਆ ਕਰਦਾ ਹੈ। ਗੁਲਾਮ ਬਾਹਰੋਂ ਵਿਕਿਆ ਹੁੰਦਾ ਹੈ, ਅੰਦਰੋਂ ਨਹੀਂ ਵਿਕਿਆ ਹੁੰਦਾ। ਬੰਧਵਾ ਮਜ਼ਦੂਰ ਲੈ ਲਓ, ਉਹ ਬਾਹਰੋਂ ਤਾਂ ਵਿਕ ਗਿਆ, ਲੇਕਿਨ ਅੰਦਰੋਂ ਨਹੀਂ, ਅੰਦਰੋਂ ਓਹਦੀਆਂ ਓਹੀ ਵਾਸ਼ਨਾ ਹੈ, ਪਿਆਰ ਆਪਣੇ ਮਾਲਕ ਨੂੰ ਕਰੇ ਜਾਂ ਨਾ ਕਰੇ। ਬਥੇਰੇ ਗੁਲਾਮਾਂ ਦੀਆ ਹਿਸਟਰੀਆਂ ਆਉਂਦੀਆਂ ਨੇ, ਜਿਨ੍ਹਾਂ ਨੇ ਮਾਲਕਾਂ ਨੂੰ ਮਾਰ ਕੇ ਰਾਜਗੱਦੀਆਂ ਸੰਭਾਲੀਆਂ। ਮੁਰਦੇ ਦੀ ਗੱਲ ਕਹਿੰਦੇ ਨੇ ਮਹਾਰਾਜ। ਮਰਨਾ ਕਬੂਲ ਕਰ, ਇਹ ਜਿਹੜਾ ਤੂੰ ਜੀਵਨ ਜੀਉਂਦਾ ਹੈਂ, ਇਹਦੀ ਆਸ ਛੱਡ ਦੇ, ਇਹ ਜੀਵਨ ਨਹੀਂ ਹੈ। ਇੱਕ ਧੋਖਾ ਹੈ ਸਾਡੇ ਨਾਲ। ਮੈਂ ਬੇਨਤੀ ਕਰੀ ਸੀ ਕਿ ਇਨ੍ਹਾਂ ਸਿਧਾਂਤਾਂ ਨੂੰ ਅੱਜ ਦੇ ਪੜ੍ਹੇ ਲਿਖਿਆਂ ਦੀ ਕਲਮ ਜਿਹੜੀ ਹੈ ਉਹ ਮਿਟਾਉਂਦੀ ਤੁਰੀ ਜਾਂਦੀ ਹੈ, ਬੁਰੀ ਤਰ੍ਹਾਂ ਨਾਲ ਮਿਟਾ ਰਹੀ ਹੈ, ਹੋਰ ਹੀ ਪਾਸੇ ਸਾਡਾ ਮਨ ਪਾ ਰਹੀ ਹੈ ਕਿ ਦੁਨੀਆਂ ਵੀ ਰੱਖੋ, ਪ੍ਰਮੇਸ਼ਰ ਵੀ ਰੱਖੋ। ਉਹ ਇਹ ਭੁੱਲ ਜਾਂਦੇ ਨੇ ਜਿਹੜੇ ਗੁਰਸਿੱਖੀ 'ਚ ਆ ਜਾਂਦੇ ਨੇ, ਉਨ੍ਹਾਂ ਦਾ ਵਿਸ਼ਵਾਸ਼ ਇਹ ਹੋ ਜਾਂਦਾ ਹੈ ਕਿ ਮੇਰਾ ਸਤਿਗੁਰੂ ਜਿਵੇਂ ਮੈਨੂੰ ਰਖਦਾ ਹੈ ਮੈਂ ਓਵੇਂ ਹੀ ਰਹਿਣਾ ਹੈ, ਮੈਂ ਤਾਂ ਹੁਕਮ ਵਿੱਚ ਚਲਣਾ ਹੈ ਉਹਦੇ। ਉਥੇ ਉਹ ਸੱਚੀਓਂ ਮੰਨਦਾ ਹੈ -

*ਇਸ ਕਾ ਬਲੁ ਨਾਹੀ ਇਸੁ ਹਾਥ ॥*
*ਕਰਨ ਕਰਾਵਨ ਸਰਬ ਕੋ ਨਾਥ ॥*
*ਅੰਗ - ੨੭੭*

ਇਹਦੇ ਮੁਕਾਬਲੇ 'ਤੇ ਜੇ ਅਸੀਂ ਕਹਿੰਦੇ ਹਾਂ ਕਿ ਦੁਨੀਆਂ ਵੀ ਰੱਖ ਤੂੰ। ਉਹ ਰਖਾਉਣੀ ਹੈ ਗੁਰੂ ਨੇ, ਰਖਾਉਂਦਾ ਹੈ ਕਿ ਉਜਾੜਦਾ ਹੈ। ਭਾਈ ਮੰਝ ਬਾਰੇ ਮੈਂ ਬਹੁਤ ਵਾਰੀ ਬੇਨਤੀ ਕਰੀ ਹੈ, ਦੁਨੀਆਂ ਰਹਿਣ ਦਿੱਤੀ ਗੁਰੂ ਸਾਹਿਬ ਨੇ ਕੀ ਓਹਦੀ? ਸਾਰੀ ਹੀ ਉਜਾੜ ਦਿੱਤੀ। ਮਹਾਰਾਜ ਕਹਿੰਦੇ, ਭਾਈ ਮੰਝ! ਤੂੰ ਕਾਹਨੂੰ ਸਿੱਖੀ ਦੇ ਵਿੱਚ ਆਉਂਦਾ ਹੈਂ, ਤੇਰੀ ਵਿਰੋਧਤਾ ਹੋਏਗੀ, ਉਹ ਡਟਿਆ ਰਿਹਾ, ਗੁਰੂ ਮਹਾਰਾਜ ਨੇ ਨਾਮ ਦੀ ਦਾਤ ਦੇ ਕੇ ਪੂਰਨ ਕਰ ਦਿਤਾ, ਸਹਿਜ ਸਮਾਧ ਵਿਚ ਉਹਦੀ ਬਿਰਤੀ ਪਹੁੰਚਾ ਦਿੱਤੀ। ਨਾਮ ਦਾ ਰੰਗ ਲਗ ਗਿਆ, ਹੁਣ ਇਹ ਦੇਖਿਆ ਕਿ ਨਾਮ 'ਚ ਰੰਗਿਆ ਹੋਇਆ ਬੰਦਾ ਤੇ ਗੁਰੂ ਦੁਆਰਾ ਕੀਤਾ ਨਿਰਾਦਰ ਕਿੰਨਾ ਕੁ ਸਹਿ ਸਕਦਾ ਹੈ। ਘਰ ਭੇਜ ਦਿੱਤਾ ਨਾਲ ਵਾਰਨਿੰਗ ਦੇ ਦਿੱਤੀ ਕਿ ਤੇਰਾ ਸਭ ਕੁਛ ਉਜੜ ਜਾਏਗਾ। ਤੂੰ ਉਥੇ ਹੀ ਬਣ ਜਾ ਸਰਵਰੀਆਂ ਜਾ ਕੇ। ਘਰ ਆ ਜਾਂਦਾ ਹੈ, ਆਉਂਦੇ ਦੇ ਹੀ ਡੰਗਰ ਮਰਨੇ ਸ਼ੁਰੂ ਹੋ ਗਏ। ਪੰਜਾਹ-ਸੱਠ ਜੋੜੀਆਂ ਬੈਲ, ਘੋੜੀਆਂ, ਮੱਝਾਂ, ਗਾਈਆਂ, ਮਰ ਗਈਆਂ, ਵੱਡਾ ਜ਼ਿਮੀਦਾਰ ਸੀ। ਕਿੰਨਿਆਂ ਪਿੰਡਾਂ ਦਾ ਚੌਧਰੀ ਸੀ, ਮਾਮਲਾ ਉਗਰਾਹ ਕੇ ਭੇਜਦਾ ਹੁੰਦਾ ਖਜ਼ਾਨੇ ਵਿੱਚ। ਕੁਛ ਵੀ ਨਾ ਰਿਹਾ, ਐਨੀ ਵਿਰੋਧਤਾ ਹੋ ਗਈ ਕਿ ਚੌਧਰ ਵੀ ਉਸ ਤੋਂ ਖੋਹ ਲਈ, ਸਾਰੀ ਜਾਇਦਾਦ ਖੋਹ ਲਈ। ਧੱਕੇ ਦੇ ਕੇ ਘਰ 'ਚੋਂ ਕੱਢ ਦਿਤਾ। ਤਿੰਨ ਜੀਅ ਨੇ, ਲੜਕੀ ਹੈ, ਘਰਵਾਲੀ ਹੈ ਆਪ ਹੈ, ਕੋਈ ਚੀਜ਼ ਨਹੀਂ ਉਹਦੇ ਕੋਲ। ਖਾਲੀ ਜਾਂਦਾ ਹੈ ਲੇਕਿਨ ਡੋਲਦਾ ਨਹੀਂ ਹੈ। ਦਿਲਾਸਾ ਦਿੰਦਾ ਜਾਂਦਾ ਹੈ ਤੇ ਆਪਣੇ ਆਪ ਨੂੰ ਧੀਰਜ ਦਿੰਦਾ ਹੋਇਆ ਐਸੀਆਂ ਬੇਨਤੀਆਂ ਕਰਦਾ ਜਾਂਦਾ ਹੈ -

*ਧਾਰਨਾ - ਕਿਤੇ ਡੋਲ ਨਾ ਜਾਈਂ ਮਨਾਂ ਮੇਰਿਆ,*
*ਦੁਖਾਂ ਦੇ ਪਹਾੜ ਦੇਖ ਕੇ।*

*ਤੂ ਕਾਹੇ ਡੋਲਹਿ ਪ੍ਰਾਣੀਆ*
*ਤੁਧੁ ਰਾਖੈਗਾ ਸਿਰਜਣਹਾਰੁ ॥*
*ਜਿਨਿ ਪੈਦਾਇਸਿ ਤੂ ਕੀਆ*
*ਸੋਈ ਦੇਇ ਆਧਾਰੁ ॥ ਅੰਗ - ੭੨੪*

ਦੇਖੀਂ ਕਿਤੇ ਡੋਲ ਨਾ ਜਾਈਂ, ਧੀਰਜ ਦਿੰਦਾ ਹੈ ਘਰਵਾਲੀ ਨੂੰ, ਲੜਕੀ ਨੂੰ ਹੌਂਸਲਾ ਦਿੰਦਾ ਹੈ, ਕਹਿੰਦੇ ਮੇਰੇ ਗੁਰੂ ਦੀ ਖੇਡ ਹੈ, ਜਿਥੇ ਉਹ ਰਖਦਾ ਹੈ ਓਹੀ ਸਾਡੇ ਵਾਸਤੇ ਬੈਕੁੰਠ ਹੈ, ਓਸੇ ਨੂੰ ਪ੍ਰਵਾਨ ਕਰ ਲੈਣਾ ਚਾਹੀਦਾ ਹੈ -

*ਜੇ ਸੁਖੁ ਦੇਹਿ ਤ ਤੁਝਹਿ ਅਰਾਧੀ*
*ਦੁਖਿ ਭੀ ਤੁਝੈ ਧਿਆਈ ॥ ੨ ॥*
*ਜੇ ਭੁਖ ਦੇਹਿ ਤ ਇਤ ਹੀ ਰਾਜਾ*

*ਦੁਖ ਵਿਚਿ ਸੁਖ ਮਨਾਈ ॥ ਅੰਗ - ੭੫੭*

ਡੋਲਦਾ ਨਹੀਂ ਹੈ ਗੁਰਮੁਖ, ਜਾ ਕੇ ਘਾਹ ਵੇਚ ਕੇ ਗੁਜ਼ਾਰਾ ਕਰਦਾ ਹੈ, ਮਹਾਰਾਜ ਵਲੋਂ ਹੁਕਮਨਾਮਾ ਆ ਜਾਂਦਾ ਹੈ, ਵੀਹ ਰੁਪਈਏ ਦੇ ਕੇ ਦਰਸ਼ਨੀ ਭੇਟ ਤਾਂ ਲੈਣਾ ਹੈ। ਬੜਾ ਮੁਸ਼ਕਲ ਹੋਇਆ, ਅਖੀਰ ਲੜਕੀ ਨੂੰ ਬੰਧੂਆਂ ਮਜ਼ਦੂਰੀ ਦੇ ਵਿੱਚ ਦੇ ਦਿੱਤਾ। ਬੜਾ ਕਠਨ ਹੈ, ਇਹੋ ਜਿਹੇ ਮੌਕੇ ਸਭ ਲੋਕ ਡੋਲ ਜਾਂਦੇ ਨੇ। ਵੱਡੇ-ਵੱਡੇ ਬਹਾਦਰ ਡੋਲ ਜਾਂਦੇ ਨੇ।

ਕਹਿੰਦੇ, ਰਾਣਾ ਪ੍ਰਤਾਪ ਜਦ ਹਲਦੀ ਘਾਟੀ ਦੀ ਲੜਾਈ 'ਚ ਹਾਰ ਗਿਆ। ਜੰਗਲ 'ਚ ਚਲਿਆ ਗਿਆ, ਕਈ ਦਿਨ ਭੁੱਖਿਆਂ ਨੂੰ ਲੰਘ ਗਏ, ਲੜਕੀ ਦੀ ਹਾਲਤ ਖਰਾਬ ਹੋ ਗਈ, ਬੇਹੋਸ਼ ਪਈ ਹੈ, ਕਦੇ ਹੋਸ਼ ਆ ਜਾਂਦੀ ਹੈ, ਅੱਖਾਂ ਮੀਚ ਲੈਂਦੀ ਹੈ, ਉਸ ਨੇ ਕਿਹਾ ਕਿ ਕੁਛ ਉਪਾਅ ਕਰੀਏ, ਭੱਖੜਾ ਚੁਣਿਆ, ਪਿਆਜੀ ਦੇ ਕੌੜੇ ਦਾਣੇ ਚੁਣੇ, ਇੱਕ ਰੋਟੀ ਬਣਾਈ, ਫੈਸਲਾ ਇਹ ਕਰਿਆ ਕਿ ਅੱਧੀ ਰੋਟੀ ਲੜਕੀ ਨੂੰ ਦੇ ਦਿੰਦੇ ਹਾਂ ਤੇ ਚੱਪਾ-ਚੱਪਾ ਆਪ ਲੈ ਲੈਂਦੇ ਹਾਂ, ਦੋਹਾਂ ਜਣਿਆ ਨੂੰ। ਓਸ ਵੇਲੇ ਲੜਕੀ ਦੀ ਹਾਲਾਤ ਦੇਖ ਕੇ ਉਸ ਦੇ ਨੇਤਰਾਂ 'ਚੋਂ ਪਾਣੀ ਜਾ ਰਿਹਾ ਸੀ, ਠਹਿਰਦਾ ਨਹੀਂ ਸੀ ਤੇ ਮਨ ਉਧੇੜ ਬੁਣ 'ਚ ਪੈ ਗਿਆ। ਅੱਧੀ ਰੋਟੀ ਲੜਕੀ ਨੂੰ ਦੇ ਦਿੱਤੀ, ਬਿਠਾਲ ਦਿੱਤਾ, ਜੰਗਲੀ ਬਿੱਲਾ ਆਇਆ, ਝਪਟਾ ਮਾਰ ਕੇ ਲੈ ਗਿਆ। ਉਸ ਵੇਲੇ ਰਾਣਾ ਪ੍ਰਤਾਪ ਰੋਇਆ ਉੱਚੀ-ਉੱਚੀ, ਬਹੁਤ ਰੋਇਆ, ਚੁੱਪ ਕਰਾਇਆ ਨਾ ਚੁੱਪ ਕਰੇ ਕਿਸੇ ਤੋਂ, ਤੇ ਨਾਲ ਇਹ ਗੱਲ ਕਹੀ ਘਰਵਾਲੀ ਨੂੰ ਕਿ ਦੇਖੋ ਆਪਾਂ ਰਾਜਪੂਤ ਘਰਾਣੇ 'ਚੋ ਇਕੱਲੇ ਹਾਂ, ਜਿਨ੍ਹਾਂ ਨੇ ਅਕਬਰ ਨੂੰ ਡੋਲਾ ਨਹੀਂ ਦਿੱਤਾ ਤੇ ਮੈਂ ਕਿੰਨਾ ਦੁਖੀ ਤੁਹਾਨੂੰ ਕਰ ਦਿੱਤਾ। ਇਸ ਹਿੰਡ 'ਚ ਪੈ ਕੇ ਤੇ ਹੁਣ ਮੈਂ ਭੇਜ ਦਿੰਦਾ ਹਾਂ ਬੰਦਾ, ਸਮਝੌਤਾ ਕਰ ਲੈਂਦਾ ਹਾਂ ਅਕਬਰ ਨਾਲ। ਉਸ ਵੇਲੇ ਉਸ ਲੜਕੀ ਨੇ ਅੱਖਾਂ 'ਤੇ ਹੱਥ ਰੱਖ ਲਿਆ। ਕਹਿਣ ਲੱਗੀ, ਪਿਤਾ! ਮੇਰੇ ਨੇਤਰਾਂ ਦੇ ਸਾਮ੍ਹਣੇ ਨਾ ਆਈਂ। ਤੂੰ ਐਡਾ ਬੁਜ਼ਦਿਲ ਬਣ ਗਿਆ ਮੇਰੇ ਪਿੱਛੇ। ਬਹੁਤ ਬਾਤਾਂ ਕਹੀਆਂ ਤੇ ਓਸ ਵੇਲੇ ਰੋ ਪਿਆ ਤੇ ਉਹ ਚੜ੍ਹਾਈ ਕਰ ਗਈ। ਡੋਲ ਗਿਆ ਓਸ ਵੇਲੇ, ਕੁਦਰਤੀ ਬਾਬਾ ਸ੍ਰੀ ਚੰਦ ਜੀ ਓਥੇ ਜਾ ਪਹੁੰਚਦੇ ਨੇ। ਉਹਨੂੰ ਓਸ ਗਹਿਰੇ ਅਫਸੋਸ ਦੇ ਵਿਚੋਂ ਕੱਢ ਕੇ ਕਹਿਣ ਲੱਗੇ ਕਿ ਤੂੰ ਡੋਲ ਨਾ, ਜਿੱਤਾਂ ਵੀ ਤੇਰੇ ਭਾਗ ਵਿੱਚ ਲਿਖੀਆਂ ਹੋਈਆਂ ਨੇ। ਕਹਿੰਦਾ ਮੇਰੇ ਕੋਲ ਪੈਸਾ ਨਹੀਂ। ਕਹਿੰਦੇ, ਪੈਸੇ ਦਾ ਬੰਦੋਬਸਤ ਅਸੀਂ ਕਰਾ ਦਿੰਦੇ ਹਾਂ ਤੇ ਇੱਕ ਖਾਨਦਾਨ ਸੀ ਇਨ੍ਹਾਂ ਦਾ ਸੇਵਕ, ਬੇਅੰਤ ਰਾਜਸੀ ਖਜ਼ਾਨਾ ਉਹਦੇ ਕੋਲ ਸੀ। ਉਹ ਦਿੱਤਾ ਤਾਂ ਜਾ ਕੇ ਪਲਟਿਆ। ਚਿਤੌੜਗੜ੍ਹ ਤਾਂ ਨਾ ਲੈ ਸਕਿਆ ਲੇਕਿਨ ਜਿੱਤਾਂ ਬਹੁਤ ਉਹਨੇ ਪ੍ਰਾਪਤ ਕਰ ਲਈਆਂ। ਮਤਲਬ ਇਸ ਤਰ੍ਹਾਂ ਦੇ ਨਾਲ ਵੱਡੇ-ਵੱਡੇ ਡੋਲ ਗਏ। ਜੂਲੀਅਰ ਸੀਜ਼ਰ ਨੇ ਸਾਰਾ ਸੰਸਾਰ ਫਤਹਿ ਕਰ ਲਿਆ, ਲੇਕਿਨ ਜਦ ਆਪਣਾ trusted ਬੰਦਾ ਦੇਖਿਆ ਮਾਰਨ ਵਾਲਿਆਂ 'ਚ, ਮਿਸਰ ਦੀ ਰਾਣੀ ਦੇ ਮਹਿਲਾਂ ਦੇ ਵਿੱਚ, ਉਸ ਵੇਲੇ ਡੋਲ ਗਿਆ, ਡੋਲ ਕੇ ਕਿਹਾ ਹੈਂ, ਤੂੰ ਵੀ ਇਨ੍ਹਾਂ ਦੇ ਨਾਲ ਰਲ ਗਿਆ। ਸ਼ਸਤਰ ਸੁੱਟ ਦਿੱਤੇ ਉਹਨੇ, ਰੋਇਆ ਉਥੇ ਕਿ ਮੇਰਾ trusted ਬੰਦਾ ਜਿਹਨੂੰ ਮੈਂ ਸਭ ਤੋਂ ਜ਼ਿਆਦਾ ਪਿਆਰ ਕਰਦਾ ਸੀ ਉਹ ਵੀ ਮਾਰਨ ਵਾਲਿਆ 'ਚ ਚਲਿਆ ਗਿਆ। ਵੱਡਿਆਂ-ਵੱਡਿਆਂ ਨੂੰ ਅਫਸੋਸ ਹੋਇਆ।

ਈਸਾ ਜੀ ਨੇ ਜਦ ਦੇਖਿਆ, ਪੀਤਰਸ ਜਿਹਨੂੰ ਸੱਤਾਂ ਤਾਲਿਆਂ ਦੇ ਵਿੱਚੋਂ, ਕੈਦ ਵਿਚੋਂ ਆਪਣੀ ਸ਼ਕਤੀ ਨਾਲ ਛੁਡਾਇਆ ਸੀ। ਉਸ ਵੇਲੇ ਰਾਜੇ ਨੇ ਜੋ ਸਾਮ੍ਹਣੇ ਕਚਹਿਰੀ ਕਰ ਰਿਹਾ ਸੀ, ਪੁੱਛਿਆ ਓਸ ਨੂੰ ਕਿ ਤੂੰ ਇਸ ਨੂੰ ਜਾਣਦਾ ਹੈਂ। ਕਹਿੰਦਾ, ਨਹੀਂ ਮੈਂ ਤਾਂ ਅੱਜ ਹੀ ਆਇਆ ਹਾਂ ਇੱਥੇ। ਡੋਲ ਗਿਆ ਉਸ ਵੇਲੇ ਈਸਾ ਜੀ ਦੇ ਮਨ 'ਤੇ ਬੜਾ ਅਸਰ ਹੋਇਆ ਕਿ ਐਡੇ ਭਰੋਸੇਮੰਦ ਬੰਦੇ ਡੋਲ ਗਏ। ਸੋ ਡੋਲ ਜਾਇਆ ਕਰਦਾ ਹੈ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਦੇ ਨਾਲ ਦੱਖਣ ਨੂੰ ਜਾ ਰਹੇ ਸਾਰੇ ਹੀ ਸਾਥੀ ਇੱਕ-ਇੱਕ ਕਰਕੇ ਦੌੜ ਆਏ, ਫਤਹਿ ਸਿੰਘ ਵੀ ਦੌੜ ਆਇਆ, ਤ੍ਰਿਲੋਕ ਸਿੰਘ ਵੀ ਸਾਰੇ ਹੀ ਦੌੜ ਆਏ, ਡੱਲੇ ਨੂੰ ਜਿਹਨੂੰ ਬਹੁਤ ਬਖਸ਼ਿਸ਼ਾਂ ਕਰੀਆ ਸੀ, ਉਹਨੇ ਆਪਣਾ ਸੋਨੇ ਦਾ ਜੜਾਊ ਕੜਾ ਲਾਹਿਆ, ਮਹਾਰਾਜ ਜੀ ਦਾ ਸਪੈਸ਼ਲ ਖੰਡਾ ਮੰਜੇ ਨਾਲ ਰੱਖ ਕੇ, ਪਿੱਠ ਦੇ ਕੇ ਦੌੜ ਆਇਆ। ਓਸ ਵੇਲੇ ਜਦੋਂ ਮਹਾਰਾਜ ਨੇ ਡੱਲੇ ਨੂੰ ਆਵਾਜ਼ ਦਿੱਤੀ, ਉਥੇ ਇੱਕ ਪੀਰ ਬੈਠਾ ਸੀ, ਉਹਨੇ ਉੱਚੀ ਦੇ ਕੇ ਕਿਹਾ, ਗੁਰੂ ਜੀ! ਨਾ ਡੱਲਾ, ਨਾ ਮੱਲਾ ਰਹਿ ਗਿਆ ਗੁਰੂ ਇਕੱਲਾ। ਕਹਿੰਦੇ, ਫਕੀਰਾ! ਗੁਰੂ ਕਦੇ ਵੀ ਨਾ ਇਕੱਲਾ, ਗੁਰੂ ਨਾਲ ਸਦਾ ਹੀ ਅੱਲਾ। ਇਹ ਚੜ੍ਹਦੀਆਂ ਕਲਾ ਹੋਇਆ ਕਰਦੀਆਂ ਨੇ।

ਸੋ ਭਾਈ ਮੰਝ ਦੇ ਉੱਤੇ ਜਿਸ ਵਕਤ ਐਸੀ ਬਿਪਤਾ ਆਉਂਦੀ ਹੈ, ਮਨ ਨੂੰ ਸਮਝਾਉਂਦਾ ਹੈ ਕਿ ਡੋਲ ਨਾ ਜਾਈਂ। ਲੜਕੀ ਦੀ ਮਜ਼ਦੂਰੀ ਗਹਿਣੇ ਕਰ ਦਿਤੀ ਤੇ ਵੀਹ ਰੁਪਏ ਲੈ ਕੇ ਗੁਰੂ ਦਾ ਹੁਕਮਨਾਮਾ ਲੈ ਲਿਆ। ਦੋ ਤਿੰਨ ਮਹੀਨੇ ਬਾਅਦ ਫੇਰ ਆ ਗਿਆ ਹੁਕਮਨਾਮਾ, ਉਸ ਵੇਲੇ ਕੋਈ ਪੈਸਾ ਨਹੀਂ ਕੋਲ। ਆਪਣੀ ਘਰਵਾਲੀ ਨੂੰ ਗਹਿਣੇ ਕਰ ਦਿੱਤਾ। bonded labour (ਇਸਨੂੰ ਬੰਧੂਆ ਮਜ਼ਦੂਰ ਕਹਿੰਦੇ ਹਨ) ਜਦ ਤੱਕ ਪੈਸਾ ਨਾ ਉਤਰੇ, ਓਨੀਂ ਦੇਰ ਤੱਕ ਉਥੇ ਰਹਿਣਾ ਹੀ ਪੈਂਦਾ ਹੈ, ਸੇਵਾ ਕਰਨੀ ਪੈਂਦੀ ਹੈ। ਉਹਦੇ 'ਚ ਲਿਖਿਆ ਹੋਇਆ ਸੀ ਕਿ ਤੂੰ ਚਿੱਠੀ ਦੇਖਦੇ ਸਾਰ ਸਾਡੇ ਕੋਲ ਆ ਜਾ। ਉਹ ਚਿੱਠੀ ਦੇਖਦੇ ਸਾਰ ਗੁਰੂ ਸਾਹਿਬ ਦੇ ਚਰਨਾਂ 'ਚ ਪਹੁੰਚ ਗਿਆ ਤੇ ਮਹਾਰਾਜ ਜੀ ਨੇ ਕੋਈ ਵੀ ਉਹਦਾ ਧਿਆਨ ਨਾ ਦਿੱਤਾ। ਗਿਣਿਆ ਹੀ ਨਾ ਕਿ ਇਹ ਆ ਗਿਆ, ਲੇਕਿਨ ਡੋਲਿਆ ਹੀ ਨਹੀਂ ਹੈ ਕਿ ਗੁਰੂ ਮਹਾਰਾਜ ਨੇ ਤਾਂ ਪੁੱਛਿਆ ਹੀ ਨਹੀਂ ਹੈ ਕਿ ਤੂੰ

ਕਿੰਨੀਆ ਤਕਲੀਫਾਂ 'ਚ ਰਿਹਾ ਹੈਂ। ਅਖੀਰ ਹੁਕਮ ਹੋ ਗਿਆ ਕਿ ਪ੍ਰਸ਼ਾਦਾ ਕਿੱਥੋਂ ਛਕਦਾ ਹੈ। ਕਹਿੰਦੇ, ਜੀ ਲੰਗਰ 'ਚੋ। ਕਹਿੰਦੇ, ਫੇਰ ਤਾਂ ਮਜ਼ਦੂਰ ਹੈ, ਲੰਗਰ 'ਚੋਂ ਪ੍ਰਸ਼ਾਦਾ ਬੰਦ ਕਰ ਦਿਓ। ਪੰਗਤ 'ਚ ਬੈਠਾ ਹੈ ਸਾਰਿਆਂ ਨੂੰ ਪ੍ਰਸ਼ਾਦਾ ਮਿਲੀ ਜਾਂਦਾ ਹੈ। ਜਦ ਇਹਦੀ ਵਾਰੀ ਆਈ ਤਾਂ ਉਸ ਵੇਲੇ ਲੰਗਰ ਦੇ ਇੰਚਾਰਜ ਕਹਿਣ ਲੱਗੇ, ਭਾਈ ਮੰਝ! ਤੇਰੇ ਵਾਸਤੇ ਪ੍ਰਸ਼ਾਦਾ ਬੰਦ ਹੈ ਲੰਗਰ 'ਚੋਂ ਛਕਣਾ। ਤੂੰ ਉਠ ਜਾ ਪੰਗਤ 'ਚੋਂ, ਨਹੀਂ ਡੋਲਿਆ, ਅਖੀਰ ਗੁਰੂ ਮਹਾਰਾਜ ਨੇ ਜਦੋਂ ਉਸਨੂੰ ਖੂਹ 'ਚੋਂ ਕੱਢਿਆ, ਓਸ ਵੇਲੇ ਕਿਹਾ ਕਿ ਭਾਈ ਮੰਝ! ਤੂੰ ਮੰਗ ਕੁਛ। ਕਹਿਣ ਲੱਗਿਆ, ਪਾਤਸ਼ਾਹ! ਕਲਜੁਗ ਦਾ ਸਮਾਂ ਹੈ ਕਸਵੱਟੀ ਨਹੀਂ ਸਹਿ ਹੋਣੀ ਸਿੱਖਾਂ ਤੋਂ, ਕਹਿੰਦੇ ਮੰਝ ਜੇ ਅਸੀਂ ਕਸਵੱਟੀ ਨਾ ਲਾਈ ਤਾਂ ਸਿੱਖਾਂ 'ਚ ਖੋਟ ਰਹਿ ਜਾਏਗੀ। ਸੋਨੇ ਨੂੰ ਜਦ ਬਾਰ-ਬਾਰ ਅੱਗ ਦਿੱਤੀ ਜਾਂਦੀ ਹੈ, ਤਾਂ ਉਹਦੇ ਵਿੱਚ purity ਆਉਂਦੀ ਹੈ, ਸ਼ੁੱਧਤਾ ਆਉਂਦੀ ਹੈ। ਸਿੱਖ ਨੂੰ ਜਦ ਦੁੱਖਾਂ ਦੇ ਵਿਚੋਂ ਲੰਘਾਇਆ ਜਾਂਦਾ ਹੈ, ਉਸ ਵੇਲੇ ਉਹਦੇ ਵਿੱਚ ਸ਼ੁਧਤਾ ਆਉਂਦੀ ਹੈ। ਉਸ ਵੇਲੇ ਮਹਾਰਾਜ ਨੇ ਗਲ ਨਾਲ ਲਾ ਲਿਆ ਤੇ ਨਾਲ ਕਿਹਾ ਕਿ -

***ਮੰਝ ਪਿਆਰਾ ਗੁਰੂ ਨੂੰ, ਗੁਰੂ ਮੰਝ ਪਿਆਰਾ।***
***ਮੰਝ ਗੁਰੂ ਕਾ ਬੋਹਿਥਾ, ਜਗ ਲੰਘਣਹਾਰਾ।***

ਅੱਜ ਵਾਲੇ ਲਿਖਾਰੀ ਇਤਰਾਜ਼ ਕਰਦੇ ਨੇ ਕਿ ਗੁਰੂ ਸਾਹਿਬ ਹੈ ਨਹੀਂ ਸੀ ਲੰਘਾਉਣਵਾਲੇ, ਮੰਝ ਨੂੰ ਕਿਉਂ ਕਿਹਾ? ਉਹ phobia (ਭੈ) ਹੋ ਗਿਆ ਉਨ੍ਹਾਂ ਲੋਕਾਂ ਨੂੰ। ਜੇ ਕਿਤੇ ਬਾਬਾ ਬੁੱਢਾ ਜੀ ਦੀ ਕਥਾ ਆਉਂਦੀ ਹੈ ਕਿ ਮਾਤਾ ਜੀ ਗਏ ਤਾਂ ਉਥੋਂ ਗੁਰੂ ਮਹਾਰਾਜ ਦਾ ਵਰ ਪ੍ਰਾਪਤ ਹੋਇਆ, ਗੁਰੂ ਛੇਵੇਂ ਪਾਤਸ਼ਾਹ ਦਾ। ਕਹਿੰਦੇ ਕਿਉਂ ਗਏ, ਜਦ ਗੁਰੂ ਸਾਹਿਬ ਆਪ ਹੀ ਸੀਗੇ ਉਥੇ। ਐਸੇ ਨਾਸਤਕ ਬੰਦੇ ਸਿੱਖੀ ਦੇ ਅੰਦਰ ਆ ਵੜੇ ਤੇ ਉਨ੍ਹਾਂ ਨੇ ਸਾਡੇ ਨਾਲੋਂ, ਆਪਾਂ ਤਾਂ ਕੁਛ ਵੀ ਨਹੀਂ, ਉਨ੍ਹਾਂ ਨੇ ਚਾਰ-ਚਾਰ ਉਂਗਲ ਗਾਤਰੇ ਪਾਏ ਹੋਏ ਨੇ, ਦੂਹਰੀਆਂ ਪੱਗਾਂ ਬੰਨ੍ਹੀਆਂ ਹੋਈਆਂ ਨੇ, ਉਹ ਮਿਸ਼ਨਰੀ ਬਣੇ ਫਿਰਦੇ ਨੇ। ਨਾਸਤਕ ਬਣਾ ਰਹੇ ਨੇ ਦੁਨੀਆਂ ਨੂੰ, ਪਿਆਰ ਦੇ ਵਿੱਚੋਂ ਕੱਢ ਰਹੇ ਨੇ ਗੁਰਸਿੱਖਾਂ ਨੂੰ। ਐਸਾ ਸਮਾਂ ਕਲਜੁਗ ਦੀ ਮਿਹਰਬਾਨੀ ਨਾਲ ਆਉਂਦਾ ਜਾ ਰਿਹਾ ਹੈ।

ਸੋ ਮੈਂ ਬੇਨਤੀ ਇਹ ਕਰਦਾ ਸੀ ਕਿ ਗੁਰੂ ਕਹਿੰਦਾ ਹੈ ਕਿ ਜੇ ਤੂੰ ਪਿਆਰ ਕਰਨਾ ਹੈ ਤਾਂ -

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥***
***ਹੋਹੁ ਸਭਨਾ ਕੀ ਰੇਣੁਕਾ***
***ਤਉ ਆਉ ਹਮਾਰੈ ਪਾਸਿ॥ ਅੰਗ - ੧੧੦੨***

ਕਿਸੇ ਦੇ ਨਾਲ ਲੜਾਈ ਝਗੜਾ ਨਾ ਕਰੀਂ ਇੱਥੇ ਆ ਕੇ, ਆਪਣੇ ਆਪ ਨੂੰ ਸਮਝੀਂ।

***ਕਬੀਰ ਸਭ ਤੇ ਹਮ ਬੁਰੇ***
***ਹਮ ਤਜਿ ਭਲੋ ਸਭੁ ਕੋਇ ॥***
***ਜਿਨਿ ਐਸਾ ਕਰਿ ਬੂਝਿਆ***
***ਮੀਤੁ ਹਮਾਰਾ ਸੋਇ ॥ ਅੰਗ - ੧੩੬੪***

ਸੋ ਸਿੱਖ ਜਿੱਥੇ ਗੁਰੂ ਰਖਦਾ ਹੈ, ਉਥੇ ਹੀ ਉਹਨੇ ਰਹਿਣਾ ਹੈ, ਹੁਣ ਸਾਡਾ ਇਹ ਹੋ ਗਿਆ ਕਿ ਦੁਨੀਆਂ ਵੀ ਰੱਖੋ ਤੇ ਦੀਨ ਵੀ ਰੱਖੋ। ਦੋ ਤਾਂ ਰਹਿੰਦੇ ਨਹੀਂ ਹੁੰਦੇ, ਇਹ ਤਾਂ ਗੁਰੂ ਦੀ ਬਖਸ਼ਿਸ਼ ਹੋਵੇ ਤਾਂ ਦੀਨ ਵੀ ਰਹੇਗਾ ਤੇ ਦੁਨੀਆਂ ਵੀ ਰਹੇਗੀ। ਇੱਕ ਪਾਸੇ ਹੋਣਾ ਪੈਣਾ ਹੈ। ਜੇ ਦੁਨੀਆਂ ਨੂੰ ਵੀ ਰਖਦਾ ਹੈ ਤਾਂ ਹਉਮੈ ਦਾ ਨਾਸ਼ ਬਿਲਕੁਲ ਨਹੀਂ ਹੋਏਗਾ। ਜਿੰਨਾ ਜੀਅ ਕਰਦਾ ਹੈ ਜ਼ੋਰ ਲਾ ਲਵੇ। ਅਕਲਾਂ ਨਾਲ ਨਹੀਂ ਕਦੇ ਵੀ ਖਲਾਸੀ ਹੋਣੀ, ਖਲਾਸੀ ਹੋਣੀ ਹੈ ਪੂਰਨ surrender (ਤਿਆਗ) ਕਰਕੇ ਨਾਲ ਜਦ ਤਕ ਪੂਰੀ ਤਰ੍ਹਾਂ ਦੇ ਨਾਲ ਤਿਆਗ ਨਹੀਂ ਕਰਦਾ, ਓਨੀਂ ਦੇਰ ਤੱਕ ਨਹੀਂ ਕੁਛ ਵੀ ਬਣਿਆ ਕਰਦਾ। ਪੂਰੀ ਤਰ੍ਹਾਂ surrender (ਤਿਆਗ) ਕਰਕੇ ਕਿੰਤੂ ਛੱਡਣਾ ਪੈਂਦਾ ਹੈ। ਗੁਰੂ ਦੀ ਰਜ਼ਾ ਦੇ ਵਿੱਚ ਰਾਜ਼ੀ ਰਹਿਣਾ ਪੈਂਦਾ ਹੈ, ਚਾਹੇ ਤਖਤ 'ਤੇ ਬਿਠਾ ਦੇਵੇ, ਚਾਹੇ ਭੀਖ ਮੰਗਾਉਣਾ ਸ਼ੁਰੂ ਕਰ ਦੇਵੇ। ਪਰਖ ਹੋਇਆ ਕਰਦੀ ਹੈ, ਆਹ ਸੰਸਾਰ 'ਤੇ ਅਸੀਂ ਸਦਾ ਨਹੀਂ ਰਹਿਣਾ, ਸਾਡੇ ਵਾਸਤੇ ਬੜਾ ਸੁੰਦਰ ਸੰਸਾਰ ਹੈ, ਜਿੱਥੇ ਅਸੀਂ ਜਾ ਕੇ ਰਹਿਣਾ ਵਸਣਾ ਹੈ, ਸੋ ਉਹਦਾ ਧਿਆਨ ਰੱਖਣ ਵਾਸਤੇ ਮਹਾਰਾਜ ਫ਼ੁਰਮਾਨ ਕਰਦੇ ਨੇ ਕਿ ਪਿਆਰਿਆ! ਮੁਰਦਾ ਹੋਣਾ ਪੈਂਦਾ ਹੈ। ਭਾਈ ਗੁਰਦਾਸ ਜੀ ਇਸ ਤਰ੍ਹਾਂ ਨਾਲ ਕਹਿੰਦੇ ਨੇ -

***ਧਾਰਨਾ - ਮੁਰਦਾ ਹੋਇਕੇ ਮੁਰੀਦ ਬਣ ਜਾਵਣਾ।***
***ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।***
***ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।***
***ਗੋਲਾ ਮੁਲ ਖਰੀਦੁ ਕਾਰੇ ਜੋਵਣਾ।***
***ਨਾ ਤਿਸੁ ਭੁਖ ਨ ਨੀਦ ਨਾ ਖਾਣਾ ਸੋਵਣਾ।***
***ਪੀਹਣਿ ਹੋਇ ਜਦੀਦ ਪਾਣੀ ਢੋਵਣਾ।***
***ਪਖੇ ਦੀ ਤਾਗੀਦ ਪਗ ਮਲਿ ਧੋਵਣਾ।***
***ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ।***
***ਦਰ ਦਰਵੇਸ ਰਸੀਦੇ ਪਿਰਮ ਰਸ ਭੋਵਣਾ।***
***ਚੰਦ ਮੁਮਾਰਖ ਈਦ ਪੁਗ ਖਲੋਵਣਾ।***
***ਭਾਈ ਗੁਰਦਾਸ ਜੀ, ਵਾਰ, ੩ ਪਉੜੀ ੧੮***

ਆਪਣਾ ਆਪ ਗਵਾਉਣਾ ਪੈਂਦਾ ਹੈ, ਗੁਰੂ ਦੀ ਰਜ਼ਾ ਦੇ ਵਿੱਚ ਜੀਵਨ ਬਤੀਤ ਕਰਨਾ ਪੈਂਦਾ ਹੈ। ਬੇਅੰਤ ਪ੍ਰਮਾਣ ਨੇ ਗੁਰੂ ਘਰ ਦੇ ਅੰਦਰ -

***ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।***

ਡਰ ਨਹੀਂ ਕਿਸੇ ਦਾ, ਭਰਮ ਜਿਹੜੇ ਨੇ ਇਹ ਵੀ ਨਾਸ਼ ਕਰ ਦਿੰਦਾ ਹੈ ਤੇ ਸਾਬਰ ਹੈ ਤੇ ਸਿਦਕੀ ਹੈ। ਇਹਦੇ ਅਰਥ ਸਾਡੀ ਸਮਝ ਵਿੱਚ ਨਹੀਂ ਆ ਸਕਦੇ। ਇੱਕ ਮਿਸਾਲ ਨਾਲ ਸਮਝ ਵਿੱਚ ਆਉਣਗੇ ਕਿ ਸਾਬਰ ਕੀਹਨੂੰ ਕਹਿੰਦੇ ਨੇ, ਸਬਰ ਵਾਲਾ ਕੀਹਨੂੰ ਕਹਿੰਦੇ ਨੇ। ਈਰਾਨ ਦਾ ਬਾਦਸ਼ਾਹ ਆਪਣੇ ਦਰਬਾਰ ਦੇ ਵਿੱਚ ਬੜੇ

ਜਿਹੜੇ ਉਲਮਾ ਲੋਕ ਸੀ ਵੱਡੇ ਪੀਰ ਸੀ ਉਨ੍ਹਾਂ ਦੀ ਸਭਾ ਲਵਾਇਆ ਕਰਦਾ ਸੀ ਹਰ ਰੋਜ਼। ਆਪ ਸਤਿਸੰਗ ਕਰਿਆ ਕਰਦਾ ਸੀ, ਉਨ੍ਹਾਂ ਦੇ ਬਚਨ ਸੁਣਦਾ। ਇੱਕ ਦਿਨ ਉਹਨੇ ਬਚਨ ਸੁਣੇ ਕਹਿਣ ਲੱਗਿਆ ਕਿ ਮੈਨੂੰ ਸਬਰ ਤੇ ਸ਼ੁਕਰ ਦਾ ਅਸਲੀ ਪਤਾ ਨਹੀਂ ਲਗਦਾ ਕਿ ਕੀ ਮਤਲਬ ਹੈ ਇਹਦਾ। ਤੁਸੀਂ ਦਸਦੇ ਤਾਂ ਹੋ ਮੇਰੀ ਤਸੱਲੀ ਨਹੀਂ ਹੁੰਦੀ। ਤਾਂ ਉਸ ਵੇਲੇ ਇੱਕ ਪੀਰ ਕਹਿਣ ਲੱਗਿਆ ਕਿ ਬਾਦਸ਼ਾਹ! ਜੇ ਤੂੰ ਪ੍ਰੈਕਟੀਕਲੀ ਸਮਝਣਾ ਹੈ ਤਾਂ ਐਸ ਵੇਲੇ ਪੀਰ ਸੁਰਮੱਦ ਜੋ ਦਿੱਲੀ ਅੰਦਰ ਰਹਿੰਦਾ ਹੈ, ਉਹ ਔਰੰਗਜ਼ੇਬ ਦੀ ਕੈਦ ਵਿੱਚ ਬੰਦ ਹੈ। ਉਸ ਤੋਂ ਤੈਨੂੰ ਅਰਥ ਪ੍ਰੈਕਟੀਕਲੀ ਸਮਝ ਵਿੱਚ ਆ ਜਾਣਗੇ। ਹੁਕਮ ਕਰ ਦਿੱਤਾ ਤੇ ਬੰਦਾ ਭੇਜ ਦਿੱਤਾ, ਇਜਾਜ਼ਤ ਲੈ ਲਈ ਔਰੰਗਜ਼ੇਬ ਤੋਂ। ਜਿਸ ਵਕਤ ਜੇਲ੍ਹਖਾਨੇ ਵਿੱਚ ਪਹੁੰਚਦਾ ਹੈ ਤਾਂ ਉਹਨੂੰ ਹਨ੍ਹੇਰੇ cell (ਕੋਠੜੀ) ਵਿੱਚ ਰੱਖਿਆ ਹੋਇਆ ਸੀ, ਜਿਥੇ ਰੋਸ਼ਨੀ ਦੀ ਇੱਕ ਕਿਰਨ ਵੀ ਨਾ ਪਹੁੰਚੇ। ਸੱਤ ਦਰਵਾਜ਼ੇ ਲੋਹੇ ਦੇ ਵੱਡੇ-ਵੱਡੇ, ਗੇਟ ਬੰਦ ਕਰੇ ਹੋਏ ਸੀ। ਇਹ ਜਾ ਕੇ ਉਹਦੇ ਦਰਵਾਜ਼ੇ ਦੇ ਅੱਗੇ ਖੜ੍ਹਦਾ ਹੈ, ਅਜੇ ਖੜ੍ਹਾ ਹੀ ਹੈ, ਜਿਵੇਂ ਆਪਾਂ ਹਵਾਈ ਅੱਡੇ 'ਤੇ ਜਾਂਦੇ ਹਾਂ, ਦਰਵਾਜ਼ਾ ਆਪੇ ਹੀ ਖੁਲ੍ਹ ਜਾਂਦਾ ਹੈ, ਉਹ ਦਰਵਾਜ਼ਾ ਖੁਲ੍ਹ ਗਿਆ, ਇਹ ਅੰਦਰ ਚਲਿਆ ਗਿਆ, ਤਾਲਾ ਟੁੱਟ ਕੇ ਗਿਰ ਗਿਆ। ਦੂਸਰੇ ਦਰਵਾਜ਼ੇ ਕੋਲ ਗਿਆ, ਉਥੇ ਵੀ ਇਵੇਂ ਹੀ ਹੋਇਆ, ਅਖੀਰ ਸੱਤ ਦੇ ਸੱਤ ਦਰਵਾਜ਼ੇ ਖੁਲ੍ਹ ਗਏ ਤੇ ਇਹ ਚਲਿਆ ਗਿਆ। ਪਹਿਰੇਦਾਰ ਵੀ ਹੈਰਾਨ ਨੇ ਕਿ ਦਰਵਾਜ਼ਾ ਖੋਲ੍ਹਿਆ ਨਹੀਂ, ਇਹ ਕੀਹਨੇ ਖੋਲ੍ਹ ਦਿੱਤੇ ਦਰਵਾਜ਼ੇ। ਉਥੇ ਹਨ੍ਹੇਰੇ 'ਚ ਚਲਿਆ ਗਿਆ, ਕਹਿਣ ਲੱਗੇ ਇੱਥੇ ਤਾਂ ਮੈਂ ਕੀ ਗੱਲ ਕਰਨੀ ਹੈ। ਕਹਿਣ ਲੱਗੇ, ਦੱਸ ਤੂੰ ਕਿਵੇਂ ਆਇਆਂ ਹੈਂ। ਕਹਿਣ ਲੱਗਿਆ, ਮੈਂ ਈਰਾਨ ਦੇ ਬਾਦਸ਼ਾਹ ਦਾ ਸਫੀਰ ਹਾਂ ਤੇ ਮੈਨੂੰ ਹੁਕਮ ਆਇਆ ਹੈ ਕਿ ਸਬਰ ਤੇ ਸ਼ੁਕਰ ਦੇ ਅਰਥ ਤੇਰੇ ਤੋਂ ਪੁੱਛਣੇ ਨੇ ਕਿਉਂਕਿ ਬਾਦਸ਼ਾਹ ਸਾਡਾ ਬੜਾ ਸ਼ੌਕ ਰਖਦਾ ਹੈ, ਸੋ ਇਜਾਜ਼ਤ ਮੈਂ ਲੈ ਲਈ ਹੈ। ਕ੍ਰਿਪਾ ਕਰਕੇ ਆਪ ਸਮਝਾਓ, ਕਹਿਣ ਲੱਗੇ ਕਿ ਪ੍ਰੇਮੀਆਂ! ਮੈਂ ਬੜੇ ਦਿਨਾਂ ਤੋਂ ਇਸ ਜੇਲ੍ਹਖਾਨੇ 'ਚ ਬੰਦ ਹਾਂ ਤੇ ਇਸ਼ਨਾਨ ਨਹੀਂ ਮੈਂ ਕਰ ਸਕਿਆ। ਤੂੰ ਕੱਲ੍ਹ ਨੂੰ ਇੱਕ ਮਸ਼ਕ ਪਾਣੀ ਦੀ ਲਿਆਈਂ, ਦੋ ਗਜ਼ ਕੱਪੜਾ ਲਿਆਈਂ, ਕਿਉਂਕਿ ਮੈਂ ਬਰੈਹਿਣਾ (ਨੰਗਾ) ਹਾਂ ਇਸ ਵੇਲੇ। ਫੇਰ ਮੈਂ ਤੈਨੂੰ ਦੱਸਾਂਗਾ। ਉਸ ਵੇਲੇ ਦੂਸਰੇ ਦਿਨ ਇਵੇਂ ਜਿਵੇਂ ਕਰਿਆ। ਪਾਣੀ ਲਿਆਂਦਾ, ਬਾਹਰ ਰੋਸ਼ਨੀ 'ਚ ਆ ਗਿਆ, ਇਸ਼ਨਾਨ ਕਰਿਆ, ਦੋ ਗਜ਼ ਕੱਪੜਾ ਪਹਿਨ ਲਿਆ। ਚੌਂਕੜਾ ਮਾਰ ਕੇ ਬੈਠ ਗਿਆ, ਕਹਿਣ ਲੱਗਿਆ, ਆ ਤੈਨੂੰ ਅਰਥ ਸਮਝਾਵਾਂ, ਉਹ ਬੈਠ ਗਿਆ, ਐਨੇ ਨੂੰ ਕੀ ਦੇਖਦਾ ਹੈ, ਜਲਾਦ ਆ ਗਿਆ, ਸੌ ਕੋਰੜਾ ਉਹਦੀ ਪਿੱਠ 'ਤੇ ਲੱਗਿਆ ਕਰਦਾ ਸੀ। ਉਹ ਕੋਰੜੇ ਮਾਰਨ ਲੱਗ ਗਿਆ ਤੇ ਇਧਰ ਸੁਰਮੱਦ ਪੂਰੀਆਂ ਸ਼ਕਤੀਆਂ ਦਾ ਮਾਲਕ ਸੀ।

ਇੱਕ ਵਾਰੀ ਔਰੰਗਜ਼ੇਬ ਨੇ ਕਿਹਾ ਕਿ ਮੈਂ ਤੈਨੂੰ ਕਤਲ ਕਰ ਦੇਣਾ ਹੈ, ਕਿਉਂਕਿ ਤੂੰ ਨੰਗਾ ਰਹਿੰਦਾ ਹੈਂ, ਸੁਰਮੱਦ ਨੇ ਕਿਹਾ ਕਿ ਕੰਬਲ ਪਿਆ ਹੈ ਤੂੰ ਚੁੱਕ ਕੇ ਮੇਰੇ ਉੱਤੇ ਦੇ ਦੇ। ਬਾਹਰ ਜਾਮਾ ਮਸਜਿਦ ਦੇ ਸਾਮ੍ਹਣੇ, ਪਿੱਪਲ ਦੇ ਥੱਲੇ ਬਣੀ ਹੋਈ ਹੈ ਜਗ੍ਹਾ। ਚੌਂਤਰਾ ਹੁੰਦਾ, ਪਿੱਪਲ ਥੱਲੇ ਬਹਿੰਦਾ ਹੁੰਦਾ। ਉਹ ਜਿਸ ਵਕਤ ਕੰਬਲ ਚੁੱਕਣ ਲੱਗਿਆ, ਕੀ ਦੇਖਦਾ ਹੈ ਕਿ ਦਾਰੇ ਦਾ ਸਿਰ ਪਿਆ ਹੈ, ਉਹਦੇ ਪਿਤਾ ਦਾ ਸਿਰ ਪਿਆ ਹੈ, ਭਰਾਵਾਂ ਦੇ ਸਿਰ ਪਏ ਨੇ। ਇੱਕ ਦਮ ਡਰ ਗਿਆ ਔਰੰਗਜ਼ੇਬ, ਕੰਬਲ ਉਥੇ ਹੀ ਸੁੱਟ ਦਿੱਤਾ। ਕਹਿੰਦੇ, ਦੇ ਦੇ, ਦਿੰਦਾ ਕਿਉਂ ਨਹੀਂ ਹੈਂ, ਕਹਿੰਦੇ ਤੇਰੇ ਪਾਪ ਢਕਾਂ ਕਿ ਆਪਣਾ ਤਨ ਢਕਾਂ ਤੇ ਇੱਕ ਦਿਨ ਕਹਿਣ ਲੱਗਿਆ ਕਿ ਮੈਂ ਤੈਨੂੰ ਕਤਲ ਕਰਾ ਦੇਣਾ ਹੈ, ਕਹਿੰਦਾ ਜੇ ਤੂੰ ਮੈਨੂੰ ਕਤਲ ਕਰਾਏਂਗਾ ਤਾਂ ਤੂੰ ਵੀ ਵਿੱਚ ਹੀ ਮਰ ਜਾਏਂਗਾ ਤੇਰਾ ਸਾਰਾ ਮੁਗਲੀਆ ਖਾਨਦਾਨ ਉਸੇ ਵੇਲੇ ਖਤਮ ਹੋ ਜਾਏਗਾ। ਔਰੰਗਜ਼ੇਬ ਜਾਣਦਾ ਸਭ ਕੁਛ ਸੀ, ਐਉਂ ਨਹੀਂ ਕਿ ਔਰੰਗਜ਼ੇਬ ਨੂੰ ਪਤਾ ਨਹੀਂ ਸੀ, ਕਹਿੰਦਾ ਮੈਨੂੰ ਕਿਵੇਂ ਪਤਾ ਲੱਗੇ? ਸੁਰਮੱਦ ਨੇ ਕਿਹਾ ਮੇਰੀ ਚੀਚੀ 'ਤੇ ਚੀਰਾ ਦੇ ਦੇ। ਚੀਰਾ ਦਿੱਤਾ ਇੱਕ ਦਮ ਮਹਿਲਾਂ ਦੇ ਵਿੱਚ ਰੌਲਾ ਪੈ ਗਿਆ, ਸਾਰਿਆ ਦੀਆਂ ਚੀਚੀਆਂ 'ਚੋਂ ਖੂਨ ਨਿਕਲਣ ਲੱਗ ਗਿਆ। ਔਰੰਗਜ਼ੇਬ ਦੇ ਆਪ ਨਿਕਲਣ ਲੱਗ ਗਿਆ, ਉਹ ਐਸਾ ਸਮਰੱਥ ਪੁਰਸ਼ ਸੀ, ਜੋ ਬਚਨ ਕਹਿ ਦਿੰਦਾ ਸੀ ਉਸੇ ਵੇਲੇ ਹੋ ਜਾਂਦਾ ਸੀ। ਕਈ ਪ੍ਰੇਮੀ ਕਹਿੰਦੇ ਕਿ ਐਨੀਆਂ ਤਾਕਤਾਂ ਰੱਖਣ ਵਾਲੇ ਸੰਤ ਫੇਰ ਕਿਉਂ ਇਨ੍ਹਾਂ ਨਾਲ ਇਸ ਤਰ੍ਹਾਂ ਹੁੰਦਾ ਹੈ। ਗੁਰੂ ਤੇਗ ਬਹਾਦਰ ਜੀ 'ਚ ਜੇ ਐਨੀ ਸ਼ਕਤੀ ਸੀ ਤਾਂ ਸ਼ਹੀਦ ਕਿਉਂ ਹੋਏ, ਗੁਰੂ ਪੰਜਵੇਂ ਪਾਤਸ਼ਾਹ ਦੇ ਵਿੱਚ ਜਦ ਐਨੀ ਸ਼ਕਤੀ ਸੀ ਤਾਂ ਤੱਤੀਆਂ ਤਵੀਆਂ 'ਤੇ ਕਿਉਂ ਬੈਠੇ? ਇਹ ਬਾਤਾਂ ਹੋਰ ਨੇ, ਬਹੁਤ ਵਿਚਾਰ ਦੀਆਂ ਮੁਹਤਾਜ ਨੇ। ਸੋ ਕਹਿਣ ਲੱਗੇ ਕਿ ਤੂੰ ਅਜੇ ਚਰਮਦਰਸ਼ੀ ਹੈਂ, ਚੰਮ ਨਾਲ ਪਿਆਰ ਕਰਦਾ ਹੈਂ। ਔਰੰਗਜ਼ੇਬ ਨੂੰ ਕਹਿੰਦਾ ਮੈਨੂੰ ਪਤਾ ਹੈ, ਤੂੰ ਮੇਰਾ ਚਮੜਾ ਲੈਣਾ ਚਾਹੁੰਦਾ ਹੈਂ, ਲੈ ਲੈ। ਅਸੀਂ ਆਪਣੀ ਮਰਜ਼ੀ ਨਾਲ ਹੀ ਦੇਵਾਂਗੇ। ਉਸੇ ਵੇਲੇ ਉਹਨੇ ਕੈਦ ਕਰਾ ਦਿੱਤਾ, ਤਸੀਹੇ ਦਿਆ ਕਰੇ, ਸੌ ਕੋਰੜਾ ਰੋਜ਼ ਲਾਇਆ ਕਰੇ। ਜਲਾਦ ਜਿਸ ਵਕਤ ਕੋਰੜੇ ਮਾਰ ਰਿਹਾ ਹੈ, ਸੁਰਮੱਦ ਉਂਗਲੀ ਹਿਲਾਈ ਜਾਂਦਾ ਹੈ, ਜਦ ੫੧ ਲਗ ਗਏ ਤਾਂ ਜਲਾਦ ਦਮ ਲੈਣ ਲੱਗ ਗਿਆ। ਕਹਿਣ ਲੱਗਿਆ, ਤੇਰੀ ਸਮਝ ਵਿੱਚ ਆਇਆ ਕੋਈ ਅਰਥ? ਕਹਿਣ ਲੱਗਿਆ, ਨਾ ਮਹਾਰਾਜ! ਮੇਰੇ ਤਾਂ ਆਇਆ ਨਹੀਂ। ਕਹਿੰਦੇ ਹੁਣ ਜਿਹੜੇ 50 ਕੋਰੜੇ ਲਾਉਣੇ ਨੇ ਉਹਦੇ ਵਿੱਚ ਆ ਜਾਏਗਾ ਅਰਥ ਸਮਝ। ਦਿਬਯ ਦ੍ਰਿਸ਼ਟੀ ਦੇ ਦਿਤੀ ਉਸ ਨੂੰ, ਜਿਹੜੀ ਗੁਪਤ ਚੀਜ਼ਾਂ ਨੂੰ ਦੇਖ ਸਕੇ, ਗੁਪਤ ਸੰਸਾਰ ਨੂੰ ਦੇਖ ਸਕੇ। ਜਦ ਦੁਬਾਰਾ ਮਾਰਨ ਲੱਗਿਆ ਤਾਂ ਕੀ ਦੇਖਦਾ ਹੈ, ਸਾਰੇ ਫਰਿਸ਼ਤੇ ਹੱਥ ਬੰਨ੍ਹੀਂ ਖੜ੍ਹੇ ਨੇ। ਕਹਿੰਦੇ, ਸੁਰਮੱਦ ਸਾਨੂੰ ਹੁਕਮ ਦੇ, ਅਸੀਂ ਇਹਦਾ ਰਾਜ ਗਰਕ ਕਰ ਦੇਈਏ। ਖਤਮ ਕਰ ਦੇਈਏ ਇਸ ਖਾਨਦਾਨ ਨੂੰ, ਕੁਲ ਡੋਬ ਦੇਈਏ, ਉਹ ਉਸੇ ਤਰ੍ਹਾਂ ਉਂਗਲੀ ਮਾਰੀ ਜਾਂਦਾ ਹੈ ਕਿ ਨਹੀਂ-ਨਹੀਂ। 101 ਕੋਰੜਾ

ਲਗ ਗਿਆ। ਕਹਿੰਦੇ, ਹੁਣ ਸਮਝ ਵਿੱਚ ਪਿਆ ਤੇਰੇ? ਕਹਿੰਦਾ ਨਾ ਮਹਾਰਾਜ! ਅਜੇ ਵੀ ਮੇਰੀ ਸਮਝ ਵਿੱਚ ਨਹੀਂ ਆਇਆ। ਕਹਿੰਦੇ ਦੇਖ ਐਨੀਆਂ ਸ਼ਕਤੀਆਂ ਦਾ ਮਾਲਕ ਹਾਂ, ਮੈਨੂੰ ਕੁਛ ਕਰਨ ਦੀ ਲੋੜ ਨਹੀਂ, ਆਹ ਜਿਹੜੇ ਫਰਿਸ਼ਤੇ ਨੇ ਇਨ੍ਹਾਂ ਨੂੰ ਹੀ ਕਹਿ ਦੇਵਾਂ ਤਾਂ ਇਹ ਸਾਰਾ ਉਲਟ-ਪੁਲਟ ਕਰ ਦੇਣ। ਮੈਨੂੰ ਕੋਈ ਸ਼ਕਤੀ ਦਿਖਾਉਣ ਦੀ ਲੋੜ ਨਹੀਂ ਹੈ। ਜੇ ਮੈਂ ਚਾਹਾਂ, ਇਹਦਾ ਰਾਜ ਹੁਣੇ ਗਰਕ ਕਰ ਦੇਵਾਂ। ਪਰ ਐਨੀਆਂ ਸ਼ਕਤੀਆਂ ਦੇ ਹੁੰਦੇ ਹੋਏ ਫੇਰ ਮੈਂ ਸਬਰ ਦਾ ਬੰਨ੍ਹ ਨਹੀਂ ਟੁੱਟਣ ਦਿੰਦਾ। ਜੇ ਤੂੰ ਸਬਰ ਨੂੰ ਦ੍ਰਿੜ੍ਹ ਕਰ ਲਵੇਂ ਇਹਦੇ ਵਿਚੋਂ ਪ੍ਰਮੇਸ਼ਰ ਮਿਲ ਜਾਂਦਾ ਹੈ। ਸਾਰੀਆਂ ਸ਼ਕਤੀਆਂ ਦੇ ਹੁੰਦੇ ਹੋਏ ਫੇਰ ਸ਼ਕਤੀ ਨਾ ਦਿਖਾਉਣੀ। ਪ੍ਰਮੇਸ਼ਰ ਦੀ ਰਜ਼ਾ ਵਿੱਚ ਰਹਿਣਾ। ਐਨੇ ਨੂੰ ਪਾਣੀ ਆ ਗਿਆ ਇੱਕ ਪਿਆਲਾ, ਨਮਕ ਪਾਇਆ ਹੈ ਉਹਦੇ ਵਿੱਚ, ਕੌੜਾ ਕਰ ਦਿੱਤਾ। ਉਹਨੇ ਪੀਤਾ, ਕੀ ਦੇਖਦਾ ਹੈ ਕਿ ਬੇਅੰਤ ਪਦਾਰਥ ਦੇਵਤੇ ਲਈਂ ਖੜ੍ਹੇ ਨੇ। ਬੇਨਤੀਆਂ ਕਰਦੇ ਨੇ ਕਿ ਤੁਸੀਂ ਇਹ ਪਾਣੀ ਨਾ ਪੀਓ, ਆਹ ਲੈ ਲਓ। ਉਹਨੇ ਜਵਾਬ ਦੇ ਦਿਤਾ। ਕਿਹਾ, ਅੱਲਾਹ ਤਾਲਾ! ਤੇਰਾ ਹਜ਼ਾਰ ਵਾਰ ਸ਼ੁਕਰ ਹੈ ਕਿ ਤੂੰ ਮੈਨੂੰ ਵੀ ਪਾਣੀ ਭੇਜ ਰਿਹਾ ਹੈਂ, ਐਹੋ ਜਿਹੇ ਥਾਂ 'ਤੇ। ਇਹ-

*ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।*

ਇਹ ਖੂਬੀਆਂ ਨੇ ਸਿੱਖ ਦੀਆਂ, ਜਿਨ੍ਹਾਂ ਨੇ ਸਿੱਖੀ ਧਾਰਨ ਕਰਨੀ ਹੈ। ਸੋ ਇਸ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਕਹਿਣ ਲੱਗੇ, ਗੁਰੂ ਤੇਗ ਬਹਾਦਰ ਸਾਹਿਬ ਕਿ ਭਾਈ ਮਤੀ ਦਾਸ! ਕਿਹਾ ਸੀ ਨਾ ਤੈਨੂੰ ਪਹਿਲਾਂ ਕਿ -

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ*
*ਤਉ ਆਉ ਹਮਾਰੈ ਪਾਸਿ॥ ਅੰਗ - ੧੧੦੨*
*ਜਉ ਤਉ ਪ੍ਰੇਮ ਖੇਲਣ ਕਾ ਚਾਉ ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ ॥*
*ਅੰਗ - ੧੪੧੨*

ਕਹਿੰਦੇ ਸਬਰ ਜਿਹੜਾ ਹੈ, ਉਹ ਗਹਿਣਾ ਹੈ ਸਾਧੂਆਂ ਦਾ। ਕਿਉਂ ਸ਼ਹਿਰ ਗਰਕ ਕਰਨਾ ਹੈ, ਰਜ਼ਾ 'ਚ ਖੇਡ ਪ੍ਰਮੇਸ਼ਰ ਦੀ। ਸਭ ਤੋਂ ਵੱਡਾ ਗੁਰੂ ਨਾਨਕ ਦਾ ਸਿਧਾਂਤ ਹੈ -

*ਹੁਕਮਿ ਰਜਾਈ ਚਲਣਾ*
*ਨਾਨਕ ਲਿਖਿਆ ਨਾਲਿ॥ ਅੰਗ - ੧*

ਐਸ ਵੇਲੇ ਪ੍ਰਮੇਸ਼ਰ ਦੀ ਆਹੀ ਰਜ਼ਾ ਹੈ, ਇਹੀ ਡਰਾਮਾ ਆਪਾਂ ਕਰਨਾ ਹੈ। ਹੁਕਮ ਹੋ ਗਿਆ ਜਲਾਦ ਨੂੰ, ਜਲਾਦ ਨੇ ਫੱਟੇ ਬੰਨ੍ਹ ਦਿਤੇ, ਚੀਰਨ ਵਾਸਤੇ ਆਰਾ ਧਰ ਦਿੱਤਾ। ਆਰਾ ਧਰਦੇ ਸਾਰ ਨੇਤਰ ਚਮਕ ਗਏ ਉਹਦੇ। ਲਾਲੀ ਆ ਗਈ ਚਿਹਰੇ 'ਤੇ। ਉਸ ਵੇਲੇ ਜਲਾਦ ਕਹਿਣ ਲੱਗਿਆ, ਮਤੀ ਦਾਸ! ਬੜੇ ਚੀਰੇ ਨੇ ਪਰ ਮਰੇ ਹੋਏ ਬੰਦੇ ਚੀਰੇ ਨੇ। ਉਹ ਚੀਰਨ ਤੋਂ ਪਹਿਲਾਂ ਹੀ ਮਰ ਜਾਂਦੇ ਸੀ। ਪਰ ਇੱਕ ਜੀਉਂਦੇ ਬੰਦੇ ਨਾਲ ਮੇਰਾ ਵਾਹ ਪਿਆ, ਮੈਂ ਹੈਰਾਨ ਹਾਂ, ਤੇਰਾ ਮੂੰਹ ਪੀਲਾ ਹੋ ਜਾਣਾ ਚਾਹੀਦਾ ਸੀ, ਨੇਤਰ ਤੇਰੇ ਫਿੱਕੇ ਪੈ ਜਾਣੇ ਚਾਹੀਦੇ ਸੀ। ਇਨ੍ਹਾਂ 'ਚ ਐਨਾ ਤੇਜ਼? ਐਨੀ ਰੋਸ਼ਨੀ ਤੇ ਤੇਰੇ ਚਿਹਰੇ ਉਤੇ ਐਨੀ ਲਾਲੀ। ਕੀ ਗੱਲ ਹੈ? ਸਮਝਾ ਸਕਦਾ ਹੈਂ? ਜੋ ਸੇਵਾ ਕਹੇਂਗਾ ਮੈਂ ਉਹ ਕਰਨ ਨੂੰ ਤਿਆਰ ਹਾਂ। ਉਹ ਕਹਿਣ ਲੱਗੇ, ਐ ਜਲਾਦ! ਤੇਰੀ ਸਮਝ ਤੋਂ ਪਰ੍ਹੇ ਦੀਆਂ ਬਾਤਾਂ ਨੇ ਇਹ ਸਾਰੀਆਂ। ਅਸੀਂ ਗੁਰੂ ਦੀ ਸਿੱਖੀ ਧਾਰਨ ਕਰੀ ਹੈ, ਗੁਰੂ ਦੀ ਸਿੱਖੀ ਨੂੰ ਸਮਝਿਆ ਹੈ। ਜਦ ਅਸੀਂ ਗੁਰੂ ਦੇ ਚਰਨਾਂ 'ਚ ਪਹਿਲੇ ਦਿਨ ਆਏ ਹਾਂ, ਸਾਡੇ ਬੁਲ੍ਹਾਂ ਦੇ ਨਾਲ ਉਹਨੇ ਨਾਮ ਦਾ ਅੰਮ੍ਰਿਤ ਪਿਆਲਾ ਲਾ ਦਿੱਤਾ। ਉਹ ਪਿਆਲਾ ਲਗਦੇ ਸਾਰ ਅਸੀਂ ਐਸੀ ਝੂੰਮਣੀ 'ਚ, ਖੁਮਾਰੀ 'ਚ ਅਸੀਂ ਚਲੇ ਗਏ, ਜਿਹੜੀ ਕਦੇ ਵੀ ਨਹੀਂ ਲਹਿੰਦੀ -

*ਧਾਰਨਾ - ਚੜ੍ਹੀ ਰਹੇ ਦਿਨ ਰਾਤ*
*ਨਾਮ ਖੁਮਾਰੀ-ਨਾਮ ਖੁਮਾਰੀ।*
*ਨਾਮ ਖੁਮਾਰੀ ਨਾਨਕਾ - ਨਾਮ ਖੁਮਾਰੀ ਨਾਨਕਾ।*

*ਪੋਸਤ ਮਦ ਅਫੀਮ ਭੰਗ ਉਤਰ ਜਾਇ ਪਰਭਾਤਿ।*
*ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ।*
*ਜਨਮਸਾਖੀ*

ਗੁਰੂ ਨੇ ਨਾਮ ਦਾ ਪਿਆਲਾ ਬੁਲ੍ਹਾਂ ਨਾਲ ਲਾ ਦਿੱਤਾ। ਐ ਜਲਾਦ! ਹੁਣ ਇਹ ਖੁਮਾਰੀ ਨਹੀਂ ਉਤਰਦੀ। ਇਹਨੇ ਸਾਨੂੰ ਮੌਤ ਤੋਂ ਪਾਰ ਲੰਘਾ ਦਿੱਤਾ। ਜੀਵਨ ਤੇ ਮੌਤ ਦਾ ਜਿਹੜਾ ਵਿਚਾਲੇ gap ਪਿਆ ਹੋਇਆ ਸੀ, ਉਹ ਟੁੱਟ ਗਿਆ, ਪੁਲ ਬਣ ਗਿਆ। ਮੌਤ ਬਹੁਤ ਅੱਛੀ ਚੀਜ਼ ਹੈ। ਮੌਤ ਮਾੜੀ ਲਗਦੀ ਹੈ ਜਿਨ੍ਹਾਂ ਨੂੰ ਗਰਜਾਂ ਹੁੰਦੀਆਂ ਨੇ, ਜਿਨ੍ਹਾਂ ਦਾ ਧੰਦੇ ਦਾ ਸਬੰਧ ਹੁੰਦਾ ਹੈ। ਜਿਹਨੇ ਬੰਦਗੀ ਕਰੀ ਹੈ, ਨਾਮ ਜਪਿਆ ਹੈ, ਜੀਵਨ ਆਪਣਾ ਗੁਰੂ ਦੇ ਚਰਨਾਂ 'ਤੇ ਨਿਛਾਵਰ ਕਰ ਦਿੱਤਾ। ਗੁਰੂ ਦੇ ਧਿਆਨ ਵਿੱਚ ਰਹਿੰਦਾ ਹੈ, ਗੁਰੂ ਦਾ ਨਾਮ ਜਪਦਾ ਹੈ, ਗੁਰੂ ਦੀ ਬਾਣੀ ਸੁਣਦਾ ਹੈ, ਐ ਜਲਾਦ! ਉਹਦੇ ਵਾਸਤੇ ਮੌਤ ਕੋਈ ਚੀਜ਼ ਨਹੀਂ ਹੋਇਆ ਕਰਦੀ। ਉਹਨੂੰ ਥਾਂ ਮਿਲਦਾ ਹੈ। ਗੁਰੂ ਮੇਰਾ ਇਸ ਤਰ੍ਹਾਂ ਫੁਰਮਾਨ ਕਰਦਾ ਹੈ-

*ਧਾਰਨਾ - ਦਰਗਹ ਮਿਲਦੈ ਥਾਉਂ*
*ਗੁਰਾਂ ਨਾਲ ਰੱਤਿਆਂ-ਗੁਰਾਂ ਨਾਲ ਰੱਤਿਆਂ।*

*ਅੰਤਰਿ ਗੁਰੁ ਆਰਾਧਣਾ*
*ਜਿਹਵਾ ਜਪਿ ਗੁਰ ਨਾਉ॥*
*ਨੇਤ੍ਰੀ ਸਤਿਗੁਰੁ ਪੇਖਣਾ*
*ਸ੍ਰਵਣੀ ਸੁਨਣਾ ਗੁਰ ਨਾਉ ॥*
*ਸਤਿਗੁਰ ਸੇਤੀ ਰਤਿਆ*
*ਦਰਗਹ ਪਾਈਐ ਠਾਉ ॥ ਅੰਗ - ੫੧੭*

ਕਹਿਣ ਲੱਗੇ, ਸਪੈਸ਼ਲ ਥਾਉਂ ਮਿਲਦਾ ਹੈ, ਬਹਿਸ਼ਤ ਦੀ ਬਾਦਸ਼ਾਹੀ ਮਿਲਦੀ ਹੈ। ਫੇਰ ਸਾਨੂੰ ਮੌਤ ਦਾ ਕੀ ਡਰ। ਮੌਤ ਤੋਂ ਉਹ ਡਰਦਾ ਹੈ -

*ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥*
*ਨਾਨਕ ਜਿਉ ਮਥਨਿ ਮਾਧਾਣੀਆ*
*ਤਿਉ ਮਥੇ ਧ੍ਰਮ ਰਾਇ ॥ ਅੰਗ - ੧੪੨੫*

ਜਿਨ੍ਹਾਂ ਨੇ ਜਾ ਕੇ ਦੁੱਖ ਸਹਿਣੇ ਨੇ, ਮੌਤ ਤੋਂ ਤਾਂ ਉਹ ਡਰਦਾ ਹੈ।

*ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥*
*ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥*
*ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ ॥*
*ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥*
*ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥*
*ਅੰਗ - ੩੧੫*

*ਦਰਿ ਲਏ ਲੇਖਾ ਪੀੜਿ ਛੁਟੈ*
*ਨਾਨਕਾ ਜਿਉ ਤੇਲੁ ॥ ਅੰਗ - ੪੭੩*

ਕਹਿੰਦੇ, ਜਿਹਦਾ ਦਰਗਾਹ ਦੇ ਵਿੱਚ ਮਾਣ ਹੋਣਾ ਹੈ, ਮਾਣ ਪ੍ਰਾਪਤ ਕਰਨਾ ਹੈ ਜਿਹਨੇ, ਉਹ ਵੀ ਡਰਦਾ ਹੈ ਕਿਤੇ। ਸਾਡੇ ਗੁਰੂ ਨੇ ਸਾਰਾ ਭੇਤ ਦਸ ਦਿੱਤਾ, ਦਰਗਾਹ ਦੇ ਸੁੱਖ ਦਾ। ਐਸ ਤਰ੍ਹਾਂ ਫੁਰਮਾਨ ਹੈ -

*ਧਾਰਨਾ - ਦਰਗਹ ਮਿਲਦੈ ਥਾਉਂ*
*ਜੇ ਵਿਚ ਦੁਨੀਆਂ ਸੇਵ ਕਮਾਈਐ।*

*ਵਿਚਿ ਦੁਨੀਆ ਸੇਵ ਕਮਾਈਐ ॥*
*ਤਾ ਦਰਗਹ ਬੈਸਣੁ ਪਾਈਐ ॥*
*ਕਹੁ ਨਾਨਕ ਬਾਹ ਲੁਡਾਈਐ ॥ ਅੰਗ - ੨੬*

ਸੇਵਾ ਕਰਨ ਨਾਲ ਮਾਣ ਮਿਲਦਾ ਹੈ -

*ਗੁਰ ਕੀ ਸੇਵਾ ਪਾਏ ਮਾਨੁ ॥ ਅੰਗ - ੮੬੪*

ਸਾਰੇ ਮਨੋਰਥ ਪੂਰੇ ਹੁੰਦੇ ਨੇ, ਸੇਵਾ ਜੋ ਕਰਦਾ ਹੈ ਮਨ, ਚਿਤ ਲਾ ਕੇ। ਹਉਮੈ ਤੋਂ ਰਹਿਤ ਹੋ ਕੇ। ਸੋ ਕਹਿਣ ਲੱਗੇ, ਸਾਡੇ ਵਾਸਤੇ ਮੌਤ ਡਰਾਉਣੀ ਨਹੀਂ ਹੈ। ਅਸੀਂ ਮੌਤ ਨੂੰ ਪਿਆਰ ਕਰਦੇ ਹਾਂ, ਕਿਉਂਕਿ ਮੌਤ ਹੈ ਨਹੀਂ, ਜਿਹੋ ਜਿਹੀ ਦੁਨੀਆਂ ਸਮਝਦੀ ਹੈ ਉਹ ਗੱਲ ਨਹੀਂ ਹੈ। ਕਮਾਈ ਕਰਕੇ ਆਪਣੇ ਘਰ ਨੂੰ ਜਾਣਾ ਹੋਵੇ, ਸਾਰੀ ਜ਼ਿੰਦਗੀ ਦੀ ਕਮਾਈ ਕੀਤੀ ਹੋਈ ਹੈ, ਮੁੜ ਕੇ ਆਪਣੇ ਘਰ ਨੂੰ ਵਾਪਸ ਜਾਣਾ ਹੋਵੇ, ਉਹ ਕਿਥੇ ਰੋਂਦਾ ਹੈ? ਉਹ ਤਾਂ ਖੁਸ਼ੀ ਨਾਲ ਜਾਂਦਾ ਹੈ। ਪਿਛਲੀ ਵਾਰੀ ਮੈਂ ਦੱਸਿਆ ਸੀ ਕਿ ਗੁਰਸਿੱਖ ਧਰਮਰਾਜ ਦੇ ਨਹੀਂ ਜਾਇਆ ਕਰਦਾ। ਜਿਹੜਾ ਨੇਕ ਸਿੱਖ ਹੈ। ਜਿਹਨੇ ਆਪਣੇ ਜੀਵਨ ਨੂੰ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ਾਂ ਦੇ, ਸਿਧਾਂਤਾਂ ਦੇ ਮੁਤਾਬਿਕ ਢਾਲਿਆ ਹੋਇਆ ਹੈ, ਉਹ ਨਹੀਂ ਨਰਕ ਵਿੱਚ ਜਾਇਆ ਕਰਦਾ। ਨਰਕ ਵਿੱਚ ਜਾਂਦੇ ਨੇ -

*ਧਰਮ ਰਾਇ ਨੋ ਹੁਕਮੁ ਹੈ*
*ਬਹਿ ਸਚਾ ਧਰਮੁ ਬੀਚਾਰਿ ॥*
*ਦੂਜੈ ਭਾਇ ਦੁਸਟੁ ਆਤਮਾ*
*ਓਹੁ ਤੇਰੀ ਸਰਕਾਰ ॥ ਅੰਗ - ੩੮*

ਜਿਹੜੇ ਪਿਆਰ ਤੋਂ ਹੀਣੇ ਨੇ, ਬਾਣੀ ਤੋਂ ਹੀਣੇ ਨੇ, ਨਾਮ ਤੋਂ ਹੀਣੇ ਨੇ, ਉਹ ਤੇਰੇ ਕੋਲ ਆਉਣਗੇ; ਜਿਹੜੇ ਬਾਣੀ ਪੜ੍ਹਨ ਵਾਲੇ, ਨਾਮ ਜਪਣ ਵਾਲੇ ਨੇ, ਉਹ ਮੇਰੀ ਦਰਗਾਹ ਵਿੱਚ ਆਉਣਗੇ।

*ਸਚ ਖੰਡਿ ਵਸੈ ਨਿਰੰਕਾਰੁ ॥*
*ਕਰਿ ਕਰਿ ਵੇਖੈ ਨਦਰਿ ਨਿਹਾਲ ॥ ਅੰਗ - ੮*

ਇੱਥੇ ਪਹੁੰਚਣਗੇ, ਗੁਰੂ ਨਾਨਕ ਦੀ ਦਰਗਾਹ ਹੈ। ਸੋ ਅਸੀਂ ਤਾਂ ਆਪਣੇ ਘਰ ਨੂੰ ਜਾਣਾ ਹੈ, ਸਾਨੂੰ ਮੌਤ ਡਰਾਉਣੀ ਨਹੀਂ ਲਗਦੀ। ਇਸ ਤਰ੍ਹਾਂ ਫੁਰਮਾਨ ਹੈ-

*ਧਾਰਨਾ - ਜਿਹੜੀ ਮੌਤ ਤੋਂ ਡਰੇ ਜਗ ਸਾਰਾ,*
*ਮੇਰੇ ਮਨ ਆਨੰਦ ਹੈ, ਪਿਆਰਿਓ।*

*ਕਬੀਰ ਜਿਸੁ ਮਰਨੇ ਤੇ ਜਗੁ ਡਰੈ*
*ਮੇਰੈ ਮਨਿ ਆਨੰਦੁ ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥*
*ਅੰਗ - ੧੩੬੫*

ਗੁਰਸਿੱਖੀ ਦੇ ਅੰਦਰ ਜੀਵਨ ਦਾ ਭੇਤ ਦੱਸਿਆ ਹੋਇਆ ਹੈ। ਗੁਰਸਿੱਖ ਜਿਹੜਾ ਹੈ ਇਹਦੀ ਸ਼ੇਰ ਦ੍ਰਿਸ਼ਟੀ ਹੋਇਆ ਕਰਦੀ ਹੈ। ਗੁਰੂ ਨਾਨਕ ਨੇ ਇੱਕ ਰਾਜੇ ਨੂੰ ਦੱਸਿਆ ਸੀ ਕਿ ਰਾਜਨ! ਸ਼ੇਰ ਦ੍ਰਿਸ਼ਟੀ ਰੱਖ, ਕੁੱਤਾ ਦ੍ਰਿਸ਼ਟੀ ਨਾ ਰੱਖ, ਕੁੱਤਾ ਜਿਹੜਾ ਹੈ ਉਹ ਚੀਜ਼ (object) ਨੂੰ ਦੇਖਦਾ ਹੈ, ਕੁੱਤੇ ਦੀ ਦ੍ਰਿਸ਼ਟੀ ਸੀਮਤ ਹੋਇਆ ਕਰਦੀ ਹੈ। ਇੱਟ ਮਾਰੋ ਇੱਟ ਵਲ ਝਾਕੇਗਾ, ਮਾਰਨ ਵਾਲੇ ਵੱਲ ਨਹੀਂ ਝਾਕਦਾ। ਜਿਹੜਾ ਸ਼ੇਰ ਹੈ, ਉਸ ਤੇ ਮਨ੍ਹੇ 'ਤੇ ਬੈਠ ਕੇ ਉਥੋਂ ਤੀਰ ਚਲਾ ਦਿਓ, ਪੁਰਾਣੇ ਜ਼ਮਾਨਿਆਂ 'ਚ ਤੀਰ ਚਲਾਉਂਦੇ ਸੀ। ਰਾਈਫਲ ਚਲਾ ਦਿਓ। ਕੋਈ ਹੋਰ ਚੀਜ਼ ਚਲਾ ਦਿਓ, ਉਹਦੇ ਵਲ ਨਹੀਂ ਉਹ ਦੇਖਦਾ, ਉਹ ਸਿੱਧਾ ਆ ਕੇ ਮਨ੍ਹੇ ਤੇ ਆ ਕੇ ਹਮਲਾ ਕਰਦਾ ਹੈ, ਮਨ੍ਹੇ ਨੂੰ ਗੁਰਰਾਉਂਦਾ ਹੈ, ਛਾਲ ਮਾਰਦਾ ਹੈ ਦਰਖਤ ਦੇ ਉੱਤੇ। ਇਸੇ ਤਰ੍ਹਾਂ ਗੁਰਸਿੱਖ ਜਿਹੜਾ ਹੈ ਉਹ ਰਹਿੰਦਾ ਤਾਂ ਇਸ ਥਾਂ ਦੇ ਉੱਤੇ ਹੈ ਲੇਕਿਨ ਇਹਦੀ ਦ੍ਰਿਸ਼ਟੀ ਦਰਗਾਹ 'ਚ ਹੋਇਆ ਕਰਦੀ ਹੈ, ਗੁਰੂ ਦੇ ਚਰਨਾਂ 'ਚ। ਹਰ ਵਕਤ ਗੁਰੂ ਨੂੰ ਹਾਜ਼ਰ ਨਾਜ਼ਰ ਦੇਖਦਾ ਹੈ, ਕਦੇ ਵੀ ਸਿੱਖ ਗੁਰੂ ਤੋਂ ਬਗੈਰ ਨਹੀਂ ਹੁੰਦਾ।

*ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥*
*ਸਿਮਰਿ ਸਿਮਰਿ ਤਿਸੁ ਸਦਾ ਸਮ੍ਾਲੇ ॥*
*ਅੰਗ - ੩੯੪*

ਕਦੇ ਵੀ ਐਸਾ ਮੌਕਾ ਨਹੀਂ ਆਉਂਦਾ ਗੁਰਸਿੱਖ ਦੇ ਉਤੇ, ਜਦੋਂ ਉਹ ਗੁਰੂ ਨੂੰ ਭੁੱਲ ਜਾਵੇ ਕਦੇ। ਭੁੱਲਦਾ ਨਹੀਂ ਹੈ ਸਦਾ ਹੀ ਯਾਦ ਰਖਦਾ ਹੈ। ਸੋ ਜਦੋਂ ਸਾਰੀ ਜ਼ਿੰਦਗੀ ਗੁਰੂ ਨੂੰ ਪਿਆਰ ਕਰਿਆ ਹੈ ਤਾਂ ਫੇਰ ਜਦੋਂ ਚੜ੍ਹਾਈ ਕਰਾਂਗੇ ਉਸ ਵੇਲੇ ਗੁਰੂ ਕੋਲ ਹੀ ਜਾਣਾ ਹੈ ਕਿ ਧਰਮਰਾਜ ਕੋਲ ਜਾਣਾ ਹੈ।

*ਹਮ ਕਾਹੂ ਕੀ ਕਾਨਿ ਨ ਕਢਤੇ*
*ਅਪਨੇ ਗੁਰ ਪਰਸਾਦੇ ॥ ਅੰਗ - ੯੬੯*
*ਕਵਨੁ ਨਰਕੁ ਕਿਆ ਸੁਰਗੁ ਬਿਚਾਰਾ*
*ਸੰਤਨ ਦੋਊ ਰਾਦੇ ॥ ਅੰਗ - ੯੬੯*

ਦੋਵੇਂ ਰੱਦ ਕਰ ਦਿੱਤੇ। ਕਿਉਂਕਿ ਸੁਰਗ ਨਰਕ ਜਿਹੜਾ ਹੈ ਨਰਕ ਪਾਪੀਆਂ ਵਾਸਤੇ ਹੈ, ਸੁਰਗ ਜਿਹੜੇ ਵਾਸ਼ਨਾ ਰੱਖ ਕੇ ਪੁੰਨ ਦਾਨ ਕਰਦੇ ਨੇ, ਉਹਦਾ ਬਦਲਾ ਚਾਹੁੰਦੇ ਨੇ, ਨੇਕ ਕਰਮ ਕਰਨ ਤੋਂ ਬਾਅਦ ਬਦਲੇ ਚਾਹੁੰਦੇ ਨੇ।

*ਪੁੰਨ ਦਾਨੁ ਜੋ ਬੀਜਦੇ*
*ਸਭ ਧਰਮ ਰਾਇ ਕੈ ਜਾਈ ॥ ਅੰਗ - ੧੪੧੪*

ਉਥੇ ਜਾ ਕੇ ਇਨ੍ਹਾਂ ਦਾ ਇਨਸਾਫ ਹੁੰਦਾ ਹੈ। ਸਵਰਗ ਮਿਲ ਜਾਂਦੇ ਨੇ, ਸਵਰਗਾਂ ਤੋਂ ਬਾਅਦ ਜਦੋਂ ਪੂਰਾ ਹੋ ਜਾਂਦਾ ਹੈ। ਉਸ ਤੋਂ ਬਾਅਦ ਦੁਬਾਰਾ ਧਰਤੀ 'ਤੇ ਗਿਰਾ ਦਿੱਤੇ ਜਾਂਦੇ ਨੇ। ਗੁਰਸਿੱਖ ਨਹੀਂ ਆਉਂਦਾ, ਆਉਣਾ ਜਾਣਾ ਖਤਮ ਕਰ ਦਿੰਦਾ ਹੈ। ਗੁਰੂ ਦੇ ਪਿਆਰ ਵਿੱਚ ਲੀਨ ਹੋ ਕੇ, ਗੁਰੂ ਦੇ ਦੇਸ਼ ਵਿੱਚ ਜਾਂਦਾ ਹੈ। ਹੁਕਮ 'ਚ ਕਾਰ ਕਰਨ ਵਾਸਤੇ ਸੰਸਾਰ 'ਚ ਆਉਂਦਾ ਹੈ, ਵੈਸੇ ਨਹੀਂ ਆਉਂਦਾ ਕਦੇ ਵੀ। ਸੋ ਕਹਿਣ ਲੱਗੇ ਕਿ ਜੇ ਐਸੀ ਅਵਸਥਾ ਹੈ ਤਾਂ ਮੈਨੂੰ ਡਰ ਕਿਉਂ ਹੈ, ਮੈਂ ਤਾਂ ਆਪਣੇ ਘਰ ਨੂੰ ਜਾ ਰਿਹਾ ਹਾਂ, ਪਰ ਇੱਕ ਕਸਰ ਹੈ। ਉਹ ਜੇ ਤੂੰ ਕਰ ਦੇਵੇਂ ਪੂਰੀ ਤਾਂ ਮੈਂ ਤੇਰਾ ਬਹੁਤ ਰਿਣੀ ਰਹਾਂਗਾ। ਕਹਿਣ ਲੱਗਾ, ਦੱਸੋ? ਮੈਂ ਛੱਡ ਤਾਂ ਸਕਦਾ ਨਹੀਂ ਹਾਂ ਜਲਾਦ ਕਹਿਣ ਲੱਗਿਆ। ਕਹਿੰਦੇ ਮੈਂ ਤਾਂ ਜੇ ਚਾਹਾਂ ਨਾ ਤਾਂ ਤੇਰੇ ਆਰੇ ਦੀ ਧਾਰ ਕੁਛ ਨਹੀਂ ਕਰ ਸਕਦੀ। ਅਸੀਂ ਆਪਣੇ ਘਰ ਨੂੰ ਜਾ ਰਹੇ ਹਾਂ, ਬਹਾਨਾ ਬਣਾ ਰਿਹਾ ਹੈ ਤੈਨੂੰ, ਮੇਰਾ ਸਤਿਗੁਰੂ। ਤੂੰ ਮੇਰੇ ਨਾਲ ਜੇ ਕੋਈ ਹਮਦਰਦੀ ਰਖਦਾ ਹੈਂ ਤਾਂ ਫੱਟੇ ਘੁੰਮਾ ਕੇ ਮੇਰਾ ਮੁਖ ਜਿਹੜਾ ਹੈ ਉਹ ਗੁਰੂ ਤੇਗ ਬਹਾਦਰ ਸਾਹਿਬ ਵਲ ਕਰ ਦੇ, ਪਿੱਠ ਨਾ ਮੈਂ ਦੇ ਕੇ ਜਾਵਾਂ ਸੰਸਾਰ ਤੋਂ। ਉਨ੍ਹਾਂ ਦੇ ਸੋਹਣੇ ਚਿਹਰੇ ਨੂੰ ਅੰਦਰ ਵਸਾ ਕੇ ਮੈਂ ਜਾਵਾਂ। ਉਹਦੇ ਪਿਆਰ 'ਚ ਲੀਨ ਹੋਵਾਂ।

ਸੋ ਇਸ ਤਰ੍ਹਾਂ ਦੇ ਨਾਲ ਸਾਧਸੰਗਤ ਜੀ! ਮਹਾਰਾਜ ਫੁਰਮਾਨ ਕਰਦੇ ਨੇ ਕਿ ਪਿਆਰਿਆ! ਜੇ ਤੂੰ ਸਿੱਖੀ ਧਾਰਨ ਕਰਨੀ ਹੈ ਨਾ ਤਾਂ ਸੁਖਾਲਾ ਜਿਹਾ ਅਸੀਂ ਤੈਨੂੰ ਮੰਤਰ ਦਿੰਦੇ ਹਾਂ -

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥ ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥*
*ਅੰਗ - ੧੧੦੨*

ਆਹ ਦੁਨੀਆਂ ਵਲ ਨਾ ਚਿੱਤ ਲਾ, ਇਹ ਤਾਂ ਆਪੇ ਹੀ ਚਲਣੀ ਹੈ।

*ਕਾਹੇ ਰੇ ਮਨ ਚਿਤਵਹਿ ਉਦਮੁ*
*ਜਾ ਆਹਰਿ ਹਰਿ ਜੀਉ ਪਰਿਆ ॥*
*ਅੰਗ - ੧੦*

ਫੇਰ ਤਾਂ ਅਸੀਂ by pass ਕਰ ਗਏ ਜੇ ਇਸਨੂੰ ਕਰਦੇ ਹਾਂ। ਅਸੀਂ ਕੁਛ ਨਹੀਂ ਕਰਦੇ, ਕਰਾਇਆ ਜਾਂਦਾ ਹੈ ਜਿਹੜਾ ਕੁਛ ਕਰ ਰਹੇ ਨੇ ਉਹ, ਹੋ ਰਿਹਾ ਹੈ ਸਭ ਕੁਛ। ਸਾਡੇ ਬਲ ਦੇ ਵਿੱਚ ਹੈ, ਵਸ ਵਿੱਚ ਹੈ? ਮਹਾਰਾਜ ਕਹਿੰਦੇ ਜੇ ਇਹਦੇ ਵਸ ਦੇ ਵਿੱਚ ਹੋਵੇ ਤਾਂ ਇਹ ਤਾਂ ਰਾਜਾ ਬਣ ਕੇ ਬਹਿ ਜਾਵੇ। ਕਰਮਾਂ ਦੀ ਖੇਡ ਹੈ, ਜਿਸ ਤਰ੍ਹਾਂ ਦਾ ਜ਼ਿੰਦਗੀ ਦਾ ਨਾਟ ਹੈ, ਉਸੇ ਤਰ੍ਹਾਂ ਦਾ ਅਸੀਂ ਗੁਜ਼ਾਰਨਾ ਹੈ। ਇਹਦੇ ਵਿੱਚ ਅਸੀਂ, ਵਿੱਚ ਰਹਿੰਦੇ ਹੋਏ ਗੁਰੂ ਨਾਲ ਪਿਆਰ ਕਰਕੇ, ਨਿਗ੍ਹਾ ਦਰਗਾਹ 'ਤੇ ਰੱਖਣੀ ਹੈ ਤੇ ਆਹ ਜਿਹੜਾ ਸੰਸਾਰ ਹੈ, ਜਿਹੜਾ ਕਹਿਣਾ ਸ਼ੁਰੂ ਕਰ ਦਿੱਤਾ ਪੜ੍ਹਿਆਂ ਲਿਖਿਆਂ ਨੇ ਕਿ ਨਹੀਂ ਇਹਦਾ ਵੀ ਧਿਆਨ ਰੱਖੋ। ਇੱਥੇ ਅਸੀਂ ਰਾਜ ਕਰਨੇ ਨੇ, ਇੱਥੇ ਅਸੀਂ ਆਹ ਕਰਨਾ ਹੈ, ਵੋਹ ਕਰਨਾ ਹੈ ਪਰ ਕੁਛ ਨਹੀਂ ਹੁੰਦਾ। ਇਹ ਤਾਂ ਪ੍ਰਭੂ ਦੀ ਆਗਿਆ ਹੀ ਹੁੰਦੀ ਹੈ ਜਿਹਦੇ ਨਾਲ, ਗੱਦੀ ਦੇ ਉੱਤੇ ਬਖਸ਼ਿਸ਼ ਹੋਵੇ ਉਹ ਚੜ੍ਹ ਜਾਂਦਾ ਹੈ, ਜਿਹਦੇ ਨਾ ਹੋਵੇ ਉਹ ਲੱਖ ਯਤਨ ਕਰਨ 'ਤੇ ਵੀ ਨਹੀਂ ਚੜ੍ਹ ਸਕਦਾ। ਇਹ ਸਾਰੀਆਂ ਢੇਰੀਆਂ ਢਾਹ ਕੇ, ਗੁਰੂ ਦੇ ਉੱਤੇ ਭਰੋਸਾ ਰੱਖ ਕੇ ਜੀਵਨ ਬਤੀਤ ਕਰੇ, ਗੁਰੂ ਦੀ ਮਰਜ਼ੀ 'ਚ ਰਹੇ, ਜੇ ਉਹ ਕੋਈ ਦੁੱਖ ਦਿੰਦਾ ਹੈ ਤਾਂ ਵੀ ਕੋਈ ਭੇਤ ਹੈ ਉਹਦਾ, ਨਿਗ੍ਹਾ ਤੋਂ ਬਾਹਰ ਨਹੀਂ ਹੈ। ਸੁਖ ਦਿੰਦਾ ਹੈ, ਤਾਂ ਵੀ ਉਹ ਓਨਾਂ ਦਿੰਦਾ ਹੈ ਕਿ ਜਿਹਦੇ ਵਿੱਚ ਉਹ ਗੁਰੂ ਨਾਲ ਜੁੜਿਆ ਰਹੇ। ਸੋ ਇਸ ਕਰਕੇ ਜੋ ਮੈਂ ਬੇਨਤੀ ਕਰੀ ਹੈ -

*ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।*

ਸਿੱਖੀ ਧਾਰਨ ਕਰਨੀ ਹੈ, ਤਰੱਕੀ ਕਰਨੀ ਹੈ ਤਾਂ ਪੂਰਨ ਤੌਰ ਦੇ ਉੱਤੇ surrender (ਤਿਆਗ) ਕਰਨਾ ਪੈਣਾ ਹੈ। ਪੂਰਨ ਤੌਰ ਦੇ ਉੱਤੇ ਸ਼ਰਨ ਵਿੱਚ ਆਉਣਾ ਪੈਣਾ ਹੈ। ਜਿਹੜਾ ਸ਼ਰਨ ਆ ਗਿਆ ਮਹਾਰਾਜ ਕਹਿੰਦੇ -

*ਜੋ ਸਰਣਿ ਆਵੈ ਤਿਸੁ ਕੰਠਿ ਲਾਵੈ*
*ਇਹੁ ਬਿਰਦੁ ਸੁਆਮੀ ਸੰਦਾ ॥ ਅੰਗ - ੫੪੪*

ਸਾਨੂੰ ਕਿਉਂ ਨਹੀਂ ਲਾਉਂਦਾ, ਕਿਉਂਕਿ ਅਸੀਂ ਆਪਣੀ 'ਮੈਂ' ਵਿੱਚ ਰਖਦੇ ਹਾਂ ਕਿ ਇਹ ਮੈਂ ਕਰਿਆ ਹੈ, ਮੈਂ ਇਸ ਤਰ੍ਹਾਂ ਕਰ ਰਿਹਾ ਹਾਂ, ਇਸ ਕਰਕੇ ਸਾਡਾ ਗੁਰੂ ਨਾਲ ਜੋੜ ਨਹੀਂ ਜੁੜਦਾ, ਭੇਖ ਧਾਰਿਆਂ 'ਤੇ ਗੁਰੂ ਨਹੀਂ ਭਿੱਜਿਆ ਕਰਦਾ। ਗੁਰੂ ਭਿੱਜਦਾ ਹੈ ਅੰਦਰੋਂ ਸਚਾਈ ਦੇਖ ਕੇ, ਫੇਰ ਸਾਰੀਆਂ ਦਾਤਾਂ ਦੇ ਦਿੰਦਾ ਹੈ। ਨਾਮ ਦੀ ਦਾਤ ਦੇ ਦਿੰਦਾ, ਸੋ ਫੇਰ ਆਹ ਜਗ ਦੇ ਉੱਤੋਂ ਜਿੱਤ ਕੇ ਜਾਂਦਾ ਹੈ, ਬਾਜ਼ੀ ਹਾਰ ਕੇ ਨਹੀਂ ਜਾਂਦਾ। ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇੱਥੇ ਹੀ ਸਮਾਪਤੀ ਹੈ।

ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ

# ਸ੍ਰੀ ਗੁਰੂ ਨਾਨਕ ਦੇਵ ਜੀ - ਹਰਿਦੁਆਰ ਫੇਰੀ

*ਸਤਿਨਾਮ ਸ੍ਰੀ ਵਾਹਿਗੁਰੂ*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥*
*ਅੰਗ - ੨੮੯*

*ਧਾਰਨਾ - ਜਪੀਐ ਸੁਖ ਸਾਗਰ ਜੀ,*
*ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ।*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਹੋ। ਆਪਾਂ ਸਾਰਿਆਂ ਨੇ ਗੁਰੂ ਮਹਾਰਾਜ ਦਾ ਬਚਨ ਗਾ ਕੇ ਪੜ੍ਹਿਆ ਹੈ, ਮਹਾਰਾਜ ਕਹਿੰਦੇ ਜੋ ਸੁਖਾਂ ਦਾ ਖਜ਼ਾਨਾ ਹੈ ਨਾ ਵਾਹਿਗੁਰੂ, ਉਹਦਾ ਤੁਸੀਂ ਜਾਪ ਕਰੋ। ਉਹਦਾ ਜਾਪ ਕਰਨ ਨਾਲ ਕੀ ਹੋਏਗਾ, ਇਹ ਗੱਲ ਅੱਗੇ ਦੀ ਮਹਾਰਾਜ ਦੱਸਦੇ ਨੇ, ਉਹ ਸਾਡੀ ਸਮਝ ਵਿੱਚ ਨਹੀਂ ਪੈਂਦੀ। ਪਹਿਲੀ ਤਾਂ ਅਸੀਂ ਸਮਝ ਲੈਂਦੇ ਹਾਂ ਕਿ ਮਹਾਰਾਜ ਕਹਿੰਦੇ ਉਹਦਾ ਜਾਪ ਕਰੋ ਜੋ ਸੁਖਾਂ ਦਾ ਖਜ਼ਾਨਾ ਹੈ, ਸੁੱਖਾਂ ਦਾ ਸਮੁੰਦਰ ਹੈ, ਜਿਹਦੇ ਵਿੱਚ ਸੁਖ ਹੀ ਸੁਖ ਹਨ, ਕੋਈ ਗਿਣਤੀ ਮਿਣਤੀ ਨਹੀਂ। ਉਹਦਾ ਜਾਪ ਕਰੋ, ਉਹਦੇ ਨਾਲ ਕੀ ਹੋਏਗਾ, ਮਨ ਦੀਆਂ ਸਾਰੀਆਂ ਇੱਛਿਆ, ਵਾਸ਼ਨਾਵਾਂ ਸਭ ਪੂਰੀਆਂ ਹੋ ਜਾਣਗੀਆਂ। ਨਹੀਂ ਤਾਂ ਇਸ ਤਰ੍ਹਾਂ ਵੀ ਹੋ ਜਾਂਦਾ ਹੈ ਕਿ ਸਾਰੀਆਂ ਇਛਾਵਾਂ ਜਿੰਨੀਆਂ ਵੀ ਹਨ ਉਹ ਕੌੜੀਆਂ ਦਿੱਸਣ ਲਗ ਜਾਂਦੀਆਂ ਹਨ, ਫੇਰ ਲੋੜ ਹੀ ਨਹੀਂ ਰਹਿੰਦੀ ਕਿਸੇ ਦੀ। ਨਾ ਮਾਣ ਦੀ ਲੋੜ ਰਹਿੰਦੀ ਹੈ। ਚੀਜ਼ਾਂ ਆਪਣੇ ਆਪ ਪਿੱਛੇ ਤੁਰ ਪਿਆ ਕਰਦੀਆਂ ਨੇ। ਜਿਹੜਾ ਪਿੱਠ ਦੇ ਦਿੰਦਾ ਹੈ, ਪਰਛਾਵਾਂ ਉਹਦੇ ਪਿੱਛੇ ਹੋ ਜਾਂਦਾ ਹੈ। ਮਹਾਰਾਜ ਕਹਿੰਦੇ ਜੇ ਇੱਛਿਆ ਅਜੇ ਤੈਨੂੰ ਤੰਗ ਕਰਦੀ ਹੈ, ਤੇਰੀਆਂ ਇੱਛਿਆਂ ਪੁੱਤਰ ਦੀ ਲੋੜ ਹੈ ਪੁੱਤਰ ਮਿਲ ਜਾਂਦਾ ਹੈ, ਜਾਇਦਾਦ ਦੀ ਲੋੜ ਹੈ ਜਾਇਦਾਦ ਮਿਲ ਜਾਂਦੀ ਹੈ; ਕਾਰੋਬਾਰ ਦੀ ਲੋੜ ਹੈ ਕਾਰੋਬਾਰ ਮਿਲ ਜਾਂਦਾ ਹੈ। ਕਿਸੇ ਅਹੁਦੇ ਦੀ, ਨੌਕਰੀ ਚਾਕਰੀ, ਤਰੱਕੀ ਦੀ ਲੋੜ ਹੈ ਉਹ ਮਿਲ ਜਾਂਦੀ ਹੈ, ਤੂੰ ਜਪ ਕੇ ਤਾਂ ਦੇਖ ਕਹਿੰਦੇ ਜਪਦਾ ਨਹੀਂ ਹੈ।

*ਹਰਿ ਕੇ ਚਰਨ ਅਰਾਧੀਅਹਿ*
*ਗੁਰ ਸਬਦਿ ਰਤਨਾਗਰੁ॥ ਅੰਗ - ੧੩੧੮*

ਰਤਨਾਗਰੁ ਕਹਿੰਦੇ ਨੇ ਜਿਹੜੀ ਬਹੁਤ ਹੀ ਕੀਮਤੀ ਚੀਜ਼ ਹੈ ਨਾ, ਗੁਰੂ ਦਾ ਸ਼ਬਦ, ਉਸ ਲਈ ਤੂੰ ਹਰੀ ਦੇ ਚਰਨਾਂ ਦੀ ਆਰਾਧਨਾ ਕਰ -

*ਮਿਲਿ ਸਾਧੂ ਸੰਗਿ ਉਧਾਰੁ ਹੋਇ*
*ਫਾਟੈ ਜਮ ਕਾਗਰੁ॥ ਅੰਗ - ੧੩੧੮*

ਨਾਲ ਮਹਾਰਾਜ ਨੇ ਸ਼ਰਤ ਲਾ ਦਿੱਤੀ ਕਿ ਤੇਰੇ ਤੋਂ ਇਕੱਲੇ ਤੋਂ ਨਹੀਂ ਹੋਣਾ, ਸਾਧੂਆਂ ਦੀ ਸੰਗਤ ਦੇ ਨਾਲ ਮਿਲੇਂਗਾ, ਫੇਰ ਤੈਨੂੰ ਜਾਂਚ ਆ ਜਾਏਗੀ ਕਿ ਕਿਵੇਂ ਜਪੀਦਾ ਹੈ। ਜਪਦੀ ਤਾਂ ਸਾਰੀ ਦੁਨੀਆਂ ਹੈ -

*ਕਬੀਰ ਰਾਮ ਕਹਨ ਮਹਿ ਭੇਦੁ ਹੈ*
*ਤਾ ਮਹਿ ਏਕੁ ਬਿਚਾਰੁ ॥*
*ਸੋਈ ਰਾਮੁ ਸਭੈ ਕਹਹਿ ਸੋਈ ਕਉਤਕਹਾਰ ॥*
*ਅੰਗ - ੧੩੭੪*

ਸਾਡਾ ਰਾਮ ਕਹੇ ਤੇ ਕਿਉਂ ਨਹੀਂ ਰਾਜ਼ੀ ਹੋ ਜਾਂਦਾ ਬੰਦਾ, ਮਾਤਾ ਲੋਈ ਨੇ ਤਿੰਨ ਵਾਰੀ ਰਾਮ ਕਹਿ ਕੇ ਨਾਲੇ ਰਾਜੇ ਦਾ ਕੋਹੜ ਹਟਾ ਦਿੱਤਾ, ਨਾਲੇ ਨਾਮ ਦੇ ਦਿੱਤਾ ਨਾਲੇ ਪਾਪ ਹਟਾ ਦਿੱਤੇ।, ਤਿੰਨ ਕੰਮ ਕਰ ਦਿੱਤੇ। ਸੋ ਐਡਾ ਨਾਮ ਹੈ ਕਿ ਜਿਹੜੇ ਸਾਡੇ ਜਮਾਂ ਦੇ ਕਾਗਜ਼ ਪਏ ਨੇ ਨਾ ਦਫਤਰਾਂ ਦੇ ਦਫਤਰ ਰੱਖੇ ਹੋਏ, ਇੱਕ-ਇੱਕ ਬੰਦੇ ਦੀ ਕਰੋੜ-ਕਰੋੜ ਫਾਈਲ ਹੈ। ਇਹ ਮੇਰੀ ਗੱਲ ਨੂੰ ਐਉਂ ਨਾ ਸਮਝਿਓ ਕਿ ਮੈਂ ਅਤਿਕਥਨੀ ਕਰ ਰਿਹਾ ਹਾਂ। ਸਾਨੂੰ ਖਰਬਾਂ-ਖਰਬਾਂ ਸਾਲ ਹੋ ਗਏ ਘੁੰਮਦਿਆਂ ਨੂੰ। ਅਸੀਂ ਲੇਖੇ ਪੱਤੇ ਬੀਜਦੇ ਤੁਰੇ ਜਾਂਦੇ ਹਾਂ, ਕਿਤੇ ਲੈਣਾ ਹੈ, ਕਿਤੇ ਦੇਣਾ ਹੈ, ਕਿਸੇ ਨੂੰ ਤੰਗ ਕਰਿਆ ਹੈ, ਕਿਸੇ ਨੇ ਇਹਨੂੰ ਤੰਗ ਕਰਿਆ ਹੈ। ਉਹ ਕਰਮ ਬਣਦੇ ਤੁਰੇ ਜਾਂਦੇ ਨੇ, ਅੱਡ-ਅੱਡ ਕਰਮ, ਅੱਡ-ਅੱਡ ਫਾਇਲਾਂ। ਕਾਗਜ਼ਾਂ ਦੇ ਢੇਰ ਲੱਗੇ ਪਏ ਨੇ, ਅੰਬਾਰ ਲੱਗੇ ਪਏ ਨੇ, ਮਹਾਰਾਜ ਕਹਿੰਦੇ ਜਦੋਂ ਬੰਦਗੀ ਕਰਦਾ ਹੈ ਨਾ ਉਹ ਕਾਗਦ ਜਿਹੜੇ ਨੇ ਉਹ ਸਾਰੇ ਹੀ ਪਾਟ ਜਾਂਦੇ ਨੇ। ਸਾਧੂ ਨੇ ਐਸੀ ਜੁਗਤੀ ਦੱਸਣੀ ਹੈ, ਕਾਗਜ਼ ਪਏ ਦੇ ਪਏ ਰਹਿੰਦੇ ਨੇ, ਲਾਂਭੇ ਦੀ ਲੰਘ ਜਾਂਦਾ ਹੈ -

*ਜਨਮ ਪਦਾਰਥੁ ਜੀਤੀਐ ਜਪਿ ਹਰਿ ਬੈਰਾਗਰੁ ॥*
*ਅੰਗ - ੧੩੧੮*

ਜਨਮ ਦਾ ਜੋ ਪਦਾਰਥ, ਆਤਮਾ ਪ੍ਰਾਪਤੀ ਹੈ, ਜਿਸਨੂੰ ਜਿੱਤਣਾ ਕਹਿੰਦੇ ਨੇ, ਕਹਿੰਦੇ ਉਹਨੂੰ ਵੈਰਾਗ ਦੇ ਵਿੱਚ ਆ ਕੇ ਜਪ। ਵੈਰਾਗ ਕਿਸੇ ਵਿਰਲੇ ਨੂੰ ਲਗਦਾ ਹੈ, ਕਿਸੇ ਭਾਗਾਂ ਵਾਲੇ ਨੂੰ; ਸਾਰਿਆਂ ਨੂੰ ਵੈਰਾਗ ਨਹੀਂ ਹੋਇਆ ਕਰਦਾ, ਕੋਈ-ਕੋਈ ਹੁੰਦਾ ਹੈ। ਉਹ ਵੀ ਪੂਰਬਲੇ

ਸੰਸਕਾਰ, ਕੋਈ ਵੱਡਾ ਮਹਾਂਪੁਰਸ਼ ਮਿਲ ਜਾਵੇ, ਜਿਹਦੇ ਨਾਲ ਦਿਲ ਦਾ ਸੌਦਾ ਕਰ ਲਿਆ ਜਾਵੇ; ਉਹਦੀ ਗੁਲਾਮੀ ਤੇ ਉਹਦੀ ਚਾਕਰੀ ਸਿਰ ਦੇ ਉਤੇ ਚੁੱਕ ਲਈ ਜਾਵੇ, ਫੇਰ ਵੈਰਾਗ ਲੱਗਿਆ ਕਰਦਾ ਹੈ, ਕਹਿੰਦੇ ਉਹ ਵੈਰਾਗ 'ਚ ਆ ਕੇ ਜਨਮ ਪਦਾਰਥ ਜਿੱਤਿਆ ਜਾਂਦਾ ਹੈ।

***ਸਭਿ ਪਵਹੁ ਸਰਨਿ ਸਤਿਗੁਰੂ ਕੀ***
***ਬਿਨਸੈ ਦੁਖ ਦਾਗਰੁ ॥ ਅੰਗ - ੧੩੧੮***

ਦੁੱਖਾਂ ਦੇ ਜਿਹੜੇ ਦਾਗ ਲੱਗੇ ਹੋਏ ਨੇ ਸਾਰਿਆਂ ਦਾ ਖਾਤਮਾ ਹੋ ਜਾਏਗਾ, ਜਦੋਂ ਅਸੀਂ ਸਤਿਗੁਰੂ ਦੀ ਸ਼ਰਨ ਪੂਰੀ ਤਰ੍ਹਾਂ, ਪੂਰੇ ਭਰੋਸੇ ਨਾਲ, ਪੂਰੇ ਨਿਹਚੇ ਨਾਲ ਗੁਰੂ ਦੇ ਦਰ 'ਤੇ ਆ ਜਾਵਾਂਗੇ, ਫੇਰ ਸੁੱਖ ਦੀ ਪ੍ਰਾਪਤੀ ਹੋ ਜਾਂਦੀ ਹੈ।

ਗੁਰੂ ਨਾਨਕ ਪਾਤਸ਼ਾਹ ਨੇ ਸੰਸਾਰ ਨੂੰ ਨਾਮ ਜਪਣ ਦੀ ਜੁਗਤੀ ਦੱਸੀ, ਨਾਮ ਤਾਂ ਬਹੁਤ ਦੁਨੀਆ ਜਪਦੀ ਸੀ, ਮਾਲਾ ਫੇਰਦੀ ਸੀ, ਨਾਮ ਵੀ ਪ੍ਰਮੇਸ਼ਰ ਦੇ ਅਨੇਕ ਸੀ, ਮਹਾਰਾਜ ਕਹਿੰਦੇ, ਸਾਡਾ ਕਿਸੇ 'ਨਾਮ' ਨਾਲ ਵਿਰੋਧ ਨਹੀਂ ਹੈ -

***ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ ॥***
***ਅੰਗ - ੧੧੬੮***

ਜਿੰਨੇ ਵੀ ਨਾਮ ਜਪਣ ਵਾਲੇ, ਜਿਸ ਨਾਮ ਨਾਲ ਵੀ ਪ੍ਰਮੇਸ਼ਰ ਨੂੰ ਯਾਦ ਕਰਦੇ ਨੇ, ਅਸੀਂ ਬਲਿਹਾਰ ਜਾਂਦੇ ਹਾਂ ਕਿਉਂਕਿ ਉਹਦੇ ਵਿੱਚ ਭੇਤ ਨਹੀਂ ਹੋਇਆ ਕਰਦਾ, ਕਿਉਂਕਿ ਗੱਲ ਸਮਝ ਵਿੱਚ ਜਦ ਆ ਜਾਂਦੀ ਹੈ, ਉਸ ਵੇਲੇ ਪਤਾ ਲਗਦਾ ਹੈ। ਸੋ ਉਹ ਜੁਗਤ ਮਹਾਰਾਜ ਜੀ ਨੇ ਸੰਸਾਰ ਨੂੰ ਦੱਸੀ ਕਿਉਂਕਿ ਸੰਸਾਰ ਬਹੁਤ ਭੁੱਲ ਭੁਲਾਈਆਂ ਦੇ ਵਿੱਚ, ਪਾਣੀ ਦੇ ਵਿੱਚ ਪੈਂਦੇ ਨੇ ਕਪਰੁ ਜਿਹਨੂੰ ਕਹਿੰਦੇ ਨੇ, ਘੁੰਮਦਾ ਹੁੰਦਾ ਹੈ ਪਾਣੀ, ਐਹੋ ਜਿਹੇ ਥਾਂ ਫਸ ਗਿਆ ਸੀ, ਨਾ ਨਿਕਲ ਸਕਦਾ ਸੀ, ਡੁੱਬ ਰਿਹਾ ਸੀ ਦਿਨੋ ਦਿਨ। ਪਿਛਲੀ ਵਾਰੀ ਮੈਂ ਬੇਨਤੀ ਕਰੀ ਸੀ ਕਿ ਹਿੰਦੋਸਤਾਨ ਦੇ ਅੰਦਰ ਇੱਕ ਸਮਾਂ ਵਾਧੂ ਗੱਲ 'ਚ ਬਤੀਤ ਕੀਤਾ ਜਾਂਦਾ ਸੀ, ਬੇਮਤਲਬਾ ਝਗੜਾ ਸੀ ਇਥੇ ਇਕ ਔਹ ਖਾਓ, ਔਹ ਨਾ ਖਾਓ। ਮਹਾਰਾਜ ਕਹਿੰਦੇ ਇਹ ਤਾਂ ਮੂਰਖਾਂ ਦਾ ਝਗੜਾ ਹੈ, ਖਾਣ ਪਿੱਛੇ ਜਿਹੜੇ ਗੱਲਾਂ ਕਰਦੇ ਨੇ, ਗੱਲ ਇਹ ਕਰੋ -

***ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥***
***ਜਿਤੁ ਖਾਧੈ ਤਨੁ ਪੀੜੀਐ***
***ਮਨ ਮਹਿ ਚਲਹਿ ਵਿਕਾਰ ॥ ਅੰਗ - ੧੬***

ਜਿਹੜਾ ਖਾਣਾ ਮਨ ਦੇ ਵਿੱਚ ਵਿਕਾਰ ਪੈਦਾ ਕਰ ਦਿੰਦਾ ਹੈ, ਤਮੋ ਗੁਣ ਪੈਦਾ ਕਰਦਾ ਹੈ, ਰਜੋ ਗੁਣ ਪੈਦਾ ਕਰਦਾ ਹੈ, ਉਹਨੂੰ ਨਾ ਖਾਓ, ਸਤੋ ਗੁਣ ਦਾ ਭੋਜਨ ਛਕੋ। ਇਹ ਹੁਣ ਆਪ ਪੁੱਛਣਾ ਚਾਹੀਦਾ ਹੈ ਕਿ ਸਤੋ ਗੁਣ ਦਾ ਭੋਜਨ ਕਿਹੜਾ ਹੈ ਜੀ। ਦੂਸਰਾ ਜਿਹੜਾ ਖਾਣ ਦੇ ਨਾਲ ਤੁਹਾਡੇ ਸਰੀਰ ਦੇ ਨਾਲ ਦਰਦਾਂ ਪੈਦਾ ਹੁੰਦੀਆਂ ਨੇ, ਬਿਮਾਰੀ ਪੈਦਾ ਹੁੰਦੀ ਹੈ ਉਹ ਨਾ ਖਾਓ। ਇੱਕਲੀ-ਇੱਕਲੀ ਲਿਸਟ ਤਾਂ ਨਹੀਂ ਬਣਾਈ ਜਾਂਦੀ, ਚਾਹ ਕਿਸੇ ਨੂੰ ਮੁਆਫਕ ਆਉਂਦੀ ਨਹੀਂ ਹੈ। ਡਕਾਰ ਆਉਣ ਲਗ ਜਾਂਦੇ ਨੇ, ਮਿਹਦਾ ਕੰਮ ਕਰਨ ਤੋਂ ਹਟ ਜਾਂਦਾ ਹੈ, ਸਰੀਰ ਦੇ ਵਿੱਚ ਗਰਮੀ ਆਉਣੀ ਸ਼ੁਰੂ ਹੋ ਜਾਂਦੀ ਹੈ, ਪੈਰਾਂ ਦੀਆਂ ਤਲੀਆਂ ਦੇ ਵਿੱਚੋਂ ਪਸੀਨਾ ਨਿਕਲਣਾ ਸ਼ੁਰੂ ਹੋ ਜਾਂਦਾ ਹੈ। ਨਾ ਪੀਓ ਚਾਹ, ਕਿਤਾਬ ਵਿੱਚ ਤਾਂ ਨਹੀਂ ਲਿਖੀ ਹੋਈ ਕਿ ਪੀਓ ਜਾਂ ਨਾ ਪੀਓ, ਆਪ ਸੋਚੋ ਕਿ ਆਹ ਚੀਜ਼ ਮੈਨੂੰ ਵਿਗਾੜ ਕਰਦੀ ਹੈ, ਮਿਰਚਾਂ ਲਾਲ ਖਾਂਦਾ ਹੈ ਵਿਗਾੜ ਹੁੰਦਾ ਹੈ, ਬਵਾਸੀਰ ਵਗੈਰਾ, ਇਹੋ ਜਿਹੀਆਂ ਬਿਮਾਰੀਆਂ ਨੂੰ ਜਨਮ ਦਿੰਦਾ ਹੈ, ਨਾ ਖਾਓ ਲਾਲ ਮਿਰਚਾਂ। ਲਸਣ ਅਦਰਕ ਵਗੈਰਾ ਗਰਮੀ ਪੈਦਾ ਕਰਦਾ ਹੈ, ਮਨ ਦੇ ਵਿੱਚ ਬੇਚੈਨੀ ਤੇ ਤਮੋ ਗੁਣ ਪੈਦਾ ਕਰਦਾ ਹੈ, ਨਾ ਖਾਓ। ਇਕੱਲੀ-ਇਕੱਲੀ ਚੀਜ਼ ਦੀ ਮਹਾਰਾਜ ਕਹਿੰਦੇ ਲਿਸਟ ਨਹੀਂ ਬਣਾਈ ਜਾਂਦੀ, ਇਹ ਸਾਰਿਆਂ ਨੂੰ ਕਿਹਾ ਹੈ ਕਿ ਤੁਸੀਂ ਮੂਰਖ ਹੋ, ਝਗੜਾ ਕਰਨ ਵਾਲੇ ਤੇ ਨਾਲ ਦੇਖੋ ਕਿ ਰੂਹਾਨੀਅਤ ਦੇ ਵਿੱਚ ਅਸੀਂ ਕਿਸ ਤਰ੍ਹਾਂ ਚੱਲ ਸਕਦੇ ਹਾਂ। ਸੋ ਇਹ ਪੱਕਾ ਫੈਸਲਾ ਹੈ ਕਿ ਸਤੋ ਗੁਣੀ ਖੁਰਾਕ ਰੂਹਾਨੀਅਤ ਦੇ ਵਿੱਚ ਮਦਦ ਦਿੰਦੀ ਹੈ, ਜਿਹੜਾ ਕਿਸੇ ਦੇ ਗਲ ਵੱਢ ਕੇ ਖਾਓ। ਉਹਦੇ ਵਿੱਚ ਫਾਇਲਾਂ ਬਣਨੀਆਂ ਸ਼ੁਰੂ ਹੋ ਜਾਂਦੀਆਂ ਨੇ, ਪਹਿਲਾਂ ਖਾਂਦਾ ਹੈ, ਫੇਰ ਆਦਮੀ ਲੇਖੇ ਦਿੰਦਾ ਹੈ। ਕਿਉਂ ਐਹੋ ਜਿਹਾ ਬੀਜ ਬੀਜਦੇ ਹੋ ਜਿਹਦੇ ਨਾਲ ਲੇਖੇ ਦੇਣੇ ਪੈਣ।

***ਐਸਾ ਕੰਮੁ ਮੂਲੇ ਨ ਕੀਚੈ***
***ਜਿਤੁ ਅੰਤਿ ਪਛੋਤਾਈਐ॥ ਅੰਗ - ੯੧੮***

ਆਪ ਭਾਈ ਮਰਦਾਨੇ ਅਤੇ ਭਾਈ ਬਾਲੇ ਨੂੰ ਕਹਿਣ ਲੱਗੇ, ਭਾਈ ਮਰਦਾਨਾ! ਬਹੁਤ ਜ਼ਿਆਦਾ ਦੁਨੀਆਂ ਦੇ ਅੰਦਰ ਹਨ੍ਹੇਰ ਛਾ ਗਿਆ, ਚਲੋ ਹੁਣ ਤੀਰਥ 'ਤੇ ਚੱਲੀਏ। ਕੁੰਭ ਦਾ ਮੇਲਾ ਲਗ ਰਿਹਾ ਹੈ, ਉਥੇ ਵੱਡੇ-ਵੱਡੇ ਸਾਧੂ, ਵੱਡੇ-ਵੱਡੇ ਗਿਆਨਵਾਨ, ਪੰਡਤ ਕਥਨੀ ਦੇ ਉਥੇ ਆਉਣਗੇ, ਉਥੇ ਆਪਾਂ ਚਲਦੇ ਹਾਂ ਦਰਸ਼ਨ ਦੀਦਾਰੇ ਕਰਦੇ ਹਾਂ। ਪਰ ਹਨ੍ਹੇਰਾ ਛਾਇਆ ਪਿਆ ਹੈ, ਪੂਰਾ ਗੁਰੂ ਸੰਸਾਰ ਦੇ ਵਿੱਚੋਂ ਅਲੋਪ ਹੋ ਚੁੱਕਿਆ ਹੈ। ਕੱਚੇ ਗੁਰੂਆਂ ਦੀ ਭਰਮਾਰ ਹੈ, ਬੇਅੰਤ ਕੱਚੇ ਗੁਰੂ, ਪੰਡਤ ਗੁਰੂ, ਅੰਨ੍ਹੇ ਗੁਰੂ ਤੁਰੇ ਫਿਰਦੇ ਨੇ, ਕੋਈ ਉਹ ਨਹੀਂ ਹੈ ਜਿਹੜਾ ਸੱਚ ਦੇ ਰਾਹ 'ਤੇ ਲਾ ਦੇਵੇ। ਸੱਚ ਦਾ ਰਸਤਾ ਦਿਖਾ ਦੇਵੇ। ਇਸ ਹਨ੍ਹੇਰੇ ਨੂੰ ਕੋਈ ਦੂਰ ਨਹੀਂ ਕਰ ਸਕਦਾ। ਸੋ ਐਸੇ ਹਨ੍ਹੇਰੇ ਦੇ ਅੰਦਰ ਜਿਹੜੀ ਸੰਸਾਰ ਦੀ ਲੁਕਾਈ ਹੈ ਉਹ ਭੁੱਲ-ਭੁਲਾਈਆਂ 'ਚ ਪਈ ਹੋਈ, ਰਸਤੇ ਤੋਂ ਖੁੰਝੀ ਹੋਈ ਹੈ। ਪੰਡਤ, ਜੋਗੀ, ਸੰਨਿਆਸੀ, ਪੀਰ ਅਤੇ ਫਕੀਰ ਸਾਰਿਆਂ ਨੇ ਪ੍ਰਮੇਸ਼ਰ ਦੀ ਟੇਕ ਨੂੰ ਛੱਡ ਦਿਤਾ ਤੇ ਦ੍ਰਿਸ਼ਟਮਾਨ ਦੇ

ਪਸਾਰੇ ਵਿੱਚ, ਮਾਇਆ ਦੇ ਪਿਆਰ ਵਿਚ ਮੋਹਿਤ ਹੋਏ ਹੋਏ, ਅੱਖਾਂ ਅੰਨ੍ਹੀਆਂ ਕਰ ਚੁੱਕੇ ਨੇ। ਪ੍ਰਕਾਸ਼ ਖੋ ਚੁੱਕੇ ਨੇ, ਕਿਸੇ ਨੂੰ ਮਾਇਆ ਦੀ ਲੋੜ ਹੈ, ਕਿਸੇ ਨੂੰ ਪ੍ਰਭਤਾ ਦੀ ਲੋੜ ਹੈ, ਇਹ ਪੀਰ ਫਕੀਰ ਵੀ ਲੋੜਾ ਵਿੱਚ ਆ ਗਏ, ਸੰਨਿਆਸੀ ਵੀ ਲੋੜਾਂ ਵਿੱਚ ਆ ਗਏ, ਜੋਗੀਆਂ ਨੂੰ ਵੀ ਲੋੜਾਂ ਪੈ ਗਈਆਂ। ਪੰਡਤਾਂ ਨੂੰ ਵੀ ਲੋੜਾਂ ਪੈ ਗਈਆਂ ਤੇ ਪ੍ਰਮੇਸ਼ਰ ਦੀ ਜਿਹੜੀ ਟੇਕ ਸੀ ਅੰਦਰ, ਉਸ ਤੋਂ ਹਿੱਲ ਚੁੱਕੇ ਨੇ, ਸੋ ਜਿਹੜੇ ਅੰਤਰੀਵ ਨੇਤਰ ਸੀ ਉਹ ਅੰਨ੍ਹੇ ਹੋ ਗਏ ਤੇ ਹਉਮੈ ਦੀ ਮੈਲ ਛਾ ਗਈ, ਕਿਉਂਕਿ ਗੁਰੂ ਤੋਂ ਬਗੈਰ ਹਨ੍ਹੇਰਾ ਹੋਇਆ ਕਰਦਾ ਹੈ, ਭਰਮਾਂ ਦੇ ਵਿੱਚ ਪੈ ਜਾਂਦਾ ਹੈ ਸੰਸਾਰ, ਐਸ ਤਰ੍ਹਾਂ ਨਾਲ ਪੜ੍ਹ ਲਓ -

***ਧਾਰਨਾ - ਬਿਨਾਂ ਗੁਰਾਂ ਤੋਂ ਹਨ੍ਹੇਰਾ ਛਾ ਗਿਆ,***
***ਭਰਮਾਂ ਵਿੱਚ ਭੁੱਲੀ ਦੁਨੀਆਂ।***

ਮਰਦਾਨਿਆਂ! ਸੰਸਾਰ ਭਰਮ ਦੀਆ ਭੁੱਲ ਭੁਲਾਈਆਂ ਵਿੱਚ ਭੁੱਲ ਗਿਆ। ਰਸਤਾ ਨਜ਼ਰ ਨਹੀਂ ਆਉਂਦਾ, ਇੱਕ ਥਾਂ ਤੋਂ ਨਿਕਲਦੇ ਨੇ ਦੂਜੇ ਘਰ ਵਿੱਚ ਜਾ ਵੜਦੇ ਨੇ, ਦੂਜੇ 'ਚੋਂ ਨਿਕਲਦੇ ਨੇ, ਤੀਸਰੇ ਵਿੱਚ ਚਲੇ ਜਾਂਦੇ ਨੇ, ਭੁੱਲ ਭੁਲਾਈ ਚੀਜ਼ ਹੀ ਐਸੀ ਬਣਾਈ ਹੋਈ ਹੈ, ਜਿਸਨੇ ਕਦੇ ਭੁੱਲ ਭੁਲਾਈਆਂ 'ਚ ਪੈ ਕੇ ਦੇਖਿਆ ਹੈ ਉਹਨੂੰ ਪਤਾ ਹੈ ਕਿ ਬਾਹਰ ਨਿਕਲਣਾ, ਬਹੁਤ ਹੀ technique (ਢੰਗ) ਦੀ ਲੋੜ ਹੈ। ਸੋ ਨਿਕਲ ਨਹੀਂ ਸਕਦਾ ਬੰਦਾ ਜਿੰਨਾਂ ਚਿਰ ਖਾਸ ਤੌਰ 'ਤੇ ਸਾਵਧਾਨ ਨਾ ਹੋਵੇ।

***ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥***
***ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥***
***ਅੰਗ - ੪੬੩***

***ਬਾਝੁ ਗੁਰੂ ਹੈ ਅੰਧ ਗੁਬਾਰਾ ॥ ਅੰਗ - ੧੧੬***

ਕਹਿੰਦੇ, ਹਨ੍ਹੇਰਾ ਹੀ ਨਹੀਂ ਹੈ, ਗੁਬਾਰ ਵੀ ਨਾਲ ਚੜ੍ਹਿਆ ਹੋਇਆ ਹੈ।

***ਅਗਿਆਨੀ ਅੰਧਾ ਅੰਧੁ ਅੰਧਾਰਾ ॥ ਅੰਗ - ੧੧੬***

ਅੰਨਾ ਹੋਇਆ ਹੋਇਆ ਅਗਿਆਨੀ ਹਨ੍ਹੇਰੇ ਦੇ ਵਿੱਚ, ਉਲਟੇ ਕੰਮ ਕਰਦਾ ਹੈ -

***ਬਿਸਟਾ ਕੇ ਕੀੜੇ ਬਿਸਟਾ ਕਮਾਵਹਿ***
***ਫਿਰਿ ਬਿਸਟਾ ਮਾਹਿ ਪਚਾਵਣਿਆ ॥***
***ਅੰਗ - ੧੧੬***

ਗੰਦਗੀ ਦੇ ਕੀੜੇ ਬਣ ਕੇ, ਗੰਦਗੀ ਦਾ ਹੀ ਕੰਮ ਕਰਦੇ ਨੇ, ਗੰਦਗੀ ਹੀ ਖਾਂਦੇ ਨੇ, ਗੰਦਗੀ ਹੀ ਪੀਂਦੇ ਨੇ, ਗਲਤ ਚੀਜ਼ਾਂ ਖਾਂਦੇ ਪੀਂਦੇ ਨੇ, ਸ਼ਰਾਬਾਂ ਕਬਾਬਾਂ ਮਾਸ ਮੱਛੀਆਂ। ਕਹਿੰਦੇ ਫੇਰ ਇਹਦੇ ਵਿੱਚ ਹੀ ਪਚਣਾ ਪੈਂਦਾ ਹੈ -

***ਮਨਮੁਖ ਖੋਟੀ ਰਾਸਿ ਖੋਟਾ ਪਾਸਾਰਾ ॥***
***ਅੰਗ - ੧੧੬***

ਜਿਹੜੀ ਰਾਸ ਹੈ ਨਾ ਖਿਆਲਾਂ ਦੀ, ਉਨ੍ਹਾਂ ਕੋਲ ਜਿਹੜੀ ਪੂੰਜੀ ਹੈ ਖਿਆਲਾਂ ਦੀ, ਉਹ ਖੋਟੀ ਹੈ ਤੇ ਉਹ ਖੋਟੀ ਪੂੰਜੀ ਦੇ ਨਾਲ ਝੂਠ ਦਾ ਹੀ ਪਸਾਰਾ, ਵੈਰ ਦਾ, ਲੋਭ ਦਾ, ਕ੍ਰੋਧ ਦਾ, ਮੋਹ ਦਾ ਹੀ ਪਸਾਰਾ ਕਰਦੇ ਨੇ। ਲੋਕਾਂ ਦੀ ਨਿੰਦਿਆ, ਚੁਗਲੀ, ਈਰਖਾ, ਵਖੀਲੀ -

***ਕੂੜੁ ਕਮਾਵਨਿ ਦੁਖੁ ਲਾਗੈ ਭਾਰਾ ॥***
***ਅੰਗ - ੧੧੬***

ਜਦੋਂ ਫੇਰ ਕੂੜ ਦਾ ਪਸਾਰਾ ਹੁੰਦਾ ਹੈ, ਫੇਰ ਕੂੜ ਕਮਾਉਂਦੇ ਨੇ, ਕੂੜ ਦੇ ਨਾਲ ਭਾਰਾ ਦੁੱਖ ਲਗਣਾ ਸ਼ੁਰੂ ਹੋ ਜਾਂਦਾ ਹੈ।

***ਭਰਮੇ ਭੂਲੇ ਫਿਰਨਿ ਦਿਨ ਰਾਤੀ***
***ਮਰਿ ਜਨਮਹਿ ਜਨਮੁ ਗਵਾਵਣਿਆ ॥***
***ਅੰਗ - ੧੧੬***

ਦਿਨ ਰਾਤ ਭਰਮ ਦੇ ਵਿੱਚ ਭੁੱਲੇ ਹੋਏ, ਭੁੱਲ ਭੁਲਾਈਆਂ 'ਚ ਫਿਰਦੇ ਨੇ। ਮਰ ਕੇ ਫੇਰ ਜਨਮ ਗਵਾ ਲੈਂਦੇ ਨੇ। ਮਰਦਾਨਾ ਕਹਿਣ ਲੱਗਿਆ, ਪਾਤਸ਼ਾਹ! ਜੋ ਆਪ ਦੀ ਰਜ਼ਾ। ਕ੍ਰਿਪਾ ਕਰਕੇ ਇਹ ਤਾਂ ਦੱਸ ਦਿਓ ਕਿ ਆਪ ਨੇ ਹੁਣ ਕਿਸ ਪਾਸੇ ਨੂੰ ਸੇਧ ਕਰੀ ਹੈ? ਕਹਿੰਦੇ, ਮਰਦਾਨਿਆਂ! ਪਹਿਲਾਂ ਤਾਂ ਰਸਤੇ ਵਿੱਚ ਇੱਕ ਪੀਰ ਨਾਲ ਮਿਲਣਾ ਹੈ।

ਮਹਾਰਾਜ! ਕਿਹੋ ਜਿਹਾ ਹੈ?

ਕਹਿੰਦੇ, ਬੜਾ ਡਾਹਢਾ ਕਰਾਮਾਤੀ ਪੀਰ ਹੈ। ਦੁਨੀਆਂ ਬਹੁਤ ਦੁਖੀ ਕਰੀ ਹੋਈ ਹੈ ਉਹਨੇ। ਜਿਸ ਥਾਂ 'ਤੇ ਰਹਿੰਦਾ ਹੈ, ਉਹਨੇ ਹੁਕਮ ਕੀਤਾ ਹੋਇਆ ਹੈ ਕਿ ਜਿਹੜਾ ਮੇਰਾ ਮਕਾਨ ਹੈ ਇਸ ਤੋਂ ਉੱਚਾ ਨਹੀਂ ਕਿਸੇ ਨੇ ਵੀ ਬਣਾਉਣਾ, ਹੇਠਾਂ ਰੱਖਣਾ ਹੈ ਹੱਥ ਭਰ ਤੇ ਚੁਬਾਰਾ ਕਿਸੇ ਨੇ ਨਹੀਂ ਪਾਉਣਾ। ਜਿਨ੍ਹਾਂ ਨੇ ਰਹਿਣਾ ਹੈ ਮੈਨੂੰ ਮੰਨ ਕੇ ਰਹਿ ਸਕਦੇ ਹਨ, ਜਿਨ੍ਹਾਂ ਨੇ ਨਹੀਂ ਮੰਨਣਾ, ਮੈਂ ਉਜਾੜ ਦੇਵਾਂਗਾ ਉਸਨੂੰ। ਕਰਾਮਾਤੀ ਹੈ, ਸ਼ਕਤੀਆਂ ਨੇ ਓਸ ਕੋਲ, ਕਾਲੀਆਂ ਸ਼ਕਤੀਆ ਉਸ ਨੇ ਵਸ ਕਰੀਆਂ ਹੋਈਆਂ ਨੇ। ਲੋਕ ਤਰਾਹ-ਤਰਾਹ ਕਰਦੇ ਨੇ। ਦਿਲੋਂ ਤਾਂ ਕੋਈ ਨਹੀਂ ਉਹਨੂੰ ਪਿਆਰ ਕਰਦਾ। ਡਰਦੇ ਮਾਰੇ ਉਸ ਦਾ ਆਦਰ ਵੀ ਕਰਦੇ ਨੇ, ਸਤਿਕਾਰ ਵੀ ਕਰਦੇ ਨੇ, ਪਰ ਅੰਦਰੋਂ ਸਾਰੇ ਦੁਖੀ ਨੇ ਓਸ ਤੋਂ।

ਕਹਿਣ ਲੱਗਿਆ, ਸੱਚੇ ਪਾਤਸ਼ਾਹ! ਫੇਰ ਨਾ ਆਪਣਾ ਵਾਹ ਪੈ ਜਾਵੇ, ਅੱਗੇ ਸੱਜਣ ਤੋਂ ਮਸਾਂ ਛੁੱਟੇ ਹਾਂ। ਕਹਿੰਦੇ ਮਰਦਾਨਿਆਂ! ਘਬਰਾ ਨਾ, ਅੱਗੇ ਜਾ ਕੇ ਇੱਕ ਨਗਰ ਆ ਗਿਆ, ਗੁਰੂ ਮਹਾਰਾਜ ਨੇ ਇੱਕ ਸੋਹਣਾ ਉੱਚਾ ਥਾਂ ਦੇਖ ਕੇ, ਓਥੇ ਥਾਉਂ ਸਾਫ ਕਰਾ ਲਿਆ ਤੇ ਉਥੇ ਬੈਠ ਗਏ। ਕੀਰਤਨ ਸ਼ੁਰੂ ਹੋ ਗਿਆ। ਹੌਲੀ-ਹੌਲੀ ਸੰਗਤ ਜੁੜਨੀ ਸ਼ੁਰੂ ਹੋ ਗਈ। ਦੋ ਆ ਗਏ, ਦਸ ਆ

ਗਏ, ਆਲੇ-ਦੁਆਲੇ ਦੇ ਪਿੰਡਾਂ ਦੇ ਆਉਣ ਲੱਗ ਗਏ। ਜਿਹੜਾ ਇੱਕ ਵਾਰੀ ਆ ਜਾਂਦਾ ਹੈ, ਮੁੜ ਕੇ ਨਹੀਂ ਜਾਂਦਾ, ਐਨੀ ਖਿੱਚ ਹੈ ਸ਼ਬਦ ਦੀ। ਐਨੇ ਬਚਨਾਂ ਦੀ ਮਿਠਾਸ ਹੈ, ਐਨਾ ਬਚਨਾਂ ਦਾ ਸਾਫ-ਸੁਥਰਾ ਸਮਝਾਉਣ ਦਾ ਤਰੀਕਾ ਹੈ ਕਿ ਹਰ ਬੰਦਾ ਚਾਹੇ ਛੋਟੀ ਅਕਲ ਵਾਲਾ ਹੈ, ਚਾਹੇ ਵੱਡੇ ਤੋਂ ਵੱਡਾ ਹੈ, ਜਿਹੜਾ ਇੱਕ ਵਾਰੀ ਆ ਗਿਆ, ਗੁਰੂ ਨਾਨਕ ਦੇ ਕੋਲੋਂ ਜਾਂਦਾ ਨਹੀਂ, ਰੋਜ਼ ਦੇ ਸਤਿਸੰਗ ਸ਼ੁਰੂ ਹੋ ਗਏ ਤੇ ਪੀਰ ਨੂੰ ਵੀ ਪਤਾ ਲਗ ਗਿਆ ਕਿ ਕੋਈ ਆਇਆ ਹੈ ਇੱਥੇ ਤੇ ਦੁਨੀਆਂ ਬਹੁਤ ਆਉਣ ਲਗ ਗਈ ਉਹਦੇ ਕੋਲ, ਕਿਤੇ ਇੱਥੇ ਹੀ ਆਸਣ ਲਾ ਕੇ ਨਾ ਬੈਠ ਜਾਵੇ ਤੇ ਅਸੀਂ ਸੁਣਿਆ ਹੈ ਕਿ ਚੁਬਾਰਾ ਵੀ ਪਾ ਰਿਹਾ ਹੈ ਤੇ ਮਕਾਨ ਵੀ ਬਹੁਤ ਉੱਚਾ ਬਣਵਾ ਰਿਹਾ ਹੈ। ਸੋ ਪੀਰ ਚੇਲਿਆਂ ਨੂੰ ਲੈ ਕੇ ਗੁਰੂ ਨਾਨਕ ਦੇ ਪਾਸ ਆ ਜਾਂਦਾ ਹੈ, ਆ ਕੇ ਕਹਿਣ ਲੱਗਿਆ ਮੈਂ ਸੁਣਿਆ ਹੈ ਕਿ ਤੂੰ ਨਾਨਕ ਪੀਰ ਹੈਂ। ਤੇਰਾ ਨਾਮ ਮੈਂ ਪਹਿਲਾਂ ਵੀ ਸੁਣਿਆ ਹੈ। ਜੇ ਇੱਥੇ ਰਹਿਣ ਦਾ ਤੇਰਾ ਖਿਆਲ ਹੈ ਤਾਂ ਤੈਨੂੰ ਅਸੀਂ ਕੋਠਾ ਪੁਆ ਦਿੰਦੇ ਹਾਂ। ਸੁਣਿਆ ਹੈ ਕਿ ਤੂੰ ਚੁਬਾਰਾ ਪਾਉਣਾ ਹੈ। ਮਹਾਰਾਜ ਜੀ ਕਹਿੰਦੇ, ਪੀਰ ਜੀ ਪਤਾ ਨਹੀਂ ਕਿ ਅਸੀਂ ਚੁਬਾਰਾ ਪਾਉਣਾ ਹੈ ਕਿ ਜਾਂ ਚੁਬਾਰਾ ਢਾਹੁੰਣਾ ਹੈ। ਫਕੀਰ ਦਾ ਚੁਬਾਰਾ ਤਾਂ ਹਰ ਵਕਤ ਪ੍ਰਮੇਸ਼ਰ ਦੀ ਜੋਤ ਵਿੱਚ ਹੁੰਦਾ ਹੈ। ਸੰਸਾਰ ਦਾ ਚੁਬਾਰਾ ਜਿਹੜਾ ਹੈ ਉਹ ਕੋਠੇ ਤੇ ਕੋਠਾ ਹੁੰਦਾ ਹੈ, ਕਹਿਣ ਲੱਗੇ, ਪੀਰ ਜੀ! ਇਹ ਜਿਹੜਾ ਬੰਦਾ ਹੈ ਨਾ ਮਿੱਟੀ ਤੋਂ ਬਣਿਆ ਹੋਇਆ। ਇਹ ਮਿੱਟੀ ਤੋਂ ਬਣੇ ਹੋਏ ਬੰਦੇ ਨੂੰ ਮਿੱਟੀ ਪਿਆਰੀ ਲਗਦੀ ਹੈ, ਜਿੰਨਾ ਵੀ ਇਹਦਾ ਸਬੰਧ ਹੈ ਸਭ ਮਿੱਟੀ ਨਾਲ ਹੈ। ਜੇ ਪੁੱਤਰਾਂ ਦਾ ਪਿਆਰ ਹੈ ਇਹ ਵੀ ਮਿੱਟੀ ਦੇ ਬਣੇ ਹੋਏ ਨੇ। ਜੇ ਮਕਾਨਾਂ ਦਾ ਪਿਆਰ ਹੈ ਇਹ ਵੀ ਮਿੱਟੀ ਦੇ ਬਣੇ ਹੋਏ ਨੇ। ਜੇ ਰਿਸ਼ਤੇਦਾਰੀਆਂ ਦਾ ਪਿਆਰ ਹੈ ਇਹ ਵੀ ਮਿੱਟੀ ਦੇ ਬਣੇ ਹੋਏ ਨੇ। ਸਾਰਾ ਸੰਸਾਰ ਮਿੱਟੀ ਵਿੱਚ ਖੇਲ੍ਹਦਾ ਹੈ, ਮਿੱਟੀ ਕਰਕੇ ਹੀ ਦ੍ਰਿਸ਼ਟਮਾਨ ਹੈ, ਮਿੱਟੀ ਦੇ ਵਿੱਚ, ਮਿੱਟੀ ਨੂੰ ਪਿਆਰ ਕਰਦਾ ਹੈ, ਸਾਰੀ ਜ਼ਿੰਦਗੀ ਮਿੱਟੀ ਨੂੰ ਕਮਾਉਂਦਾ ਹੈ, ਮਿੱਟੀ ਨੂੰ ਭੋਗਦਾ ਹੈ ਤੇ ਮਿੱਟੀ ਵਿੱਚ ਹੀ ਵਸਦਾ ਹੈ। ਫੇਰ ਕੀ ਹੁੰਦਾ ਹੈ ਜਦੋਂ ਮਿੱਟੀ ਦੇ ਵਿਚੋਂ ਦਰਗਾਹੀ ਸੱਦਾ ਆ ਜਾਂਦਾ ਹੈ, ਫੇਰ ਮਿੱਟੀ ਨੂੰ ਛੱਡ ਜਾਂਦਾ ਹੈ। ਜਦੋਂ ਮਿੱਟੀ ਨੂੰ ਛੱਡਦਾ ਹੈ ਫੇਰ ਇਹਦਾ ਪਿਆਰ ਸਾਰੀ ਜ਼ਿੰਦਗੀ ਮਿੱਟੀ ਵਿੱਚ ਰਹਿਣ ਕਰਕੇ, ਮਿੱਟੀ ਦੇ ਵਿੱਚ ਹੀ ਇਹਦਾ ਪਿਆਰ ਰਹਿ ਜਾਂਦਾ ਹੈ, ਜਦੋਂ ਫੇਰ ਇਹਦਾ ਚੁਬਾਰਾ ਜਿਹੜਾ ਹੈ ਉਹ ਪੱਕਾ ਚੁਬਾਰਾ ਇਹਨੂੰ ਮਿਲ ਜਾਂਦਾ ਹੈ, ਕਬਰ ਦਾ। ਪਰ ਸਾਂਈ ਦੀ ਜੁਗਤਿ ਵਾਲਾ ਚੁਬਾਰਾ ਫਕੀਰ ਦਾ ਹੋਇਆ ਕਰਦਾ ਹੈ, ਮਿੱਟੀ ਦੇ ਚੁਬਾਰੇ ਨਾਲ ਮੋਹ, ਮਿੱਟੀ ਦੇ ਨਾਲ ਪਿਆਰ ਕਰਨ ਵਾਲਿਆਂ ਦਾ ਹੋਇਆ ਕਰਦਾ ਹੈ। ਕਹਿੰਦੇ ਫੇਰ ਮਿੱਟੀ 'ਚ ਹੀ ਰਹਿਣਾ ਪੈਂਦਾ ਹੈ ਓਸਨੂੰ -

***ਧਾਰਨਾ - ਮੰਡਪ ਮਾੜੀਆਂ ਉਸਾਰ ਸਭ ਤੁਰ ਗਏ,***
***ਕਬਰਾਂ ਵਿੱਚ ਆ ਕੇ ਪੈ ਗਏ।***

ਕਹਿਣ ਲੱਗੇ, ਪੀਰ ਜੀ! ਮਿੱਟੀ 'ਚੋਂ ਪੈਦਾ ਹੋਏ, ਮਿੱਟੀ ਦਾ ਸਰੀਰ ਧਾਰਨ ਕਰਿਆ, ਮਿੱਟੀ ਦੀ ਮੜੌਲੀ ਵਿੱਚ ਰਹੇ ਸਾਰੀ ਜ਼ਿੰਦਗੀ, ਮਿੱਟੀ ਕਮਾਉਂਦੇ ਰਹੇ, ਮਿੱਟੀ ਨਾਲ ਪਿਆਰ ਪਿਆ, ਮਿੱਟੀ ਭੋਗਦੇ ਰਹੇ, ਮਿੱਟੀ 'ਚ ਵਸਦੇ ਰਹੇ, ਮਿੱਟੀ ਨੂੰ ਛੱਡ ਗਏ, ਮਿੱਟੀ ਵਿੱਚ ਜਾ ਕੇ ਫੇਰ ਲੰਮੇ ਪੈ ਗਏ, ਕਿਉਂਕਿ ਉਹਦੇ ਪਿਆਰ ਨੇ ਮਿੱਟੀ ਤੋਂ ਬਾਹਰ ਨਿਕਲਣ ਨਹੀਂ ਦਿੱਤਾ।

***ਪਾਸਿ ਦਮਾਮੇ ਛਤੁ ਸਿਰਿ ਭੇਰੀ ਸਡੋ ਰਡ ॥***
***ਜਾਇ ਸੁਤੇ ਜੀਰਾਣ ਮਹਿ ਥੀਏ ਅਤੀਮਾ ਗਡ ॥***
***ਅੰਗ - ੧੩੮੦***

ਅਤੀਮ ਬਣ ਗਏ, ਹੁਣ ਕੋਈ ਪਾਸਾ ਦੁਆਉਣ ਵਾਲਾ ਨਹੀਂ ਹੈ।

***ਫਰੀਦਾ ਕੋਠੇ ਮੰਡਪ ਮਾੜੀਆ ਉਸਾਰੇਦੇ ਭੀ ਗਏ ॥ ਕੂੜਾ ਸਉਦਾ ਕਰਿ ਗਏ ਗੋਰੀ ਆਇ ਪਏ ॥***
***ਅੰਗ - ੧੩੮੦***

ਕੂੜਾ ਸੌਦਾ ਕਰਕੇ ਕਬਰਾਂ 'ਚ ਆ ਕੇ ਪੈ ਗਏ, ਕਿੱਥੇ ਗਿਆ ਮਾਲ, ਕਿੱਥੇ ਗਈਆਂ ਜ਼ਮੀਨਾਂ, ਕਿੱਥੇ ਗਏ ਘਰ ਜਿਹੜੇ ਛਲ ਕਰਕੇ, ਕਪਟ ਕਰਕੇ, ਧੋਖੇ ਕਰਕੇ ਖੋਹੇ ਸੀ, ਦੂਜਿਆਂ ਦੇ ਦੱਬੇ ਸੀ, ਦਬਾਏ ਸੀ, ਨਾਲ ਤਾਂ ਆਇਆ ਨਹੀਂ ਕੋਈ ਵੀ ਤੇਰੇ। ਝੂਠੇ ਸੌਦੇ ਕਰਕੇ ਚਲੇ ਗਏ, ਘਾਟੇ ਦਾ ਵਣਜ ਕਰ ਗਏ, ਪੈ ਗਏ ਕਿੱਥੇ ਆ ਕੇ? ਕਹਿੰਦੇ ਕਬਰਾਂ 'ਚ ਤੇ ਸੰਸਾਰ ਅੰਦਰ ਪੀਰ ਜੀ ਕੋਈ ਰਹਿੰਦਾ ਨਹੀਂ, ਨਾ ਕੋਈ ਰਿਹਾ ਹੈ, ਨਾ ਕਿਸੇ ਨੇ ਰਹਿਣਾ ਹੈ -

***ਧਾਰਨਾ - ਇਥੇ ਬੈਠ ਨਾ ਕਿਸੇ ਨੇ ਰਹਿਣਾ,***
***ਵਾਰੀ ਆਈ ਤੁਰ ਜਾਵਣਾ।***

ਕਹਿਣ ਲੱਗੇ, ਪੀਰ ਜੀ! ਸੰਸਾਰ ਨਾਲ ਮੋਹ ਪਾ ਲਿਆ, ਪੀਰ ਬਣ ਕੇ, ਫਕੀਰ ਬਣ ਕੇ, ਦਰਵੇਸ ਬਣ ਕੇ, ਸੰਨਿਆਸੀ ਬਣ ਕੇ, ਜੋਗੀ ਬਣ ਕੇ, ਇੱਕ ਸੰਸਾਰ ਛੱਡਿਆ ਦੂਜਾ ਨਵਾਂ ਰਚ ਲਿਆ, ਡੇਰਿਆਂ ਦੇ ਰੂਪ ਦੇ ਅੰਦਰ, ਫਰਕ ਤਾਂ ਕੋਈ ਪਿਆ ਨਹੀਂ, ਉਹ ਗ੍ਰਹਿਸਤ ਦੀ ਪਕੜ ਸੀ, ਇਹ ਸਾਧੂਪੁਣੇ ਦੀ ਪਕੜ ਹੈ, ਪਕੜ ਦੇ ਵਿੱਚ ਤਾਂ ਦੋਵੇਂ ਆ ਗਏ, ਦੇਖੋ ਸੰਸਾਰ 'ਤੇ ਰਹਿਣਾ ਨਹੀਂ ਹੈ। ਕੋਈ ਰਿਹਾ ਨਹੀਂ ਹੈ -

***ਫਰੀਦਾ ਖਿੰਥੜਿ ਮੇਖਾ ਅਗਲੀਆ***
***ਜਿੰਦੁ ਨ ਕਾਈ ਮੇਖ ॥ ਅੰਗ - ੧੩੮੦***

ਸਰੀਰ ਜਿਹੜਾ ਸਾਡਾ ਹੈਗਾ ਇਹ ਖਰਾਬ ਹੋ

ਜਾਏ ਇਹਦਾ ਆਪਰੇਸ਼ਨ ਹੋ ਜਾਂਦਾ ਹੈ। ਗੁਰਦਾ ਖਰਾਬ ਹੈ, ਕਹਿੰਦੇ ਕੱਢ ਦਿੰਦੇ ਹਾਂ ਜੀ, electric wave ਪਾ ਕੇ radiation ਦੀ ਇਹਨੂੰ ਤੋੜ ਦਿੰਦੇ ਹਾਂ ਅੰਦਰ ਦੀ, ਨਿਕਲ ਜਾਏਗਾ, ਜ਼ਖਮ ਹੋ ਗਿਆ, ਟਾਂਕੇ ਲਾ ਦਿੰਦੇ ਨੇ, ਕਹਿੰਦੇ ਜਿੰਦ ਨੂੰ ਤਾਂ ਕੋਈ ਟਾਂਕਾ ਨਹੀਂ ਲਗਦਾ। ਇਹ ਤਾਂ ਜਦ ਵਾਰੀ ਆ ਜਾਣੀ ਹੈ -

*ਵਾਰੀ ਆਪੋ ਆਪਣੀ ਚਲੇ ਮਸਾਇਕ ਸੇਖ ॥*
***ਅੰਗ - ੧੩੮੦***

ਸਭ ਨੂੰ ਜਾਣਾ ਹੀ ਪੈਣਾ ਹੈ, ਫੇਰ ਇਹ ਜਿਹੜਾ ਮੋਹ ਪਾਇਆ ਹੋਇਆ ਹੈ, ਕੋਠੀਆਂ ਦੇ ਨਾਲ, ਚੁਬਾਰਿਆਂ ਦੇ ਨਾਲ, ਜ਼ਮੀਨਾਂ ਦੇ ਨਾਲ, ਜਾਇਦਾਦਾਂ ਦੇ ਨਾਲ, ਪੁੱਤਰਾਂ ਦੇ ਨਾਲ, ਪਰਿਵਾਰ ਨਾਲ, ਇਹ ਫੇਰ ਰੂਹ ਨੂੰ ਉੱਚੀ ਨਹੀਂ ਉੱਠਣ ਦਿੰਦਾ ਇਹਨੂੰ ਥੱਲੇ ਨੂੰ ਖਿੱਚਦਾ ਹੈ, ਥੱਲੇ ਖਿੱਚਣ ਨਾਲ ਕੀ ਹੁੰਦਾ ਹੈ-

*ਅੰਤਿ ਕਾਲਿ ਜੋ ਲਛਮੀ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ ॥*
*ਸਰਪ ਜੋਨਿ ਵਲਿ ਵਲਿ ਅਉਤਰੈ ॥*
***ਅੰਗ - ੫੨੬***

ਕਿਹੋ ਜਿਹੀ ਭੈੜੀ ਜੋਨ ਮਿਲ ਗਈ, ਸੱਪ ਬਣ ਜਾਏਗਾ।

*ਅੰਤਿ ਕਾਲਿ ਜੋ ਲੜਿਕੇ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ ॥*
*ਸੂਕਰ ਜੋਨਿ ਵਲਿ ਵਲਿ ਅਉਤਰੈ ॥*
***ਅੰਗ - ੫੨੬***

ਸੂਰ ਬਣ ਜਾਏਗਾ, ਲੜਕਾ-ਲੜਕਾ ਕਰਦਾ।

*ਅੰਤਿ ਕਾਲਿ ਜੋ ਇਸਤ੍ਰੀ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ ॥*
*ਬੇਸਵਾ ਜੋਨਿ ਵਲਿ ਵਲਿ ਅਉਤਰੈ॥*
***ਅੰਗ - ੫੨੬***

ਕੰਜਰ ਬਣ ਜਾਏਗਾ। ਵੇਸਵਾ ਬਣ ਜਾਏਗੀ।

*ਅੰਤਿ ਕਾਲਿ ਨਾਰਾਇਣੁ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ ॥*
*ਬਦਤਿ ਤਿਲੋਚਨੁ ਤੇ ਨਰ ਮੁਕਤਾ*
*ਪੀਤੰਬਰੁ ਵਾ ਕੇ ਰਿਦੈ ਬਸੈ ॥* ***ਅੰਗ - ੫੨੬***

ਕਹਿੰਦੇ ਪੀਰ ਜੀ! ਜੇ ਜ਼ਿੰਦਗੀ ਦੇ ਨਾਲ ਹੀ ਪਿਆਰ ਪਾਇਆ, ਹੋਰ ਕਿਸੇ ਚੀਜ਼ ਨਾਲ ਪਿਆਰ ਨਹੀਂ ਪਾਇਆ। ਕਹਿੰਦੇ, ਉਹਦੇ ਅੰਤ ਦੇ ਸਮੇਂ ਪ੍ਰਮੇਸ਼ਰ ਯਾਦ ਆਏਗਾ। ਪ੍ਰਮੇਸ਼ਰ ਆਪਣੇ ਵਲ ਨੂੰ ਖਿੱਚੇਗਾ ਤੇ ਸਰੀਰ ਛੱਡਣ ਤੋਂ ਬਾਅਦ ਇਹ ਸਿੱਧਾ ਹੀ ਪ੍ਰਮੇਸ਼ਰ ਦੀ ਦਰਗਾਹ ਵਿੱਚ ਚਲਿਆ ਜਾਏਗਾ। ਹੁਣ ਦੇਖ ਲਓ ਕਿ ਘਾਟਾ ਕਿਹੜੀ ਚੀਜ਼ ਵਿੱਚ ਹੈ, ਵਾਧਾ ਕਿਹੜੀ ਚੀਜ਼ ਵਿੱਚ ਹੈ-

*ਕੋਠੇ ਮੰਡਪ ਮਾੜੀਆ ਏਤੁ ਨ ਲਾਏ ਚਿਤੁ ॥*
*ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ ॥*
***ਅੰਗ - ੧੩੮੦***

ਪੀਰ ਨੂੰ ਹੋਸ਼ ਆ ਗਈ ਚਾਰ ਬਚਨ ਸੁਣ ਕੇ, ਕਹਿਣ ਲੱਗਿਆ ਹੇ ਨਾਨਕ! ਸੱਚ ਨੂੰ ਲਕੋਣਾ ਨਹੀਂ ਚਾਹੀਦਾ। ਮੈਂ ਸੱਚਮੁੱਚ ਮਿੱਟੀ ਨੂੰ ਪਿਆਰ ਕਰਦਾ ਹਾਂ। ਦੇਹ ਕੀ ਹੈ, ਮਿੱਟੀ ਹੀ ਹੈ; ਦੇਹ ਅਧਿਆਸ, ਸਾਰਾ ਦਿਨ ਮਿੱਟੀ ਨੂੰ ਸ਼ਿੰਗਾਰੀ ਜਾਣਾ, ਮਿੱਟੀ ਨੂੰ ਕਹਿਣਾ ਕਿ ਇਹ ਵਧੀਆ ਲੱਗੇ, ਸੋਹਣੀ ਲੱਗੇ, ਮਿੱਟੀ ਤੋਂ ਬਾਹਰ ਤਾਂ ਨਿਕਲੇ ਨਹੀਂ ਅਸੀਂ। ਬਾਲ-ਬੱਚੇ ਕੀ ਨੇ, ਪ੍ਰਾਪਰਟੀਆਂ ਕੀ ਨੇ, ਜਾਇਦਾਦਾਂ ਕੀ ਨੇ, ਮਿੱਟੀ ਹੀ ਹੈ ਸਾਰੀ। ਸੱਚਮੁੱਚ ਮੈਂ ਮਿੱਟੀ ਨੂੰ ਹੀ ਪਿਆਰ ਕਰਦਾ ਸੀ, ਬੜਾ ਮੇਰਾ ਮਾੜਾ ਸੁਭਾਅ ਸੀ ਕਿ ਕੋਈ ਚੁਬਾਰਾ ਮੇਰੇ ਤੋਂ ਉੱਚਾ ਨਾ ਪਾ ਲਵੇ। ਮੇਰੇ ਮਕਾਨ ਤੋਂ ਉੱਚਾ ਨਾ ਕੋਈ ਮਕਾਨ ਪਾ ਲਵੇ। ਹੇ ਨਾਨਕ! ਤੂੰ ਮੇਰੇ ਨੇਤਰ ਖੋਲ੍ਹ ਦਿੱਤੇ, ਕ੍ਰਿਪਾ ਕਰ, ਹੁਣ ਮੈਨੂੰ ਆਤਮ ਸੋਝੀ ਦੱਸ। ਦੋ ਚਾਰ ਤੇਰੇ ਬਚਨਾਂ ਨੇ ਹੀ ਮੈਨੂੰ ਹਲੂਣ ਦਿੱਤਾ ਤੇ ਮੇਰੇ ਅੰਦਰ ਕੋਈ ਰਸ ਪੈਦਾ ਹੋ ਗਿਆ, ਜਿਹੜਾ ਮੈਂ ਅੱਜ ਤੱਕ ਨਹੀਂ ਦੇਖਿਆ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ, ਫਕੀਰ ਜੀ! ਦੇਖੋ, ਅੱਲਾਹ ਤਾਲਾ ਜੋ ਹੈ ਉਹ ਹਰ ਥਾਂ ਦੇ ਉੱਤੇ ਪ੍ਰੀਪੂਰਨ ਹੈ, ਨਾਲ ਰਹਿੰਦਾ ਹੈ, ਜਿਵੇਂ ਹਵਾ ਆਪਣੇ ਨਾਲ ਰਹਿੰਦੀ ਹੈ, ਜੇ ਹਵਾ ਨਾ ਹੋਵੇ, ਆਕਸੀਜਨ ਨਾ ਹੋਵੇ, ਆਪਾਂ ਸਾਹ ਨਹੀਂ ਲੈ ਸਕਦੇ, ਮਰ ਜਾਂਦੇ ਹਾਂ। ਇਸੇ ਤਰ੍ਹਾਂ ਦੇ ਨਾਲ ਪ੍ਰਮੇਸ਼ਰ ਹਰੇਕ ਦੇ ਅੰਦਰ ਬਾਹਰ ਪ੍ਰੀਪੂਰਨ ਨਾਲ ਰਹਿੰਦਾ ਹੈ। ਸਭ ਕੁਛ ਦੇਖਦਾ ਹੈ, ਸਭ ਕੁਛ ਜਾਣਦਾ ਹੈ। ਕਰੋ ਧਿਆਨ ਉਸ ਦੇ ਉੱਤੇ, ਸੁਰਤੀ ਟਿਕਾਓ ਉਸ ਦੇ ਉੱਤੇ, ਯਾਦ ਵਿੱਚ ਲਿਆਓ ਉਸ ਨੂੰ ਤੇ ਕਰੋ ਅੱਲਾਹ ਹੂ, ਅੱਲਾਹ ਹੂ। ਸੋਚ ਕੇ ਕਰੋ, ਸਮਝ ਕੇ ਕਰੋ, ਗੈਰਹਾਜ਼ਰੀ 'ਚ ਨਾ ਕਰੋ, ਮਾਲਾ ਫੇਰ ਲਈ, ਪਾਠ ਕਰ ਲਏ, ਗੱਲ ਤੱਕ ਪਹੁੰਚਿਆ ਨਹੀਂ, ਗੱਲ ਤਕ ਪਹੁੰਚ ਪਿਆਰਿਆ। ਸੋ ਇਸ ਤਰ੍ਹਾਂ ਪੀਰ ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ 'ਤੇ ਸਿਜਦਾ ਕਰਦਾ ਹੈ। ਚਰਨ ਚੁੰਮਦਾ ਹੈ, ਚਰਨਬੋਸੀ ਕਰਦਾ ਹੈ। ਬੇਨਤੀ ਕਰਦਾ ਹੈ ਕਿ ਹੇ ਨਾਨਕ! ਮੇਰੇ ਕੋਲ ਕੁਛ ਦਿਨ ਠਹਿਰ। ਸੱਚਮੁੱਚ ਤੂੰ ਮੈਨੂੰ ਫਕੀਰ ਦਾ ਚੁਬਾਰਾ ਦਿਖਾ ਦਿੱਤਾ। ਫਕੀਰ ਜੋ ਹੈ ਉਹ ਆਤਮ ਜੋਤੀ ਵਿੱਚ ਰਹਿੰਦਾ ਹੈ ਤੇ ਮੈਂ ਤਾਂ ਸਰੀਰ ਵਿੱਚ ਰਹਿੰਦਾ ਸੀ। ਕਿੰਨੀਆਂ ਮੰਜ਼ਲਾਂ ਥੱਲੇ ਸੀ ਪਹਿਲਾਂ ਤਾਂ ਸਰੀਰ ਦਾ ਚੁਬਾਰਾ ਹੁੰਦਾ ਹੈ, ਮਕਾਨ ਹੁੰਦਾ ਹੈ ਇਹਦੇ ਉਤੇ ਪ੍ਰਾਣਾਂ ਦਾ ਹੁੰਦਾ ਹੈ, ਇਹਦੇ ਉਤੇ ਮਨ ਦਾ ਹੁੰਦਾ ਹੈ, ਇਹਦੇ ਉੱਤੇ ਬੁੱਧੀ ਦਾ ਹੁੰਦਾ ਹੈ। ਉਹਦੇ ਉੱਤੇ ਪੰਜਵਾਂ ਜਿਹੜਾ ਪੰਜਵੀਂ ਮੰਜ਼ਲ ਹੈ, ਉਹ ਅਗਿਆਨ ਦੀ ਹੁੰਦੀ ਹੈ ਤੇ ਛੇਵੀਂ ਮੰਜ਼ਲ ਜਿਹੜੀ ਹੈ ਉਥੇ ਫਕੀਰਾਂ ਦਾ, ਸਾਧੂ ਸੰਤਾਂ ਦਾ ਟਿਕਾਣਾ ਹੋਇਆ ਕਰਦਾ ਹੈ, ਉਹ ਆਤਮ ਮੰਡਲ ਵਿੱਚ ਰਹਿੰਦੇ

ਨੇ, ਉਨਮਨੀ ਅਵਸਥਾ 'ਚ ਰਹਿੰਦੇ ਨੇ ਜਿਹਨੂੰ ਤੁਰੀਆ ਪਦ ਕਹਿੰਦੇ ਨੇ, ਚੌਥਾ ਪਦ ਕਹਿੰਦੇ ਨੇ, ਪਰਮ ਅਵਸਥਾ ਜਿਸਨੂੰ ਕਹਿੰਦੇ ਨੇ, ਪਰਮ ਧਾਮ ਜਿਸਨੂੰ ਕਹਿੰਦੇ ਨੇ, ਉਥੇ ਸੰਤਾਂ ਦਾ ਵਾਸਾ ਹੋਇਆ ਕਰਦਾ ਹੈ, ਉਥੇ ਸਤਿ ਚਿਤ ਅਨੰਦ ਦੇ ਦੇਸ ਵਿੱਚ, ਸਾਧੂ ਟਿਕਾਣਾ ਮੱਲਦੇ ਨੇ-

*ਕਬੀਰ ਗੰਗ ਜਮੁਨ ਕੇ ਅੰਤਰੇ ਸਹਜ ਸੁੰਨ ਕੇ ਘਾਟ॥*
*ਤਹਾ ਕਬੀਰੈ ਮਟੁ ਕੀਆ ਖੋਜਤ ਮੁਨਿ ਜਨ ਬਾਟ॥*

***ਅੰਗ - ੧੩੭੨***

ਕਹਿੰਦੇ ਜਿੱਥੇ ਅਸੀਂ ਰਹਿੰਦੇ ਹਾਂ ਉਥੇ ਸੁੰਨ ਮੰਡਲ ਹੈ, ਅਫੁਰ ਅਵਸਥਾ ਹੈ ਉਥੇ, ਸਹਿਜ ਦੀ ਅਵਸਥਾ ਹੈ। ਸਹਿਜ ਦਾ ਅਨੰਦ ਹੈ ਜਿਹੜਾ ਦੱਸਿਆ ਨਹੀਂ ਜਾ ਸਕਦਾ।

*ਕਬੀਰ ਚਰਨ ਕਮਲ ਕੀ ਮਉਜ ਕੋ*
*ਕਹਿ ਕੈਸੇ ਉਨਮਾਨ ॥*
*ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥*

***ਅੰਗ - ੧੩੭੦***

ਸਾਧੂਆਂ ਦਾ ਟਿਕਾਣਾ ਉਥੇ ਹੋਇਆ ਕਰਦਾ ਹੈ, ਸਾਧੂਆਂ ਦਾ ਟਿਕਾਣਾ ਮਿੱਟੀ 'ਚ ਨਹੀਂ ਹੋਇਆ ਕਰਦਾ। ਪ੍ਰਤੀਤ ਦਿੰਦੇ ਨੇ ਮਿੱਟੀ ਵਿੱਚ, ਪਿਆਰ ਕਰਦੇ ਵੀ ਦਿਸਦੇ ਨੇ, ਵਾਹ ਪਾਉਂਦੇ ਵੀ ਦਿੱਸਦੇ ਨੇ ਲੇਕਿਨ ਨਿਰਲੇਪ ਹੋਇਆ ਕਰਦੇ ਨੇ, ਕੋਈ ਲੇਪ ਨਹੀਂ ਹੋਇਆ ਕਰਦਾ ਕਿਸੇ ਚੀਜ਼ ਦਾ -

*ਪ੍ਰਭ ਕੀ ਆਗਿਆ ਆਤਮ ਹਿਤਾਵੈ ॥*
*ਜੀਵਨ ਮੁਕਤਿ ਸੋਊ ਕਹਾਵੈ ॥*
*ਤੈਸਾ ਹਰਖੁ ਤੈਸਾ ਉਸੁ ਸੋਗੁ ॥*
*ਸਦਾ ਅਨੰਦੁ ਤਹ ਨਹੀ ਬਿਓਗੁ ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥*

***ਅੰਗ - ੨੭੫***

ਉਹ ਪੀਲੀ ਮਿੱਟੀ ਹੈ, ਉਹ ਹੋਰ ਤਰ੍ਹਾਂ ਦੀ ਮਿੱਟੀ ਹੈ।

*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥*
*ਤੈਸਾ ਮਾਨੁ ਤੈਸਾ ਅਭਿਮਾਨੁ ॥*
*ਤੈਸਾ ਰੰਕੁ ਤੈਸਾ ਰਾਜਾਨੁ ॥*
*ਜੋ ਵਰਤਾਏ ਸਾਈ ਜੁਗਤਿ ॥*
*ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥*

***ਅੰਗ - ੨੭੫***

ਸੋ ਸੋਝੀ ਦੇ ਕੇ ਕੁਝ ਦਿਨ ਮਹਾਰਾਜ ਜੀ ਓਸ ਥਾਂ ਰਹੇ ਤੇ ਦੇਖ ਲਿਆ ਕਿ ਹੁਣ ਜਿਹੜਾ ਪੀਰ ਸੀ ਇਹਦੇ ਵਿਚੋਂ ਦੁਰਗੰਧਤਾ ਨਿਕਲ ਗਈ। ਹੁਣ ਖੁਸ਼ਬੋ ਹੀ ਦੇ ਰਿਹਾ ਹੈ। ਸਭ ਹੈਰਾਨ ਹੋ ਗਏ ਕਿ ਕੋਈ ਆਇਆ ਹੈ, ਨੱਥ ਪਾਉਣ ਵਾਲਾ। ਅੜੀਅਲ ਤੇ ਅਮੋੜ ਝੋਟਿਆਂ ਦੇ ਨੱਥ ਪਾਉਣ ਵਾਲਾ ਆ ਗਿਆ ਤੇ ਉਹਨੇ ਤਾਂ ਇਹ ਸਾਧੂ ਬਣਾ ਦਿੱਤਾ। ਜਿਹੜਾ ਨੇੜੇ ਨਹੀਂ ਸੀ ਲੱਗਣ ਦਿੰਦਾ ਤੇ ਗੱਲ ਕਰਦਾ ਐਉਂ ਲਗਦਾ ਸੀ ਕਿ ਨੱਕ ਵਿਚੋਂ ਨੂੰਹੇਂ ਗਿਰਦੇ ਨੇ, ਕ੍ਰੋਧ ਨਾਲ ਅੱਖਾਂ ਲਾਲ ਕਰ ਰਖਦਾ ਸੀ, ਮੱਥਾ ਘੁਟਿਆ ਹੁੰਦਾ, ਕੌੜਾ ਬੋਲਦਾ ਹੁੰਦਾ ਕਿ ਹੁਣ ਤਾਂ ਉਹ ਸਾਧੂ ਬਣ ਗਿਆ, ਹੁੰਮ-ਹੁੰਮਾ ਕੇ ਗੁਰੂ ਨਾਨਕ ਪਾਤਸ਼ਾਹ ਦੇ ਪਾਸ, ਜਿਥੇ ਤਕ ਖਬਰ ਪਹੁੰਚਦੀ ਹੈ ਤੁਰੇ ਹੀ ਆਉਂਦੇ ਨੇ। ਦੇਖ ਲਿਆ ਗੁਰੂ ਨਾਨਕ ਪਾਤਸ਼ਾਹ ਨੇ ਕਿ ਹੁਣ ਇਹਦੇ ਵਿਚੋਂ ਦੁਰਗੰਧ ਮਿਟ ਗਈ ਤੇ ਸੁਗੰਧੀ ਪੈ ਗਈ। ਕਹਿੰਦੇ ਲੈ ਬਈ ਫਕੀਰ ਜੀ! ਹੁਣ ਇੱਥੇ ਐਸੇ ਆਸਣ 'ਤੇ ਬੈਠ ਕੇ ਹੁਣ ਤੂੰ ਸੁਗੰਧੀ ਦੇਹ। ਮਿੱਟੀ ਨਾਲ ਪਿਆਰ ਛੱਡ ਦੇ, ਦੇਹ ਅਧਿਆਸ ਛੱਡ ਦੇ, ਆਤਮ ਅਧਿਆਸ ਵਿੱਚ ਆ ਜਾ। ਸੋ ਉਥੇ ਮਹਾਰਾਜ ਕਹਿਣ ਲੱਗੇ, ਮਰਦਾਨਿਆਂ! ਚੱਲ ਹੋਰ ਚੱਲੀਏ, ਅੱਗੇ। ਚਲਦੇ-ਚਲਦੇ ਆਪ ਹਰਿਦੁਆਰ ਗੰਗਾ ਦੇ ਕਿਨਾਰੇ ਪਹੁੰਚ ਜਾਂਦੇ ਨੇ। ਇੱਕ ਥਾਂ ਦੇ ਉੱਤੇ ਆਸਣ ਲਾ ਲੈਂਦੇ ਨੇ। ਰੋਜ਼ ਨਵੇਂ-ਨਵੇਂ ਯਾਤਰੂ ਆਉਂਦੇ ਨੇ, ਇਸ਼ਨਾਨ ਕਰਦੇ ਨੇ, ਮਲ-ਮਲ ਕੇ ਇਸ਼ਨਾਨ ਕਰਦੇ ਨੇ। ਉਸ ਤੋਂ ਬਾਅਦ ਕੁੰਭ ਦਾ ਸਮਾਂ ਆ ਗਿਆ। ਇੱਕ ਤੋਂ ਦੂਜਾ ਪਹਿਲਾਂ ਵੜਦਾ ਹੈ ਕਿ ਮੈਂ ਛੇਤੀ ਇਸ਼ਨਾਨ ਕਰ ਲਵਾਂ। ਧਕਮ-ਧੱਕੀ ਹੋ ਰਹੇ ਨੇ ਤੇ ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੇ ਕੀ ਦੇਖਿਆ ਕਿ ਇਸ਼ਨਾਨ ਕਰਦੇ ਨੇ ਤੇ ਸੂਰਜ ਵਲ ਮੂੰਹ ਕਰਕੇ, ਉੱਤੇ ਨੂੰ ਊਂਜਲ ਭਰ ਕੇ ਪਾਣੀ ਮਾਰਦੇ ਨੇ। ਮਾਰੀ ਜਾਂਦੇ ਨੇ ਪਾਣੀ ਤੇ ਗੁਰੂ ਨਾਨਕ ਪਾਤਸ਼ਾਹ ਨੇ ਵੀ ਵਸਤਰ ਉਤਾਰੇ, ਜਿੱਥੇ ਬਹੁਤੀ ਭੀੜ ਸੀ ਉਥੇ ਚਲੇ ਗਏ। ਜਿੱਥੇ ਸਾਧੂ ਮਹਾਤਮਾ, ਪੰਡਤ ਵਗੈਰਾ ਜਿੱਥੇ ਇਸ਼ਨਾਨ ਕਰ ਰਹੇ ਸੀ, ਓਸ ਪੌੜੀ ਦੇ ਉੱਤੇ ਗੁਰੂ ਨਾਨਕ ਚਲੇ ਗਏ, ਜਾ ਕੇ ਸੂਰਜ ਵਲ ਪਿੱਠ ਕਰ ਲਈ। ਦੇਖਿਆ ਕਿ ਇਹ ਸੂਰਜ ਵਲ ਪਿੱਠ ਕਰਦਾ ਹੈ, ਸਭ ਦਾ ਮੂੰਹ ਕਰਿਆ ਹੋਇਆ ਹੈ ਤੇ ਮਹਾਰਾਜ ਜੀ ਨੇ ਜਿਸ ਤਰ੍ਹਾਂ ਉਹ ਪਾਣੀ ਦਿੰਦੇ ਸੀ, ਇਸ ਤਰ੍ਹਾਂ ਪੱਛਮ ਵਲ ਪਾਣੀ ਦੇਣਾ ਸ਼ੁਰੂ ਕਰ ਦਿੱਤਾ। ਜ਼ੋਰ-ਜ਼ੋਰ ਦੀ ਮਾਰਦੇ ਨੇ, ਉਹ ਇੱਕ ਵਾਰੀ ਮਾਰਦੇ ਨੇ, ਮਹਾਰਾਜ ਪੰਜ-ਛੇ ਵਾਰੀ ਜਲ ਨੂੰ ਸਿੱਟ ਦਿੰਦੇ ਨੇ। ਉਹ ਥੋੜ੍ਹਾ ਜਿਹਾ ਉੱਚਾ ਮਾਰਦੇ ਨੇ, ਮਹਾਰਾਜ ਪੂਰੇ ਜ਼ੋਰ ਦੇ ਨਾਲ ਮਾਰਦੇ ਨੇ। ਕਿੰਨਿਆਂ ਹੀ ਬੰਦਿਆਂ 'ਤੇ ਜਿਹੜੇ ਦੂਜੇ ਪਾਸੇ ਨਹਾ ਰਹੇ ਸੀ, ਉਨ੍ਹਾਂ ਦੇ ਉੱਤੇ ਪਾਣੀ ਗਿਰਦਾ ਹੈ, ਕਹਿੰਦੇ ਆਹ ਦੇਖੋ ਕੋਈ ਬਉਲਾ ਆ ਗਿਆ, ਇਹਨੂੰ ਪਤਾ ਹੀ ਨਹੀ ਕਿ ਪਾਣੀ ਮਾਰਨਾ ਹੈ, ਕਹਿੰਦੇ ਤੂੰ ਐਉਂ ਕਰ, ਆਹ ਕੀ ਤੂੰ ਕਰਨ ਲਗ ਗਿਆ ਉਲਟਾ ਕੰਮ? ਓਧਰ ਦੇ ਪਾਣੀ, ਜਿਧਰ ਸਾਰੇ ਦਿੰਦੇ ਨੇ। ਮਹਾਰਾਜ ਜੀ ਨੇ ਥੋੜ੍ਹੀ ਦੇਰ ਗੱਲ ਸੁਣੀ ਕਹਿੰਦੇ, ਕੀ ਕਹਿੰਦੇ ਓਂ? ਕਹਿੰਦੇ, ਪਾਣੀ ਓਧਰ ਮੂੰਹ ਕਰਕੇ ਦੇਹ। ਮਹਾਰਾਜ ਫੇਰ ਲੱਗ ਗਏ ਪੱਛਮ ਨੂੰ ਪਾਣੀ ਦੇਣ, ਐਨੇ ਨੂੰ ਜਿਹੜੇ ਨਹਾ ਰਹੇ ਸੀ, ਸੰਨਿਆਸੀ ਲੋਕ ਬ੍ਰਾਹਮਣ ਲੋਕ, ਵਿਦਵਾਨ

ਲੋਕ, ਅਮੀਰ ਬੰਦੇ; ਇਨ੍ਹਾਂ ਦਾ ਧਿਆਨ ਹੋਇਆ ਕਿ ਇਹ ਬੰਦਾ ਕੌਣ ਹੋਇਆ, ਇਹਨੂੰ ਪੁੱਛਣਾ ਚਾਹੀਦਾ ਹੈ। ਬਈ ਮਰਿਆਦਾ ਤੋਂ ਉਲਟ ਗੱਲ ਕਰ ਰਿਹਾ ਹੈ। ਇਹਨੂੰ ਬਾਂਹ ਤੋਂ ਫੜ ਕੇ ਬਾਹਰ ਕੱਢ ਦੇਣਾ ਚਾਹੀਦਾ ਹੈ। ਕਹਿਣ ਲੱਗੇ, ਤੂੰ ਕੌਣ ਹੈ? ਕੀ ਜਾਤ ਹੈ ਤੇਰੀ। ਮਹਾਰਾਜ ਕਹਿੰਦੇ, ਜਾਤ ਮਨੁੱਖ ਦੀ ਤਾਂ ਜਾਤ ਹੀ ਕੋਈ ਨਹੀਂ ਹੁੰਦੀ। ਪੰਜ ਤੱਤ ਜਾਤ ਹੁੰਦੀ ਹੈ। ਕਹਿੰਦੇ ਤੂੰ ਮੁਸਲਮਾਨ ਨਹੀਂ ਹੈ। ਮੁਸਲਮਾਨ ਤਾਂ ਐਸ ਵੇਲੇ ਆਉਂਦਾ ਨਹੀਂ, ਇਸਲਾਮ ਵਾਲੇ ਤਾਂ ਆਉਂਦੇ ਨਹੀਂ, ਪਰ ਲਗਦਾ ਹੈ ਤੇਰੇ action ਤੋਂ ਕਿ ਤੂੰ ਜ਼ਰੂਰ ਮੁਸਲਮਾਨ ਹੈਂ, ਕਿਉਂਕਿ ਮੱਕਾ, ਕਾਹਬਾ ਹੈ ਇਧਰ। ਤੂੰ ਕਾਹਬੇ ਨੂੰ ਪਾਣੀ ਦਿੰਦਾ ਹੈ? ਮਹਾਰਾਜ ਸੁਣਦੇ ਹੀ ਨਹੀਂ, ਫੇਰ ਸੁੱਟੀ ਜਾਂਦੇ ਨੇ। ਕਹਿੰਦੇ, ਗੱਲ ਕਰ, ਮੋਢੇ ਤੋਂ ਫੜ ਲਿਆ ਕਈਆਂ ਨੇ। ਗੁਰੂ ਨਾਨਕ ਪਾਤਸ਼ਾਹ ਨੇ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਕਿਉਂ ਇਸ ਪਾਸੇ ਨੂੰ ਪਾਣੀ ਦੇ ਰਹੇ ਓਂ? ਜਿਹੜੇ ਚੰਗੇ ਵਿਦਵਾਨ ਸੀ ਕਹਿਣ ਲੱਗੇ, ਤੈਨੂੰ ਅਜੇ ਪਤਾ ਹੀ ਨਹੀਂ ਕਿ ਗੰਗਾ 'ਚ ਨਾਹੁੰਣ ਦਾ, ਕੁੰਭ ਵੇਲੇ ਕਿੰਨਾ ਮਹਾਤਮ ਹੁੰਦਾ ਹੈ ਤੇ ਕੀ ਮਰਿਆਦਾ ਹੁੰਦੀ ਹੈ। ਅਸੀਂ ਇਸ ਵੇਲੇ ਪਾਣੀ ਪਿੱਤਰਾਂ ਨੂੰ ਪਹੁੰਚਾ ਰਹੇ ਹਾਂ, ਸੂਰਜ ਨੂੰ ਦੇ ਰਹੇ ਹਾਂ। ਮਹਾਰਾਜ ਕਹਿੰਦੇ, ਸੂਰਜ ਕਿੰਨੀ ਦੂਰ ਹੈ, ਅੱਜ ਦੇ ਹਿਸਾਬ ਨਾਲ ਨੌਂ ਕਰੋੜ ਮੀਲ ਦੂਰ ਹੈ। ਕਹਿੰਦੇ, ਪਿੱਤਰ? ਉਹ ਕਹਿੰਦੇ, ਪਿੱਤਰ ਤਾਂ ਬਹੁਤ ਦੂਰ ਨੇ।

*ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥*

*ਅੰਗ - ੨੬੪*

ਉਹ ਤਾਂ ਕੋਹ ਦਸਣੇ ਹੀ ਔਖੇ ਨੇ। ਮਹਾਰਾਜ ਜੀ ਫੇਰ ਛੇਤੀ-ਛੇਤੀ ਪਾਣੀ ਦੇਣ ਲਗ ਗਏ ਤੇ ਕਹਿੰਦੇ ਫੇਰ ਤਾਂ ਤੁਸੀਂ ਬਹੁਤ ਵਧੀਆਂ ਗੱਲ ਦੱਸ ਦਿੱਤੀ। ਫੇਰ ਮਹਾਰਾਜ ਜੀ ਨੂੰ ਮੋਢੇ ਤੋਂ ਫੜ ਲਿਆ। ਕਹਿੰਦੇ, ਤੂੰ ਗੱਲ ਸੁਣ, ਕੌਣ ਹੈਂ ਤੂੰ? ਜਾਂ ਤਾਂ ਤੂੰ ਆਪਣੀ ਜਾਤ ਦੱਸ। ਮਹਾਰਾਜ ਕਹਿੰਦੇ, ਮੈਂ ਤੁਹਾਡੀ ਗੱਲ ਸੱਚ ਮੰਨ ਲਈ ਕਿ ਤੁਸੀਂ ਦਿੰਦੇ ਓਂ ਪਿੱਤਰਾਂ ਨੂੰ ਪਾਣੀ, ਸੂਰਜ ਨੂੰ ਪਾਣੀ; ਸੂਰਜ ਹੈ ਕਰੋੜਾਂ ਮੀਲ ਦੂਰ। ਮੇਰੇ ਖੇਤ ਇੱਥੋਂ 300 ਕੁ ਮੀਲ ਦੂਰ ਨੇ ਤੇ ਸੁਕੇ ਨੇ ਤੇ ਮੈਂ ਵੀ ਕਿਹਾ ਕਿ ਮੈਂ ਵੀ ਪਾਣੀ ਪਹੁੰਚਾ ਦਿਆਂ। ਪਾਣੀ ਦੇਈ ਜਾਂਦੇ ਨੇ। ਅਖੀਰ ਸਿਆਣੇ ਕਹਿੰਦੇ ਨੇ ਕਿ ਗੱਲ ਤਾਂ ਪਤੇ ਦੀ ਕਹਿੰਦਾ ਹੈ। ਮਹਾਰਾਜ ਕਹਿੰਦੇ ਜੇ ਤੁਹਾਡਾ ਕਰੋੜਾਂ ਮੀਲਾਂ ਤੇ ਪਾਣੀ ਜਾ ਸਕਦਾ ਹੈ, ਪਿੱਤਰਾਂ ਨੂੰ ਤੁਸੀਂ ਸਾਲ ਭਰ ਦਾ ਪਾਣੀ ਤੁਸੀਂ ਦੇ ਸਕਦੇ ਓਂ, ਚਾਰ ਉਂਗਲ ਸੁੱਟ ਕੇ, ਫੇਰ ਮੇਰੇ ਖੇਤ ਕਿਉਂ ਨਹੀਂ ਭਰਨਗੇ? ਮੈਨੂੰ ਹੁਣ ਆਪਣੇ ਖੇਤ ਭਰ ਲੈਣ ਦਿਓ, ਮੈਂ ਕਿਸੇ ਪਿੱਤਰ ਨੂੰ ਪਾਣੀ ਨਹੀਂ ਦੇਣਾ। ਦੂਜਾ ਕਹਿਣ ਲੱਗਿਆ ਕਿ ਗੱਲ ਬਹੁਤ ਸੋਹਣੀ ਕਰੀ ਹੈ ਇਸਨੇ। ਆਪਾਂ ਤਾਂ ਐਵੇਂ ਹੀ ਖਪਦੇ ਹਾਂ, ਕਿਤੇ ਜਾਂਦਾ ਹੈ ਪਾਣੀ ਇੱਥੇ ਵਿਚ ਹੀ ਗਿਰ ਪੈਂਦਾ ਹੈ। ਨਾਲ ਦੇ ਨੇ ਕਿਹਾ ਕਿ ਇਹ ਕੋਈ ਦਰਵੇਸ ਹੈ ਰਮਜ਼ ਮਾਰ ਰਿਹਾ ਹੈ, ਸਮਝੋ ਇਹਦੀ ਰਮਜ਼। ਇਕੱਠ ਹੋਣਾ ਸ਼ੁਰੂ ਹੋ ਗਿਆ। ਓਸ ਵੇਲੇ ਪਾਣੀ ਦੇਣ ਤੋਂ ਹਟ ਗਏ ਸਾਰੇ, ਜਿਉਂ-ਜਿਉਂ ਗੱਲ ਚਲਦੀ ਹੈ, ਅੱਗੇ-ਅੱਗੇ ਦੱਸੀ ਜਾਂਦੇ ਨੇ ਕਿ ਓਹ ਦੇਖੋ ਕਿ ਦਰਵੇਸ਼ ਨੇ ਮਾਰੀ ਹੈ ਇੱਥੇ ਆ ਕੇ ਚੋਭ ਕਿ ਸੂਰਜ ਨੂੰ ਪਾਣੀ ਕਿਵੇਂ ਪਿਲਾ ਦਿਓਂਗੇ। ਇਹ ਤਾਂ ਸਾਨੂੰ ਇਨ੍ਹਾਂ ਪਾਂਡਿਆਂ ਨੇ ਭੰਬਲ-ਭੂਸਿਆਂ 'ਚ ਪਾ ਦਿੱਤਾ ਕਿ ਜਾਂਦਾ ਹੈ ਪਾਣੀ ਕਿਤੇ, ਐਵੇਂ ਵਾਧੂ ਹੈ, ਕਦੇ ਸੋਚੀ ਹੈ ਦਿਮਾਗ ਨਾਲ ਗੱਲ ਆਪਾਂ ਇਹ ਕਿ ਪਾਣੀ ਕਿੱਥੇ ਜਾਂਦਾ ਹੈ। ਬਾਹਰ ਨਿਕਲ ਆਏ ਤੇ ਗੁਰੂ ਨਾਨਕ ਵਲ ਦੇਖਦੇ ਨੇ ਤੇ ਜਦ ਦੇਖਿਆ ਮਹਾਰਾਜ ਨੇ ਬਹੁਤ ਸਾਰਾ ਇਕੱਠ ਹੋ ਗਿਆ। ਓਸ ਵੇਲੇ ਗੁਰੂ ਨਾਨਕ ਪਾਤਸ਼ਾਹ ਪਾਣੀ 'ਚੋਂ ਨਿਕਲ ਆਉਂਦੇ ਨੇ। ਕਹਿੰਦੇ, ਬਹਿ ਜਾਓ, ਬਹਿ ਜਾਓ। ਬਚਨ ਕਰੋ। ਜੋਗੀ ਵੀ ਆ ਗਏ, ਸੰਨਿਆਸੀ ਵੀ ਆ ਗਏ, ਪੰਡਤ ਵੀ ਆ ਗਏ, ਇਕ ਝਟਕਾ ਮਾਰਿਆ ਬਚਨ ਕਹਿ ਕੇ। ਇਕੱਠ ਹੋ ਗਿਆ, ਕਹਿਣ ਲੱਗੇ ਕਿ ਤੂੰ ਲਗਦਾ ਹੈਂ ਕਿ ਕੋਈ ਫਕੀਰ ਹੈਂ ਤੇ ਤੂੰ ਰਮਜ਼ ਮਾਰੀ ਹੈ, ਗੱਲ ਤੇਰੀ ਅਸੀਂ ਮੰਨ ਲਈ ਬਿਲਕੁਲ ਠੀਕ। ਬਚਨ ਹੋ ਹੀ ਰਹੇ ਨੇ, ਐਨੇ ਨੂੰ ਬਹੁਤ ਸਾਰੇ ਬੰਦੇ ਮਾਲਾ ਫੇਰ ਰਹੇ ਨੇ ਕਾਹਲੀ-ਕਾਹਲੀ। ਮਣਕੇ ਤੇ ਮਣਕਾ ਠੱਕ-ਠੱਕ ਕਰਦਾ ਹੈ। ਰੁਦਰਾਖਸ਼ ਦੀਆਂ ਮਾਲਾ ਦਾ ਖੜਕਾ ਹੁੰਦਾ ਹੈ। ਮਹਾਰਾਜ ਕਹਿੰਦੇ ਦੇਖ ਕੇ ਉਨ੍ਹਾਂ ਵਲ ਦੇਖ ਕੇ ਹੱਥ ਕਰਕੇ ਕਹਿੰਦੇ ਆਹ ਸਾਰੇ ਨਰਕਾਂ ਨੂੰ ਜਾਣਗੇ। ਆਹ ਨਰਕਾਂ ਨੂੰ ਜਾਣ ਦੀ ਤਿਆਰੀ ਕਰ ਰਹੇ ਨੇ। ਉਹ ਕਹਿੰਦੇ, ਅੱਗੇ ਇਹਨੇ ਗੱਲ ਕਹੀ ਹੈ ਉਹ ਪੱਕੀ ਕਹੀ ਹੈ ਤੇ ਆਹ ਵੀ ਗੱਲ ਪੱਕੀ ਹੈ। ਪੁੱਛਣੀ ਚਾਹੀਦੀ ਹੈ, ਜਿਹੜੇ ਸਿਆਣੇ ਪੰਡਤ ਸੀ ਵਿਦਵਾਨ, ਕਹਿਣ ਲੱਗੇ ਦਰਵੇਸ ਸਾਂਈ! ਤੇਰੀ ਪਹਿਲੀ ਗੱਲ ਸੀ ਜਿਹੜੀ ਉਹ ਅੱਜ ਤੱਕ ਕਿਸੇ ਨੇ ਨਹੀਂ ਕਹੀ। ਅਸੀਂ ਜੁਗਾਂ-ਜੁਗਾਤਰਾਂ ਤੋਂ ਲਕੀਰ ਦੇ ਫਕੀਰ ਬਣੇ ਪਾਣੀ ਦੇ ਰਹੇ ਸੀ। ਅੱਜ ਸਾਨੂੰ ਪਤਾ ਲੱਗਿਆ ਹੈ ਜਿਹੜਾ ਪਾਣੀ ਕਰੋੜਾਂ ਮੀਲਾਂ 'ਤੇ ਦਿੰਦੇ ਹਾਂ, ਇਹਦੇ ਖੇਤਾਂ 'ਚ ਜ਼ਰੂਰ ਜਾਣਾ ਚਾਹੀਦਾ ਹੈ। ਅਸੀਂ ਕਹਿੰਦੇ ਹਾਂ ਕਿ ਇਹ ਖੇਤਾਂ 'ਚ ਤਾਂ ਜਾਂਦਾ ਨਹੀਂ। ਇਹ ਤਾਂ ਗੰਗਾ 'ਚ ਹੀ ਪੈਂਦਾ ਹੈ। ਅਸੀਂ ਆਪਣੀ ਜ਼ੁਬਾਨ ਨਾਲ ਕਿਹਾ ਹੈ ਕਿ ਇੱਥੇ ਹੀ ਪੈਂਦਾ ਹੈ। ਅੱਗੇ ਰੁੜ੍ਹਦਾ ਨਜ਼ਰ ਨਹੀਂ ਆਉਂਦਾ। ਇਹ ਠੀਕ ਹੈ ਤੂੰ ਸਾਡਾ ਭਰਮ ਦੂਰ ਕਰ ਦਿੱਤਾ। ਹੁਣ ਇਹ ਭਰਮ ਦੂਰ ਕਰ ਕਿ ਇਹ ਨਰਕਾਂ ਨੂੰ ਕਿਵੇਂ ਜਾਣਗੇ, ਇਹ ਹਿੰਦੂ ਸਾਰੇ? ਮਹਾਰਾਜ ਕਹਿੰਦੇ, ਉਰ੍ਹੇ ਆ। ਬਹੁਤ ਵਧੀਆ ਬੰਦਾ ਤਿਲਕ ਵਗੈਰਾ ਲਾਏ ਹੋਏ ਮਾਲਾ ਫੇਰ ਰਿਹਾ ਹੈ। ਮਹਾਰਾਜ ਕਹਿੰਦੇ ਕਿ ਤੂੰ ਦਿੱਲੀ ਕੀ ਕਰਦਾ ਹੈਂ, ਦਿੱਲੀ ਤੂੰ ਘੁੰਮ ਰਿਹਾ ਹੈਂ ਬਜ਼ਾਰ ਦੇ ਅੰਦਰ ਤੇ ਮਾਲਾ ਫੇਰਦਾ ਹੈਂ ਹਰਿਦੁਆਰ ਦੇ ਕੰਢੇ ਬੈਠਾ। ਦੂਜੇ ਨੂੰ ਕਹਿੰਦੇ ਕਿ ਤੂੰ ਮੁਲਤਾਨ ਵਿੱਚ ਕੀ ਕਰਦਾ ਹੈਂ?

ਤੀਸਰੇ ਨੂੰ ਹੋਰ, ਚੌਥੇ ਨੂੰ ਹੋਰ। ਜਦ ਦਸ ਪੰਦਰਾਂ ਦੀਆਂ ਗੱਲਾਂ ਦੱਸੀਆਂ ਤਾਂ ਕਹਿੰਦੇ ਤੂੰ ਐਹੋ ਜਿਹਾ ਮਾੜਾ ਕੰਮ ਚਿਤਵ ਰਿਹਾ ਹੈਂ ਆਇਆ ਤੂੰ ਤੀਰਥ 'ਤੇ, ਤੇ ਪਾਪ ਚਿਤਵ ਰਿਹਾ ਹੈਂ। ਇਥੇ ਬੈਠਾ ਚਿਤਵ ਰਿਹਾ ਹੈਂ ਕਿ ਮੈਂ ਜਾ ਕੇ ਫਲਾਣੇ ਦਾ ਆਹ ਨੁਕਸਾਨ ਕਰਨਾ ਹੈਂ, ਤੂੰ ਨਾਹੁੰਦਾ ਫਿਰਦਾ ਹੈਂ ਤੀਰਥਾਂ 'ਤੇ, ਤੇ ਮੰਦਾ ਚਿਤਵਦਾ ਹੈਂ ਇੱਥੇ ਬੈਠਾ। ਜਦ ਦਸ ਕੁ ਬੰਦਿਆਂ ਦਾ ਦੱਸਿਆ, ਸਭ ਨੇ ਨੇਤਰ ਖੋਲ੍ਹ ਲਏ ਕਿ ਸਾਡੀ ਵਾਰੀ ਨਾ ਆ ਜਾਏ। ਅਰ ਉਨ੍ਹਾਂ ਨੇ ਜਾ ਕੇ ਮਹਾਰਾਜ ਜੀ ਦੇ ਚਰਨ ਫੜ ਲਏ। ਕਹਿਣ ਲੱਗੇ ਕਿ ਤੂੰ ਤਾਂ ਕੋਈ ਰੱਬ ਦਾ ਰੂਪ ਹੈਂ। ਸੱਚਮੁੱਚ ਸਾਡਾ ਮਨ ਦਿੱਲੀ ਫਿਰਦਾ ਸੀ, ਦੂਜਾ ਕਹਿੰਦਾ ਮੈਂ ਲਾਹੌਰ ਫਿਰਦਾ ਸੀ। ਤੀਜਾ ਕਹਿੰਦਾ ਮੈਂ ਮੁਲਤਾਨ ਫਿਰਦਾ ਸੀ ਤੇ ਮੈਂ ਫਲਾਣੇ ਥਾਂ ਫਿਰਦਾ ਸੀ ਜਿਹੜੀ ਤੂੰ ਗੱਲ ਕਹੀ ਹੈ ਉਹ ਮੇਰੇ ਮਨ ਵਿੱਚ ਇਹੀ ਗੱਲ ਸੀ। ਤੂੰ ਤਾਂ ਕੋਈ ਰੱਬ ਦਾ ਰੂਪ ਆ ਗਿਆ। ਚਰਨਾਂ 'ਤੇ ਨੱਠ-ਨੱਠ ਕੇ ਪੈਣੇ ਸ਼ੁਰੂ ਹੋ ਗਏ, ਮਹਾਰਾਜ ਕਹਿੰਦੇ ਹੁਣ ਦੱਸੋ, ਨਰਕਾਂ ਨੂੰ ਜਾਓਂਗੇ ਕਿ ਨਹੀਂ ਹੱਥ 'ਚ ਤਾਂ ਮਾਲਾ ਘੁੰਮਦੀ ਹੈ ਤੇ ਸੋਚਦੇ ਓਂ ਵਿਰੋਧ ਦੀਆਂ ਗੱਲਾਂ, ਵੈਰ ਦੀਆਂ ਗੱਲਾਂ, ਕਾਮ ਦੀਆਂ ਗੱਲਾਂ, ਲੋਭ ਦੀਆਂ ਗੱਲਾਂ, ਮੋਹ ਦੀਆਂ ਗੱਲਾਂ, ਕਪਟ ਦੀਆਂ ਗੱਲਾਂ ਤੇ ਮੂੰਹ ਨਾਲ ਤੁਸੀਂ ਹਰਿ ਹਰਿ ਕਰਦੇ ਓਂ। ਤੁਹਾਨੂੰ ਇੱਕ ਅਸੂਲ ਦੀ ਗੱਲ ਦਸਦੇ ਹਾਂ ਮਨ ਦਾ ਜਿਸ ਚੀਜ਼ ਨਾਲ ਮੋਹ ਪੈ ਜਾਏ, ਵਾਹ ਪੈ ਜਾਏ, ਜਿਹਦੇ ਨਾਲ ਚਿੱਤ ਲਗ ਜਾਏ ਓਹੀ ਚੀਜ਼ ਪ੍ਰਾਪਤ ਹੁੰਦੀ ਹੈ। ਐਸਾ ਅਕਾਲ ਪੁਰਖ ਦਾ ਅਸੂਲ ਹੈ, ਹੁਕਮ ਦੀ ਕਾਰ ਹੈ, ਜਿਸ ਚੀਜ਼ ਨਾਲ ਬੰਦੇ ਦਾ ਜ਼ਿਆਦਾ ਖਿਆਲ ਹੋ ਜਾਵੇ ਉਹ ਚੀਜ਼ ਪ੍ਰਾਪਤ ਹੋ ਜਾਂਦੀ ਹੈ -

*ਧਾਰਨਾ - ਜਿਸ ਸੇਤੀ ਮਨ ਲਾਇਆ ਜੀ,*
*ਸਾਈ ਵਸਤ ਪ੍ਰਾਪਤ ਹੋਏ।*

ਕਹਿਣ ਲੱਗੇ, ਪਿਆਰਿਓ! ਮਨ ਦਾ ਰੁਖ ਜਿਸ ਚੀਜ਼ ਨਾਲ ਬਹੁਤਾ ਜੁੜਿਆ ਹੋਇਆ ਹੈ, ਓਹੀ ਚੀਜ਼ ਪ੍ਰਾਪਤ ਹੁੰਦੀ ਹੈ। ਜੇ ਕਪਟ ਨਾਲ ਜੁੜਿਆ ਹੋਇਆ ਹੈ, ਤੀਰਥ 'ਤੇ ਬੈਠੇ ਕਪਟ ਦੀ ਗੱਲ ਸੋਚਦਾ ਹੈ, ਹਜ਼ਾਰਾਂ ਗੁਣਾਂ ਪਾਪ ਦਾ ਫਲ ਵੱਧ ਜਾਏਗਾ। ਪੁੰਨ ਦਾ ਫਲ ਵੀ ਹਜ਼ਾਰਾਂ ਗੁਣਾਂ ਵਧਦਾ ਹੈ ਤੇ ਪਾਪ ਦਾ ਵੀ ਵਧਦਾ ਹੈ। ਨਰਕਾਂ ਨੂੰ ਜਾਓਂਗੇ ਕਿ ਨਹੀਂ ਵੈਰ ਦੀਆ ਗੱਲਾਂ ਸੋਚਦੇ ਹੋ, ਵਿਰੋਧ ਦੀਆਂ ਗੱਲਾਂ ਸੋਚਦੇ ਹੋ।

*ਬੈਰ ਬਿਰੋਧ ਕਾਮ ਕ੍ਰੋਧ ਮੋਹ ॥*
*ਝੂਠ ਬਿਕਾਰ ਮਹਾ ਲੋਭ ਧ੍ਰੋਹ ॥*
*ਇਆਹੂ ਜੁਗਤਿ ਬਿਹਾਨੇ ਕਈ ਜਨਮ ॥*
*ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥*
*ਅੰਗ - ੨੬੮*

ਈਰਖਾ, ਨਿੰਦਿਆ, ਚੁਗਲੀ, ਮਾੜੀਆਂ ਗੱਲਾਂ ਸੋਚਦੇ ਹੋ ਤੇ ਇਨ੍ਹਾਂ ਦੇ ਪਾਪ ਦਾ ਫਲ ਕਿੰਨਾ ਜ਼ਿਆਦਾ ਫੈਲ ਜਾਣਾ ਹੈ, ਤੁਸੀਂ ਪਵਿੱਤਰ ਭੂਮੀ 'ਤੇ ਬੈਠੇ ਇਹ ਗੱਲਾਂ ਸੋਚਦੇ ਰਹੇ ਹੋ।

*ਰਾਮ ਨਾਮ ਬਿਨੁ ਮੁਕਤਿ ਨ ਹੋਈ*
*ਬੂਡੀ ਦੂਜੈ ਹੇਤਿ॥*
*ਕਹੁ ਨਾਨਕ ਪ੍ਰਾਣੀ*
*ਪਹਿਲੈ ਪਹਰੈ ਛੂਟਹਿਗਾ ਹਰਿ ਚੇਤਿ ॥*
*ਅੰਗ - ੭੫*

*ਰਾਮ ਨਾਮੁ ਘਟ ਅੰਤਰਿ ਨਾਹੀ*
*ਹੋਰਿ ਜਾਣੈ ਰਸ ਕਸ ਮੀਠੇ ॥*
*ਗਿਆਨੁ ਧਿਆਨੁ ਗੁਣ ਸੰਜਮੁ ਨਾਹੀ*
*ਜਨਮਿ ਮਰਹੁਗੇ ਝੂਠੇ ॥*
*ਤੀਰਥ ਵਰਤ ਸੁਚਿ ਸੰਜਮੁ ਨਾਹੀ*
*ਕਰਮੁ ਧਰਮੁ ਨਹੀ ਪੂਜਾ ॥*
*ਨਾਨਕ ਭਾਇ ਭਗਤਿ ਨਿਸਤਾਰਾ*
*ਦੁਬਿਧਾ ਵਿਆਪੈ ਦੂਜਾ ॥ ਅੰਗ - ੭੫*

ਅੰਦਰੋਂ ਤਾਂ ਸਫਾਈ ਨਹੀਂ ਹੈ, ਨਾ ਕੋਈ ਚੰਗੇ ਕੰਮ ਕਰੇ ਨੇ, ਨਾ ਕੋਈ ਗਿਆਨ ਹੈ, ਨਾ ਧਿਆਨ ਹੈ, ਨਾ ਸੰਜਮ ਦੀ ਜ਼ਿੰਦਗੀ ਹੈ ਤੇ ਵਿਸ਼ੇ ਵਿਕਾਰਾਂ ਵਿੱਚ ਮਨ ਘੁੰਮਦਾ ਰਹਿੰਦਾ ਹੈ ਤੇ ਕਹਿੰਦੇ ਤੀਰਥ ਕਰਨ ਤੋਂ ਤਾਂ ਛੁਟਣਾ ਨਹੀਂ ਪਿਆਰਿਆ। ਛੁੱਟਣਾ ਤਾਂ ਹੈ ਜਦ ਭਗਤੀ ਵਿੱਚ ਤੁਹਾਡਾ ਮਨ ਲੱਗੇਗਾ ਤੇ ਦੁਬਿਧਾ ਦੇ ਵਿੱਚ ਵਿਆਪ ਕੇ ਜਦ ਦੂਜਾ ਕਰੋਂਗੇ, ਫੇਰ ਇਹਦਾ ਫਲ ਕੋਈ ਨਹੀਂ ਹੋਣਾ ਤੇ ਪ੍ਰਮੇਸ਼ਰ ਦਾ ਜੇ ਭਜਨ ਕਰਦੇ ਹੋ ਚਿੱਤ ਲਾ ਕੇ ਕਰੋ। ਐਸ ਤਰ੍ਹਾਂ ਫੁਰਮਾਨ ਆਉਂਦਾ ਹੈ, ਗੁਰੂ ਮਹਾਰਾਜ ਦਾ -

*ਧਾਰਨਾ - ਜਸ ਕਰੋ ਵਾਹਿਗੁਰੂ ਦਾ*
*ਚਿੱਤ ਨੂੰ ਇਕਾਗਰ ਕਰਕੇ।*

ਇੱਕ ਸਾਵਧਾਨ ਹੋਣਾ ਚਾਹੀਦਾ ਹੈ, ਇੱਕ ਚਿੱਤ ਦੀ ਇਕਾਗਰਤਾ ਚਾਹੀਦੀ ਹੈ। ਜੇ ਚਿੱਤ ਨੱਠਿਆ ਫਿਰਦਾ ਹੈ, ਮਨ ਦੌੜਿਆ ਫਿਰਦਾ ਹੈ, ਹੱਥ ਵਿੱਚ ਮਾਲਾ ਘੁੰਮਦੀ ਹੈ ਤੇ ਚੌਂਕੜਾ ਮਾਰਿਆਂ ਹੋਇਆ ਹੈ, ਮੂੰਹ ਵਿੱਚ ਜੀਭ ਵਾਹਿਗੁਰੂ-ਵਾਹਿਗੁਰੂ, ਰਾਮ-ਰਾਮ ਕਰਦੀ ਹੈ। ਮਹਾਰਾਜ ਕਹਿੰਦੇ, ਚਿੱਤ ਨੇ ਕੰਮ ਦੇਣਾ ਹੈ, ਜੀਭ ਨੇ ਨਹੀਂ ਦੇਣਾ। ਚਿੱਤ ਤਾਂ ਤੁਹਾਡਾ ਹੋਰ ਪਾਸੇ ਲੱਗਿਆ ਹੋਇਆ ਹੈ ਤੇ ਜੀਭ ਹਿੱਲੀ ਜਾਂਦੀ ਹੈ, ਕਹਿੰਦੇ ਐਉਂ ਗਲਤ ਹੋ ਜਾਂਦਾ ਹੈ। ਸਾਰਿਆਂ ਨੇ ਬੇਨਤੀ ਕਰੀ ਕਹਿੰਦੇ ਸੱਚੇ ਪਾਤਸ਼ਾਹ! ਕ੍ਰਿਪਾ ਕਰਕੇ ਸਾਨੂੰ ਸੋਝੀ ਦੇਵੋ, ਅਸੀਂ ਬਿਲਕੁਲ ਅਣਜਾਣ ਹਾਂ। ਮਹਾਰਾਜ ਕਹਿੰਦੇ, ਪਹਿਲਾਂ ਵਿਸ਼ਵਾਸ਼ ਲਿਆਓ। ਵਿਸ਼ਵਾਸ਼ ਲਿਆਓ 'ਸਤਿਪੁਰਖ 'ਤੇ, ਗੁਰੂ 'ਤੇ। ਗੁਰੂ ਤੋਂ ਬਗੈਰ ਨਹੀਂ ਗੱਲ ਚੱਲਿਆ ਕਰਦੀ। ਗੁਰੂ ਦੇ ਉੱਤੇ ਲਿਆਓ ਪ੍ਰਤੀਤ।

*ਜਾ ਕੈ ਮਨਿ ਗੁਰ ਕੀ ਪਰਤੀਤਿ ॥*

***ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥***

***ਅੰਗ - ੨੮੩***

ਉਹਨੂੰ ਹਰੀ ਚਿੱਤ ਆਉਂਦਾ ਹੈ, ਨਾਮ ਚਿੱਤ ਆਉਂਦਾ ਹੈ, ਦੂਸਰੇ ਨੂੰ ਆਉਂਦਾ ਨਹੀਂ ਤੇ ਪ੍ਰਮੇਸ਼ਰ ਜਿਹੜਾ ਹੈ ਸਾਰੇ ਪ੍ਰੀਪੂਰਨ ਹੈ। ਕੋਈ ਥਾਂ ਉਸ ਤੋਂ ਖਾਲੀ ਨਹੀਂ ਤੇਰੇ ਅੰਦਰ ਹੈ, ਤੇਰੇ ਬਾਹਰ ਵੀ ਹੈ। ਉਹ ਮਹਾਨ ਸੁੱਖਾਂ ਦਾ ਦਾਤਾ ਪਿਆਰ ਕਰਨ ਵਾਲੀ ਜੋਤ ਹੈ।

***ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥***
***ਨ ਘਾਟ ਹੈ ਨਾ ਬਾਢ ਹੈ, ਨਾ ਘਾਟਿ ਬਾਢਿ ਹੋਤ ਹੈ॥***

***ਅਕਾਲ ਉਸਤਤਿ***

ਉਹਨੂੰ ਧਿਆਨ ਵਿੱਚ ਲਿਆ ਕੇ ਮੇਰੇ ਨਾਲ ਹੈ ਉਹ, ਅੰਦਰ ਵੀ ਮੇਰੇ ਹੈ।

***ਜਹ ਜਹ ਪੇਖਉ ਤਹ ਹਜੂਰਿ***
***ਦੂਰਿ ਕਤਹੁ ਨ ਜਾਈ ॥***
***ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ॥***

***ਅੰਗ - ੬੭੭***

ਕਹਿੰਦੇ, ਜਿਹੜਾ ਰਮਿਆ ਹੋਇਆ ਹੈ ਤੇਰੇ ਰੋਮ-ਰੋਮ ਦੇ ਵਿੱਚ ਜਿਹਦਾ ਵਾਸਾ ਹੈ, ਉਹਦਾ ਧਿਆਨ ਕਰ ਫੇਰ ਕਹਿ ਵਾਹਿਗੁਰੁ, ਫੇਰ ਕਹਿ ਰਾਮ, ਫੇਰ ਕਹਿ ਅੱਲਾਹ। ਕਿਉਂਕਿ ਹੁਣ ਤੇਰੇ ਮੂਹਰੇ ਨਿਸ਼ਾਨਾ ਹੈ। ਜੇ ਨਿਸ਼ਾਨਾ ਹੀ ਨਹੀਂ ਹੈ ਤੇ ਗੋਲੀਆਂ ਐਵੇਂ ਹੀ ਚਲਾਈ ਜਾਂਦਾ ਹੈਂ। ਗੁਲਜ਼ਰੀ 'ਚ ਤਾਂ ਲਗਣੀ ਨਹੀਂ ਹੈ। ਜੇ ਗੁਲਜ਼ਰੀ 'ਚ ਲਗਣਗੀਆਂ ਪੰਜ ਗੋਲੀਆਂ, marks man ਦਾ ਖਿਤਾਬ ਸੌ ਨੰਬਰ ਮਿਲ ਜਾਣਗੇ। ਜੇ outer 'ਚ ਮਾਰਦਾ ਹੈਂ ਤਾਂ ਜ਼ੀਰੋ ਨੰਬਰ ਮਿਲਣਗੇ। ਮੋਢੇ ਤਾਂ ਉਹਦੇ ਨੇ ਵੀ ਸੱਟ ਖਾਧੀ ਹੇ, ਜਿਹਨੇ ਗੁਲਜ਼ਰੀ 'ਚ ਖਾਧੀ ਹੈ ਉਹਦੇ ਵੀ ਝਟਕਾ ਲੱਗਿਆ ਹੈ। ਲੇਕਿਨ ਇੱਕ ਦਾ ਜਿਹੜਾ ਉੱਦਮ ਸੀ ਉਹ ਨਿਰਾਰਥ ਗਿਆ, ਇੱਕ ਦਾ ਉੱਦਮ ਸਫਲ ਹੋਇਆ, ਉਹਨੇ ਗੁਲਜ਼ਰੀ 'ਚ ਮਾਰੀ। ਇਸੇ ਤਰ੍ਹਾਂ ਪਹਿਲਾਂ ਤਾਂ ਵਿਸ਼ਵਾਸ਼ ਲਿਆਓ ਵਾਹਿਗੁਰੂ ਦੇ ਉੱਤੇ। ਫੇਰ ਇਹ ਵਿਸ਼ਵਾਸ਼ ਲਿਆਓ ਕਿ ਉਹ ਮੇਰੇ ਨਾਲ ਅੰਦਰ ਬਾਹਰ ਹਰ ਥਾਂ ਦੇ ਉੱਤੇ ਹੈ, ਵਿਛੜਦਾ ਹੀ ਨਹੀਂ ਕਦੇ ਵੀ। ਮੈਂ ਸੁੱਤਾ ਹੁੰਦਾ ਹਾਂ, ਉਹ ਜਾਗਦਾ ਹੁੰਦਾ ਹੈ। ਮੈਂ ਜਦ ਮਾੜੇ ਕੰਮ ਚਿਤਵਦਾ ਹੁੰਦਾ ਹਾਂ ਉਹ ਮੈਨੂੰ ਦੇਖਦਾ ਹੁੰਦਾ ਹੈ। ਜਦ ਮੈਂ ਲੋਕਾਂ ਨਾਲ ਬੁਰਿਆਈ ਕਰਦਾ ਹਾਂ ਉਹਨੂੰ ਪਤਾ ਹੁੰਦਾ ਹੈ ਕਿ ਹੁਣ ਇਹ ਬੁਰਿਆਈ ਦੀਆਂ ਗੱਲਾਂ ਸੋਚਦਾ ਹੈ, ਗੁਰੂ ਤੋਂ ਕੋਈ ਚੀਜ਼ ਭੁੱਲੀ ਹੋਈ ਨਹੀਂ। ਸਭ ਕੁਛ ਜਾਣਦਾ ਹੈ। ਉਹਦੀ ਹਜ਼ੂਰੀ 'ਚ ਨਾਮ ਜਪੋ। ਜਦ ਹਜ਼ੂਰੀ 'ਚ ਨਾਮ ਜਪੋਂਗੇ, ਹਜ਼ੂਰੀ ਦਾ ਅਨੁਭਵ ਤੁਹਾਨੂੰ ਆਏਗਾ ਫੇਰ ਮਨ ਨੇ ਨਹੀਂ ਦੌੜਨਾ, ਮਨ ਫੇਰ ਰੁਕ ਜਾਏਗਾ। ਮਨ ਓਨਾਂ ਚਿਰ ਹੀ ਨੱਠਦਾ ਹੈ ਜਦ ਮੂਹਰੇ ਨਿਸ਼ਾਨਾ ਨਹੀਂ। ਜਦ ਨਿਸ਼ਾਨਾ ਆ ਜਾਏ, ਮਨ ਦੀ ਦੌੜ ਖਤਮ ਹੋ ਜਾਂਦੀ ਹੈ। ਸੋ ਮਹਾਰਾਜ ਕਹਿਣ ਲੱਗੇ, ਇਸ ਤਰ੍ਹਾਂ ਬੰਦਗੀ ਕਰਨੀ ਚਾਹੀਦੀ ਹੈ। ਪੁੱਛਿਆ, ਮਹਾਰਾਜ ਜੀ ਨੂੰ ਕਿ ਮਹਾਰਾਜ! ਤੀਰਥਾਂ 'ਤੇ ਇਸ਼ਨਾਨ ਕਰਨ ਦਾ ਫਲ ਹੋਇਆ ਕਰਦਾ ਹੈ? ਮਹਾਰਾਜ ਕਹਿੰਦੇ-

***ਤੀਰਥ ਕੀਏ ਏਕ ਫਲ.........।***

ਇੱਕ ਫਲ ਮਿਲਦਾ ਹੈ, ਉਹ ਵੀ ਜੇ ਪੂਰੀ ਵਿਧੀ ਦੇ ਨਾਲ। ਸ਼ਰਧਾ ਦੇ ਨਾਲ ਪੂਰੇ ਸੰਜਮ ਦੇ ਨਾਲ। ਮਨ, ਚਿੱਤ ਬਿਰਤੀਆਂ ਨੂੰ ਇਕਾਗਰ ਕਰਕੇ ਜੇ ਕੋਈ ਆਉਂਦਾ ਹੈ, ਉਥੇ ਆ ਕੇ ਦਾਨ ਪੁੰਨ ਕਰਦਾ ਹੈ, ਸੰਤਾਂ ਦੇ ਬਚਨ ਸੁਣਦਾ ਹੈ ਕਿਉਂਕਿ ਸਾਧੂ ਲੋਕ ਤੀਰਥਾਂ 'ਤੇ ਜਾਂਦੇ ਨੇ, ਤੀਰਥਾਂ ਦੀ ਪੁਕਾਰ ਸੁਣ ਕੇ। ਕਹਿੰਦੇ, ਫੇਰ ਇੱਕ ਫਲ ਮਿਲ ਜਾਇਆ ਕਰਦਾ ਹੈ।

***ਸੰਤ ਮਿਲੇ ਫਲ ਚਾਰ।***

ਜੇ ਸੰਤ ਮਿਲ ਜਾਵੇ ਤਾਂ ਉਹਦੇ ਚਾਰ ਫਲ ਮਿਲਦੇ ਨੇ -

***ਚਾਰਿ ਪਦਾਰਥ ਜੇ ਕੋ ਮਾਗੈ ॥***
***ਸਾਧ ਜਨਾ ਕੀ ਸੇਵਾ ਲਾਗੈ ॥ ਅੰਗ - ੨੬੬***
***ਗੁਰੂ ਮਿਲੇ ਫਲ ਅਨੇਕ ਹੈਂ***

ਜੇ ਗੁਰੂ ਨਾਲ ਬਣ ਜਾਵੇ ਤਾਂ ਫਲਾਂ ਦੀ ਗਿਣਤੀ ਨਹੀਂ।

***ਕਹਤ ਕਬੀਰ ਵਿਚਾਰ।***

ਕਬੀਰ ਜੀ ਕਹਿੰਦੇ ਹਨ ਕਿ ਅਸੀਂ ਵਿਚਾਰ ਕੇ ਗੱਲ ਕਹਿੰਦੇ ਹਾਂ। ਮਹਾਰਾਜ ਕਹਿੰਦੇ, ਹੁਣ ਤੁਸੀਂ ਕੰਮ ਦੀ ਗੱਲ ਸੁਣੋ ਸਾਡੇ ਤੋਂ। ਦੇਖੋ ਕਹਿੰਦੇ, ਇਸ਼ਨਾਨ ਤੁਸੀਂ ਕਰਦੇ ਹੋ ਪਾਣੀ ਦੇ ਨਾਲ ਤੇ ਪਾਣੀ ਨਾਲ ਨਾਹ ਕੇ ਤੁਸੀਂ ਕਹਿੰਦੇ ਹੋ ਕਿ ਸਭ ਪਾਪ ਉਤਰ ਗਏ। ਇਹ ਸਰੀਰ ਤਾਂ ਮੈਲਾ ਹੀ ਰਹਿੰਦਾ ਹੈ, ਇਹ ਸੁੱਚਾ ਨਹੀਂ ਕਦੇ ਵੀ ਹੋਇਆ ਕਰਦਾ। ਇਹ ਨਾ ਅੱਜ ਤਕ ਸੁੱਚਾ ਹੋਇਆ ਹੈ, ਨਾ ਕਦੇ -

***ਜਲਿ ਧੋਵੈ ਬਹੁ ਦੇਹ ਅਨੀਤਿ ॥***
***ਸੁਧ ਕਹਾ ਹੋਇ ਕਾਚੀ ਭੀਤਿ ॥ ਅੰਗ - ੨੬੫***

ਕੱਚੀ ਕੰਧ ਨੂੰ ਸ਼ੁੱਧ ਕਰਕੇ ਦਿਖਾਓ ਤਾਂ ਕੋਈ, ਜਿੰਨਾਂ ਇਸਨੂੰ ਮਲੀਂ ਜਾਓਂਗੇ ਹੋਰ ਮਿੱਟੀ ਨਿਕਲੀ ਜਾਏਗੀ, ਕਾਂਸੀ ਦੇ ਭਾਂਡੇ ਨੂੰ ਕੋਈ ਸ਼ੁੱਧ ਕਰਕੇ ਦਿਖਾਓ। ਸੌ ਵਾਰੀ ਧੋਈ ਜਾਓ -

***ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ ॥***
***ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ॥***

***ਅੰਗ - ੭੨੯***

ਕਹਿੰਦੇ, ਸਰੀਰ ਤਾਂ ਮੈਲਾ ਹੀ ਰਹਿਣਾ ਹੈ, ਸਰੀਰ ਦੇ ਨਾਲ ਸਬੰਧ ਹੈ ਮਨ ਦਾ। ਜੇ ਮਨ ਦੇ ਵਿੱਚ ਮੈਲ ਹੈ ਤਾਂ ਆਦਮੀ ਦੁਖੀ ਹੋਏਗਾ, ਮਨ ਦੀ ਮੈਲ ਜਿੰਨੀ ਦੇਰ ਤਕ ਦੂਰ ਨਹੀਂ ਨਾ ਹੁੰਦੀ, ਓਨਾਂ ਚਿਰ ਕੋਈ ਚੀਜ਼

ਪ੍ਰਾਪਤ ਨਹੀਂ ਹੁੰਦੀ, ਸਾਰਾ ਜ਼ੋਰ ਮਨ ਦੀ ਮੈਲ ਦੂਰ ਕਰਨ 'ਤੇ ਲਗਦਾ ਹੈ। ਮਨ ਦੇ ਵਿੱਚ ਜਿਹੜੀ ਮੈਲ ਦੀ ਵੱਡੀ ਤਹਿ ਬਣੀ ਜਮੀ ਹੋਈ ਹੈ, ਹਉਮੈ ਦੀ ਜਮੀ ਹੋਈ ਹੈ। ਬੇਅੰਤ ਜਮੀਆਂ ਹੋਈਆਂ ਨੇ ਤਹਿਆਂ ਤਾਂ। ਸਭ ਤੋਂ ਔਖੀ ਜਿਹੜੀ ਹੈ –

*ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥*
*ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥*
*ਅੰਗ – ੪੬੬*

ਜਿੰਨਾ ਚਿਰ ਹਉਮੈ ਦੀ ਮੈਲ ਨਹੀਂ ਉਤਰਦੀ ਇਹ ਜੰਮਦਾ ਮਰਦਾ ਰਹੇਗਾ। ਐਸਾ ਫੁਰਮਾਨ ਕਰਦੇ ਨੇ–

*ਧਾਰਨਾ – ਜੰਮਦਾ ਤੇ ਮਰਦਾ ਹੈ*
*ਹਉਮੈ ਦਾ ਬੰਨ੍ਹਿਆ ਹੋਇਆ।*

ਮਹਾਰਾਜ ਕਹਿੰਦੇ ਪ੍ਰੇਮੀਓ! ਅਸਲੀ ਮੈਲ ਤਾਂ ਇਹਦੇ ਉੱਤੇ ਹਉਮੈ ਦੀ ਚੜ੍ਹੀ ਹੋਈ ਹੈ। ਜਦ ਤੱਕ ਹਉਮੈ ਦੇ ਨਾਲ ਮੈਲਾ ਹੈ ਮਨ, ਓਨਾਂ ਚਿਰ ਤੱਕ ਸਰੀਰ ਸ਼ੁੱਧ ਨਹੀਂ ਹੋਇਆ ਕਰਦਾ, ਸਰੀਰ ਤਾਂ ਵੈਸੇ ਹੀ ਸ਼ੁੱਧ ਨਹੀਂ ਹੁੰਦਾ।

ਇੱਕ ਕੋਈ ਜੱਟ ਸੀ ਪੰਡਤ ਜੀ ਦੇ ਪਾਸ ਗਿਆ। ਕਹਿਣ ਲੱਗਿਆ, ਪੰਡਤ ਜੀ! ਇੱਕ ਗੱਲ ਮੈਨੂੰ ਕ੍ਰਿਪਾ ਕਰਕੇ ਦੱਸੋ ਕਿ ਮੂੰਹ ਵੀ ਸ਼ੁੱਧ ਹੋ ਜਾਂਦਾ ਹੈ? ਕਹਿੰਦੇ ਹਾਂ। ਕਹਿੰਦੇ, ਕਿਵੇਂ? ਕਹਿੰਦੇ, ਜਿਸ ਤਰ੍ਹਾਂ ਸੂਰ ਜਿਵੇਂ ਮਿੱਟੀ ਪੁੱਟ ਦੇਵੇ ਨਾ, ਉਹ ਮਿੱਟੀ ਸਾਰੀ ਹੀ ਲੈ ਆਓ ਚੁੱਕ ਕੇ ਤੇ ਸਵਾ ਮਣ ਤੋਲ 'ਚ ਹੋਣੀ ਚਾਹੀਦੀ ਹੈ। ਕਿਸੇ ਚਲਦੇ ਖੂਹ ਦੇ ਮੌਣ ਦੇ ਕੋਲ ਬਹਿ ਜਾਓ। ਸਵਾ ਮਣ ਮਿੱਟੀ ਦੀ ਦਾਤਨ ਕਰੋ, ਉਂਗਲੀ ਲਬੇੜ ਲਓ ਦੰਦਾਂ ਤੇ ਫੇਰੀ ਜਾਓ। ਕੁਰਲੀ ਕਰ ਦਿਓ, ਦੁਬਾਰਾ ਫੇਰ ਲਓ। ਕਹਿੰਦੇ, ਫੇਰ ਸ਼ੁੱਧ ਹੋ ਜਾਂਦਾ ਹੈ। ਉਸ ਨੇ ਇਸੇ ਤਰ੍ਹਾਂ ਕਰਿਆ। ਸਵਾ ਮਣ ਮਿੱਟੀ ਲੈ ਆਇਆ, ਲਿਆ ਕੇ ਖੂਹ ਦੇ ਕੰਢੇ ਮੌਣ 'ਤੇ ਬੈਠ ਗਿਆ। ਖੂਹ ਚਲਦਾ ਸੀ ਤੇ ਸਵੇਰ ਦਾ ਕੁਰਲੀਆਂ ਕਰਨ ਲੱਗਿਆ ਤੇ ਕਿਤੇ ਤੀਜੇ ਪਹਿਰ ਮਿੱਟੀ ਮੁੱਕੀ ਓਹਦੀ। ਕੁਦਰਤੀ ਪੰਡਤ ਜੀ ਆ ਗਏ। ਪੰਡਤ ਜੀ ਆਏ ਤਾਂ ਕਹਿਣ ਲੱਗਿਆ ਕਿ ਮੈਂ ਤਾਂ ਦੇਖੋ ਕਿੰਨੇ ਘੰਟੇ ਲੱਗਿਆ ਰਿਹਾ ਤਾਂ ਜਾ ਕੇ ਕਿਤੇ ਮਿੱਟੀ ਮੁੱਕੀ ਹੈ। ਉਸ ਵੇਲੇ ਉਹਨੇ ਉਂਜਲ ਮੂੰਹ ਦੇ ਵਿੱਚ ਪਾਣੀ ਦਾ ਪਾ ਲਿਆ ਤੇ ਕੁਰਲੀ ਭਰ ਕੇ ਪੰਡਤ ਦੇ ਉੱਤੇ ਸੁੱਟ ਦਿਤੀ। ਕਹਿਣ ਲੱਗਿਆ, ਅਰੇ ਦੁਸ਼ਟ! ਨੀਚ! ਇਹ ਕੀ ਕੰਮ ਕਰਿਆ ਹੈ, ਮੇਰੇ ਸਾਰੇ ਵਸਤਰ ਅਪਵਿੱਤਰ ਕਰ ਦਿੱਤੇ। ਕਹਿੰਦੇ, ਪੰਡਤ ਜੀ, ਮੈਂ ਤਾਂ ਸਵਾ ਮਣ ਮਿੱਟੀ ਮਲ ਕੇ ਮੂੰਹ ਪਵਿੱਤਰ ਕਰਿਆ ਹੈ। ਤੁਸੀਂਓਂ ਕਹਿੰਦੇ ਸੀ ਕਿ ਪਵਿੱਤਰ ਹੋ ਜਾਂਦਾ ਹੈ। ਸਰੀਰ ਤਾਂ ਕਦੇ ਪਵਿੱਤਰ ਨਹੀਂ ਹੁੰਦਾ, ਥੋੜ੍ਹੀ ਦੇਰ ਵਾਸਤੇ ਹੁੰਦਾ ਹੈ ਫੇਰ ਮੈਲਾ ਹੋ ਜਾਂਦਾ ਹੈ, ਕਿਉਂਕਿ ਇਹਦੇ ਅੰਦਰ ਮੈਲ ਪਈ ਹੈ, ਬੇਅੰਤ ਮੈਲ ਹੈ ਇਹਦੇ ਅੰਦਰ। ਮੈਲਾ ਸਰੀਰ ਹੈ। ਗਲਤੀ ਨਾਲ ਅਸੀਂ ਇਹਨੂੰ ਚੰਗਾ ਸਮਝਦੇ ਹਾਂ, ਇਹ ਚੰਗਾ ਤਾਂ ਹੀ ਹੈ–

*ਏਕ ਵਸਤੁ ਬੂਝਹਿ ਤਾ ਹੋਵਹਿ ਪਾਕ ॥*
*ਬਿਨੁ ਬੂਝੇ ਤੂੰ ਸਦਾ ਨਾਪਾਕ ॥ ਅੰਗ – ੩੭੪*

*ਤੀਨਿ ਸੇਰ ਕਾ ਦਿਹਾੜੀ ਮਿਹਮਾਨੁ ॥*
*ਅਵਰ ਵਸਤੁ ਤੁਝ ਪਾਹਿ ਅਮਾਨ ॥*
*ਬਿਸਟਾ ਅਸਤ ਰਕਤੁ ਪਰੇਟੇ ਚਾਮ ॥*
*ਇਸੁ ਊਪਰਿ ਲੇ ਰਾਖਿਓ ਗੁਮਾਨ ॥*
*ਅੰਗ – ੩੭੪*

ਬਾਕੀ ਤਾਂ ਅਮਾਨਤਾਂ ਨੇ, ਵਿਸ਼ਟਾ ਤੇ ਗੰਦ–ਮੰਦ ਨੂੰ ਪਲਾਸਟਿਕ ਦੇ ਥੈਲੇ 'ਚ ਰੱਖ ਕੇ ਇਹਨੂੰ ਪਵਿੱਤਰ ਬਣਾਈ ਫਿਰਦਾ ਹੈਂ, ਕਿਹੜੇ ਪਾਸਿਓਂ ਪਵਿੱਤਰ ਹੈ ਸਰੀਰ। ਥੋੜ੍ਹੀ ਜਿਹੀ ਗਰਮੀ ਆ ਜਾਵੇ ਸਰੀਰ ਨੂੰ, ਅੰਦਰੋਂ ਜ਼ਹਿਰ ਨਿਕਲਦੀ ਹੈ, ਸਾਢੇ ਤਿੰਨ ਕਰੋੜ ਰੋਮ 'ਚੋਂ। ਹਰ ਵਕਤ ਮੈਲਾ ਰਹਿੰਦਾ ਹੈ, ਕਪੜੇ ਮੈਲੇ ਰਹਿੰਦੇ ਨੇ ਤੇ ਇਹ ਤਾਂ ਪਵਿੱਤਰ ਹੋ ਹੀ ਨਹੀਂ ਸਕਦਾ। ਮਹਾਰਾਜ ਕਹਿੰਦੇ, ਇਹਨੂੰ ਵੈਸੇ ਧੋਣਾ ਚਾਹੀਦਾ ਹੈ, ਸਮੇਂ-ਸਮੇਂ ਸਿਰ ਤਾਂ ਕਿ ਇਹ ਮੈਲ ਸਰੀਰ ਦੀ ਚਮੜੀ ਨੂੰ ਨਾ ਖਰਾਬ ਕਰ ਦੇਵੇ ਤੇ ਕੋਈ ਬਿਮਾਰੀ ਨਾ ਪੈ ਜਾਵੇ, ਕਿਉਂਕਿ ਜ਼ਹਿਰ ਹੁੰਦੀ ਹੈ। ਇਹਦਾ ਸੁੱਚ ਨਾਲ ਸਬੰਧ ਨਹੀਂ ਹੈ। ਸੁੱਚ ਨਾਲ ਸਬੰਧ ਹੈ ਮਨ ਦਾ। ਮਨ ਵਿੱਚ ਜੇ ਹਉਮੈ ਦਾ ਭੰਡਾਰਾ, ਪਹਾੜ ਪਿਆ ਹੈ, ਕਹਿੰਦੇ ਫੇਰ ਤਾਂ ਉਹ ਨਿਰਾ ਹੀ ਮੈਲਾ ਹੈ। ਹਉਮੈ ਦੇ ਵਿੱਚ ਹੀ ਕ੍ਰੋਧ ਹੈ, ਹਉਮੈ ਦੇ ਵਿੱਚ ਹੀ ਵਿਰੋਧ ਹੈ। ਹਉਮੈ ਵਿੱਚ ਹੀ ਲੋਭ ਹੈ, ਹਉਮੈ ਵਿੱਚ ਹੀ ਮੋਹ ਹੈ, ਅਹੰਕਾਰ ਹੈ, ਈਰਖਾ, ਨਿੰਦਿਆ ਚੁਗਲੀ ਇਹ ਸਭ ਹਉਮੈ ਦੀਆਂ ਕੀਤੀਆਂ ਹੋਈਆਂ ਚੀਜ਼ਾਂ ਨੇ। ਹਉਮੈ ਵਿੱਚ ਪਾਪ ਨੇ, ਹਉਮੈ ਵਿੱਚ ਪੁੰਨ ਨੇ, ਹਉਮੈ ਵਿੱਚ ਕੂੜਿਆਰ ਹੈ, ਹਉਮੈ ਵਿੱਚ ਸਚਿਆਰ ਹੈ, ਕਹਿੰਦੇ ਇਹ ਸਭ ਹਉਮੈ ਹੈ ਜਿੰਨਾ ਚਿਰ ਇਹ ਚੀਜ਼ਾਂ ਆਦਮੀ ਦੇ ਅੰਦਰ ਨੇ, ਓਨਾਂ ਚਿਰ ਮੈਲ ਹੈ। ਇਹ ਮੈਲ ਨੂੰ ਦੂਰ ਕਰਨ ਵਾਸਤੇ ਤੀਰਥਾਂ 'ਚ ਤਾਕਤ ਨਹੀਂ ਹੈ।

*ਧਾਰਨਾ – ਮੈਲ ਹਉਮੈ ਦੀ ਕਦੇ ਨਾ ਜਾਵੇ,*
*ਤੀਰਥ ਭਾਵੇਂ ਨਹ੍ਹਾ ਲੈ ਸੈਂਕੜੇ।*

ਕਹਿਣ ਲੱਗੇ, ਪ੍ਰੇਮੀਓ! ਤੀਰਥਾਂ ਤੇ ਨਾਹੁੰਣ ਨਾਲ ਮਨ ਦੀ ਮੈਲ ਨਹੀਂ ਜਾਇਆ ਕਰਦੀ, ਮਨ ਜੇ ਮੈਲਾ ਹੈ ਤਾਂ –

*ਮਨਿ ਮੈਲੈ ਸਭੁ ਕਿਛੁ ਮੈਲਾ*
*ਤਨਿ ਧੋਤੈ ਮਨੁ ਹਛਾ ਨ ਹੋਇ ॥ਅੰਗ – ੫੫੮*

ਤਨ ਦੇ ਧੋਣ ਨਾਲ ਮਨ ਹੱਛਾ ਨਹੀਂ ਹੁੰਦਾ –

*ਜਗਿ ਹਉਮੈ ਮੈਲੁ ਦੁਖੁ ਪਾਇਆ*
*ਮਲੁ ਲਾਗੀ ਦੂਜੈ ਭਾਇ ॥ ਅੰਗ – ੩੯*

ਜਿਹੜੀ ਦ੍ਵੈਤ ਹੈ ਨਾ ਸਾਡੇ ਅੰਦਰ, ਉਹ ਮੇਰਾ

ਉਹ ਬੇਗਾਨਾ। ਇਹ ਮੈਲ ਲੱਗੀ ਹੋਈ ਹੈ ਮਨ ਨੂੰ। ਦੂਜਾ ਭਾਵ ਹੈ ਇਹ। ਕਹਿੰਦੇ, ਉਹਦੀ ਮੈਲ ਨਹੀਂ ਲਹਿੰਦੀ।

*ਜਬ ਧਾਰੈ ਕੋਊ ਬੈਰੀ ਮੀਤੁ ॥*
*ਤਬ ਲਗੁ ਨਿਹਚਲੁ ਨਾਹੀ ਚੀਤੁ ॥*
*ਅੰਗ - ੨੭੮*

ਵੈਰੀ ਹੈ ਜੀ ਇਹ ਸਾਡਾ। ਇਹ ਸਾਡਾ ਮਿੱਤਰ ਹੈ ਜੀ, ਕਹਿੰਦੇ ਨਿਹਚਲ ਹੀ ਨਹੀਂ ਚਿੱਤ। ਸੋ -

*ਮਲੁ ਹਉਮੈ ਧੋਤੀ ਕਿਵੈ ਨ ਉਤਰੈ*
*ਜੇ ਸਉ ਤੀਰਥ ਨਾਇ ॥ ਅੰਗ - ੩੯*

ਕਹਿੰਦੇ ਸੈਂਕੜੇ ਤੀਰਥ ਨਹਾ ਲੈ। ਕੋਈ ਤਰੀਕਾ ਨਹੀਂ ਕਿ ਹਉਮੈ ਨੂੰ ਦੂਰ ਕਰ ਦੇਵੇ।

*ਬਹੁ ਬਿਧਿ ਕਰਮ ਕਮਾਵਦੇ*
*ਦੂਣੀ ਮਲੁ ਲਾਗੀ ਆਇ ॥ ਅੰਗ - ੩੯*

ਕਰਮ ਕਰਦਾ ਹੈ ਆਦਮੀ, ਨੇਕ ਕਰਮ ਕਰਦਾ ਹੈ। ਨੇਕ ਕਰਮ ਹੁੰਦੇ ਤਾਂ ਚੰਗੇ ਨੇ ਜਦ ਮੈਂ ਕਰਦਾ ਹਾਂ ਕਹਿੰਦਾ ਹੈ ਤਾਂ ਫੇਰ ਮੈਲ ਲਗ ਜਾਂਦੀ ਹੈ ਤੇ ਕਿਤਾਬਾਂ ਬੇਅੰਤ ਪੜ੍ਹਦਾ ਹੈ। ਬੜੀ ਪੜ੍ਹਾਈ ਕਰਦਾ ਹੈ, ਬੜੇ ਪਾਠ ਕਰਦਾ ਹੈ। ਮਹਾਰਾਜ ਕਹਿੰਦੇ-

*ਪੜਿਐ ਮੈਲੁ ਨ ਉਤਰੈ*
*ਪੂਛਹੁ ਗਿਆਨੀਆ ਜਾਇ ॥ ਅੰਗ - ੩੯*

ਜਿਨ੍ਹਾਂ ਦੀ ਮੈਲ ਉਤਰੀ ਹੋਈ ਹੈ ਉਨ੍ਹਾਂ ਨੂੰ ਪੁਛੋ ਜਾ ਕੇ -

*ਮਨ ਮੇਰੇ ਗੁਰ ਸਰਣਿ ਆਵੈ*
*ਤਾ ਨਿਰਮਲੁ ਹੋਇ ॥ ਅੰਗ - ੩੯*

ਗੁਰੂ ਦੀ ਸ਼ਰਨ ਵਿੱਚ ਜਦ ਇਹ ਆ ਜਾਂਦਾ ਹੈ, ਗੁਰੂ ਦਾ ਬਚਨ ਕਮਾਉਂਦਾ ਹੈ। ਫੇਰ ਇਹ ਨਿਰਮਲ ਹੁੰਦਾ ਹੈ।

*ਮਨਮੁਖ ਹਰਿ ਹਰਿ ਕਰਿ ਥਕੇ*
*ਮੈਲੁ ਨ ਸਕੀ ਧੋਇ ॥ ਅੰਗ - ੩੯*

ਜਿਨ੍ਹਾਂ ਦੀ ਗੁਰੂ ਦੇ ਨਾਲ ਬਨਦੀ ਨਹੀਂ ਹੈ, ਗੁਰੂ ਉੱਤੇ 100% ਭਰੋਸਾ ਨਹੀਂ ਜਿਨ੍ਹਾਂ ਦਾ ਆਇਆ। ਮਨ ਨੂੰ ਮੂਹਰੇ ਰੱਖਦੇ ਨੇ, ਸਾਰਾ ਸੰਸਾਰ ਰਖਦਾ ਹੈ। ਮਨ 'ਚ ਚਿੰਤਾ ਕਿਉਂ ਆਉਂਦੀ ਹੈ। ਮਨ 'ਚ ਘਬਰਾਹਟ ਕਿਉਂ ਆਉਂਦੀ ਹੈ, ਤਾਂ ਹੀ ਆਉਂਦੀ ਹੈ ਜੇ ਗੁਰੂ ਦੇ ਉੱਤੇ ਵਿਸ਼ਵਾਸ਼ ਨਹੀਂ ਹੈ। ਜੇ ਗੁਰੂ 'ਤੇ ਵਿਸ਼ਵਾਸ਼ ਹੋਵੇ, ਮਾੜੀ ਗੱਲ ਹੋ ਜਾਵੇ, ਗੁਰੂ ਕਹਿੰਦਾ ਭਾਈ -

*ਹੁਕਮਿ ਰਜਾਈ ਚਲਣਾ*
*ਨਾਨਕ ਲਿਖਿਆ ਨਾਲਿ ॥ ਅੰਗ - ੧*

ਕਾਹਨੂੰ ਚਿੰਤਾ ਕਰਦਾ ਹੈਂ ਅਕਾਲ ਪੁਰਖ ਦਾ ਹੁਕਮ ਹੀ ਐਸਾ ਹੈ। ਜਦ ਆਦਮੀ ਚਲਦਾ ਹੀ ਮਨ ਦੇ ਪਿੱਛੇ ਹੈ, ਦਿਨ ਰਾਤ ਸਾਰਾ ਸੰਸਾਰ, ਕੀ ਧਰਮੀ ਕੀ ਦੂਜੇ ਸਭ ਮਨ ਦੇ ਪਿੱਛੇ ਲੱਗੇ ਹੋਏ ਨੇ ਤੇ ਮਨ ਦੇ ਪਿੱਛੇ ਲਗਣ ਵਾਲੇ ਜੇ ਹਰਿ-ਹਰਿ ਕਰਦੇ ਨੇ, ਵਾਹਿਗੁਰੂ-ਵਾਹਿਗੁਰੂ ਕਰਦੇ ਨੇ, ਉਨ੍ਹਾਂ ਦੀ ਮੈਲ ਧੋਤੀ ਨਾ ਗਈ।

*ਮਨਿ ਮੈਲੈ ਭਗਤਿ ਨ ਹੋਵਈ*
*ਨਾਮੁ ਨ ਪਾਇਆ ਜਾਇ ॥ ਅੰਗ - ੩੯*

ਹੁਣ ਮਹਾਰਾਜ ਕਹਿੰਦੇ ਨਾ ਤਾਂ ਨਾਮ ਦੀ ਪ੍ਰਾਪਤੀ ਹੋਣੀ ਹੈ ਤੇ ਨਾ ਭਗਤੀ ਹੁੰਦੀ ਹੈ, ਨੌਂ ਕਿਸਮ ਦੀ ਭਗਤੀ ਹੈ -

*ਮਨਮੁਖ ਮੈਲੇ ਮੈਲੇ ਮੁਏ*
*ਜਾਸਨਿ ਪਤਿ ਗਵਾਇ॥*
*ਗੁਰ ਪਰਸਾਦੀ ਮਨਿ ਵਸੈ*
*ਮਲੁ ਹਉਮੈ ਜਾਇ ਸਮਾਇ ॥*
*ਜਿਉ ਅੰਧੇਰੈ ਦੀਪਕੁ ਬਾਲੀਐ*
*ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥*
*ਅੰਗ - ੩੯*

ਜੇ ਗੁਰੂ ਦੇ ਸ਼ਬਦ ਦੀ ਕਮਾਈ ਹੋ ਜਾਵੇ, ਸਹੀ ਤਰੀਕੇ ਨਾਲ ਤਾਂ ਜਿਵੇਂ ਹਨ੍ਹੇਰੇ 'ਚ ਦੀਵਾ ਬਾਲਦੇ ਨੇ, ਚਾਨਣ ਹੋ ਜਾਂਦਾ ਹੈ, ਐਉਂ ਮੈਲ ਲਹਿ ਜਾਂਦੀ ਹੈ। ਬਾਕੀ ਹੋਰ ਜਿਹੜੇ ਤੀਰਥ ਨੇ, ਤੀਰਥ ਪਵਿੱਤਰ ਨੇ, ਠੀਕ ਹੈ ਸ਼ੁੱਧ ਥਾਉਂ ਹੁੰਦਾ ਹੈ ਮਹਾਂਪੁਰਸ਼ਾਂ ਦੇ ਉਥੇ, ਚਰਨ ਪਏ ਹੁੰਦੇ ਨੇ। ਸ਼ਰਧਾ ਉਪਜਦੀ ਹੈ ਪਰ ਵਿਧੀ ਨਾਲ ਜੇ ਤੀਰਥ ਨਾ ਕਰੇ ਫਲ ਨਹੀਂ ਹੋਇਆ ਕਰਦਾ। ਜੇ ਐਵੇਂ ਹੀ ਕਹੀਏ ਕਿ ਅਸੀਂ ਗੰਗਾ ਦਾ ਪਾਣੀ ਪੀਈ ਜਾਈਏ, ਉਹਦੇ ਕੰਢੇ 'ਤੇ ਰਹਿ ਕੇ ਸਾਡੀ ਮੁਕਤੀ ਹੋ ਜਾਏਗੀ, ਮਹਾਰਾਜ ਕਹਿੰਦੇ ਆਹ ਗੱਲ ਤੂੰ ਸੋਚ ਨਾ-

*ਧਾਰਨਾ - ਭਾਵੇਂ ਗੰਗਾ ਦੇ ਕਿਨਾਰੇ ਘਰ ਪਾ ਲੈ,*
*ਮੁਕਤੀ ਨਾ ਹੋਣੀ ਨਾਮ ਤੋਂ ਬਿਨਾਂ।*

*ਕਬੀਰ ਗੰਗਾ ਤੀਰ ਜੁ ਘਰੁ ਕਰਹਿ*
*ਪੀਵਹਿ ਨਿਰਮਲ ਨੀਰੁ ॥*
*ਬਿਨੁ ਹਰਿ ਭਗਤਿ ਨ ਮੁਕਤਿ ਹੋਇ*
*ਇਉ ਕਹਿ ਰਮੇ ਕਬੀਰ ॥ ਅੰਗ - ੧੩੬੭*

ਐਸਾ ਭੁਲੇਖਾ ਕਿ ਹਰਿਦੁਆਰ ਜਾ ਕੇ ਵਸ ਜਾਈਏ, ਫਲਾਣੇ ਤੀਰਥ 'ਤੇ ਵਸ ਜਾਈਏ, 68 ਤੀਰਥ, ਬੇਅੰਤ ਤੀਰਥ ਨੇ। ਤੀਰਥ 'ਤੇ ਵਸਣ ਨਾਲ ਨਹੀਂ ਕੁਛ ਹੁੰਦਾ, ਜਦ ਤੱਕ ਅੰਦਰ ਨਾਮ ਦੀ ਰੌ ਨਾ ਚੱਲੇ, ਨਾਮ ਦੀ ਸਮਝ ਨਾ ਆਵੇ, ਨਾਮ ਦਾ ਨਿਵਾਸ ਨਾ ਹੋਵੇ, ਨਾਮ ਦੀ ਪ੍ਰਾਪਤੀ ਨਾ ਹੋਵੇ, ਨਾਮ ਦਾ ਪ੍ਰਕਾਸ਼ ਨਾ ਹੋਵੇ।

ਸੋ ਬੇਨਤੀ ਕਰਨ ਲੱਗੇ ਕਿ ਪਾਤਸ਼ਾਹ! ਐਹ ਤਾਂ ਗੱਲ ਅਸੀਂ ਕਦੇ ਸੋਚੀ ਨਹੀਂ ਅਸੀਂ ਤਾਂ ਲਕੀਰ ਦੇ

ਫਕੀਰ ਸੈਂਕੜੇ ਮੀਲਾਂ ਤੋਂ, ਲੰਕਾ ਤੱਕ ਦੇ ਬੰਦੇ ਇੱਥੇ ਆਏ ਹੋਏ ਨੇ। ਏਧਰ ਬ੍ਰਹਮਾ ਤੱਕ, ਅਫਗਾਨਿਸਤਾਨ, ਏਧਰ ਦੂਰ ਤੱਕ ਪਹਾੜਾਂ ਦੇ ਵਿਚੋਂ ਸਾਰੇ ਆ ਕੇ ਇੱਥੇ ਬੈਠੇ ਨੇ, ਏਸ ਆਸ ਨਾਲ ਕਿ ਗੰਗਾ ਇਸ਼ਨਾਨ ਕਰਾਂਗੇ ਸਾਡੀ ਮੁਕਤੀ ਹੋ ਜਾਏਗੀ। ਮੈਲ ਲਹਿ ਜਾਏਗੀ। ਮਹਾਰਾਜ ਕਹਿਣ ਲੱਗੇ, ਇਸ ਤਰ੍ਹਾਂ ਤਾਂ ਮੈਲ ਨਹੀਂ ਲਹਿਆ ਕਰਦੀ। ਮੈਲ ਤਾਂ ਮਨ ਨੂੰ ਲੱਗੀ ਹੋਈ ਹੈ, ਸਰੀਰ ਦੀ ਮੈਲ ਲਾਹ ਕੇ ਤਾਂ ਇਹ ਉਸੇ ਵੇਲੇ ਮੈਲਾ ਹੋ ਜਾਏਗਾ। ਕਹਿਣ ਲੱਗੇ, ਪਾਤਸ਼ਾਹ! ਜਿਹੜੀ ਪਾਪਾਂ ਦੀ ਮੈਲ ਸਾਨੂੰ ਲਗ ਗਈ, ਇਹਦੇ ਲਹਿਣ ਦਾ ਕੋਈ ਤਰੀਕਾ ਵੀ ਹੈ? ਮਹਾਰਾਜ ਕਹਿੰਦੇ ਹਾਂ ਇੱਕ ਤਰੀਕਾ ਹੈ ਜਿਹੜਾ ਬੜਾ ਜ਼ਬਰਦਸਤ ਹੈ। ਪੜ੍ਹੋ ਪਿਆਰ ਨਾਲ -

*ਧਾਰਨਾ - ਜਨਮਾਂ-ਜਨਮਾਂ ਦੇ ਪਾਪ ਲਹਿ ਜਾਣਗੇ,*
*ਧੂੜੀ ਨਹ੍ਹਾ ਕੇ ਸਾਧੂਆਂ ਦੀ।*

ਮਹਾਰਾਜ ਕਹਿਣ ਲੱਗੇ ਕਿ ਜੋ ਸਾਧੂਆਂ ਦੀ ਧੂੜੀ ਹੈ, ਦੋ ਤਰ੍ਹਾਂ ਦੀ ਧੂੜੀ ਹੁੰਦੀ ਹੈ, ਇੱਕ ਚਰਨਾਂ ਦੀ ਧੂੜੀ ਇੱਕ ਮੁਖ ਦੀ ਧੂੜੀ। ਮੁੱਖ ਦੀ ਧੂੜੀ ਮਹਾਂਪੁਰਖਾਂ ਦੇ ਅਨੁਭਵੀ ਬਚਨ ਹੋਇਆ ਕਰਦੇ ਨੇ। ਉਹ ਜਦ ਕੰਨਾਂ ਦੇ ਰਾਹੀ ਹਿਰਦੇ 'ਚ ਪ੍ਰਵੇਸ਼ ਕਰਦੇ ਨੇ, ਓਸ ਵੇਲੇ ਪਾਪਾਂ ਦੇ ਪਹਾੜ ਢਹਿ ਜਾਇਆ ਕਰਦੇ ਨੇ। ਪਾਪ ਖਤਮ ਹੋ ਜਾਇਆ ਕਰਦੇ ਨੇ।

*ਜਨ ਕੀ ਟਹਲ ਸੰਭਾਖਨੁ*
*ਜਨ ਸਿਉ ਊਠਨੁ ਬੈਠਨੁ ਜਨ ਕੈ ਸੰਗਾ ॥*
*ਜਨ ਚਰ ਰਜ ਮੁਖਿ ਮਾਥੈ ਲਾਗੀ*
*ਆਸਾ ਪੂਰਨ ਅਨੰਤ ਤਰੰਗਾ ॥ ਅੰਗ - ੮੨੮*

ਜਦੋਂ ਚਰਨਾਂ ਦੀ ਧੂੜੀ ਮੱਥੇ 'ਤੇ ਲਗ ਗਈ, ਓਸ ਵੇਲੇ ਸਾਰੀਆਂ ਆਸਾਂ ਪੂਰੀਆਂ -

*ਜਨ ਪਾਰਬ੍ਰਹਮ ਜਾ ਕੀ ਨਿਰਮਲ ਮਹਿਮਾ*
*ਜਨ ਕੇ ਚਰਨ ਤੀਰਥ ਕੋਟਿ ਗੰਗਾ॥*
*ਅੰਗ - ੮੨੮*

ਜਨ ਦਾ ਜਿਹੜਾ ਤੀਰਥ ਹੈ ਜਿਥੇ ਚਰਨ ਧਰ ਦੇਵੇ, ਕਹਿੰਦੇ ਇੱਕ ਕਰੋੜ ਗੰਗਾ ਦਾ ਫਲ ਉਥੇ ਹੋ ਜਾਇਆ ਕਰਦਾ ਹੈ।

*ਜਨ ਕੀ ਧੂਰਿ ਕੀਓ ਮਜਨੁ ਨਾਨਕ*
*ਜਨਮ ਜਨਮ ਕੇ ਹਰੇ ਕਲੰਗਾ ॥ ਅੰਗ - ੮੨੮*

ਕਰੋੜਾਂ ਜਨਮਾਂ ਦੇ ਜਿਹੜੇ ਪਾਪ ਸੀਗੇ, ਉਹ ਦੂਰ ਹੋ ਜਾਂਦੇ ਨੇ। ਕਿਉਂ ਦੂਰ ਹੋ ਜਾਂਦੇ ਨੇ, ਕਿਉਂਕਿ ਪ੍ਰਮੇਸ਼ਰ ਦੇ ਪਿਆਰੇ ਵਿੱਚ ਤੇ ਪ੍ਰਮੇਸ਼ਰ ਵਿੱਚ ਕੋਈ ਭੇਤ ਨਹੀਂ ਹੋਇਆ ਕਰਦਾ। ਇੱਕੋ ਰੂਪ ਹੋਇਆ ਕਰਦੇ ਨੇ-

*ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥*
*ਅੰਗ - ੩੯੭*

ਉਹ ਵਾਹਿਗੁਰੂ ਵਰਗੇ ਹੀ ਹੁੰਦੇ ਨੇ -

*ਹਰਿ ਕਾ ਸੇਵਕੁ ਸੋ ਹਰਿ ਜੇਹਾ ॥*
*ਭੇਦੁ ਨ ਜਾਣਹੁ ਮਾਣਸ ਦੇਹਾ ॥*
*ਜਿਉ ਜਲ ਤਰੰਗ ਉਠਹਿ ਬਹੁ ਭਾਤੀ*
*ਫਿਰਿ ਸਲਲੈ ਸਲਲ ਸਮਾਇਦਾ ॥*
*ਅੰਗ - ੧੦੭੬*

ਪਾਣੀ ਵਿਚੋਂ ਲਹਿਰਾਂ ਉਠਦੀਆਂ ਨੇ, ਪਾਣੀ ਵਿੱਚ ਹੀ ਫੇਰ ਰਲ ਜਾਂਦੀਆਂ ਨੇ। ਐਉਂ ਸਾਧੂ ਹੋਇਆ ਕਰਦੇ ਨੇ -

*ਜਨਮ ਮਰਣ ਦੁਹਹੂ ਮਹਿ ਨਾਹੀ*
*ਜਨ ਪਰਉਪਕਾਰੀ ਆਏ ॥*
*ਜੀਅ ਦਾਨੁ ਦੇ ਭਗਤੀ ਲਾਇਨਿ*
*ਹਰਿ ਸਿਉ ਲੈਨਿ ਮਿਲਾਏ ॥ ਅੰਗ - ੭੪੯*
*ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ॥*
*ਪ੍ਰਭ ਮਹਿ ਮੋ ਮਹਿ ਤਾਸ ਮਹਿ*
*ਰੰਚਕ ਨਾਹਨ ਭੇਵ॥ ਸਰਬ ਲੋਹ ਗ੍ਰੰਥ 'ਚੋਂ*

ਕਹਿੰਦਾ ਖਾਲਸਾ ਕੌਣ ਹੈ? ਜਿਹਨੂੰ ਬ੍ਰਹਮਗਿਆਨ ਦਾ ਰਸ ਆ ਗਿਆ। ਆਤਮਾ ਦਾ ਰਸ ਆ ਗਿਆ। ਪਦਵੀ ਕਿੱਡੀ ਹੋ ਗਈ ਕਹਿੰਦੇ -

*ਪ੍ਰਭ ਮਹਿ ਮੋ ਮਹਿ ਤਾਸ ਮਹਿ*
*ਰੰਚਕ ਨਾਹਨ ਭੇਵ॥ ਸਰਬ ਲੋਹ ਗ੍ਰੰਥ 'ਚੋਂ*

ਭੋਰਾ ਜਿੰਨਾ ਵੀ, ਰੰਚਕ, ਜ਼ੀਰੋ-ਜ਼ੀਰੋ ਕਹਿੰਦੇ % ਨਹੀਂ ਹੈ। ਕਹਿੰਦੇ ਕੋਈ ਵੀ ਭੇਤ ਨਹੀਂ ਹੋਇਆ ਕਰਦਾ।

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥*
*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥*
*ਅੰਗ - ੨੭੩*

ਸੋ ਇਹ ਤੀਰਥ ਜਿਹੜੇ ਨੇ ਮਹਾਰਾਜ ਕਹਿੰਦੇ ਇਹ ਹੋਰ ਚੀਜ਼ ਹੈ ਇੱਥੇ ਸਾਧੂ ਆਉਂਦੇ ਨੇ। ਘਰ ਤੋਂ ਸ਼ਰਧਾ ਨਾਲ ਆਓ ਕਿ ਮਹਾਂਪੁਰਸ਼ਾਂ ਦੇ ਬਚਨ ਸੁਣਾਂਗੇ। ਇਸ਼ਨਾਨ, ਠੀਕ ਹੈ ਸਰੀਰ ਨੂੰ ਪਾਣੀ ਦੀ ਲੋੜ ਹੈ, ਇਸ਼ਨਾਨ ਕਰਨਾ ਹੈ, ਲੇਕਿਨ ਓਸ ਤੋਂ ਅੱਗੇ ਗੱਲ ਹੈ -

*ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ*
*ਮਨ ਤਨ ਭਏ ਅਰੋਗਾ ॥ ਅੰਗ - ੬੧੧*

ਸਿਮਰਨ ਕਰਨਾ ਹੈ, ਨਾਮ ਜਪਣਾ ਹੈ। ਬਾਕੀ ਜਿਹੜਾ ਇਸ ਤੋਂ ਬਿਨਾਂ ਹੈ, ਨਿਰਾ ਤੀਰਥਾਂ 'ਤੇ ਜਾ ਕੇ ਬੰਦਾ ਬਦਲ ਜਾਏਗਾ, ਬੰਦਾ ਨਹੀਂ ਬਦਲਿਆ ਕਰਦਾ। ਇੱਕ ਵਾਰੀ ਕਬੀਰ ਸਾਹਿਬ ਬੈਠੇ, ਉਥੇ ਉਨ੍ਹਾਂ ਦਾ ਇੱਕ ਚੇਲਾ ਸੀ, ਸੀ ਥੋੜ੍ਹਾ ਕਰਮਕਾਂਡੀ ਕਿਉਂਕਿ ਮਹਾਤਮਾ ਕੋਲ ਰਹਿ ਕੇ ਬਹੁਤ ਸਾਰੇ ਪ੍ਰੇਮੀਆਂ ਨੂੰ ਤਾਂ ਪਤਾ ਹੀ ਨਹੀਂ ਹੁੰਦਾ ਕਿ ਅਸੀਂ ਸੰਤਾਂ ਕੋਲ ਕੀ ਕਰਨ ਆਏ ਹਾਂ। ਨਾ ਉਹ ਪੁੱਛਣ, ਨਾ ਉਨ੍ਹਾਂ ਨੂੰ ਪਤਾ ਹੁੰਦਾ ਹੈ। ਪ੍ਰਸ਼ਾਦ ਪਾਣੀ ਮਿਲ ਗਿਆ, ਛਕਾ ਛਕਾ ਲਿਆ ਇਧਰ ਨੂੰ ਨੱਠ

ਗਏ, ਓਧਰ ਨੂੰ ਨੱਠ ਗਏ। ਓਧਰ ਕਿਤੇ ਪ੍ਰੋਗਰਾਮ, ਐਧਰ ਪ੍ਰੋਗਰਾਮ, ਅਸਲੀ ਗੱਲ ਦਾ ਨਹੀਂ ਪਤਾ ਹੁੰਦਾ। ਉਨ੍ਹਾਂ ਦੀ ਬਿਰਤੀ ਓਹੋ ਜਿਹੀ ਹੀ ਰਹਿੰਦੀ ਹੈ, ਜਿਹੋ ਜਿਹੇ ਆਏ ਹੁੰਦੇ ਨੇ ਓਹੋ ਜਿਹੇ ਵਾਪਸ ਚਲੇ ਜਾਂਦੇ ਨੇ, ਕਿਉਂਕਿ ਕੋਈ ਪਰਿਵਰਤਨ ਨਹੀਂ ਹੁੰਦਾ, ਮਨ 'ਚ ਧਾਰ ਕੇ ਨਹੀਂ ਆਉਂਦੇ ਕਿ ਮੈਂ ਬੰਦਗੀ ਕਰਨੀ ਹੈ, ਨਾਮ ਜਪਣਾ ਹੈ ਤੇ ਮੈਨੂੰ ਤਾਂ ਬੜੀ ਮੁਸ਼ਕਲ ਨਾਲ ਮੌਕਾ ਮਿਲਿਆ ਹੈ, ਸ਼ੁਕਰ ਹੈ ਮੈਨੂੰ ਦੁਨੀਆਂ ਦੇ ਬੰਧਨ ਨਹੀਂ ਪਾਏ। ਸਾਰੇ ਬੰਧਨਾਂ ਤੋਂ ਰਹਿਤ ਹੋ ਕੇ ਪ੍ਰਮੇਸ਼ਰ ਦਾ ਨਾਮ ਜਪ ਕੇ ਮੈਂ ਪਰਮਪਦ ਦੀ ਪ੍ਰਾਪਤੀ ਕਰਨੀ ਹੈ। ਕੋਈ ਵਿਰਲਾ ਹੈ ਜਿਹਨੂੰ ਇਹ ਸੋਝੀ ਹੋਵੇ। ਸੋ ਬਾਕੀ ਬੇਅੰਤ ਕਿਸਮ ਦੇ ਮਹਾਤਮਾ ਦੇ ਕੋਲ ਬੰਦੇ ਰਹਿੰਦੇ ਨੇ। ਤਮੋ ਗੁਣ ਬਿਰਤੀ ਦੇ ਵੀ ਰਹਿੰਦੇ ਹਨ, ਰਜੋ ਗੁਣ ਦੇ ਵੀ ਰਹਿੰਦੇ ਹਨ, ਸਤੋ ਗੁਣ ਦੇ ਵੀ ਰਹਿੰਦੇ ਨੇ, ਮਹਾਤਮਾ ਨਿਰਲੇਪ ਹੁੰਦੇ ਨੇ, ਜਿਸ ਤਰ੍ਹਾਂ ਵਾਹਿਗੁਰੂ ਸਾਰਿਆਂ ਦੇ ਅੰਦਰ ਰਹਿੰਦਾ ਹੈ ਪਰ ਸਾਰੇ ਤਾਂ ਨਹੀਂ ਸਾਧੂ ਹੋਇਆ ਕਰਦੇ। ਵਾਹਿਗੁਰੂ ਕੋਲ ਰਹਿੰਦਾ ਹੈ, ਨਾਲ ਰਹਿੰਦਾ ਹੈ ਲੇਕਿਨ ਪਾਪੀ ਵੀ ਹੁੰਦੇ ਨੇ, ਮਾੜੇ ਵੀ ਹੁੰਦੇ ਨੇ, ਕਾਮੀ ਵੀ ਹੁੰਦੇ ਨੇ, ਕਪਟ ਕਰਨ ਵਾਲੇ ਵੀ ਹੁੰਦੇ ਨੇ. ਛਲ ਕਰਨ ਵਾਲੇ, ਧੋਖੇ ਦੇਣ ਵਾਲੇ, ਫਿੱਕਾ ਬੋਲਣ ਵਾਲੇ, ਵਾਹਿਗੁਰੂ ਤਾਂ ਨਾਲ ਰਹਿੰਦਾ ਹੈ, ਸਾਰੀ ਸੱਤਾ ਓਹਦੀ ਹੈ। ਇਸ ਤਰ੍ਹਾਂ ਮਹਾਤਮਾ ਦੇ ਕੋਲ ਰਹਿ ਕੇ ਜਦ ਤਕ ਰੁਖ ਨਹੀਂ ਬਣਦਾ, ਓਨੀਂ ਦੇਰ ਤੱਕ ਮਹਾਤਮਾ ਦਾ ਜਿਹੜਾ ਅਸਰ ਹੈ, ਕੁਝ ਪ੍ਰਾਪਤੀ ਦਾ (positive mind) ਨਹੀਂ ਉਨ੍ਹਾਂ ਦਾ ਵੀ ਹੋਇਆ ਕਰਦਾ। ਕੁਛ ਲੈਣ ਦੀ ਤੀਬਰ ਇੱਛਾ ਨਹੀਂ ਜਾਗਦੀ ਤੇ ਉਥੇ ਹੀ ਰਹਿ ਜਾਂਦਾ ਹੈ, ਥੋੜ੍ਹਾ ਬਹੁਤਾ ਫਲ ਰਹਿ ਜਾਂਦਾ ਹੈ. ਸੇਵਾ ਦਾ। ਕਬੀਰ ਸਾਹਿਬ ਨੂੰ ਕਹਿਣ ਲੱਗਿਆ, ਮਹਾਰਾਜ! ਤੁਸੀਂ ਆਪ ਤਾਂ ਤੀਰਥਾਂ 'ਤੇ ਨਾਹੁੰਣ ਨਹੀਂ ਜਾਂਦੇ ਤੇ ਨਾ ਤੁਸੀਂ ਮੈਨੂੰ ਨਾਹੁੰਣ ਜਾਣ ਦਿੰਦੇ ਹੋ। ਕਬੀਰ ਸਾਹਿਬ ਕਹਿੰਦੇ, ਕੀ ਲੈਣਾ ਹੈ ਨਾਹ ਕੇ, ਐਵੇਂ ਖੇਚਲ ਕਰਦੇ ਹੋ। ਬਾਕੀ ਤਮੋ ਗੁਣ ਵਧ ਜਾਂਦਾ ਹੈ, ਥਕੇਵਾਂ ਵਧ ਜਾਂਦਾ ਹੈ, ਰਸ ਨਾਮ ਦੀ ਚੀਜ਼ ਸਾਰੀ ਖਤਮ ਹੋ ਜਾਂਦੀ ਹੈ। ਮਹੀਨਾ ਭਰ ਆ ਕੇ ਮਨ ਨਹੀਂ ਲਗਦਾ। ਓਹੀ ਸੰਸਕਾਰ, ਆਲੇ-ਦੁਆਲੇ ਦੀਆਂ ਲੋੜਾਂ, ਘੱਟ ਵੱਧ ਕਿਸੇ ਨੇ ਕੌੜਾ ਬੋਲ ਦਿੱਤਾ, ਕਿਸੇ ਨੇ ਕੁਛ ਕਰ ਦਿੱਤਾ ਕਿਸੇ ਨੇ ਕੁਛ। ਓਹੀ ਸੰਸਕਾਰ ਲੈ ਕੇ ਆ ਜਾਂਦਾ ਹੈ ਬੰਦਾ। ਬਿਰਤੀ ਹਿੱਲ ਜਾਂਦੀ ਹੈ, ਇਸ ਲਈ ਰਹਿਣ ਦਿਓ। ਬਹੁਤ ਹੱਠ ਕਰਿਆ। ਕਹਿੰਦੇ ਚੰਗਾ, ਫੇਰ ਐਉਂ ਕਰੀਂ ਫੇਰ ਸਾਡਾ ਵੀ ਇੱਕ ਕੰਮ ਕਰ ਲਿਆਈਂ। ਕੌੜ ਤੂੰਬੀ ਦੇ ਦਿੱਤੀ, ਕਹਿੰਦੇ ਇਹਨੂੰ ਚੰਗੀ ਤਰ੍ਹਾਂ ਇਸ਼ਨਾਨ ਕਰਾਈਂ, ਜਿਥੇ ਤੂੰ ਕਰੇਂਗਾ। ਉਹ ਸਾਲ ਭਰ ਤੋਂ ਬਾਅਦ ਆਇਆ, ਜਿੱਥੇ ਜਾਵੇ ਸਾਧੂਆਂ ਦੀ ਜਮਾਤ ਨਾਲ ਰਲ ਗਿਆ ਤੇ ਜਿੱਥੇ ਜਾਂਦਾ ਹੈ ਕਬੀਰ ਸਾਹਿਬ ਦੀ ਤੂੰਬੀ ਦਾ ਜ਼ਰੂਰ ਇਸ਼ਨਾਨ ਕਰਾਉਂਦਾ ਹੈ। ਉਹਦੇ ਬਾਅਦ ਜਦ ਕਬੀਰ ਸਾਹਿਬ ਦੇ ਕੋਲ ਆ ਗਏ, ਮਹਾਤਮਾ ਵੀ ਸਾਰੇ ਆ ਗਏ, ਕਹਿੰਦੇ ਕਿਉਂ ਭਾਈ, ਕਰ ਆਏ ਤੀਰਥਾਂ 'ਤੇ ਇਸ਼ਨਾਨ? ਕਹਿੰਦੇ ਹਾਂ ਜੀ। ਨਿਰਮਲ ਜਲ ਪੀਤਾ ਹੈ, ਤੀਰਥਾਂ 'ਤੇ ਇਸ਼ਨਾਨ ਕਰਿਆ ਹੈ ਤੇ ਕਹਿਣ ਲੱਗੇ ਕਿ ਤੂੰਬੀ ਨੂੰ ਵੀ ਇਸ਼ਨਾਨ ਕਰਾ ਲਿਆ? ਕਹਿੰਦੇ ਹਾਂ। ਕਹਿੰਦੇ ਹੁਣ ਤਾਂ ਇਹ ਫੇਰ ਮਹਾਂ-ਪਵਿੱਤਰ ਹੋ ਗਈ, ਨਮਸ਼ਕਾਰ ਕਰਨ ਜੋਗੀ ਹੋ ਗਈ, ਲਾਂਗਰੀ ਨੂੰ ਬੁਲਾਇਆ ਕਹਿੰਦੇ ਐਉਂ ਕਰ ਇਹ ਉੱਤਮ ਪ੍ਰਸ਼ਾਦ ਬਣ ਗਿਆ, ਤੀਰਥਾਂ 'ਤੇ ਇਸ਼ਨਾਨ ਕਰਕੇ। ਤੂੰ ਇਹਦੀ ਸਬਜ਼ੀ ਬਣਾ ਲਿਆ। ਲੰਗਰ 'ਚ ਚਮਚਾ-ਚਮਚਾ ਵਰਤਾਅ ਦੇਈਂ ਸਾਰਿਆਂ ਨੂੰ। ਸੋ ਲੰਗਰ ਤਿਆਰ ਹੋ ਗਿਆ, ਜਿੱਥੇ ਹੋਰ ਪ੍ਰਸ਼ਾਦੇ ਦਿੱਤੇ ਉਥੇ ਨਾਲ ਚਟਨੀ ਵਾਂਗੂੰ ਉਹ ਵੀ ਮਾੜੀ-ਮਾੜੀ ਸਾਰਿਆਂ ਨੂੰ ਵਰਤਾ ਦੇਈਂ। ਜਦੋਂ ਵਰਤਾਈ, ਓਸ ਵੇਲੇ ਜਿਹਦੇ ਮੂੰਹ 'ਚ ਜਾਂਦਾ ਹੈ ਪ੍ਰਸ਼ਾਦ, ਉਹ ਉੱਠ ਕੇ ਨੱਠਦਾ ਹੈ ਥੁੱਕਣ। ਥੂ-ਥੂ ਹੋਣ ਲਗ ਗਈ। ਕਹਿੰਦੇ, ਕਿਉਂ ਬਈ ਪ੍ਰੇਮੀਓਂ ਇਹ ਕੀ ਕਰਨ ਲਗ ਗਏ ਤੁਸੀਂ? ਇਹ ਤਾਂ ੬੮ ਤੀਰਥਾਂ ਦਾ ਇਸ਼ਨਾਨ ਕਰਕੇ ਆਈ ਹੈ। ਇਹ ਤਾਂ ਬਦਲ ਜਾਣੀ ਚਾਹੀਦੀ ਸੀ। ਕਹਿੰਦੇ, ਮਹਾਰਾਜ! ਇਹ ਤਾਂ ਕੌੜੀ ਦੀ ਕੌੜੀ ਪਈ ਹੈ। ਉਸ ਵੇਲੇ ਆਪ ਨੇ ਐਸਾ ਫੁਰਮਾਨ ਕਰਿਆ-

*ਧਾਰਨਾ - ਅਠਸਠ ਤੀਰਥ ਨਾਹ ਕੇ,*
*ਤੂੰਬੀਏ ਅਜੇ ਵੀ ਰਹਿ ਗਈ ਕੌੜੀ।*

*ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ ॥*
*ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ॥*
*ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ ॥*
*ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ ॥*
*ਅੰਗ - ੭੮੯*

ਮਨ ਦੇ ਖੋਟੇ ਨੇ, ਤਨ ਦੀ ਚੋਰੀ ਕਰਦੇ ਨੇ। ਇੱਕ ਲਹਿ ਗਿਆ ਤੇ ਦੁੱਗਣੀ ਮੈਲ ਹੋਰ ਲਾ ਲਈ।

*ਕਾਂਇਆ ਮਾਂਜਸਿ ਕਉਨ ਗੁਨਾਂ ॥*
*ਜਉ ਘਟ ਭੀਤਰਿ ਹੈ ਮਲਨਾਂ ॥ ਅੰਗ - ੬੫੬*

ਜਦ ਅੰਦਰੋਂ ਮੈਲਾ ਹੈ ਤਾਂ ਕਾਇਆ ਧੋ ਕੇ ਕੀ ਕਰਨਾ ਹੈ -

*ਲਉਕੀ ਅਠਸਠਿ ਤੀਰਥ ਨ੍ਹਾਈ ॥*
*ਕਉਰਾਪਨੁ ਤਊ ਨ ਜਾਈ ॥ ਅੰਗ - ੬੫੬*

ਕਹਿੰਦੇ ਤਨ ਨੂੰ ਨੰਗਾ ਕਰਕੇ ਖੂਬ ਮਲ-ਮਲ ਕੇ ਨਾਹੁੰਦਾ ਹੈ, ਇਵੇਂ ਤੀਰਥ ਨਾਹੁੰਦੀ ਹੈ ਤੂੰਬੜੀ। ਸੋ ਮਹਾਰਾਜ ਜੀ ਨੇ ਜਦੋਂ ਐਸੇ ਬਚਨ ਸੁਣਾਏ ਸਾਰਿਆ ਨੇ ਨਮਸ਼ਕਾਰ ਕਰੀ, ਕਹਿੰਦੇ ਪਾਤਸ਼ਾਹ! ਤੁਸੀਂ ਤਾਂ ਸਾਨੂੰ ਸੁੱਤਿਆਂ ਪਿਆ ਨੂੰ ਜਗਾ ਦਿੱਤਾ, ਵਿੱਚ ਹੀ ਸੰਨਿਆਸੀ, ਵਿੱਚ ਹੀ ਪੰਡਤ, ਵਿੱਚੇ ਸਾਰੇ ਜੋਗੀ, ਸਾਰੇ ਮੱਤਾਂ ਦੇ

ਸਾਧੂ, ਉੱਤੇ-ਉੱਤੇ ਸੋਚਦੇ ਸੀ, ਅੰਦਰਲੀ ਗੱਲ ਨਹੀਂ ਸੀ ਕਿਸੇ ਨੇ ਸੋਚੀ, ਓਸ ਵੇਲੇ ਲੰਗਰ ਤਿਆਰ ਹੋ ਰਿਹਾ ਸੀ ਤੇ ਮਹਾਰਾਜ ਜੀ ਨੂੰ ਜਿਹੜੇ ਚੰਗੇ ਮੁਖੀ ਪੰਡਤ ਸੀਗੇ, ਕਰਮਕਾਂਡ ਵਾਲੇ, ਸ਼ੁੱਧ; ਉਨ੍ਹਾਂ ਨੇ ਆ ਕੇ ਬੇਨਤੀ ਕਰੀ ਕਿ ਮਹਾਰਾਜ! ਪ੍ਰਸ਼ਾਦਾ ਤਿਆਰ ਹੈ, ਆਪ ਲੰਗਰ ਛਕੋ ਚੱਲ ਕੇ ਤੇ ਸੁੱਚਾ ਲੰਗਰ ਅਸੀਂ ਬਣਾਇਆ ਹੈ। ਉਸ ਵੇਲੇ ਮਹਾਰਾਜ ਕਹਿੰਦੇ ਕਿਵੇਂ ਸੁੱਚਾ ਕਰ ਲਿਆ ਭਾਈ, ਕਹਿੰਦੇ ਮਹਾਰਾਜ ਸੱਚੇ ਪਾਤਸ਼ਾਹ! ਪਹਿਲਾਂ ਤਾਂ ਅਸੀਂ ਧਰਤੀ ਪੁੱਟੀ ਹੈ, ਗੋਡੇ-ਗੋਡੇ ਕਿ ਥੱਲੇ ਕੋਈ ਮਾੜੀ ਚੀਜ਼ ਨਾ ਨਿਕਲ ਆਵੇ, ਫੇਰ ਅਸੀਂ ਉਹ ਮਿੱਟੀ ਓਸੇ ਟੋਏ ਵਿੱਚ ਭਰੀ ਹੈ, ਫੇਰ ਅਸੀਂ ਉਹਨੂੰ ਪਾਣੀ ਨਾਲ ਲਿਪਿਆ ਹੈ, ਗੋਬਰ ਨਾਲ ਲਿਪਿਆ ਹੈ, ਚੌਂਕਾ ਬਣਾਇਆ ਹੈ ਤੇ ਲੱਕੜੀਆਂ ਅਸੀਂ ਧੋਤੀਆਂ ਨੇ ਕਿ ਕੋਈ ਮੈਲ ਹੱਥ ਨੂੰ ਨਾ ਲਗ ਜਾਵੇ। ਸੋ ਇਸ ਤਰ੍ਹਾਂ ਦੇ ਨਾਲ ਅਸੀਂ ਪੂਰੀ ਵਿਧੀ ਦੇ ਨਾਲ ਚੌਂਕਾ ਤਿਆਰ ਕਰਿਆ ਹੈ ਤੇ ਤੁਸੀਂ ਆ ਕੇ ਪ੍ਰਸ਼ਾਦਾ ਛਕੋ। ਮਹਾਰਾਜ ਜੀ ਉਥੋਂ ਉਠਦੇ ਨੇ ਤੇ ਪ੍ਰਸ਼ਾਦਾ ਛਕਣ ਵਾਸਤੇ ਜਾਂਦੇ ਨੇ ਤੇ ਪੰਡਤ ਜਦੋਂ ਜਾ ਕੇ ਜਦੋਂ ਉਹਦੇ ਚੌਂਕੇ 'ਚ ਦਾਖਲ ਹੁੰਦੇ ਨੇ, ਮਹਾਰਾਜ ਬਾਹਰ ਖੜ੍ਹੇ ਰਹਿ ਗਏ। ਉਸ ਵੇਲੇ ਕਹਿੰਦੇ ਪਾਤਸ਼ਾਹ! ਤੁਸੀਂ ਆ ਜਾਓ। ਆਹ ਆਸਣ ਵਿਛਾ ਦਿੱਤਾ ਆਹ ਚੌਂਕੇ ਦੇ ਅੰਦਰ ਆ ਕੇ ਪ੍ਰਸ਼ਾਦਾ ਛਕੋ ਤਾਂ ਉਸ ਵੇਲੇ ਮਹਾਰਾਜ ਜੀ ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ-

*ਧਾਰਨਾ - ਜਦੋਂ ਨਾਲ ਚੰਡਾਲ ਆ ਕੇ ਬਹਿ ਗਿਆ,*
*ਚੌਂਕਾ ਸਾਰਾ ਭਿੱਟਿਆ ਗਿਆ।*

ਮਹਾਰਾਜ! ਅੰਦਰ ਲੰਘ ਆਓ, ਧਰਤੀ ਪੁੱਟ ਕੇ ਅਸੀਂ ਚੁੱਲ੍ਹਾ ਬਣਾਇਆ ਹੈ। ਬਰਤਨ ਸਾਰੇ ਗੰਗਾ ਜਲ ਨਾਲ ਧੋ ਦਿੱਤੇ ਨੇ, ਮਾਂਜ ਦਿੱਤੇ ਨੇ, ਕਈ-ਕਈ ਵਾਰੀ ਮਾਂਜੇ ਨੇ ਇੱਕ ਦੋ ਵਾਰੀ ਨਹੀਂ। ਲੱਕੜੀਆਂ ਅਸੀਂ ਧੋ ਕੇ ਲਿਆਂਦੀਆਂ ਨੇ, ਦਾਣੇ ਧੋ ਕੇ, ਸੁਕਾ ਕੇ ਰੱਖੇ ਨੇ ਤਾਂ ਕਿ ਕੋਈ ਭਿੱਟ ਨਾ ਰਹਿ ਜਾਵੇ, ਤੁਸੀਂ ਅੰਦਰ ਆ ਜਾਓ। ਮਹਾਰਾਜ ਕਹਿੰਦੇ, ਕਿਵੇਂ ਆ ਜਾਈਏ, ਇਹ ਤਾਂ ਸਾਰਾ ਚੌਂਕਾ ਭਿੱਟਿਆ ਗਿਆ ਜਿੰਨਾ ਵੀ ਸੀ। ਕਹਿੰਦੇ, ਮਹਾਰਾਜ! ਕਾਹਦੇ ਨਾਲ ਭਿੱਟਿਆ ਗਿਆ। ਮਹਾਰਾਜ ਕਹਿੰਦੇ, ਤੁਹਾਡੇ ਵੜਨ ਤੋਂ ਪਹਿਲਾਂ ਤਾਂ ਸੁੱਚਾ ਸੀਗਾ ਇਹ। ਪਰ ਜਦ ਤੁਸੀਂ ਵੜ ਗਏ ਨਾ ਇਹ ਭਿੱਟਿਆ ਗਿਆ। ਕਹਿੰਦੇ, ਮਹਾਰਾਜ! ਅਸੀਂ ਉੱਤਮ ਜਾਤ ਦੇ ਬ੍ਰਾਹਮਣ ਹਾਂ, ਪੂਜਾ ਪਾਠ ਕਰਦੇ ਹਾਂ, ਕਰਮ ਧਰਮ ਦੇ ਵਿੱਚ ਪੱਕੇ ਹਾਂ, ਗੰਗਾ 'ਚ ਇਸ਼ਨਾਨ ਕਰਨ ਵਾਲੇ ਹਾਂ। ਸਾਡੀ ਤਾਂ ਭਿੱਟ ਨਹੀਂ ਲਗਦੀ, ਭਿੱਟ ਤਾਂ ਜੇ ਕੋਈ ਹਮੇਸ਼ਾ ਛੋਟੀ ਜਾਤ ਵਾਲਾ ਆ ਕੇ ਬੈਠ ਜਾਵੇ, ਤਾਂ ਭਿੱਟੀ ਜਾਂਦੀ ਹੈ। ਮਹਾਰਾਜ ਕਹਿੰਦੇ ਛੋਟੀ ਜਾਤ ਵਾਲੇ ਹੀ ਬੈਠ ਗਏ ਨਾ। ਕਹਿੰਦੇ, ਮਹਾਰਾਜ! ਸਾਨੂੰ ਤਾਂ ਨਜ਼ਰ ਨਹੀਂ ਆਉਂਦਾ। ਕਹਿੰਦੇ ਤੁਹਾਡੇ ਅੰਦਰ ਹੈ -

*ਕੁਬੁਧਿ ਡੂਮਣੀ ਕੁਦਇਆ ਕਸਾਇਣਿ*
*ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ ॥*
*ਅੰਗ - ੯੧*

ਜਿਹੜੀ ਸਬੁੱਧੀ ਹੁੰਦੀ ਹੈ ਉਹ ਤਾਂ ਪ੍ਰਮੇਸ਼ਰ ਨੂੰ ਹਰ ਥਾਂ ਦੇ ਉੱਤੇ ਹਾਜ਼ਰ ਨਾਜ਼ਰ ਦੇਖਦੀ ਹੈ, ਉਹਨੂੰ ਸਭ ਦੇ ਅੰਦਰ ਪ੍ਰਮੇਸ਼ਰ ਦੀ ਜੋਤ ਨਜ਼ਰ ਆਉਂਦੀ ਹੈ। ਜਿਹੜੀ ਕਬੁੱਧੀ ਹੈ ਪਹਿਲੀ ਕਬੁੱਧੀ ਇਹੀ ਹੈ ਕਿ ਮਨੁੱਖ ਨੂੰ ਵੰਡਣਾ ਹੈ ਜਾਤਾਂ ਪਾਤਾਂ 'ਚ। ਮਨੁੱਖ ਕਰਮ ਨਾਲ ਤਾਂ ਵੰਡਿਆ ਜਾਂਦਾ ਹੈ, ਇੱਕ ਮਾੜੇ ਕਰਮ ਨਾਲ, ਇੱਕ ਚੰਗੇ ਕਰਮ ਨਾਲ। ਜੇ ਬਾਲਮੀਕ ਨੇ ਨਾਮ ਜਪਿਆ ਹੈ ਤਾਂ ਸਭ ਦੁਨੀਆਂ ਪੂਜਦੀ ਹੈ। ਜੇ ਰਵਿਦਾਸ ਜੀ ਨੇ ਨਾਮ ਜਪਿਆ ਹੈ ਤਾਂ ਸਾਰੀ ਦੁਨੀਆ ਪੂਜਦੀ ਹੈ, ਜੇ ਨਾਮਦੇਵ ਜੀ ਨੇ ਨਾਮ ਜਪਿਆ ਹੈ ਸਾਰੇ ਹੀ ਪੂਜਦੇ ਨੇ, ਕਬੀਰ ਸਾਹਿਬ ਨੇ ਨਾਮ ਜਪਿਆ ਹੈ ਸਭ ਆਦਰ ਕਰਦੇ ਨੇ ਤੇ ਬੰਦਗੀ ਕਰਨ ਵਾਲਾ ਤਾਂ ਹੁੰਦਾ ਹੈ ਪਵਿੱਤਰ। ਕਹਿਣ ਲੱਗੇ, ਪੰਡਤ ਜੀ! ਤੁਹਾਡੇ ਵਸਤਰ ਵੀ ਸਾਫ ਨੇ, ਤੁਸੀਂ ਇਸ਼ਨਾਨ ਵੀ ਕਰਿਆ ਹੋਇਆ ਹੈ, ਸੋਹਣੇ ਸੁਨੱਖੇ ਵੀ ਹੋ, ਸਭ ਕੁਛ ਕਰ ਲਿਆ ਪਰ ਅੰਦਰ ਕੁਬੁੱਧੀ ਹੈ ਤੁਹਾਡੇ ਤੇ ਕੁਦਇਆ ਹੈ ਦੂਜੇ 'ਤੇ ਦਇਆ ਨਹੀਂ ਕਰਦੇ। ਛੋਟੀਆਂ ਜਾਤਾਂ ਦੇ ਉੱਤੇ ਜ਼ੁਲਮ ਕਰਦੇ ਓਂ, ਨਾਮ ਜਪਣ ਨਹੀਂ ਦਿੰਦੇ ਉਨ੍ਹਾਂ ਨੂੰ ਇਹ ਫੇਰ ਕਸਾਈ ਆ ਗਿਆ। ਜਿਹੜੀ ਨਿੰਦਿਆ ਕਰਦੇ ਓਂ ਤੁਸੀਂ ਦੂਸਰਿਆਂ ਦੀ, ਕਹਿੰਦੇ ਇਹ ਚੂਹੜੀ ਆ ਗਈ। ਜਿਹੜਾ ਕਰੋਧ ਕਰਦੇ ਓਂ ਇਹ ਕਹਿੰਦੇ ਚੰਡਾਲ ਹੈ।

*ਕਾਰੀ ਕਢੀ ਕਿਆ ਥੀਐ*
*ਜਾਂ ਚਾਰੇ ਬੈਠੀਆ ਨਾਲਿ॥ ਅੰਗ - ੯੧*

ਚਾਰੇ ਤਾਂ ਨਾਲ ਬੈਠੀਆਂ ਨੇ ਤੇ ਕਾਰਾਂ ਕੱਢਣ ਨਾਲ ਕੀ ਹੁੰਦਾ ਹੈ। ਮਹਾਰਾਜ ਕਹਿੰਦੇ, ਕਿਸੇ ਬੰਦੇ ਦੀ ਭਿੱਟ ਨਾ ਮੰਨੋ। ਲੇਕਿਨ ਅਸੀਂ ਭਿੱਟ ਦਸ ਦਿੰਦੇ ਹਾਂ ਕਿ ਕਿਹੜਾ ਬੰਦਾ ਹੈ ਜਿਹੜਾ ਭਿੱਟ ਪਾਉਂਦਾ ਹੈ, ਕਹਿੰਦੇ ਜਿਹਦੇ ਅੰਦਰ ਕ੍ਰੋਧ ਹੋਵੇ -

*ਓਨਾ ਪਾਸਿ ਦੁਆਸਿ ਨ ਭਿਟੀਐ*
*ਜਿਨ ਅੰਤਰਿ ਕ੍ਰੋਧੁ ਚੰਡਾਲ ॥ ਅੰਗ - ੪੦*

ਨੇੜੇ ਦੀ ਵੀ ਨਾ ਲੰਘੋ, ਓਹਦੀ ਭਿੱਟ ਲਗ ਜਾਂਦੀ ਹੈ, ਜਿਹਦੇ ਅੰਦਰ ਕ੍ਰੋਧ ਚੰਡਾਲ ਵਸਦਾ ਹੈ। ਚਾਹੇ ਕਿੰਨਾ ਹੀ ਸੁੱਚਾ ਹੈ, ਕਿੰਨਾ ਹੀ ਨਾਹੁੰਦਾ ਹੈ, ਕਿੰਨੀਓਂ ਜਾਤੀ ਉੱਚੀ ਹੈ, ਉਹ ਤਾਂ ਸਾਰਾ ਲੰਗਰ ਭ੍ਰਿਸ਼ਟ ਕਰ ਦਏਗਾ, ਜੇ ਕ੍ਰੋਧੀ ਲਾਂਗਰੀ ਹੋਵੇ। ਸੋ ਮਹਾਰਾਜ ਖਬਰਦਾਰ ਕਰਦੇ ਨੇ ਸਾਨੂੰ ਹਰ ਪੁਆਇੰਟ 'ਤੇ ਕਿ ਬਾਹਰ-ਬਾਹਰ ਕਿਉਂ ਕਰਦੇ ਹੋ, ਨਾਹੁੰਣ ਤੇ ਨਹੀਂ ਸੁੱਚਾ ਹੁੰਦਾ। ਕਿਉਂਕਿ ਮਨ ਮੈਲਾ ਹੈ -

*ਪੂਜਿ ਸਿਲਾ ਤੀਰਥ ਬਨ ਵਾਸਾ ॥*
*ਭਰਮਤ ਡੋਲਤ ਭਏ ਉਦਾਸਾ ॥*
*ਮਨਿ ਮੈਲੈ ਸੂਚਾ ਕਿਉ ਹੋਇ ॥*
*ਸਾਚਿ ਮਿਲੈ ਪਾਵੈ ਪਤਿ ਸੋਇ ॥ ਅੰਗ - ੬੮੬*

ਸੁੱਚਾ ਤਾਂ, ਤਾਂ ਹੁੰਦਾ ਹੈ ਜੇ ਵਾਹਿਗੁਰੂ ਦਾ ਨਾਮ ਲਵੇ।

*ਅੰਤਰਿ ਜੂਠਾ ਕਿਉ ਸੁਚਿ ਹੋਇ ॥*
*ਸਬਦੀ ਧੋਵੈ ਵਿਰਲਾ ਕੋਇ ॥ ਅੰਗ - ੧੩੪੪*

ਅੰਦਰੋਂ ਤਾਂ ਜੂਠਾ ਚੱਲ ਰਿਹਾ ਹੈ, ਫੇਰ ਸੁੱਚ ਕਹਿੰਦੇ ਕਿਵੇਂ ਹੋਵੇ।

ਉਸ ਵੇਲੇ ਹੱਥ ਬੰਨ੍ਹ ਲਏ ਸਾਰਿਆਂ ਨੇ, ਕਹਿਣ ਲੱਗੇ, ਪਾਤਸ਼ਾਹ! ਆਹ ਗੱਲਾਂ ਦਾ ਸਾਨੂੰ ਨਹੀਂ ਸੀ ਪਤਾ ਹੁਣ ਆਪ ਕ੍ਰਿਪਾ ਕਰਕੇ ਦੱਸ ਦਿਓ, ਬਈ ਬੰਦੇ ਜੂਠੇ ਨੇ ਜਿਨ੍ਹਾਂ ਦੇ ਅੰਦਰ ਕਾਮ ਚਲਦਾ ਹੈ, ਕ੍ਰੋਧ ਦੀ ਲਹਿਰ ਚਲਦੀ ਹੈ, ਮੋਹ ਦੀ, ਹੰਕਾਰ ਦੀ, ਈਰਖਾ ਦੀ, ਨਿੰਦਿਆ, ਈਰਖਾ, ਵਖੀਲੀ, ਚੁਗਲੀ; ਕਪਟ, ਛਲ ਚਲਦਾ ਹੈ ਇਹ ਸਭ ਬੰਦੇ ਜੂਠੇ ਨੇ, ਉਨ੍ਹਾਂ ਦੇ ਹੱਥ ਵੀ ਜੂਠੇ, ਉਨ੍ਹਾਂ ਦਾ ਤਨ ਵੀ ਜੂਠਾ, ਉਨ੍ਹਾਂ ਦਾ ਮਨ ਵੀ ਜੂਠਾ। ਕਹਿੰਦੇ, ਮਹਾਰਾਜ! ਫੇਰ ਸੁੱਚਾ ਕਿਵੇਂ ਹੋਵੇ? ਫੇਰ ਆਪ ਕ੍ਰਿਪਾ ਕਰਕੇ ਇਹ ਦੱਸੋ? ਉਸ ਵੇਲੇ ਮਹਾਰਾਜ ਜੀ ਨੇ ਇਸ ਤਰ੍ਹਾਂ ਫੁਰਮਾਨ ਕੀਤਾ -

*ਧਾਰਨਾ - ਜਿਨ ਮਨ ਵਸਿਆ ਹਰਿ ਜੀ,*
*ਸੁੱਚੇ ਸੇਈ-ਸੁੱਚੇ ਸੇਈ।*

*ਸੁਚੇ ਏਹਿ ਨ ਆਖੀਅਹਿ*
*ਬਹਨਿ ਜਿ ਪਿੰਡਾ ਧੋਇ॥*
*ਸੁਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥*
*ਅੰਗ - ੪੭੨*

ਕਹਿਣ ਲੱਗੇ, ਸੰਤੋ! ਸੁੱਚਾ ਤਾਂ ਓਹੀ ਹੈ ਜਿਹਦੇ ਮਨ ਵਿੱਚ ਹਰ ਵਕਤ ਵਾਹਿਗੁਰੂ ਵਸਦਾ ਹੈ। ਜਿਹਦੇ ਨੇਤਰ ਹਰ ਥਾਂ ਦੇ ਉੱਤੇ ਪ੍ਰਮੇਸ਼ਰ ਨੂੰ ਦੇਖਦੇ ਹਨ। ਜਿਹਦੇ ਕੰਨ ਹਰ ਸ਼ਬਦ ਦੇ ਵਿੱਚੋਂ ਨਾਮ ਦੀ ਧੁਨ ਸੁਣਦੇ ਹਨ, ਕਹਿੰਦੇ ਉਹ ਸੁੱਚਾ ਹੈ -

*ਹਰਹਟ ਭੀ ਤੂੰ ਤੂੰ ਕਰਹਿ*
*ਬੋਲਹਿ ਭਲੀ ਬਾਣਿ ॥ ਅੰਗ - ੧੪੨੦*
*ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ*
*ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥*
*ਅੰਗ - ੧੨੬੫*

ਉਹ ਸੁੱਚੇ ਨੇ, ਬਾਕੀ ਤਾਂ ਸਾਰਾ ਜੂਠਾ ਹੈ ਸੰਸਾਰ, ਮਾਂ ਵੀ ਜੂਠੀ, ਪਿਓ ਵੀ ਜੂਠਾ, ਭਰਾ ਵੀ ਜੂਠਾ, ਦੁਨੀਆਂ ਵੀ ਜੂਠੀ, ਜੂਠਿਆਂ ਵਿੱਚ ਜੂਠਾ ਰਹਿੰਦਾ ਹੈ। ਇਹਦਾ ਮਨ ਵੀ ਜੂਠਾ ਰਹਿੰਦਾ ਹੈ।

*ਸਚੁ ਸੰਜਮੁ ਕਰਣੀ ਕਾਰਾਂ ਨਾਵਣੁ ਨਾਉ ਜਪੇਹੀ ॥*
*ਨਾਨਕ ਅਗੈ ਊਤਮ ਸੇਈ ਜਿ ਪਾਪਾਂ ਪੰਦਿ ਨ ਦੇਹੀ॥*
*ਅੰਗ - ੯੧*

ਸੋ ਇਸ ਦੇ ਨਾਲ ਅਖੀਰ ਕਹਿਣ ਲੱਗੇ ਕਿ ਸੱਚੇ ਪਾਤਸ਼ਾਹ! ਆਪ ਕ੍ਰਿਪਾ ਕਰਕੇ, ਸਾਨੂੰ ਗੁਰਮਤਿ ਮਾਰਗ ਦੇ ਉੱਤੇ ਪ੍ਰਕਾਸ਼ ਪਾਓ। ਮਹਾਰਾਜ ਕਹਿਣ ਲੱਗੇ, ਦੇਖੋ ਪਿਆਰਿਓ! ਹਰ ਬੰਦੇ ਦੇ ਅੰਦਰ ਸ਼ਬਦ ਦੀ ਧੁਨ ਚਲਦੀ ਹੈ। ਕਿਉਂਕਿ ਸ਼ਬਦ ਤੋਂ ਸਾਰੀ ਸ੍ਰਿਸ਼ਟੀ ਦਾ ਪਸਾਰਾ ਹੋਇਆ ਹੈ। ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਕਹਿੰਦੇ ਨੇ -

*ਪ੍ਰਥਮ ਓਅੰਕਾਰ ਤਿਨ ਕਹਾ*
*ਸੋ ਧੁਨ ਪੂਰ ਜਗਤ ਮੋ ਰਹਾ।*

ਸ਼ਬਦ ਦੀ ਧੁਨ ਦੀ ਸ਼ਕਤੀ ਜਿਹੜੀ ਹੈ ਉਹ ਸਾਰੇ ਸੰਸਾਰ 'ਚ ਪ੍ਰੀਪੂਰਨ ਹੈ। ਹੁਣ ਇੱਥੇ ਸਾਨੂੰ ਇਹ ਨਹੀਂ ਪਤਾ ਲਗਦਾ ਕਿ ਉਹ ਸ਼ਬਦ ਜਿਹੜਾ ਪ੍ਰਾਕ੍ਰਿਤਕ ਹੈ ਜਾਂ ਪ੍ਰਾਕ੍ਰਿਤੀ ਤੋਂ ਬਾਹਰ ਹੈ। ਜੇ ਤਾਂ ਪ੍ਰਾਕ੍ਰਿਤੀ ਤੋਂ ਬਾਹਰ ਹੈ ਫੇਰ ਤਾਂ ਓਹਦੀ ਕੋਈ ਅਵਾਜ਼ ਨਹੀਂ ਹੈ। ਉਹ ਅਸੀਂ ਉਸੇ ਮੰਡਲ ਵਿੱਚ ਜਾ ਕੇ ਜਦ ਸਾਨੂੰ ਦਿਬਯ ਕੰਨਾਂ ਦੀ ਪ੍ਰਾਪਤੀ ਹੋ ਜਾਵੇ, ਫੇਰ ਉਹ ਸਾਨੂੰ ਸ਼ਬਦ ਸੁਣਦਾ ਹੈ। ਜਦ ਦਿਬਯ ਨੇਤਰਾਂ ਦੀ ਪ੍ਰਾਪਤੀ ਹੋ ਜਾਵੇ, ਫੇਰ ਸਾਨੂੰ ਪ੍ਰਕਾਸ਼ ਦਿਸਦਾ ਹੈ। ਮਹਾਰਾਜ ਕਹਿੰਦੇ, ਉਸ ਸ਼ਬਦ ਤੋਂ ਬਗੈਰ ਹਨ੍ਹੇਰਾ ਛਾਇਆ ਪਿਆ ਹੈ ਸੰਸਾਰ ਦੇ ਅੰਦਰ। ਕਿਉਂਕਿ ਨਿਰੰਕਾਰ ਨੇ ਉਤਪਤੀ ਸ਼ਬਦ ਤੋਂ ਕੀਤੀ ਹੈ।

*ਨਿਰੰਕਾਰੁ ਆਕਾਰੁ ਹੋਇ ਏਕੰਕਾਰੁ ਅਪਾਰੁ ਸਦਾਇਆ।*
*ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ ਬਣਾਇਆ।*
*ਭਾਈ ਗੁਰਦਾਸ ਜੀ, ਵਾਰ ੨੬/੨*

ਏਕੰਕਾਰ ਨਾਉਂ ਹੋਇਆ ਜਦ ਉਹਨੇ ਸ੍ਰਿਸ਼ਟੀ ਦੀ ਰਚਨਾ ਅਰੰਭੀ। ਏਕੰਕਾਰ ਤੋਂ ਸ਼ਬਦ ਦੀ ਧੁਨੀ ਹੋਈ, ਸ਼ਬਦ ਦਾ ਨਾਉਂ ਰੱਖਿਆ ਓਅੰਕਾਰ। ਓਅੰਕਾਰ ਦੀ ਧੁਨੀ ਹੋਈ। ਜਿੰਨੇ ਅਕਾਰ ਨਜ਼ਰ ਆਉਂਦੇ ਨੇ ਧਰਤੀ ਵਗੈਰਾ, ਸੂਰਜ, ਚੰਦ, ਤਾਰੇ, ਪਾਣੀ, ਜੋ ਕੁਛ ਵੀ ਨਜ਼ਰ ਆਉਂਦਾ ਹੈ ਸਭ ਸ਼ਬਦ ਤੋਂ ਹੋਇਆ ਹੈ। ਸਭ ਕੁਛ ਓਅੰਕਾਰ ਤੋਂ ਹੋਇਆ ਹੈ।

*ਓਅੰਕਾਰਿ ਬ੍ਰਹਮਾ ਉਤਪਤਿ ॥*
*ਓਅੰਕਾਰੁ ਕੀਆ ਜਿਨਿ ਚਿਤਿ ॥ ਅੰਗ - ੯੨੯*

ਜਿਹੜੀ ਸੰਸਾਰ 'ਚ ਜਾਗਰਤ ਆਈ ਹੈ, ਜੇ ਇਹ ਨਿਕਲ ਜਾਵੇ, ਆਦਮੀ ਨੂੰ ਅਸੀਂ ਕਹਿੰਦੇ ਹਾਂ ਮੁਰਦਾ ਹੈ। ਆਹ ਜਿਹੜੀ ਮੁਰਦੇ ਤੋਂ ਬਚਾਉਣ ਵਾਲੇ ਸਾਡੇ ਅੰਦਰ ਜਾਗ ਜਿਹੀ ਹੈ, ਸੋਝੀ ਜਿਹੀ ਹੈ, ਮਹਾਰਾਜ ਕਹਿੰਦੇ ਇਹਨੂੰ ਚਿੱਤ ਕਹਿੰਦੇ ਨੇ, ਚੇਤਨਾ ਜਿਹੜੀ ਹੈ ਇਹ ਓਅੰਕਾਰ ਸ਼ਬਦ ਤੋਂ ਹੋਈ ਹੈ। ਓਅੰਕਾਰ ਤੋਂ ਹੀ ਗਿਆਨ ਸ੍ਰਿਸ਼ਟੀ ਨੂੰ ਰਚਣ ਵਾਲਾ ਬ੍ਰਹਮਾ ਹੋਇਆ ਹੈ।

*ਓਅੰਕਾਰਿ ਸੈਲ ਜੁਗ ਭਏ ॥ ਅੰਗ - ੯੨੯*

Time & space ਦੋਵੇਂ ਚੀਜ਼ਾਂ ਇਹ ਸਾਰੀਆਂ ਓਅੰਕਾਰ ਸ਼ਬਦ ਤੋਂ ਹੋਈਆਂ।

*ਓਅੰਕਾਰਿ ਬੇਦ ਨਿਰਮਏ ॥ ਅੰਗ - ੯੨੯*

ਜਿੰਨਾ ਗਿਆਨ ਸੰਸਾਰ 'ਚ ਆਇਆ ਸਾਰਾ ਓਅੰਕਾਰ ਸ਼ਬਦ 'ਚੋਂ ਆਇਆ। ਓਅੰਕਾਰ ਸ਼ਬਦ ਨੇ ਤ੍ਰਿਭਵਣਾਂ ਨੂੰ ਧਾਰਨ ਕੀਤਾ ਹੋਇਆ ਹੈ।

***ਨਾਮ ਕੇ ਧਾਰੇ ਸਗਲੇ ਜੰਤ ॥***
***ਨਾਮ ਕੇ ਧਾਰੇ ਖੰਡ ਬ੍ਰਹਮੰਡ ॥ ਅੰਗ - ੨੮੪***

ਓਸ ਨਾਮ ਤੱਕ ਜੇ ਸਾਡੀ ਸੁਰਤੀ ਨਹੀਂ ਜਾਂਦੀ, ਉਹ ਸ਼ਬਦ ਸਾਡੇ ਅੰਦਰ ਪ੍ਰਗਟ ਨਹੀਂ ਹੁੰਦਾ ਤਾਂ ਕਹਿੰਦੇ ਅੰਦਰ ਹਨ੍ਹੇਰਾ ਰਹਿੰਦਾ ਹੈ। ਇਸ ਤਰ੍ਹਾਂ ਸਮਝ ਲਓ ਕਿ ਸਾਡੇ ਅੰਦਰ ਬਜਰ ਕਪਾਟ ਜੜੇ ਹੋਏ ਰਹਿੰਦੇ ਨੇ। ਹਨ੍ਹੇਰਾ ਰਹਿੰਦਾ ਹੈ ਉਨ੍ਹਾਂ ਦਾ। ਜਿੰਨਾਂ ਚਿਰ ਤੱਕ ਕੁੰਜੀ ਨਹੀਂ ਮਿਲਦੀ ਓਨਾਂ ਚਿਰ ਤੱਕ ਉਹਦਾ ਪ੍ਰਕਾਸ਼ ਨਹੀਂ ਹੁੰਦਾ।

***ਬਿਨੁ ਸਬਦੈ ਅੰਤਰਿ ਆਨੇਰਾ ॥***
***ਨ ਵਸਤੁ ਲਹੈ ਨ ਚੂਕੈ ਫੇਰਾ ॥ ਅੰਗ - ੧੨੪***

ਨਾ ਤਾਂ ਆਤਮ ਵਸਤੂ ਦੀ ਪ੍ਰਾਪਤੀ ਹੁੰਦੀ ਹੈ, ਨਾ ਜੰਮਣ ਮਰਨ ਦਾ ਸਾਡਾ ਚੱਕਰ ਛੁਟਦਾ ਹੈ ਕਿਉਂਕਿ ਆਤਮ ਵਸਤੂ ਦੀ ਪ੍ਰਾਪਤੀ ਹੋਏਗੀ, ਓਸ ਵੇਲੇ ਸਾਡਾ ਜੰਮਣਾ ਮਰਨਾ ਖਤਮ ਹੋਏਗਾ, ਨਹੀਂ ਤਾਂ ਸਾਧਸੰਗਤ ਜੀ! ਖਬਰਦਾਰ ਰਹਿਣਾ ਚਾਹੀਦਾ ਹੈ। ਆਪਾਂ ਜੰਮਦੇ ਰਹਿਣਾ ਹੈ, ਮਰਦੇ ਰਹਿਣਾ ਹੈ, ਪਤਾ ਨਹੀਂ ਵਾਹਿਗੁਰੂ ਕਿੱਥੇ ਭੇਜੇ ਕੀ ਸਾਡਾ ਹਾਲ ਹੋਵੇ। ਮਹਾਰਾਜ ਕਹਿੰਦੇ, ਐਉਂ ਨਾ ਘਬਰਾਓ ਤੁਸੀਂ, ਤੁਸੀਂ ਪੂਰੇ ਸਤਿਗੁਰੂ ਦੀ ਸ਼ਰਨ ਲਵੋ। ਸਤਿਗੁਰੂ ਦੀ ਸ਼ਰਨ ਲੈ ਕੇ ਇਹ ਜਿਹੜਾ ਗੋਰਖ ਧੰਦਾ ਹੈ ਇਹ ਹੱਲ ਹੋ ਜਾਂਦਾ ਹੈ।

***ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ***
***ਗੁਰੁ ਪੂਰੈ ਭਾਗਿ ਮਿਲਾਵਣਿਆ ॥***
***ਅੰਗ - ੧੨੪***

ਕੁੰਜੀ ਸਤਿਗੁਰੂ ਕੋਲ ਹੈ -

***ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ***
***ਕੁੰਜੀ ਗੁਰ ਸਉਪਾਈ ॥***
***ਅਨਿਕ ਉਪਾਵ ਕਰੇ ਨਹੀ ਪਾਵੈ***
***ਬਿਨੁ ਸਤਿਗੁਰ ਸਰਣਾਈ ॥ ਅੰਗ - ੨੦੫***

ਜਦ ਗੁਰੂ ਦੀ ਸ਼ਰਨ ਆਵਾਂਗੇ, ਉਥੋਂ ਕੁੰਜੀ ਮਿਲ ਜਾਂਦੀ ਹੈ -

***ਨਉ ਦਰਵਾਜੇ ਕਾਇਆ ਕੋਟੁ ਹੈ***
***ਦਸਵੈ ਗੁਪਤੁ ਰਖੀਜੈ ॥***
***ਬਜਰ ਕਪਾਟ ਨ ਖੁਲਨੀ***
***ਗੁਰ ਸਬਦਿ ਖੁਲੀਜੈ ॥ ਅੰਗ - ੯੫੪***

ਚਾਬੀ ਮਿਲ ਗਈ ਗੁਰੂ ਦੇ ਸ਼ਬਦ ਦੀ।

***ਅਨਹਦ ਵਾਜੇ ਧੁਨਿ ਵਜਦੇ***
***ਗੁਰ ਸਬਦਿ ਸੁਣੀਜੈ ॥ ਅੰਗ - ੯੫੪***

ਫੇਰ ਕੀ ਹੁੰਦਾ ਹੈ ਜਦ ਖੁਲ੍ਹ ਗਿਆ ਤਾਲਾ, ਫੇਰ ਨਿਸ਼ਾਨੀਆਂ ਨੇ ਉਥੇ, ਕਹਿੰਦੇ ਅਨਹਦ ਵਾਜਿਆਂ ਦੀ ਧੁਨ ਵਜਦੀ ਹੈ। ਫੇਰ ਜਿਹੜਾ ਏਸ ਧੁਨ ਤੱਕ ਪਹੁੰਚਾ ਦੇਵੇ -

***ਘਰ ਮਹਿ ਘਰੁ ਦੇਖਾਇ ਦੇਇ***
***ਸੋ ਸਤਿਗੁਰੁ ਪੁਰਖੁ ਸੁਜਾਣੁ ॥ ਅੰਗ - ੧੨੯੧***

ਉਹ ਸਤਿਗੁਰੂ ਹੋਇਆ ਕਰਦਾ ਹੈ ਜਿਹੜਾ ਆਹ ਘਰ ਦੇ ਵਿੱਚ ਅਸਲੀ ਘਰ ਦਿਖਾ ਦੇਵੇ। ਵਾਹਿਗੁਰੂ ਆਪਣੇ ਏਸ ਸਰੀਰ ਰੂਪੀ ਘਰ ਵਿੱਚ ਹੀ ਰਹਿੰਦਾ ਹੈ। ਇਹਦੇ ਵਿੱਚ ਜਿਹੜਾ 'ਮੈਂ' ਬੋਲਦਾ ਹੈ ਨਾ, ਇਹ ਹੈ ਨਹੀਂ ਇਹ ਇੱਕ ਪਰਛਾਵਾਂ ਹੈ ਵਾਧੂ ਦਾ। ਮਨੌਤ ਹੈ ਇਹ ਜਦ ਮਿਟ ਜਾਂਦਾ ਹੈ ਤਾਂ ਪ੍ਰਮੇਸ਼ਰ ਹੀ ਹੁੰਦਾ ਹੈ, ਦੂਜਾ ਨਹੀਂ ਹੁੰਦਾ।

***ਘਰ ਮਹਿ ਘਰੁ ਦੇਖਾਇ ਦੇਇ***
***ਸੋ ਸਤਿਗੁਰੁ ਪੁਰਖੁ ਸੁਜਾਣੁ ॥***
***ਪੰਚ ਸਬਦ ਧੁਨਿਕਾਰ ਧੁਨਿ***
***ਤਹ ਬਾਜੈ ਸਬਦੁ ਨੀਸਾਣੁ ॥***
***ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥***
***ਤਾਰ ਘੋਰ ਬਾਜਿੰਤ੍ਰ ਤਹ***
***ਸਾਚਿ ਤਖਤਿ ਸੁਲਤਾਨੁ ॥ ਅੰਗ - ੧੨੯੧***

ਕਹਿੰਦੇ ਸ਼ਬਦਾਂ ਦੀ ਧੁਨਕਾਰ ਹੋ ਰਹੀ ਹੈ। ਅੰਦਰ ਹੀ ਵਜਦੇ ਨੇ ਤੇ ਸੱਚੇ ਤਖਤ ਦੇ ਉੱਤੇ ਵਾਹਿਗੁਰੂ ਵੀ ਅੰਦਰ ਹੀ ਹੈ।

***ਸੁਖਮਨ ਕੈ ਘਰਿ ਰਾਗੁ ਸੁਨਿ***
***ਸੁੰਨਿ ਮੰਡਲਿ ਲਿਵ ਲਾਇ ॥ ਅੰਗ - ੧੨੯੧***

ਦਸਵੇਂ ਦੁਆਰ, ਅਫੁਰ ਅਵਸਥਾ ਦੇ ਵਿੱਚ ਲਾ ਕੇ ਲਿਵ ਆਤਮਕ ਸੰਗੀਤ ਨੂੰ ਸੁਣ ਤੂੰ।

***ਅਕਥ ਕਥਾ ਬੀਚਾਰੀਐ***
***ਮਨਸਾ ਮਨਹਿ ਸਮਾਇ ॥ ਅੰਗ - ੧੨੯੧***

ਜਦੋਂ ਇਹ ਅਕਥ ਕਥਾ ਦਾ ਗਿਆਨ, ਪ੍ਰਗਟ ਹੋਏਗਾ ਅੰਦਰ, ਜਿਹੜੀ ਕਹੀ ਨਹੀਂ ਜਾਂਦੀ, ਉਹ ਗੱਲ ਨੂੰ ਅਸੀਂ ਵਿਚਾਰਨ ਲੱਗਾਂਗੇ, ਤਾਂ ਜਿਹੜਾ ਮਨ ਹੈ ਇਹਦੀਆਂ ਵਾਸ਼ਨਾਵਾਂ ਖਤਮ ਹੋ ਕੇ ਅ-ਮਨ ਬਣ ਜਾਏਗਾ। ਇੱਕ ਮਨ ਹੈ, ਮਨ ਜੇ ਹੈਗਾ ਤਾਂ ਸੰਸਾਰ ਹੈ; ਜਦ ਅ-ਮਨ ਹੋ ਜਾਂਦਾ ਹੈ, ਫੇਰ ਵਾਹਿਗੁਰੂ ਹੋ ਜਾਂਦਾ ਹੈ। ਆਹੀ ਸੰਸਾਰ ਖਿੜ ਕੇ ਵਾਹਿਗੁਰੂ ਦਾ ਰੂਪ ਬਣ ਜਾਂਦਾ ਹੈ, ਕਿਉਂਕਿ ਮਨ ਦਾ ਫਤੂਰ ਅੰਦਰੋਂ ਨਿਕਲ ਕੇ ਅ-ਮਨ ਦੀ ਅਵਸਥਾ ਆ ਗਈ -

***ਕਹਿ ਕਬੀਰ ਬੁਧਿ ਹਰਿ ਲਈ ਮੇਰੀ***
***ਬੁਧਿ ਬਦਲੀ ਸਿਧਿ ਪਾਈ ॥ ਅੰਗ - ੩੩੯***

***ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥***
***ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥***
***ਅੰਗ - ੮***

ਵਾਹਿਗੁਰੂ ਨੂੰ ਦੇਖਣ ਵਾਲੀ ਅੱਖ ਖੁੱਲ੍ਹ ਜਾਂਦੀ ਹੈ।

*ਉਲਟਿ ਕਮਲੁ ਅੰਮ੍ਰਿਤਿ ਭਰਿਆ*
*ਇਹੁ ਮਨੁ ਕਤਹੁ ਨ ਜਾਇ ॥ ਅੰਗ - ੧੨੯੧*

ਫੇਰ ਜਿਹੜਾ ਕਮਲ ਉਲਟਾ ਸੀ ਉਹ ਸਿੱਧਾ ਹੋ ਗਿਆ, ਅੰਮ੍ਰਿਤ ਨਾਮ ਨਾਲ ਭਰ ਗਿਆ।

*ਅਜਪਾ ਜਾਪੁ ਨ ਵੀਸਰੈ*
*ਆਦਿ ਜੁਗਾਦਿ ਸਮਾਇ ॥ ਅੰਗ - ੧੨੯੧*

ਫੇਰ ਨਹੀਂ ਵਿਸਰਦਾ ਵਾਹਿਗੁਰੂ। ਜਿੱਥੋਂ ਅਸੀਂ ਆਏ ਸੀ, ਜਿਹਦੇ ਨਾਲੋਂ ਵਿਛੜੇ ਸੀ ਉਹਦੇ ਵਿੱਚ ਸਮਾਅ ਜਾਵਾਂਗੇ ਤੇ ਜਿਹੜੇ ਇਹਦੇ ਵਿੱਚ -

*ਸਭਿ ਸਖੀਆ ਪੰਚੇ ਮਿਲੇ*
*ਗੁਰਮੁਖਿ ਨਿਜ ਘਰਿ ਵਾਸੁ ॥ ਅੰਗ - ੧੨੯੧*

ਨਿਜ ਘਰ ਜਿਹੜਾ ਸਾਡਾ ਹੈ ਨਾ, ਜਿੱਥੇ ਜਾ ਕੇ ਅਸੀਂ ਰਹਿਣਾ ਹੈ। ਘਰ ਨੂੰ ਭੁੱਲੇ ਹੋਏ, ਕਰੋੜਾਂ ਅਰਬਾਂ ਖਰਬਾਂ ਸਾਲਾਂ ਦੇ ਭਟਕਦੇ ਫਿਰਦੇ ਹਾਂ। ਉਹਦੇ ਵਿੱਚ ਸਾਡਾ ਵਾਸਾ ਹੋ ਜਾਂਦਾ ਹੈ। ਮਹਾਰਾਜ ਕਹਿੰਦੇ -

*ਸਬਦੁ ਖੋਜਿ ਇਹੁ ਘਰੁ ਲਹੈ*
*ਨਾਨਕੁ ਤਾ ਕਾ ਦਾਸੁ ॥ ਅੰਗ - ੧੨੯੧*

ਲੇਕਿਨ ਸ਼ਬਦ ਦੀ ਖੋਜ ਕਰਨੀ ਪੈਂਦੀ ਹੈ। ਸ਼ਬਦ ਦੀ ਖੋਜ ਕਰਕੇ ਫੇਰ ਇਹਦੇ ਵਿੱਚ ਇਹ ਪ੍ਰਾਪਤੀ ਹੁੰਦੀ ਹੈ। ਮਹਾਰਾਜ ਕਹਿੰਦੇ ਮੈ ਉਹਦਾ ਦਾਸ ਹਾਂ ਜਿਹੜਾ ਸ਼ਬਦ ਦੀ ਖੋਜ ਕਰ ਲਵੇ। ਸੋ ਮਹਾਰਾਜ ਕਹਿੰਦੇ ਆਹ ਗੱਲ ਨੂੰ ਪਛਾਣੋ। ਤੁਸੀਂ ਭਿੱਟ ਤੇ ਸੁੱਚ ਦੇ ਚੱਕਰਾਂ 'ਚ ਪੈ ਕੇ ਆਪਣੇ ਆਪ ਨੂੰ ਤੀਰਥਾਂ ਦਾ ਨਾਹੁੰਣ ਚੰਬੇੜ ਲਿਆ। ਸਮਾਂ ਸੀ ਪ੍ਰਮੇਸ਼ਰ ਦੇ ਨਾਮ ਜਪਣ ਦਾ, ਗੁਰੂ ਤੋਂ ਗਿਆਨ ਹਾਸਲ ਕਰਨ ਦਾ, ਗੁਰੂ ਦੇ ਬਚਨ ਨੂੰ ਕਮਾਉਣ ਦਾ। ਇਹ ਬਜਰ ਕਪਾਟ ਨਹੀਂ ਪਿਆਰਿਓ ਖੁਲ੍ਹਣੇ ਜਦ ਤੱਕ ਚਾਬੀ ਨਹੀਂ ਮਿਲਦੀ।

*ਧਾਰਨਾ - ਨਹੀਓਂ ਖੁਲ੍ਹਣੇ ਜੰਗਾਲੇ ਹੋਏ ਜੰਦਰੇ,*
*ਕੁੰਜੀ ਹੱਥ ਸਤਿਗੁਰ ਦੇ।*

*ਬਿਨੁ ਸਬਦੈ ਅੰਤਰਿ ਆਨੇਰਾ ॥*
*ਨ ਵਸਤੁ ਲਹੈ ਨ ਚੂਕੈ ਫੇਰਾ ॥ ਅੰਗ - ੧੨੪*

ਜਦ ਤੱਕ ਆਤਮ ਵਸਤੂ ਦੀ ਪ੍ਰਾਪਤੀ ਨਹੀਂ ਹੁੰਦੀ, ਜੰਮਣ ਮਰਨਾ ਨਹੀਂ ਖਤਮ ਹੋਇਆ ਕਰਦਾ ਤੇ ਸਤਿਗੁਰੂ ਦੇ ਹੱਥ ਕੁੰਜੀ ਹੈ -

*ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ*
*ਗੁਰੁ ਪੂਰੈ ਭਾਗਿ ਮਿਲਾਵਣਿਆ ॥ ਅੰਗ - ੧੨੪*

ਪੂਰੇ ਸਤਿਗੁਰੂ ਦੇ ਕੋਲ ਕੁੰਜੀ ਹੈ, ਜਦ ਤੱਕ ਪੂਰੇ ਸਤਿਗੁਰੂ ਦਾ ਮਿਲਾਪ ਨਹੀਂ ਹੁੰਦਾ ਚਾਬੀ ਨਹੀਂ ਮਿਲਦੀ। ਚਾਬੀ ਨਹੀਂ ਮਿਲਦੀ ਤਾਂ ਤਾਲਾ ਨਹੀਂ ਖੁਲ੍ਹਦਾ ਤੇ ਹਨ੍ਹੇਰੇ ਦੇ ਵਿੱਚ ਇਹ ਜੰਮਦਾ ਹੈ ਤੇ ਹਨ੍ਹੇਰੇ ਵਿੱਚ ਹੀ ਮਰ ਜਾਂਦਾ ਹੈ। ਖਰਬਾਂ-ਖਰਬਾਂ ਸਾਲ ਹੋ ਗਏ। ਮਹਾਰਾਜ ਕਹਿੰਦੇ, ਰੱਬ ਨੂੰ ਟੋਲ੍ਹਦਾ ਫਿਰਦਾ ਹੈ।

*ਕਾਹੇ ਰੇ ਬਨ ਖੋਜਨ ਜਾਈ ॥*
*ਸਰਬ ਨਿਵਾਸੀ ਸਦਾ ਅਲੇਪਾ*
*ਤੋਹੀ ਸੰਗਿ ਸਮਾਈ ॥*
*ਪੁਹਪ ਮਧਿ ਜਿਉ ਬਾਸੁ ਬਸਤੁ ਹੈ*
*ਮੁਕਰ ਮਾਹਿ ਜੈਸੇ ਛਾਈ ॥*
*ਤੈਸੇ ਹੀ ਹਰਿ ਬਸੇ ਨਿਰੰਤਰਿ*
*ਘਟ ਹੀ ਖੋਜਹੁ ਭਾਈ ॥ ਅੰਗ - ੬੮੪*

ਜਿਵੇਂ ਫੁੱਲ ਵਿੱਚ ਵਾਸ਼ਨਾ ਹੈ, ਐਉਂ ਤੇਰੇ ਅੰਦਰ ਵਾਹਿਗੁਰੂ ਹੈ। ਜਿਵੇਂ ਸ਼ੀਸ਼ੇ ਵਿੱਚ ਪਰਛਾਵਾਂ ਹੁੰਦਾ ਹੈ। ਖੋਜ ਕਰੋ, ਸਿੱਖੋ ਕਿ ਕਿਵੇਂ ਖੋਜ ਕਰੀਦੀ ਹੈ। ਪੰਜ ਵੱਡੇ-ਵੱਡੇ, ਸਮਝ ਲਓ ਕਿ ਹਨ੍ਹੇਰੇ ਦੇ ਮੰਡਲ ਨੇ ਜਿਨ੍ਹਾਂ ਨੇ ਆਤਮ ਜੋਤ ਨੂੰ ਅੰਦਰ ਢਕਿਆ ਹੋਇਆ ਹੈ। ਪਹਿਲਾਂ ਤਾਂ ਇਹਦੇ ਅੰਦਰ 'ਮੈਂ' ਹੈ ਜਦ ਆਪਣੇ ਆਪ ਨੂੰ ਇਹਨੇ ਗਿਣਿਆ, ਪ੍ਰਾਕ੍ਰਿਤੀ ਦੇ ਨਾਲ ਜੋਤ ਦਾ ਸੰਪਰਕ ਹੋਇਆ। ਉਸ ਵੇਲੇ ਇਹਦੇ ਅੰਦਰ ਜਾਗਰਤ ਆਈ, ਜਾਗਰਤ ਆਉਂਦੇ ਸਾਰ ਮਾਇਆ ਦਾ ਚੱਕਰ ਦੁਆਲੇ ਪੈ ਗਿਆ, ਜਿਵੇਂ ਗਲਾਫ ਦੇ ਉੱਤੇ ਕਾਗਜ਼ ਚਾੜ੍ਹ ਦੇਈਏ। ਜਿਵੇਂ ਲਾਈਟ ਜਗਦੀ ਹੈ, ਉਪਰ ਪਰਦਾ ਦੇ ਦੇਈਏ, ਐਉਂ ਮਾਇਆ ਦਾ ਪਰਦਾ ਸਾਡੇ ਉਤੇ ਆ ਗਿਆ। ਦੋ ਕਿਸਮ ਦੀ ਮਾਇਆ ਆ ਗਈ, ਇੱਕ ਤਾਂ ਮਾਇਆ ਆ ਗਈ ਸ਼ੁੱਧ, ਜਿਹੜੀ ਸਤੋ ਗੁਣ ਦੇ ਵਿੱਚੋਂ ਪੈਦਾ ਹੋਈ ਸੀ। ਦੂਸਰੀ ਮਾਇਆ ਆ ਗਈ ਤਮੋ ਗੁਣ ਤੇ ਸਤੋ ਗੁਣ ਦੇ ਮਿਲਾਪ ਦੇ ਨਾਲ, ਉਹਨੂੰ ਅਵਿਦਿਆ ਕਹਿੰਦੇ ਨੇ, ignorance, ਭੁੱਲ, ਅਗਿਆਨ; ਇਹ ਦੋ ਤੈਹਾਂ ਇੱਕ ਦਮ ਚੜ੍ਹ ਗਈਆਂ। ਜੋਤ ਦੇ ਉੱਤੇ ਹਨ੍ਹੇਰਾ ਛਾ ਗਿਆ ਤੇ ਅੱਡ ਹੋ ਗਈ ਉਹ। ਅੱਡ ਹੋਣ ਦੇ ਨਾਲ ਆਪਣਾ ਆਪ ਉਹਨੂੰ ਮਹਿਸੂਸ ਹੋਇਆ। ਉਸ ਤੋਂ ਬਾਅਦ ਉਹਦੇ ਅੰਦਰ ਸ਼ਕਤੀ ਗਿਆਨ ਦੀ ਆ ਗਈ, ਆਪਣੀ ਹੋਂਦ ਦਾ ਪਤਾ ਲਗ ਗਿਆ ਕਿ ਮੈਂ ਹਾਂ। ਉਹ ਮੈਂ ਆਇਆ ਤਾਂ ਇਹਦੇ ਉੱਤੇ ਵਿਗਿਆਨ ਦਾ ਪੜਦਾ ਪੈ ਗਿਆ, ਪਹਿਲਾਂ ਅਨੰਦ ਦਾ ਪੈ ਗਿਆ, ਦੂਜਾ ਵਿਗਿਆਨ ਦਾ ਪੈ ਗਿਆ। ਬੁੱਧੀ ਦਾ ਪੜਦਾ ਪੈਣ ਦੇ ਨਾਲ ਫੇਰ ਇਹਦੇ ਅੰਦਰ ਹਰਕਤ ਹੋਈ ਮਨ ਦੀ ਕਿ ਮੈਂ ਕੁਛ ਕਰਾਂ, ਆਹ ਕਰਾਂ, ਔਹ ਕਰਾਂ। ਮਨ ਦਾ ਪੜਦਾ ਪੈ ਗਿਆ, ਸਰੀਰ ਬਦਲ ਗਿਆ, ਪਹਿਲਾ ਸਰੀਰ ਕਾਰਨ ਸੀ, ਜਦ ਇਹ ਪੜਦਾ ਸ਼ੁਰੂ ਹੋ ਗਿਆ ਉਸ ਵੇਲੇ ਸੂਖਸ਼ਮ ਸਰੀਰ ਸ਼ੁਰੂ ਹੋ ਗਿਆ। ਉਸ ਦੇ ਬਾਅਦ ਸ਼ਕਤੀ ਆਈ, ਹਿੱਲਣ-ਜੁੱਲਣ ਦੀ ਸ਼ਕਤੀ ਆਈ ਤੇ ਉਹਦੇ ਨਾਲ ਪ੍ਰਾਣਾਂ ਦਾ ਪੜਦਾ ਪੈ ਗਿਆ, vital forces ਦਾ, ਇਹ ਤਿੰਨ ਪੜਦੇ ਦਾ ਸੂਖਸਮ ਸਰੀਰ ਬਣ ਗਿਆ । ਫੇਰ ਆਹ ਜਿਹੜੀ ਦੇਹ ਹੈ ਪੰਜਾਂ ਤੱਤਾਂ ਦੀ ਇਹ ਮਿਲ ਗਈ ਸਾਨੂੰ ਤੇ ਐਉਂ ਸਮਝ ਲਓ ਕਿ ਅੰਨ ਦਾ ਪੜਦਾ ਪੈ

ਗਿਆ। ਪੰਜ ਪੜਦੇ ਪੈ ਗਏ ਉਨ੍ਹਾਂ ਦੇ ਨਾਉਂ ਸਿਆਣੇ ਬੰਦਿਆਂ ਨੇ ਅੰਨਮਈ ਕੋਸ਼, ਪ੍ਰਾਣਮਈ ਕੋਸ਼, ਮਨੋਮਈ ਕੋਸ਼, ਵਿਗਿਆਨਮਈ ਕੋਸ਼ ਤੇ ਅਨੰਦਮਈ ਕੋਸ਼ ਰੱਖੇ ਨੇ। ਪੰਜ ਕੋਸ਼ ਕਹਿੰਦੇ ਨੇ ਕਿ ਢੱਕਣ ਦੇ ਦਿੱਤੇ ਗਏ ਨੇ, ਅਖੀਰ ਦੇ ਉੱਤੇ ਆ ਕੇ ਤਾਂ ਐਉਂ ਸਮਝ ਲਓ ਕਿ ਲੋਹੇ ਦਾ ਕੜਾਹਾ ਮੂਧਾ ਮਾਰ ਦਿੱਤਾ, ਹੁਣ ਜੋਤ ਨਜ਼ਰ ਨਹੀਂ ਆਉਂਦੀ। ਹੈਗੀ ਵਿੱਚ ਹੀ, ਹਨ੍ਹੇਰਾ ਛਾ ਗਿਆ, ਜੋਤ ਖਤਮ ਹੋਣ ਨਾਲ। ਸੋ ਕਹਿੰਦੇ ਇਹ ਸ਼ਬਦ ਹੈ, ਜਿੰਨਾ ਚਿਰ ਤੱਕ ਸ਼ਬਦ ਤੱਕ ਅਸੀਂ ਨਹੀਂ ਪਹੁੰਚਦੇ ਹਨ੍ਹੇਰਾ ਰਹਿੰਦਾ ਹੈ। ਸਾਨੂੰ ਆਤਮ ਵਸਤੂ ਦੀ ਸੋਝੀ ਨਹੀਂ ਆਉਂਦੀ। ਮਹਾਰਾਜ ਕਹਿੰਦੇ, ਤੇਰੇ ਅੰਦਰ ਵਸ ਰਿਹਾ ਹੈ ਵਾਹਿਗੁਰੂ, ਤੈਨੂੰ ਨਹੀਂ ਵਿਸ਼ਵਾਸ਼ ਹੈ ਕਿ ਮੇਰੇ ਅੰਦਰ ਵਸਦਾ ਹੈ, ਜੇ ਅੰਦਰ ਵਸਦੇ ਦਾ ਵਿਸ਼ਵਾਸ਼ ਹੋਵੇ ਤਾਂ ਘਬਰਾਹਟ ਕਿਹੜੀ ਗੱਲ ਦੀ। ਜਦੋਂ ਸਾਰਿਆਂ ਨਾਲੋਂ ਵੱਡਾ ਸ਼ਕਤੀਸ਼ਾਲ ਸਾਡੇ ਅੰਦਰ ਵਸਦਾ ਹੈ ਫੇਰ ਕੀਹਦੇ ਉੱਤੇ ਗੁੱਸਾ, ਕੀਹਦੇ ਉੱਤੇ ਕ੍ਰੋਧ, ਕੀਹਦੇ ਨਾਲ ਵੈਰ, ਕੀਹਦੇ ਨਾਲ ਦੂਜਾਇਗੀ; ਫੇਰ ਤਾਂ ਉਹ ਸਾਰਿਆਂ ਦੇ ਅੰਦਰ ਦਿਸਦਾ ਹੈ-

***ਬਾਹਰਿ ਭੀਤਰਿ ਏਕੋ ਜਾਨਹੁ***
***ਇਹੁ ਗੁਰ ਗਿਆਨੁ ਬਤਾਈ ॥ ਅੰਗ - ੬੮੪***

ਗੁਰੂ ਨੇ ਦੱਸ ਦਿੱਤਾ ਕਿ ਅੰਦਰ ਵੀ ਤੇ ਬਾਹਰ ਵੀ ਓਹੀ ਹੈ ਇੱਕੋ ਹੀ ਜੋਤ -

***ਜਨ ਨਾਨਕ ਬਿਨੁ ਆਪਾ ਚੀਨੈ***
***ਮਿਟੈ ਨ ਭ੍ਰਮ ਕੀ ਕਾਈ ॥ ਅੰਗ - ੬੮੪***

ਪਰ ਆਪਾ ਚੀਨਣਾ ਪੈਂਦਾ ਹੈ, ਚਾਬੀ ਲੈਣੀ ਪੈਂਦੀ ਹੈ ਗੁਰੂ ਤੋਂ ਆਪਾ ਚੀਨਣ ਦੀ ਤਾਂ ਜਾ ਕੇ ਆਪਾ ਚੀਨਿਆ ਜਾਂਦਾ ਹੈ। ਸੋ ਇਸ ਤਰ੍ਹਾਂ ਮਹਾਰਾਜ ਕਹਿਣ ਲੱਗੇ ਕਿ ਤੁਸੀਂ ਜਦ ਤੱਕ ਗੁਰੂ ਨਹੀਂ ਧਾਰਨ ਕਰਦੇ , ਓਨਾਂ ਚਿਰ ਰੌਸ਼ਨੀ ਨਹੀਂ ਆਇਆ ਕਰਦੀ। ਸਾਰਾ ਜਿੰਨਾ ਮੇਲਾ ਸੀ ਉਥੇ ਚੁੱਪ ਛਾ ਗਈ (pin drop silence) ਕੋਈ ਬੰਦਾ ਸਾਹ ਵੀ ਨਹੀਂ ਲੈਂਦਾ, ਕਿਤੇ ਬਚਨ ਨਾ ਗੁਰੂ ਨਾਨਕ ਦਾ ਲੰਘ ਜਾਏ। ਨਾਹੁੰਣਾ ਬੰਦ ਹੋ ਗਿਆ, ਪੌੜ ਸੁੰਨੇ ਪਏ ਨੇ। ਗੁਰੂ ਨਾਨਕ ਦੇ ਦੁਆਲੇ ਹਜ਼ਾਰਾਂ ਬੰਦਿਆਂ ਦੀ ਭੀੜ ਲੱਗੀ ਹੋਈ ਹੈ, ਬਚਨ ਸੁਣ ਰਹੇ ਨੇ ਪੂਰੇ ਧਿਆਨ ਦੇ ਨਾਲ; ਉਸ ਵੇਲੇ ਬੰਦੇ ਉੱਠ ਕੇ ਖੜ੍ਹੇ ਹੋ ਗਏ, ਕਹਿਣ ਲੱਗੇ ਪਾਤਸ਼ਾਹ! ਸਾਨੂੰ ਆਪਣੀ ਸਿੱਖੀ ਵਿੱਚ ਲੈ ਲੈ, ਅਸੀਂ ਸਿੱਖੀ ਧਾਰਨ ਕਰਨੀ ਹੈ। ਕ੍ਰਿਪਾ ਕਰ, ਸਾਡੇ ਉੱਤੇ ਰਹਿਮ ਕਰ। ਅਸੀਂ ਤਾਂ ਅੰਨ੍ਹੇ ਹੋਏ ਜਾਂਦੇ ਸੀ, ਭਰਮਾਂ 'ਚ ਪਏ ਹੋਏ। ਸਾਡੇ ਵਿੱਚ ਬੜੇ ਜਾਤਾਂ ਪਾਤਾਂ, ਤੀਰਥਾਂ ਦੇ ਭਰਮ, ਸੁੱਚ-ਜੂਠ ਦੇ ਭਰਮ ਪਏ ਸੀ, ਅਸੀਂ ਤਾਂ ਭਰਮਾਂ ਨੇ ਹੀ ਘੇਰ ਲਏ ਸੀ। ਮਹਾਰਾਜ ਕਹਿੰਦੇ, ਭਰਮ ਤਾਂ ਪੰਜ ਪਏ ਹੋਏ ਨੇ ਬੰਦੇ ਨੂੰ। ਬਾਕੀ ਭਰਮਾਂ ਨੂੰ ਤਾਂ ਛੱਡੋ ਜਿਹੜੇ ਸੋਝੀਵਾਨ ਨੇ ਉਨ੍ਹਾਂ ਨੂੰ ਵੀ ਪੰਜ ਭਰਮ ਜਿਹੜੇ ਨੇ ਦੁੱਖ ਦੇ ਰਹੇ ਨੇ। ਭੇਦ ਭਰਮ ਹੈ, ਸੰਗ ਭਰਮ ਹੈ, ਕਰਤਤ੍ਵ ਭਰਮ ਹੈ, ਵਿਕਾਰ ਭਰਮ ਹੈ; ਵਾਹਿਗੁਰੂ ਹੋਰ ਤੇ ਸੰਸਾਰ ਹੋਰ, ਇਹ ਭਰਮ ਪਿਆ ਹੋਇਆ ਹੈ ਜ਼ਬਰਦਸਤ। ਇਹ ਜਦ ਭਰਮ ਨਹੀਂ ਦੂਰ ਹੁੰਦੇ, ਭਰਮ ਦਾ ਹਨ੍ਹੇਰਾ ਦੂਰ ਨਹੀਂ ਹੁੰਦਾ, ਵਾਹਿਗੁਰੂ ਨਹੀਂ ਦਿਸਦਾ, ਅੰਦਰ ਰਹਿੰਦਾ ਹੈ, ਕੋਲ ਰਹਿੰਦਾ ਹੈ -

***ਦੁਖੁ ਦਰਵਾਜਾ ਰੋਹੁ ਰਖਵਾਲਾ***
***ਆਸਾ ਅੰਦੇਸਾ ਦੁਇ ਪਟ ਜੜੇ ॥***
***ਅੰਗ - ੮੭੭***

ਆਸਾ ਤੇ ਅੰਦੇਸਾ ਦੇ ਦਰਵਾਜੇ ਲੱਗੇ ਹੋਏ ਨੇ -

***ਮਾਇਆ ਜਲੁ ਖਾਈ ਪਾਣੀ ਘਰੁ ਬਾਧਿਆ***
***ਸਤ ਕੈ ਆਸਣਿ ਪੁਰਖੁ ਰਹੈ ॥ ਅੰਗ - ੮੭੭***

ਇਹਦੇ ਵਿੱਚ ਪੁਰਖ ਵਸਦਾ ਹੈ, ਬਾਹਰ ਵੀ ਵਾਹਿਗੁਰੂ ਵਸਦਾ ਹੈ। ਸੋ ਉਸ ਵੇਲੇ ਗੁਰੂ ਨਾਨਕ ਨੇ ਕ੍ਰਿਪਾ ਕੀਤੀ, ਸਾਰਿਆਂ ਨੂੰ ਨਾਮ ਧਰੀਕ ਸਿੱਖੀ ਦਾ ਦਾਨ ਦਿੱਤਾ, ਨਾਲ ਦੱਸਿਆ ਕਿ ਦੇਖੋ ਪਿਆਰਿਓ! ਕਹੋ ਸਾਰੇ ਵਾਹਿਗੁਰੂ, ਸਾਰਿਆਂ ਤੋਂ ਵਾਹਿਗੁਰੂ ਕਹਾਇਆ। ਕਹਿੰਦੇ, ਇਹ ਵਾਹਿਗੁਰੂ ਹੈ, ਵਿਸ਼ਵਾਸ਼ ਵਿੱਚ ਆਓ, ਤੁਹਾਡੇ ਅੰਦਰ ਬਾਹਰ ਇੱਕੋ ਹੀ ਜੋਤ ਹੈ। ਵਾਹਿਗੁਰੂ ਜਦ ਕਹਿਣਾ ਹੈ ਉਹਦੇ ਉੱਤੇ ਧਿਆਨ ਰੱਖਣਾ ਹੈ, ਸ਼ੇਰ ਵਾਲੀ ਦ੍ਰਿਸ਼ਟੀ ਰੱਖਣੀ ਹੈ, ਕੁੱਤੇ ਵਾਲੀ ਨਹੀਂ ਰੱਖਣੀ। ਕੁੱਤਾ ਦ੍ਰਿਸ਼ਟੀ ਚੀਜ਼ (objects) ਨੂੰ ਦੇਖਦੀ ਹੈ, ਸ਼ੇਰ ਦ੍ਰਿਸ਼ਟੀ ਜਿਥੋਂ ਚੀਜ਼ ਆਈ ਉਸ ਨੂੰ ਦੇਖਦੀ ਹੈ। ਗੋਲੀ ਚਲਦੀ ਹੈ ਦਰਖਤ ਤੋਂ, ਸ਼ੇਰ ਉੱਥੇ ਦੇਖਦਾ ਹੈ, ਹੇਠਾਂ ਨਹੀਂ ਦੇਖਦਾ। ਤੀਰ ਮਾਰਦਾ ਹੈ, ਬਰਛਾ ਮਾਰਦਾ ਹੈ ਵਗਾਹ ਕੇ, ਬਰਛੇ ਵਲ ਨੂੰ ਨਹੀਂ ਸ਼ੇਰ ਜਾਂਦਾ, ਮਾਰਨ ਵਾਲੇ ਵਲ ਜਾਂਦਾ ਹੈ। ਕੁੱਤੇ ਨੂੰ ਇਟ ਮਾਰੋ, ਨੱਠ ਕੇ ਜਾ ਕੇ ਇਟ ਨੂੰ ਪਏਗਾ। ਡੰਡਾ ਸੁੱਟ ਦਿਓ ਕੁੱਤੇ ਅੱਗੇ ਨੱਠ ਕੇ ਜਾ ਕੇ ਡੰਡੇ ਨੂੰ ਚੱਕ ਮਾਰੇਗਾ। ਜਿਹੜਾ ਸੰਸਾਰ ਦਿਸਦਾ ਹੈ ਇਸ ਦਿਸਦੇ ਦੇ ਉੱਤੇ ਦ੍ਰਿਸ਼ਟੀ ਲਿਆਉਣੀ, ਇਹ ਕੁੱਤਾ ਦ੍ਰਿਸ਼ਟੀ ਹੋਇਆ ਕਰਦੀ ਹੈ। ਇਹਦੇ ਪਿੱਛੇ ਜਿਹੜੇ ਵਾਹਿਗੁਰੂ ਜੀ ਹਨ, ਸਾਰੇ ਕੰਮ ਕਰਦੇ ਨੇ ਪੜਦੇ ਦੇ ਓਹਲੇ। ਤ੍ਰਿਗੁਣੀ ਮਾਇਆ ਦਾ ਓਹਲਾ ਪਾ ਕੇ ਪਿੱਛੇ ਪਰਮ ਜੋਤ ਜਗ ਰਹੀ ਹੈ-

***ਜਿਮੀ ਜਮਾਨ ਕੇ ਬਿਖੇ ਸਮੱਸਤਿ ਏਕ ਜੋਤ ਹੈ॥***
***ਨ ਘਾਟ ਹੈ ਨ ਬਾਢ ਹੈ***
***ਨ ਘਾਟਿ ਬਾਢਿ ਹੋਤ ਹੈ। ਅਕਾਲ ਉਸਤਤਿ***

ਕਹਿੰਦੇ, ਉਹਦੇ ਉੱਤੇ ਜਿਹੜਾ ਧਿਆਨ ਰੱਖ ਕੇ ਵਾਹਿਗੁਰੂ ਕਹਿੰਦਾ ਹੈ, ਕਹਿੰਦੇ ਉਹ ਸਿੱਧਾ ਹੀ ਗੁਲਜ਼ਰੀ (target) 'ਚ ਮਾਰਦਾ ਹੈ ਗੋਲੀ। ਕਾਰੋਬਾਰ ਕਰੋ, ਕੰਮ

ਨਹੀਂ ਛੱਡਣੇ, ਬੱਚਿਆਂ ਨੂੰ ਸੰਭਾਲੋ, ਪਿਆਰ ਕਰੋ, ਇਨ੍ਹਾਂ ਨੂੰ ਮਾਇਆ ਨਹੀਂ ਕਹਿਣਾ, ਮਿਥਿਆ ਨਹੀਂ ਕਹਿਣਾ, ਧੀਆਂ ਪੁੱਤਰ ਇਹ ਵਾਹਿਗੁਰੂ ਨੇ ਤੁਹਾਨੂੰ ਦਿੱਤੇ ਨੇ, ਆਪਣੀਆਂ ਜ਼ਿੰਮੇਵਾਰੀਆਂ ਪੂਰੀਆਂ ਕਰੋ, ਇਨ੍ਹਾਂ ਨੂੰ ਸੋਹਣੇ ਸ਼ਹਿਰੀ ਬਣਾਓ, ਸੁੱਖ ਦੇਣ ਵਾਲੇ ਬਣਾਓ, ਗਿਆਨ ਦੇਣ ਵਾਲੇ ਬਣਾਓ, ਸਮਾਜ ਦੀਆਂ ਜ਼ਿੰਮੇਵਾਰੀਆਂ ਪੂਰੀਆਂ ਕਰੋ। ਖੇਤੀ ਕਰਨ ਵਾਲਾ, ਪੂਰੀ ਤਰ੍ਹਾਂ ਖੇਤੀ ਕਰੇ, ਵਪਾਰ ਕਰਨ ਵਾਲਾ ਸੁੱਚਾ ਵਪਾਰ ਕਰੇ, ਨੌਕਰੀ ਕਰਨ ਵਾਲਾ ਪੂਰੀ ਤਰ੍ਹਾਂ ਦੇ ਨਾਲ ਡਿਊਟੀ ਦੇਵੇ ਤੇ ਜਾਚ ਸਿੱਖੋ ਕਿ ਭਜਨ ਕਿਵੇਂ ਹੁੰਦਾ ਹੈ। ਪਹਿਲਾਂ ਡਿਊਟੀ ਕਰੋ, ਆਪਣਾ ਕਰਮ ਕਰੋ, ਕਰਮ ਕਰਦੇ ਹੋਏ, ਨਿਗ੍ਹਾ ਪ੍ਰਮੇਸ਼ਰ 'ਤੇ ਰੱਖੋ। ਰਸਨਾ ਦੇ ਨਾਲ ਕਹੋ ਵਾਹਿਗੁਰੂ-ਵਾਹਿਗੁਰੂ।

*ਬਾਰੰ ਬਾਰ ਬਾਰ ਪ੍ਰਭੁ ਜਪੀਐ ॥*
*ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥*
*ਅੰਗ - ੨੮੬*

ਰਸਨਾ ਥੱਕ ਗਈ ਸਵਾਸ ਨਾਲ ਜਪੋ, ਮਨ ਦੇ ਨਾਲ ਜਪੋ, ਆਗਿਆ ਚੱਕਰ 'ਚ ਜਪੋ, ਤ੍ਰਿਕੁਟੀ 'ਚ ਜਪੋ। ਸਿੱਖ ਲਓ ਜੁਗਤ ਕਿਵੇਂ ਜਪੀਦਾ ਹੈ ਸਵਾਸ ਦੇ ਨਾਲ। ਨਿਗ੍ਹਾ ਰੱਖੋ ਉਸ 'ਤੇ, ਤੇ ਕੰਮ ਕਰੋ ਸਾਰੇ। ਕੰਮ ਤੋਂ ਪਿੱਠ ਨਹੀਂ ਮੋੜਨੀ, ਐਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਚਿੱਤ ਹਰੀ ਦੇ ਨਾਮ ਨਾਲ ਲਾਈਏ,*
*ਹੱਥੀਂ ਪੈਰੀਂ ਕੰਮ ਕਰੀਏ।*
*ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ ॥*
*ਹਾਥ ਪਾਉ ਕਰਿ ਕਾਮੁ ਸਭੁ*
*ਚੀਤੁ ਨਿਰੰਜਨੁ ਨਾਲਿ ॥ ਅੰਗ - ੧੩੭੬*

ਦੁਨੀਆਂ ਛੱਡ ਕੇ ਨਹੀਂ ਨੱਠ ਜਾਣਾ, ਦੁਨੀਆਂ ਦੇ ਵਿੱਚ ਰਹਿਣਾ ਹੈ। ਦੁਨੀਆਂ ਦੇ ਵਿੱਚ ਰਹਿ ਕੇ ਮਾਣ-ਅਪਮਾਨ ਦੀਆਂ ਲਹਿਰਾਂ ਨੂੰ ਸਹਿ ਕੇ, ਜਿਵੇਂ ਪਹਿਲਵਾਨ, ਭਲਵਾਨ ਤਕੜਾ ਹੁੰਦਾ ਹੈ। ਕਦੇ ਢਹਿ ਜਾਂਦਾ ਹੈ, ਕਦੇ ਢਾਹ ਲੈਂਦਾ ਹੈ, ਦੁਨੀਆਂ ਦੀਆਂ ਇਨ੍ਹਾਂ ਲਹਿਰਾਂ ਨੂੰ, ਦੁੱਖ ਨੂੰ, ਸੁੱਖ ਨੂੰ, ਮਿਲਾਪ ਨੂੰ, ਵਿਛੋੜੇ ਨੂੰ, ਮਾਣ ਨੂੰ, ਅਪਮਾਨ ਨੂੰ, ਆਦਰ ਨੂੰ, ਨਿਰਾਦਰ ਨੂੰ, ਵੈਰੀ ਮਿੱਤਰ ਨੂੰ, ਸਭ ਨੂੰ ਇਕ ਜੋਤ ਸਮਝ ਕੇ ਜਦ ਤੁਸੀਂ ਇਸ ਸੰਸਾਰ ਦੇ ਅੰਦਰ ਘੋਲ ਕਰੋਂਗੇ ਤਾਂ ਫੇਰ ਪ੍ਰਮੇਸ਼ਰ ਦੇ ਨਾਲ ਬਿਰਤੀ ਲੱਗੇਗੀ। ਸੋ ਨਾਮ ਤੁਸੀਂ ਇਸ ਤਰ੍ਹਾਂ ਜਪਣਾ ਹੈ। ਸੋ ਮਹਾਰਾਜ ਜੀ ਨੇ ਉਪਦੇਸ਼ ਦਿੱਤਾ ਧੰਨ-ਧੰਨ ਹੋ ਗਈ ਸਾਰੇ ਮੇਲੇ ਦੇ ਅੰਦਰ। ਬਾਰ-ਬਾਰ ਆ ਰਹੇ ਨੇ ਗੁਰੂ ਦੇ ਦਰਸ਼ਨ ਕਰਨ। ਵੱਡੇ-ਵੱਡੇ ਵਿਦਵਾਨ, ਸੰਨਿਆਸੀ, ਜੋਗੀ, ਬੇਅੰਤ ਭੇਖਾਂ ਦੇ ਸੰਤ ਆ ਰਹੇ ਨੇ ਤੇ ਗੁਰੂ ਨਾਨਕ ਤੋਂ ਲਾਭ ਲੈ-ਲੈ ਕੇ ਤੁਰੇ ਜਾਂਦੇ ਨੇ, ਸ਼ਾਮ ਹੋ ਗਈ। ਉਸ ਵੇਲੇ ਹਰੀ ਦਾ ਜਸ ਮਰਦਾਨੇ ਨੇ ਕਰਿਆ, ਸਾਰੇ ਬਿਰਾਜ ਗਏ, ਅੰਮ੍ਰਿਤ ਵੇਲਾ ਹੋਇਆ -

*ਚਉਥੈ ਪਹਰਿ ਸਬਾਹ ਕੈ*
*ਸੁਰਤਿਆ ਉਪਜੈ ਚਾਉ ॥ ਅੰਗ - ੧੪੬*

ਉਸ ਵੇਲੇ ਚਾਉ ਜਾਗਦਾ ਹੈ ਜਿਨ੍ਹਾਂ ਦੀਆਂ ਸੁਰਤਾਂ ਪ੍ਰਮੇਸ਼ਰ ਨਾਲ ਜੁੜਦੀਆਂ ਹਨ।

*ਭਿੰਨੀ ਰੈਨੜੀਐ ਚਾਮਕਨਿ ਤਾਰੇ ॥*
*ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ॥*
*ਅੰਗ - ੪੫੯*

ਉਸ ਵੇਲੇ ਸੰਤ ਪਿਆਰਿਆਂ ਦੇ ਮਨ ਦੇ ਅੰਦਰ ਉਤਸ਼ਾਹ ਉਠਦਾ ਹੈ ਬਈ ਪ੍ਰਮੇਸ਼ਰ ਦੇ ਨਾਲ ਜੁੜੀਏ। ਜਾਗਦੇ ਨੇ।

ਗੁਰੂ ਨਾਨਕ ਪਾਤਸ਼ਾਹ ਉੱਠੇ ਇਸ਼ਨਾਨ ਕਰਿਆ ਤੇ ਆਸਣ 'ਤੇ ਆ ਕੇ ਬਿਰਾਜਮਾਨ ਹੋ ਰਹੇ ਨੇ ਤੇ ਐਨੇ ਨੂੰ ਕੀ ਦੇਖਦੇ ਨੇ ਕਿ ਗੰਗਾ ਦਰਿਆ ਦੇ ਅੰਦਰ ਇੱਕ ਪ੍ਰਕਾਸ਼ ਹੋਇਆ। ਦੇਖਦੇ-ਦੇਖਦੇ ਜਲ ਦੇ ਅੰਦਰੋਂ ਇੱਕ ਮੂਰਤੀ ਬਾਹਰ ਆਈ, ਬਹੁਤ ਸੁੰਦਰ ਤੇ ਹੱਥ ਦੇ ਉੱਤੇ ਸੋਨੇ ਦਾ ਥਾਲ ਰੱਖਿਆ ਹੋਇਆ ਹੈ। ਹੀਰੇ ਜਵਾਹਰਾਤ ਝਿਲਮਿਲ-ਝਿਲਮਿਲ ਕਰਦੇ ਨੇ, ਰਾਤ ਦੇ ਹਨ੍ਹੇਰੇ ਵਿੱਚ ਵੀ ਰੌਸ਼ਨੀ ਦੇ ਰਹੇ ਨੇ। ਸੋਨੇ ਦਾ ਥਾਲ ਹੱਥ 'ਤੇ ਧਰਿਆ ਹੋਇਆ ਹੈ। ਆ ਕੇ ਗੁਰੂ ਮਹਾਰਾਜ ਦੇ ਚਰਨਾਂ ਵਿੱਚ ਥਾਲ ਦੀ ਭੇਟਾ ਰੱਖ ਦਿੱਤੀ ਤੇ ਦੋਵੇਂ ਹੱਥ ਜੋੜ ਕੇ ਬੰਦਨਾ ਕਰਕੇ ਬੇਨਤੀ ਕੀਤੀ। ਮਹਾਰਾਜ ਨੇ ਪੁਛਿਆ ਆਪਣਾ ਪਰੀਚਾ ਦਿਓ। ਤੁਸੀਂ ਕੌਣ ਹੋ? ਕਹਿਣ ਲੱਗੀ, ਮਹਾਰਾਜ! ਤੁਸੀਂ ਤਾਂ ਘਟ-ਘਟ ਦੇ ਅੰਤਰਜਾਮੀ ਹੋ, ਸਭ ਕੁਛ ਜਾਣਦੇ ਹੋ। ਪਰ ਫੇਰ ਵੀ ਮੈਂ ਬੇਨਤੀ ਕਰਦੀ ਹਾਂ ਕਿ ਮੈਂ ਇਸ ਤੀਰਥ ਦੀ ਅਭਿਮਾਨੀ ਦੇਵੀ 'ਗੰਗਾ' ਹਾਂ ਤੇ ਅੱਜ ਮੇਰੇ ਭਾਗ ਜਾਗ ਪਏ ਕਿ ਕਲਜੁਗ ਦੇ ਅੰਦਰ ਆਪ ਨਿਰੰਕਾਰ, ਮਨੁੱਖ ਦਾ ਜਾਮਾ ਧਾਰ ਕੇ ਮੇਰੇ ਕੰਢੇ 'ਤੇ ਆ ਕੇ ਬਿਰਾਜਮਾਨ ਹੋਏ ਨੇ ਤੇ ਲੱਖਾਂ ਭੁੱਲੜਾਂ ਨੂੰ ਆਪ ਨੇ ਸਿੱਧੇ ਰਾਹ ਪਾ ਕੇ, ਪ੍ਰਮੇਸ਼ਰ ਦੇ ਨਾਮ ਦੀ ਦਾਤ ਦਿੱਤੀ ਹੈ ਤੇ ਹੁਣ ਮੇਰੀ ਕਲਿਆਣ ਕਰੋ, ਕਿਉਂਕਿ ਮੇਰੇ ਵਿੱਚ ਐਨੇ ਪਾਪ ਭਰ ਗਏ ਨੇ ਕਿ ਮੈਂ ਹੁਣ ਸਹਿ ਨਹੀਂ ਸਕਦੀ। ਮੇਰੀ ਤਾਕਤ ਤੋਂ ਬਾਹਰ ਹੋ ਗਏ ਨੇ ਪਾਪ ਤੇ ਮੇਰੇ ਤੋਂ ਝੱਲੇ ਨਹੀਂ ਜਾਂਦੇ। ਆਪ ਕ੍ਰਿਪਾ ਕਰੋ ਤੇ ਕੋਈ ਜੁਗਤ ਦੱਸੋ। ਕਲਜੁਗ ਦੇ ਅੰਦਰ ਪਾਪੀ ਬੰਦੇ ਵਧ ਗਏ ਨੇ। ਇਨ੍ਹਾਂ ਪਾਪੀਆਂ ਨੇ ਭੇਖ ਧਾਰ ਕੇ, ਰਸਮ ਕਰਕੇ ਮੇਰੇ ਵਿੱਚ ਇਸ਼ਨਾਨ ਕਰਨਾ ਹੈ ਤੇ ਐਨੀ ਮੈਲ ਇਨ੍ਹਾਂ ਦੀ ਕੌਣ ਸਾਂਭੇਗਾ? ਕਿਸ ਤਰ੍ਹਾਂ ਨਾਲ ਇਸ ਤੀਰਥ ਦਾ ਪ੍ਰਤਾਪ ਕਾਇਮ ਰਹੇਗਾ। ਆਪ ਕ੍ਰਿਪਾ ਕਰੋ, ਮੈਂ ਆਪ ਦੇ ਦਰ ਆਈ ਹਾਂ। ਉਸ ਵੇਲੇ ਦੇ ਸਮੇਂ ਨੂੰ ਮਹਾਰਾਜ ਜੀ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਤੀਰਥ ਵੀ ਲੋਚਦੇ,*
*ਸੰਤਾਂ ਦੀ ਧੂੜੀ ਤਾਈਂ।*
*ਗੰਗਾ ਜਮੁਨਾ ਗੋਦਾਵਰੀ ਸਰਸੁਤੀ*
*ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥*
*ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ*
*ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥*
*ਅੰਗ - ੧੨੬੩*

ਪਾਤਸ਼ਾਹ! ਆਪ ਨਿਰੰਕਾਰ ਸਾਖਸ਼ਾਤ -

*ਆਪਿ ਨਰਾਇਣੁ ਕਲਾ ਧਾਰਿ*
*ਜਗ ਮਹਿ ਪਰਵਰਿਯਉ ॥ ਅੰਗ - ੧੩੯੫*

ਤੁਸੀਂ ਆਪ ਸੰਸਾਰ ਦੇ ਅੰਦਰ ਕਲਜੁਗ ਨੂੰ ਤਾਰਨ ਵਾਸਤੇ ਮਨੁੱਖ ਦੇ ਜਾਮੇ 'ਚ ਪ੍ਰਵੇਸ਼ ਕੀਤਾ ਹੈ, ਸਤਿਗੁਰੂ ਗੁਰੂ ਪ੍ਰਮੇਸ਼ਰ ਹੋ ਕੇ ਆਪ ਸੰਸਾਰ ਦਾ ਉਧਾਰ ਕਰਨ ਵਾਸਤੇ ਆਏ ਹੋ। ਆਪ ਕ੍ਰਿਪਾ ਕਰੋ ਤੇ ਮੇਰੀ ਭੇਟਾ ਅੰਗੀਕਾਰ ਕਰੋ। ਜਿਸ ਵਕਤ ਚਰਨ ਸਪਰਸ਼ ਕਰੇ। ਕੀ ਕੌਤਕ ਵਰਤਿਆ? ਕਿ ਜੋ ਕਾਲਾ ਰੰਗ ਹੋਇਆ ਹੋਇਆ ਸੀ ਸਿਆਹ ਇੱਕ ਦਮ ਪ੍ਰਕਾਸ਼ ਵਾਲਾ ਰੰਗ ਹੋ ਗਿਆ। ਕਹਿਣ ਲੱਗੀ, ਮਹਾਰਾਜ! ਮੈਂ ਭਗਤ ਰਵੀਦਾਸ ਜੀ ਨੂੰ ਤਾਂ ਇੱਕ ਕੰਗਣ ਭੇਜਿਆ ਸੀ, ਪਰ ਅੱਜ ਤੁਹਾਡੀ ਚਰਨ ਸ਼ਰਨ ਵਿੱਚ ਮੈਂ ਸ਼ਾਖਸ਼ਾਤ ਰੂਪ ਧਾਰ ਕੇ ਤੁਹਾਡੇ ਦਰ 'ਤੇ ਹਾਜ਼ਰ ਹੋਈ ਹਾਂ। ਆਦਿ ਸ਼ਕਤੀ ਜਿਨ੍ਹਾਂ ਨੂੰ ਦੇਵੀਆਂ ਕਹਿੰਦੇ ਨੇ, ਉਹ ਤੁਹਾਡੇ ਦਰ 'ਤੇ ਝਾੜੂ ਬਰਦਾਰ ਨੇ। ਮੇਰੇ ਧੰਨ ਭਾਗ ਤੁਸੀਂ ਆ ਕੇ ਦਰਸ਼ਨ ਦਿੱਤੇ। ਹੁਣ ਕ੍ਰਿਪਾ ਕਰੋ। ਕਿਉਂਕਿ ਗੁਰੂ ਤੇ ਗੋਬਿੰਦ ਵਿੱਚ ਕੋਈ ਭੇਦ ਨਹੀਂ ਹੋਇਆ ਕਰਦਾ।

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ ॥ ਅੰਗ - ੪੪੨*

ਐਸੇ ਮਹਾਂਵਾਕਾਂ ਦੇ ਹੁੰਦਿਆਂ, ਕੋਈ ਕਿੰਤੂ ਨਹੀਂ ਹੋ ਸਕਿਆ ਕਰਦਾ, ਅਣਜਾਣਪੁਣਾ ਹੁੰਦਾ ਹੈ। ਉਸ ਵੇਲੇ ਮਹਾਰਾਜ ਕਹਿਣ ਲੱਗੇ, ਦੇਖੋ ਮਾਇਆ ਤਾਂ ਸਾਡੇ ਕਿਸੇ ਕੰਮ ਨਹੀਂ, ਨਾ ਸਾਨੂੰ ਚਾਹੀਦੀ ਹੈ, ਇੱਕ ਕੰਮ ਇਹ ਕਰੋ ਕਿ ਏਸ ਮਾਇਆ ਦੇ ਨਾਲ ਕੱਲ੍ਹ ਨੂੰ ਵੱਡਾ ਲੰਗਰ ਚਲਾਓ, ਸਾਰਾ ਮੇਲਾ ਇਥੇ ਪ੍ਰਸ਼ਾਦ ਛਕੇ। ਸੋ ਹੁਕਮ ਦੀ ਤਾਮੀਲ ਹੋ ਗਈ। ਦੂਸਰਾ ਦਿਨ ਆ ਗਿਆ, ਸਾਰੇ ਮੇਲੇ 'ਚ ਹੋ ਗਿਆ ਕਿ ਭੰਡਾਰਾ ਹੋਏਗਾ। ਕਿਸੇ ਨੇ ਆਪਣੇ ਲੰਗਰਾਂ 'ਚੋਂ ਪ੍ਰਸ਼ਾਦ ਨਹੀਂ ਛਕਣਾ। ਭੰਡਾਰਾ ਹੋਣਾ ਸ਼ੁਰੂ ਹੋ ਗਿਆ, ਵੱਡੇ ਦੇਵਤੇ ਜੋ ਬੈਕੁੰਠ ਵਾਸੀ ਵਿਸ਼ਨੂੰ ਜੀ, ਬ੍ਰਹਮਾ ਜੀ, ਸ਼ਿਵ ਜੀ ਮਹਾਰਾਜ, ਸਾਰੇ ਸਵਰਗਾਂ ਦੇ ਵੱਡੇ ਦੇਵਤੇ ਇੰਦਰ ਸਮੇਤ, ਵਰੁਣ, ਕੁਬੇਰ ਜਿੰਨੇ ਵੀ ਦੇਵਤੇ ਸੀ, ਉਹ ਸਾਰੇ ਦੇ ਸਾਰੇ ਆ ਕੇ ਗੁਰੂ ਮਹਾਰਾਜ ਦੇ ਚਰਨਾਂ 'ਚ ਹਾਜ਼ਰ ਹੋ ਕੇ ਬੇਨਤੀ ਕਰਨ ਲੱਗੇ ਕਿ ਮਹਾਰਾਜ! ਆਪ ਸੇਵਾ ਦੀ ਵੰਡ ਕਰੋ। ਉਸ ਵੇਲੇ ਗਰੀਬ ਨਿਵਾਜ ਨੇ ਸਾਨੂੰ ਸੇਵਾ ਦਾ ਮਹਾਤਮ ਦੱਸਣ ਵਾਸਤੇ ਇੱਕ ਐਸਾ ਕੌਤਕ ਵਰਤਾਇਆ ਅਤੇ ਕਹਿਣ ਲੱਗੇ ਕਿ ਤੁਸੀਂ ਆਹ ਸੇਵਾ ਕਰਨੀ ਹੈ, ਤੁਸੀਂ ਆਹ ਕਰਨੀ ਹੈ। ਸਾਰੇ ਦੇਵਤਿਆਂ ਨੂੰ ਸੇਵਾ ਲਾ ਦਿੱਤੀ ਤੇ ਗੁਰੂ ਨਾਨਕ ਪਾਤਸ਼ਾਹ ਨੇ ਕਾਹਦੀ ਸੇਵਾ ਲਈ। ਗੁਰੂ ਨਾਨਕ ਕਹਿਣ ਲੱਗੇ, ਦੇਖੋ, ਜਿੰਨੇ ਅਤਿਥੀ ਆਉਣਗੇ, ਸਾਧੂ ਮਹਾਤਮਾ ਆਉਣਗੇ, ਅਸੀਂ ਉਨ੍ਹਾਂ ਦੇ ਚਰਨ ਧੋਵਾਂਗੇ ਤੇ ਨਾਲੇ ਅਸੀਂ ਉਨ੍ਹਾਂ ਦੀਆਂ ਜਿੰਨੀਆਂ ਜੂਠੀਆਂ ਪੱਤਲਾਂ ਹੋਣਗੀਆਂ, ਅਸੀਂ ਆਪਣੇ ਹੱਥ ਨਾਲ ਚੁੱਕਾਂਗੇ ਕਿਉਂਕਿ ਵਾਹਿਗੁਰੂ ਨੂੰ ਆਪਣੇ ਪਿਆਰੇ ਜਿਹੜੇ ਨੇ ਹੱਦ ਤੋਂ ਜ਼ਿਆਦਾ ਪਿਆਰੇ ਹੋਇਆ ਕਰਦੇ ਨੇ। ਭਗਤ ਪਿਆਰੇ ਹੁੰਦੇ ਨੇ ਜਿਵੇਂ ਮਾਂ ਨੂੰ ਪੁੱਤਰ ਪਿਆਰਾ ਹੁੰਦਾ ਹੈ। ਸੋ ਉਸ ਵੇਲੇ ਗੁਰੂ ਨਾਨਕ ਦਾ ਜਸ ਗਾ ਰਹੇ ਨੇ -

*ਧਾਰਨਾ - ਤੇਰਾ ਅੰਤ ਨਾ ਕਿਸੇ ਨੇ ਪਾਇਆ*
*ਜਸ ਗਾਉਂਦੇ ਸਾਰੇ ਦੇਵਤੇ।*
*ਨਾਥ ਜਤੀ ਸਿਧ ਪੀਰ*
*ਕਿਨੈ ਅੰਤੁ ਨ ਪਾਇਆ ॥ ਅੰਗ - ੧੨੮੨*

ਸੇਸ਼ ਨਾਗ ਵੀ ਜਸ ਗਾ ਰਿਹਾ ਹੈ, ਪਾਤਾਲ ਦੇ ਵਿੱਚ ਵੀ ਜਸ ਗਾ ਰਹੇ ਨੇ -

*ਗੁਣ ਗਾਵਹਿ ਪਾਯਾਲਿ*
*ਭਗਤ ਨਾਗਾਦਿ ਭੁਯੰਗਮ ॥*
*ਮਹਾਦੇਉ ਗੁਣ ਰਵੈ ਸਦਾ ਜੋਗੀ ਜਤਿ ਜੰਗਮ ॥*
*ਅੰਗ - ੧੩੯੦*

ਜੋਗੀ, ਜਤੀ, ਮਹਾਦੇਵ, ਸ਼ਿਵ ਜੀ, ਜੰਗਮ ਸਾਰੇ ਗੁਰੂ ਨਾਨਕ ਦਾ ਜਸ ਗਾ ਰਹੇ ਹਨ।

*ਗੁਣ ਗਾਵੈ ਮੁਨਿ ਬ੍ਯਾਸੁ*
*ਜਿਨਿ ਬੇਦ ਬ੍ਯਾਕਰਣ ਬੀਚਾਰਿਅ ॥*
*ਬ੍ਰਹਮਾ ਗੁਣ ਉਚਰੈ*
*ਜਿਨਿ ਹੁਕਮਿ ਸਭ ਸ੍ਰਿਸਟਿ ਸਵਾਰੀਅ ॥*
*ਅੰਗ - ੧੩੯੦*

ਬ੍ਰਹਮਾ ਵੀ ਗੁਣ ਗਾਉਂਦਾ ਹੈ, ਜਿਹਨੇ ਵਾਹਿਗੁਰੂ ਦੇ ਹੁਕਮ ਵਿੱਚ ਹੋ ਕੇ ਸ੍ਰਿਸ਼ਟੀ ਨੂੰ ਸੰਵਾਰਿਆ।

*ਬ੍ਰਹਮੰਡ ਖੰਡ ਪੂਰਨ ਬ੍ਰਹਮੁ ਗੁਣ*
*ਨਿਰਗੁਣ ਸਮ ਜਾਣਿਓ ॥*
*ਜਪੁ ਕਲ ਸੁਜਸੁ ਨਾਨਕ ਗੁਰੁ ਸਹਜੁ*
*ਜੋਗੁ ਜਿਨਿ ਮਾਣਿਓ ॥ ਅੰਗ - ੧੩੯੦*

ਕਹਿੰਦੇ ਸਾਰੇ ਦੇਵਤੇ ਗੁਰੂ ਨਾਨਕ ਦਾ ਜਸ ਗਾ ਰਹੇ ਨੇ, ਪੂਰੇ ਦਾ ਪੂਰਾ ਜਿੰਨਾ ਕੁੰਭ ਦਾ ਮੇਲਾ ਸੀ ਉਸ ਭੰਡਾਰੇ ਦੇ ਵਿੱਚ ਜਿਸ ਵਿੱਚ ਅਣਗਿਣਤ ਕਿਸਮ ਦੀਆਂ,

ਛੱਤੀ ਪ੍ਰਕਾਰ ਦੇ ਭੋਜਨ ਖੁੱਲ੍ਹੇ ਵਰਤ ਰਹੇ ਸੀ। ਦੱਛਣਾ ਵਾਲਿਆਂ ਨੂੰ ਦੱਛਣਾ ਮਿਲ ਰਹੀਆਂ ਸੀ, ਵਸਤਰਾਂ ਵਾਲਿਆਂ ਨੂੰ ਵਸਤਰ ਮਿਲ ਰਹੇ ਸੀ, ਲੋੜਵੰਦਾਂ ਦੀ ਲੋੜ ਪੂਰੀ ਹੋ ਰਹੀ ਸੀ। ਬੜਾ ਭਾਰਾ ਯੱਗ ਹੋਣ ਤੋਂ ਬਾਅਦ ਜਦੋਂ ਸਮਾਪਤੀ ਹੋਈ, ਸਾਰੇ ਹੈਰਾਨ ਹੋ ਗਏ ਕਿ ਆਹ ਥੋੜ੍ਹੀ ਦੇਰ ਪਹਿਲਾਂ ਜਿਹੜਾ ਯੱਗ ਹੋ ਰਿਹਾ ਸੀ, ਬੇਅੰਤ ਪਸਾਰਾ ਸੀ, ਤੰਬੂ ਲੱਗੇ ਹੋਏ ਸੀ, ਬਰਤਨ ਆਏ ਹੋਏ ਸੀ, ਉਹ ਚਲੇ ਕਿੱਥੇ ਗਏ, ਅੱਖ ਦੇ ਫੋਰੇ 'ਚ ਅਲੋਪ ਹੋ ਗਏ। ਕਿਸੇ ਨੂੰ ਸੋਝੀ ਨਹੀਂ ਪਈ। ਸੋ ਉਹ ਗੁਰੂ ਨਾਨਕ ਪਾਤਸ਼ਾਹ ਦਾ ਪ੍ਰਤਾਪ ਸੀ। ਕਿਵੇਂ ਭਰਮਾਂ 'ਚ ਪਈ ਹੋਈ ਦੁਨੀਆਂ, ਗਲਤ ਧਾਰਨਾਵਾਂ ਮਨਾਂ ਵਿੱਚ ਧਾਰੀਆਂ ਹੋਈਆਂ, ਹਨ੍ਹੇਰੇ 'ਚ ਟੱਕਰਾਂ ਮਾਰਦੇ ਹੋਏ ਸੰਸਾਰ ਨੂੰ ਗੁਰਮਤਿ ਦੀ ਰੋਸ਼ਨੀ ਦਿੱਤੀ।

ਸਾਡੇ ਕੋਲ ਐਡਾ ਵੱਡਾ ਖਜ਼ਾਨਾ ਹੈ ਗੁਰਬਾਣੀ ਦਾ ਸਾਧਸੰਗਤ ਜੀ! ਬਾਣੀ ਨੂੰ ਵਿਚਾਰੋ, ਬਾਣੀ ਦੇ ਵਿੱਚੋਂ ਹੀ ਸਭ ਕੁਛ ਨਿਕਲਣਾ ਹੈ। ਜਿਹੜੇ ਤਾਂ ਸਬੁੱਧੀ ਹੁੰਦੇ ਨੇ ਬਹੁਤ ਉੱਚੀ ਬੁੱਧੀ ਵਾਲੇ ਹੁੰਦੇ ਨੇ, ਉਨ੍ਹਾਂ ਨੂੰ ਤਾਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਸਮਝ ਪੈ ਜਾਇਆ ਕਰਦੀ ਹੈ ਕਿਸੇ-ਕਿਸੇ ਨੂੰ। ਸਾਰਿਆਂ ਨੂੰ ਨਹੀਂ ਪੈਂਦੀ। ਸਾਡੇ ਅੰਦਰ ਦੋ ਪੱਧਰ ਹਨ, ਇੱਕ ਬੁੱਧੀ ਮੰਡਲ ਦਾ ਤੇ ਦੂਜਾ ਆਤਮ ਮੰਡਲ ਦਾ ਪੱਧਰ ਹੈ। ਬੁੱਧੀ ਮੰਡਲ ਦੇ ਵਿੱਚ ਜਾਣੀ ਹੋਈ ਗੱਲ ਕੋਈ ਫਾਇਦਾ ਨਹੀਂ ਦਿੰਦੀ। ਜੇ ਬੁੱਧੀ ਮੰਡਲ ਨੇ ਜਾਣ ਲਿਆ ਕਿ ਧਰਤੀ ਵਿੱਚ ਪਾਣੀ ਹੈ ਤੇ ਪਿਆਸੇ ਮਰ ਰਹੇ ਹਾਂ ਉਹ ਪਾਣੀ ਸਾਡੇ ਕਿਸੇ ਮਤਲਬ ਦਾ ਨਹੀਂ ਹੈ। ਜੇ ਖੂਹ ਦੇ ਵਿੱਚੋਂ ਕੱਢ ਲਿਆ ਤਾਂ ਯਤਨ ਕਰਨਾ ਪੈਂਦਾ ਹੈ। ਜੇ ਚਸ਼ਮਾ ਹੋਵੇ ਤਾਂ ਆਪੇ ਹੀ ਫੁੱਟ-ਫੁੱਟ ਨਿਕਲਦਾ ਹੈ। ਬ੍ਰਹਮਗਿਆਨੀਆਂ ਦੇ ਹਿਰਦੇ ਵਿੱਚ ਪ੍ਰਮੇਸ਼ਰ ਚਸ਼ਮੇ ਵਾਂਗੂੰ ਹੁੰਦਾ ਹੈ। ਜਿਹੜੇ ਮਿਹਨਤਾਂ ਕਰਦੇ ਨੇ, ਕਰਮਕਾਂਡੀ ਨੇ ਉਨ੍ਹਾਂ ਦੇ ਕੋਲ ਪ੍ਰਮੇਸ਼ਰ, ਖੂਹ ਵਾਂਗੂੰ ਹੈ ਪਾਣੀ ਕੱਢਣਾ ਪੈਂਦਾ ਹੈ। ਡੋਲ ਹੋਵੇ ਸਭ ਕੁਛ ਹੋਵੇ ਤਾਂ ਖੂਹ ਵਿੱਚੋਂ ਮਾੜਾ ਮੋਟਾ ਕੱਢ ਲਿਆ ਤਾਂ ਕੱਢ ਲਿਆ, ਪਿਆਸ ਬੁਝਾ ਲੈਂਦਾ ਹੈ ਥੋੜ੍ਹੀ ਦੇਰ ਵਾਸਤੇ। ਸਦਾ ਵਾਸਤੇ ਨਹੀਂ ਉਸਨੂੰ ਪਾਣੀ ਦੀ ਪ੍ਰਾਪਤੀ ਹੁੰਦੀ। ਇੱਕ ਮਨਮੁਖ ਹੁੰਦੇ ਨੇ ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਪਾਣੀ ਤਾਂ ਧਰਤੀ 'ਚ ਹੈਗਾ। ਇਹ ਬੁੱਧੀ ਮੰਡਲ ਦਾ ਗਿਆਨ ਹੋਇਆ ਕਰਦਾ ਹੈ।

ਸੋ ਗੁਰੂ ਨਾਨਕ ਪਾਤਸ਼ਾਹ ਜਿੱਥੇ ਸਾਨੂੰ ਲਿਜਾਣਾ ਚਾਹੁੰਦੇ ਨੇ। ਪਹੁੰਚਣ ਦਾ ਯਤਨ ਕਰੋ ਸਾਧਸੰਗਤ ਜੀ! ਕੋਈ ਪਤਾ ਨਹੀਂ ਕਿਹੜੇ ਵੇਲੇ ਕਾਲ ਦਾ ਗੁਲੇਲਾ ਕਿਸ ਉਪਰ ਵੱਜ ਜਾਵੇ, ਸਮਾਂ ਬੜਾ ਮਾੜਾ ਚੱਲ ਰਿਹਾ ਹੈ ਇਸ ਕਰਕੇ ਛੇਤੀ ਤੋਂ ਛੇਤੀ ਆਪਣੇ ਜਿਸ ਆਤਮ ਪਦਾਰਥ ਨੂੰ ਲੈਣ ਵਾਸਤੇ ਅਸੀਂ ਸੰਸਾਰ 'ਤੇ ਆਏ ਹਾਂ ਉਹਦੇ ਵਲ ਸਾਨੂੰ ਤਰੱਕੀ ਕਰਨੀ ਚਾਹੀਦੀ ਹੈ। ਗੱਲ ਸਮਝੋ, ਸਮਝ ਕੇ ਕਮਾਓ, ਮਿੱਟੀ ਨਾਲ ਪਿਆਰ ਨਾ ਕਰੋ, ਮਿੱਟੀ 'ਚ ਵਸੋ ਨਾ, ਮਿੱਟੀ ਨੂੰ ਨਾ ਕਮਾਓ, ਮਿੱਟੀ ਨਾਲ ਨਾ ਖੇਡੋ। ਇਹਦੇ ਅੰਦਰ ਜਿਹੜੀ ਜੋਤ ਹੈ -

*ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ*
*ਤਾ ਤੂ ਜਗ ਮਹਿ ਆਇਆ ॥*
*ਹਰਿ ਜੋਤਿ ਰਖੀ ਤੁਧੁ ਵਿਚਿ*
*ਤਾ ਤੂ ਜਗ ਮਹਿ ਆਇਆ ॥ ਅੰਗ - ੯੨੧*

ਆਪਣੇ ਆਪ ਨੂੰ ਜੋਤ ਸਮਝੋ, ਜੋਤ ਦਾ ਵਾਸਾ ਜੋਤ 'ਚ ਹੋਇਆ ਕਰਦਾ ਹੈ। ਮਿੱਟੀ 'ਚ ਨਹੀਂ ਹੋਇਆ ਕਰਦਾ। ਸੋ ਪਰਮ ਜੋਤੀ ਜੋ ਘਟ-ਘਟ 'ਚ ਵਿਆਪਕ ਹੈ ਉਹਦੇ ਵਿੱਚ ਅਸੀਂ ਜਦ ਤੱਕ ਅਭੇਦ ਨਹੀਂ ਹੁੰਦੇ ਸਾਡਾ ਆਉਣਾ-ਜਾਣਾ ਨਹੀਂ ਮੁੱਕਦਾ ਤੇ ਸਾਨੂੰ ਮੁਕਤੀ ਪ੍ਰਾਪਤ ਨਹੀਂ ਹੁੰਦੀ। ਵਾਹਿਗੁਰੂ ਨਾਲ ਸਾਡਾ ਮੇਲ ਨਹੀਂ ਹੁੰਦਾ, ਇਹ ਗੱਲਾਂ ਬਹੁਤ ਗਹਿਰੀਆਂ ਨੇ ਤੇ ਬਹੁਤ ਵਿਚਾਰ ਵਾਲੀਆਂ ਨੇ ਹੁਣ ਕਿਉਂਕਿ ਸਮਾਂ ਇਜਾਜ਼ਤ ਨਹੀਂ ਦਿੰਦਾ, ਮੈਂ ਇੱਥੇ ਹੀ ਸਮਾਪਤ ਕਰਦਾ ਹਾਂ।

ਅਨੰਦ ਸਾਹਿਬ,ਗੁਰ ਸਤੋਤਰ

ਹੁਕਮਨਾਮਾ,ਅਰਦਾਸ

# ਸ੍ਰੀ 108 ਸੰਤ ਈਸ਼ਰ ਸਿੰਘ ਜੀ ਮਹਾਰਾਜ

*ਸਤਿਨਾਮ ਸ੍ਰੀ ਵਾਹਿਗੁਰੂ*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ*

*ਡੰਡਉਤਿ ਬੰਦਨ ਅਨਿਕ ਬਾਰ*
*ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥*
*ਅੰਗ - ੨੮੯*

ਸਾਧਸੰਗਤ ਜੀ! ਅੰਮ੍ਰਿਤ ਵੇਲੇ ਦੋ ਵਜੇ ਤੋਂ ਆਪ ਲਗਾਤਾਰ ਬੈਠੇ ਬਹੁਤ ਸਾਰੇ ਵਿਚਾਰ ਹਰੀ ਦਾ ਜਸ, ਮਹਾਂਪੁਰਸ਼ਾਂ ਤੋਂ ਵੱਖਰੇ-ਵੱਖਰੇ ਵਿਸ਼ਿਆਂ ਉਪਰ, ਸਿਧਾਂਤਾਂ ਦੇ ਉਪਰ ਸੁਣ ਰਹੇ ਹੋ। ਸਹਿਜ ਤਪ ਆਪ ਕਰ ਰਹੇ ਹੋ, ਧੂਣੀਆਂ ਨਹੀਂ ਤਾਪ ਰਹੇ, ਜਲ ਧਾਰੇ ਨਹੀਂ ਆਪ ਕਰ ਰਹੇ, ਪਰ ਐਸਾ ਤਪ ਕਰ ਰਹੇ ਹੋ ਜਿਸ ਦਾ ਫਲ ਮਹਾਰਾਜ ਕਹਿੰਦੇ -

*ਕਈ ਕੋਟਿਕ ਜਗ ਫਲਾ*
*ਸੁਣਿ ਗਾਵਨਹਾਰੇ ਰਾਮ ॥ ਅੰਗ - ੫੪੬*

ਕਈ ਕਰੋੜ ਯੱਗਾਂ ਦਾ ਫਲ ਮਿਲਦਾ ਹੈ। ਇਹਦੇ ਵਾਸਤੇ ਆਪ -

*ਸ੍ਰਵਨ ਗੋਬਿੰਦ ਗੁਨੁ ਸੁਨਉ*
*ਅਰੁ ਗਾਉ ਰਸਨਾ ਗੀਤਿ ॥ ਅੰਗ - ੬੩੧*

ਰਸਨਾ ਦੇ ਨਾਲ ਬੋਲੋ ਸਾਰੇ ਗੱਜ ਵੱਜ ਕੇ, ਸਿੱਧੀਆਂ ਧਾਰਨਾ ਨੇ ਕੋਈ ਔਖੀ ਬਾਤ ਨਹੀਂ ਹੈ। ਮਹਾਂਪੁਰਸ਼ਾਂ ਦੀਆਂ ਯਾਦਾਂ ਮਨਾ ਰਹੇ ਹਾਂ। ਉਨ੍ਹਾਂ ਨੂੰ ਇਹ ਸਮਾਗਮ ਸਮਰਪਤ ਕੀਤੇ ਗਏ ਨੇ। ਉਨ੍ਹਾਂ ਦੇ ਜੀਵਨ ਵਿੱਚ ਝਾਤੀ ਮਾਰ ਕੇ ਅਸੀਂ ਦੇਖਦੇ ਹਾਂ, ਉਨ੍ਹਾਂ 'ਚੋਂ ਐਸੇ ਗੁਣ ਟੋਲਦੇ ਹਾਂ ਜਿਹਦੇ ਨਾਲ ਸਾਨੂੰ ਸ਼ਾਂਤੀ ਮਿਲ ਜਾਵੇ, ਸਾਡਾ ਜੀਵਨ ਸੁਖ ਨਾਲ ਲੰਘ ਜਾਵੇ। ਇਸ ਵਾਸਤੇ ਆਪ ਹਜ਼ਾਰਾਂ ਮੀਲਾਂ ਤੋਂ, ਕਿੱਥੇ ਲਖਨਊ ਹੈ, ਕਿੱਥੇ ਨੇਪਾਲ ਦਾ ਬਾਰਡਰ ਹੈ, ਪਲੀਆ ਹੈ, ਦਿੱਲੀ ਤੋਂ, ਐਧਰੋਂ ਫਰੀਦਕੋਟ ਤੋਂ; ਮਾਝੇ ਦੇ ਵਿਚੋਂ ਖਡੂਰ ਸਾਹਿਬ ਦਾ ਏਰੀਆ, ਗੁਰਦਾਸਪੁਰ, ਕੋਈ ਥਾਂ ਨਹੀਂ ਜਿਸ ਥਾਂ ਤੋਂ ਨਹੀਂ ਆਏ, ਸੈਂਕੜਿਆਂ ਦੀ ਤਦਾਦ ਵਿੱਚ ਸਾਰੇ ਪੰਜਾਬ ਤੋਂ ਟਰੱਕਾਂ ਰਾਹੀ ਆਪ ਇੱਥੇ ਪਹੁੰਚੇ ਹੋ। ਸੋ ਆਪਣਾ ਸਮਾਂ ਸਫਲ ਕਰ ਰਹੇ ਹੋ। ਮੈਂ ਜੋ ਬੇਨਤੀ ਕਰਦਾ ਹਾਂ ਉਹ ਇਹ ਹੈ ਕਿ ਜਦੋਂ ਤੁਸੀਂ ਸ਼ਬਦ ਦੇ ਵਿੱਚ ਬੋਲੋਂਗੇ, ਓਸ ਵੇਲੇ ਇਸ ਜ਼ੁਬਾਨ ਦੇ ਉੱਤੇ ਜੋ ਰੁੱਖਾਪਨ ਹੈ, ਫਿੱਕਾਪਨ ਹੈ ਉਹ ਦੂਰ ਹੋ ਕੇ ਰਸ ਵਿੱਚ ਆ ਜਾਂਦਾ ਹੈ। ਜੀਵਨ ਦਾ ਮਨੋਰਥ, ਸਤਿਸੰਗ ਕਰਨ ਦਾ ਮਨੋਰਥ ਆਪ ਨੂੰ ਪ੍ਰਾਪਤ ਹੋ ਜਾਏਗਾ। ਸੋ ਸਾਰੇ ਗੱਜ ਵੱਜ ਕੇ ਬੋਲੋ ਸ਼ਬਦ ਦੇ ਅੰਦਰ।

*ਧਾਰਨਾ - ਏਕੋ ਕਹੀਐ ਨਾਨਕਾ - ੨*
*ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ,*
*ਨਿਆਰੇ ਨਿਆਰੇ ਹੋਇ ਕੈ*
*ਫੇਰਿ ਆਗ ਮੈ ਮਿਲਾਹਿੰਗੇ।*
*ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈਂ*
*ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ।*
*ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ*
*ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿੰਗੇ।*
*ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ*
*ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ॥*
*ਅਕਾਲ ਉਸਤਤਿ*

*ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥*
*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥*
*ਅੰਗ - ੧੨੯੧*

ਗੁਰਮਤਿ ਦਾ ਜੋ ਸਿਧਾਂਤ ਹੈ ਸਾਧਸੰਗਤ ਜੀ! ਅਸੀਂ ਗਲਤੀ ਦੇ ਨਾਲ ਉਹ ਗੱਲ ਸਮਝ ਨਹੀਂ ਰਹੇ, ਜੋ ਗੁਰੂ ਨਾਨਕ ਸਾਹਿਬ ਸਾਨੂੰ ਸਮਝਾਉਣ ਆਏ ਸੀ। ਪਤਾ ਨਹੀਂ ਅਸੀਂ ਆਪਣੀ ਅਕਲ ਵੱਡੀ ਰੱਖਦੇ ਹਾਂ, ਇਹ ਵੀ ਨਹੀਂ ਪਤਾ ਜਾਂ ਅਸੀਂ ਸਮਝਣ ਦਾ ਯਤਨ ਨਹੀਂ ਕਰਦੇ। ਬਹੁਤ ਸਾਰੇ ਵਿਦਵਾਨਾਂ ਨੂੰ ਜੇ ਪੁਛੋ ਕਿ ਸਿੱਖੀ ਕੀ ਹੈ? ਅਮਰੀਕਾ ਵਿੱਚ ਚਲੇ ਜਾਓ ਉਹ ਕਹਿਣਗੇ ਕਿ ਤੁਹਾਡਾ ਆਖਰ ਗੋਲ ਕੀ ਹੈ ਜ਼ਿੰਦਗੀ ਦਾ। ਤੁਸੀਂ ਸਿੱਖ ਬਣੇ ਹੋ ਕੇਸ ਰੱਖੇ ਹੋਏ ਨੇ। ਕੀ ਗੋਲ ਹੈ ਤੁਹਾਡਾ। ਤਾਂ ਆਮ ਜਵਾਬ ਹੁੰਦਾ ਹੈ ਕਿ ਸਾਡਾ ਗੋਲ ਹੈ - ਕਿਰਤ ਕਰਨਾ, ਨਾਮ ਜਪਣਾ, ਵੰਡ ਛਕਣਾ। ਸਿਆਣਾ ਬੰਦਾ ਹੈਰਾਨ ਹੋ ਜਾਂਦਾ ਹੈ ਕਿ ਇਹ ਤਾਂ ਕੋਈ ਸਿਧਾਂਤ ਨਾ ਹੋਇਆ ਤੁਹਾਡਾ, ਇਹ ਤਾਂ ਤੁਸੀਂ ਆਪਣਾ way of life ਦੱਸ ਦਿੱਤਾ ਕਿ ਅਸੀਂ ਹੱਕ ਦੀ ਕਿਰਤ ਕਰਦੇ ਹਾਂ, ਵੰਡਦੇ ਹਾਂ, ਵੰਡ ਕੇ ਖਾਂਦੇ ਹਾਂ, ਗਰੀਬ ਨੂੰ ਵੀ ਦਿੰਦੇ ਹਾਂ, ਆਪ ਵੀ ਖਾਂਦੇ ਹਾਂ, ਕੋਈ ਭੁੱਖਾ ਨਹੀਂ ਮਰਨ ਦਿੰਦੇ। ਇਹ ਠੀਕ ਹੈ ਗੱਲ ਬਹੁਤ ਵਧੀਆ ਬਾਤ ਹੈ। ਅਮਰੀਕਾ ਵਿੱਚ ਚਲੇ ਜਾਓ, ਓਥੇ ਆਦਮੀ ਭੁੱਖਾ ਮਰ ਜਾਏਗਾ। ਕੋਈ ਹੈ ਹੀ ਨਹੀਂ ਐਸੀ ਚੈਰੀਟੇਬਲ ਜਗ੍ਹਾ ਜਿੱਥੇ ਜਾ ਕੇ ਆਦਮੀ ਪ੍ਰਸ਼ਾਦਾ ਛਕ ਲਏ। ਇੰਗਲੈਂਡ ਚਲੇ ਜਾਓ, ਇੰਗਲੈਂਡ ਦੇ ਵਾਸੀ ਤਾਂ ਨਹੀਂ ਭੁੱਖਾ ਮਰਦੇ, ਕਿਉਂਕਿ ਉਥੇ social

security ਹੁੰਦੀ ਹੈ, ਜਦ ਆਦਮੀ ਬੇਰੁਜ਼ਗਾਰ ਹੋ ਗਿਆ, ਉਹਨੂੰ ਰੋਟੀ ਖਾਣ ਜੋਗਾ ਪੈਸਾ ਮਿਲਦਾ ਰਹਿੰਦਾ ਹੈ। ਸਾਡੇ ਜਿਹੜੇ ਗੁਰਦੁਆਰੇ ਨੇ ਇੰਗਲੈਂਡ ਦੇ ਉਥੇ ਲੰਗਰ ਚਲਦੇ ਨੇ ਸਾਰੇ ਗੁਰਦੁਆਰਿਆਂ 'ਚ, ਪਰ ਹੈਰਾਨ ਹੋ ਜਾਈਦਾ ਹੈ ਓਸ ਸਰਕਾਰ ਦੇ ਜਿਹੜੇ ਲੰਗਰ ਬਣਾਉਂਦੇ ਨੇ, ਉਹ ਲਿਸਟ ਬਣਾ ਕੇ ਲੈ ਜਾਂਦੇ ਨੇ ਕਿ ਕੌਣ-ਕੌਣ ਝਾੜੂ ਮਾਰਦਾ ਹੈ, ਕੌਣ-ਕੌਣ ਸੇਵਾ ਕਰਦਾ ਹੈ, ਕੌਣ ਪਾਣੀ ਦੀ ਸੇਵਾ ਕਰਦਾ ਹੈ। ਬਰਤਨ ਕੌਣ ਮਾਂਜਦਾ ਹੈ ਉਹ ਲਿਸਟ ਲੈ ਜਾਂਦੇ ਨੇ ਤੇ ਉਨ੍ਹਾਂ ਨੂੰ ਪੁੱਛਦੇ ਨੇ ਗੁਰਦਵਾਰੇ ਵਾਲਿਆਂ ਨੂੰ ਕਿ ਤੁਸੀਂ ਕਿੰਨੀ ਤਨਖਾਹ ਦਿੰਦੇ ਓਂ, ਕਹਿੰਦੇ ਜੀ ਅਸੀਂ ਤਾਂ ਨਹੀਂ ਦਿੰਦੇ, ਇਹ ਤਾਂ ਮੁਫਤ ਹੀ ਕਰ ਦਿੰਦੇ ਹਨ। ਕਹਿੰਦੇ, ਇਹ ਤਾਂ ਗਲਤ ਹੈ, ਜਿਹੜਾ ਬੰਦਾ ਕੰਮ ਕਰਦਾ ਹੈ ਉਹਦੀ ਜੋ lower sealing ਹੈ ਉਹ 80 ਪੌਂਡ ਦੀ ਹੈ। ਸਰਕਾਰ ਆਪਣੀਆਂ ਲਿਸਟਾਂ 'ਤੇ ਉਨ੍ਹਾਂ ਦਾ ਨਾਉਂ ਲਿਖ ਲੈਂਦੀ ਹੈ ਤੇ 80 ਪੌਂਡ ਮਿਲੀ ਜਾਂਦੇ ਨੇ। ਅਜੀਬ ਹੀ ਗੱਲ ਹੈ ਇਹ। ਉਹ ਦੇਸ਼ ਹੈ ਇਹ ਜਿਥੇ ਦੇਸ਼ ਦਾ ਵਸਿੰਦਾ ਤਾਂ ਨਹੀਂ ਭੁੱਖਾ ਮਰਦਾ, ਬਾਹਰਲਾ ਗੁਰਦਵਾਰਿਆਂ 'ਚ ਪ੍ਰਸ਼ਾਦਾ ਛਕਦਾ ਹੈ, ਇਹ ਤਾਂ ਪ੍ਰਾਈਵੇਟ ਬੰਦੋਬਸਤ ਹੈ ਪਰ ਜੋ ਪੰਜਾਬ ਹੈ ਇਹਦੇ ਵਿੱਚ ਬਿਲਕੁਲ ਹੀ ਨਹੀਂ ਭੁੱਖਾ ਮਰਦਾ। ਸਵਾਲ ਹੀ ਪੈਦਾ ਨਹੀਂ ਹੁੰਦਾ ਭੁੱਖਾ ਮਰਨ ਦਾ। ਸੋ ਕਮਾਈ ਕਰਕੇ ਦੇਣ ਵਿੱਚ ਖੁਸ਼ੀ ਮਹਿਸੂਸ ਕਰਦਾ ਹੈ। ਇਹ ਠੀਕ ਹੈ ਸਾਡਾ way of life ਹੈ, ਇਕੱਲੇ ਨਹੀਂ ਖਾਣਾ, ਵੰਡ ਕੇ ਖਾਣਾ ਕਿਉਂਕਿ ਗੁਰੂ ਕਹਿੰਦੇ ਨੇ-

*ਦਮੜਾ ਤਿਸੀਕਾ ਜੋ ਖਰਚੈ ਅਰ ਖਾਇ॥*
*ਦੇਵੈ ਦਿਲਾਵੈ ਰਜਾਵੈ ਖੁਦਾਇ॥*
*ਹੋਤਾ ਨ ਰਾਖੈ ਅਕੇਲਾ ਨ ਖਾਇ॥*
*ਤਹਕੀਕ ਦਿਲਦਾਨੀ ਵਹੀ ਭਿਸ਼ਤ ਜਾਇ॥*

*ਨਸੀਹਤਨਾਮਾ*

*ਘਾਲਿ ਖਾਇ ਕਿਛੁ ਹਥਹੁ ਦੇਇ ॥*
*ਨਾਨਕ ਰਾਹੁ ਪਛਾਣਹਿ ਸੇਇ ॥ ਅੰਗ - ੧੨੪੫*

ਇਹ ਰਾਹ ਦੀ ਪਛਾਣ ਕਰਨ ਵਾਲੀਆਂ ਚੀਜ਼ਾਂ ਨੇ। ਕਿਰਤ ਕਰਨੀ, ਵੰਡ ਕੇ ਛਕਣਾ, ਨਾਮ ਜਪਣਾ। ਓਸ ਤੋਂ ਹੋਰ ਸਿਆਣੇ ਨੂੰ ਪੁੱਛੋ ਬਈ ਤੁਹਾਡਾ ਆਖਰੀ ਨਿਸ਼ਾਨਾ ਕੀ ਹੈ? ਉਹ ਕਹਿੰਦਾ ਹੈ ਕਿ ਜੀ 'ਗੁਰਮੁਖ ਨਾਮ, ਦਾਨ, ਇਸ਼ਨਾਨ। ਨਾਮ ਜਪਣਾ, ਕਮਾਈ ਵਿੱਚੋ ਯਥਾਸ਼ਕਤ ਦਾਨ ਦੇਣਾ ਤੇ ਆਪਣਾ ਆਪ ਪਵਿੱਤਰ ਰੱਖਣਾ, ਗੰਦਾ ਨਾ ਰੱਖਣਾ, ਨਾ ਆਪਣਾ ਆਪ, ਨਾ ਆਪਣਾ ਪੜੌਸ, ਨਾ ਆਪਣਾ ਪਿੰਡ, ਨਾ ਆਪਣਾ ਸ਼ਹਿਰ, ਗੰਦਗੀ (dirt) ਨਾ ਕਿਤੇ ਵੀ ਰਹਿਣ ਦੇਣੀ। ਪਵਿੱਤਰਤਾ ਦੇ ਵਿੱਚ ਵਿਸ਼ਵਾਸ਼ ਕਰਨਾ। ਘਰ ਵੀ ਪਵਿੱਤਰ ਤੇ ਬਾਹਰ ਵੀ ਪਵਿੱਤਰ; ਲੇਕਿਨ ਗੋਲ ਨਹੀਂ ਹੈ। ਜਿੱਥੇ ਅਸੀਂ ਜਾਣਾ ਹੈ। ਕਿਸੇ ਮਹਾਂਪੁਰਸ਼ ਨੂੰ ਪੁੱਛੋ ਕਿ ਤੁਹਾਡਾ ਕੀ ਸਿਧਾਂਤ ਹੈ, ਐਨਾ ਅੰਮ੍ਰਿਤ ਵੇਲੇ ਉਠਦੇ ਹੋ, ਨਾਮ ਜਪਦੇ ਹੋ, ਬਾਣੀ ਪੜ੍ਹਦੇ ਹੋ, ਸਿਧਾਂਤ ਕੀ ਹੈ ਤੁਹਾਡਾ। ਉਹ ਕਹਿੰਦੇ ਨੇ ਕਿ-

*ਏਕੋ ਬ੍ਰਹਮੁ ਦੁਤੀਯ ਨਾਸਿਤ।*

ਗੁਰੂ ਦਸ਼ਮੇਸ਼ ਪਿਤਾ ਨੇ ਆਪਣੀ ਰਚੀ ਹੋਈ ਅਕਾਲ ਉਸਤਤਿ ਦੀ ਰਚੀ ਹੋਈ ਬਾਣੀ ਦੇ ਅੰਦਰ ਬਹੁਤ ਹੀ ਸਪਸ਼ਟ ਸ਼ਬਦਾਂ ਦੇ ਵਿੱਚ ਫੁਰਮਾਨ ਕੀਤਾ ਹੈ ਕਿ ਪਿਆਰਿਓ! ਇੱਥੇ ਪ੍ਰਮੇਸ਼ਰ ਤੋਂ ਸਭ ਪੈਦਾ ਹੁੰਦੇ ਨੇ। ਪ੍ਰਮੇਸ਼ਰ 'ਚ ਲੀਨ ਹੋ ਜਾਂਦੇ ਨੇ, ਇਹ ਜਿਹੜੀ ਕਿਸਮ ਹੈ ਇਹ ਭੁਲੇਖਾ ਪਾ ਦਿੰਦੀ ਹੈ ਆਪਣੇ ਆਪੇ ਦਾ ਕਿ ਮੈਂ ਹੋਰ ਹਾਂ, ਸੰਸਾਰ ਹੋਰ ਹੈ ਦਰਅਸਲ ਸਾਰਾ ਸੰਸਾਰ ਇੱਕ ਹੈ, ਦੋ ਨਹੀਂ ਹਨ -

*ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ.....।*

ਚੰਗਿਆੜੀਆਂ ਉਠਦੀਆ ਨੇ ਅੱਗ ਦੀਆਂ। ਉਹ ਵੱਖਰੀਆ ਨਜ਼ਰ ਆਉਂਦੀਆਂ ਨੇ ਪਰ ਜਦ ਫੇਰ ਗਿਰ ਜਾਂਦੀਆਂ ਨੇ ਉਹ ਅੱਗ ਹੀ ਬਣ ਜਾਂਦੀਆਂ ਨੇ। ਦੂਸਰੀ ਮਿਸਾਲ ਆਪ ਦਿੰਦੇ ਨੇ ਕਿ ਧੂੜ ਉਡਦੀ ਹੈ ਧਰਤੀ ਤੋਂ ਅਸਮਾਨਾਂ 'ਚ ਚਲੀ ਜਾਂਦੀ ਹੈ। ਲੇਕਿਨ ਫੇਰ ਆ ਕੇ ਧਰਤੀ ਵਿੱਚ ਹੀ ਰਲ ਜਾਂਦੀ ਹੈ। ਤੀਸਰੀ ਮਿਸਾਲ ਆਪ ਦਿੰਦੇ ਨੇ ਕਿ ਪਾਣੀ ਦੇ ਉੱਤੇ ਬੇਅੰਤ ਲਹਿਰਾਂ, ਬੁਲਬੁਲੇ ਝੱਗ ਉਠਦੇ ਨੇ, ਪਰ ਉਹ ਹੈ ਕੀ ਉਹ ਤਾਂ ਪਾਣੀ ਹੀ ਹੈ -

*ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ.....।*

ਕਰੋੜਾਂ ਲਹਿਰਾਂ ਉਠ ਰਹੀਆਂ ਨੇ -

*ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿੰਗੇ।*

ਪਾਣੀ ਦੀਆਂ ਤਰੰਗਾਂ ਇਹ ਲੋਹਾਂ ਤਾਂ ਨਹੀਂ ਬਣ ਜਾਂਦੀਆਂ, ਮਿੱਟੀ ਤਾਂ ਨਹੀਂ ਬਣ ਜਾਂਦੀਆਂ। ਅੱਗ ਨਹੀਂ ਬਣ ਜਾਂਦੀਆਂ ਇਹ ਪਾਣੀ ਹੀ ਕਹਾਉਂਦਾ ਹੈ। ਐਸੇ ਤਰ੍ਹਾਂ ਦੇ ਨਾਲ -

*ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ....।*

ਵਿਸ਼ਵ ਰੂਪ ਜੋ ਵਾਹਿਗੁਰੂ ਹੈ ਉਹਦੇ ਵਿਚੋਂ ਸਾਰਾ ਸੰਸਾਰ ਪ੍ਰਗਟ ਹੋਇਆ ਹੈ।

*......ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ॥*

ਉਹਦੇ ਵਿੱਚੋਂ ਪੈਦਾ ਹੋਇਆ ਹੈ, ਉਹਦੇ ਵਿੱਚ ਹੀ ਸਮਾ ਜਾਣਗੇ। ਦੂਜਾ ਇੱਥੇ ਕਿਹੜਾ ਹੋਇਆ। ਮਹਾਰਾਜ ਕਹਿੰਦੇ, ਜਿੰਨੀ ਦੇਰ ਤੂੰ ਦੂਜਾ ਦੇਖਦਾ ਹੈਂ, ਓਨੀ ਦੇਰ ਤੱਕ ਤੇਰਾ ਬਣਿਆ ਕੁਛ ਨਹੀਂ, ਤੂੰ ਸਾਰਿਆਂ ਨੂੰ ਇੱਕ ਦੇਖ।

ਇੱਕ ਡਾਕਟਰ ਸਟੀਫਨ ਹੋਇਆ ਹੈ ਇੰਗਲੈਂਡ ਦੇ ਅੰਦਰ। ਹੁਣੇ ਥੋੜ੍ਹਾ ਚਿਰ ਹੋਏ ਚੜ੍ਹਾਈ ਕੀਤੀ ਹੈ ਉਸਨੇ ਗਣਿਤ (Mathematics) ਦੇ ਹਿਸਾਬ ਨਾਲ ਕੱਢਣਾ ਸ਼ੁਰੂ ਕਰਿਆ, ਲੇਕਿਨ ਬੇਅੰਤ ਦਾ ਅੰਤ ਨਾ ਪਾ

ਕੇ ਕਿਤਾਬ ਦੇ ਅਖੀਰ ਵਿੱਚ ਲਿਖ ਦਿੱਤਾ ਕਿ ਕੋਈ ਧਰਮ ਐਸਾ ਹੈ ਜੋ ਮੈਨੂੰ ਸ਼ਾਂਤੀ ਦਿਵਾ ਦੇਵੇ ਕਿਉਂਕਿ ਮੈਂ confuse ਹੋ ਗਿਆ, ਸੁੰਨ (infintiy) 'ਚ ਜਾ ਵੜਿਆ। ਸੁੰਨ (infinity) ਕੀ ਹੁੰਦੀ ਹੈ 20 ਦੇ ਉਤੇ 6 ਨੂੰ ਤਕਸੀਮ ਕਰੋ, ਚਾਹੇ ਕਰੋੜ ਸਾਲ ਕਰੀ ਜਾਓ ਦੋ ਬਚੀ ਜਾਣੇ ਨੇ। infinity ਉਹ ਹੁੰਦੀ ਹੈ ਜਿਹਦੀ ਹੱਦ ਨਾ ਹੋਵੇ, ਜਿਹਨੂੰ ਬੇਅੰਤ ਕਹਿੰਦੇ ਨੇ। ਉਹ ਕਹਿੰਦਾ ਕਿ ਮੈਂ ਸੂਖਮ ਨੂੰ ਦੇਖਣ ਲਗ ਗਿਆ, ਹਿਸਾਬ ਕੱਢਿਆ ਪੁਆਇੰਟ ਲਾ ਦਿੱਤਾ, ਜ਼ੀਰੋ ਲਾ ਦਿੱਤੇ ਨਾਲ ਏਕਾ ਲਗਾ ਕੇ ਨਾਲ infinity ਲਿਖ ਦਿੱਤੀ ਕਿ ਇਹ ਨਹੀਂ ਮੁੱਕਦਾ। ਜਿਸ ਵਕਤ ਪ੍ਰਮੇਸ਼ਰ ਜਦ ਫੈਲਿਆ, ਉਹਨੂੰ ਕੱਢਿਆ, ਉਹਨੇ ਫੇਰ 80 ਜ਼ੀਰੋ ਲਾ ਕੇ ਏਕਾ ਲਾ ਕੇ, ਫੇਰ infinity ਲਿਖ ਦਿੱਤੀ। ਅਸੀਂ ਇਨ੍ਹਾਂ ਗੱਲਾਂ ਵਲ ਧਿਆਨ ਨਹੀਂ ਦਿੰਦੇ। ਇਹ ਹੈ ਕੀ ਮਾਮਲਾ, ਹੋਰ ਹੀ ਗੱਲਾਂ ਸਾਡੇ ਮਨ ਵਿੱਚ ਪਾਈ ਜਾਂਦੇ ਨੇ। ਅਸਲੀ ਗੱਲ ਅਸੀਂ ਗੁਰੂ ਗ੍ਰੰਥ ਸਾਹਿਬ ਦੀ ਸਮਝ ਨਹੀਂ ਸਕਦੇ। ਨਾ ਸਮਝਣ ਕਰਕੇ ਅਸੀਂ ਵਿੱਚ ਵਿਚਾਲੇ ਤੁਰੇ ਫਿਰਦੇ ਹਾਂ। ਮੱਥੇ ਅਸੀਂ ਬਹੁਤ ਟੇਕਦੇ ਹਾਂ, ਹੋਰ ਗੱਲਾਂ ਅਸੀਂ ਬਹੁਤ ਕਰਦੇ ਹਾਂ ਪਰ ਸਾਨੂੰ ਪਤਾ ਹੀ ਨਹੀਂ ਗੁਰੂ ਗ੍ਰੰਥ ਸਾਹਿਬ ਸਾਨੂੰ ਕਹਿੰਦੇ ਕੀ ਨੇ। ਗੁਰੂ ਦਸ਼ਮੇਸ਼ ਪਿਤਾ ਫੁਰਮਾਨ ਕਰਦੇ ਨੇ ਕਿ -

*ਸੂਛਮ ਤੇ ਸੂਛਮ ਕਰ ਚੀਨੇ*
*ਬ੍ਰਿਧਨ ਬ੍ਰਿਧ ਬਤਾਏ॥*
*ਭੂਮ ਅਕਾਸ ਪਤਾਲ ਸਭੈ ਸਜਿ*
*ਏਕ ਅਨੇਕ ਸਦਾਏ॥* *ਸ਼ਬਦ ਹਜ਼ਾਰੇ*

ਜਦ ਦੁਨੀਆਂ ਨੇ ਦੇਖਿਆ ਕਿ ਰੱਬ ਸੂਖਮ ਕਿੰਨਾ ਹੈ, ਜਿਹਨੂੰ ਨਿਰਾਕਾਰ ਅਵਸਥਾ ਕਹਿੰਦੇ ਨੇ, ਕਹਿੰਦੇ ਅੰਤ ਨਾ ਪਾ ਸਕਿਆ। ਜਦ ਫੈਲਿਆ ਫੇਰ ਮਾਪਣ ਦਾ ਯਤਨ ਕਰਿਆ, ਨਾਪ ਨਾ ਸਕੇ, ਉਹ ਅੱਗੇ ਹੀ ਅੱਗੇ ਚਲਿਆ ਜਾਂਦਾ ਹੈ, ਜਿੱਥੇ ਹੱਦ ਲਗਦੀ ਹੈ ਉਸ ਅੱਗੇ ਫੇਰ ਹੈ।

*ਥਿਤਿ ਵਾਰੁ ਨਾ ਜੋਗੀ ਜਾਣੈ*
*ਰੁਤਿ ਮਾਹੁ ਨਾ ਕੋਈ॥*
*ਜਾ ਕਰਤਾ ਸਿਰਠੀ ਕਉ ਸਾਜੇ*
*ਆਪੇ ਜਾਣੈ ਸੋਈ ॥* *ਅੰਗ - ੪*

ਅੰਤ ਹੀ ਨਹੀਂ ਹੈ ਇਸ ਚੀਜ਼ ਦਾ। ਮਹਾਰਾਜ ਕਹਿੰਦੇ ਜ਼ਮੀਨ ਵੀ ਬਣ ਗਈ, ਪਾਤਾਲ ਵੀ ਬਣ ਗਏ, ਤਾਰੇ ਸਿਤਾਰੇ ਚੰਦਰਮਾ ਬੇਅੰਤ ਮੰਡਲ ਬਣ ਗਏ, ਉਹ ਹੋਇਆ ਕੀ ਉਹ ਇੱਕੋ ਹੀ ਵਾਹਿਗੁਰੂ ਜਿਹੜਾ ਸੀ ਉਹ ਅਨੇਕ ਕਹਾਉਣ ਲਗ ਗਿਆ। ਦਰਖਤ ਹੁੰਦਾ ਹੈ ਪਹਿਲਾਂ ਬੀਜ ਹੋਇਆ ਕਰਦਾ ਹੈ, ਬੋਹੜ ਦਾ ਬੀਜ ਧਰਤੀ 'ਚ ਪਾ ਦਿੱਤਾ, ਤਰੀਕੇ ਨਾਲ ਬੋਹੜ ਪੈਦਾ ਹੋ ਗਿਆ। ਹੁਣ ਉਹ ਬੀਜ ਕਿੰਨਾ ਫੈਲਿਆ, ਕਿੱਡਾ ਵਿਸਥਾਰ ਹੋਇਆ ਉਹਦਾ। ਉਸ ਤੋਂ ਬਾਅਦ ਬੋਹੜ ਦੇ ਉਤੇ ਗੋਹਲ ਲੱਗੀ, ਗੋਹਲ ਦੇ ਵਿੱਚ ਫੇਰ ਕੀ ਨਿਕਲਿਆ ਓਹੀ ਬੀਜ ਜਿਹੜਾ ਧਰਤੀ 'ਚ ਪਾਇਆ ਉਹ ਦਰਖਤ ਦੇ ਵਿਚੀਂ ਹੋ ਕੇ ਅਖੀਰ 'ਤੇ ਪਹੁੰਚ ਕੇ ਫੇਰ ਬੀਜ ਦਾ ਬੀਜ ਰਹਿ ਗਿਆ। ਐਸੇ ਤਰ੍ਹਾਂ ਦੇ ਨਾਲ ਇਹ ਸ੍ਰਿਸਟੀ ਜਿਹੜੀ ਹੈ-

*ਨਿਰੰਕਾਰੁ ਆਕਾਰੁ ਹੋਇ ਏਕੰਕਾਰੁ ਅਪਾਰੁ ਸਦਾਇਆ।*
*ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ ਬਣਾਇਆ।*
*ਭਾਈ ਗੁਰਦਾਸ ਜੀ, ਵਾਰ ੨੬/੨*

ਓਅੰਕਾਰ ਰੂਪ ਹੋ ਕੇ ਮਹਾਰਾਜ ਨੇ ਏਕੰਕਾਰ ਨੂੰ ਏਕਾ, ਓਅੰਕਾਰ ਨੂੰ 'ੳ' ਦੇ ਨਾਲ ਤਸ਼ਵੀਹ ਦੇ ਦਿੱਤੀ। ਇਹਦੇ ਵਿਚੋਂ ਹੀ ਸਭ ਕੁਛ ਪੈਦਾ ਹੋ ਕੇ, ਇਹਦੇ ਵਿੱਚ ਹੀ ਵਧਦਾ ਹੈ, ਇਹਦੇ ਵਿਚ ਫਲਦਾ ਹੈ ਤੇ ਇਹਦੇ ਵਿੱਚ ਹੀ ਲੀਨ ਹੋ ਜਾਂਦਾ ਹੈ। ਹੁਣ ਦੂਸਰਾ ਕੌਣ ਹੋਇਆ। ਇਹ ਤਾਂ ਇੱਕੋ ਚੀਜ਼ ਹੋਈ ਸਾਰੀ। ਇਹ ਸਾਨੂੰ ਕਿਉਂ ਨਹੀਂ ਸਮਝ ਆਉਂਦੀ ਕਿਉਂਕਿ ਸਾਡੇ ਉੱਤੇ ਇੱਕ ਜਜ਼ਬਾ ਪੈ ਗਿਆ, ਜਿਸਨੂੰ ਹਉਮੈ ਕਹਿੰਦੇ ਨੇ। ਉਹਨੇ ਸਾਡੀ ਸਾਰੀ ਸੁਰਤ ਗੁਆ ਦਿੱਤੀ। 'ਮੈਂ' ਤੇ 'ਮੇਰੀ' ਜਾਗ ਗਈ। ਮੈਂ ਤੇ ਮੇਰੀ ਜਾਗਣ ਦੇ ਨਾਲ ਬੇਅੰਤਤਾ ਆ ਗਈ, ਕੋਈ ਮਿੱਤਰ ਬਣ ਗਿਆ, ਕੋਈ ਦੁਸ਼ਮਣ ਬਣ ਗਿਆ, ਕੋਈ ਆਪਣਾ ਬਣ ਗਿਆ, ਕੋਈ ਪਰਾਇਆ ਬਣ ਗਿਆ। ਹੈ ਤਾਂ ਇੱਕੋ ਹੀ। ਗਲਤੀ ਦੇ ਨਾਲ ਅਸੀਂ ਸਮਝਣਾ ਸ਼ੁਰੂ ਕਰ ਦਿੱਤਾ। ਜਿਹੜੇ ਮਹਾਤਮਾ ਹੁੰਦੇ ਨੇ ਉਹ ਸਾਰੀ ਸ੍ਰਿਸ਼ਟੀ ਨੂੰ ਇੱਕ ਜਾਣਦੇ ਨੇ, ਦੋ ਨਹੀਂ ਦਿੱਸਦੇ। ਖੁਲ੍ਹੀਆ ਅੱਖਾਂ ਨਾਲ ਦੇਖਦੇ ਨੇ ਕਿ ਆਹ ਪ੍ਰਮੇਸ਼ਰ ਹੈ। ਕਿਸੇ ਨੂੰ ਲੱਗੇਗਾ ਕਿ ਇਹ ਫਲਾਣਾ ਸਿੰਘ ਹੈ, ਫਲਾਣੀ ਬੀਬੀ ਹੈ, ਸੰਤਾਂ ਦੀ ਦ੍ਰਿਸ਼ਟੀ ਇਹ ਹੁੰਦੀ ਹੈ ਕਿ ਇਹ ਤਾਂ ਪ੍ਰਮੇਸ਼ਰ ਹੀ ਹੈ ਸਾਰੇ। ਅੰਦਰੋਂ ਮੱਥਾ ਹੀ ਟੇਕਦੇ ਰਹਿੰਦੇ ਨੇ। ਆਪਣਾ ਆਪ ਉਨ੍ਹਾਂ ਦਾ ਲੀਨ ਹੋਇਆ ਹੁੰਦਾ ਹੈ, ਖਤਮ ਹੋਇਆ ਹੁੰਦਾ ਹੈ। ਸੰਤ ਕਹਿੰਦੇ ਉਹਨੂੰ ਨੇ ਜਿਹੜਾ ਹੋਵੇ ਨਾ। ਜਿਹੜਾ ਹੈ ਹੀ ਨਹੀਂ ਫੇਰ ਉਹਨੂੰ ਹੋਣਾ ਬੜਾ ਔਖਾ ਹੈ। ਉਹਨੂੰ ਜੇ ਅਗਿਆਨੀ ਬੰਦੇ ਆਪਣੀ ਮਰਜ਼ੀ ਦੇ ਮੁਤਾਬਿਕ ਹਦਾਇਤ ਦੇਣ ਕਿ ਐਉਂ ਚਲ, ਸੰਤ ਤਾਂ ਨਹੀਂ ਚਲਦੇ, ਸੰਤ ਤਾਂ ਗਿਆਨ ਹੁੰਦਾ ਹੈ, ਉਹ ਕਹਿੰਦੇ ਇੱਥੇ ਪ੍ਰਮੇਸ਼ਰ ਤੋਂ ਬਗੈਰ ਕੋਈ ਹੈ ਹੀ ਨਹੀਂ।

*ਆਦਿ ਸਚੁ ਜੁਗਾਦਿ ਸਚੁ ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ ਅੰਗ - ੧*

ਸੋ ਉਨ੍ਹਾਂ ਦੀਆਂ ਜੋ ਕਥਾਵਾਂ ਨੇ ਉਹ ਸੰਸਾਰ ਦੇ ਨਾਲੋਂ ਨਿਆਰੀਆਂ ਹੁੰਦੀਆਂ ਨੇ -

*ਧਾਰਨਾ - ਹਰਿ ਕੇ ਸੇਵਕ ਜੋ ਹਰਿ ਭਾਏ*
*ਤਿਨ ਕੀ ਕਥਾ ਨਿਰਾਰੀ ਰੇ।*
*ਹਰਿ ਕੇ ਸੇਵਕ ਜੋ ਹਰਿ ਭਾਏ*
*ਤਿਨ੍ ਕੀ ਕਥਾ ਨਿਰਾਰੀ ਰੇ ॥*

*ਆਵਹਿ ਨ ਜਾਹਿ ਨ ਕਬਹੂ ਮਰਤੇ*
*ਪਾਰਬ੍ਰਹਮ ਸੰਗਾਰੀ ਰੇ ॥ ਅੰਗ - ੮੫੫*

ਜਿਵੇਂ ਡਾਕਟਰ ਸਵਾਮੀ ਰਾਮ ਜੀ ਦੱਸ ਰਹੇ ਸੀ ਕਿ ਮੌਤ ਤੋਂ ਉੱਤੇ ਹੋ ਜਾਂਦੇ ਨੇ ਸੰਤ। ਸੰਤ ਮਰਿਆ ਨਹੀਂ ਕਰਦੇ ਕਿਉਂਕਿ ਮੌਤ, ਕਾਲ ਜਿਹੜਾ ਹੈ ਉਹ matter (ਪਦਾਰਥ) ਤੱਕ ਤਾਂ ਪਹੁੰਚਦਾ ਹੈ। ਪਦਾਰਥ ਤੋਂ ਉੱਤੇ ਜਾਣ ਦੀ ਉਹਦੇ ਵਿੱਚ ਤਾਕਤ ਨਹੀਂ ਹੈ ਕਿਉਂਕਿ ਇੱਕ ਸਮਾਂ ਹੈ (time & space is self matter), ਇਹਦੀ ਪਹੁੰਚ ਨਹੀਂ ਹੈ ਵੱਡੀ। ਸੋ ਸੰਤਾਂ ਤੱਕ ਇਹ ਪਹੁੰਚਦਾ ਨਹੀਂ -

*ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥*
*ਅੰਗ - ੨੭੩*

ਉਨ੍ਹਾਂ ਦੀਆਂ ਜੋ ਕਥਾਵਾਂ ਨੇ ਉਹ ਨਿਆਰੀਆਂ ਨੇ ਸੰਸਾਰ ਨਾਲੋਂ।

ਸੰਤ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ) ਆਪ ਬਚਪਨ ਤੋਂ ਹੀ ਸਿੱਧ ਪੁਰਸ਼ ਸਨ, ਪ੍ਰਮੇਸ਼ਰ ਵਲ ਪੂਰੀ ਲਗਨ ਆਪ ਦੀ ਲੱਗੀ ਹੋਈ ਸੀ। ਜਿਸ ਵਕਤ ਆਪ ਆ ਕੇ ਮਾਡਲ ਸਕੂਲ ਜੋ ਰਾਜਿਆਂ ਦੇ ਬੱਚਿਆਂ ਦੇ ਪੜ੍ਹਨ ਵਾਸਤੇ ਬਣਾਇਆ ਸੀ, ਕਿਉਂਕਿ ਆਪ ਘਰੋਂ ਰੱਜੇ-ਪੁੱਜੇ ਖਾਨਦਾਨ ਨਾਲ ਸਬੰਧ ਰਖਦੇ ਸੀ। ਚੰਗੇ ਸਕੂਲ ਦੇ ਵਿੱਚ ਆਪ ਦਾਖਲ ਹੋਏ। ਓਥੇ ਇੱਕ ਮਹਾਤਮਾ ਆ ਗਏ ਜਿਸ ਦਾ ਨਾਉਂ ਟੀ.ਐਲ. ਬਿਸਵਾਨੀ, ਸਿੰਧ ਦੇ ਰਹਿਣ ਵਾਲਾ ਸੀ। ਦਾਦਾ ਚੇਲਾ ਰਾਮ ਉਨ੍ਹਾਂ ਦੇ ਬਹੁਤ ਨੇੜੇ ਸੀ। ਓਸ ਨੇ ਇੱਕ ਦਿਨ ਸਹਿਜ ਸੁਭਾਅ ਗੱਲ ਕੀਤੀ ਕਿ ਜੋ ਸਿੱਖ ਹੈ ਉਹਦੇ ਜਪੁਜੀ ਸਾਹਿਬ ਯਾਦ ਹੋਣਾ ਚਾਹੀਦਾ ਹੈ। ਆਪ ਛੇਵੀਂ ਜਮਾਤ ਵਿੱਚ ਸੀ, ਤਿੰਨ ਦਿਨ ਵਿੱਚ ਜਪੁਜੀ ਸਾਹਿਬ ਯਾਦ ਕਰਕੇ ਕਹਿਣ ਲੱਗੇ, ਬਿਸਵਾਨੀ ਸਾਹਿਬ ਮੇਰੇ ਜਪੁਜੀ ਸਾਹਿਬ ਯਾਦ ਹੋ ਗਿਆ। ਛੇਵੀਂ 'ਚ ਸੀ ਤੇ ਓਸ ਵੇਲੇ ਲਗਨ ਲਗ ਗਈ, ਭਜਨ ਕਰਨ ਦੀ; ਕਿਸੇ ਨੇ ਨਹੀਂ ਲਾਈ, ਆਪੇ ਹੀ ਲਗ ਗਈ। ਕਿਉਂਕਿ ਜਿਹੜੇ ਧੁਰੋਂ ਆਏ ਹੁੰਦੇ ਨੇ ਉਨ੍ਹਾਂ ਨੂੰ ਪ੍ਰਮੇਸ਼ਰ ਦਾ ਭਜਨ ਆਪਣੇ ਆਪ ਹੀ ਪਤਾ ਲਗ ਜਾਂਦਾ ਹੈ। ਇਹ ਕੁਦਰਤੀ ਨੇਤ ਹੈ, ਪਿੱਛੇ ਜਪਿਆ ਹੁੰਦਾ ਹੈ ਤੇ ਉਥੋਂ ਹੀ ਤੁਰ ਪਿਆ ਕਰਦੇ ਨੇ। ਅੰਦਰੋਂ ਖਿੱਚ ਪੈਂਦੀ ਹੈ ਜਿਹੜੇ ਅੰਕੁਰ ਨੇ ਭਜਨ ਵਾਲੇ ਉਹ ਹਰਾ ਹੋਣਾ ਚਾਹੁੰਦੇ ਨੇ। ਮਹਾਰਾਜ ਜੀ ਆਪ ਹੀ ਦੱਸਿਆ ਕਰਦੇ ਸੀ, ਮੈਂ ਕਈ ਵਾਰੀ ਪੁੱਛਿਆ ਸੀ, ਕਿਤੇ-ਕਿਤੇ ਆਪ ਗੱਲ ਵਿੱਚ ਆਖ ਜਾਂਦੇ। ਆਪ ਜੀ ਨੇ ਦੱਸਿਆ ਕਿ ਅਸੀਂ ਅੱਠਵੀਂ ਵਿੱਚ ਸੀ ਓਸ ਵੇਲੇ ਜਦੋਂ ਅਸੀਂ ਦੋ ਵਜੇ ਉਠ ਖੜ੍ਹਨਾ ਤੇ ਆਪਣੇ ਘਰੋਂ ਨਿਕਲ ਕੇ ਮੋਤੀ ਬਾਗ ਸਰੋਵਰ ਹੈ ਉਥੇ ਉਹਨੂੰ ਸੁਧਾਸਰ ਕਹਿੰਦੇ ਨੇ। ਉਹਦੇ ਵਿੱਚ ਜਾ ਕੇ ਇਸ਼ਨਾਨ ਕਰਨਾ ਤੇ ਉਹਦੇ ਕੰਢੇ ਬੈਠ ਜਾਣਾ। ਅੱਠਵੀਂ ਜਮਾਤ ਦਾ ਮੁੰਡਾ ਕਿੰਨਾ ਕੁ ਹੁੰਦਾ ਹੈ, ਬਹੁਤਾ ਹੋਊ ਤੇਰ੍ਹਾਂ ਸਾਲ ਦਾ ਲਾ ਲਓ, ਸਾਢੇ ਬਾਰ੍ਹਾਂ ਸਾਲ ਦਾ ਲਾ ਲਓ। ਹਨ੍ਹੇਰਾ ਪਿਆ ਹੈ, ਓਧਰਲੇ ਪਾਸੇ ਜੰਗਲ ਵੀ ਸੀਗਾ, ਹੁਣ ਵੀ ਅਜੇ ਵੀ ਜੰਗਲ ਹੋਵੇ ਸ਼ਾਇਦ। ਓਥੇ ਇਸ਼ਨਾਨ ਕਰਨਾ, ਇਸ਼ਨਾਨ ਕਰਕੇ ਬੈਠ ਜਾਣਾ। ਕਹਿੰਦੇ ਸਾਨੂੰ ਪਤਾ ਲੱਗਿਆ ਕਿ ਪੰਜ ਘੰਟੇ ਜਿਹੜਾ ਫੁਰਨਾ ਨਾ ਆਉਣ ਦੇਵੇ, ਉਹ ਸਮਾਧੀ ਹੁੰਦੀ ਹੈ। ਕਹਿੰਦੇ ਅਸੀਂ ਪੰਜ ਘੰਟੇ ਫੁਰਨਾ ਨਾ ਆਉਣ ਦੇਣਾ ਤੇ ਸਾਨੂੰ ਐਉਂ ਲਗਣਾ ਜਿਵੇਂ ਅਸੀਂ ਕਿਸੇ ਫੁੱਲ ਦੇ ਉੱਤੇ ਬੈਠੇ ਪਾਣੀ ਵਿੱਚ ਤੈਰ ਰਹੇ ਹਾਂ। ਜਾਂ ਐਉਂ ਲਗਣਾ ਕਿ ਫੁੱਲਾਂ ਦੀ ਪੀਂਘ ਪਈ ਹੋਈ ਹੈ ਤੇ ਉੱਤੇ ਝੂਟਾ ਆ ਰਿਹਾ ਹੈ ਸਾਨੂੰ, ਪ੍ਰਕਾਸ਼ ਦੀ ਪੀਂਘ ਪਈ ਹੋਈ ਹੈ ਤੇ ਨਾਲ ਪੰਜ ਜਪੁਜੀ ਸਾਹਿਬ ਦੇ ਪਾਠ ਕਰਨੇ। ਦੋ ਵਜੇ ਜਾਣਾ ਸੱਤ ਵਜੇ ਵਾਪਸ ਆਉਣਾ, ਫੇਰ ਆਪਣੇ ਸਕੂਲ ਦਾ ਕੰਮ ਕਰਕੇ ਸਕੂਲ ਨੂੰ ਜਾਣਾ। ਵੱਡੇ ਭਰਾ ਉਨ੍ਹਾਂ ਦੇ ਮਹਾਰਾਜੇ ਦੇ ਲੱਸੀ ਖਾਨੇ ਵਿੱਚ ਸਨ, ਗਾਰਡੀਅਨ ਸੀਗੇ ਜਿਹੜੇ ਰਾਜ - ਮਾਲ ਵਗੈਰਾ ਦਾ ਧਿਆਨ ਦਿੰਦੇ ਸੀ। ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਦਿਨਾਂ ਵਿੱਚ ਸੰਤ ਮਹਾਰਾਜ ਜੀ ਦਾ ਨਾਮ ਗੁਲਾਬ ਸਿੰਘ ਸੀ, ਕਹਿਣ ਲੱਗੇ ਗੁਲਾਬ ਸਿੰਘ ਪਤਾ ਨਹੀਂ ਲਗਦਾ, ਰਾਤ ਨੂੰ ਮੰਜੇ 'ਤੇ ਨਹੀਂ ਹੁੰਦਾ, ਕਿੱਥੇ ਜਾਂਦਾ ਹੈ? ਆਪ ਇਹਦਾ ਖਿਆਲ ਕਰੋ। ਪੁਛਿਆ ਕਿ ਮੈਂ ਤਾਂ ਇਸ਼ਨਾਨ ਕਰਦਾ ਹਾਂ ਉਥੇ ਜਾ ਕੇ, ਕਹਿੰਦੇ ਰਹਿਣ ਦੇ ਤੂੰ ਅਜੇ ਬੱਚਾ ਹੈਂ। ਕਹਿਣ ਲੱਗੇ, ਬੱਚਾ ਤਾਂ ਮੈਂ ਜ਼ਰੂਰ ਹਾਂ, ਪਰ ਤੁਹਾਨੂੰ ਮੇਰੀ ਅਵਸਥਾ ਦਾ ਪਤਾ ਨਹੀਂ ਮੇਰੇ ਅੰਦਰ ਕਿੰਨੀ ਖਿੱਚ ਪੈ ਰਹੀ, ਕਿੰਨੀ ਮੇਰੇ ਅੰਦਰ ਤੀਬਰ ਲੋਚਾ ਹੈ ਕਿ ਮੈਂ ਜ਼ਿਆਦਾ ਤੋਂ ਜ਼ਿਆਦਾ ਭਜਨ ਕਰਾਂ। ਜਿਸ ਵਕਤ ਦਲੀਪ ਸਿੰਘ ਨੇ ਪੁੱਛਿਆ ਕਹਿਣ ਲੱਗੇ ਭਾਅ ਜੀ! ਜੇ ਮੈਂ ਇਹ ਕਹਿ ਦੇਵਾਂ ਕਿ ਮੇਰਾ ਜੀਵਨ ਸਿਮਰਨ ਹੈ, ਜੇ ਮੈਨੂੰ ਸਿਮਰਨ ਨਾ ਮਿਲੇ ਤਾਂ ਮੇਰੀ ਹਾਲਤ ਐਸ ਤਰ੍ਹਾਂ ਦੀ ਹੋ ਜਾਂਦੀ ਹੈ, ਪੜ੍ਹੋ ਪਿਆਰ ਨਾਲ -

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ*
*ਬੰਧਾਵੈ॥ ਤਿਉ ਸੰਤ ਜਨਾ ਹਰਿ ਪ੍ਰੀਤਿ ਹੈ*
*ਦੇਖਿ ਦਰਸੁ ਅਘਾਵੈ ॥ ਅੰਗ - ੭੦੮*

ਵੱਡਾ ਆਫੀਸਰ ਸੀ, ਕਹਿਣ ਲੱਗਿਆ, ਗੁਲਾਬ ਸਿੰਘ! ਅਜੇ ਤੇਰੀ ਉਮਰ ਬਹੁਤ ਛੋਟੀ ਹੈ। ਭਜਨ ਕਰਨ ਨੂੰ ਸਾਰੀ ਜ਼ਿੰਦਗੀ ਪਈ ਹੈ। ਤੂੰ ਹੁਣ ਪੜ੍ਹਾਈ ਕਰ। ਕਹਿਣ ਲੱਗੇ, ਭਰਾ ਜੀ! ਮੱਛੀ ਪਾਣੀ ਤੋਂ ਬਗੈਰ ਜੀਉਂਦੀ ਰਹਿ ਜਾਂਦੀ ਹੈ? ਕਹਿੰਦੇ ਨਹੀਂ। ਕਹਿੰਦੇ, ਬਬੀਹਾ ਜਿਹੜਾ ਹੈ ਉਹ ਕਿੰਨਾ ਕਲਪਦਾ ਹੈ ਸਵਾਂਤੀ ਬੂੰਦ ਵਾਸਤੇ, ਕਹਿੰਦੇ ਜਿਸ ਤਰ੍ਹਾਂ ਦੇ ਨਾਲ ਇਹ ਭੰਵਰ ਵਗੈਰਾ ਤੇ ਹਰਨ ਹੈ, ਘੰਡੇਹੇੜੇ ਦਾ ਸ਼ਬਦ ਸੁਣਦਾ ਹੈ, ਫੇਰ ਸਿੱਧਾ ਹੀ ਲਿਟਣ

ਲਗ ਜਾਂਦਾ ਹੈ, ਸ਼ਿਕਾਰੀ ਕੋਲ ਆ ਜਾਂਦਾ ਹੈ ਉਹ ਪਰਵਾਹ ਨਹੀਂ ਕਰਦਾ ਮਰਨ ਦੀ; ਇਸ ਤਰ੍ਹਾਂ ਦੇ ਨਾਲ ਮੇਰੇ ਅੰਦਰ ਲਗਨ ਲਗ ਗਈ ਹੈ, ਪ੍ਰਭੂ ਦੀ –

*ਆਖਾ ਜੀਵਾ ਵਿਸਰੈ ਮਰਿ ਜਾਉ ॥ ਅੰਗ – ੯*

ਮੁਸ਼ਕਲ ਹੈ ਮੇਰੇ ਲਈ। ਪੜ੍ਹਾਈ ਹੋਵੇ ਨਾ ਹੋਵੇ, ਪਰ ਮੈਂ ਪ੍ਰਮੇਸ਼ਰ ਦਾ ਨਾਮ ਜਪਣਾ ਹੈ। ਉਨ੍ਹਾਂ ਨੇ ਹੁਕਮ ਕਰ ਦਿੱਤਾ, ਵੱਡੀ ਹਵੇਲੀ ਸੀ ਕਿ ਤਾਲੇ ਲਾ ਦਿਓ ਸਾਰੀ ਕੋਠੀ ਨੂੰ। ਉਹ ਦੋ ਵਜੇ ਸੌਂਦੇ ਹੁੰਦੇ ਕਿਉਂਕਿ ਰਾਜੇ ਲੋਕ ਲੇਟ ਸੌਂਦੇ ਸੀ, ਮਹਾਰਾਜਾ ਭੁਪਿੰਦਰ ਸਿੰਘ ਹੋਇਆ ਕਰਦੇ ਸੀ, ਉਨ੍ਹਾਂ ਕੋਲੋਂ ਜਦ ਆਪ ਆਏ, ਚਾਬੀਆਂ ਕੋਲ ਸੀ ਆਪ ਨੇ, ਦਰਵਾਜ਼ਾ ਖੋਲ੍ਹਿਆ, ਪੌੜੀਆਂ ਚੜ੍ਹੇ, ਠੋਕਰ ਲੱਗੀ, ਕਹਿਣ ਲੱਗੇ, ਕੌਣ ਹੈ? ਆਪ ਕਹਿਣ ਲੱਗੇ, ਬਾਈ! ਮੈਂ ਹਾਂ। ਕੀ ਕਰਦਾ ਹੈ? ਕਹਿਣ ਲੱਗੇ, ਮੈਂ ਭਜਨ ਕਰਦਾ ਹਾਂ। ਉਸ ਵੇਲੇ ਉਨ੍ਹਾਂ ਦੇ ਮਨ 'ਤੇ ਬੜਾ ਗਹਿਰਾ ਅਸਰ ਹੋਇਆ। ਕਹਿਣ ਲੱਗੇ, ਗੁਲਾਬ ਸਿੰਘ! ਜੇ ਤੈਨੂੰ ਐਨੀਓਂ ਲਗਨ ਹੈ ਤਾਂ ਫੇਰ ਮੈਂ ਤੈਨੂੰ ਕਿਵੇਂ ਰੋਕ ਸਕਦਾ ਹਾਂ। ਜਾਹ, ਮੇਰੇ ਵਲੋਂ ਇਜਾਜ਼ਤ ਹੈ, ਅੰਮ੍ਰਿਤ ਵੇਲੇ ਚਲੇ ਜਾਇਆ ਕਰ, ਮੈਂ ਤੈਨੂੰ ਕੁਛ ਨਹੀਂ ਕਹਿੰਦਾ, ਪਰ ਮੈਂ ਤੈਨੂੰ ਇੱਕ ਗੱਲ ਕਹਿੰਦਾ ਹਾਂ, ਆਪਣੀ ਜ਼ਿੰਦਗੀ ਦਾ ਤਜਰਬਾ ਦਸਦਾ ਹਾਂ, ਉਹ ਇਹ ਹੈ ਕਿ ਜਿੰਨੀ ਦੇਰ ਤੱਕ ਬ੍ਰਹਮ ਨੇਸ਼ਟੀ, ਬ੍ਰਹਮ ਸਰੋਤਰੀ, ਬ੍ਰਹਮ ਬਕਤਾ ਮਹਾਂਪੁਰਸ਼ਾਂ ਦਾ ਮਿਲਾਪ ਨਹੀਂ ਹੁੰਦਾ, ਓਨੀਂ ਦੇਰ ਤੱਕ ਪਿਆਰਿਆ ਰਾਹ ਨਹੀਂ ਲੱਭਿਆ ਕਰਦਾ, ਕਿਉਂਕਿ ਸਮਰੱਥ ਪੁਰਸ਼ਾਂ ਦੇ ਬਾਰੇ ਭਾਈ ਗੁਰਦਾਸ ਜੀ ਨੇ ਇਹ ਬਚਨ ਕਰੇ ਨੇ –

*ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।*
*ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।*
*ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮਾਲਾ।*
*ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।*
*ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।*
*ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹ ਕਾਲਾ।।*
*ਭਾਈ ਗੁਰਦਾਸ ਜੀ, ਵਾਰ ੩੪/੧*

ਕਹਿਣ ਲੱਗੇ, ਛੋਟੇ ਭਾਈ! ਅਜੇ ਤੱਕ ਤੂੰ ਗੁਰੂ ਨਹੀਂ ਧਾਰਨ ਕਰਿਆ। ਗੁਰੂ ਹੋਇਆ ਕਰਦਾ ਹੈ ਪੂਰਾ। ਗੁਰੂ ਦੀ ਤਲਾਸ਼ ਕਰ। ਕਹਿਣ ਲੱਗੇ, ਭਾਅ ਜੀ! ਤੁਸੀਂ ਦੱਸ ਦਿਓ? ਕਹਿੰਦੇ, ਗੁਰੂ, ਗੁਰੂ ਗ੍ਰੰਥ ਸਾਹਿਬ ਨੇ, ਪੰਜ ਪਿਆਰਿਆਂ ਤੋਂ ਅੰਮ੍ਰਿਤ ਛਕ, ਪੂਰਨ ਮਹਾਂਪੁਰਸ਼ ਦੀ ਸੰਗਤ ਕਰ, ਉਹਦੇ ਬਗੈਰ ਨਹੀਂ ਲੰਘ ਸਕਦਾ। ਪਿਆਰ ਕਰ, ਰੱਬ ਦੇ ਪਿਆਰੇ ਨੂੰ। ਜਦੋਂ ਰੱਬ ਦੇ ਪਿਆਰੇ ਨੂੰ ਪਿਆਰ ਕਰੇਂਗਾ, ਰੱਬ ਤੇਰੇ 'ਤੇ ਰੀਝ ਜਾਏਗਾ। ਜੁਗਤ ਦੱਸ ਦਿੱਤੀ। ਅੱਠਵੀਂ ਪਾਸ ਕਰ ਲਈ, ਨੌਵੀਂ ਕਰ ਲਈ, ਦਸਵੀਂ 'ਚ ਹੋ ਗਏ, ਹਰ ਵੇਲੇ ਮਨ ਦੇ ਅੰਦਰ ਖਿੱਚ ਰਹਿੰਦੀ ਹੈ ਕਿ ਕੋਈ ਪੂਰਨ ਪੁਰਸ਼ ਮਿਲੇ ਤੇ ਮੈਂ ਅੰਮ੍ਰਿਤ ਪਾਨ ਕਰਾਂ। ਇਹਦੇ ਵਿੱਚ ਫਰਕ ਹੋਇਆ ਕਰਦਾ ਹੈ, ਫਰਕ ਇਹ ਹੈ ਕਿ ਗੁਰੂ ਸਾਹਿਬ ਨੇ ਇੱਕ ਐਸੀ ਰੀਤੀ ਚਲਾ ਦਿੱਤੀ ਉਹਦੇ ਨਾਲ ਸ਼ਰਤ ਰੱਖ ਦਿੱਤੀ ਕਿ ਪਿਆਰਾ ਕੌਣ ਹੋਏਗਾ, ਇੱਕ ਤਾਂ ਮਾਇਆ ਦੇ ਪਿਆਰੇ ਹੁੰਦੇ ਨੇ, ਬਾਲ-ਬੱਚਿਆਂ ਦੇ ਪਿਆਰੇ ਹੁੰਦੇ ਨੇ, ਧਨ ਦੇ ਪਿਆਰੇ ਹੁੰਦੇ ਨੇ ਤੇ ਆਪਣੀ ਮਾਣ ਪ੍ਰਤਿਸ਼ਠਾ ਦੇ ਪਿਆਰੇ ਹੁੰਦੇ ਨੇ, ਉਹ ਰੱਬ ਦੇ ਪਿਆਰੇ ਨਹੀਂ ਹੋਇਆ ਕਰਦੇ, ਚਾਹੇ ਭੇਖ ਕਿੱਡਾ ਹੀ ਵੱਡਾ ਉਨ੍ਹਾਂ ਨੇ ਧਾਰਿਆ ਹੋਇਆ ਹੈ। ਚਾਹੇ ਕਿਹੋ ਜਿਹਾ ਹੀ ਹੈ ਪ੍ਰਮੇਸ਼ਰ ਦੇ ਪਿਆਰੇ ਨਹੀਂ ਹੋਇਆ ਕਰਦੇ। ਪ੍ਰਮੇਸ਼ਰ ਦੇ ਪਿਆਰੇ ਜੇ ਮਿਲ ਜਾਣ, ਉਨ੍ਹਾਂ ਦੇ ਵਿੱਚ ਸ਼ਕਤੀ ਹੁੰਦੀ ਹੈ ਨਾਮ ਦੀ; ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਰੀਤ ਚਲਾ ਦਿੱਤੀ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਦੇ ਨੇ ਕਿ ਅਸੀਂ ਅੰਮ੍ਰਿਤ ਛਕਾ ਰਹੇ ਸੀ ਲੁਧਿਆਣੇ ਤੇ ਬੀਬੀ ਜੀ (ਸੰਤ ਮਾਤਾ ਰਣਜੀਤ ਕੌਰ ਜੀ, ਸੁਪਤਨੀ ਬਾਬਾ ਜੀ) ਦੇ ਪਿਤਾ ਜੀ, ਨੂੰ ਉਨ੍ਹਾਂ ਨੇ ਸੰਤ ਲਿਖਿਆ, ਸੰਤ ਹੀਰਾ ਸਿੰਘ ਜੀ; ਸਾਰੀ ਜ਼ਿੰਦਗੀ ਉਨ੍ਹਾਂ ਨੇ ਕਿਸੇ ਨੂੰ ਸੰਤ ਨਹੀਂ ਲਿਖਿਆ। ਕਹਿੰਦੇ ਉਹ ਆ ਗਏ, ਅੰਮ੍ਰਿਤ ਤਿਆਰ ਹੋ ਗਿਆ, ਜਦੋਂ ਅੰਮ੍ਰਿਤ ਛਕਾਉਣ ਵੇਲੇ ਨੇਤਰਾਂ ਦੇ ਵਿੱਚ ਛਿੱਟਾ ਪਾਇਆ, ਉਹ ਬੱਚਾ ਜਿਹੜਾ ਸੀ ਉਸ ਦੀ ਸਮਾਧੀ ਲਗ ਗਈ ਓਸੇ ਵੇਲੇ। ਭਾਈ ਸਾਹਿਬ ਕਹਿਣ ਲੱਗੇ, ਅਸੀਂ ਪੁੱਛਿਆ ਤਾਂ ਉਹ ਕਹਿਣ ਲੱਗੇ ਕਿ ਅਸੀਂ ਥੋੜ੍ਹਾ ਜਲਾਲ 'ਚ ਆ ਕੇ ਅੰਮ੍ਰਿਤ ਛਕਾ ਦਿੱਤਾ। ਕਿਉਂਕਿ ਪਿਤਾ ਜੀ ਵਿੱਚ ਇਹ ਸੀ ਕਿ ਜੇ ਉਹ ਹੱਥ ਛੂਹ ਲੈਂਦੇ ਸੀ ਕਿਸੇ ਨਾਲ ਤਾਂ ਬੰਦਾ ਲਿਟਣ ਲਗ ਜਾਂਦਾ ਸੀ। ਚੌਵੀ ਘੰਟੇ ਮੁੜ ਕੇ ਸੁਰਤ ਨਹੀਂ ਸੀ ਆਉਂਦੀ। ਵਾਹਿਗੁਰੂ ਦੀ ਬਰਕਤ ਸੀ ਉਨ੍ਹਾਂ 'ਚ ਨਾਮ ਕਰੰਟ ਐਨੀ ਤੇਜ਼ ਸੀ ਦੂਸਰਾ ਸਹਿ ਨਹੀਂ ਸੀ ਸਕਦਾ। ਹੱਥ ਲਾ ਦੇਣ ਕਿਸੇ ਨੂੰ ਰਾਜ਼ੀ ਕਰ ਦਿੰਦੇ ਸੀ। ਸੋ ਉਸ ਵੇਲੇ ਕਹਿਣ ਲੱਗੇ ਕਿ ਹੁਣ ਕੀ ਹੋਏਗਾ, ਕਹਿੰਦੇ ੫੬ ਘੰਟੇ ਬਾਅਦ ਇਹਨੂੰ ਸੁਰਤ ਆਉਣੀ ਹੈ। ਇੱਕ ਪਾਸੇ ਲਾ ਕੇ ਬਿਠਾ ਦਿੱਤਾ। ਬੱਚਿਆਂ ਨੂੰ ਅੰਮ੍ਰਿਤ ਛਕਾਉਣ ਤੋਂ ਬਾਅਦ ਅਖੰਡਪਾਠ ਸ਼ੁਰੂ ਹੋ ਗਿਆ, ਉਸ ਤੋਂ ਬਾਅਦ ਜਦੋਂ ਆਸਾ ਜੀ ਦੀ ਵਾਰ ਦਾ ਕੀਰਤਨ ਹੋਇਆ ਤੇ ਜਦੋਂ ੫੬ ਘੰਟੇ ਹੋਏ ਤਾਂ ਉਹ ਬੱਚਾ ਗੁਰੱਤਵ (gravity) ਛੱਡ ਗਿਆ ਧਰਤੀ ਤੋਂ। ਉਪਰ ਨੂੰ ਉੱਠਣਾ ਸ਼ੁਰੂ ਹੋ ਗਿਆ, ਲੱਤਾਂ ਖੋਲ੍ਹ ਲਈਆਂ ਜਿਵੇਂ ਮੱਛੀ ਪਾਣੀ 'ਚ ਤੈਰਦੀ ਹੈ ਐਉਂ ਤੈਰ ਕੇ ਸਾਰੀ ਸੰਗਤ ਦੇ ਉਪਰ ਦੀ ਹੋ ਕੇ ਭਾਈ ਸਾਹਿਬ ਕਹਿੰਦੇ ਕਿ ਸਾਡੇ ਵਾਜਿਆਂ ਦੇ ਉੱਤੇ ਦੀ ਹੋ ਕੇ, ਗੁਰੂ ਗ੍ਰੰਥ ਸਾਹਿਬ ਦੇ ਅੱਗੇ ਆ ਕੇ ਲੰਮਾ ਪੈ ਗਿਆ। ਬਾਪੂ ਜੀ ਆਏ ਕਹਿਣ ਲੱਗੇ ਕਿ ਐਸ ਵੇਲੇ ਜਿਹੜੀ ਇਹਦੀ ਸੁਰਤ ਹੈ ਨਾ ਬਹੁਤ ਉੱਚੇ ਮੰਡਲਾਂ 'ਚ, ਅਕਾਲ ਪੁਰਖ ਦੇ ਦਰ 'ਤੇ ਖੜ੍ਹੀ ਸੰਜੋਗ ਮੰਗ ਰਹੀ ਹੈ। ਲਾਵਾਂ ਦਾ ਕੀਰਤਨ ਕਰੋ। ਲਾਵਾਂ ਦਾ ਕੀਰਤਨ ਕਰਿਆ, ਬੱਚਾ ਸੁਰਤ

'ਚ ਆਇਆ ੫੬ ਘੰਟੇ ਬਾਅਦ, ਧਰਤੀ ਤੇ ਜਦ ਪੈਰ ਰੱਖੇ ਪੈਰ ਨਾ ਲਗਣ। ਰੋਮ-ਰੋਮ ਦੇ ਅੰਦਰ ਨਾਮ ਚੱਲ ਪਿਆ।

ਸੋ ਇਹ ਰੀਤ ਗੁਰੂ ਸਾਹਿਬ ਨੇ ਬਣਾਈ ਹੈ ਪਰ ਐਸਾ ਲੱਭੇ ਤਾਂ ਗੱਲ ਬਣਦੀ ਹੈ। ਹੁਣ ਤਾਂ ਸੰਸਾਰ ਦੇ ਅੰਦਰ ਮਾਇਆ ਦਾ ਪਿਆਰਾ ਤਾਂ ਹਰ ਥਾਂ ਮਿਲ ਜਾਏਗਾ। ਪ੍ਰਮੇਸ਼ਰ ਦਾ ਪਿਆਰਾ ਨਹੀਂ ਮਿਲੇਗਾ, ਗੁਰੂ ਦਾ ਪਿਆਰਾ ਨਹੀਂ ਮਿਲੇਗਾ। ਕੋਈਓ ਹੋਏਗਾ, ਬਹੁਤ ਮੁਸ਼ਕਲ ਹੋ ਗਈ ਇਹ ਗੱਲ। ਸੋ ਕਹਿੰਦੇ ਕੋਈ ਪਿਆਰਾ ਭਾਲ। ਅਖੀਰ ਆਪ ਨੂੰ ਦੱਸ ਪਈ ਆਪ ਸੰਤ ਮਹਾਰਾਜ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਦੀ ਚਰਨ ਸ਼ਰਨ ਵਿੱਚ ਹਾਜ਼ਰ ਹੋਏ। ਦੋ ਦਿਨ ਰਹੇ, ਤੀਸਰੇ ਦਿਨ ਨਾਲ ਦਾ ਸਾਥੀ ਤਾਂ ਚਲਿਆ ਗਿਆ। ਇਹ ਕਹਿੰਦੇ ਮੈਂ ਜਿਥੇ ਆਉਣਾ ਸੀ ਆ ਗਿਆ, ਹੁਣ ਨਹੀਂ ਮੈਂ ਜਾਣਾ। ਮਹਾਤਮਾ ਨੇ ਕਿਹਾ ਕਿ ਕਾਕਾ ਤੂੰ ਨਹੀਂ ਜਾਂਦਾ? ਕਹਿੰਦੇ, ਮੈਂ ਤਾਂ ਆ ਗਿਆ ਜਿੱਥੇ ਆਉਣਾ ਸੀ। ਕ੍ਰਿਪਾ ਕਰੋ ਮੇਰੇ 'ਤੇ ਮੈਨੂੰ ਹੁਣ ਨਾ ਵਿਛੋੜਾ ਦਿਓ, ਧੱਕਾ ਨਾ ਦਿਓ। ਬੜੀ ਮੁਸ਼ਕਲ ਦੇ ਨਾਲ ਮੈਂ ਪੂਰਨ ਮਹਾਤਮਾ ਭਾਲਿਆ ਹੈ ਤੇ ਉਹਦੀ ਚਰਨ ਸ਼ਰਨ 'ਚ ਆਇਆ ਹਾਂ, ਹੁਣ ਨਾ ਮੈਨੂੰ ਧੱਕਾ ਦਿਓ। ਕਹਿਣ ਲੱਗੇ, ਕਾਕਾ! ਇਹ ਗੱਲ ਐਨੀ ਸੁਖਾਲੀ ਨਹੀਂ ਹੈ, ਜਿਹੜੀ ਤੂੰ ਮੰਗਦਾ ਹੈਂ।

ਤਿੰਨ ਤਰ੍ਹਾਂ ਦਾ ਹੁੰਦਾ ਹੈ ਮੁਰੀਦ - ਮੁਰੀਦ-ਏ-ਸਾਦਕ, ਮੁਰੀਦ-ਏ-ਫਿਦਾਈ, ਮਹਾਤਮਾ ਦੇ ਉੱਤੇ ਜਿੰਨੀ ਦੇਰ ਤੱਕ ਫਿਦਾ ਨਹੀਂ ਹੁੰਦਾ, ਕੁਰਬਾਨ ਨਹੀਂ ਹੁੰਦਾ, ਕੁਛ ਮਿਲਿਆ ਨਹੀਂ ਕਰਦਾ ਸੰਤਾਂ ਤੋਂ। ਸੰਤਾਂ ਦੇ ਅੰਦਰ ਇੱਕ ਖੁਸ਼ੀ ਹੁੰਦੀ ਹੈ, ਗਿਆਨ ਦਾ ਖੇੜਾ ਹੁੰਦਾ ਹੈ, ਉਹ ਦਿੰਦੇ ਤਦ ਨੇ ਜਿਸ ਵਕਤ ਕੋਈ ਉਨ੍ਹਾਂ ਦੇ ਅੰਦਰ ਵੜ ਜਾਵੇ। ਆਪਣਾ ਰੂਪ ਬਣਾ ਲਵੇ, ਉਸ ਵੇਲੇ ਉਹ ਕ੍ਰਿਪਾ ਕਰ ਦਿੰਦੇ ਹਨ।

ਮਹਾਂਪੁਰਸ਼ ਕਹਿਣ ਲੱਗੇ, ਕਾਕਾ! ਇਹ ਜਿਹੜੀ ਤੂੰ ਵਸਤੂ ਮੰਗਦਾ ਹੈਂ, ਇਹ ਐਨੀ ਸੁਖਾਲੀ ਨਹੀਂ ਹੈ ਇਹਦੇ ਵਾਸਤੇ ਤਾਂ ਬੜੀ ਭਾਰੀ ਕੁਰਬਾਨੀ ਦੇਣੀ ਪੈਂਦੀ ਹੈ -

*ਧਾਰਨਾ - ਸੀਸ ਤਲੀ 'ਤੇ ਧਰਨਾ ਪੈਂਦੈ,*
*ਔਖੀ ਖੇਡ ਪ੍ਰੇਮ ਦੀ।*

*ਜਉ ਤਉ ਪ੍ਰੇਮ ਖੇਲਣ ਕਾ ਚਾਉ ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ ॥*
*ਇਤੁ ਮਾਰਗਿ ਪੈਰੁ ਧਰੀਜੈ ॥*
*ਸਿਰੁ ਦੀਜੈ ਕਾਣਿ ਨ ਕੀਜੈ ॥ ਅੰਗ - ੧੪੧੨*
*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥*
*ਅੰਗ - ੧੧੦੨*

ਕਹਿੰਦੇ ਕਾਕਾ! ਅਜੇ ਤੇਰੀ ਉਮਰ ਬਹੁਤ ਛੋਟੀ ਹੈ, ਦਸਵੀਂ ਪਾਸ ਕਰ ਲੈ, ਪੜ੍ਹ ਲਿਖ ਲੈ; ਫੇਰ ਵਿਆਹ ਸ਼ਾਦੀ ਕਰਾ ਲੈ, ਫੇਰ ਆ ਜਾਈਂ ਸਾਡੇ ਕੋਲ, ਇਹ ਜਿਹੜਾ ਰਾਹ ਤੂੰ ਅਖਤਿਆਰ ਕਰਨਾ ਹੈ ਇਹ ਐਨਾ ਸੁਖਾਲਾ ਨਹੀਂ ਹੈ। ਬਹੁਤ ਔਖਾ ਹੈ।

ਡਾ. ਸਵਾਮੀ ਰਾਮ ਜੀ ਦੇਹਰਾਦੂਨ ਵਾਲਿਆਂ ਦੇ ਜੀਵਨ ਵਿੱਚ ਇੱਕ ਘਟਨਾ ਆਉਂਦੀ ਹੈ, ਇਨ੍ਹਾਂ ਦੇ ਜੋ ਮਾਸਟਰ ਸਨ, ਗੁਰੂ ਸਨ, ਪਰਖ ਕਰੀ ਇਨ੍ਹਾਂ ਦੀ। ਹੀਰਿਆਂ ਦਾ ਢੇਰ ਦਿਖਾ ਦਿੱਤਾ ਉਨ੍ਹਾਂ ਨੇ ਕਿ ਇਹ ਕਰੋੜਾਂ ਅਰਬਾਂ ਦਾ ਹੈ, ਤੂੰ ਬਹੁਤ ਵੱਡਾ ਮਾਲਦਾਰ ਬਣੇਗਾ, ਦੁਨੀਆਂ ਪੂਜੇਗੀ, ਪਿੱਛੇ ਚੱਲੇਗੀ ਕਿਉਂਕਿ ਅਸੀਂ ਕਹਿੰਦੇ ਹਾਂ ਕਿ ਪੈਸੇ ਵਾਲਾ ਵੱਡਾ ਹੁੰਦਾ ਹੈ। ਤੁਹਾਨੂੰ ਚਾਹੀਦੇ ਨੇ ਕਹਿੰਦੇ ਹਾਂ। ਕਹਿੰਦੇ ਫੇਰ ਜੇ ਇਹ ਚਾਹੀਦੇ ਨੇ ਤਾਂ ਫੇਰ ਅਸੀਂ ਜਾਂਦੇ ਹਾਂ। ਜਦ ਥੋੜ੍ਹੀ ਦੂਰ ਮਹਾਤਮਾ ਗਏ, ਆਪ ਪਿਆਰ ਨਾਲ ਐਨੇ ਬੰਨ੍ਹੇ ਹੋਏ ਸੀ ਕਿ ਬੱਚਿਆਂ ਵਾਂਗੂੰ ਰੋਣ ਲਗ ਗਏ। ਮਹਾਤਮਾ ਦੇ ਮਨ ਵਿੱਚ ਵੀ ਦਇਆ ਆਈ, ਉਨ੍ਹਾਂ ਦਾ ਦਿਲ ਵੀ ਨਹੀਂ ਸੀ ਚਾਹੁੰਦਾ ਕਿ ਮੈਂ ਚਲੇ ਜਾਵਾਂ, ਕਿਉਂਕਿ ਵਿਚਾਲੇ ਮਾਇਆ ਆ ਗਈ। ਉਸ ਵੇਲੇ ਪੁੱਛਿਆ ਕਿ ਤੁਸੀਂ ਇਹ ਕਿਉਂ ਨਹੀਂ ਲੈਂਦੇ। ਆਪ ਨੇ ਕਿਹਾ ਕਿ ਮੈਂ ਤੁਹਾਡੇ ਬਿਨਾਂ ਨਹੀਂ ਰਹਿ ਸਕਦਾ। ਕਹਿੰਦੇ, ਮੇਰੇ ਨਾਲ ਰਹਿ ਕੇ ਬੜੇ ਦੁੱਖ ਕੱਟਣੇ ਪੈਣੇ ਨੇ, ਭੁੱਖੇ ਰਹਿਣਾ ਪੈਣਾ ਹੈ, ਭੁੰਝੇ ਸੌਣਾ ਪੈਣਾ ਹੈ, ਕੱਪੜਾ ਕੋਈ ਪਹਿਨਣਾ ਨਹੀਂ, ਇੱਕ ਅੱਧਾ ਕੱਪੜਾ ਰੱਖ ਕੇ, ਗੁਫਾਵਾਂ 'ਚ ਰਹਿਣਾ ਹੈ, ਦੋਵੇਂ ਰਸਤੇ ਨੇ, ਜਿਹੜਾ ਚੁਣਨਾ ਹੈ ਚੁਣ ਲੈ। ਆਹ ਰਸਤਾ ਦੇਖ ਕਿੰਨਾ ਸੁਖਾਲਾ ਹੈ ਕਾਰਾਂ, ਮੋਟਰਾਂ, ਕੋਠੀਆਂ, ਦੇਸ ਪ੍ਰਦੇਸ ਸਭ ਕੁਛ ਹੈ, ਐਨੀ ਅਮੀਰੀ ਹੈ ਕਿ ਕੋਈ ਐਨਾ ਅਮੀਰ ਹੀ ਨਹੀਂ ਹੋਏਗਾ। ਉਸ ਵੇਲੇ ਇਨ੍ਹਾਂ ਨੇ ਕਿਹਾ ਕਿ ਨਾ ਮੈਨੂੰ ਇਨ੍ਹਾਂ ਚੀਜ਼ਾਂ ਦੀ ਲੋੜ ਨਹੀਂ ਹੈ। ਮੈਨੂੰ ਜੇ ਲੋੜ ਹੈ ਤਾਂ ਤੁਹਾਡੇ ਪਿਆਰ ਦੀ ਲੋੜ ਹੈ। ਤੁਹਾਡੀ ਲੋੜ ਹੈ, ਬੜਾ ਔਖਾ ਰਸਤਾ ਹੈ ਇਹ, ਸਭ ਕੁਛ ਛੱਡਣਾ ਪੈਂਦਾ ਹੈ। ਸਿਰ ਨੂੰ ਤਲੀ 'ਤੇ ਧਰਨਾ ਪੈਂਦਾ ਹੈ ਕਿ ਮੇਰਾ ਤਾਂ ਹੈ ਹੀ ਨਹੀਂ। ਇਹ ਤਾਂ ਮਾਲਕ ਦਾ ਬੋਝ ਚੁੱਕੀਂ ਫਿਰਦਾ ਹਾਂ। ਜਦ ਮੰਗੇ ਤਾਂ ਕਹੋ ਲੈ ਬਈ। ਗਿਣਤੀਆਂ-ਮਿਣਤੀਆਂ ਨਾ ਕਰੇ ਕਿ ਮੈਨੂੰ ਕੀ ਫਾਇਦਾ ਹੋਇਆ। ਪਹਿਲਾਂ ਜਿਹੜਾ ਤੇਰਾ ਜੀਵਤ ਭਾਵ ਹੈ ਕਿ 'ਮੈਂ' ਹਾਂ ਜਿਹੜੀ ਤੇਰੇ ਅੰਦਰ, ਮੈਂ ਬਹੁਤ ਪੜ੍ਹਿਆ ਹੋਇਆ ਹਾਂ, ਮੈਂ ਡਾਕਟਰ ਹਾਂ, ਮੈਂ ਫਲਾਣਾ ਹਾਂ, ਮਾੜਾ ਜਿਹਾ ਕਹਿ ਕੇ ਦੇਖ ਲਓ 'ਮੈਂ' ਨੂੰ ਕਿੰਨਾ ਗੁੱਸਾ ਆਉਂਦਾ ਹੈ, ਤਕਲੀਫ (hurt) ਹੁੰਦੀ ਹੈ 'ਮੈਂ'। 'ਮੈਂ' ਨੂੰ ਛੱਡ ਦੇ, ਮੈਂ ਛੁੱਟ ਗਈ ਤਾਂ ਬਾਕੀ ਆਪੇ ਹੀ ਛੁੱਟ ਗਿਆ ਸਾਰਾ ਕੁਛ। ਬਾਕੀ ਤਾਂ ਫੇਰ ਪ੍ਰਮੇਸ਼ਰ ਹੀ ਰਹਿ ਗਿਆ ਮੈਂ-ਮੇਰੀ ਛੱਡ ਕੇ।

ਕਹਿੰਦੇ, ਕਾਕਾ! ਇਹ ਰਸਤਾ ਬੜਾ ਔਖਾ ਹੈ -

*ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।*
*ਭਾਈ ਗੁਰਦਾਸ ਜੀ, ਵਾਰ ੩/੧੮*

ਮੁਰਦਾ ਹੋਣਾ ਪੈਂਦਾ ਹੈ ਕਿਉਂਕਿ ਗੱਲਾਂ ਨਾਲ ਤਾਂ ਬਣਦਾ ਨਹੀਂ ਕਿਉਂਕਿ ਮਹਾਤਮਾ ਨੇ ਤਾਂ ਟੈਸਟ ਲੈਣੇ ਨੇ ਕਸਵੱਟੀਆਂ ਲਾਉਣੀਆਂ ਨੇ, ਪਾਰ ਲੰਘਾਉਣਾ ਹੈ ਕਸਵੱਟੀ ਲਾ-ਲਾ ਕੇ, ਇਮਤਿਹਾਨ ਲੈ ਕੇ ਫੇਰ ਦੂਸਰੀ ਜਮਾਤ ਵਿੱਚ ਦਾਖਲਾ ਦੇਣਾ ਹੈ। ਕਿਵੇਂ ਤੂੰ ਪਾਸ ਕਰੇਗਾ, ਇਹਦੇ ਵਿੱਚ ਤਾਂ ਮਰਨਾ ਕਬੂਲਣਾ ਹੈ ਪਹਿਲਾਂ। ਤਿੰਨ ਕਿਸਮਾਂ ਨੇ ਮੁਰੀਦ ਦੀਆਂ। ਸਾਬਰ ਹੋ ਜਾਣਾ, ਸਬਰ ਹੋ ਜਾਣਾ, ਕੁਰਬਾਨ ਹੋ ਜਾਣਾ; ਕਿਉਂਕਿ ਭਜਨ ਕਰਨ ਨਾਲ ਬੇਅੰਤ ਸ਼ਕਤੀਆਂ ਆ ਜਾਂਦੀਆਂ ਨੇ। ਉਹਨੂੰ ਨਿੱਜ ਦੇ ਵਾਸਤੇ ਵਰਤਣ ਵਾਲਾ ਫੇਲ੍ਹ ਹੋ ਜਾਇਆ ਕਰਦਾ ਹੈ। ਪਰਉਪਕਾਰ 'ਚ ਕਿਤੇ-ਕਿਤੇ ਵਰਤਦਾ ਹੈ ਮਹਾਤਮਾ। ਹਰ ਵਕਤ ਨਹੀਂ ਸ਼ਕਤੀਆਂ ਵਰਤਿਆ ਕਰਦਾ। ਸਬਰ ਤੇ ਸ਼ੁਕਰ ਦੋ ਐਸੇ ਅੱਖਰ ਨੇ ਰੂਹਾਨੀਅਤ ਦੇ ਅੰਦਰ ਜਿੰਨਾਂ ਚਿਰ ਇਹ ਸਮਝ ਨਹੀਂ ਆਉਂਦਾ, ਓਨਾਂ ਚਿਰ ਅਸੀਂ ਰੂਹਾਨੀਅਤ ਦੇ ਰਾਹ 'ਤੇ ਅੱਗੇ ਨਹੀਂ ਤਰੱਕੀ ਕਰ ਸਕਦੇ।

ਈਰਾਨ ਦਾ ਬਾਦਸ਼ਾਹ ਧਾਰਮਿਕ ਸੀ ਤੇ ਉਸਨੇ, ਮੁੱਲਾਂ ਮੁਲਾਣਿਆਂ ਦੀ ਸਭਾ ਲਾਈ ਹੋਈ ਸੀ, ਵਿਦਵਾਨ ਸੂਫੀ ਪੀਰ ਵੀ ਆਉਂਦੇ ਸੀ, ਕਹਿਣ ਲੱਗਿਆ ਕਿ ਮੈਂ ਸਬਰ ਤੇ ਸ਼ੁਕਰ ਦੇ ਬਾਰੇ ਜਾਨਣਾ ਚਾਹੁੰਦਾ ਹਾਂ, ਕੀ ਹੁੰਦਾ ਹੈ, ਮੇਰੀ ਸਮਝ ਵਿੱਚ ਨਹੀਂ ਆਉਂਦਾ, ਕਿਉਂਕਿ ਹਰ ਪੁਸਤਕ ਦੇ ਅੰਦਰ ਸਬਰ ਤੇ ਸ਼ੁਕਰ ਦੋ ਅੱਖਰ ਆਉਂਦੇ ਨੇ ਰੂਹਾਨੀਅਤ ਦੇ ਅੰਦਰ। ਬੜੇ ਜਣਿਆ ਨੇ ਅਰਥ ਕਰ-ਕਰ ਕੇ ਦੱਸੇ ਪਰ ਰਾਜੇ ਦੀ ਤਸੱਲੀ ਨਾ ਹੋਈ। ਕੋਲ ਇੱਕ ਸਿਆਣਾ ਬੰਦਾ ਸੀ ਉਹ ਕਹਿੰਦਾ ਜੇ ਇਹਦੇ ਅਰਥ ਤੂੰ ਪ੍ਰੈਕਟੀਕਲੀ ਜਾਨਣਾ ਚਾਹੁੰਦਾ ਹੈਂ, ਤਾਂ ਇਸ ਵੇਲੇ ਪੀਰ ਸੁਰਮੱਦ ਜਿਹੜਾ ਹੈ, ਔਰੰਗਜ਼ੇਬ ਦੀ ਕੈਦ ਵਿੱਚ ਹੈ, ਉਥੇ ਆਪਣੇ ਵਕੀਲ ਨੂੰ ਕਹਿ ਦੇ ਕਿ ਉਹ ਅਰਥ ਪੁੱਛ ਕੇ ਦੇਵੇ। ਹੁਕਮ ਕਰ ਦਿੱਤਾ, ਵਕੀਲ ਨੇ ਇਜਾਜ਼ਤ ਲਈ, ਕੈਦ ਦੇ ਵਿੱਚ ਫਕੀਰ ਕੋਲ ਗਿਆ, ਬਾਹਰ ਖੜ੍ਹਾ ਹੈ, ਜਿਹੜੇ ਪਹਿਰੇਦਾਰ ਨੇ ਉਹ ਕਹਿੰਦੇ ਸਾਨੂੰ ਤਾਂ ਹੁਕਮ ਹੈ ਕਿ ਇਸ ਦਾ ਤਾਲਾ ਨਹੀਂ ਖੋਲ੍ਹਣਾ ਕਦੇ ਵੀ। ਇਹ ਹਨ੍ਹੇਰੀ ਕੈਦ ਵਿੱਚ ਰੱਖਿਆ ਹੋਇਆ ਹੈ ਤੇ ਅਸੀਂ ਨਹੀਂ ਤਾਲਾ ਖੋਲ੍ਹਣਾ, ਐਨੇ ਨੂੰ ਅੰਦਰੋਂ ਆਵਾਜ਼ ਸੁਣ ਲਈ ਸੁਰਮੱਦ ਨੇ, ਕਹਿੰਦਾ ਆ ਜਾਓ, ਲੰਘ ਆਓ ਤਾਲੇ ਖੋਲ੍ਹਣ ਦੀ ਲੋੜ ਹੀ ਨਹੀਂ। ਤੜੱਕ-ਤੜੱਕ ਦਰਵਾਜ਼ੇ ਖੁੱਲ੍ਹੀ ਗਏ, ਛੇ-ਸੱਤ ਦਰਵਾਜ਼ੇ ਸੀ ਅੰਦਰ, ਲੰਘ ਕੇ ਚਲਿਆ ਗਿਆ। ਕਹਿਣ ਲੱਗੇ, ਕਿ ਕਿਵੇਂ ਆਏ ਹੋ? ਕਹਿੰਦਾ ਮੈਂ ਆਇਆ ਹਾਂ ਸਬਰ ਤੇ ਸ਼ੁਕਰ ਦਾ ਅਰਥ ਪੁੱਛਣ ਵਾਸਤੇ। ਕਹਿੰਦੇ, ਮੈਨੂੰ ਇਸ਼ਨਾਨ ਕਰੇ ਨੂੰ ਬੜੀ ਦੇਰ ਹੋ ਗਈ, ਕੱਲ੍ਹ ਨੂੰ ਇੱਕ ਮਸ਼ਕ ਪਾਣੀ ਦੀ ਲਿਆਈਂ, ਦੋ ਗਜ਼ ਕੱਪੜਾ ਲਿਆਈਂ, ਮੈਂ ਤੇੜ ਪਾ ਲਵਾਂਗਾ, ਮੇਰੇ ਕੋਲ ਕੱਪੜਾ ਕੋਈ ਨਹੀਂ, ਬਰੈਹਨਾ ਹਾਂ, ਨੰਗਾ ਹਾਂ। ਤੈਨੂੰ ਇਸ ਗੱਲ ਲਈ ਫੁਰਨਾ ਵਿਆਪੇਗਾ, ਇਸ ਲਈ ਕੱਪੜਾ ਲੈ ਆਈਂ।

ਦੂਸਰੇ ਦਿਨ ਵਕੀਲ ਕੱਪੜਾ ਲੈ ਗਿਆ ਤੇ ਪਾਣੀ ਦੀ ਮਸ਼ਕ ਨਾਲ ਲਈ ਤੇ ਅੱਗੇ ਜਾ ਕੇ ਇਜਾਜ਼ਤ ਲਈ ਹੋਈ ਸੀ, ਜਾ ਕੇ ਉਥੇ ਇਸ਼ਨਾਨ ਕਰਾਇਆ, ਕੱਪੜਾ ਉਹਨੇ ਪਹਿਨਿਆ, ਐਨੇ ਨੂੰ ਜਲਾਦ ਆ ਗਿਆ, ਸਜ਼ਾ ਮਿਲੀ ਹੋਈ ਸੀ ਕਿ ਸੌ ਕੋਰੜਾ ਰੋਜ਼ ਮਾਰਨਾ ਹੈ। ਔਰੰਗਜ਼ੇਬ ਜ਼ੁਲਮ ਦੀ ਇੰਤਹਾਅ ਤੱਕ ਪਹੁੰਚਿਆ ਕਰਦਾ ਸੀ। ਅੰਤਵਾਰਾ ਲੈਂਦਾ ਸੀ ਸਾਧੂਆਂ ਦਾ। ਓਸ ਵੇਲੇ ਕੋਰੜੇ ਵਾਲਾ ਆ ਗਿਆ, 101 ਕੋਰੜਾ ਮਾਰਨਾ ਸੀ। 51 ਕੋਰੜੇ ਪੂਰੇ ਜ਼ੋਰ ਨਾਲ ਇਸ ਦੀ ਪਿੱਠ 'ਤੇ ਲੱਗੇ ਤਾਂ ਇੱਕ ਉਂਗਲੀ ਚੁੱਕ ਕੇ ਮਨ੍ਹਾ ਦਾ ਇਸ਼ਾਰਾ ਕਰੀ ਜਾਵੇ ਉਪਰ ਨੂੰ। ਕਿਸੇ ਨੂੰ ਨਾ ਸਮਝ ਆਇਆ ਕਿ ਕੀ ਗੱਲ ਹੈ? ਜਲਾਦ ਦਮ ਲੈਣ ਲੱਗ ਗਿਆ ਕਿ ਮੈਂ ਫੇਰ ਥੋੜ੍ਹਾ ਆਰਾਮ ਕਰਕੇ ਕੋਰੜੇ ਮਾਰਾਂਗਾ। ਸੁਰਮੱਦ ਨੇ ਕਿਹਾ ਵਕੀਲ ਨੂੰ ਕਿ ਤੈਨੂੰ ਕੁਛ ਸਮਝ ਵਿੱਚ ਆਇਆ? ਕਹਿੰਦਾ ਨਾ, ਮੇਰੇ ਤਾਂ ਆਇਆ ਨਹੀਂ। ਕਹਿੰਦੇ, ਮੈਂ ਤਾਂ ਤੈਨੂੰ ਪ੍ਰੈਕਟੀਕਲੀ ਕਰਕੇ ਦਿਖਾ ਦਿਤਾ। ਕਹਿੰਦਾ, ਜੀ ਮੇਰੀ ਸਮਝ ਵਿੱਚ ਨਹੀਂ ਆਇਆ। ਕਹਿੰਦਾ, ਚੰਗਾ ਹੁਣ ਤੇਰੀ ਸਮਝ ਵਿੱਚ ਵੀ ਆ ਜਾਏਗਾ। ਗੁਪਤ ਚੀਜ਼ਾਂ ਨੂੰ ਦੇਖਣ ਵਾਲੇ ਨੈਣ ਖੋਲ੍ਹ ਦਿੱਤੇ। ਫਰਿਸ਼ਤਿਆਂ ਨੂੰ ਦੇਖਣ ਵਾਲੇ ਨੈਣ ਖੋਲ੍ਹ ਦਿੱਤੇ, ਕ੍ਰਿਪਾ ਕਰ ਦਿੱਤੀ। ਉਹ ਜਿਸ ਵਕਤ ਫੇਰ ਕੋਰੜਾ ਮਾਰਦਾ, ਆਵਾਜ਼ ਆਉਂਦੀ ਹੈ ਕਿ ਸੁਰਮੱਦ! ਸਾਨੂੰ ਇਸ਼ਾਰਾ ਕਰ ਅਸੀਂ ਇਹਦਾ ਰਾਜ ਗਰਕ ਕਰ ਦੇਈਏ। ਦਿੱਲੀ ਗਰਕ ਕਰ ਦੇਈਏ, ਸਜ਼ਾ ਦੇਈਏ ਇਸਨੂੰ। ਇੱਕ ਸਾਧੂ ਦੇ ਉੱਤੇ ਵਾਰ ਕਰ ਰਹੇ ਨੇ। ਉਹ ਨਾਂਹ ਦੇ ਵਿੱਚ ਉਂਗਲੀ ਹਿਲਾਈ ਜਾਂਦੇ ਨੇ। ਜਦ 101 ਕੋਰੜਾ ਹੋ ਗਿਆ ਤਾਂ ਵਕੀਲ ਨੂੰ ਪੁੱਛਿਆ ਕਿ ਕੁਛ ਸਮਝ ਵਿੱਚ ਆਇਆ ਤੇਰੇ? ਕਹਿੰਦਾ ਨਾ ਮੇਰੇ ਤਾਂ ਆਇਆ ਨਹੀਂ। ਕਹਿੰਦੇ ਹੁਣ ਤਾਂ ਮੈਂ ਤੈਨੂੰ ਪ੍ਰਤੱਖ ਦਿਖਾ ਦਿੱਤਾ। ਐਨੀਆਂ ਸ਼ਕਤੀਆਂ ਦਾ ਮਾਲਕ ਹਾਂ, ਜੇ ਮੈਂ ਇੱਕ ਫੁਰਨਾ ਕਰ ਦੇਵਾਂ ਦਿੱਲੀ ਗਰਕ ਹੋ ਜਾਵੇ। ਪਰ ਮੈਂ ਐਨੀਆਂ ਸ਼ਕਤੀਆਂ ਦਾ ਮਾਲਕ ਹੁੰਦਾ ਹੋਇਆ ਰਜ਼ਾ ਵਿੱਚ ਰਾਜ਼ੀ ਹਾਂ, ਕਿਉਂਕਿ ਮੇਰੇ ਅੱਲਾਹ ਤਾਲਾਹ ਨੂੰ ਇਹੀ ਗੱਲ ਭਾਉਂਦੀ ਹੈ ਕਿ ਮੈਂ ਕੋਰੜੇ ਖਾ ਲਵਾਂ, ਕਹਿੰਦੇ ਇਹਨੂੰ 'ਸਬਰ' ਆਖਦੇ ਨੇ।

ਗੁਰੂ ਪੰਜਵੇਂ ਪਾਤਸ਼ਾਹ ਜਿਸ ਵਕਤ ਚੰਦੂ ਦੀ ਕੈਦ ਵਿੱਚ ਕਸ਼ਟ ਸਹਿ ਰਹੇ ਨੇ ਤੇ ਉਹਨੇ ਲੋਹੇ ਦੀ ਤਵੀ ਗਰਮ ਕਰਕੇ ਲਾਲ ਕਰ ਦਿੱਤੀ। ਪਾਣੀ ਪਾਇਆ ਉਸੇ ਵੇਲੇ ਸੁੱਕ ਗਿਆ। ਕਹਿਣ ਲੱਗਿਆ, ਗੁਰੂ ਜੀ! ਇਹਦੇ ਉੱਤੇ ਬੈਠਣਾ ਪੈਣਾ ਹੈ। ਮਹਾਰਾਜ ਜੀ ਕਹਿੰਦੇ, ਕੋਈ ਨਾ ਬਹਿ ਜਾਂਦੇ ਹਾਂ ਅਸੀਂ। ਜਿਸ ਸਮੇਂ ਮਹਾਰਾਜ

ਜੀ ਤਵੀ ਦੇ ਕੋਲ ਚਲੇ ਗਏ, ਪੈਰ ਰੱਖਣ ਲੱਗੇ ਉਸ ਵੇਲੇ ਭਾਈ ਪ੍ਰਾਨਾ ਤੇ ਭਾਈ ਜੇਠਾ ਦੇਖ ਕੇ ਸਹਿ ਨਾ ਸਕੇ ਕਿ ਅਸੀਂ ਕਿਵੇਂ ਸਹਾਂਗੇ ਕਿ ਗੁਰੂ ਸਾਹਿਬ ਤਵੀ 'ਤੇ ਬੈਠ ਜਾਣ। ਭਾਈ ਪ੍ਰਾਨਾਂ ਨੇ ਦੋਵੇਂ ਬਾਹਾਂ ਉੱਪਰ ਚੁੱਕ ਲਈਆਂ ਤੇ ਤਾੜੀ ਮਾਰਨ ਲੱਗਿਆ, ਗੁਰੂ ਜੀ ਨੇ ਉੱਥੇ ਹੀ ਹੁਕਮ ਦੇ ਦਿੱਤਾ ਕਹਿੰਦੇ ਕੀ ਕਰਨ ਲੱਗਿਆ ਹੈਂ? ਕਹਿੰਦਾ ਮਹਾਰਾਜ! ਮੈਂ ਦੇਖ ਨਹੀਂ ਸਕਦਾ। ਮੇਰੇ ਤੋਂ ਨਹੀਂ ਦੇਖਿਆਂ ਜਾਂਦਾ ਕਿ ਤੁਸੀਂ ਤਵੀ 'ਤੇ ਬੈਠੋਂ। ਕਹਿੰਦੇ ਕੀ ਕਰਦਾ ਸੀ? ਕਹਿੰਦਾ, ਮਹਾਰਾਜ! ਮੈਂ ਤਾਲੀ ਮਾਰਨੀ ਸੀ ਤੇ ਲਾਹੌਰ ਗਰਕ ਕਰ ਦੇਣਾ ਸੀ। ਕਹਿੰਦੇ, ਇਹਦੇ ਵਿੱਚ ਜਨਤਾ ਦਾ ਕੀ ਕਸੂਰ ਹੈ? ਇਹ ਨਹੀਂ ਗੱਲ ਕਰਨੀ, ਤੈਨੂੰ ਇਹ ਤਾਕਤ ਕਿੱਥੋਂ ਮਿਲੀ ਹੈ? ਕਹਿੰਦਾ, ਆਪ ਦੇ ਚਰਨਾਂ 'ਚੋਂ। ਕਹਿੰਦੇ ਫੇਰ ਅਸੀਂ ਨਹੀਂ ਕਰ ਸਕਦੇ? ਮੀਆਂ ਮੀਰ ਨੂੰ ਪਤਾ ਲੱਗਿਆ, ਗੁਰੂ ਮਹਾਰਾਜ ਕੋਲ ਆ ਗਿਆ ਆ ਕੇ ਕਹਿਣ ਲੱਗਿਆ ਕਿ ਮਹਾਰਾਜ! ਹੁਣ ਮੈਂ ਨਹੀਂ ਸਹਿ ਸਕਦਾ, ਇਹ ਸ਼ਹਿਰ ਗਰਕ ਹੋ ਜਾਵੇ। ਮਹਾਰਾਜ ਕਹਿੰਦੇ, ਨਹੀਂ ਮੀਆਂ ਮੀਰ ਇਹ ਗੱਲ ਨਹੀਂ ਕਹਿਣੀ, ਪਹਿਲਾਂ ਸਾਨੂੰ ਇਹ ਗੱਲ ਸਮਝਾ ਦੇ। ਸੁਖਮਨੀ ਸਾਹਿਬ ਸੁਣਦਾ ਸੀ, ਜਿਸ ਵਕਤ ਅਸੀਂ ਇਹ ਉਚਾਰਿਆ -

*ਮਨਿ ਸਾਚਾ ਮੁਖਿ ਸਾਚਾ ਸੋਇ ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥*
*ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥*

***ਅੰਗ - ੨੭੨***

ਬ੍ਰਹਮਗਿਆਨੀ ਦੀ ਦ੍ਰਿਸ਼ਟੀ ਵਿੱਚ ਦੂਜਾ ਨਹੀਂ ਹੁੰਦਾ, ਪ੍ਰਮੇਸ਼ਰ ਹੀ ਰਹਿੰਦਾ ਹੈ, ਹਰ ਥਾਂ ਦੇ ਉੱਤੇ। ਕਹਿੰਦੇ ਹੁਣ ਦੱਸ ਤੂੰ curse (ਸਰਾਪ) ਕੀਹਨੂੰ ਕਰਨ ਲੱਗਿਆ ਹੈਂ? ਤੈਨੂੰ ਇੱਕ ਗੱਲ ਸਮਝਾਉਣੀ ਸੀ ਪ੍ਰੈਕਟੀਕਲੀ ਕਿ ਇੱਕੋ ਪ੍ਰੀਪੂਰਨ ਪ੍ਰਮੇਸ਼ਰ ਹੈ ਇੱਥੇ, ਕੀਹਨੂੰ ਸਰਾਪ ਦੇਵੇ, ਕੀਹਨੂੰ ਵਰ ਦੇਵੇ। ਗੱਲ ਸਮਝ 'ਚ ਆ ਗਈ। ਭਾਈ ਮਤੀ ਦਾਸ ਜੀ ਨੇ ਵੀ ਇਵੇਂ ਜਿਵੇਂ ਕਰਿਆ ਕਿ ਦਿੱਲੀ ਗਰਕ ਕਰ ਦੇਈਏ, ਗੁਰੂ ਤੇਗ ਬਹਾਦਰ ਸਾਹਿਬ ਨੂੰ ਬਹੁਤ ਤਸੀਹੇ ਦਿੱਤੇ ਜਾ ਰਹੇ ਨੇ। ਮਹਾਰਾਜ ਕਹਿੰਦੇ, ਮਤੀ ਦਾਸ! ਐਸੀ ਗੱਲ ਨਹੀਂ ਕਰਨੀ।

ਸੋ ਫੁਰਮਾਨ ਕਰਦੇ ਨੇ -

*ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।*
*ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।*

***ਭਾਈ ਗੁਰਦਾਸ ਜੀ, ਵਾਰ ੩/੧੮***

ਗੁਲਾਮ ਬਣਨਾ ਪੈਂਦਾ ਹੈ, ਜੇ ਸ਼ਿਸ਼ਯ ਗੁਲਾਮ ਨਹੀਂ ਬਣਦਾ, ਉਹਦੇ ਵਿੱਚ 'ਮੈਂ' ਦੀ ਹੋਂਦ ਰਹਿੰਦੀ ਹੈ। ਉਹ ਤਰੱਕੀ ਨਹੀਂ ਕਰ ਸਕਿਆ ਕਰਦਾ, ਉਹਨੂੰ ਤਾਂ ਆਗਿਆ ਮੰਨਣੀ ਪੈਂਦੀ ਹੈ।

*ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥*
*ਗੁਰ ਕੀ ਆਗਿਆ ਮਨ ਮਹਿ ਸਹੈ ॥*
*ਆਪਸ ਕਉ ਕਰਿ ਕਛੁ ਨ ਜਨਾਵੈ ॥*
*ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥*
*ਮਨੁ ਬੇਚੈ ਸਤਿਗੁਰ ਕੈ ਪਾਸਿ ॥*
*ਤਿਸੁ ਸੇਵਕ ਕੇ ਕਾਰਜ ਰਾਸਿ ॥*
*ਸੇਵਾ ਕਰਤ ਹੋਇ ਨਿਹਕਾਮੀ ॥*
*ਤਿਸ ਕਉ ਹੋਤ ਪਰਾਪਤਿ ਸੁਆਮੀ ॥*

***ਅੰਗ - ੨੮੬***

'ਮੈਂ' ਤਾਂ ਉੱਥੇ ਰਹਿੰਦੀ ਨਹੀਂ। ਉਹ ਵਕੀਲ ਕਹਿਣ ਲੱਗਿਆ ਕਿ ਸ਼ੁਕਰ ਦਾ ਕੀ ਅਰਥ ਹੈ। ਕਹਿੰਦੇ ਹੁਣੇ ਦਿਖਾ ਦਿੰਦੇ ਹਾਂ। ਐਨੇ ਨੂੰ ਇੱਕ ਪਿਆਲਾ ਪਾਣੀ ਦਾ, ਨਮਕ ਘੋਲ ਕੇ ਕੌੜਾ ਹੋਇਆ-ਹੋਇਆ, ਲਿਆ ਕੇ ਸੁਰਮੱਦ ਨੂੰ ਦੇ ਦਿੱਤਾ, ਸੁਰਮੱਦ ਨੇ ਪੀਤਾ, ਪੀ ਕੇ ਕਹਿਣ ਲੱਗਿਆ ਕਿ ਹੇ ਪ੍ਰਭੂ! ਤੇਰਾ ਸ਼ੁਕਰ ਹੈ, ਤੇਰੀ ਨਿਗ੍ਹਾ ਵਿੱਚ ਹਾਂ ਤੂੰ ਮੈਨੂੰ ਪੀਣ ਲਈ ਪਾਣੀ ਤਾਂ ਭੇਜਦਾ ਹੈਂ। ਦੂਜੇ ਪਾਸੇ ਵਕੀਲ ਦੀ ਅੱਖ ਖੋਲ੍ਹੀ ਤਾਂ ਕੀ ਦੇਖਦਾ ਹੈ ਫਰਿਸ਼ਤੇ ਖੜ੍ਹੇ ਨੇ ਕਹਿ ਰਹੇ ਨੇ ਐ ਦਰਵੇਸ! ਆਹ ਨਾ ਤੂੰ ਕਰ। ਸਾਰੀਆਂ ਨਿਆਮਤਾਂ, ਸਾਰੇ ਪਦਾਰਥ ਅਸੀਂ ਲੈ ਕੇ ਹਾਜ਼ਰ ਖੜ੍ਹੇ ਹਾਂ, ਤੂੰ ਅੰਗੀਕਾਰ ਕਰ। ਕਹਿਣ ਲੱਗੇ, ਇਹ ਮੇਰੇ ਵਾਸਤੇ ਅੱਲਾਹ ਨੇ ਨਹੀਂ ਭੇਜੇ, ਮੇਰੇ ਵਾਸਤੇ ਜੋ ਅੱਲਾਹ ਨੇ ਭੇਜਿਆ ਹੈ ਉਹ ਨਮਕੀ ਪਿਆਲਾ ਹੈ। ਕਹਿਣ ਲੱਗੇ, ਵਕੀਲ ਸਾਹਿਬ! ਇਸ ਚੀਜ਼ ਨੂੰ ਸ਼ੁਕਰ ਕਹਿੰਦੇ ਨੇ।

*ਗੋਲਾ ਮੁਲ ਖਰੀਦੁ ਕਾਰੇ ਜੋਵਣਾ।*
*ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ।*

***ਭਾਈ ਗੁਰਦਾਸ ਜੀ, ਵਾਰ ੩/੧੮***

ਗੁਲਾਮ ਦਾ ਕੀ ਕੰਮ ਹੈ। ਇੱਕ ਰਾਜਾ ਸੀ ਇਬਰਾਹੀਮ ਆਦਮ, ਅਫਗਾਨਿਸਤਾਨ ਦਾ। ਉਨ੍ਹਾਂ ਦਿਨਾਂ ਵਿੱਚ ਗੁਲਾਮਾਂ ਦੀ ਤਜਾਰਤ ਹੁੰਦੀ, ਇੱਕ ਬਹੁਤ ਭਲਾ ਪੁਰਸ਼ ਗੁਲਾਮਾਂ ਵਿੱਚ ਆ ਗਿਆ। ਇਹਨੇ ਇਹਦੀ ਤੋਰ ਚਾਲ ਦੇਖ ਕੇ ਫੈਸਲਾ ਕਰਿਆ ਕਿ ਮੈਂ ਇਹਨੂੰ ਰਿਆਇਤ ਦੇ ਦਿੰਦਾ ਹਾਂ, ਕਹਿੰਦਾ ਐ ਗੁਲਾਮ! ਮੈਨੂੰ ਇਹ ਦੱਸ ਤੇਰਾ ਨਾਉਂ ਕੀ ਹੈ? ਫੇਰ ਤੇਰਾ ਅਸਲੀ ਨਾਉਂ ਲੈ ਕੇ ਬੁਲਾਇਆ ਕਰੀਏ। ਹੁਣ ਤਾਂ ਅਸੀਂ ਤੈਨੂੰ ਗੁਲਾਮ ਕਹਿੰਦੇ ਹਾਂ। ਇਹ ਵੀ ਦੱਸ ਕਿ ਤੇਰੇ ਖਾਣ ਪੀਣ ਦੀਆ ਆਦਤਾਂ ਕੀ ਨੇ, ਕਿਸ ਤਰ੍ਹਾਂ ਦੀ ਖੁਰਾਕ ਖਾਂਦਾ ਹੈਂ। ਤੇ ਨਾਲ ਇਹ ਵੀ ਦੱਸ ਕਿ ਤੂੰ ਕੱਪੜੇ ਕਿਹੋ ਜਿਹੇ ਪਹਿਨਣੇ ਚਾਹੁੰਦਾ ਹੈ? ਚੌਥੀ ਗੱਲ ਹੈ ਕਿ ਤੂੰ ਕਦੋਂ ਸੌਣਾ ਚਾਹੁੰਦਾ ਹੈਂ, ਕਦ ਜਾਗਣਾ ਚਾਹੁੰਦਾ ਹੈ? ਕਹਿਣ ਲੱਗਿਆ, ਮਹਾਰਾਜ ਜਦ ਮੈਂ ਸੁਤੰਤਰ ਸੀ, ਮੇਰਾ ਨਾਮ ਸੀ ਮੇਰੇ ਨਾਮ ਨਾਲ ਉਪਾਧੀਆਂ ਲੱਗੀਆਂ ਹੋਈਆਂ ਸੀ। ਹੁਣ ਤਾਂ ਮੈਂ ਗੁਲਾਮ ਹੈ ਹੁਣ ਚਾਹੇ ਮੈਨੂੰ ਜੋ ਮਰਜ਼ੀ ਨਾਮ ਲੈ ਕੇ ਬੁਲਾ ਲੈ ਮੈਨੂੰ ਪ੍ਰਵਾਨ ਕਰਨਾ ਪੈਣਾ ਹੈ, ਕਿਉਂਕਿ ਮੇਰਾ ਜ਼ਿੰਦਗੀ ਦੇ ਉੱਤੇ ਕੋਈ ਅਧਿਕਾਰ ਨਹੀਂ ਹੈ। ਤੁਸੀਂ ਮੈਨੂੰ ਖਰੀਦ ਲਿਆ ਚਾਹੇ ਮੈਨੂੰ ਭੁੱਖਾ ਮਾਰੋ, ਚਾਹੇ ਕੁਛ ਖਿਲਾ ਦਿਓ। ਬਾਕੀ ਰਹੀ ਖਾਣ ਦੀ ਆਦਤ, ਉਹ ਜੋ ਕੁਛ ਤੁਸੀਂ ਦੇ ਦਿਓਂਗੇ, ਚਾਹੇ ਬਾਸੀਆਂ ਰੋਟੀਆਂ ਦੇ

ਦਿਓ ਉਹ ਵੀ ਮੈਂ ਸ਼ੁਕਰ ਕਰਕੇ ਖਾ ਹੀ ਲੈਣੀਆਂ ਨੇ। ਕਿਉਂਕਿ ਮੇਰਾ ਅਧਿਕਾਰ ਨਹੀਂ ਹੈ ਕੋਈ ਵੀ। ਮੈਨੂੰ ਐਵੇਂ ਹੀ ਦਾਲ ਸਬਜ਼ੀ ਤੋਂ ਬਿਨਾਂ ਰੁੱਖੀਆਂ ਦਿਓਗੇ ਮੈਂ ਉਹ ਵੀ ਖਾ ਲੈਣੀਆਂ ਨੇ। ਜਿਹੋ ਜਿਹੀ ਤੁਸੀਂ ਖਿਲਾਉਣੀ ਚਾਹੁੰਦੇ ਹੋ ਮੈਨੂੰ ਪ੍ਰਵਾਨ ਹੈ। ਬਾਕੀ ਕੱਪੜੇ ਨੇ ਜਿਹੋ ਜਿਹੇ ਤੁਹਾਡੀਆਂ ਅੱਖਾਂ ਨੂੰ ਚੰਗੇ ਲਗਦੇ ਨੇ ਮੈਨੂੰ ਪੁਆ ਦਿਓ। ਚਾਹੇ ਪਾਟੇ ਹੋਏ ਪੁਆ ਦਿਓ, ਚਾਹੇ ਚੰਗੇ ਪੁਆ ਦਿਓ। ਮੈਂ ਤਾਂ ਪਾਉਣੇ ਹੀ ਪਾਉਣੇ ਨੇ ਮੇਰੀ ਕੋਈ ਇੱਛਾ ਨਹੀਂ ਰਹੀ। ਬਾਕੀ ਮੈਂ ਕਦ ਸੌਣਾ ਹੈ, ਕਦ ਜਾਗਣਾ ਹੈ, ਇਹ ਤਾਂ ਮੈਂ ਕਦੇ ਸੋਚ ਹੀ ਨਹੀਂ ਸਕਦਾ, ਜਦ ਕਹਿ ਦਿਓਂਗੇ ਜਾਹ ਸੌਂ ਜਾ, ਮੈਂ ਸੌਂ ਜਾਵਾਂਗਾ; ਜਦੋਂ ਕਹੋਗੇ ਉਠ ਜਾ ਮੈਂ ਉਠ ਜਾਵਾਂਗਾ। ਇਹ ਜੋ ਸੇਵਕ ਬਣਨਾ ਹੈ, ਸਿੱਖ ਬਣਨਾ ਹੈ, ਚੇਲਾ ਬਣਨਾ ਹੈ, ਕਹਿੰਦੇ ਉਹਦੇ ਵਾਸਤੇ ਇਹ ਸ਼ਰਤਾਂ ਜ਼ਰੂਰੀ ਨੇ।

*ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।*
*ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।*
*ਗੋਲਾ ਮੁਲ ਖਰੀਦੁ ਕਾਰੇ ਜੋਵਣਾ।*
*ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ।*
*ਪੀਹਣਿ ਹੋਇ ਜਦੀਦ ਪਾਣੀ ਢੋਵਣਾ।*
*ਪਖੇ ਦੀ ਤਾਗੀਦ ਪਗ ਮਲਿ ਧੋਵਣਾ।*
*ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ।*
*ਦਰ ਦਰਵੇਸ ਰਸੀਦੁ ਪਿਰਮ ਰਸ ਭੋਵਣਾ।*
*ਚੰਦ ਮੁਮਾਰਖ ਈਦ ਪੁਗ ਖਲੋਵਣਾ।*
*ਭਾਈ ਗੁਰਦਾਸ ਜੀ, ਵਾਰ ੩/੧੮*

ਜਦੋਂ ਪੁਗ ਗਿਆ ਨਾ ਫੇਰ ਸਾਰੀ ਦੁਨੀਆਂ ਆ ਕੇ ਨਮਸ਼ਕਾਰਾਂ ਕਰਦੀ ਹੈ। ਲੇਕਿਨ ਪਹਿਲਾਂ ਕੁਠਾਲੀ 'ਚ ਪੈਣਾ ਪੈਂਦਾ ਹੈ। ਕਸਵੱਟੀਆਂ ਸਹਿਣੀਆ ਪੈਂਦੀਆਂ ਨੇ। ਉਹ ਸਹਿ ਨਹੀਂ ਸਕਦਾ, ਐਸਾ ਫੁਰਮਾਨ ਹੈ ਗੁਰੂ ਗ੍ਰੰਥ ਸਾਹਿਬ ਜੀ ਦਾ –

*ਧਾਰਨਾ – ਜਦੋਂ ਲਗਦੀ ਹੈ ਰਾਮ ਕਸੌਟੀ,*
*ਪਾਸ ਹੁੰਦੇ ਮਰਜੀਵੜੇ।*
*ਕਬੀਰ ਕਸਉਟੀ ਰਾਮ ਕੀ*
*ਝੂਠਾ ਟਿਕੈ ਨ ਕੋਇ ॥*
*ਰਾਮ ਕਸਉਟੀ ਸੋ ਸਹੈ ਜੋ ਮਰਜੀਵਾ ਹੋਇ ॥*
*ਅੰਗ – ੯੪੮*

ਸੋ ਇਸ ਤਰ੍ਹਾਂ ਮੁਰੀਦ ਬਣਨਾ ਕੋਈ ਸੁਖਾਲੀ ਗੱਲ ਨਹੀਂ, ਆਪਣਾ ਆਪਾ ਗਵਾਉਣਾ ਪੈਂਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਇਸ ਥਾਂ ਦੇ ਉੱਤੇ ਬਾਬਾ ਅਤਰ ਸਿੰਘ ਜੀ ਦੇ ਪਾਸ, ਅੰਮ੍ਰਿਤ ਛਕਿਆ ਤੇ ਉਸ ਤੋਂ ਬਾਅਦ ਸਿਮਰਨ ਸ਼ੁਰੂ ਕਰਿਆ, ਐਡੀ ਵੱਡੀ ਸੇਵਾ, ਆਪ ਨੇ ਐਨੀ ਘਾਲ ਘਾਲੀ ਕਿ ਕਦੇ ਵੀ ਸੁੱਤੇ ਨਹੀਂ ਸੀ ਦੇਖੇ।

ਇੱਕ ਪ੍ਰੇਮੀ ਮੈਨੂੰ ਮਿਲਿਆ, ਮੈਨੂੰ ਦੱਸਣ ਲੱਗਿਆ ਕਿ ਮੈਂ ਅੰਮ੍ਰਿਤ ਵੇਲੇ ਗਿਆ ਤਾਂ ਇਹ ਉਨ੍ਹਾਂ ਦੇ ਦਰਵਾਜ਼ੇ ਅੱਗੇ ਬੈਠੇ, ਮੱਥਾ ਮਿੱਟੀ ਨਾਲ ਥੋੜ੍ਹਾ ਜਿਹਾ ਲਿਬੜਿਆ ਹੋਇਆ। ਕਹਿੰਦੇ ਅਸੀਂ ਪੁੱਛਿਆ ਕਿ ਇਹ ਮਿੱਟੀ ਕਿੱਥੋਂ ਲਗ ਗਈ ਕਹਿਣ ਲੱਗੇ, ਨੀਂਦ ਆ ਗਈ ਹੋਣੀ ਹੈ ਤੇ ਮੱਥਾ ਧਰਤੀ ਦੇ ਨਾਲ ਲੱਗ ਗਿਆ। ਨੌਂ ਸਾਲ ਆਪ ਨੇ ਪਿੱਠ ਨਹੀਂ ਲਾਈ ਸੀ ਧਰਤੀ ਨਾਲ। ਨੌਂ ਸਾਲ ਆਪ ਅੰਦਰ ਰਹੇ ਤਾਂ ਜਾ ਕੇ ਕਿਤੇ ਪ੍ਰਾਪਤੀਆਂ ਹੁੰਦੀਆਂ ਨੇ ਮਹਾਂਪੁਰਸ਼ਾਂ ਦੀਆਂ, ਫੇਰ ਪਤਾ ਲਗਦਾ ਹੈ ਜਾ ਕੇ ਜਦੋਂ ਸਾਧਨਾ ਕਰਦੇ ਨੇ। ਗੱਲਾਂ ਨਾਲ ਤਾਂ ਰੱਬ ਮਿਲਦਾ ਨਹੀਂ।

ਸਾਡਾ ਸੁਭਾਅ ਕੀ ਹੈ, ਅਸੀਂ ਕਰਨਾ ਤਾਂ ਕੁਛ ਨਹੀਂ ਤੇ ਫੇਰ ਅਸੀਂ ਆਪਣੇ ਆਪ ਨੂੰ ਚੰਗੇ ਕਹਿਣ –

*ਗਲੀਂ ਅਸੀ ਚੰਗੀਆ ਆਚਾਰੀ ਬੁਰੀਆਹ ॥*
*ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ ॥*
*ਰੀਸਾ ਕਰਿਹ ਤਿਨਾੜੀਆ*
*ਜੋ ਸੇਵਹਿ ਦਰੁ ਖੜੀਆਹ ॥*
*ਨਾਲਿ ਖਸਮੈ ਰਤੀਆ ਮਾਣਹਿ ਸੁਖਿ ਰਲੀਆਹ ॥*
*ਹੋਦੈ ਤਾਣਿ ਨਿਤਾਣੀਆ ਰਹਹਿ ਨਿਮਾਨਣੀਆਹ ॥*
*ਨਾਨਕ ਜਨਮੁ ਸਕਾਰਥਾ*
*ਜੇ ਤਿਨ ਕੈ ਸੰਗਿ ਮਿਲਾਹ॥ ਅੰਗ – ੮੫*

ਗੱਲਾਂ ਜਿੰਨਾਂ ਜੀਅ ਕਰਦਾ ਹੈ ਸਾਡੇ ਤੋਂ ਕਰਾ ਲਓ, ਜਿੰਨਾ ਨੁਕਸ ਸੰਤਾਂ-ਮਹਾਂਪੁਰਸ਼ਾਂ 'ਚ ਕਢਾਉਣਾ ਹੈ ਕਢਾ ਲਓ, ਸਭ ਕੱਢ ਦੇਵਾਂਗੇ। ਪਰ ਆਪ –

*ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ ॥*

ਬਾਹਰੋਂ ਆਪਣੇ ਆਪ ਨੂੰ ਚਮਕਾ ਲਿਆ, ਅੰਦਰੋਂ ਕੀ ਕਾਲਸ ਲੱਗੀ ਪਈ ਹੈ, ਨਿੰਦਿਆ ਦੀ, ਈਰਖਾ ਦੀ, ਮਾੜੀਆਂ ਗੱਲਾਂ ਦੀ, ਆਪਣੇ ਆਪ ਨੂੰ ਵੱਡਾ ਬਣਾਉਣ ਦੀ। ਸੋ ਮਹਾਂਪੁਰਸ਼ ਜਿਹੜੇ ਹੁੰਦੇ ਨੇ ਕੁਠਾਲੀ ਦੇ ਵਿੱਚ ਜਿਵੇਂ ਚੀਜ਼ ਬਣਦੀ ਹੈ –

*ਜਤੁ ਪਾਹਾਰਾ ਧੀਰਜੁ ਸੁਨਿਆਰੁ ॥*
*ਅਹਰਣਿ ਮਤਿ ਵੇਦੁ ਹਥੀਆਰੁ ॥ ਅੰਗ – ੮*

ਉਹਦੇ ਵਿੱਚ ਇਹ ਬਣਦੇ ਨੇ ਤਾਂ ਜਾ ਕੇ ਕਿਤੇ ਸਾਧੂ ਬਣ ਕੇ ਸੰਸਾਰ ਦਾ ਉਧਾਰ ਕਰਦੇ ਨੇ। ਸੋ ਸੰਤ ਮਹਾਰਾਜ ਜੀ ਦੇ ਬਾਰੇ ਬਚਨ ਕਰ ਰਿਹਾ ਸੀ ਕਿ ਕਿਸ ਤਰ੍ਹਾਂ ਦੇ ਨਾਲ ਉਨ੍ਹਾਂ ਨੇ ਘਾਲਣਾ ਘਾਲੀ ਤੇ ਅੱਜ ਉਨ੍ਹਾਂ ਦਾ ਨਾਮ ਸਾਰੀ ਦੁਨੀਆਂ ਦੇ ਉੱਤੇ, ਥਾਂ-ਥਾਂ 'ਤੇ ਈਸ਼ਰ ਮਾਰਗ, ਈਸ਼ਰ ਪ੍ਰਕਾਸ਼, ਕਿੰਨੇ ਹੀ ਗੁਰਦੁਆਰੇ ਨੇ ਉਨ੍ਹਾਂ ਦੇ ਨਾਮ 'ਤੇ, ਮੇਰੇ ਖਿਆਲ ਹੈ 60-70 ਹੋਣੇ ਘੱਟ ਤੋਂ ਘੱਟ, ਕਿੰਨੇ ਹੀ ਪ੍ਰੇਮੀ ਨੇ ਜਿਹੜੇ ਉਨ੍ਹਾਂ ਤੋਂ ਛੋਹ ਪ੍ਰਾਪਤ ਕਰਕੇ, ਉੱਚੀਆਂ ਅਵਸਥਾਵਾਂ ਨੂੰ ਪਹੁੰਚ ਕੇ ਸੰਸਾਰ ਦਾ ਭਲਾ ਕਰ ਰਹੇ ਹਨ।

# ਭਾਈ ਘਨੱਈਆ ਜੀ

*ਸਤਿਨਾਮ ਸ੍ਰੀ ਵਾਹਿਗੁਰੂ*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ*

*ਡੰਡਉਤਿ ਬੰਦਨ ਅਨਿਕ ਬਾਰ*
*ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*
*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥*
*ਅੰਗ - ੨੮੯*
*ਧਾਰਨਾ - ਰਾਖੋ ਰਾਖਨਹਾਰ ਦਇਆਲਾ,*
*ਨਾਨਕ ਘਰ ਕੇ ਗੋਲੇ ਜੀ।*
*ਤੁਮ ਦਾਤੇ ਠਾਕੁਰ ਪ੍ਰਤਿਪਾਲਕ*
*ਨਾਇਕ ਖਸਮ ਹਮਾਰੇ ॥*
*ਨਿਮਖ ਨਿਮਖ ਤੁਮ ਹੀ ਪ੍ਰਤਿਪਾਲਹੁ*
*ਹਮ ਬਾਰਿਕ ਤੁਮਰੇ ਧਾਰੇ ॥ ੧ ॥*
*ਜਿਹਵਾ ਏਕ ਕਵਨ ਗੁਨ ਕਹੀਐ ॥*
*ਬੇਸੁਮਾਰ ਬੇਅੰਤ ਸੁਆਮੀ*
*ਤੇਰੋ ਅੰਤੁ ਨ ਕਿਨ ਹੀ ਲਹੀਐ ॥ ਰਹਾਉ॥*
*ਕੋਟਿ ਪਰਾਧ ਹਮਾਰੇ ਖੰਡਹੁ*
*ਅਨਿਕ ਬਿਧੀ ਸਮਝਾਵਹੁ ॥*
*ਹਮ ਅਗਿਆਨ ਅਲਪ ਮਤਿ ਥੋਰੀ*
*ਤੁਮ ਆਪਨ ਬਿਰਦੁ ਰਖਾਵਹੁ ॥ ੨ ॥*
*ਤੁਮਰੀ ਸਰਣਿ ਤੁਮਾਰੀ ਆਸਾ*
*ਤੁਮ ਹੀ ਸਜਨ ਸੁਹੇਲੇ ॥*
*ਰਾਖਹੁ ਰਾਖਨਹਾਰ ਦਇਆਲਾ*
*ਨਾਨਕ ਘਰ ਕੇ ਗੋਲੇ ॥ ਅੰਗ - ੬੭੪*
*ਧਾਰਨਾ - ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ*
*ਸੇਵਾ ਕਰਕੇ ਮਾਣ ਪਾਈਦੈ।*

ਸਾਧ ਸੰਗਤ ਜੀ! ਚਿੱਤ ਬਿਰਤੀਆਂ ਇਕਾਗਰ ਕਰੋ, ਨੇਤਰਾਂ ਦੇ ਨਾਲ ਗੁਰੂ ਸਰੂਪ ਦਾ ਧਿਆਨ ਕਰੋ, ਕੰਨਾਂ ਨੂੰ ਬਾਣੀ ਸੁਣਨ ਵਿੱਚ ਲਾਓ, ਬੁੱਧੀ ਨੂੰ, ਜੋ ਆਪਾਂ ਵੀਚਾਰ ਕਰਨੀ ਹੈ ਉਹਨੂੰ ਸਮਝਣ ਵਿੱਚ ਲਾਓ, ਮੰਨਣ ਵਿੱਚ ਲਾਓ, ਚਿੱਤ ਨੂੰ ਮੰਨਣ ਵਿੱਚ ਲਾਓ, ਰਸਨਾ ਦੇ ਨਾਲ ਗੱਜ ਵੱਜ ਕੇ ਬੋਲੋ, ਜਦ ਤਕ ਸਾਡੇ ਅੰਦਰ ਬਾਣੀ ਦਾ ਸਿਧਾਂਤ ਨਹੀਂ ਸਮਝ ਵਿੱਚ ਆਉਂਦਾ, ਅਸੀਂ ਗੇੜੇ ਹੀ ਕੱਟਦੇ ਹਾਂ, ਵਾਹਿਗੁਰੂ ਦੀ ਪ੍ਰਾਪਤੀ ਬਿਲਕੁਲ ਸੁਖਾਲੀ ਹੈ ਤੇ ਹੱਦ ਤੋਂ ਜ਼ਿਆਦਾ ਔਖੀ ਹੈ, ਦੋਨੋਂ ਹੀ ਆਖਰੀ ਹੱਦ ਉਤੇ ਆਖਰੀ ਹੱਦ 'ਤੇ (extreme) ਨੇ, ਔਖੀ ਤੋਂ ਔਖੀ ਹੈ, ਮਹਾਰਾਜ ਕਹਿੰਦੇ -

*ਨਹੀਂ ਜਾਨ ਜਾਈ ਕਛੂ ਰੂਪ ਰੇਖੰ॥*
*ਕਹਾਂ ਬਾਸੁ ਤਾਂ ਕੋ ਫਿਰਿ ਕਉਨ ਭੇਖੰ॥*
*ਕਹਾ ਨਾਮ ਤਾਂ ਕੈ, ਕਹਾਂ ਕੈ ਕਹਾਵੈ॥*
*ਕਹਾ ਕੈ ਬਖਾਨੋ ਕਹੇ ਮੋ ਨਾ ਆਵੈ॥*
*ਅਕਾਲ ਉਸਤਤਿ*

ਪ੍ਰਾਪਤੀ ਸੁਖਾਲੀ ਕਿੰਨੀ ਹੈ, ਇੱਕ ਨੁਕਤਾ ਹੈ ਉਹਨੂੰ ਮਿਟਾ ਦਿਓ, ਗੱਲ ਖਤਮ ਹੋ ਜਾਂਦੀ ਹੈ। ਉਰਦੂ ਦੇ ਅੱਖਰ ਨੇ, ਇੱਕ 'ਮਹਿਰਮ' ਹੈ ਜੇ 'ਹ' ਦੇ ਥੱਲੇ ਨੁਕਤਾ ਲਾ ਦਿਓ ਤਾਂ ਉਹ ਬਣ ਜਾਂਦਾ ਹੈ ਮੁਜਰਿਮ, ਇੱਕ ਨੁਕਤੇ ਦਾ ਫਰਕ ਹੈ ਸਾਰਾ ਹੀ, ਜੇ ਉਹ ਨੁਕਤਾ ਸਮਝ ਵਿੱਚ ਆ ਗਿਆ, ਫੇਰ ਆਦਮੀ ਏਸ ਰਸਤੇ ਪਿਆ ਹੋਇਆ, ਬਹੁਤ ਛੇਤੀ ਪ੍ਰਾਪਤੀ ਤੱਕ ਪਹੁੰਚ ਜਾਂਦਾ ਹੈ। ਬੜਾ ਸੋਹਣਾ ਤਰੀਕਾ ਮਹਾਰਾਜ ਨੇ ਦੱਸਿਆ ਹੈ, ਸੇਵਾ ਕਰਕੇ ਇੱਥੇ ਵੀ ਮਾਨ ਤੇ ਦਰਗਾਹ ਵਿੱਚ ਵੀ ਮਾਨ ਮਿਲਦਾ ਹੈ। ਨਾਮ ਜਪਣ ਨਾਲ ਸਾਰੇ ਦੁੱਖਾਂ ਦਾ ਖਾਤਮਾ ਹੁੰਦਾ ਹੈ। ਸਾਨੂੰ ਤਾਂ ਥੋੜ੍ਹਾ ਜਿਹਾ ਪਤਾ ਹੈ ਦੁੱਖਾਂ ਦਾ। ਸਰੀਰ ਵਿੱਚ ਕੋਈ ਗੜਬੜ ਹੋ ਜਾਏ, ਕੋਈ problem ਆ ਜਾਵੇ, ਉਹਨੂੰ ਹੀ ਦੁੱਖ ਕਹਿੰਦੇ ਹਾਂ ਕਿ ਦੁੱਖਾਂ 'ਚ ਪੈ ਗਈ ਮੇਰੀ ਜ਼ਿੰਦੜੀ, ਇਹ ਤਾਂ ਕੁਛ ਵੀ ਨਹੀਂ ਹੈ, ਇਹ ਤਾਂ ਮਾਮੂਲੀ ਹੈ। ਇਸ ਤੋਂ ਤਾਂ ਲੱਖਾਂ ਗੁਣਾਂ ਜ਼ਿਆਦਾ ਦੁੱਖ ਆਦਮੀ ਦੇ ਉੱਤੇ ਛਾਏ ਹੋਏ ਨੇ, ਉਹਨੂੰ ਮੂਰਛਿਤ ਕਰ ਛੱਡਿਆ ਉਨ੍ਹਾਂ ਨੇ, ਇਹਦੇ ਅੰਦਰ ਜਿਹੜੀ ਸੋਝੀ ਸੀ ਉਹ ਸੌਂ ਗਈ, ਇਹਨੂੰ ਪਤਾ ਨਹੀਂ ਲਗਦਾ ਕਿ ਮੈਨੂੰ ਕੀ ਦੁੱਖ ਹੈ। ਜਿਨ੍ਹਾਂ ਨੇ ਇਨ੍ਹਾਂ ਗੱਲਾਂ ਦੀ ਖੋਜ ਕਰੀ ਹੈ, ਉਨ੍ਹਾਂ ਨੇ ਕਿਹਾ ਹੈ ਕਿ ਪੰਜ ਵੱਡੇ ਦੁੱਖ ਨੇ ਸੰਸਾਰ 'ਤੇ, ਇੱਕ ਤਾਂ ਉਹ ਨੇ ਦੁੱਖ ਜਿਹੜੇ ਸਰੀਰ ਦੇ ਦੁੱਖ ਹੁੰਦੇ ਨੇ, ਰਿਸ਼ਤਿਆਂ ਦੇ ਦੁੱਖ ਹੁੰਦੇ ਨੇ, ਮਾਨਸਿਕ ਭੁੱਖ ਦੇ ਦੁੱਖ ਹੁੰਦੇ ਨੇ, ਬੀਮਾਰੀ ਦਾ ਦੁੱਖ ਹੁੰਦਾ ਹੈ, ਇੱਕ ਦੁੱਖ ਉਹ ਵੀ ਹੈ ਜਿਹੜਾ ਸਾਡੇ ਗਲ ਪੈਣਾ ਹੈ, ਸਭ ਦੇ ਹੀ ਪੈਣਾ ਹੈ, ਉਹ ਮੌਤ ਦਾ ਦੁੱਖ ਹੈ। ਜਦ ਸਾਡਾ ਵਾਹ ਉਨ੍ਹਾਂ ਲੋਕਾਂ ਨਾਲ ਪੈਣਾ ਹੈ, ਉਨ੍ਹਾਂ ਰੂਹਾਂ ਨਾਲ ਪੈਣਾ ਹੈ ਜਿਨ੍ਹਾਂ ਦੇ ਬਾਰੇ ਅਸੀਂ ਯਕੀਨ ਹੀ ਨਹੀਂ ਕਰਦੇ ਕਿ ਹੈਗੀਆਂ ਕਿ ਨਹੀਂ। ਕੁਛ ਵਿਦਿਆ ਐਸੀ ਹੋ ਗਈ, ਕੁਛ ਆਦਮੀ ਐਨਾ ਚਤੁਰ ਹੋ ਗਿਆ, ਬੇਅੰਤ ਦਲੀਲਾਂ ਦੇਖ ਕੇ ਜੇ ਕਹੇ ਦਿਖਾਓ, ਦਿਖਾ ਵੀ ਦਿੱਤਾ ਜਾਵੇ, ਫੇਰ ਵੀ ਉਹ ਇਤਬਾਰ ਨਹੀਂ ਕਰਦਾ ਬਈ ਉਹਨੇ ਕੁਛ ਆਪਣੀ ਮਾਇਆ ਵਰਤਾਈ ਹੋਣੀ ਹੈ। ਕਲਜੁਗ ਦਾ ਹਿਸਾਬ ਕਿਤਾਬ ਐਸਾ ਹੀ ਹੈ। ਪਹਿਲੇ ਜੁਗਾਂ ਦੇ ਬੰਦੇ ਬੜੇ ਸਿੱਧੇ ਹੁੰਦੇ ਸੀ। ਸਤਿਜੁਗ ਦੇ ਵਿੱਚ ਸਿਰਫ ਇੱਕ ਵਾਰੀ ਉਪਦੇਸ਼ ਕਰਨ ਦੀ ਲੋੜ ਸੀ। ਤ੍ਰੇਤੇ ਜੁਗ ਦੇ ਅੰਦਰ ਦੋ ਵਾਰੀ, ਦੁਆਪਰ ਜੁਗ ਦੇ ਅੰਦਰ ਤਿੰਨ ਵਾਰੀ; ਕਲਜੁਚ ਦੇ ਅੰਦਰ ਗਿਣਤੀਆਂ ਮਿਣਤੀਆਂ

ਤੋਂ ਬਾਹਰ ਹੈ। ਮਿਸਾਲ ਨਾਲ ਸਮਝ ਵਿੱਚ ਆ ਜਾਏਗਾ।

ਛੋਲਿਆਂ ਦੀ ਖੇਤੀ ਨੂੰ ਜੇ ਇੱਕ ਵਾਰੀ ਪਾਣੀ ਮਿਲ ਜਾਵੇ, ਉਹ ਦਾਣਾ ਲੈ ਆਉਂਦੀ ਹੈ, ਜੌਂਆਂ ਦੀ ਖੇਤੀ ਨੂੰ ਜੇ ਦੋ ਪਾਣੀ ਮਿਲ ਜਾਣ ਤਾਂ ਉਹ ਵੀ ਦਾਣਾ ਲੈ ਆਉਂਦੀ ਹੈ। ਕਣਕ ਨੂੰ ਤਿੰਨ ਪਾਣੀ ਮਿਲ ਜਾਣ; ਉਹ ਦਾਣਾ ਲੈ ਆਉਂਦੀ ਹੈ। ਧਾਨਾਂ ਦੀ ਖੇਤੀ ਹੈ ਇਹਦੇ ਸੁਭਾਅ 'ਚ ਹੈ ਕਿ ਇਹਦੇ ਜੜ੍ਹਾਂ 'ਚ ਹਰ ਵਕਤ ਪਾਣੀ ਰਹੇ ਤਾਂ, ਤਾਂ ਦਾਣਾ ਪੱਕ ਜਾਏਗਾ, ਨਹੀਂ ਤਾਂ ਸਿਰੇ ਗਿਆ ਸੁੱਕ ਜਾਏਗਾ। ਸੋ ਇਸੇ ਤਰ੍ਹਾਂ ਦੇ ਨਾਲ ਸਾਡੀ ਬੁੱਧੀ 'ਚ ਫਰਕ ਪੈ ਗਿਆ। ਸਤਿਜੁਗ ਦੇ ਵਿੱਚ ਪਰਮ ਹੰਸ ਬੁੱਧੀ ਸੀ, ਤ੍ਰੇਤੇ ਤੇ ਦੁਆਪਰ ਦੇ ਵਿੱਚ ਮਨੁੱਖ ਦੀ ਬੁੱਧੀ ਸੀ। ਕਲਜੁਗ ਦੇ ਵਿੱਚ ਜੋ ਬੁੱਧੀ ਹੈ ਸਾਡੀ ਇਹ ਪ੍ਰੇਤ ਦੀ ਬੁੱਧੀ ਹੈ। ਪ੍ਰੇਤ ਮੰਨਦਾ ਹੀ ਨਹੀਂ, ਜ਼ੋਰ ਲਾ ਲਓ ਜਿੰਨਾਂ ਲਾਉਣਾ ਹੈ। ਮਹਾਰਾਜ ਕਹਿੰਦੇ –

*ਕਲਿ ਮਹਿ ਪ੍ਰੇਤ ਜਿਨ੍ਹੀ ਰਾਮੁ ਨ ਪਛਾਤਾ .....॥*
*ਅੰਗ – ੧੧੩੧*

ਕਲਜੁਗ 'ਚ ਪ੍ਰੇਤ ਉਹ ਨੇ ਜਿਨ੍ਹਾਂ ਨੂੰ ਪ੍ਰਮੇਸ਼ਰ ਦੀ ਪਛਾਣ ਨਹੀਂ ਆਈ। ਇਹ ਤਾਂ ਬੜੀ ਹਕੀਕਤ ਦੀ ਗੱਲ ਹੈ ਸਾਨੂੰ ਤਾਂ ਆਪ ਨਹੀਂ ਆਈ, ਪਛਾਣਿਆ ਹੀ ਨਹੀਂ ਕਿ ਕਿੱਥੇ ਰਹਿੰਦਾ ਹੈ, ਕਿਹੋ ਜਿਹਾ ਹੈ, ਕਿਹੋ ਜਿਹਾ ਉਹਦਾ ਵਰਤ ਵਰਤਾਰਾ ਹੈ, ਕੀ ਉਹਦਾ ਸੁਭਾਅ ਹੈ। ਗਾਈ ਵੀ ਜਾਂਦੇ ਹਾਂ, ਸੁਣੀ ਵੀ ਜਾਂਦੇ ਹਾਂ ਲੇਕਿਨ ਅੰਦਰ ਨਹੀਂ ਬੈਠਦਾ। ਇਸ ਕਰਕੇ ਮਹਾਰਾਜ ਕਹਿੰਦੇ ਨੇ ਕਿ ਜਿਹਨੇ ਰਾਮ ਦੀ ਪਛਾਣ ਨਹੀਂ ਕੀਤੀ, ਸਾਰਿਆਂ ਨੂੰ ਨਹੀਂ ਕਿਹਾ ਮਹਾਰਾਜ ਨੇ, ਉਹਦੇ 'ਚੋਂ ਚੋਣ (exception) ਰੱਖ ਲਈ, ਬਈ ਜਿਨ੍ਹਾਂ ਨੂੰ ਤਾਂ ਹੈ ਪਛਾਣ ਰਾਮ ਦੀ ਉਨ੍ਹਾਂ ਨੂੰ ਤਾਂ ਨਹੀਂ ਕਹਿੰਦੇ, ਬਾਕੀਆਂ ਨੂੰ ਤਾਂ ਅਸੀਂ ਕਹਿੰਦੇ ਹਾਂ ਕਿ ਪ੍ਰੇਤ ਹੈ।

*ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ ॥*
*ਪੁਤੁ ਜਿਨੂਰਾ ਧੀਅ ਜਿੰਨੂਰੀ*
*ਜੋਰੂ ਜਿੰਨਾ ਦਾ ਸਿਕਦਾਰੁ ॥ ਅੰਗ – ੫੫੬*
*ਕਲਿ ਮਹਿ ਪ੍ਰੇਤ ਜਿਨ੍ਹੀ ਰਾਮੁ ਨ ਪਛਾਤਾ*
*ਸਤਜੁਗਿ ਪਰਮ ਹੰਸ ਬੀਚਾਰੀ ॥*
*ਦੁਆਪੁਰਿ ਤ੍ਰੇਤੈ ਮਾਣਸ ਵਰਤਹਿ*
*ਵਿਰਲੈ ਹਉਮੈ ਮਾਰੀ ॥ ਅੰਗ – ੧੧੩੧*

ਸੋ ਕਲਜੁਗ ਦੇ ਬਾਰੇ ਉਨ੍ਹਾਂ ਲੋਕਾਂ ਨੂੰ ਪਤਾ ਸੀ ਕਿ ਕੈਸਾ ਜੁਗ ਆਉਣਾ ਹੈ, ਜਿਸ ਵਕਤ ਬਹੁਤ ਹੀ ਔਖਾ ਹੋ ਜਾਣਾ ਹੈ, ਉਹਦੇ ਬਾਰੇ ਵਿਚਾਰਾਂ ਕਰਦੇ ਨੇ ਕਿ ਕੀ ਹੋਏਗਾ ਉਨ੍ਹਾਂ ਲੋਕਾਂ ਦਾ। ਰਾਜੇ ਜਨਕ ਨੇ ਜਿਹੜੇ ਨਰਕ ਖਾਲੀ ਕਰੇ ਸੀ ਕਿ ਕੀ ਉਹ ਕਲਜੁਗ ਦੇ ਵਿੱਚ ਭਰੇ ਜਾਣਗੇ।

ਇੱਕ ਸਾਖੀ ਆਉਂਦੀ ਹੈ ਕਿ ਜਦੋਂ ਸਾਰੇ ਨਰਕ ਖਾਲੀ ਹੋ ਗਏ, ਇੱਕ ਨਾਮ ਦੀ ਮਹਿਮਾਂ ਕਰਕੇ।

*ਗਹਿਣੇ ਧਰਿਅਨੁ ਏਕ ਨਾਉ*
*ਪਾਪਾ ਨਾਲਿ ਕਰੈ ਨਿਰਜਾਸੀ॥*
*ਭਾਈ ਗੁਰਦਾਸ ਜੀ, ਵਾਰ ੧੦/੫*
*ਨਰਕਹੁੰ ਛੁਟੇ ਜੀਅ ਜੰਤ*
*ਕਟੀ ਗਲਹੁੰ ਸਿਲਕ ਜਮ ਫਾਸੀ॥*
*ਮੁਕਤਿ ਜੁਗਤਿ ਨਾਵੈ ਕੀ ਦਾਸੀ॥*
*ਭਾਈ ਗੁਰਦਾਸ ਜੀ, ਵਾਰ ੧੦/੫*

ਉਹ ਜਿਹੜੇ ਜੀਵ ਆਜ਼ਾਦ ਹੋ ਕੇ ਬੜੇ ਖੁਸ਼ ਹੋਏ ਕਿ ਸ਼ੁਕਰ ਹੈ ਅਸੀਂ ਛੁੱਟ ਗਏ, ਕਿੰਨੇ ਜਲਦੇ ਸੀ–

*ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥*
*ਨਾਨਕ ਜਿਉ ਮਥਨਿ ਮਾਧਾਣੀਆ*
*ਤਿਉ ਮਥੇ ਧ੍ਰਮ ਰਾਇ ॥ ਅੰਗ – ੧੪੨੫*

ਕੁੰਭੀ ਨਰਕ ਦੇ ਦੁੱਖ ਵਿਚੋਂ ਨਿਕਲ ਗਏ, ਰੌਰਵ ਨਰਕ ਦੇ ਦੁੱਖ 'ਚੋਂ ਨਿਕਲ ਗਏ। ੧੮ ਕਿਸਮ ਦੇ ਨਰਕ ਗਿਣਦੇ ਨੇ, ਮਹਾਰਾਜ ਕਹਿੰਦੇ –

*ਚਉਰਾਸੀਹ ਨਰਕ ਸਾਕਤੁ ਭੋਗਾਈਐ ॥*
*ਅੰਗ – ੧੦੨੮*

ਚੌਰਾਸੀ ਵੀ ਮਹਾਰਾਜ ਨੇ ਕਹਿ ਦਿੱਤਾ, ੧੮ ਵੀ ਗਿਣਦੇ ਨੇ ਸਾਰੇ। ਬਾਹਰ ਉਨ੍ਹਾਂ ਨੂੰ ਕਿਸੇ ਸਾਂਭਿਆ ਨਾ, ਕਿਸੇ ਮੰਡਲ ਵਿੱਚ ਉਨ੍ਹਾਂ ਨੂੰ ਥਾਂ ਨਾ ਮਿਲਿਆ। ਸੂਖਸ਼ਮ ਰੂਹਾਂ ਸੀ, ਕਿਤੇ ਨਾ ਥਾਂ ਮਿਲਿਆ, ਅਖੀਰ ਉਹ ਦੁੱਖੀ ਹੋ ਗਏ, ਰਾਜਾ ਜਨਕ ਫੇਰ ਕਿਤੇ ਮਿਲ ਗਏ, ਕਹਿੰਦੇ ਮਹਾਰਾਜ! ਤੁਸੀਂ ਸਾਨੂੰ ਨਰਕਾਂ 'ਚੋਂ ਤਾਂ ਕੱਢ ਦਿੱਤਾ। ਪਰ ਸਾਨੂੰ ਕੋਈ ਟਿਕਾਣਾ ਹੀ ਨਹੀਂ। ਸਾਨੂੰ ਕੁਛ ਖਾਣ ਨੂੰ, ਪੀਣ ਨੂੰ ਕੁੱਛ ਵੀ ਨਹੀਂ ਮਿਲ ਰਿਹਾ, ਅਸੀਂ ਤਾਂ ਬਹੁਤ ਦੁਖੀ ਹਾਂ, ਕਿਸੇ ਸਵਰਗ ਲੋਕ ਵਿੱਚ ਜੇ ਥਾਂ ਦਿਵਾ ਦਿਓ, ਤਾਂ ਫੇਰ ਅਸੀਂ ਕੁਛ ਠੀਕ ਹੋ ਜਾਈਏ, ਰਾਜਾ ਜਨਕ ਨੇ ਧਰਮਰਾਜ ਨੂੰ ਕਿਹਾ ਕਿ ਇਨ੍ਹਾਂ ਨੂੰ ਜਿਹੜਾ ਸਭ ਤੋਂ ਘਟੀਆ ਸਵਰਗ ਹੈ ਉਥੇ ਥਾਂ ਦੇਵੋਂ, ਉਹ ਕਹਿੰਦੇ, ਰਾਜਨ! ਦੇਖੋਂ, ਕਰੋੜਾਂ ਪਾਪਾਂ ਦਾ ਨਾਸ਼ ਹੋ ਸਕਦਾ ਹੈ ਨਾਮ ਜਪ ਕੇ। ਪਰ ਜਿਹੜੀ ਤੁਸੀਂ ਸਵਰਗ ਲੋਕ ਦੀ ਗੱਲ ਕਰਦੇ ਹੋ, ਇਹ ਤਾਂ ਮਾਤ ਲੋਕ ਵਿੱਚ ਮਾਨਸ ਜਨਮ ਵਿੱਚ ਜੋ ਬੀਜਿਆ ਹੁੰਦਾ ਹੈ –

*ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥*
*ਅੰਗ – ੧੩੪*

ਉਹ ਜੀਵ ਇੱਥੇ ਆ ਕੇ ਵੱਢਦੇ ਨੇ ਆਪਣੇ ਹਿਸਾਬ ਦਾ।

*ਪੁੰਨ ਦਾਨੁ ਜੋ ਬੀਜਦੇ*
*ਸਭ ਧਰਮ ਰਾਇ ਕੈ ਜਾਈ ॥ ਅੰਗ – ੧੪੧੪*

ਮੇਰੇ ਆਪਣੇ ਅਖਤਿਆਰ ਕੁਛ ਨਹੀਂ ਹੈ, ਹਾਂ ਇਨ੍ਹਾਂ ਦਾ ਇਲਾਜ ਜਿਹੜਾ ਹੈ ਤੁਸੀਂ ਨਿਰੰਕਾਰ ਜੀ ਨੂੰ ਕਹਿ ਕੇ ਕਰ ਲਓ, ਠੀਕ ਹੈ। ਉਨ੍ਹਾਂ ਨੇ ਅਕਾਲ ਪੁਰਖ ਕੋਲ ਬੇਨਤੀ ਕਰੀ, ਉਹ ਕਹਿੰਦੇ ਭਗਤ ਰਾਜਾ ਜਨਕ, ਇਹ ਮਰਿਆਦਾ ਹੈ ਐਸੀ ਹੀ ਹੈ, ਇਵੇਂ ਲੇਖ ਚਲਦੇ ਨੇ। ਜਿਹੋ ਜਿਹਾ ਕੋਈ ਬੀਜ ਕੇ ਆਉਂਦਾ ਹੈ, ਉਹ ਹਜ਼ਾਰਾਂ ਗੁਣਾਂ ਵਧ ਕੇ ਇਥੇ ਜੀਵ ਭੋਗ ਰਿਹਾ ਹੈ। ਹਾਂ, ਜਾ ਕੇ ਕਿਸੇ ਨੂੰ ਪੁੱਛ ਲੈ ਜਿਹੜੇ ਜੁੱਗ ਚਲਦੇ ਨੇ। ਤ੍ਰੇਤਾ ਜੁਗ ਚੱਲ ਰਿਹਾ ਸੀ। ਕਹਿੰਦੇ ਐਉਂ ਪੁੱਛ ਲੈ ਕਿ ਇਨ੍ਹਾਂ ਨੂੰ ਮਨੁੱਖ ਜੂਨੀ ਦਿਵਾ ਦੇਈਏ? ਇਹ ਫੇਰ ਚੰਗੇ ਕਰਮ ਕਰਕੇ ਆ ਜਾਣਗੇ। ਜੇ ਉਹ ਮੰਨ ਜਾਣ ਇਨ੍ਹਾਂ ਨੂੰ ਮਨੁੱਖਾ ਜਨਮ ਦਿਵਾ ਦੇ। ਜਾ ਕੇ ਤ੍ਰੇਤਾ ਜੁਗ ਦਾ ਜਿਹੜਾ ਦੇਵਤਾ ਸੀ ਉਹਨੂੰ ਕਿਹਾ, ਉਹ ਕਹਿੰਦੇ ਦੇਖ ਰਾਜਨ! ਮੈਂ ਬੇਵਸ ਹਾਂ, ਮੇਰੇ ਜੁਗ ਦੇ ਵਿੱਚ ਤਾਂ ਚੁਣਵੇਂ (selected) ਬੰਦੇ ਆਉਂਦੇ ਨੇ। ਉਹ ਫੇਰ ਆ ਕੇ ਇੱਥੇ ਯੱਗ ਕਰਦੇ ਨੇ। ਪ੍ਰਸ਼ਾਦ ਪਾਣੀ ਨੂੰ ਯੱਗ ਨਹੀਂ ਕਹਿੰਦੇ, ਯੱਗ ਬੇਅੰਤ ਕਿਸਮ ਦੇ ਨੇ। ਉਹ ਯੱਗ ਕਰਦੇ ਨੇ, ਫੇਰ ਉਨ੍ਹਾਂ ਦੇ ਪੁੰਨ ਕਰਮ ਬਣਦੇ ਨੇ, ਫੇਰ ਉਹ ਜਾਇਆ ਕਰਦੇ ਨੇ ਸਵਰਗਾਂ 'ਚ ਤੇ ਇਹ ਸਾਰੇ ਨਰਕੀ ਜੀਵ ਨੇ, ਇਨ੍ਹਾਂ ਦੀ ਬੁੱਧੀ ਐਨੀ ਨੀਵੀਂ ਹੈ ਕਿ ਮੇਰੇ ਯੁੱਗ ਨੂੰ ਭ੍ਰਿਸ਼ਟ ਕਰ ਦੇਣਗੇ। ਇਸ ਕਰਕੇ ਮੈਂ ਇਨ੍ਹਾਂ ਨੂੰ ਆਪਣੇ ਯੁੱਗ ਵਿੱਚ ਥਾਂ ਨਹੀਂ ਦੇ ਸਕਦਾ। ਦੁਆਪਰ ਯੁੱਗ ਵਿੱਚ ਪੁੱਛ ਲੈ।

ਦੁਆਪਰ ਯੁੱਗ ਦਾ ਜੋ ਅਭਿਮਾਨੀ ਦੇਵਤਾ ਸੀ ਉਸਨੂੰ ਪੁੱਛਿਆ, ਉਹ ਕਹਿੰਦਾ ਮੇਰੇ ਯੁੱਗ ਵਿੱਚ ਤਾਂ ਪੂਜਾ ਚੱਲਣੀ ਹੈ। ਅਨੇਕ ਕਿਸਮ ਦੀ ਪੂਜਾ। ਇਹ ਬਹੁਤ ਮੰਦ ਜੀਵ ਨੇ। ਪਾਪਾਂ ਦੇ ਭਰੇ ਹੋਏ ਨੇ। ਕਿਸੇ ਨੇ ਬੈਲ ਬਣਨਾ ਹੈ, ਕਿਸੇ ਨੇ ਕੁਛ ਬਣਨਾ ਹੈ, ਕਿਸੇ ਨੇ ਸੱਪ ਬਣਨਾ ਹੈ, ਕਿਸੇ ਨੇ ਕੁੱਤਾ ਬਣਨਾ ਹੈ, ਮੈਂ ਤਾਂ ਨਹੀਂ ਆਪਣੇ ਯੁੱਗ ਨੂੰ ਭ੍ਰਿਸ਼ਟ ਕਰ ਸਕਦਾ। ਕਲਜੁਗ ਨੂੰ ਪੁੱਛ ਲੈ।

ਕਲਜੁਗ ਨੂੰ ਜਦ ਪੁੱਛਿਆ, ਕਹਿੰਦਾ ਵਾਹ ਮਿੱਤਰ ਵਾਹ। ਰਾਜਨ! ਮੇਰੇ ਉਪਰ ਤਾਂ ਤੂੰ ਉਪਕਾਰ ਹੀ ਕਰ ਦਿੱਤਾ। ਮੈਂ ਤਾਂ ਜਿੰਨੇ ਸਾਰੇ ਭੂਤ ਪ੍ਰੇਤ ਰਹੇ ਹੋਏ, ਕਿਹੋ ਜਿਹਾ ਵੀ ਕੂੜ ਕਬਾੜ ਹੈ ਮੇਰੇ ਯੁੱਗ ਦੇ ਅੰਦਰ ਸਾਰਿਆਂ ਨੂੰ ਭੇਜ ਦੇ, ਨਰਕ ਖਾਲੀ ਕਰਦੇ, ਭਜਨ ਬੰਦਗੀ ਮੈਂ ਕਰਨ ਨਹੀਂ ਦੇਣੀ ਕਿਸੇ ਨੂੰ, ਬੁੱਧੀ ਮੈਂ ਮੋਹ ਲਵਾਂਗਾ, ਦਿਮਾਗ ਐਨਾ ਤਕੜਾ ਕਰ ਦੇਵਾਂਗਾ, ਤਰਕ ਐਨੀ ਜ਼ਬਰਦਸਤ ਆ ਜਾਏਗੀ, ਲੱਖ ਉਪਦੇਸ਼ ਵੇਦ ਕਹੀ ਜਾਣ, ਪੁਰਾਨ ਕਹੀ ਜਾਣ, ਕੋਈ ਹੋਰ ਧਰਮ ਗ੍ਰੰਥ ਕਰੀ ਜਾਣ, ਇਸਨੇ ਕੁਛ ਨਹੀਂ ਸੁਣਨਾ - 'ਪੰਚਾਂ ਦਾ ਕਿਹਾ ਸਿਰ ਮੱਥੇ, ਪਰਨਾਲਾ ਉਥੇ ਦਾ ਉਥੇ।' ਮਹਾਰਾਜ ਕਹਿੰਦੇ, ਇਸ ਕਰਕੇ -

*ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ ॥*
*ਅੰਗ - ੫੫੬*

ਉਹ ਰੂਹਾਂ ਜਿਹੜੀਆਂ ਸੀ ਉਹ ਕਲਜੁਗ ਵਿੱਚ ਆ ਗਈਆਂ। ਜਿਹੜੇ ਆ ਗਏ ਉਹ ਵੀ ਔਖੇ ਹੋਏ ਹੋਏ ਨੇ, ਉਹ ਕਹਿੰਦੇ ਹੋਰ ਨਾ ਆਉਣ ਦਿਓ। ਡਾਕਟਰਾਂ ਨੂੰ ਕਹਿੰਦੇ ਨੇ ਕਿ ਗਰਭ ਵਿੱਚ ਹੀ ਮਾਰ ਦਿਓ। ਹੁਣ ਰੌਲਾ ਪਾਉਂਦੇ ਨੇ ਕਿ ਬੀਬੀਆਂ ਦੀ ਅਬਾਦੀ ਘਟ ਗਈ, ਬੰਦੇ ਵਧ ਗਏ। ਉਹ ਵਿਆਹ ਕਿੱਥੋਂ ਕਰਾਉਣਗੇ, ਰੌਲਾ ਪੈ ਜਾਏਗਾ ਇੱਥੇ ਸਾਰੇ। ਪਾਪੀ (criminal) ਬੰਦੇ ਹੋਣਗੇ, ਪਾਪ (crime) ਆ ਜਾਏਗਾ, ਰਾਜਿਆਂ ਨੂੰ ਵੀ ਰਾਜ ਕਰਨਾ ਔਖਾ ਹੋ ਜਾਏਗਾ, ਦੋਹਾਂ ਪਾਸਿਆਂ ਤੋਂ ਫਤੂਰ ਪੈਂਦਾ ਜਾਂਦਾ ਹੈ, ਕਲਜੁਗ ਦਾ। ਇਹਦੇ ਵਿੱਚ ਇੱਕ ਮੰਡਲ ਹੈ ਸਤਿਸੰਗ ਦਾ। ਜਿੱਥੇ ਛਾਲਣਾ ਲਗ ਕੇ ਜੀਵ ਪਹੁੰਚਦਾ ਹੈ, ਵੈਸੇ ਨਹੀਂ ਪਹੁੰਚ ਸਕਦਾ। ਮਹਾਰਾਜ ਜੀ ਦਾ ਫੁਰਮਾਨ ਹੈ -

*ਬਿਨੁ ਭਾਗਾ ਸਤਸੰਗੁ ਨ ਲਭੈ*
*ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥ ਅੰਗ - ੯੫*
*ਹਰਿ ਕੀਰਤਿ ਸਾਧਸੰਗਤਿ ਹੈ*
*ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ*
*ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ ॥*
*ਅੰਗ - ੬੪੨*

ਹਰੀ ਦਾ ਕੀਰਤਨ ਕਰਨਾ, ਸਾਧੂ ਦੀ ਸੰਗਤ ਕਰਨੀ, ਸਾਰੇ ਕਰਮਾਂ ਤੋਂ ਸ਼੍ਰੋਮਣੀ ਕਰਮ ਹੈ। ਬੇਅੰਤ ਅਰਥਾਂ ਦੇ ਅਨਰਥ ਹੋਣਗੇ। ਗੱਲ ਕਿਸੇ ਨੇ ਮੰਨਣੀ ਨਹੀਂ, ਬੁੱਧੀ ਦੇ ਸ਼ੇਰ ਹੋਣਗੇ, ਕਰਨੀ ਦੇ ਕੁਛ ਵੀ ਨਹੀਂ ਹੋਣਗੇ। ਸੋ ਇਹ ਨੁਕਸ (defect) ਹੈ ਇਸ ਯੁੱਗ ਦੇ ਅੰਦਰ। ਇਸ ਕਰਕੇ ਜਿਹੜਾ ਤਰਨਾ ਹੈ ਬੜਾ ਮੁਸ਼ਕਲ ਹੈ, ਗੁਰੂ ਨਾਨਕ ਪਾਤਸ਼ਾਹ ਦੀ ਆਮਦ ਸਾਡੇ ਵਾਸਤੇ ਹੋਈ ਕਿ ਇਨ੍ਹਾਂ ਜੀਵਾਂ ਨੂੰ ਸੁਖਾਲਾ ਰਸਤਾ ਦੱਸੋ ਕੋਈ, ਜਿਨ੍ਹਾਂ ਨਾਲ ਇਨ੍ਹਾਂ ਜੀਵਾਂ ਦਾ ਵੀ ਉਧਾਰ ਹੋ ਜਾਵੇ, ਕਿਉਂਕਿ ਜਿੱਡੀ ਵੱਡੀ ਬੀਮਾਰੀ ਓਨਾਂ ਹੀ ਇਲਾਜ। ਸੋ ਜੋ ਦੁੱਖ ਨੇ -

*ਦੁਖੁ ਵੇਛੋੜਾ ਇਕੁ ਦੁਖੁ ਭੂਖ ॥*
*ਇਕੁ ਦੁਖੁ ਸਕਤਵਾਰ ਜਮਦੂਤ ॥*
*ਇਕੁ ਦੁਖੁ ਰੋਗੁ ਲਗੈ ਤਨਿ ਧਾਇ ॥*
*ਵੈਦ ਨ ਭੋਲੇ ਦਾਰੂ ਲਾਇ ॥੧॥*
*ਵੈਦ ਨ ਭੋਲੇ ਦਾਰੂ ਲਾਇ ॥ ਅੰਗ - ੧੨੫੬*

ਇਹ ਬਾਹਰਲੇ ਦੁੱਖ ਨੇ, ਜਿਹੜੇ ਮਾਨਸਿਕ ਦੁੱਖ ਨੇ ਉਨ੍ਹਾਂ ਦਾ ਨਾਉਂ ਕਲੇਸ਼ ਹੋਇਆ ਕਰਦਾ ਹੈ। ਉਹ ਐਸੇ ਦੁੱਖ ਨੇ ਕਿ ਇੱਕ ਗਰਭ 'ਚੋਂ ਮਰ ਜਾਂਦਾ ਹੈ,

ਦੂਜੇ 'ਚ ਵੀ ਨਾਲ, ਤੀਜੇ 'ਚ ਵੀ ਨਾਲ, ਸੈਂਕੜੇ ਜਨਮ-

*ਫਿਰਤ ਫਿਰਤ ਬਹੁਤੇ ਜੁਗ ਹਾਰਿਓ*
*ਮਾਨਸ ਦੇਹ ਲਹੀ ॥*
*ਨਾਨਕ ਕਹਤ ਮਿਲਨ ਕੀ*
*ਬਰੀਆ ਸਿਮਰਤ ਕਹਾ ਨਹੀ ॥ ਅੰਗ - ੬੩੧*

ਕਰੋੜਾਂ ਜੁਗਾਂ ਵਿੱਚ ਘੁੰਮ ਕੇ ਅਸੀਂ ਮਨੁੱਖ ਦੇ ਜਾਮੇ 'ਚ ਆਏ ਹਾਂ। ਲੇਕਿਨ ਉਹ ਦੁੱਖ ਨਾਲ ਲਈਂ ਫਿਰਦੇ ਹਾਂ। ਜਦ ਤਕ ਉਸ ਦੁੱਖ ਦਾ ਨਾਸ਼ ਨਹੀਂ ਹੁੰਦਾ, ਓਨੀਂ ਦੇਰ ਤੱਕ ਸਾਡਾ ਕਲਿਆਣ ਨਹੀਂ ਹੁੰਦਾ, ਸੋ ਸਭ ਤੋਂ ਵੱਡਾ ਦੁੱਖ ਹੈ ਜਿਹੜਾ ਜਨਮਾਂ-ਜਨਮਾਂਤਰਾਂ 'ਚ ਨਾਲ ਰਹਿੰਦਾ ਹੈ। ਕਰੋੜ ਜਨਮ ਲੈ ਲਓ, ਫੇਰ ਵੀ ਇਹ ਦੁੱਖ ਦੂਰ ਨਹੀਂ ਹੁੰਦਾ। ਉਹਦਾ ਨਾਉਂ ਅਵਿਦਿਆ ਹੈ, ignorance ਹੈ, illusion, ਭੁੱਲ, ਮਾਇਆ, ਅਗਿਆਨ; ਥੋੜ੍ਹੇ-ਥੋੜ੍ਹੇ ਭੇਦ ਨਾਲ ਗੱਲ ਇੱਕੋ ਹੀ ਹੈ ਸਾਰੀ। ਸੋ ਇਹ ਜਿਹੜਾ ਅਵਿਦਿਆ ਦਾ ਦੁੱਖ ਹੈ ਇਹ ਨਹੀਂ ਸਾਡੇ ਮਨ 'ਚੋਂ ਨਿਕਲਦਾ, ਅਸੀਂ ਅਸਲੀਅਤ ਨੂੰ ਨਹੀਂ ਪਹਿਚਾਣ ਸਕਦੇ ਕਿ ਅਸਲੀਅਤ ਕੀ ਹੈ। ਉਹਦਾ ਨਾਉਂ ਨਕਲੀ ਲਵਾਂਗੇ, ਅਸਲ ਦੇ ਵਿਪਰੀਤ ਜੋ ਸਮਝਣਾ ਹੈ ਉਹਨੂੰ ਅਵਿਦਿਆ ਕਹਿੰਦੇ ਨੇ। ਮਿਸਾਲ ਨਾਲ ਗੱਲ ਸਮਝ 'ਚ ਆ ਜਾਂਦੀ ਹੈ। ਜਿਵੇਂ ਹਨ੍ਹੇਰਾ ਹੈ, ਰਾਤ ਹੈ, ਮਟਕ ਚਾਨਣਾ ਜਿਹਾ ਹੈ, ਨਿਗ੍ਹਾ ਗਈ, ਇੱਕ ਰੱਸੀ ਪਈ ਹੋਈ ਦੇਖ ਲਈ। ਅਵਿਦਿਆ ਕਰਕੇ ਉਹ ਰੱਸੀ ਨਾ ਲੱਗੀ ਉਹ ਸੱਪ ਲਗਣਾ ਸ਼ੁਰੂ ਹੋ ਗਿਆ। ਰਾਤ ਸਾਰੀ ਹਨ੍ਹੇਰੇ ਦੀ ਸੀ, ਮੰਜੇ ਤੋਂ ਹੇਠਾਂ ਪੈਰ ਨਾ ਪਾਇਆ ਕਿ ਸੱਪ ਹੈ, ਡਰਦਾ ਹੀ ਰਿਹਾ, ਮਾੜਾ ਜਿਹਾ ਮੰਜਾ ਹਿੱਲਿਆ, ਸੋਚਦਾ ਹੈ ਆ ਚੜ੍ਹਿਆ ਸੱਪ। ਕਿੰਨਾ ਦੁੱਖ ਦੇ ਦਿੱਤਾ ਓਸ ਭੁਲੇਖੇ (ignorance) ਨੇ, ਵਿਚਾਰ ਕੇ ਦੇਖੋ, ਗੱਲ ਛੋਟੀ ਜਿਹੀ ਹੈ, ਲੇਕਿਨ ਉਹਦਾ ਨਤੀਜਾ ਕਿੰਨਾ ਹੈ, ਜਦ ਦਿਨ ਚੜ੍ਹਿਆ ਓਸਨੇ ਕਿਹਾ ਕਿ ਮੈਂ ਤਾਂ ਐਵੇਂ ਪਰੇਸ਼ਾਨ ਹੋਇਆ, ਇਹ ਤਾਂ ਰੱਸੀ ਸੀ, ਮੈਂ ਸੱਪ ਸਮਝਦਾ ਰਿਹਾ। ਆਹੀ ਦੁੱਖ ਹੈਗਾ ਅਵਿਦਿਆ ਦਾ; ਇਹਨੂੰ ਜੇ ਸੰਖੇਪ ਅੱਖਰਾਂ ਵਿੱਚ ਦੱਸੀਏ, ਇਹਦਾ ਇਹ ਹੈ ਕਿ-

*ਏਹੁ ਵਿਸੁ ਸੰਸਾਰੁ ਤੁਮ ਦੇਖਦੇ*
*ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥*
*ਅੰਗ - ੯੨੨*

ਜਿਨ੍ਹਾਂ ਦੇ ਅੰਦਰ ਪ੍ਰਕਾਸ਼ ਹੋ ਗਿਆ, ਉਨ੍ਹਾਂ ਨੇ ਕਿਹਾ ਕਿ ਇਹ ਜਗਤ ਨਹੀਂ ਇਹ ਵਾਹਿਗੁਰੂ ਦਾ ਰੂਪ ਹੈ ਸਾਰਾ। ਉਹ ਹੀ ਫੈਲਿਆ ਹੋਇਆ ਹੈ -

*ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥*
*ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥*
*ਜਾਪੁ ਸਾਹਿਬ*

ਜਿਵੇਂ ਮੰਜੇ 'ਤੇ ਬੈਠੇ ਨੂੰ ਕੋਈ ਕਹੇ ਕਿ ਮੈਂ ਦਿਨ 'ਚ ਦੇਖਿਆ ਸੀ ਇਥੇ ਰੱਸੀ ਪਈ ਸੀ, ਤੂੰ ਕਿਉਂ ਡਰੀ ਜਾਂਦਾ ਹੈਂ, ਕਹਿੰਦਾ ਮੈਂ ਨਹੀਂ ਤੇਰਾ ਕਿਹਾ ਮੰਨਦਾ। ਮਾੜਾ ਜਿਹਾ ਸੱਪ ਨੇ ਮੂੰਹ ਲਾ ਦਿੱਤਾ ਮੈਂ ਮਰ ਜਾਣਾ ਹੈ। ਸਾਰੀ ਰਾਤ ਉਹਦਾ ਭਰਮ ਨਹੀਂ ਹਟਿਆ।

*ਜਨ ਨਾਨਕ ਬਿਨੁ ਆਪਾ ਚੀਨੈ*
*ਮਿਟੈ ਨ ਭ੍ਰਮ ਕੀ ਕਾਈ ॥ ਅੰਗ - ੬੮੪*

ਜਦੋਂ ਤੱਕ ਅੱਖਾਂ ਨਾਲ ਨਹੀਂ ਦੇਖਦਾ ਓਨੀਂ ਦੇਰ ਤੱਕ ਨਹੀਂ ਇਹ ਮੰਨਦਾ। ਹੁਣ ਗੁਰੂ ਜੀ ਤਾਂ ਦੱਸੀ ਜਾਂਦੇ ਹਨ ਸਾਰੀ ਗੱਲ, ਲੇਕਿਨ ਜਦ ਤੱਕ ਅੱਖਾਂ ਨਾਲ ਨਾ ਦੇਖ ਲਈਏ, ਅਸੀਂ ਮੰਨਦੇ ਨਹੀਂ ਹਾਂ। ਉਂਵ ਕਹਿੰਦੇ ਹਾਂ ਕਿ ਸੱਚੇ ਪਾਤਸ਼ਾਹ! ਅਸੀਂ ਤੇਰੇ ਸਿੱਖ ਹਾਂ। ਕਹਿੰਦਾ, ਮੇਰਾ ਸਿੱਖ ਕਾਹਦਾ ਹੈਂ ਤੂੰ। ਮੇਰਾ ਸਿੱਖ ਬਣਨਾ ਹੈ ਤਾਂ ਮੈਨੂੰ ਤਨ ਵੀ ਦੇ ਦੇ, ਮਨ ਵੀ ਦੇ ਦੇ, ਧਨ ਵੀ ਦੇ ਦੇ। ਫੇਰ ਮੈਂ ਤੇਰਾ ਕੁਛ ਕਰ ਸਕਾਂਗਾ। ਨਹੀਂ ਤਾਂ ਠੀਕ ਹੈ ਤੂੰ ਮੱਥੇ ਟੇਕੀ ਜਾਂਦਾ ਹੈਂ। ਤੇਰੀ ਭਾਵਨਾ ਮੈਂ ਪੂਰੀ ਕਰੀ ਜਾਂਦਾ ਹਾਂ। ਕਿਉਂਕਿ ਭਾਵਨਾ ਨੂੰ ਫਲ ਲਗਣਾ ਹੀ ਲਗਣਾ ਹੈ। ਇਹ ਜ਼ਰੂਰੀ ਨਹੀਂ ਕਿ ਉਹ ਗਿਆਨਵਾਨ ਹੋਵੇ। ਗੁਰੂ ਤੋਂ ਜੋ ਮੰਗਦਾ ਹੈ ਉਥੇ condition ਨਹੀਂ ਰੱਖੀ -

*ਜੋ ਮਾਗਹਿ ਠਾਕੁਰ ਅਪੁਨੇ ਤੇ*
*ਸੋਈ ਸੋਈ ਦੇਵੈ ॥ ਅੰਗ - ੬੮੧*

ਓਹੀ ਚੀਜ਼ ਮਿਲ ਜਾਂਦੀ ਹੈ ਜਿਹੜੀ ਚੀਜ਼ ਦੀ ਮੰਗ ਕਰੋ। ਹੁਣ ਅਸੀਂ ਮੰਗਦੇ ਹਾਂ, ਅਸੀਂ ਦੁਆ ਕਰਦੇ ਹਾਂ। ਸੋ ਇਸ ਕਰਕੇ ਉਹ ਦੇਈ ਤਾਂ ਜਾਂਦਾ ਹੈ ਲੇਕਿਨ ਜਿਹੜਾ ਮਿਲਾਪ ਹੈ, ਅਗਿਆਨ ਕੱਟਣਾ ਹੈ ਉਹ ਨਹੀਂ ਕੱਟਦਾ। ਉਹਦਾ ਕੋਈ ਤਰੀਕਾ (process) ਹੈ ਜਦੋਂ ਤੱਕ ਉਸ process 'ਚੋਂ ਨਹੀਂ ਲੰਘਦਾ, ਓਨੀਂ ਦੇਰ ਤੱਕ ਨਹੀਂ ਕੱਟ ਹੁੰਦਾ। ਸੋ ਇਹ ਦੁੱਖ ਅਵਿਦਿਆ ਦਾ ਸਭ ਤੋਂ ਵੱਡਾ ਹੈ। ਦੂਸਰਾ ਹੁੰਦਾ ਹੈ ਜਿਸਨੂੰ ਅਭਿਨਿਵੇਸ਼ ਕਹਿੰਦੇ ਨੇ। ਉਹ ਦੁੱਖ ਇਹ ਹੈ ਕਿ ਗੁਰੂ ਸਾਹਿਬ ਤਾਂ ਬਿਲਕੁਲ ਸਾਫ ਦੱਸੀ ਜਾਂਦੇ ਨੇ, ਅਸੀਂ ਨਹੀਂ ਮੰਨਦੇ, ਸਾਡਾ ਵਿਸ਼ਵਾਸ਼ ਹੀ ਨਹੀਂ ਆਉਂਦਾ ਉਹਦੇ ਉੱਤੇ। ਸਾਡੇ ਕੋਲ ਹਜ਼ਾਰਾਂ ਮੰਤਕ ਨੇ, ਦਲੀਲਾਂ ਨੇ, ਜਿਸ ਨਾਲ ਅਸੀਂ ਕੱਟ ਦਿੰਦੇ ਹਾਂ ਗੁਰੂ ਸਾਹਿਬ ਦੀ ਗੱਲ। ਅੰਦਰੋਂ ਡਰ ਵੀ ਜਾਂਦੇ ਹਾਂ ਕਿ ਇਹ ਗੁਰੂ ਸਾਹਿਬ ਕੀ ਕਹਿੰਦੇ ਨੇ? ਪਰ ਸ਼ੰਕਾ ਕਰਦੇ ਹਾਂ ਕਿ ਗੁਰੂ ਸਾਹਿਬ ਨੂੰ ਸ਼ਾਇਦ ਨਾ ਪਤਾ ਹੋਵੇ ਇਨ੍ਹਾਂ ਗੱਲਾਂ ਦਾ, ਜਿਹੜੀਆਂ ਮੈਨੂੰ ਪਤਾ ਲਗ ਗਈਆਂ। ਆਦਮੀ ਦਾ ਮਨ ਹੈ ਨਾ ਕਲਜੁਗੀ ਮਨ, ਇਸ ਕਰਕੇ ਜੋ ਸਤਿ ਹੈ ਉਹਨੂੰ ਅਸਤਿ ਸਮਝਣਾ, ਬਾਣੀ ਨੂੰ ਇੱਕ ਕਵਿਤਾ ਵਾਗੂੰ ਸਮਝਣਾ, ਉਹਨੂੰ ਦੁੱਖ ਹੈ ਬੜਾ ਭਾਰਾ। ਤੀਸਰਾ ਹੈ ਅਸਿਮਿਤਾ-ਸਮ ਬਿਰਤੀ ਨਾ ਰਹਿਣੀ। ਉਹ ਹੈ ਮੌਤ ਤੋਂ ਡਰ ਲੱਗੀ ਜਾਣਾ, ਕਿਉਂਕਿ ਅੱਗੇ ਦਾ ਕਿਨਾਰਾ ਨਜ਼ਰ

ਨਹੀਂ ਆਇਆ।

*ਕਬੀਰ ਜਿਸੁ ਮਰਨੇ ਤੇ ਜਗੁ ਡਰੈ*
*ਮੇਰੈ ਮਨਿ ਆਨੰਦੁ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥*
*ਅੰਗ - ੧੩੬੫*

ਉਹਦਾ ਥਾਉ, ਪਤਾ ਨਾ ਹੋਣ ਕਰਕੇ ਮਰਨ ਤੋਂ ਡਰਦਾ ਹੈ, ਭਰੇ ਪਏ ਨੇ ਹਸਪਤਾਲ, ਦੁੱਖਾਂ ਤੋਂ ਡਰਨਾ ਤਾਂ ਠੀਕ ਹੈ, ਮੌਤ ਤੋਂ ਡਰਨਾ ਤਾਂ ਬੇਵਕੂਫੀ ਹੈ, ਗੁਰੂ ਮਹਾਰਾਜ ਨੇ ਮੌਤ ਤੋਂ ਉੱਪਰ ਕਰ ਦਿੱਤਾ ਸੀ ਸਾਨੂੰ। ਜੀਵਨ ਪਦ ਦੀ ਬਖਸ਼ਿਸ਼ ਕਰ ਦਿੱਤੀ ਸੀ, ਖਾਲਸਾ ਐਵੇਂ ਨਹੀਂ ਸੀਗਾ -

*ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ॥*
*ਪ੍ਰਭ ਮਹਿ, ਮੋ ਮਹਿ, ਤਸ ਮਹਿ, ਰੰਚਕ ਨਾਹਨ ਭੇਵ॥*
*(ਸਰਬ ਲੋਹ ਗ੍ਰੰਥ 'ਚੋਂ)*

ਭੋਰਾ ਜਿੰਨਾ ਵੀ ਭੇਤ ਨਾ ਮਹਾਰਾਜ ਨੇ ਰੱਖਿਆ, ਬਰਾਬਰ ਕਰ ਲਿਆ ਆਪਣੇ। ਜਿਹਨੂੰ ਖਾਲਸਾ ਪਦ ਦੀ ਪ੍ਰਾਪਤੀ ਹੋਈ। ਸੋ ਇਹ ਜਿਹੜਾ ਦੁੱਖ ਹੈ ਇਹ ਵੀ ਬਹੁਤ ਹੈ। ਚੌਥਾ ਹੈ ਰਾਗ, ਆਪਣੇ ਬੰਦਿਆਂ ਨਾਲ, ਆਪਣੇ ਹਿਤ ਦੇ ਬੰਦਿਆਂ ਨਾਲ, ਆਪਣੀ ਜਾਤ ਦੇ ਬੰਦਿਆਂ ਨਾਲ, ਆਪਣੀ ਗੋਤ ਦੇ ਬੰਦਿਆਂ ਨਾਲ। ਆਪਣੇ ਸ਼ਹਿਰ ਦੇ ਬੰਦਿਆਂ ਨਾਲ, ਆਪਣੇ ਮੁਹੱਲੇ ਦੇ ਬੰਦਿਆਂ ਨਾਲ। ਆਪਣੀ ਚੋਣਵੇਂ ਬੰਦੇ (selected catagary) ਜਿਹੜੀ ਹੈ, ਉਹਦੇ ਨਾਲ ਹਿਤ ਪੈਦਾ ਕਰ ਲੈਣਾ। ਉਹਦੇ ਜਿਹੜਾ ਵਿਪਰੀਤ ਹੈ ਉਹਦੇ ਨਾਲ ਦਵੈਸ਼ ਪੈਦਾ ਕਰਨੀ। ਇਹ ਪੰਜ ਦੁੱਖ, ਮਹਾਰਾਜ ਕਹਿੰਦੇ ਇਨ੍ਹਾਂ ਨੂੰ ਕਲੇਸ਼ ਕਹਿੰਦੇ ਨੇ। ਇਨ੍ਹਾਂ ਦੇ ਕੱਟਣ ਦਾ ਇੱਕੋ ਇਲਾਜ ਹੈ -

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥*
*ਕਲਿ ਕਲੇਸ ਤਨ ਮਾਹਿ ਮਿਟਾਵਉ ॥*
*ਅੰਗ - ੨੬੨*

ਕਲੇਸ਼ਾਂ ਦਾ ਨਾਸ਼ ਹੋ ਜਾਏਗਾ, ਸੋ ਇਸ ਕਰਕੇ ਨਾਮ ਜਪਣ ਨਾਲ ਸਾਰੇ ਦੁੱਖਾਂ ਦਾ ਖਾਤਮਾ ਹੁੰਦਾ ਹੈ। ਸੇਵਾ ਕਰਨ ਨਾਲ ਮਾਣ ਪ੍ਰਾਪਤ ਹੁੰਦਾ ਹੈ, ਦੋਵੇਂ ਚੀਜ਼ਾਂ ਜ਼ਰੂਰੀ ਨੇ, ਪਹਿਲੇ ਜੁਗਾਂ ਵਿੱਚ ਨਾਮ ਤਾਂ ਜਪਦੇ ਸੀ। ਪਰ ਸੇਵਾ ਤੋਂ ਲਾਂਭੇ ਸੀ, ਜਦੋਂ ਅਸੀਂ ਵਿਸ਼ਲੇਸ਼ਣ ਕਰੀਏ ਤਾਂ, ਉਨ੍ਹਾਂ ਜੁਗਾਂ ਦੇ ਮਾਨ ਯੋਗ ਰਿਸ਼ੀਆਂ-ਮੁਨੀਆਂ ਦਾ ਤੇ ਗੁਰਬਾਣੀ ਵਲ ਸਾਡੀ ਨਿਗ੍ਹਾ ਚਲੀ ਜਾਵੇ। ਅਸੀਂ ਹੈਰਾਨ ਹੋ ਜਾਂਦੇ ਹਾਂ ਕਿ ਜਿਹੜੀਆਂ ਗੱਲਾਂ ਦਾ ਉਨ੍ਹਾਂ ਨੂੰ ਪਤਾ ਨਹੀਂ ਲਗ ਸਕਿਆ, ਉਨ੍ਹਾਂ ਦੇ ਜੀਵਨ ਵਿੱਚ ਨਹੀਂ ਆ ਸਕੀਆਂ, ਗੁਰੂ ਸਾਹਿਬ ਨੇ ਉਹ ਸਾਡੇ ਵਾਸਤੇ ਕਰ ਦਿੱਤੀਆਂ। ਇਹ ਬਾਣੀ ਐਵੇਂ ਹੀ ਨਹੀਂ ਹੈ -

*ਸਭ ਤੇ ਵਡਾ ਸਤਿਗੁਰੁ ਨਾਨਕੁ*
*ਜਿਨਿ ਕਲ ਰਾਖੀ ਮੇਰੀ ॥ ਅੰਗ - ੭੫੦*

ਇਹਦੇ ਉੱਤੇ ਯਕੀਨ ਕਰਨਾ, ਜਿੰਨਾਂ ਯਕੀਨ ਅਸੀਂ ਕਰ ਲਵਾਂਗੇ, ਓਨਾਂ ਸਾਡਾ ਭਲਾ ਹੋ ਜਾਏਗਾ। ਸੋ ਆਪਾਂ ਪੜ੍ਹਿਆ ਹੈ ਕਿ 'ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ ਸੇਵਾ ਕਰਕੇ ਮਾਣ ਪਾਈਦੈ।'

*ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ*
*ਮਨ ਤਨ ਭਏ ਅਰੋਗਾ ॥ ਅੰਗ - ੬੧੧*

ਰੋਗ ਲਗਦੇ ਹੀ ਤਾਂ ਨੇ -

*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥*
*ਅੰਗ - ੧੩੫*

*ਖਸਮੁ ਵਿਸਾਰਿ ਕੀਏ ਰਸ ਭੋਗ ॥*
*ਤਾਂ ਤਨਿ ਉਠਿ ਖਲੋਏ ਰੋਗ ॥ ਅੰਗ - ੧੨੫੬*

ਰੋਗਾਂ ਦੀ ਥਿਊਰੀ ਇਹੀ ਹੈ ਇਹਦੇ ਵਿੱਚ ਹਸਪਤਾਲਾਂ ਦੀ ਲੋੜ ਹੀ ਨਹੀਂ ਹੈ, ਜੀਵਨ ਵਿੱਚ ਸੰਜਮ ਦੀ ਲੋੜ ਹੈ, ਨਿਯਮ ਨਾਲ ਵਰਤੋਂ, ਬੀਮਾਰ ਹੁੰਦਾ ਹੀ ਨਹੀਂ ਕਦੇ ਬੰਦਾ ਜਿਹਦੇ ਅੰਦਰ ਨਾਮ ਦਾ ਰਸ ਹੈ ਉਹ ਬਿਮਾਰ ਨਹੀਂ ਹੋਇਆ ਕਰਦਾ।

*ਗੁਰਮੁਖਿ ਅੰਤਰਿ ਸਹਜੁ ਹੈ*
*ਮਨੁ ਚੜਿਆ ਦਸਵੈ ਆਕਾਸਿ ॥*
*ਤਿਥੈ ਊਂਘ ਨ ਭੁਖ ਹੈ*
*ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥*
*ਨਾਨਕ ਦੁਖੁ ਸੁਖੁ ਵਿਆਪਤ ਨਹੀ*
*ਜਿਥੈ ਆਤਮ ਰਾਮ ਪ੍ਰਗਾਸੁ ॥ ਅੰਗ - ੧੪੧੪*

ਦੁਖਾਂ ਦਾ ਇਲਾਜ ਮਹਾਰਾਜ ਨੇ, ਸਰੀਰਕ ਦੁੱਖਾਂ ਦਾ, ਮਾਨਸਿਕ ਦੁੱਖਾਂ ਦਾ, ਨਾਮ ਦੱਸਿਆ ਹੈ, ਸੋ ਗੁਰਸਿੱਖਾਂ ਦਾ ਜੀਵਨ ਇਨ੍ਹਾਂ ਚੀਜ਼ਾਂ ਉੱਤੇ ਪਰਪੱਕ ਹੋ ਕੇ ਚਲਦਾ ਸੀ। ਉਹ ਸਾਨੂੰ ਚਾਨਣ ਮੁਨਾਰਾ ਦਿੰਦੇ ਨੇ। ਜਦ ਵੀ ਆਪਾਂ ਕੀਰਤਨ ਕਰਦੇ ਹਾਂ, ਕੋਈ ਨਾ ਕੋਈ, ਪ੍ਰਤੀਕ ਲੈਂਦੇ ਹਾਂ ਤਾਂ ਕਿ ਉਹਦੇ ਦੁਆਲੇ, ਉਹਦੇ ਜੀਵਨ ਨੂੰ ਦੇਖ ਕੇ ਸਾਨੂੰ ਪਤਾ ਲਗ ਜਾਵੇ, ਬੇਵਿਸ਼ਵਾਸ਼ੇ ਨਾ ਰਹੀਏ, ਜੇ ਉਹਨੇ ਉਹੋ ਜਿਹਾ ਜੀਵਨ ਜੀਅ ਲਿਆ ਸਾਨੂੰ ਵੀ ਪ੍ਰੇਰਨਾ ਆਉਂਦੀ ਹੈ ਕਿ ਠੀਕ ਹੈ ਜੇ ਉਹ ਬਿਤਾ ਗਿਆ, ਤਾਂ ਅਸੀਂ ਵੀ ਸਫਲ ਜੀਵਨ ਬਿਤਾ ਲਵਾਂਗੇ। ਉਨ੍ਹਾਂ ਵਿਚੋਂ ਇਤਿਹਾਸ ਦੇ ਵਿੱਚ ਇੱਕ ਬਹੁਤ ਹੀ ਚਮਕਦਾ ਜੀਵਨ ਆਇਆ ਹੈ, ਜਿਨ੍ਹਾਂ ਨੂੰ ਆਮ ਸਾਰੇ ਹੀ ਜਾਣਦੇ ਨੇ। ਉਹ ਹਨ ਭਾਈ ਘਨਈਆ ਜੀ। ਸੁਣਿਆ ਹੈ ਬਹੁਤ ਵਾਰੀ, ਦੀਵਾਨਾਂ ਵਿੱਚ ਮੈਂ ਵੀ ਬਹੁਤ ਵਾਰੀ ਉਨ੍ਹਾਂ ਦੇ ਪ੍ਰਸੰਗ, ਟੂਕਾਂ ਦਿੱਤੀਆਂ ਨੇ। ਜੀਵਨ 'ਤੇ ਵਿਚਾਰ ਕਰੀ, ਹਵਾਲੇ (refrence) ਦਿੱਤੇ ਨੇ ਜਿਹੜੇ ਮਿਲਦੇ ਜੁਲਦੇ ਹੁੰਦੇ ਨੇ। ਉਹ ਵਜ਼ੀਰਾਬਾਦ ਦੇ ਕੋਲ, ਪਾਕਿਸਤਾਨ 'ਚ ਪੰਜ-ਛੇ ਮੀਲ ਦੇ ਉੱਤੇ ਇੱਕ ਸੌਦਰਾ, ਸੌ ਦਰਾਂ ਵਾਲਾ ਪਿੰਡ ਸੀ, ਓਸ ਥਾਂ ਦੇ ਉਹ ਵਸਨੀਕ ਸੀਗੇ ਤੇ ਸਰੀਰਕ ਰੂਪ ਦੇ ਅਨੁਸਾਰ ਜੇ ਜਾਤ-ਪਾਤ ਗਿਣਦੇ ਹਾਂ ਤਾਂ ਖੱਤਰੀਆਂ ਦੇ ਘਰ ਉਨ੍ਹਾਂ ਦਾ ਜਨਮ

ਹੋਇਆ ਸੀ। ਬਹੁਤ ਵਧੀਆ ਪਿੰਡ ਸੀ, ਬੜਾ ਅਮੀਰ ਗਿਣਿਆ ਗਿਆ ਸੀ, ਐਸਾ ਦਸਦੇ ਨੇ ਕਿ ਓਥੇ ਇੱਕ ਬਾਗ ਸੀ ਜਿਹਨੂੰ ਨੌਂ ਲੱਖਾ ਬਾਗ ਕਹਿੰਦੇ ਸੀ, ਨੌਂ ਲੱਖ ਰੁਪਏ ਦਾ ਬਣਿਆ ਹੋਇਆ ਬਾਗ, 'ਨੌਂ' ਦਾ ਹਿੰਸਾ ਪਹਿਲਾਂ ਬੜਾ ਸ਼ੁਭ ਮੰਨਿਆ ਜਾਂਦਾ ਸੀ। ਨੌਂ ਲੱਖਾ ਹਾਰ ਕਹਿੰਦੇ ਸੀ, ਨੌਂ ਲੱਖਾ ਬਾਗ ਕਹਿੰਦੇ ਸੀ, ਨੌਂ ਲੱਖਾ ਮਹੱਲ ਕਹਿੰਦੇ ਸੀ; ਉਸ ਥਾਂ ਦੇ ਉਹ ਰਹਿਣ ਵਾਲੇ ਸੀਗੇ ਤੇ ੧੯੪੩ ਈਸਵੀ ਦੇ ਵਿੱਚ ਉਨ੍ਹਾਂ ਦਾ ਜਨਮ ਹੋਇਆ। ਬਚਪਨ ਤੋਂ ਹੀ ਉਨ੍ਹਾਂ ਦਾ ਧਿਆਨ ਅਜੀਬ ਕਿਸਮ ਦਾ ਸੀ। ਜਿਹੜੇ ਬੱਚੇ ਹੁੰਦੇ ਨੇ ਇਸ ਰਸਤੇ 'ਤੇ ਪੈਣ ਵਾਲੇ ਉਹ ਬਚਪਨ ਤੋਂ ਹੀ ਇਸ ਤਰ੍ਹਾਂ ਦੇ ਹੁੰਦੇ ਨੇ। ਜਦ ਸੁਰਤ ਸੰਭਾਲੀ, ਘਰ ਵਿੱਚ ਬੇਅੰਤ ਪੈਸਾ ਸੀ, ਖੁੱਲਾ ਪਿਆ ਰਹਿੰਦਾ ਸੀ, ਜੇਬ ਭਰ ਲੈਣੀ; ਬਾਹਰ ਚਲੇ ਜਾਣਾ ਜਾ ਕੇ ਜਿਹੜੇ ਮੁੰਡਿਆਂ ਦੇ ਕੋਲ ਜੁੱਤੀ ਨਹੀਂ ਸੀ ਹੁੰਦੀ, ਕੱਪੜਾ ਨਹੀਂ ਸੀ ਹੁੰਦਾ, ਠੁਰ-ਠੁਰ ਕਰਦੇ ਹੁੰਦੇ, ਉਨ੍ਹਾਂ ਨੂੰ ਮੁੱਠੀਆਂ ਭਰ-ਭਰ ਕੇ ਦੇ ਦੇਣਾ। ਕਈ ਵਾਰੀ ਮਾਤਾ ਜੀ ਨੇ ਸ਼ਿਕਾਇਤ ਕਰੀ ਕਿ ਇਹ ਪੈਸੇ ਲੈ ਜਾਂਦਾ ਹੈ, ਆਪ ਖਾਂਦਾ ਐਨਾ ਕੁਛ ਨਹੀਂ, ਗਰੀਬਾਂ ਨੂੰ ਵੰਡ ਆਉਂਦਾ ਹੈ ਹਮੇਸ਼ਾ ਹੀ, ਆਪਾਂ ਨੂੰ ਥੋੜ੍ਹੀ ਜਿਹੀ ਚੌਕਸੀ ਰੱਖਣੀ ਚਾਹੀਦੀ ਹੈ। ਜੇ ਕੋਈ ਵਧੀਆ ਚੀਜ਼ ਦੇ ਦਿੱਤੀ, ਜੋੜਾ ਹੈ ਤਾਂ ਜੋੜਾ ਦੇ ਆਉਣਾ ਹੈ, ਆਪ ਨੰਗੇ ਪੈਰ ਆ ਜਾਣਾ। ਇਸ ਤਰ੍ਹਾਂ ਜੁਆਨੀ 'ਚ ਦਾਖਲ ਹੋਏ, ਲੋਕਾਂ ਦੇ ਖਿਆਲ ਵਿੱਚ ਇਹ ਸੀ ਇਹਦਾ ਦਿਮਾਗ ਠੀਕ ਨਹੀਂ ਹੈ। ਕੁਛ ਥੋੜ੍ਹਾ ਜਿਹਾ ਬਉਲਾਪੁਣ ਹੈ ਇਨ੍ਹਾਂ ਦੇ ਵਿਚ। ਆਮ ਹੀ ਦੁਨੀਆਂ ਕਹਿੰਦੀ ਹੈ। ਉਨ੍ਹਾਂ ਦਿਨਾਂ ਵਿੱਚ ਵਗਾਰ ਦਾ ਕੰਮ ਬਹੁਤ ਚਲਦਾ ਸੀ, ਵਗਾਰੀ ਫੜ ਲੈਣਾ, ਭਾਰੀ-ਭਾਰੀ ਸਮਾਨ ਉਨ੍ਹਾਂ ਦੇ ਸਿਰਾਂ 'ਤੇ ਲੱਦ ਦੇਣਾ ਕਿ ਚੱਲੋ ਫਲਾਣੇ ਥਾਂ ਦਸ ਮੀਲ 'ਤੇ ਛੱਡ ਕੇ ਆਓ। ਇਹ ਭਾਈ ਘਨਈਆ ਅਛੋਪਲੇ ਹੀ ਘਰ 'ਚੋਂ ਨਿਕਲ ਆਏ ਸੀ, ਜੁਆਨ ਹੋ ਗਿਆ ਸੀ। ਰਾਹ 'ਤੇ ਬਹਿ ਜਾਣਾ, ਜਦੋਂ ਕਾਫਲਾ ਆਉਣਾ ਕੋਈ ਸਮਾਨ ਚੁੱਕੇ ਹੋਣੇ, ਜਿਹੜਾ ਦੇਖਣਾ ਕਿ ਆਹ ਦਬਦਾ ਜਾਂਦਾ ਹੈ, ਉਹਨੂੰ ਕਹਿਣਾ ਕਿ ਲਿਆ ਮੈਨੂੰ ਦੇਹ ਤੂੰ। ਸਿਰ 'ਤੇ ਚੁੱਕ ਲਿਆ ਮੀਲ ਲੰਘਾ ਦਿੱਤਾ, ਦੂਜੇ ਦਾ ਲੰਘਾ ਦਿਤਾ, ਮੀਲ ਲੰਘਾ ਦੇਣਾ। ਪਿਉ ਅਮੀਰ ਸੀ ਉਨ੍ਹਾਂ ਦਾ, ਠੇਕੇਦਾਰ ਸੀ ਬੜਾ ਵੱਡਾ, ਫੌਜਾਂ ਨੂੰ ਉਹ ਰਾਸ਼ਨ ਪਹੁੰਚਾਇਆ ਕਰਦਾ ਸੀ, ਬੜਾ ਮੁਨਾਫਾ ਸੀ ਉਹਨੂੰ। ਜਦ ਉਹਨੂੰ ਪਤਾ ਲਗਣਾ, ਉਹਨੇ ਬਹੁਤ ਨਰਾਜ਼ ਹੋਣਾ, ਜਿਵੇਂ ਮਹਿਤਾ ਕਾਲੂ ਜੀ ਗੁਰੂ ਨਾਨਕ ਸਾਹਿਬ ਉਪਰ ਨਰਾਜ਼ ਹੁੰਦੇ ਸੀ। ਬਹੁਤ ਨਰਾਜ਼ ਹੋਏ, ਕਹਿਣ ਲੱਗੇ, ਕਿ ਤੈਨੂੰ ਕੁਛ ਪਤਾ ਨਹੀਂ, ਕੀ ਤੂੰ ਮਜ਼ਦੂਰਾਂ ਦੇ ਘਰ ਜੰਮਿਆ ਹੈਂ? ਮੈਂ ਕਿੱਡਾ ਵੱਡਾ ਠੇਕੇਦਾਰ ਹਾਂ, ਕਿੱਡੀ ਇਜ਼ਤ ਹੈ ਮੇਰੀ, ਤੂੰ ਮੇਰੀ ਇਜ਼ਤ ਸਾਰੀ ਮਲੀਆਮੇਟ ਕਰ ਰਿਹਾ ਹੈਂ। ਮਜ਼ਦੂਰਾਂ ਦੇ ਜਾ ਕੇ ਬੋਝੇ ਚੁੱਕਦਾ ਹੈਂ। ਸਾਰਾ ਦਿਨ ਤੈਨੂੰ ਇਹੀ ਕੰਮ ਰਹਿ ਗਿਆ, ਹੋਰ ਕੋਈ ਕੰਮ ਨਹੀ? ਸੋ ਇਹ ਉਨ੍ਹਾਂ ਦਾ ਮੁੱਢਲਾ (basic) ਜੀਵਨ ਸੀ, ਪਰ ਅਜੇ ਤੱਕ ਇਨ੍ਹਾਂ ਨੂੰ ਕੋਈ ਸਾਧੂ ਨਹੀਂ ਸੀ ਮਿਲਿਆ। ਕੋਈ ਰੱਬ ਦਾ ਪਿਆਰਾ ਨਹੀਂ ਸੀ ਮਿਲਿਆ, ਜਿਹੜਾ ਮੇਲ ਦਿੰਦਾ, ਅਗਾਹਾਂ ਦਾ ਗਿਆਨ ਦੇ ਦਿੰਦਾ। ਲੇਕਿਨ ਮਨ ਵਿੱਚ ਖਿੱਚ ਬੜੀ ਸੀ। ਉਹ ਖਿੱਚ ਹੀ ਇਨ੍ਹਾਂ ਤੋਂ ਇਹੋ ਜਿਹੇ ਕੰਮ ਕਰਾਈ ਜਾਂਦੀ ਸੀ ਤੇ ਹਰ ਵਕਤ ਮਨ ਵਿੱਚ ਲਗਨ ਰਹਿੰਦੀ ਸੀ। ਲੋਕਾਂ ਦੇ ਵਿੱਚ ਇਹ ਮਸ਼ਹੂਰ ਹੋ ਗਿਆ, ਗਾਉਂਦਾ ਤੁਰਿਆ ਫਿਰਦਾ ਹੈ, ਗਲੀਆਂ 'ਚ ਗਾਈ ਜਾਂਦਾ ਹੈ, ਉਹਨੂੰ ਦੀਵਾਨਾ ਕਹਿਣ ਲੱਗ ਗਏ, ਬੇਤਾਲਾ, ਬੇਸਮਝ, ਮੂੜ੍ਹ ਹੈ, ਜਿੰਨੇ ਦੁਨੀਆਂ ਦੇ ਮੂੰਹ ਓਨੀਆਂ ਗੱਲਾਂ –

***ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥***

***ਅੰਗ – ੧੪੫***

ਸੰਤਾਂ ਦਾ ਜੀਵਨ ਮੁੱਢ ਤੋਂ ਹੀ ਹੋਰ ਤਰ੍ਹਾਂ ਦਾ ਹੁੰਦਾ ਹੈ, ਜਿਨ੍ਹਾਂ ਨੇ ਬਹੁਤ ਉੱਚੇ ਬਣਨਾ ਹੁੰਦਾ ਹੈ। ਗੁਰੂ ਨਾਨਕ ਪਾਤਸ਼ਾਹ ਨੂੰ ਆਹੀ ਅੱਖਰ ਵਰਤੇ ਗਏ ਸੀ। ਕੋਈ ਕਹਿੰਦਾ ਸੀ ਇਹ ਬੇਤਾਲਾ ਹੈ, ਕੋਈ ਕਹਿੰਦਾ ਸੀ ਇਹ ਭੂਤਨਾ ਹੈ, ਕੋਈ ਕਹਿੰਦਾ ਸੀ ਇਹਨੂੰ ਪਤਾ ਨਹੀਂ ਹੈ ਘਰ ਗੁਆਉਂਦਾ ਹੈ, ਇਹਨੂੰ ਪਤਾ ਨਹੀਂ ਹੈ। ਮਹਾਰਾਜ ਜੀ ਜਦ ਜਵਾਬ ਦਿੰਦੇ ਸੀ ਇਸ ਤਰ੍ਹਾਂ ਦੇ ਨਾਲ ਕਿ ਪਿਆਰਿਓ! ਠੀਕ ਹੈ, ਮੈਨੂੰ ਉਹ ਅਕਲ ਨਹੀਂ ਹੈ ਜਿਹੜੀ ਤੁਹਾਨੂੰ ਹੈ, ਪਰ ਤੁਹਾਡੇ ਵਾਲੀ ਅਕਲ, ਅਕਲ ਨਹੀਂ ਹੈ। ਮੈਂ ਦੀਵਾਨਾ ਨਹੀਂ ਹੋਇਆ ਸੰਸਾਰ ਦੇ ਪਦਾਰਥਾਂ ਦੇ ਪਿੱਛੇ। ਤੁਸੀਂ ਦੀਵਾਨੇ ਹੋਏ ਫਿਰਦੇ ਹੋ, ਤੁਹਾਨੂੰ ਪਤਾ ਹੋਣਾ ਚਾਹੀਦਾ ਹੇ ਕਿ ਕੋਈ ਪਦਾਰਥ ਨਾਲ ਨਹੀਂ ਜਾਣਾ। ਮੈਂ ਦੀਵਾਨਾ ਹੋ ਕੇ ਉਹ ਕੰਮ ਕਰ ਰਿਹਾ ਹਾਂ, ਜਿਹੜਾ ਸਦੀਵ ਮੇਰੇ ਨਾਲ ਰਹਿਣਾ ਹੈ, ਜਿਹਨੇ ਇਥੇ ਵੀ ਵਡਿਆਈ ਦਿਵਾਉਣੀ ਹੈ, ਦਰਗਾਹ ਵਿੱਚ ਵੀ ਵਡਿਆਈ ਦਿਵਾਉਣੀ ਹੈ –

***ਧਾਰਨਾ – ਤਉ ਦਰਸ਼ਨ ਕੇ ਤਾਂਈ,***
***ਭਇਆ ਦੀਵਾਨਾ-ਭਇਆ ਦੀਵਾਨਾ।***

***ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ ॥***
***ਕੋਈ ਆਖੈ ਆਦਮੀ ਨਾਨਕੁ ਵੇਚਾਰਾ ॥***

***ਅੰਗ – ੯੯੧***

'ਬੇਤਾਲਾ' ਜਿਹੜਾ ਬਹੁਤ ਵੱਡਾ ਭੂਤ ਹੋਵੇ ਉਹਨੂੰ ਕਹਿੰਦੇ ਨੇ। ਕੋਈ ਕਹਿੰਦਾ ਹੈ ਜਿਹੜਾ ਬੇਤਾਲ ਭੂਤ ਤੋਂ ਵੀ ਵੱਡਾ ਜਿਹੜਾ ਹੈ ਉਹ ਹੈ ਇਹ। ਕੋਈ ਕਹਿੰਦਾ ਹੈ ਕਿ ਇਹ ਹੈ ਤਾਂ ਆਦਮੀ, ਪਰ ਭਾਈ ਅਸੀਂ ਤਾਂ ਵਿਚਾਰੇ ਹਾਂ। ਸਾਡਾ ਜੋ ਚਾਰਾ ਹੈ, ਸੰਸਾਰ ਵਿੱਚ ਨਹੀਂ ਹੈ। ਸੋ ਸਾਡਾ ਨਿਰੰਕਾਰ ਹਰ ਵਕਤ ਨਾਲ ਹੈ। ਮੈਂ ਤੁਹਾਡੇ ਵਾਂਗਣ ਦੀਵਾਨਾ ਨਹੀਂ ਹੋਇਆ ਕਿ ਮਾਇਆ ਦੇ ਢੇਰ ਲਾਉਣ

ਵਾਸਤੇ ਮੈਂ ਤੁਰਾਂ। ਆਪਣਾ ਸਮਾਂ ਬਰਬਾਦ ਕਰਾਂ। ਵੱਡੀਆਂ-ਵੱਡੀਆਂ ਕੋਠੀਆਂ, ਵੱਡੀਆਂ-ਵੱਡੀਆਂ ਬਿਜਨਸਾਂ ਸੈੱਟ ਕਰਾਂ, ਇਹੋ ਜਿਹਾ ਦੀਵਾਨਾ ਨਹੀਂ ਹਾਂ ਮੈਂ। ਇਹ ਤੁਸੀਂ ਆਪੇ ਹੀ ਵਿਚਾਰ ਕਰ ਲਓ ਜਿਹੜੀਆਂ ਚੀਜ਼ਾਂ ਛੱਡ ਜਾਣੀਆਂ ਨੇ, ਉਹ ਇਕੱਠੀਆਂ ਕਰਨੀਆਂ ਇਹ ਅਕਲ ਹੈ ਕਿ ਦੀਵਾਨਗੀ ਹੈ। ਜਿਹੜੀ ਚੀਜ਼ ਨਾਲ ਹੀ ਨਹੀਂ ਰਹਿਣੀ, ਥਿਰ ਹੀ ਨਹੀਂ ਰਹਿਣੀ, ਉਹ ਦੀਵਾਨਗੀ ਹੈ ਕਿ ਉਹ ਅਕਲ ਵਾਲੀ ਗੱਲ ਹੈ। ਮੈਂ ਜਿਹੜਾ ਦੀਵਾਨਾ ਹੋਇਆ ਹਾਂ -

***ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ ॥***
***ਅੰਗ - ੯੯੧***

ਦੀਵਾਨਾ ਨਹੀਂ ਮੈਂ ਬਉਰਾ ਵੀ ਹੋਇਆ ਹੋਇਆ ਹਾਂ। ਬਉਰਾ ਹੋ ਕੇ ਮੈਂ ਕੱਟ-ਕੱਟ ਵੀ ਸੁੱਟ ਰਿਹਾ ਹਾਂ। ਕਾਮ ਨੂੰ, ਕ੍ਰੋਧ ਨੂੰ, ਲੋਭ ਨੂੰ, ਮੋਹ ਨੂੰ, ਅਹੰਕਾਰ ਨੂੰ, ਈਰਖਾ, ਨਿੰਦਿਆ ਚੁਗਲੀ ਨੂੰ, ਅਗਿਆਨਤਾ; ਰਾਗ, ਦਵੈਸ਼-

***ਹਉ ਹਰਿ ਬਿਨੁ ਅਵਰੁ ਨ ਜਾਨਾ ॥***
***ਅੰਗ - ੯੯੧***

ਮੇਰੇ ਸਾਮ੍ਹਣੇ ਤਾਂ ਇੱਕ ਧੇਅ ਹੈ, ਉਸ ਤੋਂ ਬਗੈਰ ਮੈਂ ਕੁਛ ਜਾਣਦਾ ਹੀ ਨਹੀਂ ਹਾਂ। ਤੁਸੀਂ ਜਿਹੜਾ ਵੀ ਨਾਉਂ ਦੇਣਾ ਹੈ ਦੇ ਲਓ।

***ਤਉ ਦੇਵਾਨਾ ਜਾਣੀਐ ਜਾ ਭੈ ਦੇਵਾਨਾ ਹੋਇ ॥***
***ਏਕੀ ਸਾਹਿਬ ਬਾਹਰਾ***
***ਦੂਜਾ ਅਵਰੁ ਨ ਜਾਣੈ ਕੋਇ॥ ਅੰਗ - ੯੯੧***

ਕਹਿੰਦੇ ਅਸਲੀ ਦੀਵਾਨਾ ਤਾਂ ਉਹ ਹੈ, ਜਿਹੜਾ ਸਾਰੇ ਵਾਹਿਗੁਰੂ ਦੇਖਦਾ ਹੈ, ਦੂਸਰਾ ਉਹਨੂੰ ਕੋਈ ਨਜ਼ਰ ਹੀ ਨਹੀਂ ਆਉਂਦਾ। ਸੋ ਇਸ ਤਰ੍ਹਾਂ ਨੇ ਨਾਲ ਕਬੀਰ ਸਾਹਿਬ ਕਹਿੰਦੇ -

***ਮੈ ਬਿਗਰੇ ਅਪਨੀ ਮਤਿ ਖੋਈ ॥***
***ਮੇਰੇ ਭਰਮਿ ਭੂਲਉ ਮਤਿ ਕੋਈ ॥ ਅੰਗ - ੮੫੫***

ਮੈਂ ਤਾਂ ਬਿਗਰ ਗਿਆ, ਆਪਣੀ ਮਤ ਖੋ ਲਈ, ਤੁਸੀਂ ਕਾਹਨੂੰ ਮੇਰੇ ਮਗਰ ਲਗ ਕੇ ਭੁਲਦੇ ਹੋ। ਕਹਿੰਦੇ-

***ਸੋ ਬਉਰਾ ਜੋ ਆਪੁ ਨ ਪਛਾਨੈ॥ ਅੰਗ - ੮੫੫***

ਬਉਰੇ ਤਾਂ ਉਹ ਨੇ ਜਿਨ੍ਹਾਂ ਨੂੰ ਇਹ ਨਹੀਂ ਪਤਾ ਕਿ ਮੈਂ ਕੌਣ ਹਾਂ? ('who am I'); -

***ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ ॥***
***ਏਤੀ ਨ ਜਾਨਉ ਕੇਤੀਕ ਮੁਦਤਿ***
***ਚਲਤੇ ਖਬਰਿ ਨ ਪਾਇਓ ॥ ੧ ॥***
***ਅੰਗ - ੯੯੯***

ਸਾਨੂੰ ਤਾਂ ਪਤਾ ਹੀ ਨਹੀਂ ਆਪਣੇ ਜਨਮ ਦਾ, ਸਾਨੂੰ ਤਾਂ ਲੋਕ ਕਹਿੰਦੇ ਨੇ ਕਿ ਤੇਰੀ ਮਾਂ ਇਹ ਹੈ। ਅਸੀਂ ਤਾਂ ਨਹੀਂ ਜਾਣਦੇ, ਦੱਸਿਆ ਜਾਂਦਾ ਹੈ ਸਾਨੂੰ। ਲੋਕ ਬੱਚੇ ਲੈ ਲੈਂਦੇ ਨੇ, ਬੱਚੇ ਨੂੰ ਪਤਾ ਨਹੀਂ ਲਗਦਾ ਸਾਰੀ ਜ਼ਿੰਦਗੀ ਕਿ ਮੇਰੇ ਮਾਂ-ਬਾਪ ਕੌਣ ਸੀਗੇ। ਵੱਡੇ-ਵੱਡੇ ਰਾਜਿਆਂ ਦੇ ਨਾਲ ਇਹ ਗੱਲਾਂ ਹੋਈਆਂ ਨੇ। ਕਹਿੰਦੇ ਉਹ ਦੀਵਾਨੇ ਨੇ, ਮੈਂ ਨਹੀਂ ਹਾਂ। ਜਿਹਨੂੰ ਆਪਣੇ ਆਪ ਦੀ ਪਛਾਣ ਨਹੀਂ ਦੱਸੋ ਕੀ ਅਕਲਮੰਦ ਬੰਦਾ ਹੈ, ਉਹ?

ਇੱਕ ਰਾਜਾ ਸੀ, ਮਿਸਾਲ ਦਿੱਤੀ ਜਾਂਦੀ ਹੈ, ਹੋਰ ਚੰਗੀ ਤਰ੍ਹਾਂ ਸਮਝਣ ਵਾਸਤੇ। ਨਾਲ ਦੇ ਰਾਜੇ ਦੀ ਹੱਦ ਲਗਦੀ ਸੀ, ਉਹਦਾ ਵੀ ਉਥੇ ਨੇੜੇ ਹੀ ਬਣਾਇਆ ਹੋਇਆ ਸੀ ਆਰਾਮ ਘਰ (guest house), ਇਹ ਵੀ ਆਪਣੇ guest house ਵਿੱਚ ਗਿਆ ਹੋਇਆ ਸੀ। ਮਹੱਲ ਨੇੜੇ ਸੀ, ਇਸ ਰਾਜੇ ਨੂੰ ਦੂਜੇ ਨੇ ਸੱਦਾ ਪੱਤਰ ਦਿੱਤਾ ਕਿ ਤੁਸੀਂ ਖਾਣਾ ਰਾਤ ਦਾ ਮੇਰੇ ਵਲ ਖਾਣਾ ਹੈ। ਮੈਂ ਕੁਦਰਤੀ ਆਪਣੀ ਰਾਜਧਾਨੀ ਤੋਂ ਤੁਹਾਡੇ ਨੇੜੇ ਆਇਆ ਹੋਇਆ ਹਾਂ। ਰਾਜੇ ਨੇ ਨਿਮੰਤਰਣ ਮਨਜ਼ੂਰ ਕਰ ਲਿਆ, ਵਜ਼ੀਰ ਨੂੰ ਵੀ ਨਾਲ ਜਾਣਾ ਪੈਣਾ ਸੀ। ਜਰਨੈਲ ਨੂੰ ਵੀ ਨਾਲ ਜਾਣਾ ਪੈਣਾ ਸੀ, ਹੋਰ ਸੈਕਟਰੀ ਵਗੈਰਾ ਵੀ ਨਾਲ ਜਾਣੇ ਸੀ। ਉਹ ਸਾਰੇ ਹੀ ਨਾਲ ਚਲੇ ਗਏ। ਉਥੇ ਜਾ ਕੇ ਬੜੇ ਤੇਜ਼ ਕਿਸਮ ਦੀ ਸ਼ਰਾਬ ਉਹਨੇ ਪੇਸ਼ ਕਰ ਦਿੱਤੀ। ਵਜ਼ੀਰ ਵਗੈਰਾ ਸਿਆਣੇ ਸੀ, ਉਨ੍ਹਾਂ ਨੇ ਕਿਹਾ ਕਿ ਸਾਨੂੰ ਡਿਗਰੀ ਦਾ ਹੀ ਨਹੀਂ ਪਤਾ, ਐਵੇਂ ਹੀ ਨਾ ਪਾਗਲ ਹੋ ਜਾਈਏ। ਰਾਜੇ ਕਿਉਂਕਿ ਦੋਵੇਂ ਇਕੱਠੇ ਬੈਠੇ ਸੀ, ਉਹ ਪੀਣ ਲੱਗ ਗਏ, ਉਨ੍ਹਾਂ ਨੂੰ ਚੜ੍ਹ ਗਈ।

ਸ਼ਰਾਬੀ ਦੀਆਂ ਚਾਰ ਹਾਲਤਾਂ ਹੁੰਦੀਆਂ ਨੇ। ਇੱਕ ਤਾਂ ਜਦੋਂ ਉਹ ਸ਼ਰਾਬ ਪੀਂਦਾ ਹੈ ਕਹਿੰਦਾ ਹੈ ਕਿ ਮੈਨੂੰ ਤਾਂ ਨਸ਼ਾ ਹੀ ਨਹੀਂ ਚੜ੍ਹਦਾ, ਇਹਨੂੰ ਹੀ ਚੜ੍ਹਦਾ ਹੈ। ਇੱਕ ਵਾਰੀ ਸਾਡੇ ਇੱਕ ਰਿਸ਼ਤੇਦਾਰ ਸੀ, ਉਨ੍ਹਾਂ ਨੂੰ ਕਿਹਾ ਕਿ ਸ਼ਰਾਬ ਨਾ ਪੀਣਾ। ਉਹ ਪਹਿਲੀ ਮਾਘ ਨੂੰ ਯੱਗ ਕਰਦੇ ਹੁੰਦੇ ਸੀ, ਰਸਤੇ 'ਤੇ ਆ ਕੇ। ਉਹ ਕਹਿੰਦੇ ਸੀ ਕਿ ਐਨੇ ਅਸੀਂ ਕਮਲੇ ਤਾਂ ਨਹੀਂ ਹਾਂ ਕਿ ਨਾਲੇ ਯੱਗ ਕਰੀਏ, ਨਾਲੇ ਸ਼ਰਾਬ ਪੀਈਏ। ਯੱਗ ਕਰਿਆ, ਸ਼ਰਾਬ ਪੀ ਲਈ ਜ਼ਿਆਦਾ, ਉਨ੍ਹਾਂ ਨੇ ਘਰ ਨੂੰ ਆਉਣ ਲੱਗੇ ਟਰੈਕਟਰ ਜੋੜਿਆ ਟਰਾਲੀ ਨਾਲ, ਨੌਕਰ ਕਹਿੰਦਾ ਕਿ ਸਰਦਾਰ ਜੀ ਤੁਸੀਂ ਜ਼ਿਆਦਾ ਪੀਤੀ ਹੋਈ ਹੈ, ਮੈਨੂੰ ਫੜਾ ਦੇ, ਨਹੀਂ ਤਾਂ ਮੈਂ ਵੀ ਮਰਾਂਗਾ, ਤੂੰ ਵੀ ਮਰੇਂਗਾ। ਮੈਂ ਬਚਾ ਕੇ ਲੈ ਚਲਾਂਗਾ, ਨਹਿਰ ਦਾ ਕੰਢਾ ਹੈ। ਉਹਨੇ ਲੈ ਲਿਆ, ਪਰ ਜਦ ਥੋੜ੍ਹਾ ਜਿਹਾ ਉਸਨੇ ਚਲਾਇਆ ਤਾਂ ਨੌਕਰ ਨੂੰ ਕਹਿੰਦਾ ਕਿ ਤੂੰ ਤਾਂ ਸ਼ਰਾਬੀ ਹੈਂ, ਤੈਨੂੰ ਤਾਂ ਪਤਾ ਹੀ ਨਹੀਂ ਹੈ, ਫੜਾ ਮੈਨੂੰ। ਜਦ ਉਹਨੂੰ ਫੜਾਇਆ, ਕਾਰ ਵਾਂਗੂੰ ਨਠਾ ਦਿੱਤਾ, ਸਿੱਧਾ ਹੀ ਨਹਿਰ 'ਚ ਗਿਆ। ਟਰੈਕਟਰ ਉਲਟ ਗਿਆ, ਉਹਦੇ ਥੱਲੇ ਟਰਾਲੀ ਵੀ ਡੁੱਬ ਗਈ, ਉਹ ਵੀ ਡੁੱਬ ਗਏ। ਸਵੇਰੇ ਬਾਕੀ ਭਾਲਦੇ ਫਿਰਨ। ਕਿਸੇ ਨੇ ਦੇਖ ਲਿਆ, ਕਹਿੰਦੇ ਉਹ ਦੇਖੋ ਟਰੈਕਟਰ ਪਿਆ, ਜਦ ਸਿੱਧਾ ਕਰਿਆ, ਉਨ੍ਹਾਂ ਦਾ ਪਤਾ ਲੱਗ

ਗਿਆ। ਕੋਈ ਬੰਦਾ ਉਨ੍ਹਾਂ ਵਿੱਚ ਬਿਨਾਂ ਸ਼ਰਾਬ ਪੀਤੇ ਸੀ, ਉਹ ਪਹਿਲਾਂ ਹੀ ਉਤਰ ਗਿਆ ਸੀ, ਉਹਨੇ ਦੱਸਿਆ ਕਿ ਇਹ ਦੋਵੇਂ ਝਗੜਦੇ ਸੀ ਕਿ ਤੂੰ ਜ਼ਿਆਦਾ ਪੀਤੀ ਹੈ, ਉਹ ਕਹਿੰਦਾ ਸੀ ਤੂੰ ਜ਼ਿਆਦਾ ਸ਼ਰਾਬ ਪੀਤੀ ਹੈ। ਸੋ ਇਸ ਤਰ੍ਹਾਂ ਪਤਾ ਨਹੀਂ ਲਗਦਾ।

ਦੂਸਰਾ ਉਹ ਹੁੰਦਾ ਹੈ, ਜਿਹੜਾ ਉਹ ਪਹਿਲਾ ਪੇਗ ਪੀਂਦਾ ਹੈ ਨਾ, ਉਹਦੇ ਨਾਲ ਜਿਹੜਾ ਗੂੰਗਾ ਬੰਦਾ ਹੋਵੇ, ਬੋਲਦਾ ਹੀ ਨਾ ਹੋਵੇ, ਸ਼ਰਮ ਮਹਿਸੂਸ ਕਰਦਾ ਹੋਵੇ, ਉਹ ਤੋਤੇ ਵਾਂਗਣ ਬੋਲਣ ਲਗ ਜਾਂਦਾ ਹੈ। ਉਹ ਕਹਿੰਦੇ ਨੇ ਕਿ ਤੋਤਾ ਪੈਗ, ਉਹਦੇ ਨਾਉਂ ਵੀ ਰੱਖੇ ਹੋਏ ਨੇ। ਤੀਸਰਾ ਜਿਹੜਾ ਹੈ ਉਹਨੂੰ ਗਧਾ ਪੇਗ ਕਹਿੰਦੇ ਨੇ, ਕੱਪੜਿਆਂ ਤੇ ਡੋਲ੍ਹ ਲਏਗਾ ਖਾਂਦਾ ਪੀਂਦਾ, ਥੱਲੇ ਹੀ ਪੈ ਜਾਏਗਾ, ਬੇਸੁੱਧ ਹੋ ਜਾਂਦਾ ਹੈ। ਚੌਥਾ ਜਿਹੜਾ ਹੈ ਉਹਨੂੰ ਮੁਰਦੇ ਦਾ ਪੇਗ ਕਹਿੰਦੇ ਨੇ, ਰਾਹ ਵਿੱਚ ਹੀ ਗਿਰਿਆ ਪਿਆ ਹੁੰਦਾ ਹੈ।

ਇੱਕ ਵਾਰੀ ਮੈਂ ਦੀਵਾਨ ਲਾ ਕੇ ਆਇਆ, ਉਨ੍ਹਾਂ ਦਿਨਾਂ 'ਚ ਲੋਕੀ ਬਹੁਤ ਸ਼ਰਾਬ ਪੀਂਦੇ ਸੀ, ਹੁਣ ਤਾਂ ਬਹੁਤ ਫਰਕ ਪੈ ਗਿਆ ਇਨ੍ਹਾਂ ਚੰਡੀਗੜ੍ਹ ਦੇ ਇਲਾਕਿਆਂ 'ਚ, ੯੫% ਤਾਂ ਜਰਦਾ ਖਾਂਦੇ ਸੀ ਇਹ ਲੋਕ। ਤਮਾਕੂ ਖਾਂਦੇ ਸੀ। ਤਮਾਕੂ ਬੀਜਦੇ ਸੀ ਪਿੰਡਾਂ ਵਿੱਚ। ਮੇਰੀ ਕਾਰ ਦੀ ਲਾਈਟ ਘੱਟ ਸੀ, ਪੜੌਲ ਦੀ ਨਦੀ 'ਚੋਂ ਲੰਘਣ ਲੱਗੇ, ਮੈਂ ਹੀ ਚਲਾ ਰਿਹਾ ਸੀ, ਮੈਂ ਸਿੰਘਾਂ ਨੂੰ ਕਿਹਾ ਕਿ ਔਹ ਪੱਥਰ ਪਿਆ ਹੈ ਲੀਹੇ 'ਚ। ਸ਼ੀਸ਼ੇ ਖੁੱਲ੍ਹੇ ਸੀ, ਜਦ ਮੈਂ ਕਿਹਾ ਪੱਥਰ ਚੁੱਕ ਦਿਓ। ਕਹਿੰਦੇ, ਮੈਂ ਪੱਥਰ ਨਹੀਂ, ਮੇਰੇ ਉੱਤੇ ਦੀ ਹੀ ਲੰਘਾ ਲਓ, ਮੈਨੂੰ ਕੋਈ ਫਰਕ ਨਹੀਂ ਪੈਂਦਾ। ਮੈਂ ਕਿਹਾ ਲੈ ਬਈ, ਜੇ ਕਿਤੇ ਮੈਂ ਨਾ ਰੋਕਦਾ, ਉੱਤੇ ਦੀ ਕਾਰ ਲੰਘ ਜਾਣੀ ਸੀ। ਮੈਂ ਕਿਹਾ ਇਹਨੂੰ ਚੁੱਕੋ, ਦੋ ਸਿੰਘ ਮੈਂ ਲਾਏ, ਲੱਤਾਂ ਵਲ, ਦੋ ਲਾਏ ਹੱਥਾਂ ਵਲ। ਮੈਂ ਕਿਹਾ ਇਹਨੂੰ 100 ਫੁੱਟ ਦੂਰ ਰੱਖ ਕੇ ਆਓ। ਇਹਦੇ ਉੱਤੇ ਜੇ ਟਰੱਕ ਵਗੈਰਾ ਲੰਘ ਗਿਆ, ਮਰ ਜਾਏਗਾ ਵਿਚਾਰਾ। ਉਹਦਾ ਸਾਇਕਲ, ਡਰੰਮ ਸਭ ਰੱਖ ਕੇ ਆਏ। ਪਤਾ ਨਹੀਂ ਰਹਿੰਦਾ ਇਸ ਹਾਲਤ ਵਿੱਚ ਬੰਦੇ ਨੂੰ, ਕੁਛ ਹੋਈ ਜਾਏ, ਕੁੱਤਾ ਮੂੰਹ ਚੱਟੀ ਜਾਏ, ਪੈਸੇ ਕੱਢ ਲਓ, ਕੁਛ ਹੋਰ ਕਰ ਲਓ, ਸੋ ਇਹ ਸ਼ਰਾਬ ਵਿੱਚ ਨੁਕਸ ਹੁੰਦਾ ਹੈ ਬੜਾ ਭਾਰੀ।

ਸੋ ਰਾਜਾ ਜਦ ਪੀਣ ਲੱਗਿਆ, ਇਹਦੇ ਵਿੱਚ ਇਹ ਹੈ ਕਿ ਜਦ ਨਸ਼ਈ ਹੋ ਜਾਂਦਾ ਹੈ ਬੰਦਾ ਤਾਂ ਪੀਈ ਜਾਂਦਾ ਹੈ, ਹਟਦਾ ਨਹੀਂ ਚਾਹੇ ਜ਼ੋਰ ਲਾ ਲਓ। ਜੇ ਹਟਾਓ ਤਾਂ ਕਹੇਗਾ ਕਿ ਤੂੰ ਮੈਨੂੰ ਕੀ ਕਮਲਾ ਸਮਝਦਾ ਹੈਂ ਕਿ ਮੈਂ ਬੇਹੋਸ਼ ਹੋ ਜਾਵਾਂਗਾ। ਰਾਜੇ ਜਦੋਂ ਗੱਲਾਂ ਕਰਦੇ ਸੀ ਪਹਿਲਾਂ ਤਾਂ ਪਿਆਰ ਦੀਆਂ ਕਰਦੇ ਸੀ ਦੋਵੇਂ, ਫੇਰ ਖਹਿਬੜਨ ਲਗ ਗਏ, ਵਜ਼ੀਰ ਨੇ ਕਿਹਾ ਕਿ ਹੁਣ ਤਾਂ ਗੜਬੜ ਹੋ ਜਾਏਗੀ, ਇਹਦੀ ਸਟੇਟ 'ਚ ਆਏ ਹੋਏ ਹਾਂ, ਹੋ ਸਕਦਾ ਹੈ ਕਿ ਇਹਨੂੰ ਕੈਦ ਹੀ ਕਰ ਦੇਵੇ ਤੇ ਸਾਨੂੰ ਵੀ ਨਾਲ ਕਰ ਦੇਵੇ। ਉਸ ਵੇਲੇ ਵਜ਼ੀਰ ਨੇ ਦੂਸਰੇ ਰਾਜੇ ਨੂੰ ਹੱਥ ਬੰਨ੍ਹੇ ਕਹਿਣ ਲੱਗਿਆ ਸਰਕਾਰ! ਇਨ੍ਹਾਂ ਨੂੰ ਜ਼ਿਆਦਾ ਨਸ਼ਾ ਹੋ ਗਿਆ, ਹੁਣ ਆਗਿਆ ਕਰੋ ਕਿ ਹੁਣ ਅਸੀਂ ਚੱਲੀਏ। ਉਨ੍ਹਾਂ ਨੇ ਉਹਨੂੰ ਬੱਗੀ 'ਚ ਬਿਠਾਇਆ, ਰਾਜੇ ਦੇ ਮਹੱਲ 'ਚ ਲੈ ਆਏ। ਉਹਦੇ ਆਲੇ-ਦੁਆਲੇ ਗਾਰਦ ਹੁੰਦੀ ਹੈ, ਉਹ ਖੜ੍ਹਵੀਂ ਗਾਰਦ ਨਹੀਂ ਹੁੰਦੀ, ਚਲਵੀਂ ਹੁੰਦੀ ਹੈ ਹਰ ਵਕਤ। ਬੀਟ ਦਿੱਤੀ ਹੁੰਦੀ ਹੈ 50 ਗਜ਼ ਦੀ। ਜਦ ਉਥੇ ਆਇਆ ਤਾਂ ਉਹਨੇ ਕੁਆਰਟਰ ਸਾਈਨ ਮੰਗਿਆ; ਦੇਖਿਆ ਉਹਨੇ ਤਾਂ ਉਹਨੇ ਕਿਹਾ ਕਿ ਜੀ ਤੁਹਾਡੇ ਅੰਗਰਖਿਅਕ ਨੇ, ਪਹਿਰਾ ਦੇ ਰਹੇ ਨੇ। ਤੁਸੀਂ ਰਾਜੇ ਹੋ। ਕਹਿੰਦਾ, ਕੌਣ ਕਹਿੰਦਾ ਹੈ ਕਿ ਮੈਂ ਰਾਜਾ ਹਾਂ? ਵਜ਼ੀਰ ਦੇ ਨਾਲ ਲੜ ਪਿਆ। ਵਜ਼ੀਰ ਨੇ ਕਿਹਾ ਕਿ ਇਹ ਤਾਂ ਬੜਾ ਮਾੜਾ ਕੰਮ ਹੋਇਆ। ਹੁਣ ਇਹਨੂੰ ਸੋਝੀ ਕੋਈ ਨਹੀਂ ਹੈ। ਉਸ ਵੇਲੇ ਕਹਿਣ ਲੱਗਿਆ ਕਿ ਮੈਨੂੰ ਰਾਈਫਲ ਲਿਆ ਕੇ ਦਿਓ, ਬੂਟ ਲਿਆ ਕੇ ਦਿਓ, ਸਾਰਿਆਂ ਨੇ ਬੜੀਆਂ ਮਿੰਨਤਾਂ ਕਰੀਆਂ, ਮੰਨਿਆ ਨਾ ਅਖੀਰ ਇਹ ਹੋਇਆ ਕਿ ਉਹਨੂੰ ਰਾਈਫਲ ਵੀ ਦੇ ਦਿੱਤੀ, ਪੱਟੀਆਂ ਵੀ ਲਾ ਦਿੱਤੀਆਂ, ਬੂਟ ਵੀ ਪਾ ਦਿੱਤੇ, ਮੋਢੇ 'ਤੇ ਰਾਈਫਲ ਵੀ ਰੱਖ ਲਈ, ਬਡੋਲੀਅਰ ਪਾ ਦਿੱਤਾ, ਕਹਿੰਦਾ ਜਾਓ-ਜਾਓ ਹੁਣ ਮੈਂ ਦੇਵਾਂਗਾ ਰਾਜੇ ਦਾ ਪਹਿਰਾ। ਉਸ ਤੋਂ ਬਾਅਦ ਪਹਿਰਾ ਦੇਣ ਲੱਗ ਗਿਆ। ਜਦ ਦੋ ਘੰਟੇ ਲੰਘੇ ਤਾਂ ਆਲੇ ਦੁਆਲੇ ਦੇਖੇ, ਆਪਣੇ ਕੱਪੜਿਆ ਵਲ ਦੇਖੇ, ਵਜ਼ੀਰ ਸਮਝ ਗਿਆਂ ਕਿ ਹੁਣ ਇਹਨੂੰ ਹੋਸ਼ ਆ ਗਈ। ਇੱਕ ਦਮ ਛੁਪੇ ਬੈਠੇ ਸੀ ਆ ਕੇ ਕਹਿਣ ਲੱਗੇ, ਕੀ ਆਗਿਆ ਹੈ ਮਹਾਰਾਜ। ਕਹਿੰਦਾ ਕਿ ਆਹ ਮੇਰੇ ਕੱਪੜੇ ਕਿੱਥੋਂ ਆ ਗਏ? ਕਹਿੰਦੇ, ਹਜ਼ੂਰ! ਤੁਸੀਂ ਨਸ਼ੇ ਵਿੱਚ ਜ਼ਿਆਦਾ ਸੀ, ਸਾਰੀ ਕਹਾਣੀ ਦੱਸੀ ਇਹਨੇ, ਇਧਰ ਆ ਜਾਓ ਤੁਸੀਂ, ਕੱਪੜੇ ਉਥੇ ਸੀਗੇ, ਉਹ ਲਾਹੇ, ਸਿਪਾਹੀ ਵਾਲੇ। ਸੋ ਇਹਨੂੰ ਅਗਿਆਨ ਕਹਿੰਦੇ ਨੇ, ਭੁੱਲ ਜਾਣਾ ਆਪਣੇ ਆਪ ਨੂੰ, ਬਿਲਕੁਲ ਭੁੱਲ ਜਾਣਾ, ਜਦ ਹੋਸ਼ ਆਈ ਫੇਰ ਤਾਂ ਉਹ ਰਾਜਾ ਹੋ ਗਿਆ, ਪਹਿਲਾਂ ਤਾਂ ਭੁੱਲ ਗਿਆ ਨਾ ਸਾਰੀ ਚੀਜ਼। ਸੋ ਇਸ ਤਰ੍ਹਾਂ ਦੇ ਨਾਲ ਇਹ ਜਿਹੜਾ ਜੀਵ ਹੈ ਇਹ ਭੁੱਲ ਗਿਆ। ਮਹਾਰਾਜ ਕਹਿੰਦੇ, ਦੀਵਾਨਾ ਉਹ ਹੈ ਪਿਆਰਿਓ ਜਿਹਨੂੰ ਇਹ ਨਹੀਂ ਪਤਾ ਕਿ ਮੈਂ ਕੌਣ ਹਾਂ। ਸਾਨੂੰ ਤਾਂ ਆਪ ਨਹੀਂ ਪਤਾ, ਅਸੀਂ ਤਾਂ ਆਪ ਉਸ ਲਿਸਟ ਵਿੱਚ ਆ ਗਏ ਸਾਧਸੰਗਤ ਜੀ, ਸਾਨੂੰ ਕਿਹੜਾ ਪਤਾ ਹੈ ਕਿ ਅਸੀਂ ਕੌਣ ਹਾਂ, ਅਸੀਂ ਕਹਿੰਦੇ ਹਾਂ ਕਿ ਅਸੀਂ ਸਰੀਰ ਹਾਂ। ਐਹੋ ਜਿਹੇ ਸਰੀਰ ਤਾਂ ਸਾਨੂੰ ਹਜ਼ਾਰਾਂ ਮਿਲ ਚੁੱਕੇ ਨੇ -

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥*

*ਅੰਗ - ੧੭੬*

ਇਹ ਸਾਰੇ ਸਰੀਰ ਧਾਰੇ ਨੇ -

*ਕੇਤੇ ਰੁਖ ਬਿਰਖ ਹਮ ਚੀਨੇ*
*ਕੇਤੇ ਪਸੂ ਉਪਾਏ ॥*
*ਕੇਤੇ ਨਾਗ ਕੁਲੀ ਮਹਿ ਆਏ*
*ਕੇਤੇ ਪੰਖ ਉਡਾਏ ॥ ਅੰਗ - ੧੫੬*

ਐਨੀਓ ਫੁਰਸਤ ਨਹੀਂ ਅਸੀਂ ਬੀ.ਏ ਕਰ ਲੈਂਦੇ ਹਾਂ, ਐਮ.ਏ., ਪੀ.ਐਚ.ਡੀ, ਡੀ.ਲਿਟ, ਸਭ ਕੁਛ ਕਰ ਲੈਂਦੇ ਹਾਂ, ਪਰ ਇੱਕ ਪੜ੍ਹਾਈ ਨਹੀਂ ਪੜ੍ਹਦੇ ਕਿ ਮੈਂ ਕੌਣ ਹਾਂ, ਜੇ ਪੜ੍ਹਦੇ ਹਾਂ, ਸਾਨੂੰ ਵਿਸ਼ਵਾਸ਼ ਹੀ ਨਹੀਂ ਆਉਂਦਾ, ਅਸੀਂ ਮੰਨਦੇ ਹੀ ਨਹੀਂ, ਉਹ ਰਾਜਾ ਕਿਹੜਾ ਮੰਨਦਾ ਸੀ ਕਿ ਮੈਂ ਰਾਜਾ ਹਾਂ। ਬਿਲਕੁਲ ਓਹੀ ਗੱਲ ਸਾਡੇ ਨਾਲ ਹੈ। ਮਹਾਰਾਜ ਕਹਿੰਦੇ, ਤੂੰ ਆਪਣੇ ਆਪ ਨੂੰ ਪਛਾਣਦਾ ਨਹੀਂ, ਮੈਨੂੰ ਬਉਰਾ ਕਹੀ ਜਾਂਦਾ ਹੈਂ, ਮੈਨੂੰ ਭੂਤਨਾ ਕਹੀ ਜਾਂਦਾ ਹੈਂ। ਮੈਨੂੰ ਬੇਤਾਲਾ ਕਹੀ ਜਾਂਦਾ ਹੈਂ, ਤੂੰ ਆਪਣੇ ਵਲ ਤਾਂ ਦੇਖ।

*ਸੋ ਬਉਰਾ ਜੋ ਆਪੁ ਨ ਪਛਾਨੈ ॥*
*ਅੰਗ - ੮੫੫*

ਜਿਹੜਾ ਆਪਣੇ ਆਪ ਨੂੰ ਪਛਾਣਦਾ ਨਹੀਂ, ਜਿਹੜਾ ਆਪ ਨੂੰ ਪਛਾਣ ਗਿਆ, ਉਹਦੀ ਨਿਸ਼ਾਨੀ ਕੀ ਹੈ -

*ਆਪੁ ਪਛਾਨੈ ਤ ਏਕੈ ਜਾਨੈ ॥ ਅੰਗ - ੮੫੫*

ਜਿਹਨੇ ਆਪਣੇ ਆਪ ਨੂੰ ਪਛਾਣ ਲਿਆ ਫੇਰ ਉਹ ਦੂਜਾ ਨਹੀਂ ਦੇਖਦਾ।

*ਮਨਿ ਸਾਚਾ ਮੁਖਿ ਸਾਚਾ ਸੋਇ ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥*
*ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥*
*ਅੰਗ - ੨੭੨*

ਸੋ ਇਸ ਤਰ੍ਹਾਂ ਦੇ ਨਾਲ -

*ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ ॥*
*ਮੈ ਦੇਵਾਨਾ ਭਇਆ ਅਤੀਤੁ ॥ ਅੰਗ - ੭੨੧*

ਮੇਰੇ ਹੱਥ ਵਿੱਚ ਕਾਸਾ ਹੈ, ਮੈਨੂੰ ਦੀਵਾਨਾ ਕਹਿੰਦੇ ਹੋ ਮੈਂ ਪਿਆਲਾ ਲਈ ਫਿਰਦਾ ਹਾਂ।

*ਕਰ ਕਾਸਾ ਦਰਸਨ ਕੀ ਭੂਖ ॥ ਅੰਗ - ੭੨੧*

ਮੈਨੂੰ ਤਾਂ ਭੁੱਖ ਲੱਗੀ ਹੋਈ ਹੈ ਪ੍ਰਮੇਸ਼ਰ ਦੇ ਦਰਸ਼ਨਾਂ ਦੀ ਤੇ ਤੁਸੀਂ ਮੈਨੂੰ ਬਉਲਾ ਕਹਿੰਦੇ ਹੋ।

*ਮੈ ਦਰਿ ਮਾਗਉ ਨੀਤਾ ਨੀਤ ॥ ਅੰਗ - ੭੨੧*

ਮੈਂ ਤਾਂ ਸਵੇਰ ਤੋਂ ਉੱਠ ਕੇ ਰਾਤ ਤੱਕ ਰੋਂਦਾ ਵੀ ਰਹਿੰਦਾ ਹਾਂ ਤੇ ਮੈਂ ਮਿੰਨਤਾਂ ਵੀ ਕਰਦਾ ਰਹਿੰਦਾ ਹਾਂ, ਬੇਨਤੀਆ ਵੀ ਕਰਦਾ ਰਹਿੰਦਾ ਹਾਂ -

*ਧਾਰਨਾ - ਪ੍ਰੀਤਮ ਮੇਰਾ ਪਿਆਰਾ,*
*ਕੋਈ ਆਣ ਕੇ ਮਿਲਾਵੇ।*

*ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ*
*ਹਉ ਤਿਸੁ ਪਹਿ ਆਪੁ ਵੇਚਾਈ ॥*
*ਅੰਗ - ੭੫੭*

ਸੰਸਾਰ ਦੇ ਅੰਦਰ ਕੋਈ. ਇਹ ਨਹੀਂ ਕਿਹਾ ਕਿ ਮੇਰੇ ਧਰਮ ਵਾਲਾ ਹੀ ਮਿਲਾਵੇ, ਜਾਂ ਮੇਰੀ ਬਿਰਾਦਰੀ ਵਾਲਾ ਹੀ ਮਿਲਾਵੇ, ਮੇਰੇ ਦੇਸ਼ ਵਾਲਾ ਹੀ ਮਿਲਾਵੇ। ਇੱਥੇ ਮਹਾਰਾਜ ਨੇ ਕੋਈ ਲਿਖਿਆ ਹੈ, ਸਭ ਦੀ ਸਾਂਝੀ (Universal) ਚੀਜ਼ ਹੈ ਇਹ; ਇਸ ਸਾਰੇ ਸੰਸਾਰ 'ਚ ਕੋਈ ਮਿਲਾ ਦੇਵੇ ਮੈਨੂੰ ਤੇ ਮੈਂ ਉਹਦੇ ਬਦਲੇ 'ਚ ਕੀ ਕਰਾਂਗਾ? ਮੈਂ ਆਪਣਾ ਆਪਾ, ਜਿਹੜੀ ਹੋਂਦ ਹੈ, ਉਹਦੇ ਚਰਨਾਂ ਵਿੱਚ ਵੇਚ ਦੇਵਾਂਗਾ। ਇਹ ਤੀਬਰ ਲਗਨ ਹੈ। ਜਿਹਦੇ ਮਨ ਵਿੱਚ ਇਹੋ ਜਿਹੀ ਲਗਨ ਹੋਵੇ, ਉਹ ਵੱਡੀ ਤੋਂ ਵੱਡੀ ਕੁਰਬਾਨੀ ਕਰਨ ਨੂੰ ਤਿਆਰ ਹੋ ਜਾਇਆ ਕਰਦਾ ਹੈ ਕਿਉਂਕਿ ਮਨ ਵਿੱਚ ਚਾਹ ਹੈ -

*ਦਰਸਨੁ ਹਰਿ ਦੇਖਣ ਕੈ ਤਾਈ ॥*
*ਅੰਗ - ੭੫੭*

ਭਾਈ ਘਨਈਆਂ ਕੁਦਰਤੀ ਲਗਨ ਸੀ, ਪਿਛਲੇ ਸੰਸਕਾਰ ਤੇਜ਼ ਸੀ ਉਹਦੇ। ਪਿਛਲੇ ਸੰਸਕਾਰਾਂ ਬਿਨਾਂ ਇੱਕ ਦਮ ਇੱਕ ਰਸਤੇ ਨਹੀਂ ਪੈਂਦਾ ਬੰਦਾ।

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ ॥ ਅੰਗ - ੨੦੪*

ਪਿਛਲੇ ਜਨਮ ਦੇ ਅੰਕੁਰ ਜਦੋਂ ਫੁੱਟਦੇ ਨੇ, ਪੁੰਨ ਕਰਮਾਂ ਦੇ; ਫੇਰ ਮਹਾਤਮਾ ਮਿਲ ਜਾਂਦਾ ਹੁੰਦਾ ਹੈ।

*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ ॥ ਅੰਗ - ੨੦੪*

ਉਹਦੇ ਮਿਲਣ ਨਾਲ ਮਨ 'ਚੋਂ ਹਨ੍ਹੇਰਾ ਦੂਰ ਹੋਣ ਲਗ ਜਾਂਦਾ ਹੈ ਤੇ ਜਿਹੜੀ ਸੁਰਤ ਸੁੱਤੀ ਪਈ ਹੈ, ਰਜੋ ਗੁਣ, ਤਮੋ ਗੁਣ, ਸਤੋ ਗੁਣ; ਤਿੰਨੋ ਗੁਣਾਂ 'ਚ ਭਰਮੀ ਪਈ ਹੈ, ਉਹਨੂੰ ਜਾਗ ਆ ਜਾਂਦੀ ਹੈ। ਜਿਹੜਾ ਅਗਿਆਨਤਾ ਦਾ ਹਨ੍ਹੇਰਾ ਪਿਆ ਹੋਇਆ ਹੈ, ਪ੍ਰਮੇਸ਼ਰ ਦੀ ਥਾਂ 'ਤੇ ਹੋਰ ਨਜ਼ਰ ਆਉਂਦੇ ਨੇ ਮਿੱਤਰ ਦੁਸ਼ਮਣ, ਉਹ ਹਟ ਜਾਂਦਾ ਹੈ, ਕਿਉਂਕਿ ਚਾਨਣਾ ਹੋ ਗਿਆ। ਪਤਾ ਲਗ ਗਿਆ ਕਿ ਇਹ ਤਾਂ ਰੱਸੀ ਸੀਗੀ, ਸੱਪ ਨਹੀਂ ਸੀਗਾ ਤੇ ਜਨਮਾਂ-ਜਨਮਾਂਤਰਾਂ ਦੀ ਸੁੱਤੀ ਪਈ ਸੁਰਤ ਨੂੰ ਜਾਗ ਆ ਜਾਂਦੀ ਹੈ, ਅਸੀਂ ਨੀਂਦ ਦੇ ਵਿਚੋਂ ਲੰਘ ਰਹੇ ਹਾਂ -

*ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ*
*ਸੁਤਿਆ ਰੈਣਿ ਵਿਹਾਣੀ ॥*
*ਗੁਰ ਕਿਰਪਾ ਤੇ ਸੇ ਜਨ ਜਾਗੇ*
*ਜਿਨਾ ਹਰਿ ਮਨਿ ਵਸਿਆ*
*ਬੋਲਹਿ ਅੰਮ੍ਰਿਤ ਬਾਣੀ ॥ ਅੰਗ - ੯੨੦*

ਸੋ ਇਸ ਤਰ੍ਹਾਂ ਬੜੀ ਲਗਨ ਹੈ ਮਨ ਦੇ ਅੰਦਰ ਤੇ ਆਪ ਅੰਮ੍ਰਿਤਸਰ ਵਲ ਨੂੰ ਆਏ ਦਰਸ਼ਨ ਕਰਨ। ਲਾਹੌਰ ਤੱਕ ਆਏ, ਖਬਰ ਆ ਗਈ ਕਿ ਤੇਰਾ ਪਿਤਾ ਚੜ੍ਹਾਈ ਕਰ ਗਿਆ, ਉਥੋਂ ਹੀ ਵਾਪਸ ਚਲੇ ਗਏ, ਕੰਮ ਬੇਅੰਤ ਫੈਲਿਆ ਹੋਇਆ ਸੀ। ਬੇਅੰਤ ਬਿੱਲ ਸੀ ਸਰਕਾਰ ਵਲ; ਕੰਮ ਕਰਨ ਲਗ ਗਏ ਲੇਕਿਨ ਉਹ ਇਹ ਕੰਮ ਕਰਨ ਵਾਸਤੇ ਨਹੀਂ ਸੀ ਸੰਸਾਰ 'ਚ ਆਏ। ਉਹ ਤਾਂ ਪਿਛਲੇ ਜਨਮਾਂ-ਜਨਮਾਂਤਰਾਂ ਦੀ ਬੇਅੰਤ ਕਮਾਈ ਸੀ ਉਨ੍ਹਾਂ ਨੇ ਤਾਂ ਪ੍ਰਮੇਸ਼ਰ ਨੂੰ ਮਿਲਣਾ ਸੀ, ਸਭ ਤੋਂ ਵੱਡਾ ਕਾਰਜ ਕਰਨਾ ਸੀ।

*ਜਿਸੁ ਵਖਰ ਕਉ ਲੈਨਿ ਤੂ ਆਇਆ ॥*
*ਰਾਮ ਨਾਮੁ ਸੰਤਨ ਘਰਿ ਪਾਇਆ ॥*
*ਤਜਿ ਅਭਿਮਾਨੁ ਲੇਹੁ ਮਨ ਮੋਲਿ ॥*
*ਰਾਮ ਨਾਮੁ ਹਿਰਦੇ ਮਹਿ ਤੋਲਿ ॥*
*ਲਾਦਿ ਖੇਪ ਸੰਤਹ ਸੰਗਿ ਚਾਲੁ ॥*
*ਅਵਰ ਤਿਆਗਿ ਬਿਖਿਆ ਜੰਜਾਲ ॥*
*ਧੰਨਿ ਧੰਨਿ ਕਹੈ ਸਭੁ ਕੋਇ ॥*
*ਮੁਖ ਊਜਲ ਹਰਿ ਦਰਗਹ ਸੋਇ ॥*
*ਇਹੁ ਵਾਪਾਰੁ ਵਿਰਲਾ ਵਾਪਾਰੈ ॥ ਅੰਗ - ੨੮੩*

ਉਹ ਰਾਸ਼ਨ ਦੇਣ ਦਾ ਵਪਾਰੀ ਬਣ ਕੇ ਨਹੀਂ ਸੀ ਆਇਆ, ਉਹ ਇਹ ਵਪਾਰ ਕਰਨ ਵਾਸਤੇ ਆਇਆ ਸੀ -

*ਨਾਨਕ ਤਾ ਕੈ ਸਦ ਬਲਿਹਾਰੈ ॥ ਅੰਗ - ੨੮੩*

ਛੇਤੀ ਹੀ ਕੰਮ ਛੱਡ ਦਿੱਤਾ। ਸੋ ਲਗਨ ਬੜੀ ਸੀ, ਪਰ ਰਾਹ ਦੱਸਣ ਵਾਲਾ ਕੋਈ ਨਹੀਂ ਸੀ ਉਹਨੂੰ। ਸੁਣੀਆਂ-ਸੁਣਾਈਆਂ ਗੱਲਾਂ ਸੀ। ਸਭ ਕਾਰੋਬਾਰ ਛੱਡ ਕੇ ਜੰਗਲਾਂ ਵਿੱਚ ਚਲਿਆ ਗਿਆ, ਆਬਾਦੀਆਂ ਦੇ ਨੇੜੇ ਹੀ ਨਹੀਂ ਆਉਂਦਾ। ਜੰਗਲ ਦੇ ਵਿੱਚ ਹੀ ਫਿਰੀ ਜਾਂਦਾ ਹੈ, ਕਦੇ ਭੁੱਖਾ, ਦਸ-ਦਸ ਦਿਨ ਪ੍ਰਸ਼ਾਦਾ ਨਹੀਂ ਮਿਲਦਾ। ਪ੍ਰਵਾਹ ਨਹੀਂ ਕਰਦਾ, ਇੱਕ ਵਾਰੀ ਦਸ ਦਿਨ ਦਾ ਭੁੱਖਾ ਸੀ, ਇੱਕ ਬਰਾਤ ਲੰਘੀ ਜਾਂਦੀ ਸੀ, ਉਨ੍ਹਾਂ ਨੇ ਦੇਖਿਆਂ ਕਿ ਆਦਮੀ ਹੈ, ਇੱਥੇ ਤਾਂ ਕੋਈ ਬੰਦੋਬਸਤ ਹੈ ਨਹੀਂ ਰੋਟੀ ਪਾਣੀ ਦਾ; ਉਨ੍ਹਾਂ ਨੇ ਬੁਲਾਇਆ ਪ੍ਰਸ਼ਾਦਾ ਤਾਂ ਛਕਾ ਦਿੱਤਾ ਪਰ ਉਪਦੇਸ਼ ਬੜਾ ਦਿੱਤਾ ਇਹਨੂੰ ਕਿ ਤੈਨੂੰ ਹੱਥ ਪੈਰ ਦਿੱਤੇ ਨੇ ਰੱਬ ਨੇ ਤੂੰ ਕੰਮ ਕਰ। ਜੰਗਲਾਂ 'ਚ ਕਰਦਾ ਕੀ ਫਿਰਦਾ ਹੈਂ, ਕਿਹੜੇ ਰੱਬ ਨੂੰ ਤੂੰ ਭਾਲ ਲਏਂਗਾ? ਲੇਕਿਨ ਉਨ੍ਹਾਂ ਦੀ ਲਗਨ ਪੱਕੀ ਸੀ, ਹਿਲਾ ਨਹੀਂ ਸੀ ਸਕਦਾ ਕੋਈ। ਸੋ ਇਸ ਤਰ੍ਹਾਂ ਫਿਰਦਿਆਂ-ਫਿਰਦਿਆਂ ਨੂੰ ਇੱਕ ਵਾਰੀ ਔਰੰਗਜ਼ੇਬ ਦੀ ਫੌਜ ਵਿੱਚ ਇੱਕ ਗੁਰਸਿੱਖ ਸੀਗਾ, ਉਹ ਬਹੁਤ ਕਰਨੀ ਕਮਾਈ ਵਾਲਾ ਸੀ, ਉਸਦਾ ਨਾਉਂ ਭਾਈ ਨਨੂੰਆਂ ਸੀ। ਭਾਈ ਨਨੂੰਆ ਨੇ ਪਛਾਣ ਲਿਆ ਕਿ ਆਹ ਬੰਦੇ ਨੂੰ ਖਿੱਚ ਪਈ ਹੋਈ ਹੈ, ਪ੍ਰਮੇਸ਼ਰ ਦੇ ਦੀਦਾਰ ਦੀ, ਪਰ ਇਹਨੂੰ ਕੋਈ ਰਾਹ ਨਹੀਂ ਲੱਭ ਰਿਹਾ। ਕੋਈ ਮਦਦ ਕਰਨੀ ਚਾਹੀਦੀ ਹੈ ਇਹਦੀ। ਓਸ ਵੇਲੇ ਉਨ੍ਹਾਂ ਨੇ ਬੁਲਾਇਆ ਕਹਿੰਦੇ ਪਿਆਰਿਆ! ਕੀ ਤਲਾਸ਼ ਹੈ ਤੂੰ ਸੰਸਾਰ ਛੱਡ ਕੇ ਜੰਗਲਾਂ ਵਿੱਚ ਫਿਰਦਾ ਹੈਂ? ਪਹਿਲੀ ਵਾਰੀ ਕੋਈ ਐਸਾ ਮਿਲਿਆ ਉਹਨੂੰ ਜੀਹਨੇ ਗੱਲ ਸਮਝ ਲਈ, ਮਿੱਤਰ ਜਾਣਿਆ ਕਿ ਮੈਂ ਇਹਦੇ ਕੋਲ ਗੱਲ ਕਰ ਦੇਵਾਂ। ਕਹਿਣ ਲੱਗੇ, ਮਿੱਤਰ! ਤੂੰ ਮੈਨੂੰ ਬੜਾ ਭਲਾ ਬੰਦਾ ਲੱਗਿਆ ਹੈਂ। ਜਿਹਨੇ ਮੈਨੂੰ ਇਹ ਪੁੱਛ ਲਿਆ, ਮੈਨੂੰ ਤਾਂ ਲੋਕ ਸੁਦਾਈ ਕਹਿੰਦੇ ਨੇ, ਬਉਰਾ ਕਹਿੰਦੇ ਨੇ, ਮੇਰੇ ਨਾਲ ਕੋਈ ਗੱਲ ਕਰਕੇ ਰਾਜ਼ੀ ਨਹੀਂ ਪਰ ਤੂੰ ਮੇਰੇ ਨਾਲ ਗੱਲ ਕਰ ਲਈ। ਮੈਨੂੰ ਦਰਸ਼ਨਾਂ ਦੀ ਪਿਆਸ ਹੈ। ਕੋਈ ਮੇਲ ਦੇਵੇ ਮੈਨੂੰ -

*ਧਾਰਨਾ - ਹਰਿ ਦਰਸ਼ਨ ਕੀ ਆਸ ਮੇਰੇ ਮਨ,*
*ਹਰਿ ਦਰਸ਼ਨ ਕੀ ਆਸ।*

ਦਰਸ਼ਨਾਂ ਦੀ ਆਸ ਲੈ ਕੇ ਘੁੰਮਦਾ ਫਿਰਦਾ ਹੈ -

*ਪੰਥੁ ਨਿਹਾਰੈ ਕਾਮਨੀ ਲੋਚਨ ਭਰੀ ਲੇ ਉਸਾਸਾ ॥*
*ਉਰ ਨਾ ਭੀਜੈ ਪਗੁ ਨ ਖਿਸੈ*
*ਹਰਿ ਦਰਸਨ ਕੀ ਆਸਾ ॥*
*ਉਡਹੁ ਨ ਕਾਗਾ ਕਾਰੇ ॥*
*ਬੇਗਿ ਮਿਲੀਜੈ ਅਪੁਨੇ ਰਾਮ ਪਿਆਰੇ ॥*
*ਅੰਗ - ੩੩੮*

ਹੱਦ ਤੋਂ ਜ਼ਿਆਦਾ ਖਿੱਚ ਹੈ -

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ*
*ਓ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ*
*ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ*
*ਹੈ ਟੋਰ ਅਨੰਤ ਉਨ੍ਹਾਂ ਦੀ।*
*ਵਸਲੋਂ ਉਰੇ ਮੁਕਾਮ ਨ ਕੋਈ*
*ਸੋ ਚਾਲ ਪਏ ਨਿਤ ਰਹਿੰਦੇ।*
***ਭਾਈ ਵੀਰ ਸਿੰਘ ਜੀ***

ਵੈਰਾਗ ਹੈ ਹੱਦ ਤੋਂ ਜ਼ਿਆਦਾ। ਜੇ ਵੈਰਾਗ ਹੀ ਨਹੀਂ ਪੈਦਾ ਹੋਇਆ, ਪ੍ਰਮੇਸ਼ਰ ਕਿੱਥੋਂ ਮਿਲੇਗਾ। ਬਾਣੀ ਦੇ ਵਿੱਚ ਆਉਂਦਾ ਹੈ-

*ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥*
*ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ*
*ਸੋ ਤਨੁ ਜਾਣੁ ਮਸਾਨੁ ॥ ਅੰਗ - ੧੩੭੯*

ਉਹ ਤਾਂ ਮਸਾਨ ਨੇ, dead bodies ਫਿਰਦੀਆ ਨੇ-

*ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥*
*ਨਾਨਕ ਅਵਰੁ ਨ ਜੀਵੈ ਕੋਇ ॥*
*ਜੇ ਜੀਵੈ ਪਤਿ ਲਥੀ ਜਾਇ ॥*
*ਸਭੁ ਹਰਾਮੁ ਜੇਤਾ ਕਿਛੁ ਖਾਇ ॥ ਅੰਗ - ੧੪੨*

ਜਦ ਵੈਰਾਗ ਲਗਦਾ ਹੈ ਫੇਰ ਆਉਂਦਾ ਹੈ -

*ਸੁਪਨੈ ਆਇਆ ਭੀ ਗਇਆ*
*ਮੈ ਜਲੁ ਭਰਿਆ ਰੋਇ ॥*
*ਆਇ ਨ ਸਕਾ ਤੁਝ ਕਨਿ*
*ਪਿਆਰੇ ਭੇਜਿ ਨ ਸਕਾ ਕੋਇ ॥*
*ਆਉ ਸਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ ॥*
**ਅੰਗ - ੫੫੮**

ਨਿਹੁੰ ਵਾਲੇ ਨੈਣਾਂ ਨੂੰ ਨੀਂਦਰ ਨਹੀਂ ਆਉਂਦੀ। ਪਛਾਣ ਲਿਆ ਉਹਨੇ। ਕਹਿੰਦਾ, ਭਾਈ ਘਨਈਆ! ਇੱਕ ਮੈਂ ਤੈਨੂੰ ਗੱਲ ਕਹਾਂ, ਦੇਖ, ਪ੍ਰਮੇਸ਼ਰ ਨੂੰ ਤੂੰ ਮਿਲਣਾ ਹੈ, ਇਹ ਜਿਹੜੇ ਮਿਲੇ ਹੋਏ ਹੋਣ ਉਹ ਮਿਲਾ ਦੇਣਗੇ, ਉਵੇਂ ਨਹੀਂ ਤੈਨੂੰ ਮਿਲਣਾ। ਐਵੇਂ ਨਾ ਜੰਗਲਾਂ ਵਿੱਚ ਸਮਾਂ ਬਰਬਾਦ ਕਰ।

*ਧਾਰਨਾ - ਤੈਨੂੰ ਜੰਗਲਾਂ 'ਚੋਂ ਰੱਬ ਨਹੀਂਓਂ ਮਿਲਣਾ,*
*ਮਿਲੇ ਹੋਏ ਮੇਲ ਦੇਣਗੇ।*
*ਫਰੀਦਾ ਜੰਗਲੁ ਜੰਗਲੁ ਕਿਆ ਭਵਹਿ*
*ਵਣਿ ਕੰਡਾ ਮੋੜੇਹਿ ॥*
*ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥*
**ਅੰਗ - ੧੩੭੮**
*ਹਉ ਢੂਢੇਦੀ ਸਜਣਾ ਸਜਣੁ ਮੈਡੇ ਨਾਲਿ ॥*
*ਨਾਨਕ ਅਲਖੁ ਨ ਲਖੀਐ ਗੁਰਮੁਖਿ ਦੇਇ ਦਿਖਾਲਿ॥*
**ਅੰਗ - ੧੩੮੪**

ਪਿਆਰਿਆ! ਬਲਿਹਾਰ ਜਾਂਦਾ ਹਾਂ ਤੇਰੀ ਲਗਨ ਤੋਂ, ਪਰ ਅਫਸੋਸ ਵੀ ਹੈ, ਤੈਨੂੰ ਰਸਤੇ ਦਾ ਨਹੀਂ ਪਤਾ। ਲਗਨ ਤੇਰੀ ਹੱਦ ਤੋਂ ਜ਼ਿਆਦਾ ਹੈ ਮੇਰੇ ਸਤਿਗੁਰੂ ਕਹਿੰਦੇ ਨੇ-

*ਜਿਸੁ ਜਨ ਕਉ ਪ੍ਰਭ ਦਰਸ ਪਿਆਸਾ ॥*
*ਨਾਨਕ ਤਾ ਕੈ ਬਲਿ ਬਲਿ ਜਾਸਾ ॥*
**ਅੰਗ - ੨੬੬**

ਬਲਿਹਾਰ ਜਾਂਦੇ ਹਾਂ ਜਿਹਨੂੰ ਦਰਸ਼ਨਾਂ ਦੀ ਪਿਆਸ ਲਗ ਗਈ, ਚੱਲ ਤੈਨੂੰ ਪਿਆਸ ਹੈ, ਪਿਆਸੇ ਨੂੰ ਜ਼ਰੂਰ ਮਿਲ ਜਾਏਗਾ, ਕੋਸ਼ਿਸ਼ ਕਰ ਕਿਸੇ ਮਿਲੇ ਹੋਏ ਨੂੰ ਮਿਲਣ ਦੀ। ਇਹਨੇ ਪੁੱਛਿਆ ਨਾ ਇਹਨੇ ਦੱਸਿਆ ਨਾ, ਉਸ ਤੋਂ ਬਾਅਦ ਜੰਗਲਾਂ 'ਚੋਂ ਆ ਗਿਆ, ਪਰ ਧਰਮਸਾਲਾ 'ਚ ਦੇਖਿਆ ਕਿ ਵਤੀਰਾ ਬਹੁਤ ਗਲਤ ਹੈ ਇਨ੍ਹਾਂ ਲੋਕਾਂ ਦਾ, ਕੌੜਾ ਬੋਲਦੇ ਨੇ, ਫਿੱਕਾ ਬੋਲਦੇ ਨੇ, ਇਹ ਹੋ ਕੀ ਗਿਆ ਦੁਨੀਆਂ ਨੂੰ, ਰੁੱਖੀ-ਰੁੱਖੀ ਦੁਨੀਆਂ ਫਿਰਦੀ ਹੈ।

*ਨਾਨਕ ਦੁਨੀਆ ਕੈਸੀ ਹੋਈ ॥* **ਅੰਗ - ੧੪੧੦**

ਇੱਕ ਥਾਂ ਪਾਣੀ ਦੀ ਪਿਆਸ ਲੱਗੀ, ਉਹ ਕਹਿੰਦੇ ਤੂੰ ਆਪ ਪਾਣੀ ਪੀ ਲੈ। ਕਹਿੰਦੇ, ਤੇਰੇ ਤੋਂ ਹੀ ਪੀਣਾ ਹੈ। ਉਸਨੇ ਕਿੰਨੀਆਂ ਹੀ ਭੈੜੀਆਂ ਗਾਲ੍ਹਾਂ ਕੱਢੀਆਂ ਓਸਨੂੰ। ਉਹ ਪਾਣੀ ਪੀ ਕੇ ਹਟੇ ਭਾਈ ਘਨਈਆ। ਨਾਲ ਦਾ ਇੱਕ ਬੰਦਾ ਦੇਖਦਾ ਸੀ ਉਹ ਕਹਿੰਦੇ ਕਿ ਤੂੰ ਪਾਣੀ ਹੋਰ ਥਾਂ ਪੀ ਲੈਂਦਾ? ਕਹਿੰਦੇ, ਨਹੀਂ ਇੱਥੇ ਹੀ ਪੀਣਾ ਸੀ। ਕਹਿੰਦੇ ਇਹਦਾ ਹਿਰਦਾ ਤਪਦਾ ਸੀ ਜੇ ਮੈਂ ਪਿਆਸਾ ਚਲਿਆ ਜਾਂਦਾ ਨਾ, ਤਾਂ ਇਹਨੂੰ ਦੋਸ਼ ਲਗਣਾ ਸੀ, ਮੈਂ ਕਿਹਾ ਇਹਨੂੰ ਲੱਗੇਗਾ ਦੋਸ਼ ਤੇ ਮੈਂ ਪਾਣੀ ਪੀ ਕੇ ਹੀ ਜਾਵਾਂ, ਇਹਨੂੰ ਪਤਾ ਨਹੀਂ ਹੈ ਗੱਲ ਦਾ। ਦੂਰ-ਦਰਸ਼ਕਤਾ ਹੁੰਦੀ ਹੈ ਕਿ ਜੇ ਇਹਨੇ ਨਾ ਪਾਣੀ ਪਿਲਾਇਆ ਤਾਂ ਫੇਰ ਇਹਨੂੰ ਦੋਸ਼ ਲੱਗ ਜਾਣਾ ਹੈ ਦਰਗਾਹ ਦੇ ਅੰਦਰ। ਤਪੀ ਜਾਣਾ ਹੈ ਇਹਨੇ। ਸੋ ਇਸ ਤਰ੍ਹਾਂ ਫਿਰਦੇ-ਫਿਰਦੇ ਇੱਕ ਗੁਰਸਿੱਖ ਦਾ ਮੇਲ ਹੋ ਗਿਆ, ਉਹਦੇ ਕੋਲ ਵੀ ਇਹੀ ਦੱਸਿਆ ਕਿ ਮੈਨੂੰ ਆਹ ਗੱਲ ਦੱਸੀ ਸੀ, ਪਹਿਲਾਂ ਮੈਂ ਜੰਗਲਾਂ 'ਚ ਰਹਿੰਦਾ ਸੀ, ਫੇਰ ਮੈ ਆ ਗਿਆ। ਉਹ ਕਹਿੰਦਾ, ਦੇਖ ਪਿਆਰਿਆ! ਤੈਨੂੰ ਮੈਂ ਇੱਕ ਗੱਲ ਦਸਦਾ ਹਾਂ, ਉਹਨੇ ਬਿਲਕੁਲ ਠੀਕ ਗੱਲ ਕਹੀ ਹੈ, ਮਿਲੇ ਹੋਏ ਤਾਂ ਮਿਲਾ ਸਕਦੇ ਨੇ ਜਿਹੜਾ ਆਪ ਹੀ ਨਹੀਂ ਮਿਲਿਆ ਉਹਨੂੰ ਮਿਲੇਗਾ ਕਿਵੇਂ। ਉਹਦਾ ਅਤਾ ਪਤਾ ਹੀ ਨਹੀਂ ਹੈ ਕਿ ਮੇਰੇ ਜਿਹੜੇ ਸਤਿਗੁਰੂ ਨੇ, ਮੈਂ ਸਿੱਖੀ ਧਾਰਨ ਕਰੀ ਹੋਈ ਹੈ, ਮੇਰੇ ਸਤਿਗੁਰੂ ਨਾ ਤਾਂ ਗ੍ਰਹਿਸਤ ਨੂੰ ਵਡਿਆਉਂਦੇ ਨੇ, ਨਾ ਨਵਿਰਤੀ ਨੂੰ ਛੁਟਿਆਉਂਦੇ ਨੇ। ਉਹ ਕਹਿੰਦੇ, ਜੇ ਤਾਂ ਤੂੰ ਗ੍ਰਹਿਸਤ ਵਿੱਚ ਜਾਣਾ ਹੈ ਤਾਂ ਧਰਮ ਕਰ, ਜੇ ਤੂੰ ਸਭ ਕੁਛ ਛੱਡ ਕੇ ਫੇਰ ਬੰਧਨਾਂ ਵਿੱਚ ਪੈਂਦਾ ਹੈਂ, ਫੇਰ ਤੈਨੂੰ ਧਿਰਕਾਰ ਹੈ।

ਸੋ ਸਾਡਾ ਜਿਹੜਾ ਰਸਤਾ ਦੱਸਿਆ ਹੈ ਗੁਰੂ ਮਹਾਰਾਜ ਨੇ, ਉਹ ਹੈ ਵਰਤਣ ਵੈਰਾਗ ਦੀ, ਸੰਸਾਰ 'ਚ ਰਹਿਣਾ ਹੈ, ਪਕੜ (attachment) 'ਚ ਨਹੀਂ ਆਉਣਾ, ਨਿਰਲੇਪ (detached) ਰਹਿਣਾ ਹੈ ਸਾਰੀਆਂ ਚੀਜ਼ਾਂ 'ਚ। ਡਿਊਟੀਆਂ ਸਾਰੀਆਂ ਦੇਣੀਆਂ ਨੇ। ਇਹ ਬੜੀ ਔਖੀ ਗੱਲ ਹੈ, detached ਵੀ ਹੋਵੇ ਤੇ ਡਿਊਟੀਆਂ ਵੀ ਪੂਰੀਆਂ ਦੇਵੇ। ਵਰਤਣ ਸਾਡੀ ਸੰਸਾਰ 'ਚ ਵੈਰਾਗ ਦੀ ਹੈ, ਸਾਨੂੰ ਪਤਾ ਹੈ ਕਿ ਜੀਉਣਾ ਝੂਠ ਹੈ, ਮਰਨਾ ਸੱਚ ਹੈ, ਸਾਡੀ ਜਿਹੜੀ ਸ਼ੇਰ ਨਿਗ੍ਹਾ ਹੈ, ਕੁੱਤਾ ਦ੍ਰਿਸ਼ਟੀ ਨਹੀਂ, ਸਾਡੀ ਸ਼ੇਰ ਦ੍ਰਿਸ਼ਟੀ ਹੈ, ਸ਼ੇਰ ਦੀ ਦ੍ਰਿਸ਼ਟੀ ਹੁੰਦੀ ਹੈ ਵਿਸ਼ੇ (subject) ਦੇ ਉੱਤੇ ਨਿਗ੍ਹਾ ਰਖਦੀ ਹੈ। ਕੁੱਤਾ ਦ੍ਰਿਸ਼ਟੀ ਚੀਜ਼ (object) 'ਤੇ ਰਖਦੀ ਹੈ। ਜਿਵੇਂ ਕੁੱਤੇ ਦੇ ਇੱਟ ਮਾਰੋ ਨੱਠ ਕੇ ਇੱਟ ਨੂੰ ਮੂੰਹ ਪਾਏਗਾ, ਮਾਰਨ ਵਾਲੇ ਵਲ ਨੂੰ ਨਹੀਂ ਆਉਂਦਾ। ਸ਼ੇਰ ਜਿਹੜਾ ਹੈ ਉਹਨੂੰ ਜੇ ਕੋਈ ਮਾਰੇਗਾ ਉਹ ਬੰਦੇ ਵਲ ਨੂੰ ਆਏਗਾ। ਸਾਡੀ ਨਿਗ੍ਹਾ ਸੰਸਾਰ ਤੋਂ ਪਾਰਦਰਸ਼ਕ ਹੈ, ਅਸੀਂ ਰਹਿੰਦੇ ਸੰਸਾਰ 'ਚ ਹਾਂ, ਪਰ ਸੰਸਾਰ ਦਾ ਜਿੱਥੇ ਖਾਤਮਾ ਹੁੰਦਾ ਹੈ ਉਸ ਤੋਂ ਅੱਗੇ ਦੇਖਦੇ ਹਾਂ ਅਸੀਂ। ਇਸ ਕਰਕੇ ਅਸੀਂ ਵੈਰਾਗ 'ਚ ਰਹਿੰਦੇ ਹਾਂ ਕਿ ਇਹ ਚੀਜ਼ਾਂ ਤਾਂ ਮੇਰੇ ਨਾਲ ਨਹੀਂ

ਜਾਣੀਆਂ, ਸਾਰੀਆ ਛੱਡਣੀਆਂ ਪੈਣੀਆਂ ਨੇ, ਇਨ੍ਹਾਂ ਵਾਸਤੇ ਕਾਹਦੀਆ ਬੇਈਮਾਨੀਆਂ, ਕਾਹਦੇ ਧੋਖੇ, ਕਾਹਦੇ ਫਰੇਬ, ਝੂਠ ਬੋਲਾਂਗੇ ਨਾਲ ਜਾਏਗਾ -

*ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ॥*
*ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥*
*ਹੁਕਮ ਕੀਏ ਮਨਿ ਭਾਵਦੇ*
*ਰਾਹਿ ਭੀੜੈ ਅਗੈ ਜਾਵਣਾ ॥*
*ਨੰਗਾ ਦੋਜਕਿ ਚਾਲਿਆ*
*ਤਾ ਦਿਸੈ ਖਰਾ ਡਰਾਵਣਾ ॥*
*ਕਰਿ ਅਉਗਣ ਪਛੋਤਾਵਣਾ ॥     ਅੰਗ - ੪੭੧*

ਅਸੀਂ ਜਿੱਥੇ ਜਾ ਕੇ ਪਛਤਾਉਣਾ ਹੈ ਨਾ ਉਥੇ ਨਿਗ੍ਹਾ ਰਖਦੇ ਹਾਂ, ਇਸ ਕਰਕੇ ਸਾਡੀ ਸੰਸਾਰ ਦੇ ਅੰਦਰ ਵਰਤਣ ਵੈਰਾਗ ਦੀ ਹੈ। attachment ਦੀ ਨਹੀਂ ਹੈ, detachment ਦੀ ਹੈ, ਦੂਸਰਾ ਅਸੀਂ ਭਗਤੀ ਭਾਵ (devotion) 'ਚ ਰਹਿੰਦੇ ਹਾਂ, ਗਿਆਨੀ ਬਣਨਾ ਨਹੀਂ ਚਾਹੁੰਦੇ। ਕਿਉਂਕਿ ਗਿਆਨੀ ਖਾਲੀ ਰਹਿ ਜਾਂਦਾ ਹੈ, ਫਿੱਕਾ ਰਹਿ ਜਾਂਦਾ ਹੈ, ਮਾਇਆ ਪੈ ਜਾਂਦੀ ਹੈ। ਭਗਤੀ ਇਸਤਰੀ ਰੂਪ ਹੋਣ ਕਰਕੇ, ਇਹਦੇ ਉਪਰ ਮਾਇਆ ਵੀ ਇਸਤਰੀ ਰੂਪ ਹੈ, ਇਹਦੇ ਉੱਤੇ ਪੈਂਦੀ ਨਹੀਂ ਹੈ, ਕਿਉਂਕਿ ਇਹ ਪਿਆਰ ਦੇ ਨਾਲ ਜਾਂਦੀ ਹੈ। ਨੌਂ ਤਰ੍ਹਾਂ ਦੀ ਭਗਤੀ ਹੁੰਦੀ ਹੈ, ਦਸਵੀਂ ਹੁੰਦੀ ਹੈ, ਆਪਾ ਸਮਰਪਣ ਦੀ, ਆਪਾ ਨਿਵੇਦਨ; ਸਭ ਕੁਛ ਗੁਰੂ ਦਾ ਬਣਾ ਦੇਣਾ, ਆਪਣਾ ਕੁਛ ਵੀ ਨਾ ਰੱਖਣਾ। ਨਿਹਚੇ ਸਾਡੇ ਗਿਆਨ ਹੈ। ਸੋ ਉਸ ਨੇ ਕਿਹਾ ਕਿ ਮੈਂ ਕੀ ਕਰਾਂ ਮੈਨੂੰ ਰਾਹ ਕੋਈ ਨਹੀਂ ਲੱਭ ਰਿਹਾ। ਉਹ ਕਹਿੰਦਾ ਦੇਖ ਵਾਹਿਗੁਰੂ ਨੇ ਬੀਜ ਤੇਰੇ ਅੰਦਰ ਰੱਖਿਆ ਹੋਇਆ ਹੈ, ਇਹ ਸੇਵਾ ਦੇ ਪਾਣੀ ਨਾਲ ਫਲਦਾ ਹੈ, ਵਿਚਾਰ ਦੀ ਗੋਡੀ ਇਹਨੂੰ ਦੇਣੀ ਪੈਂਦੀ ਹੈ, ਜਿਹੜਾ ਕੂੜ ਕਬਾੜ ਅੰਦਰ ਪੈਦਾ ਹੋਇਆ ਹੈ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਈਰਖਾ, ਨਿੰਦਿਆ, ਚੁਗਲੀ, ਪਾਖੰਡ, ਲਾਲਚ; ਬੇਅੰਤ ਹੈ ਕਬਾੜਖਾਨਾ, ਇਹਨੂੰ ਕਹਿੰਦੇ ਵਿਚਾਰ ਦੇ ਖੁਰਪੇ ਨਾਲ ਗੁੱਡਣਾ ਪੈਂਦਾ ਹੈ।

*ਮਨੁ ਹਾਲੀ ਕਿਰਸਾਣੀ ਕਰਣੀ*
*ਸਰਮੁ ਪਾਣੀ ਤਨੁ ਖੇਤੁ ॥*
*ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥*
*ਅੰਗ - ੫੯੫*

ਇਹਦੀ ਰਾਖੀ ਕੀਹਦੇ ਨਾਲ ਕਰਨੀ ਹੈ ਨਿਮਰਤਾ ਨਾਲ; ਇਹ ਜੰਮੇਗੀ ਕਿਵੇਂ -

*ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ॥*
*ਅੰਗ - ੫੯੫*

ਪਿਆਰ ਨੂੰ ਭਗਤੀ ਕਹਿੰਦੇ ਨੇ, ਨੌਂ ਕਿਸਮ ਦੀ ਭਗਤੀ, ਉਹਦੇ ਨਾਲ ਇਹ ਜੰਮਦੀ ਹੈ। ਕੂੜ-ਕਬਾੜ ਕੱਢ ਇਹਦੇ ਵਿਚੋਂ। ਉਹ ਭਾਗਾਂ ਵਾਲੇ ਨੇ ਜਿਹੜੇ ਕਰਦੇ ਨੇ ਕਿ ਮਾਇਆ ਨਾਲ ਨਹੀਂ ਜਾਂਦੀ -

*ਬਾਬਾ ਮਾਇਆ ਸਾਥਿ ਨ ਹੋਇ ॥*
*ਇਨਿ ਮਾਇਆ ਜਗੁ ਮੋਹਿਆ*
*ਵਿਰਲਾ ਬੂਝੈ ਕੋਇ॥     ਅੰਗ - ੫੯੫*

ਕਹਿੰਦੇ, ਕੋਈ ਦੱਸ ਵੀ ਮੈਨੂੰ ਪਾ ਦੇ। ਮੈਨੂੰ ਕੁਛ ਪਤਾ ਵੀ ਲਗ ਜਾਏ? ਕਹਿੰਦੇ, ਦੇਖ ਪਿਆਰਿਆ! ਆਹ ਜਿਹੜਾ ਕਾਇਆ ਨਗਰ ਹੈ ਨਾ ਇਹਦੇ ਵਿੱਚ ਰਹਿੰਦਾ ਹੈ ਜਿਹਨੂੰ ਤੂੰ ਟੋਲ੍ਹਣਾ ਹੈ। ਕਹਿੰਦੇ, ਫੇਰ ਦਿਸਦਾ ਕਿਉਂ ਨਹੀਂ, ਐਨਾ ਕਿੱਥੇ ਕੁ ਚਲਿਆ ਗਿਆ। ਉਹ ਕਹਿੰਦਾ ਇੱਕ ਬੜੀ ਸਖਤ ਦੀਵਾਰ ਬਣੀ ਹੋਈ ਹੈ। ਉਹ ਕੰਧ ਜਿੰਨਾਂ ਚਿਰ ਨਹੀਂ ਟੁੱਟਦੀ, ਉਹ ਨਾਲ ਹੀ ਹੈ, ਕੋਲ ਹੀ ਹੈ ਤੇਰੇ, ਦੂਰ ਨਹੀਂ ਹੈ, ਐਵੇਂ ਤੂੰ ਜੰਗਲਾਂ 'ਚ ਭਟਕਦਾ ਹੈਂ, ਤੈਨੂੰ ਕੋਈ ਪੂਰਾ ਨਹੀਂ ਮਿਲਿਆ, ਜੇ ਪੂਰਾ ਮਿਲ ਜਾਂਦਾ ਤਾਂ ਤੇਰੀ ਭਟਕਣਾ ਦੂਰ ਹੋ ਜਾਂਦੀ। ਐਸ ਤਰ੍ਹਾਂ ਦਸਦੇ ਨੇ ਕਿ ਪਿਆਰਿਆ! ਇਹਦੇ ਅੰਦਰ ਇੱਕ ਕੰਧ ਬਣੀ ਹੋਈ ਹੈ, ਉਹ ਕੰਧ ਜਿਹੜੀ ਹੈ ਉਹ ਦਿਸਣ ਨਹੀਂ ਦਿੰਦੀ, ਕੋਲ ਹੀ ਰਹਿੰਦਾ ਹੈ, ਉਹ ਕੰਧ ਟੁੱਟਦੀ ਨਹੀਂ ਹੈ, ਇਸ ਕਰਕੇ ਉਹ ਦਿਸਦਾ ਨਹੀਂ ਹੈ। ਰਹਿੰਦੇ ਇਕੱਠੇ ਹੀ ਨੇ, ਨੇੜੇ-ਨੇੜੇ ਰਹਿੰਦੇ ਨੇ, ਹੁਣ ਐਨੀ ਨੇੜੇ ਦੱਸ ਪਾ ਦੇਵੇ ਨਾ ਕੋਈ ਸਾਧਸੰਗਤ ਜੀ! ਉਹ ਤਾਂ ਕੁਰਬਾਨ ਜਾਂਦਾ ਹੈ ਆਦਮੀ ਕਿ ਮੈਂ ਬਲਿਹਾਰ ਜਾਂਦਾ ਹਾਂ, ਤੂੰ ਐਨਾ ਨੇੜੇ ਦੱਸ ਦਿੱਤਾ ਕਿ ਇਹ ਤਾਂ ਮੇਰੇ ਗੁਆਂਢ ਵਿੱਚ ਹੀ ਰਹਿੰਦਾ ਹੈ। ਉਹ ਕਹਿੰਦੇ ਗੁਆਂਢ ਵਿੱਚ ਨਹੀਂ, ਤੇਰੀ ਕੋਠੀ ਦੇ ਵਿੱਚ ਹੀ ਰਹਿੰਦਾ ਹੈ ਪਰ ਉਹ ਭੁੱਲ ਪਈ ਹੋਈ ਹੈ, ਪੜਦਾ ਪਿਆ ਹੋਇਆ ਹੈ, ਪੜਦਾ ਦੂਰ ਕਰ ਲੈ, ਮਿਲ ਜਾਏਗਾ, ਇਸ ਤਰ੍ਹਾਂ ਦੇ ਨਾਲ ਫੁਰਮਾਨ ਹੈ -

*ਧਾਰਨਾ - ਕੰਧ ਹਉਮੈ ਦੀ ਦਿੱਸਣ ਨਾ ਦੇਵੇ,*
*ਅੰਦਰ ਵਸਦੇ ਰਾਮ ਪਿਆਰੇ ਨੂੰ।*

ਕਹਿਣ ਲੱਗੇ, ਭਾਈ ਘਨਈਆ! ਮੈਂ ਕੁਰਬਾਨ ਜਾਂਦਾ ਹਾਂ ਕਿ ਐਸੇ ਜੁਗ ਦੇ ਅੰਦਰ ਜਦੋਂ ਕਿ ਸੰਸਾਰ ਦੇ ਵਿੱਚ ਹਨ੍ਹੇਰੀ ਆਈ ਹੋਈ ਹੈ ਪਾਪਾਂ ਦੀ। ਰਾਜੇ ਸੀਂਹ ਬਣੇ ਹੋਏ ਨੇ, ਅਹਿਲਕਾਰ ਕੁੱਤੇ ਬਣੇ ਹੋਏ ਨੇ, ਤੈਨੂੰ ਇਹ ਲਗਨ, ਇਸ ਦੇਸ਼ ਵਿੱਚ ਰਹਿ ਕੇ? ਕਮਾਲ ਹੈਂ ਤੂੰ। ਪਰ ਪਿਆਰਿਆ! ਤੂੰ ਜਿਹੜਾ ਸਵਾਲ ਮੇਰੇ 'ਤੇ ਕਰਿਆ ਹੈ, ਕੋਈ ਹੈ ਮੇਲਣ ਵਾਲਾ। ਗੱਲ ਸਮਝ ਲੈ ਪਹਿਲਾਂ। ਰੱਬ ਭਾਲਣ ਦੀ ਤੈਨੂੰ ਲੋੜ ਨਹੀਂ, ਤੇਰੇ ਅੰਦਰ ਬੀਜ ਪਾਇਆ ਹੋਇਆ ਹੈ, ਸੇਵਾ ਦਾ ਪਾਣੀ ਦੇ ਕੇ ਉਹ ਫੁੱਲ ਪਏਗਾ। ਪਰ ਇੱਕ ਦੀਵਾਰ ਬਣੀ ਹੋਈ ਹੈ, ਜੇ ਤੈਨੂੰ ਓਸ ਦੀਵਾਰ ਦੀ ਸਮਝ ਆ ਜਾਵੇ, ਫੇਰ ਰੱਬ ਦੂਰ ਹੀ ਨਹੀਂ ਹੈ, ਦੀਵਾਰ ਭੰਨ ਦਓ, ਗੱਲ ਮੁੱਕ ਜਾਂਦੀ ਹੈ। ਬੇਅੰਤ ਫਾਇਦੇ ਹੋ ਜਾਂਦੇ ਨੇ, ਨੇੜਤਾ ਹੋ ਜਾਂਦੀ ਹੈ।

ਇੱਕ ਵਾਰੀ ਮੇਰੇ ਕੋਲ ਕਿਸੇ ਪਿੰਡ ਦੇ ਬੰਦੇ

ਆਏ। ਉਹ ਕਹਿੰਦੇ ਜੀ! ਇਹ ਆਪਣੇ ਪੁੱਤਰਾਂ ਨਾਲੋਂ ਅੱਡ ਹੋਏ-ਹੋਏ ਨੇ, ਇਨ੍ਹਾਂ ਨੇ ਘਰ ਹੋਰ ਪਾ ਲਿਆ, ਪੁੱਤਰ ਹੋਰ ਥਾਂ ਰਹਿੰਦੇ ਨੇ, ਇਹ ਹੋਰ ਥਾਂ ਰਹਿੰਦੇ ਨੇ। ਮਾਂ ਵੀ ਬਾਪ ਵੀ ਸਭ ਅੱਡ ਨੇ। ਮੈਂ ਕਿਹਾ ਕੰਧ ਸਾਂਝੀ ਹੈ? ਕਹਿੰਦੇ ਹਾਂ। ਮੈਂ ਕਿਹਾ, ਲੈ ਉਹਦੇ ਵਿੱਚ ਕੀ ਹੈ, ਕੰਧ ਢਾਹ ਦਿਓ। ਕੰਧ ਢਾਹ ਦਿਓ ਇੱਕੋ ਹੀ ਟੱਬਰ ਬਣ ਜਾਓਂਗੇ। ਮੈਂ ਉਨ੍ਹਾਂ ਨੂੰ ਕਿਹਾ ਜੇ ਤੁਹਾਡੀ ਕੰਧ ਢਾਹ ਦਿੱਤੀ ਤੁਸੀਂ ਸੁਖੀ ਹੋ ਜਾਓਂਗੇ। ਕਹਿੰਦਾ, ਢਾਹ ਦਿਓ। ਮੈਂ ਜਦੋਂ ਓਸ ਪਿੰਡ ਗਿਆ ਚਰਨ ਪਾਉਣ, ਮੈਂ ਕਿਹਾ ਪਹਿਲਾਂ ਤਾਂ ਓਸ ਕੰਧ ਦੀ ਗੱਲ ਕਰੋ, ਕਹਿੰਦੇ ਜੀ ਉਹ ਤਾਂ ਢਾਹ ਦਿੱਤੀ। ਜਦ ਮੈਂ ਓਥੇ ਗਿਆ, ਸਾਰਾ ਹੀ ਟੱਬਰ ਇੱਕੋ ਹੋਇਆ ਪਿਆ ਸੀ, ਘਰ ਵਧ ਗਿਆ, ਕਮਰੇ ਵਧ ਗਏ, ਕੰਧ ਵਿਚੋਂ ਚੁੱਕ ਦਿੱਤੀ। ਕੰਧ ਦਾ ਹੀ ਰੌਲਾ ਹੈ ਸਾਰਾ। ਜੇ ਹੋਰ ਇਹਨੂੰ ਫਿਲਾਸਫੀ ਦੇ ਹਿਸਾਬ ਨਾਲ ਗੱਲ ਕਰੀਏ ਤਾਂ 'ਮੈਂ' ਤੇ 'ਤੂੰ' ਦਾ ਰੌਲਾ ਪਿਆ ਹੋਇਆ ਹੈ। ਜਿਹੜਾ ਮੈਂ ਮੇਟਣ ਵਾਸਤੇ ਤਿਆਰ ਨਹੀਂ ਹੋ ਰਿਹਾ। ਇਹ ਕਹਿੰਦਾ ਹੈ ਕਿ ਮੈਨੂੰ ਰੱਬ ਮਿਲੇ ਨਾ ਮਿਲੇ ਪਰ ਮੈਂ ਆਪਣਾ ਆਪਾ ਨਹੀਂ ਮਿਟਾਉਣਾ। ਆਹ ਰੌਲਾ ਹੈ ਜਿਹਦੇ ਕਰਕੇ ਅਸੀਂ ਭਟਕਦੇ ਫਿਰਦੇ ਹਾਂ। ਉਹ ਕਹਿੰਦੇ, ਪਿਆਰਿਆ! -

*ਹਉ ਹਉ ਭੀਤਿ ਭਇਓ ਹੈ ਬੀਚੋ*
*ਸੁਨਤ ਦੇਸਿ ਨਿਕਟਾਇਓ ॥*
*ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥*
*ਅੰਗ - ੬੨੪*

ਭੰਬੀਰੀ ਦਾ ਫੰਗ ਹੁੰਦਾ ਹੈ ਨਾ ਪਲਾਸਟਿਕ ਦਾ, ਪਤਲਾ ਜਿਹਾ ਕਾਗਜ਼, ਉਹਦਾ ਰੌਲਾ ਦਰਸ਼ਨ ਨਹੀਂ ਕਰਨ ਦਿੰਦਾ, ਤੁਹਾਨੂੰ ਦੋਹਾਂ ਨੂੰ ਇੱਕ ਨਹੀਂ ਹੋਣ ਦਿੰਦਾ। ਪਲਾਸਟਿਕ ਦਾ ਪਤਲਾ ਜਿਹਾ ਕਾਗਜ਼ ਹੋਵੇ, ਕਾਰ ਦੀ distributor 'ਚ ਪਾ ਦਿਓ, ਜ਼ੋਰ ਲਾ ਲਓ, ਨਵੀਂ ਕਾਰ ਹੈ, ਕਦੇ ਨਹੀਂ ਕਰੰਟ ਪਾਸ ਹੋਣ ਦਿੰਦਾ। ਹੈਰਾਨ ਹੋ ਜਾਏਗਾ ਕਿ ਇੰਜਣ ਹੈਗਾ, ਸਭ ਕੁਛ ਹੈਗਾ, ਪਰ ਚਲਦਾ ਕਿਉਂ ਨਹੀਂ? ਕਿਉਂਕਿ ਉਹਦੇ ਵਿੱਚ ਇੱਕ ਪਤਲਾ ਜਿਹਾ ਕਾਗਜ਼ ਹੈ, ਐਵੇਂ ਜਿਵੇਂ ਇੱਕ ਮਾਨਸਿਕ ਬੁਰਾਈ ਆ ਗਈ, ਦੂਰੀ ਆ ਗਈ ਮਾਨਸਿਕ; ਉਹ ਤਾਂ ਹੈਗਾ ਸਤਿ; ਇਹ ਜਿਹੜਾ ਅਸਤਿ ਹੈ, ਇਹਦੀ ਹੋਂਦ ਕੋਈ ਨਹੀਂ ਹੈ ਜੀਵ ਦੀ; ਇਹ ਬਣਿਆ ਹੋਇਆ ਹੈ ਆਪਣੇ ਹੱਠ ਨਾਲ, ਧੱਕੇ ਨਾਲ ਬਣਿਆ ਹੋਇਆ ਹੈ ਮੈਂ। ਇਹ ਕਹਿੰਦਾ ਹੈ ਕਿ ਮੈਂ ਰਹਾਂ। ਪਰ 'ਮੈਂ' ਤੇ 'ਤੂੰ' ਦਾ ਮੇਲ ਕੋਈ ਨਹੀਂ ਹੁੰਦਾ।

ਜਦੋਂ ਗੁਰੂ ਦਸਵੇਂ ਪਾਤਸ਼ਾਹ ਦੇ ਕੋਲ ਪੀਰ ਬੁੱਧੂਸ਼ਾਹ ਆਇਆ। ਕਹਿੰਦਾ ਖੁਦਾ ਅਰ ਰੂਹ ਕਾ ਮੇਲ ਕੈਸੇ? ਗੁਰੂ ਮਹਾਰਾਜ ਨੇ ਕਿਹਾ, ਰਾਤ ਕਾ ਔਰ ਦਿਨ ਕਾ ਜੈਸੇ। ਸੋਚੀ ਜਾਂਦਾ ਹੈ ਕਿ ਰਾਤ ਤੇ ਦਿਨ ਤਾਂ ਮਿਲਦੇ ਹੀ ਨਹੀਂ, ਰਾਤ ਆਪਣੇ ਥਾਂ ਕਾਇਮ ਹੈ, ਦਿਨ ਆਪਣੇ ਥਾਂ ਕਾਇਮ ਹੈ। ਹੁਣ ਗੱਲ ਸਮਝ ਵਿੱਚ ਨਹੀਂ ਆਉਂਦੀ। ਸੋਚੀ ਜਾਂਦਾ ਹੈ। ਮਹਾਰਾਜ ਜੀ ਵਲ ਦੇਖਿਆ ਕਿ ਇਹ ਮੈਨੂੰ ਪੁੱਛ ਹੀ ਲੈਣ ਕਿ ਕੀ ਗੱਲ? ਮਹਾਰਾਜ ਕਹਿੰਦੇ, ਬੱਸ ਹਾਂ ਠੀਕ ਹੈ, ਮਹਾਰਾਜ ਨੂੰ ਕਹਿੰਦਾ ਹਾਂ, ਹਾਂ ਠੀਕ ਹੈ-ਠੀਕ ਹੈ। ਹੁਣ ਚੇਲੇ ਬਹੁਤੇ ਨੇ ਨਾਲ, ਨਾਲ ਤਿੰਨ ਸੌ ਚੇਲੇ ਲੈ ਗਿਆ। ਅਸੂਲ ਹੀ ਇਹ ਹੁੰਦਾ ਹੈ ਕਿ -

*ਸੰਤ ਕਉ ਮਿਲਣੇ ਜਾਈਐ ਸਾਥ ਨ ਲੀਜੈ ਕੋਇ।*

ਨਾਲ ਲੈ ਕੇ ਜਾਓ ਗੱਲ ਨਹੀਂ ਕਰ ਹੁੰਦੀ। ਇਹਦੇ ਮਨ ਵਿੱਚ ਆ ਗਿਆ ਕਿ ਮੈਂ ਪੀਰ ਹਾਂ, ਮੇਰਾ ਤਿੰਨ ਸੌ ਚੇਲਾ ਮੇਰੇ ਨਾਲ ਹੈ। ਜੇ ਮੈਂ ਗੁਰੂ ਸਾਹਿਬ ਤੋਂ ਪੁੱਛਿਆ ਤਾਂ ਇਹ 22 ਕੁ ਸਾਲ ਦੇ ਨੇ ਮੈਂ ਸੱਠ ਸਾਲ ਤੋਂ ਵੀ ਉੱਤੇ ਹਾਂ, ਮੇਰੀ ਪੀਰੀ ਸਾਰੇ ਉਜਾਗਰ ਹੈ ਤੇ ਇਹ ਉਥੋਂ ਬਾਹਰੋਂ ਆ ਕੇ ਵਸੇ ਨੇ, ਬੜਾ ਸੰਕਟ ਹੋ ਗਿਆ ਉਹਨੂੰ ਆਪਣੀ ਮੈਂ ਦਾ। ਹੁਣ ਗੁਰੂ ਸਾਹਿਬ ਕਹਿੰਦੇ ਨੇ ਕਿ ਜਿਵੇਂ ਰਾਤ ਤੇ ਦਿਨ ਮਿਲਦੇ ਨੇ, ਫੇਰ ਅਖੀਰ 'ਚ ਕਹਿਣਾ ਪਿਆ, ਕਹਿੰਦਾ ਮਹਾਰਾਜ! ਮੈਂ ਸਮਝਿਆ ਨਹੀਂ ਹਾਂ, ਆਪ ਫੇਰ ਸਮਝਾਓ ਇੱਕ ਵਾਰੀ। ਮਹਾਰਾਜ ਕਹਿੰਦੇ, ਸੱਚ ਔਰ ਝੂਠ ਕਾ ਜੈਸੇ। ਫੇਰ ਹੋਰ ਹੈਰਾਨ ਹੋ ਗਿਆ ਕਿ ਸੱਚ ਤੇ ਝੂਠ ਤਾਂ ਦੋਵੇਂ ਅਲੱਗ-ਅਲੱਗ ਨੇ, ਆਖਰੀ ਹੱਦ (extream end) 'ਤੇ ਨੇ, ਇਹ ਤਾਂ ਕਦੇ ਮਿਲਦੇ ਹੀ ਨਹੀਂ ਹਨ, ਬਾਂਸ ਦੇ ਹੇਠਲੇ ਪਾਸੇ ਤੇ ਉਤਲੇ ਨੂੰ ਮਿਲਾ ਕੇ ਦਿਖਾਓ ਕਦੇ। ਉਹ ਵੀ ਠੀਕ ਸੋਚਦਾ ਸੀ ਕਿ ਇਹ ਤਾਂ ਮਿਲ ਹੀ ਨਹੀਂ ਸਕਦੇ। ਜੋ ਝੂਠ ਹੈ ਉਹ ਸੱਚ ਨਾਲ ਕਿਵੇਂ ਰਲ ਜਾਏਗਾ। ਸੱਚ ਆਪਣੀ ਥਾਂ ਹੈ ਝੂਠ ਆਪਣੀ ਥਾਂ ਹੈ। ਝੂਠ ਦੀ ਹੋਂਦ ਕੋਈ ਨਹੀਂ ਹੁੰਦੀ, ਸੱਚ ਦੀ ਹੋਂਦ ਹੁੰਦੀ ਹੈ। ਸਮਝ 'ਚ ਨਹੀਂ ਆ ਰਹੀ ਗੱਲ। ਅਖੀਰ ਕਹਿਣਾ ਪਿਆ ਕਿ ਮਹਾਰਾਜ! ਮੈਂ ਸਮਝਿਆ ਨਹੀਂ। ਰਾਤ ਤੇ ਦਿਨ ਜਦ ਇਕੱਠੇ ਹੁੰਦੇ ਨੇ ਤਾਂ ਰਾਤ ਨਹੀਂ ਰਹਿੰਦੀ, ਕਹਿੰਦੇ ਜਿਸ ਵਕਤ ਅੱਲਾਹ ਤੇ ਜੀਵ ਇਕੱਠੇ ਹੁੰਦੇ ਨੇ, ਜੀਵ ਨਹੀਂ ਰਹਿੰਦੇ। ਫੇਰ ਮਹਾਰਾਜ! ਮੇਲ ਤਾਂ ਹੋਇਆ ਨਾ? ਕਹਿੰਦੇ, ਅਸਲੀਅਤ ਪ੍ਰਗਟ ਹੁੰਦੀ ਹੈ ਮੇਲ ਜਿਹਨੂੰ ਕਹਿੰਦਾ ਹੈ, ਹਨ੍ਹੇਰੇ ਨੇ ਤਾਂ ਜਾਣਾ ਹੀ ਜਾਣਾ ਹੈ ਜਦੋਂ ਸੱਚ ਪ੍ਰਗਟ ਹੋਣਾ ਹੈ। ਇਸ ਕਰਕੇ ਰੌਲਾ ਸਾਰਾ ਹੀ ਰੱਬ ਦੇ ਦਰਮਿਆਨ ਜਿਹੜੀ ਹੈ ਨਾ ਇੱਕ ਝੂਠੀ ਦੀਵਾਰ ਹੈ, ਛੋਟੀ ਜਿਹੀ, ਪਰ ਇਹ ਐਨੀ ਕਰੜੀ ਹੈ ਕਿ ਜੁਗਾਂ-ਜੁਗਾਂਤਰਾਂ ਤੋਂ ਕੋਈ ਇਹਨੂੰ ਤੋੜ ਨਹੀਂ ਸਕਦਾ। ਨਾ ਉਹ ਤੀਰਥ ਕਰਿਆ ਤੋਂ ਟੁੱਟਦੀ ਹੈ, ਨਾ ਪੜ੍ਹਿਆਂ ਤੋਂ ਟੁੱਟਦੀ ਹੈ -

*ਪਾਠੁ ਪੜਿਓ ਅਰੁ ਬੇਦੁ ਬੀਚਾਰਿਓ*
*ਨਿਵਲਿ ਭੁਅੰਗਮ ਸਾਧੇ ॥*
*ਪੰਚ ਜਨਾ ਸਿਉ ਸੰਗੁ ਨ ਛੁਟਕਿਓ*

*ਅਧਿਕ ਅਹੰਬੁਧਿ ਬਾਧੇ ॥ ੧ ॥*
*ਪਿਆਰੇ ਇਨ ਬਿਧਿ ਮਿਲਣੁ ਨ ਜਾਈ*
*ਮੈ ਕੀਏ ਕਰਮ ਅਨੇਕਾ ॥*
*ਹਾਰਿ ਪਰਿਓ ਸੁਆਮੀ ਕੈ ਦੁਆਰੈ*
*ਦੀਜੈ ਬੁਧਿ ਬਿਬੇਕਾ ॥ ਅੰਗ - ੬੪੧*

ਮੈਨੂੰ ਉਹ ਬੁੱਧੀ ਦੇ ਦਿਓ ਜਿਹਦੇ ਨਾਲ ਮੈਂ ਇਹ ਗੱਲ ਜਾਣ ਜਾਵਾਂ। ਹੁਣ ਇੱਥੇ ਤੱਕ ਤਾਂ ਆਪਾਂ ਸਾਰੇ ਸਮਝ ਗਏ ਨਾ ਕਿ ਰੱਬ ਤਾਂ ਦੂਰ ਨਹੀਂ, ਪਰ ਝਗੜਾ 'ਮੈਂ' ਤੇ 'ਤੂੰ' ਦਾ ਪੈ ਗਿਆ। ਜਿਹੜੀ ਮੈਂ ਹੈ ਇਹ ਹੈਗੀ ਝੂਠੀ, ਸੱਚ ਨਹੀਂ ਹੈ; ਇਹਨੂੰ ਚਾਹੇ ਅਰਬ ਸਾਲ ਰਹਿ ਜਾਓ, ਚਾਹੇ ਖਰਬ ਸਾਲ ਰਹਿ ਜਾਓ, ਜਦ ਤੱਕ ਮਨੌਤ ਨਹੀਂ ਮਿਟਦੀ ਇਹ ਕਾਇਮ ਹੈ। ਜਦ ਤੋਂ ਸ੍ਰਿਸ਼ਟੀ ਰਚੀ ਹੈ, ਜਦ ਮਹਾਂ ਪਰਲੋ ਆਉਣੀ ਹੈ, ਉਸ ਵੇਲੇ ਤੱਕ ਇਹ ਮਿਟਦੀ ਨਹੀਂ ਜ਼ੋਰ ਲਾ ਲਓ। ਫੇਰ ਕੀ ਹੁੰਦਾ ਹੈ? ਫੇਰ ਇਹ ਜੀਵ ਸ਼ਬਦ ਵਿੱਚ ਸਮਾਅ ਜਾਂਦੇ ਨੇ, ਮੁੜ ਕੇ ਜਦ ਫੇਰ ਸ੍ਰਿਸ਼ਟੀ ਸ਼ੁਰੂ ਹੁੰਦੀ ਹੈ ਫੇਰ ਨਿਕਲ ਆਉਂਦੇ ਨੇ ਓਹੀ ਕਰਮ ਨਾਲ ਲੈ ਕੇ।

*ਕਈ ਬਾਰ ਪਸਰਿਓ ਪਸਾਰਾ।*
*ਸਦਾ ਸਦਾ ਇਕੁ ਏਕੰਕਾਰਾ।*

ਏਕੰਕਾਰ ਦੀ ਖੇਡ ਹੈ, ਜਦੋਂ ਉਹਨੇ ਬਿਲਕੁਲ ਮੇਟਣਾ ਹੋਏਗਾ -

*ਭਣਤਿ ਨਾਨਕੁ ਜਬ ਖੇਲੁ ਉਝਾਰੈ*
*ਤਬ ਏਕੈ ਏਕੰਕਾਰਾ ॥ ਅੰਗ - ੧੦੦੦*

ਜਦ ਉਹਨੇ ਖੇਲੁ ਬਿਲਕੁਲ ਖਤਮ ਕਰਨੀ ਹੈ, ਫੇਰ ਸਾਰਾ ਹੀ ਮਿਟ ਗਿਆ। ਮੈਂ ਤੂੰ ਰਿਹਾ ਹੀ ਨਾ, ਫੇਰ ਤਾਂ ਸਭ ਝੂਠਾ ਹੀ ਹੈ, ਪਰਛਾਵੇਂ ਹਟ ਗਏ। ਰੋਸ਼ਨੀ ਹੋ ਗਈ। ਸੋ ਇਹ ਗੱਲ ਕਹਿਣ ਲੱਗੇ, ਗੁਰਮੁਖਾ! ਗੱਲ ਤਾਂ ਹੈਗੀ ਐਨੀਓਂ ਹੀ, ਇੱਕ ਕੇਵਲ ਸਤਿਗੁਰੂ ਹੈ ਜਿਹੜਾ ਇਸ ਕੰਧ ਨੂੰ ਭੰਨ ਸਕਦਾ ਹੈ, ਹੋਰ ਦੁਨੀਆਂ ਦੀ ਕੋਈ ਤਾਕਤ ਨਹੀਂ, ਉਹ ਕਾਹਦੇ ਨਾਲ ਭੰਨਦਾ ਹੈ? ਉਹਦੇ ਕੋਲ ਹੈ 'ਨਾਮ' -

*ਬਿਨੁ ਸਤਿਗੁਰ ਨਾਉ ਨ ਪਾਈਐ*
*ਬੁਝਹੁ ਕਰਿ ਵੀਚਾਰੁ ॥*
*ਨਾਨਕ ਪੂਰੈ ਭਾਗਿ ਸਤਿਗੁਰੁ ਮਿਲੈ*
*ਸੁਖੁ ਪਾਏ ਜੁਗ ਚਾਰਿ ॥ ਅੰਗ - ੬੪੯*

ਜਿਹੜਾ 'ਨਾਮ' ਹੈ -

*ਹਉਮੈ ਨਾਵੈ ਨਾਲਿ ਵਿਰੋਧੁ ਹੈ*
*ਦੁਇ ਨ ਵਸਹਿ ਇਕ ਠਾਇ ॥ ਅੰਗ - ੫੬੦*

ਜਦ ਨਾਮ ਅੰਦਰ ਵਸ ਗਿਆ, ਹਉਮੈ ਦਾ ਨਾਸ ਹੋ ਗਿਆ, ਮੈਂ ਖਤਮ ਹੋ ਗਈ, ਤੂੰ ਹੀ ਤੂੰ ਰਹਿ ਗਿਆ ਸਾਰੇ। ਸੋ ਜਿਹੜਾ ਤੂੰ ਕਿਹਾ ਹੈ ਕਿ ਮੈਨੂੰ ਕੋਈ ਦਸ ਦੇ, ਮੈਂ ਦਸ ਵੀ ਦਿੰਦਾ ਹਾਂ ਤੈਨੂੰ। ਜੇ ਤੇਰਾ ਮਨ ਮੰਨਦਾ ਹੈ ਤਾਂ ਅਨੰਦਪੁਰ ਸਾਹਿਬ ਚਲਿਆ ਜਾਹ, ਉਥੇ ਗੁਰੂ ਤੇਗ ਬਹਾਦਰ ਸਾਹਿਬ ਮਹਾਰਾਜ ਦੀ ਸ਼ਰਨ ਜਾਈਂ, ਜਾ ਕੇ ਬੇਨਤੀ ਕਰੀਂ, ਗੁਰਸਿੱਖਾਂ ਦੀ ਰਹੁਰੀਤ ਸਿੱਖ ਲਈਂ, ਉਵੇਂ ਜਿਵੇਂ ਉਨ੍ਹਾਂ ਦਾ ਅਦਬ ਕਰੀਂ, ਤੈਨੂੰ ਜਗਿਆਸੂ ਦੇਖ ਕੇ ਤੇਰੀ ਹਉਮੈ ਦੀ ਕੰਧ ਤੋੜ ਦੇਣਗੇ, ਤੇਰਾ ਮੇਲ ਹੋ ਜਾਏਗਾ। ਬੜਾ ਖੁਸ਼ ਹੋਇਆ ਭਾਈ ਘਨਈਆ। ਉਸੇ ਵੇਲੇ ਇਰਾਦਾ ਬਣਾ ਲਿਆ, ਐਨਾ ਦਿਲ ਵਿੱਚ ਹੈ ਕਿ ਮੈਂ ਹੁਣੇ ਚਲਿਆ ਜਾਵਾਂ। ਦੂਸਰੇ ਦਿਨ ਅਨੰਦਪੁਰ ਸਾਹਿਬ ਵਲ ਚਾਲੇ ਪਾ ਦਿੱਤੇ। ਗੁਰੂ ਮਹਾਰਾਜ ਦਾ ਦੀਵਾਨ ਸਜਿਆ ਹੋਇਆ ਸੀ, ਬਚਨ ਕਰ ਰਹੇ ਸੀ। ਵਿੱਚ ਆ ਕੇ ਬੈਠ ਗਿਆ, ਗੁਰੂ ਮਹਾਰਾਜ ਦੇ ਨਿਗ੍ਹਾ (notice) ਵਿੱਚ ਆ ਗਿਆ ਕਿ ਆਹ ਕੋਈ ਗੁਰਸਿੱਖ ਦੂਰ ਤੋਂ ਆਇਆ ਹੈ। ਬਹੁਤ ਧਿਆਨ ਨਾਲ ਸੁਣ ਰਿਹਾ ਹੈ, ਕਦੇ ਖੁਸ਼ ਹੁੰਦਾ ਹੈ, ਕਦੇ ਨੇਤਰਾਂ 'ਚੋਂ ਜਲ ਜਾਣ ਲਗ ਜਾਂਦਾ ਹੈ। ਖੁਸ਼ ਹੁੰਦਾ ਹੈ ਕਿ ਮੈਨੂੰ ਪੂਰਾ ਮਿਲ ਗਿਆ। ਜਲ ਜਾਂਦਾ ਹੈ ਕਿ ਮੇਰੀ ਅੰਦਰਲੀ ਵੇਦਨ ਨੂੰ ਜੇ ਇਹ ਸਮਝ ਜਾਣ ਤਾਂ ਮੇਰਾ ਭਲਾ ਹੋ ਜਾਵੇਗਾ। ਮੈਂ ਗਰੀਬ ਆਦਮੀ ਹਾਂ, ਇਹ ਇੱਕ ਤੋਂ ਇੱਕ ਚੜ੍ਹਦੇ ਬੈਠੇ ਨੇ, ਮੈਨੂੰ ਕੀਹਨੇ ਪੁੱਛਣਾ ਹੈ, ਮੇਰਾ ਕੋਈ ਨਾਉਂ ਨਹੀਂ ਜਾਣਦਾ, ਕਿਵੇਂ ਜਾਵਾਂਗਾ, ਕਿਵੇਂ ਗੁਰੂ ਸਾਹਿਬ ਨੂੰ ਕਹਾਂਗਾ, ਦੀਵਾਨ ਦੀ ਸਮਾਪਤੀ ਹੋਈ, ਮਹਾਰਾਜ ਜੀ ਨੇ ਕੋਲ ਬਿਠਾ ਲਿਆ, ਕਹਿੰਦੇ ਗੁਰਮੁਖਾ! ਕਿੱਥੋਂ ਆਇਆ ਹੈ? ਕਾਹਦੇ ਵਾਸਤੇ ਆਇਆ ਹੈ? ਕਹਿੰਦਾ, ਸੱਚੇ ਪਾਤਸ਼ਾਹ! ਵਜ਼ੀਰਾਬਾਦ ਕੋਲ ਸੌਦਰਾ ਪਿੰਡ ਹੈ, ਓਥੋਂ ਮੈਂ ਆਇਆ ਹਾਂ, ਤੇ ਮੈਨੂੰ ਇੱਕ ਗੁਰਸਿੱਖ ਨੇ ਦੱਸਿਆ ਹੈ ਕਿ ਜਿਸ ਚੀਜ਼ ਦੀ ਤੂੰ ਤਲਾਸ਼ ਵਿੱਚ ਹੈਂ ਉਹ ਤੈਨੂੰ ਅਨੰਦਪੁਰ ਸਾਹਿਬ ਜਾ ਕੇ ਪ੍ਰਾਪਤ ਹੋਏਗੀ। ਕਹਿਣ ਲੱਗਿਆ ਪਾਤਸ਼ਾਹ! ਮੈਨੂੰ ਆਪਣੇ ਚਰਨ ਸ਼ਰਨ ਦੇ ਵਿੱਚ ਥਾਉਂ ਦੇਵੋ। ਆਪਣਾ ਬਣਾ ਲਓ। ਕਹਿੰਦੇ ਕੀ ਨਾਉਂ ਹੈ? ਕਹਿੰਦੇ ਘਨਈਆ ਨਾਉਂ ਰੱਖਿਆ ਹੋਇਆ ਹੈ ਮਾਂ ਬਾਪ ਨੇ। ਕਹਿੰਦੇ, ਘਨਈਆ! ਦੇਖ ਸਿੱਧੀ ਜਿਹੀ ਗੱਲ ਹੈ, ਇੱਕ ਬਰਤਨ ਵਿੱਚ ਜੇ ਇੱਕ ਚੀਜ਼ ਭਰੀ ਹੋਈ ਹੈ, ਦੂਜੀ ਤਾਂ ਪੈਂਦੀ ਨਹੀਂ ਨਾ ਉਹਦੇ ਵਿੱਚ। ਜੇ ਪਹਿਲੀ ਦੂਰ ਹੋਵੇ ਤਾਂ ਦੂਜੀ ਸਮਾਅ ਜਾਂਦੀ ਹੈ -

*ਵਸਤੂ ਅੰਦਰਿ ਵਸਤੁ ਸਮਾਵੈ*
*ਦੂਜੀ ਹੋਵੈ ਪਾਸਿ ॥ ਅੰਗ - ੪੭੪*

ਉਹਦੇ ਵਾਸਤੇ ਤੈਨੂੰ ਆਪਣੀ ਮਨੋਬਿਰਤੀ ਤਿਆਗ ਕਰਨੀ ਪੈਣੀ ਹੈ, ਜੇ ਤਾਂ ਤੂੰ ਬਣਾ ਲਈ ਤਾਂ-ਤਾਂ ਛੇਤੀ ਤੇਰਾ ਕੰਮ ਬਣ ਜਾਏਗਾ, ਜੇ ਨਾ ਬਣਾਈ ਤਾਂ ਕਈ ਜਨਮ ਵੀ ਲੰਘ ਸਕਦੇ ਨੇ। ਕਹਿੰਦਾ, ਹਜ਼ੂਰ! ਹੁਕਮ ਕਰੋ, ਜਿਸ ਤਰ੍ਹਾਂ ਵੀ ਆਪ ਦਾ ਹੁਕਮ ਹੋਏਗਾ, ਉਸੇ ਤਰ੍ਹਾਂ ਮੈਂ ਹੁਕਮ ਵਜਾ ਲਵਾਂਗਾ। ਮਹਾਰਾਜ ਕਹਿੰਦੇ, ਪਿਆਰਿਆ! ਤੂੰ ਸੌਦਾ ਲੈਣ ਆਇਆ ਹੈਂ ਬਹੁਤ ਮਹਿੰਗਾ।

ਇਹਦੇ ਬਦਲੇ ਤੈਨੂੰ ਬਹੁਤ ਕੁਛ ਦੇਣਾ ਪੈਣਾ ਹੈ। ਸੁਣ ਧਿਆਨ ਦੇ ਨਾਲ–

*ਧਾਰਨਾ – ਮੁਰਦਾ ਹੋਇ ਤਾਂ ਮੁਰੀਦ*
*ਨਹੀਓਂ ਗਲੀ ਹੋਵਣਾ।*

ਦੇਖ ਪਿਆਰਿਆ! ਸਭ ਤੋਂ ਵੱਡੀ ਨਾਯਾਬ ਵਸਤੂ ਦਾ ਤੂੰ ਗਾਹਕ ਹੋ ਕੇ ਆਇਆ ਹੈਂ, ਪਰ ਜਿੰਨੀ ਕੀਮਤੀ ਚੀਜ਼ ਹੈ ਓਡਾ ਵੱਡਾ ਮੁੱਲ ਹੈ –

*ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।*
*ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।*
*ਗੋਲਾ ਮੁਲ ਖਰੀਦੁ ਕਾਰੇ ਜੋਵਣਾ।*
*ਨਾ ਤਿਸੁ ਭੁਖ ਨ ਨੀਦ, ਨ ਖਾਣਾ ਸੋਵਣਾ।*
*ਪੀਹਣਿ ਹੋਇ ਜਦੀਦ ਪਾਣੀ ਢੋਵਣਾ।*
*ਪਖੇ ਦੀ ਤਾਗੀਦ ਪਗ ਮਲਿ ਧੋਵਣਾ।*
*ਭਾਈ ਗੁਰਦਾਸ ਜੀ, ਵਾਰ ੩/੧੮*

ਐਸਾ ਜੀਵਨ ਸਤਿਗੁਰੂ ਦੇ ਹੁਕਮ ਵਿੱਚ ਰਹਿ ਕੇ, ਆਪਣੀ 'ਮੈਂ' ਨੂੰ ਬਿਲਕੁਲ ਖਤਮ ਕਰਕੇ ਧਾਰਨ ਕਰਨਾ ਪੈਂਦਾ ਹੈ ਪਿਆਰਿਆ! ਜਿਹੜੀ ਤੂੰ ਚੀਜ਼ ਮੰਗਦਾ ਹੈਂ, ਪਿਆਰਿਆ! ਉਹਦਾ ਗਾਹਕ ਜਿੰਨਾ ਚਿਰ ਨਹੀਂ ਆਉਂਦਾ, ਮਹਾਤਮਾ ਕੋਈ ਗੱਲ ਹੀ ਨਹੀਂ ਕਰਿਆ ਕਰਦੇ।

*ਧਾਰਨਾ – ਜਿੱਥੇ ਮਿਲੇ ਨਾ ਸੌਦਾਗਰ ਪੂਰਾ,*
*ਗੱਠੜੀ ਨਾ ਖੋਲ੍ਹੀ ਨਾਮ ਦੀ।*
*ਰਾਮ ਪਦਾਰਥੁ ਪਾਇ ਕੈ*
*ਕਬੀਰਾ ਗਾਂਠਿ ਨ ਖੋਲ੍ਹ ॥*
*ਨਹੀ ਪਟਣੁ ਨਹੀ ਪਾਰਖੂ*
*ਨਹੀ ਗਾਹਕੁ ਨਹੀ ਮੋਲੁ ॥ ਅੰਗ – ੧੩੬੫*

ਪਿਆਰ ਦਾ ਅਸੂਲ ਇਹ ਹੈ ਕੀਮਤੀ ਚੀਜ਼ ਦੀ ਕੀਮਤ ਦੇਣ ਵਾਲਾ ਆਵੇ ਤਾਂ ਗੱਠੜੀ ਖੋਲ੍ਹਦਾ ਹੈ ਸੌਦਾਗਰ, ਨਹੀਂ ਤਾਂ ਕਹਿੰਦਾ ਜਾਓ ਜੀ ਤੇ ਜਦ ਇਹ ਚੀਜ਼ ਲੈਣੀ ਹੈ ਤਾਂ ਮੁਰਦਾ ਬਣਨਾ ਪੈਣਾ ਹੈ।

ਕਹਿਣ ਲੱਗਿਆ, ਮਹਾਰਾਜ! ਕ੍ਰਿਪਾ ਕਰੋ ਮੇਰੇ ਉੱਪਰ। ਬੜੀ ਮੁਸ਼ਕਲ ਦੇ ਨਾਲ ਮੈਂ ਆਪ ਦੀ ਚਰਨ ਸ਼ਰਨ ਪਹੁੰਚਿਆ ਹਾਂ। ਮਹਾਰਾਜ ਕਹਿੰਦੇ ਆਹ ਘੜਾ ਚੁੱਕ ਲੈ, ਡੋਲ ਲੈ ਲੈ, ਪਾਣੀ ਲੈ ਕੇ ਆ। ਪਾਣੀ ਹੇਠਾਂ ਦੂਰ ਸੀ, ਦੂਰ ਗਿਆ, ਜਾ ਕੇ ਪਾਣੀ ਲਿਆਇਆ। ਮਹਾਰਾਜ ਜੀ ਨੇ ਘੜਾ ਟੇਢਾ ਕਰਿਆ, ਹੱਥ ਧੋ ਕੇ ਪਾਣੀ ਰੋੜ੍ਹ ਦਿੱਤਾ। ਕਹਿੰਦੇ ਲੈ ਬਈ, ਚਰਨ ਧੋਣੇ ਸੀ, ਹੁਣ ਹੋਰ ਲਿਆ ਪਾਣੀ। ਉਹ ਲਿਆਇਆ, ਮਹਾਰਾਜ ਜੀ ਨੇ ਚਰਨ ਧੋ ਕੇ ਫੇਰ ਪਾਣੀ ਡੋਲ ਦਿੱਤਾ। ਕਹਿੰਦੇ, ਹੋਰ ਲਿਆ। 20-25 ਘੜੇ ਮੰਗਾਈ ਗਏ ਤੇ ਡੋਲ੍ਹੀ ਗਏ ਮਹਾਰਾਜ, ਕਦੇ ਕਿਸੇ ਤਰ੍ਹਾਂ, ਕਦੇ ਕਿਸੇ ਤਰ੍ਹਾਂ। ਨਾਲ ਚਿਹਰੇ ਵਲ ਦੇਖਦੇ ਰਹੇ ਕਿ ਇਹਦੇ ਅੰਦਰ ਕੋਈ ਰੇਖਾ ਤਾਂ ਨਹੀਂ ਉੱਭਰ ਰਹੀ ਤਰਕ ਦੀ। ਬਹੁਤੇ ਤਾਂ ਐਥੇ ਇਹੋ ਜਿਹੇ ਆਉਂਦੇ ਨੇ। ਦੇਖ ਕੇ ਜਜਮੈਂਟ ਕਰਕੇ ਮੁੜ ਜਾਂਦੇ ਨੇ ਕਿ ਬੁਲਾਇਆ ਹੀ ਨਹੀਂ ਮੈਨੂੰ ਤਾਂ। ਮੇਰੇ ਨਾਲ ਤਾਂ ਗੱਲ ਹੀ ਨਹੀਂ ਕਰੀ। 'ਮੈਂ' ਤੇ 'ਮੇਰੀ' ਨੂੰ ਲੈ ਕੇ ਆਉਂਦੇ ਹਨ। ਸੰਤਾਂ ਕੋਲ ਰੱਖਣ ਨੂੰ ਥਾਉਂ ਹੀ ਨਹੀਂ ਹੁੰਦਾ, ਮੈਂ ਤੇ ਮੇਰਾ –

*ਜਾ ਕਾ ਕਹਿਆ ਦਰਗਹ ਚਲੈ ॥*
*ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥*
*ਅੰਗ – ੧੮੬*

ਕੀ ਲੋੜ ਪਈ ਹੈ ਸੰਤਾਂ ਨੂੰ ਸੰਸਾਰ ਦੀ। 'ਮੈਂ' ਵਾਲਿਆਂ ਨੂੰ ਲਿਆ ਕੇ ਕਰਨਾ ਕੀ ਹੈ। ਉਨ੍ਹਾਂ ਦੀ ਤਾਂ 'ਮੈਂ' ਨਹੀਂ ਹਟਣੀ, ਸਾਂਭੋ ਜੀ ਇਨ੍ਹਾਂ ਨੂੰ, ਸਤਿਕਾਰ ਦਿਓ ਜੀ, ਫਲਾਣਾ ਦਿਓ ਜੀ, ਇਥੇ ਤਾਂ ਮਸਤਾਨਿਆਂ ਦੀ ਲੋੜ ਹੈ। ਪੂਰੇ ਦਿਨ ਮਹਾਰਾਜ ਜੀ ਨੇ ਲਗਾਤਾਰ ਇਹ ਕਿਰਿਆ ਜਾਰੀ ਰੱਖੀ। ਉਹ ਖੁਸ਼ ਹੈ, ਨੱਠ ਕੇ ਜਾਂਦਾ ਹੈ, ਫੇਰ ਪਾਣੀ ਲੈ ਕੇ ਆਉਂਦਾ ਹੈ, ਫੇਰ ਜਾਂਦਾ ਹੈ। ਮਹਾਰਾਜ ਕਹਿੰਦੇ, ਤੈਥੋਂ ਅਸੀਂ ਪਾਣੀ ਪਿਲਾਉਣ ਦੀ ਸੇਵਾ ਲੈਣੀ ਹੈ। ਤਿੰਨ ਮਹੀਨੇ ਬਾਅਦ ਮਹਾਰਾਜ ਨੇ ਕਿਹਾ, ਕਹਿੰਦੇ ਘਨਈਆ! ਆ ਸਾਡੇ ਸਾਮ੍ਹਣੇ ਬੈਠ। ਓਸ ਵੇਲੇ ਆਪ ਨੇ ਚਰਨ ਅੰਮ੍ਰਿਤ ਉਸਨੂੰ ਪਿਲਾਇਆ। ਨਾਲ ਬਚਨ ਕੀਤਾ ਕਿ ਦੇਖ ਘਨਈਆ! ਏਸ ਸੰਸਾਰ 'ਚ ਮੈਂ ਤੇ ਤੂੰ ਨਜ਼ਰ ਆ ਰਹੇ ਨੇ, ਇਹ ਇੱਕ ਭੁਲੇਖਾ ਹੈ। ਇੱਥੇ ਕੋਈ ਨਹੀਂ ਹੈ ਪ੍ਰਮੇਸ਼ਰ ਤੋਂ ਬਗੈਰ। ਬਚਨ ਕਹਿੰਦੇ ਸਾਰ –

*ਤਹ ਭਇਆ ਪ੍ਰਗਾਸੁ ਮਿਟਿਆ ਅੰਧਿਆਰਾ*
*ਜਿਉ ਸੂਰਜ ਰੈਣਿ ਕਿਰਾਖੀ ॥*
*ਅਦਿਸਟੁ ਅਗੋਚਰੁ ਅਲਖੁ ਨਿਰੰਜਨੁ*
*ਸੋ ਦੇਖਿਆ ਗੁਰਮੁਖਿ ਆਖੀ ॥ ਅੰਗ – ੮੮*

ਅੱਖਾਂ ਨਾਲ ਦੇਖ ਲਿਆ, ਮੈਂ ਮਿਟਣ ਦੀ ਦੇਰ ਸੀ, ਜਦੋਂ ਮੈਂ ਮਿਟ ਗਈ, ਤੂੰ ਮਿਟ ਗਿਆ, ਇਥੇ ਪ੍ਰਮੇਸ਼ਰ ਹੈ ਸਤਿ, ਹੋਰ ਇੱਥੇ ਕੋਈ ਹੈ ਹੀ ਨਹੀਂ। ਓਸ ਵੇਲੇ ਅਵਸਥਾ ਐਸੀ ਹੋ ਗਈ–

*ਧਾਰਨਾ – ਘਟ ਘਟ ਅੰਤਰ ਸਰਬ ਨਿਰੰਤਰਿ*
*ਕੇਵਲ ਏਕ ਮੁਰਾਰੀ ਹੈ।*

ਸਿਰਫ ਇਕ ਵਾਹਿਗੁਰੂ ਇੱਥੇ ਹੈ ਜਿਹੜਾ ਜੀਵ ਹੈ, ਉਹ ਵਾਧੂ ਦੀ ਚੀਜ਼ ਹੈ। ਝੂਠੀ ਚੀਜ਼ ਹੈ, ਇਹ ਬਣਿਆ ਕਿੱਥੋਂ ਹੈ ਇਹ ਮੈਂ ਨੇ ਬਣਾ ਦਿੱਤਾ, ਮਨੌਤ ਨੇ ਬਣਾ ਦਿੱਤਾ, ਇਹਨੂੰ ਹਉਮੈ ਕਹਿੰਦੇ ਨੇ, ਸਾਡੇ ਪੜ੍ਹੇ ਲਿਖੇ ਭੁੱਲ ਜਾਂਦੇ ਨੇ, ਹਉਮੈ ਨੂੰ ego ਕਹੀ ਜਾਂਦੇ ਨੇ, ਹਟਦੇ ਹੀ ਨਹੀਂ ਹਨ, ਕਦੇ ਸਤਿਸੰਗ ਕਰਨ, ਸੱਚ ਦਾ ਗਿਆਨ ਹੋਵੇ ਤਾਂ ਉਨ੍ਹਾਂ ਨੂੰ ਪਤਾ ਲੱਗੇ। ego ਤਾਂ ਅਭਿਮਾਨ ਨੂੰ ਕਹਿੰਦੇ ਨੇ, ਸਵੈ ਅਭਿਮਾਨ ਨੂੰ। ਇਹ ਹਉਮੈ ਹੁੰਦਾ ਹੈ ਇੱਕ ਭਾਵਨਾ ਬਣਾ ਲੈਣੀ 'I & my,' ਇਹਨੇ ਰੌਲਾ ਪਾ ਦਿੱਤਾ ਸਾਰੇ। ਇਹ ਨਹੀਂ

ਮਿਟਦੀ, ਇਹਦੇ ਨਾਲ ਕਰਮ ਚਿੰਬੜੇ ਹੋਏ ਨੇ, ਜਨਮਾਂ-ਜਨਮਾਂਤਰਾਂ ਤੋਂ ਫਲ ਭੋਗਦਾ ਚਲਿਆ ਜਾਂਦਾ ਹੈ। ਕੇਵਲ ਇੱਕ ਇਲਾਜ ਹੈ ਓਹਦਾ, ਸਤਿਸੰਗ 'ਚ ਆ ਕੇ, ਸਤਿ ਦੇ ਬਚਨ ਸੁਣੇ, ਸਤਿ ਦੀ ਕਮਾਈ ਕਰੇ, ਕ੍ਰਿਪਾ ਹੋ ਜਾਏ ਤੱਤ ਬੇਤੇ ਮਹਾਂਪੁਰਸ਼ ਦੀ, ਤਾਂ ਜਾ ਕੇ ਰਾਤ ਦਾ ਹਨ੍ਹੇਰਾ ਜਿਹੜਾ ਇਹਨੇ ਆਪੇ ਹੀ, ਪਾਇਆ ਹੈ ਉਹ ਤਾਂ ਹਟਣਾ ਹੈ ਤੇ ਫੇਰ ਹੁੰਦਾ ਕੀ ਹੈ? -

***ਤਹ ਭਇਆ ਪ੍ਰਗਾਸੁ ਮਿਟਿਆ ਅੰਧਿਆਰਾ***
***ਜਿਉ ਸੂਰਜ ਰੈਣਿ ਕਿਰਾਖੀ ॥ ਅੰਗ - ੯੮***

ਜਿਵੇਂ ਰਾਤ ਸੂਰਜ ਨੇ ਖਤਮ ਕਰ ਦਿੱਤੀ ਤੇ ਗਿਆਨ ਹੁੰਦੇ ਸਾਰ ਹਉਮੈ ਖਤਮ ਹੋ ਗਈ ਇਹਦੀ।

***ਅਦਿਸਟੁ ਅਗੋਚਰੁ ਅਲਖੁ ਨਿਰੰਜਨੁ***
***ਸੋ ਦੇਖਿਆ ਗੁਰਮੁਖਿ ਆਖੀ ॥ ਅੰਗ - ੯੮***

ਅੱਖਾਂ ਦੇ ਨਾਲ ਦੇਖ ਲਿਆ।

ਮਹਾਰਾਜ ਕਹਿਣ ਲੱਗੇ, ਘਨਈਆ! ਹੁਣ ਤੂੰ ਜਾਹ ਓਸ ਦੇਸ ਦੇ ਵਿੱਚ, ਸਾਧਨ ਪਰਖ, ਇਹ ਗਿਆਨ ਨੂੰ ਪਕਾ, ਪਕਾਏ ਬਗੈਰ ਇਹ ਕੱਚਾ ਰਹਿ ਜਾਂਦਾ ਹੈ, ਅਧੂਰਾ ਹੋ ਜਾਂਦਾ ਹੈ, ਮੁੜ ਕੇ ਮਾਇਆ ਫੇਰ ਪੈ ਜਾਂਦੀ ਹੈ, ਜਾਹ ਜਾ ਕੇ ਕਮਾਈ ਕਰ ਤੇ ਮਸ਼ਕ ਲੈ ਕੇ ਸਭ ਨੂੰ ਪਾਣੀ ਪਿਲਾਈਂ। ਸੇਵਾ ਵੀ ਨਾਲ ਦੱਸ ਦਿੱਤੀ। ਸੋ ਇਹੀ ਕਾਰ ਉਹਨੇ ਆਰੰਭ ਦਿਤੀ। ਉਸ ਤੋਂ ਬਾਅਦ ਉਹਨੂੰ ਪਤਾ ਲੱਗਿਆ ਕਿ ਗੁਰੂ ਮਹਾਰਾਜ ਤਾਂ ਸਰੀਰ ਛੱਡ ਗਏ, ਸ਼ਹੀਦੀ ਦੇ ਦਿੱਤੀ, ਪੱਕੇ ਤੌਰ 'ਤੇ ਗੁਰੂ ਦਸ਼ਮੇਸ਼ ਪਿਤਾ ਜੀ ਦੀ ਚਰਨ ਸ਼ਰਨ ਵਿੱਚ ਆ ਗਏ। ਬੜੀ ਕਮਾਈ ਕਰੀ ਜੀ ਭਰ ਕੇ, ਅਖੀਰ ਜਦੋਂ ਵੱਡੇ ਯੁੱਧ ਲੱਗੇ, ਉਸ ਵੇਲੇ ਪਾਣੀ ਦੀ ਹੀ ਸੇਵਾ ਕਰਦਾ ਹੀ ਸੀ, ਫੌਜਾਂ ਨੂੰ ਪਾਣੀ ਪਿਲਾਉਂਦਾ ਫਿਰਦਾ ਹੈ ਤੇ ਇਹਦੀ ਸ਼ਿਕਾਇਤ ਹੋਈ ਕਿ ਘਨਈਆ ਖਾਲਸੇ ਨੂੰ ਪਾਣੀ ਨਹੀਂ ਪਿਲਾਉਂਦਾ ਤੇ ਇਹ ਤੋਰਕ ਫੌਜ਼ਾਂ ਨੂੰ ਪਾਣੀ ਪਿਲਾਉਂਦਾ ਫਿਰਦਾ ਹੈ ਅਸੀਂ ਹਾਕਾਂ ਮਾਰਦੇ ਰਹਿ ਜਾਂਦੇ ਹਾਂ, ਨੱਠ ਕੇ ਜਾਂਦਾ ਹੈ ਦੂਸਰਿਆਂ ਕੋਲ। ਸਾਨੂੰ ਪਿੱਛੋਂ ਪਿਲਾਉਂਦਾ। ਮਹਾਰਾਜ ਜੀ! ਜਾਂ ਤਾਂ ਉਨ੍ਹਾਂ ਨੇ ਇਹਨੂੰ ਪੈਸਾ ਦੇ ਦਿਤਾ ਤੇ ਇਹਨੂੰ ਖਰੀਦ ਲਿਆ। ਜੇ ਇਹ ਗੱਲ ਨਹੀਂ ਤਾਂ ਹੋ ਸਕਦਾ ਹੈ ਕਿ ਇਹ ਦੂਸਰੀਆਂ ਫੌਜਾਂ ਦਾ ਜਾਸੂਸ ਨਾ ਆ ਗਿਆ ਹੋਵੇ ਸਾਡੇ ਅੰਦਰ। ਨਹੀਂ ਤਾਂ ਇਹਨੂੰ ਕਾਹਦੀ ਹਮਦਰਦੀ ਉਨ੍ਹਾਂ ਨਾਲ।

ਮਹਾਰਾਜ ਜੀ ਕਹਿੰਦੇ ਲਿਆ ਕੇ, ਸਾਡੇ ਪੇਸ਼ ਕਰੋ। ਰਾਤ ਹੋਈ-ਹੋਈ ਸੀ, ਭਾਈ ਘਨਈਆਂ ਅਜੇ ਮੈਦਾਨ-ਏ-ਜੰਗ ਦੇ ਵਿੱਚੋਂ ਆਇਆ ਨਹੀਂ ਸੀ। ਜਦ ਸਿੰਘ ਉਥੇ ਪਹੁੰਚੇ, ਉਹ ਮੁਗਲ ਖਾਨ ਜਿਹਨੇ ਅੱਜ ਸਹੁੰ ਖਾਧੀ ਸੀ, ਬੀੜਾ ਚੁੱਕਿਆ ਸੀ, ਬਈ ਜਾਂ ਤਾਂ ਮੈਂ ਮਰ ਜਾਵਾਂਗਾ ਤੇ ਨਹੀਂ ਤਾਂ ਗੁਰੂ ਗੋਬਿੰਦ ਸਿੰਘ ਨੂੰ ਜੀਉਂਦਾ ਫੜਾਂਗਾ ਜਾਂ ਸ਼ਹੀਦ ਕਰਾਂਗਾ, ਪਰ ਇਹ ਸਿੰਘਾਂ ਦੇ ਹੱਥੋਂ ਜ਼ਖਮੀ ਹੋ ਕੇ ਗਿਰ ਗਿਆ, ਮੂਰਛਾ ਆ ਗਈ। ਉਨ੍ਹਾਂ ਸਮਝਿਆ ਕਿ ਇਹ ਮਰ ਗਿਆ। ਭਾਈ ਘਨਈਆ ਨੇ ਦੇਖਿਆ ਰਾਤ ਨੂੰ, ਅਵਾਜ਼ ਆਈ ਹੂੰ-ਹੂੰ, ਉਸਨੇ ਦੇਖਿਆ ਕਿ ਕੋਈ ਜੀਉਂਦਾ ਹੈ, ਗਏ ਜਾ ਕੇ ਉਹਦਾ ਸਿਰ ਆਪਣੇ ਪੱਟ 'ਤੇ ਰੱਖਿਆ, ਪਾਣੀ ਦੀ ਚੂਲੀ ਭਰੀ, ਦੂਜੇ ਹੱਥ ਦੇ ਨਾਲ ਦੰਦਲ ਖੋਲ੍ਹੀ, ਕਿਉਂਕਿ ਰੋਜ਼ ਹੀ ਆਹੀ ਕੰਮ ਕਰਦੇ ਸੀ। ਪਾਣੀ ਮੂੰਹ ਵਿੱਚ ਪਾਇਆ, ਹੋਸ਼ ਆਈ ਉਹਨੂੰ, ਹਨ੍ਹੇਰਾ ਸੀ ਪਛਾਣ ਨਾ ਸਕਿਆ ਕਿ ਕੌਣ ਹੈ? ਕੀ ਨਾਮ ਹੈ ਤੇਰਾ। ਮਨ 'ਚ ਇਹ ਸੀ ਕਿ ਮੈਂ ਇਸਨੂੰ ਇਨਾਮ ਦੇਵਾਂਗਾ। ਮੈਂ ਹੁਣ ਬਚ ਜਾਣਾ ਹੈ। ਉੱਤਰ ਆਇਆ ਕਿ ਮੈਂ ਗੁਰੂ ਦਸ਼ਮੇਸ਼ ਪਿਤਾ ਦਾ ਇੱਕ ਅਧਨਾ ਜਿਹਾ, ਗਰੀਬ ਜਿਹਾ ਸਿੱਖ, ਘਨਈਆ ਕਹਿੰਦੇ ਨੇ ਮੈਨੂੰ।

ਕਹਿਣ ਲੱਗਿਆ ਕਿ ਘਨਈਆ! ਮੈਨੂੰ ਗਲਤੀ ਨਾਲ ਤਾਂ ਨਹੀਂ ਪਾਣੀ ਪਿਲਾ ਰਿਹਾ?

ਭਾਈ ਘਨਈਆ ਨੇ ਕਿਹਾ ਕਿ ਨਹੀਂ ਜਾਣ ਕੇ ਪਿਲਾ ਰਿਹਾ ਹੈ।

ਕਹਿੰਦਾ, ਮੈਂ ਤਾਂ ਇਸਲਾਮੀ ਫੌਜਾਂ ਦਾ, ਔਰੰਗਜ਼ੇਬੀ ਫੌਜਾਂ ਦਾ ਜਰਨੈਲ ਹਾਂ। ਮੈਂ ਤਾਂ ਤੁਹਾਡੇ ਗੁਰੂ ਨੂੰ ਸ਼ਹੀਦ ਕਰਨਾ ਸੀ ਜਾਂ ਫੜਨਾ ਸੀ, ਤੈਨੂੰ ਮੇਰੇ ਨਾਲ ਵੈਰ ਨਹੀਂ ਉਤਪੰਨ ਹੁੰਦਾ, ਇਹ ਗੱਲ ਸੁਣ ਕੇ?

ਕਹਿੰਦਾ ਨਹੀਂ ਸਾਡੇ ਗੁਰੂ ਨੇ ਤਾਂ ਵੈਰ ਕੱਢ ਦਿੱਤਾ।

***ਬਿਸਰਿ ਗਈ ਸਭ ਤਾਤਿ ਪਰਾਈ ॥***
***ਜਬ ਤੇ ਸਾਧਸੰਗਤਿ ਮੋਹਿ ਪਾਈ ॥ ੧ ॥ ਰਹਾਉ॥***
***ਨਾ ਕੋ ਬੈਰੀ ਨਹੀ ਬਿਗਾਨਾ***
***ਸਗਲ ਸੰਗਿ ਹਮ ਕਉ ਬਨਿ ਆਈ ॥***
***ਅੰਗ - ੧੨੯੯***

ਕਹਿਣ ਲੱਗੇ, ਮੁਗਲ ਖਾਨ! ਤੂੰ ਮੁਗਲ ਖਾਨ ਆਪਣੇ ਆਪ ਨੂੰ ਮੰਨ, ਮੈਨੂੰ ਤਾਂ ਤੂੰ ਆਤਮਾ ਹੀ ਦਿਸਦਾ ਹੈਂ। ਮੈਨੂੰ ਨਹੀਂ ਮੁਗਲ ਖਾਨ ਦਿਸਦਾ। ਮੈਂ ਆਪਣੇ ਗੁਰੂ ਦੇ ਹੁਕਮ 'ਚ ਤੈਨੂੰ ਪਾਣੀ ਪਿਲਾ ਰਿਹਾ ਹਾਂ। ਐਨੇ ਸਾਰੇ ਬਾਕੀ ਸਿੰਘ ਵੀ ਆ ਗਏ ਕਹਿਣ ਲੱਗੇ, ਭਾਈ ਸਾਹਿਬ! ਤੁਹਾਨੂੰ ਗੁਰੂ ਦਸ਼ਮੇਸ਼ ਪਿਤਾ ਯਾਦ ਫੁਰਮਾਉਂਦੇ ਨੇ। ਜਦ ਆਪ ਗੁਰੂ ਮਹਾਰਾਜ ਕੋਲ ਗਏ ਤਾਂ ਗੁਰੂ ਮਹਾਰਾਜ ਨੇ ਪੁਛਿਆ ਭਾਈ ਘਨਈਆ! ਤੇਰੀ ਸ਼ਿਕਾਇਤ ਆਈ ਹੈ ਕਿ ਤੂੰ ਤੁਰਕ ਫੌਜਾਂ ਨੂੰ ਪਾਣੀ ਪਿਲਾਉਂਦਾ ਰਿਹਾ ਹੈਂ। ਕਹਿੰਦਾ, ਨਾ ਸੱਚੇ ਪਾਤਸ਼ਾਹ! ਮੈਂ ਕਿਸੇ ਨੂੰ ਪਾਣੀ ਨਹੀਂ ਪਿਲਾਇਆ।

ਮੈਨੂੰ ਤਾਂ ਦਿਸਣ ਤੋਂ ਹੀ ਹਟ ਗਿਆ। ਜਦ ਮੇਰੇ ਨੇਤਰ ਬੰਦ ਸੀ, ਮੈਨੂੰ ਆਪਣੇ ਬੇਗਾਨੇ ਦਿਸਦੇ ਸੀ। ਹੁਣ ਮੈਨੂੰ ਸਾਰਿਆਂ ਦੇ ਵਿੱਚ 'ਤੂੰ' ਹੀ ਬਿਰਾਜ ਰਿਹਾ ਦਿਸਦਾ ਹੈਂ। ਦੂਸਰਾ ਮੈਨੂੰ ਕੋਈ ਨਜ਼ਰ ਹੀ ਨਹੀਂ ਆ ਰਿਹਾ। ਥਲਾਂ ਵਿੱਚ ਤੂੰ ਹੈਂ, ਜਲਾਂ ਵਿੱਚ ਤੂੰ ਹੈਂ -

***ਸੋ ਅੰਤਰਿ ਸੋ ਬਾਹਰਿ ਅਨੰਤ ॥***

*ਘਟਿ ਘਟਿ ਬਿਆਪਿ ਰਹਿਆ ਭਗਵੰਤ ॥*
*ਧਰਨਿ ਮਾਹਿ ਆਕਾਸ ਪਇਆਲ ॥*
*ਸਰਬ ਲੋਕ ਪੂਰਨ ਪ੍ਰਤਿਪਾਲ ॥*
*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥*
*ਜੈਸੀ ਆਗਿਆ ਤੈਸਾ ਕਰਮੁ ॥*
*ਪਉਣ ਪਾਣੀ ਬੈਸੰਤਰ ਮਾਹਿ ॥*
*ਚਾਰਿ ਕੁੰਟ ਦਹ ਦਿਸੇ ਸਮਾਹਿ ॥*
*ਤਿਸ ਤੇ ਭਿੰਨ ਨਹੀ ਕੋ ਠਾਉ ॥*
*ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥*
*ਅੰਗ - ੨੯੩*

ਤੇਰੇ ਬਿਨਾਂ ਸੰਸਾਰ 'ਚ ਹੈ ਹੀ ਕੋਈ ਨਹੀਂ। ਜਦ ਤੋਂ ਤੂੰ ਮੇਰੇ ਨੇਤਰਾਂ ਦੇ ਵਿੱਚ ਗਿਆਨ ਦਾ ਸੁਰਮਾ ਪਾਇਆ ਹੈ -

*ਗਿਆਨ ਅੰਜਨੁ ਗੁਰਿ ਦੀਆ*
*ਅਗਿਆਨ ਅੰਧੇਰ ਬਿਨਾਸੁ ॥*
*ਹਰਿ ਕਿਰਪਾ ਤੇ ਸੰਤ ਭੇਟਿਆ*
*ਨਾਨਕ ਮਨਿ ਪਰਗਾਸੁ ॥ ਅੰਗ - ੨੯੩*
*ਗੁਰਹਿ ਦਿਖਾਇਓ ਲੋਇਨਾ ॥੧॥ ਰਹਾਉ ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ ॥ ਅੰਗ - ੪੦੭*

ਮੈਨੂੰ ਅੱਖ ਦਿਖਾ ਦਿੱਤੀ ਤੂੰ। ਤੇਰੇ ਬਿਨਾਂ ਤਾਂ ਕੋਈ ਹੈ ਨਹੀਂ। ਸੋ ਇਸ ਕਰਕੇ ਪਾਤਸ਼ਾਹ! ਮੈਂ ਤਾਂ ਤੈਨੂੰ ਪਾਣੀ ਪਿਲਾਇਆ ਹੈ, ਹੋਰ ਤਾਂ ਕਿਸੇ ਨੂੰ ਪਿਲਾਇਆ ਹੀ ਨਹੀਂ ਹੈ।

*ਧਾਰਨਾ - ਗੁਰਾਂ ਨੇ ਮੇਰੇ ਓ ਨੈਣ ਖੋਲ੍ਹ 'ਤੇ*
*ਮੈਨੂੰ ਸਾਰੀਆਂ ਘਟਾਂ ਦੇ ਵਿਚ ਦਿਸਿਆ।*

ਪਾਤਸ਼ਾਹ! ਮੈਨੂੰ ਤੇਰੇ ਬਿਨਾਂ ਹੁਣ ਹੋਰ ਕੋਈ ਦਿਸਦਾ ਨਹੀਂ ਹੈ। ਸੋ ਇਸ ਕਰਕੇ ਮੈਂ ਤਾਂ ਤੈਨੂੰ ਪਾਣੀ ਪਿਲਾਇਆ ਹੈ, ਹੋਰ ਤਾਂ ਕਿਸੇ ਨੂੰ ਨਹੀਂ ਪਿਲਾਇਆ। ਤੁਸੀਂ ਤਾਂ ਸਾਰਿਆਂ ਦੇ ਵਿੱਚ ਰਹਿੰਦੇ ਹੋ, ਮੈਨੂੰ ਪਤਾ ਹੀ ਨਹੀਂ ਹੈ ਕਿ ਸ਼ਤਰੂ ਕਿਹੜਾ ਹੈ ਤੇ ਮਿੱਤਰ ਕਿਹੜਾ ਹੈ। ਕਿਉਂਕਿ ਤੇਰੇ ਬਿਨਾਂ ਕੋਈ ਦਿੱਸਦਾ ਨਹੀਂ ਉਨ੍ਹਾਂ ਦੇ ਅੰਦਰ। ਮਹਾਰਾਜ ਜੀ ਉਠੇ, ਉਠ ਕੇ ਗਲਵਕੜੀ 'ਚ ਲੈ ਲਿਆ ਤੇ ਕਿਹਾ ਗੁਰਸਿੱਖਾ! ਨਿਹਾਲ! ਨਿਹਾਲ! ਨਿਹਾਲ। ਪੱਟੀਆਂ ਲਿਆਓ, ਮਲ੍ਹਮ ਲਿਆਓ; ਕਹਿਣ ਲੱਗੇ ਕਿ ਅੱਜ ਤੋਂ ਸਾਡੇ ਜ਼ਖਮਾਂ ਨੂੰ ਧੋ ਕੇ, ਮਲ੍ਹਮ ਭਰੀ, ਫੇਰ ਤੂੰ ਪੱਟੀਆਂ ਲਾਈਂ, ਤੇਰੀ ਸੇਵਾ ਪ੍ਰਵਾਨ ਹੋਈ। ਹੁਣ ਤੂੰ ਆਪਣੇ ਦੇਸ਼ ਜਾਹ, ਇਥੇ ਬੜੇ ਭਿਆਨਕ ਯੁੱਧ ਮੱਚਣੇ ਨੇ, ਤੈਨੂੰ ਅਸੀਂ ਖੁਸ਼ੀਆਂ ਬਖਸ਼ ਕੇ ਵਿਦਾ ਕਰਦੇ ਹਾਂ। ਉਥੇ ਜਾਹ ਕੇ ਸੇਵਾ ਕਰ, ਗੁਰਸਿੱਖੀ ਦੇ ਸਿਧਾਂਤ ਨੂੰ ਦ੍ਰਿੜ੍ਹ ਕਰਾ।

ਗੁਰੂ ਮਹਾਰਾਜ ਨੇ ਕਿਹਾ ਕਿ ਘਨੱਈਏ 'ਤੇ ਸ਼ੱਕ ਨਾ ਕਰੋ ਪਿਆਰਿਓ। ਘਨੱਈਆ ਆਪ ਜਲ ਨਹੀਂ ਪਿਲਾਉਂਦਾ ਇਹ ਜਲ ਮੂੰਹਾਂ 'ਚ ਪਾਉਂਦਾ ਹੈ, ਦੁਸ਼ਮਣੀਆਂ ਦਿਲਾਂ ਵਿੱਚੋਂ ਕੱਢ ਰਿਹਾ ਹੈ -

*ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ ॥*
*ਅੰਗ - ੨੭੩*

ਅੰਮ੍ਰਿਤ ਵਰਸਦਾ ਹੈ। ਬੁਰਿਆਈਆ ਕੱਢ ਦਿੰਦਾ ਹੈ ਇੱਕ ਵਾਰੀ ਝਾਕ ਕੇ, ਤੁਸੀਂ ਇਹਦੀ ਗਤੀ ਨੂੰ ਨਹੀਂ ਜਾਣਦੇ।

ਸਰਹੱਦੀ ਸੂਬੇ ਵਿੱਚ ਚਲਿਆ ਗਿਆ, ਜਿੱਥੇ ਮਾਰਖੋਰ ਲੋਕ ਰਹਿੰਦੇ ਸੀ, ਉਥੇ ਸਵੇਰੇ ਹੀ ਪਾਣੀ ਭਰਦਾ ਹੈ, ਉੱਤੇ ਲੈ ਜਾਂਦਾ ਹੈ ਬੰਨ੍ਹੂੰ ਪਹਾੜ ਦੇ; ਇਕੱਲਾ ਹੀ ਲੱਗਿਆ ਰਹਿੰਦਾ ਹੈ ਸਾਰਾ ਦਿਨ। ਹੌਲੀ-ਹੌਲੀ ਉਹ ਪਠਾਣ ਵੀ ਨਾਲ ਲਗ ਗਏ, ਦੂਜੇ ਵੀ ਲੱਗ ਗਏ, ਦੋ-ਢਾਈ ਸੌ ਘੜਾ ਭਰ ਦਿੰਦੇ ਨੇ ਦਿਨ ਭਰ ਉਥੇ ਪਾਣੀ ਪਿਲਾਈ ਜਾਂਦਾ ਹੈ। ਕਿਉਂਕਿ ਸਾਰਿਆਂ ਦੇ ਵਿੱਚ ਬ੍ਰਹਮ ਦੇਖਦਾ ਸੀ।

ਇਧਰਲੇ ਪਾਸੇ ਜਦ ਮੁਗਲ ਖਾਨ ਰਾਜ਼ੀ ਹੋਇਆ ਅਨੰਦਪੁਰ ਸਾਹਿਬ ਆਇਆ, ਆ ਕੇ ਪੁੱਛਿਆ ਓਸ ਨੇ ਕਿ ਭਾਈ ਘਨਈਆ ਕਿੱਥੇ ਹੈ? ਕਹਿੰਦੇ, ਉਹਦੀ ਸੇਵਾ ਪ੍ਰਵਾਨ ਹੋ ਗਈ, ਗੁਰੂ ਮਹਾਰਾਜ ਨੇ ਆਗਿਆ ਦੇ ਦਿੱਤੀ ਹੁਣ ਉਹ ਸਰਹੱਦੀ ਸੂਬੇ ਵਲ ਜਾ ਕੇ ਸੇਵਾ ਕਰਦੇ ਨੇ। ਜਗ੍ਹਾ ਦਸ ਦਿੱਤੀ। ਉਥੇ ਪਹੁੰਚਿਆ, ਮਨ ਵਿੱਚ ਇਹ ਆਇਆ ਕਿ ਮੇਰੀ ਜਾਨ ਬਚਾਈ ਓਸ ਨੇ। ਸਭ ਤੋਂ ਕੀਮਤੀ ਚੀਜ਼ ਮੇਰੇ ਕੋਲ ਪਾਰਸ ਹੈ। ਮੈਂ ਪਾਰਸ ਭੇਟ ਕਰਾਂ ਉਨ੍ਹਾਂ ਨੂੰ ਜਾ ਕੇ, ਤਾਂ ਇਵਜ਼ਾਨਾ ਪੂਰਾ ਹੋਏਗਾ। ਐਡਾ ਵੱਡਾ ਅਹਿਸਾਨ ਮੇਰੇ ਉੱਤੇ ਕਰ ਦਿੱਤਾ ਜਿਹਦਾ ਦੇਣ ਮੈਂ ਦੇ ਨਹੀਂ ਸਕਦਾ। ਉਥੇ ਗਿਆ ਤਾਂ ਭਾਈ ਘਨਈਆਂ ਸਮਾਧੀ ਸਥਿਤ ਸੀ, ਨਦੀ ਦੇ ਕਿਨਾਰੇ ਬੈਠੇ ਸੀ, ਇੰਤਜ਼ਾਰ ਕਰਦਾ ਰਿਹਾ ਜਦੋਂ ਆਪ ਨੇ ਨੇਤਰ ਖੋਲ੍ਹੇ, ਥੋੜ੍ਹੀ ਦੇਰ ਉਨ੍ਹਾਂ ਨੇ ਇਧਰ ਉਧਰ ਦੇਖਿਆ। ਸਮਾਧੀ ਤੋਂ ਉਥਾਨ ਹੋਏ, ਇਹ ਵੀ ਗਿਆ ਜਾ ਕੇ ਇਹਨੇ ਸਿਜਦਾ ਕਰਿਆ ਤੇ ਨਾਲ ਕਿਹਾ ਕਿ ਦਰਵੇਸ਼ ਜੀ! ਤੁਸੀਂ ਸੱਚਮੁੱਚ ਦਰਵੇਸ਼ ਹੋ, ਸੱਚਮੁੱਚ ਸਾਧੂ ਹੋ, ਮੇਰੀ ਜਾਨ ਬਚਾਈ ਤੁਸੀਂ, ਮੈਂ ਓਹੀ ਮੁਗਲ ਖਾਨ ਹਾਂ ਤੇ ਮੈਂ ਤੁਹਾਡੀ ਭੇਟਾ ਵਾਸਤੇ ਪਾਰਸ ਲੈ ਕੇ ਆਇਆ ਹਾਂ, ਜਿਸ ਲੋਹੇ ਨਾਲ ਲਾਓ ਉਹ ਸੋਨਾ ਬਣ ਜਾਂਦਾ ਹੈ। ਕਿੰਨੀਓਂ ਸੇਵਾ ਸੰਸਾਰ ਦੀ ਕਰੀ ਜਾਇਓ।

ਭਾਈ ਘਨਈਆਂ ਜੀ ਨੇ ਕਿਹਾ ਕਿ ਭਾਈ! ਸਾਨੂੰ ਤਾਂ ਲੋੜ ਨਹੀਂ, ਅਸੀਂ ਤਾਂ ਹੱਥਾਂ ਪੈਰਾਂ ਨਾਲ ਆਪ ਸੇਵਾ ਕਰਨੀ ਚਾਹੁੰਦੇ ਹਾਂ। ਅੱਠ ਦੱਸ ਵਾਰੀ ਤਕਰਾਰ ਹੋਇਆ ਉਹ ਕਹਿੰਦਾ, ਨਹੀਂ ਮੈਂ ਤਾਂ ਤੁਹਾਡੇ ਵਾਸਤੇ ਲਿਆਇਆ ਹਾਂ। ਕਹਿੰਦੇ, ਤੈਨੂੰ ਲੋੜ ਤਾਂ ਨਹੀਂ ਇਹਦੀ? ਕਹਿੰਦਾ ਨਹੀਂ। ਉਨ੍ਹਾਂ ਨੇ ਚੁੱਕਿਆ ਤੇ ਨਦੀ ਵਿੱਚ ਸੁੱਟ ਦਿੱਤਾ।

*ਪ੍ਰਭ ਕੀ ਆਗਿਆ ਆਤਮ ਹਿਤਾਵੈ ॥*
*ਜੀਵਨ ਮੁਕਤਿ ਸੋਊ ਕਹਾਵੈ ॥*
*ਤੈਸਾ ਹਰਖੁ ਤੈਸਾ ਉਸੁ ਸੋਗੁ ॥*

*ਸਦਾ ਅਨੰਦੁ ਤਹ ਨਹੀ ਬਿਓਗੁ ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥ ਅੰਗ - ੨੭੫*

ਸਾਧੂ ਵੀ ਦੇਖੇ ਨੇ ਪੈਸੇ ਆਪਣੇ ਵਾਸਤੇ ਨਹੀਂ ਬਣਾਉਂਦੇ। ਆਉਂਦੇ ਨੇ ਲਾਈ ਜਾਂਦੇ ਨੇ, ਸਗੋਂ ਵਾਧੂ ਦੀ ਕਲਪਨਾ ਖੜ੍ਹੀ ਹੋ ਜਾਂਦੀ ਹੈ। ਉਨ੍ਹਾਂ ਨੂੰ ਨਹੀਂ ਫਰਕ ਸੋਨਾ ਤੇ ਮਿੱਟੀ ਨੂੰ ਇੱਕੋ ਜਿਹਾ ਜਾਣਦੇ ਨੇ।

*ਤੈਸਾ ਮਾਨੁ ਤੈਸਾ ਅਭਿਮਾਨੁ ॥*
*ਤੈਸਾ ਰੰਕੁ ਤੈਸਾ ਰਾਜਾਨੁ ॥*
*ਜੋ ਵਰਤਾਏ ਸਾਈ ਜੁਗਤਿ ॥*
*ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥*
*ਅੰਗ - ੨੭੫*

ਸੋ ਇਸ ਤਰ੍ਹਾਂ ਦੇ ਨਾਲ ਉਹ ਰੋਣ ਲਗ ਗਿਆ ਕਿ ਮਹਾਰਾਜ! ਇਹ ਤਾਂ ਮਿਲਦਾ ਹੀ ਨਹੀਂ ਕਿਤੋਂ। ਵੱਡੇ-ਵੱਡੇ ਇਹਦੀ ਤਲਾਸ਼ ਕਰ ਚੁੱਕੇ ਨੇ, ਇਹ ਨਹੀਂ ਮਿਲਦਾ। ਕਹਿੰਦੇ ਤੇਰਾ ਮੋਹ ਰਹਿ ਗਿਆ ਨਾ ਇਹਦੇ ਨਾਲ? ਕਹਿੰਦਾ ਹਾਂ ਮਹਾਰਾਜ। ਕਹਿੰਦੇ, ਦਿੱਤੀ ਹੋਈ ਚੀਜ਼ ਦਾ ਮੋਹ ਨਹੀਂ ਕਰਨਾ ਚਾਹੀਦਾ। ਬਹੁਤੇ ਕਰ ਲੈਂਦੇ ਨੇ, ਗੁਰਦੁਆਰਾ ਬਣਾ ਦੇਣ, ਮੋਹ ਰਖਦੇ ਨੇ, ਹਾਲਾਂਕਿ ਆਪ ਦਿੱਤਾ ਨਹੀਂ ਹੁੰਦਾ ਕੁਛ, ਸੇਵਾ ਹੀ ਕਰੀ ਹੁੰਦੀ ਹੈ। ਪ੍ਰਧਾਨਗੀ ਤੋਂ ਹਟਾ ਦੇਣ, ਮੁੜ ਕੇ ਜਾਂਦੇ ਹੀ ਨਹੀਂ, ਓਹੀ ਗੁਰਦੁਆਰਾ ਓਪਰਾ ਹੋ ਜਾਂਦਾ ਹੈ, ਕਿਉਂਕਿ ਅਸੀਂ ਫਸੇ ਹੋਏ ਹਾਂ ਇਨ੍ਹਾਂ ਛੋਟੀਆਂ ਗੱਲਾਂ ਵਿੱਚ।

ਕਹਿੰਦੇ, ਹੁਣ ਫੇਰ?

ਕਹਿੰਦਾ, ਮਹਾਰਾਜ ਫੇਰ ਤੁਸੀਂ ਮੇਰੇ ਕੋਲ ਰਹਿਣ ਦੇਣਾ ਸੀ।

ਕਹਿੰਦੇ, ਚਾਹੀਦਾ ਹੈ?

ਕਹਿੰਦਾ, ਮਹਾਰਾਜ! ਦੇ ਦਿਓ।

ਹੁਕਮ ਕਰ ਦਿੱਤਾ -

*ਭੈ ਵਿਚਿ ਪਵਣੁ ਵਹੈ ਸਦਵਾਉ ॥*
*ਭੈ ਵਿਚਿ ਚਲਹਿ ਲਖ ਦਰੀਆਉ ॥*
*ਭੈ ਵਿਚਿ ਅਗਨਿ ਕਢੈ ਵੇਗਾਰਿ ॥*
*ਭੈ ਵਿਚਿ ਧਰਤੀ ਦਬੀ ਭਾਰਿ ॥ ਅੰਗ - ੪੬੪*

ਨਦੀ ਦੋ ਹਿੱਸਿਆਂ ਵਿੱਚ ਵਗਣ ਲਗ ਗਈ, ਵਿਚਕਾਰਲਾ ਹਿੱਸਾ ਨੰਗਾ ਹੋ ਗਿਆ। ਕਹਿੰਦੇ ਉਹ ਪੱਥਰ ਪਏ ਨੇ ਸਾਰੇ ਪਾਰਸ, ਜਿਹੜਾ ਤੇਰੇ ਵਾਲਾ ਹੈ ਉਹ ਪਛਾਣ ਕੇ ਚੁੱਕ ਲਿਆ। ਨਦੀ 'ਚੋਂ ਤੈਰ ਕੇ ਉਥੇ ਪਹੁੰਚਦਾ ਹੈ, ਦੇਖਿਆ ਤਾ ਸਾਰੇ ਹੀ ਪਾਰਸ ਪਏ ਨੇ। ਇਹਦੀ ਕਿਸਮਤ ਚੰਗੀ ਸੀ, ਉਹ ਸਾਰੇ ਪਾਰਸ ਦੇਖ ਕੇ ਬਾਹਰ ਆ ਗਿਆ ਕਿ ਇਹ ਤਾਂ ਆਪ ਹੀ ਪਾਰਸ ਹਨ? ਇਹਦੀ ਤਾਂ ਨਿਗ੍ਹਾ ਐਸੀ ਹੈ, ਜਿਹਦੇ ਨਾਲ ਪੱਥਰ ਵੀ ਪਾਰਸ ਬਣ ਜਾਂਦੇ ਨੇ। ਓਸ ਵੇਲੇ ਆ ਗਿਆ, ਆ ਕੇ ਚਰਨਾਂ 'ਤੇ ਢਹਿ ਪਿਆ, ਕਹਿੰਦੇ ਲੈਣਾ ਨਹੀਂ ਪਾਰਸ ਭਾਈ ਘਨਈਆ ਜੀ! ਕਹਿੰਦਾ ਕੀ ਚਾਹੁੰਦਾ ਹੈ? ਕਹਿੰਦਾ, ਉਹ ਚੀਜ਼ ਦੇ ਦਿਓ ਮੈਨੂੰ, ਉਹ ਨਿਗ੍ਹਾਂ ਦੇ ਦਿਓ, ਜਿਹਨੂੰ ਦੇਖ ਕੇ, ਸਾਰੇ ਪੱਥਰ ਪਾਰਸ ਬਣਾ ਦਿੱਤੇ, ਕਹਿੰਦੇ ਉਹ ਤਾਂ ਪ੍ਰਮੇਸ਼ਰ ਦਾ ਨਾਮ ਹੈ ਪਿਆਰਿਆ -

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥*
*ਜਿਨਾ ਭਾਗ ਮਥਾਹਿ*
*ਸੇ ਨਾਨਕ ਹਰਿ ਰੰਗੁ ਮਾਣਦੋ॥ ਅੰਗ - ੮੧*

ਨਾਮ ਦੀ ਦਾਤ ਪ੍ਰਾਪਤ ਕਰੀ। ਹੁਣ ਤਾਂ ਅਸੀਂ ਰੌਲਾ-ਰੱਪਾ ਬਹੁਤ ਪਾਉਣ ਲੱਗ ਗਏ ਕਿ ਨਾਮ ਦੇ ਨਹੀਂ ਸਕਦਾ ਇਕੱਲਾ ਬੰਦਾ। ਸਾਧੂ ਸਮਰੱਥ ਹੁੰਦੇ ਨੇ, ਦੇ ਵੀ ਦਿੰਦੇ ਨੇ। ਤਿੰਨ ਤਰ੍ਹਾਂ ਦੇ ਅੰਮ੍ਰਿਤ ਹੁੰਦੇ ਨੇ - ਪਹਿਲਾ ਇੱਕੋ ਸਿੰਘ ਦੇ ਦਿੰਦਾ ਹੈ ਜਨਮ ਅੰਮ੍ਰਿਤ। ਦੂਸਰਾ ਅੰਮ੍ਰਿਤ ਜਿਹੜਾ ਹੈ ਉਹਨੂੰ ਪੰਜ ਪਿਆਰੇ ਦਿੰਦੇ ਨੇ। ਤੀਸਰਾ ਅੰਮ੍ਰਿਤ ਸਾਧੂਆਂ ਦੇ ਕੋਲ ਹੁੰਦਾ ਹੈ ਜਿਹਨੂੰ ਬ੍ਰਹਮਗਿਆਨ ਅੰਮ੍ਰਿਤ ਕਹਿੰਦੇ ਨੇ, ਵਿਰਲੇ-ਵਿਰਲੇ ਉਹਦੇ ਅਧਿਕਾਰੀ ਹੁੰਦੇ ਨੇ। ਸੋ ਭਜਨ ਕਰਨ ਲਾ ਦਿੱਤਾ। ਉਸ ਤੋਂ ਬਾਅਦ ਇਨ੍ਹਾਂ ਦੀ ਸੰਪਰਦਾ ਚੱਲੀ। ਅਖੀਰਲਾ ਜਿਹੜਾ ਸਾਧੂ ਸੀ ਉਹ ੧੯੨੪ ਤੱਕ ਰਿਹਾ। ਹਰਿਦੁਆਰ ਵਿੱਚ ਉਨ੍ਹਾਂ ਦਾ ਆਸ਼ਰਮ ਸੀ, ਵੱਡੇ ਬੁਰੇ ਹੜ੍ਹ ਆਏ ਉਨ੍ਹਾਂ ਦਿਨਾਂ ਵਿੱਚ। ਉਹ ਅੰਦਰ ਬੈਠੇ ਸੀ, ਉਹ ਹੜ੍ਹ ਉਨ੍ਹਾਂ ਦੀ ਕੁਟੀਆ ਨੂੰ ਵੀ ਲੈ ਗਿਆ, ਉਨ੍ਹਾਂ ਨੂੰ ਵੀ ਲੈ ਗਿਆ, ਉਥੋਂ ਇਹ ਸੰਪਰਦਾ ਬੰਦ ਹੋ ਗਈ।

ਸੋ ਇਸ ਤਰ੍ਹਾਂ ਦੇ ਨਾਲ ਇੱਕ ਗੁਰਸਿੱਖ ਨੇ ਨਾਮ ਜਪਿਆ। ਸੇਵਾ ਕਰੀ, ਕਿੱਡੀ ਵੱਡੀ ਪਦਵੀ ਪ੍ਰਾਪਤ ਹੋ ਗਈ। ਪੜ੍ਹੋ ਪਿਆਰ ਨਾਲ -

***ਧਾਰਨਾ - ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,***
***ਸੇਵਾ ਕਰਕੇ ਮਾਣ ਪਾਈਦੈ।***

ਦੋ ਚੀਜ਼ਾਂ ਦੀ ਵਿਚਾਰ ਆਪਾਂ ਕੀਤੀ ਹੈ, ਗੁਰਮਤਿ ਸਿਧਾਂਤ ਦੀ, ਨਾਮ ਜਪਣਾ ਤੇ ਸੇਵਾ ਕਰਨੀ। ਉਹ ਜਗਿਆਸੂ ਜਿਹਨੂੰ ਕੁਛ ਵੀ ਪਤਾ ਨਹੀਂ ਸੀ ਲਗਦਾ। ਗੁਰੂ ਦੀ ਸ਼ਰਨ ਆ ਕੇ ਸੇਵਾ ਦੇ ਵਿਚੋਂ ਪ੍ਰਾਪਤੀ ਕਰ ਲਈ। ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ ਇਥੇ ਹੀ ਸਮਾਪਤੀ ਹੈ

ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ, ਹੁਕਮਨਾਮਾ

# ਨਾਮ ਤੇ ਸੇਵਾ

*ਸਤਿਨਾਮ ਸ੍ਰੀ ਵਾਹਿਗੁਰੂ*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥*
*ਅੰਗ - ੨੮੯*

*ਧਾਰਨਾ - ਪ੍ਰਭ ਸਭ ਕਿਛੁ ਤੇਰਾ ਜੀ,*
*ਮੈ ਕਿਛੁ ਨਾਹੀ-ਮੈਂ ਕਿਛੁ ਨਾਹੀ।*
*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥*

*ਈਘੈ ਨਿਰਗੁਨ ਊਘੈ ਸਰਗੁਨ*
*ਕੇਲ ਕਰਤ ਬਿਚਿ ਸੁਆਮੀ ਮੇਰਾ॥ ੧ ॥ ਰਹਾਉ॥*
*ਨਗਰ ਮਹਿ ਆਪਿ ਬਾਹਰਿ ਫੁਨਿ ਆਪਨ*
*ਪ੍ਰਭ ਮੇਰੇ ਕੋ ਸਗਲ ਬਸੇਰਾ ॥*
*ਆਪੇ ਹੀ ਰਾਜਨੁ ਆਪੇ ਹੀ ਰਾਇਆ*
*ਕਹ ਕਹ ਠਾਕੁਰੁ ਕਹ ਕਹ ਚੇਰਾ ॥ ੧ ॥*
*ਕਾ ਕਉ ਦੁਰਾਉ ਕਾ ਸਿਉ ਬਲਬੰਚਾ*
*ਜਹ ਜਹ ਪੇਖਉ ਤਹ ਤਹ ਨੇਰਾ ॥*
*ਸਾਧ ਮੂਰਤਿ ਗੁਰੁ ਭੇਟਿਓ ਨਾਨਕ*
*ਮਿਲਿ ਸਾਗਰ ਬੂੰਦ ਨਹੀ ਅਨ ਹੇਰਾ ॥*
*ਅੰਗ - ੮੨੭*

ਸਾਧਸੰਗਤਿ ਜੀ ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਦੂਰ-ਦਰਾਜ ਤੋਂ ਬਹੁਤ ਭਾਵਨਾ ਦੇ ਨਾਲ, ਪਿਆਰ ਦੇ ਨਾਲ, ਜਿਸ ਤਰ੍ਹਾਂ ਦੀ ਵੀ ਸਵਾਰੀ ਮਿਲੀ, ਆਪ ਗੁਰੂ ਮਹਾਰਾਜ ਦੇ ਦਰਬਾਰ 'ਤੇ ਪੂਰਨਮਾਸ਼ੀ ਦਾ ਸਮਾਗਮ ਮਨਾਉਣ ਵਾਸਤੇ ਬੜੇ ਉਤਸ਼ਾਹ ਨਾਲ ਪਹੁੰਚੇ ਹੋ। ਪੂਰਾ ਫਾਇਦਾ ਉਠਾਉਣ ਵਾਸਤੇ ਤਿੰਨ ਚਾਰ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ, ਕਿਉਂਕਿ ਤੁਸੀਂ ਸੰਗਤ ਵਿੱਚ ਆਏ ਹੋ। ਅਸੀਂ ਦੁਨੀਆਂਦਾਰ ਲੋਕ ਹਾਂ ਸਾਨੂੰ ਦੁਨੀਆਂ ਵੀ ਚਾਹੀਦੀ ਹੈ ਤੇ ਦੀਨ ਵੀ ਚਾਹੀਦਾ ਹੈ। ਦੁਨੀਆਂ ਵਿੱਚ ਰਹਿਣ ਕਰਕੇ ਦੁਨੀਆਂ ਦੀ ਲੋੜ ਪੈਂਦੀ ਹੈ, ਇਸ ਸੰਸਾਰ ਤੋਂ ਜਾਣ ਤੋਂ ਬਾਅਦ ਸਾਨੂੰ ਦੀਨ ਦੀ ਲੋੜ ਹੈ। ਦੋਵੇਂ ਚੀਜ਼ਾਂ ਗੁਰੂ ਘਰ ਵਿਚੋਂ ਮਿਲਦੀਆ ਹਨ। ਸੋ ਆਪ ਜਦੋਂ ਸ਼ਰਧਾ ਦੇ ਨਾਲ ਆਵੋਗੇ, ਕਿੱਡਾ ਕੁ ਵੱਡਾ ਪੁੰਨ ਤੁਹਾਨੂੰ ਪ੍ਰਾਪਤ ਹੋਏਗਾ, ਹੈਰਾਨ ਹੋ ਜਾਓਗੇ। ਇਹ ਕੋਈ ਐਵੇਂ ਗੱਲਾਂਬਾਤਾਂ ਨਹੀਂ ਹਨ। ਇੱਕ ਬਹੁਤ ਪੜ੍ਹਿਆ ਲਿਖਿਆ ਜਿਹਦੇ ਚਾਰੇ ਵੇਦ ਯਾਦ ਹੋਣ ਤੇ ਜਿਹਦਾ ਜੀਵਨ ਪੂਰੇ ਬ੍ਰਾਹਮਣ ਦਾ ਹੋਵੇ, ਵੇਦ ਪੜ੍ਹਦਾ ਹੋਵੇ, ਪੜ੍ਹਾਉਂਦਾ ਹੋਵੇ, ਜਗ ਕਰਦਾ ਹੋਵੇ, ਜਗ ਕਰਾਉਂਦਾ ਹੋਵੇ। ਦਾਨ ਲੈਂਦਾ ਹੋਵੇ, ਦਾਨ ਦਿੰਦਾ ਹੋਵੇ, ਉਹ ਸਾਧਨਾ ਸੰਪੰਨ ਬ੍ਰਾਹਮਣ ਜੇ ਇੱਕ ਯੱਗ ਕਰੇ ਉਹਦਾ ਫਲ ਪਿਛਲੇ ਜ਼ਮਾਨਿਆਂ ਦੇ ਅੰਦਰ ਬਹੁਤ ਵੱਡਾ ਗਿਣਿਆ ਜਾਂਦਾ ਸੀ। ਉਹ ਵੀ ਵਿਧੀ ਪੂਰਵਕ ਤੇ ਨਿਸ਼ਾਨੀਆਂ ਰੱਖੀਆਂ ਜਾਂਦੀਆਂ ਸੀ ਉਸ ਯੱਗ ਦੀਆਂ, ਨਿਸ਼ਾਨੀ ਕੀ ਹੋਏਗੀ? ਕੋਈ ਨਾ ਕੋਈ ਨਿਸ਼ਾਨੀ ਜਾਂ ਕੋਈ ਘੜਿਆਲ ਰੱਖ ਦੇਣਾ ਕਿ ਜੇ ਆਪੇ ਵੱਜ ਪਿਆ ਤਾਂ ਸਮਝ ਲਓ ਕਿ ਇਹ ਯੱਗ ਸੰਪੂਰਨ ਹੋ ਗਿਆ ਜਾਂ ਸੰਖ ਰੱਖ ਦਿੱਤਾ, ਜੇ ਆਪੇ ਬੋਲ ਪਿਆ ਤਾਂ ਯੱਗ ਸੰਪੂਰਨ ਹੋ ਗਿਆ। ਉਹ ਜਿਹੜੇ ਯੱਗ ਦਾ ਫਲ ਹੈ ਇਹ ਮਹਾਂਪੁਰਸ਼ ਜਿੰਨੇ ਵੀ ਅਨੁਭਵੀ ਮਹਾਂਪੁਰਸ਼ ਹੋਏ ਨੇ, ਉਨ੍ਹਾਂ ਦਾ ਵਿਚਾਰ ਹੈ ਕਿ ਇੱਕ ਕਦਮ ਜਿਸ ਵਕਤ ਕੋਈ ਪ੍ਰੇਮੀ ਸ਼ਰਧਾ ਧਾਰ ਕੇ ਗੁਰੂ ਵਲ ਨੂੰ ਚੱਲੇ, ਕੀ ਹੁੰਦਾ ਹੈ ਇੱਕ ਕਦਮ ਪੁੱਟਣ ਦੇ ਵਿੱਚ, ਉਸੇ ਵੇਲੇ ਇੱਕ ਯੱਗ ਦਾ ਫਲ ਮਿਲ ਜਾਂਦਾ ਹੈ। ਕਿੰਨਾ ਵੱਡਾ ਫਲ ਹੋਇਆ। ਇਹ ਕੋਈ ਐਸੀ ਬਾਤ ਨਹੀਂ ਕਿ ਬਣਾਈ ਹੋਈ ਗੱਲ ਹੈ। ਇਹ ਪਿਛਲੇ ਵੇਦਾਂ-ਸ਼ਾਸਤਰਾਂ ਤੇ ਮਹਾਂਪੁਰਸ਼ਾ ਦੇ ਅਨੁਭਵ ਤੋਂ ਮੈਂ ਜਿਹੜੀ ਗੱਲ ਸੁਣੀ ਹੈ, ਪੜ੍ਹੀ ਹੈ ਉਹਦਾ ਜ਼ਿਕਰ ਕਰ ਰਿਹਾ ਹਾਂ। ਪਾਂਡਵਾਂ ਨੇ ਮਹਾਂਭਾਰਤ ਦੇ ਯੁੱਧ ਤੋਂ ਬਾਅਦ ਕ੍ਰਿਸ਼ਨ ਮਹਾਰਾਜ ਦੇ ਚਰਨਾਂ 'ਚ ਬੇਨਤੀ ਕੀਤੀ ਕਿ ਮਹਾਰਾਜ! ਏਸ ਯੁੱਧ ਦੇ ਅੰਦਰ ੪੫ ਲੱਖ ਬੰਦਾ, ਜੋ ਵੀ ਆਇਆ ਉਹ ਵਾਪਸ ਘਰਾਂ ਨੂੰ ਨਹੀਂ ਗਿਆ, ਮਾਰਿਆ ਹੀ ਗਿਆ। ਅੱਜਕੱਲ੍ਹ ਵਾਂਗਣ ਨਹੀਂ ਸੀ, ਫੌਜ ਬਚਦੀ ਨਹੀਂ ਸੀ ਹੁੰਦੀ। ਸੂਰਮਿਆਂ ਵਾਂਗਣ ਲੜਦੇ ਸੀ, ਪਿੱਠ 'ਤੇ ਜ਼ਖਮ ਖਾਣਾ ਤਾਂ ਬਹੁਤ ਹੀ ਬੁਰਾ ਗਿਣਿਆ ਜਾਂਦਾ ਸੀ।

ਗੁਰੂ ਮਹਾਰਾਜ ਨੂੰ ਪੁੱਛਿਆ ਕਿ ਜਿਹੜੇ ਧਰਮ ਯੁੱਧ ਦੇ ਵਿੱਚ ਕਿਸੇ ਨੇਕ ਕਾਰਜ ਦੇ ਵਿੱਚ, ਗੁਰੂ ਦੇ ਕਾਰਜ ਵਿੱਚ ਸ਼ਾਮਲ ਹੁੰਦੇ ਨੇ, ਦੀਨਾਂ ਦੀ ਸਹਾਇਤਾਂ ਕਰਨ ਵਾਸਤੇ, ਜਾਂ ਕਿਸੇ ਦੇ ਧਰਮ ਦੀ ਰੱਖਿਆ ਕਰਨ ਵਾਸਤੇ, ਜਿਵੇਂ ਗੁਰੂ ਨੌਵੇਂ ਪਾਤਸ਼ਾਹ ਮਹਾਰਾਜ ਜੀ ਨੇ ਹਿੰਦੂ ਧਰਮ ਦੀ ਰੱਖਿਆ ਕਰੀ।

*ਤਿਲਕ ਜੰਞੂ ਰਾਖਾ ਪ੍ਰਭ ਤਾਕਾ॥*
*ਕੀਨੋ ਬਡੋ ਕਲੂ ਮਹਿ ਸਾਕਾ॥*

ਤਿਲਕ ਦੀ ਰਾਖੀ ਕਰਨੀ ਤੇ ਜੰਞੂ ਦੀ ਰਾਖੀ ਕਰਨੀ, ਤਾਂ ਦੋਹਾਂ ਤੇ ਵਿਸ਼ਵਾਸ਼ ਮੰਨਦੇ ਨਹੀਂ ਸੀ ਸਾਡਾ ਲੇਕਿਨ ਇਹ ਵੀ ਨਹੀਂ ਸੀ ਕਹਿੰਦੇ ਕਿ ਇਹਨੂੰ ਤੋੜ ਦਿਓ। ਇਹ ਕਹਿੰਦੇ ਸੀ ਕਿ ਜੇ ਜਨੇਊ ਪਾਉਣਾ ਹੈ ਤਾਂ ਥੋੜ੍ਹਾ ਜਿਹਾ ਧਿਆਨ ਰੱਖੋ, ਐਵੇਂ ਧਾਗਾ ਨਾ ਵੱਟ ਕੇ ਗਲ ਵਿੱਚ ਪਾਓ। ਜਿਹੜਾ ਵੱਟਣ ਵਾਲਾ ਹੈ ਉਹਦੇ ਵਿੱਚ ਵੀ ਸੱਤਿਆ ਨਹੀਂ ਹੈ ਤੇ ਜਿਹੜਾ ਪਾ ਰਿਹਾ ਹੈ ਉਹਨੂੰ ਪਤਾ ਹੀ ਨਹੀਂ ਕਿ ਧਾਗਾ ਮੈਂ ਗਲ ਵਿੱਚ

ਕਿਉਂ ਪਾ ਰਿਹਾ ਹਾਂ। ਮਹਾਰਾਜ ਕਹਿੰਦੇ ਧਾਗਾ ਪਾਓ ਪਰ ਦਇਆ ਦਾ -

*ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥*
*ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥*
*ਨਾ ਏਹੁ ਤੁਟੈ ਨ ਮਲੁ ਲਗੈ*
*ਨਾ ਏਹੁ ਜਲੈ ਨ ਜਾਇ ॥ ਅੰਗ - ੪੭੧*

ਕਹਿੰਦੇ ਐਸਾ ਜਨੇਊ ਪਾਉਣਾ ਸਿੱਖ ਲਓ। ਜੇ ਪਾਉਣਾ ਹੀ ਹੈ ਉਹਦੇ ਪਿਛਲੇ ਪਾਸੇ ਦੇਖੋ ਕਿ ਮੇਰੇ ਵਿੱਚ ਦਇਆ ਵੀ ਹੋਣੀ ਚਾਹੀਦੀ ਹੈ, ਸਤਿ ਵੀ ਹੋਣਾ ਚਾਹੀਦਾ ਹੈ, ਸੰਤੋਖ ਵੀ ਹੋਣਾ ਚਾਹੀਦਾ ਹੈ, ਮੇਰੇ ਜੀਵਨ ਦੇ ਅੰਦਰ ਜਤ ਵੀ ਹੋਣਾ ਚਾਹੀਦਾ ਹੈ। ਉਹ ਕਹਿੰਦੇ ਪਾਓ ਜਨੇਊ, ਨਮਾਜ਼ ਪੜ੍ਹੋ ਲੇਕਿਨ ਸਮਝ ਕੇ ਪਾਓ।

*ਪਹਿਲਾ ਸਚੁ ਹਲਾਲ ਦੁਇ*
*ਤੀਜਾ ਖੈਰ ਖੁਦਾਇ ॥*
*ਚਉਥੀ ਨੀਅਤਿ ਰਾਸਿ ਮਨੁ*
*ਪੰਜਵੀ ਸਿਫਤਿ ਸਨਾਇ ॥ ਅੰਗ - ੧੪੧*

ਪੰਜ ਕਿਸਮ ਦੇ ਗੁਣ ਜੇ ਹੈਗੇ ਤਾਂ ਪੰਜੇ ਨਮਾਜ਼ਾਂ ਤੇਰੀਆਂ ਸਫਲ ਨੇ। ਗੁਰੂ ਗ੍ਰੰਥ ਸਾਹਿਬ ਵਿੱਚ ਕਿਹਾ ਹੈ ਨਮਾਜ਼ੀਆਂ ਨੂੰ ਕਿ ਐ ਨਮਾਜ਼ੀਓ! ਜੇ ਤੁਸੀਂ ਨਮਾਜ਼ ਨਹੀਂ ਨਾ ਪੜ੍ਹਦੇ, ਤੁਸੀਂ ਮਨੁੱਖ ਨਹੀਂ ਹੋ, ਨਮਾਜ਼ ਨਾ ਪੜ੍ਹਨ ਵਾਲਾ ਗੁਰੂ ਮਹਾਰਾਜ ਕਹਿੰਦੇ ਮਨੁੱਖ ਨਹੀਂ ਹੈ। ਗੁਰੂ ਗ੍ਰੰਥ ਸਾਹਿਬ ਗੁਰੂ ਦਸਵੇਂ ਪਾਤਸ਼ਾਹ ਦੇ ਮੁਖਾਰਬਿੰਦ ਤੋਂ ਹੋ ਕੇ ਬਾਣੀ ਆਈ ਹੈ ਸਾਰੀ। ਇਹਦੇ ਵਿੱਚ ਜਿਹੜੇ ਬੰਦੇ ਕਹਿੰਦੇ ਨੇ ਕਿ ਜੀ ਇਹ ਤਾਂ ਫਲਾਣੇ ਭਗਤ ਦੀ ਬਾਣੀ ਹੈ, ਫਲਾਣੇ ਦੀ ਹੈ, ਉਹ ਬੜੇ ਭੁਲੇਖੇ ਵਿੱਚ ਨੇ। ਦਮਦਮਾ ਸਾਹਿਬ ਗੁਰੂ ਦਸ਼ਮੇਸ਼ ਪਿਤਾ ਨੇ ਬੈਠ ਕੇ ਗੁਰੂ ਗ੍ਰੰਥ ਸਾਹਿਬ ਸਾਰਾ ਉਚਾਰਨ ਕੀਤਾ ਤੇ ਭਾਈ ਮਨੀ ਸਿੰਘ ਜੀ ਤੇ ਬਾਬਾ ਦੀਪ ਸਿੰਘ ਲਿਖਾਰੀ ਲੱਗੇ ਹੋਏ ਸੀ, ਜਿਹੜੇ ਵਾਰੀ ਵਾਰੀ ਲਿਖਦੇ ਜਾਂਦੇ ਸੀ ਤੇਜ਼ ਲਿਖਾਈ ਕਰਦੇ ਸੀ, ਬਾਅਦ ਵਿੱਚ ਸੋਧ ਸੁਧਾਈ ਕਰਕੇ ਵਧੀਆ ਕਾਗਜ਼ਾਂ 'ਤੇ ਲਿਖਦੇ ਸੀ। ਸੋ ਇਹ ਸਤਿਗੁਰੂ ਦੇ ਮੁੱਖ ਤੋਂ ਉਚਾਰਨ ਹੋਈ ਬਾਣੀ ਸਾਰੀ ਹੀ ਸਤਿਗੁਰੂ ਦੀ ਬਾਣੀ ਹੈ। ਇਹਦੇ ਵਿੱਚ ਚਾਹੇ ਬਾਬਾ ਫਰੀਦ ਦੀ ਬਾਣੀ ਹੈ, ਚਾਹੇ ਕਬੀਰ ਸਾਹਿਬ ਦੀ ਹੈ, ਅਸੀਂ ਵੰਡ ਨਹੀਂ ਸਕਦੇ ਇਸ ਗੱਲ ਨੂੰ। ਵੰਡਣਾ ਸਾਡੀ ਮਨਮੱਤ ਹੋਏਗੀ। ਇਹਦੇ ਨਾਲ ਸਾਡਾ ਭਰੋਸਾ ਟੁੱਟ ਜਾਏਗਾ, ਗੁਰੂ ਗ੍ਰੰਥ ਸਾਹਿਬ ਦੇ ਕੁਛ ਪੰਨਿਆਂ ਨੂੰ ਮੰਨਾਂਗੇ ਕੁਛ ਨੂੰ ਜਵਾਬ ਦੇ ਦੇਵਾਂਗੇ ਇਹਦੇ ਨਾਲੋਂ ਵੱਡੀ ਮਨਮੱਤ ਦੁਨੀਆਂ 'ਚ ਹੋਰ ਕੋਈ ਨਹੀਂ ਹੈ। ਸਾਡੇ ਨਾਲ ਬੜਾ ਭਾਰੀ ਧੋਖਾ ਹੋਏਗਾ। ਇਹ ਸਾਰੀ ਬਾਣੀ ਗੁਰੂ ਦੀ ਹੋ ਕੇ, ਗੁਰੂ ਗ੍ਰੰਥ ਸਾਹਿਬ ਚੌਰ ਤਖਤ ਦੇ ਮਾਲਕ ਨੇ। ਜਿਹੜਾ ਰਾਜਾ ਤਖਤ 'ਤੇ ਬੈਠ ਜਾਵੇ, ਉਹਦਾ ਹੁਕਮ ਚੱਲਿਆ ਕਰਦਾ। ਪਹਿਲੇ ਰਜਿਆਂ ਦੇ ਕਾਨੂੰਨਾਂ ਨੂੰ ਨਵੇਂ ਰਾਜੇ ਆ ਕੇ ਬਦਲ ਦਿੰਦੇ ਨੇ। ਹੁਣ ਕਾਨੂੰਨ ਕੀ ਹੈ? ਪਹਿਲਾਂ ਚਾਹੇ ਕੋਈ ਹੋਵੇ ਜਾਂ ਨਾ ਹੋਵੇ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਜਿਹੜੀ ਹੈ ਇਹ ਸਾਡਾ ਰੂਹਾਨੀ ਕਾਨੂੰਨ ਹੈ, ਅਸੀਂ ਇਸ ਤੋਂ ਇੱਕ ਕੌਮਾ (') ਵੀ ਬਾਹਰ ਨਹੀਂ ਜਾ ਸਕਦੇ। ਇੱਕ ਅੱਖਰ ਵੀ ਨਹੀਂ ਬਾਹਰ ਜਾ ਸਕਦੇ, ਜੇ ਇੱਕ ਅੱਖਰ ਜਾਂਦੇ ਹਾਂ ਤਾਂ ਕਿੰਨਾ ਵੱਡਾ ਫਰਕ ਹੁੰਦਾ ਹੈ। ਇੱਕ ਅੱਖਰ ਘਟਾ ਕੇ ਦੇਖ ਲਓ -

*ਕਰਤੇ ਕੀ ਮਿਤਿ ਕਰਤਾ ਜਾਣੈ*
*ਕੈ ਜਾਣੈ ਗੁਰੁ ਸੂਰਾ ॥ ਅੰਗ - ੯੩੦*

'ਕੈ' ਨੂੰ ਦੁਲਾਵਾਂ ਲੱਗੀਆ ਹੋਇਆ ਨੇ ਜੇ 'ਕਿ' ਕਹਿ ਦਓ ਗਲਤੀ ਨਾਲ ਤਾਂ ਅਨਰਥ ਹੋ ਗਿਆ ਇਹਦਾ। ਪਹਿਲੇ ਦਾ ਅਰਥ ਹੈ ਕਿ ਵਾਹਿਗੁਰੂ ਆਪਣੀ ਗਤੀ ਨੂੰ ਆਪ ਜਾਣਦਾ ਹੈ, ਜਾਂ ਗੁਰੂ ਜਾਣਦਾ ਹੈ। ਇਹ ਜਿਹੜੀ ਇੱਕ ਲਾਂਵ ਘਟਾ ਕੇ ਬੋਲਦੇ ਹਾਂ ਅਸੀਂ ਇਹਦਾ ਅਰਥ ਹੋ ਗਿਆ ਕਿ ਵਾਹਿਗੁਰੂ ਦੀ ਗਤੀ ਨੂੰ ਵਾਹਿਗੁਰੂ ਜਾਣਦਾ ਹੈ, ਗੁਰੂ ਨੂੰ ਕੋਈ ਪਤਾ ਨਹੀਂ ਹੈ। ਕਿੱਡੀ ਵੱਡੀ ਗਲਤੀ ਹੋ ਗਈ ਪੜ੍ਹਨ ਵੇਲੇ। ਸੋ ਗੁਰੂ ਗ੍ਰੰਥ ਸਾਹਿਬ ਨੂੰ ਕਿਸੇ ਤਰੀਕੇ ਦੇ ਨਾਲ ਨਾ ਘਟਾਇਆ ਜਾ ਸਕਦਾ ਹੈ ਨਾ ਵਧਾਇਆ ਜਾ ਸਕਦਾ ਹੈ। ਇਹਦੇ ਸਿਧਾਂਤ ਨੂੰ ਬਦਲਿਆ ਨਹੀਂ ਜਾ ਸਕਦਾ। ਨਾ ਕੌਮਾ (') ਇਧਰ ਪਾਇਆ ਜਾ ਸਕਦਾ ਹੈ ਨਾ ਓਧਰ ਪਾਇਆ ਜਾ ਸਕਦਾ ਹੈ। ਚਾਹੇ ਇੱਕ ਅੱਖਰ ਵਧ ਜਾਵੇ-

*ਇਛਾ ਪੂਰਕੁ ਸਰਬ ਸੁਖਦਾਤਾ ...........॥*
*ਅੰਗ - ੬੬੯*

ਕਈ ਇੱਥੇ ਰੁਕ ਜਾਂਦੇ ਨੇ, ਇੱਥੇ ਗਲਤ ਹੋ ਗਈ ਚੀਜ਼। ਇਹ ਜਾ ਕੇ ਰੁਕਦਾ ਹੈ -

*ਇਛਾ ਪੂਰਕੁ ਸਰਬ ਸੁਖਦਾਤਾ ਹਰਿ........॥*
*ਅੰਗ - ੬੬੯*

*ਇਛਾ ਪੂਰਕੁ ਸਰਬ ਸੁਖਦਾਤਾ ਹਰਿ*
*ਜਾ ਕੈ ਵਸਿ ਹੈ ਕਾਮਧੇਨਾ ॥ ਅੰਗ - ੬੬੯*

ਹਰਿ ਏਧਰਲੇ ਪਾਸੇ ਲਗ ਜਾਏ ਅਰਥ ਹੋਰ ਹੋ ਜਾਂਦਾ ਹੈ ਓਧਰ ਲਗ ਜਾਏ ਅਰਥ ਹੋਰ ਹੋ ਜਾਂਦਾ ਹੈ। ਸੋ ਇਹ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਨਾ ਬਦਲਿਆ ਜਾ ਸਕਦਾ ਹੈ। ਸਿਧਾਂਤ ਬਦਲੇ ਨਹੀਂ ਜਾਂਦੇ। ਜੋ ਕੁਛ ਹੈ ਸਾਨੂੰ ਉਸੇ ਤਰ੍ਹਾਂ ਮੰਨਣਾ ਪੈਂਦਾ ਹੈ। ਸੋ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੇ ਵਿੱਚ ਇਹ ਸਵਾਲ ਨਹੀਂ ਹੈ ਕਿ ਗੁਰੂ ਨਾਨਕ ਪਾਤਸ਼ਾਹ ਨੇ ਇਹ ਕਿਹਾ ਹੈ, ਹੁਣ ਦੂਜੇ ਪਾਤਸ਼ਾਹ ਇਹ ਕਹਿੰਦੇ ਨੇ। ਇਹ ਕੇਵਲ ਉਹ ਬੰਦੇ ਕਹਿੰਦੇ ਨੇ ਜਿਨ੍ਹਾਂ ਨੇ ਗੁਰੂ ਨਾਨਕ ਨੂੰ ਇੱਕ ਰੂਪ ਨਹੀਂ ਜਾਣਿਆ। ਅੱਡ-ਅੱਡ ਕਰਕੇ ਦੇਖਿਆ ਹੈ। ਮਹਾਰਾਜ ਕਹਿੰਦੇ, ਜਿਹੜੇ ਅੱਡ-ਅੱਡ ਕਰਕੇ ਦੇਖਦੇ ਨੇ ਉਨ੍ਹਾਂ ਨੂੰ

ਕੁੱਛ ਵੀ ਪ੍ਰਾਪਤੀ ਨਹੀਂ ਹੋਣੀ। ਕਿਉਂਕਿ ਗੁਰੂ ਇੱਕੋ ਜੋਤ ਹੈ, ਓਹੀ ਜੋਤ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ 'ਚ ਉਵੇਂ ਜਿਵੇਂ ਹੀ ਹੈ। ਗੁਰੂ ਗ੍ਰੰਥ ਸਾਹਿਬ ਕਹਿ ਲਓ, ਚਾਹੇ ਇਹਨੂੰ ਗੁਰੂ ਨਾਨਕ ਸਾਹਿਬ ਕਹਿ ਲਓ। ਕੋਈ ਫਰਕ ਨਹੀਂ ਹੈ ਇਸ ਗੱਲ ਦੇ ਅੰਦਰ। ਸੋ ਇਹ ਬਾਣੀ ਸਾਰੀ ਗੁਰੂ ਮੁੱਖ ਤੋਂ ਨਿਕਲੀ ਹੋਈ ਹੋਣ ਕਰਕੇ ਇਹ ਸਾਰੀ ਗੁਰੂ ਦੀ ਬਾਣੀ ਹੈ। ਇਹਦੇ ਵਿੱਚ ਕਈ ਮੈਂ ਦੇਖੇ ਨੇ ਐਸੇ ਕੱਚੇ ਪ੍ਰਚਾਰਕ ਕਿ ਜੀ ਕਬੀਰ ਸਾਹਿਬ ਐਉਂ ਕਹਿੰਦੇ ਨੇ, ਕਈ ਪ੍ਰੋਫੈਸਰ ਤਾਂ ਗੁਰੂ ਨਾਨਕ ਨੂੰ ਕਵੀ ਹੀ ਦਸਦੇ ਨੇ ਕਿ ਬੜੀ ਸੋਹਣੀ ਕਵਿਤਾ ਰਚੀ ਹੈ। ਗੁਰੂ ਨਾਨਕ ਕਹਿੰਦੇ ਮੈਂ ਤਾਂ ਰਚਿਆ ਹੀ ਨਹੀਂ ਕੁਛ –

***ਜੈਸੀ ਮੈ ਆਵੈ ਖਸਮ ਕੀ ਬਾਣੀ***
***ਤੈਸੜਾ ਕਰੀ ਗਿਆਨੁ ਵੇ ਲਾਲੋ ॥***

***ਅੰਗ - ੭੨੨***

***ਹਉ ਆਪਹੁ ਬੋਲਿ ਨ ਜਾਣਦਾ***
***ਮੈ ਕਹਿਆ ਸਭੁ ਹੁਕਮਾਉ ਜੀਉ ॥***

***ਅੰਗ - ੭੬੩***

ਮੈਂ ਤਾਂ ਕੁਛ ਵੀ ਨਹੀਂ ਜਾਣਦਾ ਜੋ ਅੰਦਰੋਂ ਆ ਰਿਹਾ ਹੈ, ਉਹ ਕਹਿੰਦਾ ਹਾਂ, ਕਿਉਂਕਿ ਇਨ੍ਹਾਂ ਨੂੰ ਪਤਾ ਨਹੀਂ ਹੁੰਦਾ ਕਿ ਬਾਣੀ ਦੇ ਕਿੰਨੇ ਹਿੱਸੇ ਹੁੰਦੇ ਨੇ। ਚਾਰ ਹਿੱਸੇ ਹੁੰਦੇ ਨੇ, ਪਹਿਲਾ ਜੋ ਮੈਂ ਬੋਲਦਾ ਹਾਂ ਉਹਨੂੰ ਬੈਖਰੀ ਕਹਿੰਦੇ ਨੇ, ਗਲ ਵਿੱਚ ਬੋਲਾਂ ਉਹਨੂੰ ਮਧਮਾ ਕਹਿੰਦੇ ਨੇ; ਸੋਚਾਂ, ਕੋਈ ਫੁਰਨਾ ਆਵੇ ਅੰਦਰ ਉਹ ਬਾਣੀ ਮੈਂ ਲਿਖ ਰਿਹਾ ਹਾਂ ਕੁਛ, ਚੁੱਪ ਕਰਿਆ ਹੋਇਆ, ਇਹਨੂੰ ਪਸੰਤੀ ਕਹਿੰਦੇ ਨੇ, ਇਸ ਤੋਂ ਅੱਗੇ ਪਰਾ ਹੁੰਦੀ ਹੈ। ਪਰਾ ਤੋਂ ਅੱਗੇ ਬਾਣੀ ਨਹੀਂ ਹੁੰਦੀ, ਭਾਵ ਹੋਇਆ ਕਰਦਾ ਹੈ। ਉਹ ਅਕਾਲ ਪੁਰਖ ਦੇ ਦਰ ਦਾ ਹੁੰਦਾ ਹੈ, ਕਿਉਂਕਿ ਚਾਰ ਬਾਣੀਆ ਜਿਹੜੀਆਂ ਨੇ ਇਨ੍ਹਾਂ ਦੀ ਪਹੁੰਚ ਉਥੇ ਨਹੀਂ ਹੈ, ਉਥੇ ਜਿਹੜੀ ਪਹੁੰਚ ਹੈ ਉਹ ਹੋਰ ਹੈ ਉਹ ਇੱਕ ਚਸ਼ਮੇ ਦੀ ਤਰ੍ਹਾਂ ਵਹਾਉ (Flow) ਆਉਂਦਾ ਹੈ, ਅੱਗੇ ਆ ਕੇ ਬਾਣੀ ਦਾ ਰੂਪ ਧਾਰਦਾ ਹੈ। ਗੁਰੂ ਨਾਨਕ ਕਹਿੰਦੇ ਨੇ ਮਰਦਾਨਿਆਂ! ਰਬਾਬ ਸੁਰ ਕਰ, ਬਾਣੀ ਆ ਰਹੀ ਹੈ, ਕਿੱਥੋਂ ਆ ਰਹੀ ਹੈ? ਕਵਿਤਾ ਆ ਰਹੀ ਹੈ ਕਿਤੋਂ? ਉਹ ਬਾਣੀ ਆ ਰਹੀ ਹੈ ਅਕਾਲ ਮੰਡਲ 'ਚੋਂ। ਸੋ ਅਕਾਲ ਮੰਡਲ 'ਚੋਂ ਜੋ ਬਾਣੀ ਆ ਰਹੀ ਹੈ ਉਹ ਧੁਰ ਕੀ ਬਾਣੀ ਹੈ। ਸੋ ਇਸ ਬਾਣੀ ਦੇ ਅੰਦਰ ਫੁਰਮਾਨ ਆਉਂਦਾ ਹੈ ਕਿ –

***ਫਰੀਦਾ ਬੇ ਨਿਵਾਜਾ ਕੁਤਿਆ ਏਹ ਨ ਭਲੀ***
***ਰੀਤਿ॥ ਕਬ ਹੀ ਚਲਿ ਨ ਆਇਆ***
***ਪੰਜੇ ਵਖਤ ਮਸੀਤਿ ॥ ਅੰਗ - ੧੩੮੧***

ਪੰਜ ਨਮਾਜ਼ਾਂ ਨੂੰ ਮਾੜਾ ਤਾਂ ਨਹੀਂ ਕਿਹਾ ਮਹਾਰਾਜ ਨੇ। ਕਹਿੰਦੇ ਸਮਝ ਕੇ ਪੜ੍ਹੋ, ਚਾਹੇ ਅਰਬੀ 'ਚ ਭਜਨ ਕਰੋ, ਚਾਹੇ ਅੰਗਰੇਜ਼ੀ 'ਚ ਕਰੋ, ਚਾਹੇ ਸੰਸਕ੍ਰਿਤ 'ਚ ਕਰੋ, ਚਾਹੇ ਹਿੰਦੀ 'ਚ ਕਰੋ, ਚਾਹੇ ਪੰਜਾਬੀ 'ਚ ਬੋਲੋ, ਚਾਹੇ ਉੜੀਆ 'ਚ ਬੋਲੋ, ਚਾਹੇ ਤਾਮਿਲ ਵਿੱਚ ਬੋਲੋ, ਚਾਹੇ ਚਾਈਨਾ 'ਚ ਬੋਲੋ; ਚਾਹੇ ਕਿਸੇ ਜ਼ੁਬਾਨ 'ਚ ਬੋਲੋ, ਗੱਲ ਤਾਂ ਸਾਰੀ ਰੱਬ ਨਾਲ ਹੀ ਹੋਣੀ ਹੈ। ਸੋ ਮਹਾਰਾਜ ਕਹਿੰਦੇ ਕਿ ਤੂੰ ਇਸ ਤਰ੍ਹਾਂ ਦੇ ਨਾਲ ਚੱਲ ਪ੍ਰੇਮੀਆਂ। ਨਮਾਜ਼ ਵੀ ਠੀਕ ਹੈ, ਗਾਇਤ੍ਰੀ ਵੀ ਠੀਕ ਹੈ, ਸਭ ਠੀਕ ਹੈ ਕਿਉਂਕਿ ਪ੍ਰਮੇਸ਼ਰ ਵਲ ਨੂੰ ਜਾ ਰਹੀਆਂ ਨੇ ਸਾਰੀਆ ਚੀਜ਼ਾਂ। ਜੋ ਵਾਹਿਗੁਰੂ ਵਾਸਤੇ ਜਾ ਰਹੀਆਂ ਨੇ, ਉਨ੍ਹਾਂ ਨੂੰ ਕੋਈ ਗਲਤ ਨਹੀਂ ਕਹਿ ਸਕਦਾ। ਸੋ ਜਦੋਂ ਏਸ ਸਤਿਸੰਗ ਦੇ ਵਿੱਚ ਅਸੀਂ ਆਉਂਦੇ ਹਾਂ ਉਸ ਵੇਲੇ ਸਾਨੂੰ ਫਲ ਪ੍ਰਾਪਤ ਹੁੰਦਾ ਹੈ ਗੁਰੂ ਦੇ ਦਰ 'ਤੇ ਆਉਣ ਦਾ। ਸਿਰਫ ਇੱਕ ਕਦਮ ਪੁੱਟਣ ਦੇ ਨਾਲ ਕਿੰਨੇ ਯੱਗਾਂ ਦਾ ਫਲ ਪ੍ਰਾਪਤ ਹੋ ਜਾਂਦਾ ਹੈ, ਕਿੰਨੇ ਭਾਗਾਂ ਵਾਲੇ ਹੋ ਤੁਸੀਂ। ਸ਼ਰਧਾ ਦੇ ਨਾਲ ਘਰੋਂ ਚੱਲੋ, ਅਰਦਾਸ ਕਰਕੇ ਕਿ ਹੇ ਸੱਚੇ ਪਾਤਸ਼ਾਹ! ਤੇਰੇ ਦਰ ਨੂੰ ਆ ਰਹੇ ਹਾਂ, ਉਸ ਵੇਲੇ ਤੋਂ ਹੀ ਮੂਲਮੰਤਰ ਦਾ ਪਾਠ ਜਾਂ ਵਾਹਿਗੁਰੂ-ਵਾਹਿਗੁਰੂ ਕਰਦੇ ਆਓ, ਘਰੇਲੂ ਗੱਲਾਂ ਨਹੀਂ ਕਰਨੀਆਂ। ਮਨ ਨੂੰ ਗੁਰੂ ਦੇ ਚਰਨਾਂ 'ਚ ਜੋੜ ਦੇਣਾ, ਹਾਜ਼ਰੀ 'ਚ ਲਾ ਦੇਣਾ। ਕਿੱਡੀ-ਕਿੱਡੀ ਦੂਰ ਤੋਂ ਤੁਸੀਂ ਆਉਂਦੇ ਹੋ, ਜਿੰਨੀ ਦੂਰ ਤੋਂ ਆਉਂਦੇ ਹੋ, ਉਹਦਾ ਫਲ ਸਹਿਜ ਸੁਭਾਅ ਪ੍ਰਾਪਤ ਹੋ ਜਾਂਦਾ ਹੈ। ਇਸੇ ਕਰਕੇ ਸਤਿਸੰਗ ਦਾ ਜਿਹੜਾ ਫ਼ਲ ਹੈ ਉਹਨੂੰ ਕੋਈ ਦੁਨੀਆਂ ਦੇ ਵਿੱਚ ਦੱਸ ਨਹੀਂ ਸਕਦਾ ਕਿ ਕਿੰਨਾ ਫਲ ਹੈ। ਵੱਡੇ-ਵੱਡੇ ਰਿਸ਼ੀ ਮੁਨੀ ਇਹ ਗੱਲ ਦੱਸ ਨਹੀਂ ਸਕੇ।

ਪਾਂਡਵਾਂ ਨੇ ਯੱਗ ਕਰਿਆ, ਰਿਸ਼ੀ ਬਾਲਮੀਕ ਨਹੀਂ ਆਇਆ ਤੇ ਯੱਗ ਸੰਪੂਰਨ ਨਾ ਹੋਇਆ। ਕ੍ਰਿਸ਼ਨ ਮਹਾਰਾਜ ਨੇ ਪੰਜੋ ਪਾਂਡਵ ਭੇਜੇ, ਲੇਕਿਨ ਉਹ ਕਹਿਣ ਲੱਗੇ ਕਿ ਮੈਂ ਤਾਂ ਜਾਵਾਂਗਾ ਜੇ ਪਹਿਲਾਂ ਮੈਨੂੰ ਇੱਕ ਯੱਗ ਦਾ ਫਲ ਦੇਵੋ। ਹੁਣ ਯੱਗ ਤਾਂ ਪਹਿਲਾ ਹੀ ਕਰਿਆ ਸੀ, ਫਲ ਕਿੱਥੋਂ ਦਿੰਦੇ। ਉਸ ਵੇਲੇ ਦ੍ਰੋਪਤੀ ਨੂੰ ਭੇਜਿਆ ਕਿ ਤੂੰ ਲਿਆ ਜਾ ਕੇ ਉਨ੍ਹਾਂ ਨੂੰ। ਦ੍ਰੋਪਤੀ ਨੇ ਅਰਦਾਸ ਕਰੀ ਮਹਾਂਪੁਰਸ਼ੋ! ਮੈਂ ਤੁਹਾਡੇ ਚਰਨਾਂ 'ਚ ਪਹੁੰਚ ਰਹੀ ਹਾਂ, ਪੂਰਨ ਸ਼ਰਧਾ ਦੇ ਨਾਲ ਮੱਥਾ ਟੇਕਿਆ ਧਰਤੀ 'ਤੇ, ਫੇਰ ਕਦਮ ਪੁੱਟਿਆ, ਹੱਥ ਦੋਵੇਂ ਜੋੜੀ ਜਾਂਦੀ ਹੈ, ਨੰਗੇ ਪੈਰੀਂ ਜਾ ਰਹੀ ਹੈ, ਜਦੋਂ ਪਹੁੰਚੀ ਰਿਸ਼ੀ ਦੇ ਪਾਸ, ਕਹਿਣ ਲੱਗੇ ਬੀਬੀ! ਮੇਰੀ ਤਾਂ ਜਾਤ ਛੋਟੀ ਹੈ, ਮੈਨੂੰ ਦੋਸ਼ ਲੱਗੇਗਾ, ਤੁਹਾਡੇ ਵਿੱਚ ਬੈਠ ਕੇ, ਤੁਹਾਡੇ ਯੱਗ ਵਿੱਚ ਬੈਠ ਕੇ ਪ੍ਰਸ਼ਾਦਾ ਛਕਣ ਨਾਲ; ਕਿਉਂਕਿ ਤੁਹਾਡੇ ਵੇਦ ਸ਼ਾਸਤਰ ਇਸ ਤਰ੍ਹਾਂ ਕਹਿੰਦੇ ਨੇ, ਸਾਡਾ ਮੱਤ ਨਹੀਂ ਸਾਡਾ ਮਤ ਤਾਂ ਇੱਕ ਆਤਮਾ ਸਾਰੇ ਪ੍ਰੀਪੂਰਨ ਹੈ। ਕੋਈ ਛੋਟਾ ਨਹੀਂ, ਕੋਈ ਵੱਡਾ ਨਹੀਂ, ਓਸ ਦੋਸ਼ ਨੂੰ ਦੂਰ ਕਰਨ ਵਾਸਤੇ, ਮੈਨੂੰ ਤੂੰ ਇੱਕ ਯੱਗ ਦਾ ਫਲ ਦੇ ਦੇ। ਕਹਿਣ ਲੱਗੀ, ਲੈ

ਲਓ ਮਹਾਰਾਜ। ਪਹਿਲਿਆਂ ਨੇ ਜਵਾਬ ਦੇ ਦਿੱਤਾ ਸੀ, ਇਹ ਕਹਿੰਦੀ ਲੈ ਲਓ। ਇਸ ਨੇ ਕਿਹਾ ਕਿ ਦੇਖੋ, ਆਪ ਦੇ ਚਰਨਾਂ 'ਚ ਬੇਨਤੀ ਹੈ ਕਿ ਮੈਂ ਆਪ ਨੂੰ ਪ੍ਰਮੇਸ਼ਰ ਰੂਪ ਸਮਝ ਕੇ ਆਈ ਹਾਂ, ਸਾਧੂ ਸਮਝ ਕੇ ਨਹੀਂ ਤੁਹਾਡੇ ਕੋਲ ਆਈ, ਕਿਉਂਕਿ ਮੈਨੂੰ ਗਿਆਨ ਹੈ -

***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥***
***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥***
***ਅੰਗ - ੨੭੩***

ਤੁਹਾਡੇ ਅੰਦਰ ਬ੍ਰਹਮ ਦੀ ਲਖਤਾ ਹੈ, ਤੁਸੀਂ ਬ੍ਰਹਮ ਦੇ ਵਿੱਚ ਨਿਵਾਸ ਰਖਦੇ ਹੋ, ਬ੍ਰਹਮ ਸ੍ਰੋਤਰੀ ਹੋ, ਬ੍ਰਹਮ ਬਕਤਾ ਹੋ, ਤੇ ਬ੍ਰਹਮ ਨੂੰ ਦ੍ਰਿਸ਼ਟੇ ਹੋ। ਸੋ ਬ੍ਰਹਮਗਿਆਨੀ ਮਹਾਂਪੁਰਸ਼ ਵਲ ਕੋਈ ਸ਼ਰਧਾ ਧਾਰ ਕੇ ਘਰੋਂ ਚਲਦਾ ਹੈ ਤਾਂ ਕਹਿੰਦੇ ਇੱਕ ਕਦਮ ਦਾ ਫਲ ਇੱਕ ਯੱਗ ਦੇ ਬਰਾਬਰ ਹੁੰਦਾ ਹੈ। ਮਹਾਰਾਜ! ਕਦਮ ਹੁਣ ਜਾਂਦੇ ਹੋਏ ਗਿਣ ਲੈਣਾ, ਦੱਸ ਹਜ਼ਾਰ ਜਾਂ ਪੰਜ ਹਜ਼ਾਰ; ਇੱਕ ਯੱਗ ਦਾ ਫਲ ਕੱਟ ਲੈਣਾ, ਬਾਕੀ ਮੇਰੀ ਝੋਲੀ 'ਚ ਪਾ ਦੇਣਾ, ਮਸ਼ਹੂਰ ਗੱਲ ਹੈ ਇਹ ਜਿਹੜੀ ਮਹਾਂਪੁਰਸ਼ ਦਸਦੇ ਆਏ ਨੇ। ਉਸ ਵੇਲੇ ਬਾਲਮੀਕ ਆ ਜਾਂਦਾ ਹੈ ਯੱਗ ਦੇ ਵਿੱਚ ਆ ਕੇ ਪ੍ਰਸ਼ਾਦਾ ਛਕਦਾ ਹੈ, ਸੰਖ ਜ਼ੋਰ-ਜ਼ੋਰ ਨਾਲ ਵਜਦਾ ਹੈ। ਦੂਜੀ ਵਾਰੀ 'ਚ ਵੱਜਿਆ, ਪਹਿਲੀ ਵਾਰ ਤਰਕ ਹੋ ਗਈ ਸੀ।

ਸੋ ਇਸ ਤਰ੍ਹਾਂ ਦੇ ਨਾਲ ਤੁਸੀਂ ਸਾਧਸੰਗਤਿ ਜੀ! ਘਰੋਂ ਆਏ ਹੋ, ਇਹ ਗੱਲ ਮੈਂ ਪੂਰੇ ਵਿਸ਼ਵਾਸ਼ ਦੇ ਨਾਲ ਕਹਿ ਸਕਦਾ ਹਾਂ ਕਿ ਜਿਹੜੇ ਸ਼ਰਧਾ ਧਾਰ ਕੇ ਆਏ ਨੇ ਉਨ੍ਹਾਂ ਨੂੰ ਬੇਅੰਤ ਫਲ ਪ੍ਰਾਪਤ ਹੁੰਦਾ ਹੈ।

***ਤੀਰਥ ਕੀਏ ਏਕ ਫਲ ਸੰਤ ਮਿਲੇ ਫਲ ਚਾਰ।***
***ਗੁਰੁ ਮਿਲੇ ਫਲ ਅਨੇਕ ਹੈ ਕਹਤ ਕਬੀਰ ਬੀਚਾਰ।***

ਗੰਗਾ 'ਤੇ ਨਾਹੁੰਣ ਚਲੇ ਜਾਓ, ਸਿਰਫ ਇੱਕ ਫਲ ਮਿਲੇਗਾ। ਕਿੰਨਾ ਔਖਾ ਹੈ। ਪਰਿਆਗ ਚਲੇ ਜਾਓ, ਦੂਰ-ਦਰਾਜ ਚਲੇ ਜਾਓ ਕਿਸੇ ਤੀਰਥ 'ਤੇ, ਉਹਦੇ ਕੋਲ ਇੱਕੋ ਹੀ ਫਲ ਹੁੰਦਾ ਹੈ ਤੀਰਥ ਦਾ, ਕਿਸੇ ਕੋਲ ਕੋਈ ਹੈ, ਕਿਸੇ ਕੋਲ ਕੋਈ ਹੈ। ਦੋ ਕਿਸਮ ਦੇ ਤੀਰਥ ਹੁੰਦੇ ਨੇ ਇੱਕ ਜੜ੍ਹ ਤੀਰਥ ਹੁੰਦਾ ਹੈ ਇੱਕ ਜੰਗਮ ਤੀਰਥ ਹੁੰਦਾ ਹੈ। ਜੜ੍ਹ ਕਹਿੰਦੇ ਨੇ ਜਿਹੜਾ ਇੱਕ ਥਾਉਂ ਤੋਂ ਹਿੱਲ ਨਾ ਸਕੇ, ਜੰਗਮ ਤੀਰਥ ਉਹ ਹੁੰਦਾ ਹੈ ਜਿੱਥੇ ਬੈਠ ਜਾਵੇ ਉਥੇ ਤੀਰਥ ਬਣ ਜਾਂਦਾ ਹੈ; ਉਹ ਹੁੰਦੇ ਨੇ ਮਹਾਂਪੁਰਸ਼, ਸਾਧੂ, ਬੰਦਗੀ ਕਰਨ ਵਾਲੇ, ਜਿਹੜੇ ਪ੍ਰਮੇਸ਼ਰ ਨਾਲ ਹਰ ਵਕਤ ਜੁੜੇ ਰਹਿੰਦੇ ਨੇ। ਕਹਿੰਦੇ, ਓਸ ਤੀਰਥ ਦਾ ਜੇ ਇਸ਼ਨਾਨ ਕਰਨ ਜਾਓ, ਮਹਾਂਪੁਰਸ਼ਾਂ ਦੇ ਬਚਨ ਸਰਵਣ ਕਰਨ ਜਾਓ ਤਾਂ 'ਸੰਤ ਮਿਲੇ ਫਲ ਚਾਰ' ਚਾਰ ਫਲ ਪ੍ਰਾਪਤ ਹੁੰਦੇ ਨੇ - ਧਰਮ, ਅਰਥ, ਕਾਮ, ਮੋਖਸ਼। 'ਗੁਰੂ ਮਿਲੇ ਫਲ ਅਨੇਕ ਹੈਂ ਕਹਤ ਕਬੀਰ ਬੀਚਾਰ।' ਜਦੋਂ ਗੁਰੂ ਕੋਲ ਜਾਈਏ ਤਾਂ ਫਲਾਂ ਦੀ ਕੋਈ ਗਿਣਤੀ ਮਿਣਤੀ ਹੀ ਨਹੀਂ ਕਰ ਸਕਦਾ। ਸੋ ਆਪ ਗੁਰੂ ਦਰਬਾਰ 'ਚ ਆਏ ਹੋ, ਪੂਰਾ-ਪੂਰਾ ਫਲ ਲੈਣ ਵਾਸਤੇ ਆਪ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਚਿੱਤ ਨੂੰ ਇਕਾਗਰ ਕਰੋ, ਜਦੋਂ ਤੱਕ ਅਸੀਂ ਚਿੱਤ ਨਹੀਂ ਇਕਾਗਰ ਕਰਦੇ ਓਸ ਵੇਲੇ ਤੱਕ ਐਉਂ ਸਮਝ ਲਓ ਕਿ ਇੱਕ ਬੋਤਲ ਆਪਾਂ ਨਲਕੇ ਦੇ ਥੱਲੇ ਰੱਖ ਦਿੱਤੀ। ਉਹਦੇ 'ਚੋਂ ਪਾਣੀ ਗਿਰ ਰਿਹਾ ਹੈ ਥੱਲੇ, ਬੋਤਲ ਦਾ ਮੂੰਹ ਹੈ ਭੀੜਾ, ਜੇ ਬੋਤਲ ਨੂੰ ਹਿਲਾਈ ਜਾਓ, ਤੇਜ਼ੀ ਨਾਲ ਹਿੱਲੀ ਜਾਵੇ, ਕਦੇ ਇਧਰ ਕਦੇ ਓਧਰ ਮੂੰਹ ਗਿਆ, ਬੋਤਲ ਦੇ ਉੱਤੇ ਤਾਂ ਪਾਣੀ ਗਿਰੀ ਜਾਏਗਾ, ਪਰ ਵਿੱਚ ਨਹੀਂ ਪੈਣਾ। ਚਾਹੇ ਸਵੇਰ ਤੋਂ ਸ਼ਾਮ ਤੱਕ ਨਲਕਾ ਖੋਲ੍ਹ ਲਓ। ਏਸੇ ਤਰ੍ਹਾਂ ਦੇ ਨਾਲ ਜਦੋਂ ਅਸੀਂ ਸਤਿਸੰਗ 'ਚ ਆਉਂਦੇ ਹਾਂ, ਜੇ ਗੁਰੂ ਦੀ ਬਾਣੀ ਦੇ ਬਚਨ ਤੇ ਸਿਧਾਂਤ ਸਾਡੇ ਹਿਰਦੇ 'ਚ ਨਾ ਵਸੇ ਤਾਂ ਅਸੀਂ ਖਾਲੀ ਰਹਿ ਜਾਂਦੇ ਹਾਂ। ਇੱਕ ਫਲ ਤਾਂ ਅਸੀਂ ਲੈ ਲਿਆ, ਹੁਣ ਦੂਜਾ ਨਹੀਂ ਲੈ ਸਕੇ। ਦੂਜਾ ਫਲ ਜੇ ਅਸੀਂ ਪੂਰੀ ਤਰ੍ਹਾਂ ਲੈ ਲਈਏ, ਚਿੱਤ ਨੂੰ ਇਕਾਗਰ ਕਰੀਏ। ਕਿਉਂਕਿ ਮੈਂ ਬੇਨਤੀ ਪਹਿਲਾਂ ਹੀ ਕਰਦਾ ਹਾਂ ਸਤਿਸੰਗ ਦਾ ਫਲ ਜਿਹੜਾ ਹੈ ਗੁਰੂ ਮਹਾਰਾਜ ਨੇ ਕੋਈ ਨਿਰਣੇ ਨਾਲ ਇਹ ਗੱਲ ਨਹੀਂ ਦੱਸੀ ਕਿ ਕਿੰਨਾ ਫਲ ਹੈ, ਘੱਟ ਵੀ ਹੁੰਦਾ ਹੈ, ਵੱਧ ਵੀ ਹੁੰਦਾ। ਲੇਕਿਨ ਘੱਟ ਤੋਂ ਘੱਟ ਜਿਹੜਾ ਫਲ ਹੈ ਉਹ -

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥***
***ਅੰਗ - ੫੪੬***

ਇੱਕ ਦੋ ਕਰੋੜ ਨਹੀਂ ਮਹਾਰਾਜ ਕਹਿੰਦੇ ਕਈ ਕਰੋੜ। ਜਿੰਨਾਂ ਕੋਈ ਚਿੱਤ ਬਿਰਤੀ ਇਕਾਗਰ ਕਰਕੇ ਸੁਣ ਲਏਗਾ ਓਨਾਂ ਹੀ ਫਲ ਵੱਧ ਹੋ ਜਾਏਗਾ। ਸੋ ਇਸ ਗੱਲ ਨੂੰ ਹਿਰਦੇ 'ਚ ਧਾਰ ਕੇ ਆਓ ਤੇ ਇਹਦਾ ਫਲ ਪ੍ਰਾਪਤ ਹੋਏਗਾ। ਚਿੱਤ ਨੂੰ ਇਕਾਗਰ ਕਰੋ, ਚਿੱਤ ਨੂੰ ਇਕਾਗਰ ਕਰਕੇ ਜਦੋਂ ਅਸੀਂ ਹਰੀ ਦਾ ਜਸ ਕਰਦੇ ਹਾਂ, ਓਸ ਵੇਲੇ ਗੁਰੂ ਦਾ ਸਿਧਾਂਤ ਸਾਡੀ ਸਮਝ 'ਚ ਆਉਣਾ ਸ਼ੁਰੂ ਹੋ ਜਾਂਦਾ ਹੈ, ਫੇਰ ਅਸੀਂ ਹਿਰਦੇ 'ਚ ਧਾਰਨ ਕਰਦੇ ਹਾਂ। ਪਹਿਲਾਂ ਤਾਂ ਮਨ ਨੂੰ ਰੋਕੋ, ਮਨ ਜਿਹੜਾ ਹੈ ਇਹ ਬੜੀ ਔਖੀ ਚੀਜ਼ ਹੈ, ਇਹਨੂੰ ਵੱਡੇ-ਵੱਡੇ ਨਹੀਂ ਰੋਕ ਸਕੇ।

ਪਾਰਸਨਾਥ ਇੱਕ ਰਾਜਾ ਹੋਇਆ ਹੈ, ਉਹਨੂੰ ਚਿਖਾ ਵਿੱਚ ਜਲ ਕੇ ਮਰਨਾ ਪਿਆ ਕਿਉਂਕਿ ਉਹਨੇ ਪ੍ਰਣ ਕਰ ਲਿਆ ਸੀ ਕਿ ਮੈਂ ਮਨ ਨੂੰ ਕਾਬੂ ਕਰ ਲੈਣਾ ਹੈ। ਮਨ ਨਹੀਂ ਕਾਬੂ ਹੁੰਦਾ, ਮਨ ਬਹੁਤ ਵੱਡਾ ਹੈ। ਕੋਈ ਵਿਰਲਾ ਪੁਰਸ਼ ਹੈ ਜਿਹੜਾ ਮਨ ਦੇ ਫੁਰਨੇ ਨੂੰ ਰੋਕ ਲਏ। ਲੇਕਿਨ ਇਹ ਤਾਂ ਉਤੋਂ ਦੀ ਹੈ ਸਾਡੇ, ਹੇਠਾਂ ਦੀ ਤਾਂ ਹੈ ਨਹੀਂ। ਇੱਥੇ ਇੱਕ ਤਰੀਕਾ ਹੈਗਾ ਕਿ ਨੇਤਰਾਂ ਦੇ ਨਾਲ ਗੁਰੂ ਸਰੂਪ ਦੇ ਦਰਸ਼ਨ ਕਰੋ, ਕੰਨਾਂ ਦੇ ਨਾਲ ਬਾਣੀ ਸਰਵਣ ਕਰੋ, ਰਸਨਾ ਦੇ ਨਾਲ ਗੱਜ ਵੱਜ ਕੇ ਸ਼ਬਦ

ਵਿੱਚ ਬੋਲੋ, ਜਦੋਂ ਤੁਸੀਂ ਬੋਲੋਂਗੇ, ਉਸ ਵੇਲੇ ਕੁਦਰਤੀ ਅੰਦਰ ਰਸ ਆ ਜਾਏਗਾ, ਰਸ ਆਉਣ ਦੇ ਨਾਲ ਸਾਡਾ ਮਨ ਰੁਕ ਜਾਏਗਾ, ਜਦੋਂ ਮਨ ਰੁਕ ਗਿਆ ਫੇਰ -

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥*
*ਅੰਗ - ੫੪੬*

ਜਿਹੜੇ ਸੁਣਦੇ ਨੇ ਤੇ ਗਾਉਂਦੇ ਨੇ, ਕਈ ਕਰੋੜ ਯੁੱਗਾਂ ਦਾ ਫਲ ਉਨ੍ਹਾਂ ਨੂੰ ਪ੍ਰਾਪਤ ਹੋ ਜਾਇਆ ਕਰੇਗਾ, ਸਹਿਜੇ ਹੀ। ਸੋ ਇਸ ਕਰਕੇ ਕੀਰਤਨ ਦੇ ਵਿੱਚ ਬੈਠਣ ਵੇਲੇ ਇਸ ਗੱਲ ਦਾ ਪੂਰਾ-ਪੂਰਾ ਧਿਆਨ ਰੱਖੋ -

*ਧਾਰਨਾ - ਕੰਨੀਂ ਸੁਣੀਏ ਗੁਰਾਂ ਦੀ ਬਾਣੀ,*
*ਜਿਹਬਾ ਨਾਲ ਨਾਮ ਜਪੀਏ।*
*ਰੇ ਮਨ ਰਾਮ ਸਿਉ ਕਰਿ ਪ੍ਰੀਤਿ ॥*
*ਸ੍ਰਵਨ ਗੋਬਿੰਦ ਗੁਨੁ ਸੁਨਉ*
*ਅਰੁ ਗਾਉ ਰਸਨਾ ਗੀਤਿ ॥ ੧ ॥ ਰਹਾਉ ॥*
*ਕਰਿ ਸਾਧਸੰਗਤਿ ਸਿਮਰੁ ਮਾਧੋ*
*ਹੋਹਿ ਪਤਿਤ ਪੁਨੀਤ ॥ ਅੰਗ - ੬੩੧*

ਕਹਿੰਦੇ ਧਿਆਨ ਦੇ ਕੇ ਕਰ ਲੈ, ਕਿਉਂਕਿ ਪਤਾ ਨਹੀਂ ਕਿਹੜੇ ਵੇਲੇ ਸੰਸਾਰ ਤੋਂ ਚਲੇ ਜਾਣਾ ਹੈ -

*ਕਾਲੁ ਬਿਆਲੁ ਜਿਉ ਪਰਿਓ ਡੋਲੈ*
*ਮੁਖੁ ਪਸਾਰੇ ਮੀਤ ॥ ੧ ॥*
*ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ*
*ਸਮਝਿ ਰਾਖਉ ਚੀਤਿ ॥ ਅੰਗ - ੬੩੧*

ਪਤਾ ਨਹੀਂ ਅੱਜ ਝਪਟਾ ਮਾਰੇ ਕਿ ਕੱਲ੍ਹ ਨੂੰ ਮਾਰੇ। ਇਹਦੇ 'ਚ ਸਵਾਲ ਨਹੀਂ ਹੁੰਦਾ ਕਿ ਬੁੱਢੇ ਹੋ ਕੇ ਜਾਵਾਂਗੇ -

*ਨਹ ਬਾਰਿਕ ਨਹ ਜੋਬਨੈ*
*ਨਹ ਬਿਰਧੀ ਕਛੁ ਬੰਧੁ ॥*
*ਓਹ ਬੇਰਾ ਨਹ ਬੂਝੀਐ*
*ਜਉ ਆਇ ਪਰੈ ਜਮ ਫੰਧੁ॥ ਅੰਗ - ੨੫੪*

ਪਤਾ ਨਹੀਂ ਜਮਾਂ ਦਾ ਫੰਧਾ ਕਿੱਥੇ ਗਲ 'ਚ ਪੈ ਜਾਏ, ਉਸ ਤੋਂ ਪਹਿਲਾਂ-ਪਹਿਲਾਂ ਮਹਾਰਾਜ ਕਹਿੰਦੇ ਕਰ ਲੈ। ਪ੍ਰਮੇਸ਼ਰ ਦਾ ਭਜਨ ਕਰ ਲੈ ਪ੍ਰੇਮੀਆਂ! ਤੇਰੇ ਕੰਮ ਆਏਗਾ। ਸੋ ਇਸ ਤਰ੍ਹਾਂ ਦੇ ਨਾਲ ਜਦੋਂ ਅਸੀਂ ਹਰੀ ਦਾ ਜਸ ਕਰਾਂਗੇ, ਸਾਨੂੰ ਪੂਰਾ-ਪੂਰਾ ਫਲ ਪ੍ਰਾਪਤ ਹੋਏਗਾ। ਸੋ ਧਿਆਨ ਦੇ ਨਾਲ ਗੁਰੂ ਸਿਧਾਂਤ ਨੂੰ ਜਾਨਣ ਦਾ ਯਤਨ ਕਰੋ -

*ਧਾਰਨਾ - ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,*
*ਸੇਵਾ ਕਰਕੇ ਮਾਣ ਪਾਈਦੈ।*

ਦੋ ਸਾਧਨ ਨੇ ਗੁਰੂ ਘਰ ਦੇ, ਜਿਹੜੇ ਸਾਰਿਆਂ ਨਾਲੋਂ ਸਭ ਤੋਂ ਵਧੀਆ (supreme) ਨੇ, ਸਭ ਤੋਂ ਨੰਬਰ ਇੱਕ 'ਤੇ ਸਾਧਨ ਨੇ, ਨਾਮ ਜਪਣਾ ਤੇ ਸੇਵਾ ਕਰਨੀ। ਨਾਮ ਜਪਣਾ ਤਾਂ ਸਾਡੇ ਸਮਝ ਵਿੱਚ ਆ ਜਾਂਦਾ ਹੈ, ਸੇਵਾ ਕਰਨੀ ਨਹੀਂ ਆਉਂਦੀ ਹੈ ਕਿ ਸੇਵਾ ਕਰਨ ਨਾਲ ਕੀ ਹੁੰਦਾ ਹੈ। ਕੀ ਇਹਦਾ ਵੀ ਪੁੰਨ ਹੈ, ਕੋਈ ਫਲ ਹੈ। ਮਹਾਰਾਜ ਕਹਿੰਦੇ, ਨਾਮ ਦਾ ਤਾਂ ਕੋਈ ਦੱਸ ਨਹੀਂ ਸਕਦਾ।

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥*
*ਜਿਨਾ ਭਾਗ ਮਥਾਹਿ ਸੇ*
*ਨਾਨਕ ਹਰਿ ਰੰਗੁ ਮਾਣਦੋ॥ ਅੰਗ - ੮੧*

ਇਹਦੀ ਨਾ ਕੋਈ ਕੀਮਤ ਪਾ ਸਕਦਾ ਹੈ, ਨਾ ਇਹਦੇ ਫਲ ਬਾਰੇ ਕੋਈ ਪੂਰੀ ਤਰ੍ਹਾਂ ਦਸ ਸਕਦਾ ਹੈ। ਕੋਈ ਨਹੀਂ ਦੱਸ ਸਕਦਾ ਕਿਉਂਕਿ ਬਹੁਤ ਵੱਡੀ ਚੀਜ਼ ਹੈ। ਇਹਦੀ ਮਹਿਮਾ ਨੂੰ ਸੰਤ ਜਾਣ ਸਕਦੇ ਨੇ, ਸੰਸਾਰ ਨਹੀਂ ਜਾਣ ਸਕਦਾ -

*ਨਾਮ ਕੀ ਮਹਿਮਾ ਸੰਤ ਰਿਦ ਵਸੈ ॥*
*ਅੰਗ - ੨੬੫*

ਮਹਾਰਾਜ ਨੇ ਸੇਵਾ ਦੇ ਨਾਲ, ਨਾਮ ਲੈ ਆਂਦਾ, ਮਹਾਰਾਜ ਕਹਿੰਦੇ ਦੇਖੋ ਭਾਈ, ਪਹਿਲਿਆਂ ਜ਼ਮਾਨਿਆਂ 'ਚ ਸਤਿਜੁਗ ਵਿੱਚ, ਤ੍ਰੇਤੇ ਵਿੱਚ, ਦੁਆਪਰ ਵਿੱਚ 17 ਲੱਖ 28 ਹਜ਼ਾਰ ਸਾਲ ਦਾ ਸਤਿਜੁਗ ਸੀ, 12 ਲੱਖ 96 ਹਜ਼ਾਰ ਸਾਲ ਤ੍ਰੇਤਾ ਯੁੱਗ ਸੀ, 8 ਲੱਖ 64 ਹਜ਼ਾਰ ਸਾਲ ਦੀ ਉਮਰ ਦੁਆਪਰ ਯੁੱਗ ਦੀ ਸੀ, ਇਹ ਜਿਹੜਾ ਕਲਜੁਗ ਹੈ ਇਹਦੀ ਉਮਰ ੪ ਲੱਖ 32 ਹਜ਼ਾਰ ਸਾਲ ਹੈ। ਪਰ ਇਹ ਸਾਰੀ ਉਮਰ ਨਹੀਂ ਭੋਗਿਆ ਕਰਦਾ ਕਦੇ, ਉਹਦਾ ਕਾਰਨ ਇਹ ਹੈ ਕਿ ਜਿਹੜੇ ਆਪਾਂ ਲੋਕ ਰਹਿੰਦੇ ਹਾਂ ਨਾ ਕਲਜੁਗ 'ਚ, ਇਹ ਸਾਡੇ ਨਾਲ ਐਨੀ ਜ਼ਿਆਦਤੀ ਸ਼ੁਰੂ ਕਰ ਦਿੰਦਾ, ਐਨਾ ਸੰਸਾਰ ਦਾ ਨਿਯਮ ਬਦਲ ਜਾਂਦਾ ਹੈ, ਰਾਜੇ ਐਨੇ ਕਸਾਈ ਹੋ ਜਾਂਦੇ ਨੇ, ਪਰਜਾ ਐਨੀ ਨਿਰਦਈ ਹੋ ਜਾਂਦੀ ਹੈ, ਬੇਚੈਨੀ ਹੱਦ ਤੋਂ ਜ਼ਿਆਦਾ ਵੱਧ ਜਾਂਦੀ ਹੈ, ਕਲ੍ਹਾ ਤੇ ਕਲੇਸ਼ ਐਨਾ ਵੱਧ ਜਾਂਦਾ ਹੈ ਕਿ ਲੜ-ਲੜ ਕੇ ਮਰ ਜਾਂਦੇ ਨੇ ਆਪੇ ਹੀ। ਐਹੋ ਜਿਹੇ ਹਥਿਆਰ ਬਣ ਜਾਂਦੇ ਨੇ ਕਿ ਇੱਕ ਬੰਦੇ ਨੇ ਚਲਾ ਦਿੱਤਾ ਕਿ ਸਾਰੀ ਹੀ ਮਰ ਸਕਦੀ ਹੈ ਦੁਨੀਆਂ ਜਿੰਨੀ ਹੈ ਧਰਤੀ 'ਤੇ। ਕੁਛ ਪਾਪਾਂ ਦੇ ਬਲ ਵਧਣ ਨਾਲ, ਆਦਮੀ ਦੀ ਗੈਰ ਜ਼ਿੰਮੇਵਾਰੀ ਵਧਣ ਦੇ ਨਾਲ ਜਿਹੜਾ ਅਕਾਸ਼ ਹੈ ਸਾਡੇ ਉੱਤੇ, (ਇਹ ਗੱਲ ਧਿਆਨ ਨਾਲ ਪੜ੍ਹਿਆਂ ਲਿਖਿਆਂ ਦੇ ਸਮਝਣ ਵਾਲੀ ਹੈ, ਉਹ ਇਹ ਹੈ ਕਿ) 30 ਮੀਲ ਉੱਤੇ ਅਸੀਂ ਜਾਂਦੇ ਹਾਂ, ਇਥੇ ਆਲੇ-ਦੁਆਲੇ ਇੱਕ ਪੜਦਾ ਜਿਹਾ ਹੈ, ਕਈ ਮੀਲ ਚੌੜਾ, ਜਿਵੇਂ ਆਂਡਾ ਹੁੰਦਾ ਹੈ, ਆਂਡੇ ਦੇ ਉੱਤੇ ਹੁੰਦਾ ਹੈ ਨਾ ਪਤਲਾ ਜਿਹਾ ਛਿਲਕਾ ਇਕ ਉਹਦੇ ਹੋਰ ਹੁੰਦਾ ਹੈ ਵਿੱਚ। ਇਹਨੂੰ ਤਾਂ ਹੀ ਅੰਡ ਕਹਿੰਦੇ ਨੇ, ਕਿਉਂਕਿ ਇਹ ਆਂਡਿਆਂ ਵਰਗੇ ਨੇ ਸਾਰੇ। ਇਹ ਬੰਦੇ ਜਦੋਂ ਗਲਤ ਹੋ ਜਾਣ ਲਗ ਜਾਣ, ਤਮਾਕੂ ਬਹੁਤਾ ਪੀਣ ਲਗ ਜਾਣ; ਵਾਤਾਵਰਣ ਗੰਦਾ ਕਰ ਦੇਣ ਤਾਂ ਉਹਦਾ ਸੰਤੁਲਨ ਵਿਗੜ ਜਾਂਦਾ ਹੈ ਉਤੋਂ। ਉਤੋਂ ਵਿਗੜ ਕੇ ਉਹਦੇ ਵਿੱਚ ਗਲੀ ਹੋ ਜਾਂਦੀ ਹੈ ਹੌਲੀ-ਹੌਲੀ। ਜਦ ਗਲੀ ਹੋ ਗਈ ਤਾਂ ਗਰਮੀ ਵਧ ਜਾਏਗੀ।

ਗਰਮੀ ਵਧੀ ਤਾਂ ਸਮੁੰਦਰ ਜਿਹੜਾ ਜਮਿਆ ਹੋਇਆ ਹੈ ਪਿਘਲਣਾ ਸ਼ੁਰੂ ਹੋ ਜਾਏਗਾ, ਪਹਾੜਾਂ ਦੇ ਗਲੇਸ਼ੀਅਰ ਪਿਘਲਣੇ ਸ਼ੁਰੂ ਹੋ ਜਾਣਗੇ ਤੇ ਪਾਣੀ ਐਨਾ ਚੜ੍ਹ ਜਾਏਗਾ, ਧਰਤੀ ਉਹਦੇ ਵਿੱਚ ਡੁੱਬ ਜਾਂਦੀ ਹੈ। ਇਹਨੂੰ ਕਹਿੰਦੇ ਨੇ ਪਾਣੀ ਦੀ ਪਰਲੌਂ ਆ ਗਈ। ਐਨੀਆ ਬੀਮਾਰੀਆਂ ਪੈ ਜਾਣਗੀਆਂ ਕਿ ਕੋਈ ਵਿਰਲਾ-ਵਿਰਲਾ ਪੁਰਸ਼ ਬਚੇਗਾ ਜਾਂ ਆਦਮੀ ਦੀ ਬੁੱਧੀ ਐਸੀ ਭ੍ਰਿਸ਼ਟ ਹੋ ਜਾਏਗੀ ਕਿ ਉਹ ਬੰਬ ਚਲਾਉਣੇ ਸ਼ੁਰੂ ਕਰ ਦਏਗਾ, ਜ਼ਹਿਰੀਲੀਆਂ ਗੈਸਾਂ ਚਲਾ ਦਏਗਾ ਤੇ ਬੰਦੇ ਮਰ ਜਾਣਗੇ, ਕਲਜੁਗ ਦੀ ਉਮਰ ਅੱਜ ਤੱਕ ਨਹੀਂ ਕਦੇ ਪੂਰੀ ਹੋਈ। ੪ ਲੱਖ ੪੨ ਹਜ਼ਾਰ ਸਾਲ, ਇਹਦੇ 'ਚ ਬੰਦੇ ਨਹੀਂ ਰਹਿੰਦੇ, ਇਹ ਵੱਧ ਤੋਂ ਵੱਧ ਵੀਹ ਕੁ ਹਜ਼ਾਰ ਸਾਲ ਹੁੰਦਾ ਹੈ, ਉਸ ਤੋਂ ਬਾਅਦ ਫੇਰ ਸੁੰਨਾ ਪਿਆ ਰਹਿੰਦਾ ਹੈ। ਖਤਮ ਹੋ ਜਾਂਦੀ ਹੈ ਦੁਨੀਆਂ। ਕੋਈ-ਕੋਈ ਬੰਦਾ, ਕਿਤੇ-ਕਿਤੇ ਸ਼ਾਇਦ ਬਚ ਜਾਵੇ ਤਾਂ ਬਚ ਜਾਵੇ, ਮੁੜ ਕੇ ਫੇਰ ਆਬਾਦੀ ਸ਼ੁਰੂ ਹੁੰਦੀ ਹੈ। ਇਸ ਕਲਜੁਗ ਦੇ ਅੰਦਰ, ਐਨੇ ਰੌਲੇ-ਗੋਲੇ ਦੇ ਅੰਦਰ ਸਾਡਾ ਫੇਰ ਲੰਘਣ ਦਾ ਇੰਤਜ਼ਾਮ ਕੀ ਪ੍ਰਮੇਸ਼ਰ ਨੇ ਕਰਿਆ। ਉਹ ਮਹਾਰਾਜ ਜੀ ਨੇ 'ਨਾਮ' ਲੈ ਆਂਦਾ-

*ਨਾਨਕ ਕੈ ਘਰਿ ਕੇਵਲ ਨਾਮੁ ॥ ਅੰਗ - ੧੧੩੬*

ਨਾਮ ਦਾ ਫਲ ਕਿੰਨਾ ਹੈ? ਕਰੋੜਾਂ ਯੱਗ ਕਰੇ ਹੋਏ ਇਹਦੇ ਮੁਕਾਬਲੇ 'ਤੇ ਨਹੀਂ ਪਹੁੰਚਦੇ, ਪੁੰਨ ਦਾਨ, ਤੀਰਥ ਯਾਤਰਾਂ ਕੀਤੀਆਂ ਹੋਈਆਂ ਨਾਮ ਦੇ ਬਰਾਬਰ ਨਹੀਂ ਪਹੁੰਚਦੀਆਂ। ਇੱਕ ਤਾਂ ਸਾਨੂੰ 'ਨਾਮ' ਮਹਾਰਾਜ ਨੇ ਦੱਸ ਦਿੱਤਾ ਕਿ ਤੁਸੀਂ ਨਾਮ ਜਪੋ, ਨਾਮ ਦਾ ਜਿਹੜਾ ਯੋਗ ਹੈ, ਇਹਨੂੰ ਨਾਮ ਯੋਗ ਕਹਿੰਦੇ ਨੇ। ਸਿਮਰਨ ਯੋਗ, ਇਹ ਸ਼ਬਦ ਤੇ ਸੁਰਤ ਦੇ ਨਾਲ ਜੋੜ ਦਿੱਤਾ ਅੰਦਰ ਸਾਡੇ। ਉਹ ਜੋੜ ਕੇ ਜਦ ਅਸੀਂ ਨਾਮ ਜਪਦੇ ਹਾਂ, ਨਾਮ ਜਪਣ ਦਾ ਪ੍ਰਭਾਵ ਇਹ ਹੁੰਦਾ ਹੈ ਕਿ ਆਦਮੀ ਦੇ ਸਾਰੇ ਹੀ ਸੰਸਾਰਕ ਦੁੱਖ ਖਤਮ ਹੋ ਜਾਂਦੇ ਨੇ। ਸਰੀਰਕ ਦੁੱਖ ਖਤਮ ਹੋ ਜਾਂਦੇ ਨੇ, ਆਰਥਕ ਦੁੱਖ, ਭਾਈਚਾਰਕ, ਰਾਜਸੀ ਸਭ ਖਤਮ ਹੋ ਜਾਂਦੇ ਨੇ ਉਸ ਬੰਦੇ ਦੇ, ਜਿਹੜਾ ਬੰਦਗੀ ਕਰਦਾ ਹੈ। ਸੋ ਮਹਾਰਾਜ ਕਹਿੰਦੇ ਨੇ ਕਿ ਸਾਰੀਆਂ ਬੀਮਾਰੀਆਂ, ਸਾਰੇ ਘਾਟੇ, ਸਾਰੀਆਂ ਪਰੇਸ਼ਾਨੀਆਂ ਦਾ ਇਲਾਜ ਕੀ ਹੈ -

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥*
*ਕਲਿ ਕਲੇਸ ਤਨ ਮਾਹਿ ਮਿਟਾਵਉ ॥*

*ਅੰਗ - ੨੬੨*

ਇਥੇ ਮਹਾਰਾਜ ਨੇ ਸੁੱਖ ਪਾਉਣਾ ਕਿਹਾ ਹੈ, ਯਾਦ ਕਰੋ, ਯਾਦ ਕਰੋ, ਯਾਦ ਕਰੋ ਤੇ ਸੁੱਖ ਪਾਵੋ। ਅਸੀਂ ਕਹਿੰਦੇ ਹਾਂ ਇਹ ਤਾਂ ਨਹੀਂ - 'ਪੈਸੇ ਕਮਾਓ, ਪੈਸੇ ਕਮਾਓ, ਪੈਸੇ ਕਮਾਓ; ਪੈਸੇ ਕਮਾ ਕੇ ਸੁੱਖ ਪਾਓ। ਫਰਕ ਹੋ ਗਿਆ ਨਾ ਬਹੁਤ ਵੱਡਾ। ਮਹਾਰਾਜ ਜੀ ਨਹੀਂ ਇਸ ਗੱਲ ਨੂੰ ਕਹਿੰਦੇ -

*ਧਾਰਨਾ - ਸਿਮਰ ਪਿਆਰੇ ਨੂੰ,*
*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥*

ਸੋ ਸੁੱਖ ਦਾ ਜੋ ਨੁਸਖਾ formula, ਗੁਰੂ ਮਹਾਰਾਜ ਨੇ ਦੱਸਿਆ ਹੈ ਸਾਨੂੰ, ਉਹ ਇਹ ਹੈ ਕਿ ਤੁਸੀਂ ਵਾਹਿਗੁਰੂ ਨੂੰ ਯਾਦ ਕਰਦੇ ਰਹੋ, ਹਰ ਵਕਤ ਯਾਦ ਰੱਖੋ; ਫੇਰ ਵਾਹਿਗੁਰੂ ਤੋਂ ਸੁੱਖ ਕਿਵੇਂ ਆ ਜਾਂਦਾ ਹੈ ਸਾਡੇ ਕੋਲ। ਵਾਹਿਗੁਰੂ ਹੈ ਨਿਰਾ ਹੀ ਸੁੱਖ ਦਾ ਸਮੁੰਦਰ; ਜੇ ਸੁੱਖ ਦੇ ਸਮੁੰਦਰ ਦੇ ਨਾਲ ਸਾਡੀ ਸੁਰਤੀ ਦੀ ਤਾਰ ਜਾ ਰਲੇ; ਉਥੋਂ ਕੀ ਆਏਗਾ ਸਾਡੇ ਕੋਲ ਦੁੱਖ ਆਏਗਾ? ਨਾਂਹ ਸੁਖ ਆਏਗਾ। ਇਹਦੇ ਮੁਕਾਬਲੇ 'ਤੇ ਜਿਹੜੀ ਮਾਇਆ ਹੈ ਇਹ ਜੜ੍ਹ ਤੇ ਦੁੱਖ ਰੂਪ ਕਹਿੰਦੇ ਨੇ ਇਹਨੂੰ। ਇਹ ਅਨੰਦ ਨਹੀਂ ਦਿੰਦੀ -

*ਸੁਖੁ ਨਾਹੀ ਬਹੁਤੈ ਧਨਿ ਖਾਟੇ ॥*
*ਸੁਖੁ ਨਾਹੀ ਪੇਖੇ ਨਿਰਤਿ ਨਾਟੇ ॥*
*ਸੁਖੁ ਨਾਹੀ ਬਹੁ ਦੇਸ ਕਮਾਏ ॥*
*ਸਰਬ ਸੁਖਾ ਹਰਿ ਹਰਿ ਗੁਣ ਗਾਏ ॥*

*ਅੰਗ - ੧੧੪੭*

ਮਹਾਰਾਜ ਕਹਿੰਦੇ ਜਿਹੜੀ ਚੀਜ਼ ਵਿੱਚ ਸੁੱਖ ਹੈ ਹੀ ਨਹੀਂ ਇਥੇ, ਤੂੰ ਕਿੱਥੋਂ ਭਾਲਦਾ ਹੈਂ ਸੁੱਖ।

*ਐਸਾ ਜਗੁ ਦੇਖਿਆ ਜੂਆਰੀ ॥*
*ਸਭਿ ਸੁਖ ਮਾਗੈ ਨਾਮੁ ਬਿਸਾਰੀ ॥ਅੰਗ - ੨੨੨*
*ਸੁਖੁ ਨਾਹੀ ਰੇ ਹਰਿ ਭਗਤਿ ਬਿਨਾ ॥*

*ਅੰਗ - ੨੧੦*

ਭਗਤੀ ਤੋਂ ਬਿਨਾਂ ਸੁੱਖ ਦੀ ਪ੍ਰਾਪਤੀ ਨਹੀਂ ਹੁੰਦੀ, ਆਹ ਗੱਲ ਹਿਰਦੇ 'ਚ ਵਸਾ ਲਓ। ਜੇ ਕਹੋ ਕਿ ਪੈਸੇ ਨਾਲ ਸੁੱਖ ਹੁੰਦਾ ਹੈ ਮਹਾਰਾਜ ਕਹਿੰਦੇ, ਇਕੱਲਾ ਪੈਸਾ ਮਾਇਆ ਨਹੀਂ ਹੁੰਦੀ, ਬਾਲ-ਬੱਚੇ ਵੀ ਮਾਇਆ, ਜ਼ਮੀਨ ਜਾਇਦਾਦ, ਕਾਰੋਬਾਰ, ਸਭ ਮਾਇਆ ਹੁੰਦੀ ਹੈ ਆਪਣਾ ਸਰੀਰ ਵੀ ਮਾਇਆ ਹੁੰਦਾ ਹੈ। ਉਹ ਕਹਿੰਦੇ ਮਾਇਆ 'ਚ ਤਾਂ ਸੁੱਖ ਹੈ ਨਹੀਂ ਪ੍ਰੇਮੀਓਂ। ਵੱਡੇ ਤੋਂ ਵੱਡਾ ਜਿਹਦੇ ਮੁਕਾਬਲੇ 'ਤੇ ਕੋਈ ਬਾਦਸ਼ਾਹ ਨਹੀਂ ਪਹੁੰਚ ਸਕਦਾ, ਜਿਹੜਾ ਸਾਰੀ ਦੁਨੀਆਂ ਦਾ ਬਾਦਸ਼ਾਹ ਹੈ, ਪੂਰੀ ਧਰਤੀ ਦਾ ਬਾਦਸ਼ਾਹ ਹੋਵੇ ਉਹਨੂੰ ਸੁੱਖ ਦੀ ਇਕ ਯੂਨਿਟ ਕਹਿੰਦੇ ਨੇ, ਉਹ ਵੀ ਬਾਦਸ਼ਾਹ ਉਹ ਹੋਵੇ ਜਿਹੜਾ ਨਾ ਬੁੱਢਾ ਹੋਵੇ, ਸਭ ਕੁਛ ਖਾ ਕੇ ਉਹਨੂੰ ਹਜ਼ਮ ਹੁੰਦਾ ਹੋਵੇ, ਉਹਦੀ ਪਰਜਾ ਐਨੀ ਸੁੱਖੀ ਹੋਵੇ ਕਿ ਕਦੇ ਕੋਈ ਘਾਟਾ ਨਾ ਪਵੇ। ਚੋਰ ਚਕਾਰ ਦੁਸ਼ਮਣ ਉਹਦੇ ਹੋਣ ਹੀ ਨਾ, ਫੌਜ ਦੀ ਜਿਸ ਰਾਜੇ ਨੂੰ ਲੋੜ ਹੀ ਨਾ ਹੋਵੇ ਤੇ ਜਿਸ ਚੀਜ਼ ਨੂੰ ਚਾਹੇ ਉਹ ਉਹਨੂੰ ਮਿਲ ਜਾਵੇ, ਕਹਿੰਦੇ ਉਹ ਰਾਜੇ ਨੂੰ ਜਿਹੜਾ ਸੁੱਖ ਹੈ, ਸਦਾ ਜੁਆਨੀ 'ਚ ਰਹੇ, ਬੁਢਾਪੇ ਦਾ ਨਾਮ ਨਿਸ਼ਾਨ ਨਾ ਰਹੇ, ਕਦੇ ਬਿਮਾਰ ਨਾ ਹੋਵੇ ਉਹ ਇਕ ਯੂਨਿਟ ਬਣਾ ਲਓ, ਇੱਕ ਸੇਰ ਬਣਾ ਲਓ। ਇੱਕ ਸੇਰ ਦੇ ਮੁਕਾਬਲੇ 'ਤੇ ਇੱਕ ਕੁਇੰਟਲ ਸੁੱਖ ਜਿਹੜਾ ਹੈ

ਉਹ ਗੰਧਰਬ ਮਨੁੱਖ ਨੂੰ ਹੋਇਆ ਕਰਦਾ ਹੈ, ਗੰਧਰਬ ਲੋਕ ਜਿਹਨੂੰ ਕਹਿੰਦੇ ਨੇ। ਇਸ ਤੋਂ ਸੌ ਕੁਇੰਟਲ ਜਾਂ ਸੌ ਗੁਣਾਂ ਕਹਿ ਲਓ, ਜ਼ਿਆਦਾ ਸੁੱਖ ਦੇਵ ਗੰਧਰਬ ਵਿਚ ਹੋਇਆ ਕਰਦਾ ਹੈ, ਇਸ ਤੋਂ ਸੌ ਗੁਣਾਂ ਸੁੱਖ ਪਿਤਰ ਲੋਕ 'ਚ ਹੋਇਆ ਕਰਦਾ ਹੈ, ਪਿੱਤਰ ਲੋਕ ਤੋਂ ਸੌ ਗੁਣਾਂ ਜ਼ਿਆਦਾ ਸੁੱਖ ਸਵਰਗ ਲੋਕ 'ਚ ਹੋਇਆ ਕਰਦਾ ਹੈ, ਸਵਰਗ ਲੋਕ ਤੋਂ ਸੌ ਗੁਣਾਂ ਜ਼ਿਆਦਾ ਸੁੱਖ ਇੰਦਰ ਲੋਕ 'ਚ ਹੁੰਦਾ ਹੈ, ਯਾਨਿ ਦੁਨੀਆਂ ਦੇ ਬਾਦਸ਼ਾਹ ਨਾਲੋਂ ਦਸ ਕਰੋੜ ਗੁਣਾਂ ਜ਼ਿਆਦਾ ਸੁੱਖ ਇੰਦਰ ਨੂੰ ਹੁੰਦਾ ਹੈ। ਮਹਾਰਾਜ ਕਹਿੰਦੇ, ਫੇਰ ਇੰਦਰ ਕੀ ਸੁਖੀ ਹੈ ਭਾਈ? ਉਹਦੀ ਤਾਂ ਕਲਪਨਾ ਤੇ ਵਾਸ਼ਨਾ ਹੀ ਨਹੀਂ ਹਟਦੀ।

*ਗੋਤਮੁ ਤਪਾ ਅਹਿਲਿਆ ਇਸਤ੍ਰੀ*
*ਤਿਸੁ ਦੇਖਿ ਇੰਦ੍ਰੁ ਲੁਭਾਇਆ ॥*
*ਸਹਸ ਸਰੀਰ ਚਿਹਨ ਭਗ ਹੂਏ*
*ਤਾ ਮਨਿ ਪਛੋਤਾਇਆ ॥ ਅੰਗ - ੧੩੪੪*

ਰੋਂਦਾ ਸੀਗਾ -

*ਸਹੰਸਰ ਦਾਨ ਦੇ ਇੰਦ੍ਰੁ ਰੋਆਇਆ ॥*
*ਪਰਸ ਰਾਮੁ ਰੋਵੈ ਘਰਿ ਆਇਆ ॥*
*ਅੰਗ - ੯੫੩*

ਪਰਸਰਾਮ ਬਲ ਵਾਲਾ ਸੀਗਾ,'ਨਾਮ' ਹੈ ਨਹੀਂ ਸੀ ਉਹਦੇ ਕੋਲ ਤਪ ਵਾਲਾ ਸੀਗਾ। ਤਪਸਵੀ ਉਹਦੇ ਨਾਲ ਦਾ ਕੋਈ ਨਹੀਂ ਹੋਇਆ, ਸੂਰਮਾ ਉਹਦੇ ਨਾਲ ਦਾ ਕੋਈ ਨਹੀ ਹੋਇਆ। ਪਰਸਰਾਮ ਦੇ ਨਾਲ ਦਾ। ਕੋਈ ਉਹਦੇ ਨਾਲ ਮੈਦਾਨ-ਏ-ਜੰਗ 'ਚ ਆ ਹੀ ਨਹੀਂ ਸੀ ਸਕਦਾ। ਸ੍ਰੀ ਰਾਮ ਚੰਦਰ ਜੀ ਨੇ ਨਿਮਰਤਾ ਦੇ ਨਾਲ ਉਹਦੇ ਚਰਨਾਂ ਨੂੰ ਹੱਥ ਲਾ ਕੇ ਸ਼ਕਤੀ ਖਿੱਚ ਲਈ ਸੀ, ਉਹ ਵੀ ਕਹਿੰਦੇ ਜਦੋਂ ਘਰ ਪਿਉ ਮਰ ਗਿਆ ਤਾਂ ਉਹ ਰੋਇਆ ਫੇਰ।

*ਅਜੈ ਸੁ ਰੋਵੈ ਭੀਖਿਆ ਖਾਇ ॥*
*ਐਸੀ ਦਰਗਹ ਮਿਲੈ ਸਜਾਇ ॥ ਅੰਗ - ੯੫੩*

ਅਜ ਰਾਜਾ ਬਹੁਤ ਬਲਵਾਨ ਸੀ, ਉਹ ਵੀ ਆਪਣੀ ਗਲਤੀ ਦੇ ਨਾਲ ਰੋਂਦਾ ਰਿਹਾ।

*ਰੋਵੈ ਰਾਮੁ ਨਿਕਾਲਾ ਭਇਆ ॥*
*ਸੀਤਾ ਲਖਮਣੁ ਵਿਛੁੜਿ ਗਇਆ ॥*
*ਅੰਗ - ੯੫੪*

ਰਾਮ ਚੰਦਰ ਜੀ ਰੋ ਰਹੇ ਨੇ। ਕਹਿੰਦੇ ਸੀ ਅਸੀਂ ਮਰਿਆਦਾ ਪੁਰਸ਼ੋਤਮ ਸੀ, ਇੱਕ ਡਰਾਮਾ ਕਰਦੇ ਸੀ, ਲੇਕਿਨ ਰੋਏ ਤਾਂ ਹੈ ਨਾ। ਗੁਰੂ ਦਸਵੇਂ ਪਾਤਸ਼ਾਹ ਵੀ ਕਹਿੰਦੇ ਅਸੀਂ ਡਰਾਮਾ ਕਰਨ ਆਏ -

*ਮੈ ਹੋ ਪਰਮ ਪੁਰਖ ਕੋ ਦਾਸਾ।*
*ਦੇਖਨ ਆਯੋ ਜਗਤ ਤਮਾਸਾ।*

ਤਮਾਸ਼ਾ ਦੇਖਣ ਆਇਆ ਹਾਂ, ਡਰਾਮਾ ਕਰਨ ਆਇਆ ਹਾਂ ਮੈਂ। ਮੈਂ ਇਹਦੇ ਵਿੱਚ ਇੱਕ ਪਾਤਰ ਹਾਂ। ਸਾਹਿਬਜ਼ਾਦਿਆਂ ਨੂੰ ਹੱਥੀਂ ਤਿਆਰ ਕਰ-ਕਰ ਕੇ ਤੋਰਦੇ ਨੇ। ਜਦੋਂ ਸ਼ਹੀਦ ਹੋ ਗਏ ਅਰਦਾਸ 'ਚ ਹੋ ਗਏ। ਹੇ ਪ੍ਰਭੂ! ਤੂੰ ਅਮਾਨਤ ਜੋ ਦਿੱਤੀ ਸੀ, ਉਹ ਈਮਾਨਦਾਰੀ ਨਾਲ ਤੇਰੇ ਚਰਨਾਂ 'ਚ ਵਾਪਸ ਹੋ ਗਈ, ਮੈਂ ਅੱਜ ਬੜਾ ਹੀ ਪ੍ਰਸੰਨ ਹਾਂ। ਰੋਣ ਦਾ ਸਵਾਲ ਹੀ ਨਹੀਂ ਆਇਆ। ਕਵੀ ਲੋਕ ਨੇ ਇਨ੍ਹਾਂ ਨੂੰ ਗੁਰਮਤਿ ਦੇ ਸਿਧਾਂਤ ਨਾ ਪਤਾ ਹੋਣ ਕਰਕੇ ਉਲਟ-ਪੁਲਟ ਗੱਲਾਂ ਕਰ ਦਿੰਦੇ ਨੇ। ਹੌਲੀ-ਹੌਲੀ ਸੌ, ਦੋ ਸੌ ਸਾਲ ਨੂੰ ਇਨ੍ਹਾਂ ਨੇ ਵੀ ਕਰ ਲੈਣਾ ਹੈ ਕਿ ਗੁਰੂ ਦਸਵੇਂ ਪਾਤਸ਼ਾਹ ਸਾਹਿਬਜ਼ਾਦਿਆਂ ਦੇ ਸ਼ਹੀਦ ਹੋਣ 'ਤੇ ਜ਼ਾਰ-ਜ਼ਾਰ ਰੋਏ। ਉਹਦਾ ਤੇ ਇਨ੍ਹਾਂ ਦਾ ਕੀ ਫਰਕ ਸੀ ਉਹ ਕਿਉਂ ਰੋਏ, ਇਹ ਕਿਉਂ ਨਾ ਰੋਏ? ਹਾਲਾਂਕਿ ੧੪ ਕਲਾਂ ਸੰਪੂਰਨ ਅਵਤਾਰ ਸੀ। ਲੇਕਿਨ ਉਹ ਸਹਿ ਨਾ ਸਕੇ ਦੋਵੇਂ ਚੀਜ਼ਾਂ ਨੂੰ, ਸੀਤਾ ਤੇ ਲਛਮਣ ਦੇ ਵਿਛੋੜੇ ਨੂੰ।

*ਰੋਵਹਿ ਪਾਂਡਹ ਭਏ ਮਜੂਰ ॥*
*ਜਿਨ ਕੈ ਸੁਆਮੀ ਰਹਤ ਹਦੂਰਿ ॥*
*ਅੰਗ - ੯੫੪*

ਪਾਂਡਵਾਂ ਦੇ ਨਾਲ ਸੋਲਾਂ ਕਲਾਂ ਸੰਪੂਰਨ ਕ੍ਰਿਸ਼ਨ ਮਹਾਰਾਜ ਹਰ ਵਕਤ ਰਹਿੰਦੇ ਸੀ। ਜਿੱਥੇ ਵੀ ਜਾਂਦੇ ਸੀ ਉਥੇ ਰਹਿੰਦੇ ਸੀ। ਆਹ ਪਿੰਜੋਰ ਦੇ ਇਲਾਕੇ ਵਿੱਚ ਇੱਕ ਮਕਾਨ ਬਣਾ ਕੇ ਦਿੱਤਾ ਉਨ੍ਹਾਂ ਨੂੰ ਲਾਖ ਦਾ ਤੇ ਮੂਹਰੇ ਨਾਹੁੰਣ ਵਾਸਤੇ ਚੁਬੱਚੇ ਬਣਾਏ ਹੋਏ ਸੀ ਜਿਹਨੂੰ ਭੀਮ ਤਾਲ ਹੁਣ ਵੀ ਕਹਿੰਦੇ ਨੇ। ਇਹਦੀਆਂ ਕੰਧਾਂ ਦੇ ਵਿੱਚ ਚਰਬੀ ਭਰ ਦਿੱਤੀ। ਬਿਦਰ ਨੂੰ ਲਗ ਗਿਆ ਪਤਾ ਤੇ ਓਹਨੇ ਦਸ ਦਿੱਤਾ ਕਿ ਤੁਹਾਨੂੰ ਜਾਲ ਦੇਣਗੇ, ਸੁਰੰਗ ਰੱਖੋ ਤਿਆਰ। ਸੁਰੰਗ ਰੱਖ ਲਈ। ਉਹ ਵੀ ਨਿਕਲ ਕੇ ਆ ਗਏ, ਉਹ ਵੀ ਜਿਥੇ ਆਪਾਂ ਬੈਠੇ ਹਾਂ (ਰਤਵਾੜਾ ਸਾਹਿਬ), ਇਨ੍ਹਾਂ ਇਲਾਕਿਆਂ 'ਚ ਰਹੇ ਸੀ। ਆਹ ਨਦੀਆਂ ਜਦ ਖੁਸ਼ਕ ਨਹੀਂ ਸੀ ਚਲਦੀਆਂ ਹੁੰਦੀਆਂ ਸੀ ਹਰ ਵਕਤ। ਸਮੇਂ ਦੇ ਫੇਰ ਨਾਲ ਖੁਸ਼ਕ ਹੋ ਗਈਆਂ, ਜੰਗਲ ਸੀ ਬਹੁਤ ਭਾਰਾ, ਦੂਰ ਤੱਕ ਜੰਗਲ ਸੀ। ਇਸ ਤੋਂ ਬਾਅਦ ਜਦੋਂ ਗੁਪਤ ਵਾਸ ਕਰਿਆ ਫੇਰ ਰੋਏ ਇਹ। ਮਜੂਰ ਬਣ-ਬਣ ਕੇ ਰੋਏ। ਸੋ ਇਸ ਤਰ੍ਹਾਂ ਦੇ ਨਾਲ ਸਾਰੇ ਰੋਏ। ਰਾਵਣ ਰੋਇਆ-

*ਰੋਵੈ ਦਹਸਿਰੁ ਲੰਕ ਗਵਾਇ ॥*
*ਜਿਨਿ ਸੀਤਾ ਆਦੀ ਡਉਰੂ ਵਾਇ ॥*
*ਰੋਵਹਿ ਪਾਂਡਹ ਭਏ ਮਜੂਰ ॥*
*ਜਿਨ ਕੈ ਸੁਆਮੀ ਰਹਤ ਹਦੂਰਿ ॥*
*ਰੋਵੈ ਜਨਮੇਜਾ ਖੁਇ ਗਇਆ ॥*
*ਏਕੀ ਕਾਰਣਿ ਪਾਪੀ ਭਇਆ ॥ ਅੰਗ - ੯੫੪*

ਅਖੀਰ ਮਹਾਰਾਜ ਲਿਖਦੇ ਨੇ ਕਿ -

*ਬਾਲੀ ਰੋਵੈ ਨਾਹਿ ਭਤਾਰੁ ॥*

***ਨਾਨਕ ਦੁਖੀਆ ਸਭੁ ਸੰਸਾਰੁ ॥ ਅੰਗ - ੯੫੪***

ਕਿਉਂ ਦੁੱਖੀ ਹੈ ਸੰਸਾਰ। ਉਹਦੇ ਕੋਲ ਨਾਮ ਨਹੀਂ ਹੈ। ਨਾਮ ਤੋਂ ਖਾਲੀ ਰੋਂਦਾ ਹੈ -

***ਮੰਨੇ ਨਾਉ ਸੋਈ ਜਿਣਿ ਜਾਇ ॥***
***ਅਉਰੀ ਕਰਮ ਨ ਲੇਖੈ ਲਾਇ ॥ ਅੰਗ - ੯੫੪***

ਜਿਹੜੇ 'ਨਾਮ' ਦੇ ਵਿੱਚ ਵਿਸ਼ਵਾਸ਼ ਲੈ ਆਉਣ, ਪ੍ਰੀਪੂਰਨ ਨਾਮ ਦੀ ਜਿਨ੍ਹਾਂ ਨੂੰ ਸੋਝੀ ਹੋ ਜਾਏ ਤੇ ਹਿਰਦੇ ਵਿੱਚ ਮੰਨ ਲੈਣ-

***ਮੰਨੇ ਕੀ ਗਤਿ ਕਹੀ ਨ ਜਾਇ ॥***
***ਜੇ ਕੋ ਕਹੈ ਪਿਛੈ ਪਛੁਤਾਇ ॥***
***ਕਾਗਦਿ ਕਲਮ ਨ ਲਿਖਣਹਾਰੁ ॥***
***ਮੰਨੇ ਕਾ ਬਹਿ ਕਰਨਿ ਵੀਚਾਰੁ ॥ ਅੰਗ - ੩***

'ਅਉਰੀ ਕਰਮ ਨ ਲੇਖੈ ਲਾਇ ॥' ਬਾਕੀ ਕਰਮ ਨਹੀਂ ਲੇਖੇ ਲਗਦੇ। ਸਿਰਫ 'ਨਾਮ' ਇਲਾਜ ਹੈ -

***ਧਾਰਨਾ - ਤੇਰੇ ਸਾਰਿਆਂ ਦੁਖਾਂ ਦੀ ਹੈ ਦਾਰੂ***
***ਏਕੋ ਨਾਮ ਵਾਹਿਗੁਰੂ ਦਾ।***

ਸਾਰੇ ਦੁੱਖ ਜਿੰਨੇ ਵੀ ਨੇ 'ਸਰਬ ਰੋਗ ਕਉ ਅਉਖਦੁ ਨਾਮ' ਇੱਕ ਨਾਮ ਸਾਰੀਆਂ ਬਿਮਾਰੀਆਂ ਦਾ, ਸਾਰੀਆਂ ਤਕਲੀਫਾਂ ਦਾ ਇਲਾਜ ਹੈ। ਮਹਾਰਾਜ ਇਸ ਕਰਕੇ ਕਹਿੰਦੇ ਨੇ -

***ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥***
***ਕਲਿ ਕਲੇਸ ਤਨ ਮਾਹਿ ਮਿਟਾਵਉ ॥***
***ਅੰਗ - ੨੬੨***

ਨਾਮ ਸਿਮਰਨ ਦਾ ਫਾਇਦਾ ਕੀ ਹੋਏਗਾ? ਕਲ੍ਹਾ ਤੇ ਕਲੇਸ਼ ਦੋਵੇਂ ਮਿਟ ਜਾਣਗੇ। ਹੁਣ ਕਲਾ ਤੇ ਕਲੇਸ਼ ਨੂੰ ਮਿਟਾਉਣ ਵਾਸਤੇ ਤਾਂ 'ਨਾਮ' ਲਿਆਂਦਾ ਹੈ ਗੁਰੂ ਮਹਾਰਾਜ ਨੇ ਤੇ ਜਿਹੜੀ ਸੇਵਾ ਹੈ ਇਹਦੇ ਬਾਰੇ ਵੀ ਸਮਝੋ ਥੋੜ੍ਹਾ ਜਿਹਾ। ਤਿੰਨ ਯੁੱਗ ਜਿਹੜੇ ਮੈਂ ਗਿਣੇ ਨੇ, 17 ਲੱਖ 28 ਹਜ਼ਾਰ ਸਾਲ ਸਤਿਜੁਗ ਦੇ, 12 ਲੱਖ 96 ਹਜ਼ਾਰ ਸਾਲ ਤ੍ਰੇਤੇ ਯੁੱਗ ਦੇ, 8 ਲੱਖ 64 ਹਜ਼ਾਰ ਸਾਲ ਦੁਆਪਰ ਯੁੱਗ ਦੇ; ਇਨ੍ਹਾਂ ਯੁੱਗਾਂ ਦੇ ਅੰਦਰ, ਜਿੱਡੀ ਯੁੱਗ ਦੀ ਉਮਰ ਵੱਡੀ ਹੈ, ਓਨੀਓਂ ਇਨਸਾਨ ਦੀ ਉਮਰ ਵੱਡੀ ਸੀ। ਲੇਕਿਨ ਤ੍ਰਿਸ਼ਨਾ ਓਨੀਓਂ ਘੱਟ ਸੀ, ਲੱਖ ਸਾਲ ਦਾ ਬੰਦੇ ਦਾ ਸਰੀਰ ਰਹਿੰਦਾ ਸੀ ਸਤਿਜੁਗ ਦੇ ਅੰਦਰ, ਕਲਪਨਾ ਕੋਈ ਨਹੀਂ ਸੀ। 'ਸਤਿ' ਦੇ ਆਸਰੇ ਜੀਉਂਦਾ ਸੀ, ਸਤਿ ਬੋਲਦੇ ਸੀ। ਪ੍ਰਮੇਸ਼ਰ ਦਿੰਦਾ ਸੀ ਖਾਣ ਨੂੰ ਕਲਪਨਾ ਨਹੀਂ ਸੀ ਕਰਦੇ। ਮਰਿਆਦਾ ਵਿੱਚ ਰਹਿੰਦੇ ਸੀ ਸੰਜਮ ਵਿੱਚ ਰਹਿੰਦੇ ਸੀ। 'ਸੰਜਮ' ਦੀ ਗੱਲ ਸਮਝਣ ਵਾਲੀ ਹੈ। ਸੰਜਮ ਇਹ ਹੁੰਦਾ ਹੈ ਕਿ ਹਰ ਚੀਜ਼ ਦਾ ਸੰਜਮ ਹੁੰਦਾ ਹੈ ਦੁਨੀਆਂ 'ਚ। ਗ੍ਰਹਿਸਤ ਦਾ ਵੀ ਉਨ੍ਹਾਂ ਦਾ ਸੰਜਮ ਸੀ, ਇੱਕ ਜਾਂ ਦੋ ਬੱਚੇ ਪੈਦਾ ਕਰਦੇ ਸੀ। ਐਨੇ ਬ੍ਰਹਮਚਾਰੀ ਰਹਿੰਦੇ ਸੀ। ਉਮਰਾਂ ਵੱਡੀਆਂ ਹੁੰਦੀਆਂ ਸੀ, ਕਿਉਂਕਿ ਨਾ ਕਾਮ ਵਾਸ਼ਨਾ, ਨਾ ਕ੍ਰੋਧ ਵਾਸ਼ਨਾ, ਨਾ ਲੋਭ ਦੀ ਵਾਸ਼ਨਾ, ਨਾ ਅਹੰਕਾਰ ਦੀ, ਨਾ ਮੋਹ ਦੀ। ਇਨ੍ਹਾਂ ਤੋਂ ਉੱਪਰ ਸੀ ਉਹ ਲੋਕ, ਸਤਿ ਦਾ ਜੀਵਨ ਬਤੀਤ ਕਰਦੇ ਸੀ ਤੇ ਉਮਰਾਂ ਉਨ੍ਹਾਂ ਦੀਆਂ ਵੱਡੀਆਂ ਹੁੰਦੀਆਂ ਤੇ ਉਸ ਵੇਲੇ ਘਾਲ ਕਮਾਈ ਬਹੁਤ ਕਰਦੇ ਸੀ। ਹੱਡੀ ਵਿੱਚ ਜਾਨ ਹੋਇਆ ਕਰਦੀ ਸੀ। ਦਸਵੇਂ ਦੁਆਰ ਸਵਾਸ ਚੜ੍ਹਾ ਕੇ ਹਜ਼ਾਰਾਂ ਸਾਲ ਬੈਠੇ ਰਹਿੰਦੇ ਸੀ, ਯੋਗ ਸਾਰੇ ਕਰਦੇ ਸੀ। ਇਕੱਲੀ-ਇਕੱਲੀ ਨਾੜ ਦਾ ਗਿਆਨ ਸੀ ਉਨ੍ਹਾਂ ਨੂੰ। ਉਨ੍ਹਾਂ ਸਮਿਆਂ ਦੇ ਵਿੱਚ ਦੱਸਿਆ ਹੋਇਆ ਹੈ ਕਿ ਆਹ ਸਰੀਰ ਦੇ ਅੰਦਰ -

***ਨਉ ਦਰਵਾਜੇ ਕਾਇਆ ਕੋਟੁ ਹੈ***
***ਦਸਵੈ ਗੁਪਤੁ ਰਖੀਜੈ ॥ ਅੰਗ - ੯੫੪***

ਉਨ੍ਹਾਂ ਖੋਜ ਕਰੀ ਹੋਈ ਸੀ ਇਹ; ਉਨ੍ਹਾਂ ਨੇ ਹੀ ਦੱਸਿਆ ਹੈ ਕਿ ਇਸ ਸਰੀਰ ਦੇ ਅੰਦਰ 72 ਕਰੋੜ 72 ਲੱਖ 72, ਹਜ਼ਾਰ ਦੋ ਸੌ ਖ਼ੂਨ ਦੀਆਂ ਨਾੜੀਆਂ ਨੇ। ਦੋ ਖਰਬ ੧੫ ਅਰਬ ਸੈਲ ਲੱਗੇ ਹੋਏ ਨੇ। ਬੜੀ ਉਨ੍ਹਾਂ ਨੇ ਖੋਜ ਕਰੀ, ਇਥੇ ਦੀ ਵੀ ਕਰੀ, ਉਪਰਲੀ ਵੀ ਕਰੀ, ਦਰਗਾਹ ਦੀ ਵੀ ਕਰੀ। ਸਾਡੇ ਵਾਸਤੇ ਆਪਣੇ ਤਜਰਬੇ ਜਿਵੇਂ ਸਾਇੰਸਦਾਨ ਲਿਖਦੇ ਨੇ ਇਸ ਤਰ੍ਹਾਂ ਲਿਖ ਗਏ, ਸਾਇੰਸਦਾਨਾਂ ਨੂੰ ਨਹੀਂ ਪਤਾ ਕਿ ਉੱਤੇ ਦਰਗਾਹ ਵੀ ਕੋਈ ਚੀਜ਼ ਹੈ। ਹਾਲੇ ਤੱਕ ਤਾਂ ਪਤਾ ਨਹੀਂ ਲੱਗਿਆ। ਲੇਕਿਨ ਇਨ੍ਹਾਂ ਦੇ ਦਿਮਾਗ 'ਚ ਆਉਣ ਲੱਗ ਗਿਆ ਕਿ ਕੁਛ ਅੱਗੇ-ਅੱਗੇ, ਹੋਰ ਕੁਛ ਹੈ। ਪ੍ਰਕ੍ਰਿਤੀ ਤੋਂ ਅੱਗੇ ਨਹੀਂ ਅਜੇ ਸਮਝੇ, ਲੇਕਿਨ ਇਹ ਇਹ ਸਮਝ ਗਏ ਕਿ ਆਹ ਜਿਹੜਾ matter ਹੈ, ਇਸ ਤੋਂ ਸੂਖਸ਼ਮ ਹੋਰ ਵੀ ਚੀਜ਼ਾਂ ਹੁੰਦੀਆਂ ਨੇ, ਦਰਗਾਹ ਦਾ ਨਹੀਂ ਪਤਾ ਲੱਗਿਆ, ਨਾ ਦੇਵਤਿਆ ਦਾ ਪਤਾ ਲੱਗਿਆ, ਉਨ੍ਹਾਂ ਨੂੰ ਪਤਾ ਸੀ। ੧੪ ਸਵਰਗ ਲਿਖੇ ਨੇ ਉਨ੍ਹਾਂ ਨੇ। ਇੱਕ ਤੋਂ ਇੱਕ ਚੜ੍ਹਦਾ। ਉਨ੍ਹਾਂ ਦਿਨਾਂ 'ਚ ਉਹ ਜਪ ਤਪ ਕਰਦੇ ਸੀ। ਸਰੀਰ ਕਰੜੇ ਸੀ, ਧੂਣੀਆਂ ਤਾਪਦੇ ਸੀ, ਜਲ ਧਾਰੇ ਕਰਦੇ ਸੀ, ਜੰਗਲਾਂ 'ਚ ਰਹਿੰਦੇ ਸੀ, ਰੋੜ੍ਹਾਂ 'ਤੇ ਸੌਂਦੇ ਸੀ, ਬੇਅੰਤ-ਬੇਅੰਤ ਚਿਰ ਭੁੱਖੇ ਰਹਿੰਦੇ ਸੀ, ਵਰਤ ਬੜੇ ਲੰਮੇ ਰਖਦੇ ਸੀ।

ਇਸੇ ਤਰ੍ਹਾਂ ਨਾਲ ਤ੍ਰੇਤੇ 'ਚ ਕਰਦੇ ਰਹੇ, ਇਵੇਂ ਹੀ ਦੁਆਪਰ 'ਚ। ਦੁਆਪਰ 'ਚ ਆਦਮੀ ਦੀ ਉਮਰ ਹਜ਼ਾਰ ਸਾਲ ਦੀ ਰਹਿ ਗਈ ਲੇਕਿਨ ਇਹਦੇ ਅਖੀਰ ਦੇ ਵਿੱਚ ਉਮਰ ਐਨੀ ਘਟੀ, ਕ੍ਰਿਸ਼ਨ ਮਹਾਰਾਜ ਦੀ ਉਮਰ 150 ਸਾਲ ਦੀ ਹੋਈ। ਭੀਸ਼ਮ ਪਿਤਾਮਾ ਜਿਹੜਾ ਸੀ ਉਸਦੀ 175 ਸਾਲ ਦੀ ਉਮਰ ਸੀ। ਦਰੋਣਾਚਾਰੀਆ ਜਦੋਂ ਯੁੱਧ 'ਚ ਲੜਿਆ ਹੈ, ਉਹਦੀ ਉਸ ਵੇਲੇ ੯੯ ਸਾਲ ਦੀ ਉਮਰ ਸੀ। ਕਿੱਡਾ ਤਕੜਾ ਸੀ, ਦੁਨੀਆਂ ਦਾ ਕੋਈ ਯੋਧਾ ਉਹਦੇ ਮੁਕਾਬਲੇ 'ਤੇ ਨਹੀਂ ਸੀ। ਇਹ ੧੭੫ ਸਾਲ ਦਾ ਸੀਗਾ ਭੀਸ਼ਮ ਪਿਤਾਮਾ, ਕਿਸੇ ਜਵਾਨ ਨੂੰ ਨੇੜੇ ਨਹੀਂ ਸੀ ਆਉਣ ਦਿੰਦਾ। ਕੱਲ੍ਹ ਦੀਆਂ ਗੱਲਾਂ ਨੇ, ਬਾਬਾ ਦੀਪ ਸਿੰਘ ਜੀ ਜਦ ਲੜੇ ਨੇ, 18 ਸੇਰ ਦਾ ਖੰਡਾ ਲੈ ਕੇ

ਓਸ ਵੇਲੇ 70 ਸਾਲ ਦੀ ਉਮਰ ਸੀ ਇਨ੍ਹਾਂ ਦੀ। ਉਹ ਸਰੀਰ ਤਕੜੇ ਸੀਗੇ, ਤਕੜੇ ਹੋਣ ਕਰਕੇ ਘਾਲ ਝੱਲ ਲੈਂਦੇ ਸੀ। ਹੁਣ ਜਿਹੜੇ ਸਰੀਰ ਨੇ ਨਾ ਤਾਂ ਪ੍ਰਾਣਾਯਾਮ ਕਰ ਸਕਦੇ ਨੇ, ਨਾ ਇਹ ਧੂਣੀਆਂ ਤਾਪ ਸਕਦੇ ਨੇ। ਬੀਬੀਆਂ ਨੂੰ ਕਹਿ ਕੇ ਦੇਖੋ ਕਿ ਧੂਣੀਆਂ ਤਾਪੋ, ਕੋਈ ਤਾਪਣ ਦੇਵੇਗਾ, ਜਲ ਧਾਰੇ ਕਹੋ ਇਨ੍ਹਾਂ ਨੂੰ ਕਰੋ, ਇਹ ਤਾਂ ਗੁਰੂ ਨਾਨਕ ਦੀ ਮੇਹਰ ਹੈ ਕਿ ਉਨ੍ਹਾਂ ਨੇ ਐਸਾ ਸਾਧਨ ਲਿਆ ਦਿੱਤਾ ਕਿ ਬੀਬੀਆਂ ਵੀ ਤਰ ਜਾਣਗੀਆਂ, ਭਾਈ ਵੀ ਤਰ ਜਾਣਗੇ। ਤਪ ਤਾਂ ਅਸੀਂ ਕਰ ਨਹੀਂ ਸਕਦੇ। ਸਾਡਾ ਸਰੀਰ ਨਹੀਂ ਤਪ ਕਰ ਸਕਦਾ, ਕੋਈ ਵਿਰਲਾ-ਵਿਰਲਾ ਬੰਦਾ ਹੈ ਜੋ ਕਰ ਸਕੇ, ਨਹੀਂ ਤਾਂ ਨਮੂਨੀਆਂ ਹੋ ਜਾਉ। ਜੇ ਜਲ ਧਾਰਾ ਕਰਿਆ, ਵੱਖੀਆਂ ਅੰਦਰ ਨੂੰ ਚਲੀਆਂ ਜਾਣਗੀਆਂ, ਕਰ ਹੀ ਨਹੀਂ ਸਕਦੇ, ਅਸੀਂ ਤਾਂ ਠੰਢੇ ਪਾਣੀ 'ਚ ਨਹਾ ਨਹੀਂ ਸਕਦੇ। ਨਹਿਰ ਦਾ ਪਾਣੀ ਹੋਵੇ, ਵਿੱਚ ਬੈਠਣਾ ਹੈ, ਬਿਲਕੁਲ ਨਹੀਂ ਨਹਾ ਸਕਦੇ। ਸੋ ਇਹਦੇ ਵਾਸਤੇ ਗੁਰੂ ਮਹਾਰਾਜ ਨੇ ਐਨਾ ਸੁਖਾਲਾ ਸਾਧਨ ਲਿਆਂਦਾ, ਉਹ ਇਹ ਲਿਆਂਦਾ ਹੈ ਕਿ ਗੁਰੂ ਦੀ ਸੇਵਾ, ਸੰਸਾਰ ਦੀ ਸੇਵਾ, ਪ੍ਰਮੇਸ਼ਰ ਦੀ ਸੇਵਾ, ਸੰਗਤ ਦੀ ਸੇਵਾ ਕਰੋ। ਸੇਵਾ ਦਾ ਮੈਦਾਨ ਖੋਲ੍ਹ ਦਿੱਤਾ ਤੇ ਉਹਦਾ ਫਲ ਬੇਅੰਤ ਵੱਡਾ ਕਰ ਦਿੱਤਾ।

*ਵਿਚਿ ਦੁਨੀਆ ਸੇਵ ਕਮਾਈਐ ॥*
*ਤਾ ਦਰਗਹ ਬੈਸਣੁ ਪਾਈਐ ॥*
*ਕਹੁ ਨਾਨਕ ਬਾਹ ਲੁਡਾਈਐ ॥ ਅੰਗ - ੨੬*

ਦੁਨੀਆਂ ਦੇ ਵਿੱਚ ਸੇਵਾ ਕਰੋ, ਤਾਂ ਦਰਗਾਹ ਵਿੱਚ ਥਾਂ ਮਿਲਦਾ ਹੈ। ਸੋ ਸੇਵਾ ਕਰਨ ਦੇ ਨਾਲ ਵੱਡੇ ਤੋਂ ਵੱਡੇ ਫਲ ਪ੍ਰਾਪਤ ਹੋਇਆ ਕਰਦੇ ਨੇ। ਗੁਰੂ ਸਾਹਿਬ ਆਪ ਸੇਵਾ ਕਰਦੇ ਰਹੇ ਨੇ। ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਇੱਕ ਦਿਨ ਸ਼ਾਮ ਨੂੰ ਆਪ ਨੇ ਅਨੁਭਵ ਕਰਿਆ ਕਿ ਸੰਗਤ ਆ ਰਹੀ ਹੈ ਦੂਰ ਤੋਂ, ਪਿਸ਼ਾਵਰ ਦੀ ਸੰਗਤ। ਉਹ ਅੰਮ੍ਰਿਤ ਵੇਲੇ ਲਾਹੌਰ ਤੋਂ ਚੱਲੇ। ੩੫ ਮੀਲ ਦਾ ਰਾਹ ਹੈ ਤੇ ਉਸ ਵੇਲੇ ਫੁਰਨਾ ਕਰਿਆ ਕਿ ਸੱਚੇ ਪਾਤਸ਼ਾਹ! ਅੱਜ ਤੂੰ ਬਲ ਦੇ ਕਿ ਅਸੀਂ ਅੰਮ੍ਰਿਤ ਵੇਲੇ ਦਾ ਕੀਰਤਨ ਅੰਮ੍ਰਿਤਸਰ ਜਾ ਕੇ ਸੁਣੀਏ। ਲੇਕਿਨ ਬੀਬੀਆਂ ਬੱਚੇ ਬੁੱਢੇ, ਇਹ ਕਿਉਂਕਿ ਲੰਮਾ ਸਫਰ ਕਰਕੇ ਆ ਰਹੇ ਸੀ, ਧਾਈ ਕਰਦੇ, ਲਾਹੌਰ ਦੇ ਕੋਲ ਆ ਕੇ ਕਾਫੀ ਥਕੇਵਾਂ ਹੋ ਗਿਆ, ਪਰ ਹਿੰਮਤ ਨਾਲ ਚੱਲ ਪਏ, ਤੁਰੇ ਜਾ ਰਹੇ ਨੇ, ਕਾਫੀ ਪੈਂਡਾ ਸੀਗਾ ਤੇ ਜਾਂਦੇ-ਜਾਂਦੇ ਪਿੱਪਲੀ ਸਾਹਿਬ ਰਾਤ ਪੈ ਗਈ ਤੇ ਉਥੇ ਬੈਠ ਗਏ ਸਾਰੇ ਕਿ ਹੁਣ ਨਹੀਂ ਤੁਰ ਹੁੰਦਾ। ਮੁਸ਼ਕਲ ਹੈ, ਇੱਕ ਤਾਂ ਪ੍ਰਸ਼ਾਦਾ ਨਹੀਂ ਕਿਤੇ ਵੀ ਛਕਿਆ। ਕਿਤੇ ਅਰਾਮ ਨਹੀਂ ਕਰਿਆ, ਗਰਮੀ ਦਾ ਮਹੀਨਾ ਹੈ, ਪਾਣੀ ਨਹੀਂ ਪੀ ਸਕੇ। ਉਸ ਵੇਲੇ ਐਧਰੋਂ ਮਹਾਰਾਜ ਨੇ ਅਨੁਭਵ ਕਰਿਆ, ਮਾਤਾ ਗੰਗਾ ਜੀ ਨੂੰ ਕਹਿਣ ਲੱਗੇ ਕਿ ਸੰਗਤ ਆ ਰਹੀ ਹੈ। ਮਾਤਾ ਜੀ ਕਹਿਣ ਲੱਗੇ ਕਿ ਹੁਕਮ ਕੀ ਹੈ ਮਹਾਰਾਜ! ਕਹਿੰਦੇ ਐਉਂ ਕਰਿਓ, ਇੱਕ ਟੋਕਰਾ ਪ੍ਰਸ਼ਾਦਿਆਂ ਦਾ ਲਾਹ ਲਓ ਗੁਪਤ ਰੂਪ ਵਿੱਚ, ਇਥੇ ਆ ਜਾਵੇ ਤੇ ਇੱਕ ਪਤੀਲਾ ਦਾਲ ਦਾ ਤੇ ਵਸਤਰ ਆਪਣੇ ਸਾਧਾਰਣ ਪਾ ਲਓ। ਮਹਾਰਾਜ ਜੀ ਨੇ ਵੀ ਵਸਤਰ ਸਾਧਾਰਣ ਪਾ ਕੇ ਭੇਸ ਬਦਲਾ ਲਿਆ, ਮਹਾਰਾਜ ਜੀ ਨੇ ਤਾਂ ਟੋਕਰਾ ਚੁਕ ਲਿਆ ਸਿਰ 'ਤੇ, ਜਦੋਂ ਸੂਰਜ ਛਿਪਿਆ ਤੇ ਮਾਤਾ ਜੀ ਨੇ ਪਤੀਲਾ ਸਿਰ ਦੇ ਉੱਤੇ ਚੁੱਕ ਲਿਆ, ਕੋਈ ਨਾਲ ਨਾ ਲਿਆ, ਨਾ ਸੇਵਾਦਾਰ, ਕਿਸੇ ਨੂੰ ਪਤਾ ਹੀ ਨਾ ਲੱਗਣ ਦਿੱਤਾ ਕਿ ਕਿਹੜੇ ਵੇਲੇ ਨਿਕਲ ਗਏ। ਨਾ ਕਿਸੇ ਨੇ ਪਹਿਚਾਣਿਆ, ਸਾਧਾਰਣ ਸੇਵਾਦਾਰ ਸਮਝ ਕੇ ਨਾ ਕਿਸੇ ਨੇ ਪੁੱਛਿਆ। ਸਭ ਦੇ ਮਨ ਵਿੱਚ ਖਿਆਲ ਸੀ ਕਿ ਮਹਾਰਾਜ ਜੀ ਤਾਂ ਨਹੀਂ ਟੋਕਰਾ ਚੁੱਕਦੇ। ਨਾਲ ਇਹ ਵੀ ਖਿਆਲ ਸੀ ਕਿ ਮਾਤਾ ਜੀ ਪਤੀਲਾ ਚੁੱਕ ਕੇ ਨਹੀਂ ਕਿਧਰੇ ਜਾਂਦੇ। ਸੋ ਚਲਦੇ-ਚਲਦੇ ਆਪ ਪਿੱਪਲੀ ਸਾਹਿਬ ਪਹੁੰਚ ਗਏ, ਉਧਰੋਂ ਸੰਗਤ ਪਹੁੰਚ ਗਈ, ਓਧਰੋਂ ਇਹ ਪਹੁੰਚ ਗਏ ਤੇ ਜਾ ਕੇ ਆਪਸ ਵਿੱਚ ਸਤਿ ਕਰਤਾਰ ਦਾ ਅਵਾਜ਼ਾ ਦਿੱਤਾ। ਕਹਿੰਦੇ, ਲਓ ਭਾਈ ਸਿੱਖੋ ਬੈਠੋ, ਪ੍ਰਸ਼ਾਦੇ ਛਕੋ। ਆਓ ਪਹਿਲਾਂ ਪੰਜ ਇਸ਼ਨਾਨਾ ਕਰਾਈਏ। ਮਹਾਰਾਜ ਜੀ ਡੋਲ ਖਿੱਚਣ ਲੱਗ ਗਏ ਖੂਹ 'ਤੇ, ਉਤੋਂ ਪਾਈ ਜਾਂਦੇ ਨੇ, ਮਾਤਾ ਜੀ ਚਰਨ ਧੋਈ ਜਾਂਦੇ ਨੇ। ਕਹਿੰਦੇ ਬੜੇ ਪ੍ਰੇਮੀ ਸਿੱਖ ਆ ਗਏ ਇਹ ਤਾਂ, ਵਾਹ ਬਈ ਵਾਹ। ਸਿੱਖ ਥੱਕੇ ਹੋਏ ਸੀ, ਕੁਰਲੇ ਕਰਾਈ ਜਾਂਦੇ ਨੇ, ਪਾਣੀ ਪਿਲਾਈ ਜਾਂਦੇ ਨੇ। ਪੰਗਤਾਂ ਲੁਆ ਦਿੱਤੀਆਂ ਉਸ ਤੋਂ ਬਾਅਦ ਮਹਾਰਾਜ ਜੀ ਪ੍ਰਸ਼ਾਦਾ ਵੰਡਦੇ ਨੇ, ਮਾਤਾ ਜੀ ਦਾਲਾ ਪਾ ਰਹੇ ਨੇ। ਪ੍ਰਸੰਨ ਹੋ ਗਏ ਸਾਰੇ, ਇੱਕ ਤਾਂ ਪਵਿੱਤਰ ਹੱਥਾਂ ਦੇ ਰਾਹੀਂ, ਗੁਰੂ ਦੇ ਰਾਹੀਂ ਪ੍ਰਸ਼ਾਦਾ ਮਿਲ ਜਾਵੇ ਕਿੱਡੀ ਵੱਡੀ ਗੱਲ ਹੈ, ਕਿੰਨੀ ਸ਼ਕਤੀ ਉਹਦੇ ਵਿੱਚ ਹੋਏਗੀ, ਕਿੰਨੀ ਭਾਵਨਾ ਹੋਏਗੀ, ਉਸ ਤੋਂ ਬਾਅਦ ਜਲ ਪਿਲਾਉਂਦੇ ਰਹੇ, ਬਰਤਨ ਮਾਂਜੇ ਆਪ ਨੇ। ਉਸ ਤੋਂ ਬਾਅਦ ਟੋਕਰੇ ਵਿੱਚ ਬਰਤਨ ਵੀ ਰੱਖ ਲਏ, ਪਤੀਲਾ ਵੀ ਰੱਖ ਲਿਆ, ਕਹਿਣ ਲੱਗੇ ਕੀ ਵਿਚਾਰ ਹੈ ਸਾਧਸੰਗਤ ਜੀ! ਕਹਿੰਦੇ, ਭਾਈ ਸਿੱਖਾ ! ਹੁਣ ਤਾਂ ਅਸੀਂ ਘੋੜੇ ਵਰਗੇ ਹੋ ਗਏ ਤੇ ਹੁਣ ਤਾਂ ਅੰਮ੍ਰਿਤਸਰ ਹੀ ਚੱਲ ਕੇ ਰਾਤ ਕੱਟਾਂਗੇ, ਉਸ ਵੇਲੇ ਸੰਗਤ ਸ਼ਬਦ ਪੜ੍ਹਦੀ ਹੋਈ ਤੁਰ ਪਈ, ਮਹਾਰਾਜ ਜੀ, ਨਾਲ ਪੱਖੇ ਲੈ ਗਏ ਸੀ ਮੋਢੇ 'ਚ ਪਾ ਕੇ ਤੇ ਟੋਕਰਾ ਫੜਾ ਦਿੱਤਾ ਕਿਸੇ ਸਿੱਖ ਨੂੰ ਤੇ ਆਪ ਮਾਤਾ ਜੀ ਅਤੇ ਮਹਾਰਾਜ ਜੀ ਦੌੜ-ਦੌੜ ਕੇ ਪਿੱਛੇ ਪੱਖੇ ਝੱਲੀ ਜਾਂਦੇ ਨੇ ਸੰਗਤ ਦੇ ਕਿ ਗਰਮੀ ਨਾ ਲੱਗੇ। ਕਹਿੰਦੇ ਬਈ ਬੜਾ ਪ੍ਰੇਮੀ ਸਿੱਖ ਹੈ ਆਹ ਤਾਂ ਕਮਾਲ ਕਰ ਦਿੱਤੀ ਇਹਨੇ। ਅਖੀਰ ਜਦ ਉਥੇ ਆਏ ਮਹਾਰਾਜ ਕਹਿੰਦੇ ਮੈਨੂੰ ਪਤਾ ਹੈ ਜਗ੍ਹਾ ਦਾ, ਕਿੱਥੇ ਤੁਸੀਂ ਪੈਣਾ ਹੈ, ਉਥੇ ਅਰਾਮ ਕਰ ਲਓਂਗੇ। ਸੋ ਮਹਾਰਾਜ ਜੀ ਨੇ ਇੱਕ ਪਾਸੇ ਲਿਜਾ ਕੇ ਪ੍ਰਕਰਮਾ ਦੇ ਸਾਰਿਆਂ ਦਾ ਡੇਰਾ ਕਰਾ ਦਿੱਤਾ, ਕਹਿੰਦੇ

ਲਓ ਸਾਧਸੰਗਤ ਜੀ! ਹੁਣ ਤੁਸੀਂ ਆਰਾਮ ਕਰੋ, ਅੰਮ੍ਰਿਤ ਵੇਲੇ ਉਠ ਕੇ ਨਾਲੇ ਤੁਸੀਂ ਦਰਸ਼ਨ ਕਰਿਓ, ਨਾਲੇ ਆਸਾ ਜੀ ਦੀ ਵਾਰ ਦੇ ਕੀਰਤਨ ਦਾ ਅਨੰਦ ਮਾਣੋਗੇ ਤੇ ਸਰੋਵਰ 'ਤੇ ਇਸ਼ਨਾਨ ਕਰੋਂਗੇ। ਗਰਮੀ ਸੀ ਕੁਛ ਜ਼ਿਆਦਾ ਤੇ ਮਹਾਰਾਜ ਜੀ ਪੱਖਾ ਝੱਲਦੇ ਸੀ, ਮਾਤਾ ਜੀ ਵੀ ਪੱਖਾ ਝਲਦੇ ਸੀ, ਕਾਫੀ ਸੰਗਤ ਨੂੰ ਨੀਂਦ ਆ ਗਈ ਲੇਕਿਨ ਕਾਫੀ ਜਿਹੜੇ ਮਾਈਆਂ ਬਜ਼ੁਰਗ ਸੀਗੇ, ਉਨ੍ਹਾਂ ਨੂੰ ਨੀਂਦ ਨਹੀਂ ਸੀ ਆ ਰਹੀ, ਮਹਾਰਾਜ ਜੀ ਉਨ੍ਹਾਂ ਦੇ ਚਰਨ ਦੱਬਣ ਲੱਗ ਗਏ, ਕਿਸੇ ਦੀ ਪਿੱਠ ਘੁੱਟਣ ਲੱਗ ਗਏ। ਇਸੇ ਤਰ੍ਹਾਂ ਨਾਲ ਮਾਤਾ ਜੀ, ਬੀਬੀਆਂ ਬਿਰਧ ਜਿਹੜੀਆਂ ਸੀ ਉਨ੍ਹਾਂ ਦੇ ਚਰਨ ਦੱਬਣੇ ਸ਼ੁਰੂ ਕਰ ਦਿੱਤੇ। ਲੱਤਾਂ ਘੁਟਣੀਆਂ ਸ਼ੁਰੂ ਕਰ ਦਿੱਤੀਆ, ਪਿੱਠ ਦੱਬਣੀ ਸ਼ੁਰੂ ਕਰ ਦਿੱਤੀ। ਸਾਰੇ ਸੌਂ ਗਏ ਤੇ ਇੱਕ ਬਿਰਧ ਨੂੰ ਨੀਂਦ ਨਹੀਂ ਸੀ ਆ ਰਹੀ, ਮਹਾਰਾਜ ਜੀ ਉਹਦੀ ਹੀ ਸੇਵਾ ਕਰੀ ਜਾਂਦੇ ਨੇ। ਐਨੇ ਨੂੰ ਅੰਮ੍ਰਿਤ ਵੇਲਾ ਹੋ ਗਿਆ, ਅੰਮ੍ਰਿਤ ਵੇਲਾ ਹੋਇਆ ਤਾਂ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਗੁਰੂ ਮਹਾਰਾਜ ਜੀ ਨੂੰ ਲੈਣ ਵਾਸਤੇ ਮਹਿਲਾਂ ਦੇ ਅੱਗੇ ਚਲੇ ਗਏ। ਜਦ ਖੜਕਾ ਵਗੈਰਾ ਹੋਇਆ ਹੀ ਨਾ ਕੁਛ, ਤਾਂ ਸੇਵਾਦਾਰਾਂ ਨੂੰ ਪੁੱਛਿਆ ਕਿ ਮਹਾਰਾਜ ਜੀ ਕਿੱਥੇ ਨੇ ਕੀ ਗੱਲ ਅੱਜ ਕੋਈ ਖੜਕਾ ਹੀ ਨਹੀਂ ਹੋਇਆ? ਨਾ ਕੋਈ ਦੀਵਾ ਜਾਲਿਆ ਹੈ। ਪਤਾ ਕਰਿਆ ਤਾਂ ਕਹਿੰਦੇ ਉਹ ਤਾਂ ਰਾਤ ਦੇ ਹੀ ਨਹੀਂ ਹੈਗੇ ਇੱਥੇ। ਪਤਾ ਨਹੀਂ ਕੀਹਨੂੰ ਤਾਰਨ ਗਏ ਹੋਏ ਨੇ ਰਾਤ ਦੇ ਨਹੀਂ ਹਨ। ਉਸ ਵੇਲੇ ਭਾਈ ਗੁਰਦਾਸ ਜੀ ਕਹਿਣ ਲੱਗੇ, ਬਾਬਾ ਬੁੱਢਾ ਜੀ! ਤੁਹਾਨੂੰ ਗੁਰੂ ਨਾਨਕ ਦਾ ਵਰ ਹੈ ਕਿ ਗੁਰੂ ਕਦੇ ਵੀ ਤੁਹਾਡੇ ਨੇਤਰਾਂ ਤੋਂ ਓਹਲੇ ਨਹੀਂ ਹੋਏਗਾ, ਕ੍ਰਿਪਾ ਕਰਕੇ ਦੱਸੋ ਐਸ ਵੇਲੇ ਗੁਰੂ ਸਾਹਿਬ ਕਿੱਥੇ ਨੇ? ਗੁਰਮੁਖ ਸੀਗੇ, ਪੂਰਨ ਗੁਰਮੁਖ ਸੀ, ਸ਼ਕਤੀ ਦਾ ਕੋਈ ਮਾਣ ਨਹੀਂ ਸੀ। ਕਹਿਣ ਲੱਗੇ, ਗੁਰੂ ਮਹਾਰਾਜ ਕਿੱਥੇ ਹੋਣੇ, ਇੱਥੇ ਹੀ ਹੋਣੇ ਨੇ, ਸੰਗਤਾਂ 'ਚ ਨੇੜੇ ਤੇੜੇ ਆਪਾਂ ਦੇਖ ਲੈਂਦੇ ਹਾਂ। ਕਿਸੇ ਪ੍ਰੇਮੀ ਦੇ ਪਿਆਰ ਦੇ ਬੰਨ੍ਹੇ ਹੋਏ ਹੋਣੇ ਨੇ ਕਿਤੇ। ਪ੍ਰਕਰਮਾ 'ਚ ਫਿਰ ਕੇ ਦੇਖਣ ਲੱਗ ਗਏ, ਕੁਛ ਏਧਰ ਦੇਖ, ਕੁਛ ਓਧਰ ਦੇਖ ਤੇ ਅਖੀਰ ਓਥੇ ਪਹੁੰਚ ਗਏ ਜਿੱਥੇ ਜਾ ਕੇ ਗੁਰੂ ਮਹਾਰਾਜ ਇੱਕ ਬਿਰਧ ਦੇ ਚਰਨ ਵੀ ਘੁੱਟਦੇ ਸੀ ਤੇ ਪਿੱਠ ਵੀ ਘੁੱਟਦੇ ਸੀ ਤੇ ਉਹ ਕਹਿੰਦਾ ਸੀ, ਸਿੱਖਾ! ਤੂੰ ਤਾਂ ਮੇਰੀ ਬੜੀ ਸੇਵਾ ਕੀਤੀ, ਜਦ ਮੈਂ ਗੁਰੂ ਸਾਹਿਬ ਦੇ ਦਰਸ਼ਨ ਕਰਾਂਗਾ ਤੇ ਮੈਂ ਤੇਰੀ ਗੱਲ ਜ਼ਰੂਰ ਕਰਨੀ ਹੈ ਕਿ ਐਹੋ ਜਿਹਾ ਲਗਨ ਵਾਲਾ ਸਿੱਖ ਨਹੀਂ ਮੈਂ ਦੇਖਿਆ। ਮਹਾਰਾਜ ਨੀਵੀਂ ਪਾਈ ਬੈਠੇ ਨੇ। ਚੁੱਪ ਕਰੇ ਹੋਏ, ਕੋਈ ਬਚਨ ਹੀ ਨਹੀਂ ਕਰ ਰਹੇ। ਕਹਿੰਦੇ ਕੋਈ ਨਹੀਂ ਬਾਬਾ! ਤੂੰ ਆਰਾਮ ਕਰ ਲੈ ਤੈਨੂੰ ਨੀਂਦ ਨਹੀਂ ਆਈ।

ਐਨੇ ਨੂੰ ਪੰਜ ਚਾਰ ਜਿਹੜੇ ਮੁਖੀ ਸਿੱਖ ਸੀ ਆ ਗਏ ਤੇ ਬਾਬਾ ਬੁੱਢਾ ਜੀ ਵੀ ਆ ਗਏ, ਮਹਾਰਾਜ ਜੀ ਨੇ ਹੋਰ ਨੀਵੀਂ ਪਾ ਲਈ, ਨੀਵਾਂ ਕਰ ਲਿਆ ਸਿਰ। ਉੱਤੇ ਮੰਡਾਸਾ ਬੰਨ੍ਹਿਆਂ ਹੋਇਆ ਸੀ, ਭੇਸ ਬਦਲਿਆ ਹੋਇਆ ਸੀ ਤੇ ਮਾਤਾ ਜੀ ਨੇ ਵੀ ਮੂੰਹ ਢਕ ਲਿਆ ਕਿ ਪਛਾਣ ਨਾ ਲੈਣ। ਐਨੇ ਨੂੰ ਬਾਬਾ ਬੁੱਢਾ ਜੀ ਨੇੜੇ ਆ ਗਏ। ਨੀਵੇਂ ਹੋ ਕੇ ਦੇਖਣ ਲੱਗ ਗਏ, ਕਹਿੰਦੇ ਸੱਚੇ ਪਾਤਸ਼ਾਹ! ਉੱਤੇ ਨੂੰ ਕਰ ਲਓ ਮੁੱਖ। ਜਦ ਐਨੀ ਗੱਲ ਕਹੀ, ਸਾਰਿਆ ਨੇ ਨਮਸ਼ਕਾਰ ਕਰੀ। ਇੱਕ ਦਮ ਉਹ ਬਜ਼ੁਰਗ ਤਾਂ ਧਾਹਾਂ ਮਾਰ ਕੇ ਰੋਣ ਲੱਗ ਗਿਆ। ਕਹਿੰਦਾ ਸੱਚੇ ਪਾਤਸ਼ਾਹ! ਤੇਰੇ ਤੋਂ ਹੀ ਵਡਿਆ-ਵਡਿਆ ਕੇ ਸੇਵਾ ਕਰਾਈ ਗਿਆ। ਸਾਰੀ ਸੰਗਤ ਉੱਠ ਗਈ, ਕਹਿੰਦੀ ਹੈਂ, ਮਹਾਰਾਜ ਪੱਖੇ ਝੱਲਦੇ ਰਹੇ? ਗੁਰੂ ਮਹਾਰਾਜ ਸਾਡੇ ਚਰਨ ਦਬਦੇ ਰਹੇ? ਮਾਈਆਂ ਉੱਠ ਕੇ ਹੈਰਾਨ ਹੋ ਗਈਆਂ, ਨੇਤਰਾਂ 'ਚੋ ਜਲ ਜਾਂਦਾ ਹੈ। ਇਧਰਲੇ ਪਾਸੇ ਮਹਾਰਾਜ ਜੀ ਦੇ ਨੇਤਰ ਨੇ ਜਿਸ ਵਿੱਚੋਂ ਟੇਪੇ ਗਿਰਨੇ ਸ਼ੁਰੂ ਹੋ ਗਏ। ਕਹਿੰਦੇ ਬਾਬਾ ਬੁੱਢਾ ਜੀ! ਦੇਖੋ ਤੁਸੀਂ ਸਾਰੇ ਸੇਵਾ ਕਰਦੇ ਹੋ, ਗੁਰੂ ਘਰ ਦੇ ਅੰਦਰ ਸੇਵਾ ਨਾਮ ਜਿੰਨੀਓਂ ਹੀ ਪ੍ਰਧਾਨ ਹੈ, ਜਿੱਡੀ ਮਹੱਤਤਾ ਨਾਮ ਨੂੰ ਹੈ, ਓਨੀਓਂ ਸੇਵਾ ਨੂੰ ਹੈ ਤੇ ਜਦੋਂ ਮੈਂ ਸੇਵਾ ਕਰਦਾ ਹਾਂ, ਤੁਸੀਂ ਮੈਨੂੰ ਸੇਵਾ ਵੀ ਨਹੀਂ ਸੰਗਤਾਂ ਦੀ ਕਰਨ ਦਿੰਦੇ ਤੇ ਸੇਵਾ ਕਰਕੇ ਮੇਰਾ ਚਿੱਤ ਬਹੁਤ ਖੁਸ਼ ਹੁੰਦਾ ਹੈ -

*ਧਾਰਨਾ - ਹੋਵਾਂ ਮੈਂ ਨਿਹਾਲ*
*ਪਾਣੀ ਪੱਖਾ ਪੀਸਣ ਪੀਸ ਕੇ।*
*ਰਾਜ ਮਿਲਖ ਸਿਕਦਾਰੀਆ ਅਗਨੀ ਮਹਿ ਜਾਲੁ॥*
*ਅੰਗ - ੮੧੧*

ਕਹਿੰਦੇ ਸੁੱਟ ਦੇ ਅੱਗ ਦੇ ਵਿੱਚ ਰਾਜ ਵੀ ਸੁੱਟ ਦੇ, ਸਰਦਾਰੀਆਂ ਵੀ ਸੁੱਟ ਦੇ, ਜਾਇਦਾਦਾਂ ਵੀ ਸੁੱਟ ਦੇ ਕਿਉਂਕਿ ਇਹ ਸੇਵਾ ਨਹੀਂ ਕਰਨ ਦਿੰਦੀਆ ਤੈਨੂੰ। ਤੇਰੀ ਦਸਤਾਰ ਮੈਲੀ ਹੋ ਜਾਏਗੀ ਜੇ ਟੋਕਰੀ ਚੁੱਕੀ। ਕਹਿੰਦੇ, ਅੱਗ 'ਚ ਜਾਲ ਦੇ ਇਨ੍ਹਾਂ ਨੂੰ, ਕਿੱਡੀ ਵੱਡੀ ਗੱਲ ਕਹਿ ਦਿੱਤੀ ਮਹਾਰਾਜ ਨੇ। ਧਿਆਨ ਤਾਂ ਨਹੀਂ ਅਸੀਂ ਦਿੰਦੇ ਇਸ ਗੱਲ ਦਾ। ਕਹਿੰਦੇ ਮੇਰੇ ਕਪੜੇ ਨਾ ਮੈਲੇ ਹੋ ਜਾਣ। ਗੁਰੂ ਨਾਨਕ ਪਾਤਸ਼ਾਹ ਦੇ ਪਾਸ ਗੁਰੂ ਅੰਗਦ ਸਾਹਿਬ ਆਉਂਦੇ ਨੇ, ਇੱਕ ਪੰਡ ਨਮਕ ਦੀ ਪਿੰਡ ਤੋਂ ਚੁੱਕ ਕੇ ਲੈ ਆਏ। ਮਾਤਾ ਪਿਤਾ ਨੇ ਕਿਹਾ ਕਿ ਤੂੰ ਐਉਂ ਕਿਉਂ ਚੁੱਕੀਂ ਜਾਂਦਾ ਹੈਂ, ਆਪਾਂ ਅਮੀਰ ਹਾਂ, ਪੈਸਾ ਟਕਾ ਆਪਣੇ ਕੋਲ ਬਹੁਤ ਹੈ। ਵੱਡੇ ਵਪਾਰੀ ਹਾਂ, ਸਿਰ 'ਤੇ ਕਿਉਂ ਚੁੱਕੀਂ ਜਾਂਦਾ ਹੈ, ਇੱਥੋਂ ਕੋਈ ਖੱਚਰ ਕਰ ਲੈ ਕਿਰਾਏ 'ਤੇ, ਘੋੜਾ ਕਰ ਲੈ, ਉੱਤੇ ਬੈਠਾ ਜਾਈਂ, ਨਾਲੇ ਨਮਕ ਲੈ ਜਾਈਂ, ਖੁਰਜੀਆਂ 'ਚ ਪਾ ਕੇ। ਕਹਿਣ ਲੱਗੇ, ਪਿਤਾ ਜੀ! ਉਹ ਅਨੰਦ ਨਹੀਂ ਆਉਣਾ ਜਿਹੜਾ ਸਿਰ 'ਤੇ ਚੁੱਕ ਕੇ ਆਉਣਾ ਹੈ, ਮੈਂ

ਵੱਡੇ ਵਾਹਿਗੁਰੂ ਦੀ ਸੇਵਾ 'ਚ ਜਾ ਰਿਹਾ ਹਾਂ ਤੇ ਮੈਂ ਸੀਸ 'ਤੇ ਚੁੱਕ ਕੇ ਲਿਜਾਣਾ ਹੈ। ਜਦੋਂ ਜਾ ਕੇ ਪੰਡ ਰੱਖੀ, ਮਾਤਾ ਜੀ ਨੇ ਰਖਾ ਲਈ, ਕਹਿੰਦੇ ਬੇਟਾ! ਗੁਰੂ ਨਾਨਕ ਪਾਤਸ਼ਾਹ ਤਾਂ ਧਾਨਾਂ ਦੇ ਖੇਤ ਵਿੱਚ ਘਾਹ ਕਢਾ ਰਹੇ ਨੇ। ਕਹਿੰਦੇ, ਮਾਤਾ ਜੀ! ਫੇਰ ਮੈਂ ਦਰਸ਼ਨ ਕਰ ਆਵਾਂ? ਕਹਿੰਦੇ, ਨਾਹ ਬੇਟਾ ਚਿੱਕੜ ਬਹੁਤ ਹੈ ਉੱਥੇ, ਤੇਰੇ ਬਹੁਤ ਸੁੰਦਰ ਵਸਤਰ ਨੇ, ਪਜਾਮਾ ਜਿਹੜਾ ਪਾਇਆ ਹੋਇਆ ਹੈ ਰੇਸ਼ਮ ਦਾ ਪਾਇਆ ਹੋਇਆ ਹੈ, ਕਮੀਜ਼ ਤੇਰਾ ਸ਼ੁੱਧ ਰੇਸ਼ਮ ਦਾ ਹੈ। ਸਿਰ ਦੇ ਉੱਤੇ ਜਿਹੜੀ ਟਸਰੀ ਬੰਨ੍ਹੀ ਹੈ ਉਹ ਸ਼ੁੱਧ ਰੇਸ਼ਮ ਦੀ ਹੈ, ਬੇਟਾ! ਉਥੇ ਖਰਾਬ ਹੋ ਜਾਏਗੀ ਚਿੱਕੜ ਦੇ ਵਿੱਚ? ਐਥੇ ਹੀ ਆ ਜਾਣਗੇ ਥੋੜ੍ਹੀ ਦੇਰ ਨੂੰ ਤੂੰ ਇੱਥੇ ਹੀ ਦਰਸ਼ਨ ਕਰ ਲਈਂ। ਕਹਿਣ ਲੱਗੇ, ਨਾ ਮਾਤਾ ਜੀ, ਮੈਂ ਤਾਂ ਪਾਤਸ਼ਾਹ ਦੇ ਦਰਸ਼ਨ ਕਰਨੇ ਨੇ। ਕਿਉਂਕਿ ਇਹ ਇੱਕ ਅਵਸਥਾ ਹੁੰਦੀ ਹੈ, ਉਹਦੇ ਬਾਰੇ ਮਹਾਰਾਜ ਜੀ ਨੇ ਇਸ ਤਰ੍ਹਾਂ ਨਾਲ ਫੁਰਮਾਨ ਕਰਿਆ ਹੈ।

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ*
*ਬੰਧਾਵੈ॥ ਤਿਉ ਸੰਤ ਜਨਾ ਹਰਿ ਪ੍ਰੀਤਿ ਹੈ*
*ਦੇਖਿ ਦਰਸੁ ਅਘਾਵੈ ॥ ਅੰਗ - ੭੦੮*

ਨਾ ਮਾਤਾ ਜੀ! ਮੈਂ ਜਲਦੀ ਗੁਰੂ ਨਾਨਕ ਪਾਤਸ਼ਾਹ ਦੇ ਦਰਸ਼ਨ ਕਰਨੇ ਚਾਹੁੰਦਾ ਹਾਂ। ਸੋ ਉਸ ਵੇਲੇ ਆਪ ਚਲੇ ਜਾਂਦੇ ਨੇ ਤੇ ਜਾ ਕੇ ਮਹਾਰਾਜ ਜੀ ਧਾਨਾਂ ਦੇ ਖੇਤ ਦੇ ਵਿਚਾਲੇ ਖੜ੍ਹੇ ਨੇ। ਉਸ ਥਾਂ 'ਤੇ ਪਹੁੰਚ ਜਾਂਦੇ ਨੇ, ਚਿੱਕੜ ਹੈ, ਚਿੱਕੜ ਦੇ ਵਿਚੀਂ ਲੰਘ ਕੇ ਗੁਰੂ ਮਹਾਰਾਜ ਦੇ ਕੋਲ ਪਹੁੰਚਦੇ ਨੇ। ਅੱਗੇ ਕੀ ਹੋ ਰਿਹਾ ਹੈ ਜਿਹੜਾ ਵੱਟ ਸੀ, ਉਹ ਧਾਨਾਂ ਦੇ ਵਿਚੋਂ ਕੱਢ-ਕੱਢ ਕੇ, ਧਾਨਾਂ ਵਰਗਾ ਹੀ ਹੁੰਦਾ ਹੈ ਤੇ ਹੋਰ ਘਾਹ ਸੀ ਉਹ ਪੁੱਟ ਪੁੱਟ ਕੇ, ਵੱਟਾਂ 'ਤੇ ਰੱਖੀ ਜਾਂਦੇ ਨੇ। ਪਾਣੀ ਵਾਲੇ ਖੇਤ 'ਚੋਂ ਕੱਢ ਰਹੇ ਸੀ ਤੇ ਉਹ ਜਿਹੜਾ ਚਿੱਕੜ ਸੀ ਉਹ ਨਾਲ ਲੱਗਿਆ ਹੋਇਆ ਸੀ ਸਾਰਿਆਂ ਦੇ। ਉਸ ਵੇਲੇ ਮਹਾਰਾਜ ਕਹਿੰਦੇ ਪੁਰਖਾ! ਇਹ ਘਾਹ ਕਾਫੀ ਲੰਮਾ ਹੈ, ਆਹ ਰੱਸੀ ਚੁੱਕ ਤੇ ਇਹਦੇ ਵਿੱਚ ਭਰਾ ਬੰਨ੍ਹ ਲੈ, ਹੁਣ ਆਪ ਬੰਨ੍ਹ ਰਹੇ ਨੇ ਤੇ ਇਸ ਗੱਲ ਦੀ ਨਹੀਂ ਪਰਵਾਹ ਕਿ ਗਿੱਲੇ ਲੱਗ-ਲੱਗ ਕੇ ਮੇਰਾ ਕੁੜਤਾ ਖਰਾਬ ਹੋ ਰਿਹਾ ਹੈ। ਆਪ ਦੇ ਸੀਸ 'ਤੇ ਚੁਕਾ ਦਿੱਤੇ ਗਏ ਤੇ ਉਹ ਧਾਨ ਚੋਂਦੇ ਆਉਂਦੇ ਨੇ। ਸਾਰੇ ਕਮੀਜ਼ ਦੇ ਉੱਤੇ ਘਰਾਲਾਂ ਪੈ ਗਈਆਂ ਚਿੱਕੜ ਦੀਆਂ। ਗੁਰੂ ਨਾਨਕ ਪਾਤਸ਼ਾਹ ਵੀ ਪਿੱਛੇ-ਪਿੱਛੇ ਆ ਗਏ। ਮਾਤਾ ਜੀ ਕੋਲ ਜਦੋਂ ਆਏ ਦੂਰੋਂ ਹੀ ਮਾਤਾ ਜੀ ਨੇ ਕਿਹਾ, ਕਹਿੰਦੀ ਦੇਖੋ ਜੀ ਤੁਸੀਂ ਤਾਂ ਦੇਖਦੇ ਹੀ ਨਹੀਂ ਹੈਗੇ। ਹਰੇਕ ਨੂੰ ਇੱਕੋ ਰੱਸੇ ਲਪੇਟਦੇ ਹੋ। ਗਰੀਬ ਵੀ ਤੇ ਅਮੀਰ ਵੀ। ਬੰਦੇ ਕੁ ਬੰਦੇ ਦੀ ਤੁਸੀਂ ਪਛਾਣ ਨਹੀਂ ਕਰਦੇ। ਆਹ ਕਿੰਨੇ ਬੰਦੇ ਫਿਰਦੇ ਨੇ, ਤੁਸੀਂ ਉਨ੍ਹਾਂ ਤੋਂ ਚੁਕਾ ਲੈਂਦੇ, ਵਿਚਾਰਾ ਹੁਣੇ ਤਾਂ ਲੂਣ ਦੀ ਪੰਡ ਚੁੱਕ ਕੇ ਲਿਆਇਆ ਹੈ। ਨੱਠਿਆ-ਨੱਠਿਆ ਤੁਹਾਡੇ ਦਰਸ਼ਨਾਂ ਨੂੰ ਗਿਆ ਹੈ ਤੁਸੀਂ ਜਾਂਦਿਆਂ ਨੇ ਹੀ ਚਿੱਕੜ ਇਹਦੇ ਸਿਰ 'ਤੇ ਰੱਖ ਦਿੱਤਾ, ਦੇਖੋ ਕਿਵੇਂ ਘਰਾਲਾਂ ਪੈ ਗਈਆਂ ਕੱਪੜਿਆਂ 'ਤੇ। ਕੱਪੜਿਆਂ ਦਾ ਤਾਂ ਧਿਆਨ ਰੱਖਦੇ ਰੇਸ਼ਮ ਦੇ ਕੱਪੜੇ ਪਹਿਨੇ ਹੋਏ ਨੇ। ਮਹਾਰਾਜ ਕਹਿੰਦੇ ਭਲੀਏ! ਤੈਨੂੰ ਚਿੱਕੜ ਨਜ਼ਰ ਆਉਂਦਾ ਹੈ, ਤੈਨੂੰ ਧਾਨਾਂ ਦੀ ਪੰਡ ਨਜ਼ਰ ਆਉਂਦੀ ਹੈ, ਮੈਂ ਤਾਂ ਦੀਨ ਦੁਨੀਆਂ ਦਾ ਤਖਤ ਇਹਦੇ ਸੀਸ 'ਤੇ ਰੱਖਿਆ ਹੈ। ਜਿਹਨੂੰ ਤੂੰ ਚਿੱਕੜ ਕਹਿੰਦੀ ਹੈ, ਇਹ ਕੇਸਰ ਹੈ ਕੇਸਰ। ਕਹਿਣ ਦੀ ਦੇਰ ਸੀ, ਹੁਕਮ ਦੀ ਦੇਰ ਸੀ, ਉਸੇ ਵੇਲੇ ਕੱਪੜੇ ਜਿਹੜੇ ਨੇ ਚਿੱਕੜ ਨਹੀਂ ਨਜ਼ਰ ਆਉਂਦਾ। ਕੇਸਰ ਦੇ ਛਿੱਟੇ ਨਜ਼ਰ ਆ ਰਹੇ ਨੇ।

ਸੋ ਮਹਾਰਾਜ ਕਹਿੰਦੇ ਜਿਹੜੇ ਕੱਪੜੇ ਆਦਮੀ ਨੂੰ ਸੇਵਾ ਕਰਨ ਤੋਂ ਲਾਂਭੇ ਰੱਖਣ, ਜਿਹੜੀ ਸਰਦਾਰੀ ਕਹਿੰਦੀ ਹੈ ਕਿ ਮੈਂ ਨਹੀਂ ਟੋਕਰੀ ਚੁੱਕਣੀ, ਕਹਿੰਦੇ -

*ਰਾਜ ਮਿਲਖ ਸਿਕਦਾਰੀਆ ਅਗਨੀ ਮਹਿ ਜਾਲੁ॥*
*ਅੰਗ - ੮੧੧*

ਸੁੱਟ ਦੇ ਇਨ੍ਹਾਂ ਨੂੰ, ਕਿਉਂਕਿ ਤੂੰ ਸੇਵਾ ਨਹੀਂ ਕਰ ਸਕਿਆ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਸੰਗਤ ਦੇ ਵਿੱਚ ਬੈਠੇ ਨੇ, ਜੇਠ ਦਾ ਮਹੀਨਾ ਹੈ, ਦੀਵਾਨ ਲੱਗਿਆ ਹੋਇਆ ਹੈ, ਉਹਦੇ ਵਿੱਚ ਜਿਹੜਾ ਸੇਵਾਦਾਰ ਹੈ, ਚੌਰ ਬਰਦਾਰ ਹੈ, ਉਹ ਥੋੜ੍ਹਾ ਚੌਰ ਰੱਖ ਕੇ ਲਾਂਭੇ ਹੋਇਆ ਕਿਸੇ ਕਾਰਜ ਵਾਸਤੇ, ਤੇ ਮਹਾਰਾਜ ਜੀ ਦੇ ਮੁੱਖ ਤੋਂ ਫੁਰਮਾਨ ਹੋਇਆ ਕਿ 'ਜਲ'। ਪਿੱਛੇ ਦੇਖਿਆ ਨਾਲ 'ਜਲ' ਦੀ ਆਵਾਜ਼ ਦਿੱਤੀ, ਉੱਥੇ ਇੱਕ ਬਹੁਤ ਸੁੰਦਰ ਤੇ ਅਮੀਰ ਬੱਚਾ ਬੈਠਾ ਸੀ, ਮਨ ਵਿੱਚ ਚਾਉ ਜਾਗਿਆ ਕਿ ਅੱਜ ਮੈਂ ਜਲ ਲਿਆਵਾਂਗਾ, ਛੇਤੀ ਦੇ ਕੇ ਉਠਿਆ, ਜਾ ਕੇ ਬਰਤਨ ਚੁੱਕਿਆ ਜਾ ਕੇ ਧੋਤਾ ਚੰਗੀ ਤਰ੍ਹਾਂ ਨਾਲ, ਛੰਨੇ ਦੇ ਵਿੱਚ ਪਾਇਆ, ਉਹ ਪਾ ਕੇ ਹਥੇਲੀ 'ਤੇ ਰੱਖ ਕੇ ਜਲ ਲੈ ਆਇਆ। ਗਲਤੀ ਨਹੀਂ ਕਰੀ, ਕਈ ਪ੍ਰੇਮੀ ਗਲਤੀ ਕਰਦੇ ਨੇ, ਕਿਉਂਕਿ ਉਨ੍ਹਾਂ ਨੂੰ ਪਤਾ ਨਹੀਂ ਹੁੰਦਾ, ਕਿਸੇ ਨੂੰ ਪਾਣੀ ਲਿਆਉਣਗੇ, ਵਿੱਚ ਦੋ ਉਂਗਲੀਆਂ ਪਾਣੀ ਦੇ ਪਾ ਦੇਣਗੇ। ਉਹ ਤਾਂ ਪਾਣੀ ਜੂਠਾ ਹੋ ਗਿਆ ਭਾਈ! ਨਹੁੰਆਂ ਵਿੱਚ ਮੈਲ ਹੁੰਦੀ ਹੈ, ਉਹ ਪਾਣੀ ਦੇ ਨਾਲ ਛੂਹ ਗਈ। ਛੂਹਣ ਦੇ ਨਾਲ ਪਾਣੀ ਜੂਠਾ ਹੋ ਗਿਆ। ਚਾਹੇ ਹੱਥ ਧੋਤੇ ਵੀ ਨੇ। ਜਿਹੜਾ ਜਾਣਦਾ ਹੈ ਬੰਦਾ ਉਹ ਹੱਥ ਨਹੀਂ ਲੱਗਣ ਦਿੰਦਾ। ਬਹੁਤ ਸੰਭਾਲ ਕੇ ਲਿਆਉਂਦਾ ਹੈ। ਸੋ ਮਹਾਰਾਜ ਨੂੰ ਬੜੀ ਸੋਧ ਦੇ ਨਾਲ ਲਿਆ ਕੇ ਜਦੋਂ ਹਥੇਲੀ 'ਤੇ ਰੱਖ ਕੇ ਛੰਨਾ ਫੜਾਇਆ, ਮਹਾਰਾਜ ਜੀ ਨੇ ਜਲ ਲੈ ਲਿਆ ਤੇ ਨਾਲ ਦੀ ਨਾਲ ਉਸ ਬੱਚੇ ਦੀ ਹਥੇਲੀ 'ਤੇ ਨਿਗ੍ਹਾ

ਚਲੀ ਗਈ। ਲਾਲ ਸੁਰਖ ਪਈ ਹੈ, ਨਹੁੰ ਲਾਲ ਸੁਰਖ ਨੇ, ਉਂਗਲੀਆਂ ਐਉਂ ਨੇ ਜਿਵੇਂ ਕਿਤੇ ਸਪੈਸ਼ਲ ਪ੍ਰਮੇਸ਼ਰ ਨੇ ਬੈਠ ਕੇ ਬਣਾਈਆਂ ਹੁੰਦੀਆਂ ਨੇ। ਦੂਜੇ ਹੱਥ ਵਲ ਦੇਖਿਆ, ਪੈਰ ਤੋਂ ਲੈ ਕੇ ਸਿਰ ਦੀ ਚੋਟੀ ਤੱਕ ਮਹਾਰਾਜ ਨੇ ਦੇਖਿਆ। ਦੇਖ ਲਿਆ ਕਿ ਇਹ ਬੱਚਾ ਜਿਹੜਾ ਹੈ ਇਹਨੇ ਕਦੇ ਸੇਵਾ ਨਹੀਂ ਕਰੀ।

ਪੁੱਛਣ ਲਗ ਗਏ, ਕਹਿੰਦੇ ਬੇਟਾ! ਤੇਰੇ ਹੱਥ ਐਨੇ ਕਿਉਂ ਨਰਮ ਨੇ?

ਕਹਿੰਦਾ ਮਹਾਰਾਜ! ਮੈਂ ਹੱਥਾਂ ਤੋਂ ਕਦੇ ਕੰਮ ਨਹੀਂ ਲਿਆ।

ਸੇਵਾ ਨਹੀਂ ਕਰੀ ਤੂੰ ਕਦੇ ਸੰਗਤਾਂ ਦੀ?

ਕਹਿੰਦਾ, ਪਾਤਸ਼ਾਹ! ਤੇਰਾ ਦਿੱਤਾ ਹੋਇਆ ਐਨਾ ਧਨ-ਦੌਲਤ ਹੈ ਕਿ ਸਾਨੂੰ ਲੋੜ ਹੀ ਨਹੀਂ ਪੈਂਦੀ ਕੋਈ ਕੰਮ ਕਰਨ ਦੀ।

ਕਹਿੰਦੇ, ਕਦੇ ਤੱਪੜ ਜਾਂ ਦਰੀਆਂ ਨਹੀਂ ਵਿਛਾਈਆਂ?

ਕਹਿੰਦਾ ਨੌਕਰਾਂ ਨੂੰ ਕਹਿ ਦਿੰਦੇ ਹਾਂ।

ਕਹਿੰਦੇ, ਕਦੇ ਦਰੀਆਂ ਝਾੜਨ ਦੀ ਤੇਰੇ ਉੱਤੇ ਧੂੜ ਤਾਂ ਨਹੀਂ ਪਈ?

ਕਹਿੰਦਾ, ਮਹਾਰਾਜ! ਮੈਂ ਤਾਂ ਦੂਰ ਖੜ੍ਹਦਾ ਹੁੰਦਾ ਹਾਂ, ਜਿਧਰੋਂ ਹਵਾ ਆਵੇ, ਮੈਂ ਨਹੀਂ ਕਦੇ ਉਧਰ ਖੜ੍ਹਿਆ, ਕੱਪੜੇ ਮੈਲੇ ਹੋ ਜਾਣਗੇ।

ਕਹਿਣ ਲੱਗੇ, ਫੇਰ ਗਰਮੀ ਦੇ ਦਿਨਾਂ ਵਿੱਚ ਕਦੇ ਪੱਖਾ ਝੱਲਿਆ ਹੋਵੇ, ਸੰਗਤ ਦੇ ਜੋੜੇ ਸਾਫ ਕਰੇ ਹੋਣ?

ਕਦੇ ਕਿਸੇ ਗੁਰਸਿੱਖ ਦੀ ਮੁੱਠੀ-ਚਾਪੀ ਕਰੀ ਹੋਵੇ? ਕਹਿੰਦਾ ਨਹੀਂ ਮਹਾਰਾਜ।

ਕਿਉਂਕਿ ਉਹਦਾ ਫਲ ਬਹੁਤ ਹੈ -

***ਜੈਸੇ ਬੀਸ ਬਾਰ ਦਰਸਨ ਸਾਧ ਕੀਆ ਕਾਹੂ***
***ਤੈਸਾ ਫਲ ਸਿਖ ਕਉ ਚਾਪਿ ਪਗ ਸੁਆਏ ਕਾ॥***
***ਕਬਿੱਤ, ਭਾਈ ਗੁਰਦਾਸ ਜੀ, ੬੭੩***

ਲੱਤਾਂ ਘੁੱਟ ਕੇ, ਚਰਨ ਘੁੱਟ ਕੇ ਕਿਸੇ ਗੁਰਸਿੱਖ ਨੂੰ ਸੁਲਾ ਦੇਣਾ, ਵੀਹ ਵਾਰੀ ਸਾਧੂ ਦੇ ਦਰਸ਼ਨ ਕਰਨ ਜਾਓ, ਐਨਾ ਫਲ ਹੈ।

ਕਹਿੰਦੇ, ਕਦੇ ਕਿਸੇ ਬਜ਼ੁਰਗ ਦੀ ਸੇਵਾ ਕਰੀ ਹੋਵੇ?

ਕਹਿੰਦਾ, ਨਾ ਮਹਾਰਾਜ।

ਬਰਤਨ ਮਾਂਜੇ ਹੋਣ?

ਕਦੇ ਕੋਈ ਸੇਵਾ ਕਰੀ ਹੋਵੇ? ਕਹਿੰਦਾ, ਸੱਚੇ ਪਾਤਸ਼ਾਹ! ਅੱਜ ਪਹਿਲਾ ਦਿਨ ਹੈ ਕਿ ਮੈਂ ਆਪ ਦੀ ਸੇਵਾ ਕਰੀ ਹੈ। ਅੱਜ ਤੋਂ ਪਹਿਲਾਂ ਨਹੀਂ ਕਰੀ।

ਮਹਾਰਾਜ ਜੀ ਨੇ ਬਰਤਨ ਜਿਹੜਾ ਸੀ ਪਿੱਛੇ ਹੋ ਕੇ ਪਾਣੀ ਡੋਲ ਦਿੱਤਾ। ਸੰਗਤ ਨੇ ਸਭ ਕੁਛ ਦੇਖ ਲਿਆ। ਕਿਉਂਕਿ ਸੰਗਤ ਦੀ ਤਾਂ ਨਿਗ੍ਹਾ ਹਰ ਵਕਤ ਗੁਰੂ 'ਚ ਰਹਿੰਦੀ ਹੈ। ਜਿਵੇਂ ਚਕੋਰ ਚੰਦਰਮਾ ਨੂੰ ਹਰ ਵਕਤ ਦੇਖਦਾ ਰਹਿੰਦਾ ਹੈ, ਐਉਂ ਦੇਖਦੇ ਰਹਿੰਦੇ ਨੇ। ਗੱਲ ਪਰ ਸਮਝ ਵਿੱਚ ਨਾ ਆਈ। ਅਖੀਰ ਸ਼ਬਦ ਦੀ ਸਮਾਪਤੀ ਤੋਂ ਬਾਅਦ ਸ਼ੰਕਾ ਦੇਖ ਕੇ ਸਾਰਿਆਂ ਦੇ ਮਨਾਂ 'ਚ ਮਹਾਰਾਜ ਕਹਿੰਦੇ ਪ੍ਰੇਮੀਓਂ! ਕੀ ਗੱਲ ਹੈ। ਕਹਿਣ ਲੱਗੇ! ਪਾਤਸ਼ਾਹ ਜਲ ਲਿਆਇਆ ਸੀ ਬੱਚਾ, ਆਪ ਨੇ ਅੰਗੀਕਾਰ ਕਰ ਲਿਆ, ਕੁਛ ਆਪ ਨੇ ਬਚਨ ਕਰੇ, ਫੇਰ ਜਲ ਡੋਲ੍ਹ ਦਿੱਤਾ। ਆਹ ਗੱਲ ਦਾ ਸਾਡੇ ਅੰਦਰ ਸੰਸਾ ਪੈਦਾ ਹੋ ਗਿਆ। ਕ੍ਰਿਪਾ ਕਰੋ ਸਾਡਾ ਸੰਸਾ ਦੂਰ ਕਰੋ। ਮਹਾਰਾਜ ਜੀ ਕਹਿਣ ਲੱਗੇ, ਪ੍ਰੇਮੀਓ! ਤੁਹਾਡੇ ਵਿੱਚ ਕੋਈ ਐਸਾ ਬੰਦਾ ਹੈ ਜਿਹਨੇ ਕਦੇ ਮੁਰਦੇ ਨਾਲ ਛੋਹਿਆ ਹੋਇਆ, ਕੁਝ ਖਾਧਾ ਪੀਤਾ ਹੋਵੇ। ਕਹਿੰਦੇ, ਸੱਚੇ ਪਾਤਸ਼ਾਹ! ਮੁਰਦੇ ਨਾਲ ਛੋਹਿਆ ਹੋਇਆ ਤਾਂ ਇੱਕ ਪਾਸੇ ਰਿਹਾ, ਜੇ ਅਸੀਂ ਸਮਸ਼ਾਨ ਭੂਮੀ ਤੱਕ ਮਜ਼ਲ ਦੇ ਪਿਛੇ ਵੀ ਚਲੇ ਜਾਈਏ, ਜਦ ਤੱਕ ਪੰਜ ਇਸ਼ਨਾਨਾ ਨਹੀਂ ਕਰਦੇ (ਪਹਿਲੇ ਜ਼ਮਾਨਿਆਂ 'ਚ ਇਸ਼ਨਾਨ ਕਰਿਆ ਕਰਦੇ ਸੀ, ਇਹ ਪੰਜ ਇਸ਼ਨਾਨਾ ਦਾ ਰਿਵਾਜ ਹੁਣੇ ਪਿਆ ਹੈ, ਪਹਿਲਾ ਸਣ ਕੱਪੜੇ ਆ ਕੇ ਇਸ਼ਨਾਨ ਕਰਦੇ ਸੀ। ਉਹ ਠੀਕ ਵੀ ਸੀਗਾ, ਕਿਉਂਕਿ ਬੀਮਾਰ ਦੇ ਨਾਲ ਐਲਰਜੀ ਹੁੰਦੀ ਹੈ, ਪ੍ਰਮਾਣੂ ਹੁੰਦੇ ਨੇ ਬੇਅੰਤ, ਜਿਹੜੇ ਉਹਦੇ ਨਾਲ ਚਿੰਬੜੇ ਹੁੰਦੇ ਨੇ, ਉਹ ਕਿਸੇ ਨੂੰ ਲੱਗ ਜਾਵੇ ਭੈੜੀ ਬੀਮਾਰੀ ਦਾ ਪ੍ਰਮਾਣੂ ਉਹ ਬੀਮਾਰ ਹੋ ਜਾਏਗਾ। ਇਸ ਕਰਕੇ ਇਸ਼ਨਾਨ, ਕੁਰਲੀਆਂ ਚੰਗੀ ਤਰ੍ਹਾਂ ਕਰਕੇ ਫੇਰ ਘਰ ਵੜਦੇ ਸੀ। ਵਸਤਰ ਵੀ ਧੋ ਕੇ ਵੜਦੇ ਸੀ, ਬਾਹਰ ਟੋਭੇ ਦੇ ਉੱਤੇ, ਨਦੀ, ਨਾਲੇ 'ਚ, ਨਹਿਰਾਂ 'ਚ, ਕਿਸੇ ਖੂਹ 'ਤੇ) ਕਹਿੰਦੇ ਸੱਚੇ ਪਾਤਸ਼ਾਹ! ਐਨਾ ਧਿਆਨ ਰੱਖਦੇ ਹਾਂ। ਕਹਿੰਦੇ, ਫੇਰ ਅਸੀਂ ਕਿਵੇਂ ਮੁਰਦੇ ਦੇ ਹੱਥੋਂ ਜਲ ਪੀ ਲੈਂਦੇ? ਸੰਸਾ ਪੈ ਗਿਆ।

ਕਹਿੰਦੇ, ਸੱਚੇ ਪਾਤਸ਼ਾਹ! ਇਹ ਤਾਂ ਮੁਰਦਾ ਨਹੀਂ?

ਕਹਿੰਦੇ, ਤੁਹਾਨੂੰ ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਭੁੱਲ ਗਈ ਪ੍ਰੇਮੀਓ? ਸਾਰੇ ਸੋਚਣ ਲੱਗ ਗਏ ਕਿ ਕਾਹਦੇ ਵੱਲ ਇਸ਼ਾਰਾ ਹੋਇਆ ਹੈ। ਸਾਰਿਆਂ ਨੇ ਨਾਂਹ ਵਿੱਚ ਇਸ਼ਾਰਾ ਕਰ ਦਿੱਤਾ ਕਿ ਮਹਾਰਾਜ! ਆਉਂਦੀ ਨਹੀਂ ਹੈ ਦਿਮਾਗ 'ਚ ਕਿ ਆਪ ਦਾ ਕਿਹੜੀ ਤੁਕ ਵਲ ਇਸ਼ਾਰਾ ਹੈ। ਉਸ ਵੇਲੇ ਮਹਾਰਾਜ ਨੇ ਆਹ ਫੁਰਮਾਨ ਕੀਤਾ -

***ਧਾਰਨਾ - ਮਿਰਤਕ ਕਹੀਏ ਨਾਨਕਾ - ੨.***
***ਜਿਹ ਪ੍ਰੀਤ ਨਹੀਂ ਭਗਵੰਤ।***

ਕਹਿਣ ਲੱਗੇ, ਪ੍ਰੇਮੀਓ! ਗੁਰੂ ਨਾਨਕ ਪਾਤਸ਼ਾਹ ਨੇ ਇਹ ਉਚਾਰਨ ਕੀਤਾ ਹੈ।

*ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ*
*ਧਨਵੰਤ॥ ਮਿਰਤਕ ਕਹੀਅਹਿ ਨਾਨਕਾ*
*ਜਿਹ ਪ੍ਰੀਤਿ ਨਹੀ ਭਗਵੰਤ ॥ ਅੰਗ - ੨੫੩*

ਇੱਕ ਬੰਦੇ ਦੇ ਵਿੱਚ ਪੰਜ ਸਿਫਤਾਂ ਹੋਣ, ਸਾਰੀ ਦੁਨੀਆਂ ਤੋਂ ਸੋਹਣਾ ਹੋਵੇ, ਸਭ ਤੋਂ ਉੱਚੀ ਕੁਲ ਦੇ ਨਾਲ ਸਬੰਧ ਰੱਖਣ ਵਾਲਾ ਹੋਵੇ; ਉਸ ਵਿੱਚ ਜਨਮ ਲਿਆ ਹੋਵੇ। ਚਤੁਰ ਐਨਾ ਹੋਵੇ ਕਿ ਕੋਈ ਵੀ ਦੁਨੀਆਂ ਦਾ ਬੰਦਾ ਉਹਦੇ ਨਾਲ ਗੱਲ ਨਾ ਕਰ ਸਕੇ। ਸੈਂਕੜੇ ਘੰਟੇ ਇੱਕੋ ਗੱਲ 'ਤੇ ਬੋਲ ਸਕਦਾ ਹੋਵੇ ਤੇ ਮੂੰਹ ਦਾ ਗਿਆਨੀ ਹੋਵੇ। ਦੋ ਤਰ੍ਹਾਂ ਦੇ ਹੁੰਦੇ ਨੇ ਇੱਕ ਤਾਂ ਉਹ ਹੁੰਦੇ ਨੇ ਜੋ ਉਹ ਗੱਲ ਕਹਿੰਦੇ ਨੇ ਜਿਹੜੀ ਪਹਿਲਾਂ ਆਪ ਕਮਾਉਂਦੇ ਨੇ। ਇੱਕ ਉਹ ਹੁੰਦੇ ਨੇ ਜਿਹੜੇ ਕਹਿੰਦੇ ਤਾਂ ਹੈਗੇ ਦੂਜਿਆਂ ਨੂੰ ਪਰ ਆਪ ਨਹੀਂ ਕਮਾਉਂਦੇ। ਦੂਸਰਿਆਂ ਨੂੰ ਉਪਦੇਸ਼ ਦਿੰਦੇ ਨੇ ਉਨ੍ਹਾਂ ਨੂੰ ਮਹਾਰਾਜ ਨੇ ਕਿਹਾ ਹੈ ਕਿ ਉਹ ਚੌਰਸਤੇ ਦੇ ਸਿਪਾਹੀ ਹੁੰਦੇ ਨੇ। ਦੂਜਿਆਂ ਨੂੰ ਤਾਂ ਰਾਹ ਦੱਸੀ ਜਾਣਗੇ ਪਰ ਆਪ ਨੂੰ ਕੋਈ ਅਸਰ ਨਹੀਂ ਹੁੰਦਾ।

ਗੁਰੂ ਮਹਾਰਾਜ ਨੇ ਇਸ ਤਰ੍ਹਾਂ ਫੁਰਮਾਨ ਕੀਤਾ -

*ਧਾਰਨਾ - ਧਿਰਕਾਰ ਹੱਥਾਂ ਪੈਰਾਂ ਨੂੰ*
*ਬਾਝ ਗੁਰਾਂ ਦੀ ਸੇਵਾ।*

ਕਹਿੰਦੇ ਉਨ੍ਹਾਂ ਨੇ ਅੰਗ-ਅੰਗ ਦਾ ਫੁਰਮਾਨ ਕੀਤਾ ਸੀ -

*ਧ੍ਰਿਗੁ ਸਿਰੁ ਜੋ ਗੁਰ ਨਾ ਨਿਵੈ*
*ਗੁਰ ਲਗੈ ਨ ਚਰਣੀ।*
*ਧ੍ਰਿਗੁ ਲੋਇਣ ਗੁਰ ਦਰਸ ਵਿਣੁ*
*ਵੇਖੈ ਪਰ ਤਰਣੀ।*
*ਧ੍ਰਿਗੁ ਸਰਵਣਿ ਉਪਦੇਸ ਵਿਣੁ*
*ਸੁਣਿ ਸੁਰਤਿ ਨ ਧਰਣੀ।*
*ਧ੍ਰਿਗੁ ਜਿਹਬਾ ਗੁਰ ਸਬਦ ਵਿਣੁ*
*ਹੋਰ ਮੰਤ੍ਰ ਸਿਮਰਣੀ।*
*ਵਿਣੁ ਸੇਵਾ ਧ੍ਰਿਗੁ ਹਥ ਪੈਰ*
*ਹੋਰ ਨਿਹਫਲ ਕਰਣੀ।*
*ਪੀਰ ਮੁਰੀਦਾਂ ਪਿਰਹੜੀ ਸੁਖ ਸਤਿਗੁਰ ਸਰਣੀ॥*
*ਭਾਈ ਗੁਰਦਾਸ ਜੀ ਵਾਰ ੨੭/੧੦*

ਸੋ ਇਸ ਤਰ੍ਹਾਂ ਦੇ ਨਾਲ ਜਿਹਭਾ ਨੂੰ ਵੀ ਧਿਰਕਾਰ ਕਿਹਾ, ਹੱਥਾਂ ਪੈਰਾਂ ਨੂੰ ਵੀ ਧਿਰਕਾਰ ਕਿਹਾ। ਸੋ ਕਹਿਣ ਲੱਗੇ, ਕਿ ਇਸ ਬੱਚੇ ਨੂੰ ਅਸੀਂ ਪੁੱਛਿਆ ਕਿ ਬੇਟਾ! ਤੂੰ ਕਦੀ ਸੇਵਾ ਵੀ ਕਰੀ ਹੈ? ਕਹਿੰਦਾ ਨਾ ਮਹਾਰਾਜ। ਬੜਾ ਅਸੀਂ ਖੋਲ੍ਹ-ਖੋਲ੍ਹ ਕੇ ਪੁੱਛਿਆ ਕਿ ਕਿਤੇ ਇਹਨੇ ਜਲ ਹੀ ਪਿਲਾ ਦਿੱਤਾ ਹੋਵੇ ਕਿਸੇ ਗੁਰਸਿੱਖ ਨੂੰ। ਕਿਤੇ ਪੱਖਾ ਹੀ ਝੱਲ ਦਿੱਤਾ ਹੋਵੇ, ਭੁੱਲ ਚੁੱਕ ਕੇ। ਜਦੋਂ ਇਹਨੇ ਕਿਹਾ ਕਿ ਮਹਾਰਾਜ! ਮੈਂ ਤਾਂ ਅੱਜ ਪਹਿਲੇ ਦਿਨ ਪਾਣੀ ਲਿਆਇਆ ਹਾਂ। ਸਾਧਸੰਗਤ ਜੀ! ਫੇਰ ਤਾਂ ਇਹ ਮੁਰਦਾ ਸੀ, ਮੁਰਦੇ ਦੇ ਹੱਥ ਦਾ ਛੋਹਿਆ ਹੋਇਆ ਅਸੀਂ ਨਹੀਂ ਪੀ ਸਕਦੇ।

ਸੋ ਐਡੀ ਵੱਡੀ ਮਹੱਤਤਾ ਗੁਰੂ ਮਹਾਰਾਜ ਨੇ ਸੇਵਾ ਨੂੰ ਦਿੱਤੀ ਹੈ ਤੇ ਨਾਲ ਫਲ ਕੀ ਦਿੱਤਾ ਹੈ ਕਿ ਜੋ ਇੱਛਾ ਹੋਵੇ ਉਹ ਪ੍ਰਾਪਤ ਹੋ ਜਾਂਦਾ ਹੈ। ਤੁਸੀਂ ਹੈਰਾਨ ਹੋਵੋਂਗੇ ਜਿਸ ਦਿਨ ਦਾ ਇਹ ਗੁਰਦੁਆਰਾ ਰਤਵਾੜਾ ਸਾਹਿਬ ਬਣੇ ਨੇ। ਕੋਈ ਦਵਾਈ ਨਹੀਂ ਦਿੰਦੇ, ਦਵਾਈ ਤਾਂ ਹੁਣ ਥੋੜ੍ਹੇ ਚਿਰ ਤੋਂ ਹੀ ਸ਼ੁਰੂ ਕਰੀ ਹੈ। ਇਹ ਵੀ ਸੇਵਾ ਹੋ ਰਹੀ ਹੈ ਜ਼ਬਰਦਸਤ, ਆਹ ਇਲਾਕੇ ਦੀ ਸੇਵਾ ਹੋ ਰਹੀ ਹੈ, ਜਿੱਥੇ ਹੁਣ ਤੁਸੀਂ ਬੈਠੇ ਹੋ। ਇਨ੍ਹਾਂ ਨੂੰ ਨਹੀਂ ਪਤਾ ਹੈ ਕਿ ਕਿੱਡੀ ਸੇਵਾ ਹੋ ਰਹੀ ਹੈ। ਥੋੜ੍ਹੇ ਜਿਹੇ ਬੰਦੇ ਜਾਣਦੇ ਨੇ, ਇਨ੍ਹਾਂ ਪਿੰਡਾਂ ਦੇ। ਟਾਂਵੇਂ-ਟਾਂਵੇਂ ਬਾਕੀ ਤਾਂ ਅਜੇ ਸੁੱਤੇ ਪਏ ਨੇ, ਇਨ੍ਹਾਂ ਨੂੰ ਅਜੇ ਕਿਸੇ ਗੱਲ ਦਾ ਗਿਆਨ ਹੋਇਆ ਨਹੀਂ ਹੈ। ਥੋੜ੍ਹੇ ਹੀ ਜਾਗੇ ਨੇ, ਕਿਉਂਕਿ ਪਤਾ ਨਹੀਂ, ਖੁਦਗਰਜ਼ੀ ਦੀ ਜ਼ਿੰਦਗੀ ਜਿਹੜੀ ਹੁੰਦੀ ਹੈ ਉਹ ਹੋਰ ਹੁੰਦੀ ਹੈ। ਜਿਹੜੀ ਪ੍ਰਮੇਸ਼ਰ ਵਾਸਤੇ ਜ਼ਿੰਦਗੀ ਹੁੰਦੀ ਹੈ ਉਹ ਹੋਰ ਹੁੰਦੀ ਹੈ। ਸ਼ਹਿਰ ਵਾਲੇ ਦੂਰ ਰਹਿੰਦੇ ਨੇ, ਕੋਈ ਕਿਤੇ ਰਹਿੰਦਾ ਹੈ, ਕੋਈ ਕਿਤੇ ਰਹਿੰਦਾ ਹੈ। ਕੁਛ ਬਰਕਤਾਂ ਵਾਲੇ ਨੇ ਜਿਨ੍ਹਾਂ ਨੂੰ ਪ੍ਰਮੇਸ਼ਰ ਨੇ ਕ੍ਰਿਪਾ ਕਰੀ ਹੋਈ ਹੈ। ਉਹ ਮਹੀਨੇ ਦੇ ਮਹੀਨੇ ਜਿਹੜੀ ਕਮੇਟੀ ਬਣੀ ਹੋਈ ਹੈ, ਡਿਸਪੈਂਸਰੀ ਦੀ ਉਨ੍ਹਾਂ ਨੂੰ ਆਪਣੀ ਤਨਖਾਹ 'ਚੋਂ ਦਸਾਂ ਨਹੁੰਆਂ ਦੀ ਕਮਾਈ ਕਰਕੇ ਪੈਸੇ ਦਿੰਦੇ ਨੇ। ਉਹਦੀ ਦਵਾਈ ਮੁੱਲ ਆਉਂਦੀ ਹੈ। ਤੇ ਪਿਛਲੇ ਸਾਲ ਦੇ ਅੰਦਰ ਤਕਰੀਬਨ ਪੰਦਰਾਂ ਹਜ਼ਾਰ ਮਰੀਜ਼ ਇੱਥੇ ਰਾਜ਼ੀ ਹੋ ਚੁੱਕਿਆ ਹੈ। ਮੈਂ ਹਿਸਾਬ ਕੱਢਿਆ ਹੈ ਕਿ ਮਾੜੇ ਜਿਹੇ ਡਾਕਟਰ ਦੇ ਕੋਲ ਵੀ ਜਾਓ ਤਾਂ ਉਹ ਵੀ ਤੀਹ ਰੁਪਏ ਲੈ ਲੈਂਦਾ ਹੈ। ਕਿੰਨੇ ਰੁਪਏ ਦਾ ਫਾਇਦਾ ਹੋ ਗਿਆ। ਸਾਢੇ ਚਾਰ ਲੱਖ ਰੁਪਏ ਦਾ ਫਾਇਦਾ ਹੋ ਗਿਆ ਉਨ੍ਹਾਂ ਪ੍ਰੇਮੀਆਂ ਨੂੰ, ਉਨ੍ਹਾਂ ਦੀ ਜੇਬ ਵਿੱਚ ਰਹਿ ਗਿਆ ਜਿਨ੍ਹਾਂ ਨੇ ਇੱਥੇ ਦਵਾਈ ਲਈ ਹੈ ਪੰਦਰਾਂ ਹਜ਼ਾਰ ਨੂੰ। ਥੋੜ੍ਹੀ ਸੇਵਾ ਹੈ, ਪਤਾ ਵੀ ਨਹੀਂ ਲਗਦਾ, ਸੇਵਾ ਕਰਨ ਵਾਲਿਆਂ ਨੂੰ ਕੋਈ ਪਤਾ ਨਹੀਂ ਕਿ ਅਸੀਂ ਕਿੰਨਾ ਫਾਇਦਾ ਕਰ ਦਿੱਤਾ। ਉਸ ਤੋਂ ਬਾਅਦ ਦਵਾਈ ਕਿੰਨੀ ਆ ਗਈ, ਪੰਦਰਾਂ ਹਜ਼ਾਰ ਬੰਦੇ ਨੂੰ ਦਵਾਈ ਲਿਆ ਕੇ ਦੇਖਿਓ ਕਿ ਕਿੰਨੇ ਹਜ਼ਾਰਾਂ ਦੀ ਆਏਗੀ ਕਿ ਲੱਖਾਂ ਦੀ ਆਏਗੀ। ਸੋ ਇਹ ਸੇਵਾ ਗੁਪਤ ਰੂਪ ਵਿੱਚ ਹੁੰਦੀ ਹੈ। ਸੇਵਾ ਦਾ ਪਤਾ ਲਗ ਜਾਏ ਕਿ ਮੈਂ ਸੇਵਾ ਕਰੀ ਹੈ ਉਹਦਾ ਫਲ ਘਟ ਜਾਂਦਾ ਹੈ, ਜਿਹੜਾ ਗੁਪਤ ਕਰਦਾ ਹੈ ਸੇਵਾ ਉਹਦਾ ਫਲ ਨਹੀਂ ਘਟਿਆ ਕਰਦਾ। ਸੋ ਇਹਦਾ ਫਲ ਕੀ ਮਹਾਰਾਜ ਨੇ ਲਿਖਿਆ ਹੈ? ਮਹਾਰਾਜ ਕਹਿੰਦੇ ਜਿਹੜਾ ਕੁਛ ਵੀ ਤੁਸੀਂ ਮੰਗੋਂਗੇ,

ਜਿਹੜੀ ਇੱਛਿਆ ਕਰੋਂਗੇ ਉਹੀ ਫਲ ਪ੍ਰਾਪਤ ਹੋ ਜਾਏਗਾ। ਓਹੀ ਚੀਜ਼ ਮਿਲ ਜਾਂਦੀ ਹੈ-

*ਜਾ ਕੈ ਮਸਤਕਿ ਭਾਗ ਸਿ ਸੇਵਾ ਲਾਇਆ ॥*
*ਅੰਗ - ੪੫੭*

ਹੁਣ ਥੋੜ੍ਹੇ-ਥੋੜ੍ਹੇ ਪ੍ਰੇਮੀ ਸਮਝੇ ਨੇ ਇਸ ਇਲਾਕੇ ਨੂੰ, ਆਹ ਜਿਹੜੀ ਪਿਛੇ ਸੇਵਾ ਹੋਈ ਹੈ, ਮੈਂ ਇੱਥੇ ਖੜ੍ਹਾ ਸੀ, ਮੇਰਾ ਮਨ ਬੜਾ ਖੁਸ਼ ਹੋਇਆ ਕਿ ਆਹ ਮੁੱਲਾਂਪੁਰ ਤੋਂ, ਪੈਂਤਪੁਰ ਤੋਂ, ਰਤਵਾੜੇ ਪਿੰਡ ਦੇ ਵੀ ਥੋੜ੍ਹੇ ਜਿਹੇ ਭਾਈ, ਬੀਬੀਆਂ; ਸਲਾਮਤਪੁਰ ਦੇ; ਮੈਂ ਕਿਹਾ ਸ਼ੁਕਰ ਹੈ ਵਾਹਿਗੁਰੂ, ਤੂੰ ਕ੍ਰਿਪਾ ਹੀ ਕਰ ਦਿੱਤੀ ਕਿ ਇਹ ਵੀ ਸੇਵਾ 'ਚ ਆਉਣ ਲਗ ਗਏ। ਜੁਆਨ ਬੱਚੇ ਆਏ, ਟਰਾਲੀਆਂ ਭਰ-ਭਰ ਕੇ ਸੁੱਟਦੇ ਰਹੇ। ਸ਼ਹਿਰ ਵਾਲੇ ਆਏ। ਜਿਨ੍ਹਾਂ ਨੇ ਸੇਵਾ ਕਰੀ ਹੈ, ਟੋਕਰੀਆਂ ਭਰ-ਭਰ ਕੇ ਸੁੱਟੀਆਂ ਨੇ। ਜਿਵੇਂ ਵਿਆਜ-ਦਰ-ਵਿਆਜ ਪੈਸਾ ਵਧਦਾ ਹੈ ਐਉਂ ਇਨ੍ਹਾਂ ਦੀ ਸੇਵਾ ਵਧਦੀ ਹੀ ਤੁਰੀ ਜਾਣੀ ਹੈ, ਜਿਸ ਦਿਨ ਕੋਈ ਬ੍ਰਹਮਗਿਆਨੀ ਮਹਾਂਪੁਰਸ਼ ਆ ਕੇ ਬੈਠ ਗਿਆ। ਹਜ਼ਾਰਾਂ ਗੁਣਾਂ ਉਸ ਦਿਨ ਹੀ ਵਧ ਜਾਣੀ ਹੈ। ਇਹ ਐਵੇਂ ਹੀ ਤਾਂ ਨਹੀਂ ਹੈ। ਇਹ ਤਾਂ ਗੁਰੂ ਮਹਾਰਾਜ ਦੀ ਮੇਹਰ ਹੈ, ਲੇਕਿਨ ਆਪ ਦਾ ਫੁਰਮਾਨ ਹੈ ਕਿ ਫਲ ਤਾਂ ਇਹਦਾ ਹੈਗਾ ਬਹੁਤ ਵੱਡਾ, ਪਰ ਇਹ ਕੋਈ ਵਿਰਲਾ-ਵਿਰਲਾ ਕਰਦਾ ਹੈ। ਐਸ ਤਰ੍ਹਾਂ ਨਾਲ ਫੁਰਮਾਨ ਕਰਿਆ ਹੈ -

*ਧਾਰਨਾ - ਸਾ ਸੇਵਾ ਲਾਇਆ ਜੀ,*
*ਜਾ ਕੈ ਮਸਤਕਿ ਭਾਗ।*

ਗੁ. ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਸੇਵਾ ਦਾ ਮੈਦਾਨ ਖੁਲ੍ਹਿਆ ਪਿਆ ਹੈ, ਕੁੰਭ ਲੱਗਿਆ ਹੋਇਆ ਹੈ, ਅਰ ਉਸ ਇਲਾਕੇ 'ਚ ਜਿੱਥੇ ਦਸ ਸਾਲ ਪਹਿਲਾਂ ਬਿਲਕੁਲ ਨਹੀਂ ਸੀ ਜਾਣਦਾ ਕਿ ਕੋਈ ਸੇਵਾ ਦਾ ਵੀ ਫਲ ਹੁੰਦਾ ਹੈ ਤੇ ਰਾਹ ਦੱਸਣਾ ਵੀ ਹੇਠੀ ਸਮਝਦੇ ਸੀ। ਪੁੱਛ ਲਓ ਕਿਸੇ ਨੂੰ ਵੀ, ਗੱਲ ਨਹੀਂ ਸੀ ਕਰਦੇ। ਫਤਹਿ ਬੁਲਾਉਣਾ ਤਾਂ ਇੱਕ ਪਾਸੇ ਰਿਹਾ ਪਿੱਠ ਕਰਕੇ ਖੜ੍ਹ ਜਾਂਦੇ ਸੀ। ਮੈਂ ਤੁਰਿਆ ਫਿਰਦਾ ਰਿਹਾ ਹਾਂ ਸੜਕਾਂ 'ਤੇ, ਮੈਂ ਅੱਖੀਂ ਦੇਖੀਆਂ ਹੋਈਆਂ ਗੱਲਾਂ ਕਹਿੰਦਾ ਹਾਂ। ਹੈਰਾਨ ਹੋ ਜਾਣਾ, ਐਉਂ ਝਾਕਦੇ ਸੀ ਕਿ ਪਤਾ ਨਹੀਂ ਕੌਣ ਆ ਗਿਆ। ਲੇਕਿਨ ਆਹ ਜਿਹੜੇ ਬੱਚੇ ਹੁਣ ਹੋਏ ਨੇ ਨਾ, ਦਸ ਸਾਲ ਦੇ ਇਨ੍ਹਾਂ ਦੇ ਉੱਤੇ ਗੁਰੂ ਮਹਾਰਾਜ ਦੀ ਐਨੀ ਮਿਹਰ ਹੈ, ਇੱਕ ਵਾਰੀ ਲੰਘ ਜਾਓ, ਸੜਕਾਂ 'ਤੇ ਖੜ੍ਹ ਕੇ ਫਤਹਿ ਬੁਲਾਉਣ ਲੱਗ ਜਾਂਦੇ ਨੇ। ਕਿਉਂਕਿ ਇੱਥੇ ਗੁਰੂ ਦਾ ਵਾਸਾ ਹੋ ਗਿਆ, ਗੁਰੂ ਦਾ ਵਾਸਾ ਹੋ ਕੇ ਵਿਘਨ ਹਟ ਗਏ, ਭੂਤ-ਪ੍ਰੇਤ ਨੱਠਣੇ ਸ਼ੁਰੂ ਹੋ ਗਏ। ਜਿਹੜੀ ਕੁਬੁੱਧੀ ਸੀ ਉਹ ਖਤਮ ਹੋਣ ਲਗ ਗਈ। ਬੁੱਧੀ ਆਉਣ ਲਗ ਗਈ। ਹੌਲੀ-ਹੌਲੀ ਪਾਪ ਖਤਮ ਹੋਣ ਲਗ ਗਏ ਤੇ ਬਖਸ਼ਿਸ਼ ਹੋ ਗਈ ਗੁਰੂ ਦੀ ਤੇ ਸੇਵਾ ਵੀ ਕਰਨ ਲਗ ਗਏ। ਚਾਉ ਨਾਲ ਸੇਵਾ ਕਰਦੇ ਨੇ ਹੁਣ ਸਾਰੇ। ਇੱਕ ਤੋਂ ਇੱਕ ਅੱਗੇ ਹੋ ਕੇ ਕਰਦੇ ਨੇ। ਸੋ ਮੇਰੇ ਮਨ 'ਚ ਆਇਆ ਕਿ ਸੱਚੇ ਪਾਤਸ਼ਾਹ! ਤੂੰ ਬੜਾ ਦਿਆਲੂ ਹੈਂ ਤੂੰ ਵੀ ਇਨ੍ਹਾਂ ਦੇ ਮਸਤਕ ਦੇ ਵਿੱਚ ਕਲਮ ਫੇਰ ਦਿੱਤੀ ਕਿ ਸੇਵਾ ਕਰੋ। ਸੇਵਾ ਨਾਲ ਕੀ ਹੋਏਗਾ, ਬਰਕਤਾਂ ਪੈਣਗੀਆਂ। ਫੁਰਮਾਨ ਹੈ-

*ਜਾ ਕੈ ਮਸਤਕਿ ਭਾਗ ਸਿ ਸੇਵਾ ਲਾਇਆ ॥*
*ਅੰਗ - ੪੫੭*

ਫੇਰ ਸੇਵਾ ਦੇ ਨਾਲ ਹੋਏਗਾ ਕੀ?

*ਤਾ ਕੀ ਪੂਰਨ ਆਸ ਜਿਨ੍ ਸਾਧਸੰਗੁ ਪਾਇਆ ॥*
*ਅੰਗ - ੪੫੭*

ਸਾਧੂ ਦੀ ਸੰਗਤ ਪ੍ਰਾਪਤ ਕਰਕੇ, ਨਾਲ ਸੇਵਾ ਕਰਦਾ ਹੈ ਤਾਂ ਕਹਿੰਦੇ ਉਹਦੀਆਂ ਆਸਾਂ ਪੂਰੀਆਂ ਹੋ ਜਾਂਦੀਆਂ ਨੇ। ਕਿੰਨੇ ਬੀਮਾਰ ਰਾਜ਼ੀ ਹੋਏ ਨੇ ਇੱਥੇ। ਪਹਿਲਾਂ ਅਸੀਂ ਰਜਿਸਟਰ ਲਾਇਆ ਹੋਇਆ ਸੀ ਬਈ ਥੋੜ੍ਹੇ ਬਹੁਤੇ ਹੋਣਗੇ ਲਿਖ ਲੈਂਦੇ ਹਾਂ। ਇਹ ਬੀਬੀ ਕਹਿਣ ਲੱਗੀ ਸੈਕਰੇਟਰੀ ਕਿ ਬਾਬਾ ਜੀ! ਕਿੰਨੇ ਕੁ ਮੈਂ ਲਿਖੀ ਜਾਵਾਂ ਇਹ ਤਾਂ ਹਜ਼ਾਰਾਂ ਦੀ ਤਦਾਦ 'ਚ ਜਾਣਗੇ, ਮੈਂ ਕਿਹਾ ਕਿ ਬੀਬੀ ਛੱਡ ਦੇ, ਆਪਾਂ ਨੇ ਕੀ ਲੈਣਾ ਹੈ ਲਿਖ ਕੇ। ਇਹ ਤਾਂ ਗੁਰੂ ਮਹਾਰਾਜ ਦੀਆਂ ਬਰਕਤਾਂ ਨੇ ਦਰਵਾਜ਼ਾ ਖੋਲ੍ਹ ਦਿੱਤਾ ਗੁਰੂ ਮਹਾਰਾਜ ਨੇ ਕਿ ਆਓ ਸੇਵਾ ਕਰੋ, ਲਓ ਜਿਹੜਾ ਕੁਛ ਲੈਣਾ ਹੈ। ਇੱਥੇ ਇੱਕ ਪ੍ਰੇਮੀ ਆਇਆ ਉਸ ਦੀ ਬਦਲੀ ਨਹੀਂ ਸੀ ਹੁੰਦੀ, ਉਹ ਬੜਾ ਪਰੇਸ਼ਾਨ ਸੀ, ਆਪਣੇ ਇੱਥੇ ਸੰਗਤ 'ਚ ਆਉਂਦੇ ਨੇ। ਨਾਲ ਲੈ ਕੇ ਆ ਗਿਆ ਕਿ ਚੱਲ ਤੇਰੀ ਮੈਂ ਬਦਲੀ ਕਰਾਵਾਂ। ਆਫੀਸਰ ਸੀਗਾ, ਇੱਥੇ ਆ ਕੇ ਖੜ੍ਹ ਗਏ ਕਹਿੰਦੇ ਮਹਾਰਾਜ! ਤੁੱਛ ਸੇਵਾ ਕਰਾਂਗੇ, ਜੋ ਸਾਡੇ ਤੋਂ ਹੋ ਜਾਏ, ਬਦਲੀ ਹੋ ਜਾਏ। ਤੀਜੇ ਦਿਨ ਚਿੱਠੀ ਆ ਗਈ ਕਿ ਤੇਰੀ ਬਦਲੀ ਫਲਾਣੇ ਥਾਂ ਦੀ ਹੋ ਗਈ। ਜਿੱਥੇ ਕਹਿੰਦਾ ਸੀ ਉਥੇ ਦੀ ਹੋ ਗਈ। ਇੱਥੇ ਟੋਲ੍ਹਦਾ ਫਿਰੇ, ਇੱਥੇ ਮੈਂ ਵੀ ਆਇਆ ਹੋਇਆ ਸੀ, ਮੈਂ ਕਿਹਾ ਕੀ ਗੱਲ ਹੈ? ਕਹਿੰਦਾ ਮੈਂ ਹਜ਼ਾਰ ਰੁਪਿਆ ਦੇਣਾ ਹੈ। ਮੈਂ ਕਿਹਾ ਕਾਹਦਾ? ਕਹਿੰਦਾ ਮੈਂ ਇੱਥੇ ਕਹਿ ਗਿਆ ਸੀ ਕਿ ਇੱਥੇ ਮੈਂ ਸੇਵਾ ਵਿੱਚ ਪੈਸੇ ਲਾਵਾਂਗਾ, ਮੇਰੀ ਬਦਲੀ ਹੋ ਜਾਏ, ਕਹਿੰਦਾ ਤਿੰਨ ਦਿਨ ਹੀ ਲੱਗੇ ਨੇ, ਮੈਨੂੰ ਤਾਂ ਡੇਢ ਸਾਲ ਹੋ ਗਿਆ ਸੀ ਲੱਗੇ ਨੂੰ, ਉੱਘ-ਸੁੱਘ ਵੀ ਨਹੀਂ ਸੀ ਨਿਕਲਦੀ। ਮਹਾਰਾਜ ਕਹਿੰਦੇ ਐਵੇਂ ਨਹੀਂ ਹੁੰਦੀ -

*ਤਾ ਕੀ ਪੂਰਨ ਆਸ ਜਿਨ੍ ਸਾਧਸੰਗੁ ਪਾਇਆ ॥*
*ਅੰਗ - ੪੫੭*

ਉਹਦੀ ਆਸਾ ਪੂਰਨ ਹੁੰਦੀ ਹੈ। ਕਿੰਨ੍ਹਿਆਂ ਦੀਆਂ ਹੁੰਦੀਆਂ ਨੇ, ਅਸੀਂ ਤਾਂ ਯਾਦ ਨਹੀਂ ਰਖਦੇ। ਸਾਨੂੰ ਤਾਂ ਇੱਕੋ ਹੀ ਗੱਲ ਯਾਦ ਹੈ -

*ਧਾਰਨਾ - ਕਰਕੇ ਕੋਈ ਵੇਖ ਲਓ*
*ਸੇਵਾ ਤੋਂ ਮਿਲਦਾ ਮੇਵਾ।*

ਇੱਥੇ ਰਤਵਾੜਾ ਸਾਹਿਬ ਜਦੋਂ ਆਪਾਂ ਗੁਰਦੁਆਰਾ ਬਣਾ ਰਹੇ ਸੀ, ਤਾਂ ਇੱਥੇ ਕੋਈ ਆਮਦਨ ਤਾਂ ਹੈ ਨਹੀਂ ਸੀ ਕੋਈ। ਸਾਰੇ ਤੁਸੀਂ ਜਾਣਦੇ ਹੋ ਕਿ ਕੋਈ ਆਮਦਨ ਨਹੀਂ ਹੈ, ਯਾਤਰੂ ਵੀ ਆਉਂਦੇ ਨੇ ਪ੍ਰਸ਼ਾਦ ਛਕਦੇ ਨੇ। ਗੋਲਕ ਜਦੋਂ ਖੋਲ੍ਹਦੇ ਹਾਂ, ਪੰਝੀਆਂ ਦੱਸੀਆਂ ਜ਼ਿਆਦਾ ਹੁੰਦੀਆਂ ਨੇ। ਮੇਰੇ ਮਨ 'ਚ ਖਿਆਲ ਆ ਗਿਆ ਕਿ ਕੰਮ ਲੰਮਾ ਸ਼ੁਰੂ ਕਰ ਲਿਆ। ਜਿੰਨੇ ਕੁ ਪੈਸੇ ਕੋਲ ਸੀਗੇ ਲਾਉਣੇ ਸ਼ੁਰੂ ਕਰ ਲਏ, ਘਰ ਗਿਆ ਮੈਂ ਉਥੇ ਟੈਲੀਫੋਨ ਆ ਗਿਆ, ਇੰਗਲੈਂਡ ਤੋਂ, ਕਹਿੰਦੇ ਬਾਬਾ ਜੀ! ਮੇਰਾ ਕੰਮ ਰੁਕ ਗਿਆ ਸੀ, ਸਟੋਰ ਮੇਰੇ ਭਰੇ ਪਏ ਸੀ ਵਿਕਦੇ ਨਹੀਂ ਸੀਗੇ। ਕੋਈ ਚਾਰਾ ਨਹੀਂ ਸੀ ਚਲਦਾ ਤੇ ਮੈਂ ਤੁਹਾਡੀਆਂ ਫਿਲਮਾ ਦੇਖੀਆਂ, ਉਹਦੇ ਵਿੱਚ ਸੇਵਾ ਦਾ ਮਹਾਤਮ ਆਇਆ ਤੇ ਮੇਰੇ ਮਨ ਵਿੱਚ ਆਇਆ ਕਿ ਮੈਂ ਵੀ ਸੇਵਾ ਕਰਾਂ। ਮੇਰਾ ਕੰਮ ਚੱਲ ਜਾਵੇ। ਕਹਿੰਦਾ ਤੁਸੀਂ ਹੈਰਾਨ ਹੋਵੋਂਗੇ, ਮੇਰੇ ਮਨ 'ਚ ਆਇਆ ਤੇ ਮੈਂ ਅਰਦਾਸ ਕਰੀ ਕਿ ਹੇ ਸੱਚੇ ਪਾਤਸ਼ਾਹ! ਜੇ ਮੈਨੂੰ ਘਾਟਾ ਪੈ ਗਿਆ, ਗਰੀਬ ਹੋ ਜਾਵਾਂਗਾ ਮੈ। ਮੈਨੂੰ ਵੀ ਮੌਕਾ ਦੇ, ਮੈਂ ਵੀ ਸੇਵਾ ਕਰਾਂਗਾ। ਕਹਿਣ ਲੱਗਿਆ, ਥੋੜ੍ਹੇ ਜਿਹੇ ਦਿਨਾਂ ਵਿੱਚ ਹੀ ਮੇਰਾ Warehouse ਖਾਲੀ ਹੋ ਗਿਆ ਤੇ ਮੈਨੂੰ ਬਹੁਤ ਲਾਭ ਹੋਇਆ। ਪਰਸੋਂ ਨੂੰ ਮੇਰਾ ਬੰਦਾ ਆ ਰਿਹਾ ਹੈ 60 ਹਜ਼ਾਰ ਰੁਪਿਆ ਲੈ ਕੇ। ਉਹਨੂੰ ਸੇਵਾ 'ਚ ਲਾ ਦਿਓ। ਤੁਹਾਡੇ ਬੀਜੀ ਕਹਿੰਦੇ ਮੈਨੂੰ ਦਿਓ ਟੈਲੀਫੋਨ। ਮੈਂ ਕਿਹਾ ਕੀ ਗੱਲ ਤੂੰ ਕੀ ਕਹਿਣਾ ਹੈ? ਮੈਂ ਕਿਹਾ ਕਿ ਐਨਾ ਲਾਭ ਹੋਇਆ ਹੈ, ਦੋ ਲੱਖ ਪੌਂਡ, ਥੋੜ੍ਹਾ ਨਹੀਂ ਹੁੰਦਾ, ਬਹੁਤ ਰੁਪਿਆ ਹੈ। ਕਹਿੰਦੀ ਇਹਨੂੰ ਮੈਂ ਕਹਿੰਦੀ ਹਾਂ ਕਿ ਬੱਸ ਲੈ ਕੇ ਦੇ ਸੰਗਤਾਂ ਨੂੰ, ਬੱਸ ਲੈ ਦੇ ਦੋ ਤਿੰਨ ਲੱਖ ਰੁਪਏ ਦੀ। ਮੈਂ ਕਿਹਾ ਨਾ ਐਉਂ ਨਹੀਂ ਆਪਾਂ ਕਹਿਣਾ ਜਿਹੜੀ ਸ਼ਰਧਾ ਹੈ ਓਹੀ ਠੀਕ ਹੈ। ਜਦ ਨਿਸ਼ਾਨ ਸਾਹਿਬ ਲੱਗਿਆ ਹੈ ਜਦ ਵੀ ਆਹੀ ਹਾਲ ਸੀ ਕਿਉਂਕਿ ਪੈਸਾ ਆਉਂਦਾ ਸੀ, ਖਰਚ ਕਰ ਦਿੰਦੇ ਹਾਂ, ਇੱਥੇ ਰਹਿੰਦਾ ਤਾਂ ਹੈ ਨਹੀਂ, ਨਾ ਜਮ੍ਹਾਂ ਕਰੀਦਾ ਹੈ, ਨਾ ਐਨੀ ਆਮਦਨ ਹੈ। ਉਸ ਵੇਲੇ ਸੰਗਤ ਵਿੱਚ ਹੀ ਬੈਠੇ ਰਹੇ, ਇਕ ਪਰਿਵਾਰ ਹੈ ਸੰਗਤ ਵਿਚੋਂ ਹੀ, ਨਿਸ਼ਾਨ ਸਾਹਿਬ ਲਾ ਰਹੇ ਸੀ, ਨਿਸ਼ਾਨ ਸਾਹਿਬ ਦਾ ਮੇਰਾ ਖਿਆਲ ਹੋ ਗਿਆ, ਪੈਸਾ ਕਾਫੀ ਲਗਣਾ ਸੀ, 12 ਹਜ਼ਾਰ ਤਾਂ ਦੋਧੀਆਂ ਨੇ ਦਿੱਤਾ, 35-40 ਹਜ਼ਾਰ ਇਸ ਉਪਰ ਖਰਚ ਆਉਂਦਾ ਸੀ, ਤਾਂ ਸਰਦਾਰ ਜਸਵੰਤ ਸਿੰਘ ਬੈਟਰੀਆਂ ਵਾਲੇ ਕਹਿੰਦੇ ਜੀ ਸੰਗਮਰਮਰ ਤਾਂ ਮੈਂ ਲਗਵਾਉਂਗਾ। ਡਾ. ਕੁਲਦੀਪ ਸਿੰਘ ਕਹਿੰਦੇ ਬਾਕੀ ਪੈਸੇ ਮੈਂ ਦੇ ਦੇਵਾਂਗਾ, ਦੋਹਾਂ ਨੇ ਅੱਧੇ-ਅੱਧੇ ਦੇ ਦਿੱਤੇ। ਇਧਰੋਂ ਡਾਕਟਰ ਸਾਹਿਬ ਦੇ ਘਰੋਂ ਬੀਬੀ ਅੰਮ੍ਰਿਤ ਬੀਮਾਰ ਸੀ। ਬਹੁਤ ਹੀ ਬੀਮਾਰ, ਸ਼ੂਗਰ ਜਮਾਂਦਰੂ ਹੋਈ-ਹੋਈ ਸੀ, ਇੱਥੇ ਰਹਿ ਕੇ ਸੇਵਾ ਕਰੀ ਉਸ ਨੇ, ਉਹ ਮਹਾਰਾਜ ਨੇ ਬਿਲਕੁਲ ਤੰਦਰੁਸਤ ਕਰ ਦਿੱਤੀ ਥੋੜ੍ਹੇ ਜਿਹੇ ਦਿਨਾਂ 'ਚ। ਸੰਗਤ ਨੇ ਅਰਦਾਸ ਕਰੀ ਇੱਥੇ ਖੜ੍ਹੇ ਹੋ ਕੇ, ਜਦੋਂ ਨਿਸ਼ਾਨ ਸਾਹਿਬ ਜੀ ਦਾ ਚੋਲਾ ਚਾੜ੍ਹਿਆ, ਅਰਦਾਸ ਦੇ ਵਿੱਚ ਅਰਦਾਸੀਏ ਸਿੰਘ ਨੇ ਕਿਹਾ ਕਿ ਸੱਚੇ ਪਾਤਸ਼ਾਹ! ਹੁਣ ਤੇਰਾ ਨਿਸ਼ਾਨ ਕਾਇਮ ਹੋ ਗਿਆ ਹੁਣ ਤੂੰ ਡਾਕਟਰ ਸਾਹਿਬ ਦਾ ਵੀ ਨਿਸ਼ਾਨ ਕਾਇਮ ਕਰ ਦੇ ਦੁਨੀਆਂ 'ਚ। ਬੜੀ ਵੱਡੀ ਗੱਲ ਕਹਿ ਦਿੱਤੀ, ਮੈਂ ਵੀ ਸੁਣ ਲਈ, ਮੈਂ ਕਿਹਾ ਸੱਚੇ ਪਾਤਸ਼ਾਹ! ਤੇਰੇ ਘਰ ਤਾਂ ਕੋਈ ਘਾਟਾ ਨਹੀਂ ਹੈ, ਉਸੇ ਸਾਲ ਮਹਾਰਾਜ ਜੀ ਨੇ ਨਾਲੇ ਤਾਂ ਸਿਹਤ ਦੇ ਦਿੱਤੀ, ਨਾਲੇ ਕਾਰੋਬਾਰ ਚਲਾ ਦਿੱਤਾ, ਬਾਹਰ ਜਾਂਦੇ ਸੀ ਨੌਕਰੀ ਕਰਨ, ਇਥੇ ਹੀ ਕਾਰੋਬਾਰ ਵਧੀਆ ਚਲਾ ਦਿੱਤਾ, ਨਾਲੇ ਇੱਕ ਲਾਲ ਦੇ ਦਿੱਤਾ, ਬਹੁਤ ਹੀ ਸੋਹਣਾ ਬੱਚਾ। ਸੇਵਾ ਫੇਰ ਨਿਹਫਲ ਤਾਂ ਨਾ ਹੋਈ ਨਾ-

*ਜਾ ਕੀ ਸੇਵਾ ਨਿਫਲ ਨ ਹੋਵਤ*
*ਖਿਨ ਮਹਿ ਕਰੇ ਉਧਾਰ ॥ ਅੰਗ - ੫੦੦*

ਮਾੜਾ ਜਿਹਾ ਕਰਨ ਦੇ ਨਾਲ ਹੀ ਉਧਾਰ ਕਰ ਦਿੰਦੀ ਹੈ, ਕੋਈ ਕਰਕੇ ਦੇਖ ਲਓ, ਬਾਣੀ ਦੇ ਅੰਦਰ ਇਸ ਤਰ੍ਹਾਂ ਵੀ ਫੁਰਮਾਨ ਆਉਂਦਾ ਹੈ -

*ਧਾਰਨਾ - ਜੇ ਤੈਂ ਚਾਰ ਪਦਾਰਥ ਲੈਣੇ,*
*ਸੇਵਾ ਕਰ ਲੈ ਸਾਧੂਆਂ ਦੀ।*

*ਚਾਰਿ ਪਦਾਰਥ ਜੇ ਕੋ ਮਾਗੈ ॥*
*ਸਾਧ ਜਨਾ ਕੀ ਸੇਵਾ ਲਾਗੈ ॥*
*ਜੇ ਕੋ ਆਪੁਨਾ ਦੂਖੁ ਮਿਟਾਵੈ ॥*
*ਹਰਿ ਹਰਿ ਨਾਮੁ ਰਿਦੈ ਸਦ ਗਾਵੈ ॥*
*ਜੇ ਕੋ ਆਪੁਨੀ ਸੋਭਾ ਲੋਰੈ ॥*
*ਸਾਧਸੰਗਿ ਇਹ ਹਉਮੈ ਛੋਰੈ ॥*
*ਜੇ ਕੋ ਜਨਮ ਮਰਣ ਤੇ ਡਰੈ ॥*
*ਸਾਧ ਜਨਾ ਕੀ ਸਰਨੀ ਪਰੈ ॥*
*ਜਿਸੁ ਜਨ ਕਉ ਪ੍ਰਭ ਦਰਸ ਪਿਆਸਾ ॥*
*ਨਾਨਕ ਤਾ ਕੈ ਬਲਿ ਬਲਿ ਜਾਸਾ ॥*
*ਅੰਗ - ੨੬੬*

ਦੁਨੀਆਂ ਦੇ ਵਿੱਚ ਚਾਰੋਂ ਪਦਾਰਥਾਂ ਦੀ ਆਦਮੀ ਨੂੰ ਲੋੜ ਹੈ, ਧਰਮ, ਅਰਥ, ਕਾਮ, ਮੋਖਸ਼; ਧਰਮ ਦੀ, ਅਰਥ ਦੀ, ਕਾਮਨਾ ਪੂਰੀ ਹੋਣ ਦੀ ਤੇ ਮੁਕਤੀ ਦੀ। ਸਾਧ ਜਨਾਂ ਦੀ ਸੇਵਾ ਕਰਨ ਲਗ ਜਾਵੇ, ਗੁਰੂ ਦੀਆਂ ਸੰਗਤਾਂ ਦੀ ਸੇਵਾ ਕਰੇ, ਮਿਲ ਜਾਂਦਾ ਹੈ ਸਭ ਕੁਛ। ਚੌਥੇ ਪੰਜਵੇਂ ਦੀ ਗੱਲ ਹੈ ਇਕ ਬੀਬੀ ਮੇਰੇ ਕੋਲ ਆਈ। ਕਹਿਣ ਲੱਗੀ, ਬਾਬਾ ਜੀ! ਮੇਰੀਆਂ ਮੱਝਾਂ ਸਾਰੀਆਂ ਹੀ ਬੀਮਾਰ ਹੋ ਗਈਆਂ, ਪਰੇਸ਼ਾਨ ਬਹੁਤ ਹਾਂ। ਮੈਂ ਕਿਹਾ, ਬੀਬੀ! ਮੈਂ ਕਿਹੜਾ ਡਾਕਟਰ ਹਾਂ ਮੱਝਾਂ ਦਾ; ਕਹਿੰਦੀ ਦਵਾਈਆਂ ਵੀ ਦਿੱਤੀਆਂ ਨੇ ਪਰ ਮੱਝਾਂ ਠੀਕ ਨਹੀਂ ਹੋ ਰਹੀਆਂ। ਮੈਂ ਕਿਹਾ ਫੇਰ ਸਾਡੇ ਕੋਲ ਤਾਂ ਇੱਕੋ ਹੀ ਇਲਾਜ ਹੈ, ਪੰਜ ਸਿੰਘਾਂ ਨੂੰ ਪ੍ਰਸ਼ਾਦਾ ਛਕਾ ਦਿਓ, ਇਹ

ਪਦਾਰਥਾਂ ਦੇ ਵਿੱਚ ਹੀ ਚੀਜ਼ ਆਉਂਦੀ ਹੈ। ਪਰ ਇਹ ਖਿਆਲ ਰੱਖੀਂ ਨਿਤਨੇਮ ਕਰਨ ਵਾਲੇ ਹੋਣ ਸਿੰਘ। ਬਾਣੀ ਪੜ੍ਹਨ ਵਾਲੇ ਹੋਣ। ਮੈਂ ਨਾਉਂ ਵੀ ਦੱਸ ਦਿੱਤੇ ਸਿੰਘਾਂ ਦੇ। ਉਹ ਦੂਜੇ ਦਿਨ ਮੈਨੂੰ ਫੇਰ ਮਿਲੀ, ਮੈਂ ਕਿਹਾ ਕੀ ਹਾਲ ਹੈ, ਤੁਹਾਡੀਆਂ ਮੱਝਾਂ ਦਾ, ਕਹਿੰਦੀ ਉਹ ਤਾਂ ਕੱਲ੍ਹ ਹੀ ਰਾਜ਼ੀ ਹੋ ਗਈਆਂ, ਮੈਂ ਕਿਹਾ ਪਹਿਲਾਂ ਹੀ ਠੀਕ ਕਰ ਦਿੱਤੀਆਂ ਮਹਾਰਾਜ ਨੇ, ਹੁਣ ਸੇਵਾ ਕਰ। ਸੋ ਇਸ ਤਰ੍ਹਾਂ ਸੇਵਾ ਕਰੀ ਹੋਈ ਮਹਾਰਾਜ ਕਹਿੰਦੇ -

*ਜਾ ਕੀ ਸੇਵਾ ਦਸ ਅਸਟ ਸਿਧਾਈ ॥*
*ਪਲਕ ਦਿਸਟਿ ਤਾ ਕੀ ਲਾਗਹੁ ਪਾਈ ॥*
*ਅੰਗ - ੩੯੦*

ਅਠਾਰ੍ਹਾਂ ਸਿੱਧੀਆਂ ਨੇ ਸੇਵਾ 'ਚ, ਨਿਗ੍ਹਾ ਕਰ ਦੇਵੇ ਤਾਂ ਉਸੇ ਵੇਲੇ ਸਭ ਠੀਕ ਹੋ ਜਾਂਦਾ ਹੈ। ਸੋ ਮੇਰੇ ਮਨ ਵਿੱਚ ਬੜੀ ਪ੍ਰਸੰਨਤਾ ਹੋਈ ਹੈ ਕਿ ਸੰਗਤਾਂ ਨੇ, ਐਨਾ ਭਰਤ ਪੈਂਦਾ ਸੀ ੪੫ ਹਜ਼ਾਰ ਸੁਕੇਅਰ ਫੁਟ 'ਚ, ਕਿਸੇ ਇੰਜਨੀਅਰ ਨੂੰ ਪੁੱਛ ਲਓ ਕਿ ਕਿੰਨਾ ਰੁਪਿਆ ਲਗਦਾ ਹੈ। ਪਤਾ ਹੀ ਨਹੀਂ ਲੱਗਿਆ ਕਿਹੜੇ ਵੇਲੇ ਸਿਰਾਂ ਤੋਂ ਹੋ ਕੇ, ਸੀਸ ਪਵਿੱਤਰ ਕਰਦਾ ਹੋਇਆ ਨਾਲੇ ਤਾਂ ਬਿਲਡਿੰਗ ਭਰ ਗਈ। ਕੀਰਤਨ ਦੇ ਨਾਲ ਸੇਵਾ ਦਾ ਮਹਾਤਮ ਵੀ ਵੱਡਾ ਹੈ। ਗੁਰੂ ਮਹਾਰਾਜ ਦਾ ਐਸਾ ਫੁਰਮਾਨ ਹੈ ਕਿ ਦਰਗਾਹ ਦੇ ਵਿੱਚ ਥਾਂ ਤਾਂ ਮਿਲਦਾ ਹੈ, ਸੁੱਖ ਤਾਂ ਮਿਲਦਾ ਹੈ, ਜੇ ਦੁਨੀਆਂ 'ਚ ਪਹਿਲਾਂ ਸੇਵਾ ਕਰੇ -

*ਧਾਰਨਾ - ਤਾਂ ਦਰਗਹ ਸੁੱਖ ਪਾਈਦੈ,*
*ਜੇ ਵਿੱਚ ਦੁਨੀਆਂ ਸੇਵ ਕਮਾਈਏ।*
*ਵਿਚਿ ਦੁਨੀਆ ਸੇਵ ਕਮਾਈਐ ॥*
*ਤਾ ਦਰਗਹ ਬੈਸਣੁ ਪਾਈਐ ॥*
*ਕਹੁ ਨਾਨਕ ਬਾਹ ਲੁਡਾਈਐ ॥ ਅੰਗ - ੨੬*

ਜਿੰਨਾ ਆਪਾਂ ਇੱਥੇ ਰਹਿੰਦੇ ਹਾਂ ਸਾਰੇ ਸੇਵਾ ਕਰੋ ਫੇਰ ਦਰਗਾਹ ਵਿੱਚ, ਸੁੰਗੜੇ ਨਹੀਂ ਫਿਰੋਗੇ ਸਗੋਂ ਛਾਤੀ ਚੌੜੀ ਕਰਕੇ ਫਿਰੋਗੇ।

*ਰੇ ਰੇ ਦਰਗਹ ਕਹੈ ਨ ਕੋਊ ॥*
*ਆਉ ਬੈਠੁ ਆਦਰੁ ਸੁਭ ਦੇਊ ॥ ਅੰਗ - ੨੫੨*

ਸੁੱਖ ਪਾਉਣਾ ਹੈ, ਤਾਂ ਸੇਵਾ ਕਰਕੇ ਦਰਗਾਹ ਦਾ ਸੁੱਖ; ਇੱਥੇ ਦਾ ਸੁੱਖ; ਮਹਾਰਾਜ ਕਹਿੰਦੇ ਸੇਵਾ ਵਾਲਾ ਜਿਹੜਾ ਹੈ ਉਹਦੇ ਵਿੱਚ ਤੇ ਰੱਬ ਵਿੱਚ ਫਰਕ ਹੱਟ ਜਾਇਆ ਕਰਦਾ ਹੈ। ਬਰਾਬਰ ਹੋ ਜਾਂਦਾ ਹੈ ਸੇਵਾ ਕਰਨ ਵਾਲਾ ਰੱਬ ਦੇ। ਭਾਈ ਘਨੱਈਏ ਨੂੰ ਗੁਰੂ ਦਸਵੇਂ ਪਾਤਸ਼ਾਹ ਨੇ ਕਿਹਾ, ਭਾਈ ਘਨੱਈਆ! ਤੂੰ ਖਾਲਸੇ ਦੀ ਪਦਵੀ ਪ੍ਰਾਪਤ ਕਰ ਲਈ, ਆਤਮ ਰਸੀਆ ਹੈਂ ਤੂੰ, ਤੇ ਹੁਣ ਸੁਣ -

*ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ॥*
*ਪ੍ਰਭ ਮਹਿ ਮੋ ਮਹਿ ਤਾਸ ਮਹਿ*
*ਰੰਚਕ ਨਾਹਨ ਭੇਵ॥ ਸਰਬ ਲੋਹ ਗ੍ਰੰਥ 'ਚੋਂ*

ਤੇਰੇ ਵਿੱਚ, ਮੇਰੇ ਵਿੱਚ ਤੇ ਵਾਹਿਗੁਰੂ ਵਿੱਚ ਕੋਈ ਭੇਦ ਨਹੀਂ ਰਿਹਾ, ਤੂੰ ਮੇਰਾ ਸਰੂਪ ਬਣ ਗਿਆ।

*ਹਰਿ ਕਾ ਸੇਵਕੁ ਸੋ ਹਰਿ ਜੇਹਾ ॥*
*ਭੇਦੁ ਨ ਜਾਣਹੁ ਮਾਣਸ ਦੇਹਾ ॥*
*ਜਿਉ ਜਲ ਤਰੰਗ ਉਠਹਿ ਬਹੁ ਭਾਤੀ*
*ਫਿਰਿ ਸਲਲੈ ਸਲਲ ਸਮਾਇਦਾ ॥*
*ਅੰਗ - ੧੦੭੬*

ਸੋ ਇਸ ਤਰ੍ਹਾਂ ਦੇ ਨਾਲ ਆਪ ਨੇ ਸਾਰਿਆਂ ਨੇ ਸੇਵਾ ਕੀਤੀ। ਸੋ ਹੁਣ ਸਮਾਂ ਇਜ਼ਾਜ਼ਤ ਨਹੀਂ ਦਿੰਦਾ, ਇੱਥੇ ਹੀ ਸਮਾਪਤੀ ਹੈ।

ਅਨੰਦ ਸਾਹਿਬ

ਗੁਰ ਸਤੋਤਰ

ਅਰਦਾਸ

# ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*
*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥*
*ਅੰਗ - ੨੮੯*
*ਅਪਨੀ ਮਾਇਆ ਆਪਿ ਪਸਾਰੀ*
*ਆਪਹਿ ਦੇਖਨਹਾਰਾ ॥*
*ਨਾਨਾ ਰੂਪੁ ਧਰੇ ਬਹੁ ਰੰਗੀ*
*ਸਭ ਤੇ ਰਹੈ ਨਿਆਰਾ ॥ ਅੰਗ - ੫੩੭*
*ਸਰਗੁਨ ਨਿਰਗੁਨ ਨਿਰੰਕਾਰ*
*ਸੁੰਨ ਸਮਾਧੀ ਆਪਿ ॥*
*ਆਪਨ ਕੀਆ ਨਾਨਕਾ*
*ਆਪੇ ਹੀ ਫਿਰਿ ਜਾਪਿ ॥ ਅੰਗ - ੨੯੦*
*ਧਾਰਨਾ - ਖੇਲੇ ਸੁਆਮੀ ਮੇਰਾ ਨਿਰਗੁਣ ਹੋ ਕੇ,*
*ਸਰਗੁਣ ਹੋ ਕੇ।*
*ਕਤਹੂੰ ਸੁਚੇਤ ਹੁਇਕੈ, ਚੇਤਨਾ ਕੋ ਚਾਰ ਕੀਓ,*
*ਕਤਹੂੰ ਅਚਿੰਤ ਹੁਇਕੈ ਸੋਵਤ ਅਚੇਤ ਹੋ।*
*ਕਤਹੂੰ ਭਿਖਾਰੀ ਹੁਇਕੈ ਮਾਂਗਤ ਫਿਰਤ ਭੀਖ,*
*ਕਹੂੰ ਮਹਾਂ ਦਾਨ ਹੁਇਕੈ*
*ਮਾਂਗਿਓ ਧਨ ਦੇਤ ਹੋ।*
*ਕਹੂੰ ਮਹਾਰਾਜਨ ਕੋ ਦੀਜਤ ਅਨੰਤ ਦਾਨ,*
*ਕਹੂੰ ਮਹਾਰਾਜਨ ਤੇ ਛੀਨ ਛਿਤ ਲੇਤ ਹੋ।*
*ਕਹੂੰ ਬੇਦ ਰੀਤ ਕਹੂੰ ਤਾ ਸਿਉ ਬਿਪ੍ਰੀਤ*
*ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰਗੁਨ ਸਮੇਤ ਹੋ।*

ਸਾਧਸੰਗਤ ਜੀ ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਹੋ। ਗੁਰਮਤਿ ਦੇ ਅਨੁਸਾਰ ਸਾਰੀ ਸ੍ਰਿਸ਼ਟੀ ਜੋ ਹੈ ਵਾਹਿਗੁਰੂ ਦਾ ਖੇਲ੍ਹ ਹੈ, ਜਿਹੋ ਜਿਹਾ ਕਿਸੇ ਨੂੰ ਭੂਮਿਕਾ (role) ਮਿਲੀ, ਓਹੋ ਜਿਹਾ ਉਹ ਖੇਲ੍ਹ ਕਰ ਰਿਹਾ ਹੈ। ਸ੍ਰਿਸ਼ਟੀ, ਰਚਨਾ ਵਾਹਿਗੁਰੂ ਤੋਂ ਕਿਵੇਂ ਬਣ ਗਈ, ਜਦ ਕਿ ਵਾਹਿਗੁਰੂ ਦੇ ਵਿਚ ਕੋਈ ਦੁਖ ਨਹੀਂ ਹੈ, ਕੋਈ ਘਾਟਾ ਨਹੀਂ ਹੈ, ਕੋਈ ਫਿਕਰ ਨਹੀਂ ਹੈ, ਕੋਈ ਸੋਚ ਨਹੀਂ ਹੈ, ਕੋਈ ਆਸਾ ਨਹੀਂ, ਕੋਈ ਅੰਦੇਸਾ ਨਹੀਂ, ਇਹ ਚੀਜ਼ਾਂ ਕਿਥੋਂ ਆ ਗਈਆਂ? ਜੋ ਸੋਝੀ ਵਾਲਾ ਦਿਮਾਗ ਹੈ, ਬੰਦਾ ਹੈ, ਤਰਕ ਦਾ ਜਿਹਦੇ ਵਿਚ ਕੁਛ ਅੰਸ ਹੈ, ਉਹ ਸੋਚ ਕੇ ਗੱਲ ਕਰੇਗਾ ਕਿ ਜੇ ਵਾਹਿਗੁਰੂ ਹੀ ਹੈ ਫੇਰ ਇਹ ਚੀਜ਼ਾਂ ਕਿਥੋਂ ਆ ਗਈਆਂ, ਐਨੀਆਂ ਮਾੜੀਆਂ? ਮਹਾਰਾਜ ਕਹਿਣ ਲੱਗੇ ਜਦੋਂ ਪ੍ਰਮੇਸ਼ਰ ਨੇ ਇਕ ਤੋਂ ਅਨੇਕ ਰੂਪ ਧਾਰੇ, ਆਪ ਹੀ ਆਪਣੇ ਆਪ ਨੂੰ ਸਾਜਿਆ -

*ਨਿਰੰਕਾਰੁ ਆਕਾਰੁ ਹੋਇ*
*ਏਕੰਕਾਰੁ ਅਪਾਰੁ ਸਦਾਇਆ।*
*ਭਾਈ ਗੁਰਦਾਸ ਜੀ, ਵਾਰ ੨੬/੨*

ਆਕਾਰ ਜਦੋਂ ਆਪ ਨੇ ਧਾਰਨ ਕਰਿਆ, ਵਾਹਿਗੁਰੂ ਜੀ ਨੇ ਏਕੰਕਾਰ ਦਾ ਨਾਮ ਰੱਖਿਆ -

*ਏਕੰਕਾਰਹੁ ਸਬਦ ਧੁਨਿ*
*ਓਅੰਕਾਰ ਅਕਾਰੁ ਬਣਾਇਆ।*
*ਭਾਈ ਗੁਰਦਾਸ ਜੀ, ਵਾਰ ੨੬/੨*

ਸ਼ਬਦ ਧੁਨ ਹੋਈ ਉਸ ਦੇ ਨਾਲ ਬੇਅੰਤ ਆਕਾਰ ਬਣ ਗਏ-

*ਕੀਤਾ ਪਸਾਉ ਏਕੋ ਕਵਾਉ ॥*
*ਤਿਸ ਤੇ ਹੋਏ ਲਖ ਦਰੀਆਉ ॥ ਅੰਗ - ੩*

ਇਹਦੇ ਵਿਚ ਜਿਥੇ ਬਾਕੀ ਚੀਜ਼ਾਂ ਪਾਈਆਂ, ਇਕ ਚੀਜ਼ ਜਿਹਨੂੰ ਹਉਮੈ ਕਹਿੰਦੇ ਨੇ ਉਹ ਪਾ ਦਿਤੀ -

*ਜਿਨਿ ਰਚਿ ਰਚਿਆ ਪੁਰਖਿ ਬਿਧਾਤੈ*
*ਨਾਲੇ ਹਉਮੈ ਪਾਈ ॥*
*ਜਨਮ ਮਰਣੁ ਉਸ ਹੀ ਕਉ ਹੈ ਰੇ*
*ਓਹਾ ਆਵੈ ਜਾਈ ॥ ਅੰਗ - ੯੯੯*

ਜੰਮਦੀ ਕੀ ਹੈ ਹਉਮੈ ਤੇ ਮਰਦੀ ਵੀ ਹਉਮੈ ਹੈ। ਉਹੀ ਜਨਮ ਧਾਰਦੀ ਹੈ, ਉਹੀ ਮੁਕਤ ਹੁੰਦੀ ਹੈ। ਹਉਮੈ ਇਕ ਐਸੀ ਚੀਜ਼ ਹੈ, ਜੋ ਪ੍ਰਮੇਸ਼ਰ ਨੇ ਨਾਲ ਹੀ ਲਾ ਦਿਤੀ ਜਦ ਸੰਸਾਰ ਰਚਿਆ। ਹਉਮੈ ਹੀ ਜੰਮਦੀ ਹੈ, ਹਉਮੈ ਹੀ ਮਰਦੀ ਹੈ, ਓਹੀ ਆਉਂਦੀ ਹੈ, ਓਹੀ ਜਾਂਦੀ ਹੈ।

ਗੁਰੂ ਨਾਨਕ ਪਾਤਸ਼ਾਹ ਸਿੱਧਾਂ ਨਾਲ ਸੁਮੇਰ ਪਰਬਤ 'ਤੇ ਬਚਨ ਕਰ ਰਹੇ ਸੀ, ਕਿਉਂਕਿ ਉਹ ਸ਼ਾਖਸ਼ਾਤ ਨੂੰ ਮੰਨਦੇ ਸੀ, ਪਾਤੰਜਲ ਨੂੰ ਮੰਨਦੇ ਸੀ, ਨਿਆਏ ਸ਼ਾਸਤਰ ਨੂੰ ਮੰਨਦੇ ਸੀ, ਉਹਨਾਂ ਦੇ ਹਿਸਾਬ ਨਾਲ ਜੋ ਈਸ਼ਵਰ ਹੈ, ਵਾਹਿਗੁਰੂ ਹੈ, ਉਹ ਸੰਸਾਰ ਤੋਂ ਅਲੱਗ ਥਲੱਗ ਰਹਿੰਦਾ ਹੈ। ਇਹਦੇ ਦੁਖ ਸੁਖ ਦਾ ਉਹਨੂੰ ਕੋਈ ਲੇਪ ਨਹੀਂ ਹੈ। ਉਹ ਆਪ ਸਤਿ ਚਿਤ ਅਨੰਦ ਰਹਿੰਦਾ ਹੈ, ਸੰਸਾਰ ਦੁਖੀ ਹੁੰਦਾ ਹੈ ਕਿਉਂਕਿ ਕਰਮਾਂ ਦਾ ਬੰਨ੍ਹਿਆ ਹੋਇਆ ਸੰਸਾਰ ਦੁਖੀ ਹੋ ਜਾਇਆ ਕਰਦਾ ਹੈ ਤੇ ਕਰਮਾਂ ਤੋਂ ਫਰੀ ਕਰ ਲੈਣਾ ਆਪਣੇ ਆਪ ਨੂੰ ਅਸ਼ਟਾਂਗ ਯੋਗ ਦੇ ਨਾਲ, ਇਹਦੇ ਨਾਲ ਇਹ ਕਹਿੰਦੇ ਨੇ ਕਿ ਇਹ ਮੁਕਤ ਹੋ ਜਾਂਦਾ ਹੈ। ਗੁਰੂ

ਮਹਾਰਾਜ ਏਸ ਮੁਕਤੀ ਨੂੰ ਤਾਂ ਨਹੀਂ ਮੰਨਦੇ, ਏਸ ਤੋਂ ਅਗਲੀ ਮੁਕਤੀ ਨੂੰ ਮੰਨਦੇ ਨੇ। ਕਿਉਂਕਿ ਜੋ ਉਨ੍ਹਾਂ ਨੇ ਸਾਧਨ ਰੱਖੇ ਨੇ, ਸਮ ਦਾ, ਦਮ ਦਾ, ਆਸਣ ਹੈ, ਪ੍ਰਾਣਾਯਾਮ ਹੈ, ਪ੍ਰਤੀਹਾਰ ਹੈ, ਪੰਜ ਹੋ ਜਾਂਦੇ ਨੇ - ਧਾਰਨਾ, ਧਿਆਨ, ਸਮਾਧੀ, ਅਸ਼ਟਾਂਗ ਯੋਗ ਇਹਨੂੰ ਕਹਿੰਦੇ ਨੇ, ਅੱਠ ਹੋਇਆ ਕਰਦੇ ਨੇ, ਇਹਦੇ ਹਿਸਾਬ ਨਾਲ ਜੀਵ ਨੂੰ ਪ੍ਰਕ੍ਰਿਤੀ ਤੋਂ ਲਾਂਭੇ ਕਰਨਾ ਹੈ, ਬਸ ਫੇਰ ਉਹਨੂੰ ਕਹਿੰਦੇ ਨੇ ਮੁਕਤ ਹੋ ਜਾਣਾ। ਗੁਰਮਤਿ ਨਹੀਂ ਏਸ ਤਰ੍ਹਾਂ ਕਹਿੰਦੀ, ਗੁਰਮਤਿ ਕਹਿੰਦੀ ਹੈ ਕਿ ਜੀਵ ਨੂੰ ਪ੍ਰਮੇਸ਼ਰ ਦੇ ਵਿਚ ਰਲਾਉਣਾ ਹੈ, ਉਥੇ ਨਹੀਂ ਹੈ ਕਿ ਇਹਨੂੰ ਆਪਣੇ ਆਪ ਹੀ ਆਤਮ ਗਿਆਨ ਹੋ ਗਿਆ। ਆਤਮ ਗਿਆਨ ਤੋਂ ਅੱਗੇ ਬ੍ਰਹਮਗਿਆਨ ਹੋਇਆ ਕਰਦਾ ਹੈ।

*ਆਤਮਾ ਪਰਾਤਮਾ ਏਕੋ ਕਰੈ ॥*
*ਅੰਤਰ ਕੀ ਦੁਬਿਧਾ ਅੰਤਰਿ ਮਰੈ ॥*

*ਅੰਗ - ੬੬੧*

ਸੋ ਮਹਾਰਾਜ ਕਹਿਣ ਲੱਗੇ, ਗੋਰਖਨਾਥ! ਇਹ ਸੰਸਾਰ 'ਚ ਦੁਖ ਜੋ ਪੈਦਾ ਹੋਇਆ ਹੈ, ਪ੍ਰਮੇਸ਼ਰ ਨੇ ਨਹੀਂ ਕਰਿਆ, ਪ੍ਰਮੇਸ਼ਰ ਨੇ ਇਕ ਤੱਤ ਬਣਾਇਆ ਹੈ, ਜਿਹਨੂੰ ਹਉਮੈ ਤੱਤ ਕਹਿੰਦੇ ਨੇ,-

*ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ*
*ਕਿਤੁ ਕਿਤੁ ਦੁਖਿ ਬਿਨਸਿ ਜਾਈ ॥*
*ਹਉਮੈ ਵਿਚਿ ਜਗੁ ਉਪਜੈ ਪੁਰਖਾ*
*ਨਾਮਿ ਵਿਸਰਿਐ ਦੁਖੁ ਪਾਈ ॥ ਅੰਗ - ੯੪੬*

ਦੁਖ ਕਿਵੇਂ ਜਾਵੇ ਤੇ ਕਿਸ ਤਰੀਕੇ ਦੇ ਨਾਲ ਸੰਸਾਰ ਬਣ ਗਿਆ? ਕਿਉਂਕਿ ਇਕ ਵਾਹਿਗੁਰੂ ਜੇ ਸਾਰੇ ਹੀ ਹੈ ਤਾਂ ਉਹਦੇ ਵਿਚ ਅਗਿਆਨ ਤਾਂ ਆ ਨਹੀਂ ਨਾ ਸਕਦਾ। ਅਗਿਆਨ ਕਿਥੋਂ ਆ ਗਿਆ, ਮਹਾਰਾਜ ਕਹਿੰਦੇ, ਹਉਮੈ ਤੱਤ ਪੈ ਗਿਆ, ਪਰਦਾ ਪੈ ਗਿਆ, ਓਸ ਪਰਦੇ ਨੇ ਜਿਹੜੀ ਚੇਤਨਤਾ (awareness) ਬਾਕੀ ਦੀ ਆਈ, ਬ੍ਰਹਮਗਿਆਨ ਜਿਸਨੂੰ ਆਖਦੇ ਨੇ, ਬ੍ਰਹਮ ਦੀ awareness ਆਖਦੇ ਨੇ, ਉਥੋਂ ਜੀਵ ਭਾਵ ਦੀ awareness ਪੜਦੇ ਦੇ ਓਹਲੇ ਆ ਗਈ। ਜਿਵੇਂ ਸੂਰਜ ਹੁੰਦਾ ਹੈ, ਉਹਦੀਆਂ ਕਿਰਨਾਂ ਜਦ ਬੰਨ੍ਹ ਕੇ ਪਾਈਆਂ ਜਾਂਦੀਆਂ ਨੇ, ਪਾਣੀ ਵੀ ਗਰਮ ਕਰਦੇ ਹਾਂ, ਸਬਜ਼ੀਆਂ ਵੀ ਬਣਦੀਆਂ ਨੇ, ਉਹ ਸੂਰਜ ਦੀ ਸ਼ਕਤੀ ਨੂੰ ਸ਼ੀਸ਼ੇ ਨੇ ਬੰਨ੍ਹ ਲਿਆ। ਐਸੇ ਤਰ੍ਹਾਂ ਪ੍ਰਮੇਸ਼ਰ ਨੇ ਪ੍ਰਕ੍ਰਿਤੀ ਪੈਦਾ ਕਰ ਦਿਤੀ, ਪ੍ਰਕ੍ਰਿਤੀ ਦੇ ਉਤੇ ਜਦ ਇਹਦਾ ਪ੍ਰਕਾਸ਼ ਪਿਆ, ਇਹਦੇ ਵਿਚ awareness ਆ ਗਈ, ਇਹਦੇ ਵਿਚ ਇਕ ਸੁਰਤ ਹੋ ਗਈ 'ਮੈਂ' ਦੀ, ਮੈਂ ਸਰੀਰ ਹਾਂ, ਮੇਰਾ ਨਾਉਂ ਫਲਾਣਾ ਹੈ, ਮੈਂ ਸੁਖੀ ਹਾਂ, ਮੈਂ ਦੁਖੀ ਹਾਂ, ਮੈਂ ਅਮੀਰ ਹਾਂ, ਮੈਂ ਗਰੀਬ ਹਾਂ, ਮੈਂ ਗੋਰਾ ਹਾਂ, ਮੈਂ ਕਾਲਾ ਹਾਂ। ਇਹਦੇ ਆਉਣ ਦੇ ਨਾਲ ਇਹ ਪ੍ਰਮੇਸ਼ਰ ਤੋਂ ਅੱਡ ਹੋ ਜਾਂਦਾ ਹੈ। ਕਿਸ ਤਰ੍ਹਾਂ ਅੱਡ ਹੋ ਜਾਂਦਾ ਹੈ, ਜਿਵੇਂ ਦਰਿਆ ਉਛਲੇ ਤੇ ਛੋਟੇ-ਛੋਟੇ ਟੋਭਿਆਂ ਦੇ ਵਿਚ ਨਿੱਕੀਆਂ-ਨਿੱਕੀਆਂ ਛਪੜੀਆਂ ਦੇ ਵਿਚ ਪਾਣੀ ਚਲਿਆ ਜਾਵੇ, ਪਾਣੀ ਓਹੀ ਹੈ ਦਰਿਆ ਦਾ ਹੀ, ਨਿਰਮਲ ਜਲ ਹੈ ਗੰਗਾ ਦਾ, ਲੇਕਿਨ ਉਛਲ ਕੇ ਜਦ ਇਹ ਵਖਰਾ ਹੋ ਜਾਂਦਾ ਹੈ ਤਾਂ ਇਹਦੇ ਵਿਚ ਫੇਰ ਕਿਰਮ ਪੈ ਜਾਂਦੇ ਨੇ, ਬਦਬੂ ਛੱਡ ਜਾਂਦਾ ਹੈ, ਪਸ਼ੂ ਆ ਕੇ ਇਹਦੇ ਵਿਚ ਇਹਨੂੰ ਗੰਦਾ ਕਰ ਜਾਂਦੇ ਨੇ, ਕਿਰਮ ਪੈ ਜਾਂਦੇ ਨੇ, ਪਾਣੀ ਓਹੀ ਹੈ, ਇਹੀ ਪਾਣੀ ਜੇ ਦਰਿਆ ਦੇ ਨਾਲ ਫੇਰ ਮੁੜ ਕੇ ਸੋਮੇ ਨਾਲ ਮਿਲ ਜਾਵੇ ਤਾਂ ਇਹਦੇ ਵਿਚ ਪਵਿਤਰਤਾ ਫੇਰ ਆ ਜਾਂਦੀ ਹੈ, ਸਥਿੱਲ (ਖੜ੍ਹਾ) ਰਹਿਣ ਕਰਕੇ ਰੌਅ ਟੁਟ ਜਾਂਦੀ ਹੈ, ਵਹਾ ਦੇ ਨਾਲੋਂ ਸੰਬੰਧ (connection) ਟੁੱਟਣ ਦੇ ਨਾਲ ਇਹ ਪਾਣੀ ਗੰਦਾ ਹੋ ਜਾਂਦਾ ਹੈ। ਇਸੇ ਤਰ੍ਹਾਂ ਪ੍ਰਕ੍ਰਿਤੀ ਦੇ ਉਤੇ ਜਿਹੜਾ ਪ੍ਰਭਾਵ ਪੈਂਦਾ ਹੈ, ਪ੍ਰਤੀਬਿੰਬ ਪੈਂਦਾ ਹੈ ਉਹਦੇ ਨਾਲ ਇਹ ਜੀਵ ਬਣ ਕੇ ਅਗਿਆਨ ਵਿਚ ਆ ਗਿਆ। ਅਗਿਆਨੀ ਜੀਵ ਫੇਰ ਭਟਕਦੇ ਫਿਰਦੇ ਨੇ, ਜੰਮੀ ਜਾਂਦੇ ਨੇ, ਮਰੀ ਜਾਂਦੇ ਨੇ, ਔਹ ਜੂਨੀ ਚਲੇ ਗਏ, ਔਹ ਜੂਨੀ 'ਚ ਚਲੇ ਗਏ, ਇਹ ਕੋਈ ਅੰਦਾਜ਼ੇ (imaginary) ਨਹੀਂ ਕਿ ਮੈਂ ਐਵੇਂ ਕਹੀ ਜਾਂਦਾ ਹਾਂ, ਐਸੀਆਂ ਬਾਤਾਂ ਸੰਸਾਰ ਦੇ ਅੰਦਰ ਚਲ ਰਹੀਆਂ ਨੇ। ਮੈਨੂੰ ਇਕ ਦਿਨ ਇਕ ਪ੍ਰੇਮੀ ਨੇ ਦੱਸਿਆ ਸੰਗਤ 'ਚ ਆਉਂਦੇ ਨੇ, ਟਰਾਂਸਪੋਰਟਰ ਨੇ। ਕਹਿੰਦੇ ਕਿ ਸਾਡੇ ਪਿੰਡ ਦੇ ਕੋਲ ਇਕ ਬੱਚਾ ਪੜਦਾ ਸੀ, ਉਹ ਜਦ ਰੋਣੀ ਆਇਆ, ਸਾਡੇ ਪਿੰਡਾਂ ਕੋਲ ਹੈ ਪਿੰਡ ਰੋਣੀ ਸਕੂਲ ਹੈ ਉਥੇ ਹਾਈ ਸਕੂਲ ਤੇ ਉਥੇ ਖੇਲ੍ਹਾਂ ਹੋ ਰਹੀਆਂ ਨੇ, ਤਾਂ ਉਹ ਕਹਿਣ ਲਗਿਆ ਮਾਸਟਰ ਜੀ ਜੇ ਮੈਨੂੰ ਆਗਿਆ ਹੋਵੇ ਮੈਂ ਆਪਣੇ ਇਲਾਕੇ ਵਿਚ ਆ ਗਿਆ ਹਾਂ, ਤੇ ਮੈਂ ਆਪਣੇ ਮਾਂ ਬਾਪ ਨੂੰ ਮਿਲ ਆਵਾਂ। ਉਹ ਕਹਿੰਦਾ ਓ ਕਾਕਾ! ਤੇਰਾ ਇਲਾਕਾ ਇਥੇ ਕਿਥੇ ਹੈ, ਤੇਰਾ ਤਾਂ ਇਲਾਕਾ ਦੂਰ ਹੈ, ਇਹ ਤੇਰਾ ਇਲਾਕਾ ਨਹੀਂ ਹੈ। ਕਹਿਣ ਲੱਗਿਆ ਜੀ ਨਹੀਂ ਮੇਰਾ ਇਲਾਕਾ ਇਹੀ ਹੈ। ਉਹ ਇਲਾਕਾ ਮੇਰਾ ਨਹੀਂ ਹੈ। ਇਥੇ ਮੇਰੇ ਮਾਂ ਬਾਪ ਨੇ, ਅੱਠਵੀਂ ਜਮਾਤ ਦਾ ਵਿਦਿਆਰਥੀ ਹੈ, ਤਾਂ ਉਨ੍ਹਾਂ ਸਾਰਿਆਂ ਨੂੰ ਦਿਲਚਸਪੀ ਪੈਦਾ ਹੋ ਗਈ, ਕਹਿੰਦੇ ਚਲੋ ਇਹਦਾ ਪਿੰਡ ਕਿਹੜਾ ਦੂਰ ਹੈ ਆਪਾਂ ਪੁੱਛ ਆਉਂਦੇ ਹਾਂ। ਇਹਨੂੰ ਮੂਹਰੇ ਕਰ ਲੈਂਦੇ ਹਾਂ, ਆਪਣੇ ਘਰ ਲੈ ਕੇ ਹੀ ਜਾਏਗਾ। ਬੱਚੇ ਨੂੰ ਅੱਗੇ ਕਰ ਲਿਆ ਤੇ ਜਦੋਂ ਉਥੇ ਚਲੇ ਗਏ, ਕਹਿੰਦੇ ਘਰ ਪਤਾ ਹੈ ਤੈਨੂੰ, ਕਹਿੰਦਾ ਹਾਂ ਜੀ। ਗਲੀ ਵਿਚ ਤੁਰਿਆ ਜਾਂਦਾ ਹੈ ਕਹਿੰਦਾ ਮਾਸੀ ਕੀ ਹਾਲ ਹੈ? ਤਕੜੀ ਹੈਂ ਹਾਕ ਮਾਰੀ। ਕਹਿੰਦਾ ਇਹ ਮੇਰੀ ਮਾਸੀ ਦਾ ਘਰ ਹੈ। ਉਹ ਸਾਰੇ ਹੈਰਾਨ ਕਿ ਇਹ ਮੁੰਡਾ ਜਿਹਾ ਨਾ ਕਦੇ ਦੇਖਿਆ ਹੈ ਇਥੇ, ਇਹ ਮਾਸੀ ਕਹਿੰਦਾ ਹੈ। ਅੱਗੇ ਆਪਣੇ ਘਰ ਚਲਿਆ ਗਿਆ, ਉਥੇ ਗਿਆ ਹੋਇਆ ਐਉਂ

ਚਲਿਆ ਗਿਆ ਜਿਵੇਂ ਪਹਿਲਾਂ ਤੋਂ ਹੀ ਆਉਂਦਾ ਹੈ। ਮਾਂ ਨੂੰ ਮਿਲਿਆ ਉਹ ਹੈਰਾਨ ਕਿ ਇਹ ਬੱਚਾ ਕੌਣ ਹੈ। ਕਹਿੰਦਾ ਮੈਨੂੰ ਮਾਤਾ ਪਛਾਣਿਆ ਨਹੀਂ ਮੈਂ ਫਲਾਣਾ ਸਿੰਘ ਹਾਂ, ਜਦੋਂ ਉਸ ਨੇ ਉਹਦੇ ਲੜਕੇ ਦਾ ਨਾਉਂ ਲਿਆ ਉਹ ਚੁਕੰਨੀ ਹੋ ਗਈ, ਕਹਿਣ ਲੱਗੀ ਹੈਂ ਕਾਕਾ! ਉਹਨੂੰ ਤਾਂ ਬੜੀ ਦੇਰ ਹੋ ਗਈ ਮਰ ਗਿਆ ਸੀ। ਕਹਿੰਦਾ ਮੈਂ ਹੀ ਹਾਂ ਉਹ। ਮੇਰੀਆਂ ਕਿਤਾਬਾਂ ਕਿਥੇ ਰੱਖੀਆ ਨੇ? ਇੰਜਨੀਅਰ ਸੀਗਾ ਉਹ, ਇੰਜਨੀਅਰੀ ਕਰਕੇ ਚੰਗੇ ਨੰਬਰ ਲੈ ਕੇ ਪਾਸ ਹੋਇਆ ਸੀ। ਕਹਿੰਦਾ ਮੇਰੀਆਂ ਕਿਤਾਬਾਂ ਤਾਂ ਨਹੀਂ ਸੁੱਟ ਦਿਤੀਆਂ, ਕਹਿੰਦੀ ਨਾ ਬੇਟਾ, ਉਹ ਤਾਂ ਪਈਆਂ ਨੇ, ਪਹਿਲੇ ਬੱਚੇ ਦਾ ਨਾਉਂ ਲੈਂਦੀ ਹੈ ਇਹਦੇ ਉਤੇ ਨਹੀਂ ਇਹਨੂੰ ਯਕੀਨ ਆਉਂਦਾ। ਉਸ ਤੋਂ ਬਾਅਦ ਬਾਹਰ ਚਲਿਆ ਗਿਆ, ਕਹਿੰਦਾ ਆਪਣੇ ਖੇਤ ਦੇ ਵਿਚ ਟਿੱਬਾ ਹੁੰਦਾ ਸੀ ਉਹ ਕਿਥੇ ਚਲਿਆ ਗਿਆ? ਕਹਿੰਦੇ ਕਰਾਹ ਲਿਆ, ਟਿਊਬਵੈਲ ਲਾ ਲਏ, ਟਿਬੇ ਖਤਮ ਹੋ ਗਏ। ਕਹਿੰਦਾ ਬਹੁਤ ਸਾਰੀ ਜ਼ਮੀਨ ਬਣ ਗਈ, ਰਾਹ ਵੀ ਬਦਲ ਗਏ ਸਾਰੇ। ਇਸ ਤਰ੍ਹਾਂ ਦੀਆ ਗੱਲਾਂ ਕਰਦਾ ਰਿਹਾ, ਪਿਤਾ ਵੀ ਆ ਗਿਆ, ਉਹਨੇ ਪਛਾਣ ਲਿਆ ਕਿ ਪਿਤਾ ਜੀ ਆ ਗਏ, ਫੇਰ ਉਹਨੇ ਦਸਿਆ ਕਿ ਆਹ ਕਿਤਾਬਾਂ ਵੀ ਮੇਰੀਆਂ ਨੇ, ਆਹ ਕਪੜੇ ਵੀ ਮੇਰੇ ਨੇ ਤੇ ਮੈਂ ਖੰਨੇ ਨੂੰ ਜਾਂਦਾ ਸੀ, ਇਥੇ ਲੰਘੇ ਜਾਂਦੇ ਅਸੀਂ ਮੇਰੇ ਨਾਲ ਸੀ ਭਣੌਈਆ, ਉਹਨੇ ਸ਼ਰਾਬ ਬਹੁਤੀ ਪੀਤੀ ਹੋਈ ਸੀ, ਈਸੜੂ ਕੋਲ ਜਾ ਕੇ ਅਸੀਂ ਖੱਡੇ ਵਿਚ ਗਿਰ ਗਏ ਤੇ ਅਸੀਂ ਦੋਵੇਂ ਮਰ ਗਏ। ਮੇਰਾ ਜਨਮ ਓਸ ਪਿੰਡ ਵਿਚ ਹੋ ਗਿਆ। ਪਰ ਮੇਰਾ ਪਿੰਡ ਇਹ ਸੀ, ਕਾਫੀ ਲੰਮੀ ਚੌੜੀ ਗੱਲ ਹੋ ਗਈ, ਮਾਸਟਰ ਲੈ ਗਏ। ਮਾਸਟਰ ਕਹਿਣ ਲੱਗੇ ਕਿ ਤੁਹਾਡੇ ਘਰ ਦੇ ਜਿਹੜੇ ਨੇ ਉਹ ਗੱਲ ਕਰਨ, ਸਾਡੇ ਕਹਿਣ ਤੇ ਨਾ ਗੱਲ ਕਰੋ। ਅਸੀਂ ਤਾਂ ਸਿਰਫ ਇਸ ਦੇ ਕਹਿਣ ਤੇ ਆਏ ਹਾਂ। ਉਹ ਵੀ ਕਾਫੀ ਕਹਿਣ ਕਿ ਇਹ ਤਾਂ ਸਾਡਾ ਬੱਚਾ ਹੈ ਸਾਡੇ ਕੋਲ ਰਹਿਣ ਦਿਓ। ਉਹਦੇ ਮਾਂ ਬਾਪ ਕਹਿਣ ਸਾਡਾ ਬੱਚਾ ਹੈ। ਉਹ ਕਹੇ ਕਿ ਮੈਂ ਤਾਂ ਇਨ੍ਹਾਂ ਦਾ ਹਾਂ ਜਿਥੇ ਮੇਰਾ ਪਹਿਲਾਂ ਜਨਮ ਹੋਇਆ ਸੀ। ਅਖੀਰ ਇਹ ਹੋਇਆ ਕਿ ਛੁਟੀਆਂ ਤਾਂ ਤੂੰ ਐਥੇ ਕਟਿਆ ਕਰ। ਪੜ੍ਹਿਆ ਕਰ ਓਥੇ ਜੋ ਇਸ ਜਨਮ ਦੇ ਤੇਰੇ ਮਾਂ ਬਾਪ ਨੇ।

ਕਿਤੇ-ਕਿਤੇ ਐਸੀਆਂ ਬੇਅੰਤ ਗੱਲਾਂ ਨੇ ਸੰਸਾਰ ਦੇ ਅੰਦਰ, ਜਿਥੋਂ ਇਹ ਪਤਾ ਲਗ ਜਾਂਦਾ ਹੈ ਕਿ ਜੀਵ ਜਿਹੜਾ ਹੈ, ਇਹ ਭਟਕਦਾ ਫਿਰਦਾ ਹੈ -

*ਪੰਖੀ ਬਿਰਖ ਸੁਹਾਵੜੇ ਊਡਹਿ ਚਹੁ ਦਿਸਿ ਜਾਹਿ ॥*
*ਜੇਤਾ ਊਡਹਿ ਦੁਖ ਘਣੇ ਨਿਤ ਦਾਝਹਿ ਤੈ ਬਿਲਲਾਹਿ॥*
*ਅੰਗ - ੬੬*

ਜਿੰਨੀਆਂ ਉਡਾਰੀਆਂ ਮਾਰਦਾ ਹੈ ਓਨਾਂ ਹੀ ਦੁਖੀ ਹੁੰਦਾ ਹੈ, ਇਹਦਾ ਦੁਖ ਤਾਂ ਖਤਮ ਹੁੰਦਾ ਹੈ ਜੇ ਇਹਨੂੰ ਗਿਆਨ ਦੀ ਪ੍ਰਾਪਤੀ ਹੋ ਜਾਵੇ, ਗਿਆਨ ਤੋਂ ਬਗੈਰ ਨਹੀਂ ਇਹਦਾ ਖਹਿੜਾ ਛੁੱਟਣਾ, ਇਹ ਜੰਮਦਾ ਮਰਦਾ ਰਹੇਗਾ। ਮਹਾਰਾਜ ਕਹਿਣ ਲੱਗੇ ਗੋਰਖਨਾਥ! ਇਹ ਸਾਰਾ ਕੌਤਕ ਜੋ ਸੰਸਾਰ 'ਚ ਹੋ ਰਿਹਾ ਹੈ, ਇਹ ਹਉਮੈ ਤੱਤ ਨੇ ਕੀਤਾ ਹੋਇਆ ਹੈ, ਹਉਮੈ ਤੱਤ ਨੇ ਪ੍ਰਮੇਸ਼ਰ ਨੂੰ ਜੀਵ ਬਣਾਇਆ ਹੋਇਆ ਹੈ, ਹਉਮੈ ਤੱਤ ਨੇ ਇਕ ਦੂਜੇ ਦੇ ਖਿਲਾਫ ਨਫਰਤ ਪੈਦਾ ਕਰੀ ਹੋਈ ਹੈ, ਮਿਤਰਤਾ ਪੈਦਾ ਕਰੀ ਹੋਈ ਹੈ, ਖੇਡ ਸਾਰੀ ਹਉਮੈ ਦੀ ਹੋ ਰਹੀ ਹੈ।

*ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ*
*ਕਿਤੁ ਕਿਤੁ ਦੁਖਿ ਬਿਨਸਿ ਜਾਈ ॥*
*ਅੰਗ - ੯੪੬*

ਮਹਾਰਾਜ ਕਹਿੰਦੇ -

*ਹਉਮੈ ਵਿਚਿ ਜਗੁ ਉਪਜੈ ਪੁਰਖਾ*
*ਨਾਮਿ ਵਿਸਰਿਐ ਦੁਖੁ ਪਾਈ ॥ ਅੰਗ - ੯੪੬*

ਜਦੋਂ ਨਾਮ ਯਾਦ ਆ ਜਾਏਗਾ, ਦੁਖਾਂ ਦਾ ਖਾਤਮਾ ਹੋ ਜਾਏਗਾ, ਕਿਉਂਕਿ ਹਉਮੈ ਤੇ ਨਾਮ ਦਾ ਵਿਰੋਧ ਹੈ, ਦੋਵੇਂ ਇਕ ਥਾਂ ਰਿਹਾ ਨਹੀਂ ਕਰਦੇ, ਐਸਾ ਫੁਰਮਾਨ ਕਰਦੇ ਨੇ -

*ਧਾਰਨਾ - ਹਉਮੈ ਤੇ ਨਾਮ ਦਾ*
*ਰਹਿੰਦਾ ਵਿਰੋਧ ਸਦ ਹੀ।*

*ਹਉਮੈ ਨਾਵੈ ਨਾਲਿ ਵਿਰੋਧੁ ਹੈ*
*ਦੁਇ ਨ ਵਸਹਿ ਇਕ ਠਾਇ ॥ ਅੰਗ - ੫੬੦*

ਇਹੋ ਜਿਹੀ ਚੀਜ਼ ਹੈ ਕਿ ਹਉਮੈ ਤੇ ਨਾਮ ਦੋਵੇਂ ਇਕੱਠੇ ਨਹੀਂ ਰਹਿੰਦੇ। ਸੋ ਮਹਾਰਾਜ ਕਹਿੰਦੇ ਗੋਰਖਨਾਥ! ਜਿੰਨਾ ਚਿਰ ਹਉਮੈ ਹੈ, ਓਨਾ ਚਿਰ ਆਦਮੀ ਦੁਖੀ ਹੈ -

*ਜੇਤਾ ਊਡਹਿ ਦੁਖ ਘਣੇ ਨਿਤ ਦਾਝਹਿ ਤੈ ਬਿਲਲਾਹਿ॥*
*ਅੰਗ - ੬੬*

ਓਨਾ ਚਿਰ ਇਹਦਾ ਵਿਰਲਾਪ ਨਹੀਂ ਮੁਕਦਾ, ਇਸ ਕਰਕੇ ਜੇ ਨਾਮ ਆ ਜਾਵੇ ਤਾਂ ਇਹ ਪਰਮ ਸੁਖੀ ਹੈ, ਕਿਉਂਕਿ ਦੋਹਾਂ ਦਾ ਵਿਰੋਧ ਹੈ, ਜਾਂ ਹਉਮੈ ਰਹੇਗੀ ਜਾਂ ਨਾਮ। ਨਾਮ ਜਿਸ ਵਕਤ ਪ੍ਰਗਟ ਹੋ ਜਾਂਦਾ ਹੈ ਉਸ ਵੇਲੇ ਆਹੀ ਸੰਸਾਰ ਬਦਲ ਕੇ ਵਾਹਿਗੁਰੂ ਦਾ ਸਰੂਪ ਨਜ਼ਰ ਆਉਣ ਲਗ ਜਾਂਦਾ ਹੈ। ਜਦ ਹਉਮੈ ਦਾ ਜ਼ੋਰ ਹੁੰਦਾ ਹੈ ਉਸ ਵੇਲੇ ਆਹੀ ਵਾਹਿਗੁਰੂ ਜਿਹਨੂੰ ਕਹਿੰਦੇ ਨੇ ਸਾਰੇ ਪਰੀਪੂਰਨ, ਘਟ-ਘਟ ਦੇ ਵਿਚ ਵਿਆਪਕ, ਸਾਰੇ ਰੂਪ ਉਸ ਦੇ ਹੋਣ ਦੇ ਬਾਵਜੂਦ ਇਨ੍ਹਾਂ ਨੂੰ ਵਖਰੇ-ਵਖਰੇ ਜਾਨਣਾ ਸ਼ੁਰੂ ਕਰ ਦਿੰਦਾ ਹੈ ਤੇ 'ਮੈਂ' ਅਤੇ 'ਤੂੰ' ਇਹਦੇ ਵਿਚ ਪੈਦਾ ਹੋ ਜਾਂਦੇ ਨੇ। ਸੋ ਇਹ ਵਿਰੋਧ ਹੈ ਪੱਕਾ, ਜਾਂ ਹਉਮੈ ਰਹੇਗੀ ਜਾਂ ਨਾਮ ਰਹੇਗਾ।

*ਹਉਮੈ ਵਿਚਿ ਸੇਵਾ ਨ ਹੋਵਈ*
*ਤਾ ਮਨੁ ਬਿਰਥਾ ਜਾਇ ॥ ੧ ॥*
*ਹਰਿ ਚੇਤਿ ਮਨ ਮੇਰੇ*
*ਤੂ ਗੁਰ ਕਾ ਸਬਦੁ ਕਮਾਇ ॥*
*ਹੁਕਮੁ ਮੰਨਹਿ ਤਾ ਹਰਿ ਮਿਲੈ*
*ਤਾ ਵਿਚਹੁ ਹਉਮੈ ਜਾਇ ॥ ਅੰਗ - ੫੬੦*

ਜਿੰਨੀ ਦੇਰ ਤਕ ਹੁਕਮ ਦੇ ਵਿਚ ਇਹਦਾ ਵਿਸ਼ਵਾਸ਼ ਨਹੀਂ ਆਉਂਦਾ, ਓਨੀ ਦੇਰ ਤਕ ਹਉਮੈ ਨਹੀਂ ਜਾਇਆ ਕਰਦੀ। ਜਦੋਂ ਹੁਕਮ ਮੰਨ ਲੈਂਦਾ ਹੈ ਪਹਿਲਾ ਹੀ ਸਬਕ ਜੋ ਸਾਨੂੰ ਗੁਰੂ ਮਹਾਰਾਜ ਨੇ ਦਿਤਾ ਹੈ, ਧਿਆਨ ਨਾਲ ਪੜ੍ਹੋ, ਮਹਾਰਾਜ ਦਾ ਫੁਰਮਾਨ ਹੈ ਕਿ ਭਾਈ ਪ੍ਰੇਮੀਓ, ਜਪੁਜੀ ਸਾਹਿਬ ਦਾ ਪਾਠ ਜ਼ਰੂਰ ਕਰਿਆ ਕਰੋ, ਪਹਿਲੀ ਲਾਈਨ ਜੋ ਸਾਨੂੰ ਦਿਤੀ ਹੈ, ਸਾਡਾ ਜੋ ਸਿਧਾਂਤ ਹੈ, ਉਹ ਪਹਿਲੀ ਲਾਈਨ ਵਿਚੋਂ ਸ਼ੁਰੂ ਹੋ ਜਾਇਆ ਕਰਦਾ ਹੈ, ਜਪੁਜੀ ਸਾਹਿਬ ਸਿਧਾਂਤ ਨੇ ਸਾਰੇ। ਇਹਦੇ ਵਿਚ ਆਉਂਦਾ ਹੈ-

*ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥*
*ਅੰਗ - ੧*

ਤੇ ਨਾ ਤਾਂ ਕਿਤਾਬਾਂ ਪੜ੍ਹੀਆ ਤੇ, ਨਾ ਇਹ ਸੋਚ-ਸੋਚ ਕੇ, ਇਹ ਸੋਚਣ ਦੇ ਨਾਲ ਪ੍ਰਾਪਤੀ (realisation) ਨਹੀਂ ਹੁੰਦੀ ਹੈ, ਜਿੰਨਾਂ ਜੀਅ ਕਰਦਾ ਹੈ ਕਿਤਾਬਾਂ ਪੜ੍ਹ ਲਓ, ਜਿੰਨਾਂ ਜੀਅ ਕਰਦਾ ਹੈ ਸੋਚੀ ਜਾਓ, ਜਿੰਨਾਂ ਜੀਅ ਕਰਦਾ ਹੈ ਚਰਚਾ ਕਰੀ ਜਾਓ, ਮਹਾਰਾਜ ਕਹਿੰਦੇ ਬਿਲਕੁਲ ਨਹੀਂ ਹੁੰਦੀ। ਤੇ ਫੇਰ ਹੋਵੇ ਕਿਵੇਂ? ਨਾ ਤਾਂ ਸਿਆਣਪਾਂ ਚਲਦੀਆਂ ਨੇ -

*ਸਹਸ ਸਿਆਣਪਾ ਲਖ ਹੋਹਿ*
*ਤ ਇਕ ਨ ਚਲੈ ਨਾਲਿ ॥ ਅੰਗ - ੧*

ਨਾ ਇਹਦੇ ਵਿਚ ਕੋਈ ਸਾਧਨ ਹੈ, ਕਿ ਜ਼ੋਰ ਨਾਲ ਸਾਧਨ ਕਰ ਲਓ ਤੇ ਉਹਦੇ ਨਾਲ ਹਉਮੈ ਦੂਰ ਕਰ ਲਵਾਂਗੇ।

*ਕਿਵ ਸਚਿਆਰਾ ਹੋਈਐ*
*ਕਿਵ ਕੂੜੈ ਤੁਟੈ ਪਾਲਿ ॥ ਅੰਗ - ੧*

ਫੇਰ ਕਿਹੜਾ ਰਸਤਾ ਹੈ ਜਿਸ ਨਾਲ ਅਸੀਂ ਸਚਿਆਰ ਬਣ ਸਕੀਏ, ਤੇ ਕੂੜ ਦੀ ਕੰਧ ਟੁੱਟ ਜਾਵੇ, ਆਪ ਫੁਰਮਾਉਂਦੇ ਨੇ ਕਿ-

*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥*
*ਅੰਗ - ੧*

ਹੁਕਮ ਤੇ ਰਜ਼ਾ ਦੀ ਜਿਹਦੇ ਵਿਚ ਸਮਝ ਆ ਗਈ, ਉਹ ਇਸ ਸੰਸਾਰ ਤੋਂ ਛੁੱਟ ਜਾਇਆ ਕਰਦਾ ਹੈ। ਉਹਨੂੰ ਉਹ ਬੁਧੀ ਪ੍ਰਾਪਤ ਹੋ ਜਾਂਦੀ ਹੈ, ਜਿਹਦੇ ਨਾਲ ਦੁਬਾਰਾ ਜਨਮ 'ਚ ਨਹੀਂ ਆਇਆ ਕਰਦਾ। ਕਿਉਂਕਿ ਹਉਮੈ ਗੁਬਾਰ ਹੈ -

*ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ ॥*
*ਅੰਗ - ੫੬੦*

ਹਉਮੈ ਵੱਡਾ ਗੁਬਾਰ ਹੈ, ਹਨ੍ਹੇਰ ਗੁਬਾਰ ਜਿਸ ਵਿਚ ਕੁਛ ਨਹੀਂ ਸੁਝਦਾ -

*ਹਉਮੈ ਵਡਾ ਗੁਬਾਰੁ ਹੈ*
*ਹਉਮੈ ਵਿਚਿ ਬੁਝਿ ਨ ਸਕੈ ਕੋਇ॥*
*ਅੰਗ - ੫੬੦*

ਤੇ ਜਿੰਨਾਂ ਚਿਰ ਹਉਮੈ ਹੈ ਓਨਾਂ ਚਿਰ ਬੁੱਝਦਾ ਨਹੀਂ ਹੈ, ਹੁਣ ਸਾਨੂੰ ਐਉਂ ਨਹੀਂ ਪਤਾ ਲਗਦਾ ਕਿ ਹਉਮੈ ਜਾਂਦੀ ਹੈ ਤਾਂ ਕੀ ਹੁੰਦਾ ਹੈ, ਹਉਮੈ ਆਉਂਦੀ ਹੈ ਤਾਂ ਕੀ ਹੁੰਦਾ ਹੈ। ਜਿੰਨਾਂ ਚਿਰ ਤਾਂ ਸਾਡੇ ਵਿਚ 'ਮੈਂ' ਤੇ 'ਮੇਰੀ' ਰਹਿੰਦੀ ਹੈ, ਓਨਾਂ ਚਿਰ ਤਾਂ ਹਉਮੈ ਰਹਿੰਦੀ ਹੈ ਜਦ 'ਮੈਂ' ਤੇ 'ਮੇਰੀ' ਮਿਟ ਜਾਏ, ਫੇਰ ਉਸ ਵੇਲੇ ਹਉਮੈ ਦਾ ਨਾਸ਼ ਹੋ ਜਾਂਦਾ ਹੈ ਫੇਰ ਸਰੀਰ ਹੁਕਮ 'ਚ ਕੰਮ ਕਰਦਾ ਹੈ-

*ਕਿਵ ਸਚਿਆਰਾ ਹੋਈਐ*
*ਕਿਵ ਕੂੜੈ ਤੁਟੈ ਪਾਲਿ ॥*
*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ*
*ਅੰਗ - ੧*

ਸੋ ਇਹ ਗੁਬਾਰ ਹੈ, ਬਗੈਰ ਹਨ੍ਹੇਰੀ ਤੋਂ ਹਨ੍ਹੇਰੀ ਆਈ ਹੋਈ ਹੈ, ਹਨ੍ਹੇਰ ਗੁਬਾਰ ਕਿਤਾਬਾਂ ਪੜ੍ਹੀਆਂ ਤੇ ਜਾਂਦਾ ਹੀ ਨਹੀਂ।

*ਹਉਮੈ ਵਿਚਿ ਭਗਤਿ ਨ ਹੋਵਈ*
*ਹੁਕਮੁ ਨ ਬੁਝਿਆ ਜਾਇ ॥ ਅੰਗ - ੫੬੦*

ਜਿਹੜਾ ਹੁਕਮ ਹੈ ਉਹ ਵੀ ਬੁਝ ਨਹੀਂ ਹੁੰਦਾ -

*ਹਉਮੈ ਵਿਚਿ ਜੀਉ ਬੰਧੁ ਹੈ*
*ਨਾਮੁ ਨ ਵਸੈ ਮਨਿ ਆਇ ॥ ਅੰਗ - ੫੬੦*

ਜਿੰਨਾ ਚਿਰ ਹਉਮੈ ਹੈ ਓਨੀ ਦੇਰ ਤਕ ਇਹ ਜੰਮਦਾ ਰਹੇਗਾ, ਮਰਦਾ ਰਹੇਗਾ। ਕਰਮਾਂ ਦਾ ਫਲ ਭੋਗਦਾ ਰਹੇਗਾ, ਨਾਮ ਨਹੀਂ ਵਸਣਾ ਮਨ 'ਚ।

*ਨਾਨਕ ਸਤਗੁਰਿ ਮਿਲਿਐ ਹਉਮੈ ਗਈ*
*ਤਾ ਸਚੁ ਵਸਿਆ ਮਨਿ ਆਇ ॥*
*ਸਚੁ ਕਮਾਵੈ ਸਚਿ ਰਹੈ ਸਚੇ ਸੇਵਿ ਸਮਾਇ ॥*
*ਅੰਗ - ੫੬੦*

ਜਦੋਂ ਹਉਮੈ ਚਲੀ ਗਈ ਫੇਰ ਸੱਚ ਦਾ ਵਾਸਾ ਹੋ ਗਿਆ। ਸੋ ਇਸ ਤਰ੍ਹਾਂ ਦੇ ਨਾਲ ਇਹ ਸਾਰਾ ਸੰਸਾਰ ਜੋ ਹੈ ਇਹ ਹਉਮੈ ਦੇ ਬੰਧਨ 'ਚ ਪਿਆ ਹੋਇਆ, ਆਪਣਾ ਸਫਰ ਮੁਕਾ ਰਿਹਾ ਹੈ। ਇਹਦੇ ਵਿਚ ਦੁਖੀ ਹੋ ਰਿਹਾ ਹੈ, ਸੁਖੀ ਹੋ ਰਿਹਾ ਹੈ, ਪ੍ਰਮੇਸ਼ਰ ਤੋਂ ਧਿਆਨ ਇਹਦਾ ਉਠਿਆ ਹੋਇਆ ਹੈ, ਪ੍ਰਮੇਸ਼ਰ ਨੂੰ ਓਪਰਾ ਜਾਣਦਾ ਹੈ -

*ਸੰਗਿ ਸਹਾਈ ਸੁ ਆਵੈ ਨ ਚੀਤਿ ॥*
*ਜੋ ਬੈਰਾਈ ਤਾ ਸਿਉ ਪ੍ਰੀਤਿ ॥ ਅੰਗ - ੨੬੭*

ਜਿਹੜੀਆਂ ਚੀਜ਼ਾਂ ਸਾਨੂੰ ਸੁੱਟਣ ਵਾਲੀਆ ਨੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਈਰਖਾ, ਨਿੰਦਿਆ,

ਚੁਗਲੀ, ਵਖੀਲੀ, ਆਸਾ, ਅੰਦੇਸਾ ਜਿਹੜੀਆਂ ਹਰ ਵਕਤ ਸਾਡੇ ਮਨ ਵਿਚ ਚਲਦੀਆਂ ਰਹਿੰਦੀਆਂ ਨੇ, ਸਾਰੀਆਂ ਚੀਜ਼ਾਂ ਸਾਨੂੰ ਬੰਨ੍ਹਣ ਵਾਲੀਆਂ ਨੇ। ਇਨ੍ਹਾਂ ਦੀ ਉਪਜ ਜੋ ਹੈ ਧਨ ਹੈ, ਲੋਕਾਂ 'ਚ ਵਾਕਫੀ ਹੈ, ਇਹ ਵੀ ਸਾਰੀਆ ਚੀਜ਼ਾਂ ਬੰਨ੍ਹ ਦਿਆ ਕਰਦੀਆਂ ਨੇ।

*ਹਉਮੈ ਵਿਚਿ ਜੀਉ ਬੰਧੁ ਹੈ*
*ਨਾਮੁ ਨ ਵਸੈ ਮਨਿ ਆਇ ॥ ਅੰਗ - ੫੬੦*

ਸੋ ਜਿਹੜੇ ਸੱਚ ਦੇ ਨਾਲ ਜੁੜਦੇ ਨੇ, ਪ੍ਰਮੇਸ਼ਰ ਦੀ ਸ਼ਰਨ ਵਿਚ ਆ ਜਾਂਦੇ ਨੇ, ਉਨ੍ਹਾਂ ਦੇ ਬਾਰੇ ਮਹਾਰਾਜ ਨੇ ਫੁਰਮਾਨ ਕੀਤਾ ਹੈ ਕਿ ਪ੍ਰਮੇਸ਼ਰ ਅਚੇਤ (inactive) ਨਹੀਂ ਹੈਗਾ, ਕਿ ਚੁਪ ਕਰਿਆ, ਜ਼ੀਰੋ ਹੈ, ਨਾ ਕਿਸੇ ਦੀ ਸੁਣਦਾ ਹੈ ਨਾ ਕਿਸੇ ਦੀ ਬੁਝਦਾ ਹੈ, ਪਏ ਰੋਈ ਜਾਓ, ਕੁਰਲਾਈ ਜਾਓ, ਫੇਰ ਤਾਂ ਉਹਨੂੰ ਮੰਨਣ ਦਾ ਹੀ ਕੀ ਫਾਇਦਾ ਜੇ ਉਹ ਸਾਡੇ ਵਲ ਧਿਆਨ (attention) ਹੀ ਨਹੀਂ ਦਿੰਦਾ, ਮਹਾਰਾਜ ਕਹਿੰਦੇ ਪਿਆਰਿਓ ਜਦ ਤੁਸੀਂ ਉਹਦੇ ਵਲ ਨੂੰ ਜਾਓਗੇ ਤਾਂ -

*ਚਰਨ ਸਰਨ ਗੁਰੁ ਏਕ ਪੈਂਡਾ ਜਾਇ ਚਲ,*
*ਸਤਿਗੁਰੁ ਕੋਟਿ ਪੈਂਡਾ ਆਗੈ ਹੋਇ ਲੇਤ ਹੈ।*
*ਕਬਿੱਤ, ਭਾਈ ਗੁਰਦਾਸ ਜੀ*

ਜਿਉਂ ਜਿਉਂ ਅਸੀਂ ਵਧਾਂਗੇ ਉਹ ਵੀ ਸਾਡੇ ਵਲ ਨੂੰ ਵਧਦਾ ਹੈ, ਸਾਡਾ ਸਬੰਧ ਜੁੜ ਜਾਂਦਾ ਹੈ ਪ੍ਰਮੇਸ਼ਰ ਦੇ ਨਾਲ, ਜਦੋਂ ਸਾਡਾ ਸਬੰਧ ਜੁੜ ਗਿਆ, ਪਿਆਰ ਜੁੜ ਗਿਆ, ਉਸ ਵੇਲੇ ਸਾਡਾ ਜੋ ਵਰਤਾਰਾ ਹੈ ਸਾਡੇ ਨਾਲ ਇਸ ਤਰ੍ਹਾਂ ਦਾ ਹੁੰਦਾ ਹੈ -

*ਧਾਰਨਾ - ਅਉਖੀ ਘੜੀ ਨ ਦੇਖਣ ਦੇਵੇ*
*ਆਪਣਾ ਬਿਰਦ ਸੰਮਾਲਦਾ।*
*ਅਉਖੀ ਘੜੀ ਨ ਦੇਖਣ ਦੇਈ*
*ਅਪਨਾ ਬਿਰਦੁ ਸਮਾਲੇ ॥*
*ਹਾਥ ਦੇਇ ਰਾਖੈ ਅਪਨੇ ਕਉ*
*ਸਾਸਿ ਸਾਸਿ ਪ੍ਰਤਿਪਾਲੇ ॥ ਅੰਗ - ੬੮੨*

ਏਸ ਖੇਡ ਦੇ ਵਿਚ ਭਾਵੇਂ ਵਾਹਿਗੁਰੂ ਜੀ ਇਕ ਨੇ, ਪਰ ਜਦ ਆਪਣੀ ਖੇਡ ਰਚਦੇ ਨੇ, ਇਕ ਤੋਂ ਅਨੇਕ ਹੋ ਕੇ ਰਚਦੇ ਨੇ-

*ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ।।*
*ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ।।*
*ਜਾਪੁ ਸਾਹਿਬ*

ਏਸ ਗੱਲ ਨੂੰ ਸਮਝਣ ਵਾਸਤੇ ਇਕ ਸਾਖੀ ਦੀ ਮਦਦ ਲੈਂਦੇ ਹਾਂ ਕਿ ਇਕ ਰਾਜਾ ਬੜਾ ਚੰਗਾ ਰਾਜਾ ਹੈ, ਉਹਦੇ ਪਰਿਵਾਰ ਵਿਚ ਇਕ ਜਾਦੂਗਰ ਆਇਆ, ਕਹਿਣ ਲੱਗਿਆ ਮਹਾਰਾਜ! ਨਮਸ਼ਕਾਰ ਆਪ ਨੂੰ। ਕਹਿਣ ਲੱਗਿਆ ਕੌਣ ਹੈ? ਉਸ ਨੇ ਕਿਹਾ ਕਿ ਮੈਂ ਜਾਦੂਗਰ ਹਾਂ, ਤੇ ਮੈਂ ਬੜੇ ਕਿਸਮ ਦੇ ਖੇਲ੍ਹ ਦਿਖਾ ਸਕਦਾ ਹਾਂ, ਜਿਹੜੀ ਅਣਹੋਈ ਚੀਜ਼ ਹੈ ਮੈਂ ਪੈਦਾ ਕਰ ਸਕਦਾ ਹਾਂ, ਦੇਵਤਿਆ ਦੇ ਦਰਸ਼ਨ ਕਰਾ ਸਕਦਾ ਹਾਂ, ਦੇਵਤਿਆਂ ਨਾਲ ਯੁੱਧ ਕਰ ਸਕਦਾ ਹਾਂ। ਕਹਿਣ ਲੱਗੇ ਦੇਖ, ਜਾਦੂਗਰ! ਖੇਲ੍ਹ ਤਾਂ ਦੇਖਦਿਆਂ ਦੀ ਸਾਡੀ ਉਮਰ ਬੀਤ ਗਈ। ਪਰ ਕੋਈ ਐਸਾ ਖੇਲ੍ਹ ਦਿਖਾ, ਜਿਹਦੇ ਵਿਚ ਮੰਨੋਰੰਜਨ ਵੀ ਹੋਵੇ ਤੇ ਨਾਲ ਸਿਖਿਆ ਵੀ ਹੋਵੇ, ਕਹਿਣ ਲੱਗਿਆ ਮਹਾਰਾਜ, ਮੈਂ ਦੇਵਤਿਆਂ ਨਾਲ ਯੁੱਧ ਤਾਂ ਕਰ ਸਕਦਾ ਹਾਂ, ਪਰ ਮੇਰੇ ਨਾਲ ਮੇਰੀ ਇਸਤ੍ਰੀ ਹੈ, ਇਹਨੂੰ ਜੇ ਕੋਈ ਬਚਨ ਦੇਵੋਂ ਤੁਸੀਂ ਕਿ ਇਹਦੀ ਰਾਖੀ ਕਰਾਂਗੇ, ਮਾਣ ਮਰਿਆਦਾ ਇਹਦੀ ਕਾਇਮ ਰਖਾਂਗੇ, ਤਾਂ ਫੇਰ ਮੈਂ ਨਿਸੰਗ ਹੋ ਕੇ ਬਗੈਰ ਫਿਕਰ ਤੋਂ ਜਾ ਕੇ ਯੁਧ ਕਰ ਸਕਦਾ ਹਾਂ। ਰਾਜਾ ਕਹਿਣ ਲੱਗਿਆ ਕਿ ਦੇਖ ਜਾਦੂਗਰ ਮੇਰੀ ਲੜਕੀ ਵੀ ਇਸੇ ਉਮਰ ਦੀ ਹੈ, ਇਹ ਮੇਰੀ ਲੜਕੀ ਹੈ ਧਰਮ ਦੀ ਧੀ ਹੈ, ਇਹ ਮੇਰੀ ਲੜਕੀ ਦੇ ਨਾਲ ਰਹੇਗੀ, ਤੂੰ ਫਿਕਰ ਨਾ ਕਰ। ਲੜਕੀ ਉਥੇ ਉਪਸਥਿਤ ਹੈ, ਕੁਰਸੀਆਂ ਲੱਗੀਆ ਹੋਈਆਂ ਨੇ, ਖੇਲ੍ਹ ਸ਼ੁਰੂ ਹੋਣ ਵਾਲਾ ਹੈ, ਕਹਿਣ ਲਗਿਆ ਬੀਬਾ! ਤੂੰ ਉਥੇ ਬਹਿ ਜਾ ਮੇਰੀ ਲੜਕੀ ਕੋਲ ਜਾ ਕੇ। ਰਾਜੇ ਨੇ ਜਾਦੂਗਰ ਨੂੰ ਕਿਹਾ ਕਿ ਤੂੰ ਫਿਕਰ ਨਾ ਕਰ, ਖੇਡ ਦਿਖਾ। ਉਸ ਨੇ ਉਸੇ ਵੇਲੇ ਇਕ ਗੋਲਾ ਕੱਢਿਆ, ਉਪਰ ਨੂੰ ਮਾਰਿਆ, ਦੇਖਦੇ-ਦੇਖਦੇ ਗਾਇਬ ਹੋ ਗਿਆ, ਕਹਿਣ ਲੱਗਿਆ ਇਹ ਪਉੜੀ ਬਣ ਗਈ ਹੈ ਆਕਾਸ਼ ਦੀ ਤੇ ਮੈਂ ਹੁਣ ਉਪਰ ਜਾ ਕੇ ਲੜਾਈ ਕਰਾਂਗਾ। ਥੋੜ੍ਹਾ ਚਿਰ ਦਿਖਦਾ ਰਿਹਾ ਉਹਦੇ ਰਾਹੀਂ ਚੜ੍ਹਦਾ, ਧਾਗੇ ਤੇ, ਬਾਅਦ ਵਿਚ ਦਿਖਣ ਤੋਂ ਹਟ ਗਿਆ। ਸਾਰਿਆਂ ਦੇ ਮਨਾਂ ਵਿਚ ਇਹ ਹੋ ਗਿਆ ਕਿ ਇਹ ਤਾਂ ਕੋਈ ਬਹੁਤ ਵੱਡਾ ਬੰਦਾ ਹੈ, ਐਸਾ ਤਾਂ ਅੱਜ ਤਕ ਨਹੀਂ ਦੇਖਿਆ ਕਿ ਖੇਲ੍ਹ ਵੀ ਹੋਵੇ ਤੇ ਸਿਖਿਆ ਵੀ ਹੋਵੇ। ਕਹਿਣ ਲੱਗੇ ਕਿ ਇਹ ਬਹੁਤ ਬਹਾਦਰ ਹੈ, ਇੰਨੇ ਨੂੰ ਉਪਰ ਚੜ੍ਹ ਗਿਆ, ਜਾ ਕੇ ਆਵਾਜ਼ ਦਿਤੀ ਕਿ ਰਾਜਨ! ਮੈਂ ਸਵਰਗ ਲੋਕਾਂ 'ਚ ਪਹੁੰਚ ਗਿਆ ਤੇ ਹੁਣ ਮੇਰਾ ਯੁੱਧ ਜੋ ਹੈ ਇਹ ਵਰੁਣ ਦੇਵਤੇ ਨਾਲ ਹੋ ਰਿਹਾ ਹੈ, ਪਾਣੀਆਂ ਦੇ ਦੇਵਤੇ ਨਾਲ, ਥੋੜ੍ਹੀ ਦੇਰ ਬਾਅਦ ਓਹਦਾ ਸੀਸ ਕੱਟ ਕੇ ਸਿੱਟ ਦਿਤਾ, ਕਹਿੰਦਾ ਦਰਸ਼ਨ ਕਰੋ ਸੀਸ ਦੇ। ਉਥੇ ਹਵਾ ਦੇ ਨਾਲ ਜਦੋਂ ਸਾਹ ਬਾਹਰ ਨੂੰ ਆਉਂਦਾ ਹੈ, ਬੇਅੰਤ ਪਾਣੀ ਉਥੇ ਫਿਰਨ ਲੱਗ ਗਿਆ। ਉਸ ਤੋਂ ਬਾਅਦ ਆਵਾਜ਼ ਆਈ ਕਿ ਮੈਂ ਹੁਣ ਅਗਨ ਦੇਵਤੇ ਨਾਲ ਯੁੱਧ ਕਰਦਾ ਹਾਂ। ਥੋੜ੍ਹੀ ਦੇਰ ਬਾਅਦ ਓਹਦਾ ਵੀ ਸਿਰ ਵੱਢ ਕੇ ਸੁੱਟ ਦਿਤਾ। ਏਸ ਦੇ ਜੋ ਜਰਨੈਲ ਸੀ ਉਹ ਕਹਿਣ ਲੱਗੇ ਮਹਾਰਾਜ! ਇਹ ਤਾਂ ਬਹੁਤ ਬਹਾਦਰ ਹੈ ਜਿਹੜਾ ਦੇਵਤਿਆਂ ਨਾਲ ਯੁੱਧ ਕਰ ਸਕਦਾ ਹੈ। ਸੋ ਏਸ ਤਰ੍ਹਾਂ ਕਹਿਣ ਲੱਗਿਆ ਕਿ ਮੈਂ ਹੁਣ ਕੁਬੇਰ ਨਾਲ ਯੁੱਧ ਕਰਦਾ ਹਾਂ, ਦੇਵਤਿਆਂ ਦੇ ਨਾਉਂ ਲਈ ਜਾਂਦਾ ਹੈ, ਸੁੱਟੀ ਜਾਂਦਾ ਹੈ ਹੇਠਾਂ, ਕਿਸੇ ਦੇ ਮੂੰਹ 'ਚੋਂ ਪਾਣੀ ਨਿਕਲਦਾ ਹੈ, ਕਿਸੇ

ਦੇ ਅੱਗ ਨਿਕਲਦੀ ਹੈ, ਅਖੀਰ ਕਹਿਣ ਲੱਗਿਆ ਕਿ ਮੈਂ ਹੁਣ ਸਵਰਗ ਲੋਕ ਦੇ ਰਾਜੇ ਇੰਦਰ ਨਾਲ ਯੁੱਧ ਕਰਨ ਲੱਗਿਆ ਹਾਂ। ਇੰਦਰ ਦੇ ਨਾਲ ਯੁੱਧ ਕਰਦੇ ਇਹਦੀ ਹੀ ਚੀਕ ਹੇਠਾਂ ਸੁਣਾਈ ਦਿਤੀ ਤੇ ਨਾਲ ਦੀ ਨਾਲ ਕੀ ਦੇਖਦੇ ਨੇ ਕਿ ਉਹਦੀ ਬਾਂਹ ਕਟੀ ਹੋਈ ਹੇਠਾਂ ਆ ਰਹੀ ਹੈ, ਲੱਤ ਕਟੀ ਹੋਈ ਆ ਰਹੀ ਹੈ, ਤੇ ਐਨੇ ਨੂੰ ਧੜ ਵੀ ਗਿਰ ਗਿਆ ਤੇ ਸਿਰ ਕਟਿਆ ਹੋਇਆ ਆ ਗਿਆ। ਸਾਰਿਆਂ ਦੇ ਮਨ ਦੇ ਅੰਦਰ ਬੜਾ ਭਾਰਾ ਰੰਜ ਹੋਇਆ ਕਿ ਦੇਖੋ ਕਿੱਡਾ ਬਹਾਦਰ ਸੀ, ਇਸਤ੍ਰੀ ਉਸ ਵੇਲੇ ਰੋਣ ਲੱਗ ਗਈ, ਇਸਨੇ ਕਿਹਾ ਕਿ ਮੈਂ ਤਾਂ ਆਪਣੇ ਪਤੀ ਦੇ ਅੰਗ ਇਕੱਠੇ ਕਰਕੇ ਸਤੀ ਹੋਣਾ ਹੈ। ਇੰਤਜ਼ਾਮ ਕਰ ਦਿਤਾ ਗਿਆ, ਬਹੁਤ ਮਨਾ ਕੀਤਾ, ਉਹਨੇ ਕਿਹਾ ਨਹੀਂ ਮੈਂ ਤਾਂ ਆਪਣੇ ਪਤੀ ਨਾਲ ਸਤੀ ਹੋਣਾ ਹੈ ਤੇ ਉਸ ਚਿਖਾ ਦੇ ਉਤੇ ਬੈਠ ਕੇ ਸਾਰਿਆਂ ਦੇ ਸਾਮ੍ਹਣੇ ਸਤੀ ਹੋ ਗਈ। ਚਿਖਾ ਜਲ ਰਹੀ ਹੈ ਤੇ ਐਨੇ ਨੂੰ ਕੀ ਦੇਖਦੇ ਨੇ ਕਿ ਜਾਦੂਗਰ ਆ ਗਿਆ, ਕਹਿੰਦਾ ਮਹਾਰਾਜ! ਨਮਸ਼ਕਾਰ, ਰਾਜਾ ਕਹਿਣ ਲਗਿਆ ਇਹ ਤਾਂ ਮਰ ਗਿਆ ਸੀ। ਕਹਿੰਦੇ ਜਾਦੂਗਰ ਤੂੰ ਤਾਂ ਮਰ ਗਿਆ ਸੀ। ਕਹਿੰਦਾ ਮਹਾਰਾਜ! ਜੇ ਮੈਂ ਮਰ ਗਿਆ ਸੀ ਤਾਂ ਫੇਰ ਹੁਣ ਤੁਹਾਡੇ ਸਾਮ੍ਹਣੇ ਕਿਉਂ ਖੜ੍ਹਾ ਹਾਂ। ਤੁਹਾਡੇ ਮਨ 'ਚ ਕੋਈ ਬੇਈਮਾਨੀ ਹੋਣੀ ਹੈ ਮੇਰੀ ਇਸਤ੍ਰੀ ਦੱਸੋ ਕਿਥੇ ਹੈ? ਰਾਜਾ ਕਹਿਣ ਲੱਗਿਆ, ਜਾਦੂਗਰ! ਬਿਲਕੁਲ ਤੂੰ ਹੀ ਗਿਰਿਆ ਸੀਗਾ, ਤੇਰੇ ਅੰਗ ਚੁਣ ਕੇ, ਤੇਰੀ ਘਰਵਾਲੀ ਨੇ ਪਛਾਣ ਕੇ, ਸਤੀ ਹੋ ਗਈ ਉਹ ਤੇਰੇ ਨਾਲ। ਕਹਿਣ ਲੱਗਿਆ, ਬਿਲਕੁਲ ਗਲਤ। ਤੁਸੀਂ ਮੇਰੀ ਪਤਨੀ ਨੂੰ ਕੈਦ ਕਰ ਦਿਤਾ। ਸਾਰੀ ਰਿਆਇਆ ਵੀ ਕਹਿੰਦੀ ਹੈ ਕਿ ਨਹੀਂ ਉਹ ਤਾਂ ਸਤੀ ਹੋ ਗਈ। ਕਹਿੰਦਾ ਮੈਂ ਆਵਾਜ਼ ਦਿੰਦਾ ਹਾਂ, ਪੂਰੇ ਜ਼ੋਰ ਨਾਲ ਆਵਾਜ਼ ਮਾਰੀ, ਦੂਜੇ ਪਾਸਿਓਂ ਆਵਾਜ਼ ਆ ਗਈ ਕਿ ਮੈਂ ਹਾਂ ਤਾਂ ਜੀਉਂਦੀ ਪਰ ਮੈਨੂੰ ਸੱਤ ਤਾਲਿਆਂ ਦੇ ਅੰਦਰ ਬੰਦ ਕਰਿਆ ਹੋਇਆ ਹੈ। ਕਹਿੰਦਾ, ਰਾਜਨ! ਚਾਬੀ ਦੇਹ। ਕਿਲ੍ਹੇ ਦੇ ਅੰਦਰ ਤੂੰ ਬੰਦ ਕਰੀ ਹੋਈ ਹੈ। ਉਸ ਵੇਲੇ ਚਾਬੀ ਲੈ ਕੇ, ਤਾਲਾ ਖੋਲ੍ਹ ਕੇ ਉਹਨੂੰ ਲੈ ਆਉਂਦਾ ਹੈ। ਉਹ ਕਹਿੰਦੀ ਮੈਨੂੰ ਅੰਦਰ ਬੰਦ ਕਰ ਦਿਤਾ ਸੀ। ਰਾਜਾ ਹੋਰ ਹੈਰਾਨ ਹੋ ਗਿਆ ਕਿ ਇਹ ਕੀ ਭਾਣਾ ਵਰਤ ਗਿਆ ਇਹ ਤਾਂ ਸਾਡੇ ਸਾਰਿਆਂ ਦੇ ਸਾਮ੍ਹਣੇ ਸਤੀ ਹੋਈ ਹੈ। ਉਸ ਤੋਂ ਬਾਅਦ ਉਹਨੇ ਖੇਲ੍ਹ ਸੰਕੋਚ ਲਿਆ।

ਕਹਿਣ ਲੱਗਿਆ, ਮਹਾਰਾਜ! ਖੇਲ੍ਹ ਕੈਸਾ ਸੀ, ਪਸੰਦ ਆਇਆ।

ਸਾਰੇ ਹੈਰਾਨ ਹੋ ਗਏ, ਕਹਿੰਦੇ ਜਾਦੂਗਰ! ਕੀ ਇਹ ਸਾਰਾ ਖੇਲ੍ਹ ਸੀ?

ਕਹਿੰਦਾ ਹਾਂ।

ਕਹਿੰਦਾ ਮਹਾਰਾਜ! ਮੰਨੋਰੰਜਨ ਤਾਂ ਇਹ ਸੀ ਕਿ ਤੁਸੀਂ ਸਾਰਾ ਖੇਲ੍ਹ ਦੇਖਿਆ। ਇਹਦੇ ਵਿਚ ਸਿਖਿਆ ਇਹ ਸੀ ਕਿ ਮੈਂ ਇਕ ਮਨੁੱਖ ਹਾਂ, ਮੈਂ ਆਪਣੀ ਮਾਇਆ ਦਾ ਪਸਾਰਾ ਕੀਤਾ, ਏਸ ਮਾਇਆ ਨੇ ਤੁਹਾਨੂੰ ਕਿੰਨੇ ਚੱਕਰ 'ਚ ਪਾ ਦਿਤਾ, ਪਹਿਲਾਂ ਰਾਗ ਆਇਆ, ਫਿਰ ਖੁਸ਼ੀ ਆਈ, ਫੇਰ ਗਮੀ ਆਈ, ਤੇ ਦਰਅਸਲ ਹੋਇਆ ਕੁਛ ਵੀ ਨਹੀਂ ਇਕ ਖੇਲ੍ਹ ਸੀਗਾ। ਮਹਾਰਾਜ! ਜੇ ਮੇਰੇ ਇਕ ਮਨੁਖ ਦਾ ਖੇਲ੍ਹ ਤੁਹਾਨੂੰ ਸਾਰਿਆਂ ਨੂੰ ਉਲਝਣ 'ਚ ਪਾ ਸਕਦਾ ਹੈ ਤੇ ਫੇਰ ਜਿਹੜਾ ਵਾਹਿਗੁਰੂ ਦਾ ਖੇਲ੍ਹ ਹੋ ਰਿਹਾ ਹੈ। ਇਹ ਤਾਂ ਕਿੰਨਾ ਜ਼ਬਰਦਸਤ ਹੈ, ਕਿੰਨਾ ਤਕੜਾ ਹੈ। ਸੋ ਮੈਂ ਇਕੱਲਾ ਹੀ ਸੀ ਪਰ ਮੇਰਾ ਖੇਲ੍ਹ ਹੋ ਰਿਹਾ ਸੀ, ਉਹ ਤੁਹਾਨੂੰ ਬੇਅੰਤ ਸਰੂਪ ਮੇਰੇ ਨਜ਼ਰ ਆ ਰਹੇ ਸੀ। ਬੇਅੰਤ ਤੁਹਾਨੂੰ ਦੇਵਤੇ ਵੀ ਦਿਸੇ, ਹੋਰ ਵੀ ਬਹੁਤ ਕੁਛ ਮੈਂ ਤੁਹਾਨੂੰ ਸੁਣਾਇਆ। ਮੈਂ ਮਹਾਰਾਜ ਕਿਤੇ ਨਹੀਂ ਗਿਆ, ਮੈਂ ਇਥੇ ਹੀ ਖੜ੍ਹਾ ਹੋਇਆ ਹਾਂ, ਮੈਂ ਇਕ ਖੇਲ੍ਹ ਕਰਿਆ ਸੀ, ਉਹ ਜਿਹੜਾ ਵਾਹਿਗੁਰੂ ਹੈ –

*ਬਾਜੀਗਰਿ ਜੈਸੇ ਬਾਜੀ ਪਾਈ ॥*
*ਨਾਨਾ ਰੂਪ ਭੇਖ ਦਿਖਲਾਈ ॥*
*ਸਾਂਗੁ ਉਤਾਰਿ ਥੰਮ੍ਹਿਓ ਪਾਸਾਰਾ ॥*
*ਤਬ ਏਕੋ ਏਕੰਕਾਰਾ ॥ ਅੰਗ - ੭੩੬*

ਉਹ ਪਹਿਲਾਂ ਵੀ ਇਕ ਹੈ, ਖੇਲ੍ਹ ਦੇ ਵਿਚ –

*ਅਪਨੀ ਮਾਇਆ ਆਪਿ ਪਸਾਰੀ*
*ਆਪਹਿ ਦੇਖਨਹਾਰਾ ॥ ਅੰਗ - ੫੩੭*

ਆਪੇ ਦੇਖਣ ਲਗ ਗਿਆ, ਜਾਦੂਗਰ ਵੀ ਦੇਖਦਾ ਸੀ ਵਾਹਿਗੁਰੂ ਵੀ ਦੇਖਦਾ ਹੈ।

*ਨਾਨਾ ਰੂਪੁ ਧਰੇ ਬਹੁ ਰੰਗੀ*
*ਸਭ ਤੇ ਰਹੈ ਨਿਆਰਾ ॥ ਅੰਗ - ੫੩੭*

ਬੇਅੰਤ ਰੂਪ ਧਾਰੇ ਹੋਏ ਨੇ, ਅਰਬਾਂ ਖਰਬਾਂ ਸਾਲਾਂ ਤੋਂ ਰੂਪ ਹੀ ਆਈ ਜਾਂਦੇ ਨੇ, ਇਕ ਦਾ ਦੂਜੇ ਨਾਲ ਨਹੀਂ ਮਿਲਦਾ, ਕਮਾਲ ਹੀ ਹੈ। ਵੱਡੇ-ਵੱਡੇ ਆਉਂਦੇ ਨੇ ਤੁਰ ਜਾਂਦੇ ਨੇ। ਦੁਨੀਆਂ ਸਤਿ ਲਗ ਰਹੀ ਹੈ, ਦਰਅਸਲ ਇਹ ਹੈ ਕੁਛ ਵੀ ਨਹੀਂ।

ਮਹਾਰਾਜ ਕਹਿੰਦੇ –

*ਇਹੁ ਜਗੁ ਧੂਏ ਕਾ ਪਹਾਰ ॥*
*ਤੈ ਸਾਚਾ ਮਾਨਿਆ ਕਿਹ ਬਿਚਾਰਿ ॥*
*ਅੰਗ - ੧੧੯੨*

ਦੱਸ ਸੱਚਾ ਕਿਉਂ ਮੰਨਿਆ? ਜੇ ਸੱਚਾ ਹੋਵੇ ਤੇਰੇ ਦਾਦੇ ਵੀ ਇਥੇ ਹੋਣ ਨਕੜਦਾਦੇ, ਉਨ੍ਹਾਂ ਦੇ ਦਾਦੇ, ਉਨ੍ਹਾਂ ਦੇ ਦਾਦੇ, ਫੇਰ ਕੋਈ ਜਾਵੇ? ਸੱਚਾ ਤਾਂ ਜਾਂਦਾ ਨਹੀਂ ਹੁੰਦਾ, ਕਹਿੰਦੇ ਇਸ ਤਰ੍ਹਾਂ ਦੇ ਨਾਲ ਕਿੱਡਾ ਤਿਲਸਮ ਹੈ, ਕਿੱਡਾ ਜਾਦੂ ਹੈ ਕਿ ਆਦਮੀ ਭੁੱਲ ਜਾਂਦਾ

ਹੈ। ਭੁੱਲਦਾ ਕਾਹਦੇ ਨਾਲ ਹੈ, ਇਹ ਭੁੱਲਣ ਵਾਲੇ ਤੱਤ ਨੂੰ ਹੀ ਹਉਮੈ ਕਹਿੰਦੇ ਨੇ, ਮਾਇਆ ਕਹਿੰਦੇ ਨੇ –

*ਏਹ ਮਾਇਆ ਜਿਤੁ ਹਰਿ ਵਿਸਰੈ*
*ਮੋਹੁ ਉਪਜੈ ਭਾਉ ਦੂਜਾ ਲਾਇਆ ॥*

*ਅੰਗ – ੯੨੧*

ਜਿਹੜਾ ਵਾਹਿਗੁਰੂ ਭੁੱਲ ਜਾਵੇ ਤੇ ਜਿਹੜੀਆਂ ਅਨਾਤਮ ਚੀਜ਼ਾਂ ਨੇ, ਨਾਸ਼ਵਾਨ ਚੀਜ਼ਾਂ, ਉਨ੍ਹਾਂ ਨਾਲ ਸਾਡਾ ਪਿਆਰ ਲਗ ਜਾਵੇ, ਇਹਨੂੰ ਮਾਇਆ ਕਹਿੰਦੇ ਨੇ, ਕਿੱਡੀ ਜ਼ਬਰਦਸਤ ਚੀਜ਼ ਹੈ ਇਹ, ਕਿ ਮਾਇਆ ਦੇ ਉਲਝਾਏ ਹੋਏ ਅਸੀਂ ਤੁਰੇ ਫਿਰਦੇ ਹਾਂ। ਸਾਨੂੰ ਗਿਆਨ ਨਹੀਂ ਹੁੰਦਾ, ਜੀਵ ਬਣ ਗਏ ਅਸੀਂ, ਆਤਮ ਸ਼ਹਿਜ਼ਾਦੇ ਤੋਂ ਅਸੀਂ ਐਨੇ ਨੀਵੇਂ ਆ ਗਏ ਕਿ ਆਪਣੇ ਆਪ ਨੂੰ ਸਰੀਰ ਸਮਝਣਾ ਸ਼ੁਰੂ ਕਰ ਦਿਤਾ। ਦੇਹ ਅਧਿਆਸ ਪੱਕਾ ਹੋ ਗਿਆ ਸਾਡਾ, ਦੇਹ ਨੂੰ ਸ਼ਿੰਗਾਰੀ ਜਾਂਦੇ ਹਾਂ, ਆਪਣਾ ਆਪ ਦੇਹ ਨੂੰ ਸਮਝਦੇ ਹਾਂ। ਦੇਹ ਅਸੀਂ ਹੈ ਨਹੀਂ। ਇਹਦੇ ਵਿਚ ਵਸਣ ਵਾਲਾ ਪੰਛੀ ਹੈ, ਜਿਹਨੂੰ ਜੀਵ ਆਤਮਾ ਕਹਿੰਦੇ ਨੇ, ਜੀਵ ਤਾਂ ਬਣਿਆ ਹੈ ਕਿਉਂਕਿ ਅਗਿਆਨ ਹੇਠ ਆ ਗਿਆ। ਜਿਸ ਤਰ੍ਹਾਂ ਆਰਸੀ ਸ਼ੀਸ਼ਾ ਜਿਹੜਾ ਹੁੰਦਾ ਹੈ, ਆਹ ਹੁਣ ਜਿਥੇ ਪਾਣੀ ਗਰਮ ਹੁੰਦੇ ਨੇ, ਸੋਲਰ ਐਨਰਜੀ ਜਿਸਨੂੰ ਆਖਦੇ ਨੇ, ਸਾਰੇ ਹੀ ਜਾਣਦੇ ਹਾਂ ਹੁਣ, ਸੂਰਜ ਦੀਆਂ ਕਿਰਨਾਂ ਪੈਂਦੀਆਂ ਨੇ, ਉਸ ਤੋਂ ਅੱਗੇ ਦੇਖੋ ਕੀ ਅਸਰ ਹੁੰਦਾ ਹੈ। ਪ੍ਰਸ਼ਾਦੇ ਵੀ ਲਾਹੁਣ ਵਾਸਤੇ heat ਮਿਲਦੀ ਹੈ, ਪਾਣੀ ਵੀ ਗਰਮ ਕਰਦਾ ਹੈ, ਹਰੇਕ ਚੀਜ਼ ਕਰਦਾ ਹੈ। ਰਾਵਣ ਕੋਲ ਵੀ ਐਸੀਆਂ ਚੀਜ਼ਾਂ ਹੋਣੀਆਂ ਨੇ ਜਿਹਦੇ ਕਰਕੇ ਕਿਹਾ ਹੈ ਕਿ ਉਹਦੇ ਕਪੜੇ ਵਗੈਰਾ ਉਹਦੇ ਨਾਲ ਧੋਤੇ ਜਾਂਦੇ ਸੀ, ਰਸੋਈ ਵੀ ਬਣਦੀ ਸੀ, ਇਸੇ ਤਰ੍ਹਾਂ ਇਹ ਜਿਹੜਾ ਭਰਮ (ignorance) ਕਰਕੇ ਸੰਸਾਰ ਚਲਦਾ ਹੈ, ਸੰਸਾਰ ਦੀ ਖੇਡ ਹੈ, ਇਹਦੇ 'ਚੋਂ ਜੀਵ ਨੂੰ ਨਿਕਲਣ ਦਾ ਯਤਨ ਕਰਨਾ ਚਾਹੀਦਾ ਹੈ। ਸਭ ਤੋਂ ਸੁਖਾਲਾ ਤਰੀਕਾ ਹੈ – ਕਰਮ, ਉਪਾਸ਼ਨਾ, ਗਿਆਨ, ਵਿਗਿਆਨ ਇਹਨੂੰ ਰਲਾ ਕੇ ਭਗਤੀ ਕਹਿੰਦੇ ਨੇ। ਭਗਤੀ ਦੇ ਨਾਲ ਇਹ ਮਾਇਆ ਛੁਟ ਜਾਂਦੀ ਹੈ। ਭਗਤ ਚਾਰ ਕਿਸਮ ਦੇ ਹੋਇਆ ਕਰਦੇ ਨੇ, ਭਗਤੀ ਨੌਂ ਕਿਸਮ ਦੀ ਹੋਇਆ ਕਰਦੀ ਹੈ। ਇਕ ਤਾਂ ਭਗਤ ਉਹ ਹੁੰਦੇ ਨੇ ਜਿਨ੍ਹਾਂ ਨੂੰ ਆਰਥ ਭਗਤ ਕਹਿੰਦੇ ਨੇ, ਦੁਖੀ ਹੋ ਕੇ ਪ੍ਰਮੇਸ਼ਰ ਵਲ ਲਗ ਗਏ, ਧਰੂੰ ਦਾ ਨਿਰਾਦਰ ਹੋਇਆ, ਧਰੂੰ ਦੇ ਚਪੇੜਾਂ ਪਈਆਂ, ਦੁਖੀ ਹੋ ਕੇ ਕਿ ਮੇਰਾ ਰਾਜ ਖੋਹਿਆ ਗਿਆ, ਮੈਂ ਰਾਜ ਕਿਵੇਂ ਲਵਾਂ? ਤੇ ਮੈਂ ਕੀ ਕਰਾਂ –

*ਪਰਮੇਸਰੁ ਆਰਾਧੀਐ*
*ਜਿਦੂ ਹੋਈਐ ਪਤਿਤ ਪੁਨੀਤਾ।*

*ਭਾਈ ਗੁਰਦਾਸ ਜੀ, ਵਾਰ ੧੦/੧*

ਮਾਂ ਨੇ ਕਿਹਾ ਬੇਟਾ, ਸਾਰਿਆਂ ਦੁਖਾਂ ਦਾ ਇਲਾਜ ਪ੍ਰਮੇਸ਼ਰ ਦਾ ਨਾਮ ਹੈ। ਭਗਤੀ ਕੀਤੀ, ਭਗਤੀ ਕਰਨ ਦੇ ਨਾਲ ਵਾਹਿਗੁਰੂ ਪ੍ਰਗਟ ਹੋਏ –

*ਧ੍ਰੂ ਕਉ ਮਿਲਿਆ ਹਰਿ ਨਿਸੰਗ ॥*

*ਅੰਗ – ੧੧੯੨*

ਨਿਸੰਗ ਹੋ ਕੇ ਮਿਲਿਆ। ਦੂਸਰੇ ਹੁੰਦੇ ਨੇ, ਅਰਥਾ-ਅਰਥੀ, ਲੋੜ ਵਾਸਤੇ ਭਗਤੀ ਕਰਨੀ ਸ਼ੁਰੂ ਕਰ ਦਿਤੀ। ਹੌਲੀ-ਹੌਲੀ, ਚਲਦੇ-ਚਲਦੇ ਆਪਣੀਆਂ ਲੋੜਾਂ ਪੂਰੀਆਂ ਕਰਨ ਤੋਂ ਬਾਅਦ, ਵਾਹਿਗੁਰੂ ਨੂੰ ਮਿਲ ਗਏ। ਤੀਸਰੇ ਹੋਇਆ ਕਰਦੇ ਨੇ ਅਨਿੰਨ ਭਗਤ। ਅਨਿੰਨ ਭਗਤ ਉਹ ਹੁੰਦੇ ਨੇ, ਜਿਹੜੇ ਪ੍ਰਮੇਸ਼ਰ ਨੂੰ ਪਿਆਰ ਕਰਦੇ ਨੇ। ਪ੍ਰਮੇਸ਼ਰ ਤੋਂ ਬਗੈਰ ਹੋਰ ਕਿਸੇ ਨੂੰ ਨਹੀਂ ਪਿਆਰ ਕਰਦੇ, ਮਾਇਆ ਨੂੰ ਨੇੜੇ ਨਹੀਂ ਆਉਣ ਦਿੰਦੇ, ਅਵਿਦਿਆ (illusion) ਤੋਂ ਦੂਰ ਰਹਿੰਦੇ ਨੇ, ਲੇਕਿਨ ਰਹਿੰਦੇ ਦੋ ਨੇ, ਇਕ ਨਹੀਂ ਹੁੰਦੇ। ਭਗਤੀ ਹਮੇਸ਼ਾ ਦੋ 'ਚ ਹੋਇਆ ਕਰਦੀ ਹੈ। ਇਕ ਆਸ਼ਿਕ ਹੁੰਦਾ ਹੈ, ਇਕ ਮਾਸ਼ੂਕ ਹੁੰਦਾ ਹੈ, ਇਕ ਨੂੰ ਪਿਆਰ ਕੀਤਾ ਜਾਂਦਾ ਹੈ, ਇਕ ਪਿਆਰ ਕਰਦਾ ਹੈ, ਇਹ ਭਗਤੀ ਕਹਿੰਦੇ ਹੀ ਇਹਨੂੰ ਹੈ, ਪ੍ਰਮੇਸ਼ਰ ਨੂੰ ਪਿਆਰ ਕਰਦਾ ਹੈ, ਭੈ ਗਤੀ 'ਚ ਚਲਦਾ ਹੈ, ਦੋ ਰਹਿੰਦੇ ਨੇ ਇਹ ਮਿਲਾਪ ਵਾਸਤੇ ਤਰਸਦਾ ਹੈ, ਮਿਲਾਪ ਵਾਸਤੇ ਤਰਲੇ ਲੈਂਦਾ ਹੈ, ਮਿਲਾਪ ਵਾਸਤੇ ਅਰਦਾਸਾਂ ਕਰਦਾ ਹੈ, ਵਾਹਿਗੁਰੂ ਨੂੰ ਆਪਣੇ ਪੱਖ ਤੇ ਲਿਆਉਂਦਾ ਹੈ।

*ਜਿਸ ਦੈ ਹੋਵੈ ਵਲਿ ਸੁ ਕਦੇ ਨ ਹਾਰਦਾ ॥*
*ਸਦਾ ਅਭਗੁ ਦੀਬਾਣੁ ਹੈ*
*ਹਉ ਤਿਸੁ ਨਮਸਕਾਰਦਾ॥* *ਅੰਗ – ੫੧੯*

ਐਸੀ ਜੋ ਬਾਣੀ ਗੁਰੂ ਗ੍ਰੰਥ ਸਾਹਿਬ 'ਚ ਆਉਂਦੀ ਹੈ, ਇਹ ਅਵਸਥਾ ਭੇਦ ਦੇ ਨਾਲ ਬਾਣੀ ਆਉਂਦੀ ਹੈ, ਭਗਤਾਂ ਦਾ ਰਾਖਾ ਵਾਹਿਗੁਰੂ ਹੁੰਦਾ ਹੈ –

*ਹਰਿ ਜੁਗੁ ਜੁਗੁ ਭਗਤ ਉਪਾਇਆ*
*ਪੈਜ ਰਖਦਾ ਆਇਆ ਰਾਮ ਰਾਜੇ ॥*

*ਅੰਗ – ੪੫੧*

ਲੇਕਿਨ ਇਹਦੇ ਵਿਚ ਸਵਾਲ ਬੜੇ ਅਜੀਬ ਪੈਦਾ ਹੋ ਜਾਂਦੇ ਨੇ ਕਿ –

*ਅਉਖੀ ਘੜੀ ਨ ਦੇਖਣ ਦੇਈ*
*ਅਪਨਾ ਬਿਰਦੁ ਸਮਾਲੇ ॥* *ਅੰਗ – ੬੮੨*

ਠੀਕ ਹੈ, ਹਾਥੀ ਡੁੱਬ ਰਿਹਾ ਸੀ, ਚਾਰ ਉਂਗਲ ਉਹਦੀ ਸੁੰਡ ਬਾਹਰ ਬਚਦੀ ਸੀ, ਉਸ ਵੇਲੇ ਉਹਨੇ ਪੁਕਾਰ ਕਰ ਦਿਤੀ।

*ਹਾਥੀ ਕੀ ਚਿੰਘਾਰ ਪਲ ਪਾਛੈ ਪਹੁਚਤ ਤਾਹਿ*
*ਚੀਟੀ ਕੀ ਪੁਕਾਰ ਪਹਿਲੇ ਹੀ ਸੁਨੀਅਤ ਹੈ।*

ਕੀੜੀ ਪੁਕਾਰ ਕਰ ਦੇਵੇ ਉਹਦੀ ਵੀ ਸੁਣ ਲੈਂਦਾ ਹੈ, ਹਾਥੀ ਚਿੰਘਾਰ ਮਾਰੇ ਤਾਂ ਉਹਦੀ ਵੀ ਸੁਣ ਲੈਂਦਾ

ਹੈ, ਉਹਦੀ ਰਾਖੀ ਕਰ ਦਿਤੀ, ਦਰੋਪਤੀ ਨੇ ਪੁਕਾਰ ਕਰ ਦਿਤੀ -

*ਅਖੀ ਮੀਟਿ ਧਿਆਨੁ ਧਰਿ*
*ਹਾਹਾ ਕ੍ਰਿਸਨ ਕਰੈ ਬਿਲਲਾਂਦੀ।*
*ਭਾਈ ਗੁਰਦਾਸ ਜੀ, ਵਾਰ ੧੦/੮*

ਉਹਦੀ ਰਾਖੀ ਕਰ ਦਿਤੀ।

ਕਬੀਰ ਜੀ ਨੂੰ ਪਾਣੀ ਦੇ ਵਿਚ ਡੁਬੋ ਦਿਤਾ -

*ਗੰਗਾ ਕੀ ਲਹਰਿ ਮੇਰੀ ਟੁਟੀ ਜੰਜੀਰ ॥*
*ਮ੍ਰਿਗਛਾਲਾ ਪਰ ਬੈਠੇ ਕਬੀਰ ॥ ਅੰਗ - ੧੧੬੨*

ਪਾਣੀ ਦੇ ਉਤੇ ਮ੍ਰਿਗਸ਼ਾਲਾ ਐਉਂ ਤਰਨ ਲਗ ਗਈ ਜਿਵੇਂ ਧਰਤੀ ਦੇ ਉਤੇ ਹੋਵੇ। ਪ੍ਰਹਿਲਾਦ ਨੂੰ ਅੱਗ ਦੇ ਵਿਚ ਬਿਠਾ ਦਿਤਾ ਗਿਆ। ਅੱਗ ਨੇ ਜਾਲਿਆ ਹੀ ਨਹੀਂ, ਉਵੇਂ ਜਿਵੇਂ ਵਿਚੋਂ ਨਿਕਲ ਕੇ ਆ ਗਿਆ, ਕਿਉਂਕਿ ਵਾਹਿਗੁਰੂ ਨੇ ਔਖੀ ਘੜੀ ਦੇਖਣ ਨਹੀਂ ਸੀ ਦੇਣੀ, ਜਿਸ-ਜਿਸ ਨੂੰ ਵੀ ਮੁਸੀਬਤ ਆਈ ਹੈ ਉਹਦੀ ਸਹਾਇਤਾ ਕਰੀ ਹੈ ਪਾਰਬ੍ਰਹਮ ਪ੍ਰਮੇਸ਼ਰ ਨੇ।

ਨਾਮਦੇਵ ਜੀ ਦੱਖਣ ਵਿਚ ਭਗਤੀ ਕਰਿਆ ਕਰਦੇ ਸੀ, ਇਕ ਵਾਰੀ ਤੀਰਥ ਯਾਤਰਾ ਕਰਦੇ-ਕਰਦੇ ਦਿੱਲੀ ਦੀ ਸੰਗਤ ਦੱਖਣ ਵਿਚ ਜਦੋਂ ਜਾਂਦੀ ਹੈ, ਉਥੇ ਨਾਮਦੇਵ ਜੀ ਦੇ ਬਾਰੇ ਸੁਣਿਆ ਕਿ ਉਨ੍ਹਾਂ ਨੇ ਉਨ੍ਹਾਂ ਦਾ ਦੇਹੁਰਾ ਫੇਰ ਕੇ ਉਨ੍ਹਾਂ ਵਲ ਕਰ ਦਿਤਾ ਸੀ। ਪਾਂਡਿਆਂ ਨੇ ਉਨ੍ਹਾਂ ਨੂੰ ਧੱਕੇ ਮਾਰ ਕੇ ਕੱਢ ਦਿਤਾ ਸੀ।

*ਹਸਤ ਖੇਲਤ ਤੇਰੇ ਦੇਹੁਰੇ ਆਇਆ ॥*
*ਭਗਤਿ ਕਰਤ ਨਾਮਾ ਪਕਰਿ ਉਠਾਇਆ ॥ ੧ ॥*
*ਹੀਨੜੀ ਜਾਤਿ ਮੇਰੀ ਜਾਦਿਮ ਰਾਇਆ ॥*
*ਛੀਪੇ ਕੇ ਜਨਮਿ ਕਾਹੇ ਕਉ ਆਇਆ ॥ ੧ ॥*
*ਲੈ ਕਮਲੀ ਚਲਿਓ ਪਲਟਾਇ ॥*
*ਦੇਹੁਰੈ ਪਾਛੈ ਬੈਠਾ ਜਾਇ ॥ ੨ ॥*
*ਜਿਉ ਜਿਉ ਨਾਮਾ ਹਰਿ ਗੁਣ ਉਚਰੈ ॥*
*ਭਗਤ ਜਨਾਂ ਕਉ ਦੇਹੁਰਾ ਫਿਰੈ ॥*
*ਅੰਗ - ੧੧੬੪*

ਇਹ ਗੱਲ ਸਾਰੇ ਭਾਰਤ ਵਰਸ਼ ਵਿਚ ਫੈਲ ਚੁੱਕੀ ਸੀ। ਸੋ ਇਹ ਜਿਹੜੀ ਸੰਗਤ ਗਈ ਦਿੱਲੀ ਦੀ ਇਨ੍ਹਾਂ ਨੇ ਜਾ ਕੇ ਨਾਮਦੇਵ ਜੀ ਦੇ ਦਰਸ਼ਨ ਕਰੇ, ਬਚਨ ਸੁਣਦੇ ਰਹੇ ਪੰਜ-ਸੱਤ ਦਿਨ ਤੇ ਜਿਸ ਵਕਤ ਜਾਣਾ ਸੀ ਉਸ ਵੇਲੇ ਸਾਰੇ ਗਲ 'ਚ ਪੱਲਾ ਪਾ ਕੇ, ਖੜ੍ਹੇ ਹੋ ਗਏ, ਕਹਿਣ ਲੱਗੇ, ਹੇ ਪ੍ਰਭੂ! ਆਪ ਕ੍ਰਿਪਾ ਕਰੋ, ਇਥੇ ਦਿੱਲੀ ਵਿਚ ਦਰਸ਼ਨ ਦਿਓ, ਕਹਿਣ ਲੱਗੇ ਕਿ ਪ੍ਰੇਮੀਓ! ਅਸੀਂ ਤਾਂ ਆਪਣੇ ਹੈਡ ਕੁਆਰਟਰ ਤੇ ਰਹਿੰਦੇ ਹਾਂ, ਬੀਠਲ ਦੀ ਸੇਵਾ ਕਰਦੇ ਹਾਂ, ਸਾਨੂੰ ਤਾਂ ਵਿਹਲ ਨਹੀਂ, ਜਦ ਬਾਰ-ਬਾਰ ਕਹਿੰਦੇ ਨੇ, ਫੇਰ ਉਨ੍ਹਾਂ ਨੇ ਮੰਨ ਲਿਆ। ਅੱਜ ਆਪ ਜਮਨਾ ਦੇ ਕਿਨਾਰੇ, ਜਿਥੇ ਨੇੜੇ ਹੀ ਸ਼ਮਸ਼ਾਨ ਭੂਮੀ ਸੀ, ਉਸ ਬਰੇਤੀ ਤੇ ਬੈਠ ਕੇ ਸਤਿਸੰਗ ਕਰਿਆ ਕਰਦੇ ਸੀ, ਸੰਗਤ ਦਿੱਲੀ ਤੋਂ ਆ ਜਾਣੀ, ਜਦ ਐਨੀ ਆਬਾਦੀ ਨਹੀਂ ਸੀ ਹੁੰਦੀ, ਦੂਰ ਹੋਇਆ ਕਰਦੀ ਸੀ। ਉਥੇ ਇਕ ਦਿਨ ਐਸਾ ਹੋਇਆ ਕਿ ਆਪ ਅੰਮ੍ਰਿਤ ਵੇਲੇ ਸਮਾਧੀ ਸਥਿਤ ਬੈਠੇ ਨੇ ਤੇ ਅੱਠ ਨੌਂ ਵਜ ਗਏ, ਅਜੇ ਆਪ ਨੇ ਸਮਾਧੀ ਖੋਲ੍ਹੀ ਨਹੀਂ ਸੀ, ਸਮਾਧੀ ਤੋ ਉਥਾਨ ਨਹੀਂ ਹੋਏ, ਕਿਉਂਕਿ ਬਾਰ-ਬਾਰ ਨੇਤਰ ਬੰਦ ਹੁੰਦੇ ਨੇ। ਨਾਮ ਜਪਣ ਵਾਲੇ ਦੇ ਅੰਦਰ ਇਕ ਐਸਾ ਰਸ ਹੁੰਦਾ ਹੈ ਕਿ ਸੁਰਤ ਉਸਨੂੰ ਅੰਦਰ ਨੂੰ ਖਿਚੀ ਜਾਂਦੀ ਹੈ, ਜੇ ਚੰਗੀ ਧਰਤੀ ਆ ਗਈ ਕੋਈ, ਧਰਤੀ ਖਿੱਚਣ ਲਗ ਜਾਂਦੀ ਹੈ, ਖਿੱਚ ਪੈਂਦੀ ਹੈ ਉਹਦੇ ਅੰਦਰ, ਜੀਅ ਕਰਦਾ ਹੈ ਕਿ ਮੈਂ ਇਥੇ ਬੈਠ ਜਾਵਾਂ ਮੈਨੂੰ ਬੁਲਾਵੇ ਨਾ ਕੋਈ ਤੇ ਅੰਦਰ ਰਸ ਦੇ ਨਾਲ ਭਰਿਆ ਹੁੰਦਾ ਹੈ, ਰਸ ਨੂੰ ਮਾਨਣਾ ਚਾਹੁੰਦਾ ਹੈ, ਉਸਨੂੰ ਮਹਾਰਾਜ ਨੇ ਆਤਮ ਰਸ ਕਿਹਾ ਹੈ -

*ਆਤਮ ਰਸ ਜਿਹ ਜਾਨਹੀ-ਸੋ ਹੈ ਖਾਲਸ ਦੇਵ।*
*ਪ੍ਰਭ ਮਹਿ ਮੋਹਿ ਮਹਿ ਤਾਸ ਮਹਿ ਰੰਚਕ ਨਾਹਨ ਭੇਵ।*

ਮੇਰੇ ਵਿਚ ਤੇ ਵਾਹਿਗੁਰੂ ਵਿਚ ਭੇਦ ਨਾ ਜਾਣੋ, ਕਿਉਂਕਿ ਇਕੋ ਰੂਪ ਹੋਏ ਹੁੰਦੇ ਨੇ, ਉਹਦੇ ਵਿਚੋਂ ਮੈਂ ਮਰੀ ਹੋਈ ਹੈ, ਮੈਂ ਦੁਜਾਇਗੀ ਹੁੰਦੀ ਹੈ, ਜੇ ਮੈਂ ਮਾਈਨਸ ਕਰ ਦਿਓ ਨਾ ਤਾਂ ਵਾਹਿਗੁਰੂ ਹੀ ਹੈ, ਇਹਦੇ ਨਾਲ ਇਕ ਹਿੱਸਾ ਹੋਰ ਹੈ, ਮੇਰੀ, ਮੈਂ ਤੇ ਮੇਰੀ ਨੂੰ ਹਉਮੈ ਕਹਿੰਦੇ ਨੇ ਦੋਹਾਂ ਨੂੰ ਇਕੱਠਿਆਂ ਨੂੰ, ਹਉਂ ਤੇ ਮੈਂ, ਮੈਂ+ਮੇਰੀ ਨੂੰ ਹਉਮੈ ਕਹਿੰਦੇ ਹਨ। ਹਉਮੈ ਬਣ ਗਿਆ, ਹਉਮੈ ਕੱਢ ਦਿਓ ਚੇਤਨ 'ਚੋਂ, ਮਾਈਨਸ ਕਰ ਦਿਓ ਬਾਕੀ ਕੀ ਰਹਿ ਜਾਏਗਾ ਸਰੀਰ 'ਚ ਕਿਉਂਕਿ ਇਹਦੇ 'ਚ ਦੋ ਰਹਿੰਦੇ ਨੇ-

*ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ ॥*
*ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ ॥*
*ਅੰਗ - ੫੫੦*

ਇਕ ਉਹ ਹੈ ਜਿਹੜਾ ਪਰਮ ਚੇਤਨ ਅਨੰਦ ਦੇ ਵਿਚ ਰਹਿੰਦਾ ਹੈ, ਇਕ ਉਹ ਹੈ ਜਿਹੜਾ ਉਡਾਰੀਆਂ ਮਾਰਦਾ ਹੈ, ਉਹ ਜਿਹੜਾ ਉਡਾਰੀਆ ਮਾਰਨ ਵਾਲਾ ਹੈ ਉਹਦੀ ਹਉਮੈ ਵਾਲੀ ਸਮਝ ਹੈ, ਹਉਮੈ ਵਾਲੀ ਸੁਰਤ ਹੈ, ਜਿਹਨੂੰ ਮਹਾਰਾਜ ਕਹਿੰਦੇ ਨੇ -

*ਭੋਲਿਆ ਹਉਮੈ ਸੁਰਤਿ ਵਿਸਾਰਿ ॥*
*ਅੰਗ - ੧੧੬੮*

ਭੁੱਲ ਜਾ ਇਸ ਹਉਮੈ ਸੁਰਤ ਨੂੰ। ਅਸਲ ਵਿਚ ਤੇਰਾ ਨਾ ਕੋਈ ਪੁਤਰ ਹੈ, ਨਾ ਧੀ ਹੈ, ਨਾ ਕੋਈ ਪਤੀ ਹੈ, ਨਾ ਪਤਨੀ ਹੈ। ਵਾਹਿਗੁਰੂ ਆਪ ਹੀ ਅਨੇਕ ਰੂਪ ਧਾਰ ਕੇ ਖੇਲ੍ਹ ਕਰਦਾ ਹੈ। ਇਹ ਸੁਰਤ ਲਿਆ ਤੂੰ, ਹਉਮੈ ਵਾਲੀ ਸੁਰਤ ਭੁੱਲ ਜਾ ਕਿਉਂਕਿ ਹਉਮੈ ਵਾਲੀ

ਸੁਰਤ ਜਿੰਨਾ ਚਿਰ ਤੇਰੇ ਅੰਦਰ ਰਹੇਗੀ, ਇਹ ਤੈਨੂੰ ਬੰਨ੍ਹੀਂ ਰਖੇਗੀ -

*ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥*
*ਅੰਗ - ੪੬੬*

ਤੂੰ ਬਾਰ-ਬਾਰ ਜੰਮਣਾ ਹੈ, ਬਾਰ-ਬਾਰ ਮਰਨਾ ਹੈ, ਕਿਉਂਕਿ ਇਹ ਸੁਰਤ ਹੀ ਹੈ -

*ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥*
*ਅੰਗ - ੪੬੬*

ਜਿਹੜਾ ਬਹੁਤ ਵੱਡਾ ਬਣੇ (very big personality) ਉਸ ਨੂੰ ਕਹਿੰਦੇ ਹਾਂ, 'ਮੈਂ' , ਇਹੀ ਹਉਮੈ ਹੈ ਤੇ ਇਹਦੇ ਵਿਚ ਹੀ ਬੰਧਨ ਨੇ ਸਾਰੇ, ਇਹਦੇ ਵਿਚ ਹੀ ਆਦਮੀ ਆਉਂਦਾ ਜਾਂਦਾ ਹੈ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਜੰਮਦਾ ਤੇ ਮਰਦਾ ਹੈ*
*ਹਉਮੈ ਦਾ ਬੰਨ੍ਹਿਆ ਹੋਇਆ।*

ਇਸ ਤੋਂ ਜੋ ਉਪਰਲਾ ਹਿੱਸਾ ਹੈ ਉਹਨੂੰ ਆਤਮ ਮੰਡਲ ਕਹਿੰਦੇ ਨੇ, ਆਤਮਾ ਦਾ ਜਦ ਰਸ ਆ ਜਾਂਦਾ ਹੈ ਫੇਰ ਆਦਮੀ ਦਾ ਫੁਰਨਾ ਖਤਮ ਹੋ ਜਾਂਦਾ ਹੈ, ਇਹਦੇ ਵਿਚ ਮਹਾਰਾਜ ਕਹਿੰਦੇ ਕਿ ਉਹਦੇ ਵਿਚ ਤੇ ਪ੍ਰਮੇਸ਼ਰ ਤੇ ਮੇਰੇ ਵਿਚ ਕੋਈ ਭੇਦ ਨਾ ਜਾਣੋ, ਇਕੋ ਹੀ ਹੋਇਆ ਕਰਦਾ ਹੈ।

ਨਾਮਦੇਵ ਜੀ ਬੈਠੇ ਨੇ, ਅੱਜ ਆਪ ਬੜੀ ਦੇਰ ਤਕ ਸਮਾਧੀ 'ਚ ਰਹੇ, ਬਾਰ-ਬਾਰ ਨੇਤਰ ਖੁਲ੍ਹਦੇ ਨੇ, ਫੇਰ ਬੰਦ ਕਰ ਲੈਂਦੇ ਨੇ, ਫੇਰ ਖੋਲ੍ਹਦੇ ਨੇ, ਫੇਰ ਬੰਦ ਕਰ ਲੈਂਦੇ ਨੇ। ਅਜੇ ਅੰਦਰਲੇ ਰਸ ਤੋਂ ਬਾਹਰ ਆਉਣ ਨੂੰ ਜੀਅ ਨਹੀਂ ਸੀ ਕਰਦਾ। ਇੰਨੇ ਨੂੰ ਆਪ ਨੂੰ ਕੀ ਸੁਣਿਆ ਕਿ ਕੋਈ ਬੀਬੀ ਗਹਿਣੇ ਪਾਏ ਹੋਏ ਨੇ, ਉਹ ਛਣਕ-ਛਣਕ ਕਰਦੇ ਨੇ। ਉਹਨੇ ਆ ਕੇ ਮਹਾਂਪੁਰਸ਼ਾਂ ਨੂੰ ਨਮਸ਼ਕਾਰ ਕਰਕੇ, ਚਰਨਾਂ ਨੂੰ ਹੱਥ ਲਾ ਦਿਤਾ। ਜਦ ਚਰਨਾਂ ਨੂੰ ਹੱਥ ਲੱਗਿਆ ਉਨ੍ਹਾਂ ਨੇ ਨੇਤਰ ਖੋਲ੍ਹ ਲਏ, ਉਹਦੇ ਸਿਰ ਦੇ ਵਿਚ ਮਾਂਗ ਦੇਖੀ ਸੰਧੂਰ ਦੀ, ਤੇ ਬਚਨ ਕਰ ਦਿਤਾ ਕਿ ਬੀਬੀ ਸੁਹਾਗ ਮਾਣ। ਬੀਬੀ ਨੇ ਉਸੇ ਵੇਲੇ ਆਵਾਜ਼ ਦੇ ਦਿਤੀ ਕਿਉਂਕਿ ਉਹ ਪਤੀ ਦੇ ਨਾਲ ਸਤੀ ਹੋਣ ਜਾ ਰਹੀ ਸੀ, ਗਹਿਣੇ ਪਾ ਕੇ। ਕਹਿਣ ਲੱਗੀ ਕਿ ਅਰਥੀ ਉਰੇ ਲਿਆਓ, ਨਾਮਦੇਵ ਜੀ ਦੇ ਚਰਨਾਂ 'ਚ ਰੱਖ ਦਿਤੀ, ਕਹਿਣ ਲੱਗੇ ਭਗਤ ਜੀ! ਮੇਰਾ ਸੁਹਾਗ ਆਹ ਹੈ ਤੇ ਤੁਹਾਡਾ ਬਚਨ ਹੋ ਗਿਆ, ਤੇ ਸੰਤਾਂ ਦਾ ਜੋ ਬਚਨ ਹੈ, ਇਹ ਬਿਰਥਾ ਨਹੀਂ ਜਾਂਦਾ ਮੈਂ ਹੀ ਤੁਹਾਡੇ ਸਤਿਸੰਗ ਦੇ ਵਿਚੋਂ ਐਸਾ ਬਚਨ ਸਰਵਣ ਕੀਤਾ ਸੀ -

*ਧਾਰਨਾ - ਪ੍ਰਭ ਜੀ ਦਾ ਵਾਸਾ ਹੈ,*
*ਸੰਤਾਂ ਦੀ ਰਸਨਾ ਉਤੇ।*
*ਪ੍ਰਭ ਜੀ ਬਸਹਿ ਸਾਧ ਕੀ ਰਸਨਾ॥ਅੰਗ - ੨੬੩*

ਕਹਿਣ ਲੱਗੀ, ਮਹਾਰਾਜ! ਤੁਹਾਡਾ ਬਚਨ ਜੋ ਹੈ, 'ਸਾਧ ਬਚਨ ਅਟਲਾਧਾ' ਆਪ ਦਾ ਬਚਨ ਹੈ ਕਿ ਮੈਂ ਸੁਹਾਗ ਮਾਣਾਂ। ਮੇਰਾ ਤਾਂ ਸੁਹਾਗ ਅਰਥੀ ਦੇ ਉਤੇ ਪਿਆ ਹੈ। ਉਸ ਵੇਲੇ ਨਾਮਦੇਵ ਜੀ ਨੂੰ ਕੁਛ ਸੋਚ ਫੁਰੀ ਕਿ ਐਵੇਂ ਬਿਨਾਂ ਸੋਚੇ ਸਮਝੇ ਬਚਨ ਕਰ ਦਿਤਾ। ਕੁਛ ਪਰੇਸ਼ਾਨੀ ਆਪ ਦੇ ਅੰਦਰ ਪੈਦਾ ਹੋਈ ਕਿ ਹੁਣ ਮੈਂ ਕੀ ਜਵਾਬ ਦੇਵਾਂ? ਉਸ ਵੇਲੇ ਅੰਦਰੋਂ ਆਵਾਜ਼ ਆਈ ਨਾਮਦੇਵ ਕਿਉਂ ਪਰੇਸ਼ਾਨ ਹੁੰਦਾ ਹੈਂ? ਤੂੰ ਐਉਂ ਕਰ ਰਾਮ ਕਹਿ ਕੇ ਮੋਢੇ ਤੋਂ ਫੜ ਕੇ ਇਹਨੂੰ ਉਠਾ ਦੇ।ਕਿਉਂਕਿ ਮੈਂ ਸਾਧੂਆਂ ਦੇ ਕੀਤੇ ਹੋਏ ਕੰਮ ਨੂੰ ਪ੍ਰਵਾਨ ਕਰ ਲੈਂਦਾ ਹਾਂ, ਮੇਰੇ ਕੀਤੇ ਹੋਏ ਕੰਮ ਨੂੰ ਸਾਧੂ ਬਦਲ ਦਿੰਦੇ ਨੇ -

*ਮੇਰੀ ਬਾਂਧੀ ਭਗਤੁ ਛਡਾਵੈ*
*ਬਾਂਧੈ ਭਗਤੁ ਨ ਛੂਟੈ ਮੋਹਿ ॥*
*ਏਕ ਸਮੈ ਮੋ ਕਉ ਗਹਿ ਬਾਂਧੈ*
*ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥*
*ਅੰਗ-੧੨੫੩*

ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਪ੍ਰਭ ਜੀ ਸਾਧੂਆਂ ਦਾ*
*ਕੀਤਾ ਹੋਇਆ ਮੰਨਦੇ ਨੇ,*
*ਸਾਧੂ ਨੇ ਪਿਆਰੇ ਰੱਬ ਦੇ।*

*ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ*
*ਓਇ ਰਾਮ ਨਾਮ ਰੰਗਿ ਰਾਤੇ ॥ ਅੰਗ - ੭੪੯*

ਮਹਾਰਾਜ ਨੇ ਸਾਨੂੰ ਕਿੰਨੀ ਸੋਹਣੀ ਸੇਧ (guide line) ਦਿਤੀ ਹੈ, ਭਗਤਾਂ ਦੀ ਗੱਲ ਪ੍ਰਮੇਸ਼ਰ ਮੰਨਦਾ ਹੈ, ਮਹਾਰਾਜ ਕਹਿੰਦੇ ਨਾ -

*ਤਿਨ੍ ਕੀ ਸੋਭਾ ਸਭਨੀ ਥਾਈ*
*ਜਿਨ੍ ਪ੍ਰਭ ਕੇ ਚਰਣ ਪਰਾਤੇ ॥ ੧ ॥*
*ਮੇਰੇ ਰਾਮ ਹਰਿ ਸੰਤਾ ਜੇਵਡੁ ਨ ਕੋਈ ॥*
*ਅੰਗ - ੭੪੯*

ਕਿਉਂ ਮੰਨਦਾ ਹੈ, ਕਿਉਂਕਿ ਉਹ ਪਿਆਰ ਵਿਚ ਰੱਤੇ ਪਏ ਨੇ। ਨਾ ਕੋਈ ਸੰਸਾਰ ਦਾ ਰਾਜਾ, ਨਾ ਕੋਈ ਧਨੀ ਪੁਰਸ਼, ਨਾ ਕੋਈ ਵੱਡਾ ਵਿਦਵਾਨ, ਇਨ੍ਹਾਂ ਵਾਸਤੇ ਤਾਂ ਮਹਾਰਾਜ ਨੇ ਐਸਾ ਫੁਰਮਾਨ ਕੀਤਾ ਹੈ -

*ਧਾਰਨਾ - ਪਿਆਰੇ ਵਿਚ ਸਹਸਿਆਂ ਦੇ ਭਰੀਆਂ ਨੇ,*
*ਛਤਰ ਧਾਰ ਬਾਦਸ਼ਾਹੀਆਂ।*
*ਛਤ੍ਰਧਾਰ ਬਾਦਿਸਾਹੀਆ ਵਿਚਿ ਸਹਸੇ ਪਰੀਆ ॥*
*ਅੰਗ - ੪੨*
*ਜਿਸ ਨੋ ਬਖਸੇ ਸਿਫਤਿ ਸਾਲਾਹ ॥*
*ਨਾਨਕ ਪਾਤਿਸਾਹੀ ਪਾਤਿਸਾਹੁ ॥ ਅੰਗ - ੫*

ਉਹ ਪਾਤਸ਼ਾਹਾਂ ਦਾ ਪਾਤਸ਼ਾਹ ਹੈ।

***ਰਾਜਾ ਸਗਲੀ ਸ੍ਰਿਸਟਿ ਕਾ***
***ਹਰਿ ਨਾਮਿ ਮਨੁ ਭਿੰਨਾ॥ ਅੰਗ - ੭੦੨***

ਸਾਰੀ ਸ੍ਰਿਸ਼ਟੀ ਦਾ, ਪੌਣ ਦਾ, ਪਾਣੀ ਦਾ, ਹਵਾ ਦਾ; ਸਾਰੀਆਂ ਚੀਜ਼ਾਂ ਉਹਦੇ ਹੁਕਮ ਵਿਚ ਚਲਦੀਆਂ ਨੇ ਕਿਉਂਕਿ ਪ੍ਰਮੇਸ਼ਰ ਦੇ ਭੈ ਵਿਚ ਨੇ ਉਹ ਪ੍ਰਮੇਸ਼ਰ ਦਾ ਪਿਆਰਾ ਹੈ। ਇਸ ਕਰਕੇ ਕਹਿੰਦੇ ਜਿਹੜੀਆਂ ਦੁਨੀਆਂ ਦੀਆਂ ਵਡਿਆਈਆਂ ਨੇ, ਵੱਡਾ ਫਿਲਾਸਫਰ ਹੈ, ਡਾਕਟਰ ਜਿਹਨੂੰ ਅੱਜਕਲ੍ਹ ਕਹਿੰਦੇ ਨੇ, ਇਕ ਮੈਡੀਕਲ ਡਾਕਟਰ ਹੁੰਦਾ ਹੈ, ਇਕ ਪੜ੍ਹੇ ਲਿਖੇ ਪ੍ਰੋਫੈਸਰ ਡਾਕਟਰ ਲੋਕ ਹੁੰਦੇ ਨੇ। ਇਨ੍ਹਾਂ ਨੂੰ ਪੰਡਤ ਕਹਿੰਦੇ ਸੀ, ਪਿਛਲੇ ਸਮਿਆਂ ਵਿਚ। ਦੂਸਰਾ ਹੁੰਦਾ ਹੈ ਸੂਰਮਾ, ਤੀਸਰਾ ਹੁੰਦਾ ਹੈ ਛਤਰਪਤੀ ਰਾਜਾ। ਮਹਾਰਾਜ ਕਹਿੰਦੇ ਪਿਆਰਿਓ ਇਹ ਨਹੀਂ ਪਹੁੰਚ ਸਕਦੇ, ਭਗਤਾਂ ਦੇ ਬਰਾਬਰ -

***ਮੇਰੇ ਰਾਮ ਹਰਿ ਸੰਤਾ ਜੇਵਡੁ ਨ ਕੋਈ ॥***
***ਭਗਤਾ ਬਣਿ ਆਈ ਪ੍ਰਭ ਅਪਨੇ ਸਿਉ***
***ਜਲਿ ਥਲਿ ਮਹੀਅਲਿ ਸੋਈ ॥ ਅੰਗ - ੭੪੮***

ਇਨ੍ਹਾਂ ਦੇ ਬਰਾਬਰ ਨਹੀਂ ਕੋਈ ਹੁੰਦਾ -

***ਧਾਰਨਾ - ਪੰਡਤ ਸੂਰ ਛਤਰਪਤ ਰਾਜਾ,***
***ਭਗਤ ਬਰਾਬਰ ਕੋਈ ਨਾ।***

***ਪੰਡਿਤ ਸੂਰ ਛਤ੍ਰਪਤਿ ਰਾਜਾ***
***ਭਗਤ ਬਰਾਬਰਿ ਅਉਰੁ ਨ ਕੋਇ ॥***
***ਅੰਗ - ੯੫੮***

ਇਹ ਕੋਈ ਕਵਿਤਾ ਨਹੀਂ ਬਣਾਈ ਹੋਈ, ਸੱਚਮੁਚ ਹੀ ਗੱਲ ਹੈ। ਕਿਸੇ ਪੱਖ ਤੋਂ ਵਿਚਾਰ ਲਓ, ਉਹ ਰਾਜਿਆ ਦਾ ਰਾਜਾ ਹੁੰਦਾ ਹੈ ਜਿਹਦਾ ਮਨ ਪ੍ਰਮੇਸ਼ਰ ਦੇ ਨਾਮ ਨਾਲ ਭਿੱਜਿਆ ਰਹਿੰਦਾ ਹੈ, ਜਿਹੜਾ ਪ੍ਰਮੇਸ਼ਰ 'ਚ ਨਿਵਾਸ ਕਰਦਾ ਹੈ -

***ਮੇਰੇ ਰਾਮ ਹਰਿ ਸੰਤਾ ਜੇਵਡੁ ਨ ਕੋਈ ॥***
***ਭਗਤਾ ਬਣਿ ਆਈ ਪ੍ਰਭ ਅਪਨੇ ਸਿਉ***
***ਜਲਿ ਥਲਿ ਮਹੀਅਲਿ ਸੋਈ ॥ ਅੰਗ - ੭੪੮***

ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਵਾਲੇ, ਇਥੇ ਭੂਚੋ ਮੰਡੀ ਗਏ ਹੋਏ ਨੇ, ਉਥੇ ਇਕ ਬੜਾ ਹੀ ਪ੍ਰੇਮੀ ਜੋੜਾ ਰਹਿੰਦਾ ਸੀ, ਖਤਰੀ ਸੀ ਉਹ, ਬਿਜ਼ਨਸ ਕਰਦੇ ਸੀ। ਜਿਸ ਵਕਤ ਬਾਬਾ ਜੀ ਉਥੇ ਗਏ ਹੋਏ ਨੇ ਤਾਂ ਉਹਨੇ ਆ ਕੇ ਬੇਨਤੀ ਕਰੀ ਕਿ ਮਹਾਰਾਜ ਮੇਰੀ ਪਤਨੀ ਬਹੁਤ ਸਖਤ ਬਿਮਾਰ ਹੈ ਕ੍ਰਿਪਾ ਕਰੋ। ਮੇਰਾ ਤਾਂ ਘਰ ਉਜਾੜ ਹੋ ਜਾਏਗਾ। ਮੈਂ ਕਿਸ ਤਰ੍ਹਾਂ ਜ਼ਿੰਦਗੀ ਬਤੀਤ ਕਰਾਂਗਾ, ਮੇਰੇ ਤਾਂ ਬੱਚੇ ਛੋਟੇ-ਛੋਟੇ ਨੇ। ਬਹੁਤ ਬੇਨਤੀਆਂ ਕਰੀਆਂ, ਬਾਬਾ ਜੀ ਉਠ ਕੇ ਨਾਲ ਆ ਗਏ, ਉਥੇ ਜਿਸ ਥਾਂ ਦੇ ਉਤੇ ਬੀਬੀ ਪਈ ਸੀ, ਦੇਖਿਆ ਤਰਸ ਆ ਗਿਆ ਦਿਲ 'ਚ। ਕਿਉਂਕਿ ਸੰਤਾਂ ਦੀ ਬਾਦਸ਼ਾਹੀ ਬਹੁਤ ਵੱਡੀ ਹੁੰਦੀ ਹੈ -

***ਜਾ ਕਾ ਕਹਿਆ ਦਰਗਹ ਚਲੈ ॥***
***ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥***
***ਅੰਗ - ੧੮੬***

ਜਿਹਦਾ ਕਹਿਆ ਹੋਇਆ ਦਰਗਾਹ ਮੰਨਦੀ ਹੈ, ਰਾਜੇ ਦਾ ਕਹਿਆ ਹੋਇਆ ਦਰਗਾਹ ਮੰਨ ਲਏਗੀ? ਫਿਲਾਸਫਰ ਦਾ ਕਿਹਾ ਹੋਇਆ ਦਰਗਾਹ ਮੰਨ ਲਏਗੀ? ਨਾ ਇਹ ਤਾਂ ਐਵੇਂ ਫੋਕੀਆਂ ਗੋਲੀਆ ਹੁੰਦੀਆਂ ਨੇ। ਸਾਧੂ ਠੋਸ ਹੁੰਦਾ ਹੈ, ਕਹਿੰਦੇ ਭਾਈ ਇਹਦੀ ਤਾਂ ਉਮਰ ਪੂਰੀ ਹੋ ਗਈ, ਕਹਿੰਦਾ ਮਹਾਰਾਜ, ਫੇਰ ਤਾਂ ਬਹੁਤ ਦੁਬਿਧਾ ਪੈਦਾ ਹੋ ਜਾਏਗੀ। ਕਹਿੰਦੇ ਐਉਂ ਕਰ ਆਪਾਂ ਇਕ ਗੱਲ ਕਰ ਲੈਂਦੇ ਹਾਂ। ਸਵਾਸ ਤਾਂ ਨਹੀਂ ਵਧਦੇ ਹੈਗੇ, ਪਰ ਤੇਰੀ ਉਮਰ ਏਸ ਵੇਲੇ ੨੫ ਸਾਲ ਦੀ ਹੈ, ਸਾਢੇ ਬਾਰ੍ਹਾਂ ਸਾਲ ਤੂੰ ਦੇ ਦੇ, ਇਕੱਠੇ ਹੀ ਚਲੇ ਜਾਇਓ। ਕਹਿੰਦਾ ਠੀਕ ਹੈ। ਕਹਿੰਦੇ ਖੜ੍ਹ ਜਾ ਇਥੇ, ਕਰ ਅਰਦਾਸ। ਸੱਚੇ ਦਿਲ ਨਾਲ ਕਹਿ ਦੇ ਕਿ ਮੈਂ ਅੱਧੀ ਉਮਰ ਦਿੰਦਾ ਹਾਂ। ਅੱਧੀ ਉਮਰ ਦੇ ਦਿਤੀ, ਉਹ ਸਾਢੇ ਬਾਰ੍ਹਾਂ ਸਾਲ ਜੀਉਂਦੇ ਰਹੇ, ਉਸ ਤੋਂ ਬਾਅਦ ਚੜ੍ਹਾਈ ਕਰ ਗਏ। ਇਹਦੇ ਬਰਾਬਰ ਕੋਈ ਆ ਜਾਏਗਾ? ਕਿਉਂਕਿ ਸਾਧੂ ਦਾ ਕਹਿਆ ਹੋਇਆ ਦਰਗਾਹ 'ਚ ਚਲਦਾ ਹੈ। ਦਰਗਾਹ ਮੰਨਦੀ ਹੈ ਉਨ੍ਹਾਂ ਦਾ ਕਹਿਆ ਹੋਇਆ। ਇਕ ਨਹੀਂ, ਸੈਂਕੜੇ ਮਿਸਾਲਾਂ ਨੇ। ਆਹ ਜਿਹੜੀ ਪ੍ਰਾਕ੍ਰਿਤੀ ਹੈ ਇਹ ਉਨ੍ਹਾਂ ਦੇ ਮੂਹਰੇ ਕੁਛ ਵੀ ਨਹੀਂ ਹੁੰਦੀ। ਉਹ ਤਾਂ ਭੋਲੇ ਜਿਹੇ ਬਣ ਕੇ ਆਮ ਮਨੁਖਾਂ ਵਾਂਗ ਜੀਵਨ ਬਤੀਤ ਕਰਦੇ ਰਹਿੰਦੇ ਨੇ, ਲੇਕਿਨ ਮਹਾਰਾਜ ਕਹਿੰਦੇ ਤੁਸੀਂ ਐਉਂ ਨਾ ਸਮਝੋ।

ਪਰਮੇਸ਼ਰ ਅਤੇ ਇਨ੍ਹਾਂ ਦੇ ਵਿਚ ਕੋਈ ਫਰਕ ਨਾ ਜਾਣੋ -

***ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥***
***ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥***
***ਅੰਗ - ੩੯੭***

ਸ਼ਕਤੀਆਂ ਦੇ ਮਾਲਕ ਹੁੰਦੇ ਨੇ, ਸਾਰਾ ਕੁਛ ਹੱਥ ਵਿਚ ਹੁੰਦਾ ਹੈ, ਫੇਰ ਵੀ ਕੁਛ ਨਹੀਂ ਕਰਦੇ। ਸੋ ਇਸ ਤਰ੍ਹਾਂ ਨਾਮਦੇਵ ਜੀ ਕੁਛ ਪਰੇਸ਼ਾਨੀ 'ਚ ਆ ਗਏ, ਆਵਾਜ਼ ਆਈ ਨਾਮਦੇਵ ਪਰੇਸ਼ਾਨੀ ਕਿਹੜੀ ਗੱਲ ਦੀ ਹੈ, ਜਿਹੜਾ ਕੁਛ ਕਰ ਦਏਂਗਾ ਮੈਂ ਤਾਂ ਤੇਰਾ ਕੀਤਾ ਹੋਇਆ ਮੰਨਣਾ ਹੀ ਮੰਨਣਾ ਹੈ। ਉਠਾਲ ਦੇ ਏਸ ਨੂੰ।

ਇਕ ਐਸੀ ਮਿਸਾਲ ਆਉਂਦੀ ਹੈ ਕਿ ਮੁਲਤਾਨ ਦੇ ਨਵਾਬ ਨੇ ਕਾਜ਼ੀ ਮੁੱਲਾਂ ਫੜ ਲਏ, ਕਹਿਣ ਲੱਗਿਆ ਤੁਸੀਂ ਲੋਕਾਂ ਨੂੰ ਮੰਤਰ ਲਿਖ-ਲਿਖ ਕੇ ਦੇਈ ਜਾਂਦੇ ਹੋ, ਮੇਰਾ ਪੁੱਤਰ ਬੀਮਾਰ ਹੈ ਜਾਂ ਤਾਂ ਰਾਜ਼ੀ ਕਰ ਦਿਓ, ਜਾਂ ਜਿਸ ਦਿਨ ਇਹ ਮਰ ਗਿਆ ਮੈਂ ਤੁਹਾਨੂੰ ਸਾਰਿਆਂ ਨੂੰ ਕਤਲ ਕਰ ਦੇਣਾ ਹੈ। ਕੋਈ ਕਾਨੂੰਨ ਤਾਂ ਹੁੰਦਾ ਹੀ ਨਹੀਂ

ਸੀ। ਹਾਕਮ ਦੀ ਜੁਬਾਨ ਤੇ ਉਹਦੀ ਸੋਚ ਹੀ ਹੁਕਮ ਹੋਇਆ ਕਰਦੀ ਸੀ। ਬੜੇ ਚਿੰਤਾ 'ਚ ਆਏ, ਦਿਨ ਲੰਘਦੇ ਗਏ, ਪਤਾ ਲਗ ਗਿਆ ਕਿ ਉਹ ਤਾਂ ਆਖਰੀ ਸਾਹਾਂ ਤੇ ਹੈ, ਬੜਾ ਬੁਰਾ ਹੋਇਆ। ਨਵਾਬ ਆਇਆ, ਕਹਿਣ ਲੱਗਿਆ ਬੱਚੇ ਦੀ ਹਾਲਤ ਬਹੁਤ ਵਿਗੜ ਗਈ ਹੈ, ਜਾਂ ਤਾਂ ਜੀਉਂਦਾ ਕਰੋ ਨਹੀਂ ਤਾਂ ਮੈਂ ਤੁਹਾਨੂੰ ਮਾਰ ਦੇਣਾ ਹੈ। ਸਭ ਨੂੰ ਕਤਲ ਕਰ ਦੇਵਾਂਗਾ ਉਹਦੇ ਨਾਲ ਹੀ। ਕਹਿਣ ਲੱਗੇ, ਸਾਡੇ ਨਾਲ ਦਾ ਇਕ ਹੋਰ ਬਾਹਰ ਰਹਿ ਗਿਆ ਉਹਨੂੰ ਲੈ ਆਓ। ਕਹਿੰਦੇ ਓਹਦਾ ਨਾਉਂ ਕੀ ਹੈ? ਕਹਿੰਦੇ ਸਮਸ਼ਤਬਰੇਜ਼, ਸੂਫੀ ਪੀਰ ਸੀਗਾ, ਮਕਸੂਦ ਦਾ ਮੁਰੀਦ ਸੀਗਾ। ਉਸਨੂੰ ਜਾ ਕੇ, ਬੁਲਾ ਲਿਆਓ ਉਹ ਕਬਰਸਤਾਨ 'ਚ ਰਹਿੰਦਾ ਸੀ, ਮਹੱਲਾ-ਏ-ਖਾਮੋਸ਼ਾਹ 'ਚ; ਜਿਥੇ ਕੋਈ ਬੋਲਦਾ ਨਾ ਹੋਵੇ, ਸਾਧੂ ਉਥੇ ਪਸੰਦ ਕਰਦੇ ਨੇ ਰਹਿਣਾ। ਸੋ ਆਪਣੇ ਪਿਆਰੇ ਨਾਲ ਖੇਦ ਤੋਂ ਬਗੈਰ (uninterruped) ਜੁੜੇ ਰਹਿੰਦੇ ਨੇ ਹਰ ਵਕਤ। ਫੜ ਲਿਆਂਦਾ, ਕਹਿੰਦੇ ਕੀ ਗੱਲ ਮੈਨੂੰ ਫੜਿਆ ਹੈ। ਕਹਿੰਦੇ ਦੇਖ ਬਈ ਜਾਂ ਤਾਂ ਇਹਦੇ ਸ਼ਹਿਜ਼ਾਦੇ ਨੂੰ ਰਾਜ਼ੀ ਕਰ ਦਿਓ, ਜੇ ਮਰ ਗਿਆ ਤਾਂ ਤੁਹਾਨੂੰ ਨਾਲ ਹੀ ਮਾਰ ਦਿਤਾ ਜਾਏਗਾ ਸਾਰਿਆਂ ਨੂੰ, ਵਿਚ ਹੀ ਤੈਨੂੰ। ਕਹਿੰਦਾ, ਆਹ ਤਾਂ ਮੌਜਾਂ ਬਣ ਗਈਆਂ। ਸਾਧੂ ਤਾਂ ਪਹਿਲਾਂ ਹੀ ਮਰੇ ਹੋਏ ਹੁੰਦੇ ਨੇ ਕੌਣ ਕਹਿੰਦਾ ਹੈ ਸਾਧੂ ਜੀਉਂਦਾ ਹੁੰਦਾ ਹੈ। ਉਹ ਤਾਂ ਇਹ ਜਿਹੜਾ ਠੀਕਰਾ ਜਿਹਾ ਹੈ, ਲੋਚਦੇ ਨੇ ਕਿ ਕਦ ਫੁੱਟੇ।

***ਠੀਕਰਿ ਫੋਰਿ ਦਿਲੀਸ ਸਿਰਿ***
***ਪ੍ਰਭ ਪੁਰ ਕੀਆ ਪਯਾਨ।***

ਕਹਿਣ ਲੱਗਿਆ ਇਹ ਤਾਂ ਬਹੁਤ ਵਧੀਆ ਗੱਲ ਹੈ। ਸੋ ਬਾਕੀ ਸਭ ਰੋਣ ਪਿਟਣ ਲਗ ਗਏ ਕਿ ਅਸੀਂ ਤਾਂ ਕਬੀਲਦਾਰ ਹਾਂ, ਤੈਨੂੰ ਤਾਂ ਰੋਣ ਵਾਲਾ ਕੋਈ ਨਹੀਂ ਸਾਡੇ ਤਾਂ ਬਾਲ ਬੱਚੇ, ਵਹੁਟੀਆਂ ਰੁਲ ਜਾਣਗੀਆਂ, ਤੂੰ ਕ੍ਰਿਪਾ ਕਰ। ਕਹਿੰਦਾ, ਮੈਂ ਤਾਂ ਕਰ ਦੇਵਾਂਗਾ ਫੇਰ ਤੁਸੀਂ ਮੈਨੂੰ ਹੀ ਫਤਵਾ ਲਾ ਦੇਣਾ ਹੈ। ਕਿਉਂਕਿ ਤੁਹਾਨੂੰ ਦਰਵੇਸ਼ਾ ਦੀ ਗਤੀ ਦਾ ਪਤਾ ਨਹੀਂ ਹੁੰਦਾ। ਤੁਸੀਂ ਅੰਨੇ ਓਂ ਸ਼ਰਾ ਦੇ, ਅੰਨ੍ਹੇ ਨੂੰ ਕੀ ਪਤਾ ਦਰਵੇਸ਼ ਕਿੱਥੇ ਰਹਿੰਦੇ ਨੇ, ਕੀ ਪਤਾ ਫੱਕਰ ਜਾਗਦੇ ਨੇ ਕਿ ਸੌਂਦੇ ਨੇ। ਪਾਖੰਡੀਆਂ ਨੂੰ ਤਾਂ ਜਾਣਦੇ ਨੇ, ਲੇਕਿਨ ਫੱਕਰਾਂ ਦਾ ਨਹੀਂ ਪਤਾ ਹੁੰਦਾ। ਕਹਿਣ ਲੱਗੇ ਨਹੀਂ ਮਹਾਰਾਜ ਅਸੀਂ ਐਸ ਵੇਲੇ ਤੁਹਾਡੇ ਦਾਸ ਹਾਂ।

ਕਹਿੰਦਾ ਦਾਸ ਬਣ ਕੇ ਹੀ ਤੁਸੀਂ ਮੇਰੇ ਸਿਰ 'ਤੇ ਚੜ੍ਹ ਜਾਣੈ। 'ਨੈਂ ਲੰਘੀ ਖੁਆਜਾ ਵਿਸਰਿਆ' ਇਹ ਗੱਲ ਮਸ਼ਹੂਰ ਹੈ। ਵਕਤ ਲੰਘਿਆ ਤੋਂ ਬਾਅਦ ਕੋਈ ਨਹੀਂ ਪੁਛਦਾ। ਬੜੇ-ਬੜੇ ਮਜ਼ਬੂਰ ਬੰਦੇ ਆਉਂਦੇ ਨੇ ਸੰਤਾਂ ਕੋਲ, ਜਦ ਕੰਮ ਹੋ ਗਿਆ, ਮੁੜ ਕੇ ਕਦੇ ਉਨ੍ਹਾਂ ਦੇ ਚਿਹਰੇ ਹੀ ਨਹੀਂ ਦੇਖੀਦੇ, ਭੁੱਲ ਜਾਈਦਾ ਹੈ, ਬਾਹ੍ਰਾਂ-ਪੰਦਰਾਂ ਸਾਲਾਂ ਬਾਅਦ ਆ ਕੇ ਕਹਿ ਦਿੰਦੇ ਨੇ ਕਿ ਜੀ ਮੈਂ ਆਇਆ ਸੀ ਮੇਰਾ ਆਹ ਕੰਮ ਹੋਇਆ ਸੀ। ਭਾਈ! ਫੇਰ ਤੂੰ ਮੁੜ ਕੇ ਤਾਂ ਦੇਖਿਆ ਨਹੀਂ? ਕਹਿੰਦਾ ਜੀ, ਕੰਮ ਹੀ ਨਹੀਂ ਪਿਆ।

ਇਕ ਦਿਨ ਸਾਡੇ ਕੋਲ ਇਕ ਪ੍ਰੇਮੀ ਆਇਆ, ਮੈਂ ਕਿਹਾ ਕਿ ਤੂੰ ਕਦੇ ਆਇਆ ਹੀ ਨਹੀਂ ਨੰਬਰਦਾਰਾ? ਕਹਿੰਦਾ ਜੀ, ਮੇਰਾ ਟਿਊਬਵੈਲ ਵੀ ਲੱਗ ਗਿਆ, ਤੁਸੀਂ ਕਹਿ ਦਿਤਾ ਸੀ, ਬੱਚੇ ਦਾ ਵੀ ਕੰਮ ਬਣ ਗਿਆ, ਨੌਕਰੀ ਮਿਲ ਗਈ, ਲੜਕੀ ਵੀ ਵਿਆਹੀ ਗਈ, ਕਹਿੰਦਾ ਹੁਣ ਸਾਰੇ ਕੰਮ ਹੋ ਗਏ, ਹੁਣ ਤੁਹਾਡੇ ਨਾਉਂ ਦੀ ਮਾਲਾ ਫੇਰ ਛਡਦੇ ਹਾਂ, ਹੁਣ ਕੀ ਆ ਕੇ ਅਸੀਂ ਕਰਨਾ ਹੈ ਇਥੇ। ਮੈਂ ਕਿਹਾ ਵਾਹ ਬਈ ਕੰਮ ਵਾਸਤੇ ਹੀ ਸੀ ਤੇਰਾ ਆਉਣਾ, ਜਦ ਤਾਂ ਤੂੰ ਰੋਜ਼ ਆਉਂਦਾ ਸੀ। ਉਹ ਕਹਿਣ ਲੱਗਿਆ ਕਿ ਆਹ ਆਦਮੀ ਦਾ ਸੁਭਾਅ ਹੈ ਭੁੱਲ ਜਾਣਾ ਨੇਕੀ ਕਰੀ ਨੂੰ। ਉਹ ਤਾਂ ਵਾਹਿਗੁਰੂ ਦੀ ਨੇਕੀ ਕਰੀ ਨੂੰ ਭੁਲਿਆ ਬੈਠਾ ਹੈ। ਜਿਹਨੇ ਸਭ ਕੁਛ ਦਿਤਾ ਸੁੰਦਰ ਸਰੀਰ ਦਿਤਾ, ਕਿਹੋ ਜਿਹੇ ਗੰਦੇ ਪਾਣੀ ਤੋਂ ਉਪਜਾ ਕੇ ਕਿਹੋ ਜਿਹਾ ਸੁੰਦਰ ਬਣਾ ਦਿਤਾ, ਯਾਦ ਕਰਦਾ ਹੈਂ ਕਦੇ ਓਸਨੂੰ। ਹਰ ਵਕਤ ਭੁੱਲਿਆ ਰਹਿੰਦਾ ਹੈ, ਬੇਅੰਤ ਦਾਤਾਂ ਦਿਤੀਆ ਨੇ ਤੈਨੂੰ, ਸੋਹਣਾ ਸਰੀਰ ਦਿਤਾ ਹੈ, ਸੋਹਣਾ ਮੰਦਰ ਰਹਿਣ ਨੂੰ ਦਿਤਾ ਹੈ। ਤੇਰੇ ਅੰਦਰ ਦਿਮਾਗ ਦੇ ਵਿਚ ਬਹੁਤ ਵਧੀਆ ਸੋਚ ਪਾਈ ਹੈ, ਬੜੀ ਹਿੰਮਤ ਤੈਨੂੰ ਦਿਤੀ ਹੈ, ਕਦੇ ਯਾਦ ਕਰਦਾ ਹੈਂ ਓਸਨੂੰ। ਦਿਤੀਆ ਹੋਈਆਂ ਚੀਜ਼ਾਂ ਨਾਲ ਭੁੱਲ ਗਿਆ –

***ਦਾਤਿ ਪਿਆਰੀ ਵਿਸਰਿਆ ਦਾਤਾਰਾ ॥***
***ਅੰਗ – ੬੭੬***

ਕਹਿੰਦੇ ਨਹੀਂ ਮਹਾਰਾਜ ਅਸੀਂ ਤਾਂ ਤਾਅ (ਸਾਰੀ) ਜ਼ਿੰਦਗੀ ਤੁਹਾਨੂੰ ਯਾਦ ਰੱਖਾਂਗੇ। ਦੂਜੇ ਦਿਨ ਇਹ ਹੋਇਆ ਕਿ ਸਵੇਰੇ ਹੀ ਲੜਕਾ ਮਰ ਗਿਆ। ਲੜਕੇ ਦਾ ਮ੍ਰਿਤਕ ਸਰੀਰ ਲਿਆ ਕੇ ਸਾਮ੍ਹਣੇ ਰੱਖ ਦਿਤਾ, ਜਿਥੇ ਜੇਲ੍ਹ ਵਿਚ ਸਾਰੇ ਬੰਦ ਕਰੇ ਹੋਏ ਸੀ। ਕਹਿਣ ਲਗਿਆ ਜਾਂ ਤਾਂ ਜੀਉਂਦਾ ਕਰ ਦਿਓ, ਨਹੀਂ ਤਾਂ ਫੇਰ ਤਿਆਰ ਹੋ ਜਾਓ। ਉਹ ਬਾਰ-ਬਾਰ ਚਰਨ ਫੜਦੇ ਨੇ, ਮਹਾਰਾਜ ਕ੍ਰਿਪਾ ਕਰੋ। ਬਾਹਰ ਆ ਗਏ, ਬਾਹਰ ਆ ਕੇ ਕਹਿਣ ਲੱਗੇ ਦੇਖ ਨਵਾਬ! ਇਹ ਜੇ ਜੀਉਂਦਾ ਹੋ ਗਿਆ, ਤੂੰ ਮੇਰੇ ਖਿਲਾਫ ਹੋ ਜਾਣਾ ਹੈ। ਕਹਿੰਦਾ ਮਹਾਰਾਜ ਮੈਂ ਕਿਵੇਂ ਹੋ ਜਾਵਾਂਗਾ, ਨਾਲੇ ਤੁਸੀਂ ਮੇਰਾ ਲੜਕਾ ਜੀਉਂਦਾ ਕਰੋਂ, ਮੈਂ ਤੁਹਾਡਾ ਅਹਿਸਾਨ ਨਹੀਂ ਭੁੱਲ ਸਕਦਾ। ਕਹਿੰਦੇ ਐਵੇਂ ਗੱਲਾਂ ਨੇ ਕਹਿਣ ਦੀਆ। ਜਦ ਬਾਰ-ਬਾਰ ਕਿਹਾ ਉਥੇ ਸਾਮ੍ਹਣੇ ਆ ਕੇ ਟਹਿਲਣ ਲਗ ਗਏ। ਸਾਰੇ ਦੇਖਦੇ ਨੇ ਕਿ ਹੁਣ ਕਿਹੜਾ ਮੰਤਰ ਮਾਰੇਗਾ ਇਹ। ਕਿਵੇਂ ਜੀਉਂਦਾ ਕਰ ਦੇਵੇਗਾ? ਤੇ ਨਾਲ ਅੱਲਾਹ ਕੋਲ ਦੁਆ ਕਰਦੇ ਨੇ ਕਿ ਜੀਉਂਦਾ ਹੋ ਜਾਵੇ ਸਾਡਾ ਖਹਿੜਾ ਛੁਟ ਜਾਵੇ। ਜੇ ਕਿਤੇ ਨਾ ਜੀਉਂਦਾ ਹੋਇਆ ਫੇਰ ਤਾਂ ਮਰ ਗਏ। ਉਹ ਫੱਕਰ ਫਿਰਦਾ-ਫਿਰਦਾ, ਆ ਕੇ ਕਹਿਣ ਲੱਗਿਆ ਕਿ ਓ ਲੜਕੇ! ਖੁਦਾ ਕੇ ਹੁਕਮ ਸੇ ਉਠ ਖੜ੍ਹਾ ਹੋ। ਸਭ ਨੇ ਦੇਖਿਆ ਕਿ ਹੁਣ ਉਠ ਜਾਏਗਾ। ਉਹ ਤਾਂ ਟਸ ਤੋਂ

ਮਸ ਨਾ ਹੋਇਆ। ਫੇਰ ਘੁੰਮ ਕੇ ਆ ਗਿਆ ਥੋੜ੍ਹਾ, ਕਹਿੰਦਾ ਓ ਲੜਕੇ! ਖੁਦਾ ਕੇ ਹੁਕਮ ਸੇ ਅਭੀ ਤਕ ਨਹੀ ਉਠੇ, ਉਠ ਖੜ੍ਹਾ ਹੋ? ਫੇਰ ਨਹੀਂ ਹੋਇਆ। ਤੀਸਰੀ ਵਾਰੀ ਫੇਰ ਕਿਹਾ, ਓ ਲੜਕੇ ਦੋ ਬਾਰ ਆਪ ਕੋ ਪਹਿਲੇ ਕਹਾ ਹੈ, ਖੁਦਾ ਕੇ ਹੁਕਮ ਸੇ ਉਠ ਖੜ੍ਹਾ ਹੋ। ਫੇਰ ਨਾ ਉਠਿਆ ਉਹ।

ਕਹਿੰਦੇ, ਨਵਾਬ ਸਾਹਿਬ! ਇਹ ਤਾਂ ਬਈ ਉਠਦਾ ਨਹੀਂ ਖੁਦਾ ਦੇ ਹੁਕਮ ਨਾਲ, ਨੀਵੀਂ ਪਾਈ ਬੈਠਾ ਹੈ, ਨਵਾਬ ਕਹਿੰਦਾ ਕਿ ਤੁਸੀ ਕੁਛ ਕਰੋ। ਕਹਿੰਦੇ ਫੇਰ ਫੱਕਰਾਂ ਦਾ ਹੁਕਮ ਜਦ ਹੋਏਗਾ ਤਾਂ ਉਠੇਗਾ? ਕਰ ਦੇਈਏ ਹੁਕਮ? ਕਹਿੰਦਾ ਹਾਂ। ਕਹਿੰਦੇ ਓ ਲੜਕੇ ਦਰਵੇਸ਼ ਕੇ ਹੁਕਮ ਸੇ ਉਠ ਖੜ੍ਹਾ ਹੋ। ਉਸੇ ਵੇਲੇ ਲੜਕਾ ਉਠ ਕੇ ਬੈਠ ਗਿਆ। ਖੁਸ਼ੀਆਂ ਹੋ ਗਈਆਂ। ਘਰੀਂ ਚਲੇ ਗਏ, ਭੁੱਲ ਗਏ। ਉਥੇ ਜਾ ਕੇ ਕਿੰਤੂ-ਪ੍ਰੰਤੂ ਕਰਨਾ ਸ਼ੁਰੂ ਕਰ ਦਿਤਾ। ਕਹਿੰਦੇ ਕੁਰਾਨ ਸ਼ਰੀਫ ਦਾ ਤਾਂ ਉਹਨੇ ਵਿਰੋਧ ਕਰ ਦਿਤਾ। ਉਹ ਤਾਂ ਕਾਫਰ ਹੈ, ਸ਼ਰੀਕ ਬਣ ਗਿਆ ਰੱਬ ਦਾ। ਤੇ ਆਹ ਗੱਲ ਕਹੀ ਹੈ ਉਹਨੇ, ਮੇਰੇ ਹੁਕਮ ਸੇ ਉਠ ਖੜ੍ਹਾ ਹੋ। ਮੁਕੱਦਮਾ ਕਰ ਦਿਤਾ, ਕਾਜ਼ੀਆ ਦੇ ਆ ਗਿਆ, ਉਸੇ ਨਵਾਬ ਤੋਂ ਹੁਕਮ ਲੈ ਲਿਆ ਕਿ ਇਹਦੀ ਜੀਉਂਦੇ ਦੀ ਖੱਲ੍ਹ ਉਤਾਰ ਦਿਓ। ਖੱਲ੍ਹ ਲਾਹੁੰਣ ਲੱਗੇ ਪਰ ਲਹੇ ਨਾ । ਕਹਿਣ ਲੱਗੇ ਜੀ ਖੱਲ੍ਹ ਤਾਂ ਇਹਦੀ ਲਹਿੰਦੀ ਨਹੀਂ ਹੈ, ਨਾ ਸਾਡੀਆ ਰੰਬੀਆਂ ਵਗੈਰਾ ਨੇ ਇਹਦੇ ਸਰੀਰ 'ਚ ਲਗਦੀਆ ਨੇ। ਜਦ ਇਸ ਤਰ੍ਹਾਂ ਹੋਇਆ ਤਾਂ ਕਹਿੰਦੇ ਲਾ ਲਿਆ ਜ਼ੋਰ ਤੁਸੀਂ, ਤੁਹਾਨੂੰ ਚਮੜੇ ਦੀ ਲੋੜ ਹੈ, ਲਓ ਅਸੀਂ ਆਪੇ ਹੀ ਲਾਹ ਦਿੰਦੇ ਹਾਂ, ਫੜ ਕੇ ਪੈਰਾਂ ਦੇ ਕੋਲੋਂ ਸਾਰੀ ਖੱਲ੍ਹ ਲਾਹ ਕੇ, ਵਗਾਹ ਕੇ ਮਾਰੀ, ਕਹਿੰਦੇ ਚੁੱਕੋ। ਸੋ ਕਹਿੰਦੇ -

*ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ*
*ਓਇ ਰਾਮ ਨਾਮ ਰੰਗਿ ਰਾਤੇ ॥*
*ਤਿਨ੍ ਕੀ ਸੋਭਾ ਸਭਨੀ ਥਾਈ*
*ਜਿਨ੍ ਪ੍ਰਭ ਕੇ ਚਰਣ ਪਰਾਤੇ ॥ ਅੰਗ - ੭੪੮*

ਜਲਾਂ ਦੇ ਵਿਚ, ਥਲਾਂ ਦੇ ਵਿਚ, ਹਰ ਥਾਂ ਦੇ ਵਿਚ ਵਾਹਿਗੁਰੂ ਹੈ, ਸੰਤਾਂ ਦੀ ਬਣੀ ਹੁੰਦੀ ਹੈ ਵਾਹਿਗੁਰੂ ਦੇ ਨਾਲ। ਰੱਬ ਦੇ ਨਾਲ ਬਣ ਜਾਵੇ ਇਕ ਵਾਰੀ, ਫੇਰ ਉਹ ਕੀਹਦੇ ਨੇ, ਕਿਸੇ ਦੇ ਵੀ ਨਹੀਂ, ਨਿਰਦਾਵੇ ਰਹਿੰਦੇ ਨੇ -

*ਜੋ ਜਨੁ ਨਿਰਦਾਵੈ ਰਹੈ ਸੋ ਗਨੈ ਇੰਦ੍ਰ ਸੋ ਰੰਕ ॥*
*ਅੰਗ - ੧੩੭੩*

ਇੰਦ੍ਰ ਨੂੰ ਵੀ ਕਹਿੰਦੇ ਨੇ ਕੰਗਾਲ ਤੁਰਿਆ ਫਿਰਦਾ ਹੈ। ਕੋਈ ਬਰਾਬਰੀ ਕਰਦਾ ਹੀ ਨਹੀਂ ਸਾਰੀ ਕਾਇਨਾਤ 'ਚ। ਸੋ ਜਦੋਂ ਆਵਾਜ਼ ਆਈ ਨਾਮਦੇਵ ਨੂੰ, ਨਾਮਦੇਵ ਨੇ ਉਸੇ ਆਵਾਜ਼ ਦੇ ਮੁਤਾਬਿਕ ਮੋਢੇ ਤੋਂ ਫੜਿਆ, ਕਹਿੰਦੇ ਉਠ ਬਈ ਕਹੁ ਰਾਮ। ਰਾਮ ਕਹਿ ਕੇ ਉਠਾਲ ਦਿਤਾ। ਸਾਰੀ ਦਿੱਲੀ 'ਚ ਰੌਲਾ ਪੈ ਗਿਆ ਕਿ ਨਾਮਦੇਵ ਨੇ ਮੁਰਦਾ ਜੀਉਂਦਾ ਕਰ ਦਿਤਾ। ਉਸ ਵੇਲੇ ਸ਼ਿਕਾਇਤ ਹੋ ਗਈ। ਬਾਦਸ਼ਾਹ ਸਲੇਮਸ਼ਾਹ ਸੀ। ਕਹਿਣ ਲੱਗੇ ਕਿ ਬਾਦਸ਼ਾਹ! ਇਹ ਕਾਫਰ ਜੇ ਇਹੋ ਜਿਹੇ ਕੰਮ ਕਰਨ ਲੱਗੇ ਫੇਰ ਇਸਲਾਮ ਦਾ ਵਾਧਾ ਤਾਂ ਹੋਣਾ ਨਹੀਂ ਹੈ। ਇਨ੍ਹਾਂ ਕਾਫਰਾਂ ਨੂੰ ਜਾਂ ਤਾਂ ਇਸਲਾਮ ਵਿਚ ਲੈ ਕੇ ਆਓ, ਜਾਂ ਮਾਰ ਦੇਣਾ ਚਾਹੀਦਾ ਹੈ। ਕਹਿੰਦਾ ਮੈ ਕਿਵੇਂ ਮਾਰਾਂ ਕੋਈ ਕਾਨੂੰਨ ਹੋਣਾ ਚਾਹੀਦਾ ਹੈ। ਕਹਿੰਦੇ ਇਹਨੇ ਮੁਰਦਾ ਜੀਉਂਦਾ ਕਰਿਆ ਹੈ, ਤੁਹਾਡੀ ਗਊ ਜਿਹੜੀ ਹੈ ਬਹੁਤ ਪਿਆਰੀ ਇਹਨੂੰ ਜ਼ਿਬਾ (ਵੱਢ) ਕਰ ਦਿਓ, ਬਿਸਮਲ ਕਰ ਦਿਓ, ਉਹਨੂੰ ਫੜ ਕੇ ਲਿਆਓ ਜੇ ਤਾਂ ਜੀਉਂਦੀ ਕਰ ਦਿਤੀ, ਤਾਂ ਠੀਕ ਹੈ। ਨਹੀਂ ਤਾਂ ਕੋਈ ਪਾਖੰਡ ਹੈ ਰਚਿਆ ਹੋਇਆ ਇਨ੍ਹਾਂ ਨੇ, ਐਵੇਂ ਬੱਚੇ ਨੂੰ ਪਾ ਕੇ ਲੈ ਗਏ ਨੇ ਉਥੇ ਜਾ ਕੇ ਡਰਾਮਾ ਕਰ ਦਿਤਾ, ਤੇ ਇਕ ਧੋਖਾ ਦਿਤਾ ਹੈ, ਇਸ ਕਰਕੇ ਧੋਖਾਦੇਹੀ 'ਚ ਇਹਨੂੰ ਸਜ਼ਾ ਦੇਣੀ ਚਾਹੀਦੀ ਹੈ। ਉਸ ਵੇਲੇ ਬਾਦਸ਼ਾਹ ਨੇ ਹਥਕੜੀਆ ਲਾ ਕੇ ਨਾਮਦੇਵ ਜੀ ਨੂੰ ਫੜ ਲਿਆ, ਬਗੈਰ ਕਿਸੇ ਕਸੂਰ ਤੋਂ ਤੇ ਨਾਮਦੇਵ ਜੀ ਨੂੰ ਬੁਲਾ ਕੇ ਕਹਿਣ ਲੱਗੇ ਕਿ ਨਾਮਦੇਵ! ਅਸੀਂ ਸੁਣਿਆ ਹੈ ਕਿ ਤੂੰ ਇਕ ਬੜਾ ਪਾਖੰਡ ਰਚਿਆ ਹੈ, ਤੇ ਉਥੇ ਮੁਰਦਾ ਅਰਥੀ ਤੇ ਪਾ ਕੇ ਤੂੰ ਇਹ ਕਹਿ ਦਿਤਾ ਕਿ ਉਠ। ਇਹੋ ਜਿਹਾ ਡਰਾਮਾ ਤੂੰ ਰਚਿਆ ਹੈ, ਸ਼ਰ੍ਹਾਂ ਦੇ ਖਿਲਾਫ ਚਲਿਆ ਹੈਂ, ਕਦੇ ਮਰਿਆ ਵੀ ਜੀਉਂਦਾ ਹੁੰਦਾ ਹੈ? ਮੈਂ ਸੱਚ ਤੇ ਝੂਠ ਨੂੰ ਨਿਤਾਰਨਾ ਚਾਹੁੰਦਾ ਹਾਂ। ਆਹ ਗਊ ਤੇਰੇ ਸਾਮ੍ਹਣੇ ਮਾਰ ਰਹੇ ਹਾਂ, ਇਹਨੂੰ ਜੀਉਂਦੀ ਕਰ ਦੇ। ਨਾਮਦੇਵ ਜੀ ਨੇ ਕਿਹਾ, ਬਾਦਸ਼ਾਹ! ਮੈਂ ਤਾਂ ਕੁਛ ਨਹੀਂ ਕਰਦਾ। ਜਿਹੜਾ ਕੁਛ ਕਰਦਾ ਹੈ ਮੇਰਾ ਰਾਮ ਕਰਦਾ ਹੈ, ਮੈਂ ਨਹੀਂ ਕਰਦਾ। ਉਸ ਵੇਲੇ ਹੁਕਮ ਦਿੰਦਾ ਹੈ, ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਮੋਈ ਗਊ ਨੂੰ ਜੀਉਂਦੀ ਕਰ ਦੇ,*
*ਦੇਖਾਂ ਕੰਮ ਤੇਰੇ ਰਾਮ ਦੇ।*

*ਸੁਲਤਾਨੁ ਪੂਛੈ ਸੁਨੁ ਬੇ ਨਾਮਾ ॥*
*ਦੇਖਉ ਰਾਮ ਤੁਮ੍ਾਰੇ ਕਾਮਾ ॥ ੧ ॥*
*ਨਾਮਾ ਸੁਲਤਾਨੇ ਬਾਧਿਲਾ ॥*
*ਦੇਖਉ ਤੇਰਾ ਹਰਿ ਬੀਠੁਲਾ ॥ ੧ ॥ ਰਹਾਉ ॥*
*ਬਿਸਮਿਲਿ ਗਊ ਦੇਹੁ ਜੀਵਾਇ ॥*
*ਨਾਤਰੁ ਗਰਦਨਿ ਮਾਰਉ ਠਾਂਇ ॥ ੨ ॥*
*ਬਾਦਿਸਾਹ ਐਸੀ ਕਿਉ ਹੋਇ ॥*
*ਬਿਸਮਿਲਿ ਕੀਆ ਨ ਜੀਵੈ ਕੋਇ ॥ ੩ ॥*
*ਮੇਰਾ ਕੀਆ ਕਛੂ ਨ ਹੋਇ ॥*
*ਕਰਿ ਹੈ ਰਾਮੁ ਹੋਇ ਹੈ ਸੋਇ ॥ ੪ ॥*
*ਬਾਦਿਸਾਹੁ ਚੜ੍ਹਿਓ ਅਹੰਕਾਰਿ ॥*
*ਗਜ ਹਸਤੀ ਦੀਨੋ ਚਮਕਾਰਿ ॥ ਅੰਗ - ੧੧੬੫*

ਸਾਰੀ ਗੱਲਬਾਤ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ੧੧੮● ਪੰਨੇ ਤੇ ਨਾਮਦੇਵ ਜੀ ਨੇ ਸਾਡੀ ਗਿਆਤ ਵਾਸਤੇ ਲਿਖੀ ਹੈ ਕਿ ਮੇਰੇ ਸਾਮ੍ਹਣੇ ਗਊ ਰੱਖ ਦਿਤੀ ਤੇ ਮੈਨੂੰ ਕਹਿਣ ਲੱਗੇ ਕਿ ਤੇਰੇ ਰੱਬ ਦੇ ਅਸੀਂ ਕੰਮ ਦੇਖਣੇ ਚਾਹੁੰਦੇ ਹਾਂ। ਬੰਨ੍ਹ ਲਿਆ ਤੇ ਹੱਥਾਂ 'ਚ ਹਥਕੜੀਆਂ ਪਾ

ਲਈਆਂ, ਪੈਰਾਂ 'ਚ ਬੇੜੀਆ ਪਾ ਲਈਆਂ। ਕਹਿੰਦੇ ਤੇਰੇ ਰਾਮ ਦੇ ਅਸੀਂ ਹੁਣ ਕੰਮ ਦੇਖਣੇ ਨੇ। ਆਹ ਬਿਸਮਲ ਕਰੀ ਪਈ ਹੈ ਗਊ ਇਹਨੂੰ ਜਾਂ ਜੀਉਂਦੀ ਕਰ ਦੇ ਨਹੀਂ ਤਾਂ ਤੇਰੀ ਗਰਦਨ ਇਹਦੇ ਉਤੇ ਹੀ ਵੱਢ ਕੇ ਰੱਖ ਦੇਣੀ ਹੈ। ਕਹਿੰਦੇ ਅਸੀਂ ਕਿਹਾ ਬਾਦਸ਼ਾਹ! ਐਸੀ ਕਿਉਂ ਹੋਇ।

***ਬਿਸਮਿਲਿ ਕੀਆ ਨ ਜੀਵੈ ਕੋਇ ॥ ੩ ॥***

ਜਿਹੜਾ ਮਾਰ ਹੀ ਦਿਤਾ ਹੈ ਉਹ ਕਿਵੇਂ ਜੀਉਂਦਾ ਹੋ ਸਕਦਾ ਹੈ? ਮੈਂ ਤਾਂ ਨਹੀਂ ਕਿਸੇ ਨੂੰ ਜੀਉਂਦਾ ਕਰਦਾ-

***ਮੇਰਾ ਕੀਆ ਕਛੂ ਨ ਹੋਇ ॥***
***ਕਰਿ ਹੈ ਰਾਮੁ ਹੋਇ ਹੈ ਸੋਇ ॥ ੪ ॥***

ਕਹਿੰਦਾ ਦੇਖ, ਉਥੇ ਪਾਖੰਡ ਕਰਿਆ ਸੀ ਤੂੰ? ਤਾਂ ਫੇਰ ਲੋਕਾਂ ਨੂੰ ਠੱਗਿਆ ਤੂੰ, ਧੋਖਾ ਦਿਤਾ, ਐਵੇਂ ਮੁਰਦਾ ਬਣਾ ਕੇ ਅਰਥੀ ਤੇ ਪਾ ਲਿਆ ਤੁਸੀਂ ਹਿੰਦੂ ਲੋਕਾਂ ਨੇ, ਇਸਲਾਮ ਨੂੰ ਛੋਟਾ ਕਰਨ ਵਾਸਤੇ। ਮੈਂ ਇਹ ਗੱਲ ਨਹੀਂ ਮੰਨਦਾ ਮੈਂ ਅੱਖਾਂ ਦੇ ਸਾਮ੍ਹਣੇ ਹੋਈ ਗੱਲ ਨੂੰ ਮੰਨਦਾ ਹਾਂ, ਅਹੰਕਾਰੀ ਹੋਇਆ ਬੈਠਾ ਹੈ -

***ਬਾਦਿਸਾਹੁ ਚੜ੍ਹਿਓ ਅਹੰਕਾਰਿ ॥***
***ਗਜ ਹਸਤੀ ਦੀਨੋ ਚਮਕਾਰਿ ॥ ਅੰਗ - ੧੧੬੫***

ਕਹਿਣ ਲੱਗੇ, ਐਉਂ ਨਹੀਂ ਇਹ ਹਟਦਾ, ਮਸਤ ਹਾਥੀ ਲਿਆਓ। ਮਸਤ ਹਾਥੀ ਲਿਆਂਦਾ, ਸ਼ਰਾਬ ਪਿਲਾਈ ਹੋਈ ਹੈ, ਤੇ ਨਾਮਦੇਵ ਵਲ ਛੱਡ ਦਿਤਾ। ਹਾਥੀ ਜਿਹੜਾ ਹੈ-

***ਕਰੈ ਗਜਿੰਦੁ ਸੁੰਡ ਕੀ ਚੋਟ ॥***
***ਨਾਮਾ ਉਬਰੈ ਹਰਿ ਕੀ ਓਟ ॥ ਅੰਗ - ੧੧੬੫***

ਉਹ ਚੋਟ ਕਰਦਾ ਹੈ ਤੇ ਉਹਦਾ ਅਸਰ ਹੀ ਨਹੀਂ ਹੁੰਦਾ। ਨਾਮਦੇਵ ਐਉਂ ਆ ਜਾਂਦਾ ਹੈ ਜਿਸ ਤਰ੍ਹਾਂ ਦੇ ਨਾਲ ਕੋਈ ਬਹੁਤ ਹੀ ਹਲਕੀ ਚੀਜ਼ ਰੂੰ ਦੀ ਤਰ੍ਹਾਂ ਡਿੱਗਦੀ ਹੈ। ਅਖੀਰ ਹਾਥੀ ਦੌੜ ਗਿਆ। ਕਹਿਣ ਲੱਗੇ ਇਸ ਤਰ੍ਹਾਂ ਨਹੀਂ ਕੁਛ ਹੋਣਾ ਇਹਨੂੰ ਸਮਾਂ ਦੇ ਦਿਓ, ਐਨੇ ਸਮੇਂ ਦੇ ਵਿਚ ਜੇ ਨਾ ਜੀਉਂਦੀ ਕਰੀ ਤਾਂ ਇਹਨੂੰ ਮਾਰ ਦਿਤਾ ਜਾਏਗਾ। ਸੋ ਉਸ ਵੇਲੇ ਜਦੋਂ ਹਾਥੀ ਛੱਡਣ ਲੱਗੇ, ਜਾ ਕੇ ਸਮਝਾਉਂਦੇ ਨੇ ਕਿ ਨਾਮਦੇਵ ਆਪਣੀ ਜਾਨ ਨਾ ਗੁਆ, ਗਊ ਜੀਉਂਦੀ ਕਰ ਦੇ। ਦੇਖ ਤੇਰੇ ਸਾਮ੍ਹਣੇ ਸਵਾਲ ਨੇ ਜਾਂ ਤਾਂ ਗਊ ਜੀਉਂਦੀ ਕਰ ਦੇ, ਜਾਂ ਜੇ ਬਚਣਾ ਚਾਹੁੰਦਾ ਹੈਂ ਤਾਂ ਦੀਨ-ਏ-ਇਸਲਾਮ ਕਬੂਲ ਕਰ ਲੈ। ਤਾਂ, ਤਾਂ ਬਚ ਸਕਦਾ ਹੈ ਨਹੀਂ ਤਾਂ ਤੂੰ ਨਹੀਂ ਬਚ ਸਕਦਾ। ਕਿਉਂਕਿ ਇਸਲਾਮ ਦੇ ਵਿਚ ਇਕ ਕਾਨੂੰਨ ਸੀ ਕਿ ਜੇ ਕਿਸੇ ਨੂੰ ਛੋਟੇ ਜ਼ੁਲਮ ਦੇ ਅੰਦਰ ਮੌਤ ਦਾ ਦੰਡ ਮਿਲਦਾ ਹੈ ਤਾਂ ਉਹ ਦੋ ਤਰੀਕਿਆਂ ਦੇ ਨਾਲ ਬਖਸ਼ਿਆ ਜਾਂਦਾ ਹੈ। ਇਕ ਤਾਂ ਇਹ ਹੈ ਕਿ ਉਹਦੇ ਬਰਾਬਰ ਸੋਨਾ ਤੋਲ ਕੇ ਦੇਵੋ। ਉਹ ਛੱਡ ਦਿੰਦੇ ਸੀ ਉਹਨੂੰ। ਦੂਸਰਾ ਇਹ ਸੀ ਕਿ ਉਹ ਇਸਲਾਮ ਧਾਰਨ ਕਰ ਲਏ ਤੇ ਉਹਦੀ ਜ਼ਿੰਦਗੀ ਬਖਸੀ ਜਾਂਦੀ ਸੀ। ਤੇ ਉਹਦੇ ਮੂਹਰੇ ਦੋਵੇਂ ਸਵਾਲ ਰੱਖ ਦਿਤੇ। ਸੋਨੇ ਵਾਲਾ ਤਾਂ ਰੱਖਿਆ ਨਾ ਤੇ ਇਹ ਰੱਖ ਦਿਤਾ ਕਿ ਜੇ ਤਾਂ ਬਚਣਾ ਹੈ ਤਾਂ ਦੋ ਨੇ ਗੱਲਾਂ ਤੇਰੇ ਸਾਮ੍ਹਣੇ ਜਾਂ ਤਾਂ ਗਊ ਜੀਉਂਦੀ ਕਰ ਦੇ, ਨਹੀਂ ਫੇਰ ਦੀਨ-ਏ-ਇਸਲਾਮ 'ਚ ਆ ਜਾ। ਉਸ ਵੇਲੇ ਨਾਮਦੇਵ ਜੀ ਦੀ ਮਾਤਾ ਨੇ ਦੇਖਿਆ ਕਿ ਇਹ ਤਾਂ ਮਾਰਨ ਤੇ ਤੁਲਿਆ ਹੋਇਆ ਹੈ, ਹਾਥੀ ਛੱਡ ਰਿਹਾ ਹੈ, ਸ਼ਰਾਬ ਪਿਲਾ ਰਹੇ ਨੇ ਉਹਨੂੰ, ਝੂੰਮ ਰਿਹਾ ਹੈ ਹਾਥੀ ਉਹਨੇ ਤਾਂ ਪੈਰ ਧਰ ਦੇਣਾ ਹੈ, ਸੌ ਮਣ ਦਾ ਹਾਥੀ ਹੁੰਦਾ ਹੈ, ਤੇ ਸਾਰੀਆ ਹੱਡੀਆ ਮੇਰੇ ਪੁੱਤਰ ਦੀਆ ਟੁੱਟ ਜਾਣੀਆ ਨੇ, ਤੇ ਮੇਰੀਆ ਅੱਖਾਂ ਦੇ ਸਾਮ੍ਹਣੇ ਤੜਫ-ਤੜਫ ਕੇ ਮਰ ਜਾਏਗਾ। ਉਸ ਵੇਲੇ ਮਾਂ ਉਸ ਮੈਦਾਨ ਦੇ ਵਿਚ ਆਉਂਦੀ ਹੈ ਜਿਥੇ ਉਹ ਬੰਨ੍ਹਿਆ ਹੋਇਆ ਹੈ, ਇਜਾਜ਼ਤ ਲਈ ਕਿ ਜਹਾਨ ਪਨਾਹ ਮੈਨੂੰ ਆਗਿਆ ਦੇਵੋ ਮੈ ਆਪਣੇ ਪੁੱਤਰ ਨੂੰ ਮਿਲ ਲਵਾਂ। ਉਸ ਵੇਲੇ ਨੇੜੇ ਆ ਜਾਂਦੀ ਹੈ ਕਹਿਣ ਲੱਗੀ ਨਾਮਦੇਵ! ਦੇਖ ਕੀ ਫਰਕ ਪੈਂਦਾ ਹੈ, ਇਥੇ ਤੂੰ ਰਾਮ-ਰਾਮ ਕਰਦਾ ਹੈਂ, ਉਥੇ ਖੁਦਾ ਹੋ ਜਾਏਗਾ, ਐਨਾ ਹੀ ਫਰਕ ਹੈ, ਐਸ ਤਰ੍ਹਾਂ ਦੇ ਨਾਲ ਕਹਿੰਦੇ ਮੇਰੀ ਮਾਤਾ ਨੇ ਮੈਨੂੰ ਕਿਹਾ -

***ਧਾਰਨਾ - ਰਾਮ ਛੱਡ ਕੇ***
***ਖੁਦਾ ਦਾ ਨਾਮ ਜਪ ਲੈ,***
***ਨਾਮੇ ਦੀ ਮਾਈ ਰੁਦਨ ਕਰੇ।***

***ਰੁਦਨੁ ਕਰੈ ਨਾਮੇ ਕੀ ਮਾਇ ॥***
***ਛੋਡਿ ਰਾਮੁ ਕੀ ਨ ਭਜਹਿ ਖੁਦਾਇ ॥ ੬***
***ਅੰਗ - ੧੧੬੫***

ਜ਼ਿੰਦਗੀ ਬਚਾ ਲੈਣੀ, ਸਿਆਣੇ ਬੰਦੇ ਦਾ ਕੰਮ ਹੁੰਦਾ ਹੈ। ਜ਼ਿੰਦਗੀ ਬਚ ਗਈ ਤੂੰ ਫੇਰ ਕਰੀ ਜਾਈਂ ਰਾਮ-ਰਾਮ। ਇਥੇ ਕਹਿ ਦੇ ਕਿ ਮੈਂ ਖੁਦਾ-ਖੁਦਾ ਕਰਾਂਗਾ। ਮੰਨ ਲੈ ਇਨ੍ਹਾਂ ਦਾ ਦੀਨ-ਏ-ਇਸਲਾਮ, ਜ਼ਿੰਦਗੀ ਤਾਂ ਬਚ ਜਾਏਗੀ ਤੇਰੀ। ਕਹਿਣ ਲੱਗੇ, ਮਾਤਾ, ਐਹੋ ਜਿਹਾ ਕਮਜ਼ੋਰ ਉਪਦੇਸ਼ ਤੂੰ ਮੈਨੂੰ ਦੇ ਰਹੀ ਹੈਂ।

ਕਿਉਂਕਿ ਬਾਦਸ਼ਾਹ ਜੋ ਹੋਇਆ ਕਰਦੇ ਨੇ, ਐਸੀਆਂ ਹੀ ਗੱਲਾਂ ਹੋਇਆ ਕਰਦੀਆਂ ਨੇ ਉਨ੍ਹਾਂ ਦੀਆ। ਸੰਕਟ ਖੜ੍ਹਾ ਹੋ ਜਾਂਦਾ ਹੈ ਜਦੋਂ ਕਹਿੰਦੇ ਨੇ ਕਿ ਆਹ ਧਰਮ ਨੂੰ ਛੱਡ ਕੇ ਆਹ ਧਾਰਨ ਕਰ ਲੈ, ਫੇਰ ਤੂੰ ਬਚ ਜਾਏਂਗਾ। ਧਰਮ ਸਾਰੇ ਹੀ ਠੀਕ ਨੇ, ਪਰ ਜਿਹੜਾ ਆਪਣਾ ਧਰਮ ਹੈ ਉਹਦੇ ਮੁਤਾਬਿਕ ਹੀ ਆਦਮੀ ਨੂੰ ਆਪਣਾ ਜੀਵਨ ਬਿਤਾਉਣਾ ਚਾਹੀਦਾ ਹੈ, ਰਹਿਣਾ ਤਾਂ ਹੈ ਨਹੀਂ ਸੰਸਾਰ ਦੇ ਅੰਦਰ ਕਿਸੇ ਨੇ। ਜਿਸ ਦਿਨ ਆ ਗਈ ਉਸ ਤੋਂ ਇਕ ਸਾਹ ਵੀ ਵੱਧ ਕਿਸੇ ਨੇ ਨਹੀਂ ਜੀਉਣਾ। ਫੇਰ ਧਰਮ ਕਿਉਂ ਛੱਡੇ?

ਅੱਜ ਦਾ ਦਿਨ ਜੋ ਹੈ ਸਾਡੇ ਇਤਿਹਾਸ ਦੇ ਅੰਦਰ ਬਹੁਤ ਹੀ important, ਸਿਖਿਆਦਾਇਕ ਦਿਨ ਹੈ ਸਾਡੇ ਵਾਸਤੇ, ਅੱਜ ਦੇ ਦਿਨ ਐਸੀ ਕੁਰਬਾਨੀ ਹੋਈ ਹੈ ਕਿ ਦੁਨੀਆਂ ਦੇ ਵਿਚ ਕਿਤੇ ਕੋਈ ਮਿਸਾਲ ਹੀ ਨਹੀਂ ਮਿਲਦੀ। ਯੂਰਪ ਦੇ ਅੰਦਰ ਕੇਵਲ ਈਸਾ ਜੀ ਇਕ ਨੂੰ ਕੁਰਬਾਨੀ ਦੇਣੀ ਪਈ ਤੇ ਅੱਜ ਤਕ ਉਨ੍ਹਾਂ ਨੇ ਐਨੀ

ਸੰਭਾਲੀ ਹੈ ਈਸਾਈਆਂ ਨੇ ਕਿ ਅੱਧੇ ਸੰਸਾਰ ਤੋਂ ਜ਼ਿਆਦਾ ਨੇ ਉਨ੍ਹਾਂ ਨਾਲ ਪਿਆਰ ਪਾਇਆ ਹੋਇਆ ਹੈ। ਕ੍ਰਿਸਮਿਸ ਹੈ, ਬੜੀਆਂ ਉਨ੍ਹਾਂ ਦੀਆ ਖੁਸ਼ੀਆ ਨੇ, ਲੇਕਿਨ ਇਹਦੇ ਮੁਕਾਬਲੇ ਦੇ ਉਤੇ ਜੇ ਅਸੀਂ ਆਪਣਾ ਲੇਖਾ-ਜੋਖਾ ਪੜਚੋਲ ਕਰੀਏ, ਅਸੀਂ ਕਿਸੇ ਪਾਸੇ ਵੀ ਨਹੀਂ ਉਨ੍ਹਾਂ ਦੇ ਮੁਕਾਬਲੇ 'ਤੇ। ਇਥੇ ਤਾਂ ਐਨਾ ਲਾਣਾ ਫਿਰਦਾ ਹੈ ਨਾ ਮਨਮੁਖ, ਆਹ ਸੰਤ ਕਹਿੰਦੇ ਹੁੰਦੇ ਸੀ ਕਲੇਰਾਂ ਵਾਲੇ ਕਿ ਲੰਡਰ ਕੁੱਤੇ ਤੁਰੇ ਫਿਰਦੇ ਨੇ। ਉਨ੍ਹਾਂ ਨੂੰ ਕਿਹਾ ਕਿ ਮਹਾਰਾਜ! ਤੁਸੀਂ ਲੰਡਰ (ਅਵਾਰਾ) ਕੁੱਤੇ ਕਿਉਂ ਕਹਿੰਦੇ ਓਂ? ਕਹਿੰਦੇ ਇਕ ਤਾਂ ਪਟਿਆਂ ਵਾਲੇ ਹੁੰਦੇ ਨੇ ਇਕ ਹੁੰਦੇ ਨੇ ਲੰਡਰ, ਬੇ-ਮਾਲਕੇ, ਉਨ੍ਹਾਂ ਨੂੰ ਲੰਡਰ ਕਹਿੰਦੇ ਹੁੰਦੇ ਨੇ, ਜਿਨ੍ਹਾਂ ਦਾ ਕੋਈ ਵਾਰਸ ਨਾ ਹੋਵੇ, ਕੋਈ ਮਾਲਕ ਨਾ ਹੋਵੇ, ਕੋਈ ਆ ਕੇ ਜੋ ਮਰਜ਼ੀ ਕਰੇ ਉਨ੍ਹਾਂ, ਨੂੰ, ਚਾਹੇ ਕੋਈ ਡੰਡਾ ਮਾਰੇ। ਇਕ ਉਹ ਹੁੰਦੇ ਨੇ ਜਿਹੜੇ ਪਟਿਆ ਵਾਲੇ ਹੁੰਦੇ ਨੇ, ਪਟੇ ਵਾਲੇ ਨੂੰ ਕੋਈ ਕੁਛ ਨਹੀਂ ਕਹਿੰਦਾ। ਉਨ੍ਹਾਂ ਨੂੰ ਪਤਾ ਹੈ ਕਿ ਪੜੌਸੀ ਦਾ ਹੈ ਇਹ ਤਾਂ, ਗਲ ਪੈ ਜਾਊ ਸਾਡੇ। ਸੋ ਅਸੀਂ ਜੋ ਹਾਂ ਉਹ ਐਵੇ ਤੁਰੇ ਫਿਰਦੇ ਹਾਂ ਜਿਧਰ ਨੂੰ ਮੂੰਹ ਹੋ ਗਿਆ, ਉਧਰ ਨੂੰ ਤੁਰ ਗਏ। ਸਾਡੇ ਕੁਛ ਯਾਦ ਨਹੀਂ ਰਹਿੰਦਾ, ਕਿੱਡੀਆਂ ਸ਼ਹੀਦੀਆਂ ਨੇ, ਕਿੱਡੇ ਵੱਡੇ-ਵੱਡੇ ਕੰਮ ਹੋਏ ਨੇ। ਅਸੀਂ ਦੁਨੀਆਂ ਤੇ ਪ੍ਰਗਟ ਨਹੀਂ ਕਰ ਸਕੇ ਕਿਉਂਕਿ ਸਾਡੇ ਆਪਣੇ ਹੀ ਦਿਲਾਂ ਦੇ ਵਿਚ ਕੋਈ ਸ਼ਰਧਾ ਨਹੀਂ ਹੈ।

ਮੈਂ ਅਮਰੀਕਾ ਦੇ ਵਿਚ ਦੇਖਿਆ ਕਿ ਜਿਸ ਵਕਤ ਉਹ ਈਸਾ ਜੀ ਦੀ ਗੱਲ ਕਰਦਾ ਸੀ, ਨਿਊਯਾਰਕ ਤੋਂ ਆਉਂਦਾ ਹੁੰਦਾ ਸੀ ਪ੍ਰੋਗਰਾਮ, ਉਹਦੇ ਅੱਖਾਂ ਦੇ ਵਿਚੋਂ ਵੱਡੇ-ਵੱਡੇ ਹੰਝੂ ਗਿਰਦੇ ਹੁੰਦੇ, ਜਿਹੜੇ ਬਾਹਰ ਬੈਠੇ ਸੁਣਦੇ ਹੁੰਦੇ ਉਨ੍ਹਾਂ ਦੇ ਵੀ ਹੱਥਾਂ 'ਚ ਰੁਮਾਲ ਹੁੰਦੇ। ਚਾਰ ਹਜ਼ਾਰ ਦਾ ਲੋਕਾਂ ਦੇ ਬੈਠਣ ਦਾ (sitting arrangement) ਇੰਤਜ਼ਾਮ ਸੀ ਕੀਤਾ ਹੋਇਆ। ਰੁਮਾਲ ਅੱਖਾਂ ਤੇ ਹੀ ਰਹਿੰਦੇ ਸੀ, ਮੇਰੇ ਮਨ 'ਚ ਆਉਣਾ ਕਿ ਕਿੰਨਾ ਪਿਆਰ ਕਰਦੇ ਨੇ, ਹਾਲਾਂਕਿ ਦੋ ਹਜ਼ਾਰ ਸਾਲ ਹੋ ਗਏ ਉਨ੍ਹਾਂ ਨੂੰ ਤੇ ਸਾਡੇ ਹਾਲੇ ਕੱਲ੍ਹ ਦਾ ਇਤਿਹਾਸ ਹੈ ਸਾਡੇ ਮਨ 'ਚ ਭੋਰਾ ਵੀ ਪਿਆਰ ਨਹੀਂ ਹੈ, ਨਾ ਉਨ੍ਹਾਂ ਦੇ ਬਚਨਾਂ ਨੂੰ ਅਸੀਂ ਮੰਨੀਏ, ਹੋਰ ਹੀ ਤਰ੍ਹਾਂ ਫਿਰਦੇ ਹਾਂ।

ਜੋ ਅੱਜ ਦਾ ਦਿਨ ਹੈ ਇਹਦੇ ਵਿਚ ਇਕ ਐਸੀ ਘਟਨਾ ਵਾਪਰੀ ਹੈ, ਐਸੀ ਸ਼ਹੀਦੀ ਹੋਈ ਹੈ ਜੋ ਸਾਰੇ ਸੰਸਾਰ 'ਚ ਨਹੀਂ ਹੋਈ। ਗੁਰੂ ਦਸ਼ਮੇਸ਼ ਪਿਤਾ ਦੇ ਕੋਲ ਝੂਠੀਆਂ ਸੌਹਾਂ ਖਾਧੀਆਂ ਗਈਆਂ ਆਨੰਦਪੁਰ ਸਾਹਿਬ। ਗਊ ਦੀ ਮੂਰਤੀ ਬਣਾ ਕੇ ਰੱਖੀ ਗਈ, ਕੁਰਾਨ ਸ਼ਰੀਫ ਰੱਖੇ ਗਏ ਤੇ ਸੌਹਾਂ ਖਾਧੀਆਂ ਗਈਆਂ ਇਨ੍ਹਾਂ ਨੂੰ ਜਾਮਨ ਲੈ ਕੇ ਕਿ ਤੁਸੀਂ ਕਿਲ੍ਹਾ ਛੱਡ ਦਿਓ। ਗੁਰੂ ਮਹਾਰਾਜ ਕਹਿੰਦੇ ਪਿਆਰਿਓ! ਹੈ ਤਾਂ ਧੋਖਾ ਸੋਲ੍ਹਾਂ ਆਨੇ। ਪਰ ਅਸੀਂ ਇਕ ਗੱਲ ਸਿਖਾਉਣੀ ਹੈ ਕਿ ਧਰਮ ਗ੍ਰੰਥ ਦੀ ਕਿੰਨੀ ਇਜ਼ਤ ਕਰਨੀ ਹੈ। ਕਿਉਂਕਿ ਐਸ ਵੇਲੇ ਕੁਰਾਨ ਸ਼ਰੀਫ ਆਇਆ ਹੈ ਜਿਹਨੂੰ ਅੱਧੀ ਦੁਨੀਆਂ ਮੰਨ ਰਹੀ ਹੈ ਸੰਸਾਰ ਦੇ ਅੰਦਰ, ਕਰੋੜਾਂ ਬੰਦੇ ਸਤਿਕਾਰ ਕਰਦੇ ਨੇ ਤੇ ਸਾਡਾ ਵੀ ਫਰਜ਼ ਬਣਦਾ ਹੈ ਕਿ ਏਸ ਰੂਹਾਨੀ ਪੁਸਤਕ ਦਾ ਅਸੀਂ ਸਤਿਕਾਰ ਕਰੀਏ, ਇਕ ਪਾਸੇ ਤਾਂ ਇਹ ਵਰਤਾਰਾ (attitude) ਹੈ ਦੂਜੇ ਪਾਸੇ ਇਹ ਹੈ ਕਿ ਗੁਰੂ ਦਸਵੇਂ ਪਾਤਸ਼ਾਹ ਨੇ ਇਕ ਸੌ ਦੋ ਲਿਖਾਰੀ ਲਾ ਕੇ, 52 ਕਵੀ 50 ਲਿਖਾਰੀ ਬੇਅੰਤ ਗ੍ਰੰਥਾਂ ਦਾ ਅਨੁਵਾਦ ਕਰਾਇਆ। ਉਹ ਜਿਸ ਵਕਤ ਲੈ ਕੇ ਤੁਰਦੇ ਨੇ, ਪਰਿਵਾਰ ਵਿਛੋੜੇ ਦੇ ਥਾਂ ਤੇ ਗ੍ਰੰਥ ਜਿਹੜੇ ਸੀ ਉਨ੍ਹਾਂ ਦੇ ਹੱਥਾਂ 'ਚ ਆ ਗਏ, ਅੱਗ ਦੇ ਵਿਚ ਜਾਲ ਦਿਤੇ, ਤੇ ਦੂਜੇ ਪਾਸੇ ਵਰਤਾਰਾ (attitude) ਕੀ ਹੈ ਕਿ ਗੁਰੂ ਮਹਾਰਾਜ ਕੋਲ ਕੁਰਾਨ ਸ਼ਰੀਫ ਜਾਂਦਾ ਹੈ, ਬੰਨ੍ਹਿਆ ਹੋਇਆ ਹੈ ਰੁਮਾਲਿਆਂ ਦੇ ਅੰਦਰ ਸਿਰ 'ਤੇ ਚੁਕਿਆ ਹੋਇਆ ਹੈ ਤੇ ਮਹਾਰਾਜ ਦੇ ਕੋਲ ਲੈ ਕੇ ਜਾ ਕੇ ਕਹਿੰਦੇ ਨੇ ਕਿ ਮਹਾਰਾਜ! ਔਰੰਗਜ਼ੇਬ ਨੇ ਕੁਰਾਨ ਸ਼ਰੀਫ ਦੀ ਜਾਮਨੀ ਦੇ ਕੇ ਆਹ ਤੁਹਾਡੇ ਕੋਲ ਸ਼ਾਹੀ ਫੁਰਮਾਨ ਭੇਜਿਆ ਹੈ, ਇਹਦੇ ਵਿਚ ਲਿਖਿਆ ਹੋਇਆ ਹੈ ਕਿ ਆਪ ਕਿਲ੍ਹਾ ਛੱਡ ਦਿਓ, ਜਿਥੇ ਜੀਅ ਕਰਦਾ ਹੈ ਜਾਓ, ਤੁਹਾਡਾ ਕੋਈ ਨੁਕਸਾਨ ਨਹੀਂ ਹੋਏਗਾ। ਆਪ ਦਰਵੇਸ਼ ਲੋਕ ਹੋ ਫਿਰ ਤੁਰ ਕੇ ਆਪਣਾ ਪ੍ਰਚਾਰ ਕਰੋ। ਇਹ ਹਥਿਆਰ ਨਾ ਚੁੱਕੋ ਹਕੂਮਤ ਦੇ ਖਿਲਾਫ। ਉਸ ਵੇਲੇ ਵਿਚਾਰ ਹੋਈ ਸਾਰਿਆਂ ਦੀ, ਮਹਾਰਾਜ ਕਹਿੰਦੇ ਕਿ ਦੇਖੋ ਹੈ ਤਾਂ ਧੋਖਾ, ਪਰ ਐਸ ਵੇਲੇ ਕੁਰਾਨ ਸ਼ਰੀਫ ਦੀ ਇਜ਼ਤ ਸਾਨੂੰ ਰੱਖਣੀ ਚਾਹੀਦੀ ਹੈ। ਸਤਿਕਾਰ ਰੱਖਣਾ ਚਾਹੀਦਾ ਹੈ ਜੇ ਅਸੀਂ ਨਾ ਰੱਖਿਆ ਤਾਂ ਫੇਰ ਸੰਸਾਰ ਦੇ ਅੰਦਰ ਕੌਣ ਹੈ ਜਿਹੜਾ ਧਰਮ ਪੁਸਤਕਾਂ ਦਾ ਸਤਿਕਾਰ ਕਰੇਗਾ। ਚਾਹੇ ਵੇਦ ਹੋਵੇ, ਚਾਹੇ ਬਾਈਬਲ ਹੋਵੇ, ਚਾਹੇ ਗੁਰੂ ਗ੍ਰੰਥ ਸਾਹਿਬ ਹੋਵੇ, ਚਾਹੇ ਕੁਰਾਨ ਸ਼ਰੀਫ ਹੈ। ਹੈ ਤਾਂ ਸਾਰੇ ਧਰਮ ਗ੍ਰੰਥ ਇਨ੍ਹਾਂ ਦਾ ਸਤਿਕਾਰ ਕਰਨਾ ਸਾਨੂੰ ਬਣਦਾ ਹੈ। ਇਹ ਨਹੀਂ ਕਿ ਬੇਗਾਨੀ ਕਿਤਾਬ ਮਾਰੋ ਵਗਾਹ ਕੇ। ਸੋ ਉਸ ਵੇਲੇ ਮਹਾਰਾਜ ਜੀ ਕਿਲ੍ਹਾ ਛੱਡਦੇ ਨੇ, ਇਨ੍ਹਾਂ ਨੇ ਸਾਰਿਆਂ ਨੇ ਵਾਅਦੇ ਤੋੜ ਕੇ ਹਮਲਾ ਕਰ ਦਿਤਾ, ਬੇਈਮਾਨ ਹੋ ਗਏ, ਕੋਈ ਕਦਰ ਨਹੀਂ ਇਨ੍ਹਾਂ ਨੂੰ, ਜਿਹੜੇ ਮੰਨਦੇ ਨੇ ਗਊ ਨੂੰ, ਨਾ ਗਊ ਵਾਲਿਆ ਨੂੰ ਕਦਰ ਰਹੀ ਤੇ ਨਾ ਕੁਰਾਨ ਸ਼ਰੀਫ ਵਾਲਿਆ ਨੂੰ। ਪਰਿਵਾਰ ਵਿਛੋੜੇ ਤੇ ਬੜੇ ਘਮਸਾਨ ਦਾ ਯੁੱਧ ਹੋਇਆ, ਸਰਸਾ ਚੜ੍ਹਿਆ ਹੋਇਆ ਸੀ, 40 ਕੁ ਬੰਦੇ ਗੁਰੂ ਸਾਹਿਬ ਸਮੇਤ ਇਕ ਪਾਸੇ ਨੂੰ ਪਾਰ ਹੋਏ, ਮਾਤਾਵਾਂ ਦੂਜੇ ਪਾਸੇ ਨੂੰ ਹੋਈਆਂ। ਛੋਟੇ ਸਾਹਿਬਜ਼ਾਦੇ ਦੂਰ ਜਾ ਕੇ ਕੰਢੇ ਤੇ ਲੱਗੇ। ਹਨ੍ਹੇਰਾ ਸੀ, ਪਰਿਵਾਰ ਵਿਛੜ ਗਿਆ, ਖੇਰੂੰ-ਖੇਰੂੰ ਹੋ ਗਿਆ। ਓਸ ਵੇਲੇ ਮਹਾਰਾਜ ਜੀ ਦਾ ਮਾਲਵੇ ਵਲ ਨੂੰ ਰੁਖ ਹੈ ਤੇ ਰੋਪੜ ਵਿਚੀਂ ਹੁੰਦੇ ਹੋਏ ਚਮਕੌਰ ਸਾਹਿਬ ਜਾ ਕੇ ਵੱਡਾ ਭਾਰਾ ਯੁੱਧ ਹੁੰਦਾ ਹੈ। ਘੇਰੇ ਜਾਂਦੇ ਨੇ, ਉਥੇ ਮਹਾਰਾਜ ਜੀ ਨਾਲ ਯੁੱਧ ਤੋਂ ਬਾਅਦ ਅੱਠ ਸਿੰਘ ਰਹਿ ਗਏ, ਕਹਿਣ ਲੱਗੇ ਮਹਾਰਾਜ ਅਸੀਂ ਬੇਨਤੀ ਕਰਦੇ ਹਾਂ, ਕ੍ਰਿਪਾ ਕਰਕੇ ਸਾਡੀ ਬੇਨਤੀ ਮੰਨੋ। ਤੁਸੀਂ ਸਾਡੇ ਵਰਗੇ ਕਰੋੜਾਂ ਸਿੰਘ ਸਜਾ ਸਕਦੇ ਹੋ, ਅਸੀਂ ਅਰਬਾਂ ਸਿੰਘ ਇਕੱਠੇ ਹੋ ਕੇ ਇਕ ਗੁਰੂ ਗੋਬਿੰਦ ਸਿੰਘ ਨਹੀਂ ਬਣਾ ਸਕਦੇ। ਇਸ ਕਰਕੇ ਸਾਡੀ ਬੇਨਤੀ ਹੈ,

ਦੂਸਰਾ ਤੁਸੀਂ ਪੰਜਾਂ ਨੂੰ ਪ੍ਰਵਾਨ ਕਿਹਾ ਹੈ ਤੇ ਪੰਜਾਂ ਵਲੋਂ ਇਹ ਬੇਨਤੀ ਭਰਿਆ ਹੁਕਮ ਹੈ ਕਿ ਚਾਹੇ ਤਾਂ ਤੁਸੀਂ ਸ਼ਕਤੀ ਵਰਤ ਕੇ ਨਿਕਲ ਜਾਓ, ਚਾਹੇ ਵੈਸੇ ਨਿਕਲ ਜਾਓ। ਇਹ ਨਹੀਂ ਸੀ ਕਿ ਗੁਰੂ ਸਾਹਿਬ 'ਤੇ ਬੇਵਿਸ਼ਵਾਸ਼ੀ ਸੀ ਕਿ ਸ਼ਕਤੀ ਨਹੀਂ ਹੈ, ਪੂਰਨ ਸ਼ਕਤੀਆ ਦੇ ਮਾਲਕ ਸੀ।

ਕਈ ਪ੍ਰੇਮੀਆਂ ਦੇ ਮਨਾਂ 'ਚ ਆ ਜਾਂਦਾ ਹੈ ਕਿ ਗੁਰੂ ਸਾਹਿਬ ਕਿਸੇ ਹੋਰ ਤਰੀਕੇ ਨਾਲ ਵੀ ਨਿਕਲ ਸਕਦੇ ਸੀ? ਗੁਰੂ ਸਾਹਿਬ ਦੀ ਤਾਂ ਗੱਲ ਛੱਡ ਦਿਓ ਤੁਸੀਂ, ਜਦ ਅਸੀਂ ਗੁਰੂ ਮਹਾਰਾਜ ਦੇ ਸਿੱਖਾਂ ਦਾ ਹਾਲ ਦੇਖਦੇ ਹਾਂ ਓਸ ਵੇਲੇ ਗੱਲ ਸਮਝ 'ਚ ਆ ਜਾਂਦੀ ਹੈ।

ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆ ਪਾਸ ਇਕ ਬੀਬੀ ਆਈ ਉਹ ਕਹਿਣ ਲੱਗੀ ਮਹਾਰਾਜ ਸਾਡੇ ਪਿੰਡ ਦੇ ਸਾਰੇ ਬੰਦੇ ਆਪ ਨਾਲ ਵਿਰੋਧ ਕਰਕੇ ਮਾਰੇ ਗਏ। ਮੇਰਾ ਪੁਤਰ ਆਪ ਦੀ ਬਖਸ਼ਿਸ਼ ਨਾਲ ਬਚਿਆ ਸੀ ਤੇ ਹੁਣ ਮੇਰੇ ਪੁੱਤਰ ਦਾ ਪਤਾ ਨਹੀਂ ਕਲਕੱਤੇ ਗਿਆ ਸੀ ਓਸ ਤੋਂ ਬਾਅਦ ਵਾਪਸ ਨਹੀਂ ਆਇਆ, ਕੁਛ ਪਤਾ ਨਹੀਂ ਲਗਿਆ, ਕ੍ਰਿਪਾ ਕਰੋ, ਮੇਰਾ ਪੁੱਤਰ ਆ ਜਾਏ। ਬਾਬਾ ਜੀ ਕਹਿੰਦੇ ਪਰਸੋਂ ਜਾਂ ਚੌਥੇ ਨੂੰ ਇਥੇ ਪਹੁੰਚ ਜਾਏਗਾ। ਜਿਸ ਵਕਤ ਉਹ ਆ ਗਿਆ ਤਾਂ ਉਹ ਪਠਾਣੀ ਆਪਣੇ ਬੱਚੇ ਨੂੰ ਨਾਲ ਲੈ ਕੇ ਹੋਤੀ ਮਰਦਾਨ ਜਾਂਦੀ ਹੈ ਤੇ ਜਾ ਕੇ ਨਮਸ਼ਕਾਰ ਕਰੀ, ਜਦ ਓਸ ਬੱਚੇ ਨੇ ਬਾਬਾ ਜੀ ਦੇ ਦਰਸ਼ਨ ਕਰੇ, ਕਹਿੰਦਾ ਇਹੀ ਸੀਗੇ ਮਹਾਂਪੁਰਸ਼! ਇਨ੍ਹਾਂ ਨੇ ਮੈਨੂੰ ਟੋਲ੍ਹਿਆਂ ਤੇ ਸਟੇਸ਼ਨ ਤਕ ਲਿਆ ਕੇ, ਗੱਡੀ ਚੜ੍ਹਾਇਆ ਮੈਨੂੰ ਇਨ੍ਹਾਂ ਨੇ। ਮਾਂ ਇਹੀ ਸੀ, ਇਹ ਕਿਵੇਂ ਆ ਗਏ, ਮੈਨੂੰ ਗੱਡੀ ਚੜ੍ਹਾ ਦਿਤਾ, ਪਿਛਲੀ ਗੱਡੀ ਤਾਂ ਲੇਟ ਆਉਣੀ ਚਾਹੀਦੀ ਹੈ, ਇਹ ਤਾਂ ਮੇਰੇ ਤੋਂ ਪਹਿਲਾਂ ਆਏ ਬੈਠੇ ਨੇ। ਸਾਰੀਆਂ ਸੰਗਤਾਂ ਹੈਰਾਨ ਨੇ ਕਿ ਬਾਬਾ ਜੀ ਤਾਂ ਇਥੇ ਹੀ ਰਹੇ ਨੇ, ਫੇਰ ਉਥੇ ਕੌਣ ਗਿਆ।

ਇਸੇ ਤਰ੍ਹਾਂ ਦੇ ਨਾਲ ਇਕ ਸਾਖੀ ਆਉਂਦੀ ਹੈ, ਬਾਬਾ ਜਵਾਲਾ ਸਿੰਘ ਜੀ ਦੇ ਜੀਵਨ 'ਚ। ਇਥੇ ਗਏ ਹੋਏ ਨੇ, ਕੋਠਾ ਪਿੰਡ ਹੈ ਦੁਆਬੇ 'ਚ। ਅਖੰਡਪਾਠ ਹੋ ਰਿਹਾ ਹੈ। ਇਧਰ ਰਾਮਗੜ੍ਹ ਹੈ, ਰਾਮਗੜ੍ਹ ਦੇ ਵਿਚ ਇਕ ਉਨ੍ਹਾਂ ਦੇ ਬੜੇ ਪ੍ਰੇਮੀ ਭਾਈ ਕਰਤਾਰ ਸਿੰਘ ਜੀ ਸੀਗੇ, ਉਨ੍ਹਾਂ ਨੇ ਬਾਬਾ ਜੀ ਤੋਂ ਕਿਸੇ ਖੁਸ਼ੀ ਦੇ ਸਮੇਂ ਇਹ ਬਚਨ ਲੈ ਲਿਆ ਕਿ ਮੇਰਾ ਅੰਤ ਸਮਾਂ ਹੋਵੇ ਤੇ ਤੁਸੀਂ ਮੇਰੇ ਸਾਮ੍ਹਣੇ ਹੋਵੋਂ। ਤੇ ਤੁਹਾਡੀ ਗੋਦੀ ਦੇ ਵਿਚ ਮੇਰੇ ਪ੍ਰਾਣ ਨਿਕਲਣ, ਬਾਬਾ ਜੀ ਨੇ ਹਾਂ ਕਹਿ ਦਿਤੀ, ਲੇਕਿਨ ਅੱਜ ਆਪ ਕੋਠੇ ਪਿੰਡ ਵਿਚ ਹਨ ਜਿਥੇ ਅਖੰਡਪਾਠ ਹੋ ਰਿਹਾ ਹੈ, ਉਸ ਵੇਲੇ ਆਪ ਨੇ ਅੰਤਰ ਧਿਆਨ ਹੋ ਕੇ ਦੇਖ ਲਿਆ ਕਿ ਉਹਦੇ ਤਾਂ ਸਵਾਸ ਹੀ ਗਿਣਵੇਂ ਰਹਿ ਗਏ। ਨਾਲ ਇਕ ਟਹਿਲ ਸਿੰਘ ਨਾਮ ਦਾ ਪ੍ਰੇਮੀ ਸੀ, ਗੜਵਾ ਫੜਾ ਦਿਤਾ ਤੇ ਤੁਰੇ ਜਾਂਦੇ ਅੱਗੇ ਚਿੱਕੜ ਆ ਗਿਆ। ਬਾਂਹ ਫੜ ਕੇ ਕਹਿਣ ਲੱਗੇ ਮਾਰ ਛਾਲ। ਛਾਲ ਮਾਰੀ, ਉਹ ਭਮੱਤਰ ਗਿਆ ਕਿ ਕਿਥੇ ਆ ਗਏ? ਕੀ ਦੇਖਦੇ ਨੇ, ਕੋਠੇ ਪਿੰਡ ਤੋਂ ਚਾਲੀ ਮੀਲ ਦੇ ਉਤੇ ਰਾਮਗੜ੍ਹ ਸੀ ਉਥੇ ਪਹੁੰਚ ਜਾਂਦੇ ਨੇ, ਸਿੱਧੇ ਹੀ ਕਰਤਾਰ ਸਿੰਘ ਉਨ੍ਹਾਂ ਦੇ ਘਰ ਜਾ ਕੇ ਉਸੇ ਵੇਲੇ ਬਾਬਾ ਜੀ ਨੇ ਉਹਦੇ ਪਲੰਘ ਤੇ ਬੈਠ ਕੇ ਸੀਸ ਚੁਕਿਆ, ਆਪਣੀ ਗੋਦੀ 'ਚ ਲੈ ਲਿਆ। ਕਹਿਣ ਲੱਗੇ ਬੋਲ ਵਾਹਿਗੁਰੂ-ਬੋਲ ਵਾਹਿਗੁਰੂ, ਦਸ ਵਾਰੀ ਕਹਾਇਆ। ਕਲਿਆਣ ਕਰ ਦਿਤੀ, ਆਪਣਾ ਬਚਨ ਪੂਰਾ ਕਰਕੇ। ਸਸਕਾਰ ਕਰਨ ਤੋਂ ਬਾਅਦ ਕਹਿੰਦੇ ਚੰਗਾ ਤੁਸੀਂ ਚਲੋ ਭਾਈ, ਕੀਰਤਨ ਸੋਹਿਲਾ ਅਸੀਂ ਪੜ੍ਹਦੇ ਹਾਂ, ਜਾ ਕੇ ਇਸ਼ਨਾਨ ਕਰੋ ਤੇ ਪ੍ਰਸ਼ਾਦ ਬਣਾ ਕੇ, ਅਲ੍ਹਾਣੀਆਂ ਦਾ ਪਾਠ ਕਰੋ, ਸਾਡਾ ਖਿਆਲ ਨਾ ਕਰਿਓ। ਕੀਰਤਨ ਸੋਹਿਲਾ ਆਪ ਨੇ ਪੜ੍ਹਿਆ, ਤੇ ਦੇਖ ਕੇ ਥੋੜ੍ਹੀ ਦੇਰ ਤੋਂ ਬਾਅਦ ਕਹਿੰਦੇ ਕਿ ਆ ਬਈ ਚੱਲੀਏ, ਬਾਂਹ ਫੜੀ ਉਸੇ ਖੂਹ ਤੇ ਜਿਥੇ ਚਿੱਕੜ ਸੀ ਉਹਦੇ ਉਰਲੇ ਪਾਸੇ ਆ ਗਏ। 40 ਮੀਲ ਤੇ ਆਉਣਾ ਤੇ 40 ਮੀਲ ਜਾਣਾ ਹੈਰਾਨ ਹੋਇਆ ਪੁੱਛੇ ਨਾ। ਦੂਸਰਾ ਦਿਨ ਜਦ ਹੋ ਗਿਆ, ਪਾਰਸਭਾਗ ਦੀ ਕਥਾ ਕਰਦਾ ਹੈ, ਉਹਦੇ ਵਿਚ ਇਕ ਬਚਨ ਆ ਗਿਆ ਕਿ ਜੇ ਮਹਾਤਮਾ ਨੇ ਕਿਤੇ ਬਚਨ ਕੀਤਾ ਹੋਵੇ, ਉਹ ਆਪਣੀ ਸ਼ਕਤੀ ਵਰਤ ਕੇ ਵੀ ਜਾ ਸਕਦੇ ਨੇ। ਵਰਤ ਲਿਆ ਕਰਦੇ ਨੇ, ਉਸ ਵੇਲੇ ਵਿਧਾਨ ਨਹੀਂ ਕਿ ਸ਼ਕਤੀਆ ਨਾ ਵਰਤਣ। ਬਾਬਾ ਜੀ ਨੇ ਉਸ ਪੁਸਤਕ ਦੇ ਉਤੇ ਹੱਥ ਰੱਖ ਦਿਤਾ ਕਹਿੰਦੇ ਪਿਆਰਿਆ! ਤੂੰ ਕੱਲ੍ਹ ਦਾ ਹੈਰਾਨ ਹੋਈ ਜਾਂਦਾ ਹੈਂ ਆਹੀ ਗੱਲ ਸੀ। ਅਸੀਂ ਬਚਨ ਦਿਤਾ ਹੋਇਆ ਸੀ ਇਸ ਕਰਕੇ ਸਾਨੂੰ ਜਾਣਾ ਪਿਆ।

ਨਾਮਧਾਰੀ ਸੰਪਰਦਾ 'ਚ ਮਹਾਤਮਾ, ਮੈਂ ਕਈ ਵਾਰੀ ਦੱਸਿਆ ਹੈ ਕਿ ਬੀਬੀ ਜੀ ਦੇ ਪਿਤਾ ਦੇ ਉਹ ਬੜੇ ਨੇੜੇ ਦੇ ਮਿੱਤਰ ਸੀ। ਉਹ ਲੋਹਗੜ੍ਹ ਦੇ ਰਹਿਣ ਵਾਲੇ ਸੀ, ਨਾਰੰਗਵਾਲ, ਰਾਏਪੁਰ ਦੇ ਵਿਚਾਲੇ, ਉਹ ਇਕੱਲੇ ਹੀ ਅਖੰਡਪਾਠ ਕਰਿਆ ਕਰਦੇ ਸੀ, ਆਪਣੀ ਜ਼ਿੰਦਗੀ 'ਚ 1000 ਅਖੰਡਪਾਠ ਉਨ੍ਹਾਂ ਨੇ ਇਕੋ ਚੌਂਕੜੀ 'ਚ ਕੀਤਾ। ਬਹਿ ਜਾਣਾ, ਪੂਰੇ 48 ਘੰਟੇ ਬਾਅਦ ਉਠਣਾ। ਜੇ ਕਿਸੇ ਨੇ ਬੇਨਤੀ ਕੀਤੀ ਕਿ ਬਾਬਾ ਜੀ ਸਾਡੇ ਪਾਠ ਕਰ ਦਿਓ। ਬੜੇ ਹੀ ਮਿਲਣਸਾਰ ਸੀਗੇ ਤੇ ਜਿਸ ਵਕਤ ਬਾਪੂ ਜੀ ਬਿਮਾਰ ਸੀ ਲਾਹੌਰ, ਘਰਦਿਆਂ ਨੂੰ ਕਹਿਣ ਲੱਗੇ ਕਿ ਤੁਹਾਡਾ ਸਾਡਾ ਹਿਸਾਬ ਕਿਤਾਬ ਖਤਮ ਹੋ ਗਿਆ, ਕਿੰਨੀ ਤਰੀਕ ਹੈ? ਕਹਿੰਦੇ 31 ਹੈ, ਕਹਿੰਦੇ ਸਾਡਾ ਤੁਹਾਡੇ ਨਾਲ ਹਿਸਾਬ-ਕਿਤਾਬ ਖਤਮ ਹੋ ਗਿਆ, ਕੱਲ੍ਹ ਨੂੰ ਪਹਿਲੀ ਤਰੀਕ ਹੈ। ਕਹਿੰਦੇ ਬਾਬਾ ਲੋਹਗੜ੍ਹੀਆ ਨਹੀਂ ਆਇਆ? ਕਹਿੰਦੇ ਨਾ ਜੀ। ਇਹ ਹਸਪਤਾਲ ਤੋਂ ਵਿਦਾ ਹੋ ਕੇ ਥੱਲੇ ਆ ਗਏ। ਕੀ ਦੇਖਦੇ ਨੇ ਬਾਬਾ ਜੀ ਆ ਗਏ। ਕਹਿੰਦੇ ਤੁਹਾਨੂੰ ਪਿਤਾ ਜੀ ਯਾਦ ਕਰਦੇ ਨੇ। ਜਦੋਂ ਪਹੁੰਚੇ ਉਸ ਥਾਂ ਦੇ ਉਤੇ ਬਾਪੂ ਜੀ ਕਹਿਣ ਲੱਗੇ ਕਿ ਕੀ ਗੱਲ ਤੁਸੀਂ ਬੜੀ ਦੇਰ ਲਾ ਦਿਤੀ? ਕਿੱਥੇ ਸੀਗੇ

ਤੁਸੀਂ? ਕਹਿਣ ਲੱਗੇ, ਭਾਈ ਸਾਹਿਬ! ਅਸੀਂ ਤਾਂ ਐਸ ਵੇਲੇ ਲਾਲਾ ਮੂਸੇ ਤੋਂ ਆਏ ਹਾਂ। ਰਾਵਲਪਿੰਡੀ ਕੋਲ ਹੈ ਐਧਰ ਯਾਦ ਕਰਦੇ ਨੇ, ਐਧਰ ਲਾਲਾ ਮੂਸੇ ਤੋਂ ਆਪ ਆ ਜਾਂਦੇ ਨੇ।

ਇਸੇ ਤਰ੍ਹਾਂ ਦੇ ਨਾਲ ਇਕ ਹੋਰ ਉਨ੍ਹਾਂ ਦੇ ਮਹਾਤਮਾ ਹੋਏ ਨੇ, ਸੰਤ ਮੋਹਨ ਜੀ ਕਹਿੰਦੇ ਹੁੰਦੇ, ਮਸਤਾਨਾ ਕਹਿੰਦੇ ਸੀ। ਮਹਾਂਪੁਰਸ਼ ਬਾਹਰ ਗਏ ਹੋਏ ਨੇ, ਗੁਰਦਾਸਪੁਰ ਤੇ ਉਥੋਂ ਜਿਸ ਵਕਤ ਵਾਪਸ ਆ ਰਹੇ ਨੇ ਤਾਂ ਉਸ ਨੇ ਇਹ ਗੱਲ ਕਹੀ ਕਿ ਬਾਬਾ ਜੀ! ਮੈਨੂੰ ਵੀ ਨਾਲ ਲੈ ਚੱਲੋ। ਕਹਿੰਦੇ ਜਗ੍ਹਾ ਨਹੀ ਹੈ ਭਾਈ, ਬਾਬਾ ਪ੍ਰਤਾਪ ਸਿੰਘ ਜੀ, ਇਹ ਮੌਜੂਦਾ ਮਹਾਂਪੁਰਸ਼ਾਂ ਤੋਂ ਪਹਿਲੇ ਹੋਏ ਨੇ। ਉਹ ਆਪਣੀ ਕਾਰ ਸਟਾਰਟ ਕਰਕੇ ਆ ਗਏ, ਜਦ ਭੈਣੀ ਸਾਹਿਬ ਆਪ ਪਹੁੰਚਦੇ ਨੇ, ਕੀ ਦੇਖਦੇ ਨੇ ਦੀਵਾਨ ਲੱਗਿਆ ਹੋਇਆ ਹੈ, ਕੀਰਤਨ ਕਰ ਰਿਹਾ ਹੈ, ਬੜੀ ਸੰਗਤ ਬੈਠੀ ਹੈ। ਉਨ੍ਹਾਂ ਨੇ ਪੁੱਛਿਆ ਕਿ ਇਹ ਕਦੋਂ ਦਾ ਆਇਆ ਹੋਇਆ ਹੈ? ਕਹਿੰਦੇ ਜੀ ਇਹਨੂੰ ਤਾਂ ਤਿੰਨ ਘੰਟੇ ਹੋ ਗਏ ਜੀ ਕੀਰਤਨ ਕਰਦੇ ਨੂੰ। ਉਸ ਤੋਂ ਬਾਅਦ ਮਹਾਂਪੁਰਸ਼ਾਂ ਨੇ ਬੁਲਾ ਲਿਆ ਕਿ ਕੀਰਤਨ ਤੋਂ ਬਾਅਦ ਸਾਡੇ ਕੋਲ ਭੇਜਿਓ। ਜਦੋਂ ਭੇਜਿਆ, ਸੋਟਾ ਲੈ ਕੇ ਕੁੱਟਣ ਲਗ ਗਏ, ਕਹਿਣ ਲੱਗੇ ਸਾਨੂੰ ਹੀ ਸ਼ਕਤੀਆਂ ਦਿਖਾਉਂਦਾ ਹੈ?

ਸੋ ਇਤਿਹਾਸ ਵਿਚ ਇਕ ਨਹੀਂ ਬੇਅੰਤ ਨੇ ਇਹ ਚੀਜ਼ਾਂ, ਮੈਨੂੰ ਬਹੁਤ ਮਹਾਤਮਾ ਦਾ ਪਤਾ ਹੈ ਜਿਹੜੇ ਪੈਂਡੇ (ਖਲਾ) (space) ਨੂੰ ਪਾਰ ਕਰ ਜਾਂਦੇ ਸੀ, ਕਿਤੇ ਦੀ ਕਿਤੇ ਚਲੇ ਜਾਂਦੇ ਸੀ। ਸੋ ਗੁਰੂ ਮਹਾਰਾਜ ਨੂੰ ਇਹ ਗੱਲ ਕਹਿ ਦੇਣੀ ਕਿ ਚਾਹੇ ਆਪਣੀ ਸ਼ਕਤੀ ਨਾਲ ਚਲੇ ਜਾਓ, ਚਾਹੇ ਜਿਵੇਂ ਤੁਹਾਡਾ ਜੀਅ ਕਰਦਾ ਹੈ, ਅਸੀਂ ਕਹਿੰਦੇ ਹਾਂ ਕਿ ਪਾਰ ਨਿਕਲੋ। ਕਿਉਂਕਿ ਗੁਰੂ ਮਹਾਰਾਜ ਨੇ ਸ਼ਕਤੀ ਨਹੀਂ ਦਿਖਾਲੀ। ਜੇ ਉਹ ਦਿਖਾਲ ਦਿੰਦੇ ਸਾਡੇ ਤੇ ਅਸਰ ਇਹ ਹੋਣਾ ਸੀ ਕਿ ਉਹ ਤਾਂ ਸ਼ਕਤੀਆਂ ਵਾਲੇ ਸੀ, ਅਸੀਂ ਕਰ ਸਕਦੇ ਹਾਂ ਉਨ੍ਹਾਂ ਦੀ ਰੀਸ? ਉਨ੍ਹਾਂ ਨੇ ਇਕ ਮਨੁਖ ਵਾਂਗੂੰ ਕੌਤਕ ਕਰਕੇ ਉਹਦਾ ਨਾਉਂ ਵਚਿੱਤਰ ਨਾਟਕ ਲਿਖਿਆ ਹੈ। ਨਾਟਕ ਹੈਗਾ, ਸਾਰੀਆ ਸ਼ਕਤੀਆਂ ਦਾ ਮਾਲਕ ਹੁੰਦਾ ਹੋਇਆ, ਫੇਰ ਬਚਿੱਤਰ ਕਿਰਿਆ ਕਰ ਰਿਹਾ ਹੈ।

ਸੋ ਆਪ ਮਾਛੀਵਾੜੇ ਚਲੇ ਜਾਂਦੇ ਨੇ, ਇਧਰ ਸਾਹਿਬਜ਼ਾਦੇ ਛੋਟੇ ਜਿਹੜੇ ਨੇ, ਖੇੜੀ ਆ ਜਾਂਦੇ ਨੇ, ਬੇਈਮਾਨ ਹੋ ਜਾਂਦਾ ਹੈ ਗੰਗੂ ਜੋ ਰਸੋਈਆਂ ਸੀ, ਤੇ ਇਹਨੇ ਫੜਾ ਦਿਤਾ। ਨਵਾਬ ਸਰਹੰਦ ਦੇ ਪੇਸ਼ ਹੋ ਜਾਂਦੇ ਨੇ, 25 ਦਸੰਬਰ ਤਰੀਕ ਨੂੰ ਉਥੇ ਪਹੁੰਚਦੇ ਨੇ। ਦੂਸਰੇ ਦਿਨ ਪੇਸ਼ੀਆਂ ਹੁੰਦੀਆਂ ਨੇ। ਨਵਾਬ ਦਾ ਜਿਹੜਾ ਰਵੱਈਆ (attitude) ਹੈ ਉਹ ਕੁਛ ਹੋਰ ਹੈ ਤੇ ਜਿਸ ਵਕਤ ਦਰਬਾਰ ਦੇ ਵਿਚ ਆਉਂਦੇ ਨੇ, ਉਸ ਵੇਲੇ ਰਿਵਾਜ ਇਹ ਸੀ ਕਿ ਝੁਕ ਕੇ ਸੱਤ ਵਾਰੀ ਸਲਾਮ ਕਰਨੀ ਪੈਂਦੀ ਸੀ, ਤੇ ਸੱਤ ਸਲਾਮਾਂ ਕਰਦੇ ਹੁੰਦੇ। ਕੋਰਟ ਦਾ ਰੂਲ ਸੀ ਕਿ ਜਿਹਨੇ ਕੋਰਟ 'ਚ ਆਉਣਾ ਹੈ ਉਹਨੇ ਸੱਤ ਸਲਾਮਾਂ ਕਰਨੀਆਂ ਹੀ ਕਰਨੀਆ ਨੇ। ਇਹ ਜਿਸ ਵਕਤ ਜਾਂਦੇ ਨੇ, ਇਹ ਬੱਚੇ ਸੱਤ ਤੇ ਨੌਂ ਸਾਲ ਦੇ ਨੇ। ਉਥੇ ਜਾ ਕੇ ਉਨ੍ਹਾਂ ਨੇ ਫਤਹਿ ਬੁਲਾ ਦਿਤੀ ਦੋਹਾਂ ਨੇ। ਉਸ ਵੇਲੇ ਜਿਹੜਾ ਵਜ਼ੀਰ ਸੀ ਸੁੱਚਾ ਨੰਦ, ਜਿਹਨੂੰ ਝੂਠਾ ਨੰਦ ਸਿਖ ਇਤਿਹਾਸ 'ਚ ਕਹਿੰਦੇ ਨੇ, ਉਹ ਕਹਿਣ ਲਗਿਆ ਓ ਬੱਚਿਓ! ਤੁਸੀਂ ਮੁਗਲ ਕਚਹਿਰੀ ਦੇ ਵਿਚ ਆਏ ਹੋ, ਇਥੇ ਦਾ ਜੋ ਕਾਨੂੰਨ ਹੈ ਉਹ ਹੈ ਕਿ ਸੱਤ ਸਲਾਮਾਂ ਕਰੋ, ਸੀਸ ਝੁਕਾਓ। ਇਕ ਦੂਜੇ ਵਲ ਦੇਖ ਕੇ ਸਾਹਿਬਜ਼ਾਦਿਆਂ ਨੇ ਆਪਸ ਵਿਚ ਗੱਲ ਕਰੀ ਕਿ ਇਹ ਕੀ ਕਹਿੰਦੇ ਨੇ? ਕਹਿੰਦੇ ਇਹ ਸੀਸ ਝੁਕਾਉਣ ਨੂੰ ਕਹਿੰਦੇ ਨੇ। ਕਹਿੰਦੇ ਆਪਾਂ ਤਾਂ ਸੀਸ ਗੁਰੂ ਨੂੰ ਦੇ ਚੁੱਕੇ ਹਾਂ, ਜਿਹੜਾ ਗੁਰੂ ਨੂੰ ਦੇ ਚੁੱਕੇ ਹਾਂ ਸੀਸ ਇਨ੍ਹਾਂ ਪਾਮਰਾਂ ਦੇ ਅੱਗੇ ਤਾਂ ਝੁਕਣਾ ਨਹੀਂ ਚਾਹੀਦਾ। ਗੁਰੂ ਗ੍ਰੰਥ ਸਾਹਿਬ ਨੇ ਦੱਸਿਆ ਹੋਇਆ ਹੈ ਕਿ ਕੀਹਦੇ ਅੱਗੇ ਸੀਸ ਝੁਕਾਇਆ ਜਾਂਦਾ ਹੈ। ਕਹਿੰਦੇ ਗੁਰੂ ਅੱਗੇ ਤੇ ਰੱਬ ਦੇ ਪਿਆਰਿਆਂ ਅੱਗੇ, ਦੋ ਦੇ ਅੱਗੇ ਸੀਸ ਨਿਵਦਾ ਹੈ, ਹੋਰ ਨਹੀਂ ਕਿਸੇ ਦੇ ਅੱਗੇ ਨਿਵਦਾ। ਦੁਨੀਆਂਦਾਰ ਅੱਗੇ ਨਹੀਂ ਸੀਸ ਨਿਵਦਾ। ਕਿਉਂਕਿ ਦੁਨੀਆਂ ਦੀ ਗਰਜ਼ ਨਹੀਂ ਹੈ ਸਿੱਖ ਨੂੰ, ਸਿੱਖ ਦਾ ਵਿਸ਼ਵਾਸ਼ ਹੈ ਵਾਹਿਗੁਰੂ ਦੇ ਉਤੇ। ਰੱਬ ਦੇ ਪਿਆਰਿਆਂ ਦੀ ਧੂੜ ਮੰਗਦਾ ਹੈ -

***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ***
***ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥***

***ਅੰਗ - ੩੦੬***

ਭਾਈ ਗੁਰਦਾਸ ਜੀ ਲਿਖਦੇ ਨੇ ਕਿ ਸਾਡੇ ਸੀਸ ਤੇ ਪੈਰ ਧਰ ਕੇ ਗੁਰਸਿਖ ਆਉਣ। ਅਸੀਂ ਉਨ੍ਹਾਂ ਦਾ ਆਦਰ ਕਰਦੇ ਹਾਂ। ਸੋ ਸੀਸ ਨਿਵਦਾ ਹੈ, ਗੁਰੂ ਅੱਗੇ ਜਾਂ ਰੱਬ ਦੇ ਪਿਆਰਿਆਂ ਅੱਗੇ ਹੋਰ ਕਿਤੇ ਨਿਵਦਾ ਨਹੀਂ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਸੀਸ ਅਰਪਤੇ ਗੁਰਾਂ ਨੂੰ ਆਪਣੇ,***
***ਪਾਪੀਆਂ ਨੂੰ ਨਹੀਂਓਂ ਨਿਵਣੇ।***

***ਕਰਤਾ ਪੁਰਖ ਅਕਾਲ ਕ੍ਰਿਪਾਲੂ।***
***ਸਭਿ ਤੇ ਬਡੋ ਕਾਲ ਕੋ ਕਾਲੂ।***
***ਤਿਸ ਆਗੇ ਹਮ ਅਰਪੇ ਸੀਸ।***
***ਸਕਲ ਕਲਾ ਸਮਰਥ ਜਗਦੀਸ਼।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - ੫੯੫੧***

ਆਪਸ ਵਿਚ ਸਲਾਹ ਕਰੀ ਕਿ -

***ਇਹ ਨਰ ਪਾਮਰ ਪਾਪ ਕਮਾਵੈਂ।***
***ਕਿਮ ਇਨ ਆਗੇ ਸੀਸ ਨਿਵਾਵੈਂ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - ੫੯੫੧***

ਕਹਿਣ ਲੱਗੇ ਇਹ ਸੀਸ ਨਹੀਂ ਨਿਵਣੇ, ਕਿਉਂਕਿ ਅਸੀਂ ਅਕਾਲ ਪੁਰਖ ਦੇ ਅਰਪਣ ਕਰ ਚੁੱਕੇ ਹਾਂ, ਆਪਣਾ ਸੀਸ। ਸਾਡਾ ਤਾਂ ਸੀਸ ਹੀ ਨਹੀਂ ਹੈ। ਐਨਾ ਜਦ ਬਚਨ ਸੁਣਿਆ, ਬੜਾ ਕੜਕ ਕੇ ਬੋਲਿਆ ਜਿਹੜਾ ਝੂਠਾ ਨੰਦ ਸੀ, ਕਹਿਣ ਲੱਗਿਆ ਓ ਬੱਚਿਓ! ਐਡਾ ਤੁਹਾਡੇ 'ਚ

ਅਭਿਮਾਨ। ਤੁਸੀਂ ਸੀਸ ਨਹੀਂ ਝੁਕਾਉਂਦੇ? ਕਹਿੰਦੇ ਸੀਸ ਤਾਂ ਸਾਡਾ ਆਪਣਾ ਹੈ ਨਹੀਂ, ਇਹ ਤਾਂ ਅਸੀਂ ਅਰਪ ਚੁੱਕੇ ਹਾਂ ਅਕਾਲ ਪੁਰਖ ਨੂੰ। ਸਾਡਾ ਹੋਵੇ ਅਸੀਂ ਨਿਵਾਈਏ, ਫੇਰ ਤੁਸੀਂ ਪਾਪ ਕਰਦੇ ਹੋ, ਗਲਤ ਗੱਲਾਂ ਕਰਦੇ ਹੋ। ਅਨਿਆਈ ਕਰਦੇ ਹੋ, ਬੇਇਨਸਾਫੀ ਕਰਦੇ ਹੋ। ਵਿਸ਼ੇ-ਵਿਕਾਰਾਂ 'ਚ ਪਏ ਹੋ, ਇਹ ਪਵਿੱਤਰ ਸੀਸ ਜਿਹੜੇ ਅਕਾਲ ਪੁਰਖ ਨੂੰ ਅਰਪੇ ਹੋਏ ਨੇ, ਤੁਹਾਡੇ ਸਾਮ੍ਹਣੇ ਨਿਵਾਈਏ। ਉਸ ਵੇਲੇ ਕਹਿਣ ਲੱਗਿਆ ਕਿ -

*ਇਹ ਨਾਗਨ ਕੇ ਬੱਚੇ ਛੋਟੇ।*
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - ੫੯੫੧***

ਇਨ੍ਹਾਂ ਨੂੰ ਬੱਚੇ ਨਾ ਜਾਣੋ, ਸੱਤ ਸਾਲ ਦੇ ਤੇ ਨੌਂ ਸਾਲ ਦੇ, ਇਹ ਤਾਂ ਨਾਗਾਂ ਦੇ ਬੱਚੇ ਨੇ।

*ਨਖ ਸ਼ਿਖ ਜ਼ਹਿਰ ਭਰੇ ਅਤਿ ਖੋਟੇ।*
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - ੫੯੫੧***

ਇਹ ਤਾਂ ਨਹੁੰ ਤੋਂ ਲੈ ਕੇ ਸਿਰ ਦੀ ਚੋਟੀ ਤਕ ਜ਼ਹਿਰ ਨਾਲ ਭਰੇ ਪਏ ਨੇ ਤੇ ਹੱਦ ਤੋਂ ਜ਼ਿਆਦਾ ਖੋਟੇ ਨੇ।

*ਨਹਿੰ ਨਬਾਬ ਕੋ ਕਰਹਿੰ ਸਲਾਮੂ।*
*ਡਰਪਤਿ ਨਹੀਂ ਬਿਲੋਕਿ ਤਮਾਮੂ।*
*ਇਨ ਕੇ ਉਰ ਹੰਕਾਰ ਬਡੇਰੇ।*
*ਕਿਮ ਇਹ ਝੁਕਹਿੰ ਨਬਾਬ ਅਗੇਰੇ।*
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - ੫੯੫੧***

ਕਹਿੰਦੇ ਇਹ ਤਾਂ ਹੰਕਾਰ ਨਾਲ ਭਰੇ ਹੋਏ ਨੇ, ਇਹ ਨਹੀਂ ਝੁਕਣਗੇ। ਨਵਾਬ ਕਹਿਣ ਲੱਗਿਆ, ਬੱਚੇ ਨੇ, ਇਨ੍ਹਾਂ ਨੂੰ ਪਤਾ ਨਹੀਂ ਹੈ। ਨਵਾਬ ਕਹਿਣ ਲੱਗਿਆ, ਤੁਹਾਨੂੰ ਬੱਚਿਓ, ਡਰ ਨਹੀਂ ਲਗਦਾ, ਤੁਸੀਂ ਐਸ ਵੇਲੇ ਕਚਹਿਰੀ 'ਚ ਇਕੱਲੇ ਹੋ? ਤੁਹਾਡਾ ਜਿਹੜਾ ਪਿਤਾ ਸੀ ਉਹ ਜੰਗ 'ਚ ਮਾਰਿਆ ਜਾ ਚੁਕਿਆ ਹੈ ਤੇ ਉਸ ਦਾ ਸੀਸ ਦਿੱਲੀ ਭੇਜਿਆ ਹੋਇਆ ਹੈ। ਕੋਈ ਵੀ ਨਹੀਂ ਬਚਿਆ, ਤੁਹਾਡੀਆਂ ਮਾਤਾਵਾਂ ਵੀ ਨਹੀਂ ਬਚੀਆਂ। ਸਾਰੇ ਸਾਡੇ ਕਾਬੂ 'ਚ ਆ ਗਏ, ਹੁਣ ਤੁਹਾਨੂੰ ਡਰ ਨਹੀ ਲਗਦਾ? ਉਹ ਕਹਿੰਦੇ ਡਰ? ਡਰ ਨਹੀ ਸਾਨੂੰ ਕਿਸੇ ਦਾ। ਸਾਡੇ ਗੁਰੂ ਸਾਹਿਬ ਨੇ ਡਰਨਾ ਤੇ ਡਰਾਉਣਾ ਨਹੀਂ ਸਿਖਾਇਆ ਉਹ ਇਨ੍ਹਾਂ ਨੂੰ ਮਾੜੀਆਂ ਗੱਲਾਂ ਜਾਣਦੇ ਨੇ, ਨਾ ਕਿਸੇ ਤੋਂ ਡਰੋ ਤੇ ਨਾ ਕਿਸੇ ਨੂੰ ਡਰਾਓ। ਐਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ-

*ਧਾਰਨਾ - ਡਰ ਅਸੀਂ ਨਾ ਕਿਸੇ ਦਾ ਮੰਨਿਆ,*
*ਨਹੀਂਓਂ ਡਰ ਦੇਣਾ ਕਿਸੇ ਨੂੰ।*

*ਭੈ ਕਾਹੂ ਕਉ ਦੇਤ ਨਹਿ*
*ਨਹਿ ਭੈ ਮਾਨਤ ਆਨ ॥*
*ਕਹੁ ਨਾਨਕ ਸੁਨਿ ਰੇ ਮਨਾ*
*ਗਿਆਨੀ ਤਾਹਿ ਬਖਾਨਿ॥ ਅੰਗ - ੧੪੨੭*

ਕਹਿਣ ਲੱਗੇ ਨਵਾਬ ਸਾਹਿਬ! ਨਾ ਕਿਸੇ ਤੋਂ ਡਰੀਏ ਨਾ ਕਿਸੇ ਨੂੰ ਡਰਾਈਏ। ਕਿਉਂਕਿ ਸਾਡੇ ਗੁਰੂ ਨੇ ਦੱਸਿਆ ਹੈ ਕਿ ਇਕੋ ਆਤਮਾ ਪਰੀਪੂਰਨ ਹੈ, ਵਾਹਿਗੁਰੂ ਤੋਂ ਬਗੈਰ ਹੋਰ ਇਥੇ ਕੋਈ ਨਹੀਂ ਹੈ। ਕੀਹਨੂੰ ਡਰਾਉਣਾ ਹੈ ਤੇ ਕਿਸ ਤੋਂ ਅਸੀਂ ਡਰਨਾ ਹੈ। ਕਿਉਂਕਿ ਅਸੀਂ ਨਿਰਭਉ ਦਾ ਨਾਮ ਜਪਿਆ ਹੈ। ਜੋ ਨਿਰਭਉ ਦਾ ਨਾਮ ਜਪਦਾ ਹੈ -

*ਪਤਿਤ ਉਧਾਰਨ ਭੈ ਹਰਨ*
*ਹਰਿ ਅਨਾਥ ਕੇ ਨਾਥ ॥*
*ਕਹੁ ਨਾਨਕ ਤਿਹ ਜਾਨੀਐ*
*ਸਦਾ ਬਸਤੁ ਤੁਮ ਸਾਥਿ ॥ ਅੰਗ - ੧੪੨੬*

ਸਾਡੇ ਨਾਲ ਅਕਾਲ ਪੁਰਖ ਹੈ ਜਿਹਨੂੰ ਨਿਰਭਉ ਕਹਿੰਦੇ ਨੇ, ਨਿਰਭਉ ਨਿਰਵੈਰ, ਨਾ ਸਾਡਾ ਕਿਸੇ ਨਾਲ ਵੈਰ ਹੈ।

*ਨਿਰਭਉ ਭਏ ਸਗਲ ਭੈ ਖੋਏ*
*ਗੋਬਿਦ ਚਰਣ ਓਟਾਈ ॥*
*ਨਾਨਕੁ ਜਸੁ ਗਾਵੈ ਠਾਕੁਰ ਕਾ*
*ਰੈਣਿ ਦਿਨਸੁ ਲਿਵ ਲਾਈ ॥ ਅੰਗ - ੧੦੦੦*

*ਨਿਰਭਉ ਜਪੈ ਸਗਲ ਭਉ ਮਿਟੈ ॥*
*ਪ੍ਰਭ ਕਿਰਪਾ ਤੇ ਪ੍ਰਾਣੀ ਛੁਟੈ ॥ ਅੰਗ - ੨੯੩*

ਡਰੀਏ ਤਾਂ, ਤਾਂ ਜੇ ਵਾਹਿਗੁਰੂ ਦੂਰ ਹੋਵੇ, ਅੰਗ ਸੰਗ ਪ੍ਰਮੇਸ਼ਰ ਹੈ। ਸਾਰੇ ਪ੍ਰਭੂ ਦੀ ਜੋਤ ਨੇ, ਅਸੀਂ ਕਿਸੇ ਨੂੰ ਡਰਾਉਣਾ ਨਹੀਂ, ਕਿਸੇ ਤੋਂ ਅਸੀਂ ਡਰਨਾ ਨਹੀਂ। ਜਦੋਂ ਐਨੇ ਬਚਨ ਕਹੇ ਓਸ ਵੇਲੇ ਸਾਰੇ ਚੁੱਪ ਕਰ ਗਏ, ਬੱਚੇ ਖੜ੍ਹੇ ਨੇ। ਕਹਿੰਦੇ ਦੂਜੇ ਦਿਨ ਫੇਰ ਲਿਆਓ, ਛੱਡ ਦਿਓ, ਪਰ ਇਨ੍ਹਾਂ ਨੂੰ ਖਾਣ-ਪੀਣ ਨੂੰ ਕੁਛ ਨਹੀਂ ਦੇਣਾ। ਨਾ ਕਪੜਾ ਦਿਓ, ਪਾਲੇ ਮਰਦੇ ਆਪੇ ਹੀ ਠੀਕ ਹੋ ਜਾਣਗੇ। ਬਹੁਤ ਸਰਦੀ ਪੈ ਰਹੀ ਹੈ, ਦੂਸਰੇ ਦਿਨ ਝੂਠੇ ਨੰਦ ਨੇ ਇਹ ਵਿਉਂਤ ਬਣਾਈ ਕਿ ਵੱਡਾ ਦਰਵਾਜ਼ਾ ਬੰਦ ਰੱਖੋ, ਖਿੜਕੀ ਵਿਚੋਂ ਇਨ੍ਹਾਂ ਨੂੰ ਅੰਦਰ ਲਿਆਓ। ਇਨ੍ਹਾਂ ਨੂੰ ਪਹਿਲਾਂ ਕਹੋ ਕਿ ਸੀਸ ਐਉਂ ਕੱਢੋ ਨੀਵੇਂ ਹੋ ਕੇ, ਫੇਰ ਦੇਖਦੇ ਹਾਂ ਕਿ ਸੀਸ ਨਿਵਾਉਂਦੇ ਹਨ ਕਿ ਨਹੀਂ। ਉਹ ਜਿਸ ਵਕਤ ਆਉਂਦੇ ਨੇ ਤਾਂ ਨਾਲ ਕਹਿੰਦੇ ਨੇ ਦੇਖੋ ਐਉਂ ਲੰਘਣਾ ਹੈ। ਪਹਿਲਾਂ ਸਿਰ ਲੰਘਾਉਣਾ ਹੈ ਖਿੜਕੀ ਵਿਚੋਂ, ਪੈਰ ਪਹਿਲਾਂ ਨਹੀਂ ਲੰਘਾਉਣੇ, ਬੇਅਦਬੀ ਹੋ ਜਾਂਦੀ ਹੈ। ਜਿਸ ਵਕਤ ਉਥੇ ਆਏ ਦੋਵੇਂ ਭਰਾ ਖੜ੍ਹੇ ਹੋ ਗਏ, ਇਕ ਦੂਜੇ ਵਲ ਦੋਵੇਂ ਦੇਖਦੇ ਨੇ। ਕਹਿੰਦੇ ਕਿਵੇਂ ਲੰਘੀਏ? ਕਹਿੰਦੇ ਵੀਰ ਜੀ, ਆਪਾਂ ਸੀਸ ਨਹੀਂ ਨਿਵਾਉਣਾ, ਪਹਿਲਾਂ ਆਪਾਂ ਪੈਰ ਲੰਘਾਉਣੇ ਨੇ। ਸੋ ਉਸੇ ਵੇਲੇ ਪੈਰ ਪਹਿਲਾਂ ਲੰਘਾਏ ਸੀਸ ਪਿਛੋਂ ਲੰਘਾਇਆ। ਸਾਰੇ ਹੈਰਾਨ ਹੋ ਗਏ ਕਿ ਬੱਚੇ ਐਨੇ ਖਬਰਦਾਰ ਨੇ, ਜਿਹੜਾ ਬਚਨ ਕਿਹਾ ਹੈ ਇਹ ਤਾਂ ਅਕਾਲ ਪੁਰਖ ਨੂੰ ਅਰਪਣ ਕੀਤਾ ਹੋਇਆ ਹੈ, ਸਚਮੁੱਚ ਹੀ ਇਨ੍ਹਾਂ ਨੇ ਅਕਾਲ ਨੂੰ ਸੀਸ ਦਿਤਾ ਹੋਇਆ ਹੈ ਤੇ ਕਈਆਂ ਦੇ ਮਨਾਂ 'ਚ ਆ ਗਿਆ ਕਿ ਸਾਡੇ ਬੱਚਿਆਂ ਵਰਗੇ ਨੇ ਨਵਾਬ ਦੇ ਮਨ ਵਿਚ ਵੀ ਆ ਗਿਆ। ਨਵਾਬ ਕਹਿਣ ਲੱਗਿਆ ਕਿ ਇਨ੍ਹਾਂ ਬੱਚਿਆਂ ਨੂੰ

ਛੱਡ ਦੇਈਏ, ਇਨ੍ਹਾਂ ਤੋਂ ਕੀ ਲੈਣਾ ਹੈ, ਵੈਰ ਇਨ੍ਹਾਂ ਦੇ ਪਿਤਾ ਨਾਲ ਹੈ। ਲੇਕਿਨ ਉਹ ਜਿਹੜਾ ਸੁੱਚਾ ਨੰਦ ਸੀ ਕਹਿਣ ਲੱਗਿਆ, ਨਵਾਬ ਸਾਹਿਬ ਗਲਤੀ ਨਾ ਕਰਿਓ, ਇਹ ਚੰਗਿਆੜਿਆਂ ਤੋਂ ਭਾਂਬੜ ਬਣ ਜਾਣੇ ਨੇ। ਇਹ ਸਪੋਲੀਏ ਜਿਹੜੇ ਨੇ ਵੱਡੇ-ਵੱਡੇ ਖੜੱਪੇ ਨਾਗ ਬਣ ਜਾਣੇ ਨੇ। ਓਸ ਵੇਲੇ ਕਾਬੂ ਕਰਨੇ ਬਹੁਤ ਔਖੇ ਹੋਣੇ ਨੇ। ਆਓ ਮੈਂ ਤੁਹਾਨੂੰ ਸਵਾਲ ਕਰਕੇ ਪੁੱਛ ਦਿੰਦਾ ਹਾਂ। ਕਹਿਣ ਲੱਗੇ, ਬੱਚਿਓ ਤੁਹਾਨੂੰ ਜੇ ਛੱਡ ਦੇਈਏ, ਚਲੋ ਤੁਸੀਂ ਸੀਸ ਤਾਂ ਨਹੀਂ ਨਿਵਾਉਣਾ, ਅਸੀਂ ਤੁਹਾਨੂੰ ਛੱਡ ਦਿੰਦੇ ਹਾਂ, ਤੇ ਤੁਸੀਂ ਫੇਰ ਕੀ ਕਰੋਂਗੇ? ਕਹਿੰਦੇ, ਅਸੀਂ ਜੋ ਸੰਸਾਰ ਦੇ ਵਿਚ ਅਨਿਆ ਹੋ ਰਿਹਾ ਹੈ, ਧੱਕਾ ਧੋੜਾ ਹੋ ਰਿਹਾ ਹੈ, ਬੇਇਨਸਾਫੀਆਂ ਹੋ ਰਹੀਆ ਨੇ, ਦੁਸ਼ਟਤਾਈ ਹੋ ਰਹੀ ਹੈ, ਅਸੀਂ ਉਸ ਦੇ ਖਿਲਾਫ ਹੀ ਰਹਿਣਾ ਹੈ। ਉਹ ਦੂਰ ਕਰਨੀ ਹੈ ਅਸੀਂ ਚਾਹੇ ਸਾਡਾ ਸੀਸ ਲੱਗ ਜਾਏ, ਕੁਛ ਹੋ ਜਾਏ, ਅਸੀਂ ਇਹ ਜਿਹੜੀਆਂ ਬੇਇਨਸਾਫੀਆਂ ਨੇ ਇਹ ਨਹੀਂ ਰਹਿਣ ਦੇਣੀਆਂ। ਜਦ ਤਕ ਜਨਤਾ ਦੇ ਵਿਚ ਪੂਰਨ ਸ਼ਾਂਤੀ ਨਹੀਂ ਆ ਜਾਂਦੀ, ਜਦ ਤਕ ਆਪਣੇ ਅਧਿਕਾਰਾਂ ਨੂੰ ਮੰਨਣ ਨਹੀਂ ਲਗ ਜਾਂਦੇ ਓਸ ਵੇਲੇ ਤਕ ਅਸੀਂ ਨਹੀਂ ਟਿਕਣਾ, ਚਾਹੇ ਰਾਜਾ ਮੁਗਲ ਹੋਵੇ, ਚਾਹੇ ਕੋਈ ਰਾਜਾ ਹੋਰ ਹੋਵੇ, ਅਸੀਂ ਬੇਇਨਸਾਫੀ ਦੇ ਵਿਰੁੱਧ ਯੁੱਧ ਕਰਨਾ ਹੈ, ਸਾਡੀ ਕਿਸੇ ਨਾਲ ਕੋਈ ਦੁਸ਼ਮਣੀ ਨਹੀਂ।

ਬਚਨ ਸੁਣੇ, ਓਸ ਤੋਂ ਬਾਅਦ ਨਵਾਬ ਨੇ ਕਿਹਾ ਕਿ ਇਹ ਬੱਚੇ ਇਸਲਾਮ ਦੇ ਵਿਚ ਲਿਆਉਣ ਵਾਲੇ ਨੇ। ਕਹਿਣ ਲੱਗੇ, ਬੱਚਿਓ! ਤੁਹਾਡਾ ਪਿਤਾ ਤਾਂ ਮਾਰ ਦਿਤਾ ਗਿਆ ਹੈ। ਹੁਣ ਤੁਹਾਡਾ ਕੋਈ ਨਹੀਂ ਹੈ, ਹੁਣ ਤੁਸੀਂ ਕਿਸਦੀ ਮਦਦ ਲਵੋਂਗੇ, ਜਿਹੜਾ ਇਹ ਕੰਮ ਕਰ ਦੇਵੇ? ਕਹਿੰਦੇ ਅਸੀਂ ਸਿੱਖੀ ਪ੍ਰਫੁਲਤ ਕਰਾਂਗੇ, ਫੇਰ ਅਸੀਂ ਉਹ ਬੰਦੇ ਪੈਦਾ ਕਰਾਂਗੇ, ਜਿਹੜੇ ਬੇਇਨਸਾਫੀ ਦਾ ਡਟ ਕੇ ਮੁਕਾਬਲਾ ਕਰਨ। ਆਪਣੀ ਜਾਨ ਪਿਆਰੀ ਨਾ ਕਰਨ, ਜਾਨ ਤੋਂ ਵੱਧ ਅਸੂਲ ਨੂੰ ਮੰਨਣ। ਉਸ ਵੇਲੇ ਨਵਾਬ ਨੇ ਕਿਹਾ ਕਿ ਤੁਸੀਂ ਐਉਂ ਕਰੋ ਕਿ ਇਹ ਜੋ ਤੁਹਾਡਾ ਧਰਮ ਹੈ ਇਹਨੂੰ ਦਿਓ ਛੱਡ ਤੇ ਤੁਸੀ ਦੀਨ-ਏ-ਇਸਲਾਮ ਕਬੂਲ ਕਰ ਲਓ -

***ਧਾਰਨਾ - ਅੱਲਾਹ ਭਜ ਲਓ ਵਾਹਿਗੁਰੂ ਛੱਡ ਕੇ,***
***ਬਖਸ਼ਾਂ ਜਾਨ ਪੜ੍ਹ ਲਓ ਕਲਮਾਂ।***

ਕਹਿਣ ਲੱਗੇ, ਦੇਖੋ ਦੀਨ-ਏ-ਇਸਲਾਮ ਵਿਚ ਵੀ ਅੱਲਾਹ-ਅੱਲਾਹ ਕਰਦੇ ਨੇ, ਤੁਸੀਂ ਵਾਹਿਗੁਰੂ-ਵਾਹਿਗੁਰੂ ਕਰਦੇ ਹੋ।

***ਦੀਨ ਬਿਖੈ ਆਵਹੁ ਤੁਮ ਅਬੈ।***
***ਤੁਰਕ ਸ਼ਰ੍ਹਾ ਕੋ ਮਾਨਹੁ ਸਬੈ।***
***ਪੁਨ ਤੁਮ ਕੋ ਦੇਂ ਬਹੁ ਬਡਿਆਈ।***
***ਗਜ ਬਾਜੀ ਅਰੁ ਧਨ ਸਮੁਦਾਈ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - ੫੯੫੧***

ਤੁਹਾਨੂੰ ਧਨ ਵੀ ਦੇਵਾਂਗੇ, ਘੋੜੇ ਵੀ ਦੇਵਾਂਗੇ, ਹਾਥੀ ਵੀ ਦੇਵਾਂਗੇ, ਰਹਿਣ ਵਾਸਤੇ ਤੁਹਾਨੂੰ ਵੱਡਾ ਮਹਿਲ ਦੇਵਾਂਗੇ।

***ਹਜ਼ਰਤ ਨਿਕਟ ਆਪਨੇ ਰਾਖੈ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - ੫੯੫੧***

ਇਹ ਨਵਾਬ ਸਾਹਿਬ ਤੁਹਾਨੂੰ ਆਪਣੇ ਖਾਸ ਮਹੱਲ ਦੇ ਵਿਚ ਰੱਖਣਗੇ।

***ਪਾਲਨ ਪੋਸਨ ਕੋ ਅਭਿਲਾਖੈ।***

ਇਹ ਚਾਹੁੰਦੇ ਨੇ ਕਿ ਤੁਹਾਨੂੰ ਪਾਲ ਪੋਸ ਕੇ ਵੱਡਾ ਜਵਾਨ ਕੀਤਾ ਜਾਵੇ।

***ਦੇਹਿ ਗ੍ਰਾਮ ਕੁਛ ਬਡੋ ਬਨਾਵਹਿ।***
***ਕੇਤਿਕ ਚਮੂੰ ਸੰਗ ਤੁਮ ਲਾਵਹਿ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - ੫੯੫੧***

ਤੁਹਾਨੂੰ ਪਿੰਡ ਵੀ ਦੇ ਦੇਵਾਂਗੇ ਕੁਛ।

ਕੁਛ ਫੌਜ ਵੀ ਤੁਹਾਨੂੰ ਰੱਖਣ ਦੀ ਆਗਿਆ ਦੇ ਦੇਵਾਂਗੇ। ਪਰ ਐਨਾ ਕੰਮ ਕਰ ਲਓ ਕਿ ਕਲਮਾ ਪੜ੍ਹ ਲਓ। ਤਾਂ ਉਸ ਵੇਲੇ ਇਕ ਦੂਜੇ ਵਲ ਦੇਖਿਆ ਤੇ ਹੱਸ ਪਏ। ਕਹਿਣ ਲੱਗੇ ਕਿ ਕਿੱਡਾ ਭੁਲੇਖਾ ਪਿਆ ਹੋਇਆ ਹੈ, ਸੰਸਾਰ ਨੂੰ -

***ਧਾਰਨਾ - ਅੱਲਾਹ ਵਾਹਿਗੁਰੂ ਹਰੀ***
***ਦਾ ਨਾਮ ਇਕ ਹੈ,***
***ਭਰਮਾਂ ਵਿਚ ਪੈ ਗਈ ਦੁਨੀਆਂ।***
***ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥***
***ਕੋਈ ਸੇਵੈ ਗੁਸਈਆ ਕੋਈ ਅਲਾਹਿ ॥***
***ਅੰਗ - ੮੮੫***

ਕਹਿਣ ਲੱਗੇ ਨਵਾਬ ਸਾਹਿਬ! ਇਹ ਕਿਹੜੀ ਗੱਲ ਕਹਿੰਦੇ ਹੋ, ਅੱਲਾਹ ਵੀ ਓਹੀ ਹੈ, ਵਾਹਿਗੁਰੂ ਵੀ ਓਹੀ ਹੈ ਇਹਦੇ ਵਿਚ ਤਾਂ ਕੋਈ ਫਰਕ ਨਹੀਂ ਹੈ, ਜੋ ਨਾਮ ਜਪਿਆ ਜਾਂਦਾ ਹੈ ਇਹ ਤੁਹਾਨੂੰ ਅਸੀਂ ਦਸਦੇ ਹਾਂ ਕਿ ਪਹਿਲਾਂ ਰਸਨਾ ਦੇ ਨਾਲ ਅਸੀਂ ਵਾਹਿਗੁਰੂ-ਵਾਹਿਗੁਰੂ ਕਰਦੇ ਹਾਂ। ਰਸਨਾ ਤੋਂ ਨਾਮ ਅੰਦਰ ਜਾਂਦਾ ਹੈ। ਚਾਰ ਬਾਣੀਆਂ ਦੇ ਨਾਲ ਜਪਿਆ ਜਾਂਦਾ ਹੈ, ਪਹਿਲਾਂ ਬੈਖਰੀ ਬਾਣੀ ਹੈ, ਦਸ ਗੁਣਾਂ ਫਲ ਵਧ ਜਾਂਦਾ ਹੈ, ਜਦ ਅਸੀਂ ਮਧਮਾ ਬਾਣੀ 'ਚ ਜਾਂਦੇ ਹਾਂ। ਸੌ ਗੁਣਾਂ ਫਲ ਵਧ ਜਾਂਦਾ ਹੈ ਜਦ ਅਸੀਂ ਪਸੰਤੀ ਬਾਣੀ 'ਚ ਜਾਂਦੇ ਹਾਂ। ਹਜ਼ਾਰ ਗੁਣਾਂ ਫਲ ਵਧ ਜਾਂਦਾ ਹੈ, ਜਦੋਂ ਅਸੀਂ ਪਰਾ ਬਾਣੀ 'ਚ ਜਾਂਦੇ ਹਾਂ। ਅਨਹਦ ਦੀ ਮਦਦ ਦੇ ਨਾਲ ਆਗਿਆ ਚੱਕਰ 'ਚ ਜਪਦੇ ਹਾਂ। ਤ੍ਰਿਕੁਟੀ 'ਚ ਜਪਦੇ ਹਾਂ। ਇਹ ਨਾਮ ਦਾ ਜੋ ਵਹਾਉ (flow) ਹੈ ਐਨਰਜੀ, ਇਹ ਜਦੋਂ ਸਰੀਰ ਦੇ ਵਿਚ ਸਾਰੇ ਦੇ ਵਿਚ ਝਰਨਾਹਟ (vibration) ਕਰਨ ਲਗ ਜਾਂਦੀ ਹੈ ਓਸ ਵੇਲੇ ਸਾਰਾ ਹੀ ਜੋ ਨਾਮ ਹੈ ਹਰ ਰੋਮ ਦੇ ਵਿਚ ਸਮਾ ਜਾਂਦਾ ਹੈ।

***ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥***

*ਨਾਨਕ ਗੁਰਮੁਖਿ ਸਾਚਿ ਸਮਾਵੈ ॥ ਅੰਗ - ੯੪੧*

ਕਹਿਣ ਲੱਗੇ ਕਿ ਇਹ ਨਾਮ ਤਾਂ ਸਾਡੇ ਅੰਦਰ ਐਨਾ ਗਹਿਰਾ ਚਲਿਆ ਗਿਆ ਕਿ ਹੁਣ ਸਾਡੇ ਵਸ ਵਿਚ ਨਹੀਂ ਕਿ ਅਸੀਂ ਜਪੀਏ ਨਾ ਜਪੀਏ, ਇਹ ਆਪੇ ਹੀ ਜਪਿਆ ਜਾ ਰਿਹਾ ਹੈ।

*ਅਜਪਾ ਜਾਪੁ ਨ ਵੀਸਰੈ*
*ਆਦਿ ਜੁਗਾਦਿ ਸਮਾਇ ॥ ਅੰਗ - ੧੨੯੧*
*ਬਿਨੁ ਜਿਹਵਾ ਜੋ ਜਪੈ ਹਿਆਇ ॥*
*ਕੋਈ ਜਾਣੈ ਕੈਸਾ ਨਾਉ ॥ ਅੰਗ - ੧੨੫੬*

ਇਹ ਹੁਣ ਨਹੀਂ ਛੱਡਿਆ ਜਾਂਦਾ ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ -

*ਧਾਰਨਾ - ਵਸਿਆ ਵਾਹਿਗੁਰੂ*
*ਰੋਮ ਰੋਮ ਦੇਹੀ ਦੇ,*
*ਇਹ ਕਿਵੇਂ ਜਾਵੇ ਛੱਡਿਆ।*

*ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ ॥*
*ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ ॥ ੧ ॥ ਪ੍ਰਭੁ*
*ਪਾਇਆ ਸੁਖਦਾਈਆ ਮਿਲਿਆ ਸੁਖ ਭਾਇ ॥*
*ਸਹਜਿ ਸਮਾਨਾ ਭੀਤਰੇ ਛੋਡਿਆ ਨਹ ਜਾਇ ॥*
*ਜਰਾ ਮਰਾ ਨਹ ਵਿਆਪਈ ਫਿਰਿ ਦੂਖੁ ਨ ਪਾਇਆ॥*
*ਪੀ ਅੰਮ੍ਰਿਤੁ ਆਘਾਨਿਆ ਗੁਰਿ ਅਮਰੁ ਕਰਾਇਆ ॥*
*ਸੋ ਜਾਨੈ ਜਿਨਿ ਚਾਖਿਆ ਹਰਿ ਨਾਮੁ ਅਮੋਲਾ ॥*
*ਕੀਮਤਿ ਕਹੀ ਨ ਜਾਈਐ ਕਿਆ ਕਹਿ ਮੁਖਿ*
*ਬੋਲਾ ਸਫਲ ਦਰਸੁ ਤੇਰਾ ਪਾਰਬ੍ਰਹਮ*
*ਗੁਣ ਨਿਧਿ ਤੇਰੀ ਬਾਣੀ ॥*
*ਪਾਵਉ ਧੂਰਿ ਤੇਰੇ ਦਾਸ ਕੀ ਨਾਨਕ ਕੁਰਬਾਣੀ ॥*
*ਅੰਗ - ੮੦੯*

*ਕਾਇਆ ਕਾਪਰੁ ਚੀਰ ਬਹੁ ਫਾਰੇ*
*ਹਰਿ ਰੰਗੁ ਨ ਲਹੈ ਸਭਾਗਾ ॥ ਅੰਗ - ੯੮੫*

ਇਕ ਵਾਰੀ ਪਿਆਰ ਲਗ ਗਿਆ, ਇਕ ਵਾਰੀ ਵਾਹਿਗੁਰੂ ਹਿਰਦੇ 'ਚ ਵਸ ਗਿਆ, ਪਿਆਰਿਓ! ਫੇਰ ਹੋਰ ਮੰਤਰ ਕੋਈ ਜਪਿਆ ਹੀ ਨਹੀਂ ਜਾਂਦਾ। ਕਿਉਂਕਿ ਆਪੇ ਧੁਨੀ ਨਿਕਲਦੀ ਹੈ, ਜਿਵੇਂ ਉਭਲ ਨਿਕਲਦੀ ਹੈ ਨਾ, ਉਹਨੂੰ ਕਿਵੇਂ ਬੰਦ ਕਰ ਦੇਵੇ। ਅੱਲਾਹ-ਅੱਲਾਹ ਕਰ ਲਓ, ਰਾਮ-ਰਾਮ ਕਰ ਲਓ, ਠੀਕ ਹੈ ਵਾਹਿਗੁਰੂ ਦੇ ਨਾਮ ਨੇ ਕੋਈ ਵਿਖਸ਼ੇਪਤਾ ਨਹੀਂ ਹੈ ਇਹਦੇ ਵਿਚ। ਪਰ ਜਿਸ ਨਾਮ ਨੂੰ ਜਪ ਕੇ ਸਾਧਨਾ ਕੀਤੀ ਹੈ ਉਹ ਤਾਂ ਦੇਹੀ ਦੇ ਰੋਮ-ਰੋਮ ਵਿਚ ਰਚ ਗਿਆ। ਇਥੇ ਹੀ ਨਹੀਂ ਹੈ, ਅੱਖਾਂ ਦੇ ਨਾਲ ਨਾਮ ਜਪਦਾ ਹੈ, ਕੰਨਾਂ ਨਾਲ ਨਾਮ ਜਪਦਾ ਹੈ। ਕਈ ਪ੍ਰੇਮੀ ਹੈਰਾਨ ਹੁੰਦੇ ਨੇ ਕਿ ਅੱਖਾਂ ਨਾਲ ਵੀ ਨਾਮ ਜਪਿਆ ਜਾਂਦਾ ਹੈ? ਅੱਖਾਂ ਦੇ ਨਾਲ ਜਦੋਂ ਨਾਮ ਦੀ ਬਿਰਤੀ ਚੜ੍ਹ ਜਾਂਦੀ ਹੈ ਉਸ ਵੇਲੇ ਇਹ ਅੱਖ ਤਾਂ ਜਿਹੜੀ ਹੈ ਇਹ ਤਾਂ ਠੋਸ ਪਦਾਰਥ ਦੇਖਣ ਵਾਲੀ (materialistic) ਅੱਖ ਹੈ, ਅੱਖ ਹੋਰ ਖੁਲ੍ਹ ਜਾਂਦੀ ਹੈ। ਜਿਹਨੂੰ ਦਿਬਯ ਨੇਤਰ ਕਹਿੰਦੇ ਨੇ, ਉਹ ਦਿਬਯ ਨੇਤਰ ਖੁਲ੍ਹਦੇ ਸਾਰ ਹਰ ਥਾਂ ਦੇ ਉਤੇ ਪ੍ਰਮੇਸ਼ਰ ਨਜ਼ਰ ਆਉਣ ਲਗ ਜਾਂਦਾ ਹੈ।

*ਗੁਰਹਿ ਦਿਖਾਇਓ ਲੋਇਨਾ ॥ ੧ ॥ ਰਹਾਉ ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ ॥ ਅੰਗ - ੪੦੭*

ਨਾਮ ਦੇ ਵਿਚੋਂ ਨਿਕਲਦੇ ਹੀ, ਨਾਮ ਦਾ ਇਹ ਅਨੁਭਵ ਹੋਇਆ ਕਰਦਾ ਹੈ। ਬਾਕੀ ਹੈ ਮੰਤਰ ਦਾ ਜਾਪ ਇਹ ਸਾਰੇ ਸਰੀਰ ਦੇ ਰੋਮ-ਰੋਮ 'ਚ ਰਚ ਜਾਂਦਾ ਹੈ। ਫੇਰ ਚਾਹੇ ਕੋਈ ਆਵਾਜ਼ ਆਉਂਦੀ ਹੈ -

*ਹਰਹਟ ਭੀ ਤੂੰ ਤੂੰ ਕਰਹਿ*
*ਬੋਲਹਿ ਭਲੀ ਬਾਣਿ ॥ ਅੰਗ - ੧੪੨੦*

ਹਰਹਟ ਘੂੰ-ਘੂੰ ਕਰਦਾ ਹੈ, ਮਹਾਰਾਜ ਕਹਿੰਦੇ ਘੂੰ-ਘੂੰ ਨਹੀਂ ਤੂੰ-ਤੂੰ ਕਰਦਾ ਹੈ। ਘੂੰ-ਘੂੰ ਉਨ੍ਹਾਂ ਨੂੰ ਸੁਣਦਾ ਹੈ ਜਿਨ੍ਹਾਂ ਦੇ ਅੰਦਰਲੇ ਕੰਨ ਨਹੀਂ ਸੀ ਖੁਲ੍ਹੇ, ਦਿਬ ਕੰਨ੍ਹ ਨਹੀਂ ਸੀ ਖੁਲ੍ਹੇ। ਜਿਹਦੇ ਦਿਬਯ ਕੰਨ ਖੁਲ੍ਹ ਗਏ ਉਹਨੂੰ ਤੂੰ ਤੋਂ ਬਗੈਰ ਨਜ਼ਰ ਨਹੀਂ ਆਉਂਦਾ।

*ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ*
*ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥*
*ਅੰਗ - ੧੨੬੫*

ਜਿੰਨੀਆ ਆਵਾਜ਼ਾਂ ਸੁਣਦਾ ਹੈ ਸਾਰੀਆਂ ਪ੍ਰਮੇਸ਼ਰ ਦੀਆਂ ਸੁਣਦਾ ਹੈ -

*ਧਾਰਨਾ - ਨਾਮ ਹਰੀ ਦਾ ਜਪਦੇ*
*ਸਾਰੇ ਵਣਾਂ ਦੇ ਪੰਖੇਰੂ।*

ਇਹ ਜੋ ਆਪ ਦੀ ਗੱਲ ਹੈ ਕਿ ਅੱਲਾਹ ਦਾ ਨਾਮ ਲੈ ਲਓ, ਨਮਾਜ਼ ਪੜ੍ਹ ਲਓ, ਸ਼ਰ੍ਹਾ, ਕਲਮਾਂ ਪੜ੍ਹ ਲਓ ਇਹ ਤਾਂ ਅਸੀਂ ਪੜ੍ਹਿਆ ਹੋਇਆ ਹੈ। ਇਹ ਅਰਬੀ ਬੋਲੀ 'ਚ ਹੈ, ਅਸੀਂ ਅੱਲਾਹ ਨੂੰ ਵੱਖਰਾ ਨਹੀਂ ਜਾਣਦੇ, ਰਾਮ ਨੂੰ ਹੋਰ ਨਹੀਂ ਜਾਣਦੇ। ਇਹ ਸਭ -

*ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ ॥*
*ਅੰਗ - ੧੧੬੮*

ਸਤਿਕਾਰ ਕਰਦੇ ਹਾਂ ਸਾਰੇ ਨਾਮਾਂ ਦਾ, ਪਰ ਜੋ ਨਾਮ ਸਾਡੇ ਹਿਰਦੇ 'ਚ ਵਸ ਗਿਆ, ਰੋਮ-ਰੋਮ 'ਚ ਵਸ ਗਿਆ, ਕੰਨਾਂ ਨੂੰ ਓਹੀ ਨਾਮ ਸੁਣਦਾ ਹੈ, ਇਹ ਕਿਵੇਂ ਨਿਕਲ ਜਾਏਗਾ। ਜੀਭ ਨਾਲ ਜਪਦੇ ਹੋਈਏ ਤਾਂ ਅੱਲਾਹ ਕਹਿ ਸਕਦੇ ਹਾਂ, ਹੁਣ ਤਾਂ ਲੰਘ ਗਿਆ ਦੂਰ। ਇਹ ਨਹੀਂ ਹੋ ਸਕਦਾ। ਸੋ ਏਸ ਤਰ੍ਹਾਂ ਦੇ ਨਾਲ ਕਹਿਣ ਲੱਗੇ ਕਿ ਫੇਰ ਤਾਂ ਤੁਹਾਨੂੰ ਮੌਤ ਕਬੂਲਣੀ ਪੈਣੀ ਹੈ। ਕਹਿਣ ਲੱਗੇ ਕਿ ਇਹ ਤਾਂ ਗੱਲ ਹੀ ਨਹੀਂ ਕੋਈ, ਆਪਸ ਵਿਚ ਗੱਲ ਕਰਨ ਲੱਗ ਗਏ, ਕਹਿੰਦੇ ਐਉਂ ਕਹਿੰਦੇ ਨੇ, ਆਪਣੇ ਪੜਦਾਦਾ ਜੀ ਜਿਹੜੇ ਸੀਗੇ ਉਨ੍ਹਾਂ ਨੇ ਵੀ ਧਰਮ ਨਹੀਂ ਸੀ ਹਾਰਿਆ, ਤੱਤੀਆਂ ਤਵੀਆਂ ਤੇ ਬੈਠ ਗਏ, ਦੇਗਾਂ 'ਚ ਉਬਾਲੇ ਖਾ ਲਏ, ਤੱਤੀ ਰੇਤ ਸੀਸ 'ਚ ਪੁਆ ਲਈ। ਫੇਰ ਆਪਣੇ ਦਾਦਾ ਜੀ ਨੇ ਦਿੱਲੀ ਜਾ ਕੇ ਸੀਸ ਦੇ ਦਿਤਾ। ਇਹ ਤਾਂ ਆਪਣੀ ਕੁਲ ਦੀ ਰੀਤ ਤੁਰੀ ਆਈ ਹੈ -

*ਹਮਰੇ ਬੰਸ ਰੀਤਿ ਇਮ ਆਈ।*
*ਸੀਸ ਦੇਤਿ ਪਰ ਧਰਮ ਨ ਜਾਈ।*
*ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - ੫੯੫੨*

ਇਹ ਰਘੁ ਕੁਲ ਦੀ ਜਿਵੇਂ ਰੀਤ ਹੈ, ਕਿ ਬਚਨ ਨਾ ਜਾਵੇ, ਚਾਹੇ ਕੁਛ ਹੋ ਜਾਵੇ ਬਚਨ ਪੂਰਾ ਕਰਾਂਗੇ। ਪਰ ਇਹ ਆਪਣੇ ਕੁਲ ਦੀ ਰੀਤ ਹੈ ਕਿ ਸੀਸ ਦੇ ਦੇਣਾ ਤੇ ਧਰਮ ਤੋਂ ਨਾ ਹਾਰਨਾ। ਕਹਿਣ ਲੱਗੇ ਕਿ ਇਹ ਸਾਡੀ ਰੀਤ ਹੈ ਪਿਆਰਿਓ! ਇਹ ਸੀਸ ਦੇ ਕੇ -

*ਤੁਮਰੀ ਜਰਾ ਉਖਾਰਨਿ ਹੇਤ।*
*ਹਮ ਨਹਿਂ ਡਰਪਹਿਂਗੇ ਸਿਰ ਦੇਤਿ।*
*ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - ੫੯੫੨*

ਜਿਹੜਾ ਤੁਸੀਂ ਕਹਿੰਦੇ ਓ ਕਿ ਸੀਸ ਦਿੰਦੇ, ਮੌਤ ਤੋਂ ਡਰਾਂਗੇ। ਨਹੀਂ -

*ਧਾਰਨਾ - ਜਿਹੜੀ ਮੌਤ ਤੋਂ ਡਰੇ ਜਗ ਸਾਰਾ*
*ਮੇਰੇ ਮਨ ਆਨੰਦ ਹੈ ਜਿਹੜੀ ਮੌਤ ਤੋਂ।*
*ਕਬੀਰ ਜਿਸੁ ਮਰਨੇ ਤੇ ਜਗੁ ਡਰੈ*
*ਮੇਰੈ ਮਨਿ ਆਨੰਦੁ ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥*
*ਅੰਗ - ੧੩੬੫*

ਕਹਿਣ ਲੱਗੇ ਕਿਸ ਚੀਜ਼ ਨੂੰ ਤੁਸੀਂ ਮਾਰ ਦਿਓਂਗੇ। ਸਰੀਰ ਨੂੰ ਮਾਰ ਦਿਓਂਗੇ, ਸਰੀਰ ਤਾਂ ਪੰਜ ਤੱਤ ਦਾ ਬਣਿਆ ਹੋਇਆ ਹੈ, ਜਿਹਨੂੰ ਤੁਹਾਡੀ ਤਲਵਾਰ ਕੱਟ ਦੇਵੇਗੀ। 25 ਪ੍ਰਕ੍ਰਿਤੀਆਂ ਦੇ ਨਾਲ ਪੰਜ ਗਿਆਨ ਇੰਦਰੇ ਬਣੇ ਹੋਏ ਨੇ। ਪੰਜ ਪ੍ਰਾਣ ਹੈ ਉਹ ਤੁਹਾਡੇ ਤੋਂ ਕੱਟੇ ਨਹੀਂ ਜਾਣੇ। ਇਹਦੇ ਉਤੇ ਮਨ ਹੈ ਉਹਨੂੰ ਨਹੀਂ ਤੁਸੀਂ ਕੱਟ ਸਕਦੇ, ਬੁੱਧੀ ਨੂੰ ਨਹੀਂ ਤੁਸੀਂ ਕੱਟ ਸਕਦੇ, ਮੈਂ ਭਾਵ ਨੂੰ ਨਹੀਂ ਕੱਟ ਸਕਦੇ।

ਕਹਿਣ ਲੱਗੇ, ਅਸੀਂ ਓਸ ਥਾਂ ਦੇ ਹਾਂ ਜਿਥੇ ਮੌਤ ਨਹੀਂ ਆਉਂਦੀ।

*ਜਰਾ ਮਰਾ ਨਹ ਵਿਆਪਈ*
*ਫਿਰਿ ਦੂਖੁ ਨ ਪਾਇਆ॥*
*ਪੀ ਅੰਮ੍ਰਿਤੁ ਆਘਾਨਿਆ*
*ਗੁਰਿ ਅਮਰੁ ਕਰਾਇਆ॥ ਅੰਗ - ੮੦੮*

ਨਾ ਉਥੇ ਬੁਢਾਪਾ ਆਉਂਦਾ ਹੈ, ਨਾ ਮੌਤ ਆਉਂਦੀ ਹੈ।ਨਾ ਉਥੇ ਦੁਖ ਆਉਂਦਾ ਹੈ। ਅਸੀਂ ਨਾਮ ਅੰਮ੍ਰਿਤ ਪੀਤਾ ਹੈ। ਸਾਡਾ ਆਤਮ ਸਰੂਪ ਹੈ ਜਿਸਨੂੰ ਤਲਵਾਰ ਕੱਟ ਨਹੀਂ ਸਕਦੀ। ਅੱਗ ਜਾਲ ਨਹੀਂ ਸਕਦੀ, ਪਾਣੀ ਡੋਬ ਨਹੀਂ ਸਕਦਾ, ਆਕਾਸ਼ ਸੁਕਾ ਨਹੀਂ ਸਕਦਾ। ਮਰਨਾ ਕਿਹੜੀ ਚੀਜ਼ ਨੇ ਹੈ ਸਰੀਰ ਤਾਂ ਬਿਨਸਨਹਾਰ ਹੈ, ਅੱਜ ਨਾ ਗਿਆ ਤਾਂ ਕੱਲ੍ਹ ਚਲਿਆ ਗਿਆ। ਜੇ ਕਿਤੇ ਲੇਖੇ ਲਗ ਜਾਏ ਤਾਂ ਚੰਗਾ ਭਲਾ ਹੈ। ਐਹ ਕਾਹਦਾ ਸਾਨੂੰ ਡਰਾਵਾ ਦਿੰਦੇ ਹੋਂ ਕਿ ਤੁਹਾਨੂੰ ਅਸੀਂ ਮਾਰ ਦੇਵਾਂਗੇ। ਏਸ ਸੰਸਾਰ ਤੇ ਕੋਈ ਨਹੀਂ ਰਿਹਾ। ਲੇਕਿਨ ਜਿਹੜਾ ਸੱਚਾ ਧਰਮ ਹੈ ਉਹ ਨਾਲ ਜਾਂਦਾ ਹੈ।

*ਕਹਾਂ ਮੰਦ ਮਤਿ! ਤੂੰ ਬਿਰਮਾਵੈਂ।*
*ਕੂਰ ਪਦਾਰਥ ਪਰ ਨ ਲੁਭਾਵੈਂ।*
*ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - ੫੯੫੨*

ਝੂਠੀਆਂ ਚੀਜ਼ਾਂ ਸਾਨੂੰ ਦਿੰਦਾ ਹੈਂ ਕਿ ਆਹ ਮਕਾਨ ਦੇ ਦੇਵਾਂਗੇ, ਫੌਜ ਦੇ ਦੇਵਾਂਗੇ।

*ਧਰਮ ਸਾਚ ਹੈ ਸਦ ਹੀ ਸੰਗ।*
*ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - ੫੯੫੨*

ਜਿਹੜਾ ਸੱਚਾ ਧਰਮ ਹੈ ਉਹ ਇਥੇ ਵੀ ਸੰਗ ਹੈ ਤੇ ਦਰਗਾਹ ਵਿਚ ਵੀ ਨਾਲ ਹੈ{

*ਕੋ ਅਸ ਮੂਰਖ ਕਰਹਿ ਜੁ ਭੰਗ।*
*ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - ੫੯੫੨*

ਐਹੋ ਜਿਹਾ ਕਿਹੜਾ ਹੈ ਜਿਹੜਾ ਧਰਮ ਨੂੰ ਭੰਗ ਕਰ ਦੇਵੇ। ਉਸ ਵੇਲੇ ਨਵਾਬ ਕਹਿਣ ਲੱਗਿਆ, ਸ਼ੇਰਖਾਨ ਵਲ ਦੇਖਿਆ, ਜੋ ਮਲੇਰਕੋਟਲੇ ਦਾ ਨਵਾਬ ਸੀ। ਕਹਿਣ ਲੱਗਿਆ ਕਿ ਤੁਹਾਡੇ ਭਰਾ ਨੂੰ ਇਨ੍ਹਾਂ ਦੇ ਪਿਤਾ ਨੇ ਮਾਰਿਆ ਹੈ। ਐਹ ਬੱਚੇ ਤੁਹਾਡੇ ਹਵਾਲੇ ਕਰਦੇ ਹਾਂ ਜਿਵੇਂ ਤੁਹਾਡਾ ਜੀਅ ਕਰਦਾ ਹੈ ਉਵੇਂ ਕਰੋ। ਕਹਿਣ ਲੱਗਿਆ, ਨਵਾਬ ਕਿ ਮੈ ਐਨਾ ਬੁਜ਼ਦਿਲ ਨਹੀਂ ਕਿ ਇਨ੍ਹਾਂ ਸ਼ੀਰਖੋਰ ਬੱਚਿਆਂ ਦੇ ਉਤੇ ਆਪਣੀਆਂ ਤਲਵਾਰਾਂ ਚਲਾਵਾਂ। ਇਨ੍ਹਾਂ ਨੇ ਕੀ ਵਿਗਾੜਿਆ ਹੈ। ਜੇ ਹਿੰਮਤ ਹੈ ਤਾਂ ਇਨ੍ਹਾਂ ਦੇ ਪਿਤਾ ਨਾਲ ਮੈਦਾਨ-ਏ-ਜੰਗ 'ਚ ਲੜੋ, ਉਹ ਕਿਤੇ ਨਹੀਂ ਗਿਆ ਉਹ ਨਿਕਲ ਗਿਆ ਸਾਰਿਆਂ ਦੇ ਵਿਚੋਂ। ਤੁਸੀਂ ਕਹਿੰਦੇ ਹੋ ਮਾਰ ਦਿਤਾ ਕੀਹਨੇ ਮਾਰਿਆ ਹੈ ਓਸਨੂੰ। ਉਹ ਬਹਾਦਰ ਨਹੀਂ ਕਿਸੇ ਦੇ ਕਾਬੂ ਆਉਣ ਵਾਲਾ। ਫੇਰ ਜੇ ਹਿੰਮਤ ਹੈ ਤਾਂ ਉਹਦੇ ਨਾਲ ਦੋ ਹੱਥ ਕਰੋ। ਆਹ ਬੱਚਿਆਂ ਨੂੰ ਸਾਡੇ ਹਵਾਲੇ ਕਿਉਂ ਕਰਦੇ ਹੋ? ਹਾਂ ਕਦੇ ਮੈਦਾਨ-ਏ-ਜੰਗ 'ਚ ਕਦੇ ਸਾਮ੍ਹਣੇ ਹੋਵਾਂਗੇ, ਜ਼ਰੂਰ ਅਸੀਂ ਮੁਕਾਬਲਾ ਕਰਾਂਗੇ। ਇਨ੍ਹਾਂ ਬੱਚਿਆਂ ਦਾ ਕੀ ਕਸੂਰ ਹੈ। ਕਿਹੜੀ ਸ਼ਰਾ ਹੈ ਜਿਹਦੇ ਨਾਲ ਤੁਸੀਂ ਫਤਵਾ ਲਾਉਂਦੇ ਹੋ ਸ਼ੀਰਖੋਰ ਬੱਚਿਆਂ ਨੂੰ। ਇਹ ਜਿਹੋ ਜਿਹੇ ਮਾਹੌਲ 'ਚ ਪਲੇ ਨੇ ਓਹੋ ਜਿਹੀ ਗੱਲ ਕਰਦੇ ਨੇ। ਬਈ ਅਸੀਂ ਦੁਸ਼ਟ ਦੋਖੀ ਜਿਹੜੇ ਨੇ ਉਹ ਮੁਕਾਉਣੇ ਨੇ, ਦੁਨੀਆਂ ਨੂੰ ਤੰਗ ਕਰਨ ਵਾਲੇ, ਮਾਰਨ ਵਾਲੇ। ਇਨ੍ਹਾਂ ਉਤੇ ਤਾਂ ਸ਼ਰ੍ਹਾ ਲਗਦੀ ਨਹੀਂ ਹੈ। ਅਖੀਰ ਝੂਠਾ ਨੰਦ ਦੇ ਕਹਿਣ ਦੇ ਨਾਲ ਸ਼ਰਾ ਲਾ ਦਿਤੀ ਗਈ ਕਿ ਇਹ ਛੱਡਣੇ ਨਹੀਂ ਕਿਸੇ ਕੀਮਤ ਤੇ ਵੀ ਉਹ ਨਵਾਬ ਨੂੰ ਖੁਸ਼ ਕਰ ਰਿਹਾ ਸੀ। ਪਰ ਤੂੰ ਪ੍ਰੇਮੀਆਂ ਕੀ ਸੰਸਾਰ ਤੇ ਰਹਿਣਾ ਹੈ? ਪਾਪ ਕਰਕੇ ਨਹੀਂ ਕੋਈ ਬਚਦਾ ਹੁੰਦਾ। ਸੋ ਏਸ ਤਰ੍ਹਾਂ ਨੀਹਾਂ ਦੇ ਵਿਚ ਚਿਣਨ ਦਾ ਹੁਕਮ ਹੋ ਗਿਆ। ਨੀਹਾਂ ਦੇ ਵਿਚ ਚਿਣਦੇ ਨੇ ਤੇ ਜਿਸ ਵਕਤ ਛਾਤੀ ਕੋਲ ਦੀਵਾਰ ਪਹੁੰਚਦੀ ਹੈ, ਓਸ ਵੇਲੇ ਐਸਾ ਧਰਤੀ ਦੇ ਵਿਚ ਹੁਲਾਰਾ ਆਇਆ ਕਿ ਦੀਵਾਰ ਪਾਟ ਕੇ ਗਿਰ ਗਈ ਸਾਰੀ। ਤੇ ਨਾਲ ਦੀ ਨਾਲ ਇਕ ਬਹੁਤ ਜ਼ਬਰਦਸਤ ਹਨ੍ਹੇਰੀ ਚੱਲੀ। ਅੱਖਾਂ ਦੇ ਵਿਚ

ਪੈ ਗਈ, ਦਹਿਲ ਪੈ ਗਿਆ ਸਾਰਿਆਂ ਦੇ ਮਨਾਂ ਵਿਚ ਕਿ ਆਹ ਮਾੜਾ ਕੰਮ ਹੋ ਰਿਹਾ ਹੈ, ਇਹ ਤਾਂ ਸ਼ਹਿਰ ਗਰਕ ਹੋ ਜਾਏਗਾ, ਹੁਣ ਹੋ ਜਾਏ ਚਾਹੇ ਫੇਰ ਹੋ ਜਾਵੇ। ਓਸ ਵੇਲੇ ਦੋ ਜਲਾਦ ਦਿੱਲੀ ਦੇ ਉਥੇ ਪਹੁੰਚ ਜਾਂਦੇ ਨੇ। ਜਲਾਦਾਂ ਨੂੰ ਕਿਹਾ, ਉਹ ਕਹਿੰਦੇ ਨਾ ਇਹ ਕੰਮ ਨਹੀਂ ਸਾਡੇ ਤੋ ਹੋਣਾ। ਅਸੀਂ ਕੋਈ ਪੈਸਾ ਨਹੀਂ ਲੈਣਾ ਇਹਦਾ। ਭਾਵੇਂ ਡਿਊਟੀ ਹੈ ਸਾਡੀ ਮਾਰਨ ਦੀ, ਪਰ ਇਹ ਸ਼ੀਰਖੋਰ ਬੱਚੇ ਨੇ। ਇਨ੍ਹਾਂ ਨੂੰ ਤਾਂ ਦੇਖੀ ਜਾਓ, ਕੱਪੜੇ ਪਾਏ ਹੋਏ ਨੇ ਨੀਲੇ ਜਿਹੇ ਰੰਗ ਦੇ, ਗੋਰਾ ਰੰਗ ਹੈ, ਕਿੰਨੇ ਸੋਹਣੇ ਲਗਦੇ ਨੇ। ਨਾ ਨਵਾਬ ਸਾਹਿਬ! ਸਾਡੀ ਤਲਵਾਰ ਇਨ੍ਹਾਂ ਤੇ ਨਹੀਂ ਚਲ ਸਕਦੀ। ਇਨ੍ਹਾਂ ਨੇ ਦੋਸ਼ ਵੀ ਕਿਹੜਾ ਕਰਿਆ ਸੀ। ਪਾਪੀ ਤਾਂ ਅਸੀਂ ਬਹੁਤ ਹਾਂ, ਵੱਡੇ-ਵੱਡੇ ਬੰਦਿਆਂ ਨੂੰ ਕੱਟ ਕੇ ਅਸੀਂ ਓਹ ਮਾਰਦੇ ਹਾਂ। ਪਰ ਉਹ ਡਿਊਟੀ ਹੁੰਦੀ ਹੈ, ਕਾਨੂੰਨ ਕਹਿੰਦਾ ਹੈ ਪਹਿਲਾਂ ਫੇਰ ਅਸੀਂ ਕਰਦੇ ਹਾਂ। ਆਹ ਸ਼ੀਰਖੋਰ ਬੱਚਿਆਂ ਨੂੰ ਕਿਵੇਂ ਮਾਰ ਦੇਈਏ? ਐਨੇ ਨੂੰ ਦੋ ਹੋਰ ਆ ਗਏ, ਦਿੱਲੀ ਤੋਂ ਆ ਗਏ, ਉਨ੍ਹਾਂ ਨੂੰ ਕੰਮ ਸੀ, ਨਵਾਬ ਕਹਿਣ ਲੱਗਿਆ ਕਿ ਐਹ ਬੱਚੇ ਬੇਹੋਸ਼ ਨੇ ਇਨ੍ਹਾਂ ਨੂੰ ਕੰਬਲ ਦੇ ਕੇ ਪਾਓ, ਤਲੀਆਂ ਮਲੋ, ਹੋਸ਼ ਵਿਚ ਲਿਆਓ, ਇਕ ਵਾਰੀ ਫੇਰ ਪੁੱਛ ਲਓ। ਤੇ ਫੇਰ ਪੁਛਿਆ ਉਹ ਕਹਿੰਦੇ ਨਹੀਂ ਸਰੀਰ ਨਹੀਂ ਅਸੀਂ ਪਿਆਰਾ ਕਰਨਾ, ਧਰਮ ਪਿਆਰਾ ਕਰਨਾ ਹੈ। ਓਸ ਵੇਲੇ ਇਨ੍ਹਾਂ ਨੇ ਦੋਹਾਂ ਬੱਚਿਆਂ ਨੂੰ ਬੜੀ ਬੇਰਹਿਮੀ ਦੇ ਨਾਲ ਸ਼ਹੀਦ ਕੀਤਾ, ਛਾਤੀ ਤੇ ਗੌਡੇ ਰੱਖ ਲਏ, ਕੁਇੰਟਲ-ਕੁਇੰਟਲ, ਡੇਢ-ਡੇਢ ਕੁਇੰਟਲ ਭਾਰੇ ਸੀਗੇ। ਜਿਵੇਂ ਬੱਕਰੇ ਨੂੰ ਜਿਹਬਾ ਕਰਦੇ ਨੇ ਐਸ ਤਰ੍ਹਾਂ ਦੇ ਨਾਲ ਉਨ੍ਹਾਂ ਦੀ ਗਰਦਨ ਕੱਟੀ। ਸ਼ਹੀਦ ਹੋ ਗਏ, ਲੇਕਿਨ ਐਸੀ ਕਰਨੀ ਕਰ ਗਏ ਸੰਸਾਰ ਦੇ ਅੰਦਰ।

ਇਹਦੇ ਵਿਚ ਇਕ ਸਵਾਲ ਪੈਦਾ ਹੁੰਦਾ ਹੈ, ਆਪਾਂ ਸ਼ੁਰੂ ਕਰਿਆ ਸੀ ਕਿ

***ਅਉਖੀ ਘੜੀ ਨ ਦੇਖਣ ਦੇਈ***
***ਅਪਨਾ ਬਿਰਦੁ ਸਮਾਲੇ॥ ਅੰਗ - ੬੮੨***

ਬਈ ਰੱਬ ਕਿੱਥੇ ਚਲਿਆ ਗਿਆ ਉਸ ਵੇਲੇ? ਮਨ ਵਿਚ ਕੁਦਰਤੀ ਆਉਂਦੀ ਹੈ ਇਹ ਗੱਲ। ਦੂਸਰੀ ਆਉਂਦੀ ਹੈ ਕਿ ਗੁਰੂ ਸਾਹਿਬ ਜੇ ਆਪਣੇ ਬੱਚਿਆਂ ਨੂੰ ਨਾ ਬਚਾ ਸਕੇ ਫੇਰ ਸਾਡੀ ਕੀ ਸਹਾਇਤਾ ਕਰਨਗੇ? ਸਾਡਾ faith ਹੀ ਹੈ, ਜਾਂ ਇਹਦੇ ਵਿਚ ਕੋਈ ਭੇਤ ਹੈ। ਮੈਂ ਪਹਿਲਾਂ ਹੀ ਬੇਨਤੀ ਕਰੀ ਸੀ ਕਿ ਭਗਤ ਚਾਰ ਪ੍ਰਕਾਰ ਦੇ ਹੁੰਦੇ ਨੇ। ਚੌਥੀ ਜਿਹੜੀ ਭਗਤੀ ਦੀ ਸਭ ਤੋਂ ਉੱਤਮ (supreme) ਜਿਹੜੀ ਕਿਸਮ ਹੈ ਉਹ ਹੈ ਗਿਆਨੀ ਭਗਤ। ਜਿਹੜੇ ਦੇਹ ਅਧਿਆਸ ਨੂੰ ਤੋੜ ਕੇ ਆਪਣੇ ਆਪ ਨੂੰ ਆਤਮਾ ਮੰਨਦੇ ਨੇ, ਅਰ ਇਹ ਮੰਨਦੇ ਨੇ ਕਿ ਆਤਮਾ ਸਤਿ ਹੈ ਬਾਕੀ ਅਨਾਤਮ ਸਾਰਾ ਝੂਠ ਹੈ। ਅਨਾਤਮ ਨੇ ਰਹਿਣਾ ਨਹੀਂ ਤੇ ਜਿਹੜਾ ਹੈ ਹੀ ਆਤਮਾ, ਵਿਸ਼ਵਾਸ਼ ਹੈ ਕਿ ਇਹਨੂੰ ਕੋਈ ਮਾਰ ਹੀ ਨਹੀਂ ਸਕਦਾ, ਉਹ ਤਾਂ ਆਪੇ ਹੀ ਆਪ ਹੈ, ਦੂਜਾ ਤਾਂ ਕੋਈ ਉਥੇ ਹੈ ਕੋਈ ਨਹੀਂ। ਪ੍ਰਭੂ ਨਾਲ ਮਿਲੇ ਹੋਏ ਨੇ। ਉਹਨੂੰ ਤਾਂ ਪਤਾ ਹੈ ਇਹ ਇਕ ਖੇਡ ਹੋ ਰਹੀ ਹੈ, ਡਰਾਮਾ ਹੋ ਰਿਹਾ ਹੈ, ਉਹ ਜਾਣਦੇ ਨੇ ਪ੍ਰਭੂ ਨੂੰ। ਸਦਾ ਦਾ ਜੀਵਨ ਉਨ੍ਹਾਂ ਨੂੰ ਪ੍ਰਾਪਤ ਹੈ। ਪ੍ਰਭੂ ਤਿਨ ਕਿਸਮ ਦੇ ਭਗਤਾਂ ਕੋਲ ਪ੍ਰਭੂ ਆਉਂਦਾ ਹੈ। ਆਰਥ ਭਗਤਾਂ ਦੇ ਕੋਲ, ਅਰਥਾ ਅਰਥੀ ਵਾਲਿਆਂ, ਅਨਹਲ ਭਗਤਾਂ ਕੋਲ, ਜਿਹੜੇ ਮਤੀ ਦਾਸ ਜੀ ਗਿਆਨੀ ਭਗਤ ਨੇ, ਭਾਈ ਮਤੀ ਦਾਸ ਜੀ ਗਿਆਨੀ ਭਗਤ ਸੀ, ਬੰਦ-ਬੰਦ ਕਟਿਆ ਗਿਆ, ਨਹੀਂ ਲੋਚਾ ਕਰੀ, ਬਈ ਮਰਨਾ ਨਹੀਂ ਅਸੀਂ। ਸਰੀਰ ਨੇ ਰਹਿਣਾ ਨਹੀਂ ਹੈ। ਭਾਈ ਦਿਆਲਾ ਜੀ ਗੁਰੂ ਸਾਹਿਬ ਦੇ ਸਾਮ੍ਹਣੇ ਉਬਾਲੇ ਗਏ, ਗੁਰੂ ਮਹਾਰਾਜ ਰਖਿਆ ਕਰ ਦਿੰਦੇ, ਲੇਕਿਨ ਉਹ ਸਰੀਰ ਤੋਂ ਉਪਰ ਸੀ, ਦੇਹ ਅਧਿਆਸ ਟੁੱਟਿਆ ਹੋਇਆ, ਵਿਦੇਹ ਅਵਸਥਾ ਦੇ ਸੀ ਉਹ। ਅਮਰ ਅਵਸਥਾ ਸੀ ਉਨ੍ਹਾਂ ਦੀ। ਅਮਰ ਅਵਸਥਾ ਲੋਚਾ ਹੀ ਨਹੀਂ ਕਰਦੀ ਕਿ ਸਾਨੂੰ ਕੋਈ ਬਚਾਓ।ਉਹ ਆਪ ਹੀ ਸਮਰੱਥ ਹੁੰਦੇ ਨੇ। ਜੇ ਉਹ ਚਾਹੁੰਣ ਸਭ ਕੁਛ ਕਰ ਸਕਦੇ ਨੇ। ਭਾਈ ਪ੍ਰਾਣਾ ਗੁਰੂ ਪੰਜਵੇਂ ਪਾਤਸ਼ਾਹ ਦੇ ਨਾਲ ਬੰਦ ਕਰਿਆ ਹੋਇਆ ਹੈ, ਜਿਸ ਵਕਤ ਗੁਰੂ ਮਹਾਰਾਜ ਨੂੰ ਲਾਲ ਗਰਮ ਤਵੀ ਦੇ ਉਤੇ ਚਰਨ ਧਰਨ ਵਾਸਤੇ ਕਿਹਾ, ਮਹਾਰਾਜ ਨੇ ਚਰਨ ਧਰਿਆ ਤੇ ਉਹ ਖੜ੍ਹਾ ਹੋ ਕੇ ਦੋਹੇਂ ਬਾਹਾਂ ਉਚੀਆ ਕਰਕੇ ਤਾਲੀ ਵਜਾਉਣ ਲੱਗਿਆ, ਮਹਾਰਾਜ ਨੇ ਕਿਹਾ, ਭਾਈ ਪ੍ਰਾਣਾ ਠਹਿਰ, ਕੀ ਕਰਨ ਲੱਗਿਆ ਹੈਂ? ਕਹਿੰਦਾ ਮਹਾਰਾਜ! ਮੈਂ ਨਹੀਂ ਦੇਖ ਸਕਦਾ। ਜਾਂ ਤਾਂ ਮੈਨੂੰ ਐਡਾ ਦਿਲ ਦੇਵੋ ਕਿ ਮੈਂ ਦੇਖ ਲਵਾਂ। ਮੈਂ ਨਹੀਂ ਦੇਖ ਸਕਦਾ ਮੈਂ ਲਾਹੌਰ ਨੂੰ ਗਰਕ ਕਰਨ ਲੱਗਿਆ ਹਾਂ। ਮੀਆਂ-ਮੀਰ ਆਉਂਦਾ ਹੈ ਕਿ ਮੈਂ ਸਰਾਪ (curse) ਕਰਦਾਂ ਨਵਾਬ ਨੂੰ। ਮਹਾਰਾਜ ਤੁਸੀਂ ਕਹੋ। ਗੋਰਖ ਆਉਂਦਾ ਹੈ ਕਿ ਮੈਂ ਹਵੇਲੀ ਨੂੰ ਧਰਤੀ 'ਚ ਗਰਕ ਕਰ ਦੇਣਾ ਹੈ। ਤੁਸੀਂ ਕਿਉਂ ਨਹੀਂ ਸਰਾਪ (curse) ਦਿੰਦੇ? ਮਹਾਰਾਜ ਕਹਿੰਦੇ ਮੀਆਂ ਮੀਰ ਇਥੇ ਆਤਮਾ ਤੋਂ ਬਗੈਰ ਦੂਜਾ ਹੈ ਕੋਈ ਨਹੀਂ -

***ਮਨਿ ਸਾਚਾ ਮੁਖਿ ਸਾਚਾ ਸੋਇ ॥***
***ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥***
***ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥***
***ਅੰਗ - ੨੭੨***

ਇਹ ਗੱਲ ਤੈਨੂੰ ਸਮਝਾਉਣੀ ਸੀ ਕਿ ਮਹਾਂਪੁਰਸ਼ ਜਿਹੜੇ ਹੁੰਦੇ ਨੇ ਉਹ ਆਪਣੇ ਗਿਆਨ ਦੇ ਵਿਚ ਪਰਪੱਕ ਹੁੰਦੇ ਨੇ, ਕੀਹਨੂੰ ਮੈਂ ਸਰਾਪ (curse) ਦੇਵਾਂ ਇਥੇ ਪ੍ਰਭੂ ਤੋਂ ਬਗੈਰ ਕੋਈ ਹੋਰ ਹੈ? ਇਹ ਤਾਂ ਇਕ ਖੇਡ ਹੋ ਰਹੀ ਹੈ, ਖੇਡ ਦੇ ਵਿਚ ਅਸੀਂ ਖੇਡਦੇ ਹਾਂ। ਉਥੇ ਸਵਾਲ ਹੀ ਨਹੀਂ ਪੈਦਾ ਹੁੰਦਾ ਕਿ ਕੋਈ ਆਵੇ ਤੇ ਰਾਖੀ ਕਰੇ।

ਸੋ ਇਹ ਬੜਾ ਭੁਲੇਖਾ ਹੈ ਸਾਡੇ ਮਨਾਂ 'ਚ ਬਗੈਰ ਗਿਆਨ ਤੋਂ ਸਾਡੇ ਅੰਦਰੋਂ ਲਹਿੰਦਾ ਨਹੀਂ ਹੈ। ਸੋ ਇਸ ਕਰਕੇ ਇਹ ਇਕ ਕੌਤਕ ਹੋ ਰਿਹਾ ਸੀ, ਵਰਤ ਰਹੀ ਸੀ ਖੇਲ੍ਹ। ਉਸ ਵੇਲੇ ਆਪ ਨੇ ਸੀਸ ਦੇ ਦਿਤਾ ਤੇ

ਧਰਮ ਦੀ ਰਖਿਆ ਕਰ ਦਿਤੀ।

ਐਸ ਥਾਂ ਦੇ ਉਤੇ ਸ਼ੋਕ ਹੋ ਰਿਹਾ ਹੈ, ਸਾਰਾ ਸ਼ਹਿਰ ਸ਼ੋਕਵਾਨ ਹੋ ਗਿਆ, ਕੀ ਮੁਸਲਮਾਨ ਕੀ ਹਿੰਦੂ, ਸਭ ਕਹਿੰਦੇ ਨੇ ਕਿ ਮਾੜਾ ਕੰਮ ਹੋਇਆਂ, ਧਰਤੀ ਡੋਲ ਰਹੀ ਹੈ, ਹਨ੍ਹੇਰੀ ਬੇ-ਮੌਸਮਾ ਚਲ ਰਹੀ ਹੈ। ਬੱਦਲ ਕੋਈ ਨਹੀਂ, ਬੱਦਲ ਗਰਜ ਰਿਹਾ ਹੈ, ਅਸਮਾਨ 'ਚ ਬਿਜਲੀ ਕੜਕ ਰਹੀ ਹੈ, ਮਾੜੇ ਸ਼ਗਨ ਆ ਰਹੇ ਨੇ। ਲੇਕਿਨ ਇਨ੍ਹਾਂ ਨੇ ਧਰਮ ਰੱਖਿਆ, ਇਥੇ ਵੀ ਜੈ-ਜੈਕਾਰ, ਸਭ ਮੰਡਲਾਂ ਵਿਚ ਵੀ ਤੇ ਅੱਗੇ ਦਰਗਾਹ ਵਿਚ ਵੀ। ਪੜ੍ਹੋ ਪਿਆਰ ਨਾਲ -

*ਧਾਰਨਾ - ਵਾਹਵਾ-ਵਾਹਵਾ ਬਈ ਸੀਸ ਦੇ ਕੇ*
*ਧਰਮ ਰਖਿਆ।*
*ਜੈ-ਜੈਕਾਰ ਦਰਗਾਹ ਵਿਚ ਹੋਵੇ।*

ਧਰਮ ਦੀ ਰਾਖੀ ਵਾਸਤੇ ਵੱਡੀ ਤੋਂ ਵੱਡੀ (supreme sacrifice) ਕਰਨ ਦਾ ਸਾਨੂੰ ਸੁਨੇਹਾ ਦੇ ਗਏ। ਐਡੀ ਵੱਡੀ ਕੁਰਬਾਨੀ ਹੈ ਦੁਨੀਆਂ ਦੇ ਇਤਿਹਾਸ ਦੇ ਅੰਦਰ, ਛੋਟੇ ਬੱਚੇ ਕਿਸ ਤਰ੍ਹਾਂ ਦ੍ਰਿੜ੍ਹਤਾ ਦੇ ਨਾਲ ਧਰਮ ਵਾਸਤੇ ਆਪਣੇ ਪ੍ਰਾਣਾਂ ਦਾ ਤਿਆਗ ਕਰਦੇ ਨੇ। ਸੋ ਐਸੇ ਜੋ ਸ਼ਹੀਦ ਨੇ, ਐਸੀ ਕਰਨੀ ਹੈ ਉਹ ਜਦ ਸੰਸਾਰ ਯਾਦ ਕਰਦਾ ਹੈ ਮੱਲੋ-ਮੱਲੀ ਹਰੇਕ ਦੇ ਮੂੰਹ ਤੋਂ ਜਸ ਨਿਕਲਦਾ ਹੈ -

*ਧਾਰਨਾ - ਵਾਹਵਾ-ਵਾਹਵਾ ਬਈ ਜਸ ਗਾਉ*
*ਸਾਰੀ ਦੁਨੀਆ,*
*ਐਸੀ ਕਰਨੀ ਕਰ ਗਏ ਜਗ 'ਤੇ।*

ਮਾਤਾ ਜੀ ਨੂੰ ਜਦੋਂ ਪਤਾ ਲਗਦਾ ਹੈ, ਇਥੇ ਫੇਰ ਬੜੀ ਭਾਰੀ ਗਲਤਫਹਿਮੀ ਇਤਿਹਾਸ ਪਾਈ ਜਾਂਦੇ ਨੇ। ਚਾਹੇ ਉਹ ਪ੍ਰੋਫੈਸਰਾਂ ਦੇ ਲਿਖੇ ਹੋਏ ਨੇ, ਚਾਹੇ ਪਹਿਲਿਆਂ ਦੇ ਲਿਖੇ ਹੋਏ ਨੇ। ਇਤਿਹਾਸ ਸੂਰਜ ਪ੍ਰਕਾਸ਼ 'ਚ ਤਾਂ ਹੱਦ ਹੀ ਲਾਹ ਦਿਤੀ, ਪਤਾ ਨਹੀਂ ਪਿਛੋਂ ਪਾ ਦਿਤੀਆਂ ਇਹ ਗੱਲਾਂ। ਕਿ ਟੋਡਰ ਮੱਲ ਆ ਕੇ ਸੁਨੇਹਾ ਦਿੰਦਾ ਹੈ ਕਿ ਮਾਤਾ ਜੀ ਬੱਚੇ ਤਾਂ ਆਪਣੇ ਦਾਦਾ ਜੀ ਕੋਲ ਚਲੇ ਗਏ। ਉਸ ਵੇਲੇ ਇਤਿਹਾਸਕਾਰ ਲਿਖਦਾ ਹੈ ਕਿ ਮਾਤਾ ਜੀ ਗਸ਼ ਖਾ ਕੇ ਗਿਰ ਗਏ, ਜਦ ਹੋਸ਼ ਆਈ ਕਹਿੰਦੇ ਮੈਨੂੰ ਹੀਰਾ ਲਿਆ ਕੇ ਦੇ, ਮੈਂ ਛੇਤੀ ਚੱਟ ਲਵਾਂ। ਜਦ ਉਹਨੇ ਹੀਰਾ ਨਾ ਲਿਆ ਕੇ ਦਿਤਾ ਤਾਂ ਲਿਖਿਆ ਹੈ ਕਿ ਮਾਤਾ ਜੀ ਨੇ ਐਨੇ ਜ਼ੋਰ ਨਾਲ ਮਹੱਲ ਨਾਲ ਸਿਰ ਮਾਰਿਆ ਕਿ ਸਿਰ ਫਟ ਗਿਆ। ਬੇਹੋਸ਼ ਹੋ ਗਏ ਤੇ ਪ੍ਰਾਣ ਪੰਖੇਰੂ ਉਡ ਗਏ।

ਦੂਸਰੇ ਇਤਿਹਾਸਕਾਰ ਲਿਖਦੇ ਨੇ ਕਿ ਮਾਤਾ ਜੀ ਨੂੰ ਉਨ੍ਹਾਂ ਨੇ ਬੁਰਜ ਤੋਂ ਸੁੱਟ ਦਿਤਾ, ਤੇ ਹੇਠਾਂ ਆ ਕੇ ਸਰੀਰ ਛੱਡ ਗਏ। ਤੀਸਰੇ ਸਾਡੇ ਜਿਹੜੇ ਪ੍ਰੋਫੈਸਰ ਨੇ ਇਹ ਲਿਖਦੇ ਨੇ ਕਿ ਮਾਤਾ ਜੀ ਨੇ ਜਦੋਂ ਸੁਣਿਆ ਤਾਂ ਏਸ ਸਦਮੇ ਨੂੰ ਸਹਿ ਨਾ ਸਕੇ, ਤੇ ਉਸੇ ਵੇਲੇ ਦਿਲ ਫੇਲ੍ਹ ਹੋ ਗਿਆ।

ਹੁਣ ਆਹ ਗੱਲਾਂ ਇਨ੍ਹਾਂ ਪੜ੍ਹਿਆਂ ਲਿਖਿਆਂ ਬੰਦਿਆਂ ਦੀਆ ਲਿਖੀਆਂ ਹੋਈਆਂ ਪ੍ਰਚਲਤ ਨੇ ਸਾਰੇ। ਅਨਪੜ੍ਹ ਬੰਦੇ, ਆਹ ਕਵੀਸ਼ਰ, ਢਾਡੀ, ਇਹਨੂੰ ਦੁਨੀਆਂ ਤਕ ਪਹੁੰਚਾਈ ਜਾਂਦੇ ਨੇ। ਕਿੰਨਾ ਗਲਤ ਸੰਦੇਸ਼ (message convey) ਹੋ ਰਿਹਾ ਹੈ। ਇਕ ਤਾਂ ਗੁਰਸਿਖੀ ਦਾ ਜੀਵਨ, ਮਾਤਾ ਜੀ 28 ਸਾਲ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਦਰਵਾਜ਼ੇ ਤੇ ਬੈਠੇ ਰਹੇ, ਰਾਖੀ ਵਾਸਤੇ, ਸੇਵਾ ਵਾਸਤੇ, ਉਹ ਅੰਦਰ ਤਪ ਕਰਦੇ ਨੇ ਤੇ ਇਹ ਦਰਵਾਜ਼ੇ 'ਚ ਬੈਠੇ ਪੂਣੀਆਂ ਨਹੀਂ ਸੀ ਬਣਾਉਂਦੇ ਇਹ ਵੀ ਤਪ ਹੀ ਕਰਦੇ ਸੀ। ਇਹ ਬੰਦਗੀ ਕਰਦੇ ਸੀ, ਪੂਰਨ ਯੋਗੀ ਸੀ, ਜੇ ਮਾਤਾ ਜੀਤੋ ਜੀ ਗੁਰੂ ਦਸ਼ਮੇਸ਼ ਪਿਤਾ ਦੇ ਕੋਲ ਯੋਗੀ ਬਣ ਸਕਦੇ ਨੇ, ਆਪਣੀ ਮਰਜ਼ੀ ਦੇ ਨਾਲ ਪ੍ਰਾਣ ਛੱਡ ਦਿਤੇ ਮਾਤਾ ਜੀਤੋ ਜੀ ਨੇ। ਇਕ ਅਵਸਥਾ ਆਉਂਦੀ ਹੈ ਜਿਸ ਥਾਂ ਦੇ ਉਤੇ ਜਾ ਕੇ ਯੋਗੀ ਨੂੰ ਕੋਈ ਦੋਸ਼ ਨਹੀਂ ਲਗਦਾ, ਆਪਣੀ ਮਰਜ਼ੀ ਨਾਲ ਸਰੀਰ 'ਚੋਂ ਨਿਕਲ ਜਾਂਦਾ ਹੈ, ਜੇ ਮਰਜ਼ੀ ਹੋਵੇ ਵਾਪਸ ਵੀ ਆ ਜਾਂਦਾ ਹੈ।

ਭਾਈ ਦਇਆ ਸਿੰਘ ਜੀ ਗੁਰੂ ਦਸ਼ਮੇਸ਼ ਪਿਤਾ ਨੂੰ ਨਮਸ਼ਕਾਰ ਕਰਕੇ ਜਾਂਦੇ ਨੇ ਤੇ ਜਾ ਕੇ ਸਰੀਰ ਛੱਡ ਦਿਤਾ। ਜਦੋਂ ਸ਼ਬਦ ਪੜ੍ਹਨੇ ਸ਼ੁਰੂ ਹੋਏ ਉਸ ਵੇਲੇ ਮਹਾਰਾਜ ਕਹਿੰਦੇ ਕਿ ਕੀ ਗੱਲ ਹੈ? ਕਹਿੰਦੇ ਜੀ ਭਾਈ ਦਇਆ ਸਿੰਘ ਜੀ ਚੜ੍ਹਾਈ ਕਰ ਗਏ। ਮਹਾਰਾਜ ਕਹਿੰਦੇ ਬਿਨਾਂ ਮਿਲੇ ਹੀ ਚਲੇ ਗਏ, ਲਿਆਓ ਬੁਲਾ ਕੇ। ਆਵਾਜ਼ ਦਿਤੀ, ਕਹਿਣ ਲੱਗੇ ਭਾਈ ਸਾਹਿਬ! ਆਪਨੂੰ ਗੁਰੂ ਦਸ਼ਮੇਸ਼ ਪਿਤਾ ਨੇ ਹੁਕਮ ਦਿਤਾ ਹੈ ਕਿ ਮਿਲ ਕੇ ਜਾਓ। ਥੋੜ੍ਹੀ ਦੇਰ ਤੋਂ ਬਾਅਦ ਸਰੀਰ 'ਚੋਂ ਵਾਹਿਗੁਰੂ-ਵਾਹਿਗੁਰੂ ਕਰ ਕੇ ਉਠ ਖੜ੍ਹੇ ਹੋਏ। ਮਹਾਰਾਜ ਜੀ ਦੇ ਚਰਨਾਂ ਤੇ ਆ ਕੇ ਨਮਸ਼ਕਾਰ ਕਰਦੇ ਨੇ, ਮਹਾਰਾਜ ਕਹਿੰਦੇ ਭਾਈ ਦਇਆ ਸਿੰਘਾਂ ਬਿਨਾਂ ਦੱਸੇ ਚਲੇ ਗਏ? ਕਹਿੰਦੇ, ਮਹਾਰਾਜ! ਇਧਰ ਵੀ ਤੁਸੀਂ ਤੇ ਓਧਰ ਵੀ ਤੁਸੀਂ। ਤੁਹਾਡਾ ਹੁਕਮ ਹੀ ਹੈ। ਕਹਿੰਦੇ ਕਿੱਥੇ ਚਲੇ ਗਏ ਸੀ? ਕਹਿੰਦੇ ਮਹਾਰਾਜ ਮੈਂ ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਵਿਚੋਂ ਲੰਘਦੇ ਜਦੋਂ ਸੱਚਖੰਡ ਵਿਚ ਪ੍ਰਵੇਸ਼ ਕਰਨ ਲੱਗਿਆਂ, ਉਸ ਵੇਲੇ ਆਪ ਦਾ ਹੁਕਮ ਆ ਗਿਆ। ਮਹਾਰਾਜ ਕਹਿੰਦੇ ਠੀਕ ਹੈ, ਸਾਡੀਆਂ ਖੁਸ਼ੀਆਂ, ਸਾਡਾ ਸੁਨੇਹਾ ਅਕਾਲ ਪੁਰਖ ਨੂੰ ਦੇ ਦਿਓ, ਜੋ ਅਸੀਂ ਮਾਛੀਵਾੜੇ ਜਾ ਕੇ ਦਿਤਾ ਸੀ।

*ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾ ਦਾ ਕਹਣਾ।*

ਜਾਂਦੇ ਨੇ, ਜਾ ਕੇ ਕੁਸ਼ਾ ਦਾ ਆਸਣ ਵਿਛਾਇਆ, ਲੰਮੇ ਪੈ ਗਏ, ਫੇਰ ਸਰੀਰ ਛੱਡ ਦਿਤਾ।

ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਨੇ ਚਿੱਠੀਆਂ ਪਾ ਦਿਤੀਆਂ ਕਿ ਸੱਤਵੇਂ ਨੂੰ ਸਰੀਰ ਛੱਡ ਦੇਣਾ ਹੈ। ਸਾਰੀਆਂ ਸੰਗਤਾਂ ਵੈਰਾਗ ਵਿਚ ਆ ਗਈਆਂ, ਆਖਰੀ ਦਿਨ ਆ ਗਿਆ, ਬਾਬਾ ਲਾਲ ਸਿੰਘ ਜੀ ਜੋ ਲੰਗਰ ਦੀ ਸੇਵਾ ਕਰਦੇ ਸੀ ਨੂੰ ਸੰਗਤ ਕਹਿਣ ਲੱਗੀ

ਕਿ ਤੁਸੀਂ ਹੀ ਬੇਨਤੀ ਕਰੋ, ਤੁਹਾਡਾ ਕਿਹਾ ਤਾਂ ਮੰਨਦੇ ਨੇ। ਬਾਬਾ ਜੀ ਸਾਰੀ ਸੰਗਤ ਨੂੰ ਲੈ ਕੇ ਚਲੇ ਗਏ। ਬਾਬਾ ਕਰਮ ਸਿੰਘ ਜੀ ਕਹਿਣ ਲੱਗੇ ਲਾਲ ਸਿੰਘਾ! ਇਹ ਹੁਕਮ ਕਿਵੇਂ ਮੋੜੀਏ ਅਕਾਲ ਪੁਰਖ ਦਾ। ਰਹਿਣ ਨੂੰ ਤਾਂ ਚਾਹੇ ਅਸੀਂ ਦਸ ਸਾਲ ਰਹੀ ਜਾਈਏ, ਕੋਈ ਦੋਸ਼ ਨਹੀਂ ਹੈ। ਪਰ ਰੀਤ ਨਹੀਂ ਗੁਰਮਤਿ ਦੇ ਅੰਦਰ। ਗੁਰੂ ਵੀ ਚਲੇ ਗਏ ਸਮੇਂ ਤੇ। ਵੱਡੇ-ਵੱਡੇ ਆਪਣੇ ਪੂਰਵਜ ਮਹਾਤਮਾ ਵੀ ਸਮੇਂ ਸਿਰ ਚਲੇ ਗਏ ਜਿਹੜੇ ਸਮਰੱਥ ਸੀਗੇ ਸਭ ਕੁਛ ਕਰਨ ਨੂੰ ਤੇ ਆਪਾਂ ਰੀਤ ਕਿਵੇਂ ਤੋੜ ਦੇਈਏ। ਹਾਂ, ਇਕ ਗੱਲ ਹੈਗੀ, ਤੁਹਾਡੇ ਦੋ ਸਾਲ, ਦੋ ਮਹੀਨੇ, ਦੋ ਦਿਨ ਰਹਿੰਦੇ ਨੇ। ਤੇ ਤੁਸੀਂ ਅੱਜ ਸਾਢੇ ਚਾਰ ਵਜੇ ਸਾਡੀ ਥਾਂ ਚਲੇ ਜਾਓ। ਅਸੀਂ ਤੁਹਾਡੀ ਥਾਂ ਆ ਜਾਵਾਂਗੇ। ਸੋ ਤਿੰਨ ਵਜੇ ਜਦੋਂ ਬਾਬਾ ਜੀ ਨੇ ਬੁਲਾਇਆ, ਕਿ ਆਏ ਨਹੀਂ ਹਨ। ਬੇਅੰਤ ਇਕੱਠ ਹੋਇਆਂ-ਹੋਇਆਂ ਹੈ ਸੰਗਤਾਂ ਦਾ, ਅੰਗਰੇਜ਼ ਵੀ ਆਏ ਬੈਠੇ ਨੇ। ਘੜੀਆਂ ਦੇਖ ਰਹੇ ਨੇ ਕਿ ਸਾਢੇ ਚਾਰ ਵਜੇ ਕਿਵੇਂ ਸਰੀਰ ਛੱਡ ਦੇਣਗੇ। ਓਸ ਵੇਲੇ ਬਾਬਾ ਜੀ ਆਉਂਦੇ ਨੇ, ਕੀਰਤਨ ਕਰਿਆ ਅਰਦਾਸਾਂ ਕਰੀਆਂ, ਜਪੁਜੀ ਸਾਹਿਬ ਦਾ ਪਾਠ ਕਰਕੇ ਚਾਰ ਵਜ ਕੇ ਪੱਚੀ ਮਿੰਟ ਤੇ ਬਕਸੇ 'ਚ ਜਾ ਪਏ। ਪੰਜ ਮਿੰਟ ਤੋਂ ਬਾਅਦ ਬਾਬਾ ਕਰਮ ਸਿੰਘ ਜੀ ਕਹਿਣ ਲੱਗੇ ਦੇਖੋ, ਭਾਈ ਲਾਲ ਸਿੰਘ ਓਨੀਂ ਚਲੇ ਗਏ? ਹੱਥ ਲਾਇਆਂ ਉਹ ਕਹਿੰਦੇ ਮਹਾਰਾਜ ਓਹ ਤਾਂ ਸਰੀਰ ਛੱਡ ਗਏ ਤੇ ਏਸੇ ਤਰ੍ਹਾਂ ਦੇ ਨਾਲ ਬਾਬਾ ਜੀ ਨੇ ਦੋ ਸਾਲ ਦੋ ਮਹੀਨੇ ਤੋਂ ਬਾਅਦ ਸੈਦੋ ਜਾ ਕੇ ਉਨ੍ਹਾਂ ਨੇ ਸਰੀਰ ਛੱਡ ਦਿਤਾ। ਬਾਬਾ ਅਤਰ ਸਿੰਘ ਜੀ ਮਹਾਰਾਜ, ਸੰਤ ਈਸ਼ਰ ਸਿੰਘ ਜੀ ਮਹਾਰਾਜ ਤੋਂ ਜੋ ਪਹਿਲਾਂ ਹੋਏ ਨੇ, ਉਨ੍ਹਾਂ ਨੇ ਬਕਸਾ ਤਿਆਰ ਕਰ ਲਿਆ, ਕੇਵਲ ਜੈਲਦਾਰ ਨੂੰ ਭੇਤ ਦਿਤਾ ਕਿ ਰਸਤੇ ਸਾਫ ਕਰਾ ਲਓ, ਸੰਗਤਾਂ ਨੇ ਬਹੁਤੀਆਂ ਨੇ ਆਉਣਾ ਹੈ, ਚਲ੍ਹਾ ਹੈ ਰਾਮਪੁਰ ਦਾ ਇਹਨੂੰ ਸਾਫ ਕਰੋ। ਕਿਸੇ ਨੂੰ ਭੇਤ ਨਾ ਦੇਈਂ ਅਸੀਂ ਸਰੀਰ ਛੱਡ ਦੇਣਾ ਹੈ। ਮਹਾਰਾਜ ਜੀ ਦੱਸਿਆ ਕਰਦੇ ਸੀ ਕਿ ਉਨ੍ਹਾਂ ਨੇ ਠੀਕ ਸਮੇਂ ਤੇ ਆਪਣਾ ਸਰੀਰ ਛੱਡ ਦਿਤਾ ਸੀ।

ਸੋ ਜਦੋਂ ਮਾਤਾ ਜੀ ਦੀ ਗੱਲ ਆਉਂਦੀ ਹੈ, ਕਿੰਨੀਆ ਕਮਜ਼ੋਰੀਆਂ ਨੇ, ਗੁਰਸਿਖਾਂ 'ਚ ਐਨੀਆ-ਐਨੀਆ ਸ਼ਕਤੀਆਂ ਨੇ ਮਰਜ਼ੀ ਨਾਲ ਆਉਂਦੇ ਨੇ, ਮਰਜ਼ੀ ਨਾਲ ਚਲੇ ਜਾਂਦੇ ਨੇ, ਤੇ ਮਾਤਾ ਜੀ ਨੂੰ ਕਹਿੰਦੇ ਨੇ ਕਿ ਹੀਰਾ ਮੰਗਦੇ ਸੀ ਚੱਟਣ ਵਾਸਤੇ। ਕਿੱਡਾ ਅਨੁਭਵ ਗਲਤ ਹੋਇਆ ਹੈ। ਕਿੱਡਾ ਕਲੰਕਤ ਕਰਦੇ ਨੇ ਏਸ ਚੀਜ਼ ਨੂੰ ਕਿ ਜੀ ਸਿਰ ਮਾਰਿਆ। ਇਹਦੇ ਥਾਂ ਤੇ ਮਾਤਾ ਇੰਦ ਕੌਰ ਦਾ ਪੁੱਤਰ, ਜਦੋਂ ਨਾਮਧਾਰੀਆਂ ਨੂੰ ਤੋਪਾਂ ਨਾਲ ਉਡਾ ਰਹੇ ਸੀ, ਬਿਸ਼ਨ ਸਿੰਘ ਨਾਮ ਦਾ ਚੌਦਾਂ ਸਾਲ ਦਾ ਲੜਕਾ ਸੀ, ਉਹ ਐਨਾ ਸੋਹਣਾ ਸੀ, ਜਿਹੜਾ ਡੀ.ਸੀ ਸੀ; ਉਹਦੀ ਘਰਵਾਲੀ ਨੇ ਜਦ ਦੇਖਿਆ ਕਿ ਹੈਂ ਐਨਾ ਸੁੰਦਰ ਬੱਚਾ ਇਹ ਵੀ ਤੋਪ ਨਾਲ ਉਡ ਜਾਏਗਾ? ਉਹ ਛੱਡ ਦਿਤਾ ਗਿਆ, ਤੇ ਉਹ ਮਾਂ ਕੋਲ ਚਲਿਆ ਗਿਆ, ਕਹਿੰਦੀ ਤੂੰ ਛੁਟ ਕੇ ਕਿਉਂ ਆ ਗਿਆ। ਕਹਿੰਦਾ ਉਨ੍ਹਾਂ ਨੇ ਆਪੇ ਹੀ ਛੱਡ ਦਿਤਾ। ਕੰਨ ਵਿਚ ਗੱਲ ਕਹਿ ਦਿਤੀ, ਸਿੱਧਾ ਹੀ ਡੀ.ਸੀ ਕੋਲ ਗਿਆ, ਦਾਹੜੀ ਉਹਦੀ ਧੁਨੀ ਤਕ ਸੀ, ਉਹਨੇ ਕਿਹਾ ਕਿ ਕੋਈ ਭੇਤ ਦੀ ਗੱਲ ਦੱਸੇਗਾ, ਕਹਿੰਦਾ ਤੇਰੇ ਕੰਨ 'ਚ ਦੱਸਣੀ ਹੈ। ਨੀਵਾਂ ਹੋ ਗਿਆ, ਜਦ ਬਿਲਕੁਲ ਨੀਵਾਂ ਹੋਇਆ ਬੱਚੇ ਨੇ ਦਾਹੜੀ ਫੜ ਲਈ, ਛੱਡੀ ਹੀ ਨਾ, ਜ਼ੋਰ ਲਾ ਰਹੇ। ਕੋਲ ਨਾਭਾ ਸਟੇਟ ਦੇ ਰਸਾਲੇ ਦਾ ਰਾਮ ਸਿੰਘ ਨਾਮ ਦਾ ਖੜ੍ਹਾ ਸੀ, ਨੈਬ ਸੂਬੇਦਾਰ ਉਸਨੇ ਆਪਣੀ ਕਿਰਚ ਦੇ ਨਾਲ ਉਹਦੀਆਂ ਦੋਵੇਂ ਬਾਹਾਂ ਵੱਢ ਦਿਤੀਆਂ। ਉਸ ਤੋਂ ਬਾਅਦ ਉਹਦੀ ਗਰਦਨ ਵੱਢ ਦਿਤੀ, ਜਦੋਂ ਗਿਰ ਗਿਆ ਉਹਦਾ ਬੱਚਾ, ਉਸ ਬੀਬੀ ਨੇ ਐਨੇ ਜੈਕਾਰੇ ਬੁਲਾਏ, ਛਾਲਾਂ ਮਾਰੇ, ਕਹਿੰਦੀ ਮੇਰੀ ਕੁੱਖ ਸਵੱਲੀ ਹੋ ਗਈ। ਅੱਜ ਮੇਰਾ ਬੱਚਾ ਸ਼ਹੀਦਾਂ 'ਚ ਚਲਿਆ ਗਿਆਂ ਮੈਂ ਅਮਰ ਹੋ ਗਈ, ਮੈਂ ਫਰਜ਼ ਪੂਰਾ ਕਰ ਦਿਤਾ। ਉਹ ਮਾਤਾ ਜੇ ਐਨੀ ਖੁਸ਼ ਹੁੰਦੀ ਹੈ ਤੇ ਉਹਦੇ ਮੁਕਾਬਲੇ ਤੇ ਗੁਰੂ ਦਸ਼ਮੇਸ਼ ਪਿਤਾ ਦੀ ਮਾਤਾ ਜਿਹੜੀ ਸਿਖਿਆ ਦੇ ਕੇ ਭੇਜਦੀ ਹੈ ਰੋਜ਼ ਕਿ ਬੱਚਿਓ! ਧਰਮ ਨਹੀਂ ਹਾਰਨਾ ਸੀਸ ਭਾਵੇਂ ਚਲਿਆ ਜਾਏ। ਉਹ ਤਾਂ ਪਹਿਲਾਂ ਹੀ ਜਾਣਦੀ ਸੀ ਕਿ ਸੀਸ ਜਾਣਾ ਹੈ। ਤੇ ਉਹਨੂੰ ਕਹਿੰਦੇ ਨੇ ਕਿ ਜੀ ਹੀਰਾ ਚੱਟ ਕੇ ਜਾਨ ਦੇ ਦਿਤੀ, ਛਾਲ ਮਾਰ ਦਿਤੀ, ਕੋਈ ਕਹਿੰਦਾ ਹੈ ਕਿ ਜੀ ਉਹਦਾ heart fail ਹੋ ਗਿਆ। ਨਵੀਂ ਤੋਂ ਨਵੀਂ ਕਹਾਣੀ ਕੱਢਦੇ ਨੇ, ਗੁਰਮਤਿ ਨਹੀਂ ਇਨ੍ਹਾਂ ਚੀਜ਼ਾਂ ਨੂੰ ਪ੍ਰਵਾਨ ਕਰਦੀ, ਗੁਰਮਤਿ ਦੇ ਵਿਚ ਤਾਂ ਜੋ ਉਦੇਸ਼ ਹੈ ਉਹ ਇਸ ਤਰ੍ਹਾਂ ਹੈ -

***ਧਾਰਨਾ - ਆਵੈ ਜਾਏ ਨਿਸੰਗ***
***ਗੁਰਮੁਖ ਪਿਆਰਾ -ਗੁਰਮੁਖ ਪਿਆਰਾ।***

ਮਰਜ਼ੀ ਹੁੰਦੀ ਹੈ ਦੁਨੀਆਂ 'ਚ ਰਹਿੰਦੇ ਨੇ, ਮਰਜ਼ੀ ਹੁੰਦੀ ਹੈ ਸਰੀਰ ਛੱਡ ਜਾਂਦੇ ਨੇ। ਸੋ ਏਸ ਤਰ੍ਹਾਂ ਦੇ ਨਾਲ ਮਾਤਾ ਜੀ ਨੇ ਜਦ ਸੁਣਿਆ ਉਸ ਵੇਲੇ ਆਪ ਨੇ ਸੁਰਤੀ ਚਾੜ੍ਹੀ ਤੇ ਬ੍ਰਹਮ ਰੁੰਦਰ ਦੇ ਵਿਚੀਂ ਦਸਵੇਂ ਦੁਆਰ ਥਾਈਂ ਆਪਣੇ ਪ੍ਰਾਣ ਗੁਰੂ ਜੋਤੀ ਦੇ ਵਿਚ ਲੀਨ ਕਰ ਦਿਤੇ। ਸੋ ਇਸ ਤਰ੍ਹਾਂ ਮੈਂ ਬੇਨਤੀ ਇਹ ਕਰੀ ਸੀ ਕਿ ਨਾਮਦੇਵ ਜੀ ਨੂੰ ਜਦੋਂ ਉਹਨੇ ਇਹ ਗੱਲ ਕਹੀ, ਮਾਤਾ ਰੋਣ ਲੱਗ ਗਈ।

***ਰੁਦਨੁ ਕਰੈ ਨਾਮੇ ਕੀ ਮਾਇ ॥***
***ਛੋਡਿ ਰਾਮੁ ਕੀ ਨ ਭਜਹਿ ਖੁਦਾਇ ॥***
***ਅੰਗ - ੧੧੬੫***

ਕਹਿਣ ਲੱਗੀ ਕਿ ਤੂੰ ਛੱਡ ਦੇ ਬੇਟਾ, ਰਾਮ-ਰਾਮ ਦੀ ਥਾਂ ਤੇ ਖੁਦਾ-ਖੁਦਾ ਕਰ ਲੈ। ਕਹਿੰਦਾ ਮਾਤਾ, ਐਨੀ ਕਮਜ਼ੋਰ ਹੈਂ ਤੂੰ, ਮੈਂ ਤੈਨੂੰ ਮਾਂ ਨਹੀਂ ਕਹਿਣਾ।

***ਨ ਹਉ ਤੇਰਾ ਪੂੰਗੜਾ ਨ ਤੂ ਮੇਰੀ ਮਾਇ ॥***
***ਪਿੰਡੁ ਪੜੈ ਤਉ ਹਰਿ ਗੁਨ ਗਾਇ ॥***
***ਅੰਗ - ੧੧੬੫***

ਸਰੀਰ ਚਲਿਆ ਜਾਵੇ ਮੇਰਾ ਰਾਮ-ਰਾਮ ਕਰਦਿਆਂ ਦਾ।

***ਕਰੈ ਗਜਿੰਦੁ ਸੁੰਡ ਕੀ ਚੋਟ ॥***

*ਨਾਮਾ ਉਬਰੈ ਹਰਿ ਕੀ ਓਟ ॥ ੮ ॥*
*ਕਾਜੀ ਮੁਲਾਂ ਕਰਹਿ ਸਲਾਮੁ ॥*
*ਇਨਿ ਹਿੰਦੂ ਮੇਰਾ ਮਲਿਆ ਮਾਨੁ ॥ ੯ ॥*
*ਬਦਿਸਾਹ ਬੇਨਤੀ ਸੁਨੇਹੁ ॥*
*ਨਾਮੇ ਸਰ ਭਰਿ ਸੋਨਾ ਲੇਹੁ ॥*
*ਅੰਗ - ੧੧੬੫-੬੬*

ਨਾਮੇ ਦੇ ਬਰਾਬਰ ਸੋਨਾ ਲੈ ਲਓ -

*ਬਦਿਸਾਹ ਬੇਨਤੀ ਸੁਨੇਹੁ ॥*
*ਨਾਮੇ ਸਰ ਭਰਿ ਸੋਨਾ ਲੇਹੁ ॥ ੧੦ ॥*
*ਮਾਲੁ ਲੇਉ ਤਉ ਦੋਜਕਿ ਪਰਉ ॥*
*ਦੀਨੁ ਛੋਡਿ ਦੁਨੀਆ ਕਉ ਭਰਉ ॥ ੧੧ ॥*
*ਪਾਵਹੁ ਬੇੜੀ ਹਾਥਹੁ ਤਾਲ ॥*
*ਨਾਮਾ ਗਾਵੈ ਗੁਨ ਗੋਪਾਲ ॥ ੧੨ ॥*
*ਗੰਗ ਜਮੁਨ ਜਉ ਉਲਟੀ ਬਹੈ ॥*
*ਤਉ ਨਾਮਾ ਹਰਿ ਕਰਤਾ ਰਹੈ ॥*
*ਅੰਗ-੧੧੬੫-੬੬*

ਕਹਿੰਦੇ ਜੇ ਗੰਗਾ ਸਮੁੰਦਰ 'ਚੋਂ ਨਿਕਲ ਕੇ ਪਹਾੜਾਂ ਨੂੰ ਚਲ ਪਵੇ, ਜਮੁਨਾ ਸਮੁੰਦਰ 'ਚੋਂ ਨਿਕਲ ਕੇ ਪਹਾੜਾਂ ਨੂੰ ਚਲ ਪਵੇ, ਚਲੀ ਜਾਵੇ, ਲੇਕਿਨ ਮੈਂ ਤਾਂ ਪ੍ਰਮੇਸ਼ਰ ਦਾ ਭਜਨ ਕਰਕੇ ਆਪਣਾ ਧਰਮ ਕਾਇਮ ਰੱਖਾਂਗਾ, ਓਸ ਵੇਲੇ -

*ਸਾਤ ਘੜੀ ਜਬ ਬੀਤੀ ਸੁਣੀ ॥*
*ਅਜਹੁ ਨ ਆਇਓ ਤ੍ਰਿਭਵਣ ਧਣੀ ॥ ਅੰਗ-੧੧੬੬*

ਸਾਢੇ ਬਾਰ੍ਹਾਂ ਮਿੰਟ ਬਾਕੀ ਰਹਿ ਗਏ, ਸਭ ਨੂੰ ਫਿਕਰ ਹੋ ਗਿਆ।

ਉਸੇ ਵੇਲੇ ਕੀ ਨਜ਼ਰ ਆਇਆ, ਥੋੜ੍ਹੇ ਮਿੰਟ ਰਹਿ ਗਏ, ਤੇ ਐਧਰੋਂ ਬਾਦਸ਼ਾਹ ਨੇ ਹੁਕਮ ਕਰ ਦਿਤਾ ਬਈ ਜਿਸ ਵਕਤ ਘੜਿਆਲ ਵੱਜੇ, ਨਾਲ ਦੀ ਨਾਲ ਉਹਦਾ ਸਿਰ ਕਲਮ ਕਰਕੇ ਗਊ ਦੇ ਉਤੇ ਕੱਟ ਕੇ ਰੱਖ ਦਿਓ। ਉਨ੍ਹਾਂ ਨੇ ਵੀ ਆਪਣੀਆਂ ਤਲਵਾਰਾਂ ਚੁੱਕ ਲਈਆਂ ਤੇ ਨਾਮਦੇਵ ਜੀ ਵਲ ਨੂੰ ਜਾਂਦੇ ਨੇ, ਓਸ ਵੇਲੇ ਆਕਾਸ਼ ਦੇ ਵਿਚ ਫੜ-ਫੜਾਹਟ ਹੋਈ, ਕਿਉਂਕਿ ਸਾਕਾਰ ਨੂੰ ਮੰਨਦੇ ਸੀ, ਸਾਕਾਰ, ਇਕ ਨਿਰਾਕਾਰ। ਗੁਰਸਿੱਖੀ ਜਿਹੜੀ ਹੈ ਸਾਕਾਰ ਨੂੰ ਵੀ ਮੰਨਦੀ ਹੈ, ਗੁਰੂ ਰੂਪ 'ਚ। ਗੁਰੂ ਨਾਨਕ ਪਾਤਸ਼ਾਹ ਨੂੰ, ਪ੍ਰਮੇਸ਼ਰ ਦਾ ਰੂਪ ਸਮਝਦੇ ਨੇ।

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ ॥ ਅੰਗ - ੪੪੨*

ਗੁਰੂ ਨਾਨਕ ਪਾਰਬ੍ਰਹਮ ਦਾ ਸਾਕਾਰ ਰੂਪ ਹੈ, ਹੇ ਨਾਨਕ! ਮੈਂ ਪਾਰਬ੍ਰਹਮ ਪ੍ਰਮੇਸ਼ਰ ਤੂੰ ਗੁਰੂ ਪ੍ਰਮੇਸ਼ਰ। ਇਹ ਤਾਂ ਸਾਡੀ ਹੈ ਸਾਕਾਰ ਪੂਜਾ। ਦੂਸਰਾ ਗੁਰੂ ਨਾਨਕ ਦਾ ਸਰੂਪ ਬਾਣੀ ਹੈ। ਨਿਰਾਕਾਰ ਦਾ ਜਿਹੜਾ ਸਰੂਪ ਹੈ ਉਹ ਸਾਡੇ ਅੰਦਰ ਹੈ, ਘਟ-ਘਟ 'ਚ ਵਿਆਪਕ ਹੈ, ਜਿਸਦੀ ਪਹੁੰਚ ਉਥੇ ਹੋ ਗਈ, ਉਹ ਕਦੇ ਵਿਛੁੜਦਾ ਨਹੀ, ਹਰ ਵਕਤ ਵਾਹਿਗੁਰੂ ਦੇ ਨਾਲ ਹੀ ਰਹਿੰਦਾ ਹੈ। ਤੇ ਜਿਹੜਾ ਸਰਗੁਣ ਸਰੂਪ ਹੈ ਇਹਨੂੰ ਆਉਣਾ ਪੈਂਦਾ ਹੈ। ਧੰਨੇ ਨੇ ਸਰਗੁਣ ਦੀ ਪੂਜਾ ਕਰੀ, ਪ੍ਰਸ਼ਾਦਾ ਛਕਣ ਵਾਸਤੇ ਆਉਣਾ ਪਿਆ ਉਹਨੂੰ। ਗੁਰਸਿੱਖ ਜਦ ਭੋਗ ਲਗਾਉਂਦੇ ਨੇ, ਅੰਦਰ ਹੀ ਭੋਗ ਲਗ ਜਾਂਦਾ ਹੈ ਉਨ੍ਹਾਂ ਦੇ, ਅੰਤਰ ਆਤਮੇ, ਕਿਉਂਕਿ ਸਾਰੇ ਰਸਾਂ ਦੇ ਵਿਚ ਓਹੀ ਸਮਾਇਆ ਹੋਇਆ ਹੈ।

*ਆਪੇ ਰਸੀਆ ਆਪੇ ਰਾਵੇ*
*ਜਿਉ ਤਿਸ ਦੀ ਵਡਿਆਈ ॥ ਅੰਗ - ੭੬੫*

ਕੇਵਲ ਧਿਆਨ ਦੇਣ ਦੀ ਲੋੜ ਹੈ, ਇਹ ਬ੍ਰਹਮਗਿਆਨੀਆ ਦਾ ਜਿਹੜਾ ਭੋਗ ਹੋਇਆ ਕਰਦਾ ਹੈ, ਉਹ ਹੋਰ ਹੁੰਦਾ ਹੈ। ਜਿਹੜੇ ਸਾਧਕ ਨੇ, ਉਨ੍ਹਾਂ ਦਾ ਭੋਗ ਹੋਰ ਤਰ੍ਹਾਂ ਲਗਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਨਿਰਾਕਾਰ ਦਾ ਜਿਨ੍ਹਾਂ ਨੂੰ ਗਿਆਨ ਹੈ ਉਹ ਪ੍ਰਮੇਸ਼ਰ ਦੇ ਵਿਚ ਰਹਿੰਦੇ ਨੇ, ਪ੍ਰਮੇਸ਼ਰ ਤੋਂ ਬਾਹਰ ਕਦੇ ਵੀ ਨਹੀਂ ਹੋਇਆ ਕਰਦੇ। ਕਿਉਂਕਿ ਭਰਮ ਹਟ ਜਾਂਦਾ ਹੈ। ਰੱਸੀ ਪਈ ਹੈ, ਹਨ੍ਹੇਰੇ ਦੇ ਵਿਚ ਸੱਪ ਲੱਗੀ ਜਾਂਦੀ ਹੈ, ਦਿਨ ਚੜ੍ਹ ਗਿਆ, ਸੱਪ ਤਾਂ ਉਹਦੇ 'ਚ ਹੈ ਹੀ ਨਹੀਂ ਸੀਗਾ, ਇਕ ਭਰਮ ਸੀ। ਜਦ ਭਰਮ ਦੂਰ ਹੋ ਗਿਆ ਤਾਂ ਸਾਰਾ ਹੀ ਸੰਸਾਰ ਵਾਹਿਗੁਰੂ ਦਾ ਰੂਪ ਦਿਸਦਾ ਹੈ। ਇਹਦੇ ਵਿਚ ਹੀ ਕੋਈ ਆਪਣਾ ਆਪ ਨਹੀਂ ਹੁੰਦਾ। ਉਹ ਆਪ ਵੀ ਪ੍ਰਮੇਸ਼ਰ ਹੁੰਦੇ ਨੇ।

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥*
*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥*
*ਅੰਗ - ੨੭੩*

ਉਹ ਤਾਂ ਹੈ ਹੀ ਪ੍ਰਮੇਸ਼ਰ। ਮਿਲਣਾ ਮਿਲਾਉਣਾ ਕੀਹਨੂੰ ਹੈ। ਉਹ ਤਾਂ ਇਕ ਅੱਖ ਖੁਲ੍ਹਣੀ ਹੈ ਅਸਲੀਅਤ ਨੂੰ ਦੇਖ ਲੈਣਾ ਹੈ। ਤੱਤ ਨੂੰ ਦੇਖ ਲੈਣਾ ਹੈ। ਸੋ ਇਸ ਤਰ੍ਹਾਂ ਨਾਮਦੇਵ ਜੀ ਕਿਉਂਕਿ ਸਾਕਾਰ ਦੀ ਪੂਜਾ ਕਰਦੇ ਸੀ, ਜਦੋਂ ਦੋ ਮਿੰਟ ਰਹਿ ਗਏ ਉਸ ਵੇਲੇ ਅਚਾਨਕ -

***ਧਾਰਨਾ - ਹਰਿ ਜੀ ਛੱਡ ਕੇ ਸ਼ਿੰਘਾਸਨ ਆ ਗਏ,***

***ਬੰਨ੍ਹੇ ਹੋਏ ਸੱਚੇ ਪਿਆਰ ਦੇ।***

ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ ਇਥੇ ਹੀ ਸਮਾਪਤੀ ਹੈ।

# ਸਾਕਾ ਚਮਕੌਰ ਸਾਹਿਬ

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - ੨੮੯*

*ਧਾਰਨਾ - ਖੇਲੇ ਸੁਆਮੀ ਮੇਰਾ ਨਿਰਗੁਨ ਹੋ ਕੇ,*
*ਸਰਗੁਨ ਹੋ ਕੇ।*

*ਸਰਗੁਨ ਨਿਰਗੁਨ ਨਿਰੰਕਾਰ*
*ਸੁੰਨ ਸਮਾਧੀ ਆਪਿ ॥*
*ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥*
*ਅੰਗ - ੨੯੦*

*ਕਤਹੂੰ ਸੁਚੇਤ ਹੁਇਕੈ ਚੇਤਨਾ ਕੋ ਚਾਰ ਕੀਓ,*
*ਕਤਹੂੰ ਅਚਿੰਤ ਹੁਇਕੈ ਸੋਵਤ ਅਚੇਤ ਹੋ॥*
*ਕਤਹੂੰ ਭਿਖਾਰੀ ਹੁਇਕੈ ਮਾਂਗਤ ਫਿਰਤ ਭੀਖ,*
*ਕਹੂੰ ਮਹਾਂ ਦਾਨ ਹੁਇਕੈ ਮਾਂਗਿਓ ਧਨ ਦੇਤ ਹੋ॥*
*ਕਹੂੰ ਮਹਾਰਾਜਨ ਕੋ ਦੀਜਤ ਅਨੰਤ ਦਾਨ,*
*ਕਹੂੰ ਮਹਾਰਾਜਨ ਤੇ ਛੀਨ ਛਿਤ ਲੇਤ ਹੋ॥*
*ਕਹੂੰ ਬੇਦ ਰੀਤ ਕਹੂੰ ਤਾ ਸਿਉ ਬਿਪ੍ਰੀਤ*
*ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰਗੁਨ ਸਮੇਤ ਹੋ॥*
*ਤ੍ਵਪ੍ਰਸਾਦਿ ਕਬਿੱਤ*

ਸਾਧਸੰਗਤ ਜੀ! ਚਿੱਤ ਬਿਰਤੀਆਂ ਇਕਗਾਰ ਕਰੋ, ਗੱਜ ਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ। ਬੇਨਤੀ ਹੈ ਕਿ 'ਅੰਮ੍ਰਿਤ' ਸਿਰਫ ਮਨੁੱਖ ਨੂੰ ਪ੍ਰਾਪਤ ਹੈ ਹੋਰ ਚੌਰਾਸੀ ਲੱਖ ਜੂਨਾਂ, ਦੇਵਤੇ, ਅਦੇਵ, ਜੱਛ, ਗੰਧ੍ਰਬ ਕਿਸੇ ਨੂੰ ਪ੍ਰਾਪਤ ਨਹੀਂ ਹੈ, ਸਿਰਫ ਮਨੁੱਖ ਨੂੰ ਅੰਮ੍ਰਿਤ ਮਿਲ ਸਕਦਾ ਹੈ। ਜਦੋਂ ਤੋਂ ਸੰਸਾਰ ਰਚਿਆ ਹੈ ਉਸ ਵੇਲੇ ਤੋਂ ਹੀ ਪਤਾ ਹੈ ਮਨੁੱਖ ਨੂੰ ਕਿ ਇੱਕ ਐਸੀ ਚੀਜ਼ ਹੈ ਜੇ ਉਹ ਮਿਲ ਜਾਵੇ ਤਾਂ ਮੁੜ ਕੇ ਬੰਦਾ ਮਰਦਾ ਨਹੀਂ ਹੈ। ਸਰੀਰ ਤਾਂ ਨਾਸ਼ ਹੋਏਗਾ, ਸਰੀਰ ਦਾ ਪੁਰਾਣਾ ਖੱਲੜ ਰੱਖ ਕੇ ਕੀ ਫਾਇਦਾ। ਮਰਦਾ ਕੀ ਹੈ? ਮਰਦੀ ਹੈ ਇਹਦੇ ਅੰਦਰ ਜਿਹੜੀ ਸੁਰਤ ਹੈ 'ਮੈਂ' ਦੀ। ਮਹਾਰਾਜ ਕਹਿੰਦੇ, ਜਿਹੜਾ ਇਹਦੇ ਅੰਦਰ, ਮੈਂ ਭਾਵ ਹੈ ਕਿ ਮੈਂ ਫਲਾਣਾ ਸਿੰਘ, ਮੇਰਾ ਫਲਾਣਾ ਘਰ, ਮੇਰੇ ਬੱਚੇ; ਆਪਾਂ ਸਾਰਿਆਂ ਅੰਦਰ ਹੀ ਇਹ ਗੱਲਾਂ ਨੇ, ਕਿਹੜਾ ਬੰਦਾ ਹੈ ਜਿਹਦੇ ਅੰਦਰ ਇਹ ਨਹੀਂ ਹੈ, ਮਹਾਰਾਜ ਕਹਿੰਦੇ ਪ੍ਰਮੇਸ਼ਰ ਵਾਲੀ ਸੁਰਤ ਹੋਰ ਹੈ। ਇਸ ਸੁਰਤ ਨੂੰ ਹਉਮੈ ਦੀ ਸੁਰਤ ਕਹਿੰਦੇ ਨੇ। ਜਿੰਨਾਂ ਚਿਰ ਇਹ ਸੁਰਤ ਤੇਰੇ ਨਾਲ ਹੈ ਓਨਾਂ ਚਿਰ ਤੂੰ ਜੰਮਦਾ ਰਹਿਣਾ ਹੈ, ਮਰਦਾ ਰਹਿਣਾ ਹੈ, ਜੰਮਣਾ ਮਰਨਾ ਗਲੋਂ ਨਹੀਂ ਛੁੱਟ ਸਕੇਗਾ ਕਦੇ ਵੀ।

*ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥*
*ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥*
*ਅੰਗ - ੪੬੬*

ਹਉਮੈ ਨੂੰ ਕੱਟਣ ਵਾਲਾ ਹੈ, ਸਾਰੇ ਪ੍ਰੇਮੀ ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਸੁਣ ਮੇਰੇ ਮਨਾਂ*
*ਅੰਮ੍ਰਿਤ ਹਰਿ ਹਰਿ ਨਾਮ ਹੈ।*

*ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ*
*ਅੰਮ੍ਰਿਤੁ ਗੁਰਮਤਿ ਪਾਏ ਰਾਮ ॥ ਅੰਗ - ੫੩੮*

ਜੇ ਗੁਰੂ ਦੀ ਮੱਤ ਧਾਰਨ ਕਰ ਲਵੇ ਫੇਰ ਇਹ ਮਿਲਦਾ ਹੈ। ਇਹ ਕਰਦਾ ਕੀ ਹੈ? -

*ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ*
*ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥*
*ਅੰਗ - ੫੩੮*

ਦੋ ਜ਼ਹਿਰਾਂ ਚੜ੍ਹੀਆਂ ਹੋਈਆਂ ਨੇ ਸਾਡੀ ਸੁਰਤ ਨੂੰ, ਜਦੋਂ ਜ਼ਹਿਰ ਚੜ੍ਹ ਜਾਏ, ਆਦਮੀ ਨੂੰ ਕੋਈ ਸੁਰਤ ਨਹੀਂ ਹੁੰਦੀ। ਬੇਸੁਰਤ ਹੋ ਜਾਂਦਾ ਹੈ, ਨਸ਼ਾ ਪੀ ਲਏ ਤਾਂ ਬੇਸੁਰਤ ਹੋ ਜਾਂਦਾ ਹੈ। ਮਹਾਰਾਜ ਕਹਿੰਦੇ ਇੱਕ ਤਾਂ ਹਉਮੈ ਦੀ ਜ਼ਹਿਰ ਚੜ੍ਹ ਗਈ ਤੇ ਇੱਕ ਮਾਇਆ ਦੀ ਚੜ੍ਹ ਗਈ। ਜੇ ਮੈਂ ਦੋਹਾਂ ਦੀ ਗੱਲ ਕਰਾਂ ਦੋਹਾਂ ਨੇ ਇਸੇ ਗੱਲ 'ਤੇ ਖਤਮ ਹੋ ਜਾਣਾ ਹੈ। ਹਉਮੈ ਦੀ ਜ਼ਹਿਰ ਸਾਨੂੰ ਅਰਬਾਂ-ਖਰਬਾਂ ਸਾਲਾਂ ਤੋਂ ਜਦੋਂ ਤੋਂ ਸੰਸਾਰ ਬਣਿਆ ਹੈ, ਅਸੀਂ ਜੰਮੀ ਜਾਂਦੇ ਹਾਂ, ਮਰੀ ਜਾਂਦੇ ਹਾਂ, ਜਾਂਦੇ ਕਿੱਥੇ ਹਾਂ? ਮਹਾਰਾਜ ਕਹਿੰਦੇ -

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥*
*ਅੰਗ - ੧੭੬*

ਆਹ ਜਿਹੜੀਆਂ ਜੂਨੀਆਂ ਨੇ ੮੪ ਲੱਖ ਇਨ੍ਹਾਂ ਵਿੱਚ ਘੁੰਮਦੇ ਰਹਿੰਦੇ ਹਾਂ, ਘੁੰਮੇਟਣੀਆਂ ਖਾਂਦੇ, ਹੁਣ ਆਪੇ ਹੀ ਦੇਖ ਲਓ ਕਿ ਕਿੰਨਾਂ ਔਖਾ ਹੈ। ਇੱਕ ਤਾਂ ਹੈਗਾ ਕਿ ਹੁਣ ਵਾਰੀ ਆ ਗਈ ਹੁਣ ਛੁਟ ਜਾਣ ਦਾ ਮੌਕਾ ਹੈ। ਜੇ ਨਹੀਂ ਬੰਦੇ ਨੂੰ ਪਤਾ ਲਗਦਾ ਫੇਰ ਚੱਕਰ ਵਾਸਤੇ

ਤਿਆਰ ਹੋ ਜਾ ਪਿਆਰਿਆ। ਇੱਥੇ ਵੀ ਦੁਖੀ ਹੈ, ਕਿਉਂਕਿ ਮਨ ਦੇ ਪਿੱਛੇ ਲੱਗਣ ਵਾਲਾ -

*ਮਨਮੁਖੁ ਦੁਖ ਕਾ ਖੇਤੁ ਹੈ*
*ਦੁਖੁ ਬੀਜੇ ਦੁਖੁ ਖਾਇ ॥*
*ਦੁਖ ਵਿਚਿ ਜੰਮੈ ਦੁਖਿ ਮਰੈ*
*ਹਉਮੈ ਕਰਤ ਵਿਹਾਇ॥ ਅੰਗ - ੯੪੭*

ਜਿੰਨੀ ਦੇਰ ਤੱਕ ਅੰਮ੍ਰਿਤ ਨਹੀਂ ਮਿਲਦਾ, ਓਨੀਂ ਦੇਰ ਤੱਕ ਜੰਮਣਾ ਮਰਨਾ ਨਹੀਂ ਛੁਟਦਾ। ਜਿੰਨੇ ਵੀ ਧਰਮ ਨੇ ਹਰੇਕ ਨੇ ਆਪਣਾ-ਆਪਣਾ ਤਰੀਕਾ ਉਸ ਖੂਹ ਤੱਕ ਪਹੁੰਚਣ ਵਾਸਤੇ ਜਾਰੀ ਕਰਿਆ ਹੋਇਆ ਹੈ। ਪਰ ਇਹ ਦੇਵਤਿਆਂ ਨੂੰ ਨਹੀਂ ਮਿਲਿਆ। ਦੇਵਤੇ ਸਮੁੰਦਰ ਰਿੜਕਦੇ ਨੇ, ਇਹਦੋ 'ਚੋਂ ਕਹਿੰਦੇ ਨੇ ਕਿ ਇੱਕ ਘੜਾ ਅੰਮ੍ਰਿਤ ਦਾ ਨਿਕਲਿਆ, ਪਰ ਉਹ ਜਿਹੜਾ ਅੰਮ੍ਰਿਤ ਹੈ ਉਹਦੇ ਨਾਲ ਸਾਡਾ ਕੋਈ ਵੀ ਤੁਅੱਲਕ ਨਹੀਂ। ਸਾਡੇ ਅੰਮ੍ਰਿਤ ਉਹ ਹੈ ਜਿਹਦਾ ਚਸ਼ਮਾ ਹਰ ਵਕਤ ਅੰਦਰ ਚਲਦਾ ਹੈ। ਫੁਹਾਰੇ ਵਾਂਗਣ ਅੰਦਰ ਚਲ ਰਿਹਾ ਹੈ ਅੰਮ੍ਰਿਤ। ਪਰ ਉਥੇ ਪੰਜ ਚੋਰ ਪਹਿਰਾ ਲਾਈਂ ਖੜ੍ਹੇ ਨੇ -

*ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ*
*ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥*
*ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ*
*ਕੋਇ ਨ ਸੁਣੈ ਪੂਕਾਰਾ ॥ ਅੰਗ - ੬੦੦*

ਇਹ ਨਾਮ ਵਲ ਸੁਰਤ ਨਹੀਂ ਜਾਣ ਦਿੰਦੇ। ਇਹ ਅੰਮ੍ਰਿਤ ਮਿਲਣਾ ਹੈ 'ਗੁਰੂ' ਤੋਂ, ਹੋਰ ਕਿਤੋਂ ਮਿਲ ਨਹੀਂ ਸਕਦਾ। ਇਹਦੇ ਵਾਸਤੇ ਵਾਹਿਗੁਰੂ ਨੇ ਪਾਬੰਦੀ ਲਾ ਦਿੱਤੀ।

*ਬਿਨੁ ਸਬਦੈ ਅੰਤਰਿ ਆਨੇਰਾ ॥*
*ਨ ਵਸਤੁ ਲਹੈ ਨ ਚੂਕੈ ਫੇਰਾ ॥*
*ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ*
*ਗੁਰੁ ਪੂਰੈ ਭਾਗਿ ਮਿਲਾਵਣਿਆ ॥ ਅੰਗ - ੧੨੪*

ਕਿਸੇ ਤੋਂ ਇਹ ਦਰਵਾਜ਼ਾ ਨਹੀਂ ਖੁਲ੍ਹਦਾ। ਇਹ ਸਿਰਫ ਸਮਰੱਥ ਗੁਰੂ ਹੈ ਜਿਹੜਾ ਅੰਮ੍ਰਿਤ ਦਾ ਦਰਵਾਜ਼ਾ ਖੋਲ੍ਹ ਕੇ ਸੋਝੀ ਦੇ ਦਿੰਦਾ ਹੈ ਕਿ ਲੈ ਪਿਆਰਿਆ! ਅੰਮ੍ਰਿਤ ਮੈਂ ਤੈਨੂੰ ਬਾਹਰੋਂ ਨਹੀਂ ਦਿੱਤਾ, ਮੈਂ ਤਾਂ ਜਿਹੜਾ ਦਿੱਤਾ ਸੀ ਬਾਹਰੋਂ, ਕ੍ਰਿਆ ਕਰੀ ਸੀ ਪਾਹੁਲ ਛਕਾਉਣ ਦੀ, ਉਹ ਇਸ ਵਾਸਤੇ ਕਰੀ ਸੀ ਕਿ ਤੇਰੀ ਪਹੁੰਚ ਇਸ ਅੰਮ੍ਰਿਤ ਤੱਕ ਹੋ ਜਾਏ। ਹੁਣ ਇਹ ਚਸ਼ਮਾ ਖੁਲ੍ਹ ਗਿਆ ਤੇਰੇ ਅੰਦਰ, ਹੁਣ ਪੀਈ ਜਾਹ ਜਿੰਨਾਂ ਪੀਣਾ ਹੈ, ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਅੰਮ੍ਰਿਤ ਚਸ਼ਮਾ ਅੰਦਰ ਤੇਰੇ*
*ਸੁਣ ਲੈ ਭਾਗਾਂ ਵਾਲਿਆ।*
*ਵਾਹਿਗੁਰੂ, ਵਾਹਿਗੁਰੂ ਵਾਹਿਗੁਰੂ, ਵਾਹਿਗੁਰੂ।*
*ਵਾਹਿਗੁਰੂ, ਵਾਹਿਗੁਰੂ ਵਾਹਿਗੁਰੂ, ਵਾਹਿਗੁਰੂ।*
*ਵਾਹਿਗੁਰੂ, ਵਾਹਿਗੁਰੂ ਵਾਹਿਗੁਰੂ, ਵਾਹਿਗੁਰੂ.......॥*

ਮਹਾਰਾਜ ਦਾ ਫੁਰਮਾਨ ਸੁਣੋ ਕਹਿੰਦੇ ਨੇ ਕਿ ਦੇਖੋ ਪਿਆਰਿਓ! -

*ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ*
*ਸੁ ਅੰਮ੍ਰਿਤੁ ਗੁਰ ਤੇ ਪਾਇਆ ॥ ਅੰਗ - ੯੨੮*

ਕੇਵਲ ਗੁਰੂ ਦੇ ਕੋਲ ਅੰਮ੍ਰਿਤ ਦੀ ਚਾਬੀ ਹੈ ਹੋਰ ਕਿਸੇ ਕੋਲ ਨਹੀਂ ਦੇਵਤਿਆਂ ਕੋਲ ਨਹੀਂ ਹੈ। ਉਹ ਤਾਂ ਖੁਦ ਲੋਚਦੇ ਨੇ। ਸਾਰੀ ਦੁਨੀਆਂ ਲੋਚਦੀ ਹੈ, ਕਿਉਂਕਿ ਇਹਨੂੰ ਪੀ ਕੇ ਅਮਰ ਹੋ ਜਾਂਦਾ ਹੈ। ਉਹ ਹੈ ਕਿੱਥੇ? ਬਾਹਰ ਨਹੀਂ ਹੇ ਮਹਾਰਾਜ ਕਹਿੰਦੇ -

*ਰਸਨਾ ਹਰਿ ਰਸੁ ਪੀਜੈ ਅੰਤਰੁ ਭੀਜੈ*
*ਸਾਚ ਸਬਦਿ ਬੀਚਾਰੀ ॥ ਅੰਗ - ੫੭੦*

ਆਹ ਜੀਭ ਦੇ ਨਾਲ ਪੀ ਹੁੰਦਾ ਹੈ। ਬਾਕੀ ਚੀਜ਼ਾਂ ਵੀ ਆਪਾਂ ਜੀਭ ਨਾਲ ਹੀ ਪੀਂਦੇ ਹਾਂ, ਜੀਭ ਨਾ ਹੋਵੇ ਤਾਂ ਹੁਥੂ ਆ ਜਾਂਦਾ ਹੈ। ਓਨਾਂ ਹੀ ਅੰਦਰ ਜਾਣ ਦਿੰਦੇ ਹਾਂ ਜਿੰਨਾ ਜੀਭ ਨੂੰ ਪਤਾ ਹੈ ਕਿ ਗਲ 'ਚੋਂ ਲੰਘ ਜਾਏਗਾ। ਸੋ ਇਹ ਵੀ ਜਿਹੜਾ ਹੈ ਰਸਨਾ ਦੇ ਨਾਲ ਪੀ ਹੁੰਦਾ ਹੈ। ਸੱਚ ਸ਼ਬਦ ਦਾ ਬੀਚਾਰ ਕਰਕੇ, ਇਹ ਥੋੜ੍ਹੀ ਜਿਹੀ ਔਖੀ ਗੱਲ ਹੈ ਜਿਹੜੀ ਮੈਂ ਹੁਣ ਕਹਿਣ ਲੱਗਿਆ ਹਾਂ, ਉਹ ਇਹ ਹੈ ਕਿ ਸੱਚਾ ਸ਼ਬਦ ਹੈ -

*ਆਦਿ ਸਚੁ ਜੁਗਾਦਿ ਸਚੁ ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ਅੰਗ - ੧*

ਇਥੇ ਵਾਹਿਗੁਰੂ ਤੋਂ ਬਿਨਾਂ ਹੋਰ ਕੋਈ ਹੈ ਨਹੀਂ। ਜਿੰਨਾਂ ਚਿਰ ਅਸੀਂ ਇਸ ਗੱਲ 'ਤੇ ਨਹੀਂ ਆਉਂਦੇ ਓਨਾਂ ਚਿਰ ਹਉਮੈ ਦਾ ਖਾਤਮਾ ਨਹੀਂ ਹੁੰਦਾ। ਜਦ ਸਾਡੇ ਮਨ ਨੇ 100% ਮੰਨ ਲਿਆ, ਉਸੇ ਵੇਲੇ ਹਉਮੈ ਨੱਠ ਜਾਏਗੀ, ਨਾਮ ਪ੍ਰਗਟ ਹੋ ਜਾਏਗਾ। ਸੋ ਮਹਾਰਾਜ ਕਹਿੰਦੇ -

*ਅੰਤਰਿ ਖੂਹਟਾ ਅੰਮ੍ਰਿਤਿ ਭਰਿਆ*
*ਸਬਦੇ ਕਾਢਿ ਪੀਐ ਪਨਿਹਾਰੀ ॥ ਅੰਗ - ੫੭੦*

ਅੰਮ੍ਰਿਤ ਦਾ ਖੂਹ ਭਰਿਆ ਹੋਇਆ, ਅੰਮ੍ਰਿਤ ਦਾ ਚਸ਼ਮਾ ਤੇਰੇ ਅੰਦਰ ਹੈ ਪਿਆਰਿਆ। ਆਹ ਜਿਹੜਾ ਗੁਰੂ ਤੋਂ ਸ਼ਬਦ ਲਿਆ ਹੈ ਨਾ, ਵਾਹਿਗੁਰੂ ਮੰਤਰ ਪੰਜ ਪਿਆਰਿਆਂ ਨੇ ਦਿੱਤਾ ਹੈ ਜਾਂ ਕਿਸੇ ਵੀ ਸਮਰੱਥ ਪੁਰਸ਼ ਨੇ ਕੋਈ ਵੀ ਸ਼ਬਦ ਦਿੱਤਾ ਹੈ। ਅੱਲਾਹ ਦਿੱਤਾ ਹੈ, ਰਾਮ ਦਿੱਤਾ ਹੈ, ਹਰੀ ਦਿੱਤਾ, ਓਮ, ਓਅੰਕਾਰ, ਸੋਹੰ ਦਿੱਤਾ ਹੈ, ਕਹਿੰਦੇ ਇਹਦੇ ਨਾਲ ਕੱਢ ਹੋਣਾ ਹੈ। ਕੋਈ ਵੱਡਾ ਡੋਲ ਹੈ, ਕੋਈ ਛੋਟਾ ਹੈ, ਕਿਸੇ ਨੇ ਗੜਵੇ ਨਾਲ ਹੀ ਬੰਨ੍ਹੀ ਹੋਈ ਹੈ ਰੱਸੀ, ਕੱਢਣਾ ਸਭ ਨੇ ਹੀ ਹੈ, ਨਿਸ਼ਚੇ ਦੀ ਗੱਲ ਹੈ ਆਪਣੇ। ਸੋ ਮਹਾਰਾਜ ਕਹਿੰਦੇ ਅੰਮ੍ਰਿਤ ਤੇਰੇ ਅੰਦਰ ਹੈ, ਇਹ ਖੂਹ ਭਰਿਆ ਪਿਆ ਹੈ। ਤੂੰ ਸ਼ਬਦ ਦੇ ਨਾਲ ਕੱਢ ਲੈ, ਜਿਸ ਤਰ੍ਹਾਂ ਆਪਾਂ ਹੁਣ ਜਾਪ ਕਰਿਆ ਸੀ ਨਾ ਸ਼ਬਦ ਦਾ, ਅੰਮ੍ਰਿਤ ਵੇਲੇ ਉਠਿਆ ਕਰ,

ਇਸ਼ਨਾਨ ਕਰਕੇ ਕਿਸੇ ਇਕਾਂਤ ਥਾਂ 'ਤੇ ਬਹਿ ਜਾਇਆ ਕਰ, ਆਸਣ ਲਾ ਕੇ। ਫੇਰ ਤੂੰ ਇਸ ਸ਼ਬਦ ਨੂੰ ਜਪ। ਜਪਣ ਦੇ ਨਾਲ ਹੌਲੀ-ਹੌਲੀ ਇਹ ਲਜ ਜਿਹੜੀ ਹੈ ਸ਼ਬਦ ਦੀ, ਅੰਮ੍ਰਿਤ ਦੇ ਖੂਹ ਤੱਕ ਪਹੁੰਚ ਜਾਏਗੀ। ਫੇਰ ਹੋਏਗਾ ਕੀ? ਤੇਰੇ ਅੰਦਰ 'ਨਾਮ ਹੀ ਨਾਮ' ਹੋ ਜਾਏਗਾ, ਨਾਮ ਦੀ ਸ਼ਕਤੀ ਆ ਜਾਏਗੀ। ਨਾਮ ਦੀ ਸ਼ਕਤੀ ਕਿੱਡੀ ਹੁੰਦੀ ਹੈ? ਇਹਦਾ ਕੋਈ ਆਦਮੀ ਅੱਜ ਤੱਕ ਪੈਦਾ ਨਹੀਂ ਹੋਇਆ ਜਿਹੜਾ ਅੰਦਾਜ਼ਾ ਲਾ ਸਕੇ।

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥*
*ਜਿਨਾ ਭਾਗ ਮਥਾਹਿ*
*ਸੇ ਨਾਨਕ ਹਰਿ ਰੰਗੁ ਮਾਣਦੋ॥ ਅੰਗ - ੮੧*

ਉਹ ਨਾਮ ਅੰਦਰ ਹੈ, ਨੌਆਂ ਖਜ਼ਾਨਿਆਂ ਵਾਲਾ, ਜਿਥੇ ਹੈਗਾ ਉਥੇ ਨਿਸ਼ਾਨੀਆਂ ਨੇ 'ਸੁੰਨ ਸਮਾਧਿ' ਉਥੇ ਕੋਈ ਫੁਰਨਾ ਨਹੀਂ ਆਉਂਦਾ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥*
*ਅੰਗ - ੨੯੩*

ਉਥੇ ਬਾਰਿਸ਼ ਹੁੰਦੀ ਹੈ ਨਾਮ ਦੀ -

*ਗੁਰਮੁਖਿ ਅੰਤਰਿ ਸਹਜੁ ਹੈ*
*ਮਨੁ ਚੜਿਆ ਦਸਵੈ ਆਕਾਸਿ ॥*
*ਤਿਥੈ ਊਂਘ ਨ ਭੁਖ ਹੈ*
*ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥*
*ਨਾਨਕ ਦੁਖੁ ਸੁਖੁ ਵਿਆਪਤ ਨਹੀ*
*ਜਿਥੈ ਆਤਮ ਰਾਮ ਪ੍ਰਗਾਸੁ ॥ ਅੰਗ - ੧੪੧੪*

ਨਾ ਦੁਖ ਦਾ ਪਤਾ ਲਗਦਾ ਹੈ, ਨਾ ਸੁਖ ਦਾ ਪਤਾ ਲਗਦਾ ਹੈ, ਦੋਹਾਂ ਤੋਂ ਉੱਤੇ ਲੰਘ ਜਾਂਦਾ ਹੈ। ਜੇ ਤੱਤੀ ਤਵੀ 'ਤੇ ਬਿਠਾ ਦਿੱਤਾ, ਨਾਮ ਦੇ ਮੰਡਲ 'ਚ ਗਿਆ ਹੋਇਆ, ਸਾਡੇ ਵਾਂਗਣ ਚੀਕਾਂ ਨਹੀਂ ਉਹ ਮਾਰਦਾ। ਉਹਨੂੰ ਪਤਾ ਕਿ ਸੁਰਤ ਉਹਦੀ ਨਾਮ ਦੇ ਵਿੱਚ ਚਲੀ ਗਈ। ਸਰੀਰ ਦਾ ਦੁਖ ਸੁਖ ਉਥੇ ਪਹੁੰਚਦਾ ਨਹੀਂ ਹੈ। ਜਿਥੇ ਆਤਮਾ ਦਾ ਪ੍ਰਕਾਸ਼ ਹੋ ਜਾਂਦਾ ਹੈ, ਦੁੱਖਾਂ ਤੋਂ ਉਪਰ ਹੋ ਜਾਂਦਾ ਹੈ। ਹੁਣ ਦੇਖੋ ਕਿੱਡੀ ਵੱਡੀ ਕੀਮਤੀ ਚੀਜ਼ ਸਾਡੇ ਅੰਦਰ ਰੱਖੀ ਹੋਈ ਹੈ। ਪਹਿਲਾਂ ਦੱਸਿਆ ਗਿਆ ਹੈ ਕਿ ਉਹਦਾ ਤਰੀਕਾ ਪਿਆਰਿਓ ਆਹ ਹੈ। ਸਾਡੀ ਸੰਪਰਦਾ ਦਾ, ਸਿੱਖ ਧਰਮ ਦਾ। ਬਾਕੀ ਸੰਪਰਦਾਵਾਂ ਨੇ, ਵਾਹਿਗੁਰੂ ਨੇ ਬੇਅੰਤ ਦੁਨੀਆਂ ਬਣਾਈ ਹੈ, ਜਦ ਤੋਂ ਸੰਸਾਰ ਰਚਿਆ ਹੈ ਤੇ ਉਹਦੇ ਤਰਨ ਦਾ ਵੀ ਸਾਧਨ ਬਣਾਇਆ ਹੋਇਆ ਹੈ। ਸੋ ਜਿਹੜਾ ਸਾਡਾ ਸਾਧਨ ਹੈ ਇਹਨੂੰ ਅਪਣਾਓ, ਦੂਜਿਆਂ ਨਾਲ ਕਾਹਦਾ ਝਗੜਾ ਸਾਡਾ। ਸਾਨੂੰ ਆਪ ਹੀ ਨਹੀਂ ਲੱਭਿਆ ਅਜੇ ਰਸਤਾ। ਰੌਲਾ ਤਾਂ ਅਸੀਂ ਪਾਈ ਜਾਂਦੇ ਹਾਂ, ਸਾਨੂੰ ਪਤਾ ਹੀ ਨਹੀਂ ਲੱਗਿਆ ਅਜੇ ਅੰਦਰਲੇ ਅੰਮ੍ਰਿਤ ਦਾ, ਬਾਹਰਲਾ ਅੰਮ੍ਰਿਤ ਠੀਕ ਹੈ, ਉਹਦਾ ਨਾਉਂ ਅਸੀਂ ਰੱਖ ਲਿਆ, ਉਸ ਵੇਲੇ ਅੰਮ੍ਰਿਤ ਨਹੀਂ, ਉਸ ਵੇਲੇ ਪਾਹੁਲ ਕਹਿੰਦੇ ਸੀ -

*ਪੀਵਹੁ ਪਾਹੁਲ ਖੰਡੇਧਾਰ ਹੋਵੇ ਜਨਮ ਸੁਹੇਲਾ।*

ਸੋ ਇਹ ਗੁਰੂ ਨੇ ਸਾਨੂੰ ਬਖਸ਼ਿਸ਼ ਕੀਤੀ ਹੈ ਤੇ ਗੁਰੂ ਦਾ ਜਿਹੜਾ ਚਰਿੱਤਰ ਹੁੰਦਾ ਹੈ ਉਹ ਨਿਰਵੈਰ ਹੁੰਦਾ ਹੈ, ਨਿਰਾਲਾ ਹੁੰਦਾ ਹੈ, ਦੁਨੀਆਂ ਨਹੀਂ ਸੋਚ ਸਕਦੀ ਗੁਰੂ ਦੇ ਬਾਰੇ। ਗੁਰੂ ਸਭ ਕੁਛ ਜਾਣਦਾ ਹੈ ਤੇ ਐਸਾ ਫੁਰਮਾਨ ਕੀਤਾ ਹੈ, ਪੜ੍ਹੋ ਪਿਆਰ ਨਾਲ-

*ਧਾਰਨਾ - ਨਿਰਵੈਰ ਨਿਰਾਲਾ ਜੀ,*
*ਸਤਿਗੁਰ ਪੁਰਖ ਅਗੰਮ ਹੈ।*
*ਸਤਿਗੁਰੁ ਪੁਰਖੁ ਅਗੰਮੁ ਹੈ, ਨਿਰਵੈਰੁ ਨਿਰਾਲਾ।*
*ਜਾਣਹੁ ਧਰਤੀ ਧਰਮ ਕੀ, ਸਚੀ ਧਰਮਸਾਲਾ।*
*ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮਾਲਾ।*
*ਜਿਉ ਕਰਿ ਨਿਰਮਲੁ ਆਰਸੀ, ਜਗੁ ਵੇਖਣਿ ਵਾਲਾ।*
*ਜੇਹਾ ਮੁਹੁ ਕਰਿ ਭਾਲੀਐ, ਤੇਹੋ ਵੇਖਾਲਾ।*
*ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹ ਕਾਲਾ॥*
*ਭਾਈ ਗੁਰਦਾਸ ਜੀ, ਵਾਰ, ੩੪/੧*

ਜਿਸਦੇ ਕੋਲ ਅੰਮ੍ਰਿਤ ਦੀ ਦਾਤ ਹੈ ਮਹਾਰਾਜ ਕਹਿੰਦੇ ਉਹ ਸਤਿਗੁਰੂ ਹੋਇਆ ਕਰਦਾ ਹੈ -

*ਘਰ ਮਹਿ ਘਰੁ ਦੇਖਾਇ ਦੇਇ*
*ਸੋ ਸਤਿਗੁਰੁ ਪੁਰਖੁ ਸੁਜਾਣੁ ॥ ਅੰਗ - ੧੨੯੧*

ਆਹ ਸਰੀਰ ਦੇ ਵਿੱਚ ਜਿਹੜਾ ਵਾਹਿਗੁਰੂ ਨੂੰ ਮਿਲਾ ਦੇਵੇ, ਉਹ ਸਤਿਗੁਰੂ ਹੁੰਦਾ ਹੈ, ਕਹਿੰਦੇ ਨਿਸ਼ਾਨੀ ਕੀ ਹੈ? ਕਹਿੰਦੇ -

*ਪੰਚ ਸਬਦ ਧੁਨਿਕਾਰ ਧੁਨਿ*
*ਤਹ ਬਾਜੈ ਸਬਦੁ ਨੀਸਾਣੁ ॥ ਅੰਗ - ੧੨੯੧*

ਪੰਜ ਸ਼ਬਦਾਂ ਦੀ ਧੁਨਕਾਰ ਹੁੰਦੀ ਹੈ, ਜਿਹਨੂੰ ਅਨਹਦ ਸ਼ਬਦ ਕਹਿੰਦੇ ਨੇ। ਇਹ ਜਦੋਂ ਨਿਸ਼ਾਨੀ ਆ ਜਾਵੇ ਤਾਂ ਸਮਝ ਲਓ ਮੈਨੂੰ ਰਾਹ ਲੱਭ ਗਿਆ।

*ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥*
*ਅੰਗ - ੧੨੯੧*

ਇਹ ਸੱਤ ਵਾਦੀਆਂ ਹੁੰਦੀਆ ਨੇ ਭਜਨ ਕਰਨ ਵਾਲਿਆਂ ਦੀਆਂ, ਸੱਤ ਸਟੇਜਾਂ। ਜਿਵੇਂ ਕਿਸੇ ਉੱਚੇ ਸਥਾਨ 'ਤੇ ਚੜ੍ਹਨਾ ਹੈ, ਸੱਤ ਮੰਜ਼ਲਾਂ, ਸੱਤ ਮੁਕਾਮ ਰਸਤੇ ਵਿੱਚ ਆਉਣ, ਕਿ ਪਹਿਲਾਂ ਆਹ ਆਏਗਾ, ਫੇਰ ਆਹ, ਫੇਰ ਆਹ; ਇਹ ਗੱਲਾਂ ਬੜੀਆਂ ਸਮਝਣ ਵਾਲੀਆਂ ਨੇ। ਲਗਾਤਾਰ ਸਤਿਸੰਗ ਕਰੋ, ਤਾਂ ਕਿਤੇ ਜਾ ਕੇ ਸਮਝ ਵਿੱਚ ਆਉਂਦੀਆਂ ਨੇ। ਫੇਰ ਵੀ ਬਹੁਤ ਮੁਸ਼ਕਲ ਹੈ। ਨਾਉਂ ਮੈਂ ਦੱਸ ਦਿੰਦਾ ਹਾਂ, ਪਰ ਨਾਉਂ ਲੈਣ ਨਾਲ ਕੋਈ

ਫਰਕ ਨਹੀਂ ਪੈਣਾ। ਪਹਿਲੀ ਵਾਦੀ ਤਲਾਸ਼ ਦੀ ਹੁੰਦੀ ਹੈ, ਬਾਬਾ ਫਰੀਦ ਵਾਂਗੂੰ ਤਲਾਸ਼ ਲੱਗੇ। ਚੌਵੀ ਸਾਲ ਜੰਗਲਾਂ 'ਚ ਭਟਕਦਾ ਰਿਹਾ, ਤਲਾਸ਼ ਕਰਦਾ ਵਾਹਿਗੁਰੂ ਦੀ। ਦੂਸਰੀ ਹੋਇਆ ਕਰਦੀ ਹੈ, ਵਾਦੀ-ਏ-ਇਸ਼ਕ, ਪਿਆਰ ਦੀ, ਮੁਰਸ਼ਦ ਕੋਲ ਚਲਿਆ ਗਿਆ, ੧੪ ਸਾਲ ਪਿਆਰ ਕਰਿਆ। ਤੀਸਰੀ ਵਾਦੀ ਹੋਇਆ ਕਰਦੀ ਹੈ ਵਾਦੀ-ਏ-ਮਾਰਫਤ, ਪਤਾ ਲੱਗ ਜਾਂਦਾ ਹੈ ਕਿ ਇੱਥੇ ਵਾਹਿਗੁਰੂ ਆਪ ਹੀ ਹੈ, ਉਹਦਾ ਹੀ ਨੂਰ ਹੈ, ਉਹ ਆਪੇ ਹੀ ਸਾਰੇ ਪਸਰਿਆ ਹੋਇਆ ਹੈ। ਲੇਕਿਨ ਅੱਖਾਂ ਨਾਲ ਨਹੀਂ ਅਜੇ ਦਿਸਿਆ। ਤੀਸਰੇ ਡੰਡੇ ਦੀ ਪਉੜੀ ਚੜ੍ਹ ਗਿਆ। ਤੀਸਰੇ ਮੁਕਾਮ 'ਤੇ ਪਹੁੰਚ ਗਿਆ। ਚੌਥੇ ਮੁਕਾਮ 'ਤੇ ਜਾ ਕੇ ਲਿਵ ਲਗ ਜਾਂਦੀ ਹੈ। ਅਗਲਾ ਹਾਕਾਂ ਮਾਰਦਾ ਹੈ ਕਿ ਭਾਈ! ਪ੍ਰਸ਼ਾਦਾ ਛਕ ਲੈ, ਕਿਉਂ ਨਹੀਂ ਛਕਦਾ, ਇਥੇ ਹੀ ਬੈਠਾ ਹੈਂ। ਬਾਹਰ ਚਲਿਆ ਗਿਆ, ਉਥੇ ਹੀ ਲਿਵ ਲਗ ਗਈ, ਉਥੇ ਹੀ ਬੈਠਾ ਰਿਹਾ। ਨਾਮ ਦੀ ਧੁਨ ਅੰਦਰ ਚਲ ਪੈਂਦੀ ਹੈ ਪੂਰੇ ਜ਼ੋਰ ਨਾਲ, ਉਹਦੇ ਵਿੱਚ ਸੁਰਤ ਲਗ ਜਾਂਦੀ ਹੈ ਇਹਨੂੰ ਲਿਵ ਲਗਣਾ ਕਹਿੰਦੇ ਨੇ। ਮਹਾਰਾਜ ਕਹਿੰਦੇ ਜੇ ਲਿਵ ਨਹੀਂ ਨਾ ਲੱਗੀ ਪਿਆਰਿਓ! ਇੱਕ ਗੱਲ ਸੁਣ ਲਓ, ਤੁਹਾਡੀ ਦੇਹ ਜਿਹੜੀ ਹੈ ਇਹ ਦੇਹ ਕਹਾਉਣ ਦੇ ਕਾਬਲ ਨਹੀਂ ਹੈ, ਇਹ ਕੋਹੜ ਹੋਇਆ-ਹੋਇਆ ਹੈ ਦੇਹ ਨੂੰ। ਕੋਹੜੀ ਦੇਹ ਹੈ -

*ਸਾਚੀ ਲਿਵੈ ਬਿਨੁ ਦੇਹ ਨਿਮਾਣੀ ॥*
*ਦੇਹ ਨਿਮਾਣੀ ਲਿਵੈ ਬਾਝਹੁ*
*ਕਿਆ ਕਰੇ ਵੇਚਾਰੀਆ॥ ਅੰਗ - ੯੧੭*

ਚੌਥੀ ਮੰਜ਼ਲ 'ਤੇ ਅਸੀਂ ਪਹੁੰਚ ਹੀ ਨਹੀਂ ਸਕੇ, ਲਿਵ ਨਹੀਂ ਲੱਗੀ ਸਾਡੀ ਅਜੇ। ਲਿਵ ਲੱਗੀ ਹੋਈ ਹੈ ਪੈਸੇ ਕਮਾਉਣ 'ਚ, ਤੂੰ ਗਲਤ ਕੰਮ ਕਰਨ ਵਾਸਤੇ ਲਿਵ ਲਾਈ ਬੈਠਾ ਹੈਂ। ਜਦੋਂ ਪ੍ਰਮੇਸ਼ਰ ਦੇ ਨਾਮ ਨਾਲ ਲਿਵ ਲਗਦੀ ਹੈ ਅੰਦਰ ਰਸ ਆਉਂਦਾ ਹੈ। ਸਮਾਂ ਭੁੱਲ ਜਾਂਦਾ ਹੈ। ਅੰਦਰਲੇ ਪਾਸੇ ਨਾਦ ਸੁਣਦੇ ਨੇ, ਬਗੈਰ ਵਜਾਏ ਹੋਏ ਵਾਜੇ ਵਜਦੇ ਨੇ। ਉਹ ਐਨੀ ਮਿੱਠੀ ਸੁਰੀਲੀ ਧੁਨ ਹੈ, ਉਹਦੇ ਵਿੱਚ ਉਠ ਨਹੀਂ ਸਕਦਾ ਆਦਮੀ, ਫੇਰ ਲਿਵ ਲਗ ਜਾਂਦੀ ਹੈ, ਨਾਮ ਉਹਦੇ ਵਿੱਚ ਚਲਦਾ ਹੈ, ਸ਼ਬਦ ਦੀ ਗੂੰਜ ਪੈਂਦੀ ਹੈ ਤੇ ਨਾਲ ਵਾਜੇ ਵਜਦੇ ਨੇ। ਇਹ ਚੌਥੀ ਮੰਜ਼ਲ ਹੋ ਜਾਇਆ ਕਰਦੀ ਹੈ। ਪੰਜਵੀ ਹੋਇਆ ਕਰਦੀ ਹੈ, ਵਹਿਦੀਅਤ ਦੀ। ਪਤਾ ਲਗ ਜਾਂਦਾ ਹੈ ਕਿ ਮੈਂ ਤੇ ਵਾਹਿਗੁਰੂ ਅੱਡ-ਅੱਡ ਨਹੀਂ ਹੈਗੇ, ਅਸੀਂ ਇੱਕੋ ਹੀ ਹਾਂ। ਲੇਕਿਨ ਅਜੇ ਤੱਕ ਅੰਦਰੋਂ ਨਹੀਂ ਮੰਨਿਆ। ਅੰਦਰੋਂ ਮੰਨ ਲਓ। ਜੇ ਕੋਈ ਮੰਨ ਲਵੇ ਹੁਣੇ ਬ੍ਰਹਮਗਿਆਨੀ ਹੋ ਜਾਏਗਾ, ਇਥੇ ਬੈਠਾ-ਬੈਠਾ ਹੀ। ਕੋਈ ਬੰਦਾ ਹਿੰਮਤ ਨਾਲ ਮੰਨ ਲਵੇ। ਮਹਾਰਾਜ ਕਹਿੰਦੇ -

*ਆਦਿ ਸਚੁ ਜੁਗਾਦਿ ਸਚੁ ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ ਅੰਗ - ੧*

ਇਹਦਾ ਮਤਲਬ ਕੀ ਹੈ ਅਸੀਂ ਤਾਂ ਜਾਣਦੇ ਹੀ ਨਹੀਂ। ਪ੍ਰੋਫੈਸਰ ਨਹੀਂ ਜਾਣਦੇ, ਗਿਆਨੀਆਂ ਨੂੰ ਨਹੀਂ ਪਤਾ; ਸੰਤਾਂ ਨੂੰ ਪਤਾ ਹੈ। ਉਹ ਇਹ ਹੈ ਕਿ ਵਾਹਿਗੁਰੂ ਤੋਂ ਬਿਨਾਂ ਹੈ ਹੀ ਕੋਈ ਨਹੀਂ। ਮੈਂ ਹਾਂ ਹੀ ਨਹੀਂ -

*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥*
*ਅੰਗ - ੮੨੭*

ਇਹ ਤਾਂ ਤੂੰ ਹੀ ਤੂੰ ਹੈਂ, ਮੈਂ ਤਾਂ ਹਾਂ ਹੀ ਨਹੀਂ, ਮੈਂ ਐਵੇਂ ਵਿੱਚ ਵੜ ਗਿਆ ਆ ਕੇ। ਜਿਹਨੂੰ ਇਹ 100% ਗਿਆਨ ਹੋ ਜਾਏ, ਉਸੇ ਵੇਲੇ ਬ੍ਰਹਮ ਦਾ ਗਿਆਨ ਹੋ ਜਾਏਗਾ। ਇਹਨੂੰ ਅਭੇਦ ਅਵਸਥਾ ਕਹਿੰਦੇ ਨੇ। ਅਜੇ ਮਿਲਿਆ ਨਹੀਂ ਹੈ, ਲੇਕਿਨ ਵਹਿਦੀਅਤ ਵਿੱਚ ਪਹੁੰਚ ਗਿਆ। ਖਿਆਲ ਆਉਣ ਲਗ ਗਿਆ ਕਿ ਇਥੇ ਹੋਰ ਕੋਈ ਨਹੀਂ। ਹੁਣ ਇਸ ਤੋਂ ਅੱਗੇ ਹੋਰ ਤਰੱਕੀ ਕਰੀ। ਫੇਰ ਕਿੱਥੇ ਪਹੁੰਚਿਆ? ਕਹਿੰਦੇ ਹੈਰਾਨੀ ਦੇ ਮੰਡਲ 'ਚ ਪਹੁੰਚ ਗਿਆ, ਵਿਸਮਾਦ ਦੇ ਮੰਡਲ ਵਿੱਚ ਪਹੁੰਚ ਗਿਆ। ਸਹਿ ਨਹੀਂ ਹੁੰਦਾ, ਜਰ ਨਹੀਂ ਹੁੰਦਾ, ਐਨਾ ਅਨੰਦ ਆਉਂਦਾ ਹੈ। ਹੁਣ ਇੱਕ ਮੰਜ਼ਲ ਹੋਰ ਰਹਿ ਗਈ। ਉਸ ਵਿੱਚ ਗੁਰੂ ਦੀ ਮਦਦ ਤੋਂ ਬਿਨਾਂ ਨਹੀਂ ਲੰਘ ਸਕਿਆ ਕਰਦਾ। ਇਥੇ ਗੁਰੂ ਦੀ ਮਦਦ ਦੀ ਲੋੜ ਹੈ, ਪੂਰੇ ਸੰਤ ਦੀ ਲੋੜ ਹੈ। ਸੰਤ ਹੈ ਨਹੀਂ ਦੁਨੀਆਂ 'ਚ. ਬੜਾ ਮੁਸ਼ਕਲ ਹੈ। ਗੁਰੂ ਗ੍ਰੰਥ ਸਾਹਿਬ ਅੱਗੇ ਹੀ ਬੇਨਤੀਆਂ ਕਰੋ। ਇਹੀ ਲੰਘਾ ਦੇਣਗੇ। ਗੁਰੂ ਗ੍ਰੰਥ ਸਾਹਿਬ ਜੋ ਹਨ ਇਹ ਪ੍ਰਤੀਕ ਹੁੰਦਾ ਹੈ, ਇਹ ਪ੍ਰਤੀਕ ਹੈ ਦਸਾਂ ਪਾਤਸ਼ਾਹੀਆਂ ਦਾ। ਗੁਰੂ ਜੋਤ ਹੈ ਉਹ ਹੁਣ ਵੀ ਹੈਗੀ। ਹਰੇਕ ਦੇ ਅੰਦਰ ਹੈ, ਜਿਹੜਾ ਮਿਲਣਾ ਚਾਹੁੰਦਾ ਹੈ ਮਿਲ ਲਓ, ਤਰੀਕੇ ਹੁੰਦੇ ਨੇ ਇਹਦੇ ਮਿਲਣ ਦੇ ਵੀ। ਉਹਦੀ ਮਿਹਰਬਾਨੀ ਹੁੰਦੀ ਹੈ, ਉਹ ਜੀਵ ਦੇ ਵਿਚੋਂ ਦ੍ਵੈਤ ਖਤਮ ਕਰਕੇ ਏਕਤਾ ਵਿੱਚ ਦਾਖਲ ਕਰਕੇ ਇਹਦਾ ਮੈਂ ਭਾਵ ਕੱਟ ਦਿੰਦਾ ਹੈ ਤੇ ਪ੍ਰਮੇਸ਼ਰ ਹੀ ਪ੍ਰਮੇਸ਼ਰ ਰਹਿ ਜਾਂਦਾ ਹੈ, ਉਹਨੂੰ ਕਹਿੰਦੇ ਨੇ ਫਿਨਾਹ-ਏ-ਅੱਲਾਹ, ਅੱਲਾਹ ਦੇ ਵਿੱਚ ਫਨਾਹ ਹੋ ਜਾਣਾ, ਵਾਹਿਗੁਰੂ 'ਚ ਅਭੇਦ ਹੋ ਜਾਣਾ, ਇਹ ਚੀਜ਼ਾਂ ਗੁਰੂ ਕੋਲ ਹੁੰਦੀਆਂ ਨੇ। ਜਿਹੜਾ ਗੁਰੂ ਹੈ ਉਹਨੂੰ 'ਗੁਰੂ' ਕਹਿੰਦੇ ਹੀ ਤਾਂ ਨੇ -

*ਘਰ ਮਹਿ ਘਰੁ ਦੇਖਾਇ ਦੇਇ*
*ਸੋ ਸਤਿਗੁਰੁ ਪੁਰਖੁ ਸੁਜਾਣੁ ॥ ਅੰਗ - ੧੨੯੧*

ਆਹ ਸਰੀਰ ਵਿੱਚ ਹੀ ਵਾਹਿਗੁਰੂ ਨਾਲ ਮਿਲਾ ਦਿੰਦਾ ਹੈ, ਹੈਗਾ ਵਾਹਿਗੁਰੂ ਹੀ ਸਰੀਰ ਵਿੱਚ, ਪਰਛਾਵੇਂ ਨੂੰ ਅਸੀਂ ਮੰਨ ਕੇ ਮੈਂ ਮੰਨੀ ਜਾਂਦੇ ਹਾਂ। ਇਹ ਹੁਣ ਗੱਲ ਟੁੱਟਦੀ ਨਹੀਂ ਹੈ। ਗੱਲਾਂ ਦੱਸਣ ਨਾਲ ਨਹੀਂ ਟੁੱਟਦੀ, ਇਹ ਤਾਂ ਸਾਧਨਾ ਨਾਲ ਟੁੱਟਦੀ ਹੈ। ਸੋ ਗੁਰੂ ਜਿਹੜਾ ਹੈ ਉਹ ਦਿਖਾ ਦਿੰਦਾ ਹੈ, ਗੁਰੂ ਹੁੰਦਾ ਹੀ ਏਸ ਕਰਕੇ ਹੈ, ਗੁਰੂ ਨੂੰ ਅਸੀਂ ਇਸ ਕਰਕੇ ਸਭ ਕੁਛ ਸੌਂਪਦੇ ਹਾਂ

ਕਿ ਮੈਨੂੰ ਤੂੰ ਮਿਲਾ ਦੇ ਰੱਬ ਨੂੰ। ਮੇਰੇ ਗਲੋਂ ਜੰਮਣ ਮਰਨ ਦੀ ਫਾਹੀ ਲਾਹ ਦੇ। ਮਹਾਰਾਜ ਕਹਿੰਦੇ ਫੇਰ ਆਉਂਦੀ ਹੈ ਅਵਸਥਾ-

*ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥*
*ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ॥*
*ਅੰਗ - ੧੨੯੧*

ਉਥੇ ਮਹਾਰਾਜ ਕਹਿੰਦੇ ਬੇਅੰਤ -

*ਸੋ ਦਰੁ ਕੇਹਾ ਸੋ ਘਰੁ ਕੇਹਾ*
*ਜਿਤੁ ਬਹਿ ਸਰਬ ਸਮਾਲੇ ॥*
*ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ ॥*
*ਅੰਗ - ੬*

ਗਿਣਤੀ ਮਿਣਤੀ ਤੋਂ ਬਾਹਰ ਨੇ ਗਾਉਣ ਵਾਲੇ -

*ਤਾਰ ਘੋਰ ਬਾਜਿੰਤ੍ਰ ਤਹ*
*ਸਾਚਿ ਤਖਤਿ ਸੁਲਤਾਨੁ ॥ ਅੰਗ - ੧੨੯੧*

ਸੋ ਐਸਾ ਜੋ ਗੁਰੂ ਹੁੰਦਾ ਹੈ, ਉਹਦਾ ਸਾਡੇ ਵਰਗਾ ਸੁਭਾਅ ਨਹੀਂ ਹੁੰਦਾ, ਸਾਡੇ ਤੋਂ ਵੱਖਰਾ ਹੁੰਦਾ ਹੈ, ਨਿਰਵੈਰ ਹੁੰਦਾ ਹੈ, ਨਿਰਾਲਾ ਹੁੰਦਾ ਹੈ, ਉਹਦੀ ਕ੍ਰਿਆ ਨੂੰ ਕੋਈ ਜਾਣ ਨਹੀਂ ਸਕਦਾ।

ਗੁਰੂ ਦਸ਼ਮੇਸ਼ ਪਿਤਾ ਨਾਲ ਬਗੈਰ ਕਿਸੇ ਮਤਲਬ ਤੋਂ ਯੁੱਧ ਸ਼ੁਰੂ ਹੋਇਆ, ਕੋਈ ਮਤਲਬ ਨਹੀਂ ਸੀ। ਜੇ ਸੀ ਤਾਂ ਉਹ ਦੁਨਿਆਵੀ ਸੀ, ਰਾਜਸੀ ਮਤਲਬ ਸੀ, ਰਾਜਸੀ ਚਾਲ ਸੀ ਕਿ ਇਹ ਜਿਹੜੇ ਮੌਤ ਤੋਂ ਉੱਚੇ ਹੁੰਦੇ ਜਾਂਦੇ ਨੇ, ਅੰਮ੍ਰਿਤ ਜਿਨ੍ਹਾਂ ਦੇ ਮੂੰਹ ਨੂੰ ਲਗਦਾ ਹੈ, ਅੰਮ੍ਰਿਤ ਅੰਦਰ ਹੈ -

*ਅੰਮ੍ਰਿਤੁ ਪੀਵੈ ਅਮਰੁ ਸੋ ਹੋਇ॥ ਅੰਗ - ੨੮੭*

ਜਿਹਨੇ ਵੀ ਉਹ ਅੰਦਰਲਾ ਅੰਮ੍ਰਿਤ ਪੀ ਲਿਆ ਉਹ ਮੁੜ ਕੇ ਨਹੀਂ ਮਰਦਾ।

*ਲਾਲ ਰੰਗੁ ਤਿਸ ਕਉ ਲਗਾ*
*ਜਿਸ ਕੇ ਵਡਭਾਗਾ ॥*
*ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ ॥*
*ਅੰਗ - ੮੦੮*

ਉਹ ਜਦੋਂ ਇਕ ਵਾਰੀ ਮਿਲ ਗਿਆ, ਫੇਰ ਨਹੀਂ ਆਦਮੀ ਥੱਲੇ ਆਇਆ ਕਰਦਾ, ਕਿਉਂਕਿ ਮਾਇਆ ਦੀ ਉਥੇ ਪਹੁੰਚ ਨਹੀਂ ਹੈ, ਨਾ ਹੋਣ ਕਰਕੇ ਇਹਨੂੰ ਦਿਸਦਾ ਨਹੀਂ ਹੈ ਉਹ ਅੰਮ੍ਰਿਤ। ਜਿਨ੍ਹਾਂ ਨੂੰ ਪ੍ਰਾਪਤ ਹੋ ਗਿਆ, ਜਿਹੜੇ ਉਮੀਦਵਾਰ ਸੀ, ਉਹ ਮੌਤ ਤੋਂ, ਡਰਨ ਤੋਂ ਹਟ ਗਏ। ਜਿਹੜੇ ਇਸ ਤਰ੍ਹਾਂ ਦੇ ਬੰਦੇ ਹੋਏ ਉਹ ਜ਼ੁਲਮ ਨੂੰ ਸਹਿ ਨਾ ਸਕੇ, ਉਨ੍ਹਾਂ ਨੇ ਟੋਕਾ-ਟਾਕੀ ਸ਼ੁਰੂ ਕਰ ਦਿੱਤੀ ਕਿ ਤੁਸੀਂ ਮਾੜਾ ਕੰਮ ਕਰਦੇ ਓਂ। ਤੁਹਾਡਾ ਕੰਮ ਨਹੀਂ। ਰਾਜਾ ਤਾਂ ਹੁੰਦਾ ਹੈ ਜੇ ਨਿਆਂ ਕਰੇ, ਨਹੀਂ ਤਾਂ ਰਾਜਾ ਕਸਾਈ ਹੁੰਦਾ ਹੈ।

*ਕਲਿ ਕਾਤੀ ਰਾਜੇ ਕਾਸਾਈ*
*ਧਰਮੁ ਪੰਖ ਕਰਿ ਉਡਰਿਆ ॥*
*ਕੂੜੁ ਅਮਾਵਸ ਸਚੁ ਚੰਦ੍ਰਮਾ*
*ਦੀਸੈ ਨਾਹੀ ਕਹ ਚੜਿਆ ॥ ਅੰਗ - ੧੪੫*

ਤੁਸੀਂ ਰਾਜੇ ਬਣੇ ਹੋਏ ਹੋ, ਵਾਹਿਗੁਰੂ ਨੇ ਤੁਹਾਡੇ ਉਪਰ ਕ੍ਰਿਪਾ ਕਰੀ, ਤੁਸੀਂ ਇੱਕ ਅੱਖ ਨਾਲ ਦੇਖੋ ਸਾਰਿਆਂ ਨੂੰ, ਹਿੰਦੂਆਂ ਨੂੰ ਅੱਡ ਦੇਖਦੇ ਹੋ, ਇਸਲਾਮ ਵਾਲਿਆਂ ਨੂੰ ਅੱਡ ਦੇਖਦੇ ਓਂ, ਇਨ੍ਹਾਂ ਦੇ ਵਿੱਚ ਵੀ ਅਮੀਰ ਆਦਮੀਆਂ ਨੂੰ ਅੱਡ ਦੇਖਦੇ ਹੋ, ਗਰੀਬਾਂ ਨੂੰ ਅੱਡ ਦੇਖਦੇ ਹੋ। ਇਹ ਡਰ ਜਿਹੜਾ ਸੀ ਇਹ ਰਾਜਿਆਂ ਨੂੰ ਕੁਦਰਤੀ ਪੈਂਦਾ ਹੈ, ਕਿਤੇ ਵੀ ਜਨਤਾ ਦਾ ਜ਼ੋਰ ਵਧ ਜਾਵੇ, ਰਾਜਾ ਡਰ ਜਾਂਦਾ ਹੈ, ਉਹਦੇ ਕਰਕੇ ਪਹਿਲਾਂ ਤਾਂ ਉਨ੍ਹਾਂ ਨੇ ਚਲਾਕੀਆਂ ਕਰੀਆਂ ਪਹਾੜੀ ਰਾਜਿਆਂ ਨੂੰ ਚੁੱਕਦੇ ਰਹੇ, ਅਖੀਰ ਬਹੁਤ ਵੱਡਾ ਯੁੱਧ ਕਿੰਨੀ ਫੌਜ, ਮਹਾਰਾਜ ਜੀ ਲਿਖਦੇ ਹਨ ਕਿ ਦੱਸ ਲੱਖ ਫੌਜ ਭੇਜੀ ਸੀ। ਸਾਰੀ ਅਨੰਦਪੁਰ ਸਾਹਿਬ ਦੇ ਦੁਆਲੇ ਨਹੀਂ ਸੀ। ਹਰ ਥਾਂ ਦੇ ਉਤੇ ਸੀ, ਇੱਕ ਤਾਂ ਕਿਸੇ ਜਗ੍ਹਾਂ ਸਿੱਖ ਇਕੱਠੇ ਨਾ ਹੋ ਜਾਣ ਗੁਰੂ ਮਹਾਰਾਜ ਦੇ ਪਿਆਰੇ, ਹਮਲਾ ਨਾ ਕਰ ਦੇਣ, ਉਹ ਹਰ ਥਾਂ 'ਤੇ ਦਬਾਏ ਹੋਏ, ਕੋਈ ਰਸਤਾ ਨਹੀਂ ਸੀਗਾ। ਹੁਣ ਵੀ ਤੁਹਾਨੂੰ ਪਤਾ ਹੀ ਹੈ ਕਿ ਕਿਸ ਤਰ੍ਹਾਂ ਦੇ ਨਾਲ ਨਾਕਾਬੰਦੀ ਹੁੰਦੀ ਹੈ, ਸੋ ਅਨੰਦਪੁਰ ਦੇ ਘੇਰੇ ਨੂੰ ਛੇ ਮਹੀਨੇ ਲੰਘ ਗਏ। ਉਸ ਵੇਲੇ ਗੁਰੂ ਮਹਾਰਾਜ ਬਾਹਰ ਨਿਕਲਦੇ ਨੇ, ਕਹਿਣ ਲੱਗੇ ਸਿੰਘਾਂ ਨੂੰ ਕਿ ਇਹ ਪੱਤੇ ਦਰਖਤਾਂ ਦੇ ਕਿੱਥੇ ਗਏ? ਛਿੱਲਾਂ ਨਹੀਂ ਨਜ਼ਰ ਆਉਂਦੀਆਂ। ਕਹਿਣ ਲੱਗੇ, ਪਾਤਸ਼ਾਹ! ਤੇਰੇ ਪਿਆਰਿਆਂ ਨੇ ਪੱਤੇ ਵੀ ਉਬਾਲ-ਉਬਾਲ ਕੇ ਖਾ ਲਏ ਨੇ, ਛਿੱਲਾਂ ਵੀ ਉਬਾਲ-ਉਬਾਲ ਕੇ ਖਾ ਲਈਆਂ ਤੇ ਕੁਛ ਦਿਨ ਹੋਰ ਸਰੀਰ ਦਾ ਨਿਰਬਾਹ ਹੋ ਜਾਏ ਤੇ ਤੇਰੇ ਲੇਖੇ ਲਗ ਜਾਵੇ। ਐਵੇਂ ਨਾ ਸਰੀਰ ਅਸੀਂ ਛੱਡ ਜਾਈਏ। ਮਹਾਰਾਜ ਕਹਿੰਦੇ, ਖਾਲਸਾ ਜੀ! ਤੁਸੀਂ ਬਹੁਤ ਵੱਡਾ ਤਪ ਕਰ ਲਿਆ। ਉਧਰ ਉਹ ਵੀ ਦੁਖੀ ਹੋ ਗਏ। ਉਥੋਂ ਬਾਰ-ਬਾਰ ਹਦਾਇਤਾਂ ਆਉਂਦੀਆਂ ਨੇ ਕਿ ਬਈ ਕਿੱਡਾ ਕੁ ਹੈ ਕਿਲ੍ਹਾ। ਦੱਸ ਹਜ਼ਾਰ ਬੰਦਾ ਤੁਸੀਂ ਮੈਨੂੰ ਦੱਸਿਆ ਸੀ ਕਿ ਹੈਗਾ ਤੇ ਤੁਸੀਂ ਦਸ ਲੱਖ ਬੰਦੇ, ਦਸ ਹਜ਼ਾਰ ਨੂੰ ਕਾਬੂ ਨਹੀਂ ਕਰ ਸਕੇ ਅਜੇ ਤਕ। ਸਜਾਵਾਂ ਦੀਆਂ ਲਿਸਟਾਂ ਆ ਗਈਆਂ ਕਿ ਫਾਂਸੀ ਚਾੜ੍ਹ ਦਿੱਤੇ ਜਾਓਂਗੇ, ਖੱਲਾਂ 'ਚ ਮੜ੍ਹਾ ਦਿੱਤੇ ਜਾਓਂਗੇ, ਕੁੱਤਿਆਂ ਤੋਂ ਪੜਵਾ ਦਿੱਤੇ ਜਾਓਂਗੇ ਜੇ ਤੁਸੀਂ ਹਾਰ ਕੇ ਇਥੋਂ ਚਲੇ ਗਏ। ਡਰ ਗਏ ਸਾਰੇ, ਹੱਲਾ ਕਰਨ ਦੀ ਤਾਕਤ ਨਹੀਂ ਹੈ। ਅਖੀਰ ਰਾਜਸੀ ਚਾਲ ਚੱਲੀ। ਉਹ ਇਹ ਕਿ ਔਰੰਗਜ਼ੇਬ ਦੇ ਨਾਮ ਦੀ ਇੱਕ ਚਿੱਠੀ ਬਣਾਈ ਗਈ। ਸੱਚੀ ਸੀ ਜਾਂ ਝੂਠੀ ਸੀ ਇਹਦਾ ਅੱਜ ਤੱਕ ਕਿਸੇ ਨੂੰ ਨਹੀਂ ਪਤਾ

ਲੱਗਿਆ। ਸੋ ਐਹੋ ਜਿਹੇ ਮੌਕਿਆਂ ਦੇ ਉਤੇ ਬੜਾ ਕੁਛ ਚੱਲਿਆ ਕਰਦਾ। ਕੁਰਾਨ ਸ਼ਰੀਫ ਰੱਖਿਆ ਗਿਆ, ਸਿਰ ਦੇ ਉਤੇ ਟਿਕਾ ਕੇ। ਜਿਹੜਾ ਵੱਡਾ ਮੌਲਵੀ ਸੀ ਓਸਨੂੰ ਭੇਜਿਆ ਗਿਆਂ ਰਾਜਦੂਤ ਦੇ ਨਾਲ ਕਿ ਗੁਰੂ ਦਸ਼ਮੇਸ਼ ਪਿਤਾ ਦੇ ਪਾਸ ਜਾਹ, ਇਧਰਲੇ ਪਾਸੇ ਪਹਾੜੀਆਂ ਨੇ ਸਾਲਗਰਾਮ ਲਿਆ ਕੇ ਰੱਖੀ, ਆਟੇ ਦੀ ਗਊ ਬਣਾਈ ਤੇ ਗਊ ਦੇ ਮੂਹਰੇ ਇੱਕ ਛੁਰੀ ਰੱਖ ਦਿੱਤੀ, ਜਾ ਕੇ ਗੁਰੂ ਮਹਾਰਾਜ ਦੇ ਕੋਲ ਰੱਖ ਦਿੱਤੀਆ ਕਿ ਮਹਾਰਾਜ! ਸਭ ਤੋਂ ਵੱਡੀ ਜਿਹੜੀ ਚੀਜ਼ ਹੈ ਇਹ ਇਸਲਾਮ ਵਾਲਿਆਂ ਵਾਸਤੇ ਕੁਰਾਨ ਸ਼ਰੀਫ ਦੀ ਹੈ; ਜਿਹੜੇ ਪਹਾੜੀ ਰਾਜੇ ਨੇ ਇਨ੍ਹਾਂ ਵਾਸਤੇ ਗਊ ਹੈ, ਆਹ ਛੁਰੀ ਰੱਖੀ ਪਈ ਹੈ, ਆਹ ਗਊ ਜ਼ਿਬ੍ਹਾ ਹੋ ਜਾਏਗੀ ਜੇ ਤੁਸੀਂ ਸਾਡੀ ਗੱਲ ਨਾ ਮੰਨੀ। ਸਾਨੂੰ ਵੀ ਬਹੁਤ ਤਾੜਨਾ ਆ ਰਹੀਆਂ ਨੇ। ਅਸੀਂ ਮਜ਼ਬੂਰ ਹੋਏ-ਹੋਏ ਜਾ ਨਹੀਂ ਸਕਦੇ। ਅਸੀਂ ਬਚ ਤਾਂ ਸਕਦੇ ਹਾਂ ਜੇ ਤੁਸੀਂ ਕਿਲ੍ਹਾ ਛੱਡ ਦਿਓਂ। ਅਸੀਂ ਜਾਮਨੀ ਦਿੰਦੇ ਹਾਂ। ਮਹਾਰਾਜ ਕਹਿੰਦੇ, ਜਾਮਨੀਆਂ ਤੁਹਾਡੀਆਂ ਕੱਚੀਆਂ ਨੇ, ਆਹ ਰਾਜਸੀ ਚਾਲਾਂ ਨੇ, ਅਸੀਂ ਇਨ੍ਹਾਂ ਚਾਲਾਂ ਵਿੱਚ ਨਹੀਂ ਆਉਣਾ। ਅੰਦਰਲੇ ਪਾਸੇ ਗੱਲ ਚੱਲ ਪਈ। ਉਹ ਕੋਈ ਮਾੜੇ ਸਿੱਖ ਨਹੀਂ ਸੀਗੇ ਕਿ ਐਵੇਂ ਅਸੀਂ ਕਹਿ ਦੇਈਏ ਕਿ ਬੇਦਾਵਾ ਦੇਣ ਵਾਲੇ ਮਾੜੇ ਸਿੱਖ ਸੀ, ਬੜੀਆਂ ਭਾਰੀ ਤਕਲੀਫਾਂ ਸਹੀਆਂ ਉਨ੍ਹਾਂ ਨੇ, ੯੯ ਨੰਬਰ ਤਾਂ ਲੈ ਲਏ, ਇਕ ਨੰਬਰ 'ਤੇ ਫੇਲ੍ਹ ਹੋਏ ਸੀ। ਉਹ ਵੀ ਜਾ ਕੇ ਦੂਹਰੀ ਵਾਰੀ ਇਮਤਿਹਾਨ ਦੇ ਕੇ ਮਹਾਰਾਜ ਤੋਂ ਵਰ ਲੈ ਲਏ ਉਨ੍ਹਾਂ ਨੇ। ਉਸ ਵੇਲੇ ਰਾਇ ਖਿਲਾਫੀ ਹੋ ਗਈ, ਨਿਸ਼ਚਾ ਕੁਛ ਕਮਜ਼ੋਰ ਪੈ ਗਿਆ। ਕਹਿਣ ਲੱਗੇ, ਗੁਰੂ ਮਹਾਰਾਜ ਨੇ ਸ਼ਕਤੀ ਤਾਂ ਕੋਈ ਦਿਖਾਈ ਨਹੀਂ ਹੈ। ਮਨੁੱਖਾਂ ਵਾਂਗੂੰ ਲੜ ਰਹੇ ਨੇ। ਸੱਚੇ ਪਾਤਸ਼ਾਹ! ਇਹ ਚਾਲ ਆਪਾਂ ਵੀ ਹੁਣ ਚੱਲੀਏ, ਜਾਂ ਤਾਂ ਨਿਕਲਣ ਦੀ ਗੱਲ ਕਰੀਏ, ਇੱਕ ਵਾਰੀ ਨਿਕਲ ਜਾਈਏ ਇੱਥੋਂ ਫੇਰ ਆਪਾਂ ਤਿਆਰੀ ਕਰ ਲਵਾਂਗੇ। ਮਹਾਰਾਜ ਕਹਿੰਦੇ, ਨਹੀਂ ਪਿਆਰਿਓ! ਇਹ ਹੁਣ ਬਿਲਕੁਲ ਹਿੱਲ ਚੁੱਕੇ ਨੇ। ਸੱਤ ਦਿਨ ਹੋ ਗਏ, ਸੱਤਾਂ ਦਿਨਾਂ ਬਾਅਦ ਇਨ੍ਹਾਂ ਨੇ ਹਿੱਲ ਜਾਣਾ ਹੈ। ਜੇ ਇਨ੍ਹਾਂ ਨੇ ਬਚਨ ਨਾ ਮੰਨਿਆ ਤਾਂ ਖੁਆਰੀ ਬਹੁਤ ਹੋਏਗੀ। ਉਸ ਵੇਲੇ ਦੋ ਰਾਇ ਹੋ ਗਈਆਂ। ਮਹਾਰਾਜ ਕਹਿੰਦੇ, ਦੇਖੋ, ਸਿੱਖ ਜਿਹੜਾ ਹੁੰਦਾ ਹੈ ਨਾ ਉਹ ਕਦੇ ਵੀ ਗੁਰੂ ਦੇ ਸਾਮ੍ਹਣੇ ਜੀਉਂਦਾ ਹੋ ਕੇ ਨਹੀਂ ਆਇਆ ਕਰਦਾ। ਸਿੱਖ ਤਾਂ ਜਿਹੜਾ ਹੈ ਉਹ ਮਰਿਆ ਹੋਇਆ ਹੁੰਦਾ ਹੈ, ਉਹਨੇ ਗੁਰੂ ਨੂੰ ਸਭ ਕੁਛ ਸੌਂਪਿਆ ਹੁੰਦਾ ਹੈ-

*ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ*
*ਹੁਕਮਿ ਮੰਨਿਐ ਪਾਈਐ ॥ ਅੰਗ - ੯੧੮*

ਜਦ ਤੁਸੀਂ ਮਨ ਮੈਨੂੰ ਦੇ ਦਿਤਾ, ਤਨ ਮੈਨੂੰ ਦੇ ਦਿਤਾ ਫੇਰ ਐਨੇ ਕਾਹਲੇ ਕਿਉਂ ਪੈਂਦੇ ਹੋ ਤੇ ਮੁਰੀਦ ਤਾਂ ਜਿਹੜਾ ਹੁੰਦਾ ਹੈ ਉਹਦੇ ਬਾਰੇ ਇਸ ਤਰ੍ਹਾਂ ਫੁਰਮਾਨ ਹੈ-

*ਧਾਰਨਾ - ਮੁਰਦਾ ਹੋਇਕੈ ਮੁਰੀਦ ਬਣ ਜਾਵਣਾ।*

*ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।*
*ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।*
*ਗੋਲਾ ਮੁਲ ਖਰੀਦੁ ਕਾਰੇ ਜੋਵਣਾ।*
*ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ।*
*ਪੀਹਣਿ ਹੋਇ ਜਦੀਦ ਪਾਣੀ ਢੋਵਣਾ।*
*ਪਖੇ ਦੀ ਤਾਗੀਦ ਪਗ ਮਲਿ ਧੋਵਣਾ।*
*ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ।*
*ਦਰ ਦਰਵੇਸੁ ਰਸੀਦੁ ਪਿਰਮ ਰਸ ਭੋਵਣਾ।*
*ਚੰਦ ਮੁਮਾਰਖ ਈਦ ਪੁਗ ਖਲੋਵਣਾ।*

*ਭਾਈ ਗੁਰਦਾਸ ਜੀ, ਵਾਰ ੩/੧੮*

ਮਹਾਰਾਜ ਕਹਿੰਦੇ, ਤੁਸੀਂ ਤਾਂ ਐਉਂ ਗੱਲ ਕਰਦੇ ਹੋ ਜਿਵੇਂ ਤੁਸੀਂ ਗੁਰੂ ਹੁੰਦੇ ਹੋ, ਮੈਂ ਸਿੱਖ ਹੁੰਦਾ ਹਾਂ। ਤੁਸੀਂ ਮੈਨੂੰ ਸੀਸ ਅਰਪਣ ਕੀਤਾ ਹੋਇਆ ਹੈ, ਸਭ ਕੁਛ ਅਰਪਣ ਕੀਤਾ ਹੋਇਆ ਹੈ, ਗੁਰੂ ਦੀ ਰਜ਼ਾ ਵਿੱਚ ਰਹੀਦਾ ਹੁੰਦਾ ਹੈ ਕਿ ਗੁਰੂ ਨੂੰ ਮੱਤਾਂ ਦੇਈਦੀਆਂ ਨੇ? ਮਹਾਰਾਜ ਨੇ ਰਮਜ਼ ਦੇ ਦਿੱਤੀ ਲੇਕਿਨ ਭੁੱਖ ਦਾ ਦੁਖ ਐਨਾ ਸੀ ਕਿਉਂਕਿ ਉਹ ਸਮਝਦੇ ਸੀ ਜੇ ਕਿਲ੍ਹਾ ਛੱਡ ਦੇਈਏ ਤਾਂ ਬਚ ਰਹਾਂਗੇ। ਮਹਾਰਾਜ ਕਹਿੰਦੇ, ਸਾਰੇ ਪੰਜਾਬ ਵਿੱਚ ਪਿਆਰਿਓ, ਫੌਜਾਂ ਹੀ ਫੌਜਾਂ ਲੱਗੀਆ ਹੋਈਆਂ ਨੇ, ਘਰ ਤੱਕ ਨਹੀਂ ਕਿਸੇ ਨੇ ਪਹੁੰਚਣ ਦੇਣਾ। ਬੁਰੀ ਤਰ੍ਹਾਂ ਮਾਰੇ ਜਾਓਗੇ। ਇਹਦੇ ਨਾਲੋਂ ਸਨਮੁੱਖ ਰਹਿ ਕੇ ਸ਼ਹੀਦੀਆਂ ਪ੍ਰਾਪਤ ਕਰ ਲਓ, ਦਰਗਾਹ ਵਿੱਚ ਥਾਂ ਮਿਲੇਗਾ। ਪਿੱਠ ਦੇ ਕੇ ਜਾਓਗੇ, ਨਰਕਾਂ ਨੂੰ ਜਾਓਗੇ। ਅਖੀਰ ਬਹੁਤ ਸਾਰੀਆਂ ਸਲਾਹਾਂ ਹੋਈਆਂ। ਮਹਾਰਾਜ ਕਹਿੰਦੇ, ਚੰਗਾ! ਫੈਸਲਾ ਕਰ ਲੈਂਦੇ ਹਾਂ, ਆਹ ਫੜੋ ਕਾਗਜ਼ ਇਹਦੇ ਉਤੇ ਲਿਖ ਦਿਓ ਕਿ ਤੂੰ ਸਾਡਾ ਗੁਰੂ ਨਹੀਂ, ਅਸੀਂ ਤੇਰੇ ਸਿੱਖ ਨਹੀਂ। ਇਬਾਰਤ ਲਿਖ ਦਿੱਤੀ ਗਈ ਉੱਤੇ ਕਿ ਤੁਸੀਂ ਸਾਡੇ ਗੁਰੂ ਨਹੀਂ, ਅਸੀਂ ਤੁਹਾਡੇ ਸਿੱਖ ਨਹੀਂ। ਦਸਤਖਤ ਹੋਣੇ ਸ਼ੁਰੂ ਹੋ ਗਏ, ਇਕ ਦੂਜੇ ਨੂੰ ਕਹਿੰਦੇ ਨੇ ਕਿ ਤੂੰ ਵੀ ਕਰ ਦੇ, ਤੂੰ ਵੀ ਕਰ ਦੇ। ਹੁਣ ਇਹਦੇ ਵਿੱਚ ਦੋ ਗੱਲਾਂ ਨੇ, ਇੱਕ ਤਾਂ ਐਹੋ ਜਿਹੇ ਕਮਜ਼ੋਰ ਬੰਦੇ ਵੀ ਹੋਣੇ ਨੇ, ਜਿਹੜੇ ਮੌਤ ਨੂੰ ਸਾਮ੍ਹਣੇ ਦੇਖ ਕੇ ਚਾਹੁੰਦੇ ਸੀ ਕਿ ਕੋਈ ਤਰੀਕਾ ਕਰ ਲਈਏ ਕਿ ਕਿਵੇਂ ਬਚ ਜਾਈਏ। ਬਚ ਕੇ ਫੇਰ ਸਰੀਰ ਕਿਸੇ ਚੰਗੇ ਮੌਕੇ ਦੇ ਉੱਤੇ ਲੇਖੇ ਦੇ ਵਿੱਚ ਲਾ ਦੇਈਏ।

ਇਹ ਇੱਕ ਚਾਲ ਹੋਇਆ ਕਰਦੀ ਹੈ, ਜਵਾਹਰ ਲਾਲ ਨਹਿਰੂ ਨੇ 'ਮੇਰੀ ਯਾਦ' ਇੱਕ ਪੁਸਤਕ ਲਿਖੀ ਹੈ, ਉਹ ਉਨ੍ਹਾਂ ਦਿਨਾਂ ਦਾ ਜ਼ਿਕਰ ਕਰਦਾ ਹੈ ਜਦ ਮੋਰਚੇ ਲੱਗੇ ਹੋਏ ਸੀ ਜੈਤੋ ਦੇ, ਕਹਿੰਦਾ ਮੈਨੂੰ ਗਾਂਧੀ ਨੇ ਭੇਜਿਆ,

ਅਸੀਂ ਤਿੰਨ ਜਣੇ ਸੀ ਕਿ ਜਾ ਕੇ ਅੱਖਾਂ ਨਾਲ ਦੇਖ ਕੇ ਆਓ ਕਿ ਕਿੰਨਾ ਕੁ ਤਸ਼ੱਦਦ ਹੋ ਰਿਹਾ ਹੈ ਗੁਰਸਿੱਖਾਂ 'ਤੇ, ਬਹੁਤਾ ਹੀ ਹੁੰਦਾ ਸੀ। ਹੱਦ ਤੋਂ ਜ਼ਿਆਦਾ ਤਸੀਹੇ ਦਿੰਦੇ ਸੀ। ਕਹਿੰਦੇ ਅਸੀਂ ਵੀ ਚਲੇ ਗਏ, ਸਾਨੂੰ ਫੜ ਕੇ ਨਾਭੇ ਦੀ ਜੇਲ੍ਹ ਵਿੱਚ ਕੈਦ ਕਰ ਦਿੱਤਾ। ਜਿਹੜੇ ਸਾਡੇ ਨਾਲ ਸੀ ਉਨ੍ਹਾਂ ਨੂੰ ਭਾਦਸੋਂ ਕੋਲ ਜਿਹੜਾ ਜੰਗਲ ਸੀ, ਉਥੇ ਬਹੁਤ ਬੁਰਾ ਹਾਲ ਹੋਇਆ ਕਰਦਾ ਸੀ, ਉਥੇ ਬੰਦ ਕਰ ਦਿੰਦੇ ਸੀ, ਤਾਰਾਂ ਲੱਗੀਆਂ ਹੋਈਆਂ ਸੀ। ਬਹੁਤ ਬੁਰਾ ਹਾਲ ਸਾਡੇ ਸਾਮ੍ਹਣੇ ਕਰਨਾ। ਅਸੀਂ ਜਿੱਥੇ ਰਹਿੰਦੇ ਸੀ ਤਿੰਨੋ ਜਣੇ, ਮੈਂ ਸੀ, ਇੱਕ ਪਟੇਲ ਸੀ, ਇਕ ਬੰਗਾਲ ਦਾ ਸੀ। ਅਸੀਂ ਰਾਤ ਨੂੰ ਸੌਂ ਨਾ ਸਕੇ, ਚੂਹੇ ਸਾਡੇ ਉੱਤੇ ਛਾਲਾਂ ਮਾਰੀ ਜਾਣ। ਪਿੱਸੂ ਸਾਰੇ ਹੀ ਸਾਡੇ ਵਲ ਨੂੰ ਤੁਰੇ ਆਉਣ। ਅਸੀਂ ਸਲਾਹ ਕਰੀ ਕਿ ਜੇ ਅਸੀਂ ਦੋ ਦਿਨ ਹੋਰ ਰਹਿ ਗਏ ਆਪਾਂ ਤਾਂ ਮਰ ਜਾਵਾਂਗੇ। ਮੱਛਰ ਧੜਾ-ਧੜ ਲੜਨ। ਸਲਾਹ ਕਰੀ ਕਿ ਕੋਈ ਤਰੀਕਾ ਸੋਚੋ ਕਿ ਆਪਾਂ ਨਿਕਲੀਏ ਇੱਥੋਂ। ਕਹਿੰਦਾ, ਮੈਂ ਆਪਣੇ ਪਿਤਾ ਨੂੰ ਸੁਨੇਹਾ ਭੇਜਿਆ ਮੋਤੀ ਲਾਲ ਨੂੰ ਕਿ ਸਾਨੂੰ ਕਿਵੇਂ ਵੀ ਕੱਢ ਇੱਥੋਂ, ਇੱਥੇ ਨਹੀਂ ਅਸੀਂ ਰਹਿ ਸਕਦੇ, ਮਰ ਜਾਵਾਂਗੇ। ਦੂਜੇ ਦਿਨ ਉਥੋਂ ਫੋਨ ਆ ਗਿਆ, ਮਹਾਰਾਜੇ ਨਾਭੇ ਵਾਲੇ ਨੇ ਫੇਰ ਸਾਨੂੰ ਛੱਡ ਦਿੱਤਾ। ਉਥੇ ਦੋ ਲਾਈਨਾਂ ਲਿਖੀਆਂ ਹੋਈਆਂ ਨੇ ਕਿ 'ਤੁਸੀਂ ਲੋਕ ਕਹੋਂਗੇ ਕਿ ਇਹ ਬੁੱਝਦਿਲ ਸੀ, ਮਾਫੀ ਮੰਗ ਲਈ ਇਹਨੇ। ਕਿਉਂਕਿ ਫਾਰਮ ਉਨ੍ਹਾਂ ਦਿਨਾਂ 'ਚ ਦਿੰਦੇ ਸੀ ਕਿ ਚਾਹੇ ਮਾਫੀ ਮੰਗ ਲਓ, ਚਾਹੇ ਦੁੱਖ ਤਕਲੀਫਾਂ ਸਹਿਣ ਨੂੰ ਤਿਆਰ ਰਹੋ। ਸਿੰਘ ਮਾਫੀ ਨਹੀਂ ਸੀ ਮੰਗਦੇ, ਬਹੁਤ ਬੁਰਾ ਮੰਨਦੇ ਸੀ, ਜਦ ਮੈਂ ਛੋਟਾ ਜਿਹਾ ਹੁੰਦਾ ਸੀ। ਜੇ ਕਿਸੇ ਇੱਕ ਅੱਧੇ ਨੇ ਮੰਗ ਲਈ, ਪਿੰਡਾਂ 'ਚ ਉਹਦੇ ਨਾਲ ਬੋਲਦੇ ਹੀ ਨਹੀਂ ਸੀ ਹੁੰਦੇ ਕਿ ਮਾਫੀ ਮੰਗ ਕੇ ਆਇਆ ਹੈ।

ਇਹ ਲਿਖਦਾ ਹੈ ਕਿ ਜੇ ਮੈਂ ਮਾਫੀ ਨਾ ਮੰਗਦਾ, ਮੇਰੇ ਨਾਲ ਦਾ ਤਾਂ ਇੱਕ ਬੰਗਾਲ ਜਾ ਕੇ ਮਰ ਗਿਆ, ਉਹਨੂੰ ਐਨਾ ਬੁਖਾਰ ਚੜ੍ਹਿਆ ਕਿ ਛੇ ਮਹੀਨੇ ਉਤਰਿਆ ਹੀ ਨਹੀਂ। ਮੈਂ ਤੇ ਭੋਲਾ ਬਾਈ ਬਚ ਗਏ, ਜੇ ਅਸੀਂ ਮਾਫੀ ਨਾ ਮੰਗਦੇ, ਤੁਸੀਂ ਤਾਂ ਕਹੋਂਗੇ ਕਿ ਇਹ ਬੁਝਦਿਲ ਸੀ, ਅਸੀਂ ਬੁਝਦਿਲ ਨਹੀਂ ਸੀ ਅਸੀਂ ਚਾਲ ਚੱਲੀ ਸੀ ਕਿ ਮਾਫੀ ਮੰਗ ਲਓ, ਮਾਫੀ ਮੰਗਣ ਨਾਲ ਕੀ ਹੈ ਕਾਗਜ਼ 'ਤੇ ਦਸਤਖਤ ਹੀ ਕਰਨੇ ਨੇ। ਅਸੀਂ ਹਟਨਾ ਥੋੜ੍ਹੇ ਹੈ, ਜਦ ਮੌਕਾ ਦੇਖਾਂਗੇ ਫੇਰ ਚੱਲ ਪਵਾਂਗੇ। ਇਕ ਤਾਂ ਇਹ ਖਿਆਲ ਸੀਗਾ ਕਿ ਇੱਥੋਂ ਨਿਕਲੀਏ ਕਿਸੇ ਤਰੀਕੇ ਨਾਲ। ਦੂਸਰਾ ਸੀ ਜਾਨ ਵੀ ਪਿਆਰੀ ਹੋਣੀ ਹੈ। ਪਰ ਉਹ ਜਿਹੜੇ ਦਸਤਖਤ ਕਰੇ ਉਹ ਬਹੁਤ ਬੁਰੀ ਬਾਤ ਕਰੀ। ਗੁਰੂ ਨੂੰ ਸਮਝਾਇਆਂ ਨਹੀਂ ਜਾ ਸਕਦਾ। ਗੁਰੂ ਸਮਰੱਥ ਹੋਇਆ ਕਰਦਾ ਹੈ। ਗੁਰੂ ਨੂੰ ਇਸ ਤਰ੍ਹਾਂ ਸਮਝਣਾ ਮਨੁੱਖ ਵਾਂਗੂੰ, ਇਹ ਬੜੀ ਭਾਰੀ ਕਮਜ਼ੋਰੀ ਹੈ। ਫੇਰ ਵੀ ਕਾਫੀ ਬੰਦੇ ਚਲੇ ਜਾਂਦੇ ਨੇ। ਉਸ ਤੋਂ ਬਾਅਦ ਮਹਾਰਾਜ ਨੇ ਦਿਖਾਇਆ, ਗੱਡੇ ਭਰ ਕੇ ਤੋਰ ਦਿੱਤੇ, ਉੱਤੇ ਕੀਮਤੀ ਵਸਤਰ ਰੱਖ ਦਿੱਤੇ, ਵਿੱਚ ਕੀ ਰੱਖਿਆ, ਬੋਰੀਆਂ ਭਰ ਕੇ ਰੱਖ ਦਿੱਤੀਆਂ ਟੁੱਟੀਆਂ ਹੋਈਆਂ ਜੁੱਤੀਆਂ ਦੀਆਂ, ਮਾੜੇ ਸਮਾਨ ਦੀਆਂ। ਉਹ ਪੈ ਗਏ ਆ ਕੇ, ਦੂਜੇ ਦਿਨ ਜਦ ਕੁਛ ਲੱਭਿਆ ਹੀ ਨਾ, ਕਹਿੰਦੇ ਜੀ ਅਸੀਂ ਤਾਂ ਇਨ੍ਹਾਂ ਨੂੰ ਬੜੀ ਭਾਰੀ ਸਜ਼ਾ ਦੇ ਦਿੱਤੀ, ਇਨ੍ਹਾਂ ਨੇ ਐਵੇਂ ਆ ਕੇ ਕਸਮ ਤੋੜ ਦਿੱਤੀ। ਅਸੀਂ ਕਸਮ ਦੇ ਉੱਤੇ ਪੂਰੀ ਤਰ੍ਹਾਂ ਕਾਇਮ ਹਾਂ, ਮਹਾਰਾਜ ਕਹਿੰਦੇ, ਪਿਆਰਿਓ! ਇਹ ਵੀ ਛਲ ਹੈ, ਧੋਖਾ ਹੈ, ਕਦੇ ਵੀ ਰਾਜੇ ਦੀ ਕਸਮ ਦੇ ਉੱਤੇ ਇਤਬਾਰ ਨਹੀਂ ਕਰੀਦਾ ਹੁੰਦਾ, ਚਾਹੇ ਰਾਜਾ ਆਪਣਾ ਹੈ, ਚਾਹੇ ਬੇਗਾਨਾ ਹੈ। ਰਾਜਾ ਹਿਤ ਦਾ ਪਿਆਰਾ ਹੁੰਦਾ ਹੈ, ਕਸਮ ਦਾ ਪਿਆਰਾ ਨਹੀਂ ਹੁੰਦਾ। ਮਹਾਰਾਜਾ ਰਣਜੀਤ ਸਿੰਘ ਨਾਲ ਅੰਗਰੇਜ਼ ਨੇ ਕਿੱਡਾ ਵੱਡਾ ਸਮਝੌਤਾ ਕਰਿਆ, ਰੋਪੜ; ਪਰ ਜਦ ਮਹਾਰਾਜਾ ਰਣਜੀਤ ਸਿੰਘ ਦੀ ਤਾਕਤ ਕਮਜ਼ੋਰ ਹੋਣ ਲੱਗੀ, ਉਸੇ ਵੇਲੇ ਰੌਲਾ ਪਾ ਦਿੱਤਾ। ਉਸੇ ਵੇਲੇ ਸ਼ੈਤਾਨੀਆਂ ਸ਼ੁਰੂ ਕਰ ਦਿੱਤੀਆਂ, ਵਿੱਚੋਂ ਸਰਦਾਰਾਂ ਨੂੰ ਪਾੜਨਾ ਸ਼ੁਰੂ ਕਰ ਦਿੱਤਾ। ਪਾਰਟੀਬਾਜ਼ੀਆਂ ਬਣਾਉਣ ਲਗ ਗਿਆ। ਪਤਾ ਸੀਗਾ ਕਿ ਹੁਣ ਅਸੀਂ ਪੰਜਾਬ ਲੈ ਲਵਾਂਗੇ, ਕਸਮ ਕਿਹੜੀ? ਰਾਜੇ ਨੂੰ ਹਿਤ ਪਿਆਰਾ ਹੋਇਆ ਕਰਦਾ ਹੈ, ਕਸਮ ਨਹੀਂ।

ਜਦ ਪੌਂਡ ਦੀ ਕੀਮਤ ਗਿਰਨ ਲੱਗੀ, ਇੰਗਲੈਂਡ ਦੀ ਜਿਹੜੀ ਪ੍ਰਧਾਨ ਮੰਤਰੀ ਸੀ ਮਿਸਿਜ਼ ਥੈਚਰ, ਇਹਦਾ ਮਿੱਤਰ ਸੀ, ਜਦ ਇਹਦਾ ਬਹੁਤ ਪਿਆਰ ਸੀ ਅਮਰੀਕਾ ਨਾਲ; ਉਥੇ ਰੀਗਨ ਦੇ ਪਾਸ ਚਲੀ ਗਈ, ਉਹ ਪ੍ਰੈਜ਼ੀਡੈਂਟ ਸੀ, ਕਹਿਣ ਲੱਗੀ ਮਿਸਟਰ ਰੀਗਨ! ਇਸ ਵੇਲੇ ਸਾਨੂੰ ਬਚਾ ਦੇ, ਸਾਡਾ ਬੁਰਾ ਹਾਲ ਹੋ ਜਾਏਗਾ ਜੇ ਪੌਂਡ ਦੀ ਕੀਮਤ ਗਿਰ ਗਈ। ਜਵਾਬ ਦੇ ਦਿੱਤਾ ਉਹਨੇ। ਪਾਰਲੀਮੈਂਟ ਦੇ ਵਿੱਚ ਸਵਾਲ ਹੋਇਆ ਕਿ ਉਹ ਮਿੱਤਰ ਹੈ ਸਾਡਾ ਬਰਤਾਨੀਆਂ, ਸਾਨੂੰ ਮੌਕੇ ਦੇ ਉੱਤੇ ਉਹਦੀ ਮਦਦ ਕਰਨੀ ਚਾਹੀਦੀ ਹੈ, ਰੀਗਨ ਨੇ ਕਿਹਾ ਕਿ ਦੇਖੋ, ਮਿਤਰਤਾ personal (ਨਿੱਜੀ) ਹੋਇਆ ਕਰਦੀ ਹੈ। ਰਾਜ ਦਾ ਕੋਈ ਮਿਤਰ ਨਹੀਂ ਹੋਇਆ ਕਰਦਾ। ਰਾਜ ਦਾ ਮਿੱਤਰ ਹਿਤ ਹੁੰਦਾ ਹੈ। ਜੇ ਇਨ੍ਹਾਂ ਦਾ ਪੌਂਡ ਗਿਰ ਜਾਏਗਾ ਤਾਂ ਸਾਡਾ ਡਾਲਰ ਵਧੇਗਾ, ਸਾਡੀ ਤਜਾਰਤ ਚੱਲੇਗੀ, ਅਸੀਂ ਕਿਉਂ ਉਹਦੀ ਮਦਦ ਕਰੀਏ।

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ ਪਿਆਰਿਓ! ਬਿਲਕੁਲ ਸਿੱਧੇ ਨਹੀਂ ਕਦੇ ਵੀ ਬਣੀਦਾ ਹੁੰਦਾ, ਰਾਜੇ ਦਾ ਇਤਬਾਰ ਨਹੀਂ ਹੁੰਦਾ। ਬਾਰ-ਬਾਰ ਜਦ ਕਿਹਾ ਤਾਂ ਮਹਾਰਾਜ ਕਹਿੰਦੇ ਜੇ ਤਾਂ ਸੱਤ ਦਿਨ ਹੋਰ ਠਹਿਰ ਸਕਦੇ ਹੋ, ਤਾਂ ਤੁਹਾਡੇ ਸਾਰੇ ਸੰਕਟ ਦੂਰ ਹੋ

ਜਾਣਗੇ। ਹੁਣ ਦੇ ਖੁੰਝੇ ਹੋਏ ਤੁਹਾਨੂੰ ਸੈਂਕੜੇ ਸਾਲ ਲੱਗਣਗੇ, ਪੈਰਾਂ 'ਤੇ ਖੜ੍ਹੇ ਹੋਣ ਨੂੰ। ਕਾਹਲੇ ਪੈ ਗਏ। ਥੋੜ੍ਹੇ ਜਿਹੇ ਸਿੰਘ ਨਿਕਲੇ। ਉਸ ਵੇਲੇ ਮਾਤਾ ਜੀ ਨੇ ਕਿਹਾ ਕਿ ਅਸੀਂ ਤਾਂ ਸਾਹਿਬਜ਼ਾਦੇ ਲੈ ਕੇ ਨਿਕਲ ਜਾਣਾ ਹੈ। ਇਤਿਹਾਸ 'ਚ ਲਿਖਿਆ ਹੋਇਆ ਹੈ, ਪਰ ਮੇਰਾ ਮਨ ਨਹੀਂ ਮੰਨਦਾ ਕਿ ਮਾਤਾ ਜੀ ਐਸੀ ਗੱਲ ਕਹਿ ਦੇਣ। ਗੁਰੂ ਮਹਾਰਾਜ ਸਾਰਿਆਂ ਦੇ ਨਾ ਮੰਨਣ ਤੋਂ, ਅੱਧੀ ਰਾਤ ਕਿਲ੍ਹੇ 'ਚੋ ਨਿਕਲ ਗਏ, ਤੇ ਕਿਹਾ ਕਿ ਠੀਕ ਹੈ ਭਾਈ ਪ੍ਰੇਮੀਓ! ਫੇਰ ਅਸੀਂ ਜ਼ਿੰਮੇਵਾਰ ਨਹੀਂ ਹਾਂ ਜਿਹੜੀਆਂ ਤਕਲੀਫਾਂ ਹੁਣ ਤੁਹਾਨੂੰ ਆਉਣੀਆਂ ਨੇ, ਆਪੇ ਹੀ ਕਹੋਂਗੇ ਕਿ ਇਹਦੇ ਨਾਲੋਂ ਚੰਗਾ ਜੇ ਅਨੰਦਪੁਰ ਹੀ ਰਹਿੰਦੇ ਤਾਂ ਚੰਗਾ ਸੀ। ਅਨੰਦਪੁਰ ਸਾਹਿਬ ਦਾ ਕਿਲ੍ਹਾ ਅੱਧੀ ਰਾਤ ਨੂੰ ਛੱਡ ਦਿੱਤਾ ਜਾਂਦਾ ਹੈ। ਜਦ ਨਿਕਲ ਕੇ ਥੋੜ੍ਹਾ ਬਾਹਰ ਆਏ। ਨਿਰਮੋਹ ਗੜ੍ਹੀ ਦੇ ਕੋਲ ਪਹੁੰਚਦੇ ਨੇ, ਉਹ ਪਹਿਲਾਂ ਹੀ ਤਿਆਰ ਸੀ ਉਨ੍ਹਾਂ ਨੇ ਚਾਰੋਂ ਪਾਸਿਆਂ ਤੋਂ ਘੇਰਨਾ ਸ਼ੁਰੂ ਕਰ ਦਿੱਤਾ। ਉਸ ਵੇਲੇ ਗੁਰੂ ਮਹਾਰਾਜ ਤਾਂ ਅੱਗੇ ਲੰਘ ਜਾਂਦੇ ਨੇ। ਸੋਨਾ ਜਿੰਨਾਂ ਸੀ ਸਾਰੇ ਦਾ ਸਾਰਾ ਦਰਿਆ ਵਿੱਚ ਸੁਟਾ ਦਿਤਾ, ਕਪੜਿਆਂ ਨੂੰ ਅੱਗ ਲਵਾ ਦਿੱਤੀ, ਸਮਾਨ ਜਿਹੜੇ ਸਸ਼ਤਰਬੱਧ ਸੀ ਉਹ ਧਰਤੀ ਵਿੱਚ ਦੱਬ ਦਿੱਤੇ ਤੇ ਲੈ ਕੇ ਕੀ ਚੱਲੇ ਨਾਲ। 102 ਲਿਖਾਰੀ ਸੀ ਗੁਰੂ ਮਹਾਰਾਜ ਕੋਲ, 52 ਕਵੀ ਸੀ, 50 ਨਸ਼ਰ ਲਿਖਣ ਵਾਲੇ ਸੀ, ਜੋ ਭਾਰਤ ਵਰਸ਼ ਦੀਆਂ ਪੁਰਾਣੀਆਂ ਲਾਇਬ੍ਰੇਰੀਆਂ ਸੀ, ਉਨ੍ਹਾਂ ਸਾਰਿਆਂ ਦਾ ਅਨੁਵਾਦ ਗੁਰੂ ਮਹਾਰਾਜ ਨੇ ਕਰਾ ਕੇ, ਇੱਕ ਗ੍ਰੰਥ ਗੁਰੂ ਮਹਾਰਾਜ ਨੇ ਨੌਂ ਮਣ ਦਾ ਬਣਾਇਆ, ਵਿਦਿਆਧਰ ਗ੍ਰੰਥ ਉਹਦਾ ਨਾਉਂ ਸੀ। ਕਹਿੰਦੇ, ਗ੍ਰੰਥ ਲੈ ਚੱਲੀਏ, ਲੇਕਿਨ ਉਹ ਸਾਰਾ ਦਾ ਸਾਰਾ ਸਮਾਨ ਸਰਸੇ ਦੇ ਕੰਢੇ 'ਤੇ ਰਹਿ ਗਏ। ਸਰਸੇ ਦੇ ਕੰਢੇ 'ਤੇ ਬੜਾ ਹੀ ਘਮਸਾਨ ਦਾ ਯੁੱਧ ਹੋਇਆ। ਸਾਹਿਬਜ਼ਾਦਾ ਅਜੀਤ ਸਿੰਘ ਯੁੱਧ ਕਰਦਾ ਮਹਾਰਾਜ ਜੀ ਨੇ ਵਾਪਸ ਬੁਲਾਇਆ, ਉਸ ਵੇਲੇ ਇੱਕ ਬਚਨ ਹੋਇਆ, ਜਿਹਦੀ ਅਸੀਂ ਅਸਲੀਅਤ ਨਾ ਸਮਝ ਕੇ ਅਸੀਂ ਹੁਣ ਤੱਕ ਔਖੇ ਹੋ ਰਹੇ ਹਾਂ, ਉਹ ਇਹ ਹੋਇਆ ਕਿ ਜੇ ਰਾਜਾ ਸੈਂਕੜੇ, ਲੱਖਾਂ ਕਸਮਾਂ ਖਾ ਲਵੇ, ਸਾਧਸੰਗਤ ਜੀ! ਕਦੇ ਇਤਬਾਰ ਨਾ ਕਰਿਓ ਰਾਜੇ ਦਾ। ਕਿਉਂਕਿ ਰਾਜਾ ਉਸ ਵੇਲੇ ਮੁਸਲਮਾਨ ਸੀ, ਅਸੀਂ ਇੱਕ ਦਮ ਹੀ ਸੁਖਾਲਾ ਜਿਹਾ ਲਾ ਲਿਆ ਕਿ ਮੁਸਲਮਾਨ ਦਾ ਇਤਬਾਰ ਨਾ ਕਰੋ। ਉਹ ਹੁਣ ਤੱਕ ਸਾਡੇ ਗੱਲ ਚੱਲੀ ਆਉਂਦੀ ਹੈ, ਇਸ ਗੱਲ ਨੂੰ ਚੁੱਕ ਦਿੱਤਾ ਗਿਆ। ਅੰਗਰੇਜ਼ ਨੇ ਵੀ ਚੁੱਕਿਆ, ਦੂਜਿਆਂ ਨੇ ਵੀ ਚੁੱਕਿਆ, ਕਿ ਇਹ ਸਿੰਘ ਕਿਤੇ ਮੁਸਲਮਾਨ ਦੇ ਨੇੜੇ ਨਾ ਆ ਜਾਣ, ਰੂਹਾਨੀ ਤੌਰ 'ਤੇ ਤਾਂ ਕੁਰਾਨ ਸ਼ਰੀਫ ਉਹ ਬਹੁਤ ਨੇੜੇ ਹੈ ਸਾਡੇ। ਉਪਨਿਸ਼ਦਾਂ ਨੇੜੇ ਨੇ, ਗੀਤਾ ਨੇੜੇ ਹੈ, ਕੁਰਾਨ ਸ਼ਰੀਫ ਨੇੜੇ ਹੈ। ਲੇਕਿਨ ਇੱਕ ਖਿਆਲ ਪੈਦਾ ਕਰ ਦਿੱਤਾ ਕਿ ਮੁਸਲਮਾਨ ਮਾੜਾ ਹੈ। ਹੁਣ ਜਦ ਅਸੀਂ ਵਿਚਾਰ ਕਰਦੇ ਹਾਂ, ਗੁਰੂ ਮਹਾਰਾਜ ਸਰਸੇ ਦੇ ਕੰਢੇ ਬੜਾ ਭਿਆਨਕ ਯੁੱਧ ਕਰਨ ਤੋਂ ਬਾਅਦ ਨਿਕਲਦੇ ਨੇ, ਰੋਪੜ ਆਉਂਦੇ ਨੇ। ਰੋਪੜ ਦੇ ਪਠਾਣ ਰਾਹ ਰੋਕੀ ਖੜ੍ਹੇ ਨੇ, ਉਸ ਵੇਲੇ ਮਹਾਰਾਜ ਕਿੱਥੇ ਜਾਂਦੇ ਨੇ? ਉਹ ਨਿਹੰਗ ਖਾਂ ਕੋਟਲੇ ਦੇ ਕਿਲ੍ਹੇ 'ਚ ਜਾਂਦੇ ਨੇ। ਹੁਣ ਜੇ ਮੁਸਲਮਾਨ ਦਾ ਇਤਬਾਰ ਨਹੀਂ ਸੀ ਕਰਨਾ ਤਾਂ ਮਹਾਰਾਜ ਉਹਦੇ ਕਿਲ੍ਹੇ 'ਚ ਕਿਉਂ ਗਏ? ਉਥੇ ਬਚਿੱਤਰ ਸਿੰਘ ਕਿਉਂਕਿ ਬਹੁਤ ਜ਼ਖਮੀ ਸੀ, ਕਹਿਣ ਲੱਗੇ ਕਿ ਖਾਨ ਸਾਹਿਬ! ਇਲਾਜ ਕਰਨਾ, ਜੇ ਇਲਾਜ ਨਾ ਹੋ ਸਕਿਆ ਤਾਂ ਇਨ੍ਹਾਂ ਦਾ ਸਸਕਾਰ ਕਰ ਦੇਣਾ। ਫੌਜ ਨੂੰ ਪਤਾ ਲੱਗਿਆ, ਜਦ ਪਾਰ ਲੰਘੇ ਕਿ ਇੱਥੇ ਆਏ ਸੀ, ਉਹ ਕਿਲ੍ਹੇ ਵਿੱਚ ਚਲੇ ਗਏ, ਤਲਾਸ਼ੀ ਹੋਣ ਲਗ ਗਈ, ਇੱਕ ਕਮਰੇ ਦੇ ਅੱਗੇ ਉਹ ਖਾਨ ਸ਼ਸਤਰ ਨੰਗੇ ਕਰਕੇ ਖੜ੍ਹ ਗਿਆ। ਕਹਿੰਦੇ, ਹੋਰ ਸਾਰੇ ਕਿਲ੍ਹੇ ਦੀ ਤਲਾਸ਼ੀ ਲੈ ਲਓ ਆਹ ਕਮਰੇ ਦੀ ਨਹੀਂ ਮੈਂ ਤਲਾਸ਼ੀ ਲੈਣ ਦੇਣੀ। ਗੁਰੂ ਗੋਬਿੰਦ ਸਿੰਘ ਲੁੱਕਣ ਵਾਲੇ ਨੇ ਕਿਤੇ, ਇੱਥੇ ਹੈ ਹੀ ਨਹੀਂ। ਜਦ ਉਹਦੀ ਤਲਾਸ਼ੀ ਲੈਣ ਲੱਗੇ ਕਹਿੰਦਾ ਮੈਂ ਕੱਟ ਕੇ ਮਾਰ ਦਊਂ। ਕਹਿੰਦੇ, ਕਿਉਂ? ਕਹਿੰਦਾ ਇੱਥੇ ਮੇਰਾ ਦਾਮਾਦ ਤੇ ਲੜਕੀ ਨੇ। ਉਹ ਚਲੇ ਗਏ, ਉਸ ਤੋਂ ਬਾਅਦ ਲੜਕੀ ਨੇ ਕਿਹਾ ਕਿ ਅੱਬਾ ਜਾਨ! ਤੇਰੇ ਮੂੰਹ ਤੋਂ ਨਿਕਲ ਗਿਆ ਕਿ ਮੇਰਾ ਦਾਮਾਦ ਹੈ, ਹੁਣ ਮੈਂ ਸ਼ਾਦੀ ਨਹੀਂ ਕਰਾਉਣੀ ਸਾਰੀ ਜ਼ਿੰਦਗੀ, ਤੇਰੇ ਮੁੱਖ ਤੋਂ ਇੱਕ ਵਾਰੀ ਨਿਕਲਿਆ ਹੋਇਆ ਮੈਂ ਫੁੱਲ ਚੜ੍ਹਾਵਾਂਗੀ। 137 ਸਾਲ ਦੀ ਉਮਰ ਹੋਈ ਉਹਨੇ ਸ਼ਾਦੀ ਨਹੀਂ ਕਰਾਈ। ਭਾਈ ਬਚਿੱਤਰ ਸਿੰਘ ਅੰਦਰ ਸੀਗੇ, ਉਹ ਚੜ੍ਹਾਈ ਕਰ ਗਏ ਤੇ ਉਨ੍ਹਾਂ ਦਾ ਸਸਕਾਰ ਕਰ ਦਿੱਤਾ। ਉਸ ਵੇਲੇ ਗੁਰੂ ਮਹਾਰਾਜ ਜੀ ਕਿੱਥੇ ਜਾਂਦੇ ਨੇ, ਚਮਕੌਰ ਸਾਹਿਬ ਦੇ ਕੋਲ ਪੰਜ-ਚਾਰ ਮੀਲ 'ਤੇ ਇੱਕ ਸਿੱਖ ਬਹੁਤ ਕਾਹਲੀ-ਕਾਹਲੀ ਦਿੱਲੀ ਤੋਂ ਅਨੰਦਪੁਰ ਸਾਹਿਬ ਵਲ ਜਾ ਰਿਹਾ ਸੀ। ਉਹ ਮਿਲ ਗਿਆ, ਪੰਜ ਸਿੰਘ ਪਿੱਛੇ ਆ ਰਹੇ ਸੀ ਉਨ੍ਹਾਂ ਨੂੰ ਮਿਲ ਗਿਆ। ਉਹ ਕਹਿਣ ਲੱਗਿਆ, ਸਿੰਘੋ! ਗੁਰੂ ਮਹਾਰਾਜ ਕਿੱਥੇ ਨੇ? ਕਹਿਣ ਲੱਗੇ ਕਿ ਅਸੀਂ ਤਾਂ ਉਨ੍ਹਾਂ ਨੂੰ ਆਪ ਤਲਾਸ਼ ਕਰ ਰਹੇ ਹਾਂ। ਪਰ ਉਨ੍ਹਾਂ ਨੇ ਕਿਹਾ ਸੀ ਕਿ ਸਤਲੁਜ ਦੇ ਕੰਢੇ-ਕੰਢੇ ਹੀ ਅਸੀਂ ਤੁਰਾਂਗੇ। ਮਾਲਵੇ ਨੂੰ ਜਾਣਾ ਹੈ, ਕਹਿਣ ਲੱਗਿਆ ਦੇਖੋ, ਮੈਂ ਵੀ ਤਲਾਸ਼ ਕਰਦਾ ਹਾਂ। ਪਰ ਤੁਸੀਂ ਇੱਕ ਸੁਨੇਹਾ ਪਹੁੰਚਾ ਦਿਓ ਕਿ ਦਿੱਲੀ ਤੋਂ ਤਾਜ਼ਾਦਮ ਫੌਜ ਔਰੰਗਜ਼ੇਬ ਨੇ ਭੇਜੀ ਹੈ, ਤੋਪਾਂ ਲੈ ਕੇ ਆ ਜਾਓ ਤੇ ਜੇ ਗੁਰੂ ਮਹਾਰਾਜ ਨਾਲ ਤੁਹਾਡਾ ਮਿਲਾਪ ਹੋ ਗਿਆਂ ਤਾਂ ਦੱਸ ਦਿਓ ਕਿ ਤਾਜ਼ਾਦਮ ਫੌਜ ਹੈ, ਉਸ ਤੋਂ ਆਪਣਾ ਬਚਾਅ ਕਰ ਲੈਣ। ਗੁਰੂ ਮਹਾਰਾਜ ਨੂੰ ਇਹ ਸਿੰਘ ਜਾ ਕੇ ਮਿਲ ਜਾਂਦੇ ਨੇ। ਮਹਾਰਾਜ ਜੀ ਨੂੰ ਜਦ ਜਾ ਕੇ ਦੱਸਿਆ ਕਿ ਕਿਉਂ ਭਾਈ

ਦਇਆ ਸਿੰਘਾਂ! ਗੁਰੂ ਜਿਹੜਾ ਹੁੰਦਾ ਹੈ ਉਹ ਸਮਰੱਥ ਹੁੰਦਾ ਹੈ, ਉਸ ਦੇ ਕੋਲ ਜਿਹੋ ਜਿਹੀ ਕੋਈ ਭਾਵਨਾ ਲੈ ਕੇ ਆਉਂਦਾ ਹੈ ਉਹੋ ਜਿਹਾ ਫਲ ਉਹਨੂੰ ਦਿੰਦਾ ਹੈ। ਕਹਿਣ ਲੱਗੇ, ਦੇਖ ਦਿੱਲੀ ਤੋਂ ਇਹ ਫੌਜਾਂ ਤੁਰੀਆਂ ਆਉਂਦੀਆਂ ਨੇ, ਆਪਾਂ ਜੇ ਨਾ ਜਾਈਏ ਇਨ੍ਹਾਂ ਦੀ ਭਾਵਨਾ ਵਿਚ ਹੀ ਰਹਿ ਜਾਏਗੀ, ਆਪਾਂ ਇਨ੍ਹਾਂ ਨਾਲ ਯੁੱਧ ਕਰਕੇ ਫੇਰ ਹੀ ਕੋਈ ਪ੍ਰੋਗਰਾਮ ਅੱਗੇ ਦਾ ਬਣਾਵਾਂਗੇ।

ਸੋ ਇਹ ਜਿਹੜੀ ਲੀਲਾ ਹੈ ਰੱਬ ਦੇ ਪਿਆਰਿਆਂ ਦੀ ਉਹ ਸਮਝ ਵਿੱਚ ਨਹੀਂ ਆਉਂਦੀ, ਐਉਂ ਪੜ੍ਹ ਲਓ ਸਾਰੇ -

*ਧਾਰਨਾ - ਹਰਿ ਕੇ ਸੇਵਕ ਜੋ ਹਰਿ ਭਾਏ,*
*ਤਿਨ ਕੀ ਕਥਾ ਨਿਰਾਰੀ ਰੇ।*
*ਹਰਿ ਕੇ ਸੇਵਕ ਜੋ ਹਰਿ ਭਾਏ*
*ਤਿਨ੍ ਕੀ ਕਥਾ ਨਿਰਾਰੀ ਰੇ ॥*
*ਆਵਹਿ ਨ ਜਾਹਿ ਨ ਕਬਹੂ ਮਰਤੇ*
*ਪਾਰਬ੍ਰਹਮ ਸੰਗਾਰੀ ਰੇ ॥* *ਅੰਗ - ੮੫੫*

ਪ੍ਰਮੇਸ਼ਰ ਦੇ ਪਿਆਰਿਆਂ ਦੀ ਕਥਾਵਾਂ ਸੰਸਾਰ ਨਾਲੋਂ ਨਿਆਰੀਆਂ ਹੁੰਦੀਆਂ ਨੇ, ਮਹਾਰਾਜ ਕਹਿਣ ਲੱਗੇ, ਕਿਉਂ ਭਾਈ ਦਇਆ ਸਿੰਘ ਜੀ! ਭਾਈ ਧਰਮ ਸਿੰਘ ਜੀ! ਕੀ ਕੁਛ ਹੈ ਤੁਹਾਡਾ? ਕਹਿਣ ਲੱਗੇ, ਸੱਚੇ ਪਾਤਸ਼ਾਹ! ਅਸੀਂ ਤਾਂ ਅਲਪੱਗ ਜੀਵ ਹਾਂ, ਸਾਨੂੰ ਨਹੀਂ ਕੁਛ ਵੀ ਪਤਾ ਤੁਸੀਂ ਸਰਬ ਕਲਾ ਸਮਰੱਥ ਹੋ। ਆਪ ਅਕਾਲ ਪੁਰਖ ਦਾ ਰੂਪ ਹੋ। ਤੁਹਾਡੀ ਮੌਜ ਹੈ, ਤੁਹਾਡੀ ਖੇਡ ਹੈ, ਅਸੀਂ ਤੁਹਾਡੀ ਲੀਲਾ ਨੂੰ ਜਾਣ ਨਹੀਂ ਸਕਦੇ। ਐਉਂ ਪੜ੍ਹ ਲਓ–

*ਧਾਰਨਾ - ਮੈਂ ਕੀ ਜਾਣਾ ਓ, ਤੇਰੀ ਸਾਰ ਨੂੰ।*
*ਤੂੰ ਤਾਂ ਕਿਹੜਿਆਂ ਰੰਗਾਂ ਦੇ ਵਿਚ ਖੇਡਦੈਂ।*

ਕਹਿਣ ਲੱਗੇ, ਪਾਤਸ਼ਾਹ! ਤੁਸੀਂ ਗੁਰੂ ਹੋ ਤੇ ਅਸੀਂ ਤੁਹਾਡੇ ਸਿੱਖ ਹਾਂ। ਤਨ ਵੀ ਤੁਹਾਨੂੰ ਅਰਪਿਆ ਹੋਇਆ ਹੈ, ਮਨ ਵੀ ਤੁਹਾਨੂੰ ਅਰਪਿਆ ਹੋਇਆ ਹੈ, ਬੁੱਧੀ ਵੀ ਤੁਹਾਨੂੰ ਅਰਪੀ ਹੋਈ ਹੈ, ਚਿੱਤ ਵੀ ਤੁਹਾਨੂੰ ਅਰਪਿਆ ਹੋਇਆ ਹੈ, ਆਪਣਾ ਆਪਾ ਭਾਵ ਵੀ ਤੁਹਾਨੂੰ ਅਰਪਿਆ ਹੋਇਆ ਹੈ। ਅਸੀਂ ਤਾਂ ਤੁਹਾਡੇ ਹੁਕਮੀ ਬੰਦੇ ਹਾਂ, ਜਿਵੇਂ ਤੁਹਾਨੂੰ ਭਾਉਂਦੀ ਹੈ, ਜਿੱਥੇ ਤੁਸੀਂ ਸਾਨੂੰ ਲਾਉਣਾ ਚਾਹੁੰਦੇ ਹੋ। ਜੋ-ਜੋ ਤੁਸੀਂ ਕਹੋਗੇ, ਅਸੀਂ ਕਰਾਂਗੇ, ਅਸੀਂ ਕੀ ਸਲਾਹ ਦੇ ਸਕਦੇ ਹਾਂ। ਮਹਾਰਾਜ ਕਹਿੰਦੇ ਕਿ ਉਹ ਆਏ ਨੇ ਦਿੱਲੀ ਤੋਂ। ਕਹਿਣ ਲੱਗੇ, ਮਹਾਰਾਜ! ਆਪ ਸਮਰੱਥ ਹੋ। ਹੇ ਪ੍ਰਭੂ! ਇਹ ਤਾਂ ਤੁਹਾਡੀ ਖੇਲ੍ਹ ਹੈ ਜੇ ਤੁਹਾਡੇ ਮਨ ਵਿੱਚ ਇੱਕ ਫੁਰਨਾ ਆ ਜਾਵੇ ਤਾਂ ਆਹ ਸਾਰੀ ਫੌਜ ਹੁਣੇ ਹੀ ਸੌਂ ਜਾਏਗੀ। ਤੁਸੀਂ ਖੇਲ੍ਹ ਰਹੇ ਹੋ। ਇਹ ਕੋਈ ਯੁੱਧ ਨਹੀਂ ਕਰ ਰਹੇ ਇਹ ਸਾਨੂੰ ਕੋਈ ਸਬਕ ਦੇ ਰਹੇ ਹੋ ਤੁਸੀਂ। ਇਹਦੇ ਵਿੱਚ ਅਸੀਂ ਕੋਈ ਗੱਲ ਨਹੀਂ ਕਹਿ ਸਕਦੇ।

*ਹਮ ਅਲਪੱਗ ਕਹਾਂ ਗਤਿ ਜਾਨਉਂ,*
*ਭੂਤ ਭਵਿਖ ਉਰਿਧਾਰੋ।*

ਤੁਸੀਂ ਕੱਲ੍ਹ ਵਾਸਤੇ ਕਿਹੜੀ ਗੱਲ ਕਰ ਰਹੇ ਹੋ ਤੇ ਹੁਣ ਤੁਸੀਂ ਕਿਹੜੀ ਗੱਲ ਕਰ ਰਹੇ ਹੋ ਪਾਤਸ਼ਾਹ! ਅਸੀਂ ਨਹੀਂ ਕੁਛ ਵੀ ਕਹਿ ਸਕਦੇ, ਚਿੱਤ ਇੱਥੇ ਖੜ੍ਹਦਾ ਹੈ ਸਾਧਸੰਗਤ ਜੀ। ਸਿੱਖ ਗੁਰੂ ਦੇ ਵਿੱਚ ਪੂਰੀ ਤਰ੍ਹਾਂ ਲੀਨ ਹੋਇਆ ਹੁੰਦਾ ਹੈ ਉਹਦੀ ਮਰਜ਼ੀ ਦੇ ਅੰਦਰ। ਕਿਉਂਕਿ ਗੁਰੂ ਸਮਰੱਥ ਹੈ, ਵਾਹਿਗੁਰੂ ਦਾ ਤੇ ਗੁਰੂ ਦਾ ਕੋਈ ਫਰਕ ਨਹੀਂ ਹੁੰਦਾ।

*ਧਾਰਨਾ - ਗੁਰੂ ਗੋਬਿੰਦ ਗੋਬਿੰਦ ਗੁਰੂ ਹੈ,*
*ਨਾਨਕ ਭੇਦ ਨਾ ਭਾਈ।*
*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ ॥* *ਅੰਗ - ੪੪੨*

ਪਾਤਸ਼ਾਹ! ਅਸੀਂ ਤਾਂ ਅਲਪੱਗ ਜੀਵ ਹਾਂ। ਸਾਡੀ ਜੀਵ ਬੁੱਧੀ ਹੈ ਅਸੀਂ ਨਹੀਂ ਜਾਣਦੇ। ਪਰ ਤੁਸੀਂ ਤਾਂ ਭਾਣੇ ਦੇ ਮਾਲਕ ਹੋ। ਤੁਹਾਡੇ ਵਿੱਚ ਤੇ ਨਿਰੰਕਾਰ ਦੇ ਵਿੱਚ ਕੋਈ ਵੀ ਫਰਕ ਨਹੀਂ ਹੈ ਪਾਤਸ਼ਾਹ, ਅਸੀਂ ਕੀ ਸਲਾਹ ਦੇ ਸਕਦੇ ਹਾਂ? ਜਿਵੇਂ ਤੁਸੀਂ ਪੁਤਲੀਆਂ ਨੂੰ ਨਚਾ ਸਕਦੇ ਹੋ, ਨਚਾਵੋ। ਉਸ ਵੇਲੇ ਮਹਾਰਾਜ ਕਹਿਣ ਲੱਗੇ ਕਿ ਪਿਆਰਿਓ! ਇਹ ਬੰਦਾ ਕੌਣ ਆਉਂਦਾ ਹੈ? ਨੇੜੇ ਆ ਗਿਆ। ਇੱਥੇ ਇਤਿਹਾਸ ਦੇ ਵਿੱਚ ਕਈ ਗੱਲਾਂ ਬਣਾ ਕੇ ਲਿਖੀਆਂ ਹੋਈਆਂ ਨੇ, ਦੂਜਾ ਕੁਛ ਲਿਖਦਾ ਹੈ, ਤੀਜਾ ਕੁਛ ਲਿਖਦਾ ਹੈ। ਨੇੜੇ ਆ ਗਿਆ, ਨਮਸ਼ਕਾਰ ਕਰੀ ਕਹਿਣ ਲੱਗਿਆ, ਪਾਤਸ਼ਾਹ! ਤੁਸੀਂ ਜਦ ਪਹਿਲਾਂ ਆਏ ਸੀ ਜਦ ਵੀ ਚਮਕੌਰ ਦੇ ਵਿੱਚ ਮੇਰੇ ਘਰ ਚਰਨ ਪਾਏ ਸੀ। ਹੁਣ ਕ੍ਰਿਪਾ ਕਰੋ ਜਿਹੋ ਜਿਹਾ ਹੈ ਟੁੱਟਿਆ ਫੁੱਟਿਆ ਮੇਰਾ ਘਰ ਆਹ ਜਿਹੜੀ ਉਚੀ ਹਵੇਲੀ ਹੈ ਕਿਲ੍ਹੇ ਵਰਗੀ ਇਹਦੇ ਵਿੱਚ ਆਪ ਚਰਨ ਪਾਓ।

ਕਈ ਇਸ ਤਰ੍ਹਾਂ ਕਹਿੰਦੇ ਹਨ ਕਿ ਇੱਥੇ ਦੋ ਭਰਾ ਸੀ ਇੱਕ ਨੇ ਜਵਾਬ ਦੇ ਦਿੱਤਾ, ਦੂਜੇ ਨੇ ਹਾਂ ਕਰ ਦਿੱਤੀ। ਚਲੋ, ਕਿਵੇਂ ਵੀ ਹੋਇਆ, ਗੁਰੂ ਮਹਾਰਾਜ ਜੀ ਨੇ ਛੋਟੀ ਜਿਹੀ ਗੜ੍ਹੀ ਦੇ ਵਿੱਚ ਚਰਨ ਪਾਏ, ਉਸ ਤੋਂ ਬਾਅਦ ਉਨ੍ਹਾਂ ਨੇ ਵਿਉਂਤਬੰਦੀ ਕਰ ਲਈ। ਅੱਠ-ਅੱਠ ਸਿੰਘ ਇੱਕ-ਇੱਕ ਬਾਹੀ ਦੇ ਉੱਤੇ ਲਾ ਦਿੱਤੇ। ਦੋ ਦਰਵਾਜ਼ੇ ਦੇ ਅੱਗੇ ਖੜ੍ਹਾ ਦਿੱਤੇ। ਕੁਛ ਆਪਣੇ ਕੋਲ ਭਾਈ ਦਇਆ ਸਿੰਘ ਵਰਗੇ ਕੋਲ ਰੱਖ ਲਏ। ਆਪ ਉੱਚੀ ਅਟਾਰੀ ਦੇ ਉੱਤੇ ਬੈਠ ਜਾਂਦੇ ਨੇ। ਸਵੇਰ ਹੋ ਆਈ, ਐਨੇ ਨੂੰ ਬੇਅੰਤ ਮੁਲਖਈਆਂ ਆ ਗਿਆ, ਚਾਰੇ ਪਾਸੇ ਜਿੱਧਰ ਵੀ ਦੇਖਦੇ ਨੇ ਕਾਲੇ ਹੀ ਕਾਲੇ ਕੱਪੜੇ ਨੇ, ਆ

ਕੇ ਘਿਰ ਗਿਆ, ਚਾਰੋਂ ਪਾਸੇ ਤੋਂ ਘੇਰ ਲਿਆ। ਇਤਿਹਾਸ ਵਿੱਚ ਇੱਥੇ ਆਉਂਦਾ ਹੈ ਕਿ ਮਹਾਰਾਜ ਜੀ ਨੇ ਇੱਕ ਬਾਣ ਮਾਰਿਆ ਦਸ ਹਜ਼ਾਰ ਫੌਜ ਇੱਕ ਬਾਣ ਨਾਲ ਖਤਮ ਕਰ ਦਿੱਤਾ। ਹੁਣ ਤੁਸੀਂ ਮੰਨ ਲਓ, ਕਿਉਂਕਿ ਮਹਾਰਾਜ ਤਾਂ ਇੱਕ ਲੀਲਾ ਕਰ ਰਹੇ ਸੀ, ਕੀ ਇਹ ਗੱਲਾਂ ਸੀ ਮਹਾਰਾਜ ਦੇ ਸਾਮ੍ਹਣੇ। ਗੁਰੂ ਨਾਨਕ ਪਾਤਸ਼ਾਹ ਬਗਦਾਦ ਜਾਂਦੇ ਨੇ, ਬਗਦਾਦ ਗਏ ਤਾਂ ਮਹਾਰਾਜ ਜੀ ਇਸ਼ਨਾਨ ਕਰਕੇ ਉੱਥੇ ਹੀ ਬੈਠ ਗਏ। ਨਾਲ ਮਰਦਾਨਾ ਵੀ ਹੈ, ਜਪੁਜੀ ਸਾਹਿਬ ਪੜ੍ਹਿਆ ਜਾ ਰਿਹਾ ਹੈ ਤੇ ਉਥੇ ਆ ਗਿਆ–

*ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥*
*ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥ ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ ॥*
*ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥*
*ਅੰਗ - ੫*

ਉਹ ਹਿੰਦੋਸਤਾਨ ਤੋਂ ਗਿਆ ਹੋਇਆ ਸੀ, ਮਤਲਬ ਸਮਝ ਗਿਆ। ਕਹਿਣ ਲੱਗਿਆ, ਬਗਦਾਦ? ਇੱਥੇ ਕੁਫਰ ਦੀ ਗੱਲ ਹੋ ਜਾਵੇ। ਜਿਸ ਤਰ੍ਹਾਂ ਅਕਾਲ ਤਖਤ ਅਸੀਂ ਸਹਿ ਨਹੀਂ ਸਕਦੇ ਕੋਈ ਗੱਲ? ਇਵੇਂ ਜਿਵੇਂ ਬਗਦਾਦ ਦਾ ਹਾਲ ਸੀ। ਬਗਦਾਦ ਬੀਜ ਸੀ ਇਸਲਾਮ ਦਾ। ਜਿਥੋਂ ਫਤਵੇ ਜ਼ਾਰੀ ਹੋਇਆ ਕਰਦੇ ਸੀ। ਚਲਿਆ ਗਿਆ ਜਾ ਕੇ ਦਸਤਗੀਰ ਪੀਰ ਨੂੰ ਕਹਿਣ ਲੱਗਿਆ, ਪੀਰ ਜੀ! ਗਜਬ ਹੋ ਗਿਆ। ਕਹਿੰਦੇ ਕੀ ਹੋ ਗਿਆ? ਕਹਿੰਦੇ, ਸ਼ਰਾ ਦੀਆਂ ਧੱਜੀਆਂ ਉਡਾ ਦਿੱਤੀਆਂ, ਇੱਕ ਭਾਰਤ ਵਰਸ਼ ਤੋਂ ਆਇਆ ਹੋਇਆ ਹੈ। ਪਤਾ ਨਹੀਂ ਲਗਦਾ ਕਿ ਹਿੰਦੂ ਹੈ ਜਾਂ ਕੌਣ ਹੈ। ਮੈਨੂੰ ਤਾਂ ਹਿੰਦੂ ਲਗਦਾ ਹੈ। ਵਸਤਰ ਆਪਣੇ ਵਰਗੇ ਹੀ ਪਾਏ ਹੋਏ ਨੇ, ਹਰੇ ਵਸਤਰ ਪਹਿਨੇ ਹੋਏ ਨੇ। ਆਸਣ ਵੀ ਉਹਦੇ ਕੋਲ, ਪਤਾ ਨਹੀਂ ਲਗਦਾ ਕਿ ਉਹ ਕੌਣ ਹੈ। ਲੇਕਿਨ ਜਿਹੜਾ ਕੁਛ ਉਹ ਕਹਿੰਦਾ ਹੈ ਉਹ ਮੈਂ ਦਸਦਾ ਹਾਂ ਇੱਕ ਤਾਂ ਉਹ ਰਬਾਬ ਵਜਾ ਰਿਹਾ ਹੈ, ਇੱਥੇ ਮਨ੍ਹਾ ਹੈ ਰਬਾਬ ਕੋਈ ਵਜਾ ਨਹੀਂ ਸਕਦਾ। ਕੋਈ ਵੀ ਸਾਜ ਨਹੀਂ ਵਜਾ ਸਕਦਾ। ਦੂਸਰਾ ਪੀਰ ਜੀ! ਝੂਠ ਬੋਲਦਾ ਹੈ ਕਿ ਲੱਖਾਂ ਹੀ ਪਾਤਾਲ, ਲੱਖਾਂ ਹੀ ਆਕਾਸ ਨੇ। ਮੈਂ ਉਹਦੇ ਚੇਲੇ ਨੂੰ ਪੁਛਿਆ ਸੀ, ਉਹ ਕਹਿੰਦਾ ਕਿ ਇਹ ਸਾਡੇ ਗੁਰੂ ਨੇ ਜੋ ਕੁਛ ਇਨ੍ਹਾਂ ਨੇ ਦੇਖਿਆ ਹੈ, ਓਹੀ ਬਾਤ ਕਹਿ ਰਹੇ ਨੇ। ਗੱਲ ਸੁਣ ਕੇ ਪੀਰ ਨੂੰ ਗੁੱਸਾ ਆ ਗਿਆ, ਇਹ ਤਾਂ ਨਹੀਂ ਕਿ ਮੈਂ ਚੱਲਾਂਗਾ, ਚੱਲ ਕੇ ਪੁੱਛਾਂ। ਇਹ ਜਿਹੜੇ ਤਮੋ ਗੁਣੀ ਸ਼ਕਤੀਆਂ 'ਚ ਵਧ ਜਾਂਦੇ ਨੇ ਉਨ੍ਹਾਂ ਨੂੰ ਗੁੱਸਾ ਬਹੁਤ ਛੇਤੀ ਆਇਆ ਕਰਦਾ ਸੀ। ਸਰਾਪ ਜ਼ਿਆਦਾ ਦਿੰਦੇ ਸੀ ਵਰ ਘੱਟ। ਹੁਣ ਵਲੀ ਕੰਧਾਰੀ ਨੂੰ ਕਿੰਨਾ ਗੁੱਸਾ ਆਇਆ, ਦੋ ਵਾਰੀ ਮਰਦਾਨਾ ਗਿਆ, ਤੀਸਰੀ ਵਾਰੀ ਗਿਆ, ਤਾਂ ਗੁਰੂ ਮਹਾਰਾਜ ਜੇ ਕਿਹਾ ਕਿ ਲੈ ਮਰਦਾਨਿਆਂ! ਤੈਨੂੰ ਪਾਣੀ ਇੱਥੇ ਹੀ ਪਿਲਾ ਦਿੰਦੇ ਹਾਂ, ਆਹ ਪੱਥਰ ਚੁੱਕ। ਉਪਰਲਾ ਪਾਣੀ ਖਤਮ ਹੋ ਗਿਆ, ਪਾਣੀ ਹੇਠਾਂ ਆ ਗਿਆ। ਉਹ ਸਹਿ ਨਾ ਸਕਿਆ, ਉਹਨੇ ਵੱਡਾ ਪੱਥਰ ਰੋੜ੍ਹ ਦਿੱਤਾ ਗੁਰੂ ਨਾਨਕ ਸਾਹਿਬ ਦੇ ਉਪਰ। ਹੁਣ ਤੱਕ ਖੜ੍ਹਾ ਹੈ ਉਥੇ, ਪੰਜਾ ਸਾਹਿਬ। ਐਉਂ ਨਹੀਂ ਸੀ ਕਿ ਗੁਰੂਆਂ 'ਚ ਸ਼ਕਤੀਆਂ ਨਹੀਂ ਸੀ ਉਹ ਤਾਂ ਇੱਕ ਅਧਿਆਪਕ ਵਾਂਗੂੰ ਦੱਸਣ ਆਏ ਸੀ, ਉਹ ਇੱਕ ਨਾਟਕ ਕਰ ਰਹੇ ਸੀ, ਮਹਾਰਾਜ ਨੇ ਆਪਣੇ ਜੀਵਨ ਨੂੰ ਇਕ ਨਾਟਕ ਕਿਹਾ ਹੈ।

*ਮੈ ਹੋ ਪਰਮ ਪੁਰਖ ਕੋ ਦਾਸਾ।*
*ਦੇਖਨ ਆਯੋ ਜਗਤ ਤਮਾਸਾ।*
*ਅਕਾਲ ਪੁਰਖ ਬਾਚ॥ ਚੌਪਈ॥*

ਮੈਂ ਇਹਦੇ ਵਿੱਚ ਨਾਟ ਕਰਨਾ ਹੈ, ਸ਼ਕਤੀਆਂ ਦਿਖਾਉਣ ਨਹੀਂ ਆਇਆ। ਮੈਂ ਤੁਹਾਨੂੰ ਟੁਕੜੇ-ਟੁਕੜੇ ਹੋਇਆਂ ਨੂੰ ਚੁੱਕ ਕੇ ਉਪਰ ਖੜ੍ਹੇ ਕਰਨਾ ਹੈ। ਜੇ ਮੈਂ ਸ਼ਕਤੀਆਂ ਦਿਖਾਉਂਦਾ ਹਾਂ ਤੁਸੀਂ ਕਹੋਂਗੇ ਕਿ ਉਹ ਤਾਂ ਸ਼ਕਤੀਆਂ ਦਿਖਾ ਕੇ ਨਿਕਲ ਗਏ, ਸਾਡੇ ਵਿੱਚ ਸ਼ਕਤੀ ਹੈ ਨਹੀਂ। ਤੁਹਾਡੀ 'ਚ ਬਹਾਦਰੀ ਕਿਵੇਂ ਆਏਗੀ?

ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਦੇ ਵਿਰੁੱਧ ਫਤਵਾ ਦੇ ਦਿੱਤਾ ਸਾਰੇ ਸ਼ਹਿਰ ਕਹਿ ਦਿੱਤਾ ਕਿ ਇੱਕ ਕਾਫਰ ਆਇਆ ਹੈ ਵੱਡਾ। ਸਾਰਾ ਸ਼ਹਿਰ ਇੱਕ-ਇੱਕ ਵੱਟਾ ਹੱਥ ਵਿੱਚ ਲੈ ਕੇ, ਸੰਗਸਾਰ ਕਰੋ, ਸਜ਼ਾ ਹੁੰਦੀ ਸੀ ਉਨ੍ਹਾਂ ਦਿਨਾਂ 'ਚ। ਐਨੇ ਵੱਟੇ ਮਾਰਨੇ ਕਿ ਉਹ ਵੱਟਿਆਂ ਦੇ ਭਾਰ ਥੱਲੇ ਆ ਕੇ ਹੀ ਮਰ ਜਾਂਦਾ ਸੀ। ਢੇਰ ਲਗ ਜਾਂਦਾ ਸੀ ਵੱਡਾ ਸਾਰਾ। ਸਾਰਾ ਸ਼ਹਿਰ ਆ ਗਿਆ। ਇੱਕ ਤੋਂ ਅੱਗੇ ਦੂਜਾ ਆਉਂਦਾ ਹੈ ਕਿ ਮੈਂ ਛੇਤੀ ਜਾ ਕੇ ਮਾਰਾਂ, ਦੂਜਾ ਕਹਿੰਦਾ ਹੈ ਕਿ ਮੈਂ ਛੇਤੀ ਜਾ ਕੇ ਮਾਰਾਂ। ਮਰਦਾਨਾ ਕਹਿਣ ਲੱਗਿਆ ਕਿ ਸੱਚੇ ਪਾਤਸ਼ਾਹ! ਇਨ੍ਹਾਂ ਦੀ ਨਿਯਤ ਸਾਫ ਨਹੀਂ ਨਜ਼ਰ ਆ ਰਹੀ, ਦੇਖੋ ਕਿਵੇਂ ਕਾਹਲੀ ਨਾਲ ਵੱਟੇ ਹੱਥਾਂ ਵਿੱਚ ਨੇ। ਆਪ ਕਹਿਣ ਲੱਗੇ, ਮਰਦਾਨਿਆਂ! ਤੂੰ ਕਰਤਾਰ ਦੇ ਰੰਗ ਦੇਖ। ਕੋਈ ਗੱਲ ਨਹੀਂ। ਜਦ ਨੇੜੇ ਆਏ ਗੁਰੂ ਮਹਾਰਾਜ ਨੇ 'ਸਤਿ ਸ੍ਰੀ ਅਕਾਲ ਗੁਰਬਰ ਅਕਾਲ' ਉੱਚੀ ਅਵਾਜ਼ ਵਿੱਚ ਕਹਿ ਦਿੱਤਾ, ਜਿੱਥੇ ਤੱਕ ਉਹਦੀ ਆਵਾਜ਼ ਗਈ, ਸਾਰਾ ਸੁੰਨ-ਮੁੰਨ ਹੋ ਗਿਆ, ਜੜ ਹੋ ਗਿਆ ਸਭ ਕੁਛ। ਜਿੱਥੇ ਖੜ੍ਹੇ ਨੇ ਉਥੇ ਹੀ ਖੜ੍ਹੇ ਨੇ, ਜਿਹਨੇ ਬਾਂਹ ਉਪਰ ਚੁੱਕ ਲਈ ਉਹਦੀ ਬਾਂਹ ਖੜ੍ਹੀ ਹੈ, ਜਿਹਨੇ ਅਜੇ ਦੂਜਾ ਪੈਰ ਧਰਨਾ ਸੀ ਉਥੇ ਹੀ ਜੜ ਹੋਇਆ ਉਤੇ ਚੁੱਕੀਂ ਖੜ੍ਹਾਂ ਹੈ। ਸਾਰਾ ਸ਼ਹਿਰ ਜੜ ਕਰ ਦਿੱਤਾ। ਮਹਾਰਾਜ ਨੇ ਪੀਰ ਨੂੰ ਛੱਡ ਦਿੱਤਾ। ਉਸ ਵਕਤ ਪੀਰ ਦਸਤਗੀਰ ਦੁਨੀਆਂ ਵਿੱਚ ਸਭ ਤੋਂ ਵੱਡਾ ਪੀਰ, ਨਾਲ ਸ਼ਕਤੀਆਂ ਦਾ ਭੰਡਾਰਾ; ਉਹਦਾ ਮੁਕਾਬਲਾ ਕੋਈ ਕਰ ਨਹੀਂ ਸੀ ਸਕਿਆ ਕਰਦਾ। ਬੜਾ ਹੀ ਅਭਿਮਾਨ ਸੀ ਉਹਨੂੰ ਆਪਣੀਆਂ ਸ਼ਕਤੀਆਂ ਉਪਰ। ਹੁਣ ਉਹ ਕੀ ਕਰਦਾ,

ਆਪਣਾ ਜ਼ੋਰ ਲਾ ਰਿਹਾ ਹੈ ਕਿ ਜੜ੍ਹਤਾ ਖੋਲ੍ਹ ਦੇਵਾਂ। ਇੱਕ ਦੀ ਵੀ ਜੜ੍ਹਤਾ ਨਾ ਖੋਲ੍ਹ ਸਕਿਆ। ਅਖੀਰ ਉਹਨੇ ਕਿਹਾ ਕਿ ਵਾਕਏ ਹੀ ਇਹਦਾ ਮੁਕਾਬਲਾ ਮੈਂ ਨਹੀਂ ਕਰ ਸਕਦਾ, ਇਹ ਤਾਂ ਕੋਈ ਵਲੀ ਪੁਰਸ਼ ਹੈ, ਉਸ ਵੇਲੇ ਜਾ ਕੇ ਸਿਜਦਾ ਕਰਿਆ। ਕਹਿਣ ਲੱਗਿਆ, ਹੇ ਨਾਨਕ! ਇਨ੍ਹਾਂ ਨੂੰ ਸੁਰਜੀਤੀ ਦੇਹ। ਮਹਾਰਾਜ ਕਹਿੰਦੇ, ਇਹ ਬਿਨਾਂ ਮਤਲਬ ਦੇ ਹੀ ਵੱਟੇ ਮਾਰਨ ਆ ਗਏ, ਅਸੀਂ ਕੋਈ ਕਸੂਰ ਕਰਿਆ ਹੈ? ਅਸੀਂ ਸੱਚ ਬੋਲੇ ਹਾਂ। ਜਿਹਦਾ ਅੰਤ ਹੀ ਨਹੀਂ ਹੈ, ਕੋਈ ਜਾਣਦਾ ਹੀ ਨਹੀਂ ਹੈ, ਉਹਦੇ ਬਾਰੇ ਤੁਸੀਂ ਅੰਦਾਜ਼ਾ ਲਾਈਂ ਬੈਠੇ ਹੋ ਕਿ ਸੱਤ ਆਕਾਸ਼ ਤੇ ਸੱਤ ਪਾਤਾਲ ਨੇ। ਉਹ ਤਾਂ ਕੋਈ ਨਹੀਂ ਜਾਣਦਾ। ਐਉਂ ਪੜ੍ਹ ਲਓ –

*ਧਾਰਨਾ– ਵਾਹਿਗੁਰੂ!*
*ਮਹਿਮਾ ਨਾ ਤੇਰੀ ਕੋਈ ਜਾਣਦਾ,*
*ਤੇਰਾ ਬ੍ਰਹਮਾ ਨੇ ਅੰਤ ਨਾ ਪਾਇਆ॥*

*ਮਹਿਮਾ ਨ ਜਾਨਹਿ ਬੇਦ ॥*
*ਬ੍ਰਹਮੇ ਨਹੀ ਜਾਨਹਿ ਭੇਦ ॥*
*ਅਵਤਾਰ ਨ ਜਾਨਹਿ ਅੰਤੁ ॥*
*ਪਰਮੇਸਰੁ ਪਾਰਬ੍ਰਹਮ ਬੇਅੰਤੁ ॥੧॥*
*ਅਪਨੀ ਗਤਿ ਆਪਿ ਜਾਨੈ ॥*
*ਸੁਣਿ ਸੁਣਿ ਅਵਰ ਵਖਾਨੈ ॥੧॥ ਰਹਾਉ ॥*
*ਸੰਕਰਾ ਨਹੀ ਜਾਨਹਿ ਭੇਵ ॥*
*ਖੋਜਤ ਹਾਰੇ ਦੇਵ ॥*
*ਦੇਵੀਆ ਨਹੀ ਜਾਨੈ ਮਰਮ ॥*
*ਸਭ ਊਪਰਿ ਅਲਖ ਪਾਰਬ੍ਰਹਮ॥ ਅੰਗ – ੮੯੪*

ਕਹਿੰਦੇ ਪੀਰ ਜੀ, ਉਸ ਵਾਹਿਗੁਰੂ ਨੂੰ ਤੁਸੀਂ ਹੱਦਬੰਦੀ ਦੇ ਵਿੱਚ ਲਿਆਉਂਦੇ ਹੋ। ਉਹ ਤਾਂ ਬੇਅੰਤ ਹੈ ਜਿਸਦਾ ਕੋਈ ਅੰਤ ਨਹੀਂ ਪਾ ਸਕਦਾ। ਉਹਦੀ ਕਿਰਤ ਦੀ ਗਿਣਤੀ ਕਰਦੇ ਹੋ, ਕੌਣ ਕਰ ਲਏਗਾ ਕਿ ਕਿੰਨੇ ਖੰਡ ਬ੍ਰਹਿਮੰਡ ਨੇ, ਇਹਦਾ ਤਾਂ ਅੰਤ ਹੀ ਨਹੀਂ ਹੈ, ਅੱਗੇ ਹੋਰ–ਅੱਗੇ ਹੋਰ। ਤੁਸੀਂ ਗਿਣਤੀਆਂ–ਮਿਣਤੀਆਂ 'ਚ ਲਿਆਂਦਾ ਰੱਬ ਨੂੰ ਇਹੀ ਮੈਂ ਤੁਹਾਨੂੰ ਦੱਸਣ ਆਇਆ ਹਾਂ, ਬਾਕੀ ਜਿਹੜਾ ਤੁਸੀਂ ਕਹਿੰਦੇ ਹੋ ਸਰੋਦ, ਇਹ ਆਤਮਾ ਦੀ ਖੁਰਾਕ ਹੈ। ਜਿਸ ਵਕਤ ਅੱਲਾਹ ਤਾਲਾ ਨੇ ਮਨੁੱਖ ਦਾ ਜੁੱਸਾ ਬਣਾਇਆ ਇਹਦੇ ਵਿੱਚ ਰੂਹ ਨੂੰ ਦਾਖਲ ਕਰਿਆ। ਰੂਹ ਰਹੀ ਨਾ, ਅੰਦਰ ਨਹੀਂ ਟਿਕੀ ਕਹਿਣ ਲੱਗੀ ਕਿ ਉਥੇ ਤਾਂ ਸੁੰਨ–ਮੁੰਨ ਹੈ ਜਿੱਥੇ ਮੈਨੂੰ ਤੁਸੀਂ ਵਾੜ ਦਿੱਤਾ। ਕਹਿੰਦੇ, ਅਸੀਂ ਕਿਹਾ ਕਿ ਹੁਣ ਚੱਲ, ਅਨਹਦ ਸ਼ਬਦ ਉਥੇ ਸੁਣਾਈ ਦੇਣਗੇ। ਬੜੀ ਦੇਰ ਸੁਣੇ, ਫੇਰ ਬਾਹਰ ਨਿਕਲ ਆਈ, ਕਹਿੰਦੀ ਮਹਾਰਾਜ! ਉਥੇ ਤਾਂ ਹਨ੍ਹੇਰਾ ਪਿਆ ਹੈ। ਕਹਿੰਦੇ, ਅਸੀਂ ਆਪਣੀ ਦਰਗਾਹ ਦੀ ਰੋਸ਼ਨੀ ਉਥੇ ਕਰ ਦਿੱਤੀ।

*ਅਨਹਦ ਵਾਜੇ ਧੁਨਿ ਵਜਦੇ*
*ਗੁਰ ਸਬਦਿ ਸੁਣੀਜੈ ॥*
*ਤਿਤੁ ਘਟ ਅੰਤਰਿ ਚਾਨਣਾ*
*ਕਰਿ ਭਗਤਿ ਮਿਲੀਜੈ ॥ ਅੰਗ – ੯੫੪*

ਰੋਸ਼ਨੀ ਕਰ ਦਿੱਤੀ, ਕਹਿੰਦੇ ਰੂਹ ਤਾਂ ਟਿਕੀ ਸੀ ਜੇ ਸਰੋਦ ਪੈਦਾ ਹੋਈ ਅੰਦਰ, ਧੁਨ ਪੈਦਾ ਹੋਈ। ਇਹਨੂੰ ਵੀ ਤੁਸੀਂ ਬੁਰਾ ਸਮਝਦੇ ਹੋ। ਮਤਲਬ ਮੇਰਾ ਇਹ ਹੈ ਕਿ ਗੁਰੂ ਨਾਨਕ ਸਾਹਿਬ 'ਤੇ ਸਾਰਾ ਹੀ ਸ਼ਹਿਰ ਆਇਆ, ਪਰ ਆਪ ਨੇ ਇੱਕ ਦ੍ਰਿਸ਼ਟੀ ਨਾਲ ਸਾਰਾ ਹੀ ਸ਼ਹਿਰ ਜੜ੍ਹ ਬਣਾ ਦਿੱਤਾ।

ਗੁਰੂ ਦਸਵੇਂ ਪਾਤਸ਼ਾਹ ਜੀ ਵੀ ਸ਼ਰਬ ਸ਼ਕਤੀ ਸਪੰਨ ਸਨ ਪਰ ਉਨ੍ਹਾਂ ਨੇ ਨਵਾਂ ਬਚਿਤ੍ਰ ਨਾਟਕ ਨਵੇਂ ਤਰੀਕੇ ਨਾਲ ਕਰਕੇ ਸਾਨੂੰ ਮੁਰਦਿਆਂ ਨੂੰ ਜੀਉਂਦੇ ਕਰਨਾ ਸੀ, ਪੈਰਾਂ 'ਤੇ ਖੜ੍ਹੇ ਕਰਨਾ ਸੀ, ਅਰ ਦਿਖਾਉਣਾ ਸੀ –

*'ਸਵਾ ਲਾਖ 'ਤੇ ਏਕ ਲੜਾਊਂ,*
*ਚਿੜੀਆ ਪਾਸੋਂ ਬਾਜ਼ ਤੁੜਾਊਂ,*
*ਤਬੈ ਗੋਬਿੰਦ ਸਿੰਘ ਨਾਮ ਕਹਾਊਂ।*

ਮਨੁੱਖ ਦੇ ਅੰਦਰ ਮੈਂ ਐਨੀ ਦਲੇਰੀ, ਐਨੀ ਨਿਰਭੈਤਾ ਪੈਦਾ ਕਰ ਦੇਣੀ ਹੈ, ਜਿਹੜਾ ਨਿਰਭਉ ਨੂੰ ਧਿਆਉਂਦਾ ਹੈ, ਉਹਦਾ ਭੈ ਖਤਮ ਹੋ ਜਾਏ।

*ਭੈ ਕਾਹੂ ਕਉ ਦੇਤ ਨਹਿ*
*ਨਹਿ ਭੈ ਮਾਨਤ ਆਨ ॥ ਅੰਗ – ੧੪੨੭*

ਨਾ ਕਿਸੇ ਨੂੰ ਭੈ ਦੇਣਾ ਹੈ, ਨਾ ਕਿਸੇ ਦਾ ਭੈ ਮੰਨਣਾ ਹੈ, ਸੱਚ ਦੇ ਉਤੇ ਰਹਿਣਾ ਹੈ –

*ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ ॥*
*ਅੰਗ – ੮੪*

ਉਹ ਨਾਟਕ ਹੀ ਅਜੀਬ ਸੀ ਉਨ੍ਹਾਂ ਨੇ ਮਨੁੱਖਾਂ ਵਾਂਗੂੰ ਨਾਟਕ ਕਰਿਆ। ਇਤਿਹਾਸ 'ਚ ਆਉਂਦਾ ਹੈ ਕਿ ਇੱਕ ਬਾਣ ਮਾਰਿਆ ਮਹਾਰਾਜ ਨੇ ਦੱਸ ਹਜ਼ਾਰ ਬੰਦਾ ਗਿਰ ਗਿਆ ਉਥੇ ਹੀ। ਇੱਕ ਮਾਰ ਲਿਆ ਫੇਰ ਪੰਜ ਸੱਤ ਹੋਰ ਚਲਾ ਦਿੰਦੇ, ਫੇਰ ਖਹਿੜਾ ਹੀ ਛੁੱਟਦਾ। ਨਹੀਂ ਉਹ ਇੱਕ ਬੜੀ ਭਾਰੀ ਚੀਜ਼ ਹੋ ਰਹੀ ਸੀ। ਮਾਤਾ ਜੀਤੋ ਜੀ ਜਦੋਂ ਭਜਨ ਕਰਦੇ ਨੇ, ਅੰਮ੍ਰਿਤ ਵੇਲੇ ਉਨ੍ਹਾਂ ਨੇ ਦ੍ਰਿਸ਼ਟਾਂਤ (vision) ਦੇਖੇ, ਮਹਾਰਾਜ ਜੀ ਕੋਲ ਉਠ ਕੇ ਆ ਗਏ। ਦੁਬਾਰਾ ਬਿਰਤੀ ਨਾ ਲੱਗੀ। ਮਹਾਰਾਜ ਜੀ ਕਹਿੰਦੇ ਕੀ ਗੱਲ, ਤੁਸੀਂ ਅੱਜ ਜਲਦੀ ਆ ਗਏ? ਕਹਿਣ ਲੱਗੇ ਕਿ ਮਹਾਰਾਜ ਮੈਂ ਦੇਖਦੀ ਹਾਂ ਕਿ ਅਨੰਦਪੁਰ ਸਾਹਿਬ ਨੂੰ ਘੇਰਾ ਪਿਆ ਹੋਇਆ ਹੈ, ਸਿੰਘਾਂ ਦਾ ਨੁਕਸਾਨ ਹੋ ਗਿਆ। ਛੱਡਣਾ ਪੈ ਗਿਆ, ਮਾਤਾ ਵੱਡੇ ਸਰਸੇ 'ਤੇ ਵਿਛੜ ਗਏ। ਛੋਟੇ ਸਾਹਿਬਜ਼ਾਦਿਆਂ ਨਾਲ ਆਹ ਭਾਣਾ ਵਰਤਿਆ, ਵੱਡੇ ਸਾਹਿਬਜ਼ਾਦਿਆਂ ਦਾ ਚਮਕੌਰ ਦੇ ਅੰਦਰ ਆਹ ਹੋਇਆ, ਮੈਨੂੰ ਕ੍ਰਿਪਾ ਕਰਕੇ ਦੱਸੋ ਕਿ ਇਹ ਸਭ

ਕੁਛ ਏਸੇ ਤਰ੍ਹਾਂ ਹੋਏਗਾ? ਮਹਾਰਾਜ ਕਹਿੰਦੇ, ਹਾਂ ਇਸੇ ਤਰ੍ਹਾਂ ਹੋਏਗਾ। ਕਹਿਣ ਲੱਗੇ ਕਿ ਪਾਤਸ਼ਾਹ! ਟਾਲ ਦਿਓ। ਕਹਿੰਦੇ, ਟਾਲਣ 'ਤੇ ਕੀ ਹੋਏਗਾ, ਇਥੇ ਸੰਸਾਰ 'ਤੇ ਕੋਈ ਰਹਿੰਦਾ ਹੈ, ਅੱਜ ਤੱਕ ਕੋਈ ਰਿਹਾ ਹੈ? ਇਹ ਤਾਂ ਚਲੋ-ਚਲੀ ਦਾ ਡੇਰਾ ਹੈ, ਇਥੇ ਤਾਂ ਇੱਕ ਨਾਟਕ ਹੋ ਰਿਹਾ ਹੈ। ਆਪਣਾ-ਆਪਣਾ ਕਰਕੇ ਚਲੇ ਜਾਂਦੇ ਨੇ। ਕਹਿਣ ਲੱਗੇ, ਮੇਰੇ ਤੋਂ ਤਾਂ ਮਹਾਰਾਜ ਸਹਿ ਨਹੀਂ ਹੋਣਾ। ਕਹਿੰਦੇ, ਤੁਸੀਂ ਯੋਗੀ ਹੋ, ਦਸਵੇਂ ਦੁਆਰ 'ਚੋਂ ਪ੍ਰਾਣ ਕੱਢ ਲਓ। ਜਿਹੜੀ ਦਸਵੇਂ ਦੁਆਰ ਦੀ ਨਾੜੀ ਹੈ, ਰੁਦਰ ਨਾੜੀ ਉਹਨੂੰ ਕਹਿੰਦੇ ਨੇ, ਪਰੈਸ਼ਰ ਪਾਓ, ਤੁਸੀਂ ਜਾਣਦੇ ਹੋ ਚੰਗੇ ਭਲੇ। ਜਦੋਂ ਸਭ ਕੁਛ ਦੇਖ ਲਿਆ, ਉਸੇ ਤਰ੍ਹਾਂ ਭਾਣਾ ਵਰਤਣਾ ਸੀ। ਇਹ ਤਾਂ ਮਹਾਰਾਜ ਨੇ ਇੱਕ ਕੌਤਕ ਸਾਨੂੰ ਦਿਖਾਇਆ, ਉਹਦੇ ਵਿੱਚ ਸ਼ਕਤੀਆਂ ਦੀ ਗੱਲ ਨਹੀਂ ਆਉਂਦੀ। ਸ਼ਕਤੀ ਸਭ ਤੋਂ ਵੱਡੀ ਮਹਾਰਾਜ ਨੇ ਮੰਨੀ ਹੈ ਜੇ ਹਿਰਦੇ ਵਿੱਚ ਨਾਮ ਵਸ ਜਾਵੇ। ਇਸ ਤੋਂ ਵੱਡੀ ਦੁਨੀਆਂ ਵਿੱਚ ਕੋਈ ਸ਼ਕਤੀ ਨਹੀਂ ਹੈ। ਬਾਕੀ ਸ਼ਕਤੀਆਂ ਜਿਹੜੀਆਂ ਨੇ ਉਹਨੂੰ ਤਾਂ ਮਹਾਰਾਜ ਨੇ ਮੰਨਿਆ ਨਹੀਂ ਹੈ। ਉਹਦੇ ਬਾਰੇ ਤਾਂ ਐਸਾ ਫੁਰਮਾਨ ਆਉਂਦਾ ਹੈ -

*ਧਾਰਨਾ - ਨਾਟਕ ਚੇਟਕ ਕੀਏ ਕੁਕਾਜਾ।*
*ਪ੍ਰਭ ਲੋਗਨ ਕੋ ਆਵਤ ਲਾਜਾ।*

ਸ਼ਕਤੀ ਦਾ ਸਵਾਲ ਨਹੀਂ ਹੁੰਦਾ, ਮਹਾਰਾਜ ਦਾ ਕੌਣ ਮੁਕਾਬਲਾ ਕਰਦਾ ਜੇ ਸ਼ਕਤੀ ਦਿਖਾਉਂਦੇ, ਕੋਈ ਹੈ ਦੁਨੀਆਂ 'ਚ?ਉਸ ਵੇਲੇ ਮਹਾਰਾਜ ਜੀ ਗੜ੍ਹੀ ਦੇ ਅੰਦਰ ਚਲੇ ਜਾਂਦੇ ਨੇ, ਦੇਖਦੇ-ਦੇਖਦੇ ਘੇਰਾ ਪੈ ਗਿਆ। ਬਹੁਤ ਹੀ ਭਿਆਨਕ ਯੁੱਧ ਹੋਇਆ। ਗਿਣਤੀ-ਮਿਣਤੀ ਤੋਂ ਬਾਹਰ ਜਾਨਾਂ ਗਈਆਂ ਬਾਹਰਲਿਆਂ ਦੀਆਂ। ਹੌਲੀ-ਹੌਲੀ ਐਸੀ ਅਵਸਥਾ ਆ ਗਈ ਕਿ ਤੀਰ ਖਤਮ ਹੋ ਗਏ, ਹੱਥ ਨਾਲ ਚਲਾਉਣ ਵਾਲੇ ਹਥਿਆਰ ਹੀ ਰਹਿ ਗਏ, ਤਲਵਾਰ ਰਹਿ ਗਈ, ਬਰਛੇ ਰਹਿ ਗਏ, ਕਟਾਰਾਂ ਰਹਿ ਗਈਆਂ। ਉਸ ਵੇਲੇ ਮਹਾਰਾਜ ਜੀ ਦੇ ਹਜ਼ੂਰ ਭਾਈ ਮੁਹਕਮ ਸਿੰਘ ਜੀ ਆਉਂਦੇ ਨੇ, ਪੰਜ ਪਿਆਰਿਆਂ 'ਚੋਂ। ਕਹਿੰਦੇ, ਸੱਚੇ ਪਾਤਸ਼ਾਹ! ਆਹ ਗਲੀ ਵਿੱਚ ਵੱਢਦੇ ਆਉਂਦੇ ਨੇ, ਜੇ ਹੁਕਮ ਹੋਵੇ ਤਾਂ ਮੈਂ ਬਾਹਰ ਨਿਕਲ ਕੇ ਆਪਣਾ ਤਨ ਤੁਹਾਡੇ ਅਰਪਣ ਕਰਾਂ? ਮਹਾਰਾਜ ਜੀ ਕਹਿੰਦੇ ਸ਼ਾਬਾਸ਼! ਕਹਿੰਦੇ, ਭਾਈ ਮੋਹਕਮ ਸਿੰਘ! ਜਿਹੜਾ ਅਸੀਂ ਬਚਨ ਕਰਿਆ ਹੈ ਕਿ ਸਵਾ ਲਾਖ ਸੇ ਏਕ ਲੜਾਊਂ। ਇਹ ਤਾਂ ਬੇਅੰਤ ਨੇ ਲੱਖਾਂ ਹੀ ਨੇ, ਸ਼ਾਬਾਸ਼! ਤੁਸੀਂ ਜਾਓ। ਉਸ ਵੇਲੇ ਭਾਈ ਮੋਹਕਮ ਸਿੰਘ ਦਾ ਜੰਗ ਬਹੁਤ ਲਿਖਿਆ ਹੈ। ਉਨ੍ਹਾਂ ਨੇ ਕਹਿ ਦਿੱਤਾ ਕਿ ਇੱਕਲੇ ਨਾਲ ਇਕੱਲਾ ਲੜੋ। ਇਤਿਹਾਸ ਵਿਚ ਤਾਂ ਐਉਂ ਆਉਂਦਾ ਹੈ ਕਿ ਜਦੋਂ ਪੰਜ ਸੌ ਬੰਦਾ ਮਰ ਗਿਆ ਤਾਂ ਫੇਰ ਵਜ਼ੀਰਖਾਨ ਨੇ ਕਿਹਾ ਕਿ ਕਿੰਨੇ ਕੁ ਮਰਵਾ ਲਵਾਂਗੇ ਹੋਰ। ਇਹ ਤਾਂ ਵੱਢੀ ਜਾਂਦਾ ਹੈ ਜਿਵੇਂ ਫਸਲ ਵੱਢਦੇ ਨੇ। ਸਾਡੇ ਜਵਾਨ ਤਾਂ ਇਹਦੇ ਸਾਮ੍ਹਣੇ ਖੜ੍ਹਦੇ ਹੀ ਨਹੀਂ। ਪਤਾ ਨਹੀਂ ਗੁਰੂ ਇਹਦਾ ਕਰਾਮਾਤ ਦਿਖਾ ਰਿਹਾ ਹੈ, ਜਾਂ ਇਹ ਕਰਾਮਾਤ ਦਿਖਾ ਰਿਹਾ ਹੈ। ਸਾਰੇ ਇਕੱਠੇ ਆਵੋ, ਸਾਰਿਆਂ ਨੇ ਇਕੱਠੇ ਹੋ ਕੇ 40 ਰਾਈਫਲਾਂ ਇੱਕਠੀਆਂ ਚਲਾਈਆਂ, ਸਰੀਰ ਛਾਨਣੀ-ਛਾਨਣੀ ਕਰ ਦਿੱਤਾ, ਖੂਨ ਨਿਕਲਣਾ ਸ਼ੁਰੂ ਹੋ ਗਿਆ, ਪਰ ਇਹ ਬੈਠਿਆ ਨਹੀਂ, ਖੜ੍ਹਾ ਉਵੇਂ ਜਿਵੇਂ ਫੇਰ ਯੁੱਧ ਕਰੀ ਜਾਂਦਾ ਹੈ। ਅਖੀਰ ਜਾ ਕੇ ਧਰਤੀ 'ਤੇ ਲੰਮੇ ਪੈ ਗਏ। ਸੋ ਐਸੇ ਯੁੱਧ ਦੇ ਬਾਰੇ ਹੀ ਕਹਿੰਦੇ ਨੇ ਕਿ-

*ਪੁਰਜਾ-ਪੁਰਜਾ ਕੱਟ ਮਰੇ, ਕਬਹੂੰ ਨ ਛਾਡੈ ਖੇਤ।*
*ਗਗਨ ਦਮਾਮਾ ਬਾਜਿਓ ਪਰਿਓ ਨਿਸ਼ਾਨੇ ਘਾਉ।*
*ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ॥*
*ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥*
*ਅੰਗ - ੧੧੦੫*

ਆਹ ਜਿਹੜਾ ਸ਼ਬਦ ਹੈ ਇਹਦਾ ਮਤਲਬ ਤਾਂ ਹੋਰ ਹੈ, ਆਪਾਂ ਜਿਵੇਂ ਲਾਵਾਂ ਨੂੰ ਦੁਨੀਆਂ 'ਚ ਲੈ ਲੈਂਦੇ ਹਾਂ, ਉਹ ਵੀ ਰੂਹਾਨੀ ਗੱਲ ਹੈ, ਇਹ ਵੀ ਰੂਹਾਨੀ ਗੱਲ ਹੈ। ਜਦੋਂ ਦਸਵੇਂ ਦੁਆਰ ਦੇ ਵਿੱਚ ਅਨਹਦ ਸ਼ਬਦ ਵੱਜਿਆ, ਉਸ ਵੇਲੇ ਸਮਝ ਲੈ ਕਿ ਹੁਣ ਪਹੁੰਚਣ ਦੀ ਗੱਲ ਹੋ ਗਈ। ਜਿਹਨੇ ਭਗਤੀ ਕੀਤੀ, ਨਾਮ ਜਪਿਆ, ਤਪ ਕਰਿਆ ਤੇ ਹੁਣ ਜਦ ਦਸਵੇਂ ਦੁਆਰ ਦੇ ਖੁੱਲ੍ਹਣ ਵਾਸਤੇ ਸਮਾਂ ਆਇਆ, ਹੁਣ ਜੂਝਣ ਦਾ ਦਾਉ ਹੈ।

ਸੋ ਇਸ ਤਰ੍ਹਾਂ ਦੇ ਨਾਲ ਜਦੋਂ ਭਾਈ ਮੋਹਕਮ ਸਿੰਘ ਜੀ ਸ਼ਹੀਦੀ ਪਾ ਗਏ ਤਾਂ ਪੰਜ ਪਿਆਰਿਆਂ ਦੇ ਵਿਚੋਂ ਦੋ ਸਿੰਘ ਭਾਈ ਹਿੰਮਤ ਸਿੰਘ ਤੇ ਭਾਈ ਸਾਹਿਬ ਸਿੰਘ ਜੀ ਨੇ ਮਹਾਰਾਜ ਜੀ ਕੋਲ ਆ ਕੇ ਨਮਸ਼ਕਾਰ ਕੀਤੀ ਕਿ ਪਾਤਸ਼ਾਹ! ਕ੍ਰਿਪਾ ਕਰੋ, ਅੱਜ ਤੱਕ ਬੇਅੰਤ ਰਹਿਮਤਾਂ ਤੇਰੀਆਂ ਸਾਡੇ ਉੱਤੇ ਨੇ। ਉਸ ਵੇਲੇ ਦੋਵੇਂ ਸਿੰਘ ਅੰਦਰੋਂ ਦਰਵਾਜ਼ਾ ਖੁਲ੍ਹਦਾ ਹੈ, ਨਿਕਲਦੇ ਨੇ। ਬਹੁਤ ਦੇਰ ਤੱਕ ਦੋਨੋਂ ਸਿੰਘ ਯੁੱਧ ਕਰਦੇ ਨੇ। ਬਹੁਤ ਸਸ਼ਤਰ ਲੱਗੇ, ਉਸ ਤੋਂ ਬਾਅਦ ਇੱਕੋ ਹੀ ਸਾਰਿਆਂ ਦੇ ਮਨਾਂ ਦੇ ਵਿੱਚ ਭਾਵਨਾ ਹੈ ਕਿ ਮੇਰਾ ਸਰੀਰ ਪਹਿਲਾਂ ਲੱਗੇ ਗੁਰੂ ਮਹਾਰਾਜ ਦੀ ਹਜ਼ੂਰੀ ਵਿੱਚ ਤੇ ਹਰੇਕ ਦੇ ਮਨ ਵਿੱਚ ਲੋਚਾ ਹੈ, ਐਉਂ ਪੜ੍ਹ ਲਓ -

*ਧਾਰਨਾ - ਸੀਸ ਲਗ ਜਾਏ*
*ਗੁਰੂ ਜੀ ਤੇਰੇ ਲੇਖੇ,*
*ਲੋਚਾ ਪੂਰੀ ਕਰ ਦੇ ਮਾਲਕਾ।*

*ਸੋ ਸੇਵਕੁ ਹਰਿ ਆਖੀਐ*
*ਜੋ ਹਰਿ ਰਾਖੈ ਉਰਿ ਧਾਰਿ ॥*
*ਮਨੁ ਤਨੁ ਸਉਪੇ ਆਗੈ ਧਰੇ*
*ਹਉਮੈ ਵਿਚਹੁ ਮਾਰਿ ॥*
*ਧਨੁ ਗੁਰਮੁਖਿ ਸੋ ਪਰਵਾਣੁ ਹੈ*
*ਜਿ ਕਦੇ ਨ ਆਵੈ ਹਾਰਿ ॥ ਅੰਗ - ੨੮*

ਜਿਹਨੇ ਆਪਣਾ ਆਪਾ ਗੁਰੂ ਨੂੰ ਅਰਪਣ ਕਰ

ਦਿੱਤਾ, ਉਹ ਪਰਵਾਨ ਹੈ -

*ਪੰਚ ਪਰਵਾਣ ਪੰਚ ਪਰਧਾਨੁ ॥*
*ਪੰਚੇ ਪਾਵਹਿ ਦਰਗਹਿ ਮਾਨੁ ॥ ਅੰਗ - ੩*

ਸ੍ਰੇਸ਼ਟ ਪੁਰਸ਼ ਆਖਿਆ ਜਾਂਦਾ ਹੈ ਉਹਨੂੰ। ਅਸੀਂ ਹੋਰ ਅਰਥ ਲੈ ਲੈਂਦੇ ਹਾਂ। ਸ੍ਰੇਸ਼ਟ ਪੁਰਸ਼ ਉਹ ਹੁੰਦੇ ਹਨ ਜਿਨ੍ਹਾਂ ਨੇ ਆਪਣਾ ਤਨ ਮਨ ਗੁਰੂ ਨੂੰ ਅਰਪਣ ਕਰ ਦਿੱਤਾ। ਦੋ ਤਰ੍ਹਾਂ ਦੇ ਸ਼ਹੀਦ ਹੁੰਦੇ ਨੇ ਇੱਕ ਤਾਂ ਉਹ ਹੁੰਦੇ ਨੇ ਜਿਨ੍ਹਾਂ ਨੇ ਆਪਣਾ ਪੰਜ ਭੂਤਕ ਸਰੀਰ ਕਿਸੇ ਕਾਰਜ ਵਾਸਤੇ ਅਰਪਣ ਕਰ ਦਿੱਤਾ, ਉਹਨੂੰ ਅਸੀਂ ਸ਼ਹੀਦ ਕਹਿੰਦੇ ਹਾਂ, ਇੱਕ ਉਹ ਸ਼ਹੀਦ ਹੈ ਜਿਹੜਾ ਸਾਰੀ ਜ਼ਿੰਦਗੀ ਸੱਚ 'ਤੇ ਜੀਉਂ ਕੇ ਆਪਣਾ ਜੀਵਨ ਪੂਰਾ ਕਰਕੇ ਸੰਸਾਰ ਤੋਂ ਜਾਂਦਾ ਹੈ। ਉਹ ਆਪ ਜਪਦਾ ਹੈ ਤੇ ਦੂਸਰਿਆਂ ਨੂੰ ਨਾਮ ਜਪਾਉਂਦਾ ਹੈ। ਆਪ ਗੁਰਸਿੱਖੀ ਦੀ ਰਹੁਰੀਤ ਵਿੱਚ ਰਹਿੰਦਾ ਹੈ। ਦੂਸਰਿਆ ਨੂੰ ਪ੍ਰਕਾਸ਼ ਦਿੰਦਾ ਹੈ ਤੇ ਗਤੀ ਕੀ ਹੁੰਦੀ ਹੈ ਸਾਧਸੰਗਤ ਜੀ। ਚਾਰ ਕਿਸਮ ਦੀਆ ਮੁਕਤੀਆਂ ਹੁੰਦੀਆਂ ਨੇ। ਉਹਦੇ ਬਾਰੇ ਐਸਾ ਫੁਰਮਾਨ ਹੈ ਪੜ੍ਹੋ ਪਿਆਰ ਨਾਲ -

*ਧਾਰਨਾ - ਦਰਗਹ ਮਿਲਦੈ ਥਾਉਂ,*
*ਗੁਰਾਂ ਨਾਲ ਰੱਤਿਆਂ*
*ਗੁਰਾਂ ਨਾਲ ਰੱਤਿਆਂ।*

*ਅੰਤਰਿ ਗੁਰੁ ਆਰਾਧਣਾ*
*ਜਿਹਵਾ ਜਪਿ ਗੁਰ ਨਾਉ ॥ ਅੰਗ - ੫੧੭*

ਜਿਹੜੇ ਹਰ ਵਕਤ ਵਾਹਿਗੁਰੂ-ਵਾਹਿਗੁਰੂ ਕਰਦੇ ਨੇ, ਰਸਨਾ ਦੇ ਨਾਲ ਤੇ ਗੁਰੂ ਦੀ ਆਰਾਧਨਾ ਅੰਦਰ ਕਰਦੇ ਨੇ।

*ਨੇਤ੍ਰੀ ਸਤਿਗੁਰੁ ਪੇਖਣਾ*
*ਸ੍ਰਵਣੀ ਸੁਨਣਾ ਗੁਰ ਨਾਉ ॥*
*ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ॥*
*ਅੰਗ - ੫੧੭*

ਦਰਗਾਹ ਦੀ ਮੈਂ ਬੇਨਤੀ ਕਰਦਾ ਹਾਂ, ਦਰਗਾਹ ਨੇੜੇ ਜਿਹੇ ਤੋਂ ਹੀ ਸ਼ੁਰੂ ਹੋ ਜਾਂਦੀ ਹੈ। ਆਹ ਜਿਹੜਾ ਮਾੜਾ ਜਿਹਾ ਵੀ ਪੁੰਨ ਕਰਦਾ ਹੈ ਨਾ ਉਹ ਵੀ ਦਰਗਾਹ 'ਚ ਜਾਂਦਾ ਹੈ। ਜੇ ਪਾਪ ਕਰਦਾ ਹੈ ਤਾਂ ਦੋਵੇਂ ਮਿਲਦੇ ਨੇ, ਪਾਪਾਂ ਦਾ ਫਲ ਨਰਕ ਮਿਲਦਾ ਹੈ, ਪੁੰਨਾਂ ਦਾ ਫਲ ਦਰਗਾਹ ਦੇ ਵਿੱਚ ਵਾਸਾ ਮਿਲਦਾ ਹੈ। ਹੁਣ ਦਰਗਾਹ ਕੀ ਹੋਈ? ਜਿਹਦੇ ਬਾਰੇ ਮਹਾਰਾਜ ਕਹਿੰਦੇ ਨੇ। ਪਹਿਲੀ ਜਿਹੜੀ ਦਰਗਾਹ ਹੈ ਉਹ ਦੇਵਤਿਆਂ ਦੀ ਹੈ, ਉਹਨੂੰ ਗੰਧਰਬ ਲੋਕ ਕਹਿੰਦੇ ਨੇ। ਇੱਥੇ ਦੇ ਬਾਦਸ਼ਾਹ ਨਾਲੋਂ ਸੌ ਗੁਣਾਂ ਸੁਖ ਉਹਨੂੰ ਵੱਧ ਹੋਇਆ ਕਰਦਾ ਹੈ, ਉਹਦੇ ਉਤੇ ਦੇਵ ਗੰਧਰਬ ਲੋਕ ਹੈ ਉਸ ਨਾਲੋਂ ਸੌ ਗੁਣਾ ਸੁਖ ਹੁੰਦਾ ਹੈ, ਸੌ ਨਾਲ ਗੁਣਾਂ ਕਰੀ ਜਾਓ। ਇਹਦੇ ਉਤੇ ਪਿਤਰ ਲੋਕ ਹੈ, ਪਿੱਤਰ ਲੋਕ ਤੋਂ ਉੱਤੇ ਸਵਰਗ ਲੋਕ ਹੈ, ਸਵਰਗ ਲੋਕ ਤੋਂ ਉੱਤੇ ਇੰਦਰ ਲੋਕ ਹੈ, ਇਸ ਤੋਂ ਬਾਅਦ ਕਰਮ ਦੇਵ ਲੋਕ, ਅਜਾਨ ਦੇਵ ਲੋਕ ਹੈ, ਪਰਜਾ ਪਤ ਲੋਕ ਹੈ, ਇੱਥੇ ਤੱਕ ਕਰੋੜ ਖਰਬ ਗੁਣਾਂ ਸੁਖ ਹੁੰਦਾ ਹੈ ਇੱਥੇ ਨਾਲੋਂ। ਫੇਰ ਬ੍ਰਹਮ ਦੇਵ ਲੋਕ ਹੈ, ਸ਼ਿਵ ਲੋਕ ਹੈ ਤੇ ਸਾਰਿਆਂ ਤੋਂ ਅਖੀਰ ਹੈ ਬੈਕੁੰਠ ਧਾਮ; ਇੱਥੇ ਤੱਕ ਤਾਂ ਜਾਂਦੇ ਨੇ ਪੁੰਨ ਕਰਮ ਕਰਨ ਵਾਲੇ।

*ਪੁੰਨ ਦਾਨੁ ਜੋ ਬੀਜਦੇ*
*ਸਭ ਧਰਮ ਰਾਇ ਕੈ ਜਾਈ॥ ਅੰਗ - ੧੪੧੪*

ਜਿਥੇ ਮੈਂ ਗੱਲ ਕਰਦਾ ਹਾਂ ਉਥੇ ਧਰਮਰਾਜ ਦਾ ਰਸਤਾ ਹੋਰ ਹੈ। ਇਹ ਰਸਤਾ ਹੋਰ ਹੈ। ਇਹ ਜਾਂਦੇ ਨੇ ਸਿੱਧੇ ਹੀ ਨਿਰੰਕਾਰ ਦੀ ਦਰਗਾਹ 'ਚ।

*ਸਚ ਖੰਡਿ ਵਸੈ ਨਿਰੰਕਾਰੁ ॥*
*ਕਰਿ ਕਰਿ ਵੇਖੈ ਨਦਰਿ ਨਿਹਾਲ ॥*
*ਤਿਥੈ ਖੰਡ ਮੰਡਲ ਵਰਭੰਡ ॥*
*ਜੇ ਕੋ ਕਥੈ ਤ ਅੰਤ ਨ ਅੰਤ ॥*
*ਤਿਥੈ ਲੋਅ ਲੋਅ ਆਕਾਰ ॥ ਅੰਗ - ੮*

ਇੱਥੇ ਭਗਤ ਜਾਂਦੇ ਨੇ, ਨਾਮ ਜਪਣ ਵਾਲੇ ਜਾਂਦੇ ਨੇ, ਜਿਨ੍ਹਾਂ ਨੇ ਆਪਣਾ ਸਰੀਰ ਕਿਸੇ ਲੇਖੇ 'ਚ ਲਾਇਆ ਹੈ, ਉਹ ਗੁਰੂ ਲੋਕ 'ਚ ਜਾਂਦੇ ਨੇ। ਇਹਨੂੰ ਗੁਰੂ ਲੋਕ ਕਹਿੰਦੇ ਨੇ। ਇੱਥੇ ਚਾਰ ਕਿਸਮ ਦੀ ਮੁਕਤੀ ਮਿਲਿਆ ਕਰਦੀ ਹੈ, ਇਹ ਦੁਬਾਰਾ ਨਹੀਂ ਆਇਆ ਕਰਦੇ ਇੱਕ ਵਾਰੀ ਜਾ ਕੇ। ਲੇਕਿਨ ਇਨ੍ਹਾਂ 'ਚ ਸ਼ਕਤੀ ਹੁੰਦੀ ਹੈ, ਜੇ ਜੀਅ 'ਚ ਆਏ ਤਾਂ ਦੀਵਾਨ 'ਚ ਆ ਕੇ ਬਹਿ ਜਾਣਗੇ। ਨਿਸ਼ਾਨੀ ਇਹ ਹੋਏਗੀ, ਜਿੱਥੇ ਇਨ੍ਹਾਂ ਦਾ ਵਾਸਾ ਹੋਏਗਾ, ਉਥੇ ਇੱਕ pin drop silence ਹੋਵੇਗੀ, ਕੋਈ ਬੰਦਾ ਨਹੀਂ ਬੋਲਦਾ ਹੋਏਗਾ। ਸਮਝ ਲਓ ਕਿ ਦਰਗਾਹ ਤੋਂ ਫਰਿਸ਼ਤੇ ਆ ਕੇ ਬੈਠ ਗਏ। ਸ਼ਹੀਦ ਸਿੰਘ ਆ ਕੇ ਬੈਠ ਗਏ। ਅੱਖਾਂ ਨਾਲ ਦੇਖੇ ਨੇ ਜਿਨ੍ਹਾਂ ਨੇ।

ਮਹਾਰਾਜ ਜੀ (ਸੰਤ ਈਸ਼ਰ ਸਿੰਘ ਮਹਾਰਾਜ ਰਾੜਾ ਸਾਹਿਬ) ਦਸਦੇ ਸੀ ਕਿ ਫਤਹਿਗੜ੍ਹ ਸਾਹਿਬ ਦੇ, ਦੀਵਾਨ ਵਿੱਚ ਬੈਠੇ ਸੀ, ਉਸ ਵੇਲੇ ਤਿੰਨੋ ਮੁੱਖ ਦੇਵਤੇ ਆ ਕੇ ਬੈਠ ਗਏ। ਮਹਾਰਾਜ ਜੀ ਨੂੰ ਪੁਛਿਆ ਕਿ ਸੱਚੇ ਪਾਤਸ਼ਾਹ! ਉਹ ਕੌਣ ਹੋਏ ਜਿਹੜੇ ਚਾਦਰ ਦੇ ਉੱਤੇ ਆ ਕੇ ਬੈਠ ਗਏ। ਮਹਾਰਾਜ ਜੀ ਕਹਿੰਦੇ ਕਿ ਗੁਪਤ ਰੱਖੀਦੀਆਂ ਨੇ ਇਹ ਗੱਲਾਂ। ਇਹ ਤਿੰਨੋ ਵੱਡੇ ਦੇਵ ਆਏ ਸੀ ਅੱਜ, ਗੁਰੂ ਦਰਬਾਰ 'ਚ। ਕਿਉਂ? ਕਿਉਂਕਿ ਉਥੇ ਇਹ ਚੀਜ਼ਾਂ ਹੈ ਨਹੀਂ ਇਉਂ ਪੜ੍ਹ ਲਓ -

*ਧਾਰਨਾ - ਸ਼ਿਵ ਜੀ ਖੋਜਦੇ ਫਿਰਦੇ*
*ਬ੍ਰਹਮਗਿਆਨੀ ਨੂੰ।*

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥*
*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥*
*ਅੰਗ - ੨੭੩*

ਮਹਾਰਾਜ ਜੀ ਕਹਿੰਦੇ ਕਿ ਜਿਹੜਾ ਬੈਕੁੰਠ ਧਾਮ ਹੈ ਨਾ ਉਹਦੇ ਸਾਰੇ ਹੀ ਦੇਵਤੇ ਆ ਜਾਇਆ ਕਰਦੇ

ਨੇ। ਕਿੱਥੇ? ਜਿੱਥੇ ਤੁਸੀਂ ਬੈਠੇ ਓਂ ਆਹ ਸਤਿਸੰਗ 'ਚ।

*ਵਿਚਿ ਦੁਨੀਆ ਸੇਵ ਕਮਾਈਐ ॥*
*ਤਾ ਦਰਗਹ ਬੈਸਣੁ ਪਾਈਐ ॥*
*ਕਹੁ ਨਾਨਕ ਬਾਹ ਲੁਡਾਈਐ ॥ ਅੰਗ - ੨੬*

ਜਿੱਥੇ ਕੋਈ ਵੀ ਰਾਗ ਦਵੈਸ਼ ਦੀ ਗੱਲ ਨਾ ਹੁੰਦੀ ਹੋਵੇ, ਨਾਮ ਦੀ ਗੱਲ ਹੁੰਦੀ ਹੋਵੇ, ਉਥੇ ਬੈਕੁੰਠ ਪਤੀ ਸਾਰੇ ਦੇਵਤਿਆਂ ਸਮੇਤ ਆ ਜਾਂਦਾ ਹੈ।

*ਹਰਿ ਕੀ ਕਥਾ ਹੋਤ ਹੈ ਜਹਾਂ,*
*ਗੰਗਾ ਭੀ ਚਲ ਆਵਤ ਤਹਾਂ।*

ਇੱਕ ਵਾਰੀ ਰਤਨਗੜ੍ਹ ਦੀਵਾਨ ਲੱਗਿਆ ਹੋਇਆ ਸੀ। ਸਹਿਜ ਨਾਲ ਹੀ ਮੇਰੇ ਮੂੰਹ 'ਚੋਂ ਨਿਕਲ ਗਿਆ ਮੈਂ ਕਿਹਾ ਪਿਆਰਿਓ! ਐਸ ਵੇਲੇ ਦੇਵਤੇ ਬੈਠੇ ਨੇ ਇੱਥੇ, ਤੀਰਥ ਬੈਠੇ ਨੇ, ਉਨ੍ਹਾਂ ਨੇ ਆਪਣੀਆਂ-ਆਪਣੀਆਂ ਸਾਰਿਆਂ ਨੇ ਜਿਵੇਂ ਦੁਕਾਨ ਲਾਈਦੀ ਹੈ, ਐਉਂ ਆਪਣਾ ਸਮਾਨ ਖੋਲ੍ਹ ਕੇ ਰੱਖਿਆ ਹੋਇਆ ਹੈ। ਇੱਕ-ਇੱਕ ਫਲ ਉਨ੍ਹਾਂ ਕੋਲ -

*ਤੀਰਥ ਕੀਏ ਏਕ ਫਲ, ਸੰਤ ਮਿਲੇ ਫਲ ਚਾਰ।*
*ਇਥੇ ਤੱਕ ਕਿ ਬੈਕੁੰਠ ਪਤੀ ਵੀ ਆਏ ਹੋਏ ਨੇ।*
*ਕਹੁ ਕਬੀਰ ਇਹ ਕਹੀਐ ਕਾਹਿ ॥*
*ਸਾਧਸੰਗਤਿ ਬੈਕੁੰਠੈ ਆਹਿ ॥ ਅੰਗ - ੩੨੫*

ਜਿੱਥੇ ਪ੍ਰਮੇਸ਼ਰ ਦੀ ਕਥਾ ਵਾਰਤਾ ਚਲਦੀ ਹੋਏਗੀ ਉਥੇ ਬੈਕੁੰਠ ਬਣ ਜਾਂਦਾ ਹੈ। ਉਥੇ ਬੈਕੁੰਠਪਤੀ ਆ ਜਾਂਦਾ ਹੈ। ਐਸਾ ਭਾਈ ਗੁਰਦਾਸ ਜੀ ਨੇ ਕਬਿੱਤ ਸਵੱਯੀਆਂ 'ਚ ਲਿਖਿਆ ਹੈ ਕਿ ਹੇ ਨਾਰਦਮੁਨ! ਮੈਨੂੰ ਕਹਿੰਦੇ ਨੇ ਕਿ ਮੇਰਾ ਕੋਈ ਘਰ ਨਹੀਂ, ਮੇਰੇ ਕੋਈ ਬੱਚੇ ਨਹੀਂ ਮੇਰਾ ਕੋਈ ਪਰਿਵਾਰ ਨਹੀਂ; ਪਰ ਦੁਨੀਆਂ ਨਹੀਂ ਜਾਣਦੀ ਜਿਥੇ ਹਰੀ ਦੀ ਕਥਾ ਹੁੰਦੀ ਹੈ, ਉਹ ਮੇਰੇ ਬੱਚੇ ਨੇ ਮੈਂ ਉਨ੍ਹਾਂ ਵਿੱਚ ਜਾ ਕੇ ਬਹਿੰਦਾ ਹਾਂ, ਓਹੀ ਮੇਰਾ ਘਰ ਹੈ।

ਮੈਂ ਕਿਹਾ ਕਿ ਮੰਗੋ ਕੀ ਮੰਗਦੇ ਹੋ, ਐਵੇਂ ਨਿਕਲ ਗਿਆ ਮੂੰਹ 'ਚੋਂ। ਚੁੱਪ ਕਰ ਗਏ, ਕੀਹਨੂੰ ਪਤਾ ਲਗਦਾ ਹੈ ਕਿ ਕੀ ਮੰਗਣਾ ਹੈ। ਮਹੀਨੇ ਬਾਅਦ ਇੱਕ ਮਾਈ ਆਈ ਉਥੇ, ਰੁਮਾਲਾ ਲਿਆ ਹੋਇਆ ਹੈ, ਪੰਜਾਹ ਰੁਪਏ ਮੱਥਾ ਟੇਕ ਦਿੱਤਾ ਮਹਾਰਾਜ ਨੂੰ ਆ ਕੇ। ਮੈਂ ਕਿਹਾ, ਮਾਤਾ! ਅਸੀਂ ਤਾਂ ਆਪਣਾ ਅਸੂਲ ਬਣਾਇਆ ਹੋਇਆ ਹੈ, ਕਿਉਂਕਿ ਮੈਂ ਘਰ 'ਚ ਰਹਿੰਦਾ ਹਾਂ, ਇਸ ਕਰਕੇ ਨਾ ਪੈਸੇ ਘਰ 'ਚ ਵਾੜਦੇ ਹਾਂ, ਨਾ ਰੁਮਾਲੇ ਕਿਤੇ ਰੱਖ ਸਕਦੇ ਹਾ। ਤੂੰ ਕਿਸੇ ਗੁਰਦੁਆਰੇ ਟੇਕ ਦਿੰਦੀ ਤਾਂ ਚੰਗਾ ਸੀ। ਇਹ ਕੀ ਗੱਲ ਹੈ? ਉਹ ਕਹਿੰਦੀ ਕਿ ਮੈਂ ਰਤਨਗੜ੍ਹ ਤੋਂ ਆਈ ਹਾਂ, ਮੈਨੂੰ ਕਿੰਨੇ ਸਾਲਾਂ ਦਾ ਦਮਾ ਸੀ ਕਿਸੇ ਤਰੀਕੇ ਨਾਲ ਹਟਦਾ ਨਹੀਂ ਸੀ, ਕਹਿੰਦੀ ਜਦ ਤੁਸੀਂ ਕਿਹਾ ਕਿ ਇੱਥੇ ਸਾਰੇ ਦੇਵਤੇ ਬੈਠੇ ਨੇ, ਮੰਗੋ ਕੀ ਮੰਗਦੇ ਹੋ? ਮੈਂ ਕਿਹਾ, ਮੇਰਾ ਦਮਾ ਹਟ ਜਾਵੇ। ਇਕੱਲੀ ਨੂੰ ਰਿਹਾ ਇਸ ਗੱਲ ਦਾ ਖਿਆਲ, ਚਾਰ-ਪੰਜ ਹਜ਼ਾਰ ਬੰਦੇ ਵਿਚੋਂ, ਇੱਕ ਨੂੰ ਸੋਝੀ ਆਈ। ਬਾਕੀਆਂ ਨੂੰ ਤਾਂ ਆਈ ਨਾ ਕਿਸੇ ਨੂੰ। ਕਹਿੰਦੀ ਮੇਰਾ ਦਮਾ ਉਸੇ ਵਕਤ ਹਟ ਗਿਆ, ਕੋਈ ਵੀਹ ਸਾਲ ਪੁਰਾਣਾ ਦਮਾ ਸੀ।

ਜਿਹੜੀ ਇਹ ਸੰਗਤ ਹੁੰਦੀ ਹੈ ਨਾ ਇੱਥੇ ਦ੍ਰਿਸ਼ਟੀ ਹੁੰਦੀ ਹੈ ਗੁਰੂਆਂ ਦੀ। ਸੋ ਜਿਹੜੇ ਆਪਣਾ ਜੀਵਨ ਇੱਥੇ ਸਹੀ ਤਰੀਕੇ ਨਾਲ ਚਲਾ ਕੇ ਜਾਂਦੇ ਨੇ, ਉਨ੍ਹਾਂ ਨੂੰ ਦਰਗਾਹ ਵਿੱਚ ਥਾਂ ਮਿਲਿਆ ਕਰਦਾ ਹੈ। ਦਰਗਾਹ 'ਚ ਕਿੰਨਾ ਸੁਖ ਹੈ, ਪਹਿਲਾਂ ਮੈਂ ਗਿਣ ਚੁੱਕਿਆ ਹਾਂ। ਇਨ੍ਹਾਂ ਸਾਰਿਆਂ ਦੇ ਉੱਤੇ ਸਚਖੰਡ ਹੈ, ਸਚਖੰਡ ਦੇ ਵਿੱਚ ਗਿਆ ਹੋਇਆ ਬੰਦਾ, ਫੇਰ ਨਹੀਂ ਆਉਂਦਾ, ਬੈਕੁੰਠ ਧਾਮ 'ਚ ਗਿਆ ਹੋਇਆ ਵਾਪਸ ਆ ਜਾਂਦਾ ਹੈ। ਉਹ ਪੁੰਨ ਮੁੱਕ ਜਾਂਦਾ ਹੈ, ਮੁੱਕਣ ਤੋਂ ਬਾਅਦ ਫੇਰ ਇੱਥੇ ਮੁੜ ਕੇ ਆਉਣਾ ਪੈਂਦਾ ਹੈ। ਜਿਹੜੀ ਸੱਚੀ ਦਰਗਾਹ ਹੈ ਗੁਰੂਆਂ ਦੀ, ਉਥੇ ਗਿਆ ਹੋਇਆ ਫੇਰ ਨਹੀਂ ਆਇਆ ਕਰਦਾ। ਉਹ ਭੇਜਦੇ ਨੇ, ਐਉਂ ਨਹੀਂ ਆਉਂਦਾ ਕਿ ਕਰਮਾਂ ਦਾ ਬੰਨ੍ਹਿਆ ਆਉਂਦਾ। ਉਹਨੂੰ ਭੇਜਿਆ ਜਾਂਦਾ ਹੈ, ਸ਼ਕਤੀਆਂ ਮੰਗਦਾ ਹੈ ਸ਼ਕਤੀਆਂ ਦੇ ਕੇ ਭੇਜਦੇ ਨੇ, ਗੁਣ ਦੇ ਕੇ ਭੇਜਦੇ ਨੇ ਕਿ ਜਾਹ, ਸੰਸਾਰ ਦੇ ਵਿੱਚ ਜਾ ਕੇ ਆਹ ਕੰਮ ਕਰਕੇ ਆ। ਉਹਦਾ ਆਉਣਾ ਸੰਸਾਰ 'ਤੇ ਧਰਮ ਕਰਨਾ ਹੈ, ਉਹਨੇ ਆ ਕੇ ਸੰਸਾਰ 'ਤੇ ਆਪਣਾ ਕੰਮ ਕਰਨਾ ਹੈ, ਉਹ ਭੇਜੇ ਹੋਏ ਆਉਂਦੇ ਨੇ ਤੇ ਜਿਸ ਦਿਨ ਆ ਜਾਵੇ ਸੰਦੇਸ਼ਾ, ਫੇਰ ਨਹੀਂ ਅਰਦਾਸ ਕਰਦੇ ਕਿ ਮਹਾਰਾਜ! ਮੈਨੂੰ ਰਹਿਣ ਦੇ ਹੋਰ ਥੋੜ੍ਹਾ ਜਿਹਾ ਚਿਰ। ਆਗਿਆ ਆ ਗਈ ਹੁਣ ਚੱਲੀਏ, ਉਡੀਕਦੇ ਰਹਿੰਦੇ ਨੇ। ਉਨ੍ਹਾਂ ਨੂੰ ਚਾਰ ਕਿਸਮ ਦੀ ਮੁਕਤੀ ਮਿਲਿਆ ਕਰਦੀ ਹੈ ਪਹਿਲੀ ਹੁੰਦੀ ਹੈ 'ਸਾ-ਲੋਕ', ਓਸ ਲੋਕ ਦੇ ਵਿੱਚ ਜਾ ਕੇ ਵਸਣ ਲਗ ਜਾਂਦਾ ਹੈ। ਦੂਸਰੀ ਹੁੰਦੀ ਹੈ 'ਸਮੀਪ', ਲੋਕ ਦੇ ਵਿੱਚ ਜਾ ਕੇ ਤਾਂ ਕਿਸੇ ਮਹੱਲੇ 'ਚ ਦੂਰ ਵਸਦਾ ਹੈ, ਜਿਹੜਾ ਸਾਮੀਪ ਹੁੰਦਾ ਹੈ, ਉਹ ਬਿਲਕੁਲ ਨੇੜੇ ਵਸਦਾ ਹੈ ਗੁਰੂ ਦੇ। ਤੀਸਰੀ ਹੁੰਦੀ ਹੈ 'ਸਰੂਪ' ਜਿਹੋ ਜਿਹਾ ਰੱਬ ਦਾ ਸਰੂਪ, ਉਹਦਾ ਹੀ ਸਰੂਪ ਹੋ ਜਾਂਦਾ ਹੈ, ਲੀਨ ਹੋਇਆ ਹੁੰਦਾ ਹੈ। ਚੌਥੀ ਹੁੰਦੀ ਹੈ, ਸਾਜੱਜ, ਸਾਜਜ ਹੋਇਆ ਕਰਦਾ ਹੈ ਕਿ ਰੱਬ ਹੀ ਬਣ ਜਾਂਦਾ ਹੈ -

*ਸੋਈ ਫਿਰਿ ਕੈ ਤੂ ਭਇਆ*
*ਜਾ ਕਉ ਕਹਤਾ ਅਉਰੁ ॥ ਅੰਗ - ੧੩੭੯*

ਸੋ ਇਹ ਗੁਰੂ ਦੇ ਜਿਹੜੇ ਪਿਆਰੇ ਨੇ ਇਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਅਸੀਂ ਆਪਣੇ ਘਰ ਨੂੰ ਜਾ ਰਹੇ ਹਾਂ, ਇੱਥੇ ਤਾਂ ਨਾਟਕ ਚੇਟਕ ਹੈ। ਸਾਡੇ ਵਰਗੇ ਨਹੀਂ ਹੁੰਦੇ ਉਹ ਸਾਡੇ ਨਾਲੋਂ ਨਿਆਰੇ ਹੁੰਦੇ ਨੇ। ਸੋ ਐਸਾ

ਭਿਆਨਕ ਯੁੱਧ ਹੋ ਰਿਹਾ ਹੈ ਉੱਥੇ। ਇਕੱਲੇ-ਇਕੱਲੇ ਸਿੰਘ, ਫੇਰ ਦੋ, ਫੇਰ ਪੰਜ ਸਿੰਘ ਗਏ। ਭਾਈ ਦੇਵਾ ਸਿੰਘ ਵਰਗੇ, ਪੰਜ ਮੁਕਤੇ ਜਿਹੜੇ ਸੀ, ਭਾਈ ਈਸ਼ਰ ਸਿੰਘ ਵਗੈਰਾ, ਇਹ ਜਾਂਦੇ ਨੇ ਤੇ ਫੇਰ ਸਾਹਿਬ ਅਜੀਤ ਸਿੰਘ ਜੀ ਨੇ ਬੇਨਤੀ ਕਰੀ ਕਿ ਮਹਾਰਾਜ ਮੈਨੂੰ ਆਗਿਆ ਦੇਵੋ, ਮਹਾਰਾਜ! ਕਹਿੰਦੇ ਧੰਨ, ਤੂੰ ਕਸ਼ਤਰੀ ਧਰਮ ਦੀ ਪਾਲਣਾ ਕਰੀ ਹੈ। ਉਹ ਯੁੱਧ ਕਰਿਆ ਇਤਿਹਾਸ ਦੇ ਵਿੱਚ ਆਉਂਦਾ ਹੈ ਕਿ ਐਸਾ ਕਿਸੇ ਨੇ ਕਰਿਆ ਹੀ ਨਹੀਂ। ਐਨੀ ਫੁਰਤੀ ਕਿ ਸਾਮ੍ਹਣੇ ਨਹੀਂ ਕੋਈ ਖੜ੍ਹਾ ਰਹਿ ਸਕ ਰਿਹਾ। ਤਿੰਨ ਘੰਟੇ ਯੁੱਧ ਕਰਦਿਆਂ ਨੂੰ ਜਦ ਲੰਘ ਗਏ, ਫੇਰ ਜਾ ਕੇ ਸਰੀਰ ਛਾਲਣੀ-ਛਾਲਣੀ ਹੋ ਗਿਆ, ਦੂਰ ਨਿਕਲ ਗਏ ਤੇ ਉਥੇ ਜਾ ਕੇ ਆਪ ਦਾ ਸਰੀਰ ਸ਼ਾਂਤ ਹੋ ਗਿਆ। ਉਸ ਤੋਂ ਬਾਅਦ ਸਾਹਿਬ ਜੁਝਾਰ ਸਿੰਘ ਜੀ ਛੋਟੀ ਉਮਰ ਹੈ, ਦੇਖ ਰਹੇ ਨੇ ਸਾਰੇ। ਉਨ੍ਹਾਂ ਦੇ ਯੁੱਧ ਨਾਲ ਸ਼ਾਮ ਪੈ ਗਈ। ਸੂਰਬੀਰਤਾ ਨਾਲ ਯੁੱਧ ਕਰਕੇ ਸ਼ਹੀਦੀ ਪ੍ਰਾਪਤ ਕਰ ਗਏ। ਜਦੋਂ ਇਹ ਹੋਇਆ ਉਸ ਵੇਲੇ ਗੁਰੂ ਮਹਾਰਾਜ ਜੀ ਨੇ ਅਰਦਾਸ ਕਰੀ ਕਿ ਹੇ ਪ੍ਰਭੂ! ਤੂੰ ਅਮਾਨਤ ਦਿੱਤੀ ਸੀ, ਤੇਰੀ ਅਮਾਨਤ ਤੇਰੇ ਕੋਲ ਪਹੁੰਚ ਗਈ, ਮੈਂ ਸੁਰਖਰੂ ਹੋ ਗਿਆ। ਮਹਾਰਾਜ ਕਹਿਣ ਲੱਗੇ ਕਿ ਪਿਆਰਿਓ! ਉਹ ਕਰਨੀ ਇਹ ਪਿਆਰੇ ਕਰ ਗਏ, ਜਿਹਨੂੰ ਯਾਦ ਕਰ-ਕਰ ਕੇ ਸੰਸਾਰ ਨੂੰ ਸੂਰਮਤਾਈ ਪ੍ਰਾਪਤ ਹੋਏਗੀ ਤੇ ਜਸ ਗਾਉਣਗੇ ਸਾਰੇ।

*ਧਾਰਨਾ - ਵਾਹਵਾ-ਵਾਹਵਾ ਬਈ*
*ਜਸ ਗਾਉ ਸਾਰੀ ਦੁਨੀਆਂ।*
*ਐਸੀ ਕਰਨੀ ਕਰ ਗਏ ਪਿਆਰੇ -2*

ਸਾਰੇ ਸਿੰਘਾਂ 'ਚ ਸ਼ਕਤੀਆਂ ਸੀਗੀਆਂ। ਜੇ ਭਾਈ ਮਤੀ ਦਾਸ ਕਹਿੰਦੇ ਨੇ ਕਿ ਮੈਂ ਦਿੱਲੀ ਗਰਕ ਕਰ ਦਿੰਦਾ ਹਾਂ, ਲਾਹੌਰ ਗਰਕ ਕਰ ਦਿੰਦਾ ਹਾਂ। ਉਹ ਐਵੇਂ ਨਹੀਂ ਸੀ ਕਹਿੰਦੇ ਸ਼ਕਤੀ ਸੀ ਉਨ੍ਹਾਂ ਵਿੱਚ। ਇਹ ਸਾਰੇ ਸਿੰਘਾਂ 'ਚ ਸ਼ਕਤੀ ਸੀ, ਕਿਉਂਕਿ ਸਾਰੇ ਹੀ ਬ੍ਰਹਮਗਿਆਨੀ ਸੀਗੇ। ਬ੍ਰਹਮਗਿਆਨੀ ਦਾ ਕੋਈ ਅੰਤ ਨਹੀਂ ਹੁੰਦਾ, ਕੋਈ ਪਾਰਾਵਾਰ ਨਹੀਂ ਹੁੰਦਾ, ਉਹ ਵਾਹਿਗੁਰੂ ਦਾ ਸਰੂਪ ਹੋਇਆ ਕਰਦੇ ਨੇ। ਉਨ੍ਹਾਂ ਬ੍ਰਹਮਗਿਆਨੀਆਂ ਨੇ ਸੰਕੋਚ ਰੱਖਿਆ ਕਿ ਕੋਈ ਸ਼ਕਤੀ ਨਾ ਦਿਖਾਈ ਜਾਵੇ। ਅਕਾਲ ਪੁਰਖ ਦਾ ਹੁਕਮ ਮੰਨਿਆ, ਹਰਖ, ਸੋਗ ਤੋਂ ਨਿਆਰੇ ਰਹਿ ਕੇ ਖੇਲ੍ਹ ਕਰਦੇ ਰਹੇ, ਅਜਰ ਨੂੰ ਜਰਦੇ ਰਹੇ। ਇਹ ਜੋ ਚਮਕੌਰ ਸਾਹਿਬ ਦਾ ਸਾਕਾ ਹੈ ਇਹ ਦੁਨੀਆਂ ਨੂੰ ਇੱਕ ਮਿਸਾਲ ਹੈ ਸਾਧਸੰਗਤ ਜੀ।

ਇੱਕ ਤਾਂ ਹੁੰਦਾ ਹੈ ਕਿ ਆਦਮੀ ਅੜਿੱਕੇ ਆਇਆ ਹੋਇਆ ਲੜਦਾ ਹੈ। ਇੱਕ ਹੁੰਦਾ ਹੈ ਕਿ ਸਾਰੀਆਂ ਹੀ ਸ਼ਕਤੀਆਂ ਨੇ ਉਹਦੇ ਵਿੱਚ, ਲੇਕਿਨ ਉਹ ਸਬਰ ਵਿੱਚ ਹੈ।

ਇੱਕ ਵਾਰੀ ਈਰਾਨ ਦੇ ਬਾਦਸ਼ਾਹ ਸੁਣ ਰਹੇ ਸੀ ਕਿ ਸਬਰ ਕੀ ਹੁੰਦਾ ਹੈ? ਸ਼ੁਕਰ ਕੀ ਹੁੰਦਾ ਹੈ? ਉਹਦੇ ਮਨ ਨੂੰ ਲੱਗੀ ਨਾ ਗੱਲ, ਜਿਹੜੇ ਅਰਥ ਕਰ ਰਹੇ ਸੀ। ਤਾਂ ਉਸ ਵੇਲੇ ਇੱਕ ਪੀਰ ਨੇ ਦੱਸਿਆ ਕਿ ਜੇ ਤੂੰ ਸਹੀ ਅਰਥ ਜਾਨਣੇ ਨੇ, ਤਾਂ ਇਸ ਵੇਲੇ ਸੁਰਮੱਦ ਔਰੰਗਜ਼ੇਬ ਦੀ ਕੈਦ ਵਿੱਚ ਹੈ, ਉਹਨੂੰ ਮਿਲ ਆਪਣਾ ਵਕੀਲ ਭੇਜ। ਆਪਣੇ ਵਕੀਲ ਨੂੰ ਭੇਜ ਦਿੱਤਾ। ਇਜਾਜ਼ਤ ਲੈ ਲਈ। ਜਦ ਸੁਰਮੱਦ ਨੂੰ ਮਿਲਣ ਗਿਆ ਤਾਂ ਉਹ ਕਈ ਮਹੀਨਿਆਂ ਦਾ ਜੇਲ੍ਹ ਵਿੱਚ ਕੈਦ ਸੀ, ਸੂਰਜ ਦੀ ਰੋਸ਼ਨੀ ਨਹੀਂ ਸੀ ਉਥੇ ਜਾਂਦੀ, ਉਸ ਵੇਲੇ ਦਰਵਾਜ਼ੇ ਦੇ ਅੱਗੇ ਆ ਗਿਆ, ਜਿੰਦਰਾ ਬਾਹਰ ਔਹ ਗਿਆ ਤੇ ਦਰਵਾਜ਼ਾ ਖੁਲ੍ਹ ਗਿਆ। ਦੂਸਰਾ ਦਰਵਾਜ਼ਾ, ਤੀਸਰਾ ਦਰਵਾਜ਼ਾ, ਸੱਤ ਦਰਵਾਜ਼ਿਆਂ ਦੇ ਅੰਦਰ ਕੈਦ ਸੀ। ਸੱਤ ਹੀ ਖੋਲ੍ਹ ਦਿੱਤੇ। ਉਹ ਵੀ ਬਾਹਰ ਨਿਕਲ ਆਇਆ। ਕਹਿਣ ਲੱਗੇ, ਕਿਵੇਂ ਆਏ ਹੋ ਤੁਸੀਂ? ਕਹਿਣ ਲੱਗੇ, ਮੇਰੇ ਬਾਦਸ਼ਾਹ! ਨੇ ਮੈਨੂੰ ਭੇਜਿਆ ਹੈ, ਮੈਂ ਸਬਰ ਤੇ ਸ਼ੁਕਰ ਦੇ ਅਰਥ ਪੁੱਛਣ ਆਇਆ ਹਾਂ। ਕਹਿੰਦੇ, ਫੇਰ ਸਵੇਰੇ ਇੱਕ ਮਸ਼ਕ ਲਿਆਈਂ ਪਾਣੀ ਦੀ ਤੇ ਦੋ ਗਜ਼ ਲਿਆਈਂ ਕੱਪੜਾ, ਕਿਉਂਕਿ ਮੈਂ ਬਰੈਹਨਾ (ਨੰਗਾ) ਹਾਂ, ਕੱਪੜਾ ਕੋਈ ਨਹੀਂ ਦਿੱਤਾ ਇਨ੍ਹਾਂ ਨੇ। ਦੂਸਰੇ ਦਿਨ ਉਹ ਮਸ਼ਕ ਪਾਣੀ ਦੀ ਲੈ ਗਿਆ, ਦੋ ਗਜ਼ ਕੱਪੜਾ ਲੈ ਗਿਆ, ਇਸ਼ਨਾਨ ਕਰਿਆ ਸੁਰਮੱਦ ਨੇ, ਕੱਪੜਾ ਪਹਿਨਿਆ ਤੇ ਬੈਠ ਗਿਆ। ਅਜੇ ਬਹਿੰਦੇ ਹੀ ਨੇ ਕਿ ਉਸੇ ਵੇਲੇ ਕੋਰੜੇ ਮਾਰਨ ਵਾਲਾ ਆ ਗਿਆ। ਪੰਜਾਹ ਕੋਰੜੇ ਮਾਰੇ, ਸਰੀਰ 'ਚੋਂ ਖੂਨ ਦੀਆਂ ਧਾਰਾਂ ਚਲਦੀਆਂ ਨੇ। ਲੇਕਿਨ ਉਹ ਉਪਰ ਨੂੰ ਦੇਖ ਕੇ ਉਂਗਲੀ ਹਿਲਾਈ ਜਾਂਦੇ ਨੇ। ਵਕੀਲ ਦੇ ਸਮਝ 'ਚ ਨਾ ਆਈ ਗੱਲ। ਕਹਿੰਦੇ, ਕੁਛ ਸਮਝਿਆ? ਜਿਹੜਾ ਕੋਰੜੇ ਮਾਰਨ ਵਾਲਾ ਸੀ ਉਹਨੇ ਇਕ ਸੌ ਇਕ ਕੋਰੜੇ ਮਾਰਨੇ ਸੀ, ਉਹ ਆਰਾਮ ਕਰਨ ਬਹਿ ਗਿਆ। ਵਕੀਲ ਕਹਿਣ ਲੱਗਿਆ, ਨਾ ਮਹਾਰਾਜ! ਮੇਰੇ ਤਾਂ ਸਮਝ 'ਚ ਨਹੀਂ ਆਈ। ਕਹਿੰਦਾ, ਮੈਂ ਤਾਂ ਤੈਨੂੰ ਪਰਤੱਖ ਦਿਖਾ ਰਿਹਾ ਸੀ। ਕਹਿੰਦੇ ਚੱਲ ਮੈਂ ਤੇਰੀ ਦ੍ਰਿਸ਼ਟੀ ਖੋਲ੍ਹਦਾ ਹਾਂ। ਜਦ ਉਹ ਫੇਰ ਕੋਰੜੇ ਮਾਰਨ ਲੱਗਿਆ ਤਾਂ ਕੀ ਦੇਖਦਾ ਹੈ ਸਾਰੇ ਫਰਿਸ਼ਤੇ ਹੱਥ ਬੰਨ੍ਹੀਂ ਖੜ੍ਹੇ ਨੇ, ਕਹਿੰਦੇ ਪੀਰ ਜੀ ਸਾਨੂੰ ਹੁਕਮ ਕਰ ਅਸੀਂ ਇਹਦਾ ਰਾਜ ਗਰਕ ਕਰੀਏ। ਇਹਨੂੰ ਮਾਰ ਦੇਈਏ, ਪਰ ਉਹ ਉੱਗਲੀ ਹਿਲਾ ਕੇ ਮਨ੍ਹਾ ਕਰੀ ਜਾਂਦੇ ਨੇ। ਜਦ ਪੰਜਾਹ ਕੋਰੜੇ ਹੋਰ ਲਗ ਗਏ, ਕਹਿੰਦੇ ਤੇਰੇ ਹੁਣ ਸਮਝ ਵਿੱਚ ਆਇਆ? ਕਹਿੰਦਾ ਨਾ ਮਹਾਰਾਜ! ਮੈਂ ਤਾਂ ਹੈਰਾਨ ਹੋਇਆ ਪਿਆ ਹਾਂ। ਕਹਿੰਦੇ, ਕਾਹਦਾ ਹੈਰਾਨ ਹੋਇਆ ਹੈਂ, ਦੇਖ, ਮੈਂ ਐਨੀ ਸ਼ਕਤੀ ਰਖਦਾ ਹੈ ਜੇ ਇੱਕ ਵਾਰੀ ਕਹਿ ਦੇਵਾਂ ਔਰੰਗਜ਼ੇਬ ਦਾ ਰਾਜ ਗਰਕ ਹੋ ਜਾਵੇ। ਇਕ ਵੀ ਮੁਗਲ ਨਹੀਂ ਰਹੇਗਾ,

ਪਰ ਪਿਆਰਿਆ! ਐਨੀ ਸ਼ਕਤੀ ਦਾ ਮਾਲਕ ਹੁੰਦਾ ਹੋਇਆ, ਮੈਂ ਰੱਬ ਦਾ ਹੁਕਮ ਮੰਨ ਰਿਹਾ ਹਾਂ। ਉਹ ਕੋਰੜੇ ਮਾਰਦੇ ਨੇ ਸ਼ਕਤੀਆਂ ਮੈਨੂੰ ਬੇਨਤੀਆਂ ਕਰਦੀਆਂ ਨੇ, ਦੇਖਿਆ ਨਹੀਂ ਤੂੰ? ਕਹਿੰਦਾ ਦੇਖਿਆ ਹੈ। ਕਹਿੰਦੇ, ਇਹਨੂੰ 'ਸਬਰ' ਕਹਿੰਦੇ ਨੇ।

ਏਨੇ ਨੂੰ ਇੱਕ ਪਿਆਲਾ ਪਾਣੀ ਦਾ ਆ ਗਿਆ, ਵਿੱਚ ਨਮਕ ਪਾਇਆ ਹੋਇਆ ਹੈ ਬੇਅੰਤ; ਕੌੜਾ ਕਰਿਆ ਹੋਇਆ ਹੈ, ਦੋ ਕਤਰੇ ਉਹਦੇ ਹੱਥ ਉਤੇ ਪਾ ਦਿੱਤੇ, ਕਹਿੰਦੇ ਲਾ ਜੀਭ ਨਾਲ। ਜਦ ਲਾਇਆ ਤਾਂ ਕਹਿੰਦਾ ਮਹਾਰਾਜ ਇਹ ਤਾਂ ਬਹੁਤ ਕੌੜਾ ਹੈ। ਸਾਰਾ ਹੀ ਲੂਣ ਹੈ। ਇਹ ਤਾਂ ਦੇ ਰਹੇ ਨੇ ਕਿ ਸਰੀਰ ਖਰ ਜਾਵੇ ਅੰਦਰੋਂ। ਆਹ ਤੇਰੀ ਅੱਖ ਖੋਲ੍ਹਾਂ। ਦੂਜੇ ਪਾਸੇ ਕੀ ਦੇਖਦਾ ਹੈ ਕਿ ਬੇਅੰਤ ਪਦਾਰਥ ਲਈਂ ਖੜ੍ਹੇ ਨੇ ਫਰਿਸ਼ਤੇ, ਮਿੰਨਤਾਂ ਕਰਦੇ ਨੇ ਕਿ ਮਹਾਰਾਜ! ਆਹ ਲੈ ਲਓ, ਇਹ ਨਾ ਪੀਓ। ਆਪ ਨੇ ਪਿਆਲਾ ਪੀ ਲਿਆ ਤੇ ਕਿਹਾ ਕਿ ਹੇ ਅੱਲਾਹ ਤਾਲਾ! ਤੇਰਾ ਸ਼ੁਕਰ ਹੈ, ਤੂੰ ਮੈਨੂੰ ਵੀ ਕੁਛ ਭੇਜਦਾ ਹੈਂ ਪੀਣ ਵਾਸਤੇ। ਕਹਿੰਦੇ, ਪਿਆਰਿਆ! ਇਹਨੂੰ 'ਸ਼ੁਕਰ' ਕਹਿੰਦੇ ਨੇ। ਇਹ ਸਬਰ ਤੇ ਸ਼ੁਕਰ ਜਿਹੜਾ ਹੈ ਇਹ ਮਹਾਂਪੁਰਖਾਂ ਦਾ ਗਹਿਣਾ ਹੁੰਦਾ ਹੈ। ਮਹਾਂਪੁਰਸ਼ ਜੇ ਕਰਾਮਾਤਾਂ ਦਿਖਾਉਂਦੇ ਨੇ ਇਹ ਤਾਂ ਨਾਟਕ ਚੇਟਕ ਹੁੰਦੇ ਨੇ। ਗੁਰੂ ਮਹਾਰਾਜ ਨੇ ਪ੍ਰਵਾਨ ਨਹੀਂ ਕਰਿਆ -

***ਰਿਧਿ ਸਿਧਿ ਸਭੁ ਮੋਹੁ ਹੈ***
***ਨਾਮੁ ਨ ਵਸੈ ਮਨਿ ਆਇ ॥ ਅੰਗ - ੫੯੩***

ਸੰਸਾਰ ਤੋਂ ਜਾਣਾ ਹੀ ਜਾਣਾ ਹੈ ਇਥੇ ਕਿਸੇ ਨੇ ਰਹਿਣਾ ਨਹੀਂ। ਸੋ ਗੁਰੂ ਮਹਾਰਾਜ ਸਰਬ ਕਲਾ ਸਮਰੱਥ, ਸਾਰੇ ਸਿੰਘ ਸਮਰੱਥ, ਇੱਕ-ਇੱਕ ਸਿੰਘ 'ਚ ਕਿੰਨੀ-ਕਿੰਨੀ ਸ਼ਕਤੀ, ਕੋਈ ਅੰਦਾਜ਼ਾ ਨਹੀਂ ਹੈ ਇਸ ਗੱਲ ਦਾ। ਮਰਿਆ ਹੋਇਆਂ ਨੂੰ ਜੀਉਂਦੇ ਕਰ ਦਿੰਦਾ ਹੈ, ਉਹ ਐਨੀਆਂ ਸ਼ਕਤੀਆਂ ਦੇ ਮਾਲਕ ਗੁਰੂ ਦੇ ਪਿਆਰ ਵਿੱਚ, ਭਾਣੇ ਵਿੱਚ ਉਨ੍ਹਾਂ ਨੇ ਖੇਡ ਵਰਤਾਈ, ਜਿਹੜੀ ਆਪਾਂ ਪੜ੍ਹਦੇ ਹਾਂ। ਜਣੇ-ਖਣੇ ਦੇ ਹਿੱਸੇ ਵਿੱਚ ਨਹੀਂ ਆ ਸਕਦੀ। ਅਸੀਂ ਨਹੀਂ ਕਰ ਸਕਦੇ। ਅਸੀਂ ਤਾਂ ਚੀਕਾਂ ਮਾਰਨੀਆਂ ਸੀ। ਸੋ ਇਸ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਦਾ ਜਿਹੜਾ ਕੌਤਕ ਹੈ -

***ਸਤਿਗੁਰ ਪੁਰਖੁ ਅਗੰਮ ਹੈ ਨਿਰਵੈਰ ਨਿਰਾਲਾ।***

ਉਹਦੇ ਸਾਰੇ ਹੀ ਕੌਤਕ ਜਿਹੜੇ ਨੇ ਵੈਰ ਤੋਂ ਰਹਿਤ ਹੁੰਦੇ ਨੇ ਤੇ ਨਿਰਾਲੇ ਹੋਇਆ ਕਰਦੇ ਨੇ।

# ਜੋ ਜੋ ਸਰਣਿ ਪਰੈ ਸਾਧੂ ਕੀ ਸੋ ਪਾਰਗਰਾਮੀ ਕੀਆ

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਅੰਗ - ੨੫੬*
*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - ੨੮੯*
*ਧਾਰਨਾ - ਏਕੋ ਕਹੀਐ ਨਾਨਕਾ*
*ਏਕੋ ਕਹੀਐ ਨਾਨਕਾ।*
*ਪਿਆਰੇ ਦੂਜਾ ਕਾਹੇ ਕੂ।*
*ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ,*
*ਨਿਆਰੇ ਨਿਆਰੇ ਹੋਇ ਕੈ*
*ਫੇਰਿ ਆਗ ਮੈ ਸਮਾਹਿੰਗੇ॥*
*ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈਂ*
*ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ॥*
*ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ*
*ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿੰਗੇ॥*
*ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ*
*ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ॥*
*ਅਕਾਲ ਉਸਤਤਿ*
*ਆਪੇ ਪਟੀ ਕਲਮ ਆਪਿ*
*ਉਪਰਿ ਲੇਖੁ ਭਿ ਤੂੰ ॥*
*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥*
*ਅੰਗ - ੧੨੯੧*
*ਧਾਰਨਾ - ਸੁਣਿਓ ਮੇਰੇ ਮੀਤਾ,*
*ਮਹਿਮਾਂ ਸਾਧੂਆਂ ਦੇ ਸੰਗ ਦੀ।*
*ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ ॥*
*ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ ॥*
*ਅੰਗ - ੮੦੯*

ਮੈਲ ਹਟ ਜਾਂਦੀ ਹੈ -

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ ਖੰਨਲੀ ਧੋਤੀ*
*ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥*
*ਅੰਗ - ੬੫੧*

ਵਾਹਿਗੁਰੂ ਸਭ ਦੇ ਅੰਦਰ ਹਾਜ਼ਰ ਨਾਜ਼ਰ ਕੋਈ ਐਸਾ ਨਹੀਂ ਜਿਸ ਤੋਂ ਦੂਰ ਹੋਵੇ ਪ੍ਰਮੇਸ਼ਰ, ਸਿਰਫ ਮੈਲ ਹੈ ਹਉਮੈ ਦੀ ਜਿਸ ਕਰਕੇ ਕੋਲ ਹੁੰਦੇ ਨੂੰ ਅਸੀਂ ਦੇਖ ਨਹੀਂ ਸਕਦੇ। ਉਹ ਜੋ ਮੈਲ ਪਾਪਾਂ ਦੀ ਲੱਗੀ ਹੋਈ ਹੈ, ਸੰਤਾਂ ਦੇ ਦਰਸ਼ਨ ਕਰਕੇ, ਸੰਗਤ ਕਰਕੇ ਮਹਾਰਾਜ ਕਹਿੰਦੇ ਹਟ ਜਾਂਦੀ ਹੈ। ਇਹੀ ਮਹਿਮਾ ਸੁਣੋ ਤੁਸੀਂ ਧਿਆਨ ਦੇ ਨਾਲ। 22 ਘੰਟੇ ਤੋਂ ਲਗਾਤਾਰ ਸਤਿਸੰਗ ਚਲ ਰਹੇ ਨੇ, 22 ਘੰਟੇ ਦੀ ਤਪਸਿਆ ਸਾਧੂਆਂ ਦੀ ਤਪਸਿਆ ਹੋਇਆ ਕਰਦੀ ਹੈ। ਆਹ ਬੱਚੇ ਛੋਟੇ-ਛੋਟੇ, ਭਾਈ ਬੀਬੀਆਂ, ਕੰਮ ਕਰਨ ਵਾਲੇ ਕਿਰਤੀ, ਜਿਹੜੇ ਬੈਠ ਨਹੀਂ ਸਕਦੇ, ਕਿੰਨੇ ਪਿਆਰ ਦੇ ਨਾਲ ਦੂਰ-ਦੂਰ ਤੋਂ ਚੱਲ-ਚੱਲ ਕੇ ਆ ਕੇ ਆਪ ਸਤਿਸੰਗ ਦਾ ਲਾਹਾ ਖੱਟ ਰਹੇ ਹੋ।

*ਕਈ ਕੋਟਿਕ ਜਗ ਫਲਾ*
*ਸੁਣਿ ਗਾਵਨਹਾਰੇ ਰਾਮ ॥*
*ਹਰਿ ਹਰਿ ਨਾਮੁ ਜਪਤ*
*ਕੁਲ ਸਗਲੇ ਤਾਰੇ ਰਾਮ ॥ ਅੰਗ - ੫੪੬*

ਕਈ ਕਰੋੜ ਯੱਗਾਂ ਦਾ ਫਲ ਮਿਲਦਾ ਹੈ ਤੇ ਸੰਗਤ ਵਿੱਚ ਆਉਂਦੇ ਹੋ। ਜਿਹੜੇ ਸੰਗਤ ਕਰਦੇ ਨੇ ਉਹ ਤਾਂ ਠੀਕ ਹੈ, ਜਿਹੜੇ ਨਹੀਂ ਵੀ ਕਰਦੇ ਉਹਦੇ ਬਾਰੇ ਵੀ ਮਹਾਰਾਜ ਦਾ ਐਸ ਤਰ੍ਹਾਂ ਫੁਰਮਾਨ ਹੈ -

*ਧਾਰਨਾ - ਪਾਪੀ ਤਰ ਜਾਂਦੇ ਨੇ,*
*ਸੰਤਾਂ ਦੀ ਸੰਗਤ ਕਰਕੇ।*
*ਕੋਟਿ ਅਪ੍ਰਾਧੀ ਸੰਤਸੰਗਿ ਉਧਰੈ*
*ਜਮੁ ਤਾ ਕੈ ਨੇੜਿ ਨ ਆਵੈ ॥ ਅੰਗ - ੭੪੮*

ਕਰੋੜਾਂ ਪਾਪ ਕਰਨ ਵਾਲਾ ਤੇ ਵੱਡੇ-ਵੱਡੇ ਅਪਰਾਧ ਕਰਨ ਵਾਲਾ, ਸੰਤਾਂ ਦੀ ਸੰਗਤ, ਚਾਹੇ ਥੋੜ੍ਹਾ ਜਿਹਾ ਚਿਰ ਹੀ ਹੋ ਜਾਏ-

*ਕਬੀਰ ਏਕ ਘੜੀ ਆਧੀ ਘਰੀ*
*ਆਧੀ ਹੂੰ ਤੇ ਆਧ ॥*
*ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ ॥*
*ਅੰਗ - ੧੩੭੭*

ਬਾਲਮੀਕ ਨੂੰ ਕਿੰਨੀ ਕੁ ਦੇਰ ਸੰਗਤ ਹੋਈ ਸੀ, ਉਹ ਉਨ੍ਹਾਂ ਦੇ ਕਪੜੇ ਲਾਹ ਰਿਹਾ ਹੈ, ਉਹ ਕਹਿੰਦੇ ਪ੍ਰੇਮੀਆਂ! ਜੋ ਤੂੰ ਕੰਮ ਕਰ ਰਿਹਾ ਹੈਂ ਇਹ ਮਾੜਾ ਕੰਮ ਹੈ, ਪਰ ਘਰ ਜਾ ਕੇ ਪੁੱਛ ਕੇ ਤਾਂ ਆ ਕਿ ਅੰਤ ਵੇਲੇ ਤੇਰੀ ਕੋਈ ਸਹਾਇਤਾ ਕਰੇਗਾ? ਇੱਕੋ ਬਚਨ ਕਿਹਾ। ਮੁੜ ਕੇ ਆ ਕੇ ਕੁਹਾੜਾ ਸੁੱਟ ਦਿੱਤਾ। ਮੰਤਰ ਦਾ ਜਾਪ ਸ਼ੁਰੂ ਕਰ ਲਿਆ ਤੇ ਅੱਜ ਮਹਾਂਰਿਸ਼ੀ ਦੇ ਤੌਰ 'ਤੇ ਗਿਣਿਆ ਜਾਂਦਾ ਹੈ। ਭਾਈ ਬਿਧੀ ਚੰਦ ਮੱਝਾਂ ਕੱਢੀ ਆਉਂਦਾ ਹੈ, ਸਰਹਾਲੀ ਪਿੰਡ ਤੋਂ। ਪੁਲਿਸ ਮਗਰ ਪੈ ਗਈ ਤੇ ਸੰਤ ਅਦਲੀ ਜੀ ਦੇ ਪਾਸ ਚਲਿਆ ਗਿਆ ਕਿ ਮਹਾਰਾਜ! ਮੈਨੂੰ ਬਚਾ ਲਓ। ਸੰਤ ਕਹਿੰਦੇ ਆਹ

ਮਾਲਾ ਚੁੱਕ ਲੈ, ਇੱਥੇ ਬੈਠ ਕੇ ਵਾਹਿਗੁਰੂ-ਵਾਹਿਗੁਰੂ ਕਹੀ ਜਾਹ, ਪੁਲਿਸ ਆ ਗਈ, ਸਾਰੇ ਡੇਰੇ ਨੂੰ ਛਾਣ ਮਾਰਿਆ। ਉਹਦੇ ਵਲ ਕੋਈ ਦੇਖਦਾ ਹੀ ਨਹੀਂ, ਕਹਿੰਦੇ ਆਹ ਇੱਕ ਬੈਠਾ ਹੈ, ਪਰ ਇਹ ਤਾਂ ਮਾਲਾ ਫੇਰਦਾ ਹੈ, ਇਹ ਚੋਰ ਨਹੀਂ ਹੋ ਸਕਦਾ? ਐਨੀਓ ਲਗਨ ਲੱਗੀ ਹੈ, ਗੁਰੂ ਮਹਾਰਾਜ ਗੁਰੂ ਪੰਜਵੇਂ ਪਾਤਸ਼ਾਹ ਦੇ ਚਰਨ ਸ਼ਰਨ ਆ ਕੇ ਕਿੱਡਾ ਵੱਡਾ ਮਹਾਨ ਪੁਰਸ਼ ਹੋਇਆ ਹੈ। ਸੱਜਣ ਠੱਗ ਦੁਨੀਆਂ ਨੂੰ ਠੱਗ ਰਿਹਾ ਸੀ, ਗੁਰੂ ਨਾਨਕ ਦਾ ਇੱਕ ਸ਼ਬਦ ਸੁਣਿਆ ਹੈ -

*ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ ॥*
*ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ ॥*
*ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ੍॥*
*ਅੰਗ - ੭੨੯*

ਸੱਜਣਾ! ਤੇਰਾ ਨਾਮ ਤਾਂ ਬੜਾ ਸੋਹਣਾ ਹੈ, ਨਾਉਂ ਸੁਣ ਕੇ ਭੁੱਖ ਲਹਿੰਦੀ ਹੈ, ਪਿਆਰ ਆਉਂਦਾ ਹੈ ਕਿ ਸੱਜਣ ਮਿਲ ਗਿਆ ਕੋਈ, ਪਰ ਤੇਰੇ ਕੰਮ ਤਾਂ ਵੈਰੀਆਂ ਵਾਲੇ ਨੇ, ਸੱਜਣਾਂ ਵਾਲੇ ਤਾਂ ਹੈ ਨਹੀਂ। ਸੱਜਣ ਤਾਂ ਉਹ ਹੁੰਦਾ ਹੈ ਜਿਹੜੇ ਚਲਦਿਆਂ ਦੇ ਨਾਲ ਇਥੇ ਵੀ ਤੇ ਦਰਗਾਹ ਵਿੱਚ ਵੀ ਨਾਲ ਚਲਦੇ ਨੇ। -

*ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥*
*ਅੰਗ- ੭੨੯*

ਸੋ ਮਹਾਂਪੁਰਸ਼ਾਂ ਦਾ ਜਿਸ ਨਾਲ ਵੀ ਸਪਰਸ਼ ਹੋ ਗਿਆ, ਉਹ ਇਹ ਨਹੀਂ ਦੇਖਦੇ ਕਿ ਇਹਨੇ ਕਮਾਈਆਂ ਕੀਤੀਆਂ ਹੋਈਆਂ ਨੇ ਜਾਂ ਨਹੀਂ। ਜੇ ਮਹਾਂਪੁਰਸ਼ ਗਣਕਾ ਦੇ ਦਰ 'ਤੇ ਆ ਕੇ ਖੜ੍ਹੇ ਹੋ ਗਏ ਤਾਂ ਇੱਕੋ ਬਚਨ ਕਿਹਾ ਹੈ ਬੀਬਾ! ਤੇਰਾ ਮਹਾਨ-ਮਹਾਨ ਕੀਮਤੀ ਜਨਮ ਕੌਡੀਆਂ ਦੇ ਭਾਅ ਜਾ ਰਿਹਾ ਹੈ, ਸੰਭਾਲ ਬੇਟਾ! ਇਸਨੂੰ। ਬੋਲ ਦੇ ਵਿੱਚ ਹੀ ਅਚਰਜ ਤਾਕਤ ਸੀ। ਗੁਰੂ ਗ੍ਰੰਥ ਸਾਹਿਬ ਵਿੱਚ ਨਾਉਂ ਚੜ੍ਹ ਗਿਆ ਓਸਦਾ। ਸੋ ਇਸ ਤਰ੍ਹਾਂ ਦੇ ਨਾਲ ਬਾਬਾ ਭਾਗ ਸਿੰਘ ਜੀ ਨੇ ਇੱਕ ਵੇਸਵਾ ਦੇ ਉੱਤੇ ਦ੍ਰਿਸ਼ਟੀ ਕਰੀ। ਸੰਤ ਬਣਾ ਦਿਤਾ, ਲੋਕ ਜਿਆਰਤ ਕਰਦੇ ਨੇ, ਉਹਨੂੰ ਪੂਜਿਆ ਜਾਂਦਾ ਹੈ।

ਸੰਤ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲੇ, ਆਪ ਪੈਨਸ਼ਨ ਲੈ ਕੇ ਹੁਕਮ ਦੇ ਮੁਤਾਬਿਕ ਰੇਰੂ ਸਾਹਿਬ ਗੁਰਦੁਆਰਾ ਸਾਹਿਬ ਦੀ ਸੇਵਾ ਕਰਨ ਲਗ ਗਏ। ਆਪਣੇ ਹੱਥ ਨਾਲ ਹਲ ਚਲਾਉਂਦੇ ਨੇ ਜੇ ਉਨ੍ਹਾਂ ਦੀ ਕਠਨ ਤਪਸਿਆ ਬਾਰੇ ਖਿਆਲ ਕਰੀਏ, ਕਰ ਹੀ ਨਹੀਂ ਸਕਦੇ, ਸੋਚ ਹੀ ਨਹੀਂ ਸਕਦੇ ਕਿ ਆਦਮੀ ਐਨਾ ਤਪ ਕਰਕੇ, ਫੇਰ ਲੰਗਰ ਦੀ ਸੇਵਾ, ਗੁਰੂ ਘਰ ਦੀ ਸੇਵਾ ਹੱਥੀਂ ਕਰ ਸਕਦਾ ਹੈ। ਸਿਰਫ ਦੋ ਘੰਟੇ ਆਪ ਆਰਾਮ ਕਰਿਆ ਕਰਦੇ ਸੀ। ਸਾਰੀ ਰਾਤ ਦਾ ਪ੍ਰੋਗਰਾਮ, ਦੀਵਾਨ ਦੀ ਸਮਾਪਤੀ ਰਾਤ ਤੋਂ ਬਾਅਦ ਸਿੱਧੇ ਗੋਖੇ ਦੀ ਛਪੜੀ ਚਲੇ ਜਾਂਦੇ ਤੇ ਉਥੇ ਬਹਿ ਕੇ ਸਾਰੀ ਰਾਤ ਬੰਦਗੀ ਕਰਦੇ ਸਨ। ਅੰਮ੍ਰਿਤ ਵੇਲੇ ਉਠ ਕੇ ਫੇਰ ਦਿਨ ਵਿੱਚ ਚਲੇ ਜਾਣਾ। ਥੋੜ੍ਹਾ ਚਿਰ ਆਰਾਮ ਕਰਨਾ; ਤਿੰਨ ਅਸਥਾਨ ਸੀ ਜਿਨ੍ਹਾਂ 'ਚ ਸਾਰੀ ਰਾਤ ਘੁੰਮਦੇ ਰਹਿਣਾ। ਕਿੱਡੇ ਵੱਡੇ ਮਹਾਂਪੁਰਸ਼ ਹੋਏ।

ਅੱਜ ਆਪ ਦੁਰਾਹੇ ਤੋਂ ਜਾ ਰਹੇ ਨੇ। ਕੁਝ ਸਮਾਨ ਲਿਆ ਹੋਇਆ ਹੈ। ਅਜੇ ਆਏ ਹੀ ਨੇ, ਕੋਈ ਚੁੱਕਣ ਵਾਲਾ ਨਹੀਂ ਹੈ, ਆਪ ਹੀ ਚੁੱਕੀਂ ਜਾ ਰਹੇ ਨੇ ਤੇ ਰਾਤ ਅੱਧੀ ਪੈ ਗਈ। ਰਾਮਪੁਰ ਦਾ ਪੁਲ ਮਸ਼ਹੂਰ ਸੀ, ਉਥੋਂ ਜੇ ਲੰਘ ਜਾਂਦੇ ਸੀ ਤਾਂ ਲੋਕ ਦੇਗ ਸੁੱਖਿਆ ਕਰਦੇ ਸੀ ਕਿ ਸੱਚੇ ਪਾਤਸ਼ਾਹ! ਰਾਮਪੁਰ ਦਾ ਪੁਲ ਲੰਘ ਜਾਈਏ, ਦੇਗ ਕਰਾਵਾਂਗੇ। ਉਥੇ ਲੁੱਟਿਆ ਹੀ ਜਾਂਦਾ ਸੀ ਬੰਦਾ। ਇਵੇਂ ਜਿਵੇਂ ਰਾੜਾ ਸਾਹਿਬ ਸੀ। ਰਾੜਾ ਸਾਹਿਬ ਜਿਥੇ ਮਹਾਰਾਜ (ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ) ਨੇ ਡੇਰਾ ਲਾਇਆ ਸੀ ਢੱਕੀ ਸੀ, ਸਾਡੇ ਨਾਨਕੇ ਸੀ, ਉਥੋਂ ਦੀ ਲੰਘ ਕੇ ਜਾਂਦੇ ਹੁੰਦੇ, ਕਹਿਣਾ ਕਿ ਜੇ ਰਾੜੇ ਦੀ ਢੱਕੀ ਲੰਘ ਗਏ, ਫੇਰ ਲੰਘ ਗਏ। ਉਹ ਮਸ਼ਹੂਰ ਸੀ, ਉਥੇ ਤਿੰਨ ਗੁੱਠਾਂ ਲਗਦੀਆਂ ਸੀ, ਲੁਧਿਆਣੇ ਦੀ ਗੁੱਠ, ਮਲੇਟਕੋਟਲੇ ਦੀ, ਪਟਿਆਲੇ ਦੀ; ਜੇ ਪੁਲਿਸ ਪਟਿਆਲੇ ਦੀ ਆ ਗਈ ਉਹ ਪਰ੍ਹੇ ਨੂੰ ਤਿਲਕ ਜਾਂਦੇ ਸੀ। ਜੇ ਲੁਧਿਆਣੇ ਦੀ ਆ ਗਈ ਤਾਂ ਮਲੇਰਕੋਟਲੇ ਵਲ ਦੀ ਹੋ ਲੈਂਦੇ ਸੀ। ਡਾਕੂਆਂ ਦਾ ਬੜਾ ਭਾਰਾ ਅੱਡਾ ਸੀ ਓਸ ਥਾਂ ਦੇ ਉੱਤੇ। ਉੱਥੋਂ ਵੀ ਲੰਘਣ ਵੇਲੇ ਵਾਹਿਗੁਰੂ-ਵਾਹਿਗੁਰੂ ਕਹਿ ਕੇ ਲੰਘਦੇ ਹੁੰਦੇ ਕਿ ਲੰਘ ਗਏ ਸ਼ੁਕਰ ਹੈ। ਪੁਲ ਲੰਘ ਗਏ, ਹੁਣ ਲੰਘ ਜਾਵਾਂਗੇ। ਸੋ ਮਹਾਂਪੁਰਸ਼ ਆ ਰਹੇ ਨੇ, ਸਮਾਨ ਪਾਸ ਹੈ। ਏਧਰਲੇ ਪਾਸੇ ਪੁਲ ਦੇ ਉੱਤੇ ਦਾਰਾ ਡਾਕੂ ਬੈਠਾ ਹੈ, ਮਸ਼ਹੂਰ ਸੀ, ਉਹਦੀ ਧਾਂਕ ਪਈ ਹੋਈ ਸੀ ਸਾਰੇ ਕਿ ਦਾਰਾ ਹੈ ਤੇ ਮਹਾਂਪੁਰਸ਼ ਜਦ ਆਉਂਦੇ ਨੇ ਉਹਨੇ ਵੀ ਦੇਖ ਲਿਆ ਕਿ ਕੋਈ ਆ ਰਹੇ ਨੇ ਤੇ ਸਮਾਨ ਵੀ ਲਈ ਆ ਰਿਹਾ ਹੈ। ਉਨ੍ਹਾਂ ਦਿਨਾਂ 'ਚ ਗੰਡਾਸੀਆਂ ਹੁੰਦੀਆਂ ਵੱਡੀਆਂ, ਜਿਨ੍ਹਾਂ ਨੂੰ ਛਵੀ ਕਹਿੰਦੇ ਸੀ, ਇੱਕੋ ਮਾਰ ਕੇ ਗਰਦਨ ਲਹਿ ਜਾਂਦੀ ਸੀ। ਲੰਮੀ ਡਾਂਗ ਸੀ, ਕੱਦ ਦਾ ਬਹੁਤ ਵੱਡਾ ਸੀ, ਮਹਾਂਪੁਰਸ਼ਾਂ ਨੂੰ ਦੇਖ ਕੇ ਉਸ ਨੇ ਆਪਣੀ ਛਵੀ ਤਿਆਰ ਕਰ ਲਈ, ਉਠ ਕੇ ਖੜ੍ਹ ਗਿਆ। ਤਿਆਰ ਹੋ ਗਿਆ ਪੋਜ਼ੀਸ਼ਨ ਲੈ ਲਈ, ਜਦ ਮੇਰੇ ਨੇੜੇ ਆਏਗਾ, ਛਵੀ ਮਾਰਨੀ ਹੈ। ਪਹਿਲਾਂ ਦਬਕਾ ਦੇਵਾਂਗਾ। ਛਵੀ ਮਾਰਨੀ ਹੈ ਓਸ ਤੋਂ ਪਹਿਲਾਂ ਕਿ ਇਹ ਕੁਛ ਬੋਲੇ, ਮਹਾਂਪੁਰਸ਼ਾਂ ਦੇ ਮੁਖਾਰਬਿੰਦ ਤੋਂ ਐਸਾ ਬਚਨ ਨਿਕਲ ਗਿਆ -

*ਧਾਰਨਾ - ਲੁੱਟ ਪਿਆਰਿਆ,*
*ਲੁੱਟ ਪੈ ਗਈ ਰਾਮ ਨਾਮ ਦੀ।*

*ਕਬੀਰ ਲੂਟਨਾ ਹੈ ਤ ਲੂਟਿ ਲੈ*
*ਰਾਮ ਨਾਮ ਹੈ ਲੂਟਿ ॥*

***ਫਿਰਿ ਪਾਛੈ ਪਛੁਤਾਹੁਗੇ ਪ੍ਰਾਨ ਜਾਹਿੰਗੇ ਛੂਟਿ ॥***
***ਅੰਗ - ੧੩੬੬***

ਪਹਿਲੀ ਵਾਰ ਕੰਨਾਂ ਦੇ ਨਾਲ ਸੁਣਿਆ, ਪੈਸੇ ਦੀ ਲੁੱਟ ਮੈਂ ਕਰਦਾ ਸੀ, ਗਹਿਣਿਆਂ ਦੀ ਲੁੱਟ ਕਰਦਾ ਸੀ, ਖੋਹ-ਖਿੰਝ ਕਰਦਾ ਸੀ, ਪਰ ਇਹ ਤਾਂ ਆਪ ਹੀ ਕਹਿੰਦੇ ਨੇ ਕਿ ਲੁੱਟ ਲੈ, ਰਾਮ ਨਾਮ ਦੀ ਲੁੱਟ ਲੁੱਟ ਲੈ। ਬੋਲ ਦੇ ਵਿੱਚ ਐਨੀ ਤਾਕਤ ਸੀ, ਤਾਸੀਰ ਸੀ। ਅੰਦਰ ਦੀ ਲੰਘ ਗਿਆ, ਸੁਣਦੇ ਸਾਰ ਕਿ ਹੈਂ ਨਵੀਓਂ ਲੁੱਟ ਦਸ ਦਿਤੀ। ਬਾਬਾ ਜੀ ਕੋਲ ਚਲੇ ਗਏ। ਕਹਿੰਦਾ, ਬਾਬਾ ਜੀ! ਰਾਮ ਨਾਮ ਦੀ ਲੁੱਟ, ਇਹਦਾ ਵੀ ਕੋਈ ਫਾਇਦਾ ਹੋਇਆ ਕਰਦਾ ਹੈ? ਕਹਿੰਦੇ, ਹਾਂ ਭਾਈ -

***ਧਾਰਨਾ - ਕੱਟੇ ਜਾਣਗੇ ਚੌਰਾਸੀ ਵਾਲੇ ਗੇੜੇ,***
***ਸਤਿਨਾਮ ਜਪ ਕੇ ਵਾਹਿਗੁਰੂ।***
***ਏਕ ਚਿਤ ਜਿਹ ਇਕ ਛਿਨ ਧਿਆਇਓ***
***ਕਾਲ ਫਾਸ ਕੇ ਬੀਚ ਨ ਆਇਓ।***

ਕਹਿੰਦੇ, ਦਾਰਿਆ! ਭੁੱਲ ਭੁਲੇਖੇ ਵੀ ਜੇ ਤੇਰੇ ਮਨ 'ਚੋਂ ਵਾਹਿਗੁਰੂ ਦਾ ਨਾਮ ਨਿਕਲ ਗਿਆ ਨਾ, ਇਹ ਜਿਹੜੀ ਲੁੱਟ ਅਸੀਂ ਤੈਨੂੰ ਦਸਦੇ ਹਾਂ ਇਹ ਐਡੀ ਵੱਡੀ ਕੀਮਤੀ ਹੈ ਕਿ -

***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥***
***ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ॥***
***ਅੰਗ - ੮੧***

ਲੁੱਟ ਲੈ ਪਿਆਰਿਆ ਜੇ ਲੁੱਟ ਹੁੰਦੀ ਹੈ, ਮਾਨਸ ਜਨਮ ਹੈ, ਕਿਉਂ ਗਵਾਉਂਦਾ ਹੈਂ ਕੌਡੀਆਂ ਦੇ ਭਾਅ। ਕੁੰਭੀ ਨਰਕ ਦੇ ਟਿਕਟ ਲੈਂਦਾ ਹੈ, ਕੀ ਕਰੇਂਗਾ ਤੂੰ ਲੁੱਟ ਕੇ। ਸੰਭਾਲ, ਸੰਭਾਲ ਆਪਣੇ ਆਪ ਨੂੰ। ਸੰਸਾਰ 'ਤੇ ਕਿਸੇ ਨੇ ਰਹਿਣਾ ਹੈ? ਕਹਿੰਦਾ, ਨਹੀਂ ਬਾਬਾ ਜੀ। ਕਹਿੰਦੇ, ਫੇਰ ਕਿਉਂ ਗੱਠੜੀਆਂ ਬੰਨ੍ਹਦਾ ਹੈਂ ਪਾਪਾਂ ਦੀਆਂ, ਚੁੱਕਣੀਆਂ ਔਖੀਆਂ ਹੋ ਜਾਣੀਆਂ ਨੇ।

ਬਾਣ ਮਾਰ ਦਿੱਤਾ ਸਾਧਸੰਗਤ ਜੀ! ਵਗਾਹ ਕੇ ਮਾਰੀ ਗੰਡਾਸੀ, ਚਰਨ ਫੜ ਲਏ, ਪੁੱਲ ਦੇ ਉੱਤੇ। ਨਾ ਕੋਈ ਗੁਰਦੁਆਰਾ ਹੈ, ਨਾ ਕੋਈ ਸਤਿਸੰਗ ਹੈ, ਕੁਛ ਵੀ ਨਹੀਂ ਹੈ। ਮਹਾਂਪੁਰਸ਼ ਖੜ੍ਹੇ ਨੇ, ਅੱਧੀ ਰਾਤ ਦੇ ਨੇੜੇ ਰਾਤ ਹੋਣ ਵਾਲੀ ਹੋਈ-ਹੋਈ ਹੈ। ਜਾਂ ਡਾਕੂ ਖੜ੍ਹਾ ਹੈ ਜਾਂ ਮਹਾਂਪੁਰਸ਼ ਖੜ੍ਹੇ ਨੇ। ਬਿਲਕੁਲ ਸਰੀਫ ਬਣਾ ਦਿੱਤਾ। ਕਹਿਣ ਲੱਗਿਆ, ਬਾਬਾ ਜੀ! ਹੁਣ ਗੰਡਾਸੀ ਨਹੀਂ ਚੁੱਕ ਹੋਣੀ ਤੇ ਹੁਣ ਜੇ ਐਡਾ ਬਚਨ ਕਹਿ ਦਿੱਤਾ ਤਾਂ ਮੈਨੂੰ ਨਾਲ ਹੀ ਲੈ ਚੱਲੋ। ਆਹ ਜਿਹੜੀ ਤੁਸੀਂ ਨਾਮ ਵਾਲੀ ਗੱਲ ਕਰੀ ਹੈ, ਇਹ ਮੈਨੂੰ ਦੇ ਦਿਓ। ਬਾਣ ਲੱਗਿਆ, ਜਿਸ ਤਰ੍ਹਾਂ ਕਬੀਰ ਸਾਹਿਬ ਮਹਾਰਾਜ ਕਹਿੰਦੇ ਨੇ -

***ਧਾਰਨਾ - ਗੁਰਾਂ ਨੇ ਮੇਰੇ ਓ ਬਾਣ ਮਾਰਿਆ,***
***ਮੇਰੇ ਪੈ ਗਿਆ ਕਲੇਜੇ ਛੇਕ।***

***ਕਬੀਰ ਸਾਚਾ ਸਤਿਗੁਰੁ ਮੈ ਮਿਲਿਆ***
***ਸਬਦੁ ਜੁ ਬਾਹਿਆ ਏਕੁ ॥***
***ਲਾਗਤ ਹੀ ਭੁਇ ਮਿਲਿ ਗਇਆ***
***ਪਰਿਆ ਕਲੇਜੇ ਛੇਕੁ ॥ ਅੰਗ - ੧੩੭੨***

ਚਰਨ ਫੜੀਂ ਬੈਠਾ ਹੈ। ਬਾਬਾ ਜੀ! ਆਹ ਗੱਲ ਦਾ ਤਾਂ ਮੈਨੂੰ ਪਤਾ ਹੀ ਨਹੀਂ ਸੀ। ਕਿਉਂ?

***ਜਿਸ ਕੈ ਅੰਤਰਿ ਬਸੈ ਨਿਰੰਕਾਰੁ ॥***
***ਤਿਸ ਕੀ ਸੀਖ ਤਰੈ ਸੰਸਾਰੁ ॥ ਅੰਗ - ੨੬੯***

ਇਹ ਤਾਂ ਅਸੀਂ ਗੱਲਾਂ ਲੱਖਾਂ ਵਾਰੀ ਸੁਣਦੇ ਹਾਂ, ਸਾਡੇ 'ਤੇ ਅਸਰ ਕਿਉਂ ਨਹੀਂ ਹੁੰਦਾ। ਕਿਉਂਕਿ ਕਮਾਈ ਹੋਈ ਗੱਲ ਨਹੀਂ ਆ ਰਹੀ। ਫੋਕੇ ਭੜਾਕੇ ਤਾਂ ਵੱਜਦੇ ਸੁਣਦੇ ਹਾਂ, ਕੰਨਾਂ ਦੇ ਨਾਲ, ਪਰ ਭਰੀ ਹੋਈ ਰਾਈਫਲ ਜੇ ਇੱਕ ਵਾਰੀ ਵੀ ਲੱਗ ਜਾਵੇ, ਤਾਂ ਉਸੇ ਵੇਲੇ ਕਾਇਆਂ ਕਲਪ ਕਰ ਦਿੰਦੀ ਹੈ। ਸੋ ਇਸ ਤਰ੍ਹਾਂ ਬਚਨ ਸੁਣ ਲਿਆ। ਮਹਾਂਪੁਰਸ਼ਾਂ ਦੇ ਨਾਲ ਹੀ ਚਲਿਆ ਗਿਆ। ਐਨਾ ਬਦਲਿਆ ਕਿ ਸਾਰੀ ਜ਼ਿੰਦਗੀ ਸਾਰਿਆਂ ਨੂੰ ਹੱਥ ਜੋੜੀ ਗਿਆ, ਤਰਸ ਹੀ ਕਰੀ ਜਾਇਆ ਕਰਦਾ ਸੀ। ਸੰਤ ਅਤਰ ਸਿੰਘ ਜੀ ਮਹਾਰਾਜ ਨੇ ਉਹਦਾ ਨਾਉਂ ਹੀ ਦੀਨ ਦਇਆਲ ਪਾ ਲਿਆ। ਅੰਮ੍ਰਿਤ ਛਕਾ ਦਿੱਤਾ। ਉੱਤਮ ਸਿੰਘ ਨਾਂ ਰੱਖਿਆ ਕਿ ਉੱਤਮ ਹੈ ਸਿੰਘ ਜਿਹੜਾ ਹੈਗਾ। ਕਿੱਥੇ ਇਹ ਡਾਕੇ ਮਾਰਦਾ ਸੀ, ਕਿੱਥੇ ਦੀਨ ਦਇਆਲ ਦੀ ਪਦਵੀ ਪ੍ਰਾਪਤ ਹੋ ਗਈ। ਸੋ ਇਸ ਤਰ੍ਹਾਂ ਦੇ ਨਾਲ ਸੰਤਾਂ ਦਾ ਜੋ ਜੀਵਨ ਹੈ ਉਹ ਸੰਸਾਰ ਦੇ ਨਾਲੋਂ ਵਿਲੱਖਣ ਹੋਇਆ ਕਰਦਾ ਹੈ। ਸੰਸਾਰ ਦਾ ਤੇ ਰਾਜਿਆਂ ਦਾ ਜੀਵਨ ਹੋਰ ਤਰ੍ਹਾਂ ਦਾ ਹੁੰਦਾ, ਸੰਤਾਂ ਦਾ ਜੀਵਨ ਬਿਲਕੁਲ ਹੋਰ ਤਰ੍ਹਾਂ ਦਾ ਹੁੰਦਾ ਹੈ -

***ਧਾਰਨਾ - ਹਰਿ ਕੇ ਸੇਵਕ ਜੋ ਹਰਿ ਭਾਏ***
***ਤਿਨ ਕੀ ਕਥਾ ਨਿਰਾਰੀ ਰੇ।***
***ਹਰਿ ਕੇ ਸੇਵਕ ਜੋ ਹਰਿ ਭਾਏ***
***ਤਿਨ੍ ਕੀ ਕਥਾ ਨਿਰਾਰੀ ਰੇ ॥***
***ਆਵਹਿ ਨ ਜਾਹਿ ਨ ਕਬਹੂ ਮਰਤੇ***
***ਪਾਰਬ੍ਰਹਮ ਸੰਗਾਰੀ ਰੇ ॥ ਅੰਗ - ੮੫੫***

ਰਾਜਿਆਂ ਦੀਆਂ ਕਥਾਵਾਂ ਹੋਰ ਤਰ੍ਹਾਂ ਦੀਆਂ ਹੁੰਦੀਆਂ ਨੇ ਕਿ ਫਲਾਣੇ ਰਾਜੇ 'ਤੇ ਚੜ੍ਹਾਈ ਕਰ ਦਿੱਤੀ, ਐਨੀ ਫੌਜ ਰੱਖ ਲਈ, ਐਨਾ ਖਜ਼ਾਨਾ ਰੱਖ ਲਿਆ, ਐਨੇ ਟੈਕਸ ਲਾ ਦਿੱਤੇ, ਐਨੇ ਬੰਦੇ ਮਾਰ ਦਿੱਤੇ, ਆਹ ਕਾਨੂੰਨ ਕੱਢ ਦਿੱਤਾ, ਆਹ ਕਾਨੂੰਨ ਕੱਢ ਦਿੱਤਾ। ਦੁਨੀਆਂਦਾਰਾਂ ਦੀਆਂ ਕਥਾਵਾਂ ਵੀ ਇਸੇ ਤਰ੍ਹਾਂ ਦੀਆਂ ਨੇ। ਲੇਕਿਨ ਸਾਧੂ ਦੀ ਕਥਾ ਦੁਨੀਆਂਦਾਰਾਂ ਨਾਲੋਂ ਵਿਲੱਖਣ ਹੋਇਆ ਕਰਦੀ ਹੈ। ਕਿਉਂ ਹੋਇਆ ਕਰਦੀ ਹੈ, ਕਿਉਂਕਿ ਵਾਹਿਗੁਰੂ ਸੰਤਾਂ ਨੂੰ ਪ੍ਰਗਟ ਕਰਨਾ ਚਾਹੁੰਦਾ ਹੈ। ਸੰਤ ਕੋਈ ਦੁਨੀਆਂ ਦੇ ਅੰਦਰ ਐਸਾ ਨਹੀਂ ਜਿਹੜਾ ਕਹੇ ਮੈਂ ਸੰਤ ਹਾਂ। ਜਿਹੜਾ

ਕਹਿੰਦਾ ਹੈ ਕਿ ਮੈਂ ਸੰਤ ਹਾਂ, ਮਹਾਰਾਜ ਕਹਿੰਦੇ ਉਹਨੇ ਜਾਣਿਆ ਹੀ ਕੱਖ ਨਹੀਂ। ਉਹ ਬਿਲਕੁਲ ਹੀ ਜਿਉਂ-ਜਿਉਂ ਜਾਣਦਾ ਹੈ, ਨਿਸ਼ਾਨੀ ਇਹ ਹੁੰਦੀ ਹੈ ਉਹ ਤਿਉਂ-ਤਿਉਂ ਨੀਵਾਂ ਹੁੰਦਾ ਚਲਿਆ ਜਾਂਦਾ ਹੈ। ਅਖੀਰ ਉਸ ਦੇ ਮਨ ਵਿੱਚ ਇਹ ਨਿਹਚਾ ਪੱਕਾ ਹੋ ਜਾਂਦਾ ਹੈ ਕਿ ਮੇਰੇ ਨਾਲੋਂ ਦੁਨੀਆਂ 'ਚ ਅਣਜਾਣ ਬੰਦਾ ਸ਼ਾਇਦ ਹੀ ਕੋਈ ਹੋਵੇ। ਉਹ ਹੈਰਾਨ ਹੁੰਦਾ ਹੈ ਕਿ ਦੁਨੀਆਂ ਨੂੰ ਕੀ ਹੋ ਗਿਆ, ਇਹ ਕਹਿੰਦੇ ਨੇ ਕਿ ਸੰਤਾਂ ਦੇ ਬਚਨ ਐਉਂ ਨੇ, ਮੈਨੂੰ ਤਾਂ ਪਤਾ ਨਹੀਂ ਲਗਦਾ। ਇੱਥੇ ਹੀ ਨਹੀਂ ਬੁਰਿਆਂ ਤੋਂ ਵੀ ਪਿੱਛੇ ਹਟਣ ਲਗ ਜਾਂਦਾ ਹੈ, ਜਿਹੜੇ ਵੱਡੇ-ਵੱਡੇ ਬੁਰੇ ਬੰਦੇ ਨੇ, ਮਾੜੇ ਬੰਦੇ ਨੇ, ਜਿਨ੍ਹਾਂ ਦੀ ਨਿੰਦਿਆ ਹੋ ਰਹੀ ਹੈ, ਉਨ੍ਹਾਂ ਤੋਂ ਵੀ ਪਿਛਲੀ ਲਾਈਨ 'ਚ ਜਾ ਖੜ੍ਹਦਾ ਹੈ। ਫੇਰ ਯਾਦ ਕਰਦੇ ਨੇ ਭਗਤ ਕਬੀਰ ਨੂੰ ਕਹਿੰਦੇ, ਭਗਤ ਕਬੀਰ ਜੀ! ਤੁਸੀਂ ਸਾਨੂੰ ਨਾਲ ਰਲਾ ਲਓਂਗੇ, ਜਿਸ ਪਦਵੀ 'ਤੇ ਤੁਸੀਂ ਪਹੁੰਚੇ ਹੋ, ਉਥੇ ਸਾਨੂੰ ਵੀ ਪਹੁੰਚਾ ਦਿਓ। ਬੇਨਤੀਆਂ ਕਰਦੇ ਨੇ, ਗੁਰੂ ਨਾਨਕ ਕੋਲ ਅਰਦਾਸਾਂ ਕਰਦੇ ਨੇ ਕਿ ਪਾਤਸ਼ਾਹ! ਜਿਸ ਪਦਵੀ 'ਤੇ ਆਪ ਪਹੁੰਚੇ ਹੋ, ਸਾਨੂੰ ਪਹੁੰਚਾ ਦਿਓ। ਮਹਾਰਾਜ ਕਹਿੰਦੇ ਜੇ ਪਹੁੰਚਣਾ ਹੈ ਤਾਂ ਸੱਚੇ ਦਿਲ ਨਾਲ ਕਹੋ -

***ਕਬੀਰ ਸਭ ਤੇ ਹਮ ਬੁਰੇ***
***ਹਮ ਤਜਿ ਭਲੋ ਸਭੁ ਕੋਇ ॥***
***ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ॥***
***ਅੰਗ - ੧੩੬੪***

ਮੈਨੂੰ ਛੱਡ ਕੇ ਸਾਰਾ ਸੰਸਾਰ ਭਲਾ ਹੈ। ਜਿਹਨੇ ਬੁੱਝ ਲਿਆ, ਇੱਕ ਮੂੰਹ ਨਾਲ ਗੱਲ ਕਰਨ ਦੀ ਹੈ।

***ਹਉ ਅਪਰਾਧੀ ਗੁਨਹਗਾਰੁ ਹਉ ਬੇਮੁਖ ਮੰਦਾ॥***
***ਚੋਰੁ ਯਾਰੁ ਜੁਆਰਿ ਹਉ ਪਰ ਘਰਿ ਜੋਹੰਦਾ॥***
***ਨਿੰਦਕੁ ਦੁਸਟੁ ਹਰਾਮਖੋਰੁ ਠਗੁ ਦੇਸ ਠਗੰਦਾ॥***
***ਕਾਮ ਕ੍ਰੋਧ ਮਦੁ ਲੋਭੁ ਮੋਹੁ ਅਹੰਕਾਰ ਕਰੰਦਾ॥***
***ਬਿਸਾਸਘਾਤੀ ਅਕਿਰਤਘਨ ਮੈ ਕੋ ਨ ਰਖੰਦਾ॥***
***ਸਿਮਰਿ ਮੁਰੀਦਾ ਢਾਡੀਆ ਸਤਿਗੁਰੁ ਬਖਸੰਦਾ॥***
***ਭਾਈ ਗੁਰਦਾਸ ਜੀ ਵਾਰ ੩੬/੨੧***

ਅਰਦਾਸ ਕਰਦਾ ਹੈ।

***ਚੋਰੁ ਯਾਰੁ ਜੁਆਰਿ ਹਉ ਪਰ ਘਰਿ ਜੋਹੰਦਾ॥***
***ਨਿੰਦਕੁ ਦੁਸਟੁ ਹਰਾਮਖੋਰੁ ਠਗੁ ਦੇਸ ਠਗੰਦਾ॥***

ਰੋ-ਰੋ ਕੇ ਹੰਝੂਆਂ ਦੀ ਅਰਦਾਸ ਕਰਦਾ ਹੈ, ਗੁਰੂ ਦੇ ਕੋਲ ਤੇ ਉਥੇ ਕੁ ਜਾਂਦੇ ਨੂੰ ਜੇ ਕਹਿ ਦਓ ਕਿ ਹੋਰ ਬਈ ਚੋਰਾ ਕੀ ਹਾਲ ਹੈ? ਜੇ ਸਿਰ ਨਾ ਪਾੜ ਦੇਵੇ। ਤੂੰ ਤਾਂ ਬੜਾ ਅਪਰਾਧੀ ਹੈ। ਕਹੇਗਾ, ਕੌਣ ਕਹਿੰਦਾ ਹੈ ਕਿ ਮੈਂ ਅਪਰਾਧੀ ਹਾਂ। ਮੈਨੂੰ ਨਿੰਦਕ ਕੌਣ ਕਹਿੰਦਾ ਹੈ, ਕਹਿੰਦੇ ਤੂੰ ਆਪੇ ਹੀ ਕਹਿੰਦਾ ਸੀ ਆਪਣੇ ਮੂੰਹ ਨਾਲ ਗੁਰੂ ਕੋਲ। ਉਹ ਕਹਿੰਦਾ ਕਿ ਮੈਂ ਆਪਣੀ ਗੱਲ ਗੁਰੂ ਨਾਲ ਕਰਦਾ ਸੀ, ਤੁਹਾਡੇ ਵਾਸਤੇ ਥੋੜ੍ਹੋ ਨਾ ਨੀਵਾਂ ਹਾਂ। ਕਦੇ ਨਹੀਂ ਬੰਦਾ ਮੰਨਦਾ। ਐਨਾ ਹੀ ਫਰਕ ਹੈ ਕਿਉਂਕਿ ਦਿਲੋਂ ਨਹੀਂ ਮੰਨਦਾ। ਜੇ ਦਿਲੋਂ ਨਹੀਂ ਮੰਨਦਾ ਤਾਂ ਕਬੀਰ ਸਾਹਿਬ ਵਾਲੀ ਲਾਈਨ 'ਚ ਨਹੀਂ ਖੜ੍ਹਦਾ।

ਸੰਤ ਹੇਠਾਂ ਨੂੰ ਜਾਂਦਾ ਹੈ ਕਿ ਮੈਨੂੰ ਕੋਈ ਜਾਣੇ ਨਾ -

***ਬੁਲ੍ਹਿਆ ਓਥੇ ਵਸੀਏ ਜਿਥੇ ਸਾਰੇ ਹੀ ਅੰਨੇ।***
***ਨਾ ਕੋਈ ਸਾਨੂੰ ਜਾਣੇ ਤੇ ਨਾ ਕੋਈ ਮੰਨੇ।***

ਇਹ ਤਾਂ ਮੱਖੀਆਂ ਦੁਆਲੇ ਪੈ ਜਾਂਦੀਆਂ ਨੇ। ਜਿੰਨੀ ਜ਼ਿਆਦਾ ਜਾਣ ਪਛਾਣ ਵਧ ਗਈ ਓਨੀਆਂ ਜ਼ਿਆਦਾ ਮੱਖੀਆਂ ਆਲੇ-ਦੁਆਲੇ ਆ ਜਾਂਦੀਆਂ ਨੇ। ਸੋ ਨਿਆਰੀ ਹੋਈ ਕਥਾ। ਸੰਸਾਰ ਦਾ ਲੀਡਰ ਕਹਿੰਦਾ ਹੈ ਕਿ ਮੈਂ ਤੁਹਾਡੇ ਵਾਸਤੇ ਆਹ ਕੰਮ ਕਰਿਆ, ਆਹ ਕਰਿਆ। ਸੰਤ ਕਹਿੰਦਾ ਹੈ ਮੈਂ ਕੁਛ ਨਹੀਂ ਕਰਿਆ-ਮੈਂ ਕੁਛ ਨਹੀਂ ਕਰਿਆ, ਰਾਮ ਦੀ ਦੁਹਾਈ।

ਇਹ ਤਾਂ ਵਾਹਿਗੁਰੂ ਹੀ ਆਪਣੀਆਂ ਗੱਲਾਂ ਆਪੇ ਹੀ ਕਰ ਰਿਹਾ ਹੈ। ਫਸਾ ਰਿਹਾ ਹੈ ਸੰਤ ਨੂੰ। ਸੰਤ ਨੂੰ ਪ੍ਰਗਟ ਕਰਦਾ ਹੈ। ਕਿਉਂਕਿ ਉਹਦੀ ਵਡਿਆਈ ਹੁੰਦੀ ਹੈ, ਚਾਹੇ ਤਾਂ ਦੈਂਤ ਲਾ ਦੇਵੇ ਪ੍ਰਹਿਲਾਦ ਵਾਂਗੂੰ, ਹਰਨਾਖਸ ਲਾ ਦਿੱਤਾ ਪਿੱਛੇ। ਚਾਹੇ ਕਿਸੇ ਹੋਰ ਤਰੀਕੇ ਨਾਲ ਵਡਿਆਈ ਕਰ ਦੇਵੇ ਉਹਨੂੰ ਤਾਂ ਵਡਿਆਈ ਭਾਉਂਦੀ ਹੀ ਭਾਉਂਦੀ ਹੈ, ਇਸ ਤਰ੍ਹਾਂ ਨਾਲ ਫੁਰਮਾਨ ਹੈ -

***ਧਾਰਨਾ - ਉਸਤਤਿ ਦਾਸ ਤੇਰੇ ਦੀ ਕੀਤੀ,***
***ਹੁੰਦੀ ਤੇਰੀ ਵਡਿਆਈ ਐ।***
***ਜੋ ਹਰਿ ਦਾਸਨ ਕੀ ਉਸਤਤਿ ਹੈ***
***ਸਾ ਹਰਿ ਕੀ ਵਡਿਆਈ ॥ ਅੰਗ - ੬੫੨***

ਉਹਦੇ ਪਿਆਰਿਆਂ ਦੀ, ਪੁੱਤਰ ਦੀ ਉਸਤਤਿ ਕਰੋ ਪਿਉ ਖੁਸ਼ ਹੋ ਜਾਂਦਾ ਹੈ ਕਿ ਮੇਰੇ ਪੁੱਤਰ ਨੂੰ ਲਾਇਕ ਪੁੱਤਰ ਕਹਿ ਰਹੇ ਨੇ, ਜਾਮੇ 'ਚ ਨਹੀਂ ਸਮਾਉਂਦਾ, ਖੁਸ਼ ਹੁੰਦਾ ਤੁਰਿਆ ਜਾਏਗਾ। ਸੰਤ ਪ੍ਰਮੇਸ਼ਰ ਦੇ ਪੁੱਤਰ ਹੋਇਆ ਕਰਦੇ ਨੇ ਕਿਉਂਕਿ ਸੰਸਾਰ ਤਾਂ ਉਨ੍ਹਾਂ ਨੇ ਛੱਡ ਦਿੱਤਾ। ਉਹ ਤਾਂ ਸਾਰੇ ਸੰਸਾਰ ਨੂੰ ਬ੍ਰਹਮ ਰੂਪ ਜਾਣਦੇ ਨੇ, ਦੂਜੀ ਚੀਜ਼ ਨਹੀਂ ਜਾਣਦੇ, ਪਿਤਾ ਤੇ ਪੁੱਤਰ ਵਾਲਾ ਰਿਸ਼ਤਾ ਹੋ ਜਾਇਆ ਕਰਦਾ ਹੈ। ਸੋ ਜੋ ਕੋਈ ਉਸ ਦੀ ਵਡਿਆਈ ਕਰਦਾ ਹੈ, ਸੰਤਾਂ ਦੀ ਵਡਿਆਈ 'ਤੇ ਖਿਝਣਾ ਨਹੀਂ ਚਾਹੀਦਾ, ਕਿਉਂਕਿ ਪ੍ਰਮੇਸ਼ਰ ਦੀ ਵਡਿਆਈ ਹੋ ਰਹੀ ਹੈ-

***ਹਰਿ ਆਪਣੀ ਵਡਿਆਈ ਭਾਵਦੀ***
***ਜਨ ਕਾ ਜੈਕਾਰੁ ਕਰਾਈ ॥ ਅੰਗ - ੬੫੨***

ਜੈ-ਜੈਕਾਰ ਪਹਿਲਾਂ ਕਰਾਏਗਾ ਸੰਤਾਂ ਦਾ।

ਸੰਤ ਮਹਾਰਾਜ ਬਾਬਾ ਅਤਰ ਸਿੰਘ ਜੀ ਰੇਰੂ

ਸਾਹਿਬ ਵਾਲੇ, ਸੰਤ ਈਸ਼ਰ ਸਿੰਘ ਜੀ ਮਹਾਰਾਜ, ਸੋ ਆਪ ਸੈਦੋ (ਹੋਤੀ ਮਰਦਾਨ) ਗਏ ਹੋਏ ਨੇ, ਉਥੇ ਨਿਤਨੇਮ ਇਹ ਸੀ ਕਿ ਰਾਤ ਨੂੰ ਜਾ ਕੇ ਕਲਪਾਣੀ ਨਦੀ ਦੇ ਕੰਢੇ 'ਤੇ ਬੈਠ ਜਾਇਆ ਕਰਦੇ ਸੀ। ਬੇਅੰਤ ਸਰਦੀ ਹੁੰਦੀ, ਅੰਮ੍ਰਿਤ ਵੇਲੇ ਇਸ਼ਨਾਨ ਕਰਨਾ ਤਾਂ ਮਹਾਰਾਜ ਜੀ ਦਸਦੇ ਸੀ ਕਿ ਜੇ ਤਾਂ ਕਛਹਿਰੇ ਦਾ ਨਾਲਾ ਕੱਸ ਲਿਆ ਤਾਂ ਛੇਤੀ ਦੇ ਕੇ ਕਸ ਹੋ ਗਿਆ, ਨਹੀਂ ਤਾਂ ਹੱਥ ਮੁੜ ਜਾਂਦੇ ਸੀ। ਬਟਣ ਨਹੀਂ ਸੀ ਲੱਗਿਆ ਕਰਦੇ। ਮੈਂ ਕਿਹਾ, ਮਹਾਰਾਜ ਜੀ! ਫੇਰ ਕੰਢੇ 'ਤੇ ਹੀ ਬਹਿ ਜਾਂਦੇ ਸੀ? ਕਹਿੰਦੇ, ਬੈਠ ਹੀ ਸਕਦੇ ਸੀ ਬਸ, ਫੇਰ ਉਠਣਾ ਔਖਾ ਸੀ, ਜੁੜ ਜਾਂਦੇ ਸੀ, ਚਾਦਰ ਹੁੰਦੀ ਉੱਤੇ। ਐਉਂ ਨਹੀਂ ਕਿ ਸਾਡੇ ਵਾਂਗਣ ਕੰਬਲ ਲੈ ਕੇ ਬੈਠਦੇ ਸੀ ਤੇ ਜਦੋਂ ਭਾਰ ਵਧ ਜਾਣਾ ਕੋਰੇ ਦਾ, ਉਹ ਇੱਕ ਵਾਰੀ ਚਾਦਰ ਝਟਕ ਕੇ ਲਾਹ ਦੇਣਾ, ਫੇਰ ਝੁੰਭ ਜਿਹਾ ਮਾਰ ਕੇ ਬਹਿ ਜਾਣਾ, ਦਿਨ ਚੜ੍ਹੇ ਤਕ ਬੈਠੇ ਰਹਿੰਦੇ ਸੀ।

ਅੱਜ ਆਪ ਸਾਰੇ ਸਿੱਖਾਂ ਦੇ ਸਮੇਤ ਉਥੇ ਬੈਠੇ ਨੇ, ਉਥੇ ਇਕ ਬੜਾ ਹੀ ਚੰਗਾ ਪਠਾਣ ਸੀ ਜਿਸਦਾ ਨਾਮ ਅਜੀਮ ਖਾਨ ਸੀ, ਅਮੀਰ ਸੀ, ਬਹੁਤ ਸਾਰੇ ਖੂਹ ਉਹਦੇ ਲੱਗੇ ਹੋਏ, ਜਾਇਦਾਦ ਵਾਲਾ; ਉਹਦੇ ਖੂਹ 'ਤੇ ਜਾ ਕੇ ਆਪ ਬੈਠਿਆ ਕਰਦੇ ਸੀ ਤੇ ਉਹਨੇ ਤਾਰੀਫ ਕਰਿਆ ਕਰਨੀ ਜਾ ਕੇ ਪਠਾਣਾਂ ਦੇ ਅੰਦਰ ਕਿ ਇੱਕ ਪੀਰ ਮੇਰੇ ਖੂਹ 'ਤੇ ਬੈਠਦਾ ਹੈ, ਮੈਂ ਦੇਖਿਆ ਕਿ ਉਹ ਸਾਰੀ ਰਾਤ ਮਰਾਕਬੇ 'ਚ ਰਹਿੰਦਾ ਹੈ, ਮਰਾਕਬਾ ਕਹਿੰਦੇ ਨੇ ਸਮਾਧੀ ਨੂੰ। ਬਈ ਬਹੁਤ ਹੀ ਚੰਗਾ ਹੈ, ਦੇਖ ਕੇ ਭੁੱਖ ਲਹਿੰਦੀ ਹੈ, ਬਰਕਤ ਵਾਲਾ ਫਕੀਰ ਹੈ ਤੇ ਨਾਨਕ ਪੀਰ ਦੇ ਖਾਨਦਾਨ 'ਚੋਂ ਹੈ ਤੇ ਉਸੇ ਥਾਂ ਦੇ ਉੱਤੇ ਇੱਕ ਹੋਰ ਪਠਾਣ ਜਿਸ ਦਾ ਨਾਮ ਨਜ਼ੂਲਾਖਾਨ ਜੋ ਉਥੇ ਦਾ ਰਈਸ ਸੀ ਤੇ ਜਰਨੈਲੀ ਪੈਨਸ਼ਨ ਸੀ ਓਸਦੀ ੯੫ ਸਾਲ ਦੀ ਉਮਰ ਲਿਖੀ ਹੋਈ ਹੈ, ਉਸਨੇ ਵੀ ਗੱਲ ਸੁਣੀ। ਉਹ ਕਹਿਣ ਲੱਗਿਆ, ਕਿਉਂ ਮਿੱਤਰ! ਕੀ ਸੱਚਮੁੱਚ ਹੀ ਉਹ ਕਾਮਲ ਪੀਰ ਹੈ? ਕਹਿਣ ਲੱਗਿਆ, ਹਾਂ ਸੱਚਮੁੱਚ ਹੀ ਉਹ ਕਾਮਲ ਪੀਰ ਹੈ, ਪ੍ਰਤਿਆਇਆ ਤਾਂ ਹੈ ਨਹੀਂ ਹੈ ਪਰ ਮੇਰੇ ਮਨ ਦੇ ਅੰਦਰ ਯਕੀਨ (ਸ਼ਾਅਦੀ) ਹੈ ਕਿ ਓਹੋ ਜਿਹਾ ਮੈਂ ਨਹੀਂ ਦੇਖਿਆ ਆਪਣੇ ਇਸਲਾਮ ਦੇ ਅੰਦਰ। ਕੋਈ ਨਹੀਂ ਐਸਾ, ਬਥੇਰੇ ਮੈਂ ਪੀਰਾਂ ਕੋਲ ਜਾਨਾਂ। ਪਰ ਉਹਦੇ ਕੋਲ ਜਾ ਕੇ ਖਿੱਚ ਪੈਂਦੀ ਹੈ। ਐਉਂ ਲਗਦਾ ਹੈ ਜਿਵੇਂ ਉਹ ਮੇਰਾ ਹੀ ਆਪਣਾ ਹੁੰਦਾ ਹੈ। ਜੇ ਇਕ ਵਾਰੀ ਦੇਖ ਲਵੇ ਅੰਦਰੋਂ ਸਭ ਕੁਛ ਕੱਢ ਲੈਂਦਾ ਹੈ, ਬਕਾਇਆ ਨਹੀਂ ਕੁਛ ਵੀ ਰਹਿੰਦਾ, ਕਹਿੰਦਾ ਐਸੀ ਦ੍ਰਿਸ਼ਟੀ ਮਿਥੀ ਹੈ ਓਸਦੀ, ਕਹਿਆ ਨਹੀਂ ਜਾ ਸਕਦਾ। ਚੁੱਪ ਕਰ ਰਿਹਾ ਤੇ ਮਨ ਵਿੱਚ ਫੈਸਲਾ ਕਰ ਲਿਆ ਕਿ ਓ ਮਨਾਂ! ਜਿਸ ਚੀਜ਼ ਨੂੰ ਭਾਲਦਾ ਤੂੰ ਬੁੱਢਾ ਹੋ ਗਿਆ, ਖਤਮ ਹੋਣ ਵਾਲਾ ਹੋ ਗਿਆ ਪਰ ਅੰਦਰੋਂ ਵਾਸ਼ਨਾ ਨਹੀਂ ਗਈ। ਹੋ ਸਕਦਾ ਹੈ ਅਜੇ ਵੀ ਰੇਖ ਦੇ ਵਿੱਚ ਮੇਖ ਮਾਰ ਦੇਵੇ।

ਸੋ ਅੱਜ ਇਕੱਲਾ ਲਾਲਟੈਨ ਲੈ ਕੇ ਚਲਦਾ ਹੈ, ਨਾਲ ਡਰਦਾ ਹੈ ਕਿ ਜੇ ਇਸਲਾਮ ਵਾਲਿਆਂ ਨੂੰ ਪਤਾ ਲਗ ਗਿਆ ਕਿ ਸਿੱਖ ਪੀਰ ਦੇ ਚਰਨ ਸ਼ਰਨ ਗਿਆ ਹੈ ਸਾਡਾ ਰਈਸ, ਬਦਨਾਮੀ ਹੋਏਗੀ। ਹੋ ਸਕਦਾ ਹੈ ਮੁੱਲਾਂ ਮੈਨੂੰ ਮਸਜਿਦ 'ਚ ਬੁਲਾ ਕੇ ਫਤਵਾ ਲਾ ਦੇਵੇ। ਓਸ ਵੇਲੇ ਲਾਲਟੈਨ ਲਈ ਹੋਈ ਹੈ, ਝੁੰਭ ਮਾਰਿਆ ਹੋਇਆ ਹੈ ਕੱਪੜਾ ਉਪਰ ਚੰਗੀ ਤਰ੍ਹਾਂ ਲੈ ਕੇ। ਗਰਮ ਕਪੜੇ ਪਹਿਨੇ ਹੋਏ ਨੇ ਤੇ ਲਾਲਟੈਨ ਚੁੱਕੀਂ ਜਾ ਰਿਹਾ ਹੈ ਤੇ ਓਧਰ ਮਹਾਰਾਜ ਜੀ, ਹੋਰ ਸਿੱਖ ਨਾਲ ਬੈਠੇ ਨੇ। ਇੱਕ ਨੇ ਕਿਹਾ ਮਹਾਰਾਜ! ਉਹ ਲਾਲਟੈਨ ਵਾਲਾ ਆਪਣੇ ਵਲ ਨੂੰ ਆ ਰਿਹਾ ਹੈ। ਕੋਈ ਦੋਖੀ ਨਾ ਹੋਵੇ। ਮਹਾਰਾਜ ਜੀ ਕਹਿਣ ਲੱਗੇ, ਨਹੀਂ ਸੁਗੰਧੀ ਪਿਆਰ ਦੀ ਆ ਰਹੀ ਹੈ। ਹੌਲੀ-ਹੌਲੀ ਚਲਦੇ-ਚਲਦੇ ਨੇੜੇ ਆ ਗਿਆ, ਨੇੜੇ ਆ ਕੇ ਪੁੱਛਿਆ ਕਿ ਬਾਬਾ ਜੀ ਕਿੱਥੇ ਨੇ? ਦੱਸਿਆ ਕਿ ਆਹ ਬੈਠੇ ਨੇ। ਆਪ ਬਰੇਤੀ ਦੇ ਉੱਤੇ ਖੂਹ ਕੋਲ ਆਸਣ ਲਾਇਆ ਹੋਇਆ ਹੈ ਤੇ ਸਵੈ ਸਰੂਪ 'ਚ ਲੀਨ ਹੋਏ ਬੈਠੇ ਨੇ। ਜਾ ਕੇ ਇਸ ਨੇ ਨਮਸ਼ਕਾਰ ਕਰੀ, ਲਾਲਟੈਨ ਰੱਖੀ, ਦੋਵੇਂ ਹੱਥ ਬੰਨ੍ਹ ਕੇ ਬੈਠ ਗਿਆ। ਕਹਿਣ ਲੱਗੇ, ਖਾਨ ਸਾਹਿਬ! ਵੱਡੀ ਵਡੇਰੀ ਉਮਰ ਦੇ ਲਗਦੇ ਹੋ, ਇਸ ਵੇਲੇ ਰਾਤ ਨੂੰ ਕਿਉਂ ਆਪ ਆਏ ਹੋ। ਐਡੀ ਤਕਲੀਫ ਕਿਉਂ ਆਪ ਨੇ ਕਰਨੀ ਸੀ, ਦਿਨ ਵਿਚ ਮਿਲ ਲੈਣਾ ਸੀ? ਕਹਿੰਦਾ ਪੀਰ ਜੀ! ਮੈਂ ਸ਼ਰ੍ਹਾ ਦੇ ਸੰਗਲਾਂ ਤੋਂ ਡਰਦਾ ਹਾਂ। ਸ਼ਰਈ ਕੁੱਤੇ ਮੇਰੇ ਮਗਰ ਪੈ ਜਾਣਗੇ ਕਿ ਸੰਤਾਂ ਕੋਲ ਗਿਆ ਹੈ। ਪੀਰ ਜੀ ਕੋਲ ਗਿਆ ਹੈ, ਕਿਉਂਕਿ ਤੁਹਾਡਾ ਧਰਮ ਹੋਰ ਹੈ ਮੇਰਾ ਹੋਰ ਹੈ, ਸਾਡੇ ਧਰਮ ਦੇ ਅੰਦਰ ਕੇਵਲ ਜੇ ਕੋਈ ਹੋ ਸਕਦਾ ਹੈ ਪੂਰਾ ਤਾਂ ਇਸਲਾਮ ਵਾਲਾ ਹੀ ਹੋ ਸਕਦਾ ਹੈ, ਹੋਰ ਤਾਂ ਸਾਰੇ ਕਾਫਰ ਹੀ ਨੇ ਤੇ ਮੈਨੂੰ ਵੀ ਫਤਵਾ ਲਾ ਦੇਣਗੇ ਤੇ ਮੈਂ ਤੁਹਾਡੇ ਕੋਲ ਕੁਛ ਮੰਗ ਲੈ ਕੇ ਆਇਆ ਹਾਂ। ਕਹਿੰਦੇ, ਦੱਸੋ ਕੀ ਮੰਗ ਹੈ? ਇਸ ਤਰ੍ਹਾਂ ਨਾਲ ਬੇਨਤੀ ਕਰਦਾ ਹੈ -

*ਧਾਰਨਾ - ਗੰਢ ਪੈਂਦੀ ਹੈ ਪੁੱਤਰਾਂ ਦੇ ਨਾਲ ਜਗ 'ਤੇ,*
*ਇੱਕ ਪੁੱਤਰ ਝੋਲੀ ਪਾ ਦਿਓ।*

ਮਹਾਰਾਜ! ਮੈਂ ਅਜੇ ਤਕ ਵੀ ਮੂੰਹ ਨਹੀਂ ਦੇਖ ਸਕਿਆ ਓਲਾਦ ਦਾ। ਤਿੰਨ ਵਿਆਹ ਕਰਾਏ ਨੇ। ਕਿਉਂਕਿ ਸਾਧਸੰਗਤ ਜੀ! ਜਿਥੇ ਆਦਮੀ ਦਾ ਹੱਥ ਨਾ ਪਹੁੰਚ ਸਕਦਾ ਹੋਵੇ, ਜੇ ਕੋਈ ਸ਼ਕਤੀ ਸੁਣਨ ਵਾਲੀ ਨਾ ਹੋਵੇ ਫੇਰ ਆਦਮੀ ਦਮ ਘੁੱਟ ਕੇ ਮਰ ਜਾਂਦਾ ਹੈ। ਮਹਾਰਾਜ ਫੁਰਮਾਨ ਕਰਦੇ ਨੇ ਕਿ ਘਬਰਾਓ ਨਾ। ਜੇ ਕਿਸਮਤ 'ਚ ਨਹੀਂ ਲੇਖ ਲਿਖੇ ਹੋਏ, ਚਲੇ ਜਾਓ ਬੰਦਗੀ ਕਰਨ ਵਾਲੇ ਅਭੇਦ ਅਵਸਥਾ ਦੇ ਮਹਾਂਪੁਰਸ਼ਾਂ ਕੋਲ। ਸੰਗਤ ਦੇ ਵਿੱਚ

ਜਾ ਕੇ ਅਰਦਾਸ ਕਰੋ, ਸੁਣੀ ਜਾਂਦੀ ਹੈ। ਇਸ ਤਰ੍ਹਾ ਦੇ ਨਾਲ ਫੁਰਮਾਨ ਹੈ -

*ਧਾਰਨਾ - ਜੇ ਤੈਂ ਚਾਰ ਪਦਾਰਥ ਲੈਣੇ,*
*ਸੇਵਾ ਕਰ ਲੈ ਸਾਧੂਆਂ ਦੀ।*

*ਚਾਰਿ ਪਦਾਰਥ ਜੇ ਕੋ ਮਾਗੈ ॥*
*ਸਾਧ ਜਨਾ ਕੀ ਸੇਵਾ ਲਾਗੈ ॥*
*ਜੇ ਕੋ ਆਪੁਨਾ ਦੂਖੁ ਮਿਟਾਵੈ ॥*
*ਹਰਿ ਹਰਿ ਨਾਮੁ ਰਿਦੈ ਸਦ ਗਾਵੈ ॥*
*ਜੇ ਕੋ ਆਪੁਨੀ ਸੋਭਾ ਲੋਰੈ ॥*
*ਸਾਧਸੰਗਿ ਇਹ ਹਉਮੈ ਛੋਰੈ ॥*
*ਜੇ ਕੋ ਜਨਮ ਮਰਣ ਤੇ ਡਰੈ ॥*
*ਸਾਧ ਜਨਾ ਕੀ ਸਰਨੀ ਪਰੈ ॥*
*ਜਿਸੁ ਜਨ ਕਉ ਪ੍ਰਭ ਦਰਸ ਪਿਆਸਾ ॥*
*ਨਾਨਕ ਤਾ ਕੈ ਬਲਿ ਬਲਿ ਜਾਸਾ ॥*
*ਅੰਗ - ੨੬੬*

ਕੋਈ ਮੰਗ ਹੈ ਜਿਹੜੀ ਨਹੀਂ ਮਿਲਦੀ? ਸਤਿਸੰਗ 'ਚ ਆ ਜਾਓ, ਅਰਦਾਸ ਕਰੋ ਸਭ ਕੁਛ ਮਿਲ ਜਾਂਦਾ ਹੈ। ਸੇਵਾ ਕਰੋ। ਲੇਕਿਨ ਸੇਵਾ ਕਰਨ ਦੇ ਨਾਲ ਇਸੇ ਤਰ੍ਹਾਂ ਸੌਦੇਬਾਜ਼ੀ ਨਾ ਕਰੋ, ਜੀਵਨ ਵੀ ਅਰਪਣ ਕਰੋ ਗੁਰੂ ਨੂੰ, ਕਹੋ ਕਿ ਮੈਂ ਨਿੰਦਿਆ ਨਹੀਂ ਕਰਾਂਗਾ, ਚੁਗਲੀ ਨਹੀਂ ਕਰਾਂਗਾ, ਵਖੀਲੀ ਨਹੀਂ ਕਰਾਂਗਾ, ਝੂਠ ਨਹੀਂ ਬੋਲਾਂਗਾ, ਮਾੜੇ ਕੰਮ ਨਹੀਂ ਕਰਾਂਗਾ, ਹਿੰਸਾ ਨਹੀਂ ਕਰਾਂਗਾ, ਕੁਦਇਆ ਨਹੀਂ ਕਰਾਂਗਾ। ਛੱਡੋ ਸਭ ਕੁਛ, ਛੱਡ ਕੇ ਸਿੱਧੇ ਹੋ ਕੇ ਗੁਰੂ ਦੇ ਨਾਲ ਗੱਲ ਕਰੋ, ਝੋਲੀ ਭਰ ਜਾਏਗੀ, ਕੋਈ ਔਖੀ ਬਾਤ ਨਹੀਂ ਹੋਇਆ ਕਰਦੀ। ਕਿਉਂਕਿ ਗੁਰੂ ਹਾਜ਼ਰ-ਨਾਜ਼ਰ ਹੈ, ਸੁਣਦੇ ਨੇ, ਦੇਖਦੇ ਨੇ ਸਭ ਕੁਛ, ਇਥੇ ਆ ਕੇ ਜੇ ਨਾ ਝੋਲੀ ਭਰੀ ਫੇਰ ਹੋਰ ਕਿਹੜਾ ਦਰ ਹੈ। ਸੋ ਕਹਿਣ ਲੱਗੇ, ਖਾਨ ਸਾਹਿਬ! ਉਮਰ ਕਿੰਨੀ ਹੈ? ਕਹਿੰਦਾ, ਜੀ 95 ਸਾਲ ਦਾ ਹੋ ਗਿਆ। ਕਹਿੰਦੇ ਅਜੇ ਵੀ ਪੁੱਤਰ ਦੀ ਵਾਸ਼ਨਾ ਹੈ? ਬਾਬਾ! ਸੁੱਕ ਗਿਆ, ਸੁੱਕੇ ਦਰਖਤ ਨੂੰ ਤਾਂ ਪੱਤੇ ਨਹੀਂ ਨਿਕਲਿਆ ਕਰਦੇ, ਨਾ ਫਲ ਲੱਗਿਆ ਕਰਦੇ ਨੇ। ਕਹਿੰਦਾ, ਪੀਰ ਜੀ! ਮੈਂ ਦੁਨੀਆਂ ਦੇ ਅੰਦਰ ਜ਼ਿੰਦਗੀ ਗੁਜ਼ਾਰੀ ਹੈ, ਲੇਕਿਨ ਮੈਂ ਅੰਦਰੋਂ ਮੰਨਦਾ ਹਾਂ ਕਿ ਪੀਰ ਗੁਰੂ ਨਾਨਕ ਜਿਸਦੇ ਅੱਗੇ ਕਾਹਬਾ ਵੀ ਨਿਵਿਆ ਸੀ। ਉਹ ਸਭ ਕੁਛ ਕਰ ਸਕਦਾ ਹੈ। ਉਸਦੇ ਬੰਦੇ ਜਿਹੜੇ ਨੇ ਨਾਨਕ ਪੀਰ ਦੇ, ਉਹ ਸਭ ਕੁਛ ਕਰ ਸਕਦੇ ਨੇ, ਮੈਂ ਤਾਂ ਬਹੁਤ ਵਡਿਆਈ ਸੁਣ ਕੇ ਇੱਥੇ ਪਹੁੰਚਿਆ ਹਾਂ -

*ਧਾਰਨਾ - ਮੈਂ ਸੋਭਾ ਸੁਣ ਕੇ ਆਇਆ,*
*ਉੱਚਾ ਦਰ ਬਾਬੇ ਨਾਨਕ ਦਾ।*

ਪੀਰ ਜੀ! ਜਿੱਥੇ ਮੈਂ ਦੁਨਿਆਵੀ ਬੰਦਾ ਹਾਂ, ਮੈਂ ਥੋੜ੍ਹਾ-ਥੋੜ੍ਹਾ ਰੂਹਾਨੀਅਤ ਵਿੱਚ ਵੀ ਧਿਆਨ ਰਖਦਾ ਹਾਂ। ਸੁਣਿਆ ਹੈ ਮੈਂ ਬਹੁਤ ਆਲਮਾਂ ਤੋਂ, ਫਾਜ਼ਲਾਂ ਤੋਂ ਕਿ ਗੁਰੂ ਨਾਨਕ ਪੀਰ ਹੋਇਆ ਹੈ ਮੱਕੇ ਦੇ ਅੰਦਰ ਜਿਸਨੇ ਕੌਂਸ ਦੀ ਨਿਸ਼ਾਨੀ ਰੱਖੀ ਤੇ ਸਾਰੇ ਮੱਕੇ ਨੂੰ ਨਿਵਾਇਆ, ਬਗਦਾਦ ਨੂੰ ਨਿਵਾਇਆ ਤੇ ਤੁਸੀਂ ਉਸੇ ਖਾਨਦਾਨ ਦੇ ਵਿਚੋਂ ਹੋਂ ਪੀਰ ਜੀ। ਮੇਰੀ ਫਰਿਆਦ ਸੁਣੋ, ਮੇਰੀ ਬਹੁਤ ਸਾਰੀ ਜ਼ਮੀਨ-ਜਾਇਦਾਦ, ਬਹੁਤ ਸਾਰੇ ਖੂਹ ਲੱਗੇ ਹੋਏ, ਸਾਰੇ ਐਵੇਂ ਹੀ ਜਾਂਦੇ ਨੇ ਜੇ ਇੱਕ ਪੁੱਤਰ ਦੀ ਦਾਤ ਨਾ ਮਿਲੀ। ਕਹਿੰਦੇ, ਖਾਨ ਸਾਹਿਬ! ਜੇ ਤੇਰਾ ਐਡਾ ਹੀ ਭਰੋਸਾ ਹੈ ਤਾਂ ਫੇਰ ਗੁਰੂ ਨਾਨਕ ਝੋਲੀ ਖਾਲੀ ਨਹੀਂ ਭੇਜਿਆ ਕਰਦਾ, ਭਰ ਦਿੰਦਾ ਹੈ, ਬਾਕੀ ਜਿਹੜਾ ਸੁੱਕਾ ਹੈ -

*ਸੂਕੇ ਹਰੇ ਕੀਏ ਖਿਨ ਮਾਹੇ ॥*
*ਅੰਮ੍ਰਿਤ ਦ੍ਰਿਸਟਿ ਸੰਚਿ ਜੀਵਾਏ॥ ਅੰਗ - ੧੯੧*

ਹਰਾ ਕਰ ਦਏਗਾ ਤੈਨੂੰ। ਕਹਿੰਦੇ, ਤੇਰੀ ਵੱਡੀ ਬੇਗਮ ਦੀ ਉਮਰ? ਕਹਿੰਦੇ 80 ਸਾਲ ਦੀ, ਕਹਿੰਦੇ ਜਾਹ ਫੇਰ ਉਹਦੇ ਹੀ ਬੱਚਾ ਹੋਏਗਾ। ਹੁਣ ਬਚਨ ਹੋ ਗਿਆ ਪਰ ਗੱਲ ਧਿਆਨ ਨਾਲ ਸੁਣ, ਨਾਲ ਰਹਿਤਾਂ ਰੱਖੀਂ। ਪੰਜ ਨਮਾਜ਼ਾਂ ਪੰਜੇ ਵਕਤਾਂ 'ਚ ਪੜ੍ਹਨੀਆਂ ਨੇ। ਰੋਜ਼ੇ ਰਖਣੇ ਨੇ, ਹਿੰਦੂ, ਮੁਸਲਮਾਨ ਨੂੰ ਇੱਕ ਅੱਖ ਨਾਲ ਇੱਕੋ ਜਿਹੇ ਦੇਖਣਾ ਹੈ ਤੇ ਨਿਰਮਾਨਤਾ ਧਾਰਨ ਕਰਨੀ ਹੈ। ਕਿਉਂਕਿ -

*ਲੇਨੇ ਕੋ ਹਰਿ ਨਾਮ ਹੈ*
*ਦੇਨੇ ਕੋ ਅੰਨ ਦਾਨ ਤਰਨੇ ਕੋ ਨਿਰਮਾਨਤਾ,*
*ਡੂਬਨ ਕਉ ਅਭਿਮਾਨ।*

ਅਭਿਮਾਨੀ ਡੁੱਬ ਜਾਇਆ ਕਰਦਾ ਹੈ, ਨਿਰਮਾਨਤਾ ਵਾਲਾ ਤਰ ਜਾਇਆ ਕਰਦਾ ਹੈ। ਨਿਮਰਤਾ ਨਾਲ ਰਹਿਣਾ ਹੈ, ਹੈਂਕੜ ਛੱਡ ਦੇਣੀ ਹੈ, ਚਰਨਾਂ ਦਾ ਦਾਸ, ਬਣ ਕੇ ਸੇਵਾ ਕਰਨੀ ਹੈ। ਮਸਜਿਦ ਜਾਈਂ ਜੋੜੇ ਝਾੜਿਆ ਕਰੀਂ। ਜਦੋਂ ਨਮਾਜ਼ ਪੜ੍ਹ ਕੇ ਨਿਕਲ ਜਾਣ ਰਾਤ ਵਾਲੀ, ਉਸ ਵੇਲੇ ਮਸਜਿਦ ਦੇ ਮੁਨਾਰੇ 'ਤੇ ਖੜ੍ਹ ਕੇ ਅਵਾਜ਼ ਦੇਈਂ, ਕੋਈ ਭੁੱਖਾ ਮੇਰੀ ਅਵਾਜ਼ ਸੁਣਦਾ ਹੋਵੇ, ਉਹ ਆ ਜਾਵੇ ਮਸਜਿਦ ਦੇ ਅੰਦਰ 'ਤੇ ਮੈਂ ਖਾਣੇ ਦਾ ਬੰਦੋਬਸਤ ਕਰਾਂਗਾ। ਭੁੱਖੇ ਨੂੰ ਅਨਾਜ ਦੇਈਂ, ਕਿਉਂਕਿ ਅੰਨ ਦਾਨ ਦੇ ਬਰਾਬਰ ਹੋਰ ਕੋਈ ਦਾਨ ਨਹੀਂ ਹੈ। ਵੱਡਾ ਦਾਨ ਹੈ ਅੰਨ ਦਾ। ਸੋ ਬਹੁਤ ਸਾਰੇ ਉਪਦੇਸ਼ ਦਿੱਤੇ, ਬਹੁਤ ਤਰੀਕੇ ਸਮਝਾਏ ਤੇ ਜਦੋਂ ਚਲਿਆ ਗਿਆ ਤਾਂ ਨਾਲ ਦੇ ਕਹਿਣ ਲੱਗੇ ਬਾਬਾ ਜੀ! ਤੁਸੀਂ ਇਹਨੂੰ ਮੁਸਲਮਾਨੀ ਉਪਦੇਸ਼ ਹੀ ਦਿੱਤਾ। ਦੂਜਾ ਉਪਦੇਸ਼ ਦੇਣਾ ਸੀ ਆਪਣੇ ਵਾਲਾ। ਕਹਿੰਦੇ, ਭਾਈ! ਉਪਦੇਸ਼ਾਂ 'ਚ ਕੋਈ ਫਰਕ ਨਹੀਂ, ਵਾਹਿਗੁਰੂ ਅੱਲਾਹ, ਰਾਮ ਸਭ ਇੱਕੋ ਹੀ ਨੇ, ਇਹ ਤਾਂ ਐਵੇਂ ਭੁਲੇਖਿਆਂ ਵਿੱਚ ਦੁਨੀਆਂ ਪਈ ਹੋਈ ਹੈ -

*ਧਾਰਨਾ - ਅੱਲਾਹ ਵਾਹਿਗੁਰੂ ਹਰੀ ਦਾ ਨਾਮ*
*ਇੱਕ ਹੈ ਭਰਮਾਂ ਵਿੱਚ ਪੈ ਗਈ ਦੁਨੀਆਂ।*
*ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥*
*ਕੋਈ ਸੇਵੈ ਗੁਸਈਆ ਕੋਈ ਅਲਾਹਿ ॥*
*ਅੰਗ - ੮੮੫*

ਨਾਉਂ ਤਾਂ ਉਸੇ ਪਿਆਰੇ ਦਾ ਹੈ ਜਿਹਨੂੰ ਅਸੀਂ ਪਿਆਰ ਕਰਦੇ ਹਾਂ। ਖੁਸ਼ ਹੋ ਜਾਣਾ ਚਾਹੀਦਾ ਹੈ ਕਿ ਇਸਨੇ God ਕਿਹਾ ਹੈ, ਅੱਲਾਹ ਕਿਹਾ ਹੈ, ਖੁਦਾ ਕਿਹਾ ਹੈ, ਕਿਸੇ ਨੇ ਹਰੀ ਕਿਹਾ ਹੈ, ਗੋਪਾਲ ਕਿਹਾ ਹੈ, ਰਾਮ ਕਿਹਾ ਹੈ; ਖੁਸ਼ ਹੋਵੋ। ਮਹਾਰਾਜ ਕਹਿੰਦੇ, ਫੇਰ ਸੱਚ ਦੀ ਪਛਾਣ ਹੁੰਦੀ ਹੈ। ਨਾਉਂ ਸੁਣਦੇ ਸਾਰ ਮਨ ਵਿੱਚ ਖੁਸ਼ੀ ਆ ਜਾਏ ਕਿ ਫਾਰਸੀ 'ਚ ਬੋਲਿਆ ਹੈ, ਇੰਗਲਿਸ਼ 'ਚ ਬੋਲਿਆ ਹੈ ਮੇਰੇ ਪਿਆਰੇ ਦਾ ਨਾਉਂ। ਕਹਿੰਦੇ, ਪਿਆਰਿਆ! ਇਸ ਗੱਲ ਦਾ ਭਰਮ ਨਾ ਕਰ। ਜੀਵਨ ਦੀ ਸਾਇਕੋਲੋਜੀ ਕੀ ਹੈ, ਜੀਵਨ ਦੀ ਸੇਧ ਇੱਕੋ ਹੀ ਹੈ, ਯਮ ਓਹੀ ਨੇ, ਨੇਮ ਓਹੀ ਨੇ, ਰਹਿਤਾਂ ਓਹੀ ਨੇ; ਪ੍ਰਮੇਸ਼ਰ ਨੂੰ ਮਿਲਣ ਦੀਆਂ, ਦੂਜੀ ਰਹਿਤ ਨਹੀਂ ਕੋਈ ਵੀ ਹੈ। ਸੋ ਹੁਣ ਬਚਨ ਕਰ ਦਿੱਤਾ। ਨਾਲ ਦੇ ਵੀ ਹੈਰਾਨ ਹੋਏ ਕਿ ਬਾਬਾ ਜੀ! 95 ਸਾਲ ਦੀ ਉਮਰ 'ਤੇ 80 ਦੀ ਸੁੱਕੀ ਹੋਈ ਬੂੜ੍ਹੀ ਹੈ, ਇਹ ਕੀ ਕਰ ਦਿੱਤਾ। ਹੁਣ ਅਕਾਲ ਪੁਰਖ ਦਾ ਨਿਯਮ ਇਹ ਹੈ -

*ਧਾਰਨਾ - ਭਾਵੇਂ ਚੰਦਰਮਾ ਨਾਸ਼ ਹੋ ਜਾਵੇ,*
*ਸੰਤਾਂ ਦਾ ਬੋਲ ਨਾ ਟਲੇ।*
*ਨਿਸਿ ਬਾਸੁਰ ਨਖਿਅਤ੍ਰ ਬਿਨਾਸੀ*
*ਰਵਿ ਸਸੀਅਰ ਬੇਨਾਧਾ ॥*
*ਗਿਰਿ ਬਸੁਧਾ ਜਲ ਪਵਨ*
*ਜਾਇਗੋ ਇਕਿ ਸਾਧ ਬਚਨ ਅਟਲਾਧਾ ॥*
*ਅੰਡ ਬਿਨਾਸੀ ਜੇਰ ਬਿਨਾਸੀ*
*ਉਤਭੁਜ ਸੇਤ ਬਿਨਾਧਾ ॥*
*ਚਾਰਿ ਬਿਨਾਸੀ ਖਟਹਿ ਬਿਨਾਸੀ*
*ਇਕਿ ਸਾਧ ਬਚਨ ਨਿਹਚਲਾਧਾ ॥ ੨ ॥*
*ਰਾਜ ਬਿਨਾਸੀ ਤਾਮ ਬਿਨਾਸੀ*
*ਸਾਤਕੁ ਭੀ ਬੇਨਾਧਾ ॥*
*ਦ੍ਰਿਸਟਿਮਾਨ ਹੈ ਸਗਲ ਬਿਨਾਸੀ*
*ਇਕਿ ਸਾਧ ਬਚਨ ਆਗਾਧਾ ॥ ਅੰਗ - ੧੨੦੪*

ਬਚਨ ਨਾ ਟਲੇਗਾ। ਸੋ ਬਚਨ ਹੋ ਗਿਆ, ਮਹਾਂਪੁਰਸ਼ਾਂ ਦਾ, ਅਭੇਦ ਅਵਸਥਾ ਦੇ ਪੂਰਿਆਂ ਦਾ। ਡਾਕਟਰ ਸੁਣਨ ਤਾਂ ਹੈਰਾਨ ਹੋਣਗੇ ਕਿ ਇਹ ਤਾਂ ਹੋ ਹੀ ਨਹੀਂ ਸਕਦੇ ਕਦੇ। ਅਤਿਕਥਨੀ ਹੈ। ਲੇਕਿਨ ਇਹ ਤਾਂ ਗੱਲਾਂ ਮਾਮੂਲੀ ਨੇ, ਕੁਛ ਵੀ ਨਹੀਂ ਹੈਗੀਆਂ। ਸੰਤਾਂ ਕੋਲ ਤਾਂ ਬਹੁਤ ਵੱਡੀਆਂ-ਵੱਡੀਆਂ ਚੀਜ਼ਾਂ ਹੁੰਦੀਆਂ ਨੇ। ਉਹ ਤਾਂ ਡੁੱਬਦੇ-ਡੁੱਬਦੇ ਨੂੰ ਦਰਗਾਹ 'ਚੋਂ ਵੀ ਬਚਾ ਲੈਂਦੇ ਨੇ। ਦਰਗਾਹ ਦੇ ਵਿੱਚ ਵੀ ਸਹਾਇਤਾ ਕਰਦੇ ਨੇ।

ਸੋ ਸਮਾਂ ਲੰਘਦਾ ਚਲਾ ਗਿਆ। ਇੱਕ ਵਾਰੀ ਮਹਾਂਪੁਰਸ਼ ਇੱਥੇ ਆ ਗਏ ਰਾਮਪੁਰ। ਇੱਥੇ ਗੋਖੇ ਦੀ ਛਪੜੀ ਰਾਤ ਨੂੰ ਸਾਰੀ ਰਾਤ ਬਹਿੰਦੇ ਸੀ। ਅੰਮ੍ਰਿਤ ਵੇਲੇ ਫੇਰ ਜਾ ਕੇ ਬੈਠਿਆ ਕਰਦੇ ਸੀ ਤਾਂ ਪਰ੍ਹੇ ਇੱਕ ਬਰੋਟਾ ਹੈ ਉਹਦੀਆਂ ਜੜ੍ਹਾਂ 'ਚ ਦੋ ਜਣੇ, ਬੈਠੇ ਨੇ, ਕੋਈ ਗੱਲਬਾਤ ਜਿਹੀ ਕਰੀ ਜਾਂਦੇ ਨੇ ਤੇ ਸੰਤ ਮਹਾਰਾਜ ਚਾਰ ਵਜੇ ਉਠਿਆ ਕਰਦੇ ਸੀ, ਛਪੜੀ ਕੋਲ ਟੋਆ ਜਿਹਾ ਬਣਾਇਆ ਹੋਇਆ ਸੀ, ਟੋਏ 'ਚ ਬੈਠ ਕੇ ਬੰਦਗੀ ਕਰਿਆ ਕਰਦੇ ਸੀ, ਉਹ ਜਿੱਥੋਂ ਆਵਾਜ਼ ਆਉਂਦੀ ਸੀ ਉਥੇ ਨੂੰ ਚਲੇ ਗਏ। ਉਥੇ ਗਏ ਤਾਂ ਦੇਖਿਆ, ਕਹਿੰਦੇ ਪ੍ਰੇਮੀਓ! ਕੀ ਗੱਲ, ਐਡੀ ਵੱਡੀ ਰਾਤ ਤੁਸੀਂ ਇੱਥੇ ਬੈਠੇ ਹੋ। ਕਹਿੰਦੇ, ਬਾਬਾ ਜੀ! ਸਾਡੇ ਤੋਂ ਤਾਂ ਬੜੀ ਭੁੱਲ ਹੋਈ, ਤੁਸੀਂ ਇੱਥੇ ਹੀ ਭਜਨ ਕਰਦੇ ਹੁੰਦੇ ਹੋ? ਅਸੀਂ ਤਾਂ ਤੁਹਾਡੇ ਭਜਨ ਵਿੱਚ ਵਿਘਨ ਪਾ ਦਿਤਾ। ਦੋਵੇਂ ਗਰੀਬ ਆਦਮੀ ਤੇ ਘਰਵਾਲੀ ਹੈ ਤੇ ਬੱਚਾ ਹੈ। ਕਹਿਣ ਲੱਗੇ, ਬਾਬਾ ਜੀ! ਸਾਡਾ ਬੱਚਾ ਬਹੁਤ ਸਖਤ ਬੀਮਾਰ ਹੈ, ਅਸੀਂ ਛੇਤੀ ਤੋਂ ਛੇਤੀ ਡਾਕਟਰ ਦੇ ਸਾਹਨੇਵਾਲ ਜਾਣਾ ਚਾਹੁੰਦੇ ਸੀ ਬਈ ਡਾਕਟਰ ਕੋਲ ਸਾਝਰੇ ਚੱਲੀਏ, ਇਹਦੇ ਤਾਂ ਸਾਹ ਬੜੇ ਔਖੇ ਆਉਂਦੇ ਸੀ, ਇੱਥੇ ਆ ਕੇ ਸਾਨੂੰ ਪਤਾ ਨਹੀਂ ਲਗਦਾ ਨਿੱਘ ਸਰੀਰ ਦੀ ਇਹਦੀ ਖਤਮ ਹੋ ਗਈ ਹੈ ਤੇ ਪਰ ਅਸੀਂ ਡਾਕਟਰ ਕੋਲ ਜ਼ਰੂਰ ਜਾਣਾ ਹੈ, ਪਤਾ ਨਹੀਂ ਮਹਾਰਾਜ ਇਹ ਚੜ੍ਹਾਈ ਹੀ ਕਰ ਗਿਆ, ਇੱਕੋ ਇੱਕ ਪੁੱਤਰ ਹੈ ਸਾਡਾ। ਬਾਬਾ ਜੀ ਨੂੰ ਤਰਸ ਆ ਗਿਆ ਕਿ ਭੋਲੇ-ਭਾਲੇ ਬੈਠੇ ਨੇ, ਕਦ ਦਿਨ ਚੜ੍ਹਨਾ ਹੈ, ਕਦ ਡਾਕਟਰ ਨੇ ਮਿਲਣਾ ਹੈ ਤੇ ਇਹ ਪਹਿਲੀ ਰਾਤ ਹੀ ਆ ਗਏ। ਕਹਿੰਦੇ, ਕਿੰਨਾ ਤੜਕਾ ਸੀ ਜਦ ਤੁਸੀਂ ਆਏ ਹੋ? ਕਹਿੰਦੇ, ਬਾਬਾ ਜੀ! ਪਤਾ ਨਹੀਂ ਅੱਧੀ ਰਾਤ ਸੀ। ਸਾਨੂੰ ਤਾਂ ਇੱਥੇ ਆ ਕੇ ਪਤਾ ਲੱਗਿਆ ਹੈ ਕਿ ਰਾਤ ਬਹੁਤ ਵੱਡੀ ਰਹਿੰਦੀ ਹੈ, ਉਥੇ ਨਹੀਂ ਸਾਨੂੰ ਕੋਈ ਥਹੁ ਸੀ, ਅਸੀਂ ਤਾਂ ਬੌਂਦਲੇ ਪਏ ਸੀ ਬੱਚੇ ਦੀ ਬੀਮਾਰੀ 'ਚ। ਮੂੰਹ ਨੰਗਾ ਕਰਿਆ ਕਹਿੰਦੇ ਵਾਹ ਬਈ ਵਾਹ ਇਹ ਤਾਂ ਚੰਗਾ ਭਲਾ ਹੈ। ਜਾਓ ਮੁੜ ਜਾਓ ਘਰ ਨੂੰ। ਬੀਬੀ ਨੇ ਇਸ਼ਾਰਾ ਕਰਿਆ, ਕਹਿੰਦੀ ਬੱਚਾ ਤਾਂ ਹਿਲਣ ਲਗ ਗਿਆ। ਪਹਿਲਾਂ ਤਾਂ ਬਿਲਕੁਲ ਖਤਮ ਹੀ ਹੋਇਆ-ਹੋਇਆ ਸੀ। ਘਰ ਚਲੀ ਗਈ, ਜਾ ਕੇ ਦੇਖਿਆ ਬੱਚਾ ਨੌਂ-ਬਰ-ਨੌਂ ਹੋ ਗਿਆ। ਇਹ ਮਹਾਂਪੁਰਸ਼ਾਂ ਦੇ ਬਚਨ ਹੁੰਦੇ ਨੇ ਸਾਧਸੰਗਤ ਜੀ! ਪਰ ਮਹਿੰਗੇ ਮਿਲਦੇ ਨੇ, ਸਸਤੇ ਨਹੀਂ, ਕਿਤੇ ਦਿਆਲੂ ਹੋ ਜਾਣ, ਐਉਂ ਵੀ ਵਰਤਾ ਦਿਆ ਕਰਦੇ ਨੇ।

ਸੋ ਸਮਾਂ ਲੰਘਦਾ ਗਿਆ, ਜਦੋਂ ਸਾਲ ਤੋਂ ਬਾਅਦ ਦੁਬਾਰਾ ਸੈਦੋ (ਹੋਤੀ ਮਰਦਾਨ) ਗਏ ਉਥੇ ਪਤਾ ਲਗ ਗਿਆ ਉਨ੍ਹਾਂ ਨੂੰ ਕਿ ਆ ਰਹੇ ਨੇ, ਉਸ ਵੇਲੇ ਪਠਾਣ ਨਿਜ਼ੁੱਲਾ ਖਾਨ, ਅਜੀਮ ਖਾਨ ਵੀ ਨਾਲ ਤੇ ਪਠਾਣ ਹੀ ਪਠਾਣ ਇਕੱਠੇ ਕਰੇ ਹੋਏ ਨੇ, ਬੇਅੰਤ; ਢੋਲ ਵੱਜ ਰਿਹਾ ਹੈ ਤੇ ਭੰਗੜਾ ਪੈ ਰਿਹਾ ਹੈ। ਬਾਬਾ ਜੀ ਆ ਰਹੇ ਨੇ। ਅਪਣੇ ਸੀਸ ਤੇ ਟੋਕਰਾ ਰੱਖਿਆ ਹੋਇਆ ਹੈ ਅਨਾਰਾਂ ਦਾ। ਮੂਹਰੇ ਚਲਿਆ ਗਿਆ ਰਸਤੇ 'ਚ, ਹਾਰ ਹੀ ਹਾਰ ਪਾ ਦਿੱਤੇ। ਬਾਬਾ! ਤੂੰ ਤਾਂ ਉਹ ਗੱਲ ਕਰ ਦਿੱਤੀ ਕਿ

ਪ੍ਰਗਟ ਕਰ ਦਿੱਤਾ, ਗੁਰੂ ਨਾਨਕ ਦਾ ਦਾਸ ਭੇਜ ਦਿੱਤਾ। ਮੈਂ ਥੱਕ ਗਿਆ ਸੀ ਮੰਨਤਾਂ ਮੰਨ-ਮੰਨ ਕੇ ਸਭ ਪੀਰਾਂ ਫਕੀਰਾਂ ਨੂੰ। ਲਿਆ ਕੇ ਆਪਣਾ ਪੁੱਤਰ ਚਰਨਾਂ 'ਚ ਪਾ ਦਿੱਤਾ। ਆਹ ਤੁਹਾਡਾ ਬਖਸ਼ਿਆ ਹੋਇਆ ਹੈ। ਮਹਾਂਪੁਰਸ਼ਾਂ ਨੇ ਨਾਉਂ ਰੱਖ ਦਿੱਤਾ। ਸੋ ਇਸ ਤਰ੍ਹਾਂ -

***ਜੋ ਹਰਿ ਦਾਸਨ ਕੀ ਉਸਤਤਿ ਹੈ***
***ਸਾ ਹਰਿ ਕੀ ਵਡਿਆਈ ॥ ਅੰਗ - ੬੫੨***

ਉਹ ਵਡਿਆਈ ਸੰਤਾਂ ਦੀ ਹੁੰਦੀ ਹੈ, ਕਿੰਨੀ ਕੁ ਵਡਿਆਈ ਕਰੀ ਜਾਈਏ। ਚਾਹੇ ਜ਼ਿੰਦਗੀ ਭਰ ਕਰੀ ਜਾਓ, ਸੰਤਾਂ ਦੀ ਵਡਿਆਈ ਨਹੀਂ ਖਤਮ ਹੋਇਆ ਕਰਦੀ। ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ) ਨੂੰ ਗਿਆਂ ਨੂੰ ਕਿੰਨੇ ਸਾਲ ਹੋ ਗਏ, ਗੱਲਾਂ ਹੀ ਨਹੀਂ ਮੁੱਕਦੀਆਂ। ਜਦ ਅਸੀਂ ਦੋ ਇਕੱਠੇ ਹੋਵਾਂਗੇ, ਗੱਲਾਂ ਓਹੀ ਨੇ, ਰੋਜ਼ ਕਰਦੇ ਹਾਂ, ਰੋਜ਼ ਨਵੀਆਂ ਨੇ, ਰੋਜ਼ ਨਵਾਂ ਅਸਰ ਪੈਂਦਾ ਹੈ। ਨਿਤ ਨਵੀਆਂ ਬਾਤਾਂ ਨੇ ਓਹੀ।

ਸੋ ਅੱਜ ਆਪ ਦੁਰਾਹੇ ਗਏ ਹੋਏ ਨੇ ਉਥੇ ਕਿਸ਼ੋਰੀ ਲਾਲ ਉਹਦੇ ਪੁੱਤਰ ਨਹੀਂ ਸੀ ਹੁੰਦਾ, ਉਸਨੂੰ ਵੀ ਬਚਨ ਦਿੱਤਾ ਤੇ ਉਸਦੇ ਪੁੱਤਰ ਹੋਇਆ। ਉਹਨੇ ਆਪਣੇ ਘਰ 'ਚ ਅਖੰਡਪਾਠ ਕਰਾਇਆ। ਭੋਗ ਦੇ ਸਮੇਂ ਮਹਾਂਪੁਰਸ਼ ਜਾਂਦੇ ਨੇ ਉਸ ਨੇ ਕਾਰ ਭੇਜੀ, ਕਹਿੰਦੇ ਭਾਈ! ਕਾਰ ਦੀ ਕੀ ਲੋੜ ਹੈ, ਆਹ ਦੋ ਕਦਮ (ਡਿੰਘਾਂ) 'ਤੇ ਤਾਂ ਦੁਰਾਹਾ ਹੈ ਰਾਮਪੁਰ ਤੋਂ। ਅਸੀਂ ਆਏ, ਤੁਸੀਂ ਕਾਰ ਲੈ ਜਾਓ। ਸੋਹਲ ਨਹੀਂ ਹੋਇਆ ਕਰਦੇ ਸੰਤ, ਬੜੇ ਕਰੜੇ ਸੀਗੇ। ਹੁਣ ਤਾਂ ਸਾਰੇ ਹੀ ਕਹਿੰਦੇ ਨੇ ਕਿ ਘਰ 'ਚੋਂ ਹੀ ਸਾਨੂੰ ਕਾਰ 'ਚ ਲੈ ਕੇ ਜਾਓ। ਜੇ ਨਾ ਹੋਵੇ ਅਗਲੇ ਕੋਲ ਫੇਰ ਕੀ ਕਰੇ। ਟੈਕਸੀ ਵਾਲੇ ਨੂੰ ਵੀ ਪਤਾ ਲਗ ਜਾਂਦਾ ਹੈ ਕਿ ਇਹਨੇ ਸੰਤਾਂ ਨੂੰ ਲਿਆਉਣਾ ਹੈ ਮੰਗ ਲਓ ਜਿੰਨੇ ਪੈਸੇ ਮੰਗਣੇ ਹੈ।

ਸੋ ਸਿੱਧੇ ਹੀ ਆਪ ਹੋ ਲਏ ਤੇ ਦੁਰਾਹੇ ਪਹੁੰਚ ਗਏ।ਉਹਦੇ ਘਰ ਚਲੇ ਗਏ ਤੇ ਭੋਗ ਪੈ ਗਿਆ। ਉਸ ਵੇਲੇ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ) ਨੂੰ ਇਸ਼ਾਰਾ ਕਰਿਆ, ਵੱਡੇ ਮਹਾਂਪੁਰਸ਼ਾਂ (ਸੰਤ ਅਤਰ ਸਿੰਘ ਜੀ ਮਹਾਰਾਜ ਰੇਰੂ ਸਾਹਿਬ) ਨੇ, ਕਹਿੰਦੇ ਤੁਸੀਂ ਆਹ ਸ਼ਬਦ ਪੜ੍ਹੋ।

***ਧਾਰਨਾ - ਧਨ ਜੋਬਨ ਫੁੱਲਾਂ ਦੀਆਂ ਬਾੜੀਆਂ,***
***ਖਿੜੀਆਂ ਨਾ ਸਦਾ ਰਹਿੰਦੀਆਂ।***

***ਧਨੁ ਜੋਬਨੁ ਅਰੁ ਫੁਲੜਾ***
***ਨਾਠੀਅੜੇ ਦਿਨ ਚਾਰਿ ॥***
***ਪਬਣਿ ਕੇਰੇ ਪਤ ਜਿਉ***
***ਢਲਿ ਢੁਲਿ ਜੁੰਮਣਹਾਰ ॥***
***ਰੰਗੁ ਮਾਣਿ ਲੈ ਪਿਆਰਿਆ***
***ਜਾ ਜੋਬਨੁ ਨਉ ਹੁਲਾ ॥***
***ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ ॥***
***ਅੰਗ - ੨੩***

ਮਹਾਰਾਜ ਜੀ ਕਹਿੰਦੇ (ਸੰਤ ਈਸ਼ਰ ਸਿੰਘ ਜੀ) ਫੇਰ ਸਾਨੂੰ ਉਸੇ ਵੇਲੇ ਇਸ਼ਾਰਾ ਕਰਕੇ ਆਹ ਸ਼ਬਦ ਪੜ੍ਹਾ ਦਿੱਤਾ।

***ਧਾਰਨਾ - ਦਿਨ ਥੋੜ੍ਹੇ ਰਹਿ ਗਏ,***
***ਭਇਆ ਪੁਰਾਣਾ ਚੋਲਾ ਜੀ।***
***ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ ॥***
***ਹੰ ਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ ॥***
***ਅੰਗ - ੨੩***

ਇਸ ਤਰ੍ਹਾਂ ਦੇ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ) ਕਹਿਣ ਲੱਗੇ ਕਿ ਸਾਡੇ ਤੋਂ ਕਈ ਸ਼ਬਦ ਪੜ੍ਹਾਏ। ਅਸੀਂ ਕਿਹਾ ਕਿ ਅੱਜ ਦੱਸ-ਦੱਸ ਕੇ ਕਿਉਂ ਪੜ੍ਹਾ ਰਹੇ, ਕੋਈ ਪਤਾ ਨਹੀਂ ਲੱਗਿਆ ਇਸ ਗੱਲ ਦਾ ਕਿ ਅੱਜ ਮਹਾਂਪੁਰਸ਼ ਕਿਉਂ ਦੱਸ-ਦੱਸ ਕੇ ਪੜ੍ਹਾ ਰਹੇ ਨੇ। ਉਥੇ ਇੱਕ ਵੇਦਾਂਤੀ ਬੈਠਾ ਸੀ ਭਾਗ ਸਿੰਘ। ਦੀਵਾਨ ਦੀ ਸਮਾਪਤੀ ਹੋਈ, ਮਹਾਂਪੁਰਸ਼ਾਂ ਕੋਲ ਆ ਗਿਆ। ਕਹਿੰਦਾ, ਮਹਾਰਾਜ! ਤੁਸੀਂ ਅਭੇਦ ਅਵਸਥਾ ਦੇ ਸ਼ਬਦ ਪੜ੍ਹਿਆ ਕਰੋ? ਕਿਉਂਕਿ ਤੁਹਾਡੀ ਅਵਸਥਾ ਇਹ ਨਹੀਂ ਹੈ, ਵੈਰਾਗ ਦੇ ਸ਼ਬਦ ਪੜ੍ਹਨ ਦੀ ਤੇ ਐਸੇ ਵੈਰਾਗ ਦੇ ਸ਼ਬਦ ਕਿਉਂ ਪੜ੍ਹਦੇ ਹੋ? ਕਹਿੰਦੇ, ਭਾਗ ਸਿੰਆਂ! ਪਰਸੋਂ ਨੂੰ ਪਤਾ ਲਗ ਜਾਏਗਾ ਕਿ ਕਿਉਂ ਪੜ੍ਹਦੇ ਹਾਂ। ਉਥੋਂ ਆਏ ਆ ਕੇ ਜੈਲਦਾਰ ਨੂੰ ਬੁਲਾ ਲਿਆ। ਬਹੁਤ ਵਿਸ਼ਵਾਸ਼ੀ ਸੀ ਤੇ ਆਪ ਨੇ ਲੱਕੜੀ ਦਾ ਬਕਸਾ ਬਣਵਾ ਲਿਆ। ਕਹਿੰਦੇ ਲੈ ਜੈਲਦਾਰ, ਭੇਤ ਨਾ ਕਿਸੇ ਨੂੰ ਦੇਈਂ ਤੇ ਡੱਬਾ ਬੁੱਕ ਕਰਾ ਦੇ ਹੋਤੀ ਮਰਦਾਨ ਦਾ ਤੇ ਜੋ ਮੇਰੇ ਨਾਲ ਵਾਇਦਾ ਕਰਿਆ ਹੈ, ਉਥੋਂ ਲਿਆਏ ਸੀ, ਵਾਪਸ ਸਾਨੂੰ, ਉਹ ਵਾਅਦਾ ਹੁਣ ਪੂਰਾ ਕਰਨ ਦਾ ਸਮਾਂ ਆ ਗਿਆ, ਭੇਤ ਨਾ ਕਿਸੇ ਨੂੰ ਦੇਈਂ, ਆਪ ਰਾਮਪੁਰ ਦੇ ਪਿੰਡ ਲੰਘ ਕੇ ਉਥੇ ਬਹੁਤ ਬੜਾ ਚਿੱਕੜ ਸੀ, ਉਥੇ ਸਾਰਾ ਪਿੰਡ ਬੁਲਾ ਲਿਆ। ਕਹਿੰਦੇ ਲਓ ਬਈ ਪ੍ਰੇਮੀਓ! ਉਥੇ ਕਿੱਡਾ ਚਿੱਕੜ ਹੈ। ਬਲਦਾਂ ਨੂੰ ਕਿੰਨੀ ਤਕਲੀਫ ਹੁੰਦੀ ਹੈ, ਉਹ ਬੇਜ਼ੁਬਾਨ ਜਿਹੜੇ ਜਾਨਵਰ ਨੇ, ਅਸੀਸਾਂ ਦਿੰਦੇ ਨੇ ਕਿ ਦੁਰਅਸੀਸਾਂ ਦਿੰਦੇ ਨੇ, ਲਿਆਓ ਗੱਡੇ ਜੋੜ ਕੇ ਅੱਜ ਆਹ ਭਰ ਕੇ ਹਿੱਲਣਾ ਹੈ। ਸਵੇਰ ਤੋਂ ਭਰਨ ਲਗ ਗਏ ਸ਼ਾਮ ਹੋ ਗਈ, ਚਲ੍ਹਾ ਭਰਾ ਦਿੱਤਾ, ਰਸਤਾ ਬਣ ਗਿਆ, ਕਹਿੰਦੇ ਗੁਰੂ ਕੀਆਂ ਸੰਗਤਾਂ ਆਉਂਦੀਆਂ ਨੇ ਕਿੰਨੀ ਤਕਲੀਫ ਹੈ। ਉਥੇ ਚਲੇ ਗਏ, ਥੋੜ੍ਹੀ ਦੇਰ ਬਾਅਦ ਮੰਜੀ 'ਤੇ ਬੈਠ ਕੇ, ਸੰਤ ਮਹਾਰਾਜ ਜੀ ਕਹਿਣ ਲੱਗੇ ਕਿ ਅਸੀਂ ਪੁੱਛਿਆ ਕਿ ਕੀ ਗੱਲ? ਕਹਿੰਦੇ, ਆਹ ਧਰਨ ਜਿਹੀ ਲਗਦੀ ਹੈ ਸਾਨੂੰ। ਦੂਸਰਾ ਦਿਨ ਹੋਇਆ ਕਹਿੰਦੇ, ਮੰਜਾ ਸਾਡਾ ਖੁਲ੍ਹੇ ਥਾਉਂ ਡਾਹਿਓ ਅੱਜ। ਅੱਧੀ ਰਾਤ ਹੋਈ ਆਪ ਨੇ (ਸੰਤ ਅਤਰ ਸਿੰਘ ਜੀ ਰੇਰੂ ਸਾਹਿਬ) ਅੰਮ੍ਰਿਤ ਵੇਲੇ ਸਰੀਰ ਛੱਡ ਦਿੱਤਾ।

ਮਹਾਂਪੁਰਸ਼ ਕਿਤੇ ਜਾਇਆ ਨਹੀਂ ਕਰਦੇ। ਐਸ ਤਰ੍ਹਾਂ ਹੀ ਹੁੰਦਾ ਹੈ ਉਨ੍ਹਾਂ ਦਾ -

***ਧਾਰਨਾ - ਲਹਿਰ ਮਿਲ ਗਈ ਸਾਗਰ ਵਿਚੋਂ ਉਠ***

*ਕੇ, ਜੋਤੀ ਨਾਲ ਜੋਤ ਰਲ ਗਈ।*
*ਜਿਉ ਜਲ ਮਹਿ ਜਲੁ ਆਇ ਖਟਾਨਾ ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ ॥*
*ਮਿਟਿ ਗਏ ਗਵਨ ਪਾਏ ਬਿਸ੍ਰਾਮ ॥*
*ਨਾਨਕ ਪ੍ਰਭ ਕੈ ਸਦ ਕੁਰਬਾਨ ॥*
*ਅੰਗ - ੨੭੮*

ਸਮੁੰਦਰ ਦੀਆਂ ਲਹਿਰਾਂ ਉਠਦੀਆਂ ਨੇ, ਬੜਾ ਸਫਰ ਕਰਦੀਆਂ ਨੇ, ਹਜ਼ਾਰਾਂ ਮੀਲ ਦਾ ਸਫਰ ਕਰਦੀਆਂ ਤੁਰੀਆਂ ਆਉਂਦੀਆਂ ਨੇ। ਕੰਢੇ 'ਤੇ ਆ ਕੇ ਟਕਰਾਉਂਦੀਆਂ ਨੇ, ਉਸ ਤੋਂ ਬਾਅਦ ਜਾਂਦੀਆਂ ਕਿੱਥੇ ਨੇ ਸਮੁੰਦਰ 'ਚ ਰਲ ਜਾਂਦੀਆਂ ਨੇ।

*ਕਵਨ ਰੂਪ ਦ੍ਰਿਸਟਿਓ ਬਿਨਸਾਇਓ ॥*
*ਕਤਹਿ ਗਇਓ ਉਹੁ ਕਤ ਤੇ ਆਇਓ ॥ ੧ ॥*
*ਜਲ ਤੇ ਊਠਹਿ ਅਨਿਕ ਤਰੰਗਾ ॥*
*ਕਨਿਕ ਭੂਖਨ ਕੀਨੇ ਬਹੁ ਰੰਗਾ ॥*
*ਬੀਜੁ ਬੀਜਿ ਦੇਖਿਓ ਬਹੁ ਪਰਕਾਰਾ ॥*
*ਫਲ ਪਾਕੇ ਤੇ ਏਕੰਕਾਰਾ ॥ ੨ ॥*
*ਸਹਸ ਘਟਾ ਮਹਿ ਏਕੁ ਆਕਾਸੁ ॥*
*ਘਟ ਫੂਟੇ ਤੇ ਓਹੀ ਪ੍ਰਗਾਸੁ ॥ ਅੰਗ - ੭੩੬*

ਸੋ ਇਸ ਤਰ੍ਹਾਂ ਐਸੇ ਮਹਾਂਪੁਰਸ਼ਾਂ ਨੂੰ ਆਤਮ ਬ੍ਰਹਮਲੀਨ ਕਹਿੰਦੇ ਨੇ। ਵੱਖਰੇ ਨਹੀਂ ਰਹਿੰਦੇ ਮਹਾਂਪੁਰਸ਼ ਲੀਨ ਹੋ ਜਾਇਆ ਕਰਦੇ ਨੇ, ਪ੍ਰਮੇਸ਼ਰ ਦਾ ਰੂਪ ਬਣ ਜਾਇਆ ਕਰਦੇ ਨੇ, ਵੱਖਰੇ ਨਹੀਂ ਹੋਇਆ ਕਰਦੇ। ਸੋ ਐਸੇ ਜੋ ਮਹਾਂਪੁਰਸ਼ ਨੇ ਇਹ ਨਾ ਤਾਂ ਦਿਖਾਵੇ ਨਾਲ ਬਣਿਆ ਕਰਦੇ ਨੇ, ਨਾ ਮਸ਼ਹੂਰੀ ਕਰਨ ਨਾਲ ਬਣਿਆ ਕਰਦੇ ਨੇ, ਇਨ੍ਹਾਂ ਦੀ ਤਾਂ ਰਹਿਤ ਹੋਇਆ ਕਰਦੀ ਹੈ, ਬਾਣਾ ਹੋਇਆ ਕਰਦਾ ਹੈ। ਕਈ ਬਾਣੇ 'ਤੇ ਕਹਿੰਦੇ ਨੇ ਕਿ ਜੀ ਫੇਰ ਲੰਮਾ ਚੋਲਾ ਹੋਵੇ, ਗਿਟਿਆ ਤਕ ਦਾ ਚੋਲਾ ਹੋਵੇ? ਨਹੀਂ ਇਹ ਬਾਣਾ ਨਹੀਂ ਸੰਤਾਂ ਦਾ, ਸੰਤਾਂ ਦਾ ਬਾਣਾ ਹੈ -

*ਆਠ ਪਹਰ ਨਿਕਟਿ ਕਰਿ ਜਾਨੈ ॥*
*ਪ੍ਰਭ ਕਾ ਕੀਆ ਮੀਠਾ ਮਾਨੈ ॥*
*ਏਕੁ ਨਾਮੁ ਸੰਤਨ ਆਧਾਰੁ ॥*
*ਹੋਇ ਰਹੇ ਸਭ ਕੀ ਪਗ ਛਾਰੁ ॥ ੧ ॥*
*ਸੰਤ ਰਹਤ ਸੁਨਹੁ ਮੇਰੇ ਭਾਈ ॥*
*ਉਆ ਕੀ ਮਹਿਮਾ ਕਥਨੁ ਨ ਜਾਈ ॥ ੧ ॥*
*ਵਰਤਣਿ ਜਾ ਕੈ ਕੇਵਲ ਨਾਮ ॥ ਅੰਗ- ੩੯੨*

ਕਦੇ ਉਥੇ ਰਾਜਸੀ ਗੱਲਾਂ ਨਹੀਂ ਹੋਣਗੀਆਂ, ਕਦੇ ਦੁਨਿਆਵੀ ਗੱਲਾਂ ਨਹੀਂ ਹੋਣਗੀਆਂ, ਜਦ ਗੱਲ ਹੋਏਗੀ, ਨਾਮ ਦੀ ਹੋਏਗੀ, ਬੰਦਗੀ ਦੀ ਹੋਏਗੀ, ਭਜਨ ਦੀ ਹੋਏਗੀ। ਨਾਮ ਦੀਆਂ ਹੀ ਗੱਲਾਂ ਕਰਨਗੇ।

*ਅਨਦ ਰੂਪ ਕੀਰਤਨੁ ਬਿਸ੍ਰਾਮ ॥*
*ਮਿਤ੍ਰ ਸਤ੍ਰੁ ਜਾ ਕੈ ਏਕ ਸਮਾਨੈ ॥ ਅੰਗ-੩੯੨*

ਚਾਹੇ ਮਿੱਤਰ ਆ ਜਾਏ, ਚਾਹੇ ਸ਼ਤਰੂ ਆ ਜਾਏ। ਹੁਣੇ ਪਹਿਲਾਂ ਦੀਵਾਨ ਵਿੱਚ ਦੱਸ ਰਹੇ ਸੀ ਕਿ ਕਤਲ ਕਰਕੇ ਆ ਜਾਏ ਤਾਂ ਵੀ ਲੰਗਰ ਤਿਆਰ ਹੈ, ਮਿੱਤਰ ਆ ਜਾਵੇ ਤਾਂ ਵੀ ਉਸੇ ਪੰਗਤ 'ਚ ਬਿਠਾ ਦੇਣਾ ਹੈ। ਜੇ ਨਾਮ ਦੀ ਸੋਝੀ ਦੇਣੀ ਹੈ ਦੋਹਾਂ ਨੂੰ ਦੇਣੀ ਹੈ। ਜਿਹੜਾ ਸ਼ਤਰੂ ਹੈ ਇਹ ਨਹੀਂ ਕਹਿਣਾ ਕਿ ਇਹ ਸ਼ਤਰੂ ਹੈ, ਕਿਉਂਕਿ ਉਨ੍ਹਾਂ ਦਾ ਇਹ ਹੈ ਹੀ ਨਹੀਂ -

*ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥*
*ਤਿਸ ਕੈ ਭਾਣੈ ਕੋਇ ਨ ਭੂਲਾ*
*ਜਿਨਿ ਸਗਲੋ ਬ੍ਰਹਮੁ ਪਛਾਤਾ ॥ ਅੰਗ - ੬੧੦*

ਜਿਹਨੇ ਸਾਰਿਆਂ ਦੇ ਅੰਦਰ ਇੱਕੋ ਪ੍ਰਮੇਸ਼ਰ ਦੀ ਜੋਤੀ ਤੱਕ ਲਈ, ਹੁਣ ਦੂਜਾ ਤਾਂ ਕੋਈ ਰਿਹਾ ਹੀ ਨਾ। ਆਪੇ ਹੀ ਆਪ ਹੋ ਗਿਆ ਸਾਰਿਆਂ ਦੇ ਅੰਦਰ। ਸੋ ਇਸ ਕਰਕੇ ਮਿਤ੍ਰ ਸ਼ਤ੍ਰ ਨਹੀਂ-

*ਬਿਸਰਿ ਗਈ ਸਭ ਤਾਤਿ ਪਰਾਈ ॥*
*ਜਬ ਤੇ ਸਾਧਸੰਗਤਿ ਮੋਹਿ ਪਾਈ ॥ ੧ ॥*
*ਰਹਾਉ॥ ਨਾ ਕੋ ਬੈਰੀ ਨਹੀ ਬਿਗਾਨਾ*
*ਸਗਲ ਸੰਗਿ ਹਮ ਕਉ ਬਨਿ ਆਈ ॥*
*ਅੰਗ - ੧੨੯੯*
*ਮਿਤ੍ਰ ਸਤ੍ਰੁ ਜਾ ਕੈ ਏਕ ਸਮਾਨੈ ॥*
*ਪ੍ਰਭ ਅਪੁਨੇ ਬਿਨੁ ਅਵਰੁ ਨ ਜਾਨੈ ॥ ੨ ॥*
*ਕੋਟਿ ਕੋਟਿ ਅਘ ਕਾਟਨਹਾਰਾ ॥*
*ਦੁਖ ਦੂਰਿ ਕਰਨ ਜੀਅ ਕੇ ਦਾਤਾਰਾ ॥*
*ਸੂਰਬੀਰ ਬਚਨ ਕੇ ਬਲੀ ॥*
*ਕਉਲਾ ਬਪੁਰੀ ਸੰਤੀ ਛਲੀ ॥ ਅੰਗ - ੩੯੨*

ਬਚਨ ਕੀਤਾ ਹੋਇਆ ਬਿਰਥਾ ਨਹੀਂ ਜਾਂਦਾ।

ਸੰਤ ਮਹਾਰਾਜ ਈਸ਼ਰ ਸਿੰਘ ਜੀ ਰਾੜਾ ਸਾਹਿਬ, ਆਪ ਹਾਪੜ ਗਏ ਹੋਏ ਸਨ। ਇਥੇ ਗੁਰਦੇਵ ਸਿੰਘ ਉਹਨੀ ਆਏ ਹੋਏ ਸੀ, ਉਥੇ ਇੱਕ ਮੁੰਡਾ ਚੰਗਾ ਜੁਆਨ, ਸਿਰ ਹਿਲਾਈ ਜਾਂਦਾ ਹੈ ਬਾਹਰ, ਉਥੇ ਬਹੁਤ ਸਾਰੇ ਬਾਹਰ ਖੜ੍ਹੇ ਨੇ ਪ੍ਰੇਮੀ ਤੇ ਮੈਂ ਚਲਿਆ ਗਿਆ। ਮੈਂ ਕਿਹਾ ਕਿ ਇਹ ਕੀ ਹੋ ਰਿਹਾ ਹੈ ਤਮਾਸ਼ਾ। ਕਹਿਣ ਲੱਗੇ ਕਿ ਜੀ ਕੋਈ ਪ੍ਰੇਤ ਆਇਆ ਹੋਇਆ ਹੈ, ਬੋਲਦਾ ਹੈ। ਮੈਂ ਕਿਹਾ ਇਹ ਗੱਲ ਕੀ ਕਦੇ ਹੁੰਦੀ ਹੈ? ਮੈਂ ਤਾਂ ਭੂਤ ਪ੍ਰੇਤ ਕਦੇ ਮੰਨਦਾ ਹੀ ਨਹੀਂ ਹਾਂ। ਕਹਿਣ ਲੱਗੇ ਕਿ ਆ ਜਾਓ ਤੁਹਾਡੀ ਗੱਲ ਕਰਾ ਦਿੰਦੇ ਹਾਂ। ਉਥੇ ਜਾ ਕੇ ਉਹਨੂੰ ਕਿਹਾ ਕਿ ਗੱਲ ਕਰ ਲਓ, ਸਰਦਾਰ ਨਾਲ। ਕਿਉਂਕਿ ਸੰਤ ਤਾਂ ਮੈਨੂੰ ਐਵੇਂ ਕਹਿਣ ਲੱਗ ਗਏ। ਮੈਂ ਤਾਂ ਘਰਬਾਰੀ ਬੰਦਾ ਹਾਂ, ਬਾਲ-ਬੱਚਿਆਂ 'ਚ। ਸੰਤ ਨਹੀਂ, ਸੰਤ ਤਾਂ ਐਵੇਂ ਵਾਧੂ ਦੀ ਉਪਾਧੀ ਪਾਈ ਹੋਈ, ਮੈਂ ਬਥੇਰਾ ਟਲਦਾ ਹਾਂ ਫੇਰ ਨਹੀਂ ਹਟਦੇ ਕਹਿਣ ਤੋਂ। ਸੋ ਉਥੇ ਮੈਂ ਉਹਨੂੰ ਕਿਹਾ ਕਿ ਗੱਲ ਕਰਾਓ। ਕਹਿੰਦੇ ਸਰਦਾਰ ਤੁਹਾਡੇ ਨਾਲ ਗੱਲ ਕਰਨੀ ਚਾਹੁੰਦਾ ਹੈ। ਕਹਿੰਦਾ, ਮੈਂ ਸਰਦਾਰ ਤੋਂ ਮੁਰੱਬੇ ਲੈਣੇ ਕਿ ਮੈਂ ਗੱਲ ਕਰਾਂ। ਮੇਰੇ ਮੂੰਹੋਂ ਨਿਕਲ ਗਿਆ ਕਿ ਮੈਂ ਤੇਰੀ ਮਹਾਰਾਜ ਜੀ ਨਾਲ ਮੁਲਾਕਾਤ ਕਰਾ ਦਊਂ, ਕਿੰਨੇ ਦਿਨ ਦਾ ਬੈਠਾ ਹੈਂ ਤੂੰ ਇੱਥੇ। ਕਹਿਣ ਲੱਗਿਆ, ਕਰਾ ਦਿਓਂਗੇ? ਮੈਂ ਕਿਹਾ ਹਾਂ। ਮੇਰੇ ਨਾਲ ਗੱਲਾਂ ਕਰਨ

ਲੱਗ ਗਿਆ। ਪੁੱਛਣ ਲੱਗ ਗਿਆ ਮੇਰੇ ਤੋਂ ਗੱਲਾਂ। ਮੈਂ ਕਿਹਾ, ਚੰਗਾ ਪਹਿਲਾਂ ਤੇਰੀ ਮੁਲਾਕਾਤ ਹੀ ਕਰਾਈਏ। ਮੈਂ ਮਹਾਰਾਜ ਜੀ ਨੂੰ ਜਾ ਕੇ ਕਿਹਾ। ਮਹਾਰਾਜ ਜੀ ਭੂਤਾਂ ਵਾਲਿਆਂ ਨਾਲ ਨਹੀਂ ਸੀ ਗੱਲ ਕਰਦੇ। ਜੇ ਕੋਈ ਆ ਜਾਣਾ, ਗੱਲ ਹੀ ਨਾ ਕਰਨੀ ਉਨ੍ਹਾਂ ਨੇ। ਮੈਂ ਕਿਹਾ ਮਹਾਰਾਜ ਜੀ! ਇਸ ਤਰ੍ਹਾਂ ਦੇ ਨਾਲ ਇੱਕ ਰੂਹ ਹੈ। ਮਹਾਰਾਜ ਜੀ ਕਹਿੰਦੇ ਨਾ-ਨਾ, ਇੱਥੇ ਤਾਂ ਬੜੀਆਂ ਖੇਲ੍ਹਣ ਲਗ ਜਾਣਗੀਆਂ, ਜੇ ਆਪਾਂ ਇੱਕ ਨੂੰ ਠੀਕ ਕਰ ਦਿੱਤਾ। ਨਾਮ ਜਪਾਈਏ ਕਿ ਭੂਤਾਂ ਵਾਲਿਆਂ ਨੂੰ ਸਾਂਭੀਏ।

ਇਵੇਂ ਜਿਵੇਂ ਹੀ ਹੈ ਸਾਧਸੰਗਤ ਜੀ! ਮੇਰੇ ਕੋਲ ਬਹੁਤ ਆਉਂਦੇ ਨੇ ਕਿ ਜੀ ਹਵਾ ਹੈ। ਮੈਂ ਕਿਹਾ ਕਿ ਮੈਂ ਹਵਾ ਨੂੰ ਕੀ ਕਰਾਂ। ਮੈਂ ਕੋਈ ਚਿਲ੍ਹੇ ਕੱਟੇ ਹੋਏ ਨੇ। ਤੂੰ ਜਪੁਜੀ ਸਾਹਿਬ ਦਾ ਪਾਠ ਕਰ ਲੈ, ੨੫ ਪਾਠ ਕਰ ਲੈ, ਫੇਰ ਕਹਿੰਦੇ ਨੇ ਕਿ ਜੀ ਅਸੀਂ ਅਨਪੜ੍ਹ ਹਾਂ। ਮੈਂ ਕਿਹਾ ਕਿ ਜੇ ਅਨਪੜ੍ਹ ਹੈਂ ਤੂੰ ਮੂਲਮੰਤਰ ਪੜ੍ਹੀ ਜਾਹ, ਕਹਿੰਦਾ ਹੈ ਯਾਦ ਨਹੀਂ ਹੁੰਦਾ। ਜੇ ਤੇਰੇ ਤੋਂ ਕੁਛ ਨਹੀਂ ਹੁੰਦਾ ਨਾ ਤੂੰ ਸਵੇਰ ਤੋਂ ਲਗ ਜਾਇਆ ਕਰ, ਸੂਰਜ ਛਿਪੇ ਤੱਕ ਜਦ ਤਾਈਂ ਨੀਂਦ ਨਹੀਂ ਆਉਂਦੀ, ਵਾਹਿਗੁਰੂ-ਵਾਹਿਗੁਰੂ ਕਰੀ ਜਾਈਂ ਕਿਸੇ ਨਾਲ ਨਾ ਗੱਲ ਕਰੀਂ। ਜੇ ਦੌਰਾ ਪੈ ਗਿਆ ਤਾਂ ਮੈਨੂੰ ਫੜ ਲਈਂ ਆ ਕੇ। ਗੁਰੂ ਨਾਨਕ ਸਾਹਿਬ ਦੇ ਚਰਨ ਆਪਣੇ ਹਿਰਦੇ 'ਚ ਵਸਾ ਲਈਂ। ਜਦ ਤੇਰੇ ਅੰਦਰ ਗੁਰੂ ਨਾਨਕ ਨੇ ਫੇਰ ਭੂਤ ਤਕੜਾ ਹੈ ਕਿ ਗੁਰੂ ਨਾਨਕ ਤਕੜਾ ਹੈ, ਗੁਰੂ ਨਾਨਕ ਨੂੰ ਤਾਂ ਵਸਾਉਣਾ ਨਹੀਂ ਜਿਹੜਾ ਅੰਗ ਸੰਗ ਵਿਆਪਕ ਹੈ, ਭੂਤ ਜਿਹੜਾ ਬਾਹਰ ਹੈ ਕਦੇ ਆਉਂਦਾ ਹੈ, ਕਦੇ ਜਾਂਦਾ ਹੈ, ਉਹਨੂੰ ਵਸਾਉਂਦਾ ਹੈਂ। ਬਾਣੀ ਕਹਿੰਦੀ ਹੈ ਕਿ ਗੁਰੂ ਨਾਨਕ ਹਰੇਕ ਦੇ ਨਾਲ ਰਹਿੰਦਾ ਹੈ -

*ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥*
*ਸਿਮਰਿ ਸਿਮਰਿ ਤਿਸੁ ਸਦਾ ਸਮ੍ਹਾਲੇ ॥*

***ਅੰਗ - ੩੯੪***

ਗੁਰੂ ਨੂੰ ਜੇ ਭੁਲਿਆਂ ਹੈਂ ਫੇਰ ਤਾਂ ਭੂਤ ਪ੍ਰੇਤ ਆਉਣੇ ਹੀ ਹੋਏ ਭਾਈ। ਫੇਰ ਕਮਜ਼ੋਰੀਆਂ ਵੀ ਆਉਣੀਆਂ ਨੇ, ਫੇਰ ਵਿਘਨ ਵੀ ਆਉਣੇ ਨੇ, ਜੇ ਪ੍ਰਭੂ ਨੂੰ ਯਾਦ ਰੱਖੇਂ, ਸਾਰੇ ਵਿਘਨ ਦੂਰ ਹੋ ਜਾਣਗੇ। ਸੰਤਾਂ ਕੋਲ ਕੋਈ ਮੰਤਰ ਜੰਤਰ ਨਹੀਂ ਹੁੰਦੇ, ਉਹ ਸਿਰਫ ਨਾਮ ਦੇ ਲੜ ਲਾਉਂਦੇ ਨੇ ਕਿ ਚੱਲ ਕਿਵੇਂ ਲੱਗ ਜਾਵੇ। ਲੇਕਿਨ ਸੰਸਾਰ ਨਹੀਂ ਲਗਿਆ ਕਰਦਾ। ਆਪਣਾ ਮਤਲਬ ਕੱਢ ਕੇ ਰਾਹ ਪੈਂਦਾ ਹੈ।

ਸੋ ਸੰਤ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ) ਕਹਿੰਦੇ, ਨਾ ਇਹ ਗੱਲ ਤਾਂ ਨਹੀਂ ਆਪਾਂ ਕਰਨੀ, ਇੱਥੇ ਤਾਂ ਬੇਅੰਤ ਆ ਜਾਣਗੇ। ਮੈਂ ਕਿਹਾ, ਨਹੀਂ ਮਹਾਰਾਜ! ਕ੍ਰਿਪਾ ਕਰੋ ਆਪ। ਮੈਂ ਕਿਹਾ ਮਹਾਰਾਜ! ਇਹਨੇ ਮੈਨੂੰ ਦੱਸਿਆ ਹੈ ਕਿ ਮੈਂ ਪੀਰ ਸੀਗਾ। ਈਰਾਨ 'ਚੋਂ ਆਇਆ ਸੀ ਮੈਂ ਤੇ ਮੇਰੀ ਮਾਨਤਾ ਸੀ ਬਹੁਤ ਇੱਥੇ। ਮੇਰੇ ਚੇਲੇ ਚਾਟੜੇ ਬਹੁਤ ਸੀ ਤੇ ਕ੍ਰਿਪਾ ਕਰੋ ਇਹ ਭਟਕਿਆ ਹੋਇਆ ਕੋਈ ਸਾਧ ਹੈ। ਗਲਤ ਹੋਇਆ ਹੋਇਆ ਬੰਦਾ ਹੈ, ਗੱਲਾਂ ਰੂਹਾਨੀ ਕਰਦਾ ਹੈ। ਮਹਾਰਾਜ ਜੀ ਕਹਿੰਦੇ, ਚੰਗਾ ਤੂੰ ਆਪਣੀ ਜ਼ਿੰਮੇਵਾਰੀ 'ਤੇ ਲਿਆ। ਦੂਸਰੇ ਦਿਨ ਮੈਂ ਫਾਰਮ ਨੂੰ ਜਾਣਾ ਸੀ, ਇਹ ਗੁਰਦੇਵ ਸਿੰਘ ਉਹਨੀਂ ਉਥੇ ਸੀ, ਮਹਾਰਾਜ ਜੀ ਦੇ ਪੇਸ਼ ਕਰ ਦਿੱਤਾ। ਜਿਉਂ ਲੱਗਿਆ, ਰੋਣ ਚੁੱਪ ਹੀ ਨਾ ਕਰੇ। ਮਹਾਰਾਜ ਜੀ ਉੱਠ ਕੇ ਚਲੇ ਗਏ, ਕਹਿੰਦੇ ਸਮਾਂ ਬਰਬਾਦ ਕਰਦਾ ਹੈ। ਉਸ ਦਿਨ ਉਹਦਾ ਫੇਰ ਸਾਰਾ ਟੇਪ ਕਰਿਆ ਕਿ ਤੂੰ ਕੌਣ ਹੈਂ, ਕਿੱਥੋਂ ਆਇਆ ਹੈ, ਕਿਵੇਂ ਤੂੰ ਪ੍ਰੇਤ ਬਣ ਗਿਆ। ਕਹਿਣ ਲੱਗਿਆ, ਮੈਂ ਇਥੇ ਮੁਗਲ ਖੇੜੀ, ਹਸਨਪੁਰ ਤਹਿਸੀਲ ਦੇ ਅੰਦਰ, ਮੇਰੀ ਇੱਥੇ ਜਿਆਰਤ ਹੈ ਮੈਂ ਉਥੇ ਦਾ ਪੜ੍ਹਿਆ ਲਿਖਿਆ ਉਲ੍ਹਮਾ ਸੀ। ਲੇਕਿਨ ਮੇਰਾ ਚਰਿੱਤਰ ਨਹੀਂ ਸੀ ਚੰਗਾ, ਸਿੱਧੀਆਂ ਮੇਰੇ 'ਚ ਬਹੁਤ ਸੀ। ੩੬ ਸਾਲ ਕਹਿੰਦਾ ਮੈਂ ਤਪ ਕਰਿਆ। ਮੈਨੂੰ ਵੀ ਦਸਦਾ ਸੀ ਕਿ ਮੇਰੇ ਤੋਂ ਲੈ ਲਓ ਜੋ ਕੁਛ ਲੈਣਾ ਹੈ। ਮੈਂ ਤੁਹਾਨੂੰ ਵਿਦਿਆ ਦਿੰਦਾ ਹਾਂ ਗੁਪਤ। ਤੁਸੀਂ ਬੈਠੇ-ਬੈਠੇ ਹੀ ਗੁਪਤ ਹੋ ਜਾਇਆ ਕਰੋਂਗੇ, ਕਿਸੇ ਨੂੰ ਦਿਸਣਾ ਹੀ ਨਹੀਂ। ਜੇ ਕਹੋਂ ਕਿ ਐਨੇ ਹਜ਼ਾਰ ਰੁਪਿਆ ਆ ਜਾਵੇ, ਚਾਹੇ ਜ਼ਮੀਨ ਵੇਚ ਕੇ ਲਿਆਵੇ ਲਿਆ ਕੇ ਰੱਖੂ। ਮੈਨੂੰ ਮੰਤਰ ਦੱਸਣ ਲਗ ਗਿਆ, ਮੈਂ ਕੰਨਾਂ 'ਚ ਉਂਗਲੀਆਂ ਦੇ ਲਈਆਂ। ਕਹਿੰਦਾ, ਤੁਸੀਂ ਤਾਂ ਮੇਰੀ ਗੱਲ ਹੀ ਨਹੀਂ ਸੁਣਦੇ। ਮੈਂ ਕਿਹਾ ਸੁਲੇਮਾਨ! ਤੂੰ ਬਣ ਗਿਆ ਪ੍ਰੇਤ, ਮੈਨੂੰ ਖਬਰੇ ਕੀ ਬਣਾਂ ਦਏਂਗਾ। ਮੈਂ ਤਾਂ ਇਸ ਗੱਲ ਦੇ ਰਾਹ ਹੀ ਨਹੀਂ ਪੈਣਾ। ਸਾਡੇ ਕੋਲ ਤਾਂ ਇੱਕ ਮਹਾਂਮੰਤਰ ਹੈ -

*ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥*
*॥ ਜਪੁ ॥*
*ਆਦਿ ਸਚੁ ਜੁਗਾਦਿ ਸਚੁ ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥*

ਕੋਈ ਦੁਨੀਆਂ ਦਾ ਮੰਤਰ ਇਸ ਤੋਂ ਵੱਡਾ ਨਹੀਂ ਹੈ। ਸਾਨੂੰ ਕੀ ਲੋੜ ਹੈ ਕੱਚੇ-ਪਿੱਚੇ ਮੰਤਰ ਸਿੱਖਣ ਦੀ। ਕਿਉਂਕਿ ਇਹ ਮੰਤਰ ਚੌਰਾਸੀ 'ਚ ਲੈ ਜਾਂਦੇ ਨੇ।

ਇੱਕ ਵਾਰੀ ਮੈਨੂੰ ਰਾੜਾ ਸਾਹਿਬ ਇੱਕ ਭਾਈ ਸਾਹਿਬ ਹੋਇਆ ਕਰਦੇ ਸੀ ਗੁਰਬਚਨ ਸਿੰਘ, ਬਹੁਤ ਬੰਦਗੀ ਵਾਲਾ ਸੀ ਉਹ। ਛੇ ਮਹੀਨੇ ਲਈ ਮਹਾਰਾਜ ਜੀ ਨੇ ਭੌਰੇ 'ਚ ਵਾੜ ਦਿਤਾ। ਛੇ ਮਹੀਨੇ ਬੰਦਗੀ ਕਰੀ ਗਿਆ ਲਗਾਤਾਰ। ਸੀ ਬਹੁਤ ਚੰਗਾ। ਉਹਨੂੰ ਮੰਤਰ ਆਉਂਦੇ ਸੀ। ਉਥੇ ਆ ਕੇ ਲੋਕ ਮਤਾੜੇ ਹੋਏ ਬਲਦ ਲਿਆਉਂਦੇ ਸੀ, ਉਹਨੇ ਝਾੜ ਦੇਣੇ। ਇੱਕ ਉਹਦੇ ਕੋਲ ਸੱਪ ਦਾ ਸੀ, ਸੱਪ ਲੜਿਆ ਹੋਇਆ ਕੋਈ ਆ ਜਾਵੇ, ਉਹਨੇ ਉਸੇ ਵੇਲੇ ਮੰਤਰ ਜਿਹਾ ਕਰਕੇ ਜਲ ਪਿਲਾ ਦੇਣਾ, ਉਸੇ ਵੇਲੇ ਜ਼ਹਿਰ ਉਤਰ ਜਾਣਾ। ਮੈਨੂੰ ਕਹਿੰਦਾ, ਤੁਸੀਂ ਸਿੱਖ ਲਓ, ਮੈਨੂੰ ਲਿਖਾ ਵੀ ਦਿੱਤੇ ਉਨ੍ਹਾਂ ਕਿ ਆਹ ਲਿਖ ਲੈ, ਬੜੀ ਕੀਮਤੀ ਚੀਜ਼ ਹੈ। ਮੈਨੂੰ ਕਹਿੰਦੇ ਤੁਸੀਂ ਇਹ ਦੀਵਾਲੀ ਦੀ ਰਾਤ ਨੂੰ ਖੂਹ 'ਤੇ ਬੈਠ ਕੇ ਪੜ੍ਹ ਲਿਓ,

ਪਰ ਪੜ੍ਹਿਓ ਉਥੇ ਜਿੱਥੇ ਬਰਮੀ ਹੋਵੇ ਸੱਪ ਦੀ ਤੇ ਸੱਪ ਆਏਗਾ, ਡਰਿਓ ਨਾ। ਮੈਂ ਕਿਹਾ, ਚਲੋ ਪਰਉਪਕਾਰ ਦੀ ਗੱਲ ਹੈ। ਵਾਹਿਗੁਰੂ-ਵਾਹਿਗੁਰੂ ਬਹੁਤਾ ਸੀ, ਮੰਤਰ ਘਟ ਸੀ। ਜਦ ਮੈਂ ਅੱਧੀ ਰਾਤ ਚਲਿਆ ਗਿਆ ਖੂਹ 'ਤੇ, ਦੀਵਾਲੀ ਦੀ ਰਾਤ, ਛੋਟੀ ਜਿਹੀ ਉਮਰ ਸੀ 17-18 ਸਾਲ ਸੀ, ਮੈਂ ਉਥੇ ਗੜ੍ਹਵਾ ਪਾਣੀ ਦਾ ਭਰ ਕੇ, ਬਰਮੀ ਮੈਂ ਦਿਨ ਵਿੱਚ ਢਾਹ ਲਈ, ਉਹ ਕਹਿੰਦਾ ਸੀ ਗਲੀਆਂ ਨਾ ਬੰਦ ਕਰੀਂ, ਮੈਂ ਕਿਹਾ ਚੰਗਾ। ਪਹਿਲਾਂ ਤਾਂ ਮੈਨੂੰ ਖਿਆਲ ਹੋ ਗਿਆ ਕਿ ਵਿਚੋਂ ਹੀ ਸੱਪ ਡੰਗ ਨਾ ਮਾਰੇ, ਪੜ੍ਹਦੇ-ਪੜ੍ਹਦੇ ਦੇ, ਮੰਤਰ ਸਿੱਧ ਕਦ ਹੋਣਾ ਹੈ, ਫੇਰ ਉਹ ਕਹਿੰਦਾ ਸੀ ਸੱਪ ਆਏਗਾ ਡਰੀਂ ਨਾ। ਜਦ ਮੈਂ ਇੱਕ ਵਾਰੀ ਪੜ੍ਹਿਆ, ਮੈਂ ਕਿਹਾ ਮਨਾਂ ਧਿਰਕਾਰ ਹੈ -

*ਧ੍ਰਿਗੁ ਜਿਹਬਾ ਗੁਰ ਸਬਦ ਵਿਣੁ*
*ਹੋਰ ਮੰਤ੍ਰ ਸਿਮਰਣੀ॥*

***ਭਾਈ ਗੁਰਦਾਸ ਜੀ, ਵਾਰ ੨੭/੧੦***

ਮੈਂ ਕਿਹਾ ਮੈਂ ਤਾਂ ਹੋਰ ਮੰਤਰ ਸਿਮਰਨ ਲਗ ਗਿਆ, ਇਹ ਤਾਂ ਮੇਰੀ ਜਿਹਬਾ ਜਿਹੜੀ ਹੈ ਧਿਰਕਾਰਯੋਗ ਹੈ। ਮੰਤਰ ਮੈਂ ਕਹਾਂ, ਅੰਦਰੋਂ ਵਾਹਿਗੁਰੂ-ਵਾਹਿਗੁਰੂ ਆਈ ਜਾਵੇ। ਮੈਂ ਖੂਹ ਦੀ ਮੌਣ 'ਤੇ ਬਹਿ ਗਿਆ ਉਠ ਕੇ, ਮੈਂ ਕਿਹਾ ਛੱਡੋ ਇਨ੍ਹਾਂ ਗੱਲਾਂ ਨੂੰ, ਕੂੜੀਆਂ ਗੱਲਾਂ ਨੇ ਸਾਰੀਆਂ। ਸੋ ਕਹਿਣ ਲੱਗਿਆ, ਤੁਸੀਂ ਮੰਤਰ ਸਿੱਖ ਲਓ, ਮੈਂ ਕਿਹਾ ਸੁਲੇਮਾਨ! ਮੈਂ ਕੋਈ ਮੰਤਰ ਨਹੀਂ ਸਿੱਖਣਾ। ਤੂੰ ਗੱਲ ਕਰ ਮਤਲਬ ਦੀ। ਉਹ ਮਹਾਰਾਜ ਜੀ ਦੇ ਪੇਸ਼ ਕਰ ਦਿੱਤਾ। ਦੂਸਰੇ ਦਿਨ ਮੈਂ ਫਾਰਮ ਤੋਂ ਆਇਆ ਨਾ, ਮੇਰੇ ਆਉਣ ਤੋਂ ਪਹਿਲਾਂ ਮਹਾਰਾਜ ਜੀ ਨਾਲ ਗੱਲ ਕਰੀ ਤਾਂ ਉਥੇ ਕੋਕਾ ਕੋਲਾ ਵਾਲੇ ਚਰਨਜੀਤ ਸਿੰਘ ਸੀ, ਕਹਿੰਦੇ ਇਹਦੇ ਘਰ ਭੇਜ ਦੇਈਏ ਤੈਨੂੰ। ਕੀ ਚਾਹੁੰਦਾ ਹੈ? ਰੋਇਆ ਬਹੁਤ। ਕਹਿੰਦਾ, ਪੀਰ ਜੀ! ਹਜ਼ਾਰ ਸਾਲ ਦੀ ਉਮਰ ਹੋ ਗਈ ਮੇਰੀ ਤੇ ਮੈਂ ਬਹੁਤ ਭਟਕਦਾ ਫਿਰਦਾ ਹਾਂ। ਕ੍ਰਿਪਾ ਕਰੋ, ਮੇਰੇ ਉਪਰ। ਮਹਾਰਾਜ ਕਹਿੰਦਾ, ਚਾਹੁੰਦਾ ਕੀ ਹੈਂ? ਕਹਿੰਦਾ, ਨਜਾਤ ਚਾਹੁੰਦਾ ਹਾਂ। ਕਿਉਂਕਿ ਸੰਤਾਂ 'ਚ ਸਿਫਤ ਹੈ ਸਾਧਸੰਗਤ ਜੀ! ਜੀਉਂਦਿਆਂ ਦੇ ਤਾਂ ਵਾਲੀਵਾਰਿਸ ਸਭ ਹੁੰਦੇ ਨੇ, ਲੇਕਿਨ ਜਿਹੜੇ ਸਾਧੂ ਹੁੰਦੇ ਨੇ ਉਨ੍ਹਾਂ ਦੇ ਬਾਰੇ ਇਸ ਤਰ੍ਹਾਂ ਫੁਰਮਾਨ ਹੈ -

*ਧਾਰਨਾ - ਸੰਤ ਮੋਇਆਂ ਦੀ ਔੜ ਨਿਭਾਉਂਦੇ ਨੇ,*
*ਦੁਨੀਆਂ ਛੱਡੇ ਜੀਉਂਦਿਆਂ ਨੂੰ।*
*ਨਾਨਕ ਕਚੜਿਆ ਸਿਉ ਤੋੜਿ*
*ਢੂਢਿ ਸਜਣ ਸੰਤ ਪਕਿਆ ॥*
*ਓਇ ਜੀਵੰਦੇ ਵਿਛੁੜਹਿ*
*ਓਇ ਮੁਇਆ ਨ ਜਾਹੀ ਛੋੜਿ ॥*

***ਅੰਗ - ੧੧੦੨***

ਸਾਡੇ ਪਿੰਡ ਇੱਕ ਰਾਮ ਗੋਪਾਲ ਲਾਲਾ ਹੋਇਆ ਹੈ, ਬੜਾ ਚੰਗਾ ਸੀ, ਸਾਡੇ ਖੂਹ ਨਾਲ ਉਹਦਾ ਖੂਹ ਸੀ, ਇੱਕ ਵਾਰੀ ਮੈਂ ਯੂ.ਪੀ. ਫਾਰਮ ਤੋਂ ਆਇਆ ਤੇ ਸੰਤ ਮਹਾਰਾਜ ਜੀ ਦੇ ਦਰਸ਼ਨ ਕਰਕੇ ਪਿੰਡ ਵਲ ਦੀ ਹੋ ਗਿਆ ਕਿ ਪਿੰਡ ਵਲ ਦੀ ਲੰਘ ਚਲਦੇ ਹਾਂ। ਉਥੇ ਬੱਸ ਆਉਣ 'ਚ ਦੇਰ ਸੀ ਤੇ ਮੈਂ ਟਾਹਲੀ ਦੇ ਥੱਲੇ ਖੜ੍ਹਾ ਸੀ। ਉਥੇ ਉਹ ਰਾਮ ਗੋਪਾਲ ਲਾਲਾ ਅਮਰ ਨਾਥ ਵੀ ਮੰਜੀ 'ਤੇ ਪਿਆ ਸੀ, ਤਖਤਪੋਸ਼ ਡਾਹਿਆ ਹੋਇਆ ਉਹਨੇ, ਚੱਕੀ ਸੀ ਉਹਦੀ ਉਥੇ। ਮੈਨੂੰ ਕਹਿੰਦਾ ਕਿੱਥੋਂ ਆਇਆਂ ਹੈਂ? ਮੈਂ ਕਿਹਾ, ਰਾੜਾ ਸਾਹਿਬ ਤੋਂ। ਜਦੋਂ ਮੈਂ ਰਾੜਾ ਸਾਹਿਬ ਦਾ ਨਾਉਂ ਲਿਆ, ਰੋਈ ਜਾਵੇ, ਮੈਂ ਕਿਹਾ ਇਹਨੂੰ ਕੀ ਹੋ ਗਿਆ। ਮੈਂ ਕੋਲ ਜਾ ਕੇ ਬਹਿ ਗਿਆ, ਮੈਂ ਕਿਹਾ ਲਾਲਾ ਜੀ! ਬੜਾ ਵੈਰਾਗ ਆ ਗਿਆ ਤੈਨੂੰ। ਕਹਿੰਦਾ, ਮੇਰੇ ਭਗਵਾਨ ਕੋਲੋਂ ਆਏਂ ਹੋ ਤੁਸੀਂ। ਉਹਦੇ ਸਹੁਰੇ ਸੀਗੇ ਘਣਕਸੀਂ ਪਿੰਡ, ਮੈਂ ਕਿਹਾ ਬਹੁਤ ਵੈਰਾਗ ਹੈ, ਮੈਂ ਆਪਣੇ ਅੰਦਰ ਝਾਤੀ ਮਾਰੀ, ਅਸੀਂ ਤਾਂ ਨਾਉਂ ਲੈਣ 'ਤੇ ਰੋਂਦੇ ਹੀ ਨਹੀਂ ਹਾਂ। ਸਾਨੂੰ ਤਾਂ ਕੋਈ ਨਹੀਂ ਵੈਰਾਗ ਆਉਂਦਾ, ਮੈਂ ਹੁਣ ਉਥੋਂ ਆਇਆ ਹਾਂ ਮੇਰੇ 'ਤੇ ਹੁਣ ਵੀ ਅਸਰ ਨਹੀਂ ਹੋਇਆ, ਮੈਂ ਤਾਂ ਭਲਾ ਚੰਗਾ ਹਾਂ, ਇਹ ਰੋ ਰਿਹਾ ਹੈ। ਉਹਨੂੰ ਚੁੱਪ ਕਰਾਇਆ, ਚੁੱਪ ਕਰਾ ਕੇ ਕਿਹਾ ਕਿ ਸੇਠ ਜੀ! ਕੀ ਗੱਲ ਹੈ? ਮੈਂ ਕਿਹਾ, ਤੂੰ ਭਗਵਾਨ ਕਿਵੇਂ ਕਹਿਣ ਲੱਗ ਗਿਆ ਉਨ੍ਹਾਂ ਨੂੰ। ਕਹਿੰਦਾ ਮੈਂ ਤਾਂ ਨਾ ਰਾਮ ਨੂੰ ਮੰਨਦਾ ਹਾਂ, ਨਾ ਕ੍ਰਿਸ਼ਨ ਨੂੰ ਮੰਨਦਾ ਹਾਂ, ਨਾ ਕਿਸੇ ਹੋਰ ਨੂੰ ਮੰਨਦਾ ਹਾਂ, ਮੈਂ ਤਾਂ ਉਨ੍ਹਾਂ ਨੂੰ ਹੀ ਮੰਨਦਾ ਹਾਂ। ਮੈਂ ਕਿਹਾ ਗੱਲ ਕੀ ਹੋਈ? ਕਹਿੰਦਾ, ਗੱਲ ਇਹ ਹੋਈ, ਮੈਂ ਬੀਮਾਰ ਹੋ ਗਿਆ, ਬੀਮਾਰ ਹੋ ਕੇ ਮੈਂ ਮਰ ਗਿਆ। ਮਰਿਆ ਤਾਂ ਕਹਿੰਦਾ ਰੱਬ ਦਾ ਨਾਉਂ ਨਹੀਂ ਸੀ ਕਦੇ ਲਿਆ। ਕਦੇ ਦਾਨ ਨਹੀਂ ਸੀ ਕੀਤਾ, ਕਹਿੰਦਾ ਜਮਦੂਤ ਆ ਗਏ ਲੈਣ। ਮੈਂ ਤਾਂ ਡਰ ਗਿਆ ਬਹੁਤ, ਕਹਿੰਦਾ ਮੈਨੂੰ ਫੜ ਲਿਆ ਜਮਦੂਤਾਂ ਨੇ 'ਤੇ ਐਧਰ ਮੈਨੂੰ ਘਰਦਿਆਂ ਨੇ ਚੁੱਕ ਕੇ ਭੁੰਝੇ ਲਾਹ ਦਿੱਤਾ ਕਿ ਮਰ ਗਿਆ ਇਹ ਤਾਂ ਥੱਲੇ ਲਾਹ ਲਓ ਤੇ ਓਧਰਲੇ ਪਾਸੇ ਮੈਂ ਬਹੁਤ ਧਿਆਇਆ, ਕਦੇ ਕਿਸੇ ਨੂੰ ਧਿਆਉਂਦਾ ਹਾਂ, ਕਦੇ ਕਿਸੇ ਨੂੰ। ਕੋਈ ਨਹੀਂ ਆਉਂਦਾ। ਕਹਿੰਦਾ ਫੇਰ ਮੇਰੇ ਧਿਆਨ 'ਚ ਆ ਗਿਆ ਕਿ ਮੈਂ ਜਦ ਜਾਂਦਾ ਹੁੰਦਾ ਸੀ, ਮਹਾਂਪੁਰਸ਼ ਬੈਠੇ ਹੁੰਦੇ ਸੀ ਕੁਰਸੀ 'ਤੇ। ਮੈਂ ਵੀ ਕਦੇ-ਕਦੇ ਨਮਸ਼ਕਾਰ ਕਰ ਲੈਂਦਾ ਸੀ, ਮੈਂ ਉਨ੍ਹਾਂ ਨੂੰ ਧਿਆਇਆ, ਮੈਂ ਕਿਹਾ, ਮਹਾਂਪੁਰਸ਼ੋ! ਤੁਹਾਡਾ ਸਤਿਸੰਗ ਨਹੀਂ ਸੁਣਿਆ, ਕਦੇ ਮੈਂ ਤੁਹਾਡੇ ਨਾਲ ਨੇੜੇ ਦਾ ਸੰਪਰਕ ਪੈਦਾ ਨਹੀਂ ਕਰਿਆ, ਕ੍ਰਿਪਾ ਕਰੋ, ਮੇਰੀ ਲਾਜ ਰੱਖੋ, ਐਨੀਓ ਰੱਖ ਲਓ ਮੈਂ ਤੁਹਾਡੇ ਦਰਸ਼ਨ ਕਰਕੇ ਜਾਂਦਾ ਹੁੰਦਾ ਸੀ ਤੇ ਮੈਂ ਸਾਧ ਦੇ ਦਰਸ਼ਨ ਦਾ ਬਹੁਤ ਵੱਡਾ ਮਹਾਤਮ ਸੁਣਿਆ ਹੋਇਆ ਹੈ। ਗੀਤਾ ਵਿੱਚ ਵੀ ਆਉਂਦਾ ਹੈ, ਕਹਿੰਦਾ ਮੇਰੀ ਹੈਰਾਨੀ ਦੀ ਹੱਦ ਨਾ ਰਹੀ, ਉਸੇ ਵੇਲੇ ਆ ਕੇ ਪ੍ਰਗਟ ਹੋ ਗਏ। ਜਮਦੂਤਾਂ ਨੂੰ ਕਹਿਣ ਲੱਗੇ ਕਿ ਤੁਸੀਂ ਇਹਨੂੰ ਕਿਉਂ ਫੜਿਆ ਹੈ? ਉਹ ਕਹਿੰਦੇ ਇਹਦੀ ਉਮਰ ਪੂਰੀ ਹੋ ਗਈ। ਮਹਾਰਾਜ ਜੀ ਕਹਿੰਦੇ ਛੱਡੋ ਇਹਨੂੰ, ਇਹਦੇ ਤਾਂ ਅਜੇ ਛੇ-ਸੱਤ ਸਾਲ ਹੋਰ ਰਹਿੰਦੇ ਨੇ। ਕਹਿੰਦਾ, ਮੈਂ ਉਥੇ ਸਾਰੀਓ ਜ਼ਮੀਨ

ਸਣੇ ਬਾਗ ਭੇਟਾ ਕਰ ਦਿੱਤੀ ਸਾਰੀ। ਭੇਟਾ ਕਰਕੇ ਇਕ ਦਮ ਮੇਰੇ ਵਿੱਚ ਰੂਹ ਪਾ ਦਿੱਤੀ, ਰੂਹ ਪੈਂਦੇ ਸਾਰ ਮੇਰੇ ਨੇਤਰ ਖੁਲ੍ਹ ਗਏ ਤੇ ਮੈਂ ਉਠ ਕੇ ਬਹਿ ਗਿਆ। ਘਰ ਵਿਚ ਧਾਹਾਂ ਤੇ ਰੋਣਾ ਪਿਆ ਹੋਇਆ ਬੰਦ ਹੋ ਗਿਆ। ਕਹਿੰਦੇ ਜੀਉਂਦਾ ਹੋ ਗਿਆ, ਦੇਖੋ-ਦੇਖੋ ਘਰਵਾਲੀ ਆਈ ਮੇਰੀ, ਕਹਿਣ ਲੱਗੀ ਜੀਉਂਦੇ ਹੋ ਗਏ ਤੁਸੀਂ, ਬਹੁਤ ਚੰਗਾ ਹੋ ਗਿਆ। ਮੈਂ ਕਿਹਾ ਜੀਉਂਦਾ ਤਾਂ ਹੋ ਗਿਆ, ਪਰ ਹੁਣ ਗੱਲ ਸੁਣ ਲੈ ਮੈਂ ਅਰਥੀ ਤੋਂ ਨਹੀਂ ਉਠਣਾ, ਜਦ ਤਕ ਤੂੰ ਮੇਰੀ ਗੱਲ ਨਾਲ ਹਾਂ ਨਹੀਂ ਕਰਦੀ, ਨਹੀਂ ਤਾਂ ਮੈਂ ਇਸ ਤੋਂ ਮਰਿਆ ਹੀ ਚੰਗਾ ਹਾਂ। ਕਹਿੰਦੀ ਕੀ ਹੋ ਗਿਆ? ਮੈਂ ਕਿਹਾ, ਮੈਨੂੰ ਰਾੜੇ ਵਾਲੇ ਮਹਾਂਪੁਰਸ਼ਾਂ ਨੇ ਜਮਦੂਤਾਂ ਤੋਂ ਛੁਡਾਇਆ ਹੈ ਤੇ ਮੈਂ ਸਾਰੀ ਜਾਇਦਾਦ ਉਨ੍ਹਾਂ ਦੇ ਨਾਉਂ ਲਾ ਆਇਆ। ਇੱਕ ਲੜਕੀ ਹੀ ਸੀ ਲੜਕਾ ਨਹੀਂ ਸੀ ਉਨ੍ਹਾਂ ਦੇ। ਉਹ ਕਹਿੰਦੀ, ਤੂੰ ਚਾਹੀਦਾ ਹੈਂ ਜਾਇਦਾਦ ਵਾਰੇ ਨਾ ਤੂੰ ਹੁਣ ਸੋਚ। ਕਹਿੰਦਾ, ਸਵਾ ਮਹੀਨੇ ਤੋਂ ਬਾਅਦ ਮੈਂ ਤੁਰਨ ਲਗ ਗਿਆ। ਮੈਂ ਮਹਾਰਾਜ ਜੀ ਕੋਲ ਗਿਆ, ਬੜਾ ਮੇਰੇ ਮਨ 'ਚ ਵੈਰਾਗ ਕਿ ਮੈਨੂੰ ਉਥੋਂ ਛੁਡਾ ਲਿਆ ਜਿੱਥੋਂ ਕੋਈ ਨਹੀਂ ਛੁਡਾ ਸਕਦਾ। ਕਿਉਂਕਿ ਗੁਰਬਾਣੀ 'ਚ ਐਸਾ ਹੁਕਮ ਹੈ -

***ਓਥੈ ਹਥੁ ਨ ਅਪੜੈ ਕੂਕ ਨ***
***ਸੁਣੀਐ ਪੁਕਾਰ ॥***
***ਓਥੈ ਸਤਿਗੁਰੁ ਬੇਲੀ ਹੋਵੈ***
***ਕਢਿ ਲਏ ਅੰਤੀ ਵਾਰ ॥ ਅੰਗ - ੧੨੮੧***

ਕਿਸੇ ਦਾ ਹੱਥ ਨਹੀਂ ਉਥੇ ਪਹੁੰਚਦਾ। ਜੇ ਪਹੁੰਚਦਾ ਹੈ ਤਾਂ ਮਹਾਂਪੁਰਸ਼ਾਂ ਦਾ ਪਹੁੰਚਦਾ ਹੈ। ਸੰਤ ਬਾਬਾ ਸਾਹਿਬ ਸਿੰਘ ਜੀ ਊਨੇ ਸਾਹਿਬ ਵਾਲੇ ਇਸੇ ਸੰਪਰਦਾ 'ਚੋਂ ਨੇ, ਆਪ ਨੇ ਸੁਣਿਆ ਹੈ ਉਨ੍ਹਾਂ ਦੇ ਬਾਰੇ ਸਾਰਾ। ਆਪ ਦੇ ਲਾਂਗਰੀ ਜਿਹੜੇ ਸ੍ਰੀ ਮਾਨ ਸੀ ਉਨ੍ਹਾਂ ਦੀ ਮਾਤਾ ਚੜ੍ਹਾਈ ਕਰ ਗਈ। ਸਵੇਰੇ ਆ ਕੇ ਕਹਿੰਦੇ ਬਾਬਾ ਜੀ! ਆਪਣੇ ਭਾਗ ਸਿੰਘ ਦੀ ਮਾਤਾ ਚੜ੍ਹਾਈ ਕਰ ਗਈ, ਕ੍ਰਿਪਾ ਕਰੋ, ਆਪਣੀ ਸੰਗਤ ਦਾ ਸਰੀਰ ਹੈ, ਆਪ ਕ੍ਰਿਪਾ ਕਰੋ। ਬਾਬਾ ਜੀ ਅੰਤਰ ਧਿਆਨ ਹੋਏ। ਸਾਰਾ ਦੇਖ ਲਿਆ, ਕਿਉਂਕਿ ਮਹਾਂਪੁਰਸ਼ ਜਿਹੜੇ ਸਚਖੰਡ ਤਕ ਜਾਂਦੇ ਨੇ, ਕਰਮਖੰਡ ਤਾਂ ਹੈ ਹੀ ਨੇੜੇ। ਪਹਿਲਾਂ ਕਰਮਖੰਡ ਆਉਂਦਾ ਹੈ ਜਿੱਥੇ ਧਰਮਰਾਜ ਦਾ ਮੰਡਲ ਹੁੰਦਾ ਹੈ। ਫੇਰ ਗਿਆਨਖੰਡ ਆਉਂਦਾ ਹੈ ਜਿੱਥੇ ਸਾਰੀ ਸ੍ਰਿਸ਼ਟੀ ਸੂਖਸ਼ਮ ਬਣਦੀ ਹੈ, ਫੇਰ ਸਰਮਖੰਡ ਆਉਂਦਾ ਹੈ, ਜਿੱਥੇ ਪ੍ਰਮੇਸ਼ਰ ਦੇ ਰਸਤੇ ਤੋਂ ਮਾਇਆ ਤੋਂ ਉੱਤੇ ਹੋ ਕੇ ਜੀਵ ਫੇਰ ਉਪਰ ਨੂੰ ਚਲਦਾ ਹੈ, ਫੇਰ ਕਰਮਖੰਡ ਆਉਂਦਾ ਹੈ ਫੇਰ ਸਚਖੰਡ ਆਉਂਦਾ ਹੈ, ਬਾਬਾ ਜੀ ਨੇ ਧਰਮਖੰਡ 'ਚ ਨਿਗ੍ਹਾ ਮਾਰੀ ਤੇ ਨਾਲ ਹੈਰਾਨ ਹੋਏ ਕਿ ਇਹਨੂੰ ਕਿਉਂ ਲੈ ਕੇ ਆਏ ਨੇ। ਇਹ ਤਾਂ ਗੁਰੂ ਨਾਨਕ ਪਾਤਸ਼ਾਹ ਦੀ ਹੈ, ਧਰਮਰਾਜ ਨੂੰ ਤਾਂ ਹੁਕਮ -

***ਧਰਮ ਰਾਇ ਨੋ ਹੁਕਮੁ ਹੈ***
***ਬਹਿ ਸਚਾ ਧਰਮੁ ਬੀਚਾਰਿ ॥***
***ਦੂਜੈ ਭਾਇ ਦੁਸਟੁ ਆਤਮਾ***
***ਓਹੁ ਤੇਰੀ ਸਰਕਾਰ ॥ ਅੰਗ - ੩੮***

ਜਿਹੜੇ ਦਵੈਤ ਵਿੱਚ ਵਸਦੇ ਲੋਕ ਨੇ, ਇਹ ਤੇਰੇ ਕੋਲ ਆਉਣੇ ਨੇ, ਗੁਰੂ ਦੇ ਸਿੱਖ ਤਾਂ ਤੇਰੇ ਕੋਲ ਆਉਣੇ ਹੀ ਨਹੀਂ। ਜਿਹੜੇ ਗੁਰੂ ਵਾਲੇ ਨੇ ਇਨ੍ਹਾਂ ਨੇ ਗੁਰੂ ਕੋਲ ਜਾਣਾ ਹੈ। ਅਰ ਲੈਣ ਆਉਂਦਾ ਹੈ ਗੁਰੂ ਐਸੀ ਬਾਤ ਨਹੀਂ ਹੈ।

ਸਾਡੇ ਫਾਰਮ ਦੇ ਨਾਲ ਕਰਨਲ ਲਾਲ ਸਿੰਘ ਦਾ ਫਾਰਮ ਸੀ। ਬਹੁਤ ਸਾਰੇ ਪਟਿਆਲੇ 'ਚ ਨੌਕਰੀ ਕਰਨ ਵਾਲੇ ਜਾਣਦੇ ਨੇ ਉਨ੍ਹਾਂ ਨੂੰ। ਉਹ ਸਾਡੇ ਜੋ ਤਰਾਈ ਸਿੱਖ ਮਿਸ਼ਨ ਬਣਾਇਆ ਹੋਇਆ ਸੀ, ਉਹਦੇ 'ਚ ਉਹ ਕਾਫੀ ਸਹਿਯੋਗ ਦਿੰਦੇ ਸੀ। ਜਦੋਂ ਮਹਾਰਾਜ ਜੀ ਗਏ, ਉਸ ਵੇਲੇ ਉਨ੍ਹਾਂ ਨੇ ਸਾਨੂੰ ਬਹੁਤ ਸਹਿਯੋਗ ਦਿਤਾ, ਸਹਿਯੋਗੀ ਹੋਣ ਕਰਕੇ ਕਾਫੀ ਨੇੜਤਾ ਸੀ। ਉਨ੍ਹਾਂ ਨਾਲ ਪ੍ਰੋਗਰਾਮ ਬਣਾਇਆ ਕਿ ਆਪਾਂ ਆਹ ਜਾਟਵਾਂ ਦੇ ਅੰਦਰ ਯੂ.ਪੀ. ਦੇ ਲੋਕਾਂ 'ਚ ਪ੍ਰਚਾਰ ਕਰੀਏ, ਗੁਰੂ ਨਾਨਕ ਦਾ ਕੋਈ ਨਹੀਂ ਇੱਥੇ ਸੰਦੇਸ਼ਾ ਦੇਣ ਵਾਲਾ। ਪੈਸੇ ਲੈ ਕੇ ਤਾਂ ਪ੍ਰਚਾਰ ਕਰਾਉਂਦੇ ਨੇ, ਪੈਸੇ ਦੇ ਪ੍ਰਚਾਰਕ ਨੇ, ਉਨ੍ਹਾਂ ਕੀ ਆ ਕੇ ਦਸਣਾ ਹੈ। ਉਹਨੇ ਤਾਂ ਪੈਸੇ ਜਿਥੋਂ ਜ਼ਿਆਦਾ ਮਿਲਣੇ ਨੇ ਉਥੇ ਜਾਣਾ ਹੈ। ਪ੍ਰੋਗਰਾਮ ਬਣਾ ਲਿਆ ਪਰ ਕੁਦਰਤ ਨੇ ਉਹਨੂੰ ਹਾਰਟ ਅਟੈਕ ਕਰਾ ਦਿਤਾ, ਬੜਾ ਇਲਾਜ ਕਰਿਆ, ਛੇ ਡਾਕਟਰ ਸੀ ਘਰ ਦੇ। ਮੌਤ ਦਾ ਇਲਾਜ ਕੋਈ ਨਹੀਂ ਕਰ ਸਕਦਾ। ਵਲਿੰਗਟਨ ਹਾਸਪੀਟਲ 'ਚ ਚਲੇ ਗਏ ਦਿੱਲੀ ਤੇ ਜਿਸ ਵਕਤ ਉਨ੍ਹਾਂ ਦਾ ਮਿਰਤਕ ਸਰੀਰ ਲੈ ਕੇ ਆਏ, ਤਾਂ ਉਨ੍ਹਾਂ ਦੇ ਲੜਕੇ ਸੀ ਉਸ ਵੇਲੇ ਬਰਗੇਡੀਅਰ ਸੀ, ਮੇਜਰ ਜਨਰਲ ਬਣ ਗਏ ਸੀ ਰਜਿੰਦਰ ਸਿੰਘ, ਦੂਸਰਾ ਲੜਕਾ ਸੀ ਏਅਰ ਕਾਮੋਡੋਰ ਹਰਮਿੰਦਰ ਸਿੰਘ; ਮੇਰੇ ਕੋਲ ਆ ਗਏ ਕਹਿਣ ਲੱਗੇ ਅੰਕਲ ਜੀ! ਤੁਸੀਂ ਇਨ੍ਹਾਂ ਦੇ ਸਰੀਰ ਨੂੰ ਹੱਥ ਲਾਓ। ਇਨ੍ਹਾਂ ਦੀ ਰੂਹ ਨੂੰ ਸ਼ਾਂਤੀ ਆਏਗੀ? ਮੈਂ ਕਿਹਾ ਕਿਉਂ? ਕਹਿੰਦੇ, ਤੁਹਾਨੂੰ ਯਾਦ ਕਰਦੇ ਸੀ, ਅੰਤ ਸਮੇਂ। ਮੈਂ ਕਿਹਾ, ਅੱਛਾ! ਤੁਸੀਂ ਮੈਨੂੰ ਐਉਂ ਦੱਸੋ ਇਨ੍ਹਾਂ ਦਾ ਅੰਤ ਸਮਾਂ ਕਿਵੇਂ ਆਇਆ, ਕਿਉਂਕਿ ਇਨ੍ਹਾਂ ਨੇ ਨਾਨਕ ਮਤਾ ਸਾਹਿਬ ਦੀ ਸੇਵਾ ਕਰੀ ਹੈ, ਮਹਾਂਪੁਰਸ਼ਾਂ ਦੀ ਬਹੁਤ ਸੇਵਾ ਕਰੀ ਹੈ। ਮਹਾਂਪੁਰਸ਼ ਪ੍ਰਸੰਨ ਸੀਗੇ ਇਹਦੇ ਉੱਤੇ। ਕਹਿਣ ਲੱਗੇ, ਅੰਕਲ ਜੀ! ਅਸੀਂ ਸਾਰੇ ਖੜ੍ਹੇ ਸੀ ਹਸਪਤਾਲ 'ਚ, ਇਹ ਚੁੱਪ ਕਰ ਗਏ, ਕਹਿੰਦੇ ਸਾਡੇ ਚਾਚਾ ਜੀ! ਡਾਕਟਰ ਮੁਨਸੀ ਸਿੰਘ, ਉਹ ਕਹਿਣ ਲੱਗੇ, ਲਾਲ ਸਿੰਘਾ! ਸਾਨੂੰ ਪਛਾਣਦਾ ਹੈਂ! ਕਹਿੰਦੇ, ਨੇਤਰ ਖੋਲ੍ਹ ਕੇ ਸਾਡੇ ਸਾਰਿਆਂ ਦੇ ਨਾਉਂ ਲੈ ਦਿੱਤੇ ਕਿ ਆਹ ਫਲਾਣਾ ਖੜ੍ਹਾ ਹੈ, ਫਲਾਣਾ ਖੜ੍ਹਾ ਹੈ। ਕਹਿੰਦੇ ਤੂੰ ਚੁੱਪ ਕਰ ਗਿਆ, ਕਹਿੰਦੇ ਕਿ ਮੇਰੇ ਮਨ 'ਚ ਕੋਈ ਬਹੁਤ ਅਨੰਦ ਆ ਰਿਹਾ ਹੈ, ਮੈਨੂੰ ਬਹੁਤ ਸਵਾਦ ਆ ਰਿਹਾ ਹੈ ਅੰਦਰੋਂ ਹੀ ਜਿਹੜਾ ਕਦੇ ਦੇਖਿਆ ਹੀ ਨਹੀਂ। ਮੈਨੂੰ ਬੁਲਾਓ ਨਾ, ਮੇਰਾ ਉਹ ਰਸ ਟੁੱਟਦਾ ਹੈ। ਕਹਿੰਦੇ, ਅਸੀਂ ਖੜ੍ਹੇ ਰਹੇ, ਜਦ 15-20 ਮਿੰਟ ਹੋਏ, ਨੇਤਰ ਖੋਲ੍ਹ ਲਏ ਕਹਿੰਦੇ ਲਓ ਬਈ ਔਹ ਆ ਗਏ,

ਗੁਰੂ ਨਾਨਕ ਸਾਹਿਬ! ਬੋਲ ਗੁਰੂ ਨਾਨਕ ਦੇਵ ਕੀ ਜੈ-ਬੋਲ ਗੁਰੂ ਅੰਗਦ ਸਾਹਿਬ ਕੀ ਜੈ, ਦਸਾਂ ਪਾਤਸ਼ਾਹੀਆਂ ਦੀ ਜੈ ਬੁਲਾ ਕੇ, ਕਹਿੰਦੇ ਹੱਸਣ, ਖੁਸ਼ ਤੇ ਸਾਨੂੰ ਫਤਹਿ ਬੁਲਾ ਦਿਤਾ, 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਕਹਿੰਦੇ ਲਓ ਬਈ ਮੈਂ ਤਾਂ ਚੱਲਿਆ ਹੁਣ, ਗੁਰੂ ਨਾਨਕ ਸਾਹਿਬ ਮੈਨੂੰ ਲੈਣ ਆ ਗਏ। ਕਹਿੰਦੇ, ਯੋਗੀਆਂ ਵਾਂਗਣ ਸਰੀਰ ਛੱਡ ਦਿੱਤਾ, ਕਰਨਲ ਨੇ ਤੇ ਲੈਣ ਕੌਣ ਆਏ ਗੁਰੂ ਨਾਨਕ ਸਾਹਿਬ ਕਿਉਂਕਿ ਨਾਨਕ ਮਤੇ ਦੀ ਸੇਵਾ ਕਰੀ ਸੀ। ਰੀਠਾ ਸਾਹਿਬ ਦੀ ਸੇਵਾ ਕਰੀ ਸੀ ਉਨ੍ਹਾਂ ਨੇ ਤੇ 31 ਵਿੱਘੇ ਜ਼ਮੀਨ ਆਲੇ ਦੁਆਲੇ ਦੀ ਮੁੱਲ ਲੈ ਕੇ ਦਿੱਤੀ, ਉਥੇ ਖੜ੍ਹਨ ਨੂੰ ਸੰਗਤਾਂ ਨੂੰ ਥਾਉਂ ਨਹੀਂ ਸੀਗਾ। ਪਹਾੜੀਆਂ ਨੇ ਪਾਣੀ ਛੱਡ ਦਿੱਤਾ ਰਾਤ ਨੂੰ ਕਿਤੇ ਬੈਠਣ ਨੂੰ ਸਾਨੂੰ ਥਾਉਂ ਨਾ ਲੱਭੇ। ਬਾਗੇਸ਼ਰ ਦਾ ਗੁਰਦੁਆਰਾ ਗੁੰਮ ਹੁੰਦਾ ਕਢਾਇਆ, ਅਲਮੋੜੇ ਦਾ ਕਢਾਇਆ, ਜਿਹੜਾ ਸੇਵਾ ਕਰਦਾ ਹੈ ਉਹਦੀ ਸੇਵਾ ਬਿਰਥੀ ਨਹੀਂ ਜਾਇਆ ਕਰਦੀ। ਫੇਰ ਤਾਂ ਗੁਰੂ ਨਾਨਕ ਲੈਣ ਆਏ , ਨਿਭਾ ਦਿੱਤੀ ਫੇਰ ਗੁਰੂ ਨਾਨਕ ਪਾਤਸ਼ਾਹ ਨੇ।

ਸੋ ਭਾਗ ਸਿੰਘ ਦੀ ਮਾਤਾ ਜਦ ਦਰਗਾਹ 'ਚ ਗਈ, ਤਾਂ ਬਾਬਾ ਜੀ ਕਹਿੰਦੇ ਠਹਿਰੋ! ਉਹ ਆ ਜਾਏਗੀ, ਗਲਤੀ ਨਾਲ ਲੈ ਗਏ ਨੇ। ਉਥੇ ਜਦ ਧਰਮਰਾਜ ਦੇ ਪੇਸ਼ ਕਰੀ, ਧਰਮਰਾਜ ਕਹਿੰਦਾ ਇਹ ਤਾਂ ਗੁਰੂ ਨਾਨਕ ਦੀ ਹੈ ਭਾਈ, ਇਹਨੂੰ ਕਿਉਂ ਲੈ ਕੇ ਆਇਆ ਹੈਂ, ਆਪਣੀਆਂ ਕਿਤਾਬਾਂ 'ਚ ਤਾਂ ਇਹਦਾ ਨਾਉਂ ਹੀ ਨਹੀਂ ਹੈ। ਜਾਓ ਵਾਪਸ ਕਰੋ। ਉਹ ਮਾਤਾ ਜਦੋਂ ਜੀਉਂਦੀ ਹੋ ਗਈ, ਬਾਬਾ ਜੀ! ਕੋਲ ਲੈਂ ਆਏ। ਕਹਿੰਦੇ, ਸੁਣਾ ਮਾਤਾ! ਕਿਵੇਂ ਹੋਈ? ਕਹਿੰਦੀ, ਬਾਬਾ ਜੀ! ਉਹ ਤਾਂ ਬਹੁਤ ਪਛਤਾਏ ਮੈਨੂੰ ਲਿਜਾ ਕੇ। ਤੁਹਾਡੀ ਕ੍ਰਿਪਾ ਹੋ ਗਈ ਤੇ ਉਨ੍ਹਾਂ ਨੇ ਤਾਂ ਮੇਰਾ ਸਤਿਕਾਰ ਕਰਿਆ ਤੇ ਕਹਿੰਦੀ ਮੈਂ ਫੇਰ ਕਿਹਾ ਕਿ ਮੈਨੂੰ ਗੁਰੂ ਨਾਨਕ ਦੀ ਦਰਗਾਹ ਤਾਂ ਦਿਖਾ ਦਿਓ ਹੁਣ ਲੈ ਕੇ ਤਾਂ ਆਏ ਹੋ। ਕਹਿੰਦੀ, ਜਦੋਂ ਮੈਨੂੰ ਉਥੇ ਲੈ ਕੇ ਗਏ, ਕਹਿੰਦੇ ਬੀਬੀ! ਤੇਰੇ ਤਾਂ ਅਜੇ ਸੱਤ ਸਾਲ ਰਹਿੰਦੇ ਨੇ, ਤੇਰਾ ਨਾਉਂ ਸਾਡੇ ਰਜਿਸਟਰ 'ਚ ਲਿਖਿਆ ਹੋਇਆ, ਜਿਹੜੇ ਅੰਮ੍ਰਿਤ ਛਕਦੇ ਨੇ ਨਾ ਇਨ੍ਹਾਂ ਦਾ ਨਾਉਂ ਗੁਰੂ ਦੇ ਰਜਿਸਟਰ 'ਚ ਚੜ੍ਹ ਜਾਂਦਾ ਹੈ। ਜੇ ਭਲਾ ਗੁਰੂ ਦੇ ਵਿਚੋਂ ਨਿਕਲਣਾ ਹੈ ਸ਼ਰਾਬ ਦੀ ਬੋਤਲ ਪਿਆਰੀ ਕਰਕੇ, ਫੇਰ ਉਹਦੇ ਨਾਲੋਂ ਮੰਦ ਭਾਗਾਂ ਕੌਣ ਹੈ ਦੁਨੀਆਂ ਦੇ ਅੰਦਰ। ਸੰਸਾਰ 'ਚ ਰਹਿਣਾ ਨਹੀਂ ਜਾਣਾ ਹੈ, ਕਿਉਂ ਵਿਸ਼ੇ-ਵਿਕਾਰਾਂ 'ਚ ਪੈ ਕੇ ਗੁਰੂ ਤੋਂ ਨਾਉਂ ਕਟਾਉਂਦੇ ਹੋ। ਸੋ ਇਸ ਤਰ੍ਹਾਂ ਦੇ ਨਾਲ ਇਹ ਕਹਿਣ ਲੱਗਿਆ ਕਿ ਫੇਰ ਮੈਂ ਜਦ ਰਾਜ਼ੀ ਹੋ ਗਿਆ, ਤਾਂ ਸੰਤ ਮਹਾਰਾਜ ਕੋਲ ਗਿਆ। ਜਾ ਕੇ ਬੇਨਤੀ ਕਰੀ ਕਿ ਮਹਾਰਾਜ! ਤੁਸੀਂ ਮੇਰੀ ਦਰਗਾਹ ਦੇ ਵਿੱਚ ਸਹਾਇਤਾ ਕਰੀ ਤੇ ਮੈਂ ਸਾਰੀ ਜ਼ਮੀਨ ਆਪ ਦੇ ਚਰਨਾਂ 'ਚ ਅਰਪਣ ਕਰ ਦਿੱਤੀ। ਮਹਾਰਾਜ ਕਹਿੰਦੇ, ਕਿੰਨੀ ਜ਼ਮੀਨ ਹੈ। ਕਹਿੰਦੇ ਜੀ 25 ਵਿੱਘੇ ਹੈ। ਬਾਗ ਲੱਗਿਆ ਹੋਇਆ। ਮਹਾਰਾਜ ਕਹਿੰਦੇ, ਛੋਟੇ ਸੰਤਾਂ ਨੂੰ (ਸੰਤ ਕਿਸ਼ਨ ਸਿੰਘ ਜੀ ਮਹਾਰਾਜ ਰਾੜਾ ਸਾਹਿਬ) ਮਿਲੋ। ਛੋਟੇ ਮਹਾਰਾਜ ਜੀ (ਸੰਤ ਕਿਸ਼ਨ ਸਿੰਘ ਜੀ ਮਹਾਰਾਜ ਰਾੜਾ ਸਾਹਿਬ) ਕੋਲ ਚਲੇ ਗਏ। ਉਹ ਕਹਿੰਦੇ ਲੈ ਬਈ ਲਾਲਾ! ਤੇਰੀ ਗੱਲ ਸੁਣ ਲਈ ਅਸੀਂ ਸਾਰੀ। ਜ਼ਮੀਨ ਤਾਂ ਨਹੀਂ ਸਾਡੇ ਸਿੰਘਾਂ ਨੇ ਵਾਹੁਣੀ ਉਥੇ ਜਾ ਕੇ ਤੇ ਅਸੀਂ ਮੁੱਲ ਪਾ ਦਿੰਦੇ ਹਾਂ, ਜਾਂ ਤੂੰ ਪਾ ਦੇ ਜਾਂ ਅਸੀਂ ਪਾ ਦਿੰਦੇ ਹਾਂ। ਕਹਿੰਦਾ, ਬਾਬਾ ਜੀ! ਤੁਸੀਂਓਂ ਮੁੱਲ ਪਾ ਦਿਓ। ਕਹਿੰਦੇ ਫੇਰ ਐਉਂ ਕਰੋ, ਬੋਲੀ ਨਾ ਫੇਰ ਕਿ ਘੱਟ ਹੈ ਜਾਂ ਜ਼ਿਆਦਾ ਹੈ। ਕਹਿੰਦਾ ਨਹੀਂ। ਕਹਿੰਦੇ ਸਾਰੀ ਤੇਰੀ ਜ਼ਮੀਨ ਦਾ ਮੁੱਲ 2500 ਰੁਪਿਆ, ਸਣੇ ਅੰਬਾਂ ਦੇ ਦਰਖਤਾਂ ਦੇ, ਸਣੇ ਨਿੰਬੂਆਂ ਦੇ, ਸਣੇ ਕੋਠੇ ਦੇ, ਸਭ ਕਾਸੇ ਦੇ। ਚੁੱਪ ਕਰ ਗਿਆ, ਪਹਿਲਾਂ ਕਹਿ ਚੁਕਿਆ ਸੀ। ਜ਼ਮੀਨ ਦਾ ਮੁੱਲ ਤਾਂ ਬੇਅੰਤ ਸੀ, ਸਾਡਾ ਖੂਹ ਲਗਦਾ ਸੀ ਨਾਲ। ਲੱਖਾਂ ਰੁਪਏ ਦੇ ਏਕੜ ਸੀ। ਓਨੇ ਰੁਪਏ ਦੇ ਦਿੱਤੇ ਉਸਨੇ। ਕਹਿੰਦਾ ਹੁਣ ਦੱਸੋ, ਮੈਂ ਹੁਣ ਭਗਵਾਨ ਮੰਨਾਂ ਕਿ ਨਾ ਮੰਨਾਂ। ਜਿਨ੍ਹਾਂ ਨੂੰ ਮੈਂ ਮੰਨਦਾ ਸੀ ਉਨ੍ਹਾਂ ਨੇ ਤਾਂ ਮੈਨੂੰ ਛੁਡਾਇਆ ਨਹੀਂ ਤੇ ਇਨ੍ਹਾਂ ਨੇ ਛੁਡਾ ਦਿੱਤਾ। ਸੋ ਸੰਤ ਮਰਿਆ ਹੋਇਆਂ ਤੇ ਵੀ ਕ੍ਰਿਪਾ ਕਰਦੇ ਨੇ। ਜੂਨੀਆਂ 'ਚ ਪਿਆ ਹੋਇਆਂ ਤੇ ਵੀ ਕ੍ਰਿਪਾ ਕਰਦੇ ਨੇ।

ਜਦੋਂ ਸੰਤ ਮਹਾਰਾਜ ਜੀ ਢੱਕੀ 'ਚ ਜਾ ਕੇ ਬੈਠੇ, ਬਾਬੂ ਜੀ ਤਾਂ ਨਾਲ ਹੀ ਰਹੇ ਨੇ, ਇਨ੍ਹਾਂ ਦੇ ਮੇਰੇ ਨਾਲੋਂ ਜ਼ਿਆਦਾ ਯਾਦ ਨੇ। ਮੈਂ ਤਾਂ ਬਹੁਤ ਸਾਰੇ ਥਾਂ ਭੁੱਲ ਜਾਂਦਾ ਹਾਂ ਇਹ ਭੁੱਲਦੇ ਹੀ ਨਹੀਂ, ਤਰੀਕਾਂ ਵੀ ਦੱਸ ਦਿੰਦੇ ਨੇ, ਕੋਈ ਲਿਖਣ ਵਾਲਾ ਚਾਹੀਦਾ ਹੈ ਇਨ੍ਹਾਂ ਕੋਲ। ਉਥੇ ਮਹਾਰਾਜ ਜੀ ਜਿੱਥੇ ਬੈਠਦੇ ਹੁੰਦੇ, ਮੂਹਰੇ ਇੱਕ ਸੱਪ ਨੇ ਆ ਜਾਣਾ, ਕੋਬਰਾ ਨਾਗ ਰੋਜ਼ ਹੀ ਆ ਜਾਇਆ ਕਰੇ। ਸੇਵਾਦਾਰ ਦੇਖ ਲਿਆ ਕਰਨ। ਉਹ ਮਹਾਰਾਜ ਜੀ ਕੋਲ ਆ ਕੇ ਫਣ ਖਲਾਰ ਕੇ ਖੜ੍ਹਾ ਰਿਹਾ ਕਰੇ। ਇੱਕ ਦਿਨ ਬੇਨਤੀ ਕਰੀ ਕਿ ਮਹਾਰਾਜ ਜੀ! ਆਹ ਸੱਪ ਰੋਜ਼ ਆਉਂਦਾ ਹੈ ਤੁਹਾਡੇ ਕੋਲ। ਕਹਿੰਦੇ ਭਾਈ! ਦੁਖੀ ਹੈ ਇਹ ਨਿਸਤਾਰਾ ਚਾਹੁੰਦਾ ਹੈ ਆਪਣਾ, ਕੋਈ ਨਾ ਇੱਕ ਦੋ ਦਿਨ ਹੋਰ ਨੇ, ਸੰਗਤ ਦੇ ਦਰਸ਼ਨ ਕਰਨ ਦਾ ਫਲ ਇਹਨੂੰ ਪ੍ਰਾਪਤ ਹੋਣ ਵਾਲਾ ਹੀ ਹੈ ਤੇ ਤੀਸਰੇ ਦਿਨ ਕੀ ਦੇਖਦੇ ਨੇ, ਮਹਾਰਾਜ ਜੀ ਦੀ ਜਿਹੜੀ ਝੌਂਪੜੀ ਸੀ, ਝੌਂਪੜੀਆਂ ਪਾਈਆਂ ਹੁੰਦੀਆਂ ਸੀ ਸਿੱਧੀਆਂ ਹੀ ਤੇ ਉਹਦੇ ਪਿੱਛੇ ਸਿੱਧਾ ਸਤੋਰ ਪਿਆ ਮਰਿਆ ਹੋਇਆ ਕਾਲਾ ਨਾਗ। ਕਹਿੰਦੇ, ਮਹਾਰਾਜ! ਉਹ ਤਾਂ ਮਰ ਗਿਆ। ਮਹਾਰਾਜ ਜੀ ਕਹਿੰਦੇ, ਉਧਾਰ ਹੋ ਗਿਆ ਉਸਦਾ, ਜੂਨੀ 'ਚੋਂ ਛੁਟ ਗਿਆ। ਕਹਿੰਦੇ, ਮਹਾਰਾਜ ਜੀ! ਐਉਂ ਵੀ ਦਸ ਦਿਓ ਕੌਣ ਹੈ? ਕਹਿੰਦੇ ਕੀ ਲੈਣਾ ਹੈ ਤੁਸੀਂ ਭੇਤ ਖੋਲ੍ਹ ਕੇ। ਸਿੰਘ ਕਹਿਣ ਲੱਗੇ, ਨਹੀਂ ਮਹਾਰਾਜ ਜੀ ਦੱਸ ਦਿਓ, ਕ੍ਰਿਪਾ ਕਰੋ। ਕਹਿੰਦੇ, ਜਦੋਂ ਗੁਰੂ ਛੇਵੇਂ ਪਾਤਸ਼ਾਹ ਆਏ ਨੇ ਰਾੜੇ ਪਿੰਡ ਵਿੱਚ, ਜਿਹਦੇ ਨਾਉਂ 'ਤੇ ਰਾੜਾ ਸਾਹਿਬ ਬਣਿਆ ਹੈ। ਕਹਿੰਦੇ ਇਹ ਇਥੇ ਦੇ ਇਲਾਕੇ ਦਾ ਬੜਾ ਹੀ ਹੈਂਕੜ ਵਾਲਾ ਚੌਧਰੀ ਸੀ ਤੇ ਗੁਰੂ ਮਹਾਰਾਜ ਦਾ ਜਦ ਪਤਾ ਲੱਗਿਆ

ਤਾਂ ਸੰਗਤ ਬੇਅੰਤ ਦਰਸ਼ਨ ਕਰਨ ਆਉਂਦੀ ਹੈ, ਇੱਕ ਦਿਨ ਇਹ ਵੀ ਆ ਗਿਆ ਤੇ ਨਾ ਇਹਨੇ ਨਮਸ਼ਕਾਰ ਕਰੀ ਗੁਰੂ ਮਹਾਰਾਜ ਨੂੰ ਆ ਕੇ, ਨਾ ਬਿਲਕੁਲ ਝੁਕਿਆ। ਸੰਤ ਤਾਂ ਨਹੀਂ ਕਹਿੰਦੇ ਕਿ ਸਾਨੂੰ ਕੋਈ ਝੁਕੋ। ਸੰਤ ਤਾਂ ਕਹਿੰਦੇ ਨਾ ਸਾਨੂੰ ਕੀ ਲੋੜ ਹੈ ਕਿਸੇ ਨੂੰ ਝੁਕਾਉਣ ਦੀ। ਆਪਣੀ ਗਰਜ਼ ਨੂੰ ਬੰਦਾ ਝੁਕਦਾ ਹੈ ਸੰਤਾਂ ਕੋਲ। ਪਰ ਇਹ ਨਾ ਝੁਕਿਆ, ਹੈਂਕੜ ਸੀ ਬਹੁਤ ਜ਼ਿਆਦਾ। ਹੈਂਕੜ ਹੋਣ ਦੇ ਨਾਲ ਮਰਨ ਤੋਂ ਬਾਅਦ ਇਹ ਸੱਪ ਬਣ ਗਿਆ, ਕਿਉਂਕਿ ਇਹਦੀ ਜਾਇਦਾਦ ਦੇ ਵਿੱਚ ਸੁਰਤ ਰਹਿ ਗਈ, ਉਸ ਵੇਲੇ ਦਾ ਇਹ ਦੁਖੀ ਹੁੰਦਾ ਫਿਰਦਾ ਹੈ ਤੇ ਗੁਰੂ ਮਹਾਰਾਜ ਜੀ ਦੇ ਦਰਸ਼ਨ ਕਰਨ ਦਾ ਫਲ ਇਹਨੂੰ ਅਜੇ ਮਿਲਣਾ ਸੀ। ਹੁਣ ਮਿਲ ਗਿਆ। ਹੁਣ ਦੇਹੀ ਛੱਡ ਗਿਆ। ਸੋ ਇਸ ਤਰ੍ਹਾਂ-

> *ਨਾਨਕ ਕਚੜਿਆ ਸਿਉ ਤੋੜਿ*
> *ਢੂਢਿ ਸਜਣ ਸੰਤ ਪਕਿਆ ॥*
> *ਓਇ ਜੀਵੰਦੇ ਵਿਛੁੜਹਿ*
> *ਓਇ ਮੁਇਆ ਨ ਜਾਹੀ ਛੋੜਿ ॥*
>
> **ਅੰਗ - ੧੧੦੨**

ਸੋ ਦੁਖ ਦੂਰ ਕਰਦੇ ਨੇ -

**ਧਾਰਨਾ - ਜੀਅ ਕੇ ਦਾਤਾਰੇ ਜੀ,**
**ਦੁੱਖਾਂ ਨੂੰ ਦੂਰ ਕਰਦੇ।**

ਸੌ ਖਰਬ ਪਾਪ ਨੂੰ ਇੱਕ ਨਿਗ੍ਹਾਂ ਦੇ ਨਾਲ ਦੂਰ ਕਰਨ ਵਾਲੇ ਨੇ। ਸੋ ਮੈਂ ਬੇਨਤੀ ਕਰਦਾ ਸੀ ਕਿ ਸੁਲੇਮਾਨ ਆ ਕੇ ਰੋਇਆ ਕਿ ਮੈਨੂੰ ਮਹਾਰਾਜ ਕ੍ਰਿਪਾ ਕਰਕੇ ਇਸ ਸੰਕਟ 'ਚੋਂ ਕੱਢੋ, ਕਿਉਂਕਿ ਮੈਂ ਬੜਾ ਦੁਖੀ ਹੋ ਰਿਹਾ ਹਾਂ, ਹਜ਼ਾਰਾਂ ਸਾਲਾਂ ਦਾ ਦੁਖੀ ਹੋ ਰਿਹਾ ਹਾਂ। ਕੀ ਚਾਹੁੰਦਾ ਹੈਂ ਮਹਾਂਪੁਰਸ਼ਾਂ ਨੇ ਕਿਹਾ? ਕਹਿੰਦਾ ਨਜਾਤ ਚਾਹੁੰਦਾ ਹਾਂ। ਕਿਉਂਕਿ ਬੜੀ ਸਲੀਸ ਫਾਰਸੀ ਅਰ ਉਰਦੂ ਦੇ ਵਿਚਾਲੇ ਦੀ ਜ਼ੁਬਾਨ ਬੋਲਦਾ ਸੀ ਉਹ। ਮੈਂ ਪੜ੍ਹਿਆ ਹੋਇਆ ਸੀ, ਮੈਂ ਸਮਝਦਾ ਸੀ ਕਿ ਇਹ ਕੀ ਚਾਹੁੰਦਾ ਹੈ। ਮਹਾਰਾਜ ਕਹਿੰਦੇ, ਨਜਾਤ (ਮੁਕਤੀ) ਤਾਂ ਮਨੁੱਖ ਬਣ ਕੇ ਮਿਲਿਆ ਕਰਦੀ ਹੈ। ਉਹ ਤਾਂ ਕਹਿੰਦਾ ਸੀ ਕਿ ਭੂਤ ਤੋਂ ਮੇਰਾ ਖਹਿੜਾ ਛੁਟ ਜਾਏ, ਦਿਆਲੂ ਅੱਗੇ ਵੱਧ ਗਏ, ਸਿਰੇ ਹੀ ਲਾ ਦਿੱਤੀ ਗੱਲ। ਉਹ ਚਲਾਕ ਬੜਾ ਸੀ, ਉਹ ਸਮਝ ਗਿਆ ਕਿ ਮੈਨੂੰ ਮਨੁੱਖ ਬਣਾ ਦੇਣਗੇ। ਕਹਿੰਦਾ ਹਾਂ ਹਜ਼ੂਰ ਮੈਂ ਇਸੇ ਤਰ੍ਹਾਂ ਨਜ਼ਾਤ ਚਾਹੁੰਦਾ ਹਾਂ। ਮਹਾਰਾਜ ਕਹਿੰਦੇ, ਪਹਿਲਾਂ ਤਾਂ ਇਨਸਾਨ ਬਣਨਾ, ਫੇਰ ਕਰਮ ਕਰਨਾ ਹੈ, ਫੇਰ ਉਪਾਸ਼ਨਾ, ਫੇਰ ਉਸ ਤੋਂ ਬਾਅਦ ਗਿਆਨ ਹੁੰਦਾ ਫੇਰ ਵਿਗਿਆਨ ਹੁੰਦਾ। ਚਾਰ ਅਵਸਥਾਵਾਂ 'ਚੋਂ ਲੰਘੇਂਗਾ ਫੇਰ ਤੈਨੂੰ ਨਜ਼ਾਤ ਪ੍ਰਾਪਤ ਹੋਏਗੀ ਤੇ ਕਹਿੰਦੇ ਤੈਨੂੰ ਚਰਨਜੀਤ ਸਿੰਘ ਦੇ ਘਰ ਭੇਜ ਦੇਈਏ। ਕਹਿੰਦਾ, ਦੇਖ ਆਉਣ ਦਿਓ ਮੈਨੂੰ। ਉਸੇ ਵੇਲੇ ਚਲਿਆ ਗਿਆ, ਕਹਿੰਦਾ ਜੀ ਉਥੇ ਤਾਂ ਕਾਰਾਂ ਹੀ ਬਹੁਤ ਨੇ, ਗੁਰਦੇਵ ਸਿੰਘ ਲਲਤੋਂ ਓਨੀਂ ਬੈਠੇ ਸੀ, ਇਹਨੇ ਐਉਂ ਗਰਦਨ ਕੱਢ ਕੇ ਦੇਖ ਲਿਆ, ਮਹਾਰਾਜ ਜੀ ਨੇ ਦੇਖ ਲਿਆ ਇਹਨੂੰ। ਕਹਿੰਦੇ, ਫੇਰ ਗੁਰਦੇਵ ਸਿੰਆਂ! ਤੇਰੇ ਘਰ ਭੇਜ ਦੇਈਏ, 10-12 ਸਾਲ ਦੀ ਲੜਕੀ ਹੋ ਗਈ ਸੀ, ਬਾਅਦ 'ਚ ਡਾਕਟਰਾਂ ਨੇ ਆਪਰੇਸ਼ਨ ਕਰਕੇ ਕਹਿ ਦਿੱਤਾ ਸੀ ਕਿ ਮੈਡੀਕਲੀ unfit ਹੈ, ਬੱਚਾ ਨਹੀਂ ਹੋ ਸਕਦਾ। ਮੈਡੀਕਲ ਸਾਇੰਸ ਸੰਤਾਂ ਦੇ ਕੋਲ ਨਹੀਂ ਖੜ੍ਹ ਸਕਦੀ, ਦੁਨੀਆਂ ਦੇ ਕੋਲ ਹੁੰਦੀ ਹੈ। ਹੈਰਾਨ ਹੋਵੋਂ ਜੇ ਤੁਹਾਨੂੰ ਗੱਲਾਂ ਦੱਸੀਏ ਐਹੋ ਜਿਹੀਆਂ ਕਿ ਆਹ ਵੀ ਗੱਲਾਂ ਹੋ ਸਕਦੀਆਂ ਨੇ।

ਇੱਥੇ ਆਪਣੇ ਇੱਕ ਬੀਬੀ ਆਈ, ਕਹਿੰਦੀ ਬਾਬਾ ਜੀ! ਮੇਰੀ ਇੱਕ ਅੱਖ ਬੰਦ ਹੋ ਗਈ, ਇਕ ਬੰਦ ਹੋਣ ਵਾਲੀ ਹੈ, ਬਲੱਡ ਪਰੈਸਰ ਮੈਨੂੰ 240 ਹੈ, ਸ਼ੂਗਰ ਮੈਂ ਨੂੰ 240, ਕਿਡਨੀ ਦੇ ਵਿੱਚ ਪੱਥਰੀ ਹੈ, ਢਿੱਡ ਦੇ ਵਿੱਚ ਰਸੌਲੀ ਹੈ ਤੇ ਰੀੜ੍ਹ ਦੀ ਹੱਡੀ ਕਰੈਕ ਹੋਈ ਹੋਈ ਹੈ। ਡਾਕਟਰਾਂ ਨੇ ਜਵਾਬ ਦੇ ਦਿੱਤਾ ਕਹਿੰਦੇ ਤੇਰੀਆਂ ਨਾੜਾਂ ਪਿਚਕ ਗਈਆਂ ਤੇਰੀਆਂ ਅੱਖਾਂ ਨਹੀਂ ਹੁਣ ਖੁੱਲ੍ਹ ਸਕਦੀਆਂ। ਕਹੀ ਗਈ ਮੈਨੂੰ ਕਹੀ ਗਈ, ਜਦ ਮੈਨੂੰ ਬਹੁਤ ਕਣਤਾਇਆ, ਮੈਂ ਕਿਹਾ ਤੂੰ ਗੁਰਦੁਆਰਾ ਸਾਹਿਬ (ਰਤਵਾੜਾ ਸਾਹਿਬ) ਜਾ ਕੇ ਬਾਣੀ ਪੜ੍ਹ, ਇੱਕ ਸਾਲ ਪੜ੍ਹੀ ਜਾਹ ਫੇਰ ਸਭ ਠੀਕ ਹੋ ਜਾਏਗਾ। ਬਲੱਡ ਪਰੈਸ਼ਰ ਤਾਂ 10 ਦਿਨਾਂ 'ਚ ਸੈਟ ਹੋ ਗਿਆ, ਸ਼ੂਗਰ ਇੱਕ ਮਹੀਨੇ 'ਚ ਠੀਕ ਹੋ ਗਈ, ਜਦੋਂ ਪੀ.ਜੀ.ਆਈ ਦਿਖਾਉਣ ਗਈ, ਕਾਰਡ ਬਣਿਆ ਹੋਇਆ ਸੀ ਉਹਦਾ। ਕਹਿੰਦੇ ਬੀਬੀ ਕੀ ਦਵਾਈ ਲਈ ਹੈ ਤੇਰੀਆਂ ਦੋਵੇਂ ਬੀਮਾਰੀਆਂ ਹਟ ਗਈਆਂ। ਕਹਿੰਦੇ ਦਵਾਈ ਕੀ ਖਾਂਦੀ ਹੈਂ। ਕਹਿੰਦੀ ਰੋਟੀ ਖਾਣ ਤੋਂ ਬਾਅਦ ਗੁੜ ਮਿਲਦਾ ਹੈ, ਵਿਆਹ ਸ਼ਾਦੀ ਹੁੰਦੀ ਹੈ ਲੱਡੂ ਜਲੇਬੀ ਜ਼ਰੂਰ ਇਕ ਮਿਲ ਜਾਂਦੀ ਹੈ ਤੇ ਰੋਜ਼ ਪ੍ਰਸ਼ਾਦ ਮਿਲਦਾ ਹੈ। ਕਹਿੰਦੇ ਇਹਦੇ ਨਾਲ ਵੀ ਸ਼ੂਗਰ ਹਟਦੀ ਹੈ? ਕਹਿੰਦੀ, ਮੈਂ ਤਾਂ ਆਹੀ ਖਾਧਾ ਹੈ, ਹੋਰ ਕੋਈ ਦਵਾਈ ਨਹੀਂ ਖਾਧੀ। ਹੁੰਦੇ-ਹੁੰਦੇ ਨੌਂ ਮਹੀਨੇ ਲੰਘ ਗਏ, ਮੈਂ ਅਮਰੀਕਾ ਨੂੰ ਜਾ ਰਿਹਾ ਸੀ ਤੇ ਮੇਰੇ ਕੋਲ ਕਾਗਜ਼ 'ਚ ਵਲੇਟੀ ਹੋਈ ਪੁੜੀ ਬੰਨ੍ਹੀ ਹੋਈ ਲੈ ਕੇ ਆਈ, ਕਹਿੰਦੀ ਜੀ, ਪੱਥਰੀ ਤਿੰਨ ਟੁਕੜੇ ਹੋ ਕੇ ਨਿਕਲ ਗਈ। ਕਿਡਨੀ ਦੀ ਪੱਥਰੀ ਤਿੰਨ ਟੁਕੜੇ ਹੋ ਕੇ ਕੱਢ ਦਿੱਤੀ ਮਹਾਰਾਜ ਨੇ। ਪਰ ਇਹ ਵੀ ਸੀ ਉਹਦੇ ਵਿੱਚ ਕਿ ਦੋ ਵਜੇ ਉਠ ਕੇ ਪਾਠ ਕਰਦੀ ਸੀ, ਮੈਂ ਜਦ ਸੱਤ ਵਜੇ ਆਉਣਾ ਉਦੋਂ ਵੀ ਪਾਠ ਕਰ ਹੀ ਰਹੀ ਹੁੰਦੀ ਸੀ। ਬਾਣੀ ਦੀ ਤਾਕਤ ਦੱਸਦਾ ਹਾਂ ਤੁਹਾਨੂੰ। ਉਸ ਤੋਂ ਬਾਅਦ ਜਦ ਮੈਂ ਗਿਆ, ਤਿੰਨ ਬੀਮਾਰੀਆਂ ਦੂਰ ਹੋ ਗਈਆਂ। ਸ਼ੂਗਰ ਹਟ ਗਈ, ਇੱਕ ਅੱਖ ਦੀ ਨਿਗ੍ਹਾ ਖੁਲ੍ਹ ਗਈ, ਬਲੱਡ ਪਰੈਸ਼ਰ ਹਟ ਗਿਆ ਤੇ ਪੱਥਰੀ ਵੀ ਨਿਕਲ ਗਈ। ਜਦੋਂ ਮੈਂ ਅਮਰੀਕਾ 'ਚੋਂ ਮੁੜ ਕੇ ਇੰਗਲੈਂਡ ਆਇਆ, ਉਥੇ ਚਿੱਠੀ ਆਈ ਮੈਨੂੰ ਇਹਦੀ, ਕਹਿੰਦੀ ਵੀਰ ਜੀ! ਮੈਂ ਕਾਣੀ ਹੀ ਜਾਊਂਗੀ ਘਰ ਨੂੰ? ਮੈਨੂੰ ਬੜਾ ਤਰਸ ਆਇਆ। ਮੈਂ ਕਿਹਾ ਜਦ ਮਹਾਰਾਜ ਨੇ ਇੱਕ ਅੱਖ ਦੇ ਦਿੱਤੀ ਦੂਜੀ ਵੀ ਦੇ ਦੇਣ। ਮੈਂ ਚਿੱਠੀ ਲਿਖ ਦਿੱਤੀ ਕਿ ਤੂੰ ਜਾਈਂ ਨਾ ਮੇਰੇ ਆਏ ਬਿਨਾਂ। ਇੱਥੇ ਆਇਆ ਤਾਂ

ਮੈਨੂੰ ਕਹਿਣ ਲੱਗੀ ਕਿ ਮੇਰੀ ਅੱਖ ਨਹੀਂ ਖੁੱਲ੍ਹੀ। ਮੈਂ ਕਿਹਾ ਤੂੰ ਚਾਰ ਮਹੀਨੇ ਹੋਰ ਰਹਿ। 15 ਕੁ ਦਿਨ 'ਚ ਦੂਜੀ ਅੱਖ ਖੁਲ੍ਹ ਗਈ। ਦੋਵੇਂ ਅੱਖਾਂ ਸਾਬਤ, ਡਾਕਟਰ ਕਹਿੰਦੇ ਸੀ ਤੇਰੀਆਂ ਤਾਂ ਨਾੜਾਂ ਹੀ ਪਿਚਕ ਗਈਆਂ। ਇਹ ਖੁਲ੍ਹਣੀਆਂ ਹੀ ਨਹੀਂ। ਡਾਕਟਰ ਹੁਣ ਹੈਰਾਨ ਨੇ ਇਹ ਨਾੜਾਂ ਕਿਹਨੇ ਖੋਲ੍ਹ ਦਿੱਤੀਆਂ। ਪੱਥਰੀ ਦਾ ਆਪਰੇਸ਼ਨ ਕੀਹਨੇ ਕਰ ਦਿੱਤਾ, ਬਲੱਡ ਸ਼ੂਗਰ ਦੀ ਦਵਾਈ ਕੀਹਨੇ ਦੇ ਦਿੱਤੀ। ਉਹ ਦੋ ਮਹੀਨੇ 'ਚ ਖੁੱਲ੍ਹ ਗਈ। ਜਾ ਕੇ ਟੈਸਟ ਕਰਾਇਆ, ਕਹਿੰਦੀ ਵੀਰ ਜੀ! ਮੇਰੀ ਤਾਂ ਜਿਹੜੀ ਰਸੌਲੀ ਸੀ ਉਹ ਵੀ ਖਤਮ ਹੋ ਗਈ। ਮੈਂ ਕਿਹਾ, ਫੇਰ ਤਾਂ ਵਧੀਆਂ ਹੋ ਗਿਆ, ਹੁਣ ਤੂੰ ਦੋ ਮਹੀਨੇ ਹੋਰ ਨਾ ਜਾਈਂ। ਕਹਿੰਦੀ, ਰੀੜ੍ਹ ਦੀ ਹੱਡੀ ਚੈਕ ਕਰਾਉਣੀ ਹੈ। ਜਦ ਉੱਥੇ ਕਰਾਈ, ਉਹ ਕਹਿੰਦੇ ਕਰੈਕ ਹੈ ਹੀ ਨਹੀਂ, ਤੇਰੀ ਰੀੜ ਦੀ ਹੱਡੀ ਤਾਂ ਠੀਕ ਹੈ। ਦੋ ਮਹੀਨੇ 'ਚ ਜਦ ਠੀਕ ਹੋਈ ਤਾਂ ਜਦੇ ਘਰ ਦਾ ਮੋਹ ਜਾਗ ਪਿਆ ਕਿ ਚੱਲੀਏ, ਕਹਿੰਦੀ ਮੇਰੀ ਪੋਤੀ ਹੈ ਮੈਂ ਉਹਦਾ ਇਮਤਿਹਾਨ ਦਿਵਾਉਣਾ ਹੈ। ਮੈਂ ਕਿਹਾ ਚੰਗਾ ਜਾਹ। ਐਨਕ ਲਾ ਲਈ, ਡੇਢ ਨੰਬਰ ਦੀ ਲੱਗੀ ਐਨਕ। ਸਾਢੇ ਤਿੰਨ ਨੰਬਰ ਦੀ ਸੀ ਜਦ ਉਹਦੀ ਨਜ਼ਰ ਬੰਦ ਹੋਈ ਸੀ। ਕਹਿੰਦੀ ਡੇਢ ਨੰਬਰ ਲਗ ਗਿਆ, ਮੈਂ ਕਿਹਾ ਬੀਬੀ ਜੇ ਦੋ ਮਹੀਨੇ ਹੋਰ ਰਹਿੰਦੀ, ਗੁਰੂ ਨੇ ਅੱਖਾਂ ਤੈਨੂੰ ਨਵੀਆਂ ਦਿੱਤੀਆਂ ਸੀ, ਤੇਰੇ ਐਨਕ ਵੀ ਨਹੀਂ ਸੀ ਲਗਣੀ। ਬੱਚਿਆਂ ਵਰਗੀਆਂ ਅੱਖਾਂ ਦੇਣੀਆਂ ਸੀ। ਹੁਣ ਇਹਨੂੰ ਡਾਕਟਰ ਕੀ ਕਹਿੰਦੇ ਨੇ, ਪੁੱਛ ਲਓ। ਆਪ ਡਾਕਟਰ ਆਉਂਦੇ ਨੇ ਇੱਥੇ। ਸੋ ਇਹ ਬਾਣੀ ਦੇ ਅੰਦਰ ਬੇਅੰਤ ਸੱਤਿਆ ਹੈ ਇਹਨੂੰ ਕੋਈ ਕਹਿ ਨਹੀਂ ਸਕਦਾ।

ਸੋ ਗੁਰਦੇਵ ਸਿੰਘ ਉਨ੍ਹਾਂ ਨੇ ਮੈਡੀਕਲੀ ਆਪਰੇਸ਼ਨ ਕਰਾ ਲਿਆ ਸੀ, ਉਹ ਕਹਿੰਦੇ ਸੀ ਹੁਣ ਇਹਦੇ ਹੋਰ ਬੱਚਾ ਨਹੀਂ ਹੋਣਾ। ਓਧਰ ਮਹਾਰਾਜ ਜੀ ਕਹਿੰਦੇ ਤੇਰੇ ਘਰ ਭੇਜ ਦੇਈਏ, ਇਹ ਕਹਿੰਦਾ ਹਾਂ ਭੇਜ ਦਿਓ। ਐਨੇ ਨੂੰ ਮੈਂ ਆ ਗਿਆ, ਅਸੀਂ ਰਾਤ ਨੂੰ ਇਕੱਠੇ ਹੀ ਸੌਏ ਸੀ। ਰਾਤ ਨੂੰ ਪਏ ਤਾਂ ਮੰਜਾ ਸਾਡਾ ਨਾਲ-ਨਾਲ ਸੀ। ਇਹ ਉਭੜਵਾਹੇ ਉੱਠੀ ਜਾਵੇ। ਮੈਂ ਕਿਹਾ ਗੁਰਦੇਵ ਸਿੰਘਾਂ! ਤੂੰ ਅੱਜ ਉਭੜਵਾਹੇ ਕਿਉਂ ਉੱਠੀ ਜਾਂਦਾ ਹੈਂ। ਕਹਿੰਦਾ, ਪਤਾ ਨਹੀਂ ਮੇਰੇ ਉੱਤੇ ਵਜ਼ਨ ਪੈ ਜਾਂਦਾ ਹੈ। ਜਦ ਅਸੀਂ ਸਵੇਰੇ ਹੀ ਗਏ, ਉਹ ਮੁੰਡਾ ਸਾਨੂੰ ਫੇਰ ਮਿਲ ਗਿਆ ਮੋਹਨ ਸਿੰਘ। ਉਹ ਮੈਨੂੰ ਦੇਖਦੇ ਸਾਰ ਫੇਰ ਆ ਗਿਆ, ਹੱਸਿਆ ਬੜੀ ਜ਼ੋਰ ਦੀ। ਮੈਂ ਕਿਹਾ, ਸੁਲੇਮਾਨ! ਕੀ ਗੱਲ ਹੱਸਦਾ ਹੈਂ? ਕਹਿੰਦਾ, ਰਾਤ ਪਿਤਾ ਜੀ ਕੋ ਨਮਸ਼ਕਾਰ ਕਰਨੇ ਗਿਆ ਸੀ, ਤਿੰਨ ਵਾਰੀ। ਉਠ ਕੇ ਬਹਿ ਜਾਂਦੇ ਸੀ। ਅਖੀਰ ਸਾਧਸੰਗਤ! ਇਹਦੇ ਬਾਰੇ ਬੜੀਆਂ ਗੱਲਾਂ ਨੇ ਕਿੰਨਿਆਂ ਦੇ ਮਨ ਡੋਲ ਗਏ ਕਿ ਜੇ ਲੜਕੀ ਹੋ ਗਈ, ਜੇ ਭਲਾ ਪ੍ਰੇਤ ਆਇਆ ਹੀ ਨਾ ਫੇਰ ਕੀ ਹੋਏਗਾ? ਕਈ ਕਹਿਣ ਕਿ ਆਪਾਂ ਨੂੰ ਦਸਣਾ ਚਾਹੀਦਾ ਸੀ ਮਹਾਰਾਜ ਜੀ ਨੂੰ ਕਿ ਇਹਦਾ ਤਾਂ ਆਪਰੇਸ਼ਨ ਹੋਇਆ-ਹੋਇਆ ਹੈ ਬੱਚਾ ਹੋ ਨਹੀਂ ਸਕਦਾ। ਬੜੀ ਗਲਤੀ ਕਰੀ। ਇਕ ਬੰਦਾ ਮੈਨੂੰ ਕਹਿੰਦਾ ਬੜੀ ਪੜਦੇ 'ਚ ਰੱਖਣ ਵਾਲੀ ਗੱਲ ਹੈ ਕਿ ਜੇ ਲੜਕੀ ਹੋ ਗਈ, ਫੇਰ ਕੀ ਕਰਾਂਗੇ ਆਪਾਂ। ਮੈਂ ਕਿਹਾ, ਤੁਹਾਨੂੰ ਵਿਸ਼ਵਾਸ਼ ਹੀ ਨਹੀਂ? ਤੁਸੀਂ ਨਾਲ ਗੜਵੇ ਚੁੱਕੀਂ ਫਿਰਦੇ ਹੋ, ਤੁਸੀਂ ਮਹਾਤਮਾ ਨੂੰ ਸਮਝਦੇ ਕੀ ਹੋ? ਸੰਤਾਂ ਦਾ ਤਾਂ ਬਚਨ ਹੋ ਗਿਆ, ਫੇਰ ਟਲਿਆ ਨਹੀਂ ਕਰਦਾ। ਰੱਬ ਨੂੰ ਫੇਰ ਸਾਰੀ ਕੁਦਰਤ ਬਦਲਣੀ ਪੈਂਦੀ ਹੈ, ਅਖੀਰ ਅੱਜ ਇਹ ਮੈਨੂੰ ਮਿਲੇ ਨੇ ਇਨ੍ਹਾਂ ਨੇ ਦੱਸਿਆ ਕਿ ਲੜਕਾ ਬੀ.ਏ. 'ਚ ਪੜ੍ਹਦਾ ਹੈ। ਉਹਨੇ ਮੈਨੂੰ ਇੱਕ ਗੱਲ ਕਹੀ ਸੀ ਕਿ ਜਦ ਮੈਂ ਪੰਜ ਸਾਲ ਦਾ ਹੋ ਜਾਵਾਂ, ਤੁਸੀਂ ਮੈਨੂੰ ਇਹ ਸਾਰੀ ਕਹਾਣੀ ਸੁਣਾਉਣਾ। ਮੇਰੇ ਤੋਂ ਪਹਿਲਾਂ ਹੀ ਲੋਕਾਂ ਨੇ ਸੁਣਾ ਦਿੱਤੀ। ਮੈਂ ਤਾਂ ਹਾਲਾਂ ਤੱਕ ਉਹਨੂੰ ਮਿਲਿਆ ਵੀ ਨਹੀਂ। ਸੋ ਇਸ ਤਰ੍ਹਾਂ -

***ਕੋਟਿ ਕੋਟਿ ਅਘ ਕਾਟਨਹਾਰਾ ॥***
***ਦੁਖ ਦੂਰਿ ਕਰਨ ਜੀਅ ਕੇ ਦਾਤਾਰਾ ॥***
***ਅੰਗ - ੩੯੨***

ਸੋ ਇਨ੍ਹਾਂ ਦਾ ਕਹਿਆ ਹੋਇਆ ਪ੍ਰਮੇਸ਼ਰ ਮੰਨਦਾ ਹੈ -

***ਧਾਰਨਾ - ਮੰਨੇ ਵਾਹਿਗੁਰੂ***
***ਕੀਤਾ ਆਪਣੇ ਸੰਤਾਂ ਦਾ।***

***ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ***
***ਓਇ ਰਾਮ ਨਾਮ ਰੰਗਿ ਰਾਤੇ ॥***
***ਤਿਨ੍ ਕੀ ਸੋਭਾ ਸਭਨੀ ਥਾਈ***
***ਜਿਨ੍ ਪ੍ਰਭ ਕੇ ਚਰਣ ਪਰਾਤੇ ॥***
***ਮੇਰੇ ਰਾਮ ਹਰਿ ਸੰਤਾ ਜੇਵਡੁ ਨ ਕੋਈ ॥***
***ਭਗਤਾ ਬਣਿ ਆਈ ਪ੍ਰਭ ਅਪਨੇ ਸਿਉ***
***ਜਲਿ ਥਲਿ ਮਹੀਅਲਿ ਸੋਈ ॥ ਅੰਗ - ੭੪੯***

ਅਸੀਂ ਲਾਹੌਰ ਗਏ ਹੋਏ, ਧਰਮਪੁਰੇ ਸ਼ਮਸ਼ਾਨ ਭੂਮੀ 'ਚ ਸਾਡਾ ਡੇਰਾ ਲੱਗਿਆ ਹੋਇਆ ਸੀ। ਉਨ੍ਹਾਂ ਦਿਨਾਂ 'ਚ ਮਹਾਰਾਜ ਜੀ ਦੀ ਸੇਵਾ 'ਚ ਇੰਦਰ ਸਿੰਘ ਹੁੰਦਾ, ਫੇਰ ਬਾਬੂ ਜੀ ਆਏ ਸੀ, ਫੇਰ ਇੱਕ ਹੋਰ ਪ੍ਰੇਮੀ ਰਜਿੰਦਰ ਸਿੰਘ ਆਇਆ ਸੀ ਤਾਂ ਮਹਾਰਾਜ ਜੀ ਦੇ ਮੈਂ ਬਹੁਤਾ ਹੀ ਨੇੜੇ ਰਹਿੰਦਾ ਹੁੰਦਾ, ਜਿੱਥੇ ਉਨ੍ਹਾਂ ਨੇ ਪੈਣਾ ਮੰਜੇ ਦੇ ਕੋਲ ਕਹਿ ਦੇਣਾ ਕਿ ਸਫ 'ਤ ਤੂੰ ਪੈ ਜਾ। ਉਥੇ ਮਹਿੰਦਰ ਸਿੰਘ ਸੀਗਾ, ਮਸਤਾਨਾ ਉਹਨੂੰ ਕਹਿੰਦੇ ਹੁੰਦੇ ਸੀ, ਉਹਦੇ ਓਲਾਦ ਨਹੀਂ ਸੀ ਹੁੰਦੀ। ਬੀਬੀਆਂ ਨੇ ਬੀਬੀ ਨੂੰ ਲਿਆਂਦਾ, ਮਹਾਰਾਜ ਜੀ ਬੜੀ ਮੌਜ ਵਿੱਚ ਬੈਠੇ ਨੇ। ਕਹਿਣ ਲੱਗੀਆਂ, ਮਹਾਰਾਜ ਜੀ! ਬੇਨਤੀ ਹੈ ਕਿ ਇਹਦਾ ਘਰਵਾਲਾ ਸੇਵਾ ਬਹੁਤ ਕਰਦਾ ਹੈ, ਪਰ ਓਲਾਦ ਨਹੀਂ ਹੈ। ਮਹਾਂਪੁਰਸ਼ ਮੌਜ ਵਿੱਚ ਬੈਠੇ ਸੀ, ਉਂਗਲੀ ਖੜ੍ਹੀ ਕਰ ਲਈ। ਕਹਿੰਦੇ ਇੱਕ, ਉਹ ਬੋਲੀਆਂ ਹੀ ਨਾ, ਕਹਿੰਦੇ ਦੋ, ਫੇਰ ਨਾ ਬੋਲੀਆਂ, ਕਹਿੰਦੇ ਤਿੰਨ, ਚਾਰ, ਪੰਜ, ਛੇ, ਜਦ ਸੱਤ ਕਿਹਾ ਕਹਿੰਦੇ ਸੰਭਾਲੇਂਗੀ ਕਿਵੇਂ, ਹੁਣ ਨਾਂਹ ਕਹਿ ਦੇ। ਸੱਤ ਮੁੰਡੇ ਹੋਏ। ਮਹਾਂਪੁਰਸ਼ਾਂ ਨੇ ਕਹਿੰਦੇ ਗਿਣੀ ਜਾਣਾ।

ਇਵੇਂ ਜਿਵੇਂ ਇੱਕ ਬਖਸ਼ੀਸ਼ ਸਿੰਘ ਨੇ, ਅੱਜਕਲ੍ਹ ਲੰਡਨ 'ਚ ਨੇ। ਉਹ ਵੀ ਪੁੱਤਰ ਦੀ ਦਾਤ ਮੰਗਣ ਲਗ ਗਏ। ਮਹਾਰਾਜ ਜੀ ਇੱਕ ਦੋ ਗਿਣਨ ਲਗ ਗਏ, ਸੱਤ 'ਤੇ ਜਾ ਕੇ ਉਹਨੇ ਕਿਹਾ ਬੱਸ ਜੀ, ਬੱਸ ਜੀ ਬਹੁਤ ਨੇ। ਇਹ ਤਾਂ ਸਾਡੇ ਤੋਂ ਮਸਾਂ ਸਾਂਭੇ ਜਾਣੇ ਨੇ। ਕਿਉਂਕਿ ਮਹਾਂਪੁਰਸ਼ਾਂ ਦੀ ਮੌਜ ਹੈ -

*ਕੋਟਿ ਅਪ੍ਰਾਧੀ ਸੰਤਸੰਗਿ ਉਧਰੈ*
*ਜਮੁ ਤਾ ਕੈ ਨੇੜਿ ਨ ਆਵੈ ॥*
*ਜਨਮ ਜਨਮ ਕਾ ਬਿਛੁੜਿਆ ਹੋਵੈ*
*ਤਿਨ੍ ਹਰਿ ਸਿਉ ਆਨਿ ਮਿਲਾਵੈ ॥ ੨ ॥*
*ਮਾਇਆ ਮੋਹ ਭਰਮੁ ਭਉ ਕਾਟੈ*
*ਸੰਤ ਸਰਣਿ ਜੋ ਆਵੈ ॥*
*ਜੇਹਾ ਮਨੋਰਥੁ ਕਰਿ ਆਰਾਧੇ*
*ਸੋ ਸੰਤਨ ਤੇ ਪਾਵੈ ॥*
*ਜਨ ਕੀ ਮਹਿਮਾ ਕੇਤਕ ਬਰਨਉ*
*ਜੋ ਪ੍ਰਭ ਅਪਨੇ ਭਾਣੇ ॥*
*ਕਹੁ ਨਾਨਕ ਜਿਨ ਸਤਿਗੁਰੁ ਭੇਟਿਆ*
*ਸੇ ਸਭ ਤੇ ਭਏ ਨਿਕਾਣੇ ॥ ਅੰਗ - ੭੪੮*

ਸੋ ਇਹ ਚੀਜ਼ਾਂ ਤਾਂ -

*ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ*
*ਫਿਰਹਿ ਜੋ ਹਰਿ ਹਿਰਦੈ ਸਦਾ ਵਸਾਇ ॥*
*ਅੰਗ - ੬੪੯*

ਸੰਤਾਂ ਕੋਲ ਵੱਡੀ ਚੀਜ਼ ਜਿਹੜੀ ਹੁੰਦੀ ਹੈ, ਉਹ ਹੁੰਦੀ ਹੈ ਕਿ ਕਰੋੜਾਂ ਜਨਮਾਂ ਤੋਂ ਭਟਕਦੇ ਹੋਏ ਜੀਵਾਂ ਨੂੰ ਇਹਦੇ ਵਿਚੋਂ ਕੱਢ ਦੇਣਾ।

ਇੱਕ ਦਿਨ ਮਹਾਰਾਜ ਜੀ ਅੰਤ ਸਮਾਂ ਜਦੋਂ ਨੇੜੇ ਆ ਗਿਆ, ਤਾਂ ਲੰਡਨ, ਵੁਲਵਰ ਹੈਂਪਟਨ ਵਾਲਿਆਂ ਨੇ ਉਨ੍ਹਾਂ 'ਤੇ ਇੱਕ ਸਵਾਲ ਕਰ ਦਿੱਤਾ ਐਸ ਤਰ੍ਹਾਂ ਦਾ -

*ਧਾਰਨਾ - ਮੈਨੂੰ ਦੱਸਿਓ ਪਿਆਰਿਓ*
*ਅੱਗੇ ਮੇਲਾ ਕਿਵੇਂ ਹੋਵੇ।*

ਸਵਾਲ ਅੰਦਰ ਹੈ ਗੁਰਬਾਣੀ ਦੇ ਅੰਦਰ -

*ਸਭਨਾ ਮਰਣਾ ਆਇਆ ਵੇਛੋੜਾ ਸਭਨਾਹ ॥*
*ਪੁਛਹੁ ਜਾਇ ਸਿਆਣਿਆ ਆਗੈ ਮਿਲਣੁ ਕਿਨਾਹ ॥*
*ਅੰਗ - ੫੯੫*

ਸਾਰਿਆਂ ਨੇ ਸੰਸਾਰ ਤੋਂ ਜਾਣਾ ਹੈ ਤੇ ਸਾਰਿਆਂ ਦਾ ਵਿਛੋੜਾ ਹੋਣਾ ਹੈ। ਹੁਣ ਜੇ ਪਿਆਰਿਆਂ ਨਾਲ ਹੋਵੇ-

*ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ ॥*
*ਅੰਗ - ੭੨੯*

ਸੱਜਣ ਤਾਂ ਚੱਲੇ ਪਿਆਰਿਆ ਤੇ ਅੱਗੇ ਮੇਲਾ ਕਿਵੇਂ ਹੋਵੇ।

*ਜੇ ਗੁਣ ਹੋਵਹਿ ਗੰਠੜੀਐ ਮੇਲੇਗਾ ਸੋਈ ॥*
*ਅੰਗ - ੭੨੯*
*ਸਭਨਾ ਮਰਣਾ ਆਇਆ ਵੇਛੋੜਾ ਸਭਨਾਹ ॥*
*ਪੁਛਹੁ ਜਾਇ ਸਿਆਣਿਆ ਆਗੈ ਮਿਲਣੁ ਕਿਨਾਹ ॥*
*ਅੰਗ - ੫੯੫*

ਜਾ ਕੇ ਪੁਛੋ ਹੁਣ ਸਿਆਣਿਆਂ ਨੂੰ, ਸੰਤਾਂ ਨੂੰ ਪੁਛੋ ਕਿ ਅੱਗੇ ਮੇਲਾ ਵੀ ਹੋ ਜਾਂਦਾ ਹੈ, ਅਸੀਂ ਤਾਂ ਉਨ੍ਹਾਂ ਦੀ ਯਾਦ ਮਨਾ ਰਹੇ ਹਾਂ। ਇਹਦੇ ਵਿੱਚ ਅਸੀਂ ਰੁਲ ਜਾਵਾਂਗੇ ਕਿ ਮਿਲ ਵੀ ਜਾਵਾਂਗੇ। ਮਹਾਂਪੁਰਸ਼ ਕਹਿਣ ਲੱਗੇ, ਦੇਖੋ ਰਸਤਾ ਜਾਂਦਾ ਹੈ, ਸਰੀਰ ਦਾ ਤਾਂ ਨਹੀਂ ਮਿਲਾਪ ਹੋਣਾ, ਇਹ ਤਾਂ ਇੱਥੇ ਹੀ ਤੁਹਾਡੇ ਸਾਮ੍ਹਣੇ ਹੀ ਰਹਿ ਜਾਣਾ ਹੈ। ਲੇਕਿਨ ਇਹਦੇ ਵਿੱਚ ਜੋ ਸ਼ਬਦ ਵਰਤ ਰਿਹਾ ਹੈ, ਉਹਦਾ ਮਿਲਾਪ ਹੋ ਜਾਏਗਾ। ਕਿਉਂਕਿ ਅਸਲ ਚੀਜ਼ ਸ਼ਬਦ ਹੀ ਹੈ ਉਹਨੂੰ ਆਤਮਾ ਕਹਿ ਲਓ, ਸ਼ਬਦ ਕਹਿ ਲਓ ਇੱਕੋ ਹੀ ਗੱਲ ਹੈ ਕਿਉਂਕਿ -

*ਨਿਰੰਕਾਰ ਆਕਾਰੁ ਹੋਇ ਏਕੰਕਾਰੁ*
*ਅਪਾਰੁ ਸਦਾਇਆ॥*
*ਏਕੰਕਾਰਹੁ ਸਬਦ ਧੁਨਿ*
*ਓਅੰਕਾਰ ਅਕਾਰੁ ਬਣਾਇਆ॥*
*ਭਾਈ ਗੁਰਦਾਸ ਜੀ, ਵਾਰ ੨੬/੨*

ਜਿੰਨੇ ਆਕਾਰ ਨੇ, ਮਹਾਰਾਜ ਨੇ ਸਭ ਤੋਂ ਪਹਿਲਾਂ '੧' ਪਾਇਆ, ਉਸ ਤੋਂ ਬਾਅਦ 'ਓਅੰਕਾਰ' ਪਾਇਆ। ਹੁਣ ਇਹ ਓਅੰਕਾਰ ਸ਼ਬਦ ਹੈ। ਗੁਰੂ ਦਸਵੇਂ ਪਾਤਸ਼ਾਹ ਲਿਖਦੇ ਨੇ ਕਿ -

*ਪ੍ਰਥਮ ਓਅੰਕਾਰ ਤਿਨ ਕਹਾ*
*ਸੋ ਧੁਨ ਪੂਰ ਜਗਤ ਮੋ ਰਹਾ।*

ਜਿਹੜੀ ਵਾਹਿਗੁਰੂ ਦੀ ਆਵਾਜ਼ ਸੀ ਨਾ ਓਅੰਕਾਰ ਦੀ, ਉਹ ਚੇਤਨ ਆਵਾਜ਼ ਸਭ ਕੁਛ, ਕਿਉਂਕਿ ਰੂਪ ਧਾਰਿਆ ਸ਼ਬਦ ਦਾ ਅਕਾਲ ਪੁਰਖ ਨੇ। ਇਸ ਦਾ ਪਤਾ ਨਹੀਂ ਲਗਦਾ, ਈਸਾਈ ਲਿਖਦੇ ਨੇ When there was no creation, there was logas. ਸ਼ਬਦ ਸੀ ਓਸ ਵੇਲੇ ਜਦੋਂ ਕੁਛ ਨਹੀਂ ਸੀਗਾ। ਲੇਕਿਨ ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਜਦੋਂ ਏਕੰਕਾਰ ਅਵਸਥਾ 'ਚੋਂ ਨਿਰੰਕਾਰ ਤੋਂ ਏਕੰਕਾਰ, ਏਕੰਕਾਰ ਤੋਂ ਓਅੰਕਾਰ ਦਾ ਜਦੋਂ ਸਰੂਪ ਧਾਰਿਆ ਤਾਂ ਤਿੰਨੋ ਹੀ ਕਾਇਮ ਸੀਗੇ, ਆਪਣੀ-ਆਪਣੀ ਅਵਸਥਾ 'ਚ, ਇੱਕੋ ਹੀ ਸੀ, ਦੋ ਨਹੀਂ ਸੀ। ਸਮੁੰਦਰ ਉਛਲਿਆ, ਲਹਿਰਾਂ ਉਛਲਣ ਲਗ ਗਈਆਂ, ਲਹਿਰਾਂ ਨੂੰ ਸਮੁੰਦਰ ਤੋਂ ਬਾਹਰ ਕਿਵੇਂ ਕਹੋਂਗੇ। ਕਹਿੰਦੇ, ਓਅੰਕਾਰ ਨੇ ਆਕਾਰ ਬਣਾ ਲਏ, ਅਨੇਕਾਂ ਜਿਵੇਂ ਸਮੁੰਦਰ ਉੱਛਲ ਕੇ ਲਹਿਰਾਂ ਬਣਦੀਆਂ ਨੇ, ਐਉਂ ਕਰੋੜਾਂ ਬ੍ਰਹਿਮੰਡ ਬਣ ਗਏ।

*ਓਅੰਕਾਰਿ ਬ੍ਰਹਮਾ ਉਤਪਤਿ ॥*
*ਓਅੰਕਾਰੁ ਕੀਆ ਜਿਨਿ ਚਿਤਿ ॥*
*ਓਅੰਕਾਰਿ ਸੈਲ ਜੁਗ ਭਏ ॥*
*ਓਅੰਕਾਰਿ ਬੇਦ ਨਿਰਮਏ ॥ ਅੰਗ- ੯੩੦*

ਆਹ ਜਿਹੜੀ ਸਾਰੀ ਪ੍ਰਕ੍ਰਿਤੀ ਹੈ ਉਹ ਓਅੰਕਾਰ ਸ਼ਬਦ ਤੋਂ ਹੋਈ ਹੈ, ਸਾਇੰਸ ਕਹਿੰਦੀ ਹੈ ਕਿ ਇਕ ਵੱਡਾ ਧਮਾਕਾ ਹੋਇਆ ਸੀ, big bang, ਲੇਕਿਨ big bang ਤਾਂ ਹੋਇਆ ਜਦੋਂ ਪ੍ਰਾਕ੍ਰਿਤੀ ਬਣੀ, ਪ੍ਰਾਕ੍ਰਿਤੀ ਤੋਂ ਪਹਿਲਾਂ ਨਿਰੰਕਾਰ ਸ਼ਬਦ ਰੂਪ ਦੇ ਵਿੱਚ ਸੀ, ਉਹ ਸ਼ਬਦ

ਰੂਪ ਦੇ ਵਿੱਚ ਜਦੋਂ ਅਸੀਂ ਸ਼ਬਦ ਰੂਪ ਹੋ ਜਾਂਦੇ ਹਾਂ, ਸ਼ਬਦ ਰੂਪ ਹੋ ਕੇ ਮਿਲਾਪ ਹੁੰਦਾ ਹੈ, ਹੁਣ ਕਿਵੇਂ ਹੁੰਦਾ ਹੈ, ਉਥੇ ਸਾਡੀ ਸੁਰਤ ਖਤਮ ਹੋ ਜਾਂਦੀ ਹੈ, ਆਹ ਜਿਹੜੀ ਹਉਮੈ ਦੀ ਸੁਰਤ ਹੈ ਇਹ ਤਾਂ ਖਤਮ ਹੋ ਜਾਂਦੀ ਹੈ। ਇਹਨੂੰ ਤਾਂ ਮਹਾਰਾਜ ਕਹਿੰਦੇ ਨੇ ਕਿ 'ਭੋਲਿਆ ਹਉਮੈ ਸੁਰਤਿ ਵਿਸਾਰ' ਜਿਹੜੀ ਆਤਮ ਵਿਸ਼ੈਣੀ ਬੁੱਧੀ ਜਾਗਣੀ ਹੈ ਸਾਡੇ ਅੰਦਰ ਉਹ ਨਹੀਂ ਨਾਸ਼ ਹੋਇਆ ਕਰਦੀ। ਉਹਦਾ ਮਿਲਾਪ ਹੋ ਜਾਂਦਾ ਹੈ, ਮਿਲਾਪ ਕੀ ਹੁੰਦਾ ਹੈ, ਇੱਕੋ ਹੀ ਹੋ ਜਾਂਦੇ ਨੇ।

*ਕਬੀਰ ਜਾ ਕਉ ਖੋਜਤੇ ਪਾਇਓ ਸੋਈ ਠਉਰੁ ॥*
*ਸੋਈ ਫਿਰਿ ਕੈ ਤੂ ਭਇਆ*
*ਜਾ ਕਉ ਕਹਤਾ ਅਉਰੁ ॥ ਅੰਗ - ੧੩੭੯*

ਸੋ ਮਹਾਰਾਜ ਕਹਿਣ ਲੱਗੇ ਕਿ ਦੇਖੋ, ਰਸਤਾ ਹੈ, ਰਸਤੇ-ਰਸਤੇ ਚਲੇ ਚੱਲੋ, ਫੇਰ ਆ ਜਾਓਗੇ। ਮਹਾਰਾਜ ਕਿਵੇਂ ਹੈ? ਕਹਿੰਦੇ ਪਹਿਲਾਂ ਅੰਮ੍ਰਿਤ ਛਕੋ। ਪੰਜ ਪਿਆਰਿਆਂ ਤੋਂ ਨਾਮ ਲਓ। ਪੰਜ ਬਾਣੀਆਂ ਦਾ ਪਾਠ ਕਰੋ। ਜਿੰਨਾਂ ਕਰ ਸਕਦੇ ਹੋ ਵੱਧ ਤੋਂ ਵੱਧ ਕਰੋ, ਫੇਰ ਤੁਸੀਂ ਮੂਲਮੰਤਰ ਦਾ ਪਾਠ ਕਰੋ -

*ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥*
*॥ ਜਪੁ ॥*
*ਆਦਿ ਸਚੁ ਜੁਗਾਦਿ ਸਚੁ ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥*

ਇਹ ਮਨ ਨੂੰ ਐਨ ਸਰਲ ਕਰ ਲਓ ਜਿਵੇਂ ਖੇਤਾਂ ਨੂੰ ਪਾਣੀ ਦੇਣ ਲਈ ਖਾਲ ਸਾਫ ਕਰੀਦਾ ਹੈ ਨਾ ਪਾਣੀ ਤੋਰਨ ਵਾਸਤੇ, ਮੂਲਮੰਤਰ ਨਾਲ ਤੇ ਬਾਣੀਆਂ ਦੇ ਨਾਲ ਖਾਲਾ ਮਾਂਜ ਲਓ। ਫੇਰ ਇਹਦੇ 'ਚ ਵਾਹਿਗੁਰੂ ਮੰਤਰ ਦਾ ਜਾਪ ਸ਼ੁਰੂ ਕਰ ਦਿਓ। ਜੇ ਨਹੀਂ ਹੁੰਦਾ ਪਹਿਲਾਂ-ਪਹਿਲਾਂ ਤਾਂ ਮਾਲਾ ਨਾਲ ਸ਼ੁਰੂ ਕਰ ਦਿਓ। ਢਾਈ ਮਾਲਾ ਫੇਰੋ ਗਿਣ ਕੇ, ਇੱਥੇ ਹੀ ਬਸ ਨਾ ਕਰੋ, ਕਿਉਂਕਿ ਇੱਕ ਵਾਰੀ ਮਹਾਤਮਾ ਨੇ ਅਵਾਜ਼ ਦੇ ਦਿੱਤੀ, ਬਈ ਨਮਾਜ਼ ਪੜ੍ਹਨ ਵਾਲੇ ਕਾਫਰ, ਨਾ ਪੜ੍ਹਨ ਵਾਲੇ ਮੋਮਨ। ਬਾਦਸ਼ਾਹ ਦੇ ਪੇਸ਼ ਕਰ ਦਿੱਤਾ ਫਕੀਰ ਨੂੰ ਕਿ ਤੂੰ ਇਹ ਕਿਵੇਂ ਸ਼ਰ੍ਹਾ ਤੋਂ ਉਲਟ ਗੱਲ ਕਹਿੰਦਾ ਹੈਂ।

ਕਹਿੰਦੇ, "ਬਾਦਸ਼ਾਹ! ਤੇਰੇ ਕਿੰਨੇ ਪੁੱਤਰ ਨੇ?"

ਕਹਿੰਦਾ, "ਦੋ।"

ਕਹਿੰਦੇ, "ਵੱਡਾ ਕਿੱਥੇ ਹੈ?"

ਕਹਿੰਦੇ, "ਉਹ ਤਾਂ ਬਾਹਰ ਪ੍ਰਦੇਸ 'ਚ ਹੈ।

ਕਹਿੰਦੇ, "ਛੋਟਾ, ਮੇਰੇ ਕੋਲ ਹੈ।"

ਕਹਿੰਦੇ, "ਬਹੁਤਾ ਯਾਦ ਤੇਰੇ ਕਿਹੜਾ ਰਹਿੰਦਾ ਹੈ ਤੇ ਵੱਡਾ ਪੁੱਤਰ ਤੇਰੇ ਕਿੰਨੀ ਵਾਰ ਯਾਦ ਆਉਂਦਾ ਹੈ?"

ਕਹਿੰਦਾ, "ਵੱਡਾ ਤਾਂ ਦੋ ਚਾਰ ਵਾਰੀ ਯਾਦ ਆਉਂਦਾ ਹੈ। ਛੋਟਾ ਤਾਂ ਮੇਰੇ ਹਰ ਵਕਤ ਹੀ ਯਾਦ ਰਹਿੰਦਾ ਹੈ।"

ਕਹਿੰਦੇ, "ਫੇਰ ਰੱਬ ਜਿਹੜਾ ਪਰੀਪੂਰਨ ਹੈ, ਉਹਨੂੰ ਪੰਜ ਵਾਰੀ ਹੀ ਸਿਰਫ ਯਾਦ ਕਰਦਾ ਹੈਂ ਕਾਫਰ ਹੋਇਆ ਕਿ ਨਾ ਹੋਇਆ?"

ਜਿਹੜਾ ਮੋਮਨ ਹੈ ਉਹ ਹਰ ਵਕਤ ਯਾਦ ਰਖਦਾ ਹੈ ਪ੍ਰਮੇਸ਼ਰ ਨੂੰ। ਸਾਰੇ ਵੇਲੇ ਵਾਹਿਗੁਰੂ ਦੇ ਨਾਮ ਦੇ ਨੇ ਲੇਕਿਨ ਸੁਭਾਅ ਪਾਉਣ ਵਾਸਤੇ ਢਾਈ ਮਾਲਾ ਘੱਟ ਤੋਂ ਘੱਟ ਜ਼ਰੂਰ ਕਰਨੀਆਂ ਚਾਹੀਦੀਆਂ ਨੇ। ਮਾਲਾ ਹੱਥ 'ਚੋਂ ਨਿਕਲ ਜਾਇਆ ਕਰਦੀ ਹੈ, ਅਵਸਥਾ ਆਉਂਦੀ ਹੈ, ਫੇਰ ਨਾਮ ਰਸਨਾ 'ਤੇ ਆ ਜਾਂਦਾ ਹੈ। ਰਸਨਾ ਦੇ ਨਾਮ ਮਹਾਰਾਜ ਨੇ ਇਸ ਤਰ੍ਹਾਂ ਫੁਰਮਾਨ ਕੀਤਾ ਹੈ -

*ਪੂਰੇ ਗੁਰ ਕਾ ਸੁਨਿ ਉਪਦੇਸੁ ॥*
*ਪਾਰਬ੍ਰਹਮੁ ਨਿਕਟਿ ਕਰਿ ਪੇਖੁ ॥ ਅੰਗ- ੨੯੫*

ਪਹਿਲੀ ਤਾਂ ਗੱਲ ਇਹ ਹੈ ਕਿ ਵਾਹਿਗੁਰੂ ਨੂੰ ਐਉਂ ਸਮਝੋ ਕਿ ਮੇਰੇ ਨਾਲ ਹੈ, ਹਵਾ ਤੇ ਅਸਮਾਨ ਦਾ ਫਰਕ ਹੈ, ਇਹ ਨਿਰਜਿੰਦ ਚੀਜ਼ਾਂ ਨੇ, ਇਨ੍ਹਾਂ 'ਚ ਜਿੰਦ ਨਹੀਂ ਹੈ, ਸੋਝੀ ਨਹੀਂ ਹੈ, ਵਾਹਿਗੁਰੂ ਸਾਰਾ ਕੁਛ ਜਾਣਦਾ ਹੈ -

*ਘਟ ਘਟ ਕੇ ਅੰਤਰ ਕੀ ਜਾਨਤ॥*
*ਭਲੇ ਬੁਰੇ ਕੀ ਪੀਰ ਪਛਾਨਤ॥*

ਉਹਨੂੰ ਹਾਜ਼ਰ ਰੱਖ ਕੇ ਉਹਦੀ ਹਜ਼ੂਰੀ ਦੇ ਵਿੱਚ ਕਹੋ ਵਾਹਿਗੁਰੂ। ਜਦੋਂ ਨਾਮ ਜਪਦੇ ਹਾਂ ਇਹਦੇ 'ਚ ਭੇਤ ਨੇ ਸਾਧਸੰਗਤ ਜੀ! ਮੈਨੂੰ ਬਾਰ-ਬਾਰ ਪੁਛਦੇ ਨੇ ਆ ਕੇ, ਧਿਆਨ ਨਾਲ ਸੁਣਿਓ ਸਾਧਸੰਗਤ ਜੀ! ਐਨਿਆਂ ਨੂੰ ਮੈਂ ਨਹੀਂ ਦਸ ਸਕਦਾ। ਸੰਗਤ ਵਿੱਚ ਗੱਲ ਦੱਸ ਦੇਣੀ ਹੈ, ਆਪਣੀ-ਆਪਣੀ ਗੱਲ ਫੜ ਲਿਓ ਜਿਹਨੇ ਫੜਨੀ ਹੈ। ਪਹਿਲੀ ਗੱਲ ਤਾਂ ਮੈਨੂੰ ਪੁੱਛਦੇ ਨੇ ਕਿ ਅਸੀਂ ਬੀਮਾਰ ਹਾਂ, ਮੈਂ ਬੀਮਾਰ ਹਾਂ, ਮੇਰਾ ਕੰਮ ਨਹੀਂ ਚਲਦਾ, ਮੈਨੂੰ ਘਾਟਾ ਪੈਂਦਾ ਹੈ, ਮੇਰੇ ਤਾਂ ਕੰਨ ਥੱਕ ਜਾਂਦੇ ਨੇ ਸੁਣਕੇ। ਬਈ ਜੇ ਬੀਮਾਰ ਹੈਂ ਤਾਂ 25 ਪਾਠ 'ਜਪੁਜੀ ਸਾਹਿਬ' ਦੇ ਸ਼ੁੱਧ ਹੋ ਕੇ ਕਰ ਲਓ, ਰੋਜ਼। ਜਲ ਰੱਖ ਲਓ ਅੱਗੇ, ਅੰਮ੍ਰਿਤ ਬਣਾ ਲਓ।ਜਿਵੇਂ ਅੰਮ੍ਰਿਤ ਪੰਜ ਪਿਆਰੇ ਬਣਾਉਂਦੇ ਨੇ। ਹਰ ਪਾਠ ਤੋਂ ਬਾਅਦ ਕਿਰਪਾਨ ਭੇਟ ਕਰ ਲਓ। 'ਗੁਰੂ ਹਰਿ ਕ੍ਰਿਸ਼ਨ ਧਿਆਇਐ ਜਿਸੁ ਡਿਠੈ ਸਭੁ ਦੁਖ ਜਾਇ।' ਸ਼ਰਧਾ ਦੇ ਨਾਲ ਕਹੋ, ਜਦੋਂ 25 ਪਾਠ ਹੋਣ, ਉਹ ਜਲ ਪੀ ਲਓ ਕਿਉਂਕਿ ਬਾਣੀ ਦੋਵੇਂ ਚੀਜ਼ਾਂ ਨੇ, 'ਸਰਬ ਰੋਗ ਕਉ ਅਉਖਦੁ ਨਾਮ' ਸਾਰੀਆਂ ਬੀਮਾਰੀਆਂ ਦਾ ਇਲਾਜ ਬਾਣੀ ਹੈ, ਜੰਮਣ ਮਰਨ ਦਾ, ਜਮਾਂ ਦਾ ਇਲਾਜ ਵੀ, ਸਰੀਰਕ ਘਾਟਿਆਂ ਦਾ ਵੀ, ਸਰੀਰਕ ਬੀਮਾਰੀਆਂ ਦਾ ਇੱਕੋ ਹੀ ਇਲਾਜ ਹੈ 'ਨਾਮ'। ਇਹ ਕਰਕੇ ਜਲ ਪੀ ਲਿਆ ਕਰੋ, ਜਾਂ ਇੱਕ ਕੋਈ ਸ਼ਬਦ ਗੁਰੂ ਗ੍ਰੰਥ ਸਾਹਿਬ 'ਚੋਂ ਲੈ ਲਓ, 'ਬਿਲਾਵਲੁ ਰਾਗੁ ਦੇ ਵਿਚ' 'ਸੋਰਠਿ ਦੇ ਵਿਚ' ਹੈਗੇ, ਜਿੱਥੇ ਗੁਰੂ ਛੇਵੇਂ ਪਾਤਸ਼ਾਹ ਜਦੋਂ ਰਾਜ਼ੀ ਹੋਏ ਨੇ ਗੁਰੂ ਪੰਜਵੇਂ ਨੇ ਉਚਾਰਨ ਕਰੇ ਨੇ, ਉਨ੍ਹਾਂ ਨੂੰ ਨਿਹਚੇ ਦੇ ਨਾਲ ਪੜ੍ਹੋ, ਉਹ ਪੜ੍ਹ ਕੇ ਜਲ ਪੀਂਦੇ ਜਾਓ, ਰਾਜ਼ੀ ਹੋ ਜਾਓਗੇ। ਮੈਂ ਕੁਛ ਨਹੀਂ ਕਰਦਾ, ਨਾ ਆਪਣੀ ਕੋਈ ਸ਼ਕਤੀ ਦਿੰਦਾ, ਨਾ ਮੇਰੇ 'ਚ

ਹੈਗੀ। ਉਹ ਸਿਰਫ ਬਾਣੀ ਦੀ ਮਦਦ ਦੇ ਨਾਲ; ਕਿਉਂਕਿ ਮਨ ਤਕੜਾ ਹੋ ਜਾਵੇ ਰੋਗ ਹਟ ਜਾਂਦੇ ਨੇ। ਮਨ ਮਾੜਾ ਹੋ ਜਾਏ –

*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥*

*ਅੰਗ - ੧੩੫*

*ਖਸਮੁ ਵਿਸਾਰਿ ਕੀਏ ਰਸ ਭੋਗ ॥*
*ਤਾਂ ਤਨਿ ਉਠਿ ਖਲੋਏ ਰੋਗ ॥ ਅੰਗ- ੧੨੫੬*

ਪਹਿਲਾਂ ਹੀ ਧਿਆਨ ਦਿਆ ਕਰੋ ਕਿ ਰੱਬ ਨੂੰ ਭੁੱਲਦੇ ਹਾਂ, ਰੋਗੀ ਹੋ ਜਾਵਾਂਗੇ। ਰੋਗੀ ਹੋਵੋ ਹੀ ਨਾ। ਰੱਬ ਨੂੰ ਪਹਿਲਾਂ ਹੀ ਯਾਦ ਰੱਖ। ਰੋਗੀ ਓਹੀ ਹੁੰਦਾ ਹੈ ਜਿਹੜਾ ਪ੍ਰਮੇਸ਼ਰ ਨੂੰ ਭੁੱਲ ਜਾਵੇ। ਜਿਨ੍ਹਾਂ ਨੇ ਭੁਲਾ ਦਿੱਤਾ ਉਹ ਰੋਗੀਆਂ ਦੀ ਲਿਸਟ 'ਚ ਆ ਜਾਂਦਾ ਹੈ। ਕਿਉਂਕਿ ਉਹਦਾ ਪ੍ਰਮੇਸ਼ਰ ਨਾਲੋਂ connection ਟੁੱਟ ਗਿਆ। ਵਾਹਿਗੁਰੂ ਦੇ ਨਾਲ ਸਬੰਧ ਜੋੜ ਲਓ, ਰੋਗ ਨੱਠਣੇ ਸ਼ੁਰੂ ਹੋ ਜਾਣਗੇ, ਨਾ ਸਰੀਰਕ ਰਹੇ ਨਾ ਦੁਨਿਆਵੀ ਰਹੇ, ਨਾ ਆਰਥਿਕ ਰਹੇ, ਕੋਈ ਨਹੀਂ ਰਹਿੰਦਾ। ਸਭ ਹਟ ਜਾਂਦੇ ਹਨ। ਇੱਕ ਗੱਲ ਤਾਂ ਇਹ, ਦੂਸਰੀ ਮੈਂ ਦਸਦਾ ਹਾਂ ਮੈਨੂੰ ਪੁੱਛਦੇ ਨੇ ਕਿ ਬਾਣੀ 'ਚ ਮਨ ਨਹੀਂ ਲਗਦਾ। ਬਾਣੀ 'ਚ ਮਨ ਲਾਉਣ ਦਾ ਤਰੀਕਾ ਇਹ ਹੁੰਦਾ ਹੈ ਕਿ ਸ਼ਰਧਾ ਦੇ ਨਾਲ, ਐਉਂ ਸਮਝੋ ਕਿ ਅਸੀਂ ਹੁਣ ਗੁਰੂ ਨਾਨਕ ਸਾਹਿਬ ਨਾਲ ਗੱਲਾਂ ਕਰਨ ਲੱਗੇ ਹਾਂ। ਲਗਾਂ ਮਾਤਰਾਂ 'ਚ ਧਿਆਨ ਦਿਓ, ਦੇਖ ਕੇ ਪੜ੍ਹੋ ਜਿਹਦਾ ਮਨ ਨਹੀਂ ਲਗਦਾ, ਮਨ ਅੱਖਰਾਂ 'ਚ ਹੀ ਰਹਿ ਜਾਏਗਾ ਬਾਹਰ ਨਹੀਂ ਜਾਏਗਾ। ਫੇਰ ਜਦ ਪ੍ਰੈਕਟਿਸ ਹੋ ਜਾਵੇ ਫੇਰ ਅਰਥਾਂ 'ਚ ਧਿਆਨ ਦਿਓ। 'ਸੁਖਮਨੀ ਸਾਹਿਬ' ਪੜ੍ਹਦੇ ਓਂ, ਅਰਥ ਪੜ੍ਹੋ, ਮਸਤੀ ਚੜ੍ਹ ਜਾਂਦੀ ਹੈ ਆਦਮੀ ਨੂੰ। ਬਾਣੀ ਪੜ੍ਹੋ ਮਸਤੀ ਚੜ੍ਹ ਜਾਂਦੀ ਹੈ। ਉਸ ਤੋਂ ਬਾਅਦ ਫੇਰ ਭਾਵ ਵਿੱਚ ਬਾਣੀ ਪੜ੍ਹੋ, ਭਾਵ ਇਹ ਹੁੰਦਾ ਹੈ ਕਿ ਇੱਕ ਬੱਚਾ ਬਾਹਰ ਗਿਆ ਹੋਇਆ ਹੈ, ਕਿਉਂਕਿ ਬੱਚਾ ਹੀ ਜ਼ਿਆਦਾ ਪਿਆਰਾ ਹੁੰਦਾ ਹੈ, ਉਹਦੀ ਚਿੱਠੀ ਆ ਗਈ ਕਿ ਮੈਂ ਜੀ ਬਹੁਤ ਔਖਾ ਹਾਂ, ਨਾ ਰੋਟੀ ਨਾ ਪਾਣੀ, ਜਦੋਂ ਮਾਂ ਨੇ ਪੜ੍ਹਨੀ ਹੈ ਤਾਂ ਹੰਝੂ ਆਉਣੇ ਨੇ ਰੋਟੀ ਨਹੀਂ ਖਾਣੀ ਕਿ ਮੇਰੇ ਪੁੱਤਰ ਨੂੰ ਤਾਂ ਰੋਟੀ ਮਿਲਦੀ ਨਹੀਂ, ਮੈਂ ਕਿਉਂ ਖਾਵਾਂ, ਪਿਉ ਨੇ ਨਹੀਂ ਖਾਣੀ। ਇਹਨੂੰ ਭਾਵ ਕਹਿੰਦੇ ਨੇ, ਭਾਵਲੀਨ ਹੋ ਕੇ ਬਾਣੀ ਪੜ੍ਹੋ। ਜਿਹੜੇ ਭਾਵਲੀਨ ਹੋ ਕੇ ਬਾਣੀ ਪੜ੍ਹਦੇ ਨੇ ਜਿਵੇਂ ਸੰਤ ਅਵਤਾਰ ਸਿੰਘ ਜੀ ਧੂਲਕੋਟ ਵਾਲੇ ਕੀਰਤਨ ਕਰਦੇ ਨੇ, ਜਦੋਂ ਆਉਂਦਾ ਹੈ ਨਾ ਵੈਰਾਗ ਦਾ ਸ਼ਬਦ, ਨੇਤਰਾਂ 'ਚੋਂ ਫਟਾਫਟ ਜਲ ਚੱਲਣ ਲਗ ਜਾਂਦਾ ਹੈ ਕਿਉਂਕਿ ਭਾਵਲੀਨ ਹੋ ਜਾਂਦੇ ਨੇ। ਇਸੇ ਤਰ੍ਹਾਂ ਕਈ ਪਾਠੀ ਜਿਹੜੇ ਸ਼ੁੱਧ ਨਿਸ਼ਕਾਮ ਨੇ, ਜਦੋਂ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਦੇ ਨੇ ਤਾਂ ਨੇਤਰਾਂ 'ਚੋਂ ਜਲ ਚਲ ਪੈਂਦਾ ਹੈ।

ਸੋ ਚਾਰ ਤਰੀਕੇ ਨੇ ਬਾਣੀ ਪੜ੍ਹਨ ਦੇ। ਇਸ ਤੋਂ ਬਾਅਦ ਬਾਣੀ ਪ੍ਰੇਰਦੀ ਹੈ –

*ਪ੍ਰਭ ਕੈ ਸਿਮਰਨਿ ਗਰਭਿ ਨ ਬਸੈ ॥*
*ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ ॥*
*ਪ੍ਰਭ ਕੈ ਸਿਮਰਨਿ ਕਾਲੁ ਪਰਹਰੈ ॥*
*ਪ੍ਰਭ ਕੈ ਸਿਮਰਨਿ ਦੁਸਮਨੁ ਟਰੈ ॥*
*ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ ॥*
*ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ ॥*
*ਪ੍ਰਭ ਕੈ ਸਿਮਰਨਿ ਭਉ ਨ ਬਿਆਪੈ ॥*
*ਪ੍ਰਭ ਕੈ ਸਿਮਰਨਿ ਦੁਖੁ ਨ ਸੰਤਾਪੈ ॥*
*ਪ੍ਰਭ ਕਾ ਸਿਮਰਨੁ ਸਾਧ ਕੈ ਸੰਗਿ ॥*
*ਸਰਬ ਨਿਧਾਨ ਨਾਨਕ ਹਰਿ ਰੰਗਿ॥*

*ਅੰਗ - ੨੬੨*

ਨਾਮ ਵਲ ਪ੍ਰੇਰਦੀ ਹੈ। ਪੰਜ ਪਿਆਰਿਆਂ ਤੋਂ 'ਵਾਹਿਗੁਰੂ' ਨਾਮ ਸਭ ਨੇ ਲਿਆ ਹੋਇਆ ਹੈ ਅੰਮ੍ਰਿਤਧਾਰੀਆਂ ਨੇ, ਫੇਰ 'ਵਾਹਿਗੁਰੂ' ਦਾ ਜਾਪ ਕਰੋ, ਰਸਨਾ ਦੇ ਨਾਲ ਵਾਹਿਗੁਰੁ-ਵਾਹਿਗੁਰੂ ਕਰੀ ਜਾਓ, ਹਟੋ ਨਾ। ਇਹਦੇ 'ਚ ਕਿਹੜੀ ਜੁਗਤੀ ਹੈ ਤੂੰ ਕਰੀ ਜਾਹ। ਨਾਮ ਨੇ ਆਪੇ ਹੀ ਦਸਣਾ ਹੈ ਤਰੀਕਾ। ਜਦੋਂ ਅਸੀਂ ਕਰਦੇ ਹਾਂ, ਬਾਰ-ਬਾਰ ਕਰਦੇ ਹਾਂ, ਇਹ ਨਾਮ ਸਾਡਾ ਰਸਨਾ 'ਤੇ ਚਲਿਆ ਜਾਂਦਾ ਹੈ, ਫੇਰ ਦਸ ਗੁਣਾਂ ਫਲ ਵਧ ਜਾਂਦਾ ਹੈ, ਦਸ ਵਾਰ ਬਾਹਰ ਬੋਲ ਕੇ, ਇਕ ਵਾਰੀ ਰਸਨਾ ਨਾਲ ਕਰ ਲਓ ਬਰਾਬਰ ਹੋ ਜਾਂਦਾ ਹੈ। ਇਹ ਕਰਦੇ-ਕਰਦੇ ਨਾਮ ਕੰਠ 'ਤੇ ਚਲਿਆ ਜਾਂਦਾ ਹੈ, ਫਲ ਹੋਰ ਵਧ ਜਾਂਦਾ ਹੈ। ਕੰਠ ਆਪੇ ਹੀ ਹਿਲੀ ਜਾਂਦਾ ਹੈ। ਆਪਣੇ ਆਪ ਹੀ ਹਰਕਤ 'ਚ ਆਈ ਜਾਏਗਾ, ਇਥੋਂ ਫੇਰ ਹਿਰਦੇ 'ਚ ਚਲਿਆ ਜਾਂਦਾ ਹੈ, ਖਿੱਚ ਪੈਂਦੀ ਹੈ ਨਾਮ ਦੇ ਨਾਲ, ਹਉਕਾ ਆਉਂਦਾ ਹੈ ਨਾਲ ਦੀ ਨਾਲ; ਭਰਿਆ ਹੋਇਆ ਆਉਂਦਾ ਹੈ, ਸਰੀਰ ਐਉਂ ਲਗਦਾ ਹੈ ਜਿਵੇਂ ਕਿਸੇ ਨੇ ਟੀਕਾ ਲਾ ਦਿੱਤਾ ਹੁੰਦਾ ਹੈ, ਅਨੰਦ ਹੀ ਅਨੰਦ ਹੋ ਜਾਂਦਾ ਹੈ। ਇਸ ਤੋਂ ਬਾਅਦ ਨਾਭੀ 'ਚ ਗਹਿਰੀ ਚੁੱਪ ਦਾ 'ਨਾਮ' ਹੁੰਦਾ ਹੈ, ਜਿੱਥੇ ਕੋਈ ਫੁਰਨਾ ਨਹੀਂ ਹੁੰਦਾ। ਨਾਮ ਦੀ ਧੁਨ ਸੁਣਦੀ ਹੈ, ਉਥੋਂ ਸੁਰਤੀ ਉਠ ਕੇ ਆਗਿਆ ਚੱਕਰ 'ਚ ਚਲੀ ਜਾਂਦੀ ਹੈ। ਸੋ ਮਹਾਰਾਜ ਕਹਿੰਦੇ ਭਾਈ, ਪਹਿਲਾਂ ਤੁਸੀਂ –

*ਪੂਰੇ ਗੁਰ ਕਾ ਸੁਨਿ ਉਪਦੇਸੁ ॥*
*ਪਾਰਬ੍ਰਹਮੁ ਨਿਕਟਿ ਕਰਿ ਪੇਖੁ ॥*
*ਸਾਸਿ ਸਾਸਿ ਸਿਮਰਹੁ ਗੋਬਿੰਦ ॥*
*ਮਨ ਅੰਤਰ ਕੀ ਉਤਰੈ ਚਿੰਦ ॥*

*ਅੰਗ - ੨੯੫*

ਫੇਰ ਆਗਿਆ ਚੱਕਰ 'ਚ ਚਲਿਆ ਜਾਂਦਾ ਹੈ ਜਿੱਥੇ ਜੀਵ ਆਤਮਾ ਨਿਵਾਸ ਕਰਦੀ ਹੈ, ਜਿੱਥੇ consciousness body ਦੀ store ਹੋ ਕੇ ਇੱਥੇ ਰਹਿੰਦੀ ਹੈ, ਦੋਵੇਂ ਅੱਖਾਂ ਤੇ ਨੱਕ ਦੀ ਜੜ੍ਹ 'ਚ। ਇੱਥੇ ਧਿਆਨ ਦੇ ਵਿੱਚ ਆਉਣਾ ਪੈਂਦਾ ਹੈ, ਨਾਮ ਵੀ ਨਾਲ ਹੈ ਤੇ ਧਿਆਨ ਵੀ ਨਾਲ ਹੈ ਦੋਵੇਂ ਕੰਮ ਕਰਨੇ ਪੈਂਦੇ ਨੇ। ਉਹ ਧਿਆਨ ਦੇ ਬਾਰੇ ਗੁਰੂ ਮਹਾਰਾਜ ਨੇ ਇਸ ਤਰ੍ਹਾਂ ਫੁਰਮਾਨ ਕਰਿਆ ਹੈ –

*ਧਾਰਨਾ - ਧਰੀਏ ਮਨ ਵਿਚ ਧਿਆਨ*
*ਗੁਰਾਂ ਦੀ ਮੂਰਤ ਦਾ।*

***ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥***
***ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥***
***ਅੰਗ - ੮੬੪***

ਗੁਰੂ ਦੀ ਮੂਰਤੀ ਦਾ ਧਿਆਨ ਧਰੋ। ਗੁਰੂ ਦੀ ਮੂਰਤੀ ਕਈ ਕਿਸਮ ਦੀ ਹੈ ਸਾਧਸੰਗਤ ਜੀ! ਇੱਥੇ ਸ਼ੰਕਾਵਾਦੀ ਸ਼ੰਕਾ ਕਰਦਾ ਹੈ ਕਿ ਇਹ ਤਾਂ ਫੇਰ ਬੁੱਤ ਪ੍ਰਸਤੀ ਹੋ ਗਈ। ਬੁੱਤਾਂ ਨੂੰ ਤਾਂ ਅਸੀਂ ਹਰ ਵਕਤ ਪੂਜਦੇ ਹਾਂ, ਇਸਤਰੀ ਦਾ ਧਿਆਨ ਮਨ 'ਚ ਹੈ, ਬੱਚੇ ਦਾ ਧਿਆਨ ਮਨ 'ਚ ਹੈ, ਕਪੜੇ-ਲੀੜੇ ਕੋਠੀਆਂ ਦਾ ਧਿਆਨ ਮਨ ਵਿੱਚ ਹੈ, ਹੋਰ ਕਾਰੋਬਾਰ ਫੈਲਿਆ ਹੋਇਆ ਹੈ ਸਾਰੇ ਦਾ ਧਿਆਨ ਮਨ ਵਿੱਚ ਹੈ, ਜੇ ਧਿਆਨ ਨਾ ਹੋਵੇ ਤਾਂ ਕਾਰੋਬਾਰ ਕਿਵੇਂ ਹੋਵੇ। ਲਿਖਣ ਵਾਲੇ ਦਾ ਲਿਖਣ ਵਿੱਚ ਧਿਆਨ ਹੈ, ਪੜ੍ਹਨ ਵਾਲੇ ਦਾ ਪੜ੍ਹਨ ਵਿੱਚ ਧਿਆਨ ਹੈ। ਧਿਆਨ ਨੇ ਤਾਂ ਕਿਤੇ ਨਾ ਕਿਤੇ ਲਗਣਾ ਹੀ ਹੈ ਸੋ ਸਾਰਿਆਂ ਨਾਲੋਂ ਸ੍ਰੇਸ਼ਟ ਧਿਆਨ ਗੁਰੂ ਦੀ ਮੂਰਤ ਹੁੰਦੀ ਹੈ। ਗੁਰੂ ਕੋਈ ਸੁੰਨ ਮੁੰਨ ਨਹੀਂ ਹੈ ਕਿ ਧਿਆਨ ਕਰਿਆ ਕਿ ਉਹਨੂੰ ਪਤਾ ਨਹੀਂ, ਗੁਰੂ ਨੂੰ ਵੀ ਪਤਾ ਹੁੰਦਾ ਹੈ।

ਗੁਰੂ ਸਤਵੇਂ ਪਾਤਸ਼ਾਹ ਮਹਾਰਾਜ ਅੱਜ ਅੰਮ੍ਰਿਤ ਵੇਲੇ ਉੱਠ ਕੇ ਸੰਗਤ 'ਚ ਬੈਠੇ ਨੇ, ਦੂਰ ਤਕ ਦੀਵਾਨ ਭਰਿਆ ਹੋਇਆ ਹੈ ਤੇ ਅਰਦਾਸ ਹੋਈ ਕਿ ਸੱਚੇ ਪਾਤਸ਼ਾਹ! ਲੰਗਰ ਦੇ ਵਿਚ ਚਲੋ, ਲੰਗਰ ਛਕੋ। ਮਹਾਰਾਜ ਜੀ ਬੋਲੇ ਨਹੀਂ, ਉਵੇਂ ਜਿਵੇਂ ਬੈਠੇ ਨੇ। ਇਸੇ ਤਰ੍ਹਾਂ ਬਾਰ੍ਹਾਂ ਵਜ ਗਏ, ਦੋ ਵਜ ਗਏ, ਚਾਰ ਵੱਜ ਗਏ; ਚਾਰ ਵਜੇ ਮਹਾਰਾਜ ਜੀ ਨੇ ਕਿਹਾ ਧੰਨ ਗੁਰਸਿੱਖੀ-ਧੰਨ ਗੁਰਸਿੱਖੀ। ਸਿੱਖਾਂ ਨੇ ਪੁੱਛਿਆ, ਸੱਚੇ ਪਾਤਸ਼ਾਹ! ਅੱਜ ਕੀ ਕੌਤਕ ਵਰਤਾਇਆ ਆਪ ਨੇ? ਕਹਿਣ ਲੱਗੇ ਕਾਬਲ ਦੇ ਵਿੱਚ ਗੋਂਦਾ ਨਾਮ ਦਾ ਸਿੱਖ ਰਹਿੰਦਾ ਹੈ ਸਾਡਾ, ਧਿਆਨ ਵਿੱਚ ਬੈਠਦੇ ਨੇ ਹੀ ਉਹਨੇ ਸਾਡੇ ਦੋਨੋਂ ਚਰਨ ਫੜ ਲਏ ਤੇ ਉਹਨੇ ਹੁਣ ਤਕ ਛੱਡੇ ਹੀ ਨਹੀਂ ਹਨ ਹੁਣ ਦੱਸੋ ਅਸੀਂ ਓਨੀਂ ਦੇਰ ਲੰਗਰ 'ਚ ਕਿਵੇਂ ਜਾ ਸਕਦੇ ਸੀ।

ਤਿੰਨ ਕਿਸਮ ਦਾ ਧਿਆਨ ਹੁੰਦਾ ਹੈ ਇੱਕ ਨੂੰ ਪ੍ਰਤੀਕ ਧਿਆਨ ਕਹਿੰਦੇ, ਇੱਕ ਨੂੰ ਸੰਪਤ ਧਿਆਨ ਕਹਿੰਦੇ ਨੇ, ਇੱਕ ਨੂੰ ਅਹੰਗ੍ਰਹਿ ਧਿਆਨ ਕਹਿੰਦੇ ਨੇ। ਧਿਆਨ ਨਾਲ ਗੱਲ ਸਮਝ ਲਿਓ, ਜਿਨ੍ਹਾਂ ਨੇ ਨਾਮ ਜਪਣਾ ਹੈ। ਆਪਣੀ-ਆਪਣੀ ਅਵਸਥਾ ਵਿੱਚ ਖੜ੍ਹ ਜਾਓ ਜਿੱਥੇ ਕੁ ਕੋਈ ਚਲਿਆ ਹੋਇਆ ਹੈ। ਪ੍ਰਤੀਕ ਧਿਆਨ ਇਹ ਹੁੰਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਨੂੰ ਸਾਖਸ਼ਾਤ ਪ੍ਰਮੇਸ਼ਰ ਦਾ ਰੂਪ ਜਾਣ ਕੇ ਸੇਵਾ ਕਰਨੀ। ਸ਼ਬਦ ਦਾ ਧਿਆਨ ਧਰਨਾ, ਅੱਖਰਾਂ ਦਾ ਧਿਆਨ ਨਹੀਂ। ਸ਼ਬਦ ਕਹਿੰਦੇ ਨੇ ਅਵਾਜ਼ ਨੂੰ, ਸ਼ਬਦ ਪੰਜ ਪਿਆਰਿਆਂ ਨੇ ਦੱਸਿਆ ਹੋਇਆ ਹੈ-

ਵਾ..........ਹਿ..........ਗੁ.........ਰੂ
ਵਾ..........ਹਿ..........ਗੁ.........ਰੂ
ਵਾ..........ਹਿ..........ਗੁ.........ਰੂ
ਵਾ..........ਹਿ..........ਗੁ.........ਰੂ

ਇਹਨੂੰ ਸ਼ਬਦ ਕਹਿੰਦੇ ਨੇ, ਆਹ ਜਿਹੜੀ ਅਵਾਜ਼ ਹੈ ਨਾ ਇਹਦਾ ਧਿਆਨ ਧਰਨਾ ਹੈ, ਇਹ ਸ਼ਬਦ ਧਿਆਨ ਕਹਾਇਆ ਕਰਦਾ ਹੈ, ਇਹੀ ਪ੍ਰਵਾਨ ਹੈ ਗੁਰਮਤਿ ਦੇ ਅੰਦਰ। ਕਿਉਂਕਿ ਇਹ ਉਥੇ ਤਕ ਜਾਂਦਾ ਹੈ, ਦਿਬਯ ਗੁਰੂ ਹੈ ਨਾ ਜਿਹੜਾ ਇਹ ਦਿਬਯ ਸਰੂਪ ਧਾਰਨ ਕਰਦਾ ਹੈ, ਜਦੋਂ ਧਿਆਨ ਧਰਦਾ ਹੈ ਕੋਈ। ਗੁਰੂ ਨਾਨਕ ਸਾਹਿਬ ਦਾ ਧਿਆਨ ਧਰਦੇ ਹਾਂ, ਹੌਲੀ-ਹੌਲੀ ਗੁਰੂ ਨਾਨਕ ਸਾਹਿਬ ਦਾ ਧਿਆਨ ਸਾਕਾਰ ਹੋਣਾ ਸ਼ੁਰੂ ਹੋ ਜਾਂਦਾ ਹੈ, ਲਾਈਟ ਬਣ ਜਾਂਦੀ ਹੈ ਉਹਦੀ, ਪ੍ਰਕਾਸ਼ ਆ ਜਾਂਦਾ ਹੈ। ਆਰ ਪਾਰ ਸਾਰਾ ਹੀ ਦਿਸਦਾ, ਵਿੱਚ ਲਾਈਟ ਦਿਸਦੀ ਹੈ ਗੁਰੂ ਨਾਨਕ ਸਾਹਿਬ ਦੀ ਬਣੀ ਹੋਈ। ਆਪ ਉਹਦੇ ਵਿੱਚ ਸਮਾਅ ਜਾਂਦਾ ਹੈ, ਜਿਸ ਦਿਨ ਆਪ ਸਮਾਅ ਜਾਵੇ, ਉਸ ਦਿਨ ਤ੍ਰਿਕੁਟੀ ਟੁੱਟਦੀ ਹੈ, ਧਿਆਤਾ, ਧਿਆਨ, ਧੇਅ ਦੀ ਉਸ ਤੋਂ ਪਹਿਲਾਂ ਨਹੀਂ ਟੁੱਟਿਆ ਕਰਦੀ। ਸੋ ਮਹਾਰਾਜ ਕਹਿੰਦੇ-

***ਸਤਿਗੁਰ ਕੀ ਮੂਰਤਿ ਹਿਰਦੈ ਵਸਾਏ ॥***
***ਜੋ ਇਛੈ ਸੋਈ ਫਲੁ ਪਾਏ ॥ ਅੰਗ - ੬੬੧***

ਦੂਸਰਾ ਹੋਇਆ ਕਰਦਾ ਹੈ ਸੰਪਤ ਧਿਆਨ, ਉਹ ਹੋਇਆ ਕਰਦਾ ਹੈ ਆਪਣੇ ਗੁਰੂ ਨੂੰ ਵਾਹਿਗੁਰੂ ਸਮਝਣਾ, ਘੱਟ ਨਹੀਂ ਸਮਝਣਾ ਵਾਹਿਗੁਰੂ। ਜਦੋਂ ਗੁਰੂ ਮਹਾਰਾਜ ਨੇ ਪੁਛਿਆ ਸਾਰਿਆਂ ਤੋਂ, ਭਾਈ ਬਾਲਾ! ਤੁਸੀਂ ਗੁਰੂ ਨਾਨਕ ਪਾਤਸ਼ਾਹ ਦੇ ਨਾਲ ਰਹੇ ਹੋ, ਤੁਸੀਂ ਗੁਰੂ ਨਾਨਕ ਨੂੰ ਕੀ ਸਮਝਦੇ ਰਹੇ? ਕਹਿਣ ਲੱਗੇ, ਸੱਚੇ ਪਾਤਸ਼ਾਹ! ਗੁਰੂ ਨਾਨਕ ਤਾਂ ਪੂਰਨ ਸੰਤ ਸੀ। ਕਹਿੰਦੇ ਤੂੰ ਸੰਤ ਹੋਇਆ ਭਾਈ। ਬਾਬਾ ਬੁੱਢਾ ਜੀ ਨੂੰ ਪੁਛਿਆ ਕਿ ਤੁਸੀਂ ਗੁਰੂ ਨਾਨਕ ਨੂੰ ਕੀ ਸਮਝਦੇ ਰਹੇ? ਕਹਿੰਦੇ, ਮਹਾਰਾਜ! ਉਹ ਤਾਂ ਪੂਰਨ ਬ੍ਰਹਮਗਿਆਨੀ ਸੀ। ਕਹਿੰਦੇ ਤੁਸੀਂ ਬ੍ਰਹਮਗਿਆਨੀ ਹੋਏ। ਸਾਰਿਆਂ ਨੂੰ ਪੁਛਿਆ, ਜਦੋਂ ਗੁਰੂ ਮਹਾਰਾਜ ਨੂੰ ਪੁਛਿਆ ਸਿੱਖਾਂ ਨੇ ਕਿ ਆਪ ਗੁਰੂ ਨਾਨਕ ਪਾਤਸ਼ਾਹ ਨੂੰ ਕੀ ਸਮਝਦੇ ਰਹੇ ਪਾਤਸ਼ਾਹ। ਆਪ ਇੱਕ ਦਮ ਗੰਭੀਰ ਹੋ ਗਏ, ਕਹਿਣ ਲੱਗੇ ਪ੍ਰੇਮੀਓ! ਉਹ ਤਾਂ ਕਰੋੜਾਂ ਬ੍ਰਹਿਮੰਡਾਂ ਦਾ ਮਾਲਕ ਗੁਰੂ ਨਾਨਕ ਆਪ-

***ਆਪਿ ਨਰਾਇਣੁ ਕਲਾ ਧਾਰਿ***
***ਜਗ ਮਹਿ ਪਰਵਰਿਯਉ ॥ ਅੰਗ - ੧੩੯੫***

ਉਹ ਤਾਂ ਆਪ ਪ੍ਰਮੇਸ਼ਰ ਸੀਗੇ। ਸਾਰੇ ਕਹਿਣ ਲੱਗੇ, ਪਾਤਸ਼ਾਹ! ਤੁਸੀਂ ਤਾਂ ਹੀ ਪ੍ਰਮੇਸ਼ਰ ਬਣ ਗਏ। ਸਾਡੀ ਨੇਸ਼ਟਾ ਘੱਟ ਸੀ। ਚਾਰ ਨੇਸ਼ਟਾ ਹੁੰਦੀਆਂ ਨੇ।

ਮੇਰਾ ਗੁਰੂ ਜਿਹੜਾ ਹੈ ਉਹ ਬਹੁਤ ਚੰਗਾ ਸੰਤ ਹੈ।

ਦੂਸਰੀ ਹੁੰਦੀ ਹੈ ਮੇਰਾ ਗੁਰੂ ਸਾਰੇ ਸੰਤਾਂ ਨਾਲੋਂ ਚੰਗਾ ਸੰਤ ਹੈ।

ਤੀਸਰੀ ਹੁੰਦੀ ਹੈ ਕਿ ਮੇਰਾ ਗੁਰੂ ਜਿਹੜਾ ਹੈ ਉਹ ਤਾਂ ਰੱਬ ਵਰਗਾ ਹੈ।

ਚੌਥੀ ਨੇਸ਼ਟਾ ਹੁੰਦੀ ਹੈ ਕਿ ਮੇਰਾ ਗੁਰੂ ਤਾਂ ਆਪ ਹੀ ਪ੍ਰਮੇਸ਼ਰ ਆਇਆ ਹੋਇਆ ਹੈ। ਜਿਹੋ ਜਿਹੀ ਨੇਸ਼ਟਾ ਕਰੇਗਾ ਉਹੋ ਜਿਹਾ ਫਲ ਹੋਏਗਾ।

ਸੋ ਆਗਿਆ ਚੱਕਰ 'ਚ ਜਦੋਂ ਬਿਰਤੀ ਪਹੁੰਚਦੀ

ਹੈ, ਉਥੇ ਅਸੀਂ ਧਿਆਨ ਧਰਦੇ ਹਾਂ। ਧਿਆਨ ਧਰਦੇ-ਧਰਦੇ ਜਦੋਂ ਤ੍ਰਿਕੁਟੀ ਟੁੱਟ ਜਾਂਦੀ ਹੈ ਪਹਿਲੀ, ਧਿਆਤਾ, ਧਿਆਨ, ਧੇਅ ਦੀ। ਫੇਰ ਇਹ ਨਾਮ ਸਾਰੇ ਸਰੀਰ 'ਚ ਰਚਣਾ ਸ਼ੁਰੂ ਹੋ ਜਾਂਦਾ ਹੈ। ਆਹ ਸਰੀਰ ਦੇ ਵਿੱਚ ਸਾਡੇ ਤਿੰਨ ਕਰੋੜ ਰੋਮ ਨੇ, ਨਾਮ ਐਨਾ ਰਚਦਾ ਹੈ, ਸਾਰੇ ਸਰੀਰ ਦੇ ਅੰਦਰ ਝਰਨਾਟਾਂ ਹੋਣੀਆਂ ਸ਼ੁਰੂ ਹੋ ਜਾਂਦੀਆਂ ਨੇ ਤੇ ਰੋਮ-ਰੋਮ ਦੇ ਵਿਚੋਂ ਨਾਮ ਦੀ ਧੁਨੀ ਨਿਕਲਦੀ ਹੈ। ਇੱਕ ਵਾਰੀ ਵਾਹਿਗੁਰੂ ਕਹੋ ਬੈਖਰੀ ਨਾਲ, ਇੱਥੇ ਸਾਢੇ ਤਿੰਨ ਕਰੋੜ ਵਾਰੀ ਆਪੇ ਹੀ ਕਹਿ ਹੋ ਜਾਂਦਾ ਹੈ। ਇਸ ਅਵਸਥਾ ਨੂੰ ਗੁਰੂ ਮਹਾਰਾਜ ਨੇ ਇਸ ਤਰ੍ਹਾਂ ਫੁਰਮਾਨ ਕਰਿਆ ਹੈ -

*ਧਾਰਨਾ - ਰੋਮ ਰੋਮ ਹਰਿ ਧਿਆਵੇ*
*ਗੁਰਮੁਖ ਪਿਆਰੇ ਦਾ।*
*ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥*
*ਨਾਨਕ ਗੁਰਮੁਖਿ ਸਾਚਿ ਸਮਾਵੈ ॥ ਅੰਗ-੯੪੧*

ਇੱਕ ਵਾਰੀ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ) ਇੱਥੇ ਚੰਡੀਗੜ੍ਹ ਆਏ ਹੋਏ ਸੀ, ਇੱਥੇ ਸੇਵਾ ਕਰ ਰਹੇ ਸੀ ਜਥੇਦਾਰ ਮਹਿੰਦਰ ਸਿੰਘ ਓਨੀਂ, ਹੋਰ ਸਾਰੇ ਪ੍ਰੇਮੀ। ਸਾਡਾ ਛੋਟਾ ਕਾਕਾ (ਨ੍ਰਿਪਜੀਤ) ਨਾਲ ਲੰਘ ਗਿਆ ਮੇਰੇ, ਉਥੇ ਜਾ ਕੇ ਉਹਨੇ ਚਰਨਾਂ ਨਾਲ ਮੱਥਾ ਲਾ ਦਿੱਤਾ। ਇੱਕ ਚਰਨ ਨੂੰ ਲਾ ਕੇ, ਫੇਰ ਦੂਜੇ ਨੂੰ ਲਾਇਆ, ਫੇਰ ਪਹਿਲੇ ਨੂੰ ਲਾ ਦਿੱਤਾ, ਮਹਾਰਾਜ ਜੀ ਉਠ ਕੇ ਬੈਠ ਗਏ ਕਹਿੰਦੇ ਕੀ ਕਰੀ ਜਾਨੈ।ਛੋਟਾ ਸੀਗਾ ਅਜੇ ਬਹੁਤਾ ਸੁਰਤ ਵਾਲਾ ਨਹੀਂ ਸੀ। ਬਾਹਰ ਆ ਗਿਆ, ਆ ਕੇ ਆਪਣੀ ਬੀਬੀ ਨੂੰ ਕਹਿੰਦਾ, ਬੀਜੀ! ਮੈਂ ਤਾਂ ਹੈਰਾਨ ਹੋ ਗਿਆ। ਇਹ ਕਹਿੰਦੇ, ਕੀ ਹੋ ਗਿਆ? ਕਹਿੰਦਾ, ਜਦ ਮੇਰਾ ਮੱਥਾ ਲੱਗਿਆ ਨਾ ਮਹਾਰਾਜ ਜੀ ਦੇ ਚਰਨਾਂ ਨਾਲ, ਮੇਰੇ ਅੰਦਰ ਵਾਹਿਗੁਰੂ-ਵਾਹਿਗੁਰੂ ਹੋਵੇ; ਆਵਾਜ਼ ਆਵੇ ਵਾਹਿਗੁਰੂ-ਵਾਹਿਗੁਰੂ ਦੀ। ਦੂਜੇ 'ਤੇ ਲਾਇਆ ਓਧਰੋਂ ਵੀ ਵਾਹਿਗੁਰੂ-ਵਾਹਿਗੁਰੂ ਦੀ ਆਵਾਜ਼ ਆਵੇ, ਫੇਰ ਲਾਇਆ ਫੇਰ ਵਾਹਿਗੁਰੂ-ਵਾਹਿਗੁਰੂ। ਕਿਉਂਕਿ ਸਾਰਾ ਸਰੀਰ ਨਾਮ ਦੇ ਵਿੱਚ ਰਚ ਜਾਂਦਾ ਹੈ, ਇਸੇ ਕਰਕੇ ਸੰਤਾਂ ਦਾ ਜਿੱਥੇ ਚਰਨ ਲਗ ਜਾਵੇ, ਉਹ ਥਾਂ ਪਵਿੱਤਰ ਹੋ ਜਾਂਦਾ ਹੈ, ਕਿਉਂਕਿ ਨਾਮ ਸ਼ਕਤੀ ਸਾਰੇ ਸਰੀਰ 'ਚ ਪ੍ਰਵੇਸ਼ ਕਰ ਜਾਂਦੀ ਹੈ। ਸੋ ਇੱਥੋਂ ਜਦ ਬਿਰਤੀ ਬਹੁਤ ਟਿਕ ਜਾਂਦੀ ਹੈ ਫੇਰ ਬਾਹਰਲੀਆਂ ਆਵਾਜ਼ਾਂ ਸਾਰੀਆਂ ਹੀ ਨਾਮ ਬਣ ਜਾਂਦੀਆਂ ਨੇ।

*ਧਾਰਨਾ - ਨਾਮ ਹਰੀ ਦਾ ਜਪਦੇ*
*ਸਾਰੇ ਬਣਾਂ ਦੇ ਪੰਖੇਰੂ।*
*ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ*
*ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥*
*ਅੰਗ - ੧੨੬੫*
*ਹਰਹਟ ਭੀ ਤੂੰ ਤੂੰ ਕਰਹਿ*
*ਬੋਲਹਿ ਭਲੀ ਬਾਣਿ ॥ ਅੰਗ - ੧੪੨੦*

ਸਾਰੀ ਆਵਾਜ਼ ਬ੍ਰਹਮ ਆਵਾਜ਼ ਹੋ ਜਾਇਆ ਕਰਦੀ ਹੈ। ਇੱਕ ਧੁਨੀ ਲਗਾਤਾਰ ਨਾਮ ਦੀ, ਉਨ੍ਹਾਂ ਦੇ ਅੰਦਰ ਵੀ ਨਾਮ ਹੈ ਸਾਧਸੰਗਤ ਜੀ! -

*ਨਾਮ ਕੇ ਧਾਰੇ ਸਗਲੇ ਜੰਤ ॥*
*ਨਾਮ ਕੇ ਧਾਰੇ ਖੰਡ ਬ੍ਰਹਮੰਡ ॥ ਅੰਗ - ੨੮੪*

ਸਾਰਿਆਂ ਦੇ ਨਾਲ ਧੁਨੀ ਸਾਂਝੀ ਹੋ ਜਾਂਦੀ ਹੈ, ਜਦੋਂ ਇਹ ਅਵਸਥਾ ਆਉਂਦੀ ਹੈ ਫੇਰ ਕੁਦਰਤ ਦੇ ਅੰਦਰ ਹਵਾ ਵੀ ਨਾਮ ਜਪਦੀ, ਅੱਗ ਵੀ ਨਾਮ ਜਪਦੀ, ਪਉਣ ਵੀ, ਪਾਣੀ ਵੀ, ਧਰਤੀ ਵੀ ਸਭ ਚੀਜ਼ਾਂ ਨਾਮ ਜਪਦੀਆਂ ਨਜ਼ਰ ਆਉਂਦੀਆਂ ਨੇ -

*ਧਾਰਨਾ - ਨਾਮ ਹਰੀ ਦਾ ਜਪਦਾ,*
*ਕਣ ਕਣ ਕੁਦਰਤ ਦਾ।*
*ਸਤਿਨਾਮ ਵਾਹਿਗੁਰੂ,*
*ਅਕਾਲ ਪੁਰਖ ਤੂੰ ਹੀ ਹੈਂ*
*ਨਾਨਕ ਭਜੁ ਹਰਿ ਸਰਣਾਗਤੀ ਮੇਰੀ ਜਿੰਦੁੜੀਏ*
*ਵਡਭਾਗੀ ਨਾਮੁ ਧਿਆਵੈ ਰਾਮ ॥ ਅੰਗ - ੫੩੮*
*ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ*
*ਸਭ ਹਰਿ ਹਰਿ ਨਾਮੁ ਧਿਆਵੈ ਰਾਮ ॥*
*ਪਉਣੁ ਪਾਣੀ ਬੈਸੰਤਰੋ ਮੇਰੀ ਜਿੰਦੁੜੀਏ*
*ਨਿਤ ਹਰਿ ਹਰਿ ਹਰਿ ਜਸੁ ਗਾਵੈ ਰਾਮ ॥*
*ਵਣੁ ਤ੍ਰਿਣੁ ਸਭੁ ਆਕਾਰੁ ਹੈ ਮੇਰੀ ਜਿੰਦੁੜੀਏ*
*ਮੁਖਿ ਹਰਿ ਹਰਿ ਨਾਮੁ ਧਿਆਵੈ ਰਾਮ ॥*
*ਨਾਨਕ ਤੇ ਹਰਿ ਦਰਿ ਪੈਨ੍ਹਾਇਆ ਮੇਰੀ ਜਿੰਦੁੜੀਏ*
*ਜੋ ਗੁਰਮੁਖਿ ਭਗਤਿ ਮਨੁ ਲਾਵੈ ਰਾਮ ॥*
*ਅੰਗ - ੫੪੦*

ਸੋ ਨਾਮ ਐਨਾ ਪ੍ਰਵੇਸ਼ ਕਰ ਜਾਂਦਾ ਹੈ ਕਿ ਨਾਮ ਤੋਂ ਬਿਨਾਂ ਕੁਛ ਸੁਣਦਾ ਹੀ ਨਹੀਂ ਕਿਉਂਕਿ ਨਾਮ ਸ਼ਬਦ ਦੇ ਨਾਲ ਮਿਲ ਜਾਂਦਾ ਹੈ, ਸ਼ਬਦ ਹਰ ਵਕਤ ਬੋਲਦਾ ਹੈ, ਸਭ ਦੇ ਅੰਦਰ ਬੋਲਦਾ ਹੈ। ਆਗਿਆ ਚੱਕਰ ਦੇ ਅੰਦਰ ਪੰਜ ਸ਼ਬਦ ਆਉਣੇ ਸ਼ੁਰੂ ਹੋ ਜਾਂਦੇ ਨੇ। ਲਾਈਟਾਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਨੇ, ਉਹ ਸ਼ਬਦ ਬਦਲਦੇ-ਬਦਲਦੇ, ਨਾਮ ਜਿਹੜਾ ਅਸਲੀ ਸ਼ਬਦ ਹੈ, ਜੋ ਸਾਰੇ ਪ੍ਰੀਪੂਰਨ ਹੈ ਉਹਦੇ ਵਿੱਚ ਸੁਰਤੀ ਲੈ ਜਾਂਦਾ ਹੈ, ਜਦੋਂ ਉਥੇ ਪਹੁੰਚਦੀ ਹੈ ਤਾਂ ਉਥੇ ਫੇਰ ਮਹਾਰਾਜ ਜੀ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਦਸਵੇਂ ਵਾਸਾ ਪਾਇਆ ਜੀ,*
*ਅਨਹਦ ਸ਼ਬਦ ਵਜੇ ਦਿਨ ਰਾਤੀ।*
*ਨਉ ਦਰ ਠਾਕੇ ਧਾਵਤੁ ਰਹਾਏ ॥*
*ਦਸਵੈ ਨਿਜ ਘਰਿ ਵਾਸਾ ਪਾਏ ॥ ਅੰਗ-੧੨੪*

ਕਿਉਂਕਿ ਨੌਆਂ ਦਰਾਂ ਨੂੰ ਠਾਕ ਦਿੱਤਾ ਮੰਤਰ ਪੜ੍ਹ ਕੇ ਵਾਹਿਗੁਰੂ-ਵਾਹਿਗੁਰੂ। ਹੋਰ ਕੋਈ ਮੰਤਰ ਨਹੀਂ ਜਿਹੜਾ ਇਨ੍ਹਾਂ 'ਤੇ ਚੱਲੇ। ਨਾ ਅੱਖਾਂ ਠਾਕੀਆਂ ਜਾਂਦੀਆਂ ਨੇ, ਨਾ ਕੰਨ ਠਾਕੇ ਜਾਂਦੇ ਨੇ, ਨਾ ਜ਼ੁਬਾਨ ਠਾਕੀ ਜਾਂਦੀ ਹੈ, ਨਾ ਸਪਰਸ਼ ਠਾਕਿਆ ਜਾਂਦਾ ਹੈ। ਨੌਂ ਦੇ ਨੌਂ ਦਰਵਾਜ਼ੇ ਠਾਕ ਦਿੱਤੇ ਵਾਹਿਗੁਰੂ-ਵਾਹਿਗੁਰੂ ਕਰਕੇ, ਹੁਣ ਇਨ੍ਹਾਂ ਵਿਚੀਂ ਕੋਈ ਚੋਰ ਨਹੀਂ ਅੰਦਰ ਵੜਦਾ। ਉਥੇ ਨਿਸ਼ਾਨੀ

ਕੀ ਹੈ?

*ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ*
*ਗੁਰਮਤੀ ਸਬਦਿ ਸੁਣਾਵਣਿਆ ॥ ਅੰਗ- ੧੨੪*

ਗੁਰੂ ਨੇ ਸੁਣਾ ਦਿੱਤਾ ਕਿਉਂਕਿ ਗੁਰੂ ਹੁੰਦਾ ਹੀ ਓਹੀ ਹੈ ਜੋ –

*ਘਰ ਮਹਿ ਘਰੁ ਦੇਖਾਇ ਦੇਇ*
*ਸੋ ਸਤਿਗੁਰੁ ਪੁਰਖੁ ਸੁਜਾਣੁ ॥*
*ਪੰਚ ਸਬਦ ਧੁਨਿਕਾਰ ਧੁਨਿ*
*ਤਹ ਬਾਜੈ ਸਬਦੁ ਨੀਸਾਣੁ ॥*
*ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥ ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥ ਸੁਖਮਨ ਕੈ ਘਰਿ ਰਾਗੁ ਸੁਨਿ*
*ਸੁੰਨਿ ਮੰਡਲਿ ਲਿਵ ਲਾਇ ॥ ਅੰਗ – ੧੨੯੧*

ਦਸਵੇਂ ਦੁਆਰੇ 'ਚ ਲਿਵ ਲਾ ਕੇ ਸੁਖਮਨਾ ਨਾੜੀ 'ਚ ਸੁਰਤੀ ਨੂੰ ਲਿਜਾ ਕੇ ਰਾਗ ਸੁਣ, ਉਥੇ ਦਾ ਅਨਹਦ ਨਾਦ (cosmic music) ਸੁਣ। ਜਿਹੜਾ ਰੱਬ ਦੇ ਦਰਬਾਰ 'ਚ ਹੋ ਰਿਹਾ ਹੈ। 'ਸੋ ਸ਼ਬਦ' ਉਹਨੂੰ ਕਹਿੰਦੇ ਨੇ –

*ਧਾਵਤੁ ਥੰਮ੍ਹਿਆ ਸਤਿਗੁਰਿ ਮਿਲਿਐ*
*ਦਸਵਾ ਦੁਆਰੁ ਪਾਇਆ ॥*
*ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ*
*ਜਿਤੁ ਸਬਦਿ ਜਗਤੁ ਥੰਮ੍ਹਿ ਰਹਾਇਆ ॥*
*ਅੰਗ – ੪੪੧*

ਸਹਿਜ ਧੁਨ ਹੈ ਉਥੇ, ਹੁਣ ਇਕਾਗਰਤਾ (concentration) ਦੀ ਲੋੜ ਨਹੀਂ, ਆਪੇ ਹੀ ਉਪਜ ਗਈ। ਜੋ ਸ਼ਬਦ ਪਹਿਲੇ ਦਿਨ ਅਕਾਲ ਪੁਰਖ ਦੇ ਮੁਖ ਤੋਂ ਹੋਇਆ ਸੀ–

*ਪ੍ਰਥਮ ਓਅੰਕਾਰ ਤਿਨ ਕਹਾ*
*ਸੋ ਧੁਨ ਪੂਰ ਜਗਤ ਮੋ ਰਹਾ।*

ਬੜੇ ਸ਼ਬਦ ਆਉਂਦੇ ਨੇ, ਕਿਤੇ ਸੋਹੰ ਆਉਂਦਾ ਹੈ, ਕਿਤੇ ਓਅੰ ਆਉਂਦਾ ਹੈ; ਬੜੇ ਸ਼ਬਦ ਆਉਂਦੇ ਨੇ, ਉਨ੍ਹਾਂ ਸ਼ਬਦਾਂ ਤੋਂ ਬਾਅਦ ਓਅੰਕਾਰ ਸ਼ਬਦ ਆਉਂਦਾ ਹੈ, ਧੁਨ ਆਉਂਦੀ ਹੈ ਇਸਦੀ ਲਗਾਤਾਰ। ਉਹ ਧੁਨ ਮਹਾਰਾਜ ਕਹਿੰਦੇ ਉਥੇ ਸੁਣਦੀ ਹੈ।

*ਤਹ ਅਨੇਕ ਵਾਜੇ ਸਦਾ ਅਨਦੁ ਹੈ*
*ਸਚੇ ਰਹਿਆ ਸਮਾਏ ॥*
*ਇਉ ਕਹੈ ਨਾਨਕੁ ਸਤਿਗੁਰਿ ਮਿਲਿਐ*
*ਧਾਵਤੁ ਥੰਮ੍ਹਿਆ ਨਿਜ ਘਰਿ ਵਸਿਆ ਆਏ ॥*
*ਅੰਗ – ੪੪੧*

ਉਹਨੂੰ ਕਹਿੰਦੇ ਨੇ ਕਿ –

*ਸੁਖਮਨ ਕੈ ਘਰਿ ਰਾਗੁ ਸੁਨਿ*
*ਸੁੰਨਿ ਮੰਡਲਿ ਲਿਵ ਲਾਇ ॥*
*ਅਕਥ ਕਥਾ ਬੀਚਾਰੀਐ*
*ਮਨਸਾ ਮਨਹਿ ਸਮਾਇ ॥ ਅੰਗ – ੧੨੯੧*

ਆਹ ਜਿਹੜੀਆਂ ਮਨ ਦੀਆਂ ਵਾਸ਼ਨਾਵਾਂ ਨੇ, ਮਨੋ ਨਾਸ਼, ਵਾਸ਼ਨਾ ਖ੍ਹੈ, ਤੱਤ ਗਿਆਨ; ਉਥੇ ਤ੍ਰਿਕੁਟੀ ਦੂਸਰੀ ਖਤਮ ਹੋ ਜਾਂਦੀ ਹੈ, ਜਿਹਨੂੰ ਗਿਆਤਾ, ਗਿਆਨ, ਗੇਅ ਦੀ ਕਹਿੰਦੇ ਨੇ। ਵਿਵੇਕ ਮੰਡਲ ਦੇ ਵਿੱਚ ਦਾਖਲਾ ਮਿਲ ਜਾਂਦਾ ਹੈ, ਜਿਥੇ ਜਾ ਕੇ ਪ੍ਰਮੇਸ਼ਰ ਨਜ਼ਰ ਆਉਂਦਾ ਹੈ। ਸੋ ਉਹ ਚੀਜ਼ ਪ੍ਰਾਪਤ ਹੋ ਜਾਂਦੀ ਹੈ। ਸੋ ਇਸ ਤਰ੍ਹਾਂ ਦੇ ਨਾਲ ਬੇਨਤੀ ਕੀਤੀ ਸੀ ਕਿ ਇਥੇ ਆ ਕੇ ਅਗਲੀ ਤ੍ਰਿਕੁਟੀ ਗਿਆਤਾ, ਗਿਆਨ ਗੇਅ, ਦੀ ਟੁੱਟ ਕੇ ਦੋ ਸਮਾਧੀਆਂ ਲੰਘ ਜਾਂਦਾ ਹੈ। ਸਾ ਵਿਕਲਪ ਤੇ ਨਿਰਵਿਕਲਪ, ਉਸ ਤੋਂ ਬਾਅਦ ਸਹਜਿ ਦੇ ਵਿੱਚ ਦਾਖਲਾ ਮਿਲ ਜਾਂਦਾ ਹੈ–

*ਧਾਰਨਾ – ਸਹਜਿ ਸਮਾਧ ਲਗੀ ਲਿਵ ਅੰਤਰ*
*ਸੋ ਰਸ ਸੋਈ ਜਾਨੈ।*

ਸਹਜਿ ਸਮਾਧ ਪੰਜਵੀ ਸਮਾਧੀ ਹੁੰਦੀ ਹੈ, ਇੱਕ ਸਾ–ਵਿਕਲਪ ਸ਼ਬਦ ਸਮੇਤ, ਇੱਕ ਨਿਰਵਿਕਲਪ ਧੇਅ ਸਮੇਤ, ਇੱਕ ਹੋਇਆ ਕਰਦੀ ਧੇਅ ਤੋਂ ਬਗੈਰ, ਪੰਜਵੀ ਹੋਇਆ ਕਰਦੀ ਹੈ, ਸਹਜ ਸਮਾਧ।

*ਗੁਰਮੁਖਿ ਅੰਤਰਿ ਸਹਜੁ ਹੈ*
*ਮਨੁ ਚੜਿਆ ਦਸਵੈ ਆਕਾਸਿ ॥*
*ਤਿਥੈ ਊਂਘ ਨ ਭੁਖ ਹੈ*
*ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥*
*ਨਾਨਕ ਦੁਖੁ ਸੁਖੁ ਵਿਆਪਤ ਨਹੀ*
*ਜਿਥੈ ਆਤਮ ਰਾਮ ਪ੍ਰਗਾਸੁ ॥ ਅੰਗ – ੧੪੧੪*

ਉਥੇ ਦਾ ਅਨੁਭਵ ਹੁੰਦਾ ਹੈ –

*ਧਾਰਨਾ – ਤੂੰ ਹੀਂ ਤੂੰ ਹੀਂ ਮੋਹਿਨਾ।*

*ਗੁਰਹਿ ਦਿਖਾਇਓ ਲੋਇਨਾ ॥੧॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ ॥ ਅੰਗ – ੪੦੭*

ਜਦ ਤੂੰ ਵਿੱਚ ਚਲਿਆ ਗਿਆ –

*ਕਬੀਰ ਤੂੰ ਤੂੰ ਕਰਤਾ ਤੂ ਹੂਆ*
*ਮੁਝ ਮਹਿ ਰਹਾ ਨ ਹੂੰ ॥*
*ਜਬ ਆਪਾ ਪਰ ਕਾ ਮਿਟਿ ਗਇਆ*
*ਜਤ ਦੇਖਉ ਤਤ ਤੂ ॥ ਅੰਗ – ੧੩੭੫*

ਹੁਣ ਦੂਜਾ ਮਿਟ ਗਿਆ। ਲਹਿਰ ਸਮੁੰਦਰ 'ਚ ਮਿਲ ਗਈ। ਜਲ ਦੇ ਵਿੱਚ ਜਾ ਕੇ ਜਲ ਬਣ ਗਿਆ। ਮਹਾਰਾਜ ਕਹਿੰਦੇ ਮਿਲਣਾ ਹੈ ਸਾਨੂੰ? ਮਿਲਣਾ ਹੈ ਗੁਰੂ ਨਾਨਕ ਪਾਤਸ਼ਾਹ ਨੂੰ? ਮਿਲਣੈ ਗੁਰੂ ਦਸ਼ਮੇਸ਼ ਪਿਤਾ ਨੂੰ? ਦੇਖੀਂ ਕਿਤੇ ਗਲਤੀ ਖਾ ਜਾਏਂ, ਉਨ੍ਹਾਂ ਨੂੰ ਹੱਦਬੰਦੀਆਂ ਵਾਲੇ ਸਰੀਰ ਨਾ ਸਮਝੀਂ, ਉਹ ਤਾਂ ਨਿਰੰਕਾਰੀ ਜੋਤ ਹੈ। ਉਹ ਇਕੋ ਹੀ ਜੋਤ ਪਹਿਲਾਂ ਸੀ। ਨਾ ਇਥੇ ਕੋਈ ਹੈ ਤੇ ਨਾ ਕਿਸੇ ਨੇ ਹੋਣਾ ਹੈ, ਜੇ ਹੈ ਤਾਂ ਇੱਕੋ ਹੀ ਹੈ।

*ਧਾਰਨਾ - ਏਕੋ ਕਹੀਐ ਨਾਨਕਾ - ੨*
*ਪਿਆਰੇ ਦੂਜਾ ਕਾਹੇ ਕੂ।*

*ਕਤਹੂੰ ਸੁਚੇਤ ਹੋਇਕੈ ਚੇਤਨਾ ਕੋ ਚਾਰ ਕੀਓ*
*ਕਤਹੂੰ ਅਚਿੰਤ ਹੁਇਕੈ ਸੋਵਤ ਅਚੇਤ ਹੋ॥*
*ਕਤਹੂੰ ਭਿਖਾਰੀ ਹੁਇਕੈ ਮਾਂਗਤ ਫਿਰਤ ਭੀਖ*
*ਕਹੂੰ ਮਹਾਂ ਦਾਨ ਹੁਇਕੈ ਮਾਂਗਿਓ ਧਨ ਦੇਤ ਹੋ॥*
*ਕਹੂੰ ਮਹਾਰਾਜਨ ਕੋ ਦੀਜਤ ਅਨੰਤ ਦਾਨ*
*ਕਹੂੰ ਮਹਾਰਾਜਨ ਤੇ ਛੀਨ ਛਿਤ ਲੇਤ ਹੋ॥*
*ਕਹੂੰ ਬੇਦ ਰੀਤ ਕਹੂੰ ਤਾ ਸਿਉ ਬਿਪ੍ਰੀਤ ਹੋ॥*
*ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰਗੁਨ ਸਮੇਤ ਹੋ॥*
*ਤ੍ਵਪ੍ਰਸਾਦਿ ਕਬਿੱਤ*

ਮਹਾਂਪੁਰਸ਼ ਕਹਿਣ ਲੱਗੇ, ਆ ਜਾਓ ਫੇਰ ਇਸ ਰਸਤੇ-ਰਸਤੇ ਤੁਰ ਕੇ, ਕਿਉਂਕਿ ਜਿੱਥੇ ਸੰਤ ਜਾ ਕੇ ਬਿਰਾਜਦੇ ਨੇ, ਉਹ ਤ੍ਰਿਗੁਣ ਅਤੀਤ ਅਵਸਥਾ, ਵਾਹਿਗੁਰੂ ਦਾ ਆਪਣਾ ਨਿਜ ਦੇਸ਼ ਸੱਚਖੰਡ, ਉਥੇ ਦੋ ਨਹੀਂ ਹੋਇਆ ਕਰਦੇ।

*ਕਬੀਰ ਜਾ ਕਉ ਖੋਜਤੇ ਪਾਇਓ ਸੋਈ ਠਉਰੁ ॥*
*ਸੋਈ ਫਿਰਿ ਕੈ ਤੂ ਭਇਆ*
*ਜਾ ਕਉ ਕਹਤਾ ਅਉਰੁ ॥ ਅੰਗ - ੧੩੭੯*

ਸੋ ਜਦੋਂ ਇਹ ਅਵਸਥਾ ਹੋ ਜਾਂਦੀ ਹੈ, ਫੇਰ ਮੇਲ ਤਾਂ ਸਦੀਵੀ ਹੋ ਗਿਆ, ਜਿਧਰ ਅੱਖ ਖੋਲ੍ਹ ਕੇ ਦੇਖਦੇ ਹਾਂ ਓਧਰ ਹੀ ਸੰਤ ਮਹਾਰਾਜ ਦਿਸਦੇ ਨੇ, ਦੂਜਾ ਨਹੀਂ ਨਜ਼ਰ ਆਉਂਦਾ। ਇਕੋ ਹੀ ਨਜ਼ਰ ਆਉਂਦਾ ਹੈ ਕਿਉਂਕਿ ਨੇਤਰਾਂ 'ਚ ਫਰਕ ਪੈ ਗਿਆ।

*ਗੁਰਹਿ ਦਿਖਾਇਓ ਲੋਇਨਾ ॥ ੧ ॥ ਰਹਾਉ ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ ॥ ਅੰਗ - ੪੦੭*

ਫੇਰ ਜਿਹਦੀ ਅੱਖ ਖੁਲ੍ਹੀ ਹੋਈ ਹੈ, ਜਦੋਂ ਭਾਈ ਘਨਈਏ ਦੀ ਅੱਖ ਖੁੱਲ੍ਹ ਗਈ ਫੇਰ ਪ੍ਰਮੇਸ਼ਰ ਤੋਂ ਬਗੈਰ ਹੋਰ ਕੋਈ ਦਿਸਦਾ ਹੀ ਨਹੀਂ, ਫੇਰ ਇੱਕੋ ਹੀ ਜੋਤ ਨਜ਼ਰ ਆ ਰਹੀ ਹੈ, ਆਪ ਵੀ ਓਹੀ ਹੈ ਤੇ ਉਹ ਵੀ ਓਹੀ ਹੈ। ਸੋ ਸੰਸਾਰ ਨੂੰ ਨਹੀਂ ਇਸ ਗੱਲ ਦਾ ਪਤਾ, ਕਿਉਂਕਿ ਸੰਸਾਰ ਇੱਕ ਖੇਲ੍ਹ ਦੇ ਵਿੱਚ ਖੇਲ੍ਹ ਰਿਹਾ ਹੈ। ਕੇਵਲ ਮਹਾਤਮਾ ਨੂੰ ਜਦ ਤੱਤ ਬਾਤ ਦਾ ਪਤਾ ਲਗਦਾ ਹੈ -

*ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥*
*ਤਿਸ ਕੈ ਭਾਣੈ ਕੋਇ ਨ ਭੂਲਾ*
*ਜਿਨਿ ਸਗਲੋ ਬ੍ਰਹਮੁ ਪਛਾਤਾ ॥ ਅੰਗ - ੬੧੦*

ਵਿਛੋੜਾ ਹੈ ਹਉਮੈ ਦਾ, ਹਉਮੈ ਦੂਰ ਹੋ ਕੇ ਸਦਾ ਹੀ ਮਿਲਨ ਹੋਇਆ ਕਰਦਾ ਹੈ। ਸੋ ਮਹਾਂਪੁਰਸ਼ ਕਿਤੇ ਗਏ ਨਹੀਂ ਹਨ, ਸਾਰਿਆਂ ਦੇ ਨਾਲ, ਜਿਹੜਾ ਪਿਆਰ ਕਰਦਾ ਹੈ। ਇਹ ਗੱਲ ਵਖਰੀ ਹੈ ਕਿ ਉਸ ਸ਼ਕਲ ਨੂੰ ਅਸੀਂ ਭਾਲਦੇ ਹਾਂ, ਉਹ ਸ਼ਬਦ ਰੂਪ ਦੇ ਵਿੱਚ ਹਰੇਕ ਦੇ ਨਾਲ ਨੇ। ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੇ ਹੀ ਸਮਾਪਤੀ ਹੈ।

# ਭਈ ਪਰਾਪਤਿ ਮਾਨੁਖ ਦੇਹੁਰੀਆ

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*

**ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥**
**ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥**
**ਅੰਗ - ੨੫੬**

*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ*
*ਅਪਨੀ ਭਗਤੀ ਲਾਇ॥ ਅੰਗ - ੨੮੯*
*ਧਾਰਨਾ - ਫਿਰਦੇ-ਫਿਰਦੇ ਨੂੰ*
*ਬਹੁਤੇ ਜੁਗ ਹੋ ਗਏ,*
*ਲੇਖੇ ਵਿੱਚ ਲਾ ਲੈ ਮਾਲਕਾ।*

**ਕਈ ਜਨਮ ਭਏ ਕੀਟ ਪਤੰਗਾ ॥**
**ਕਈ ਜਨਮ ਗਜ ਮੀਨ ਕੁਰੰਗਾ ॥**
**ਕਈ ਜਨਮ ਪੰਖੀ ਸਰਪ ਹੋਇਓ ॥**
**ਕਈ ਜਨਮ ਹੈਵਰ ਬ੍ਰਿਖ ਜੋਇਓ ॥**
**ਮਿਲੁ ਜਗਦੀਸ ਮਿਲਨ ਕੀ ਬਰੀਆ ॥**
**ਚਿਰੰਕਾਲ ਇਹ ਦੇਹ ਸੰਜਰੀਆ ॥ ਰਹਾਉ ॥**
**ਕਈ ਜਨਮ ਸੈਲ ਗਿਰਿ ਕਰਿਆ ॥**
**ਕਈ ਜਨਮ ਗਰਭ ਹਿਰਿ ਖਰਿਆ ॥**
**ਕਈ ਜਨਮ ਸਾਖ ਕਰਿ ਉਪਾਇਆ ॥**
**ਲਖ ਚਉਰਾਸੀਹ ਜੋਨਿ ਭ੍ਰਮਾਇਆ ॥**
**ਅੰਗ - ੧੭੬**

**ਕੇਤੇ ਰੁਖ ਬਿਰਖ ਹਮ ਚੀਨੇ**
**ਕੇਤੇ ਪਸੂ ਉਪਾਏ ॥**
**ਕੇਤੇ ਨਾਗ ਕੁਲੀ ਮਹਿ ਆਏ**
**ਕੇਤੇ ਪੰਖ ਉਡਾਏ॥ ਅੰਗ - ੧੫੬**

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਹੋ। ਚਿੱਤ ਬਿਰਤੀਆਂ ਨੂੰ ਇਕਾਗਰ ਕਰੋ। ਜੋ ਥੋੜ੍ਹਾ ਜਿਹਾ ਸਮਾਂ ਆਪਾਂ ਨੂੰ ਮਿਲਿਆ ਹੈ ਸਤਿਸੰਗ ਕਰਨ ਦਾ। ਪੂਰਾ-ਪੂਰਾ ਧਿਆਨ ਦੇ ਕੇ ਜੇ ਅਸੀਂ ਸਰਵਣ ਕਰਾਂਗੇ, ਤੇ ਵਿਚਾਰ ਕਰਾਂਗੇ, ਸਮਾਂ ਲੇਖੇ ਵਿੱਚ ਲਗ ਜਾਏਗਾ ਤੇ ਸਾਨੂੰ ਰਸਤਾ ਲੱਭ ਜਾਏਗਾ ਕਿਉਂਕਿ ਆਦਮੀ ਨੂੰ ਧਰਮ ਦੇ ਮਾਮਲੇ ਦੇ ਵਿੱਚ ਪਤਾ ਨਹੀਂ ਲਗਦਾ। ਸਾਰੀ ਜ਼ਿੰਦਗੀ ਬਾਣੀ ਪੜ੍ਹਦਾ ਹੈ, ਸਾਰੀ ਜ਼ਿੰਦਗੀ ਭਜਨ ਕਰਦਾ ਹੈ, ਸਾਰੀ ਜ਼ਿੰਦਗੀ ਸੇਵਾ ਕਰਦਾ ਹੈ। ਸਾਰੀ ਜ਼ਿੰਦਗੀ ਲੋਕਾਂ ਨੂੰ ਉਪਦੇਸ਼ ਦਿੰਦਾ ਹੈ, ਲੇਕਿਨ ਆਪ ਸੁੱਕੇ ਦਾ ਸੁੱਕਾ ਫੇਰ ਰਹਿ ਜਾਂਦਾ ਹੈ। ਐਸਾ ਹੀ ਹਿਸਾਬ ਕਿਤਾਬ ਹੈ ਕਿਉਂਕਿ ਜਦ ਤਕ ਕਿਸੇ ਸਮਰੱਥ ਮਹਾਂਪੁਰਸ਼ ਦੀ ਮਿਹਰ ਨਾ ਹੋਵੇ ਓਨੀਂ ਦੇਰ ਤਕ ਅੰਦਰਲੇ ਕਪਾਟ ਨਹੀਂ ਖੁੱਲ੍ਹਿਆ ਕਰਦੇ। ਜਦ ਤੱਕ ਦਰਵਾਜ਼ਾ ਨਹੀਂ ਖੁਲ੍ਹਦਾ ਤਾਂ ਅੰਦਰ ਦਾਖਲ ਕਿਵੇਂ ਹੋਏਗਾ। ਪਤਾ ਨਹੀਂ ਲੱਗਿਆ ਕਰਦਾ। ਇਸ ਕਰਕੇ ਸਮਾਂ ਜਿਹੜਾ ਹੈ, ਭਰਮ ਰਹਿੰਦਾ ਹੈ ਸਾਨੂੰ ਕਿ ਸਾਡਾ ਲੇਖੇ ਵਿੱਚ ਲਗ ਰਿਹਾ ਹੈ? ਦੂਸਰੇ ਨਾਲੋਂ ਬਹੁਤ ਚੰਗਾ ਹੈ ਪਰ ਜੋ ਸਮੇਂ ਦਾ ਪੂਰਾ-ਪੂਰਾ ਲਾਭ ਲੈਣਾ ਹੈ, ਜ਼ਿੰਦਗੀ 'ਚ ਬੜੇ ਆਡੰਬਰ ਆਉਂਦੇ ਨੇ, ਬਹੁਤ ਵੱਡੀਆਂ-ਵੱਡੀਆਂ ਅਸੀਂ ਗੱਲਾਂ ਕਰਦੇ ਹਾਂ। ਬਹੁਤ ਵੱਡੇ-ਵੱਡੇ ਇਕੱਠ ਹੁੰਦੇ ਨੇ ਦੀਵਾਨਾਂ 'ਚ। ਕਰਨ ਵਾਲੇ ਨੂੰ ਵੀ ਖੁਸ਼ੀ ਹੁੰਦੀ ਹੈ, ਜਾਣ ਵਾਲਿਆਂ ਨੂੰ ਵੀ ਖੁਸ਼ੀ ਹੁੰਦੀ ਹੈ। ਮਹਿਮਾ ਹੁੰਦੀ ਹੈ ਪਰ ਜੇ ਰੂਹਾਨੀ ਨੁਕਤੇ ਤੋਂ ਦੇਖੀਏ ਤਾਂ ਇਹਦਾ ਬਹੁਤਾ ਮੁੱਲ ਨਹੀਂ ਹੋਇਆ ਕਰਦਾ। ਬੰਦੇ 'ਚ ਅਸਲੀ ਤਬਦੀਲੀ ਨਹੀਂ ਆਉਂਦੀ ਅਤੇ ਉਥੇ ਦਾ ਉਥੇ ਹੀ ਰਹਿੰਦਾ ਹੈ, ਥਕੇਵਾਂ ਪੱਲੇ ਪੈਂਦਾ ਹੈ। ਥੋੜ੍ਹੀ ਜਿਹੀ ਪ੍ਰਸੰਸਾ ਹੋ ਜਾਂਦੀ ਹੈ, ਪ੍ਰਸੰਸਾ ਦੇ ਨਾਲ ਆਪ ਨੂੰ ਖੁਸ਼ੀ ਮਿਲਦੀ ਹੈ। ਹਮੇਸ਼ਾ ਉਸ ਪ੍ਰਸੰਸਾ ਤੋਂ ਆਦਮੀ ਨੂੰ ਖੁਸ਼ੀ ਹੁੰਦੀ ਹੈ, ਜਿਹੜੀ ਗੱਲ ਉਹਦੇ ਵਿੱਚ ਹੋਵੇ ਨਾ ਪਰ ਲੋਕ ਕਹਿਣ ਕਿ ਤੇਰੇ ਵਿੱਚ ਹੈ। ਬੜਾ ਖੁਸ਼ ਹੋਏਗਾ ਇਹੀ ਚੀਜ਼ ਗਲਤ ਲੈ ਜਾਂਦੀ ਹੈ ਆਦਮੀ ਨੂੰ। ਯੁੱਗ ਐਸਾ ਹੈ, ਇਸ ਯੁੱਗ ਦੇ ਅੰਦਰ ਸਾਰੀਆਂ ਕੀਮਤਾਂ ਬਦਲ ਚੁੱਕੀਆਂ ਨੇ, ਹਿਸਾਬ-ਕਿਤਾਬ ਲਾਇਆ ਜਾਂਦਾ ਹੈ, ਬਹੁਤੀਆਂ ਭੀੜਾਂ ਹੋਣ, ਹਰੇਕ ਦੀ ਜ਼ੁਬਾਨ 'ਤੇ ਗੱਲ ਚਲਦੀ ਹੋਵੇ ਤੇ ਧੰਨ-ਧੰਨ ਕਹਿੰਦੇ ਹੋਣ। ਪਰ ਜਦੋਂ ਅਸੀਂ ਦੀਰਘ ਦ੍ਰਿਸ਼ਟੀ ਦੇ ਨਾਲ ਦੇਖਦੇ ਹਾਂ ਤਾਂ ਮਹਾਰਾਜ ਕਹਿੰਦੇ ਹਨ ਪਿਆਰਿਓ! ਐਵੇਂ ਨਾ ਕਿਤੇ ਭੁੱਲ ਜਾਇਓ। ਇਹ ਤਾਂ ਤੁਸੀਂ ਥੋੜ੍ਹੀ ਜਿਹੀ ਮਹਿਮਾ ਨੂੰ ਕਹਿੰਦੇ ਹੋ। ਥੋੜ੍ਹੀ ਜਿਹੀ ਪ੍ਰਸੰਸਾ ਨੂੰ ਕਹਿੰਦੇ ਹੋ। ਜੇ ਐਨੀ ਵੀ ਪ੍ਰਸੰਸਾ ਹੋ ਜਾਵੇ-

**ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ ॥**
**ਨਵਾ ਖੰਡਾ ਵਿਚਿ ਜਾਣੀਐ**
**ਨਾਲਿ ਚਲੈ ਸਭੁ ਕੋਇ ॥**
**ਚੰਗਾ ਨਾਉ ਰਖਾਇ ਕੈ**
**ਜਸੁ ਕੀਰਤਿ ਜਗਿ ਲੇਇ ॥ ਅੰਗ - ੨**

ਸਾਰੇ ਸੰਸਾਰ ਦੇ ਅੰਦਰ ਕੀਰਤੀ ਹੁੰਦੀ ਹੋਵੇ ਕਿ ਇਹਦੇ ਵਰਗਾ ਨਹੀਂ ਕੋਈ ਹੈ। ਇਹਨੇ ਬਹੁਤ ਵਧੀਆਂ ਕੰਮ ਕਰਿਆ ਹੈ, ਥਾਂ-ਥਾਂ ਇਹਦੀ ਪ੍ਰਸੰਸਾ ਹੋ ਰਹੀ ਹੈ, ਟੈਲੀਵੀਜ਼ਨਾਂ 'ਚ ਹੋ ਰਹੀ ਹੈ, ਅਖਬਾਰਾਂ 'ਚ ਹੋ ਰਹੀ ਹੈ, ਲੋਕਾਂ 'ਚ ਹੋ ਰਹੀ ਹੈ। ਮਹਾਰਾਜ ਕਹਿੰਦੇ ਜੇ ਪ੍ਰਵਾਨ ਨਾ ਹੋਇਆ ਦਰਗਾਹ 'ਚ ਤਾਂ ਪਤਾ ਹੈ ਕੀ ਬਣਦਾ ਹੈ।

**ਜੇ ਤਿਸੁ ਨਦਰਿ ਨ ਆਵਈ**

*ਤ ਵਾਤ ਨ ਪੁਛੈ ਕੇ ॥ ਅੰਗ - ੨*

ਰੂਹਾਨੀ ਤੋਲ ਹੋਰ ਹੈ, ਰੂਹਾਨੀ ਵੱਟੇ ਹੋਰ ਨੇ, ਜਿਹਦੇ ਨਾਲ ਬੰਦੇ ਨੇ ਦਰਗਾਹ ਦੇ ਵਿੱਚ ਪੱਤ ਪਾਉਣੀ ਹੈ। ਉਹ ਹੋਰ ਚੀਜ਼ਾਂ ਨੇ, ਸੰਸਾਰ ਦਾ ਰੌਲਾ-ਰੱਪਾ ਹੋਰ ਚੀਜ਼ ਹੈ। ਸੋ ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ ਬੜੀ ਮੁਸ਼ਕਲ ਦੇ ਨਾਲ ਸਾਨੂੰ ਮਾਨਸ ਦੇਹ ਪ੍ਰਾਪਤ ਹੋਈ ਹੈ, ਐਵੇਂ ਨਾ ਗੁਆ ਬੈਠਿਓ ਕਿਤੇ ਝੂਠੀਆਂ ਗੱਲਾਂ 'ਚ ਪੈ ਕੇ, ਕਿਉਂਕਿ ਇਸ ਦੀ ਸਮਝ ਮਹਾਤਮਾ ਦਾ ਜੀਵਨ ਦੇਖ ਕੇ ਪੈਂਦੀ ਹੈ। ਕਬੀਰ ਸਾਹਿਬ ਦੀ ਮਹਿਮਾ ਬਹੁਤ ਵਧ ਗਈ। ਹਰ ਥਾਂ 'ਤੇ ਕਬੀਰ-ਕਬੀਰ ਹੋਣ ਲਗ ਗਿਆ। ਕਬੀਰ ਸਾਹਿਬ ਨੂੰ ਗੱਲ ਚੰਗੀ ਨਾ ਜਚੀ ਇਹ। ਕਹਿਣ ਲੱਗੇ ਜਿਹੜਾ ਵੀ ਹੈ ਨਾਉਂ ਲਈ ਜਾਂਦਾ ਹੈ, ਹਕੀਕਤ ਨੂੰ ਕੋਈ ਫੜ ਨਹੀਂ ਰਿਹਾ, ਅਸਲੀਅਤ ਨੂੰ ਕੋਈ ਜਾਣ ਨਹੀਂ ਰਿਹਾ, ਐਵੇਂ ਹੀ ਕਬੀਰ-ਕਬੀਰ ਹੋਈ ਜਾਂਦਾ ਹੈ। ਉਸ ਵੇਲੇ ਆਪ ਨੇ ਇੱਕ ਐਸਾ ਕੌਤਕ ਰਚਿਆ ਕਿ ਇੱਕ ਬੀਬੀ ਨਾਲ ਲੈ ਲਈ, ਆਪਣੇ ਹੱਥ ਵਿੱਚ ਇੱਕ ਬੋਤਲ ਲੈ ਲਈ, ਜਿਸ ਤੋਂ ਇਹ ਪਤਾ ਲੱਗੇ ਕਿ ਸ਼ਰਾਬ ਦੀ ਬੋਤਲ ਹੈ। ਸਾਫਾ ਟੇਢਾ ਕਰਕੇ ਬੰਨ੍ਹ ਲਿਆ, ਲੜ ਛੱਡ ਕੇ। ਬਾਂਹ 'ਚ ਬਾਂਹ ਪਾ ਕੇ ਬਜ਼ਾਰ 'ਚੀਂ ਤੁਰੀ ਜਾਂਦੇ ਨੇ। ਰੌਲਾ ਪੈ ਗਿਆ ਸਾਰੇ ਕਿ ਦੇਖੋ ਕਬੀਰ ਭਗਤ ਜਾਂਦਾ-ਦੇਖੋ ਕਬੀਰ ਭਗਤ ਜਾਂਦਾ। ਨਾਲ ਲਈਂ ਜਾਂਦਾ ਹੈ ਵੇਸਵਾ ਨੂੰ ਤੇ ਨਾਲ ਸ਼ਰਾਬ ਦੀ ਬੋਤਲ ਹੱਥ ਵਿੱਚ ਹੈ ਤੇ ਫੇਰ ਡਰਦਾ ਨਹੀਂ ਹੈ, ਸ਼ਰਾਬੀ ਹੋਇਆ-ਹੋਇਆ ਹੈ, ਜਿੱਥੇ ਦੇਖਦਾ ਹੈ ਖੜ੍ਹ ਕੇ ਪੀਣ ਲਗ ਜਾਂਦਾ ਹੈ। ਉਸ ਕਾਸ਼ੀ ਦਾ ਜੋ ਨਰੇਸ਼ ਸੀ ਉਹ ਕਬੀਰ ਸਾਹਿਬ ਦਾ ਬੜਾ ਸੇਵਕ ਸੀ। ਉਸ ਤਕ ਵੀ ਇਹ ਗੱਲ ਪਹੁੰਚੀ। ਕਹਿਣ ਲੱਗਿਆ ਕਿ ਹੋ ਨਹੀਂ ਸਕਦਾ ਕਿ ਕਬੀਰ ਐਸੀ ਬਾਤ ਕਰ ਲਵੇ। ਉਹ ਤਾਂ ਮੇਰੇ ਗੁਰੂ ਨੇ, ਮੇਰੇ ਗੁਰੂਦੇਵ ਨੇ। ਲੇਕਿਨ ਥੋੜ੍ਹੀ ਦੇਰ ਤੋਂ ਬਾਅਦ ਕੀ ਦੇਖਦਾ ਹੈ, ਬੜੀ ਭੀੜ ਤੁਰੀ ਆ ਰਹੀ ਹੈ, ਰੌਲਾ ਪੈ ਰਿਹਾ ਹੈ। ਕਬੀਰ ਸਾਹਿਬ ਅੱਗੇ-ਅੱਗੇ ਆ ਰਹੇ ਨੇ। ਰਾਜੇ ਨੇ ਵੀ ਦੇਖ ਲਿਆ ਕਿ ਆ ਰਹੇ ਨੇ। ਅੰਦਰ ਦਾਖਲ ਹੋ ਗਏ। ਉਸ ਵੇਲੇ ਉਹ ਸਤਿਕਾਰ ਵਾਸਤੇ ਖੜ੍ਹਾ ਨਾ ਹੋਇਆ। ਮਨ 'ਚ ਗਿਲਾਨੀ ਆ ਗਈ ਕਿ ਐਡਾ ਮਹਾਂਪੁਰਸ਼ ਹੋ ਕੇ ਇਹ ਕੀ ਕੰਮ ਕਰਦਾ ਹੈ? ਉਸ ਨੇ ਨਿਮਰਤਾ ਵਿਚ ਆ ਕੇ ਨਹੀਂ ਕਿਹਾ ਕਿ ਗੁਰੂਦੇਵ! ਤੁਸੀਂ ਇਹ ਕੀ ਕਰਦੇ ਹੋ। ਤੁਹਾਡਾ ਕੌਤਕ ਸਾਨੂੰ ਸਮਝ 'ਚ ਨਹੀਂ ਆ ਰਿਹਾ। ਸਾਡਾ ਮਨ ਡੋਲ ਰਿਹਾ ਹੈ, ਕ੍ਰਿਪਾ ਕਰੋ, ਸਾਨੂੰ ਡੋਲਣ ਤੋਂ ਬਚਾ ਲਓ। ਪਰ ਉਸ ਵੇਲੇ ਗੁੱਸੇ ਹੋ ਕੇ ਓਸ ਵੇਲੇ ਬੋਲਿਆ, ਕਬੀਰ! ਜੁਲਾਹੇ ਦਾ ਜੁਲਾਹਾ ਹੀ ਰਿਹਾ ਤੂੰ। ਮੈਂ ਤੇਰੀ ਬੜੀ ਇੱਜ਼ਤ ਕਰਦਾ ਸੀ -

*ਮੈ ਜਾਨਿਆ ਵਡ ਹੰਸੁ ਹੈ*
*ਤਾ ਮੈ ਕੀਆ ਸੰਗੁ ॥*
*ਜੇ ਜਾਣਾ ਬਗੁ ਬਪੁੜਾ*
*ਤ ਜਨਮਿ ਨ ਦੇਦੀ ਅੰਗੁ॥ ਅੰਗ - ੫੮੫*

ਜੇ ਮੈਨੂੰ ਪਤਾ ਹੁੰਦਾ ਕਿ ਤੂੰ ਐਨੀ ਛੇਤੀ ਗਿਰ ਜਾਏਂਗਾ ਤਾਂ ਮੈਂ ਗੁਰੂ ਵਾਲੀ ਸ਼ਰਧਾ ਤੇਰੇ ਉਤੇ ਨਾ ਰਖਦਾ। ਕਬੀਰ ਸਾਹਿਬ ਨੇ ਉਹ ਬੋਤਲ ਡੋਲ੍ਹ ਦਿੱਤੀ, ਗਲੀਚੇ ਦੇ ਉੱਤੇ। ਬਦਬੂ ਫੈਲੀ ਉਥੇ। ਉਸ ਵੇਲੇ ਹੋਰ ਨਰਾਜ਼ ਹੋ ਗਿਆ। ਕਹਿਣ ਲੱਗਿਆ ਕਿ ਇਹ ਕੀ ਕਰਦਾ ਹੈਂ ਤੂੰ? ਕਹਿਣ ਲੱਗੇ, ਰਾਜਨ! ਕਰਨਾ ਕੀ ਹੈ, ਸਭ ਤੋਂ ਜਿਹੜਾ ਵੱਡਾ ਮੰਦਰ ਹੈ ਉਹਨੂੰ ਅੱਗ ਲੱਗੀ ਹੋਈ ਸੀ, ਬੁਝਾ ਕੇ ਹਟਿਆ ਹਾਂ। ਐਨੇ ਨੂੰ ਰਾਣੀ ਬਾਹਰ ਆ ਗਈ। ਰਾਣੀ ਨੇ ਰਾਜੇ ਨੂੰ ਰੋਕਿਆ ਕਿ ਤੁਸੀਂ ਇਹ ਕੀ ਗੱਲਾਂ ਕਰਨ ਲੱਗ ਗਏ। ਮਹਾਂਪੁਰਸ਼ਾਂ ਦੀ ਕਿਰਿਆ ਨੂੰ ਕੌਣ ਸਮਝ ਸਕਦਾ ਹੈ। ਨਾ ਪ੍ਰਮੇਸ਼ਰ ਦੀ, ਨਾ ਸਤਿਪੁਰਸ਼ਾਂ ਦੀ ਕਿਰਿਆ ਨੂੰ ਕੋਈ ਸਮਝਦਾ ਹੈ। ਕੀ ਪਤਾ ਇਨ੍ਹਾਂ ਨੇ ਕਿਹੜਾ ਰੂਪ ਧਾਰ ਕੇ, ਕੀ ਹੈ ਮਤਲਬ ਇਹਦਾ ਤੇ ਤੁਸੀਂ ਗੁਰੂ ਦੇ ਉੱਤੇ ਸ਼ੰਕਾ ਕਰ ਦਿੱਤੀ ਤੁਹਾਡਾ ਤਾਂ ਤਪ ਸਾਰਾ ਨਸ਼ਟ ਹੋ ਗਿਆ।

ਛੇ ਕਲਾਂ ਵੈਰਾਗ ਦੀਆਂ ਨਸ਼ਟ ਹੋ ਜਾਂਦੀਆਂ ਨੇ ਜੇ ਤੱਤ ਬੇਤੇ ਮਹਾਂਪੁਰਸ਼ ਦੇ ਖਿਲਾਫ ਤਰਕ ਆ ਜਾਵੇ। ਉਸ ਵੇਲੇ ਰਾਣੀ ਕਹਿਣ ਲੱਗੀ ਕਿ ਤੁਸੀਂ ਘੋੜ ਸਵਾਰ ਭੇਜ ਕੇ ਖਬਰ ਮੰਗਾਓ। ਉਸੇ ਵੇਲੇ ਵੱਡਾ ਮੰਦਰ ਵਿਸ਼ਵਾਨਾਥ ਹੁੰਦਾ ਸੀ, ਉਥੇ ਭੇਜਿਆ ਗਿਆ ਬੰਦਾ, ਪੁੱਛਿਆ ਉਥੇ, ਉਨ੍ਹਾਂ ਨੇ ਕਿਹਾ ਜੀ ਅਚਾਨਕ ਅੱਗ ਲਗ ਗਈ ਸੀ ਤੇ ਲਗਦਾ ਇਹ ਸੀ ਕਿ ਅੱਜ ਬਚਾਓ ਕੋਈ ਨਹੀਂ ਹੋਣਾ। ਪਰ ਇਹ ਵੀ ਪਤਾ ਨਹੀਂ ਹੈ ਕਿ ਕੀ ਹੋਇਆ ਕਿ ਐਡੀ ਭੜਕਦੀ ਅੱਗ ਅਚਾਨਕ ਬੁੱਝ ਗਈ। ਉਸ ਤੋਂ ਬਾਅਦ ਅਸੀਂ ਕੀ ਦੇਖਦੇ ਹਾਂ ਕਿ ਅੱਗ ਲੱਗਣ ਦਾ ਕੋਈ ਵੀ ਨਿਸ਼ਾਨ ਬਾਕੀ ਨਹੀਂ ਸੀ। ਨਾ ਕੁਛ ਧੁਆਂਖਿਆ, ਜਿਹੜੇ ਚੌਖਟੇ ਜਲਦੇ ਨਜ਼ਰ ਆ ਰਹੇ ਸੀ, ਉਨ੍ਹਾਂ ਦਾ ਨਾ ਕੋਈ ਰੋਗਨ ਖਰਾਬ ਹੋਇਆ। ਕੋਈ ਐਸਾ ਕੌਤਕ ਲੱਗਿਆ ਜਿਹਦੀ ਸਮਝ ਸਾਨੂੰ ਨਹੀਂ ਪੈਂਦੀ। ਸੋ ਜਸ ਜ਼ਿਆਦਾ ਹੋ ਗਿਆ, ਲਾਹ ਦਿੱਤੇ ਕੱਚੇ ਸਾਰੇ। ਲਹਿ ਗਏ ਸਾਰੇ। ਕਿਉਂਕਿ ਤੱਤ ਬੇਤੇ ਮਹਾਂਪੁਰਸ਼ਾਂ ਕੋਲ ਕੋਈ ਜਗਿਆਸੂ ਆਉਣ ਉਹ ਤਾਂ ਲਾਭ ਉਠਾ ਸਕਦੇ ਨੇ ਜਦ ਭੀੜਾਂ ਬਣ ਜਾਣ ਫੇਰ ਗਲਤ ਹੋ ਜਾਇਆ ਕਰਦਾ ਹੈ। ਭੀੜਾਂ ਦੇ ਨਾਲ ਕਿਸੇ ਮਹਾਂਪੁਰਸ਼ ਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ। ਅੰਦਾਜ਼ਾ ਏਸ ਗੱਲ 'ਤੇ ਹੁੰਦਾ ਹੈ ਕਿ ਕਿੰਨਿਆਂ ਦੇ ਜੀਵਨ ਬਦਲੇ ਨੇ। ਕਿੰਨਿਆਂ ਨੂੰ ਰਾਹ ਲੱਭਿਆ ਹੈ, ਕਿੰਨਿਆਂ ਦਾ ਰਸਕ ਜੀਵਨ ਬਣਿਆ ਹੈ, ਖੁਸ਼ਕੀ ਤੋਂ ਨਿਕਲੇ ਨੇ। ਕਿੰਨਿਆਂ ਦੇ ਨੇਤਰ ਖੁੱਲ੍ਹੇ ਨੇ,

ਉਹ ਚਾਹੇ ਕਿਹੋ ਜਿਹੀ ਵੀ ਹਾਲਤ ਵਿਚ ਹੋਵੇ -

*ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ ॥*
*ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ*
*॥ ਮਿਤ੍ਰ ਨ ਇਠ ਧਨ ਰੂਪਹੀਣ*
*ਕਿਛੁ ਸਾਕੁ ਨ ਸਿੰਨਾ ॥ ਅੰਗ - ੭੦੭*

ਐਸੀ ਅਵਸਥਾ 'ਚ ਅਣਪਛਾਤੀ (unknown) ਥਾਂ 'ਤੇ ਰਹਿੰਦਾ ਹੋਇਆ, ਜਿਹਨੂੰ ਕੋਈ ਵੀ ਨਹੀਂ ਜਾਣਦਾ। ਭਾਈ ਹੇਮੇ ਦੇ ਪ੍ਰਥਾਇ, ਗੁਰੂ ਪੰਜਵੇਂ ਪਾਤਸ਼ਾਹ ਨੇ ਸ਼ਬਦ ਉਚਾਰਨ ਕੀਤਾ ਹੈ ਉਹਨੂੰ ਕੋਈ ਪਿੰਡ ਵਿੱਚ ਪਾਣੀ ਵੀ ਮੰਗਿਆ ਨਹੀਂ ਸੀ ਦਿੰਦਾ। ਕੋਈ ਉਹਦੇ ਨਾਲ ਬਚਨ ਨਹੀਂ ਸੀ ਕਰਦਾ। ਕੋਈ ਉਹਦੇ ਕੋਲ ਦੀ ਲੰਘਦਾ ਉਹਨੂੰ ਬੁਲਾਇਆ ਨਹੀਂ ਸੀ ਕਰਦਾ। ਬਾਹਰ ਰਹਿੰਦਾ ਸੀ ਆਪਣੇ ਖੇਤ ਵਿੱਚ, ਕਿਉਂਕਿ ਇਹ ਇਕੱਲਾ ਹੀ ਗੁਰਸਿੱਖ ਸੀ, ਬਾਕੀ ਪਿੰਡ ਆਲਾ-ਦੁਆਲਾ, ਚੌਗਿਰਦੇ ਦੇ ਪਿੰਡ ਸੁਲਤਾਨੀਆਂ ਪੀਰ ਨੂੰ ਮੰਨਦੇ ਸੀ। ਇਸ ਕਰਕੇ ਉਨ੍ਹਾਂ ਨੇ ਇਨ੍ਹਾਂ ਦਾ ਆਦਰ ਨਾ ਕੋਈ ਕਰਿਆ। ਪਰ ਮਹਾਰਾਜ ਨੇ ਜਦ ਅੰਦਰਲੀ ਅਵਸਥਾ ਭਾਈ ਹੇਮਾ ਦੀ ਦੇਖੀ, ਉਹ ਕਹਿਣ ਲੱਗੇ ਪਿਆਰਿਓ! ਭੁਲੇਖਾ ਨਾ ਖਾਓ ਇਹ ਤਾਂ ਬਹਿਸ਼ਤਾਂ ਦਾ ਬਾਦਸ਼ਾਹ ਹੈ, ਜੋ ਮੁਖ 'ਚੋਂ ਨਿਕਲ ਗਿਆ ਉਹ ਮੰਨ ਲਈ ਜਾਣੀ ਹੈ ਇਹਦੀ ਗੱਲ। ਕੇਵਲ ਸੰਸਾਰ ਦਾ ਬਾਦਸ਼ਾਹ ਨਹੀਂ ਹੈ ਇਹ। ਇਹ ਬਹਿਸ਼ਤਾਂ ਦਾ ਬਾਦਸ਼ਾਹ ਹੈ, ਦੇਵਤਿਆਂ ਦਾ ਵੀ ਬਾਦਸ਼ਾਹ ਹੈ, ਇਹਦੀ ਤਾਂ ਦਰਗਾਹ ਵਿੱਚ ਸੁਣੀ ਜਾਂਦੀ ਹੈ, ਮੰਨੀ ਜਾਂਦੀ ਹੈ।

*ਰਾਜਾ ਸਗਲੀ ਸ੍ਰਿਸਟਿ ਕਾ*
*ਹਰਿ ਨਾਮਿ ਮਨੁ ਭਿੰਨਾ ॥*
*ਤਿਸ ਕੀ ਧੂੜਿ ਮਨੁ ਉਧਰੈ*
*ਪ੍ਰਭੁ ਹੋਇ ਸੁਪ੍ਰਸੰਨਾ ॥ ਅੰਗ - ੭੦੭*

ਇਹ ਜਿੱਥੇ ਚਰਨ ਧਰ ਦੇਵੇ, ਉਹ ਧੂੜ ਐਨੀ ਪਵਿੱਤਰ ਹੋ ਜਾਂਦੀ ਹੈ ਕਿ ਉਹ ਧੂੜ ਦੇ ਨਾਲ ਹੀ ਮਨ ਜਿਹੜਾ ਹੈ ਉਹ ਬਦਲ ਜਾਂਦਾ ਹੈ ਕਿਉਂਕਿ ਇਹਦੇ ਉੱਤੇ ਵਾਹਿਗੁਰੂ ਦੀ ਖੁਸ਼ੀ ਹੈ। ਸੋ ਇਸ ਤਰ੍ਹਾਂ ਜੀਵਨ ਦੇ ਅੰਦਰ ਚਹਿਲਾਂ-ਪਹਿਲਾਂ, ਰੌਣਕਾਂ, ਵਡਿਆਈਆਂ ਮਹਾਰਾਜ ਕਹਿੰਦੇ ਕਿਸੇ ਕੰਮ ਨਹੀਂ, ਜਿੰਨਾਂ ਚਿਰ ਤੁਸੀਂ ਅੰਦਰਲੀ ਗੱਲ ਨਹੀਂ ਸਮਝਦੇ। ਜੇ ਅੰਦਰੋਂ ਕੁਛ ਸਮਝ 'ਚ ਨਹੀਂ ਪਿਆ, ਕੁਛ ਨਹੀਂ ਸਮਝਿਆ। ਕਿੰਨੀਆਂ ਹੀ ਕਿਤਾਬਾਂ ਪੜ੍ਹ ਲਈਆਂ, ਕਿੰਨੀਆਂ ਹੀ ਲਿਖ ਲਈਆਂ, ਨਾ ਲਿਖਣ ਵਾਲਿਆਂ ਨੂੰ ਕੁਛ ਪਤਾ ਲਗਦਾ ਹੈ, ਨਾ ਪੜ੍ਹਨ ਵਾਲਿਆਂ ਨੂੰ ਪਤਾ ਲਗਦਾ ਹੈ। ਇਹ ਗੱਲ ਸਮਝ 'ਚ ਆਉਣੀ ਔਖੀ ਹੈ ਕਿਉਂਕਿ ਇੱਕ ਬੰਦਾ ਕਹਿੰਦਾ ਹੈ ਕਿ ਮੈਂ ph.d ਹਾਂ, ਮੈਂ ਖੋਜ ਕਰੀ ਹੈ। ਗੁਰੂ ਗ੍ਰੰਥ ਸਾਹਿਬ ਦਾ ਮੈਂ ਟੀਕਾ ਲਿਖਿਆ ਹੈ। ਅੱਜਕੱਲ ਜੋ ਪੁਸਤਕਾਂ ਲਿਖਣੀਆ ਹਨ ਉਹ ਹਰ ਬੰਦਾ ਜੇ ਇੱਕ ਨੂੰ ਸਮਝਾ ਦਿੱਤਾ ਜਾਵੇ ਕਿ ਆਹ ਢੰਗ ਹੈ, ਆਹ ਲਿਖੀ ਜਾਹ। ਓਹੀ ਵੱਡਾ ਹੋ ਜਾਏਗਾ, ਐਨਾ ਲਿਖਿਆ ਹੋਇਆ ਮੌਜੂਦ ਹੈ ਅੱਜਕੱਲ। ਹਰ ਚੀਜ਼ ਮਿਲਦੀ ਹੈ, ਲਾਈਨਾਂ ਛਾਂਟ-ਛਾਂਟ ਲਿਖੀ ਜਾਣੀਆਂ ਨੇ। ਉਹਦੀ ਕਿਰਤ ਨਹੀਂ ਹੈ, ਉਹ ਤਾਂ ਕਿਰਤ ਕੀਤੀ ਹੋਈ ਨੂੰ ਆਪਣੀ ਬਣਾ ਕੇ ਪੇਸ਼ ਕਰ ਰਿਹਾ ਹੈ। ਉਹਦੀ ਵਾਹਵਾ ਕਰ ਰਿਹਾ ਹੈ। ਬਣਾਈ ਕਿਸੇ ਨੇ ਹੈ, ਕਹੀ ਕਿਸੇ ਨੇ ਹੈ, ਉਹਨੇ ਬਣਾ ਕੇ ਉਸਨੂੰ ਆਪਣੀ ਪ੍ਰਸੰਸਾ ਲੈ ਲਈ। ਸੋ ਇਹ ਪ੍ਰਸੰਸਾ ਵਗੈਰਾ ਕੁਛ ਕਰਦੀਆਂ ਨਹੀਂ। ਸਾਨੂੰ ਛੁਡਾਉਂਦੀਆਂ ਨਹੀਂ ਹਨ। ਸੋ ਅਸੀਂ ਬੇਨਤੀ ਕੀਤੀ ਹੈ ਕਿ ਸੱਚੇ ਪਾਤਸ਼ਾਹ! ਬੇਅੰਤ ਜੁਗ ਬੀਤ ਗਏ, ਬੀਤਦੇ ਚਲੇ ਜਾ ਰਹੇ ਨੇ ਤੇ ਹੁਣ ਕ੍ਰਿਪਾ ਕਰ ਸਾਡੇ 'ਤੇ, ਸਾਡਾ ਜੀਵਨ ਲੇਖੇ 'ਚ ਲਗ ਜਾਵੇ। ਧਿਆਨ ਦੇ ਕੇ ਦੇਖੋ ਕਿ ਦੁਨੀਆਂ ਕੀ ਹੈ? ਜਿਹਦੇ ਵਿੱਚ ਅਸੀਂ ਵਿਚਰ ਰਹੇ ਹਾਂ ਇਹ ਹੈ ਕੀ? ਜਦੋਂ ਕੋਈ ਚੀਜ਼ ਨਹੀਂ ਸੀ ਇਸ ਸੰਸਾਰ ਦੇ ਅੰਦਰ। ਉਸ ਵੇਲੇ ਕੇਵਲ ਪ੍ਰਮੇਸ਼ਰ ਸੀਗਾ ਜਿਹਨੂੰ ਨਿਰਗੁਣ ਬ੍ਰਹਮ ਕਹਿੰਦੇ ਸਨ, ਜਿਹਦਾ ਨਾ ਕੋਈ ਰੂਪ ਸੀ, ਨਾ ਕੋਈ ਰੇਖ ਸੀ, ਕੁਛ ਵੀ ਨਹੀਂ ਸੀਗਾ, ਨਾ ਉਹਨੂੰ ਕੋਈ ਜਾਣਦਾ ਸੀ, ਆਪਣੇ ਆਪ ਨੂੰ ਆਪੇ ਹੀ ਜਾਣਦਾ ਸੀ, ਕਿਉਂਕਿ ਦੂਜੀ ਚੀਜ਼ ਨਹੀਂ ਸੀ। ਜੋ ਗੁਰੂ ਨਾਨਕ ਪਾਤਸ਼ਾਹ ਦਾ ਸਿਧਾਂਤ ਹੈ ਇਹਦੇ ਵਿੱਚ ਫਰਕ ਹੈ ਥੋੜ੍ਹਾ ਜਿਹਾ, ਪੁਸਤਕਾਂ ਤਾਂ ਅਸੀਂ ਪੜ੍ਹ ਲੈਂਦੇ ਹਾਂ, ਲੇਕਿਨ ਸਿਧਾਂਤ ਤੋਂ ਅਣਜਾਣ ਹੋਣ ਕਰਕੇ ਸਾਨੂੰ ਪਤਾ ਨਹੀਂ ਲਗਦਾ। ਬਾਕੀ ਬਹੁਤ ਸਾਰੇ ਐਸੇ ਮਹਾਂਪੁਰਸ਼ ਨੇ ਜਿਨ੍ਹਾਂ ਨੇ ਨਿਹਚਾ ਕਰਿਆ ਕਿ ਤਿੰਨ ਚੀਜ਼ਾਂ ਸੀਗੀਆਂ ਇੱਕ ਪ੍ਰਾਕ੍ਰਿਤੀ ਸੀਗੀ, ਠੋਸ (matter) ਦਾ ਬੀਜ ਸੀ, ਜਿਸ ਤਰ੍ਹਾਂ ਪ੍ਰਮੇਸ਼ਰ ਨਿਰਗੁਨ ਰੂਪ 'ਚ ਸੀ, ਇਸੇ ਤਰ੍ਹਾਂ ਜਿਹੜਾ ਬੀਜ ਸੀ ਉਹ ਵੀ ਦੱਬ (compress) ਹੋ ਕੇ ਨਿਰਗੁਨ ਰੂਪ 'ਚ ਪਹੁੰਚ ਗਿਆ ਸੀ। ਸਾਇੰਸ ਵਾਲਿਆਂ ਦੀ ਟੋਹ ਹੈ, ਉਹ ਛੋਟਾ ਕਿੰਨਾ ਸੀ ਕਹਿੰਦੇ ਦੱਸਿਆ ਹੀ ਨਹੀਂ ਜਾ ਸਕਦਾ। compress ਹੋ ਕੇ ਕਿੰਨਾ ਛੋਟਾ ਹੋ ਗਿਆ। ਪੁਆਇੰਟ ਲਾ ਕੇ 80 ਜ਼ੀਰੋ ਲਾ ਕੇ infinity ਲਿਖ ਦਿਤੀ। ਜਿਹੜੇ ਹਿਸਾਬ ਜਾਣਦੇ ਨੇ ਉਨ੍ਹਾਂ ਨੂੰ ਪਤਾ ਹੈ ਕਿ ਇਹ ਤਾਂ ਕੋਈ ਗੱਲ ਨਾ ਬਣੀ। ਜਿਥੇ ਅਸੀਂ ਸੋਚਾਂਗੇ ਕਿ ਐਨਾ ਛੋਟਾ ਸੀ, ਓਸ ਤੋਂ ਹੋਰ ਛੋਟਾ ਹੈ। ਜਿੰਨਾਂ ਉਹ ਫੈਲੇਗਾ, ਜਿਥੇ ਅਸੀਂ ਖੜ੍ਹਾਂਗੇ ਉਸ ਤੋਂ ਅੱਗੇ ਫੇਰ ਓਨਾਂ ਹੀ ਹੈ। ਸੋ ਉਨ੍ਹਾਂ ਦਾ ਖਿਆਲ ਸੀ। ਇਸੇ ਤਰ੍ਹਾਂ ਜੀਵ ਵੀ ਨਿਰਗੁਨ ਰੂਪ ਦੇ ਵਿੱਚ, ਇਹਦੀ ਵੀ ਹੋਂਦ ਕਾਇਮ ਸੀ, ਤਿੰਨ ਸੀਗੇ, ਇੱਕ ਜੀਵ ਸੀ, ਇੱਕ ਪ੍ਰਕ੍ਰਿਤੀ ਸੀ।

ਜਿਹਨੂੰ ਮਾਇਆਂ ਕਹਿੰਦੇ ਨੇ ਜਾਂ ਅਗਿਆਨ ਕਹਿੰਦੇ ਨੇ, ਇੱਕ ਰੱਬ ਸੀਗਾ। ਗੁਰੂ ਮਹਾਰਾਜ ਕਹਿੰਦੇ ਨਹੀਂ ਐਸ ਤਰ੍ਹਾਂ ਨਾ ਤੁਸੀਂ ਵੰਡੋ। ਇੱਥੇ ਕੇਵਲ ਪ੍ਰਮੇਸ਼ਰ ਸੀ, ਹੋਰ ਕੋਈ ਚੀਜ਼ ਹੈ ਨਹੀਂ ਸੀ। ਉਹ ਜਿਹੜਾ ਪ੍ਰਮੇਸ਼ਰ ਸੀ ਉਹ ਸਰਬ ਕਲਾ ਸਮਰੱਥ ਸੀ। ਉਹ ਕੋਈ ਇਸ ਤਰ੍ਹਾਂ ਨਹੀਂ ਸੀ ਕਿ ਉਹਨੂੰ ਪਤਾ ਨਹੀਂ ਸੀ ਕਿਸੇ ਚੀਜ਼ ਦਾ ਕਿ ਉਹ ਨਿਰਗੁਨ ਅਵਸਥਾ 'ਚ ਚਲਿਆ ਗਿਆ ਤੇ ਹੁਣ ਕੁਛ ਵੀ ਨਹੀਂ ਹੈ। ਸਮਾਧੀ ਲਾਈ ਹੋਈ ਹੈ, ਜ਼ੀਰੋ 'ਚ ਚਲਿਆ ਗਿਆ। ਕਹਿੰਦੇ, ਐਉਂ ਨਹੀਂ ਸੀਗਾ, ਹੋਂਦ ਸੀਗੀ ਓਹਦੀ। ਓਹਦਾ ਨਾਉਂ ਇਸੇ ਕਰਕੇ ਸਤਿ ਹੈ।

***ਸਤਿ ਨਾਮੁ ਤੇਰਾ ਪਰਾ ਪੂਰਬਲਾ ॥***
***ਅੰਗ - ੧੦੮੩***

ਇਸੇ ਕਰਕੇ ਹੈ ਕਿ ਉਹ ਸਤਿ ਕਦੇ ਵੀ ਅਸਤਿ ਨਹੀਂ ਹੁੰਦਾ, ਚਾਹੇ ਉਹ ਨਿਰਗੁਨ ਹੋ ਜਾਏ, ਚਾਹੇ ਸਰਗੁਨ ਹੋ ਜਾਵੇ, ਚਾਹੇ ਵਿਰਾਟ ਬਣ ਜਾਵੇ, ਚਾਹੇ ਈਸ਼ਵਰ ਬਣ ਜਾਵੇ, ਚਾਹੇ ਜੀਵ ਬਣ ਜਾਵੇ, ਚਾਹੇ ਸੰਸਾਰ ਬਣ ਜਾਵੇ। ਉਹਦੀ ਹੋਂਦ ਨਹੀਂ ਬਦਲਦੀ ਕਦੇ ਵੀ। ਉਹ ਜਿਹੜਾ ਨਿਰਗੁਨ ਸੀ, ਉਸਨੇ ਆਪਣੇ ਆਪ ਤੋਂ ਰਚਨਾ ਰਚੀ ਤੇ ਰਚਣ ਤੋਂ ਬਾਅਦ ਬਾਹਰ ਨਹੀਂ ਚਲਿਆ ਗਿਆ, ਜਿਹੜਾ ਮਿਸਤਰੀ ਹੈ ਮਕਾਨ ਬਣਾਉਂਦਾ ਹੈ, ਮਕਾਨ ਬਣਾਉਣ ਤੋਂ ਬਾਅਦ ਕੰਧਾਂ 'ਚ ਨਹੀਂ ਹੋਇਆ ਕਰਦਾ, ਨਾ ਛੱਤ 'ਚ ਹੋਇਆ ਕਰਦਾ ਹੈ, ਉਹ ਪਾਸੇ ਹਟ ਜਾਂਦਾ ਹੈ। carpenter ਹੈ ਉਹ ਫਰਨੀਚਰ ਬਣਾਉਂਦਾ ਹੈ। ਫਰਨੀਚਰ ਬਣਾਉਣ ਤੋਂ ਬਾਅਦ ਉਹਦਾ ਕੋਈ ਸਬੰਧ ਨਹੀਂ ਉਸ ਨਾਲ ਰਹਿੰਦਾ। ਸਬੰਧ ਟੁੱਟ ਜਾਂਦਾ ਹੈ ਉਹਦਾ। ਜਦੋਂ final Shape ਦੇ ਦਿੱਤੀ ਉਸ ਤੋਂ ਬਾਅਦ ਕੋਈ ਕਲਾ ਕਰਨ ਨੂੰ ਉਹਦੇ ਕੋਲ ਸਮਾਂ ਨਹੀਂ ਬਚਦਾ। ਉਹ ਕਹਿੰਦਾ ਠੀਕ ਹੈ ਮੈਂ ਬਣਾ ਦਿੱਤਾ ਜੋ ਕੁਛ ਬਣਾਉਣਾ ਸੀ। ਲੇਕਿਨ ਪ੍ਰਮੇਸ਼ਰ ਨੇ ਇਸ ਤਰ੍ਹਾਂ ਨਹੀਂ ਕਰਿਆ, ਮੱਕੜੀ ਜਾਲਾ ਤਨਦੀ ਹੈ, ਜਾਲਾ ਤਣ ਦਿੰਦੀ ਹੈ, ਭਾਵੇਂ ਜਾਲੇ ਦੇ ਵਿੱਚ ਰਹਿੰਦੀ ਹੈ ਪਰ ਇੱਕਲੀ-ਇੱਕਲੀ ਤਾਰ 'ਚ ਨਹੀਂ ਹੁੰਦੀ, ਇੱਕ ਪਾਸੇ ਹੋ ਕੇ ਬਹਿ ਜਾਂਦੀ ਹੈ। ਲੇਕਿਨ ਪ੍ਰਮੇਸ਼ਰ ਇਸ ਤਰ੍ਹਾਂ ਨਹੀਂ ਹੈ। ਪ੍ਰਮੇਸ਼ਰ ਦੇ ਬਾਰੇ ਇਸ ਤਰ੍ਹਾਂ ਨਾਲ ਫੁਰਮਾਨ ਆਉਂਦਾ ਹੈ, ਪੜ੍ਹੋ ਪਿਆਰ ਨਾਲ -

***ਧਾਰਨਾ -ਆਪੇ ਰਚ ਕੇ ਜਗਤ ਵਾਲੀ ਰਚਨਾ,***
***ਆਪੇ ਇਹਦੇ ਵਿੱਚ ਬਹਿ ਗਿਆ।***

ਅਜੀਬ ਗੱਲ ਹੈ ਕਿ ਰਚਨਾ ਵੀ ਰਚ ਦਿੱਤੀ ਤੇ ਇਹਦੇ ਵਿੱਚ ਵੀ ਬਹਿ ਗਿਆ। ਫੇਰ ਕਹਿੰਦੇ ਦੋ ਬਣ ਗਏ, ਫੇਰ ਤਾਂ ਇਹ। ਮਹਾਰਾਜ ਕਹਿੰਦੇ ਨਹੀਂ ਦੋ ਨਹੀਂ ਬਣੇ। ਆਪਣੇ ਆਪ ਤੋਂ ਆਪੇ ਹੀ ਪਸਾਰਾ ਕਰ ਦਿੱਤਾ, ਦਰਖਤ ਜੇ ਬੀਜ ਹੈ, ਬੀਜ ਜੇ ਦਰਖਤ ਬਣ ਜਾਂਦਾ ਹੈ, ਦੋ ਤਾਂ ਨਹੀਂ ਨਾ ਬਣੇ ਉਹ ਤਾਂ ਬੀਜ ਦਾ ਹੀ ਪਸਾਰਾ ਹੈ। ਉਹਦੇ ਵਿੱਚ ਬੀਜ ਹੀ ਰਮਿਆ ਹੋਇਆ ਹੈ। ਬੀਜ ਰਮ ਕੇ ਜਦੋਂ ਵਧ ਜਾਏਗਾ ਦਰਖਤ, ਫੁੱਲ ਆਉਣਗੇ, ਫੁੱਲਾਂ ਦੇ ਵਿੱਚ ਡੋਡੀ ਪਏਗੀ, ਫਲ ਪਏਗਾ, ਫਲ ਦੇ ਵਿੱਚ ਫੇਰ ਕੀ ਦੇਖੋਂਗੇ ਤੁਸੀਂ -

***ਬੀਜੁ ਬੀਜਿ ਦੇਖਿਓ ਬਹੁ ਪਰਕਾਰਾ ॥***
***ਫਲ ਪਾਕੇ ਤੇ ਏਕੰਕਾਰਾ ॥ ਅੰਗ - ੨੩੬***

ਗੱਲ ਸਮਝਣ ਵਾਲੀ ਹੈ, ਜਿੰਨਾਂ ਚਿਰ ਅਸੀਂ ਗੁਰੂ ਗ੍ਰੰਥ ਸਾਹਿਬ ਦੇ ਐਸੇ ਸਿਧਾਂਤ ਸਮਝ ਵਿੱਚ ਨਹੀਂ ਲਿਆਉਂਦੇ, ਨਾ ਸਾਨੂੰ ਰੱਬ ਬਾਰੇ ਪਤਾ ਲਗਦਾ ਹੈ, ਨਾ ਸਾਡਾ ਕੋਈ ਰਸਤਾ ਸਾਫ ਹੁੰਦਾ ਹੈ, ਬਈ ਅਸੀਂ ਕਿੱਥੇ ਨੂੰ ਜਾਣਾ ਹੈ, ਕੀ ਹੈ? ਸਿੱਖੀ ਧਾਰਨ ਕਰਕੇ ਵੀ ਅਸੀਂ ਅਣਜਾਣਾ ਵਾਂਗਣ ਤੁਰੇ ਫਿਰਦੇ ਹਾਂ। ਪਹਿਲਾਂ ਸਮਝੋ ਤਾਂ ਸਹੀ ਇਸ ਚੀਜ਼ ਨੂੰ ਕਿ ਤੁਹਾਡਾ ਸਿਧਾਂਤ ਕੀ ਹੈ? ਤੁਹਾਡੇ ਕੋਲ ਸਾਫ ਰਸਤਾ ਹੈ ਕਿ ਐਵੇਂ ਧੁੰਦਲੇ ਰਾਹ 'ਚ ਹੀ ਤੁਰੇ ਫਿਰਦੇ ਹੋ। ਸੋ ਪ੍ਰਮੇਸ਼ਰ ਬਾਹਰ ਨਹੀਂ ਗਿਆ, ਇਹਦੇ ਵਿੱਚ ਹੀ ਰਚ ਗਿਆ। ਓਹੀ ਨਿਰੰਕਾਰ ਜਿਹੜਾ ਸਹਿਜ ਸਮਾਧ ਦੇ ਵਿੱਚ ਸੀਗਾ। ਓਸ ਵੇਲੇ ਨੇਸ਼ਟੀ ਨਹੀਂ ਇਥੇ ਭੁਲੇਖਾ ਪੈਂਦਾ ਹੈ ਬਹੁਤ ਵੱਡਾ ਕਿ ਉਹ (nothing), ਜ਼ੀਰੋ ਹੋ ਗਿਆ। ਐਸਾ ਕਹਿੰਦੇ ਸੁਣੇ ਗਏ ਨੇ, ਐਸੀਆਂ ਬਾਤਾਂ ਲਿਖੀਆਂ ਹੋਈਆਂ ਦੇਖੀਆਂ ਨੇ ਬਈ nothing ਦੇ ਵਿਚੋਂ ਹੈ, ਸੁੰਨ ਵਿਚੋਂ ਹੋਇਆ ਹੈ ਸਾਰਾ। ਮਹਾਰਾਜ ਕਹਿੰਦੇ ਜਿਹਨੂੰ ਤੁਸੀਂ ਸੁੰਨ ਕਹਿੰਦੇ ਹੋ, ਉਹ ਸੁੰਨ ਨਹੀਂ ਸੀ, ਜ਼ੀਰੋ ਨਹੀਂ ਸੀਗਾ। ਉਹ ਹੋਂਦ ਸੀ, ਉਹ ਇੱਕ ਅਵਸਥਾ ਸੀ, ਬੀਜ ਜਿਹੜਾ ਹੈ ਉਹ ਸੁੰਨ ਨਹੀਂ ਹੁੰਦਾ, ਬੀਜ ਦੇ ਵਿੱਚ ਜਾਨ ਹੈ, ਬੀਜ ਨੇ ਵਧਣਾ ਹੁੰਦਾ ਹੈ, ਬੀਜ ਨੇ ਫੈਲਣਾ ਹੁੰਦਾ ਹੈ। ਸੋ ਬੀਜ ਜਿਹੜਾ ਹੈ ਉਹ ਨਿਰਹੋਂਦ ਨਹੀਂ ਹੈਗਾ, ਦਰਖਤ ਉਹਦੇ ਵਿੱਚ ਸਮਾਇਆ ਪਿਆ ਹੈ ਸਾਰਾ ਹੀ। ਬਰੋਟਾ ਹੁੰਦਾ ਹੈ, ਕਿੱਡਾ ਵੱਡਾ, ਬੋਹੜ ਜਿਹਨੂੰ ਕਹਿੰਦੇ ਨੇ, ਨਿੱਕਾ ਜਿਹਾ ਖਸਖਸ ਦੇ ਦਾਣੇ ਜਿੰਨਾ ਬੀਜ ਹੁੰਦਾ ਹੈ, ਲੇਕਿਨ ਉਹਦੇ ਵਿੱਚ -

***ਬਟਕ ਬੀਜ ਮਹਿ ਰਵਿ ਰਹਿਓ***
***ਜਾ ਕੋ ਤੀਨਿ ਲੋਕ ਬਿਸਥਾਰ ॥ ਅੰਗ - ੩੪੩***

ਜਿਵੇਂ ਬਰੋਟਾ ਆਪਣੇ ਬੀਜ ਵਿੱਚ ਹੈ, ਇਵੇਂ ਜਿਵੇਂ ਸਾਰੇ ਬ੍ਰਹਿਮੰਡ ਜਿਹੜੇ ਨੇ endless ਨੇ ਉਹ ਕਿਤੇ ਖਤਮ ਹੀ ਨਹੀਂ ਹੁੰਦੇ, ਉਹ ਨਿਰਾਕਾਰ ਅਵਸਥਾ 'ਚ ਨੇ। ਉਹ ਨਿਰਾਕਾਰ ਅਵਸਥਾ ਕਿੰਨੀ ਕੁ ਛੋਟੀ ਹੈ, ਇਹਨੂੰ ਕੋਈ ਨਹੀਂ ਜਾਣ ਸਕਦਾ। ਆਪਣੇ ਆਪ ਨੂੰ ਆਪ ਹੀ ਜਾਣਦਾ ਹੈ, ਹੋਰ ਕੋਈ ਨਹੀਂ ਜਾਣਦਾ। ਸੋ -

*ਨਿਰੰਕਾਰ ਆਕਾਰ ਹੋਇ*
*ਏਕੰਕਾਰ ਅਪਾਰ ਸਦਾਇਆ।*

ਏਕਾ ਆ ਗਿਆ, ਕੋਈ ਤਾਂ ਇਹਨੂੰ ਗਿਣਤੀ ਦਾ ਏਕਾ ਕਹਿੰਦੇ ਨੇ, ਚਾਹੇ ਤਾਂ ਗਿਣਤੀ ਦਾ ਏਕਾ ਕਹਿ ਲਓ। ਤਾਂ ਵੀ ਗੱਲ ਉਥੇ ਹੀ ਗਣਿਤ ਦੇ ਹਿਸਾਬ ਨਾਲ ਪਹੁੰਚ ਜਾਂਦੀ ਹੈ। ਇੱਕ ਤੋਂ ਜੇ ਦੋ ਬਣਿਆ ਤਾਂ ਦੋ ਏਕੇ ਹੋ ਗਏ। ਦੋ ਨਹੀਂ ਬਣੇ, ਇੱਕੋ ਹੀ ਦੋ ਬਣ ਗਿਆ। ਇੱਕ ਤੋਂ ਦਸ ਬਣੇ ਤਾਂ ਦਸ ਵਾਰੀ ਇੱਕ-ਇੱਕ ਹੋਇਆ, ਉਹਦੀ ਕੀਮਤ ਇੱਕੋ ਹੀ ਰਹਿੰਦੀ ਹੈ, ਲੇਕਿਨ ਗਿਣਤੀ ਵੱਧ ਗਈ। ਏਸੇ ਤਰ੍ਹਾਂ ਇੱਕ ਤੋਂ ਕਰੋੜ ਬਣਿਆ ਕਰੋੜ ਏਕਾ ਹੋ ਗਿਆ। ਕਰੋੜ ਜਿਹੜਾ ਹੈ ਵੱਖਰੀ ਰਕਮ ਨਹੀਂ ਹੈ ਏਕੇ ਤੋਂ, ਏਕਾ ਇਹਦੇ ਹਰੇਕ ਅੰਗ ਦੇ ਵਿੱਚ ਹੈ, ਦੋ ਨਹੀਂ ਹੈਗਾ। ਦੋ ਤਿੰਨ ਵਿੱਚ ਹੈ ਹੀ ਨਹੀਂ, ਕੋਈ ਕਰਕੇ ਦਿਖਾ ਦਿਓ ਕਿ ਦੋ ਤਿੰਨ ਵਿੱਚ ਹੈ। ਏਕਾ ਤਿੰਨ ਵਿੱਚ ਵੀ ਹੈ, ਏਕਾ ਇੱਕ ਵਿੱਚ ਵੀ ਹੈ, ਉਹ ਇੱਕ, ਇੱਕ ਹੀ ਰਹਿੰਦਾ ਹੈ, ਦੋ ਬਣਦਾ ਹੀ ਨਹੀਂ ਹੈ। ਫਿਲੋਸਫੀ ਦੀ ਬਾਤ ਹੈ ਇਹ। ਸੋ ਇਸ ਤਰ੍ਹਾਂ ਜਿਹੜਾ ਨਿਰੰਕਾਰ ਹੈ, ਕਿੰਨਾ ਹੀ ਪਸਾਰਾ ਹੋ ਜਾਵੇ, ਨਿਰੰਕਾਰ ਵਾਹਿਗੁਰੂ, ਵਾਹਿਗੁਰੂ ਹੀ ਰਹਿੰਦਾ ਹੈ, ਕੁਛ ਵਧਦਾ ਨਹੀਂ ਹੈ, ਕੁਛ ਘਟਦਾ ਨਹੀਂ ਹੈ।

*ਏਕੰਕਾਰ ਅਪਾਰ ਸਦਾਇਆ।*

ਏਕੰਕਾਰ, ਇੱਕੋ ਹਸਤੀ ਜਿਹਨੂੰ one ਕਹਿੰਦੇ ਨੇ। ਗਿਣਤੀ ਵਾਲਾ ਏਕਾ (one) ਨਹੀਂ, ਏਕਾ ਹਸਤੀ ਹੈ।

*ਏਕੰਕਾਰਹੁ ਸਬਦਿ ਧੁਨ।*

ਇਸ ਤੋਂ ਅੱਗੇ ਕੀ ਹੋਇਆ? ਕਹਿੰਦੇ ਉਹਦੇ ਵਿਚੋਂ ਇੱਕ ਧੁਨ ਉਠੀ, ਜਿਵੇਂ ਮੈਂ ਹੁਣ ਬੋਲ ਰਿਹਾ ਹਾਂ, ਵਾਜੇ ਨਾਲ ਗਾਉਣਾ, ਜਾਂ ਸ਼ਬਦ ਪੜ੍ਹਨਾ, ਉਹ ਮੇਰੇ ਵਿੱਚੋਂ ਹੀ ਨਿਕਲ ਰਿਹਾ ਹੈ ਸ਼ਬਦ। ਬਾਹਰੋਂ ਤਾਂ ਨਹੀਂ ਨਾ ਆ ਰਿਹਾ। ਇਹ ਸ਼ਬਦ ਦੇ ਵਿੱਚ ਮੈਂ ਹਾਂ, ਸ਼ਬਦ ਮੇਰੇ ਵਿੱਚ ਹੈ। ਬਾਹਰ ਤਾਂ ਹੋਇਆ ਨਾ, ਦੋਵੇਂ ਚੀਜ਼ਾਂ ਅੱਡ ਤਾਂ ਹੋ ਨਾ ਸਕੀਆਂ, ਕਿਸੇ ਤਰੀਕੇ ਨਾਲ ਵੀ। ਇਸੇ ਤਰ੍ਹਾਂ ਏਕੰਕਾਰ ਤੋਂ ਸ਼ਬਦ ਧੁਨ ਹੋਈ, ਸ਼ਬਦ ਧੁਨ ਏਕੰਕਾਰ ਤੋਂ ਬਾਹਰ ਨਹੀਂ ਹੈ। ਏਕੰਕਾਰ ਸ਼ਬਦ ਤੋਂ ਬਾਹਰ ਨਾ ਹੋਇਆ। ਜਿੰਨੇ ਵੀ ਧਰਮ ਨੇ, ਇਸਲਾਮ ਵਾਲੇ, ਈਸਾਈ, ਯਹੂਦੀ, ਜ਼ਰਤੁਸਤ ਤੇ ਹੋਰ ਜਿਹੜੇ ਧਰਮ ਨੇ ਸਾਰੇ ਇਨ੍ਹਾਂ ਦਾ ਮੱਤ ਇੱਕ ਹੈ ਜ਼ਬਰਦਸਤ, ਉਹ ਇਹ ਕਹਿੰਦੇ ਨੇ ਕਿ ਜਿਹੜਾ ਨਿਰਗੁਣ ਬ੍ਰਹਮ ਸੀ, ਉਹਦੇ ਵਿੱਚ ਸ਼ਬਦ ਸੀ। before the creation of Universe, their was logas. ਇਕ ਸ਼ਬਦ ਸੀ ਇੱਥੇ, ਉਹ ਜਿਹੜਾ ਸ਼ਬਦ ਸੀ That was within God. ਉਹ ਰੱਬ ਦੇ ਵਿੱਚ ਸੀਗਾ ਸ਼ਬਦ।ਸ਼ਬਦ ਅੱਡ ਨਹੀਂ ਸੀ। ਹੁਣ ਮੇਰੇ ਵਿੱਚ ਜਿਹੜਾ ਸ਼ਬਦ ਹੈ ਉਹ ਮੈਂ ਬੋਲਦਾ ਹਾਂ, ਮੇਰੇ ਤੋਂ ਅੱਡ ਤਾਂ ਨਹੀਂ ਨਾ ਹੈਗਾ, ਮੈਂ ਹੀ ਬੋਲ ਰਿਹਾ ਹਾਂ। ਉਹ ਜਿਹੜਾ ਪ੍ਰਮੇਸ਼ਰ ਤੋਂ ਸ਼ਬਦ ਹੋਇਆ -

*ਪ੍ਰਿਥਮ ਓਅੰਕਾਰ ਤਿਨ ਕਹਾ*
*ਸੋ ਧੁਨ ਪੂਰ ਜਗਤ ਮੋ ਰਹਾ।*

ਉਹ ਜਿਹੜੀ ਧੁਨ ਹੈ ਉਹ ਸ਼ਕਤੀਸ਼ਾਲ ਧੁਨ ਹੈ। ਐਟਮ ਦੀ ਧੁਨ ਹੋਈ ਸੀ। ਐਟਮ ਦੀ ਧੁਨ ਹੋਈ ਸੀ ਯੂਰੋਸ਼ੀਮਾ 'ਚ, ਉਹ ਧੁਨ ਨੇ ਕੀ ਕਰਿਆ, ਤਿੰਨ ਚਾਰ ਲੱਖ ਬੰਦਾ ਮਾਰ ਦਿੱਤਾ। ਸ਼ਬਦ ਨੇ ਹੀ ਮਾਰਿਆ, ਕੋਈ ਬੰਬ ਤਾਂ ਨਹੀਂ ਲੱਗਿਆ ਉਨ੍ਹਾਂ ਦੇ। ਗੱਲ ਸਮਝੋ ਸਾਰੇ ਤੁਸੀਂ ਧਿਆਨ ਨਾਲ। ਉਹ ਸ਼ਬਦ ਨੇ ਮਾਰ ਦਿੱਤੇ ਸਾਰੇ, ਸ਼ਬਦ ਨੇ ਧਰਤੀ ਹਿਲਾ ਦਿੱਤੀ। ਉਹ ਜਿਹੜਾ ਸ਼ਬਦ ਹੈ ਉਹ ਨਿਰੰਕਾਰ ਤੋਂ ਹੋਇਆ ਸ਼ਬਦ। ਸ਼ਬਦ ਨੇ ਅੱਗੇ ਕੀ ਕਰਿਆ, ਸ਼ਬਦ ਵਾਹਿਗੁਰੂ ਤੋਂ ਵੱਖਰਾ ਨਹੀਂ। ਸ਼ਬਦ ਵੀ ਵਾਹਿਗੁਰੂ ਦਾ ਇੱਕ ਸਰੂਪ ਬਣ ਗਿਆ। ਉਹ ਵੱਖਰਾ ਨਾ ਰਿਹਾ। ਹੁਣ ਸ਼ਬਦ ਨੇ ਕੀ ਕਰਿਆ -

*ਏਕੰਕਾਰਹੁ ਸ਼ਬਦ ਧੁਨ*
*ਓਅੰਕਾਰ ਅਪਾਰ ਸਦਾਇਆ।*

ਓਅੰਕਾਰ ਸ਼ਬਦ ਤੋਂ ਆਕਾਰ ਬਣਨੇ ਸ਼ੁਰੂ ਹੋ ਗਏ। ਓਅੰਕਾਰ ਦੇ ਵਿੱਚ ਹੁਕਮ ਦੀ ਧਾਰਾ ਚੱਲ ਪਈ। ਉਹ ਹੁਕਮ ਦੀ ਧਾਰਾ ਨੇ ਸਾਰੇ ਬ੍ਰਹਿਮੰਡ ਨੂੰ ਬਣਾ ਦਿੱਤਾ, ਗੋਲ ਸ਼ਕਲ ਵਿੱਚ। ਇਹ ਤਾਰੇ-ਸਿਤਾਰੇ ਚੱਲਣ ਲਾ ਦਿੱਤੇ। ਇਨ੍ਹਾਂ ਦੇ ਰਸਤੇ ਕੋਈ ਫੀਤੇ ਲਾ ਕੇ ਨਹੀਂ ਸੀ ਮਿਣੇ ਕਿ ਧਰਤੀ ਜੇ ਐਥੇ ਕੁ ਹੋਊਗੀ ਤਾਂ ਟੱਕਰ ਨਹੀਂ ਖਾਏਗੀ, ਇੱਥੇ ਰਹੇਗੀ ਤਾਂ ਟੱਕਰ ਖਾਏਗੀ। ਇੱਕ ਦਮ ਸਾਰਾ ਕੁਛ, ਪ੍ਰਬੰਧ (arrangment) 'ਚ ਆ ਗਿਆ।

*ਕੀਤਾ ਪਸਾਉ ਏਕੋ ਕਵਾਉ ॥*
*ਤਿਸ ਤੇ ਹੋਏ ਲਖ ਦਰੀਆਉ ॥ ਅੰਗ - ੩*

ਉਹ ਸਾਰਾ ਕੁਛ ਇੱਕ ਤੋਂ ਹੋ ਗਿਆ। ਅਰ ਸਾਰਾ ਹੀ ਉਹਦੇ ਵਿੱਚ ਨਿਯਮ ਬੰਨ੍ਹ ਗਿਆ, ਉਸੇ ਵੇਲੇ ਉਹਨੂੰ ਹੁਕਮ ਕਹਿੰਦੇ ਨੇ। ਜਿਹੜਾ law of nature ਹੈ, ਉਸ ਹੁਕਮ ਦੇ ਨਾਲ ਕੀ ਹੋਇਆ, ਸ਼ਬਦ ਦੇ ਵਿੱਚੋਂ ਸ਼ਬਦ manifest ਹੋਣ ਲਗ ਗਿਆ। ਸ਼ਕਲਾਂ ਧਾਰਨ ਲਗ ਗਿਆ। ਉਸ ਸ਼ਬਦ ਦੇ ਵਿੱਚੋਂ ਹੀ ਅਸੀਂ ਬਣੇ ਹਾਂ।

*ਓਅੰਕਾਰਿ ਬ੍ਰਹਮਾ ਉਤਪਤਿ ॥*
*ਓਅੰਕਾਰੁ ਕੀਆ ਜਿਨਿ ਚਿਤਿ ॥ ਅੰਗ - ੯੨੯*

ਬ੍ਰਹਮਾ ਸ਼ਕਤੀ ਜਿਹੜੀ ਸੀ, ਜਿਸਨੇ ਅਗਾਹਾਂ ਰਚਨਾ ਰਚਨ ਦੇ ਵਾਸਤੇ ਵਿਓਂਤਬੱਧ ਕੰਮ ਕਰਨਾ ਸੀ, ਉਹ ਸ਼ਬਦ ਦੇ ਵਿਚੋਂ ਪ੍ਰਗਟ ਹੋ ਗਈ। ਵਾਹਿਗੁਰੂ ਤੋਂ

ਬਾਹਰ ਤਾਂ ਨਾ ਹੋਈ ਸਗੋਂ, ਵਾਹਿਗੁਰੂ ਦੇ ਕਰਿਸ਼ਮੇ 'ਚੋਂ ਹੀ ਪ੍ਰਗਟ ਹੋਈ। ਸੋ ਉਹਦੇ ਵਿਚੋਂ ਹੋ ਗਿਆ ਸਾਰਾ ਕੁਛ। ਚਿੱਤ ਕਹਿੰਦੇ ਨੇ awareness ਨੂੰ, ਆਹ ਜਿਹੜਾ ਪੱਥਰ ਪਿਆ ਹੈ ਇਹਦੇ ਵਿੱਚ awareness ਨਹੀਂ। ਜੇ ਹੈ ਤਾਂ ਮਾਈਨਸ ਡਿਗਰੀ ਦੀ ਹੈ। ਮਾਈਨਸ ਕੀਤਾ ਜਾਂਦਾ ਹੈ, ਲੇਕਿਨ ਉਹਦੀ ਚੇਤਨਤਾ ਐਨੀ ਨਹੀਂ ਹੈ ਕਿ ਸਾਡੇ ਵਾਂਗਣ ਰੋਵੇ, ਜਦੋਂ ਪੱਥਰਾਂ 'ਚੋਂ ਕੱਢ ਕੇ, ਚੱਕੀ ਦੇ ਵਿੱਚ ਉਹਨੂੰ ਪੀਸਦੇ ਹਾਂ। ਲੇਕਿਨ ਹੈ ਚੇਤਨਤਾ ਪਰ ਬਹੁਤ ਥੋੜ੍ਹੀ ਹੈ। ਸਾਡੇ ਵਿੱਚ ਬਹੁਤੀ ਹੈ ਇਹਨੂੰ ਚਿਤ ਕਹਿੰਦੇ ਨੇ। ਚੇਤਨਤਾ ਆ ਗਈ ਸਾਰੇ, ਦਰਖਤਾਂ ਵਿੱਚ ਵੀ ਆ ਗਈ, ਪਸ਼ੂ, ਪੰਛੀਆਂ 'ਚ ਵੀ ਆ ਗਈ, ਮਨੁੱਖਾਂ 'ਚ ਵੀ ਆ ਗਈ। ਉਹ ਚਿੱਤ ਹੋ ਗਿਆ -

***ਓਅੰਕਾਰਿ ਸੈਲ ਜੁਗ ਭਏ ॥***
***ਓਅੰਕਾਰਿ ਬੇਦ ਨਿਰਮਏ ॥ ਅੰਗ - ੯੨੯***

Time and space ਜਿਹੜੀ ਹੈ, ਇਹ ਉਸੇ ਸ਼ਬਦ ਤੋਂ ਹੋ ਗਈ। ਜਿੰਨਾ ਵੀ ਗਿਆਨ (knowledge) ਹੈ ਮਨੁੱਖ ਦੇ ਅੰਦਰ, ਸਾਰੀ ਦੀ ਸਾਰੀ । ਜਿਹਨੂੰ ਵੇਦ ਕਹਿੰਦੇ ਨੇ, ਵਿਦਿਆ ਕਹਿੰਦੇ ਨੇ ਇਹ ਸਾਰੀਆਂ ਚੀਜ਼ਾਂ ਅੰਦਰ ਪੈਦਾ ਹੋ ਗਈਆਂ। ਹੁਣ ਗੱਲ ਇੱਥੇ ਆਉਂਦੀ ਹੈ ਕਿ ਉਹ ਜਿਹੜਾ ਸ਼ਬਦ ਹੈ ਉਹਦੀ ਧੁਨ ਖਤਮ ਨਹੀਂ ਹੋਈ। ਗੁਰੂ ਦਸਵੇਂ ਪਾਤਸ਼ਾਹ ਕਹਿੰਦੇ ਹੁਣ ਵੀ ਉਹ ਧੁਨ ਚੱਲ ਰਹੀ ਹੈ। ਅਰ ਉਹਦੇ 'ਚ ਸਾਰੀਆਂ ਹੀ ਸ਼ਕਤੀਆਂ ਨੇ। ਜੇ ਗਿਆਨ ਉਹਦੇ ਵਿੱਚੋਂ ਪੈਦਾ ਹੁੰਦਾ ਹੈ ਤਾਂ ਉਹ ਪੂਰਨ ਗਿਆਨਵਾਨ ਹੈ। ਜੇ ਉਹਦੇ ਵਿਚੋਂ ਪਿਆਰ ਪੈਦਾ ਹੁੰਦਾ ਹੈ ਤਾਂ ਉਹ ਨਿਰਾ ਹੀ ਪਿਆਰ ਦਾ ਰੂਪ ਹੈ। ਪਿਆਰ ਦਾ ਸੋਮਾ ਹੈ, ਹਮਦਰਦੀ ਦਾ ਸੋਮਾ ਹੈ। ਦਿਆਲਤਾ ਦਾ ਸੋਮਾ ਹੈ -

***ਸਦਾ ਸਦਾ ਸਦਾ ਦਇਆਲ ॥***
***ਸਿਮਰਿ ਸਿਮਰਿ ਨਾਨਕ ਭਏ ਨਿਹਾਲ ॥***
***ਅੰਗ - ੨੭੫***

ਮਹਾਰਾਜ ਨੇ ਕਿਹਾ ਕਿ ਇਹ ਨਹੀਂ ਕਿ ਹੁਣ ਦਇਆਲ ਹੋਇਆ ਹੈ, ਉਹ ਦਿਆਲਤਾ ਦਾ ਰੂਪ ਹੀ ਹੈ, ਬਖਸ਼ਿਸ਼ ਦਾ ਰੂਪ ਹੀ ਹੈ। ਮਾਇਆ ਉਹਦੇ ਵਿਚੋਂ, ਜਿਹਨੂੰ matter ਕਹਿੰਦੇ ਨੇ, ਅਗਿਆਨ ਦਾ ਝਲਕਾਰਾ ਉਹਦੇ ਵਿਚੋਂ ਹੋਇਆ, ਹਉਮੈ ਦਾ। ਉਹ ਹਉਮੈ 'ਚੋਂ ਅਗਿਆਨ ਆ ਗਿਆ। ਅਗਿਆਨ ਦੇ ਵਿਚੋਂ ਤ੍ਰਿਗੁਣੀ ਮਾਇਆ ਆ ਗਈ ਜਿਹਨੂੰ ਮਹੀਤੱਤ ਕਹਿੰਦੇ ਨੇ, ਬੁੱਧੀ ਆ ਗਈ ਆ ਸਾਰਾ ਕੁਛ ਜਿੰਨਾਂ ਪ੍ਰਬੰਧ ਸੀ ਪ੍ਰਮੇਸ਼ਰ ਤੋਂ ਹੋ ਕੇ, ਵੱਡੀ ਗੱਲ ਇਹ ਹੈ ਕਿ ਅਸੀਂ ਤਾਂ ਜਿਹੜੇ ਜੀਵ ਬਣੇ ਹਾਂ, ਸਾਡੇ ਉੱਤੇ ਤਾਂ ਤਿੰਨ ਗੁਣਾਂ ਦਾ ਅਸਰ ਹੋ ਗਿਆ। ਵਾਹਿਗੁਰੂ ਜੀ ਫੇਰ ਨਿਆਰੇ ਰਹਿ ਗਏ, ਵਿੱਚ ਰਹਿੰਦੇ ਹੋਏ। ਉਨ੍ਹਾਂ 'ਤੇ ਕੋਈ ਅਸਰ ਨਹੀਂ ਹੋਇਆ ਉਹ ਉਸੇ ਤਰ੍ਹਾਂ ਰਹਿ ਗਏ। ਉਹ ਤ੍ਰਿਗੁਣ ਅਤੀਤ ਰਹਿ ਗਏ। ਅਬਾਧ ਹੈ ਉਹ ਬੰਨ੍ਹਿਆਂ ਨਾ ਗਿਆ। ਇਹ ਮਾਇਆ ਜਿਹੜੀ ਹੈ ਤ੍ਰਿਗੁਣ 'ਚ ਆ ਗਈ। ਇਹਦੇ ਉੱਤੇ ਹੁਕਮ ਨੇ ਲੇਖ ਲਿਖ ਦਿੱਤਾ, ਕਰਮਾਂ ਦਾ। ਪਹਿਲਾ ਲੇਖਾ ਜਿਹੜਾ ਲਿਖਿਆ ਹੈ, ਉਹ ਕਰਮਾਂ ਦਾ ਲੇਖ ਲਿਖ ਦਿੱਤਾ। ਕਰਮਾਂ ਦੇ ਲੇਖ ਦੇ ਨਾਲ ਸੰਸਾਰ ਦਾ ਕਾਰਜ ਤੁਰ ਪਿਆ। ਅਗਿਆਨ ਨੇ ਕਰਮਾਂ ਨੂੰ ਫੜ ਲਿਆ, ਕਰਮਾਂ ਨਾਲ ਅਸੀਂ ਕਰਮ ਕਰਨ ਲਗ ਗਏ, ਜਿਸ ਕਰਕੇ ਅਸੀਂ ਬੰਨ੍ਹੇ ਗਏ।

***ਓਅੰਕਾਰਿ ਆਕਾਰੁ ਕਰਿ***
***ਪਉਣੁ ਪਾਣੀ ਬੈਸੰਤਰੁ ਧਾਰੇ।***
***ਭਾਈ ਗੁਰਦਾਸ ਜੀ, ਵਾਰ ੪/੧***

***ਇਕ ਕਵਾਉ ਪਸਾਉ ਕਰਿ***
***ਓਅੰਕਾਰਿ ਅਕਾਰੁ ਪਸਾਰਾ।***
***ਪਉਣ ਪਾਣੀ ਬੈਸੰਤਰੋ***
***ਧਰਤਿ ਅਗਾਸੁ ਧਰੇ ਨਿਰਧਾਰਾ।***
***ਭਾਈ ਗੁਰਦਾਸ ਜੀ ਵਾਰ ੬/੪***

ਇੱਕ ਸ਼ਬਦ ਤੋਂ ਸਾਰੀ ਰਚਨਾ ਹੋ ਗਈ, ਇਹਨੂੰ ਚਾਹੇ ਫੁਰਨਾ ਕਹਿ ਲਓ, ਫੁਰਨਾ ਵੀ ਸ਼ਬਦ ਹੁੰਦਾ ਹੈ। ਕਈ ਮਹਾਂਪੁਰਸ਼ ਕਹਿੰਦੇ ਨੇ ਕਿ 'ਅਹੰ ਬਹੁ ਸਿਆਮਾ' ਐਸਾ ਫੁਰਨਾ ਆਇਆ ਸੀ ਕਿ ਮੈਂ ਇੱਕ ਤੋਂ ਅਨੇਕ ਹੋ ਜਾਵਾਂ। ਲੇਕਿਨ ਸ਼ਬਦ ਹੋਇਆ ਇਸੇ ਫੁਰਨੇ ਨਾਲ। ਉਸ ਸ਼ਬਦ ਨੇ ਰਚਨਾ ਰਚ ਦਿੱਤੀ, ਇਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਇੱਕ ਸ਼ਬਦ ਨੇ ਬਣਾਏ ਜਗ ਸਾਰੇ,***
***ਮਹਿਮਾ ਤੇਰੀ ਤੂੰ ਹੈ ਜਾਣਦਾ।***

***ਅਪਨੀ ਮਾਇਆ ਆਪਿ ਪਸਾਰੀ***
***ਆਪਹਿ ਦੇਖਨਹਾਰਾ ॥***
***ਨਾਨਾ ਰੂਪੁ ਧਰੇ ਬਹੁ ਰੰਗੀ***
***ਸਭ ਤੇ ਰਹੈ ਨਿਆਰਾ ॥ ਅੰਗ - ੫੩੭***

***ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ ॥***
***ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥***
***ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥***
***ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥***
***ਕਰਿ ਆਸਣੁ ਡਿਠੋ ਚਾਉ ॥ ਅੰਗ - ੪੬੩***

ਆਸਾ ਜੀ ਦੀ ਵਾਰ ਦੇ ਪਹਿਲੇ ਸਲੋਕ ਦੀ ਪਹਿਲੀ ਪਉੜੀ, ਕਿਉਂਕਿ ਜਦ ਆਸਾ ਜੀ ਦੀ ਵਾਰ ਦੀ ਰਚਨਾ ਹੋਈ, ਉਸ ਵੇਲੇ ਬਾਬਾ ਫਰੀਦ ਸਾਨੀ ਇਹ ਗੱਲ ਕਹਿਣ ਲੱਗਿਆ ਹੇ ਨਾਨਕ! ਤੂੰ ਵਾਰ ਰਚ ਰਿਹਾ ਹੈਂ। ਮੈਂ ਸੁਣਿਆ ਹੈ ਤੂੰ ਵਾਰ ਦੀ ਰਚਨਾ ਕਰਨੀ ਹੈ, ਵਾਰ ਹਮੇਸ਼ਾ ਦੋ 'ਚ ਹੁੰਦੀ ਹੈ, ਤੂੰ ਕਿਵੇਂ ਦੋ ਲੈ ਆਂਦੇ। ਕੀਹਨੂੰ ਤੂੰ ਰੱਦ ਕਰਿਆ ਤੇ ਕੀਹਨੂੰ ਤੂੰ ਲਿਆਂਦਾ। ਬੜਾ

ਔਖਾ ਮਸਲਾ ਸੀ ਇਹ, ਕਿਉਂਕਿ ਦੋ ਤੋਂ ਬਿਨਾਂ ਸੰਸਾਰ ਦਾ ਕੰਮ ਨਹੀਂ ਚਲਦਾ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੇ ਕਿਹਾ ਨਹੀਂ ਫਕੀਰ ਸਾਂਈ ਦੋ ਨਹੀਂ ਆਪੇ ਹੀ ਹੈ। ਆਪਣੇ ਆਪ ਤੋਂ ਆਪੇ ਹੀ ਸਾਜ ਲੈ। ਮੈਂ ਤੇ ਮੇਰਾ ਬੋਲ ਕੋਈ ਦੋ ਤਾਂ ਨਹੀਂ ਨਾ ਹੈਗੇ, ਮੇਰਾ ਹੀ ਰੂਪ ਹੈ ਬੋਲ। ਮੈਂ ਤੇ ਮੇਰੀ ਸ਼ਕਤੀ ਦੋ ਨਾ ਹੋਏ। ਮੇਰੀ ਸ਼ਕਤੀ ਵੀ ਮੈਂ ਹੀ ਹਾਂ, ਤੇ ਮੈਂ ਵੀ ਹਾਂ। ਇਹ ਪ੍ਰਮੇਸ਼ਰ ਨੇ ਸਭ ਤੋਂ ਪਹਿਲਾਂ ਸਾਜ ਕੇ ਆਪਣਾ ਨਿਰਗੁਣ ਤੋਂ ਸਰਗੁਣ ਹੋਇਆ, ਸਰਗੁਣ ਹੋ ਕੇ ਸਰਗੁਣ ਦੇ ਵਿੱਚੋਂ ਨਾਉਂ ਪ੍ਰਗਟ ਕੀਤਾ। ਅੱਜ ਤੱਕ ਰੌਲਾ ਪਈ ਜਾਂਦਾ ਹੈ ਕਿ ਨਾਉਂ ਕੀ ਹੋਇਆ, ਨਾਮ ਕੀ ਹੋਇਆ, ਕਿਸੇ ਨੂੰ ਨਹੀਂ ਸਮਝ ਆਉਂਦਾ, ਨਾ ਸ਼ਬਦ,  ਨਾ ਨਾਮ। ਅਸੀਂ ਤਾਂ ਸਮਝਣ ਦਾ ਯਤਨ ਹੀ ਨਹੀਂ ਕਰਦੇ। ਸਾਡਾ ਤਾਂ ਇਹ ਹੋ ਗਿਆ ਕਿ ਨਿਤਨੇਮ ਕਰ ਲਿਆ, ਰਹਿਤਾਂ ਰੱਖ ਲਈਆਂ ਬੱਸ ਜੀ ਛੁੱਟੀ ਹੈ। ਪਹਿਲੀ ਤੋਂ ਦੂਜੀ ਜਮਾਤ ਵਿੱਚ ਅਸੀਂ ਦਾਖਲ ਹੀ ਨਹੀਂ ਹੋਣਾ ਚਾਹੁੰਦੇ। ਗੁਰੂ ਮਹਾਰਾਜ ਹਾਕਾਂ ਮਾਰੀ ਜਾਂਦੇ ਨੇ, ਸਮਝਾਈ ਜਾਂਦੇ ਨੇ, ਤੂੰ ਸਮਝਣ ਦਾ ਯਤਨ ਤਾਂ ਕਰ ਕਿ ਤੂੰ ਕਰਨਾ ਕੀ ਹੈ, ਧਿਆਨ ਨਾਲ ਸਮਝ, ਐਵੇਂ ਪਹਿਲੀ ਜਮਾਤ 'ਚ ਸਮਾਂ ਬਰਬਾਦ ਕਰਕੇ, ਚਲਿਆ ਜਾਂਦਾ ਹੈਂ। ਲਾਰੇ ਲਾ ਕੇ ਪ੍ਰਚਾਰ ਕਰਨ ਵਾਲੇ ਵੀ ਤੈਨੂੰ ਤੱਤ ਦੀ ਗੱਲ ਨਹੀਂ ਦਸਦੇ। ਵਿਚਾਲੇ ਹੀ ਰਹਿ ਜਾਂਦਾ ਹੈਂ। ਇਹ ਤਾਂ ਕੋਈ-ਕੋਈ ਮਹਾਤਮਾ ਨੇ ਜਿਹੜੇ ਇਸ ਤਰ੍ਹਾਂ ਦੀ ਗੱਲ ਦੱਸਦੇ ਨੇ। ਜਿੰਨਾਂ ਕੁਛ ਹੋਇਆ ਹੈ 'ਨਾਮ' ਤੋਂ ਹੋਇਆ ਹੈ। ਉਹ 'ਨਾਮ' ਨੇ ਹੀ ਧਾਰਨ ਕਰਿਆ ਹੋਇਆ ਹੈ।

*ਨਾਮ ਕੇ ਧਾਰੇ ਸਗਲੇ ਜੰਤ ॥*
*ਨਾਮ ਕੇ ਧਾਰੇ ਖੰਡ ਬ੍ਰਹਮੰਡ ॥   ਅੰਗ - ੨੮੪*

ਜਿੰਨਾਂ ਕੁਛ ਨਜ਼ਰ ਆਉਂਦਾ ਹੈ, ਨਾਮ ਨੇ ਧਾਰਨ ਕੀਤਾ ਹੋਇਆ ਹੈ। ਨਾਮ ਕੀ ਹੈ, ਕਹਿੰਦੇ ਇੱਥੇ ਵੀ ਨਹੀਂ ਪਤਾ ਲਗਦਾ। ਕਹਿੰਦੇ ਨਾਮ ਤਾਂ ਅਸੀਂ ਦੱਸ ਆਏ ਹਾਂ। ਏਕੇ ਦੇ ਨਾਲ ਅਸੀਂ ਓਅੰਕਾਰ ਸ਼ਕਤੀ, ਓਅੰਕਾਰ ਦਾ ਸਰੂਪ ਲਿਖਿਆ ਹੈ। ਇਹ ਜਿਹੜਾ ਏਕੰਕਾਰ ਹੈ ਇਹ ਨਾਮ ਹੀ ਹੈ। ਇਹੀ ਸ਼ਕਤੀ ਹੈ, ਜਿਥੇ ਤੁਸੀਂ ਪਹੁੰਚਣਾ ਹੈ। ਜਿਸਨੂੰ ਅਨੁਭਵ (realise) ਕਰਨਾ ਹੈ, ਜਿਸਨੂੰ ਘਟ-ਘਟ 'ਚ ਵਿਆਪਕ ਦੇਖਣਾ ਹੈ, ਇਹੀ ਅੰਦਰ ਹੈ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥*
*ਅੰਗ - ੨੯੩*

ਇਹਨੂੰ ਹੀ 'ਸੋ ਸ਼ਬਦ' ਕਹਿੰਦੇ ਨੇ, ਜਿੱਥੇ ਨਾਮ ਦਾ ਵਾਸਾ ਹੈ ਉਸਨੂੰ ਹੀ ਸੁੱਖ ਦਾ ਘਰ ਕਹਿੰਦੇ ਨੇ। ਉਸੇ ਨੂੰ 'ਸੋ ਘਰ' ਕਹਿੰਦੇ ਨੇ, ਨਿਜ ਘਰ ਕਹਿੰਦੇ ਨੇ, ਕਹਿੰਦੇ ਆਪੇ ਹੀ ਆਪਣੇ ਆਪ ਤੋਂ ਨਾਮ ਪ੍ਰਗਟ ਕਰਕੇ, ਉਹ ਸ਼ਕਤੀ ਦੇ ਨਾਲ ਕੁਦਰਤ ਸਾਜ ਕੇ ਦੂਜਾ ਖੜ੍ਹਾ ਕਰ ਦਿੱਤਾ। ਲੇਕਿਨ ਹੈ ਇੱਕੋ ਹੀ, ਉਹ ਪੀਰ ਬੜੇ ਧਿਆਨ ਨਾਲ ਸੁਣ ਰਿਹਾ ਸੀ। ਕਹਿਣ ਲੱਗਿਆ, ਕੁਦਰਤ? ਮਹਾਰਾਜ ਕਹਿੰਦੇ, ਕੁਦਰਤ ਸ਼ਕਤੀ ਨੂੰ ਕਹਿੰਦੇ ਨੇ। ਉਹਨੇ ਆਪਣੀ ਸ਼ਕਤੀ ਤੋਂ ਬੇਅੰਤ ਬਣਾ ਦਿੱਤੇ, ਦ੍ਰਿਸ਼ਟਮਾਨ ਪੈਦਾ ਕਰ ਦਿੱਤਾ, ਉਹ ਦੂਜਾ ਨਹੀਂ ਹੈ ਉਹ ਵੀ ਇੱਕੋ ਹੀ ਹੈ। ਦਰਖਤ ਦੇ ਬੀਜ ਤੋਂ ਦਰਖਤ ਦਾ ਆਕਾਰ ਦੂਜਾ ਨਹੀਂ ਬਣਿਆ ਕਰਦਾ ਕਦੇ ਵੀ। ਉਹ ਬੀਜ ਲਾਂਭੇ ਨਹੀਂ ਹੁੰਦਾ। ਏਕੇ ਤੋਂ ਰਕਮ ਜਿਹੜੀ ਹੈ ਉਹ ਕਦੇ ਦੋ ਨਹੀਂ ਬਣਦੀ। ਉਹ ਏਕੇ ਹੀ ਇਕੱਠੇ ਕਰੇ ਹੁੰਦੇ ਨੇ- 9-9 ਲੈ ਲਿਆ ਉਹ ਨੌਂ ਏਕੇ ਹੀ ਨੇ, ਉਨ੍ਹਾਂ ਦਾ ਨਾਉਂ ਰੱਖ ਲਿਆ ਨੌਂ। ਸੁਖਾਲਾ ਕਰਨ ਵਾਸਤੇ ਨੌਂ ਸ਼ਕਲ ਜਿਹੀ ਬਣਾ ਦਿੱਤੀ। ਸੋ ਮਹਾਰਾਜ ਕਹਿੰਦੇ ਉਸ ਇੱਕ ਨੇ ਆਪੇ ਹੀ ਕੁਦਰਤ ਬਣਾ ਕੇ ਤੇ ਦੇਖਣ ਲਗ ਗਿਆ ਉਹ ਵਿੱਚ ਫਸਿਆ ਨਹੀਂ ਮਾਇਆ ਦੇ। ਕਿਉਂਕਿ ਤਿੰਨ ਗੁਣ ਪੈਦਾ ਕਰ ਦਿੱਤੇ। ਰਚਨਾ ਨੂੰ ਤਿੰਨਾਂ ਗੁਣਾਂ 'ਚ ਕਰ ਦਿੱਤਾ ਤੇ ਆਪ ਫੇਰ ਲਾਂਭੇ ਹੋ ਗਿਆ। ਦੋ ਫੇਰ ਨਹੀਂ ਬਣੇ ਏਧਰ ਵੀ ਓਹੀ ਹੈ ਓਧਰ ਵੀ ਓਹੀ ਹੈ। ਫੇਰ ਉਹ ਦਾਤਾ ਹੈ ਦਿੰਦਾ ਹੈ ਨਾਲੇ ਕਰਤਾ ਹੈ ਨਾਲੇ ਦਾਤਾ ਹੈ। ਪਹਿਲਾਂ ਦਾਤਾ ਹੈ, ਦੇਣ ਵਾਲੀਆਂ ਚੀਜ਼ਾਂ ਪਹਿਲਾਂ ਬਣਾਈਆਂ। ਕਰਤਾ ਦਾ ਪਦ ਬਾਅਦ 'ਚ ਆਇਆ, ਪਹਿਲਾਂ ਦਿੱਤਾ ਹੈ -

*ਪਹਿਲੋ ਦੇ ਤੈਂ ਰਿਜਕੁ ਸਮਾਹਾ ॥*
*ਪਿਛੋ ਦੇ ਤੈਂ ਜੰਤੁ ਉਪਾਹਾ ॥ ਅੰਗ - ੧੩੦*

ਇੱਕੋ ਵਾਰ ਦੇ ਦਿੱਤਾ ਸਾਰਾ -

*ਦਾਤਾ ਕਰਤਾ ਆਪਿ ਤੂੰ*
*ਤੁਸਿ ਦੇਵਹਿ ਕਰਹਿ ਪਸਾਉ ॥ ਅੰਗ - ੪੬੩*

ਇੱਕੋ ਵਾਰ ਦੇ ਦਿੱਤਾ ਸਾਰਾ। ਫੇਰ ਉਹ ਪ੍ਰਸੰਨ ਹੈ ਤੇ ਸਭ ਨੂੰ ਜਾਣਦਾ ਹੈ, ਜਿੰਦ ਦਿੰਦਾ ਵੀ ਆਪ ਹੈ ਤੇ ਜਿੰਦ ਲੈਂਦਾ ਵੀ ਆਪ ਹੈ ਤੇ ਪਿਆਰ ਦੇ ਨਾਲ ਸੰਸਾਰ ਨੂੰ ਦੇਖ ਰਿਹਾ ਹੈ, ਬਾਹਰ ਨਹੀਂ ਬੈਠਾ, ਘਟ-ਘਟ 'ਚ ਵਿਆਪਕ ਹੋ ਕੇ ਦੇਖ ਰਿਹਾ ਹੈ ਤੇ ਇਹ ਦੋ ਰੂਪ ਨਹੀਂ ਬਣੇ, ਇੱਕੋ ਹੀ ਰੂਪ ਬਣਦਾ ਹੈ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ -   ਆਪੇ ਸਰਗੁਨ ਨਿਰਗੁਣ ਆਪੇ,*
*ਆਪੇ ਸੁੰਨ ਸਮਾਧੀ ਹੈ*

*ਸਰਗੁਨ ਨਿਰਗੁਨ ਨਿਰੰਕਾਰ*
*ਸੁੰਨ ਸਮਾਧੀ ਆਪਿ ॥*
*ਆਪਨ ਕੀਆ ਨਾਨਕਾ*
*ਆਪੇ ਹੀ ਫਿਰਿ ਜਾਪਿ ॥   ਅੰਗ - ੨੯੦*

ਗੁਰੂ ਨਾਨਕ ਪਾਤਸ਼ਾਹ ਨੇ ਜੋ ਸਾਨੂੰ ਸਤਿ ਦਾ

ਲੱਛਣ ਦਿੱਤਾ, ਸਾਨੂੰ ਸਮਝਾਇਆ ਕਿ ਇਹ ਜਿੰਨਾ ਪਸਾਰਾ ਹੈ ਉਹ ਆਪ ਹੀ ਹੈ, ਆਪੇ ਸਰਗੁਨ ਹੈ, ਆਪੇ ਨਿਰਗੁਨ ਹੈ, ਆਪੇ ਹੀ ਸੁੰਨ ਸਮਾਧ ਹੈ, ਆਪੇ ਹੀ ਨਾਮ ਹੈ। ਫੇਰ ਉਹਦਾ ਨਾਉਂ ਕੋਈ ਨਹੀਂ ਹੈ, ਉਹਦਾ ਨਾਉਂ ਇੱਕੋ ਹੈ, ਜਿਹਨੂੰ ਸਤਿ ਕਹਿੰਦੇ ਨੇ।

'ੴ ਸਤਿ ਨਾਮੁ' ਉਸ ਤੋਂ ਬਾਅਦ ਕਿਉਂਕਿ ਸਰਗੁਨ ਸਰੂਪ ਹੈ, ਹੁਣ ਕਰਤਾ ਬਣ ਗਿਆ, ਸੰਸਾਰ ਬਣਾਉਣ ਵਾਲਾ, ਫੇਰ ਨਿਰਭਉ ਹੈ, ਨਿਰਵੈਰ ਹੈ, ਕਾਲ ਦਾ ਉਸ ਦੇ ਉੱਤੇ ਕੋਈ ਅਸਰ ਨਹੀਂ ਹੈ 'ਅਕਾਲ ਮੂਰਤਿ' ਹਸਤੀ ਹੈ; ਆਪਣੇ ਆਪ ਹੀ ਉਹਨੂੰ ਗਿਆਨ ਹੈ, ਸਾਨੂੰ ਕਿਤਾਬਾਂ ਪੜ੍ਹ ਕੇ ਹੁੰਦਾ ਹੈ, ਉਹ ਆਪਣੇ ਆਪ ਹੀ ਗਿਆਨ ਦਾ ਸਰੂਪ ਹੈ। ਕਿਸੇ ਜੂਨ 'ਚ ਨਹੀਂ ਆਉਂਦਾ, ਆਪੇ ਹੀ ਸਭ ਤੋਂ ਵੱਡਾ ਹੈ ਤੇ ਆਪੇ ਹੀ ਕ੍ਰਿਪਾ ਕਰਦਾ ਹੈ। ਗੁਰੂ ਦੀ ਕ੍ਰਿਪਾ ਤੋਂ ਬਗੈਰ 'ਨਾਮ' ਦੀ ਪ੍ਰਾਪਤੀ ਨਹੀਂ ਹੁੰਦੀ। ਜਿਹੜਾ ਮੂਲਮੰਤਰ ਹੈ, ਇਹਦਾ ਬੀਜ ਕੀ ਹੈ, ਇਹਦਾ ਬੀਜ ਹੈ ਏਕੰਕਾਰ, ਉਹ ਤਾਂ ਫੇਰ ਮੂਲ ਬਣ ਗਿਆ, ਬੀਜ ਤੋਂ ਜੜ੍ਹ ਬਣ ਗਿਆ।

ਧਿਆਨ ਦੇਵੋ ਗੱਲ ਨੂੰ ਸਮਝੋ, ਇਹ ਗੱਲਾਂ ਨਾ ਕਿਤਾਬਾਂ 'ਚੋਂ ਲੱਭਣੀਆਂ ਨੇ, ਨਾ ਕੋਈ ਸਮਝਾਵੇ, ਮੁਸ਼ਕਲ ਨੇ ਇਹ ਗੱਲਾਂ। ਇਹ ਬੀਜ ਜਿਹੜਾ ਸੀ ਜੜ੍ਹ ਬਣ ਗਿਆ ਉਹਨੂੰ ਮੂਲ ਕਹਿੰਦੇ ਨੇ।

***ਬੀਜ ਮੰਤ੍ਰੁ ਸਰਬ ਕੋ ਗਿਆਨੁ ॥ ਅੰਗ - ੨੭੪***

ਸੁਖਮਨੀ ਸਾਹਿਬ 'ਚ ਬੜੀਆਂ ਡੂੰਘੀਆਂ ਗੱਲਾਂ ਆਉਂਦੀਆਂ ਨੇ। ਕਹਿੰਦੇ ਨੇ ਜੀ ਮੈਂ ਪੰਜ ਪਾਠ ਸੁਖਮਨੀ ਸਾਹਿਬ ਦੇ ਕਰ ਲੈਂਦਾ ਹੈ ਪਰ ਕੁਛ ਸਮਝ 'ਚ ਆਇਆ ਹੈ?

***ਸੋਧਤ ਸੋਧਤ ਸੋਧਤ ਸੀਝਿਆ ॥***
***ਗੁਰ ਪ੍ਰਸਾਦਿ ਤਤੁ ਸਭੁ ਬੂਝਿਆ ॥***
***ਜਬ ਦੇਖਉ ਤਬ ਸਭੁ ਕਿਛੁ ਮੂਲੁ ॥***
***ਨਾਨਕ ਸੋ ਸੂਖਮੁ ਸੋਈ ਅਸਥੂਲੁ ॥***

***ਅੰਗ - ੨੮੧***

ਜਿੰਨਾਂ ਪਸਾਰਾ ਦੇਖਦੇ ਹੋ, ਵਾਹਿਗੁਰੂ ਤੋਂ ਬਗੈਰ ਹੈ ਕੀ ਇੱਥੇ। ਉਸਨੇ ਆਪ ਹੀ ਅਨੇਕ ਰੂਪ ਧਾਰ ਲਏ-

***ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ ।***
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ ।***

(ਜਾਪੁ ਸਾਹਿਬ)

ਮਹਾਰਾਜ ਕਹਿੰਦੇ ਜਿਹਨੂੰ ਇਹ ਗੱਲ ਸਮਝ ਵਿੱਚ ਆ ਗਈ, ਜਿਹੜਾ ਇੱਥੇ ਟਿਕ ਗਿਆ। ਇੱਕ ਤਾਂ ਹੁੰਦੀ ਹੈ ਬੁੱਧੀ ਦੇ ਨਾਲ ਗੱਲ ਸਮਝ ਵਿੱਚ ਆਉਣੀ ਤੇ ਇੱਕ ਹੁੰਦਾ ਹੈ ਨਿਸ਼ਚੇ ਪੂਰਵਕ ਇਸ ਥਾਂ 'ਤੇ ਜਾ ਕੇ ਟਿਕ ਜਾਣਾ। ਕੌਣ ਟਿਕਿਆ ਸੀ, ਭਾਈ ਘਨਈਆ ਟਿਕਿਆ ਸੀ। ਪਾਣੀ ਹੀ ਪਿਲਾਈ ਜਾਂਦਾ ਹੈ ਕਿਉਂਕਿ ਉਹਨੂੰ ਦੂਜਾ ਨਜ਼ਰ ਨਹੀਂ ਆਉਂਦਾ. ਗੱਲ ਸਮਝ ਲਈ ਉਹਨੇ ਕਿ ਇੱਥੇ ਕੋਈ ਦੂਜਾ ਨਹੀਂ ਮੈਂ ਕਿਵੇਂ ਸਮਝਾਂ । ਜੇ ਸ਼ੱਕ ਹੋਏ ਤਾਂ ਅੱਖਾਂ ਨਾਲ ਵੇਖ ਕੇ ਕਹੇ ਕਿ ਆਹ ਸਿੰਘ ਨੇ, ਆਹ ਮੁਗਲ ਨੇ, ਆਹ ਫਲਾਣੇ ਨੇ। ਗੁਰੂ ਸਾਹਿਬ ਨੇ ਸ੍ਰੀ ਸਾਹਿਬ ਪੁਆ ਦਿੱਤੀ। ਕਹਿੰਦੇ ਜੀ! ਇਹਨੂੰ ਵੀ ਪੁਆ ਦਿਓ ਵਿਚਾਰਾ ਜੰਗ 'ਚ ਤੁਰਿਆ ਫਿਰਦਾ ਹੈ, ਸ੍ਰੀ ਸਾਹਿਬ ਦਾ ਮੂੰਹ ਪਿਛਲੇ ਪਾਸੇ ਨੂੰ ਕਰ ਲਿਆ। ਕਹਿੰਦੇ, ਸੱਚੇ ਪਾਤਸ਼ਾਹ! ਇਹ ਮੁੱਠੇ ਦਾ ਮੂੰਹ ਅੱਗੇ ਨੂੰ ਨਹੀਂ ਕਰਦਾ, ਪਿੱਛੇ ਨੂੰ ਕਰਕੇ ਬੰਨ੍ਹ ਲੈਂਦਾ ਹੈ। ਮਹਾਰਾਜ ਕਹਿੰਦੇ ਘਨਈਆਂ! ਇਹ ਕੀ ਕਰਦਾ ਹੈਂ? ਕਹਿੰਦਾ, ਸੱਚੇ ਪਾਤਸ਼ਾਹ! ਜੇ ਕਿਸੇ ਨੇ ਮਾਰਨਾ ਹੋਇਆ, ਉਹਨੂੰ ਬਹੁਤੀ ਤਕਲੀਫ ਨਾ ਹੋਏ, ਮੇਰੇ ਵਾਲੀ ਹੀ ਖਿੱਚ ਕੇ ਮਾਰ ਦੇਵੇ।

ਕਿੱਡਾ ਨਿਹਚਾ ਸੀ, ਪਰਪੱਕ ਨਿਹਚਾ।

ਬਾਬਾ ਭਾਗ ਸਿੰਘ ਜੀ ਹਜ਼ੂਰ ਸਾਹਿਬ ਗਏ, ਰਾਤ ਨੂੰ ਉਸ ਥਾਂ ਨਿਵਾਸ ਕਰ ਲਿਆ, ਜਿੱਥੇ ਆਦਮਖੋਰ (Man eater) ਸ਼ੇਰ ਆਇਆ ਕਰਦਾ ਸੀ। ਪਿੰਡ ਵਾਲੇ ਲੰਘੇ ਜਾਂਦੇ ਨੇ, ਕਾਹਲੀ-ਕਾਹਲੀ ਤੁਰੇ ਜਾਂਦੇ ਨੇ, ਸੂਰਜ ਛਿਪਣ ਵਾਲਾ ਹੈ, ਲੱਕੜੀਆਂ ਚੁੱਕੀਆਂ ਹੋਈਆਂ ਨੇ, ਕਹਿੰਦੇ ਓਏ! ਆਹ ਬਾਲ-ਯੋਗੀ ਬੈਠਾ ਹੈ ਇੱਥੇ। ਕਿਉਂਕਿ ਆਪ ਦੀ ਉਮਰ ਉਸ ਵੇਲੇ 21 ਜਾਂ 22 ਸਾਲ ਦੀ ਸੀ। ਲਗਨ ਲਗ ਗਈ, ਵਿਰਲੇ-ਵਿਰਲੇ ਪੁਰਸ਼ ਨੇ ਜਿਨ੍ਹਾਂ ਨੂੰ ਲਗਨ ਲਗ ਜਾਂਦੀ ਹੈ ਫੇਰ ਨਹੀਂ ਪਿੱਛੇ ਮੁੜਦੇ, ਇੱਕ ਵਾਰੀ ਪੈਰ ਪੁੱਟ ਲਿਆ ਸੁ ਪੁੱਟ ਲਿਆ। ਉਹ ਕਾਇਰ ਨਹੀਂ ਹੁੰਦੇ। ਇਹ ਨਹੀਂ ਕਿ ਫੇਰ ਹੁਣ ਜੀ ਮੈਂ ਘਰ ਨੂੰ ਜਾਵਾਂ ਜੀ, ਘਰ ਜਾ ਕੇ ਮੈਂ ਕੰਮ ਕਰਾਂ, ਫਲਾਣਾ ਕਰਾਂ। ਐਸੇ ਬੰਦੇ ਐਵੇਂ ਹੀ ਹੁੰਦੇ ਨੇ, ਜਿਹਨੇ ਸਮਝ ਕੇ ਗੱਲ ਕਰ ਲਈ ਉਹ ਨਹੀਂ ਫੇਰ ਪਿੱਛੇ ਮੁੜਦਾ -

***ਆਗਾਹਾ ਕੂ ਤ੍ਰਾਘਿ***
***ਪਿਛਾ ਫੇਰਿ ਨ ਮੁਹਡੜਾ ॥ ਅੰਗ - ੧੦੯੬***

ਅੱਗੇ ਨੂੰ ਵੱਧ, ਜੇ ਗਿਰਨਾ ਹੈ ਤਾਂ ਵੀ ਅੱਗੇ ਨੂੰ ਗਿਰ, ਪਿੱਛੇ ਨੂੰ ਨਾ ਗਿਰ। ਪਿੱਠ ਨਾ ਲਵਾ। ਉਨ੍ਹਾਂ ਨੇ ਕਿਹਾ ਬਾਲ-ਯੋਗੀ ਰਾਤ ਨੂੰ ਇੱਥੇ ਸ਼ੇਰ ਆਉਂਦਾ ਹੈ, ਬੰਦਿਆਂ ਨੂੰ ਖਾ ਜਾਂਦਾ ਹੈ, ਇੱਥੇ ਹੈ ਪਾਣੀ ਉਹਨੇ ਪਾਣੀ ਪੀਣ ਵੀ ਆਉਣਾ ਹੈ ਤੇ ਤੈਨੂੰ ਖਾ ਜਾਏਗਾ। ਚੁੱਪ ਕਰ ਰਹੇ। ਕਹਿੰਦੇ ਕੋਈ ਨਾ, ਧੰਨਵਾਦ ਤੁਹਾਡਾ। ਕਹਿੰਦੇ, ਧੰਨਵਾਦ ਨਹੀਂ, ਤੂੰ ਪਿੰਡ 'ਚ ਚੱਲ। ਕਹਿੰਦੇ ਕੋਈ ਨਾ, ਇੱਥੇ ਬੈਠਾਂਗੇ, ਦਰਸ਼ਨ ਕਰਾਂਗੇ ਉਸ ਦੇ ਵੀ। ਉਹ ਪ੍ਰਭੂ ਰੂਪ 'ਚ ਆਉਣਾ ਹੈ, ਦਰਸ਼ਨ ਕਰਾਂਗੇ। ਸਵੇਰੇ ਹੀ ਪਿੰਡ

ਵਾਲਿਆਂ ਨੇ ਕਿਹਾ ਕਿ ਉਹ ਤਾਂ ਖਾ ਲਿਆ ਹੋਣਾ। ਪਿੰਡ ਦੇ ਲੋਕ ਜਾਂਦੇ ਨੇ, ਡੰਡੇ ਹੱਥਾਂ ਵਿੱਚ ਨੇ। ਹਥਿਆਰ ਹੱਥਾਂ ਵਿੱਚ ਚੁੱਕੇ ਹੋਏ ਨੇ ਤੇ ਜਾ ਕੇ ਕੀ ਦੇਖਦੇ ਨੇ ਕਿ ਉਹ ਤਾਂ ਉਵੇਂ ਜਿਵੇਂ ਬੈਠਾ ਹੈ, ਸਮਾਧੀ ਲੱਗੀ ਹੋਈ ਹੈ ਤੇ ਇੱਕ ਟੱਕ ਬੈਠਾ ਹੈ ਸਭ ਕੁਛ ਭੁੱਲਿਆ ਹੋਇਆ ਤੇ ਉਥੇ ਜਾ ਕੇ ਆਲੇ-ਦੁਆਲੇ ਦੇਖਣ ਲਗ ਗਏ ਸਿਆਣੇ ਬੰਦੇ। ਕੀ ਦੇਖਦੇ ਨੇ ਕਿ ਚਾਰੋਂ ਪਾਸੇ ਸ਼ੇਰ ਘੁੰਮੇ ਹੋਏ ਨੇ, ਇੱਕ ਨਹੀਂ ਵੱਖਰੀਆਂ-ਵੱਖਰੀਆਂ ਪੈੜਾਂ। ਕਹਿਣ ਲੱਗੇ, ਇਹਨੂੰ ਤਾਂ ਸੁੰਘ-ਸੁੰਘ ਕੇ ਗਏ ਨੇ ਸਾਰੇ ਸ਼ੇਰ। ਸਿਆਣਾ ਬੰਦਾ ਸੀ ਇੱਕ ਕਹਿਣ ਲੱਗਿਆ ਕਿ ਸੁੰਘ ਕੇ ਨਹੀਂ ਗਏ, ਇਹਨੂੰ ਮੱਥਾ ਟੇਕ ਕੇ ਗਏ ਨੇ। ਇਹ ਕੋਈ ਬਹੁਤ ਵੱਡੀ ਰੂਹ ਹੈ। ਮੰਨ ਲਓ ਆਪਾਂ। ਉਨ੍ਹਾਂ ਨੇ ਇਹਦੀ ਪ੍ਰਕਰਮਾ ਕਰੀ ਹੈ।

ਉਸ ਤੋਂ ਬਾਅਦ ਬਾਬਾ ਜੀ ਨੇ ਨੇਤਰ ਖੋਲ੍ਹੇ, ਇਨ੍ਹਾਂ ਨੇ ਨਮਸ਼ਕਾਰਾਂ ਕੀਤੀਆਂ। ਕਹਿਣ ਲੱਗੇ, ਬਾਬਾ! ਤੂੰ ਤਾਂ ਕੋਈ ਬਹੁਤ ਵੱਡਾ ਸਿੱਧ ਪੁਰਸ਼ ਹੈਂ। ਧੰਨਭਾਗ ਸਾਨੂੰ ਦਰਸ਼ਨ ਹੋਏ, ਪਰ ਇੱਕ ਸਾਨੂੰ ਗੱਲ ਦੱਸ ਦੇ ਕਿ ਸ਼ੇਰ ਨੇ ਤੈਨੂੰ ਕਿਉਂ ਨਹੀਂ ਖਾਧਾ? ਕਹਿੰਦਾ, ਪਿਆਰਿਓ! ਹੁਣ ਮੈਂ ਤੁਹਾਡੇ ਨਾਲ ਡੂੰਘੀ ਗੱਲ ਤਾਂ ਕਰਨੀ ਨਹੀਂ। ਤੁਹਾਨੂੰ ਮੈਂ ਇੱਕ ਬੇਨਤੀ ਕਰਨੀ ਹੈ ਕਿ ਜੇ ਤੁਹਾਨੂੰ ਭੁੱਖ ਲੱਗੀ ਹੋਵੇ, ਆਪਣਾ ਹੱਥ ਖਾ ਲੈਂਦੇ ਹੋ? ਕਹਿੰਦੇ, ਆਪਣਾ ਹੱਥ ਤਾਂ ਕੋਈ ਖਾਂਦਾ ਹੀ ਨਹੀਂ।

ਕਹਿੰਦੇ ਬਾਂਹ?

ਕਹਿੰਦੇ, ਬਾਂਹ ਵੀ ਨਹੀਂ।

ਕਹਿੰਦੇ, ਫੇਰ ਪੱਟ ਦੇ ਉੱਤੇ ਜੋ ਮਾਸ ਹੁੰਦਾ ਹੈ ਉਹ ਖਾ ਲੈਂਦੇ ਹੋ?

ਕਹਿੰਦੇ ਨਾ ਜੀ, ਆਪਣਾ ਆਪ ਤਾਂ ਕੋਈ ਵੀ ਨਹੀਂ ਖਾਂਦਾ, ਚਾਹੇ ਮਰ ਜਾਵੇ।

ਕਹਿੰਦੇ, ਉਹ ਫੇਰ ਮੈਨੂੰ ਕਿਉਂ ਖਾ ਲੈਂਦਾ। ਉਹ ਮੇਰਾ ਆਪਣਾ ਆਪ ਸੀ, ਆਹ ਦਰਖਤ ਵੀ ਮੇਰਾ ਆਪਣਾ ਆਪ ਨੇ, ਸ਼ੇਰ ਵੀ ਮੇਰਾ ਆਪਣਾ ਆਪ ਨੇ, ਤੁਸੀਂ ਵੀ ਮੇਰੇ, ਮੈਂ ਤੁਹਾਡੇ ਵਿੱਚ, ਤੁਸੀਂ ਮੇਰੇ ਵਿੱਚ। ਦ੍ਰਿਸ਼ਟੀ ਪਰਪੱਕ ਹੁੰਦੀ ਹੈ -

*ਗਿਆਨੁ ਨ ਗਲੀਈ ਢੂਢੀਐ*
*ਕਥਨਾ ਕਰੜਾ ਸਾਰੁ ॥ ਅੰਗ - ੪੬੫*

ਗੱਲਾਂ ਨਾਲ ਨਹੀਂ ਗਿਆਨ ਆਉਂਦਾ, ਇਹ ਬੜਾ ਹੀ ਔਖਾ ਸਾਧਨ ਹੈ। ਕਿਤਾਬਾਂ ਲਿਖਣ ਵਾਲੇ ਤਾਂ ਲਿਖ ਦਿੰਦੇ ਨੇ ਲੇਕਿਨ ਆਪ ਨੂੰ ਭੋਰਾ ਜਿੰਨਾਂ ਵੀ ਪਤਾ ਨਹੀਂ ਹੁੰਦਾ। ਇਸੇ ਕਰਕੇ ਸੰਤਾਂ ਦਾ ਤੇ (intellectual) ਬੁੱਧੀਮਾਨ ਬੰਦਿਆਂ ਦਾ ਫਰਕ ਹੋਇਆ ਕਰਦਾ ਹੈ। ਸੰਤ ਜਿਹੜੇ ਨੇ ਇਹ ਘਾਲਣਾ ਘਾਲ-ਘਾਲ ਕੇ ਇੱਥੇ ਪਹੁੰਚਦੇ ਨੇ। ਵਿਦਵਾਨ ਜਿਹੜਾ ਹੈ ਉਹ ਕਿਤਾਬ ਪੜ੍ਹ ਕੇ ਪਹੁੰਚਦਾ ਹੈ। ਲੇਕਿਨ ਉਥੇ ਫੇਲ੍ਹ ਹੋ ਜਾਇਆ ਕਰਦਾ ਹੈ। ਸੋ ਮਹਾਰਾਜ ਕਹਿੰਦੇ, ਜਿਹਨੇ ਇਹ ਗੱਲ ਬੁੱਝ ਲਈ, ਬਈ ਆਹ ਸਾਰਾ ਸੰਸਾਰ ਸਰਗੁਨ ਜਿਹੜਾ, ਜਿਹਨੂੰ ਵਿਰਾਟ ਕਹਿੰਦੇ ਨੇ, ਇਹ ਵੀ ਤੇ ਨਿਰਗੁਨ ਬ੍ਰਹਮ ਜਿਹੜਾ ਹੈ, ਜਿਹੜਾ ਚੁੱਪ ਕਰਿਆ ਆਪਣੇ ਆਪ 'ਚ ਬੈਠਾ ਸੀ, ਇਹ ਦੋਵੇਂ ਇੱਕ ਨੇ, ਜਿਹਦੇ ਅੰਦਰ ਬੈਠ ਗਿਆ, ਉਹਦੇ ਅੰਦਰ ਨਾਮ ਵਸ ਗਿਆ। ਨਾਮ ਪ੍ਰਗਟ ਹੋ ਗਿਆ, ਐਉਂ ਹੋਰ ਸੁਖਾਲਾ ਅੱਖਰ ਵਰਤ ਲਓ। ਨਾਮ ਤਾਂ ਵਸਦਾ ਹੀ ਹੈ ਲੇਕਿਨ ਪ੍ਰਗਟ ਹੋ ਗਿਆ, ਨਾਮ ਤੱਕ ਉਹਦੀ ਰੁਸਵਾਈ ਹੋ ਗਈ। ਗੁਰੂ ਗ੍ਰੰਥ ਸਾਹਿਬ ਦੇ 1430 ਪੰਨੇ 'ਚ ਨਾਮ-ਨਾਮ, ਸ਼ਬਦ-ਸ਼ਬਦ ਬਾਰੇ ਹੀ ਆਉਂਦਾ ਹੈ ਸਾਰੇ, ਮਜ਼ਾਲ ਹੈ ਕਿ ਸਾਨੂੰ ਗੱਲ ਸਮਝ 'ਚ ਆ ਜਾਏ। ਉਥੇ ਦੇ ਉਥੇ। ਗੱਲ ਹੀ ਨਹੀਂ ਸਮਝਣ ਦਾ ਯਤਨ ਕਰਦੇ, ਹੋਰ ਹੀ ਗੱਲਾਂ 'ਚ ਉਲਝ ਗਏ। ਸਾਧਸੰਗਤ ਜੀ! ਕਹਿੰਦੇ ਜੇ ਸੱਚ ਬੋਲੀਏ ਤਾਂ ਭਾਂਬੜ ਮੱਚਣ ਲਗ ਜਾਂਦੇ ਨੇ, ਚੁੱਪ ਕਰੇ ਤੇ ਹੀ ਗੁਜ਼ਾਰਾ ਹੁੰਦਾ ਹੈ। ਮਹਾਰਾਜ ਕਹਿੰਦੇ, ਨਾ-ਨਾ ਉੱਚਾ ਨਾ ਬੋਲੀਂ -

*ਉਚਾ ਨਹੀ ਕਹਣਾ ਮਨ ਮਹਿ ਰਹਿਣਾ।*

ਡੰਡੇ ਮਾਰਨਗੇ, ਇੱਟਾਂ ਮਾਰਨੀਆਂ ਸ਼ੁਰੂ ਕਰ ਦੇਣਗੇ। ਮਨਸੂਰ ਨੇ ਕਿਹਾ ਸੀ, ਸਭ ਇੱਟਾਂ ਮਾਰਨ ਲਗ ਗਏ ਸੀ ਉਹਦੇ। ਸੂਲੀ 'ਤੇ ਚਾੜ੍ਹ ਦਿੱਤਾ। ਸਮਸ-ਤਬਰੇਜ਼ ਨੇ ਕਿਹਾ ਸੀ, ਖੱਲ੍ਹ ਲਾਹ ਦਿੱਤੀ, ਸਮਝ ਨਾ ਆਈ ਉਨ੍ਹਾਂ ਨੂੰ ਗੱਲ ਕਿ ਕੀ ਕਹਿੰਦਾ ਹੈ।ਉਹ ਸਤਿ ਦੀ ਗੱਲ ਬੋਲ ਰਿਹਾ ਸੀ। ਉਹ ਕਹਿੰਦੇ ਲਾਹੋ ਇਹਦੀ ਖੱਲ, ਇਹ ਤਾਂ ਗਲਤ ਗੱਲਾਂ ਕਰਦਾ ਹੈ ਨਾਸਤਕ ਬਣਾ ਦਏਗਾ ਲੋਕਾਂ ਨੂੰ। ਉਹ ਸਤਿ ਦੀ ਗੱਲ ਨਹੀਂ ਕਿਸੇ ਨੇ ਸਮਝੀ। ਇੱਕ ਨੇ ਸਮਝੀ ਜਿਸਦਾ ਨਾਉਂ ਮੌਲਾਨਾ ਰੂਮ ਸੀ, ਉਹ ਮੁਲਾਨਾ ਹੀ ਫਤਵੇ ਦਿੰਦਾ ਸੀ ਲੇਕਿਨ ਉਹਨੇ ਗੱਲ ਸਮਝ ਲਈ। ਸੋ ਮਹਾਰਾਜ ਕਹਿੰਦੇ ਜਿਹਨੇ ਇਹ ਗੱਲ ਸਮਝ ਲਈ, ਉਹਦੇ ਮਨ ਵਿੱਚ ਨਾਮ ਵਸ ਗਿਆ, ਜਿਹਦੇ ਮਨ 'ਚ ਨਾਮ ਵਸ ਗਿਆ, ਉਹਦੀ ਅਵਸਥਾ ਕੀ ਹੁੰਦੀ ਹੈ, ਉਹ ਆਪ ਵੀ ਤਰਦਾ ਹੈ ਤੇ 101 ਕੁਲ ਦਾ ਉਧਾਰ ਵੀ ਕਰ ਦਿੰਦਾ ਹੈ -

*ਧਾਰਨਾ - ਆਪ ਤਰਦਾ ਤੇ ਕੁਲਾਂ ਨੂੰ ਤਾਰ ਦੇਵੇ,*
*ਜਿਨ੍ਹਾਂ ਦੇ ਮਨ ਰਾਮ ਵਸਿਆ।*

ਨਾਮ ਦਾ ਵਸਣਾ, ਇਹ ਅਨੁਭਵ ਜਿਹਦਾ ਜਾਗ ਪਿਆ ਸਾਧਸੰਗਤ ਜੀ! ਉਹ ਆਪ ਹੀ ਨਹੀਂ ਤਰਦਾ, ਕੁਲਾਂ ਵੀ ਤਾਰ ਦਿੰਦਾ ਹੈ। 24 ਦਾਦਕਿਆ ਦੀਆਂ, 20 ਨਾਨਕਿਆ ਦੀਆਂ, 16 ਜਿੱਥੇ ਵਿਆਹਿਆ ਹੋਇਆ ਹੈ, 12 ਜਿਸ ਥਾਂ ਲੜਕਾ ਲੜਕੀ ਦੀ ਸ਼ਾਦੀ ਹੋਈ, 11 ਜਿਸ ਥਾਂ ਭੈਣ ਹੈ, 8 ਮਾਸੀ ਹੈ ਜਿੱਥੇ, ਨੌਂ ਜਿੱਥੇ ਭੂਆ ਹੈ, ਇਸ ਤਰ੍ਹਾਂ 101 ਕੁਲ ਦਾ ਉਧਾਰ ਕਰ ਦਿੰਦਾ ਹੈ,

ਆਪ ਵੀ ਤਰਦਾ ਹੈ ਤੇ ਕੁਲਾਂ ਨੂੰ ਵੀ ਤਾਰ ਦਿੰਦਾ ਹੈ-

*ਨਿਰਗੁਣੁ ਸਰਗੁਣੁ ਆਪੇ ਸੋਈ ॥*
*ਤਤੁ ਪਛਾਣੈ ਸੋ ਪੰਡਿਤੁ ਹੋਈ ॥ ਅੰਗ - ੧੨੮*

ਕਹਿੰਦੇ ਅਸੀਂ ਪੜ੍ਹਿਆਂ ਹੋਇਆ ਨੂੰ ਪੰਡਤ ਨਹੀਂ ਕਹਿੰਦੇ, ਗਿਆਨੀ ਪਾਸ ਕਰ ਲਈ, ਗਿਆਨੀ ਨਹੀਂ ਹੁੰਦਾ; ਪੰਡਤ ਉਹ ਜਿਹੜਾ ਤਿੰਨਾਂ ਗੁਣਾਂ ਦੀ ਪੰਡ ਉਤਾਰ ਕੇ ਪਰ੍ਹੇ ਮਾਰੇ ਤੇ ਤੱਤ ਗਿਆਨ ਜਿਹਦੇ ਅੰਦਰ ਪ੍ਰਗਟ ਹੋ ਜਾਏ -

*ਆਪਿ ਤਰੈ ਸਗਲੇ ਕੁਲ ਤਾਰੈ*
*ਹਰਿ ਨਾਮੁ ਮੰਨਿ ਵਸਾਵਣਿਆ ॥ ਅੰਗ - ੧੨੮*

ਜਿਹਦੇ ਮਨ ਵਿੱਚ ਨਾਮ ਵਸ ਗਿਆ। ਸੋ ਇਹ ਵਿਚਾਰ ਲੰਮੀ ਚੌੜੀ ਇਸ ਕਰਕੇ ਕੀਤੀ ਹੈ ਕਿ ਸਾਨੂੰ ਗੱਲ ਸਮਝ ਆ ਜਾਏ ਕਿ ਸਾਡਾ ਸਫਰ ਕਿੱਥੋਂ ਸ਼ੁਰੂ ਹੋਇਆ ਹੈ, ਅਸੀਂ ਕਿੱਥੇ ਜਾਣਾ ਹੈ। ਜਿਹੜਾ ਅਸੀਂ ਕਹਿੰਦੇ ਹਾਂ ਕਿ ਰੱਬ ਨੂੰ ਮਿਲ ਲਓ। ਉਹ ਗੱਲ ਸਮਝਾਉਣੀ ਔਖੀ ਹੈ ਕਿ ਰੱਬ ਨੂੰ ਮਿਲਣਾ ਕੀ ਹੈ। ਤੁਸੀਂ ਆਪਣੇ (back to soruce) ਮੂਲ ਨੂੰ ਜਾਣਾ ਹੈ, ਜਿਥੋਂ ਵਿਛੁੜੇ ਹਾਂ, ਉਥੇ ਹੀ ਪਹੁੰਚੋ। ਵਿਛੁੜ ਕੇ ਅਸੀਂ ਚਲੇ ਗਏ। ਹੁਣ ਪ੍ਰਮੇਸ਼ਰ ਨੇ ਤ੍ਰਿਗੁਣੀ ਰਚਨਾ ਰਚ ਦਿੱਤੀ ਤੇ ਇਹਦੇ ਵਿੱਚ ਅੰਡਜ, ਜੇਰਜ, ਸੇਤਜ, ਉਤਭੁਜ; ਚਾਰ ਖਾਣੀਆਂ ਆ ਗਈਆਂ। ਕੁਛ ਤਾਂ ਅੰਡਿਆਂ ਤੋਂ ਪੈਦਾ ਹੋਏ; ਕੁਛ ਜੇਰ ਤੋਂ ਪੈਦਾ ਹੋਏ; ਕੁਛ ਗਰਮੀ ਤੋਂ ਪੈਦਾ ਹੋਈਆਂ ਚੀਜ਼ਾਂ, ਕੁਛ ਆਹ ਧਾਤਾਂ ਵਗੈਰਾ ਪੈਦਾ ਹੋਈਆਂ। ਚਾਰ ਇਹਦੇ ਵਿੱਚ ਬਾਨੀਆਂ ਆ ਗਈਆਂ ਪਰਾ ਬਾਨੀ ਆ ਗਈ, ਪਸੰਤੀ ਬਾਨੀ, ਮਧਮਾ ਬਾਨੀ ਤੇ ਬੈਖਰੀ ਬਾਨੀ ਆ ਗਈ। ਇਹਦੇ ਵਿੱਚ ਅਨੇਕ ਜੀਵ ਜੰਤੂ ਅਨੇਕਾਂ ਜਿਨਸਾਂ ਦੇ ਜੀਵ ਪੈਦਾ ਹੋ ਗਏ। ਇਹ ਸਾਰੀ ਸ੍ਰਿਸ਼ਟੀ ਦੇ ਵਿਚੋਂ ਗਿਣਨ ਵਾਲਿਆਂ ਨੇ ਗਿਣੀ ਹੈ ਕਿ 84 ਲੱਖ ਹੈ ਤੇ ਇਹਦੇ ਵਿਚੋਂ ਜੋ ਉੱਤਮ ਚੀਜ਼ ਹੈ-

*ਲਖ ਚਉਰਾਸੀਹ ਜੋਨਿ ਸਬਾਈ ॥*
*ਮਾਣਸ ਕਉ ਪ੍ਰਭਿ ਦੀਈ ਵਡਿਆਈ ॥*
*ਅੰਗ - ੧੦੭੫*

ਆਹ ਮਨੁੱਖ ਨੂੰ ਵਡਿਆਈ ਦੇ ਦਿੱਤੀ ਪਾਰਬ੍ਰਹਮ ਪ੍ਰਮੇਸ਼ਰ ਨੇ, ਮਹਾਰਾਜ ਕਹਿੰਦੇ ਕਿ ਆਹ ਜਿਹੜੀ ਜੂਨ ਹੈ ਨਾ, ਮਨੁੱਖ ਦੀ, ਇਹਨੂੰ ਸਾਰਿਆਂ ਦਾ ਸਰਦਾਰ ਬਣਾ ਦਿੱਤਾ।

*ਅਵਰ ਜੋਨਿ ਤੇਰੀ ਪਨਿਹਾਰੀ ॥*
*ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥*
*ਅੰਗ - ੩੭੪*

ਬਾਕੀ ਜੂਨਾਂ ਜਿਹੜੀਆਂ ਨੇ, ਤੂੰ ਇਨ੍ਹਾਂ ਨੂੰ ਸਾਂਭਣਾ ਹੈ, ਤੂੰ ਇਨ੍ਹਾਂ ਦੀ ਰੱਖਿਆ ਕਰਨੀ ਹੈ, ਮਾਰ-ਮਾਰ ਖਾ ਕੇ ਨਹੀਂ ਮੁਕਾ ਦੇਣੀਆਂ। ਤੈਨੂੰ ਰਾਜਾ ਬਣਾ ਦਿੱਤਾ, ਸਿਕਦਾਰ ਬਣਾ ਦਿੱਤਾ। ਵਿਉਂਤ ਤੋਂ ਕੰਮ ਲੈਣਾ ਹੈ ਤੂੰ। ਜਿਵੇਂ ਰਾਜਾ ਇਨਸਾਫ ਕਰਦਾ ਹੈ ਇਸ ਤਰ੍ਹਾਂ ਇਨਸਾਫ ਕਰਨਾ ਹੈ ਤੂੰ, ਤੇ ਤੇਰੀ ਸਰਦਾਰੀ ਕਾਇਮ ਕਰ ਦਿੱਤੀ। ਵੱਡੀ ਵਡਿਆਈ ਆਹ ਜਿਹੜਾ ਸਾਡਾ ਸਰੀਰ ਹੈ, ਪੰਜਾਂ ਤੱਤਾਂ ਦਾ ਬਣਿਆ ਹੋਇਆ ਤੁਰਦਾ ਫਿਰਦਾ ਜਿਹਾ, ਇਹਨੂੰ ਮਾਨਸ ਸਰੀਰ ਕਹਿੰਦੇ ਨੇ, ਮਾਨਸ ਹੋਰ ਚੀਜ਼ ਹੈ, ਸਰੀਰ ਹੋਰ ਚੀਜ਼ ਹੈ। ਇਸ ਮਾਨਸ ਸਰੀਰ ਨੂੰ ਵਡਿਆਈ ਦੇ ਦਿੱਤੀ। ਕਿਉਂ ਦੇ ਦਿੱਤੀ? ਕਿਉਂਕਿ ਇਸ ਕੋਲ ਇੱਕ ਚੀਜ਼ ਵੱਧ ਹੈ ਬਾਕੀਆਂ ਨਾਲੋਂ। ਬਾਕੀ ਤਾਂ ਸਾਰਿਆਂ ਕੋਲ ਸਭ ਕੁਛ ਹੈਗਾ, ਉਨ੍ਹਾਂ ਦਾ ਜਿਹੜਾ ਅੰਤਸ਼ਕਰਣ ਹੈ ਉਹ ਪੂਰਾ ਨਹੀਂ ਹੈ, ਮਨੁੱਖ ਦੇ ਕੋਲ ਪੂਰਾ ਹੈ। ਉਨ੍ਹਾਂ ਦਾ ਅਧੂਰਾ ਹੈ। ਮਨ ਉਨ੍ਹਾਂ ਕੋਲ ਵੀ ਹੈ, ਥੋੜ੍ਹੀ ਜਿਹੀ ਉਨ੍ਹਾਂ ਕੋਲ ਬੁੱਧੀ ਹੈ, ਪਤਾ ਲਗ ਜਾਂਦਾ ਹੈ ਕਿ ਆਹ ਪਸ਼ੂ ਤਕੜਾ ਹੈ ਮੇਰੇ ਨਾਲੋਂ ਮੈਨੂੰ ਮਾਰ ਦਏਗਾ, ਨੱਠ ਜਾਂਦੇ ਨੇ। ਪਤਾ ਲਗ ਜਾਂਦਾ ਹੈ ਕਿ ਸ਼ਿਕਾਰੀ ਮਾਰਨ ਆਇਆ ਹੈ, ਹੁਣ ਮੈਂ ਨੱਠ ਜਾਵਾਂ। ਉਹਨ੍ਹਾਂ ਕੋਲ ਚਿੱਤ ਜਿਹੜਾ ਹੈ ਉਹ ਵੀ ਛੋਟਾ ਹੈ, ਸਾਡੇ ਵਰਗਾ ਨਹੀਂ। ਸਾਡੇ ਤਾਂ ਇੱਕ ਵਿਛੋੜਾ ਹੋ ਜਾਏ ਧੀ-ਪੁੱਤ ਦਾ, ਸਾਰੀ ਜ਼ਿੰਦਗੀ ਨਹੀਂ ਭੁੱਲਦੇ, ਉਹ ਥੋੜ੍ਹਾ ਜਿਹਾ ਤਾਂ ਕਰਦੇ ਨੇ, ਦਸਾਂ-ਪੰਦਰਾਂ ਦਿਨਾਂ ਬਾਅਦ ਭੁੱਲ ਜਾਂਦਾ ਹੈ ਉਨ੍ਹਾਂ ਨੂੰ ਸਾਰਾ ਹੀ। ਇਸ ਤੋਂ ਬਾਅਦ ਇੱਕ ਚੀਜ਼ ਹੈ ਸਾਡੇ ਕੋਲ ਜਿਹੜੀ ਉਨ੍ਹਾਂ ਨਾਲੋਂ ਵੱਧ ਤੇ ਬੜੀ ਹੀ ਭੈੜੀ ਹੈ ਉਹ ਹੈ 'ਹਉਮੈ' 'ਮੈਂ'। ਉਨ੍ਹਾਂ 'ਚ ਹਉਮੈ ਨਹੀਂ ਹੈ, ਹਉਮੈ ਨਾ ਹੋਣ ਕਰਕੇ ਕਰਮ ਦਾ ਫਲ ਉਨ੍ਹਾਂ ਨੂੰ ਲਗਦਾ ਨਹੀਂ ਹੈ, ਸ਼ੇਰ ਚਾਹੇ ਲੱਖ ਗਊ ਮਾਰੀ ਜਾਏ ਉਹਨੂੰ ਪਾਪ ਨਹੀਂ ਲਗਦਾ, ਕਿਉਂਕਿ ਉਹ ਹਉਮੈ ਨਹੀਂ ਹੈ, ਸਹਿਜ-ਸੁਭਾਅ 'ਚ ਮਾਰਦਾ ਹੈ। ਉਹਦਾ ਕੋਈ ਇਹ ਮਤਲਬ (purpose) ਨਹੀਂ ਹੈ ਕਿ ਮੈਂ ਬੰਦੇ ਮਾਰ ਦੇਣੇ ਨੇ। ਬੰਦੇ ਦਾ ਹੁੰਦਾ ਹੈ ਕਿ ਮੈਂ ਫਲਾਣੇ ਦੇਸ਼ ਨੂੰ ਜਿੱਤ ਲੈਣਾ ਹੈ। ਉਹ 'ਮੈਂ' ਸਾਡੇ ਕੋਲ ਆ ਗਈ, 'ਮੈਂ' ਬੜੀ ਮਾੜੀ ਚੀਜ਼ ਹੈ। 'ਮੈਂ' ਨੇ ਸਾਨੂੰ ਫਸਾ ਦਿੱਤਾ, ਕਰਮ ਉਹ ਵੀ ਕਰਦੇ ਨੇ, ਕਰਮ ਅਸੀਂ ਵੀ ਕਰਦੇ ਹਾਂ, ਪਰ ਅਸੀਂ ਮੈਂ ਧਾਰ ਕੇ ਕਰਦੇ ਹਾਂ, ਅਸੀਂ ਫਸ ਗਏ। ਫਸ ਗਏ ਅਸੀਂ ਫੇਰ ਅੱਗੇ ਜੂਨਾਂ ਦੇ ਵਿੱਚ ਚਲੇ ਗਏ। ਮਹਾਰਾਜ ਕਹਿੰਦੇ ਤੂੰ ਆਪਣੀ ਵਡਿਆਈ ਨੂੰ ਸਮਝ। ਤੇਰੇ ਕੋਲ ਵਾਹਿਗੁਰੂ ਨੇ ਇੱਕ ਚੀਜ਼ ਵਾਧੂ ਦਿੱਤੀ ਹੈ ਉਹ ਇਹ ਹੈ ਕਿ -

*ਕਾਇਆ ਨਗਰੁ ਨਗਰ ਗੜ ਅੰਦਰਿ ॥*
*ਸਾਚਾ ਵਾਸਾ ਪੁਰਿ ਗਗਨੰਦਰਿ ॥*
*ਅਸਥਿਰੁ ਥਾਨੁ ਸਦਾ ਨਿਰਮਾਇਲੁ*
*ਆਪੇ ਆਪੁ ਉਪਾਇਦਾ ॥ ਅੰਗ - ੧੦੩੩*

ਤੇਰੇ ਅੰਦਰ ਵਾਹਿਗੁਰੂ ਦਾ ਅਸਥਾਨ ਪ੍ਰਗਟ ਕੀਤਾ ਹੋਇਆ ਹੈ। ਵਾਹਿਗੁਰੂ ਰਹਿੰਦਾ ਤਾਂ ਉਨ੍ਹਾਂ ਦੇ

ਅੰਦਰ ਵੀ ਹੈ ਪਰ ਉਥੇ ਅਸਥਾਨ ਪ੍ਰਗਟ ਨਹੀਂ ਹੈ, ਤੇਰੇ ਅੰਦਰ ਪ੍ਰਗਟ ਹੈ -

*ਨਉ ਦਰਵਾਜੇ ਕਾਇਆ ਕੋਟੁ ਹੈ*
*ਦਸਵੈ ਗੁਪਤੁ ਰਖੀਜੈ ॥*
*ਬਜਰ ਕਪਾਟ ਨ ਖੁਲਨੀ*
*ਗੁਰ ਸਬਦਿ ਖੁਲੀਜੈ ॥*
*ਅਨਹਦ ਵਾਜੇ ਧੁਨਿ ਵਜਦੇ*
*ਗੁਰ ਸਬਦਿ ਸੁਣੀਜੈ ॥*
*ਤਿਤੁ ਘਟ ਅੰਤਰਿ ਚਾਨਣਾ*
*ਕਰਿ ਭਗਤਿ ਮਿਲੀਜੈ ॥*
*ਸਭ ਮਹਿ ਏਕੁ ਵਰਤਦਾ*
*ਜਿਨਿ ਆਪੇ ਰਚਨ ਰਚਾਈ ॥ ਅੰਗ - ੯੫੪*
*ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥*
*ਅੰਗ - ੯੫੭*

ਇਹ ਮਨੁੱਖ ਦੇ ਕੋਲ ਵਾਧੂ ਚੀਜ਼ ਹੈ, ਇਸ ਕਰਕੇ ਮਨੁੱਖ ਨੂੰ ਵਡਿਆਈ ਆਈ ਜਾਂਦੀ ਹੈ ਕਿ ਇਹਦਾ ਜੇ ਦਰਵਾਜ਼ਾ ਖੁਲ੍ਹ ਜਾਵੇ, ਵਾਹਿਗੁਰੂ ਇਹਦੇ ਵਿਚ ਪ੍ਰਗਟ ਹੋ ਜਾਂਦਾ ਹੈ। 'ਨਾਮ' ਪ੍ਰਗਟ ਹੋ ਜਾਂਦਾ ਹੈ, ਜਿਹੜਾ ਇਹਦੇ ਅੰਦਰ ਰੱਖਿਆ ਹੋਇਆ ਹੈ। ਲੇਕਿਨ ਦਰਵਾਜ਼ਾ ਬੰਦ ਹੈ, ਬਜਰ ਕਪਾਟ ਜੜ੍ਹੇ ਹੋਏ ਨੇ। ਦਸ ਵੀ ਦਿੱਤਾ ਕਿ ਦਸਵੇਂ ਦੁਆਰ ਦੇ ਅੰਦਰ ਵਾਹਿਗੁਰੂ ਦਾ ਪ੍ਰਕਾਸ਼ ਹੈ ਤੇਰੇ ਅੰਦਰ। ਕਹਿੰਦੇ ਉਹ ਅਸਥਿਰੁ ਥਾਨੁ ਅਤਿ ਨਿਰਮੈਲ, ਨਿਰਮਲ ਹੈ ਬਿਲਕੁਲ। ਸਦਾ ਨਿਰਮੈਲ ਹੈ, ਕਦੇ ਮੈਲ ਨਹੀਂ ਉਥੇ ਲਗਦੀ। ਵਾਹਿਗੁਰੂ ਨੇ ਆਪੇ ਹੀ ਆਪਣਾ ਥਾਂ ਰੱਖ ਲਿਆ ਇਸ ਸਰੀਰ ਦੇ ਅੰਦਰ। ਇਹ ਨਹੀਂ ਹੈ ਕਿ ਵਾਹਿਗੁਰੂ ਪੈਰ ਦੇ ਅੰਗੂਠੇ 'ਚ ਨਹੀਂ, ਸਾਰੇ ਹੀ ਹੈ, ਹਰ ਥਾਂ 'ਤੇ ਲੇਕਿਨ ਜਿਵੇਂ ਦਰਵਾਜ਼ਾ ਰੱਖ ਲਈਦਾ ਹੈ ਨਾ, ਕੋਠੀ 'ਚ ਬੈਠ ਜਾਈਏ ਅਸੀਂ ਤੇ ਕੋਠੀ ਦੇ ਵਿਚੋਂ ਇੱਕ ਦਰਵਾਜ਼ਾ ਖੋਲ੍ਹ ਕੇ ਰੱਖ ਲਈਏ। ਉਹ ਦਰਵਾਜ਼ਾ ਇੱਕੋ ਹੀ ਹੋਵੇ, ਉਹ ਦਰਵਾਜ਼ਾ ਰੱਖ ਲਿਆ ਵਾਹਿਗੁਰੂ ਨੇ, ਆਹ ਗੁਫਾ ਦੇ ਅੰਦਰ।

*ਅੰਦਰਿ ਕੋਟ ਛਜੇ ਹਟਨਾਲੇ ॥*
*ਆਪੇ ਲੇਵੈ ਵਸਤੁ ਸਮਾਲੇ ॥ ਅੰਗ - ੧੦੩੩*

ਇਹਦੇ 'ਚ ਐਨੀਆਂ ਚੀਜ਼ਾਂ ਨੇ ਜਿਹੜੀਆਂ ਦੱਸੀਆਂ ਹੀ ਨਹੀਂ ਜਾਂਦੀਆਂ। ਐਨੀਆਂ ਸ਼ਕਤੀਆਂ ਦਾ ਭੰਡਾਰਾ ਪਿਆ ਹੈ ਇਹਦੇ 'ਚ, ਭਾਲ (explore) ਕਰ ਲਓ। ਬੰਦਾ ਘਰੋਂ ਤੁਰੇਗਾ, ਇੱਥੇ ਪਤਾ ਲਗ ਜਾਏਗਾ ਕਿ ਬੱਸ ਚੜ੍ਹ ਰਿਹਾ ਹੈ, ਹੁਣ ਉਹਦਾ ਇਰਾਦਾ ਆਹ ਹੈ, ਆਹ ਗੱਲ ਉਹਨੇ ਆ ਕੇ ਕਰਨੀ ਹੈ, ਪਹਿਲਾਂ ਹੀ ਪਤਾ ਹੈ, ਕਿਉਂਕਿ ਉਹ ਚੀਜ਼ ਪੈਦਾ ਹੁੰਦੀ ਹੈ ਇਹਦੇ ਅੰਦਰ। ਨਾ ਮਿਹਨਤ ਕਰੇ ਫੇਰ ਨਹੀਂ, ਫੇਰ ਉਹ ਲੰਘ ਜਾਂਦੀ ਹੈ। ਵਾਹਿਗੁਰੂ ਨੇ ਐਨਾ ਕੁਛ ਇਹਦੇ ਅੰਦਰ ਰੱਖਿਆ ਹੈ, ਕੋਈ ਹਿਸਾਬ ਹੀ ਨਹੀਂ -

*ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥*
*ਅੰਗ - ੬੯੫*

ਸਾਇੰਸ ਜਿੱਥੇ ਤਕ ਪਹੁੰਚਦੀ ਹੈ, ਉਹ ਸਾਰਾ ਸਾਡੇ ਅੰਦਰ ਹੈ, ਹਰੇਕ ਚੀਜ਼ ਅੰਦਰ ਹੈ। ਉਹ ਇਲੈਕਟ੍ਰਾਨ, ਪ੍ਰੋਟਾਨ, ਨਿਊਟ੍ਰਾਨ ਤੇ ਇਹੋ ਸਾਡੇ ਸਰੀਰ ਵਿੱਚ ਨੇ। ਉਸ ਤੋਂ ਬਾਅਦ ਉਹ ਐਨਰਜੀ 'ਚ ਆਈ, ਐਨਰਜੀ ਸਾਡੇ ਅੰਦਰ ਹੈ, ਨਾਮ ਦੀ ਐਨਰਜੀ। ਉਸ ਤੋਂ ਬਾਅਦ ਉਹ ਸ਼ਬਦ ਵਿੱਚ ਆਈ, ਸ਼ਬਦ ਸਾਡੇ ਅੰਦਰ ਹੈ। ਉਹ big-bang 'ਚ ਰੁਕ ਗਈ, ਅਸੀਂ ਅੱਗੇ ਤੁਰ ਪਏ। ਜੋ ਸਾਰਾ ਬ੍ਰਹਿਮੰਡ ਦੇ ਅੰਦਰ ਹੈ, ਜੋ ਅਸੂਲ ਬ੍ਰਹਿਮੰਡ ਦੇ ਅੰਦਰ ਹੈ, ਉਹ ਇਹਦੇ ਅੰਦਰ ਹੈ, ਸਰੀਰ ਦੇ ਅੰਦਰ। ਸਾਰਾ ਬ੍ਰਹਿਮੰਡ ਜਿੰਨਾ ਵੀ ਹੈ ਉਹੀ ਅਸੂਲ ਇਹਦੇ ਇਕੱਲੇ-ਇਕੱਲੇ ਰੋਮ ਦੇ ਵਿੱਚ ਹੈ, ਸੋ ਮਹਾਰਾਜ ਕਹਿੰਦੇ ਉਹ ਚੀਜ਼ ਹੈ -

*ਅੰਦਰਿ ਕੋਟ ਛਜੇ ਹਟਨਾਲੇ ॥*
*ਆਪੇ ਲੇਵੈ ਵਸਤੁ ਸਮਾਲੇ ॥*
*ਬਜਰ ਕਪਾਟ ਜੜੇ ਜੜਿ ਜਾਣੈ*
*ਗੁਰ ਸਬਦੀ ਖੋਲਾਇਦਾ ॥ ਅੰਗ - ੧੦੩੩*

ਗੁਰੂ ਦਾ ਸ਼ਬਦ ਮਿਲ ਜਾਵੇ। ਗੁਰੂ ਦੀ ਮਦਦ ਹੋ ਜਾਵੇ, ਕਿਉਂਕਿ ਸ਼ਬਦ ਨੂੰ ਸ਼ਬਦ ਟੋਲ੍ਹ ਲਿਆ ਕਰਦਾ ਹੈ। ਬਾਹਰਲੇ ਸ਼ਬਦ ਨੇ ਅੰਦਰਲੇ ਸ਼ਬਦ ਨੂੰ ਫੜ ਲੈਣਾ ਹੈ ਜਾ ਕੇ। ਬਾਹਰਲਾ ਸ਼ਬਦ ਹੈ ਗੁਰੂ ਕੋਲ। ਉਹ ਸ਼ਬਦ ਦੇ ਕੇ ਬਜਰ ਕਪਾਟਾਂ ਦੀ ਚਾਬੀ ਮਿਲ ਜਾਂਦੀ ਹੈ -

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ*
*ਕੁੰਜੀ ਗੁਰ ਸਉਪਾਈ ॥*
*ਅਨਿਕ ਉਪਾਵ ਕਰੇ ਨਹੀ ਪਾਵੈ*
*ਬਿਨੁ ਸਤਿਗੁਰ ਸਰਣਾਈ ॥ ਅੰਗ - ੨੦੫*

ਜਿੰਨਾਂ ਚਿਰ ਪੂਰੇ ਗੁਰੂ ਦੀ ਸ਼ਰਨ ਵਿੱਚ ਨਹੀਂ ਆਉਂਦਾ, ਓਨਾਂ ਚਿਰ ਉਹ ਚਾਬੀ ਨਹੀਂ ਮਿਲਦੀ, ਬਜਰ ਕਪਾਟ ਖੁਲ੍ਹਦੇ ਨਹੀਂ ਹਨ। ਫੇਰ ਕਹਿੰਦੇ -

*ਭੀਤਰਿ ਕੋਟ ਗੁਫਾ ਘਰ ਜਾਈ ॥*
*ਨਉ ਘਰ ਥਾਪੇ ਹੁਕਮਿ ਰਜਾਈ ॥ ਅੰਗ - ੧੦੩੩*

ਜਦੋਂ ਇਸ ਗੁਫਾ 'ਚ ਦਾਖਲ ਹੁੰਦੀ ਹੈ ਸੁਰਤ, ਪਰ ਸੁਰਤ ਤਾਂ ਫਿਰਦੀ ਹੈ ਸਾਡੀ ਬਾਹਰ-ਬਾਹਰ। ਮਾਫ ਕਰਨਾ, ਬਾਣੀ ਪੜ੍ਹ ਲੈਣਾ, ਗੁਰੂ ਗ੍ਰੰਥ ਸਾਹਿਬ ਦੇ ਪਾਠ ਕਰ ਲੈਣੇ, ਬਹੁਤੇ ਇੱਥੇ ਹੀ ਰੁਕੇ ਪਏ ਨੇ ਅੱਗੇ ਚਲਦੇ ਹੀ ਨਹੀਂ। ਬਾਣੀ ਕਹਿੰਦੀ ਕੀ ਹੈ-

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥*
*ਕਲਿ ਕਲੇਸ ਤਨ ਮਾਹਿ ਮਿਟਾਵਉ ॥*

*ਅੰਗ - ੨੬੨*

*ਪ੍ਰਭ ਕੈ ਸਿਮਰਨਿ ਗਰਭਿ ਨ ਬਸੈ ॥*
*ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ ॥*
*ਪ੍ਰਭ ਕੈ ਸਿਮਰਨਿ ਕਾਲੁ ਪਰਹਰੈ ॥*
*ਪ੍ਰਭ ਕੈ ਸਿਮਰਨਿ ਦੁਸਮਨੁ ਟਰੈ ॥*
*ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ ॥*
*ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ ॥*

*ਅੰਗ - ੨੬੨*

ਬਾਣੀ ਇਹ ਕਹਿੰਦੀ ਹੈ ਕਿ ਤੂੰ ਉਹਨੂੰ ਯਾਦ ਵਿੱਚ ਵਸਾ, ਜੇ ਅਸੀਂ ਇਹੀ ਪੜ੍ਹੀ ਜਾਈਏ, ਫੇਰ ਸਿਆਣਿਆਂ ਤੋਂ ਪੁੱਛੋ ਕਿ ਗੱਲ ਪੂਰੀ ਹੋ ਗਈ ਕਿ ਨਹੀਂ? ਨੁਸਖਾ ਦੇ ਦਿੱਤਾ ਡਾਕਟਰ ਨੇ, ਨਾਲ ਵਿਧੀ ਦੇ ਦਿੱਤੀ ਕਿ ਇਸ ਤਰ੍ਹਾਂ ਖਾ ਲਈਂ। ਉਹ ਨੁਸਖਾ ਹੀ ਪੜ੍ਹੀ ਜਾਂਦਾ ਹੈ, ਜ਼ੁਬਾਨੀ ਯਾਦ ਕਰ ਲਿਆ ਤਾਂ ਬੀਮਾਰੀ ਦੂਰ ਹੋ ਜਾਏਗੀ ਕਿ ਰਹਿ ਜਾਏਗੀ? ਬਾਣੀ ਜਿਹੜੀ ਹੈ ਇਹ ਕਰਮ ਵਿੱਚ ਆਉਂਦੀ ਹੈ, ਕਰਮ ਤੋਂ ਅੱਗੇ ਉਪਾਸਨਾ ਹੈ, ਉਪਾਸਨਾ ਹੈ ਅੰਦਰ ਦੀ ਖੋਜ। ਅੰਦਰ ਦਾਖਲ ਹੋਣਾ ਹੈ ਸੁਰਤ ਨੇ। ਸੁਰਤ ਨੇ ਅੰਦਰ ਦਾਖਲ ਹੋ ਕੇ ਮੰਜ਼ਲ-ਦਰ-ਮੰਜ਼ਲ ਆਪਣੇ ਅੰਦਰ ਸਫਰ ਤਹਿ ਕਰਨਾ ਹੈ। ਉਸ ਤੋਂ ਬਾਅਦ ਵਿਵੇਕ ਮੰਡਲ ਦੇ ਵਿੱਚ ਪ੍ਰਵੇਸ਼ ਕਰਨਾ ਹੈ, ਵਿਵੇਕ ਮੰਡਲ 'ਚ ਗਿਆਨ ਨੇ ਉਦੈ ਹੋਣਾ ਹੈ, ਗਿਆਨ ਨੇ ਉਥੇ ਲੈ ਜਾਣਾ ਹੈ ਜਿੱਥੋਂ ਮੈਂ ਸ਼ੁਰੂ ਕਰਿਆ ਸੀ ਪਹਿਲਾਂ -

*ਆਪੀਨੈ ਆਪੁ ਸਾਜਿਓ*
*ਆਪੀਨੈ ਰਚਿਓ ਨਾਉ ॥* *ਅੰਗ - ੪੬੩*

ਉਹ ਗਿਆਨ ਤੋਂ ਬਿਨਾਂ ਨਹੀਂ ਜਾਣਾ, ਉਹ ਗਿਆਨ ਨੇ ਦ੍ਰਿੜ੍ਹ ਹੋਣਾ ਹੈ ਇਹਨੂੰ ਆਤਮ ਚਿੰਤਨ ਕਹਿੰਦੇ ਨੇ। ਉਸ ਤੋਂ ਬਗੈਰ ਨਹੀਂ ਛੁਟਕਾਰਾ ਹੁੰਦਾ। ਉਸ ਤੋਂ ਬਾਅਦ ਜਦ ਦ੍ਰਿੜ੍ਹ ਹੋ ਗਿਆ, ਫੇਰ ਜੀਵਨ ਆਉਣਾ ਹੈ।

*ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥*

*ਅੰਗ - ੬੨*

ਮਹਾਰਾਜ ਕਹਿੰਦੇ ਇਹ ਚੀਜ਼ਾਂ ਤੇਰੇ ਅੰਦਰ ਨੇ -

*ਭੀਤਰਿ ਕੋਟ ਗੁਫਾ ਘਰ ਜਾਈ ॥*
*ਨਉ ਘਰ ਥਾਪੇ ਹੁਕਮਿ ਰਜਾਈ ॥*
*ਦਸਵੈ ਪੁਰਖੁ ਅਲੇਖੁ ਅਪਾਰੀ*
*ਆਪੇ ਅਲਖੁ ਲਖਾਇਦਾ ॥* *ਅੰਗ - ੧੦੩੩*

ਜਿਹਦੇ ਵਿੱਚ ਵਾਹਿਗੁਰੂ ਵਸ ਗਿਆ ਜਿਹਦੇ 'ਚ ਵਾਹਿਗੁਰੂ ਪ੍ਰਗਟ ਹੋ ਕੇ ਦੇਖ ਸਕਦੇ ਹਾਂ, ਇਹ ਕੋਈ ਆਪੇ ਕਥੀ ਹੋਈ ਗੱਲ ਨਹੀਂ ਕਿ ਮਨੁੱਖ ਦੇ ਹੱਥ 'ਚ ਗੱਲ ਆ ਗਈ ਤੇ ਉਹਨੇ ਕਹਿ ਦਿੱਤਾ ਕਿ ਸਾਡਾ ਜਿਹੜਾ ਜਨਮ ਹੈ ਸਭ ਤੋਂ ਵੱਡਾ ਹੈ। ਜੇ ਭਲਾ ਕੁੱਤਿਆਂ ਨੂੰ ਵੀ ਸਮਝ ਆ ਜਾਂਦੀ, ਕੁੱਤੇ ਕਹਿ ਦਿੰਦੇ ਕਿ ਸਾਡਾ ਜਨਮ ਤੁਹਾਡੇ ਨਾਲੋਂ ਵੀ ਵਧੀਆ ਹੈ। ਉਨ੍ਹਾਂ 'ਚ ਗੁਣ ਤਾਂ ਹੈਗੇ ਸਾਡੇ ਨਾਲੋਂ ਕਈ ਵਿਸ਼ੇਸ਼, ਪਰ ਜਨਮ ਵਧੀਆ ਨਹੀਂ ਹੈ। ਕਿਉਂਕਿ ਸਾਡੇ ਸਰੀਰ ਦੇ ਅੰਦਰ ਵਾਸਾ ਹੈ ਪ੍ਰਮੇਸ਼ਰ ਦਾ, ਜਿੱਥੋਂ ਪ੍ਰਗਟ ਹੋ ਸਕਦਾ ਹੈ। ਸੋ ਮਹਾਰਾਜ ਕਹਿੰਦੇ ਇਹ ਵਡਿਆਈ ਤੈਨੂੰ ਦਿੱਤੀ ਹੈ -

*ਇਸੁ ਪਉੜੀ ਤੇ ਜੋ ਨਰੁ ਚੂਕੈ*
*ਸੋ ਆਇ ਜਾਇ ਦੁਖੁ ਪਾਇਦਾ ॥*

*ਅੰਗ - ੧੦੭੫*

ਇਹ ਜਿਹੜੀ ਦੇਹੀ ਹੈ, ਜਿੰਨੀ ਕਾਇਨਾਤ ਹੈ ਸਾਰੀ, ਜਿੰਨੀਆਂ ਸ੍ਰਿਸ਼ਟੀਆਂ ਨੇ, ਇੱਕ ਨਹੀਂ, ਕਰੋੜਾਂ ਸ੍ਰਿਸ਼ਟੀਆਂ, ਆਹ ਧਰਤੀ 'ਤੇ ਵਾਹਿਗੁਰੂ ਨੇ ਐਸੀ ਕ੍ਰਿਪਾ ਕਰਕੇ ਇੱਕ ਐਸੀ ਜੂਨ ਪੈਦਾ ਕਰ ਦਿੱਤੀ ਜਿਹਨੂੰ ਮਨੁੱਖ ਕਹਿੰਦੇ ਨੇ, ਮਾਨਸ ਕਹਿੰਦੇ ਨੇ; ਉਹ ਜਿਹੜੇ ਸੋਝੀ ਵਾਲੇ ਬੈਠੇ ਨੇ ਦੇਵਤੇ ਬੈਠੇ ਨੇ, ਸਵਰਗ ਲੋਕਾਂ ਦੇ ਅੰਦਰ, ਗੰਧਰਬ ਲੋਕ, ਦੇਵ ਗੰਧਰਬ ਲੋਕ, ਪਿੱਤਰ ਲੋਕ, ਸਵਰਗ ਲੋਕ, ਇੰਦਰ ਲੋਕ, ਕਰਮ ਦੇਵ ਲੋਕ, ਅਜਾਨ ਦੇਵ ਲੋਕ, ਪਰਜਾਪਤ ਲੋਕ, ਬ੍ਰਹਮ ਲੋਕ, ਸ਼ਿਵ ਲੋਕ, ਬੈਕੁੰਠ ਧਾਮ; ਉਥੇ ਤੱਕ ਦੇ ਦੇਵਤੇ wish ਕਰਦੇ ਨੇ -

*ਧਾਰਨਾ - ਜਿਹੜੀ ਦੇਹੀ ਨੂੰ ਲੋਚਦੇ ਦੇਵਤੇ,*
*ਓਹੋ ਦੇਹੀ ਤੈਨੂੰ ਮਿਲ ਗਈ ਪਿਆਰਿਆ।*

*ਗੁਰ ਸੇਵਾ ਤੇ ਭਗਤਿ ਕਮਾਈ ॥*
*ਤਬ ਇਹ ਮਾਨਸ ਦੇਹੀ ਪਾਈ ॥*
*ਇਸ ਦੇਹੀ ਕਉ ਸਿਮਰਹਿ ਦੇਵ ॥*
*ਸੋ ਦੇਹੀ ਭਜੁ ਹਰਿ ਕੀ ਸੇਵ ॥ ੧ ॥*
*ਭਜਹੁ ਗੋੁਬਿੰਦ ਭੂਲਿ ਮਤ ਜਾਹੁ ॥*
*ਮਾਨਸ ਜਨਮ ਕਾ ਏਹੀ ਲਾਹੁ ॥ ੧ ॥ ਰਹਾਉ*
*॥ ਜਬ ਲਗੁ ਜਰਾ ਰੋਗੁ ਨਹੀ ਆਇਆ ॥*
*ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ ॥*
*ਜਬ ਲਗੁ ਬਿਕਲ ਭਈ ਨਹੀ ਬਾਨੀ ॥*
*ਭਜਿ ਲੇਹਿ ਰੇ ਮਨ ਸਾਰਿਗਪਾਨੀ ॥ ੨ ॥*
*ਅਬ ਨ ਭਜਸਿ ਭਜਸਿ ਕਬ ਭਾਈ ॥*
*ਆਵੈ ਅੰਤੁ ਨ ਭਜਿਆ ਜਾਈ ॥*
*ਜੋ ਕਿਛੁ ਕਰਹਿ ਸੋਈ ਅਬ ਸਾਰੁ ॥*
*ਫਿਰਿ ਪਛੁਤਾਹੁ ਨ ਪਾਵਹੁ ਪਾਰੁ ॥*

*ਅੰਗ - ੧੧੫੯*

ਸੋ ਇਹ ਜਨਮ, ਐਨਾ ਕੀਮਤੀ ਜਨਮ ਜਿਹਦੇ 'ਚੋਂ ਅਸੀਂ ਵਾਹਿਗੁਰੂ ਨੂੰ ਦੇਖ ਸਕਦੇ ਹਾਂ, ਹੋਰ ਕੋਈ ਜਨਮ ਹੀ ਨਹੀਂ ਹੈ ਜਿਹਦੇ 'ਚ ਸਾਨੂੰ ਵਾਹਿਗੁਰੂ ਦਿਸ ਜਾਵੇ, ਨਹੀਂ ਲਿਖ ਦਿੰਦੇ ਮਹਾਰਾਜ। ਕਿ ਜਦ ਤੂੰ ਸ਼ੇਰ ਬਣੇਗਾ ਜਦ ਦਿੱਸੇਗਾ ਜਾਂ ਜਦ ਤੂੰ ਬਾਜ ਬਣੇਂਗਾ ਜਦ ਦਿੱਸੇਗਾ। ਉਹ ਕਹਿੰਦੇ ਕੇਵਲ ਮਨੁੱਖਾ ਦੇਹੀ ਹੈ ਜਿਹਦੇ 'ਚ ਤੂੰ ਆਪਣੇ ਘਰ 'ਚ ਜਾ ਸਕਦਾ ਹੈ। ਜੇ ਨਾ ਗਿਆ

ਤਾਂ ਫੇਰ ਕਹਿੰਦੇ ਪਛਤਾਉਣਾ ਪੈ ਜਾਏਗਾ। ਉਹ ਸੁਖਾਲਾ ਨਹੀਂ ਰਹਿਣਾ ਜਿਹੜਾ ਚੁਕ ਗਿਆ ਇਸ ਪਉੜੀ ਤੋਂ। ਉਹ ਆਉਂਦਾ ਰਹੇਗਾ ਤੇ ਜਾਂਦਾ ਰਹੇਗਾ ਤੇ ਦੁੱਖ ਉਹਨੂੰ ਪ੍ਰਾਪਤ ਹੁੰਦੇ ਰਹਿਣਗੇ। ਸੋ ਮਨੁੱਖ ਨੂੰ ਪੂਰਾ ਅੰਤਸ਼ਕਰਣ ਮਿਲਿਆ ਹੋਇਆ ਹੈ, ਮੈਂ ਇਹ ਬੇਨਤੀ ਕਰਦਾ ਸੀ। ਪਸ਼ੂਆਂ ਨੂੰ ਨਹੀਂ ਮਿਲਿਆ। ਉਹ ਵਿਚਾਰ ਸ਼ਕਤੀ ਤੋਂ ਹੀਣੇ ਨੇ। ਜਿਹੜੀਆਂ ਉਨ੍ਹਾਂ 'ਚ ਹੋਰ ਆਦਤਾਂ ਨੇ ਉਹ ਵੀ ਖਾਂਦੇ ਨੇ ਅਸੀਂ ਵੀ ਖਾਂਦੇ ਹਾਂ, ਉਹ ਬੱਚੇ ਪੈਦਾ ਕਰਦੇ ਨੇ ਅਸੀਂ ਵੀ ਕਰਦੇ ਹਾਂ, ਉਹ ਵੀ ਆਰਾਮ ਚਾਹੁੰਦੇ ਨੇ, ਅਸੀਂ ਵੀ ਆਰਾਮ ਚਾਹੁੰਦੇ ਹਾਂ। ਉਹ ਵੀ ਇੱਕ ਦੂਜੇ ਦਾ ਖੋਹ ਲੈਂਦੇ ਨੇ, ਅਸੀਂ ਵੀ ਇੱਕ ਦੂਜੇ ਦਾ ਖੋਹ ਲੈਂਦੇ ਹਾਂ। ਫੇਰ ਮਹਾਰਾਜ ਕਹਿੰਦੇ ਜੇ ਵਿਚਾਰ ਤੋਂ ਹੀਣਾ ਹੈ ਨਾ ਤਾਂ ਤੇਰੇ ਅਰ ਪਸ਼ੂ ਦੇ ਵਿੱਚ ਕੋਈ ਵੀ ਫਰਕ ਨਹੀਂ ਹੈ ਤੂੰ ਬਿਲਕੁਲ ਪਸ਼ੂ ਹੈਂ। ਐਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਆਵਨ ਆਏ ਸ੍ਰਿਸਟਿ ਮਹਿ,*
*ਬਿਨ ਬੂਝੈ ਪਸੁਢੋਰ।*

ਜੇ ਕਹਿੰਦੇ ਵਿਚਾਰ ਸ਼ਕਤੀ ਨਹੀਂ ਹੈ ਮਨੁੱਖ ਦੇ ਅੰਦਰ ਤਾਂ ਪਸ਼ੂ ਅਰ ਉਹਦੇ ਵਿੱਚ ਕੋਈ ਫਰਕ ਨਹੀਂ ਹੈ। ਕੋਈ ਮਕਾਨ ਬਣਾਉਣ ਜਾਣਦਾ ਹੈ ਉਹਦੀ ਵਿਚਾਰ ਸ਼ਕਤੀ ਵੱਡਾ ਇੰਜਨੀਅਰ ਦਾ ਕੰਮ ਕਰ ਦਿੰਦੀ ਹੈ। ਕੋਈ ਸਾਇੰਸ ਦਾ ਵਿਦਿਆਰਥੀ ਹੈ ਨਵੀਆਂ ਤੋਂ ਨਵੀਆਂ ਖੋਜਾਂ ਕੱਢ ਲੈਂਦਾ ਹੈ। ਪਰ ਵਿਚਾਰ ਸ਼ਕਤੀ ਫੇਰ ਵੀ ਨਹੀਂ, ਵਿਚਾਰ ਸ਼ਕਤੀ ਉਹ ਹੁੰਦੀ ਹੈ ਕਿ ਮੈਂ ਇਸ ਸੰਸਾਰ 'ਚ ਆਇਆ ਹਾਂ; ਗੁਰੂ, ਪੀਰ, ਮਹਾਂਪੁਰਸ਼ ਸਾਰੇ ਕਹਿੰਦੇ ਨੇ ਕਿ ਤੂੰ ਪਹਿਲਾਂ ਤੋਂ ਮਨੁੱਖ ਨਹੀਂ ਸੀ -

*ਫਿਰਤ ਫਿਰਤ ਬਹੁਤੇ ਜੁਗ ਹਾਰਿਓ*
*ਮਾਨਸ ਦੇਹ ਲਹੀ ॥*
*ਨਾਨਕ ਕਹਤ ਮਿਲਨ ਕੀ ਬਰੀਆ*
*ਸਿਮਰਤ ਕਹਾ ਨਹੀ ॥ ਅੰਗ - ੬੩੧*

ਤੇਰੀ ਵਾਰੀ ਆਈ ਹੋਈ ਹੈ, ਹੁਣ ਜਿਹੜੀ ਤੇਰੀ ਵਾਰੀ ਆਈ ਹੋਈ ਹੈ ਉਸ ਦੀ ਸੰਭਾਲ (avail) ਨਹੀਂ ਕਰ ਰਿਹਾ। ਇਸ ਤਰ੍ਹਾਂ ਫੁਰਮਾਨ ਕਰਦੇ ਨੇ ਮਹਾਰਾਜ -

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥*
*ਅੰਗ - ੧੨*

ਕਹਿੰਦੇ ਪਿਆਰਿਆ! ਵਾਰੀ ਆ ਗਈ, ਘੁੰਮਦੇ-ਘੁੰਮਦੇ ਦੀ। ਕਹਿੰਦਾ ਹੈ ਕਿ ਮਹਾਰਾਜ ਮੈਂ ਪਹਿਲਾਂ ਕਿੱਥੇ ਸੀ, ਕਹਿੰਦੇ -

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ ੧ ॥*
*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥*
*ਅੰਗ - ੧੭੬*

ਐਵੇਂ ਨਾ ਸਮਝ ਕਿ ਮੈਂ ਮਨੁੱਖ ਹਾਂ ਇਸ ਤੋਂ ਪਹਿਲਾਂ ਮੈਂ ਹੈ ਹੀ ਨਹੀਂ ਸੀਗਾ। ਇਸ ਤੋਂ ਪਹਿਲਾਂ ਵੀ ਸੀਗਾ, ਜਦ ਸਰੀਰ ਨਹੀਂ ਹੋਏਗਾ ਫੇਰ ਤੂੰ ਹੋਏਂਗਾ। ਸਰੀਰ ਦੇ ਵਿੱਚ-ਵਿੱਚ ਜਿਹੜਾ ਤੁਹਾਨੂੰ ਸਮਾਂ ਥੋੜ੍ਹਾ ਜਿਹਾ ਮਿਲਿਆ ਹੈ ਇਹਦੇ ਵਿੱਚ ਯਤਨ ਤਾਂ ਕਰ, ਉਹ ਇਹ ਹੈ ਕਿ ਤੂੰ 'ਨਾਮ' ਦੇ ਬਾਰੇ ਸਮਝ। ਨਾਮ ਦਾ ਭਜਨ ਕਰ, ਨਾਮ ਨੂੰ ਹਿਰਦੇ 'ਚ ਵਸਾ, ਨਾਮ ਨੂੰ ਧਿਆਨ ਵਿੱਚ ਲਿਆ, ਨਾਮ ਦੇ ਵਿੱਚ ਵਸ, ਨਾਮ ਦੇ ਵਿੱਚ ਪ੍ਰਵੇਸ਼ ਕਰ। ਕਹਿੰਦੇ ਜਪ ਲੈ। ਇਸ ਤਰ੍ਹਾਂ ਫੁਰਮਾਨ ਕਰਦੇ ਨੇ-

*ਧਾਰਨਾ - ਭਜ ਲੈ ਹਰਿ ਨਾਮ ਨੂੰ*
*ਸੰਤਾਂ ਨੂੰ ਮਿਲ ਕੇ ਪਿਆਰੇ।*

ਗੁਰੂ ਨਾਨਕ ਬੋਲ ਰਹੇ ਨੇ ਕਿ ਪਿਆਰਿਓ! ਜਿਨ੍ਹਾਂ ਕੰਮਾਂ 'ਚ ਤੁਸੀਂ ਲੱਗੇ ਹੋਏ ਹੋ, ਉਹ ਕੌਡੀ ਦੇ ਮੁੱਲ ਦੇ ਵੀ ਨਹੀਂ ਹੈਗੇ। ਐਵੇਂ ਨਾ ਸਮਾਂ ਨਸ਼ਟ ਕਰੋ। ਆਪਣੀਆਂ ਮਨ-ਮਾਨੀਆਂ ਗੱਲਾਂ ਸਾਮ੍ਹਣੇ ਲਿਆ ਕੇ ਨਾ ਸਮਾਂ ਬਰਬਾਦ ਕਰੋ, ਤੁਸੀਂ ਤਾਂ ਆਏ ਹੀ ਨਾਮ ਜਪਣ ਵਾਸਤੇ ਸੀ, ਸਮਾਂ ਲੰਘ ਜਾਣਾ ਹੈ ਦੇਹ ਮੁੜ ਕੇ ਨਹੀਂ ਮਿਲਣੀ। ਕੀ ਕਰੋਂਗੇ, ਫੇਰ ਪਛਤਾਉਣਾ ਪੈਂਦਾ ਹੈ ਤੇ ਫੇਰ ਜਿਹੜੇ ਕੰਮ ਨੂੰ ਆਇਆ ਸੀ ਉਹ ਕੰਮ ਤੂੰ ਕਰਿਆ ਨਾ।

*ਕਰਣੋ ਹੁਤੋ ਸੁ ਨਾ ਕੀਓ*
*ਪਰਿਓ ਲੋਭ ਕੈ ਫੰਧ ॥*
*ਨਾਨਕ ਸਮਿਓ ਰਮਿ ਗਇਓ*
*ਅਬ ਕਿਉ ਰੋਵਤ ਅੰਧ ॥ ਅੰਗ - ੧੪੨੮*

ਫੇਰ ਦਰਗਾਹ 'ਚ ਖੜ੍ਹਾ ਚੀਕਾਂ ਮਾਰੇਂਗਾ। ਉਥੇ ਤਾਂ ਸਹਾਇਤਾ ਨਹੀਂ ਕਿਸੇ ਨੇ ਕਰਨੀ। ਪਛਤਾਉਣਾ ਹੀ ਪਛਤਾਉਣਾ ਪੱਲੇ ਰਹਿ ਜਾਏਗਾ।

*ਧਾਰਨਾ - ਜਿੰਦੇ ਰੋਵੇਂਗੀ ਤੇ ਰੋ ਰੋ ਪਛਤਾਵੇਂਗੀ,*
*ਫੇਰ ਤੇਰਾ ਕੋਈ ਨਾ ਬਣੇ।*

*ਆਪੀਨੈ ਭੋਗ ਭੋਗਿ ਕੈ*
*ਹੋਇ ਭਸਮੜਿ ਭਉਰੁ ਸਿਧਾਇਆ ॥*
*ਵਡਾ ਹੋਆ ਦੁਨੀਦਾਰੁ*
*ਗਲਿ ਸੰਗਲੁ ਘਤਿ ਚਲਾਇਆ ॥*
*ਅਗੈ ਕਰਣੀ ਕੀਰਤਿ ਵਾਚੀਐ*
*ਬਹਿ ਲੇਖਾ ਕਰਿ ਸਮਝਾਇਆ ॥*
*ਥਾਉ ਨ ਹੋਵੀ ਪਉਦੀਈ*

*ਹੁਣਿ ਸੁਣੀਐ ਕਿਆ ਰੂਆਇਆ ॥*
*ਮਨਿ ਅੰਧੈ ਜਨਮੁ ਗਵਾਇਆ ॥ ਅੰਗ- ੪੬੪*

*ਚੇਤਨਾ ਹੈ ਤਉ ਚੇਤ ਲੈ*
*ਨਿਸਿ ਦਿਨਿ ਮੈ ਪ੍ਰਾਨੀ ॥*
*ਛਿਨੁ ਛਿਨੁ ਅਉਧ ਬਿਹਾਤੁ ਹੈ*
*ਫੂਟੈ ਘਟ ਜਿਉ ਪਾਨੀ ॥ ੧ ॥ ਰਹਾਉ ॥*
*ਹਰਿ ਗੁਨ ਕਾਹਿ ਨ ਗਾਵਹੀ*
*ਮੂਰਖ ਅਗਿਆਨਾ ॥*
*ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ ॥*
*ਅਜਹੂ ਕਛੁ ਬਿਗਰਿਓ ਨਹੀ*
*ਜੋ ਪ੍ਰਭ ਗੁਨ ਗਾਵੈ ॥*
*ਕਹੁ ਨਾਨਕ ਤਿਹ ਭਜਨ ਤੇ*
*ਨਿਰਭੈ ਪਦੁ ਪਾਵੈ ॥ ਅੰਗ - ੭੨੬*

ਪਛਤਾਉਣਾ ਪੱਲੇ ਪੈ ਜਾਏਗਾ ਮਹਾਰਾਜ ਕਹਿੰਦੇ। ਜੇ ਤੇਰੇ ਗੱਲ ਸਮਝ ਆ ਗਈ ਤਾਂ ਤੂੰ ਹੁਣ ਤੋਂ ਹੀ ਵਾਹਿਗੁਰੂ ਨੂੰ ਯਾਦ ਕਰਨਾ ਸ਼ੁਰੂ ਕਰ ਦੇ। ਕੋਸ਼ਿਸ਼ ਕਰ, ਉਨ੍ਹਾਂ ਪੁਰਸ਼ਾਂ ਨੂੰ ਮਿਲ ਜਿਨ੍ਹਾਂ ਦੇ ਹਿਰਦੇ ਵਿੱਚ ਨਿਰੰਕਾਰ ਦਾ ਵਾਸਾ ਹੈ।

*ਜਿਸ ਕੈ ਅੰਤਰਿ ਬਸੈ ਨਿਰੰਕਾਰ ॥*
*ਤਿਸ ਕੀ ਸੀਖ ਤਰੈ ਸੰਸਾਰੁ ॥ ਅੰਗ - ੨੬੯*

ਇੱਕ ਦੋ ਨਹੀਂ ਉਹਦੀ ਸਿੱਖਿਆ ਨਾਲ ਸਾਰਾ ਸੰਸਾਰ ਤਰ ਜਾਂਦਾ ਹੈ, ਕਿਉਂਕਿ ਉਥੋਂ ਬੋਲਦਾ ਹੈ ਦੇਖ ਕੇ, ਕਿਤਾਬਾਂ ਵਗੈਰਾ 'ਚੋਂ ਨਹੀਂ ਬੋਲਦਾ। ਅਨੁਭਵ 'ਚੋਂ ਗੱਲ ਕਰ ਰਿਹਾ ਹੈ। ਉਹਦੀ ਸੰਗਤ ਕਰ। ਬੜਾ ਸਵਾਲ ਹੋਇਆ ਕਿ ਮਹਾਰਾਜ! ਅਸੀਂ ਸੁਣਦੇ ਹਾਂ, ਸਾਡਾ ਚਿੱਤ ਕਰਦਾ ਹੈ ਨਾਮ ਜਪੀਏ, ਫੈਸਲਾ ਕਰਦੇ ਹਾਂ। ਜਦ ਤੁਹਾਡਾ ਬਚਨ ਸੁਣਦੇ ਹਾਂ ਕਿ ਫੇਰ ਕਹਿੰਦੇ ਹਾਂ ਕਿ ਹੁਣ ਨਹੀਂ ਨਾਮ ਜਪਣ ਤੋਂ ਹਟਣਾ, ਹੁਣ ਦਿਨ ਰਾਤ ਇੱਕ ਕਰ ਦੇਣਾ ਹੈ। ਪਰ ਹੋ ਕੀ ਜਾਂਦਾ ਹੈ ਸੱਚੇ ਪਾਤਸ਼ਾਹ? ਫੇਰ ਤੁਸੀਂ ਇਹ ਵੀ ਫੁਰਮਾਉਂਦੇ ਹੋ ਕਿ ਮਾਤਾ ਦੇ ਉਦਰ ਵਿੱਚ ਜਦੋਂ ਇਸ ਦਾ ਨਿਵਾਸ ਸੀ, ਉਸ ਵੇਲੇ ਪੁੱਠਾ ਲਟਕ ਕੇ ਸ੍ਵਾਸ-ਸ੍ਵਾਸ ਜਪਦਾ ਸੀ।

*ਗਰਭ ਕੁੰਟ ਮਹਿ ਉਰਧ ਤਪ ਕਰਤੇ ॥*
*ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ ॥*
*ਅੰਗ - ੨੫੧*

ਇਹਨੂੰ ਤਾਂ ਕੋਈ ਝੁਠਲਾ ਨਹੀਂ ਸਕਦਾ। ਇਹ ਮਹਾਰਾਜ ਜਾਣਦੇ ਨੇ ਕਿ ਕਿਸ ਤਰ੍ਹਾਂ ਦੇ ਨਾਲ ਇਹ ਉਸ ਵੇਲੇ ਪ੍ਰਮੇਸ਼ਰ ਦੀ ਯਾਦ ਵਿੱਚ ਸੀਗਾ। ਜਿਹੜੇ ਸਾਇੰਟੇਫਿਕ ਯੋਗੀ ਨੇ ਉਹ ਜਾਣਦੇ ਨੇ ਇਹਦੀ ਸੁਰਤੀ ਜਿਹੜੀ ਸੀ ਉਹ ਸੁਖਮਨਾ ਨਾੜੀ 'ਚ ਪ੍ਰਵੇਸ਼ ਕੀਤੀ ਹੋਈ ਸੀ। ਸੁਖਮਨਾ ਨਾੜੀ ਸਾਡੇ ਹੁਣ ਵੀ ਹੈਗੀ, ਈੜਾ, ਪਿੰਗਲਾ, ਸੁਖਮਨਾ। ਇੱਕ ਪਾਸੇ ਈੜਾ ਹੈ ਇੱਕ ਪਾਸੇ ਪਿੰਗਲਾ ਹੈ, ਵਿਚਾਲੇ ਸੁਖਮਨਾ ਨਾੜੀ ਹੈ। ਸੁਖਮਨਾ ਨਾੜੀ ਦਾ ਜਿਹੜਾ ਮੂੰਹ ਹੈ ਉਹ ਦਸਵੇਂ ਦੁਆਰ 'ਚ ਜਾ ਕੇ ਖੁਲ੍ਹਦਾ ਹੈ। ਇਹ ਦਸਵੇਂ ਦੁਆਰ ਦੇ ਵਿੱਚ ਸੁੰਨ ਸਮਾਧ ਦੇ ਵਿੱਚ ਸੀਗਾ, ਪਰਮ ਅਨੰਦ ਦੇ ਵਿੱਚ, ਪ੍ਰਮੇਸ਼ਰ ਦਾ ਇਹਨੂੰ ਗਿਆਨ ਸੀ, ਉਹ ਨਾਮ ਜਪਦਾ ਸੀ, ਅਸੀਂ ਤਾਂ ਇਹ ਕਹਿਣਾ ਹੈ। ਦੂਜੇ ਨੇ ਕਹਿਣਾ ਹੈ ਕਿ ਉਹਦੇ ਜੀਭ ਲੱਗੀ ਹੋਈ ਸੀ ਕਿ ਨਾਮ ਜਪਦਾ ਸੀ? ਜਿਹਨੂੰ 'ਨਾਮ' ਕਹਿੰਦੇ ਨੇ ਉਹਦੇ ਵਿੱਚ ਸੁਰਤ ਲੱਗੀ ਹੋਈ ਸੀ, ਨਾਮ ਹੁੰਦਾ ਹੈ ਧੁਨ। ਹੁਣ ਵੀ ਧੁਨ ਹੈ -

*ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ*
*ਗੁਰਮੁਖਿ ਅਕਥ ਕਹਾਨੀ ॥ ਅੰਗ - ੮੭੯*

ਉਹ ਸ਼ਬਦ ਜਿਹਨੇ ਸਾਰੇ ਸੰਸਾਰ ਨੂੰ ਧਾਰਨ ਕਰਿਆ ਹੋਇਆ ਹੈ, ਦਸਵੇਂ ਦੁਆਰ ਵਿੱਚ ਉਹ ਪ੍ਰਗਟ, ਉਥੇ ਉਹਦੀ ਸੁਰਤ ਅਫੁਰ ਅਵਸਥਾ 'ਚ ਹੋ ਕੇ, ਸੁਰਤ ਲੱਗੀ ਹੋਈ ਸੀ ਉਸ ਧੁਨ ਦੇ ਨਾਲ। ਇਹਦੀ ਸੁਰਤ ਲਗਣ ਕਰਕੇ ਇਹ ਪ੍ਰਮੇਸ਼ਰ ਦੇ ਵਿੱਚ ਰਹਿੰਦਾ ਸੀ। ਪਰ ਜਿਸ ਵਕਤ ਸੰਸਾਰ ਤੋਂ ਬਾਹਰ ਆਇਆ, ਜਿਹੜੀਆਂ ਚੀਜ਼ਾਂ ਛੱਡਣੀਆਂ ਸੀ ਉਨ੍ਹਾਂ ਸਾਰੀਆਂ ਦੇ ਵਿੱਚ ਇਹ ਉਲਝ ਗਿਆ। ਕਹਿੰਦੇ, ਐਸਾ ਜਾਲ ਪੈ ਗਿਆ ਇਹਦੇ ਉੱਤੇ ਕਿ ਇਹਨੂੰ ਕਿੰਨਾ ਹੀ ਸਮਝਾ ਲਓ -

*ਫਰੀਦਾ ਕੂਕੇਦਿਆ ਚਾਂਗੇਦਿਆ*
*ਮਤੀ ਦੇਦਿਆ ਨਿਤ॥*
*ਜੋ ਸੈਤਾਨਿ ਵੰਞਾਇਆ*
*ਸੇ ਕਿਤ ਫੇਰਹਿ ਚਿਤ ॥ ਅੰਗ - ੧੩੭੮*

ਮਜ਼ਾਲ ਹੈ ਇਹਦਾ ਚਿੱਤ ਫਿਰ ਜਾਵੇ। ਮਹਾਰਾਜ ਸੱਚੇ ਪਾਤਸ਼ਾਹ! ਤੁਹਾਡੇ ਤਾਂ ਬਚਨ ਸੁਣ ਕੇ ਸਾਡੇ ਅੰਦਰ ਇਰਾਦਾ ਬਣਦਾ ਹੈ ਕਿ ਅਸੀਂ ਹੁਣ ਨਾਮ ਜਪੀਏ, ਹੁਣ ਤਾਂ ਸ੍ਵਾਸ-ਸ੍ਵਾਸ ਨਾਮ ਹੀ ਜਪਾਂਗੇ, ਕਿਉਂਕਿ ਤੁਸੀਂ ਕਹਿ ਦਿੱਤਾ -

*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥*
*ਅੰਗ - ੧੨*

ਤੂੰ ਸਾਧੂਆਂ ਦੀ ਸੰਗਤ ਕਰ। ਉਹਦੇ ਵਿੱਚ ਕੇਵਲ ਨਾਮ ਦੀ ਬਾਤ ਸੁਣ, ਨਾਮ ਦਾ ਜਾਪ ਕਰ, ਨਾਮ ਦੇ ਵਿੱਚ ਨਿਵਾਸ ਕਰ, ਉਨ੍ਹਾਂ ਦੇ ਬਚਨਾਂ ਤੋਂ ਤੈਨੂੰ ਸੋਝੀ ਪੈ ਜਾਏਗੀ ਤੇ ਮਹਾਰਾਜ ਕਹਿੰਦੇ ਤੈਨੂੰ ਯਾਦ ਵੀ ਕਰਾਉਂਦੇ ਹਾਂ ਪਿਆਰਿਆ! ਉਥੇ ਤਾਂ ਤੈਨੂੰ ਯਾਦ ਸੀ। ਲੇਕਿਨ ਹੁਣ ਵੀ ਤੈਨੂੰ ਯਾਦ ਸਾਧੂ ਕਰਾਉਂਦੇ ਨੇ, ਬਾਰ-ਬਾਰ ਅਵਾਜ਼ਾਂ ਦੇ ਕੇ। ਨਾਲ ਇਹ ਵੀ ਦਸਦੇ ਨੇ ਕਿ ਤੇਰੇ ਮਨ ਨੂੰ ਹਉਮੈ ਰੂਪੀ ਸੈਤਾਨ ਨੇ ਕਾਬੂ ਕਰ ਲਿਆ, ਅਵਿਦਿਆ ਨੇ, ਮਾਇਆ ਨੇ, ਕਾਬੂ ਕਰ ਲਿਆ।

ਉਹਦਾ ਇੱਕ ਤਰ੍ਹਾਂ ਦੇ ਨਾਲ ਜਾਲ ਪੈ ਗਿਆ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਬੰਦਾ ਤਾਂ ਨਾਮ ਦੇ ਜਪਣ ਨੂੰ*
*ਆਇਆ, ਮਾਇਆ ਵਾਲਾ ਜਾਲ ਪੈ ਗਿਆ।*
*ਯਾ ਜੁਗ ਮਹਿ ਏਕਹਿ ਕਉ ਆਇਆ ॥*
*ਜਨਮਤ ਮੋਹਿਓ ਮੋਹਨੀ ਮਾਇਆ ॥*

*ਅੰਗ - ੨੫੨*

ਪੈਦਾ ਹੁੰਦੇ ਸਾਰ ਕਹਿੰਦੇ ਮੋਹ ਲਿਆ ਮਾਇਆ ਨੇ। ਮਾਇਆ ਕਹਿੰਦੇ ਕੀਹਨੂੰ ਨੇ, ਜਿਹੜੀ ਅਸਲ ਨੂੰ ਨਕਲ ਬਣਾ ਦੇਵੇ, ਨਕਲ ਨੂੰ ਅਸਲ ਬਣਾ ਦੇਵੇ। ਚਲਦੀ ਚੀਜ਼ ਨੂੰ ਗੱਡੀ ਕਹੇ, ਗੱਡੀ ਨੂੰ ਚੱਕੀ ਕਹੇ। ਪਤਾ ਨਾ ਲਗਣ ਦੇਣਾ।

ਇੱਕ ਵਾਰੀ ਇੱਕ ਰਾਜਾ ਆਪਣੀ ਕਚਹਿਰੀ 'ਚ ਬੈਠਾ ਰਾਜ ਦਾ ਕਾਰੋਬਾਰ ਕਰ ਰਿਹਾ ਸੀ। ਬਾਹਰ ਦਰਬਾਨ ਬੈਠੇ ਨੇ, ਫਰਿਆਦੀ ਆਉਂਦੇ ਨੇ, ਫਰਿਆਦ ਅੰਦਰ ਆ ਜਾਂਦੀ ਹੈ। ਰਾਜਾ ਉਹਨੂੰ ਅੰਦਰ ਬੁਲਾ ਲੈਂਦਾ ਹੈ, ਮਹਿਕਮਿਆਂ ਦੇ ਸਾਰੇ ਅਫਸਰ ਰਾਜੇ ਦੇ ਆਲੇ ਦੁਆਲੇ ਸੀਟਾਂ ਲਈ ਬੈਠੇ ਨੇ। ਇਨਸਾਫ ਕਰਨ ਵਾਲਾ ਰਾਜਾ ਹੈ ਤੇ ਉਸੇ ਵੇਲੇ ਕਹਿੰਦਾ ਹੈ ਕਿ ਭਾਈ ਆਹ ਅਰਜ਼ੀ ਦਿੱਤੀ ਹੈ, ਦੱਸੋ ਕਿਹੜਾ ਮਹਿਕਮਾ ਹੈ, ਦੱਸੋ ਇਹਦਾ ਕੀ ਕਰਿਆ ਹੈ। ਉਸੇ ਵੇਲੇ ਫੈਸਲੇ ਕਰ ਰਿਹਾ ਹੈ। ਕਰਦੇ-ਕਰਦੇ ਐਨੇ ਨੂੰ ਇੱਕ ਜਾਦੂਗਰ ਆ ਗਿਆ, ਉਹਨੇ ਦਰਬਾਨਾਂ ਨੂੰ ਕਿਹਾ ਮਹਾਰਾਜ ਨੂੰ ਤੁਸੀਂ ਮੇਰੀ ਇੱਕ ਬੇਨਤੀ ਕਰ ਦਿਓ ਕਿ ਮੈਂ ਵਧੀਆਂ ਤੋਂ ਵਧੀਆਂ ਤਮਾਸ਼ੇ ਜਾਣਦਾ ਹਾਂ। ਮੇਰਾ ਖੇਲ੍ਹ ਕੋਈ ਦੇਖਣ, ਅਣਹੋਈਆਂ ਚੀਜ਼ਾਂ ਨੂੰ ਹੋਈਆਂ ਕਰ ਦਿੰਦਾ ਹਾਂ, ਹੁੰਦੀਆਂ ਨੂੰ ਮੈਂ ਅਣਹੋਂਦੀਆਂ ਕਰ ਦਿੰਦਾ ਹਾਂ। ਇਹ ਮੇਰੇ ਖੇਲ੍ਹ ਵਿੱਚ ਸਿਫਤ ਹੈ ਤੇ ਬਾਦਸ਼ਾਹ ਨੂੰ ਕਹਿ ਦਿਓ। ਦਰਬਾਨਾਂ ਨੇ ਕਿਹਾ ਕਿ ਮਹਾਰਾਜ! ਇੱਕ ਐਸਾ ਜਾਦੂਗਰ ਆਇਆ ਹੈ ਉਹ ਕਹਿੰਦਾ ਹੈ ਕਿ ਮੇਰੇ ਖੇਲ੍ਹ ਦੇ ਵਿੱਚ ਇਹ ਤਾਸੀਰ ਹੈ ਕਿ ਮੈਂ ਹੋਈਆਂ ਚੀਜ਼ਾਂ ਨੂੰ ਅਣਹੋਈਆਂ ਕਰਕੇ ਦਿਖਾ ਦਿੰਦਾ ਹਾਂ, ਅਣਹੋਈਆਂ ਨੂੰ ਹੋਈਆਂ ਕਰਕੇ ਦਿਖਾ ਦਿੰਦਾ ਹਾਂ ਜੇ ਸਰਕਾਰ ਆਗਿਆ ਦੇਣ, ਸਮਾਂ ਦੇਣ ਤੇ ਸਮੇਂ ਦੇ ਮੁਤਾਬਿਕ ਮੈਂ ਖੇਲ੍ਹ ਦਿਖਾਵਾਂ। ਉਸ ਵੇਲੇ ਬਾਦਸ਼ਾਹ ਨੇ ਅੰਦਰ ਬੁਲਾ ਲਿਆ, ਕਹਿਣ ਲੱਗੇ ਜਾਦੂਗਰ! ਖੇਲ੍ਹ ਦੇਖਦਿਆਂ ਦੀ ਤਾਂ ਸਾਡੀ ਉਮਰਾ ਬਤੀਤ ਹੋ ਗਈ। ਕੋਈ ਹੈ ਤੇਰੇ ਕੋਲ ਖਾਸ ਖੇਲ੍ਹ। ਕਹਿੰਦਾ ਹਾਂ ਹਜ਼ੂਰ। ਕਹਿੰਦਾ, ਦੇਖ ਬਈ ਮੇਰਾ ਜੀਅ ਕਰਦਾ ਹੈ ਅੰਦਰੋਂ ਕਿ ਦੇਵਤਿਆਂ ਦੇ ਦਰਸ਼ਨ ਕਰਾਂ। ਕਰਾ ਸਕਦਾ ਹੈਂ? ਕਹਿੰਦਾ ਹਾਂ ਮਹਾਰਾਜ। ਕਹਿੰਦਾ, ਦੂਜੀ ਗੱਲ ਇਹ ਹੈ ਕਿ ਖੇਲ੍ਹ ਐਵੇਂ ਸਮਾਂ ਬਰਬਾਦ ਕਰਨ ਵਾਲਾ ਨਾ ਹੋਵੇ, ਉਹਦੇ ਵਿੱਚ ਕੋਈ ਮਤਲਬ ਵੀ ਹੋਵੇ। ਕੋਈ ਸਿੱਖਿਆ ਵੀ ਹੋਵੇ। ਕਹਿੰਦਾ ਠੀਕ ਹੈ ਮਹਾਰਾਜ! ਮੈਂ ਦੋਵੇਂ ਤਰ੍ਹਾਂ ਦਾ ਕਰਤੱਬ ਕਰਨ ਦੀ ਕੋਸ਼ਿਸ਼ ਕਰਾਂਗਾ। ਸਿੱਖਿਆ ਵੀ ਹੋਵੇਗੀ ਤੇ ਤੁਹਾਨੂੰ ਦੇਵ ਦਰਸ਼ਨ ਵੀ ਹੋ ਜਾਣਗੇ। ਉਸ ਵੇਲੇ ਰਾਜੇ ਨੇ ਸਾਰੀ ਸਭਾ ਨੂੰ ਬਰਖਾਸਤ ਕਰ ਦਿੱਤਾ। ਖੁਲ੍ਹੇ ਮੈਦਾਨ ਦੇ ਵਿੱਚ ਲੋਕਾਂ ਨੂੰ ਵੀ ਖਬਰ ਕਰ ਦਿੱਤੀ, ਸਾਰਾ ਸ਼ਹਿਰ ਵੀ ਆ ਗਿਆ ਤੇ ਇਹ ਜਾਦੂਗਰ ਵੀ ਚਲਿਆਂ ਗਿਆ ਤਾਂ ਉਸ ਵੇਲੇ ਰਾਜਾ ਬੈਠਾ ਹੈ ਉੱਚੇ ਥਾਂ ਦੇ ਉੱਤੇ, ਗੱਦੀ ਲੱਗੀ ਹੋਈ ਹੈ ਤੇ ਆਲੇ-ਦੁਆਲੇ ਸੇਵਾਦਾਰ ਖੜ੍ਹੇ ਨੇ। ਉਸ ਵੇਲੇ ਜਾਦੂਗਰ ਕਹਿਣ ਲੱਗਿਆ ਕਿ ਤੁਸੀਂ ਕਿਹਾ ਹੈ ਕਿ ਮੈਂ ਖੇਲ੍ਹ ਵਿੱਚ ਦੇਵਤਿਆਂ ਦੇ ਦਰਸ਼ਨ ਕਰਾਵਾਂ। ਦੇਵਤੇ ਹੁਣ ਐਸ ਤਰ੍ਹਾਂ ਧਰਤੀ 'ਤੇ ਤਾਂ ਆਉਂਦੇ ਨਹੀਂ। ਫੇਰ ਮੈਂ ਯੁੱਧ ਕਰਕੇ ਫੜਕੇ ਲਿਆ ਸਕਦਾ ਹਾਂ, ਦਰਸ਼ਨ ਤੁਹਾਨੂੰ ਕਰਾ ਦੇਵਾਂਗਾ। ਪਰ ਮੇਰੇ ਨਾਲ ਮੇਰੀ ਇਸਤਰੀ ਹੈ, ਇਹ ਇਕੱਲੀ ਰਹਿ ਨਹੀਂ ਸਕਦੀ, ਆਹ ਮੈਨੂੰ ਮਜ਼ਬੂਰੀ ਹੈ। ਕਹਿਣ ਲੱਗੇ, ਜਾਦੂਗਰ! ਜਿੱਥੇ ਮੇਰੀ ਲੜਕੀ ਰਹਿੰਦੀ ਹੈ, ਮੈਂ ਉਹਦੇ ਕੋਲ ਇਹਦਾ ਵਾਸਾ ਕਰਾਵਾਂਗਾ। ਤੂੰ ਫਿਕਰ ਨਾ ਕਰ। ਜਿਹੋ ਜਿਹੀ ਮੇਰੀ ਲੜਕੀ, ਐਸੀ ਹੀ ਤੇਰੀ ਪਤਨੀ ਮੇਰੀ ਲੜਕੀ ਵਾਂਗੂੰ ਹੈ। ਤੂੰ ਨਿਸੰਗ ਹੋ ਕੇ ਖੇਲ੍ਹ ਦਿਖਾ।

ਉਹ ਕਹਿਣ ਲੱਗਿਆ ਮਹਾਰਾਜ! ਹੁਣ ਮੈਂ ਦੇਵ ਲੋਕ ਨੂੰ ਚੱਲਿਆ ਹਾਂ। ਦੇਵਤੇ ਜੇ ਮੇਰੀ ਗੱਲ ਨਾ ਮੰਨੇ ਤਾਂ ਮੈਂ ਯੁੱਧ ਕਰਕੇ ਉਨ੍ਹਾਂ ਨੂੰ ਸੁਟਾਂਗਾ ਥੱਲੇ। ਕਹਿਣ ਲੱਗੇ, ਯੁੱਧ ਜਾਣਦਾ ਹੈਂ ਤੂੰ? ਕਹਿੰਦਾ, ਹਾਂ ਮਹਾਰਾਜ। ਸਾਰੇ ਹੈਰਾਨ ਹੋ ਗਏ ਕਿ ਐਹੋ ਜਿਹਾ ਜਾਦੂਗਰ ਜਿਹੜਾ ਦੇਵਤਿਆ ਨਾਲ ਜਾ ਕੇ ਯੁੱਧ ਕਰੇਗਾ। ਉਸ ਵੇਲੇ ਖੜ੍ਹਾ-ਖੜ੍ਹਾ ਗਾਇਬ ਹੋ ਗਿਆ, ਉਤੋਂ ਆਵਾਜ਼ ਆਈ ਕਿ ਮਹਾਰਾਜ! ਮੈਂ ਦੇਵ ਲੋਕ 'ਚ ਪਹੁੰਚ ਗਿਆ ਤੇ ਮੈਂ ਹੁਣ ਸਾਰਿਆਂ ਤੋਂ ਪਹਿਲਾਂ ਵਰੁਣ ਦੇਵਤੇ ਨੂੰ ਕਿਹਾ ਸੀ ਕਿ ਦਰਸ਼ਨ ਦੇ। ਦਰਸ਼ਨ ਦਿੰਦਾ ਨਹੀਂ ਤੇ ਮੈਂ ਯੁੱਧ ਕਰਨਾ ਸ਼ੁਰੂ ਕਰ ਦਿੱਤਾ ਹੈ, ਉਸ ਵੇਲੇ ਬੜੀ ਮਾਰ-ਧਾੜ ਦੀ ਆਵਾਜ਼ ਆਈ, ਸ਼ਸ਼ਤਰ ਖੜ੍ਹਕਦੇ ਨੇ। ਧਮਾਕੇ ਹੁੰਦੇ ਨੇ। ਸਾਰੇ ਲੋਕ ਸੁਣਦੇ ਨੇ ਕਿ ਹਾਂ ਯੁੱਧ ਹੋ ਰਿਹਾ ਹੈ, ਬੜਾ ਜ਼ਬਰਦਸਤ। ਉਸ ਤੋਂ ਬਾਅਦ ਇੱਕ ਬਾਂਹ ਥੱਲੇ ਆ ਰਹੀ ਹੈ ਅਸਮਾਨ 'ਚੋਂ। ਕਹਿਣ ਲੱਗੇ ਕਿ ਬਾਂਹ ਕੀਹਦੀ ਹੋਈ, ਬਾਂਹ ਦੇ ਵਿੱਚ ਬੜੇ ਗਹਿਣੇ ਪਹਿਨੇ ਹੋਏ ਨੇ, ਅਜੀਬ ਬਾਂਹ ਹੈ, ਵਸਤਰ ਵੀ ਵਧੀਆ ਨੇ, ਇਹ ਜਾਦੂਗਰ ਦੀ ਬਾਂਹ ਤਾਂ ਹੈ ਨਹੀਂ। ਉਸ ਵੇਲੇ ਦੂਜੀ ਬਾਂਹ ਤੇ ਲੱਤ ਆ ਗਈ ਕਟੀ ਹੋਈ। ਦੂਸਰੀ ਲੱਤ ਕਟੀ ਹੋਈ ਆ ਗਈ। ਕੀ ਦੇਖਦੇ ਨੇ ਕਿ ਧੜ ਵੀ ਆ ਰਿਹਾ ਹੈ ਸਿਰ ਵੀ ਆ ਰਿਹਾ ਹੈ। ਉਹ ਧਰਤੀ 'ਤੇ ਗਿਰ ਗਏ ਸਾਰੇ, ਜਦੋਂ ਸਿਰ ਗਿਰਿਆ ਤਾਂ ਉਹਦੇ 'ਚੋਂ ਐਨਾ ਪਾਣੀ ਨਿਕਲਿਆ ਮੂੰਹ ਵਿਚੋਂ, ਪਾਣੀ ਓ ਪਾਣੀ ਕਰ ਦਿੱਤਾ ਸਾਰੇ। ਕਹਿਣ ਲੱਗਾ ਮਹਾਰਾਜ! ਇਹ ਵਰੁਣ

ਦੇਵਤਾ ਹੈ। ਦਰਸ਼ਨ ਕਰੋ। ਮੁਕਟ ਲੱਗਿਆ ਹੋਇਆ ਹੈ। ਬਹੁਤ ਵਧੀਆ ਸੁੰਦਰ ਚਿਹਰਾ ਹੈ, ਕਹਿੰਦੇ ਲੈ ਬਈ ਜੀਉਂਦਿਆਂ ਦੇ ਤਾਂ ਦਰਸ਼ਨ ਹੋਏ ਨਾ ਪਰ ਚਲੋ ਕੋਈ ਨਹੀਂ ਦਰਸ਼ਨ ਤਾਂ ਕਰ ਹੀ ਲਏ ਦੇਵਤਿਆਂ ਦੇ। ਨਾਲ ਦੀ ਨਾਲ ਜਿਹੜੇ ਜਰਨੈਲ ਸੀ ਕਹਿਣ ਲੱਗੇ ਮਹਾਰਾਜ! ਨੋਟ ਕਰਨ ਵਾਲੀ ਗੱਲ ਹੈ ਕਿ ਕਿੱਡਾ ਬਹਾਦਰ ਹੈ ਇਹ। ਦੇਵਤਿਆ ਨਾਲ ਕੌਣ ਮਨੁੱਖ ਹੈ ਜਿਹੜਾ ਯੁੱਧ ਕਰ ਲਵੇ। ਉਨ੍ਹਾਂ ਦੀ ਸ਼ਕਤੀ ਤਾਂ ਅਮਿੱਤ ਹੁੰਦੀ ਹੈ। ਦੂਸਰੀ ਵਾਰੀ ਉਹਨੇ ਆਵਾਜ਼ ਦਿੱਤੀ ਕਿ ਮਹਾਰਾਜ! ਮੈਂ ਹੁਣ ਅਗਨ ਦੇਵਤੇ ਨਾਲ ਯੁੱਧ ਕਰਨ ਲੱਗਿਆ ਹਾਂ, ਇਵੇਂ ਜਿਵੇਂ ਹੌਲੀ-ਹੌਲੀ ਅਗਨ ਦੇਵਤੇ ਨੂੰ ਸੁੱਟ ਦਿੱਤਾ। ਅੱਗ ਹੀ ਅੱਗ ਹੋ ਗਈ ਜਦੋਂ ਉਹਦਾ ਸਿਰ ਗਿਰਿਆ ਤੇ ਨਾਲ ਦੀ ਨਾਲ, ਆਵਾਜ਼ ਆਈ ਕਿ ਦਰਸ਼ਨ ਕਰੋ ਅਗਨ ਦੇਵਤੇ ਦੇ। ਉਸ ਤੋਂ ਪਿਛੋਂ ਕਹਿਣ ਲੱਗੇ ਕਿ ਮਹਾਰਾਜ! ਮੈਂ ਹੋਰ ਦੇਵਾਂ ਨਾਲ ਯੁੱਧ ਕਰਦਾ ਹਾਂ, ਅਖੀਰ ਦੇ ਉੱਤੇ ਆਵਾਜ਼ ਆਈ ਕਿ ਮੈਂ ਸਵਰਗ ਲੋਕ ਦੇ ਉੱਤੇ ਮਹਾਂਬਲੀ ਰਾਜੇ ਇੰਦਰ ਨਾਲ ਯੁੱਧ ਕਰਨ ਲੱਗਿਆ। ਜਿਹਦੇ ਕੋਲ ਐਸੇ ਸ਼ਸਤਰ ਨੇ ਕਿ ਦੁਨੀਆਂ ਦਾ ਕੋਈ ਬੰਦਾ ਤਾਬ ਨਹੀਂ ਲਿਆ ਸਕਦਾ। ਇੰਦਰ ਦਾ ਜੋ ਬਜਰ ਸ਼ਸਤਰ ਹੈ ਐਟਮ ਬੰਬ ਵਰਗਾ, ਕਹਿਣ ਲੱਗਿਆ ਕਿ ਹੁਣ ਮੈਂ ਉਹਦੇ ਨਾਲ ਯੁੱਧ ਕਰਦਾ ਹਾਂ ਤੇ ਦੇਖਦੇ-ਦੇਖਦੇ ਇੰਦਰ ਦਾ ਵੀ ਓਹੀ ਹਾਲ ਹੋਇਆ। ਕਹਿੰਦਾ ਮਹਾਰਾਜ ਮੈਂ ਇੰਦਰ ਸੁੱਟ ਦਿੱਤਾ ਤੇ ਕੁਛ ਦੇਵਤੇ ਹੋਰ ਨੇ। ਐਨੇ ਨੂੰ ਫੇਰ ਧਰਤੀ 'ਤੇ ਗਿਰਿਆ ਤੇ ਦੇਖ ਲਿਆ ਕਿ ਜਾਦੂਗਰ ਦੀ ਬਾਂਹ ਹੈ, ਲੱਤ ਗਿਰੀ, ਉਹ ਵੀ ਦੇਖ ਲਈ; ਘਰਵਾਲੀ ਉਨ੍ਹਾਂ ਸਾਰਿਆਂ ਦੇ ਵਿੱਚ ਲੜਕੀ ਨਾਲ ਬੈਠੀ ਹੈ। ਰੋਣ ਲਗ ਗਈ ਕਿ ਇਹ ਤਾਂ ਮੇਰੇ ਪਤੀ ਦਾ ਸਰੀਰ ਹੈ। ਏਨੇ ਨੂੰ ਦੂਜੀ ਲੱਤ, ਗਰਦਨ, ਤੇ ਧੜ ਵੀ ਆ ਗਿਆ। ਇਕੱਠਾ ਕਰ ਲਿਆ, ਰੋਣ ਲਗ ਗਈ ਕਿ ਮੇਰਾ ਪਤੀ ਮਾਰਿਆ ਗਿਆ ਹੁਣ ਮੇਰਾ ਕੀ ਹੋਏਗਾ। ਉਸ ਵੇਲੇ ਬੜਾ ਅਫਸੋਸ ਹੋਇਆ ਸਾਰਿਆਂ ਨੂੰ ਬੜੇ ਅਫਸੋਸ ਵਿੱਚ ਚਲੇ ਗਏ। ਬੋਲਦਾ ਨਹੀਂ ਕੋਈ ਇੱਕ ਦੂਜੇ ਨਾਲ, ਕਹਿਣ ਲੱਗੇ ਦੇਖੋ! ਕਿੱਡਾ ਬਹਾਦਰ ਸੀ ਆਪ ਮਾਰਿਆ ਗਿਆ ਸਾਨੂੰ ਤਮਾਸ਼ਾ ਦਿਖਾਉਂਦਾ-ਦਿਖਾਉਂਦਾ।

ਹਜ਼ੂਰ ਕੀ ਹੁਕਮ ਹੈ? ਰਾਜੇ ਨੇ ਕਿਹਾ ਕਿ ਮੁਰਦੇ ਇਥੇ ਪਏ ਸੜ ਜਾਣਗੇ, ਐਸ ਤਰ੍ਹਾਂ ਕਰੋ ਕਿ ਚਿਖਾ ਦਾ ਬੰਦੋਬਸਤ ਕਰੋ ਤੇ ਇਨ੍ਹਾਂ ਨੂੰ ਜਲਾ ਦੇਈਏ। ਦੋ ਚਿਖਾ ਕਰੋ, ਇੱਕ ਪਾਸੇ ਦੇਵਤਿਆਂ ਦੀ, ਇਕ ਪਾਸੇ ਜਾਦੂਗਰ ਦੀ। ਦੋ ਚਿਖਾ ਦਾ ਇੰਤਜ਼ਾਮ ਕਰ ਲਿਆ। ਉਸ ਵੇਲੇ ਉਹ ਕਹਿਣ ਲੱਗੀ ਮੈਂ ਆਪਣੇ ਪਤੀ ਤੋਂ ਬਗੈਰ ਜੀਉਂਦੀ ਨਹੀਂ ਰਹਿਣਾ। ਮੈਂ ਇਹਦੇ ਨਾਲ ਹੀ ਜਾਣਾ ਹੈ, ਬਥੇਰਾ ਸਮਝਾਇਆ ਕਿ ਬੇਟਾ! ਤੈਨੂੰ ਪੁੱਤਰੀ ਵਾਂਗਣ ਰੱਖਾਂਗੇ। ਤੂੰ ਫਿਕਰ ਨਾ ਕਰ ਤੇਰੇ ਗੁਜ਼ਾਰੇ ਵਾਸਤੇ ਮੈਂ ਵੱਡਾ ਬੰਦੋਬਸਤ ਕਰ ਦੇਵਾਂਗਾ। ਕਹਿੰਦੀ ਨਾ, ਮੈਂ ਤਾਂ ਆਪਣੇ ਪਤੀ ਨਾਲ ਜਾਣਾ ਹੈ। ਚਿਖਾ ਜਲਾ ਦਿੱਤੀ, ਛਾਲ ਮਾਰ ਕੇ ਵਿੱਚ ਬੈਠ ਗਈ। ਉਹ ਜਲ ਗਈ। ਬੈਠੇ ਰਹੇ ਅਫਸੋਸ ਵਿੱਚ, ਕੋਈ ਕਿਸੇ ਨਾਲ ਗੱਲ ਨਹੀਂ ਕਰਦਾ। ਐਨੇ ਨੂੰ ਕੀ ਦੇਖਦੇ ਨੇ ਰਾਜੇ ਦੇ ਸਾਮ੍ਹਣੇ ਜਾਦੂਗਰ ਆ ਗਿਆ, ਝੁਕ ਕੇ ਸਲਾਮਾਂ ਕੀਤੀਆਂ, ਬੰਦਨਾ ਕਰੀ। ਕਹਿਣ ਲੱਗਿਆ, ਮਹਾਰਾਜ! ਮੇਰਾ ਤਮਾਸ਼ਾ ਕਿਹੋ ਜਿਹਾ ਲੱਗਿਆ।

ਹੈਰਾਨ ਹੋ ਗਏ ਕਿ ਤੂੰ ਜੀਉਂਦਾ ਹੈਂ?

ਕਹਿੰਦਾ ਹਾਂ।

ਕਹਿੰਦਾ, ਮੇਰੀ ਇਸਤਰੀ?

ਕਹਿੰਦੇ, ਉਹ ਤਾਂ ਤੇਰੇ ਨਾਲ ਸਤੀ ਹੋ ਗਈ।

ਕਹਿਣ ਲੱਗਿਆ, ਮੈਂ ਜੀਉਂਦਾ ਹਾਂ ਤੇ ਕੀਹਦੇ ਨਾਲ ਸਤੀ ਹੋ ਗਈ?ਮੈਂ ਤਾਂ ਤੁਹਾਡੇ ਸਾਮ੍ਹਣੇ ਖੜ੍ਹਾ ਹਾਂ।

ਉਸ ਵੇਲੇ ਉਸ ਨੇ ਕਿਹਾ ਕਿ ਮਹਾਰਾਜ! ਤੁਸੀਂ ਗਲਤ ਕੰਮ ਕਰਿਆ ਹੈ, ਮੇਰੀ ਇਸਤਰੀ ਦੀ ਅਵਾਜ਼ ਆ ਰਹੀ ਹੈ, ਸੁਣੋ ਧਿਆਨ ਨਾਲ। ਅਵਾਜ਼ ਆਈ ਕਿ ਇਸ ਰਾਜੇ ਨੇ ਮੈਨੂੰ ਸੱਤ ਤਾਲਿਆਂ ਦੇ ਅੰਦਰ ਬੰਦ ਕਰਿਆ ਹੋਇਆ ਤੇ ਮੈਂ ਬੜੀ ਦੁਖੀ ਹਾਂ, ਬਚਨ ਹਾਰ ਦਿੱਤਾ ਇਸ ਨੇ ਤੇ ਮੇਰੇ ਨਾਲ ਸ਼ਾਦੀ ਕਰਾਉਣੀ ਚਾਹੁੰਦਾ ਹੈ। ਰਾਜਾ ਧਰਮਾਤਮਾ ਸੀ। ਵਜ਼ੀਰਾਂ ਨੇ ਕਿਹਾ ਕਿ ਨਹੀਂ ਜਾਦੂਗਰ! ਸਾਡੇ ਮਹਾਰਾਜ ਬੜੇ ਉੱਚੇ ਚਰਿੱਤਰ ਵਾਲੇ ਨੇ ਐਸੀ ਬਾਤ ਹੋ ਹੀ ਨਹੀਂ ਸਕਦੀ। ਇਹ ਕੋਈ ਗਲਤ ਆਵਾਜ਼ ਆ ਰਹੀ ਹੈ। ਕਹਿੰਦਾ ਗਲਤ ਨਹੀਂ। ਚਾਬੀ ਦਿਓ ਮੈਂ ਖੋਲ੍ਹ ਕੇ ਲਿਆ ਦਿੰਦਾ ਹਾਂ। ਚਾਬੀ ਲਈ ਤੇ ਸੱਤਾਂ ਤਾਲਿਆਂ 'ਚੋਂ ਕੱਢ ਲਿਆਂਦੀ। ਸਾਰੇ ਸ਼ਰਮਿੰਦੇ ਹੋ ਗਏ, ਨੀਵੀਂ ਪਾ ਲਈ ਕਿ ਇਹ ਹੋਈ ਕੀ ਜਾਂਦਾ ਹੈ। ਉਸ ਵੇਲੇ ਜਦ ਬਹੁਤ ਅਫਸੋਸ 'ਚ ਹੋ ਗਏ। ਉਸ ਨੇ ਕਿਹਾ ਮਹਾਰਾਜ! ਅਫਸੋਸ ਨਾ ਕਰੋ। ਮੈਂ ਹੁਣ ਗੱਲ ਦਸਦਾ ਹਾਂ, ਇਹ ਤੁਹਾਨੂੰ ਪਹਿਲਾਂ ਖੁਸ਼ੀ ਹੋਈ ਜਿਸ ਵਕਤ ਮੈਂ ਦੇਵਤਿਆਂ ਨੂੰ ਮਾਰ-ਮਾਰ ਸੁੱਟਦਾ ਸੀ। ਹੁਣ ਤੁਹਾਨੂੰ ਰਾਗ ਹੋਇਆ। ਗਮੀ ਹੋਈ, ਮੈਂ ਨਾ ਕਿਤੇ ਗਿਆ ਹਾਂ ਨਾ ਮੈਂ ਕਿਤੇ ਯੁੱਧ ਕਰਿਆ। ਇਹ ਕੇਵਲ ਮੈਂ ਤੁਹਾਨੂੰ ਜਾਦੂ ਦਾ ਕ੍ਰਿਸ਼ਮਾ ਦਿਖਾਇਆ ਹੈ ਤੇ ਤੁਸੀਂ ਕਿਹਾ ਸੀ ਕਿ ਇਹ ਸਿੱਖਿਆਦਾਇਕ ਵੀ ਹੋਵੇ। ਤੁਸੀਂ ਦੇਖੋ ਮੈਂ ਆਪਣੀ ਮਾਇਆ ਵਰਤਾਈ ਹੈ, ਛੋਟੇ ਜਿਹੇ ਬੰਦੇ ਨੇ ਛੋਟੀ ਜਿਹੀ ਮਾਇਆ ਤੇ ਤੁਸੀਂ ਕਿੰਨਾ ਭੁੱਲ ਗਏ। ਕਿੰਨਾ ਤੁਹਾਡੇ ਅੰਦਰ ਰੰਜ ਪੈਦਾ ਹੋ ਗਿਆ, ਕਿੰਨਾ ਅਫਸੋਸ ਪੈਦਾ ਹੋ ਗਿਆ, ਪਹਿਲਾਂ ਕਿੰਨੀ ਖੁਸ਼ੀ ਸੀ, ਤੁਹਾਡੇ ਮਨ ਦੇ ਅੰਦਰ ਤੇ ਜੇ ਮੈਂ ਇੱਕ ਜਾਦੂਗਰ ਆਪਣੇ ਜਾਦੂ ਦੇ ਨਾਲ ਤੁਹਾਨੂੰ ਭੁਲਾ ਸਕਦਾ

ਹਾਂ, ਫੇਰ ਜਿਹੜੀ ਮਾਇਆ ਹੈ ਪ੍ਰਮੇਸ਼ਰ ਦੀ ਜਿਹਦਾ ਮਿੱਤ ਕੋਈ ਨਹੀਂ ਹੈ, ਜਿਹਦੇ ਬਾਰੇ ਕੋਈ ਕਹਿ ਹੀ ਨਹੀਂ ਸਕਦਾ, ਅਨਰਬਚਨੀ ਜਿਸ ਨੂੰ ਆਖਦੇ ਨੇ, ਉਹਦੇ ਵਿੱਚ ਕਿੰਨੀ ਸ਼ਕਤੀ ਹੈ, ਬਾਵਜੂਦ ਚਾਰੇ ਵੇਦਾਂ ਦੇ, ਛੇਈ ਸ਼ਾਸਤਰਾਂ ਦੇ, ਮਹਾਂਪੁਰਸ਼ ਆਉਂਦੇ ਨੇ, ਹਾਕਾਂ ਮਾਰਦੇ ਨੇ, ਆਵਾਜ਼ਾਂ ਦੇ ਦੇ ਕੇ ਜੀਵ ਨੂੰ ਸਮਝਾਉਂਦੇ ਨੇ, ਪਰ ਇਹ ਜਿਹੜਾ ਜੀਵ ਹੈ ਐਨਾ ਮੋਹਿਤ ਹੋ ਗਿਆ ਇਹਦੇ ਵਿੱਚੋਂ ਨਿਕਲ ਨਹੀਂ ਸਕਦਾ। ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਮਾਇਆ ਮੋਹਣੀ ਨੇ ਮੋਹ ਲਿਆ ਜਗ ਸਾਰਾ, ਧੋਖੇ ਵਿੱਚ ਜੀਵ ਆ ਗਿਆ।*

*ਪਹਿਲੈ ਪਿਆਰਿ ਲਗਾ ਥਣ ਦੁਧਿ ॥*
*ਦੂਜੈ ਮਾਇ ਬਾਪ ਕੀ ਸੁਧਿ ॥*
*ਤੀਜੈ ਭਯਾ ਭਾਭੀ ਬੇਬ ॥*
*ਚਉਥੈ ਪਿਆਰਿ ਉਪੰਨੀ ਖੇਡ ॥*
*ਪੰਜਵੈ ਖਾਣ ਪੀਅਣ ਕੀ ਧਾਤੁ ॥*
*ਛਿਵੈ ਕਾਮੁ ਨ ਪੁਛੈ ਜਾਤਿ ॥*
*ਸਤਵੈ ਸੰਜਿ ਕੀਆ ਘਰ ਵਾਸੁ ॥*
*ਅਠਵੈ ਕ੍ਰੋਧੁ ਹੋਆ ਤਨ ਨਾਸੁ ॥*
*ਨਾਵੈ ਧਉਲੇ ਉਭੇ ਸਾਹ ॥*
*ਦਸਵੈ ਦਧਾ ਹੋਆ ਸੁਆਹ ॥*
*ਗਏ ਸਿਗੀਤ ਪੁਕਾਰੀ ਧਾਹ ॥*
*ਉਡਿਆ ਹੰਸੁ ਦਸਾਏ ਰਾਹ ॥*
*ਆਇਆ ਗਇਆ ਮੁਇਆ ਨਾਉ ॥*
*ਪਿਛੈ ਪਤਲਿ ਸਦਿਹੁ ਕਾਵ ॥*
*ਨਾਨਕ ਮਨਮੁਖਿ ਅੰਧੁ ਪਿਆਰੁ ॥*
*ਬਾਝੁ ਗੁਰੂ ਡੁਬਾ ਸੰਸਾਰੁ ॥ ਅੰਗ - ੧੩੮*

ਮਹਾਰਾਜ ਕਹਿੰਦੇ ਇਸ ਤਰ੍ਹਾਂ ਆਇਆ ਹੈ ਧੋਖੇ 'ਚ। ਗਰਭ ਕੁੰਟ ਵਿੱਚ ਤਾਂ ਤਪ ਕਰਦਾ ਸੀ।

*ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ॥ ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ ॥*
*ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ ॥ ਅੰਗ - ੯੨੧*

ਹੁਣ ਹੋਇਆ ਕੀ ਇਧਰ ਤਾਂ ਵਧਾਈਆਂ ਮਿਲਣ ਲਗ ਗਈਆਂ। ਉਧਰਲੇ ਪਾਸੇ ਕੀ ਹੋਇਆ -

*ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥ ਅੰਗ - ੯੨੧*

ਹੁਣ ਮਾਇਆ ਨੇ ਆਪਣਾ ਰਾਜ ਕਰ ਲਿਆ ਇਥੇ, ਅਮਰੁ ਕਹਿੰਦੇ ਨੇ ਹੁਕਮ ਨੂੰ। ਆਪਣੀ ਤਾਕਤ ਹੁਣ ਮਾਇਆ ਨੇ ਫੈਲਾ ਦਿੱਤੀ। ਬੱਚਾ ਹੋ ਗਿਆ ਪੈਦਾ, ਉਸ ਤੋਂ ਪਹਿਲਾਂ ਨਾ ਮਾਂ ਸੀ, ਨਾ ਪਿਓ ਸੀ, ਕੁਛ ਨਹੀਂ ਸੀ, ਜੀਵ ਸੀਗਾ ਤੁਰਿਆ ਫਿਰਦਾ ਉਡਾਰੀਆਂ ਮਾਰਦਾ, ਕਰਮਾਂ ਦੇ ਵਸ ਕਰਕੇ ਗਰਭ 'ਚ ਆ ਕੇ ਪੈ ਗਿਆ ਤੇ ਜੰਮਿਆਂ ਤਾਂ ਮਾਂ ਬਾਪ ਬਣਨੇ ਸ਼ੁਰੂ ਹੋ ਗਏ। ਸਾਰਿਆਂ ਤੋਂ ਪਹਿਲਾਂ ਇਹਨੂੰ ਭੁੱਖ ਲੱਗੀ। ਭੁੱਖ ਲੱਗੀ ਤਾਂ ਥੋੜ੍ਹੇ ਦਿਨਾਂ 'ਚ ਹੀ ਪਤਾ ਲਗ ਗਿਆ ਕਿ ਆਹ ਮੇਰੀ ਮਾਂ ਹੈ। ਜਦ ਬੋਲਣ ਲੱਗਿਆ, ਮਮਾ-ਮਮਾ, ਮਾਂ-ਮਾਂ, ਕੁਛ ਕਹਿ ਲਓ, ਕਹੀ ਜਾਂਦਾ ਹੈ, ਕਹਿੰਦੇ ਉਹਦੀ ਸੋਝੀ ਆ ਗਈ। ਫੇਰ ਭੈਣ ਭਰਾ ਦਾ ਪਤਾ ਲਗ ਗਿਆ, ਫੇਰ ਖੇਡਾਂ ਚੰਗੀਆਂ ਲਗਣ ਲਗ ਗਈਆਂ। ਫੇਰ ਖਾਣ ਪੀਣ ਪਿਛੇ ਜ਼ੋਰ ਦੇਣ ਲਗ ਗਿਆ। ਫੇਰ ਇਸੇ ਤਰ੍ਹਾਂ ਦੇ ਨਾਲ ਵਿਸ਼ੇ-ਵਿਕਾਰ ਆ ਗਏ, ਉਹਦੇ ਵਿੱਚ ਗੱਲ ਹੀ ਨਹੀਂ ਸੁਣਦਾ ਕਿਸੇ ਦੀ, ਗੁਰੂ ਨੂੰ ਵੀ ਭੁੱਲ ਗਿਆ, ਸੰਤਾਂ ਨੂੰ ਵੀ ਭੁੱਲ ਗਿਆ, ਮਾਂ-ਬਾਪ ਤੋਂ ਵੀ ਗੁਸਤਾਖ ਹੋ ਗਿਆ, ਮਾਂ-ਬਾਪ ਨੂੰ ਕੁਛ ਨਹੀਂ ਸਮਝਦਾ, ਰਸਤਾ ਨਵਾਂ ਹੀ ਕੱਢ ਲਿਆ ਉਹਨੇ। ਜਦੋਂ ਹੋ ਗਿਆ ਪੰਜਾਹ ਸਾਲ ਦਾ ਫੇਰ ਉਦੋਂ ਕਹਿੰਦਾ ਹੈ ਕਿ ਹੁਣ ਤਾਂ ਘਰ ਪਾਉਣਾ ਹੈ। ਪੈਸੇ ਜੋੜਨੇ ਨੇ। ਪੈਸੇ ਜੋੜਨ ਵਾਸਤੇ ਜਾਇਜ਼-ਨਜ਼ਾਇਜ਼ ਤਰੀਕੇ ਵੀ ਅਪਨਾਉਂਦਾ ਹੈ।-

*ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥*
*ਸੁਤ ਦਾਰਾ ਪਹਿ ਆਨਿ ਲੁਟਾਵੈ ॥ ੧ ॥*
*ਮਨ ਮੇਰੇ ਭੂਲੇ ਕਪਟੁ ਨ ਕੀਜੈ ॥*
*ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥*
*ਅੰਗ - ੬੫੬*

ਜਾਇਜ਼-ਨਜ਼ਾਇਜ਼ ਤਰੀਕੇ ਵਰਤ ਕੇ ਫੇਰ ਧਨ ਜੋੜਦਾ ਹੈ ਵਿਆਹ ਕਰਨਾ ਹੈ, ਮੈਂ ਕੋਠੇ ਪਾਉਣੇ ਨੇ, ਮੈਂ ਆਹ ਕਰਨਾ ਹੈ, ਪੈਸਾ ਜਮ੍ਹਾਂ ਕਰਨ ਲਗ ਗਿਆ। ਹੁਣ ਅਗਾਹਾਂ ਦੀ ਅਵਸਥਾ ਆ ਗਈ, ਬੱਚੇ ਕਹਿਣਾ ਨਹੀਂ ਮੰਨਦੇ, ਕ੍ਰੋਧ ਆਉਣ ਲਗ ਗਿਆ, ਆਪਣਾ ਤਨ ਹੀ ਨਾਸ਼ ਕਰ ਲਿਆ। ਕੇਸ ਧੌਲੇ ਆ ਗਏ, ਖੁਸ਼ੀਆਂ ਚਲੀਆਂ ਗਈਆਂ, ਧਾਹ ਮਾਰੀ ਕਿ ਜਾ ਰਿਹਾ ਹਾਂ ਮੈਂ ਤਾਂ। ਆਹ ਕੀ ਮੈਂ ਕਰ ਲਿਆ, ਕਿੱਥੇ ਰਹਿ ਗਈਆਂ ਕੋਠੀਆਂ, ਕਿੱਥੇ ਰਹਿ ਗਏ ਬੱਚੇ, ਕਿੱਥੇ ਆਹ ਮੇਰੇ ਨਾਲ ਹੋਇਆ ਕੀ ਧੋਖਾ। ਮੈਂ ਤਾਂ ਸੁਣਦਾ ਹੀ ਆਇਆਂ ਹਾਂ ਕਿ ਨਾਮ ਜਪਣਾ ਹੈ, ਨਾਮ ਜਪਣਾ ਹੈ, ਕੁਛ ਨਹੀਂ ਮੇਰੇ ਤੋਂ ਹੋਇਆ ਲੋਕੋ, ਮੇਰੇ ਵਾਲੇ ਰਾਹ ਨਾ ਪੈਣਾ। ਬਚੋ ਜੇ ਬਚ ਹੁੰਦਾ ਹੈ, ਮੈਂ ਕੁਛ ਨਹੀਂ ਖੱਟ ਕੇ ਜਾ ਰਿਹਾ। ਮੁਹੰਮਦ ਗਜ਼ਨਵੀ ਬਾਰੇ ਕਹਿੰਦੇ ਨੇ ਕਿ ਉਹਨੇ ਹੱਥ ਤੇ ਪੈਰ ਦੋਵੇਂ ਜਨਾਜੇ 'ਚੋਂ ਬਾਹਰ ਕੱਢ ਕੇ ਫੱਟੀ ਲਾ ਦਿੱਤੀ ਕਿ ਆਹ ਖਾਲੀ ਹੱਥ ਜਾਂਦਾ ਹੈ, ਅਰਬਾਂ ਦੀ ਦੌਲਤ ਲੁੱਟਣ ਵਾਲਾ, ਤੇ ਆਪਣੇ ਨਾਲ ਗੁਨਾਹ ਲੈ ਕੇ ਜਾ ਰਿਹਾ ਹੈ ਸਾਰੇ।

*ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ॥*
*ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ ॥ ਅੰਗ - ੧੩੬੫*

ਲੱਖ ਕਰੋੜ ਕਹਿੰਦੇ ਨੇ ਸੌ ਖਰਬ ਜਿਹਦੇ ਕੋਲ ਸੀਗਾ। ਉਹ ਵੀ ਖਾਲੀ ਜਾਂਦਾ ਹੈ, ਕਿਸੇ ਦੇ ਨਾਲ ਨਹੀਂ ਇਹ ਮਾਇਆ ਜਾਂਦੀ, ਇਹ ਐਸੀ ਧੋਖੇ ਵਾਲੀ ਹੈ, ਜੋੜ-ਜੋੜ ਕੇ ਜਮ੍ਹਾਂ ਕਰੀ ਜਾਂਦਾ ਹੈ। ਬੇਅੰਤ ਕੁਛ ਬਣਾ ਲੈਂਦਾ ਹੈ, ਕਾਹਦੇ ਵਾਸਤੇ ਬਣਾਉਂਦਾ ਹੈਂ ਐਨਾ, ਉਹ ਜਿਹੜਾ ਕੰਮ ਤੂੰ ਕਰਨ ਵਾਸਤੇ ਆਇਆ ਸੀ, ਉਹ ਤਾਂ ਤੂੰ ਭੁੱਲ ਗਿਆ, ਮਾਇਆ ਕਹਿੰਦੀ ਬੱਸ ਮੈਂ ਆਹੀ ਕਰਦੀ ਹਾਂ। ਮੈਂ ਯਾਦ ਨਹੀਂ ਰਹਿਣ ਦਿੰਦੀ, ਅਣਹੋਈ ਚੀਜ਼ ਨੂੰ ਹੋਈ ਕਰ ਦਿੰਦੀ ਹਾਂ, ਸੰਸਾਰ 'ਚੋਂ ਜੀਵ ਨੇ ਜਾਣਾ ਹੈ ਪਰ ਮੈਂ ਉਹਦੇ ਮਨ 'ਚ ਬਿਠਾ ਦਿੱਤਾ ਕਿ ਨਹੀਂ ਜਾਣਾ, ਮੈਂ ਇੱਥੇ ਹੀ ਰਹਿਣਾ ਹੈ। ਲੋਕਾਂ ਨੂੰ ਤੁਰਦਿਆਂ ਨੂੰ ਦੇਖਦਾ ਹੈ, ਜਾਂਦਿਆਂ ਨੂੰ ਦੇਖਦਾ ਹੈ, ਸ਼ਮਸ਼ਾਨ ਭੂਮੀ ਤੱਕ ਜਾਂਦਾ ਹੈ, ਕਹਿੰਦਾ ਮੈਂ ਨਹੀਂ ਜਾਣਾ, ਮੈਂ ਤਾਂ ਰਹਿਣਾ ਹੈ ਇੱਥੇ ਹੀ। ਨਾ ਬੁੱਢਾ ਹੋਵਾਂ, ਨਾ ਮੈਂ ਮਰਾਂ। ਇਹੀ ਬੁੱਢਾ ਹੋਇਆ ਹੈ ਇਹਦਾ ਹੀ ਸਰੀਰ ਕੰਬਦਾ ਹੈ, ਮੇਰਾ ਤਾਂ ਨਹੀਂ ਕੰਬਣਾ ਮੈਂ ਤਾਂ ਤਕੜਾ ਪਿਆ ਹਾਂ। ਕਹਿੰਦੇ, ਭੁਲਾ ਦੇਣਾ ਹੀ ਮੇਰਾ ਕੰਮ ਹੈ।

*ਇਨਿ ਮਾਇਆ ਜਗਦੀਸ ਗੁਸਾਈ*
*ਤੁਮ੍ਰੇ ਚਰਨ ਬਿਸਾਰੇ ॥*
*ਕਿੰਚਤ ਪ੍ਰੀਤਿ ਨ ਉਪਜੈ ਜਨ ਕਉ*
*ਜਨ ਕਹਾ ਕਰਹਿ ਬੇਚਾਰੇ ॥ ਅੰਗ - ੮੫੭*

ਕੀ ਕਰੇ ਇਹ, ਕਹਿੰਦੇ ਭੋਰਾ ਜਿੰਨਾਂ ਵੀ ਪਿਆਰ ਵਾਹਿਗੁਰੂ ਨਾਲ ਨਹੀਂ ਲੱਗਿਆ, ਜਿਹਨੇ ਇਹਨੂੰ ਸਭ ਤੋਂ ਉੱਤਮ ਦੇਹੀ ਦਿੱਤੀ ਹੈ। ਕਹਿੰਦਾ, ਮੈਨੂੰ ਕੀ ਦਿੱਤਾ ਹੈ ਮੈਂ ਇਵੇਂ ਜਿਵੇਂ ਪੈਦਾ ਹੋਣਾ ਹੀ ਸੀ। ਨਾ ਕਰਦਾ ਪੈਦਾ, ਮਰਜ਼ੀ ਹੈ ਓਹਦੀ। ਬਹੁਤਾ ਹੀ ਹੋਰ ਤਰ੍ਹਾਂ ਦਾ ਹੈ। ਮੁੱਕਰ ਜਾਂਦਾ ਹੈ। ਜਦ ਹੁੰਦਾ ਹੈ ਦੁਖੀ ਫੇਰ ਪ੍ਰਮੇਸ਼ਰ ਨੂੰ ਹਾਕਾਂ ਮਾਰਦਾ ਹੈ। ਮਾਇਆ ਕਹਿੰਦੀ ਮੇਰੇ ਤਿੰਨ ਰੂਪ ਨੇ, ਇੱਕ ਮੇਰਾ ਸੂਖਮ ਰੂਪ ਹੈ, ਇੱਕ ਜੜ੍ਹ ਰੂਪ ਹੈ, ਇੱਕ ਚੇਤਨ ਰੂਪ ਹੈ। ਸੂਖਮ ਰੂਪ ਦੇ ਅੰਦਰ ਤਾਂ ਮੈਂ ਮੋਹ ਮਾਇਆ ਬਣਦੀ ਹਾਂ। ਬੱਚਿਆਂ ਨਾਲ, ਚੀਜ਼ਾਂ ਨਾਲ ਮੇਰਾ ਪਿਆਰ ਪੈ ਜਾਂਦਾ ਹੈ। ਜੜ੍ਹ ਦੇ ਅੰਦਰ ਕੋਠੀਆਂ, ਪੈਸਾ ਟਕਾ, ਸਵਾਰੀਆਂ, ਜ਼ਮੀਨ ਜਾਇਦਾਦ, ਇੰਡਸਟਰੀਆਂ ਸਭ ਕੁਛ ਮੈਂ ਹੀ ਹਾਂ ਤੇ ਚੇਤਨ ਰੂਪ ਦੇ ਅੰਦਰ ਮੈਂ ਭੁਲਾ ਦਿੰਦੀ ਹਾਂ। ਇਸਤਰੀਆਂ ਤੇ ਬੰਦੇ ਭੁੱਲ ਜਾਂਦੇ ਨੇ। ਉਨ੍ਹਾਂ ਨੂੰ ਪਤਾ ਹੀ ਨਹੀਂ ਰਹਿੰਦਾ, ਪਰਿਵਾਰ ਦੇ ਵਿੱਚ ਭੁੱਲ ਜਾਂਦੇ ਨੇ, ਬਾਲ-ਬੱਚਿਆਂ 'ਚ। ਕਿਉਂਕਿ ਚੇਤਨ ਨਾਲ ਪਿਆਰ ਪੈ ਗਿਆ। ਉਹ ਕਹਿੰਦੇ, ਭੁੱਲ ਕੇ ਆਉਂਦੇ ਹੀ ਨਹੀਂ ਪ੍ਰਮੇਸ਼ਰ ਵਾਲਾ ਰਾਹ ਤਾਂ ਮੈਂ ਬੰਦ ਕਰ ਦਿੰਦੀ ਹਾਂ। ਸੋ ਇਸ ਤਰ੍ਹਾਂ ਦੇ ਨਾਲ ਜੇ ਸੰਤਾਂ ਦੀ ਸੰਗਤ ਕਰੇ, ਮਹਾਰਾਜ ਕਹਿੰਦੇ -

*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥*

*ਅੰਗ - ੧੨*

ਮਾਇਆ 'ਚੋਂ ਬਚ ਪਿਆਰਿਆ। ਸਾਧੂਆਂ ਦੀ ਸੰਗਤ ਕਰ, ਦੇਖ ਸਾਧੂਆਂ ਦੀ ਸੰਗਤ ਕਰਕੇ ਕਬੀਰ ਸਾਹਿਬ ਦੀ ਕਿੱਡੀ ਪਦਵੀ ਹੋਈ। ਰਵਿਦਾਸ ਜੀ ਨੇ ਸਾਧੂਆਂ ਦੀ ਸੰਗਤ ਕਰੀ, ਅੱਜ ਸਾਰਾ ਸੰਸਾਰ ਪੂਜਦਾ ਹੈ। ਬਾਲਮੀਕ ਨੇ ਡਾਕੇ ਮਾਰਦੇ ਨੇ ਸਾਧੂਆਂ ਦੀ ਸੰਗਤ ਕਰੀ ਤੇ ਅੱਜ ਪੂਜਿਆ ਜਾ ਰਿਹਾ ਹੈ, ਕ੍ਰਿਸ਼ਨ ਮਹਾਰਾਜ ਨੇ ਵੀ ਉਹਦੇ ਚਰਨ ਧੋਤੇ ਯੱਗ ਦੇ ਵਿੱਚ। ਕਿੱਡੀਆਂ ਪਦਵੀਆਂ ਪ੍ਰਾਪਤ ਕਰ ਲੈਂਦਾ ਹੈ।

*ਕਬੀਰ ਮਨੁ ਪੰਖੀ ਭਇਓ*
*ਉਡਿ ਉਡਿ ਦਹ ਦਿਸ ਜਾਇ ॥*
*ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ ॥*

*ਅੰਗ - ੧੩੬੯*

ਮਾਇਆ ਕਹਿੰਦੀ ਹੈ ਕਿ ਪ੍ਰਭੂ ਦੇ ਪਿਆਰਿਆਂ ਦੀ ਮੈਂ ਦਾਸੀ ਹੋ ਕੇ ਸੇਵਾ ਕਰਦੀ ਹਾਂ।

*ਸਾਧੂ ਕੈ ਠਾਢੀ ਦਰਬਾਰਿ ॥*
*ਸਰਨਿ ਤੇਰੀ ਮੋ ਕਉ ਨਿਸਤਾਰਿ ॥*

*ਅੰਗ - ੮੭੨*

ਬੇਨਤੀਆਂ ਕਰਦੀ ਹਾਂ, ਮੱਥੇ ਰਗੜਦੀ ਹਾਂ ਕਿ ਮੇਰਾ ਵੀ ਨਿਸਤਾਰਾ ਕਰ ਦੇ। ਮੈਂ ਬਦਨਾਮ ਹੋਈ ਹੋਈ ਹਾਂ।

*ਜੋ ਤੂੰ ਕਹਹਿ ਸੁ ਕਾਰ ਕਮਾਵਾ ॥*
*ਜਨ ਨਾਨਕ ਗੁਰਮੁਖ ਨੇੜਿ ਨ ਆਵਾ ॥*

*ਅੰਗ - ੩੭੦*

ਜਿਹੜਾ ਕੁਛ ਤੂੰ ਕਹਿ ਦੇਵੇਂਗਾ ਮੈਂ ਓਹੀ ਕੰਮ ਕਰਾਂਗੀ। ਪਰ ਇਨ੍ਹਾਂ ਨੂੰ ਭੁਲਾਉਂਦੀ ਨਹੀਂ, ਬਾਕੀ ਸੰਸਾਰ ਤਾਂ ਮੈਂ ਸਾਰਾ ਭੁਲਾ ਦਿੱਤਾ। ਬਾਕੀ ਸੰਸਾਰ ਨੂੰ ਮੈਂ ਮੂਰਛਤ ਕਰ ਦਿੱਤਾ। ਬੇਸੁਰਤ ਹੋਇਆ ਹੋਇਆ ਸੰਸਾਰ ਹੈ, ਸੰਤਾਂ ਤੋਂ ਬਗੈਰ, ਐਨਾ ਮੂਰਛਤ ਕਰ ਦਿੱਤਾ ਉਹਨੂੰ ਇਹ ਨਹੀਂ ਪਤਾ ਲਗਦਾ ਕਿ ਮੈਂ ਕੌਣ ਹਾਂ। ਜਦ ਉਹਨੂੰ ਪੁੱਛੋ ਕਹਿੰਦਾ ਮੈਂ ਤੇਰੇ ਸਾਮ੍ਹਣੇ ਖੜ੍ਹਾ ਹਾਂ। ਉਹ ਹੈ ਨਹੀਂ ਉਹ ਤਾਂ ਤੇਰਾ ਸਰੀਰ ਹੈ।

ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ) ਇੱਕ ਸਾਖੀ ਸੁਣਾਇਆ ਕਰਦੇ ਸੀ ਕਿ ਇੱਕ ਵਾਰੀ ਕੋਈ ਰਾਜਾ ਦੂਸਰੇ ਰਾਜੇ ਦੇ ਰਾਤ ਦੇ ਖਾਣੇ (dinner) 'ਤੇ ਗਿਆ, ਨੇੜੇ ਹੱਦ ਲਗਦੀ ਸੀ। ਅਮੀਰ ਵਜ਼ੀਰ ਤੇ ਸਾਰੇ ਅੰਗਰਖਿਅਕ ਵਗੈਰਾ ਨਾਲ ਨੇ, ਵੱਡੀ ਭਾਰੀ ਪਾਰਟੀ ਹੋਈ, ਉਥੇ ਰਾਜਾ ਬਹੁਤਾ ਨਸ਼ਾ ਪੀ ਗਿਆ ਤੇ ਉਹਦੇ ਪਰਾਈਮ ਮਨਿਸਟਰ ਨੇ ਦੇਖਿਆ ਕਿ ਮਹਾਰਾਜ ਜ਼ਿਆਦਾ ਨਸ਼ਾ ਪੀ ਗਏ, ਉਸ ਵੇਲੇ ਬੇਨਤੀ ਕਰੀ ਕਿ ਮਹਾਰਾਜ! ਕੋਈ ਗਲਤੀ ਹੋ ਜਾਏਗੀ, ਤੁਹਾਨੂੰ ਗਾਲ੍ਹਾਂ ਕੱਢ

ਦੇਵੇ, ਕੋਈ ਹੋਰ ਗੱਲ ਕਰ ਦੇਵੇ, ਚੰਗਾ ਇਹ ਹੈ ਕਿ ਸਾਨੂੰ ਆਗਿਆ ਦੇਵੋ ਕਿ ਅਸੀਂ ਲੈ ਜਾਈਏ ਇਨ੍ਹਾਂ ਨੂੰ ਕਿਉਂਕਿ ਹੁਣ ਜ਼ਿਆਦਾ ਭੁੱਲ ਚੁੱਕੇ ਨੇ ਇਹ ਆਪਣੇ ਆਪ ਨੂੰ। ਉਸ ਵੇਲੇ ਸਿਆਣਾ ਸੀ ਵਜ਼ੀਰ ਬੱਘੀ ਦੇ ਵਿੱਚ ਰਾਜੇ ਨੂੰ ਬਿਠਾਇਆ ਤੇ ਆਪਣੇ ਰਾਜ ਦੀ ਹੱਦ ਵਿੱਚ ਆ ਗਿਆ। ਮਹੱਲ ਵੀ ਨੇੜੇ ਸੀ, ਉਥੇ ਬਾਹਰਲੇ ਪਾਸੇ ਫੌਜ ਵਾਲੇ ਘੁੰਮ ਕੇ ਪਹਿਰਾ ਦੇ ਰਹੇ ਸੀ। ਤੁਰੇ ਜਾਂਦੇ ਨੇ ਇੱਕ ਸੰਤਰੀ ਓਧਰੋਂ ਆਉਂਦਾ ਹੈ, ਇੱਕ ਐਧਰੋਂ ਜਾਂਦਾ ਹੈ। ਜਿੱਥੇ ਦੋਵੇਂ ਇਕੱਠੇ ਹੋ ਜਾਂਦੇ ਨੇ, ਇੱਕ ਉਧਰ ਨੂੰ ਚਲਿਆ ਜਾਂਦਾ ਹੈ, ਦੂਸਰਾ ਦੂਜੇ ਪਾਸੇ ਚਲਿਆ ਜਾਂਦਾ ਹੈ। ਇਸ ਤਰ੍ਹਾਂ ਦੇ ਨਾਲ ਪਿੱਠ ਖਾਲੀ ਨਹੀਂ ਸੀ ਰਹਿਣ ਦਿੰਦੇ। ਰਾਜਾ ਜਿਸ ਵਕਤ ਆਇਆ ਇਹਨੇ ਦੇਖਿਆ ਕਿ ਪਹਿਰਾ ਦੇ ਰਹੇ ਨੇ ਕੌਣ ਹੋਏ ਇਹ? ਕਹਿਣ ਲੱਗਿਆ ਮੈਂ ਵੀ ਪਹਿਰਾ ਦੇਣਾ ਹੈ। ਓਸ ਵੇਲੇ ਦਿਨ ਦੀ ਡਿਊਟੀ ਵਾਲਾ (day officer) ਸੀਗਾ ਵੱਡਾ, ਕਰਨਲ ਜਾਂ ਮੇਜਰ, ਉਹ ਕਹਿਣ ਲੱਗਿਆ ਹਜ਼ੂਰ! ਤੁਸੀਂ ਤਾਂ ਬਾਦਸ਼ਾਹ ਹੋ। ਇਹ ਤਾਂ ਸਾਡਾ ਕੰਮ ਹੈ ਤੁਹਾਡਾ ਪਹਿਰਾ ਦੇਣਾ। ਕਹਿੰਦਾ, ਨਹੀਂ-ਨਹੀਂ ਮੈਂ ਪਹਿਰਾ ਦੇਣਾ ਹੈ, ਮੈਂ ਕੋਈ ਬਾਦਸ਼ਾਹ ਨਹੀਂ ਹਾਂ। ਬਾਰ-ਬਾਰ ਯਾਦ ਕਰਾਉਂਦੇ ਨੇ, ਕਹਿੰਦਾ ਮੈਂ ਬਾਦਸ਼ਾਹ ਹਾਂ ਹੀ ਨਹੀਂ। ਮੈਨੂੰ ਵੀ ਰਾਈਫਲ ਦਿਓ ਮੈਂ ਵੀ ਪਹਿਰਾ ਦੇਣਾ ਹੈ। ਜਦ ਜ਼ਿਆਦਾ ਜ਼ਿੱਦ ਕਰੀ, ਓਸ ਵੇਲੇ ਵਰਦੀ ਲਿਆ ਦਿੱਤੀ। ਓਹਲੇ ਹੋ ਕੇ ਉਹਨੇ ਵਰਦੀ ਪਾ ਲਈ ਤੇ ਆਪਣੀ ਸ਼ਾਹੀ ਵਰਦੀ ਲਾਹ ਦਿੱਤੀ। ਰਾਈਫਲ ਹੱਥ ਵਿੱਚ ਫੜ ਲਈ। ਪਹਿਰਾ ਦੇਣ ਲਗ ਗਿਆ ਓਥੇ। ਜਦੋਂ ਦੋ ਘੰਟੇ ਲੰਘ ਗਏ, ਉਸ ਵੇਲੇ ਦੇਖਣ ਲਗ ਗਿਆ, ਆਪਣੇ ਬੂਟਾਂ ਵਲ ਦੇਖਿਆ, ਵਰਦੀ ਵਲ ਦੇਖਿਆ, ਗਲ 'ਚ ਵੰਡੋਲੀਅਰ ਪਾਇਆ ਹੋਇਆ ਹੈ ਉਹਨੂੰ ਦੇਖਿਆ, ਹੱਥ 'ਚ ਰਾਈਫਲ ਫੜੀ ਹੋਈ ਹੈ ਉਹ ਦੇਖੀ। ਆਲੇ-ਦੁਆਲੇ ਦੇਖਣ ਲਗ ਗਿਆ, ਵਜ਼ੀਰ ਨੇ ਸਮਝ ਲਿਆ ਕਿ ਹੁਣ ਹੋਸ਼ ਆ ਗਈ। ਉਸੇ ਵੇਲੇ ਵਜ਼ੀਰ ਆਇਆ, ਆ ਕੇ ਉਸ ਨੇ ਝੁਕ ਕੇ ਪ੍ਰਣਾਮ ਕਰੀ ਕਿ ਮਹਾਰਾਜ! ਕ੍ਰਿਪਾ ਕਰੋ ਆਪ ਰਾਈਫਲ ਦੇ ਦਿਓ, ਆਪ ਸਿਪਾਹੀ ਨਹੀਂ ਹੋ, ਆਪ ਤਾਂ ਬਾਦਸ਼ਾਹ ਹੋਂ। ਆਪਣੇ ਬਾਦਸ਼ਾਹੀ ਕਪੜੇ ਪਹਿਨੋ ਤੇ ਕ੍ਰਿਪਾ ਕਰੋ ਤੇ ਇਹ ਵਰਦੀ ਲਾਹ ਦਿਓ। ਹੋਸ਼ ਆ ਚੁੱਕੀ ਸੀ, ਉਸ ਵੇਲੇ ਵਰਦੀ ਲਾਹ ਦਿੱਤੀ। ਉਸੇ ਵੇਲੇ ਆਪਣੇ ਵਸਤਰ ਪਹਿਨ ਲਏ, ਬੜਾ ਸ਼ਰਮਿੰਦਾ ਹੋਇਆ, ਕਹਿਣ ਲੱਗਿਆ ਕਿ ਵਜ਼ੀਰ ਸਾਹਿਬ! ਇਹ ਗੱਲ ਹੋਈ ਕਿਵੇਂ? ਕਹਿਣ ਲੱਗੇ, ਬਾਦਸ਼ਾਹ ਸਲਾਮਤ! ਓਥੇ ਨਸ਼ਾ ਤੁਸੀਂ ਜ਼ਿਆਦਾ ਪੀ ਬੈਠੇ। ਨਸ਼ੇ ਦਾ ਸੁਭਾਅ ਇਹ ਹੈ ਕਿ ਭੁਲਾ ਦਿੰਦਾ ਹੈ ਬੰਦੇ ਨੂੰ, ਯਾਦ ਕੁਛ ਨਹੀਂ ਰਹਿੰਦਾ, ਨਾ ਆਪਣਾ ਦਿਸਦਾ ਹੈ ਨਾ ਪਰਾਇਆ ਦਿਸਦਾ ਹੈ। ਸੋ ਹਜ਼ੂਰ! ਓਸ ਵੇਲੇ ਮੈਂ ਆਪ ਨੂੰ ਲੈ ਆਇਆ ਸੀ। ਇੱਥੇ ਆਪ ਨੇ ਕਿਹਾ ਕਿ ਮੈਂ ਪਹਿਰਾ ਦੇਣਾ ਹੈ। ਅਸੀਂ ਆਪ ਦੀ ਹੁਕਮ ਅਦੂਲੀ ਕਰ ਨਹੀਂ ਸਕਦੇ। ਬੜੀਆਂ ਬੇਨਤੀਆਂ ਕਰੀਆਂ ਕਿ ਮਹਾਰਾਜ ਤੁਸੀਂ ਬਾਦਸ਼ਾਹ ਹੋਂ। ਤੁਹਾਡੇ ਪਹਿਰੇ ਉਤੇ ਇਹ ਖੜ੍ਹੇ ਨੇ, ਪਰ ਤੁਸੀਂ ਜਦ ਜ਼ਿਆਦਾ ਹੱਠ ਕਰਿਆ। ਇਹ ਵਰਦੀ ਲਿਆ ਦਿੱਤੀ ਤੇ ਤੁਸੀਂ ਪਹਿਨ ਲਈ। ਹੁਣ ਤੁਸੀਂ ਇਹ ਵਰਦੀ ਪਹਿਨੋ। ਕਹਿਣ ਲੱਗੇ, ਬੜਾ ਭੁੱਲਿਆ ਹੋਇਆਂ ਮੈਂ। ਐਨਾ? ਯਾਦ ਚਿੱਤ ਹੀ ਨਹੀਂ ਰਿਹਾ।

ਮਹਾਰਾਜ ਜੀ ਕਹਿੰਦੇ ਇਸੇ ਤਰ੍ਹਾਂ ਜਿਹੜਾ ਜੀਵ ਹੈ ਆਤਮ ਸ਼ਹਿਜ਼ਾਦਾ ਹੈ, ਇਹ ਵਾਹਿਗੁਰੂ ਦੀ ਅੰਸ ਹੈ-

*ਮਨ ਤੂੰ ਜੋਤਿ ਸਰੂਪੁ ਹੈ*
*ਆਪਣਾ ਮੂਲੁ ਪਛਾਣੁ ॥ ਅੰਗ - ੪੪੧*

ਪਰ ਇਹ ਐਨਾ ਜ਼ਬਰਦਸਤ ਭੁੱਲ ਵਿੱਚ ਪੈ ਗਿਆ ਕਿ ਆਪਣੇ ਸਰੂਪ ਨੂੰ ਭੁੱਲ ਕੇ ਆਹੀ ਕਹਿੰਦਾ ਹੈ ਕਿ ਮੈਂ ਸਰੀਰ ਹਾਂ, ਮੈਂ ਸਰੀਰ ਹਾਂ। ਮੈਂ ਆਹ ਸਾਮ੍ਹਣੇ ਖੜ੍ਹਾਂ ਹਾਂ ਤੁਹਾਡੇ। ਇਹ ਕਦੇ ਨਹੀਂ ਮੰਨਦਾ ਕਿ ਮੈਂ ਕੀ ਹਾਂ। ਪ੍ਰਮੇਸ਼ਰ ਅੰਸ ਹੈ, ਪ੍ਰਮੇਸ਼ਰ ਦੀ ਜ਼ਾਤ-ਏ-ਖਾਸ ਹੈ। ਐਉਂ ਸਮਝ ਲਓ ਕਿ ਲਹਿਰ ਹੈ ਤੇ ਸਮੁੰਦਰ ਹੈ, ਲਹਿਰ ਸਮੁੰਦਰ ਦਾ ਹੀ ਰੂਪ ਹੁੰਦੀ ਹੈ। ਵਾਹਿਗੁਰੂ ਦਾ ਰੂਪ ਹੋ ਕੇ ਮਾਇਆ ਦੀ ਠੱਗੀ ਵਿੱਚ ਆ ਗਿਆ। ਓਹਦੀ ਜ਼ਹਿਰ ਚੜ੍ਹ ਗਈ ਇਹਨੂੰ। ਬੇਸੁੱਧ ਹੋ ਗਿਆ। ਐਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਮਾਇਆ ਹੋ ਕੇ ਨਾਗਨੀ ਲੜ ਗਈ,*
*ਮਨਮੁਖ ਬੰਦਿਆ ਦੇ।*

ਬਾਕੀਆਂ ਨੂੰ ਤਾਂ ਇਹਨੇ ਖਾਣਾ ਹੀ ਖਾਣਾ ਹੈ। ਕਹਿੰਦੇ ਜਿਹੜਾ ਗੁਰਮੁਖ ਦੇ ਰਾਹੀਂ ਜਿਹਨੂੰ ਨਾਮ ਦੀ ਦਾਤ ਪ੍ਰਾਪਤ ਹੋ ਗਈ, ਗਿਆਨ ਦੇ ਮੰਡਲ 'ਚ ਪਹੁੰਚ ਗਿਆ। ਕਹਿੰਦੇ ਉਨ੍ਹਾਂ ਨੇ ਦਲ ਮਲ ਕੇ ਚਰਨਾਂ ਨਾਲ ਲਾ ਲਈ। ਉਹ ਨਹੀਂ ਮੋਏ ਜਾਂਦੇ ਇਸ ਤੋਂ। ਕਹਿੰਦੇ ਓਹੀ ਉਭਰਦੇ ਨੇ -

*ਨਾਨਕ ਸੇਈ ਉਬਰੇ*
*ਜਿ ਸਚਿ ਰਹੇ ਲਿਵ ਲਾਇ ॥ ਅੰਗ - ੫੧੦*
*ਗਿਲੀ ਗਿਲੀ ਰੋਡੜੀ*
*ਭਉਦੀ ਭਵਿ ਭਵਿ ਆਇ ॥ ਅੰਗ - ੧੦੯੭*

ਓਹਦੇ ਉੱਤੇ ਉਡ-ਉਡ ਕੇ ਮੱਖੀ ਬਾਰ-ਬਾਰ ਆਈ ਜਾਂਦੀ ਹੈ।

*ਜੋ ਬੈਠੇ ਸੇ ਫਾਥਿਆ ਉਬਰੇ ਭਾਗ ਮਥਾਇ ॥*
*ਅੰਗ - ੧੦੯੭*

ਕਹਿੰਦੇ ਜਿਹੜਾ ਬਹਿ ਗਿਆ ਇਹਦੇ ਉੱਤੇ ਉਹ ਫਸ ਹੀ ਗਿਆ, ਉਹ ਨਹੀਂ ਨਿਕਲ ਸਕਦਾ। ਉਹਦੇ ਖੰਭਾਂ ਨਾਲ ਗੁੜ ਲਗ ਜਾਣਾ ਹੈ ਫੇਰ ਕਿੱਥੇ ਉਡਣਾ ਹੈ।

ਕਹਿੰਦੇ ਜਿਹਨੇ ਮਾਇਆ ਦੇ ਨਾਲ ਮਨ ਲਾ ਲਿਆ, ਪਿਆਰਿਓ! ਉਹਨੂੰ ਮੁੜ ਕੇ ਔਖਾ ਹੋ ਜਾਣਾ ਹੈ ਨਿਕਲਣਾ। ਕੋਈ ਸਾਧੂ ਕੱਢ ਦੇਵੇ ਤਾਂ ਕੱਢ ਦੇਵੇ। ਨਹੀਂ ਤਾਂ ਜੀਵ ਦੇ ਆਪਣੇ ਵਸ ਵਿੱਚ ਨਹੀਂ ਆਉਣਾ। ਸੋ ਇਸ ਕਰਕੇ ਜੀਵ ਮਾਇਆ ਦੀ ਉਪਾਧੀ ਕਰਕੇ, ਦੁਖੀ ਹੋਇਆ ਫਿਰਦਾ ਹੈ। ਇਹਨੂੰ ਤਿੰਨ ਦੁਖ ਲਗਦੇ ਨੇ - ਆਧਿ, ਬਿਆਧਿ, ਉਪਾਧਿ। ਆਦਮੀ ਦੁਖੀ ਹੈ, ਤਿੰਨ ਵੱਡੇ ਦੁੱਖ ਨੇ, ਅਧਿਆਤਮਕ ਦੁਖ ਹੈ, ਅਧਿਭੂਤਕ ਦੁਖ ਹੈ, ਅਧਿਦੈਵਕ ਦੁਖ ਹੈ। ਆਧੀ ਹੁੰਦੀ ਹੈ ਮਨ ਦੇ ਦੁੱਖ, ਬਿਆਧੀ ਹੁੰਦੀ ਹੈ ਸਰੀਰ ਦੇ ਦੁੱਖ, ਅਪਾਧੀ ਹੁੰਦੀ ਹੈ ਆਪੇ ਕਿਸੇ ਨਾਲ ਝਗੜਾ ਕਰ ਲੈਣਾ। ਮੁੱਕਦਮੇਬਾਜ਼ੀ ਕਰ ਲੈਣੀ, ਰੌਲਾ ਰੱਪਾ ਪਾ ਲੈਣਾ, ਆਪੇ ਦੁੱਖੀ ਹੋ ਜਾਂਦਾ ਹੈ। ਸੋ ਇਹਨੂੰ ਪੰਜ ਚੋਰ ਦਿਨ-ਰਾਤ ਲੁੱਟਦੇ ਨੇ -

*ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ*
*ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥*
*ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ*
*ਕੋਇ ਨ ਸੁਣੈ ਪੂਕਾਰਾ ॥* *ਅੰਗ - ੬੦੦*

ਨਾਮ ਤਕ ਜਾਣ ਹੀ ਨਹੀਂ ਦਿੰਦਾ, ਐਡੀ ਦੌਲਤ ਅੰਦਰ ਪਈ ਹੈ, ਸੱਚਾ ਧਨ ਪਿਆ ਹੈ ਉਥੇ ਤੱਕ ਪਹੁੰਚਣ ਹੀ ਨਹੀਂ ਦਿੰਦਾ। ਉਹ ਲੁੱਟਦੇ ਤੁਰੇ ਜਾਂਦੇ ਨੇ।

*ਸਗਲ ਸਹੇਲੀ ਅਪਨੈ ਰਸ ਮਾਤੀ ॥*
*ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ ॥*
*ਮੁਸਨਹਾਰ ਪੰਚ ਬਟਵਾਰੇ ॥*
*ਸੂਨੇ ਨਗਰਿ ਪਰੇ ਠਗਹਾਰੇ ॥ ੨ ॥*
*ਉਨ ਤੇ ਰਾਖੈ ਬਾਪੁ ਨ ਮਾਈ ॥*
*ਉਨ ਤੇ ਰਾਖੈ ਮੀਤੁ ਨ ਭਾਈ ॥*
*ਦਰਬਿ ਸਿਆਣਪ ਨਾ ਓਇ ਰਹਤੇ ॥*
*ਸਾਧਸੰਗਿ ਓਇ ਦੁਸਟ ਵਸਿ ਹੋਤੇ ॥*
*ਅੰਗ - ੧੮੨*

ਸਾਧੂ ਦੀ ਸੰਗਤ ਮਿਲ ਜਾਵੇ, ਉਹਦੇ ਨਾਲ ਇਹ ਦੁਸ਼ਟ ਵਸ ਵਿੱਚ ਹੋ ਜਾਂਦੇ ਨੇ। ਸੋ ਸੰਸਾਰ ਦੇ ਵਿੱਚ ਪੰਜ ਵਿਸ਼ੇ ਇਹਨੂੰ ਤੰਗ ਕਰ ਰਹੇ ਨੇ। ਸ਼ਬਦ, ਸਪਰਸ਼, ਰੂਪ, ਰਸ, ਗੰਧ। ਪੰਜ ਠੱਗ ਇਹਨੂੰ ਚਿੰਬੜੇ ਹੋਏ ਨੇ - ਰਾਜ, ਮਾਲ, ਰੂਪ, ਜਾਤ, ਜੋਬਨ। ਦੋ ਡੈਣਾਂ ਆਸਾ ਤੇ ਅੰਦੇਸਾ ਇਹਨੂੰ ਖਾ ਰਹੀਆਂ ਨੇ ਦਿਨ ਰਾਤ। ਪੰਜ ਕਲੇਸ਼ ਇਹਨੂੰ ਮੁਸ਼ਕਲਾਂ 'ਚ ਪਾ ਰਹੇ ਨੇ, ਕਦੇ ਸੁਖ ਦਾ ਸਾਹ ਨਹੀਂ ਆਉਂਦਾ। ਸੋ ਇੱਕ ਨਹੀਂ ਸਾਰਾ ਹੀ ਸੰਸਾਰ ਜਿੰਨਾਂ ਹੈ ਇਨ੍ਹਾਂ ਦੇ ਕਾਬੂ ਵਿੱਚ ਹਾਏ ਕੁਰਲਾਪ ਕਰ ਰਿਹਾ ਹੈ-

*ਧਾਰਨਾ - ਦੁਖੀਆ ਸਭ ਸੰਸਾਰ,*
*ਨਾਨਕ ਦੁਖੀਆ-ਨਾਨਕ ਦੁਖੀਆ।*
*ਸਹੰਸਰ ਦਾਨ ਦੇ ਇੰਦ੍ਰੁ ਰੋਆਇਆ ॥*
*ਪਰਸ ਰਾਮੁ ਰੋਵੈ ਘਰਿ ਆਇਆ ॥*
*ਅਜੈ ਸੁ ਰੋਵੈ ਭੀਖਿਆ ਖਾਇ ॥*
*ਐਸੀ ਦਰਗਹ ਮਿਲੈ ਸਜਾਇ ॥*
*ਰੋਵੈ ਰਾਮੁ ਨਿਕਾਲਾ ਭਇਆ ॥*
*ਸੀਤਾ ਲਖਮਣੁ ਵਿਛੁੜਿ ਗਇਆ ॥*
*ਰੋਵੈ ਦਹਸਿਰੁ ਲੰਕ ਗਵਾਇ ॥*
*ਜਿਨਿ ਸੀਤਾ ਆਦੀ ਡਉਰੂ ਵਾਇ ॥*
*ਰੋਵਹਿ ਪਾਂਡਹ ਭਏ ਮਜੂਰ ॥*
*ਜਿਨ ਕੈ ਸੁਆਮੀ ਰਹਤ ਹਦੂਰਿ ॥*
*ਰੋਵੈ ਜਨਮੇਜਾ ਖੁਇ ਗਇਆ ॥*
*ਏਕੀ ਕਾਰਣਿ ਪਾਪੀ ਭਇਆ ॥*
*ਰੋਵਹਿ ਸੇਖ ਮਸਾਇਕ ਪੀਰ ॥*
*ਅੰਤਿ ਕਾਲਿ ਮਤੁ ਲਾਗੈ ਭੀੜ ॥*
*ਰੋਵਹਿ ਰਾਜੇ ਕੰਨ ਪੜਾਇ ॥*
*ਘਰਿ ਘਰਿ ਮਾਗਹਿ ਭੀਖਿਆ ਜਾਇ ॥*
*ਰੋਵਹਿ ਕਿਰਪਨ ਸੰਚਹਿ ਧਨੁ ਜਾਇ ॥*
*ਪੰਡਿਤ ਰੋਵਹਿ ਗਿਆਨੁ ਗਵਾਇ ॥*
*ਬਾਲੀ ਰੋਵੈ ਨਾਹਿ ਭਤਾਰੁ ॥*
*ਨਾਨਕ ਦੁਖੀਆ ਸਭੁ ਸੰਸਾਰੁ ॥* *ਅੰਗ - ੯੫੪*

ਹੁਣ ਸੁਖੀਆ ਕੌਣ ਹੈ, ਮਹਾਰਾਜ ਕਹਿੰਦੇ -

*ਮੰਨੇ ਨਾਉ ਸੋਈ ਜਿਣਿ ਜਾਇ ॥*
*ਅਉਰੀ ਕਰਮ ਨ ਲੇਖੈ ਲਾਇ ॥* *ਅੰਗ- ੯੫੪*

ਦੇਖੋ, ਮਹਾਰਾਜ ਨੇ ਸਾਰੇ ਦੁੱਖਾਂ ਦਾ ਇਲਾਜ ਦਸ ਦਿਤਾ। ਜਿਹੜੇ ਬਚਨ ਸ਼ੁਰੂ ਵਿੱਚ ਕਹੇ ਸੀ ਨਾ ਕਿ -

*ਆਪੀਨੈ ਆਪੁ ਸਾਜਿਓ*
*ਆਪੀਨੈ ਰਚਿਓ ਨਾਉ ॥*
*ਦੁਯੀ ਕੁਦਰਤਿ ਸਾਜੀਐ*
*ਕਰਿ ਆਸਣੁ ਡਿਠੋ ਚਾਉ ॥* *ਅੰਗ - ੪੬੩*

ਜਿਹੜਾ ਓਸ ਨਾਮ ਨੂੰ ਮਨ ਲੈਂਦਾ ਹੈ, ਕਹਿੰਦੇ ਉਹ ਜਿੱਤ ਗਿਆ -

*ਮੰਨੇ ਨਾਉ ਸੋਈ ਜਿਣਿ ਜਾਇ ॥*
*ਅਉਰੀ ਕਰਮ ਨ ਲੇਖੈ ਲਾਇ ॥ ਅੰਗ - ੯੫੪*

ਬਾਕੀ ਹਾਰ ਕੇ ਸੰਸਾਰ ਤੋਂ ਚਲੇ ਜਾਂਦੇ ਨੇ। ਸੋ ਇਸ ਕਰਕੇ ਮਹਾਰਾਜ ਸਾਨੂੰ ਕਹਿੰਦੇ ਨੇ ਕਿ ਪਿਆਰਿਓ! ਇਨ੍ਹਾਂ ਕਲੇਸ਼ਾਂ ਦੇ ਵਿੱਚ ਪਏ ਹੋਏ ਤੁਸੀਂ ਅਵਿਦਿਆ, ਅਸਿਮਿਤਾ, ਅਭਿਨਿਵੇਸ਼, ਰਾਗ, ਦਵੈਸ਼, ਸਰੀਰ ਛੁਟ ਜਾਣੇ ਨੇ, ਮੁੜ ਕੇ ਜੂਨਾਂ 'ਚ ਘੁੰਮਦੇ ਫਿਰਾਂਗੇ। ਕਿਤੇ ਕੁੱਤੇ ਬਣ ਕੇ ਫਿਰਦੇ ਹਾਂ ਪਟਾ ਪੁਆਈ ਗਲ ਵਿੱਚ, ਕਿਤੇ ਬਲਦ ਬਣ ਕੇ ਸੋਟੀਆਂ ਖਾ ਰਹੇ ਹਾਂ, ਕਿਤੇ ਘੋੜਾ ਬਣ ਕੇ ਸਵਾਰੀ ਪਿੱਠ 'ਤੇ ਚੁੱਕੀਂ ਫਿਰਦੇ ਹਾਂ। ਕਹਿੰਦੇ, ਸਮਝ ਲਓ ਇਹਨੂੰ, ਸਮਝ ਕੇ ਜਿਸ ਕੰਮ ਲਈ ਆਏ ਹੋਂ, ਕਰੋ ਓਸਨੂੰ।

*ਧਾਰਨਾ - ਇਹੋ ਤੇਰੀ ਵਾਰੀ ਹੈ*
*ਗੋਬਿੰਦ ਮਿਲਣੇ ਦੀ।*

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ੧ ॥*
*ਸਰੰਜਾਮਿ ਲਾਗੁ ਭਵਜਲ ਤਰਨ ਕੈ ॥*
*ਅੰਗ - ੧੨*

ਕਹਿੰਦੇ ਜੀ! ਇਹ ਤਾਂ ਅਸੀਂ ਰੋਜ਼ ਪੜ੍ਹਦੇ ਹਾਂ, ਫਿਰ ਤਾਂ ਬੇਅਸਰ (Immune) ਹੋ ਗਿਆ ਤੂੰ। ਕਦੇ ਤੇਰੇ ਅੰਦਰ ਹੌਲ ਨਹੀਂ ਪੈਦਾ, ਕਦੇ ਤੈਨੂੰ ਫਿਕਰ ਨਹੀਂ ਹੁੰਦਾ ਕਿ ਦਿਨ ਤਾਂ ਲੰਘਦੇ ਜਾਂਦੇ ਨੇ।

*ਦਿਨ ਤੇ ਪਹਰ ਪਹਰ ਤੇ ਘਰੀਆਂ*
*ਆਵ ਘਟੈ ਤਨੁ ਛੀਜੈ ॥*
*ਕਾਲੁ ਅਹੇਰੀ ਫਿਰੈ ਬਧਿਕ ਜਿਉ*
*ਕਹਹੁ ਕਵਨ ਬਿਧਿ ਕੀਜੈ ॥ ਅੰਗ - ੬੯੨*

ਉਹ ਤਾਂ ਦਿਨ ਨੇੜੇ ਆ ਗਿਆ ਤੇ ਅਜੇ ਬਣਿਆ ਕੁਛ ਨਹੀਂ ਹੈ। ਕੀ ਕਰੇਂਗਾ, ਫੇਰ ਅਗਲਾ ਜਨਮ ਧਾਰ ਕੇ ਕਰੇਂਗਾ। ਜੇ ਹੁਣ ਨਹੀਂ ਕਰ ਸਕਿਆ ਫੇਰ ਕੀ ਕਰੇਂਗਾ।

*ਜੋ ਕਿਛੁ ਕਰਹਿ ਸੋਈ ਅਬ ਸਾਰੁ ॥*
*ਫਿਰਿ ਪਛੁਤਾਹੁ ਨ ਪਾਵਹੁ ਪਾਰੁ ॥*
*ਅੰਗ - ੧੧੫੯*

ਜਿਹੜਾ ਕੁਛ ਕਰਨਾ ਹੈ ਹੁਣੇ ਕਰ ਲੈ। ਕਹਿੰਦੇ ਜੀ, ਸਮਾਂ ਥੋੜ੍ਹਾ ਰਹਿ ਗਿਆ। ਕਹਿੰਦੇ ਸਮੇਂ ਦੀ ਗੱਲ ਨਹੀਂ ਹੈ ਇਹਦੇ ਵਿੱਚ। ਜੇ ਤੈਨੂੰ ਨਿਹਚਾ ਆ ਜਾਵੇ, ਤੇਰਾ ਮਨ ਮੰਨ ਜਾਵੇ -

*ਮੰਨੇ ਨਾਉ ਸੋਈ ਜਿਣਿ ਜਾਇ ॥*
*ਅਉਰੀ ਕਰਮ ਨ ਲੇਖੈ ਲਾਇ ॥ ਅੰਗ - ੬੫੪*

ਮਹਾਰਾਜ ਤਾਂ ਕਹਿ ਗਏ, ਤੈਨੂੰ ਨਾਮ 'ਤੇ ਵਿਸ਼ਵਾਸ਼ ਆ ਜਾਏ, ਨਾਮ ਪਰੀਪੂਰਨ ਹੈ, ਨਾਮ ਤੇਰੇ ਅੰਦਰ ਹੈ, ਨਾਮ ਤੇਰੇ ਬਾਹਰ ਹੈ, ਸਭ ਕੁਛ ਨਾਮ ਤੋਂ ਹੀ ਹੋਇਆ, ਜੋ ਕੁਛ ਤੂੰ ਦੇਖਦਾ ਹੈਂ ਓਸ ਨਾਮ ਸ਼ਕਤੀ ਤੋਂ ਹੀ ਹੋਇਆ ਹੈ। ਨਾਮ ਸ਼ਕਤੀ ਪਰੀਪੂਰਨ ਹੈ। ਸ਼ਬਦ ਤਕ ਪਹੁੰਚ ਤੇਰੀ ਲੱਗੀ ਰਹੇ, ਸ਼ਬਦ ਦੇ ਉਪਰਲੇ ਪਾਸੇ ਏਕੰਕਾਰ ਹੈ। ਉਸ ਏਕੰਕਾਰ 'ਤੇ ਨਿਗ੍ਹਾ ਰੱਖ ਕੇ ਬਾਣੀ ਪੜ੍ਹ, ਨਿਗ੍ਹਾ ਰੱਖ ਕੇ ਭਜਨ ਕਰ। ਤੂੰ ਪ੍ਰਮੇਸ਼ਰ ਦਾ ਰੂਪ ਹੈਂ, ਪ੍ਰਮੇਸ਼ਰ 'ਚੋਂ ਆਇਆ ਹੈ, ਪ੍ਰਮੇਸ਼ਰ ਦੇ ਵਿੱਚ ਲੀਨ ਹੋ ਜਾਣਾ ਹੈ, ਵਿਚਾਲੇ-ਵਿਚਾਲੇ ਜਿਹੜਾ ਦੁੱਖ ਪਾਉਣਾ ਹੈ, ਇਹ ਆਪਣੀ ਮਾਇਆ ਦੀ ਮਨੌਤ ਕਰਕੇ ਪਾ ਰਿਹਾ ਹੈਂ।

*ਬਰਨੁ ਚਿਹਨੁ ਨਾਹੀ ਕਿਛੁ ਰਚਨਾ*
*ਮਿਥਿਆ ਸਗਲ ਪਸਾਰਾ ॥ ਅੰਗ- ੯੯੯*

ਮਹਾਰਾਜ ਤਾਂ ਹੁਣ ਭੇਤ ਦੀ ਗੱਲ ਦੱਸ ਰਹੇ ਨੇ। ਕਹਿੰਦੇ ਜਿਹੜਾ ਪਸਾਰਾ ਵਗੈਰਾ ਦੇਖਦਾ ਹੈਂ ਨਾ ਇਹ ਸਾਰਾ ਮਿਥਿਆ ਹੀ ਹੈ, ਹੈ ਨਹੀਂ ਕੁਛ ਵੀ। ਭੁਲੇਖਾ ਹੈ ਇਹ।

*ਭਣਤਿ ਨਾਨਕੁ ਜਬ ਖੇਲੁ ਉਝਾਰੈ*
*ਤਬ ਏਕੈ ਏਕੰਕਾਰਾ ॥ ਅੰਗ - ੯੯੯*

ਜਦੋਂ ਖੇਲ੍ਹ ਬੰਦ ਕਰ ਲਈ ਨਾ।

*ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥*
*ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥*
*ਜਾਪੁ ਸਾਹਿਬ*

ਵਿਚਾਲੇ-ਵਿਚਾਲੇ ਖੇਲ੍ਹਦਾ ਸੀ, ਬੇਅੰਤ ਬ੍ਰਹਿਮੰਡ ਬਣ ਗਏ, ਬੇਅੰਤ ਦੁਨੀਆਂ ਬਣ ਗਈ। ਕੋਈ ਨਰਕ ਨੂੰ ਜਾ ਰਿਹਾ ਹੈ, ਕੋਈ ਸੁਰਗ ਨੂੰ ਜਾ ਰਿਹਾ ਹੈ, ਕਰਮਾਂ ਦਾ ਗੇੜ ਚੱਲ ਪਿਆ। ਕਰਮਾਂ ਦਾ ਬੱਧਾ ਤੁਰਿਆ ਫਿਰਦਾ ਹੈ। ਵਾਸ਼ਨਾ ਮੁੱਕਦੀ ਨਹੀਂ, ਇਹਦਾ ਆਉਣਾ ਜਾਣ ਖਤਮ ਨਹੀਂ ਹੁੰਦਾ। ਇੱਕ ਖੇਲ੍ਹ ਤੋਰ ਦਿੱਤਾ ਗੇਂਦ ਰੋੜ ਦਿੱਤੀ ਉਹ ਹੁਣ ਠਹਿਰਦੀ ਹੀ ਨਹੀਂ ਹੈ। ਐਸੇ ਤਰ੍ਹਾਂ ਜੀਵ ਰੋੜ੍ਹ ਦਿੱਤੇ। ਕਰਮਾਂ ਦੇ ਵਿੱਚ ਪੈ ਗਏ ਆਪੇ ਹੀ। ਜੇ ਹਉਮੈ ਮਰ ਜਾਵੇ, ਕਰਮ ਹੀ ਨਹੀਂ ਹੁੰਦਾ, ਫੇਰ ਓਦੋਂ ਹੀ ਜਨਮ-ਮਰਨ ਤੋਂ ਛੁਟਕਾਰਾ ਹੋ ਜਾਂਦਾ ਹੈ।

# ਪ੍ਰਭ ਇਹੈ ਮਨੋਰਥ ਮੇਰਾ

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - ੨੮੯*

*ਧਾਰਨਾ - ਇਹੋ ਮਨੋਰਥ ਮੇਰਾ ਪ੍ਰਭ ਜੀ,*
*ਇਹੋ ਮਨੋਰਥ ਮੇਰਾ।*
*ਕਰਿ ਸੰਤਨ ਕਾ ਚੇਰਾ॥*

*ਪ੍ਰਭ ਇਹੈ ਮਨੋਰਥੁ ਮੇਰਾ ॥*
*ਕ੍ਰਿਪਾ ਨਿਧਾਨ ਦਇਆਲ ਮੋਹਿ ਦੀਜੈ*
*ਕਰਿ ਸੰਤਨ ਕਾ ਚੇਰਾ ॥ ਰਹਾਉ ॥*
*ਪ੍ਰਾਤਹਕਾਲ ਲਾਗਉ ਜਨ ਚਰਨੀ*
*ਨਿਸ ਬਾਸੁਰ ਦਰਸੁ ਪਾਵਉ ॥*
*ਤਨੁ ਮਨੁ ਅਰਪਿ ਕਰਉ ਜਨ ਸੇਵਾ*
*ਰਸਨਾ ਹਰਿ ਗੁਨ ਗਾਵਉ ॥ ੧ ॥*
*ਸਾਸਿ ਸਾਸਿ ਸਿਮਰਉ ਪ੍ਰਭੁ ਅਪੁਨਾ*
*ਸੰਤਸੰਗਿ ਨਿਤ ਰਹੀਐ ॥*
*ਏਕੁ ਅਧਾਰੁ ਨਾਮੁ ਧਨੁ ਮੋਰਾ*
*ਅਨਦੁ ਨਾਨਕ ਇਹੁ ਲਹੀਐ ॥ ਅੰਗ - ੫੩੩*

*ਧਾਰਨਾ - ਹਰਿ ਕੇ ਸੇਵਕ ਜੋ ਹਰਿ ਭਾਏ,*
*ਤਿਨ ਕੀ ਕਥਾ ਨਿਰਾਰੀ ਰੇ।*

*ਹਰਿ ਕੇ ਸੇਵਕ ਜੋ ਹਰਿ ਭਾਏ*
*ਤਿਨ੍ ਕੀ ਕਥਾ ਨਿਰਾਰੀ ਰੇ ॥*
*ਆਵਹਿ ਨ ਜਾਹਿ ਨ ਕਬਹੂ ਮਰਤੇ*
*ਪਾਰਬ੍ਰਹਮ ਸੰਗਾਰੀ ਰੇ ॥ ਅੰਗ - ੮੫੫*

ਸਾਧਸੰਗਤ ਜੀ ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਆਪਾਂ ਸਾਰੇ ਉਨ੍ਹਾਂ ਮਹਾਂਪੁਰਸ਼ਾਂ ਦੀ ਸਿਮ੍ਰਿਤੀ ਵਿੱਚ ਇਕੱਠੇ ਹੋਏ ਹਾਂ ਜਿਹੜੇ ਪ੍ਰਭੂ ਨੂੰ ਭਾਅ ਗਏ ਸੀ। ਜਿਨ੍ਹਾਂ ਦੀਆਂ ਕਹਾਣੀਆਂ, ਜਿਨ੍ਹਾਂ ਦੀਆਂ ਕਥਾਵਾਂ ਸਾਡੇ ਵਾਸਤੇ ਚਾਨਣ ਮੁਨਾਰਾ ਹਨ, ਰਸਤਾ ਦਸਦੀਆਂ ਨੇ, ਪੱਥ ਪ੍ਰਦਰਸ਼ਨ ਕਰਦੀਆ ਨੇ। ਉਨ੍ਹਾਂ ਵਿਚੋਂ ਬਹੁਤ ਪ੍ਰਤਾਪਸ਼ਾਲੀ ਰੂਹ ਮਹਾਂਪੁਰਸ਼ ਬਾਬਾ ਸਾਹਿਬ ਸਿੰਘ ਜੀ ਊਨੇ ਵਾਲੇ ਬੇਦੀ ਕੁਲ ਦੇ, ਭਾਈ ਦਇਆ ਸਿੰਘ ਜੀ ਦੀ ਸੰਪਰਦਾ ਵਿਚੋਂ ਪ੍ਰਗਟ ਹੋਏ। ਆਪ ਜੀ ਦੇ ਜਨਮ ਦੇ ਬਾਰੇ ਇੱਕ ਕਥਾ ਆਉਂਦੀ ਹੈ ਕਿ ਬਾਬਾ ਕਲਾਧਾਰੀ ਜੋ ਗੁਰੂ ਨਾਨਕ ਪਾਤਸ਼ਾਹ ਦੇ ਓਲਾਦ ਦੇ ਅੰਦਰੋਂ ਨੌਵੇਂ ਥਾਂ ਸਨ; ਜਦੋਂ ਗੁਰੂ ਮਹਾਰਾਜ ਜੀ ਅਨੰਦਪੁਰ ਸਾਹਿਬ ਸਨ, ਤਾਂ ਆਪ ਜੀ ਉਪਰ ਜੰਗਲ ਵਲ ਨੂੰ ਚਲੇ ਜਾਇਆ ਕਰਦੇ ਸੀ ਤੇ ਉਹ ਊਨਾ ਸਾਹਿਬ ਤੋਂ ਆਉਂਦੇ ਤੇ ਰਸਤੇ ਦੇ ਵਿੱਚ ਹਰ ਰੋਜ਼ ਦੋਹਾਂ ਦਾ ਮਿਲਾਪ ਹੋਇਆ ਕਰਦਾ ਸੀ। ਪਰਸਪਰ ਸਤਿਕਾਰ ਕਰਨਾ, ਕਿਉਂਕਿ ਗੁਰੂ ਕੁੱਲ ਦੇ ਸੀ ਤੇ ਗੁਰੂ ਦਸ਼ਮੇਸ਼ ਪਿਤਾ ਦੇ ਦਰਬਾਰ ਵਿੱਚ ਇੱਕ ਰਿਵਾਇਤ ਸੀ ਕਿ ਜੇ ਗੁਰੂ ਨਾਨਕ ਪਾਤਸ਼ਾਹ ਦਾ ਕੋਈ ਸਾਹਿਬਜ਼ਾਦਾ ਵੀ ਆ ਜਾਵੇ, ਬੇਦੀ ਲਿਬਾਸ ਦੇ ਅੰਦਰ ਤਾਂ ਉਹਨੂੰ ਪੰਜ ਸੌ ਮੋਹਰ ਤੇ ਦੁਸ਼ਾਲਾ ਦਿਆ ਕਰਦੇ ਸੀ। ਸੋ ਇਸ ਤਰ੍ਹਾਂ ਚਲਦੇ-ਚਲਦੇ ਪਰਸਪਰ ਸਤਿਕਾਰ ਬਣਿਆ ਰਿਹਾ, ਕਿਉਂਕਿ ਉਹ ਗੁਰੂ ਦੀ ਓਲਾਦ ਸਨ। ਉਹ ਬਿੰਦੀ ਵੰਸ ਸੀ ਤੇ ਇਧਰ ਨਾਦੀ ਵੰਸ ਸੀ। ਕਰਨੀ ਕਮਾਈ ਵਾਲੇ ਇੱਕ ਤੋਂ ਇੱਕ ਚੜ੍ਹਦੀ ਕਲਾ ਵਾਲੇ ਮਹਾਂਪੁਰਸ਼ ਆ ਰਹੇ ਸੀ ਤਾਂ ਇੱਕ ਦਿਨ ਦਾ ਐਸਾ ਜ਼ਿਕਰ ਆਇਆ ਕਿ ਜਦੋਂ ਪਤਾ ਲੱਗਿਆ ਕਿ ਗੁਰੂ ਦਸ਼ਮੇਸ਼ ਪਿਤਾ ਬੇਦੀ ਸਾਹਿਬਜ਼ਾਦਿਆਂ ਦਾ ਬਹੁਤ ਆਦਰ ਕਰਦੇ ਨੇ। ਇੱਥੇ ਤਕ ਕਰਦੇ ਨੇ ਕਿ ਪੰਜ ਸੌ ਮੋਹਰ ਸੋਨੇ ਦੀ ਸਿਰੋਪੇ ਵਜੋਂ ਉਨ੍ਹਾਂ ਨੂੰ ਭੇਟਾ ਕਰਦੇ ਨੇ ਤਾਂ ਕਈ ਪਾਖੰਡੀਆ ਦੇ ਮਨ ਵਿੱਚ ਇਹ ਲਾਲਚ ਆਇਆ ਕਿ ਕਿਉਂ ਨਾ ਆਪਾਂ ਪਾਖੰਡ ਕਰ ਲਈਏ। ਇਕ ਸੁਨਿਆਰਾ ਸੀ, ਉਸਨੇ ਪੂਰਾ ਹੀ ਰੂਪ ਬੇਦੀ ਸਾਹਿਬਜ਼ਾਦਿਆਂ ਦਾ ਧਾਰ ਕੇ, ਕਲਗੀ ਲਗਾ ਕੇ ਘੋੜਾ ਲੈ ਲਿਆ ਨਾਲ ਸੇਵਾਦਾਰ ਲੈ ਲਏ ਤੇ ਸਿੰਘਾਂ ਨੂੰ ਆ ਕੇ ਕਿਹਾ ਕਿ ਮੈਂ ਬੇਦੀ ਕੁਲ ਵਿਚੋਂ ਸਾਹਿਬਜ਼ਾਦਾ ਹਾਂ। ਗੁਰੂ ਦਸ਼ਮੇਸ਼ ਪਿਤਾ ਮਹਾਰਾਜ ਨੇ ਉਸੇ ਤਰ੍ਹਾਂ ਸਤਿਕਾਰ ਕਰਿਆ ਤੇ ਜਿਸ ਵਕਤ ਇਹ ਸਤਿਕਾਰ ਕਰਾ ਕੇ ਸਿਰੋਪਾ ਲੈ ਕੇ ਵਾਪਸ ਮੁੜਿਆ ਤਾਂ ਇਹਦੇ ਮਨ ਵਿੱਚ ਤਰਕ ਆਈ ਕਿ ਲਕੀਰ ਦਾ ਫਕੀਰ ਹੈ ਸੰਸਾਰ, ਕੋਈ ਅੰਤਰਜਾਮਤਾ ਨਹੀਂ, ਜੇ ਅੰਤਰਜਾਮੀ ਹੁੰਦੇ ਤਾਂ ਮੈਨੂੰ ਪਛਾਣ ਨਾ ਲੈਂਦੇ? ਮੈਂ ਤਾਂ ਲੁੱਟਣ ਵਾਸਤੇ ਆਇਆ ਸੀ। ਇਸ ਤੋਂ ਵੀ ਅੱਗੇ ਚਲਿਆ ਗਿਆ ਕਿ ਇਹ ਤਾਂ ਸਾਰੀ ਗੱਦੀ ਹੀ ਪਾਖੰਡ ਦੀ ਹੈ। ਗੁਰੂ ਨਾਨਕ ਵੀ ਇਹੋ ਜਿਹਾ ਹੀ ਹੋਣਾ। ਜਦੋਂ ਗੁਰੂ ਨਾਨਕ ਪਾਤਸ਼ਾਹ ਦਾ ਜ਼ਿਕਰ ਉਹਦੇ ਹਿਰਦੇ 'ਚ ਆਇਆ, ਉਸੇ ਵੇਲੇ ਮਹਾਰਾਜ ਨੇ ਇੱਕ ਦਮ ਸਾਵਧਾਨ ਹੋ ਕੇ ਹੁਕਮ ਦਿੱਤਾ ਪੰਜ ਸਿੰਘਾਂ ਨੂੰ ਕਿ ਜਾਓ, ਜਾ ਕੇ ਜਿਹੜਾ ਪਾਖੰਡੀ ਇੱਥੋਂ ਹੁਣੇ ਹੀ ਗਿਆ ਹੈ, ਉਹਦੀਆਂ ਮੁਸ਼ਕਾਂ ਦੇ ਕੇ ਲਿਆਓ। ਉਸੇ ਵੇਲੇ ਘੋੜਿਆਂ 'ਤੇ ਸਰਪੱਟ ਸਿੰਘ ਦੌੜੇ ਤੇ ਦਰਿਆ ਪਾਰ ਕਰਨ ਤੋਂ ਪਹਿਲਾਂ-ਪਹਿਲਾਂ ਓਸ ਨੂੰ ਜਾ ਘੇਰਿਆ। ਵਸਤਰ ਉਸ ਦੇ ਉਤਾਰ ਲਏ, ਸਿਰੋਪਾ ਖੋਹ ਲਿਆ ਤੇ ਜਿਵੇਂ ਹੁਕਮ ਸੀ ਉਸੇ ਤਰ੍ਹਾਂ ਗੁਰੂ ਮਹਾਰਾਜ ਜੀ ਅੱਗੇ ਪੇਸ਼ ਕੀਤਾ। ਮਹਾਰਾਜ ਕਹਿੰਦੇ, ਓ ਪ੍ਰੇਮੀਆਂ! ਸਾਡੇ ਬਾਰੇ ਤਾਂ ਤੂੰ ਕਹਿ ਲਿਆ ਸੀ, ਸਾਨੂੰ ਤਾਂ ਨਹੀਂ ਰਾਗ ਦਵੈਸ਼ ਇਸ ਗੱਲ

ਦਾ ਹੋਇਆ, ਠੀਕ ਹੈ; ਲੇਕਿਨ ਤੂੰ ਗੁਰੂ ਨਾਨਕ ਪਾਤਸ਼ਾਹ ਨੂੰ ਵੀ ਇਹ ਗੱਲ ਕਹੀ। ਸੋ ਉਸ ਨੂੰ ਛੱਡ ਦਿੱਤਾ। ਇਸ ਗੱਲ ਦਾ ਪਤਾ ਉਡਦਾ-ਉਡਦਾ ਬਾਬਾ ਕਲਾਧਾਰੀ ਨੂੰ ਜਦ ਪਹੁੰਚਿਆ। ਤਾਂ ਮਨ ਵਿੱਚ ਉਦਾਸੀ ਆਈ ਕਿ ਅੱਜ ਬੇਦੀ ਸਾਹਿਬਜ਼ਾਦੇ ਨੂੰ ਗੁਰੂ ਕਾ ਪੰਥ ਕੁੱਟਣਾ ਸ਼ੁਰੂ ਕਰ ਰਿਹਾ ਹੈ। ਕੱਲ੍ਹ ਨੂੰ ਮੇਰੇ ਤੱਕ ਵੀ ਹੱਥ ਪਹੁੰਚ ਸਕਦਾ, ਇਹ ਗੱਲ ਠੀਕ ਨਹੀਂ ਹੈ, ਕੁਛ ਥੋੜ੍ਹਾ ਨਰਾਜ਼ੀ ਕਰਕੇ; ਗੁਰੂ ਮਹਾਰਾਜ ਤਿੰਨ ਦਿਨ ਜਾਂਦੇ ਰਹੇ, ਬਾਬਾ ਜੀ ਤਿੰਨ ਦਿਨ ਆਏ ਨਾ। ਗੁਰੂ ਮਹਾਰਾਜ ਜੀ ਨੇ ਸੁਨੇਹਾ ਭੇਜਿਆ ਕਿ ਬਾਬਾ ਜੀ! ਕੀ ਗੱਲ ਹੈ? ਜ਼ਰੂਰ ਮਿਲੋ ਮਿਲ ਕੇ ਦੱਸੋ ਕਿ ਕੋਈ ਗੱਲ ਤਾਂ ਨਹੀਂ ਹੈ। ਜਦੋਂ ਆਪਸ ਵਿੱਚ ਮੇਲ ਹੋਇਆ ਤਾਂ ਕਹਿਣ ਲੱਗੇ ਮਹਾਰਾਜ! ਹੁਣ ਕਾਹਦਾ ਮੇਲ ਰਹਿ ਗਿਆ, ਤੁਹਾਡਾ ਪੰਥ ਤਾਂ ਸਾਡੇ ਸਾਹਿਬਜ਼ਾਦਿਆਂ ਨੂੰ ਕੁੱਟਦਾ ਹੈ ਤੇ ਹੁਣ ਤਾਂ ਸਾਨੂੰ ਡਰ ਕੇ ਹੀ ਰਹਿਣਾ ਪੈਣਾ ਹੈ ਤੁਹਾਡੇ ਤੋਂ। ਮਹਾਰਾਜ ਕਹਿੰਦੇ, ਬਾਬਾ ਜੀ! ਸਾਹਿਬਜ਼ਾਦਿਆਂ ਦਾ ਤਾਂ ਸਤਿਕਾਰ ਸਾਡੇ ਮਨ ਵਿੱਚ ਪੂਰਾ ਹੈ, ਗੁਰੂ ਨਾਨਕ ਦੀ ਓਲਾਦ ਹੈ, ਸਾਹਿਬਜ਼ਾਦੇ ਤਾਂ ਇੱਕ ਪਾਸੇ ਰਹੇ, ਉਸ ਘਰ ਦੇ ਤਾਂ ਕੁੱਤਿਆਂ ਦਾ ਵੀ ਅਸੀਂ ਸਤਿਕਾਰ ਕਰਦੇ ਹਾਂ। ਇਹ ਤਾਂ ਇੱਕ ਪਾਖੰਡੀ ਆ ਗਿਆ ਸੀ ਇਸ ਪਾਖੰਡੀ ਨੇ ਆ ਕੇ ਗੁਰੂ ਗੱਦੀ ਦੀ ਨਿੰਦਿਆ ਕੀਤੀ, ਜਿੰਨਾਂ ਚਿਰ ਸਾਡੇ ਬਾਰੇ ਕਹਿ ਰਿਹਾ ਸੀ, ਅਸੀਂ ਚੁੱਪ ਕਰ ਰਹੇ, ਜਦੋਂ ਉਹਨੇ ਗੁਰੂ ਨਾਨਕ ਪਾਤਸ਼ਾਹ ਜੀ ਦੇ ਬਾਰੇ ਇਹ ਗੱਲ ਕਹੀ ਉਸ ਵੇਲੇ ਤਾਂ ਫੇਰ ਸਿਰੇ ਹੀ ਗੱਲ ਲੱਗ ਗਈ, ਫੇਰ ਉਹਦਾ ਸਿਰੋਪਾ ਅਸੀਂ ਵਾਪਸ ਕਰ ਲਿਆ ਤੇ ਫੇਰ ਉਹਨੂੰ ਥੋੜ੍ਹਾ ਚਾਹਟਾ ਵੀ ਛਕਾਇਆ ਤਾਂ ਕਿ ਅੱਗੇ ਵਾਸਤੇ ਕੋਈ ਪਾਖੰਡੀ ਨਾ ਆਵੇ। ਕਹਿੰਦੇ ਉਹ ਤਾਂ ਠੀਕ ਹੈ, ਪਰ ਭੇਖ ਦੀ ਤਾਂ ਲਾਜ ਰੱਖ ਲੈਣੀ ਸੀ? ਮਹਾਰਾਜ ਕਹਿੰਦੇ, ਭੇਖ ਅਸੀਂ ਲਾਹ ਲਿਆ ਸੀ ਪਹਿਲਾਂ, ਫੇਰ ਮੁਰੰਮਤ ਕਰੀ ਹੈ ਉਹਦੀ। ਸੋ ਤੁਸੀਂ ਆਪਣੀ ਖੁਸ਼ੀ ਦੱਸੋ, ਕਹਿੰਦੇ ਖੁਸ਼ੀਆਂ ਤਾਂ ਨੇ ਕਿ ਗੁਰੂ ਨਾਨਕ ਦੀ ਕੁੱਲ ਦੇ ਅੰਦਰ ਪੂਰਨ ਮਹਾਂਪੁਰਸ਼ ਕੋਈ ਆਵੇ। ਤਾਂ ਉਸ ਵੇਲੇ ਗੁਰੂ ਮਹਾਰਾਜ ਨੇ ਕਿਹਾ ਕਿ ਇਹ ਜੋਤ ਹੈ ਖਾਲਸੇ ਦੀ, ਖਾਲਸੇ ਦੇ ਵਿੱਚ ਹੀ ਜਗਣੀ ਹੈ, ਜਦ ਤੱਕ ਕਲਜੁਗ ਰਹਿਣਾ ਹੈ, 'ਨਾਮ' ਦੀ ਜੋਤ ਖਾਲਸੇ ਦੇ ਵਿੱਚ ਜਗਦੀ ਰਹਿਣੀ ਹੈ ਤੇ ਤੁਸੀਂ ਅੰਮ੍ਰਿਤਧਾਰੀ ਹੋ ਜਾਓ। ਆਪਣੇ ਪੁੱਤਰ ਨੂੰ ਅੰਮ੍ਰਿਤ ਛਕਾਓ। ਉਸਦੇ ਘਰ ਬਹੁਤ ਕਲਾਵਾਨ ਪੁਰਸ਼ ਆਏਗਾ, ਬਹੁਤ ਵੱਡੀ ਰੂਹ ਆਏਗੀ। ਸੋ ਉਸ ਵੇਲੇ ਬਾਬਾ ਅਜੀਤ ਸਿੰਘ ਜੋ ਉਨ੍ਹਾਂ ਦੇ ਲੜਕੇ ਸਨ ਉਨ੍ਹਾਂ ਨੂੰ ਅੰਮ੍ਰਿਤ ਛਕਾਇਆ, ਉਸ ਵੇਲੇ 1813 ਦੇ ਵਿੱਚ ਚੇਤ ਸੁਕਰ ਪੰਚਮੀ ਵਾਲੇ ਦਿਨ ਬਾਬਾ ਜੀ ਨੇ ਅਵਤਾਰ ਧਾਰਿਆ, ਆਪ ਜੀ ਬਚਪਨ ਤੋਂ ਹੀ ਬਹੁਤ ਕਰਨੀ ਕਮਾਈ ਵਾਲੇ ਸੀ। ਜਦੋਂ ਅਜੇ ਬੱਚੇ ਹੀ ਸੀ ਉਸ ਵੇਲੇ ਹੀ ਲੋਕਾਂ ਨੂੰ ਬਹੁਤ ਵੱਡੇ-ਵੱਡੇ ਕੌਤਕ ਦਿਸਣੇ ਸ਼ੁਰੂ ਹੋ ਗਏ ਸੀ।

ਉਸੇ ਊਨੇ ਪਿੰਡ ਦੇ ਅੰਦਰ ਇਕ ਬਹੁਤ ਵੱਡਾ ਵੇਦਾਂਤੀ, ਪੜ੍ਹਿਆ ਲਿਖਿਆ, ਵਿਦਵਾਨ ਜਿਸਦਾ ਨਾਮ ਪ੍ਰਬੋਧਾ ਸੀ, ਬ੍ਰਾਹਮਣ ਸੀ, ਜੋ ਵਿਦਿਆ ਪੜ੍ਹਾਇਆ ਵੀ ਕਰਦਾ ਸੀ ਤੇ ਉਹਨੇ ਜਦੋਂ ਬਾਬਾ ਜੀ ਬਾਰੇ ਸੁਣਿਆ, ਬਈ ਬਾਲ ਸਾਹਿਬ ਸਿੰਘ ਜੀ ਜਮਾਂਦਰੂ ਹੀ ਧੁਰ ਤੋਂ ਵਿਦਿਆ ਦੇ ਮਾਲਕ ਨੇ ਤੇ ਮੇਰਾ ਮਨ ਸ਼ਾਂਤ ਨਹੀਂ ਰਹਿੰਦਾ, ਮੈਂ ਕਿਉਂ ਨਾ ਬਾਬਾ ਜੀ ਕੋਲ ਜਾਵਾਂ ਤੇ ਜਾ ਕੇ ਮੈਂ ਇਸਦਾ ਕੋਈ ਉਪਾਅ ਪੁੱਛਾਂ।

*ਪਾਠੁ ਪੜਿਓ ਅਰੁ ਬੇਦੁ ਬੀਚਾਰਿਓ*
*ਨਿਵਲਿ ਭੁਅੰਗਮ ਸਾਧੇ ॥*
*ਪੰਚ ਜਨਾ ਸਿਉ ਸੰਗੁ ਨ ਛੁਟਕਿਓ*
*ਅਧਿਕ ਅਹੰਬੁਧਿ ਬਾਧੇ ॥ ੧ ॥*
*ਪਿਆਰੇ ਇਨ ਬਿਧਿ ਮਿਲਣੁ ਨ ਜਾਈ*
*ਮੈ ਕੀਏ ਕਰਮ ਅਨੇਕਾ ॥*
*ਹਾਰਿ ਪਰਿਓ ਸੁਆਮੀ ਕੈ ਦੁਆਰੈ*
*ਦੀਜੈ ਬੁਧਿ ਬਿਬੇਕਾ ॥* *ਅੰਗ - ੬੪੧*

ਜਦੋਂ ਤੱਕ ਗਿਆਨ ਦੀ ਬੁੱਧੀ ਯਥਾਰਥ ਰੂਪ ਦੇ ਅੰਦਰ ਪ੍ਰਾਪਤ ਨਹੀਂ ਹੁੰਦੀ। ਦੋ ਤਰ੍ਹਾਂ ਦਾ ਗਿਆਨ ਹੁੰਦਾ ਹੈ ਇੱਕ ਨੂੰ ਤਾਂ ਬੁੱਧੀ ਮੰਡਲ ਦਾ ਗਿਆਨ ਕਹਿੰਦੇ ਨੇ, ਇੱਕ ਹੁੰਦਾ ਹੈ ਸ਼ਬਦ ਦੀ ਕਮਾਈ ਕਰਨ ਤੋਂ ਬਾਅਦ ਅਨੁਭਵ ਦੇ ਵਿੱਚ ਆਪਣੇ ਆਪ ਹੀ ਪ੍ਰਗਟ ਹੋਣਾ ਸ਼ੁਰੂ ਹੋ ਜਾਂਦਾ ਹੈ। ਪਹਿਲਾ ਗਿਆਨ ਜਿਹੜਾ ਹੈ ਉਹ ਇਸ ਤਰ੍ਹਾਂ ਹੈ ਜਿਵੇਂ ਪਤਾ ਲਗ ਜਾਵੇ ਕਿ ਧਰਤੀ ਦੇ ਵਿੱਚ ਪਾਣੀ ਹੈ। ਐਉਂ ਵੀ ਪਤਾ ਲਗ ਜਾਵੇ ਕਿ ਦੋ ਫੁੱਟ ਪੁੱਟਾਂ ਤਾਂ ਪਾਣੀ ਆ ਜਾਵੇ, ਲੇਕਿਨ ਪਿਆਸਾ ਮਰ ਜਾਵੇ, ਕਿਉਂਕਿ ਪੁਟਾਈ ਕਰਨ ਵਾਸਤੇ ਇਹਦੇ ਕੋਲ ਕੋਈ ਚੀਜ਼ ਨਹੀਂ ਹੈ। ਜੋ ਅਨੁਭਵ ਦਾ ਗਿਆਨ ਹੁੰਦਾ ਹੈ ਉਹ ਇਸ ਤਰ੍ਹਾਂ ਦਾ ਗਿਆਨ ਹੈ ਜਿਵੇਂ ਬੋਰ ਕੀਤੇ ਹੋਏ, ਬਿਜਲੀ ਲੱਗੀ ਹੋਈ ਹੈ, ਹਵਾ ਨਿਕਲੀ ਹੋਈ ਹੈ, ਰਿਫਲੈਕਸ ਵਾਲਵ (reflex valve) ਤੱਕ ਪਾਣੀ ਭਰਿਆ ਹੋਇਆ ਹੈ ਤੇ ਬਟਨ ਦੱਬਿਆ ਤੇ ਉਸੇ ਵੇਲੇ ਪਾਣੀ ਆ ਜਾਂਦਾ ਹੈ। ਸੋ ਦੋਹਾਂ ਗਿਆਨਾਂ ਦਾ ਫਰਕ ਹੁੰਦਾ ਹੈ। ਉਹ ਗਿਆਨ ਸ਼ਾਂਤੀ ਨਹੀਂ ਦਿੰਦਾ ਜੋ ਬੁੱਧੀ ਮੰਡਲ ਦਾ ਗਿਆਨ ਹੈ, ਉਸ ਵਿੱਚ ਬੋਲ ਸਕਦਾ ਹੈ ਆਦਮੀ, ਵੱਡੇ-ਵੱਡੇ ਪ੍ਰਮਾਣ ਦੇ ਸਕਦਾ ਹੈ, ਸਾਰੀ ਸਭਾ ਨੂੰ ਚੁੱਪ ਕਰਾ ਸਕਦਾ ਹੈ, ਪਰ ਜੀਵਨ ਉਸਦਾ ਉਸ ਤੋਂ ਵਿਪਰੀਤ ਹੁੰਦਾ ਹੈ, ਮਨ ਸ਼ਾਂਤ ਨਹੀਂ ਹੋਇਆ ਕਰਦਾ, ਮਨ ਵਿੱਚ ਅਸ਼ਾਂਤੀ ਰਹਿੰਦੀ ਹੈ। ਸੋ ਬਾਬਾ ਜੀ ਦੇ ਪਾਸ ਜਾਂਦਾ ਹੈ, ਜਾ ਕੇ ਬੇਨਤੀ ਕਰਦਾ ਹੈ ਕਿ ਬਾਬਾ ਜੀ ਮੈਂ ਬਹੁਤ ਪੜ੍ਹਿਆ ਲਿਖਿਆ ਬੰਦਾ ਹਾਂ। ਜਿਸ ਤਰ੍ਹਾਂ ਗੁਰੂ ਨਾਨਕ ਪਾਤਸ਼ਾਹ ਨੂੰ ਪਾਧੇ ਨੇ ਪੁੱਛਿਆ ਸੀ, ਠੀਕ ਇਸੇ ਤਰ੍ਹਾਂ ਇਸ ਵਿਦਵਾਨ ਨੇ ਸਵਾਲ ਕਰਿਆ ਕਿ ਮੇਰਾ ਮਨ ਸ਼ਾਂਤ ਨਹੀਂ ਹੈ ਤੇ ਮੈਂ ਗਿਆਨ ਬਾਰੇ ਵੀ ਪੜ੍ਹਦਾ ਹਾਂ। ਜੋ ਅਭਿਆਸ ਲਿਖੇ ਹੋਏ ਨੇ ਉਹ ਵੀ ਮੈਂ ਕਰਦਾ ਹਾਂ, ਪਰ ਮੇਰਾ ਮਨ ਸ਼ਾਂਤ ਕਿਉਂ ਨਹੀਂ ਹੁੰਦਾ? ਬਾਬਾ ਜੀ ਕਹਿਣ ਲੱਗੇ ਕਿ ਪਾਧਾ

ਜੀ, ਪੰਡਤ ਜੀ, ਮਨ ਦੀ ਅਸ਼ਾਂਤੀ ਦਾ ਕਾਰਨ ਪੰਜ ਕਲੇਸ਼ ਨੇ, ਜੋ ਹਰੇਕ ਬੰਦੇ ਦੇ ਮਨ ਵਿੱਚ ਪਏ ਹੋਏ ਨੇ। ਅਵਿਦਿਆ ਹੈ, ਅਸਿਮਿਤਾ ਹੈ, ਅਭਿਨਿਵੇਸ਼ ਹੈ, ਰਾਗ ਹੈ, ਦਵੈਸ਼ ਹੈ, ਇਹ ਆਦਮੀ ਦੇ ਮਨ ਨੂੰ ਰਿੜਕਦੇ ਰਹਿੰਦੇ ਨੇ। ਇਨ੍ਹਾਂ ਸਾਰਿਆਂ ਦਾ ਜੋ ਵੱਡਾ ਸੋਮਾ ਹੈ, ਉਹ ਹਉਮੈ ਹੈ, ਹਉਮੈ ਕਰਕੇ ਪ੍ਰਮੇਸ਼ਰ ਨਾਲ ਰਹਿੰਦਾ ਹੋਇਆ, ਹਰੇਕ ਦੇ ਅੰਦਰ ਹੈ ਰੱਬ, ਕੋਈ ਐਹੋ ਜਿਹਾ ਨਹੀਂ ਜਿਹਦੇ ਅੰਦਰ ਰੱਬ ਨਹੀਂ ਚਾਹੇ ਪਾਪ ਕਰਨ ਵਾਲਾ ਹੈ, ਚਾਹੇ ਪੁੰਨ ਕਰਨ ਵਾਲਾ ਹੈ, ਪ੍ਰਮੇਸ਼ਰ ਹਰੇਕ ਦੇ ਅੰਦਰ ਪ੍ਰੀਪੂਰਨ ਹੈ। ਲੇਕਿਨ ਜੋ ਹਉਮੈ ਦਾ ਤੱਤ ਜਿਹਨੂੰ ਦੋ ਹਿੱਸਿਆਂ 'ਚ ਜੇ ਵੰਡੀਏ ਤਾਂ ਹੰਗਤਾ ਤੇ ਮਮਤਾ ਦਾ ਬਣਦਾ ਹੈ, ਮੈਂ ਤੇ ਮੇਰੀ ਦਾ; ਇਸ ਤੋਂ ਸਾਰੇ ਹੀ ਕਲੇਸ਼ ਉਪਜਦੇ ਨੇ ਕਿਉਂਕਿ ਪ੍ਰਮੇਸ਼ਰ ਦੇ ਨਾਮ ਨਾਲੋਂ ਟੁੱਟ ਜਾਂਦਾ ਹੈ, ਇਸ ਤਰ੍ਹਾਂ ਮਹਾਰਾਜ ਫੁਰਮਾਨ ਕਰਦੇ ਨੇ –

*ਧਾਰਨਾ – ਸਾਰੇ ਜਗ ਨੂੰ ਹਰੀ ਦੇ ਨਾਲੋਂ*
*ਤੋੜਿਆ ਹਉਮੈ ਵਾਲਾ ਰੋਗ ਹੈ ਬੁਰਾ।*

*ਹਉਮੈ ਏਹਾ ਜਾਤਿ ਹੈ*
*ਹਉਮੈ ਕਰਮ ਕਮਾਹਿ ॥*
*ਹਉਮੈ ਏਈ ਬੰਧਨਾ ਫਿਰਿ ਫਿਰਿ*
*ਜੋਨੀ ਪਾਹਿ ॥ ਹਉਮੈ ਕਿਥਹੁ ਊਪਜੈ ਕਿਤੁ*
*ਸੰਜਮਿ ਇਹ ਜਾਇ ॥ ਹਉਮੈ ਏਹੋ ਹੁਕਮੁ ਹੈ*
*ਪਇਐ ਕਿਰਤਿ ਫਿਰਾਹਿ ॥ ਹਉਮੈ ਦੀਰਘ ਰੋਗੁ*
*ਹੈ ਦਾਰੂ ਭੀ ਇਸੁ ਮਾਹਿ ॥*
*ਕਿਰਪਾ ਕਰੇ ਜੇ ਆਪਣੀ*
*ਤਾ ਗੁਰ ਕਾ ਸਬਦੁ ਕਮਾਹਿ ॥*
*ਨਾਨਕੁ ਕਹੈ ਸੁਣਹੁ ਜਨਹੁ*
*ਇਤੁ ਸੰਜਮਿ ਦੁਖ ਜਾਹਿ॥ ਅੰਗ – ੪੬੬*

ਵੇਦ ਪੜ੍ਹ ਲੈਣੇ, ਵੇਦਾਂਤ ਦੇ ਸਾਸ਼ਤਰ ਪੜ੍ਹ ਲੈਣੇ, ਛਿਈ ਸਾਸ਼ਤਰ ਪੜ੍ਹ ਲੈਣੇ, ਇਨ੍ਹਾਂ ਨਾਲ ਹਉਮੈ ਦਾ ਰੋਗ ਨਹੀਂ ਜਾਇਆ ਕਰਦਾ। ਹਉਮੈ ਰੋਗ ਹੈ ਤੇ ਇਹਦੀ ਦਾਰੂ ਜੋ ਹੈ, ਗੁਰੂ ਦਾ ਸ਼ਬਦ ਹੈ, ਜਦ ਤੱਕ ਗੁਰੂ ਦੇ ਹਾਜ਼ਰ ਹੋ ਕੇ ਸ਼ਬਦ ਦੀ ਪ੍ਰਾਪਤੀ ਨਹੀਂ ਕਰਦਾ, ਹਉਮੈ ਦਾ ਨਾਸ਼ ਹੋਣਾ ਅਸੰਭਵ ਹੈ, ਨਹੀਂ ਹੋ ਸਕਦਾ।

ਗੁਰੂ ਦਸ਼ਮੇਸ਼ ਪਿਤਾ ਦੇ ਪਾਸ ਪੀਰ ਬੁੱਧੂ ਸ਼ਾਹ ਆਉਂਦਾ ਹੈ ਆਪ ਨੇ ਇੱਕ ਬਚਨ ਸੁਣਿਆ ਗੁਰੂ ਗ੍ਰੰਥ ਸਾਹਿਬ ਦਾ –

*ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ ॥*
*ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ ॥*
*ਅੰਗ – ੫੫੦*

ਏਸ ਸਰੀਰ ਦੇ ਉੱਤੇ ਦੋ ਪੰਖੀ ਬੈਠੇ ਨੇ, ਇੱਕ ਜੀਵ ਰੂਪੀ ਪੰਛੀ ਹੈ, ਇੱਕ ਆਤਮਾ ਰੂਪੀ ਪੰਛੀ ਹੈ, ਇੱਕ ਉਡਦਾ-ਨੱਠਦਾ ਭੱਜਦਾ ਫਿਰਦਾ ਹੈ –

*ਜੇਤਾ ਉਡਹਿ ਦੁਖ ਘਣੇ*
*ਨਿਤ ਦਾਝਹਿ ਤੈ ਬਿਲਲਾਹਿ॥ ਅੰਗ – ੬੬*

ਇੱਕ ਉਹ ਹੈ ਜਿਹੜਾ ਆਉਂਦਾ ਨਹੀਂ ਜਾਂਦਾ ਨਹੀਂ, ਤੇ ਪਰਮ ਅਨੰਦ ਵਿੱਚ ਰਹਿੰਦਾ ਹੈ, ਭੁਲੇਖਾ ਪੈ ਗਿਆ ਕਿ ਮੈਂ ਕਿਹੜਾ ਹੋਇਆ। ਹੁਣ ਇਹਦੇ ਵਾਸਤੇ ਸਾਸ਼ਤਰ ਪੜ੍ਹਦਾ ਹੈ, ਕੁਰਾਨ ਸ਼ਰੀਫ ਪੜ੍ਹਦਾ ਹੈ, ਹੋਰ ਅਨੇਕਾਂ ਗ੍ਰੰਥ ਪੜ੍ਹਦਾ ਹੈ, ਲੇਕਿਨ ਗਿਆਨ ਨਹੀਂ ਹੋ ਰਿਹਾ। ਸ਼ਾਂਤੀ ਨਹੀਂ ਆ ਰਹੀ, ਮਨ 'ਚ ਆਇਆ ਕਿ ਗੁਰੂ ਨਾਨਕ ਦੀ ਜੋ ਗੱਦੀ ਹੈ, ਉਹ ਸਾਰੇ ਕਲਜੁਗ ਦੇ ਅੰਦਰ ਮੰਨੀ ਪ੍ਰਮੰਨੀ ਹੈ ਕਿਉਂ ਨਾ ਮੈਂ ਲੋਕ ਲਾਜ ਲਾਹ ਕੇ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਸ਼ਰਨ ਜਾ ਕੇ, ਏਸ ਗੱਲ ਦਾ ਨਿਰਣਾ ਕਰਾਂ। ਸੋ ਸੌਢੋਰੇ ਤੋਂ ਤਿਆਰ ਹੋ ਕੇ ਪਾਉਂਟੇ ਸਾਹਿਬ ਨੂੰ ਜਾਂਦਾ ਹੈ, ਬਹੁਤ ਸਾਰੇ ਮੁਰੀਦ ਨਾਲ ਲੈ ਲਏ ਤੇ ਮਨ ਵਿੱਚ ਖਿਆਲ ਕਰਦਾ ਹੈ ਕਿ ਮਹਾਂਪੁਰਸ਼ਾਂ ਨੂੰ ਜਿਸ ਤਰ੍ਹਾਂ ਮਿਲਣਾ ਚਾਹੀਦਾ ਹੈ, ਉਸੇ ਤਰ੍ਹਾਂ ਮਿਲਾਂਗਾ। ਚਰਨਾਂ 'ਚ ਲਿਟ ਜਾਵਾਂਗਾ, ਜਦੋਂ ਤਕ ਮੇਰੇ ਸ਼ੰਕੇ ਦਾ ਸਮਾਧਾਨ ਨਹੀਂ ਕਰਾਉਂਦੇ ਓਨੀਂ ਦੇਰ ਤਕ ਮੈਂ ਚਰਨ ਨਹੀਂ ਛੱਡਾਂਗਾ। ਬੜੀ ਸ਼ੁਭ ਭਾਵਨਾ ਦੇ ਨਾਲ ਘਰ ਤੋਂ ਚੱਲਿਆ। ਅੱਗੇ ਜਦ ਨੇੜੇ ਜਾਂਦਾ ਹੈ ਕੀ ਦੇਖਦਾ ਹੈ ਦੀਵਾਨ ਲੱਗਿਆ ਹੋਇਆ ਹੈ ਤੇ ਗੁਰੂ ਮਹਾਰਾਜ ਜੀ ਸਸ਼ੋਭਤ ਨੇ, ਇੱਕ ਪਾਸੇ ਸਾਰੇ ਸਸ਼ਤਰਧਾਰੀ ਸੂਰਮੇ ਬੈਠੇ ਨੇ, ਇੱਕ ਪਾਸੇ ਗੁਰਮੁਖ ਬੈਠੇ ਨਾਮ ਜਪਦੇ ਨੇ, ਕੋਈ ਰਸਨਾ ਨਾਲ ਨਾਮ ਜਪ ਰਿਹਾ ਹੈ, ਕੋਈ ਸਵਾਸ ਨਾਲ ਜਪ ਰਿਹਾ ਹੈ, ਕੋਈ ਕੰਠ ਵਿੱਚ ਜਪ ਰਿਹਾ ਹੈ, ਕੋਈ ਹਿਰਦੇ 'ਚ ਜਾਪ ਕਰ ਰਿਹਾ ਹੈ, ਕੋਈ ਨਾਭੀ ਵਿੱਚ ਜਾਪ ਕਰ ਰਿਹਾ ਹੈ, ਕੋਈ ਆਗਿਆ ਚੱਕਰ 'ਚ, ਕੋਈ ਤ੍ਰਿਕੁਟੀ 'ਚ ਜਾਪ ਕਰ ਰਿਹਾ ਹੈ, ਕੋਈ ਰੋਮ-ਰੋਮ ਦਾ ਅਭਿਆਸ ਕਰ ਰਿਹਾ ਹੈ, ਅਜਪਾ ਜਾਪ ਦੇ ਵਿੱਚ ਸੁਰਤ ਸਾਰਿਆਂ ਦੀ ਸਮਾਈ ਹੋਈ ਤੇ ਨੇਤਰ ਗੁਰੂ ਦੇ ਮੁਖ ਵਲ ਇਸ ਤਰ੍ਹਾਂ ਲੱਗੇ ਹੋਏ ਨੇ ਕਿ ਜਿਵੇਂ ਹਜ਼ਾਰਾਂ ਚਕੋਰਾਂ ਚੰਦਰਮਾ ਵਲ ਦੇਖਦੀਆ ਨੇ। ਉਮਰ ਦਾ ਭੁਲੇਖਾ ਪੈ ਗਿਆ ਪੀਰ ਨੂੰ ਕਿ ਇਹ ਤਾਂ 22 ਕੁ ਸਾਲ ਦੇ ਲਗਦੇ ਨੇ ਤੇ ਮੈਂ ਭਰ ਜਵਾਨੀ ਲੰਘ ਕੇ ਬੁਢੇਪੇ 'ਚ ਆਇਆ ਹੋਇਆ ਹਾਂ ਤੇ ਜੇ ਮੈਂ ਚਰਨਾਂ 'ਚ ਜਾ ਕੇ ਲਿਟ ਗਿਆ ਤਾਂ ਮੇਰੇ ਮੁਰੀਦ ਕੀ ਕਹਿਣਗੇ? ਇਹ ਸਾਰੇ ਅਸ਼ਰਧਕ ਹੋ ਜਾਣਗੇ, ਇਨ੍ਹਾਂ ਦੇ ਮਨ ਵਿੱਚ ਮੇਰਾ ਪ੍ਰਭਾਵ ਖਤਮ ਹੋ ਜਾਏਗਾ। ਗੁਰੂ ਮਹਾਰਾਜ ਦੇ ਕੋਲ ਜਦ ਪਹੁੰਚਦਾ ਹੈ, ਜਾ ਕੇ ਦਸਤਪੰਜਾ ਲੈਣ ਵਾਸਤੇ ਹੱਥ ਵਧਾਇਆ। ਮਹਾਰਾਜ ਜੀ ਨੇ ਪੋਲਾ ਜਿਹਾ ਹੱਥ ਦਬਾਇਆ ਇਹਦਾ, ਕਿਹਾ ਕਿ ਦੱਸੋ ਪੀਰ ਜੀ! ਕਿਵੇਂ ਆਏ ਹੋ? ਕਹਿੰਦੇ, ਅੱਲਾ ਤੇ ਰੂਹ ਦਾ ਮਿਲਾਪ ਕਿਵੇਂ ਹੋਵੇ? ਮਹਾਰਾਜ ਕਹਿੰਦੇ, ਜਿਵੇਂ ਦਿਨ ਤੇ ਰਾਤ ਦਾ ਹੁੰਦਾ ਹੈ। ਹੈਰਾਨ ਹੋ ਗਿਆ ਕਿ ਦਿਨ ਤਾਂ ਰਾਤ ਨੂੰ ਕਦੇ ਮਿਲਿਆ ਹੀ ਨਹੀਂ ਹੈ, ਜੇ ਰਾਤ ਹੈ ਤਾਂ ਦਿਨ ਨਹੀਂ ਹੈ ਜੇ ਦਿਨ ਹੈ ਤਾਂ ਰਾਤ ਨਹੀਂ ਹੈ। ਹੈਰਾਨ ਹੋ ਕੇ ਸੋਚੀ ਜਾਂਦਾ ਹੈ ਕਿ ਕੀ ਸਵਾਲ ਕਰਾਂ ਗੁਰੂ ਮਹਾਰਾਜ ਨੇ ਤਾਂ ਰਮਜ਼ ਮਾਰ ਦਿੱਤੀ। ਹੁਣ ਮੈਂ ਕੀ ਕਹਾਂ? ਕਹਿੰਦਾ, ਮਹਾਰਾਜ! ਮੈਂ ਸਮਝਿਆ ਨਹੀਂ ਕਹਿੰਦੇ, ਜਿਵੇਂ ਸਮਝਿਆ

ਹੈਂ, ਉਵੇਂ ਜਿਵੇਂ ਹੀ ਹੈ, ਸਮਝ ਤਾਂ ਗਿਆ ਸੀ। ਕਹਿੰਦਾ ਮਹਾਰਾਜ! ਮੈਂ ਤਾਂ ਇਹ ਪੁੱਛਦਾ ਹਾਂ ਕਿ ਰੂਹ ਦਾ ਤੇ ਅੱਲਾ ਦਾ ਮਿਲਾਪ ਕਿਵੇਂ ਹੁੰਦਾ ਹੈ? ਜੀਵ ਦਾ ਤੇ ਰੱਬ ਦਾ ਕਿਵੇਂ ਮਿਲਾਪ ਹੁੰਦਾ ਹੈ? ਮਹਾਰਾਜ ਕਹਿੰਦੇ, ਜਿਵੇਂ ਸੱਚ ਤੇ ਝੂਠ ਦਾ ਹੁੰਦਾ ਹੈ। ਕਹਿੰਦਾ, ਮਹਾਰਾਜ! ਮੈਂ ਸਮਝਿਆ ਨਹੀਂ ਹਾਂ, ਕ੍ਰਿਪਾ ਕਰਕੇ ਸਮਝਾਓ। ਮਹਾਰਾਜ ਕਹਿਣ ਲੱਗੇ ਕਿ ਦੇਖੋ, ਜਦੋਂ ਸੂਰਜ ਚੜ੍ਹ ਜਾਂਦਾ ਹੈ, ਰਾਤ ਖਤਮ ਹੋ ਜਾਇਆ ਕਰਦੀ ਹੈ ਤੇ ਜਦੋਂ ਸੱਚ ਆ ਜਾਂਦਾ ਹੈ, ਝੂਠ ਦਾ ਨਾਮ ਨਿਸ਼ਾਨ ਨਹੀਂ ਰਹਿੰਦਾ। ਸੱਚ ਆਉਣਾ ਚਾਹੀਦਾ ਹੈ, ਸੱਚ ਦੀ ਪ੍ਰਾਪਤੀ ਹੋਣੀ ਚਾਹੀਦੀ, ਕੂੜ ਛੱਡ ਦੇਣਾ ਚਾਹੀਦਾ ਹੈ। ਕਹਿੰਦਾ, ਮਹਾਰਾਜ! ਕੂੜ ਛੁੱਟਦਾ ਨਹੀਂ, ਸੱਚ ਪ੍ਰਾਪਤ ਕਿਵੇਂ ਹੋਵੇ? ਮਹਾਰਾਜ ਕਹਿੰਦੇ, ਕੂੜ ਤਾਂ ਆਪ ਆਪਣੇ ਦੁਆਲੇ ਇਕੱਠਾ ਕਰੀਦਾ, ਹੁਣ ਤੂੰ ਘਰੋਂ ਕਹਿੰਦਾ ਸੀ ਕਿ ਮੈਂ ਜਾ ਕੇ ਚਰਨਾਂ 'ਤੇ ਲਿਟ ਜਾਣਾ, ਇਥੇ ਆ ਕੇ ਤੈਨੂੰ ਕੂੜ ਨੇ ਘੇਰ ਲਿਆ ਕਿ ਮੈਂ ਪੀਰ ਹਾਂ ਵੱਡਾ ਜੇ ਮੈਂ ਚਰਨਾਂ 'ਤੇ ਪਿਆ ਤਾਂ ਇਨ੍ਹਾਂ ਨੇ ਕਹਿਣਾ ਹੈ ਕਿ ਪੀਰ ਦੇ ਵਿੱਚ ਤਾਂ ਕੋਈ ਸੱਤਿਆ ਹੀ ਨਹੀਂ, ਇਹ ਨਾਸਤਕ ਹੋ ਜਾਣਗੇ, ਅਸ਼ਰਧਕ ਹੋ ਜਾਣਗੇ ਤੇ ਝੂਠ ਛੱਡ ਦੇ। ਕਹਿੰਦਾ, ਮਹਾਰਾਜ! ਇਹਨੂੰ ਛੱਡਣ ਵਾਸਤੇ ਤਾਂ ਮੈਂ ਬੜੇ ਤਪ ਕੀਤੇ, ਬੜੇ ਜੋਹਦ ਕੀਤੇ ਤੇ ਹੱਜ ਕੀਤੇ, ਬੜੇ ਦਾਨ ਕੀਤੇ, ਲੰਗਰ ਚਲਾਏ, ਹੋਰ ਵੀ ਅਨੇਕਾਂ ਨੇਕੀ ਦੇ ਕੰਮ ਕਰੇ, ਮਹਾਰਾਜ ਕਹਿੰਦੇ, ਇਹ ਤਾਂ ਤੂੰ ਸੰਗਲ ਬੰਨ੍ਹ ਲਏ ਹੋਰ। ਨੇਕੀ ਦੇ ਕੰਮ ਕੀਤੇ ਪਰ ਹੰਗਤਾ ਧਾਰ ਕੇ ਕੀਤੇ। ਹੰਗਤਾਂ ਧਾਰ ਕੇ ਜਦ ਨੇਕੀ ਕੀਤੀ ਜਾਂਦੀ ਹੈ ਤਾਂ ਹਉਮੈ ਦਾ ਸੰਗਲ ਆਲੇ-ਦੁਆਲੇ ਹੋਰ ਵਧ ਜਾਂਦਾ ਹੈ। ਕਹਿੰਦੇ, ਉਹ ਤਾਂ ਤੂੰ ਹੋਰ ਬੰਨ੍ਹ ਲਏ। ਕਹਿੰਦਾ ਮਹਾਰਾਜ! ਛੁਟਦੇ ਨਹੀਂ। ਮਹਾਰਾਜ ਕਹਿੰਦੇ, ਝੂਠ ਦਾ ਪੜਦਾ ਲਾਹ ਦੇ, ਖੁੱਲ੍ਹ ਕੇ ਨੱਚ। ਗੱਲ ਸਮਝ 'ਚ ਆਉਣੀ ਸ਼ੁਰੂ ਹੋ ਗਈ, ਹੌਲੀ-ਹੌਲੀ। ਗੁਰੂ ਮਹਾਰਾਜ ਨੇ ਹੱਥ ਦਬਾਇਆ ਜ਼ੋਰ ਦੀ, ਕਹਿੰਦੇ ਝੂਠ ਨੂੰ ਛੱਡ ਦੇ। ਕਹਿੰਦਾ, ਮਹਾਰਾਜ! ਛੱਡ ਨਹੀਂ ਹੁੰਦਾ। ਕਹਿੰਦੇ, ਹੁਕਮ 'ਚ ਆ ਜਾ, ਜੋ ਕੁਛ ਵੀ ਸੰਸਾਰ 'ਤੇ ਹੋ ਰਿਹਾ ਹੈ, ਚੰਗਾ, ਮੰਦਾ, ਮਾੜਾ। ਸਾਨੂੰ ਚੰਗਾ ਲਗਦਾ ਹੈ, ਕਿਸੇ ਨੂੰ ਮਾੜਾ ਲਗਦਾ ਹੈ। ਕਿਸੇ ਨੂੰ ਉਹ ਮਾੜਾ ਲਗਦਾ ਹੈ, ਦੂਜੇ ਨੂੰ ਚੰਗਾ ਲਗਦਾ ਹੈ। ਇਹ ਸਾਰੀ ਇੱਕ ਖੇਲ੍ਹ ਹੋ ਰਹੀ ਹੈ, ਅਕਾਲ ਪੁਰਖ ਦੀ। ਤੂੰ ਇਹਦੇ ਵਿੱਚ ਮੋਹਰਾ ਬਣ ਜਾ। ਜਦ ਤੂੰ ਹੁਕਮ ਦੀ ਪਛਾਣ ਕਰ ਲਏਂਗਾ, ਓਸ ਵੇਲੇ ਹਉਮੈ ਦਾ ਨਾਸ਼ ਹੋ ਜਾਏਗਾ। ਸੋ ਇਹਦੀ ਦਾਰੂ ਜਿਹੜੀ ਹੈ ਉਹ ਸ਼ਬਦ ਹੈ, ਸ਼ਬਦ ਦੀ ਕਮਾਈ ਤੋਂ ਬਗੈਰ ਹੁਕਮ 'ਚ ਖੜ੍ਹਨਾ ਬਹੁਤ ਔਖਾ ਹੁੰਦਾ ਹੈ। ਹੁਕਮ 'ਚ ਆਦਮੀ ਖੜ੍ਹ ਨਹੀਂ ਸਕਿਆ ਕਰਦਾ। ਇਹ ਗੁਰੂ ਤੋਂ ਸ਼ਬਦ ਮਿਲਦਾ ਹੈ, ਸ਼ਬਦ ਦੀ ਕਮਾਈ ਕਰ। ਕਮਾਈ ਕਰਕੇ ਫੇਰ ਤੇਰਾ ਅਨੁਭਵ ਖੁਲ੍ਹੇਗਾ। ਸੋ ਇਸ ਤਰ੍ਹਾਂ ਮਹਾਰਾਜ ਜੀ ਨੇ ਹੁਕਮ ਦੀ ਸੋਝੀ ਦੇ ਕੇ -

*ਹੁਕਮਿ ਰਜਾਈ ਚਲਣਾ*
*ਨਾਨਕ ਲਿਖਿਆ ਨਾਲਿ ॥* **ਅੰਗ - ੧**

ਬਜਦ 'ਚ ਆ ਗਿਆ, ਨੱਚਣਾ ਸ਼ੁਰੂ ਕਰ ਦਿੱਤਾ, ਗੁਰੂ ਮਹਾਰਾਜ ਦੇ ਚਰਨਾਂ 'ਤੇ ਢਹਿ ਪਿਆ।

ਸਿੱਧਾਂ ਨੇ ਵੀ ਸਵਾਲ ਕਰਿਆ ਸੀ ਕਿ ਹੇ ਗੁਰੂ ਨਾਨਕ! ਇਹ ਫੇਰ ਝੂਠ ਦੀ ਜਿਹੜੀ ਕੰਧ ਬਣ ਗਈ-

*ਹਉ ਹਉ ਭੀਤਿ ਭਇਓ ਹੈ ਬੀਚੋ*
*ਸੁਨਤ ਦੇਸਿ ਨਿਕਟਾਇਓ ॥*
*ਭਾਂਭੀਰੀ ਕੇ ਪਾਤ ਪਰਦੋ*
*ਬਿਨੁ ਪੇਖੇ ਦੂਰਾਇਓ ॥* **ਅੰਗ - ੬੨੪**

ਇਹ ਕੰਧ ਟੁੱਟੇ ਕਿਵੇਂ? ਸਵਾਲ ਅਸਲ ਵਿੱਚ ਉਨ੍ਹਾਂ ਦਾ ਸੀ ਕਿ -

*ਕਿਵ ਸਚਿਆਰਾ ਹੋਈਐ*
*ਕਿਵ ਕੂੜੈ ਤੁਟੈ ਪਾਲਿ ॥* **ਅੰਗ - ੧**

ਮਹਾਰਾਜ ਕਹਿੰਦੇ -

*ਹੁਕਮਿ ਰਜਾਈ ਚਲਣਾ*
*ਨਾਨਕ ਲਿਖਿਆ ਨਾਲਿ ॥* **ਅੰਗ - ੧**

ਹੁਕਮ ਨੂੰ ਮੰਨਣ ਕਰਕੇ ਹਉਮੈ ਦਾ ਨਾਸ਼ ਹੋ ਜਾਂਦਾ ਹੈ ਤੇ ਪਰਮ ਸ਼ਾਂਤੀ ਦੀ ਪ੍ਰਾਪਤੀ ਹੋ ਜਾਂਦੀ ਹੈ ਤੇ ਆਪਣਾ ਨਾ ਕੁਛ ਵੀ ਸਮਝ। ਤਨ ਹੰਗਤਾ ਹੈ, ਮਨ ਹੰਗਤਾ ਹੈ, ਤਨ ਮਮਤਾ ਹੈ, ਮਨ ਮਮਤਾ ਹੈ। ਮੇਰਾ ਤਨ, ਮੇਰਾ ਨਾਮ, ਮੇਰੇ ਪਰਿਵਾਰ, ਮੇਰੀ ਧਰਤੀ, ਮੇਰਾ ਧਰਮ; ਬੇਅੰਤ ਤਰ੍ਹਾਂ ਦੀ ਹੰਗਤਾ ਹੈ, ਕਿੰਨੀਓਂ ਧਾਰ ਲੈ। ਇਹ ਤਾਂ ਵਧਦੀ ਜਾਂਦੀ ਹੈ, ਹਉਮੈ ਦਾ ਪਰਿਵਾਰ ਤਾਂ ਬੇਅੰਤ ਹੀ ਵੱਡਾ ਹੈ।

ਸੋ ਕਹਿਣ ਲੱਗੇ, ਪੰਡਤ ਜੀ! ਸ਼ਬਦ ਦੀ ਦਾਰੂ ਲਓ। ਤਨ ਹੰਗਤਾ, ਮਨ ਹੰਗਤਾ, ਧਨ ਹੰਗਤਾ; ਇਹ ਹਉਮੈ ਕਰਕੇ ਹੋਇਆ ਕਰਦੀਆਂ ਨੇ। ਜਦ ਤੁਸੀਂ ਗੁਰਮੁਖ ਨਾਮ ਦਾਨ ਇਸ਼ਨਾਨ ਦੇ ਆਦੇਸ਼ ਨੂੰ ਦ੍ਰਿੜ੍ਹ ਕਰ ਲਓਂਗੇ ਓਸ ਵੇਲੇ ਹਉਮੈ ਨਾਸ਼ ਹੋਣ ਲਗ ਜਾਂਦਾ ਹੈ। ਜਦੋਂ ਨਾਮ ਦਾ ਪ੍ਰਕਾਸ਼ ਅੰਦਰ ਹੋ ਗਿਆ, ਹੈ ਤਾਂ ਨਾਮ ਸਭ ਦੇ ਅੰਦਰ, ਕਿਤੋਂ ਲੈਣ ਨਹੀਂ ਜਾਣਾ ਨਾਮ। ਬਈ ਓਥੇ ਨਾਮ ਮਿਲਦਾ ਹੈ ਜੀ, ਜਾ ਕੇ ਲੈ ਆਈਏ। ਨਾਮ ਸਭ ਦੇ ਅੰਦਰ ਹੈ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥*
**ਅੰਗ - ੨੯੩**

ਸਭ ਦੇ ਅੰਦਰ ਨਾਮ ਹੈ, ਫੇਰ ਨਾਮ ਦੀ ਪ੍ਰਾਪਤੀ ਕਿਉਂ ਨਹੀਂ ਹੁੰਦੀ। ਫੇਰ ਸਾਨੂੰ ਗੁਰੂ ਕਿਉਂ ਧਾਰਨਾ ਪੈਂਦਾ ਹੈ। ਕਿਉਂ ਫੇਰ ਪੰਜ ਪਿਆਰਿਆਂ ਕੋਲ ਜਾ ਕੇ ਅਸੀਂ

ਅੰਮ੍ਰਿਤ ਛਕਦੇ ਹਾਂ। ਉਹ ਇਸ ਤਰ੍ਹਾਂ ਹੈ ਸਾਧਸੰਗਤ ਜੀ! ਧਰਤੀ 'ਚ ਪਾਣੀ ਤਾਂ ਹੈਗਾ, ਪਰ ਜਦੋਂ ਤਕ ਅਸੀਂ ਬੋਰ ਨਹੀਂ ਕਰਦੇ, ਬੋਰ ਕਰਕੇ ਜਦੋਂ ਅਸੀਂ ਨਾਲਾ ਪਾਈਪ (pipe) ਪਾ ਦਿੰਦੇ ਹਾਂ, ਫਿਲਟਰ ਪਾ ਦਿੰਦੇ ਹਾਂ, ਓਸ ਵੇਲੇ ਪਾਣੀ ਨਾਲ ਜੁੜ ਜਾਂਦਾ ਹੈ, ਉਤੋਂ ਪਾਣੀ ਭਰ ਦਿਓ, ਜਦੋਂ ਚਲਾਓਂਗੇ ਪਾਣੀ ਬਾਹਰ ਨਹੀਂ ਆਉਂਦਾ। ਕਿਉਂਕਿ ਪਾਣੀ ਨੂੰ ਸੂਟਾ ਨਹੀਂ ਪੈਂਦਾ, ਜਦੋਂ reflex valve ਲਾ ਦੇਵਾਂਗੇ, ਓਸ ਵੇਲੇ ਜਿੰਨਾਂ ਪਾਣੀ ਉਪਰ ਦੀ ਪਾਵਾਂਗੇ, ਓਨਾਂ ਹੀ ਹੇਠੋਂ ਉੱਚਾ ਚੜ੍ਹ ਜਾਦਾ ਹੈ, ਅਖੀਰ reflex valve ਨਾਲ ਪਾਣੀ ਲਗ ਜਾਂਦਾ ਹੈ, ਹਵਾ ਖਾਰਜ ਹੋ ਜਾਂਦੀ ਹੈ, ਫੇਰ ਜਦ ਬਟਨ ਦੱਬੋ ਮੋਟਰ ਦਾ, ਉਸੇ ਵੇਲੇ ਪਾਣੀ ਚੱਲ ਪੈਂਦਾ ਹੈ। ਐਸੇ ਤਰ੍ਹਾਂ ਨਾਮ ਤਾਂ ਹੈਗਾ ਅੰਦਰ। ਜਦੋਂ ਤੱਕ ਅਸੀਂ ਪੰਜ ਪਿਆਰਿਆਂ ਦੀ ਹਾਜ਼ਰੀ 'ਚ ਆ ਕੇ, ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਨਾਮ ਨਹੀਂ ਪ੍ਰਾਪਤ ਕਰਦੇ, ਗੁਰੂ ਦਾ ਸ਼ਬਦ ਨਹੀਂ ਪ੍ਰਾਪਤ ਕਰਦੇ। ਓਨੀਂ ਦੇਰ ਤੱਕ ਸਾਡੇ ਅੰਦਰ ਹਵਾ ਰਹਿੰਦੀ ਹੈ ਹਉਮੈ ਦੀ। ਜਦੋਂ ਅਸੀਂ ਨਾਮ ਦਾ ਅਭਿਆਸ ਕਰਕੇ ਹਉਮੈ ਦਾ ਨਾਸ਼ ਕਰ ਲਿਆ, ਉਸ ਵੇਲੇ ਓਹੀ ਨਾਮ ਪ੍ਰਗਟ ਹੋ ਜਾਂਦਾ ਹੈ।

ਸੋ ਇਸ ਤਰ੍ਹਾਂ ਛੋਟੀ ਉਮਰ ਦੇ ਅੰਦਰ ਹੀ ਬਾਬਾ ਜੀ ਨੇ ਓਸ ਪ੍ਰੋਹਤ ਨੂੰ ਜਿਹੜਾ ਵਿਦਵਾਨ ਸੀ, ਬ੍ਰਹਮ ਵਿਦਿਆ ਦ੍ਰਿੜ੍ਹ ਕਰਾ ਦਿੱਤੀ, ਨਾਮ ਦਾਨ ਵਲ ਲਾ ਦਿੱਤਾ। ਸੋ ਇਹ ਜੋ ਕਥਾਵਾਂ ਨੇ -

***ਹਰਿ ਕੇ ਸੇਵਕ ਜੋ ਹਰਿ ਭਾਏ***
***ਤਿਨ੍ ਕੀ ਕਥਾ ਨਿਰਾਰੀ ਰੇ ॥***
***ਆਵਹਿ ਨ ਜਾਹਿ ਨ ਕਬਹੂ ਮਰਤੇ***
***ਪਾਰਬ੍ਰਹਮ ਸੰਗਾਰੀ ਰੇ ॥ ਅੰਗ - ੮੫੫***

ਸੋ ਇਸ ਤਰ੍ਹਾਂ ਬੇਅੰਤ ਜਗਿਆਸੂਆਂ ਦਾ ਆਪ ਨੇ ਉਧਾਰ ਕਰਿਆ। ਇੱਕ ਉਸੇ ਪਿੰਡ ਦਾ ਰਾਜੂ ਸੀ, ਰਾਹਕ ਸੀ, ਜ਼ਮੀਨ ਵਾਹੁੰਦਾ ਹੁੰਦਾ। ਲੇਕਿਨ ਉਹ ਕਦੇ-ਕਦੇ ਸਤਿਸੰਗ ਕਰਦਾ ਹੁੰਦਾ, ਸਤਿਸੰਗ 'ਚ ਹੀ ਸੁਣਦਾ ਹੁੰਦਾ ਕਿ ਆਦਮੀ ਤੋਂ ਜੇ ਇਸ ਜਨਮ ਦੇ ਅੰਦਰ ਭਜਨ ਬੰਦਗੀ ਨਾ ਹੋ ਸਕੀ ਤੇ ਅਗਿਆਨ ਦਾ ਖਾਤਮਾ ਨਾ ਹੋ ਸਕਿਆ, ਤਾਂ ਮੁੜ ਕੇ ਫੇਰ ਚੌਰਾਸੀ ਦੇ ਗੇੜਿਆਂ 'ਚ ਪੈ ਜਾਂਦਾ ਹੈ। ਨਿਗੁਰਾ ਰਹਿ ਗਿਆ ਤਾਂ ਓਸ ਦੇ ਜੰਮਣ ਮਰਨ ਦਾ ਚੱਕਰ ਗਲ ਪੈ ਜਾਇਆ ਕਰਦਾ ਹੈ। ਸੋ ਇਸ ਗੱਲ ਤੋਂ ਡਰਦਾ ਹੋਇਆ, ਬਾਬਾ ਜੀ ਦੇ ਪਾਸ ਆ ਕੇ ਬੇਨਤੀ ਕਰਨ ਲੱਗਿਆ ਕਿ ਮਹਾਰਾਜ! ਮੇਰੀ ਬੇਨਤੀ ਆਪ ਸਰਵਣ ਕਰੋ, ਮੈਨੂੰ ਚੌਰਾਸੀ ਤੋਂ ਬਹੁਤ ਡਰ ਲਗਦਾ ਹੈ। ਜੰਮਣ ਮਰਨ ਤੋਂ ਬਹੁਤ ਡਰ ਲਗਦਾ ਹੈ। ਚੌਰਾਸੀ ਦੇ ਗੇੜਿਆਂ ਬਾਰੇ ਜਦੋਂ ਮੈਂ ਸੁਣਦਾ ਹਾਂ, ਮਹਾਂਪੁਰਸ਼ਾਂ ਤੋਂ ਕਥਾਵਾਂ ਸੁਣਦਾ ਹਾਂ, ਮੈਂ ਤਾਂ ਕੰਬਣ ਲਗ ਜਾਂਦਾ ਹਾਂ। ਕਹਿਣ ਲੱਗੇ, ਇੱਕ ਦਿਨ ਮੈਂ ਸੁਕਦੇਵ ਰਿਸ਼ੀ ਦੀ ਕਥਾ ਸੁਣੀ ਕਿ ਆਪਣੇ ਪਿਤਾ ਨੂੰ ਦੱਸ ਰਿਹਾ ਸੀ, ਜਦੋਂ ਉਹ ਰੋਕਦਾ ਸੀ ਸੁਕਦੇਵ ਨੂੰ ਕਿ ਤੂੰ ਭਜਨ ਕਰਨ ਨਾ ਜਾਹ। ਅਜੇ ਤੂੰ ਨਿਆਣਾ ਹੈਂ। ਉਹ ਕਹਿੰਦਾ ਸੀ, ਪਿਤਾ ਜੀ! ਮੈਂ ਨਿਆਣਾ ਹਾਂ ਪਰ ਕਾਲ ਦਾ ਕੋਈ ਭਰੋਸਾ ਨਹੀਂ, ਕਦੋਂ ਆ ਜਾਵੇ।

ਬਹੁਤ ਸਾਰੇ ਪ੍ਰੇਮੀ ਇਹ ਕਹਿ ਦਿੰਦੇ ਨੇ ਕਿ ਜੀ, ਅੰਮ੍ਰਿਤ ਛਕ ਲਵਾਂਗੇ, ਅਜੇ ਤਾਂ ਜੁਆਨੀ ਹੈ, ਬੁਢਾਪਾ ਆ ਜਾਏਗਾ ਤੇ ਮਹਾਰਾਜ ਕਹਿੰਦੇ, ਬੁਢਾਪੇ ਦੀ ਗਾਰੰਟੀ ਹੈ ਤੇਰੀ -

***ਨਹ ਬਾਰਿਕ ਨਹ ਜੋਬਨੈ***
***ਨਹ ਬਿਰਧੀ ਕਛੁ ਬੰਧੁ ॥***
***ਓਹ ਬੇਰਾ ਨਹ ਬੂਝੀਐ ਜਉ***
***ਆਇ ਪਰੈ ਜਮ ਫੰਧੁ॥ ਅੰਗ - ੨੫੪***

ਖਬਰੇ ਕਿਹੜੇ ਵੇਲੇ ਜਮਾਂ ਦਾ ਫੰਧਾ ਗਲ 'ਚ ਪੈ ਜਾਵੇ। ਇਹ ਤਾਂ ਜਦੋਂ ਸੁਰਤ ਆ ਗਈ ਫੇਰ ਇੱਕ ਦਿਨ ਵੀ ਨਾ ਗੁਆਵੇ।

ਇੱਕ ਵਾਰੀ ਸਾਡੇ ਬਡਹੇੜੀ ਪਿੰਡ ਵਿੱਚ ਦੀਵਾਨ ਲੱਗੇ ਹੋਏ ਸੀ, ਓਥੇ ਅੰਮ੍ਰਿਤ ਛਕ ਰਹੇ ਸੀ। ਉਥੇ ਇੱਕ ਪ੍ਰੇਮੀ ਜੋ ਜਿਕ ਕਰਦਾ ਹੋਇਆ, ਅੰਮ੍ਰਿਤ ਛਕ ਗਿਆ। ਇਕਬਾਲ ਸਿੰਘ ਸੀਗਾ ਉਸਦਾ ਨਾਉਂ । ਅੰਮ੍ਰਿਤ ਛਕਣ ਤੋਂ ਕੁਛ ਦਿਨ ਬਾਅਦ, ਉਹ ਚੜ੍ਹਾਈ ਕਰ ਗਿਆ, ਐਕਸੀਡੈਂਟ ਹੋ ਗਿਆ ਉਹਦਾ, ਜੁਆਨ ਆਦਮੀ ਨੂੰ ਹੁਣ ਕੀ ਪਤਾ ਕਿ ਮੈਂ ਚੜ੍ਹਾਈ ਕਰ ਜਾਣੀ ਹੈ। ਪਲ ਨਹੀਂ ਭਰੋਸਾ ਹੈ ਕਿਸੇ ਦਾ। ਚੜ੍ਹਾਈ ਕਰਿਆ ਤਾਂ ਜਿਹਦੇ ਮਕਾਨ 'ਚ ਰਹਿੰਦਾ ਸੀ ਉਹ ਪ੍ਰੇਮੀ ਸਹਿਜਧਾਰੀ ਸੀ, ਹਿੰਦੂ ਸੀ। ਤਾਂ ਉਹਨੂੰ ਦ੍ਰਿਸ਼ਟਾਂਤ ਆਉਂਦਾ ਹੈ ਸੁਪਨੇ ਦੇ ਅੰਦਰ ਕਿ ਇਕਬਾਲ ਸਿੰਘ ਸੜਕ 'ਤੇ ਆਉਂਦਾ ਗਿਰ ਗਿਆ ਤੇ ਉਹਦੀ ਰੂਹ ਸਰੀਰ 'ਚੋਂ ਨਿਕਲ ਗਈ, ਉਹਨੂੰ ਲੈਣ ਵਾਸਤੇ ਕੋਈ ਬਹੁਤ ਤੇਜ਼ ਪ੍ਰਤਾਪ ਰੂਹ ਲੈਣ ਵਾਸਤੇ ਆਈ ਹੈ ਤੇ ਉਸਨੇ ਪੁੱਛਿਆ ਕਿ ਕਿਧਰ ਜਾ ਰਿਹਾ ਹੈਂ? ਕਹਿੰਦਾ ਮੈਂ ਇਨ੍ਹਾਂ ਦੇ ਨਾਲ ਜਾ ਰਿਹਾ ਹਾਂ। ਜਦੋਂ ਉਸਨੂੰ ਜਾਗ ਆਈ ਚਾਰ ਵਜੇ ਤਾਂ ਉਹਨੇ ਪੜੌਸੀ ਦਾ ਦਰਵਾਜ਼ਾ ਖੜਕਾ ਕੇ, ਅਵਾਜ਼ ਦੇ ਕੇ ਪੁੱਛਿਆ, ਉਹ ਕਹਿਣ ਲੱਗੇ, ਇਕਬਾਲ ਸਿੰਘ? ਉਹ ਕਹਿੰਦੇ ਜੀ ਉਹ ਤਾਂ ਰਾਤ ਦੇ ਆਏ ਨਹੀਂ, ਪਤਾ ਨਹੀਂ ਕਿੱਥੇ ਨੇ। ਕਹਿੰਦਾ, ਮੈਨੂੰ ਹੁਣੇ ਹੀ ਸੁਪਨੇ ਵਿੱਚ ਦਿਖਾਈ ਦਿੱਤਾ ਹੈ ਕਿ ਆਹ ਜਿਹੜਾ ਬਡਹੇੜੀ ਦਾ ਚੌਂਕ ਹੈ ਇੱਥੇ ਗਿਰਿਆ ਪਿਆ ਹੈ ਤੇ ਬਹੁਤ ਪ੍ਰਤਾਪ ਵਾਲੀ ਰੂਹ ਆਈ ਘੋੜੇ 'ਤੇ ਸਵਾਰ ਉਹ ਉਨ੍ਹਾਂ ਨੂੰ ਨਾਲ ਲੈ ਗਈ ਹੈ। ਘਰਵਾਲੀ ਨੂੰ ਫਿਕਰ ਹੋਇਆ ਜਦ ਜਾ ਕੇ ਦੇਖਿਆਂ ਤਾਂ ਉਥੇ ਚੜ੍ਹਾਈ ਕਰਿਆ ਪਿਆ। ਉਹ ਦ੍ਰਿਸ਼ਟਾਂਤ ਕੋਈ ਝੂਠਾ ਦ੍ਰਿਸ਼ਟਾਂਤ ਨਹੀਂ ਸੀ। ਸਹੀ ਦ੍ਰਿਸ਼ਟਾਂਤ ਸੀ, ਅੰਮ੍ਰਿਤ ਛਕ ਲਿਆ, ਅੰਮ੍ਰਿਤ ਛਕਣ ਤੋਂ ਬਾਅਦ ਗੁਰੂ ਦਾ ਬਣ ਜਾਂਦਾ ਹੈ।

***ਬਿਨੁ ਸਤਿਗੁਰ ਨਾਉ ਨ ਪਾਈਐ ਬੁਝਹੁ ਕਰਿ***
***ਵੀਚਾਰੁ ॥ ਨਾਨਕ ਪੂਰੈ ਭਾਗਿ ਸਤਿਗੁਰੁ ਮਿਲੈ***
***ਸੁਖੁ ਪਾਏ ਜੁਗ ਚਾਰਿ ॥ ਅੰਗ - ੬੪੯***

ਜਦੋਂ ਗੁਰੂ ਮਿਲ ਗਿਆ ਫੇਰ ਗੁਰੂ ਦਾ ਜ਼ੁੰਮਾ ਹੋ ਜਾਂਦਾ ਹੈ ਸਾਨੂੰ ਪਾਰ ਲੰਘਾਉਣਾ। ਇੱਕ ਜਨਮ ਨਹੀਂ, ਦੋ ਜਨਮ ਤਿੰਨ ਜਨਮ, ਦਸ ਕਰੇਗਾ, ਵੀਹ ਕਰੇਗਾ, ਛੱਡਦਾ ਨਹੀਂ; ਜਦੋਂ ਤੱਕ ਅਸੀਂ ਪਾਰ ਨਹੀਂ ਲੰਘਦੇ ਪਰ ਗੁਰੂ ਵਾਲੇ ਬਣੋ ਜ਼ਰੂਰ। ਸੋ ਮਹਾਰਾਜ ਮੈਨੂੰ ਡਰ ਲਗਦਾ ਹੈ ਜਦੋਂ ਮੈਂ ਚੌਰਾਸੀ ਦੀਆਂ ਗੱਲਾਂ ਸੁਣਦਾ ਹਾਂ ਤੇ ਕ੍ਰਿਪਾ ਕਰੋ ਮੈਨੂੰ ਜੰਮਣ ਮਰਨ ਤੋਂ ਰੱਖ ਲਓ -

*ਕਰ ਜੋੜਿ ਨਾਨਕ ਦਾਨੁ ਮਾਗੈ*
*ਜਨਮ ਮਰਣ ਨਿਵਾਰਿ ਲੇਹੁ ॥ ਅੰਗ - ੪੫੭*

ਬਾਬਾ ਜੀ ਕਹਿਣ ਲੱਗੇ, ਦੇਖ ਭਾਈ ਰਾਜੂ! ਤੂੰ ਬਹੁਤ ਭਾਗਾਂ ਵਾਲਾ ਹੈਂ ਜਿਹਦੇ ਮਨ ਵਿੱਚ ਇਹ ਖਿਆਲ ਪੈਦਾ ਹੋ ਗਿਆ ਤੇ ਗੁਰੂ ਨਾਨਕ ਪਾਤਸ਼ਾਹ ਨੇ ਜੋ ਸਾਧਨ, ਸੰਸਾਰ ਦੇ ਤਾਰਨ ਵਾਸਤੇ ਲਿਆਂਦਾ ਹੈ ਉਹ ਸਭ ਤੋਂ ਸੁਖਾਲਾ ਹੈ। ਨਾ ਉਹਦੇ ਵਿੱਚ ਹੱਠ ਯੋਗ ਕਰਨਾ ਪੈਂਦਾ ਹੈ। ਨਾ ਕੋਈ ਕਸ਼ਟ ਯੋਗ ਦੇ ਸਾਧਨ ਕਰਨੇ ਪੈਂਦੇ ਨੇ। ਉਹਦੇ 'ਚ ਸਾਧਨ ਕੇਵਲ ਪ੍ਰਮੇਸ਼ਰ ਨੂੰ ਯਾਦ ਰੱਖਣ ਵਾਸਤੇ ਉਹਦਾ ਨਾਮ ਜਪਣਾ ਪੈਂਦਾ ਹੈ ਤੇ ਕਲਜੁਗ ਦੇ ਵਿੱਚ ਜੋ ਸਭ ਤੋਂ ਮਹੱਤਵਪੂਰਨ ਕਰਮ ਹੈ, ਉਹ ਹੈ ਪ੍ਰਮੇਸ਼ਰ ਦਾ ਨਾਮ ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਕਲੂ ਆਇਓ ਰੇ*
*ਇੱਕ ਨਾਮ ਬੀਜ ਲਓ,*
*ਸਤਿਨਾਮ ਵਾਹਿਗੁਰੂ ਅਕਾਲ ਪੁਰਖ ਤੂੰ ਹੀ ਹੈਂ।*
*ਅਬ ਕਲੂ ਆਇਓ ਰੇ ॥*
*ਇਕੁ ਨਾਮੁ ਬੋਵਹੁ ਬੋਵਹੁ ॥*
*ਅਨ ਰੂਤਿ ਨਾਹੀ ਨਾਹੀ ॥*
*ਮਤੁ ਭਰਮਿ ਭੂਲਹੁ ਭੂਲਹੁ ॥ ਅੰਗ - ੧੧੮੫*

ਜਦੋਂ ਦੁਆਪਰ ਯੁੱਗ ਖਤਮ ਹੋ ਰਿਹਾ ਸੀ, ਓਸ ਵੇਲੇ ਕਲਜੁਗ ਦਾ ਆਰੰਭ ਹੋਣ ਲੱਗਿਆ, ਤਾਂ ਇੱਕ ਦਿਨ ਕ੍ਰਿਸ਼ਨ ਮਹਾਰਾਜ ਸੁਤੇ-ਸਿਧ ਹੀ (ਅਚਾਨਕ) ਬੈਠੇ ਕਹਿਣ ਲੱਗੇ, ਲਓ ਬਈ ਕਲਜੁਗ ਆ ਗਿਆ। ਹੈਰਾਨ ਹੋ ਗਏ ਸਭ ਕਿ ਕਲਜੁਗ ਆ ਗਿਆ, ਉਹਦੇ ਬਾਰੇ ਤਾਂ ਬਹੁਤ ਬੁਰੀਆਂ ਗੱਲਾਂ ਸੁਣੀਆਂ ਨੇ। ਉਸਦੇ ਵਿੱਚ ਤਾਂ ਨੇਕ ਗੱਲ ਕੋਈ ਹੈ ਹੀ ਨਹੀਂ। ਸਾਰੇ ਹੈਰਾਨ ਹੋ ਗਏ ਕਿ ਮਹਾਰਾਜ! ਉਹਦਾ ਵਰਤਾਰਾ ਕੀ ਹੋਏਗਾ। ਓਸ ਵੇਲੇ ਕ੍ਰਿਸ਼ਨ ਮਹਾਰਾਜ ਕਹਿੰਦੇ ਕਿ ਅੰਮ੍ਰਿਤ ਵੇਲੇ ਉੱਠ ਕੇ, ਇਸ਼ਨਾਨ ਕਰਕੇ ਪ੍ਰਭੂ ਦਾ ਸਿਮਰਨ ਕਰਕੇ, ਜੋ ਅਨੁਭਵੀ ਦ੍ਰਿਸ਼ (vision) ਆਉਣਗੇ ਉਹਦਾ ਧਿਆਨ ਰੱਖਿਓ। ਸੋ ਅੰਮ੍ਰਿਤ ਵੇਲੇ ਉਠੇ, ਉਠ ਕੇ ਜਦੋਂ ਨਾਮ ਜਪਣ ਵਾਸਤੇ ਬੈਠੇ ਤੇ ਪ੍ਰਾਣਾਯਾਮ ਦੇ ਨਾਲ ਆਪਣੀ ਸੁਰਤ ਕੰਟਰੋਲ ਕਰਨ ਦਾ ਯਤਨ ਕੀਤਾ, ਕਿਉਂਕਿ ਸਬਦਿ ਸੁਰਤਿ ਦਾ ਮਾਰਗ ਓਸ ਵੇਲੇ ਹੈ ਨਹੀਂ ਸੀ, ਇਹ ਤਾਂ ਗੁਰੂ ਨਾਨਕ ਪਾਤਸ਼ਾਹ ਜੀ ਨੇ ਚਲਾਇਆ, ਸੰਤ ਮਾਰਗ ਹੈ ਸਬਦਿ ਸੁਰਤਿ ਦਾ ਮਾਰਗ।

*ਸੁਰਤਿ ਸਬਦਿ ਭਵ ਸਾਗਰੁ ਤਰੀਐ*
*ਨਾਨਕ ਨਾਮੁ ਵਖਾਣੇ ॥ ਅੰਗ - ੯੩੮*

ਹੋਰ ਤਰ੍ਹਾਂ ਦੀਆਂ ਕ੍ਰਿਆ ਸੀ, ਕਰਮ ਧਰਮ ਬਹੁਤੇ ਸੀ। ਹੱਠ ਯੋਗ ਸੀ, ਪ੍ਰਾਣਾਯਾਮ ਵਗੈਰਾ ਚੀਜ਼ਾਂ ਸਨ, ਤਾਂ ਓਸ ਵੇਲੇ ਜਦੋਂ ਉਨ੍ਹਾਂ ਨੇ ਸੁਰਤੀ ਨੂੰ ਇਕਾਗਰ ਕਰਿਆ। ਤਾਂ ਪਹਿਲੇ ਨੂੰ ਕੀ ਨਜ਼ਰ ਆਉਂਦਾ ਹੈ ਕਿ ਇੱਕ ਬੈਲ ਹੈ ਜਿਸਦੀਆਂ ਤਿੰਨ ਲੱਤਾਂ ਨਹੀਂ ਹਨ, ਇੱਕੋ ਪੈਰ ਦੇ ਭਾਰ ਖੜ੍ਹਾ ਹੈ, ਦੂਸਰੇ ਨੂੰ ਆਉਂਦਾ ਹੈ ਕਿ ਇੱਕ ਹੰਸ ਹੈ ਉਹਦੇ ਦੋਹਾਂ ਖੰਭਾਂ ਦੇ ਉੱਤੇ ਵੇਦਾਂ ਸ਼ਾਸਤਰਾਂ ਦੇ ਸਲੋਕ ਲਿਖੇ ਹੋਏ ਨੇ, ਪਰ ਉਹ ਹੰਸ ਮੋਤੀ ਨਹੀਂ ਖਾਂਦਾ, ਕੀੜੇ ਖਾਂਦਾ ਹੈ। ਤੀਸਰੇ ਨੂੰ ਆਇਆ ਕਿ ਇੱਕ ਹਾਥੀ ਹੈ, ਦੋ ਸੁੰਡਾਂ ਨੇ ਇੱਕ ਨਾਲ ਮਾਸ ਖਾ ਰਿਹਾ ਹੈ, ਇੱਕ ਨਾਲ ਘਾਹ ਖਾ ਰਿਹਾ ਹੈ। ਸੋ ਚੌਥੇ ਨੂੰ ਆਇਆ ਕਿ ਇੱਕ ਖੂਹ ਦੇ ਵਿਚੋਂ ਪਾਣੀ ਕੱਢਿਆ ਹੈ ਤੇ ਪਾਣੀ ਕੱਢ ਕੇ ਇੱਕ ਡੋਲ ਦੇ ਨਾਲ ਦਸ ਘੜੇ ਭਰ ਦਿੱਤੇ। ਤੇ ਮੁੜ ਕੇ ਜਦ ਘੜੇ ਡੋਲ ਵਿੱਚ ਪਾਏ ਤਾਂ ਉਹਦਾ ਚੌਥਾ ਹਿੱਸਾ ਵੀ ਨਾ ਭਰਿਆ। ਪੰਜਵੇਂ ਨੂੰ ਆਇਆ ਕਿ ਇੱਕ ਬਹੁਤ ਵੱਡਾ ਪੱਥਰ ਰੁੜਿਆ ਆ ਰਿਹਾ ਹੈ, ਦਰਖਤਾਂ ਨੂੰ ਤੋੜਦਾ ਆਉਂਦਾ ਹੈ ਲੇਕਿਨ ਜਦੋਂ ਖੱਡ 'ਚ ਗਿਰਨ ਲੱਗਿਆ ਤਾਂ ਇੱਕ ਘਾਹ ਦੇ ਤਿਣਕੇ ਨਾਲ ਰੁਕ ਗਿਆ। ਸਾਰੀਆਂ ਗੱਲਾਂ ਹੀ ਹੈਰਾਨ ਕਰਨ ਵਾਲੀਆਂ।

ਕ੍ਰਿਸ਼ਨ ਮਹਾਰਾਜ ਕੋਲ ਆ ਗਏ, ਕਹਿੰਦੇ ਕਿ ਸਾਨੂੰ ਅਜੀਬ ਦ੍ਰਿਸ਼ਟਾਂਤ ਆਏ ਨੇ। ਕਹਿਣ ਲੱਗੇ, ਮਹਾਰਾਜ! ਤਿੰਨ ਪੈਰ ਟੁੱਟ ਚੁੱਕੇ, ਚੌਥੇ ਪੈਰ ਦੇ ਭਾਰ ਬੈਲ ਖੜ੍ਹਾ ਹੈ। ਕਹਿੰਦੇ, ਇਹ ਧਰਮ ਹੈ ਕਲਜੁਗ ਦੇ ਅੰਦਰ। ਚਾਰ ਪੈਰ ਹੋਇਆ ਕਰਦੇ ਨੇ, ਇੱਕ ਪੈਰ ਹੋਏਗਾ ਇਸਦਾ। ਸਾਸ਼ਤਰ, ਤੀਰਥ ਤੇ ਰਾਜੇ ਹੋਇਆ ਕਰਦੇ ਨੇ, ਸਾਧੂ ਹੋਇਆ ਕਰਦੇ ਨੇ। ਸਾਸ਼ਤਰ ਵੀ ਦੇਖ ਲਓ, ਕਈ ਕਿਤਾਬਾਂ ਕਿਹੋ ਜਿਹੀਆਂ ਗੰਦੀਆਂ ਛਪਦੀਆਂ ਨੇ, ਕਿੰਨਾ ਨਾਸਤਕ ਲਿਟਰੇਚਰ ਛਪ ਰਿਹਾ ਹੈ। ਤੀਰਥਾਂ ਦੇ ਉੱਤੇ ਵਿਕਾਰ ਹੋ ਗਏ, ਹਉਮੈ ਵਾਲੇ ਬੰਦੇ ਕਾਬਜ਼ ਹੋ ਗਏ, ਤੀਰਥਾਂ 'ਤੇ। ਉਹ ਅਗਿਆਨੀ ਪੁਰਸ਼ ਜਿਨ੍ਹਾਂ ਨੇ ਸਮਝਾਉਣਾ ਸੀ, ਉਹ ਆਪ ਹੀ ਮਾਲਕ ਬਣ ਗਏ ਤੇ ਆਹ ਉਪਦੇਸ਼ ਦਿਓ, ਆਹ ਗੱਲ ਨਹੀਂ ਕਹਿਣੀ। ਉਹ ਵੀ ਖਤਮ ਹੋ ਗਏ। ਰਾਜਾ ਜਿਹੜਾ ਹੈ ਇਹਦੇ 'ਚੋਂ ਇਨਸਾਫ ਖਤਮ ਹੋ ਗਿਆ। ਇਹ ਲਾਲਚੀ ਹੈ, ਚਾਹੇ ਹਜ਼ਾਰ ਬੰਦਾ ਮਰ ਜਾਏ, ਚਾਹੇ ਲੱਖ ਮਰ ਜਾਏ, ਕੁਰਸੀ ਨਹੀਂ ਇਹਦੀ ਜਾਣੀ ਚਾਹੀਦੀ। ਇਹ ਵੀ ਗਲਤ ਹੋ ਗਿਆ ਤੇ ਸਾਧੂਆਂ ਦੇ ਆਸਰੇ ਖੜ੍ਹਾ ਹੈ। ਬੰਦਗੀ ਕਰਨ ਵਾਲੇ ਮਹਾਂਪੁਰਸ਼ਾਂ ਦਾ ਸੰਸਾਰ ਦੇ ਅੰਦਰ ਜਿਸ ਦਿਨ ਨਾਸ਼ ਹੋ ਗਿਆ ਉਸ ਦਿਨ ਪਰਲੋਂ ਆ ਜਾਏਗੀ, ਉਸ ਦਿਨ ਖਤਮ ਹੋ ਜਾਏਗਾ ਸੰਸਾਰ। ਫੇਰ ਵਾਹਿਗੁਰੂ ਨੂੰ ਸੰਸਾਰ ਰੱਖਣ ਦਾ ਕੋਈ ਵੀ ਮਤਲਬ ਨਹੀਂ ਹੈ। ਸੰਤਾਂ ਵਾਸਤੇ ਤ੍ਰਿਭਵਣ ਧਾਰੇ ਨੇ। ਆਪਣੇ ਪਿਆਰਿਆ ਵਾਸਤੇ ਐਨੀ ਸੁੰਦਰ ਸ੍ਰਿਸ਼ਟੀ ਬਣਾਈ ਹੈ। ਲੇਕਿਨ ਸੀ ਤਾਂ ਧਰਤੀ ਸਾਧ ਦੀ ਪਰ ਚੋਰਾਂ ਨੇ ਆ ਕੇ ਉਸ 'ਤੇ ਕਬਜ਼ਾ ਕਰ

ਲਿਆ, ਉਨ੍ਹਾਂ ਨੇ ਇੱਥੇ ਅਸ਼ਾਂਤੀ ਫੈਲਾ ਦਿੱਤੀ। ਪਤਾ ਹੀ ਨਹੀਂ ਲਗਣ ਦਿੰਦੇ। ਆਹ ਨਦੀ ਵਲ ਨੂੰ ਚਲੇ ਜਾਓ, ਸਰਕੜਿਆਂ ਦੇ ਵਿੱਚ ਬੈਠ ਜਾਓ, ਤੁਹਾਨੂੰ ਐਨਾ ਅਨੰਦ ਆਇਏਗਾ ਕਿ ਹੈਰਾਨ ਰਹਿ ਜਾਓਂਗੇ ਕਿ ਇਹ ਤਾਂ ਏਅਰ ਕੰਡੀਸ਼ਨ ਘਰਾਂ 'ਚੋਂ ਨਹੀਂ ਆਉਂਦਾ, ਜਿਹੜਾ ਅਨੰਦ ਇਹ ਦੇ ਰਹੇ ਨੇ। ਆਹ ਜਿਹੜੀਆਂ ਫਸਲਾਂ ਅਨੰਦ ਦਿੰਦੀਆਂ ਨੇ ਇਨ੍ਹਾਂ ਜਿਹਾ ਅਨੰਦ ਨਹੀਂ ਕਿਸੇ ਪਾਸੇ। ਚੰਡੀਗੜ੍ਹ ਜਿੱਥੇ ਜੀ ਕਰਦਾ ਹੈ ਘੁੰਮ ਲਓ, ਨਹੀਂ ਅਨੰਦ ਆਉਂਦਾ, ਜਿਹੜਾ ਫਸਲਾਂ 'ਚੋਂ ਆਉਣਾ ਹੈ। ਇਹ ਸੁੰਦਰਤਾ ਖਿਲਾਰੀ ਸੀ ਪ੍ਰਭੂ ਨੇ, ਲੇਕਿਨ ਚੋਰਾਂ ਨੇ ਆ ਕੇ ਖਰਾਬ ਕਰ ਦਿੱਤੀ। ਸੋ ਇਹ ਸੰਤਾਂ ਵਾਸਤੇ ਤ੍ਰਿਭਵਣ ਧਾਰੇ ਹੋਏ ਨੇ ਪ੍ਰਭੂ ਨੇ, ਜਿਸ ਦਿਨ ਸੰਤ ਨਾ ਹੋਏ, ਸ੍ਰਿਸ਼ਟੀ ਉਸ ਦਿਨ ਖਤਮ ਹੋ ਜਾਏਗੀ, ਫੇਰ ਨਹੀਂ ਇੱਕ ਪਲ ਵੀ ਰਿਹਾ ਕਰਦੀ। ਸੋ ਉਨ੍ਹਾਂ ਦੇ ਆਸਰੇ ਧਰਮ ਖੜ੍ਹਾ ਹੈ। ਦੂਸਰੇ ਨੇ ਦੇਖਿਆ ਕਿ ਮੈਂ ਹੰਸ ਦੇਖਿਆ ਹੈ, ਕਹਿੰਦੇ ਕਲਜੁਗ ਦੇ ਜਿਹੜੇ ਪ੍ਰਚਾਰਕ ਹੋਣਗੇ, ਦੂਜਿਆਂ ਨੂੰ ਉਪਦੇਸ਼ ਦੇਣਗੇ ਜਾਂ ਤਾਂ ਪ੍ਰਚਾਰ ਹੀ ਐਸਾ ਆ ਜਾਏਗਾ ਕਿ ਮਾਸ ਖਾਓ ਜੀ, ਕੋਈ ਹਰਜ਼ ਨਹੀਂ ਹੈ ਜੇ ਸ਼ਰਾਬ ਪੀ ਲਓ। ਨਿੰਦਿਆ, ਚੁਗਲੀ, ਈਰਖਾ, ਵਖੀਲੀ ਦੇ ਕੀੜੇ ਖਾਣਗੇ ਪ੍ਰਚਾਰਕ ਤੇ ਮੂੰਹ ਦੇ ਵਿਚੋਂ ਸਲੋਕ ਉਚਾਰਨਗੇ ਤੇ ਉੱਤਮ ਤੋਂ ਉੱਤਮ ਬ੍ਰਹਮਗਿਆਨ ਦਾ ਉਪਦੇਸ਼ ਦੇਣਗੇ। ਦੂਸ਼ਿਤ ਹੋ ਜਾਏਗਾ ਪ੍ਰਚਾਰ। ਤੀਸਰੇ ਨੇ ਕਿਹਾ ਕਿ ਮੈਂ ਹਾਥੀ ਦੇਖਿਆ ਦੋ ਸੁੰਡਾਂ ਵਾਲਾ, ਕਹਿੰਦੇ ਜੋ ਰਾਜੇ ਲੋਕ ਹੋਣਗੇ ਇਹ ਰਿਸ਼ਵਤਾਂ ਲੈਣਗੇ, ਸੱਚਾ ਵੀ ਦੁਖੀ ਤੇ ਝੂਠਾ ਵੀ ਦੁਖੀ। ਦੋਵੇਂ ਦੁਖੀ ਰਹਿਣਗੇ, ਇਨ੍ਹਾਂ ਦੇ ਹੱਥਾਂ ਤੋਂ। ਇਨਸਾਫ ਕਿਸੇ ਨੂੰ ਨਹੀਂ ਮਿਲਿਆ ਕਰੇਗਾ। ਚੌਥਾ ਕਹਿੰਦਾ ਕਿ ਮੈਂ ਡੋਲ ਦੇਖਿਆ, ਉਹ ਕਹਿੰਦੇ ਕਲਜੁਗ ਦੇ ਅੰਦਰ ਐਨਾ ਅਸੰਤੋਸ਼ ਆ ਜਾਏਗਾ। ਐਨੀ ਤ੍ਰਿਸ਼ਨਾ ਵਧ ਜਾਏਗੀ ਕਿ ਸਾਰੇ ਜੀਅ ਕਮਾਉਣਗੇ ਤਾਂ ਵੀ ਪੇਟ ਨਹੀਂ ਭਰੇਗਾ। ਪਹਿਲੇ ਜੁਗਾਂ ਦੇ ਅੰਦਰ ਇੱਕ ਕਮਾਉਂਦਾ ਸੀ ਸਾਰਿਆਂ ਦਾ ਪੇਟ ਭਰ ਜਾਂਦਾ ਸੀ। ਸੋ ਇਹਦੇ ਵਿੱਚ ਤ੍ਰਿਸ਼ਨਾ ਹੋਏਗੀ, ਅੱਗੇ ਤੋਂ ਅੱਗੇ ਵੱਧਣਗੇ। ਵੱਡੇ-ਵੱਡੇ ਮੰਦਰ ਉਸਾਰਨਗੇ, ਵੱਡੀਆਂ-ਵੱਡੀਆਂ ਗੱਲਾਂ ਕਰਨਗੇ। ਟਿਕੇਗਾ ਕੋਈ ਨਹੀਂ, ਤ੍ਰਿਸ਼ਨਾ ਦੀ ਅੱਗ 'ਚ ਜਲ-ਜਲ ਮਰ ਜਾਣਗੇ। ਪੰਜਵਾਂ ਕਹਿੰਦਾ ਕਿ ਮਹਾਰਾਜ! ਮੈਂ ਪਹਾੜ ਦੇਖਿਆ ਹੈ, ਉਹ ਕਹਿੰਦੇ ਕਿ ਤੈਨੂੰ ਦ੍ਰਿਸ਼ਟਾਂਤ ਦਿਖਾ ਦਿੱਤਾ ਕਲਜੁਗ ਨੇ ਕਿ ਮੈਂ ਕੋਈ ਕਰਮ ਧਰਮ ਨਹੀਂ ਰਹਿਣ ਦੇਣਾ -

*ਤੀਰਥ ਬਰਤ ਅਰੁ ਦਾਨ ਕਰਿ*
*ਮਨ ਮੈ ਧਰੈ ਗੁਮਾਨੁ ॥*
*ਨਾਨਕ ਨਿਹਫਲੁ ਜਾਤ ਤਿਹ*
*ਜਿਉ ਕੁੰਚਰ ਇਸਨਾਨੁ ॥ ਅੰਗ - ੧੪੨੮*

ਤੀਰਥਾਂ ਦਾ ਫਲ ਹੁੰਦਾ ਹੈ, ਦਾਨ ਦਾ ਫਲ ਹੁੰਦਾ ਹੈ, ਵਰਤਾਂ ਦਾ ਫਲ ਹੁੰਦਾ, ਪਰ ਆਦਮੀ ਦਾ ਮਨ ਐਨਾ ਗਲਤ ਹੋਏਗਾ ਕਿ ਅਭਿਮਾਨ ਓਹਨੂੰ ਮੱਲੋ-ਮੱਲੀ ਆ ਜਾਏਗਾ ਕਿ ਮੇਰੇ ਵਰਗਾ ਕੋਈ ਨਹੀਂ, ਮੈਂ ਸਾਰੇ ਤੀਰਥ ਕਰ ਲਏ, ਮੈਂ ਐਨਾ ਦਾਨ ਕਰਿਆ ਹੈ, ਜੀ ਮੇਰੀ ਅਰਦਾਸ ਕਰੋ, ਜੀ ਮੇਰਾ ਪੱਥਰ ਲਵਾ ਦਿਓ, ਤਾਂ ਕਿ ਲੋਕ ਆਉਂਦੇ ਜਾਂਦੇ ਪੜ੍ਹ ਕੇ ਕਹਿਣ ਕਿ ਬੜਾ ਦਾਨੀ ਹੈ। ਕਹਿੰਦੇ ਉਹ ਨਿਹਫਲ ਹੋ ਜਾਏਗਾ ਸਾਰਾ। ਇਹ ਚੱਲਣੇ ਨਹੀਂ ਹਨ ਤੇ ਜੇ ਕੋਈ ਚੀਜ਼ ਚੱਲੇਗੀ ਉਹ ਪ੍ਰਮੇਸ਼ਰ ਦਾ ਨਾਮ ਚੱਲੇਗਾ। ਹੋਰ ਕੋਈ ਚੀਜ਼ ਕਲਜੁਗ 'ਚ ਨਹੀਂ ਕੰਮ ਆਉਂਦੀ।

ਕਹਿਣ ਲੱਗੇ, ਭਾਈ ਰਾਜੂ! ਅਸੀਂ ਸੋਈ ਬਚਨ ਗੁਰੂ ਦੇ ਸੁਣਾਉਂਦੇ ਹਾਂ ਕਿ -

*ਅਬ ਕਲੂ ਆਇਓ ਰੇ ॥*
*ਇਕੁ ਨਾਮੁ ਬੋਵਹੁ ਬੋਵਹੁ ॥*
*ਅਨ ਰੂਤਿ ਨਾਹੀ ਨਾਹੀ ॥*
*ਮਤੁ ਭਰਮਿ ਭੂਲਹੁ ਭੂਲਹੁ ॥ ਅੰਗ - ੧੧੮੫*

ਸੋ ਦੋ ਚੀਜ਼ਾਂ ਨੇ, ਇੱਕ ਨਾਮ ਹੈ ਤੇ ਇੱਕ ਹਉਮੈ ਹੈ, ਹੁਣ ਹਉਮੈ ਵੀ ਤਕੜੀ ਹੈ ਨਾਮ ਵੀ ਤਕੜਾ ਹੈ, ਕਿਉਂਕਿ ਹਉਮੈ ਵਾਹਿਗੁਰੂ ਨੇ ਬਣਾਈ ਹੈ। ਸਾਰਿਆਂ ਦੇ ਅੰਦਰ ਮਾਇਆ ਦੁਸ਼ਟੀ ਪਾ ਦਿੱਤੀ, ਨਹੀਂ ਤਾਂ ਸਾਰੇ ਜੀਵ ਪਹਿਲਾਂ ਗਿਆਨਵਾਨ ਸੀ। ਹੌਲੀ-ਹੌਲੀ ਅਸਰ ਹੋ ਗਿਆ ਤੇ ਹਉਮੈ ਦੇ ਅਧੀਨ ਹੋ ਕੇ ਜੀਵ ਪਰਮੇਸ਼ਰ ਨੂੰ ਭੁੱਲ ਗਿਆ। ਬਿਲਕੁਲ ਨਹੀਂ ਇਹਨੂੰ ਪਤਾ ਕਿ ਰੱਬ ਮੇਰੇ ਨਾਲ ਰਹਿੰਦਾ ਹੈ। ਨਾਮ ਜਪਣ ਵਾਲੇ ਵੀ ਭੁੱਲੇ ਰਹਿੰਦੇ ਨੇ, ਦੂਜੇ ਵੀ ਭੁੱਲੇ ਰਹਿੰਦੇ ਨੇ, ਜਦੋਂ ਤਕ ਇਹ ਭੁੱਲ ਪੂਰੀ ਤਰ੍ਹਾਂ ਦੂਰ ਨਹੀਂ ਹੁੰਦੀ, ਹਉਮੈ ਦੂਰ ਨਹੀਂ ਹੁੰਦੀ, ਸੋ ਜਦੋਂ ਨਾਮ ਪ੍ਰਗਟ ਹੋ ਗਿਆ, ਫੇਰ ਨੇਤਰ ਖੁੱਲ੍ਹ ਜਾਂਦੇ ਨੇ ਫੇਰ ਇੱਥੇ ਕੋਈ ਦੂਜਾ ਨਹੀਂ ਦਿਸਦਾ। ਸਾਰੇ ਹੀ ਪ੍ਰਮੇਸ਼ਰ ਦੇ ਕ੍ਰਿਸ਼ਮੇ ਨਜ਼ਰ ਆਉਂਦੇ ਨੇ, ਹਰ ਥਾਂ ਵਾਹਿਗੁਰੂ ਵਿਆਪਕ ਨਜ਼ਰ ਆਉਂਦਾ ਹੈ। ਜਦੋਂ ਵਿਆਪਕ ਨਜ਼ਰ ਆ ਜਾਏ, ਇਹਨੂੰ ਨਾਮ ਪ੍ਰਾਪਤੀ ਕਹਿੰਦੇ ਨੇ ਕਿ ਇਹਨੂੰ ਨਾਮ ਪ੍ਰਾਪਤ ਹੋ ਗਿਆ। ਇਹਦੇ ਹਿਰਦੇ 'ਚ ਨਾਮ ਵਸ ਗਿਆ, ਜਦੋਂ ਹਿਰਦੇ 'ਚ ਨਾਮ ਵਸਿਆ-

*ਨਵ ਨਿਧੀ ਅਠਾਰਹ ਸਿਧੀ*
*ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ ॥ ਅੰਗ- ੬੪੯*

ਸੋ ਇਸ ਤਰ੍ਹਾਂ ਦੇ ਨਾਲ ਆਪ ਨੇ ਕਿਹਾ ਕਿ ਹਉਮੈ ਬੰਦਗੀ ਕਰਨ ਦੇ ਨਾਲ ਟੁੱਟਦੀ ਹੈ। ਸਿੱਖੀ ਧਾਰਨ ਕਰੀ, ਉਸ ਤੋਂ ਬਾਅਦ ਸ਼ਾਂਤੀ ਪ੍ਰਾਪਤ ਹੋ ਗਈ। ਇਕ ਸਾਧਾਰਨ ਕਿਸਾਨ ਸੀ।

ਸੋ ਇਸੇ ਤਰ੍ਹਾਂ ਬਾਬਾ ਜੀ ਦੀਆਂ ਅਨੇਕ-ਅਨੇਕ ਸਾਖੀਆਂ ਨੇ ਸੋ ਪਿਆਰ ਦੇ ਨਾਲ ਉਨ੍ਹਾਂ ਦਾ ਜੀਵਨ ਸਰਵਣ ਕਰੋ -

*ਧਾਰਨਾ - ਹਰਿ ਕੇ ਸੇਵਕ ਜੋ ਹਰਿ ਭਾਏ,*
*ਤਿਨ ਕੀ ਕਥਾ ਨਿਰਾਰੀ ਰੇ।*

ਇਸ ਤਰ੍ਹਾਂ ਆਪ ਨੇ ਬੇਅੰਤ ਸੰਸਾਰ ਦਾ ਉਧਾਰ ਕੀਤਾ। ਮਹਾਰਾਜਾ ਰਣਜੀਤ ਸਿੰਘ ਛੋਟੇ ਜਿਹੇ ਸੀ ਓਸ ਵੇਲੇ, ਜਦੋਂ ਬਾਬਾ ਜੀ ਦੀ ਚਰਨ ਸ਼ਰਨ ਲਿਆ ਕੇ ਸਦਾ ਕੌਰ ਨੇ ਚਰਨਾਂ 'ਤੇ ਪਾਏ, ਬਾਬਾ ਜੀ ਨੇ ਮਸਤਕ ਦੇਖਿਆ ,ਦੇਖ ਕੇ ਕਹਿਣ ਲੱਗੇ ਕਿ ਇਹ ਤਾਂ ਪੰਜਾਬ ਦਾ ਬਾਦਸ਼ਾਹ ਬਣੇਗਾ। ਸੋ ਆਪ ਨੇ ਓਸ ਨੂੰ ਬਚਨ ਦੇ ਨਾਲ ਬਾਦਸ਼ਾਹ ਬਣਾਇਆ ਤੇ ਜਿੱਥੇ ਜਗਿਆਸੂਆਂ ਨੇ ਜਾ ਕੇ ਬਾਬਾ ਜੀ ਪਾਸ ਜਾ ਕੇ ਬੇਨਤੀ ਕੀਤੀ, ਉਨ੍ਹਾ ਦੀ ਜਗਿਆਸਾ ਪੂਰੀ ਹੋਈ। ਇੱਕ ਅੰਮ੍ਰਿਤਸਰ ਦੇ ਅੰਦਰ ਖੋਜੀ ਪੁਰਸ਼ ਸੀ ਉਹ ਸਤਿ ਨੂੰ ਭਾਲਦਾ ਫਿਰਦਾ ਸੀ ਕਿ ਕੋਈ ਪਿਆਰਾ ਲੱਭ ਜਾਵੇ, ਬਾਰ-ਬਾਰ ਬੇਨਤੀਆਂ ਕਰਦਾ ਸੀ ਕਿ ਹੇ ਪ੍ਰਭੂ! ਕ੍ਰਿਪਾ ਕਰੋ ਮੈਨੂੰ ਕੋਈ ਮਹਾਂਪੁਰਸ਼ ਮਿਲਾਓ ਜਿਹਦੇ ਮਿਲਣ ਦੇ ਨਾਲ ਹੰਗਤਾ ਤੇ ਮਮਤਾ ਦਾ ਨਾਸ਼ ਹੋ ਕੇ ਪ੍ਰਕਾਸ਼ ਹੋ ਜਾਵੇ, ਜਿਹੜੀਆਂ ਚੀਜ਼ਾਂ ਅਸੀਂ ਪੜ੍ਹਦੇ ਹਾਂ ਸਾਨੂੰ ਪ੍ਰਾਪਤ ਹੋ ਜਾਣ। ਭਟਕਦਾ ਫਿਰਦਾ ਸੀ, ਜਿੱਥੇ ਦੱਸ ਪੈਂਦੀ ਸੀ ਉਥੇ ਜਾਂਦਾ ਸੀ, ਪਰ ਜਦ ਥੋੜ੍ਹੀ ਦੇਰ ਰਹਿੰਦਾ ਸੀ ਉਥੇ ਦੇਖਦਾ ਸੀ ਕਿ ਇੱਥੇ ਤਾਂ ਕਹਿਣ-ਕਹਿਣ ਵਾਲੇ ਨੇ, ਕਰਨੀ ਨਹੀਂ ਹੈ ਇਨ੍ਹਾਂ ਕੋਲ, ਕਹਿਣੀ ਹੀ ਕਹਿਣੀ ਹੈ, ਫੇਰ ਨਿਰਾਸ਼ ਹੋ ਜਾਇਆ ਕਰਦਾ ਸੀ। ਐਸ ਤਰ੍ਹਾਂ ਬੇਨਤੀਆਂ ਕਰਦਾ ਹੈ -

*ਧਾਰਨਾ - ਕੋਊ ਸੰਤ ਮਿਲੈ ਵਡਭਾਗੀ,*
*ਪਾਂਇ ਲਗ ਕਰਹੁੰ ਬੇਨਤੀ ।*

*ਪ੍ਰਭ ਮਿਲਬੇ ਕਉ ਪ੍ਰੀਤਿ ਮਨਿ ਲਾਗੀ ॥*
*ਪਾਇ ਲਗਉ ਮੋਹਿ ਕਰਉ ਬੇਨਤੀ*
*ਕੋਊ ਸੰਤੁ ਮਿਲੈ ਬਡਭਾਗੀ ॥ ੧ ॥ ਰਹਾਉ ॥*
*ਮਨੁ ਅਰਪਉ ਧਨੁ ਰਾਖਉ ਆਗੈ*
*ਮਨ ਕੀ ਮਤਿ ਮੋਹਿ ਸਗਲ ਤਿਆਗੀ ॥*
*ਜੋ ਪ੍ਰਭ ਕੀ ਹਰਿ ਕਥਾ ਸੁਨਾਵੈ*
*ਅਨਦਿਨੁ ਫਿਰਉ ਤਿਸੁ ਪਿਛੈ ਵਿਰਾਗੀ ॥*
*ਅੰਗ - ੨੦੪*

ਗੁਰੂ ਮਹਾਰਾਜ ਦੇ ਇਸ ਉਪਦੇਸ਼ ਦੇ ਮੁਤਾਬਿਕ ਖੋਜਦਾ ਫਿਰਦਾ ਹੈ ਕਿਉਂਕਿ ਕੋਈ ਮਹਾਤਮਾ ਨਜ਼ਰ ਨਹੀਂ ਆਉਂਦਾ। ਅਖੀਰ ਓਸਨੇ ਇੱਕ ਪਾਖੰਡ ਰਚਿਆ। ਤਿੰਨ ਮਸ਼ਕਾਂ ਪਾਣੀ ਦੀਆਂ ਭਰ ਕੇ ਥੋੜ੍ਹਾ ਜਿਹਾ ਪਾਣੀ ਛੱਡ ਦਿੱਤਾ ਕਿ ਮਾੜਾ-ਮਾੜਾ ਬਾਹਰ ਨਿਕਲੀ ਜਾਵੇ ਤੇ ਲੋਕਾਂ ਨੂੰ ਕਹਾਂਗਾ ਕਿ ਇੱਥੇ ਚਸ਼ਮਾ ਲਗ ਗਿਆ। ਜਿਹੜਾ ਆ ਕੇ ਮੇਰੇ ਪਾਖੰਡ ਨੂੰ ਦਸ ਦਏਗਾ, ਮੈਨੂੰ ਪਤਾ ਲਗ ਜਾਏਗਾ। ਸੋ ਇਸੇ ਤਰ੍ਹਾਂ ਲੋਕਾਂ ਦੀ ਬੜੀ ਭੀੜ ਉਹਦੇ ਕੋਲ ਹੋਣੀ ਸ਼ੁਰੂ ਹੋ ਗਈ। ਚਸ਼ਮੇ ਵਾਂਗੂੰ ਪਾਣੀ ਰਿਸਣਾ ਸ਼ੁਰੂ ਹੋ ਗਿਆ, ਲੋਕ ਕਹਿਣ ਦੇਖੋ ਚਸ਼ਮਾ ਨਿਕਲ ਆਇਆ, ਜਿੱਥੇ ਸੰਤ ਬੈਠੇ ਨੇ ਸਮਾਧੀ ਲਾਈ ਹੋਈ ਹੈ ਤੇ ਓਸ ਵੇਲੇ ਬਾਬਾ ਜੀ ਅੰਮ੍ਰਿਤਸਰ ਦੀਆਂ ਪ੍ਰਕਰਮਾ 'ਚ ਤੁਰੇ ਜਾ ਰਹੇ ਨੇ ਤੇ ਜਾਂਦੇ-ਜਾਂਦੇ ਇਸ ਨੂੰ ਦੇਖਿਆ ਤੇ ਇਹ ਨੇ ਵੀ ਕੋਈ ਨਿਗ੍ਹਾ ਕਰਕੇ ਦੇਖਿਆ ਕਿ ਕੋਈ ਪੂਰਨ ਪੁਰਸ਼ ਜਾ ਰਿਹਾ, ਉਠ ਕੇ ਜਾ ਕੇ ਬਾਬਾ ਜੀ ਦੇ ਚਰਨਾਂ 'ਤੇ ਨਮਸ਼ਕਾਰ ਕੀਤੀ। ਬਾਬਾ ਜੀ ਨੇ ਕਿਹਾ ਆਓ ਮਜਾਵਰ ਚਸ਼ਮ ਕੇ। ਮਜਾਵਰ ਕਹਿੰਦੇ ਨੇ ਪੁਜਾਰੀ, ਚਸ਼ਮ ਕਹਿੰਦੇ ਨੇ ਚਸ਼ਮੇ ਨੂੰ। ਉਹਨੇ ਬੁੱਝ ਲਿਆ ਕਿ ਮੇਰੇ ਚਸ਼ਮੇ ਦੇ ਬਾਰੇ ਗੱਲ ਕਰੀ, ਕਹਿੰਦੇ ਪਾਖੰਡ ਨਹੀਂ ਕਰੀਦਾ, ਓਸ ਵੇਲੇ ਬੜਾ ਪ੍ਰਸੰਨ ਹੋ ਗਿਆ ਕਿ ਮੈਨੂੰ ਅੱਜ ਕੋਈ ਪੂਰਾ ਮਿਲ ਗਿਆ। ਪੂਰਾ ਮਿਲਿਆ ਨਹੀਂ ਕਰਦਾ ਜਦ ਤੱਕ ਪੂਰੇ ਭਾਗ ਨਾ ਜਾਗਣ -

*ਧਾਰਨਾ - ਸਾਧੂ ਮਿਲ ਜਾਂਦੇ ਨੇ*
*ਸੁੱਤੇ ਜਦ ਭਾਗ ਜਾਗਦੇ।*

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ ॥ ਅੰਗ- ੨੦੪*

ਜਦੋਂ ਪਿਛਲੇ ਕੀਤੇ ਹੋਏ ਕਰਮਾਂ 'ਚੋਂ ਕੀਤੀ ਕਮਾਈ ਦਾ ਸ਼ੁਭ ਅੰਕੁਰ ਪ੍ਰਗਟ ਹੁੰਦਾ ਹੈ, ਓਸ ਵੇਲੇ ਕੀ ਹੁੰਦਾ ਹੈ 'ਭੇਟਿਓ ਪੁਰਖੁ ਰਸਿਕ ਬੈਰਾਗੀ'। ਦੋ ਤਰ੍ਹਾਂ ਦੇ ਹੁੰਦੇ ਨੇ ਸਾਧੂ, ਇੱਕ ਤਾਂ ਹੁੰਦੇ ਨੇ ਖੁਸ਼ਕ, ਇੱਕ ਹੁੰਦੇ ਨੇ ਰਸੀਏ। ਨਾਮ ਦੇ ਰਸ ਵਿੱਚ ਹਰ ਵਕਤ ਭਿੱਜੇ ਰਹਿਣ ਵਾਲੇ ਤੇ ਫੇਰ ਉਹ ਦੁਨੀਆਂ ਵਲੋਂ ਵੈਰਾਗੀ ਹੁੰਦੇ ਨੇ, ਪਕੜ 'ਚ ਨਹੀਂ ਆਇਆ ਕਰਦੇ, ਨਿਰਲੇਪ ਰਹਿੰਦੇ ਨੇ।

ਫੇਰ ਕੀ ਹੁੰਦਾ ਹੈ ਹਨ੍ਹੇਰਾ ਪਿਆ ਹੋਇਆ ਹੈ, ਹੈਗਾ ਤਾਂ ਵਾਹਿਗੁਰੂ ਸਾਰੇ ਪਰੀਪੂਰਨ ਤੇ ਵਾਹਿਗੁਰੂ ਤੋਂ ਬਗੈਰ ਇੱਥੇ ਹੈ ਵੀ ਕੁਛ ਨਹੀਂ।

*ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥*
*ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥*
*ਜਾਪੁ ਸਾਹਿਬ*

ਆਹ ਗੱਲ ਨਾ ਸਾਡੇ ਦਿਮਾਗ ਵਿੱਚ ਬੈਠਦੀ ਹੈ, ਨਾ ਅਸੀਂ ਸਮਝਣ ਦਾ ਯਤਨ ਕਰਦੇ ਹਾਂ। ਗੱਲ ਤਾਂ ਸਿੱਧੀ ਹੀ ਹੈ ਜੇ ਹੁਣੇ ਬੈਠ ਜਾਵੇ ਤਾਂ ਸਾਰੇ ਹੀ ਬ੍ਰਹਮਗਿਆਨ 'ਚ ਆ ਜਾਣ। ਕੋਈ ਵੀ ਅਗਿਆਨੀ ਨਾ ਰਹੇ, ਪਰ ਇਹ ਬੈਠਦੀ ਨਹੀਂ ਹੈ। ਛੁੱਟਣ ਦੀ ਕੁੰਜੀ ਹੈ ਇਹ, ਸੰਤਾਂ ਕੋਲ ਆਹੀ ਕੁੰਜੀ ਹੁੰਦੀ ਹੈ, ਜਿਹਦੇ ਨਾਲ ਇਹ ਜੀਵ ਨੂੰ ਛੁਡਾ ਦਿੰਦੇ ਨੇ। ਪਰ ਇਹ ਲਾਉਣੀ ਨਹੀਂ ਆਉਂਦੀ ਕਿ ਲਾਈਏ ਕਿਵੇਂ। ਲਗਦੀ ਬਹੁਤ ਔਖੀ ਹੈ, ਜੰਗਾਲਿਆ ਹੋਇਆ ਜਿੰਦਰਾ ਹੈ। ਉਹ ਖੁਲ੍ਹਦਾ ਨਹੀਂ ਹੈ। ਕਿਉਂਕਿ ਕੁੰਜੀ ਹੈ ਉਹਦੇ ਕੋਲ, ਢੰਗ ਵੀ ਉਹਦੇ ਕੋਲ ਹੈ। ਤਾਲੇ ਐਸੇ ਹੁੰਦੇ ਨੇ, ਨੰਬਰਾਂ ਵਾਲੇ, ਉਹ ਖੁਲ੍ਹਦੇ ਨਹੀਂ ਹਨ, ਕਿਉਂਕਿ ਕੁੰਜੀ ਤੋਂ ਬਗੈਰ ਨਹੀਂ ਖੁਲ੍ਹਦੇ, ਜਦੋਂ ਤੱਕ ਪੂਰੇ ਨੰਬਰ ਆਮ੍ਹਣੇ-ਸਾਮ੍ਹਣੇ ਨਹੀਂ ਆਉਂਦੇ, ਓਨਾਂ ਚਿਰ ਉਹ ਨੰਬਰ ਵਾਲਾ ਤਾਲਾ ਨਹੀਂ ਖੁਲ੍ਹਿਆ ਕਰਦਾ। ਇਵੇਂ ਜਿਵੇਂ ਕਈ ਐਸੇ ਜਿੰਦੇ ਨੇ ਚਾਬੀ ਵੀ ਹੈਗੀ, ਜਿੰਦਾ ਬੀ ਹੈਗਾ, ਪਤਾ ਨਹੀਂ ਹੈ ਕਿੱਥੇ ਲਗਾਣੀ ਹੈ, ਓਸ ਥਾਂ 'ਤੇ ਜੇ ਲਗ ਜਾਵੇ, ਤਾਂ ਉਦੋਂ ਹੀ ਤਾਲਾ

ਖੁਲ੍ਹ ਜਾਂਦਾ ਹੈ। ਸੋ ਇਹ ਚਾਬੀ ਸੰਤਾਂ ਦੇ ਕੋਲ ਹੋਇਆ ਕਰਦੀ ਹੈ।

*ਬਿਨੁ ਸਬਦੈ ਅੰਤਰਿ ਆਨੇਰਾ ॥*
*ਨ ਵਸਤੁ ਲਹੈ ਨ ਚੂਕੈ ਫੇਰਾ ॥*
*ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ*
*ਗੁਰੁ ਪੂਰੈ ਭਾਗਿ ਮਿਲਾਵਣਿਆ ॥ ਅੰਗ- ੧੨੪*

ਸ਼ਬਦ ਦੀ ਪ੍ਰਾਪਤੀ ਨਹੀਂ ਹੁੰਦੀ ਤੇ ਅੰਦਰ ਹਨ੍ਹੇਰਾ ਰਹਿੰਦਾ ਹੈ, ਨਾ ਤਾਂ ਆਤਮ ਵਸਤੂ ਪ੍ਰਾਪਤ ਹੁੰਦੀ ਹੈ, ਨਾ ਜੰਮਣ ਮਰਨ ਖਤਮ ਹੁੰਦਾ ਹੈ। ਗੁਰੂ, ਪੂਰੇ ਭਾਗ ਹੋਣ ਤਾਂ ਮਿਲਦਾ ਹੈ। ਹਨ੍ਹੇਰਾ ਪਿਆ ਹੋਇਆ ਹੈ ਇਸ ਗੱਲ ਦਾ ਕਿ ਆਹ ਸਾਰਾ ਹੀ ਸੰਸਾਰ ਪ੍ਰਮੇਸ਼ਰ ਦਾ ਰੂਪ ਹੈ, ਜਿਹਦੀ ਅੱਖ ਖੁਲ੍ਹ ਗਈ ਓਹਦੀ ਨਿਗ੍ਹਾ ਬਦਲ ਜਾਂਦੀ ਹੈ –

*ਧਾਰਨਾ - ਤੂੰਹੀਂ ਤੂੰਹੀਂ ਮੋਹਿਨਾ।*
*ਗੁਰਹਿ ਦਿਖਾਇਓ ਲੋਇਨਾ ॥੧॥ਰਹਾਉ ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ ॥ ਅੰਗ - ੪੦੭*

ਜਦੋਂ ਗੁਰੂ ਨੇ ਅੱਖ ਦਿਖਾ ਦਿੱਤੀ ਜਿਸਨੂੰ ਆਤਮਿਕ ਸੋਝੀ (sixth sense) ਕਹਿੰਦੇ ਨੇ, ਅੰਗ੍ਰੇਜ਼ੀ ਦੇ ਅੰਦਰ। ਤੀਸਰਾ ਤਿਲ ਕਹਿੰਦੇ ਨੇ, third eye ਕਹਿੰਦੇ ਨੇ, ਬਿਅੰਨ-ਅੱਖੜੀਆਂ ਕਹਿੰਦੇ ਨੇ, ਫੇਰ ਆਹੀ ਸੰਸਾਰ ਪ੍ਰਮੇਸ਼ਰ ਦਾ ਰੂਪ ਹੋ ਜਾਂਦਾ ਹੈ –

*ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ*
*ਨਦਰੀ ਹਰਿ ਨਿਹਾਲਿਆ ॥*
*ਏਹੁ ਵਿਸੁ ਸੰਸਾਰੁ ਤੁਮ ਦੇਖਦੇ*
*ਏਹੁ ਹਰਿ ਕਾ ਰੂਪੁ ਹੈ*
*ਹਰਿ ਰੂਪੁ ਨਦਰੀ ਆਇਆ ॥ ਅੰਗ - ੯੨੨*

ਆਹੀ ਗੁਰੂ ਦਾ ਸ਼ਬਦ ਹੈ ਜਿਹੜਾ ਤਾਰਿਆ ਕਰਦਾ ਹੈ। ਨਾਲ ਤਸਦੀਕ ਕੀਤਾ ਹੈ ਕਿ ਸਾਨੂੰ ਹੁਣ ਸੰਸਾਰ, ਸੰਸਾਰ ਨਹੀਂ ਦਿਸਦਾ ਇਹ ਤਾਂ ਵਾਹਿਗੁਰੂ ਹੀ ਨਜ਼ਰ ਆ ਰਿਹਾ ਹੈ। ਪਰ ਇਹ ਅੱਖ ਖੁਲ੍ਹਦੀ ਨਹੀਂ ਹੈ। ਸੁਣ ਤਾਂ ਅਸੀਂ ਲਿਆ ਲੇਕਿਨ ਅੱਖ ਨਹੀਂ ਖੁਲ੍ਹਦੀ। ਕਾਰਨ ਹੈ ਇਹਦੇ ਵਿੱਚ, ਇਹ ਗੱਲ ਸਮਝਣ ਵਾਲੀ ਹੈ। ਸੋ ਇਹ ਕੁੰਜੀ, ਆਹੀ ਹੁੰਦੀ ਹੈ ਗੁਰੂ ਦੇ ਕੋਲ, ਜਿਹਦੇ ਨਾਲ ਇਹ ਖੋਲ੍ਹ ਦਿੰਦਾ ਹੈ ਇਸ ਅੱਖ ਨੂੰ। ਇਹ ਮੋਤੀਆਬਿੰਦ ਹੋਇਆ-ਹੋਇਆ ਹੈ। ਮੋਤੀਆ ਆ ਕੇ ਅੱਖ ਦੀ ਜੋਤੀ ਘਟ ਗਈ। ਸੋ ਜਿਹਦੀ ਖੁੱਲ੍ਹ ਜਾਂਦੀ ਹੈ, ਉਹਨੂੰ ਹੋਰ ਤਰ੍ਹਾਂ ਹੋ ਜਾਂਦਾ ਹੈ। ਇੱਕ ਵਾਰੀ ਬਾਬਾ ਭਾਗ ਸਿੰਘ ਜੀ ਮਹਾਰਾਜ, ਜੋ ਬਾਬਾ ਸਾਹਿਬ ਸਿੰਘ ਜੀ ਤੋਂ ਬਾਅਦ ਹੋਏ ਨੇ, ਆਪ ਦੇ ਮਨ ਵਿੱਚ ਬੜਾ ਚਾਓ ਆਇਆ ਕਿ ਗੁਰੂ ਕਲਗੀਧਰ ਪਾਤਸ਼ਾਹ ਨੇ ਜਿਸ ਥਾਂ ਦੇ ਉੱਤੇ ਪੰਚ ਭੂਤਕ ਸਰੀਰ ਤਿਆਗਿਆ, ਆਪਣਾ ਬਚਿਤ੍ਰ ਨਾਟਕ ਖਤਮ ਕਰਿਆ ਹੈ, ਓਸ ਜਗ੍ਹਾਂ ਦੇ ਦਰਸ਼ਨ ਪਰਸਣੇ ਚਾਹੀਦੇ ਨੇ। ਸੋ ਆਪ ਸ਼ਬਦ ਦੇ ਆਸਰੇ ਪੈਦਲ ਚੱਲ ਪਏ। ਕੋਈ ਪੈਸਾ ਕੋਲ ਨਹੀਂ, ਕੋਈ ਚੀਜ਼ ਨਹੀਂ ਹੈ, ਕਿਉਂਕਿ ਰਾਜ਼ਕ ਤਾਂ ਵਾਹਿਗੁਰੂ ਹੈ ਸਭ ਦਾ। ਜਿੱਥੇ ਜਾਣਾ ਹੈ ਪ੍ਰਸ਼ਾਦਾ ਪਹਿਲਾਂ ਤਿਆਰ ਹੋਇਆ ਕਰਦਾ ਹੈ। ਇਹ ਓਹਦੀ ਡਿਊਟੀ ਹੈ, ਸਾਡੀ ਡਿਊਟੀ ਨਹੀਂ ਅਸੀਂ ਤਾਂ ਆਪਣੇ ਗਲ ਪਾਈ ਹੋਈ ਹੈ, ਖਾਹਮਖਾਹ। ਵਾਹਿਗੁਰੂ ਦਾ ਭਜਨ ਕਰੋ, ਉਹਦੇ ਉੱਤੇ ਪ੍ਰਾਇਣ ਹੋ ਜਾਓ, ਰੋਟੀਆਂ ਦਾ ਘਾਟਾ ਹੈ ਕਿ ਕਿੰਨੀਆਂ ਕੁ ਆਉਂਦੀਆਂ ਨੇ। ਖਾਣ ਵਾਲੇ ਥੋੜ੍ਹੇ ਆਉਂਦੇ ਨੇ ਭੇਜਦਾ ਬਹੁਤੀ ਹੈ। ਭਰੋਸੇ ਵਿੱਚ ਹੋ ਜਾਵੇ ਇੱਕ ਵਾਰ। ਸੋ ਇਸ ਤਰ੍ਹਾਂ ਦੇ ਨਾਲ ਆਪ ਹਜ਼ੂਰ ਸਾਹਿਬ ਨੂੰ ਜਾ ਰਹੇ ਨੇ, ਜਾਂਦੇ-ਜਾਂਦੇ ਇੱਕ ਪਿੰਡ ਦੇ ਵਿੱਚ ਚਲੇ ਗਏ, ਓਥੇ ਇੱਕ ਤਲਾਬ ਸੀ, ਉਹਦੇ ਕੰਢੇ 'ਤੇ ਆਪ ਨੇ ਆਸਣ ਲਾ ਲਿਆ ਤੇ ਉੱਥੇ ਕੋਈ ਰਾਹੀ ਲੰਘੇ ਜਾਂਦੇ ਸੀ, ਉਹਨੇ ਕਿਹਾ ਕਿ ਆਹ ਬੰਦਾ ਜਿਹੜਾ ਹੈ, ਕੋਈ ਸਾਧੂ ਬੈਠਾ ਹੈ ਛੋਟੀ ਉਮਰ ਦਾ, ਇਹਨੂੰ ਤਾਂ ਅੱਜ ਸ਼ੇਰ ਖਾ ਜਾਣਗੇ। ਇਥੇ ਆਦਮਖੋਰ ਸ਼ੇਰ ਰਹਿੰਦੇ ਨੇ ਤੇ ਉਨ੍ਹਾਂ ਨੇ ਪਿੰਡ ਵਿੱਚ ਜਾ ਕੇ ਗੱਲ ਕਰੀ। ਪਿੰਡ ਵਾਲਿਆਂ ਨੇ ਕਿਹਾ ਕਿ ਵਿਚਾਰਾ ਪਤਾ ਨਹੀਂ ਕਿਸ ਮਾਂ ਦਾ ਪੁੱਤਰ ਹੈ, ਕਿਸ ਕਾਰਨ ਜਾ ਰਿਹਾ ਹੈ, ਸਾਡਾ ਫਰਜ਼ ਬਣਦਾ ਹੈ ਕਿ ਇਹਨੂੰ ਬਚਾਈਏ। ਸੋ ਇਕੱਠੇ ਹੋ ਕੇ ਸੰਤਾਂ ਦੇ ਪਾਸ ਆਏ, ਆ ਕੇ ਕਹਿਣ ਲੱਗੇ ਕਿ ਬਾਲ ਬ੍ਰਹਮਚਾਰੀ! ਤੁਸੀਂ ਇੱਥੇ ਬੈਠੇ ਹੋ, ਇਥੇ ਤਾਂ ਸ਼ੇਰ ਰਾਤ ਨੂੰ ਪਾਣੀ ਪੀਣ ਵੀ ਆਉਂਦੇ ਨੇ, ਆਹੀ ਉਨ੍ਹਾ ਦੀ ਜਗ੍ਹਾ ਹੈ ਪਾਣੀ ਪੀਣ ਦੀ ਤੇ ਕਈ ਮਨੁੱਖਾਂ ਨੂੰ ਖਾ ਚੁੱਕੇ ਨੇ ਤੇ ਚੱਲੋ ਤੁਸੀਂ, ਪਿੰਡ ਵਿੱਚ ਵੀ ਅੰਦਰ ਸੌਣਾ ਪੈਂਦਾ ਹੈ, ਪਿੰਡ ਦੀਆਂ ਗਲੀਆਂ ਵਿੱਚ ਵੀ ਸ਼ੇਰ ਘੁੰਮਦੇ ਨੇ। ਉਹ ਕਹਿੰਦੇ ਕਿ ਤੁਸੀਂ ਜਾਓ, ਸਾਡੇ ਵਾਸਤੇ ਕੋਈ ਸ਼ੇਰ, ਸ਼ੇਰ ਨਹੀਂ ਹੈਗਾ, ਕਿਉਂਕਿ ਗਿਆਨ ਦੋਵੇਂ ਤਰ੍ਹਾਂ ਦਾ ਹੈ, ਸਾਧਸੰਗਤ ਜੀ! ਇੱਕ ਤਾਂ ਉਹ ਹੈ ਜਿਹੜਾ ਪੜ੍ਹ ਕੇ ਦਿਮਾਗ 'ਚ ਬਹਿ ਗਿਆ। ਇੱਕ ਪ੍ਰੈਕਟੀਕਲ ਗਿਆਨ ਹੈ, ਇਹ ਸਾਰਿਆਂ ਨਾਲੋਂ ਔਖਾ ਹੈ, ਅਸਲੀ ਗਿਆਨ ਇਹੀ ਹੋਇਆ ਕਰਦਾ ਹੈ। ਗੱਲਾਂਬਾਤਾਂ ਦੇ ਤਾਂ ਗਿਆਨੀ ਸਾਰੇ ਹੀ ਹੋਇਆ ਕਰਦੇ ਨੇ। ਪਰ ਪ੍ਰਤੱਖ ਗਿਆਨ, ਅਨੁਭਵ ਐਸਾ ਹੈ ਜਿਹੜਾ ਬਿਲਕੁਲ ਹੀ ਨਾ ਡੋਲੇ, ਉਹ ਕਿਸੇ-ਕਿਸੇ ਮਹਾਂਪੁਰਸ਼ ਨੂੰ ਪ੍ਰਾਪਤ ਹੋਇਆ ਕਰਦਾ ਹੈ, ਸਾਰਿਆਂ ਨੂੰ ਨਹੀਂ ਹੋਇਆ ਕਰਦਾ। ਸੋ ਆਪ ਸਾਰੀ ਰਾਤ ਓਥੇ ਬੈਠੇ ਤੇ ਸਵੇਰ ਵੇਲੇ ਪਿੰਡ ਵਾਲੇ ਆਏ, ਓਸ ਵੇਲੇ ਸਮਾਧੀ ਸਥਿਤ ਸੀਗੇ, ਉਨ੍ਹਾਂ ਨੇ ਦੇਖਿਆ ਕਿ ਇਨ੍ਹਾਂ ਦੇ ਆਲੇ-ਦੁਆਲੇ ਤਾਂ ਸਾਰੇ ਪੈੜਾਂ ਹੋਈਆਂ ਪਈਆਂ ਨੇ, ਕਹਿਣ ਲੱਗੇ, ਧੰਨ ਹੋ ਮਹਾਂਪੁਰਸ਼ੋ! ਤੁਹਾਡੇ ਦੁਆਲੇ ਤਾਂ ਸ਼ੇਰ ਘੁੰਮੇ ਹੋਏ ਨੇ, ਇੱਕ ਸ਼ੇਰ ਨਹੀਂ ਕਈ ਸ਼ੇਰ, ਵੱਖਰੀਆਂ-ਵੱਖਰੀਆਂ ਪੈੜਾਂ ਨਜ਼ਰ ਆਉਂਦੀਆਂ ਨੇ। ਜਿਹੜਾ ਵੀ ਪਾਣੀ ਪੀਣ ਆਇਆ ਹੈ, ਤੁਹਾਡੇ ਦੁਆਲੇ ਘੁੰਮ ਗਿਆ। ਕਹਿੰਦੇ, ਤੁਹਾਨੂੰ ਖਾਧਾ ਕਿਉਂ ਨਹੀਂ, ਇਥੇ ਤਾਂ ਕੋਈ ਬੰਦਾ ਬਚਦਾ ਹੀ ਨਹੀਂ

ਹੈ, ਕਹਿਣ ਲੱਗੇ, ਵੈਸੇ ਹੀ ਨਹੀਂ ਖਾਧਾ, ਉਨ੍ਹਾਂ ਦੀ ਮਰਜ਼ੀ ਨਹੀਂ ਖਾਣ ਦੀ ਹੋਈ, ਭੁੱਖ ਨਹੀਂ ਹੋਣੀ, ਸ਼ੇਰ ਤਾਂ ਭੁੱਖ ਲੱਗੇ 'ਤੇ ਹੀ ਖਾਂਦਾ ਹੈ। ਕਹਿੰਦੇ ਮਹਾਰਾਜ! ਭੁੱਖ ਹੋਵੇ ਨਾ ਹੋਵੇ, ਇਹ ਤਾਂ ਚੁੱਕ ਕੇ ਲੈ ਜਾਂਦਾ ਹੈ।

ਕਹਿੰਦੇ, ਫੇਰ ਪ੍ਰੇਮੀਓ! ਤੁਹਾਡੇ ਗੱਲ ਸਮਝ 'ਚ ਨਹੀਂ ਆਉਣੀ।

ਕਹਿੰਦੇ, ਮਹਾਰਾਜ! ਸਮਝਾਓ ਤਾਂ ਸਹੀ। ਕਹਿੰਦੇ ਗੱਲ ਇਹ ਹੈ ਕਿ ਸਾਡੀ ਅੱਖ ਖੋਲ੍ਹ ਦਿੱਤੀ ਸਾਡੇ ਗੁਰੂ ਨੇ। ਜਦ ਦੀ ਸਾਡੀ ਅੱਖ ਖੁਲ੍ਹੀ ਹੈ ਨਾ ਦਰਖਤਾਂ 'ਚ ਨਾ ਹਵਾ 'ਚ, ਨਾ ਪਾਣੀ 'ਚ, ਨਾ ਚੰਦ 'ਚ, ਨਾ ਸੂਰਜ 'ਚ, ਸਾਨੂੰ ਓਸ ਤੋਂ ਬਗੈਰ ਹੋਰ ਕੋਈ ਦਿਸਦਾ ਹੀ ਨਹੀਂ ਹੈ।

*ਧਾਰਨਾ - ਗੁਰਾਂ ਨੇ ਮੇਰੇ ਓ ਨੈਣ ਖੋਲ੍ਹ 'ਤੇ,*
*ਮੈਨੂੰ ਸਾਰੀਆਂ ਘਟਾਂ ਦੇ ਵਿਚ ਦਿਸਿਆ।*

*ਗੁਰਹਿ ਦਿਖਾਇਓ ਲੋਇਨਾ ॥ ੧ ॥ਰਹਾਉ ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ ॥ ਅੰਗ - ੪੦੭*

ਇਕ ਮਹਾਤਮਾ ਨੂੰ ਨਹੀਂ। ਸੰਤ ਮਹਾਰਾਜ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲੇ ਨੰਦੇੜ ਸਾਹਿਬ ਤੋਂ ਵਾਪਸ ਪੰਜਾਬ ਨੂੰ ਜਾ ਰਹੇ ਨੇ, ਨਾਲ ਉਨ੍ਹਾਂ ਦੇ ਇੱਕ ਸਿੱਖ ਹੈ। ਜਦੋਂ ਵਿੰਧਿਆਚਲ ਪ੍ਰਬਤ ਦੇ ਵਿੱਚੀਂ ਲੰਘਣ ਲੱਗੇ, ਤਾਂ ਰਸਤੇ ਵਿੱਚ ਨਾਲ ਵਾਲਾ ਸੇਵਾਦਾਰ ਕੀ ਦੇਖਦਾ ਹੈ ਕਿ ਇੱਕ ਸ਼ੇਰ ਖੜ੍ਹਾ ਹੈ। ਸ਼ੇਰ ਤੇ ਸੱਪ ਦੋ ਚੀਜ਼ਾਂ ਨੇ ਜਾਂ ਚੋਰ ਹੈ ਜਿਸ ਤੋਂ ਬੰਦਾ ਇੱਕ ਦਮ ਡਰ ਜਾਂਦਾ ਹੈ, ਘਬਰਾ ਜਾਂਦਾ ਹੈ ਤੇ ਜਦੋਂ ਸ਼ੇਰ ਦੇਖਿਆ ਤਾਂ ਸੰਤ ਤਾਂ ਓਵੇਂ ਜਿਵੇਂ ਤੁਰੀ ਗਏ। ਇਹਦੀ ਜੀਭ ਜਿਹੜੀ ਸੀ ਉਹ ਸੁੱਕ ਕੇ ਇੱਕ ਦਮ ਗਲ ਵਿੱਚ ਨੂੰ ਚਲੀ ਗਈ, ਡਰਦੇ ਮਾਰੇ ਦੀ। ਕੁਛ ਬੋਲ ਹੀ ਨਾ ਹੋਵੇ, ਮੁਸ਼ਕਲ ਦੇ ਨਾਲ ਇੱਕ ਦਰਖਤ ਦੇ ਟਾਹਣੇ ਨੂੰ ਫੜ ਕੇ ਉੱਤੇ ਨੂੰ ਹੋ ਗਿਆ ਤੇ ਦੇਖਣ ਲਗ ਗਿਆ ਕਿ ਬਾਬਾ ਜੀ ਦਾ ਕੀ ਬਣਦਾ ਹੈ ਹੁਣ? ਬਾਬਾ ਜੀ ਸਿੱਧੇ ਹੀ ਤੁਰੇ ਜਾਂਦੇ ਨੇ ਆਪਣੀ ਮਸਤੀ ਦੇ ਅੰਦਰ। ਜਦੋਂ ਸ਼ੇਰ ਦੇ ਕੋਲ ਪਹੁੰਚਦੇ ਨੇ, ਸ਼ੇਰ ਨੇ ਸੁੰਘਿਆ, ਸੁੰਘ ਕੇ ਪੂੰਛ ਹਿਲਾਈ। ਪੂੰਛ ਹਿਲਾ ਕੇ ਉਹਨੇ ਜੰਗਲ 'ਚ ਛਾਲ ਮਾਰੀ। ਇਹ ਦੂਰ ਤੱਕ ਦੇਖਦਾ ਰਿਹਾ ਹੈ ਕਿ ਸੰਤ ਤਾਂ ਇਹਨੇ ਛੱਡ ਦਿੱਤੇ, ਮੈਂ ਲੰਘਣ ਲੱਗਿਆ ਤਾਂ ਕਿਤੇ ਮੈਨੂੰ ਨਾ ਫੜ ਲਏ। ਉਹ ਲੰਘਦਾ ਉਹਨੂੰ ਫੜ ਵੀ ਲੈਣਾ ਸੀ। ਕਿਉਂਕਿ ਦ੍ਰਿਸ਼ਟੀ ਦਾ ਫਰਕ ਹੈ। ਜਿਸ ਵਕਤ ਇਸਨੇ ਦੇਖਿਆ ਕਿ ਸ਼ੇਰ ਦੂਰ ਚਲਿਆ ਗਿਆ ਤਾਂ ਦੌੜ ਕੇ ਸੰਤਾਂ ਦੇ ਪਾਸ ਪਹੁੰਚਦਾ ਹੈ, ਜਾ ਕੇ ਕਹਿਣ ਲੱਗਿਆ, ਮਹਾਰਾਜ! ਅੱਜ ਤਾਂ ਬਹੁਤ ਬਚਾਅ ਹੋ ਗਿਆ। ਕਹਿੰਦੇ, ਕੀ ਹੋ ਗਿਆ? ਕਹਿੰਦਾ, ਉਹ ਦੇਖੋ, ਫਲਾਣੇ ਮੋੜ 'ਤੇ ਸ਼ੇਰ ਤੁਹਾਡੇ ਕੋਲ ਖੜ੍ਹਾ ਸੀ। ਉਹ ਕਹਿੰਦੇ ਫੇਰ ਕੀ ਹੋ ਗਿਆ, ਕਹਿੰਦਾ ਮਹਾਰਾਜ! ਮੈਨੂੰ ਤਾਂ ਬਹੁਤ ਡਰ ਲੱਗਿਆ ਕਿ ਖਾ ਜਾਏਗਾ। ਕਹਿੰਦੇ, ਤੁਹਾਨੂੰ ਕਿਉਂ ਨਹੀਂ ਕੁਛ ਕਿਹਾ ਸ਼ੇਰ ਨੇ। ਉਹ ਕਹਿੰਦੇ, ਪ੍ਰੇਮੀਆਂ! ਦ੍ਰਿਸ਼ਟੀ 'ਚ ਫਰਕ ਹੋਇਆ ਕਰਦਾ ਹੈ। ਇਹ ਸ਼ੇਰ ਵੀ ਸਾਡਾ ਆਪਣਾ ਆਪਾ ਹੀ ਹੈ, ਇਹ ਕੋਈ ਗੈਰ ਨਹੀਂ, ਇੱਕੋ ਹੀ ਜੋਤ ਹੈ ਸਾਰਿਆਂ ਦੇ ਅੰਦਰ -

*ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥*
*ਨ ਘਾਟ ਹੈ ਨ ਬਾਢ ਹੈ, ਨ ਘਾਟਿ ਬਾਢਿ ਹੋਤ ਹੈ॥*
*ਅਕਾਲ ਉਸਤਤਿ*

ਸਾਰਿਆਂ ਦੇ ਅੰਦਰ ਇੱਕ ਜੋਤੀ ਪ੍ਰਭੂ ਦਾ ਨਿਵਾਸ ਹੈ ਤੇ ਕਹਿੰਦੇ ਕਦੇ ਦੰਦਾਂ ਨੇ ਆਪਣੀ ਬਾਂਹ ਵੀ ਖਾਧੀ ਹੈ। ਕਦੇ ਆਪਣਾ ਹੱਥ ਵੀ ਖਾਧਾ ਹੈ ਕਿਸੇ ਨੇ। ਕਹਿੰਦੇ, ਇਹ ਸਾਰੀ ਸ੍ਰਿਸ਼ਟੀ ਇੱਕੋ ਹੀ ਹੈ। ਇਹ ਦੋ ਨਹੀਂ ਹਨ। ਦਵੈਤ ਨਹੀਂ ਇਹਦੇ ਵਿੱਚ। ਇੱਕੋ ਹੀ ਹੈ। ਸੋ ਜਦ ਤੋਂ ਗੁਰੂ ਨਾਨਕ ਪਾਤਸ਼ਾਹ ਨੇ ਸਾਡੇ ਨੇਤਰ ਖੋਲ੍ਹੇ ਨੇ, ਓਦੋਂ ਤੋਂ ਸਾਨੂੰ ਦੂਜਾ ਨਹੀਂ ਇਨ੍ਹਾਂ 'ਚੋਂ ਦਿਸਦਾ, ਸਾਨੂੰ ਤਾਂ ਇੱਕੋ ਹੀ ਨਜ਼ਰ ਆਉਂਦਾ ਹੈ।

*ਧਾਰਨਾ - ਰਾਮ ਬੋਲੇ-ਰਾਮ ਬੋਲੇ ਰਾਮ ਬੋਲਦਾ,*
*ਸਾਰੀਆਂ ਘਟਾਂ ਦੇ ਵਿੱਚ ਰਾਮ ਬੋਲਦਾ।*

*ਕਤਹੂੰ ਸੁਚੇਤ ਹੁਇਕੈ ਚੇਤਨਾ ਕੋ ਚਾਰ ਕੀਓ,*
*ਕਤਹੂੰ ਅਚਿੰਤ ਹੁਇਕੈ ਸੋਵਤ ਅਚੇਤ ਹੋ॥*
*ਕਤਹੂੰ ਭਿਖਾਰੀ ਹੁਇਕੈ ਮਾਂਗਤ ਫਿਰਤ ਭੀਖ,*
*ਕਹੂੰ ਮਹਾਂ ਦਾਨ ਹੁਇਕੈ*
*ਮਾਂਗਿਓ ਧਨ ਦੇਤ ਹੋ॥*
*ਕਹੂੰ ਮਹਾਰਾਜਨ ਕੋ ਦੀਜਤ ਅਨੰਤ ਦਾਨ,*
*ਕਹੂੰ ਮਹਾਰਾਜਨ ਤੇ ਛੀਨ ਛਿਤ ਲੇਤ ਹੋ॥*
*ਕਹੂੰ ਬੇਦ ਰੀਤ, ਕਹੂੰ ਤਾ ਸਿਉ ਬਿਪ੍ਰੀਤ,*
*ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰਗੁਨ ਸਮੇਤ ਹੋ॥*
*ਤ੍ਵਪ੍ਰਸਾਦਿ ਕਬਿੱਤ*

ਕਹਿੰਦੇ ਪ੍ਰੇਮੀਆਂ! ਦ੍ਰਿਸ਼ਟੀ ਵਿੱਚ ਫਰਕ ਹੈ, ਤੇਰੀ ਦੋਖ ਦ੍ਰਿਸ਼ਟੀ ਹੈ ਤੈਨੂੰ ਸ਼ੇਰ ਨਜ਼ਰ ਆਉਂਦਾ ਹੈ, ਸਾਨੂੰ ਤਾਂ ਪੱਤੇ-ਪੱਤੇ ਵਿੱਚ ਹਰ ਥਾਂ, ਜਿਧਰ ਦੇਖਦੇ ਹਾਂ ਗੁਰੂ ਨਾਨਕ ਹੀ ਨਜ਼ਰ ਆਉਂਦਾ ਹੈ। ਸੋ ਇਹ ਜਦੋਂ ਪੂਰਾ ਮਿਲ ਗਿਆ ਫੇਰ ਮਨ ਦਾ ਹਨ੍ਹੇਰਾ ਮਿਟ ਜਾਦਾ ਹੈ -

*ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥*
*ਤਿਸ ਕੈ ਭਾਣੈ ਕੋਇ ਨ ਭੂਲਾ*
*ਜਿਨਿ ਸਗਲੋ ਬ੍ਰਹਮੁ ਪਛਾਤਾ ॥ ਅੰਗ- ੬੧੦*

ਸੁਰਤ ਸੁੱਤੀ ਪਈ ਹੈ, ਕੋਈ ਵਿਰਲਾ ਹੈ ਜਿਸਦੀ ਸੁਰਤ ਜਾਗਦੀ ਹੈ। ਧਿਆਨ ਦੇ ਨਾਲ ਗੱਲ ਸਮਝਿਓ, ਆਹ ਜਿਹੜਾ ਸਾਡਾ ਦਿਮਾਗ ਹੈ ਨਾ, ਇਹਦੇ ਵਿਚ ਇਲੈਕਟ੍ਰਨਿਕ ਤੇ ਮੈਗੇਨੇਟ ਦੀਆਂ ਲਹਿਰਾਂ ਚਲਦੀਆਂ ਨੇ, ਅਰਬਾਂ ਦੀ ਤਾਦਾਦ 'ਚ। ਸਾਡੇ ਸਾਰੇ ਸਰੀਰ ਦੇ ਅੰਦਰ ਦੋ ਖਰਬ, 15 ਅਰਬ ਸੈਲ ਨੇ। ਇਹਦੇ ਵਿੱਚ 15 ਅਰਬ ਸੈਲ ਇਕੱਲੇ ਦਿਮਾਗ ਵਿੱਚ ਹੈ। ਇਹਦੇ 'ਚ ਖਾਨੇ ਬਣੇ ਹੋਏ ਨੇ। ਯਾਦਦਾਸ਼ਤ ਦਾ ਖਾਨਾ ਹੋਰ ਹੈ,

ਡਰ ਦਾ ਹੋਰ ਹੈ, ਖੁਸ਼ੀ ਦਾ ਹੋਰ ਹੈ, ਧੋਖਾ ਦੇਣ ਵਾਲਾ ਖਾਨਾ ਹੋਰ ਹੈ, ਓਥੇ-ਓਥੇ ਹੀ ਉਹ ਲਾਈਟ ਚਲੀ ਜਾਂਦੀ ਹੈ। ਇਹ ਜਦੋਂ ਦੋ ਕਰੰਟਾਂ ਚਲਦੀਆਂ ਨੇ ਦਿਮਾਗ ਦੇ ਅੰਦਰ, ਇਹਦੇ ਵਿੱਚ ਜਾਗਰਤ ਆਉਂਦੀ ਹੈ, ਉਸ ਜਾਗਰਤ ਦੇ ਨਾਲ ਸਾਡੇ ਅੰਦਰ ਇੱਕ ਚੀਜ਼ ਜਾਗਦੀ ਹੈ ਜਿਹਨੂੰ ਅਸੀਂ ਸੁਰਤ ਕਹਿੰਦੇ ਹਾਂ। ਇਹ ਸੁਰਤ ਤੇ ਬੁੱਧੀ ਬਰਾਬਰ-ਬਰਾਬਰ ਹੁੰਦੇ ਨੇ, ਇਹਦੇ ਵਿੱਚ ਮੈਂ, ਇੱਕ ਦਮ ਮੈਂ ਆਉਂਦੀ ਹੈ। ਇਹਨੂੰ ਇਹ ਨਹੀਂ ਪਤਾ ਕਿ ਮੇਰੇ ਦਿਮਾਗ ਨੂੰ ਜਿਹੜਾ ਇਹ ਲਹਿਰਾਂ ਚਲਾਉਂਦਾ ਹੈ ਇਹ ਵੀ ਕੋਈ ਸੱਤਾ ਹੈ। ਸਾਇੰਸਦਾਨ ਇਸ ਗੱਲ 'ਤੇ ਹੈਰਾਨ ਹੋਏ ਹੋਏ ਨੇ, ਕਿ ਮਰਨ ਵਾਲੇ ਦਾ ਦਿਮਾਗ ਤਾਂ ਕਾਇਮ ਹੁੰਦਾ ਹੈ। ਇਹ ਇਲੈਕਟ੍ਰਨਿਕਸ ਦੀਆਂ ਕਰੰਟ ਕਿਉਂ ਨਹੀਂ ਚਲਦੀਆਂ ਫੇਰ। ਕਿਉਂਕਿ ਚਲਾਉਣ ਵਾਲਾ ਜਿਹੜਾ ਸੀ ਇਹ ਸਰੀਰ ਦਾ ਵਾਜਾ ਵਜਾਉਂਦਾ ਸੀ, ਵਿਚੋਂ ਨਿਕਲ ਗਿਆ ਇਹਦੇ। ਮਰਦਾ ਕੀ ਹੈ -

*ਮਰਣਹਾਰੁ ਇਹੁ ਜੀਅਰਾ ਨਾਹੀ ॥ ਅੰਗ-੧੮੮*
*ਮੁਈ ਸੁਰਤਿ ਬਾਦੁ ਅਹੰਕਾਰੁ ॥ ਅੰਗ - ੧੫੨*

ਆਹ ਜਿਹੜੀ ਸਾਡੇ 'ਚ ਸੁਰਤ ਹੈ ਇਹ ਸੁਰਤ ਨੇ ਮੈਂ ਬਣਾ ਲਿਆ ਕਿ ਮੈਂ ਵਰਿਆਮ ਸਿੰਘ ਹਾਂ। ਮੈਂ ਫਲਾਣੇ ਨੰਬਰ ਕੋਠੀ 'ਚ ਰਹਿੰਦਾ ਹਾਂ। ਮੈਂ ਫਲਾਣੇ ਥਾਂ ਰਹਿੰਦਾ ਹਾਂ। ਇਹ ਜਿਹੜੀ ਸੁਰਤ ਹੈ ਇਹ ਬ੍ਰਹਿਮੰਡੀ (cosmic) ਸੁਰਤ ਨਹੀਂ ਹੈ ਇਹ ਪਿੰਡੀ ਸੁਰਤ ਹੈ। ਇਹ ਸਰੀਰ ਦੀ ਸੁਰਤ ਹੈ, ਇਹਨੂੰ ਮਹਾਰਾਜ ਹਉਮੈ ਦੀ ਸੁਰਤ ਕਹਿੰਦੇ ਨੇ। ਜਿਹੜੀ ਬ੍ਰਹਿਮੰਡੀ ਸੁਰਤ ਹੈ, ਉਹ ਆਤਮਕ ਮੰਡਲ ਦੀ ਸੁਰਤ ਹੈ ਉਥੇ ਹੋਰ ਤਰ੍ਹਾਂ ਸੋਚ ਹੁੰਦਾ ਹੈ, ਇਥੇ ਹੋਰ ਤਰ੍ਹਾਂ ਸੋਚ ਹੁੰਦਾ ਹੈ। ਉਹਦੇ ਬਾਰੇ ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਮਨ ਭੋਲਿਆ ਹਉਮੈ ਸੁਰਤ ਵਸਾਰ।*

ਆਹ ਜਿਹੜੀ ਸੁਰਤ ਹੈ ਨਾ ਸਰੀਰ ਦੀ ਕਿ ਮੈਂ ਫਲਾਣਾ ਸਿੰਘ ਹਾਂ, ਮੈਂ ਗੋਰਾ ਹਾਂ, ਮੈਂ ਕਾਲਾ ਹਾਂ, ਮੈਂ ਬਹੁਤ ਪੜ੍ਹਿਆ ਹੋਇਆ ਹਾਂ, ਮੈਂ ਬੜਾ ਗਿਆਨੀ ਹਾਂ, ਮੈਂ ਸੰਤ ਹਾਂ, ਮੈਂ ਅਮੀਰ ਹਾਂ, ਮੈਂ ਗਰੀਬ ਹਾਂ, ਮੈਂ ਹਿੰਦੋਸਤਾਨ ਦੇ ਰਹਿਣ ਵਾਲਾ ਹਾਂ, ਇਹ ਹਉਮੈ ਦੀ ਸੁਰਤ ਹੈ ਜਿਹਨੂੰ ਮਹਾਰਾਜ ਨੇ ਕਿਹਾ ਹੈ ਕਿ ਇਹਨੂੰ ਤੂੰ ਭੁਲਾ ਦੇ। ਇਹ ਸੁਰਤ ਨਾ ਰੱਖ, ਇਹ ਸੁਰਤ ਤੈਨੂੰ ਫਸਾਈ ਫਿਰਦੀ ਹੈ। ਸੋ ਜੋ cosmic ਸੁਰਤ ਹੈ, ਜਦੋਂ ਉਹ ਸੁਰਤ ਜਾਗ ਜਾਂਦੀ ਹੈ, ਓਸ ਵੇਲੇ ਜਾਗ ਆ ਜਾਂਦੀ ਹੈ, ਨੇਤਰ ਖੁਲ੍ਹ ਜਾਂਦੇ ਨੇ। ਖੁਲ੍ਹੇ ਹੋਏ ਨੇਤਰਾਂ ਨਾਲ ਫੇਰ ਆਪਣਾ ਪਤਾ ਲਗ ਜਾਂਦਾ ਹੈ ਕਿ ਮੈਂ ਕੌਣ ਹਾਂ, ਕਿਉਂਕਿ ਜਾਗ ਆ ਗਈ। ਸੁੱਤੇ ਪਏ ਨੂੰ ਪਤਾ ਹੀ ਨਹੀਂ -

*ਨਰਪਤਿ ਏਕੁ ਸਿੰਘਾਸਨਿ ਸੋਇਆ*
*ਸੁਪਨੇ ਭਇਆ ਭਿਖਾਰੀ ॥*
*ਅਛਤ ਰਾਜ ਬਿਛੁਰਤ ਦੁਖੁ ਪਾਇਆ*
*ਸੋ ਗਤਿ ਭਈ ਹਮਾਰੀ ॥ ਅੰਗ - ੬੫੮*

ਤਖਤ ਦੇ ਉੱਤੇ ਬੈਠਾ ਹੈ ਤੇ ਦੁਖੀ ਕਿੰਨਾ ਹੋ ਰਿਹਾ ਹੈ, ਐਸਾ ਮਹਾਂਪੁਰਸ਼ ਦੱਸਿਆ ਕਰਦੇ ਸੀ ਕਿ ਰਾਜਾ ਸੀ ਉਹ ਆਪਣੇ ਤਖਤ 'ਤੇ ਬੈਠਾ ਹੈ ਜਿਸ ਦਾ ਨਾਂ ਜਨਕ ਸੀ ਤੇ ਥੋੜ੍ਹੀ ਜਿਹੀ ਨੀਂਦ ਆ ਗਈ ਉਸਨੂੰ, ਨੀਂਦ ਆਉਂਦੇ ਸਾਰ ਕੀ ਦੇਖਦਾ ਹੈ ਕਿ ਉਸ ਉਪਰ ਕਿਸੇ ਦੂਸਰੇ ਰਾਜੇ ਨੇ ਹੱਲਾ ਕਰ ਦਿੱਤਾ ਤੇ ਉਹਦਾ ਰਾਜ ਖੋਹ ਲਿਆ ਤੇ ਉਹਨੂੰ ਬੇਇਜ਼ਤ ਕਰਕੇ ਕੱਢ ਦਿੱਤਾ। ਹੁਕਮ ਕਰ ਦਿੱਤਾ ਕਿ ਇਸਨੂੰ ਕੋਈ ਪਾਣੀ ਨਾ ਦਿਓ। ਕੋਈ ਰੋਟੀ ਨਾ ਦਿਓ, ਜੋ ਇਸ ਦੀ ਬੇਇਜ਼ਤੀ ਕਰੇਗਾ। ਉਹਦੇ ਉੱਤੇ ਮੈਂ ਸਾਰਿਆਂ ਨਾਲੋਂ ਜ਼ਿਆਦਾ ਪ੍ਰਸੰਨ ਹੋਵਾਂਗਾ। ਸੋ ਬੇਇਜ਼ਤੀ ਹੁੰਦੀ ਜਾਂਦੀ ਹੈ, ਜਿਨ੍ਹਾਂ ਲੋਕਾਂ ਦਾ ਇਸਨੇ ਭਲਾ ਕਰਿਆ ਸੀ, ਉਹ ਵੀ ਸਾਰੇ ਇਸਦੀ ਬੇਇਜ਼ਤੀ ਕਰਦੇ ਨੇ, ਬਹੁਤ ਅਫਸੋਸ ਵਿੱਚ ਹੈ ਦੋ ਤਿੰਨ ਦਿਨ ਏਸੇ ਤਰ੍ਹਾਂ ਨੰਗੇ ਪੈਰੀਂ ਤੁਰਦਾ-ਤੁਰਦਾ ਅਖੀਰ ਦੂਸਰੇ ਰਾਜ ਵਿੱਚ ਚਲਿਆ ਗਿਆ। ਉਥੇ ਜਾ ਕੇ ਜਦੋਂ ਅੱਗੇ ਗਿਆ ਤਾਂ ਇੱਕ ਬੇਰੀ ਦਾ ਮੁੱਢ ਸੀ ਉਹਦੇ ਉੱਤੇ ਬੈਠ ਗਿਆ। ਉੱਥੇ ਆਪਣੀ ਹਾਲਤ ਨੂੰ ਦੇਖ ਕੇ ਰੋ ਰਿਹਾ ਹੈ। ਕੇਸ ਖਿੰਡੇ ਹੋਏ ਨੇ ਭੁੱਖਾ ਤਿਹਾਇਆ ਹੈ, ਤਾਂ ਓਸ ਵੇਲੇ ਕੋਈ ਪ੍ਰੇਮੀ ਆਇਆ, ਉਸਨੇ ਆ ਕੇ ਪੁੱਛਿਆ ਕਿ ਕੀ ਗੱਲ ਪੁਰਸ਼ਾ! ਤੂੰ ਐਨਾ ਰੋਂਦਾ ਹੈਂ। ਕਹਿਣ ਲੱਗਿਆ ਮੈਂ ਰਾਜਾ ਜਨਕ ਹਾਂ। ਆਹ ਮੇਰਾ ਹਾਲ ਹੋ ਗਿਆ, ਮੇਰਾ ਰਾਜ ਖੋਹ ਲਿਆ। ਰਾਣੀਆਂ ਮੇਰੀਆਂ ਰਹਿ ਗਈਆਂ, ਸਾਰਾ ਪਰਿਵਾਰ ਰਹਿ ਗਿਆ, ਕਿਸੇ ਨੇ ਮੇਰੀ ਹਮਦਰਦੀ ਨਹੀਂ ਕਰੀ ਤੇ ਮੈਂ ਬਹੁਤ ਦੁਖੀ ਹੋ ਕੇ ਇੱਥੇ ਪਹੁੰਚਿਆਂ ਹਾਂ, ਭੁੱਖਾ ਤਿਹਾਇਆ ਮਰ ਰਿਹਾਂ ਹਾਂ। ਕਹਿੰਦੇ, ਉਹ ਦੇਖ ਸਾਮ੍ਹਣੇ ਸ਼ੇਤਰ, ਉਥੇ ਚਲਿਆ ਜਾਹ, ਉਥੇ ਜਾ ਕੇ ਪ੍ਰਸ਼ਾਦਾ ਲੈ ਲੈ, ਲਾਈਨ 'ਚ ਖੜ੍ਹ ਜਾਹ, ਮੁਫਤ ਮਿਲਦਾ ਹੈ ਲੰਗਰ ਹੈ ਉਹ। ਉਥੇ ਚਲਿਆ ਗਿਆ, ਲਾਈਨ 'ਚ, ਜਦੋਂ ਵਾਰੀ ਆਈ ਤਾਂ ਖਿੱਚੜੀ ਗਰਮ ਹੈ, ਉਹ ਕਹਿੰਦੇ ਕਾਹਦੇ 'ਤੇ ਪੁਆਏਂਗਾ, ਕੋਈ ਬਰਤਨ ਲੈ ਕੇ ਆ। ਕਹਿੰਦਾ ਹੱਥਾਂ 'ਤੇ ਪਾ ਦਿਓ। ਉਹ ਕਹਿੰਦੇ, ਗਰਮ ਬਹੁਤ ਹੈ, ਸਹਿ ਨਹੀਂ ਹੁੰਦੀ ਹੱਥਾਂ ਤੋਂ। ਬਰਤਨ ਲੈਣ ਜਾਂਦਾ ਹੈ, ਕੋਈ ਬਿਨਾਂ ਮੁੱਲ ਤੋਂ ਬਰਤਨ ਨਹੀਂ ਦਿੰਦਾ। ਰਾਜਾ ਭਿਖਾਰੀ ਬਣ ਗਿਆ, ਮੰਗਦਾ ਫਿਰਦਾ ਹੈ। 19 ਕੌਡੀਆਂ ਮਿਲੀਆਂ ਓਸਨੂੰ, 19 ਕੌਡੀਆਂ ਦਾ ਜਾ ਕੇ ਇੱਕ ਕਸੋਰਾ ਖਰੀਦਿਆ, ਖਰੀਦ ਕੇ ਜਦ ਦੁਬਾਰਾ ਆਪ ਦੀ ਵਾਰੀ ਆਈ, ਜਦ ਨੂੰ ਸਾਰੀ ਖਿਚੜੀ ਮੁੱਕ ਗਈ। ਉਸ ਵੇਲੇ ਤਰਲੇ ਕਰਦਾ ਹੈ ਕਿ ਮੈਂ ਤਿੰਨ ਦਿਨਾਂ ਦਾ ਭੁੱਖਾ ਹਾਂ, ਕ੍ਰਿਪਾ ਕਰੋ ਮੈਨੂੰ ਜ਼ਰੂਰ ਕੁਛ ਨਾ ਕੁਛ ਦਿਓ। ਉਸ ਵੇਲੇ ਉਹਨੂੰ ਤਰਸ ਆਇਆ, ਉਸ ਨੇ ਖੁਰਚਣ ਖੁਰਚ ਕੇ ਉਹਨੂੰ ਪਾ ਦਿੱਤੀ, ਕਹਿੰਦੇ ਜਾਹ ਉਥੋਂ ਘਿਉ ਲੈ ਲੈ। ਘਿਉ ਲਈ ਜਦੋਂ ਇਹਨੇ ਹੱਥ ਕੱਢਿਆ ਘਿਉ ਵਾਲੇ ਦੇ ਅੱਗੇ, ਉਹਦਾ ਹੱਥ ਹਿਲ ਗਿਆ, ਘਿਉ ਥੱਲੇ ਗਿਰ ਗਿਆ, ਉਹਨੇ ਝਿੜਕਾਂ ਮਾਰੀਆਂ। ਇਹਨੇ ਕਿਹਾ ਕਿ ਮੇਰੇ ਤੋਂ ਲੰਘਣੀ ਨਹੀਂ ਅੰਦਰ, ਕੌੜੀ ਹੈ। ਰਹਿਮ ਕਰ ਮੈਨੂੰ ਇੱਕ ਚਮਚਾ ਦੇ ਦੇ। ਘਿਉ ਦਾ ਇੱਕ ਚਮਚ ਪਾ ਕੇ ਜਦੋਂ ਖਾਣ ਲੱਗਿਆ, ਉਹਨੇ ਆਵਾਜ਼ ਮਾਰੀ ਕਿ ਇੱਥੇ

ਨਹੀਂ ਅੱਗੇ ਚੱਲ ਅੱਗੇ। ਅੱਗੇ ਗਿਆ ਤਾਂ ਉਥੇ ਮੂੰਹ 'ਚ ਬੁਰਕੀ ਪਾਉਣ ਲੱਗਿਆ, ਤਾਂ ਉਧਰੋਂ ਦੋ ਸਾਂਢ ਭਿੜ ਪਏ ਤੇ ਫੇਟ ਦੇ ਵਿੱਚ ਆ ਗਿਆ, ਝਟਕਾ ਲੱਗਿਆ ਜਾਗ ਆ ਗਈ। ਹੈਰਾਨ ਹੋ ਗਿਆ ਕਿ ਮੈਂ ਤਾਂ ਤਖਤ 'ਤੇ ਬੈਠਾ ਹਾਂ। ਆਹ ਹੋਇਆ ਕੀ, ਇਹ ਸੁਪਨੇ ਦਾ ਅਧਿਆਸ ਠੀਕ ਉਸੇ ਤਰ੍ਹਾਂ ਹੋ ਗਿਆ ਜਿਵੇਂ ਸਾਡੇ ਉੱਤੇ ਅਧਿਆਸ ਹੋ ਗਿਆ। ਅਧਿਆਸ ਕਹਿੰਦੇ ਨੇ ਅਸਰ ਨੂੰ, ਐਨਾ ਡੂੰਘਾ ਅਸਰ ਪੈ ਗਿਆ ਕਿ ਸਾਨੂੰ ਵੀ ਨਹੀਂ ਪਤਾ ਲਗਦਾ। ਲੱਖ ਯਤਨ ਕਰੀ ਜਾਓ, ਲੱਖ ਬਾਣੀ ਸੁਣੀ ਜਾਓ, ਨਹੀਂ ਪਤਾ ਲਗਦਾ, ਉਥੇ ਦੇ ਉਥੇ ਹੀ ਰਹਿੰਦੇ ਹਾਂ। ਮੈਂ ਸਾਡੀ ਖਤਮ ਨਹੀਂ ਹੁੰਦੀ, ਅਸਲੀ ਚੀਜ਼ ਤਾਂ ਅਸੀਂ ਸਮਝਦੇ ਹੀ ਨਹੀਂ ਹਾਂ। ਗੁਰੂ ਸਾਹਿਬ ਸਮਝਾਉਂਦੇ ਜਾਂਦੇ ਨੇ, ਬਾਰ-ਬਾਰ ਉਪਦੇਸ਼ ਦਿੰਦੇ ਨੇ, ਲੇਕਿਨ ਸਾਡੇ 'ਤੇ ਕੋਈ ਅਸਰ ਨਹੀਂ ਹੋ ਰਿਹਾ, ਉਥੇ ਦੇ ਉਥੇ ਖੜ੍ਹੇ ਹਾਂ, ਓਹੀ ਕਲ੍ਹਾ, ਓਹੀ ਨਿੰਦਿਆ, ਓਹੀ ਚੁਗਲੀ, ਓਹੀ ਮੈਂ, ਓਹੀ ਮੇਰੀ, ਓਹੀ ਡਰ, ਓਹੀ ਆਸਾ, ਓਹੀ ਅੰਦੇਸਾ, ਇਹਦੇ ਵਿਚੋਂ ਨਿਕਲ ਹੀ ਨਹੀਂ ਸਕਦੇ, ਕਿਉਂਕਿ ਉਪਦੇਸ਼ ਦੀ ਕਮਾਈ ਨਹੀਂ ਕਰਦੇ। ਸੋ ਅਧਿਆਸ ਹੋ ਗਿਆ। ਪੱਕ ਗਿਆ ਅਧਿਆਸ, ਹੁਣ ਸਮਝ 'ਚ ਨਹੀਂ ਆਉਂਦੀ। ਸਾਰੇ ਭਾਰਤ ਵਰਸ਼ ਦੇ ਵਿਦਵਾਨ ਬੁਲਾ ਲਏ, ਇੱਕੋ ਹੀ ਗੱਲ ਕਹੀ ਜਾਂਦਾ ਹੈ ਕਿ 'ਆਹ ਸੱਚਾ ਕਿ ਉਹ ਸੱਚਾ'। ਜਵਾਬ ਕੀ ਦੇਵੇ ਕੋਈ, ਗੱਲ ਖੋਲ੍ਹ ਕੇ ਨਹੀਂ ਕਰਦਾ। ਸਾਰੇ ਹੈਰਾਨ ਹੋ ਗਏ। ਕਹਿੰਦੇ, ਇਹਦਾ ਜਵਾਬ ਕੀ ਦੇਈਏ, ਜਾਣ ਕਿਸੇ ਨੂੰ ਦਿੰਦਾ ਨਹੀਂ। ਅੱਠ ਸਾਲ ਲੰਘ ਗਏ, ਅੱਠ ਸਾਲ ਤੋਂ ਬਾਅਦ ਇੱਕ ਬ੍ਰਹਮਚਾਰੀ ਆਇਆ ਕੋਈ ਅੱਠ ਦੱਸ ਸਾਲ ਦਾ। ਉਹਦੇ ਸਰੀਰ ਵਿੱਚ ਅੱਠ ਵਲ ਪੈਂਦੇ ਸੀ, ਲੱਤਾਂ ਕਿਧਰੇ ਨੂੰ ਜਾਂਦੀਆਂ ਸੀ, ਝਾਕਦਾ ਕਿਧਰੇ ਨੂੰ ਸੀ, ਡੇਲੇ ਕਿਧਰੇ ਨੂੰ ਸੀ, ਮੂੰਹ ਕਿਧਰੇ ਨੂੰ ਸੀ। ਤੁਰਦਾ ਸੀ ਵਲ ਪੈਂਦੇ ਸੀ। ਸਭਾ ਲੱਗੀ ਹੋਈ ਹੈ। ਜਿਸ ਵਕਤ ਆ ਕੇ ਸਮਾਧਾਨ ਕਰਾਉਣ ਲੱਗਿਆ ਸੰਸੇ ਦਾ ਕਿ ਇਹ ਸੱਚਾ ਕਿ ਉਹ ਸੱਚਾ, ਓਸ ਵੇਲੇ ਸਭਾ ਵਾਲੇ ਸਾਰੇ ਹੀ ਹੱਸ ਪਏ। ਉਹਦੇ ਮੁੱਖ ਤੋਂ ਇੱਕ ਕਰੜਾ ਸ਼ਬਦ ਨਿਕਲ ਗਿਆ, ਕਹਿੰਦਾ ਰਾਜਨ! ਆਹ ਚਮਾਰਾਂ ਤੋਂ ਤੂੰ ਆਪਣੇ ਸਵਾਲ ਦਾ ਸਮਾਧਾਨ ਕਰਾ ਰਿਹਾ ਸੀ? ਉਹ ਸਾਰੇ ਨਰਾਜ਼ ਹੋ ਗਏ ਕਹਿਣ ਲੱਗੇ ਇਸ ਬੱਚੇ ਨੂੰ ਬੰਦ ਕਰੋ, ਕਿਹੋ ਜਿਹੀ ਗੱਲ ਕਹਿੰਦਾ ਹੈ। ਓਸ ਵੇਲੇ ਉਹ ਕਹਿਣ ਲੱਗਿਆ, ਦੇਖੋ, ਸੰਤ ਜਨੋ! ਮੈਂ ਤੁਹਾਨੂੰ ਸੰਤ ਸਮਝ ਕੇ ਪਹਿਲਾਂ ਨਮਸ਼ਕਾਰ ਕਰੀ ਹੈ। ਪਰ ਤੁਹਾਡਾ ਤਾਂ ਦੇਹ-ਅਧਿਆਸ ਹੀ ਨਹੀਂ ਟੁੱਟਿਆ। ਤੁਸੀਂ ਮੇਰੀ ਦੇਹ ਦੇ ਵਿੰਗ ਦੇਖ ਕੇ ਹੱਸੇ ਹੋ, ਮੇਰੇ ਸਰੀਰ ਦੇ ਵਿੱਚ ਜੇ ਵਿੰਗ ਨੇ, ਮੇਰੀ ਆਤਮਾ ਵਿੱਚ ਤਾਂ ਕੋਈ ਵਿੰਗ ਨਹੀਂ ਹੈ। ਜੇ ਗੰਨਾ ਵਿੰਗਾ-ਤਿੜੰਗਾ ਹੋਵੇ ਉਹਦੇ ਰਸ ਵਿੱਚ ਤਾਂ ਕੋਈ ਵਿੰਗ ਨਹੀਂ ਹੋਇਆ ਕਰਦਾ, ਤੁਸੀਂ ਮੇਰਾ ਚਮੜਾ ਦੇਖਿਆ ਹੈ ਇਸ ਕਰਕੇ ਮੈਂ ਚਮਾਰ ਤੁਹਾਨੂੰ ਕਹਿ ਦਿੱਤਾ। ਲੋਹੇ ਨੂੰ ਦੇਖਣ ਵਾਲੇ ਨੂੰ ਲੁਹਾਰ ਕਹਿ ਦਿੰਦੇ ਨੇ, ਲੱਕੜੀ ਨੂੰ ਦੇਖਣ ਵਾਲੇ ਨੂੰ ਤਰਖਾਣ ਕਹਿ ਦਿੰਦੇ ਨੇ। ਸੋ ਤੁਸੀਂ ਮੇਰੇ ਚਮੜੇ ਨੂੰ ਦੇਖ ਕੇ ਹੱਸੇ ਹੋ ਤੇ ਮੈਂ ਸਮਝਿਆ ਸੀ ਕਿ ਗਿਆਨਵਾਨ ਬੈਠੇ ਨੇ ਸਾਰੇ। ਦੇਹ ਅਧਿਆਸ ਤੋਂ ਉਪਰਲੇ ਲੋਕ ਬੈਠੇ ਨੇ ਤੇ ਤੁਸੀਂ ਤਾਂ ਦੇਹ-ਅਧਿਆਸ ਵਿੱਚ ਫਸੇ ਹੋਏ ਹੋ। ਸੋ ਇਸ ਕਰਕੇ ਮੈਂ ਗੱਲ ਕਰੀ ਹੈ ਮਾਫ ਕਰਨਾ ਮੈਨੂੰ। ਮੈਂ ਛੋਟਾ ਹਾਂ ਵੱਡੀ ਗੱਲ ਕਹਿ ਦਿੱਤੀ। ਸਾਰਿਆਂ ਨੇ ਮੂੰਹ 'ਚ ਉਂਗਲ ਲੈ ਲਈ ਕਿ ਦੇਖੋ, ਠੀਕ ਹੈ ਇਹਦੀ ਬਾਤ। ਸਾਡਾ ਜੋ ਗਿਆਨ ਹੈ ਉਹ ਗੱਲਾਂਬਾਤਾਂ ਦਾ ਗਿਆਨ ਤਾਂ ਹੈਗਾ। ਇਹਦੇ ਮੁਕਾਬਲੇ 'ਤੇ ਤਾਂ ਕੋਈ ਆ ਹੀ ਨਹੀਂ ਸਕਦਾ, ਪਹੁੰਚ ਨਹੀਂ ਸਕਦਾ। ਪਰ ਪ੍ਰੈਕਟਿਸ ਵਿੱਚ ਨਹੀਂ ਹੈ। ਅਸੀਂ ਦੇਹ-ਅਧਿਆਸ ਕਰਕੇ, ਇਹਦੀ ਦੇਹ ਨੂੰ ਦੇਖ ਕੇ ਹੱਸੇ ਹਾਂ। ਰਾਜੇ ਨੂੰ ਕਹਿਣ ਲੱਗੇ ਕਿ ਸਵਾਲ ਕਰੋ, ਇਹ ਸੱਚਾ ਕਿ ਉਹ ਸੱਚਾ।

ਕਹਿੰਦੇ, ਇਸੇ ਤਰ੍ਹਾਂ ਜਵਾਬ ਦੇ ਦੇਵਾਂ?

ਕਹਿੰਦੇ, ਇਹ ਵੀ ਝੂਠਾ ਉਹ ਵੀ ਝੂਠਾ। ਸਮਝ ਗਿਆ?

ਰਾਜਾ ਕਹਿੰਦਾ, ਨਹੀਂ ਸਮਝਿਆ।

ਕਹਿੰਦੇ, ਫੇਰ ਖੋਲ੍ਹ ਕੇ ਸਵਾਲ ਕਰ, ਖੋਲ੍ਹ ਕੇ ਜਵਾਬ ਦੇਵਾਂਗੇ। ਰਾਜਾ ਸ਼ਰਮ ਦਾ ਮਾਰਿਆ ਖੋਲ੍ਹ ਕੇ ਆਪਣੀ ਹਾਲਤ ਨਹੀਂ ਦਸਦਾ ਕਿ ਮੇਰੇ ਨਾਲ ਆਹ ਹੋਈ ਹੈ। ਅਧਿਆਸ ਐਨਾ ਪਰਪੱਕ ਹੋ ਗਿਆ ਕਿ ਉਹ ਸੁਪਨੇ ਦੀ ਹਾਲਤ ਨੂੰ ਸਤਿ ਮੰਨਦਾ ਹੈ। ਸੋ ਇਨ੍ਹਾਂ ਨੇ ਆਪ ਹੀ ਦੱਸਿਆ ਫੇਰ, ਅਸ਼ਟਾਵਕਰ ਕਹਿਣ ਲੱਗੇ, ਐ ਮਹਾਂਪੁਰਸ਼ਾਂ ਦੀ ਸਭਾ ਵਿੱਚ ਬੈਠੇ ਪ੍ਰਤਿਸ਼ਿਟਤ ਪੁਰਸ਼ੋ! ਇਸ ਰਾਜੇ ਨੂੰ ਸੁਪਨਾ ਆ ਗਿਆ, ਸੁਪਨੇ ਦੇ ਵਿੱਚ ਇਸ ਦਾ ਰਾਜ-ਭਾਗ ਖੁਸ ਗਿਆ, ਬਹੁਤ ਬੁਰੀ ਹੋਈ ਇਹਦੇ ਨਾਲ ਤੇ ਸੁਪਨਾ ਐਨਾ ਡੂੰਘਾ ਚਲਿਆ ਗਿਆ ਇਸਨੂੰ ਹੁਣ ਪਤਾ ਨਹੀਂ ਹੈ ਕਿ ਕੀ ਉਹ ਸੁਪਨਾ ਸੀ? ਸੋ ਸਾਡਾ ਜੋ ਜਵਾਬ ਹੈ ਕਿ ਇਹ ਜਿਹੜਾ ਜੀਵਨ ਤੁਸੀਂ ਗੁਜ਼ਾਰ ਰਹੇ ਹੋ ਇਹ ਵੀ ਸੁਪਨਾ ਹੈ ਤੇ ਜਿਹੜਾ ਇਹਨੇ ਸੁਪਨਾ ਦੇਖਿਆ ਹੈ, ਉਹ ਵੀ ਸੁਪਨਾ। ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਜਗਜੀਵਨ ਐਸਾ ਜੀ,***
***ਸੁਪਨੇ ਜੈਸਾ-ਸੁਪਨੇ ਜੈਸਾ।***

ਕਹਿਣ ਲੱਗੇ, ਰਾਜਨ! ਆਹ ਜਿਹੜਾ ਕੁਛ ਤੂੰ ਦੇਖ ਰਿਹਾ ਹੈਂ ਇਹ ਵੀ ਸੁਪਨਾ ਹੈ, ਇਹ ਲੰਮਾ ਸੁਪਨਾ ਹੈ। ਜੇ ਇਹ ਸੁਪਨਾ ਨਾ ਹੋਵੇ -

***ਫਰੀਦਾ ਕਿਥੈ ਤੈਡੇ ਮਾਪਿਆ***
***ਜਿਨੀ ਤੂ ਜਣਿਓਹਿ ॥***
***ਤੈ ਪਾਸਹੁ ਓਇ ਲਦਿ ਗਏ***
***ਤੂੰ ਅਜੈ ਨ ਪਤੀਣੋਹਿ॥ ਅੰਗ - ੧੩੮੧***

ਇਹ ਵੀ ਸੁਪਨਾ ਹੈ ਭਾਈ, ਉਹ ਵੀ ਸੁਪਨਾ ਹੈ, ਦੋਵੇਂ ਸੁਪਨੇ ਨੇ। ਸੋ ਇਸ ਕਰਕੇ ਜੋ ਸਤਿ ਅਵਸਥਾ ਹੈ, ਉਹ ਸੁਪਨੇ ਦੀ ਅਵਸਥਾ ਤੋਂ ਉਪਰ ਹੋਇਆ ਕਰਦੀ

ਹੈ। ਚਾਰ ਅਵਸਥਾਵਾਂ ਵਿੱਚ ਮਨ ਸਾਰਾ ਦਿਨ ਖੇਲ੍ਹਦਾ ਹੈ, ਇਹ ਜੀਵ ਦੀਆਂ ਚਾਰ ਭੂਮਿਕਾ ਨੇ। ਜਾਗ੍ਰਤ ਹੈ, ਸੁਪਨ ਹੈ, ਸਖੋਪਤ ਹੈ, ਤੁਰੀਆ ਹੈ। ਸੋ ਇਹ ਜਿਹੜੀ ਨੀਂਦ ਆਈ ਹੋਈ ਹੈ, ਗਾਫਲ ਹੋਇਆ-ਹੋਇਆ ਹੈ ਨੀਂਦ ਦੇ ਅੰਦਰ। ਇਹਨੂੰ ਸਾਰੇ ਮਹਾਂਪੁਰਸ਼ ਹਾਕਾਂ ਮਾਰ-ਮਾਰ ਕੇ ਜਗਾਉਂਦੇ ਨੇ। ਲੇਕਿਨ ਹੈਰਾਨੀ ਇਹ ਹੈ ਕਿ ਇਹਨੂੰ ਜਾਗ ਨਹੀਂ ਆਉਂਦੀ। ਜਾਗ ਇਸ ਵਾਸਤੇ ਨਹੀਂ ਆਉਂਦੀ, ਕਿਉਂਕਿ ਸੰਤ ਇੱਕ ਤਰੀਕਾ ਦਸਦੇ ਨੇ ਕਿ ਤੈਨੂੰ ਜਾਗ ਆ ਜਾਏਗੀ ਜੇ ਤੂੰ ਚਾਬੀ ਲੈ ਲਵੇਂ, ਚਾਬੀ ਮਿਲਦੀ ਹੈ ਪੰਜ ਪਿਆਰਿਆ ਤੋਂ ਤੇ ਉਹ ਚਾਬੀ ਅੱਖਰਾਂ ਦੀ ਹੈ, ਵਾਹਿਗੁਰੂ ਮੰਤਰ ਦੀ। ਉਹ ਫੇਰ-

*ਬਾਰੰ ਬਾਰ ਬਾਰ ਪ੍ਰਭੁ ਜਪੀਐ ॥ ਅੰਗ - ੨੯੬*

ਉਹ ਲੈ ਕੇ ਫੇਰ ਚੁੱਪ ਨਹੀਂ ਕਰਨਾ, ਰਸਨਾ ਦੇ ਨਾਲ ਨਾਮ ਜਪਣਾ ਹੈ। ਰਸਨਾ ਤੇ ਜਪਦੇ-ਜਪਦੇ ਸਵਾਸ 'ਤੇ ਨਾਮ ਚਲਿਆ ਜਾਂਦਾ ਹੈ। ਕੰਠ ਵਿੱਚ ਨਾਮ ਚਲਿਆ ਜਾਂਦਾ ਹੈ, ਹਿਰਦੇ 'ਚ ਨਾਮ ਚਲਿਆ ਜਾਂਦਾ ਹੈ। ਫਲ ਵਧਦਾ ਜਾਂਦਾ ਹੈ, ਰਸਨਾ ਦੇ ਨਾਲ ਦਸ ਵਾਰੀ ਜਪੋ, ਕੰਠ 'ਚ ਇੱਕ ਵਾਰੀ ਜਪੋ, ਰਸਨਾ ਦੇ ਨਾਲ ਸੌ ਵਾਰੀ ਜਪੋ ਤੇ ਹਿਰਦੇ ਵਿੱਚ ਇੱਕ ਵਾਰੀ ਜਪੋ। ਰਸਨਾ ਦੇ ਨਾਲ ਹਜ਼ਾਰ ਵਾਰੀ ਜਪੋ, ਨਾਭੀ 'ਚ ਇੱਕ ਵਾਰੀ ਜਪੋ; ਇਸੇ ਤਰ੍ਹਾਂ ਆਗਿਆ ਚੱਕਰ 'ਚ, ਤ੍ਰਿਕੁਟੀ 'ਚ, ਰੋਮ-ਰੋਮ ਦੇ ਅੰਦਰ, ਸਾਢੇ ਤਿੰਨ ਕਰੋੜ ਵਾਰੀ ਰਸਨਾ ਨਾਲ ਜਪਣ ਵਾਲਾ ਜਪੇ, ਰੋਮ-ਰੋਮ ਵਾਲਾ ਇੱਕ ਵਾਰੀ ਜਪੇ ਬਰਾਬਰ ਹੋ ਜਾਇਆ ਕਰਦਾ ਹੈ। ਬਾਰ-ਬਾਰ ਜਪੇ।

*ਕਬੀਰ ਕੇਸੋ ਕੇਸੋ ਕੂਕੀਐ*
*ਨ ਸੋਈਐ ਅਸਾਰ ॥*
*ਰਾਤਿ ਦਿਵਸ ਕੇ ਕੂਕਨੇ*
*ਕਬਹੂ ਕੇ ਸੁਨੈ ਪੁਕਾਰ ॥ ਅੰਗ - ੧੩੭੬*

ਇਹ ਫੇਰ ਘੁੰਢੀ ਖੁਲ੍ਹਦੀ ਚਲੀ ਜਾਂਦੀ ਹੈ। ਨਾਮ ਨੇ ਆਪਣਾ ਕੰਮ ਕਰਨਾ ਹੈ, ਬਾਣੀ ਨੇ ਆਪਣਾ ਕੰਮ ਕਰਨਾ ਹੈ, ਬਾਣੀ ਨੇ ਆਪਣੀ ਮਨ ਦੀ ਮੈਲ ਦੂਰ ਕਰਨੀ ਹੈ। ਨਾਮ ਨੇ ਇਹਦੀ ਸੁਰਤੀ ਚੁੱਕਣੀ ਹੈ, ਇਸ ਸਰੀਰ ਦੇ ਵਿੱਚ ਜੋ ਫਸੀ ਹੋਈ ਹੈ।

*ਕਬੀਰ ਨਿਰਮਲ ਬੂੰਦ ਅਕਾਸ ਕੀ*
*ਲੀਨੀ ਭੂਮਿ ਮਿਲਾਇ ॥*
*ਅਨਿਕ ਸਿਆਨੇ ਪਚਿ ਗਏ*
*ਨਾ ਨਿਰਵਾਰੀ ਜਾਇ ॥ ਅੰਗ - ੧੩੭੫*

ਇਹ ਆਤਮ ਬੂੰਦ ਸਰੀਰ ਦੇ ਅੰਦਰ ਆ ਕੇ ਆਤਮ ਸ਼ਕਤੀ ਪ੍ਰਵੇਸ਼ ਕਰ ਗਈ, ਹੁਣ ਇਹ ਅੱਡ ਨਹੀਂ ਹੁੰਦੀ। ਇਹਦੇ ਉੱਤੇ ਇਹਦਾ ਅਧਿਆਸ ਪੈ ਗਿਆ। ਜੀਵ ਬਣ ਗਿਆ, ਆਤਮਾ ਦਾ। ਸੋ ਇਹਨੂੰ ਜਾਗ ਨਹੀਂ ਆਉਂਦੀ, ਹੈਰਾਨ ਨੇ ਮਹਾਂਪੁਰਸ਼, ਬਈ ਦੇਖੋ ਐਨੇ ਧਰਮ ਗ੍ਰੰਥ, ਚਾਰੇ ਵੇਦ, ਛੇਈ ਸ਼ਾਸਤਰ, ਸਤਾਈ ਸਿਮ੍ਰਤੀਆਂ, ਉਪਨਿਸ਼ਦਾਂ, ਕੁਰਾਨ ਸ਼ਰੀਫ, ਤੌਰੇਤ, ਅੰਜੀਲ, ਜੰਬੂਰ, ਬਾਈਬਲ, ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ। ਕਰੋੜਾਂ ਮਹਾਤਮਾ ਅਵਾਜ਼ਾਂ ਦਿੰਦੇ ਨੇ ਪਰ ਮਜ਼ਾਲ ਹੈ ਇਹਨੂੰ ਅਵਾਜ਼ ਸਮਝ ਆ ਜਾਏ।

*ਧਾਰਨਾ - ਭਾਗ ਜਿਨ੍ਹਾਂ ਦੇ ਮੰਦੇ*
*ਦਿੱਤੀਆ ਬਾਗਾਂ ਤੋਂ ਨਾ ਜਾਗਦੇ।*

*ਫਰੀਦਾ ਕੂਕੇਦਿਆ ਚਾਂਗੇਦਿਆ*
*ਮਤੀ ਦੇਦਿਆ ਨਿਤ॥ ਜੋ ਸੈਤਾਨਿ ਵੰਞਾਇਆ*
*ਸੇ ਕਿਤ ਫੇਰਹਿ ਚਿਤ ॥ ਅੰਗ - ੧੩੭੮*

ਐਨਾ ਕੁਛ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਸਮਝਾ ਰਹੇ ਨੇ। ਦੇਖੋ ਆਪਾਂ ਜਿੰਨੀ ਵੀ ਵਿਚਾਰ ਕਰੀ ਹੈ ਇਹ ਮਹਾਂਪੁਰਸ਼ਾਂ ਦੀਆਂ ਕਥਾਵਾਂ, ਜੇ ਅਸੀਂ ਕਹੀਏ ਫਲਾਣੇ ਨੂੰ ਪੁੱਤਰ ਦੀ ਦਾਤ ਦੇ ਦਿੱਤੀ, ਇਹ ਮਾਮੂਲੀ ਗੱਲਾਂ ਹੁੰਦੀਆਂ ਨੇ ਸਾਧਸੰਗਤ ਜੀ! ਸੰਤਾਂ ਦੇ ਨਾਲ ਜੋੜਨੀਆਂ। ਫਲਾਣਾ ਰਾਜ਼ੀ ਹੋ ਗਿਆ, ਫਲਾਣੇ ਦਾ ਕਾਰਜ ਪੂਰਾ ਹੋ ਗਿਆ, ਸੰਤ ਤਾਂ ਪਸ਼ੂਆਂ ਦਾ ਵੀ ਉਧਾਰ ਕਰ ਦਿੰਦੇ ਨੇ, ਸੱਪਾਂ ਦਾ ਵੀ ਉਧਾਰ ਕਰ ਦਿੰਦੇ ਨੇ, ਜਾਨਵਰਾਂ ਦਾ ਉਧਾਰ ਕਰ ਦਿੰਦੇ ਨੇ।

ਬਾਬਾ ਸਾਹਿਬ ਸਿੰਘ ਜੀ ਅੰਮ੍ਰਿਤਸਰ ਦੀ ਪ੍ਰਕਰਮਾ 'ਚ ਬੈਠੇ ਸੀ, ਇੱਕ ਸੱਪ ਆ ਗਿਆ, ਫਣ ਉਹਨੇ ਖਲਾਰਿਆ ਹੋਇਆ ਹੈ, ਖਲਾਰ ਕੇ ਸੰਗਤ ਦੇ ਵਿਚੀਂ ਸਿੱਧਾ ਹੀ ਬਾਬਾ ਜੀ ਕੋਲ ਆ ਗਿਆ। ਸੇਵਾਦਾਰ ਘਬਰਾ ਗਏ ਕਿ ਇਹ ਤਾਂ ਉਪਰ ਹੀ ਉਪਰ ਚੜ੍ਹਦਾ ਜਾਂਦਾ ਹੈ। ਕਹਿੰਦੇ, ਬਾਬਾ ਜੀ! ਹੁਕਮ ਦੱਸੋ ਇਹ ਤਾਂ ਉਪਰ ਨੂੰ ਆ ਰਿਹਾ ਹੈ। ਕਹਿੰਦੇ, ਹੁਣ ਅਗਾਹਾਂ ਨਹੀਂ ਆਉਂਦਾ, ਇੱਥੇ ਹੀ ਖੜ੍ਹੇਗਾ। ਬਚਨ ਕਰਦੇ ਰਹੇ, ਉਹ ਫਣ ਖਲਾਰ ਕੇ ਖੜ੍ਹਾ ਰਿਹਾ। ਉਸ ਤੋਂ ਬਾਅਦ ਬਾਬਾ ਜੀ ਕਹਿਣ ਲੱਗੇ, ਅੰਮ੍ਰਿਤ ਸਰੋਵਰ 'ਚੋਂ ਇੱਕ ਗੜਵਾ ਲਿਆਓ, ਪਾਣੀ ਦਾ। ਇਹਦੇ ਉਪਰ ਜਲ ਪਾ ਦਿਓ ਭਾਈ, ਬਹੁਤ ਦੁਖੀ ਹੈ ਇਹ। ਉਹ ਜਲ ਜਦ ਉਸ ਉਪਰ ਸੁੱਟ ਦਿੱਤਾ, ਉਹਦਾ ਸਰੀਰ ਛੁੱਟ ਗਿਆ ਉਸੇ ਵੇਲੇ। ਸਿੰਘ ਪੁੱਛਣ ਲੱਗੇ, ਬਾਬਾ ਜੀ! ਇਹ ਕੌਤਕ ਕੀ ਹੈ? ਕਹਿੰਦੇ ਭਾਈ! ਇਹ ਅੰਮ੍ਰਿਤਸਰ ਦਾ ਪੁਜਾਰੀ ਸੀਗਾ, ਇਹਨੇ ਪੂਜਾ ਦਾ ਧਾਨ ਖਾਧਾ ਹੋਇਆ ਹੈ ਤੇ ਇਹਦੀ ਸੁਰਤੀ ਸਾਰੀ ਪੈਸੇ 'ਚ ਰਹਿੰਦੀ ਸੀ, ਜਿਹਦੀ ਸੁਰਤੀ ਜ਼ਿੰਦਗੀ ਭਰ ਪੈਸੇ 'ਚ ਰਹੇ, ਮਰਦੇ ਹੋਏ ਵੀ ਉਹਦੀ ਸੁਰਤੀ ਪੈਸੇ 'ਚ ਰਹਿੰਦੀ ਹੈ -

*ਅੰਤਿ ਕਾਲਿ ਜੋ ਲਛਮੀ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ ॥*
*ਸਰਪ ਜੋਨਿ ਵਲਿ ਵਲਿ ਅਉਤਰੈ ॥*
*ਅੰਗ - ੫੨੬*

ਸੱਪ ਬਣ ਜਾਂਦਾ ਹੈ। ਕਹਿੰਦੇ, ਹੁਣ ਇਹ ਦੁਖੀ ਸੀ, ਇਹ ਪੁਰਾਣੇ ਮਹੱਲ 'ਚੋਂ ਨਿਕਲ ਕੇ ਆਇਆ ਹੈ। ਰਹਿੰਦਾ ਇੱਥੇ ਹੀ ਹੈ। ਇਸੇ ਕਰਕੇ ਭਾਈ ਗੁਰਦਾਸ ਜੀ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

*ਧਾਰਨਾ – ਕਿਤੇ ਖੰਡ ਦੇ ਭੁਲੇਖੇ*
*ਜ਼ਹਿਰ ਖਾ ਲਈਂ ਨਾ,*

*ਧਾਨ ਬੁਰਾ ਪੂਜਾ ਦਾ।*
*ਤਿਉ ਧਰਮਸਾਲ ਦੀ ਝਾਕ ਹੈ*
*ਵਿਹੁ ਖੰਡੂ ਪਾਜੁ॥*

***ਭਾਈ ਗੁਰਦਾਸ ਜੀ ਵਾਰ, ੩੫/੧੨***

ਖੰਡ ਦੇ ਕੈਪਸੂਲ 'ਚ ਵਿਹੁ ਪਾਈ ਹੋਈ ਹੈ।

ਬਾਬਾ ਜਵਾਲਾ ਸਿੰਘ ਜੀ ਮਹਾਰਾਜ ਹਰਖੋਵਾਲ ਵਾਲੇ ਆਪ, ਪਹਿਲਾਂ ਜਦ ਅਸਥਾਨ ਨਹੀਂ ਸੀ ਬਣਿਆ, ਤਾਂ ਉਹ ਜੰਗਲ ਜਿਹੇ 'ਚ ਬੈਠਿਆ ਕਰਦੇ ਸੀ ਹਰਖੋਵਾਲ। ਰੋਜ਼ ਅੰਮ੍ਰਿਤ ਵੇਲੇ ਬੈਠਣਾ ਤਾਂ ਆਪ ਦੇ ਚਾਦਰੇ ਵਿੱਚ ਇੱਕ ਸੱਪ ਨੇ ਆ ਕੇ ਬਹਿ ਜਾਣਾ। ਬੈਠਾ ਰਹਿਣਾ, ਜਦ ਆਪ ਦੀ ਸਮਾਧੀ ਖੁਲ੍ਹਣੀ, ਦੇਖਣਾ ਪ੍ਰੇਮੀਆਂ! ਆ ਗਿਆ, ਚਾਦਰਾ ਚਾਰੋਂ ਲੜਾਂ ਤੋਂ ਫੜਨਾ, ਪਰ੍ਹੇ ਜਾ ਕੇ ਨਦੀ 'ਚ ਸੁੱਟ ਆਉਣਾ। ਦੂਸਰੇ ਦਿਨ ਫੇਰ ਬੈਠਣਾ, ਉਸਨੇ ਫੇਰ ਆ ਜਾਣਾ, ਤੀਸਰੇ ਦਿਨ ਫੇਰ ਬੈਠਣਾ, ਫੇਰ ਆ ਜਾਣਾ। ਜਦੋਂ ਕਈ ਦਿਨ ਲੰਘ ਗਏ, ਸੇਵਾਦਾਰ ਨੇ ਕਿਹਾ ਬਾਬਾ ਜੀ! ਇਹ ਸੱਪ ਤਾਂ ਗਿੱਝ ਗਿਆ। ਇਹਨੂੰ ਤਾਂ ਮਾਰਨਾ ਹੀ ਪੈਣਾ ਹੈ, ਕਿਤੇ ਵਲੇਟ ਪਾ ਲਿਆ ਗਰਦਨ ਨੂੰ ਫੇਰ ਔਖਾ ਹੋ ਜਾਏਗਾ। ਕਹਿੰਦੇ, ਕੋਈ ਨਾ ਇਹਦਾ ਅੰਤ ਹੋਣ ਵਾਲਾ ਹੀ ਹੈ। ਉਸ ਤੋਂ ਬਾਅਦ ਸੱਪ ਮਰ ਗਿਆ, ਮਰਿਆ ਹੋਇਆ ਤਾਂ ਪ੍ਰੇਮੀ ਕਹਿਣ ਲੱਗੇ ਕਿ ਬਾਬਾ ਜੀ! ਕ੍ਰਿਪਾ ਕਰਕੇ ਦੱਸੋ ਸਾਨੂੰ ਕਿ ਇਹ ਗੱਲ ਕੀ ਹੈ। ਕਹਿੰਦੇ, ਸਾਡੇ ਨਾਲ ਫੌਜ ਵਿੱਚ ਗ੍ਰੰਥੀ ਹੁੰਦਾ ਸੀ। ਇਹਨੂੰ ਅਸੀਂ ਕਹਿੰਦੇ ਸੀ ਕਿ ਗੁਰੂ ਗ੍ਰੰਥ ਸਾਹਿਬ ਨੂੰ ਜਿਹੜੀ ਪੂਜਾ ਚੜ੍ਹਦੀ ਹੈ ਉਹ ਤੂੰ ਨਾ ਖਾ। ਇਹ ਕਹਿੰਦੇ ਖਾਂਦਾ ਰਿਹਾ, ਹੁਣ ਸੱਪ ਬਣ ਗਿਆ, ਇਹਦੇ ਸੰਜੋਗ ਐਸੇ ਸੀ ਕਿ ਛੇਤੀ ਦੇ ਕੇ ਸੱਪ ਦੀ ਜੂਨੀ ਕੱਟ ਹੋਣੀ ਸੀ, ਸੋ ਇਹ ਰੋਜ਼ ਆ ਕੇ, ਸਾਡੀ ਬੁੱਕਲ 'ਚ ਬੈਠ ਕੇ ਪੁਕਾਰਾਂ ਕਰਦਾ ਸੀ ਕਿ ਬਾਬਾ ਜੀ! ਮੈਨੂੰ ਛੁਡਾਓ, ਮੈਂ ਬੜਾ ਦੁੱਖੀ ਹਾਂ।

ਸੋ ਕਰੋੜਾਂ ਪਾਪ ਕਰਨ ਵਾਲੇ ਵੀ ਸੰਤਾਂ ਦੇ ਨਾਲ ਉਧਰ ਜਾਇਆ ਕਰਦੇ ਨੇ। ਬਾਬਾ ਸਾਹਿਬ ਸਿੰਘ ਜੀ ਬੈਠੇ ਨੇ ਇੱਕ ਮਦਾਰੀ ਆ ਗਿਆ, ਦੋ ਬਾਂਦਰ ਨੇ ਉਹਦੇ ਕੋਲ, ਬਾਬਾ ਜੀ ਕਹਿੰਦੇ ਭਾਈ ਮੁੱਲ ਲੈ ਲਓ, ਜਾਣ ਨਹੀਂ ਦੇਣਾ ਇਹਨੂੰ। ਮੁੱਲ ਲੈ ਲਏ, ਉਨ੍ਹਾਂ ਨੇ ਦਰਵਾਜ਼ੇ ਦੇ ਗੇਟ ਨਾਲ ਬੰਨ੍ਹ ਦਿੱਤੇ। ਜਿਹੜਾ ਵੀ ਕੋਈ ਆਵੇ, ਸੁਭਾਅ ਬੱਚਿਆਂ ਦਾ ਹੁੰਦਾ ਹੈ, ਬਾਂਦਰਾਂ ਨੂੰ ਚਿੜਾਉਣਾ, ਉਹ ਨੱਠ ਕੇ ਪਿਆ ਕਰਨ। ਇੱਕ ਦਿਨ ਸੰਗਤ ਨੇ ਬੇਨਤੀ ਕਰੀ ਕਿ ਬਾਬਾ ਜੀ! ਆਹ ਬਾਂਦਰ ਕਈ ਵਾਰੀ ਬੀਬੀਆਂ ਦੇ ਕਪੜਿਆਂ ਨਾਲ ਚਿੰਬੜ ਜਾਂਦੇ ਨੇ, ਬੱਚਿਆਂ ਨੂੰ ਫੜ ਲੈਂਦੇ ਨੇ। ਕਹਿੰਦੇ, ਕੋਈ ਨਾ ਭਾਈ, ਦੋ ਦਿਨ ਹੋਰ ਨੇ। ਦੋ ਦਿਨ ਤੋਂ ਬਾਅਦ ਬਾਬਾ ਜੀ ਕਹਿੰਦੇ ਦੋਵੇਂ ਬਾਂਦਰਾਂ ਨੂੰ ਪ੍ਰਸ਼ਾਦ ਦੇ ਦਿਓ । ਉਨ੍ਹਾਂ ਨੂੰ ਜਾ ਕੇ, ਪ੍ਰਸ਼ਾਦ ਦਿੱਤਾ, ਬਾਂਦਰ ਚੜ੍ਹਾਈ ਕਰ ਗਏ ਦੋਵੇਂ। ਕਹਿੰਦੇ, ਮਹਾਰਾਜ! ਇਹ ਕੀ ਗੱਲ ਹੋਈ, ਕਹਿੰਦੇ ਜਦ ਅਸੀਂ ਪਿਛਲੇ ਜਨਮ ਵਿੱਚ ਤਪਸਿਆ ਕਰਦੇ ਸੀ, ਪਹਾੜਾਂ 'ਤੇ। ਇਹ ਦੋਵੇਂ ਪਹਾੜੀਏ ਸਾਡੀ ਧੂਣੀ ਆ ਕੇ ਤਾਪ ਜਾਇਆ ਕਰਦੇ ਸੀ। ਸੇਵਾ ਇਨ੍ਹਾਂ ਨੇ ਕਰੀ ਸੀ ਪਰ ਮੰਤਰ ਨਾ ਹੋਣ ਕਰਕੇ, ਮਨੁੱਖ ਦੀ ਜੂਨੀ ਨਹੀਂ ਇਨ੍ਹਾਂ ਨੂੰ ਪ੍ਰਾਪਤ ਹੋਈ। ਜੇ ਤਾਂ ਮੰਤਰ ਲੈ ਲੈਂਦੇ ਫੇਰ ਤਾਂ ਨਿਗੁਰੇ ਨਾ ਰਹਿੰਦੇ। ਗੁਰੂ ਮਹਾਰਾਜ ਦਸਦੇ ਨੇ ਕਿ ਨਿਗੁਰੇ ਦਾ ਤਾਂ ਨਾਉਂ ਹੀ ਲੈਣਾ ਬੁਰਾ ਹੋਇਆ ਕਰਦਾ ਹੈ। ਸੋ ਕਹਿੰਦੇ, ਹੁਣ ਕਿਉਂਕਿ ਸੇਵਾ ਕਰੀ ਸੀ, ਇਹ ਸੰਜੋਗ ਵਸ ਇੱਥੇ ਆ ਗਏ। ਸੰਜੋਗ ਵਸ ਆਉਣ ਨਾਲ, ਕਹਿੰਦੇ ਇਨ੍ਹਾਂ ਦਾ ਹੁਣ ਸਮਾਂ ਆ ਗਿਆ, ਸੰਗਤ ਦੇ ਦਰਸ਼ਨ ਕਰੇ ਇਨ੍ਹਾਂ ਨੇ, ਕੀਰਤਨ ਸੁਣਿਆ ਤੇ ਭਾਈ! ਹੁਣ ਇਨ੍ਹਾਂ ਦਾ ਉਧਾਰ ਹੋ ਗਿਆ। ਇਹ ਬਾਂਦਰ ਦੀ ਜੂਨੀ 'ਚੋਂ ਛੁਟ ਗਏ। ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ ਇਥੇ ਹੀ ਸਮਾਪਤੀ ਹੈ।

# ਰੇ ਚਿਤ ਚੇਤਿ ਚੇਤ ਅਚੇਤ

ਸਾਧ ਸੰਗਤ ਜੀ!

*ਵਾਹਿਗੁਰੂ ਜੀ ਕਾ ਖਾਲਸਾ॥*
*ਵਾਹਿਗੁਰੂ ਜੀ ਕੀ ਫਤਹਿ॥*

ਹਰੀ ਦਾ ਜਸ ਜੋ ਕਲਿਜੁਗ ਦੇ ਅੰਦਰ ਪ੍ਰਮੁਖ ਸਾਧਨ ਹੈ ਪਰ ਭਾਗਾਂ ਵਾਲਿਆਂ ਨੂੰ ਪ੍ਰਾਪਤ ਹੁੰਦਾ ਹੈ ਮਹਾਰਾਜ ਨੇ ਇਹ ਵੀ ਫੁਰਮਾਨ ਕਰ ਦਿੱਤਾ ਹੈ। ਗੁਰੂ ਮਹਾਰਾਜ ਜੀ ਨੇ ਜੋ ਬਚਨ ਕੀਤਾ ਹੈ ਕਿ ਰਸਨਾ ਦੇ ਨਾਲ ਜਦੋਂ ਅਸੀਂ ਗੁਣਾਂ ਦੇ ਖਜਾਨੇ ਪ੍ਰਮੇਸ਼ਰ, ਪ੍ਰਭੂ, ਨਾਰਾਇਣ, ਗੋਬਿੰਦ ਦੇ ਗੁਣ ਗਾਵਾਂਗੇ ਉਸ ਵੇਲੇ ਸਾਡੇ ਮਨ ਦੇ ਅੰਦਰ ਇਕ ਮਹਾਨ ਖੁਸ਼ੀ, ਮਹਾਨ ਸੁਖ ਤੇ ਸ਼ਾਂਤੀ ਦੀ ਉਤਪਤੀ ਹੋਵੇਗੀ। ਨਾਲ ਹੀ ਆਪ ਨੇ ਇਸ ਦਾ ਫਲ ਵੀ ਇਹ ਦੱਸਿਆ ਹੈ ਕਿ ਜਦੋਂ ਅਸੀਂ ਹਰੀ ਦੇ ਚਰਨ ਹਿਰਦੇ ਵਿਚ ਵਸਾਵਾਂਗੇ, ਸੇਵਾ ਕਰਾਂਗੇ, ਨਾਮ ਜਪਾਂਗੇ ਉਸ ਵੇਲੇ ਜੋ ਚੀਜ਼ ਵੀ ਮੰਗੀ ਜਾਵੇ ਉਹ ਪ੍ਰਾਪਤ ਹੋ ਜਾਏਗੀ ਕਿਉਂਕਿ ਬਹੁਤ ਸਾਰਿਆਂ ਦੇ ਮਨਾਂ ਵਿਚ ਸੰਸਾਰ ਦਾ ਮੋਹ ਹੁੰਦਾ ਹੈ, ਸੰਸਾਰ ਨੂੰ ਉਹ ਪੱਕਾ ਸਮਝਦੇ ਨੇ ਤੇ ਇਥੇ ਦੀਆਂ ਚੀਜ਼ਾਂ ਮੰਗਦੇ ਨੇ। ਮਹਾਰਾਜ ਕਹਿੰਦੇ ਇਸ ਤੋਂ ਵੀ ਉਪਰ ਜਨਮ ਤੇ ਮਰਨ ਦਾ ਜੋ ਸੰਗਲ ਗਲ ਵਿਚ ਪਿਆ ਹੋਇਆ ਹੈ ਹਉਮੈ ਰੋਗ ਕਰਕੇ, ਉਹ ਵੀ ਦੂਰ ਹੋ ਜਾਏਗਾ। ਅਖੀਰ ਦੇ ਵਿਚ ਆਪ ਦਸਦੇ ਨੇ ਕਿ ਸਾਰਾ ਸੰਸਾਰ ਸੁਖਾਂ ਦੇ ਵਾਸਤੇ ਤੁਰਿਆ ਫਿਰਦਾ ਹੈ ਪਰ ਸੁਖ ਮਿਲਦਾ ਨਹੀਂ ਹੈ। ਜਿੰਨੇ ਕਦਮ ਆਦਮੀ ਅੱਗੇ ਪੁਟਦਾ ਹੈ, ਉਨਾ ਸੁਖ ਹੋਰ ਅੱਗੇ ਵਧ ਜਾਂਦਾ ਹੈ ਤੇ ਸੁਖ ਦੀ ਪ੍ਰਾਪਤੀ ਨਹੀਂ ਹੁੰਦੀ। ਕਹਿੰਦੇ ਜੇ ਤੂੰ ਸਚਮੁਚ ਐਸਾ ਸੁਖ ਚਾਹੁੰਦਾ ਹੈਂ ਜਿਸ ਵਿਚ ਕਦੇ ਵਿਘਨ ਨਾ ਪਏ, ਹਰ ਵਕਤ ਖੁਸ਼ੀ ਹੀ ਖੁਸ਼ੀ ਰਹੇ ਤੇ 'ਅਬਿਨਾਸੀ ਖੇਮ' ਚਾਹੁੰਦਾ ਹੈਂ, ਤਾਂ ਇਕ ਗਲ ਯਾਦ ਰੱਖ ਕਿ ਤੂੰ ਕਦੇ ਵੀ ਵਾਹਿਗੁਰੂ ਨੂੰ ਨਾ ਭੁੱਲ। ਸਿਮਰਨ ਕਰਨਾ, ਨਾਮ ਜਪਣਾ, ਨਾਮ ਸੁਣਨਾ, ਨਾਮ ਗਾਉਣਾ ਤੇ ਨਾਮ ਦਾ ਯਾਦਾਸ਼ਤ ਦੇ ਵਿਚ ਬੈਠ ਜਾਣਾ ਇਸ ਨੂੰ ਸਿਮਰਨ ਕਹਿੰਦੇ ਨੇ। ਜਦੋਂ ਇਹ ਯਾਦਾਸ਼ਤ ਦੇ ਵਿਚ ਬੈਠ ਜਾਵੇ ਤੇ ਭੁੱਲੇ ਹੀ ਨਾ ਜਦੋਂ ਕਿਸੇ ਮੌਕੇ ਵੀ।

ਕਹਿੰਦੇ ਫੇਰ ਤੂੰ ਸਦਾ ਹੀ, 24 ਘੰਟੇ ਉਸ ਨੂੰ ਯਾਦ ਰੱਖ, ਜੇ ਤੂੰ ਮਹਾਨ ਖੁਸ਼ੀਆਂ ਤੇ ਖੇੜੇ ਚਾਹੁੰਦਾ ਹੈਂ। ਸੋ ਸਿਮਰਨ ਦੀ ਮਹਿਮਾ, ਗੁਣ ਗਾਉਣ ਦੀ ਮਹਿਮਾ ਇਸ ਹੁਕਮਨਾਮੇ ਵਿਚ ਸਾਨੂੰ ਗੁਰੂ ਮਹਾਰਾਜ ਨੇ ਪ੍ਰਗਟ ਕਰਕੇ ਦੱਸੀ ਹੈ ਕਿਉਂਕਿ ਜੋ ਕੀਰਤਨ ਹੈ ਇਹ ਕਲਜੁਗ ਦੇ ਵਿਚ ਸਾਰੀਆਂ ਭਗਤੀਆਂ ਨਾਲੋਂ ਸ਼੍ਰੋਮਣੀ ਭਗਤੀ ਗਿਣੀ ਗਈ ਹੈ –

*ਕਲਿਜੁਗ ਮਹਿ ਕੀਰਤਨੁ ਪਰਧਾਨਾ॥*
*ਗੁਰਮੁਖਿ ਜਪੀਐ ਲਾਇ ਧਿਆਨਾ॥*
*ਅੰਗ -1075*

ਗੁਰੂ ਦੇ ਰਾਹੀਂ ਪ੍ਰਮੇਸ਼ਰ ਦੇ ਧਿਆਨ ਵਿਚ ਇਕ ਟੱਕ ਬਿਰਤੀ ਲਾ ਕੇ ਜਦੋਂ ਜਪਿਆ ਜਾਂਦਾ ਹੈ ਨਾਮ, ਇਹ ਕੀਰਤਨ ਭਗਤੀ, ਪ੍ਰੇਮਾ ਭਗਤੀ ਦੇ ਰੂਪ ਵਿਚ ਬਦਲ ਜਾਂਦੀ ਹੈ, ਪ੍ਰੇਮਾ ਭਗਤੀ, ਅਪਰਾ ਭਗਤੀ ਵਿਚ ਚਲੀ ਜਾਂਦੀ ਹੈ। ਜਿਸ ਥਾਂ ਤੇ 'ਮੈਂ' ਬਿਲਕੁਲ ਖਤਮ ਹੋ ਜਾਂਦੀ ਹੈ ਤੇ 'ਤੂੰ' ਪ੍ਰਗਟ ਹੋ ਜਾਂਦਾ ਹੈ। 'ਮੈਂ' ਨਹੀਂ ਰਹਿੰਦੀ ਫੇਰ–

*ਜਬ ਹਮ ਹੋਤੇ ਤਬ ਤੂ ਨਾਹੀ*
*ਅਬ ਤੂਹੀ ਮੈ ਨਾਹੀ॥ ਅੰਗ - 657*

ਵਾਹਿਗੁਰੂ ਹੀ ਹੋ ਜਾਂਦਾ ਹੈ।

*ਸੰਤ ਅਨੰਤਹਿ ਅੰਤਰੁ ਨਾਹੀ॥*
*ਅੰਗ - 486*

ਸੰਤ ਦਾ ਤੇ ਵਾਹਿਗੁਰੂ ਦਾ ਫੇਰ ਕੋਈ ਫਰਕ ਨਹੀਂ ਰਹਿੰਦਾ।

*ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥*
*ਅੰਗ - 397*

ਨਾਮ ਨਹੀਂ ਵਿਸਰਦਾ ਮਹਾਰਾਜ ਕਹਿੰਦੇ ਕਿਹੋ ਜਿਹੇ ਨੇ ਉਹ? ਦੇਖਣ ਨੂੰ ਤਾਂ ਉਹ ਮਨੁੱਖ ਲਗਦੇ ਨੇ – ਉਵੇਂ ਹੀ ਖਾਂਦੇ ਨੇ, ਉਵੇਂ ਹੀ ਪੀਂਦੇ ਨੇ, ਉਵੇਂ ਹੀ ਬੱਚਿਆਂ ਵਿਚ ਰਹਿੰਦੇ ਨੇ, ਉਵੇਂ ਜਿਵੇਂ ਕਾਰੋਬਾਰ ਕਰਦੇ ਨੇ ਪਰ ਉਨ੍ਹਾਂ ਦੇ ਅੰਦਰੋਂ ਜਿਹੜਾ ਝੂਠਾ 'ਮੈਂ' ਭਾਵ ਹੈ ਉਹ ਖਤਮ ਹੋਣ ਕਰਕੇ ਅਸਲੀ ਜੋ ਚੀਜ਼ ਹੈ ਉਹ ਪ੍ਰਗਟ ਹੋ ਜਾਂਦੀ ਹੈ ਕਿਉਂਕਿ ਅਸਲੀਅਤ ਵਿਚ ਸਭ ਦੇ ਅੰਦਰ ਵਾਹਿਗੁਰੂ ਹੈ। ਇਕ ਇਸ ਦਾ ਪਰਛਾਵਾਂ ਹੈ ਜਿਸ ਨੂੰ 'ਮੈਂ' ਕਹਿੰਦੇ ਨੇ। ਉਹ ਮਿਟ ਜਾਂਦਾ ਹੈ। ਉਸ ਦੇ ਨਾਲ ਫੇਰ ਕੀ ਹੁੰਦਾ ਹੈ?

*ਆਪਿ ਤਰੈ ਸਗਲੇ ਕੁਲ ਤਾਰੇ*
*ਹਰਿ ਦਰਗਹ ਪਤਿ ਸਿਉ ਜਾਇਦਾ॥*
*ਅੰਗ - 1076*

ਆਪ ਵੀ ਤਰਦਾ ਹੈ ਤੇ ਕੁਲਾਂ ਨੂੰ ਵੀ ਤਾਰ ਦਿੰਦਾ ਹੈ, ਜਿਹੜੇ ਨੇੜੇ ਆਉਂਦੇ ਨੇ ਉਨ੍ਹਾਂ ਨੂੰ ਵੀ ਤਾਰ ਦਿੰਦਾ ਹੈ ਤੇ ਦਰਗਾਹ ਵਿਚ ਫੇਰ ਬਾ-ਇਜ਼ਤ ਤਰੀਕੇ ਨਾਲ –

*ਧੰਨਿ ਧੰਨਿ ਕਹੈ ਸਭੁ ਕੋਇ॥*

*ਮੁਖ ਊਜਲ ਹਰਿ ਦਰਗਹ ਸੋਇ॥*
*ਅੰਗ - 283*

ਮੁਖ ਉਜਲਾ ਲੈ ਕੇ ਦਰਗਾਹ ਦੇ ਵਿਚ ਜਾਂਦਾ ਹੈ। ਸੋ ਸਿਮਰਨ ਭਗਤੀ ਦੀ ਵਿਸ਼ੇਸ਼ਤਾ ਮਹਾਰਾਜ ਦਸਦੇ ਨੇ। ਅੱਜ ਦੇ ਦਿਨ ਇਕ ਐਸੇ ਮਹਾਂਪੁਰਸ਼ ਦੀ ਯਾਦ ਦੇ ਵਿਚ ਸੰਸਾਰ ਆਉਂਦਾ ਹੈ ਜੋ ਪਹਿਲਾਂ ਤੋਂ ਮਹਾਂਪੁਰਸ਼ ਨਹੀਂ ਸੀ। ਪਹਿਲਾਂ ਉਹ ਆਮ ਆਦਮੀਆਂ ਤੋਂ ਵੀ ਬਹੁਤ ਨੀਵਾਂ ਸੀ। ਉਨ੍ਹਾਂ ਦਿਨਾਂ ਵਿਚ ਇਥੇ ਦੋ ਸਭਿਆਤਾਵਾਂ ਕੰਮ ਕਰਦੀਆਂ ਸਨ ਕਿਉਂਕਿ ਇਕੋ ਨਾ ਦੇ ਦੋ ਹੋਏ ਨੇ।

ਇਕ ਤਾਂ ਉਹ ਹੋਏ ਨੇ ਜੋ ਤ੍ਰੇਤਾ ਯੁਗ ਦੇ ਅੰਦਰ ਬਾਲਮੀਕ, ਜਿਸ ਦੇ ਪਾਸ ਸ੍ਰੀ ਰਾਮ ਚੰਦਰ ਮਹਾਰਾਜ ਸੀਤਾ ਜੀ ਨੂੰ ਛੱਡ ਗਏ ਸੀ ਬਨਵਾਸ ਵੇਲੇ ਤੇ ਉਥੇ ਦੋ ਬੱਚੇ ਹੋਏ, ਉਨ੍ਹਾਂ ਦੀ ਉਨ੍ਹਾਂ ਨੇ ਪਾਲਣਾ ਕਰੀ ਤੇ ਇਕ ਮਹਾਨ ਪੁਸਤਕ ਜਿਸ ਨੂੰ 'ਰਾਮਾਇਣ' ਕਹਿੰਦੇ ਨੇ ਉਹ ਲਿਖੀ। ਉਹ ਬ੍ਰਾਹਮਣ ਜਾਤੀ ਦੇ ਸਨ ਤੇ ਰਿਸ਼ੀ ਸਨ ਉਹ।

ਦੂਸਰੇ ਉਹ ਹੋਏ ਨੇ ਜਿਨ੍ਹਾਂ ਨੂੰ ਨਾਮ ਜਪਣ ਦਾ ਅਧਿਕਾਰ ਨਹੀਂ ਸੀ। ਜੋ ਸਤਿਸੰਗ ਵਿਚ ਨਹੀਂ ਸੀ ਆ ਸਕਦੇ ਕਿਉਂਕਿ ਆਰੀਅਨ ਸਭਿਅਤਾ ਨੇ ਬੰਦ ਕਰ ਦਿੱਤਾ ਸੀ। ਮਨੁੱਖ ਤਾਂ ਸਾਰੇ ਹੀ ਇਕੋ ਜਿਹੇ ਹੁੰਦੇ ਨੇ ਪਰ ਉਨ੍ਹਾਂ ਨੂੰ ਐਨਾ ਮਜਬੂਰ ਕਰ ਦਿੱਤਾ, ਐਨਾ ਛੋਟਾ ਕਰ ਦਿੱਤਾ ਕਿ ਆਪਣੇ ਸਾਰੇ ਕੰਮ ਕਰਵਾਉਣ ਤੋਂ ਬਾਅਦ ਉਸ ਦੇ ਨਾਲ ਜੇ ਕਿਤੇ ਹੱਥ ਲੱਗ ਜਾਵੇ ਤਾਂ ਇਹ ਸਮਝਦੇ ਸੀ ਕਿ ਮੈਂ ਅਪਵਿੱਤਰ ਹੋ ਗਿਆ।

ਸੋ ਮਹਾਰਾਜ ਕਹਿੰਦੇ ਅਪਵਿੱਤਰ ਜੋ ਹੈ, ਜਿਸ ਨੂੰ ਐਨਾ ਛੋਟਾ ਮੰਨਿਆ ਜਾਂਦਾ ਸੀ ਜਿਸ ਦੀ ਜਾਤੀ ਚੰਡਾਲ ਸੀ। ਚੰਡਾਲ ਜਾਤੀ ਉਸ ਨੂੰ ਕਹਿੰਦੇ ਨੇ ਜਿਹੜੇ ਛੋਟੇ ਕੰਮ ਕਰਦੇ ਸੀ, ਖਾਣ ਪੀਣ ਦਾ ਉਨ੍ਹਾਂ ਦਾ ਫਰਕ ਹੁੰਦਾ ਸੀ ਜਿਵੇਂ ਬਾਸੀਆਂ ਚੀਜ਼ਾਂ ਖਾ ਲੈਣੀਆਂ ਤੇ ਮਰੇ ਹੋਏ ਡੰਗਰ (ਪਸ਼ੂ) ਖਾ ਲੈਣੇ। ਜਿਸ ਨੂੰ ਆਪਣੇ ਹੱਥ ਨਾਲ ਮਾਰ ਕੇ ਖਾਂਦੇ ਨੇ, ਉਹ ਵੀ ਮਰਿਆ ਹੋਇਆ ਹੁੰਦਾ ਹੈ, ਉਹ ਕਿਹੜਾ ਜੀਉਂਦਾ ਖਾਂਦੇ ਨੇ? ਇਕ ਭੁਲੇਖਾ ਸੀ, ਨਫਰਤ ਸੀ ਕਿ ਮਰ ਗਿਆ ਪਸ਼ੂ ਕੁਦਰਤੀ ਮੌਤ ਨਾਲ, ਉਸ ਨੂੰ ਖਾ ਲਿਆ। ਅਸਲ ਵਿਚ ਦੂਜੇ ਵੀ ਖਾਂਦੇ ਸੀ ਪਰ ਉਹ ਮਾਰ ਕੇ ਖਾਂਦੇ ਸੀ। ਇਸ ਤਰ੍ਹਾਂ ਬਰਾਬਰ ਹੁੰਦੇ ਨੇ ਦੋਹੇ। ਉਨ੍ਹਾਂ ਵਿਚ ਕਈ ਮਰੇ ਹੋਏ ਪਸ਼ੂਆਂ ਨੂੰ ਖਾਣ ਵਾਲਿਆਂ ਨੂੰ ਨਫਰਤ ਕਰਨ ਲੱਗ ਗਏ। ਅਧਿਕਾਰ ਖੋਹ ਲਏ ਉਨ੍ਹਾਂ ਤੋਂ ਕਿ ਨਾ ਤਾਂ ਕਿਸੇ ਧਰਮ ਸਥਾਨ ਤੇ ਤੁਸੀਂ ਆ ਸਕਦੇ ਹੋ, ਨਾ ਕੋਈ ਕਥਾ ਸੁਣ ਸਕਦੇ ਹੋ, ਨਾ ਕੋਈ ਤੱਤ ਦੀ ਬਾਤ ਸੁਣ ਸਕਦੇ ਹੋ। ਇਕ ਮੰਤਰ ਸੀ ਜਿਸ ਨੂੰ 'ਓਅੰਕਾਰ' ਦਾ ਮੰਤਰ ਕਹਿੰਦੇ ਸੀ, ਉਹ ਮੰਤਰ ਤੁਸੀਂ ਰਸਨਾ ਤੋਂ ਉਚਾਰ ਨਹੀਂ ਸਕਦੇ ਸੀ। ਜੇ ਭੁੱਲ ਭੁਲੇਖੇ 'ਓਅੰਕਾਰ' ਕਹਿ ਹੋ ਗਿਆ ਤਾਂ ਜੀਭ ਕੱਟ ਦਿੱਤੀ ਜਾਂਦੀ ਸੀ। ਇਹ ਸਜ਼ਾ ਸੀ ਉਸ ਵੇਲੇ ਦੀ। ਯੁੱਗ ਬੜਾ ਚੰਗਾ ਸੀ goldan age ਕਹਿੰਦੇ ਸੀ ਦੁਆਪਰ ਯੁਗ ਸੀ ਉਹ ਪਰ ਸਖਤ ਬਹੁਤ ਸੀ। ਜੋ ਅੱਜ ਦੇ ਦਿਨ ਨੇ ਗੁਰੂ ਨਾਨਕ ਪਾਤਸ਼ਾਹ ਨੇ ਜੋ ਮਨੁੱਖ ਦੀ ਕਦਰ ਤੇ ਕੀਮਤ ਪਾਈ ਹੈ ਉਹ ਉਨ੍ਹਾਂ ਦਿਨਾਂ ਵਿਚ ਨਹੀਂ ਸੀ, ਫਰਕ ਸੀ ਮਨੁੱਖ ਤੇ ਮਨੁੱਖ ਦਾ, ਜਾਤੀ ਦੇ ਭੇਦ ਨਾਲ ਫਰਕ ਸੀ। ਆਪ ਦੀ ਆਰੀਅਨ ਜਾਤੀ ਵਿਚ ਵੀ ਫਰਕ ਸੀ, ਇਕ ਸਰਵ ਉਚ ਸੀ, ਇਕ ਉਨ੍ਹਾਂ ਤੋਂ ਛੋਟੇ ਸੀ। ਇਕ ਹੇਠਲੇ ਪਾਸੇ ਆ ਗਏ ਜਿਨ੍ਹਾਂ ਨੂੰ ਛੋਟੇ ਕਿਹਾ ਜਾਂਦਾ ਸੀ। ਉਨ੍ਹਾਂ ਤੋਂ ਵੀ ਛੋਟੇ ਜਿਹੜੇ ਸਾਰੇ ਕੰਮ ਕਰਦੇ ਸੀ ਉਨ੍ਹਾਂ ਨੂੰ ਸ਼ੂਦਰ ਕਹਿ ਦਿੱਤਾ ਜਾਂਦਾ ਸੀ। ਇਸ ਤਰ੍ਹਾਂ ਇਨਸਾਨ ਵੰਡਿਆ ਪਿਆ ਸੀ।

ਮਹਾਰਾਜ ਕਹਿੰਦੇ ਐਨੀ ਵੰਡ ਦੇ ਵਿਚ ਵੀ ਪ੍ਰਮੇਸ਼ਰ ਦੇ ਨਾਮ ਦੀ ਐਸੀ ਵਿਸ਼ੇਸ਼ਤਾ ਹੈ ਕਿ ਜਿਸ ਨੇ ਗੋਬਿੰਦ ਦੇ ਗੁਣ ਗਾ ਲਏ, ਨਾਮ ਸਿਮਰਨ ਕਰ ਲਿਆ, ਜਿਸ ਦੇ ਹਿਰਦੇ ਵਿਚ ਵਾਹਿਗੁਰੂ ਵਸ ਗਿਆ, ਉਸ ਦੀ ਕਿੰਨੀ ਮਹਿਮਾ ਹੈ -

*ਰੇ ਚਿਤ ਚੇਤਿ ਚੇਤ ਅਚੇਤ॥*
*ਕਾਹੇ ਨ ਬਾਲਮੀਕਹਿ ਦੇਖ॥*
*ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ*
*ਰਾਮ ਭਗਤਿ ਬਿਸੇਖ॥ ਅੰਗ - 1124*

ਕਹਿੰਦੇ ਰਾਮ ਭਗਤਿ ਦੀ ਜੋ ਵਿਸ਼ੇਸ਼ਤਾ ਹੈ ਉਸ ਨੂੰ ਦੇਖੋ ਕਿ ਇਕ ਐਸਾ ਬੰਦਾ ਜੋ ਭਾਈਚਾਰੇ ਤੋਂ ਬਿਲਕੁਲ ਹੋਰ ਤਰ੍ਹਾਂ ਦਾ ਜੀਵਨ ਬਤੀਤ ਕਰਦਾ ਸੀ, ਹਿੰਸਕ ਸੀ, ਹਿੰਸਾ ਦੇ ਨਾਲ ਬੰਦਿਆਂ ਨੂੰ ਮਾਰਿਆ ਕਰਦਾ ਸੀ ਤੇ ਮਾਰਨ ਤੋਂ ਬਾਅਦ ਉਨ੍ਹਾਂ ਦੀ ਫੋਲਾ ਫਾਲੀ ਕਰਕੇ ਉਨ੍ਹਾਂ ਦਾ ਮਾਲ, ਪੈਸਾ ਟਕਾ ਜੋ ਹੋਣਾ ਉਹ ਖੋਹ ਲੈਣਾ -

*ਵਾਟੈ ਮਾਣਸ ਮਾਰਦਾ*
*ਬੈਠਾ ਬਾਲਮੀਕ ਬਟਵਾੜਾ।*
*ਭਾਈ ਗੁਰਦਾਸ ਜੀ ਦੀ ਵਾਰ 10/19*

ਲੇਕਿਨ ਕੋਈ ਪੁੰਨ ਕਰਮ ਪਿਛਲੇ ਬਹੁਤ ਜਬਰਦਸਤ ਸੀ। ਮਹਾਰਾਜ ਦਾ ਇਹ ਸਿਧਾਂਤ ਹੈ ਕਿ ਪੁੰਨ ਕਰਮਾਂ ਤੋਂ ਬਗੈਰ ਸਤਿਗੁਰੂ ਦਾ ਮਿਲਾਪ ਨਹੀਂ ਹੁੰਦਾ। ਸਾਧੂ ਦੇ ਮਿਲਾਪ ਵਾਸਤੇ ਇਹ ਜ਼ਰੂਰੀ ਸ਼ਰਤ ਹੈ। ਇਸ ਲਈ ਵੱਡੇ ਭਾਰੇ ਪੁੰਨ ਹੋਣ ਇਹ ਤਾਂ ਹੁੰਦਾ ਹੈ -

*ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ*
*ਪੁਰਖੁ ਰਸਿਕ ਬੈਰਾਗੀ॥ ਅੰਗ - 204*

ਰਸਕ ਬੈਰਾਗੀ ਪੂਰੇ ਮਹਾਤਮਾ ਦਾ ਮੇਲ ਹੁੰਦਾ

ਹੀ ਤਾਂ ਹੈ ਜੇ ਪਿਛਲੇ ਕਰਮ ਜਾਗ ਪੈਣ, ਨਹੀਂ ਤਾਂ ਤਰਕ ਰਹਿੰਦੀ ਹੈ, ਸੁਰਤ ਨਾਲ ਸੁਰਤ ਨਹੀਂ ਜੁੜਦੀ, ਬਿਰਤੀ ਨਾਲ ਬਿਰਤੀ ਨਹੀਂ ਜੁੜਦੀ, ਕੋਈ ਪਿਆਰ ਨਹੀਂ ਆਉਂਦਾ, ਕੋਈ ਸ਼ਰਧਾ ਨਹੀਂ ਜਾਗਦੀ। ਸੋ ਪੂਰਬਲੇ ਕਰਮਾਂ ਦੀ ਜਾਗ ਆ ਜਾਵੇ ਤਾਂ ਗੁਰੂ ਮਿਲਿਆ ਕਰਦਾ ਹੈ, ਸਾਧੂ ਦਾ ਮਿਲਾਪ ਹੁੰਦਾ ਹੈ ਤੇ ਸਤਿਗੁਰੂ ਦਾ ਮਿਲਾਪ ਹੁੰਦਾ ਹੈ। ਐਸਾ ਦਰਗਾਹ ਵਿਚੋਂ ਪਹਿਲਾਂ ਮੱਥੇ ਵਿਚ ਲਿਖਿਆ ਜਾਂਦਾ ਹੈ –

*ਜਿਨ ਮਸਤਕਿ ਧੁਰਿ ਹਰਿ ਲਿਖਿਆ*
*ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ॥*
*ਅੰਗ – 450*

ਸੋ ਕੋਈ ਐਸਾ ਲੇਖ ਸੀ ਕਿਸੇ ਜਨਮ ਦਾ ਉਸ ਦੇ ਮੱਥੇ ਵਿਚ, ਭਾਵੇਂ ਉਹ ਭਟਕ ਗਿਆ ਸੀ ਜੀਵਨ ਤੋਂ। ਬੰਦੇ ਮਾਰ ਕੇ ਗੁਜਾਰਾ ਕਰਦਾ ਸੀ। ਬੰਦਾ ਮਾਰਨਾ ਕਿੰਨਾ ਪਾਪ ਹੁੰਦਾ ਹੈ? ਬਹੁਤ ਵੱਡਾ ਪਾਪ ਗਿਣਿਆ ਜਾਂਦਾ ਸੀ। ਇਸ ਤਰ੍ਹਾਂ ਬੰਦੇ ਮਾਰ ਕੇ ਗੁਜਾਰਾ ਕਰਦੇ ਕਰਦੇ ਅਚਾਨਕ ਐਸਾ ਹੋਇਆ, ਪ੍ਰਮੇਸ਼ਰ ਵਲੋਂ ਹੁਕਮ ਹੋਇਆ ਕਿ ਪੂਰਨ ਮਹਾਂਪੁਰਸ਼ ਜਿਸ ਨੂੰ ਪੂਰਾ ਸਤਿਗੁਰੂ ਕਹਿੰਦੇ ਨੇ, ਉਸ ਨਾਲ ਮੇਲ ਹੋ ਗਿਆ।

ਜਦੋਂ ਤੋਂ ਸੰਸਾਰ ਰਚਿਆ ਹੈ ਸਤਿਗੁਰੂ ਦਾ ਕਦੇ ਅਭਾਵ ਨਹੀਂ ਹੋਇਆ। ਜੁਗਾਂ ਜੁਗਾਂ ਵਿਚ ਸਤਿਗੁਰੂ ਆਉਂਦਾ ਹੀ ਰਹਿੰਦਾ ਹੈ ਸੰਸਾਰ ਦੇ ਉਤੇ। ਅਵਤਾਰ ਹੋਰ ਚੀਜ਼ ਹੁੰਦੀ ਹੈ, ਸਤਿਗੁਰੂ ਹੋਰ ਚੀਜ਼ ਹੁੰਦੀ ਹੈ।

ਅਵਤਾਰ ਕਿਸੇ ਖਾਸ ਕੰਮ ਵਾਸਤੇ ਆਉਂਦਾ ਹੈ। ਉਸ ਨੂੰ ਕੋਈ ਮਿਸ਼ਨ ਦਿੱਤਾ ਜਾਂਦਾ ਹੈ ਕਿ ਆਹ ਮਿਸ਼ਨ ਹੈ ਤੇਰਾ ਤੇ ਇਹ ਕੰਮ ਤੂੰ ਕਰਕੇ ਆਉਣਾ ਹੈ।

ਜੋ ਸਤਿਗੁਰੂ ਹੁੰਦਾ ਹੈ ਉਹ ਸੰਸਾਰ ਦੇ ਉਤੇ ਅਧਿਆਤਮਕ ਵਿਦਿਆ ਪ੍ਰਗਟ ਕਰਦਾ ਹੈ। ਉਹ ਵਿਦਿਆ ਜਿਸ ਨੂੰ ਪਰ੍ਹਾ ਵਿਦਿਆ ਕਹਿੰਦੇ ਨੇ। ਅਪਰਾ ਵਿਦਿਆ ਤਾਂ ਬਾਹਰਲੀ ਵਿਦਿਆ ਹੈ ਸਕੂਲਾਂ ਕਾਲਜਾਂ ਦੀ ਲੇਕਿਨ ਇਕ ਵਿਦਿਆ ਉਹ ਹੈ ਜਿਹੜੀ ਆਦਮੀ ਦੇ ਅੰਦਰ ਗੁਪਤ ਹੈ, ਜਿਸ ਦੀ ਨਾ ਕੋਈ ਕਿਤਾਬ ਹੈ, ਨਾ ਜਿਸ ਦਾ ਕੋਈ ਰਸਤਾ ਲਿਖਿਆ ਜਾਂਦਾ ਹੈ ਤੇ ਲਿਖਤ-ਪੜ੍ਹਤ ਵਿਚ ਉਹ ਵਿਦਿਆ ਨਹੀਂ ਆਉਂਦੀ। ਉਸ ਨੂੰ 'ਆਤਮ ਵਿਦਿਆ' ਕਹਿੰਦੇ ਨੇ, 'ਪਰ੍ਹਾ ਵਿਦਿਆ' ਕਹਿੰਦੇ ਨੇ। ਇਹ ਗੁਪਤ ਵਿਦਿਆ ਹੁੰਦੀ ਹੈ। ਜਦੋਂ ਉਸ ਤੋਂ ਸੰਸਾਰ ਭਟਕ ਜਾਂਦਾ ਹੈ ਉਸ ਵੇਲੇ ਓਸ ਵਿਦਿਆ ਨੂੰ ਦੇਣ ਵਾਸਤੇ ਸੰਸਾਰ ਨੂੰ ਪ੍ਰਮੇਸ਼ਰ, ਸਤਿਗੁਰੂ ਦਾ ਮਿਲਾਪ ਕਰਾਉਂਦਾ ਹੈ ਕਿਉਂਕਿ ਪ੍ਰਮੇਸ਼ਰ ਦੂਰ ਨਹੀਂ ਹੈ ਹਰੇਕ ਦੇ ਅੰਦਰ ਵਸਦਾ ਹੈ –

*ਕਾਇਆ ਨਗਰੁ ਨਗਰ ਗੜ ਅੰਦਰਿ॥*
*ਸਾਚਾ ਵਾਸਾ ਪੁਰਿ ਗਗਨੰਦਰਿ॥*
*ਅਸਥਿਰੁ ਥਾਨੁ ਸਦਾ ਨਿਰਮਾਇਲੁ*
*ਆਪੇ ਆਪ ਉਪਾਇਦਾ॥ ਅੰਗ – 1033*

ਉਹ ਥਾਂ ਇਸ ਸਰੀਰ ਦੇ ਵਿਚ ਹੈ ਕਿਉਂਕਿ ਇਹ ਬਹੁਤ ਵੱਡੀ ਚੀਜ਼ ਹੈ। ਜਦੋਂ ਇਸ ਦੀ ਖੋਜ ਕਰਦੇ ਹਾਂ ਤਾਂ ਇਸ ਦਾ ਅੰਤ ਕੋਈ ਨਹੀਂ ਆਉਂਦਾ। ਇਹ ਸਰੀਰ ਦੀ ਤਾਂ ਖੋਜ ਕਰ ਲੈਣਗੇ ਦਿਮਾਗ ਤੋਂ ਲੈ ਕੇ ਪੈਰਾਂ ਤੱਕ ਕਿ ਐਨਾ ਮਾਸ ਲੱਗਿਆ ਹੋਇਆ ਹੈ, ਐਨੀਆਂ ਇਸ ਦੇ ਵਿਚ ਨਾੜੀਆਂ ਨੇ ਪਰ ਇਸ ਦੇ ਵਿਚ ਜਿਹੜੀਆਂ ਚੀਜ਼ਾਂ ਨੇ ਉਨ੍ਹਾਂ ਦੀ ਖੋਜ ਹੋ ਹੀ ਨਹੀਂ ਸਕਦੀ ਕਿਉਂਕਿ ਉਹ ਆਲ੍ਹਿਆ (ਯੰਤਰਾਂ) ਵਿਚ ਨਹੀਂ ਆਉਂਦੀ। ਪਿਆਰ ਕਿਵੇਂ ਆਲੇ (ਯੰਤਰ) ਵਿਚ ਆ ਜਾਏਗਾ, ਕੋਈ ਖੋਜ ਨਹੀਂ ਹੋ ਸਕਦੀ ਇਸ ਦੀ। ਵਿਸ਼ਾਲ ਸ਼ਕਤੀਆਂ ਨੇ, ਵਿਸ਼ਾਲ ਗਿਆਨ ਹੈ ਉਹ ਮਿਣਿਆ ਤੋਲਿਆ ਨਹੀਂ ਜਾ ਸਕਦਾ ਦਿਮਾਗ ਦੇ ਅੰਦਰ ਕਿਸੇ ਯੰਤਰ ਨਾਲ। ਉਹ ਜਿਹੜੀ ਵਿਦਿਆ ਹੈ ਉਹ ਪਰ੍ਹਾ ਵਿਦਿਆ ਹੈ, ਉਹ ਗੁਪਤ ਵਿਦਿਆ ਹੁੰਦੀ ਹੈ ਤੇ ਉਹ ਸਤਿਗੁਰੂ ਤੋਂ ਬਗੈਰ ਨਹੀਂ ਆਇਆ ਕਰਦੀ।

ਸੋ ਪੂਰਾ ਸਤਿਗੁਰੂ ਭਾਈ ਗੁਰਦਾਸ ਜੀ ਲਿਖਦੇ ਨੇ ਜਿਨ੍ਹਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਹੋਣ ਦਾ ਮਾਣ ਪ੍ਰਾਪਤ ਹੈ। ਗੁਰੂ ਪੰਜਵੇ ਪਾਤਸ਼ਾਹ ਨੇ ਇਹ ਬਾਣੀ ਸੁਣਨ ਤੋਂ ਬਾਅਦ ਕੋਈ ਵੀ ਫੇਰ ਬਦਲ ਇਸ ਬਾਣੀ ਵਿਚ ਨਹੀਂ ਕੀਤੀ ਤੇ ਇਹ ਕਹਿ ਦਿੱਤਾ ਕਿ ਭਾਈ! ਜਿਸ ਨੇ ਗੁਰੂ ਗ੍ਰੰਥ ਸਾਹਿਬ ਨੂੰ ਸਮਝਣਾ ਹੈ, ਜਿਸ ਨੇ ਗੁਰੂ ਨਾਨਕ ਸਾਹਿਬ ਦੇ ਸਿਧਾਂਤ ਨੂੰ ਸਮਝਣਾ ਹੈ, ਉਹ ਭਾਈ ਗੁਰਦਾਸ ਜੀ ਦੀ ਬਾਣੀ ਨੂੰ ਸਮਝਣ ਦਾ ਯਤਨ ਕਰੋ ਕਿਉਂਕਿ ਇਹ 'ਚਾਬੀ' ਹੈ decode ਸਪਸ਼ਟ ਕਰ ਦਿੰਦੀ ਹੈ ਇਸ ਬਾਣੀ ਨੂੰ।

ਸੋ ਆਪ ਦਾ ਫੁਰਮਾਨ ਇਹ ਹੈ ਕਿ –

*ਵਾਟੈ ਮਾਣਸ ਮਾਰਦਾ*
*ਬੈਠਾ ਬਾਲਮੀਕ ਬਟਵਾੜਾ।*
*ਭਾਈ ਗੁਰਦਾਸ ਜੀ ਦੀ ਵਾਰ 10/19*
*ਪੂਰਾ ਸਤਿਗੁਰੂ ਭੇਟਿਆ ..........॥*
*ਅੰਗ – 429*

ਅੱਜ ਜਿਹੜੇ ਮਨੁੱਖ ਨੂੰ ਮਾਰਨਾ ਸੀ ਉਹ ਆਮ ਮਨੁੱਖ ਨਹੀਂ ਸੀ ਉਹ ਸਮਰੱਥ ਪੁਰਸ਼ ਸੀ, ਜਿਸ ਦੇ ਨੈਣਾਂ ਵਿਚ ਵੀ ਕਸ਼ਿਸ਼ ਸੀ, ਜਿਸ ਦੇ ਬੋਲਾਂ ਵਿਚ ਵੀ ਕਸ਼ਿਸ਼ ਸੀ, ਜਿਸ ਦੇ ਦਰਸ਼ਨ ਵਿਚ ਵੀ ਖਿੱਚ ਸੀ। ਉਨ੍ਹਾਂ ਨੂੰ ਦੇਖਦੀਸਾਰ ਪਾਪ ਨੱਠਣੇ ਸ਼ੁਰੂ ਹੋ ਗਏ। ਮਾਰਨ ਨੂੰ ਲੋਚਦਾ ਹੈ–

*ਮਾਰਨ ਨੋ ਲੋਚੈ ਘਣਾ*
*ਕਢਿ ਨ ਹੰਘੈ ਹਥੁ ਉਘਾੜਾ।*

*ਭਾਈ ਗੁਰਦਾਸ ਜੀ ਦੀ ਵਾਰ 10/19*

ਉਹ ਕੁਹਾੜਾ ਮਾਰਨ ਨੂੰ ਸੋਚਦਾ ਤਾਂ ਹੈ ਲੇਕਿਨ ਮਾਰਦਾ ਨਹੀਂ ਕਿਉਂਕਿ ਉਨ੍ਹਾਂ ਦੇ ਦਰਸ਼ਨਾਂ ਨਾਲ ਇਹੋ ਜਿਹਾ ਪਰਿਵਰਤਨ ਹੋਇਆ ਕਿ ਉਸ ਦੇ ਸਾਰੇ ਮਨਸੂਬੇ, ਜਿੰਨੇ ਵੀ ਮਨ ਦੇ ਫੁਰਨੇ ਸੀ ਉਹ ਖਤਮ ਕਰ ਦਿੱਤੇ ਉਸ ਦੇ ਅੰਦਰੋਂ ਹੀ –

*ਸਤਿਗੁਰ ਮਨੂਆ ਰਾਖਿਆ*
*ਹੋਇ ਨ ਆਵੈ ਉਛੋਹਾੜਾ।*

*ਭਾਈ ਗੁਰਦਾਸ ਜੀ ਦੀ ਵਾਰ 10/19*

ਉਹ ਜਿਹੜਾ ਜੋਸ਼ ਸੀ ਮਾਰਨ ਵਾਸਤੇ ਆਉਂਦਾ ਤੇ ਮਨ ਵਿਚ ਜੋ ਫੁਰਨਾ ਆਉਂਦਾ ਸੀ ਉਹ ਫੁਰਨਾ ਉਸੇ ਵੇਲੇ ਸਾਰਾ ਖਤਮ ਕਰ ਦਿੱਤਾ, ਅੰਦਰਲੇ ਪਾਸੇ ਗਿਆਨ ਦਾ ਦੀਵਾ ਜਾਲ ਦਿੱਤਾ। ਸੋਚਣ ਲੱਗ ਗਿਆ ਕਿ ਇਹ ਕੌਣ ਹੋਇਆ ਜਿਸ ਬੰਦੇ ਨਾਲ ਅੱਜ ਮੇਰਾ ਵਾਹ ਪਿਆ ਹੈ, ਸ਼ਸ਼ਤਰ ਇਸ ਦੇ ਕੋਲ ਕੋਈ ਨਹੀਂ ਹੈ, ਅਜੇ ਤੱਕ ਮੇਰੇ ਨਾਲ ਬੋਲਿਆ ਨਹੀਂ ਹੈ ਤੇ ਇਸ ਨੂੰ ਦੇਖ ਕੇ ਮੈਨੂੰ ਹੁੰਦਾ ਕੀ ਜਾਂਦਾ ਹੈ? ਕਿਉਂਕਿ ਸਤਿਗੁਰੂ ਦੇ ਦਰਸ਼ਨਾਂ ਵਿਚ ਇਕ ਖਾਸ ਕਸ਼ਿਸ਼ ਹੋਇਆ ਕਰਦੀ ਹੈ। ਬੜੀਆਂ ਵਿਸਥਾਰ ਵਾਲੀਆਂ ਬਾਤਾਂ ਨੇ, ਬਹੁਤ ਵਾਰੀ ਆਪਾਂ ਵਿਆਖਿਆ ਕਰ ਚੁਕੇ ਹਾਂ।

ਸੋ ਦਰਸ਼ਨਾਂ ਨਾਲ ਅੰਦਰਲਾ ਜਾਗਣਾ ਸ਼ੁਰੂ ਹੋ ਗਿਆ। ਉਸ ਵੇਲੇ ਉਹ ਮੁਸਕਰਾਏ। ਕਹਿਣ ਲੱਗੇ, "ਬਾਲਮੀਕ! ਇਹ ਕੰਮ ਕਰਦਾ ਹੈਂ ਪਿਆਰਿਆ! ਤੇਰਾ ਬੇਲੀ ਨਹੀਂ ਕਿਸੇ ਨੇ ਬਣਨਾ ਜਦੋਂ ਲੇਖਾ ਦਏਂਗਾ। ਇਹ ਜਨਮ ਤੈਨੂੰ ਬੜੀ ਮੁਸ਼ਕਲ ਨਾਲ ਪ੍ਰਾਪਤ ਇਸ ਕਰਕੇ ਹੋਇਆ ਹੈ ਕਿ ਤੂੰ ਇਸ ਜਨਮ ਦੇ ਅੰਦਰ ਪ੍ਰਭੂ ਨੂੰ ਮਿਲ ਕੇ ਆਪਣੇ ਦੁਖਾਂ ਦਾ ਖਾਤਮਾ ਕਰ ਸਕੇ। ਇਹ ਤੇਰੀ ਵਾਰੀ ਹੈ ਪ੍ਰਮੇਸ਼ਰ ਨੂੰ ਮਿਲਣ ਦੀ। ਉਹ ਪ੍ਰਮੇਸ਼ਰ ਤੇਰੇ ਅੰਦਰ ਹੈ ਦੂਰ ਨਹੀਂ ਹੈ ਕਿਤੇ। ਤੂੰ ਇਹ ਕਿਉਂ ਕਰਦਾ ਹੈਂ?"

ਕਹਿੰਦਾ, "ਮਹਾਰਾਜ! ਸਾਡਾ ਰੋਜ਼ਗਾਰ ਹੋਰ ਕੋਈ ਨਹੀਂ ਹੈ, ਸਾਡਾ ਰੋਜ਼ਗਾਰ ਹੈ ਲੁਟ ਮਾਰ।"

ਕਹਿੰਦੇ, "ਪਹਿਲਾਂ ਪੁਛ ਕੇ ਆ ਤੂੰ ਜਿਨ੍ਹਾਂ ਵਾਸਤੇ ਇਹ ਕਰਦਾ ਹੈਂ ਕਿ ਉਹ ਮਰਨ ਸਮੇਂ ਤੇਰੀ ਸਹਾਇਤਾ ਵੀ ਕਰਨਗੇ?"

*ਬਹੁ ਪਰਪੰਚ ਕਰਿ ਪਰ ਧਨੁ ਲਿਆਵੈ॥*
*ਸੁਤ ਦਾਰਾ ਪਹਿ ਆਨਿ ਲੁਟਾਵੈ॥*
*ਮਨ ਮੇਰੇ ਭੂਲੇ ਕਪਟੁ ਨ ਕੀਜੈ॥*
*ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ॥*

*ਅੰਗ – 656*

ਜਾ ਕੇ ਜਿਸ ਨੂੰ ਵੀ ਪੁਛਦਾ ਹੈ ਉਹ ਮਿੱਠੀਆਂ ਗੱਲਾਂ ਮਾਰਦੇ ਨੇ। ਜਦੋਂ ਉਹ ਕਹਿੰਦਾ ਹੈ ਕਿ ਮੇਰੇ ਕਰਮਾਂ ਦੇ ਸਹਾਈ ਹੋਵੋਗੇ? ਕਹਿੰਦੇ, "ਨਾਂਹ! ਆਪਣੇ ਆਪਣੇ ਕਰਮ, ਆਪੇ ਕਰੋ ਆਪੇ ਭੁਗਤੋ, ਦੂਜੇ ਦਾ ਕੋਈ ਨਹੀਂ ਭੁਗਤਦਾ।

ਉਸ ਵੇਲੇ ਵਾਪਸ ਆ ਜਾਂਦਾ ਹੈ ਤੇ ਬੇਨਤੀ ਕਰਦਾ ਹੈ ਕਿ ਮੇਰਾ ਜੋ ਕਰਮ ਹੈ ਉਹ ਤਾਂ ਕੋਈ ਭੁਗਤਣ ਨੂੰ ਤਿਆਰ ਨਹੀਂ ਹੈ।

ਕਹਿੰਦੇ, "ਫੇਰ ਤੈਨੂੰ ਇਕੱਲੇ ਨੂੰ ਭੁਗਤਣੇ ਪੈਣੇ ਨੇ।"

ਚਰਨ ਫੜ ਲਏ, ਕਹਿਣ ਲੱਗਿਆ, "ਮਹਾਂਪੁਰਸ਼ੋ! ਮੈਂ ਵੀ ਬਚ ਸਕਦਾ ਹਾਂ ਐਡਾ ਵੱਡਾ ਪਾਪ ਕਰਨ ਵਾਲਾ?"

ਉਹ ਕਹਿੰਦੇ, "ਹਾਂ! ਪ੍ਰਮੇਸ਼ਰ ਦੇ ਨਾਮ ਵਿਚ ਐਡੀ ਵੱਡੀ ਸ਼ਕਤੀ ਹੈ ਕਿ ਉਹ ਤਾਂ ਮਹਾਨ ਪਾਪੀ ਜੇ ਸਿਰਫ ਅੱਧੇ ਸਾਹ ਵਾਸਤੇ ਵੀ ਜੇ ਪ੍ਰਮੇਸ਼ਰ ਵੱਲ ਉਸ ਦਾ ਧਿਆਨ ਚਲਿਆ ਜਾਵੇ ਤਾਂ –

*ਗੁਰ ਕਾ ਸਬਦੁ ਕਾਟੈ ਕੋਟਿ ਕਰਮ॥*

*ਅੰਗ – 1195*

ਨਾਮ ਕਰੋੜਾਂ ਪਾਪਾਂ ਦਾ ਨਾਸ਼ ਕਰਨ ਨੂੰ ਸਮਰੱਥ ਹੈ, ਐਡੀ ਚੀਜ਼ ਹੈ ਉਹ। ਸੋ ਉਹ ਪ੍ਰਮੇਸ਼ਰ ਦਾ ਨਾਮ ਹੈ ਪਿਆਰਿਆ। ਜੇ ਉਹ ਹਿਰਦੇ ਵਿਚ ਤੇਰੇ ਵਸ ਜਾਵੇ, ਉਸ ਨਾਮ ਦੇ ਮੰਡਲ ਵਿਚ ਤੂੰ ਪ੍ਰਵੇਸ਼ ਕਰ ਜਾਵੇਂ ਤਾਂ ਤੈਨੂੰ ਵੀ ਬਹੁਤ ਵੱਡੀ ਪਦਵੀ ਦੀ ਪ੍ਰਾਪਤੀ ਹੋ ਸਕਦੀ ਹੈ ਤੇ ਤੂੰ ਅਮਰ ਪਦਵੀ ਪ੍ਰਾਪਤ ਕਰ ਸਕਦਾ ਹੈਂ। ਤੂੰ ਸਾਰੀ ਸ੍ਰਿਸ਼ਟੀ ਦਾ ਪੂਜਨੀਕ ਬਣ ਸਕਦਾ ਹੈਂ, ਤੈਨੂੰ ਸਾਰੀ ਸ੍ਰਿਸਟੀ ਪੂਜੇਗੀ।"

ਮਨ ਵਿਚ ਦ੍ਰਿੜ੍ਹ ਨਿਸਚਾ ਹੈ ਕਿਉਂਕਿ ਦ੍ਰਿੜ੍ਹ ਬੰਦਾ ਸੀ। ਜਿਹੜੇ ਵਿਚ ਵਿਚਾਲੇ ਵਾਲੇ ਬੰਦੇ ਹੁੰਦੇ ਨੇ ਉਹ ਨਹੀਂ ਕਿਸੇ ਕੰਮ ਦੇ ਹੁੰਦੇ, ਦੁਚਿਤੀ ਵਿਚ ਰਹਿੰਦੇ ਨੇ ਉਹ, ਫੈਸਲਾ ਨਹੀਂ ਕਰ ਸਕਿਆ ਕਰਦੇ। ਜਿਹੜੇ ਇਸ ਤਰ੍ਹਾਂ ਦੇ ਬੰਦੇ ਹੁੰਦੇ ਨੇ ਪੱਕੀ ਦ੍ਰਿੜ੍ਹਤਾ ਵਾਲੇ ਜੇ ਉਹ ਦੂਜੇ ਪਾਸੇ ਫੈਸਲਾ ਕਰ ਲੈਣ ਤਾਂ ਓਧਰ ਵੀ ਬਹੁਤ ਸਿਰੇ ਤੱਕ ਪਹੁੰਚ ਜਾਂਦੇ ਨੇ, ਜੇ ਏਧਰ ਕਰ ਲੈਣ ਤਾਂ ਏਧਰ ਵੀ ਪਹੁੰਚ ਜਾਂਦੇ ਨੇ।

ਸੋ ਫੈਸਲਾ ਕਰ ਲਿਆ। ਓਸ ਵੇਲੇ ਸਤਿਗੁਰੂ ਨੇ ਪ੍ਰਮੇਸ਼ਰ ਦੇ ਨਾਮ ਦੀ ਦਾਤ ਬਖਸ਼ ਦਿੱਤੀ। ਕਹਿਣ ਲੱਗੇ ਕਿ ਦੇਖ! ਇਸ ਪ੍ਰਮੇਸ਼ਰ ਦੇ ਨਾਮ ਨੇ ਤੇਰੇ ਅੰਦਰ ਦਾਖਲ ਹੋਣਾ ਹੈ, ਪ੍ਰਮੇਸ਼ਰ ਦਾ ਨਾਮ ਹੈ ਤਾਂ ਤੇਰੇ ਅੰਦਰ ਹੀ –

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ॥*

*ਅੰਗ – 293*

ਪਰ ਇਹ ਮੰਤਰ ਦੇ ਨਾਲ ਪ੍ਰਗਟ ਕਰਨਾ ਹੈ। ਇਕ

ਮੰਤਰ ਤੈਨੂੰ ਅਸੀਂ ਦਿੰਦੇ ਹਾਂ ਜਿਸ ਦੇ ਨਾਲ ਹਉਮੈ ਦਾ ਰੋਗ ਕਟ ਹੋ ਜਾਏਗਾ ਕਿਉਂਕਿ ਦਾਰੂ ਹਉਮੈ ਦੇ ਅੰਦਰ ਹੀ ਹੈ ਇਸ ਮੰਤਰ ਦੀ। ਨਾਮ ਦੀ ਲਗਨ ਲਾ ਦਿੱਤੀ। ਲਾਉਣ ਦੀ ਦੇਰ ਸੀ ਫੇਰ ਨਹੀਂ ਉਹ ਪਿਛੇ ਹਟਿਆ। ਐਸਾ ਇਤਿਹਾਸ ਵਿਚ ਆਉਂਦਾ ਹੈ ਕਿ 14 ਸਾਲ ਤੋਂ ਬਾਅਦ ਜਦੋਂ ਮਹਾਤਮਾ ਫੇਰ ਆਉਂਦੇ ਨੇ। ਉਦੋਂ ਐਨੀ ਮਸਤੀ ਉਸ ਦੇ ਅੰਦਰ ਆ ਗਈ ਕਿ ਸਰੀਰ ਦੀ ਸੁਧ ਬੁਧ ਭੁੱਲ ਗਿਆ। ਉਸ ਦੇ ਆਲੇ ਦੁਆਲੇ ਪੱਤੇ ਆ ਕੇ ਜਮ੍ਹਾਂ ਹੋ ਗਏ, ਪੱਤਿਆਂ ਦੇ ਉਤੇ ਮਿੱਟੀ ਆ ਗਈ ਤੇ ਉਨ੍ਹਾਂ ਦੇ ਉਤੇ ਘਾਹ ਜੰਮ ਪਿਆ ਤੇ ਇਕ ਨਾਮ ਦੀ ਧੁਨ ਵਿਚ ਮਸਤ ਹੋਇਆ ਹੋਇਆ, ਸਰੀਰ ਤੋਂ ਬੇਸੁਧ ਹੋਇਆ ਹੋਇਆ ਬੈਠਾ ਹੈ। ਮਹਾਤਮਾ ਆਉਂਦੇ ਨੇ ਤੇ ਉਸ ਵੇਲੇ ਉਨ੍ਹਾਂ ਨੇ ਆ ਕੇ ਉਸ ਨੂੰ ਸਾਵਧਾਨ ਕਰਿਆ ਸਮਾਧੀ ਤੋਂ ਤੇ ਗਿਆਨ ਦੀ ਬਖਸ਼ਿਸ਼ ਕਰੀ ਕਿਉਂਕਿ ਚਾਬੀ ਜਿਹੜੀ ਹੈ ਉਹ ਗੁਰੂ ਦੇ ਪਾਸ ਹੁੰਦੀ ਹੈ।

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ*
*ਕੁੰਜੀ ਗੁਰ ਸਉਪਾਈ॥*
*ਅਨਿਕ ਉਪਾਵ ਕਰੇ ਨਹੀ ਪਾਵੈ*
*ਬਿਨੁ ਸਤਿਗੁਰ ਸਰਣਾਈ॥ ਅੰਗ - 205*

ਨਾਮ ਦੀ ਕਮਾਈ ਕਰਨ ਨਾਲ ਮਹਾਰਾਜ ਕਹਿੰਦੇ ਦੇਖੋ ਉਹ ਕਿਥੇ ਪਹੁੰਚ ਗਿਆ। ਧਿਆਨ ਦੇਵੋ ਕਿ ਉਹ ਕਿਥੇ ਪਹੁੰਚਿਆ। ਪਾਂਡਵਾਂ ਨੇ ਯੱਗ ਕਰਿਆ 'ਰਾਜਸੂ ਯੱਗ'। ਨਿਸ਼ਾਨੀ ਇਹ ਰੱਖੀ ਕਿ ਇਹ ਯੱਗ ਤਾਂ ਸੰਪੂਰਨ ਗਿਣਿਆ ਜਾਏਗਾ ਜੇ ਬਾਂਸ ਦੇ ਨਾਲ ਬੰਨ੍ਹਿਆ ਹੋਇਆ ਸੰਖ ਆਪਣੇ ਆਪ ਵੱਜੇ। ਯੱਗ ਦੇ ਵਿਚ ਵੱਡੀ ਸਾਵਧਾਨੀ ਰੱਖੀ ਗਈ, ਪੂਰੀ ਸੋਧ ਨਾਲ ਕੀਤਾ। ਕ੍ਰਿਸ਼ਨ ਮਹਾਰਾਜ ਨੇ ਇਹ ਸੇਵਾ ਲਈ ਕਿ ਮੈਂ ਆਏ ਅਤਿਥੀਆਂ ਦੇ ਚਰਨ ਧੋਵਾਂਗਾ ਤੇ ਦੂਸਰਾ ਜੂਠੀਆਂ ਪੱਤਲਾਂ ਚੁੱਕਣ ਦਾ ਕੰਮ ਮੈਂ ਕਰਾਂਗਾ। ਸਾਨੂੰ ਸੇਵਾ ਦਾ ਵਲ (ਢੰਗ) ਸਿਖਾਉਣ ਵਾਸਤੇ ਮਹਾਂਪੁਰਸ਼ ਹਮੇਸ਼ਾ ਜੁਗਾਂ-ਜੁਗਾਂਤਰਾਂ ਵਿਚ ਰੋਸ਼ਨੀ ਦਿੰਦੇ ਆਉਂਦੇ ਨੇ।

ਸੋ ਇਹ ਆਪਣੇ ਕਰਿਆ। ਬੜੇ ਪਿਆਰ ਨਾਲ ਆਪ ਚਰਨ ਧੋਂਦੇ ਤੇ ਪਰਸ਼ਾਦਾ ਛੱਕਣ ਤੋਂ ਬਾਅਦ ਆਪ ਉਨ੍ਹਾਂ ਦੀਆਂ ਜੂਠੀਆਂ ਪੱਤਲਾਂ ਚੁਕਦੇ। ਕੋਈ ਵਿਘਨ ਨ ਹੋਇਆ ਸਾਰੇ ਭਾਰਤ ਵਰਸ਼ ਦੇ ਹਿਮਾਲਿਆ ਤੋਂ, ਕੰਦਰਾਂ ਵਿਚ ਰਹਿਣ ਵਾਲੇ, ਬਰਫਾਂ ਦੇ ਵਿਚ ਰਹਿਣ ਵਾਲੇ, ਸਾਰੇ ਦੇਸ਼ ਦੇ ਵਿਚੋਂ, ਬਾਹਰੋਂ ਜਿਥੋਂ ਵੀ ਪਤਾ ਲੱਗਿਆ ਹਰ ਮਹਾਤਮਾ ਨੂੰ ਨਿਮੰਤਰਣ ਦੇ ਕੇ ਬੁਲਾਇਆ ਗਿਆ। ਜੱਗ ਹੋਇਆ ਲੇਕਿਨ ਸੰਖ ਨਾ ਵੱਜਿਆ। ਉਸ ਵੇਲੇ ਯੁਧਿਸ਼ਟਰ ਉਦਾਸ ਹੋ ਗਿਆ। ਕਰੋੜਾਂ ਰੁਪਏ ਖਰਚ ਹੋ ਗਏ, ਕਿੰਨਾ ਸਮਾਂ ਖਰਚ ਹੋਇਆ ਤੇ ਯੱਗ ਸੰਪੂਰਨ ਨਹੀਂ ਹੋਇਆ।

ਕ੍ਰਿਸ਼ਨ ਮਹਾਰਾਜ ਨੇ ਪੁਛਿਆ, "ਤੁਸੀਂ ਉਦਾਸ ਕਿਉਂ ਹੋ? ਤੁਹਾਨੂੰ ਤਾਂ ਖੁਸ਼ੀ ਹੋਣੀ ਚਾਹੀਦੀ ਹੈ।"

ਕਹਿੰਦਾ, "ਮਹਾਰਾਜ! ਸੰਖ ਤਾਂ ਵੱਜਿਆ ਨਹੀਂ ਹੈ।"

ਕਹਿਣ ਲੱਗੇ, "ਕੋਈ ਮਹਾਂ ਉਤਮ ਪੁਰਸ਼ ਤੁਸੀਂ ਛੱਡ ਦਿੱਤਾ।"

ਕਹਿੰਦੇ, "ਅਸੀਂ ਤਾਂ ਕੋਈ ਨਹੀਂ ਛਡਿਆ।"

ਕਹਿਣ ਲੱਗੇ, "ਧਿਆਨ ਦੇਵੋ! ਤੁਹਾਡੇ ਹੀ ਦਿੱਲੀ ਦੇ ਅੰਦਰ ਦੱਖਣ ਵਾਲੇ ਪਾਸੇ, ਜਮਨਾ ਨਦੀ ਦੇ ਕੰਢੇ ਤੇ ਇਕ ਪੂਰਨ ਬ੍ਰਹਮ ਗਿਆਨੀ, ਪ੍ਰਮੇਸ਼ਰ ਦਾ ਸਰੂਪ, ਮਹਾਂਪੁਰਸ਼ ਰਹਿੰਦੇ ਨੇ। ਉਨ੍ਹਾਂ ਵਿਚ ਤੇ ਪ੍ਰਭੂ ਵਿਚ ਕੋਈ ਭੇਤ ਨਹੀਂ ਹੈ।"

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥*
*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥*
*ਅੰਗ - 273*

ਕਹਿੰਦੇ, "ਉਸ ਦੀ ਜਾਤ ਚੰਡਾਲ ਹੈ ਇਸ ਕਰਕੇ ਤੁਸੀਂ ਉਸ ਨੂੰ ਛੱਡ ਦਿੱਤਾ।"

ਕਹਿਣ ਲੱਗੇ, ਮਹਾਰਾਜ! ਚੰਡਾਲ ਜਾਤੀ ਵਿਚ ਹੁੰਦਾ ਹੋਇਆ ਵੀ ਕੋਈ ਸਾਧੂ ਹੋ ਸਕਦਾ ਹੈ?"

ਕ੍ਰਿਸ਼ਨ ਮਹਾਰਾਜ ਕਹਿੰਦੇ, "ਜਾਤ ਦੇ ਹੱਥ ਵਿਚ ਨਹੀਂ ਹੈ ਕੁਝ ਵੀ। ਇਹ ਤਾਂ ਪ੍ਰਭੂ ਦੀ ਜੋਤ ਹੈ ਸਰੀਰਾਂ ਵਿਚ ਜਾਤਾਂ ਤਾਂ ਅਸੀਂ ਆਪ ਬਣਾਈਆਂ ਨੇ ਰੱਬ ਨੇ ਤਾਂ ਨਹੀਂ ਪੈਦਾ ਕਰੀਆਂ। ਮਨੁੱਖ ਨੇ ਆਪ ਜੋਰ ਜਬਰ ਨਾਲ ਕਿਸੇ ਨੂੰ ਛੋਟਾ ਬਣਾ ਦਿੱਤਾ, ਕਿਸੇ ਨੂੰ ਵੱਡਾ ਬਣਾ ਦਿੱਤਾ।"

ਸੋ ਨਿੰਮਤਰਣ ਲੈ ਕੇ ਭੇਜ ਦਿੱਤੇ ਗਏ।

ਉਹ ਕਹਿੰਦੇ, "ਮੈਂ ਤੁਹਾਡੇ ਉਤਮ ਲੋਕਾਂ ਵਿਚ ਜਾ ਕੇ ਬੈਠ ਨਹੀਂ ਸਕਦਾ। ਇਸ ਦੋਸ਼ ਨੂੰ ਦੂਰ ਕਰਨ ਵਾਸਤੇ ਤੁਸੀਂ ਮੈਨੂੰ ਇਕ ਜੱਗ ਦਾ ਫਲ ਦਿਓ।"

ਕਹਿਣ ਲੱਗੇ, "ਮਹਾਰਾਜ! ਜੱਗ ਤਾਂ ਅਸੀਂ ਇਕ ਪਹਿਲਾਂ ਕਰਿਆ ਸੀ। ਇਹ 'ਰਾਜਸੂ ਯੱਗ' ਅਸੀਂ ਹੁਣ ਕਰਿਆ ਹੈ ਇਹ ਸੰਪੂਰਨ ਨਹੀਂ ਹੋਇਆ ਅਜੇ ਤੱਕ ਤੇ ਅਸੀਂ ਫਲ ਕਿਵੇਂ ਦੇਈਏ?"

ਸਾਰੇ ਵਾਰੀ-ਵਾਰੀ ਗਏ ਤੇ ਅਖੀਰ ਨਿਰਾਸ਼ ਹੋ ਗਏ। ਕਹਿਣ ਲੱਗੇ ਕਿ ਮਹਾਰਾਜ! ਉਹ ਤਾਂ ਆਉਂਦੇ ਨਹੀਂ ਹਨ।

ਕਹਿਣ ਲੱਗੇ, "ਰਾਜਨ! ਜੋ ਸਾਧੂ ਹੁੰਦੇ ਨੇ ਉਹ ਦੁਨੀਆਦਾਰਾਂ ਵਾਂਗ ਨਹੀਂ ਹੁੰਦੇ।"

ਉਹ ਤਾਂ -

*ਰਾਜਾ ਸਗਲੀ ਸ੍ਰਿਸਟਿ ਕਾ*

*ਹਰਿ ਨਾਮਿ ਮਨੁ ਭਿੰਨਾ॥ ਅੰਗ - 707*
*ਜਿਸ ਨੋ ਬਖਸੇ ਸਿਫਤਿ ਸਾਲਾਹ॥*
*ਨਾਨਕ ਪਾਤਿਸਾਹੀ ਪਾਤਿਸਾਹੁ॥*
*ਅੰਗ - 5*

ਕਹਿੰਦੇ, "ਪਾਤਸ਼ਾਹਾਂ ਨੂੰ ਘਰ ਬੁਲਾਉਣਾ ਬਹੁਤ ਔਖਾ ਹੁੰਦਾ ਹੈ। ਇਸ ਕਰਕੇ ਕੋਈ ਵਿਧੀ ਨਾਲ ਜਾਓ।"

ਦ੍ਰੋਪਦੀ ਨੇ ਕਿਹਾ, "ਮਹਾਰਾਜ! ਮੈਨੂੰ ਆਗਿਆ ਕਰੋ?"

ਕਹਿੰਦੇ, "ਦ੍ਰੋਪਦੀ! ਉਹ ਤੈਥੋਂ ਯੱਗ ਦਾ ਫਲ ਮੰਗਣਗੇ। ਇਹ ਸਾਰੇ ਧਰਮ ਸ਼ਾਸਤਰਾਂ ਵਿਚ ਹੈ ਕਿ ਸ਼ਰਧਾ ਧਾਰ ਕੇ ਘਰੋਂ ਜਦੋਂ ਕੋਈ ਪੂਰਨ ਮਹਾਂਪੁਰਸ਼ ਵਲ ਨੂੰ ਚਲਦਾ ਹੈ ਤਾਂ ਜਿੰਨੇ ਵੀ ਉਹ ਕਦਮ ਪੁਟਦਾ ਹੈ ਉਨੇ ਜੱਗਾਂ ਦਾ ਫਲ ਮਿਲ ਜਾਇਆ ਕਰਦਾ ਹੈ ਤੇ ਤੂੰ ਸ਼ੰਕੇ ਤੋਂ ਰਹਿਤ ਹੋ ਕੇ ਪੂਰੀ ਸ਼ਰਧਾ ਦੇ ਨਾਲ, ਉਨ੍ਹਾਂ ਵਿਚ ਪਰਮੇਸ਼ਰ ਭਾਵਨਾ ਲਿਆ ਕੇ ਉਨ੍ਹਾਂ ਕੋਲ ਜਾਹ। ਜਦੋਂ ਉਹ ਯੱਗ ਦਾ ਫਲ ਮੰਗਣਗੇ, ਤੂੰ ਇਹੀ ਜਵਾਬ ਦੇ ਦੇਵੀਂ ਤੇ ਉਹ ਆਪੇ ਹੀ ਆ ਜਾਣਗੇ।"

ਜਦੋਂ ਦ੍ਰੋਪਦੀ ਮਹਾਂਪੁਰਸ਼ਾਂ ਕੋਲ ਪਹੁੰਚਦੀ ਹੈ ਤਾਂ ਮਹਾਂਪੁਰਸ਼ ਉਹੋ ਪ੍ਰਸ਼ਨ ਕਰਦੇ ਹਨ। ਕਹਿੰਦੇ, "ਬੇਟਾ! ਇਕ ਜੱਗ ਦਾ ਫਲ ਦਿਓ ਤਾਂ ਮੈਂ ਜਾਵਾਂਗਾ।"

ਕਹਿਣ ਲੱਗੀ, "ਮਹਾਰਾਜ! ਦੇਖੋ!! ਇਹ ਮਹਾਂਪੁਰਸ਼ਾਂ ਦਾ ਤੇ ਸਾਸ਼ਤਰਾਂ ਦਾ ਬਚਨ ਹੈ ਕਿ ਜਦੋਂ ਕੋਈ ਪੂਰਨ ਮਹਾਂਪੁਰਸ਼, ਬ੍ਰਹਮ ਗਿਆਨੀ ਵੱਲ ਪ੍ਰਮੇਸ਼ਰ ਭਾਵਨਾ ਕਰਕੇ ਘਰ ਤੋਂ ਚਲੇਗਾ ਤਾਂ ਉਸ ਵੇਲੇ ਪਹਿਲੇ ਕਦਮ ਦਾ ਫਲ ਹੀ ਇਕ ਜੱਗ ਦਾ ਫਲ ਮਿਲ ਜਾਏਗਾ। ਸੋ ਆਪ ਅੰਤਰਜਾਮੀ ਹੋ, ਮੇਰੇ ਹਿਰਦੇ ਦੀ ਬਾਤ ਜਾਣ ਸਕਦੇ ਹੋ, ਮੈਂ ਆਪ ਨੂੰ ਪ੍ਰਮੇਸ਼ਰ ਰੂਪ ਸਮਝ ਕੇ ਇਥੇ ਪਹੁੰਚੀ ਹਾਂ ਤੇ ਜਿੰਨੇ ਕਦਮ ਮੈਂ ਚੱਲ ਕੇ ਆਈ ਹਾਂ ਤੁਸੀਂ ਹੁਣ ਜਾਂਦੇ ਹੋਏ ਗਿਣ ਲਿਓ। ਇਕ ਜੱਗ ਕੱਟ ਕੇ ਤੁਸੀਂ ਆਪਣੇ ਕੋਲ ਰੱਖ ਲਿਓ ਬਾਕੀ ਮੇਰੀ ਝੋਲੀ ਵਿਚ ਪਾ ਦਿਓ।"

ਮਹਾਂਪੁਰਸ਼ ਉਸੇ ਵੇਲੇ ਨਾਲ ਚੱਲ ਪੈਂਦੇ ਨੇ, ਜਾ ਕੇ ਪਰਸ਼ਾਦਾ ਛਕਿਆ। ਸਾਰੇ ਜਿੰਨੇ ਵੀ ਮਹਾਂਰਿਸ਼ੀ ਸੀ, ਵੱਡੇ ਵੱਡੇ ਵਿਦਵਾਨ ਉਹ ਸਾਰੇ ਬੈਠੇ ਦੇਖਦੇ ਨੇ। ਪ੍ਰਸ਼ਾਦ ਛੱਕਣ ਤੋਂ ਬਾਅਦ ਸੰਖ ਵਜਦਾ ਹੈ। ਸਾਰਿਆਂ ਨੂੰ ਖੁਸ਼ੀ ਹੁੰਦੀ ਹੈ ਤੇ ਕ੍ਰਿਸ਼ਨ ਮਹਾਰਾਜ ਆਪ ਉਨ੍ਹਾਂ ਦੀ ਪੂਜਾ ਕਰਦੇ ਨੇ, ਸਾਰੇ ਪਾਂਡਵ ਤੇ ਬ੍ਰਾਹਮਣ ਲੋਕ ਉਨ੍ਹਾਂ ਦੀ ਪੂਜਾ ਕਰਦੇ ਨੇ। ਮਹਾਰਾਜ ਕਹਿੰਦੇ ਦੇਖੋ ਪਰਮੇਸ਼ਰ ਦੇ ਨਾਮ ਦੀ ਕਿੱਡੀ ਵੱਡੀ ਮਹਿਮਾ ਹੈ। ਇਸ ਭਗਤੀ ਦੇ ਨਾਲ ਹੀ ਉਹ ਬੰਦਾ ਜੋ ਰੱਦ ਕੀਤਾ ਗਿਆ ਸੀ, ਜਿਸ ਦੇ ਕੋਈ ਨੇੜੇ ਨਹੀਂ ਸੀ ਜਾਂਦਾ, ਕੋਈ ਪਰਛਾਵਾ ਨਹੀਂ ਸੀ ਲੈਂਦਾ, ਜਿਥੋਂ ਦੀ ਲੰਘ ਜਾਂਦਾ ਸੀ, ਉਹ ਦੀ ਪੈੜ ਦੇ ਉਤੋਂ ਦੀ ਲੰਘ ਜਾਣਾ ਹੀ ਬੜੀ ਭਾਰੀ ਬਦਸ਼ਗਨੀ ਗਿਣਦੇ ਸੀ। ਜਦੋਂ ਉਸ ਨੇ ਪਰਮੇਸ਼ਰ ਦਾ ਨਾਮ ਜਪਿਆ ਤਾਂ ਕਿੱਡੀ ਵੱਡੀ ਹਸਤੀ ਹੋ ਗਈ ਕਿ ਦੁਆਪਰ ਯੁੱਗ ਦੇ ਜੋ ਸੋਲ੍ਹਾਂ ਕਲਾਂ ਅਵਤਾਰ ਸਨ ਸ੍ਰੀ ਕ੍ਰਿਸ਼ਨ ਮਹਾਰਾਜ ਉਨ੍ਹਾਂ ਨੇ ਐਨੀ ਮਹਿਮਾ ਪ੍ਰਗਟ ਕਰੀ ਕਿ ਸਾਰੀਆਂ ਜਾਤੀਆਂ ਬਾਦਸ਼ਾਹ ਤੱਕ ਉਨ੍ਹਾਂ ਦੇ ਚਰਨ ਧੋ ਕੇ ਸਾਫ ਕਰਦੇ ਨੇ, ਜੂਠੀਆਂ ਪੱਤਲਾਂ ਚੁਕਦੇ ਨੇ।

ਸੋ ਮਹਾਰਾਜ ਕਹਿੰਦੇ ਪਿਆਰਿਓ! ਇਹ ਜਿਹੜੇ ਤੁਸੀਂ ਹੁਣ ਗਾਉਂਦੇ ਹੋ ਇਹ ਐਵੇਂ ਹੀ ਨਹੀਂ ਹਨ -

*ਰਸਨਾ ਗੁਣ ਗੋਪਾਲ ਨਿਧਿ ਗਾਇਣ॥*
*ਅੰਗ - 713*

ਇਸ ਦੇ ਨਾਲ ਸ਼ਾਂਤੀ ਉਪਜਦੀ ਹੈ, ਸੁਖ ਉਪਜਦਾ ਹੈ, ਜੋ ਮੰਗਦੇ ਹਾਂ ਉਹ ਪ੍ਰਾਪਤ ਹੁੰਦਾ ਹੈ ਤੇ ਇਸ ਦੇ ਨਾਲ ਜਨਮ ਤੇ ਮਰਨ ਤੋਂ ਛੁਟਦੇ ਹਾਂ ਤੇ ਜੇ ਪ੍ਰਮੇਸ਼ਰ ਚਿਤ ਵਿਚ ਬੈਠ ਜਾਵੇ ਤੇ ਕਦੇ ਭੁੱਲੇ ਨਾ ਤਾਂ ਕਹਿੰਦੇ ਫੇਰ ਉਹ ਅਨੰਦ ਪ੍ਰਾਪਤ ਹੋ ਜਾਂਦਾ ਹੈ ਜਿਸ ਨੂੰ ਸਤਿ-ਚਿਤ-ਅਨੰਦ ਕਹਿੰਦੇ ਨੇ। ਉਹ ਪਰਮੇਸ਼ਰ ਵਿਚ ਲੀਨ ਹੋ ਜਾਂਦਾ ਹੈ। ਜੁਗਾਂ-ਜੁਗਾਂਤਰਾਂ ਤੱਕ ਲੋਕ ਉਸ ਦਾ ਆਦਰ ਤੇ ਸਤਿਕਾਰ ਕਰਦੇ ਨੇ।

*ਵਾਹਿਗੁਰੂ ਜੀ ਕਾ ਖਾਲਸਾ॥*
*ਵਾਹਿਗੁਰੂ ਜੀ ਕੀ ਫਤਹਿ॥*

# ਮਨ ਨੂੰ ਜਿਤਣਾ

ਸਾਧ ਸੰਗਤ ਜੀ!

*ਵਾਹਿਗੁਰੂ ਜੀ ਕਾ ਖਾਲਸਾ॥*
*ਵਾਹਿਗੁਰੂ ਜੀ ਕੀ ਫਤਹਿ॥*

ਅੰਮ੍ਰਿਤ ਵੇਲੇ ਤੋਂ ਆਪ ਏਸ ਕਲਿਯੁਗ ਦੇ ਸਮੇਂ ਦੇ ਅੰਦਰ, ਜਦੋਂ ਕੋਈ ਰਸਤਾ ਨਹੀਂ ਦਿਸਦਾ, ਅੰਧ ਗੁਬਾਰ ਮਚਿਆ ਪਿਆ ਹੈ, ਆਪਣੇ ਆਪਣੇ ਖਿਆਲ, ਆਪਣੀ ਆਪਣੀ ਸੋਚ, ਉਸ ਵੇਲੇ ਆਪ ਗੁਰੂ ਮਹਾਰਾਜ ਜੀ ਦੀ ਕਿਰਪਾ ਦੇ ਸਦਕੇ ਅੰਮ੍ਰਿਤ ਵੇਲਾ ਸੰਭਾਲਣ ਵਾਸਤੇ ਜਿਸਨੂੰ ਬ੍ਰਹਮ ਮਹੂਰਤ ਆਖਿਆ ਜਾਂਦਾ ਹੈ, ਗੁਰੂ ਮਹਾਰਾਜ ਜੀ ਦੀ ਹਜੂਰੀ ਵਿਚ ਸੁਸ਼ੋਭਤ ਹੁੰਦੇ ਹੋ। ਜਿੰਨਾ ਚਿਰ ਕਿਰਪਾ ਨਾ ਹੋਵੇ, ਓਨੀ ਦੇਰ ਤੱਕ ਸਤਿਸੰਗ ਨਹੀਂ ਮਿਲਿਆ ਕਰਦਾ। ਪੂਰੇ ਭਾਗ ਜਾਗਣ ਫੇਰ ਜਾ ਕੇ ਦੋ ਚੀਜ਼ਾਂ ਮਿਲਦੀਆਂ ਹਨ –

*ਹਰਿ ਕੀਰਤਿ ਸਾਧਸੰਗਤਿ ਹੈ*
*ਸਿਰਿ ਕਰਮਨ ਕੈ ਕਰਮਾ॥ ਅੰਗ – 642*

ਹਰੀ ਦਾ ਕੀਰਤਨ ਤੇ ਸਾਧੂਆਂ ਦੀ ਸੰਗਤ –

*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ॥ ਅੰਗ – 642*

ਮਿਲਦਾ ਉਸ ਨੂੰ ਹੈ ਜਿਸ ਦਾ ਕੋਈ ਪੁੰਨ ਕਰਮ ਜਾਗ ਪਿਆ ਹੋਵੇ ਕਿਉਂਕਿ ਇਸ ਵਾਸਤੇ ਇਸ ਨੂੰ ਕਹਿੰਦੇ ਨੇ ਕਿ ਪਹਿਲੇ ਜੁਗਾਂ ਦੇ ਅੰਦਰ ਜੋ ਬੀਜਿਆ ਜਾਂਦਾ ਸੀ ਉਸ ਖੇਤੀ ਨੂੰ ਫਲ ਘਟ ਲਗਦਾ ਸੀ। ਜਿਵੇਂ ਦੋਗਲੀਆਂ ਕਿਸਮਾਂ ਨੇ ਕਿੰਨੇ ਕਿੰਨੇ ਗੁਣਾ ਜਿਆਦਾ ਉਨ੍ਹਾਂ ਦਾ ਝਾੜ ਵਧ ਗਿਆ। ਇਵੇਂ ਹੀ ਜੁਗਾਂ ਦੇ ਹਿਸਾਬ ਨਾਲ ਕਰਮ ਨੇ।

ਸਤਿਜੁਗ ਦੇ ਅੰਦਰ 10,000 ਸਾਲ ਕੋਈ ਤਪਸਿਆ ਕਰਦਾ ਹੈ, ਧੂਣੀਆਂ ਤਾਪਦਾ ਹੈ, ਘਰ ਬਾਰ ਛਡ ਕੇ ਜੰਗਲਾਂ 'ਚ ਰਹਿੰਦਾ ਹੈ, ਪੁੱਠਾ ਲਟਕਦਾ ਹੈ, ਭੁੱਖਾ ਰਹਿੰਦਾ ਹੈ। ਉਹ ਤ੍ਰੇਤੇ ਜੁਗ ਦੀ 1000 ਸਾਲ ਦੀ ਤਪਸਿਆ ਦੇ ਬਰਾਬਰ ਹੋਇਆ ਕਰਦਾ ਹੈ। ਤ੍ਰੇਤੇ ਜੁਗ ਦੀ 1000 ਸਾਲ ਦੀ ਤਪਸਿਆ ਦੁਆਪਰ ਦੇ 100 ਸਾਲ ਦੀ ਤਪਸਿਆ ਦੇ ਬਰਾਬਰ ਹੁੰਦੀ ਹੈ। ਦੁਆਪਰ ਦਾ 100 ਸਾਲ, ਤ੍ਰੇਤੇ ਦਾ 1000 ਸਾਲ ਤੇ ਸਤਿਜੁਗ ਦਾ 10,000 ਸਾਲ ਕਲਜੁਗ ਦੇ ਵਿਚ ਕੇਵਲ ਦੋ ਘੜੀਆ ਸਤਿਸੰਗ ਕਰਨ ਦੇ ਬਰਾਬਰ ਹੋਇਆ ਕਰਦਾ ਹੈ। ਇਹ ਤੱਤ ਸਾਰਿਆਂ ਮੱਤਾਂ ਨੇ ਪੂਰੀ ਤਰ੍ਹਾਂ ਖੋਜ ਖੋਜ ਕੇ ਕੱਢਿਆ ਹੈ।

ਸੋ ਕਲਿਜੁਗ ਦੇ ਅੰਦਰ ਸਤਿਸੰਗ ਪ੍ਰਾਪਤ ਹੋ ਜਾਣਾ ਇਕ ਵੱਡੇ ਭਾਗਾਂ ਦੀ ਨਿਸ਼ਾਨੀ ਹੋਇਆ ਕਰਦੀ ਹੈ। ਆਪ ਸਾਰੇ ਬੈਠੇ ਹੋ ਤੇ ਜੋ ਆਪ ਸਭ ਨੇ ਮਹਾਰਾਜ ਜੀ ਦਾ ਫੁਰਮਾਨ ਸੁਣਿਆ ਹੈ। ਉਹ ਸਾਡੇ ਜੀਵਾਂ ਦੇ ਉਧਾਰ ਕਰਨ ਵਾਸਤੇ ਮਹਾਰਾਜ ਜੀ ਨੇ ਰਸਤਾ ਦੱਸਿਆ ਹੈ ਕਿ ਜੇ ਪਾਠ ਹੀ ਪੜ੍ਹੀ ਜਾਵੇ, ਧਰਮ ਗ੍ਰੰਥਾਂ ਦੀ ਵਿਚਾਰ ਹੀ ਕਰੀ ਜਾਵੇ ਤੇ ਬਾਕੀ ਜਿਹੜੇ ਔਖੇ ਕਰਮ ਨੇ – ਨਿਉਲੀ ਹੈ, ਭੁਯੰਗਮ ਹੈ, ਰੇਚਕ ਹੈ, ਪੂਰਕ ਹੈ, ਕੁੰਭਕ ਹੈ ਇਨ੍ਹਾਂ ਨੂੰ ਅੱਜ ਦਾ ਕੋਈ ਬੰਦਾ ਨਹੀਂ ਕਰ ਸਕਦਾ। ਬਹੁਤ ਮੁਸ਼ਕਲ ਹੈ, ਪੂਰਨ ਤੌਰ ਤੇ ਤੰਦਰੁਸਤੀ ਹੋਵੇ, ਸਰੀਰ ਦੇ ਵਿਚ ਪੂਰਨ ਬ੍ਰਹਮਚਰੀਯ ਹੋਵੇ, ਫਿਕਰ ਕੋਈ ਨਾ ਹੋਵੇ, ਦਿਮਾਗ ਪੂਰਨ ਤੌਰ ਤੇ ਤੰਦਰੁਸਤ ਤੇ ਤਾਕਤਵਰ ਹੋਵੇ। ਉਹ ਇਕ ਹਜ਼ਾਰ ਬੰਦਾ ਜੇ ਕਰਨ ਲੱਗੇ ਤਾਂ ਸ਼ਾਇਦ ਇਕ ਬੰਦਾ ਅੱਗੇ ਲੰਘ ਸਕਦਾ ਹੈ। ਨਿਉਲੀ ਕਰਮਾਂ ਵਿਚ ਨਿਉਲੀ ਹੈ, ਧੋਤੀ ਹੈ, ਬਸਤੀ ਹੈ ਇਹੋ ਜਿਹੇ ਕਰਮ ਹੋਇਆ ਕਰਦੇ ਨੇ, ਇਹ ਬੜੇ ਔਖੇ ਨੇ। ਜੇ ਮੈਂ ਬੇਨਤੀ ਕਰਾਂ ਤਾਂ ਪਤਾ ਲੱਗ ਜਾਏਗਾ ਕਿ ਧੋਤੀ ਜੋ ਹੁੰਦੀ ਹੈ ਉਹ 15 ਹੱਥ ਦਾ ਕੱਪੜਾ ਹੁੰਦਾ ਹੈ, ਸਾਢੇ ਬਾਈ ਫੁੱਟ ਦਾ, ਉਹ 4 ਉਂਗਲ ਚੌੜਾ ਹੁੰਦਾ ਹੈ। ਉਸ ਨੂੰ ਉਂਗਲੀ ਦੀ ਮਦਦ ਨਾਲ ਅੰਦਰ ਨਿੰਘਾਰੀ ਜਾਣਾ ਹੈ ਸਾਰਾ ਨਿੰਘਾਰ ਕੇ ਫੇਰ ਬਾਹਰ ਖਿੱਚ ਲੈਣਾ ਹੈ। ਇਸ ਤਰ੍ਹਾਂ ਮਿਹਦੇ ਨੂੰ ਸਾਫ ਕਰਦੇ ਹਾਂ ਫੇਰ ਨਿਘਾਰਨਾ ਹੈ ਜਦੋਂ ਤੱਕ ਬਿਲਕੁਲ ਸਾਫ ਨਹੀਂ ਹੁੰਦਾ ਉਨੀ ਦੇਰ ਤੱਕ ਨਹੀਂ ਹਟਣਾ। ਇਸੇ ਤਰ੍ਹਾਂ ਦੇ ਇਹ ਬੜੇ ਔਖੇ ਕਰਮ ਨੇ। ਧੌਂਕਣੀ ਵਾਂਗ ਸਰੀਰ ਫੇਰਨਾ, ਜੀਭ ਨੂੰ ਲੰਮਾ ਕਰਕੇ ਅੱਖਾਂ ਤੱਕ ਲੈ ਜਾਣਾ, ਇਸ ਨੂੰ ਫੇਰ ਮੋੜ ਕੇ ਗਲ ਦੇ ਵਿਚ ਦੇਣਾ ਤੇ ਸੁਆਸਾਂ ਨੂੰ ਰੋਕ ਲੈਣਾ, ਅੰਦਰ ਗਰਮੀ ਪੈਦਾ ਕਰਕੇ ਚੱਕਰਾਂ ਨੂੰ ਵਿਨੰਣਾ, 6 ਚੱਕਰਾਂ ਨੂੰ, ਉਸ ਤੋਂ ਬਾਅਦ ਭੁਜੰਗਾ ਨਾੜੀ ਦਾ ਮੂੰਹ ਖੋਲ੍ਹਣਾ ਤੇ ਕੁੰਡਲਨੀ ਜਗਾਉਣੀ ਫੇਰ ਦਸਵੇਂ ਦੁਆਰ ਵਿਚ ਪਹੁੰਚਣਾ। ਇਹ ਬੜੀ ਮੁਸ਼ਕਲ ਬਾਤ ਹੈ। ਸਾਨੂੰ ਤਾਂ ਸਤਿਸੰਗ ਦਾ ਵਿਹਲ ਨਹੀਂ ਇਸ ਦੇ ਵਾਸਤੇ ਲਗਾਤਾਰ ਸਾਲਾਂ ਦੀ ਮਿਹਨਤ ਚਾਹੀਦੀ ਹੈ, ਲਗਾਤਾਰ ਇਕਾਂਤ ਥਾਂ ਚਾਹੀਦਾ ਹੈ, ਕਿਸੇ ਪਹਾੜ ਦੇ ਵਿਚ ਜਿਥੇ ਕੋਈ ਪਹੁੰਚ ਨਾ ਸਕਦਾ ਹੋਵੇ। ਖਾਣ ਪੀਣ ਦਾ ਬੰਦੋਬਸਤ ਸਹੀ ਚਾਹੀਦਾ ਹੈ, ਬਹੁਤ ਪੌਸਟਿਕ ਖੁਰਾਕਾਂ ਚਾਹੀਦੀਆਂ ਨੇ ਤਾਂ ਕਿਤੇ ਜਾ ਕੇ ਕੋਈ ਕੋਈ ਭਾਗਾਂ ਵਾਲਾ ਬੰਦਾ ਹੈ ਜਿਹੜਾ ਦਸਵੇਂ ਦੁਆਰ ਵਿਚ ਪਹੁੰਚ ਜਾਂਦਾ ਹੈ।

ਸੋ ਮਹਾਰਾਜ ਕਹਿੰਦੇ ਇਹ ਵੀ ਅਸੀਂ ਕਰਕੇ ਦੇਖੇ। ਦਸਵੇਂ ਦੁਆਰ ਵਿਚ ਵੀ ਜੇ ਨਾਮ ਤੋਂ ਬਗੈਰ ਪਹੁੰਚੇ ਤਾਂ ਮਨ ਨਿਰਮਲ ਨਹੀਂ ਹੋਇਆ ਕਰਦਾ। ਉਹ ਇਕ ਦਰਵਾਜਾ ਹੀ ਹੈ ਬੱਸ ਜਿਵੇਂ ਨੌ ਦਰਵਾਜੇ ਨੇ –

*ਨਉ ਦਰਵਾਜੇ ਕਾਇਆ ਕੋਟੁ ਹੈ*
*ਦਸਵੈ ਗੁਪਤੁ ਰਖੀਜੈ॥ ਅੰਗ – 954*

ਉਸ ਗੁਪਤ ਦਰਵਾਜੇ ਤੇ ਜੇ ਪਹੁੰਚ ਜਾਂਦਾ ਹੈ ਤੇ ਨਾਮ ਦੀ ਮਦਦ ਨਹੀਂ ਹੈ ਤਾਂ ਮਹਾਰਾਜ ਕਹਿੰਦੇ ਕਿ ਬਗੈਰ ਨਾਮ ਤੋਂ ਮਨ ਮੈਲਾ ਰਹਿ ਜਾਂਦਾ ਹੈ। ਮਨ ਨੂੰ ਸਿਧਾਉਣ ਵਾਸਤੇ, ਮਨ ਦੀ ਮੈਲ ਕੱਢਣ ਵਾਸਤੇ ਇਕੋ ਹੀ ਸਾਧਨ ਹੈ ਕਿ –

*ਭਰੀਐ ਮਤਿ ਪਾਪਾ ਕੈ ਸੰਗਿ॥*
*ਓਹੁ ਧੋਪੈ ਨਾਵੈ ਕੈ ਰੰਗਿ॥ ਅੰਗ – 4*

ਜਦੋਂ ਤੱਕ ਨਾਮ ਦਾ ਪਿਆਰ ਹਿਰਦੇ ਵਿਚ ਉਤਪੰਨ ਨਹੀਂ ਹੁੰਦਾ ਓਨੀ ਦੇਰ ਤੱਕ ਮਨ ਨਿਰਮਲ ਨਹੀਂ ਹੁੰਦਾ। ਸੋ ਇਸ ਤਰ੍ਹਾਂ ਮਹਾਰਾਜ ਕਹਿੰਦੇ ਕਿ ਇਹ ਰਸਤਾ ਅਸੀਂ ਦੇਖ ਲਿਆ ਕਰਕੇ –

*ਪਾਠੁ ਪੜਿਓ ਅਰੁ ਬੇਦੁ ਬਿਚਾਰਿਓ*
*ਨਿਵਲਿ ਭੁਅੰਗਮ ਸਾਧੇ॥*
*ਪੰਚ ਜਨਾ ਸਿਉ ਸੰਗੁ ਨ ਛੁਟਕਿਓ*
*ਅਧਿਕ ਅਹੰਬੁਧਿ ਬਾਧੇ॥ ਅੰਗ – 641*

ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਮੀ ਦੇ ਖ਼ੂਨ ਦੇ ਵਿਚ ਨੇ, ਇਹ ਪ੍ਰਮੇਸ਼ਰ ਵਲੋਂ ਪੈਦਾ ਕੀਤੇ ਗਏ। ਇਨ੍ਹਾਂ ਨੂੰ ਮਾਰਨ ਵਾਲਾ ਦੁਨੀਆਂ ਵਿਚ ਕੋਈ ਨਹੀਂ ਆਇਆ। ਜਿਨ੍ਹਾਂ ਨੇ ਵੱਡੇ ਵੱਡੇ ਦਾਅਵੇ ਕੀਤੇ ਕਿ ਅਸੀਂ ਮਾਰ ਲਵਾਂਗੇ, ਅਸੀਂ ਮਨ ਨੂੰ ਜਿਤ ਲਵਾਂਗੇ ਪਰ ਕੋਈ ਨਹੀਂ ਪੈਦਾ ਹੋਇਆ ਜਿਸ ਨੇ ਮਨ ਜਿਤਿਆ ਹੋਵੇ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਇਕ ਰਾਜੇ ਦੀ ਕਥਾ ਦਸਦੇ ਨੇ ਜਿਸ ਦਾ ਨਾਮ ਪਾਰਸਨਾਥ ਸੀ। ਕਹਿੰਦੇ ਉਸ ਨੇ ਦੁਨੀਆਂ ਸਾਰੀ ਜਿੱਤ ਲਈ। ਜਿਥੇ ਤੱਕ ਦੁਨੀਆਂ ਵਿਚ ਕੋਈ ਸੀ ਰਹਿਣ ਵਾਲਾ ਰਾਜਾ ਤਾਂ ਉਸ ਨੇ ਕੈਦ ਕਰ ਲਿਆ ਤੇ ਉਸ ਦੀ ਕੈਦ ਵਿਚ ਇਕ ਲੱਖ ਤੋਂ ਉਤੇ ਰਾਜੇ ਕੈਦ ਹੋ ਚੁੱਕੇ ਸਨ। ਉਸ ਨੇ ਆਪਣੇ ਮੁੱਖ ਮੰਤਰੀ ਨੂੰ ਬੁਲਾਇਆ।

ਕਹਿਣ ਲੱਗਿਆ, "ਵਜੀਰ ਸਾਹਿਬ! ਮੈਂ ਹੁਣ ਰਾਜਮੇਧ ਯੱਗ ਕਰਨਾ ਚਾਹੁੰਦਾ ਹਾਂ।"

ਉਸ ਯੱਗ ਵਿਚ ਇਹ ਹੁੰਦਾ ਸੀ ਕਿ ਰਾਜੇ ਦੀ ਬਲੀ ਦੇ ਦਿੰਦੇ ਸੀ ਤੇ ਯੱਗ ਕਰਨ ਤੋਂ ਬਾਅਦ ਉਸਦਾ ਫਲ ਪ੍ਰਾਪਤ ਕਰਕੇ ਉਸ ਨੂੰ ਜੀਉਂਦਾ ਕਰ ਲੈਂਦੇ ਸੀ, ਘੋੜੇ ਦੀ ਬਲੀ ਦਿੰਦੇ ਸੀ ਤਾਂ ਘੋੜੇ ਨੂੰ ਜੀਉਂਦਾ ਕਰ ਲੈਂਦੇ ਸੀ, ਗਉਮੇਧ ਯੱਗ ਵਿਚ ਗਊ ਦੀ ਬਲੀ ਦੇ ਦਿੰਦੇ ਸੀ।

ਸੋ ਉਹ ਕਹਿਣ ਲੱਗਿਆ, "ਮੈਂ ਇਹ ਯੱਗ (ਰਾਜਮੇਧ) ਕਰਨਾ ਚਾਹੁੰਦਾ ਹਾਂ ਕਿਉਂਕਿ ਮੈਂ ਸ਼ਰਤ ਪੂਰੀ ਕਰ ਲਈ ਹੈ ਤੇ ਇਕ ਲੱਖ ਰਾਜਾ ਮੇਰੀ ਕੈਦ ਵਿਚ ਹੈ।"

ਉਹ ਕਹਿੰਦਾ, "ਮਹਾਰਾਜ! ਅਜੇ ਤਾਂ ਇਕ ਰਾਜਾ ਰਹਿੰਦਾ ਹੈ ਜੋ ਬਹੁਤ ਵੱਡੀ ਸ਼ਕਤੀ ਵਾਲਾ ਹੈ। ਉਹ ਤੁਸੀਂ ਅਜੇ ਜਿਤਿਆ ਨਹੀਂ ਹੈ।"

ਰਾਜਾ ਕਹਿੰਦਾ, "ਤੁਸੀਂ ਮੈਨੂੰ ਦੱਸਿਆ ਕਿਉਂ ਨਾ ਹੁਣ ਤੱਕ? ਕਿਸ ਕੋਨੇ ਵਿਚ ਹੈ ਉਹ? ਕਿਸ ਜਜ਼ੀਰੇ, ਟਾਪੂ ਵਿਚ ਹੈ ਉਹ? ਉਸ ਦੇ ਕੋਲ ਫੌਜ ਕਿਹੜੀ ਕਿਹੜੀ ਹੈ ਤੇ ਕਿਸ ਕਿਸਮ ਦੀ ਫੌਜ ਹੈ?"

ਬੜਾ ਸਿਆਣਾ ਸੀ ਉਸ ਦਾ ਵਜੀਰ, ਤਾਂ ਉਹ ਕਹਿਣ ਲੱਗਿਆ, "ਮਹਾਰਾਜ! ਉਸ ਦੀਆਂ ਜੋ ਫੌਜਾਂ ਨੇ ਉਨ੍ਹਾਂ ਦਾ ਮੁਕਾਬਲਾ ਤਾਂ ਕੋਈ ਸੂਰਮਾ ਕਰ ਹੀ ਨਹੀਂ ਸਕਦਾ ਕਿਉਂਕਿ ਉਨ੍ਹਾਂ ਕੋਲ ਐਸੇ ਸਸ਼ਤਰ ਨੇ ਕਿ ਜਿਹੜੇ ਸ਼ਸਤਰ ਤੁਹਾਡੇ ਕੋਲ ਨੇ ਇਹ ਕੁਝ ਵੀ ਨਹੀਂ ਕਰ ਸਕਦੇ ਉਨ੍ਹਾਂ ਦੇ ਸਾਹਮਣੇ। ਤੁਹਾਡੇ ਕੋਲ ਤਲਵਾਰਾਂ ਨੇ, ਬਰਛੇ ਨੇ, ਨੇਜ਼ੇ ਨੇ, ਹੋਰ ਮੰਤਰਾਂ ਨਾਲ ਚੱਲਣ ਵਾਲੇ ਅਸਤਰ ਨੇ। ਇਹ ਉਥੇ ਪਹੁੰਚ ਹੀ ਨਹੀਂ ਸਕਦੇ ਜਿਸ ਥਾਂ ਤੇ ਉਹ ਰਾਜਾ ਰਹਿੰਦਾ ਹੈ।"

ਕਹਿਣ ਲੱਗਿਆ, "ਕੌਣ ਰਾਜਾ ਹੈ?"

ਕਹਿੰਦਾ, "ਉਹ ਤੁਹਾਡੇ ਅੰਦਰ ਹੈ, ਤੁਹਾਡੇ ਸਰੀਰ ਵਿਚ ਹੈ ਜਿਸ ਨੂੰ ਮਨ ਰਾਜਾ ਕਹਿੰਦੇ ਨੇ। ਮਨ ਰਾਜੇ ਕੋਲ ਬਹੁਤ ਅਜਿੱਤ ਫੌਜਾਂ ਨੇ, ਬੜੇ ਸੂਰਮੇ ਨੇ। ਉਸ ਦੇ ਵੱਡੇ ਵੱਡੇ ਜਰਨੈਲ ਨੇ – ਕਾਮ ਉਸ ਦਾ ਜਰਨੈਲ ਹੈ, ਕ੍ਰੋਧ, ਲੋਭ, ਮੋਹ, ਅਹੰਕਾਰ, ਈਰਖਾ, ਨਿੰਦਿਆ, ਚੁਗਲੀ-ਬਖੀਲੀ, ਛਲ ਕਪਟ ਧੋਖਾ ਬੇਅੰਤ ਚੀਜ਼ਾਂ ਉਸ ਕੋਲ ਇਹੋ ਜਿਹੀਆਂ ਨੇ ਕਿ ਉਹ ਜੀਵ ਨੂੰ ਲੰਘਣ ਨਹੀਂ ਦਿੰਦੀਆਂ। ਜਦੋਂ ਤੱਕ ਤੁਸੀਂ ਮਨ ਨਹੀਂ ਜਿੱਤ ਸਕਦੇ, ਓਨਾ ਚਿਰ ਕੁਝ ਨਹੀਂ ਕਰ ਸਕਦੇ।

ਮਨ ਦਾ ਸਰੂਪ ਹੁੰਦਾ ਹੈ ਫੁਰਨਾ। ਜਦੋਂ ਤੱਕ ਫੁਰਨਾ ਨਹੀਂ ਜਿੱਤ ਸਕਦੇ ਉਸ ਵੇਲੇ ਤੱਕ ਤੁਸੀਂ ਜਿੱਤ ਨਹੀਂ ਹਾਸਲ ਕਰ ਸਕਦੇ।"

ਇਸ ਨੇ ਮਨ ਨੂੰ ਯੋਗ ਬਲ ਨਾਲ ਜਿਤਣਾ ਚਾਹਿਆ। ਦਸਵੇਂ ਦੁਆਰ ਵਿਚ ਪ੍ਰਾਣ ਲਿਜਾ ਕੇ ਬੈਠਾ ਰਹਿੰਦਾ ਹੈ ਬੜੀ-ਬੜੀ ਦੇਰ ਤੱਕ। ਜਿਸ ਵਕਤ ਪ੍ਰਾਣ

ਉਤਰਨੇ ਉਸ ਵੇਲੇ ਓਹੀ ਖਿਆਲ ਓਹੀ ਫੁਰਨੇ। ਫੁਰਨੇ ਕੋਈ ਬੰਦਾ ਨਹੀਂ ਰੋਕ ਸਕਦਾ। ਜੇ ਕੋਈ ਕਹੇ ਕਿ ਤੈਨੂੰ ਦਸ ਮਣ ਸੋਨਾ ਲੱਭ ਜਾਏਗਾ, ਦਸ ਕੁਵਿੰਟਲ ਉਸ ਲਈ ਇਕ ਤੈਨੂੰ ਅਸੀਂ ਵਿਧੀ ਦਸਦੇ ਹਾਂ ਉਹ ਵਿਧੀ ਤੂੰ ਕਰ ਲੈ। ਜੇ ਤੂੰ ਇਹ ਕਰ ਲਏਂਗਾ ਤਾਂ ਤੈਨੂੰ ਸੋਨਾ ਮਿਲ ਜਾਏਗਾ। ਤਾਂ ਉਹ ਕਹੇਗਾ ਕਿ ਇਹ ਤਾਂ ਮਾਮੂਲੀ ਗੱਲ ਹੈ, ਇਹ ਤਾਂ ਘੰਟੇ ਦਾ ਕੰਮ ਨਹੀਂ ਹੈ।

ਕਹਿੰਦੇ, "ਪਰ ਇਕ ਗੱਲ ਦਾ ਧਿਆਨ ਇਹ ਰੱਖਣਾ ਹੈ ਕਿ ਉਸ ਦੇ ਵਿਚ ਗੁਰੂ ਨਾਨਕ ਸਾਹਿਬ ਦਾ ਧਿਆਨ ਰੱਖਣਾ ਹੈ। ਦੇਖੀ ਕਿਤੇ ਭੁੱਲ ਕੇ ਉਸ ਦੇ ਵਿਚ ਬਾਂਦਰ ਨਾ ਆ ਜਾਵੇ।"

ਹੁਣ ਜਿਸ ਵਕਤ ਉਹ ਧਿਆਨ ਧਰਦਾ ਹੈ ਤਾਂ ਬਾਂਦਰ ਨੇ ਆਉਣਾ ਹੈ, ਗੁਰੂ ਨਾਨਕ ਸਾਹਿਬ ਨਹੀਂ ਆਉਣੇ। ਕੋਈ ਕਰਕੇ ਦੇਖ ਲਓ ਕਦੇ ਨਹੀਂ ਹੁੰਦਾ। ਸੋ ਓਹੀ ਧਿਆਨ ਆ ਜਾਂਦਾ ਹੈ ਜਿਸ ਤੋਂ ਮਨ ਨੂੰ ਵਰਜਿਤ ਕਰੋ ਕਿ ਆਹ ਨਾ ਹੋ ਜਾਵੇ, ਉਹ ਜ਼ਰੂਰ ਆਏਗਾ ਖਿਆਲ।

ਸੋ ਜਦੋਂ ਰਾਜਾ ਪਾਰਸਨਾਥ ਸਮਾਧੀ ਤੋਂ ਉਥਾਨ ਹੁੰਦਾ ਹੈ ਫੇਰ ਓਹੀ ਖਿਆਲ ਆਉਂਦੇ ਨੇ ਜਿਹੜੇ ਵਜ਼ੀਰ ਨੇ ਕਿਹਾ ਸੀ ਕਿ ਆਹ ਖਿਆਲ ਨਹੀਂ ਆਉਣੇ ਚਾਹੀਦੇ। ਅਖੀਰ ਬੇਵਸ ਹੋ ਗਿਆ ਤੇ ਉਸ ਨੇ ਫੈਸਲਾ ਕਰ ਲਿਆ ਕਿ ਮੈਂ 6 ਮਹੀਨੇ ਦੇ ਅੰਦਰ ਜੇ ਮਨ ਨੂੰ ਕਾਬੂ ਨਾ ਕਰ ਸਕਿਆ, ਨਾ ਜਿੱਤ ਸਕਿਆ ਤਾਂ ਮੈਂ ਚਿਤਾ ਬਣਾ ਕੇ ਜੀਉਂਦਾ ਸੜ ਜਾਵਾਂਗਾ। ਮਨ ਨੂੰ ਜਿੱਤਣਾ ਕੋਈ ਖੇਡ ਨਹੀਂ ਹੈ ਸਾਧ ਸੰਗਤ ਜੀ! ਕੋਈ ਬੰਦਾ ਵੀ ਇਹ ਗੱਲ ਨਹੀਂ ਕਹਿ ਸਕਦਾ ਕਿ ਮੈਂ ਮਨ ਜਿੱਤ ਲਿਆ।

ਭਰਥਰੀ ਹਰੀ ਨੇ ਰਾਜ ਭਾਗ ਛੱਡ ਦਿੱਤਾ, ਰਾਣੀਆਂ ਛੱਡ ਦਿੱਤੀਆਂ। ਕਲਪਾਤੀ ਬਿਰਤੀ ਧਾਰਨ ਕਰ ਲਈ, ਨਾ ਕੱਪੜਾ ਪਹਿਨਦਾ ਹੈ, ਨਾ ਕਿਤੇ ਖਾਣ ਪੀਣ ਨੂੰ ਜਾਂਦਾ ਹੈ। ਜੰਗਲ ਦੇ ਵਿਚ ਹੀ ਰਹਿੰਦਾ ਹੈ। ਬਸਤਰ ਵੀ ਛੱਡ ਦਿੱਤੇ, ਭੁੰਝੇ ਹੀ ਪਿਆ ਰਹਿੰਦਾ ਹੈ ਤੇ ਆਪਣੇ ਆਪ ਨੂੰ ਹੁਣ ਇਹ ਕਹਿੰਦਾ ਹੈ ਕਿ ਮੈਂ ਤਿਆਗ ਕਰ ਲਿਆ। ਲੇਕਿਨ ਇਕ ਦਿਨ ਐਸਾ ਹੋਇਆ ਕਿ ਇਹ ਭਜਨ ਕਰਦਾ ਹੈ ਤੇ ਚੰਦ ਦੀ ਚਾਂਦਨੀ ਵਿਚ ਘਾਹ ਤੇ ਕੋਈ ਲਾਲ ਚੀਜ਼ ਨਜ਼ਰ ਆਈ, ਜਿਸ ਦੇ ਵਿਚੋਂ ਚੰਦ ਦੀਆਂ ਰਿਸ਼ਮਾਂ, ਕਿਰਨਾਂ ਮੁੜ ਕੇ ਫੇਰ ਉਸ ਦੀਆਂ ਅੱਖਾਂ ਵਲ ਆ ਰਹੀਆਂ ਨੇ। ਸਿਆਣਾ ਸੀ ਉਸੇ ਵੇਲੇ ਪਛਾਣ ਗਿਆ ਕਿ ਇਹ ਤਾਂ ਜਿਹੜਾ ਲਾਲ ਪਿਆ ਹੈ। ਇਸ ਦੇ ਜਿੰਨੀ ਕੀਮਤ ਦਾ ਤਾਂ ਹੈ ਹੀ ਨਹੀਂ ਕਿਤੇ, ਵੱਡਾ ਤਾਂ ਦੇਖਿਆ ਹੀ ਨਹੀਂ ਕਿਤੇ।

ਉਸ ਵੇਲੇ ਭਾਵੇਂ ਕਲਪਾਤੀ ਬਿਰਤੀ ਧਾਰਨ ਕਰੀ ਹੋਈ ਹੈ, ਕੱਪੜੇ ਵੀ ਲਾਹੇ ਹੋਏ ਨੇ ਲੇਕਿਨ ਮਨ ਅਜੇ ਜੀਉਂਦਾ ਹੈ। ਓਸ ਮਨ ਨੇ ਪ੍ਰੇਰਨਾ ਦਿੱਤੀ ਤੇ ਇਸ ਨੇ ਹੱਥ ਵਧਾਇਆ ਤੇ ਜਿਸ ਵਕਤ ਲਾਲ ਨੂੰ ਹੱਥ ਪਾਇਆ, ਉਸ ਵੇਲੇ ਆਪਣੇ ਆਪ ਨੂੰ ਧਿਰਕਾਰਾਂ ਦਿੰਦਾ ਹੈ। ਕਿਸੇ ਨੇ ਉਹ ਪਾਨ ਖਾ ਕੇ ਥੁਕਿਆ ਹੋਇਆ ਸੀ। ਉਸ ਨੇ ਉਥੇ ਇਕ ਦੋਹਰਾ ਉਚਾਰਨ ਕਰਿਆ ਕਿ –

*ਮਨ ਰਿਪ ਜੀਤੇ ਸਭ ਰਿਪ ਜੀਤੇ॥*

ਜਿੰਨਾ ਚਿਰ ਮਨ ਦੁਸ਼ਮਣ ਜੀਉਂਦਾ ਹੈ ਓਨਾ ਚਿਰ ਸਾਰੇ ਦੁਸ਼ਮਣ ਜੀਉਂਦੇ ਨੇ। ਜਦੋਂ ਮਨ ਦੁਸ਼ਮਨ ਨੂੰ ਜਿੱਤ ਲਿਆ ਉਸ ਵੇਲੇ ਸਾਰੇ ਦੁਸ਼ਮਣ ਜਿੱਤੇ ਗਏ।

ਸੋ ਇਸ ਨੂੰ ਜਿੱਤਣਾ ਬਹੁਤ ਮੁਸ਼ਕਲ ਦੀ ਬਾਤ ਹੋਇਆ ਕਰਦੀ ਹੈ। ਕੋਈ ਵਿਰਲਾ ਹੈ ਕਿਉਂਕਿ ਜਦੋਂ ਤੱਕ ਆਦਮੀ ਦੇ ਅੰਦਰ ਹਉਮੈ ਕਾਇਮ ਹੈ ਓਨੀ ਦੇਰ ਤੱਕ ਮਨ ਨਹੀਂ ਜਿੱਤਿਆ ਜਾਂਦਾ। ਜਦੋਂ ਹਉਮੈ ਦਾ ਨਾਸ਼ ਹੁੰਦਾ ਹੈ ਤਾਂ ਇਹ ਪ੍ਰਮੇਸ਼ਰ ਬਣ ਜਾਂਦਾ ਹੈ। ਫੇਰ ਮਨ ਦਾ ਸਵਾਲ ਹੀ ਨਹੀਂ ਹੁੰਦਾ। ਮਨ ਅਮਨ ਬਣਦਾ ਹੈ ਉਸ ਵੇਲੇ। ਸੋ ਮਹਾਰਾਜ ਕਹਿੰਦੇ ਜਿਹੜੇ ਇਹ ਪੜ੍ਹੇ ਨੇ ਕਿ –

*ਪਾਠੁ ਪੜਿਓ ਅਰੁ ਬੇਦੁ ਬਿਚਾਰਿਓ*
*ਨਿਵਲਿ ਭੁਅੰਗਮ ਸਾਧੇ॥ ਅੰਗ – 641*

ਇਹ ਪਾਰਸ ਨਾਥ ਨੇ ਮਨ ਨੂੰ ਜਿੱਤਣ ਦਾ ਯਤਨ ਕਰਿਆ ਹੈ। ਜਦੋਂ ਜਿੱਤ ਨਾ ਸਕਿਆ ਤਾਂ ਕਹਿੰਦੇ ਉਸ ਨੂੰ ਚਿਤਾ ਵਿਚ ਬੈਠ ਕੇ ਜਲਣਾ ਪਿਆ। ਜਿਸ ਨੇ ਦੇਵ ਲੋਕ ਵੀ ਜਿੱਤ ਲਏ ਸੀ ਸ਼ਿਵ ਜੀ ਮਹਾਰਾਜ ਨੂੰ ਵੀ ਜਿੱਤ ਲਿਆ ਸੀ ਐਸਾ ਵੱਡਾ ਸੂਰਮਾ ਹੋਇਆ ਹੈ ਇਹ।

ਸੋ ਮਹਾਰਾਜ ਕਹਿੰਦੇ, ਪਾਠ ਪੜ੍ਹਨ ਦੇ ਨਾਲ, ਨਿਉਲੀ ਕਰਮ ਕਰਨ ਦੇ ਨਾਲ, ਹੋਰ ਅਨੇਕਾਂ ਕਰਮ ਕਰਨ ਦੇ ਨਾਲ, ਰੂਹਾਨੀ ਵਿਦਿਆ ਵਿਚਾਰਨ ਦੇ ਨਾਲ ਕਹਿੰਦੇ ਬਣਦਾ ਨਹੀਂ ਕੁਝ –

*ਪਾਠੁ ਪੜਿਓ ਅਰੁ ਬੇਦੁ ਬਿਚਾਰਿਓ*
*ਨਿਵਲਿ ਭੁਅੰਗਮ ਸਾਧੇ॥*
*ਪੰਚ ਜਨਾ ਸਿਉ ਸੰਗੁ ਨ ਛੁਟਕਿਓ*
*............॥ ਅੰਗ – 641*

ਪੰਜਾਂ ਦੇ ਨਾਲ ਬੱਝਿਆ ਸੰਗ ਹਟਿਆ ਨਾ ਸਗੋਂ ਇਹ ਹੋ ਗਿਆ ਕਿ ਮੈ ਪਾਠ ਕਰਦਾ ਹਾਂ, ਮੈਂ ਐਨਾ ਗਿਆਨੀ ਹਾਂ, ਮੈਂ ਐਨੀਆਂ ਬਾਣੀਆਂ ਦਾ ਪਾਠ ਕਰਦਾ ਹਾਂ–

*............. ਅਧਿਕ ਅਹੰਬੁਧਿ ਬਾਧੇ॥*
*ਅੰਗ - 641*

ਕਹਿੰਦੇ ਹੋਰ ਹਉਮੈ ਉਸ ਨਾਲ ਆ ਕੇ ਚਿੰਬੜ ਗਈ। ਗੁਰੂ ਦਸਵੇਂ ਪਾਤਸ਼ਾਹ ਦੇ ਪਾਸ ਪੀਰ ਬੁੱਧੂ ਸ਼ਾਹ ਆਉਂਦਾ ਹੈ ਤੇ ਆ ਕੇ ਸਵਾਲ ਕਰਦਾ ਹੈ ਕਹਿੰਦਾ, "ਮਹਾਰਾਜ! ਅੱਲ੍ਹਾ ਕਾ ਅਰ ਰੂਹ ਕਾ ਵਸਲ (ਮਿਲਾਪ) ਕੈਸੇ?"

ਮਹਾਰਾਜ ਕਹਿੰਦੇ, "ਰਾਤ ਔਰ ਦਿਨ ਕਾ ਜੈਸੇ।"

ਸੋਚੀ ਜਾਂਦਾ ਹੈ ਕਿ ਰਾਤ? ਹੁਣ ਰਾਤ ਮੁੱਕ ਗਈ ਦਿਨ ਚੜ੍ਹ ਗਿਆ ਦੋਹਾਂ ਦਾ ਮੇਲ ਤਾਂ ਹੋਇਆ ਨਾ। ਸੋਚਦਾ ਜਾਂਦਾ ਹੈ, ਕਹਿ ਨਹੀਂ ਸਕਦਾ ਕਿਉਂਕਿ ਨਾਲ ਬਹੁਤ ਸਾਰੇ ਮੁਰੀਦ ਲੈ ਕੇ ਆਇਆ ਹੈ। ਸੋਚਿਆ ਕਿ ਜੇ ਮੈਂ ਕਿਹਾ ਤਾਂ ਮੇਰੇ ਮੁਰੀਦ ਕਹਿਣਗੇ ਕਿ ਪੀਰ ਜੀ ਨੂੰ ਗੱਲ ਸਮਝ 'ਚ ਨਹੀਂ ਆਈ। ਪਰ ਆਇਆ ਇਸੇ ਗੱਲ ਨੂੰ ਸਮਝਣ ਵਾਸਤੇ ਸੀ, ਅਖੀਰ ਕਹਿਣਾ ਪਿਆ। ਕਹਿੰਦਾ, "ਮਹਾਰਾਜ! ਕੈਸੇ?"

ਮਹਾਰਾਜ ਕਹਿੰਦੇ, "ਜੈਸੇ ਸਮਝ ਰਿਹਾ ਹੈ ਵੈਸੇ।"

ਹੁਣ ਕਹਿ ਨਹੀਂ ਸਕਦਾ ਕਿ ਮੈਂ ਕਿਵੇਂ ਸਮਝ ਰਿਹਾ ਹਾਂ।

ਕਹਿੰਦਾ, "ਮਹਾਰਾਜ! ਮੈਂਨੇ ਆਪ ਸੇ ਯੇ ਪੁਛਾ ਥਾ ਕਿ ਰੂਹ ਕਾ ਔਰ ਖੁਦਾ ਕਾ ਮੇਲ ਕੈਸੇ ਹੋਤਾ ਹੈ?"

ਮਹਾਰਾਜ ਕਹਿੰਦੇ, "ਸਚ ਔਰ ਝੂਠ ਕਾ ਜੈਸੇ।

ਹੋਰ ਵੀ ਸਮਸਿਆ ਪੈ ਗਈ, ਸੱਚ ਤੇ ਝੂਠ ਤਾਂ ਕਦੇ ਮਿਲਦੇ ਹੀ ਨਹੀਂ ਆਪ ਵਿਚ, ਦੋਵੇਂ ਵਿਰੋਧੀ ਸਿਰੇ ਨੇ। ਸੱਚ ਦਾ ਹੋਰ ਸਿਰਾ ਹੈ, ਉਹ ਉਤਰ ਤੇ ਝੂਠ ਦੱਖਣ ਹੈ। ਫੇਰ ਸੋਚੀ ਜਾਂਦਾ ਹੈ।

ਅਖੀਰ ਕਹਿਣ ਲੱਗਿਆ, "ਮਹਾਰਾਜ! ਮੈਂ ਸਮਝ ਨਹੀਂ ਸਕਿਆ ਕਿ ਦਿਨ ਜਦੋਂ ਆਉਂਦਾ ਹੈ ਤਾਂ ਰਾਤ ਨਹੀਂ ਰਹਿੰਦੀ।"

ਮਹਾਰਾਜ ਕਹਿੰਦੇ, "ਇਸੇ ਤਰ੍ਹਾਂ ਜਦੋਂ ਸੱਚ ਦਾ ਪ੍ਰਕਾਸ਼ ਹੁੰਦਾ ਹੈ ਉਸ ਵੇਲੇ ਹਨ੍ਹੇਰ ਰੂਪੀ ਜੋ ਰਾਤ ਹੈ ਉਹ ਖਤਮ ਹੋ ਜਾਇਆ ਕਰਦੀ ਹੈ। ਪ੍ਰਮੇਸ਼ਰ ਦਾ ਪ੍ਰਕਾਸ਼ ਜਦੋਂ ਅੰਦਰ ਹੋ ਜਾਂਦਾ ਹੈ।"

ਕਹਿਣ ਲੱਗਿਆ, "ਮੈਨੂੰ ਸਮਝਾਓ।"

ਮਹਾਰਾਜ ਕਹਿੰਦੇ, "ਜਿਹੜੀ 'ਮੈ' ਹੈ ਇਹ ਪ੍ਰਮੇਸ਼ਰ ਨੂੰ ਮਿਲਣ ਨਹੀਂ ਦਿੰਦੀ। ਜਦੋਂ 'ਮੈ' ਖਤਮ ਹੋ ਜਾਏਗੀ ਤਾਂ ਪ੍ਰਮੇਸ਼ਰ ਮਿਲ ਜਾਂਦਾ ਹੈ।"

ਕਹਿੰਦਾ, "ਮਹਾਰਾਜ! ਬੜੇ ਯਤਨ ਕਰੇ ਨੇ ਇਸ ਮੈਂ ਨੂੰ ਖਤਮ ਕਰਨ ਵਾਸਤੇ, ਮੈਂ ਬੜੇ ਸਾਧਨ ਕਰੇ, ਵੱਡੇ-ਵੱਡੇ 6-6 ਮਹੀਨੇ ਦੇ ਚਿੱਲੇ ਕੱਟੇ, ਮੈਂ ਕਾਅਬੇ ਵੀ ਗਿਆ ਹੱਜ ਕਰਨ ਵਾਸਤੇ, ਹੋਰ ਵੀ ਅਨੇਕਾਂ ਪੁੰਨ ਦਾਨ ਕਰੇ, ਦੋ ਲੰਗਰ ਮੈਂ ਚਲਾਉਂਦਾ ਹਾਂ, ਇਕ ਹਿੰਦੂਆਂ ਲਈ ਤੇ ਇਕ ਇਸਲਾਮ ਵਾਲਿਆਂ ਲਈ, ਜ਼ੋਹਦ (ਤਪ) ਵੀ ਮੈਂ ਕਰਦਾ ਹਾਂ, ਭੁੱਖਾ ਰਹਿੰਦਾ ਹਾਂ ਮਹਾਰਾਜ! ਪਰ ਇਹ ਗੱਲ ਤਾਂ ਬਣ ਨਾ ਸਕੀ।"

ਮਹਾਰਾਜ ਕਹਿੰਦੇ, "ਪੀਰ ਬੁੱਧੂ ਸ਼ਾਹ! ਇਹ ਤਾਂ ਤੂੰ ਹੋਰ ਸੰਗਲ ਬੰਨ ਲਏ ਆਪਣੇ ਆਪ ਦੇ ਦੁਆਲੇ। ਜਦੋਂ ਤੱਕ ਇਹ ਸੰਗਲ ਨਹੀਂ ਛੱਡਦਾ ਉਦੋਂ ਤੱਕ ਤੈਨੂੰ ਸੱਚ ਦਾ ਪ੍ਰਕਾਸ਼ ਨਹੀਂ ਹੋ ਸਕਦਾ ਤੇ ਓਨਾ ਚਿਰ ਇਹ ਸੰਗਲ ਤੈਨੂੰ ਜਨਮ ਮਰਨ ਵਿਚ ਲੈ ਜਾਣਗੇ।"

ਸੋ ਮਹਾਰਾਜ ਕਹਿੰਦੇ ਪਾਠ ਵੀ ਪੜ੍ਹੇ, ਨਿਉਲੀ ਕਰਮ ਵੀ ਕਰੇ, ਬੜੇ ਹਠ ਜੋਗ ਵੀ ਕਰੇ, ਭੁੱਖੇ ਵੀ ਰਹੇ ਪਰ ਹੋਇਆ ਕੀ? ਨਾ ਤਾਂ ਪੰਜਾਂ ਚੋਰਾਂ ਤੋਂ ਖਹਿੜਾ ਛੁਟਿਆ ਸਗੋਂ ਹੋਰ ਆਪਣੇ ਆਪ ਦੇ ਦੁਆਲੇ ਸੰਗਲ ਬੰਨ੍ਹ ਲਏ ਕਿ ਮੈਂ ਨੇਕ ਹਾਂ, ਮੈਂ ਦਾਨੀ ਹਾਂ, ਮੈਂ ਪੁੰਨ ਕਰਦਾ ਹਾਂ, ਮੈਂ ਤੀਰਥ ਯਾਤਰਾ ਕਰਦਾ ਹਾਂ। ਮਹਾਰਾਜ ਕਹਿੰਦੇ -

*ਪਿਆਰੇ ਇਨ ਬਿਧਿ ਮਿਲਣੁ ਨ ਜਾਈ*
*ਮੈ ਕੀਏ ਕਰਮ ਅਨੇਕਾ॥ ਅੰਗ - 165*

ਇਹ ਤਰੀਕਾ ਤਾਂ ਮਿਲਣ ਦਾ ਹੈ ਹੀ ਨਹੀਂ ਅਸੀਂ ਸਾਰਾ ਦੇਖ ਲਿਆ। ਹੁਣ ਤਰੀਕਾ ਦਸਦੇ ਨੇ ਕਹਿੰਦੇ -

*ਹਾਰਿ ਪਰਿਓ ਸੁਆਮੀ ਕੈ ਦੁਆਰੈ*
*ਦੀਜੈ ਬੁਧਿ ਬਿਬੇਕਾ॥ ਅੰਗ - 165*

ਹੁਣ ਆਪਣਾ ਸਾਰਾ ਤਾਣ ਛੱਡ ਕੇ, ਹਾਰ ਕੇ ਸ਼ਰਨ ਲੈ ਲਈ। ਜਦੋਂ ਤੱਕ ਅਸੀਂ ਸ਼ਰਨ ਨਹੀਂ ਲੈਂਦੇ ਓਨੀ ਦੇਰ ਤੱਕ ਸਾਡਾ ਸੰਪਰਕ ਵਾਹਿਗੁਰੂ ਨਾਲ ਨਹੀਂ ਹੋਇਆ ਕਰਦਾ। ਸ਼ਰਨ ਲੈਣ ਲਈ ਸਾਡੇ ਕੋਲ ਜਿੰਨਾ ਸਾਡਾ ਤਾਣ ਹੈ ਇਸ ਨੂੰ ਛੱਡਣਾ ਪੈਂਦਾ ਹੈ। ਸਾਡੇ ਕੋਲ ਤਨ ਹੈ, ਮਨ ਹੈ, ਧਨ ਹੈ। ਇਨ੍ਹਾਂ ਤਿੰਨ ਚੀਜ਼ਾਂ ਵਿਚ ਸਾਡਾ ਸਾਰਾ ਤਾਣ ਆ ਜਾਂਦਾ ਹੈ। ਮਹਾਰਾਜ ਕਹਿੰਦੇ ਇਹ ਤਿੰਨੇ ਛੱਡ ਦੇਹ।

*ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ*
*ਹੁਕਮਿ ਮੰਨਿਐ ਪਾਈਐ॥ ਅੰਗ - 494*

ਤੇ ਉਸ ਦੀ ਸ਼ਰਨ ਵਿਚ ਆ ਜਾ -

*ਆਪੁ ਛਡਿ ਸਦਾ ਰਹੈ ਪਰਣੈ*

*ਗੁਰ ਬਿਨੁ ਅਵਰੁ ਨ ਜਾਣੈ ਕੋਇ॥*
*ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਏ॥* *ਅੰਗ - 703*

ਜਿਹੜਾ 'ਮੈਂ' ਭਾਵ ਛੱਡ ਕੇ ਸ਼ਰਨ ਵਿਚ ਆ ਜਾਂਦਾ ਹੈ ਉਸ ਵੇਲੇ ਹੁੰਦਾ ਕੀ ਹੈ? ਪ੍ਰਮੇਸ਼ਰ ਦਾ ਬਿਰਧ ਜਾਗ ਪੈਂਦਾ ਹੈ।

*ਜੋ ਸਰਣਿ ਆਵੈ ਤਿਸੁ ਕੰਠਿ ਲਾਵੈ*
*ਇਹੁ ਬਿਰਦੁ ਸੁਆਮੀ ਸੰਦਾ॥*
*ਅੰਗ - 544*

ਚਾਹੇ ਮਹਾ-ਪਾਪੀ ਹੈ, ਚਾਹੇ ਪੁੰਨੀ ਹੈ, ਫੇਰ ਨਹੀਂ ਉਹ ਦੇਖਦਾ, ਫੇਰ ਤਾਂ ਉਹ ਆਪਣੇ ਨਾਲ ਜੋੜ ਲੈਂਦਾ ਹੈ ਕਿਉਂਕਿ ਸ਼ਰਨ ਵਿਚ ਆ ਗਿਆ। ਇਸੇ ਕਰਕੇ ਮਹਾਰਾਜ ਜੀ ਸਾਨੂੰ ਬਾਰ-ਬਾਰ ਕਹਿੰਦੇ ਨੇ -

*ਮਨ ਰੇ ਪ੍ਰਭ ਕੀ ਸਰਨਿ ਬਿਚਾਰੋ॥*
*ਜਿਹ ਸਿਮਰਤ ਗਨਕਾ ਸੀ ਉਧਰੀ*
*ਤਾ ਕੋ ਜਸੁ ਉਰ ਧਾਰੋ॥* *ਅੰਗ - 632*

ਸੋ ਮਹਾਰਾਜ ਕਹਿੰਦੇ ਹਾਰ ਕੇ ਸ਼ਰਨ ਲੈ ਲਈ ਪ੍ਰਮੇਸ਼ਰ ਦੀ-

*ਹਾਰਿ ਪਰਿਓ ਸੁਆਮੀ ਕੈ ਦੁਆਰੈ*
*............॥* *ਅੰਗ - 165*

ਹਾਰ ਕੇ ਜਿਹੜਾ ਬੰਦਾ ਗਿਰ ਜਾਂਦਾ ਹੈ ਉਸ ਦੇ ਵਿਚ ਕੋਈ ਤਾਣ ਬਾਕੀ ਨਹੀਂ ਰਹਿੰਦਾ, ਕੋਈ ਮਾਣ ਬਾਕੀ ਨਹੀਂ ਰਹਿੰਦਾ।

*................ਦੀਜੈ ਬੁਧਿ ਬਿਬੇਕਾ॥*
*ਅੰਗ - 165*

ਉਸ ਤੋਂ ਮੰਗੀ ਵੀ ਉਹ ਬੁੱਧੀ ਕਿ ਹੇ ਪ੍ਰਭੂ! ਉਹ ਬੁੱਧੀ ਦੇਹ ਜਿਸ ਦੇ ਨਾਲ ਪ੍ਰਮੇਸ਼ਰ ਦੇ ਦਰਸ਼ਨ ਹੋ ਜਾਣ। ਸੋ ਇਸ ਤਰ੍ਹਾਂ ਦੇ ਨਾਲ ਜਦੋਂ ਤੱਕ ਸਾਨੂੰ ਬਿਬੇਕ ਬੁੱਧੀ ਦੀ ਪ੍ਰਾਪਤੀ ਨਹੀਂ ਹੁੰਦੀ ਓਨੀ ਦੇਰ ਤੱਕ ਪ੍ਰਭੂ ਦੇ ਦਰਸ਼ਨ ਨਹੀਂ ਹੋਇਆ ਕਰਦੇ, ਪ੍ਰਭੂ ਦਾ ਮਿਲਾਪ ਨਹੀਂ ਹੁੰਦਾ। ਬਿਬੇਕ ਬੁੱਧੀ ਹਾਸਲ ਕਰਨ ਵਾਸਤੇ ਬੜਾ ਵੱਡਾ ਪ੍ਰਯਤਨ ਕਰਨਾ ਪੈਂਦਾ ਹੈ। ਗੁਰੂ ਗ੍ਰੰਥ ਸਾਹਿਬ ਦੇ ਅੰਦਰ ਨਾਮ ਮਾਰਗ ਹੈ। ਨਾਮ ਮਾਰਗ ਤੇ ਜਦੋਂ ਅਸੀਂ ਚਲਦੇ ਹਾਂ ਉਸ ਵੇਲੇ ਪਹਿਲਾਂ ਅਸੀਂ ਸੰਸਾਰ ਵਿਚੋਂ ਆਪਣੀ ਬਿਰਤੀਆਂ ਖਿਚਦੇ ਹਾਂ, ਅੰਦਰ ਸਾਡੇ ਨਾਮ ਦੀ ਰੌਂ ਚੱਲ ਪੈਂਦੀ ਹੈ। ਰਸਨਾ ਨਾਲ ਨਾਮ ਚਲਦਾ ਹੈ, ਸੁਆਸ ਨਾਲ ਨਾਮ ਚਲਦਾ ਹੈ, ਮਧਮਾ ਬਾਣੀ ਵਿਚ ਚਲਦਾ ਹੈ, ਪਸੰਤੀ ਬਾਣੀ ਵਿਚ ਨਾਮ ਚਲਦਾ ਹੈ, ਪਰਾ ਬਾਣੀ ਵਿਚ ਨਾਮ ਚਲਦਾ ਹੈ, ਆਗਿਆ ਚੱਕਰ ਵਿਚ ਨਾਮ ਚਲਦਾ ਹੈ ਤੇ ਉਸ ਤੋਂ ਬਾਅਦ ਅਨਹਦ ਸ਼ਬਦ ਦੀ ਮਦਦ ਦੇ ਨਾਲ ਨਾਮ ਚਲਦਾ ਹੈ, ਫੇਰ ਧਿਆਨ ਵਿਚ ਆ ਜਾਂਦੇ ਹਾਂ -

*ਗੁਰ ਕੀ ਮੂਰਤਿ ਮਨ ਮਹਿ ਧਿਆਨੁ॥*
*ਅੰਗ - 864*

ਧਿਆਨ ਵਿਚੋਂ ਅਸੀਂ ਤ੍ਰਿਕੁਟੀ ਤੋੜ ਲੈਂਦੇ ਹਾਂ। ਧਿਆਤਾ, ਧਿਆਨ, ਧੇਅ ਦੀ। ਉਸ ਤੋਂ ਬਾਅਦ ਸਾਡੀ ਸੁਰਤ ਬਿਬੇਕ ਮੰਡਲ ਵਿਚ ਦਾਖਲ ਹੁੰਦੀ ਹੈ। ਉਸ ਥਾਂ ਤੇ ਜੀਵ ਤੇ ਪ੍ਰਮੇਸ਼ਰ ਦਾ ਜੋ ਸੰਬੰਧ ਹੈ ਉਹ ਪ੍ਰਗਟ ਹੋਣਾ ਸ਼ੁਰੂ ਹੋ ਜਾਂਦਾ ਹੈ ਕਿ ਮੈਂ ਕੌਣ ਹਾਂ ਤੇ ਵਾਹਿਗੁਰੂ ਕੀ ਹੈ? ਨਿਸਚੇ ਪੂਰਬਕ ਹੋ ਜਾਂਦਾ ਹੈ।

ਸੋ ਮਹਾਰਾਜ ਕਹਿੰਦੇ ਹੇ ਪ੍ਰਭੂ! ਮੈਨੂੰ ਉਹ ਬੁੱਧੀ ਦੇਹ ਜਿਸ ਬੁੱਧੀ ਦੇ ਨਾਲ ਤੇਰੇ ਦਰਸ਼ਨ ਹੋ ਜਾਣ। ਸੋ ਮਹਾਰਾਜ ਨੇ ਇਸ ਸ਼ਬਦ ਦੇ ਅੰਦਰ ਬੜੇ ਕਰਮ ਗਿਣੇ ਨੇ - ਲੰਮੀਆਂ ਆਰਜਾ ਗਿਣੀਆਂ ਨੇ, ਹੋਰ ਅਨੇਕਾਂ ਕਰਮ ਗਿਣੇ ਨੇ, ਤੀਰਥ ਯਾਤਰਾਵਾਂ ਗਿਣੀਆਂ ਨੇ, ਭੁੱਖੇ ਰਹਿਣਾ ਗਿਣਿਆ ਹੈ ਅਖੀਰ ਤੇ ਮਹਾਰਾਜ ਜੀ ਨੇ ਇਕੋ ਬਚਨ ਦੇ ਨਾਲ ਸਾਰਾ ਫੈਸਲਾ ਕਰ ਦਿੱਤਾ ਕਿ -

*ਹਰਿ ਕੀਰਤਿ ਸਾਧ ਸੰਗਤਿ ਹੈ*
*ਸਿਰਿ ਕਰਮਨ ਕੈ ਕਰਮਾ॥* *ਅੰਗ - 642*

ਇਕ ਤਾਂ ਹਰੀ ਦਾ ਜਸ ਜ਼ਰੂਰ ਮਿਲੇ ਕਿਉਂਕਿ ਖੁਸ਼ਕ ਰਹਿ ਜਾਂਦਾ ਹੈ ਹਰੀ ਦੇ ਜਸ ਤੋਂ ਬਗੈਰ ਆਦਮੀ ਤੇ ਇਕ ਸਾਧੂ ਦੀ ਸੰਗਤ ਪ੍ਰਾਪਤ ਹੋਵੇ। ਜਦੋਂ ਤੱਕ ਸਾਧੂ ਦੀ ਸੰਗਤ ਨਹੀਂ ਪ੍ਰਾਪਤ ਹੁੰਦੀ, ਜਿਹੜੇ ਸਾਰੇ ਵਿਦਿਆਰਥੀ ਨੇ ਕਲਾਸ ਵਿਚ ਤੇ ਜਦੋਂ ਤੱਕ ਪ੍ਰੋਫੈਸਰ ਨਹੀਂ ਹੈ ਤਾਂ ਪਤਾ ਨਹੀਂ ਲਗਦਾ। ਜੇ ਕਹੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਗਤ ਸਾਨੂੰ ਪ੍ਰਾਪਤ ਹੈ। ਗੁਰੂ ਗ੍ਰੰਥ ਸਾਹਿਬ ਜੀ ਕਹਿੰਦੇ ਨੇ ਕਿ ਤੈਨੂੰ ਪੁੱਗੀ ਹੋਈ ਰੂਹ -

*ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ॥*
*ਭੇਦ ਨ ਜਾਣਹੁ ਮੂਲਿ ਸਾਂਈ ਜੇਹਿਆ॥*
*ਅੰਗ - 397*

ਜਿਨ੍ਹਾਂ ਦੇ ਅੰਦਰ ਜਾਗਰਤ ਆ ਚੁੱਕੀ ਹੈ, ਜਿਨ੍ਹਾਂ ਦਾ ਆਪਾ ਭਾਵ ਖਤਮ ਹੋ ਗਿਆ ਉਹ ਪ੍ਰਮੇਸ਼ਰ ਦਾ ਰੂਪ ਹੋਇਆ ਕਰਦੇ ਨੇ -

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥*
*ਨਾਨਕ ਬ੍ਰਹਮਗਿਆਨੀ ਆਪਿ ਪਰਮੇਸੁਰ॥*
*ਅੰਗ - 273*

ਕਹਿੰਦੇ ਇਹ ਦੋ ਚੀਜ਼ਾਂ ਦੁਰਲੱਭ ਨੇ ਸਾਧੂ ਦੀ ਸੰਗਤ ਤੇ ਹਰੀ ਦਾ ਕੀਰਤਨ -

*ਹਰਿ ਕੀਰਤਿ ਸਾਧਸੰਗਤਿ ਹੈ*
*ਸਿਰਿ ਕਰਮਨ ਕੈ ਕਰਮਾ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*

*ਜਿਸੁ ਪੁਰਬ ਲਿਖੇ ਕਾ ਲਹਨਾ॥*

*ਅੰਗ - 642*

ਜਿਸ ਦੇ ਮੱਥੇ ਤੇ ਲੇਖ ਲਿਖਿਆ ਹੋਵੇ ਉਸ ਨੂੰ ਮਿਲਦੀ ਹੈ, ਦੂਜੇ ਨੂੰ ਨਹੀਂ ਮਿਲ ਸਕਦੀ, ਕਿੰਨਾ ਹੀ ਯਤਨ ਕਰ ਲਵੇ ਉਹ। ਉਸ ਦੇ ਅੰਦਰ ਦੀ ਤਰਕ ਹੀ ਖਤਮ ਨਹੀਂ ਹੁੰਦੀ, ਉਨ੍ਹਾਂ ਦੇ ਅੰਦਰੋਂ ਹਨ੍ਹੇਰਾ ਦੂਰ ਨਹੀਂ ਹੁੰਦਾ। ਉਹ ਤਾਂ ਭਾਗਾਂ ਵਾਲੇ ਨੇ ਜੋ ਕਲਜੁਗ ਵਿਚ ਆ ਕੇ ਥੋੜ੍ਹੀ ਜਿਹੀ ਸਾਧਨਾ ਕਰਨ ਦੇ ਨਾਲ ਕਿੰਨਾ ਵੱਡਾ ਫਲ ਪ੍ਰਾਪਤ ਹੁੰਦਾ ਹੈ। ਮਹਾਰਾਜ ਕਹਿੰਦੇ ਜੇ ਇਕ ਵਾਰੀ ਵੀ ਵਾਹਿਗੁਰੂ ਕਹਿ ਹੋ ਜਾਵੇ, ਸੁਰਤ ਚਲੀ ਜਾਵੇ ਪ੍ਰਮੇਸ਼ਰ ਦੇ ਵਿਚ, ਉਸ ਦੇ ਗਲ ਵਿਚੋਂ ਕਾਲ ਦੀ ਫਾਸੀ ਨਿਕਲ ਜਾਂਦੀ ਹੈ।

*ਅਜਾਮਲ ਕਉ ਅੰਤ ਕਾਲ ਮਹਿ*
*ਨਾਰਾਇਨ ਸੁਧਿ ਆਈ॥*
*ਜਾਂ ਗਤਿ ਕਉ ਜੋਗੀਸੁਰ ਬਾਛਤ*
*ਸੋ ਗਤਿ ਛਿਨ ਮਹਿ ਪਾਈ॥*

*ਅੰਗ - 902*

ਸਾਰੀ ਜ਼ਿੰਦਗੀ ਪਾਪ ਕਰਨ ਵਾਲਾ ਬੰਦਾ, ਅਖੀਰ ਦੇ ਸਮੇਂ ਤੇ ਸਿਰਫ ਇਕ ਵਾਰੀ ਉਸ ਦਾ ਧਿਆਨ ਗਿਆ ਪ੍ਰਮੇਸ਼ਰ ਵਿਚ -

*ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ*
*ਕਰਿ ਨਾਰਾਇਣ ਬੋਲਾਰੇ॥ ਅੰਗ - 981*

ਨਾਰਾਇਣ ਕਹਿ ਕੇ ਪੁੱਤਰ ਨੂੰ ਹਾਕ ਮਾਰ ਲਈ ਲੇਕਿਨ ਉਸੇ ਵੇਲੇ ਸੋਝੀ ਆ ਗਈ ਕਿ ਆਹ ਹਾਕ ਮੈਂ ਨਰਾਇਣ ਨੂੰ ਮਾਰੀ ਹੈ ਦੂਜੀ ਵਾਰੀ ਨਹੀਂ ਕਿਹਾ। ਹਾਕ ਮਾਰਨ ਨੂੰ ਕਿੰਨਾ ਕੁ ਚਿਰ ਲਗਦਾ ਹੈ? ਵੱਧ ਤੋਂ ਵੱਧ 2 ਸੈਕਿੰਡ ਲੱਗ ਜਾਣਗੇ, 3 ਲੱਗ ਜਾਣਗੇ। ਤਿੰਨਾਂ ਦੇ ਵਿਚ ਹੀ ਉਸ ਨੂੰ ਧਿਆਨ ਆ ਗਿਆ ਪ੍ਰਮੇਸ਼ਰ ਦਾ। ਮਹਾਰਾਜ ਕਹਿੰਦੇ ਦੇਖੋ! ਓਸੇ ਵੇਲੇ ਸੁਰਤਿ ਵਿਚ ਆ ਗਿਆ, ਪ੍ਰਮੇਸ਼ਰ ਨਾਲ ਰਹਿੰਦਾ ਹੈ, ਕੋਲ ਰਹਿੰਦਾ ਹੈ, ਅੰਦਰ ਬਾਹਰ ਸਾਰੇ ਪਰੀਪੂਰਨ ਹੈ।

*ਸੋ ਅੰਤਰਿ ਸੋ ਬਾਹਰਿ ਅਨੰਤ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ॥*

*ਅੰਗ - 293*

ਉਸੇ ਵੇਲੇ ਓਨ੍ਹਾਂ ਨੇ, ਦੇਰ ਤਾਂ ਲਗਦੀ ਨਹੀਂ ਕਹਿੰਦੇ-

*ਜਮਗਣ ਮਾਰੇ ਹਰਿ ਜਨਾਂ*
*ਗਇਆ ਸੁਰਗ ਜਮੁਡੰਡੁ ਨ ਸਹਿਆ॥*
*ਭਾਈ ਗੁਰਦਾਸ ਜੀ ਦੀ ਵਾਰ 10/20*

*ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ*
*ਜਮਕੰਕਰ ਮਾਰਿ ਬਿਦਾਰੇ॥ ਅੰਗ - 981*

ਉਸ ਦੀ ਭਾਵਨੀ ਜਿਹੜੀ ਸੀ ਅੱਧੇ ਸਾਹ ਦੀ ਓਹੀ ਭਾਅ ਗਈ ਪ੍ਰਮੇਸ਼ਰ ਨੂੰ ਕਿਉਂਕਿ ਸ਼ਰਨ ਆ ਗਿਆ ਉਸ ਵੇਲੇ। ਸਾਰੇ ਆਸਰੇ ਟੁੱਟ ਗਏ, ਮਾਰੀ ਸੀ ਹਾਕ ਪੁੱਤਰ ਨੂੰ-

*ਪੁਤ੍ਰ ਹੇਤਿ ਨਾਰਾਇਣੁ ਕਹਿਓ*
*ਜਮਕੰਕਰ ਮਾਰਿ ਬਿਦਾਰੇ॥ ਅੰਗ - 999*

ਪੁੱਤਰ ਦੇ ਪਿਆਰ 'ਚ ਆ ਕੇ ਨਾਰਾਇਣ ਕਹਿ ਦਿੱਤਾ -

*ਅੰਤਕਾਲ ਜਮਦੂਤ ਵੇਖਿ*
*ਪੁਤ ਨਰਾਇਣੁ ਬੋਲੈ ਛਹਿਆ॥*
*ਜਮਗਣ ਮਾਰੇ ਹਰਿ ਜਨਾਂ*
*ਗਇਆ ਸੁਰਗ ਜਮੁਡੰਡੁ ਨ ਸਹਿਆ॥*
*ਨਾਇ ਲਏ ਦੁਖੁ ਡੇਰਾ ਢਹਿਆ॥*
*ਭਾਈ ਗੁਰਦਾਸ ਜੀ ਦੀ ਵਾਰ 10/20*

ਐਡਾ ਵੱਡਾ ਸਾਧਨ ਸਾਨੂੰ ਦਿੱਤਾ ਹੈ। ਸੋ ਜੇ ਇਹ ਪ੍ਰਾਪਤ ਨਹੀਂ ਹੁੰਦਾ, ਜਦੋਂ ਤੱਕ ਅਸੀਂ ਸਤਿਸੰਗ ਨਹੀਂ ਕਰਦੇ, ਜਦੋਂ ਤੱਕ ਸਤਿਸੰਗ ਦੇ ਵਿਚ ਜਾ ਕੇ ਨਿਮਰਤਾ ਦੇ ਨਾਲ ਅਸੀਂ ਸ਼ਾਮਲ ਨਹੀਂ ਹੁੰਦੇ -

*ਸਤਸੰਗਤਿ ਕੈਸੀ ਜਾਣੀਐ॥*
*ਜਿਥੈ ਏਕੋ ਨਾਮੁ ਵਖਾਣੀਐ॥*

*ਅੰਗ - 642*

ਜਿਸ ਥਾਂ ਤੇ ਕੇਵਲ ਨਾਮ ਦੀ ਬਾਤ ਚਲਦੀ ਹੋਵੇ ਉਹ ਸਤਿਸੰਗ ਹੋਇਆ ਕਰਦਾ ਹੈ ਤੇ ਉਥੇ ਫੇਰ ਜਗਿਆਸੂ ਇਕੱਠੇ ਹੁੰਦੇ ਨੇ, ਆਪਣੀ ਨੀਂਦ ਦਾ ਤਿਆਗ ਕਰਦੇ ਨੇ, ਚਿਤ ਬਿਰਤੀਆਂ ਇਕਾਗਰ ਕਰਕੇ ਹਰੀ ਦਾ ਜਸ ਸਰਵਣ ਕਰਦੇ ਨੇ ਜਿਸ ਦਾ ਬੜਾ ਹੀ ਭਾਰਾ ਪੁੰਨ ਹੈ ਕਲਜੁਗ ਦੇ ਅੰਦਰ।

# ਕਬਹੂ ਜੀਅੜਾ ਊਭਿ ਚੜਤੁ ਹੈ

ਸਾਧ ਸੰਗਤ ਜੀ!

*ਵਾਹਿਗੁਰੂ ਜੀ ਕਾ ਖਾਲਸਾ॥*
*ਵਾਹਿਗੁਰੂ ਜੀ ਕੀ ਫਤਹਿ॥*

ਗੁਰੂ ਮਹਾਰਾਜ ਜੀ ਦੀ ਅਪਾਰ ਬਖਸ਼ਿਸ਼ ਦੇ ਸਦਕੇ ਕਲਜੁਗ ਦੇ ਅੰਦਰ ਹਰੀ ਦਾ ਜਸ, ਸਤਿਸੰਗ ਦੀ ਪ੍ਰਾਪਤੀ, ਦੋ ਪਰਮ ਮਨੋਰਥ ਹਨ ਜੋ ਭਾਗਾਂ ਵਾਲਿਆਂ ਨੂੰ ਪ੍ਰਾਪਤ ਹੁੰਦੇ ਹਨ। ਕੀਰਤਨ ਆਪ ਨੇ ਸਰਵਣ ਕਰਿਆ, ਉਪਰੰਤ ਮਹਾਰਾਜ ਜੀ ਨੇ ਹੁਕਮਨਾਮੇ ਰਾਹੀਂ ਸਾਨੂੰ ਕਈ ਕਿਸਮ ਦੇ ਬਚਨ ਬਖਸ਼ੇ ਹਨ। ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ, ਬੇਨਤੀ ਕੀਤੀ ਹੈ ਕਿ ਹੇ ਪ੍ਰਭੂ! ਇਕ ਐਸੇ ਸਾਗਰ ਵਿਚ ਸਾਡਾ ਨਿਵਾਸ ਹੋ ਗਿਆ ਜਿਸ ਨੂੰ ਅਸੀਂ ਪਾਰ ਕਰਨਾ ਹੈ, ਤੈਰ ਕੇ ਦੂਸਰੇ ਕੰਢੇ ਤੇ ਜਾਣਾ ਹੈ। ਉਹ ਐਨਾ ਭਿਆਨਕ ਹੈ ਕਿ ਇਕ ਤਾਂ ਉਸ ਦੀਆਂ ਲਹਿਰਾਂ ਦਾ ਕੋਈ ਥਾਹ ਨਹੀਂ ਹੈ, ਕਹਿ ਨਹੀਂ ਸਕਦੇ ਕਿ ਕਿੰਨੀਆਂ ਉੱਚੀਆਂ ਨੇ। ਸਮੁੰਦਰ ਵਿਚ ਕਈ ਵਾਰ ਤੁਫਾਨ ਉਠਦੇ ਨੇ, ਦੋ ਦੋ ਸੌ ਫੁੱਟ ਉੱਚੀਆਂ ਲਹਿਰਾਂ ਉਠ ਖੜ੍ਹਦੀਆਂ ਨੇ ਤੇ ਚੱਕਰ ਬਣ ਜਾਂਦਾ ਹੈ 30-40 ਮੀਲ ਦਾ, ਕੋਈ ਜਹਾਜ਼, ਕੋਈ ਚੀਜ਼ ਉਸ ਦੇ ਵਿਚ ਬਚਦੀ ਨਹੀਂ ਸਭ ਡੁੱਬ ਜਾਂਦੀਆਂ ਹਨ। ਲੇਕਿਨ ਉਹ ਲਹਿਰ ਬਹੁਤੀ ਉਚੀ ਨਹੀਂ, 200 ਫੁੱਟ ਉੱਚੀ ਹੁੰਦੀ ਹੈ, ਧਰਤੀ ਦੇ ਉਤੇ ਮੀਲਾਂ ਤੱਕ ਪਾਣੀ ਚੜ੍ਹ ਜਾਂਦਾ ਹੈ, ਮਕਾਨ ਢਹਿ ਜਾਂਦੇ ਨੇ, ਵੱਡੀਆਂ ਵੱਡੀਆਂ ਇਮਾਰਤਾਂ ਗਿਰ ਜਾਂਦੀਆਂ ਨੇ, ਹਜ਼ਾਰਾਂ ਲੱਖਾਂ ਆਦਮੀ ਰੁੜ੍ਹ ਜਾਂਦੇ ਨੇ, ਉਹ ਕਿੱਡੀ ਕੁ ਹੈ ਲਹਿਰ 200-250 ਫੁੱਟ ਉੱਚੀ ਹੁੰਦੀ ਹੈ। ਉਹ ਵੀ ਕਦੇ 2 ਜਾਂ 1 ਇਥੇ ਮਹਾਰਾਜ ਜੀ ਨੇ ਜੋ ਬਚਨ ਕੀਤਾ ਹੈ ਇਹ ਕੋਈ ਅਲੰਕਾਰਕ ਬਾਤ ਨਹੀਂ ਹੈ, ਗਿਣਤੀ ਮਿਣਤੀ ਦੇ ਹਿਸਾਬ ਨਾਲ ਮਹਾਰਾਜ ਜੀ ਨੇ ਅਥਾਹ ਕਹਿ ਦਿੱਤਾ, ਥਾਹ ਤੋਂ ਰਹਿਤ ਚੀਜ਼ ਹੈ, ਪਾਰ ਨਹੀਂ ਅਸੀਂ ਲੰਘ ਸਕਦੇ, ਫੇਰ ਪਾਣੀ ਜਿਹੜਾ ਉਹ ਅੱਗ ਦਾ ਹੈ, ਜਲ ਰਿਹਾ ਹੈ, ਖਤਮ ਕਰ ਰਿਹਾ ਹੈ।

ਸੋ ਇਸ ਦੇ ਹੇਠਾਂ ਇਕ ਬਹੁਤ ਵੱਡਾ ਖਿਆਲ ਹੈ, ਤੱਤ ਗਿਆਨ ਹੈ। ਜੇ ਅਸੀਂ ਇਸ ਨੂੰ ਵਿਚਾਰ ਲਈਏ ਤਾਂ ਸਾਨੂੰ ਸਮਝ ਵਿਚ ਪੈ ਜਾਂਦੀ ਹੈ। ਅਰਬਾਂ ਖਰਬਾਂ ਸਾਲ ਕੋਈ ਕਹਿ ਨਹੀਂ ਸਕਦਾ ਕਿ ਕਿੰਨੀ ਦੇਰ ਹੋ ਗਈ ਇਸ ਸੰਸਾਰ ਨੂੰ ਬਣੇ ਨੂੰ। ਸਾਡਾ ਜੋ ਜੀਵ ਆਤਮਾ ਹੈ ਇਹ ਚੱਕਰ ਖਾਂਦਾ ਫਿਰਦਾ ਹੈ। ਇਹੀ ਨਹੀਂ ਕਿ ਅਸੀਂ ਹਰ ਵਾਰ ਮਨੁੱਖ ਹੀ ਬਣਦੇ ਹਾਂ ਜਾਂ ਬਣੇ ਰਹਾਂਗੇ, ਨਹੀਂ! ਐਸਾ ਨਹੀਂ ਹੈ। ਗੁਰੂ ਗ੍ਰੰਥ ਸਾਹਿਬ ਵਿਚ ਐਸੇ ਬਚਨ ਆਉਂਦੇ ਨੇ ਜੋ ਸਿਧ ਕਰਦੇ ਨੇ ਕਿ ਮਨੁੱਖ ਤਾਂ ਤੂੰ ਬਣ ਗਿਆ। ਜੇ ਤੂੰ ਗਲਤ ਕੰਮ ਕਰ ਲਏ ਤਾਂ ਇਹ ਛੋਟ ਜੋ ਤੈਨੂੰ ਮਿਲੀ ਹੈ 84 ਲੱਖ ਜੂਨਾਂ ਦੇ ਵਿਚੋਂ ਤਾਂ ਇਹ ਤੇਰੇ ਹੱਥ ਵਿਚੋਂ ਨਿਕਲ ਜਾਏਗੀ, 3-4 ਥਾਵਾਂ ਤੇ ਸਪਸ਼ਟ ਸੰਕੇਤ ਕੀਤੇ ਨੇ ਮਹਾਰਾਜ ਜੀ ਨੇ, ਇਤਿਹਾਸ ਦੇ ਵਿਚ ਬੇਅੰਤ ਮਿਸਾਲਾਂ ਆਈਆਂ ਨੇ। ਮਹਾਰਾਜ ਕਹਿੰਦੇ ਜੇ ਤੂੰ ਮਨੁੱਖ ਜਨਮ ਪਾ ਕੇ ਪ੍ਰਮੇਸ਼ਰ ਨੂੰ ਭੁੱਲ ਗਿਆ ਤੇ ਤੇਰਾ ਚਿੱਤ ਜਾਇਦਾਦ ਵਿਚ ਲੱਗ ਗਿਆ, ਮਕਾਨਾਂ, ਕੋਠੀਆਂ ਵਿਚ ਲੱਗ ਗਿਆ ਫੇਰ ਤੈਨੂੰ ਇਹ ਮਨੁੱਖ ਜਨਮ ਨਹੀਂ ਮਿਲਣਾ ਸਗੋਂ ਤੈਨੂੰ ਪ੍ਰੇਤ ਦੀ ਜੂਨੀ ਮਿਲੇਗੀ। ਜੇ ਚਿੱਤ ਪੈਸੇ ਵਿਚ ਲੱਗ ਗਿਆ ਫੇਰ ਤੂੰ ਸੱਪ ਦੀ ਜੂਨੀ ਵਿਚ ਜਾਏਂਗਾ। ਇਸੇ ਤਰ੍ਹਾਂ ਕੁਝ ਕਰਮ ਨੇ ਜਿਨ੍ਹਾਂ ਬਾਰੇ ਮਹਾਰਾਜ ਜੀ ਨੇ ਫੁਰਮਾਨ ਕਰਿਆ ਹੈ ਕਿ -

***ਸੰਤ ਕੈ ਦੂਖਨਿ ਤ੍ਰਿਗਦ ਜੋਨਿ ਕਿਰਮਾਇ॥***

***ਅੰਗ - 279***

ਆਹ ਕੁਤਿਆਂ ਦੇ ਸਿਰ ਵਿਚ ਜਿਹੜੇ ਕੀੜੇ ਪੈਂਦੇ ਨੇ ਕਹਿੰਦੇ ਉਹ ਜੂਨ ਮਿਲ ਜਾਏਗੀ ਤੈਨੂੰ।

***ਜਿਸ ਕੈ ਅੰਤਰਿ ਰਾਜ ਅਭਿਮਾਨੁ॥ ਅੰਗ - 278***

ਜਿਸ ਬੰਦੇ ਦੇ ਅੰਦਰ ਰਾਜਸੀ ਸ਼ਕਤੀ ਦਾ ਅਭਿਮਾਨ ਹੋ ਜਾਵੇ, ਚਾਹੇ ਉਹ ਅਭਿਮਾਨ ਨਿੱਕਾ ਜਿਹਾ ਹੀ ਹੈ ਚਾਹੇ ਉਹ ਵੱਡੇ ਤੋਂ ਵੱਡਾ ਹੈ। ਮਹਾਰਾਜ ਕਹਿੰਦੇ ਅਖੀਰ ਉਸ ਨੇ ਨਰਕਾਂ ਵਿਚ ਜਾਣਾ ਹੈ -

***ਸੋ ਨਰਕਪਾਤੀ.........॥ ਅੰਗ - 278***

ਜਦੋਂ ਨਰਕ ਪੂਰਾ ਹੋ ਜਾਏਗਾ ਉਸ ਤੋਂ ਬਾਅਦ ਉਹ ਕੁੱਤੇ ਦੀ ਜੂਨ ਵਿਚ ਪਏਗਾ।

***........ ਹੋਵਤ ਸੁਆਨੁ॥ ਅੰਗ - 278***

ਇਸ ਤਰ੍ਹਾਂ ਦੇ ਬਹੁਤ ਸਾਰੇ ਸੰਕੇਤ ਆਉਂਦੇ ਨੇ। ਸਫਰ ਸਾਡਾ ਚਲਦਾ ਹੈ ਕਦੇ ਉਪਰ ਚੜ੍ਹਦੇ ਹਾਂ, ਕਦੇ ਥੱਲੇ ਡਿੱਗ ਪੈਂਦੇ ਹਾਂ।

***ਕਬਹੂ ਜੀਅੜਾ ਊਭਿ ਚੜਤੁ ਹੈ***
***ਕਬਹੂ ਜਾਇ ਪਇਆਲੇ॥***
***ਲੋਭੀ ਜੀਅੜਾ ਥਿਰੁ ਨ ਰਹਤੁ ਹੈ***
***ਚਾਰੇ ਕੁੰਡਾ ਭਾਲੇ॥ ਅੰਗ - 876***

ਇਸ ਦੇ ਵਿਚ ਮਹਾਰਾਜ ਜੀ ਕਹਿੰਦੇ ਹੇ ਪ੍ਰਭੂ!

ਤੂੰ ਕਿਰਪਾ ਕਰ। ਤੂੰ ਇਕ ਵੱਡੀ ਕਿਰਪਾ ਕੀਤੀ ਜਿਸ ਨੂੰ ਅਸੀਂ ਭੁੱਲੀ ਬੈਠੇ ਹਾਂ, ਕੋਈ ਵਿਰਲਾ ਹੈ ਜਿਸ ਦੇ ਯਾਦ ਹੈ ਬਾਕੀ ਸਭ ਭੁੱਲ ਗਏ। ਇਥੋਂ ਤੱਕ ਭੁੱਲ ਗਏ ਕਿ ਗੱਲ ਤੇ ਵਿਸ਼ਵਾਸ ਕਰਨਾ ਵੀ ਗਲਤ ਸਮਝਦੇ ਹਨ। ਕਹਿੰਦੇ ਇਹ ਕੋਈ ਅਲੰਕਾਰਕ ਗੱਲ ਗੁਰੂ ਮਹਾਰਾਜ ਨੇ ਕਹੀ ਹੈ, ਵਿਸ਼ਵਾਸ ਵਾਲੀ ਬਾਤ ਨਹੀਂ ਹੈ, ਕੋਈ ਪ੍ਰਤੱਖ ਬਾਤ ਨਹੀਂ ਹੈ, ਉਨ੍ਹਾਂ ਕੋਲ ਬੜੇ ਦਲੀਲ, ਤਰਕਾਂ ਨੇ ਇਨ੍ਹਾਂ ਦੇ।

ਮਹਾਰਾਜ ਜੀ ਕਹਿੰਦੇ ਜਦੋਂ ਮਾਤਾ ਦੇ ਗਰਭ ਵਿਚ ਇਹ ਜੀਵ ਸੀ ਉਸ ਵੇਲੇ ਇਸ ਦੀ ਸਥਿਤੀ ਬੜੀ ਉਲਟੀ ਸੀ। ਪੈਰ ਉਪਰ ਸੀ ਤੇ ਸਿਰ ਥੱਲੇ ਸੀ, ਪੁੱਠਾ ਲਟਕਦਾ ਸੀ, ਬਹੁਤ ਦੁਖੀ ਸੀ। ਨਾ ਉਥੇ ਕੋਈ ਹਵਾ ਜਾਂਦੀ ਸੀ, ਨਾ ਉਥੇ ਠੰਢ ਪਹੁੰਚਦੀ ਸੀ। ਅੱਗ ਸੀ ਇਕ ਕਿਸਮ ਦੀ, ਬਹੁਤ ਗਰਮੀ ਸੀ। ਉਥੇ ਇਸ ਦੇ ਬੱਚਣ ਦਾ ਕੋਈ ਵਸੀਲਾ ਨਹੀਂ ਸੀ ਲੇਕਿਨ ਪ੍ਰਭੂ ਨੇ ਏਸ ਜੀਵ ਦੇ ਉਤੇ ਕਿਰਪਾ ਕਰਕੇ ਆਪਣੇ ਨਾਮ ਦੀ ਧੁਨ ਸੁਣਨ ਲਾ ਦਿੱਤੀ, ਯਾਦ ਬਖ਼ਸ਼ ਦਿੱਤੀ ਤੇ ਉਸ ਯਾਦ ਦੇ ਵਿਚ, ਨਾਮ ਦੇ ਵਿਚ ਐਨੀ ਸ਼ਕਤੀ ਸੀ ਕਿ ਇਸ ਨੂੰ ਕੋਈ ਗਰਮੀ ਨਹੀਂ ਪੋਹ ਸਕੀ, ਕੋਈ ਤਕਲੀਫ ਨਹੀਂ, ਇਕ ਸਮਾਧੀ ਦੇ ਵਿਚ ਇਸ ਦੀ ਅਵਸਥਾ ਆ ਗਈ। ਉਸ ਸਮਾਧ ਅਵਸਥਾ ਵਿਚ ਬਹੁਤ ਸਾਰੀਆਂ ਚੀਜ਼ਾਂ ਦੇਖਦਾ ਹੈ, 101 ਜਨਮ ਮਹਾਂਪੁਰਸ਼ ਦਸਦੇ ਨੇ ਕਿ ਉਸ ਨੂੰ ਗਿਆਨ ਹੋਇਆ ਕਰਦਾ ਹੈ ਉਸ ਵੇਲੇ, ਜਾਣਦਾ ਹੁੰਦਾ ਹੈ ਕਿ ਮੈਂ ਆਹ ਗਲਤੀ ਕਰੀ, ਇਥੋਂ ਖੁੰਝਿਆਂ ਇਥੋਂ ਖੁੰਝਿਆ। ਉਸ ਵੇਲੇ ਬੇਨਤੀਆਂ ਕਰਦਾ ਹੈ ਕਿ ਹੇ ਪ੍ਰਭੂ! ਜੇ ਤੂੰ ਮੈਨੂੰ ਹੁਣ ਇਥੋਂ ਇਸ ਅੰਧ ਕੂਪ ਦੇ ਵਿਚੋਂ ਕੱਢ ਲਵੇਂ ਤਾਂ ਜਿਹੜਾ ਆਹ ਨਾਮ ਤੂੰ ਮੈਨੂੰ ਦੱਸਿਆ, ਜਿਹੜਾ ਸਿਮਰਨ ਤੁਸੀਂ ਮੈਨੂੰ ਦਿੱਤਾ ਹੈ, ਸ਼ਬਦ ਦੀ ਧੁਨੀ ਮੇਰੇ ਅੰਦਰ ਚਾਲੂ ਕਰੀ ਹੈ ਇਸ ਨੂੰ ਮੈਂ ਕਦੇ ਨਹੀਂ ਭੁਲਾਂਗਾ, ਇਸ ਨੂੰ ਮੈਂ ਸਦਾ ਹੀ ਯਾਦ ਰੱਖਾਂਗਾ। ਉਥੇ ਕੋਈ ਕੌਤਕ ਵਰਤਦਾ ਹੈ ਤੇ ਆਵਾਜ਼ ਆਉਂਦੀ ਹੈ ਕਿ ਹੇ ਜੀਵ! ਤੂੰ ਇਕ ਵਾਰ ਤਾਂ ਨਹੀਂ ਕ੍ਰੋੜਾਂ ਵਾਰੀ ਮਨੁੱਖ ਬਣਿਆ ਹੈ ਹੁਣ ਤੋਂ ਪਹਿਲਾਂ। ਬਾਕੀ ਜੂਨਾਂ ਤੂੰ ਛੱਡ ਇਹ ਤਾਂ ਬੇਹਿਸਾਬਾ ਕੰਮ ਹੈ ਪਰ ਹਰ ਵਾਰੀ ਜਦੋਂ ਤੂੰ ਇਸ ਸੰਕਟ ਵਿਚੋਂ ਨਿਕਲ ਜਾਂਦਾ ਹੈ ਤਾਂ ਤੂੰ ਐਨਾ ਵਾਇਦਾਫਰਾਮੋਸ਼ ਹੈਂ ਕਿ ਸੰਸਾਰ ਵਿਚ ਜਾਂਦਾ ਹੀ ਭੁੱਲ ਜਾਂਦਾ ਹੈ ਤੇ ਹਰ ਵਾਰੀ ਤੇਰਾ ਜੀਵਨ ਬਰਬਾਦ ਹੋ ਜਾਂਦਾ ਹੈ –

*ਬੈਰ ਬਿਰੋਧ ਕਾਮ ਕ੍ਰੋਧ ਮੋਹ॥*
*ਝੂਠ ਬਿਕਾਰ ਮਹਾ ਲੋਭ ਧ੍ਰੋਹ॥* *ਅੰਗ – 267*

ਇਨ੍ਹਾਂ ਜਜ਼ਬਿਆਂ ਦੇ ਅੰਦਰ, ਦ੍ਵੈਤ ਦੇ ਅੰਦਰ, ਹਉਮੈ ਦੇ ਅੰਦਰ ਤੇਰਾ ਜੀਵਨ ਬਰਬਾਦ ਹੋ ਜਾਂਦਾ ਹੈ ਤੇ ਨਾਮ ਨੂੰ ਯਾਦ ਰੱਖਣਾ ਤਾਂ ਇਕ ਪਾਸੇ ਰਿਹਾ ਤੂੰ ਸਤਿਸੰਗ ਵਿਚ ਵੀ ਨਹੀਂ ਆਏਗਾ ਤੇ ਗੱਲ ਵੀ ਨਹੀਂ ਸੁਣੇਗਾ, ਨਿੰਦਿਆ ਕਰੇਂਗਾ, ਵੈਰ ਵਿਰੋਧ ਕਰੇਗਾ ਹਾਲਾਕਿ ਮੈਂ ਆਪਣੇ ਪਿਆਰਿਆਂ ਨੂੰ ਭੇਜਿਆ ਹੋਇਆ ਹੈ ਕਿ ਇਨ੍ਹਾਂ ਨੂੰ ਜਾ ਕੇ ਦੱਸੋ, ਇਹ ਭੁੱਲ ਜਾਂਦੇ ਨੇ–

*ਜਨਮ ਮਰਣ ਦੁਹਹੂ ਮਹਿ ਨਾਹੀ*
*ਜਨ ਪਰਉਪਕਾਰੀ ਆਏ॥*
*ਜੀਅ ਦਾਨੁ ਦੇ ਭਗਤੀ ਲਾਇਨਿ*
*ਹਰਿ ਸਿਉ ਲੈਨਿ ਮਿਲਾਏ॥*
*ਅੰਗ – 749*

ਪਰ ਤੂੰ ਉਨ੍ਹਾਂ ਦੀ ਵੀ ਬਾਤ ਨਹੀਂ ਸੁਣੇਗਾ, ਮੁਕਤ ਆਤਮਾਵਾਂ, ਮੈਂ ਆਪਣਾ ਰੂਪ, ਆਪਣੀ ਬਾਣੀ, ਆਪਣੀ ਬੋਲੀ ਮਹਾਂਪੁਰਸ਼ਾਂ ਦੇ ਰਾਹੀਂ ਉਤਾਰ ਕੇ ਤੇਰੀ ਰਹਿਨੁਮਾਈ ਵਾਸਤੇ ਭੇਜਾਂਗਾ ਪਰ ਤੂੰ ਉਸ ਦੇ ਉਤੇ ਵੀ ਵਿਸ਼ਵਾਸ ਨਹੀਂ ਕਰੇਂਗਾ। ਚੰਗਾ! ਜੇ ਤੂੰ ਇਹ ਗੱਲ ਕਹਿੰਦਾ ਹੈਂ ਤਾਂ ਮੈਨੂੰ ਤੂੰ ਜ਼ਮਾਨਤ ਦੇਹ। ਆਕਾਸ਼ ਤੋਂ ਪੁਛਿਆ, ਜਵਾਬ ਮਿਲ ਗਿਆ, ਅੱਗ ਤੋਂ ਪੁਛਿਆ ਜਵਾਬ ਮਿਲ ਗਿਆ, ਮਿੱਟੀ ਤੋਂ ਪੁਛਿਆ ਜਵਾਬ, ਹਵਾ ਤੋਂ ਪੁਛਿਆ ਜਵਾਬ ਮਿਲ ਗਿਆ। ਸਭ ਕਹਿੰਦੇ ਹੇ ਪ੍ਰਭੂ! ਇਹ ਤਾਂ ਬੇ-ਵਿਸ਼ਵਾਸਾ ਜੀਵ ਹੈ, ਇਸ ਦੇ ਉਤੇ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ, ਕੇਵਲ ਪਾਣੀ ਰਹਿ ਗਿਆ। ਉਸ ਦੇ ਕੋਲ ਪ੍ਰਾਰਥਨਾ ਕਰੀ। ਕਹਿਣ ਲੱਗਿਆ ਕਿ ਪਿਆਰਿਆ! ਮੈਂ ਤੇਰੀ ਜਮਾਨਤ ਦਿੰਦਾ ਹਾਂ ਤੇ ਮੈਂ ਹਰ ਵਾਰੀ ਝੂਠਾ ਪੈਂਦਾ ਹਾਂ। ਮੈਂ ਸ਼ਰਤੀਆ ਜ਼ਮਾਨਤ ਦੇਵਾਂਗਾ। ਪੁਛਿਆ ਕਿ ਕਿਵੇਂ ਜ਼ਮਾਨਤ ਦਿੰਦਾ ਹੈਂ?

ਜਲ ਦਾ ਦੇਵਤਾ ਕਹਿਣ ਲੱਗਿਆ, "ਹੇ ਪ੍ਰਭੂ! ਇਤਬਾਰ ਤਾਂ ਮੈਨੂੰ ਵੀ ਨਹੀਂ ਇਸ ਦੇ ਉਤੇ ਪਰ ਮੈਂ ਇੰਨਾ ਕੁ ਕਰ ਦਿੰਦਾ ਹਾਂ ਕਿ ਜਦੋਂ ਇਹ ਇਸ਼ਨਾਨ ਕਰਨ ਵੇਲੇ ਇਕ ਮੱਗ ਪਾਣੀ ਦਾ ਆਪਣੇ ਸਰੀਰ ਤੇ ਪਾਏਗਾ ਉਸ ਵੇਲੇ ਮੈਂ ਇਸ ਦੇ ਮੁਖ ਤੋਂ ਵਾਹਿਗੁਰੂ, ਅੱਲ੍ਹਾ, ਰਾਮ ਕਢਾ ਦਿਆਂਗਾ, ਉਸ ਤੋਂ ਬਾਅਦ ਇਹ ਜਾਣੇ ਇਸ ਦਾ ਕੰਮ।

ਉਸ ਵੇਲੇ ਇਸ ਨੂੰ ਗਿਆਨ ਸੀ, ਬਾਰ ਬਾਰ ਵਾਇਦੇ ਕਰਦਾ ਸੀ। ਉਸ ਨਾਮ ਦੇ ਆਸਰੇ ਹੀ ਬਚਿਆ। ਮਹਾਰਾਜ ਕਹਿੰਦੇ ਹੋਇਆ ਕੀ? ਜਿਸ ਵਕਤ ਬਾਹਰਲੀ ਹਵਾ ਲੱਗੀ, ਪਹਿਲੀ ਹੀ ਹਵਾ, ਉਸ ਨੇ ਸਭ ਤੋਂ ਪਹਿਲਾਂ ਕੰਮ ਇਹ ਕਰਿਆ ਕਿ ਜਿਹੜੀ ਨਾਮ ਧੁਨ ਦੇ ਨਾਲ ਇਸ ਦੀ ਲਿਵ ਲੱਗੀ ਹੋਈ ਸੀ, ਲਗਾਤਾਰ ਅਖੰਡ ਨਾਮ ਸਰਵਣ ਕਰਦਾ ਸੀ, ਨਾਮ ਅੱਖਰ ਨਹੀਂ, ਨਾਮ ਹੋਰ ਚੀਜ਼ ਹੈ, ਉਹ ਜਿਹੜੀ ਨਾਮ ਦੀ ਲਿਵ ਲੱਗੀ ਹੋਈ ਸੀ ਉਹ ਟੁੱਟ ਗਈ, ਉਸ ਦੇ ਨਾਲ ਹੀ

ਇਸ ਦੇ ਉਤੇ ਮਾਇਆ ਦਾ ਅਸਰ ਹੋ ਗਿਆ। ਸਭ ਤੋਂ ਪਹਿਲਾਂ ਤ੍ਰਿਸ਼ਨਾ ਲੱਗੀ ਏਸ ਨੂੰ ਖਾਣ ਦੀ, ਪੀਣ ਦੀ, ਦੇਖਣ ਦੀ।

*ਲਿਵ ਛੁੜਕੀ ਲਗੀ ਤ੍ਰਿਸਨਾ*
*ਮਾਇਆ ਅਮਰੁ ਵਰਤਾਇਆ॥ ਅੰਗ-921*

ਹੇ ਪ੍ਰਭੂ! ਜਿਹੜੀ ਤੇਰੀ ਮਾਇਆ ਹੈ ਉਸ ਨੇ ਜੀਵ ਉਤੇ ਅਸਰ ਕਰ ਦਿੱਤਾ। ਅਸਰ ਹੋਣ ਕਰਕੇ ਤੈਨੂੰ ਯਾਦ ਕਰਨ ਦੀ ਥਾਂ –

*ਪਹਿਲੈ ਪਿਆਰਿ ਲਗਾ ਥਣ ਦੁਧਿ॥*
*ਦੂਜੈ ਮਾਇ ਬਾਪ ਕੀ ਸੁਧਿ॥*
*ਤੀਜੈ ਭਯਾ ਭਾਭੀ ਬੇਬ॥*
*ਚਉਥੈ ਪਿਆਰਿ ਉਪੰਨੀ ਖੇਡ॥*
*ਪੰਜਵੈ ਖਾਣ ਪੀਅਣ ਕੀ ਧਾਤੁ॥*
*ਛਿਵੈ ਕਾਮੁ ਨ ਪੁਛੈ ਜਾਤਿ॥*
*ਸਤਵੈ ਸੰਜਿ ਕੀਆ ਘਰ ਵਾਸੁ॥*
*ਅਠਵੈ ਕ੍ਰੋਧੁ ਹੋਆ ਤਨ ਨਾਸੁ॥*
*ਨਾਵੈ ਧਉਲੇ ਉਭੇ ਸਾਹ॥*
*ਦਸਵੈ ਦਧਾ ਹੋਆ ਸੁਆਹ॥ ਅੰਗ – 137*

10 ਹਿੱਸਿਆਂ ਦੇ ਅੰਦਰ ਇਸ ਦਾ ਜੀਵਨ ਵੰਡਿਆ ਗਿਆ। ਜਿਹੜੀਆਂ ਇਸ ਨੇ ਉਦੋਂ ਮਿੰਨਤਾਂ ਕੀਤੀਆਂ ਉਹ ਇਸ ਦੇ ਯਾਦ ਤੱਕ ਨਹੀਂ ਹਨ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ ਪਿਆਰਿਓ! ਉਸ ਪ੍ਰਮੇਸ਼ਰ ਨੂੰ ਯਾਦ ਰਖੋ ਤੇ ਆਪ ਉਸ ਦੇ ਕੋਲ ਬੇਨਤੀ ਕਰਦੇ ਨੇ ਕਿ ਹੇ ਪ੍ਰਭੂ! ਮੈਂ ਤੇਰੀ ਮਾਇਆ ਵਿਚ ਫਸ ਗਿਆ। ਸਾਨੂੰ ਕਹਿੰਦੇ ਨੇ ਕਿ ਤੁਸੀਂ ਸਮਝਣ ਦਾ ਯਤਨ ਕਰੋ। ਤੂੰ ਉਥੇ ਮੇਰੀ ਰੱਖਿਆ ਕਰੀ ਸੀ ਜਿਥੇ ਕੋਈ ਰੱਖਿਆ ਕਰਨ ਵਾਲਾ ਹੀ ਨਹੀਂ ਸੀ। ਉਥੇ ਤੂੰ ਰੱਖਿਆ ਕਿਵੇਂ ਕਰੀ ਕਿ ਤੂੰ ਆਪਣੀ ਯਾਦ ਬਖਸ਼ੀ, ਆਪਣੀ ਨਾਮ ਧੁਨੀ ਦੇ ਨਾਲ ਮੇਰਾ ਮਨ ਜੋੜਿਆ ਤੇ ਮੈਂ ਇਕ ਸਮਾਧੀ ਵਿਚ ਅਨੰਦ ਅਨੁਭਵ ਕਰਦਾ ਰਿਹਾ ਤੇ ਇਸ ਸੰਸਾਰ ਦੇ ਵਿਚ ਐਸੀ ਅਥਾਹ ਲਹਿਰ ਮਾਇਆ ਦੀ ਹੈ ਜਿਸ ਨੂੰ ਤਰਿਆ ਹੀ ਨਹੀਂ ਜਾ ਸਕਦਾ ਤੇ ਫੇਰ ਜਿਹੜਾ ਸਮੁੰਦਰ ਹੈ ਉਹ ਪਾਣੀ ਨਹੀਂ ਹੈ ਸ਼ੀਤਲ, ਉਹ ਅੱਗ ਦਾ ਸਮੁੰਦਰ ਹੈ –

*ਪਾਵਕ ਸਾਗਰ ਅਥਾਹ ਲਹਰਿ*
*ਮਹਿ..........॥ ਅੰਗ – 613*

ਮੰਤਵ ਕੀ ਹੈ ਇਸ ਜੀਵ ਦਾ, ਦੂਸਰੀ ਥਾਂ ਫੁਰਮਾਨ ਕਰਦੇ ਨੇ ਮਹਾਰਾਜ ਕਿ ਪਿਆਰਿਓ! ਤੁਹਾਨੂੰ ਕਰੋੜਾਂ ਹੀ ਜਨਮ ਬੀਤ ਗਏ –

*ਫਿਰਤ ਫਿਰਤ ਬਹੁਤੇ ਜੁਗ ਹਾਰਿਓ*
*ਮਾਨਸ ਦੇਹ ਲਹੀ॥*
*ਨਾਨਕ ਕਹਤ ਮਿਲਨ ਕੀ ਬਰੀਆ*
*ਸਿਮਰਤ ਕਹਾ ਨਹੀ॥ ਅੰਗ – 631*

ਬਹੁਤ ਜੁੱਗ ਬੀਤੇ ਨੇ ਇਕ ਨਹੀਂ। ਚਾਰ ਜੁੱਗ ਜੇ ਬੀਤੇ ਹੋਣ ਤਾਂ 43,20,000 ਸਾਲ ਬੀਤਦੇ ਨੇ, ਦੱਸ ਜੁੱਗ ਬੀਤੇ ਹੋਣ ਤਾਂ ਚਾਰ ਕਰੋੜ ਬੱਤੀ ਲੱਖ ਸਾਲ ਬੀਤਦੇ ਹਨ। ਮਹਾਰਾਜ ਕਹਿੰਦੇ ਇੰਨੇ ਕੁ ਹੁੰਦੇ ਤਾਂ ਅਸੀਂ ਕਹਿੰਦੇ, ਬਹੁਤੇ ਬੇਅੰਤ ਗਿਣੇ ਨਹੀਂ ਜਾ ਸਕਦੇ ਐਨੇ ਜੁੱਗਾਂ ਤੋਂ ਤੂੰ ਘੁਮੇਟਣੀਆਂ ਲੈਂਦਾ ਫਿਰਦਾ ਹੈਂ। ਤੈਨੂੰ ਮਾਨਸ ਦੇਹ ਪ੍ਰਾਪਤ ਹੋ ਗਈ –

*ਨਾਨਕ ਕਹਤ ਮਿਲਨ ਕੀ ਬਰੀਆ*
*ਸਿਮਰਤ ਕਹਾ ਨਹੀ॥ ਅੰਗ – 631*

ਹੁਣ ਤੇਰੀ ਵਾਰੀ ਆ ਗਈ ਮਿਲਣ ਦੀ –

*ਭਈ ਪਰਾਪਤਿ ਮਾਨੁਖ ਦੇਹੁਰੀਆ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*
*ਅੰਗ – 12*

ਵਾਰੀ ਆਈ ਹੈ ਤੇ ਜਿਹੜੇ ਕੰਮਾਂ ਵਿਚ ਤੂੰ ਫਸ ਗਿਆ, ਪਰਚ ਗਿਆ ਇਹ ਸਭ ਫਜ਼ੂਲ ਨੇ, ਕਿਸੇ ਵੀ ਕੰਮ ਨਹੀਂ ਹਨ –

*ਅਵਰਿ ਕਾਜ ਤੇਰੈ ਕਿਤੈ ਨ ਕਾਮ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥*
*ਅੰਗ – 378*

ਸੰਤਾਂ ਦੀ ਸੰਗਤ ਵਿਚ ਰਲ ਕਿਉਂਕਿ ਉਥੇ ਕੇਵਲ ਨਾਮ ਹੁੰਦਾ ਹੈ –

*ਸਤਸੰਗਤਿ ਕੈਸੀ ਜਾਣੀਐ॥*
*ਜਿਥੈ ਏਕੋ ਨਾਮੁ ਵਖਾਣੀਐ॥ ਅੰਗ – 72*

ਉਨ੍ਹਾਂ ਦੀ ਸੰਗਤ ਵਿਚ ਰਲ ਕੇ ਤੂੰ ਨਾਮ ਜਪ ਤੇ ਓਸ ਮੰਤਵ ਨੂੰ ਹਾਸਲ ਕਰ ਜਿਸ ਨੂੰ ਕਰਨ ਵਾਸਤੇ ਤੂੰ ਆਇਆ ਹੈਂ, ਉਹ ਹੈ ਪ੍ਰਮੇਸ਼ਰ ਦੀ ਪ੍ਰਾਪਤੀ। ਜਿੰਨਾ ਚਿਰ ਸਾਨੂੰ ਇਹੀ ਨਹੀਂ ਪਤਾ ਕਿ ਰੱਬ ਰਹਿੰਦਾ ਕਿਥੇ ਹੈ? ਉਸ ਨਾਲ ਸਾਡਾ ਰਿਸ਼ਤਾ ਕੀ ਹੈ, ਪ੍ਰਮੇਸ਼ਰ ਨਾਲ? ਤਰੀਕਾ ਕੀ ਹੈ? ਕਿਵੇਂ ਅਸੀਂ ਮਿਲ ਸਕਦੇ ਹਾਂ? ਇਹ ਸਾਰੀ ਗੱਲ ਸੁਣੇ ਤੇ ਤਾਂ ਗੱਲ ਨਹੀਂ ਬਣਦੀ ਜਦੋਂ ਤੱਕ ਦਿਮਾਗ ਵਿਚ ਨਹੀਂ ਆਉਂਦੀ। ਮਹਾਰਾਜ ਕਹਿੰਦੇ ਘਬਰਾ ਨਾ ਪਿਆਰਿਆ! ਉਹ ਕਿਸੇ ਸੱਤਵੇਂ ਅਸਮਾਨ ਤੇ ਨਹੀਂ ਬੈਠਾ, ਕਿਤੇ ਦੂਰ ਨਹੀਂ ਬੈਠਾ, ਅਪਹੁੰਚ ਨਹੀਂ ਹੈ, ਉਹ ਤਾਂ ਤੇਰੇ ਨਾਲ ਰਹਿੰਦਾ ਹੈ ਹਰ ਵਕਤ –

*ਕਾਇਆ ਨਗਰੁ ਨਗਰ ਗੜ ਅੰਦਰਿ॥*
*ਸਾਚਾ ਵਾਸਾ ਪੁਰਿ ਗਗਨੰਦਰਿ॥*
*ਅੰਗ – 1033*

ਨਿਸ਼ਾਨੀ ਵੀ ਦੱਸ ਦਿੱਤੀ ਮਹਾਰਾਜ ਜੀ ਨੇ ਕਿ ਆਹ ਜਿਹੜੀ ਕਾਇਆ ਦੇਹੀ ਹੈ ਤੇਰੀ –

*ਪੁਤਰੀ ਤੇਰੀ ਬਿਧਿ ਕਰਿ ਥਾਟੀ॥*
*ਅੰਗ – 374*

ਬਹੁਤ ਹੀ ਤਰੀਕੇ ਨਾਲ ਰਚੀ ਹੋਈ ਹੈ। ਜਦੋਂ ਇਸ ਦੀ ਰਚਨਾ ਦੇ ਬਾਰੇ ਅਸੀਂ ਖਿਆਲ ਕਰਦੇ ਹਾਂ ਤਾਂ ਹੈਰਾਨ ਹੋ ਜਾਂਦੇ ਹਾਂ ਕਿ ਵਾਹਿਗੁਰੂ ਕਿੱਡਾ ਸਮਰੱਥ ਹੈ, ਕਿਸ ਤਰ੍ਹਾਂ ਐਸਾ ਸਰੀਰ ਬਣਾ ਦਿੱਤਾ। ਅੱਜ ਕੱਲ੍ਹ ਸਾਇੰਸ ਦਾ ਜੋ ਅਨੁਮਾਨ ਹੈ ਉਹ ਕਹਿੰਦੇ ਨੇ ਚੌਦਾ ਖਰਬ ਇਸ ਦੇ ਵਿਚ ਸੈਲ ਲੱਗੇ ਹੋਏ ਨੇ। ਪਹਿਲਾਂ ਤਾਂ 14 ਖਰਬ ਗਿਣਿਆ ਹੀ ਨਹੀਂ ਜਾਂਦਾ। ਸੈਲ ਲਾਏ ਕਿਸ ਤਰ੍ਹਾਂ, ਲੱਗੇ ਸਾਰੇ ਮਾਤਾ ਦੇ ਪੇਟ ਵਿਚ, 72 ਕਰੋੜ, 72 ਲੱਖ, 72 ਹਜਾਰ, 200 ਇਸ ਦੇ ਵਿਚ ਖੂਨ ਦੀਆਂ ਨਾੜੀਆਂ ਹਨ। ਕਿਤੇ ਵੀ ਨਹੁੰ ਮਾਰੋ ਉਥੇ ਹੀ ਖੂਨ ਨਿਕਲ ਆਉਂਦਾ ਹੈ। ਪੰਜ ਇਸ ਦੇ ਵਿਚ ਜੀਵਨ ਲਈ ਅਤਿ ਜ਼ਰੂਰ ਤਾਕਤਾਂ ਨੇ ਪ੍ਰਾਣ, ਉਪਾਨ, ਬਿਆਨ, ਸਮਾਨ, ਉਦਾਨ ਜੋ ਸਰੀਰ ਦੇ ਵਿਚ ਵਖੋ ਵਖਰੇ ਕੰਮ ਕਰਦੀਆਂ ਨੇ। ਕੋਈ ਸਾਹ ਨੂੰ ਅੰਦਰ ਤੇ ਬਾਹਰ ਕਰ ਰਹੀ ਹੈ, ਕੋਈ ਦਿਲ ਨੂੰ ਚਲਾ ਰਹੀ ਹੈ, ਕੋਈ ਮਿਹਦੇ ਨੂੰ ਚਲਾ ਰਹੀ ਹੈ, ਕੋਈ ਇਸ ਸਰੀਰ ਦੀ ਜਹਿਰ ਨੂੰ ਸਾਢੇ 3 ਕਰੋੜ ਰੋਮਾਂ ਰਾਹੀਂ ਹਰ ਵਕਤ ਬਾਹਰ ਕੱਢ ਰਹੀ ਹੈ, ਤੇ ਲਗਾਤਾਰ ਉਹ ਮਸ਼ੀਨਰੀ ਕੰਮ ਕਰ ਰਹੀ ਹੈ। ਇਕ ਇਸ ਦੇ ਅੰਦਰ ਤਾਪਮਾਨ ਨਿਯੰਤ੍ਰਿਤ ਕਰ ਰਹੀ ਹੈ, ਸਾਢੇ ਅਠਾਨਵੇਂ ਤੋਂ ਘੱਟ ਜਾਵੇ ਤਾਂ ਵੀ ਬਿਮਾਰ, ਵੱਧ ਜਾਵੇ ਤਾਂ ਵੀ ਬਿਮਾਰ। ਐਸੀ ਮਸ਼ੀਨ ਲਾਈ ਹੋਈ ਹੈ ਕਿ ਕਦੀ ਉਹ ਫੇਲ੍ਹ ਨਹੀਂ ਹੁੰਦੀ ਜਦੋਂ ਤੱਕ ਆਦਮੀ ਖੁਦ ਨਾ ਉਸ ਨੂੰ ਵਿਗਾੜੇ। ਫੇਰ ਇਸ ਦੇ ਅੰਦਰ ਮਨ ਹੈ ਜੋ ਫੁਰਨੇ ਕਰਦਾ ਹੈ, ਫੇਰ ਬੁੱਧੀ ਦਿੱਤੀ ਹੈ, ਮਹਿਸੂਸ ਕਰਨ ਵਾਲਾ ਚਿਤ ਦਿੱਤਾ ਹੈ ਤੇ ਫੇਰ ਇਸ ਦੇ ਵਿਚ ਇਕ ਮੈਂ ਭਾਵ ਪੈਦਾ ਹੋਇਆ ਹੋਇਆ ਹੈ। ਐਸੀ ਬਚਿੱਤਰ ਚੀਜ਼ ਪ੍ਰਮੇਸ਼ਰ ਨੇ ਬਣਾਈ ਹੈ। ਮਹਾਰਾਜ ਕਹਿੰਦੇ ਇਸ ਦੇ ਵਿਚ ਇਕ ਚੀਜ਼ ਹੋਰ ਹੈ ਜਿਸ ਦੇ ਬਾਰੇ ਤੈਨੂੰ ਗਿਆਨ ਨਹੀਂ ਹੈ। ਐਨਾ ਤਾਂ ਤੂੰ ਜਾਣ ਸਕਦਾ ਹੈ ਲੇਕਿਨ ਇਸ ਤੋਂ ਉਤੇ ਨਹੀਂ ਤੈਨੂੰ ਸਮਝ ਆ ਸਕਦੀ। ਉਹ ਇਹ ਹੈ ਕਿ –

*ਨਉ ਦਰਵਾਜੇ ਕਾਇਆ ਕੋਟੁ ਹੈ*
*ਦਸਵੈ ਗੁਪਤੁ ਰਖੀਜੈ॥ ਅੰਗ – 954*

ਨੌ ਦਰਵਾਜੇ ਤਾਂ ਖੁਲ੍ਹ ਗਏ, ਅੱਖਾਂ, ਨੱਕ ਕੰਨ ਵਗੈਰਾ ਇਨ੍ਹਾਂ ਨੂੰ ਤੂੰ ਜਾਣਦਾ ਹੈਂ ਪਰ ਜੋ ਦਸਵਾਂ ਹੈ ਉਹ ਬੰਦ ਪਿਆ ਹੈ, ਗੁਪਤ ਰੱਖ ਦਿੱਤਾ ਮਹਾਰਾਜ ਜੀ ਨੇ। ਇਹ ਜੋ ਜੀਵ ਆਤਮਾ ਹੈ –

*ਨਉ ਘਰ ਦੇਖਿ ਜੁ ਕਾਮਨਿ ਭੂਲੀ*
*ਬਸਤੁ ਅਨੂਪ ਨ ਪਾਈ॥ ਅੰਗ – 1033*

ਇਸ ਦੇ ਵਿਚ ਉਪਮਾ ਤੋਂ ਰਹਿਤ ਇਕ ਚੀਜ਼ ਸੀ ਜਿਹੜੀ ਇਸ ਨੂੰ ਮਿਲੀ ਨਾ ਕਿਉਂਕਿ ਨਉ ਦਰਵਾਜਿਆਂ ਵਿਚੀ ਨੱਠੀ ਫਿਰਦੀ ਹੈ –

*ਅਖੀ ਵੇਖਿ ਨ ਰਜੀਆ ਬਹੁ ਰੰਗ ਤਮਾਸੇ॥*
*ਭਾਈ ਗੁਰਦਾਸ ਜੀ ਦੀ ਵਾਰ 27/9*

ਸਾਰਾ ਦਿਨ ਅੱਖਾਂ ਦੇਖੀ ਜਾਂਦੀਆਂ ਨੇ, ਕੰਨ ਸਾਰਾ ਦਿਨ ਸੁਣੀ ਜਾਂਦੇ ਨੇ, ਜੀਭ ਬੋਲੀ ਜਾਂਦੀ ਹੈ, ਸਵਾਦ ਲੈਂਦੀ ਰਹਿੰਦੀ ਹੈ। ਸਾਰੇ ਹੀ ਇੰਦਰੇ ਮੋਹਿਤ ਹੋਏ ਪਏ ਨੇ, ਅੰਦਰ ਨੂੰ ਜਾਣ ਦਾ ਕੋਈ ਨਾਉ ਨਹੀਂ ਲੈਂਦਾ, ਨਾ ਜੁਗਤ ਪਤਾ ਹੈ। ਮਹਾਰਾਜ ਕਹਿੰਦੇ ਤੇਰੇ ਅੰਦਰ ਜੋ ਦਸਵਾ ਦੁਆਰਾ ਗੁਪਤ ਰਖਿਆ ਹੋਇਆ ਹੈ ਜੇ ਉਸ ਦਰਵਾਜੇ ਤੋਂ ਤੂੰ ਪ੍ਰਵੇਸ਼ ਕਰ ਲਵੇ, ਉਸ ਨੂੰ ਸਮਝ ਲਏ ਤਾਂ ਤੂੰ ਉਸ ਮੰਤਵ ਨੂੰ ਹਾਸਲ ਕਰ ਲਏਂਗਾ ਜਿਸ ਦੇ ਵਾਸਤੇ ਤੈਨੂੰ ਮਾਨਸ ਜਨਮ ਮਿਲਿਆ ਹੈ।

*ਬਜਰ ਕਪਾਟ ਨ ਖੁਲਨੀ*
*ਗੁਰ ਸਬਦਿ ਖੁਲੀਜੈ॥ ਅੰਗ – 954*

ਜਦੋਂ ਤੱਕ ਤੈਨੂੰ ਗੁਰੂ ਤੋਂ ਸ਼ਬਦ ਦੀ ਪ੍ਰਾਪਤੀ ਨਹੀਂ ਹੁੰਦੀ ਉਨੀ ਦੇਰ ਤੱਕ ਇਹ ਜਿਹੜੇ ਦਰਵਾਜੇ ਬੰਦ ਨੇ ਜਿਨ੍ਹਾਂ ਨੂੰ ਮਹਾਰਾਜ ਜੀ ਨੇ ਬਜਰ ਕਪਾਟ ਕਿਹਾ ਹੈ। ਇਹ ਪੱਥਰ ਦੇ ਦਰਵਾਜੇ ਨਹੀਂ। ਮਹਾਰਾਜ ਕਹਿੰਦੇ –

*ਦੁਖ ਦਰਵਾਜਾ ਰੋਹੁ ਰਖਵਾਲਾ*
*ਆਸਾ ਅੰਦੇਸਾ ਦੁਇ ਪਟ ਜੜੇ॥*
*ਅੰਗ – 877*

ਖਿਆਲ ਦੇ ਹੀ ਜੜੇ ਹੋਏ ਨੇ ਇਹ ਨਹੀਂ ਖੁਲਦੇ ਜਦੋਂ ਤੱਕ ਕੂੰਜੀ ਗੁਰੂ ਤੋਂ ਨਹੀਂ ਮਿਲਦੀ –

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ*
*ਕੁੰਜੀ ਗੁਰ ਸਉਪਾਈ॥*
*ਅਨਿਕ ਉਪਾਵ ਕਰੇ ਨਹੀ ਪਾਵੈ*
*ਬਿਨੁ ਸਤਿਗੁਰ ਸਰਣਾਈ॥ ਅੰਗ – 205*

ਉਹ ਕੂੰਜੀ ਜਦੋਂ ਤੱਕ ਪ੍ਰਾਪਤ ਨਹੀਂ ਕਰਦਾ ਇਹ ਦਰਵਾਜਾ ਨਹੀਂ ਖੁਲ੍ਹਦਾ। ਜੇ ਦਰਵਾਜਾ ਨਹੀਂ ਖੁਲ੍ਹਦਾ ਉਦੋਂ ਤੱਕ ਦਾਖਲਾ ਨਹੀਂ ਮਿਲਦਾ। ਮਹਾਰਾਜ ਕਹਿੰਦੇ –

*ਬਜਰ ਕਪਾਟ ਨ ਖੁਲਨੀ*
*ਗੁਰ ਸਬਦਿ ਖੁਲੀਜੈ॥ ਅੰਗ – 954*

ਇਸ ਨੂੰ ਗੁਰੂ ਖੁਲ੍ਹਾ ਸਕਦਾ ਹੈ ਹੋਰ ਕੋਈ ਸ਼ਕਤੀ ਦੁਨੀਆਂ ਵਿਚ ਐਸੀ ਨਹੀਂ ਹੈ। ਨਾ ਤਾਂ ਇਹ ਪੜ੍ਹਿਆਂ ਤੇ ਖੁਲ੍ਹਦਾ ਹੈ, ਨਾ ਕਿਸੇ ਹੋਰ ਸਾਧਨ ਨਾਲ

ਖੁਲ੍ਹਦਾ ਹੈ ਨਾ ਇਹ ਤੀਰਥਾ ਤੇ ਨੱਠਣ ਭੱਜਣ ਨਾਲ ਖੁੱਲ੍ਹਦਾ ਹੈ। ਕੋਈ ਤਰੀਕਾ ਨਹੀਂ ਹੈ ਜਦੋਂ ਤੱਕ ਕੁੰਜੀ ਨਹੀਂ ਮਿਲਦੀ, ਓਨੀ ਦੇਰ ਤੱਕ ਇਹ ਦਰਵਾਜਾ ਨਹੀਂ ਖੁਲ੍ਹਿਆ ਕਰਦਾ। ਸੋ ਕੁੰਜੀ ਹੈ ਗੁਰੂ ਦੇ ਹੱਥ ਵਿਚ ਹੈ। ਮਨ ਦਾ ਹਨ੍ਹੇਰਾ ਦੂਰ ਨਹੀਂ ਹੁੰਦਾ। ਸੋ ਮਹਾਰਾਜ ਕਹਿੰਦੇ ਕਿ ਇਹ ਕੰਮ ਹੈ ਗੁਰੂ ਦਾ, ਹੋਰ ਕਿਸੇ ਦਾ ਨਹੀਂ ਹੈ-

*ਘਰ ਮਹਿ ਘਰੁ ਦੇਖਾਇ ਦੇਇ*
*ਸੋ ਸਤਿਗੁਰੁ ਪੁਰਖੁ ਸੁਜਾਣੁ॥*

*ਅੰਗ - 1291*

ਉਸ ਦੇ ਸ਼ਬਦ ਨੇ ਇਸ ਸਰੀਰ ਵਿਚ ਵਾਹਿਗੁਰੂ ਦਾ ਘਰ ਦਿਖਾ ਦੇਣਾ ਹੈ। ਉਹ ਸਤਿਗੁਰੂ ਸੁਜਾਨ ਹੈ ਤੇ ਉਥੇ ਐਵੇਂ ਤਾਂ ਨਹੀਂ ਕਿ ਆਹ ਦੇਖ ਲੈ। ਕਹਿੰਦੇ ਨਹੀਂ ਉਥੇ ਨਿਸ਼ਾਨੀਆਂ ਨੇ ਪ੍ਰਤੱਖ -

*ਪੰਚ ਸਬਦ ਧੁਨਿਕਾਰ ਧੁਨਿ*
*ਤਹ ਬਾਜੈ ਸਬਦੁ ਨੀਸਾਣੁ॥*
*ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ॥*
*ਤਾਰ ਘੋਰ ਬਾਜਿੰਤ੍ਰ ਤਹ*
*ਸਾਚਿ ਤਖਤਿ ਸੁਲਤਾਨੁ॥ ਅੰਗ - 1291*

ਕਹਿੰਦੇ ਐਨਾ ਆਤਮਕ ਸੰਗੀਤ ਹੋ ਰਿਹਾ ਹੈ ਉਥੇ ਕਿ ਦੱਸਿਆ ਨਹੀਂ ਜਾਂਦਾ। ਗੁਰੂ ਨਾਨਕ ਸਾਹਿਬ ਕਹਿੰਦੇ ਨੇ ਕਿ -

*ਹੋਰ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ*
*ਨਾਨਕੁ ਕਿਆ ਵੀਚਾਰੇ॥ ਅੰਗ - 6*

ਇਕ ਤਾਂ ਨਹੀਂ ਗਾ ਰਿਹਾ ਓਸ ਦਰਵਾਜੇ ਦੇ ਉਤੇ ਸਾਰੀ ਪ੍ਰਾਕਿਰਤੀ ਗਾ ਰਹੀ ਹੈ, ਇਕੱਲਾ-ਇਕੱਲਾ ਤੱਤ ਗਾ ਰਿਹਾ ਹੈ, ਇਕੱਲੀਆਂ ਇਕਲੀਆਂ ਮੁਕਤ ਆਤਮਾਵਾਂ ਨੇ, ਉਹ ਗਾ ਰਹੀਆਂ ਹਨ, ਦੇਵਤੇ ਗਾ ਰਹੇ ਨੇ, ਕਰੋੜਾਂ ਬ੍ਰਹਿਮੰਡਾਂ ਦੇ ਜੀਵ ਜੰਤੂ ਗਾ ਰਹੇ ਨੇ। ਕਿੰਨੇ ਕੁ ਦੱਸ ਦੇਈਏ, ਕਹਿੰਦੇ ਸਾਰੇ ਗਾ ਹੀ ਰਹੇ ਨੇ।

ਕਈ ਪ੍ਰੇਮੀਆਂ ਦਾ ਖਿਆਲ ਹੁੰਦਾ ਹੈ ਕਿ ਪ੍ਰਾਕਿਰਤੀ ਵੀ ਗਾਉਂਦੀ ਹੈ? ਮਹਾਰਾਜ ਜੀ ਨੇ ਤਾਂ ਕਹਿ ਦਿੱਤਾ ਕਿ ਅੱਗ ਵੀ ਗਾਉਂਦੀ ਹੈ, ਪੌਣ ਵੀ ਗਾਉਂਦੀ ਹੈ ਲੇਕਿਨ ਅੰਦਰ ਜਦੋਂ ਸੋਝੀ ਜਾਗ ਪੈਂਦੀ ਹੈ ਤਾਂ ਉਸ ਨੂੰ ਪਤਾ ਲੱਗ ਜਾਂਦਾ ਹੈ ਕਿ ਸ਼ਬਦ ਦੇ ਨਾਲ ਹੀ ਸਾਰਾ ਸੰਸਾਰ ਖੜ੍ਹਾ ਹੈ-

*ਨਾਮ ਕੇ ਧਾਰੇ ਸਗਲੇ ਜੰਤ॥*
*ਨਾਮ ਕੇ ਧਾਰੇ ਖੰਡ ਬ੍ਰਹਮੰਡ॥*
*ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ॥*
*ਨਾਮ ਕੇ ਧਾਰੇ ਸੁਨਨ ਗਿਆਨ ਧਿਆਨੁ॥*

*ਅੰਗ - 284*

ਸਾਰੀਆਂ ਚੀਜ਼ਾਂ ਨਾਮ ਨੇ ਧਾਰੀਆਂ ਹੋਈਆਂ ਨੇ -

*ਪ੍ਰਥਮ ਓਅੰਕਾਰ ਤਿਨ ਕਹਾ*
*ਸੋ ਧੁਨ ਪੂਰ ਜਗਤ ਮੋ ਰਹਾ॥*

ਉਸ ਨੇ ਧਾਰਨ ਕੀਤਾ ਹੋਇਆ ਹੈ ਸਾਰੇ ਬ੍ਰਹਿਮੰਡਾਂ ਨੂੰ, ਉਹ ਸੰਗੀਤ ਹਰੇਕ ਚੀਜ਼ ਦੇ ਅੰਦਰ ਹੈ ਤੇ ਭਾਗਾਂ ਵਾਲੇ ਨੇ ਜਿਨ੍ਹਾਂ ਨੂੰ ਉਹ ਸੁਣਦਾ ਹੈ। ਐਸੇ ਮਹਾਤਮਾ ਦੀਆਂ ਬਹੁਤ ਸਾਰੀਆਂ ਕਥਾਵਾਂ ਨੇ ਜਿਨ੍ਹਾਂ ਨੇ ਅਨੁਭਵ ਕਰਕੇ ਲਿਖਿਆ ਹੈ ਕਿ ਮੈਂ ਹੈਰਾਨ ਰਹਿ ਗਿਆ ਦਰਖਤ ਵੀ ਗਾ ਰਹੇ ਨੇ, ਪਾਣੀ ਵੀ ਗਾ ਰਿਹਾ ਹੈ, ਅੱਗ ਵੀ ਗਾ ਰਹੀ ਹੈ। ਸੋ ਮਹਾਰਾਜ ਕਹਿੰਦੇ ਉਥੇ-

*ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ*
*ਸੁਲਤਾਨੁ॥*

*ਸੁਖਮਨ ਕੈ ਘਰਿ ਰਾਗੁ ਸੁਨਿ*
*............॥ ਅੰਗ - 1291*

ਹੁਣ ਦੱਸ ਦਿੱਤਾ ਮਹਾਰਾਜ ਨੇ ਕਿ ਤੇਰੇ ਸਰੀਰ ਦੇ ਅੰਦਰ ਇਕ ਐਸੀ ਥਾਂ ਹੈ ਜਿਸ ਨੂੰ ਸੁਖਮਨ ਕਹਿੰਦੇ ਨੇ ਇੜਾ, ਪਿੰਗਲਾ ਤੇ ਸੁਖਮਨਾ। ਸੁਖਮਨ ਦੇ ਘਰ ਵਿਚ ਜਦੋਂ ਤੂੰ ਪ੍ਰਵੇਸ਼ ਕਰ ਜਾਏਂਗਾ ਉਸ ਵੇਲੇ ਤੈਨੂੰ ਆਤਮਕ ਸੰਗੀਤ ਸੁਣੇਗਾ -

*............ ਸੁੰਨਿ ਮੰਡਲਿ ਲਿਵ ਲਾਇ॥*
*ਅੰਗ - 1291*

ਨਾਲੇ ਦੱਸ ਦਿੱਤਾ ਕਿ ਉਥੇ ਕੋਈ ਫੁਰਨਾ ਨਹੀਂ, ਇਕ ਐਸਾ ਥਾਂ ਹੈ ਤੇਰੇ ਅੰਦਰ ਜਿਥੇ ਫੁਰਨਾ ਨਹੀਂ ਜਿਸ ਨੂੰ ਗਗਨ ਮੰਡਲ ਕਹਿੰਦੇ ਨੇ। ਉਸ ਦੇ ਵਿਚ ਲਿਵ ਲਾ ਕੇ ਸੁਣ।

*ਅਕਥ ਕਥਾ ਬੀਚਾਰੀਐ.........॥*
*ਅੰਗ - 1291*

ਉਥੇ ਫੇਰ ਉਹ ਕਥਾ ਜਿਹੜੀ ਕਹੀ ਨਹੀਂ ਜਾਂਦੀ, ਦੱਸੀ ਨਹੀਂ ਜਾਂਦੀ ਉਸ ਦੀ ਵਿਚਾਰ ਕਰ।

*............ ਮਨਸਾ ਮਨਹਿ ਸਮਾਇ॥*
*ਅੰਗ-1291*

ਸਾਰੀਆਂ ਵਾਸ਼ਨਾਵਾਂ ਖੈ ਹੋ ਜਾਣਗੀਆਂ, ਮਨੋ ਨਾਸ਼ ਵਾਸ਼ਨਾ ਖੈ-ਤੱਤ ਗਿਆਨ ਦਾ ਪ੍ਰਕਾਸ਼ ਹੋ ਜਾਏਗਾ।

*ਉਲਟਿ ਕਮਲੁ ਅੰਮ੍ਰਿਤਿ ਭਰਿਆ*
*ਇਹੁ ਮਨੁ ਕਤਹੁ ਨ ਜਾਇ॥*

*ਅੰਗ - 1291*

ਮਹਾਨ ਰਸ ਤੇਰੇ ਅੰਦਰ ਭਰ ਜਾਏਗਾ, ਮਨ ਫੇਰ ਉਸ ਨੂੰ ਛੱਡ ਕੇ ਨਹੀਂ ਜਾਏਗਾ, ਉਸ ਸੰਗੀਤਕ ਧੁਨੀ ਦੇ ਨਾਲ ਪਰਚ ਜਾਏਗਾ।

*ਅਜਪਾ ਜਾਪ ਨ ਵਿਸਰੈ*
*ਆਦਿ ਜੁਗਾਦਿ ਸਮਾਇ॥ ਅੰਗ - 1291*

ਫੇਰ ਵਾਹਿਗੁਰੂ ਵਿਸਰਦਾ ਨਹੀਂ ਜਾਪ ਤੋਂ ਬਿਨਾ ਹੀ ਜਪਿਆ ਜਾਂਦਾ ਹੈ। ਅੱਖਾਂ ਵੀ ਜਪਦੀਆਂ ਨੇ, ਕੰਨ ਵੀ ਜਪਦੇ ਨੇ, ਸਾਰੇ ਸਰੀਰ ਦਾ ਰੋਮ-ਰੋਮ ਜਪਦਾ ਹੈ।

*ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ॥*
*ਅੰਗ - 941*

ਗੁਰਮੁਖ ਦੇ ਰਾਹੀਂ 'ਨਿਜ ਘਰ' ਦਾ ਵਾਸਾ ਮਿਲ ਗਿਆ।

ਕਹਿੰਦੇ ਸ਼ਬਦ ਦੀ ਖੋਜ ਕਰਨ ਦੇ ਨਾਲ ਇਸ ਘਰ ਦੀ ਪ੍ਰਾਪਤੀ ਹੁੰਦੀ ਹੈ ਤੇ ਉਸ ਦੀ ਕਿੱਡੀ ਵੱਡੀ ਮਹਾਨਤਾ ਹੋ ਜਾਂਦੀ ਹੈ -

*ਨਾਨਕੁ ਤਾ ਕਾ ਦਾਸੁ ਹੈ*
*ਸੋਈ ਨਿਰੰਜਨ ਦੇਉ॥ ਅੰਗ - 469*

ਸੋ ਮਹਾਰਾਜ ਕਹਿੰਦੇ ਜਦੋਂ ਤੱਕ ਸਮਰੱਥ ਗੁਰੂ ਦਾ ਮੇਲ ਨਹੀਂ ਹੁੰਦਾ ਉਨੀ ਦੇਰ ਤੱਕ ਅੰਦਰ ਨਹੀਂ ਖੁਲ੍ਹਿਆ ਕਰਦਾ। ਸੋ ਜਦੋਂ ਉਹ ਖੁੱਲ ਗਿਆ ਤਾਂ -

*ਅਨਹਦ ਵਾਜੇ ਧੁਨਿ ਵਜਦੇ*
*ਗੁਰ ਸਬਦਿ ਸੁਣੀਜੈ॥*
*ਤਿਤੁ ਘਟ ਅੰਤਰਿ ਚਾਨਣਾ*
*ਕਰਿ ਭਗਤਿ ਮਿਲੀਜੈ॥*
*ਸਭ ਮਹਿ ਏਕੁ ਵਰਤਦਾ ............॥*
*ਅੰਗ - 954*

ਜਦੋਂ ਪ੍ਰਕਾਸ਼ ਹੋ ਗਿਆ ਫੇਰ ਭਰਮ ਹਟ ਗਿਆ। ਬਿਰਤੀ ਹੋਰ ਹੋ ਜਾਂਦੀ ਹੈ, ਲੋਕ ਉਸ ਨੂੰ ਕਹਿੰਦੇ ਨੇ ਕਿ ਆਏਂ ਚੱਲ ਜਿਵੇਂ ਅਸੀਂ ਚਲਦੇ ਹਾਂ।

ਉਹ ਕਹਿੰਦਾ ਨਹੀਂ ਤੁਸੀਂ ਤਾਂ ਸਾਰੇ ਹੀ ਅੰਨੇ ਹੋ, ਤੁਹਾਨੂੰ ਪਤਾ ਹੀ ਨਹੀਂ ਹੈ। ਇਥੇ ਤਾਂ ਇਕੋ ਹੀ ਵਾਹਿਗੁਰੂ ਹੈ ਹੋਰ ਹੈ ਹੀ ਨਹੀਂ, ਘਟ ਘਟ ਦੇ ਵਿਚ ਓਹੀ ਵਿਆਪਕ ਹੈ, ਮੈਨੂੰ ਹੋਰ ਅੱਖ ਮਿਲ ਗਈ, ਜਿਹੜੀ ਮੇਰੇ ਕੋਲ ਤੁਹਾਡੇ ਵਾਲੀ ਅੱਖ ਸੀ ਉਹ ਹੁਣ ਬੰਦ ਹੋ ਗਈ-

*ਗੁਰਹਿ ਦਿਖਾਇਓ ਲੋਇਨਾ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ॥ ਅੰਗ - 953*

*ਸਭ ਮਹਿ ਏਕੁ ਵਰਤਦਾ*
*ਜਿਨਿ ਆਪੇ ਰਚਨ ਰਚਾਈ॥ਅੰਗ - 954*

ਇਹ ਹੈ ਜਿਹੜਾ ਏਸ ਥਾਂ ਨਾ ਪਹੁੰਚਣਾ, ਵਾਹਿਗੁਰੂ ਨੂੰ ਭੁਲਣਾ, ਮਹਾਰਾਜ ਕਹਿੰਦੇ ਤੇਰਾ ਜਨਮ ਬਿਰਥਾ ਜਾ ਰਿਹਾ ਹੈ। ਉਹ ਤੇਰੇ ਅੰਦਰ ਹੈ, ਬਾਹਰ ਨਹੀਂ ਹੈ ਕਿਤੇ ਵੀ ਬਾਹਰ ਨਾ ਢੂੰਡਣ ਜਾਈਂ, ਅੰਦਰੋਂ ਟੋਲ੍ਹ -

*ਬਾਹਰਿ ਢੂਢਨ ਤੇ ਛੂਟਿ ਪਰੇ*
*ਗੁਰਿ ਘਰ ਹੀ ਮਾਹਿ ਦਿਖਾਇਆ ਥਾ॥*
*ਅੰਗ - 1002*

ਜਦੋਂ ਘਰ ਵਿਚ ਦੇਖ ਲਿਆ ਮਹਾਰਾਜ ਕਹਿੰਦੇ ਫੇਰ ਤੇਰੇ ਅੰਦਰ ਹੀ ਨਹੀਂ ਹੈ ਸਗੋ -

*ਕਾਹੇ ਰੇ ਬਨ ਖੋਜਨ ਜਾਈ॥*
*ਸਰਬ ਨਿਵਾਸੀ ਸਦਾ ਅਲੇਪਾ*
*ਤੋਹੀ ਸੰਗਿ ਸਮਾਈ॥*
*ਪੁਹਪ ਮਧਿ ਜਿਉ ਬਾਸੁ ਬਸਤੁ ਹੈ*
*ਮੁਕਰ ਮਾਹਿ ਜੈਸੇ ਛਾਈ॥*
*ਤੈਸੇ ਹੀ ਹਰਿ ਬਸੇ ਨਿਰੰਤਰਿ*
*ਘਟ ਹੀ ਖੋਜਹੁ ਭਾਈ॥*
*ਬਾਹਰਿ ਭੀਤਰਿ ਏਕੋ ਜਾਨਹੁ*
*ਇਹੁ ਗੁਰ ਗਿਆਨੁ ਬਤਾਈ॥*
*ਅੰਗ - 684*

ਬਾਹਰ ਵੀ ਓਹੀ ਹੈ -

*ਜਹ ਜਹ ਪੇਖਉ ਤਹ ਹਜੂਰਿ*
*ਦੂਰਿ ਕਤਹੁ ਨ ਜਾਈ॥*
*ਰਵਿ ਰਹਿਆ ਸਰਬਤ੍ਰ ਮੈ*
*ਮਨ ਸਦਾ ਧਿਆਈ॥*
*ਈਤ ਊਤ ਨਹੀ ਬੀਛੁੜੈ*
*ਸੋ ਸੰਗੀ ਗਨੀਐ॥ ਅੰਗ - 677*

ਫੇਰ ਉਹ ਤਾਂ ਨਾਲ ਹੀ ਲੱਭ ਗਿਆ। ਗੱਲ ਕੀ ਹੈ ਕਿ ਇਸ ਦੀ ਜੋ ਅੱਖ ਹੈ ਉਹ ਅੰਨੀ ਹੈ ਇਸ ਨੂੰ ਹੋਰ ਸੁਖਾਲਾ ਕਰਕੇ ਕਹੀਏ ਤਾਂ ਮਹਾਰਾਜ ਕਹਿੰਦੇ ਕਿ ਹਉਮੈ ਦਾ ਇਕ ਜਜ਼ਬਾ ਹੈ ਜੋ ਅਕਾਲ ਪੁਰਖ ਨੇ ਸੰਸਾਰ ਪੈਦਾ ਕਰਨ ਵੇਲੇ ਆਪਣੇ ਤੋਂ ਅਲਹਿਦਾ ਵੱਖਰਾ ਰਚ ਦਿੱਤਾ। ਹੈ ਉਸੇ ਦਾ ਅੰਸ਼ ਲੇਕਿਨ ਖੇਲ੍ਹ ਨਹੀਂ ਸੀ ਹੁੰਦੀ-

*ਏਕ ਮੂਰਤਿ ਅਨੇਕ ਦਰਸਨ*
*ਕੀਨ ਰੂਪ ਅਨੇਕ॥*
*ਖੇਲ ਖੇਲ ਅਖੇਲ ਖੇਲਨ*
*ਅੰਤ ਕੋ ਫਿਰ ਏਕ॥ ਜਾਪੁ ਸਾਹਿਬ*
*ਆਪੀਨੈ ਆਪੁ ਸਾਜਿਓ*
*ਆਪੀਨੈ ਰਚਿਓ ਨਾਉ॥*
*ਦੁਯੀ ਕੁਦਰਤਿ ਸਾਜੀਐ ..........॥*
*ਅੰਗ - 464*

ਉਹ ਕੁਦਰਤ ਜਿਹੜੀ ਸਾਜੀ ਉਸ ਦੇ ਵਿਚ ਸਭ ਤੋਂ ਪਹਿਲਾਂ ਹਉਮੈ ਦਾ ਤੱਤ ਪੈਦਾ ਕੀਤਾ। ਹਉਮੈ ਦੇ ਵਿਚੋਂ 5 ਮਹਾਂਭੂਤ ਪੈਦਾ ਹੋਏ। ਸ਼ਬਦ, ਸਪਰਸ਼, ਰੂਪ,

ਰਸ, ਗੰਧ। ਇਨ੍ਹਾਂ ਦੇ ਵਿਚੋਂ 5 ਤੱਤ ਪੈਦਾ ਹੋਏ, ਪੰਜਾਂ ਤੱਤਾਂ ਤੋਂ ਸ੍ਰਿਸ਼ਟੀ ਅੱਗੇ ਚੱਲ ਪਈ ਤੇ ਇਸ ਦਾ ਮੂਲ ਹੈ ਹਉਮੈ।

ਸਿੱਧਾ ਨੇ ਪੁਛਿਆ, ਹੇ ਨਾਨਕ! ਤੂੰ ਇਹ ਕਹਿੰਦਾ ਹੈਂ ਕਿ ਇਥੇ ਵਾਹਿਗੁਰੂ ਤੋਂ ਬਿਨਾ ਹੋਰ ਕੋਈ ਨਹੀਂ, ਫੇਰ ਸੰਸਾਰ ਕਿਵੇਂ ਬਣ ਗਿਆ?"

ਮਹਾਰਾਜ ਕਹਿੰਦੇ, "ਗੋਰਖ ਨਾਥ! ਸੰਸਾਰ ਹੈ ਤਾਂ ਵਾਹਿਗੁਰੂ ਲੇਕਿਨ ਹਉਮੈ ਦੇ ਤੱਤ ਨੇ ਇਸ ਵਾਹਿਗੁਰੂ ਨੂੰ ਭੁਲਾ ਦਿੱਤਾ ਤੇ ਇਸ ਨੂੰ ਸੰਸਾਰ ਬਣਾ ਦਿੱਤਾ।"

ਉਹ ਨਹੀਂ ਹਟਦਾ, ਨਾ ਗੱਲਾਂ ਨਾਲ ਹਟਦਾ ਹੈ, ਨਾ ਪੜ੍ਹਿਆ ਤੋਂ ਹਟਦਾ ਹੈ, ਨਾ ਤੀਰਥ ਨਾਤਿਆ ਤੋਂ ਹਟਦਾ ਹੈ ਇਹ ਖਿਆਲ ਲਹਿ ਨਹੀਂ ਸਕਦਾ ਇਸ ਨੂੰ ਅਗਿਆਨ ਦਾ ਖਿਆਲ ਕਹਿੰਦੇ ਨੇ। ਜਿੰਨਾ ਕਿਸੇ ਦਾ ਜ਼ੋਰ ਲਗਦਾ ਹੈ ਲਾ ਕੇ ਦੇਖ ਲਓ ਫਰਕ ਨਹੀਂ ਪੈਂਦਾ। ਜਦੋਂ ਤੱਕ ਪ੍ਰਤੱਖ ਗਿਆਨ ਨਹੀਂ ਹੁੰਦਾ।

ਸੋ ਕਹਿੰਦੇ –

*ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ*
*ਕਿਤੁ ਕਿਤੁ ਦੁਖਿ ਬਿਨਸਿ ਜਾਈ॥*

*ਅੰਗ – 946*

ਕਹਿੰਦੇ, "ਹੇ ਨਾਨਕ! ਕਿਸ ਤਰ੍ਹਾਂ ਇਹ ਸੰਸਾਰ ਪੈਦਾ ਹੋ ਗਿਆ ਤੇ ਨਾਲੇ ਦੁਖ ਦਾ ਖਾਤਮਾ ਕਿਵੇਂ ਹੋਵੇ?"

ਮਹਾਰਾਜ ਕਹਿੰਦੇ –

*ਹਉਮੈ ਵਿਚਿ ਜਗੁ ਉਪਜੈ ਪੁਰਖਾ ....॥*

*ਅੰਗ – 946*

ਇਹ ਹਉਮੈ ਦੀ ਅੰਸ਼ ਕਰਕੇ ਇਕ ਹਨ੍ਹੇਰਾ ਪੈ ਗਿਆ ਤੇ ਹਨ੍ਹੇਰੇ ਨੇ ਅਣਹੋਈ ਚੀਜ਼ ਦਿਖਾ ਦਿੱਤੀ। ਰੱਸੀ ਪਈ ਹੈ ਹਨ੍ਹੇਰੇ ਵਿਚ ਲੇਕਿਨ ਲੱਗਿਆ ਕਿ ਸੱਪ ਪਿਆ ਹੈ। ਸਾਰੀ ਰਾਤ ਡਰੀ ਗਿਆ, ਜਦੋਂ ਚਾਨਣਾ ਹੋਇਆ ਤਾਂ ਓਸ ਵੇਲੇ ਪਤਾ ਲੱਗਿਆ –

*ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ*
*ਅਬ ਕਛੁ ਮਰਮੁ ਜਨਾਇਆ॥*

*ਅੰਗ – 658*

ਕਹਿੰਦੇ ਪਤਾ ਹੀ ਨਹੀਂ ਸੀ ਲੱਗਿਆ। ਸਾਰੀ ਰਾਤ ਡਰਦੇ ਰਹੇ, ਜਦੋਂ ਚਾਨਣਾ ਹੋ ਗਿਆ ਤਾਂ ਪਤਾ ਲਗਿਆ ਕਿ ਇਹ ਤਾਂ ਰੱਸੀ ਹੈ ਰੱਸੀ ਵਿਚ ਤਾਂ ਸੱਪ ਕਦੇ ਹੋ ਹੀ ਨਹੀਂ ਸਕਦਾ, ਰੱਸੀ ਤਾਂ ਰੱਸੀ ਹੈ ਉਹ ਅਣਹੋਈ ਚੀਜ਼ ਹੋ ਗਈ।

ਰੜ੍ਹੇ ਮੈਦਾਨ ਦੇ ਅੰਦਰ ਦਰਿਆ ਚਲਦਾ ਲਗਦਾ ਹੈ। ਜਦੋਂ ਕੋਲ ਜਾ ਕੇ ਦੇਖਦਾ ਹੈ ਤਾਂ ਅੱਗੇ, ਫੇਰ ਇਵੇਂ ਹੀ ਲਗਦਾ ਹੈ। ਮ੍ਰਿਗ (ਹਿਰਨ) ਜਿਹੜਾ ਹੈ ਉਹ ਨੱਠ ਨੱਠ ਕੇ ਮਰ ਜਾਂਦਾ ਹੈ ਉਹ ਪਾਣੀ ਨਹੀਂ ਹੁੰਦਾ। ਸੋ ਅਣਹੋਈ ਚੀਜ਼ ਨਜ਼ਰ ਆਉਂਦੀ ਹੈ ਕਿਉਂਕਿ ਦੋਸ਼ ਪੈ ਗਿਆ। ਅੱਖ ਦੇ ਕੋਏ ਵਿਚ ਉਗਲੀ ਦੇ ਕੇ ਚੰਦਰਮਾ ਵੱਲ ਝਾਕੋ ਦੋ ਚੰਦਰਮਾ ਲੱਗਣਗੇ। ਜੇ ਫਰਕ ਪੈ ਜਾਵੇ ਪੱਕਾ ਉਹ ਕਹੇਗਾ ਕਿ ਦੋ ਚੰਦ ਨੇ, ਅਸੀਂ ਕਹਾਂਗੇ ਇਕ ਹੈ, ਫਰਕ ਕਿਥੇ ਪੈ ਗਿਆ ਨਿਗ੍ਹਾ 'ਚ ਪੈ ਗਿਆ।

ਸੋ ਮਹਾਰਾਜ ਕਹਿੰਦੇ ਇਸੇ ਤਰ੍ਹਾਂ ਨਾਲ ਹਉਮੈ ਤੱਤ ਨੇ ਇਸ ਨੂੰ ਪਰਮੇਸ਼ਰ ਦੇ ਨਾਲੋਂ ਤੋੜ ਕੇ ਜੀਵ ਬਣਾ ਦਿੱਤਾ। ਜੀਵ ਵੀ ਬਣਿਆ ਰਹੇ ਫੇਰ ਵੀ ਚੰਗਾ ਹੈ, ਇਹ ਸਰੀਰ ਬਣ ਗਿਆ। ਜਦੋਂ ਸਰੀਰ ਬਣਿਆ ਤਾਂ ਸਰੀਰ ਦੇ ਕੰਮਾਂ ਵਿਚ ਇਹ ਐਨਾ ਗੁਆਚ ਗਿਆ ਕਿ ਹੁਣ ਇਸ ਲਹਿਰ ਵਿਚੋਂ ਨਿਕਲ ਨਹੀਂ ਸਕਦਾ, ਕੋਈ ਤਰੀਕਾ ਨਹੀਂ ਹੈ। ਸੋ ਮਹਾਰਾਜ ਕਹਿੰਦੇ –

*ਪਾਵਕ ਸਾਗਰ ਅਥਾਹ ਲਹਰਿ ਮਹਿ*
*ਤਾਰਹੁ ਤਾਰਨਹਾਰੇ॥* *ਅੰਗ – 613*

ਹੇ ਵਾਹਿਗੁਰੂ ਜੀ! ਐਨਾ ਫਸ ਗਏ ਹਾਂ ਅਸੀਂ ਅੰਧਕਾਰ ਦੇ ਅੰਦਰ, ਅੱਗ ਦੇ ਸਮੁੰਦਰ ਦੇ ਅੰਦਰ ਜਿਸ ਦੀਆਂ ਲਹਿਰਾਂ ਦਾ ਹੀ ਨਹੀਂ ਪਤਾ, ਲੰਘਣ ਨਹੀਂ ਦਿੰਦੀਆਂ। ਤੇਰੀ ਕਿਰਪਾ ਤੋਂ ਬਗੈਰ ਅਸੀਂ ਨਹੀਂ ਲੰਘ ਸਕਦੇ।

*ਵਾਹਿਗੁਰੂ ਜੀ ਕਾ ਖਾਲਸਾ॥*

*ਵਾਹਿਗੁਰੂ ਜੀ ਕੀ ਫਤਹਿ॥*

# ਫਿਰਤ ਫਿਰਤ ਬਹੁਤੇ ਜੁਗ ਹਾਰਿਓ

ਸਾਧ ਸੰਗਤ ਜੀ!

*ਵਾਹਿਗੁਰੂ ਜੀ ਕਾ ਖਾਲਸਾ॥*
*ਵਾਹਿਗੁਰੂ ਜੀ ਕੀ ਫਤਹਿ॥*

ਅੰਮ੍ਰਿਤ ਵੇਲੇ ਤੋਂ ਆਪ ਹਰੀ ਜਸ ਸਰਵਣ ਕਰ ਰਹੇ ਸੀ। ਉਪਰੰਤ ਗੁਰੂ ਮਹਾਰਾਜ ਜੀ ਨੇ ਹੁਕਮਨਾਮਾ ਜੋ ਸਾਨੂੰ ਬਖਸ਼ਿਆ ਹੈ ਉਸ ਦੇ ਅੰਦਰ ਫੁਰਮਾਨ ਕਰਿਆ ਹੈ ਕਿ ਗੁਰੂ ਦੀ ਮੇਰੇ ਉਪਰ ਕਿਰਪਾ ਹੋ ਗਈ, ਉਸ ਨੇ ਭੁੱਲੇ ਹੋਏ ਨੂੰ ਰਸਤੇ ਪਾ ਦਿੱਤਾ। ਅਖੀਰਲੀਆਂ ਤੁਕਾਂ ਵਿੱਚ ਜਾ ਕੇ ਗੁਰੂ ਮਹਾਰਾਜ ਫੇਰ ਫੁਰਮਾਨ ਕਰਦੇ ਨੇ ਕਿ ਅੱਗ ਦੇ ਸਮੁੰਦਰ ਵਿਚ ਸੰਸਾਰ ਗੋਤੇ ਖਾ ਰਿਹਾ ਸੀ, ਜਿਸ ਵਿਚੋਂ ਨਿਕਲਣ ਦਾ ਕੋਈ ਸਾਧਨ ਨਹੀਂ ਸੀ ਪਰ ਗੁਰੂ ਨੇ ਐਨੀ ਕਿਰਪਾ ਕਰੀ ਕਿ ਮੈਨੂੰ ਬਾਂਹ ਫੜ ਕੇ ਕੱਢ ਲਿਆ। ਹੁਣ ਇਹ ਵਿਚਾਰ ਹੈ ਕਿ ਕਿਹੜੇ ਰਸਤੇ ਪੈ ਕੇ ਅਸੀਂ ਭੁੱਲ ਗਏ ਸੀ? ਫੇਰ ਅੱਗ ਦਾ ਸਾਗਰ ਕੀ ਹੈ ਤੇ ਗੁਰੂ ਨੇ ਕਿਵੇਂ ਬਾਹ ਫੜੀ? ਅੱਖਰਾਂ ਦੇ ਅਰਥ ਬੜੇ ਸੁਖਾਲੇ ਨੇ ਲੇਕਿਨ ਜਦੋਂ ਅਸੀਂ ਦੇਖਦੇ ਹਾਂ ਕਿ ਅਸੀਂ ਭੁੱਲੇ ਹੋਏ ਸੀ ਤਾਂ ਇਸ ਦੇ ਉੱਤੇ ਸਾਡਾ ਵਿਸ਼ਵਾਸ ਨਹੀਂ ਆਉਂਦਾ। ਅਸੀਂ ਕਹਿੰਦੇ ਕਿ ਅਸੀਂ ਤਾਂ ਜਾਣਦੇ ਹਾਂ, ਔਖੇ ਤੋਂ ਔਖਾ ਰਸਤਾ ਸਾਨੂੰ ਪਤਾ ਹੈ ਤੇ ਅੱਜ ਦਾ ਇਨਸਾਨ ਦੂਰ-ਦੂਰ ਦੇ ਤਾਰੇ ਸਿਤਾਰਿਆਂ ਦੇ ਰਾਹ ਜਾਣਦਾ ਹੈ। ਹਵਾਈ ਜਹਾਜ਼ ਤੇ ਚੜ੍ਹਦਾ ਹੈ, ਕੋਈ ਨਿਸ਼ਾਨੀ ਨਹੀਂ ਹੁੰਦੀ, ਚਾਹੇ ਧੁੰਦ ਹੋਵੇ, ਬੱਦਲ ਹੋਣ, ਆਪਣੇ ਸਹੀ ਟਿਕਾਣੇ ਤੇ ਪਹੁੰਚ ਜਾਂਦਾ ਹੈ। ਡੁਬਕਣੀਆਂ ਕਿਸ਼ਤੀਆਂ ਸਮੁੰਦਰ ਵਿੱਚ ਗੋਤਾ ਮਾਰ ਕੇ ਜਿਥੇ ਜਾਣਾ ਚਾਹੁੰਦੀਆਂ ਨੇ ਉਥੇ ਹੀ ਪਹੁੰਚ ਜਾਂਦੀਆਂ ਨੇ। ਹੁਣ ਤਾਂ ਬੜੇ ਸੁਖਾਲੇ ਸਾਧਨ ਹੋਏ ਹੋਏ ਨੇ ਰਾਹ ਟੋਲ੍ਹਣ ਦੇ ਉਤਰੀ ਧਰੂ ਨੂੰ ਸਾਹਮਣੇ ਰਖਦੇ ਨੇ ਕੰਪਾਸ ਦੁਆਰਾ ਤੇ ਡਿਗਰੀਆਂ ਮਿਣ ਲੈਂਦੇ ਨੇ ਤੇ ਉਸ ਤਰ੍ਹਾਂ ਦੇ ਨਾਲ ਪਹੁੰਚ ਜਾਂਦੇ ਨੇ। ਕੀ ਏਸ ਤੋਂ ਵੀ ਕੋਈ ਹੋਰ ਔਖਾ ਰਸਤਾ ਸੀ ਜਿਹੜਾ ਅਸੀਂ ਭੁੱਲ ਗਏ ਜਿਹੜਾ ਰਾਹ ਸਾਨੂੰ ਲੱਭਦਾ ਨਹੀਂ ਸੀ ਕਿਤੇ। ਇਹ ਗੱਲ ਜੇ ਸਾਡੇ ਵਿਚਾਰ ਵਿੱਚ ਬੈਠ ਜਾਵੇ ਤਾਂ ਇਸ ਨੂੰ ਮੁਲਾਂਕਣ ਕਰ ਸਕਦੇ ਹਾਂ, ਨਹੀਂ ਤਾਂ ਇਹ ਅੱਖਰ ਬਣ ਕੇ ਰਹਿ ਜਾਂਦੇ ਨੇ। ਮਹਾਰਾਜ ਕਹਿੰਦੇ ਤੈਨੂੰ ਅਰਬਾਂ ਖਰਬਾਂ ਸਾਲ ਹੋ ਗਏ ਭੁੱਲੇ ਫਿਰਦੇ ਨੂੰ ਟੱਕਰਾਂ ਮਾਰਦੇ ਨੂੰ, ਰੋਂਦੇ-ਕੁਰਲਾਂਦੇ ਨੂੰ, ਦੁਖੀ ਹੁੰਦੇ ਨੂੰ ਤੇ ਭੁੱਲ ਵਿੱਚ ਪਿਆ ਹੋਇਆ ਤੂੰ ਕਿਹੋ ਜਿਹੀਆਂ ਥਾਵਾਂ ਤੇ ਜਾ ਵੜਦਾ ਹੈਂ-

*ਕਈ ਜਨਮ ਭਏ ਕੀਟ ਪਤੰਗਾ॥*
*ਕਈ ਜਨਮ ਗਜ ਮੀਨ ਕੁਰੰਗਾ॥*
*ਅੰਗ - 176*

ਕੀੜੇ ਤੇ ਪਤੰਗਿਆਂ ਦੇ ਸਰੀਰਾਂ ਵਿੱਚ ਜਾ ਵੜਦਾ ਹੈਂ, ਹਾਥੀ, ਹਿਰਨ, ਬਲਦ, ਪੱਥਰਾਂ ਦੇ, ਦਰਖਤਾਂ ਦੇ ਸਰੀਰਾਂ ਵਿਚ ਤੂੰ ਭਟਕ ਰਿਹਾ ਹੈਂ, ਬਾਰ-ਬਾਰ ਭਟਕ ਰਿਹਾ ਹੈਂ ਕੋਈ ਕਿਨਾਰਾ ਨਹੀਂ ਲਗਦਾ, ਕਿੰਨੇ ਚੱਕਰ ਖਾ ਚੁਕਿਆਂ ਹੈਂ ਇਸ ਗੱਲ ਦਾ ਕੋਈ ਅੰਦਾਜਾ ਨਹੀਂ ਹੈ ਕਿਉਂਕਿ ਜੇ ਇਸ ਗੱਲ ਦਾ ਪਤਾ ਹੋਵੇ ਕਿ ਫਲਾਣੇ ਸੰਮਤ ਵਿੱਚ ਦੁਨੀਆਂ ਬਣੀ ਹੈ, ਐਨਾ ਚਿਰ ਹੋ ਗਿਆ ਏਸ ਨੂੰ ਬਣੀ ਨੂੰ, ਜੇ ਕਿਸੇ ਨੇ ਗਿਣਤੀ ਰਖੀ ਹੋਵੇ ਫੇਰ ਤਾਂ ਸਾਨੂੰ ਕੁਝ ਅੰਦਾਜਾ ਹੋ ਜਾਵੇ ਲੇਕਿਨ ਮਹਾਰਾਜ ਕਹਿੰਦੇ, ਇਹ ਕੋਈ ਨਹੀਂ ਜਾਣਦਾ-

*ਜਾ ਕਰਤਾ ਸਿਰਠੀ ਕਉ ਸਾਜੇ*
*ਆਪੇ ਜਾਣੈ ਸੋਈ॥ ਅੰਗ - 4*

ਕਦੋਂ ਪਸਾਰਾ ਹੋਇਆ? ਕਿੰਨੇ ਸਾਲ ਹੋ ਗਏ? ਕੰਮਪਿਊਟਰ ਦੇ ਨਾਲ ਉਮਰਾਂ ਮਿਣਦੇ ਨੇ ਕਿ ਆਹ ਧਰਤੀ ਕਿੰਨੀ ਕੁ ਪੁਰਾਣੀ ਹੈ। ਧਰਤੀਆਂ ਦਾ ਕੋਈ ਹਿਸਾਬ ਹੀ ਨਹੀਂ ਕਿ ਕਿੰਨੀਆਂ ਕੁ ਨੇ, ਗਿਣਤੀ-ਮਿਣਤੀ ਤੋਂ ਬਾਹਰ ਹੈ। ਮਹਾਰਾਜ ਕਹਿੰਦੇ ਦੇਖੀਂ ਕਿਤੇ ਗਿਣਨ ਨਾ ਲੱਗ ਜਾਈਂ ਜਿਥੇ ਜਾ ਕੇ ਰੁਕ ਜਾਏਗਾ ਉਸ ਤੋਂ ਅੱਗੇ ਫੇਰ ਨੇ -

*ਲੇਖਾ ਹੋਇ ਤ ਲਿਖੀਐ*
*ਲੇਖੈ ਹੋਇ ਵਿਣਾਸੁ॥ ਅੰਗ - 5*

ਇਹ ਵੀ ਪਤਾ ਨਹੀਂ ਕਿ ਅਸੀਂ ਪਹਿਲਾਂ ਧਰਤੀ ਤੇ ਘੁੰਮਦੇ ਰਹੇ ਹਾਂ ਜਾਂ ਹੋਰ ਗ੍ਰਹਿਆਂ ਤੇ ਘੁੰਮਦੇ ਰਹੇ ਹਾਂ ਜਾਂ ਅਸੀਂ ਮਨੁੱਖ ਹੀ ਬਣਦੇ ਰਹੇ ਹਾਂ। ਮਹਾਰਾਜ ਕਹਿੰਦੇ ਨਹੀਂ ਇਹ ਤਾਂ ਐਨੇ ਨਾਲ ਹੀ ਗੱਲ ਨਿਬੜਦੀ ਹੈ ਕਿ-

*ਫਿਰਤ ਫਿਰਤ ਬਹੁਤੇ ਜੁਗ ਹਾਰਿਓ*
*ਮਾਨਸ ਦੇਹ ਲਹੀ॥*
*ਨਾਨਕ ਕਹਤ ਮਿਲਨ ਕੀ ਬਰੀਆ*
*ਸਿਮਰਤ ਕਹਾ ਨਹੀ॥ ਅੰਗ - 631*

ਬਹੁਤ ਜੁੱਗਾਂ ਵਿੱਚ ਘੁੰਮਦੇ-ਘੁੰਮਦੇ ਨੂੰ ਤੈਨੂੰ ਹੁਣ ਮਾਨਸ ਦੇਹ ਮਿਲ ਗਈ, ਹੁਣ ਤੂੰ ਬਿਲਕੁਲ ਨੇੜੇ ਆ ਗਿਆ, ਰਸਤਾ ਹੁਣ ਤੇਰੇ ਸਾਹਮਣੇ ਹੈ ਤੇ ਇਹ ਜਿਹੜੀ ਦੇਹੀ ਹੈ, ਇਹ ਐਨੀ ਕੀਮਤੀ ਮਿਲੀ ਹੈ ਤੈਨੂੰ, ਤੂੰ ਨਹੀਂ ਜਾਣਦਾ ਕਿਉਂਕਿ ਤੈਨੂੰ ਮਿਲ ਚੁੱਕੀ ਹੈ, ਇਸ ਦਾ ਮੁੱਲ ਨਹੀਂ ਤੂੰ ਪਾ ਸਕਦਾ। ਤੂੰ ਦੇਹੀ ਹੀ ਬਣ ਗਿਆ, ਆਪਣੇ ਆਪ ਨੂੰ ਦੇਹ ਤੇ ਇਸ ਦਾ ਨਾਉਂ, ਇਹ ਪੱਕਾ ਕਰ ਲਿਆ ਫੇਰ ਭੁੱਲ ਗਿਆ। ਕਹਿੰਦੇ ਹੁਣ

ਵਾਰੀ ਆ ਗਈ ਤੇਰੀ -

*ਮਿਲੁ ਜਗਦੀਸ ਮਿਲਨ ਕੀ ਬਰੀਆ॥*
*ਚਿਰੰਕਾਲ ਇਹ ਦੇਹ ਸੰਜਰੀਆ॥*
*ਅੰਗ - 176*

ਰਾਹ ਨੇੜੇ ਹੀ ਹੈ ਪਰ ਗੁਰੂ ਤੋਂ ਬਗੈਰ ਲੱਭਿਆ ਨਹੀਂ ਕਰਦਾ। ਹੈ ਬਿਲਕੁਲ ਨੇੜੇ, ਮਹਾਰਾਜ ਕਹਿੰਦੇ ਕੋਲ ਹੀ ਹੈ। ਕਹਿੰਦੇ ਮਹਾਰਾਜ ਫਾਸਲਾ ਕਿੰਨਾ ਹੈ? ਕਹਿੰਦੇ ਫਾਸਲਾ ਗਿਣਿਆ ਮਿਣਿਆ ਤਾਂ ਜਾ ਨਹੀਂ ਸਕਦਾ ਕਿਉਂਕਿ ਐਨਾ ਸੂਕਸ਼ਮ ਫਾਸਲਾ ਹੈ ਕਿ ਇਸ ਦੀ ਤੁਹਾਡੇ ਫਾਸਲਿਆਂ ਵਾਂਗ ਗਿਣਤੀ-ਮਿਣਤੀ ਨਹੀਂ ਹੁੰਦੀ ਪਰ ਅਸੀਂ ਫੇਰ ਵੀ ਦਸ ਦਿੰਦੇ ਹਾਂ -

*ਭਾਂਭੀਰੀ ਕੇ ਪਾਤ ਪਰਦੋ*
*ਬਿਨੁ ਪੇਖੇ ਦੂਰਾਇਓ॥ ਅੰਗ - 624*

ਭੰਬੀਰੀ ਦਾ ਫੰਗ ਹੁੰਦਾ ਹੈ ਜਾਂ ਪਲਾਸਟਿਕ ਦਾ ਪਤਲੇ ਤੋਂ ਪਤਲਾ ਕਾਗਜ ਹੁੰਦਾ ਹੈ ਇਹ ਅਲੰਕਾਰਕ ਹੋਣ ਕਰਕੇ ਕੇਵਲ ਅਨੁਮਾਨ ਦੀ ਬਾਤ ਹੈ। ਉਹ ਤਾਂ ਇਸ ਤੋਂ ਵੀ ਪਤਲਾ ਪੜਦਾ ਹੈ ਜਿਹੜਾ ਤੈਨੂੰ ਹੁਣ ਰਸਤੇ ਨਹੀਂ ਪੈਣ ਦਿੰਦਾ, ਰਸਤੇ ਦੇ ਬਿਲਕੁਲ ਨੇੜੇ ਆ ਚੁੱਕਿਆ ਹੈਂ ਪਰ ਇੱਕ ਗੱਲ ਅਸੀਂ ਹੁਣ ਦੱਸ ਦਿੰਦੇ ਹਾਂ ਕਿ ਜੇ ਹੁਣ ਖੁੰਝ ਗਿਆ ਤਾਂ ਮੁੜ ਕੇ ਬਹੁਤ ਦੂਰ ਚਲਿਆ ਜਾਏਂਗਾ -

*ਇਸੁ ਪਉੜੀ ਤੇ ਜੋ ਨਰ ਚੂਕੈ*
*ਸੋ ਆਇ ਜਾਇ ਦੁਖੁ ਪਾਇਦਾ॥*
*ਅੰਗ - 1075*

ਨਾਲ ਦੁਖ ਵੀ ਪ੍ਰਾਪਤ ਹੋ ਜਾਣਗੇ। ਸੋ ਇਸ ਰਸਤੇ ਵਿੱਚ ਹਨ੍ਹੇਰਾ ਹੈ ਜਬਰਦਸਤ। ਜੇ ਤਾਂ ਹੁੰਦਾ ਹਨ੍ਹੇਰਾ ਸੂਰਜ, ਚੰਦ, ਤਾਰਿਆਂ ਤੋਂ ਬਗੈਰ ਤਾਂ ਅਸੀਂ ਟੋਹ ਲਾ ਕੇ ਚਲ ਸਕਦੇ ਸੀ। ਉਹ ਐਨ ਹਨ੍ਹੇਰ ਘੁੱਪ ਹੈ ਕਿ ਕੁਝ ਸੁਝਦਾ ਹੀ ਨਹੀਂ, ਕਿਤਾਬਾਂ ਪੜ੍ਹਦੇ ਹਾਂ, ਨਾ ਉਨ੍ਹਾਂ ਵਿਚੋਂ ਕੁਝ ਲਭਦਾ ਹੈ, ਨਾ ਗੱਲਾਂ ਵਿਚੋਂ ਕੁਝ ਲੱਭਦਾ ਹੈ, ਬਥੇਰਾ ਯਤਨ ਕਰਦੇ ਹਾਂ। ਮਹਾਰਾਜ ਕਹਿੰਦੇ ਨਹੀਂ ਇਹ ਗੱਲ ਹੋ ਨਹੀਂ ਸਕਣੀ, ਦੁਨੀਆਂ ਦੀਆਂ ਰੋਸ਼ਨੀਆਂ ਰਾਹ ਨਹੀਂ ਦਿਖਾ ਸਕਣਗੀਆਂ।

*ਜੇ ਸਉ ਚੰਦਾ ਉਗਵਹਿ*
*ਸੂਰਜ ਚੜਹਿ ਹਜਾਰ॥*
*ਏਤੇ ਚਾਨਣ ਹੋਦਿਆਂ*
*ਗੁਰ ਬਿਨੁ ਘੋਰ ਅੰਧਾਰ॥ ਅੰਗ - 463*

ਸੈਂਕੜੇ ਹੀ ਸੂਰਜ ਚੜ੍ਹ ਜਾਣ ਲੇਕਿਨ ਇਸ ਘੋਰ ਹਨ੍ਹੇਰੇ ਨੂੰ ਦੂਰ ਨਹੀਂ ਕਰ ਸਕਦੇ। ਜਦੋਂ ਤੱਕ ਹਨ੍ਹੇਰਾ ਦੂਰ ਨਹੀਂ ਹੁੰਦਾ ਉਦੋਂ ਤੱਕ ਰਾਹ ਨਹੀਂ ਦਿਸਦਾ। ਖਾਈਆਂ ਹੀ ਖਾਈਆਂ ਪਈਆਂ ਹਨ, ਰਸਤੇ ਵਿੱਚ ਅਨੇਕ ਖਾਈਆਂ ਨੇ, ਇੱਕ ਨਹੀਂ ਹੈ। ਬਾਰ-ਬਾਰ ਜੀਵ ਗਿਰਦਾ ਹੈ ਬਾਰ-ਬਾਰ ਭਟਕਦਾ ਹੈ ਪਰ ਰਸਤਾ ਨਹੀਂ ਲੱਭਦਾ। ਇਸ ਦੇ ਅੰਦਰ ਹੀ ਰਸਤਾ ਪਿਆ ਹੈ। ਜੇ ਅੰਦਰ ਆਉਣ ਦੀ ਜਾਂਚ ਆ ਜਾਵੇ, ਗੁਰੂ ਮਿਲ ਜਾਵੇ ਤੇ ਗੁਰੂ ਕਰ ਦੇਵੇ ਚਾਨਣਾ ਤਾਂ ਅੰਦਰੋਂ ਫੇਰ ਇਹ ਉਸ ਥਾਂ ਤੇ ਪਹੁੰਚ ਜਾਂਦਾ ਹੈ ਜਿਸ ਨੂੰ ਗੁਰੂ ਮਹਾਰਾਜ ਨੇ ਕਿਹਾ ਹੈ ਕਿ ਅੱਗ ਦੇ ਸਮੁੰਦਰ ਵਿੱਚ ਅਸੀਂ ਡੁੱਬ ਰਹੇ ਸੀ, ਗੋਤੇ ਖਾ ਰਹੇ ਸੀ ਕੋਈ ਸਾਧਨ ਨਹੀਂ ਸੀ ਬਣਦਾ, ਗੁਰੂ ਨੂੰ ਦਇਆ ਆਈ ਉਸ ਨੇ ਬਾਂਹ ਫੜ ਕੇ ਸਾਨੂੰ ਖਿੱਚ ਲਿਆ। ਹੁਣ ਸਾਨੂੰ ਮਹਾਨ ਖੁਸ਼ੀ ਹੋ ਗਈ ਕਿਉਂਕਿ ਅਸੀਂ ਮੰਜ਼ਲ-ਏ-ਮਕਸੂਦ (ਟਿਕਾਣੇ) ਤੇ ਪਹੁੰਚ ਚੁੱਕੇ ਹਾਂ।

ਸੋ ਐਸੇ ਸਰੀਰ ਦੇ ਅੰਦਰ ਰਸਤਾ ਪਿਆ ਹੈ ਲੇਕਿਨ ਉਸ ਰਸਤੇ ਤੇ ਕੋਈ ਤੁਰਨ ਦਾ ਯਤਨ ਨਹੀਂ ਕਰਦਾ। ਹੋਰ ਚੀਜ਼ਾਂ ਇਸ ਨੂੰ ਖਿੱਚ ਰਹੀਆਂ ਹਨ, ਭੁਲਾ ਰਹੀਆਂ ਹਨ। ਮਹਾਰਾਜ ਫੁਰਮਾਨ ਕਰਦੇ ਨੇ -

*ਨਉ ਘਰ ਦੇਖਿ ਜੁ ਕਾਮਨਿ ਭੂਲੀ*
*ਬਸਤੁ ਅਨੂਪ ਨ ਪਾਈ॥ ਅੰਗ - 339*

ਨੌ ਜਿਹੜੇ ਦਰਵਾਜੇ ਨੇ ਉਹ ਸਾਰੇ ਦੇ ਸਾਰੇ ਲੁੱਟੇ ਗਏ, ਜਿਹੜਾ ਵੀ ਇਨ੍ਹਾਂ ਦਰਵਾਜਿਆਂ ਵਿੱਚ ਜਾਂਦਾ ਹੈ ਉਹ ਲੁੱਟਿਆ ਜਾਂਦਾ ਹੈ। ਅੱਖਾਂ ਦੇ ਦਰਵਾਜੇ ਤੇ ਜਾਂਦਾ ਹੈ ਰੂਪ ਤਕਦਾ ਹੈ, ਆਪਣੇ ਬਿਗਾਨੇ ਦੇਖਦਾ ਹੈ। ਖਿੱਚ ਪੈਂਦੀ ਹੈ, ਚੰਗੀ ਵੀ ਪੈਂਦੀ ਹੈ, ਮਾੜੀ ਵੀ ਪੈਂਦੀ ਹੈ। ਦੇਖਦਾ ਹੈ ਤੇ ਦੇਖਦਾ ਹੀ ਚਲਿਆ ਜਾਂਦਾ ਹੈ, ਆਪਣੇ ਆਪ ਨੂੰ ਭੁੱਲ ਜਾਂਦਾ ਹੈ। ਸਿਨੇਮਾ ਦੇਖ ਰਿਹਾ ਹੈ, ਕੋਈ ਫਿਲਮ ਦੇਖ ਰਿਹਾ ਹੈ ਉਸ ਦੇ ਵਿੱਚ ਕੁਝ ਐਸੇ ਸੀਨ (ਦ੍ਰਿਸ਼) ਆ ਰਹੇ ਨੇ ਦਰਦਨਾਕ ਜੋ ਇਸ ਤੋਂ ਸਹਿ ਨਹੀਂ ਹੁੰਦੇ। ਇਸ ਦੀ ਲੀਨਤਾ ਐਨੀ ਜਬਰਦਸਤ ਹੋ ਜਾਂਦੀ ਹੈ ਕਿ ਉਸੇ ਦਾ ਰੂਪ ਬਣ ਕੇ ਅੱਖਾਂ ਵਿਚੋਂ ਹੰਝੂ ਸੁਟਣੇ ਸ਼ੁਰੂ ਕਰ ਦਿੰਦਾ ਹੈ, ਰੋਣ ਲੱਗ ਜਾਂਦਾ ਹੈ। ਜੇ ਮਾੜਾ ਦ੍ਰਿਸ਼ ਆ ਰਿਹਾ ਹੈ, ਗਲਤ ਦ੍ਰਿਸ਼ ਆ ਰਿਹਾ ਹੈ, ਕਾਮੁਕ (ਦ੍ਰਿਸ਼) ਆ ਰਹੇ ਨੇ ਉਨ੍ਹਾਂ ਦਾ ਰੂਪ ਬਣ ਕੇ ਓਹੀ ਪ੍ਰਭਾਵ ਇਸ ਦੇ ਉੱਤੇ ਪੈ ਜਾਂਦਾ ਹੈ ਕਿਉਂਕਿ ਭੁੱਲ ਗਿਆ, ਅੱਖਾਂ ਨੇ ਏਸ ਨੂੰ ਭੁਲਾ ਦਿੱਤਾ ਤੇ ਨਾ ਇਸ ਨੂੰ ਰਜ ਆਉਂਦਾ ਹੈ।

ਉਨ੍ਹਾਂ ਦਾ ਰੂਪ ਬਣਦਾ ਹੈ ਤੇ ਉਸ ਦਾ ਅਸਰ ਸਰੀਰ ਤੇ ਪੈਂਦਾ ਹੈ, ਸਰੀਰ ਤੇ ਅਸਰ ਪੈ ਕੇ ਹੋਰ ਭੁੱਲ ਜਾਂਦਾ ਹੈ। ਇਨ੍ਹਾਂ ਕੰਨਾਂ ਨਾਲ ਗਲਤ ਗਾਣੇ, ਭੁਲਾਉਣ ਵਾਲੀਆਂ ਗੱਲਾਂ ਸੁਣ-ਸੁਣ ਕੇ ਬਾਰ-ਬਾਰ ਭੁਲਦਾ ਹੈ। ਸੋ ਸਾਰੇ ਹੀ ਇਸ ਦੇ ਜੋ ਕਰਮ ਇੰਦਰੇ ਤੇ ਗਿਆਨ ਇੰਦਰੇ ਲੱਗੇ ਹੋਏ ਨੇ ਇਨ੍ਹਾਂ ਦੇ ਵਿਚ ਇਹ ਭੁੱਲਦਾ ਚਲਿਆ ਜਾਂਦਾ ਹੈ -

*ਨਉ ਦਰਵਾਜੇ ਕਾਇਆ ਕੋਟੁ ਹੈ*
*ਦਸਵੈ ਗੁਪਤੁ ਰਖੀਜੈ॥ ਅੰਗ - 954*

ਨੌ ਦਰਵਾਜਿਆਂ ਦੇ ਵਿਚ ਜੋ ਸਾਡੀ ਸੁਰਤ ਹੈ, ਅਖੀਰ ਨਰਕਾਂ ਵਿੱਚ ਚਲੀ ਜਾਂਦੀ ਹੈ ਇਨ੍ਹਾਂ ਦਰਵਾਜਿਆਂ ਵਿਚੀਂ ਹੁੰਦੀ ਹੋਈ। ਇਸ ਨੂੰ ਦੇਖਦੇ ਨੂੰ ਸਦੀਆਂ ਬੀਤ ਗਈਆਂ, ਕਰੋੜਾਂ-ਅਰਬਾਂ-ਖਰਬਾਂ ਸਾਲ ਬੀਤ ਗਏ ਲੇਕਿਨ ਅੰਦਰ ਨਹੀਂ ਇਹ ਜਾਂਦਾ ਜਿਸ ਥਾਂ ਦੇ ਉੱਤੇ ਅਨੂਪ ਵਸਤੂ ਦਾ ਭੰਡਾਰਾ ਪਿਆ ਹੈ ਕਿਉਂਕਿ ਰਾਹ ਨਹੀਂ ਜਾਣਦਾ। ਦੂਸਰਾ ਇਹ ਹੈ ਕਿ ਰਾਹ ਦੇ ਵਿੱਚ ਬੜੀਆਂ ਭਾਰੀਆਂ ਰੁਕਾਵਟਾਂ ਨੇ, ਬਹੁਤ ਔਖਾ ਹੈ। ਕਹਿੰਦੇ ਜਿਸ ਤਰ੍ਹਾਂ ਸੂਲੀ ਤੇ ਖੇਲਣਾ ਹੈ ਐਨਾ ਹੀ ਔਖਾ ਇਹ ਰਸਤਾ ਹੈ। ਜੇ ਲਗਾਤਾਰ ਸੰਗਤ ਕੀਤੀ ਜਾਵੇ, ਹੌਲੀ-ਹੌਲੀ ਆਪਣੇ ਮਨ ਦੇ ਅੰਦਰ ਬਚਨ ਇਕੱਠੇ ਕੀਤੇ ਜਾਣ, ਫੇਰ ਮੰਨਣ ਦੀ ਸ਼ਕਤੀ ਆਵੇ। ਪਹਿਲਾਂ ਸੁਣਨ ਦੀ ਆਵੇ, ਫੇਰ ਮੰਨਣ ਦੀ ਆਵੇ, ਮੰਨਣ ਦੀ ਸ਼ਕਤੀ ਤੋਂ ਬਾਅਦ ਫੇਰ ਇਹ ਖੋਜ ਕਰਦਾ ਹੈ ਤਾਂ ਇਸ ਨੂੰ ਪ੍ਰਾਪਤੀ ਹੋ ਜਾਇਆ ਕਰਦੀ ਹੈ।

ਸੋ ਇਸ ਤਰ੍ਹਾਂ ਬਿਨਾ ਸੰਗਤ ਤੋਂ ਇਹ ਚੀਜ਼ ਪ੍ਰਾਪਤ ਨਹੀਂ ਹੁੰਦੀ, ਨਾ ਐਡਾ ਵੱਡਾ ਵਿਸ਼ਾ ਜੋ ਮਹਾਰਾਜ ਜੀ ਨੇ ਦੱਸਿਆ ਹੈ ਇਥੇ ਤਾਂ ਇਕੋ ਹੀ ਅੱਖਰ ਕਿਹਾ ਹੈ ਕਿ -

*ਭੂਲੇ ਕਉ ਗੁਰਿ ਮਾਰਗਿ ਪਾਇਆ॥*
*ਅੰਗ - 864*

ਭੁੱਲਿਆ ਕਿਹੜੀ ਚੀਜ਼ ਹੈ? ਜੇ ਇਸ ਦੀ ਵਿਆਖਿਆ ਕਰਕੇ ਵੇਖੀਏ ਕਿ ਹੈਂ! ਮੈਂ ਤਾਂ ਪੈਰ ਪੈਰ ਤੇ ਭੁੱਲਿਆ ਪਿਆ ਹਾਂ, ਬਿਲਕੁਲ ਹੀ ਭੁੱਲ ਦਾ ਰੂਪ ਬਣਿਆ ਹੋਇਆ ਹਾਂ। ਸੋ ਗੁਰੂ ਏਸ ਨੂੰ ਅੰਦਰ ਖਿੱਚਦਾ ਹੈ, ਬਾਹ ਫੜਦਾ ਹੈ ਸ਼ਬਦ ਦੇ ਕੇ। ਉਸ ਸ਼ਬਦ ਦੇ ਵਿਚ ਮਿਕਨਾਤੀਸੀ ਸ਼ਕਤੀ ਹੁੰਦੀ ਹੈ ਜਿਵੇਂ ਚਮਕ ਪੱਥਰ ਲੋਹੇ ਦੇ ਵੱਡੇ ਟੁਕੜਿਆਂ ਨੂੰ ਖਿੱਚ ਲੈਂਦਾ ਹੈ ਲੋਹੇ ਦੇ ਛੋਟੇ-ਛੋਟੇ ਟੁਕੜਿਆਂ ਨੂੰ। ਵੱਡਾ ਚਮਕ ਪੱਥਰ (ਚੁੰਬਕ) ਖਿੱਚ ਲੈਂਦਾ ਹੈ। ਉਸੇ ਤਰ੍ਹਾਂ ਇਸ ਦੇ ਅੰਦਰ ਜੋ ਵੱਡੀਆਂ-ਵੱਡੀਆਂ ਰੁਕਾਵਟਾਂ ਹਨ ਉਹ ਗੁਰੂ ਦਾ ਸ਼ਬਦ ਖਿੱਚ ਕੇ ਦੂਰ ਕਰ ਦਿੰਦਾ ਹੈ। ਪਹਿਲਾਂ ਗੁਰੂ ਵਾਲਾ ਬਣੇ ਫੇਰ ਗੁਰੂ ਤੋਂ ਸ਼ਬਦ ਲਏ, ਉਸ ਸ਼ਬਦ ਦੀ ਫੇਰ ਕਮਾਈ ਸ਼ੁਰੂ ਕਰੇ। ਰਾਹ ਦੱਸਣ ਵਾਲਾ ਗੁਰੂ ਪੂਰਾ ਹੋਵੇ, ਨਹੀਂ ਭੁੱਲ ਜਾਂਦਾ ਹੈ। ਇਸੇ ਕਰਕੇ ਗੁਰੂ ਘਰ ਦੇ ਅੰਦਰ ਸਾਧੂਆਂ ਦੀ ਸੰਗਤ, ਸੰਤਾਂ ਦੀ ਸੰਗਤ ਦੀ ਬਹੁਤ ਵੱਡੀ ਮਹਾਨਤਾ ਵਰਨਣ ਕੀਤੀ ਹੈ। ਜਿਹੜੇ ਪਹੁੰਚੇ ਹੋਏ ਨੇ ਉਨ੍ਹਾਂ ਦੀ ਸੰਗਤ ਤਾਰ ਦਿੰਦੀ ਹੈ, ਸੁੱਤਿਆਂ ਦੀ ਸੰਗਤ ਨਹੀਂ ਤਾਰਿਆਂ ਕਰਦੀ ਕਿਉਂਕਿ ਉਹ ਆਪ ਭਟਕਦੇ ਫਿਰਦੇ ਨੇ, ਉਨ੍ਹਾਂ ਦੇ ਬਚਨ ਕਿਸੇ ਕਿਨਾਰੇ ਨਹੀਂ ਲਾਇਆ ਕਰਦੇ ਕਿਉਂਕਿ ਉਨ੍ਹਾਂ ਨੂੰ ਸਾਹਮਣੇ ਕੋਈ ਕਿਨਾਰਾ ਦਿਸਦਾ ਨਹੀਂ ਹੈ। ਉਹ ਅਟਕਲ ਪੱਚੂ ਗੱਲਾਂ ਬਾਤਾਂ ਹੁੰਦੀਆਂ ਹਨ। ਸੋ ਉਸ ਸੰਗਤ ਦੇ ਨਾਲ ਸਾਨੂੰ ਪਤਾ ਲਗਦਾ ਹੈ ਕਿ ਅਸੀਂ ਕਿਹੜੇ-ਕਿਹੜੇ ਸੰਜਮ ਰੱਖੀਏ ਜਿਸ ਦੇ ਨਾਲ ਇਸ ਰਸਤੇ ਦੇ ਵਿੱਚ ਸਾਨੂੰ ਨੁਕਸਾਨ ਨਾ ਪਹੁੰਚੇ ਤੇ ਅਸੀਂ ਅੱਗੇ ਤੁਰਦੇ ਜਾਈਏ।

ਸੋ ਜਦੋਂ ਸ਼ਬਦ ਦੇ ਬਲ ਨਾਲ ਅਸੀਂ ਅੰਦਰ ਜਾਂਦੇ ਹਾਂ, ਅੰਦਰ ਮਨ ਦੀ ਖੋਜ ਕਰਦੇ ਹਾਂ ਤਾਂ ਸਾਨੂੰ ਉਹ ਰਸਤਾ ਲੱਭ ਜਾਂਦਾ ਹੈ, ਰਸਤਾ ਲੱਭਣ ਦੇ ਨਾਲ ਹੌਲੀ ਹੌਲੀ ਸਾਰੀਆਂ ਅਵਸਥਾਵਾਂ ਪ੍ਰਾਪਤ ਹੋ ਕੇ ਜੋ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ ਕਿ -

*ਨਉ ਦਰਵਾਜੇ ਕਾਇਆ ਕੋਟੁ ਹੈ*
*ਦਸਵੈ ਗੁਪਤੁ ਰਖੀਜੈ॥ ਅੰਗ - 954*

ਉਸ ਦੀ ਦੇਲ੍ਹੀ ਤੇ ਪੈਰ ਧਰਨ ਜੋਗੇ ਅਸੀਂ ਹੋ ਜਾਂਦੇ ਹਾਂ। ਉਥੇ ਹੀ ਮਹਾਰਾਜ ਕਹਿੰਦੇ ਨੇ ਕਿ -

*ਅਨਹਦ ਵਾਜੇ ਧੁਨਿ ਵਜਦੇ ..........॥*
*ਅੰਗ - 954*

ਲੇਕਿਨ ਪਹਿਲਾਂ -

*ਬਜਰ ਕਪਾਟ ਨ ਖੁਲਨੀ*
*ਗੁਰ ਸਬਦਿ ਖੁਲੀਜੈ॥ ਅੰਗ - 954*

ਜਿੰਨਾ ਚਿਰ ਗੁਰੂ ਦੇ ਸ਼ਬਦ ਦੀ ਲੀਨਤਾ ਏਸ ਨੂੰ ਪ੍ਰਾਪਤ ਨਹੀਂ ਹੁੰਦੀ ਤੇ ਅੰਦਰ ਰਸ ਨਹੀਂ ਆਉਂਦਾ ਬਿਜਲਈ ਤਰੰਗਾਂ ਨਹੀਂ ਉਠਦੀਆਂ ਇਸ ਦੇ ਅੰਦਰ, ਓਨੀ ਦੇਰ ਤੱਕ ਕਪਾਟ ਨਹੀਂ ਖੁਲਿਆ ਕਰਦੇ। ਅਗਿਆਨਤਾ ਦੇ ਬਜਰ ਕਪਾਟ ਨੇ-

*ਦੂਖੁ ਦਰਵਾਜਾ ਰੋਹੁ ਰਖਵਾਲਾ*
*ਆਸਾ ਅੰਦੇਸਾ ਦੁਇ ਪਟ ਜੜੇ॥*
*ਮਾਇਆ ਜਲੁ ਖਾਈ ਪਾਣੀ ਘਰੁ ਬਾਧਿਆ*
*ਸਤ ਕੈ ਆਸਣਿ ਪੁਰਖੁ ਰਹੈ॥*
*ਅੰਗ - 877*

ਪਤਾ ਤਾਂ ਲੱਗ ਗਿਆ ਸਾਨੂੰ ਕਿ ਦੁੱਖ ਦਾ ਦਰਵਾਜਾ ਹੈ। ਦੁੱਖਾਂ ਤੇ ਫਤਹਿ ਕਰਕੇ, ਦੁਖ ਤੇ ਸੁਖ ਨੂੰ ਇਕੋ ਜਿਹਾ ਜਾਣ ਕੇ ਇਥੋਂ ਲੰਘ ਸਕਦੇ ਹਾਂ। ਫੇਰ 'ਰੋਹ' ਹੈ ਅੱਗੇ, ਹੱਦ ਤੋਂ ਜਿਆਦਾ ਕ੍ਰੋਧ ਹੈ, ਉਸ ਨੂੰ ਨਿਮਰਤਾ ਦੇ ਨਾਲ, ਸ਼ਾਂਤੀ ਦਾ ਆਸਰਾ ਲੈ ਕੇ ਅਸੀਂ ਓਸ ਥਾਂ ਤੋਂ ਲੰਘ ਗਏ। ਹੁਣ ਆਸਾ ਤੇ ਅੰਦੇਸਾ ਦੇ ਦਰਵਾਜੇ ਨਹੀਂ ਖੁੱਲ੍ਹਦੇ, ਸਾਰੀ ਜਿੰਦਗੀ ਆਦਮੀ ਨੂੰ ਅੰਦੇਸ਼ਾ ਰਹਿੰਦਾ ਹੈ। ਹੁਕਮ ਵਿੱਚ ਇਹ ਆਉਂਦਾ ਨਹੀਂ, ਅੰਦੇਸੇ ਬਣੇ ਰਹਿੰਦੇ ਨੇ, ਆਸ਼ਾਵਾਂ ਇਸ ਦੀਆਂ ਖਤਮ ਨਹੀਂ ਹੁੰਦੀਆਂ ਮਰਦੇ ਦਮ ਤੱਕ, ਮਰਦੇ ਵੇਲੇ ਵੀ ਆਸ਼ਾਵਾਂ ਮਨ ਵਿੱਚ ਹੋਇਆ ਕਰਦੀਆਂ ਨੇ ਉਸ ਦੇ ਕਰਕੇ 'ਜੈਸੀ ਆਸਾ ਤੈਸੀ ਮਨਸਾ" ਓਹੋ ਜਿਹੀ ਹੀ

ਉਸ ਦੀ ਗਤੀ ਹੋਇਆ ਕਰਦੀ ਹੈ, ਉਹੋ ਜਿਹੇ ਥਾਂ ਤੇ ਹੀ ਫੇਰ ਚਲਿਆ ਜਾਂਦਾ ਹੈ –

*ਅੰਤ ਕਾਲਿ ਜੋ ਲਛਮੀ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ॥*
*ਸਰਪ ਜੋਨਿ ਵਲਿ ਵਲਿ ਅਉਤਰੈ॥*
*ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ॥*
*ਅੰਤਿ ਕਾਲਿ ਜੋ ਇਸਤ੍ਰੀ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ॥*
*ਬੇਸਵਾ ਜੋਨਿ ਵਲਿ ਵਲਿ ਅਉਤਰੈ॥*
*ਅੰਤਿ ਕਾਲਿ ਜੋ ਲੜਿਕੇ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ॥*
*ਸੂਕਰ ਜੋਨਿ ਵਲਿ ਵਲਿ ਅਉਤਰੈ॥*
*ਅੰਤਿ ਕਾਲਿ ਜੋ ਮੰਦਰ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ॥*
*ਪ੍ਰੇਤ ਜੋਨਿ ਵਲਿ ਵਲਿ ਅਉਤਰੈ॥*
*ਅੰਤਿ ਕਾਲਿ ਨਾਰਾਇਣੁ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ॥*
*ਬਦਤਿ ਤਿਲੋਚਨੁ ਤੇ ਨਰ ਮੁਕਤਾ*
*ਪੀਤੰਬਰੁ ਵਾ ਕੇ ਰਿਦੈ ਬਸੈ॥*

*ਅੰਗ – 526*

ਇਹ ਦਰਵਾਜਾ ਨਹੀਂ ਲੰਘ ਹੁੰਦਾ, ਆਸ਼ਾਵਾਂ ਦਾ ਤੇ ਸ਼ੰਕਿਆਂ ਦਾ, ਅੰਦੇਸ਼ਿਆਂ ਦਾ। ਜਿੰਨਾ ਚਿਰ ਹੁਕਮ ਵਿੱਚ ਨਹੀਂ ਵਿਸ਼ਵਾਸ ਲਿਆਉਂਦਾ ਅੰਦੇਸੇ ਖਤਮ ਨਹੀਂ ਹੁੰਦੇ। ਜਿੰਨਾ ਚਿਰ ਮਨ ਕਾਇਮ ਹੈ, ਓਨਾ ਚਿਰ ਆਸਾ ਨਹੀਂ ਹਟਦੀ ਤੇ ਜਦੋਂ ਲੰਘ ਜਾਂਦਾ ਹੈ ਉਸ ਵੇਲੇ ਮਨੋ ਨਾਸ਼, ਵਾਸ਼ਨਾ ਖ੍ਵੈ, ਤੱਤ ਗਿਆਨ ਪ੍ਰਗਟ ਹੋ ਜਾਂਦਾ ਹੈ। ਵਾਸ਼ਨਾ ਖਤਮ ਹੋ ਜਾਂਦੀ ਹੈ ਤੇ ਮਨ ਦਾ ਨਾਸ਼ ਹੋ ਜਾਂਦਾ ਹੈ ਨਵਾਂ ਮਨ ਇਸ ਦੇ ਵਿਚੋਂ ਹੀ ਨਿਕਲ ਆਉਂਦਾ ਹੈ ਜਿਸ ਨੂੰ ਉਨਮਨ ਕਹਿੰਦੇ ਨੇ। ਇਹ ਮਨ ਖਤਮ ਹੋ ਜਾਂਦਾ ਹੈ। ਇਸ ਦਾ ਅਸਲੀ ਰੂਪ ਜੋ ਹੈ ਉਹ ਨਿਕਲ ਆਉਂਦਾ ਹੈ, ਜਿਹੜਾ ਸ਼ੁਧ ਹੈ, ਜਿਸ ਦੇ ਵਿਚ ਰਸ ਹੈ, ਜਿਸ ਦੇ ਵਿੱਚ ਬਹੁਤ ਵੱਡੀ ਕਲਪਨਾ ਸ਼ਕਤੀ ਹੈ। ਬਗੈਰ ਕਿਸੇ ਗੱਲ ਤੋਂ ਜਾਣ ਜਾਂਦਾ ਹੈ ਕਿ ਆਹ ਗੱਲ ਆਏਂ ਹੋ ਜਾਣੀ ਹੈ। ਜੇ ਪੁਛੋਂ ਕਿਉਂ ਹੋ ਜਾਣੀ ਹੈ? ਕਹਿੰਦਾ ਮੈਨੂੰ ਤਾਂ ਦਿਸਦੀ ਹੈ ਕਿ ਆਏਂ ਗੱਲ ਹੋਣ ਵਾਲੀ ਹੈ। ਸੋ ਉਨਮਨੀ ਮਨ ਜਾਗ ਪੈਂਦਾ ਹੈ ਜਿਸ ਨੂੰ ਅੰਦਰਲੀਆਂ ਖੇਡਾਂ ਦਾ ਪਤਾ ਲੱਗ ਜਾਂਦਾ ਹੈ। ਸੋ ਮਹਾਰਾਜ ਕਹਿੰਦੇ –

*ਅਨਹਦ ਵਾਜੇ ਧੁਨਿ ਵਜਦੇ*
*ਗੁਰ ਸਬਦਿ ਸੁਣੀਜੈ॥ ਅੰਗ – 954*

ਉਹਨਾਂ ਵਾਜਿਆਂ ਦੇ ਵਿਚੀਂ ਜੋ ਅੰਦਰ ਸੰਗੀਤ ਹੋ ਰਿਹਾ ਹੈ, ਆਤਮਿਕ ਸੰਗੀਤ ਜਦੋਂ ਚਿਤ ਬਿਰਤੀਆਂ ਇਕਾਗਰ ਹੋ ਜਾਂਦੀਆਂ ਹਨ ਤਾਂ ਪ੍ਰਮੇਸ਼ਰ ਦਾ ਲਗਾਤਾਰੀ ਸੰਗੀਤ ਇਸ ਦੇ ਅੰਦਰ ਸੁਣਨਾ ਸ਼ੁਰੂ ਹੋ ਜਾਂਦਾ ਹੈ। ਉਸ ਤੋਂ ਬਾਅਦ ਅਲੌਕਿਕ, ਐਸਾ ਬਚਿਤ੍ਰ ਪ੍ਰਕਾਸ਼ ਹੋ ਜਾਂਦਾ ਹੈ ਜਿਸ ਦੇ ਨਾਲ ਸਾਰੇ ਭਰਮਾਂ ਦਾ ਨਾਸ਼ ਹੋ ਜਾਂਦਾ ਹੈ। ਜਦੋਂ ਇਹ ਚੀਜ਼ਾਂ ਪ੍ਰਾਪਤ ਹੋ ਗਈਆਂ, ਦਸਮ ਦੁਆਰ ਵਿਚ ਪ੍ਰਵੇਸ਼ ਕਰ ਗਿਆ ਉਸ ਤੋਂ ਬਾਅਦ ਜਿਹੜੀਆਂ ਮੰਜ਼ਲਾਂ ਨੇ 3-4 ਉਹ ਮਹਾਂਪੁਰਸ਼ਾਂ ਨੂੰ ਪਤਾ ਹੁੰਦਾ ਹੈ ਕਿ ਦਸਵੇਂ ਦੁਆਰ ਤੋਂ ਅੱਗੇ ਕਿਸ ਤਰ੍ਹਾਂ ਦੀਆਂ ਮੰਜ਼ਲਾਂ ਸ਼ੁਰੂ ਹੁੰਦੀਆਂ ਹਨ। ਅਖੀਰ ਉਥੇ ਚਲਿਆ ਜਾਂਦਾ ਹੈ ਜਿਸ ਥਾਂ ਦਾ ਗੁਰੂ ਮਹਾਰਾਜ ਨੇ ਇਸ਼ਾਰਾ ਕਰਿਆ ਹੈ –

*ਭੂਲੇ ਮਾਰਗੁ ਜਿਨਹਿ ਬਤਾਇਆ॥*

*ਅੰਗ – 803*

ਐਨੇ ਭੁੱਲੇ ਹੋਏ ਨੂੰ ਰਾਹ ਦੱਸ ਦਿੱਤਾ, ਰਾਹ ਵੀ ਕੋਲ ਹੀ ਸੀ। ਹੁਣ ਕੀ ਹੋਇਆ? ਹੁਣ ਨਹੀਂ ਮੈਂ ਭੁਲਦਾ–

*ਬਾਹਰਿ ਢੂਢਨ ਤੇ ਛੂਟਿ ਪਰੇ*
*ਗੁਰਿ ਘਰ ਹੀ ਮਾਹਿ ਦਿਖਾਇਆ ਥਾ॥*

*ਅੰਗ – 1002*

ਜਦੋਂ ਉਹ ਦਿਸ ਜਾਂਦਾ ਹੈ ਤਾਂ ਮੈਂ ਖਤਮ ਹੋ ਜਾਂਦੀ ਹੈ, ਮੈਂ ਦਾ ਪਤਾ ਹੀ ਨਹੀਂ ਲਗਦਾ ਕਿਧਰ ਗਈ। ਰਹਿ ਕੀ ਜਾਂਦਾ ਹੈ? ਜੋ ਸਚਾਈ ਹੈ ਇਥੇ, ਜੋ ਤੱਤ ਬਾਤ ਹੈ, ਜਿਸ ਨੂੰ ਅਸੀਂ ਮੰਨਦੇ ਨਹੀਂ ਹਾਂ। ਚਾਹੇ ਉਹ ਕਿੰਨੇ ਹੀ ਮੱਥੇ ਟੇਕੀ ਜਾਂਦਾ ਹੈ, ਕਿੰਨਾ ਹੀ ਕੀਰਤਨ ਕਰਦਾ ਹੈ, ਕਿੰਨਾ ਹੀ ਸੁਣਦਾ ਹੈ, ਕਿੰਨਾ ਹੀ ਦਾਨ ਕਰਦਾ ਹੈ, ਕਿੰਨੀਆਂ ਹੀ ਕਿਤਾਬਾਂ ਪੜ੍ਹਦਾ ਹੈ। ਇੱਕ ਇਸ ਦੇ ਅੰਦਰ ਸ਼ਕਤੀ ਹੈ ਮੰਨਣ ਦੀ, ਇਹ ਮੰਨਦਾ ਨਹੀਂ ਹੈ। ਮਹਾਰਾਜ ਕਹਿੰਦੇ ਜੇ ਇਹ ਮੰਨ ਜਾਵੇ ਤਾਂ –

*ਮੰਨੇ ਕੀ ਗਤਿ ਕਹੀ ਨ ਜਾਇ॥*
*ਜੇ ਕੋ ਕਹੈ ਪਿਛੈ ਪਛੁਤਾਇ॥*
*ਕਾਗਦਿ ਕਲਮ ਨ ਲਿਖਣਹਾਰੁ॥*
*ਮੰਨੇ ਕਾ ਬਹਿ ਕਰਨਿ ਵੀਚਾਰੁ॥*
*ਐਸਾ ਨਾਮੁ ਨਿਰੰਜਨੁ ਹੋਇ॥*
*ਜੇ ਕੋ ਮੰਨਿ ਜਾਣੈ ਮਨਿ ਕੋਇ॥*

*ਅੰਗ – 3*

ਪਹਿਲਾਂ ਤਾਂ ਇਹ ਹੈ ਕਿ ਇਸ ਦੇ ਉਤੇ ਵਿਸ਼ਵਾਸ ਨਹੀਂ ਆਉਂਦਾ। ਅਸੀਂ ਕਹਿੰਦੇ ਹਾਂ ਕਿ ਗੁਰੂ ਸਾਹਿਬ ਨੇ ਤਾਂ ਆਪਣੇ ਹਿਸਾਬ ਨਾਲ ਸਾਨੂੰ ਦੱਸ ਦਿੱਤਾ, ਅਸੀਂ ਤਾਂ ਨਹੀਂ ਮੰਨ ਸਕਦੇ ਇਹ ਗੱਲ। ਜੇ ਮੰਨਦੇ ਨਹੀਂ ਤਾਂ ਸਾਡਾ ਗੁਰੂ ਦੇ ਨਾਲ ਸੰਬੰਧ ਹੀ ਕੋਈ ਨਹੀਂ ਹੈ, ਰੌਲਾ-ਗੌਲਾ ਹੀ ਹੈ। ਜਿੰਨੇ ਝਗੜੇ ਪਾਉਣੇ ਨੇ ਪਾ ਲਓ, ਗੱਲ ਅਸਲੀ ਨਹੀਂ ਬਣਦੀ। ਇਸੇ ਕਰਕੇ ਸੰਤ ਪਾਸੇ ਹਟ ਜਾਂਦੇ ਨੇ –

ਦੋਹਾਂ ਨੂੰ ਛੱਡ ਦਿੰਦੇ ਨੇ -

ਅਸਲੀ ਚੀਜ਼ ਤੱਕ ਪਹੁੰਚ ਗਏ, ਕਹਿੰਦੇ ਸਾਡਾ ਨਹੀਂ ਕੋਈ ਝਗੜਾ ਹੁਣ ਇਨ੍ਹਾਂ ਨਾਲ, ਇਨ੍ਹਾਂ ਨੂੰ ਖਪਣ ਦਿਓ ਜਿਥੇ ਖਪਦੇ ਨੇ। ਸੋ ਇਨ੍ਹਾਂ ਨੂੰ ਉਹ ਰਸਤਾ ਨਹੀਂ ਲਭਦਾ ਜਦੋਂ ਰਸਤਾ ਲੱਭ ਗਿਆ, ਫੇਰ ਅਸਲੀਅਤ ਦਾ ਪਤਾ ਲੱਗ ਜਾਂਦਾ ਹੈ। ਉਸ ਦੇ ਉਤੇ ਜੇ ਤਾਂ ਵਿਸ਼ਵਾਸ ਆ ਜਾਵੇ, ਮਹਾਰਾਜ ਕਹਿੰਦੇ ਫੇਰ ਤਾਂ ਹੁਣੇ ਹੀ ਇਹ ਲੰਘ ਸਕਦਾ ਹੈ, ਇਕ ਸਕਿੰਟ ਨਹੀਂ ਲਗਦਾ -

*ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ॥*
*ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ॥*
*ਅੰਗ - 285*

ਛੋਟੀਆਂ ਛੋਟੀਆਂ ਤੁਕਾਂ ਨੇ ਲੇਕਿਨ ਇਨ੍ਹਾਂ ਦੋ ਤੁਕਾਂ ਦੇ ਅੰਦਰ ਪੂਰੀ ਫਿਲੌਸਫੀ ਹੈ। ਇਨ੍ਹਾਂ ਤੇ ਘੰਟਿਆਂ ਬਧੀ ਬੋਲਿਆ ਜਾ ਸਕਦਾ ਹੈ, ਘੰਟਿਆਂ ਬਧੀ ਲਿਖਿਆ ਜਾ ਸਕਦਾ ਹੈ ਲੇਕਿਨ ਐਨੀ ਹੀ ਗੱਲ ਹੈ ਅਸੀਂ ਸਮਝਦੇ ਤਾਂ ਹਾਂ ਕਿ ਭਰੋਸਾ ਆ ਜਾਵੇ। ਮਹਾਰਾਜ ਕਹਿੰਦੇ ਜੇ ਭਰੋਸਾ ਆ ਗਿਆ ਤਾਂ ਹੁਣੇ ਹੀ ਤੱਤ ਰੂਪ ਪ੍ਰਗਟ ਹੋ ਜਾਏਗਾ, ਐਸੀ ਕਲਾ ਵਰਤੇਗੀ ਤੂੰ ਹੁਣੇ ਹੀ ਪੂਜ ਬਣ ਜਾਏਗਾ, ਦੁਨੀਆਂ ਤੇ ਦੇਵਤੇ ਆ ਕੇ ਹੁਣੇ ਹੀ ਤੇਰੇ ਤੇ ਫੁੱਲਾਂ ਦੀ ਬਰਖਾ ਕਰਨੀ ਸ਼ੁਰੂ ਕਰ ਦੇਣਗੇ। ਤੇਰਾ ਦਰਸ਼ਨ ਮੁਖ ਦੇਵਤੇ ਕਰਨ ਲਈ ਲੋਚਣਗੇ।-

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥*
*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥*
*ਅੰਗ - 273*

ਪ੍ਰਮੇਸ਼ਰ ਦਾ ਦਰਜਾ ਤੈਨੂੰ ਹੁਣੇ ਮਿਲ ਜਾਏਗਾ ਜੇ ਤੂੰ ਮੰਨ ਲਵੇਂ। ਲੇਕਿਨ ਗੁਰੂ ਦਾ ਬਚਨ ਜਿਹੜਾ ਹੈ ਉਹ ਐਨਾ ਸ਼ਕਤੀਸ਼ਾਲੀ ਹੁੰਦਾ ਹੈ, ਗੁਰੂ ਦੀ ਸ਼ਕਤੀ ਜਿਸ ਨੂੰ 'ਜੀਅਦਾਨ' ਕਹਿੰਦੇ ਨੇ ਇਹ ਇਕ ਕਿਰਿਆ ਹੋਇਆ ਕਰਦੀ ਹੈ। ਉਹ ਐਨਾ ਸ਼ਕਤੀਸ਼ਾਲੀ ਬਚਨ ਹੁੰਦਾ ਹੈ ਕਿ ਸਾਹਮਣੇ ਬੈਠੇ ਨੂੰ ਜਦੋਂ ਗੁਰੂ ਬਚਨ ਕਰ ਦਿੰਦਾ ਹੈ ਉਸੇ ਵੇਲੇ ਉਸ ਦੇ ਸਾਰੇ ਭਰਮ ਦੇ ਛਉੜ (ਪੜਦੇ) ਕੱਟ ਕੇ ਅੰਦਰ ਪ੍ਰਕਾਸ਼ ਕਰ ਦਿੰਦਾ ਹੈ ਤੇ ਤੱਤ ਚੀਜ਼ ਜੋ ਹੈ ਉਸ ਨੂੰ ਦਿਖਾ ਦਿੰਦਾ ਹੈ। ਉਸ ਵੇਲੇ ਜਦੋਂ ਸਾਹਮਣੇ ਦੇਖ ਲਿਆ ਫੇਰ ਮੰਨ ਜਾਂਦਾ ਹੈ।

ਸੋ ਮਹਾਰਾਜ ਕਹਿੰਦੇ ਅਸੀਂ ਅੱਗ ਦੇ ਸਮੁੰਦਰ ਵਿਚ ਗੋਤੇ ਖਾਂਦੇ ਫਿਰਦੇ ਸੀ ਪਰ ਗੁਰੂ ਨੇ ਸਾਡੇ ਕਰਮ ਨਹੀਂ ਦੇਖੇ, ਆਪਣੀ ਦਇਆਲਤਾ ਨੂੰ ਦੇਖਿਆ, ਸਾਡੇ ਤਰਲੇ ਸੁਣੇ ਤੇ ਸਾਨੂੰ ਬਾਂਹ ਫੜ ਕੇ ਖਿੱਚ ਲਿਆ ਤੇ ਅਸਲੀ ਚੀਜ਼ ਦਿਖਾ ਕੇ ਜੰਮਣ ਮਰਨ ਦੇ ਚੱਕਰ ਵਿਚੋਂ ਛੁਡਾ ਦਿੱਤਾ ਤੇ ਫੇਰ ਦਰਜਾ ਕਿੱਡਾ ਕਰ ਦਿੱਤਾ। ਕਹਿੰਦੇ ਨਿਰੰਕਾਰ ਦੇ ਬਰਾਬਰ ਲਿਜਾ ਕੇ ਬਿਠਾ ਦਿੱਤਾ, ਉਸ ਦੇ ਵਿੱਚ ਲੀਨ ਕਰ ਦਿੱਤਾ, ਹੁਣ ਦੋ ਨਾ ਰਹੇ ਇਕ ਹੋ ਗਏ।

*ਕਬੀਰ ਤੂੰ ਤੂੰ ਕਰਤਾ ਤੂ ਹੂਆ*
*ਮੁਝ ਮਹਿ ਰਹਾ ਨ ਹੂੰ॥*
*ਜਹ ਆਪਾ ਪਰ ਕਾ ਮਿਟਿ ਗਇਆ*
*ਜਤ ਦੇਖਉ ਤਤ ਤੂ॥ ਅੰਗ - 1375*

ਪਤਾ ਹੀ ਉਦੋਂ ਲੱਗਿਆ ਕਿ ਮੇਰਾ ਅਸਲੀ ਸਰੂਪ ਇਹ ਸੀ, ਮੈਂ ਤਾਂ ਕੁਝ ਹੋਰ ਹੀ ਸਮਝਦਾ ਸੀ। ਸੋ ਇਹ ਬਚਨ ਜੋ ਮਹਾਰਾਜ ਜੀ ਦੇ ਨੇ ਜਿਹੜੇ ਕਹੇ ਹਨ, ਉਹ ਅਸੀਂ ਸਾਰੇ ਹੀ ਭੁੱਲੇ ਫਿਰਦੇ ਹਾਂ। ਗਿਆਨੀ ਵੀ ਭੁੱਲੇ ਹੋਏ ਨੇ, ਕਥਾਕਾਰ ਭੁੱਲੇ ਹੋਏ ਨੇ, ਵਖਿਆਨ ਕਰਨ ਵਾਲੇ ਵੀ ਭੁੱਲੇ ਹੋਏ ਨੇ, ਕਿਤਾਬਾਂ ਲਿਖਣ ਵਾਲੇ ਵੀ ਭੁੱਲੇ ਹੋਏ ਨੇ। ਜੇ ਕੋਈ ਨਹੀਂ ਭੁੱਲਿਆ ਤਾਂ ਤੱਤ ਬੇਤੇ ਮਹਾਂਪੁਰਸ਼ ਨਹੀਂ ਭੁੱਲੇ, ਗੁਰੂ ਨਹੀਂ ਭੁੱਲਿਆ ਹੋਇਆ। ਸਗੋਂ ਉਨ੍ਹਾਂ ਦਾ ਫਰਜ ਇਹ ਹੁੰਦਾ ਹੈ ਕਿ ਭੁੱਲਿਆਂ ਨੂੰ ਰਸਤੇ ਪਾ ਦੇਵੇ ਪਰ ਰਸਤੇ ਪਾਉਣ ਵਾਸਤੇ ਮਹਾਰਾਜ ਜੀ ਕਹਿੰਦੇ ਸ਼ਰਤ ਹੈ ਕਿ ਪਹਿਲਾਂ ਜਿਹੜਾ ਤੇਰਾ ਸੀਸ ਹੈ, ਇਸ ਨੂੰ ਲਾਹ ਕੇ ਤਲੀ ਤੇ ਧਰ ਲੈ। ਇਹ ਤੇਰੇ ਕਿਸੇ ਕੰਮ ਦਾ ਨਹੀਂ ਹੈ। ਇਸ ਦਾ ਮਤਲਬ ਹੈ ਕਿ ਤੇਰੇ ਅੰਦਰ ਜਿਹੜੀ ਸਮਝ ਹੈ, ਬੁੱਧੀ ਹੈ ਇਹ ਕਿਸੇ ਕੰਮ ਦੀ ਨਹੀਂ, ਇਹ ਦੁਨੀਆਂ ਦੇ ਕੰਮ ਦੀ ਤਾਂ ਹੈ, ਸਰੀਰ ਦੇ ਪਾਲਣ ਪੋਸ਼ਣ ਦੀ, ਲੇਕਿਨ ਏਸ ਬੁੱਧੀ ਦੇ ਨਾਲ ਪ੍ਰਮੇਸ਼ਰ ਦਾ ਦਰ ਨਹੀਂ ਦਿਸਦਾ। ਇਸ ਦੇ ਵਿੱਚ ਜਿਹੜਾ ਤੇਰਾ 'ਮੈਂ' ਭਾਵ ਹੈ ਇਸ ਨੂੰ ਛੱਡਣਾ ਪ੍ਰਵਾਨ ਕਰ ਲੈ। ਇਹ ਅਸੀਂ ਛਡਦੇ ਨਹੀਂ। ਮਹਾਰਾਜ ਕਹਿੰਦੇ -

*ਜਉ ਤਉ ਪ੍ਰੇਮ ਖੇਲਣ ਕਾ ਚਾਉ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ॥*
*ਇਤੁ ਮਾਰਗਿ ਪੈਰੁ ਧਰੀਜੈ॥*
*ਸਿਰੁ ਦੀਜੈ ਕਾਣਿ ਨ ਕੀਜੈ॥*
*ਅੰਗ - 1412*

*ਪਹਿਲਾ ਮਰਣੁ ਕਬੂਲਿ*
*ਜੀਵਣ ਕੀ ਛਡਿ ਆਸ॥ ਅੰਗ - 1102*

ਅਸੀਂ ਕਹਿੰਦੇ ਹਾਂ ਕਬੂਲ ਹੈ ਮਹਾਰਾਜ ਮੈਨੂੰ ਮਾਰ ਲਓ। ਕਹਿੰਦੇ ਸਰੀਰ ਨਹੀਂ ਅਸੀਂ ਮਾਰਨਾ, ਤੇਰੇ ਅੰਦਰ ਜਿਹੜਾ 'ਤੂੰ' ਹੈ ਇਸ ਨੂੰ ਮਾਰਨਾ ਹੈ। ਜੇ ਤਾਂ ਕਬੂਲ ਕਰਦਾ ਹੈਂ ਫੇਰ ਤਾਂ ਠੀਕ ਹੈ। ਸਾਨੂੰ ਤਾਂ ਇਹ ਵੀ ਨਹੀਂ ਪਤਾ ਕਿ ਮੇਰੇ ਅੰਦਰ ਤੂੰ ਵੀ ਹੈ, ਮੇਰੇ ਅੰਦਰ ਮੈਂ ਵੀ ਹੈ। ਅਸੀਂ ਕਹਿੰਦੇ, ਮੈਂ ਹੀ ਹਾਂ, ਹੋਰ ਕੀ ਹੈ ਮੇਰੇ ਅੰਦਰ। ਜੇ ਕੋਠੀ ਵਿੱਚ ਕੋਈ ਸ਼ਰਾਬ ਪੀ ਕੇ ਬੈਠਾ ਹੋਵੇ, ਤੇ ਦਿਮਾਗ ਵਿਚ ਫਰਕ ਪੈ ਜਾਵੇ ਤੇ ਕੋਠੀ ਨੂੰ ਕਹੀ ਜਾਏ ਕਿ ਇਹ ਕੋਠੀ ਮੈਂ ਹੀ ਹਾਂ, ਹੋਰ ਕੀ ਹੈ? ਐਡੀ ਹੀ ਗੱਲ ਇਹ ਹੈ। ਪੰਜ ਤੱਤਾਂ ਦੇ ਸਰੀਰ ਨੂੰ ਕਹੀ ਜਾਂਦਾ ਹੈ ਕਿ ਮੈਂ ਹਾਂ, ਮੇਰਾ ਨਾਂ ਇਹ ਹੈ, ਮੇਰਾ ਫਲਾਣਾ

ਪਤਾ ਹੈ, ਮੇਰਾ ਫਲਾਣਾ ਪੁੱਤਰ ਹੈ, ਮੇਰੀ ਫਲਾਣੀ ਧੀ ਹੈ, ਫਲਾਣਾ ਮੇਰਾ ਦੁਸ਼ਮਨ ਹੈ, ਫਲਾਣਾ ਮੇਰਾ ਮਿੱਤਰ ਹੈ, ਆਹ ਮੇਰੀ ਜਾਤ ਹੈ, ਮੈਂ ਰੰਗ ਦਾ ਕਾਲਾ ਹਾਂ, ਗੋਰਾ ਹਾਂ। ਇਹ ਭਾਵਨਾ ਅੰਦਰੋਂ ਨਹੀਂ ਜਾਂਦੀ ਜਿੰਨਾ ਜੀਅ ਕਰਦਾ ਹੈ ਫੜ੍ਹ ਲੈ ਨਹੀਂ ਜਾਂਦੀ ਇਹ ਭਾਵਨਾ ਅੰਦਰੋਂ ਨਹੀਂ ਜਾਂਦੀ, ਜਦੋਂ ਤੱਕ ਬੰਦਗੀ ਨਹੀਂ ਕਰਦਾ, ਅੰਦਰਲੀ ਚੜ੍ਹਾਈ ਨਹੀਂ ਚੜ੍ਹਦਾ, ਅੰਦਰਲੇ ਨੇਤਰ ਨਹੀਂ ਖੁੱਲ੍ਹਦੇ ਤੇ ਗੁਰੂ ਦੀ ਕ੍ਰਿਪਾ ਦੇ ਨਾਲ ਇਸ –

*ਪਾਵਕ ਸਾਗਰ ਅਥਾਹ ਲਹਰਿ ਮਹਿ*
*ਤਾਰਹੁ ਤਾਰਨਹਾਰੇ॥ ਅੰਗ - 613*

ਅਥਾਹ ਲਹਿਰ ਹੈ ਜਿਸ ਦੇ ਵਿਚੀਂ ਲੰਘਿਆ ਹੀ ਨਹੀਂ ਜਾ ਸਕਦਾ, ਮਛੰਦਰ ਨਾਥ ਨੇ ਲੰਕਾਂ ਤੋਂ ਵਾਪਸ ਆਉਂਦੇ ਕਿਹਾ।

ਕਹਿੰਦਾ, "ਹੇ ਨਾਨਕ! ਇਸ ਅ–ਤਰ ਸਮੁੰਦਰ ਨੂੰ ਕਿਵੇਂ ਤਰਿਆ ਜਾਵੇ?"

ਮਹਾਰਾਜ ਕਹਿੰਦੇ, "ਜਦੋਂ ਤੂੰ ਅ–ਤਰ ਕਹਿ ਦਿੱਤਾ ਫੇਰ ਤਰਨ ਦਾ ਕੀ ਸਵਾਲ ਰਹਿ ਗਿਆ?"

ਕਹਿੰਦਾ, "ਫੇਰ ਵੀ ਕੋਈ?"

ਕਹਿੰਦੇ, "ਜੀਉਂਦਾ ਤਾਂ ਤਰ ਨਹੀਂ ਸਕਦਾ ਇਸ ਨੂੰ ਮਰਿਆ ਹੋਇਆ ਤਰ ਲਏਗਾ।"

ਜੇ ਪਾਣੀ ਵਿੱਚ ਮਰ ਜਾਵੇ ਕੋਈ ਤਾਂ ਉਸ ਦਾ ਸਰੀਰ ਉਪਰ ਤੈਰਨ ਲੱਗ ਜਾਂਦਾ ਹੈ। ਇਸੇ ਤਰ੍ਹਾਂ ਇਸ ਪਾਵਕ ਸਾਗਰ ਦੇ ਵਿੱਚ, ਅੱਗ ਦੇ ਸਮੁੰਦਰ ਦੇ ਵਿੱਚ ਵੀ ਅਥਾਹ ਲਹਿਰਾਂ ਨੇ। ਜੇ ਇਸ ਦੇ ਵਿੱਚ ਮਰ ਜਾਵੇ, ਆਪਣਾ ਆਪ ਮਾਰ ਦੇਵੇ, ਸਰੀਰ ਨਹੀਂ, ਸਰੀਰ ਮਰੇ ਤੋਂ ਆਪ ਜੀਉਂਦਾ ਕਹਿੰਦਾ ਹੈ। ਜਿਹੜਾ ਜੀਉਂਦਾ ਹੈ ਜੇ ਉਸ ਨੂੰ ਮਾਰੇ, ਕਹਿੰਦੇ ਫੇਰ ਤਰ ਜਾਂਦਾ ਹੈ।

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਦੇ ਬਚਨ, ਗੁਰੂ ਦੇ ਬਚਨਾਂ ਦੀ ਕਮਾਈ, ਫੇਰ ਗੁਰੂ ਪ੍ਰਸੰਨ ਹੋ ਕੇ ਇਸ ਨੂੰ ਅੰਦਰੋਂ ਖਿਚ ਕੇ ਉਸ ਥਾਂ ਲੈ ਜਾਂਦਾ ਹੈ ਜਿਸ ਥਾਂ ਸਾਡਾ ਵਾਸਾ ਹੋਣ ਤੋਂ ਬਾਅਦ ਸਾਨੂੰ ਅਚੱਲ ਜੀਵਨ ਪ੍ਰਾਪਤ ਹੋ ਜਾਂਦਾ ਹੈ ਫੇਰ ਮੌਤ ਨਹੀਂ ਆਉਂਦੀ ਤੇ ਅਸੀਂ ਕਾਲ ਦੇ ਚੱਕਰ ਤੋਂ ਬਾਹਰ ਨਿਕਲ ਕੇ ਨਿਰੰਕਾਰ ਦੇ ਮੰਡਲ ਵਿੱਚ ਜਾਕੇ ਉਸ ਦਾ ਰੂਪ ਬਣ ਜਾਂਦੇ ਹਾਂ। ਸੋ ਅੱਖਰ ਬੜੇ ਸੁਖਾਲੇ ਨੇ ਪਰ ਵਿਚਾਰ ਇਨ੍ਹਾਂ ਦੀ ਬੜੀ ਗਹਿਰੀ ਹੈ। ਜੇ ਕਿਤੇ ਸੰਗਤ ਕਰਦੇ–ਕਰਦੇ ਕਿਸੇ ਦੇ ਸਮਝ ਆ ਜਾਵੇ ਮਹਾਰਾਜ ਕਹਿੰਦੇ–

*ਕਬਹੂ ਸਾਧਸੰਗਤਿ ਇਹੁ ਪਾਵੈ॥*
*ਅੰਗ - 278*

ਫੇਰ ਨਹੀਂ ਥੱਲੇ ਗਿਰਦਾ –

*ਅੰਤਰਿ ਹੋਇ ਗਿਆਨ ਪਰਗਾਸੁ॥*
*ਉਸੁ ਅਸਥਾਨ ਕਾ ਨਹੀ ਬਿਨਾਸੁ॥*
*ਅੰਗ - 278*

ਅੰਦਰ ਗਿਆਨ ਦਾ ਦੀਵਾ ਜਲ ਪੈਂਦਾ ਹੈ, ਸ਼ਬਦ ਦਾ–

*ਬਿਨੁ ਸਬਦੈ ਅੰਤਰਿ ਆਨੇਰਾ॥*
*ਨ ਵਸਤੁ ਲਹੈ ਨ ਚੂਕੈ ਫੇਰਾ॥*
*ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ*
*ਗੁਰੁ ਪੂਰੈ ਭਾਗਿ ਮਿਲਾਵਣਿਆ॥*
*ਅੰਗ - 124*

ਚਾਰ ਸ਼ਰਤਾਂ ਗੁਰੂ ਮਹਾਰਾਜ ਜੀ ਨੇ ਇਸ ਦੇ ਵਿੱਚ ਰੱਖ ਦਿੱਤੀਆਂ। ਸੋ ਇਸ ਤਰ੍ਹਾਂ ਦੇ ਨਾਲ ਜੇ ਮਹਾਰਾਜ ਜੀ ਦੀ ਦਇਆ ਹੋ ਜਾਵੇ ਕਿਉਂਕਿ ਸਾਡੇ ਕਰਮ ਸਾਨੂੰ ਲੰਘਾ ਨਹੀਂ ਸਕਦੇ ਇਨ੍ਹਾਂ ਦਾ ਮਹੱਤਵ ਬਹੁਤ ਘੱਟ ਹੈ। ਗੁਰੂ ਦੀ ਮਿਹਰ ਹੈ ਕਿ ਉਹ ਸਾਨੂੰ ਬਾਂਹ ਫੜ ਕੇ ਕੱਢ ਲਵੇ ਤਾਂ ਅਸੀਂ ਨਿਕਲ ਸਕਦੇ ਹਾਂ।

*ਵਾਹਿਗੁਰੂ ਜੀ ਕਾ ਖਾਲਸਾ॥*
*ਵਾਹਿਗੁਰੂ ਜੀ ਕੀ ਫਤਹਿ॥*

# ਮਿਟੀ ਧੁੰਧੁ ਜਗਿ ਚਾਨਣੁ ਹੋਆ।

ਸਾਧ ਸੰਗਤ ਜੀ!

*ਵਾਹਿਗੁਰੂ ਜੀ ਕਾ ਖ਼ਾਲਸਾ॥*
*ਵਾਹਿਗੁਰੂ ਜੀ ਕੀ ਫ਼ਤਹਿ॥*

ਗੁਰੂ ਮਹਾਰਾਜ ਜੀ ਦੀ ਅਪਾਰ ਬਖਸ਼ਿਸ਼ ਸਦਕੇ ਅੰਮ੍ਰਿਤ ਵੇਲਾ ਸੰਭਾਲਣਾ ਤੇ ਹਰੀ ਦਾ ਜਸ ਕਰਨਾ ਕਲਜੁਗ ਦੇ ਅੰਦਰ ਇਹ ਬਹੁਤ ਹੀ ਦੁਰਲੱਭ ਬਖਸ਼ਿਸ਼ ਹੈ ਜੋ ਗੁਰੂ ਮਹਾਰਾਜ ਜੀ ਨੇ ਅਪਾਰ ਕਿਰਪਾ ਕਰਕੇ ਆਪਣੇ ਪਿਆਰਿਆਂ ਦੀ ਕਲਿਆਣ ਵਾਸਤੇ ਬਖਸ਼ਿਸ਼ ਕੀਤੀ ਹੈ। ਸੰਗਤਾਂ ਦੇ ਮਨ ਵਿਚ ਚਾਓ ਹੈ, ਹਰ ਸਾਲ ਤੋਂ ਬਾਅਦ ਓਹੀ ਦਿਨ ਘੁੰਮ ਕੇ ਆ ਜਾਂਦਾ ਹੈ ਜਿਸ ਦਿਨ ਦਾ ਪ੍ਰਕਾਸ਼ ਪੁਰਬ ਗੁਰਸਿੱਖਾਂ ਦੇ ਮਨ ਵਿਚ ਚਾਓ ਪੈਦਾ ਕਰਦਾ ਹੈ, ਪ੍ਰਭਾਤ ਫੇਰੀਆਂ ਦੇ ਵਿਚ ਉਠ ਕੇ ਜਾਂਦੇ ਨੇ, ਕੀਰਤਨ ਕਰਦੇ ਨੇ, ਦਾਨ ਕਰਦੇ ਨੇ, ਲੰਗਰ ਚਲਾਉਂਦੇ ਨੇ, ਬਹੁਤ ਵਿਚਾਰਾਂ ਸੁਣਦੇ ਨੇ, ਕਿਸ ਵਾਸਤੇ? ਇਸ ਦਾ ਜੋ ਮਤਲਬ ਸਾਫ ਹੈ ਮਨ ਦੇ ਅੰਦਰ, ਫੇਰ ਬਹੁਤਾ ਫਲ ਹੋਇਆ ਕਰਦਾ ਹੈ। ਜੇ 'ਕਿਸ ਵਾਸਤੇ' ਦਾ ਜਵਾਬ ਅੰਦਰ ਨਹੀਂ ਹੈ ਤਾਂ ਇਹ ਕਰਮ ਵੀ ਇਕ ਰਸਮ ਬਣ ਜਾਇਆ ਕਰਦਾ ਹੈ।

ਸੋਝੀਵਾਨ ਕੌਮਾਂ, ਸੋਝੀਵਾਨ ਸੰਸਥਾਵਾਂ, ਚਾਹੇ ਉਹ ਵਪਾਰਕ ਅਦਾਰੇ ਹੋਣ, ਉਹ ਸਾਲ ਤੋਂ ਬਾਅਦ ਆਪਣਾ ਲੇਖਾ ਜੋਖਾ ਤਿਆਰ ਕਰਦੇ ਨੇ ਕਿ ਕਿੰਨਾ ਘਾਟਾ ਪਿਆ, ਕਿੰਨਾ ਵਾਧਾ ਪਿਆ। ਇਸੇ ਤਰ੍ਹਾਂ ਨਿਜੀ ਜੀਵਨ ਲੇਖੇ ਜੋਖੇ ਪਰਖਦਾ ਹੈ ਕਿ ਪਿਛਲੇ ਨਾਲੋਂ ਕੁਝ ਤਰੱਕੀ ਹੋਈ ਹੈ ਜਾਂ ਮੈਂ ਉਸੇ ਥਾਂ ਤੇ ਹਾਂ ਜਾਂ ਓਸ ਤੋਂ ਹੇਠਾਂ ਚਲਿਆ ਗਿਆ।

ਗੁਰੂ ਨਾਨਕ ਪਾਤਸ਼ਾਹ ਕਿਸੇ ਦੀ ਟੁੱਲ੍ਹ (ਅਟਕਲ-ਪੱਚੂ ਗੱਲਾਂ) ਦੇ ਵਿਚ ਵਿਸ਼ਵਾਸ ਨਹੀਂ ਕਰਦੇ। ਹਰ ਰਸਮ ਰਿਵਾਜ ਦੀ ਤਹਿ ਵਿਚ ਕੋਈ ਜੀਉਂਦੀ ਜਾਗਦੀ ਚੀਜ਼ ਹੈ ਹੁਲਾਰੇ ਦੇਣ ਵਾਲੀ, ਪ੍ਰੇਰਨਾ ਦੇਣ ਵਾਲੀ, ਜੇ ਤਾਂ ਉਸ ਦੀ ਸੰਭਾਲ ਕੀਤੀ ਜਾਂਦੀ ਹੈ, ਓਸ ਦੀ ਸੋਝੀ ਹੈ ਫੇਰ ਤਾਂ ਉਹ ਪ੍ਰਵਾਨ ਹੁੰਦੀ ਹੈ ਨਹੀਂ ਤਾਂ ਉਹ ਰੱਦ ਕਰ ਦਿੰਦੇ ਨੇ।

ਪੰਡਤ ਆਉਂਦਾ ਹੈ, ਜਨੇਊ ਪਾਉਣ ਲਗਦਾ ਹੈ। ਬੜਾ ਭਾਰਾ ਇਕੱਠ ਹੋ ਗਿਆ। ਕਿਸ਼ੋਰ ਅਵਸਥਾ ਹੈ ਗੁਰੂ ਨਾਨਕ ਪਾਤਸ਼ਾਹ ਦੀ। ਕੋਈ ਸੋਚ ਵੀ ਨਹੀਂ ਸਕਦਾ ਕਿ 9 ਸਾਲ ਦਾ ਬਾਲਕ ਇਹੋ ਜਿਹੇ ਸਵਾਲ ਕਰ ਦੇਵੇਗਾ ਜਿਸ ਦਾ ਜਵਾਬ ਕਿਸੇ ਕੋਲ ਵੀ ਨਹੀਂ ਹੋਏਗਾ। ਰਸਮ ਕੀਤੀ ਜਾਂਦੀ ਹੈ। ਬੇਅੰਤ ਭਾਈਚਾਰਾ ਤੇ ਜਾਨਣ ਪਛਾਨਣ ਵਾਲਿਆਂ ਦਾ ਇਕੱਠ ਤੇ ਰਿਸ਼ਤੇਦਾਰ ਸਾਰੇ ਬੁਲਾ ਲਏ ਜਾਂਦੇ ਨੇ। ਪੰਡਤ ਜਨੇਊ ਤਿਆਰ ਕਰਕੇ ਪਾਉਣ ਲਗਦਾ ਹੈ ਤਾਂ ਗੁਰੂ ਨਾਨਕ ਪਾਤਸ਼ਾਹ ਰੋਕ ਦਿੰਦੇ ਨੇ।

ਕਹਿਣ ਲੱਗੇ, "ਇਹ ਧਾਗਾ ਮੇਰੇ ਗਲ ਵਿਚ ਕਿਉਂ ਪਾਉਂਦੇ ਹੋ? ਇਸ ਦੀ ਕੀ ਮਹੱਤਤਾ ਹੈ? ਜੇ ਮੈਂ ਨਹੀਂ ਪਾਉਂਦਾ ਤਾਂ ਇਸ ਦੇ ਨਾਲ ਕੀ ਵਿਗੜਦਾ ਹੈ?"

ਪੰਡਤ ਦੇ ਕੋਲ ਕੋਈ ਜਵਾਬ ਨਹੀਂ ਹੈ। ਰਸਮ ਦਾ ਜਵਾਬ ਹੈ ਕਿ ਇਹ ਰਸਮ ਹੈ ਰਿਵਾਜ ਹੈ। ਇਹ ਪਾਇਆ ਜਾਵੇ ਤਾਂ, ਜਿਸ ਤਰ੍ਹਾਂ ਅਸੀਂ ਗੁਰੂ ਧਾਰਨ ਕਰ ਲੈਂਦੇ ਹਾਂ, ਗੁਰਸਿਖ ਕਹਾਉਣ ਲੱਗ ਜਾਂਦੇ ਹਾਂ। ਇਸ ਤਰ੍ਹਾਂ ਇਹ ਇਕ ਨਵਾਂ ਜਨਮ ਹੁੰਦਾ ਹੈ ਜਦੋਂ ਯਗੋਪਵੀਤ ਵਿਧੀਪੂਰਵਕ ਪੰਡਤ ਗੱਲ ਵਿਚ ਪਾ ਦਿੰਦਾ ਹੈ ਤੇ ਫੇਰ ਉਹ ਗੁਰੂ ਬਣ ਜਾਇਆ ਕਰਦਾ ਹੈ ਕੁਲ ਦਾ ਕਿਉਂਕਿ ਉਸ ਦੇ ਨਾਲ ਉਹ ਇਕ ਮੰਤਰ ਵੀ ਦਿਆ ਕਰਦਾ ਹੈ।

ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ, "ਇਸ ਧਾਗੇ ਨੇ ਤਾਂ ਮੇਰਾ ਕੁਝ ਬਦਲਣਾ ਨਹੀਂ ਹੈ। ਇਸ ਦੇ ਵਿੱਚ ਕੋਈ ਐਸੀ ਗੁਪਤ ਸ਼ਕਤੀ ਨਹੀਂ ਹੈ ਜਿਹੜੀ ਮੇਰੇ ਉਤੇ ਕੋਈ ਅਸਰ ਕਰ ਜਾਵੇ। ਇਹ ਕਪਾਹ ਤੁਸੀਂ ਮੇਰੇ ਸਾਹਮਣੇ ਹੀ ਲਈ ਹੈ ਤੇ ਇਥੇ ਹੀ ਤੁਸੀਂ ਇਸ ਨੂੰ ਵਟ ਦਿੱਤਾ ਹੈ, ਗੰਢਾਂ ਦਿੱਤੀਆਂ ਨੇ। ਇਸ ਦੇ ਨਾਲ ਦੀ ਕਪਾਹ ਹੋਰ ਪਈ ਹੈ ਤੇ ਇਸ ਦੇ ਵਿੱਚ ਕੀ ਵਿਸ਼ੇਸ਼ਤਾ ਹੈ ਕਿ ਜਦੋਂ ਮੈਂ ਸੰਸਾਰ ਤੋਂ ਜਾਵਾਂਗਾ ਮੇਰੇ ਨਾਲ ਜਾਏਗਾ?

ਕੋਈ ਜਵਾਬ ਨਹੀਂ ਆਉਂਦਾ। ਉਸ ਵੇਲੇ ਆਪ ਤੋਂ ਪੁਛਿਆ ਗਿਆ ਕਿ ਇਸ ਤੋਂ ਆਪ ਦਾ ਕੀ ਮਤਲਬ ਹੈ?

ਮਹਾਰਾਜ ਕਹਿੰਦੇ, "ਜੇ ਇਸ ਦੇ ਪਿੱਛੇ ਕੋਈ ਚੀਜ਼ ਨਹੀਂ, ਚਿੰਨ੍ਹ ਨਹੀਂ ਹੈ ਤਾਂ ਇਸ ਦੇ ਪਾਉਣ ਦਾ ਕੋਈ ਲਾਭ ਨਹੀਂ ਹੈ। ਕਪਾਹ ਦੀ ਥਾਂ ਤੇ ਦਇਆ ਦਾ ਗੁਣ ਧਾਰਨ ਕਰ ਲਿਆ ਜਾਵੇ, ਸੰਤੋਖ ਦਾ ਸੂਤ ਬਣਾ ਲਿਆ ਜਾਵੇ, ਸਤ ਦਾ ਜੀਵਨ, ਸੁੱਚਾ ਜੀਵਨ ਜੇ ਅਪਣਾ ਲਿਆ ਜਾਵੇ, ਸਤ ਦਾ ਜੀਵਨ ਹੋਵੇ, ਜਤ ਧਾਰਨ ਕੀਤਾ ਹੋਵੇ, ਇਹ ਤਾਂ ਜੀਵ ਦੇ ਨਾਲ ਨਿਭ

ਸਕਦਾ ਹੈ। ਧਾਗਾ ਤਾਂ ਇਥੇ ਹੀ ਟੁੱਟ ਜਾਣਾ ਹੈ, ਮੈਲਾ ਹੋ ਜਾਣਾ ਹੈ। ਫੇਰ ਹੋਰ ਮੈਂ ਆਪੇ ਹੀ ਪਾ ਲੈਣਾ ਹੈ ਜਾਂ ਤੇਰੇ ਘਰੋਂ ਲਿਆ ਕੇ ਪਾ ਲੈਣਾ ਹੈ। ਇਹ ਨਹੀਂ ਕੰਮ ਸਾਰਦਾ। ਇਸ ਲਈ ਜੇ ਤੇਰੇ ਕੋਲ ਕੋਈ ਐਸੀ ਚੀਜ਼ ਹੈ ਜਿਹੜੀ ਜੀਵ ਦੇ ਨਾਲ ਨਿਭ ਜਾਵੇ ਉਹ ਪਾ ਦੇਹ।"

ਜੇ ਦਇਆ ਆਦਮੀ ਦੇ ਅੰਦਰ ਨਹੀਂ ਪੈਦਾ ਹੋਈ ਤਾਂ ਉਸ ਦੇ ਅੰਦਰ ਧਰਮ ਨਹੀਂ ਆਇਆ ਕਰਦਾ ਕਦੇ ਵੀ। ਜੀਵਾਂ ਨੂੰ ਮਾਰ ਕੇ ਖਾਣਾ, ਦੂਸਰੇ ਦੇ ਉੱਤੇ ਧੱਕਾ ਕਰਨਾ, ਦੂਸਰੇ ਨੂੰ ਨੀਚਾ ਦਿਖਾਉਣਾ ਤੇ ਦਇਆ ਦਾ ਜਜ਼ਬਾ ਪੈਦਾ ਨਾ ਹੋਣਾ। ਮਹਾਰਾਜ ਕਹਿੰਦੇ ਦਇਆ ਤੋਂ ਬਗੈਰ ਤਾਂ ਆਦਮੀ ਧਰਮ ਵਿਚ ਆਇਆ ਹੀ ਨਹੀਂ ਹੈ ਕਿਉਂਕਿ ਧਰਮ ਪੈਦਾ ਹੀ ਦਇਆ ਤੋਂ ਹੁੰਦਾ ਹੈ, ਜਿਸ ਦੇ ਹਿਰਦੇ ਵਿਚ ਮਾਂ ਨਹੀਂ ਵਸੀ ਉਥੇ ਪੁੱਤਰ ਨੇ ਕੀ ਵਾਸਾ ਕਰਨਾ ਹੈ। ਜੋ ਧਰਮ ਹੈ ਇਹ ਇਕ ਸਰਵ ਵਿਆਪਕ ਆਚਰਨ ਹੋਇਆ ਕਰਦਾ ਹੈ। ਉਸ ਦੇ ਵਿਚ ਇਹ ਗੁਣ ਹੋਇਆ ਕਰਦੇ ਨੇ ਜਿਹੜੇ ਸੁਖ ਹੀ ਸੁਖ ਦਿੰਦੇ ਨੇ। ਖਿਮਾ ਹੈ, ਧੀਰਜ ਹੈ, ਸੰਤੋਖ ਹੈ, ਸਤ ਹੈ, ਮਿੱਠੇ ਬਚਨ ਨੇ ਤੇ ਆਚਰਨ ਹੈ, ਸੌਚ ਹੈ-ਪਵਿੱਤਰਤਾ ਹੈ ਸਭ ਚੀਜ਼ ਦੀ - ਸਰੀਰ ਦੀ ਪਵਿੱਤਰਤਾ, ਮਨ ਦੀ ਪਵਿੱਤਰਤਾ, ਬੁੱਧੀ ਦੀ ਪਵਿੱਤਰਤਾ ਇਹ ਸਾਰੀਆਂ ਪਵਿੱਤਰਤਾਵਾਂ ਜੇ ਪੈਦਾ ਨਹੀਂ ਹੁੰਦੀਆਂ ਤਾਂ ਆਦਮੀ ਦਾ ਜੀਵਨ ਕੁਝ ਵੀ ਨਹੀਂ ਹੈ। ਇਹ ਸਾਰੀਆਂ ਚੀਜ਼ਾਂ ਮਿੱਠਾ ਬੋਲਣਾ, ਦਾਨ ਕਰਨਾ, ਸੇਵਾ ਕਰਨੀ ਆਦਿ ਧਰਮ ਵਿਚੋਂ ਪੈਦਾ ਹੁੰਦੀਆਂ ਹਨ। ਜੇ ਮਾਂ (ਦਇਆ) ਹੀ ਨਹੀਂ ਆਈ ਤਾਂ ਧਰਮ ਕਿਥੋਂ ਪੈਦਾ ਹੋ ਜਾਇਗਾ। ਸੋ ਮਹਾਰਾਜ ਕਹਿੰਦੇ -

***ਧੌਲੁ ਧਰਮੁ ਦਇਆ ਕਾ ਪੂਤੁ॥***

***ਅੰਗ - 3***

ਕਹਿਣ ਲੱਗੇ, "ਪੰਡਤ ਜੀ! ਜੇ ਦਇਆ ਦੀ ਤੇਰੇ ਕੋਲ ਕਪਾਹ ਹੈ ਤਾਂ ਧਰਮ ਨੇ ਪੈਦਾ ਹੋਣਾ ਹੈ। ਜੇ ਦਇਆ ਨਹੀਂ ਹੈ ਤਾਂ ਧਰਮ ਪੈਦਾ ਨਹੀਂ ਹੋਣਾ ਤੇ ਸੰਤੋਖ ਜਿੰਨੀ ਦੇਰ ਤੱਕ ਨਹੀਂ ਆਇਆ........।"

ਕਿੰਨੀ ਕਿਸਮ ਦਾ ਸੰਤੋਖ ਹੈ?

ਕਮਾਈ ਕਰਦਾ ਹੈ ਆਦਮੀ, ਦਫਤਰ ਵਿਚ ਕੰਮ ਕਰਦਾ ਹੈ, ਹੋਰ ਥਾਂ ਤੇ ਕਰਦਾ ਹੈ, ਜੇ ਇਮਾਨਦਾਰੀ ਉਸ ਦੇ ਵਿੱਚ ਨਹੀਂ ਆਈ ਤਾਂ ਉਸ ਦਾ ਜਨੇਊ ਪਾਇਆ ਹੋਇਆ ਜਾਂ ਧਰਮ ਦੇ ਹੋਰ ਚਿੰਨ੍ਹ ਪਹਿਨੇ ਹੋਏ ਕੀ ਮਹੱਤਵ ਰਖਦੇ ਨੇ ਜੇ ਉਸ ਦੇ ਅੰਦਰ ਸੰਤੋਖ ਦੀ ਭਾਵਨਾ ਨਹੀਂ ਆਈ। ਉਸ ਦਾ ਮਨ ਭਟਕ ਰਿਹਾ ਹੈ। ਮਨ ਵਿੱਚ ਸੰਤੋਖ ਨਹੀਂ ਉਸ ਦੇ, ਬੁੱਧੀ ਵਿਚ ਸੰਤੋਖ ਨਹੀਂ, ਜੇ ਬਚਨ ਵਿੱਚ ਸੰਤੋਖ ਨਹੀਂ ਹੈ ਤਾਂ ਉਸ ਦਾ ਜੀਵਨ ਬਿਲਕੁਲ ਨਕਾਰਾ ਹੈ ਕਿਸੇ ਕੰਮ ਦਾ ਨਹੀਂ ਹੈ। ਜਤ ਹੈ ਸਾਰੀਆਂ ਇੰਦ੍ਰੀਆਂ ਦਾ -

***ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ॥***

***ਅੰਗ - 274***

***ਕਰਨ ਨ ਸੁਨੈ ਕਾਹੂ ਕੀ ਨਿੰਦਾ॥***

***ਅੰਗ - 274***

ਹੱਥਾਂ ਨਾਲ ਸੇਵਾ ਕਰਨੀ, ਪੈਰਾਂ ਨਾਲ ਚੱਲ ਕੇ ਜਿਸ ਥਾਂ ਤੇ ਸਤਿਸੰਗ ਹੁੰਦਾ ਹੈ ਰੱਬ ਦੇ ਪਿਆਰੇ ਇਕੱਠੇ ਹੋ ਕੇ ਹਰੀ ਦਾ ਜਸ ਕਰਦੇ ਨੇ ਉਸ ਥਾਂ ਪਹੁੰਚਣਾ, ਜੀਵਨ ਤੇ ਪਹਿਰਾ ਦੇਣਾ, ਬਚਨ ਦਾ ਪੱਕਾ ਹੋਣਾ ਆਦਿ> ਜੇ ਜਤ ਹੀ ਨਹੀਂ ਧਾਰਨ ਕਰਿਆ ਇੰਦ੍ਰੀਆਂ ਦਾ ਤਾਂ ਜੀਵਨ ਦਾ ਕੀ ਮਹੱਤਵ ਤੇ ਸਤਿ ਦਾ ਜੋ ਜੀਵਨ ਹੈ 'ਸਤਿਵਾਦੀ' ਹੋਣਾ, ਕਦੇ ਵੀ ਭੁੱਲ ਕੇ ਵੀ ਕਿਸੇ ਤਰੀਕੇ ਨਾਲ ਝੂਠ ਦੀ ਬਾਤ ਮਨ ਵਿਚੋਂ ਨਾ ਕਹਿਣੀ।

ਪਹਿਲੇ ਸਮਿਆਂ ਵਿਚ ਇਹ ਬਾਤਾਂ ਚਲਦੀਆਂ ਸੀ ਦੁਆਪਰ ਯੁੱਗ ਤੱਕ। ਗੁਰੂ ਤੀਸਰੇ ਪਾਤਸ਼ਾਹ ਮਹਾਰਾਜ ਜੀ ਦੇ ਜੀਵਨ ਵਿੱਚ ਇਕ ਇਹੋ ਜਿਹਾ ਵਾਕਿਆ ਆਉਂਦਾ ਹੈ ਕਿ ਆਪ 'ਸਤਿਵਾਦੀ' ਸਨ। ਇਕ ਵਾਰੀ ਆਪ ਗੁਰੂ ਅੰਗਦ ਸਾਹਿਬ ਮਹਾਰਾਜ ਜੀ ਦੇ ਪਿੱਛੇ ਤੁਰੇ ਜਾਂਦੇ ਸੀ ਪਰ ਐਸਾ ਹੋਇਆ ਕਿ ਆਪ ਬਰਾਬਰ ਆ ਗਏ, ਦੋ ਚਾਰ ਕਦਮ ਬਰਾਬਰ ਪੁੱਟ ਲਏ ਤੇ ਆਪ ਦੀ ਬਾਂਹ ਗੁਰੂ ਮਹਾਰਾਜ ਜੀ ਤੋਂ ਅੱਗੇ ਲੰਘ ਗਈ। ਉਸ ਵੇਲੇ ਆਪ ਜੀ ਦੇ ਮਨ ਵਿਚ ਆਇਆ ਕਿ ਮੇਰੀ ਬਾਂਹ ਗੁਰੂ ਮਹਾਰਾਜ ਜੀ ਤੋਂ ਅੱਗੇ ਲੰਘ ਗਈ ਹੈ ਤੇ ਅੱਜ ਤੋਂ ਬਾਅਦ ਮੈਂ ਇਸ ਬਾਂਹ ਤੋਂ ਕੰਮ ਨਹੀਂ ਲੈਣਾ। ਬਾਕੀ ਦੀ ਜ਼ਿੰਦਗੀ ਉਨ੍ਹਾਂ ਨੇ ਉਸ ਬਾਂਹ ਨੂੰ ਛਾਤੀ ਨਾਲ ਲਾ ਕੇ ਰੱਖਿਆ। ਸੋ ਇਹ ਸਤਿਵਾਦੀ' ਜੀਵਨ ਕਹਾਉਂਦਾ ਹੈ। 'ਸਤਿ' ਦੇ ਉਤੇ ਅਧਾਰਤ, ਸਾਰਾ ਸੰਸਾਰ ਜਾਣ ਜਾਂਦਾ ਹੈ ਕਿ ਇਹ 'ਸਤਿਵਾਦੀ' ਹੈ। ਇਸ ਨੇ ਜੋ ਬਚਨ ਕਹਿਣਾ ਹੈ ਫੇਰ ਕਦੇ ਗਲਤ ਹੋਣਾ ਹੀ ਨਹੀਂ ਬਚਨ, ਬਿਲਕੁਲ ਸਹੀ ਹੋਏਗਾ ਕਿਉਂਕਿ ਪ੍ਰਮੇਸ਼ਰ ਸਤਿ ਹੈ ਤੇ ਉਸ ਦਾ ਬਚਨ ਵੀ 'ਸਤਿ' ਹੋਵੇਗਾ ।

ਸੋ ਮਹਾਰਾਜ ਜੀ ਕਹਿੰਦੇ, "ਪੰਡਤ ਜੀ! ਜੇ ਇਹ ਚੀਜ਼ਾਂ ਨਹੀਂ ਮਿਲ ਸਕਦੀਆਂ ਮੈਨੂੰ ਇਸ ਧਾਗੇ ਵਿਚੋਂ ਤਾਂ ਰਹਿਣ ਦਿਓ, ਮੈਂ ਬੋਝ ਨਹੀਂ ਚੁਕਣਾ। ਇਹ ਟੁੱਟ ਜਾਂਦਾ ਹੈ, ਇਹ ਮੈਲਾ ਹੋ ਜਾਂਦਾ ਹੈ।

ਤੁਸੀਂ ਇਹ ਦਸੋ। ਇਹ ਗਲ ਵਿਚ ਤਾਂ ਮੇਰੇ ਪਾ ਦਿੱਤਾ, ਅੱਖਾਂ ਦੇ ਉਤੇ ਮੇਰੇ ਕੀ ਪਾਬੰਦੀ ਲਾਓਂਗੇ? ਕੰਨਾਂ ਤੇ ਕੀ ਪਾਬੰਦੀ ਲਾਓਂਗੇ? ਚਲੋ ਇਨ੍ਹਾਂ ਤੇ ਵੀ

ਲਾ ਦਿਓ ਅੱਖਾਂ ਤੇ ਖੋਪੇ ਲਾ ਦਿਓ, ਕੰਨਾਂ ਵਿੱਚ ਰੂੰ ਪਾ ਦਿਓ ਲੇਕਿਨ ਮਨ ਮੇਰੇ ਨੂੰ ਤੁਸੀਂ ਕਿਵੇਂ ਰੋਕ ਲਓਗੇ? ਮਨ ਦੇ ਖਿਆਲ ਕਿਵੇਂ ਰੁਕ ਜਾਣਗੇ? ਕਿਵੇਂ ਸ਼ੁਧ ਹੋ ਜਾਣਗੇ?"

ਸੋ ਗੁਰੂ ਨਾਨਕ ਪਾਤਸ਼ਾਹ ਜੀ ਦਾ ਸੰਸਾਰ ਤੇ ਆਉਣਾ, ਭਾਈ ਗੁਰਦਾਸ ਜੀ ਫੁਰਮਾਨ ਕਰਦੇ ਨੇ ਕਿ-

*ਸਤਿਗੁਰ ਨਾਨਕ ਪ੍ਰਗਟਿਆ,*
*ਮਿਟੀ ਧੁੰਧੁ ਜਗਿ ਚਾਨਣੁ ਹੋਆ।*
*ਭਾਈ ਗੁਰਦਾਸ ਜੀ ਦੀ ਵਾਰ 1/27*

ਇਹ ਧੁੰਦ ਕਿਹੜੀ ਸੀ ਜਿਹੜੀ ਪਈ ਹੋਈ ਸੀ ਕਿਉਂਕਿ ਪਹਿਲਾਂ ਵੀ ਮਜ਼ਹਬ ਸੀ। ਪਹਿਲਾਂ ਵੀ ਵੱਡੇ ਵੱਡੇ ਮਹਾਂਪੁਰਸ਼ ਆਏ, ਸਾਰੇ ਸੰਸਾਰ ਦੇ ਉਤੇ ਆਏ ਤੇ ਧੁੰਦ ਕਿਵੇਂ ਦੂਰ ਕਰ ਦਿੱਤੀ ਗੁਰੂ ਨਾਨਕ ਪਾਤਸ਼ਾਹ ਨੇ। ਉਨ੍ਹਾਂ ਤੋਂ ਪਹਿਲਾਂ ਧੁੰਦ ਰਹਿ ਕਿਵੇਂ ਗਈ? ਇਹ ਚੀਜ਼ਾਂ ਨੇ ਜੋ ਸਾਡੇ ਵਿਚਾਰਨ ਵਾਲੀਆਂ ਨੇ।

ਗੁਰੂ ਨਾਨਕ ਪਾਤਸ਼ਾਹ ਤੋਂ ਪਹਿਲਾਂ ਦਰਸ਼ਨ ਭਾਰਤਵਰਸ਼ ਵਿਚ ਮੌਜੂਦ ਸੀ, ਸੰਸਾਰ ਦੇ ਅੰਦਰ ਹੋਰ ਅਨੇਕਾਂ ਧਰਮ ਗ੍ਰੰਥ ਸਨ ਜੋ ਰਾਹ ਦਿਖਾਉਂਦੇ ਸਨ ਪਰ ਉਨ੍ਹਾਂ ਵਿੱਚ ਸਪਸ਼ਟਤਾ ਨਹੀਂ ਸੀ ਬੜਾ ਜ਼ਬਰਦਸਤ, ਤਰਕ ਵਿਤਰਕ ਸੀ ਆਪਸ ਦੇ ਵਿੱਚ, ਭਾਰਤਵਰਸ਼ ਦੇ ਸਾਸ਼ਤਰ ਵਾਹਿਗੁਰੂ ਨੂੰ ਇਸ ਤਰ੍ਹਾਂ ਪ੍ਰਗਟ ਨਹੀਂ ਸੀ ਕਰਦੇ ਜਿਸ ਤਰ੍ਹਾਂ ਗੁਰੂ ਨਾਨਕ ਪਾਤਸ਼ਾਹ ਨੇ ਕਰਿਆ। ਕੁਝ ਮੰਨਦੇ ਸੀ, ਕੁਝ ਨਹੀਂ ਸੀ ਮੰਨਦੇ। ਸਾਂਖ ਸਾਸ਼ਤਰ ਨੇ ਮੰਨਿਆ ਹੀ ਨਹੀਂ ਕਿ ਵਾਹਿਗੁਰੂ ਹੈ। ਉਸ ਨੇ ਪ੍ਰਾਕਿਰਤੀ ਦੀ ਖੋਜ ਕਰੀ, ਬੜੀ ਜਬਰਦਸਤ ਖੋਜ ਹੈ। ਅੱਜ ਵੀ ਵਿਗਿਆਨ ਉਸ ਉਤੇ ਖੜੀ ਹੈ, ਉਸ ਤੇ ਅਧਾਰਿਤ ਹੈ, ਲੇਕਿਨ ਪ੍ਰਮੇਸ਼ਰ ਵੱਲ ਨਹੀਂ ਉਹ ਗਿਆ, ਉਸ ਨੇ ਪ੍ਰਾਕਿਰਤੀ ਨੂੰ ਮੰਨਿਆ ਜੋ ਕੁਝ ਆਹ ਦਿਸਦਾ ਹੈ ਇਸ ਨੂੰ ਉਹ ਪ੍ਰਾਕਿਰਤੀ ਕਹਿੰਦਾ ਸੀ।

ਦੂਸਰਾ ਜੋ ਨਿਆਏ ਸਾਸ਼ਤਰ ਸੀ ਉਹ ਪ੍ਰਮਾਣੂਆਂ ਨੂੰ ਮੰਨਦਾ ਸੀ ਕਿ ਪ੍ਰਮਾਣੂਆਂ ਤੋਂ ਸੰਸਾਰ ਬਣਿਆ। ਜੋ ਪਾਤੰਜਲ ਸਾਸ਼ਤਰ ਸੀ ਉਹ ਪੁਰਖ, ਪ੍ਰਾਕਿਰਤੀ ਤੇ ਜੀਵਨ ਤਿੰਨ ਚੀਜ਼ਾਂ ਨੂੰ ਮੰਨਦਾ ਸੀ। ਵੇਦਾਂਤ ਜੋ ਸੀ ਉਹ ਮਾਇਆ ਨੂੰ ਅਨਰ ਬਚਨੀ ਤੇ ਬ੍ਰਹਮ ਨੂੰ ਮੰਨਦੇ ਸੀ ਇਹ ਸਾਡੇ ਸਿੱਖੀ ਸਿਧਾਂਤ ਦੇ ਬਹੁਤ ਨੇੜੇ ਸੀ।

ਗੁਰੂ ਨਾਨਕ ਪਾਤਸ਼ਾਹ ਨੇ ਆ ਕੇ ਸੰਸਾਰ ਦੇ ਉਤੇ ਜੋ ਵਿਆਖਿਆ ਕੀਤੀ ਉਹ ਜੇ ਸਾਡੀ ਸਮਝ ਵਿਚ ਆ ਜਾਵੇ ਤੇ ਸਾਡੇ ਹਿਰਦੇ ਵਿਚ ਓਹ ਨਿਵਾਸ ਪਾ ਲਵੇ ਤਾਂ ਅਸੀਂ ਵੀ ਕਿਸੇ ਕਿਨਾਰੇ ਪਹੁੰਚ ਸਕਦੇ ਹਾਂ। ਗੁਰੂ ਨਾਨਕ ਪਾਤਸ਼ਾਹ ਦਾ ਜੋ ਸਿਧਾਂਤ ਹੈ ਜੇ ਸਾਨੂੰ ਕੋਈ ਪੁਛੇ ਕਿ ਤੁਹਾਡਾ ਕੀ ਸਿਧਾਂਤ ਹੈ? ਕਾਹਦੇ ਵਾਸਤੇ ਤੁਸੀਂ ਕੇਸ ਰੱਖੇ ਨੇ? ਕਾਹਦੇ ਵਾਸਤੇ ਤੁਸੀਂ ਅੰਮ੍ਰਿਤ ਛਕਦੇ ਹੋ? ਕਾਹਦੇ ਵਾਸਤੇ ਤੁਸੀਂ ਤੁਰੇ ਫਿਰਦੇ ਹੋ? ਤੁਹਾਡੇ ਧਰਮ ਦਾ ਸਿਧਾਂਤ ਕੀ ਹੈ? ਨਿਸ਼ਾਨਾ ਕੀ ਹੈ ਤੁਹਾਡੇ ਧਰਮ ਦਾ? ਦੋ ਅੱਖਰਾਂ ਵਿੱਚ ਅਸੀਂ ਪੜੇ ਲਿਖੇ ਸਮਾਜ ਵਿਚ ਦੱਸ ਨਹੀਂ ਸਕਦੇ ਕਿ ਸਾਡਾ ਨਿਸ਼ਾਨਾ ਕੀ ਹੈ? ਅਸੀਂ ਕਹਿ ਦੇਵਾਂਗੇ ਕਿ 'ਕਿਰਤ ਕਰਨਾ, ਵੰਡ ਛਕਣਾ ਤੇ ਨਾਮ ਜਪਣਾ।' ਇਹ ਸਾਡਾ ਸਿਧਾਂਤ ਹੈ ਲੇਕਿਨ ਇਹ ਤਾਂ ਜੀਵਨ ਦਾ ਰਸਤਾ ਹੈ ਕਿਸੇ ਸਿਧਾਂਤ ਤੇ ਪਹੁੰਚਣ ਨੂੰ। ਸੋ ਇਸੇ ਤਰ੍ਹਾਂ ਜੇ ਅਸੀਂ 'ਗੁਰਮੁਖ ਨਾਮ ਦਾਨ ਇਸਨਾਨ' ਕਹਿੰਦੇ ਹਾਂ ਇਹ ਗੁਰਮੁਖ ਦੀ ਰਹਿਤ ਹੈ। ਅੰਤਿਮ ਨਿਸ਼ਾਨਾ ਕੀ ਹੈ?

ਮਹਾਰਾਜ ਜੀ ਅੰਤਮ ਨਿਸ਼ਾਨਾ ਜੋ ਹੈ ਉਹ ਹੈ -

*ਏਕੋ ਬ੍ਰਹਮ ਦੁਤੀਆ ਨਾਸਤਿ॥*

ਵਾਹਿਗੁਰੂ ਤੋਂ ਬਗੈਰ ਨਾ ਕੋਈ ਚੀਜ਼ ਹੈ, ਨਾ ਕੋਈ ਹੋਏਗੀ -

*ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ।*
*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥*
*ਅੰਗ - 1291*

ਭਾਈ ਗੁਰਦਾਸ ਜੀ ਨੇ ਏਸ ਨੂੰ ਹੋਰ ਖੋਲ੍ਹ ਕੇ ਦੱਸਿਆ ਹੈ ਕਿ -

*ਨਿਰੰਕਾਰੁ ਆਕਾਰੁ ਹੋਇ.........॥*
*ਭਾਈ ਗੁਰਦਾਸ ਜੀ ਦੀ ਵਾਰ 26/2*

ਜਦੋਂ ਨਿਰੰਕਾਰ ਨੇ ਸੰਸਾਰ ਦੀ ਰਚਨਾ ਕਰਨੀ ਸੀ ਤਾਂ ਆਪ ਅਕਾਰ ਵਿਚ ਆਇਆ -

*.......... ਏਕੰਕਾਰੁ ਅਪਾਰੁ ਸਦਾਇਆ॥*
*ਭਾਈ ਗੁਰਦਾਸ ਜੀ ਦੀ ਵਾਰ 26/2*

ਤੇ ਨਾਉਂ ਹੋਇਆ 'ਏਕੰਕਾਰ'।

*ਏਕੰਕਾਰਹੁ ਸਬਦ ਧੁਨਿ ..........॥*
*ਭਾਈ ਗੁਰਦਾਸ ਜੀ ਦੀ ਵਾਰ 26/2*

ਏਕੰਕਾਰ ਤੋਂ ਜੋ ਪਹਿਲਾ ਕਰਮ ਹੋਇਆ ਉਹ 'ਸ਼ਬਦ ਧੁਨ' ਹੋਈ।

*ਪ੍ਰਥਮ ਓਅੰਕਾਰ ਤਿਨ ਕਹਾ*
*ਸੋ ਧੁਨ ਪੂਰ ਜਗਤ ਮੋ ਰਹਾ।*

ਉਹ ਧੁਨ ਜੋ ਹੈ ਅਲਹਿਦਾ ਨਹੀਂ ਹੈ, ਵਾਹਿਗੁਰੂ ਜੀ ਦੇ ਅੰਦਰ ਹੀ ਹੈ ਉਹ। ਰਚਨਾ ਤੋਂ ਪਹਿਲਾਂ ਸ਼ਬਦ ਹੀ ਸੀ ਵਾਹਿਗੁਰੂ। ਇਸੇ ਕਰਕੇ ਸਾਨੂੰ ਗੁਰੂ ਨਾਨਕ ਪਾਤਸ਼ਾਹ ਨੇ ਸ਼ਬਦ ਦੇ ਲੜ ਲਾਇਆ ਹੈ ਕਿਉਂਕਿ ਇਹ ਗੱਲ ਸਮਝਣ ਵਾਲੀ ਹੈ ਕਿ ਸ਼ਬਦ

ਹੈ ਕੀ? ਆਦਿ ਸ਼ਬਦ ਕੀ ਹੈ? ਕਹਿੰਦੇ –

*ਏਕੰਕਾਰਹੁ ਸਬਦ ਧੁਨਿ*
*ਓਅੰਕਾਰ ਅਕਾਰੁ ਬਣਾਇਆ।*
*ਭਾਈ ਗੁਰਦਾਸ ਜੀ ਦੀ ਵਾਰ 26/2*

ਗੁਰੂ ਨਾਨਕ ਪਾਤਸ਼ਾਹ ਨੇ ਦੋ ਨੂੰ ਇਕ ਕਰਕੇ ਬ੍ਰੈਕਟ ਕਰ ਦਿੱਤਾ ਕਿ '੧ਓ ਸਤਿ'..... ਉਸ ਤੋਂ ਮਗਰੋਂ ਇਹੀ ਸਤਿ ਹੈ '੧ਓ' ਜਿਸ ਨੂੰ ਪਰਮ ਤੱਤ ਕਹਿੰਦੇ ਨੇ ਉਹ ੧ਓ ਹੈ। ਸੋ '੧ਓ ਤੋਂ ਸਾਰੀ ਸ੍ਰਿਸ਼ਟੀ ਦੀ ਰਚਨਾ ਹੋਈ –

*ਕੀਤਾ ਪਸਾਉ ਏਕੋ ਕਵਾਉ॥*
*ਤਿਸ ਤੇ ਹੋਏ ਲਖ ਦਰੀਆਉ॥*
*ਅੰਗ – 3*

*ਆਪੀਨੈ ਆਪੁ ਸਾਜਿਓ*
*ਆਪੀਨੈ ਰਚਿਓ ਨਾਉ॥*
*ਦੁਯੀ ਕੁਦਰਤਿ ਸਾਜੀਐ*
*ਕਰਿ ਆਸਣੁ ਡਿਠੋ ਚਾਉ॥ ਅੰਗ – 463*

ਸੋ ਸਾਰਾ ਸੰਸਾਰ ਪ੍ਰਮੇਸ਼ਰ ਵਿਚੋਂ ਹੋਇਆ ਹੈ ਤੇ ਪ੍ਰਮੇਸ਼ਰ ਵਿਚ ਹੀ ਲੀਨ ਹੋ ਜਾਂਦਾ ਹੈ। 'ਇਕ ਵਾਦ ਹੈ' ਗੁਰੂ ਨਾਨਕ ਪਾਤਸ਼ਾਹ ਜੀ ਦਾ ਸਿਧਾਂਤ। ਜੇ ਦੁਨੀਆਂ ਸਮਝ ਜਾਵੇ ਤਾਂ ਜੋ ਹੱਦਾਂ ਬਣੀਆਂ ਹੋਈਆਂ ਨੇ ਭੂਗੋਲਿਕ ਇਹ ਸਭ ਹਟ ਜਾਣ, ਸਾਰਾ ਸੰਸਾਰ ਇਕ ਹੋ ਜਾਵੇ, ਕੋਈ ਦ੍ਵੈਤ ਨਾ ਰਹੇ, ਕੋਈ ਈਰਖਾ ਨਾ ਰਹੇ।

ਸੋ ਗੁਰੂ ਨਾਨਕ ਪਾਤਸ਼ਾਹ ਨੇ ਆਪਣੇ ਸਿਧਾਂਤ ਵਿਚ ਪ੍ਰਧਾਨਤਾ ਦਿੱਤੀ ਹੈ ਕਿ –

*ਕਲਜੁਗ ਮਹਿ ਕੀਰਤਨੁ ਪਰਧਾਨਾ॥*
*ਗੁਰਮੁਖ ਜਪੀਐ ਲਾਇ ਧਿਆਨਾ॥*
*ਆਪਿ ਤਰੈ ਸਗਲੇ ਕੁਲ ਤਾਰੇ*
*ਹਰਿ ਦਰਗਹ ਪਤਿ ਸਿਉ ਜਾਇਦਾ॥*
*ਅੰਗ – 1076*

ਸੋ ਗੁਰੂ ਨਾਨਕ ਪਾਤਸ਼ਾਹ ਨੇ ਸਾਨੂੰ ਜੋ ਸ਼ਿਰੋਮਣੀ ਭਗਤੀ ਦਿੱਤੀ ਹੈ ਉਹ ਨਾਮ ਸਿਮਰਨ ਦੀ ਦਿੱਤੀ ਹੈ –

*ਅਬ ਕਲੂ ਆਇਓ ਰੇ॥*
*ਇਕੁ ਨਾਮੁ ਬੋਵਹੁ ਬੋਵਹੁ॥*
*ਅਨ ਰੂਤਿ ਨਾਹੀ ਨਾਹੀ॥*
*ਮਤੁ ਭਰਮਿ ਭੂਲਹੁ ਭੂਲਹੁ॥ ਅੰਗ–1185*

ਸੋ ਇਸ ਤਰ੍ਹਾਂ ਦੇ ਨਾਲ ਤੁਸੀਂ ਗੁਰੂ ਨਾਨਕ ਪਾਤਸ਼ਾਹ ਜੀ ਦੀ ਯਾਦ ਮਨਾਉਂਦੇ ਹੋ, ਉਨ੍ਹਾਂ ਦੇ ਸਿਧਾਤਾਂ ਨੂੰ ਸਮਝਣ ਦਾ ਯਤਨ ਕਰੋ, ਜੀਵਨ ਬਣਾਓ ਤੇ ਫੇਰ ਇਹ ਸਾਡੇ ਵਾਸਤੇ ਸਫਲ ਹੈ।

*ਵਾਹਿਗੁਰੂ ਜੀ ਕਾ ਖਾਲਸਾ॥*
*ਵਾਹਿਗੁਰੂ ਜੀ ਕੀ ਫਤਹਿ॥*

# ਗੁਰਮੁਖਿ ਕੋਟਿ ਉਧਾਰਦਾ

ਸਾਧ ਸੰਗਤ ਜੀ!

*ਵਾਹਿਗੁਰੂ ਜੀ ਕਾ ਖਾਲਸਾ॥*
*ਵਾਹਿਗੁਰੂ ਜੀ ਕੀ ਫਤਹਿ॥*

ਗੁਰੂ ਮਹਾਰਾਜ ਜੀ ਦਾ ਜੋ ਹੁਕਮਨਾਮਾ ਸਾਨੂੰ ਬਖਸ਼ਿਸ਼ ਹੋਇਆ ਹੈ ਉਹ ਆਪ ਸਭ ਨੇ ਸਰਵਣ ਕੀਤਾ ਹੈ। ਇਸ ਤੋਂ ਪਹਿਲਾਂ ਆਪ ਪਿਆਰ ਦੇ ਨਾਲ ਹਰੀ ਜਸ ਸਰਵਣ ਕਰ ਰਹੇ ਸੀ, ਗਾ ਰਹੇ ਸੀ। ਅੰਮ੍ਰਿਤ ਵੇਲੇ ਉਠਣਾ ਵਾਹਿਗੁਰੂ ਜੀ ਦੀ ਆਪਣੀ ਬਖਸ਼ਿਸ਼ ਹੋਇਆ ਕਰਦੀ ਹੈ।

ਪਿਛਲੇ ਯੁੱਗਾਂ ਦੇ ਵਿੱਚ ਲੰਮੀਆਂ ਕਮਾਈਆਂ ਸਨ, ਉਮਰਾਂ ਵੱਡੀਆਂ ਸਨ।

ਐਸਾ ਜਿਕਰ ਆਉਂਦਾ ਹੈ ਜੋ ਭਾਰਤ ਦਾ ਅਧਿਆਤਮਕ ਇਤਿਹਾਸ ਹੈ ਉਸ ਵਿਚ 17,28,000 (ਸਤਾਰਾਂ ਲੱਖ ਅਠਾਈ ਹਜ਼ਾਰ) ਸਾਲ ਦਾ ਬਹੁਤ ਹੀ ਉਤਮ ਸਮਾਂ ਜਿਸ ਵਿਚ ਸੱਚ ਬੋਲਿਆ ਜਾਂਦਾ ਸੀ, ਛਲ ਕਪਟ ਕੋਈ ਨਹੀਂ ਸੀ ਹੁੰਦਾ। ਉਦੋਂ ਪ੍ਰਮੇਸ਼ਰ ਦੇ ਭਰੋਸੇ ਤੇ ਜਿੰਦਗੀ ਗੁਜ਼ਾਰੀ ਜਾਂਦੀ ਸੀ। ਕੋਈ ਧਨ ਜੋੜਦਾ ਨਹੀਂ ਸੀ, ਕੋਈ ਕੋਠੇ ਨਹੀਂ ਸੀ ਪਾਉਂਦਾ, ਕੋਠੀਆਂ ਨਹੀਂ ਸੀ ਪਾਉਂਦੇ, ਕਿਲ੍ਹੇ ਕੋਟ ਨਹੀਂ ਸੀ ਹੁੰਦੇ। ਬਹੁਤ ਹੀ ਸੰਤੋਖ ਦਾ ਤੇ ਸੁਖ ਦਾ ਜੀਵਨ ਬਤੀਤ ਕੀਤਾ ਜਾਂਦਾ ਸੀ। ਉਹ 'ਸਤਿ ਦੇ ਜੀਵਨ' ਦੇ ਆਸਰੇ ਪ੍ਰਮੇਸ਼ਰ ਤੱਕ ਪਹੁੰਚ ਜਾਇਆ ਕਰਦੇ ਸੀ।

ਫੇਰ ਸਮਾਂ ਬਦਲਿਆ 12, 96, 000 (ਬਾਰਾਂ ਲੱਖ ਛਿਆਨਵੇਂ ਹਜ਼ਾਰ) ਸਾਲ ਦਾ ਸਮਾਂ ਗਿਣਿਆ ਗਿਆ, ਕਿ ਇਹ ਜੋ ਸਮਾਂ ਹੈ ਇਹ ਪਹਿਲੇ ਨਾਲੋਂ ਥੋੜ੍ਹਾ ਘਟ ਗਿਆ। ਜੋ ਸਤਿ ਦਾ ਜੀਵਨ ਸੀ ਉਸ ਦੇ ਵਿਚ ਕੁਝ ਬਦਲੀਆਂ ਆ ਗਈਆਂ। ਸਤਿ ਦੇ ਜੀਵਨ ਤੋਂ ਭਰੋਸਾ ਛੱਡ ਕੇ ਜੱਗ ਵਗੈਰਾ ਕਰਨੇ ਸ਼ੁਰੂ ਕਰ ਦਿੱਤੇ, ਦੇਵਤਿਆਂ ਦਾ ਸਮਾਂ ਆ ਗਿਆ, ਪ੍ਰਮੇਸ਼ਰ ਦੇ ਨਾਲ ਹੋਰ ਸ਼ਕਤੀਆਂ ਉਭਰ ਆਈਆਂ। ਇਥੇ ਬੇਅੰਤ ਗੁਪਤ ਸ਼ਕਤੀਆਂ ਨੇ ਪੈਸੇ ਦੀ ਲੋੜ ਹੈ ਤਾਂ ਇਸ ਸ਼ਕਤੀ ਨੂੰ ਧਿਆਵੋ, ਯੁੱਧ ਦੇ ਵਿਚ ਜਾਣਾ ਹੈ ਤਾਂ ਇਸ ਸ਼ਕਤੀ ਨੂੰ ਧਿਆਵੋ, ਫਸਲ ਬੀਜਣੀ ਹੈ ਤਾਂ ਇਸ ਸ਼ਕਤੀ ਦਾ ਧਿਆਨ ਧਰੋ, ਮੀਂਹ ਪੁਆਣਾ ਹੈ ਤਾਂ ਇਸ ਦਾ ਧਿਆਨ ਕਰੋ। ਸੋ ਯੱਗਾਂ ਦੀਆਂ ਵਿਧੀਆਂ ਬਣ ਗਈਆਂ ਉਸੇ ਤਰ੍ਹਾਂ ਦੇ ਨਾਲ ਪ੍ਰਾਪਤੀਆਂ ਹੋਣ ਲੱਗ ਗਈਆਂ। ਪ੍ਰਮੇਸ਼ਰ ਤੋਂ ਭਰੋਸਾ ਹਟ ਕੇ ਵੰਡਿਆ ਗਿਆ। ਗੁਪਤ ਸ਼ਕਤੀਆਂ ਜੋ ਕੁਦਰਤ ਦੀਆਂ ਹਨ, ਉਨ੍ਹਾਂ ਦੇ ਉਤੇ, ਚੇਤਨ ਸ਼ਕਤੀਆਂ ਦੇ ਉਤੇ ਭਰੋਸਾ ਆ ਗਿਆ ਪਰ ਇਹ ਸੀ ਕਿ ਜੜ੍ਹ ਨਾ ਮੰਨਿਆ। ਜੇ ਗੰਗਾ ਚਲਦੀ ਹੈ ਤਾਂ ਇਸ ਨੂੰ ਇਹ ਨਾ ਮੰਨਿਆ ਕਿ ਇਹ ਪਾਣੀ ਚਲਦਾ ਹੈ ਸਗੋਂ ਇਹ ਸਮਝਿਆ ਗਿਆ ਕਿ ਇਹ ਸਾਡੀ ਗੱਲ ਸੁਣਦੀ ਹੈ, ਸਾਡੇ ਨਾਲ ਬਾਤ ਕਰਦੀ ਹੈ, ਜੋ ਅਸੀਂ ਪ੍ਰਸ਼ਾਦ ਭੇਟਾ ਕਰਦੇ ਹਾਂ ਉਸ ਨੂੰ ਅੰਗੀਕਾਰ ਕਰਦੀ ਹੈ ਇਸੇ ਤਰ੍ਹਾਂ ਪਹਾੜਾਂ ਨੂੰ ਦਰਿਆਵਾਂ ਨੂੰ, ਦਰਖਤਾਂ ਨੂੰ, ਸੂਰਜ, ਚੰਦ, ਤਾਰਿਆਂ ਨੂੰ ਜੀਉਂਦੀਆਂ ਸ਼ਕਤੀਆਂ ਮੰਨਿਆਂ ਗਿਆ ਤੇ ਉਨ੍ਹਾਂ ਦੇ ਵਿਚ ਜੋ matter (ਮਾਦਾ) ਦੀ, ਜੜ੍ਹ-ਸ਼ਕਤੀ ਉਸ ਦੇ ਪਿਛਲੇ ਪਾਸੇ ਜੀਉਂਦੀ ਸ਼ਕਤੀ ਮੰਨੀ ਗਈ ਜਿਵੇਂ ਸਰੀਰ ਸਾਡਾ ਜੜ੍ਹ ਹੈ ਪਰ ਇਸ ਦੇ ਵਿਚ ਜੀਉਂਦੀ ਸ਼ਕਤੀ ਸਾਡੀ ਹੈ, ਅਸੀਂ ਹਾਂ ਇਸ ਦੇ ਵਿਚ ਜੀਉਂਦੀ ਸ਼ਕਤੀ। ਸੋ ਉਨ੍ਹਾਂ ਸ਼ਕਤੀਆਂ ਨੂੰ ਪ੍ਰਸੰਨ ਕਰਨ ਵਾਸਤੇ ਜੱਗਾਂ ਦਾ ਰਿਵਾਜ ਪਿਆ।

ਇਸ ਤੋਂ ਬਾਅਦ ਤੀਸਰਾ ਸਮਾਂ ਆਇਆ 8, 64, 000 (ਅੱਠ ਲੱਖ, ਚੌਹਠ ਹਜ਼ਾਰ) ਸਾਲ ਦਾ, ਜਿਸ ਦੇ ਅੰਦਰ ਅਨੇਕ ਤਰ੍ਹਾਂ ਦੀ ਪੂਜਾ ਸ਼ੁਰੂ ਹੋ ਗਈ। ਬਹੁਤ ਸੋਹਣੇ ਅਸੂਲ ਮੰਨੇ ਗਏ ਲੇਕਿਨ ਸਾਰੇ ਦੇਵਤਿਆਂ ਦੀ ਪੂਜਾ ਹੋ ਰਹੀ ਹੈ, ਬਹੁ-ਵਾਟੀ ਸੰਸਾਰ ਚੱਲ ਪਿਆ ਪਰ ਫੇਰ ਵੀ ਇਹ ਧਾਰਮਿਕ ਜੀਵਨ ਸੀ, ਰੱਬ ਵੱਲ ਲੱਗੇ ਰਹਿੰਦੇ ਸੀ।

ਇਸ ਤੋਂ ਬਾਅਦ 4, 32, 000 (ਚਾਰ ਲੱਖ ਬੱਤੀ ਹਜਾਰ) ਸਾਲ ਦਾ ਸਮਾਂ ਆ ਗਿਆ ਜਿਸ ਨੂੰ ਕਲਜੁਗ ਆਖਦੇ ਨੇ। ਇਸ ਨੂੰ ਸ਼ੁਰੂ ਹੋਏ ਨੂੰ ਕੋਈ 5,200 (ਪੰਜ ਹਜਾਰ ਦੋ ਸੌ) ਸਾਲ ਹੋ ਗਏ। ਇਸ ਦੇ ਨਾਲ ਹੀ ਪਹਿਲਾਂ ਜੋ ਜੁਗ ਸੀ ਉਸ ਦੇ ਵਿਚ ਲੱਖ ਵਰ੍ਹੇ ਦੀ ਉਮਰ, ਬਹੁਤ ਸੰਜਮੀ ਜੀਵਨ, ਦੂਸਰੇ ਯੁਗ ਦੀ ਦਸ ਹਜਾਰ ਸਾਲ ਦੀ, ਤੀਸਰੇ ਦੀ ਹਜਾਰ ਸਾਲ ਦੀ ਤੇ ਕਲਜੁਗ ਦੇ ਅੰਦਰ ਉਮਰਾਂ ਘਟ ਗਈਆਂ ਕਿਉਂਕਿ ਵਿਚਾਰ, ਅਹਾਰ, ਆਚਾਰ ਇਹ ਸਾਰੀਆਂ ਚੀਜ਼ਾਂ ਬਦਲ ਗਈਆਂ। ਸਰੀਰ ਦੇ ਵਿਚ ਸ਼ਕਤੀ ਨਾ ਰਹੀ ਘਟ ਗਈ, ਬਿਮਾਰੀਆਂ ਆ ਗਈਆਂ, ਆਪ ਹੁਦਰਾਪਣ ਸਭ ਦੇ ਵਿਚ ਆ ਗਿਆ ਤੇ ਜਿਹੜੇ ਵਿਕਾਰ ਤਿੰਨਾਂ ਜੁਗਾਂ ਵਿਚ ਦਬੇ ਹੋਏ ਸੀ ਉਹ ਵਿਕਾਰ ਇਸ ਜੁਗ ਦੇ ਵਿਚ ਪੂਰੇ ਜੋਰ ਨਾਲ ਸ਼ੁਰੂ ਹੋ ਗਏ। ਕੋਈ ਕਿਸੇ ਦੀ ਮੰਨਦਾ ਨਹੀਂ ਹੈ, ਕੋਈ ਕਿਸੇ ਪ੍ਰਮੇਸ਼ਰ ਨੂੰ ਨਹੀਂ ਜਾਣਦਾ, ਪਸ਼ੂਆਂ ਵਰਗਾ ਜੀਵਨ ਬਤੀਤ ਕਰਕੇ

Eat drink and be merry for we shall have to die. ਇਹ ਨਹੀਂ ਪਤਾ ਕਿ ਮਰਨ ਤੋਂ ਬਾਅਦ ਕਿਥੇ ਜਾਣਾ ਹੈ? ਪੈਦਾ ਹੋਣ ਤੋਂ ਪਹਿਲਾਂ ਅਸੀਂ ਕਿਥੋਂ ਆਏ ਹਾਂ? ਸੋ ਐਸਾ ਖਿਆਲਾਂ ਦਾ ਇਕ ਵਹਾਓ ਚੱਲ ਗਿਆ ਜਿਸ ਦੇ ਵਿਚ ਜਿੰਨੀਆਂ ਵੀ ਪਿਛਲੀਆਂ ਕੀਮਤਾਂ ਸਨ ਉਹ ਸਾਰੀਆਂ ਮਹੱਤਵਹੀਣ ਪ੍ਰਤੀਤ ਹੋਣ ਲੱਗ ਗਈਆਂ ਤੇ ਕਿਸੇ ਵਿਚ ਤਾਕਤ ਨਾ ਰਹੀ ਕਿ ਇਸ ਜੁੱਗ ਨਾਲ ਮੁਕਾਬਲਾ ਕਰ ਸਕੇ।

ਪਹਿਲੇ ਜੁੱਗਾਂ ਦੇ ਅੰਦਰ ਅਵਤਾਰ ਭੇਜੇ ਗਏ। ਹੰਸਾ ਅਵਤਾਰ ਆਇਆ ਪਹਿਲੇ ਜੁਗ ਵਿਚ। ਬੜੀ ਦੇਰ 17 ਲੱਖ 28 ਹਜਾਰ ਸਾਲ ਵਿਚ ਇਕ ਆਇਆ। ਤ੍ਰੇਤਾ ਜੁਗ ਹੋ ਗਿਆ ਤੇ ਇਸ ਦੇ ਅੰਤ ਦੇ ਵਿਚ ਸ੍ਰੀ ਰਾਮ ਚੰਦਰ ਜੀ ਚੌਦਾ ਕਲਾ ਸੰਪੂਰਨ ਅਵਤਾਰ ਹੈ, ਦੁਆਪਰ ਜੁਗ ਆ ਗਿਆ ਤੇ ਉਸ ਦੇ ਅੰਤ ਵਿਚ ਸ੍ਰੀ ਕ੍ਰਿਸ਼ਨ ਮਹਾਰਾਜ ਆਏ, ਗੀਤਾ ਦਾ ਗਿਆਨ ਦਿੱਤਾ, ਨਵੀਂ ਰੋਸ਼ਨੀ ਸੰਸਾਰ ਨੂੰ ਦਿੱਤੀ ਲੇਕਿਨ ਕਲਜੁਗ ਦੇ ਅੰਦਰ ਐਨਾ ਜਬਰਦਸਤ ਹੜ੍ਹ ਆ ਗਿਆ, ਖਿਆਲਾਂ ਦਾ ਕਿ ਉਸ ਵੇਲੇ ਪ੍ਰਮੇਸ਼ਰ ਗੁਰੂ ਰੂਪ ਹੋ ਕੇ ਪ੍ਰਗਟ ਹੋਇਆ।

ਜਨਮ ਸਾਖੀ 'ਚ ਇਹ ਆਉਂਦਾ ਹੈ ਕਿ ਗੁਰੂ ਨਾਨਕ ਨੂੰ ਆਪਣੇ ਆਪ ਵਿਚੋਂ ਗੁਰੂ ਰੂਪ ਵਿਚ ਪ੍ਰਗਟ ਕਰਕੇ ਨਾਲ ਇਹ ਬਚਨ ਕੀਤਾ ਕਿ ਹੇ ਨਾਨਕ! ਮੈਂ ਪਾਰਬ੍ਰਹਮ ਪ੍ਰਮੇਸ਼ਰ, ਮੇਰਾ ਕੋਈ ਆਦਿ ਨਹੀਂ ਜਾਣਦਾ, ਅੰਤ ਨਹੀਂ ਜਾਣਦਾ, ਮੇਰੇ ਬਾਰੇ ਕੋਈ ਕੁਝ ਨਹੀਂ ਜਾਣਦਾ ਕਿ ਮੇਰਾ ਪਸਾਰਾ ਕਿੰਨਾ ਹੈ? ਤ੍ਰਿਗੁਣੀ ਮੇਰੀ ਮਾਇਆ ਕੰਮ ਕਰ ਰਹੀ ਹੈ ਸੰਸਾਰ ਦੇ ਅੰਦਰ ਇਸ ਦੇ ਓਹਲੇ ਬੈਠਾ ਸਾਰਾ ਕਾਰੋਬਾਰ ਮੈਂ ਕਰਦਾ ਪਰ ਮੈਨੂੰ ਕੋਈ ਪਛਾਣਦਾ ਨਹੀਂ ਹੈ। ਤੂੰ ਸੰਸਾਰ ਨੂੰ ਜਾ ਕੇ ਨੇਤਰ ਬਖਸ਼, ਐਸਾ ਸਾਧਨ ਦੇਹ....., ਮੇਰੀ ਦਰਗਾਹ ਵਿਚੋਂ ਖਾਸ ਪਿਆਲਾ ਜੋ ਹੈ ਨਾਮ ਦਾ, ਉਹ ਮੈਂ ਤੈਨੂੰ ਦਿੰਦਾ ਹਾਂ। ਇਸ ਪਿਆਲੇ ਦੇ ਵਿਚੋਂ ਇਕ ਬੂੰਦ ਸੰਸਾਰ ਨੂੰ ਦੇਹ –

***ਗੁਰਮੁਖਿ ਕੋਟਿ ਉਧਾਰਦਾ ਭਾਈ***
***ਦੇ ਨਾਵੈ ਏਕ ਕਣੀ॥ ਅੰਗ – 398***

ਕ੍ਰੋੜਾਂ ਦਾ ਇਕ ਕਣੀ ਨਾਲ ਉਧਾਰ ਕਰ ਦਿੰਦਾ ਹੈ, ਚੌਲ ਜੇ ਅਸੀਂ ਲਈਏ ਤਾਂ ਨਿੱਕਾ-ਜਿਹਾ ਜੋ ਦਾਣਾ ਹੈ ਤਾਂ ਅਸੀਂ ਉਸ ਨੂੰ ਇਕ ਕਣੀ ਕਹਿੰਦੇ ਹਾਂ, ਬਾਰਸ਼ ਪੈਂਦੀ ਹੋਵੇ ਤੇ ਬੇਅੰਤ ਕਣੀਆਂ ਨੇ ਉਨ੍ਹਾਂ ਵਿਚੋਂ ਇਕ ਕਣੀ। ਕਹਿੰਦੇ ਉਹ ਨਾਮ ਦੀ ਕਣੀ ਦੇ ਕੇ ਸੰਸਾਰ ਦਾ ਉਧਾਰ ਕਰ ਦੇਹ।

ਸੋ ਏਸ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਨੇ ਨਾਮ ਸੰਸਾਰ ਦੇ ਅੰਦਰ ਪ੍ਰਗਟ ਕਰਿਆ, ਨਾਮ ਸ਼ਕਤੀ ਦੇ ਉਤੇ ਜ਼ੋਰ ਦਿੱਤਾ। ਬਾਕੀਆਂ ਲਈ ਕਿਹਾ ਕਿ ਇਹ ਉਨ੍ਹਾਂ ਜੁਗਾਂ ਦਾ ਧਰਮ ਸੀ ਤੇ ਕਲਜੁਗ ਦੇ ਅੰਦਰ ਕੋਈ ਲੰਘ ਸਕਦਾ ਹੈ ਤਾਂ ਉਹ ਨਾਮ ਦੇ ਆਸਰੇ ਲੰਘ ਸਕਦਾ ਹੈ।

ਸੋ ਏਸ ਸ਼ਬਦ ਦੇ ਅੰਦਰ ਗੁਰੂ ਨਾਨਕ ਪਾਤਸ਼ਾਹ ਨੇ 3 ਤਰ੍ਹਾਂ ਦੇ ਵਿਚਾਰ ਦਿੱਤੇ ਨੇ। ਪਹਿਲਾਂ ਤਾਂ ਇਹ ਹੈ ਕਿ ਇਹ ਜੋ ਵਾਹਿਗੁਰੂ ਹੈ, ਜੇ ਇਸ ਨੂੰ ਮੰਨ ਲਿਆ ਜਾਵੇ, ਕਿਉਂਕਿ ਮੰਨਣਾ ਬੜੀ ਮੁਸ਼ਕਲ ਦੀ ਬਾਤ ਹੈ, ਕੋਈ ਵਿਰਲਾ ਹੈ ਜਿਹੜਾ ਵਾਹਿਗੁਰੂ ਤੇ ਵਿਸ਼ਵਾਸ ਕਰਦਾ ਹੈ, ਗੁਰੂ ਤੇ ਵਿਸ਼ਵਾਸ ਕਰਦਾ ਹੈ, ਗੁਰੂ ਦੇ ਬਚਨਾਂ ਤੇ ਵਿਸ਼ਵਾਸ ਕਰਦਾ ਹੈ। ਸੰਸਾਰ ਆਪਣੇ ਆਪ ਤੇ ਵਿਸ਼ਵਾਸ ਕਰਦਾ ਹੈ, ਆਪਣੇ ਬਲ ਤੇ ਵਿਸ਼ਵਾਸ ਕਰਦਾ ਹੈ, ਆਪਣੀ ਅਕਲ ਤੇ ਵਿਸ਼ਵਾਸ ਕਰਦਾ ਹੈ, ਆਪਣੀਆਂ ਦਲੀਲਾਂ, ਉਕਤੀਆਂ-ਜੁਗਤੀਆਂ ਤੇ ਵਿਸ਼ਵਾਸ ਕਰਦਾ ਹੈ, ਗੁਰੂ ਦੇ ਬਚਨ ਤੇ ਕੋਈ ਵਿਰਲਾ ਹੈ ਜੋ ਵਿਸ਼ਵਾਸ ਕਰਦਾ ਹੈ। ਸੋ ਜੇ ਵਾਹਿਗੁਰੂ ਮਿੱਤਰ ਬਣ ਜਾਵੇ ਮਿੱਤਰ ਤਾਂ ਬਣਦਾ ਹੈ ਜੇ –

***ਲੋਗ ਕੁਟੰਬ ਸਭਹੁ ਤੇ ਤੋਰੈ***
***ਤਉ ਆਪਨ ਬੇਢੀ ਆਵੈ ਹੋ॥***
***ਅੰਗ – 657***

ਮਹਾਰਾਜ ਕਹਿੰਦੇ ਉਹ ਮਿੱਤਰ ਫੇਰ ਹਰ ਥਾਂ ਸਹਾਇਤਾ ਕਰਦਾ ਹੈ, ਨਾਲ ਰਹਿੰਦਾ ਹੈ ਜਿਥੇ ਯਾਦ ਕਰੋ ਉਥੇ ਹੀ ਸਹਾਇਤਾ ਕਰਦਾ ਹੈ, ਜਦੋਂ ਵੀ ਉਸ ਦੇ ਵੱਲ ਨੂੰ ਝਾਕ ਕੇ ਉਸ ਨੂੰ ਬੁਲਾਓ, ਉਸੇ ਵੇਲੇ ਉਸ ਨੇ ਆ ਹੀ ਜਾਣਾ ਹੈ ਕਿਉਂਕਿ ਉਸ ਦਾ ਸੁਭਾਅ ਹੈ ਰਾਖੀ ਕਰਨਾ ਤੇ ਪਾਲਣਾ। ਜੋ ਵੀ ਯਾਦ ਕਰਦਾ ਹੈ ਉਸ ਦੀ ਮਦਦ ਕਰਨ ਵਾਸਤੇ ਉਸ ਨੇ ਆਉਣਾ ਹੀ ਆਉਣਾ ਹੈ, ਸਹਾਇਤਾ ਕਰਨੀ ਹੀ ਕਰਨੀ ਹੈ।

ਦੂਸਰਾ ਮਹਾਰਾਜ ਕਹਿੰਦੇ ਹਨ ਕਿ ਫੇਰ ਐਸੇ ਮਿੱਤਰ ਨੂੰ ਆਪਣੇ ਅੰਦਰ ਵਸਾ ਲੈ। ਅਸੀਂ ਵਸਾ ਨਹੀਂ ਸਕਦੇ ਕਿਉਂਕਿ ਅਸੀਂ ਇਸ ਗੱਲ ਨੂੰ ਨਾ ਪੂਰੀ ਤਰ੍ਹਾਂ ਸਮਝਦੇ ਹਾਂ, ਨਾ ਧਿਆਨ ਦਿੰਦੇ ਹਾਂ। ਇਸ ਦੀ ਥਾਂ ਤੇ ਮਹਾਰਾਜ ਕਹਿੰਦੇ-

***ਸੰਗਿ ਸਹਾਈ ਸੁ ਆਵੈ ਨ ਚੀਤਿ॥***
***ਅੰਗ – 267***

ਇਹ ਸੰਗ ਸਹਾਇਤਾ ਕਰਨ ਵਾਲਾ, ਹਰ ਵਕਤ ਸਾਡੇ ਨਾਲ ਰਹਿੰਦਾ ਹੈ ਇਹ ਚਿੱਤ ਵਿੱਚ ਨਹੀਂ ਵਸਦਾ-

***ਜੋ ਬੈਰਾਈ ਤਾ ਸਿਉ ਪ੍ਰੀਤਿ॥***
***ਅੰਗ – 267***

ਜਿਹੜੇ ਵੈਰੀ ਨੇ, ਜਿਨ੍ਹਾਂ ਨੇ ਖਾਤਮਾ ਕਰ ਦੇਣਾ ਹੈ, ਨਰਕਾਂ ਵਿਚ ਸੁੱਟ ਦੇਣਾ ਹੈ, ਮਾਨਸ ਜਨਮ ਬਰਬਾਦ ਕਰ ਦੇਣਾ ਹੈ, ਉਹ ਸਾਡੇ ਅੰਦਰ ਵਸਦੇ ਨੇ। ਵੈਰ ਵਸਦਾ ਹੈ ਸਾਡੇ ਅੰਦਰ, ਨਹੀਂ ਭੁਲਦੇ ਵੈਰੀ ਨੂੰ ਕਦੇ ਵੀ, ਵਿਰੋਧ ਵਸਦਾ ਹੈ, ਕਾਮ ਵਸਦਾ ਹੈ, ਕ੍ਰੋਧ ਵਸਦਾ ਹੈ, ਨਹੀਂ ਕ੍ਰੋਧ ਨੂੰ ਕੱਢ ਸਕਦੇ ਕਿਉਂਕਿ ਉਸ ਨੇ ਵਾਸਾ ਕਰ ਲਿਆ ਅੰਦਰ। ਨਾਲੇ ਪਤਾ ਹੈ ਕਿ ਇਹ ਨੁਕਸਾਨ ਕਰ ਰਿਹਾ ਹੈ ਲੇਕਿਨ ਕੱਢ ਨਹੀਂ ਸਕਦੇ ਉਸ ਦੇ ਨਾਲ ਪ੍ਰੀਤ ਰਖੀ ਹੋਈ ਹੈ, ਉਸ ਦੇ ਵੱਲ ਕੁਦਰਤੀ ਮਨ ਦਾ ਝੁਕਾਉ ਹੈ, ਵਾਹਿਗੁਰੂ ਵਲ ਨਹੀਂ ਹੈ। ਵਾਹਿਗੁਰੂ ਬੜੀ ਮੁਸ਼ਕਲਾਂ ਨਾਲ ਯਾਦ ਆਉਂਦਾ ਹੈ ਉਹ ਵੀ ਕਿਸੇ ਦੇ ਹੀ ਆਉਂਦਾ ਹੈ ਸਾਰਿਆਂ ਦੇ ਨਹੀਂ ਆਉਂਦਾ ਤੇ ਉਹ ਸੁਖ ਦਿੰਦਾ ਹੈ। ਮਹਾਰਾਜ ਕਹਿੰਦੇ ਜੇ ਉਹ ਤੇਰੇ ਅੰਦਰ ਵਸ ਜਾਵੇ ਤਾਂ ਤੇਰੇ ਸਾਰੇ ਹੀ ਕਾਰਜ ਰਾਸ ਹੋ ਜਾਣ, ਤੈਨੂੰ ਕੋਈ ਪ੍ਰਾਣਾਯਾਮ ਕਰਨ ਦੀ ਲੋੜ ਨਹੀਂ ਹੈ, ਘਰਾਂ ਨੂੰ ਛੱਡ ਕੇ ਜੰਗਲਾਂ 'ਚ ਜਾਣ ਦੀ ਲੋੜ ਨਹੀਂ ਹੈ, ਤੈਨੂੰ ਬਰਫਾਂ ਵਿੱਚ ਬੈਠ ਕੇ ਸਰੀਰ ਨੂੰ ਗਾਲਣ ਦੀ ਲੋੜ ਨਹੀਂ ਹੈ, ਧੂਣੀਆਂ ਤਾਪਣ ਦੀ ਲੋੜ ਨਹੀਂ ਹੈ, ਜਲ ਧਾਰੇ ਕਰਨ ਦੀ ਲੋੜ ਨਹੀਂ ਹੈ। ਸੋ ਤੂੰ ਪ੍ਰਮੇਸ਼ਰ ਨੂੰ ਅੰਦਰ ਵਸਾ ਲੈ, ਉਸ ਦੇ ਨਾਮ ਨੂੰ ਅੰਦਰ ਵਸਾ ਲੈ। ਜਦੋਂ ਉਹ ਵਸ ਗਿਆ ਤਾਂ ਕੁਦਰਤੀ ਤੌਰ ਤੇ ਜਿਥੇ ਨਾਮ ਆਏਗਾ ਤਾਂ ਨਾਮ ਦੇ ਵਿਚ ਜੋ ਸ਼ਕਤੀਆਂ ਹਨ ਜਿਸ ਤਰ੍ਹਾਂ ਕਿਸੇ ਪ੍ਰਾਂਤ ਵਿੱਚ ਜਾ ਸ਼ਹਿਰ ਵਿਚ ਰਾਸ਼ਟਰਪਤੀ ਆਉਂਦਾ ਹੈ ਤਾਂ ਜਿੰਨੇ ਅਫਸਰ ਨੇ ਸਾਰਿਆਂ ਨੂੰ ਉਥੇ ਜਾਣਾ ਪੈਂਦਾ ਹੈ। ਉਹ ਜਾਂਦੇ ਨੇ ਸਾਰੇ ਫੌਜ ਵੀ ਜਾਏਗੀ, ਪੁਲਿਸ ਵੀ ਜਾਏਗੀ, ਹੋਰ ਵੀ ਜਾਣਗੇ। ਇਸੇ ਤਰ੍ਹਾਂ ਕੁਦਰਤੀ ਤੌਰ ਤੇ ਜਿਥੇ ਨਾਮ ਨੇ ਪੈਰ ਰੱਖਣਾ ਹੈ, ਨਾਮ ਨੇ ਪ੍ਰਗਟ ਹੋਣਾ ਹੈ ਉਥੇ ਕੁਲ ਸ਼ਕਤੀਆਂ ਸੰਸਾਰ ਦੀਆਂ ਪ੍ਰਗਟ ਹੋ ਜਾਣਗੀਆਂ -

*ਨਵ ਨਿਧੀ ਅਠਾਰਹ ਸਿਧੀ*
*ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ॥*

*ਅੰਗ - 649*

ਵਸਾਉਣ ਦੀ ਬਾਤ ਹੈ ਜਿਸ ਦੇ ਹਿਰਦੇ ਵਸ ਜਾਵੇ। ਬਹੁਤ ਵੱਡੀ ਬਾਤ ਮਹਾਰਾਜ ਨੇ ਸਾਡੇ ਜੀਵਨ ਦੀ ਕਲਿਆਣ ਵਾਸਤੇ ਦੱਸੀ ਹੈ ਲੇਕਿਨ ਇਹੀ ਬਚਨ ਸਾਡੇ ਯਾਦ ਨਹੀਂ ਰਹਿੰਦੇ। ਫੇਰ ਮਹਾਰਾਜ ਜੀ ਨੇ ਏਸ ਯਾਦ ਦਾ ਜਿਸ ਨੂੰ ਅਸੀਂ ਨਾਮ ਧਨ ਕਹਿੰਦੇ ਹਾਂ, ਲਗਾਤਾਰੀ ਯਾਦ, ਸਿਮਰਨ ਕਹਿੰਦੇ ਹਾਂ, ਉਹ ਬਿਰਤੀ ਜਿਥੇ ਜਾ ਕੇ ਪ੍ਰਮੇਸ਼ਰ ਦਿਸਦਾ ਹੈ ਇਨ੍ਹਾਂ ਅੱਖਾਂ ਦੇ ਨਾਲ, ਉਹ ਸਥਿਤੀ ਜਿਥੇ ਆਤਮਕ ਮੰਡਲ ਵਿੱਚ ਜਾ ਕੇ ਆਤਮਾ ਸਾਕਸ਼ਾਤਕਾਰ ਹੁੰਦਾ ਹੈ, ਉਸ ਸਾਰੀ ਕਿਰਿਆ ਨੂੰ ਨਾਮ ਕਹਿੰਦੇ ਨੇ ਕਿ ਨਾਮ ਪ੍ਰਗਟ ਹੋ ਗਿਆ ਇਸ ਦੇ ਅੰਦਰ। ਮਹਾਰਾਜ ਕਹਿੰਦੇ ਜਿਹੜਾ ਅੰਮ੍ਰਿਤ ਵੇਲੇ ਦਾ ਬੀਜਿਆ ਹੋਇਆ ਹੈ, ਅੰਮ੍ਰਿਤ ਵੇਲਾ ਇਕ ਤਾਂ ਉਹ ਹੈ ਜਿਸ ਦੇ ਵਿਚ ਤੁਸੀਂ ਉਠ ਕੇ ਕੀਰਤਨ ਕਰਦੇ ਹੋ। ਦੂਸਰਾ ਅੰਮ੍ਰਿਤ ਵੇਲਾ ਹੈ ਆਹ ਸਰੀਰ ਜੋ ਮਨੁਖਾ ਜਨਮ ਹੈ। ਤੀਸਰਾ ਅੰਮ੍ਰਿਤ ਵੇਲਾ ਉਹ ਹੁੰਦਾ ਹੈ ਕਿ ਜਿਸ ਵਕਤ ਵੀ ਪ੍ਰਮੇਸ਼ਰ ਦੇ ਨਾਲ ਸੁਰਤ ਜੁੜ ਜਾਵੇ ਉਹ ਸਮਾਂ 'ਅੰਮ੍ਰਿਤ ਵੇਲਾ' ਹੋ ਜਾਇਆ ਕਰਦਾ ਹੈ। ਸੋ ਉਸ ਦੇ ਵਿਚ ਮਹਾਰਾਜ ਕਹਿੰਦੇ ਜੁੜੀ ਹੋਈ ਸੁਰਤ ਨਾਲ ਪ੍ਰਮੇਸ਼ਰ ਦਾ ਪਿਆਰ, ਪ੍ਰਮੇਸ਼ਰ ਦਾ ਨਾਮ ਇਕੱਠਾ ਕੀਤਾ ਹੋਇਆ। ਇਸ ਨੂੰ ਨਾ ਕੋਈ ਚੋਰ ਲੁੱਟ ਸਕਦਾ ਹੈ, ਨਾ ਅੱਗ ਜਾਲ ਸਕਦੀ ਹੈ, ਨਾ ਪਾਣੀ ਵਿੱਚ ਡੁੱਬ ਸਕਦਾ ਹੈ, ਨਾ ਅਕਾਸ਼ ਵਿੱਚ ਉਡ ਸਕਦਾ ਹੈ, ਨਾ ਹਵਾ ਲਿਜਾ ਸਕਦੀ ਹੈ, ਉਚੱਕਾ ਚੋਰ ਜਾਂ ਠੱਗ ਕੋਈ ਇਸ ਨੂੰ ਠਗ ਨਹੀਂ ਸਕਦਾ, ਇਸ ਤੋਂ ਡਰਦੇ ਹੋਏ ਕਾਮ, ਕ੍ਰੋਧ, ਲੋਭ, ਮੋਹ, ਅੰਹਕਾਰ, ਈਰਖਾ, ਨਿੰਦਿਆ, ਚੁਗਲੀ, ਸ਼ਬਦ, ਸਪਰਸ਼, ਰੂਪ, ਰਸ, ਗੰਧ, ਰਾਜ, ਮਾਲ, ਰੂਪ, ਜਾਤ, ਜੋਬਨ ਪੰਜੇ ਠੱਗ ਇਹ ਇਕ ਵੀ ਨਹੀਂ ਰਹਿੰਦਾ, ਸਾਰੇ ਨੱਠ ਜਾਂਦੇ ਨੇ। ਜਿਥੇ ਨਾਮ ਹੈ ਉਥੇ ਇਨ੍ਹਾਂ ਚੋਰਾਂ ਦਾ ਵਸ ਨਹੀਂ ਚਲਦਾ। ਹੋਰ ਕੋਈ ਤਰੀਕਾ ਨਹੀਂ ਹੈ।

ਸੋ ਮਹਾਰਾਜ ਕਹਿੰਦੇ ਇਹ ਜਿਹੜਾ ਖੱਟ ਲਿਆ ਧਨ, ਨਾ ਇਹ ਇਥੇ ਖਤਮ ਹੋਵੇ, ਨਾ ਦਰਗਾਹ ਵਿਚ ਜਾ ਕੇ ਖਤਮ ਹੋਵੇ, ਅਤੁੱਟ ਧਨ ਹੈ ਜਿਸ ਦਾ ਕਦੇ ਖਾਤਮਾ ਹੁੰਦਾ ਹੀ ਨਹੀਂ। ਜਿੰਨਾ ਜੀਅ ਕਰਦਾ ਹੈ ਖਰਚ ਲਓ, ਜਿੰਨਾ ਜੀਅ ਕਰਦਾ ਹੈ ਇਸ ਨੂੰ ਵਰਤ ਲਓ ਇਹ ਨਹੀਂ ਖਤਮ ਹੋਏਗਾ -

*ਤੋਟਿ ਨ ਆਵੈ ਵਧਦੋ ਜਾਈ॥*

*ਅੰਗ - 186*

ਜਿਉਂ ਜਿਉਂ ਖਰਚੋਂਗੇ ਓਨਾ ਹੋਰ ਵਧ ਜਾਂਦਾ ਹੈ ਕਿਉਂਕਿ ਇਸ ਦੇ ਵਿੱਚ ਇਹ ਸਿਫਤ ਹੈ। ਦੂਸਰੇ ਪਾਸੇ ਮਹਾਰਾਜ ਜੀ ਨੇ ਉਨ੍ਹਾਂ ਲੋਕਾਂ ਦਾ ਜੋ ਪ੍ਰਮੇਸ਼ਰ ਤੋਂ ਬਗੈਰ ਹੋਰ ਪਾਸੇ ਸੁਰਤ ਲਾ ਕੇ ਧਨ ਖਟਦੇ ਨੇ, ਹੋਰ ਚੀਜ਼ਾਂ, ਬੇਅੰਤ ਦੁਨੀਆਂ ਦੀਆਂ ਪ੍ਰਾਪਤੀਆਂ ਨੇ। ਮਹਾਰਾਜ ਕਹਿੰਦੇ ਇਨ੍ਹਾਂ ਵਿਚੋਂ ਕੋਈ ਚੀਜ਼ ਵੀ ਤੇਰੇ ਨਾਲ ਨਹੀਂ ਜਾਣੀ। ਭੁਲੇਖਾ ਇਕ ਤੇਰੇ ਮਨ ਵਿਚ ਪੈ ਗਿਆ, ਭੁੱਲ ਗਿਆ ਤੂੰ ਇਸ ਨੂੰ।

ਸੋ ਇਸ ਦੇ ਵਿੱਚ ਮਹਾਰਾਜ ਜੀ ਨੇ 3 ਗੱਲਾਂ ਸਾਨੂੰ ਦੱਸੀਆਂ ਨੇ, ਤਿੰਨ ਵਿਚਾਰ ਦੱਸੇ ਨੇ ਤੇ ਨਾਲ ਹੀ ਇਹ ਹੈ ਕਿ ਸਾਡੇ ਮਨ ਵਿੱਚ ਫੇਰ ਸ਼ੰਕਾ ਹੋ ਜਾਂਦਾ ਹੈ, ਫੇਰ ਦੁਨੀਆਂ ਦੀ ਪ੍ਰਾਪਤੀ ਤਾਂ ਕੋਈ ਚੀਜ਼ ਨਾ ਹੋਈ। ਮਹਾਰਾਜ ਕਹਿੰਦੇ ਦੁਨੀਆਂ ਦੀਆਂ ਪ੍ਰਾਪਤੀਆਂ

ਪ੍ਰਮੇਸ਼ਰ ਨੇ ਪਹਿਲਾਂ ਹੀ ਤੇਰੀ ਪ੍ਰਾਲਬਧ ਵਿੱਚ ਲਿਖੀਆਂ ਹੋਈਆਂ ਨੇ। ਇਹ ਤਾਂ ਚੰਗੀਆਂ ਨੇ ਜੇ ਤੇਰੇ ਪ੍ਰਮੇਸ਼ਰ ਯਾਦ ਰਹੇ। ਜੇ ਇਹ ਚੀਜ਼ਾਂ ਤੈਨੂੰ ਵਾਹਿਗੁਰੂ ਨਾਲੋਂ ਭੁਲਾ ਦੇਣ ਤਾਂ ਇਹ ਠੀਕ ਨਹੀਂ ਹੁੰਦੀਆਂ। ਦੁਨੀਆਂ ਵਿੱਚ ਰਹਿ, ਖੁਸ਼ ਰਹਿ, ਚੀਜ਼ਾਂ ਤੈਨੂੰ ਦਿੱਤੀਆਂ ਨੇ ਉਨ੍ਹਾਂ ਦਾ ਤੂੰ ਆਨੰਦ ਲੈ ਲੇਕਿਨ ਵਾਹਿਗੁਰੂ ਨੂੰ ਨਾ ਭੁੱਲ। ਜੇ ਵਾਹਿਗੁਰੂ ਨੂੰ ਯਾਦ ਰੱਖੇਗਾ ਤਾਂ ਇਹੀ ਤੈਨੂੰ ਬਹੁਤ ਅਨੰਦ ਦੇਣਗੀਆਂ। ਜੇ ਵਾਹਿਗੁਰੂ ਤੈਨੂੰ ਭੁਲੇਗਾ ਪ੍ਰਾਪਤੀਆਂ ਤੋਂ ਬਾਅਦ ਤਾਂ ਮਹਾਰਾਜ ਕਹਿੰਦੇ -

*ਦਾਤਿ ਪਿਆਰੀ ਵਿਸਰਿਆ ਦਾਤਾਰਾ॥*

*ਅੰਗ - 676*

ਫੇਰ ਇਹ ਸਾਕਤਾਂ ਵਾਲਾ ਹਾਲ ਹੋ ਜਾਂਦਾ ਹੈ। ਕਹਿੰਦੇ ਇਕ ਵੀ ਚੀਜ਼ ਤੇਰੇ ਨਾਲ ਨਹੀਂ ਰਹਿਣੀ, ਨਾਲ ਜਾਣੀ ਨਹੀਂ ਹੈ ਇਥੇ ਦੀਆਂ ਇਥੇ ਰਹਿ ਜਾਣਗੀਆਂ। ਇਨ੍ਹਾਂ ਪ੍ਰਾਪਤੀਆਂ ਲਈ ਜਿਹੜੀਆਂ ਤੂੰ ਠੱਗੀਆਂ, ਧੋਖੇ, ਫਰੇਬ, ਖੋਹ-ਖਿੰਝ ਨਾਜਾਇਜ ਗੱਲਾਂ ਕਰੀਆਂ ਹਨ ਉਨ੍ਹਾਂ ਦਾ ਫਲ ਭੁਗਤਣ ਵਾਸਤੇ ਤੈਨੂੰ ਜਾਣਾ ਪਏਗਾ ਤੇ ਦੁਖੀ ਹੋਵੇਂਗਾ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਨੇ ਬੜੇ ਵਿਸਥਾਰ ਦੇ ਨਾਲ ਨਾਮ ਦੇ ਧਨ ਦਾ ਜ਼ਿਕਰ ਕੀਤਾ ਹੈ ਕਿ ਅੰਮ੍ਰਿਤ ਵੇਲੇ ਤੁਸੀਂ ਉਠਦੇ ਹੋ ਤੇ ਇਸ਼ਨਾਨ ਕਰਦੇ ਹੋ, ਆਉਂਦੇ ਹੋ ਆਸਾ ਜੀ ਦੀ ਵਾਰ ਵਿੱਚ, ਚਿਤ ਬਿਰਤੀ ਇਕਾਗਰ ਕਰਕੇ ਹਰੀ ਦਾ ਜਸ ਕਰਦੇ ਹੋ ਤੇ ਨਾਮ ਦਾ ਧਨ ਖਟ ਰਹੇ ਹੋ। ਇਸ ਤਰ੍ਹਾਂ ਕਰਦੇ-ਕਰਦੇ ਹੌਲੀ-ਹੌਲੀ ਨਾਮ ਦੀ ਸੋਝੀ ਹੋ ਜਾਂਦੀ ਹੈ ਤੇ ਨਾਮ ਦਾ ਨਿਵਾਸ ਜਿਸ ਵਕਤ ਹੋ ਗਿਆ ਉਸ ਵੇਲੇ ਉਹ ਕਿੰਨਾ ਉੱਚਾ ਹੋ ਜਾਂਦਾ ਹੈ? ਕਹਿੰਦੇ ਸਾਰਾ ਸੰਸਾਰ ਉਸ ਦੀ ਪੂਜਾ ਕਰਨ ਵਾਸਤੇ ਆਉਂਦਾ ਹੈ। ਉਸ ਨੂੰ ਦੇਖਦੀ ਸਾਰ ਹੀ ਵਿਘਨਾਂ ਦਾ ਨਾਸ ਹੋ ਜਾਂਦਾ ਹੈ, ਦਰਸ਼ਨ ਕਰਦੇ ਸਾਰ ਹੀ ਕ੍ਰੋੜਾਂ ਪਾਪਾਂ ਦਾ ਨਾਸ ਹੋ ਜਾਂਦਾ ਹੈ।

ਸੋ ਨਾਮ ਦੇ ਧਨ ਦਾ ਪ੍ਰਤਾਪ ਜੋ ਹੈ ਉਹ ਸਭ ਤੋਂ ਵੱਡਾ ਹੈ।

*ਵਾਹਿਗੁਰੂ ਜੀ ਕਾ ਖਾਲਸਾ॥*
*ਵਾਹਿਗੁਰੂ ਜੀ ਕੀ ਫਤਹਿ॥*

# ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ॥

ਸਾਧ ਸੰਗਤ ਜੀ!

*ਵਾਹਿਗੁਰੂ ਜੀ ਕਾ ਖਾਲਸਾ॥*
*ਵਾਹਿਗੁਰੂ ਜੀ ਕੀ ਫਤਹਿ॥*

ਮਹਾਰਾਜ ਜੀ ਦਾ ਜੋ ਹੁਕਮਨਾਮਾ ਹੈ ਸਾਰੇ ਪ੍ਰੇਮੀਆਂ ਨੇ ਸੁਣਿਆ ਹੈ। ਕੋਈ ਭਾਗਾਂ ਵਾਲਾ ਇਕ ਅੱਧਾ ਹੁੰਦਾ ਹੈ ਜਿਹੜਾ ਪਹਿਲਾਂ ਸੁਣੇ, ਫੇਰ ਮੰਨੇ, ਫੇਰ ਅਭਿਆਸ ਕਰਕੇ ਦੇਖੇ ਤੇ ਫੇਰ ਪ੍ਰਾਪਤੀ ਕਰੇ। ਆਮ ਜਨਤਾ ਦੇ ਹਿੱਸੇ ਵਿਚ ਇਹ ਬਾਤ ਨਹੀਂ ਆਉਂਦੀ, ਕੋਈ ਹੁੰਦਾ ਹੈ। ਮਹਾਰਾਜ ਨੇ ਕਿਹਾ ਹੈ ਕਿ ਇਕ ਅੱਧਾ ਬੰਦਾ ਹੈ, ਬਾਕੀ ਤਾਂ ਸਾਰੀ ਦੁਨੀਆਂ ਵਿਹਾਰਾਂ ਵਿਚ ਬੰਨ੍ਹੀ ਹੋਈ, ਜੋ ਅਦਲੀ ਹੁਕਮ ਹੈ ਨਾ ਉਸ ਨੂੰ ਸਮਝਣ ਦਾ ਯਤਨ ਕਰਦੀ ਹੈ ਤੇ ਨਾ ਉਸ ਤੋਂ ਕੋਈ ਲਾਭ ਉਠਾਉਂਦੀ ਹੈ। ਸਾਰੀ ਦੁਨੀਆਂ ਸੁਖਾਂ ਵਾਸਤੇ ਦਿਨ ਰਾਤ ਮਾਰੀ ਮਾਰੀ ਫਿਰਦੀ ਹੈ। ਬਹੁਤ ਔਖੇ ਔਖੇ ਕੰਮ ਕਰਦੇ ਨੇ, ਦੇਸ਼ਾਂ ਪ੍ਰਦੇਸਾਂ ਵਿਚ ਜਾਂਦੇ ਨੇ, ਹੋਰ ਸੁਖ ਦੀ ਪ੍ਰਾਪਤੀ ਵਾਸਤੇ, ਬਹੁਤਾ ਧਨ ਹਾਸਲ ਕਰਨ ਵਾਸਤੇ ਬੇਇਮਾਨੀਆਂ, ਠੱਗੀਆਂ, ਚੋਰੀਆਂ, ਮਿਲਾਵਟਾਂ, ਧੋਖੇ, ਖੋਹ-ਖਿੰਝਾਂ ਕਰਦੇ ਨੇ। ਐਸੇ ਕਰਮ ਕਰਦੇ ਨੇ ਕਿ ਬੰਨ੍ਹੇ ਜਾਂਦੇ ਨੇ ਫੇਰ ਲੇਖੇ ਦੇਣੇ ਪੈਂਦੇ ਨੇ, ਸੁਖ ਹਾਸਲ ਨਹੀਂ ਹੁੰਦਾ, ਸੁਖ ਨੂੰ ਦੁਨੀਆਂ ਸਾਰੀ ਚਾਹੁੰਦੀ ਹੈ।

ਕੁਝ ਐਸੀਆਂ ਚੀਜ਼ਾਂ ਹੁੰਦੀਆਂ ਹਨ ਜਿਨ੍ਹਾਂ ਨੂੰ ਅਸੀਂ ਬਹੁਤ ਛੇਤੀ ਮੰਨ ਲੈਂਦੇ ਹਾਂ। ਜੇ ਕੋਈ ਸਾਨੂੰ ਸੋਨਾ ਬਣਾਉਣ ਦਾ ਨੁਖਸਾ ਦੱਸ ਦੇਵੇ, ਪਾਰਸ ਬਣਾਉਣ ਦਾ ਤਰੀਕਾ ਦੱਸ ਦੇਵੇ ਤਾਂ ਅਸੀਂ ਇੰਨੇ ਖੁਸ਼ ਹੋਵਾਂਗੇ ਕਿ ਮੈਂ ਨੁਸਖਾ ਜ਼ੁਬਾਨੀ ਯਾਦ ਕਰ ਲਿਆ ਤੇ ਹੁਣ ਮੈਂ ਸੋਨਾ ਬਣਾ ਕੇ ਹੀ ਹਟਾਂਗਾ। ਹੁਣ ਮੇਰੇ ਹੱਥ ਪਾਰਸ ਆ ਗਿਆ ਤੇ ਹੁਣ ਮੈਂ ਸੋਨਾ ਬਣਾਵਾਂਗਾ, ਲੋਹੇ ਨਾਲ ਸਪਰਸ਼ ਕਰ ਕਰ ਕੇ। ਗੱਲ ਓਸ ਨੇ ਸਮਝ ਲਈ ਪਰ ਜੋ ਬਹੁਤ ਉਚੀ ਗੱਲ ਹੁੰਦੀ ਹੈ ਉਹ ਸਮਝ ਵਿਚ ਨਹੀਂ ਆਉਂਦੀ ਕਿਉਂਕਿ ਸਾਰਿਆਂ ਦੇ ਭਾਗ ਨਹੀਂ ਹੋਇਆ ਕਰਦੇ।

ਕੋਈ ਵਿਰਲਾ ਬੰਦਾ ਜੇ 100 ਵਿਚੋਂ ਇਕ ਕਹੀਏ ਇਹ ਵਿਰਲੇ ਨਹੀਂ ਹੁੰਦੇ, ਹਜਾਰ ਵਿਚ ਇਕ ਕਹੀਏ ਉਹ ਵੀ ਵਿਰਲੇ ਨਹੀਂ ਹੁੰਦੇ, ਲੱਖ ਵਿਚ ਇਕ ਕਹੀਏ ਉਹ ਵੀ ਵਿਰਲੇ ਨਹੀਂ ਹੁੰਦੇ। ਕਰੋੜ ਵਿਚ ਇਕ ਅੱਧਾ ਬੰਦਾ ਹੈ ਜਿਹੜਾ ਬਾਣੀ ਦੀ ਵਿਚਾਰ ਕਰੇ ਤੇ ਭਾਗਾਂ ਵਾਲਾ ਬਣੇ, ਬਾਕੀ ਦੁਨੀਆਂ ਸੁਣਦੀ ਹੈ ਸੁਣਨ ਤੋਂ ਬਾਅਦ ਮੰਨਦੀ ਨਹੀਂ ਹੈ, ਮੰਨਣ ਤੋਂ ਬਾਅਦ ਅਭਿਆਸ ਨਹੀਂ ਕਰਦੀ, ਨਾ ਅਭਿਆਸ ਕਰਨ ਤੇ ਕੁਝ ਹੱਥ ਵਿਚ ਨਹੀਂ ਆਉਂਦਾ।

ਸੋ ਇਸ ਤਰ੍ਹਾਂ ਦੇ ਨਾਲ ਜੇ ਬਾਣੀ ਨੂੰ ਸਮਝ ਲਿਆ ਜਾਵੇ, ਮੰਨ ਲਿਆ ਜਾਵੇ ਤਾਂ ਕੋਈ ਭਾਗਾਂ ਵਾਲਾ ਬੰਦਾ ਬਹੁਤ ਵੱਡੀਆਂ ਪ੍ਰਾਪਤੀਆਂ ਕਰ ਸਕਦਾ ਹੈ ਤੇ ਐਸਾ ਸੁਖ ਓਸ ਨੂੰ ਮਿਲ ਸਕਦਾ ਹੈ ਕਿ ਜੋ ਨਿਰੰਤਰ ਸੁਖ ਜਿਹੜਾ ਕਦੇ ਵੀ ਨਾ ਟੁੱਟੇ, ਦੁਖ ਦਾ ਮੂੰਹ ਨਾ ਦੇਖੇ, ਸਦਾ ਹੀ ਸੁਖੀ ਹੋਵੇ। ਉਸ ਦਾ ਨੁਸਖਾ ਜੋ ਹੈ, ਉਹ ਇਸ ਸ਼ਬਦ ਦੀਆਂ 6 ਤੁਕਾਂ ਦੇ ਵਿਚ ਗੁਰੂ ਮਹਾਰਾਜ ਜੀ ਨੇ ਬੰਦ ਕਰ ਦਿੱਤਾ, ਇਨ੍ਹਾਂ ਉਤੇ ਹੀ ਜੇ ਮਿਹਨਤ ਕਰ ਲਓ ਤਾਂ ਸਾਰੀਆਂ ਚੀਜ਼ਾਂ ਪ੍ਰਾਪਤ ਹੋ ਜਾਂਦੀਆਂ ਨੇ।

ਪਹਿਲੀ ਤੁਕ ਦੇ ਵਿਚ ਮਹਾਰਾਜ ਜੀ ਨੇ ਕਿਹਾ ਹੈ ਕਿ ਜੇ ਮਨ ਚਿਤ ਇਕਾਗਰ ਕਰਕੇ ਬਾਣੀ ਦਾ ਰੂਪ ਹੋ ਕੇ ਰਸਨਾ ਜੇ ਗੋਬਿੰਦ ਦੇ ਗੁਣ ਗਾਉਂਦੀ ਹੈ, ਚਾਹੇ ਸੰਗਤ ਵਿਚ ਇਕੱਠੇ ਹੋ ਕੇ, ਚਾਹੇ ਅੰਤਰ ਆਤਮੇ ਤਾਂ ਉਸ ਦਾ ਬਹੁਤ ਵੱਡਾ ਫਲ ਪ੍ਰਾਪਤ ਹੁੰਦਾ ਹੈ। ਤਿੰਨ ਚੀਜ਼ਾਂ ਮਹਾਰਾਜ ਜੀ ਨੇ ਇਸ ਦੇ ਵਿਚ ਅੰਕਿਤ ਕੀਤੀਆਂ ਹਨ ਕਿ ਕੇਵਲ ਗੁਣ ਗਾਉਣ ਦੇ ਨਾਲ 3 ਚੀਜ਼ਾਂ ਅਵੱਸ਼ ਆ ਜਾਇਆ ਕਰਦੀਆਂ ਹਨ। ਇਕ ਸ਼ਾਂਤੀ ਆ ਜਾਂਦੀ ਹੈ, ਇਕ ਸਹਿਜ ਦਾ ਜੀਵਨ ਆ ਜਾਂਦਾ ਹੈ। ਇਕ ਖੇੜਾ ਆ ਜਾਂਦਾ ਹੈ।

ਦੂਸਰਾ ਮਹਾਰਾਜ ਜੀ ਨੇ ਇਸੇ ਤੁਕ ਦੇ ਅੰਦਰ ਪਹਿਲੀ ਦੇ ਹੀ ਜੁਗਤ ਦੱਸ ਕੇ ਨਾਲ ਇਹ ਕਿਹਾ ਕਿ ਆਦਮੀ ਦੁਖਾਂ ਦੀ ਐਨੀ ਵੱਡੀ ਗਠੜੀ ਚੁੱਕੀ ਫਿਰਦਾ ਹੈ ਜਿਸ ਦਾ ਕਦੇ ਖਾਤਮਾ ਨਹੀਂ ਹੁੰਦਾ। ਦੁਨੀਆਂ ਦੇ ਅੰਦਰ ਇਕ ਬੰਦਾ ਤੁਸੀਂ ਸੁਖੀ ਨਹੀਂ ਕੱਢ ਸਕਦੇ, ਦੁਖਾਂ ਦੀਆਂ ਗਠੜੀਆਂ, ਦੁਖਾਂ ਦੀਆਂ ਪੋਟਲੀਆਂ ਬੰਨ੍ਹੀ ਫਿਰਦਾ ਹੈ। ਥੋੜ੍ਹਾ ਜਿਹਾ ਸੁਖ ਆਉਂਦਾ ਹੈ ਨਾਲ ਮਣ ਜਿੰਨਾ ਦੁਖ ਆ ਜਾਂਦਾ ਹੈ, ਰਾਈ ਜਿੰਨਾ ਸੁਖ ਆਉਂਦਾ ਹੈ ਮਣ ਜਿੰਨਾ ਦੁਖ ਨਾਲ ਆ ਜਾਂਦਾ ਹੈ। ਦੁਖਾਂ ਦੀ ਗਿਣਤੀ ਕੋਈ ਨਹੀਂ ਹੈ ਕਿਤੇ ਆਰਥਿਕ ਦੁਖ ਨੇ, ਕਿਤੇ ਭਾਈਚਾਰਕ ਦੁਖ ਨੇ, ਕਿਤੇ ਮਾਨਸਿਕ ਦੁਖ ਨੇ, ਕਿਤੇ ਸਰੀਰਕ ਦੁਖ ਨੇ, ਕਿਤੇ ਰਾਜਸੀ ਦੁਖ ਨੇ, ਕਿਤੇ ਵੈਰ ਵਿਰੋਧ ਦੇ ਦੁਖ ਨੇ, ਕਿਤੇ ਹੋਰ ਲੋਭ ਵਗੈਰਾ ਦੇ ਦੁਖ ਨੇ, ਕਿਤੇ ਤ੍ਰਿਸ਼ਨਾ ਦੀ ਅੱਗ ਦਾ ਦੁਖ ਹੈ। ਮਹਾਰਾਜ ਕਹਿੰਦੇ ਹੋਰ ਵੀ ਗਿਣੀ ਜਾਹ ਜਿੰਨਾ ਤੇਰਾ ਜੀਅ ਕਰਦਾ ਹੈ। ਇਨ੍ਹਾਂ ਸਾਰਿਆਂ ਨੂੰ ਇਕ ਥਾਂ ਇਕੱਠਾ

ਕਰਕੇ ਇਸ ਦਾ ਨਾ ਰੱਖ ਦੇ 'ਸਗਲੇ ਦੂਖ' ਸਾਰੇ ਹੀ ਦੁਖ ਜਿੰਨੇ ਵੀ ਹਨ। ਸਾਰਿਆਂ ਨਾਲੋਂ ਵੱਡਾ ਜੰਮਣ ਮਰਨ ਦਾ ਦੁਖ ਹੈ। ਇਹ ਕਿਸੇ ਦੇ ਗਲੋਂ ਵੀ ਨਹੀਂ ਲਹਿੰਦਾ। ਸੰਸਾਰ ਵਿਚ ਕੋਈ ਐਸਾ ਬੰਦਾ ਨਹੀਂ ਹੈ ਜਿਸ ਦੇ ਗਲ ਦੇ ਵਿਚ ਜੰਮਣਾ ਤੇ ਮਰਨਾ ਨਾ ਪਿਆ ਹੋਵੇ। ਕਿੰਨੀ ਦੇਰ ਤੋਂ ਜੰਮਦਾ ਮਰਦਾ ਆ ਰਿਹਾ ਹੈ ਕੋਈ ਪਤਾ ਨਹੀਂ –

*ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ॥*
*ਏਤੀ ਨ ਜਾਨਉ ਕੇਤੀਕ ਮੁਦਤਿ*
*ਚਲਤੇ ਖਬਰਿ ਨ ਪਾਇਓ॥*
*ਅੰਗ – 999*

ਪਤਾ ਨਹੀਂ ਅਰਬਾਂ ਸਾਲਾਂ ਤੋਂ ਜੰਮਦੇ ਮਰਦੇ ਹਾਂ। ਸਾਰੇ ਦੁਖ ਇਕ ਤੋਂ ਇਕ ਵੱਡੇ ਨੇ। ਫੇਰ ਜਿਹੜੇ ਕਰਮ ਅਸੀਂ ਕਰਦੇ ਹਾਂ, ਗਲਤ ਕਰਮ ਕਰ ਲੈਂਦੇ ਹਾਂ, ਇਥੇ ਦੁਨੀਆਂ ਵਿਚ ਤਾਂ ਨਿਭ ਜਾਂਦੀ ਹੈ ਲੇਕਿਨ ਅੱਗੇ ਦਰਗਾਹ ਦੇ ਵਿਚ ਨਹੀਂ ਛੁਪਦੇ, ਐਸਾ ਫੁਰਮਾਨ ਕਰਦੇ ਨੇ ਕਿ –

*ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ॥*
*ਨਾਨਕ ਜਿਉ ਮਥਨਿ ਮਾਧਾਣੀਆ*
*ਤਿਉ ਮਥੇ ਧ੍ਰਮ ਰਾਇ॥ ਅੰਗ – 1425*

ਹਜ਼ਾਰਾਂ ਲੱਖਾਂ ਸਾਲਾਂ ਤੱਕ ਰੂਹ ਤੜਫਦੀ ਰਹਿੰਦੀ ਹੈ ਐਸੀਆਂ ਥਾਵਾਂ ਤੇ ਜਿਥੇ ਕੋਈ ਵੀ ਸਹਾਇਤਾ ਨਹੀਂ ਕਰ ਸਕਦਾ –

*ਓਥੈ ਹਥੁ ਨ ਅਪੜੈ*
*ਕੂਕ ਨ ਸੁਣੀਐ ਪੁਕਾਰ॥ ਅੰਗ – 1281*

ਥੋੜ੍ਹੀ ਦੇਰ ਵਾਸਤੇ ਮਨੁੱਖ ਦਾ ਜਾਮਾ ਮਿਲਿਆ ਹੈ ਲੇਕਿਨ ਨਾਲ ਦੀ ਨਾਲ ਸੰਸਾਰ ਅੰਧਕਾਰ ਛਾ ਗਿਆ, ਕੁਝ ਪਤਾ ਨਹੀਂ ਲਗਦਾ ਪਿਛਲਾ ਕਿ ਅਸੀਂ ਕੀ ਕਰਿਆ ਸੀ। ਸੋ ਮਹਾਰਾਜ ਕਹਿੰਦੇ ਇਨ੍ਹਾਂ ਸਾਰਿਆਂ ਦੁਖਾਂ ਨੂੰ ਤੂੰ ਇਕ ਥਾਂ ਤੇ ਰੱਖ ਲੈ। ਇਹ ਸਾਰੇ ਦੇ ਸਾਰੇ ਖਤਮ ਹੋ ਜਾਣਗੇ ਜੇ –

*ਰਸਨਾ ਗੁਣ ਗੋਪਾਲ ਨਿਧਿ ਗਾਇਣ॥*
*ਅੰਗ – 713*

ਗੋਬਿੰਦ ਦੇ ਗੁਣਾਂ ਦਾ ਜੋ ਖਜਾਨਾ ਹੈ ਉਸ ਨੂੰ ਜਦੋਂ ਤੂੰ ਗਾਉਂਦਾ ਹੈ ਤਾਂ –

*ਸਾਂਤਿ ਸਹਜੁ ਰਹਸੁ ਮਨਿ ਉਪਜਿਓ*
*ਸਗਲੇ ਦੂਖ ਪਲਾਇਣ॥ ਅੰਗ – 713*

ਉਸ ਤੋਂ ਬਾਅਦ ਅੱਗੇ ਹੋਰ ਖੁਲ੍ਹ ਮਿਲਦੀ ਹੈ ਇਸੇ ਕਰਮ ਕਰਨ ਦੇ ਨਾਲ ਕਿ ਤੂੰ ਕੋਈ ਚੀਜ਼ ਵੀ ਮੰਗ ਲੈ ਉਹ ਤੈਨੂੰ ਮਿਲ ਜਾਏਗੀ। ਸੰਸਾਰ ਦੇ ਅੰਦਰ ਐਸੀ ਕੋਈ ਚੀਜ਼ ਨਹੀਂ ਜਿਹੜੀ ਵਾਹਿਗੁਰੂ ਨਾ ਦੇ ਸਕਦਾ ਹੋਵੇ –

*ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ॥*
*ਘਰਿ ਤ ਤੇਰੈ ਸਭੁ ਕਿਛੁ ਹੈ*
*ਜਿਸੁ ਦੇਹਿ ਸੁ ਪਾਵਏ॥ ਅੰਗ – 917*

ਦਿੰਦਾ ਕਿਸ ਨੂੰ ਹੈ? ਕਹਿੰਦੇ ਜਿਹੜਾ ਹਰੀ ਦੇ ਗੁਣ ਗਾਉਂਦਾ ਹੈ। ਰਸਨਾ ਦੇ ਨਾਲ ਗੁਣ ਦਾ ਰੂਪ ਹੋ ਕੇ ਜੋ ਗੁਣ ਗਾਉਂਦਾ ਹੈ ਉਹ ਜੋ ਵੀ ਮੰਗਦਾ ਹੈ ਉਹ ਮਿਲ ਜਾਂਦਾ ਹੈ –

*ਜੋ ਮਾਗਹਿ ਸੋਈ ਸੋਈ ਪਾਵਹਿ*
*ਸੇਵਿ ਹਰਿ ਕੇ ਚਰਣ ਰਸਾਇਣ॥*
*ਅੰਗ – 714*

ਹਰੀ ਦੇ ਜੋ ਚਰਨ ਨੇ ਉਹ ਪ੍ਰਮੇਸ਼ਰ ਦਾ ਨਾਮ ਹੈ, 'ਵਾਹਿਗੁਰੂ' ਮੰਤ੍ਰ ਹੈ, ਇਹ ਤੂੰ ਸੇਵਨ ਕਰ, ਇਸ ਦਾ ਜਾਪ ਕਰ। ਜਾਪ ਕਰਨ ਦੀ ਜੁਗਤੀ ਪੁਛ ਕਿਉਂਕਿ ਕਹਿੰਦੇ ਕੱਖ ਦੇ ਓਹਲੇ ਲੱਖ ਹੁੰਦਾ ਹੈ। ਇਕ ਬੰਦਾ ਖਪੀ ਜਾਂਦਾ ਹੈ। ਲਕੜੀਆਂ ਦਾ ਵਪਾਰ ਕਰਦਾ ਹੈ। ਜੰਗਲ ਵਿਚ ਜਾਂਦਾ ਹੈ ਲਕੜੀਆਂ ਵੱਢ ਕੇ ਲਿਆਉਂਦਾ ਹੈ ਤੇ ਵੇਚਦਾ ਹੈ। ਸਾਰੀ ਜਿੰਦਗੀ ਖਪਦਾ ਰਹਿੰਦਾ ਹੈ ਨਾ ਕੱਪੜਾ ਪੂਰਾ ਪਹਿਨ ਸਕੇ, ਨਾ ਰੋਟੀ ਚੰਗੀ ਖਾ ਸਕੇ, ਨਾ ਕੋਈ ਮਕਾਨ ਪਾ ਸਕੇ, ਸਾਰੀ ਜਿੰਦਗੀ ਮੁਸ਼ਕਲਾਂ ਦੇ ਵਿਚ ਕੱਟਦਾ ਹੈ। ਇਕ ਬੰਦਾ ਬਹੁਤ ਘੱਟ ਕੰਮ ਕਰਦਾ ਹੈ ਹੀਰਿਆਂ ਦਾ ਵਪਾਰ ਕਰਦਾ ਹੈ। ਇਕੋ ਹੀਰਾ ਵਿਕ ਜਾਵੇ ਤਾਂ ਲੱਖਾਂ ਰੁਪਏ ਦਾ ਨਫਾ ਹੋ ਜਾਂਦਾ ਹੈ। ਜਿਹੜਾ ਲਕੜੀਆਂ ਵੱਢਦਾ ਹੈ। ਉਹ ਦਿਨ ਰਾਤ ਮਿਹਨਤ ਕਰਦਾ ਹੈ। ਤੜਕੇ ਹੀ ਕਿਸੇ ਜੰਗਲ ਵਿਚ ਚਲਿਆ ਜਾਂਦਾ ਹੈ, ਲੱਕੜਾਂ ਇਕੱਠੀਆਂ ਕਰਦਾ ਹੈ, ਵੇਚਦਾ ਹੈ ਲਿਆ ਕੇ। ਉਸ ਦੀ ਮਿਹਨਤ ਹੱਦ ਤੋਂ ਜਿਆਦਾ ਹੈ ਪਰ ਪ੍ਰਾਪਤੀ ਕੁਝ ਵੀ ਨਹੀਂ। ਇਸੇ ਤਰ੍ਹਾਂ ਇਕ ਬੰਦਾ ਕੁਝ ਵੀ ਨਹੀਂ ਕਰਦਾ, ਅਰਾਮ ਨਾਲ ਬੈਠਾ ਰਹਿੰਦਾ ਹੈ। ਉਸ ਕੋਲ ਇਕ ਗਾਹਕ ਆ ਜਾਵੇ ਮਹੀਨੇ ਦੇ ਅੰਦਰ, ਲੱਖਾਂ ਰੁਪਿਆ ਦੇ ਜਾਏਗਾ। ਫਰਕ ਹੈ ਦੋਹਾਂ ਦਾ ਕਿਉਂਕਿ ਉਸ ਦੇ ਕੋਲ ਜੁਗਤ ਹੈ, ਲਕੜੀਆਂ ਵਾਲੇ ਕੋਲ ਜੁਗਤ ਨਹੀਂ ਹੈ।

ਇਸੇ ਤਰ੍ਹਾਂ ਸੰਤਾਂ ਮਹਾਂਪੁਰਸ਼ਾਂ ਦੇ ਕੋਲ ਵੱਡਾ ਭਾਰਾ ਖਜਾਨਾ ਹੁੰਦਾ ਹੈ ਜਿਸ ਨੂੰ ਉਹ ਪ੍ਰਗਟ ਨਹੀਂ ਕਰਦੇ ਕਿਉਂਕਿ ਗਾਹਕ ਨਹੀਂ ਹੁੰਦਾ ਕੋਈ ਵੀ। ਬਿਨਾ ਗਾਹਕ ਤੋਂ ਜੇ ਗੁਣ ਵੇਚਿਆ ਜਾਵੇ –

*ਵਿਣੁ ਗਾਹਕ ਗੁਣੁ ਵੇਚੀਐ*
*ਤਉ ਗੁਣੁ ਸਹਘੋ ਜਾਇ॥ ਅੰਗ – 1086*

ਤਾਂ ਕਉਡੀ ਦੇ ਬਦਲੇ ਜਾਂਦਾ ਹੈ ਕਿਉਂਕਿ ਉਥੇ ਗਾਹਕ ਨਹੀਂ ਹੋਇਆ ਕਰਦੇ –

ਜੇ ਗਾਹਕ ਇਕੋ ਹੀ ਆ ਜਾਵੇ ਤਾਂ ਉਹ ਗੁਣ

ਲੱਖਾਂ ਵਿਚ ਵਿਕਦਾ ਹੈ। ਇਕੋ ਹੀ ਆ ਜਾਵੇ ਮਹਾਤਮਾ ਦੇ ਕੋਲ ਸਾਰੀ ਜ਼ਿੰਦਗੀ ਵਿਚ ਗਾਹਕ ਤੇ ਉਹ ਕੀਮਤ ਦੇ ਦੇਵੇ –

*ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ*
*ਹੁਕਮਿ ਮੰਨਿਐ .......॥* *ਅੰਗ – 918*

ਤਾਂ ਵਾਹਿਗੁਰੂ ਮਿਲ ਜਾਂਦਾ ਹੈ।

*................ ਪਾਈਐ॥* *ਅੰਗ – 918*

ਨਾਮ ਅਸੀਂ ਜਪਦੇ ਹਾਂ ਲੇਕਿਨ ਭੇਤ ਹੈ ਨਾਮ ਦੇ ਅੰਦਰ। ਇਕ ਬੰਦਾ ਇਕ ਮਾਲਾ ਫੇਰਦਾ ਹੈ, ਬੋਲ ਬੋਲ ਕੇ ਉੱਚੀ ਉੱਚੀ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਉਸ ਨੇ ਇਕ ਘੰਟਾ ਨਾਮ ਜਪਿਆ। ਇਸ ਨੂੰ ਉੱਚਾ ਜਾਪ ਕਹਿੰਦੇ ਨੇ।

ਦੂਸਰਾ 'ਉਪਾਸੂ ਜਾਪ' ਹੁੰਦਾ ਹੈ। ਇਕ ਘੰਟਾ ਉਹ ਬੈਠਦਾ ਹੈ, ਉਸ ਨੂੰ ਹਜ਼ਾਰ ਘੰਟੇ ਦਾ ਫਲ ਮਿਲਦਾ ਹੈ, ਇਸ ਨੂੰ ਇਕ ਘੰਟੇ ਦਾ ਮਿਲਦਾ ਹੈ। ਥੋੜ੍ਹੀ ਜਿਹੀ ਜੁਗਤ ਹੈ ਇਹ। ਜੁਗਤ ਦੇ ਨਾਲ ਉਸ ਨੇ ਮਾਲਾ ਫੇਰੀ ਇਸ ਨੇ ਓਨੇ ਚਿਰ ਵਿਚ ਇਕ ਹਜ਼ਾਰ ਮਾਲਾ ਫੇਰ ਲਈ। ਇਸ ਤੋਂ ਅੱਗੇ ਫੇਰ ਜੁਗਤ ਹੈ। ਪਹਿਲੇ ਪ੍ਰੇਮੀ ਨੇ ਇਕ ਮਾਲਾ ਫੇਰੀ ਦੂਸਰੇ ਨੇ 1000 ਫੇਰ ਲਈ, ਤੀਸਰੇ ਨੇ ਓਨੇ ਚਿਰ ਦੇ ਅੰਦਰ 10,000,00 ਮਾਲਾ ਫੇਰ ਲਈ, ਕਿੰਨਾ ਫਰਕ ਹੋ ਗਿਆ, ਹੀਰਿਆਂ ਦਾ ਵਪਾਰ ਹੋ ਗਿਆ।

ਸੋ ਇਸ ਤਰ੍ਹਾਂ ਮਹਾਰਾਜ ਕਹਿੰਦੇ ਜੇ ਇਹ ਜੁਗਤ ਜਾਣਦਾ ਹੋਵੇ, ਇਸ ਨੂੰ ਪਤਾ ਲੱਗ ਜਾਵੇ ਗੁਣ ਗਾਉਣ ਦਾ ਤਾਂ –

*ਜੋ ਮਾਗਹਿ ਸੋਈ ਸੋਈ ਪਾਵਹਿ*
*ਸੇਵਿ ਹਰਿ ਕੇ ਚਰਣ ਰਸਾਇਣ॥*
*ਅੰਗ – 714*

ਉਹ ਰਸਾਇਣ ਹੁੰਦਾ ਹੈ। ਰਸਾਇਣ ਨਾਲ ਲੋਹਾ ਸੋਨਾ ਬਣ ਜਾਂਦਾ ਹੈ। ਫੇਰ ਐਡਾ ਫਲ ਹੈ ਕਿ –

*ਜਨਮ ਮਰਣ ਦੁਹਹੂ ਤੇ ਛੂਟਹਿ..........॥*

*ਅੰਗ – 714*

ਜੰਮਣ ਤੇ ਮਰਨ ਦੇ ਚੱਕਰ ਤੋਂ ਛੁਟ ਜਾਂਦਾ ਹੈ ਤੇ ਭਵਜਲ ਵਿਚੋਂ ਆਪ ਵੀ ਤਰ ਜਾਂਦਾ ਹੈ ਤੇ ਨਾਲਦਿਆਂ ਨੂੰ ਵੀ ਤਾਰ ਦਿੰਦਾ ਹੈ। ਅਖੀਰ ਦੇ ਵਿਚ ਮਹਾਰਾਜ ਜੀ ਕਹਿੰਦੇ ਨੇ ਕਿ ਅਸੀਂ ਖੋਜ ਖੋਜ ਖੋਜ ਕੇ ਤੱਤ ਦੀ ਗੱਲ ਤੁਹਾਨੂੰ ਦਸਦੇ ਹਾਂ ਕਿ ਜੇ ਤੁਸੀਂ ਇਹ ਚਾਹੁੰਦੇ ਹੋ, ਤੁਹਾਡੇ ਮਨ ਦੇ ਵਿਚ ਇੱਛਾ ਜਾਗਦੀ ਹੈ ਕਿ ਮੈਨੂੰ ਇਹੋ ਜਿਹਾ ਸੁਖ ਮਿਲ ਜਾਵੇ ਜਿਸ ਦਾ ਦੁਨੀਆਂ ਦੇ ਅੰਦਰ ਕੋਈ ਵੀ ਬੰਦਾ ਮੁਕਾਬਲਾ ਨਾ ਕਰੇ ਤੇ ਸਦਾ ਦਾ ਸੁਖ ਮਿਲ ਜਾਵੇ, ਜਿਸ ਦੇ ਵਿਚ ਦੁਖ ਆਵੇ ਹੀ ਨਾ ਕਦੇ। ਦੁਖ ਦੀ ਪਰੀਭਾਸਾ, ਦੁਖ ਦਾ ਅੱਖਰ ਕੱਟਿਆ ਜਾਵੇ। ਮਹਾਰਾਜ ਕਹਿੰਦੇ ਉਹ ਇਹ ਹੈ ਕਿ ਫੇਰ ਲਗਾਤਾਰ, 24 ਘੰਟੇ, ਨਿਰੰਤਰ ਨਾ ਟੁੱਟਣ ਯੋਗ ਪ੍ਰਮੇਸ਼ਰ ਦੀ ਯਾਦ ਦੇ ਵਿਚ ਮਹਿਵ ਹੋ ਜਾਹ। ਉਸ ਵੇਲੇ ਤੈਨੂੰ ਐਸੇ ਸੁਖ ਦੀ ਪ੍ਰਾਪਤੀ ਹੋ ਜਾਏਗੀ ਜਿਸ ਦਾ ਕੋਈ ਅੰਦਾਜ਼ਾ ਨਹੀਂ ਹੈ। ਮਹਾਂਪੁਰਸ਼ਾਂ ਨੇ ਜਦੋਂ ਦੱਸਣਾ ਤਾਂ ਉਨ੍ਹਾਂ ਨੇ ਕਹਿਣਾ ਆਹ ਸੰਸਾਰ ਦੇ ਜਿਹੜੇ ਸੁਖ ਨੇ ਜਿੰਨੇ ਵੀ ਹਨ ਇਕੱਠੇ ਕਰ ਲਓ, ਕੋਈ ਵੀ ਸੁਖ ਨਾ ਛੱਡਿਓ ਦੁਨੀਆਂ ਦਾ, ਇਸ ਤੋਂ ਉਪਰ ਫੇਰ ਸਵਰਗਾਂ ਦੇ ਸੁਖ ਇਕੱਠੇ ਕਰਨ ਲੱਗ ਜਾਓ ਕਿਉਂਕਿ ਪਹਿਲੇ ਹੀ ਸਵਰਗ ਦਾ ਜੋ ਸੁਖ ਹੈ ਉਹ ਇਥੋਂ ਦੇ ਬਾਦਸ਼ਾਹ ਨਾਲੋਂ 100 ਗੁਣਾਂ ਜਿਆਦਾ ਹੈ ਜਿਸ ਨੂੰ 'ਗੰਧਰਵ ਲੋਕ' ਕਹਿੰਦੇ ਨੇ, ਉਸ ਤੋਂ 100 ਗੁਣਾਂ ਜਿਆਦਾ ਸੁਖ ਹੈ 'ਦੇਵ ਗੰਧਰਵ' ਇਸੇ ਤਰ੍ਹਾਂ 100 ਨਾਲ ਗੁਣਾਂ ਕਰਦੇ ਚਲੇ ਜਾਓ, ਇੰਦਰਲੋਕ ਦਾ ਦਸ ਅਰਬ ਗੁਣਾਂ ਜਿਆਦਾ ਸੁਖ ਹੈ ਇਥੋਂ ਦੇ ਬਾਦਸ਼ਾਹ ਨਾਲੋਂ ਫੇਰ ਪ੍ਰਜਾਪਤਿ ਲੋਕ, ਕਰਮਦੇਵ ਲੋਕ ਹੈ, ਅਜਾਨਦੇਵ ਲੋਕ ਹੈ, ਬ੍ਰਹਮ ਲੋਕ, ਸ਼ਿਵਲੋਕ ਹੈ ਤੇ ਫੇਰ ਬੈਕੁੰਠ ਧਾਮ ਹੈ। ਬੈਕੁੰਠਧਾਮ ਦਾ ਜੋ ਸੁਖ ਹੈ ਉਹ ਖਰਬ ਗੁਣਾ ਹੈ ਉਸ ਨੂੰ ਖਰਬ ਗੁਣਾ ਨਾਲ ਗੁਣਾ ਕਰ ਲਇਓ ਪਤਾ ਲਗ ਜਾਏਗਾ। ਐਡਾ ਵੱਡਾ ਜੋ ਸੁਖ ਹੈ ਬੈਕੁੰਠ ਦਾ ਉਸ ਨੂੰ ਇਕ ਇਕਾਈ ਮੰਨ ਲਓ ਕਿ ਉਹ ਇਕ ਬੂੰਦ ਹੈ, ਸਾਰਾ ਸੁਖ ਮਿਲਾ ਕੇ ਇਕ ਇਕਾਈ ਮੰਨ ਲਈ ਉਸ ਦਾ ਨਾਉਂ ਰੱਖ ਲਿਆ ਇਕ ਬੂੰਦ ਸੁਖ ਦੀ ਉਸ ਦੇ ਮੁਕਾਬਲੇ ਤੇ ਜਿਹੜਾ ਸੁਖ ਪ੍ਰਮੇਸ਼ਰ ਵਿਚ ਲੀਨ ਹੋਣ ਤੇ ਪ੍ਰਾਪਤ ਹੁੰਦਾ ਹੈ, ਅਭੇਦ ਅਵਸਥਾ ਦੇ ਮਹਾਤਮਾ ਨੂੰ ਪ੍ਰਾਪਤ ਹੋਇਆ ਕਰਦਾ ਹੈ ਉਹ ਇਕ ਬੂੰਦ ਦੇ ਮੁਕਾਬਲੇ ਤੇ ਸਮੁੰਦਰ ਜਿੱਡਾ ਦੱਸਣ ਵਾਸਤੇ ਹੈ ਲੇਕਿਨ ਹੈ ਇਸ ਤੋਂ ਵੀ ਜਿਆਦਾ ਯਾਨੀ ਅੰਦਾਜ਼ੇ ਤੋਂ ਬਾਹਰ ਹੈ 'ਸਤਿ ਚਿਤ ਅਨੰਦ' ਇਹ ਅਵਸਥਾ ਪ੍ਰਾਪਤ ਹੋ ਜਾਂਦੀ ਹੈ।

ਸੋ ਗੁਰੂ ਮਹਾਰਾਜ ਨੇ ਅੱਜ ਜੋ ਬਚਨ ਦੱਸਿਆ ਹੈ ਸਾਨੂੰ ਇਹ ਅਸੀਂ ਹਰ ਵਾਰ ਸੁਣਦੇ ਹਾਂ, ਦੁਨੀਆਂ ਸੁਣਦੀ ਹੈ, ਦੁਨੀਆਂ ਗਾਉਂਦੀ ਹੈ ਇਸ ਨੂੰ ਲੇਕਿਨ ਵਿਰਲਾ ਹੈ ਜਿਹੜਾ ਏਸ ਨੂੰ ਪਹਿਲਾਂ ਸੁਣੇ ਇਕਾਗਰ ਹੋ ਕੇ, ਸੁਣਨ ਦਾ ਫਰਕ ਮੈਂ ਮਾੜੀ ਜਿਹੀ ਮਿਸਾਲ ਨਾਲ ਦਸਦਾ ਹਾਂ ਕਿ ਸਾਨੂੰ ਹੁਣ ਇਥੇ ਕੋਈ ਆਦਮੀ ਕਹਿ ਦੇਵੇ ਕਿ ਜਦੋਂ ਬਡਹੇੜੀ ਦੇ ਏਧਰਲੇ ਪਾਸੇ ਤੁਸੀਂ ਮੁੜੋਗੇ ਤਾਂ ਉਥੇ ਕੁਦਰਤ ਐਸੀ ਹੋਈ ਹੈ ਕਿ ਪੌਂਡਾਂ ਦੇ ਢੇਰ ਲਗੇ ਪਏ ਨੇ। ਅਸੀਂ ਸੁਣਦੀਸਾਰ ਬੈਠ ਨਹੀਂ ਸਕਣਾ। ਅਸੀਂ ਕਹਿਣਾ ਹੁਣੇ ਜਾਈਏ ਕਿਉਂਕਿ ਉਹ ਅੰਦਰ ਤਨ ਮਨ ਦੇ ਵਿਚ ਪਹੁੰਚ ਗਈ ਗੱਲ। ਉਹ ਇਕ ਅਵਸਥਾ

ਹੈ ਸੁਣਨ ਦੀ ਜਿਸ ਤਰ੍ਹਾਂ ਦੀਆਂ 4 ਪਉੜੀਆਂ 'ਜਪੁਜੀ ਸਾਹਿਬ' ਦੇ ਅੰਦਰ ਮਹਾਰਾਜ ਜੀ ਨੇ ਫੁਰਮਾਨ ਕਰੀਆਂ ਹਨ ਕਿ ਐਸਾ ਸੁਣਨਾ ਹੋਇਆ ਕਰਦਾ ਹੈ। ਇਹ ਨਹੀਂ ਕਿ ਕੰਨ ਦੇ ਵਿਚ ਇਕ ਦਸ਼ਮਲਵ ਗਿਆ ਅੱਗੇ ਜਾਂਦਾ ਹੀ ਨਹੀਂ, ਜਿਥੇ ਜਾ ਕੇ ਅਸਲੀ ਗੱਲ ਪਹੁੰਚਦੀ ਹੈ ਉਥੇ ਪਹੁੰਚਦੀ ਨਹੀਂ ਕਿਉਂਕਿ ਕੰਨਾਂ ਵਿਚ ਸੂਤਕ ਹੈ। 'ਦਿਬ ਕੰਨ' ਖੁੱਲ੍ਹੇ ਨਹੀਂ ਹਨ ਜਿਨ੍ਹਾਂ ਨੇ ਸੁਣਨੀ ਹੈ ਉਹ ਬੰਦ ਪਏ ਨੇ, 'ਦਿਬ ਨੇਤਰ' ਨਹੀਂ ਖੁੱਲ੍ਹੇ, ਦਿਬ ਰਸਨਾ ਨਹੀਂ ਖੁੱਲ੍ਹੀ, ਦਿਬ ਨਾਸਕਾ ਨਹੀਂ ਖੁੱਲ੍ਹੀ, ਦਿਬ ਸਪਰਸ਼ ਨਹੀਂ, ਇਹ ਗੱਲਾਂ ਸਾਡੇ ਵਾਸਤੇ ਇਸ ਤਰ੍ਹਾਂ ਹਨ ਕਿ ਪਤਾ ਨਹੀਂ ਇਹ ਕਿਹੜੇ ਦੇਸ਼ ਦੀਆਂ, ਕਿਥੋਂ ਦੀਆਂ ਬਾਤਾਂ ਨੇ ਕਿਉਂਕਿ ਅਸੀਂ ਜਾਣਦੇ ਨਹੀਂ ਤੇ ਨਾ ਅਸੀਂ ਇਥੇ ਪਹੁੰਚਣ ਦਾ ਯਤਨ ਕਰਦੇ ਹਾਂ। ਕਾਰਨ ਕੀ ਹੈ ਕਿ ਅਸਾਡੇ ਭਾਗ ਨਹੀਂ ਬਣ ਸਕੇ ਅਜੇ, ਸਾਡੇ ਐਸੇ ਕਰਮ ਨਹੀਂ ਬਣੇ ਕਿ ਅਸੀਂ ਇਸ ਰਸਤੇ ਚੱਲ ਪਈਏ ਕਿਉਂਕਿ ਸਾਡੇ ਅੰਦਰ ਬੜਾ ਕੂੜ ਕਬਾੜ ਭਰਿਆ ਪਿਆ ਹੈ, ਅਭਿਮਾਨ ਭਰਿਆ ਪਿਆ ਹੈ ਕਿ ਮੈਥੋਂ ਜਿਆਦਾ ਕੋਈ ਨਹੀਂ ਜਾਣਦਾ। ਚਾਰ ਪੈਸੇ ਹੋ ਜਾਣ ਦੂਜੇ ਨੂੰ ਨਿਗ੍ਹਾ ਥੱਲੇ ਨਹੀਂ ਲਿਆਉਂਦੇ, ਥੋੜ੍ਹੀ ਜਿਹੀ ਕਿਧਰੇ ਚੌਧਰ ਮਿਲ ਜਾਵੇ, ਦੂਜੇ ਨੂੰ ਨਿਗ੍ਹਾ ਥੱਲੇ ਨਹੀਂ ਲਿਆਉਂਦਾ, ਇਹ ਗੰਦਗੀ ਹੈ ਦਿਮਾਗ ਦੀ, ਕੁਝ ਵੀ ਨਹੀਂ ਹੋਇਆ ਕਰਦੀ ਇਹ, ਐਵੇਂ ਹੀ ਹੈ ਅਣਜਾਣਪੁਣਾ। ਸੋ ਜਿੰਨੀ ਦੇਰ ਤੱਕ ਅਸਲੀ ਹਾਲਤ ਨਹੀਂ ਆਉਂਦੀ ਸੁਣਨ ਦੀ, ਨਹੀਂ ਇਹ ਸ਼ਬਦ ਸੁਣਦਾ। ਇਕੋ ਹੀ ਸ਼ਬਦ ਹੈ ਕੋਈ ਬਹੁਤੇ ਗਹਿਰੇ ਅਰਥ ਨਹੀਂ ਹਨ ਬੇਅੰਤ ਚਿਰ ਦੇ ਅਸੀਂ ਸੁਣਦੇ ਹਾਂ ਪਰ ਇਸ ਦੇ ਭਾਵ ਤੱਕ ਨਹੀਂ ਪਹੁੰਚਦੇ। ਜੇ ਭਾਵ ਤੱਕ ਪਹੁੰਚ ਜਾਈਏ ਫੇਰ ਤਾਂ ਅਸੀਂ ਸੁਖ ਹੀ ਤਾਂ ਚਾਹੁੰਦੇ ਹਾਂ ਫੇਰ ਤਾਂ ਸਾਨੂੰ ਢੰਗ ਮਿਲ ਗਿਆ ਲੇਕਿਨ ਇਹ ਹੋਇਆ ਨਹੀਂ ਕਰਦਾ ਕਿਉਂਕਿ ਐਸੇ ਕਰਮ ਨਹੀਂ ਹੁੰਦੇ ਤੇ ਐਸੀ ਸਥਿਤੀ ਉਸ ਦੇ ਅੰਦਰ ਅਜੇ ਪੈਦਾ ਨਹੀਂ ਹੋਈ ਜਿਸ ਨੂੰ ਮਹਾਰਾਜ 'ਮੰਨੈ' ਕਹਿੰਦੇ ਨੇ। ਜੇ 'ਮੰਨੇ' ਵਾਲੀ ਅਵਸਥਾ ਆ ਜਾਵੇ ਤਾਂ –

*ਮੰਨੈ ਕੀ ਗਤਿ ਕਹੀ ਨ ਜਾਇ॥*
*ਜੇ ਕੋ ਕਹੈ ਪਿਛੈ ਪਛੁਤਾਇ॥*

*ਅੰਗ – 3*

ਇਕ ਅੱਧਾ ਹੈ ਜਿਹੜਾ ਮੰਨਦਾ ਹੈ –

*ਕੋਟਿ ਮਧੇ ਕੋ ਵਿਰਲਾ ਸੇਵਕੁ*
*ਹੋਰਿ ਸਗਲੇ ਬਿਉਹਾਰੀ॥ ਅੰਗ – 495*

ਸੰਸਾਰ ਵਿਹਾਰਾਂ ਵਿਚ ਪਿਆ ਹੋਇਆ ਹੈ ਸੁਣਦਾ ਹੈ, ਅਣਸੁਣੀ ਕਰਕੇ ਦੁਖੀ ਹੁੰਦਾ ਹੈ, ਦੁਖਾਂ ਨਾਲ ਭਰਿਆ ਰਹਿੰਦਾ ਹੈ। ਸੋ ਇਸ ਨੂੰ ਯਾਦ ਰੱਖੋ।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

# ਮਿਲੁ ਜਗਦੀਸ ਮਿਲਨ ਕੀ ਬਰੀਆ॥

ਸਾਧ ਸੰਗਤ ਜੀ!

*ਵਾਹਿਗੁਰੂ ਜੀ ਕਾ ਖਾਲਸਾ॥*
*ਵਾਹਿਗੁਰ ਜੀ ਕੀ ਫਤਹਿ॥*

ਅੰਮ੍ਰਿਤ ਵੇਲੇ ਤੋਂ ਆਪ ਹਰੀ ਦਾ ਜਸ ਸਰਵਣ ਕਰ ਰਹੇ ਹੋ, ਉਪਰੰਤ ਗੁਰੂ ਮਹਾਰਾਜ ਜੀ ਦਾ ਹੁਕਮ ਸਾਡੇ ਵਾਸਤੇ ਮਹਾਰਾਜ ਵਲੋਂ ਫੁਰਮਾਨ ਹੋਇਆ ਹੈ ਕਿ ਇਕ ਲੋਚਾ ਹੈ ਬੜੀ ਜਬਰਦਸਤ ਕਿ ਸੰਸਾਰ ਦੇ ਉਤੇ ਕੋਈ ਐਸਾ ਹੈ ਜਿਹੜਾ ਮੈਨੂੰ ਵਾਹਿਗੁਰੂ ਨਾਲ ਮਿਲਾ ਦੇਵੇ, ਕੋਈ ਹੋਵੇ ਚਾਹੇ, ਕਿਸੇ ਕਿਸੇ ਹਿਰਦੇ ਦੇ ਅੰਦਰ ਇਹ ਲੋਚਾ ਪੈਦਾ ਹੁੰਦੀ ਹੈ। ਬਹੁਤ ਹਰੀ ਦਾ ਜਸ ਕਰਨ ਸਤਿਸੰਗ ਸੁਣਨ ਤੇ ਸੇਵਾ ਕਰਨ ਤੋਂ ਬਾਅਦ ਕਿਤੇ ਐਸੀ ਸੋਝੀ ਪੈਦਾ ਹੋ ਜਾਂਦੀ ਹੈ ਤੇ ਇਕ ਤਰ੍ਹਾਂ ਨਾਲ ਪਿਆਸ ਲੱਗ ਜਾਂਦੀ ਹੈ ਦਰਸ਼ਨ ਦੀ ਲੋਚਾ ਲੱਗ ਜਾਂਦੀ ਹੈ।

ਮਹਾਰਾਜ ਕਹਿੰਦੇ ਜਿਸ ਦੇ ਅੰਦਰ ਇਹ ਲੋਚਾ ਪੈਦਾ ਹੋ ਜਾਵੇ -

*ਜਿਸੁ ਜਨ ਕਉ ਪ੍ਰਭ ਦਰਸ ਪਿਆਸਾ॥*
*ਨਾਨਕ ਤਾ ਕੈ ਬਲਿ ਬਲਿ ਜਾਸਾ॥*
*ਅੰਗ - 266*

ਬਲਿਹਾਰ ਜਾਂਦੇ ਹਾਂ ਅਸੀਂ ਉਸ ਦੇ ਕਿਉਂਕਿ ਉਸ ਦੇ ਅੰਦਰ ਲੋਚਾ ਪੈਦਾ ਹੋ ਗਈ। ਉਸ ਨੇ ਆਪਣਾ ਮਾਨਸ ਜਨਮ ਦਾ ਜੋ ਪਰਮ ਮਨੋਰਥ ਸੀ ਉਸ ਨੂੰ ਹਾਸਲ ਕਰਨ ਵਾਸਤੇ ਆਪਣਾ ਇਰਾਦਾ ਬਣਾਇਆ। ਜੋ ਪਰਮ ਮਨੋਰਥ ਹੈ - 8399,999 ਜੂਨਾਂ ਦੇ ਵਿਚੋਂ ਇਹ ਜੀਵ ਆਤਮਾ ਘੁੰਮਦਾ-ਘੁੰਮਦਾ ਮਨੁੱਖ ਦੀ ਦੇਹੀ ਪ੍ਰਾਪਤ ਕਰ ਲੈਂਦਾ ਹੈ -

*ਕਈ ਜਨਮ ਭਏ ਕੀਟ ਪਤੰਗਾ॥*
*ਕਈ ਜਨਮ ਗਜ ਮੀਨ ਕੁਰੰਗਾ॥*
*ਕਈ ਜਨਮ ਪੰਖੀ ਸਰਪ ਹੋਇਓ॥*
*ਕਈ ਜਨਮ ਹੈਵਰ ਬ੍ਰਿਖ ਜੋਇਓ॥*
*ਮਿਲੁ ਜਗਦੀਸ ਮਿਲਨ ਕੀ ਬਰੀਆ॥*
*ਚਿਰੰਕਾਲ ਇਹ ਦੇਹ ਸੰਜਰੀਆ॥*
*ਅੰਗ - 176*

ਉਹ ਇਸ ਦੇਹ ਦੀ ਕੀਮਤ ਨੂੰ ਜਾਣਦਾ ਹੈ ਕਿ ਇਹ ਬਹੁਤ ਮੁਸ਼ਕਲ ਨਾਲ ਹੱਥ ਆਈ ਹੈ।

*ਫਿਰਤ ਫਿਰਤ ਬਹੁਤੇ ਜੁਗ ਹਾਰਿਓ*
*ਮਾਨਸ ਦੇਹ ਲਹੀ॥*
*ਨਾਨਕ ਕਹਤ ਮਿਲਨ ਕੀ ਬਰੀਆ*
*ਸਿਮਰਤ ਕਹਾ ਨਹੀ॥ ਅੰਗ - 631*

ਕਿਉਂਕਿ ਇਕ ਤਾਂ ਉਹ ਵਰਗ ਹੈ ਜਿਸ ਨੂੰ ਇਸ ਗੱਲ ਦਾ ਪਤਾ ਹੀ ਨਹੀਂ ਹੈ। 4 ਕਿਸਮ ਦੇ ਆਦਮੀ ਨੇ ਦੁਨੀਆਂ ਦੇ ਅੰਦਰ। ਇਕ ਤਾਂ ਉਹ ਨੇ ਜਿਨ੍ਹਾਂ ਨੂੰ ਕੋਈ ਪਤਾ ਨਹੀਂ, ਉਨ੍ਹਾਂ ਦੀ ਜਿੰਦਗੀ ਦਾ ਜੋ ਮੰਤਵ ਹੈ ਉਹ ਖਾਓ ਪੀਓ ਮੌਜ ਕਰੋ ਨੂੰ ਮੰਨਦੇ ਹਨ। ਭੀਖ ਮੰਗਣੀ ਉਧਾਰ ਲੈਣਾ ਤੇ ਚੋਰੀ ਕਰਕੇ ਆਪਣਾ ਵਕਤ ਪੂਰਾ ਕਰਨਾ ਹੈ। ਧਨ ਜੋੜਨਾ ਹੈ, ਜੋ ਕੰਮ ਬਜੁਰਗ ਕਰਦੇ ਆਏ ਨੇ ਓਹੀ ਕਰਨਾ ਹੈ। ਪਹਿਲਾਂ ਪੜ੍ਹਾਈ ਲਿਖਾਈ ਕਰ ਲਈ, ਬੱਚੇ ਪਾਲ ਲਏ, ਫੇਰ ਬੁੱਢਾ ਹੋ ਗਿਆ, ਉਸ ਤੋਂ ਬਾਅਦ ਸਰੀਰ ਛੱਡ ਕੇ ਤੁਰ ਜਾਂਦਾ ਹੈ। ਨਾ ਰੂਹਾਨੀਅਤ ਦੀ ਕੋਈ ਸੋਝੀ ਉਸ ਦੇ ਮਨ ਵਿਚ ਪੈਦਾ ਹੁੰਦੀ ਹੈ, ਨਾ ਇਹ ਪਤਾ ਲਗਦਾ ਹੈ ਕਿ ਮੈਂ ਕੀ ਕਰਨ ਵਾਸਤੇ ਆਇਆ ਹਾਂ। ਜੇ ਉਹ ਨਹੀਂ ਹੋਇਆ ਤਾਂ ਮਨ ਦੇ ਅੰਦਰ ਕੋਈ ਘਾਟਾ ਮਹਿਸੂਸ ਕਰਦਾ ਹੈ ਕਿ ਮੈਂ ਜਿਸ ਕੰਮ ਨੂੰ ਆਇਆ ਸੀ ਉਹ ਹੋਇਆ ਨਹੀਂ ਹੈ ਸਮਾਂ ਪੂਰਾ ਹੋ ਗਿਆ। ਹੁਣ ਇਹ ਪਤਾ ਨਹੀਂ ਹੈ ਕਿ ਇਥੋਂ ਜਾਣ ਤੋਂ ਬਾਅਦ ਸਾਡੇ ਨਾਲ ਕੀ ਵਰਤੇਗੀ। ਐਸੇ ਜੋ ਲਾਪਰਵਾਹ, ਬੇਪਰਵਾਹ ਬੰਦੇ ਨੇ ਉਨ੍ਹਾਂ ਨੂੰ ਪਾਮਰ ਕਿਹਾ ਜਾਂਦਾ ਹੈ।

ਦੂਸਰੇ ਉਹ ਨੇ ਜਿਨ੍ਹਾਂ ਦੀ ਰੁਚੀ ਸਾਰੀ ਜਿੰਦਗੀ ਭੋਗਾਂ ਦੇ ਵਿਚ ਰਹਿੰਦੀ ਹੈ। ਅਨੇਕਾਂ ਕਿਸਮ ਦੇ ਭੋਗ ਨੇ। ਨੇਤਰਾਂ ਦੇ ਭੋਗ ਨੇ, ਟੈਲੀਵੀਜਨ ਦੇਖੀ ਜਾਣਾ, ਬੁਢਾਪਾ ਆਇਆ ਹੋਇਆ ਹੈ, ਸੰਸਾਰ ਤੋਂ ਜਾਣ ਨੂੰ ਤਿਆਰ ਬੈਠਾ ਹੈ ਲੇਕਿਨ ਅੱਖਾਂ ਦਾ ਭੋਗ ਭੋਗ ਰਿਹਾ ਹੈ। ਕੰਨਾਂ ਦੇ ਨਾਲ ਗਾਣੇ ਸੁਣੀ ਜਾਣੇ। ਇਸੇ ਤਰ੍ਹਾਂ ਰਸਨਾ ਦੇ ਨਾਲ ਖਾਣ-ਪੀਣ ਦੇ ਭੋਗਾਂ ਵੱਲ ਲੱਗਿਆਂ ਰਹਿਣਾ। ਇਸ ਤੋਂ ਅੱਗੇ ਉਨ੍ਹਾਂ ਦਾ ਕੋਈ ਉਦੇਸ਼ ਮਨੋਰਥ ਨਹੀਂ ਹੋਇਆ ਕਰਦਾ ਜਿੰਦਗੀ ਦਾ, ਉਨ੍ਹਾਂ ਨੂੰ ਭੋਗੀ ਕਹਿੰਦੇ ਨੇ।

ਤੀਸਰੇ ਉਹ ਹੁੰਦੇ ਨੇ ਜਿਨ੍ਹਾਂ ਨੂੰ ਸਤਿਸੰਗ ਕਰਦਿਆਂ ਹੋਇਆਂ, ਸੁਣਦਿਆਂ ਹੋਇਆ ਅੰਦਰ ਵੈਰਾਗ ਪੈਦਾ ਹੋ ਜਾਂਦਾ ਹੈ ਤੇ ਉਹ ਮਨੋ, ਤਨੋ ਸਮਝ ਜਾਂਦੇ ਨੇ ਕਿ ਜਿੰਦਗੀ ਦਾ ਮਨੋਰਥ ਪ੍ਰਭੂ ਦੀ ਪ੍ਰਾਪਤੀ ਹੈ ਕਿਉਂਕਿ ਪਤਾ ਨਹੀਂ ਹੈ ਕਿ ਕਿੰਨਾ ਚੱਕਰ ਲੱਗ ਜਾਵੇ-

*ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ॥*
*ਏਤੀ ਨ ਜਾਨਉ ਕੇਤੀਕ ਮੁਦਤਿ*
*ਚਲਤੇ ਖਬਰਿ ਨ ਪਾਇਓ॥*
*ਅੰਗ - 999*

ਤੈਨੂੰ ਪਤਾ ਹੈ ਕਿ ਤੂੰ ਕਿੰਨੀ ਦੇਰ ਦਾ ਚੱਲਿਆ ਹੋਇਆ ਹੈ ਖਰਬ ਸਾਲ ਤੋਂ ਤੇਰਾ ਸਫਰ ਸ਼ੁਰੂ ਹੋਇਆ ਹੈ ਜਾਂ ਕਰੋੜ ਖਰਬ ਸਾਲ ਤੋਂ ਕੋਈ ਕਹਿ ਨਹੀਂ ਸਕਦਾ ਕਿ ਕਿਹੜੇ ਵੇਲੇ ਦੁਨੀਆਂ ਦੀ ਥਾਪਨਾ ਹੋਈ, ਸੰਸਾਰ ਬਣਿਆ-

*ਥਿਤਿ ਵਾਰੁ ਨ ਜੋਗੀ ਜਾਣੈ*
*ਰੁਤਿ ਮਾਹੁ ਨ ਕੋਈ॥*
*ਜਾ ਕਰਤਾ ਸਿਰਠੀ ਕਉ ਸਾਜੇ*
*ਆਪੇ ਜਾਣੈ ਸੋਈ॥ ਅੰਗ - 4*

ਓਸ ਵੇਲੇ ਦਾ ਇਹ ਜੀਵ ਆਤਮਾ ਗੇੜੇ ਖਾਂਦਾ ਫਿਰਦਾ ਹੈ ਕਰਮਾਂ ਦੇ ਹਿਸਾਬ ਨਾਲ। ਮਨੁੱਖ ਵੀ ਬਣ ਜਾਂਦਾ ਹੈ, ਮਨੁੱਖ ਦੀ ਪਦਵੀ ਤੋਂ ਗਿਰ ਜਾਂਦਾ ਹੈ। ਐਸੇ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਫੁਰਮਾਨ ਨੇ ਕਿ ਜੇ ਰੁਚੀ ਪੈਸੇ ਵਿਚ ਰਹਿ ਜਾਵੇ ਤਾਂ ਐਨਾ ਗਿਰਦਾ ਹੈ ਕਿ ਅਗਲਾ ਜਨਮ ਸੱਪ ਦਾ ਧਾਰਨਾ ਪੈਂਦਾ ਹੈ। ਜੇ ਜਾਇਦਾਦਾਂ ਦੇ ਅੰਦਰ ਬਿਰਤੀ ਰਹਿ ਜਾਵੇ ਤਾਂ ਭੂਤ ਪ੍ਰੇਤ ਬਣਨਾ ਪੈਂਦਾ ਹੈ, ਜੇ ਮਹਾਂਪੁਰਸ਼ਾਂ ਦੀ ਨਿੰਦਿਆ ਕਰਦੇ, ਈਰਖਾ ਕਰਦੇ, ਦੁਖ ਦਿੰਦੇ ਦਾ ਜਨਮ ਲੰਘ ਜਾਵੇ ਤਾਂ -

*ਸੰਤ ਕੈ ਦੂਖਨਿ*
*ਤ੍ਰਿਗਦ ਜੋਨਿ ਕਿਰਮਾਇ॥ ਅੰਗ - 279*

ਕੁੱਤਿਆਂ ਦੇ ਸਿਰ ਵਿਚ ਜਿਹੜੇ ਕੀੜੇ ਪੈਂਦੇ ਨੇ ਉਹ ਜਨਮ ਲੈਂਦਾ ਹੈ। ਇਸ ਤਰ੍ਹਾਂ ਬਹੁਤ ਸਾਰੇ ਹਵਾਲੇ ਗੁਰੂ ਗ੍ਰੰਥ ਸਾਹਿਬ ਵਿਚ ਆਉਂਦੇ ਨੇ। ਅਭਿਮਾਨੀ ਆਦਮੀ ਹੈ ਰਾਜਸੀ ਸ਼ਕਤੀ ਹੱਥ ਵਿਚ ਆ ਗਈ ਥੋੜ੍ਹੀ ਬਹੁਤੀ ਉਸ ਦਾ ਅਭਿਮਾਨ ਕਰਦਾ ਹੈ ਦੂਸਰਿਆਂ ਨੂੰ ਸਮਝਦਾ ਨਹੀਂ ਹੈ ਕੁਝ ਵੀ ਮਹਾਰਾਜ ਕਹਿੰਦੇ -

*ਜਿਸ ਕੈ ਅੰਤਰਿ ਰਾਜ ਅਭਿਮਾਨੁ॥*
*ਸੋ ਨਰਕਪਾਤੀ ............॥*
*ਅੰਗ - 278*

ਉਸ ਅਭਿਮਾਨੀ ਦੀ ਗਤੀ ਇਹ ਹੈ ਕਿ ਉਸ ਨੂੰ ਨਰਕ ਤਾਂ ਭੋਗਣਾ ਹੀ ਪੈਣਾ ਹੈ -

*.......... ਹੋਵਤ ਸੁਆਨੁ॥ ਅੰਗ - 278*

ਕੁੱਤਾ ਬਣ ਕੇ ਨਰਕਾਂ ਵਿਚੋਂ ਨਿਕਲੇਗਾ। ਸੋ ਇਨ੍ਹਾਂ ਗੱਲਾਂ ਤੋਂ ਬਹਿਰਾ ਹੋਣ ਕਰਕੇ ਮਨੁੱਖ ਨੂੰ ਪਤਾ ਨਹੀਂ ਲਗਦਾ ਕਿ ਮੇਰੇ ਜੀਵਨ ਦਾ ਮਨੋਰਥ ਕੀ ਹੈ? ਤੇ ਮੇਰਾ ਮਨੋਰਥ ਕਿਥੋਂ ਪੂਰਾ ਹੋਵੇਗਾ। ਬਾਰ-ਬਾਰ ਗੁਰੂ ਸਾਹਿਬ ਸਾਨੂੰ 'ਰਹਿਰਾਸ' ਦੇ ਅੰਦਰ ਯਾਦ ਕਰਾਉਂਦੇ ਨੇ ਕਿ -

*ਭਈ ਪਰਾਪਤਿ ਮਾਨੁਖ ਦੇਹੁਰੀਆ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥*
*ਅੰਗ - 12*

ਵਾਰੀ ਆ ਗਈ ਪ੍ਰਮੇਸ਼ਰ ਨੂੰ ਮਿਲਣ ਦੀ ਤੇ ਤੂੰ ਬਾਕੀ ਜਿਹੜੇ ਕੰਮ ਕਰਦਾ ਹੈ ਇਹ ਫਜ਼ੂਲ ਨੇ, ਕਿਸੇ ਕੰਮ ਦੇ ਨਹੀਂ ਹਨ, ਇਹ ਇਥੇ ਹੀ ਰਹਿ ਜਾਣਗੇ ਤੇ ਨਾਲੇ ਤੇਰੀ ਪ੍ਰਾਲਬਧ ਦੇ ਵਿਚ ਲਿਖੇ ਗਏ ਨੇ। ਕਰਮਾਂ ਅਨੁਸਾਰ ਤੂੰ ਦੁਖ ਤੇ ਸੁਖ ਭੋਗ ਰਿਹਾ ਹੈਂ। ਅਸਲੀ ਕੰਮ ਤੇਰਾ ਇਹ ਸੀ ਕਿ ਤੂੰ ਪ੍ਰਮੇਸ਼ਰ ਨੂੰ ਮਿਲਦਾ ਪਰ ਏਸ ਰਸਤੇ ਤਾਂ ਪਿਆ ਹੀ ਨਹੀਂ, ਨਾ ਪਤਾ ਹੈ ਪ੍ਰਮੇਸ਼ਰ ਕਿਥੇ ਹੈ ਤੇ ਜਿਸ ਨੂੰ ਮੈਂ ਮਿਲਣਾ ਹੈ ਉਹ ਕਿਹੋ ਜਿਹਾ ਹੈ, ਪਿਆਰ ਕਰਦਾ ਹੈ ਜਾਂ ਨਹੀਂ ਕਰਦਾ, ਪਰ ਉਨ੍ਹਾਂ ਦੇ ਅੰਦਰ ਇਕ ਮੱਧਮ ਜਗਿਆਸਾ ਹੈ ਇਹ ਸਭ ਕੁਝ ਜਾਣਨ ਦੀ ਸੋ ਐਸੇ ਖਿਆਲ ਵਾਲੇ ਜੋ ਪੁਰਸ਼ ਨੇ ਜਿਨ੍ਹਾਂ ਦੇ ਅੰਦਰ ਐਸੇ ਭਾਵ ਆਉਣ ਉਨ੍ਹਾਂ ਨੂੰ ਜਗਿਆਸੂ ਕਹਿੰਦੇ ਨੇ।

ਚੌਥੇ ਸੰਸਾਰ ਤੇ ਉਹ ਆਉਂਦੇ ਨੇ ਜਿਨ੍ਹਾਂ ਦਾ ਕੰਮ ਹੀ ਇਹੀ ਹੋਇਆ ਕਰਦਾ ਹੈ ਕਿ -

*ਜਨਮ ਮਰਣ ਦੁਹਹੂ ਮਹਿ ਨਾਹੀ ਜਨ*
*ਪਰਉਪਕਾਰੀ ਆਏ॥*
*ਜੀਅ ਦਾਨੁ ਦੇ ਭਗਤੀ ਲਾਇਨਿ ਹਰਿ*
*ਸਿਉ ਲੈਨਿ ਮਿਲਾਏ॥ ਅੰਗ - 749*

ਉਨ੍ਹਾਂ ਦੀ ਡਿਊਟੀ ਹੁੰਦੀ ਹੈ ਕਿ ਭੁਲੇ-ਭਟਕੇ ਜੀਵਾਂ ਨੂੰ ਪ੍ਰਮੇਸ਼ਰ ਦੇ ਨਾਲ ਮਿਲਾ ਦੇਣ, ਦੱਸ ਪਾ ਦੇਣ ਕਿ ਪ੍ਰਮੇਸ਼ਰ ਰਹਿੰਦਾ ਕਿਥੇ ਹੈ? ਕਿਵੇਂ ਮਿਲਦਾ ਹੈ? ਤਰੀਕਾ ਦੱਸ ਦੇਣ, ਇਥੇ ਹੀ ਨਹੀਂ ਕਹਿੰਦੇ -

*ਜੀਅ ਦਾਨੁ ਦੇ ਭਗਤੀ ਲਾਇਨਿ*
*ਹਰਿ ਸਿਉ ਲੈਨਿ ਮਿਲਾਏ॥ ਅੰਗ - 749*

ਦੱਸਣ ਨਾਲ ਨਹੀਂ ਕੁਝ ਬਣਦਾ ਕਿਉਂਕਿ ਮਨੁੱਖੀ ਦਿਮਾਗ ਵਿਚ ਇਹ ਨੁਕਸ ਹੈ ਕਿ ਇਹ ਚੰਗੀ ਤੋਂ ਚੰਗੀ ਗੱਲ ਵੀ ਭੁੱਲ ਜਾਂਦਾ ਹੈ, ਚੰਗੇ ਤੋਂ ਚੰਗਾ ਤਜਰਬਾ ਵੀ ਭੁੱਲ ਜਾਂਦਾ ਹੈ, ਕੀਤਾ ਹੋਇਆ ਉਪਕਾਰ ਭੁੱਲ ਜਾਂਦਾ ਹੈ, ਕੁਝ ਨਹੀਂ ਇਸ ਨੂੰ ਪਤਾ ਰਹਿੰਦਾ, ਮੂੜ ਹੈ -

*ਕਬਹੂ ਜੀਅੜਾ ਊਭਿ ਚੜਤੁ ਹੈ*
*ਕਬਹੂ ਜਾਇ ਪਇਆਲੇ॥*
*ਲੋਭੀ ਜੀਅੜਾ ਥਿਰੁ ਨ ਰਹਤੁ ਹੈ*
*ਚਾਰੇ ਕੁੰਡਾ ਭਾਲੇ॥ ਅੰਗ - 876*

ਸੋ ਉਨ੍ਹਾਂ ਦਾ ਕੰਮ ਹੋਇਆ ਕਰਦਾ ਹੈ ਕਿ ਜੀਅ ਦਾਨ ਦੇ ਕੇ ਭਗਤੀ ਵਿਚ ਲਾ ਦੇਣਾ, ਅਰਦਾਸ

ਕਰਨੀ ਕਿ ਇਹ ਚਲਦਾ ਵੀ ਰਹੇ, ਰਸਤੇ ਦੇ ਉਤੇ ਗਲਤੀਆਂ ਨਾ ਕਰੇ। ਉਸ ਦੇ ਵਾਸਤੇ ਸਤਿਸੰਗਾਂ ਦਾ ਪ੍ਰਬੰਧ ਕਰਨਾ, ਇਕੱਠੇ ਹੋ ਕੇ ਭਗਤੀ ਕਰਨ ਦਾ ਸਮਾਗਮ ਬਣਾ ਦੇਣਾ। ਉਨ੍ਹਾਂ ਨੂੰ ਮੁਕਤ ਆਤਮਾ ਆਖਿਆ ਜਾਂਦਾ ਹੈ, ਉਨ੍ਹਾਂ ਦਾ ਕੰਮ ਹੀ ਸੰਸਾਰ ਵਿਚ ਆ ਕੇ ਸੰਸਾਰੀ ਜਿੰਦਗੀ ਗੁਜਾਰ ਕੇ ਫੇਰ ਰਸਤਾ ਦੱਸਣਾ ਹੁੰਦਾ ਹੈ।

ਸੋ ਪ੍ਰਮੇਸ਼ਰ ਨੂੰ ਮਿਲਣਾ ਸਾਡਾ ਪਰਮ ਮਨੋਰਥ ਹੈ। ਜਿਸ ਦੇ ਅੰਦਰ ਲੋਚਾ ਲੱਗ ਗਈ। ਜਿਵੇਂ ਤੁਸੀਂ ਹੁਣੇ ਹੁਕਮ ਸੁਣਿਆ ਹੈ-ਕਿੱਡੀ ਲੋਚਾ ਹੈ ਕਿ -

*ਕੋਈ ਜਨੁ ਹਰਿ ਸਿਉ ਦੇਵੈ ਜੋਰਿ॥*
*ਅੰਗ - 701*

ਕੋਈ ਹੈ ਐਸਾ ਸੰਸਾਰ ਤੇ ਜਿਹੜਾ ਮੈਨੂੰ ਪ੍ਰਮੇਸ਼ਰ ਨਾਲ ਜੋੜ ਦੇਵੇ।

*ਚਰਨ ਗਹਉ ਬਕਉ ਸੁਭ ਰਸਨਾ*
*ਦੀਜਹਿ ਪ੍ਰਾਨ ਅਕੋਰਿ॥ ਅੰਗ - 701*

ਮੈਂ ਉਸ ਦੇ ਚਰਨ ਫੜ ਲਵਾਂ, ਬਹੁਤ ਪਿਆਰੀਆਂ ਬੇਨਤੀਆਂ ਕਰਾਂ ਤੇ ਆਪਣਾ ਸਭ ਕੁਝ ਤਨ, ਮਨ ਤੇ ਧਨ ਜੋ ਵੀ ਹੈ ਪ੍ਰਾਣਾਂ ਸਮੇਤ ਮੈਂ ਉਸ ਦੇ ਅਰਪਣ ਕਰ ਦੇਵਾਂ। ਉਹ ਮੈਨੂੰ ਦਸ ਦੇਵੇ, ਮਿਲਾ ਦੇਵੇ, ਮੈਨੂੰ ਅਭੈ ਪਦ ਦੀ ਪ੍ਰਾਪਤੀ ਕਰਾ ਦੇਵੇ, ਅਮਰ ਜੀਵਨ ਦੇ ਵਿਚ ਪ੍ਰਵੇਸ਼ ਕਰਾ ਦੇਵੇ। ਇਹ ਲੋਚਾ ਹੈ ਜਗਿਆਸੂ ਦੀ ਤੇ ਅਸੂਲ ਐਸਾ ਹੈ ਕਿ ਜਿਨ੍ਹਾਂ ਨੂੰ ਪ੍ਰਮੇਸ਼ਰ ਨੇ ਥਾਪਿਆ ਹੈ ਉਹ ਦੱਸ ਦਿੰਦੇ ਨੇ ਕਿ ਜਦੋਂ ਤੱਕ ਤੂੰ ਗੁਰੂ ਧਾਰਨ ਨਹੀਂ ਕਰਦਾ ਉਨੀ ਦੇਰ ਤੱਕ ਤੈਨੂੰ ਕੋਈ ਰਾਹ ਲੱਭਣਾ ਨਹੀਂ ਹੈ ਕਿਉਂਕਿ ਤੇਰੇ ਅੰਦਰ ਹਨ੍ਹੇਰਾ ਪਿਆ ਹੈ। ਨਾ ਉਹ ਬਿਜਲੀਆਂ ਨਾਲ ਦੂਰ ਹੋਣਾ ਹੈ, ਨਾ ਉਹ ਸੂਰਜ ਨੇ ਦੂਰ ਕਰਨਾ ਹੈ, ਨਾ ਉਹ ਚੰਦਰਮਾ ਨੇ ਦੂਰ ਕਰਨਾ ਹੈ - ਇਕ ਦੋ ਚੰਦਰਮਾ ਨਹੀਂ ਹਜ਼ਾਰਾਂ ਲੱਖਾਂ ਦੀ ਤਾਦਾਦ ਵਿਚ ਵੀ ਜੇ ਚੰਦ ਚੜ੍ਹ ਜਾਣ ਸੂਰਜ ਚੜ੍ਹ ਜਾਣ ਤਾਂ -

*ਜੇ ਸਉ ਚੰਦਾ ਉਗਵਹਿ*
*ਸੂਰਜ ਚੜਹਿ ਹਜਾਰ॥*
*ਏਤੇ ਚਾਨਣ ਹੋਦਿਆਂ*
*ਗੁਰ ਬਿਨੁ ਘੋਰ ਅੰਧਾਰ॥ ਅੰਗ - 463*

ਉਹ ਹਨ੍ਹੇਰਾ ਬਿਲਕੁਲ ਖਤਮ ਨਹੀਂ ਹੋਇਆ ਕਰਦਾ ਜਦੋਂ ਤੱਕ ਸਮਰੱਥ ਗੁਰੂ ਦੇ ਨਾਲ ਮੇਲ ਨਾ ਹੋਵੇ। ਸਮਰੱਥ ਗੁਰੂ ਦੀਆਂ ਗੁਰੂ ਸਾਹਿਬ ਨੇ ਨਿਸ਼ਾਨੀਆਂ ਲਿਖੀਆਂ ਨੇ ਕਿ ਜਿਹੜਾ ਪ੍ਰਮੇਸ਼ਰ ਨੂੰ ਮਿਲਾ ਦੇਵੇ ਉਹ ਸਮਰੱਥ ਗੁਰੂ ਹੋਇਆ ਕਰਦਾ ਹੈ, ਉਸ ਦੀਆਂ ਨਿਸ਼ਾਨੀਆਂ ਹੋਇਆ ਕਰਦੀਆਂ ਹਨ। ਸਭ ਤੋਂ ਪਹਿਲਾਂ ਸਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਜਿਸ ਨੂੰ ਅਸੀਂ ਮਿਲਣਾ ਹੈ ਉਹ ਹੈ ਕਿਹੋ ਜਿਹਾ? ਕੀ ਉਸ ਦਾ ਸੁਭਾਅ ਹੈ? ਕਿਸ ਤਰ੍ਹਾਂ ਉਹ ਮਿਲਦਾ ਹੈ? ਰਹਿੰਦਾ ਕਿਥੇ ਹੈ? ਜੇ ਚੰਡੀਗੜ੍ਹ ਕੋਈ ਬਾਹਰੋਂ ਬੰਦਾ ਆਵੇ ਤੇ ਉਸ ਨੂੰ ਪਤਾ ਨਾ ਲੱਗੇ ਤੇ ਇਹੀ ਕਹੀ ਜਾਵੇ ਕਿ ਚੰਡੀਗੜ੍ਹ ਵਿਚ ਰਹਿੰਦਾ ਹੈ ਫਲਾਣਾ ਬੰਦਾ ਤੇ ਮੈਂ ਉਸ ਨੂੰ ਮਿਲਣਾ ਹੈ। ਇਸ ਤੋਂ ਵੀ ਅੱਗੇ ਜੇ ਕੋਈ ਬਾਹਰਲੇ ਦੇਸ਼ਾਂ ਤੋਂ ਆਵੇ ਤੇ ਕਹੇ ਕਿ ਉਹ ਪੰਜਾਬ ਵਿਚ ਰਹਿੰਦਾ ਹੈ। ਇਸ ਤਰ੍ਹਾਂ ਕਿਵੇਂ ਮਿਲ ਜਾਏਗਾ ਜਦੋਂ ਤੱਕ ਮਕਾਨ ਨੰਬਰ ਦਾ ਪਤਾ ਨਾ ਹੋਵੇ, ਸੈਕਟਰ 1, 2, 3, 4 ਦਾ ਪਤਾ ਨਾ ਹੋਵੇ, ਪੂਰੀ ਤਰ੍ਹਾਂ ਦਾ ਨਕਸ਼ਾ ਨਾ ਹੋਵੇ ਉਸ ਦੇ ਕੋਲ, ਸਾਰੀਆਂ ਸੜਕਾਂ ਦੀ ਜਾਣਕਾਰੀ ਤਾਂ ਕਿਤੇ ਜਾ ਕੇ ਮਿਲ ਸਕਦਾ ਹੈ, ਨਹੀਂ ਇਸ ਤਰ੍ਹਾਂ ਕਹੇ ਤੋਂ ਤਾਂ ਮਿਲਦਾ ਨਹੀਂ ਹੈ। ਹੁਣ ਇਸ ਦਾ ਪਤਾ ਦਿੰਦੇ ਨੇ ਗੁਰੂ ਮਹਾਰਾਜ, ਕਹਿੰਦੇ ਉਹ ਰਹਿੰਦਾ ਹੈ ਤੇਰੇ ਅੰਦਰ, ਬਾਹਰ ਨਹੀਂ ਰਹਿੰਦਾ -

*ਕਾਹੇ ਰੇ ਬਨ ਖੋਜਨ ਜਾਈ॥*
*ਸਰਬ ਨਿਵਾਸੀ ਸਦਾ ਅਲੇਪਾ*
*ਤੋਹੀ ਸੰਗਿ ਸਮਾਈ॥ ਅੰਗ - 684*

ਇਸ ਦੇ ਵਿਚ ਦਸ ਤਾਂ ਸਾਨੂੰ ਪੈ ਗਈ ਕਿ ਅੰਦਰ ਰਹਿੰਦਾ ਹੈ ਤੇ ਨਾਲ ਇਹ ਹੈ ਕਿ ਜਿੰਨੀ ਦੇਰ ਤੱਕ ਤੂੰ ਆਪਾ ਨਹੀਂ ਚੀਨਦਾ ਓਨੀ ਦੇਰ ਤੱਕ ਜੋ ਤੇਰੇ ਅੰਦਰ ਭਰਮ ਪਏ ਹੋਏ ਨੇ, ਉਹ ਮਿਟਣੇ ਨਹੀਂ ਕਿਸੇ ਤਰੀਕੇ ਦੇ ਨਾਲ। ਇਹ ਸੁਣ ਕੇ ਸਾਨੂੰ ਪਤਾ ਨਹੀਂ ਲਗਦਾ। ਜਦੋਂ ਸਰੀਰ ਵੱਲ ਅਸੀਂ ਦੇਖਦੇ ਹਾਂ ਤਾਂ ਸਾਡੇ ਸਰੀਰ ਵਿਚ 14 ਖਰਬ ਸੈਲ ਲੱਗੇ ਹੋਏ ਨੇ, ਜਿਵੇਂ ਇੱਟਾਂ ਲੱਗ ਕੇ ਮਕਾਨ ਬਣਦਾ ਹੈ ਇਸ ਤਰ੍ਹਾਂ 14 ਖਰਬ ਸੈਲ ਲੱਗ ਕੇ ਇਹ ਸਰੀਰ ਬਣਿਆ ਹੋਇਆ ਹੈ। ਜਿਸ ਦੇ ਵਿਚ 72 ਕਰੋੜ, 72 ਲੱਖ, 20 ਹਜਾਰ, 201 ਰਕਤ ਨਾੜੀਆਂ (blood channels) ਯੋਗੀਆਂ ਤੇ ਸਿਆਣੇ ਮਹਾਂਪੁਰਸ਼ਾਂ ਨੇ ਗਿਣੀਆਂ ਨੇ। ਇਨ੍ਹਾਂ ਵਿਚ 20 ਨਾੜੀਆਂ ਵੱਡੀਆਂ ਨੇ, ਇਨ੍ਹਾਂ ਵਿਚੋਂ 10 ਬੜੀਆਂ ਹੀ ਮਹੱਤਵਪੂਰਨ ਨੇ ਤੇ ਅੱਗੇ ਉਨ੍ਹਾਂ ਵਿਚੋਂ 3 ਖਾਸ ਗਿਣੀਆਂ ਜਾਂਦੀਆਂ ਨੇ, ਇਕ ਦਾ ਨਾ 'ਇੜਾ' ਹੈ, ਦੂਸਰੀ ਦਾ ਪਿੰਗਲਾ, ਤੀਸਰੀ ਦਾ ਨਾਮ 'ਸੁਖਮਨਾ' ਹੈ। ਇਨ੍ਹਾਂ ਵਿਚੋਂ ਅਸੀਂ ਕਿਸ ਤਰ੍ਹਾਂ ਲੱਭ ਲਵਾਂਗੇ ਫੇਰ ਮਹਾਰਾਜ ਦਸਦੇ ਨੇ ਕਿ -

*ਕਾਇਆ ਨਗਰੁ ਨਗਰ ਗੜ ਅੰਦਰਿ॥*
*ਸਾਚਾ ਵਾਸਾ ਪੁਰਿ ਗਗਨੰਦਰਿ॥*
*ਅੰਗ - 1033*

ਇਥੇ ਬਹੁਤ ਨੇੜੇ ਦੀ ਦੱਸ ਪਾ ਦਿੱਤੀ -

*ਅਸਥਿਰੁ ਥਾਨੁ ਸਦਾ ਨਿਰਮਾਇਲੁ*
*ਆਪੇ ਆਪੁ ਉਪਾਇਦਾ॥ ਅੰਗ - 1033*

ਕਹਿਣ ਲੱਗੇ ਇਹ ਜੋ ਕਾਇਆ ਨਗਰ ਹੈ ਇਸ ਨਗਰ ਦੇ ਅੰਦਰ ਸੱਚਾ ਵਸਦਾ ਹੈ। ਵਸਦਾ ਓਸ ਥਾਂ ਹੈ ਜਿਸ ਨੂੰ 'ਗਗਨੰਦਰ' ਕਹਿੰਦੇ ਨੇ 'ਆਕਾਸ਼ ਮੰਡਲ'। ਇਸ ਦੇ ਨਾਲ ਸਾਨੂੰ ਸੋਝੀ ਪੈ ਜਾਂਦੀ ਹੈ ਕਿ 'ਅਕਾਸ਼-ਮੰਡਲ' ਸਾਡੇ ਕਿਥੇ ਕੁ ਹੋਇਆ? ਕਿਸ ਥਾਂ ਤੇ ਹੈ ਜਿਥੋਂ ਅਸੀਂ ਲੱਭਣਾ ਹੈ? ਅੱਗੇ ਕਹਿੰਦੇ ਹਨ ਕਿ ਉਹ ਨਿਰਮਲ ਹੈ ਥਾਂ ਤੇ ਕਦੇ ਵੀ ਓਸ ਥਾਂ ਤੇ ਮੈਲ ਨਹੀਂ ਲਗਦੀ। ਉਸ ਨੇ ਆਪਣੇ ਰਹਿਣ ਲਈ ਆਪੇ ਹੀ ਥਾਂ ਬਣਾਈ ਹੋਈ ਹੈ। ਰੱਬ ਦਾ ਜੋ ਕਿਲਾ ਹੈ ਇਸ ਸਰੀਰ ਦੇ ਅੰਦਰ, ਪ੍ਰਮੇਸ਼ਰ ਆਪਣਾ ਮੰਦਰ ਬਣਾ ਕੇ ਉਸ ਦੇ ਵਿਚ ਰਹਿੰਦਾ ਹੈ।

*ਅੰਦਰਿ ਕੋਟ ਛਜੇ ਹਟਨਾਲੇ॥*

*ਅੰਗ - 1033*

ਫੇਰ ਗੁਰੂ ਮਹਾਰਾਜ ਹੋਰ ਸਮਝਾਉਂਦੇ ਨੇ ਕਿ ਏਸ ਕਿਲੇ ਦੇ ਅੰਦਰ ਜਿਸ ਨੂੰ ਤੂੰ ਸਰੀਰ ਕਹਿੰਦਾ ਹੈ-

*ਨਉ ਦਰਵਾਜੇ ਕਾਇਆ ਕੋਟੁ ਹੈ*
*ਦਸਵੈ ਗੁਪਤੁ ਰਖੀਜੈ॥ ਅੰਗ - 954*

ਨੌ ਤਾਂ ਪ੍ਰਗਟ ਹੋ ਕੇ ਬਾਹਰ ਨੂੰ ਖੁਲ੍ਹਦੇ ਨੇ, ਅੰਦਰ ਨੂੰ ਨਹੀਂ ਖੁੱਲ੍ਹਦੇ, ਅੱਖਾਂ ਬਾਹਰ ਨੂੰ ਦੇਖਦੀਆਂ ਹਨ, ਅੰਦਰ ਨੂੰ ਨਹੀਂ ਦੇਖਦੀਆਂ। ਅੱਖਾਂ ਅੰਦਰ ਹੈਨ ਪਰ ਦੇਖਣ ਦਾ ਸੁਭਾਅ ਨਾ ਹੋਣ ਕਰਕੇ ਉਹ ਕਿਸੇ ਕੰਮ ਨਹੀਂ ਆ ਰਹੀਆਂ। ਖਿਆਲੀ, ਕਲਪਤ ਨੇ ਉਹ। ਬਾਹਰਲੀਆਂ ਅੱਖਾਂ ਨੂੰ ਅਸੀਂ ਅੱਖਾਂ ਕਹਿੰਦੇ ਹਾਂ ਤੇ ਅੰਦਰਲੀਆਂ ਅੱਖਾਂ ਨੂੰ ਅਸੀਂ 'ਦਿਬ ਨੇਤਰ' ਕਹਿੰਦੇ ਹਾਂ। ਇਸੇ ਤਰ੍ਹਾਂ ਕੰਨ ਨੇ ਇਕ ਅੰਦਰ ਨੇ 'ਦਿਬ ਕੰਨ' ਇਕ ਬਾਹਰ ਨੇ। ਇਕ ਅੰਦਰਲੇ ਸ਼ਬਦ ਨੂੰ ਸੁਣਦੇ ਨੇ, ਇਹ ਬਾਹਰਲੇ ਰੌਲੇ ਗੋਲੇ ਨੂੰ ਸੁਣਦੇ ਨੇ। ਇਸੇ ਤਰ੍ਹਾਂ ਨਾਸਕਾ ਇਕ ਬਾਹਰੋਂ ਸੁਗੰਧੀ ਲੈਂਦੀ ਹੈ, ਇਕ ਆਪਣੇ ਅੰਦਰ ਹੀ ਐਨੀ ਸੁਗੰਧੀ ਹੈ ਕਿ ਆਪੇ ਹੀ ਮਸਤ ਹੋ ਜਾਂਦਾ ਹੈ। ਇਕ ਰਸਨਾ ਬਾਹਰੋਂ ਸਵਾਦ ਲੈਂਦੀ ਹੈ ਤੇ ਇਕ ਅੰਦਰ ਅੰਮ੍ਰਿਤ ਦਾ ਸਵਾਦ ਹੈ ਜੋ 'ਦਿਬ-ਰਸਨਾ' ਨੂੰ ਪ੍ਰਾਪਤ ਹੁੰਦਾ ਹੈ। ਇਕ ਸਪਰਸ਼ ਬਾਹਰੋਂ ਜੋ ਭੋਗ ਭੋਗਦੀ ਹੈ ਇਕ 'ਦਿਬ-ਸਪਰਸ਼' ਐਸੀ ਹੈ ਜਿਸਦੇ ਨਾਲ ਸਰੀਰ ਦੇ ਅੰਦਰ ਝਰਨਾਹਟ ਆਉਂਦੀ ਹੈ। ਸੋ ਕਹਿੰਦੇ ਇਹ -

*ਨਉ ਦਰਵਾਜੇ ਕਾਇਆ ਕੋਟੁ ਹੈ ....॥*

*ਅੰਗ - 954*

ਇਹ ਨੌਂ ਦਰਵਾਜਿਆਂ ਦਾ ਕਿਲ੍ਹਾ ਹੈ। ਬਾਹਰ ਨੂੰ ਦਰਵਾਜੇ ਖੁਲ੍ਹਦੇ ਨੇ। ਅੰਦਰ ਦੇ ਦਰਵਾਜਿਆਂ ਦਾ ਏਸ ਨੂੰ ਕੋਈ ਪਤਾ ਨਹੀਂ ਹੈ, ਅਗਿਆਤ ਅਣਜਾਣ ਹੈ। ਇਕ ਉਨ੍ਹਾਂ ਵਿਚੋਂ ਮੁਖ ਦਰਵਾਜਾ ਹੈ ਉਸ ਨੂੰ ਦਸਵਾਂ ਕਹਿੰਦੇ ਨੇ।

*........... ਦਸਵੈ ਗੁਪਤੁ ਰਖੀਜੈ॥*

*ਅੰਗ - 954*

ਉਹ ਦਸਵੇਂ ਦੇ ਵਿਚ ਗੁਪਤ ਰੱਖਿਆ ਹੋਇਆ ਹੈ ਤੇ ਉਹ ਐਨਾ ਸੁਖਾਲਾ ਨਹੀਂ ਖੁੱਲਦਾ ਕਿਉਂਕਿ -

*ਬਜਰ ਕਪਾਟ ਨ ਖੁਲਨੀ...........॥*

*ਅੰਗ - 954*

'ਬਜਰ ਕਪਾਟ' ਲੱਗੇ ਹੋਏ ਨੇ ਉਹ ਖੁਲ੍ਹਦੇ ਨਹੀਂ ਹਨ ਉਹ ਤਾਂ ਖੁਲ੍ਹਦੇ ਨੇ -

*......... ਗੁਰ ਸਬਦਿ ਖੁਲੀਜੈ॥*

*ਅੰਗ - 954*

ਜੇ ਗੁਰੂ ਹੈ ਤਾਂ ਗੁਰੂ ਸ਼ਬਦ ਦਿੰਦਾ ਹੈ ਉਸ ਸ਼ਬਦ ਦੀ ਸਾਧਨਾ ਕਰਕੇ ਉਹ ਖੁੱਲ੍ਹ ਜਾਂਦੇ ਨੇ ਕਿਸੇ ਕਿਸੇ ਦੇ। ਉਹ ਇਸ ਕਰਕੇ ਕਿ ਅਸੀਂ ਗੁਰੂ ਧਾਰਨ ਤਾਂ ਕਰਦੇ ਹਾਂ ਪਰ ਸਾਨੂੰ ਉਦੇਸ਼ ਦਾ ਪਤਾ ਨਾ ਹੋਣ ਕਰਕੇ ਕੇਵਲ ਇਸ ਕਰਕੇ ਧਾਰਨ ਕਰਦੇ ਹਾਂ ਕਿ ਮੈਂ ਨਿਗੁਰਾ ਨਾ ਰਹਿ ਜਾਵਾਂ। ਸਾਧੂ ਸੰਤ ਜ਼ੋਰ ਲਾਉਂਦੇ ਨੇ ਕਿ ਜੇ ਤੂੰ ਨਿਗੁਰਾ ਰਹਿ ਗਿਆ ਤਾਂ ਤੇਰੀ ਗਤੀ ਬੜੀ ਮਾੜੀ ਹੋਏਗੀ -

*ਗੁਰ ਮੰਤ੍ਰ ਹੀਣਸ ਜੋ ਪ੍ਰਾਣੀ*
*ਧ੍ਰਿਗੰਤ ਜਨਮ ਭ੍ਰਸਟਣਹ॥*
*ਕੂਕਰਹ ਸੂਕਰਹ ਗਰਧਭਹ ਕਾਕਹ*
*ਸਰਪਨਹ ਤੁਲਿ ਖਲਹ॥ ਅੰਗ - 1356*

ਕੁੱਤਿਆਂ ਬਿਲਿਆਂ ਦੀਆਂ ਜੂਨੀਆਂ ਵਿਚ ਜਾ ਰਹੇਂਗਾ। ਅੱਗੇ ਸਾਨੂੰ ਕੋਈ ਪਤਾ ਨਹੀਂ ਹੈ। ਕੋਈ ਸਿੱਖ ਬਣ ਗਿਆ, ਕਿਸੇ ਨੇ ਜਾ ਕੇ ਇਸਲਾਮ ਨੂੰ ਧਾਰਨ ਕਰ ਲਿਆ ਕਿਸੇ ਨੇ ਕਿਸੇ ਹੋਰ ਨੂੰ ਧਾਰਨ ਕਰ ਲਿਆ ਪਰ ਪ੍ਰਮੇਸ਼ਰ ਨੂੰ ਮਿਲਾਉਣ ਦਾ ਜੋ ਉਨ੍ਹਾਂ ਦਾ ਮੰਤਵ ਸੀ ਉਸ ਨੂੰ ਨਹੀਂ ਅਸੀਂ ਮੰਨਿਆ। ਉਸ ਨੂੰ ਐਵੇਂ ਇਕ ਅਣਗੌਲੀ ਬਾਤ ਮੰਨ ਲਿਆ, ਇਸੇ ਕਰਕੇ ਸਾਨੂੰ ਪ੍ਰਾਪਤੀ ਨਹੀਂ ਹੁੰਦੀ। ਗੁਰੂ ਤਾਂ ਬੇਅੰਤ ਦੁਨੀਆਂ ਧਾਰਨ ਕਰਦੀ ਹੈ ਕਿੰਨੇ ਕੁ ਨੇ ਜਿਹੜੇ ਪਹੁੰਚਦੇ ਨੇ। ਸੋ ਗੁਰੂ ਦੇ ਸ਼ਬਦ ਦੀ ਕਮਾਈ ਨਹੀਂ ਹੁੰਦੀ, ਉਸ ਤੋਂ ਬਿਨਾ ਦਰਵਾਜਾ ਨਹੀਂ ਖੁੱਲ੍ਹਦਾ। ਇਹੀ ਚਾਬੀ ਹੈ -

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ*
*ਕੁੰਜੀ ਗੁਰ ਸਉਪਾਈ॥*
*ਅਨਿਕ ਉਪਾਵ ਕਰੇ ਨਹੀ ਪਾਵੈ*
*ਬਿਨੁ ਸਤਿਗੁਰ ਸਰਣਾਈ॥ ਅੰਗ - 205*

ਜਦੋਂ ਤੱਕ ਸਤਿਗੁਰੂ ਦੀ ਸ਼ਰਨ ਵਿਚ ਨਹੀਂ ਆਉਂਦਾ ਪੂਰੀ ਤਰ੍ਹਾਂ ਦੇ ਨਾਲ ਓਨੀ ਦੇਰ ਤੱਕ ਦਰਵਾਜਾ ਨਹੀਂ ਖੁਲ੍ਹਦਾ -

*ਬਿਨੁ ਸਬਦੈ ਅੰਤਰਿ ਆਨੇਰਾ॥*
*ਨ ਵਸਤੁ ਲਹੈ ਨ ਚੂਕੈ ਫੇਰਾ॥*

*ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ*
*ਗੁਰੁ ਪੂਰੈ ਭਾਗਿ ਮਿਲਾਵਣਿਆ॥*
*ਅੰਗ - 124*

ਪੂਰੇ ਭਾਗ ਹੋਣ ਤਾਂ ਗੁਰੂ ਮਿਲਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਦਸ ਪਾਉਂਦੇ ਨੇ ਕਿ -

*ਅੰਦਰਿ ਕੋਟ ਛਜੇ ਹਟਨਾਲੇ॥*
*ਆਪੇ ਲੇਵੈ ਵਸਤੁ ਸਮਾਲੇ॥*
*ਬਜਰ ਕਪਾਟ ਜੜੇ ਜੜਿ ਜਾਣੈ ਗੁਰ*
*ਸਬਦੀ ਖੋਲਾਇਦਾ॥*
*ਭੀਤਰਿ ਕੋਟ ਗੁਫਾ ਘਰ ਜਾਈ॥*
*ਨਉ ਘਰ ਥਾਪੇ ਹੁਕਮਿ ਰਜਾਈ॥*
*ਅੰਗ - 1033*

ਜਿਸ ਵਕਤ ਨੌ ਘਰਾਂ ਦੇ ਉਤੇ ਪੂਰਾ ਕੰਟਰੋਲ ਹੋ ਜਾਏਗਾ ਉਸ ਵੇਲੇ ਦਸਵੇਂ ਦੀ ਸੋਝੀ ਆਉਂਦੀ ਹੈ-

*ਦਸਵੈ ਪੁਰਖੁ ਅਲੇਖੁ ਅਪਾਰੀ*
*ਆਪੇ ਅਲਖੁ ਲਖਾਇਦਾ॥ਅੰਗ - 1033*

ਸੋ ਇਸ ਦੇ ਬਾਰੇ ਕਿਸ ਤਰ੍ਹਾਂ ਹੁੰਦਾ ਹੈ? ਕੀ ਆਪੇ ਹੀ ਬੰਦਾ ਪਹੁੰਚ ਜਾਂਦਾ ਹੈ? ਬਿਲਕੁਲ ਨਹੀਂ ਪਹੁੰਚਦਾ ਜਦੋਂ ਤੱਕ ਤਨ, ਮਨ ਤੇ ਧਨ ਤਿੰਨ ਚੀਜ਼ਾਂ ਗੁਰੂ ਦੇ ਅਰਪਣ ਕਰਕੇ ਵਿਹਲਾ ਨਹੀਂ ਹੁੰਦਾ ਉਦੋਂ ਤੱਕ ਨਹੀਂ ਪਹੁੰਚਿਆ ਕਰਦਾ, ਓਨੀ ਦੇਰ ਤੱਕ ਓਸ ਪ੍ਰਕਾਸ਼ ਦਾ ਜਲਵਾ ਨਹੀਂ ਵਜਦਾ। ਐਵੇਂ ਹੀ ਕੋਈ ਕਹੇ ਕਿ ਮੈਂ ਬੌਧਿਕ ਤੌਰ ਤੇ ਇਸ ਗੱਲ ਨੂੰ ਜਾਣ ਲਿਆ, ਉਸ ਦੇ ਨਾਲ ਅਸਲੀ ਨਿਸ਼ਾਨੀਆਂ ਨਹੀਂ ਆਉਂਦੀਆਂ। ਨਿਸ਼ਾਨੀਆਂ ਗੁਰੂ ਸਾਹਿਬ ਨੇ ਲਿਖੀਆਂ ਹਨ-

*ਪੰਚ ਸਬਦ ਧੁਨਿਕਾਰ ਧੁਨਿ*
*ਤਹ ਬਾਜੈ ਸਬਦੁ ਨੀਸਾਣੁ॥*
*ਦੀਪ ਲੋਅ ਪਾਤਾਲ ਤਹ*
*ਖੰਡ ਮੰਡਲ ਹੈਰਾਨੁ॥*
*ਤਾਰ ਘੋਰ ਬਾਜਿੰਤ੍ਰ ਤਹ*
*ਸਾਚਿ ਤਖਤਿ ਸੁਲਤਾਨੁ॥*
*ਸੁਖਮਨ ਕੈ ਘਰਿ ਰਾਗੁ ਸੁਨਿ*
*ਸੁੰਨਿ ਮੰਡਲਿ ਲਿਵ ਲਾਇ॥*
*ਅਕਥ ਕਥਾ ਬੀਚਾਰੀਐ*
*ਮਨਸਾ ਮਨਹਿ ਸਮਾਇ॥*
*ਉਲਟਿ ਕਮਲੁ ਅੰਮ੍ਰਿਤਿ ਭਰਿਆ*
*ਇਹੁ ਮਨ ਕਤਹੁ ਨ ਜਾਇ॥*
*ਅਜਪਾ ਜਾਪੁ ਨ ਵੀਸਰੈ*
*ਆਦਿ ਜੁਗਾਦਿ ਸਮਾਇ॥*
*ਸਭਿ ਸਖੀਆ ਪੰਚੇ ਮਿਲੇ*
*ਗੁਰਮੁਖਿ ਨਿਜ ਘਰਿ ਵਾਸੁ॥*
*ਸਬਦੁ ਖੋਜਿ ਇਹੁ ਘਰੁ ਲਹੈ*
*ਨਾਨਕ ਤਾ ਕਾ ਦਾਸੁ॥ ਅੰਗ - 1291*

ਸੋ ਇਸ ਤਰ੍ਹਾਂ ਦੇ ਨਾਲ ਇਹ ਜੋ ਹੁਕਮਨਾਮਾ ਆਇਆ ਹੈ ਗੁਰੂ ਮਹਾਰਾਜ ਜੀ ਦਾ, ਇਸ ਨੂੰ ਸਮਝਣ ਵਾਸਤੇ ਕਿ ਕਿਸ ਤਰ੍ਹਾਂ ਪ੍ਰਾਪਤੀ ਹੋਵੇ? ਇਸ ਲਈ ਲਗਾਤਾਰ ਸਤਿਸੰਗ ਕਰਨੇ ਪੈਂਦੇ ਨੇ, ਸੰਪਰਕ ਪੈਦਾ ਕਰਨੇ ਪੈਂਦੇ ਨੇ ਉਨ੍ਹਾਂ ਨਾਲ ਜਿਨ੍ਹਾਂ ਨੇ ਜਾਣ ਲਿਆ। ਉਨ੍ਹਾਂ ਦੀ ਮਦਦ ਦੇ ਨਾਲ, ਗੁਰੂ ਦੀ ਸਿਖਿਆ ਧਾਰਨ ਕਰਨ ਦੇ ਨਾਲ ਆਪਣੇ ਅੰਦਰ ਹੀ ਲੱਭ ਜਾਂਦਾ ਹੈ -

*ਬਾਹਰਿ ਢੂਢਨ ਤੇ ਛੂਟਿ ਪਰੇ*
*ਗੁਰਿ ਘਰ ਹੀ ਮਾਹਿ ਦਿਖਾਇਆ ਥਾ॥*
*ਅੰਗ - 1002*

ਸੋ ਇਹ ਬੜਾ ਲੰਮਾ ਵਿਸ਼ਾ ਹੈ। ਸਮਾਂ ਹੈ ਨਹੀਂ, ਸੋ ਮੈਂ ਇਥੇ ਹੀ ਬੱਸ ਕਰਦਾ ਹਾਂ।

*ਵਾਹਿਗੁਰੂ ਜੀ ਕਾ ਖਾਲਸਾ॥*
*ਵਾਹਿਗੁਰੂ ਜੀ ਕੀ ਫਤਹਿ॥*

# ਸਾਈ ਨਾਮੁ ਅਮੋਲੁ

ਸਾਧ ਸੰਗਤ ਜੀ!

*ਵਾਹਿਗੁਰੂ ਜੀ ਕਾ ਖਾਲਸਾ॥*
*ਵਾਹਿਗੁਰੂ ਜੀ ਕੀ ਫਤਹਿ॥*

ਗੁਰੂ ਮਹਾਰਾਜ ਜੀ ਦੀ ਕਿਰਪਾ ਦੇ ਸਦਕੇ ਅੰਮ੍ਰਿਤ ਵੇਲੇ ਤੋਂ ਆਪ ਹਰੀ ਦਾ ਜਸ ਸਰਵਣ ਕਰ ਰਹੇ ਹੋ। ਉਪਰੰਤ ਗੁਰੂ ਮਹਾਰਾਜ ਜੀ ਦਾ ਹੁਕਮਨਾਮਾ ਸਰਵਣ ਕੀਤਾ ਹੈ ਜਿਸ ਦੇ ਅੰਦਰ ਨਾਮ ਦੀ ਮਹਿਮਾ, ਨਾਮ ਦੇ ਰਸ ਦਾ ਜ਼ਿਕਰ ਕੀਤਾ ਗਿਆ ਹੈ। ਜਦੋਂ ਗੁਰੂ ਨੇ ਕਿਰਪਾ ਕਰ ਦਿੱਤੀ, ਉਸ ਵੇਲੇ ਨਾਮ ਦਾ ਰਸ ਪੀ ਕੇ ਅੰਦਰਲੇ 'ਦਿਬ ਨੇਤਰ' ਖੁੱਲ੍ਹ ਗਏ ਤੇ ਸਾਰੇ ਸੰਸਾਰ ਦੇ ਅੰਦਰ ਵਾਹਿਗੁਰੂ ਜੀ ਦੇ ਦਰਸ਼ਨ ਹੋ ਗਏ।

ਨਾਮ ਦੀ ਮਹਿਮਾ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਬਹੁਤ ਹੀ ਸੁੰਦਰ ਢੰਗ ਦੇ ਨਾਲ ਮਹਾਰਾਜ ਜੀ ਨੇ ਵਰਣਨ ਕੀਤੀ ਹੈ। ਹੁਣੇ ਤੁਸੀਂ ਸ਼ਬਦ ਸੁਣਿਆ ਸੀ ਕਿ –

*ਬਿਖੈ ਬਨੁ ਫੀਕਾ ਤਿਆਗਿ ਰੀ ਸਖੀਏ*
*ਨਾਮੁ ਮਹਾ ਰਸੁ ਪੀਓ॥ ਅੰਗ – 803*

ਵਿਹੁ ਦਾ ਜਿਹੜਾ ਫਿੱਕਾ ਰਸ ਹੈ। ਵਿਹੁ ਦੇ ਬਨ (ਵਣ, ਜੰਗਲ) ਦੇ ਅੰਦਰ ਫਿੱਕਾ ਰਸ ਹੈ ਇਸ ਨੂੰ ਛਡ ਦੇਹ ਤੇ ਤੂੰ ਨਾਮ ਦਾ ਰਸ ਪੀ ਕਿਉਂਕਿ ਜਿਸ ਨੇ ਇਹ ਰਸ ਨਹੀਂ ਪੀਤਾ –

*ਬਿਨੁ ਰਸ ਚਾਖੇ ਬੁਡਿ ਗਈ ਸਗਲੀ......॥*
*ਅੰਗ – 803*

ਇਸ ਰਸ ਦੀ ਪ੍ਰਾਪਤੀ ਨਹੀਂ ਹੋਈ ਤੇ ਰਸ ਵੀ 'ਮਹਾਂ-ਰਸ' ਹੈ ਜਿਸ ਦੇ ਮੁਕਾਬਲੇ ਤੇ ਦੁਨੀਆਂ ਦਾ ਕੋਈ ਹੋਰ ਰਸ ਹੈ ਨਹੀਂ –

*.......... ਸੁਖੀ ਨ ਹੋਵਤ ਜੀਓ॥*
*ਅੰਗ – 803*

ਨਾਮ ਦੇ ਰਸ ਪੀਤੇ ਬਗੈਰ ਜੀਵ ਜੋ ਆਦਮੀ ਦੇ ਅੰਦਰ ਹੈ ਉਹ ਸੁਖੀ ਨਹੀਂ ਹੁੰਦਾ। ਸੋ ਸੰਸਾਰ ਦੇ ਵਿਚ ਜੋ ਸਾਡੇ ਖਿਆਲ ਨੇ, ਸਾਡੀਆਂ ਪ੍ਰਾਪਤੀਆਂ ਨੇ, ਬੇਅੰਤ ਕਿਸਮ ਦੇ ਰਸ ਨੇ – ਰਸ ਸੋਨਾ, ਰਸ ਰੁਪਾ, ਕਪੜੇ ਵੀ ਰਸ ਨੇ, ਖਾਣਾ ਪੀਣਾ ਵੀ ਰਸ ਹੈ, ਸਵਾਰੀਆਂ ਵੀ ਰਸ ਨੇ ਇਨ੍ਹਾਂ ਰਸਾਂ ਦੇ ਵਿਚ ਪੈ ਕੇ, ਮਹਾਰਾਜ ਕਹਿੰਦੇ ਐਨੇ ਰਸ ਭਰੇ ਪਏ ਨੇ ਸਰੀਰ ਦੇ ਵਿਚ ਕਿ ਨਾਮ ਨੂੰ ਰਹਿਣ ਲਈ ਕੋਈ ਥਾਂ ਹੀ ਨਹੀਂ ਹੈ। ਲੇਕਿਨ ਇਨ੍ਹਾਂ ਨੂੰ ਰਸ ਨਹੀਂ ਕੁ-ਰਸ ਕਹਿੰਦੇ ਨੇ। ਇਕ ਰਸ ਹੁੰਦੇ ਨੇ ਦੂਜੇ ਕੁ-ਰਸ ਹੁੰਦੇ ਨੇ। ਕੁ-ਰਸ ਹੈ ਜਿਹੜਾ ਉਹ ਸ਼ਾਂਤੀ ਨਹੀਂ ਦਿੰਦਾ। ਆਦਮੀ ਸ਼ਰਾਬ ਪੀਂਦਾ ਹੈ, ਥੋੜ੍ਹੀ ਦੇਰ ਉਹ ਦਿਮਾਗ ਦੀ ਖੁਸ਼ਕੀ ਦੇ ਕਾਰਨ ਕੁਝ ਹੋਰ ਤਰ੍ਹਾਂ ਮਹਿਸੂਸ ਕਰਦਾ ਹੈ। ਉਸ ਤੋਂ ਬਾਅਦ ਉਸ ਦੇ ਸਰੀਰ ਦੇ ਉਤੇ ਬੜਾ ਹੀ ਜਬਰਦਸਤ ਅਸਰ ਹੁੰਦਾ ਹੈ ਜਿਸ ਨੂੰ ਤੋਟ ਕਹਿੰਦੇ ਨੇ। ਉਸ ਦੇ ਵਿਚ ਰਸ ਨਹੀਂ ਰਹਿੰਦਾ ਥਕੇਵਾਂ ਪੱਲੇ ਪੈ ਜਾਂਦਾ ਹੈ। ਇਸੇ ਤਰ੍ਹਾਂ ਜੋ ਦੁਨੀਆਂ ਦੇ ਰਸ ਨੇ ਉਹ ਕੋਈ ਸੁਖ ਦੇਣ ਵਾਲੇ ਨਹੀਂ ਹੋਇਆ ਕਰਦੇ। ਸੁਖ ਦੇਣ ਵਾਲੀ ਜੇ ਕੋਈ ਚੀਜ਼ ਹੈ ਸੰਸਾਰ ਦੇ ਅੰਦਰ ਉਹ ਪਰਮੇਸ਼ਰ ਦਾ ਨਾਮ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ ਇਹ ਜੋ ਜੀਵ ਹੈ ਆਦਮੀ ਦੇ ਅੰਦਰ –

*ਹਰਿ ਬਿਨੁ ਜੀਉ ਜਲਿ ਬਲਿ ਜਾਉ॥*
*ਅੰਗ – 14*

ਹਰੀ ਤੋਂ ਬਗੈਰ ਅੰਦਰ ਜੋ ਕਉਲ ਫੁਲ ਹੈ ਉਹ ਜਲ ਜਾਂਦਾ ਹੈ।

*ਮੈ ਆਪਨਾ ਗੁਰੁ ਪੂਛਿ ਦੇਖਿਆ*
*ਅਵਰੁ ਨਾਹੀ ਥਾਉ॥ ਅੰਗ – 14*

ਵਾਹਿਗੁਰੂ ਜੀ ਤੋਂ ਇਹ ਗੱਲ ਪੁਛ ਲਈ ਕਿ ਹੋਰ ਕਿਸੇ ਰਸ ਦੇ ਨਾਲ ਇਸ ਦੇ ਵਿਚ ਖੇੜਾ ਨਹੀਂ ਆਉਂਦਾ। ਪਲ ਭਰ ਝਟਕੇ ਲਗਦੇ ਨੇ ਲੇਕਿਨ ਉਨ੍ਹਾਂ ਦਾ ਅਸਰ ਬਹੁਤ ਮਾੜਾ ਹੁੰਦਾ ਹੈ।

ਸੋ ਨਾਮ ਦੇ ਬਾਰੇ ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ ਜੇ ਇਸ ਬਾਰੇ ਕਿਸੇ ਨੂੰ ਸੋਝੀ ਪੈ ਜਾਵੇ ਜਾਂ ਪਤਾ ਲਗ ਜਾਵੇ ਕਿ ਇਹ ਕਿਸ ਥਾਂ ਤੋਂ ਮਿਲਦਾ ਹੈ, ਫੇਰ ਉਸ ਦੇ ਅੰਦਰ ਰੁਚੀ ਜਾਗ ਪਏ ਤੇ ਫੇਰ ਉਹ ਇਸ ਰਸ ਨੂੰ ਮਾਣ ਸਕਦਾ ਹੈ ਕਿ ਇਹ ਕਿੱਡੀ ਵੱਡੀ ਚੀਜ਼ ਹੈ। ਮਹਾਰਾਜ ਕਹਿੰਦੇ ਇਹ 'ਹਰਿ ਰਸ' ਸਾਧੂ ਦੀ ਦੁਕਾਨ ਤੋਂ ਮਿਲਦਾ ਹੈ ਹੋਰ ਕਿਸੇ ਥਾਂ ਤੋਂ ਇਹ ਪ੍ਰਾਪਤ ਹੁੰਦਾ ਹੀ ਨਹੀਂ ਦੁਨੀਆਂ ਵਿਚ ਇਸ ਦੀ ਕੋਈ ਸ਼ਾਖਾ ਨਹੀਂ ਹੈ। ਕਿਸੇ ਪਾਸ ਵੀ ਇਹ ਅਜੈਂਸੀ ਨਹੀਂ ਕੇਵਲ ਵਾਹਿਗੁਰੂ ਨੇ ਆਪਣੇ ਪਿਆਰਿਆਂ ਨੂੰ ਦਿੱਤੀ ਹੈ ਕਿਉਂਕਿ ਬਹੁਤੀ ਕੀਮਤੀ ਚੀਜ਼ ਹੈ –

*ਸਾਈ ਨਾਮੁ ਅਮੋਲੁ*
*ਕੀਮ ਨ ਕੋਈ ਜਾਣਦੋ॥*
*ਜਿਨਾ ਭਾਗ ਮਥਾਹਿ*
*ਸੇ ਨਾਨਕ ਹਰਿ ਰੰਗੁ ਮਾਣਦੋ॥*

*ਅੰਗ - 81*

ਜਿਸ ਦੇ ਮੱਥੇ ਵਿਚ ਲਿਖਿਆ ਹੋਇਆ ਹੈ ਧੁਰ ਤੋਂ ਉਸ ਨੂੰ ਏਸ ਪਿਆਰ ਦਾ ਪਤਾ ਲਗਦਾ ਹੈ। ਦੂਜੇ ਪਾਸੇ ਇਹ ਸੰਸਾਰ ਵਿਹੁ ਦੇ ਰਸਾਂ ਵਿਚ ਰਚਿਆ ਹੋਇਆ ਖਾਲੀ ਚਲਿਆ ਜਾਂਦਾ ਹੈ ਹਾਏ! ਹਾਏ!! ਕਰਦਾ।

ਸੋ ਅੰਮ੍ਰਿਤ ਵੇਲੇ ਜਾਗਣਾ, ਗੁਰੂ ਘਰ ਵਿਚ ਆਉਣਾ, ਬਾਣੀ ਸੁਣਨੀ, ਭਾਗਾਂ ਤੋਂ ਬਗੈਰ ਨਹੀਂ ਹੋਇਆ ਕਰਦੀ -

*ਹਰਿ ਕੀਰਤਿ ਸਾਧਸੰਗਤਿ ਹੈ*
*ਸਿਰਿ ਕਰਮਨ ਕੈ ਕਰਮਾ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ॥*

*ਅੰਗ - 643*

ਸੋ ਘਰ ਦੇ ਅੰਦਰ ਸੰਗਤਾਂ ਦੇ ਚਰਨ ਪਏ ਨੇ. ਗੁਰੂ ਮਹਾਰਾਜ ਜੀ ਨੇ ਨਵਾਂ ਗ੍ਰਿਹ ਬਖਸ਼ਿਆ ਹੈ, ਬਹੁਤ ਸੋਹਣਾ ਘਰ ਦਿੱਤਾ ਹੈ ਤੇ ਨਾਲ ਹੀ ਖੁਸ਼ੀਆਂ ਬਖਸ਼ੀਆਂ ਨੇ। ਇਸ ਪਰਿਵਾਰ ਨੇ ਬਹੁਤ ਦੇਰ ਤੋਂ ਬੜਾ ਦੁਖ ਕੱਟਿਆ ਹੈ, ਬਹੁਤ ਦੇਰ ਤੋਂ ਮੈਂ ਜਾਣਦਾ ਹਾਂ। ਬੜੀ ਦੇਰ ਤੋਂ ਬਾਅਦ ਮਹਾਰਾਜ ਜੀ ਦੀ ਅਪਾਰ ਕਿਰਪਾ ਹੈ ਕਿ ਫੇਰ ਇਨ੍ਹਾਂ ਨੂੰ ਸੁਖ ਦੇ ਦਿਨ ਦਿਖਾਏ ਨੇ। ਸਾਡੀ ਤਾਂ ਅਰਦਾਸ ਹੈ ਕਿ ਮਹਾਰਾਜ ਜੀ ਹੋਰ ਇਨ੍ਹਾਂ ਤੇ ਕਿਰਪਾ ਕਰਨ ਤੇ ਗੁਰਮਤਿ ਦੀ ਸੋਝੀ ਦੇ ਕੇ, ਆਪਣੇ ਚਰਨਾਂ ਦਾ ਪਿਆਰ ਬਖਸ਼ ਕੇ ਆਪਣੇ ਨਾਲ ਜੋੜ ਕੇ ਰੱਖਣ।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

# ਜੈਸੀ ਕਲਮ ਵੁੜੀ ਹੈ ਮਸਤਕਿ

ਸਾਧਸੰਗਤ ਜੀ।

*ਵਾਹਿਗੁਰੂ ਜੀ ਕਾ ਖਾਲਸਾ*
*ਵਾਹਿਗੁਰੂ ਜੀ ਕੀ ਫਤਹਿ*

ਤਿੰਨ ਰੋਜ਼ ਤੋਂ 'ਧੁਰ ਕੀ ਬਾਣੀ' ਜਿਸ ਦਾ ਸੇਵਨ ਸਾਰੀਆਂ ਚਿੰਤਾ ਤੋਂ ਮੁਕਤ ਕਰਦਾ ਹੈ, ਕਲਜੁਗ ਦੇ ਅੰਦਰ ਜਿਸ ਦਾ ਮਹਾਤਮ ਕੋਈ ਜਾਣ ਨਹੀਂ ਸਕਦਾ ਕਿ ਕਿੰਨਾ ਹੈ, ਮਹਾਰਾਜ ਜੀ ਦਾ ਓਟ ਆਸਰਾ ਲੈ ਕੇ ਲਗਾਤਾਰ ਉਸ ਦਾ ਪ੍ਰਸਾਰ ਹੋਇਆ ਹੈ। ਸ਼ਰਧਾ, ਭਗਤੀ ਤੇ ਨਿਮਰਤਾ ਦੇ ਨਾਲ ਸੇਵਾ ਕੀਤੀ ਹੈ, ਪਾਠ ਕਰਨ ਵਾਲਿਆਂ ਦੇ ਮਨ ਵਿਚ ਵੀ ਸੀ। ਇਕੋ ਹੀ ਭਾਵਨਾ ਤੇ ਕਾਰਜ ਸੰਪੂਰਨ ਹੋ ਗਏ ਤੇ ਨਿਰਵਿਘਨਤਾ ਸਹਿਤ ਕਾਰਜ ਸ਼ੁਰੂ ਹੋ ਗਏ ਤੇ ਨਿਰਵਿਘਨਤਾ ਸਹਿਤ ਹੀ ਕਾਰਜ ਚਲਦਾ ਰਹੇ, ਇਕ ਇਕ ਲੋਚਾ ਸੀ ਪਾਠ ਕਰਨ ਵਾਲਿਆਂ ਦੀ। ਉਸ ਤੋਂ ਵੀ ਵੱਧ ਲੋਚਾ ਸੀ ਆਹਲੂਵਾਲੀਆ ਸਾਹਿਬ ਦੀ ਤੇ ਪਰਿਵਾਰ ਦੀ, ਮਨ ਦੀ ਨਿਮਰਤਾ ਦੇ ਨਾਲ ਸੇਵਾ ਕਰੀ, ਅਭਿਮਾਨ ਛੱਡਿਆ। ਖੁਦ ਲੰਗਰ ਤਿਆਰ ਕਰਦੇ ਰਹੇ, ਖੁਦ ਬਰਤਨ ਮਾਂਜਦੇ ਰਹੇ ਤੇ ਗੁਰੂ ਮਹਾਰਾਜ ਜੀ ਨੇ ਦੋਹੇਂ ਹੁਕਮ ਕਰ ਦਿਤੇ। ਸੇਵਕ ਨੇ ਸੇਵਾ ਕੀਤੀ ਤੇ ਮਨ ਦੀ ਇਛਿਆ ਪੂਰੀ ਹੋਵੇਗੀ। ਵਿਘਨ ਜੋ ਸਨ ਚਾਹੇ ਉਹ ਘਰ ਦੇ ਉਤੇ ਚਾਹੇ ਸਿਹਤ ਦੇ ਉਤੇ, ਪਰਿਵਾਰ ਦੇ ਉਤੇ, ਆਰਥਿਕ ਸਨ ਜਾਂ ਸਮਾਜਿਕ ਸਨ ਜਾਂ ਭਾਈਚਾਰਕ ਸਨ ਮਹਾਰਾਜ ਕਹਿੰਦੇ ਉਨ੍ਹਾਂ ਦਾ ਨਾਸ਼ ਕਰ ਦਿਤਾ ਗਿਆ। ਇਸ ਦੇ ਉਤੇ ਵਿਚਾਰ ਹੋਇਆ ਕਰਦੀ ਹੈ ਕਿਉਂਕਿ ਮੈਂ ਸੁਣ ਰਿਹਾ ਸੀ ਬੜੇ ਵਿਸਥਾਰ ਵਾਲੀ ਵਿਚਾਰ ਕਿ ਥਰਮਲ ਪਲਾਂਟ ਅੰਖਡਪਾਠ ਕਰਵਾਇਆ ਸੀ ਪ੍ਰੇਮੀਆਂ ਨੇ। ਉਥੇ ਦੋ ਤਿੰਨ ਦੁਰਘਟਨਾਵਾਂ ਹੋ ਕੇ ਇੰਜਨੀਅਰ ਚੜ੍ਹਾਈ ਕਰ ਗਏ ਸੀ ਤੇ ਜਦੋਂ ਕੋਈ ਚਾਰਾ ਨਾ ਚੱਲੇ ਤੇ ਉਸ ਵੇਲੇ ਵਾਹਿਗੁਰੂ ਜੀ ਦੀ ਸ਼ਰਨ ਲੈਣਾ ਸਾਡੇ ਵਾਸਤੇ ਇਕੋ ਇਕ ਰਾਹ ਰਹਿ ਜਾਂਦਾ ਹੈ ਸੁਖ-ਸ਼ਾਂਤੀ ਦਾ। ਸੋ ਉਨ੍ਹਾਂ ਨੇ ਓਟ ਆਸਰਾ ਲਿਆ।

ਉਥੇ ਇਕ ਵਿਚਾਰ ਚੱਲੀ ਸੀ ਕਿ ਕੀ ਜੋ ਕਰਮ ਨੇ ਉਹ ਮਿਟ ਸਕਦੇ ਨੇ ਜਾਂ ਨਹੀਂ ਮਿਟ ਸਕਦੇ ਕਿਉਂਕਿ ਆਦਮੀ ਕਰਮ ਕਰਦਾ ਹੈ। ਕਰਨਾ ਤਾਂ ਇਸ ਦੇ ਅਖਤਿਆਰ ਵਿਚ ਹੈ ਪਰ ਭੋਗਣਾ ਇਸ ਦੇ ਅਖਤਿਆਰ ਵਿਚ ਨਹੀਂ। ਇਸ ਤੋਂ ਜਬਰਦਸਤੀ ਭੁਗਵਾਇਆ ਜਾਂਦਾ ਹੈ -

*ਭੋਗੇ ਬਿਨ ਭਾਗੇ ਨਹੀ*
*ਕਰਮ ਗਤੀ ਬਲਵਾਨ॥*

ਇਹ ਕਰਮਾਂ ਦੀ ਲੜੀ ਚਲਦੀ ਚਲਦੀ ਜਿਸ ਤਰ੍ਹਾਂ ਕਿਤਾਬ ਛਪ ਜਾਂਦੀ ਹੈ ਇਸ ਤਰ੍ਹਾਂ ਦੇ ਨਾਲ ਉਸ ਦੇ ਅਧਿਆਏ ਬਣ ਜਾਂਦੇ ਨੇ, ਉਸ ਦੇ ਵਿਚ ਕੁਝ ਕਰਮ ਜੋੜਦੇ ਨੇ, ਕੁਝ ਕੱਟਦੇ ਨੇ। ਇਹ ਇਕ ਬੜਾ ਨਾ ਸਮਝਿਆ ਜਾਣ ਵਾਲਾ ਗੋਰਖ ਧੰਦਾ ਸਾਮ੍ਹਣੇ ਆ ਜਾਂਦਾ ਹੈ ਪਤਾ ਨਹੀਂ ਲਗਦਾ ਕਿ ਇਹ ਬੰਦਾ ਨੇਕ ਹੈ, ਇਸ ਨੇ ਜਨਮ ਲੈ ਕੇ ਵੀ ਕੋਈ ਮਾੜਾ ਕੰਮ ਨਹੀਂ ਕਰਿਆ। ਫੇਰ ਇਸ ਦੇ ਨਾਲ ਇਹ ਗੱਲਾਂ ਕਿਉਂ ਹੁੰਦੀਆਂ ਨੇ ਤੇ ਦੂਸਰੇ ਪਾਸੇ ਇਕ ਬਦ ਆਦਮੀ ਹੈ- ਬੁਰਿਆਈਆਂ ਕਰਦਾ ਹੈ, ਚੋਰੀਆਂ ਕਰਦਾ ਹੈ, ਮਿਲਾਵਟਾਂ ਕਰਦਾ ਹੈ, ਧੋਖੇ ਦਿੰਦਾ ਹੈ, ਠੱਗੀਆਂ ਕਰਦਾ ਹੈ, ਕਪਟ ਕਰਦਾ ਹੈ, ਛਲ ਕਰਦਾ ਹੈ, ਝੂਠ ਬੋਲਦਾ ਹੈ ਹੋਰ ਅਨੇਕਾਂ ਅਵਗੁਣਾਂ ਦੇ ਵਿਚ ਪਿਆ ਹੋਇਆ ਹੈ ਤੇ ਉਹ ਦਿਨੋ ਦਿਨ ਵਧਦਾ ਜਾਂਦਾ ਹੈ। ਕੁਦਰਤੀ ਤੌਰ ਤੇ ਜਿਹੜਾ ਸੂਝਵਾਨ ਦਿਮਾਗ ਹੈ ਉਸ ਦੇ ਅੰਦਰ ਇਹ ਖਿਆਲ ਆ ਜਾਂਦੇ ਨੇ ਕਿ ਕੀ ਇਹ ਜਿਹੜਾ ਕੁਝ ਕਹਿੰਦੇ ਨੇ ਇਸ ਦੇ ਵਿਚ ਸਤਤਾ ਹੈ ਜਾਂ ਮਿਥਿਆਵਾਦ ਹੈ ਇਹ? ਜੇ ਨਹੀਂ ਹੈ ਤਾਂ ਫੇਰ ਐਸਾ ਕਿਉਂ ਹੈ? ਚੰਗੇ ਆਦਮੀ ਨੂੰ ਕਿਉਂ ਥੱਲੇ ਦਬਾਇਆ ਜਾਂਦਾ ਹੈ, ਮਾੜਾ ਆਦਮੀ ਕਿਉਂ ਉਠਦਾ ਜਾਂਦਾ ਹੈ।

ਸੋ ਐਸਾ ਮਤ ਹੈ ਸ਼ਾਸਤਰਾਂ, ਵੇਦਾਂ ਦਾ ਕਿ ਵਾਹਿਗੁਰੂ ਨੇ ਬੁੱਧੀ ਦਿਤੀ ਹੈ ਮਨੁੱਖ ਨੂੰ। ਬੁੱਧੀ ਦਾ ਪ੍ਰਯੋਗ ਕਰਕੇ ਚੰਗੇ ਤੇ ਮੰਦੇ ਦਾ ਨਿਰਣਾ ਕਰਕੇ ਕਰਮ ਕਰ ਸਕਦਾ, ਉਸ ਦੀ ਸੁਤੰਤਰਤਾ ਦਿਤੀ ਹੋਈ ਹੈ। ਜਦੋਂ ਉਹ ਕਰਮ ਕਰਦਾ ਹੈ ਮਾੜੇ ਤਾਂ ਮਾੜੇ ਕਰਮਾਂ ਦਾ ਫਲ ਉਸ ਨੂੰ ਮਿਲਦਾ ਨਹੀਂ ਹੈ। ਸਾਡਾ ਇਹ ਸੋਚਣਾ ਹੁੰਦਾ ਹੈ ਕਿ ਜਿਵੇਂ ਕਚਹਿਰੀ ਜਾਂ ਕੋਰਟ ਵਿਚ ਜਾ ਕੇ ਅਪੀਲ ਕਰੀ ਜਿਸ ਨੇ ਗਲਤ ਕੰਮ ਕਰਿਆ ਉਸ ਨੂੰ ਸਜ਼ਾ ਹੋ ਗਈ, ਰੱਬ ਨੂੰ ਵੀ ਇਸੇ ਤਰ੍ਹਾਂ ਸਜ਼ਾ ਦੇਣੀ ਚਾਹੀਦੀ ਹੈ ਓਸੇ ਜਨਮ ਦੇ ਅੰਦਰ। ਉਸ ਦੇ ਵਿਚ ਵਾਹਿਗੁਰੂ ਦਾ ਜੋ ਇਕ ਨਿਯਮ ਹੈ ਉਸ ਨੂੰ ਅਸੀਂ ਸਮਝ ਨਹੀਂ ਸਕਦੇ। ਕਈਆਂ ਨੂੰ ਤਾਂ ਇਸੇ ਜਨਮ ਦੇ ਅੰਦਰ ਸਜ਼ਾ ਮਿਲ ਜਾਂਦੀ ਹੈ, ਕਈਆਂ ਨੂੰ ਇਕ ਜਨਮ ਤੋਂ ਬਾਅਦ ਮਿਲ ਜਾਂਦੀ ਹੈ, ਕਈਆਂ ਨੂੰ ਸੌ ਜਨਮ ਤੋਂ ਬਾਅਦ ਸਜ਼ਾ ਮਿਲਦੀ ਹੈ, ਕਈਆਂ ਨੂੰ ਹਜ਼ਾਰ ਜਨਮ ਤੋਂ ਬਾਅਦ ਮਿਲਦੀ ਹੈ, ਕਈਆਂ ਨੂੰ ਇਕ-ਇਕ ਜੁਗ ਲੰਘ ਜਾਂਦਾ ਹੈ, ਜਿਵੇਂ ਦੁਆਪਰ ਜੁਗ 8,64000 ਸਾਲ ਦਾ ਹੈ ਇਸ ਪੂਰੇ ਜੁਗ ਦੇ ਅੰਦਰ ਉਸ ਨੂੰ ਸਜ਼ਾ ਨਹੀਂ ਮਿਲੀ। ਕਰਮ ਕੀਤਾ ਸੀ ਤ੍ਰੇਤੇ ਜੁਗ ਦੇ ਅੰਦਰ ਤੇ ਭੁਗਤਿਆ ਕਲਜੁਗ ਦੇ ਅੰਦਰ। ਐਸੀਆਂ ਬੇਅੰਤ ਮਿਸਾਲਾਂ ਹਨ। ਜਨਮ-ਸਾਖੀਆਂ ਵਿਚ ਵੀ ਆਉਂਦੀਆਂ ਨੇ ਤੇ ਇਤਿਹਾਸ ਵਿਚ ਵੀ ਆਉਂਦੀਆਂ ਨੇ, ਬਾਕੀ ਇਤਿਹਾਸਾਂ ਵਿਚ ਵੀ ਇਹ ਆਉਂਦੀਆਂ ਨੇ। ਉਸ ਦਾ ਕਾਰਨ ਇਹ ਹੈ ਕਿ ਇਹ ਦੁਨੀਆਂ ਬੇਅੰਤ ਵਿਸ਼ਾਲ ਹੈ,

ਜਿਵੇਂ ਨਦੀ ਚਲਦੀ ਹੈ ਕੋਲੋਂ ਦੀ ਜਦੋਂ ਉਸ ਦੇ ਵਿਚ ਪਾਣੀ ਆਉਂਦਾ ਹੈ ਤਾਂ ਘੁੰਮਣ-ਘੇਰੀਆਂ ਬਣ ਬਣ ਕੇ ਰੇਤਾ ਚੁੱਕ ਲੈਂਦੀ ਹੈ ਉਹ। ਉਥੋਂ ਲਿਜਾ ਕੇ ਚਾਰ ਮੀਲ ਤੇ ਜਾ ਕੇ ਛੱਡ ਦਿੰਦੀ ਹੈ, ਉਥੋਂ ਚੁੱਕ ਲੈਂਦੀ ਹੈ ਉਥੋਂ ਫੇਰ ਕਿਤੇ 10 ਗਜ਼ ਤੇ ਜਾ ਕੇ ਛੱਡ ਦਿੰਦੀ ਹੈ। ਮਹਾਰਾਜ ਕਹਿੰਦੇ ਇਹੀ ਹਿਸਾਬ ਸੰਸਾਰ ਦਾ ਹੈ-

***ਜੁੜਿ ਜੁੜਿ ਵਿਛੁੜੇ ਵਿਛੁੜਿ ਜੁੜੇ॥***
***ਅੰਗ - 1238***

ਕਹਿੰਦੇ ਜੁੜ ਜਾਂਦੇ ਹਾਂ ਫੇਰ ਵਿਛੜ ਜਾਂਦੇ ਹਾਂ, ਫੇਰ ਵਿਛੜ ਜਾਂਦੇ ਹਾਂ ਤੇ ਫੇਰ ਜੁੜ ਜਾਂਦੇ ਹਾਂ ਜਿਵੇਂ ਇਹ ਕੁਦਰਤੀ ਨਿਯਮ ਹੈ। ਰੇਤਾ ਉਥੋਂ ਚੁਕਿਆ ਅੱਗੇ ਮਿਲਾ ਦਿਤਾ ਪਿਛਲਾ ਚੁੱਕਿਆ ਫੇਰ ਅੱਗੇ ਮਿਲਾ ਦਿਤਾ। ਇਸ ਤਰ੍ਹਾਂ ਦੇ ਨਾਲ ਇਹ ਜੀਵਾਂ ਦੇ ਕਰਮਾਂ ਦੀ ਖੇਡ ਚਲ ਰਹੀ ਹੈ। ਇਨ੍ਹਾਂ ਦੀ ਕੋਈ ਗਿਣਤੀ ਨਹੀਂ ਹੈ। ਮਹਾਰਾਜ ਜੀ ਨੇ ਵਿਸਥਾਰ ਨਾਲ ਨਹੀਂ ਇਹ ਗੱਲ ਕਰੀ, ਕਹਿੰਦੇ -

***ਜੀਅ ਜੰਤ ਸਭਿ ਖਸਮ ਕੇ***
***ਕਉਣੁ ਕੀਮਤਿ ਪਾਵੈ॥ ਅੰਗ - 1193***

ਐਡੀ ਵੱਡੀ ਗੱਲ ਹੈ ਕਿ ਇਸ ਦੇ ਬਾਰੇ ਐਨਾ ਕੁ ਹੀ ਠੀਕ ਹੈ ਕਿ ਜਿੰਨਾ ਕੁ ਜਾਣਦੇ ਹੋ, ਠੀਕ ਹੈ। ਬਹੁਤ ਵਿਸਥਾਰ ਵਿਚ ਜਾ ਕੇ ਇਹ ਗੱਲ ਖਤਮ ਹੋਣ ਵਾਲੀ ਨਹੀਂ ਹੈ। ਸੌ ਸੌ ਜਨਮ ਲੰਘ ਜਾਂਦਾ ਹੈ ਰਾਜ ਕਰੀ ਜਾਂਦੇ ਨੇ, ਚੜ੍ਹਦੀ ਕਲਾ ਹੋਈ ਜਾਂਦੀ ਹੈ। ਇਹ ਸਵਾਲ ਕ੍ਰਿਸ਼ਨ ਮਹਾਰਾਜ ਜੀ ਤੇ ਧ੍ਰਿਤਰਾਸ਼ਟਰ ਨੇ ਕਰਿਆ ਸੀ।

ਕ੍ਰਿਸ਼ਨ ਮਹਾਰਾਜ ਕਹਿਣ ਲੱਗੇ, ਹੇ ਰਾਜਨ! ਤੇਰੇ ਪਰਿਵਾਰ ਦਾ ਬੜਾ ਨੁਕਸਾਨ ਹੋਇਆ ਹੈ, ਪੁੱਤਰ ਮਾਰੇ ਗਏ, ਬੱਚੇ ਯਤੀਮ ਹੋ ਗਏ, ਰਾਜ ਹੱਥੋਂ ਖੁਸ ਗਿਆ, ਬੜਾ ਅਫਸੋਸ ਹੈ ਅਸੀਂ ਤੇਰੇ ਕੋਲ ਅਫਸੋਸ ਕਰਨ ਆਏ ਹਾਂ।

ਪਰ ਉਸ ਦਾ ਮਨ ਹੋਰ ਪਾਸੇ ਹੀ ਕੰਮ ਕਰਦਾ ਸੀ।

ਉਹ ਕਹਿੰਦਾ, "ਠੀਕ ਹੈ ਮਹਾਰਾਜ! ਯੁੱਧ ਹੋਇਆ ਇਕ ਜਿੱਤ ਗਿਆ ਦੂਜਾ ਹਾਰ ਗਿਆ। ਮੇਰੇ ਪੁੱਤਰ ਵੀਰ-ਗਤੀ ਪ੍ਰਾਪਤ ਕਰਕੇ ਸਵਰਗਾਂ ਨੂੰ ਚਲੇ ਗਏ ਲੇਕਿਨ ਭਗਵਾਨ! ਮੇਰੇ ਮਨ ਵਿਚ ਇਕ ਜ਼ਬਰਦਸਤ ਸ਼ੰਕਾ ਹੈ ਕਿ ਮੈਂ ਕੋਈ ਐਸਾ ਕੁਕਰਮ ਤਾਂ ਕਰਿਆ ਨਹੀਂ ਤੇ ਮੈਨੂੰ ਐਡੀ ਵੱਡੀ ਸਜ਼ਾ ਕਿਉਂ ਮਿਲ ਗਈ? ਮੇਰਾ ਰਾਜ ਕਿਉਂ ਜਾਂਦਾ ਰਿਹਾ?

ਕ੍ਰਿਸ਼ਨ ਮਹਾਰਾਜ ਕਹਿੰਦੇ, "ਐਸੀ ਬਾਤ ਪ੍ਰਭੂ ਦੇ ਇੰਤਜ਼ਾਮ ਵਿਚ ਨਹੀਂ ਹੋ ਸਕਦੀ ਕਿਉਂਕਿ ਉਹ ਆਪ ਪੂਰਾ ਹੈ ਉਸ ਦੇ ਸਾਰੇ ਹੀ ਕਰਮ ਪੂਰੇ ਨੇ। ਕਿਤੇ ਅਧੂਰਾਪਣ ਆਉਂਦਾ ਹੀ ਨਹੀਂ ਉਸ ਦੇ ਵਿਚ। ਹੁਕਮ ਹੈ, ਹੁਕਮ ਨੂੰ ਬੁੱਝ ਜਾਵੇਂ ਤਾਂ ਗੱਲ ਨਿਬੜ ਜਾਂਦੀ ਹੈ।

ਕਹਿੰਦਾ, "ਮੈਂ ਸੌ ਜਨਮ ਤਕ ਦੇਖ ਲਿਆ ਪਰ ਮੇਰਾ ਕੋਈ ਕਰਮ ਐਸਾ ਨਹੀਂ ਹੈ।"

ਕ੍ਰਿਸ਼ਨ ਮਾਹਾਰਾਜ ਨੇ ਸ਼ਕਤੀ ਦੇ ਦਿਤੀ, ਕਹਿੰਦੇ, ਹੁਣ ਦੇਖ 107ਵਾਂ ਜਨਮ।"

ਉਸ ਦੇ ਵਿਚ ਕੀ ਦੇਖਦਾ ਹੈ ਕਿ ਇਕ ਰਾਜਾ ਹੈ ਕਿਸੇ ਥਾਂ ਦਾ। ਮਾਸ ਖਾਣ ਦਾ ਸ਼ੌਕ ਹੈ। ਇਕ ਦਿਨ ਮਾਸ ਮਿਲਿਆ ਨਾ, ਬਾਵਰਚੀਆਂ ਨੇ ਕਿਹਾ ਕਿ ਜੇ ਹੁਕਮ ਹੋਵੇ ਤਾਂ ਜਿਹੜੇ ਸੌ ਹੰਸਾਂ ਦੇ ਬੱਚੇ ਪਾਲੇ ਨੇ ਆਪਾਂ, ਇਨ੍ਹਾਂ ਵਿਚੋਂ ਇਕ ਬਣਾ ਲਈਏ। ਕਹਿੰਦਾ ਬਣਾ ਲਓ। ਉਹ ਸੁਆਦ ਲੱਗਿਆ, ਕਹਿੰਦਾ ਇਹ ਰੋਜ਼ ਹੀ ਬਣਾਓ। ਇਹ ਤਾਂ ਬੜਾ ਸਵਾਦ ਹੈ। ਉਸ ਨੇ ਤਿੰਨ ਮਹੀਨੇ 10 ਦਿਨ ਦੇ ਅੰਦਰ 100 ਬੱਚਾ ਹੰਸਾਂ ਦਾ ਖਾ ਲਿਆ। ਉਸ ਤੋਂ ਬਾਅਦ ਹੰਸਾਂ ਦੇ ਮਾਤਾ-ਪਿਤਾ ਆ ਜਾਂਦੇ ਨੇ ਮਾਨ-ਸਰੋਵਰ ਤੋਂ। ਮੌਸਮ ਆ ਗਿਆ ਤੇ ਉਥੇ ਆ ਕੇ ਦੇਖਿਆ ਤਾਂ ਬੱਚੇ ਹੈ ਨਹੀਂ। ਪੰਛੀਆਂ ਦੇ ਵਿਚੋਂ ਸਭ ਤੋਂ ਜ਼ਿਆਦਾ ਮੋਹ ਦੋ ਤਿੰਨ ਪੰਛੀਆਂ ਨੂੰ ਹੁੰਦਾ ਹੈ, ਇਕ ਸਾਰਸ ਨੂੰ ਤੇ ਇਕ ਹੰਸ ਨੂੰ। ਇਹ ਬੱਚਿਆਂ ਦਾ ਮੋਹ ਬਹੁਤ ਰਖਦੇ ਨੇ। ਵੱਡੇ-ਵੱਡੇ ਪਰਿਵਾਰ ਹੋ ਜਾਂਦੇ ਨੇ, ਵੱਡੀਆਂ ਵੱਡੀਆਂ ਇਨ੍ਹਾਂ ਦੀਆਂ ਡਾਰਾਂ ਹੋ ਜਾਂਦੀਆਂ ਨੇ, ਇਕੱਠੇ ਰਹਿੰਦੇ ਨੇ, ਇਕੱਠੇ ਹੀ ਉਡਦੇ ਨੇ ਤੇ ਇਕ ਪਰਿਵਾਰਕ ਤਰੀਕੇ ਦੇ ਨਾਲ ਰਹਿੰਦੇ ਨੇ।

ਦੂਸਰਾ ਪਸ਼ੂਆਂ ਦੇ ਵਿਚੋਂ ਜੋ ਸਭ ਤੋਂ ਜ਼ਿਆਦਾ ਮੋਹ ਹੈ ਇਹ ਬਾਂਦਰ ਨੂੰ ਹੋਇਆ ਕਰਦਾ ਹੈ। ਮਰ ਜਾਂਦਾ ਹੈ ਬੱਚਾ ਬਾਂਦਰੀ ਛੱਡਦੀ ਨਹੀਂ, ਨਾਲ ਹੀ ਲਈ ਫਿਰਦੀ ਹੈ, ਜਦੋਂ ਤੱਕ ਦੂਸਰਾ ਬੱਚਾ ਨਹੀਂ ਹੁੰਦਾ, ਪਿੰਜਰ ਨਹੀਂ ਛੱਡਦੀ। ਸੋ ਇਹ ਜੋ ਪੰਛੀ ਸੀ ਘਬਰਾ ਗਏ ਤੇ ਰਾਜ-ਮਹੱਲਾਂ ਦੇ ਦੁਆਲੇ ਘੁੰਮਦਿਆਂ ਨੇ ਪ੍ਰਾਣ ਤਿਆਗ ਦਿਤੇ।

ਸਾਰੀ ਫਿਲਮ ਦੇਖਣ ਤੋਂ ਬਾਅਦ। ਕਹਿਣ ਲੱਗਿਆ, "ਮਹਾਰਾਜ! ਮੈਂ ਜਮਾਂਦਰੂ ਅੰਨ੍ਹਾਂ ਕਿਉਂ ਹਾਂ?"

ਕਹਿੰਦੇ, "ਉਹ ਵੀ ਦੇਖ ਲੈ।"

ਕੀ ਦੇਖਦਾ ਹੈ ਕਿ 104 ਜਨਮ ਪਹਿਲਾਂ ਇਕ ਬੱਚਾ ਹੈ ਦੂਜੇ ਬੱਚਿਆਂ ਨਾਲ ਖੇਡਦਾ ਫਿਰਦਾ ਹੈ ਤੇ ਉਸ ਨੇ ਟਿੱਡਾ ਫੜ ਲਿਆ, ਉਨ੍ਹਾਂ ਨੇ ਵੀ ਫੜ ਲਏ। ਉਨ੍ਹਾਂ ਨੇ ਕੱਚੇ ਧਾਗੇ ਨਾਲ ਬੰਨ੍ਹ ਕੇ ਜਿਵੇਂ ਪਤੰਗ ਉਡਾਈਦੀ ਹੈ, ਉਸ ਤਰ੍ਹਾਂ ਦੇ ਨਾਲ ਉਥੇ ਉਡਾਉਣੇ ਸ਼ੁਰੂ ਕਰੇ, ਛਾਲ ਮਾਰਦਾ ਹੈ ਤੇ ਧਾਗਾ ਟੁੱਟ ਜਾਂਦਾ ਹੈ ਤੇ ਉਹ ਛੁਟ ਕੇ ਉਡ ਜਾਂਦੇ ਨੇ, ਉਹ ਕੱਚਾ ਧਾਗਾ ਹੋਣ ਕਰਕੇ ਟੁੱਟ ਜਾਂਦਾ ਹੈ। ਇਸ ਨੇ ਸੂਲ ਤੋੜੀ ਤੇ ਲਿਆ ਕੇ ਦੋਵੇਂ ਅੱਖਾਂ ਵਿਚੀਂ ਸਾਰ-ਪਾਰ ਕੱਢ ਦਿਤੀ, ਛੱਡ ਦਿਤਾ ਤੇ ਤੜਫ ਕੇ ਉਹ ਟਿੱਡਾ ਮਰ ਗਿਆ।

ਦੋਵੇਂ ਜਨਮ ਦਿਖਾਉਣ ਤੋਂ ਬਾਅਦ ਕਹਿਣ ਲੱਗੇ, ਕਿਉਂ ਧ੍ਰਿਤਰਾਸ਼ਟਰ? ਹੁਣ ਤੂੰ ਆਪ ਹੀ ਦੇਖ

ਤੂੰ ਸੌ ਬੱਚਾ ਖਾਧਾ ਸੀ ਤੇ ਤੇਰਾ ਸੌ ਬੱਚਾ ਮਰਨਾ ਸੀ ਤੇ ਤੂੰ ਅੱਖਾਂ ਅੰਨ੍ਹੀਆਂ ਕੀਤੀਆਂ ਸੀ ਤੇ ਤੇਰੀਆਂ ਹੋਣੀਆਂ ਸੀ।

ਕਹਿਣ ਲੱਗਿਆ, ਮਹਾਰਾਜ! ਐਨਾ ਸਮਾਂ ਕਿਉਂ ਲਾਇਆ 107 ਜਨਮ ਤੱਕ ਮੈਨੂੰ ਸਜ਼ਾ ਨਾ ਮਿਲੀ?"

ਉਹ ਕਹਿੰਦੇ, ਤੇਰੇ ਪੁੰਨ ਕਰਮ ਐਨੇ ਜ਼ਿਆਦਾ ਸੀ ਕਿ ਪਾਪ ਕਰਮਾਂ ਦੀ ਵਾਰੀ ਨਹੀਂ ਸੀ ਆ ਰਹੀ। ਇਨ੍ਹਾਂ ਜਿੰਨਿਆਂ ਨੇ ਆ ਕੇ ਸਜ਼ਾ ਭੁਗਤਣੀ ਸੀ ਇਹ ਵੀ ਸਭ ਕੋਈ ਕਿਸੇ ਥਾਂ ਸੀ, ਕੋਈ ਕਿਸੇ ਥਾਂ ਸੀ।

ਜਿਸ ਤਰ੍ਹਾਂ ਕੋਈ ਬਹੁਤ ਵੱਡਾ ਕਾਰਖਾਨਾ ਹੁੰਦਾ ਹੈ ਉਸ ਦੇ ਵਿਚ ਚੱਕਰੀਆਂ ਲੱਗੀਆਂ ਹੋਣ, ਸੈਂਕੜੇ ਕਿਤੇ ਹਜ਼ਾਰ ਸਾਲ ਬਾਅਦ ਹੀ ਵਾਰੀ ਆਉਂਦੀ ਹੈ ਕਿ ਮੁੜ ਕੇ ਜਦੋਂ ਸ਼ੁਰੂ ਕੀਤੇ ਸੀ। ਸਾਰੇ ਚੱਕਰ ਉਸੇ ਹਾਲਤ ਵਿਚ ਆ ਜਾਣ। ਇਸੇ ਤਰ੍ਹਾਂ ਨਾਲ ਜਦੋਂ ਕਰਮ ਕਰਦੇ ਹਾਂ ਤਾਂ ਬੜੀ ਦੇਰ ਤੋਂ ਬਾਅਦ ਘੁੰਮ-ਘੁੰਮਾ ਕੇ ਜੀਵ ਆਉਂਦੇ ਨੇ, ਜੀਵਾਂ ਦੇ ਆਉਣ ਤੇ ਫੇਰ ਉਹ ਕਰਮਾਂ ਦਾ ਸਮਾਂ ਆਉਂਦਾ ਹੈ ਤੇ ਉਹ ਆਪਣਾ ਫਲ ਦੇਣਾ ਸ਼ੁਰੂ ਕਰ ਦਿੰਦਾ ਹੈ।

ਕਹਿਣ ਲੱਗੇ, "ਏਸ ਕਰਕੇ ਤੈਨੂੰ ਦੇਰ ਲੱਗੀ ਕਿ ਤੇਰੇ ਪੁੰਨ ਕਰਮ ਬਹੁਤੇ ਸੀ ਵਾਰੀ ਨਹੀਂ ਸੀ ਆ ਰਹੀ, ਸੋ ਹੁਣ ਵਾਰੀ ਆਈ ਹੈ ਤਾਂ ਤੈਨੂੰ ਦੋਵੇਂ ਸਜ਼ਾਵਾਂ ਮਿਲ ਗਈਆਂ। ਨੇਤਰਾਂ ਤੋਂ ਵੀ ਜਾਂਦਾ ਰਿਹਾ ਤੇ ਤੇਰੇ ਬੱਚੇ ਵੀ ਸੌ ਦੇ ਸੌ ਮਰ ਗਏ।

ਸੋ ਇਕ ਦੋ ਐਸੀਆਂ ਮਿਸਾਲਾਂ ਨੇ ਇਤਿਹਾਸ ਦੇ ਅੰਦਰ ਜਿਥੇ ਸਜ਼ਾ ਮਿਲੀ ਹੈ। ਸੋ ਇਹ ਹੈ ਕਿ ਕਰਮ ਕਰਕੇ ਮਹਾਰਾਜ ਕਹਿੰਦੇ ਜ਼ਰੂਰ ਭੋਗਣਾ ਪੈਂਦਾ ਹੈ-

ਬੜੀਆਂ ਮਿਸਾਲਾਂ ਆਈਆਂ ਨੇ ਜਿਵੇਂ -

*ਲੇਖੁ ਨ ਮਿਟਈ ਹੇ ਸਖੀ*
*ਜੋ ਲਿਖਿਆ ਕਰਤਾਰਿ॥ ਅੰਗ - 937*

ਦਰਗਾਹ ਵਿਚੋਂ ਜਦੋਂ ਜੀਵ ਨੂੰ ਭੇਜਦੇ ਨੇ ਤਾਂ ਉਸ ਦਾ ਲੇਖਾ-ਜੋਖਾ ਕਰਨ ਵਾਲਾ ਨਾ ਬ੍ਰਹਮਾ ਹੈ, ਨਾ ਵਿਸ਼ਨੂੰ, ਨਾ ਸ਼ਿਵ ਜੀ ਹੈ, ਨਾ ਧਰਮਰਾਜ ਹੈ, ਨਾ ਬਿਧਿ-ਮਾਤਾ ਜਿਹੜੀ ਲਿਖਦੀ ਹੈ ਉਹ ਵੀ ਨਹੀਂ ਹੈ। ਬਿਧਿ-ਮਾਤਾ ਕਹਿੰਦੀ ਹੈ ਕਿ ਮੈਂ ਤਾਂ ਮੱਥੇ ਦੇ ਨਾਲ ਕਲਮ ਲਾਉਂਦੀ ਹਾਂ ਉਸ ਤੋਂ ਬਾਅਦ ਕੀ ਲਿਖਿਆ ਜਾਂਦਾ ਹੈ ਇਹ ਮੈਨੂੰ ਕੋਈ ਪਤਾ ਨਹੀਂ ਹੈ, ਆਪਣੇ ਆਪ ਹੀ ਹੁੰਦਾ ਹੈ ਮੈਂ ਨਹੀਂ ਲਿਖਦੀ ਕੁਝ, ਕਲਮ ਆਪ ਹੀ ਚਲਦੀ ਹੈ। ਮਹਾਰਾਜ ਕਹਿੰਦੇ -

*ਜੈਸੀ ਕਲਮ ਵੁੜੀ ਹੈ ਮਸਤਕਿ*
*ਤੈਸੀ ਜੀਅੜੇ ਪਾਸਿ॥ ਅੰਗ - 74*

ਉਹ ਜੀਵ ਜਦੋਂ ਸੰਸਾਰ ਤੇ ਆਉਂਦਾ ਹੈ ਤਾਂ ਉਹ ਕਰਮਾਂ ਦਾ ਲੇਖ ਲੈ ਕੇ ਆਉਂਦਾ ਹੈ। ਮੁਸ਼ਕਲ ਇਹ ਹੋ ਜਾਂਦੀ ਹੈ ਕਿ ਉਹ ਬੜੀ ਜੱਦੋ-ਜਹਿਦ ਕਰਦਾ ਹੈ, ਬੜੇ ਕੰਮ ਕਰਦਾ ਹੈ ਪਰ ਉਹ ਕਰਮ ਪੇਸ਼ ਨਹੀਂ ਜਾਣ ਦਿੰਦੇ। ਵਾਹਿਗੁਰੂ ਜੀ ਦਾ ਸੁਭਾਅ ਹੈ -

*ਸਦਾ ਸਦਾ ਸਦਾ ਦਇਆਲ॥*
*ਸਿਮਰਿ ਸਿਮਰਿ ਨਾਨਕ ਭਏ ਨਿਹਾਲ॥*
*ਅੰਗ - 275*

ਦਇਆਲੂ ਸੁਭਾਅ ਹੋਣ ਕਰਕੇ ਪ੍ਰਭੂ ਦੇ ਏਸ ਪ੍ਰਬੰਧ ਦੇ ਵਿਚ ਇਕ ਬਹੁਤ ਹੀ ਸੁੰਦਰ ਚੀਜ਼ ਹੈ ਜਿਸਨੂੰ ਬਖਸ਼ਿਸ਼ ਕਹਿੰਦੇ ਨੇ, ਦਇਆਲਤਾ ਕਹਿੰਦੇ ਨੇ। ਜੀਵ ਦੁਖੀ ਹੁੰਦਾ ਹੈ ਪਰ ਪ੍ਰਮੇਸ਼ਰ ਦੀ ਸ਼ਰਨ ਵਿਚ ਆ ਗਿਆ, ਭਜਨ-ਬੰਦਗੀ ਕਰਦਾ ਹੈ, ਪ੍ਰਮੇਸ਼ਰ ਵਲੋਂ ਪ੍ਰਵਾਨ ਹੋਈਆਂ ਰੂਹਾਂ ਜਿਨ੍ਹਾਂ ਨੂੰ ਸਾਧੂ-ਸੰਤ, ਮਹਾਂਪੁਰਸ਼ ਕਹਿੰਦੇ ਨੇ, ਗੁਰੂ ਕਹਿੰਦੇ ਨੇ ਉਹ ਪ੍ਰਮੇਸ਼ਰ ਨੂੰ ਪਿਆਰੀਆਂ ਹੁੰਦੀਆਂ ਨੇ। ਵਾਹਿਗੁਰੂ ਨੇ ਇਕ ਨਿਯਮ ਰੱਖਿਆ ਹੋਇਆ ਹੈ ਸਾਰੀ ਪ੍ਰਕ੍ਰਿਤੀ ਦੇ ਅੰਦਰ ਤੇ ਵਾਹਿਗੁਰੂ ਦਾ ਕੀਤਾ ਹੋਇਆ ਕੰਮ ਜੇ ਉਸ ਦੇ ਪਿਆਰੇ ਚਾਹੁੰਣ ਤਾਂ ਬਦਲ ਦਿੰਦੇ ਨੇ, ਪ੍ਰਾਕ੍ਰਿਤੀ ਦਾ ਸੁਭਾਅ ਬਦਲ ਦਿੰਦੇ ਨੇ।

ਬਾਬਾ ਬੀਰ ਸਿੰਘ ਜੀ ਦੇ ਪਾਸ ਮਹਾਰਾਜਾ ਰਣਜੀਤ ਸਿੰਘ ਆਉਂਦੇ ਨੇ ਤੇ ਆ ਕੇ ਬਾਬਾ ਜੀ ਨੂੰ ਕਹਿਣ ਲੱਗੇ ਕਿ ਜੇ ਛੇਤੀ ਤੋਂ ਛੇਤੀ ਅਸੀਂ ਜਮਰੌਦ ਦੇ ਕਿਲ੍ਹੇ 'ਚ ਨਾ ਪਹੁੰਚੇ ਤਾਂ ਮੁਲਖਈਏ ਦਾ ਐਨਾ ਜ਼ੋਰ ਹੈ ਤੇ ਦੋ ਲੱਖ ਬੰਦਾ ਇਕੱਠਾ ਹੋਇਆ ਹੋਇਆ ਹੈ ਤੇ ਜੇ ਜਮਰੌਦ ਫਤਹਿ ਹੋ ਗਿਆ ਤਾਂ ਇਸੇ ਅਫਗਾਨਿਸਤਾਨ ਵਿਚੋਂ 3 ਲੱਖ ਲੁਟੇਰਾ ਹੋਰ ਚੱਲ ਪੈਣਾ ਹੈ ਤੇ ਸਿੱਖ ਰਾਜ ਅਜੇ ਨਵਾਂ-ਨਵਾਂ ਹੈ, ਐਨੀ ਫੌਜ ਹੈ ਨਹੀਂ ਸਾਡੇ ਕੋਲ ਕਿ ਐਡੀ ਯਲਗਾਰ ਦਾ ਅਸੀਂ ਮੁਕਾਬਲਾ ਕਰ ਸਕੀਏ, ਮੁੜ ਕੇ ਓਹੀ ਹਫੜਾ-ਦਫੜੀ, ਓਹੀ ਬੇਚੈਨੀ, ਓਹੀ ਬੱਚੀਆਂ ਫੜੀਆਂ ਜਾਣਗੀਆਂ, ਲੁੱਟਾਂ-ਮਾਰਾਂ ਹੋਣਗੀਆਂ ਸਤਿ ਟੁੱਟਣਗੇ, ਕੁਹਰਾਮ ਮਚੇਗਾ। ਸੋ ਬਾਬਾ ਜੀ ਏਸ ਵੇਲੇ ਕ੍ਰਿਪਾ ਕਰੋ।

ਆਪ ਸਮਰੱਥ ਪੁਰਸ਼ ਸਨ। ਪ੍ਰਕ੍ਰਿਤੀ ਦੇ ਨਿਯਮ ਦੇ ਵਿਰੁੱਧ ਕਰਨਾ ਪੈਣਾ ਸੀ। ਇਕ ਪਾਸੇ ਪਰਉਪਕਾਰ ਸੀ ਦੂਜੇ ਪਾਸੇ ਪ੍ਰਮੇਸ਼ਰ ਦੇ ਨਾਲ, ਉਸ ਦੀ ਬਣਾਈ ਹੋਈ ਪ੍ਰਕ੍ਰਿਤੀ ਦੇ ਨਾਲ ਇਕ ਬੜਾ ਸੰਘਰਸ਼ ਸੀ। ਸੋ ਦੋਵੇਂ ਪਾਸੇ ਤੋਲ ਕੇ ਕਿਉਂਕਿ ਪਰਉਪਕਾਰ ਮਹਾਂਪੁਰਸ਼ਾਂ ਵਿਚ ਹੁੰਦਾ ਹੈ -

*ਬ੍ਰਹਮ ਗਿਆਨੀ ਪਰਉਪਕਾਰ ਉਮਾਹਾ॥*
*ਅੰਗ - 273*

ਉਨ੍ਹਾਂ ਨੇ ਦਰਿਆ ਅਟਕ ਦੇ ਕੋਲ ਜਾ ਕੇ ਅਵਾਜ਼ ਦਿਤੀ ਕਿ ਅਸੀਂ ਪਾਠ ਕਰਨਾ ਹੈ, ਸੁਖਮਨੀ ਸਾਹਿਬ ਦਾ ਤੇ ਤੂੰ ਰਾਹ ਦੇ ਦੇ, ਖੜ੍ਹ ਜਾਹ ਜਿੱਥੇ ਹੈਂ। ਪਾਣੀ ਦਾ ਸੁਭਾਅ ਵਹਿਣਾ ਹੁੰਦਾ ਹੈ ਪਾਣੀ ਕਦੇ ਰੁਕਦਾ ਨਹੀਂ ਹੁੰਦਾ। ਜੇ ਬੰਨ੍ਹ ਲਾ ਦਿਓ ਤਾਂ ਪਾਣੀ ਉਥੇ ਆ ਕੇ ਜਮ੍ਹਾਂ ਹੋਈ ਜਾਂਦਾ ਹੈ ਇਕ ਸਮਾਂ

ਆਉਂਦਾ ਹੈ ਕਿ ਜੇ ਉਸ ਨੂੰ ਨਾ ਨਿਕਾਸੀ ਮਿਲੇ ਤਾਂ ਬੰਨ੍ਹ ਦੇ ਉਤੋਂ ਦੀ ਹੋ ਕੇ ਚਲਣਾ ਸ਼ੁਰੂ ਹੋ ਜਾਂਦਾ ਹੈ, ਰੁਕਿਆ ਨਹੀਂ ਕਰਦਾ। ਜਿਥੋਂ-ਜਿਥੋਂ ਪਾਣੀ ਆ ਰਿਹਾ ਹੈ, ਪਹਾੜ ਦੀ ਚੋਟੀ ਤੋਂ ਆ ਰਿਹਾ ਹੈ। ਹੁਣ ਕਿੱਡੀ ਵੱਡੀ ਬਾਤ ਸੀ ਮਹਾਂਪੁਰਸ਼ਾਂ ਦੇ ਸਾਮ੍ਹਣੇ ਕਿ ਜਿਹੜੀਆਂ ਬਰਫਾਂ ਪਿਘਲ ਰਹੀਆਂ ਨੇ, ਉਹ ਪਿਘਲਣ ਤੋਂ ਹਟ ਜਾਣ, ਜਿਹੜੇ ਪਹਾੜ ਤੋਂ ਪਾਣੀ ਹੇਠਾਂ ਨੂੰ ਗਿਰ ਰਿਹਾ ਹੈ ਉਹ ਉਸ ਥਾਂ ਤੇ ਖੜ੍ਹ ਜਾਵੇ, ਜਿਨ੍ਹਾਂ ਨਦੀਆਂ-ਨਾਲਿਆਂ 'ਚੋਂ ਪਾਣੀ ਆ ਰਿਹਾ ਹੈ ਉਹ ਸਾਰੇ ਨਦੀ ਨਾਲੇ ਉਸੇ ਥਾਂ ਤੇ ਖੜ੍ਹ ਜਾਣ, ਇਸ ਦੇ ਵਿਚ ਫੌਜ ਨੂੰ ਲੰਘਣ ਜੋਗਾ ਥਾਂ ਮਿਲ ਜਾਵੇ ਤੇ ਪਾਣੀ ਖੜ੍ਹ ਕੇ ਉਤਰ ਜਾਵੇ। ਸੋ ਇਹ ਇਕ ਐਸਾ ਕਾਰਜ ਸੀ ਜਿਸ ਨੂੰ ਆਧੁਨਿਕ ਵਿਗਿਆਨ ਜਿਹੜੀ ਹੈ ਉਹ ਮੰਨਣ ਨੂੰ ਤਿਆਰ ਨਹੀਂ ਹੈ। ਲੇਕਿਨ ਜੋ ਸਾਧੂਆਂ ਦਾ ਅਨੁਭਵ ਹੋਇਆ ਕਰਦਾ ਹੈ, ਸ਼ਕਤੀ ਹੁੰਦੀ ਹੈ ਉਹ ਸਾਇੰਸ ਦੇ ਉਤੋਂ ਹੀ ਹੁੰਦੀ ਹੈ। ਜਿਥੋ-ਜਿਥੋਂ ਪਾਣੀ ਚਲ ਰਿਹਾ ਸੀ , ਹਰ ਥਾਂ ਤੇ ਖੜ੍ਹ ਗਿਆ, ਬਾਬਾ ਜੀ ਦੋ ਘੰਟੇ ਸੁਖਮਨੀ ਸਾਹਿਬ ਦਾ ਪਾਠ ਕਰਦੇ ਰਹੇ ਤੇ ਫੌਜ ਲੰਘਾ ਦਿਤੀ। ਫੌਜ ਦੀ ਜਿੱਤ ਹੋਈ। ਬੜੀ ਭਾਰੀ ਆਫਤ ਜਿਹੜੀ ਪੰਜਾਬ ਤੇ ਆਉਣ ਵਾਲੀ ਸੀ ਉਹ ਟਲ ਗਈ। ਉਹ ਪ੍ਰਕ੍ਰਿਤੀ ਤਾਂ ਆਪਣੇ ਸੁਭਾਅ ਨਾਲ ਚਲਦੀ ਹੈ ਪਰ ਕੁਦਰਤ ਨਾਲ ਸੰਘਰਸ਼ ਕਰਨ ਵਾਲਾ ਵੀ ਓਨਾ ਹੀ ਮਜ਼ਬੂਤ ਸੀ।

ਸੋ ਓਸ ਗੱਲ ਨੂੰ ਮੱਦੇਨਜ਼ਰ ਰੱਖ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਇਕ ਸਿਧਾਂਤ ਹੈ ਕਿ ਵਾਹਿਗੁਰੂ ਦੀ ਕੀਤੀ ਹੋਈ ਸਹਿਜੇ ਨਹੀਂ ਟਲਿਆ ਕਰਦੀ ਪਰ ਇਹ Veto power (ਰੱਦ ਕਰਨ ਦੀ ਸ਼ਕਤੀ) ਹੈ। ਗੁਰੂ ਕੋਲ veto power ਹੈ, ਜਿਹੜੇ ਗੁਰੂ ਨਾਲ ਇਕ ਰੂਪ ਹੋਏ ਹੋਏ ਨੇ ਉਨ੍ਹਾਂ ਕੋਲ ਵੀ ਹੁੰਦੀ ਹੈ। ਉਹ ਸਾਰਾ ਸਿਸਟਮ ਬਦਲ ਦਿੰਦੇ ਨੇ।

ਡਾਕਟਰਾਂ ਨੇ ਕਹਿ ਦਿਤਾ ਕਿ ਇਸ ਦੇ ਔਲਾਦ ਨਹੀਂ ਹੋਣੀ। ਉਨ੍ਹਾਂ ਨੇ ਸਿਸਟਮ ਬਦਲ ਦਿਤਾ ਔਲਾਦ ਹੋ ਗਈ। ਮਹਾਰਾਜ ਜੀ ਦੇ ਵੇਲੇ ਸੁਲੇਮਾਨ ਪ੍ਰੇਤ ਦੀ ਸਾਖੀ ਹੈ ਬੜੀ ਲੰਮੀ। ਇਕ ਗੁਰਸਿੱਖ ਸੀ ਗੁਰਦੇਵ ਸਿੰਘ। ਉਸ ਦੇ ਔਲਾਦ ਨਹੀਂ ਸੀ ਹੁੰਦੀ, 12 ਸਾਲ ਤੋਂ ਇਲਾਜ ਕਰਵਾ ਰਿਹਾ ਸੀ ਡਾਕਟਰਾਂ ਤੋਂ। ਉਨ੍ਹਾਂ ਨੇ ਛੋਟਾ ਆਪਰੇਸ਼ਨ ਕਰ ਦਿਤਾ ਤੇ ਨਾਲ ਹੀ ਇਹ ਕਹਿ ਦਿਤਾ ਕਿ ਹੁਣ ਤੇਰੇ ਔਲਾਦ ਨਹੀਂ ਹੋ ਸਕਣੀ ਕਿਉਂਕਿ ਬੱਚੇਦਾਨੀ ਨਕਾਰਾ (unfit) ਹੋ ਗਈ। ਇਧਰ ਮਹਾਂਪੁਰਸ਼ਾਂ ਦੇ ਪਾਸ ਪ੍ਰੇਤ ਬੇਨਤੀਆਂ ਕਰਦਾ ਹੈ ਕਿ ਮੇਰੀ ਮੁਕਤੀ ਕਰੋ।

ਮਹਾਂਪੁਰਸ਼ ਕਹਿਣ ਲੱਗੇ, ਨਿਜਾਤ ਤਾਂ ਮਨੁੱਖ ਬਣ ਕੇ ਹੋਵੇਗੀ।

ਉਨ੍ਹਾਂ ਦੀ ਨਿਗ੍ਹਾ ਵਿਚ ਦੋ ਪਰਿਵਾਰ ਆਏ। ਇਕ ਚਰਨਜੀਤ ਸਿੰਘ, ਸ. ਮੋਹਨ ਸਿੰਘ ਦਾ ਲੜਕਾ। ਉਸ ਦੇ ਕਿਹਾ ਤਾਂ ਪ੍ਰੇਤ ਨੇ ਜਵਾਬ ਦੇ ਦਿਤਾ ਕਿ ਐਨੇ ਪੈਸੇ ਵਾਲਿਆਂ ਦੇ ਮੈਂ ਨਹੀਂ ਜਾਣਾ। ਦੂਸਰਾ ਗੁਰਦੇਵ ਸਿੰਘ ਬੈਠਾ ਸੀ ਮਹਾਰਾਜ ਕਹਿੰਦੇ, ਫੇਰ ਇਸ ਦੇ ਚਲਿਆ ਜਾ। ਉਹ ਕਹਿੰਦਾ ਕਹਿੰਦਾ ਹੀ ਰਹਿ ਗਿਆ ਮਹਾਰਾਜ ਨੂੰ ਕਿ ਮੇਰੀ ਪਤਨੀ ਦਾ ਤਾਂ ਆਪਰੇਸ਼ਨ ਹੋਇਆ ਹੈ, ਡਾਕਟਰਾਂ ਨੇ ਜਵਾਬ ਦਿਤਾ ਹੋਇਆ ਹੈ ਪਰ ਚੁੱਪ ਕਰ ਗਿਆ। ਹੁਣ ਕਿਧਰੇ ਤਾਂ ਮੈਡੀਕਲ ਸਾਇੰਸ ਫੇਲ੍ਹ ਹੋ ਗਈ, ਕਿਧਰੇ ਸਾਰੀਆਂ ਗੱਲਾਂ ਗਲਤ ਹੋ ਗਈਆਂ ਤੇ ਜਾ ਕੇ ਉਸ ਰੂਹ ਨੇ ਪ੍ਰਵੇਸ਼ ਕਰਿਆ ਤੇ ਸਾਰਾ ਹੀ ਸਿਸਟਮ ਅੰਦਰਲਾ ਸਹੀ ਹੋ ਗਿਆ। ਸੇਵਾ ਕਰਨ ਦਾ ਫਲ ਪ੍ਰਾਪਤ ਹੋ ਗਿਆ।

ਸੋ ਇਸ ਤਰ੍ਹਾਂ ਦੇ ਨਾਲ ਜਿਹੜੀ ਇਹ ਪ੍ਰਕ੍ਰਿਤੀ ਦਾ ਸੁਭਾਅ ਹੈ, ਉਸ ਨੂੰ ਬਦਲਣ ਦੀ ਸ਼ਕਤੀ ਪ੍ਰਮੇਸ਼ਰ ਨੇ ਆਪਣੇ ਪਿਆਰਿਆਂ ਨੂੰ ਦੇ ਦਿਤੀ। ਉਹ ਹਰ ਥਾਂ ਨਹੀਂ ਇਸ ਨੂੰ ਵਰਤਦੇ। ਹਰ ਥਾਂ ਵਰਤਣ ਨੂੰ ਤਾਂ ਗੁਰੂ ਮਹਾਰਾਜ ਨੇ ਬਹੁਤ ਬੁਰਾ ਮੰਨਿਆ ਹੈ।

*ਨਾਟਕ ਚੇਟਕ ਕੀਏ ਕੁਕਾਜਾ॥*
*ਪ੍ਰਭ ਲੋਗਨ ਕਹ ਆਵਤ ਲਾਜਾ॥*
***ਬਚਿਤ੍ਰ ਨਾਟਕ ਪਾ: ੧੦***

ਸਿੱਧਾਂ ਕੋਲ ਗੁਰੂ ਮਹਾਰਾਜ ਏਸ ਕਰਕੇ ਗਏ ਸੀ ਕਿ ਤੁਸੀਂ ਸ਼ਕਤੀਆਂ ਦਿਖਾਉਂਦੇ ਹੋ, ਇਹ ਨਾ ਦਿਖਾਓ। ਤੁਸੀਂ ਪ੍ਰਮੇਸ਼ਰ ਨੂੰ ਮਿਲੋ ਪਰ ਜਦੋਂ ਫੇਰ ਵੀ ਪਰਉਪਕਾਰ ਹੁੰਦਾ ਹੈ ਤਾਂ ਗੁਰੂ ਨਾਨਕ ਪਾਤਸ਼ਾਹ, ਗੁਰੂ ਦਸ਼ਮੇਸ਼ ਪਿਤਾ ਸਾਰਿਆਂ ਨੇ ਸ਼ਕਤੀ ਦੀ ਵਰਤੋਂ ਕੀਤੀ। ਰੱਦ ਕਰਨ ਦੀ ਸ਼ਕਤੀ ਵਰਤੀ। ਗੁਰੂ ਛੇਵੇਂ ਪਾਤਸ਼ਾਹ ਨੇ, ਇਕ ਬੀਬੀ ਦੇ ਪੁੱਤਰ ਹੁੰਦਾ ਨਹੀਂ ਸੀ। ਮੰਗਦੀ ਇਕ ਸੀ ਸੱਤ ਦੇ ਦਿਤੇ। ਗੁਰੂ ਚੌਥੇ ਪਾਤਸ਼ਾਹ ਵੇਲੇ ਭਾਈ ਆਦਮ ਪੁੱਤਰ ਦੀ ਦਾਤ ਮੰਗਦਾ ਸੀ, ਸੇਵਾ ਕਰਕੇ ਗੁਰੂ ਨੂੰ ਹੱਦ ਤੋਂ ਜ਼ਿਆਦਾ ਪ੍ਰਸੰਨ ਕਰ ਲਿਆ। ਪ੍ਰਸੰਨਤਾ ਦੀ ਲਹਿਰ ਉਠਿਆ ਕਰਦੀ ਹੈ ਸਾਧੂਆਂ ਸੰਤਾਂ ਦੇ ਅੰਦਰ, ਪਰ ਕਦੇ ਕਦੇ ਉਠਦੀ ਹੈ। ਉਸਨੂੰ ਅਉਸਰ ਕਹਿੰਦੇ ਨੇ। ਜੇ ਤਾਂ ਕੋਈ ਸੰਭਾਲ ਲਏ ਤਾਂ ਉਸ ਦੇ ਸਾਰੇ ਹੀ ਕੰਮ ਬਣ ਜਾਂਦੇ ਨੇ। ਨਾ ਸੰਭਾਲੇ ਤਾਂ ਉਹ ਜਾਂਦੀ ਰਹਿੰਦੀ ਹੈ।

ਉਹ ਅਉਸਰ ਤਿੰਨ ਦਿਨ ਕਾਇਮ ਰਿਹਾ। ਤਿੰਨ ਵਾਰੀ ਬਚਨ ਕਰੇ ਕਿ ਤੂੰ ਕੁਝ ਚਾਹੁੰਦਾ ਹੈਂ। ਅਖੀਰ ਉਸ ਨੇ ਕਿਹਾ ਕਿ ਮੈਂ ਲੜਕਾ ਚਾਹੁੰਦਾ ਹਾਂ, ਮੇਰੇ ਲੜਕਾ ਨਹੀਂ ਹੈ 70 ਸਾਲ ਦੀ ਉਮਰ ਹੋ ਗਈ। ਮਹਾਰਾਜ ਜੀ ਨੇ ਬਖਸ਼ਿਸ਼ ਕਰ ਦਿਤੀ।

ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਕੋਲ ਇਕ 90 ਸਾਲ ਦਾ ਪਠਾਣ ਆਇਆ, ਬੜੀ ਅਧੀਨਗੀ ਦੇ ਨਾਲ ਆਇਆ ਤੇ ਆਪ ਸਰਹੱਦੀ ਸੂਬੇ ਵਿਚ ਬੈਠੇ ਨੇ। ਉਹ ਅਉਸਰ ਆ ਗਿਆ ਬਚਨ ਕਰਨ ਦਾ।

ਕਹਿਣ ਲੱਗੇ, "ਬਾਬਾ! ਕਿੰਨੇ ਵਿਆਹ ਨੇ?"

ਕਹਿੰਦਾ, "ਪੰਜ ਨੇ। ਦੋ ਚੜ੍ਹਾਈ ਕਰ ਗਈਆਂ। ਸਭ ਤੋਂ ਵੱਡੀ ਹੁਣ 70 ਸਾਲ ਦੀ ਹੈ।"

ਮਹਾਰਾਜ ਕਹਿੰਦੇ, "ਜਾਹ, ਫੇਰ 70 ਸਾਲ ਵਾਲੀ ਦੇ ਹੀ ਲੜਕਾ ਹੋਵੇਗਾ।"

ਸੋ ਉਹ ਸਾਰੀ ਚੀਜ਼ ਫੇਲ੍ਹ ਹੋ ਜਾਇਆ ਕਰਦੀ ਹੈ ਪਰ ਉਸ ਦੇ ਵਿਚ ਸ਼ਰਤ ਇਹ ਹੁੰਦੀ ਹੈ। ਇਕ ਤਾਂ ਸਧਾਰਨ ਜਾ ਕੇ ਜਿਵੇਂ ਦੁਕਾਨ ਤੋਂ ਸੌਦਾ ਲੈਂਦੇ ਨੇ ਇਸੇ ਤਰ੍ਹਾਂ ਮਹਾਂਪੁਰਸ਼ਾਂ ਕੋਲ ਜਾ ਕੇ ਜੀ ਮੇਰਾ ਆਹ ਹੋ ਜਾਵੇ, ਮੇਰਾ ਆਹ ਹੋ ਜਾਵੇ। ਇਕ ਉਹ ਹੈ ਜਿਹੜੇ ਸੇਵਾ ਕਰਦੇ ਨੇ, ਗੁਰੂ ਦੀ ਸੇਵਾ ਕਰਦੇ ਨੇ। ਉਹ ਸੇਵਾ ਦੇਖ ਕੇ ਮਹਾਤਮਾ ਦੇ ਮਨ ਵਿਚ ਪ੍ਰਸੰਨਤਾ ਆ ਜਾਂਦੀ ਹੈ। ਉਨ੍ਹਾਂ ਦੇ ਅੰਦਰ ਇਕ ਲਹਿਰ ਉਠ ਖੜ੍ਹਦੀ ਹੈ ਤੇ ਉਹ ਕੰਟਰੋਲ ਨਹੀਂ ਹੁੰਦੀ ਤੇ ਉਨ੍ਹਾਂ ਦੇ ਮੂੰਹ ਤੋਂ ਨਿਕਲ ਜਾਂਦਾ ਹੈ ਕਿ ਜਾਹ ਤੇਰਾ ਇਹ ਕੰਮ ਹੋ ਜਾਏਗਾ। ਹੋਵੇਗਾ, ਕਿਉਂ ਨਹੀਂ ਹੋਵੇਗਾ? ਉਹ ਦਇਆਲਤਾ ਹੈ, ਕੋਈ ਸਿਸਟਮ ਐਸਾ ਹੈ ਪ੍ਰਮੇਸ਼ਰ ਵਲੋਂ ਹੀ ਕਿ ਉਹ ਮੌਕਾ ਆ ਜਾਂਦਾ ਹੈ, ਮੌਕਾ ਆਏ ਤੋਂ ਉਹ ਬਾਤ ਹੋ ਜਾਂਦੀ ਹੈ। ਸੋ ਏਸ ਤਰ੍ਹਾਂ ਦੇ ਨਾਲ ਕਰਮ ਟਲ ਜਾਇਆ ਕਰਦੇ ਨੇ ਕਿਉਂਕਿ veto power ਹੈ। ਸੋ ਗੁਰੂ ਮਹਾਰਾਜ ਜੀ ਨੇ ਏਸ ਸ਼ਬਦ ਦੇ ਅੰਦਰ ਦੋ ਤਿੰਨ ਸਿਧਾਂਤ ਦਿਤੇ ਨੇ।

ਪਹਿਲਾ ਇਹ ਕਿ ਵਾਹਿਗੁਰੂ ਜੀ ਨੇ ਖੁਸ਼ੀਆਂ ਬਖਸ਼ੀਆਂ ਤੇ ਦੁਖ ਦੂਰ ਕਰ ਦਿਤੇ। ਦੂਸਰਾ ਇਹ ਦਿਤਾ ਹੈ ਕਿ ਬੜੇ ਭਾਰੇ ਵਿਘਨ ਸਨ ਉਹ ਵਿਘਨ ਦੂਰ ਹੋ ਗਏ। ਤੀਸਰਾ ਇਹ ਸੀ ਕਿ ਸੇਵਾ ਕੀਤੀ ਹੈ ਤੇ ਸੇਵਾ ਕਰਨ ਦੇ ਨਾਲ ਜਿਹੜੀਆਂ ਔਖਿਆਈਆਂ ਸੀ ਉਹ ਮਹਾਰਾਜ ਜੀ ਨੇ ਦੂਰ ਕਰ ਦਿਤੀਆਂ।

ਸੋ ਪਾਠ ਹੋਇਆ ਹੈ ਤੇ ਸੇਵਾ ਕਰਦਿਆਂ ਦਾ ਮਨ ਏਸ ਪਾਸੇ ਰਿਹਾ ਕਿ ਸਾਡਾ ਕਾਰਜ ਸਫਲ ਹੋ ਜਾਵੇ। ਮੈਂ ਕੱਲ੍ਹ ਵੀ ਦੱਸਿਆ ਸੀ ਕਿ ਇਹ ਇਕ ਅਵਸਰ ਹੋਇਆ ਕਰਦਾ ਹੈ। 24 ਘੰਟੇ ਵਿਚ ਇਕ ਵਾਰੀ ਆਉਂਦਾ ਹੈ। ਸਾਂਭਦਾ ਕੋਈ ਕੋਈ ਹੈ ਆਉਂਦਾ ਸਭ ਪਾਸ ਹੈ।

ਇਕ ਮਹਾਤਮਾ ਐਸੇ ਹੀ ਬਚਨ ਕਰ ਰਹੇ ਸੀ। ਉਨ੍ਹਾਂ ਦਾ ਸੇਵਕ ਸੀ। ਕਹਿਣ ਲੱਗਿਆ ਮੈਂ 24 ਘੰਟੇ ਹੀ ਮੰਗੀ ਜਾਣਾ ਹੈ। ਗਾਗਰ ਰੱਖ ਲਈ ਸਾਮ੍ਹਣੇ ਲੋਹੇ ਦੀ, ਕਹਿੰਦਾ ਸੋਨੇ ਦੀ ਬਣ ਜਾਹ........। ਬਾਰ੍ਹਾਂ ਘੰਟੇ ਕਹੀ ਗਿਆ। ਉਸ ਨੇ ਸੋਚਿਆ ਕਿ ਬਣੀ ਹੀ ਨਹੀਂ, ਪਤਾ ਨਹੀਂ ਸੰਤ ਝੂਠ ਬੋਲਦੇ ਨੇ, ਵਿਸ਼ਵਾਸ਼ ਕਮਜ਼ੋਰ ਹੋਣ ਲਗ ਗਿਆ। ਐਨੇ ਨੂੰ ਲੋਕ ਸੌਂ ਗਏ। ਇਸ ਨੂੰ ਵੀ ਨੀਂਦ ਆਉਣ ਲਗ ਗਈ। ਬੜੀ ਵਾਰੀ ਖਿਆਲ ਆਇਆ ਕਿ ਪੈ ਜਾਵਾਂ, ਐਵੇਂ ਹੀ ਮੈਂ ਗਲਤ ਕੰਮ ਦੇ ਵਿਚ ਲਗ ਗਿਆ, ਸਾਰੇ ਸੌਂ ਗਏ, ਇਹ ਇਹੀ ਕਹੀ ਗਿਆ ਕਿ ਸੋਨੇ ਦੀ ਹੋ ਜਾਹ। ਅੰਦਰ ਖਿਆਲ ਚਲ ਪਏ ਕਿ ਇਹ ਤਾਂ ਐਵੇਂ ਹੀ ਹੈ। ਜੇ ਐਉਂ ਹੋਵੇ ਤਾਂ ਸਾਰੀ ਦੁਨੀਆਂ ਹੀ ਏਸੇ ਤਰ੍ਹਾਂ ਕਰ ਲਏ। ਅਖੀਰ ਛਿੱਥਾ ਪੈ ਗਿਆ ਫੇਰ ਸਾਰੇ ਉਠ ਖੜ੍ਹੇ, ਇਸ਼ਨਾਨ ਕਰ ਲਏ ਆਪਣੇ ਪੂਜਾ-ਪਾਠ ਕਰਨ ਲਗ ਗਏ। ਇਹ ਅਜੇ ਵੀ ਬੈਠਾ ਕਹੀ ਜਾਵੇ। ਅਖੀਰ 23 ਘੰਟੇ ਲੰਘ ਗਏ ਬੈਠੇ ਨੂੰ ਕਹਿੰਦਾ ਇਹ ਤਾਂ ਐਵੇਂ ਹੀ ਹੈ। ਜੇ ਹੁੰਦੀ ਤਾਂ ਅਵਸਰ ਆ ਜਾਂਦਾ 24 ਘੰਟੇ ਜ਼ਰੂਰੀ ਹੈ? ਜਦੋਂ 24 ਘੰਟਿਆਂ ਦੇ ਨੇੜੇ ਗਿਆ ਤਾਂ ਕਹਿੰਦੇ ਦੇਖ! ਜੇ ਬਣਨਾ ਹੈ ਤਾਂ ਬਣ ਜਾਹ ਸੋਨੇ ਦੀ ਨਹੀਂ ਤੂੰ ਮਿੱਟੀ ਦੀ ਹੋ ਜਾਹ, ਉਸ ਵੇਲੇ ਉਹ ਮਿਟੀ ਦੀ ਬਣ ਗਈ। ਸਮਾਂ ਆਇਆ ਸੀ ਓਸ ਵੇਲੇ। ਸਭ ਦੇ ਕੋਲ ਇਹ ਸਮਾਂ ਆਉਂਦਾ ਹੈ।

ਮਹਾਰਾਜ ਕਹਿੰਦੇ ਜਿਹੜਾ ਆਹ ਮਾਨਸ ਜਨਮ ਹੈ, ਇਹ ਕਰੋੜਾਂ ਸਾਲ ਤੋਂ ਬਾਅਦ ਇਕ ਸਮਾਂ ਆਇਆ ਤੁਹਾਡਾ ਪ੍ਰਮੇਸ਼ਰ ਨਾਲ ਮਿਲਣ ਵਾਲਾ। ਇਸ ਦੇ ਵਿਚ ਜਦੋਂ ਤੁਸੀਂ ਪ੍ਰਮੇਸ਼ਰ ਦੇ ਨਾਲ ਮਿਲੋਗੇ, ਹੁਕਮ ਤਾਂ ਵਾਹਿਗੁਰੂ ਦਾ ਚਲਣਾ ਹੈ ਜੇ ਤੁਸੀਂ ਇੱਛਾ ਕਰੋਗੇ ਤਾਂ ਤੁਹਾਡੀ ਇੱਛਾ ਮੰਨ ਲਈ ਜਾਵੇਗੀ। ਉਹ ਜਿਹੜੀ ਔਖਿਆਈ ਆ ਰਹੀ ਹੈ, ਕਰੜਾਈਆਂ ਆ ਰਹੀਆਂ ਨੇ, ਉਹ ਕਰੜਾਈਆਂ ਤੇ ਔਖਿਆਈਆਂ ਜਾਂ ਸੁਪਨੇ 'ਚ ਲੰਘ ਜਾਣਗੀਆਂ ਜਾਂ ਥੋੜ੍ਹਾ ਜਿਹਾ ਝਟਕਾ ਦੇ ਕੇ ਲੰਘ ਜਾਣਗੀਆਂ।

ਸੋ ਇਥੇ ਜਦੋਂ ਗੁਰੂ ਮਹਾਰਾਜ ਜੀ ਦਾ ਓਟ-ਆਸਰਾ ਲੈ ਕੇ 48 ਘੰਟੇ ਲਗਾਤਾਰ ਪਾਠ ਚੱਲਿਆ ਹੈ। ਸਹਿਜ ਸੁਭਾਅ ਮਹਾਰਾਜ ਜੀ ਨੇ ਇਹ ਹੁਕਮ ਦੇ ਦਿਤਾ। ਵਾਹਿਗੁਰੂ ਜੀ ਕ੍ਰਿਪਾ ਕਰਨ ਸੋਝੀ ਏਸ ਪਰਿਵਾਰ ਨੂੰ ਰੂਹਾਨੀਅਤ ਦੀ ਬੜੀ ਅੱਛੀ ਹੈ, ਮਦਰਾ ਮਾਸ ਨਹੀਂ ਖਾਂਦੇ ਹਨ, ਕਿਸੇ ਦਾ ਦਿਲ ਦੁਖੀ ਨਹੀਂ ਕਰਦੇ। ਮਿਹਨਤ ਕਰਨ ਵਾਲਾ ਪਰਿਵਾਰ ਹੈ। ਗੁਰੂ ਮਹਾਰਾਜ ਕ੍ਰਿਪਾ ਕਰਨ ਇਨ੍ਹਾਂ ਦਾ ਕਾਰਜ ਸੰਗਤ ਦੀ ਅਰਦਾਸ ਨਾਲ ਤੇ ਗੁਰੂ ਮਹਾਰਾਜ ਜੀ ਦੇ ਹੁਕਮ ਨਾਲ ਸਹੀ ਸਲਾਮਤ ਚਲਦਾ ਰਹੇ ਤੇ ਜਿਸ ਦੇ ਵਿਚੋਂ ਪ੍ਰਮੇਸ਼ਰ ਨਮਿਤ ਵੀ ਕੱਢਦੇ ਰਹਿਣ ਤੇ ਇਹ ਆਪ ਵੀ ਆਪਣਾ ਕਾਰਜ ਬਹੁਤ ਸਫਲਤਾ ਦੇ ਨਾਲ ਚਲਾਉਂਦੇ ਰਹਿਣ।

ਵਾਹਿਗੁਰੂ ਜੀ ਕਾ ਖਾਲਸਾ

ਵਾਹਿਗੁਰੂ ਜੀ ਕੀ ਫਤਹਿ

# ਕਹੁ ਨਾਨਕ ਕਰਤੇ ਕੀਆ ਬਾਤਾ

ਸਾਧ ਸੰਗਤ ਜੀ!

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

ਸੁਭਾਗ ਬਣਿਆ, ਹਰੀ ਦਾ ਜਸ ਹੋਇਆ, ਆਪ ਨੇ ਸੁਣਿਆ। ਇਕ ਉਦਮ ਸੀ ਕਿ ਵਾਹਿਗੁਰੂ ਚਿਤ ਆਵੇ, ਸੁਰਤੀ ਓਸ ਨਾਲ ਲੱਗ ਜਾਵੇ। ਸੋ ਮਹਾਰਾਜ ਜੀ ਦਾ ਜੋ ਹੁਕਮ ਆਇਆ, ਕਿ ਜੋ ਅਨਾਥਾਂ ਦਾ ਨਾਥ ਹੈ, ਉਸ ਨੂੰ ਕਦੇ ਵੀ ਭੁੱਲ ਨਾ, ਉਸ ਦੇ ਹੱਥ ਵਿਚ ਹੈ ਸਭ ਕੁਝ ਜੋ ਕੁਝ ਉਸ ਨੇ ਕਰਨਾ ਹੈ-

*ਕਹੁ ਨਾਨਕ ਕਰਤੇ ਕੀਆ ਬਾਤਾ*
*ਜੋ ਕਿਛੁ ਕਰਣਾ ਸੁ ਕਰਿ ਰਹਿਆ॥*
*ਅੰਗ - 469*

ਸੋ ਇਸ ਸ਼ਬਦ ਦੇ ਅੰਦਰ ਬਹੁਤ ਸਾਰੀਆਂ ਵਿਚਾਰਾਂ ਆਉਂਦੀਆਂ ਹਨ। ਇਕ ਇਹ ਸੀ ਕਿ ਜੀਵਨ ਪ੍ਰਾਪਤ ਹੁੰਦਾ ਹੈ ਜੇ ਨਾਮ ਦੇ ਵਿਚ ਰਹਿਆ ਜਾਵੇ, ਜੇ ਨਾਮ ਤੋਂ ਭੁਲਿਆ ਰਹੇ ਤਾਂ ਅਸੀਂ ਤਾਂ ਕਹਿੰਦੇ ਹਾਂ ਕਿ ਇਹ ਬੰਦਾ ਜੀਉਂਦਾ ਹੈ। ਡਾਕਟਰੀ ਹਿਸਾਬ ਨਾਲ ਤਾਂ ਉਹ ਜੀਅ ਰਿਹਾ ਹੈ, ਦੁਨੀਆਂ ਦੇ ਪੱਖ ਤੋਂ ਜੀਉ ਰਿਹਾ ਹੈ ਲੇਕਿਨ ਜੋ ਰੂਹਾਨੀ ਮੰਡਲ ਹੈ ਉਸ ਪਾਸਿਓਂ ਉਹ ਜੀਵਨ ਨਹੀਂ ਹੈ, ਮ੍ਰਿਤਕ ਹੈ। ਦੋਹਾਂ ਜੀਵਨਾਂ ਦੇ ਵਿਚ ਕੋਈ ਫਰਕ ਹੈ, ਨਹੀਂ ਮਹਾਰਾਜ ਜੀ ਐਸਾ ਫੁਰਮਾਨ ਨਾ ਕਰਦੇ -

*ਅਤਿ ਸੁੰਦਰ ਕੁਲੀਨ ਚਤੁਰ*
*ਮੁਖਿ ਙਿਆਨੀ ਧਨਵੰਤ॥ ਅੰਗ - 253*

ਇਕ ਆਦਮੀ ਦੇ ਅੰਦਰ ਪੰਜ ਵੱਡੀਆਂ ਸਿਫਤਾਂ ਨੇ। ਅਤੀ ਕਹਿੰਦੇ ਨੇ ਜਿਸ ਤੋਂ ਅੱਗੇ ਕੋਈ ਚੀਜ਼ ਨਾ ਹੋਵੇ। ਉਹ ਸੁੰਦਰ ਹੈ ਹੱਦ ਤੋਂ ਜਿਆਦਾ, ਕੁਲੀਨ ਹੈ, ਚਤੁਰ ਹੈ। ਗੱਲਾਂ ਬਾਤਾਂ ਬਹੁਤ ਜਾਣਦਾ ਹੈ ਤੇ ਮੂੰਹ ਦਾ ਗਿਆਨੀ ਵੀ ਹੈ। ਅਨੁਭਵ ਦਾ ਗਿਆਨੀ ਨਹੀਂ ਹੈ, ਮੂੰਹ ਦਾ ਗਿਆਨੀ ਹੈ। ਮੂੰਹ ਦੇ ਨਾਲ ਵੱਡੇ ਵੱਡੇ ਗਿਆਨ ਕਰ ਸਕਦਾ ਹੈ ਲੇਕਿਨ ਆਪ ਹਨ੍ਹੇਰੇ ਵਿਚ ਹੈ ਫੇਰ ਧਨ ਐਨਾ ਹੈ ਉਸ ਦੇ ਕੋਲ ਕਿ ਸਭ ਤੋਂ ਜਿਆਦਾ ਦੁਨੀਆਂ ਦੇ ਅੰਦਰ। ਇਹ ਇਕ ਜੀਵਨ ਹੈ ਜਿਸ ਨੂੰ ਸਾਰੀ ਦੁਨੀਆਂ ਲੋਚਦੀ ਹੈ। ਧਨ ਨੂੰ ਵੀ ਲੋਚਦੇ ਨੇ, ਚਤੁਰਤਾ ਨੂੰ ਵੀ ਲੋਚਦੇ ਨੇ, ਗਿਆਨ ਵੀ ਲੋਚਦੇ ਨੇ, ਸੁੰਦਰ ਹੋਣਾ ਵੀ ਲੋਚਦੇ ਨੇ, ਉੱਚਾ ਹੋਣਾ ਵੀ ਲੋਚਦੇ ਨੇ। ਬਹੁਤ ਵੱਡੀ ਪ੍ਰਾਪਤੀ ਹੈ ਇਹ ਦੁਨੀਆਂ ਦੇ ਅੰਦਰ, ਸਾਰੀ ਦੁਨੀਆਂ ਏਸ ਚੀਜ਼ ਵਾਸਤੇ ਦੌੜੀ ਫਿਰਦੀ ਹੈ, ਬੜੇ ਔਖੇ ਔਖੇ ਕੰਮ ਕਰਦੇ ਨੇ, ਪਾਣੀ ਦੀ ਤਹਿ ਤੱਕ ਪਹੁੰਚਦੇ ਨੇ, ਧਰਤੀ ਅੰਦਰ ਖਾਨਾਂ ਵਿਚ ਕੰਮ ਕਰਦੇ ਨੇ, ਖਤਰਨਾਕ ਕੰਮ ਕਰਦੇ ਨੇ ਕਿ ਇਹ ਚੀਜ਼ਾਂ ਸਾਨੂੰ ਪ੍ਰਾਪਤ ਹੋ ਜਾਣ। ਮਹਾਰਾਜ ਜੀ ਨੇ ਇਹੋ ਹੀ ਬੁਰਸ਼ ਦੇ ਨਾਲ ਇਕ ਬੰਦੇ ਦੇ ਵਿਚ ਸਾਰੀਆਂ ਹੀ ਚੀਜ਼ਾਂ ਲਿਆ ਦਿੱਤੀਆਂ ਕਿ ਉਹ ਸੁੰਦਰ ਵੀ ਹੱਦ ਤੋਂ ਜਿਆਦਾ ਹੈ, ਚਤੁਰ ਵੀ ਹੱਦ ਤੋਂ ਜ਼ਿਆਦਾ ਹੈ, ਫੇਰ ਕੁਲੀਨ ਵੀ ਹੈ, ਜੋਰ ਵਾਲਾ ਵੀ ਹੱਦ ਤੋਂ ਜ਼ਿਆਦਾ ਹੈ, ਚਤੁਰ ਵੀ ਹੱਦ ਤੋਂ ਜਿਆਦਾ ਹੈ ਫੇਰ ਕੁਲੀਨ ਵੀ ਹੈ, ਜ਼ੋਰ ਵਾਲਾ ਵੀ ਹੈ ਤੇ ਗਿਆਨਵਾਨ ਵੀ ਹੈ ਤੇ ਪੈਸਾ ਵੀ ਉਸ ਦੇ ਕੋਲ ਸਾਰੀ ਦੁਨੀਆਂ ਤੋਂ ਜਿਆਦਾ ਹੈ। ਹੁਣ ਤੁਲਨਾ ਕਰਦੇ ਨੇ ਕਿ ਇਕ ਪਾਸੇ ਤਾਂ ਉਹ ਹੈ ਜਿਸ ਦੇ ਕੋਲ ਐਨਾ ਕੁਝ ਹੈ ਤੇ ਨਾਲ ਉਹ ਜੀਉਂਦਾ ਹੈ, ਸਾਡੀ ਨਿਗ੍ਹਾ ਦੇ ਅੰਦਰ ਜੀਉਂਦਾ ਹੈ।

ਮਹਾਰਾਜ ਕਹਿੰਦੇ ਇਹ ਜਿਹੜੀ ਜਿੰਦਗੀ ਹੈ, ਇਹ ਤਾਂ ਕੁਝ ਵੀ ਨਹੀਂ ਇਹ ਤਾਂ ਬੂਟਿਆਂ ਦੇ ਵਿਚ ਵੀ ਹੈ, ਪਸ਼ੂਆਂ ਦੇ ਅੰਦਰ ਵੀ ਹੈ। ਮਨੁੱਖ ਨੂੰ ਕੋਈ ਹੋਰ ਜਿੰਦਗੀ ਦੀ ਲੋੜ ਹੈ। ਐਨਾ ਕੁਝ ਹੋਣ ਦੇ ਬਾਵਜੂਦ ਮਹਾਰਾਜ ਕਹਿੰਦੇ -

*ਮਿਰਤਕ ਕਹੀਅਹਿ ਨਾਨਕਾ*
*ਜਿਹ ਪ੍ਰੀਤਿ ਨਹੀ ਭਗਵੰਤ॥ ਅੰਗ-253*

ਜੇ ਵਾਹਿਗੁਰੂ ਨਾਲ ਪਿਆਰ ਨਹੀਂ ਹੈ, ਅੰਦਰੋਂ ਪਿਆਰ ਦੀ ਰੌਂ ਨਹੀਂ ਚਲਦੀ, ਖਿੱਚ ਨਹੀਂ ਪੈਂਦੀ ਤਾਂ ਮਾਇਆ ਦਾ ਮਨੂਰ ਕੀਤਾ ਹੋਇਆ ਮਨ ਹੈ ਉਹ, ਜਲਿਆ ਹੋਇਆ ਮਨ -

*ਕੋਇਲੇ ਪਾਪ ਪੜੇ ਤਿਸੁ ਊਪਰਿ*
*ਮਨੁ ਜਲਿਆ ਸੰਨ੍ਹੀ ਚਿੰਤ ਭਈ॥*
*ਅੰਗ - 990*

ਜਿਸ ਤਰ੍ਹਾਂ ਸੰਨ੍ਹੀ ਕਦੇ ਗਰਮ ਪਾਣੀ ਵਿਚ, ਕਦੇ ਫੇਰ ਅੱਗ ਵਿਚ, ਕਦੇ ਠੰਢੇ ਪਾਣੀ ਵਿਚ ਤੱਤੀਆਂ ਠੰਢੀਆਂ ਚੀਜ਼ਾਂ ਨੂੰ ਫੜਦੀ ਹੈ। ਹੌਲੀ ਹੌਲੀ ਉਸ ਦੇ ਵਿਚ ਜੋ ਤਾਕਤ ਹੈ ਉਹ ਖਤਮ ਹੋ ਜਾਂਦੀ ਹੈ, ਭੁਰ ਜਾਂਦੀ ਹੈ। ਇਸੇ ਤਰ੍ਹਾਂ ਮਹਾਰਾਜ ਕਹਿੰਦੇ ਇਹ ਜੋ ਜੀਵਨ ਹੈ ਇਕ ਪਾਸੇ ਦਾ ਮਾਇਆ ਵਾਲਾ ਜੀਵਨ, ਮਾਇਆ ਦੀਆਂ ਸਭ ਤੋਂ ਵੱਡੀਆਂ ਪ੍ਰਾਪਤੀਆਂ। ਕਹਿੰਦੇ ਇਹ ਜੀਵਨ ਨਹੀਂ ਹੈ ਇਹ ਤਾਂ ਕੋਈ ਮੁਰਦਾ ਹਾਲਤ ਹੈ। ਮਨੁੱਖ ਦਾ ਜਨਮ ਪਾ ਕੇ ਵੀ ਜੀਵਨ ਇਸ ਨੂੰ ਪ੍ਰਾਪਤ ਨਹੀਂ ਹੋਇਆ। ਸੋ ਉਹ ਜੀਵਨ ਕੋਈ ਹੋਰ ਹੈ ਜਿਸਦੇ ਵੱਲ ਇਸ਼ਾਰਾ ਕਰਦੇ ਨੇ। ਕੋਈ ਬਹੁਤ ਵਧੀਆਂ

ਹੋਣੈ। ਕਹਿੰਦੇ ਉਸ ਦੇ ਵਿਚ ਦੁਖ ਮਹਿਸੂਸ ਨਹੀਂ ਹੁੰਦਾ, ਮੰਨਦਾ ਹੀ ਨਹੀਂ -

*ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥*

*ਅੰਗ - 633*

ਕਦੇ ਦੁਅੰਧ (ਦੁਚਿੱਤੀ) ਅਵਸਥਾ ਵਿਚ ਨਹੀਂ ਆਉਂਦਾ। ਸੋ ਐਸਾ ਜੋ ਜੀਵਨ ਹੈ ਮਹਾਰਾਜ ਉਸ ਨੂੰ ਜੀਵਨ ਆਖਦੇ ਨੇ।

*ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥*
*ਨਾਨਕ ਅਵਰੁ ਨ ਜੀਵੈ ਕੋਇ॥*
*ਜੇ ਜੀਵੈ ਪਤਿ ਲਥੀ ਜਾਇ॥*
*ਸਭੁ ਹਰਾਮੁ ਜੇਤਾ ਕਿਛੁ ਖਾਇ॥*

*ਅੰਗ - 142*

ਜਿੰਨਾ ਖਾ ਰਿਹਾ ਹੈ ਵਾਹਿਗੁਰੂ ਜੀ ਦਾ ਦਿੱਤਾ ਹੋਇਆ ਤੇ ਉਸ ਦੇ ਨਾਲ ਪਿਆਰ ਨਹੀਂ, ਕਹਿੰਦੇ 'ਹਰਮ' ਖਾ ਰਿਹਾ ਹੈ ਉਹ, ਹਲਾਲ ਨਹੀਂ ਹੈ, ਉਹ ਹਰਾਮ ਹੈ, ਹੱਕ ਨਹੀਂ ਹੈ ਬੇਹੱਕ ਹੈ, ਮੁਰਦਾਰ ਖਾ ਰਿਹਾ ਹੈ।

ਸੋ ਉਸ ਦੇ ਬਾਰੇ ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ ਉਹ ਜੀਵਨ ਉਦਮ ਕਰਕੇ ਅਨੰਦ ਦੀ ਪ੍ਰਾਪਤੀ ਹੁੰਦੀ ਹੈ ਤੇ ਸਿਮਰਨ ਦੇ ਨਾਲ ਸੁੱਖਾਂ ਦਾ ਸਾਰ ਪ੍ਰਾਪਤ ਹੋ ਜਾਂਦਾ ਹੈ ਤੇ ਨਾਮ ਜੱਪਣ ਦੇ ਨਾਲ, ਜਦੋਂ ਨਾਮ ਦੇ ਮੰਡਲ ਵਿਚ ਪਹੁੰਚ ਜਾਂਦਾ ਹੈ ਉਥੇ ਇਕ ਅਜੀਬ ਹੀ ਜਿੰਦਗੀ ਹੈ। ਜਿਸ ਦੇ ਬਾਰੇ ਫੁਰਮਾਨ ਕਰਿਆ ਹੈ ਕਿ -

*ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥*
*ਸੁਖ ਸਨੇਹੁ ਅਰੁ ਭੈ ਨਹੀ ਜਾ ਕੈ*
*ਕੰਚਨ ਮਾਟੀ ਮਾਨੈ ॥ ੧ ॥ ਰਹਾਉ ॥*
*ਨਹ ਨਿੰਦਿਆ ਨਹ ਉਸਤਤਿ*
*ਜਾ ਕੈ ਲੋਭੁ ਮੋਹੁ ਅਭਿਮਾਨਾ ॥*
*ਹਰਖ ਸੋਗ ਤੇ ਰਹੈ ਨਿਆਰਉ*
*ਨਾਹਿ ਮਾਨ ਅਪਮਾਨਾ ॥ ੧ ॥*
*ਆਸਾ ਮਨਸਾ ਸਗਲ ਤਿਆਗੈ*
*ਜਗ ਤੇ ਰਹੈ ਨਿਰਾਸਾ ॥*
*ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ*
*ਤਿਹ ਘਟਿ ਬ੍ਰਹਮੁ ਨਿਵਾਸਾ ॥ ੨ ॥*
*ਗੁਰ ਕਿਰਪਾ ਜਿਹ ਨਰ ਕਉ ਕੀਨੀ*
*ਤਿਹ ਇਹ ਜੁਗਤਿ ਪਛਾਨੀ ॥*
*ਨਾਨਕ ਲੀਨ ਭਇਓ ਗੋਬਿੰਦ ਸਿਉ*
*ਜਿਉ ਪਾਨੀ ਸੰਗਿ ਪਾਨੀ ॥ ੩ ॥ ੧੧ ॥*

*ਅੰਗ - 634*

ਸੋ ਇਹ ਅਵਸਥਾ ਹੈ ਜੀਉਂਦੇ ਬੰਦਿਆਂ ਦੀ ਜਿਸ ਨੂੰ ਜੀਵਨ ਮੁਕਤ ਆਖਦੇ ਨੇ, ਜੀਉਂਦਾ ਮਰ ਕੇ ਦੁਬਾਰਾ ਜਿੰਦਗੀ ਦੇ ਵਿਚ ਆਉਂਦਾ ਹੈ, ਜਿਸ ਤਰ੍ਹਾਂ ਪਿਉਂਦ ਕਰ ਦਿੰਦੇ ਨੇ। ਪਿਉਂਦਿਆ ਹੋਇਆ ਜੋ ਹੁੰਦਾ ਹੈ ਉਸ ਨੂੰ ਫਲ ਪੈਂਦਾ ਹੈ। ਜੇ ਅੰਬ ਓਹੀ ਬੀਜ ਦਿਓ ਦਰਖਤ ਨੂੰ ਪਿਉਂਦ ਨਾ ਚੜ੍ਹੇ ਤਾਂ ਉਹ ਕਠੋਰ ਹੋ ਜਾਇਆ ਕਰਦਾ ਹੈ, ਉਸ ਦੇ ਵਿਚ ਉਹ ਚੀਜ਼ਾਂ ਆਉਂਦੀਆਂ ਨਹੀਂ ਜੋ ਪਿਉਂਦ ਨਾਲ ਆਉਂਦੀਆਂ ਨੇ।

ਸੋ ਮਹਾਰਾਜ ਇਹ ਫੁਰਮਾਨ ਕਰਦੇ ਨੇ ਕਿ ਜੋ ਵਾਹਿਗੁਰੂ ਦੇ ਨਾਲ, ਨਾਮ ਦੇ ਨਾਲ ਜੁੜਦਾ ਨਹੀਂ ਹੈ ਉਸ ਨੂੰ ਜੀਵਨ ਪ੍ਰਾਪਤ ਨਹੀਂ ਹੋਇਆ। ਉਹ ਦੱਸਿਆ ਵੀ ਨਹੀਂ ਜਾ ਸਕਦਾ ਕਿਉਂਕਿ ਜੀਵਨ ਪ੍ਰਾਪਤ ਹੋਵੇ, ਕਦੇ ਉਸ ਨੂੰ ਸੋਝੀ ਆਈ ਹੋਵੇ ਤਾਂ ਦੱਸ ਵੀ ਹੋ ਜਾਂਦਾ ਹੈ ਕਿ ਏਸ ਤਰ੍ਹਾਂ ਦਾ ਹੈ। ਜਿਸ ਨੂੰ ਅਨੁਭਵ ਹੀ ਨਹੀਂ ਕੋਈ ਹੋਇਆ ਉਸ ਨੂੰ ਬਾਹਰਲੀਆਂ ਗੱਲਾਂ ਮਹਾਰਾਜ ਦਸਦੇ ਨੇ -

*ਪ੍ਰਭ ਕੀ ਆਗਿਆ ਆਤਮ ਹਿਤਾਵੈ॥*
*ਜੀਵਨ ਮੁਕਤਿ ਸੋਊ ਕਹਾਵੈ॥*
*ਤੈਸਾ ਹਰਖੁ ਤੈਸਾ ਉਸੁ ਸੋਗੁ॥*
*ਸਦਾ ਅਨੰਦੁ ਤਹ ਨਹੀ ਬਿਓਗੁ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥*
*ਤੈਸਾ ਮਾਨੁ ਤੈਸਾ ਅਭਿਮਾਨੁ॥*
*ਤੈਸਾ ਰੰਕੁ ਤੈਸਾ ਰਾਜਾਨੁ॥*
*ਜੋ ਵਰਤਾਏ ਸਾਈ ਜੁਗਤਿ॥*
*ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥*

*ਅੰਗ - 275*

ਜੀਵਨ ਮੁਕਤੀ ਦਾ ਜੋ ਅਨੰਦ ਹੈ ਉਹ ਅਸਲੀ ਜੀਵਨ ਹੈ। ਸੰਸਾਰ ਦਾ ਜੋ ਜੀਵਨ ਹੈ ਇਹ ਰਸਾਇਣਕ ਜੀਵਨ ਹੈ। ਜਿਸ ਤਰ੍ਹਾਂ ਬੂਟਿਆਂ ਨੇ ਆਪਣੀ ਜਿੰਦਗੀ ਭੋਗ ਲਈ ਤੇ ਚਲੇ ਗਏ, ਪਸ਼ੂਆਂ ਨੇ ਭੋਗ ਲਈ, ਪੰਛੀਆਂ ਨੇ ਭੋਗ ਲਈ, ਚਾਰੇ ਖਾਣੀਆਂ ਨੇ ਭੋਗ ਕੇ ਆਪਣੇ ਆਪਣੇ ਸਮੇਂ ਤੋਂ ਬਾਅਦ ਚਲੇ ਗਈਆਂ। ਇਸੇ ਤਰ੍ਹਾਂ ਨਾਲ ਉਸ ਮਨੁੱਖ ਨੂੰ ਮਹਾਰਾਜ ਕਹਿੰਦੇ ਨੇ ਕਿ ਉਸ ਦੀ ਜਿੰਦਗੀ ਇਸ ਤੋਂ ਵੱਧ ਨਹੀਂ ਹੈ, ਰਸਾਇਣਕ ਜੀਵਨ ਭੋਗ ਕੇ ਤੂੰ ਚਲਿਆ ਜਾਏਂਗਾ, ਤੈਨੂੰ ਜੀਵਨ ਨਾ ਪ੍ਰਾਪਤ ਹੋਇਆ। ਜੋ ਕਿ ਇਹ ਜੀਵਨ ਕੇਵਲ ਮਨੁੱਖ ਜਨਮ ਵਿਚ ਪ੍ਰਾਪਤ ਹੁੰਦਾ ਹੈ ਹੋਰ ਕਿਸੇ ਜੂਨੀ ਵਿਚ ਪ੍ਰਾਪਤ ਨਹੀਂ ਹੁੰਦਾ। ਉਸ ਦੇ ਵਿਚ ਸਦਾ ਹੀ ਖੇੜਾ ਹੈ -

*ਨਾਨਕ ਭਗਤਾ ਸਦਾ ਵਿਗਾਸੁ॥*
*ਸੁਣਿਐ ਦੂਖ ਪਾਪ ਕਾ ਨਾਸੁ॥*

*ਅੰਗ - 2*

ਸਦਾ ਦਾ ਵਿਗਾਸ, ਸਦਾ ਦਾ ਖੇੜਾ, ਸਦਾ ਦਾ ਚਾਉ ਹੁੰਦਾ ਹੈ। ਕਿਤੇ ਕਿਤੇ ਮਨੁੱਖ ਨੂੰ ਪਤਾ ਲਗਦਾ ਹੈ ਕੋਈ ਖੇਡ ਦੇਖਣ, ਕੋਈ ਮੈਚ ਦੇਖਣ, ਕੋਈ ਹੋਰ ਚੀਜ਼ ਤਾਂ ਕੁਝ ਪਰਿਵਰਤਨ ਨਜ਼ਰ ਆਉਂਦਾ ਹੈ ਅੰਦਰ। ਕੋਈ

ਲਾਟਰੀ ਨਿਕਲ ਆਵੇ, ਕੋਈ ਵਿਆਹ ਸ਼ਾਦੀ ਹੋਵੇ, ਕੋਈ ਮਕਾਨ ਮਿਲ ਗਿਆ, ਕੋਈ ਪ੍ਰਾਪਤੀ ਹੋ ਗਈ ਤਾਂ ਥੋੜ੍ਹੀ ਜਿਹੀ ਦੇਰ ਵਾਸਤੇ ਉਥੇ ਸੁਰਤ ਜਾ ਕੇ ਅਨੁਭਵ ਕਰਦੀ ਹੈ ਉਸ ਖੁਸ਼ੀ ਦਾ ਅਸਰ ਲੈ ਕੇ ਸਰੀਰ ਦੇ ਵਿਚ ਆ ਜਾਂਦੀ ਹੈ। ਕਈਆਂ ਨੂੰ ਐਨੀ ਹੁੰਦੀ ਹੈ ਕਿ ਖੁਸ਼ੀ ਸਾਂਭੀ ਨਹੀਂ ਜਾਂਦੀ। ਕੁਝ ਮਹਿਸੂਸ ਹੁੰਦਾ ਹੈ ਕਿ ਅੰਦਰ ਕੁਝ ਜੀਵਨ ਆ ਗਿਆ, ਕੋਈ ਰੌ ਚਲ ਪਈ ਲੇਕਿਨ ਉਹ ਛਿੰਨ ਭੰਗਰ ਹੋਇਆ ਕਰਦੀ ਹੈ ਥੋੜ੍ਹੀ ਦੇਰ ਤੋਂ ਬਾਅਦ ਉਹ ਲਹਿ ਜਾਂਦੀ ਹੈ।

ਸੋ ਨਾਮ ਦਾ ਜੀਵਨ ਜੋ ਹੈ ਚਾਓ ਭਰਿਆ, ਮਲ੍ਹਾਰਾਂ ਭਰਿਆ, ਖੇੜਿਆਂ ਭਰਿਆ ਉਹ ਨਾਮ ਦੇ ਨਾਲ ਪ੍ਰਾਪਤ ਹੋਇਆ ਕਰਦਾ ਹੈ। ਸੋ ਮਹਾਰਾਜ ਕਹਿੰਦੇ ਜਿਹੜੇ ਨਾਮ ਜਪਦੇ ਨੇ ਉਹ ਜੀਉਂਦੇ ਨੇ। ਇਸ ਕਰਕੇ ਵਾਹਿਗੁਰੂ ਨੂੰ ਨਾ ਭੁਲੋ ਕਦੇ ਵੀ, ਨਾਮ ਜਪੋ। ਉਹ ਅਨਾਥਾਂ ਦਾ ਨਾਥ ਹੈ। ਉਸ ਦੇ ਨਾਲ ਪਿਆਰ ਪਾਓ-

*ਸਭੁ ਕਿਛੁ ਅਪਨਾ ਇਕੁ ਰਾਮੁ ਪਰਾਇਆ॥*
*ਅੰਗ - 1342*

ਸਾਡੀ ਬਿਰਤੀ ਏਸ ਤਰ੍ਹਾਂ ਹੈ। ਦਿੱਤੀਆਂ ਹੋਈਆਂ ਚੀਜ਼ਾਂ ਸਾਡੀਆਂ ਨੇ ਤੇ ਜਿਸ ਨੇ ਦਿੱਤੀਆਂ ਨੇ ਉਹ ਪਰਾਇਆ ਹੈ, ਉਹ ਸਾਡਾ ਕੁਝ ਨਹੀਂ ਲਗਦਾ ਤੇ ਉਹ ਨਾ ਸਾਡੇ ਕਦੇ ਧਿਆਨ ਵਿਚ ਆਵੇ, ਨਾ ਸਾਨੂੰ ਉਸ ਦੀ ਕੋਈ ਸੋਝੀ ਹੈ ਤੇ ਨਾ ਸਾਨੂੰ ਉਸ ਦਾ ਕੋਈ ਪਤਾ ਲਗਦਾ ਹੈ ਕਿਉਂਕਿ ਜਿਥੋਂ ਪਤਾ ਲਗਦਾ ਹੈ ਉਸ ਥਾਂ ਅਸੀਂ ਜਾਂਦੇ ਨਹੀਂ। ਉਹ ਹੈ ਸਤਿਸੰਗ। ਸਤਿਸੰਗ ਦੇ ਵਿਚ ਜਾ ਕੇ ਵਾਹਿਗੁਰੂ ਦਾ ਕੁਝ ਭੇਤ ਖੁਲ੍ਹਦਾ ਹੈ, ਕੁਝ ਸੋਝੀ ਆਉਂਦੀ ਹੈ। ਸੋ ਇਸ ਤਰ੍ਹਾਂ ਮਹਾਰਾਜ ਜੀ ਨੇ ਕਿਰਪਾ ਕਰੀ ਹੈ ਤੁਸੀਂ ਆ ਕੇ ਹਰੀ ਦਾ ਜਸ ਸੁਣਦੇ ਹੋ। ਭਾਈ ਉਦਬੇਗ ਸਿੰਘ ਨੂੰ ਮਹਾਰਾਜ ਜੀ ਨੇ ਮਕਾਨ ਦੀ ਦਾਤ ਦਿੱਤੀ ਹੈ। ਭ ਜਨ ਕਰਨ ਵਾਲਾ ਜੀਵ ਹੈ। ਦੁਨੀਆਂ ਦੇ ਫਿੱਟ ਨਹੀਂ ਹੈ ਇਹ, ਪ੍ਰਮੇਸ਼ਰ ਦੇ ਫਿੱਟ ਹੈ। ਸੋ ਵਾਹਿਗੁਰੂ ਦੀ ਯਾਦ ਵਿਚ ਰਹਿੰਦਾ ਹੈ, ਗੁਰਮੁਖ ਜੀਵਨ ਹੈ ਏਸ ਦਾ, ਸਭ ਕੁਝ ਜਾਣਦੇ ਨੇ ਇਹ ਬੜੀ ਉੱਚੀ ਬਿਰਤੀ ਹੈ। ਮਹਾਰਾਜ ਕਿਰਪਾ ਕਰਨ ਇਨ੍ਹਾਂ ਨੂੰ ਹੋਰ ਵੀ ਆਪਣੀ ਸੋਝੀ ਦੇਣ।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

# ਸਤਿਸੰਗਤਿ ਕੈਸੀ ਜਾਣੀਐ॥

ਸਾਧ ਸੰਗਤ ਜੀ!

*ਵਾਹਿਗੁਰੂ ਜੀ ਕਾ ਖਾਲਸਾ॥*
*ਵਾਹਿਗੁਰੂ ਜੀ ਕੀ ਫਤਹਿ॥*

ਅੰਮ੍ਰਿਤ ਵੇਲੇ ਤੋਂ ਆਪ ਦੁਖਾਂ ਨੂੰ ਦੂਰ ਕਰਨ ਵਾਲੀ ਤੇ ਗਿਆਨ ਦਾ ਪ੍ਰਕਾਸ਼ ਕਰਕੇ ਪ੍ਰਮੇਸ਼ਰ ਦੇ ਨਾਲ ਮਿਲਾਉਣ ਦੀ ਸਮਰੱਥਾ ਰੱਖਣ ਵਾਲੀ ਬਾਣੀ ਦਾ ਗਾਇਨ ਕਰ ਰਹੇ ਸੀ, ਸਮਝ ਰਹੇ ਸੀ। ਇਹ ਵੀ ਭਾਗਾਂ ਨਾਲ ਪ੍ਰਾਪਤ ਹੁੰਦੀ ਹੈ। ਦੋ ਚੀਜ਼ਾਂ ਸੰਸਾਰ ਦੇ ਅੰਦਰ ਹਰੀ ਦਾ ਜਸ ਤੇ ਸਾਧੂ ਦੀ ਸੰਗਤ ਦੁਰਲੱਭ ਹਨ, ਮਿਲਦੀਆਂ ਨਹੀਂ ਹਨ। ਜਿਸ ਸੰਗਤ ਦੇ ਵਿਚ ਜਾ ਕੇ ਪ੍ਰਮੇਸ਼ਰ ਦੇ ਨਾਮ ਦੇ ਨਾਲ ਪਿਆਰ ਲਗੇ, ਵਾਹਿਗੁਰੂ ਜੀ ਦੀਆਂ ਸਿਫਤ ਸਲਾਹਾਂ, ਵਡਿਆਈਆਂ ਹਿਰਦੇ ਵਿਚ ਪ੍ਰਵੇਸ਼ ਕਰਨ, ਜਿੰਦਗੀ ਦੇ ਅੰਦਰ ਕੁਝ ਤਬਦੀਲੀ ਆਵੇ, ਉਹ ਸਤਿਸੰਗ ਜੋ ਹੈ, ਮਿਲਣਾ ਦੁਰਲੱਭ ਹੈ, ਮਿਲ ਨਹੀਂ ਸਕਿਆ ਕਰਦਾ।

ਮਹਾਰਾਜ ਕਹਿੰਦੇ, ਜਿਨ੍ਹਾਂ ਨੇ ਪਿਛਲੇ ਜੁਗਾਂ ਦੇ ਅੰਦਰ ਕਮਾਈ ਕੀਤੀ ਹੋਈ ਹੈ ਪਰ ਉਹ ਸਿਖਰ ਨਹੀਂ ਪਹੁੰਚ ਸਕੇ, ਵਿਚਾਲੇ ਰਹਿ ਗਏ, ਉਨ੍ਹਾਂ ਨੂੰ ਕਲਜੁਗ ਦੇ ਅੰਦਰ ਜਨਮ ਮਿਲਿਆ। ਇਕ ਬੜੀ ਅਜੀਬ ਬਾਤ ਹੈ ਕਿ ਕਲਜੁਗ ਨੂੰ ਤਾਂ ਬੜਾ ਮਾੜਾ ਜੁਗ ਕਿਹਾ ਜਾਂਦਾ ਹੈ ਕਿਉਂਕਿ ਇਸ ਦੇ ਵਿਚ ਨਾ ਕੋਈ ਕਰਮ ਧਰਮ ਚਲਦਾ ਹੈ, ਨਾ ਕੋਈ ਜਾਪ ਚਲਦਾ ਹੈ, ਨਾ ਕੋਈ ਤਪਸਿਆ ਚਲਦੀ ਹੈ, ਨਾ ਕੋਈ ਤੀਰਥ ਫਲ ਦੇ ਰਹੇ ਨੇ, ਸਭ ਹਟ ਗਏ ਫਲ ਦੇਣ ਤੋਂ। ਮਨੁੱਖ ਪ੍ਰਾਕ੍ਰਿਤੀ ਵਿਚ ਪਹੁੰਚ ਕੇ ਮਨੁੱਖਤਾ ਤੋਂ ਬਹੁਤ ਥੱਲੇ ਜਾ ਚੁਕਿਆ ਹੈ। ਪ੍ਰਮੇਸ਼ਰ ਦੇ ਪਿਆਰ ਤੋਂ ਸੁੰਨ ਹੋ ਗਿਆ, ਗਿਆਨ ਲਈ ਜੋ ਇਸ ਦੇ ਕੋਲ ਦਿਬ ਨੈਣ ਸਨ ਉਹ ਪੂਰੀ ਤਰ੍ਹਾਂ ਬੰਦ ਹੋ ਗਏ। ਫੇਰ ਏਸ ਜੁਗ ਨੂੰ ਕਿਉਂ ਚੰਗਾ ਆਖਿਆ ਗਿਆ? ਕਿਉਂ ਇਸ ਦੇ ਵਿਚ ਉਨ੍ਹਾਂ ਨੂੰ ਜਨਮ ਮਿਲਦਾ ਹੈ, ਜਿਹੜੇ ਜੁਗਾਂ 'ਚ ਕਮਾਈ ਕਰਦੇ ਅਧੂਰੇ ਰਹਿ ਗਏ, ਪਹੁੰਚ ਨਹੀਂ ਸਕੇ ਤੇ ਉਨ੍ਹਾਂ ਦੀ ਵਾਰੀ ਕਲਜੁਗ ਵਿਚ ਆਈ ਹੈ।

ਉਹ ਇਸ ਕਰਕੇ ਹੈ ਕਿ ਕਲਜੁਗ ਦੇ ਅੰਦਰ ਛੋਟੇ ਜਿਹੇ ਕਰਮ ਦਾ ਫਲ ਬਹੁਤ ਹੈ। ਸਤਿਜੁਗ ਦੇ ਅੰਦਰ ਜੇ 10,000 ਸਾਲ ਤਪ ਕਰੇ, ਵਿਘਨ ਕੋਈ ਨਾ ਪਵੇ ਤਪ ਦੌਰਾਨ, ਜੰਗਲਾਂ ਵਿਚ ਰਹੇ, ਕੰਦ ਮੂਲ ਖਾ ਕੇ ਗੁਜਾਰਾ ਕਰੇ। ਜਿਵੇਂ ਜੰਗਲਾਂ ਦੇ ਜੀਵ ਜੰਤੂ ਫਿਰਦੇ ਨੇ ਇਸੇ ਤਰ੍ਹਾਂ ਫਿਰਦਾ ਰਹੇ। ਨਾ ਕੋਈ ਘਰ ਬਣਾਵੇ, ਜਿਥੇ ਥਾਂ ਮਿਲ ਗਿਆ ਉਥੇ ਰਾਤ ਕੱਟ ਲਈ, ਕੰਦਰਾਂ ਦੇ ਵਿਚ, ਦਰਖਤਾਂ ਦੇ ਥੱਲੇ, ਜੰਗਲਾਂ ਵਿਚ ਘੋਰ ਤਪਸਿਆ ਕਰਨ ਤੋਂ ਬਾਅਦ ਜੋ ਫਲ ਮਿਲਦਾ ਹੈ 10,000 ਸਾਲ ਦੀ ਤਪਸਿਆ ਦਾ, 17, 28,000 ਸਾਲ ਇਹ ਜੁਗ ਕਾਇਮ ਰਿਹਾ ਜਿਸ ਨੂੰ ਸਤਿਜੁਗ ਕਹਿੰਦੇ ਨੇ। ਇਹ ਨਹੀਂ ਸੀ ਕਿ ਇਕ ਦਮ ਹੀ ਆਦਮੀ ਦੀ ਮੁਕਤੀ ਹੋ ਜਾਵੇ, ਬੜੀ ਲੰਮੀ ਘਾਲ ਕਰਨੀ ਪੈਂਦੀ ਸੀ।

ਅਸੀਂ ਕਹਿੰਦੇ ਹਾਂ ਕਿ ਉਹ ਸਭਿਅਤ ਨਹੀਂ ਸੀ ਲੋਕ, ਘਰ ਨਹੀਂ ਸੀ ਬਣਾਉਂਦੇ, ਝੌਂਪੜੀਆਂ ਦੇ ਵਿਚ ਰਹਿੰਦੇ ਸੀ। ਉਹ ਵੀ ਕੋਈ ਬਣਾਉਂਦਾ ਸੀ ਕੋਈ ਨਹੀਂ। ਇਕ ਥਾਂ ਟਿਕਦੇ ਨਹੀਂ ਸਨ। ਅੱਜ ਇਥੇ ਨੇ ਮਹੀਨਾ ਰਹਿ ਕੇ ਹੋਰ ਅੱਗੇ ਚਲੇ ਗਏ। ਕੋਈ ਜਾਇਦਾਦ ਨਹੀਂ ਸੀ ਬਣਾਉਂਦਾ, ਕੋਈ ਮੇਰ (ਮਾਲਕੀ) ਨਹੀਂ ਸੀ ਹੁੰਦੀ, ਕੋਈ ਰਾਜ ਲਈ ਕੋਸ਼ਿਸ਼ ਨਹੀਂ ਸੀ ਕਰਦਾ। ਆਪ ਹੀ ਪ੍ਰੇਰਨਾ ਦੇ ਦੇ ਕੇ ਰਾਜਾ ਬਣਾਉਂਦੇ ਸੀ। ਸੋ ਅਜਿਹੇ ਜੁਗ ਦੇ ਅੰਦਰ ਜਦੋਂ ਮੋਹ ਮਾਇਆ ਦੀ ਪਕੜ ਹੀ ਨਹੀਂ ਹੈ, ਫੇਰ ਕਿਉਂ ਨਹੀਂ ਸੀ ਉਧਾਰ ਹੁੰਦਾ। ਤਪ ਓਸ ਵੇਲੇ ਚਲਦਾ ਸੀ। ਦਸ ਹਜਾਰ ਸਾਲ ਤਪ ਕਰੇ।

ਜਦੋਂ ਇਹ ਜੁਗ ਬਦਲ ਗਿਆ। ਅਗਲਾ ਸਮਾਂ ਜੋ ਨਿਸ਼ਚਿਤ ਕੀਤਾ ਗਿਆ 12,96,000 (ਬਾਰਾਂ ਲੱਖ, ਛਿਆਨਵੇਂ ਹਜਾਰ) ਸਾਲ ਦਾ। ਤੇ ਉਸ ਦਾ ਨਾਉਂ ਤ੍ਰੇਤਾ ਰਖਿਆ ਗਿਆ। ਜਿਸ ਦੇ ਅੰਦਰ ਮਰਿਆਦਾ ਪ੍ਰਸ਼ੋਤਮ 14 ਕਲਾਂ ਸੰਪੂਰਨ ਅਵਤਾਰ ਸ੍ਰੀ ਰਾਮ ਚੰਦਰ ਜੀ ਮਹਾਰਾਜ ਪ੍ਰਗਟ ਹੋਏ। ਉਸ ਜੁੱਗ ਦੇ ਅੰਦਰ ਵੀ ਸ਼ਾਂਤੀ ਸੀ ਥੋੜ੍ਹਾ ਹੀ ਧਰਮ ਦਾ ਵਰਤਾਅ ਵਿਗੜਿਆ ਸੀ।

ਉਸ ਤੋਂ ਬਾਅਦ 8,64,000 (ਅੱਠ ਲੱਖ, ਚੌਂਹਠ ਹਜਾਰ) ਸਾਲ ਦੁਆਪਰ ਜੁਗ ਆਇਆ। ਇਸ ਦੇ ਵਿਚ ਪਹਿਲੇ ਜੁਗ ਨਾਲੋਂ ਬਦਲ ਗਿਆ ਸਾਧਨ। ਪਹਿਲੇ ਜੁਗ ਦੇ ਅੰਦਰ ਕੇਵਲ 'ਸਤਿ' ਬੋਲਦੇ ਸੀ। ਧਰਮ ਦੇ ਚਾਰੇ ਪੈਰ ਕਾਇਮ ਸੀ। ਦਾਨ ਵੀ ਸੀ, ਸਤਿ ਵੀ ਸੀ ਇਹ ਸਾਰੀਆਂ ਚੀਜ਼ਾਂ ਸਤਿ ਸੰਤੋਖ ਵਗੈਰਾ ਕਾਇਮ ਸਨ। ਤ੍ਰੇਤੇ ਦੇ ਅੰਦਰ ਇਕ ਪੈਰ ਟੁੱਟ ਗਿਆ। ਦੁਆਪਰ ਦੇ ਅੰਦਰ ਦੋ ਪੈਰ ਟੁੱਟ ਗਏ ਧਰਮ ਦੇ ਤੇ ਪੂਜਾ ਦੇ ਉਤੇ ਜੋਰ ਦਿੱਤਾ ਗਿਆ।

ਜਦੋਂ ਕਲਜੁਗ ਆਇਆ ਤਾਂ ਇਸ ਦੇ ਵਿਚ ਧਰਮ ਦੇ ਤਿੰਨ ਪੈਰ ਟੁੱਟ ਗਏ, ਬੇ-ਮਰਿਆਦਾ ਸੰਸਾਰ ਹੋ ਗਿਆ। ਪੈਰ ਧਰਦੇ ਸਾਰ ਆਦਮੀ ਦੀ ਬੁੱਧੀ ਬਦਲ ਗਈ, ਉਮਰ 100 ਸਾਲ ਦੀ ਰਹਿ ਗਈ। ਪਹਿਲੇ ਜੁਗ ਵਿਚ 1,00,000 (ਇਕ ਲੱਖ) ਸਾਲ ਦੀ, ਦੂਸਰੇ ਵਿਚ

10,000 ਸਾਲ, ਤੀਸਰੇ ਵਿਚ 1,000 ਤੇ ਜਦੋਂ ਦੁਆਪਰ ਜੁਗ ਸਮਾਪਤ ਹੋ ਰਿਹਾ ਸੀ ਉਸ ਵੇਲੇ ਸ੍ਰੀ ਕ੍ਰਿਸਨ ਮਹਾਰਾਜ, ਦ੍ਰੋਣਾਚਾਰੀਆ, ਪਾਂਡਵ ਵਗੈਰਾ ਜੋ ਬੜੇ ਮਸ਼ਹੂਰ ਸਨ। ਕ੍ਰਿਸ਼ਨ ਮਹਾਰਾਜ ਦੀ ਉਮਰ 150 ਸਾਲ ਦੀ ਦਸਦੇ ਨੇ ਤੇ ਦ੍ਰੋਣਾਚਾਰੀਆ ਜਦੋਂ ਯੁੱਧ ਲੜ ਰਿਹਾ ਸੀ ਉਸ ਵੇਲੇ ਉਸ ਦੀ ਉਮਰ 99 ਸਾਲ ਦੀ ਸੀ। ਜਦੋਂ ਭੀਸ਼ਮ ਪਿਤਾਮਾ ਯੁੱਧ ਲੜ ਰਿਹਾ ਸੀ ਉਸ ਵੇਲੇ ਉਸ ਦੀ ਉਮਰ 175 ਸਾਲ ਦੀ ਸੀ।

ਹੁਣ ਉਮਰਾਂ ਘਟ ਗਈਆਂ। ਆਚਾਰ ਵਿਚ ਫਰਕ ਪੈ ਗਿਆ, ਵਿਹਾਰ ਵਿਚ ਫਰਕ ਪੈ ਗਿਆ, ਖੁਰਾਕ ਵਿਚ ਫਰਕ ਪੈ ਗਿਆ। ਭਾਈਚਾਰਕ ਜੀਵਨ ਦਾ ਸਤੁੰਲਨ ਵਿਗੜ ਗਿਆ ਤੇ ਕੋਈ ਜਪ ਕਰਦਾ ਹੈ ਤਾਂ ਜਪ ਸਿਰੇ ਨਹੀਂ ਚੜ੍ਹਦਾ, ਜੇ ਤਪ ਕਰਦਾ ਹੈ ਤਾਂ ਤਪ ਨਹੀਂ ਚੜ੍ਹਦਾ, ਤੀਰਥ ਫਲ ਦੇਣ ਤੋਂ ਹਟ ਗਏ। ਜੁੱਗ ਬਦਲ ਗਿਆ, ਮਰਿਆਦਾ ਬਦਲ ਗਈ, ਧਰਮ ਦੇ ਨਾਂ ਤੇ ਪਾਪ ਹੋਣੇ ਸ਼ੁਰੂ ਹੋ ਗਏ। ਕਤਲੇਆਮ ਨੂੰ ਧਰਮ ਆਖਿਆ ਜਾਂਦਾ ਸੀ।

ਸੋ ਐਸੇ ਜੁਗ ਨੂੰ ਵਿਸ਼ੇਸ਼ਤਾ ਕਿਉਂ ਮਿਲੀ ਹੈ ਜਦੋਂ ਨਾਸਤਿਕ ਬਿਰਤੀਆਂ ਪ੍ਰਧਾਨ ਹੋ ਗਈਆਂ, ਰੱਬ ਨੂੰ ਕੋਈ ਮੰਨਦਾ ਨਹੀਂ ਹੈ। ਜਦੋਂ ਗੁਰੂ ਨਾਨਕ ਪਾਤਸ਼ਾਹ ਨੂੰ ਕਲਜੁਗ ਮਿਲਿਆ ਹੈ, ਉਸ ਵੇਲੇ ਉਹ ਅਧੀਨ ਹੋਇਆ, ਅਧੀਨ ਹੋ ਕੇ ਬੇਨਤੀ ਕਰੀ ਕਿ ਪਾਤਸ਼ਾਹ ਠੀਕ ਹੈ, ਮੇਰੇ ਜੁੱਗ ਦੇ ਅੰਦਰ ਬੜੇ ਪਾਪ ਹੋਣਗੇ ਤੇ ਮੈਂ ਜਵਾਬ ਦੇਹ ਹੋਵਾਂਗਾ ਤੇ ਤੁਸੀਂ ਮੈਥੋਂ ਲੇਖਾ ਲੈਣਾ ਹੈ - ਮੈਂ ਤੁਹਾਡੀ ਚਰਨ ਸ਼ਰਨ ਹਾਂ, ਮੈਨੂੰ ਵੀ ਆਪਣਾ ਸਿੱਖ ਸਮਝ ਲਓ, ਆਪਣਾ ਸੇਵਕ ਸਮਝ ਲਓ ਤੇ ਮੇਰਾ ਉਧਾਰ ਕਰੋ। ਜਿਹੜਾ ਮੈਨੂੰ ਕਲੰਕ ਲੱਗਿਆ ਹੈ ਉਸ ਕਲੰਕ ਨੂੰ ਲਾਹੁਣ ਦਾ ਕੋਈ ਯਤਨ ਕਰੋ ਤਾਂ ਕਿ ਮੇਰੇ ਜੁਗ ਦੇ ਅੰਦਰ ਕੁਝ ਭਲਾ ਵੀ ਹੋ ਜਾਵੇ।

ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੇ ਕਲਜੁਗ ਦੀ ਅਧੀਨਗੀ ਦੇਖ ਕੇ ਫੁਰਮਾਇਆ ਕਿ ਤੇਰੇ ਜੁਗ ਦੇ ਅੰਦਰ ਭਜਨ ਬਾਣੀ ਦਾ ਉਹ ਫਲ ਹੋਏਗਾ ਜੋ ਪਹਿਲੇ ਜੁਗਾਂ ਵਿਚ ਸੋਚਿਆ ਵੀ ਨਹੀਂ ਜਾ ਸਕਦਾ। ਦਸ ਹਜ਼ਾਰ ਸਾਲ ਤਪ ਕੀਤਾ ਹੋਇਆ ਸਤਿਜੁਗ ਦਾ ਤ੍ਰੇਤੇ ਦੇ ਹਜਾਰ ਸਾਲ ਦੇ ਬਰਾਬਰ। ਤ੍ਰੇਤੇ ਦਾ ਹਜ਼ਾਰ ਸਾਲ ਦਾ ਤਪ ਦੁਆਪਰ ਦੇ 100 ਸਾਲ ਦੇ ਬਰਾਬਰ ਤੇ ਦੁਆਪਰ ਜੁਗ ਦਾ 100 ਸਾਲ ਦਾ ਜੋ ਤਪ ਹੈ ਉਹ ਕਲਜੁਗ ਦੇ ਵਿਚ ਸਤਿਸੰਗ ਦੇ ਵਿਚ ਆ ਕੇ ਸਿਰਫ ਦੋ ਘੜੀਆਂ, 50 ਮਿੰਟ ਜਿਸ ਦਾ ਮਨ ਚਿਤ ਇਕਾਗਰ ਹੋ ਕੇ ਪ੍ਰਮੇਸ਼ਰ ਵੱਲ ਲੱਗ ਜਾਵੇ ਉਸ ਨੂੰ ਸਤਿਜੁਗ ਦੇ 10,000 ਸਾਲ ਦੇ ਤਪ ਦਾ ਫਲ ਪ੍ਰਾਪਤ ਹੋ ਜਾਏਗਾ। ਕਿੱਡੀ ਵੱਡੀ ਰਿਆਇਤ ਹੋ ਗਈ ਕਲਜੁਗ ਦੀ।

ਸੋ ਇਸ ਦੇ ਵਿਚ ਜੋ ਦੁਰਲੱਭ ਚੀਜ਼ ਹੈ ਉਹ ਸਤਿਸੰਗ ਹੈ। ਦੋ ਚੀਜ਼ਾਂ ਨਹੀਂ ਮਿਲਦੀਆਂ, ਇਕ ਤਾਂ ਸਾਧੂ ਦਾ ਸੰਗ ਨਹੀਂ ਮਿਲਦਾ ਤੇ ਦੂਜਾ ਸਤਿਸੰਗ ਨਹੀਂ ਮਿਲਦਾ। ਇਹ ਵੀ ਗੱਲ ਅਜੀਬ ਹੈ ਕਿ ਸਤਿਸੰਗ ਰੋਜ ਦੁਨੀਆਂ ਕਰਦੀ ਹੈ ਫੇਰ ਸਤਿਸੰਗ ਕਿਉਂ ਨਹੀਂ ਮਿਲਦਾ? ਮਹਾਰਾਜ ਕਹਿੰਦੇ ਜਿਸ ਨੂੰ ਸਤਿਸੰਗ ਕਹਿੰਦੇ ਨੇ ਉਹ ਸਤਿਸੰਗ ਹੁੰਦਾ ਹੈ -

*ਸਤਿਸੰਗਤਿ ਕੈਸੀ ਜਾਣੀਐ ॥*
*ਜਿਥੈ ਏਕੋ ਨਾਮੁ ਵਖਾਣੀਐ ॥ ਅੰਗ - 72*

ਜਿਥੇ ਕੇਵਲ ਨਾਮ ਦੀ ਮਹਿਮਾ ਹੁੰਦੀ ਹੋਵੇ ਤੇ ਨਾਮ ਦਾ ਜ਼ਿਕਰ ਹੁੰਦਾ ਹੋਵੇ, ਜਿਥੇ ਨਾਮ ਦੀ ਪ੍ਰਾਪਤੀ ਦੇ ਸਾਧਨ ਹੋਣ ਤੇ ਹੋਰ ਕੋਈ ਏਧਰਲੀ ਓਧਰਲੀ ਗੱਲ ਨਾ ਹੋਵੇ, ਕਿਸੇ ਦੀ ਨਿੰਦਿਆ ਨਾ ਹੋਵੇ, ਕਿਸੇ ਦੀ ਚੁਗਲੀ ਨਾ ਹੋਵੇ, ਕਿਸੇ ਨਾਲ ਈਰਖਾ ਨਾ ਕਰਦਾ ਹੋਵੇ। ਜਿਥੇ ਐਸਾ ਹੁੰਦਾ ਹੈ ਉਨ੍ਹਾਂ ਇਕੱਠਾਂ ਨੂੰ ਸਤਿਸੰਗ ਨਹੀਂ ਆਖਿਆ ਜਾਂਦਾ। ਸਤਿਸੰਗ ਓਹੀ ਹੈ ਜਿਥੇ ਨਾਮ ਦੇ ਬਾਰੇ ਸੋਝੀ ਪਏ ਤੇ ਜਗਿਆਸੂ ਨੂੰ ਰਾਹ ਲੱਭੇ ਕੋਈ।

ਦੂਸਰੀ ਹੈ ਸਾਧ ਦੀ ਸੰਗਤ! ਧਰਤੀ ਨੂੰ ਥੰਮ ਨਹੀਂ ਸਕਦਾ ਕੋਈ ਸਾਧੂ ਤੋਂ ਬਗੈਰ ਤੇ ਸਾਧੂ ਕੋਈ ਨਜ਼ਰ ਨਹੀਂ ਆਉਂਦਾ ਸੰਸਾਰ ਦੇ ਅੰਦਰ ਹਾਲਾਕਿ ਓਸ ਵੇਲੇ ਬੜੇ ਸਾਧੂ ਸੀ, ਬੜੇ ਪੀਰ ਸੀ ਪਰ ਉਨ੍ਹਾਂ ਦਾ ਜੋ ਨਿਸ਼ਾਨਾ ਸੀ ਉਹ ਬਦਲ ਚੁਕਿਆ ਸੀ। ਸਾਧੂਆਂ ਦੇ ਕੋਲ ਕਰਾਮਾਤਾਂ ਸੀ ਬਹੁਤ ਜਬਰਦਸਤ, ਸ਼ਕਤੀਆਂ ਸਨ, ਪੀਰਾਂ ਕੋਲ ਵੀ ਸ਼ਕਤੀਆਂ ਸਨ। ਉਨ੍ਹਾਂ ਦੇ ਮਨ ਵਿਚ ਹੁੰਦਾ ਕਿ ਅਸੀਂ ਦੁਨੀਆਂ ਨੂੰ ਇਸਲਾਮ ਵਿਚ ਲੈ ਆਈਏ, ਇਹ ਠੀਕ ਰਸਤਾ ਹੈ। ਬਜਰ ਜੁਲਮ ਨੂੰ ਰੋਕ ਨਹੀਂ ਸੀ ਸਕਦੇ, ਆਪਣੇ ਭਾਈਚਾਰੇ ਦੇ ਰਾਜਸੀ ਜਬਰ ਨੂੰ ਤੇ ਦੂਸਰੇ ਜੋ ਸਾਧੂ ਸੀ ਸ਼ਕਤੀਆਂ ਹਾਸਲ ਕਰਨ ਵਾਸਤੇ ਚਿੱਲ੍ਹੇ ਕਟਦੇ ਸੀ, ਪਹਾੜਾਂ ਵਿਚ ਜਾ ਕੇ ਰਹਿੰਦੇ ਸੀ, ਔਖੇ-ਔਖੇ ਹਠ ਯੋਗ ਦੇ ਸਾਧਨ ਕਰਦੇ ਸਨ ਪਰ ਪ੍ਰਮੇਸ਼ਰ ਨਾਲ ਬਿਰਤੀ ਵਿਰਲੇ ਦੀ ਹੀ ਜੁੜਦੀ ਸੀ, ਕੋਈ ਟਾਵਾਂ-ਟਾਵਾਂ ਸੀ।

ਸੋ ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਸਾਧੂ ਪੈਦਾ ਕਰਨ ਵਾਸਤੇ ਸੰਸਾਰ 'ਚ ਆਏ। ਆਪੇ ਹੀ ਪ੍ਰਮੇਸ਼ਰ ਨੇ ਗੁਰੂ ਦਾ ਸਰੂਪ ਧਾਰਨ ਕਰਕੇ ਸੰਸਾਰ ਦੇ ਉਧਾਰ ਵਾਸਤੇ ਸਾਧੂ ਪੈਦਾ ਕੀਤੇ। ਬਹੁਤ ਮੁਸ਼ਕਲ ਹੈ ਸਾਧੂ ਦੀ ਪਹਿਚਾਣ। ਗੁਰੂ ਗ੍ਰੰਥ ਸਾਹਿਬ ਦੇ ਅੰਦਰ ਕੁਝ ਪੰਗਤੀਆਂ ਆਉਂਦੀਆਂ ਨੇ ਜਿਨ੍ਹਾਂ ਤੋਂ ਪਤਾ ਲਗ ਜਾਂਦਾ ਹੈ ਕਿ -

*ਇਹ ਨੀਸਾਣੀ ਸਾਧ ਕੀ*
*ਜਿਸੁ ਭੇਟਤ ਤਰੀਐ ॥ ਅੰਗ -320*

ਜਿਸ ਨੂੰ ਮਿਲ ਕੇ ਆਦਮੀ ਦੇ ਗਿਆਨ ਚਕਸ਼ੂ (ਅੱਖਾਂ) ਖੁੱਲ੍ਹ ਜਾਣ ਕੇ ਤਰ ਜਾਵੇ ਉਹ ਸੰਸਾਰ ਤੋਂ, ਕਹਿੰਦੇ ਉਹ ਸਾਧੂ ਹੁੰਦੇ ਨੇ। ਦੂਸਰਾ ਹੈ -

*ਜਿਨਾ ਸਾਸਿ ਗਿਰਾਸਿ ਨ ਵਿਸਰੈ*

*ਹਰਿ ਨਾਮਾਂ ਮਨਿ ਮੰਤੁ॥*
*ਧੰਨੁ ਸਿ ਸੇਈ ਨਾਨਕਾ*
*ਪੂਰਨੁ ਸੋਈ ਸੰਤੁ॥ ਅੰਗ - 319*

ਜਿਨ੍ਹਾਂ ਨੂੰ 24 ਘੰਟੇ ਹੀ ਪ੍ਰਮੇਸ਼ਰ ਖੁਲੀਆਂ ਅੱਖਾਂ ਨਾਲ ਤੇ ਬੰਦ ਅੱਖਾਂ ਨਾਲ ਦਿਸਦਾ ਰਹਿੰਦਾ ਹੈ, ਭੁਲਦਾ ਨਹੀਂ ਹੈ, ਭੁੱਲ ਵਿਚ ਨਹੀਂ ਆਉਂਦਾ। ਅਗਿਆਨ ਦਾ ਕੋਈ ਵੀ ਹਨ੍ਹੇਰਾ ਉਨ੍ਹਾਂ ਉਤੇ ਅਸਰ ਨਹੀਂ ਕਰ ਸਕਦਾ, ਉਹ ਸਦਾ ਗਿਆਨ ਦੀ ਬਿਰਤੀ ਵਿਚ ਰਹਿੰਦੇ ਨੇ ਤੇ ਪ੍ਰਮੇਸ਼ਰ ਨੂੰ ਇਨ੍ਹਾਂ ਖੁੱਲ੍ਹੇ ਨੈਣਾਂ ਦੇ ਨਾਲ ਦੇਖਦੇ ਨੇ। ਕੋਈ ਟਾਵਾਂ ਹੈ, ਸ਼ਾਇਦ ਕੋਈ ਲੱਭ ਜਾਵੇ ਮਿਹਨਤ ਕਰਦੇ ਕਰਦੇ ਕਿਉਂਕਿ ਮਹਾਰਾਜ ਕਹਿੰਦੇ ਸਾਧੂ ਦੀ ਸੰਗਤ ਭਾਗਾਂ ਤੋਂ ਬਿਨਾ ਨਹੀਂ ਮਿਲਦੀ, ਪਿਛਲੇ ਪੁੰਨ ਕਰਮ ਕੀਤੇ ਹੋਣ, ਪਿਛਲੇ ਜੁੱਗਾਂ ਦੀ ਕਮਾਈ ਹੋਵੇ ਉਸ ਦਾ ਫਲ ਉਸ ਨੂੰ ਮਿਲ ਜਾਵੇ ਤਾਂ ਸਾਧੂ ਦਾ ਦਰਸ਼ਨ ਹੋ ਜਾਦਾ ਹੈ, ਨਹੀਂ ਤਾਂ ਹੁੰਦਾ ਨਹੀਂ ਹੈ -

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਭੇਟਿਓ ਪੁਰਖੁ ਰਸਿਕ ਬੈਰਾਗੀ॥*
*ਅੰਗ - 204*

ਮਹਾਰਾਜ ਕਹਿੰਦੇ ਪਿਛਲੇ ਕੀਤੇ ਹੋਏ ਕਰਮਾਂ ਦੇ ਪੁੰਨ ਦਾ ਫਲ ਦੇਣ ਦਾ ਸਮਾਂ ਜੇ ਆ ਗਿਆ ਹੋਵੇ ਤਾਂ ਕੀ ਹੁੰਦਾ ਹੈ?

ਉਹ ਰਸੀਆ ਪੁਰਸ਼ ਮਿਲ ਜਾਂਦਾ ਹੈ ਜੋ ਨਾਮ ਦੇ ਨਾਲ ਭਰਿਆ ਹੁੰਦਾ ਹੈ, ਨਾਮ ਦੇ ਰਸ ਨਾਲ ਉਸ ਨੂੰ ਰੰਗ ਚੜ੍ਹਿਆ ਹੁੰਦਾ ਹੈ। ਗੱਲਾਂ-ਬਾਤਾਂ, ਨਿੰਦਿਆ-ਚੁਗਲੀ, ਗੱਪਾਂ ਮਾਰਨ ਵਾਲਾ ਨਹੀਂ ਮਿਲਦਾ, ਰਸੀਆ ਮਿਲਦਾ ਹੈ। ਉਸ ਦਾ ਇਹ ਹੁੰਦਾ ਹੈ ਕਿ ਰਸੀਏ ਦੀ ਸੰਗਤ ਵਿਚ ਜਾ ਕੇ ਰਸ ਪੈਦਾ ਹੋ ਜਾਂਦਾ ਹੈ, ਅੱਖ ਖੁੱਲ੍ਹ ਜਾਂਦੀ ਹੈ, ਪ੍ਰਮੇਸ਼ਰ ਵੱਲ ਬਿਰਤੀ ਲੱਗ ਜਾਂਦੀ ਹੈ, ਆਪਣੇ ਆਪ ਹੀ ਨਾਮ ਚੱਲ ਪੈਂਦਾ ਹੈ। ਬਗੈਰ ਕਿਸੇ ਯਤਨ ਤੋਂ ਅੰਦਰ ਨਾਮ ਜਿਵੇਂ ਉਭਲ ਚਲਦੀ ਹੈ ਇਸ ਤਰ੍ਹਾਂ ਚਲਣਾ ਸ਼ੁਰੂ ਹੋ ਜਾਂਦਾ ਹੈ। ਕਹਿੰਦੇ ਇਹ ਨਿਸ਼ਾਨੀ ਹੈ ਉਸ ਪੁਰਸ਼ ਦੀ, ਰਸੀਏ ਦੀ।

ਦੂਸਰਾ ਇਹ ਹੈ ਕਿ ਉਸ ਦਾ ਕਰਮ ਕੀ ਹੋਏਗਾ, ਉਸ ਦੇ ਮਿਲਣ ਦੇ ਨਾਲ ਫਰਕ ਕੀ ਪਏਗਾ? ਮਹਾਰਾਜ ਕਹਿੰਦੇ -

*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ॥*
*ਅੰਗ - 204*

ਹਨ੍ਹੇਰਾ ਮਿਟ ਜਾਏਗਾ ਅੰਦਰਲਾ, ਅਗਿਆਨਤਾ ਦਾ ਨਾਸ਼ ਹੋ ਜਾਏਗਾ ਤੇ ਗਿਆਨ ਦੇ ਚਕਸ਼ੂ (ਨੇਤਰ) ਖੁੱਲ੍ਹ ਜਾਣਗੇ ਤੇ ਇਨ੍ਹਾਂ ਖੁਲ੍ਹੀਆਂ ਅੱਖਾਂ ਦੇ ਨਾਲ ਹੀ ਪ੍ਰਮੇਸ਼ਰ ਦੇ ਦਰਸ਼ਨ ਹੋਣੇ ਸ਼ੁਰੂ ਹੋ ਜਾਣਗੇ। ਇਹ ਗੱਲ ਬੜੀ ਅਜੀਬ ਹੈ ਕਿਉਂਕਿ ਵਾਹਿਗੁਰੂ ਰੂਪ ਰੰਗ, ਰੇਖ ਭੇਖ ਤੋਂ ਨਿਆਰਾ ਹੈ ਪਰ ਜਦੋਂ ਉਹ ਸਰਗੁਣ ਰੂਪ ਧਾਰਦਾ ਹੈ ਉਦੋਂ ਸਾਰੇ ਹੀ ਉਸ ਦੇ ਰੂਪ ਹੁੰਦੇ ਨੇ, ਸਾਰੇ ਹੀ ਉਸ ਦੇ ਬੋਲ ਹੁੰਦੇ ਨੇ। ਸੋ ਇਹ ਬਾਤ ਉਸ ਦੀ ਸੰਗਤ ਵਿਚੋਂ ਪ੍ਰਾਪਤ ਹੋ ਜਾਏਗੀ। ਹਨ੍ਹੇਰਾ ਮਿਟ ਜਾਏਗਾ ਅਗਿਆਨਤਾ ਦਾ, ਪੰਜ ਭਰਮਾਂ ਦਾ ਹਨ੍ਹੇਰਾ ਮਿਟ ਜਾਏਗਾ, ਤੇ ਜਨਮਾਂ-ਜਨਮਾਂਤਰਾਂ ਦੀ ਜਿਹੜੀ ਸੁਰਤ ਹੈ ਸੁੱਤੀ ਪਈ ਹਉਮੈ ਦੇ ਮੰਡਲ ਵਿਚ ਉਸ ਨੂੰ ਜਾਗ ਆ ਜਾਏਗੀ, ਜਾਗ ਆ ਕੇ ਉਹ ਆਤਮ ਮੰਡਲ ਦੇ ਵਿਚ ਉਨਮਨੀ ਅਵਸਥਾ ਵਿਚ ਪ੍ਰਵੇਸ਼ ਕਰ ਜਾਏਗੀ। ਉਹ ਜਾਗਿਆ ਹੋਇਆ ਪੁਰਸ਼ ਹੋਏਗਾ ਬਾਕੀ ਜਿੰਨਾ ਸੰਸਾਰ ਹੈ-

*ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ*
*ਸੁਤਿਆ ਰੈਣਿ ਵਿਹਾਣੀ॥ ਅੰਗ - 920*

ਸੁੱਤਾ ਪਿਆ ਹੈ ਸੰਸਾਰ -

*ਸੁਪਨੇ ਸੇਤੀ ਚਿਤੁ ਮੂਰਖਿ ਲਾਇਆ॥*
*ਬਿਸਰੇ ਰਾਜ ਰਸ ਭੋਗ*
*ਜਾਗਤ ਭਖਲਾਇਆ॥ ਅੰਗ - 707*

ਸੁਪਨੇ ਦੇ ਅੰਦਰ ਬੇਅੰਤ ਚੀਜ਼ਾਂ ਹਾਸਲ ਕਰ ਰਿਹਾ ਹੈ। ਜਦੋਂ ਜਾਗ ਪੈਂਦਾ ਹੈ ਉਦੋਂ ਕੋਈ ਚੀਜ਼ ਵੀ ਨਹੀਂ ਹੁੰਦੀ-ਕੋਈ ਦੁਖ ਨਹੀਂ ਹੁੰਦਾ ਸੁਪਨੇ ਦਾ, ਕੋਈ ਸੁਖ ਨਹੀਂ ਹੁੰਦਾ। ਸੋ ਇਸ ਤਰ੍ਹਾਂ ਸੰਸਾਰ ਏਸ ਪਾਸਿਓ, ਰੂਹਾਨੀ ਜਾਗ ਵਲੋਂ ਸੁੱਤਾ ਪਿਆ ਹੈ। ਉਸ ਸਾਧੂ ਦੀ ਸੰਗਤ ਵਿਚ ਇਸ ਨੂੰ ਜਾਗ ਆ ਜਾਏਗੀ। ਸੋ ਇਹ ਭਾਗਾਂ ਦੇ ਨਾਲ ਮਿਲਦੀ ਹੈ। ਮਹਾਰਾਜ ਕਹਿੰਦੇ -

*ਹਰਿ ਕੀਰਤਿ ਸਾਧਸੰਗਤਿ ਹੈ*
*ਸਿਰਿ ਕਰਮਨ ਕੈ ਕਰਮਾ॥ ਅੰਗ - 642*

ਸਾਰਿਆਂ ਤੋਂ ਸ਼੍ਰੋਮਣੀ ਕਰਮ ਜੋ ਹੈ ਕਲਜੁਗ ਦੇ ਅੰਦਰ, ਸ਼੍ਰੋਮਣੀ ਭਗਤੀ ਜੋ ਹੈ ਉਹ -

*ਕਲਜੁਗ ਮਹਿ ਕੀਰਤਨੁ ਪਰਧਾਨਾ॥*
*ਗੁਰਮੁਖਿ ਜਪੀਐ ਲਾਇ ਧਿਆਨਾ॥*
*ਅੰਗ - 1075*

*ਆਪਿ ਤਰੈ ਸਗਲੇ ਕੁਲ ਤਾਰੇ*
*ਹਰਿ ਦਰਗਹ ਪਤਿ ਸਿਉ ਜਾਇਦਾ॥*
*ਅੰਗ - 1076*

ਸੋ ਐਸੀ ਜੇ ਅਵਸਥਾ ਆ ਜਾਵੇ ਹਰੀ ਦਾ ਜਸ ਕਰਨ ਦੀ ਤਾਂ ਆਪ ਵੀ ਤਰ ਜਾਂਦਾ ਹੈ ਤੇ ਦਰਗਾਹ ਦੇ ਵਿਚ ਪੱਤ (ਇਜ਼ਤ) ਨਾਲ ਜਾਂਦਾ ਹੈ ਕਿਉਂਕਿ ਸ਼੍ਰੋਮਣੀ ਭਗਤੀ ਇਸ ਨੂੰ ਪ੍ਰਾਪਤ ਹੋਈ ਹੁੰਦੀ ਹੈ। ਕੀਰਤਨ ਭਗਤੀ ਦੇ ਵਿਚੋਂ ਹੀ ਪ੍ਰੇਮਾ-ਭਗਤੀ ਪੈਦਾ ਹੁੰਦੀ ਹੈ। ਨੌ ਭਗਤੀਆਂ ਨੇ, ਕੀਰਤਨ ਦੀ ਪ੍ਰਧਾਨਤਾ ਹੈ ਕਲਜੁਗ ਦੇ ਅੰਦਰ। ਸੋ ਮਹਾਰਾਜ ਕਹਿੰਦੇ ਇਹ ਦੋ ਚੀਜ਼ਾਂ -

*ਹਰਿ ਕੀਰਤਿ ਸਾਧਸੰਗਤਿ ਹੈ*
*ਸਿਰਿ ਕਰਮਨ ਕੈ ਕਰਮਾ॥ ਅੰਗ - 642*

ਮਿਲਦੀ ਉਸ ਨੂੰ ਹੈ ਜਿਸ ਨੂੰ ਪ੍ਰਮੇਸ਼ਰ ਦੀ

ਮਿਹਰ ਹੋਵੇ ਪਰ ਪਿਛਲੇ ਕਰਮ ਕੀਤੇ ਹੋਣ ਸ਼ੁਭ। ਸੋ ਅੰਮ੍ਰਿਤ ਵੇਲੇ ਜਾਗ ਕੇ ਹਰੀ ਦੇ ਜਸ ਵਿਚ ਆ ਜਾਣਾ ਜਿਥੇ ਕੋਈ ਗਰਜ ਨਹੀਂ, ਕੋਈ ਦਿਖਾਵਾ ਨਹੀਂ ਹੈ। ਇਕੱਠੇ ਹੁੰਦੇ ਨੇ ਆ ਕੇ ਪ੍ਰਭੂ ਦਾ ਜਸ ਕਰਦੇ ਨੇ ਤੇ ਫੇਰ ਚਲੇ ਜਾਂਦੇ ਨੇ। ਇਹ ਪਿਛਲੇ ਜੁਗਾਂ ਦੇ ਵਿਚ ਕੀਤੇ ਹੋਏ ਪੂਰਬਲੇ ਕਰਮਾਂ ਦਾ ਫਲ ਪ੍ਰਾਪਤ ਹੋ ਰਿਹਾ ਹੈ ਜੋ ਆਪ ਅੰਮ੍ਰਿਤ ਵੇਲੇ ਤੋਂ ਸੰਗਤ ਵਿਚ ਬੈਠੇ ਹੋ, ਐਵੇਂ ਨਹੀਂ ਹੈ ਇਹ ਕੋਈ ਕਿ ਆਪੇ ਹੀ ਸਤਿਸੰਗ ਮਿਲ ਗਿਆ, ਸਾਰਾ ਹੀ ਸੰਸਾਰ ਹੈ ਕਿੰਨੇ ਕੁ ਨੇ ਜਿਹੜੇ ਅੰਮ੍ਰਿਤ ਵੇਲੇ ਜਾਗਦੇ ਨੇ -

*ਬੁਰੇ ਕਾਮ ਕਉ ਊਠਿ ਖਲੋਇਆ॥*
*ਨਾਮ ਕੀ ਬੇਲਾ ਪੈ ਪੈ ਸੋਇਆ॥*
*ਅੰਗ - 738*

ਨਾਮ ਦੇ ਵੇਲੇ ਪੈ ਪੈ ਕੇ ਸੌਂਦਾ ਹੈ ਉਠਦਾ ਨਹੀਂ ਹੈ। ਸੋ ਇਸ ਤਰ੍ਹਾਂ ਦੇ ਨਾਲ ਜੋ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਨੇ। ਉਹ ਰਸਨਾ ਦੇ ਨਾਲ ਗੁਣ ਗੋਬਿੰਦ ਦੇ ਗਾਉਣ ਦਾ ਫਲ ਦਸ ਰਹੇ ਨੇ। ਜੋ ਬੇਅੰਤ ਗੁਣਾਂ ਦਾ ਖਜਾਨਾਂ ਵਾਹਿਗੁਰੂ ਹੈ ਉਸ ਦੇ ਗੁਣਾਂ ਨੂੰ ਜੋ ਰਸਨਾ ਦੇ ਨਾਲ ਗਾਉਂਦੇ ਨੇ।

ਰਸਨਾ, ਚਾਰ ਉਂਗਲ ਦਾ ਮਾਸ ਦਾ ਟੁਕੜਾ ਹੈ। ਇਹ ਕੁੰਭੀ ਨਰਕ ਵਿਚ ਵੀ ਲਿਜਾ ਸਕਦਾ ਹੈ, ਇਹ ਵਾਹਿਗੁਰੂ ਨਾਲ ਮਿਲਾ ਵੀ ਸਕਦਾ ਹੈ, ਸਾਰੀ ਦੁਨੀਆਂ ਦੇ ਸੁਖ ਵੀ ਇਹ ਦੇ ਸਕਦਾ ਹੈ। ਇਹ 4 ਉਂਗਲ ਦੀ ਜੁਬਾਨ ਵਾਹਿਗੁਰੂ ਨੇ ਅੰਦਰ ਲਾਈ ਹੈ। ਇਸ ਰਸਨਾ ਇੰਦ੍ਰੇ ਦੀ ਜੇ ਸਹੀ ਵਰਤੋਂ ਕੀਤੀ ਜਾਵੇ ਤਾਂ ਇਹ ਪ੍ਰਮੇਸ਼ਰ ਬਣਾ ਦਿੰਦੀ ਹੈ ਮਨੁੱਖ ਨੂੰ। ਮਨੁੱਖ ਤੋਂ ਚੁੱਕ ਕੇ ਰੱਬ ਬਣਾ ਦਿੰਦੀ ਹੈ। ਜੇ ਇਸ ਦੀ ਦੁਰ-ਵਰਤੋਂ ਕੀਤੀ ਜਾਵੇ ਤਾਂ ਇਹ ਕੁੰਭੀ ਨਰਕ ਦੇ ਵਿਚ ਪਹੁੰਚਾ ਦਿੰਦੀ ਹੈ।

ਸੋ ਹੁਣ ਵਰਤੋਂ ਕਿਵੇਂ ਹੋਵੇ, ਦੁਰਵਰਤੋਂ ਕਿਵੇਂ ਰੁਕੇ? ਇਸ ਲਈ ਬੁੱਧੀ ਦਿੱਤੀ ਹੈ ਪ੍ਰਮੇਸ਼ਰ ਨੇ ਉਸ ਦੇ ਨਾਲ ਇਹ ਨਿਰਣਾ ਲੈ ਸਕਦੀ ਹੈ। ਚਾਰ ਉਂਗਲ ਜੁਬਾਨ ਹਿਲਦੀ ਹੈ ਨਿੰਦਿਆ ਕਰਦੀ ਹੈ ਤੇ ਕੁੰਭੀ ਨਰਕ ਦਾ ਵਾਸਾ ਹੋ ਜਾਂਦਾ ਹੈ ਤੇ ਮਹਾਰਾਜ ਕਹਿੰਦੇ ਉਹ ਮਹਾਂਮੂਰਖ ਬੰਦਾ ਹੈ -

*ਨਿੰਦਾ ਭਲੀ ਕਿਸੈ ਕੀ ਨਾਹੀ*
*ਮਨਮੁਖ ਮੁਗਧ ਕਰੰਨਿ॥ ਅੰਗ - 755*

ਮਨਮੁਖ ਵੀ ਜਿਹੜਾ ਅਤਿ ਦਾ, ਹੱਦ ਦਰਜੇ ਦਾ ਮਨਮੁਖ ਅਤੇ ਮੂਰਖ ਹੈ ਉਹ ਕਰਦਾ ਹੈ।

*ਮੁਹ ਕਾਲੇ ਤਿਨ ਨਿੰਦਕਾ*
*ਨਰਕੇ ਘੋਰਿ ਪਵੰਨਿ॥ ਅੰਗ - 755*

ਘੋਰ ਨਰਕ ਦੇ ਵਿਚ ਪਹੁੰਚਣਾ ਪੈਂਦਾ ਹੈ ਉਸ ਨੂੰ 4 ਉਂਗਲ ਦੀ ਜੁਬਾਨ ਦੀ ਦੁਰ ਵਰਤੋਂ ਕਰਨ ਨਾਲ। ਭਜਨ ਪਾਠ ਕਰੀ ਜਾਂਦਾ ਹੈ ਲੇਕਿਨ ਫਿੱਕਾ ਬੋਲਦਾ ਹੈ, ਦੁਰ ਵਰਤੋਂ ਕਰ ਲਈ ਮਹਾਰਾਜ ਕਹਿੰਦੇ-

*ਫਿਕਾ ਦਰਗਹ ਸਟੀਐ*
*ਮੁਹਿ ਥੁਕਾ ਫਿਕੇ ਪਾਇ॥*
*ਫਿਕਾ ਮੂਰਖੁ ਆਖੀਐ*
*ਪਾਣਾ ਲਹੈ ਸਜਾਇ॥ ਅੰਗ - 473*

ਨਿਕੀ ਜਿਹੀ ਗੱਲ ਹੈ ਕਿਉਂਕਿ ਸ਼ੁਭ ਵਰਤੋਂ ਨਹੀਂ ਹੋ ਰਹੀ। ਇਸ ਦੀ ਥਾਂ ਤੇ ਜੇ ਪ੍ਰਮੇਸ਼ਰ ਦਾ ਨਾਮ ਰਸਨਾ ਬੋਲਦੀ ਹੈ, ਕਹਿੰਦੇ -

*ਕਬੀਰ ਸੋਈ ਮੁਖੁ ਧੰਨਿ ਹੈ*
*ਜਾ ਮੁਖਿ ਕਹੀਐ ਰਾਮੁ॥ ਅੰਗ - 1370*

ਜੇ ਰਸਨਾ ਤੋਂ ਰਾਮ ਕਹਿ ਹੋ ਗਿਆ ਤਾਂ ਕਹਿੰਦੇ ਉਹ ਧੰਨ ਹੈ ਵਾਹਿਗੁਰੂ ਨਿਕਲਿਆ ਹੈ ਉਸ ਦੇ ਮੂੰਹ 'ਚੋਂ। ਕਹਿੰਦੇ ਇਸ ਦਾ ਅਸਰ ਕਿੰਨਾ ਹੋਏਗਾ-

*ਦੇਹੀ ਕਿਸ ਕੀ ਬਾਪੁਰੀ*
*ਪਵਿਤ੍ਰੁ ਹੋਇਗੋ ਗ੍ਰਾਮੁ॥ ਅੰਗ - 1370*

ਦੇਹੀ ਨੇ ਤਾਂ ਪਵਿੱਤਰ ਹੋਣਾ ਹੀ ਹੈ -

ਨਗਰ ਵੀ ਪਵਿੱਤਰ ਹੋ ਜਾਏਗਾ ਸਾਰਾ। ਸੋ ਇਸ ਰਸਨਾ ਦੀ ਵਰਤੋਂ ਲਈ ਮਹਾਰਾਜ ਏਸ ਸ਼ਬਦ ਵਿਚ ਦਸਦੇ ਨੇ ਕਿ ਜੇ ਇਹ ਰਸਨਾ ਫਿਕਾ ਬੋਲਦੀ ਹੈ, ਝੂਠ ਬੋਲਦੀ ਹੈ, ਕਪਟ ਦੀਆਂ ਗੱਲਾਂ ਕਰਦੀ ਹੈ, ਛਲ ਦੀਆਂ ਗੱਲਾਂ ਕਰਦੀ ਹੈ, ਨਿੰਦਿਆ ਕਰਦੀ ਹੈ, ਚੁਗਲੀਆਂ ਕਰਦੀ ਹੈ ਤਾਂ ਬੇਹਤਰ ਇਹ ਹੈ ਕਿ ਇਸ ਰਸਨਾ ਨੂੰ ਕੱਟ ਕੇ ਇਸ ਦੇ ਸੈਂਕੜੇ ਟੁਕੜੇ ਕਰ ਦਿਓ-

*ਰੇ ਜਿਹਬਾ ਕਰਉ ਸਤ ਖੰਡ॥*
*ਅੰਗ - 1163*

ਸ਼ਤ ਸੌ ਨੂੰ ਕਹਿੰਦੇ ਨੇ -

*ਜਾਮਿ ਨ ਉਚਰਸਿ ਸ੍ਰੀ ਗੋਬਿੰਦ॥*
*ਅੰਗ - 1163*

ਤੇਰੇ ਮੂੰਹ ਵਿਚੋਂ ਕਦੇ ਗੋਬਿੰਦ ਦਾ ਨਾਮ ਹੀ ਨਹੀਂ ਨਿਕਲਿਆ, ਕਦੇ ਤੂੰ ਉਚਾਰਨ ਹੀ ਨਹੀਂ ਕੀਤਾ ਤੇ ਤੇਰੇ ਸੌ ਟੁਕੜੇ ਕਰ ਦੇਣੇ ਚਾਹੀਦੇ ਨੇ -

*ਰਸਨਾ ਜਪੈ ਨ ਨਾਮੁ*
*ਤਿਲੁ ਤਿਲੁ ਕਰਿ ਕਟੀਐ॥*
*ਅੰਗ - 1362*

ਐਡਾ ਸਖਤ ਹੁਕਮ ਮਹਾਰਾਜ ਜੀ ਨੇ ਏਸ ਕਰਕੇ ਹੀ ਦਿੱਤਾ ਹੈ ਕਿ ਇਸ ਦੀ ਸਹੀ ਵਰਤੋਂ ਤੁਸੀਂ ਐਸੇ ਜੁਗ ਦੇ ਅੰਦਰ ਜੇ ਇਕ ਵਾਰੀ ਵੀ ਕਹਿ ਦਿਓਗੇ ਤਾਂ ਵੀ ਤੁਹਾਡਾ ਉਧਾਰ ਹੋ ਜਾਵੇਗਾ -

*ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ*
*ਕਰਿ ਨਾਰਾਇਣ ਬੋਲਾਰੇ॥ ਅੰਗ - 981*

ਹਾਕ ਮਾਰ ਦਿੱਤੀ ਰਸਨਾ ਨਾਲ, ਰਸਨਾ ਦੀ

ਵਰਤੋਂ ਕਰ ਲਈ ਪੁੱਤਰ ਨੂੰ ਨਾਰਾਇਣ ਕਹਿ ਕੇ ਆਵਾਜ ਮਾਰੀ। ਰਸਨਾ ਤੋਂ ਬਿਨਾ ਤਾਂ ਆਵਾਜ਼ ਜਾਂਦੀ ਹੀ ਨਹੀਂ ਹੈ। ਕਹਿੰਦੇ-

*ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ*
*ਜਮਕੰਕਰ ਮਾਰਿ ਬਿਦਾਰੇ॥ ਅੰਗ - 981*

ਰਸਨਾ ਤੋਂ ਉਚਾਰਿਆ ਹੋਇਆ ਨਾਮ, ਪ੍ਰਮੇਸ਼ਰ ਵੱਲ ਧਿਆਨ ਜਾਣ ਦੇ ਨਾਲ ਉਸ ਦੀ ਭਾਵਨੀ ਜੋ ਸੀ, ਉਸ ਦੀ ਲਾਚਾਰੀ ਸੀ ਉਸ ਵੇਲੇ ਉਹ ਮੇਰੇ ਠਾਕੁਰ ਦੇ ਮਨ ਵਿਚ ਭਾਅ ਗਈ। ਉਸ ਨੇ ਕੀ ਕਰਿਆ -

ਜਮਾਂ ਨੂੰ ਨਠਾ ਦਿੱਤਾ, ਦੇਵ ਗਣ ਉਸੇ ਵੇਲੇ ਆ ਕੇ ਬਵਾਨਾਂ ਵਿਚ ਬਿਠਾ ਕੇ ਉਸ ਮਹਾਪਾਪੀ ਨੂੰ ਬੈਕੁੰਠ ਧਾਮ ਨੂੰ ਲੈ ਗਏ ਕੇਵਲ ਰਸਨਾ ਦਾ ਸਹੀ ਪ੍ਰਯੋਗ ਕੀਤਾ ਉਸ ਨੇ ਮੌਕੇ ਤੇ। ਸੋ ਮਹਾਰਾਜ ਕਹਿੰਦੇ-

*ਰਸਨਾ ਗੁਣ ਗੋਪਾਲ ਨਿਧਿ ਗਾਇਣ॥*
*ਅੰਗ - 713*

ਜੇ ਗੁਣ ਗਾਉਂਦਾ ਹੈ ਰਸਨਾ ਦੇ ਨਾਲ, ਰਸਨਾ ਦੇ ਨਾਲ ਫੇਰ ਮਨ ਦੀ ਇਕਾਗਰਤਾ ਜੁੜੀ ਹੋਈ ਹੈ ਤੇ ਚਿਤ ਦੀ ਭਾਵਨਾ ਜੁੜੀ ਹੋਈ ਹੈ ਤੇ ਫੇਰ ਪ੍ਰਤੀਤ (ਭਰੋਸਾ) ਜੁੜੀ ਹੋਈ ਹੈ, ਇਹ ਸਾਰੀਆਂ ਚੀਜ਼ਾਂ ਇਕੱਠੀਆਂ ਹੁੰਦੀਆਂ ਹਨ। ਉਸ ਦੇ ਨਾਲ ਕੀ ਹੁੰਦਾ ਹੈ -

*ਸਾਂਤਿ ਸਹਜੁ ਰਹਸੁ ਮਨਿ ਉਪਜਿਓ*
*ਸਗਲੇ ਦੂਖ ਪਲਾਇਣ॥ ਅੰਗ - 713*

ਖੇੜਾ ਪੈਦਾ ਹੋ ਜਾਏਗਾ, ਝੂਮੇਗਾ ਆਦਮੀ। ਮੁਰਝਾਇਆ ਹੋਇਆ ਨਹੀਂ ਰਹੇਗਾ, ਮੱਥੇ ਦੇ ਉਤੇ ਘੁੱਟੀਆਂ ਨਹੀਂ ਹੋਣਗੀਆਂ, ਹਉਕੇ ਨਹੀਂ ਲਏਗਾ, ਉਸ ਦੇ ਨੇਤਰਾਂ ਵਿਚ ਚਮਕ ਹੋਏਗੀ, ਉਸ ਦੀ ਚਾਲ ਵੀ ਮਸਤਾਨੀ ਹੋਏਗੀ, ਬੋਲ ਚਾਲ ਵੀ ਮਿੱਠੀ ਹੋਏਗੀ, ਕਹਿੰਦੇ ਉਸ ਦੇ ਨਾਲ ਪਰਮ ਸ਼ਾਤੀ ਪ੍ਰਾਪਤ ਹੋ ਜਾਏਗੀ, ਸਹਿਜ ਦਾ ਜੀਵਨ ਪ੍ਰਾਪਤ ਹੋ ਜਾਂਦਾ ਹੈ ਤੇ ਖੇੜੇ ਦੀ ਪ੍ਰਾਪਤੀ ਹੋ ਜਾਂਦੀ ਹੈ। ਜਿੰਨੇ ਵੀ ਦੁਖ ਨੇ ਚਾਹੇ ਉਹ ਆਰਥਿਕ ਨੇ। ਤਿੰਨ ਵੱਡੇ ਦੁਖ ਨੇ ਜਿਨ੍ਹਾਂ ਨੂੰ ਆਧ, ਬਿਆਧ, ਉਪਾਧ ਕਹਿੰਦੇ ਨੇ, ਇਹ ਤਿੰਨ ਤਾਪ ਨੇ। ਇਨ੍ਹਾਂ ਤਿੰਨੇ ਤਾਪਾਂ ਤੋਂ ਤੇ ਸਾਰੇ ਦੁਖਾਂ ਤੋਂ ਛੁਟਕਾਰਾ ਹੋ ਜਾਏਗਾ। ਐਡਾ ਫਲ ਗੁਰੂ ਮਹਾਰਾਜ ਜੀ ਨੇ ਰਸਨਾ ਦੇ ਨਾਲ ਗੁਣ ਗਾਉਣ ਦਾ ਦੱਸਿਆ ਹੈ ਤੇ ਫੇਰ ਮਹਾਰਾਜ ਕਹਿੰਦੇ -

*ਜੋ ਮਾਗਹਿ ਸੋਈ ਸੋਈ ਪਾਵਹਿ*
*ਸੇਵਿ ਹਰਿ ਕੇ ਚਰਣ ਰਸਾਇਣ॥*
*ਅੰਗ - 714*

ਸਾਨੂੰ ਲੋੜਾਂ ਨੇ ਹਰ ਵਕਤ ਮਹਾਰਾਜ ਨੇ ਸਾਨੂੰ ਲੋੜਾਂ ਤੋਂ ਵਾਂਝਾ ਨਹੀਂ ਰਖਿਆ। ਕਹਿੰਦੇ ਠੀਕ ਹੈ ਇਕ ਤਾਂ ਤੁਹਾਡੇ ਮੱਥੇ ਵਿਚ ਲਿਖ ਦਿੱਤਾ ਪ੍ਰਮੇਸ਼ਰ ਨੇ -

*ਜੈਸੀ ਕਲਮ ਵੁੜੀ ਹੈ ਮਸਤਕਿ*
*ਤੈਸੀ ਜੀਅੜੇ ਪਾਸਿ॥ ਅੰਗ - 74*

ਉਹ ਤਾਂ ਲਿਖ ਦਿੱਤਾ ਹੈ ਉਹ ਤਾਂ ਤੁਹਾਨੂੰ ਮਿਲਣਾ ਹੀ ਮਿਲਣਾ ਹੈ, ਪ੍ਰਾਲਬਧ ਘਟ ਵੀ ਸਕਦੀ ਹੈ ਵਧ ਵੀ ਸਕਦੀ ਹੈ। ਤੁਹਾਡੇ ਕਰਮਾਂ ਦੇ ਹਿਸਾਬ ਨਾਲ ਮੋਹਰਾਂ ਤੋਂ ਕੋਲੇ ਵੀ ਬਣ ਸਕਦੇ ਨੇ, ਸੂਲੀ ਤੋਂ ਸੂਲ ਵੀ ਬਣ ਸਕਦੀ ਹੈ। ਸੋ ਮਹਾਰਾਜ ਕਹਿੰਦੇ ਜੇ ਤੁਹਾਨੂੰ ਪ੍ਰਾਲਬਧ ਤੋਂ ਵੱਧ ਵੀ ਲੋੜਾਂ ਨੇ, ਐਸੀ ਬਾਤ ਨਹੀਂ ਹੈ ਕਿ ਜਿੰਨਾ ਸਾਡੇ ਭਾਗਾਂ ਵਿਚ ਲਿਖਿਆ ਹੈ ਓਨਾ ਹੀ ਲੱਭਣਾ ਹੈ, ਇਸ ਦੇ ਵਿਚ ਮਹਾਰਾਜ ਨੇ ਛੋਟ ਕਰ ਦਿੱਤੀ, ਕਰਮ ਰੱਦ ਕਰਨ ਦਾ ਅਧਿਕਾਰ) ਦੇ ਦਿੱਤਾ ਕਿ ਐਸਾ ਨਹੀਂ ਜਿਹੜਾ ਪ੍ਰਮੇਸ਼ਰ ਦਾ ਪਿਆਰਾ ਹੈ, ਗੁਣ ਗਾਉਂਦਾ ਹੈ ਕਹਿੰਦੇ ਉਹ ਜਿਹੜਾ ਕੁਝ ਮੰਗਦਾ ਹੈ ਉਹ ਉਸ ਨੂੰ ਮਿਲ ਜਾਂਦਾ ਹੈ -

ਪੁੱਤਰ ਮੰਗਦਾ ਹੈ, ਪੁੱਤਰ ਮਿਲਦਾ ਹੈ, ਸਿਹਤ ਮੰਗਦਾ ਹੈ ਸਿਹਤ ਮਿਲਦੀ ਹੈ, ਇਜ਼ਤ ਮੰਗਦਾ ਹੈ ਇਜ਼ਤ ਮਿਲਦੀ ਹੈ, ਮਕਾਨ ਜਾਇਦਾਦ ਮੰਗਦਾ ਹੈ ਜਾਇਦਾਦ ਮਿਲਦੀ ਹੈ ਕਿਉਂਕਿ ਉਹ -

*ਜੋ ਮਾਗਹਿ ਸੋਈ ਸੋਈ ਪਾਵਹਿ*
*ਸੇਵਿ ਹਰਿ ਕੇ ਚਰਣ ਰਸਾਇਣ॥*
*ਅੰਗ - 714*

ਵਾਹਿਗੁਰੂ ਦੇ ਚਰਨਾਂ ਦੀ ਸੇਵਾ ਨਾਮ ਦਾ ਜਪਣਾ ਹੋਇਆ ਕਰਦਾ ਹੈ। ਉਹ ਰਸਾਇਣ ਨੇ ਉਥੋਂ ਹਰ ਚੀਜ਼ਾਂ ਪ੍ਰਾਪਤ ਹੁੰਦੀਆਂ ਨੇ। ਕਾਮਧੇਨ, ਪਾਰਜਾਤ ਇਹ ਪ੍ਰਮੇਸ਼ਰ ਦੇ ਨਾਮ ਵਿਚ ਸ਼ਕਤੀਆਂ ਨੇ ਦੋ। ਜਦੋਂ ਨਾਮ ਜਪਦਾ ਜਪਦਾ ਹਿਰਦੇ ਵਿਚ ਵਸਾ ਲੈਂਦਾ ਹੈ। ਇਕ ਵਾਰ ਵੱਸਣ ਦੀ ਲੋੜ ਹੈ ਹਿਰਦੇ ਵਿਚ ਉਸ ਵੇਲੇ ਹੁੰਦਾ ਕੀ ਹੈ। ਇਕ ਐਸਾ ਕ੍ਰਿਸ਼ਮਾ ਵਰਤਦਾ ਹੈ ਕਿ-

*ਨਵ ਨਿਧੀ ਅਠਾਰਹ ਸਿਧੀ*
*ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ॥*
*ਅੰਗ - 649*

ਇਨ੍ਹਾਂ ਸ਼ਕਤੀਆਂ ਵਾਸਤੇ ਬੜੇ ਬੜੇ ਚਿਲ੍ਹੇ ਕੱਟਣੇ ਪੈਂਦੇ ਨੇ, ਇਕ ਇਕ ਸ਼ਕਤੀ ਵਾਸਤੇ। ਉਹ ਵੀ ਸੀਮਾ ਵਿਚ ਮਿਲਦੀ ਹੈ ਥੋੜੀ ਜਿਹੀ ਇਹ ਨਹੀਂ ਕਿ ਅਟੁੱਟ ਮਿਲ ਜਾਵੇ। ਜਦੋਂ ਇਹ ਨਾਮ ਵਾਲੀ ਸ਼ਕਤੀ ਹੁੰਦੀ ਹੈ ਇਹ ਮੁੱਕਦੀ ਨਹੀਂ -

*ਖਾਵਹਿ ਖਰਚਹਿ ਰਲਿ ਮਿਲਿ ਭਾਈ॥*
*ਤੋਟਿ ਨ ਆਵੈ ਵਧਦੋ ਜਾਈ॥*
*ਅੰਗ - 186*

ਵਧਦਾ ਹੀ ਜਾਂਦਾ ਹੈ ਇਹ ਖਜਾਨਾ। ਸਹਿਜ ਸੁਭਾਅ ਨਾਮ ਦੀ ਐਨੀ ਵੱਡੀ ਮਹੱਤਤਾ ਮਹਾਰਾਜ ਨੇ ਦੱਸੀ ਹੈ ਕਿ ਉਹ ਸਾਰੀਆਂ ਚੀਜ਼ਾਂ ਮਿਲ ਜਾਇਆ ਕਰਦੀਆਂ ਨੇ।

*ਜਨਮ ਮਰਣ ਦੁਹਹੂ ਤੇ ਛੂਟਹਿ*
*ਭਵਜਲੁ ਜਗਤੁ ਤਰਾਇਣ॥ ਅੰਗ – 714*

ਫੇਰ ਜੰਮਣ ਤੇ ਮਰਨ ਤੋਂ ਛੁਟ ਜਾਂਦਾ ਹੈ ਕਿਉਂਕਿ ਇਸ ਨਾਮ ਦੇ ਨਾਲ ਹਉਮੈ ਦਾ ਨਾਸ਼ ਹੋ ਜਾਂਦਾ ਹੈ ਪੂਰੀ ਤਰ੍ਹਾਂ ਨਾਲ। ਹਉਮੈ ਕਰਕੇ ਹੀ ਬੰਦਾ ਜੰਮਦਾ ਮਰਦਾ ਰਹਿੰਦਾ ਹੈ। ਜਦੋਂ ਨਾਮ ਹਿਰਦੇ ਵਿਚ ਵਸ ਗਿਆ ਉਦੋਂ –

*ਹਉਮੈ ਨਾਵੈ ਨਾਲਿ ਵਿਰੋਧੁ ਹੈ*
*ਦੁਇ ਨ ਵਸਹਿ ਇਕ ਠਾਇ॥*
*ਅੰਗ – 560*

ਦੋਏ ਹੀ ਨਹੀਂ ਇਕੱਠੇ ਵਸਦੇ। ਸੋ ਮਹਾਰਾਜ ਕਹਿੰਦੇ ਇਹ ਜੰਮਣ ਤੇ ਮਰਨ ਤੋਂ ਛੁਟ ਜਾਂਦਾ ਹੈ ਤੇ ਜੋ ਜਗਤ ਹੈ ਭਵਜਲ ਜਿਸ ਨੂੰ ਕਹਿੰਦੇ ਨੇ –

*ਪਾਵਕ ਸਾਗਰ ਅਥਾਹ ਲਹਰਿ ਮਹਿ*
*ਤਾਰਹੁ ਤਾਰਨਹਾਰੇ॥ ਅੰਗ – 613*

ਉਸ ਦੇ ਵਿਚੋਂ ਤਰ ਜਾਂਦਾ ਹੈ ਤੇ ਉਹ ਆਪ ਹੀ ਨਹੀਂ ਤਰਦਾ ਜਗਤ ਨੂੰ ਤਾਰਨ ਦੀ ਵੀ ਸ਼ਕਤੀ ਉਸ ਦੇ ਵਿਚ ਆ ਜਾਇਆ ਕਰਦੀ ਹੈ। ਜਿਹੜਾ ਉਸ ਦੇ ਨੇੜੇ ਆਉਂਦਾ ਹੈ ਉਸ ਨੂੰ ਵੀ ਉਹ ਤਾਰ ਦਿੰਦਾ ਹੈ। ਸੋ ਮਹਾਰਾਜ ਕਹਿੰਦੇ ਹੋਰ ਕੀ ਕਹਿਣਾ ਹੈ ਜੇ ਤੁਸੀਂ ਬਹੁਤ ਵੱਡੀ ਚੀਜ਼ ਚਾਹੁੰਦੇ ਹੋ –

*ਖੋਜਤ ਖੋਜਤ ਤਤੁ ਬਿਚਾਰਿਓ*
*ਦਾਸ ਗੋਵਿੰਦ ਪਰਾਇਣ॥ ਅੰਗ – 714*

research ਕਰ ਕਰ ਕੇ ਅਸੀਂ ਤੱਤ ਦੀ ਬਾਤ ਤੁਹਾਨੂੰ ਦੱਸ ਦਿੰਦੇ ਹਾਂ ਕਿਉਂਕਿ ਤੁਸੀਂ ਬਹੁਤ ਸਾਰੀਆਂ ਕਿਤਾਬਾਂ ਪੜ੍ਹੋਗੇ, ਬਹੁਤ ਸਾਰੇ ਮਹਾਂਪੁਰਸ਼ਾਂ ਦੇ ਬਚਨ ਸੁਣੋਂਗੇ। ਅਸੀਂ ਤੁਹਾਨੂੰ to the point ਅਖੀਰ ਆਖਰੀ ਬਾਤ ਦੱਸ ਦਿੰਦੇ ਹਾਂ। ਜਿਹੜਾ ਵਾਹਿਗੁਰੂ ਦੇ ਉਤੇ ਆਪਣੇ ਆਪ ਨੂੰ ਛੱਡ ਦੇਵੇ, ਉਸ ਦੀ ਰਜਾ 'ਚ ਰਾਜੀ ਹੋ ਜਾਵੇ ਤੇ ਉਸ ਦੇ ਪਰਾਇਣ ਹੋ ਜਾਵੇ।

*ਆਪੁ ਛਡਿ ਸਦਾ ਰਹੈ ਪਰਣੈ*
*ਗੁਰ ਬਿਨੁ ਅਵਰੁ ਨ ਜਾਣੈ ਕੋਇ॥*
*ਅੰਗ – 920*

ਜਦੋਂ ਪਰਣੇ ਹੁੰਦਾ ਹੈ ਫੇਰ ਸਿੱਖ ਦਾ ਮਨ ਨਹੀਂ ਡੋਲਿਆ ਕਰਦਾ, ਨਹੀਂ ਤਾਂ ਡੋਲਦਾ ਹੈ ਕਿ ਮੇਰਾ ਬੱਚਾ ਕਿਤੇ ਬਿਮਾਰ ਨਾ ਹੋ ਜਾਵੇ ਮੈਂ ਉਥੇ ਲਟ (ਵਾਲ, ਕੇਸ) ਕਟਾ ਆਵਾਂ, ਫਲਾਣੇ ਥਾਂ ਮੱਥਾ ਟੇਕ ਆਵਾਂ, ਉਥੇ ਵੀ ਜਾ ਕੇ ਸ਼ੀਰਨੀ ਵੰਡ ਆਵਾਂ ਕਿਉਂਕਿ ਪਰਾਇਣ ਨਹੀਂ ਹੋਇਆ। ਜਿਹੜਾ ਗੁਰੂ ਤੇ ਪਰਾਇਣ ਹੋ ਜਾਂਦਾ ਹੈ ਗੁਰੂ ਦੀ ਰਜ਼ਾ 'ਚ ਆ ਜਾਂਦਾ ਹੈ ਕਿਉਂਕਿ –

*ਸਭ ਤੇ ਵਡਾ ਸਤਿਗੁਰੁ ਨਾਨਕੁ*
*ਜਿਨਿ ਕਲ ਰਾਖੀ ਮੇਰੀ॥ ਅੰਗ – 750*

ਉਨ੍ਹਾਂ ਤੋਂ ਵੱਡਾ ਤਾਂ ਕੋਈ ਹੈ ਨਹੀਂ ਸੋ ਮਹਾਰਾਜ ਕਹਿੰਦੇ –

*ਅਬਿਨਾਸੀ ਖੇਮ ਚਾਹਹਿ ਜੇ ਨਾਨਕ*
*ਸਦਾ ਸਿਮਰਿ ਨਾਰਾਇਣ॥ ਅੰਗ – 714*

ਅਬਿਨਾਸੀ ਕਹਿੰਦੇ ਨੇ ਨਾਸ਼ ਤੋਂ ਰਹਿਤ, ਖੁਸ਼ੀ ਜੇ ਤੂੰ ਚਾਹੁੰਦਾ ਹੈ, ਸੁਖ ਚਾਹੁੰਦਾ ਤਾਂ ਫੇਰ ਤੂੰ ਵਾਹਿਗੁਰੂ ਨੂੰ ਯਾਦ ਵਿਚ ਵਸਾ ਲੈ। ਜੇ ਯਾਦ ਵਿਚ ਵਸ ਗਿਆ ਉਸ ਵੇਲੇ ਤੈਨੂੰ ਸਦਾ ਦਾ ਸੁਖ, ਜਿਸ ਨੂੰ ਪਰਮ ਆਨੰਦ ਆਖਦੇ ਨੇ, ਜੀਵਨ ਮੁਕਤੀ ਦੀ ਅਵਸਥਾ ਆਖਦੇ ਨੇ ਜਿਸ ਦੇ ਵਿਚ ਦੁਅੰਧ ਦਾ ਅਸਰ ਹੀ ਨਹੀਂ ਹੁੰਦਾ –

*ਪ੍ਰਭ ਕੀ ਆਗਿਆ ਆਤਮ ਹਿਤਾਵੈ॥*
*ਜੀਵਨ ਮੁਕਤਿ ਸੋਊ ਕਹਾਵੈ॥*
*ਤੈਸਾ ਹਰਖੁ ਤੈਸਾ ਉਸੁ ਸੋਗੁ॥*
*ਸਦਾ ਅਨੰਦੁ ਤਹ ਨਹੀ ਬਿਓਗੁ॥*
*ਅੰਗ – 275*

ਜੀਵਨ ਮੁਕਤ ਦੀ ਅਵਸਥਾ ਇਹ ਹੁੰਦੀ ਹੈ, ਨਾ ਉਸ ਨੂੰ ਖੁਸ਼ੀ ਦਾ ਕੋਈ ਬਹੁਤਾ ਫਰਕ ਪੈਂਦਾ ਹੈ ਨਾ ਗਮੀ ਦਾ ਫਰਕ ਪੈਂਦਾ ਹੈ ਉਹ ਨਾਮ ਦੇ ਨਸ਼ੇ ਵਿਚੋਂ ਕਦੇ ਬਾਹਰ ਆਉਂਦਾ ਹੀ ਨਹੀਂ, ਨਾਮ ਦੇ ਰਸ ਵਿਚ ਹਰ ਵਕਤ ਭਰਪੂਰ ਰਹਿੰਦਾ ਹੈ ਉਸ ਨੂੰ ਕਦੇ ਵਿਓਗ ਨਹੀਂ ਹੁੰਦਾ, ਕਦੇ ਤੋਟਾ ਨਹੀਂ ਆਉਂਦਾ, ਕਦੇ ਉਸ ਦੇ ਅੰਦਰ ਢਹਿੰਦੀ ਕਲਾ ਨਹੀਂ ਆਉਂਦੀ, ਉਹ ਹਮੇਸ਼ਾ ਚੜ੍ਹਦੀ ਕਲਾ ਵਿਚ ਰਹੇਗਾ।

*ਤੈਸਾ ਸੁਵਰਨੁ ਤੈਸੀ ਉਸੁ ਮਾਟੀ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥*
*ਅੰਗ – 275*

ਸੋਨਾ ਕੋਈ ਲੱਖਾਂ ਮਣ ਦੇ ਦੇਵੇ ਤਾਂ ਵੀ ਉਸ ਦੇ ਮਨ ਵਿਚ ਨਹੀਂ ਆਉਂਦਾ ਉਹ ਮਿੱਟੀ ਦੇ ਬਰਾਬਰ ਸਮਝਦਾ ਹੈ। ਉਸ ਦੇ ਵਾਸਤੇ ਉਸ ਦੀ ਕੋਈ ਮਹੱਤਤਾ ਨਹੀਂ ਹੈ। ਸੋ ਓਹਾ ਜਿਹਾ ਹੀ ਰਹਿੰਦਾ ਹੈ। ਅੰਮ੍ਰਿਤ ਤੇ ਵਿਹੁ (ਜ਼ਹਿਰ) ਨੂੰ ਬਰਾਬਰ ਸਮਝਦਾ ਹੈ। ਦੋਹਾਂ ਵਿਚ ਹੀ ਪ੍ਰਮੇਸ਼ਰ ਦਾ ਰੂਪ ਸਮਝਦਾ ਹੈ।

ਬਾਬਾ ਖੁਦਾ ਸਿੰਘ ਜੀ ਪਟਿਆਲੇ ਇਸੇ ਤੁਕ ਦਾ ਅਰਥ ਕਰ ਰਹੇ ਸੀ ਤਾਂ ਉਥੇ ਇਕ ਰਾਜ ਪੰਡਤ ਸੀ। ਉਹ ਖੜ੍ਹਾ ਹੋ ਗਿਆ ਉਠ ਕੇ, ਕਹਿੰਦਾ ਕਿ ਸੰਤ ਜੀ! ਇਹ ਮਹਾਰਾਜ ਨੇ ਕੋਈ ਅਲੰਕਾਰਿਕ ਗੱਲ ਕਹੀ ਹੈ – ਵਿਹੁ ਤਾਂ ਆਪਣਾ ਅਸਰ ਕਰਦੀ ਹੈ, ਅੰਮ੍ਰਿਤ ਆਪਣਾ ਅਸਰ ਕਰਦਾ ਹੈ।

ਉਹ ਕਹਿੰਦੇ, "ਨਹੀਂ ਪ੍ਰੇਮੀਆ! ਜਿਸ ਵਕਤ ਬ੍ਰਹਮ ਦ੍ਰਿਸ਼ਟੀ ਹੋ ਜਾਂਦੀ ਹੈ ਉਸ ਵੇਲੇ ਹਰ ਚੀਜ਼ ਦੇ ਵਿਚ ਵਾਹਿਗੁਰੂ ਹੀ ਦਿਸਦਾ ਹੈ ਤੇ ਉਹ ਆਪਣਾ ਸੁਭਾਅ ਗੁਆ ਬੈਠਦੀ ਹੈ। ਉਸ ਵੇਲੇ ਅੱਗ ਜਾਲਦੀ ਨਹੀਂ ਤੇ ਪਾਣੀ ਡੋਬਦਾ ਨਹੀਂ।"

ਬਾਰ-ਬਾਰ ਸੰਤ ਮਹਾਂਪੁਰਸ਼ਾਂ ਨੇ ਕਿਹਾ ਕਿ ਇਹ ਯਥਾਰਥ ਬਾਤ ਹੈ ਗੁਰੂ ਸਾਹਿਬ ਦੀ ਤੇ ਗੁਰੂ ਸਾਹਿਬ ਨੇ ਕੋਈ ਵੀ ਅਲੰਕਾਰ ਨਹੀਂ ਵਰਤਿਆ ਇਸ ਦੇ ਵਿਚ। ਜੋ ਬਾਤ ਕਹੀ ਹੈ ਉਸ ਦਾ ਜੋ ਸਿਧਾਂਤ ਹੈ ਉਹ ਬਿਲਕੁਲ ਸਤਿ ਸਿਧਾਂਤ ਹੈ। ਅਗਲੇ ਦਿਨ ਗਿਲਾਸ ਲੈ ਆਇਆ ਸੰਖੀਆ ਘੋਲ ਕੇ ਤੇ ਕਹਿਣ ਲੱਗਿਆ ਜੀ! ਕੱਲ੍ਹ ਵਾਲੀ ਕਥਾ ਫੇਰ ਸ਼ੁਰੂ ਕਰੋ। ਜਦੋਂ ਬਾਬਾ ਜੀ ਨੇ ਫੇਰ ਜੀਵਨ ਮੁਕਤ ਅਵਸਥਾ ਦੀ ਕਥਾ ਸ਼ੁਰੂ ਕਰੀ ਤਾਂ ਉਹ ਉਠ ਕੇ ਖੜ੍ਹਾ ਹੋ ਗਿਆ। ਕਹਿੰਦਾ, "ਆਹ! ਮੇਰੇ ਕੋਲ ਗਿਲਾਸ ਹੈ ਜ਼ਹਿਰ ਦਾ, ਕੋਈ ਜੀਵਨ ਮੁਕਤ ਪੁਰਸ਼ ਉਠ ਕੇ ਇਸ ਨੂੰ ਪੀ ਕੇ ਦਿਖਾਵੇ।"

ਤਾਂ ਬਾਬਾ ਜੀ ਕਹਿਣ ਲੱਗੇ, "ਭਾਈ! ਸੰਗਤ ਦਾ ਅੰਤ ਵਾਰਾ ਨਹੀਂ ਲਈਦਾ, ਮੈਂ ਬੋਲ ਰਿਹਾ ਹਾਂ ਚਲ ਮੇਰੇ ਕੋਲ ਹੀ ਲਿਆ ਤੂੰ।"

ਗਿਲਾਸ ਲਿਆ ਤੇ ਬ੍ਰਹਮ ਦ੍ਰਿਸ਼ਟੀ ਦੇ ਨਾਲ ਨੇਤਰਾਂ ਨਾਲ ਦੇਖਿਆ ਤੇ ਮਹਾਰਾਜ ਉਹ ਜ਼ਹਿਰ ਦਾ ਗਿਲਾਸ ਪੀ ਗਏ ਤੇ ਉਹ ਦੇਖਦਾ ਹੈ ਕਿ ਹੁਣ ਇਹ ਬੇਹੋਸ਼ ਹੋ ਜਾਣਗੇ, ਮਰ ਜਾਣਗੇ ਇਥੇ ਹੀ ਪਰ ਹੈਰਾਨੀ ਰਹੀ ਕਿ ਬਾਬਾ ਜੀ ਉਵੇਂ ਜਿਵੇਂ ਕਥਾ ਕਰਦੇ ਨੇ ਤੇ ਕੋਈ ਵੀ ਅਸਰ ਨਹੀਂ ਹੋਇਆ ਵਿਹੁ ਦਾ। ਸੋ ਐਸੀਆਂ ਕਥਾਵਾਂ ਮਹਾਂਪੁਰਸ਼ਾਂ ਦੀਆਂ ਨੇ। ਸੋ ਇਸ ਤਰ੍ਹਾਂ ਦੇ ਨਾਲ-

*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥*
*ਤੈਸਾ ਮਾਨੁ ਤੈਸਾ ਅਭਿਮਾਨੁ॥*
*ਤੈਸਾ ਰੰਕੁ ਤੈਸਾ ਰਾਜਾਨੁ॥ ਅੰਗ - 275*

ਮਾਨ ਵੀ ਉਹੋ ਜਿਹਾ ਹੈ ਤੇ ਅਪਮਾਨ ਵੀ ਉਹੋ ਜਿਹਾ ਹੈ।

ਗਰੀਬ ਵੀ ਉਹੋ ਜਿਹਾ ਹੈ ਤੇ ਰਾਜਾ ਵੀ ਉਹੋ ਜਿਹਾ ਹੈ। ਦੋਹਾਂ ਨੂੰ ਇਕੋ ਸਮਾਨ ਰੱਖਦੇ ਨੇ ਕਿਉਂਕਿ ਦੋਹਾਂ ਦੇ ਵਿਚ ਪ੍ਰਮੇਸ਼ਰ ਹੈ। ਉਨ੍ਹਾਂ ਲਈ ਕੋਈ ਘੱਟ ਵੱਧ ਨਹੀਂ ਹੈ।

*ਜੋ ਵਰਤਾਏ ਸਾਈ ਜੁਗਤਿ॥*
*ਨਾਨਕ ਓਹੁ ਪੁਰਖੁ ਕਹੀਐ*
*ਜੀਵਨ ਮੁਕਤਿ॥ ਅੰਗ - 275*

ਸੋ ਜੀਵਨ ਮੁਕਤੀ ਦੀ ਜੋ ਅਵਸਥਾ ਹੈ ਮਹਾਰਾਜ ਕਹਿੰਦੇ ਉਹ ਪ੍ਰਾਪਤ ਹੋ ਜਾਂਦੀ ਹੈ।

*ਖੋਜਤ ਖੋਜਤ ਤਤੁ ਬੀਚਾਰਿਓ ਦਾਸ*
*ਗੋਵਿੰਦ ਪਰਾਇਣ॥*
*ਅਬਿਨਾਸੀ ਖੇਮ ਚਾਹਹਿ ਜੇ ਨਾਨਕ*
*ਸਦਾ ਸਿਮਰਿ ਨਾਰਾਇਣ॥ ਅੰਗ - 714*

ਫੇਰ ਤੂੰ ਉਸ ਵਾਹਿਗੁਰੂ ਨੂੰ ਜਿਹੜਾ ਤੇਰੇ ਆਲੇ ਦੁਆਲੇ ਚਾਰੇ ਪਾਸੇ ਹੀ ਹੈ, ਪਰੀਪੂਰਨ ਹੈ। ਉਸ ਨੂੰ ਯਾਦ ਰੱਖ ਉਹ ਤੇਰੇ ਧਿਆਨ ਤੋਂ ਲਹਿੰਦਾ ਕਿਉਂ ਹੈ? ਹੋਰ ਚੀਜ਼ਾਂ ਤੇਰੇ ਧਿਆਨ ਵਿਚ ਹਰ ਵਕਤ ਰਹਿੰਦੀਆਂ ਨੇ। ਪੈਸਾ ਜੇਬ ਵਿਚ ਹੋਵੇ ਧਿਆਨ ਵਿਚ ਰਹਿੰਦਾ ਹੈ ਕਿ ਕੋਈ ਕੱਢ ਨਾ ਲਏ, ਗਿਰ ਨਾ ਜਾਏ। ਸੋ ਜਿਹੜਾ ਵਾਹਿਗੁਰੂ ਨਾ ਦਿਨੇ ਵਿਛੜਦਾ ਹੈ ਨਾ ਰਾਤ ਨੂੰ ਵਿਛੜਦਾ ਹੈ -

*ਜਹ ਜਹ ਪੇਖਉ ਤਹ ਹਜੂਰਿ*
*ਦੂਰਿ ਕਤਹੁ ਨ ਜਾਈ॥*
*ਰਵਿ ਰਹਿਆ ਸਰਬਤ੍ਰ ਮੈ*
*ਮਨ ਸਦਾ ਧਿਆਈ॥*
*ਈਤ ਊਤ ਨਹੀ ਬੀਛੁੜੈ*
*ਸੋ ਸੰਗੀ ਗਨੀਐ॥*
*ਬਿਨਸਿ ਜਾਇ ਜੋ ਨਿਮਖ ਮਹਿ*
*ਸੋ ਅਲਪ ਸੁਖੁ ਭਨੀਐ॥ ਅੰਗ - 677*

ਜਿਹੜਾ ਹੈ ਹੀ ਹਰ ਥਾਂ ਤੇ ਉਤੇ -

*ਜਿਮੀ ਜਮਾਨ ਕੇ ਬਿਖੈ ਸਮੱਸਤਿ*
*ਏਕ ਜੋਤ ਹੈ॥*
*ਨ ਘਾਟ ਹੈ ਨ ਬਾਢ ਹੈ,*
*ਨ ਘਾਟਿ ਬਾਢਿ ਹੋਤ ਹੈ॥*
*ਅਕਾਲ ਉਸਤਤਿ*

ਉਹ ਤੈਨੂੰ ਕਿਉਂ ਭੁਲ ਜਾਂਦਾ ਹੈ? ਕਹਿੰਦਾ ਮੇਰਾ ਮਨ ਨਹੀਂ ਜੀ ਲਗਦਾ, ਮਨ ਇਕਾਗਰ ਨਹੀਂ ਹੁੰਦਾ ਕਿਉਂਕਿ ਮਨ ਦਾ ਰੁਖ ਦੂਜੇ ਪਾਸੇ ਨੂੰ ਹੈ। ਸੋ ਇਸ ਕਰਕੇ ਜਦੋਂ ਪੂਰਬਲੇ ਕਰਮਾਂ ਦੇ ਪੁੰਨ ਦੇਣ ਦਾ ਸਮਾਂ ਉਦੈ ਹੁੰਦਾ ਹੈ ਉਸ ਵੇਲੇ ਉਸ ਦੀ ਇਹ ਨਿਸ਼ਾਨੀ ਹੁੰਦੀ ਹੈ ਕਿ ਉਸ ਨੂੰ ਸਤਿਸੰਗ ਦੀ ਪ੍ਰਾਪਤੀ ਹੁੰਦੀ ਹੈ। ਉਸ ਸਤਿਸੰਗ ਦੀ ਜਿਸ ਨੂੰ ਅਸਲੀ ਅਰਥਾਂ ਵਿਚ ਸਤਿਸੰਗ ਕਿਹਾ ਜਾਂਦਾ ਹੈ ਤੇ ਦੂਸਰਾ ਇਸ ਨੂੰ ਹਰੀ ਦਾ ਜਸ ਪ੍ਰਾਪਤ ਹੁੰਦਾ ਹੈ -

*ਹਰਿ ਕੀਰਤਿ ਸਾਧਸੰਗਤਿ ਹੈ*
*ਸਿਰਿ ਕਰਮਨ ਕੈ ਕਰਮਾ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ॥*
*ਅੰਗ - 642*

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

# ਪ੍ਰਭ ਕੀ ਸਰਣਿ

ਸਾਧ ਸੰਗਤ ਜੀ!

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

ਹਰੀ ਜਸ ਸਰਵਣ ਕਰਨ ਤੋਂ ਬਾਅਦ ਗੁਰੂ ਮਹਾਰਾਜ ਜੀ ਦਾ ਜੋ ਹੁਕਮਨਾਮਾ ਹੈ ਆਪ ਨੇ ਸਰਵਣ ਕੀਤਾ ਹੈ। ਜੋ ਪਹਿਲੀ ਤੁਕ ਆਈ ਹੈ -

*ਪ੍ਰਭ ਕੀ ਸਰਣਿ ਸਗਲ ਭੈ ਲਾਥੇ*
*ਦੁਖ ਬਿਨਸੇ ਸੁਖੁ ਪਾਇਆ॥*
*ਅੰਗ - 615*

ਵਾਹਿਗੁਰੂ ਜੀ ਦੀ ਜੋ ਸਰਨ ਹੈ ਉਸ ਦੀ ਮਹਿਮਾ ਵਰਣਨ ਕਰਦੇ ਹੋਏ ਫੁਰਮਾਨ ਕਰਦੇ ਨੇ ਕਿ ਜੋ ਵੀ ਵਾਹਿਗੁਰੂ ਜੀ ਦੀ ਸ਼ਰਨ ਵਿਚ ਆ ਗਿਆ ਉਸ ਦੇ ਸਾਰਿਆਂ ਦੁਖਾਂ ਦਾ ਖਾਤਮਾ ਹੋ ਜਾਇਆ ਕਰਦਾ ਹੈ, ਸਾਰੇ ਭੈਅ ਹਟ ਜਾਇਆ ਕਰਦੇ ਨੇ। ਨਾ ਤਾਂ ਦੁਖਾਂ ਦੀ ਕੋਈ ਗਿਣਤੀ ਹੈ ਨਾ ਭੈਆਂ ਦੀ ਕੋਈ ਗਿਣਤੀ ਹੈ। ਡਰ ਆਦਮੀ ਦੇ ਉਤੇ ਹਰ ਵਕਤ ਸਵਾਰ ਰਹਿੰਦਾ ਹੈ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ ਇਹ ਜੋ ਡਰ ਹੈ ਜਿਸ ਨੂੰ ਸੰਸਾ ਆਖਦੇ ਨੇ, ਆਸ਼ਾ ਆਖਦੇ ਨੇ, ਆਸ਼ਾਵਾਂ ਪੂਰੀਆਂ ਨਾ ਹੋਣੀਆਂ, ਅੰਦੇਸਾ ਆਖਦੇ ਨੇ। ਇਹ ਦੋ ਦਰਵਾਜੇ ਰੱਬ ਦੇ ਦਰ ਤੇ ਲੱਗੇ ਹੋਏ ਨੇ, ਬੱਜਰ ਕਪਾਟ।

*ਦੁਖੁ ਦਰਵਾਜਾ ਰੋਹੁ ਰਖਵਾਲਾ*
*ਆਸਾ ਅੰਦੇਸਾ ਦੁਇ ਪਟ ਜੜੇ॥*
*ਮਾਇਆ ਜਲੁ ਖਾਈ ਪਾਣੀ ਘਰੁ ਬਾਧਿਆ*
*ਸਤ ਕੈ ਆਸਣਿ ਪੁਰਖੁ ਰਹੈ॥*
*ਅੰਗ - 877*

ਵਾਹਿਗੁਰੂ ਜੀ ਇਸ ਸਰੀਰ ਦੇ ਅੰਦਰ ਵਸਦੇ ਨੇ। 3-4 ਚੀਜ਼ਾਂ ਮਹਾਰਾਜ ਜੀ ਨੇ ਇਥੇ ਦੱਸੀਆਂ ਨੇ ਕਿ ਦੁਖ ਦਾ ਦਰਵਾਜਾ ਹੈ, ਕ੍ਰੋਧ ਇਸ ਦੀ ਰਖਵਾਲੀ ਕਰਦਾ ਹੈ, ਆਸ਼ਾ ਤੇ ਅੰਦੇਸੇ ਦੇ 'ਬਜਰ ਕਪਾਟ' ਜੜੇ ਹੋਏ ਨੇ ਤੇ ਮਾਇਆ ਦੀ ਖਾਈ ਐਨੀ ਡੂੰਘੀ ਹੈ ਜਿਸ ਵਿਚ ਪਾਣੀ ਭਰਿਆ ਹੋਇਆ ਹੈ। ਉਸ ਦੇ ਨਾਲ ਹੀ ਮਾਇਆ ਦੀ ਡੂੰਘੀ ਖਾਈ ਦੇ ਪਾਣੀ ਵਿਚ ਹੀ ਘਰ ਬੰਨ੍ਹਿਆ ਹੋਇਆ ਹੈ ਤੇ ਜਿਹੜਾ ਸਤਿ ਦਾ ਆਸਣ ਹੈ, ਇਸ ਸਰੀਰ ਵਿਚ, ਉਥੇ ਵਾਹਿਗੁਰੂ ਰਹਿੰਦਾ ਹੈ।

ਇਸ ਨੂੰ ਤਲਾਸ਼ ਕਰਨ ਵਾਸਤੇ ਜਦੋਂ ਤੋਂ ਸੰਸਾਰ ਬਣਿਆ ਹੈ ਉਸ ਵੇਲੇ ਤੋਂ ਹੀ ਅਨੇਕਾਂ ਤਰੀਕੇ ਕੱਢੇ ਗਏ ਨੇ ਕਿ ਕਿਸ ਤਰ੍ਹਾਂ ਇਸ ਘਰ ਤੱਕ ਪਹੁੰਚਿਆ ਜਾਵੇ। ਸੋ ਇਸ ਦੇ ਵਿਚ ਜੋ ਅੰਦੇਸ਼ਾ ਹੈ ਜਿਸ ਨੂੰ ਡਰ ਕਹਿੰਦੇ ਨੇ, ਉਹ ਇਕ ਬਹੁਤ ਵੱਡਾ ਦਰਵਾਜਾ ਹੈ ਜਿਸ ਨੂੰ ਅਸੀਂ ਪਾਰ ਨਹੀਂ ਕਰ ਸਕਦੇ। ਸੋ ਮਹਾਰਾਜ ਕਹਿੰਦੇ-

*ਪ੍ਰਭ ਕੀ ਸਰਣਿ ਸਗਲ ਭੈ ਲਾਥੈ.....॥*
*ਅੰਗ - 615*

ਜਦੋਂ ਸ਼ਰਨ ਲੈ ਲਈ ਵਾਹਿਗੁਰੂ ਦੀ ਉਸ ਵੇਲੇ ਜਿਹੜੇ ਇਹ ਆਸ਼ਾ ਤੇ ਅੰਦੇਸੇ ਸੀ ਇਨ੍ਹਾਂ ਦੇ ਸਾਰੇ ਡਰ ਖਤਮ ਹੋ ਗਏ। ਆਦਮੀ ਦੇ ਡਰਾਂ ਦੀ ਜੇ ਗਿਣਤੀ ਕਰੀਏ ਤਾਂ ਜਿੰਨੀਆਂ ਪ੍ਰਾਪਤੀਆਂ ਨੇ, ਉਤਨਾ ਹੀ ਨਾਲ ਡਰ ਹੋਇਆ ਕਰਦਾ ਹੈ। ਪੈਸਾ ਆ ਗਿਆ, ਪਹਿਲਾਂ ਕਮਾਉਣ ਵੇਲੇ ਜਿਥੇ ਕਮਾਉਂਦਾ ਹੈ ਉਥੇ ਡਰ ਹੈ। ਫੇਰ ਜਦੋਂ ਕਮਾ ਲਿਆ ਉਸ ਨੂੰ ਸਾਂਭਣ ਦਾ ਡਰ ਹੈ। ਫੇਰ ਜਿਥੇ ਲਾ ਦਿੱਤਾ ਕਿਸੇ ਵਪਾਰ ਆਦਿ ਵਿਚ ਫੇਰ ਉਸ ਰਾਸ ਨੂੰ ਵਧਾਉਣ ਦਾ ਡਰ ਹੈ, ਬਰਬਾਦ ਨਾ ਹੋ ਜਾਵੇ। ਉਸ ਦਾ ਸਦਾ ਹੀ ਧਿਆਨ ਮਾਇਆ ਵਿਚ ਰਹਿੰਦਾ ਹੈ। ਇਕ ਮਿੰਟ ਵੀ ਧਿਆਨ ਰੱਬ ਵਲ ਨਹੀਂ ਆਉਂਦਾ। ਜੇ ਸੱਚੇ ਦਿਲੋਂ ਮਨੁੱਖ ਇੱਕ ਛਿਨ ਲਈ ਵੀ ਗੁਰੂ ਦੇ ਚਰਨਾਂ ਨਾਲ ਜੁੜ ਜਾਵੇ ਤਾਂ ਨਿਸਤਾਰਾ ਹੋ ਸਕਦਾ ਹੈ। ਅਜਾਮਲ ਦਾ ਧਿਆਨ ਪੁੱਤਰ ਨਾਰਾਇਣ ਨੂੰ ਆਵਾਜ਼ ਮਾਰਨ ਨਾਲ ਹੀ ਪ੍ਰਮੇਸ਼ੁਰ ਨਾਰਾਇਣ ਨਾਲ ਜਾ ਜੁੜਿਆ। ਉਸ ਛਿਨ ਨੇ ਹੀ ਨਿਸਤਾਰਾ ਕਰ ਦਿਤਾ। ਕਿਉਂਕਿ ਉਸ ਦਾ ਧਿਆਨ ਚਲਿਆ ਗਿਆ ਉਸ ਦੇ ਵਿਚ। ਇਸੇ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ-

*ਅਜਾਮਲੁ ਪਾਪੀ ਜਗੁ ਜਾਨੇ*
*ਨਿਮਖ ਮਾਹਿ ਨਿਸਤਾਰਾ॥ ਅੰਗ - 632*

*ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ*
*ਕਰ ਨਾਰਾਇਣ ਬੁਲਾਰੇ॥ ਅੰਗ - 981*

ਪਿਆਰ ਤਾਂ ਕਰਿਆ ਸੀ ਆਪਣੇ ਪੁਤਰ ਨਾਲ ਲੇਕਿਨ ਨਾਰਾਇਣ ਦਾ ਨਾਂ ਲੈ ਕੇ ਆਵਾਜ਼ ਮਾਰ ਦਿੱਤੀ ਜਮਦੂਤਾਂ ਨੂੰ ਦੇਖ ਕੇ ਡਰ ਕੇ -

ਹੁਣ ਸਮੇਂ ਦੀ, ਕਾਲ ਦੀ ਗਿਣਤੀ ਨਹੀਂ ਹੈ ਇਸ ਦੇ ਵਿਚ ਕਿ 100 ਸਾਲ ਹੋ ਗਏ ਵਿਚਾਰੇ ਨੂੰ ਮੇਰਾ ਨਾਂ ਲੈਂਦੇ ਨੂੰ, ਮੇਰੇ ਵੱਲ ਧਿਆਨ ਕਰਦੇ ਨੂੰ, ਭਾਵਨੀ ਨਹੀਂ ਬਣ ਸਕੀ 100 ਸਾਲ ਵਿਚ। ਸਾਰੇ ਹੀ ਦੇਖ ਲਓ ਸਾਡੀ ਕਿੰਨੀ ਕੁ ਭਾਵਨੀ ਹੈ ਵਾਹਿਗੁਰੂ ਨਾਲ ਬਣਦੀ, ਕਿਸੇ ਦੀ ਸ਼ਾਇਦ ਕਦੇ ਭਾਵਨੀ ਬਣ ਜਾਵੇ, ਬਾਕੀ ਤਾਂ ਆਪਣੇ ਆਪ ਤੇ ਹੀ ਰਹਿੰਦਾ ਹੈ, ਮੈਂ ਤੇ ਹੀ ਰਹਿੰਦਾ ਹੈ। ਜਦੋਂ ਭਾਵਨੀ ਬਣੀ -

*ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ*
*ਜਮਕੰਕਰ ਮਾਰਿ ਬਿਦਾਰੇ॥ ਅੰਗ - 981*

ਉਸੇ ਵੇਲੇ ਜਿਹੜੇ ਜਮ ਆਏ ਹੋਏ ਸੀ ਉਨ੍ਹਾਂ ਨੂੰ ਮਾਰ ਕੇ ਉਥੋਂ ਕੱਢ ਦਿੱਤਾ।

*ਜਮਗਣ ਮਾਰੇ ਹਰਿ ਜਨਾਂ*
*ਗਇਆ ਸੁਰਗ ਜਮੁਡੰਡੁ ਨ ਸਹਿਆ।*
*ਨਾਇ ਲਏ ਦੁਖੁ ਡੇਰਾ ਢਹਿਆ॥*
*ਭਾਈ ਗੁਰਦਾਸ ਜੀ ਦੀ ਵਾਰ 10/20*

ਨਾਉਂ ਲੈਣ ਨਾਲ ਦੁਖਾਂ ਦਾ ਜਿਹੜਾ ਡੇਰਾ ਸੀ, ਪਹਾੜ ਸੀ ਉਹ ਸਾਰਾ ਢਹਿ ਗਿਆ। ਸੋ ਇਹ ਜੋ ਸਰਨ ਆਉਂਦਾ ਹੈ ਸਹੀ ਜੇ ਦੇਖਣਾ ਹੋਵੇ ਕਿ ਕਿਸ ਮੌਕੇ ਨੂੰ ਸਥਿਤੀ ਨੂੰ ਸ਼ਰਨ ਕਹਿੰਦੇ ਨੇ।

ਦ੍ਰੋਪਦੀ ਦੇ ਬਸਤ੍ਰ ਲਹਿਣੇ ਸ਼ੁਰੂ ਹੋ ਗਏ। ਉਸ ਦਾ ਕੋਈ ਚਾਰਾ ਨਹੀਂ ਚਲਦਾ-

*ਪੰਜੇ ਪਾਂਡੋ ਵੇਖਦੇ*
*ਅਉਘਟਿ ਰੁਧੀ ਨਾਰਿ ਜਿਨਾ ਦੀ।*
*ਭਾਈ ਗੁਰਦਾਸ ਜੀ ਦੀ ਵਾਰ 10/8*

ਹੁਣ ਉਹ ਕੁਝ ਕਰ ਨਹੀਂ ਸਕਦੇ, ਬਹੁਤ ਸੰਕਟ ਆ ਗਿਆ। ਦਲੀਲਾਂ ਬੜੀਆਂ ਦਿੱਤੀਆਂ ਪਰ ਕੁਝ ਨਾ ਬਣਿਆ, ਅਪੀਲਾਂ ਕਰੀਆਂ ਕੁਝ ਨਾ ਬਣਿਆ। ਅਖੀਰ ਦੁਸ਼ਾਸ਼ਨ ਨੇ ਝਟਕਾ ਮਾਰਿਆ ਤੇ ਅੱਧੀ ਧੋਤੀ ਲਹਿ ਗਈ ਹੁਣ ਸਿਰਫ ਅੱਧੀ ਬਚਦੀ ਸੀ, ਕਿੰਨਾ ਕੁ ਸਮਾਂ ਲਗਣਾ ਸੀ ਇਸਦੇ ਵਿਚ, ਉਸ ਵੇਲੇ ਉਹ ਸ਼ਰਨ 'ਚ ਹੋ ਗਈ -

*ਅਖੀ ਮੀਟਿ ਧਿਆਨੁ ਧਰਿ*
*ਹਾਹਾ ਕ੍ਰਿਸਨ ਕਰੈ ਬਿਲਲਾਂਦੀ।*
*ਭਾਈ ਗੁਰਦਾਸ ਜੀ ਦੀ ਵਾਰ 10/8*

ਜਿਸ ਵਕਤ ਆਵਾਜ ਦਿੱਤੀ -

*ਪੰਚਾਲੀ ਕਉ ਰਾਜ ਸਭਾ ਮਹਿ*
*ਰਾਮ ਨਾਮ ਸੁਧਿ ਆਈ॥ ਅੰਗ - 1008*

ਰਾਮ ਦੇ ਨਾਮ ਦੀ ਮਹਿਮਾ ਦੀ ਸੁਧ ਆ ਗਈ -

*ਤਾ ਕੋ ਦੂਖੁ ਹਰਿਓ ਕਰੁਣਾ ਮੈ*
*ਅਪਨੀ ਪੈਜ ਬਢਾਈ॥ ਅੰਗ - 1008*

ਉਸੇ ਵੇਲੇ ਮੁਕਾਬਲਾ ਸ਼ੁਰੂ ਹੋ ਗਿਆ ਕਿਉਂਕਿ ਇਕ ਪਾਸੇ ਪ੍ਰਭੂ ਦੀ ਸ਼ਰਨ ਵਿਚ ਜਾ ਚੁੱਕੀ ਹੈ ਤੇ ਇਕ ਪਾਸੇ ਸੰਸਾਰ ਦੀ ਸ਼ਕਤੀ ਹੈ। ਗੁਰੂ ਦਸਵੇਂ ਪਾਤਸ਼ਾਹ ਨੇ ਇਸ ਪ੍ਰਸੰਗ ਨੂੰ ਬੜਾ ਵਿਸਥਾਰ ਨਾਲ ਲਿਖਿਆ ਹੈ। ਆਪ ਫੁਰਮਾਨ ਕਰਦੇ ਨੇ ਕਿ ਸੱਤ ਦਿਨ, ਸੱਤ ਰਾਤਾਂ ਕੱਪੜੇ ਲਾਹੀ ਗਏ। ਪਹਿਲਾ ਬੇਹੋਸ਼ ਹੋ ਕੇ ਗਿਰ ਗਿਆ, ਦੂਸਰਾ ਦੁਰਯੋਜਨ ਵੀ ਅਭਿਮਾਨ ਵਿਚ ਆਇਆ ਹੋਇਆ ਗਿਰ ਗਿਆ। ਜਦੋਂ ਕੋਈ ਵਸ ਨਾ ਚੱਲਿਆ ਤਾਂ -

*ਹਥ ਮਰੋੜਨਿ ਸਿਰੁ ਧੁਣਨਿ*
*ਪਛੋਤਾਨਿ ਕਰਨਿ ਜਾਹਿ ਜਾਂਦੀ।*
*ਭਾਈ ਗੁਰਦਾਸ ਜੀ ਦੀ ਵਾਰ 10/8*

ਹੱਥ ਮਰੋੜਦੇ ਨੇ, ਸਿਰ ਹਿਲਾਉਂਦੇ ਨੇ, ਪਛਤਾਵਾ ਕਰਦੇ ਨੇ ਕਿ ਮਾੜਾ ਕੰਮ ਵੀ ਕਰਿਆ ਤੇ ਕਾਮਯਾਬ ਵੀ ਨਾ ਹੋਏ, ਰੱਬ ਨਾਲ ਮੱਥਾ ਲਾਇਆ ਤੇ ਬਣੀ ਗੱਲ ਕੋਈ ਨਾ। ਸੋ ਇਹ ਜਿਹੜੀ ਸਥਿਤੀ ਹੈ ਉਸ ਵੇਲੇ ਦੀ ਕਿ ਬਸਤ੍ਰ ਲਹਿ ਰਹੇ ਨੇ, ਬੇਵਸ ਹੋਈ ਹੋਈ ਹੈ, ਕੋਈ ਚਾਰਾ ਨਹੀਂ ਚਲਦਾ। ਇਕ ਪਾਸੇ ਆਪਣੀ ਇਜ਼ਤ ਦਾ ਸਵੈਮਾਨ ਦਾ ਸਵਾਲ ਹੈ, ਦੂਜੇ ਪਾਸੇ ਕੋਈ ਸਹਾਰਾ ਨਹੀਂ ਹੈ, ਉਹ ਜਿਹੜੀ ਸਥਿਤੀ ਮੰਨਦੀ ਹੈ, ਜਿਸ ਡਿਗਰੀ ਤੇ ਉਹ ਪਹੁੰਚੀ ਹੈ ਜਦੋਂ ਪ੍ਰਮੇਸ਼ਰ ਦਾ ਉਸ ਨੇ ਧਿਆਨ ਧਰਿਆ, 100% ਭਰੋਸੇ ਨਾਲ, ਉਸ ਨੂੰ ਕਹਿੰਦੇ ਨੇ ਕਿ ਸ਼ਰਨ ਲੈ ਲਈ ਏਸ ਨੇ ਕਿਉਂਕਿ -

*ਇਸ ਕਾ ਬਲੁ ਨਾਹੀ ਇਸੁ ਹਾਥ॥*
*ਕਰਨ ਕਰਾਵਨ ਸਰਬ ਕੋ ਨਾਥ॥*
*ਅੰਗ - 277*

ਮਹਾਰਾਜ ਕਹਿੰਦੇ ਜਿੰਨੀ ਦੇਰ ਇਹ ਸ਼ਰਨ ਨਹੀਂ ਲੈਂਦਾ ਤੇ ਮੈਂ ਦੇ ਅਧਾਰ ਤੇ ਇਸ ਦਾ ਜੀਵਨ ਹੈ -

*ਜਬ ਲਗੁ ਜਾਨੈ ਮੁਝ ਤੇ ਕਛੁ ਹੋਇ॥*
*ਤਬ ਇਸ ਕਉ ਸੁਖੁ ਨਾਹੀ ਕੋਇ॥*
*ਜਬ ਇਹ ਜਾਨੈ ਮੈ ਕਿਛੁ ਕਰਤਾ॥*
*ਤਬ ਲਗੁ ਗਰਬ ਜੋਨਿ ਮਹਿ ਫਿਰਤਾ॥*
*ਅੰਗ - 278*

ਓਨੀ ਦੇਰ ਤੱਕ ਨਾ ਜੰਮਣ ਮਰਨ ਦਾ ਦੁਖ ਹਟਦਾ ਹੈ ਤੇ ਨਾ ਡਰ ਖਤਮ ਹੁੰਦੇ ਨੇ। ਜਦੋਂ ਸ਼ਰਨ ਲੈ ਕੇ ਪ੍ਰਮੇਸ਼ਰ ਦੀ ਹਾਜਰੀ ਵਿਚ ਰਹਿਣ ਲੱਗ ਗਿਆ, ਉਸ ਦੇ ਨਾਲ ਜੁੜ ਕੇ ਰਹਿਣ ਲੱਗ ਗਿਆ ਤਾਂ ਮਹਾਰਾਜ ਕਹਿੰਦੇ ਉਸ ਵੇਲੇ -

*ਪ੍ਰਭ ਕੀ ਸਰਣਿ ਸਗਲ ਭੈ ਲਾਥੇ ....॥*
*ਅੰਗ - 615*

ਭੈ ਕਿਹੜਾ ਰਹਿ ਗਿਆ ਫੇਰ, ਭੈ ਦਾ ਤਾਂ ਉਥੇ ਕੋਈ ਥਾਂ ਹੀ ਨਹੀਂ ਹੈ। ਭੈ ਤਾਂ ਇਸ ਕਾਲ ਦੀ ਦੁਨੀਆਂ ਦੀ ਸ਼ਬਦਾਵਲੀ ਹੈ। ਵਾਹਿਗੁਰੂ ਨਿਰਭਉ ਹੈ। ਨਿਰਭਉ ਦਾ ਮੰਡਲ ਨਿਰਭਉ ਹੋਇਆ ਕਰਦਾ ਹੈ ਉਥੇ ਕੋਈ ਭੈਅ, ਕੋਈ ਦੁਖ, ਕੋਈ ਘਾਟਾ ਕੁਝ ਨਹੀਂ ਹੋਇਆ ਕਰਦਾ ਕਿਉਂਕਿ ਉਸ ਨੇ ਸ਼ਰਨ ਲੈ ਲਈ ਵਾਹਿਗੁਰੂ ਜੀ ਦੀ।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

# ਕਲਜੁਗ ਮਹਿ ਕੀਰਤਨੁ ਪਰਧਾਨਾ॥

ਅੰਮ੍ਰਿਤ ਵੇਲੇ ਤੋਂ ਆਪ ਨੇ ਠੰਢੇ ਮੌਸਮ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਗੁਰੂ ਦਰਬਾਰ ਵਿਚ ਆ ਕੇ ਦੋ ਵਜੇ ਸਵੇਰ ਤੋਂ ਪੰਜ ਵਜੇ ਤੀਕਰ ਆਸਾ ਜੀ ਦੀ ਵਾਰ ਦਾ ਕੀਰਤਨ ਸਰਵਣ ਕਰਿਆ, ਕੀਰਤਨ ਵਿਚ ਸਾਰੇ ਪ੍ਰੇਮੀ ਭਾਗ ਲੈ ਰਹੇ ਹੋਂ, ਬਹੁਤ ਸਾਰਿਆਂ ਦੇ ਆਸਾ ਜੀ ਦੀ ਵਾਰ ਕੰਠ ਹੋਣ ਕਰਕੇ, ਜ਼ੁਬਾਨੀ ਕੀਰਤਨ ਕਰ ਰਹੇ ਹੋਂ। ਬਹੁਤ ਸਾਰੇ ਪ੍ਰੇਮੀ ਆਸਾ ਜੀ ਦੀ ਵਾਰ ਦੇ ਕੀਰਤਨੀ ਗੁਟਕੇ ਲੈ ਕੇ ਸ਼ਬਦ ਕੀਰਤਨ ਵਿਚ ਭਾਗ ਲੈ ਰਹੇ ਹੋਂ। ਜਦੋਂ ਮੈਂ ਅਜੇ ਇਸ ਗ੍ਰਹਿ ਵਿਚ ਪ੍ਰਵੇਸ਼ ਨਹੀਂ ਸੀ ਕੀਤਾ ਤਾਂ ਮੈਂ ਆਪਣੀ ਗੱਡੀ ਵਿਚੋਂ ਉਤਰ ਕੇ ਕੀਰਤਨ ਦੀਆਂ ਧੁਨਾਂ ਸੁਣੀਆਂ ਜੋ ਬਾਹਰ ਸੁਣਾਈ ਦੇ ਰਹੀਆਂ ਸਨ, ਬਹੁਤ ਹੀ ਖਿੱਚ ਪਾਉਣ ਵਾਲੀਆਂ ਸਨ ਅਤੇ ਮੇਰੇ ਮਨ ਵਿਚ ਆ ਰਿਹਾ ਸੀ ਕਿ ਮੈਂ ਸਾਰਾ ਕੀਰਤਨ ਸ਼ੁਰੂ ਤੋਂ ਹੀ ਆ ਕੇ ਸਰਵਣ ਕਰਦਾ ਤਾਂ ਪੂਰਾ-ਪੂਰਾ ਲਾਭ ਪ੍ਰਾਪਤ ਹੁੰਦਾ, ਕਿਉਂਕਿ ਕਲਜੁੱਗ ਦੇ ਸਮੇਂ ਵਿਚ ਵਾਹਿਗੁਰੂ ਜੀ ਦੀ ਕੀਰਤਨ ਭਗਤੀ ਪ੍ਰਧਾਨ ਹੈ, ਭਗਤੀ ਤੋਂ ਰਹਿਤ ਗਿਆਨ ਫਲੀਭੂਤ ਨਹੀਂ ਹੁੰਦਾ ਕਿਉਂਕਿ ਕਲਜੁੱਗ ਦੇ ਮਨੁੱਖ ਵਿਚ ਤਰਕ ਵਿਤਰਕ ਬਹੁਤ ਹੀ ਜ਼ਿਆਦਾ ਹੈ। ਗਿਆਨ ਦਾ ਸ੍ਰੇਸ਼ਟ ਵਾਕ 'ਅਹੰ ਬ੍ਰਹਮ ਅਸਮੀ' ਕਲਜੁੱਗ ਦੇ ਅੰਦਰ ਸਾਧਨਾ ਵਿਹੂਣੇ ਸਾਧਕ ਵਿਚ ਸਾਧਕ ਨੂੰ ਕੁਰਾਹੇ ਪਾ ਦਿੰਦਾ ਹੈ ਅਤੇ ਉਹ ਅਗਿਆਨਮਈ ਹੁੰਦਾ ਹੋਇਆ ਇਹ ਬਚਨ ਉਚਾਰਦਾ ਹੈ, ਉਸ ਦਾ ਹੀ ਚਿੰਤਨ ਕਰਦਾ, ਆਪਣੇ ਹਉਮੈ ਭਾਵ ਵਿਚੋਂ ਉਚਾ ਨਹੀਂ ਉਠ ਸਕਦਾ। ਆਤਮ ਮਾਰਗ ਕਰਨੀ ਕਮਾਈ ਦਾ ਮਾਰਗ ਹੈ, ਇਹ ਗੱਲਾਂ ਬਾਤਾਂ, ਲੈਕਚਰਾਂ ਆਦਿ ਦਾ ਮਾਰਗ ਨਹੀਂ ਹੈ ਇਹ ਜੀਵਾਂ ਜਨਮਾਂ ਜਨਮਾਂਤਰਾਂ ਤੋਂ 84 ਲੱਖ ਜੂਨਾਂ ਵਿਚ ਭਟਕਦਾ ਦੁਖੀ ਹੋ ਰਿਹਾ ਹੈ ਅਤੇ ਮਨੁੱਖ ਜੂਨੀ ਪ੍ਰਾਪਤ ਕਰਕੇ ਹਉਮੈ ਦੇ ਅਧੀਨ ਹੋਇਆ ਕਰਮ ਕਰਦਾ ਹੈ, ਕਰਮਾਂ ਦੀ ਮੈਲ ਇਸ ਦੇ ਅੰਤਸ਼ਕਰਣ ਵਿਚ ਪ੍ਰਵੇਸ਼ ਕਰਕੇ ਅੰਤਸ਼ਕਰਣ ਦੇ ਸੀਸ਼ੇ ਨੂੰ ਪ੍ਰਕਾਸ਼ ਹੀਣਾ ਕਰ ਦਿੰਦੀ ਹੈ, ਉਸ ਵਿਚੀਂ ਆਪਣਾ ਮੂੰਹ ਦਿਸਦਾ ਨਹੀਂ ਹੈ, ਇਸ ਮੈਲ ਬਾਰੇ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ॥*
*ਖੰਨਲੀ ਧੋਤੀ ਉਜਲੀ ਨ ਹੋਵਈ*
*ਜੇ ਸਉ ਧੋਵਣਿ ਪਾਹੁ॥ ਅੰਗ - 651*

ਸੰਤ ਮਹਾਰਾਜ (ਸ੍ਰੀ 108 ਸੰਤ ਈਸ਼ਰ ਸਿੰਘ ਜੀ ਮਹਾਰਾਜ) ਦਸਿਆ ਕਰਦੇ ਸਨ ਕਿ ਸਤਿਜੁਗ ਵਿਚ ਰੂਹਾਨੀ ਖੇਤੀ ਇਸ ਤਰ੍ਹਾਂ ਦੀ ਸੀ ਕਿ ਜੇ ਇਕ ਵਾਰੀ ਵਰਸ਼ਾ ਹੋ ਜਾਵੇ ਤਾਂ ਉਹ ਫਲ ਲੈ ਆਇਆ ਕਰਦੀ ਸੀ ਜਿਵੇਂ ਛੋਲਿਆਂ ਦੀ ਖੇਤੀ ਨੂੰ ਹਲਕੀ ਜਿਹੀ ਬਾਰਸ਼ ਦੀ ਹੀ ਜ਼ਰੂਰਤ ਹੁੰਦੀ ਹੈ, ਉਸਦੀਆਂ ਜੜ੍ਹਾਂ ਵਿਚ ਜੇ ਪਾਣੀ ਰੁਕ ਜਾਵੇ ਜਾਂ ਬਿਜਲੀ ਦੀ ਲਿਸ਼ਕ ਉਸ ਵਿਚ ਪੈ ਜਾਵੇ ਤਾਂ ਉਹ ਖੇਤ ਉਕਲ ਜਾਇਆ ਕਰਦਾ ਹੈ ਅਤੇ ਫਲ ਹੱਥ ਨਹੀਂ ਸੀ ਆਇਆ ਕਰਦਾ। ਸੋ ਇਸ ਕਰਕੇ ਉਸ ਖੇਤੀ ਨੂੰ ਇਕੋ ਬਾਰਸ਼ ਦੀ ਲੋੜ ਸੀ, ਕਣਕ ਦੀ ਖੇਤੀ ਨੂੰ ਜੇ ਸਰਦੀਆਂ ਵਿਚ ਤਿੰਨ ਬਾਰਸ਼ਾਂ ਹੋ ਜਾਣ ਬਹੁਤ ਹੁੰਦੀਆਂ ਹਨ, ਉਹ ਬੱਲੀ ਲੈ ਆਇਆ ਕਰਦੀ ਹੈ। ਗੰਨੇ ਦੇ ਖੇਤ ਨੂੰ 10-12 ਪਾਣੀ ਸਮੇਂ-ਸਮੇਂ ਸਿਰ ਲਗਦੇ ਹਨ ਕਿਉਂਕਿ ਉਹ ਸਖਤ ਗਰਮੀਆਂ ਦਾ ਮੁਕਾਬਲਾ ਕਰਦਾ ਹੈ, ਉਸਦੀਆਂ ਜੜ੍ਹਾਂ ਵਿਚ ਪਾਣੀ ਖੜ੍ਹਾਉਣ ਦੀ ਕੋਈ ਲੋੜ ਨਹੀਂ ਹੁੰਦੀ। ਪਰ ਇਸ ਸਭ ਕੁਝ ਦੇ ਵਿਪਰੀਤ ਧਾਨਾਂ ਦੀ ਖੇਤੀ ਐਸੀ ਹੈ ਕਿ ਉਸ ਵਿਚ ਹਰ ਸਮੇਂ ਪਾਣੀ ਜਮ੍ਹਾਂ ਰਖਣਾ ਪੈਂਦਾ ਹੈ, ਧਾਨ ਦੇ ਖੇਤ ਦੀ ਕਰੜੀ ਜ਼ਮੀਨ ਵਿਚੋਂ ਜੇ ਪਾਣੀ ਇਕ ਵਾਰੀ ਵੀ ਸੁਕ ਜਾਵੇ ਤਾਂ ਉਸ ਵਿਚ ਬਹੁਤ ਗਹਿਰੀਆਂ ਤਰੇੜਾਂ ਫਟ ਜਾਇਆ ਕਰਦੀਆਂ ਹਨ। ਫਿਰ ਇਕ ਹਲਟ ਦੇ ਪਾਣੀ ਨਾਲ ਉਸਦੀਆਂ ਤ੍ਰੇੜਾਂ ਨਹੀਂ ਭਰਦੀਆਂ ਅਤੇ ਪਾਣੀ ਨਾਲ ਦੀ ਨਾਲ ਸੁਕ ਜਾਇਆ ਕਰਦਾ ਹੈ ਪਰ ਜੇ ਉਸ ਹਲਟ ਦੇ ਨਾਲ ਹੋਰ ਖੂਹ ਵੀ ਲਾ ਦਿਤਾ ਜਾਵੇ ਜਾਂ ਦੋ ਟਿਊਬਵੈਲਾਂ ਦਾ ਪਾਣੀ ਲਾ ਦਿਤਾ ਜਾਵੇ ਤਾਂ ਉਹ ਤ੍ਰੇੜਾਂ ਮਿੱਟੀ ਨੂੰ ਨਰਮ ਕਰਕੇ ਤ੍ਰੇੜਾਂ ਭਰ ਦਿੰਦਾ ਹੈ। ਸੋ ਇਸ ਤਰ੍ਹਾਂ ਧਾਨਾਂ ਦੀ ਖੇਤੀ ਵਿਚ ਜੇ ਪਾਣੀ ਹਰ ਸਮੇਂ ਖੇਤ ਵਿਚ ਰਹੇ ਤਾਂ ਫਸਲ ਹੱਥ ਵਿਚ ਆਉਂਦੀ ਹੈ ਅਤੇ ਆਪ ਇਹ ਦਸਿਆ ਕਰਦੇ ਸੀ ਕਿ ਸਤਿਜੁਗ ਵਿਚ ਮਹਾਂਪੁਰਸ਼ ਜੋ ਇਕੋ ਵਾਰੀ ਉਪਦੇਸ਼ ਦੇ ਦਿੰਦੇ ਸੀ ਉਸ ਨੂੰ ਸਾਧਕ ਕਮਾਈ ਕਰਕੇ ਫਲੀਭੂਤ ਕਰ ਲਿਆ ਕਰਦੇ ਸਨ। ਤ੍ਰੇਤੇ ਯੁੱਗ ਦੇ ਅੰਦਰ ਨਾਮ ਸਿਮਰਨ ਦੇ ਨਾਲ ਬਹੁਤ ਕਿਸਮ ਦੇ ਯੱਗ ਵੀ ਕੀਤੇ ਜਾਇਆ ਕਰਦੇ ਸੀ, ਕਾਫੀ ਮਿਹਨਤ ਕਰਨੀ ਪੈਂਦੀ ਸੀ, ਫੇਰ ਜਾ ਕੇ ਗਿਆਨ ਦੀ ਅਵਸਥਾ ਤਕ ਪਹੁੰਚਿਆ ਕਰਦਾ ਸੀ, ਦੁਆਪਰ ਯੁੱਗ ਵਿਚ

ਦਾਨ, ਯੱਗ ਦੇ ਨਾਲ ਹੀ ਉਪਾਸ਼ਨਾ ਕਰਨ ਦਾ ਵਿਧਾਨ ਸੀ, ਪੂਜਾ ਕਰਨ ਲਈ ਬਹੁਤ ਸਾਰੇ ਕਰਮ ਕਾਂਡ ਮਿਥੇ ਹੋਇਆ ਕਰਦੇ ਸਨ ਜਿਸ ਕਰਕੇ ਸਾਧਕ ਆਪਣੇ ਲਕਸ਼ ਨੂੰ ਪ੍ਰਾਪਤ ਕਰ ਲਿਆ ਕਰਦਾ ਸੀ, ਪਰ ਕਲਜੁੱਗ ਵਿਚ ਉਪਰ ਦਸੇ ਹੋਏ ਸਾਧਨ ਕੁਝ ਵੀ ਨਹੀਂ ਕਰਦੇ, ਇਸ ਵਿਚ ਧਾਨਾਂ ਦੀ ਖੇਤੀ ਵਿਚ ਜਿਵੇਂ ਹਰ ਸਮੇਂ ਪਾਣੀ ਰਖਣਾ ਪੈਂਦਾ ਹੈ ਇਸੇ ਤਰ੍ਹਾਂ ਹਰ ਸਮੇਂ ਪ੍ਰਮੇਸ਼ਰ ਨੂੰ ਯਾਦ ਰੱਖਣ ਨਾਲ ਹੀ ਕੋਈ ਫਲ ਪ੍ਰਾਪਤ ਹੁੰਦਾ ਹੈ। ਗੁਰੂ ਮਹਾਰਾਜ ਜੀ ਬਾਰ-ਬਾਰ ਅਸਾਨੂੰ ਯਾਦ ਕਰਾਉਂਦੇ ਹਨ ਕਿ ਹੁਣ ਦੂਜਿਆਂ ਕਰਮਾਂ ਵਿਚ ਸਮਾਂ ਨਸ਼ਟ ਕਰਨ ਦੀ ਲੋੜ ਨਹੀਂ ਹੈ, ਕਲਜੁੱਗ ਭਗਤੀ ਕਰਨ ਦਾ ਯੁੱਗ ਹੈ, ਨਾਮ ਜਪਣ ਦਾ ਜੁੱਗ ਹੈ ਕਿਉਂਕਿ ਆਦਮੀ ਦੇ ਅੰਦਰ ਹਉਮੈ ਐਨੇ ਬਲ ਨਾਲ ਹੋਂਦ ਵਿਚ ਪ੍ਰਵਿਰਤ ਹੋ ਰਹੀ ਹੈ ਕਿ ਉਸ ਦਾ ਕਿਸੇ ਹੋਰ ਸਾਧਨ ਨਾਲ ਨਾਸ਼ ਨਹੀਂ ਹੁੰਦਾ, ਭਗਤੀ ਵਿਚੋਂ ਸਭ ਤੋਂ ਸ੍ਰੇਸ਼ਟ ਕਰਮ ਹਰੀ ਦਾ ਕੀਰਤਨ ਹੈ, ਨਿਸ਼ਕਾਮ ਕੀਰਤਨ ਹੈ, ਮਸਤ ਹੋ ਕੇ ਸ਼ਬਦ ਦੀ ਭਾਵਨਾ ਵਿਚ ਆਪਣੇ ਆਪ ਨੂੰ ਲੀਨ ਕਰਕੇ ਵਾਹਿਗੁਰੂ ਜੀ ਦੇ ਗੁਣ ਗਾਉਣੇ, ਸ੍ਰੇਸ਼ਟ ਸਾਧਨ ਹੈ। ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ-

*ਕਲਜੁਗ ਮਹਿ ਕੀਰਤਨੁ ਪਰਧਾਨਾ॥*
*ਗੁਰਮੁਖਿ ਜਪੀਐ ਲਾਇ ਧਿਆਨਾ॥*
*ਆਪਿ ਤਰੈ ਸਗਲੇ ਕੁਲ ਤਾਰੇ*
*ਹਰਿ ਦਰਗਹ ਪਤਿ ਸਿਉ ਜਾਇਦਾ॥*

*ਅੰਗ - 1076*

ਕੀਰਤਨ ਭਗਤੀ ਨੂੰ ਸ੍ਰੇਸ਼ਟ ਪਦਵੀ ਦਿਤੀ ਹੈ, ਕਿਉਂਕਿ ਮਨ ਦੇ ਅੰਦਰ ਹਜ਼ਾਰਾਂ ਲਹਿਰਾਂ ਸੰਸਕਾਰਾਂ ਦੀਆਂ ਜਵਾਰਭਾਟਾ ਲਿਆਈ ਜਾਂਦੀਆਂ ਹਨ ਅਤੇ ਮਨ ਕਿਸੇ ਸਾਧਨ ਨਾਲ ਟਿਕਣ ਵਿਚ ਨਹੀਂ ਆਉਂਦਾ। ਵਾਹਿਗੁਰੂ ਜੀ ਦਾ ਨਿਸ਼ਕਾਮ ਕੀਰਤਨ ਇਨ੍ਹਾਂ ਅੰਤਸ਼ਕਰਣ ਦੀਆਂ ਲਹਿਰਾਂ ਨੂੰ ਰੋੜ੍ਹ ਕੇ ਲੈ ਜਾਂਦਾ ਹੈ ਅਤੇ ਹਿਰਦੇ ਵਿਚ ਪਿਆਰ ਪ੍ਰਵੇਸ਼ ਕਰ ਜਾਂਦਾ ਹੈ ਜਿਸ ਰਾਹੀਂ ਅਸੀਂ ਵਾਹਿਗੁਰੂ ਜੀ ਦਾ ਸਿਮਰਨ ਕਰਕੇ ਉਸ ਤਕ ਪਹੁੰਚਣ ਦਾ ਯਤਨ ਕਰਦੇ ਹਾਂ ਇਹ ਸਾਰੇ ਕਰਮਾਂ ਤੋਂ ਸ੍ਰੇਸ਼ਟ ਕਰਮ ਹੈ -

*ਸਰਬ ਧਰਮ ਮਹਿ ਸ੍ਰੇਸਟ ਧਰਮੁ॥*
*ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥*

*ਅੰਗ - 266*

ਸਿਮਰਨ ਭਗਤੀ, ਸਰਵਣ ਭਗਤੀ, ਕੀਰਤਨ ਭਗਤੀ ਬਹੁਤ ਹੀ ਸ੍ਰੇਸ਼ਟ ਸਾਧਨ ਹਨ, ਵਾਹਿਗੁਰੂ ਜੀ ਨੇ ਆਪਾਂ ਸਾਰਿਆਂ ਉਪਰ ਬਖਸ਼ਿਸ਼ ਕੀਤੀ ਹੋਈ ਹੈ ਕਿ ਤੁਸੀਂ ਅੰਮ੍ਰਿਤ ਵੇਲੇ ਉਠ ਕੇ ਨੀਂਦ ਦੀ ਪ੍ਰਵਾਹ ਨਾ ਕਰਦੇ ਹੋਏ ਠੀਕ ਦੋ ਵਜੇ, ਦੂਰ ਦੁਰਾਡੇ ਤੋਂ ਚਲ ਕੇ ਸਤਿਸੰਗ ਵਿਚ ਆ ਜਾਂਦੇ ਹੋ, ਹੈਰਾਨੀ ਵਾਲੀ ਗੱਲ ਇਹ ਹੈ ਕਿ ਤੁਸੀਂ ਹਨ੍ਹੇਰੀਆਂ ਗਲੀਆਂ ਵਿਚ ਘਰ ਟੋਲ੍ਹ ਲੈਂਦੇ ਹੋ ਅਤੇ ਪੂਰੇ ਤਿੰਨ ਘੰਟੇ ਅੰਮ੍ਰਿਤ ਵਰਸ਼ਾ ਦਾ ਆਨੰਦ ਮਾਣਦੇ ਰਹੇ ਹੋ ਅਤੇ ਜਦੋਂ ਮੈਂ ਇਸ ਸਤਿਸੰਗ ਮੰਡਲ ਵਿਚ ਪ੍ਰਵੇਸ਼ ਕਰਦਾ ਹਾਂ ਤਾਂ ਮਨ ਨੂੰ ਸ਼ਾਂਤੀ ਦੀਆਂ ਲਹਿਰਾਂ ਜੋ ਆਪ ਦੇ ਟਿਕੇ ਹੋਏ ਮਨ ਵਿਚੋਂ ਨਿਕਲ ਰਹੀਆਂ ਹਨ ਉਹ ਮਹਿਸੂਸ ਹੁੰਦੀਆਂ ਹਨ। ਇਹ ਸਾਧਨ ਗੁਰੂ ਮਹਾਰਾਜ ਜੀ ਨੇ ਕਲਜੁਗੀ ਜੀਵਾਂ ਦੇ ਉਧਾਰ ਲਈ ਸ੍ਰੇਸ਼ਟਤਾ ਦੇ ਕੇ ਪ੍ਰਵਾਨ ਕੀਤਾ ਹੈ। ਇਸ ਨਾਲ ਅੰਦਰ ਦੀ ਮੈਲ ਲਹਿਣੀ ਸ਼ੁਰੂ ਹੋ ਜਾਂਦੀ ਹੈ, ਕੀਰਤਨ ਮੈਲ ਨੂੰ ਲਾਹੁਣ ਦੀ ਸਮਰਥਾ ਰਖਦਾ ਹੈ।

ਆਪ ਸਾਰਿਆਂ ਨੇ ਭੋਗ ਉਪਰੰਤ ਟਿਕੇ ਹੋਏ ਮਨ ਨਾਲ ਗੁਰੂ ਮਹਾਰਾਜ ਦਾ ਹੁਕਮਨਾਮਾ ਸਰਵਣ ਕੀਤਾ ਜਿਸ ਵਿਚ ਕਰਮਾਂ ਬਾਰੇ ਇਸ਼ਾਰਾ ਕੀਤਾ ਗਿਆ ਹੈ ਅਤੇ ਫੁਰਮਾਨ ਕੀਤਾ ਹੈ ਕਿ ਇਹ ਜੀਵ ਕਿਰਤ ਕਰਮਾਂ ਦਾ ਬੰਨ੍ਹਿਆ ਹੋਇਆ ਸੁਭਾਵ ਦੇ ਮੁਤਾਬਿਕ ਰਜੋ ਗੁਣ, ਤਮੋ ਗੁਣ, ਸਤੋ ਗੁਣ ਦੇ ਪ੍ਰਭਾਵ ਹੇਠ ਪਿਛਲੇ ਜਨਮਾਂ ਦੇ ਵਿਚ ਕੀਤੇ ਹੋਏ ਕਰਮਾਂ ਦਾ ਫਲ ਭੋਗਦਾ ਹੈ ਅਤੇ ਹੁਣ ਬਿਨਾਂ ਵਿਚਾਰੇ ਹੀ ਕਰਮ ਕਰਦਾ ਹੈ ਅਤੇ ਬੰਨ੍ਹਿਆ ਜਾ ਰਿਹਾ ਹੈ। ਕਰਮ ਇਕ ਬਹੁਤ ਹੀ ਗਹਿਨ ਵਿਸ਼ਾ ਹੈ ਜੋ ਅਸਾਡੀ ਸਮਝ ਵਿਚ ਨਹੀਂ ਆਉਂਦਾ ਕਿਉਂਕਿ ਕਰਮ ਤੇ ਕਿਰਤ ਬਹੁਤ ਹੀ ਗੁੰਝਲਦਾਰ ਵਿਸ਼ੇ ਦੇ ਅਧੀਨ ਹਨ। ਕਰਮਾਂ ਦੀ ਜੇ ਅਸੀਂ ਵੰਡ ਕਰੀਏ ਤਾਂ ਇਹ ਕਈ ਕਿਸਮ ਦੇ ਹਨ - ਪਹਿਲੇ ਜ਼ਰੂਰੀ ਕਰਮ ਜੋ ਆਦਮੀ ਨੂੰ ਕਰਨੇ ਪੈਂਦੇ ਹਨ ਉਹ ਆਪਣੇ ਸਰੀਰ ਨਾਲ ਸਬੰਧ ਰਖਦੇ ਹਨ, ਉਨ੍ਹਾਂ ਨੂੰ 'ਕਾਇਕ ਕਰਮ' ਆਖਦੇ ਹਨ। ਉਸ ਵਿਚ ਅੰਮ੍ਰਿਤ ਵੇਲੇ ਆਲਸ ਦਾ ਤਿਆਗ ਕਰਕੇ ਉਠਣਾ ਅਤੇ ਆਪਣੇ ਸਰੀਰ ਦੀ ਕ੍ਰਿਆ ਕਰਕੇ ਦੰਦਾਂ ਦੀ ਸਫਾਈ ਵਾਸਤੇ ਬੁਰਸ਼ ਆਦਿ ਕਰਨਾ, ਇਸ਼ਨਾਨ ਨਾਲ ਸਰੀਰ ਦੀ ਸੁਸਤੀ ਨੂੰ ਦੂਰ ਕਰਨ ਲਈ ਖੁਲ੍ਹੇ ਪਾਣੀ ਵਿਚ ਇਸ਼ਨਾਨ ਕਰਨਾ, ਉਸ ਪਿਛੋਂ ਵਸਤਰ ਪਹਿਨ ਕੇ ਮੌਸਮ ਦੇ ਹਿਸਾਬ ਨਾਲ ਕਿਸੇ ਸਵੱਛ ਥਾਂ ਉਪਰ, ਕਿਸੇ ਚੌਕੀਂ ਉਪਰ ਬੰਦਗੀ ਕਰਨ ਲਈ ਸੋਹਣਾ ਆਸਣ ਵਿਛਾ ਕੇ ਇਕਾਂਤ ਥਾਂ ਤੇ ਬੈਠਣਾ, ਹਿੰਮਤ ਧਾਰ ਕੇ ਸਤਿਸੰਗ ਕਰਨਾ, ਸਤਿਗੁਰੂ ਦੀ ਸੇਵਾ ਪੂਰੇ ਪਿਆਰ ਵਿਚ ਆ ਕੇ, ਪੂਰੀ ਨਿਮਰਤਾ, ਦਿਖਾਵੇ ਤੋਂ ਰਹਿਤ ਹੋ ਕੇ ਗੁਰੂ ਨੂੰ ਪ੍ਰਮੇਸ਼ਰ ਰੂਪ ਜਾਣ ਕੇ ਕਰਨੀ, ਤੱਤ ਬੇਤੇ ਮਹਾਂਪੁਰਸ਼ ਜਿਨ੍ਹਾਂ ਨੇ ਪੂਰਨ ਰੂਪ ਵਿਚ ਆਪਣਾ ਆਪਾ ਪ੍ਰਭੂ ਵਿਚ ਲੀਨ ਕਰ ਦਿਤਾ ਹੋਵੇ ਉਸ ਨਾਲ ਪਿਆਰ ਕਰਨਾ ਅਤੇ ਉਸ ਦੀ ਆਗਿਆ ਦਾ ਪਾਲਣ ਕਰਨਾ, ਬਾਰ-ਬਾਰ ਉਸ ਦੇ

ਦਰਸ਼ਨ ਕਰਨਾ, ਚਕੋਰ ਤੇ ਚੰਦ ਵਾਲੀ ਭਾਵਨਾ ਅੰਦਰ ਪੈਦਾ ਕਰਨੀ, ਇਹ ਕਾਇਕ ਕਰਮ ਹੋਇਆ ਕਰਦੇ ਹਨ। ਦੂਸਰੇ ਵਾਚਕ ਕਰਮ ਉਹ ਹੁੰਦੇ ਹਨ, ਜਿਸ ਵਿਚ ਸਦਾ ਹੀ ਸੱਚ ਬੋਲਣਾ ਅਤੇ ਕੂੜ ਦਾ ਸਪਰਸ਼ ਆਪਣੀ ਰਸਨਾ ਨਾਲ ਨਾ ਹੋਣ ਦੇਣਾ, ਬਚਨ ਦੇ ਤੌਰ ਤੇ ਅਤੇ ਮਾਨਸਿਕ ਤੌਰ ਤੇ ਫੁਰਨਿਆਂ ਨੂੰ ਰੋਕਣਾ ਅਤੇ ਆਪਣੇ ਆਪ ਨੂੰ ਮੋਨ ਵਿਚ ਰੱਖਣ ਦੀ ਕੋਸ਼ਿਸ਼ ਕਰਨੀ, ਸਤਿਗੁਰੂ ਵਲੋਂ ਦਿਤੇ ਹੋਏ ਮੰਤਰ ਦਾ ਜਾਪ ਕਰਨਾ, ਪੂਰੇ ਪਿਆਰ ਨਾਲ ਹਰੀ ਦਾ ਕੀਰਤਨ ਕਰਨਾ, ਜੇ ਵਾਹਿਗੁਰੂ ਜੀ ਨੇ ਸਮਰਥਾ ਦਿਤੀ ਹੋਵੇ ਤਾਂ ਵਾਹਿਗੁਰੂ ਜੀ ਦਾ ਕਥਾ ਰਾਹੀਂ ਜਸ ਕਰਨਾ। ਤੀਸਰੀ ਕਿਸਮ ਦੇ ਕਰਮ ਜਿਨ੍ਹਾਂ ਨੂੰ ਮਾਨਸ ਕਰਮ ਕਹਿੰਦੇ ਹਨ ਇਹ ਕਰਮ ਆਦਮੀ ਦੇ ਮਨ ਨਾਲ ਸਬੰਧ ਰਖਦੇ ਹਨ ਉਸ ਵਿਚ ਧਰਮ ਦੇ ਦਸ ਗੁਣ ਦਇਆ, ਖਿਮਾ, ਧੀਰਜ, ਸੀਲ, ਮਨ ਦੀ ਪਵਿੱਤਰਤਾ, ਸੰਤੋਖ, ਦਾਨ, ਸੇਵਾ, 'ਏਕਾ ਨਾਰੀ ਜਤੀ ਹੋਇ' ਦੇ ਭਾਵ ਨਾਲ ਬ੍ਰਹਮਚਰੀਅ ਰਖਣਾ, ਮਿਹਨਤ ਕਰਨੀ ਅਤੇ ਜੋ ਕੁਝ ਪ੍ਰਾਪਤ ਹੋ ਗਿਆ ਉਸ ਉਪਰ ਸੰਤੋਖ ਧਾਰਨ ਕਰਨਾ ਇਹ ਮਾਨਸਿਕ ਕਰਮ ਹੋਇਆ ਕਰਦੇ ਹਨ। ਇਨ੍ਹਾਂ ਕਰਮਾਂ ਨੂੰ ਕਰਕੇ ਅੰਤਸ਼ਕਰਣ ਵਿਚੋਂ ਮੈਲ ਦੂਰ ਕਰਨੀ। ਇਨ੍ਹਾਂ ਤਿੰਨਾਂ ਕਿਸਮਾਂ ਦੇ ਕਰਮਾਂ ਦਾ ਸਭਾਵਕ ਫਲ ਅੰਤਸ਼ਕਰਣ ਵਿਚੋਂ ਮਲ, ਦੋਸ਼ ਨੂੰ ਦੂਰ ਕਰਨਾ ਹੋਇਆ ਕਰਦਾ ਹੈ। ਇਨ੍ਹਾਂ ਲਈ ਮਾਨਸ ਕਰਮਾਂ ਨਾਲ ਕਾਇਕ ਅਤੇ ਵਾਚਕ ਕਰਮ ਕਰਨੇ ਭੀ ਜ਼ਰੂਰੀ ਹਨ ਪਰ ਸਭ ਤੋਂ ਜ਼ਰੂਰੀ ਮਾਨਸਿਕ ਕਰਮ ਜੋ ਮਨ ਨਾਲ ਕੀਤੇ ਜਾਂਦੇ ਹਨ ਉਹ ਨਿਸ਼ਕਾਮ ਤੌਰ ਤੇ ਕਰਕੇ ਅੰਤਸ਼ਕਰਣ ਦੀ ਸ਼ੁਧਤਾ ਲਈ ਉਦਮ ਕਰਨਾ, ਅੰਤਸ਼ਕਰਣ ਦੀ ਸ਼ੁਧਤਾ ਨਿਸ਼ਕਾਮ ਕਰਮ ਕਰਕੇ ਹੋਇਆ ਕਰਦੀ ਹੈ। ਕਰਮ ਕਰਨ ਉਪਰੰਤ ਮਨੋਂ, ਚਿਤੋਂ ਅਰਦਾਸ ਕਰਨੀ ਕਿ ਹੇ ਪ੍ਰਭੂ! ਇਹ ਜੋ ਇਸ ਸਰੀਰ ਰਾਹੀਂ ਕਰਮ ਹੋਏ ਹਨ ਉਹ ਤੇਰੀ ਕ੍ਰਿਪਾ ਨਾਲ ਹੀ ਹੋਏ ਹਨ, ਇਸ ਦਾ ਫਲ ਮੈਂ ਤੇਰੇ ਚਰਨਾਂ ਵਿਚ ਹੀ ਅਰਪਣ ਕਰਦਾ ਹਾਂ। ਇਸ ਨੂੰ ਨਿਸ਼ਕਾਮ ਕਰਮ ਕਹਿੰਦੇ ਹਨ। ਇਹ ਨਿਸ਼ਕਾਮ ਕਰਮ ਜਨਮਾਂ ਜਨਮਾਂਤਰਾਂ ਦੀ ਲੱਗੀ ਮੈਲ ਨੂੰ ਦੂਰ ਕਰਨ ਲਈ ਸ੍ਰੇਸ਼ਟ ਸਾਧਨ ਹਨ। ਹੰਗਤਾ ਧਾਰ ਕੇ ਕੀਤੇ ਹੋਏ ਕਰਮ ਅੰਤਸ਼ਕਰਣ ਵਿਚ ਜਮ੍ਹਾਂ ਹੋ ਜਾਂਦੇ ਹਨ। ਚੰਗੇ ਅਤੇ ਮੰਦੇ ਫਲ ਦਿੰਦੇ ਹੀ ਰਹਿੰਦੇ ਹਨ।

ਇਕ ਵਾਰੀ ਗੁਰੂ ਦਸ਼ਮੇਸ਼ ਪਿਤਾ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਦੇ ਦਰਬਾਰ ਵਿਚ ਸੰਗਤ ਨੇ ਬੇਨਤੀ ਕੀਤੀ ਕਿ ਹੇ ਸਤਿਗੁਰੂ ਜੀ! ਇਹ ਪ੍ਰਾਣੀ ਭਿਆਨਕ ਕਰਮਾਂ ਦੇ ਬੰਧਨਾਂ ਵਿਚ ਪਿਆ ਹੋਇਆ ਜੰਮਦਾ ਮਰਦਾ ਹੈ, ਅਸਾਨੂੰ ਪਤਾ ਨਹੀਂ ਲਗਦਾ ਕਿ ਉਹ ਕਿਹੜੇ ਕਰਮ ਹਨ ਜਿਨ੍ਹਾਂ ਦੇ ਕਰਨ ਕਰਕੇ ਸਾਡੀ ਕਲਿਆਣ ਹੋਵੇ, ਗੁਰੂ ਦਸ਼ਮੇਸ਼ ਪਿਤਾ ਜੀ ਨੇ ਉਸ ਸਮੇਂ ਸੰਗਤ ਵਿਚ ਬੈਠੇ ਭਾਈ ਦਇਆ ਸਿੰਘ ਜੀ ਜੋ ਪੰਜ ਪਿਆਰਿਆਂ ਦੇ ਜਥੇਦਾਰ ਸਨ, ਵਲ ਆਪਣੀ ਦ੍ਰਿਸ਼ਟੀ ਕੀਤੀ ਅਤੇ ਸੰਗਤ ਨੂੰ ਕਿਹਾ ਕਿ ਭਾਈ ਦਇਆ ਸਿੰਘ ਜੀ ਅਤੇ ਮੇਰੇ ਵਿਚ ਕੋਈ ਵੀ ਭੇਦ ਨਹੀਂ ਹੈ। ਉਨ੍ਹਾਂ ਨੇ ਪੂਰਨ ਖਾਲਸਾ ਪਦ ਪ੍ਰਾਪਤ ਕੀਤਾ ਹੋਇਆ ਹੈ, ਉਹ ਆਤਮ ਰਸੀਏ ਹਨ, ਆਤਮ ਵਿਚ ਸਥਿਤ ਹਨ, ਇਸ ਕਰਕੇ ਮੇਰਾ ਹੀ ਰੂਪ ਹਨ ਜਿਵੇਂ ਕਿ –

*ਆਤਮ ਰਸ ਜਿਹ ਜਾਨਹੀ*
*ਸੋ ਹੈ ਖ਼ਾਲਸ ਦੇਵ॥*
*ਪ੍ਰਭ ਮਹਿ, ਮੋ ਮਹਿ, ਤਾਸ ਮਹਿ,*
*ਰੰਚਕ ਨਾਹਨ ਭੇਵ॥*

***ਸਰਬ ਲੋਹ ਗ੍ਰੰਥ 'ਚੋਂ***

ਤੁਸੀਂ ਇਨ੍ਹਾਂ ਤੋਂ ਕਰਮਾਂ ਬਾਰੇ ਵਿਸਥਾਰ ਨਾਲ ਸਰਵਣ ਕਰੋ, ਇਹ ਬਚਨ ਸੁਣ ਕੇ ਭਾਈ ਦਇਆ ਸਿੰਘ ਜੀ ਨੇ ਉਠ ਕੇ ਗੁਰੂ ਮਹਾਰਾਜ ਜੀ ਦੇ ਚਰਨਾਂ ਵਿਚ ਅਤਿ ਨਿਮਰ ਭਾਵਨਾ ਨਾਲ ਬੇਨਤੀ ਕੀਤੀ ਕਿ ਪਾਤਸ਼ਾਹ! ਮੈਂ ਤਾਂ ਕੁਝ ਵੀ ਨਹੀਂ, ਮੈਂ ਤਾਂ ਆਪ ਦੇ ਹੱਥ ਵਿਚ ਪੁਤਲੀ ਹਾਂ ਜਿਵੇਂ ਤੁਸੀਂ ਨਚਾਉਂਦੇ ਹੋ ਇਹ ਸਰੀਰ ਨਚਦਾ ਹੈ। ਪਾਤਸ਼ਾਹ! ਤੁਸੀਂ ਤਾਂ ਸਰਬੱਗ ਹੋ, ਅਸੀਂ ਤਾਂ ਤੁਹਾਡੇ ਸਾਮ੍ਹਣੇ ਅਲਪੱਗ ਜੀਵ ਹਾਂ ਜਿਵੇਂ ਤੁਸੀਂ ਬੁਲਾਉਣਾ ਹੈ, ਬੁਲਾ ਲੈਣਾ। ਗੁਰੂ ਮਹਾਰਾਜ ਜੀ ਸਿੰਘਾਸਨ ਤੋਂ ਉਠ ਕੇ ਅੰਦਰ ਚਲੇ ਗਏ। ਉਸ ਵੇਲੇ ਭਾਈ ਦਇਆ ਸਿੰਘ ਜੀ ਨੇ ਸੰਗਤ ਵਲ ਦੇਖ ਕੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ ਅਤੇ ਕਹਿਣ ਲੱਗੇ ਕਿ ਸਾਧਸੰਗਤ ਜੀ! ਜੀਵ ਦੀ ਕੀ ਸਮਰੱਥਾ ਹੈ ਕਿ ਉਹ ਕੋਈ ਬਚਨ ਕਰੇ, ਇਹ ਤਾਂ ਗੁਰੂ ਮਹਾਰਾਜ ਜੀ ਜਿਵੇਂ ਬੁਲਾਉਂਦੇ ਹਨ ਉਵੇਂ ਹੀ ਬੋਲਦਾ ਹੈ।

ਹੁਣ ਮੈਂ ਬੇਨਤੀ ਕਰਦਾ ਹਾਂ ਕਿ ਆਪ ਕਰਮਾਂ ਬਾਰੇ ਵਿਚਾਰ ਸਰਵਣ ਕਰੋ। ਇਹ ਨਰਕ ਸੁਰਗ ਵਿਚ ਕਿਸ ਤਰ੍ਹਾਂ ਦੇ ਨਾਲ ਵਾਸਾ ਕਰਾਉਂਦੇ ਹਨ। ਤਿੰਨ ਕਿਸਮ ਦੇ ਕਰਮ ਹੁੰਦੇ ਹਨ। ਜੋ ਜੀਵ ਦੇ ਨਾਲ ਸਦਾ ਹੀ ਚਿੰਬੜੇ ਰਹਿੰਦੇ ਹਨ ਇਕ ਕਰਮ ਨੂੰ ਸੰਚਤ ਕਰਮ ਕਹੀਦਾ ਹੈ ਦੂਸਰੇ ਨੂੰ ਪ੍ਰਾਲਬਧ, ਤੀਸਰੇ ਜੋ ਅਸੀਂ ਹਰ ਰੋਜ਼ ਕਰਦੇ ਹਾਂ ਇਨ੍ਹਾਂ ਨੂੰ ਕ੍ਰਿਆਮਾਨ ਕਰਮ ਕਹਿੰਦੇ ਹਨ। ਐਉਂ ਸਮਝੋ ਕਿ ਅੰਤਸ਼ਕਰਣ ਰੂਪੀ ਭੱਥੇ ਵਿਚ ਇਹ ਤਿੰਨ ਕਿਸਮ ਦੇ ਬਾਣ ਵਸ ਰਹੇ ਹਨ। ਚੇਤਨ ਆਤਮਾ ਦੀ ਜੋ ਸਤਾ, ਅਭਾਸ (ਆਲਸ ਛਾਇਆ) ਅੰਤਸ਼ਕਰਣ ਵਿਚ ਪੈਂਦੀ ਹੈ ਉਹ ਇਸ ਤਰ੍ਹਾਂ ਹੈ ਜਿਸ ਤਰ੍ਹਾਂ ਸੂਰਜ ਦਾ ਪਰਛਾਵਾਂ ਜਾਂ ਚੰਦਰਮਾ ਦਾ ਪਰਛਾਵਾਂ ਪਾਣੀ ਨਾਲ ਭਰੇ ਹੋਏ ਬਰਤਨਾਂ ਵਿਚ ਪੈਂਦਾ ਹੈ, ਸੋ ਆਤਮ ਸੱਤਾ ਦੀ ਛਾਇਆ ਜਦੋਂ ਅੰਤਸ਼ਕਰਣ ਵਿਚ ਪ੍ਰਤੀਬਿੰਬਤ ਹੁੰਦੀ ਹੈ ਉਸ ਸਮੇਂ ਇਸ ਜੜ੍ਹ ਅੰਤਸ਼ਕਰਣ ਵਿਚ ਚੇਤਨਤਾ ਉਪਜਦੀ ਹੈ।

ਅੰਤਸ਼ਕਰਣ ਵਿਚ ਮਨ, ਬੁੱਧੀ, ਚਿਤ ਅਤੇ ਅਗਿਆਨਤਾ (ਹੰਗਤਾ, ਮਮਤਾ, ਹਉਮੈ) ਦਾ ਵਾਸਾ ਹੋਇਆ ਕਰਦਾ ਹੈ, ਇਨ੍ਹਾਂ ਤਿੰਨਾਂ ਦੇ ਸਾਮੁਦਾਇ ਵਿਚ ਕਰਮਾਂ ਦੇ ਬੀਜ ਟਿਕੇ ਰਹਿੰਦੇ ਹਨ। ਅੰਤਸ਼ਕਰਣ ਆਪ ਜੜ੍ਹ ਹੈ, ਜਿੰਨੀ ਦੇਰ ਤਕ ਚੇਤਨ ਦਾ ਅਕਸ਼ (ਪਰਛਾਵਾਂ) ਇਸ ਉਪਰ ਨਹੀਂ ਪੈਂਦਾ, ਇਸ ਵਿਚ ਕੋਈ ਕਰਮ ਕਰਨ ਦੀ ਸੱਤਾ ਨਹੀਂ ਹੋਇਆ ਕਰਦੀ, ਨਾ ਹੀ ਕਰਮ ਕੋਈ ਫਲ ਦਿੰਦੇ ਹਨ। ਜਦੋਂ ਤਕ ਇਸ ਵਿਚ ਚੇਤਨ ਦੀ ਸੱਤਾ ਪ੍ਰਵੇਸ਼ ਨਹੀਂ ਕਰਦੀ, ਇਹ ਆਪਣੇ ਵਿਚ ਕਰਮ ਧਾਰਨ ਨੂੰ ਸਮਰੱਥ ਨਹੀਂ ਹੈ ਚੇਤਨ ਦੀ ਛਾਇਆ (ਅਭਾਸ) ਪੈਣ ਨਾਲ ਇਸ ਦੀ ਜੜ੍ਹਤਾ ਦੂਰ ਹੋ ਕੇ ਚੇਤਨਤਾ ਆਉਂਦੀ ਹੈ, ਪਰ ਇਕ ਗੱਲ ਸਮਝਣ ਵਾਲੀ ਹੈ ਕਿ ਅੰਤਸ਼ਕਰਣ ਵਿਚ ਪਿਆ ਅਗਿਆਨ ਹੰਗਤਾ ਤੇ ਮਮਤਾ ਇਸ ਨੂੰ ਕਰਮ ਧਾਰਨ ਕਰਨ ਦੀ ਸਮਰਥਾ ਦਿੰਦਾ ਹੈ। ਜੇ ਅੰਤਸ਼ਕਰਣ ਵਿਚ ਅਗਿਆਨ ਨਾ ਹੋਵੇ, ਇਸ ਦੇ ਵਿਪਰੀਤ ਗਿਆਨ ਹੋਵੇ ਤਾਂ ਚੰਗੇ ਮੰਦੇ ਕਰਮਾਂ ਨੂੰ ਇਹ ਧਾਰ ਨਹੀਂ ਸਕਦਾ, ਸੋ ਬਿਨਾਂ ਅਗਿਆਨ ਤੋਂ ਕਰਮ ਧਾਰਿਆ ਨਹੀਂ ਜਾਂਦਾ। ਸੋ ਇਸ ਤਰ੍ਹਾਂ ਨਾਲ ਤਿੰਨ ਚੀਜ਼ਾਂ ਹੋਈਆਂ, ਇਕ ਅੰਤਸ਼ਕਰਣ ਹੋਇਆ, ਦੂਸਰਾ ਅਗਿਆਨ ਅਤੇ ਚੇਤਨ ਆਤਮਾ। ਇਹ ਜਦੋਂ ਤਿੰਨ ਇਕੱਠੇ ਹੁੰਦੇ ਹਨ, ਫੇਰ ਇਹ ਜੀਵ ਕਰਮ ਧਾਰਨ ਕਰਦਾ ਹੈ। ਜੇ ਇਨ੍ਹਾਂ ਵਿਚੋਂ ਇਕ ਚੀਜ਼ ਨਾ ਹੋਵੇ ਤਾਂ ਇਹ ਕੋਈ ਵੀ ਕਰਮ ਧਾਰਨ ਨਹੀਂ ਕਰਦਾ।

ਇਕ ਹੋਰ ਦ੍ਰਿਸ਼ਟਾਂਤ ਦੇ ਨਾਲ ਸਮਝਣ ਦਾ ਜਤਨ ਕਰੋ, ਸਤੋ ਗੁਣ ਰੂਪੀ ਅੰਤਸ਼ਕਰਣ ਨੂੰ ਮਿੱਟੀ ਜਾਣੋ, ਯਾਨਿ ਕਿ ਸਤੋ ਗੁਣ (ਅੰਤਸ਼ਕਰਣ) ਨੂੰ ਮਿੱਟੀ ਦਾ ਇਕ ਡਲਾ (ਢੇਲਾ) ਜਾਣੋ। ਜੋ ਚੇਤਨ ਆਤਮਾ ਹੈ, ਉਹ ਅਕਾਸ਼ ਹੈ, ਖਾਲੀ ਥਾਂ ਹੈ; ਜੋ ਅਗਿਆਨ ਹੈ ਉਹ ਜਲ ਹੈ, ਜਦੋਂ ਮਿੱਟੀ (ਅੰਤਸ਼ਕਰਣ) ਤੇ ਪਾਣੀ (ਅਗਿਆਨ) ਇਕੱਠੇ ਹੋ ਕੇ ਮਿੱਟੀ ਗੁੰਨੀ ਜਾਂਦੀ ਹੈ ਉਸ ਵੇਲੇ ਕੋਈ ਭਾਂਡਾ ਬਣਨ ਦੀ ਇਸ ਵਿਚ ਸਮਰਥਾ ਆਉਂਦੀ ਹੈ, ਫੇਰ ਇਸ ਗੁੰਨੀ ਹੋਈ ਮਿੱਟੀ ਤੋਂ ਘੁਮਿਆਰ ਚੱਕ ਤੇ ਚਾੜ੍ਹ ਕੇ ਘੜਾ ਬਣਾਉਂਦਾ ਹੈ ਜਾਂ ਕਈ ਬਰਤਨ ਬਣਾਉਂਦਾ ਹੈ, ਹੁਣ ਘੜੇ ਵਿਚ ਜੋ ਖਾਲੀ ਥਾਂ ਹੈ ਉਸ ਨੂੰ ਤੁਸੀਂ ਆਤਮ ਸੱਤਾ ਸਮਝੋ, ਅਗਿਆਨ ਦਾ ਜਲ ਅਤੇ ਅੰਤਸ਼ਕਰਣ ਦੀ ਮਿੱਟੀ ਨੇ ਮਿਲ ਕੇ ਘੜਾ ਬਣਾਇਆ ਹੁਣ ਉਸ ਉਤੇ ਕਰਮ ਰੂਪੀ ਅਨਾਜ ਭਰਿਆ ਜਾਂਦਾ ਹੈ ਇਹ ਤਿੰਨੋ ਮਿਲ ਕੇ ਅਨਾਜ ਨੂੰ ਸੰਭਾਲਣ ਦੀ ਸਮਰਥਾ ਰਖਦੇ ਹਨ ਜੇ ਇਹ ਤਿੰਨੋ ਅੱਡ ਰਹਿਣ ਯਾਨਿ ਅਗਿਆਨ (ਪਾਣੀ) ਅੰਤਸ਼ਕਰਣ (ਮਿੱਟੀ) ਅਤੇ ਆਤਮ ਸੱਤਾ (ਖਾਲੀ ਥਾਂ); ਤਾਂ ਅੰਤਸ਼ਕਰਣ ਰੂਪੀ ਘੜਾ ਬਣਦਾ ਹੀ ਨਹੀਂ। ਇਸੇ ਤਰ੍ਹਾਂ ਨਾਲ ਜੇ ਇਕੱਲੀ ਆਤਮਾ ਹੈ ਉਹ ਕਰਮ ਧਾਰਨ ਨਹੀਂ ਕਰ ਸਕਦੀ, ਜਿਹੜਾ ਅਗਿਆਨ ਹੈ ਜੇ ਉਹ ਵੀ ਇਕੱਲਾ ਹੋਵੇ ਉਹ ਵੀ ਕਰਮ ਧਾਰਨ ਨਹੀਂ ਕਰਦਾ ਅਤੇ ਅੰਤਸ਼ਕਰਣ ਵਿਚ ਸੱਤਾ ਹੀ ਨਹੀਂ ਹੈ ਕਿਉਂਕਿ ਉਹ ਜੜ੍ਹ ਹੈ ਜਦੋਂ ਤਿੰਨਾਂ ਦਾ ਸੰਯੋਗ ਹੋ ਜਾਂਦਾ ਹੈ ਤਾਂ ਕਰਮ ਧਾਰਨ ਨੂੰ ਸਮਰੱਥ ਹੋ ਜਾਂਦੇ ਹਨ। ਅੰਤਸ਼ਕਰਣ ਰੂਪੀ ਤਰਕਸ਼ (ਤੀਰ ਰੱਖਣ ਵਾਲਾ ਭੱਥਾ) ਦੇ ਵਿਚ ਕਰਮਾਂ ਦੇ ਬਾਣ ਰੱਖੇ ਜਾਂਦੇ ਹਨ, ਇਸ ਤਰਕਸ਼ ਵਿਚੋਂ ਜਦੋਂ ਧਨੁਖ ਦੇ ਉਤੇ ਤੀਰ ਚਾੜ੍ਹ ਲਿਆ ਅਤੇ ਚਲ ਕੇ ਜਦੋਂ ਉਹ ਕਿਸੇ ਧੇਅ ਨੂੰ ਵਿੰਨ੍ਹ ਕੇ ਧਰਤੀ ਉਤੇ ਗਿਰ ਪਿਆ ਫੇਰ ਉਹ ਤੀਰ ਨਿਸਫਲ ਹੋ ਜਾਂਦਾ ਹੈ, ਇਸ ਦਾ ਨਾਮ ਪ੍ਰਾਲਬਧ ਕਰਮ ਹੈ ਇਹ ਆਪਣਾ ਫਲ ਦੇ ਕੇ ਖਤਮ ਹੋ ਜਾਂਦਾ ਹੈ ਅਤੇ ਇਹ ਤੀਰ ਹੋਰ ਫਲ ਦੇਣ ਦੀ ਸਮਰਥਾ ਨਹੀਂ ਰਖਦਾ। ਜਿਹੜੇ ਤੀਰ ਅਜੇ ਭੱਥੇ ਵਿਚ ਪਏ ਹਨ ਜਿਨ੍ਹਾਂ ਨੂੰ ਧਨੁੱਖ ਦੇ ਵਿਚ ਨਹੀਂ ਚਾੜ੍ਹਿਆ ਉਨ੍ਹਾਂ ਨੇ ਅਜੇ ਆਪਣਾ ਫਲ ਨਹੀਂ ਦਿਤਾ, ਉਨ੍ਹਾਂ ਕਰਮਾਂ ਨੂੰ ਸੰਚਤ ਕਰਮ ਕਿਹਾ ਜਾਂਦਾ ਹੈ। ਐਉਂ ਸਮਝ ਲਓ ਜਿਵੇਂ ਕੋਈ ਚੀਜ਼ ਸਟੋਰ ਵਿਚ ਪਈ ਹੋਵੇ। ਇਸੇ ਤਰ੍ਹਾਂ ਨਾਲ ਜਿਨ੍ਹਾਂ ਕਰਮਾਂ ਨੇ ਅਜੇ ਫਲ ਨਹੀਂ ਦਿਤਾ ਉਹ ਸੰਚਤ ਕਰਮ ਹੋਇਆ ਕਰਦੇ ਹਨ ਮਤਲਬ ਕਿ ਜਮ੍ਹਾਂ ਹੋਏ ਹੋਏ ਜਿਨ੍ਹਾਂ ਨੇ ਅਜੇ ਫਲ ਦੇਣਾ ਹੈ। ਇਹ ਸੰਚਤ ਕਰਮ ਫੇਰ ਧਨੁੱਖ ਤੇ ਚੜ੍ਹਦੇ ਹਨ ਜਦੋਂ ਧਨੁਖ ਤੋਂ ਚਲ ਜਾਂਦੇ ਹਨ ਤਾਂ ਇਨ੍ਹਾਂ ਨੂੰ ਪ੍ਰਾਲਬਧ ਕਰਮ ਕਿਹਾ ਜਾਂਦਾ ਹੈ। ਇਹ ਕਈ ਪ੍ਰਕਾਰ ਦੇ ਹੁੰਦੇ ਹਨ। ਇਸੇ ਤਰ੍ਹਾਂ ਨਾਲ ਜੋ ਕਰਮ ਅਸੀਂ ਹਰ ਰੋਜ਼ ਕਰਦੇ ਹਾਂ ਉਹ ਅਗਿਆਨ ਵਸ ਕਰਦੇ ਹਾਂ, ਅਸੀਂ ਇਸ ਭਾਵਨਾ ਵਿਚ ਆ ਜਾਂਦੇ ਹਾਂ ਕਿ ਇਹ ਕਰਮ ਮੈਂ ਕਰਿਆ ਹੈ, ਇਨ੍ਹਾਂ ਕਰਮਾਂ ਨੂੰ ਕ੍ਰਿਆਮਾਨ ਕਰਮ ਕਹਿੰਦੇ ਹਨ। ਹੁਣ ਇਸ ਤਰ੍ਹਾਂ ਨਾਲ ਸਮਝ ਲਓ ਕਿ ਪਹਿਲਾਂ ਕ੍ਰਿਆਮਾਨ ਕਰਮ ਜੀਵ ਦੇ ਨਾਲ ਚਿੰਬੜਦੇ ਹਨ, ਦੂਜੀ ਅਵਸਥਾ ਵਿਚ ਜਾ ਕੇ ਜਦੋਂ ਜਮ੍ਹਾਂ ਹੁੰਦੇ ਹਨ ਤਾਂ ਸੰਚਤ ਕਰਮ ਕਹਾਉਂਦੇ ਹਨ ਜਦੋਂ ਜੀਵ ਨੂੰ ਫਲ ਦੇਣ ਦੇ ਸਮਰੱਥ ਹੁੰਦੇ ਹਨ, ਕਮਾਣ ਉਪਰ ਚਿਲਾ ਚਾੜ੍ਹ ਕੇ ਛੱਡ ਦਿਤੇ ਜਾਂਦੇ ਹਨ ਉਨ੍ਹਾਂ ਨੂੰ ਪ੍ਰਾਲਬਧ ਕਰਮ ਕਿਹਾ ਜਾਂਦਾ ਹੈ ਜਿਸ ਤਰ੍ਹਾਂ ਇਕ ਕਾਲ ਨੂੰ ਭਵਿੱਖ ਕਾਲ ਅਤੇ ਦੂਜੇ ਨੂੰ ਵਰਤਮਾਨ ਅਤੇ ਤੀਸਰਾ ਜੋ ਲੰਘ ਗਿਆ ਉਸ ਨੂੰ ਭੂਤਕਾਲ ਕਹਿੰਦੇ ਹਨ। ਇਸੇ ਤਰ੍ਹਾਂ ਨਾਲ ਪ੍ਰਾਲਬਧ ਕਰਮਾਂ ਦੇ ਫਲ ਤਿੰਨ ਹਨ। ਪਹਿਲਾ ਫਲ ਹੈ ਕਿ ਇਸ ਜੀਵ ਨੇ ਨਿਸ਼ਚਿਤ ਤੌਰ ਤੇ ਸੰਸਾਰ ਵਿਚ ਜਾ ਕੇ ਕਿੰਨੀ ਦੇਰ ਉਥੇ ਰਹਿਣਾ ਹੈ, ਦੂਸਰਾ ਕਿਸ ਖਾਨਦਾਨ, ਕਿਸ ਜਾਤੀ ਵਿਚ ਪੈਦਾ ਹੋਏਗਾ ਅਤੇ ਇਸ ਨੂੰ ਕਿਹੜੇ-ਕਿਹੜੇ ਭੋਗ ਪ੍ਰਾਪਤ ਹੋਣਗੇ, ਜਾਤੀ ਤੋਂ ਇਹ ਭਾਵ ਹੈ ਕਿ ਕਿਸ ਜਿਨਸ ਵਿਚ ਜਨਮ ਲਏਗਾ, ਕਿਸ ਖਾਣੀ ਵਿਚ ਜਨਮ ਲਵੇਗਾ, ਦਰਖਤ ਬਣੇਗਾ ਜਾਂ ਪਸ਼ੂ ਬਣੇਗਾ ਜਾਂ ਸੱਪ ਆਦਿ ਬਣੇਗਾ ਜਾਂ ਮਨੁੱਖ

ਬਣੇਗਾ, ਮਨੁੱਖਾਂ ਵਿਚੋਂ ਕੰਗਾਲ ਬਣੇਗਾ ਜਾਂ ਅਮੀਰ ਬਣੇਗਾ, ਦੁਖੀ ਹੋਵੇਗਾ ਜਾਂ ਸੁਖੀ ਹੋਵੇਗਾ ਜਾਂ ਸਾਰੀ ਜ਼ਿੰਦਗੀ ਚਿੰਤਾ ਵਿਚ ਰਹੇਗਾ, ਜਾਂ ਧਨੀ ਹੋਵੇਗਾ, ਬੱਚੇ ਕਿਸ ਕਿਸਮ ਦੇ ਹੋਣਗੇ, ਜੋ ਸਾਥ ਮਿਲਣਾ ਹੈ ਵਿਆਹ ਆਦਿ ਦਾ ਉਹ ਸਾਰੇ ਸੰਜੋਗ ਤੇ ਵਿਜੋਗ ਕਿਹੋ ਜਿਹੇ ਹੋਣਗੇ, ਜੋ ਵਿਦਿਆ ਹਾਸਲ ਕਰਨੀ ਹੈ, ਬਾਹਰਲੇ ਦੇਸ਼ਾਂ ਵਿਚ ਜਾ ਕੇ ਬਿਜ਼ਨਸ, ਵਪਾਰ ਕਰਨਾ ਹੈ। ਉਹ ਦੇਵਤੇ ਦਾ ਸਰੀਰ ਧਾਰਨ ਕਰੇਗਾ ਜਾਂ ਕੋਈ ਜੜ੍ਹ ਸਰੀਰ ਪ੍ਰਾਪਤ ਕਰੇਗਾ ਜਿਸ ਤਰ੍ਹਾਂ ਪੱਥਰ ਆਦਿ ਹੁੰਦੇ ਹਨ। ਜਿਵੇਂ ਗੁਰੂ ਮਹਾਰਾਜ ਜੀ ਨੇ ਵੀ ਫੁਰਮਾਨ ਕੀਤਾ ਹੈ-

*ਕਈ ਜਨਮ ਸੈਲ ਗਿਰਿ ਕਰਿਆ॥*
*ਕਈ ਜਨਮ ਗਰਭ ਹਿਰਿ ਖਰਿਆ॥*
*ਕਈ ਜਨਮ ਸਾਖ ਕਰਿ ਉਪਾਇਆ॥*
*ਲਖ ਚਉਰਾਸੀਹ ਜੋਨਿ ਭ੍ਰਮਾਇਆ॥*

*ਅੰਗ - 176*

ਇਹ ਸਾਰੀਆਂ ਚੀਜ਼ਾਂ ਪ੍ਰਾਲਬਧ ਦੇ ਮੁਤਾਬਿਕ ਹੁੰਦੀਆਂ ਹਨ, ਉਤਮ, ਮੱਧਮ ਅਤੇ ਅੱਧਮ ਹਾਲਾਤ ਵਿਚ ਰਹੇਗਾ, ਜਾਤੀ ਦੀਆਂ ਬਹੁਤ ਕਿਸਮਾਂ ਹਨ। ਸੋ ਜਾਤੀ ਰੂਪ ਫਲ ਦੱਸੇ ਗਏ ਹਨ। ਪ੍ਰਾਲਬਧ ਅਨੁਸਾਰ ਹੀ ਆਰਬਲਾ ਮਿੱਥੀ ਜਾਂਦੀ ਹੈ, ਆਰਬਲਾ ਵਿਚ ਮਿੱਥ ਕੇ ਭੇਜਿਆ ਜਾਂਦਾ ਹੈ ਕਿ ਕੀ ਇਹ ਜੰਮਦਾ ਹੀ ਮਰ ਜਾਵੇਗਾ ਜਾਂ ਗਰਭ ਵਿਚ ਹੀ ਖੂਰ ਜਾਵੇਗਾ, ਕੁਝ ਮਹੀਨਿਆਂ ਕੁਝ ਸਾਲਾਂ ਦਾ ਹੋ ਕੇ ਮਰ ਜਾਵੇਗਾ ਜਾਂ ਭਰਪੂਰ ਜਵਾਨੀ ਜਾਂ ਬੁਢੇਪੇ ਵਿਚ ਜਾ ਕੇ ਦੁਖ ਸੁਖ ਭੋਗ ਕੇ ਮਰੇਗਾ ਅਤੇ ਇਸ ਉਮਰ ਵਿਚ ਕਿਸ ਕਿਸਮ ਦੇ ਫਲ ਇਸ ਨੂੰ ਪ੍ਰਾਪਤ ਹੋਣਗੇ। ਰਿਸ਼ਤੇਦਾਰ ਸੁਖ ਦੇਣ ਵਾਲੇ ਮਿਲਣਗੇ ਜਾਂ ਦੁਖ ਦੇਣ ਵਾਲੇ ਮਿਲਣਗੇ। ਇਸ ਨੂੰ ਮਾਣ ਪ੍ਰਾਪਤ ਹੋਵੇਗਾ ਜਾਂ ਬੇਮਾਨਾ ਹੀ ਤੁਰਿਆ ਫਿਰੇਗਾ। ਇਸ ਦਾ ਸਰੀਰ ਸੁੰਦਰ ਹੋਵੇਗਾ ਜਾਂ ਕੋਹਝਾ ਹੋਵੇਗਾ, ਇਸ ਦੇ ਸਰੀਰ ਦਾ ਰੰਗ ਕਿਹੋ ਜਿਹਾ ਹੋਵੇਗਾ, ਇਹ ਬੁੱਧੀਵਾਨ ਭੋਗ ਕਹਾਉਂਦਾ ਹੈ। ਇਹ ਵੀ ਪ੍ਰਾਲਬਧ ਵਿਚ ਹੀ ਆਉਂਦਾ ਹੈ ਕਿ ਇਸ ਨੂੰ ਕਿਸ ਕਿਸਮ ਦੀ ਸੰਗਤ ਪ੍ਰਾਪਤ ਹੋਵੇਗੀ, ਕੀ ਇਸ ਨੂੰ ਤੱਤ ਬੇਤਾ ਮਹਾਂਪੁਰਸ਼ ਮਿਲੇਗਾ, ਕੋਈ ਸਮਰੱਥ ਸਤਿਗੁਰੂ ਇਸ ਦੇ ਮਿਲਾਪ ਵਿਚ ਆਵੇਗਾ ਕਿਉਂਕਿ ਐਸਾ ਫੁਰਮਾਨ ਆਉਂਦਾ ਹੈ -

*ਜਿਨ ਮਸਤਕਿ ਧੁਰਿ ਹਰਿ ਲਿਖਿਆ*
*ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ॥*

*ਅੰਗ - 450*

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ॥*

*ਅੰਗ - 204*

ਇਹ ਕੀਤੇ ਹੋਏ ਕਰਮ ਭੋਗਣੇ ਹੀ ਪੈਂਦੇ ਹਨ ਜਿਵੇਂ ਕਿ ਮਹਾਂਪੁਰਸ਼ਾਂ ਦੀ ਕਹਾਵਤ ਹੈ -

*ਭੋਗੇ ਬਿਨ ਭਾਗੇ ਨਹੀ*
*ਕਰਮ ਗਤੀ ਬਲਵਾਨ।*

ਜੋ ਪਰਾਲਬਧ ਦਾ ਬਾਣ ਛੁਟ ਗਿਆ ਉਸ ਦਾ ਨਾਸ਼ ਕਰਨ ਨੂੰ ਕੋਈ ਵੀ ਸਮਰੱਥ ਨਹੀਂ ਹੁੰਦਾ। ਇਨ੍ਹਾਂ ਪਰਾਲਬਧ ਕਰਮਾਂ ਨੂੰ ਲੇਖ ਵੀ ਕਿਹਾ ਜਾਂਦਾ ਹੈ, ਕਰਮਾਂ ਦੇ ਅਨੁਸਾਰ ਹੀ ਆਦਮੀ ਦਾ ਸੁਭਾਅ ਬਣਦਾ ਹੈ, ਜਿਸ ਨੂੰ ਕਿਰਤ ਆਖਿਆ ਜਾਂਦਾ ਹੈ, ਜੋ ਪ੍ਰਾਲਬਧ ਕਰਮ ਹਨ ਦੁਖ ਸੁਖ ਅਨੁਭਵ ਕਰਨਾ ਆਦਿ ਉਹ ਦੇਵਤਿਆਂ ਤਕ ਵੀ ਭੋਗਣੇ ਪੈਂਦੇ ਹਨ। 14 ਲੋਕਾਂ 'ਚ ਕਿਸੇ ਲੋਕ ਵਿਚ ਵੀ ਜਾ ਕੇ ਪੈਦਾ ਹੋ ਜਾਵੇ ਪ੍ਰਾਲਬਧ ਕਰਮ ਉਸ ਜੀਵ ਨੂੰ ਤਲਾਸ਼ ਕਰ ਲੈਂਦੇ ਹਨ ਕਿਉਂਕਿ ਪ੍ਰਾਲਬਧ ਕਰਮ ਭੱਥੇ ਵਿਚੋਂ ਨਿਕਲ ਕੇ ਧਨੁਖ ਉਤੇ ਚੜ੍ਹ ਚੁਕੇ ਹੁੰਦੇ ਹਨ ਅਤੇ ਆਪਣੇ ਸਮੇਂ-ਸਮੇਂ ਸਿਰ ਚਲਦੇ ਰਹਿੰਦੇ ਹਨ। ਦੂਜੇ ਜਿਹੜੇ ਸੰਚਤ ਅਤੇ ਕ੍ਰਿਆਮਾਨ ਕਰਮ ਹਨ ਇਨ੍ਹਾਂ ਵਿਚੋਂ ਸੰਚਤ ਕਰਮ ਜੀਵ ਦੀ ਆਯੂ ਤੋਂ ਭੋਗੇ ਬਗੈਰ ਬਚ ਰਹਿੰਦੇ ਹਨ ਉਨ੍ਹਾਂ ਸੰਚਤ ਕਰਮਾਂ ਵਿਚ ਜੀਵ ਨੇ ਆਰਬਲਾ ਵਿਚ ਸਰੀਰਧਾਰੀ ਹੋ ਕੇ ਜੋ ਕਰਮ ਕੀਤੇ ਉਨ੍ਹਾਂ ਵਿਚੋਂ ਬਹੁਤ ਸਾਰਿਆਂ ਦਾ ਫਲ ਤਾਂ ਇਥੇ ਵੀ ਭੋਗ ਲੈਂਦੇ ਹਾਂ ਅਤੇ ਜੋ ਭੋਗਣੋਂ ਬਚ ਜਾਂਦੇ ਹਨ ਉਹ ਸੰਚਤ ਕਰਮ ਬਣ ਕੇ ਜਮ੍ਹਾਂ ਹੋ ਜਾਂਦੇ ਹਨ ਅਤੇ ਅਗਲਾ ਸਰੀਰ ਜਦੋਂ ਧਾਰਨ ਕਰਦਾ ਹੈ ਉਸ ਵੇਲੇ ਉਹ ਪ੍ਰਾਲਬਧ ਕਰਮ ਬਣਦੇ ਹਨ ਅਤੇ ਉਸ ਨੂੰ ਫੇਰ ਭੋਗਣੇ ਪੈਂਦੇ ਹਨ। ਇਨ੍ਹਾਂ ਵਿਚ ਜਿਹੜੇ ਕ੍ਰਿਆਮਾਨ ਕਰਮ ਅਤੇ ਸੰਚਤ ਕਰਮ ਹਨ ਇਨ੍ਹਾਂ ਬਾਰੇ ਹੈ ਕਿ ਸਰੀਰਧਾਰੀ ਹੋ ਕੇ ਭਜਨ ਬੰਦਗੀ ਐਨੀ ਕਰਦਾ ਹੈ ਕਿ ਉਸ ਨੂੰ ਬ੍ਰਹਮਗਿਆਨ ਦੀ ਪ੍ਰਾਪਤੀ ਹੋ ਜਾਵੇ, ਉਸ ਵੇਲੇ ਨਾ ਤਾਂ ਕ੍ਰਿਆਮਾਨ ਕਰਮ ਹੀ ਫਲ ਦਿੰਦੇ ਹਨ, ਸੰਚਤ ਕਰਮ ਵੀ ਫਲ ਦੇਣੋਂ ਅਸਮਰਥ ਹੋ ਜਾਂਦੇ ਹਨ। ਇਸ ਤਰ੍ਹਾਂ ਨਾਲ ਜਿਸ ਨੇ ਨਾਮ ਦੀ ਪ੍ਰਾਪਤੀ ਕਰ ਲਈ ਜਿਸ ਨੇ ਹਰ ਥਾਂ ਉਪਰ ਸਮਰੱਥ ਪਸਾਰੇ ਨੂੰ ਦੇਖ ਕੇ ਆਪਣੀ ਹਉਂ ਦਾ ਨਾਸ਼ ਕਰ ਲਿਆ ਉਸ ਦੇ ਸਾਰੇ ਕਰਮ ਨਾਸ਼ ਹੋ ਜਾਂਦੇ ਹਨ -

*ਗੁਰ ਕਾ ਸਬਦੁ ਕਾਟੈ ਕੋਟਿ ਕਰਮ॥*

*ਅੰਗ - 1195*

ਸਭ ਨੂੰ ਪ੍ਰਾਲਬਧ ਕਰਮ ਭੋਗਣੇ ਪੈਂਦੇ ਹਨ ਕਿਉਂਕਿ ਪ੍ਰਾਲਬਧ ਕਰਮ ਧਨੁੱਖ ਦੇ ਚਿਲੇ ਤੋਂ ਚਲ ਚੁਕੇ ਹਨ ਉਨ੍ਹਾਂ ਨੂੰ ਕੋਈ ਰੋਕ ਨਹੀਂ ਸਕਦਾ ਜਿਸ ਕਰਕੇ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ -

*ਲੇਖੁ ਨ ਮਿਟਹੀ ਹੇ ਸਖੀ ਜੋ ਲਿਖਿਆ ਕਰਤਾਰਿ॥ ਅੰਗ - 937*

ਸੋ ਇਸ ਤਰ੍ਹਾਂ ਦੇ ਨਾਲ ਭੱਥੇ ਵਿਚ ਪਏ ਹੋਏ ਕਰਮਾਂ ਰੂਪੀ ਬਾਣ ਰੋਕੇ ਜਾ ਸਕਦੇ ਹਨ ਅਤੇ ਜਿਸ ਕਰਮ ਦਾ ਧਨੁੱਖ ਬਾਣ ਉਤੇ ਚਿਲ੍ਹਾ ਚੜ੍ਹਾ ਲਿਆ ਹੈ ਉਹ ਵੀ ਰੋਕਿਆ ਜਾ ਸਕਦਾ ਹੈ ਕਿਉਂਕਿ ਅਜੇ ਛੁਟਿਆ ਨਹੀਂ। ਪ੍ਰਾਲਬਧ ਕਰਮ ਛੁਟੇ ਹੋਏ ਬਾਣ ਵਾਂਗੂੰ ਹਨ ਜਿਸਨੂੰ ਕੋਈ ਟਾਲ ਨਹੀਂ ਸਕਦਾ। ਗੁਰੂ, ਪੀਰ, ਸਮਰੱਥ ਪੁਰਸ਼ ਉਨ੍ਹਾਂ ਦੇ ਮੰਦੇ ਫਲਾਂ ਨੂੰ ਸੂਲੀ ਨੂੰ ਸੂਲ ਬਨਾਉਣ ਵਾਂਗੂੰ ਘਟਾ ਦਿੰਦੇ ਹਨ ਜਾਂ ਆਪਣੀ ਪ੍ਰਬਲ ਮਾਇਆ ਨਾਲ ਉਹ ਐਸਾ ਵਾਤਾਰਵਣ ਪੈਦਾ ਕਰ ਦਿੰਦੇ ਹਨ ਜਿਥੇ ਉਹ ਸੁਪਨੇ ਦੇ ਵਿਚ ਸੂਖਸ਼ਮ ਸਰੀਰ ਰਾਹੀਂ ਕਰਮ ਭੋਗਦਾ ਹੈ। ਇਹ ਖਾਸ ਸ਼ਕਤੀ ਪ੍ਰਭੂ ਨੇ ਆਪਣੇ ਪਿਆਰਿਆਂ ਨੂੰ ਦਿਤੀ ਹੋਈ ਹੈ। ਇਨ੍ਹਾਂ ਪ੍ਰਾਲਬਧ ਕਰਮਾਂ ਨੂੰ ਭੋਗਣ ਵਿਚ ਗਿਆਨ ਅਤੇ ਅਗਿਆਨ ਦਾ ਫਰਕ ਨਹੀਂ ਹੈ। ਦੋਹਾਂ ਨੂੰ ਪ੍ਰਾਲਬਧ ਕਰਮ ਇਕੋ ਜਿਹਾ ਫਲ ਦਿੰਦੇ ਹਨ। ਜੋ ਗਿਆਨਵਾਨ ਹੋਇਆ ਕਰਦੇ ਹਨ ਜਿਸ ਨੂੰ ਮਾਇਆ ਮੰਡਲ ਤੋਂ ਜਾਗ ਆ ਚੁਕੀ ਹੈ, ਜਿਸ ਨੇ ਤੱਤ ਨੂੰ ਪੂਰਨ ਰੂਪ ਵਿਚ ਅਨੁਭਵ ਕਰ ਲਿਆ ਹੈ ਉਹ ਸੰਚਤ ਕਰਮਾਂ ਦਾ ਨਾਸ਼ ਕਰ ਦਿੰਦਾ ਹੈ। ਉਹ ਇਸੇ ਤਰ੍ਹਾਂ ਹੈ ਜਿਵੇਂ ਕਿਸੇ ਸਟੋਰ ਵਿਚ ਅਨਾਜ ਪਿਆ ਹੋਵੇ, ਉਸ ਨੂੰ ਜੇ ਅੱਗ ਲਾ ਦੇਈਏ ਤਾਂ ਅਨਾਜ ਵੀ ਜਲ ਜਾਂਦਾ ਹੈ, ਉਹ ਸੜਿਆ ਹੋਇਆ ਅਨਾਜ ਦੁਬਾਰਾ ਉਗਦਾ ਨਹੀਂ ਹੈ, ਉਸ ਅਨਾਜ ਵਿਚੋਂ ਕੋਈ ਅੰਕੁਰ ਨਹੀਂ ਫੁਟਦਾ ਹੈ। ਇਸੇ ਤਰ੍ਹਾਂ ਸੰਚਤ ਕਰਮ ਜੋ ਅੰਤਸ਼ਕਰਣ ਵਿਚ ਪਏ ਹਨ, ਉਹ ਗਿਆਨ ਅਗਨ ਕਰਕੇ ਨਾਸ਼ ਹੋ ਜਾਂਦੇ ਹਨ, ਚਿਤ ਸਤਿ ਸਰੂਪ ਹੋ ਕੇ ਸ਼ਾਂਤ ਹੋ ਜਾਂਦਾ ਹੈ, ਮਨ ਅਮਨ ਹੋ ਜਾਂਦਾ ਹੈ, ਵਾਸ਼ਨਾ ਖ੍ਹੈ ਹੋ ਜਾਂਦੀ ਹੈ, ਕਰਮ ਨਿਸ਼ਕਾਮ ਹੋ ਜਾਂਦੇ ਹਨ, ਉਹ ਕੋਈ ਫਲ ਨਹੀਂ ਦਿੰਦੇ, ਜਿਸ ਤਰ੍ਹਾਂ ਅੰਦਰ ਅਨਾਤਮ ਬੁੱਧੀ ਆਤਮ ਬੁਧੀ ਹੋ ਜਾਂਦੀ ਹੈ ਇਸੇ ਤਰ੍ਹਾਂ ਅਸਤਿ ਜਗਤ ਵਿਚ ਸਤਿ ਦੀ ਸੋਝੀ ਹੋ ਕੇ ਸਤਿ ਅਤੇ ਅਸਤਿ ਦੀ ਨਿਰਣੇਪੂਰਵਕ ਪਛਾਣ ਹੋ ਜਾਂਦੀ ਹੈ। ਜਦੋਂ ਆਤਮ ਗਿਆਨ ਪ੍ਰਾਪਤ ਹੋ ਜਾਂਦਾ ਹੈ ਉਸ ਵੇਲੇ ਅਨਾਤਮ ਬੁੱਧੀ ਦਾ ਵੀ ਨਾਸ਼ ਹੋ ਜਾਂਦਾ ਹੈ, ਉਸ ਸਮੇਂ ਪਰਤੱਖ ਰੂਪ ਵਿਚ ਆਤਮਾ ਆਤਮਾ ਹੀ ਦਿਸਦਾ ਹੈ ਅਤੇ ਸਾਰੀਆਂ ਅਨਾਤਮ ਵਸਤੂਆਂ ਅਨਾਤਮ ਦਿਸਦੀਆਂ ਹਨ। ਜਦੋਂ ਚਿੱਤ ਇਸ ਸਤਿ ਦੇ ਪ੍ਰਕਾਸ਼ ਵਿਚ ਆ ਜਾਵੇ ਤਾਂ ਮਨ, ਬੁੱਧੀ ਅਤੇ ਅਨਾਤਮ ਚਿਤ ਸਮੇਤ ਸੰਚਤ ਕਰਮ ਵੀ ਜਲ ਜਾਇਆ ਕਰਦੇ ਹਨ। ਜਿਵੇਂ ਘਰ ਵਿਚ ਰੱਖਿਆ ਹੋਇਆ ਅਨਾਜ ਅੱਗ ਲੱਗਣ ਨਾਲ ਜਲ ਜਾਇਆ ਕਰਦਾ ਹੈ ਫੇਰ ਕੁਝ ਵੀ ਪੈਦਾ ਨਹੀਂ ਹੋਇਆ ਕਰਦਾ। ਕ੍ਰਿਆਮਾਨ ਕਰਮ ਉਹ ਹਨ ਜੋ ਸਵੇਰੇ ਤੋਂ ਲੈ ਕੇ ਸ਼ਾਮ ਤਕ ਅਸੀਂ ਜਿਨ੍ਹਾਂ ਚਿਰ ਜਾਗਦੇ ਹਾਂ, ਕਰਦੇ ਰਹਿੰਦੇ ਹਾਂ ਕਿਉਂਕਿ ਉਹ ਅਗਿਆਨ ਅਵਸਥਾ ਵਿਚ ਕੀਤੇ ਜਾ ਰਹੇ ਹਨ ਇਸ ਕਰਕੇ ਉਨ੍ਹਾਂ ਦੇ ਚੰਗੇ ਤੇ ਮੰਦੇ ਫਲ ਜਮ੍ਹਾਂ ਹੋ ਰਹੇ ਹਨ। ਇਹੀ ਕ੍ਰਿਆਮਾਨ ਕਰਮ ਗਿਆਨਵਾਨ ਪੁਰਸ਼ ਨਾਲ ਚਿੰਬੜਦੇ ਨਹੀਂ ਕਿਉਂਕਿ ਉਸਦੇ ਅੰਦਰ ਆਤਮ ਅਨਾਤਮ ਦੀ ਸੋਝੀ ਹੈ, ਦੂਜਾ ਹੋਰ ਸੂਖਸ਼ਮ ਸਮਝਣ ਲਈ ਜੋ ਪ੍ਰਾਣੀ ਆਪਣੇ ਆਪ ਨੂੰ ਦੇਹ ਸਮਝਦਾ ਹੈ, ਦੇਹੀ ਦੇ ਸਬੰਧੀਆਂ ਨੂੰ ਆਪਣੇ ਮੰਨਦਾ ਹੈ, ਦੇਹੀ ਦੀ ਜਾਤ ਨੂੰ ਆਪਣੇ ਮੰਨਦਾ ਹੈ, ਦੇਹ ਦੇ ਦੁਖਾਂ ਸੁਖਾਂ ਨੂੰ ਆਪਣੇ ਸਮਝਦਾ ਹੈ ਉਹ ਅਭਿਮਾਨ ਦੇ ਮੰਡਲ ਵਿਚ ਹੈ, ਹੰਗਤਾ ਹੋਣ ਕਰਕੇ ਜੋ ਵੀ ਕਰਮ ਕਰਦਾ ਹੈ ਉਹ ਉਸ ਨੂੰ ਚੰਗਾ ਤੇ ਮੰਦਾ ਫਲ ਦੇਣਹਾਰ ਬਣ ਜਾਂਦੇ ਹਨ, ਭਾਵ ਇਹ ਹੈ ਕਿ ਜੋ ਕਰਮ ਅਸੀਂ ਦੇਹ ਅਭਿਮਾਨ ਸਹਿਤ ਕਰ ਰਹੇ ਹਾਂ ਉਸ ਦਾ ਫਲ ਸਾਨੂੰ ਮਿਲਣਾ ਹੀ ਹੈ। ਗਿਆਨੀ ਪੁਰਸ਼ ਜੋ ਪ੍ਰਾਲਬਧ ਅਨੁਸਾਰ ਕਰਮ ਕਰਦਾ ਹੈ, ਉਹ ਸਾਰੇ ਕਰਮਾਂ ਨੂੰ ਅਨਾਤਮ ਜਾਣਦਾ, ਪ੍ਰਾਲਬਧ ਕਰਮ ਭੋਗਦਾ ਹੈ, ਉਹ ਸਾਰੇ ਬਿਰਥੇ ਹੋ ਜਾਂਦੇ ਹਨ, ਪਾਪ ਤੇ ਪੁੰਨ ਦਾ ਉਸਨੂੰ ਲੇਪ ਨਹੀਂ ਲਗਦਾ। ਅਗਿਆਨੀ ਪੁਰਸ਼ ਦੇ ਕ੍ਰਿਆਮਾਨ ਕਰਮ ਸਮੇਂ ਅਨੁਸਾਰ ਰੂਪ ਬਦਲ ਜਾਂਦੇ ਹਨ, ਪਹਿਲਾਂ ਉਹ ਸੰਚਤ ਕਰਮ ਬਣ ਜਾਂਦੇ ਹਨ, ਫੇਰ ਪ੍ਰਾਲਬਧ ਕਰਮਾਂ ਦਾ ਰੂਪ ਬਣ ਕੇ ਭੋਗਣੇ ਪੈਂਦੇ ਹਨ। ਗਿਆਨ ਵਾਨ ਪੁਰਸ਼ ਦੇ ਸੰਚਤ ਕਰਮ ਅਭਿਮਾਨ ਰਹਿਤ ਹੋਣ ਕਰਕੇ ਕ੍ਰਿਆਹੀਨ ਹੋ ਜਾਂਦੇ ਹਨ, ਉਸ ਦੇ ਕਰਮ ਕੋਈ ਫਲ ਦੇਣ ਲਈ ਉਪਜਦੇ ਹੀ ਨਹੀਂ ਹਨ। ਇਸ ਨੂੰ ਹੋਰ ਤਰ੍ਹਾਂ ਵੀ ਸਮਝਿਆ ਜਾ ਸਕਦਾ ਹੈ ਜਿਵੇਂ ਅਸੀਂ ਭੋਜਨ ਛਕਦੇ ਹਾਂ। ਇਸ ਕਰਮ ਨੂੰ ਪ੍ਰਾਲਬਧ ਕਰਮ ਸਮਝੋ, ਭੋਜਨ ਕਰਨ ਉਪਰੰਤ ਭੋਜਨ ਦੇ ਤੱਤਾਂ ਨਾਲ ਜਦੋਂ ਪੁਸ਼ਟੀ ਹੁੰਦੀ ਹੈ ਉਨ੍ਹਾਂ ਨੂੰ ਕ੍ਰਿਆਮਾਨ ਕਰਮ ਪਛਾਣੋ। ਜਿਹੜੀ ਦੇਹੀ ਬਿਮਾਰ ਹੁੰਦੀ ਹੈ ਉਸ ਨੂੰ ਇਹ ਭੋਜਨ ਦੇ ਅੰਸ ਕੋਈ ਸ਼ਕਤੀ ਨਹੀਂ ਦਿੰਦੇ। ਜਿਹੜਾ ਅਰੋਗ ਹੈ ਉਸੇ ਦੀ ਦੇਹ ਨੂੰ ਭੋਜਨ ਦੇ ਅੰਗ ਪੁਸ਼ਟ ਕਰਦੇ ਹਨ ਅਗਿਆਨੀ ਦੇਹ ਹੰਗਤਾ ਸਹਿਤ ਕਰਮ ਕਰਕੇ ਆਪਣੇ ਆਪ ਨੂੰ ਬੰਧਾਇਮਾਨ ਕਰਦਾ ਹੈ ਜਿਵੇਂ ਰੋਗੀ ਦੇਹ ਨੂੰ ਭੋਜਨ ਦੇ ਅੰਸ ਤਕੜੇ ਨਹੀਂ ਕਰਦਾ। ਇਸੇ ਤਰ੍ਹਾਂ ਨਾਲ ਜੋ ਗਿਆਨਵਾਨ ਹੈ ਉਸ ਨੂੰ ਕਰਮਾਂ ਦਾ ਕੋਈ ਅਸਰ ਹੁੰਦਾ ਹੀ ਨਹੀਂ ਕਿਉਂਕਿ ਗਿਆਨਵਾਨ ਪੁਰਸ਼ ਕਰਮਾਂ ਦਾ ਅਭਿਮਾਨ ਨਹੀਂ ਧਾਰਦਾ। ਇਸ ਕਰਕੇ ਕਰਮਾਂ ਦਾ ਫਲ ਉਸ ਨੂੰ ਨਹੀਂ ਮਿਲਦਾ। ਨਹੀਂ ਤਾਂ ਕਰਮਾਂ ਦੀ ਮਾਲਾ ਪਤਾ ਨਹੀਂ ਕਿੰਨਿਆਂ ਕੁ ਮਣਕਿਆਂ ਦੀ ਹੋਵੇ, ਉਹ ਗਲ ਵਿਚ ਪੈ ਜਾਂਦੀ ਹੈ। ਪਰ ਜਿਨ੍ਹਾਂ ਨੇ ਤਨ ਹੰਗਤਾ ਛਡ ਦਿਤੀ ਉਨ੍ਹਾਂ ਦੇ ਗਲਾਂ ਵਿਚ ਕਰਮਾਂ ਦੀ ਮਾਲਾ

ਨਹੀਂ ਪੈਂਦੀ ਉਹ ਮਾਲਾ ਨੂੰ ਲਾਹ ਕੇ ਸੁੱਟ ਦਿੰਦੇ ਹਨ। ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰੂ ਮਹਾਰਾਜ ਜੀ ਨੇ ਬਾਰ-ਬਾਰ ਦਸਿਆ ਹੈ ਕਿ ਜੋ ਪੁਰਸ਼ ਹਉਮੈ ਦੇ ਰੋਗ ਕਰਕੇ ਰੋਗੀ ਹੈ, ਜਿਸ ਦੇ ਅੰਦਰ ਤਨ ਅਭਿਮਾਨ ਹੈ, ਆਪਣੀ ਵਿਦਿਆ, ਜਾਤੀ, ਆਪਣੇ ਪੈਸੇ ਟਕੇ ਦਾ ਅਭਿਮਾਨ ਹੈ ਉਹ ਪੁਰਸ਼ ਹਉਮੈ ਦੇ ਅਧੀਨ ਹੈ, ਜੰਮਣਾ ਮਰਨਾ ਉਸ ਦੇ ਗਲ ਵਿਚ ਪਿਆ ਹੀ ਰਹਿੰਦਾ ਹੈ -

*ਹਉ ਵਿਚਿ ਆਇਆ*
*ਹਉ ਵਿਚਿ ਗਇਆ॥*
*ਹਉ ਵਿਚਿ ਜੰਮਿਆ ਹਉ ਵਿਚਿ ਮੁਆ॥*
*ਅੰਗ - 466*

ਇਤਿਆਦਿ। ਇਸੇ ਕਰਕੇ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਬਾਰ-ਬਾਰ ਤਾਕੀਦ ਕਰਦੇ ਹਨ ਕਿ ਪਿਆਰਿਓ! ਦੇਹ ਹੰਗਤਾ ਛੱਡੋ, ਤੁਸੀਂ ਦੇਹ ਨਹੀਂ ਹੋ, ਪ੍ਰਾਣ ਨਹੀਂ ਹੋ, ਮਨ ਬੁੱਧੀ ਅਤੇ ਆਪਣੀ ਹੋਂਦ ਦੇ ਅਭਿਮਾਨੀ ਨਹੀਂ ਹੋ, ਜੋ ਹੰਗਤਾ ਧਾਰ ਕੇ ਆਪਣੇ ਆਪ ਨੂੰ ਆਤਮਾ ਬਣਾਇਆ ਹੋਇਆ ਹੈ ਉਹ ਵੀ ਤੁਸੀਂ ਨਹੀਂ ਹੋ, ਤੁਸੀਂ ਜੀਵ ਆਤਮਾ ਹੋ, ਇਸ ਉਤੇ ਪੂਰਨ ਰੂਪ ਵਿਚ ਨਿਸ਼ਚਾ ਲਿਆਓ, ਫੇਰ ਕਰਮਾਂ ਦਾ ਨਾਸ਼ ਹੋ ਜਾਂਦਾ ਹੈ, ਨਹੀਂ ਤਾਂ ਹਉਮੈ ਦੇ ਅਧੀਨ ਇਹ ਲੱਖਾਂ ਕ੍ਰੋੜਾਂ ਜੂਨੀਆਂ ਵਿਚ ਘੁੰਮਦਾ ਰਹਿੰਦਾ ਹੈ, ਫੇਰ ਇਸ ਨੂੰ ਪਛਤਾਉਣਾ ਪੈਂਦਾ ਹੈ। ਫੇਰ ਪਤਾ ਨਹੀਂ ਕਿੰਨਿਆਂ ਕੁ ਜਨਮਾਂ ਵਿਚ ਇਸ ਨੇ ਘੁੰਮੇਟਣੀਆਂ ਲੈਂਦੇ ਰਹਿਣਾ ਹੈ। ਇਹ ਤਨ ਹੰਗਤਾ ਅਗਿਆਨ ਤੋਂ ਪੈਦਾ ਹੁੰਦੀ ਹੈ, ਤਨ ਹੰਗਤਾ ਤੋਂ ਮਮਤਾ ਪੈਦਾ ਹੁੰਦੀ ਹੈ ਮਮਤਾ ਤੋਂ ਸਾਰੇ ਵਿਕਾਰ ਪੈਦਾ ਹੁੰਦੇ ਸਨ। ਸੋ ਸਾਰੇ ਉਪਰ ਦੱਸੇ ਦਾ ਸਾਰ ਇਹ ਹੈ ਕਿ ਸਮਰੱਥ ਸਤਿਗੁਰੂ ਨੂੰ ਮਿਲ ਕੇ ਨਾਮ ਦੀ ਕਮਾਈ ਕਰਕੇ ਨਾਮ ਧਨ ਸੰਚਤ ਕਰਨਾ ਪੈਂਦਾ ਹੈ ਅਤੇ ਇਸ ਝੂਠੀ ਮੈਂ ਨੂੰ, ਨਕਲੀ ਰੂਹ ਨੂੰ ਆਪਣਾ ਆਪ ਨਾ ਸਮਝੋ, ਸਾਡਾ ਸਰੂਪ ਆਤਮਾ ਹੈ, ਆਤਮਾ ਤੇ ਪ੍ਰਮਾਤਮਾ ਇਕੋ ਹਨ, ਓਹੋ ਆਤਮਾ ਬ੍ਰਹਮ ਹੈ, ਓਹੀ ਸਤਿ ਹੈ, ਓਹੀ ੧ੴ ਹੈ, ਉਸ ਨੇ ਸਾਰੇ ਸੰਸਾਰ ਵਿਚ ਪਸਾਰਾ ਕੀਤਾ ਹੋਇਆ ਹੈ।

ਅਗਿਆਨ ਕੀ ਹੈ, ਮਾਇਆ ਕੀ ਹੈ, ਅਵਿਦਿਆ ਕੀ ਹੈ, ਬੰਧਨ ਕੀ ਹੈ, ਮੌਤ ਕੀ ਹੈ, ਜਾਗ੍ਰਤ, ਸੁਪਨ, ਸਖੋਪਤ ਇਹ ਅਵਸਥਾਵਾਂ ਕੀ ਹਨ, ਮੂਰਛਾ ਕੀ ਹੈ, ਤੁਰੀਆ ਅਵਸਥਾ ਕੀ ਹੈ, ਸਾਖੀ ਕੀ ਹੈ, ਜੀਵ ਕੀ ਹੁੰਦਾ ਹੈ, ਪੰਚ ਕੋਸ਼ ਕੀ ਹੁੰਦੇ ਹਨ, ਇਹ 15 ਪ੍ਰਸ਼ਨ ਹਨ ਜਿਨ੍ਹਾਂ ਦੀ ਵਿਆਖਿਆ ਹੁਣ ਨਹੀਂ ਕੀਤੀ ਜਾ ਸਕਦੀ। ਕਦੇ ਸਮਾਂ ਮਿਲਿਆ ਤਾਂ ਇਸ ਦੀ ਵਿਆਖਿਆ ਕਰਨ ਦੀ ਗੁਰੂ ਪ੍ਰੇਰਨਾ ਅਨੁਸਾਰ ਕੋਸ਼ਿਸ਼ ਕੀਤੀ ਜਾਵੇਗੀ। ਹੁਣ ਤਾਂ ਜੋ ਗੁਰੂ ਵਾਕ ਸਰਵਣ ਕੀਤਾ ਹੈ ਉਹ ਕਰਮਾਂ ਨਾਲ ਸਬੰਧ ਰਖਦਾ ਹੈ। ਉਸ ਵਿਚ ਆਇਆ ਸੀ -

*ਤਾ ਕੀ ਰਜਾਇ ਲੇਖਿਆ ਪਾਇ*
*ਅਬ ਕਿਆ ਕੀਜੈ ਪਾਂਡੇ॥*
*ਹੁਕਮੁ ਹੋਆ ਹਾਸਲੁ ਤਦੇ ਹੋਇ*
*ਨਿਬੜਿਆ ਹੰਢਹਿ ਜੀਅ ਕਮਾਂਦੇ॥*
*ਅੰਗ - 653*

ਇਸਦਾ ਤਾਤਪ੍ਰਜ ਇਹ ਹੈ ਕਿ ਜੋ ਵਾਹਿਗੁਰੂ ਜੀ ਦਾ ਹੁਕਮ ਹੈ ਉਸ ਨੇ ਕਰਮਾਂ ਨੂੰ ਨਾਪ ਤੋਲ ਕੇ, ਜੋਖ ਕੇ ਸੁਖ ਅਤੇ ਦੁਖ, ਸੰਜੋਗ ਅਤੇ ਵਿਜੋਗ ਲਿਖੇ ਹਨ, ਉਨ੍ਹਾਂ ਲੇਖਾਂ ਦੇ ਮੁਤਾਬਿਕ ਹੀ ਕੁਝ ਮਿਲਦਾ ਹੈ। ਜੇ ਲੇਖ ਧੁਰ ਦਰਗਾਹ ਦੇ ਲੇਖ ਨਾ ਹੋਣ ਤਾਂ ਖਾਲੀ ਭੱਥੇ ਨੂੰ ਕੀ ਕੀਤਾ ਜਾਵੇ। ਜਦੋਂ ਵਾਹਿਗੁਰੂ ਜੀ ਦਾ ਹੁਕਮ ਮਿਲਿਆ ਤਦੇ ਹੀ ਜੋ ਕੁਝ ਹੋਣਾ ਸੀ ਸੋ ਹੋ ਚੁਕਿਆ ਹੈ, ਉਸੇ ਲੇਖੇ ਅਨੁਸਾਰ ਹੀ ਹੁਣ ਜੀਵ ਕਮਾਈ ਕਮਾਉਂਦੇ ਹਨ। ਹਰ ਇਕ ਦੇ ਨੱਕ ਵਿਚ ਹੁਕਮ ਰੂਪੀ ਨਕੇਲ ਪਈ ਹੋਈ ਹੈ। ਇਸ ਨੂੰ ਲਗਾਮ ਜਾਂ ਨਕੇਲ ਕਹੋ ਵਾਹਿਗੁਰੂ ਜੀ ਨੇ ਆਪਣੇ ਹੱਥ ਵਿਚ ਫੜੀ ਹੋਈ ਹੈ। ਕੀਤੇ ਹੋਏ ਕਰਮ ਕਿਰਤ ਬਣਦੇ ਹਨ ਯਾਨਿ ਕਰਮਾਂ ਅਨੁਸਾਰ ਆਦਮੀ ਦਾ ਸੁਭਾਅ ਬਣਦਾ ਹੈ ਜੋ ਮਨੁੱਖ ਨੂੰ ਧੱਕ ਕੇ ਚਲਾਉਂਦਾ ਹੈ। ਭਾਵ ਜੋ ਕੁਝ ਮਨੁੱਖ ਹੁਣ ਕਰਦਾ ਹੈ ਉਹ ਉਸਦੇ ਪਿਛੇ ਕੀਤੇ ਹੋਏ ਕਰਮਾਂ ਨਾਲ ਬਣੇ ਸੁਭਾਅ ਅਨੁਸਾਰ ਹੁੰਦਾ ਹੈ। ਇਸ ਨੂੰ ਸਪਸ਼ਟ ਕਰਨਾ ਬਹੁਤ ਮੁਸ਼ਕਲ ਹੈ ਕਿਉਂਕਿ ਕਈ ਲੋਕ ਜੋ ਕਰਮ ਫਿਲਾਸਫੀ ਨੂੰ ਮੰਨਦੇ ਹਨ ਅਤੇ ਕਹਿੰਦੇ ਹਨ ਕਿ ਜਿਵੇਂ ਮਨੁੱਖ ਦੇ ਕਰਮ ਹੁੰਦੇ ਹਨ ਤਿਵੇਂ ਹੀ ਉਨ੍ਹਾਂ ਦਾ ਫਲ ਮਨੁੱਖ ਆਪਣੇ ਆਪ ਭੋਗ ਲੈਂਦਾ ਹੈ। ਕਰਮ ਤੇ ਉਨ੍ਹਾਂ ਦਾ ਫਲ ਕਾਰਨ ਤੇ ਕਾਰਜ ਵਾਕਰ ਆਪੇ ਹੀ ਕੰਮ ਕਰਦੇ ਹਨ। ਇਸ ਸਿਲਸਿਲੇ ਵਿਚ ਰੱਬ ਦੇ ਦਾਖਲ ਹੋਣ ਦੀ ਗੁੰਜਾਇਸ਼ ਨਹੀਂ ਕਿਉਂਕਿ ਬੁੱਧ ਮਤ ਇਸ ਤਰ੍ਹਾਂ ਮੰਨਦਾ ਹੈ ਕਿ ਜੀਵ ਨੂੰ ਕਰਮ ਆਪਣੇ ਆਪ ਆਪਣੀ ਸ਼ਕਤੀ ਨਾਲ ਚਲਾਉਂਦੇ ਹਨ ਪਰ ਗੁਰਮਤਿ ਵਿਚ ਅਸੀਂ ਮੰਨਦੇ ਹਾਂ ਕਿ ਕਰਮਾਂ ਦਾ ਫਲ ਦੇਣਹਾਰਾ ਵਾਹਿਗੁਰੂ ਜੀ ਹੈ ਉਸ ਦੇ ਹੱਥ ਵਿਚ ਹੀ ਹੁੰਦਾ ਹੈ ਕਿ ਆਪਣੇ ਹੁਕਮ ਦੇ ਮੁਤਾਬਿਕ ਉਨ੍ਹਾਂ ਕਰਮਾਂ ਦੇ ਫਲ ਜੋ ਕ੍ਰਿਆਮਾਨ ਅਤੇ ਸੰਚਤ ਕਰਮਾਂ ਦੇ ਫਲ ਵਿਚ ਭੋਗਣਾ ਸੀ ਉਹ ਭੋਗਣਾ ਹੀ ਪੈਂਦਾ ਹੈ। ਅਸੀਂ ਮੰਨਦੇ ਹਾਂ ਕਿ ਵਾਹਿਗੁਰੂ ਜੀ ਕਰਨ ਕਾਰਣ ਸਮਰੱਥ ਹਨ, ਕਰਮ ਵਾਹਿਗੁਰੂ ਜੀ ਦੇ ਹੱਥ ਵਿਚ ਹੈ ਵਾਹਿਗੁਰੂ ਜੀ ਦੀ ਹੁਕਮ ਸ਼ਕਤੀ ਨਾਲ ਕਰਮਾਂ ਨੂੰ ਸੱਤਾ ਮਿਲਦੀ ਹੈ ਅਤੇ ਉਹ ਕਰਮ ਜੀਵ ਨੂੰ ਨਚਾਉਂਦੇ ਟਪਾਉਂਦੇ ਹਨ। ਖੁਸ਼ੀ ਤੇ ਗਮੀ ਵਿਚ ਲਿਜਾਂਦੇ ਹਨ, ਕਰਮਾਂ ਦੇ ਉਤੇ ਵਾਹਿਗੁਰੂ ਜੀ ਦਾ ਨਿਅੰਤਰਣ ਹੈ। ਮਹਾਰਾਜ ਜੀ ਦਾ ਫੁਰਮਾਨ ਹੈ -

*ਕਰਣ ਕਾਰਣ ਸਮਰਥੁ ਹੈ*

*ਕਹੁ ਨਾਨਕ ਬੀਚਾਰਿ॥*
*ਕਾਰਣੁ ਕਰਤੇ ਵਸਿ ਹੈ*
*ਜਿਨਿ ਕਲ ਰਖੀ ਧਾਰਿ॥ ਅੰਗ - 148*

ਸਾਡੇ ਕਰਮਾਂ ਦਾ ਕਾਰਨ ਹਰੀ ਆਪ ਖੜ੍ਹਾ ਕਰ ਸਕਦਾ ਹੈ ਅਤੇ ਫਿਰ ਕਰਮ ਭੀ ਆਪਣੇ ਫਲ ਆਪੇ ਹੀ ਨਹੀਂ ਪੈਦਾ ਕਰ ਸਕਦੇ। ਹਰੀ ਦੀ ਰਜ਼ਾ ਕਰਮਾਂ ਨੂੰ ਵਿਚਾਰ ਕੇ ਫਲ ਦਿੰਦੀ ਹੈ -

*ਹੁਕਮਿ ਚਲਾਏ ਆਪਣੈ*
*ਕਰਮੀ ਵਹੈ ਕਲਾਮ॥ ਅੰਗ - 1241*

ਹੁਕਮ ਤਾਂ ਕਰਤੇ ਦੇ ਵਸ ਹੈ ਪਰ ਉਹ ਹੁਕਮ ਕਰਦਾ ਸਾਡੇ ਕਰਮਾਂ ਨੂੰ ਵੇਖ ਕੇ ਹੈ, ਅੰਨ੍ਹੇਵਾਹ ਨਹੀਂ ਹੁਕਮ ਚਾੜ੍ਹ ਦਿੰਦਾ।

ਸਾਰੀਆਂ ਗੱਲਾਂ ਦਾ ਵਾਹਿਗੁਰੂ ਨੇ ਆਪ ਹੀ ਪ੍ਰਬੰਧ ਕੀਤਾ ਹੋਇਆ ਹੈ। ਆਪੇ ਉਸ ਨੂੰ ਪਾਲਦਾ ਹੈ, ਆਪੇ ਉਸਦਾ ਵਿਨਾਸ਼ ਕਰਦਾ ਹੈ, ਆਪੇ ਹੀ ਸਮੇਟਦਾ ਹੈ, ਆਪੇ ਹੀ ਪਾਲਦਾ ਹੈ, ਆਪਣੇ ਦਾਸਾਂ ਨੂੰ ਪਿਆਰ ਕਰਦਾ ਹੈ ਅਤੇ ਆਪੇ ਹੀ ਆਪਣੀ ਮਿਹਰ ਦੇ ਨਾਲ ਨਦਰ ਨਿਹਾਲ ਕਰਦਾ ਹੈ, ਰਾਗ, ਦ੍ਵੈਤ ਭਾਵ ਨੂੰ ਸਾੜ ਦਿੰਦਾ ਹੈ। ਜੋ ਉਸਦੀ ਭਗਤੀ ਕਰਦੇ ਹਨ ਉਨ੍ਹਾਂ ਦੇ ਅੰਦਰੋਂ ਦ੍ਵੈਤ ਨੂੰ ਵਾਹਿਗੁਰੂ ਜੀ ਪੂਰੀ ਤਰ੍ਹਾਂ ਨਾਸ਼ ਕਰ ਦਿੰਦੇ ਹਨ ਅਤੇ ਉਹ ਨਾਮ ਰੰਗ ਵਿਚ ਸਦਾ ਹੀ ਅਨੰਦ ਮਾਣਦੇ ਹਨ, ਉਹ ਕਰਮਾਂ ਦੇ ਚੱਕਰ ਤੋਂ ਬਚੇ ਰਹਿੰਦੇ ਹਨ। ਉਨ੍ਹਾਂ ਦੇ ਬਿਖਮ ਕਰਮ ਜਿਨ੍ਹਾਂ ਨੇ ਬਹੁਤ ਹੀ ਬੁਰੇ ਫਲ ਦੇਣੇ ਸੀ ਉਨ੍ਹਾਂ ਦਾ ਫਲ ਸਮਰੱਥ ਗੁਰੂ ਅਤੀ ਘਟਾਉਣ ਦੀ ਸਮਰੱਥਾ ਰਖਦਾ ਹੈ, ਇਸ ਕਰਕੇ ਆਪਣੇ ਗੁਰੂ ਨੂੰ ਪੂਰਨ ਰੂਪ ਵਿਚ ਪਿਆਰ ਕਰੋ, ਉਸ ਨੂੰ ਅਤੇ ਵਾਹਿਗੁਰੂ ਜੀ ਨੂੰ ਦੋ ਰੂਪਾਂ ਵਿਚ ਨਾ ਸਮਝੋ। ਕਿਉਂਕਿ ਫੁਰਮਾਨ ਹੈ -

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ॥*
*ਗੁਰ ਗੋਵਿੰਦੁ ਗੋਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ॥ ਅੰਗ - 442*

ਜਿਸ ਨੇ ਇਹ ਜਾਣ ਲਿਆ ਕਿ ਸਾਰੀ ਕ੍ਰਿਆ ਵਾਹਿਗੁਰੂ ਜੀ ਦੇ ਹੁਕਮ ਅੰਦਰ ਹੋ ਰਹੀ ਹੈ ਉਸ ਦੇ ਅੰਦਰੋਂ ਹਉਮੈ ਦਾ ਨਾਸ਼ ਹੋ ਜਾਂਦਾ ਹੈ ਅਤੇ ਉਸਨੂੰ ਸਤਿ ਦੀ ਪ੍ਰਾਪਤੀ ਹੋ ਜਾਂਦੀ ਹੈ, ਕੂੜ ਦੀ ਕੰਧ ਉਸ ਦੇ ਅੰਦਰੋਂ ਟੁੱਟ ਜਾਂਦੀ ਹੈ। ਜੇ ਇਸ ਨੂੰ ਵੇਰਵੇ ਸਹਿਤ ਜਾਣਨਾ ਚਾਹੁੰਦੇ ਹੋ ਤਾਂ ਇਸ ਸਬੰਧ ਵਿਚ ਤਿੰਨ ਪੁਸਤਕਾਂ "ਕਿਵ ਸਚਿਆਰਾ ਹੋਈਐ?" ਸਿਰਲੇਖ ਹੇਠ ਅਤੇ ਇਕ ਪੁਸਤਕ "ਕਿਵ ਕੂੜੈ ਤੁਟੈ ਪਾਲਿ" ਲਿਖੀਆਂ ਜਾ ਚੁਕੀਆਂ ਹਨ ਇਨ੍ਹਾਂ ਚਾਰਾਂ ਪੁਸਤਕਾਂ ਵਿਚ ਇਨ੍ਹਾਂ ਦੋ ਸਵਾਲਾਂ ਦਾ ਹੱਲ ਦਿਤਾ ਗਿਆ ਹੈ -

*ਕਿਵ ਸਚਿਆਰਾ ਹੋਈਐ*
*ਕਿਵ ਕੂੜੈ ਤੁਟੈ ਪਾਲਿ॥ ਅੰਗ - 1*

ਅਤੇ ਸਚਿਆਰ ਹੋਣ ਲਈ, ਕੂੜ ਦੀ ਕੰਧ ਤੋੜਨ ਲਈ ਬ੍ਰਹਮਗਿਆਨ ਦੀ ਪ੍ਰਾਪਤੀ ਕਰਕੇ ਇਸ ਸਿਧਾਂਤ ਨੂੰ ਪੂਰਨ ਰੂਪ ਵਿਚ ਅਪਣਾਉਣ ਦੀ ਲੋੜ ਹੈ-

*ਹੁਕਮਿ ਰਜਾਈ ਚਲਣਾ*
*ਨਾਨਕ ਲਿਖਿਆ ਨਾਲਿ॥ ਅੰਗ - 1*

ਹੁਣ ਕਿਉਂਕਿ ਸਮਾਂ ਹੋ ਚੁਕਿਆ ਹੈ ਅਤੇ ਮੈਂ ਇਸ ਸ਼ਬਦ ਵਿਚ ਗੁਰੂ ਘਰ ਦੇ ਇਤਿਹਾਸ ਵਿਚੋਂ ਬਹੁਤ ਗੁਰਸਿੱਖਾਂ ਬਾਰੇ ਦਸਣ ਦਾ ਯਤਨ ਕਰਨਾ ਸੀ ਜਿਨ੍ਹਾਂ ਤੇ ਸਤਿਗੁਰੂ ਗੁਰੂ ਨਾਨਕ ਪਾਤਸ਼ਾਹ ਦੀ ਕ੍ਰਿਪਾ ਹੋਈ ਅਤੇ ਉਨ੍ਹਾਂ ਦੇ ਪ੍ਰਾਲਬਧ ਕਰਮ ਜਿਨ੍ਹਾਂ ਨੇ ਉਨ੍ਹਾਂ ਨੂੰ ਦੁਖ ਦੇਣਾ ਸੀ, ਉਹ ਸੂਲੀ ਤੋਂ ਸੂਲ ਬਣਾ ਦਿਤੇ ਅਤੇ ਸੁਪਨੇ ਵਿਚ ਭੁਗਤਾ ਦਿਤੇ। ਬਾਹਰ ਰੋਸ਼ਨੀ ਹੋ ਗਈ ਹੈ ਸਾਰਿਆਂ ਨੇ ਕਾਰੋਬਾਰ ਤੇ ਜਾਣਾ ਹੈ ਸੋ ਇਹ ਵਿਚਾਰਾਂ ਕਦੇ ਫੇਰ ਕਰ ਲਈਆਂ ਜਾਣਗੀਆਂ।

*ਵਾਹਿਗੁਰੂ ਜੀ ਕਾ ਖਾਲਸਾ*
*ਵਾਹਿਗੁਰੂ ਜੀ ਕੀ ਫਤਹਿ*

# ਮੁਖਹੁ ਹਰਿ ਹਰਿ ਸਭੁ ਕੋ ਕਰੈ

ਗੁਰੂ ਮਹਾਰਾਜ ਜੀ ਦੀ ਹਜ਼ੂਰੀ ਵਿਚ ਅੰਮ੍ਰਿਤ ਵੇਲੇ ਤੋਂ ਬੈਠ ਕੇ ਆਪ ਹਰੀ ਦਾ ਜਸ ਸ੍ਰਵਣ ਕਰ ਰਹੇ ਸੀ। ਜਿਸ ਸਬੰਧ ਵਿਚ ਕੀਰਤਨ ਸਮਾਗਮ ਹੋਏ ਨੇ, ਉਹੀ ਅਰਦਾਸ ਹੋਈ ਹੈ, ਆਪ ਸਾਰੇ ਅਰਦਾਸ ਵਿਚ ਸ਼ਾਮਿਲ ਹੋਏ ਓਂ ਤੇ ਮਹਾਰਾਜ ਜੀ ਨੇ ਆਪਣਾ ਹੁਕਮਨਾਮਾ ਸਾਨੂੰ ਬਖਸ਼ ਕੇ ਰਸਤਾ ਦਿਖਾਇਆ ਹੈ। ਮਹਾਰਾਜ ਜੀ ਨੇ ਜੋ ਬਚਨ ਕੀਤੇ ਹਨ ਉਨ੍ਹਾਂ ਦੇ ਅੰਦਰ ਇਕ ਸੋਝੀ ਪ੍ਰਾਪਤ ਹੁੰਦੀ ਹੈ ਕਿ ਆਦਮੀ ਜਿੰਨਾਂ ਚਿਰ ਸੰਸਾਰ 'ਚ ਰਹਿੰਦਾ ਹੈ ਓਨੀਂ ਦੇਰ ਤੱਕ ਇਸਦੇ ਬਹੁਤ ਸਾਰੇ ਕਾਰਜ, ਅਨੇਕਾਂ ਰੂਪਾਂ ਦੇ ਵਿਚ ਇਹਦੇ ਸਾਮ੍ਹਣੇ ਆਉਂਦੇ ਰਹਿੰਦੇ ਹਨ। ਕੋਈ ਬੱਚਾ ਪੜ੍ਹਨ ਲਗਦਾ ਹੈ ਇਹ ਵੀ ਕਾਰਜ ਹੈ, ਕੋਈ ਵਿਆਹ ਸ਼ਾਦੀ ਹੁੰਦੀ ਹੈ ਇਹ ਵੀ ਕਾਰਜ ਹੈ, ਕੋਈ ਵਣਜ ਵਪਾਰ ਕਰਦਾ ਹੈ ਇਹ ਵੀ ਕਾਰਜ ਹੈ, ਕੋਈ ਨੌਕਰੀ ਚਾਕਰੀ ਕਰਦਾ ਹੈ ਇਹ ਵੀ ਓਹਦਾ ਕਾਰਜ ਹੈ। ਸੋ ਐਸੇ ਤਰ੍ਹਾਂ ਬੇਅੰਤ ਕਾਰਜ ਆਦਮੀ ਦੇ ਸਾਮ੍ਹਣੇ ਹਰ ਵਕਤ ਆਉਂਦੇ ਰਹਿੰਦੇ ਨੇ। ਕੋਈ ਸਮਾਂ ਐਸਾ ਨਹੀਂ ਹੁੰਦਾ ਜਦ ਇਸ ਨੂੰ ਕਿਸੇ ਨਾ ਕਿਸੇ ਕਾਰਜ ਨਾਲ ਵਾਹ ਨਾ ਪਿਆ ਹੋਵੇ, ਜਿਹਦੇ ਵਿਚੋਂ ਕੁਛ ਰੋਜ਼ਮਰਾ ਦੇ ਹੁੰਦੇ ਹਨ ਕੁਛ ਖਾਸ ਹੁੰਦੇ ਨੇ। ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਮਨ ਵਿਚ ਕਾਮਨਾ ਹਰੇਕ ਦੇ ਹੁੰਦੀ ਹੈ ਕਿ ਮੇਰਾ ਕਾਰਜ ਸਫਲ ਹੋਵੇ। ਜੇ ਸਫਰ ਵਿਚ ਜਾਂਦਾ ਹੈ ਤਾਂ ਵੀ ਅਰਦਾਸ ਹੁੰਦੀ ਹੈ ਕਿ ਮਹਾਰਾਜ ਜੀ ਸੁੱਖ-ਸਾਂਦ ਨਾਲ ਘਰ ਆ ਜਾਈਏ, ਤੇ ਕਾਰਜ ਸਫਲ ਹੋ ਜਾਵੇ। ਸੋ ਏਸ ਤਰ੍ਹਾਂ ਦੇ ਨਾਲ ਕਾਰਜ ਦੀ ਸਫਲਤਾ ਦੇ ਵਾਸਤੇ ਅਸੀਂ ਬਹੁਤ ਸਾਰੇ ਸਾਧਨ ਕਰਦੇ ਹਾਂ। ਕੋਈ ਪੁੰਨ ਦਾਨ ਕਰਦੇ ਹਨ, ਕੋਈ ਜੋਤਸ਼ੀਆਂ ਦੇ ਕੋਲ ਜਾਂਦੇ ਨੇ, ਉਨ੍ਹਾਂ ਤੋਂ ਸ਼ੁਭ ਦਿਹਾੜਾ ਕਢਾਉਂਦੇ ਹਾਂ ਫੇਰ ਉਨ੍ਹਾਂ ਤੋਂ ਪੁਛਦੇ ਹਾਂ ਕਿ ਕਿਸ ਤਰੀਕੇ ਨਾਲ ਕਾਰਜ ਕੀਤਾ ਜਾਵੇ। ਸਫਰ ਕਰਦੇ ਹਾਂ, ਜੋਤਸ਼ੀਆਂ ਕੋਲ ਜਾਂਦੇ ਹਾਂ ਉਨ੍ਹਾਂ ਤੋਂ ਪੁਛਦੇ ਹਾਂ ਕਿ ਮੈਂ ਪੂਰਬ ਨੂੰ ਜਾਣਾ ਹੈ, ਦੇਖੋ ਤਾਂ, ਪੂਰਬ ਨੂੰ ਜਾਣ ਵਿਚ ਕੋਈ ਦਿੱਕਤ ਤਾਂ ਨਹੀਂ ਪੈਂਦੀ। ਏਸ ਤਰ੍ਹਾਂ ਦੇ ਨਾਲ ਆਦਮੀ ਸਾਰੀ ਜ਼ਿੰਦਗੀ ਡਾਵਾਂਡੋਲ ਰਹਿੰਦਾ ਹੈ ਤੇ ਉਹਨੂੰ ਕੋਈ ਪੱਕਾ ਆਸਰਾ ਨਹੀਂ ਮਿਲਦਾ ਕਿ ਕੋਈ ਐਸੀ ਬਾਤ ਵੀ ਹੈ ਜਿਹਦੇ ਨਾਲ ਕਾਰਜ ਸਫਲ ਹੋ ਜਾਣ ਸਾਰੇ, ਕੋਈ ਇਕ ਚੀਜ਼ ਹੱਥ ਵਿਚ ਆ ਜਾਵੇ।

ਪਿਛਲੇ ਜ਼ਮਾਨਿਆਂ ਦੇ ਅੰਦਰ ਇਕ ਦਵਾਈ ਹੁੰਦੀ ਸੀ, ਜਿਸਦਾ ਨਾਮ ਅੰਮ੍ਰਿਤ ਧਾਰਾ ਹੁੰਦਾ ਸੀ ਉਹਦੇ ਵਿਚ ਇਹ ਸਿਫਤ ਸੀ ਕਿ ਗਿਣ ਕੇ ਹਕੀਮਾਂ, ਵੈਦਾਂ ਨੇ ਕੱਢੀ ਹੋਈ ਸੀ ਕਿ ਇਹ 32 ਰੋਗਾਂ ਦਾ ਖਾਤਮਾ ਕਰਦੀ ਹੈ। ਪੇਟ ਦੁਖਦਾ ਹੈ ਤਾਂ ਵੀ ਤੁਸੀਂ ਉਹ ਲੈ ਲਓ, ਹੋਰ ਕਿਤੇ ਠੰਢ ਲਗ ਗਈ ਤਾਂ ਵੀ ਉਹ ਲੈ ਲਓ, ਹਾਜ਼ਮਾ ਖਰਾਬ ਹੋ ਗਿਆ ਤਾਂ ਵੀ ਲੈ ਲਓ, ਕੋਈ ਹੋਰ ਬੇਚੈਨੀ ਹੋ ਗਈ ਤਾਂ ਵੀ ਲੈ ਲਓ ਯਾਨਿ ਉਹ ਇਕੋ ਹੀ ਐਸੀ ਦਵਾਈ ਸੀ ਜੇ ਆਦਮੀ ਸਫਰ ਕਰਦਾ ਸੀ ਨਾਲ ਰੱਖਿਆ ਕਰਦੇ ਸੀ। ਪਤਾਸੇ 'ਚ ਪਾ ਕੇ ਇਕ ਕਤਰਾ ਲੈ ਲੈਣਾ ਤੇ ਉਹਦੇ ਨਾਲ ਠੀਕ ਹੋ ਜਾਇਆ ਕਰਦਾ ਸੀ।

ਸੋ ਏਸੇ ਤਰ੍ਹਾਂ ਦੇ ਨਾਲ ਇਕੋ ਹੀ ਸਾਧਨ ਗੁਰੂ ਮਹਾਰਾਜ ਜੀ ਨੇ ਦੱਸਿਆ ਹੈ ਕਿ ਜਿੰਨੇ ਵੀ ਦੁਨੀਆਂ ਦੇ ਕਾਰਜ ਨੇ ਉਹ ਵੀ ਤੇ ਜਿਹੜੇ ਪਰਲੋਕ ਦੇ ਨੇ, ਜਿਥੇ ਜਾ ਕੇ ਸਾਡੇ ਤੋਂ ਕੋਈ ਕਾਰਜ ਬਣਨਾ ਨਹੀਂ ਹੈ, ਜਿਥੇ ਜਾ ਕੇ ਸਾਡੀ ਹੋਸ਼ ਹੀ ਭੁੱਲ ਜਾਣੀ ਹੈ, ਉਥੇ ਪਤਾ ਹੀ ਨਹੀਂ ਲਗਣਾ ਕਿ ਕੀ ਕਰੀਏ, ਕੀ ਨਾ ਕਰੀਏ; ਇਨ੍ਹਾਂ ਸਾਰਿਆਂ ਦੇ ਸਫਲ ਹੋਣ ਦਾ ਇਕ ਤਰੀਕਾ ਮਹਾਰਾਜ ਜੀ ਨੇ ਦੱਸਿਆ ਹੈ ਕਿ ਹਰੀ ਦੇ ਚਰਨਾਂ ਨੂੰ ਹਿਰਦੇ 'ਚ ਵਸਾ ਲਓ। ਗੱਲ ਕਹਿਣ ਨੂੰ ਬਹੁਤ ਸੁਖਾਲੀ ਹੈ ਕਿ ਹਰੀ ਦੇ ਚਰਨਾਂ ਨੂੰ ਹਿਰਦੇ 'ਚ ਵਸਾ ਲਓ ਲੇਕਿਨ ਇਹ ਬਹੁਤ ਔਖੀ ਹੈ ਕਿਉਂਕਿ ਸਾਡੇ ਹਿਰਦੇ ਦੇ ਅੰਦਰ ਬੜਾ ਹੀ ਕੂੜ-ਕੁਬਾੜ ਵਸਿਆ ਪਿਆ ਹੈ। ਬੇਅੰਤ ਕਿਸਮ ਦੀਆਂ ਗਰਜਾਂ ਵਸੀਆਂ ਪਈਆਂ ਨੇ, ਬੇਅੰਤ ਕਿਸਮ ਦੀਆਂ ਵਾਸ਼ਨਾਵਾਂ ਵਸੀਆਂ ਪਈਆਂ ਨੇ, ਇਨ੍ਹਾਂ ਨੂੰ ਭਾਵ ਕਹਿੰਦੇ ਨੇ। ਬੇਅੰਤ ਭਾਵ ਵਸੇ ਹੋਏ ਨੇ - ਕਿਤੇ ਪੈਸੇ ਕਮਾਉਣ ਦਾ ਭਾਵ ਵਸਿਆ ਹੋਇਆ ਹੈ, ਕਿਸੇ ਥਾਂ ਦੇ ਉਤੇ ਵੈਰ, ਵਿਰੋਧ ਦਾ ਹੈ, ਕਿਤੇ ਕੋਈ ਹੈ, ਕਿਤੇ ਕੋਈ ਹੈ। ਕਿਤੇ ਮੋਹ ਦਾ ਚਲ ਰਿਹਾ ਹੈ, ਕਿਤੇ ਕ੍ਰੋਧ ਦਾ ਚਲ ਰਿਹਾ ਹੈ, ਕਿਤੇ ਲੋਭ ਦਾ ਚਲ ਰਿਹਾ ਹੈ, ਕਿਤੇ ਅਭਿਮਾਨ ਦਾ ਚਲ ਰਿਹਾ ਹੈ ਕਿ ਮੇਰੇ ਵਰਗਾ ਦੁਨੀਆਂ 'ਚ ਕੋਈ ਹੈ ਹੀ ਨਹੀਂ। ਇਹ ਅਭਿਮਾਨ ਸਾਰਿਆਂ ਨਾਲੋਂ ਮਾੜੀ ਚੀਜ਼ ਹੁੰਦੀ ਹੈ। ਬੰਦਗੀ ਕਰੀ ਜਾਵੇ, ਨਾਮ ਜਪੀ ਜਾਵੇ ਫੇਰ ਮਨ ਦਾ ਅਭਿਮਾਨ ਨਾ ਜਾਵੇ ਤਾਂ ਬਣਦਾ ਨਹੀਂ ਕੁਛ ਵੀ। ਮੁੜ ਕੇ ਉਸੇ ਚੱਕਰ 'ਚ ਫੇਰ ਪੈ ਜਾਂਦਾ ਹੈ। ਪੁੰਨ ਉਸਨੂੰ ਜ਼ਰੂਰ ਮਿਲਦਾ ਹੈ ਲੇਕਿਨ ਬੀਮਾਰੀ ਦਾ ਇਲਾਜ ਨਹੀਂ ਹੁੰਦਾ।

ਸੋ ਏਸ ਤਰ੍ਹਾਂ ਦੇ ਨਾਲ ਸਾਡੇ ਮਨ ਹਰ ਵਕਤ ਭਰੇ ਹੋਏ ਨੇ, ਕ੍ਰੋਧ ਨਾਲ ਭਰੇ ਹੋਏ ਨੇ, ਨਫਰਤ ਨਾਲ ਭਰੇ ਹੋਏ ਨੇ। ਇਨ੍ਹਾਂ ਸਾਰਿਆਂ ਨੂੰ ਜੇ ਖਾਲੀ ਕਰੀਏ ਤਾਂ ਜਾ ਕੇ ਹਰੀ ਦੇ ਚਰਨ ਹਿਰਦੇ 'ਚ ਵਸਦੇ ਨੇ, ਨਹੀਂ ਨੀਂ ਵਸਦੇ। ਹੁਣ ਇਹ ਹੁੰਦਾ ਹੈ ਕਿ ਇਨ੍ਹਾਂ ਨੂੰ ਕੱਢਿਆ ਕਿਵੇਂ ਜਾਵੇ। ਜੇ ਕੋਈ ਚੀਜ਼ਾਂ ਹੋਣ ਤਾਂ ਅਸੀਂ ਹੱਥਾਂ ਨਾਲ ਚੁੱਕ ਕੇ ਕੱਢ ਦੇਈਏ। ਇਹ ਤਾਂ ਮਨ ਵਿਚ ਵਸਦੀਆਂ ਨੇ, ਕ੍ਰੋਧ ਮਨ ਵਿਚ ਵਸ ਜਾਏ, ਕੱਢ ਕੇ ਦਿਖਾ ਦਿਓ, ਜੇ ਕੋਈ ਸੂਰਮਾ ਹੈ? ਕੱਢ ਹੀ ਨਹੀਂ

ਸਕਦਾ। ਉਹ ਅੰਦਰ ਹੀ ਅੰਦਰ ਖਾਣਾ ਸ਼ੁਰੂ ਕਰ ਦਿੰਦਾ ਹੈ। ਅੰਦਰ ਹੀ ਅੰਦਰ ਬਦ-ਖਿਆਲ ਸ਼ੁਰੂ ਹੋ ਜਾਂਦੇ ਨੇ, ਪ੍ਰਮੇਸ਼ਰ ਭੁੱਲ ਜਾਂਦਾ ਹੈ। ਲੋਭ ਮਨ ਵਿਚ ਵਸ ਜਾਵੇ, ਨਹੀਂ ਕੱਢਿਆ ਜਾਂਦਾ ਕੋਈ ਤਰੀਕਾ ਨਹੀਂ ਹੈ। ਕਾਮ ਮਨ ਵਿਚ ਵਸ ਜਾਵੇ ਉਸੇ ਨੂੰ ਠੀਕ ਸਿੱਧ ਕਰੀ ਜਾਏਗਾ, ਨਿਕਲਦਾ ਨਹੀਂ ਹੈ। ਏਸ ਤਰ੍ਹਾਂ ਦੇ ਨਾਲ ਬੜਾ ਮੁਸ਼ਕਲ ਹੈ ਕਿਉਂਕਿ ਸਾਡੇ ਵਸ ਵਿਚ ਨਹੀਂ, ਜੇ ਅਸੀਂ ਪੜ੍ਹ ਵੀ ਲਈਏ ਤਾਂ ਵੀ ਨਹੀਂ ਨਿਕਲਦਾ। ਪੁਸਤਕ ਪੜ੍ਹ ਲਈਏ ਉਹਦੇ ਵਿਚ ਆ ਜਾਣ ਇਹ ਗੱਲਾਂ ਤੇ ਅਸੀਂ ਕਹੀਏ ਕਿ ਇਹ ਨਹੀਂ ਹੁਣ ਅਸੀਂ ਹੋਣ ਦੇਣੀਆਂ। ਸਾਡੇ ਵਸ ਵਿਚ ਨਹੀਂ ਹੈ ਕਿ ਅਸੀਂ ਉਨ੍ਹਾਂ ਨੂੰ ਰੋਕ ਸਕੀਏ। ਸੋ ਫੇਰ ਕਰਿਆ ਕੀ ਜਾਵੇ? ਮਹਾਰਾਜ ਜੀ ਕਹਿੰਦੇ ਇਹਦੇ ਇਕ ਦੋ ਸਾਧਨ ਨੇ ਜੇ ਤੁਸੀਂ ਉਹ ਸ਼ੁੱਧ ਹਿਰਦੇ ਤੇ ਸਹੀ ਤਰੀਕੇ ਨਾਲ ਕਰੋ, ਫੇਰ ਇਹ ਮਨ ਵਿਚ ਵਸਣੇ ਸ਼ੁਰੂ ਹੋ ਜਾਂਦੇ ਨੇ। ਕੁਛ ਰਹਿਤਾਂ ਨੇ ਜੇ ਤੁਸੀਂ ਸਚਮੁੱਚ ਹੀ ਧਾਰਨ ਕਰਨੀਆਂ ਸ਼ੁਰੂ ਕਰ ਦੇਵੋ ਫੇਰ ਮਨ ਵਿਚ ਵਸ ਜਾਣਗੀਆਂ। ਮੂੰਹ ਦੇ ਨਾਲ ਅਸੀਂ ਗੱਲਾਂ ਕਹਿ ਲੈਂਦੇ ਹਾਂ ਜਦੋਂ ਪਰਖ ਵਿਚ ਆਉਂਦੇ ਹਾਂ ਫੇਰ ਉਹ ਗੱਲਾਂ, ਸਾਡੀਆਂ ਹੀ ਕਹੀਆਂ ਹੋਈਆਂ, ਉਹ ਵੀ ਸਾਡੇ ਉਤੇ ਇਕ ਪੈਸੇ ਜਿੰਨਾਂ ਵੀ ਅਸਰ ਨਹੀਂ ਕਰਦੀਆਂ। ਅਰਦਾਸ ਕਰ ਦਿੰਦਾ ਹੈ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਮ੍ਹਣੇ ਖੜ੍ਹੇ ਹੋ ਕੇ-

*ਹਉ ਅਪਰਾਧੀ ਗੁਨਹਗਾਰੁ ਹਉ ਬੇਮੁਖ ਮੰਦਾ।*
*ਚੋਰ ਯਾਰ ਜੂਆਰਿ ਹਉਂ ਪਰ ਘਰਿ ਜੋਹੰਦਾ।*
*ਨਿੰਦਕੁ ਦੁਸ਼ਟੁ ਹਰਾਮ ਖੋਰੁ ਠੱਗ ਦੇਸ ਠਗੰਦਾ।*
*ਕਾਮੁ ਕਰੋਧੁ ਮਦੁ ਲੋਭੁ ਮੋਹੁ ਹੰਕਾਰ ਕਰੰਦਾ।*
*ਵਿਸ੍ਵਾਸਘਾਤੀ ਅਕ੍ਰਿਤਘਣ ਮੈ ਕੋ ਨ ਰਖੰਦਾ।*
*ਸਿਮਰਿ ਮੁਰੀਦਾ ਢਾਡੀਆ ਸਤਿਗੁਰੁ ਬਖਸੰਦਾ।*
*ਭਾਈ ਗੁਰਦਾਸ ਜੀ, ਵਾਰ 36/21*

ਲੇਕਿਨ ਇਹ ਸਾਰੇ ਹੀ ਬਚਨ ਉਤੋਂ-ਉਤੋਂ ਕਹੇ ਨੇ, ਵਿਚੋਂ ਨਹੀਂ ਕਹੇ ਕਿਉਂਕਿ ਅੰਦਰੋਂ ਨਹੀਂ ਜਾਣਦਾ ਕਿ ਮੈਂ ਸਚਮੁੱਚ ਐਸਾ ਹਾਂ। ਜੇ ਸਚਮੁੱਚ ਆਪਣੇ ਆਪ ਨੂੰ ਐਸ ਤਰ੍ਹਾਂ ਕਹਿ ਲਏ ਫੇਰ ਤਾਂ ਗੱਲ ਖਤਮ ਹੋ ਜਾਂਦੀ ਹੈ ਕਿਉਂਕਿ ਫੇਰ ਜਿਹੜੀ ਨੇਕੀ ਦੀ ਹਉਂ ਬਣੀ ਹੋਈ ਹੈ ਉਹ ਹਟ ਜਾਂਦੀ ਹੈ। ਉਹ ਸਮਝਦਾ ਹੀ ਨਹੀਂ ਹੈ ਕਿ ਮੈਂ ਕੋਈ ਖਾਸ ਬੰਦਾ ਹਾਂ। ਉਹਨੂੰ ਗੁੱਸਾ ਹੀ ਨਹੀਂ ਆਉਂਦਾ। ਉਹਦੀ ਬੇਇਜ਼ਤੀ ਹੀ ਨਹੀਂ ਹੁੰਦੀ ਕਿਉਂਕਿ ਖਾਸ ਬੰਦਾ ਨਾ ਰਿਹਾ। ਉਹਦੇ ਮਨ 'ਚ ਤਾਂ ਗੁਰੂ ਸਾਹਿਬ ਦਾ ਬਚਨ ਸਮਾਅ ਗਿਆ -

*ਕਬੀਰ ਸਭ ਤੇ ਹਮ ਬੁਰੇ*
*ਹਮ ਤਜਿ ਭਲੋ ਸਭੁ ਕੋਇ॥*
*ਜਿਨਿ ਐਸਾ ਕਰਿ ਬੂਝਿਆ*
*ਮੀਤੁ ਹਮਾਰਾ ਸੋਇ॥ ਅੰਗ - 1364*

ਮੈਂ ਹੀ ਬੁਰਾ ਹਾਂ, ਮੈਨੂੰ ਛੱਡ ਕੇ ਸਾਰਾ ਸੰਸਾਰ ਭਲਿਆਂ ਦਾ ਹੈ। ਮਹਾਰਾਜ ਜੀ ਕਹਿੰਦੇ ਨੇ ਤੇਰੇ ਸਮਝਣ ਦੇ ਨਾਲ ਤੂੰ ਸਚਮੁੱਚ ਨੀਵਾਂ ਹੋ ਜਾਵੇਂਗਾ? ਜੇ ਤੂੰ ਸਚਮੁੱਚ ਸਮਝ ਲਏਂ, ਨੀਵਾਂ ਨਹੀਂ ਹੁੰਦਾ। ਸਾਡੇ ਵਾਲੀ ਲਾਈਨ 'ਚ ਖੜ੍ਹੇਗਾ ਕਿਉਂਕਿ ਅਸੀਂ ਵੀ ਉਹੋ ਸਮਝਦੇ ਰਹੇ ਹਾਂ -

*ਹਮ ਨਹੀ ਚੰਗੇ ਬੁਰਾ ਨਹੀ ਕੋਇ॥*
*ਅੰਗ - 728*

ਜਿਹਨੇ ਇਹ ਗੱਲ ਬੁੱਝ ਲਈ ਹਿਰਦੇ ਤੋਂ, ਉਤੋਂ-ਉਤੋਂ ਨਹੀਂ, ਉਤੋਂ-ਉਤੋਂ ਤਾਂ ਦੁਨੀਆਂ ਸਾਰੀ ਕਹਿੰਦੀ ਹੈ ਕਿ ਮੈਂ ਤਾਂ ਜੀ ਤੁਹਾਡੇ ਚਰਨਾਂ ਦਾ ਦਾਸ ਹਾਂ। ਬਿਲਕੁਲ ਨਹੀਂ, ਐਵੇਂ ਹੀ ਝੂਠ ਬੋਲਦਾ ਹੈ। ਉਤੋਂ-ਉਤੋਂ ਗੱਲਾਂ ਹੋਰ ਹੁੰਦੀਆਂ ਨੇ, ਹਿਰਦੇ 'ਚੋਂ ਗੱਲਾਂ ਹੋਰ ਹੁੰਦੀਆਂ ਨੇ। ਜੇ ਹਿਰਦੇ 'ਚੋਂ ਗੱਲ ਕਹਿ ਦੇਵੋ ਫੇਰ ਤਾਂ ਝਗੜੇ ਹੀ ਸਾਰੇ ਖਤਮ ਹੋ ਜਾਂਦੇ ਨੇ ਕਿ ਠੀਕ ਹੈ ਮੈਂ ਤਾਂ ਐਹੋ ਜਿਹਾ ਹੀ ਹਾਂ ਤੇ ਮੇਰੇ ਨਾਲ ਠੀਕ ਹੀ ਗੱਲ ਹੋ ਰਹੀ ਹੈ ਲੇਕਿਨ ਇਹ ਨਹੀਂ ਹੁੰਦੀ, ਮੂੰਹ ਤੋਂ ਤਾਂ ਇਹ ਕਰਦਾ ਹੈ -

*ਮੁਖਹੁ ਹਰਿ ਹਰਿ ਸਭੁ ਕੋ ਕਰੈ*
*ਵਿਰਲੈ ਹਿਰਦੈ ਵਸਾਇਆ॥*
*ਅੰਗ - 565*

ਵਿਰਲੇ-ਵਿਰਲੇ ਨੇ ਜਿਨ੍ਹਾਂ ਦੇ ਹਿਰਦੇ 'ਚੋਂ ਨਿਕਲਦਾ ਹੈ। ਮੂੰਹ ਤੋਂ ਤਾਂ ਸਾਰੇ ਹੀ ਕਹੀ ਜਾਂਦੇ ਨੇ। ਸੋ ਏਸ ਤਰ੍ਹਾਂ ਦੇ ਨਾਲ ਇਹ ਚੀਜ਼ਾਂ ਜਿੰਨਾਂ ਚਿਰ ਅਸੀਂ ਨਹੀਂ ਵਿਚਾਰ ਕੇ ਕੱਢਦੇ ਓਨਾਂ ਚਿਰ ਦੂਰ ਨਹੀਂ ਹੁੰਦੀਆਂ। ਸੋ ਇਹ ਸਾਧਨ ਹੈ ਕਿ ਆਪਣੇ ਆਪ ਨੂੰ ਐਂ ਸਮਝੋ ਕਿ ਮੇਰੇ ਤੋਂ ਸਾਰੇ ਚੰਗੇ ਨੇ। ਗਿਆਨਵਾਨ ਪੁਰਸ਼ ਸਮਝਦਾ ਹੈ। ਉਹ ਏਸ ਕਰਕੇ ਸਮਝਦਾ ਹੈ ਕਿਉਂਕਿ ਉਸਨੂੰ ਪਤਾ ਹੁੰਦਾ ਹੈ ਕਿ ਐਥੇ ਪ੍ਰਮੇਸ਼ਰ ਦੀ ਜੋਤ ਹੈ, ਪ੍ਰਮੇਸ਼ਰ ਤੋਂ ਬਗੈਰ ਕੋਈ ਹੈ ਨਹੀਂ। ਇਹ ਆਪੇ ਹੀ ਵਾਹਿਗੁਰੂ ਅਨੇਕਾਂ ਰੂਪਾਂ 'ਚ ਕੌਤਕ ਕਰ ਰਿਹਾ ਹੈ। ਉਹਦੇ ਅੰਦਰ ਕੋਈ ਭਾਵਨਾ ਨਹੀਂ ਜਾਗਦੀ - ਮੈਂ ਦੀ। ਨਾ ਜਾਗਣ ਕਰਕੇ ਉਹਦੇ ਹਿਰਦੇ 'ਚ ਪ੍ਰਮੇਸ਼ਰ ਵਸਣਾ ਸ਼ੁਰੂ ਹੋ ਜਾਂਦਾ ਹੈ।

ਸੋ ਏਸੇ ਤਰ੍ਹਾਂ ਦੇ ਨਾਲ ਦੂਸਰਾ ਸਾਧਨ ਹੁੰਦਾ ਹੈ - ਸਾਰਿਆਂ ਨਾਲੋਂ ਵੱਡਾ ਜੋ ਗੁਰੂ ਮਹਾਰਾਜ ਜੀ ਨੇ ਦੱਸਿਆ ਹੈ ਉਹ ਹੈ ਕਿ ਜਪ ਤਪ ਹੋਮ ਪੂਜਾ ਸਾਰੀਆਂ ਚੀਜ਼ਾਂ 'ਚੋਂ ਤੱਤ ਕੱਢ ਕੇ ਦੱਸਿਆ ਹੈ ਕਿ ਹਰੀ ਦਾ ਕੀਰਤਨ ਜਿਹੜਾ ਹੈ ਉਹ ਤੱਤ ਹੈ - ਏਸ ਸਾਧਨ ਦਾ। ਫੇਰ ਹਰੀ ਦੇ ਕੀਰਤਨ ਵਾਸਤੇ ਆਉਂਦਾ ਹੈ ਕਿ ਕਿਵੇਂ ਕਰੇ। ਨੇਤਰ ਖੋਲ੍ਹ ਕੇ, ਪਛਾਣ ਕੇ ਪ੍ਰਮੇਸ਼ਰ ਦਾ ਕੀਰਤਨ ਕਰੇ। ਇਕ ਤਾਂ ਅੰਨ੍ਹਾ ਗਾਉਂਦਾ ਹੈ, ਕੂੜੀ-ਕੂੜੀ ਗਾਉਂਦਾ ਹੈ, ਉਹਦੇ ਅੰਦਰ ਕੋਈ ਭਾਵ ਨਹੀਂ। ਜਿਹੜੇ ਬੰਦੇ ਸੁਣਨ ਵਾਲੇ ਨੇ ਉਨ੍ਹਾਂ ਦੇ ਤਾਂ ਬਾਣ ਲਗ ਜਾਏਗਾ ਬਾਣੀ ਦਾ ਲੇਕਿਨ ਉਹਦੇ ਨਹੀਂ ਲਗਦਾ। ਜੇ ਬੈਰਾਗ 'ਚ ਕਰਦਾ ਹੈ, ਆਪ ਬੈਰਾਗਮਈ ਅਵਸਥਾ 'ਚ ਨਹੀਂ ਗਿਆ ਕਿਉਂਕਿ ਅਜੇ ਸਮਝੀ ਨਹੀਂ ਗੱਲ। ਮਹਾਰਾਜ ਜੀ ਕਹਿੰਦੇ ਕਿ ਅੰਨ੍ਹਾ ਜੇ ਗਾਉਂਦਾ ਹੈ ਉਹਦੇ ਨਾਲ ਗੱਲ ਨਹੀਂ ਬਣਦੀ ਕਿਉਂਕਿ ਕੂੜੀ-ਕੂੜੀ ਗਾਉਂਦਾ ਹੈ ਉਹ। ਉਹ ਝੂਠ-ਮੂਠ ਦੀਆਂ

ਸਾਖੀਆਂ ਸੁਣਾਉਂਦਾ ਹੈ, ਆਪ ਓਸ ਥਾਂ ਦੇ ਉਤੇ ਨਹੀਂ ਹੈ। ਸੋ ਜੇ ਆਪ ਹੋਵੇ ਤਾਂ ਫੇਰ ਗੱਲ ਬਣਦੀ ਹੈ। ਸੋ ਓਸ ਤਰ੍ਹਾਂ ਦੇ ਨਾਲ ਜੇ ਹਰੀ ਦਾ ਜਸ ਕਰਦਾ ਹੈ, ਹਰੀ ਦੀ ਕੀਰਤ ਕਰਦਾ ਹੈ, ਬਜਦ 'ਚ ਆ ਕੇ ਗਾਉਂਦਾ ਹੈ, ਕਹਿੰਦੇ ਇਹ ਸਾਧਨ ਸਾਰੇ ਸਾਧਨਾਂ ਨਾਲੋਂ ਵੱਡਾ ਹੈ। ਏਸ ਕਰਕੇ ਵੱਡਾ ਹੈ ਕਿ ਸਾਡੇ ਦਿਨ ਭਰ ਦੇ ਸੰਸਕਾਰ ਐਨੇ ਜਮ੍ਹਾਂ ਹੋ ਜਾਂਦੇ ਨੇ, ਐਨੇ ਡੂੰਘੇ ਚਲੇ ਜਾਂਦੇ ਨੇ ਕਿ ਜਦ ਅਸੀਂ ਭਜਨ ਕਰਨ ਲਗਦੇ ਹਾਂ, ਬਾਣੀ ਪੜ੍ਹਨ ਲਗਦੇ ਹਾਂ ਉਹ ਜਿਸ ਤਰ੍ਹਾਂ ਦੇ ਨਾਲ ਕੋਈ ਟੋਭੇ ਦੀ ਟਿਕੀ ਹੋਈ ਤਹਿ ਦੀ ਗਰਦ ਜਿਹੜੀ ਹੈ ਉਹ ਛੇੜ ਦੇਵੇ, ਇਕ ਦਮ ਮੈਲ ਉਤੇ ਨੂੰ ਆਉਣੀ ਸ਼ੁਰੂ ਹੋ ਜਾਂਦੀ ਹੈ। ਏਸੇ ਤਰ੍ਹਾਂ ਸਾਡੇ ਸੰਸਕਾਰ ਜਿੰਨੇ ਦਬੇ ਹੋਏ ਨੇ ਉਹ ਸਾਰੇ ਉਠਣੇ ਸ਼ੁਰੂ ਹੋ ਜਾਂਦੇ ਨੇ, ਸਿਮ੍ਰਤੀ ਬਿਰਤੀ ਪ੍ਰਧਾਨ ਹੋ ਜਾਂਦੀ ਹੈ। ਜਿਹੜੀਆਂ ਗੱਲਾਂ ਭੁੱਲੀਆਂ ਹੋਈਆਂ, ਕਦੇ ਯਾਦ ਨਹੀਂ ਆਈਆਂ ਉਹ ਭਜਨ ਵੇਲੇ ਯਾਦ ਆਉਣਗੀਆਂ। ਜਿੰਨੀ-ਜਿੰਨੀ ਇਕਾਗਰਤਾ ਵਧਦੀ ਜਾਏਗੀ ਤਿਉਂ-ਤਿਉਂ ਡੂੰਘੀਆਂ ਗੱਲਾਂ, ਵੀਹ-ਵੀਹ ਸਾਲ ਦੀਆਂ, ਤੀਹ-ਤੀਹ ਸਾਲ ਦੀਆਂ, ਪੁਰਾਣੀਆਂ ਗੱਲਾਂ ਸਾਮ੍ਹਣੇ ਆ ਕੇ ਖੜ੍ਹੀਆਂ ਹੋ ਜਾਣਗੀਆਂ ਕਿਉਂਕਿ ਬਿਰਤੀ ਡੂੰਘੀ ਜਾ ਰਹੀ ਹੈ, ਉਹ ਡੂੰਘੀ ਜਾ ਕੇ ਸਿਮ੍ਰਤੀ ਦੀ ਉਸ ਤਹਿ ਨੂੰ ਛੇੜ ਰਹੀ ਹੈ। ਸੋ ਇਹ ਸਾਰੀਆਂ ਚੀਜ਼ਾਂ ਦੇ ਨਾਲੋਂ ਜਿਸ ਵਕਤ ਹਰੀ ਦਾ ਜਸ ਕਰਦਾ ਹੈ ਉਸ ਵੇਲੇ ਜਿਸ ਤਰ੍ਹਾਂ ਦੇ ਨਾਲ ਛਾਛੜੇ ਦਾ ਮੀਂਹ ਪੈਂਦਾ ਹੈ ਰੋੜ੍ਹ ਕੇ ਲੈ ਜਾਂਦਾ ਹੈ ਸਭ ਕਾਸੇ ਨੂੰ, ਉਹ ਸਭ ਚੀਜ਼ਾਂ ਨੂੰ ਰੋੜ੍ਹ ਕੇ ਲੈ ਜਾਂਦਾ ਹੈ।

ਸੋ ਸਾਰਿਆਂ ਨਾਲੋਂ ਉਤਮ ਕਰਮ ਮਹਾਰਾਜ ਜੀ ਨੇ ਦੱਸਿਆ ਹੈ ਕਿ ਹਿਰਦੇ 'ਚ ਵਸ ਜਾਵੇ ਤਾਂ ਕਾਰਜ ਸਾਰੇ ਹੀ ਸਫਲ ਹੋ ਜਾਂਦੇ ਨੇ। ਹਰੀ ਦਾ ਜਸ ਕਰ ਲਵੇ ਤਾਂ ਹਿਰਦੇ 'ਚ ਵਸਣਾ ਸ਼ੁਰੂ ਹੋ ਜਾਂਦਾ ਹੈ। ਜਦੋਂ ਹਿਰਦੇ 'ਚ ਪ੍ਰਮੇਸ਼ਵਰ ਵਸ ਗਿਆ ਉਸ ਵੇਲੇ ਬਰਕਤਾਂ ਜੋ ਸਾਡਾ ਇੰਤਜ਼ਾਰ ਕਰ ਰਹੀਆਂ ਹਨ ਸਾਡੇ ਆਲੇ-ਦੁਆਲੇ ਖੜ੍ਹੀਆਂ, ਉਹ ਬਰਕਤਾਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ। ਜਿਸ ਵਕਤ ਬੰਦਾ ਨਾਮ ਜਪਦਾ ਹੈ, ਇਕ ਐਸੀ ਅਵਸਥਾ ਆਉਂਦੀ ਹੈ ਜਿਥੇ ਜਾ ਕੇ ਇਕਾਗਰਤਾ ਪੂਰੇ ਜ਼ੋਰ ਤੇ ਹੁੰਦੀ ਹੈ, ਉਥੇ ਆਵਾਜ਼ਾਂ ਆਉਂਦੀਆਂ ਨੇ ਕਿ ਤੂੰ ਮੇਰਾ ਫੁਰਨਾ ਕਰ, ਮੈਂ ਤੈਨੂੰ ਐਥੇ ਬੈਠੇ ਨੂੰ ਹਜ਼ਾਰ ਮੀਲ ਤੇ ਚੀਜ਼ਾਂ ਦਿਖਾ ਦੇਵਾਂ, ਜਿਹਨੂੰ ਤੂੰ ਯਾਦ ਕਰੇਂਗਾ ਉਹ ਬੰਦਾ ਆ ਜਾਵੇਗਾ। ਤੈਨੂੰ ਪੈਸੇ ਟਕੇ, ਕਾਰਜ ਦੀ ਲੋੜ ਹੈ ਤੇਰੀ ਮਦਦ ਕਰਨ ਵਾਲੇ ਉਸੇ ਵੇਲੇ ਆ ਜਾਣਗੇ। ਮਹਾਰਾਜ ਜੀ ਉਸਨੂੰ ਕਹਿੰਦੇ ਨੇ -

*ਨਵ ਨਿਧੀ ਅਠਾਰਹ ਸਿਧੀ*
*ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ॥*

*ਅੰਗ - 649*

ਏਸੇ ਤਰ੍ਹਾਂ ਦੇ ਨਾਲ ਜਿੰਨੇ ਕਾਰਜ ਤੁਸੀਂ ਕਰਦੇ ਓਂ ਜੇ ਹਿਰਦੇ 'ਚ ਪ੍ਰਮੇਸ਼ਰ ਵਸ ਜਾਵੇ ਤਾਂ ਸਾਰੇ ਕਾਰਜ ਸਫਲ ਹੋ ਜਾਇਆ ਕਰਦੇ ਨੇ। ਜਨਮ ਦਿਨ ਮਨਾਉਣੇ ਸਫਲ ਨੇ, ਲੇਕਿਨ ਸੋਚ ਕੇ ਸਮਝ ਕੇ ਜਦ ਅਸੀਂ ਕਰਦੇ ਹਾਂ ਤਾਂ ਇਹ ਗੱਲਾਂ ਬਣਦੀਆਂ ਨੇ। ਆਦਮੀ ਤਾਂ ਸੁੱਤਾ ਪਿਆ ਹੈ। ਮਹਾਰਾਜ ਜੀ ਕਹਿੰਦੇ ਨੇ ਇਹ ਇਕੱਲਾ ਹੀ ਨਹੀਂ ਸੁੱਤਾ ਪਿਆ, ਸਾਰਾ ਸੰਸਾਰ ਸੁੱਤਾ ਪਿਆ ਹੈ। ਤਿੰਨ ਗੁਣ ਚਲ ਰਹੇ ਨੇ - ਰਜੋ ਗੁਣ, ਤਮੋ ਗੁਣ, ਸਤੋ ਗੁਣ। ਉਹਦੀਆਂ ਲਹਿਰਾਂ ਐਨੀ ਜ਼ੋਰ ਦੀ ਉਠ ਰਹੀਆਂ ਨੇ ਕਿ ਆਦਮੀ ਦੀ ਚੇਤਨਤਾ ਦਾ ਜੋ ਹਿੱਸਾ ਹੈ ਉਹਦੇ ਵਿਚ ਨੀਂਦ ਆ ਗਈ, ਝੱਗ ਵਾਂਗਣ ਆ ਗਈ ਤੇ ਉਹ ਸੌਂ ਗਿਆ-

*ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ*
*ਸੁਤਿਆ ਰੈਣਿ ਵਿਹਾਣੀ॥*

*ਅੰਗ - 920*

ਸਾਡੀ ਉਮਰ ਸੁੱਤਿਆਂ ਦੀ ਲੰਘਦੀ ਤੁਰੀ ਜਾਂਦੀ ਹੈ। ਜਾਗਣ ਦੀ ਲੋੜ ਹੈ। ਗੁਰੂ ਮਹਾਰਾਜ ਜੀ ਜਗਾਉਂਦੇ ਨੇ-

*ਜਾਗ ਲੇਹੁ ਰੇ ਮਨਾ ਜਾਗ ਲੇਹੁ*
*ਕਹਾ ਗਾਫਲ ਸੋਇਆ॥*
*ਜੋ ਤਨੁ ਉਪਜਿਆ ਸੰਗ ਹੀ*
*ਸੋ ਭੀ ਸੰਗਿ ਨ ਹੋਇਆ॥ਅੰਗ - 726*

ਮਨ ਨੂੰ ਕਹਿੰਦੇ ਨੇ। ਸਰੀਰ ਨੂੰ ਤਾਂ ਕਿਹਾ ਨਹੀਂ ਹੈ ਕਿ ਤੂੰ ਸਰੀਰਾ ਜਾਗ ਲੈ। ਸਰੀਰ ਨੂੰ ਕਹਿੰਦੇ ਨੇ -

*ਏ ਸਰੀਰਾ ਮੇਰਿਆ*
*ਇਸੁ ਜਗ ਮਹਿ ਆਇ ਕੈ*
*ਕਿਆ ਤੁਧੁ ਕਰਮ ਕਮਾਇਆ॥*
*ਕਿ ਕਰਮ ਕਮਾਇਆ ਤੁਧੁ ਸਰੀਰਾ*
*ਜਾ ਤੂ ਜਗ ਮਹਿ ਆਇਆ॥*

*ਅੰਗ - 922*

ਕਿ ਤੇਰੇ ਵਿਚ ਜੋਤ ਰੱਖੀ ਪ੍ਰਮੇਸ਼ਰ ਨੇ -

*ਏ ਸਰੀਰਾ ਮੇਰਿਆ*
*ਹਰਿ ਤੁਮ ਮਹਿ ਜੋਤਿ ਰਖੀ*
*ਤਾ ਤੂ ਜਗ ਮਹਿ ਆਇਆ॥*
*ਹਰਿ ਜੋਤਿ ਰਖੀ ਤੁਧੁ ਵਿਚਿ*
*ਤਾ ਤੂ ਜਗ ਮਹਿ ਆਇਆ॥*

*ਅੰਗ - 921*

ਕੀ ਕਰਿਆ ਹੈ ਤੂੰ ? ਉਹ ਵਾਹਿਗੁਰੂ ਤਾਂ ਤੂੰ ਮਨ ਵਿਚ ਵਸਾਇਆ ਨਹੀਂ, ਜਿਹਨੇ ਤੇਰਾ ਰਚਨ ਰਚਿਆ ਹੈ। ਸਰੀਰ ਨੂੰ ਏਸ ਤਰ੍ਹਾਂ ਦੇ ਨਾਲ ਸਮਝਾਉਂਦੇ ਨੇ ਲੇਕਿਨ ਮਨ ਨੂੰ ਜਗਾਉਂਦੇ ਨੇ -

*ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ*
*ਗਾਫਲ ਸੋਇਆ॥*
*ਜੋ ਤਨੁ ਉਪਜਿਆ ਸੰਗ ਹੀ*
*ਸੋ ਭੀ ਸੰਗਿ ਨ ਹੋਇਆ॥ ਅੰਗ - 726*

ਤੇਰੇ ਨਾਲ ਆਇਆ ਸੀ, ਇਥੇ ਮਨ ਜੀਵ-ਆਤਮਾ ਨੂੰ ਕਹਿੰਦੇ ਨੇ - ਸਮੁੱਚੇ ਜੀਵ ਨੂੰ; ਜੀਵ ਆਤਮਾ, ਵਿਚੇ ਅੰਤਸ਼ਕਰਣ, ਵਿਚੇ ਬੁੱਧੀ, ਵਿਚੇ ਫੁਰਨੇ ਕਰਨ ਵਾਲਾ ਮਨ। ਕਹਿੰਦੇ ਤੂੰ ਜਾਗ ਤਾਂ ਸਹੀ, ਕਰੋੜਾਂ ਜਨਮ ਤੈਨੂੰ ਬੀਤ ਗਏ ਸੁੱਤੇ ਪਏ ਨੂੰ, ਬੜੇ ਔਖੇ ਥਾਵਾਂ ਤੋਂ ਆਇਆ ਹੈਂ -

*ਕਈ ਜਨਮ ਭਏ ਕੀਟ ਪਤੰਗਾ॥*
*ਕਈ ਜਨਮ ਗਜ ਮੀਨ ਕੁਰੰਗਾ॥*
*ਕਈ ਜਨਮ ਪੰਖੀ ਸਰਪ ਹੋਇਓ॥*
*ਕਈ ਜਨਮ ਹੈਵਰ ਬ੍ਰਿਖ ਜੋਇਓ॥*
*ਮਿਲੁ ਜਗਦੀਸ ਮਿਲਨ ਕੀ ਬਰੀਆ॥*
*ਚਿਰੰਕਾਲ ਇਹ ਦੇਹ ਸੰਜਰੀਆ॥*

*ਅੰਗ - 176*

ਕੁੱਤੇ ਬਿਲੇ ਬਣਦਾ ਹੈ। ਸਾਂਈ ਦਾ ਨਾਮ ਤਿਨ੍ਹਾ ਵਾਸਤੇ ਸਦਾ ਸਹਾਇਕ ਹੋ ਜਾਏਗਾ -

*ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ॥*
*ਹਰਿ ਕਾ ਨਾਮੁ ਊਹਾ ਸੰਗਿ ਤੋਸਾ॥*
*ਜਿਹ ਪੈਡੈ ਮਹਾ ਅੰਧ ਗੁਬਾਰਾ॥*
*ਹਰਿ ਕਾ ਨਾਮੁ ਸੰਗਿ ਉਜੀਆਰਾ॥*
*ਜਹਾ ਪੰਥਿ ਤੇਰਾ ਕੋ ਨ ਸਿਞਾਨੂ॥*
*ਹਰਿ ਕਾ ਨਾਮੁ ਤਹ ਨਾਲਿ ਪਛਾਨੂ॥*

*ਅੰਗ - 264*

ਫੇਰ ਤੇਰੇ ਉਤੇ ਰਿਹਾਇਤਾਂ ਕਿੰਨੀਆਂ ਹੋਣੀਆਂ -

*ਪ੍ਰਭ ਕੈ ਸਿਮਰਨਿ ਗਰਭਿ ਨ ਬਸੈ॥*
*ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ॥*
*ਪ੍ਰਭ ਕੈ ਸਿਮਰਨਿ ਕਾਲੁ ਪਰਹਰੈ॥*
*ਪ੍ਰਭ ਕੈ ਸਿਮਰਨਿ ਦੁਸਮਨੁ ਟਰੈ॥*
*ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ॥*
*ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ॥*

*ਅੰਗ - 262*

ਤੈਨੂੰ ਜਾਗ ਆ ਜਾਏਗੀ ਫੇਰ ਨੀਂਦ ਨਹੀਂ ਆਏਗੀ। ਸੋ ਏਸ ਤਰ੍ਹਾਂ ਜੋ ਕੁਛ ਵੀ ਮਹਾਰਾਜ ਜੀ ਫੁਰਮਾਨ ਕਰਦੇ ਨੇ, ਕੋਸ਼ਿਸ਼ ਕਰੋ। ਇਹ ਜਾਗ ਆਉਂਦੀ ਹੈ ਸਿਮਰਨ ਕਰਕੇ। ਅੰਮ੍ਰਿਤ ਵੇਲੇ ਜਾਗੋ, ਜਾਗ ਕੇ ਬੈਠੋ, ਪ੍ਰਭੂ ਦਾ ਨਾਮ ਜਪੋ, ਹੌਲੀ-ਹੌਲੀ ਕਰਦੇ-ਕਰਦੇ ਜਾਗ ਆਉਣੀ ਸ਼ੁਰੂ ਹੋ ਜਾਏਗੀ ਤੇ ਸਾਡੇ ਹਿਰਦੇ ਦੇ ਵਿਚ ਪ੍ਰਮੇਸ਼ਰ ਦੇ ਚਰਨ ਜਦ ਵਸਣਗੇ, ਅਪਣੇ ਨਾਲ ਉਹ ਰਸ ਲੈ ਕੇ ਆਉਂਦੇ ਨੇ, ਖੇੜਾ ਲੈ ਕੇ ਆਉਂਦੇ ਨੇ, ਦੁਬਿਧਾ ਲੈ ਕੇ ਨਹੀਂ ਆਉਂਦੇ, ਕ੍ਰੋਧ ਲੈ ਕੇ ਨਹੀਂ ਆਉਂਦੇ, ਨਫਰਤ ਲੈ ਕੇ ਨਹੀਂ ਆਉਂਦੇ, ਪਿਆਰ ਹੀ ਪਿਆਰ ਲੈ ਕੇ ਆਉਂਦੇ ਨੇ। ਜਿਉਂ-ਜਿਉਂ ਸਾਡੇ ਅੰਦਰ ਖੇੜਾ ਸ਼ੁਰੂ ਹੋ ਜਾਏਗਾ, ਪ੍ਰਭੂ ਵਸਣਾ ਸ਼ੁਰੂ ਹੋ ਗਿਆ। ਜਦੋਂ ਪ੍ਰਮੇਸ਼ਰ ਪੂਰੀ ਤਰ੍ਹਾਂ ਵਸ ਗਿਆ, ਪੂਰੀ ਤਰ੍ਹਾਂ ਦੇ ਨਾਲ ਸਾਡੇ ਰੋਮ-ਰੋਮ 'ਚ ਪ੍ਰਗਟ ਹੋ ਗਿਆ, ਸਾਡੀ ਅਵਸਥਾ ਬਦਲ ਜਾਣੀ ਹੈ -

*ਪ੍ਰਭ ਕੀ ਆਗਿਆ ਆਤਮ ਹਿਤਾਵੈ॥*
*ਜੀਵਨ ਮੁਕਤਿ ਸੋਊ ਕਹਾਵੈ॥*
*ਤੈਸਾ ਹਰਖੁ ਤੈਸਾ ਉਸੁ ਸੋਗੁ॥*
*ਸਦਾ ਅਨੰਦੁ ਤਹ ਨਹੀ ਬਿਓਗੁ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥*
*ਤੈਸਾ ਮਾਨੁ ਤੈਸਾ ਅਭਿਮਾਨੁ॥*
*ਤੈਸਾ ਰੰਕੁ ਤੈਸਾ ਰਾਜਾਨੁ॥*
*ਜੋ ਵਰਤਾਏ ਸਾਈ ਜੁਗਤਿ॥*
*ਨਾਨਕ ਓਹੁ ਪੁਰਖੁ ਕਹੀਐ*
*ਜੀਵਨ ਮੁਕਤਿ॥* *ਅੰਗ - 275*

ਜਿਉਂਦਿਆਂ ਹੀ ਜੀਵਨ ਮੁਕਤੀ ਪ੍ਰਾਪਤ ਹੋ ਕੇ, ਪ੍ਰਮ ਅਨੰਦ ਦੇ ਵਿਚ ਆਪਣਾ ਜੀਵਨ ਬਤੀਤ ਕਰਕੇ, ਸੰਸਾਰ ਦੇ ਕਾਰਜ ਕਰਦਾ ਹੋਇਆ ਆਪਣੇ ਨਿੱਜ ਘਰ ਨੂੰ ਚਲਿਆ ਜਾਂਦਾ ਹੈ, ਜਿਥੋਂ ਜਾ ਕੇ ਦੁਬਾਰਾ ਆਉਣਾ ਨਹੀਂ ਹੋਇਆ ਕਰਦਾ। ਆਉਂਦਾ ਹੈ ਤਾਂ ਮਰਜ਼ੀ ਨਾਲ ਆਉਂਦਾ ਹੈ -

*ਗੁਰਮੁਖਿ ਆਵੈ ਜਾਇ ਨਿਸੰਗੁ॥*

*ਅੰਗ - 932*

ਭੇਜਿਆ ਆਉਂਦਾ ਹੈ। ਕਰਮਾਂ ਦਾ ਬੰਨ੍ਹਿਆਂ ਨਹੀਂ ਆਉਂਦਾ। ਸੰਸਾਰ ਦਾ ਉਧਾਰ ਕਰਨ ਵਾਸਤੇ ਪਰਉਪਕਾਰ ਦਾ ਫੁਰਨਾ ਲੈ ਕੇ ਜਾਂਦਾ ਹੈ, ਉਹਦੇ ਵਾਸਤੇ ਇਹਨੂੰ ਆਉਣਾ ਪੈਂਦਾ ਹੈ, ਨਹੀਂ ਤਾਂ ਪ੍ਰਮ ਅਨੰਦ ਵਿਚ ਰਹਿ ਕੇ ਸਦਾ ਦਾ ਜੀਵਨ ਪ੍ਰਾਪਤ ਕਰਕੇ, ਸਦਾ ਦਾ ਸੁੱਖ ਪ੍ਰਾਪਤ ਕਰਦਾ ਹੈ।

ਹੁਣ ਦੋਵੇਂ ਪੱਖ ਵੀਚਾਰ ਲਵੋ - ਇਕ ਦੀਵਾਲੀਆ ਪੱਖ ਹੈ, ਸਾਰਾ ਜੀਵਨ ਮਾਇਕ ਧੰਧਿਆਂ ਵਿਚ ਖਚਿਤ ਹੋ ਕੇ ਲੰਘ ਜਾਂਦਾ ਹੈ। ਜਾਣ ਵੇਲੇ ਵਿਜੋਗ ਦਾ ਦੁਖ ਪੀੜਤ ਕਰਦਾ ਹੈ, ਪਛਤਾਵਾ ਹੁੰਦਾ ਹੈ ਕਿ ਜੋ ਕਰਿਆ ਸੀ ਇਥੇ ਹੀ ਰਹਿ ਗਿਆ, ਨਾਲ ਕੁਝ ਨਹੀਂ ਗਿਆ। ਇਕਨਾਂ ਨੇ ਆਪਣਾ ਫਰਜ਼ ਸਮਝ ਕੇ ਦੁਨੀਆਂ ਦੇ ਠਾਠੇ-ਬਾਗੇ ਵਿਚ ਕਰਮ ਕੀਤੇ ਪਰ ਮਾਲਕ ਨੂੰ ਆਪਣੀ ਸੁਰਤ ਵਿਚ ਵਸਾ ਕੇ ਰਖਿਆ, ਉਸ ਦੇ ਨਾਮ ਨਾਲ ਲਿਵ ਲਗੀ ਰਹੀ, ਨਾਮ ਜਪਿਆ, ਸੰਤਾਂ ਦੀ ਸੰਗਤ ਕੀਤੀ, ਗਿਆਨ ਦੀ ਪ੍ਰਾਪਤੀ ਹੋ ਕੇ ਹਉਂ ਦਾ ਨਾਸ਼ ਹੋ ਗਿਆ, ਆਤਮ ਸਰੂਪ ਵਿਚ ਸਥਿਤੀ ਪ੍ਰਾਪਤ ਹੋ ਗਈ। ਉਹਦੇ ਲਈ ਇਥੇ ਭੀ ਅਤੇ ਅੱਗੇ ਭੀ ਖੇੜੇ ਹੀ ਖੇੜੇ, ਚੜ੍ਹਦੀਆਂ ਕਲਾਂ ਹਨ।

ਇਕ ਜੀਵਨ ਦੀਵਾਲੀਏ ਪੁਣੇ ਦਾ ਹੈ, ਇਕ ਵੱਡੇ ਧਨੀ ਦਾ ਹੈ; ਆਪ ਹੀ ਸੋਚੋ ਕਿ ਕਿਹੜਾ ਲਾਹੇਵੰਦ ਹੈ, ਕਿਹੜਾ ਘਾਟੇ ਦਾ ਅਤੇ ਹੋਕਿਆਂ-ਹਾਵਿਆਂ ਦਾ ਭਰਿਆ ਹੋਇਆ ਹੈ।

# ਏਕ ਏਕੁ ਕਹੈ ਸਭੁ ਕੋਈ

ਗੁਰੂ ਮਹਾਰਾਜ ਦੀ ਕੋਈ ਖਾਸ ਕ੍ਰਿਪਾ ਹੀ ਹੈ ਕਿ ਐਹੋ ਜਿਹਾ ਮੌਸਮ, ਠੰਢ ਵੀ ਪੈ ਰਹੀ ਹੈ, ਧੁੰਦ ਵੀ ਪੈ ਰਹੀ ਹੈ, ਘਰਾਂ ਤੋਂ ਚੱਲ ਕੇ ਅੰਮ੍ਰਿਤ ਵੇਲੇ ਦੋ ਵਜੇ ਦੂਰ-ਦੂਰ ਤੋਂ ਸਰਦੀ ਦੀ ਪ੍ਰਵਾਹ ਨ ਕਰਦਿਆਂ ਸਤਸੰਗ ਮੰਡਲ ਵਿਚ ਪਹੁੰਚਣਾ ਕਿਸੇ ਸੂਰਮੇ ਦਾ ਹੀ ਕੰਮ ਹੋਇਆ ਕਰਦਾ ਹੈ। ਗੁਰੂ ਮਹਾਰਾਜ ਦੀ ਮਿਹਰ ਹੀ ਹੋਇਆ ਕਰਦੀ ਹੈ ਉਨ੍ਹਾਂ ਪ੍ਰੇਮੀਆਂ ਤੇ, ਜਿਸਦੇ ਬਾਰੇ ਫੁਰਮਾਨ ਹੈ ਕਿ ਝੱਖੜ ਚਲਦੇ ਹੋਣ, ਮੀਂਹ ਵਰਸਦੇ ਹੋਣ, ਫੇਰ ਵੀ ਗੁਰੂ ਦੀ ਸ਼ਰਨ ਵਿਚ ਆ ਜਾਣ। ਸਮੁੰਦ ਸਾਗਰ ਹੋਵੇ, ਗੁਰਸਿੱਖ ਲੰਘ ਕੇ ਆ ਜਾਂਦਾ ਹੈ। ਸਾਰਿਆਂ ਦੇ ਭਾਗ ਵਿਚ ਇਹ ਬਾਤ ਨਹੀਂ ਆਉਂਦੀ ਕਿਉਂਕਿ ਸਤਿਸੰਗ ਕਰਨਾ ਤਾਂ ਬਹੁਤ ਵਧੀਆ ਹੈ, ਇਹਦਾ ਕੋਈ ਮੁੱਲ ਨਹੀਂ ਪਾਇਆ ਜਾ ਸਕਦਾ। ਕੋਈ ਇਹਦੀ ਕੀਮਤ ਨਹੀਂ ਜਾਣਦਾ ਐਡਾ ਵੱਡਾ ਫਲ ਅੰਮ੍ਰਿਤ ਵੇਲੇ ਜਾਗਣ ਦਾ ਤੇ ਹਰੀ ਜਸ ਸੁਨਣ ਦਾ ਹੁੰਦਾ ਹੈ ਪਰ ਸੰਸਾਰ ਦੇ ਉਤੇ ਐਨੀਆਂ ਮੈਲ ਦੀਆਂ ਤਹਿਆਂ ਜੰਮ ਗਈਆਂ ਕਿ ਉਹਨੂੰ ਖਿਆਲ ਤੱਕ ਵੀ ਨਹੀਂ ਆਉਂਦਾ ਕਿ ਕੋਈ ਲਾਹਾ ਖੱਟ ਲਈਏ। ਪੈਸੇ ਟਕੇ ਦੀ ਬਾਤ ਹੋਵੇ ਆਦਮੀ ਦੌੜਿਆ ਜਾਂਦਾ ਹੈ। ਕੋਈ ਹੋਰ ਨਾਚ ਗਾਉਣਾ ਹੋਵੇ, Night ਹੁੰਦੀ ਹੋਵੇ, ਸਾਰੀ ਰਾਤ ਬੈਠੇ ਰਹਿਣਗੇ ਤੇ ਇਨ੍ਹਾਂ ਕਰਮਾਂ ਦਾ ਫਲ ਦੁੱਖ ਹੋਇਆ ਕਰਦਾ ਹੈ। ਸੁਖ, ਇਹਦੇ ਵਿਪਰੀਤ ਸਾਧੂ ਦੀ ਸੰਗਤ ਵਿਚ ਆਉਣਾ, ਗੁਰੂ ਦੀ ਸੰਗਤ ਕਰਨੀ, ਉਹਦੇ ਨਾਲ ਹੁੰਦਾ ਹੈ।

ਸੋ ਮਹਾਰਾਜ ਫੁਰਮਾਨ ਕਰਦੇ ਨੇ ਕਿ ਇਹ ਸੰਸਾਰ ਅੰਨ੍ਹੇ ਖੂਹ ਦੇ ਵਿਚ ਡੁਬਦਾ ਫਿਰਦਾ ਹੈ, ਗੋਤੇ ਖਾਂਦਾ ਹੈ - ਅੰਨ੍ਹੇ ਖੂਹ 'ਚ, ਜਿਥੇ ਹਨ੍ਹੇਰਾ ਹੀ ਹਨ੍ਹੇਰਾ ਪਿਆ ਹੈ, ਹੱਥ ਮਾਰਿਆਂ ਆਪਣੇ ਬੇਗਾਨੇ ਦੀ ਪਹਿਚਾਣ ਨਹੀਂ ਹੁੰਦੀ ਤੇ ਅਰਦਾਸ ਕੀਤੀ ਹੈ ਕਿ ਹੇ ਪ੍ਰਭੂ! ਇਸ ਅੰਧ ਕੂਪ ਦੇ ਵਿਚੋਂ ਗਿਰਿਆਂ ਹੋਇਆਂ ਨੂੰ ਸਾਨੂੰ ਕੱਢ। ਉਹਦੇ ਕੱਢਣ ਦਾ ਇਹੀ ਸੁਖਾਲਾ ਤਰੀਕਾ ਹੈ ਕਿ ਪਉੜੀ ਮਿਲ ਜਾਵੇ ਸਤਸੰਗ ਦੀ, ਹੱਥ ਪੈ ਜਾਵੇ ਇਹਨੂੰ ਹਨ੍ਹੇਰੇ ਖੂਹ ਵਿਚੋਂ; ਫੇਰ ਆਦਮੀ ਹੌਲੀ-ਹੌਲੀ ਨਿਕਲ ਆਉਂਦਾ ਹੈ। ਆਦਮੀ ਦੁੱਖੀ ਹੈ ਸੁਖੀ ਨਹੀਂ ਹੋ ਸਕਦਾ। ਸੁਖੀ ਹੋਣ ਦਾ ਮਹਾਰਾਜ ਜੀ ਨੇ ਇਸ ਹੁਕਮਨਾਮੇ ਦੇ ਅੰਦਰ ਫੁਰਮਾਨ ਕੀਤਾ ਹੈ ਕਿ ਜਦੋਂ ਆਦਮੀ ਆਪਣੀ ਅਪਣੱਤ ਦੇ ਵਿਚ ਆਉਂਦਾ ਹੈ, 'ਮੈਂ' ਕਹਿੰਦਾ ਹੈ, 'ਮੈਂ' ਨੂੰ ਪੱਠੇ ਪਾਉਂਦਾ ਹੈ, 'ਮੈਂ' ਦੇ ਵਿਚ ਰਹਿੰਦਾ ਹੈ ਫੇਰ ਇਸਨੂੰ ਸਾਰੀਆਂ ਹੀ ਬਿਮਾਰੀਆਂ ਚਿੰਬੜ ਜਾਂਦੀਆਂ ਹਨ। ਜਿੰਨੇ ਵੀ ਦੁਨੀਆਂ ਭਰ ਦੇ ਵਿਘਨ, ਜਿੰਨੀਆਂ ਵੀ ਪ੍ਰੇਸ਼ਾਨੀਆਂ, ਜਿੰਨੀਆਂ frustrations ਹਨ, ਜਿੰਨੇ ਘਾਟੇ, ਇਹਨੂੰ ਚਿੰਬੜਦੇ ਹੀ ਚਲੇ ਜਾਂਦੇ ਨੇ, ਜਿਉਂ-ਜਿਉਂ 'ਮੈਂ' ਕਹਿੰਦਾ ਹੈ। ਜਦ 'ਮੈਂ' ਕਹਿੰਦੈ, ਇਹਦੇ ਨਾਲ ਕਰਮ ਚਿੰਬੜਨੇ ਸ਼ੁਰੂ ਹੋ ਜਾਂਦੇ ਨੇ - ਚੰਗੇ ਕਰਮ ਵੀ ਤੇ ਮਾੜੇ ਕਰਮ ਵੀ। ਜਦੋਂ 'ਮੈਂ' ਵਿਚੋਂ ਕਹਿੰਦਾ ਹੈ ਕਿ ਹੁਕਮ ਹੈ ਵਾਹਿਗੁਰੂ ਦਾ, ਤਾਂ ਇਹ ਗੱਲ ਉਤੋਂ-ਉਤੋਂ ਹੀ ਕਹਿੰਦਾ ਹੈ, ਅੰਦਰ 'ਮੈਂ' ਕਰਦਾ ਹਾਂ, ਮੈਂ ਕੀਤਾ ਹੈ ਦੀ ਭਾਵਨਾ ਹੋਇਆ ਕਰਦੀ ਹੈ। ਅੰਦਰੋਂ ਨਹੀਂ ਕਹਿੰਦਾ। ਮਹਾਰਾਜ ਕਹਿੰਦੇ ਹਨ -

***ਏਕ ਏਕੁ ਕਹੈ ਸਭੁ ਕੋਈ***
***ਹਉਮੈ ਗਰਬੁ ਵਿਆਪੈ॥ ਅੰਗ - 930***

ਹੈਗੇ ਤਾਂ ਹਉਮੈ ਵਿਚ ਪਰ ਮੂੰਹ ਦੇ ਨਾਲ ਇਕ-ਇਕ ਕਹੀ ਜਾਂਦੇ ਨੇ। ਜਿੰਨੀ ਦੇਰ ਤੱਕ ਇਹ ਅਵਸਥਾ ਹੈ ਓਨੀ ਦੇਰ ਤੱਕ ਗੱਲ ਬਣਦੀ ਨਹੀਂ ਹੈ। ਸੋ ਓਨਾਂ ਚਿਰ ਪ੍ਰੇਸ਼ਾਨੀਆਂ ਨਹੀਂ ਹਟਦੀਆਂ, ਜੰਮਣ ਮਰਨ ਨਹੀਂ ਹਟਦਾ, ਪਾਪ ਪੁੰਨ ਦਾ ਬੀਜ ਨਹੀਂ ਮਰਦਾ ਤੇ ਜਿੰਨਾਂ ਚਿਰ ਪਾਪ ਤੇ ਪੁੰਨ ਦਾ Seed (ਬੀਜ) ਨਹੀਂ ਖਤਮ ਹੁੰਦਾ ਓਨੀ ਦੇਰ ਤੱਕ ਆਦਮੀ ਜੰਮਦਾ ਰਹੇਗਾ, ਮਰਦਾ ਰਹੇਗਾ, ਵਿਛੜਦਾ ਰਹੇਗਾ, ਮਿਲਦਾ ਰਹੇਗਾ, frustrate ਹੁੰਦਾ ਰਹੇਗਾ, ਕ੍ਰੋਧ 'ਚ ਆਏਗਾ, ਕਿਉਂਕਿ 'ਮੈਂ' ਹੈ ਉਹਦੇ ਅੰਦਰ। ਸੋ 'ਮੈਂ' ਸਾਰੀਆਂ ਚੀਜ਼ਾਂ ਦਾ ਮੂਲ ਹੈ। 'ਮੈਂ' ਦੇ ਵਿਚ ਮੋਟੀਆਂ ਤਿੰਨ ਚੀਜ਼ਾਂ ਹੁੰਦੀਆਂ ਨੇ - ਇਕ ਮਨ ਹੁੰਦਾ ਹੈ, ਇਕ ਤਨ ਹੁੰਦਾ ਹੈ, ਇਕ ਧਨ ਹੁੰਦਾ ਹੈ। ਇਹ ਤਿੰਨਾਂ ਚੀਜ਼ਾਂ ਨੂੰ 'ਮੇਰੀ' ਕਹਿੰਦਾ ਹੈ। ਮੇਰਾ ਮਨ, ਮੇਰਾ ਤਨ, ਮੇਰਾ ਧਨ; ਮੇਰੀ ਦੇ ਨਾਲ, ਇਹਦੀਆਂ ਤਿੰਨਾਂ ਚੀਜ਼ਾਂ ਵਿਚ ਦੁੱਖ ਭਰੇ ਪਏ ਨੇ, ਬੇਅੰਤ ਦੁੱਖ ਨੇ। ਇਹਦੇ ਬਾਰੇ ਮਹਾਰਾਜ ਫੁਰਮਾਨ ਕਰਦੇ ਨੇ ਕਿ ਇਹਦਾ ਇਕੋ ਇਕ ਤਰੀਕਾ ਹੈ, ਜੇ ਕਿਸੇ ਨੂੰ ਇਹ ਸਚਮੁੱਚ ਸੋਝੀ ਪੈ ਜਾਵੇ ਤੇ ਇਹ ਮੰਨ ਲਵੇ ਗੁਰੂ ਦੇ ਬਚਨ ਨੂੰ, ਫੇਰ ਇਹ ਉਸੇ ਵੇਲੇ ਸੁਖੀ ਹੋ ਸਕਦਾ ਹੈ। ਉਹ ਇਹ ਹੈ ਕਿ ਇਸ 'ਮੈਂ, ਮੇਰੀ' ਦੀ ਛਿਟ ਨੂੰ ਲਾਹ ਕੇ ਗੁਰੂ ਦੇ ਚਰਨਾਂ 'ਚ ਧਰ ਦਿਓ। ਤਿੰਨ ਚੀਜ਼ਾਂ ਨੇ - ਮਨ ਹੈ ਮੇਰਾ, ਤਨ ਹੈ ਤੇ ਧਨ ਹੈ। ਤਿੰਨਾਂ ਨੂੰ ਲਾਹ ਕੇ, 'ਮੇਰੇ' ਨੂੰ ਲਾਹ ਦਿਓ ਫੇਰ ਬਾਕੀ ਕੀ ਰਹਿ ਗਿਆ? ਬਾਕੀ ਇਕ ਹੋਂਦ ਜਿਹੀ ਰਹਿ ਜਾਂਦੀ ਹੈ ਪਿਛੇ, ਜਿਹਨੂੰ 'ਮੈਂ' ਕਹਿ ਲਓ। ਜਦੋਂ ਹੋਂਦ ਨੂੰ ਅਸੀਂ ਦੇਖਦੇ

ਹਾਂ ਇਹ ਹੋਂਦ ਸੱਚੀ ਨਹੀਂ ਹੈ, ਇਹਦੀ ਜੜ੍ਹ ਕੋਈ ਨਹੀਂ ਹੈ। ਇਹ ਨਿਰੰਕਾਰ ਦੀ ਸਤਾ ਦੇ ਨਾਲ 'ਮੈਂ' ਬਣੀ ਹੋਈ ਹੈ। ਜਦੋਂ ਤਿੰਨ ਚੀਜ਼ਾਂ ਅਤੇ 'ਮੇਰੀ' ਲਹਿ ਗਈ ਇਹਦੀ, ਫੇਰ ਅੱਧਾ ਖਾਤਮਾ ਹੋ ਗਿਆ ਏਹਦੇ ਦੁਖਾਂ ਦਾ, ਤੇ ਜਿਸ ਵਕਤ ਇਹਨੂੰ ਇਹ ਗਿਆਨ ਹੋ ਗਿਆ ਕਿ ਮੈਂ ਤਾਂ ਸਾਖੀ ਸਰੂਪ ਹਾਂ ਸਰੀਰ ਦਾ, ਦੇਖਣ ਵਾਲਾ ਹਾਂ। ਐਹੋ ਜਿਹੇ ਕਰੋੜਾਂ ਸਰੀਰਾਂ ਦੇ ਵਿਚੋਂ ਮੈਂ ਘੁੰਮ ਕੇ ਆਇਆ ਹਾਂ, ਕਿਉਂ ਘੁੰਮਦਾ ਫਿਰਦਾ ਹਾਂ ਮੈਂ, ਕਿਉਂਕਿ ਮੇਰੇ ਗਲੋਂ ਇਹ ਗੱਲ 'ਮੈਂ ਤੇ ਮੇਰੀ' ਦੀ ਸੂਝ ਨਹੀਂ ਲਹਿੰਦੀ। ਕਿਉਂ ਮੈਂ ਟਿਕ ਕੇ ਨਹੀਂ ਬੈਠਦਾ? ਤੇ ਉਸ ਵੇਲੇ ਖਿਆਲ ਆਉਂਦਾ ਹੈ ਮਹਾਂਪੁਰਸ਼ ਦਸਦੇ ਹਨ ਕਿ ਗੱਲ ਕੋਈ ਨਹੀਂ ਹੈ, ਤੈਨੂੰ ਪਰਮ ਅਵਸਥਾ ਪ੍ਰਾਪਤ ਹੋਣ ਦਾ ਇਕੋ ਇਕ ਸਾਧਨ ਹੈ ਕਿ ਤੂੰ ਹੰਗਤਾ ਤੇ ਮਮਤਾ ਇਹ ਚੀਜ਼ਾਂ ਲਾਹੁਣੀਆਂ ਸ਼ੁਰੂ ਕਰ। ਪਹਿਲਾਂ ਤਾਂ ਮੋਟਾ ਜਿਹਾ ਹਿਸਾਬ ਹੈ, ਗੁਰੂ ਕੋਈ ਬੇ-ਇਨਸਾਫੀ ਨਹੀਂ ਕਰਦਾ। ਜੇ ਅਸੀਂ ਗੁਰੂ ਨੂੰ ਦੇ ਦੇਈਏ, 'ਮੈਂ' ਵੀ ਦੇ ਦੇਈਏ, ਤਨ ਦੇ ਦੇਈਏ, ਮਨ ਦੇ ਦੇਈਏ, ਧਨ ਦੇ ਦੇਈਏ; ਤਿੰਨਾਂ ਦੇ ਵਿਚ ਕੀ ਹੁੰਦਾ ਹੈ ਜਿਹੜਾ ਮਨ ਆਦਿ ਦਾ ਸੰਗ੍ਰਹਿ ਹੈ ਇਹਨੂੰ ਅੰਤਸ਼ਕਰਣ ਕਹਿੰਦੇ ਨੇ। ਕਿਉਂਕਿ ਮਨ ਤਾਂ ਜਿਹੜਾ ਹੈ ਫੁਰਨੇ ਕਰਨ ਵਾਲਾ ਹੈ, ਬੁੱਧੀ ਵੀ ਜਿਹੜੀ ਹੈ ਇਹ ਵੀ ਬਹੁਤ ਖਰਾਬ ਕਰਦੀ ਹੈ ਆਦਮੀ ਨੂੰ। ਜਿੰਨਾਂ ਚਿਰ ਆਦਮੀ ਬੁੱਧੀ ਦੇ ਵਿਚ ਹੈ ਓਨਾਂ ਚਿਰ 'ਮੈਂ' ਉਹਦੇ ਨਾਲ ਹੈ। ਉਹਦੇ ਨਾਲ ਮੇਰੀ ਬੁੱਧੀ ਹੈ, ਮੇਰਾ ਚਿਤ ਹੈ। ਜਦੋਂ ਇਹ ਸਾਰੀਆਂ ਚੀਜ਼ਾਂ ਨੂੰ ਚੁੱਕ ਕੇ ਗੁਰੂ ਦੇ ਚਰਨਾਂ 'ਚ ਦੇ ਦੇਵੇਗਾ-

*ਤਨੁ ਸੰਤਨ ਕਾ ਧਨੁ ਸੰਤਨ ਕਾ*
*ਮਨੁ ਸੰਤਨ ਕਾ ਕੀਆ॥ ਅੰਗ - 610*

ਜਦੋਂ ਇਮਾਨਦਾਰੀ ਨਾਲ ਕਰ ਦਿਤਾ, ਉਸ ਵੇਲੇ ਆਪਣਾ ਤਾਂ ਫੇਰ ਕੁਛ ਵੀ ਬਾਕੀ ਨਹੀਂ ਬਚਦਾ। ਫੇਰ ਉਹਦੀ ਅਵਸਥਾ, ਬੈਠ ਕੇ ਕਦੇ ਅਭਿਆਸ ਕਰਕੇ ਦੇਖਿਓ, ਸਭ ਕੁਛ ਦੇ ਦਿਓ ਗੁਰੂ ਨੂੰ - 'ਮੈਂ' ਸਾਖੀ ਸਮੇਤ, ਆਪ ਦੇਖਿਓ ਕਿ ਅਸੀਂ ਬਾਕੀ ਕੀ ਰਹਿੰਦੇ ਹਾਂ ਪਿਛੇ। ਉਸ ਵੇਲੇ ਗੁਰੂ ਕ੍ਰਿਪਾ ਕਰਕੇ ਪੂਰਨ ਗਿਆਨ ਹੋ ਜਾਇਆ ਕਰਦਾ ਹੈ - ਥੋੜ੍ਹੀ ਜਿਹੀ ਦੇਰ ਦੇ ਅੰਦਰ, ਕਿਉਂਕਿ ਫੇਰ ਗੁਰੂ ਮਿਹਰ ਕਰਦਾ ਹੈ। ਗੁਰੂ ਕੋਈ stone (ਪੱਥਰ) ਨਹੀਂ ਹੈ ਕਿ ਇਹ ਤੁਹਾਡੀਆਂ ਚੀਜ਼ਾਂ ਲੈ ਕੇ ਤੁਹਾਨੂੰ ਕੁਛ ਨਹੀਂ ਦੇਵੇਗਾ। ਤੁਹਾਨੂੰ ਉਹ ਚੀਜ਼ ਦਏਗਾ ਜਿਹੜੀ ਗੁਰੂ ਦੇ ਕੋਲ ਹੋਇਆ ਕਰਦੀ ਹੈ ਲੇਕਿਨ ਉਹਦੇ ਵਿਚ 'ਮੈਂ' ਫੇਰ ਫਸ ਜਾਂਦੀ ਹੈ। ਜਦੋਂ ਅਸੀਂ 'ਮੈਂ' ਨੂੰ ਵੀ ਦੇ ਦਿੰਦੇ ਹਾਂ ਫੇਰ ਪਰਮ ਅਨੰਦ ਹੋ ਜਾਇਆ ਕਰਦਾ ਹੈ, ਪਰਮ ਮੌਨ ਹੋ ਜਾਇਆ ਕਰਦਾ ਹੈ। ਇਹ ਗੱਲਾਂ ਸਮਝਣੀਆਂ ਥੋੜ੍ਹੀਆਂ ਜਿਹੀਆਂ ਔਖੀਆਂ ਨੇ, ਅਭਿਆਸ ਦੇ ਨਾਲ ਸਮਝ 'ਚ ਆਉਂਦੀਆਂ ਨੇ।

ਰਾਜਾ ਜਨਕ ਬਹੁਤ ਦੁਖੀ ਹੋ ਰਿਹਾ ਸੀ। ਅੱਠ ਸਾਲ ਤੋਂ ਇਕ ਸੁਪਨੇ ਦੇ ਨਾਲ ਪੀੜਿਤ ਸੀ। ਨਾ ਤਾਂ ਕਿਸੇ ਨੂੰ ਦੱਸਦਾ ਸੀ ਕਿ ਮੈਨੂੰ ਕੀ ਹੋ ਗਿਆ ਹੈ, ਕੀ ਮੈਂ ਪੁਛਣਾ ਚਾਹੁੰਦਾ ਹਾਂ ਤੇ ਉਹਦਾ ਦਿਮਾਗ ਨਾ ਤਾਂ ਚੰਗੀ ਤਰ੍ਹਾਂ ਸੁਚੇਤ ਸੀ, ਨਾ ਪੂਰੀ ਤਰ੍ਹਾਂ ਪਾਗਲ ਸੀ। ਵਿਚ-ਵਿਚਾਲੇ ਦੋਹਾਂ ਦੇ ਆ ਗਿਆ ਤੇ ਇਕ ਐਸਾ ਅਧਿਆਸ ਬੈਠ ਗਿਆ ਕਿ ਜੋ ਭਿਆਨਕ ਸੁਪਨਾ ਦੇਖਿਆ, ਰਾਜ ਭਾਗ ਜਾਂਦਾ ਦੇਖਿਆ, ਲੋਕਾਂ ਕੋਲੋਂ ਬੇਇਜ਼ਤੀ ਹੁੰਦੀ ਦੇਖੀ ਤੇ ਆਪਣੀ ਹੱਦ ਤੋਂ ਜ਼ਿਆਦਾ ਗਰੀਬੀ ਦੀ ਹਾਲਤ ਦੇਖੀ, ਮਜ਼ਬੂਰੀ ਦੀ ਹਾਲਤ ਦੇਖੀ ਤੇ ਦੂਸਰੇ ਪਾਸੇ ਤਖਤ ਤੇ ਬੈਠਾ ਹੈ-

*ਨਰਪਤਿ ਏਕੁ ਸਿੰਘਾਸਨਿ ਸੋਇਆ*
*ਸੁਪਨੇ ਭਇਆ ਭਿਖਾਰੀ॥*
*ਅਛਤ ਰਾਜ ਬਿਛੁਰਤ ਦੁਖੁ ਪਾਇਆ*
*ਸੋ ਗਤਿ ਭਈ ਹਮਾਰੀ॥ ਅੰਗ - 658*

ਰਾਜ ਤਾਂ ਉਹਦੇ ਕੋਲ ਸੀਗਾ ਲੇਕਿਨ ਰਾਜ ਹੁੰਦੇ ਹੋਏ ਵੀ ਉਹਨੂੰ ਇਹ ਅਧਿਆਸ ਹੋ ਗਿਆ ਕਿ ਮੇਰਾ ਰਾਜ ਜਾਂਦਾ ਰਿਹਾ ਤੇ ਹੁਣ ਮੈਂ ਜਿਹੜੀ ਅਵਸਥਾ ਦੇ ਵਿਚ ਹਾਂ, ਮੈਂ ਜਿਹੜਾ ਜਾਗ ਕੇ ਲੋਕਾਂ ਨਾਲ ਗੱਲ ਕਰਦਾ ਹਾਂ ਕਿਤੇ ਇਹ ਸੁਪਨਾ ਤਾਂ ਨਹੀਂ ਹੈ? ਇਹ ਸੱਚਾ ਹੈ ਕਿ ਉਹ ਸੱਚਾ ਹੈ? ਇਹ ਫੈਸਲਾ ਨਹੀਂ ਕਰ ਸਕਦਾ, ਅੱਠ ਸਾਲ ਲੰਘ ਗਏ। ਵੱਡੇ-ਵੱਡੇ ਵਿਦਵਾਨ ਸਾਰੇ ਭਾਰਤ ਵਰਸ਼ ਦੇ ਮੰਗਾ ਲਏ। ਬਹੁਤ ਸੇਵਾ ਕਰਦਾ ਹੈ। ਖਾਤਰ ਬਹੁਤ ਜ਼ਿਆਦਾ ਕਰਦਾ ਹੈ। ਪਿਛੇ ਉਨ੍ਹਾਂ ਦੇ ਪ੍ਰਵਾਰਾਂ ਨੂੰ ਪੈਸੇ ਭੇਜਦਾ ਹੈ ਜਿਥੇ-ਜਿਥੇ ਤੋਂ ਵਿਦਵਾਨ ਆਏ ਨੇ, ਲੇਕਿਨ ਇਹ ਬੇਨਤੀ ਕਰਦਾ ਹੈ ਕਿ ਮਹਾਰਾਜ! ਜਦ ਤੱਕ ਤੁਸੀਂ ਮੇਰੇ ਇਸ ਸਵਾਲ ਦਾ ਜਵਾਬ ਨਹੀਂ ਦਿੰਦੇ, ਓਨੀ ਦੇਰ ਤੱਕ ਤੁਸੀਂ ਜਾ ਨਹੀਂ ਸਕਦੇ।

ਸੋ ਇੱਕ ਬੁੱਧੀਵਾਨ ਬਾਲਕ, ਜਿਸਦੇ ਅੰਦਰ ਕੁਦਰਤੀ ਤੌਰ ਤੇ ਪ੍ਰਕਾਸ਼ ਸੀ। ਛੋਟੀ ਜਿਹੀ ਉਮਰ ਦਾ, ਅੱਠ-ਨੌਂ ਸਾਲ ਦਾ ਜਾਂ ਦਸ ਸਾਲ ਦਾ, ਕਿਸ਼ੋਰ ਅਵਸਥਾ ਦਾ ਬਾਲਕ ਲਿਖਿਆ ਹੈ ਕਿ ਉਸਨੇ ਜਦ ਗੱਲ ਸੁਣੀ ਤੇ ਨਾਲ ਇਹ ਵੀ ਸੁਣਿਆ ਕਿ ਉਹ ਨਾਲ ਇਕ ਸਵਾਲ ਕਰਦਾ ਹੈ ਕਿ 'ਇਹ ਸੱਚਾ ਕਿ ਉਹ ਸੱਚਾ?' ਉਸ ਵੇਲੇ ਕਹਿਣ ਲੱਗਿਆ ਇਹ ਤਾਂ ਕੋਈ ਗੱਲ ਹੀ ਨਹੀਂ ਹੈ। ਐਡੇ-ਐਡੇ ਵਿਦਵਾਨ ਬੈਠੇ ਨੇ ਭਾਰਤਵਰਸ਼ ਦੇ, ਜਿੰਨ੍ਹਾਂ ਦੇ ਵੱਡੇ-ਵੱਡੇ ਭਾਸ਼ ਲਿਖੇ ਹੋਏ ਨੇ- ਵੇਦਾਂ ਤੇ, ਸਿਮਰਤੀਆਂ ਤੇ, ਉਪਨਿਸ਼ਦਾਂ ਤੇ; ਉਹ ਇਹ ਨਿੱਕੀ ਜਿਹੀ ਗੱਲ ਦਾ ਜਵਾਬ ਕਿਉਂ ਨਹੀਂ ਦੇ ਸਕਦੇ? ਮਾਂ ਨੂੰ ਕਹਿਣ ਲੱਗਿਆ ਕਿ ਮੈਨੂੰ ਭੇਜ।

ਪਾਲਕੀ ਤਿਆਰ ਕਰਾ ਕੇ ਰਾਜਾ ਜਨਕ ਦੀ ਰਾਜਧਾਨੀ ਮਿਥਲਾਪੁਰੀ 'ਚ ਆ ਜਾਂਦਾ ਹੈ। ਉਥੇ ਆ ਕੇ ਉਹਨੇ ਕਿਹਾ ਕਿ ਮੈਂ ਸਵਾਲ ਦਾ ਜਵਾਬ ਦੇਣ ਆਇਆ ਹਾਂ। ਛੋਟਾ ਜਿਹਾ ਬੱਚਾ ਹੈ, ਸਰੀਰ ਵਿਚ ਅੱਠ ਵਲ ਪੈਂਦੇ ਨੇ। ਸਭਾ ਲੱਗ ਜਾਂਦੀ ਹੈ। ਜਿਸ ਵਕਤ, ਸਭਾ ਲੱਗੀ ਤੋਂ ਬਾਅਦ ਇਹ ਬੱਚਾ ਸਿੰਘ ਦੁਆਰ ਪਉੜ ਦੇ ਉਤੋਂ ਚੜ੍ਹ ਕੇ ਰਾਜ ਦਰਬਾਰ ਵਿਚ ਨੂੰ ਆਉਂਦਾ ਹੈ ਤਾਂ ਇਹਦੇ ਸਰੀਰ ਵਿਚ ਅੱਠ ਵਲ ਪੈਂਦੇ ਨੇ। ਝਾਕਦਾ ਕਿਧਰੇ ਨੂੰ ਹੈ, ਪੈਰ ਕਿਸੇ ਪਾਸੇ ਨੂੰ ਰਖਦਾ ਹੈ, ਹੱਥ ਕਿਧਰੇ ਨੂੰ ਹਿਲਾਉਂਦਾ ਹੈ ਤੇ ਏਸ ਤਰ੍ਹਾਂ ਦੇ ਨਾਲ ਕਦੇ ਕੋਈ ਅੰਗ ਹਿਲਦਾ ਹੈ, ਕਦੇ ਕੋਈ ਅੰਗ ਹਿਲਦਾ ਹੈ - ਸਰੀਰ ਦਾ। ਇਹ ਦੇਖ ਕੇ ਜਿੰਨੀ ਸਭਾ ਬੈਠੀ ਸੀ - ਵੱਡੇ-ਵੱਡੇ ਮਹਾਂਪੁਰਸ਼ਾਂ ਦੀ, ਜਿਨ੍ਹਾਂ ਦੇ ਮਨ ਵਿਚ ਹੁਣ ਤੋਂ ਥੋੜ੍ਹੀ ਦੇਰ ਪਹਿਲਾਂ ਇਹ ਸ਼ਰਧਾ ਸੀ, ਜਗਿਆਸਾ ਸੀ ਕਿ ਉਹ ਬੱਚਾ ਕਿਹੜਾ ਹੋਇਆ, ਜਿਹੜਾ ਐਡਾ ਵੱਡਾ ਪ੍ਰਸ਼ਨ ਹੱਲ ਕਰ ਦਏਗਾ ਜਿਹੜਾ ਸਾਡੇ ਤੋਂ ਨਹੀਂ ਹੋ ਰਿਹਾ? ਅੱਠ ਸਾਲ ਤੋਂ ਅਸੀਂ ਲਗਾਤਾਰ ਇਕੱਠੇ ਹੋ ਕੇ ਮੀਟਿੰਗਾਂ ਕਰਦੇ ਹਾਂ, ਗੋਸ਼ਟੀਆਂ ਕਰਦੇ ਹਾਂ ਤੇ ਕਿਸੇ ਨੂੰ ਵੀ ਇਹਦਾ ਜਵਾਬ ਨਹੀਂ ਆ ਰਿਹਾ ਤੇ ਇਹ ਬੱਚਾ ਕਿਵੇਂ ਦੇ ਦੇਵੇਗਾ? ਬੜੀ ਭਾਰੀ ਸਾਰਿਆਂ ਦੇ ਮਨਾਂ 'ਚ ਜਗਿਆਸਾ ਸੀ ਲੇਕਿਨ ਉਸ ਬੱਚੇ ਦੀ ਜਦ ਸ਼ਕਲ ਦੇਖੀ ਤੇ ਉਹਦੇ ਸਰੀਰ ਨੂੰ ਵਿੰਗ ਪੈਂਦਾ ਦੇਖਿਆ, ਉਸ ਵੇਲੇ ਸਾਰਿਆਂ ਦੇ ਬੁੱਲ੍ਹਾਂ ਤੇ ਹਾਸਾ ਆ ਗਿਆ ਤੇ ਉੱਚੀ ਹੱਸ ਪਏ, ਖਿੜ-ਖਿੜਾ ਕੇ ਹੱਸ ਪਏ। ਹੱਸਣ ਦੀ ਦੇਰ ਸੀ ਤਾਂ ਅਸ਼ਟਾਵਕਰ ਨੇ ਸਮਝ ਲਿਆ ਕਿ ਏਸ ਸਭਾ ਦੇ ਅੰਦਰ ਕੋਈ ਆਤਮ ਦਰਸ਼ੀ ਨਹੀਂ ਬੈਠਾ, ਸਾਰੇ ਚਰਮ ਦਰਸ਼ੀ ਬੈਠੇ ਨੇ। ਜੋ ਚਰਮ ਦਰਸ਼ੀ ਪੁਰਸ਼ ਹੋਇਆ ਕਰਦਾ ਹੈ, ਉਸਨੂੰ ਚਮੜੇ ਦਾ ਵਪਾਰੀ ਆਖਿਆ ਜਾਂਦਾ ਹੈ। ਏਸ ਗੱਲ ਨੂੰ ਅਨੁਭਵ ਕਰਕੇ ਕਿ ਇਹ ਸਭਾ ਵਿਦਵਾਨਾਂ ਦੀ ਨਹੀਂ ਹੈ ਇਹ ਤਾਂ ਸਾਰੀ ਅਗਿਆਨੀਆਂ ਦੀ ਸਭਾ ਹੈ। ਉਸ ਵੇਲੇ ਇਹ ਵੀ ਹੱਸਣ ਲੱਗ ਗਿਆ। ਹੋਰ ਤਰ੍ਹਾਂ ਦੇ ਨਾਲ ਹੱਸਣ ਲੱਗਿਆ। ਜਾਂਦੇ-ਜਾਂਦੇ ਕਹਿਣ ਲੱਗਿਆ, "ਰਾਜਨ! ਐਹ ਚਮੜੇ ਦੇ ਵਪਾਰੀਆਂ ਦੇ ਨਾਲ ਤੂੰ ਅੱਠ ਸਾਲ ਦਾ ਲੱਗਿਆ ਹੋਇਆ ਹੈ? ਇਹਨਾਂ ਨੇ ਤੇਰਾ ਕੀ ਮਸਲਾ ਹੱਲ ਕਰਨਾ ਸੀ, ਇਹ ਤਾਂ ਸਾਰੇ ਹੀ ਚਰਮ ਦ੍ਰਿਸ਼ਟੀ ਵਾਲੇ ਨੇ।" ਐਨੀ ਗੱਲ ਜਿਸ ਵਕਤ ਉਨ੍ਹਾਂ ਵਿਦਵਾਨਾਂ ਦੇ ਹਿਰਦੇ 'ਚ ਗਈ, ਸਾਰੇ ਕ੍ਰੋਧਿਤ ਹੋ ਗਏ, ਆਪਣੇ ਆਸਣਾਂ ਤੋਂ ਉਠ ਕੇ ਖੜ੍ਹੇ ਹੋ ਗਏ। ਕੋਈ ਬਾਂਹ ਉਚੀ ਕਰਕੇ ਕਹਿ ਰਿਹਾ ਹੈ, ਕੋਈ ਦੂਜੀ ਤਰ੍ਹਾਂ ਬੋਲ ਰਿਹਾ ਹੈ, ਸਾਰਿਆਂ ਦੇ ਅੰਦਰ ਬੋਲ ਬੁਲਾਰਾ ਹੋ ਗਿਆ ਕਿ ਆਹ ਬੱਚਾ! ਇਹ ਸਾਡੀ ਬੇਇਜ਼ਤੀ ਕਰਨ ਵਾਸਤੇ ਐਥੇ ਬੁਲਾਇਆ ਹੈ? ਕੋਈ ਕਹੇ ਅਸੀਂ ਸਰਾਪ ਦੇਨੇ ਹਾਂ, ਕੋਈ ਕੁਛ ਕਹੇ, ਕੋਈ ਕੁਛ। ਰਾਜੇ ਨੂੰ ਕਹਿਣ ਲੱਗੇ, "ਹੇ ਰਾਜਨ! ਐਸ ਵੇਲੇ ਸਭਾ ਦੀ ਮਰਿਆਦਾ ਨੂੰ ਦੇਖਦੇ ਹੋਏ ਅਸੀਂ ਬਹੁਤਾ ਨਹੀਂ ਬੋਲਣਾ ਚਾਹੁੰਦੇ ਪਰ ਇਹ ਤੇਰੇ ਨਮਿਰਤ ਹੈ ਕਿ ਤੂੰ ਏਸ ਬੱਚੇ ਨੂੰ ਦੰਡ ਦੇਹ ਕਿਉਂਕਿ ਇਸ ਨੇ ਬੜੀ ਭਾਰੀ ਸਾਡੀ ਬੇਇਜ਼ਤੀ ਕਰੀ ਹੈ ਤੇ ਸਾਨੂੰ ਚਰਮ-ਦ੍ਰਿਸ਼ਟੀ, ਚਮਾਰ ਦੇ ਸ਼ਬਦ ਨਾਲ ਸੰਬੋਧਿਤ ਕਰਕੇ ਇਹਨੇ ਸਾਰੇ ਵਿਦਵਾਨਾਂ ਦੀ Insult (ਬੇਇਜ਼ਤੀ) ਕੀਤੀ ਹੈ।"

ਉਸ ਵੇਲੇ ਰਾਜਾ ਜਨਕ ਨੇ, ਕਿਉਂਕਿ ਸਵਾਲ ਦਾ ਜਵਾਬ ਲੈਣਾ ਸੀ ਏਸ ਕਰਕੇ ਉਹਨੇ ਕਿਹਾ, "ਬ੍ਰਹਮ ਰਿਸ਼ੀ ਜੀ! ਆਪ ਵੀ ਸੁਣ ਰਹੇ ਹੋ ਤੇ ਮੈਂ ਵੀ ਸੁਣ ਰਿਹਾ ਹਾਂ ਤੇ ਸਾਰੇ ਰਿਸ਼ੀ-ਗਣ, ਮਹਾਂਪੁਰਸ਼ ਬੈਠੇ ਨੇ ਇਨ੍ਹਾਂ ਦੇ ਮਨ ਵਿਚ ਆਪ ਦਾ ਸ਼ਬਦ ਸੁਣਨ ਤੋਂ ਬਾਅਦ ਬੜਾ ਭਾਰਾ ਖੇਦ ਹੋਇਆ ਹੈ ਤੇ ਇਸ ਖੇਦ ਕਰਕੇ ਇਹ ਸਾਰੇ ਬੋਲ-ਕਬੋਲ ਬੋਲ ਰਹੇ ਹਨ। ਬਹੁਤ ਜ਼ਿਆਦਾ ਕ੍ਰੋਧਿਤ ਹੋਏ ਹੋਏ ਨੇ, ਆਪ ਕ੍ਰਿਪਾ ਕਰੋ ਤੇ ਇਨ੍ਹਾਂ ਨੂੰ ਸ਼ਾਂਤ ਕਰੋ ਤੇ ਆਪ ਏਸ ਗੱਲ ਦਾ ਨਿਰਨਾ ਕਰਕੇ ਦੱਸੋ ਕਿ ਆਪ ਨੇ ਇਸ ਸ਼ਬਦ ਦਾ ਪ੍ਰਯੋਗ ਕਿਉਂ ਕੀਤਾ? ਕਹਿਣ ਲੱਗੇ, "ਰਾਜਨ! ਮੈਂ ਬਿਲਕੁਲ ਸਹੀ ਪ੍ਰਯੋਗ ਕੀਤਾ ਹੈ, ਇਹ ਆਪਣੀ ਬੁੱਧੀ ਤੇ ਮਨਾਂ ਵਿਚ ਵਿਚਾਰ ਕਰਨ। ਦੇਖੋ, ਮੈਂ ਆਇਆ, ਤੇ ਇਹ ਹੱਸੇ ਕਿਉਂ ਨੇ? ਪਹਿਲਾਂ ਇਹਨਾਂ ਨੂੰ ਪੁੱਛੋ, ਪਹਿਲਾਂ ਕਿਉਂ ਨਹੀਂ ਹੱਸੇ, ਮੈਨੂੰ ਦੇਖ ਕੇ ਕਿਉਂ ਹੱਸੇ? ਤੇ ਮੈਂ ਆਪਣੇ ਮਨ ਵਿਚ ਇਹ ਜਾਣਿਆਂ ਕਿ ਜਿਹੜਾ ਮੇਰਾ Vehicle ਹੈ, ਸਰੀਰ ਹੈ ਜਿਸਨੂੰ ਮੈਂ ਤੁਹਾਡੇ ਕੋਲ ਲੈ ਕੇ ਆਇਆਂ ਤੇ ਇਹ ਸਰੀਰ ਦੇ ਵਿਚ ਵਲ ਪਏ ਹੋਏ ਨੇ ਤੇ ਮੇਰੀ ਸ਼ਕਲ ਕੋਈ ਸੁੰਦਰ ਨਹੀਂ ਹੈ, ਕਰੂਪ ਸ਼ਕਲ ਹੈ ਤੇ ਕੁਦਰਤੀ ਤੌਰ ਤੇ ਆਦਮੀ ਨੂੰ ਹਾਸਾ ਆਉਂਦਾ ਹੈ। ਅਗਿਆਨੀ ਹੱਸ ਲੈਣ ਕੋਈ ਬਾਤ ਨਹੀਂ ਹੁੰਦੀ ਕਿਉਂਕਿ ਉਹ ਤਾਂ ਹੈ ਹੀ ਅਗਿਆਨੀ, ਅੰਨ੍ਹੇ ਨੇ, ਅੰਨ੍ਹਿਆਂ ਦਾ ਗੁੱਸਾ ਨਹੀਂ ਕਰਿਆ ਕਰਦਾ ਸਿਆਣਾ ਬੰਦਾ, ਪਰ ਮੈਨੂੰ ਇਹ ਸੀ ਕਿ ਮੈਂ ਜਿਸ ਸਭਾ ਦੇ ਵਿਚ ਜਾ ਰਿਹਾ ਹਾਂ ਉਹ ਬਹੁਤ ਵੱਡੇ ਭਾਰਤ ਵਰਸ਼ ਦੇ ਵਿਦਵਾਨਾਂ ਦੀ ਸਭਾ ਹੈ। ਵੱਡੇ-ਵੱਡੇ ਰਿਸ਼ੀ-ਮੁਨੀ, ਜਿਨ੍ਹਾਂ ਦੇ ਦਰਸ਼ਨ ਕਰਕੇ ਮਨ ਨੂੰ ਸ਼ਾਂਤੀ ਆਏਗੀ ਤੇ ਮੈਂ ਉਨ੍ਹਾਂ ਦੇ ਦਰਸ਼ਨਾਂ ਲਈ ਪੂਰੀ ਸ਼ਰਧਾ ਦੇ ਨਾਲ ਆ ਰਿਹਾ ਹਾਂ ਪਰ ਜਿਸ ਵਕਤ ਇਨ੍ਹਾਂ ਨੇ ਹਾਸਾ ਕਰਿਆ ਤਾਂ ਮੇਰੇ ਮਨ ਦੇ ਅੰਦਰ ਮੇਰਾ ਨਿਹਚਾ ਜਿਹੜਾ ਸੀ ਉਹਨੂੰ ਠੇਸ ਲੱਗੀ ਤੇ ਮੇਰੇ ਜਿੰਨੇ ਖਿਆਲ ਬਣੇ ਹੋਏ ਸੀ - ਇਨ੍ਹਾਂ ਦੀ ਵਿਦਵਤਾ ਵਾਸਤੇ, ਉਹ ਸਾਰੇ ਵਿਪਰੀਤ ਹੋ ਗਏ ਤੇ ਮੈਂ ਮਨ ਵਿਚ ਖਿਆਲ ਕਰਿਆ ਕਿ ਇਨ੍ਹਾਂ ਨੂੰ ਇਹ ਨਹੀਂ ਪਤਾ - ਐਡੇ-ਐਡੇ ਵਿਦਵਾਨਾਂ ਨੂੰ, ਕਿ ਸਰੀਰ ਦੇ ਵਿਚ ਆਤਮਾ ਹੋਇਆ ਕਰਦੀ ਹੈ। ਆਤਮਾ ਦੇ ਵਿਚ ਤਾਂ ਕੋਈ ਵਲ ਨਹੀਂ

ਹੋਇਆ ਕਰਦਾ। ਜੇ ਗੰਨਾ ਵਿੰਗਾ-ਤੜਿੰਗਾ ਹੋਵੇ, ਤਿੰਨ ਚਾਰ ਉਹਦੇ 'ਚ ਵਲ ਪੈਂਦੇ ਹੋਣ ਪਰ ਉਹਦੇ ਵਿਚ ਦੇ ਰਸ ਵਿਚ ਤਾਂ ਕੋਈ ਵਲ਼ ਨਹੀਂ ਹੁੰਦਾ। ਇਸੇ ਤਰ੍ਹਾਂ ਫੁੱਲ ਅਗੜਾ-ਦੁਗੜਾ ਵੀ ਹੋਵੇ, ਪੱਤੀਆਂ ਉਖੜੀਆਂ ਹੋਣ, ਉਹਦੀ ਸੁਗੰਧੀ ਵਿਚ ਤਾਂ ਕੋਈ ਫਰਕ ਨਹੀਂ ਹੋਇਆ ਕਰਦਾ। ਸੋ ਇਹ ਆਤਮ-ਦ੍ਰਿਸ਼ਟੀ ਤੋਂ ਲਹਿ ਕੇ, ਹੇਠਾਂ ਚਰਮ-ਦ੍ਰਿਸ਼ਟੀ 'ਚ ਹੋਣ ਕਰਕੇ, ਮੈਂ ਇਹ ਸ਼ਬਦ ਦਾ ਪ੍ਰਯੋਗ ਕੀਤਾ ਹੈ ਕਿ ਇਨ੍ਹਾਂ ਨੇ ਚੰਮ ਨੂੰ ਦੇਖਿਆ ਹੈ, ਆਤਮਾ ਨੂੰ ਨਹੀਂ ਦੇਖਿਆ। ਸੋ ਆਤਮ ਵਿਸ਼ੈਣੀ ਬੁੱਧ ਨਾ ਹੋਣ ਕਰਕੇ, ਚਰਮ ਵਿਸ਼ੈਣੀ ਬੁੱਧ ਹੋਣ ਕਰਕੇ ਕੁਦਰਤੀ ਤੌਰ ਤੇ ਉਥੇ ਇਹ ਵਿਸ਼ੇਸ਼ਣ ਦੇਣਾ ਬਣਦਾ ਹੈ, ਜੋ ਮੈਂ ਦਿਤਾ ਹੈ। ਇਹ ਵਿਦਵਾਨ ਇਸ ਗੱਲ ਦਾ ਨਿਰਣਾ ਕਰਨ ਤੇ ਮੇਰੇ ਨਾਲ ਅੱਗੇ ਗੱਲ ਕਰਨ।

ਜਦੋਂ ਇਹ ਬਚਨ ਉਸ ਛੋਟੇ ਬੱਚੇ ਤੋਂ ਸੁਣੇ, ਸਾਰੇ ਨੀਵੀਆਂ ਪਾ ਗਏ ਕਿ ਸਾਡੇ ਅੰਦਰ ਕੇਵਲ ਗਿਆਨ ਹੈ। ਜਦੋਂ ਅਸੀਂ ਗੱਲ ਬਾਤ ਕਰਨੀ ਹੁੰਦੀ ਹੈ ਉਸ ਵੇਲੇ ਤਾਂ ਸਾਡਾ ਗਿਆਨ ਉਦੈ ਹੋ ਜਾਂਦਾ ਹੈ ਤੇ ਅਸੀਂ ਵੱਡੇ-ਵੱਡੇ ਮੰਤਕ ਕਹਿੰਦੇ ਹਾਂ, ਲੇਕਿਨ ਸਾਡੇ ਅੰਦਰ ਨਿਹਚੇ ਪੂਰਬਕ ਗਿਆਨ ਨਹੀਂ ਹੈ। ਬੁੱਧੀ ਮੰਡਲ ਦਾ ਗਿਆਨ ਹੈ ਤੇ ਆਤਮ ਮੰਡਲ ਦਾ ਗਿਆਨ ਸਾਨੂੰ ਪ੍ਰਾਪਤ ਨੀਂ ਹੋਇਆ। ਅਸੀਂ ਆਤਮਾ ਨੂੰ ਜਾਨਣ ਦਾ ਜਤਨ ਤਾਂ ਕਰਦੇ ਹਾਂ ਪਰ ਜਾਣ ਨਹੀਂ ਸਕੇ। ਥੋੜ੍ਹੀ ਦੇਰ ਵਾਸਤੇ ਮਨ ਦੇ ਫੁਰਨੇ ਨੂੰ ਰੋਕ ਕੇ ਜਦੋਂ ਖਿਆਲ ਅਸੀਂ ਕੇਂਦਰਿਤ ਕਰਦੇ ਹਾਂ, ਓਨਾਂ ਕੁ ਚਿਰ ਸਾਨੂੰ ਆਤਮ ਗਿਆਨ ਰਹਿੰਦਾ ਹੈ ਫੇਰ ਚਰਮ ਗਿਆਨ ਹੋ ਜਾਂਦਾ ਹੈ। ਸੋ ਨੀਵੀਆਂ ਪਾ ਲਈਆਂ। ਉਸ ਵੇਲੇ ਉਸਨੇ ਰਾਜੇ ਨੂੰ ਕਿਹਾ ਕਿ ਹੁਣ ਦੱਸੋ, ਕਿਸੇ ਦਾ ਕੋਈ ਇਤਰਾਜ਼ ਹੋਵੇ? ਰਾਜੇ ਨੇ ਪੁਛਿਆ ਕਿ ਮਹਾਂਪੁਰਸ਼ੋ! ਹੁਣ ਦੱਸੋ ਆਪ? ਜਦ ਕੋਈ ਜਵਾਬ ਨਾ ਆਇਆ, ਤਾਂ ਉਸ ਵੇਲੇ ਇਹ ਚੰਦਨ ਦੀ ਚੌਂਕੀ ਤੇ ਜਾ ਕੇ ਬੈਠ ਜਾਂਦਾ ਹੈ ਤੇ ਕਹਿਣ ਲੱਗਿਆ ਕਿ ਸਵਾਲ ਕਰੋ। ਸਵਾਲ ਕੀਤਾ ਕਿ ਇਹ ਸੱਚਾ ਹੈ ਕਿ ਉਹ ਸੱਚਾ ਹੈ? ਉਸ ਵੇਲੇ ਉਹਨੇ ਕਿਹਾ ਰਾਜਨ! ਖੋਲ੍ਹ ਕੇ ਨਹੀਂ ਤੂੰ ਗੱਲ ਕਰ ਰਿਹਾ, ਏਸੇ ਕਰਕੇ ਤੂੰ ਦੁਖੀ ਹੋਇਆ ਹੈਂ। ਵੱਡੇ-ਵੱਡੇ ਮਹਾਤਮਾ ਇਥੇ ਬੈਠੇ ਨੇ ਲੇਕਿਨ ਖੋਲ੍ਹ ਕੇ ਨਾ ਦੱਸਣ ਕਰਕੇ ਇਹ ਜਵਾਬ ਨਹੀਂ ਦੇ ਸਕੇ। ਸੋ ਮੈਂ ਤੇਰਾ ਜਵਾਬ ਉਸੇ ਤਰ੍ਹਾਂ ਨਾਲ ਦਿੰਦਾ ਹਾਂ ਤਾਂ ਕਿ ਤੇਰਾ ਪਰਦਾ ਫਾਸ਼ ਨਾ ਹੋ ਜਾਵੇ। ਉਹ ਇਹ ਹੈ ਕਿ 'ਇਹ ਵੀ ਝੂਠਾ ਤੇ ਉਹ ਵੀ ਝੂਠਾ।' ਐਨੀ ਗੱਲ ਕਹੀ, ਤਾਂ ਨਾ ਸੁਣਨ ਵਾਲਿਆਂ ਦੇ ਸਮਝ ਵਿਚ ਆਈ, ਨਾ ਕੋਈ ਰਾਜੇ ਜਨਕ ਨੂੰ ਨਿਹਚਾ ਆਇਆ। ਕਹਿਣ ਲੱਗੇ, "ਮਹਾਰਾਜ! ਮੈਂ ਪੂਰੀ ਤਰ੍ਹਾਂ ਸਮਝਿਆ ਨਹੀਂ।" ਅਸ਼ਟਾਵਕਰ ਨੇ ਕਿਹਾ ਕਿ ਰਾਜਨ! ਤੂੰ ਪੂਰੀ ਤਰ੍ਹਾਂ ਗੱਲ ਕਰ, ਜੇ ਤੂੰ ਨਹੀਂ ਕਰਦਾ ਤਾਂ ਅਸੀਂ ਦੱਸ ਦਿੰਦੇ ਹਾਂ।

ਅੱਠ ਸਾਲ ਪਹਿਲਾਂ ਤੈਨੂੰ ਇਕ ਸੁਪਨਾ ਆਇਆ ਸੀ। ਰਾਜ ਗੱਦੀ ਤੇਰੀ ਖੋਹ ਲਈ ਸੀ, ਉਸ ਤੋਂ ਬਾਦ ਤੂੰ ਬੇ-ਇਜ਼ਤ ਕਰਕੇ ਰਾਜ ਵਿਚੋਂ ਕੱਢ ਦਿਤਾ ਗਿਆ ਸੀ। ਬਹੁਤ ਤੂੰ ਦੁੱਖ ਪਾਇਆ ਤੇ ਉਹ ਸੁਪਨਾ ਐਨਾ ਗਹਿਰਾ ਚਲਿਆ ਗਿਆ ਕਿ ਤੇਰੇ brain (ਦਿਮਾਗ) ਦੇ ਅੰਦਰ ਇਕ ਭਰਮ ਪੈ ਗਿਆ। ਐਨਾ ਭਰਮ ਦਾ ਤੇਰਾ ਮਨ ਬਣ ਗਿਆ ਕਿ ਤੈਨੂੰ ਇਹ ਨਿਰਣਾ ਕਰਨਾ ਔਖਾ ਹੋ ਗਿਆ ਕਿ ਇਹ ਸੱਚਾ ਹੈ ਕਿ ਉਹ ਸੱਚਾ ਹੈ? ਇਹ ਦੋਵੇਂ ਝੂਠੇ ਨੇ। ਜਿੰਨਾਂ ਸੰਸਾਰ ਹੈ, ਚਾਹੇ ਇਹਦੇ ਵਿਚ ਜਾਗ੍ਰਤ ਅਵਸਥਾ ਜਿਹਨੂੰ ਅਸੀਂ ਕਹਿਨੇ ਹਾਂ, ਚਾਹੇ ਸੌਣ ਤੋਂ ਬਾਦ ਕੋਈ ਸੁਪਨ ਅਵਸਥਾ ਹੈ; ਇਹ ਦੋਵੇਂ ਝੂਠੇ ਨੇ। ਐਥੇ ਸਤਿ ਅਵਸਥਾ ਕੇਵਲ ਪ੍ਰਮੇਸ਼ਰ ਦੀ ਹੈ ਕਿਉਂਕਿ ਇਸ ਸੰਸਾਰ ਦੇ ਅੰਦਰ ਨਾ ਕੋਈ ਹੋਇਆ ਹੈ, ਨਾ ਕਿਸੇ ਨੇ ਹੋਣਾ ਹੈ। ਇਹ ਤਾਂ ਅਕਾਲ ਪੁਰਖ ਆਪਣੀ ਖੇਡ ਆਪ ਕਰ ਰਿਹਾ ਹੈ। ਉਹਦੇ ਨਾਲ ਇਹ ਆਦਮੀ 'ਮੈਂ' ਦੇ ਵਿਚ ਜਾਣ ਕਰਕੇ 'ਮੈਂ' ਧਾਰਨ ਕਰ ਲੈਂਦਾ ਹੈ। 'ਮੈਂ' ਧਾਰਨ ਕਰਕੇ ਦੁਖੀ ਹੁੰਦਾ ਹੈ।

ਸੋ ਉਸਨੂੰ ਸ਼ਾਂਤੀ ਆ ਗਈ, ਸਾਰਿਆਂ ਨੇ ਧੰਨਵਾਦ ਕਰਿਆ। ਨਾਲ ਦੀ ਨਾਲ ਉਸ (ਰਾਜੇ) ਨੇ ਐਲਾਨ ਕਰਿਆ ਕਿ ਮੈਂ ਅੱਜ ਐਡੀ ਵਿਦਵਾਨ ਸਭਾ ਦੇ ਵਿਚ ਗੁਰੂ ਧਾਰਨ ਕਰਨਾ ਚਾਹੁੰਦਾ ਹਾਂ ਕਿਉਂਕਿ ਇਸ ਮਹਾਂਪੁਰਸ਼ ਨੇ ਦੱਸਿਆ ਹੈ, ਕਿ ਤੈਨੂੰ ਦੁੱਖ ਕੇਵਲ ਇਸ ਕਰਕੇ ਐਨਾ ਝੱਲਣਾ ਪਿਆ ਕਿ ਤੂੰ ਅਜੇ ਤੱਕ ਨਿਗੁਰਾ ਹੈਂ। ਸੋ ਉਸ ਵੇਲੇ ਉਸ ਨੇ ਗੁਰੂ ਧਾਰਨ ਕਰਨ ਵਾਸਤੇ ਐਲਾਨ ਕੀਤਾ ਅਤੇ ਕਿਹਾ ਕਿ ਜਿਹੜਾ ਮੈਨੂੰ ਘੋੜੇ ਤੇ ਪਈ ਕਾਠੀ ਦੀ ਰਕਾਬ ਦੇ ਵਿਚ ਪੈਰ ਧਰ ਕੇ, ਦੂਸਰਾ ਪੈਰ ਰਕਾਬ ਵਿਚ ਪਾਉਣ ਦੇ ਸਮੇਂ ਵਿਚ ਗਿਆਨ ਕਰਾ ਦੇਵੇ, ਉਹ ਮੇਰਾ ਗੁਰੂ ਹੈ। ਘੋੜਾ ਮੰਗਾ ਲਿਆ ਗਿਆ। ਕਿਸੇ ਦੀ ਹਿੰਮਤ ਨਹੀਂ ਪੈਂਦੀ ਕਿ ਜਾ ਕੇ ਚੰਦਨ ਦੀ ਚੌਂਕੀ ਤੇ ਬੈਠੇ ਤੇ ਇਸਨੂੰ ਗਿਆਨ ਕਰਾਵੇ। ਉਸ ਵੇਲੇ ਇਹ ਬੱਚਾ ਫੇਰ ਉਠਿਆ ਤੇ ਇਹਨੇ ਜਾ ਕੇ ਚੰਦਨ ਦੀ ਚੌਂਕੀ ਤੇ ਬੈਠਕੇ ਕਿਹਾ ਕਿ, "ਰਾਜਨ! ਘੋੜਾ ਮੰਗਾ।" ਘੋੜਾ ਮੰਗਾ ਲਿਆ। ਕਹਿੰਦੇ, "ਹੁਣ ਦੱਸ! ਕੀ ਕਹਿੰਦਾ ਹੈਂ।" ਘੋੜੇ ਦੀਆਂ ਬਾਗਾਂ ਫੜ ਲਈਆਂ ਤੇ ਘੋੜੇ ਦੇ ਬਰਾਬਰ ਖੜ੍ਹਾ ਹੋ ਗਿਆ। ਹੰਨੇ ਨੂੰ ਹੱਥ ਨਾਲ ਫੜ ਲਿਆ ਤੇ ਤਿਆਰ ਹੋ ਗਿਆ ਕਿ ਮੈਂ ਪੈਰ ਪਾ ਕੇ ਦੂਜੇ ਪਾਸੇ ਜਾਵਾਂ। ਨਾਲ ਕਹਿਣ ਲੱਗਿਆ ਕਿ ਮਹਾਰਾਜ! ਮੈਂ ਇਹ ਸ਼ਰਤ ਪੇਸ਼ ਕੀਤੀ ਹੈ ਕਿ ਮੇਰਾ ਗੁਰੂ ਉਹ ਹੋਏਗਾ ਜਿਹੜਾ ਮੈਨੂੰ ਘੋੜੇ ਤੇ ਚੜ੍ਹਦੇ-ਚੜ੍ਹਦੇ ਨੂੰ ਗਿਆਨ ਕਰਾ ਦੇਵੇ। ਕਹਿੰਦੇ,

"ਠੀਕ ਹੈ।" ਰਾਜਾ ਜਨਕ ਘੋੜੇ ਤੇ ਚੜ੍ਹਨ ਲੱਗਿਆ। ਕਹਿੰਦੇ, "ਠਹਿਰ ਜਾ। ਜਦੋਂ ਤੈਨੂੰ ਗਿਆਨ ਹੋ ਗਿਆ, ਉਸ ਵੇਲੇ ਤੇਰੀ ਕੋਈ ਚੀਜ਼ ਨਹੀਂ ਰਹਿਣੀ, ਤੂੰ ਗੁਰੂ ਦਖਸ਼ਣਾ ਕਿਥੋਂ ਦੇਵੇਂਗਾ?" ਸੋਚਣ ਲੱਗ ਗਿਆ। ਰਾਜਾ ਕਹਿੰਦਾ, "ਮਹਾਰਾਜ! ਆਪ ਕਿਰਪਾ ਕਰੋ।" ਕਹਿੰਦੇ, "ਜਦੋਂ ਗਿਆਨ ਹੋ ਗਿਆ, ਰਾਜ ਨਾਲ ਤੇਰਾ ਲਗਾਓ ਨਹੀਂ ਰਹਿਣਾ, ਪਰਿਵਾਰ ਨਾਲ ਲਗਾਓ ਨਹੀਂ ਰਹਿਣਾ, ਦੁਨੀਆਂ ਨਾਲ ਲਗਾਓ ਨਹੀਂ ਰਹਿਣਾ ਫੇਰ ਤਾਂ ਤੂੰ ਯਥਾਰਥ ਵਿਚ ਪਹੁੰਚ ਜਾਏਂਗਾ ਅਤੇ ਤੱਤ ਦਾ ਤੈਨੂੰ ਗਿਆਨ ਹੋ ਜਾਏਗਾ। ਇਸ ਕਰਕੇ ਤੂੰ ਸਾਨੂੰ ਪਹਿਲਾਂ ਦੱਖਸ਼ਣਾ ਦੇ ਜਾ – ਅਗਿਆਨ ਅਵਸਥਾ 'ਚ, ਕਿਉਂਕਿ ਜਿਹੜਾ ਇਲਾਜ ਹੈ ਇਹ ਸਾਰਾ –ਮਹਾਰਾਜ ਕਹਿੰਦੇ –

*ਹਉਮੈ ਦੀਰਘ ਰੋਗੁ ਹੈ*
*ਦਾਰੂ ਭੀ ਇਸੁ ਮਾਹਿ॥ ਅੰਗ – 466*

ਹਉਮੈ ਦੀ ਦਾਰੂ ਹਉਮੈਂ ਵਿਚ ਰੱਖੀ ਹੋਈ ਹੈ, ਗਿਆਨ ਵਿਚ ਨਹੀਂ ਹੈ – ਹਉਮੈਂ ਦੀ ਦਾਰੂ। ਅਗਿਆਨ ਦੇ ਵਿਚ ਹਉਮੈਂ ਦੀ ਦਾਰੂ ਰੱਖੀ ਹੋਈ ਹੈ। ਸੋ ਕਹਿਣ ਲੱਗਿਆ, "ਦੱਸੋ ਮਹਾਰਾਜ! ਆਪ ਕੀ ਚਾਹੁੰਦੇ ਹੋ।" ਕਹਿੰਦੇ, "ਮੈਨੂੰ ਤੂੰ ਤਿੰਨ ਚੀਜ਼ਾਂ ਦੇ ਦੇ – ਤਨ ਦੇ ਦੇ, ਮਨ ਦੇ ਦੇ ਤੇ ਧਨ ਦੇ ਦੇ।" ਉਸ ਵੇਲੇ ਜਦੋਂ ਇਸ ਨੇ ਇਸ ਗੱਲ ਦਾ ਨਿਰਣਾ ਰਾਣੀਆਂ ਨਾਲ ਕੀਤਾ ਤੇ ਉਨ੍ਹਾਂ ਨੇ ਕਿਹਾ ਕਿ ਠੀਕ ਹੈ ਤੁਹਾਨੂੰ ਗਿਆਨ ਹੋਣਾ ਚਾਹੀਦਾ ਹੈ ਤੇ ਇਸਨੇ ਆ ਕੇ ਤਿੰਨੇ ਚੀਜ਼ਾਂ ਸਮਰਪਨ ਕਰ ਦਿਤੀਆਂ। ਪਾਣੀ ਦੀ ਚੂਲੀ ਲਈ, ਕਹਿੰਦਾ, "ਮਹਾਰਾਜ! ਮੇਰਾ ਮਨ, ਤਨ ਤੇ ਧਨ ਤੁਹਾਡਾ ਹੋਇਆ, ਮੇਰਾ ਕੁਛ ਨਾ ਰਿਹਾ – ਹੁਣ ਅਜ ਤੋਂ ਬਾਦ।"

*ਕਬੀਰ ਮੇਰਾ ਮੁਝ ਮਹਿ ਕਿਛੁ ਨਹੀ*
*ਜੋ ਕਿਛੁ ਹੈ ਸੋ ਤੇਰਾ॥ ਅੰਗ– 1375*

ਇਹ ਮੈਂ ਤੈਨੂੰ ਦੇ ਦਿਤਾ ਸਾਰਾ।

*ਤੇਰਾ ਤੁਝ ਕਉ ਸਉਪਤੇ*
*ਕਿਆ ਲਾਗੈ ਮੇਰਾ॥ ਅੰਗ – 1375*

'ਮੇਰੇ' ਦਾ ਜਿਹੜਾ ਰਿਸ਼ਤਾ ਪਿਆ ਹੋਇਆ ਸੀ ਤਨ ਨਾਲ, ਮਨ ਨਾਲ ਤੇ ਧਨ ਨਾਲ; ਉਹਨੇ ਕੱਟ ਦਿਤਾ। ਕੱਟ ਕੇ ਉਸ ਵੇਲੇ ਉਹ ਚੁੱਪ ਕਰਕੇ ਖੜ੍ਹ ਗਏ ਤੇ ਇਹ ਪੈਰ ਚੁੱਕਣ ਲੱਗਿਆ। ਕਹਿੰਦੇ, "ਠਹਿਰ ਰਾਜਨ! ਸਰੀਰ ਦੀ ਹਰਕਤ ਕਿਉਂ ਤੂੰ ਕੀਤੀ?" ਕਹਿੰਦਾ, "ਮਹਾਰਾਜ! ਮੈਂ ਘੋੜੇ ਤੇ ਚੜ੍ਹਨਾ ਹੈ।" ਕਹਿੰਦੇ, "ਸੋਚ! ਤੂੰ ਤਿੰਨ ਚੀਜ਼ਾਂ ਮੈਨੂੰ ਦੇ ਦਿਤੀਆਂ – ਸਰੀਰ ਵੀ ਦੇ ਦਿਤਾ। ਹੁਣ ਮੈਂ ਜੇ ਸਰੀਰ ਨੂੰ ਹਿਲਾਵਾਂਗਾ ਤਾਂ ਹਿਲੇਗਾ, ਧਨ ਦਾ ਘੋੜਾ ਮੈਨੂੰ ਦੇ ਦਿਤਾ ਧਨ ਦੇ ਵਿਚ ਆ ਗਿਆ ਤੇ ਫੁਰਨਾ ਤੂੰ ਮੈਨੂੰ ਦੇ ਦਿਤਾ। ਹੁਣ ਇਹ ਕਿਹੜੀ ਚੀਜ਼ ਹੈ ਤੇਰੇ ਅੰਦਰ, ਜਿਹੜੀ ਤੈਨੂੰ ਇਹ ਕਹਿੰਦੀ ਹੈ ਕਿ ਘੋੜੇ ਦੇ ਉੱਤੇ ਚੜ੍ਹ। ਨਾ ਤਾਂ ਘੋੜਾ ਤੇਰਾ ਹੈ, ਨਾ ਤਨ ਤੇਰਾ ਹੈ ਅਤੇ ਨਾ ਹੀ ਮਨ ਤੇਰਾ ਹੈ।" ਐਨੀ ਗੱਲ ਜਿਸ ਵਕਤ ਅਸ਼ਟਾਵਕਰ ਨੇ ਕਹੀ ਉਸ ਨੂੰ, sincere ਸੀ ਬੰਦਾ ਦਿਲੋਂ ਚਾਹੁੰਦਾ ਸੀ; ਉਸੇ ਵੇਲੇ ਕੀ ਅਵਸਥਾ ਅਨੁਭਵ ਹੋਈ, ਪੂਰਨ ਇਕਾਂਤ, ਮਹਾਂ ਸੁੰਨ ਵਰਤ ਗਈ, ਫੁਰਨਾ ਖਤਮ ਹੋ ਗਿਆ, ਮਨੋ ਨਾਸ਼ ਹੋ ਗਿਆ, ਵਾਸ਼ਨਾ ਖ੍ਰੈ ਹੋ ਗਈ ਤੇ ਉਸ ਵੇਲੇ ਚੁੱਪ ਕਰਿਆ ਖੜ੍ਹਿਆ ਹੈ। ਐਨੇ ਨੂੰ ਕੋਈ ਬ੍ਰਾਹਮਣ ਸ਼ਿਕਾਇਤ ਕਰਨ ਵਾਲਾ ਆ ਗਿਆ ਤੇ ਉਸ ਨੇ ਆ ਕੇ ਬੇਨਤੀ ਕੀਤੀ ਕਿ ਰਾਜਨ! "ਮੇਰੇ ਲੜਕੇ ਦੀ ਸ਼ਾਦੀ ਹੋਈ ਸੀ, ਮੈਂ ਲੰਘ ਰਿਹਾ ਸੀ ਤੇ ਜੰਗਲ 'ਚ ਡਾਕੂਆਂ ਨੇ ਲੁੱਟ ਲਿਆ। ਆਹ ਤੇਰੇ ਸ਼ਹਿਰ ਦੇ ਨੇੜੇ ਹੀ ਡਾਕੂ ਨੇ। ਮੇਰਾ ਧਨ ਤੇ ਸਾਨੂੰ ਸਾਰਿਆਂ ਨੂੰ ਤੰਗ ਕਰਕੇ ਲੁੱਟ ਕੇ ਲਿਜਾ ਰਹੇ ਹਨ। ਕ੍ਰਿਪਾ ਕਰਕੇ ਸਿਪਾਹੀ ਭੇਜ। ਰਾਜਾ ਸੁਣ ਨਹੀਂ ਰਿਹਾ ਕੁਝ ਭੀ। ਪੰਦਰਾਂ ਮਿੰਟ ਉਹ ਕਹਿੰਦਾ ਰਿਹਾ ਤੇ ਅਖੀਰ ਪੰਦਰਾਂ ਮਿੰਟਾਂ ਬਾਦ ਉਸਨੇ ਬਹੁਤ ਕ੍ਰੋਧਿਤ ਹੋ ਕੇ, ਬਹੁਤ ਭੈੜੇ ਸ਼ਬਦ ਵਰਤਣੇ ਸ਼ੁਰੂ ਕਰ ਦਿਤੇ। ਕਿਹੋ ਜਿਹਾ ਰਾਜਾ ਹੈ, ਕਿਹੋ ਜਿਹਾ ਬੋਲਾ ਹੈ, ਸੁਣਦਾ ਹੈ ਪਰ ਕੁਛ ਨਹੀਂ ਕਰਦਾ। ਇਹਦੇ ਨਾਲੋਂ ਮੰਦਾ ਪਾਪੀ ਬੰਦਾ ਕੌਣ ਹੋ ਸਕਦਾ ਹੈ – ਦੁਨੀਆਂ 'ਚ, ਜਿਹੜਾ ਫਰਿਆਦ ਨਾ ਸੁਣੇ ਤੇ ਧਿਆਨ ਤੱਕ ਨਹੀਂ ਦਿੰਦਾ, ਟਸ ਤੋਂ ਮਸ ਨਹੀਂ ਹੁੰਦਾ– ਪੱਥਰ ਹੋਇਆ ਖੜ੍ਹਾ ਹੈ। ਅੱਧਾ ਘੰਟਾ ਜਦ ਬੀਤ ਗਿਆ–ਇਸ ਤਰ੍ਹਾਂ, ਉਸ ਵੇਲੇ ਅਸ਼ਟਾਵਕਰ ਨੇ ਉਹਦੇ ਚਿਹਰੇ ਨੂੰ ਪੜ੍ਹਿਆ ਤੇ ਇਹ ਗੱਲ ਜਾਣ ਗਏ ਕਿ ਹਾਂ, ਸੱਚਮੁੱਚ ਇਸ ਨੇ ਤਿੰਨ ਚੀਜ਼ਾਂ –

*ਤਨੁ ਸੰਤਨ ਕਾ ਧਨੁ ਸੰਤਨ ਕਾ*
*ਮਨੁ ਸੰਤਨ ਕਾ ਕੀਆ॥ ਅੰਗ – 610*

ਅਰਪਣ ਕਰ ਦਿਤੀਆਂ ਹਨ ਤੇ ਹੁਣ ਇਹਨੂੰ ਉਹ ਅਵਸਥਾ ਪ੍ਰਾਪਤ ਹੋ ਗਈ ਜਿਸ ਅਵਸਥਾ ਬਾਰੇ ਗੁਰੂ ਮਹਾਰਾਜ ਨੇ ਫੁਰਮਾਨ ਕਰਿਆ ਹੈ –

*ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥*
*ਸੁਖ ਸਨੇਹੁ ਅਰੁ ਭੈ ਨਹੀ ਜਾ ਕੈ*
*ਕੰਚਨ ਮਾਟੀ ਮਾਨੈ॥ ਰਹਾਉ॥*
*ਨਹ ਨਿੰਦਿਆ ਨਹ ਉਸਤਤਿ ਜਾ ਕੈ*
*ਲੋਭੁ ਮੋਹੁ ਅਭਿਮਾਨਾ॥*
*ਹਰਖ ਸੋਗ ਤੇ ਰਹੈ ਨਿਆਰਉ*
*ਨਾਹਿ ਮਾਨ ਅਪਮਾਨਾ॥ ਅੰਗ – 633*

ਇਹ ਸਾਰੀਆਂ ਦੁਵੰਧ ਦੀਆਂ ਅਵਸਥਾਵਾਂ ਖਤਮ ਹੋ ਗਈਆਂ ਇਹਦੀਆਂ। ਉਸ ਵੇਲੇ ਉਸ ਨੇ

ਕਿਹਾ ਕਿ ਰਾਜਨ ਘੋੜਾ ਛੱਡ ਦੇ। ਚੜ੍ਹਨ ਦੀ ਲੋੜ ਨਹੀਂ, ਰਕਾਬ ਵਿਚ ਪੈਰ ਰੱਖਣ ਦੀ ਲੋੜ ਨਹੀਂ; ਘੋੜਾ ਛੱਡ ਦੇ, ਤਖਤ ਤੇ ਬਹਿ ਜਾ। ਤਖਤ ਤੇ ਬੈਠ ਗਿਆ। ਕਹਿੰਦੇ, ਹੁਣ ਮੈਂ ਜਿਹੜਾ ਤੇਰਾ ਮਨ ਹੈ, ਹੁਣ ਤੇਰੇ ਸਰੀਰ ਵਿਚ ਇਸਨੂੰ ਵਾਪਸ ਭੇਜਦਾ ਹਾਂ ਅਤੇ ਤੇਰਾ ਧਨ ਵੀ ਤੇਰੇ ਸਰੀਰ ਨੂੰ ਵਾਪਸ ਦਿੰਦਾ ਹਾਂ, ਸਰੀਰ ਨੂੰ ਵੀ ਤੇਰੇ ਨੂੰ ਮੈਂ ਤੈਨੂੰ ਦਿੰਦਾ ਹਾਂ ਤੇ ਇਹਦੇ ਨਾਲ ਹੁਣ ਤੂੰ ਰਾਜ ਕਰ, ਤਖਤ ਤੇ ਬੈਠ। ਜੋ constitution ਹੈ ਉਹਦੇ ਮੁਤਾਬਿਕ ਚਲ। ਉਸ ਵੇਲੇ ਰਾਜੇ ਜਨਕ ਨੇ ਪੂਰੀ ਤਰ੍ਹਾਂ 'ਮੈਂ' ਤੋਂ ਰਹਿਤ ਹੋ ਕੇ ਆਪਣੇ ਆਤਮ ਸਰੂਪ ਵਿਚ ਸਥਿਤ ਹੋ ਕੇ ਰਾਜ ਕਰਿਆ ਜਿਸ ਬਾਰੇ ਭਾਈ ਗੁਰਦਾਸ ਜੀ ਫੁਰਮਾਨ ਕਰਦੇ ਹਨ –

***ਭਗਤ ਵੱਡਾ ਰਾਜਾ ਜਨਕ ਹੈ***
***ਗੁਰਮੁਖ ਮਾਯਾ ਵਿਚ ਉਦਾਸੀ॥***
***ਭਾਈ ਗੁਰਦਾਸ ਜੀ, ਵਾਰ – 10/5***

ਮਾਇਆ 'ਚੋਂ ਉਦਾਸ ਕਿਉਂ ਹੋ ਗਿਆ ਕਿਉਂਕਿ ਉਸ ਨੇ ਹੰਗਤਾ ਮਮਤਾ ਛੱਡ ਦਿਤੀ, ਗੁਰੂ ਦੀ ਬਣਾ ਦਿਤੀ, ਆਪਣੀ ਨਹੀਂ ਮੁੜ ਕੇ ਬਣਾਈ। ਸੋ ਇਹ ਜੋ ਸ਼ਬਦ ਹੈ, ਛੋਟੀ ਜਿਹੀ ਲਾਈਨ ਹੈ–

***ਤਨੁ ਸੰਤਨ ਕਾ ਧਨੁ ਸੰਤਨ ਕਾ***
***ਮਨੁ ਸੰਤਨ ਕਾ ਕੀਆ॥ ਅੰਗ – 610***

ਇਹਦੇ ਵਿਚ ਐਡੀ deep Philosophy ਹੈ। ਜੇ ਅਸੀਂ ਇਕੋ ਹੀ ਤੁੱਕ ਅਪਨਾਅ ਲਈਏ ਮੇਹਨਤ ਕਰ–ਕਰ ਕੇ, ਸਾਧਨ ਕਰ–ਕਰ ਕੇ; ਪਤਾ ਨਹੀਂ ਇਕ ਜਨਮ ਲੱਗੇ ਜਾਂ ਦੋ ਜਨਮ ਲੱਗਣ ਜਾਂ ਤਿੰਨ ਜਨਮ ਲੱਗਣ। ਇਕੋ ਤੁੱਕ ਨੂੰ ਅਸੀਂ ਜੇ ਕਮਾ ਲਈਏ, ਆਪਣੇ 'ਚੋਂ ਅਪਣੱਤ ਕੱਢ ਦੇਈਏ ਬਾਕੀ ਜਿਹੜਾ ਸਾਡਾ ਅਸਲੀ ਸਤਾ ਮਾਤ੍ਰ ਆਤਮ ਸਰੂਪ ਹੈ ਉਹ ਕੇਵਲ ਸਾਖਸ਼ੀ ਸਰੂਪ ਹੈ, ਸਾਖੀ ਜਿਹਨੂੰ ਕਹਿੰਦੇ ਨੇ, ਉਹ ਦੇਖਣ ਵਾਲਾ ਹੈ, ਸਰੀਰ ਨੂੰ ਚਲਾ ਰਿਹਾ ਹੈ, ਸੱਤਾ ਦੇ ਰਿਹਾ ਹੈ। ਜਦੋਂ ਇਹ ਆਤਮ ਸੱਤਾ ਸਰੀਰ ਵਿਚ ਸੋਝੀ ਪੈਦਾ ਕਰਦੀ ਹੈ ਅਤੇ ਇਸ ਹੇਠਲੀ ਪੜਤ ਦੀ ਸੋਝੀ ਨੂੰ, ਜਿਸਨੂੰ ਗੁਰੂ ਮਹਾਰਾਜ ਜੀ ਹਉਮੈ ਦੀ ਸੁਰਤ ਕਹਿੰਦੇ ਹਨ, ਵਿਚ ਇਹ ਆਪਣਾ ਅਣਹੋਇਆ ਆਪਾ ਭਰਮ ਕਰਕੇ ਮਿਥ ਲੈਂਦਾ ਹੈ ਅਤੇ ਜਨਮਾਂ ਜਨਮਾਂਤਰਾਂ ਦੇ ਅਧਿਆਸ ਕਰਕੇ ਇਹ ਆਪਣੇ ਆਪ ਨੂੰ ਇਹ ਨਾਸ਼ਵਾਨ ਸਾਢੇ ਤਿੰਨ ਹੱਥ ਦੀ ਦੇਹ ਸਮਝ ਬੈਠਦਾ ਹੈ ਤੇ ਇਹ ਆਪਣੇ ਆਤਮ ਪਦ ਤੋਂ ਪਤਿਤ ਹੋ ਕੇ ਜੀਵ ਬਣ ਜਾਂਦਾ ਹੈ। ਇਸ ਸੋਝੀ ਨੂੰ ਹਉਮੈ ਕਹਿੰਦੇ ਹਨ। ਫਿਰ ਇਹ ਕਹਿੰਦਾ ਹੈ ਕਿ ਮੇਰਾ ਸਰੀਰ, ਮੇਰਾ ਘਰ, ਮੇਰੀ ਕੋਠੀ, ਮੇਰੇ ਬੱਚੇ, ਮੇਰਾ ਪਰਿਵਾਰ, ਉਸ ਵੇਲੇ ਇਹ ਆਪਣੀ ਪਦਵੀ ਤੋਂ ਗਿਰ ਕੇ ਜੀਵ ਆਤਮਾ ਬਣ ਜਾਂਦਾ ਹੈ ਫੇਰ ਇਹ ਜਨਮ–ਮਰਣ ਦੇ ਚੱਕਰ ਵਿਚ ਚਲਿਆ ਜਾਂਦਾ ਹੈ। ਸੋ ਅਖੀਰ ਦੇ ਉੱਤੇ ਜੋ ਬਚਨ ਆਇਆ ਹੈ, ਮਹਾਰਾਜ ਉਹਦੇ 'ਚ ਇਹ ਸਾਰੀ ਚੀਜ਼ ਨੂੰ ਦਰਸਾਉਂਦੇ ਹੋਏ ਕਹਿੰਦੇ ਹਨ ਕਿ ਹੇ ਪ੍ਰਭੂ! ਇਹ ਤਾਂ ਬਹੁਤ ਔਖੀ ਗੱਲ ਹੈ। ਅਸੀਂ ਤਾਂ ਅੰਨ੍ਹੇ ਖੂਹ ਵਿਚ ਗਿਰੇ ਪਏ ਹਾਂ ਜਿਥੇ ਨਾ ਦੇਖਣ ਨੂੰ ਕੁਛ ਲੱਭਦਾ ਹੈ, ਨਾ ਹੱਥ ਪੈਰ ਅਸੀਂ ਮਾਰ ਸਕਦੇ ਹਾਂ। ਹੁਣ ਤੇਰੀ ਹੀ ਦਇਆ ਹੈ, ਤੂੰ ਕੱਢ। ਉਸਨੇ ਦਇਆ ਕੀਤੀ ਹੈ ਸਾਡੇ ਉਤੇ, ਅੰਮ੍ਰਿਤ ਵੇਲੇ ਦਾ ਜਾਗਣਾ ਬਖਸ਼ਿਆ ਹੈ, ਕੀਰਤਨ, ਹਰੀ ਜਸ ਬਖਸ਼ਿਆ ਹੈ। ਕੋਈ ਵਿਰਲਾ ਪੁਰਸ਼ ਹੈ ਜੋ ਇਸ ਗੱਲ ਨੂੰ ਸਮਝਦਾ ਹੈ। ਬਾਕੀ ਤਾਂ ਦੁਨੀਆਂ ਗੇੜੇ ਖਾ ਰਹੀ ਹੈ। ਹਉਮੈ ਦੇ ਗੇੜ ਦੇ ਅੰਦਰ ਦੁਖੀ ਹੋ ਰਹੀ ਹੈ, ਤੜਫ ਰਹੇ ਨੇ। ਥੋੜ੍ਹਿਆਂ ਨੂੰ ਇਹ ਸੋਝੀ ਦਿਤੀ ਹੈ।

ਸੋ ਐਸਾ ਤੁਸੀਂ ਤਪ ਕਰਦੇ ਓਂ, ਏਸ ਤਪ ਦਾ ਕੋਈ ਭਾਵ ਕੱਢੋ, ਹੋਰ ਉੱਚੇ ਚਲੋ ਤਾਂ ਕਿ ਇਹ ਸਾਡਾ ਜਿਹੜਾ ਮੈਂ–ਪੁਣਾ ਹੈ ਇਹ ਖਤਮ ਹੁੰਦਾ ਜਾਵੇ ਤੇ ਸਾਨੂੰ ਆਪਣੇ ਅਸਲੀ ਸਰੂਪ ਦਾ ਗਿਆਨ ਹੋ ਕੇ ਪਰਮ ਸੁੱਖ ਨੂੰ ਪ੍ਰਾਪਤ ਕਰ ਲਈਏ। ਇਹੋ ਸਤਿਸੰਗ ਕਰਨ ਦਾ ਅਮੁੱਲ ਲਾਭ ਹੈ। ਪਰ ਇਹ ਸੋਝੀ ਗੱਲਾਂ ਨਾਲ ਨਹੀਂ ਆਉਂਦੀ। ਗੁਰਬਾਣੀ ਨੂੰ ਪੂਰਨ ਗੁਰੂ ਮੰਨ ਕੇ ਉਸ ਦੇ ਉਦੇਸ਼ ਦੇ ਮੁਤਾਬਿਕ ਘਾਲ ਕਮਾਈ ਕਰੀਏ। ਜੀਵਨ ਵਿਚ ਦੈਵੀ ਸੰਪਰਦਾਇ ਦੀਆਂ ਸ਼ਕਤੀਆਂ ਨੂੰ ਉਭਾਰੀਏ। ਨਿੰਦਾ, ਈਰਖਾ, ਲਬ ਦਾ ਤਿਆਗ ਕਰੀਏ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨੂੰ ਸੰਜਮ ਵਿਚ ਰਹਿ ਕੇ ਵਰਤੀਏ ਅਤੇ ਇਕ ਗੱਲ ਸਦਾ ਯਾਦ ਰੱਖੋ –

***ਸਭਨਾ ਜੀਆ ਕਾ ਇਕੁ ਦਾਤਾ***
***ਸੋ ਮੈ ਵਿਸਰਿ ਨ ਜਾਈ॥ ਅੰਗ– 2***

ਇਸ ਤਰ੍ਹਾਂ ਜੀਵਨ ਦਾ ਸਮਾਂ ਬਤੀਤ ਕਰਕੇ ਸਦਾ ਦਾ ਸੁਖ ਪ੍ਰਾਪਤ ਹੋ ਜਾਵੇਗਾ।

***ਵਾਹਿਗੁਰੂ ਜੀ ਕਾ ਖਾਲਸਾ॥***
***ਵਾਹਿਗੁਰੂ ਜੀ ਕੀ ਫਤਹਿ॥***

# ਅਉਖੀ ਘੜੀ ਨਾ ਦੇਖਣ ਦੇਈ

ਆਪ ਸਾਰੇ ਗੁਰਮੁਖ ਪਿਆਰਿਆਂ ਵਾਹਿਗੁਰੂ ਦੇ ਪਿਆਰ ਵਿਚ ਲੀਨ ਹੋਏ ਹੋਏ ਇਕ ਰਸ ਤਿੰਨ ਘੰਟੇ ਆਸਾ ਜੀ ਦੀ ਵਾਰ ਸਰਵਣ ਕੀਤੀ ਅਤੇ ਆਪ ਸਾਰਿਆਂ ਨੇ ਜੋਟੀਆਂ ਅਤੇ ਧਾਰਨਾ ਨਾਲ ਗੁਰਬਾਣੀ ਸੁਣੀ ਅਤੇ ਪੜ੍ਹੀ। ਉਪਰੰਤ ਅਰਦਾਸ ਹੋਈ ਗੁਰੂ ਮਹਾਰਾਜ ਜੀ ਨੇ ਆਪਣਾ ਪਾਵਨ ਹੁਕਮਨਾਮਾ ਜੋ ਪੰਨਾ 682 ਧਨਾਸਰੀ ਰਾਗ ਵਿਚ ਅੰਕਿਤ ਹੈ, ਉਹ ਸਰਵਣ ਕਰਿਆ। ਆਪ ਸਾਰੇ ਹੀ ਬੁੱਧੀਵਾਨ ਅਤੇ ਵਿਚਾਰਵਾਨ ਸੱਚੀ ਲਗਨ ਵਾਲੇ ਸਤਿਸੰਗ ਮੰਡਲ ਵਿਚ ਸ਼ਾਮਲ ਹੋਂ। ਸਾਰੇ ਪੜ੍ਹੇ ਲਿਖੇ ਹੋਂ, ਬਾਣੀ ਵਿਚ ਕੋਈ ਐਡੀ ਵੱਡੀ ਗਹਿਰੀ ਗੱਲ ਦਾ ਜ਼ਿਕਰ ਨਹੀਂ ਹੋਇਆ ਜੋ ਆਪ ਦੀ ਸਮਝ ਵਿਚ ਨਾ ਆਵੇ ਪਰ ਫੇਰ ਵੀ ਅੱਜ ਦੇ ਹੁਕਮਨਾਮੇ ਵਿਚ ਆਏ ਸਿਧਾਂਤ ਪੂਰੀ ਤਰ੍ਹਾਂ ਨਾਲ ਵਿਚਾਰ ਕੇ ਹਿਰਦੇ ਵਿਚ ਧਾਰਨਾ ਕਰੋ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

*ਅਉਖੀ ਘੜੀ ਨ ਦੇਖਣ ਦੇਈ*
*ਅਪਨਾ ਬਿਰਦੁ ਸਮਾਲੇ॥*
*ਹਾਥ ਦੇਇ ਰਾਖੈ ਅਪਨੇ ਕਉ*
*ਸਾਸਿ ਸਾਸਿ ਪ੍ਰਤਿਪਾਲੇ॥*
*ਪ੍ਰਭ ਸਿਉ ਲਾਗਿ ਰਹਿਓ ਮੇਰਾ ਚੀਤੁ॥*
*ਆਦਿ ਅੰਤਿ ਪ੍ਰਭੁ ਸਦਾ ਸਹਾਈ*
*ਧੰਨੁ ਹਮਾਰਾ ਮੀਤੁ॥ ਰਹਾਉ॥*
*ਮਨਿ ਬਿਲਾਸ ਭਏ ਸਾਹਿਬ ਕੇ*
*ਅਚਰਜ ਦੇਖਿ ਬਡਾਈ॥*
*ਹਰਿ ਸਿਮਰਿ ਸਿਮਰਿ ਆਨਦ ਕਰਿ ਨਾਨਕ*
*ਪ੍ਰਭਿ ਪੂਰਨ ਪੈਜ ਰਖਾਈ॥ ਅੰਗ – 682*

ਇਸ ਸ਼ਬਦ ਦੀ ਜੇ ਆਮ ਤੌਰ ਤੇ ਵਿਚਾਰ ਕੀਤੀ ਗਈ ਤਾਂ ਇਸ ਵਿਚ ਐਸੇ ਵਿਚਾਰ ਹਨ ਜਿਹੜੇ ਕਈ ਤਰ੍ਹਾਂ ਦੇ ਸ਼ੰਕੇ ਪੈਦਾ ਕਰਦੇ ਹਨ। ਉਨ੍ਹਾਂ ਵਲ ਮੈਂ ਨਾ ਜਾਂਦਾ ਹੋਇਆ, ਜੋ ਇਸ ਦਾ ਸਿਧਾਂਤ ਹੈ ਉਸ ਨੂੰ ਹੀ ਵਿਚਾਰਨ ਦਾ ਯਤਨ ਕਰਾਂਗਾ। ਮਹਾਰਾਜ ਜੀ ਨੇ ਔਖੀ ਘੜੀ ਬਾਰੇ ਜ਼ਿਕਰ ਕੀਤਾ ਹੈ। ਸੰਸਾਰ ਦੇ ਅੰਦਰ ਜੀਵ ਜਨਮ ਲੈ ਕੇ ਸਰੀਰ ਧਾਰੀ ਹੋ ਕੇ ਬਚਪਨ ਤੋਂ ਹੀ ਆਪਣੇ ਜੀਵਨ ਨਿਰਬਾਹ ਲਈ ਕੁਝ ਤਾਣ ਲਾ ਰਹੇ ਹਨ। ਜਦੋਂ ਬੱਚੇ ਦਾ ਜਨਮ ਹੁੰਦਾ ਹੈ ਭਾਵੇਂ ਉਹ ਆਦਮੀ ਦਾ ਬੱਚਾ ਹੋਵੇ, ਭਾਵੇਂ ਹਰਨ ਦਾ ਬੱਚਾ ਹੋਵੇ, ਕਿਸੇ ਗਊ ਮੱਝ ਦਾ ਬੱਚਾ ਹੋਵੇ, ਭਾਵੇਂ ਸ਼ੇਰ ਆਦਿ ਦਾ ਬੱਚਾ ਹੋਵੇ, ਉਸ ਦੇ ਅੰਦਰ ਦੁੱਧ ਪੀਣ ਦੀ ਵਾਸ਼ਨਾ ਜਾਗਦੀ ਹੈ, ਪੇਟ ਵਿਚ ਕੁਝ ਪਾਉਣਾ ਚਾਹੁੰਦਾ ਹੈ ਪਰ ਉਸ ਨੂੰ ਗਿਆਨ ਨਹੀਂ ਕਿ ਇਹ ਚੀਜ਼ ਮੈਨੂੰ ਕਿਥੋਂ ਮਿਲੇਗੀ ਪਰ ਕੁਦਰਤ ਨੇ ਐਸਾ ਨੇਮ ਰਚਿਆ ਹੋਇਆ ਹੈ ਕਿ ਸਾਰੀ 84 ਲੱਖ ਜੂਨੀਆਂ ਦੇ ਬੱਚਿਆਂ ਨੂੰ ਸੁੱਤੇ ਹੀ ਗਿਆਨ ਹੋ ਜਾਂਦਾ ਹੈ ਕਿ ਮੈਂ ਦੁੱਧ ਪੀਣਾ ਹੈ ਜਾਂ ਕੁਝ ਚੁੰਝ ਰਾਹੀਂ ਲਿਆਂਦਾ ਖਾਣਾ ਹੈ। ਦੁੱਧ ਮਾਤਾ ਦੇ ਥਣਾਂ ਵਿਚ ਹੁੰਦਾ ਹੈ ਉਸ ਦੀ ਸੁਗੰਧੀ ਉਸ ਨੂੰ ਆਪਣੇ ਵਲ ਖਿਚਦੀ ਹੈ ਵਾਹਿਗੁਰੂ ਜੀ ਨੇ ਜੰਮਦੇ ਬੱਚੇ ਨੂੰ ਇਸ ਚੀਜ਼ ਦੀ ਕੋਈ ਸੋਝੀ ਦਿਤੀ ਹੋਈ ਹੈ ਕਿ ਉਹ ਆਪਣੀ ਮਾਤਾ ਦੇ ਥਣਾਂ ਤਕ ਪਹੁੰਚ ਸਕੇ, ਆਦਮੀ ਦਾ ਬੱਚਾ ਓਨਾਂ ਚੁਸਤ ਨਹੀਂ ਹੁੰਦਾ ਜਿੰਨੇ ਪਸ਼ੂਆਂ ਦੇ ਬੱਚੇ ਹੁੰਦੇ ਹਨ। ਬੱਚੇ ਨੂੰ ਆਪ ਦੁੱਧ ਚੁੰਘਣ ਲਾਇਆ ਜਾਂਦਾ ਹੈ ਪਰ ਕਟਰੂ ਬਛਰੂਆਂ ਨੂੰ ਦੁੱਧ ਚੁੰਘਣ ਦੀ ਜਾਣਕਾਰੀ ਆਪਣੇ ਆਪ ਹੀ ਹੋਈ ਹੁੰਦੀ ਹੈ। ਉਸ ਨੂੰ ਦਸਣਾ ਨਹੀਂ ਪੈਂਦਾ ਕਿ ਦੁੱਧ ਇਸ ਤਰ੍ਹਾਂ ਪੀਣਾ ਹੈ। ਇਸ ਤਰ੍ਹਾਂ ਇਸ ਸੰਸਾਰ ਵਿਚ ਆਏ ਹੋਏ ਸਾਰੇ ਜੀਵ ਆਪਣਾ ਜੀਵਨ ਨਿਰਬਾਹ ਕਰਨ ਲਈ ਕੁਝ ਨਾ ਕੁਝ ਕਰਦੇ ਹੀ ਰਹਿੰਦੇ ਹਨ। ਮਨੁੱਖ ਜਾਤੀ ਵਿਚ ਚਾਰ ਕਿਸਮ ਦੇ ਮਨੁੱਖ ਹੋਇਆ ਕਰਦੇ ਹਨ, ਇਕ ਤਾਂ ਉਹ ਹੋਇਆ ਕਰਦੇ ਹਨ ਜਿਨ੍ਹਾਂ ਨੂੰ ਆਪਣੇ ਵਿਸ਼ੇ ਭੋਗਣ ਤੋਂ ਅਤੇ ਉਨ੍ਹਾਂ ਦੀ ਪੂਰਤੀ ਲਈ ਕੁਝ ਕਰਦੇ ਰਹਿਣ ਤੋਂ ਛੁਟਕਾਰਾ ਹੀ ਨਹੀਂ ਮਿਲਦਾ। ਉਨ੍ਹਾਂ ਦੀ ਰੁਚੀ ਧਨ ਕਮਾਉਣ, ਆਪਣਾ ਨਾਮ ਕਮਾਉਣ ਅਤੇ ਅਮੀਰ ਹੋਣ ਵਿਚ ਹੀ ਹੋਇਆ ਕਰਦੀ ਹੈ। ਪ੍ਰਮੇਸ਼ਰ ਦਾ ਉਨ੍ਹਾਂ ਨੂੰ ਨਾ ਹੀ ਕੋਈ ਗਿਆਨ ਹੁੰਦਾ ਹੈ, ਨਾ ਹੀ ਉਨ੍ਹਾਂ ਅੰਦਰ ਕੋਈ ਲਗਨ ਲਗਦੀ ਹੈ। ਉਹ ਤਮੋ ਗੁਣ ਵਰਗ ਦੇ ਜੀਵ ਹੋਇਆ ਕਰਦੇ ਹਨ। ਉਨ੍ਹਾਂ ਦੇ ਸਾਮ੍ਹਣੇ ਜੋ ਉਦੇਸ਼ ਹੈ ਉਹ ਸਿਰਫ ਐਨਾ ਹੀ ਹੈ ਖਾਓ ਪੀਓ ਅਤੇ ਮੌਜ ਕਰੋ ਇਸ ਸੰਸਾਰ ਵਿਚ ਪੈਦਾ ਹੋਣ ਤੋਂ ਪਹਿਲਾਂ ਸਾਡਾ ਕੋਈ ਵਜੂਦ ਨਹੀਂ ਸੀ। ਮਾਤਾ ਪਿਤਾ ਦੇ ਸੰਜੋਗ ਕਰਕੇ ਸਾਡਾ ਸਰੀਰ ਬਣਿਆ, ਅਸੀਂ ਹੋਂਦ ਵਿਚ ਆਏ। ਨਾ ਹੀ ਮਰਨ ਤੋਂ ਪਿਛੋਂ ਅਸੀਂ ਕਿਸੇ ਅਗੇ ਜੀਵਨ ਭਰ ਦੇ ਕੀਤੇ ਕਰਮਾਂ ਲਈ ਜਵਾਬ ਦੇਹ ਹੋਵਾਂਗੇ। ਉਨ੍ਹਾਂ ਦਾ ਐਸਾ ਹੀ ਮਤ ਹੁੰਦਾ ਹੈ ਕਿ ਖਾਓ ਪੀਓ ਮੌਜ ਉਡਾਓ, ਅਸੀਂ ਨਾ ਜਨਮ ਲੈਣ ਤੋਂ ਪਹਿਲਾਂ ਸੀ ਨਾ ਮਰਨ ਤੋਂ ਪਿਛੋਂ ਹੋਵਾਂਗੇ, ਉਨ੍ਹਾਂ ਦਾ ਵਿਸ਼ਵਾਸ਼ ਇਸ ਸਰੀਰ ਨੂੰ ਚਲਾਉਣ ਵਾਲੀ ਚੇਤਨ ਸ਼ਕਤੀ ਵਿਚ ਨਹੀਂ ਹੋਇਆ ਕਰਦਾ ਅਤੇ ਉਨ੍ਹਾਂ ਨੇ ਇਹ ਵੀ ਨਹੀਂ ਮੰਨਿਆ ਹੋਇਆ ਕਿ ਸਰੀਰ ਵਿਚ ਜੋ ਚੇਤਨ ਸ਼ਕਤੀ ਅੱਖਾਂ ਨੂੰ

ਦੇਖਣ ਦੀ, ਨੱਕ ਨੂੰ ਸੁੰਘਣ ਦੀ ਜੀਭ ਨੂੰ ਬੋਲਣ ਦੀ ਸ਼ਕਤੀ ਦੇ ਰਹੀ ਹੈ ਉਹ ਸਰੀਰ ਤੋਂ ਵੱਖਰੀ ਚੀਜ਼ ਹੈ। ਉਨ੍ਹਾਂ ਦਾ ਮਤ ਇਹ ਹੁੰਦਾ ਹੈ ਕਿ ਇਹ ਸਰੀਰ ਖਾਣ ਪੀਣ ਨਾਲ ਚਲਦਾ ਹੈ। ਇਸ ਦੀ ਖਾਸ ਮਰਿਆਦਾ ਹੈ ਇਹਦੇ ਵਿਚ ਜਿੰਨੀ ਦੇਰ ਤਕ ਸਰੀਰ ਦੀ ਤੰਦਰੁਸਤੀ ਕਾਇਮ ਹੈ ਤਾਂ ਮੌਤ ਨਹੀਂ ਆਉਂਦੀ। ਜਦੋਂ ਸਾਰੇ ਅੰਗ ਕਮਜ਼ੋਰ ਹੋ ਗਏ ਤਾਂ ਇਸ ਦਾ ਨਾਸ਼ ਹੋਣਾ ਸ਼ੁਰੂ ਹੋ ਜਾਂਦਾ ਹੈ। ਅਜਿਹੇ ਵਰਗ ਅੰਦਰ ਵਾਸ਼ਨਾਵਾਂ ਦਾ ਹੜ੍ਹ ਚਲ ਰਿਹਾ ਹੁੰਦਾ ਹੈ, ਸ਼ਾਂਤੀ ਨਾਮ ਦੀ ਚੀਜ਼ ਉਨ੍ਹਾਂ ਨੂੰ ਪ੍ਰਾਪਤ ਨਹੀਂ ਹੁੰਦੀ ਅਤੇ ਨਾ ਹੀ ਉਨ੍ਹਾਂ ਨੂੰ ਪਤਾ ਲਗਦਾ ਹੈ ਕਿ ਸ਼ਾਂਤੀ ਦਾ ਸੋਮਾ ਕੀ ਹੈ, ਵਾਹਿਗੁਰੂ ਜੀ ਨੂੰ ਉਹ ਇਕ ਢਕੋਂਸਲਾ ਮੰਨਦੇ ਹਨ ਅਤੇ ਵਿਹਲੇ ਆਦਮੀਆਂ ਦੀ ਘਾੜਤ ਜਾਣ ਕੇ ਨਾ ਉਹ ਕਿਸੇ ਸਤਿਸੰਗ ਵਿਚ ਆਉਂਦੇ ਹਨ ਅਤੇ ਨਾ ਹੀ ਉਹ ਇਨ੍ਹਾਂ ਗੱਲਾਂ ਨੂੰ ਵਿਚਾਰਦੇ ਹਨ। ਉਹ ਇਨ੍ਹਾਂ ਵਲੋਂ ਬਿਲਕੁਲ ਅੱਖਾਂ ਮੀਚ ਕੇ ਰਖਦੇ ਹਨ। ਇਹ ਸਿਧਾਂਤ ਮਾਨਵ ਸ਼੍ਰੇਣੀ ਵਿਚੋਂ ਵਿਸ਼ਈ ਅਤੇ ਪਾਮਰ ਵਰਗ ਦਾ ਹੋਇਆ ਕਰਦਾ ਹੈ। ਮਹਾਂਪੁਰਸ਼ ਇਨ੍ਹਾਂ ਨੂੰ ਅਨੇਕ ਤਰੀਕਿਆਂ ਨਾਲ ਸਮਝਾਉਣ ਦਾ ਯਤਨ ਕਰਦੇ ਹਨ। ਜੇ ਕੋਈ ਰੂਹ ਵਿਛੜ ਜਾਵੇ ਅਤੇ ਉਹ ਕਈ ਘੰਟੇ ਪਿਛੋਂ ਫੇਰ ਸਰੀਰ ਵਿਚ ਪ੍ਰਵੇਸ਼ ਕਰ ਜਾਵੇ ਅਤੇ ਉਹ ਆਪਣਾ ਤਜਰਬਾ ਜੋ ਮਰਨ ਪਿਛੋਂ ਉਨ੍ਹਾਂ ਨੇ ਕੀਤਾ ਹੈ ਉਹ ਦਸਣ ਦਾ ਯਤਨ ਕਰੇ ਤਾਂ ਇਹ ਐਨਾ ਕਹਿ ਕੇ ਟਾਲ ਦਿੰਦੇ ਹਨ ਕਿ ਇਸ ਦਾ ਦਿਮਾਗ ਬੇਹੋਸ਼ੀ ਵਿਚ ਚਲਿਆ ਗਿਆ ਹੋਣਾ। ਜਿਸ ਤਰ੍ਹਾਂ ਸੁੱਤੇ ਪਏ ਸੁਪਨਾ ਆਉਂਦਾ ਹੈ ਇਸ ਤਰ੍ਹਾਂ ਇਸ ਨੇ ਕੋਈ ਸੁਪਨਾ ਦੇਖਿਆ ਹੈ। ਉਸਦੀ ਗੱਲ ਉਪਰ ਕੋਈ ਵੀ ਅਸਰ ਨਹੀਂ ਕਰਦਾ। ਭਾਵੇਂ ਮਹਾਂਪੁਰਸ਼ ਕਿੰਨੀਆਂ ਹੀ ਦਲੀਲਾਂ ਦੇਣ ਅਤੇ ਪ੍ਰਤੱਖ ਰੂਪ ਵਿਚ ਉਨ੍ਹਾਂ ਦੇ ਸਾਮ੍ਹਣੇ ਮਿਸਾਲਾਂ ਰੱਖਣ ਪਰ ਉਹ ਮੰਨਣ ਨੂੰ ਤਿਆਰ ਨਹੀਂ ਹੁੰਦੇ। ਜਿਹੜੇ ਪੁਰਸ਼ ਮੌਤ ਪਿਛੋਂ ਫਿਰ ਮੁੜ ਕੇ ਜਿਉਂਦੇ ਹੋ ਜਾਂਦੇ ਹਨ ਉਨ੍ਹਾਂ ਦੀ ਗੱਲ ਨੂੰ ਉਹ ਮੰਨਦੇ ਹੀ ਨਹੀਂ। ਇਸ ਕਰਕੇ ਉਹ ਸ਼ੁਭ ਕਰਮਾਂ ਅਤੇ ਸੁਧ ਜੀਵਨ ਸਚਾਈ ਭਰੇ ਵਾਤਾਵਰਣ ਵਿਚ ਵਿਸ਼ਵਾਸ਼ ਨਹੀਂ ਰਖਦੇ ਪਰ ਐਸੀਆਂ ਗੱਲਾਂ ਬਹੁਤ ਸਾਰੀਆਂ ਹਨ ਜਿਨ੍ਹਾਂ ਦਾ ਉਨ੍ਹਾਂ ਕੋਲ ਕੋਈ ਵੀ ਉਤਰ ਨਹੀਂ। ਵਾਹਿਗੁਰੂ ਜੀ ਨੇ ਐਸੀ ਨੇਤ ਰੱਖੀ ਹੋਈ ਹੈ ਕਿ ਸਮੇਂ-ਸਮੇਂ ਮਨੁੱਖ ਨੂੰ ਖਬਰਦਾਰ ਕਰਨ ਵਾਸਤੇ ਕੋਈ ਐਸੀ ਘਟਨਾ ਹੋ ਹੀ ਜਾਂਦੀ ਹੈ ਜਿਸ ਨੂੰ ਪਰਖਿਆ ਅਤੇ ਵਿਚਾਰਿਆ ਜਾਵੇ ਤਾਂ ਉਸ ਨੂੰ ਸੱਚ ਮੰਨਣ ਤੋਂ ਟਾਲਿਆ ਨਹੀਂ ਜਾ ਸਕਦਾ। ਇਸ ਗੱਲ ਨੂੰ ਸਮਝਣ ਲਈ ਪੁਰਾਣੀਆਂ ਗੱਲਾਂ ਸਾਰੀਆਂ ਛੱਡ ਕੇ ਇਕ ਪ੍ਰਤੱਖ ਵਰਤੀ ਹੋਈ ਘਟਨਾ ਮੈਂ ਆਪ ਸਾਰਿਆਂ ਨਾਲ ਸਾਂਝੀ ਕਰਦਾ ਹਾਂ।

ਇਕ ਵਾਰੀ ਸ੍ਰੀ 108 ਸੰਤ ਈਸ਼ਰ ਸਿੰਘ ਜੀ ਮਹਾਰਾਜ ਜੀ ਦੇ ਦੀਵਾਨ ਮਾਲਵੇ ਵਿਚ ਕਲਿਆਣ ਦੇ ਪੁਲ ਪਾਸ ਲੱਗੇ ਹੋਏ ਸਨ। ਉਸ ਦੀਵਾਨ ਵਿਚ ਪ੍ਰਿੰਸੀਪਲ ਗੁਰਦਿਆਲ ਸਿੰਘ ਜੀ ਜੋ ਅੱਜਕਲ੍ਹ ਸੰਤ ਈਸ਼ਰ ਸਿੰਘ ਪਬਲੀਕੇਸ਼ਨ ਟਰੱਸਟ ਲੁਧਿਆਣੇ ਦੇ ਮੁਖੀ ਹਨ, ਬੈਠੇ ਕੀਰਤਨ ਸੁਣ ਰਹੇ ਸਨ। ਉਹ ਸੰਤ ਮਹਾਰਾਜ ਜੀ ਦੇ ਕਾਫੀ ਨਿਕਟਵਰਤੀ ਸਨ ਅਤੇ ਸੰਤ ਮਹਾਰਾਜ (ਸੰਤ ਈਸ਼ਰ ਸਿੰਘ ਜੀ) ਕਈ ਜ਼ਰੂਰੀ ਗੱਲਾਂ ਵਿਚ ਉਨ੍ਹਾਂ ਦੀ ਸਲਾਹ ਲੈ ਲਿਆ ਕਰਦੇ ਸਨ। ਜਦੋਂ ਇਸ ਪਿੰਡ ਵਿਚ ਕੀਰਤਨ ਦੀ ਸਮਾਪਤੀ ਹੋਈ ਤਾਂ ਸੰਤ ਮਹਾਰਾਜ ਜੀ ਨੇ ਕਿਹਾ ਕਿ ਇਥੇ ਇਕ ਕਰਨੀ ਕਮਾਈ ਵਾਲੇ ਪੁਰਸ਼ ਰਹਿੰਦੇ ਹਨ ਜਿਨ੍ਹਾਂ ਦਾ ਨਾਮ ਭਾਈ ਕਿਰਪਾਲ ਸਿੰਘ ਹੈ, ਤੁਸੀਂ ਉਨ੍ਹਾਂ ਨੂੰ ਮਿਲ ਕੇ ਆਓ। ਪ੍ਰਿੰ. ਗੁਰਦਿਆਲ ਸਿੰਘ ਮਹਾਰਾਜ ਜੀ ਦੇ ਹੁਕਮ ਮੁਤਾਬਿਕ ਉਨ੍ਹਾਂ ਪਾਸ ਚਲੇ ਗਏ। ਉਹ ਆਪਣੇ ਖੇਤ ਵਿਚ ਕੁਟੀਆ ਬਣਾ ਕੇ ਰਿਹਾ ਕਰਦੇ ਸਨ। ਪਰਿਵਾਰ ਦੇ ਮੈਂਬਰ ਪ੍ਰਸ਼ਾਦ ਪਾਣੀ ਦਾ ਬੰਦੋਬਸਤ ਕੁਟੀਆਂ ਵਿਚ ਹੀ ਕਰ ਦਿਆ ਕਰਦੇ ਸਨ। ਉਹ ਬਹੁਤਾ ਸਮਾਂ ਵਾਹਿਗੁਰੂ ਦੇ ਭਜਨ ਵਿਚ ਹੀ ਬਤੀਤ ਕਰਿਆ ਕਰਦੇ ਸਨ। ਜਦੋਂ ਇਨ੍ਹਾਂ ਨੇ ਆਪਣਾ ਪਰੀਚਾ ਕਰਾਇਆ ਤਾਂ ਭਾਈ ਕਿਰਪਾਲ ਸਿੰਘ ਜੀ ਨੇ ਇਨ੍ਹਾਂ ਨੂੰ ਬਿਠਾ ਲਿਆ ਅਤੇ ਆਪਣੀ ਹੱਡਬੀਤੀ ਸੁਣਾਉਣ ਲੱਗੇ।

ਉਨ੍ਹਾਂ ਨੇ ਕਿਹਾ ਕਿ ਮੈਂ 18 ਸਾਲ ਦੀ ਉਮਰ ਵਿਚ ਫੌਜ ਵਿਚ ਭਰਤੀ ਹੋ ਗਿਆ। ਮੇਰਾ ਕਦ ਕਾਠ ਖੁਲ੍ਹਾ ਡੁਲ੍ਹਾ ਸੀ ਅਤੇ ਸਰੀਰ ਵਿਚ ਜ਼ੋਰ ਵੀ ਬਹੁਤ ਸੀ ਉਨ੍ਹਾਂ ਦਿਨਾਂ ਵਿਚ ਫੌਜ ਵਿਚ ਮਜ਼ਬੂਤ ਬੰਦੇ ਭਰਤੀ ਕੀਤੇ ਜਾਇਆ ਕਰਦੇ ਸਨ। ਦੋ ਤਿੰਨ ਸੌ ਉਮੀਦਾਵਰਾਂ ਵਿਚੋਂ ਦੋ ਜਾਂ ਤਿੰਨ ਭਰਤੀ ਕੀਤੇ ਜਾਇਆ ਕਰਦੇ ਸਨ। ਮੈਂ ਫੌਜ ਵਿਚ ਚਲਿਆ ਗਿਆ। ਪੂਰੇ ਧਿਆਨ ਨਾਲ ਟਰੇਨਿੰਗ ਹਾਸਲ ਕੀਤੀ। ਜਦੋਂ ਮੇਰੀ ਸਰਵਿਸ ਪੰਜ ਸਾਲ ਦੀ ਹੋਈ ਤਾਂ ਮੈਨੂੰ ਰੀਜ਼ਰਵ ਲਿਸਟ ਤੇ ਲੈ ਕੇ ਕੁਝ ਮਾਇਆ ਜੋ ਰੀਜ਼ਰਵ ਲਿਸਟ ਵਾਲਿਆਂ ਨੂੰ ਦਿਆ ਕਰਦੇ ਹਨ ਉਹ ਮੇਰੀ ਤਨਖਾਹ ਦੇ ਰੂਪ ਵਿਚ ਦੇ ਕੇ ਮੈਨੂੰ ਘਰ ਭੇਜ ਦਿਤਾ। ਮੈਂ ਇਕੱਲਾ ਰਹਿੰਦਾ ਸੀ, ਪੂਰਾ ਜਵਾਨ ਸੀ, ਕੰਮ ਮੈਂ ਬਹੁਤ ਜੀਅ ਲਾ ਕੇ ਕਰਿਆ ਕਰਦਾ ਸੀ। ਮੈਂ ਪਿੰਡ ਦੇ ਗੁਰਦੁਆਰੇ ਸਾਹਿਬ ਵੀ ਜਾਂਦਾ ਸੀ, ਉਥੇ ਸ਼ਾਮ ਵੇਲੇ ਰਹਿਰਾਸ ਸਾਹਿਬ ਦਾ ਪਾਠ ਸੁਣਨਾ, ਅੰਮ੍ਰਿਤ ਵੇਲੇ ਗੁਰਦੁਆਰਾ ਸਾਹਿਬ ਦੀ ਖੂਹੀ ਤੇ ਹੀ ਇਸ਼ਨਾਨ ਕਰ ਲਿਆ ਕਰਦਾ ਸੀ ਅਤੇ ਪੰਜ ਬਾਣੀਆਂ ਜੋ ਫੌਜ ਵਿਚ ਗੁਰਦੁਆਰੇ ਸਾਹਿਬ ਦੇ ਗ੍ਰੰਥੀ, ਸਿਪਾਹੀਆਂ ਨੂੰ ਸਿਖਾ ਦਿਆ ਕਰਦੇ ਸਨ ਉਹ ਮੇਰੇ ਜ਼ੁਬਾਨੀ ਯਾਦ ਸਨ। ਮੈਂ ਉਨ੍ਹਾਂ ਦਾ ਨਿਤਨੇਮ ਕਰਦਾ ਸੀ।

ਇਕ ਵਾਰੀ ਅਜਿਹਾ ਹੋਇਆ ਕਿ ਮੈਂ ਬਿਮਾਰ ਪੈ ਗਿਆ ਅਤੇ ਥੋੜ੍ਹੇ ਦਿਨਾਂ ਵਿਚ ਚੜ੍ਹਾਈ ਕਰ ਗਿਆ। ਘਰ ਵਿਚ ਅਫਸੋਸ ਤਾਂ ਹੋਣਾ ਹੀ ਸੀ ਕਿਉਂਕਿ ਮੈਂ ਚੰਗਾ ਕਮਾਊ ਬੰਦਾ ਸੀ। ਰਿਸ਼ਤੇਦਾਰ ਵਗੈਰਾ ਇਕੱਠੇ ਹੋਏ ਅਤੇ ਮੇਰਾ ਸਸਕਾਰ ਕਰਨ ਲਈ ਸ਼ਮਸ਼ਾਨ ਭੂਮੀ ਵਲ ਲੈ ਗਏ। ਦੂਜੇ ਪਾਸੇ ਜਦੋਂ ਮੈਂ ਸਰੀਰ ਵਿਚੋਂ ਨਿਕਲਿਆ ਤਾਂ ਮੈਂ ਕੀ ਦੇਖਿਆ ਕਿ ਆਪਣੇ ਸਰੀਰ ਨੂੰ ਵੇਖ ਰਿਹਾ ਹਾਂ, ਘਰ ਵਾਲਿਆਂ ਨੂੰ ਰੋਂਦੇ ਪਿਟਦੇ ਵੀ ਦੇਖ ਰਿਹਾ ਹਾਂ, ਮੈਨੂੰ ਪਤਾ ਹੀ ਨਹੀਂ ਸੀ ਲਗ ਰਿਹਾ ਕਿ ਇਹ ਕਿਉਂ ਐਨਾ ਰੋ ਰਹੇ ਹਨ। ਮੈਂ ਆਪਣੇ ਸਰੀਰ ਨੂੰ ਦੇਖ ਰਿਹਾ ਸੀ। ਕੁਝ ਗਾਈਡ ਧਰਮਰਾਜ ਵਲੋਂ ਮੈਨੂੰ ਲੈਣ ਵਾਸਤੇ ਆਏ। ਜਮਦੂਤ ਸ਼ਾਇਦ ਇਸ ਕਰਕੇ ਨਾ ਆਏ ਹੋਣ ਕਿਉਂਕਿ ਮੈਂ ਗੁਰੂ ਦੀ ਬਾਣੀ ਪੜ੍ਹਦਾ ਸੀ। ਸ਼ਰਾਬ ਵਗੈਰਾ ਮੈਂ ਪੀਂਦਾ ਹੀ ਨਹੀਂ ਸੀ, ਨਾ ਮੈਂ ਮਾਸ ਖਾਂਦਾ ਸੀ। ਸਾਧੂ ਸੰਤਾਂ ਦੇ ਬਚਨਾਂ ਦਾ ਮੇਰੇ ਮਨ ਵਿਚ ਅਸਰ ਹੋਇਆ ਹੋਇਆ ਸੀ। ਮੈਂ ਹਮੇਸ਼ਾ ਹੀ ਸੋਚਦਾ ਰਹਿੰਦਾ ਸੀ ਕਿ ਦਰਗਾਹ ਵਿਚ ਮੇਰੇ ਉਪਰ ਕਿਤੇ ਮਾਰ ਨਾ ਪਵੇ, ਇਸ ਕਰਕੇ ਨਾ ਮੈਂ ਕਿਸੇ ਨਾਲ ਦੁਰਵਿਹਾਰ ਕਰਦਾ ਸੀ, ਨਾ ਕਿਸੇ ਦਾ ਬੁਰਾ ਕਰਦਾ ਸੀ, ਚੁਗਲੀ ਨਿੰਦਿਆ ਮੈਂ ਕਰਦਾ ਹੀ ਨਹੀਂ ਸੀ। ਇਸ ਕਰਕੇ ਮੈਨੂੰ ਸਾਰੇ ਹੀ ਪਿਆਰ ਕਰਿਆ ਕਰਦੇ ਸਨ। ਮੇਰੇ ਇਸ ਸੁਭਾਅ ਨੂੰ ਦੇਖ ਕੇ ਬਹੁਤ ਸਾਰੇ ਮੇਰੇ ਮਿਤਰ ਬਣ ਗਏ। ਜੋ ਪੁਰਸ਼ ਮੈਨੂੰ ਲੈਣ ਆਏ ਸਨ ਉਨ੍ਹਾਂ ਨੇ ਦਸਿਆ ਕਿ ਤੂੰ ਚੜ੍ਹਾਈ ਕਰ ਗਿਆ ਹੈਂ, ਤੇਰਾ ਸਰੀਰ ਹੁਣ ਮੁਰਦਾ ਹੋ ਚੁਕਿਆ ਹੈ। ਅਸੀਂ ਤੈਨੂੰ ਛੇਤੀ ਤੋਂ ਛੇਤੀ ਧਰਮਰਾਜ ਦੀ ਦਰਗਾਹ ਵਿਚ ਲਿਜਾਉਣਾ ਚਾਹੁੰਦੇ ਹਾਂ, ਉਹ ਮੈਨੂੰ ਬਹੁਤ ਛੇਤੀ ਦਰਗਾਹ ਵਿਚ ਲੈ ਗਏ, ਉਥੇ ਮੇਰਾ ਹਿਸਾਬ ਕਿਤਾਬ ਦੇਖਣ ਲੱਗੇ ਤਾਂ ਮੇਰਾ ਨਾਮ ਕ੍ਰਿਪਾਲ ਸਿੰਘ ਤਾਂ ਮਿਲਦਾ ਸੀ ਪਰ ਮੇਰੇ ਪਿਤਾ ਦਾ ਨਾਮ ਨਹੀਂ ਸੀ ਮਿਲਦਾ। ਇਕ ਗੱਲ ਦਾ ਮੈਨੂੰ ਉਥੇ ਪਤਾ ਲੱਗਿਆ ਕਿ ਉਹ ਇਹ ਕਹਿ ਰਹੇ ਸਨ ਕਿ ਇਹ ਕਿਰਪਾਲ ਸਿੰਘ ਗੁਰੂ ਨਾਨਕ ਪਾਤਸ਼ਾਹ ਦਾ ਸਿੱਖ ਹੈ, ਇਸ ਨੇ ਅੰਮ੍ਰਿਤ ਛਕ ਕੇ ਗੁਰੂ ਧਾਰਨ ਕੀਤਾ ਹੋਇਆ ਹੈ, ਇਸ ਕਰਕੇ ਇਹ ਧਰਮਰਾਜ ਦੀ ਕਚਹਿਰੀ ਵਿਚ ਨਹੀਂ ਬੁਲਾਇਆ ਜਾ ਸਕਦਾ। ਸਾਧਸੰਗਤ ਜੀ! ਗੁਰੂ ਮਹਾਰਾਜ ਜੀ ਦਾ ਐਸਾ ਫੁਰਮਾਨ ਹੈ –

*ਧਰਮਰਾਇ ਨੋ ਹੁਕਮੁ ਹੈ*
*ਬਹਿ ਸਚਾ ਧਰਮੁ ਬੀਚਾਰਿ॥*
*ਦੂਜੈ ਭਾਇ ਦੁਸਟੁ ਆਤਮਾ*
*ਓਹੁ ਤੇਰੀ ਸਰਕਾਰ॥*
*ਅਧਿਆਤਮੀ ਹਰਿ ਗੁਣ ਤਾਸੁ*
*ਮਨਿ ਜਪਹਿ ਏਕੁ ਮੁਰਾਰਿ॥*
*ਤਿਨ ਕੀ ਸੇਵਾ ਧਰਮ ਰਾਇ ਕਰੈ*
*ਧੰਨੁ ਸਵਾਰਣਹਾਰੁ॥ ਅੰਗ – 39*

ਉਹ ਕੁਝ ਹੈਰਾਨ ਸਨ ਕਿ ਅਸਾਥੋਂ ਕੋਈ ਭੁੱਲ ਹੋ ਗਈ ਹੈ, ਉਨ੍ਹਾਂ ਨੇ ਕਿਹਾ ਕਿ ਇਸ ਕ੍ਰਿਪਾਲ ਸਿੰਘ ਨੂੰ ਨਹੀਂ ਸੀ ਲਿਆਉਣਾ ਪਰ ਇਸੇ ਪਿੰਡ ਵਿਚ ਕ੍ਰਿਪਾਲ ਸਿੰਘ ਨਾਮ ਦਾ ਤਰਖਾਣਾਂ ਦਾ ਮੁੰਡਾ ਹੈ, ਉਸ ਨੂੰ ਛੇਤੀ ਤੋਂ ਛੇਤੀ ਲਿਆਓ ਅਤੇ ਇਸ ਨੂੰ ਦੇਹ ਵਿਚ ਪ੍ਰਵੇਸ਼ ਕਰਾ ਕੇ ਜਿਉਂਦਾ ਕਰੋ। ਉਨ੍ਹਾਂ ਦਾ ਵਤੀਰਾ ਮੇਰੇ ਨਾਲ ਬਹੁਤ ਪਿਆਰ ਵਾਲਾ ਸੀ। ਕੁਝ ਕਹਿਣ ਦਾ ਹੌਂਸਲਾ ਮੈਨੂੰ ਹੋ ਗਿਆ ਉਨ੍ਹਾਂ ਨੂੰ ਮੈਂ ਕਿਹਾ ਕਿ ਤੁਸੀਂ ਮੈਨੂੰ ਵਾਪਸ ਸੰਸਾਰ ਵਿਚ ਭੇਜ ਰਹੇ ਹੋ ਉਥੇ ਮੈਨੂੰ ਲੋਕ ਪੁਛਣਗੇ ਕਿ ਤੂੰ ਕੀ ਦੇਖਿਆ ਹੈ? ਤੁਸੀਂ ਤਾਂ ਮੈਨੂੰ ਅਜਿਹੇ ਰਸਤੇ ਤੋਂ ਲਿਆਏ ਹੋ ਕਿ ਮੈਂ ਕੁਝ ਨਹੀਂ ਦੇਖ ਸਕਿਆ। ਤੁਸੀਂ ਮੈਨੂੰ ਜਾਂਦੇ ਹੋਏ ਨਰਕ ਤਾਂ ਦਿਖਾ ਦੇਵੋ ਕਿਹੋ ਜਿਹੇ ਹੁੰਦੇ ਹਨ। ਉਨ੍ਹਾਂ ਨੇ ਆਪਸ ਵਿਚ ਵਿਚਾਰ ਕਰਕੇ ਮੈਨੂੰ ਨਰਕਾਂ ਦੇ ਉਪਰੋਂ ਦੀ ਲੰਘਾਇਆ। ਉਥੇ ਅਤਿ ਦੀ ਗਰਮੀ ਮਹਿਸੂਸ ਹੋਈ ਜਿਸ ਬਾਰੇ ਬਾਣੀ ਵਿਚ ਵੀ ਫੁਰਮਾਨ ਹੈ –

*ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ*
*ਜਿਉ ਦਰੀਆਵੈ ਢਾਹਾ॥*
*ਅਗੈ ਦੋਜਕੁ ਤਪਿਆ ਸੁਣੀਐ*
*ਹੂਲ ਪਵੈ ਕਾਹਾਹਾ॥ ਅੰਗ – 1383*
*ਵੇਖਹੁ ਬੰਦਾ ਚਲਿਆ*
*ਚਹੁ ਜਣਿਆ ਦੈ ਕੰਨਿ॥*
*ਫਰੀਦਾ ਅਮਲ ਜਿ ਕੀਤੇ ਦੁਨੀ ਵਿਚਿ*
*ਦਰਗਹ ਆਏ ਕੰਮਿ॥ ਅੰਗ – 1383*

ਗੁਰੂ ਨਾਨਕ ਪਾਤਸ਼ਾਹ ਨੇ ਵੀ ਉਸ ਦੇ ਬਾਰੇ ਦਸਿਆ ਹੈ–

*ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ॥*
*ਨਾਨਕ ਜਿਉ ਮਥਨਿ ਮਾਧਾਣੀਆ*
*ਤਿਉ ਮਥੇ ਧ੍ਰਮਰਾਇ॥ ਅੰਗ – 1425*

ਮੈਂ ਸਵਰਗ ਦੇਖਣ ਦੀ ਵੀ ਇੱਛਾ ਕੀਤੀ ਉਨ੍ਹਾਂ ਨੇ ਕਿਹਾ ਕਿ ਤੇਰਾ ਸਰੀਰ ਸਮਸ਼ਾਨ ਭੂਮੀ ਵਲ ਨੂੰ ਲਿਜਾ ਰਹੇ ਹਨ। ਇਸ ਤੋਂ ਪਹਿਲਾਂ ਕਿ ਉਹ ਅਗਨ ਭੇਟ ਕਰ ਦੇਣ ਅਸੀਂ ਤੈਨੂੰ ਵਾਪਸ ਦੇਹ ਵਿਚ ਪਾਉਣਾ ਚਾਹੁੰਦੇ ਹਾਂ। ਜਦੋਂ ਮੈਂ ਬਾਰ-ਬਾਰ ਬੇਨਤੀ ਕੀਤੀ ਤਾਂ ਉਨ੍ਹਾਂ ਨੇ ਸਵਰਗਾਂ ਦਾ ਹਵਾਈ ਜਹਾਜ਼ ਵਾਂਗੂੰ ਦ੍ਰਿਸ਼ ਦਿਖਾ ਦਿਤਾ। ਮੈਂ ਐਨਾ ਹੀ ਕਹਿ ਸਕਦਾ ਹਾਂ ਕਿ ਨਰਕਾਂ ਵਿਚ ਦੁਖ ਹੀ ਦੁਖ ਹਨ, ਸਵਰਗਾਂ ਵਿਚ ਸੁਖ ਹੀ ਸੁਖ ਹਨ ਹੋਰ ਮੈਂ ਕੁਝ ਨਹੀਂ ਜਾਣਦਾ।

ਇਧਰ ਇਹ ਹੋਇਆ ਕਿ ਮੇਰਾ ਸਰੀਰ ਅਗਨ ਭੇਟ ਕਰ ਦਿਤਾ ਉਸੇ ਸਮੇਂ ਉਨ੍ਹਾਂ ਨੇ ਮੇਰੀ ਰੂਹ ਸਰੀਰ ਵਿਚ ਪ੍ਰਵੇਸ਼ ਕਰਾ ਦਿਤੀ ਮੈਂ ਇਕ ਦਮ ਝਟਕਾ

ਮਾਰਿਆ ਅਤੇ ਅਰਥੀ ਨਾਲ ਜੋ ਬਾਣ ਦੀਆਂ ਰੱਸੀਆਂ ਮੇਰੇ ਉਪਰ ਬੰਨ੍ਹੀਆਂ ਹੋਈਆਂ ਸਨ ਟੁੱਟ ਗਈਆਂ। ਉਪਰਲੀਆਂ ਲੱਕੜਾਂ ਇਧਰ ਉਧਰ ਖਿੰਡ ਗਈਆਂ ਲੋਕਾਂ ਨੂੰ ਕੁਝ ਵੀ ਨਾ ਪਤਾ ਲੱਗਿਆ ਕਿ ਕੀ ਹੋ ਰਿਹਾ ਹੈ ਜਦੋਂ ਉਨ੍ਹਾਂ ਨੇ ਦੇਖਿਆ ਤਾਂ ਮੈਂ ਇਕ ਪਾਸੇ ਬੈਠਾ ਆਪਣੀ ਲੱਤ ਨੂੰ ਲੱਗੀ ਅੱਗ ਬੁਝਾ ਰਿਹਾ ਸੀ। ਆਹ ਮੇਰੀ ਲੱਤ ਦੇਖੋ ਇਸ ਉਪਰ ਨਿਸ਼ਾਨ ਪਿਆ ਹੋਇਆ ਹੈ। ਸਾਰੇ ਸੋਗ ਖੁਸ਼ੀਆਂ ਵਿਚ ਬਦਲ ਗਏ। ਮੈਂ ਆਪਣੇ ਮਾਂ ਬਾਪ ਭਰਾਵਾਂ ਨੂੰ ਬੁਲਾ ਕੇ ਕਿਹਾ ਕਿ ਮੈਂ ਸਭ ਕੁਝ ਆਪਣੀਆਂ ਅੱਖਾਂ ਨਾਲ ਦੇਖ ਆਇਆ ਹਾਂ ਉਹ ਮੈਨੂੰ ਛੱਡ ਗਏ ਪਰ ਕਿਰਪਾਲ ਸਿੰਘ ਮਿਸਤਰੀ ਨੂੰ ਲੈਣ ਚਲੇ ਗਏ। ਉਹ ਥੋੜ੍ਹੀ ਦੇਰ ਪਹਿਲਾਂ ਕੁਹਾੜੇ ਨਾਲ ਮੇਰੀ ਚਿਤਾ ਵਿਚ ਪਾਉਣ ਲਈ ਲਕੜਾਂ ਪਾੜ ਕੇ ਹਟਿਆ ਸੀ। ਅਗ ਲੱਗਣ ਉਪਰੰਤ ਉਹ ਕਿੱਕਰ ਉਪਰ ਚੜ੍ਹ ਗਿਆ ਜਿਥੋਂ ਉਸ ਨੇ ਬਾਂਹੇ (ਦਸਤੇ) ਲਈ ਲੱਕੜੀ ਕਟਣੀ ਸੀ। ਜਦੋਂ ਉਸ ਨੇ ਕੁਹਾੜਾ ਟਾਹਣੇ ਨੂੰ ਮਾਰਿਆ ਤਾਂ ਉਹ ਆਪਣਾ balance ਕਾਬੂ ਨਾ ਰੱਖ ਸਕਿਆ ਅਤੇ ਸਿਰ ਪਰਨੇ ਗਿਰ ਕੇ ਮਰ ਗਿਆ। ਉਸੇ ਵੇਲੇ ਜਮਦੂਤਾਂ ਨੇ ਉਸ ਦੀ ਰੂਹ ਨੂੰ ਫੜ ਲਿਆ, ਰੌਲਾ ਪੈ ਗਿਆ ਕਿ ਕਿਰਪਾਲ ਸਿੰਘ ਮਿਸਤਰੀ ਮਰ ਗਿਆ, ਮੇਰੀ ਚਿਖਾ ਉਪਰ ਹੀ ਉਸ ਦਾ ਸੰਸਕਾਰ ਕੀਤਾ ਗਿਆ।

ਭਾਈ ਕਿਰਪਾਲ ਸਿੰਘ ਜੀ ਕਹਿਣ ਲੱਗੇ ਕਿ ਪ੍ਰਿੰਸੀਪਲ ਜੀ! ਸੰਤ ਮਹਾਰਾਜ ਜੀ ਇਸ ਘਟਨਾ ਬਾਰੇ ਪੂਰੀ ਤਰ੍ਹਾਂ ਨਾਲ ਜਾਣਦੇ ਹਨ ਜਦੋਂ ਵੀ ਹੁਕਮ ਦੇ ਕੇ ਕਿਸੇ ਨੂੰ ਭੇਜਦੇ ਹਨ ਤਾਂ ਉਨ੍ਹਾਂ ਦੀ ਮਨਸਾ ਇਹੀ ਹੁੰਦੀ ਹੈ ਕਿ ਮੈਂ ਆਪਣੀ ਹੱਡਬੀਤੀ ਸੁਣਾਵਾਂ। ਤੁਸੀਂ ਇਸ ਉਪਰ ਵਿਸ਼ਵਾਸ਼ ਰੱਖੋ ਅਤੇ ਉਹ ਦਿਨ ਯਾਦ ਰੱਖੋ ਕਿ ਤੁਸੀਂ ਵੀ ਇਕ ਦਿਨ ਸੰਸਾਰ ਛੱਡ ਕੇ ਚਲੇ ਜਾਣਾ ਹੈ।

ਪਰਿਵਾਰ ਮੇਰੇ ਆਲੇ ਦੁਆਲੇ ਇਕੱਠਾ ਹੋ ਗਿਆ। ਪਿੰਡ ਦੇ ਹਕੀਮ ਨੂੰ ਛੇਤੀ ਬੁਲਾ ਕੇ ਲਿਆਏ। ਉਸ ਨੇ ਮੇਰੇ ਜਲੇ ਹੋਏ ਥਾਂ ਉਪਰ ਦਵਾਈ ਲਗਾਈ। ਮੈਨੂੰ ਸਹਾਰਾ ਦੇ ਕੇ ਘਰ ਲਿਜਾਉਣ ਵਾਸਤੇ ਖੜ੍ਹਾ ਕਰ ਲਿਆ। ਘਰ ਆ ਕੇ ਮੈਂ ਇਸ ਜ਼ਖਮ ਦਾ ਇਲਾਜ ਕਰਾਇਆ ਅਤੇ ਘਰਦਿਆਂ ਨੂੰ ਦਸਿਆ ਕਿ ਮੈਂ ਸਭ ਕੁਝ ਦੇਖ ਆਇਆ ਹਾਂ ਇਸ ਸੰਸਾਰ ਤੋਂ ਸਭ ਨੇ ਜਾਣਾ ਹੈ। ਗੁਰੂ ਮਹਾਰਾਜ ਜੀ ਕਿੰਨੀ ਸਪਸ਼ਟਤਾ ਨਾਲ ਸਾਨੂੰ ਦਸ ਰਹੇ ਹਨ –

*ਕਰਉ ਬੇਨੰਤੀ ਸੁਨਹੁ ਮੇਰੇ ਮੀਤਾ*
*ਸੰਤ ਟਹਲ ਕੀ ਬੇਲਾ॥*
*ਈਹਾ ਖਾਟਿ ਚਲਹੁ ਹਰਿ ਲਾਹਾ*
*ਆਗੈ ਬਸਨੁ ਸੁਹੇਲਾ॥*
*ਅਉਧ ਘਟੈ ਦਿਨਸੁ ਰੈਣਾਰੇ॥*
*ਮਨ ਗੁਰ ਮਿਲਿ ਕਾਜ ਸਵਾਰੇ॥*
*ਇਹੁ ਸੰਸਾਰੁ ਬਿਕਾਰੁ ਸੰਸੇ ਮਹਿ*
*ਤਰਿਓ ਬ੍ਰਹਮ ਗਿਆਨੀ॥*
*ਜਿਸਹਿ ਜਗਾਇ ਪੀਆਵੈ ਇਹੁ ਰਸੁ*
*ਅਕਥ ਕਥਾ ਤਿਨਿ ਜਾਨੀ॥ ਅੰਗ – 13*

ਇਹ ਤੁਸੀਂ ਵੀ ਪੜ੍ਹਦੇ ਸੁਣਦੇ ਹੋ ਮੈਂ ਵੀ ਪੜ੍ਹਦਾ ਹਾਂ ਪਰ ਮੈਂ ਸਭ ਕੁਝ ਆਪਣੀਆਂ ਅੱਖਾਂ ਨਾਲ ਦੇਖ ਆਇਆ ਹਾਂ। ਇਹ ਕਾਰੋਬਾਰ, ਧਨ ਕਮਾਉਣ ਦੇ ਯਤਨ ਇਹ ਸਾਰੇ ਝੂਠੇ ਹਨ। ਦੇਖੋ ਤੁਸੀਂ ਮੇਰੀ ਕੋਈ ਸਹਾਇਤਾ ਨਹੀਂ ਕਰ ਸਕਿਆ, ਤੁਸੀਂ ਤਾਂ ਇਥੇ ਵੀ ਮੇਰੀ ਸਹਾਇਤਾ ਨਹੀਂ ਕਰਦੇ ਦਰਗਾਹ ਵਿਚ ਤਾਂ ਕੀ ਕਰਨੀ ਹੈ। ਦਰਗਾਹ ਵਿਚ ਮੈਂ ਤਾਂ ਬਚ ਗਿਆ ਕਿਉਂਕਿ ਮੈਂ ਗੁਰੂ ਵਾਲਾ ਬਣਿਆ ਹੋਇਆ ਸੀ, ਬਾਣੀ ਪਿਆਰ ਨਾਲ ਪੜ੍ਹਿਆ ਕਰਦਾ ਸੀ। ਰਾਤ ਨੂੰ ਵੀ ਸਿਮਰਨ ਵਿਚ ਕੁਝ ਸਮਾਂ ਬੈਠ ਜਾਈਦਾ ਸੀ। ਉਸ ਨੇ ਹੀ ਮੇਰੀ ਸਹਾਇਤਾ ਕੀਤੀ ਹੈ। ਉਹ ਮੈਨੂੰ ਕਿਸੇ ਕਠਨ ਥਾਂ ਤੋਂ ਨਹੀਂ ਲੈ ਕੇ ਗਏ, ਨਾ ਉਥੇ ਮੈਨੂੰ ਪਿਆਸ ਲੱਗੀ, ਨਾ ਭੁੱਖ ਲੱਗੀ ਜਿਹੜਾ ਮੈਂ ਆਪਣੇ ਜੀਵਨ ਵਿਚ ਥੋੜ੍ਹਾ ਬਹੁਤ ਭਜਨ ਕਰਿਆ ਓਹੀ ਮੇਰਾ ਅਧਾਰ ਬਣਿਆ ਰਿਹਾ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ–

*ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ॥*
*ਹਰਿ ਕਾ ਨਾਮੁ ਊਹਾ ਸੰਗਿ ਤੋਸਾ॥*
*ਜਿਹ ਪੈਡੈ ਮਹਾ ਅੰਧ ਗੁਬਾਰਾ॥*
*ਹਰਿ ਕਾ ਨਾਮੁ ਸੰਗਿ ਉਜੀਆਰਾ॥*
*ਜਹਾ ਪੰਥਿ ਤੇਰਾ ਕੋ ਨ ਸਿਞਾਨੂ॥*
*ਹਰਿ ਕਾ ਨਾਮੁ ਤਹ ਨਾਲਿ ਪਛਾਨੂ॥*
*ਜਹ ਮਹਾ ਭਇਆਨ ਤਪਤਿ ਬਹੁ ਘਾਮ॥*
*ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ॥*
*ਜਹਾ ਤ੍ਰਿਖਾ ਮਨ ਤੁਝੁ ਆਕਰਖੈ॥*
*ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ॥*
*ਅੰਗ –264*

*ਜਹ ਮਾਤ ਪਿਤਾ ਸੁਤ ਮੀਤ ਨ ਭਾਈ॥*
*ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥*
*ਜਹ ਮਹਾ ਭਇਆਨ ਦੂਤ ਜਮ ਦਲੈ॥*
*ਤਹ ਕੇਵਲ ਨਾਮੁ ਸੰਗਿ ਤੇਰੈ ਚਲੈ॥*
*ਜਹ ਮੁਸਕਲ ਹੋਵੈ ਅਤਿ ਭਾਰੀ॥*
*ਹਰਿ ਕੋ ਨਾਮੁ ਖਿਨ ਮਾਹਿ ਉਧਾਰੀ॥*
*ਅਨਿਕ ਪੁਨਹ ਚਰਨ ਕਰਤ ਨਹੀ ਤਰੈ॥*
*ਹਰਿ ਕੋ ਨਾਮੁ ਕੋਟਿ ਪਾਪ ਪਰਹਰੈ॥*
*ਗੁਰਮੁਖਿ ਨਾਮੁ ਜਪਹੁ ਮਨ ਮੇਰੇ॥*
*ਨਾਨਕ ਪਾਵਹੁ ਸੂਖ ਘਨੇਰੇ॥*
*ਅੰਗ – 264*

ਕਹਿਣ ਲੱਗੇ ਕਿ ਪ੍ਰਿੰਸੀਪਲ ਜੀ! ਦੇਖੋ ਮੈਂ ਸਪਸ਼ਟ ਤੌਰ ਤੇ ਦੁਨੀਆਂ ਦੇ ਬੰਦਿਆਂ ਨੂੰ ਇਸ ਘਟਨਾ ਬਾਰੇ ਦਸ ਰਿਹਾ ਹਾਂ ਪਰ ਕੋਈ ਭਾਗਾਂ ਵਾਲਾ ਹੀ ਹੈ ਜੋ ਮੇਰੀ ਗੱਲ ਤੇ ਵਿਸ਼ਵਾਸ਼ ਕਰਕੇ ਦ੍ਰਿੜ੍ਹਤਾ ਨਾਲ ਨਾਮ ਬਾਣੀ ਦੀ ਕਮਾਈ ਕਰੇ। ਪਰ ਮੈਂ ਹੈਰਾਨ ਹਾਂ ਕਿ ਗੱਲ ਸੁਣ ਕੇ ਕੁਝ ਦੇਰ ਤਾਂ ਉਹ ਸਹਿਮ ਜਾਂਦੇ ਹਨ ਪਰ ਥੋੜ੍ਹੀ ਦੇਰ ਬਾਦ ਫੇਰ ਉਥੇ ਦੇ ਉਥੇ ਆ ਜਾਂਦੇ ਹਨ। ਜਿਵੇਂ ਕਿ – 'ਪੰਚਾ ਦਾ ਕਹਿਆ ਸਿਰ ਮੱਥੇ ਪਰਨਾਲਾ ਥਾਂ ਦੀ ਥਾਂ', ਵਾਲੀ ਗੱਲ ਹੈ। ਇਹ ਸੁਣਦੇ ਨਹੀਂ ਹਨ। ਬਾਬਾ ਫਰੀਦ ਜੀ ਨੇ ਸਪਸ਼ਟ ਕਿਹਾ ਹੈ ਕਿ ਇਸ ਬੰਦੇ ਨੂੰ ਚਾਰੇ ਵੇਦ, ਛੇ ਸਾਸ਼ਤਰ, ਸਾਰੇ ਧਰਮ ਗ੍ਰੰਥ ਉਚੀ-ਉਚੀ ਬੋਲ ਕੇ ਦਸ ਰਹੇ ਹਨ ਕਿ ਪਿਆਰਿਆ! ਤੂੰ ਇਸ ਸੰਸਾਰ ਵਿਚ ਨਹੀਂ ਰਹਿਣਾ, ਤੈਨੂੰ ਜਾਣਾ ਹੀ ਪੈਣਾ ਹੈ, ਤੂੰ ਅੱਗੇ ਵਾਸਤੇ ਤੋਸਾ ਬੰਨ੍ਹ ਲੈ, ਤੂੰ ਆਪਣਾ ਜੀਵਨ ਮਾਇਆ ਵਿਚ ਲਗਾ ਕੇ ਬਰਬਾਦ ਨਾ ਕਰ। ਬਾਬਾ ਫਰੀਦ ਜੀ ਫੁਰਮਾਨ ਕਰਦੇ ਹਨ –

*ਫਰੀਦਾ ਕੂਕੇਦਿਆ ਚਾਂਗੇਦਿਆ*
*ਮਤੀ ਦੇਦਿਆ ਨਿਤ॥*
*ਜੋ ਸੈਤਾਨਿ ਵੰਞਾਇਆ*
*ਸੇ ਕਿਤ ਫੇਰਹਿ ਚਿਤ॥ ਅੰਗ – 1378*

ਸੰਤ ਮਹਾਰਾਜ ਜੀ ਬਹੁਤ ਵਾਰੀ ਇਸ ਘਟਨਾ ਦਾ ਜ਼ਿਕਰ ਦੀਵਾਨਾਂ ਵਿਚ ਵੀ ਕਰਿਆ ਕਰਦੇ ਸਨ। ਅਸੀਂ ਕੁਝ ਸਹਿਮ ਵੀ ਜਾਂਦੇ ਸਾਂ ਅਤੇ ਕੁਝ ਕਰਨ ਦਾ ਇਰਾਦਾ ਵੀ ਹੋ ਜਾਂਦਾ ਸੀ। ਸੋਚ ਲੈਂਦੇ ਸੀ ਕਿ ਜੇ ਮੁਕਤ ਨਹੀਂ ਹੋ ਸਕਦੇ ਤਾਂ ਥੋੜ੍ਹਾ ਬਹੁਤ ਤੋਸਾ ਤਾਂ ਨਾਲ ਬੰਨ੍ਹ ਲਈਏ। ਸਾਧਸੰਗਤ ਜੀ! ਇਹ ਬਚਨ ਮੈਂ ਇਸ ਕਰਕੇ ਕਹੇ ਹਨ ਕਿ ਐਨਾ ਪ੍ਰਤੱਖ ਹੋਣ ਦੇ ਬਾਵਜੂਦ ਵੀ ਆਦਮੀ ਉਪਰ ਕੋਈ ਅਸਰ ਨਹੀਂ ਹੋਇਆ ਕਰਦਾ। ਇਹ ਘਟਨਾ ਯਾਦਦਾਸ਼ਤ ਲਈ ਸੋਹਣੀ ਗੱਲ ਬਣ ਜਾਂਦੀ ਹੈ ਪਰ ਅਸੀਂ ਇਸ ਤੋਂ ਕੋਈ ਸੇਧ ਨਹੀਂ ਲੈਂਦੇ।

ਸਾਧਸੰਗਤ ਜੀ! ਮੈਂ ਜਿਵੇਂ ਬੇਨਤੀ ਕੀਤੀ ਸੀ ਕਿ ਪਾਮਰ ਅਤੇ ਭੋਗੀ ਪੁਰਸ਼ ਐਨੀ ਵੱਡੀ ਸਚਾਈ ਹੋਣ ਦੇ ਬਾਵਜੂਦ ਵੀ ਆਪਣਾ ਜੀਵਨ ਭੋਗਾਂ ਵਿਚ ਮਨਮੁਖਤਾਈ ਵਿਚ ਪਏ ਹੋਏ ਗੁਜ਼ਾਰ ਦਿੰਦੇ ਹਨ। ਜੇ ਕਹੋ ਖਾਓ, ਪੀਓ, ਮੌਜ ਕਰੋ, ਤਾਂ ਆਦਮੀ ਕਿੰਨਾ ਕੁ ਖਾ ਸਕਦਾ ਹੈ, ਬਹੁਤਾ ਖਾਣ ਨਾਲ ਰੋਗੀ ਹੋ ਜਾਂਦੇ ਹਨ। ਆਦਮੀ ਦਾ ਸਰੀਰ ਪੀੜਤ ਹੁੰਦਾ ਹੈ। ਸ਼ਰਾਬ ਪੀਣ ਨਾਲ ਸਾਰੀ ਸਪਿਰਟ ਅੰਦਰ ਚਲੀ ਜਾਂਦੀ ਹੈ। ਦਿਮਾਗ ਦੀ ਸੋਚਣ ਸ਼ਕਤੀ ਘਟ ਜਾਂਦੀ ਹੈ। ਸ਼ਰਾਬੀ ਨਾ ਆਪਣੀ ਇਜ਼ਤ ਦੀ ਪਰਵਾਹ ਕਰਦਾ ਹੈ ਅਤੇ ਨਾ ਕਿਸੇ ਹੋਰ ਦੀ ਪਰਵਾਹ ਕਰਦਾ ਹੈ। ਜੇ ਕਹੋ be merry ਇਹ ਸਭ ਖਿਆਲੀ ਗੱਲਾਂ ਹਨ, ਭੋਗ ਦੇਰ ਤਕ ਕਾਇਮ ਨਹੀਂ ਰਹਿੰਦੇ। ਪਹਿਲਾਂ ਰਜ ਕੇ ਖਾ ਲਿਆ ਪਰ ਉਸ ਨੇ ਜੋ ਪੀੜਾ ਦੇਣੀ ਹੈ, ਜੋ ਇਸ ਮਾੜਾ ਖਾਧੇ ਨੇ ਨਾੜਾਂ ਵਿਚ ਆਪਣੇ ਅੰਸ ਜਮਾਂ ਕਰ ਦੇਣੇ ਹਨ ਅਤੇ ਚਲਦੇ ਖ਼ੂਨ ਨੂੰ ਰੋਕ ਦੇਣਾ ਹੈ ਉਸ ਨਾਲ ਰੋਗ ਲਗ ਜਾਣੇ ਨੇ। ਮਹਾਰਾਜ ਜੀ ਦਾ ਫੁਰਮਾਨ ਹੈ –

*ਖਸਮੁ ਵਿਸਾਰਿ ਕੀਏ ਰਸ ਭੋਗ॥*
*ਤਾਂ ਤਨਿ ਉਠਿ ਖਲੋਏ ਰੋਗ॥*
*ਅੰਗ – 1256*

ਸੋ ਇਸ ਕਰਕੇ ਇਹ ਜੋ ਸਿਧਾਂਤ ਹੈ ਇਹ ਉਨ੍ਹਾਂ ਪੁਰਸ਼ਾਂ ਦੀ ਹੈ ਜੋ ਅੱਖਾਂ ਦੇ ਅੰਨੇ ਅਤੇ ਕੰਨਾਂ ਦੇ ਬੋਲੇ ਹਨ। ਉਨ੍ਹਾਂ ਬਾਰੇ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ –

*ਮਨਮੁਖੁ ਦੁਖ ਕਾ ਖੇਤੁ ਹੈ*
*ਦੁਖੁ ਬੀਜੇ ਦੁਖੁ ਖਾਇ॥*
*ਦੁਖ ਵਿਚਿ ਜੰਮੈ ਦੁਖਿ ਮਰੈ*
*ਹਉਮੈ ਕਰਤ ਵਿਹਾਇ॥ ਅੰਗ – 947*

ਇਸ ਤਰ੍ਹਾਂ ਹੁੰਦਾ ਹੈ ਜਦੋਂ ਸਰੀਰ ਛੱਡ ਜਾਂਦਾ ਹੈ ਤਾਂ ਉਸ ਵੇਲੇ ਵਾਸ਼ਨਾਵਾਂ ਸੂਖਸ਼ਮ ਸਰੀਰ ਨੂੰ ਘੇਰ ਲੈਂਦੀਆਂ ਹਨ ਅਤੇ ਉਨ੍ਹਾਂ ਦੀ ਪੂਰਤੀ ਨਾ ਹੋਣ ਕਰਕੇ ਇਹ ਦੁਖੀ ਹੁੰਦਾ ਹੈ, ਰੋਂਦਾ ਹੈ, ਵਿਰਲਾਪ ਕਰਦਾ ਹੈ। ਉਨ੍ਹਾਂ ਵਾਸ਼ਨਾਵਾਂ ਦੇ ਮੁਤਾਬਿਕ ਜਦੋਂ ਉਸ ਨੂੰ ਨਵੇਂ ਸਰੀਰ ਵਿਚ ਪਾਇਆ ਜਾਂਦਾ ਹੈ ਤਾਂ ਉਸ ਦੇ ਸਾਮ੍ਹਣੇ ਕਿੰਨੇ ਦੁਖ ਆ ਜਾਂਦੇ ਹਨ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਜੇ ਬਿਰਤੀ ਮਾਇਆ ਵਿਚ ਰਹਿ ਜਾਵੇ ਤਾਂ ਸੱਪ ਬਣ ਜਾਇਆ ਕਰਦਾ ਹੈ, ਜੇ ਬਾਲ ਬੱਚਿਆਂ ਵਿਚ ਰਹਿ ਜਾਵੇ ਤਾਂ ਸੂਰ ਦੀ ਜੂਨੀ ਮਿਲਦੀ ਹੈ। ਜੇ ਕਾਮੁਕ ਭੋਗਾਂ ਵਿਚ ਰਹਿ ਜਾਵੇ ਤਾਂ ਵੇਸਵਾ ਦਾ ਜਨਮ ਮਿਲਿਆ ਕਰਦਾ ਹੈ। ਜੇ ਪ੍ਰਾਪਰਟੀਆਂ, ਜਾਇਦਾਦਾਂ ਵਿਚ ਸੁਰਤੀ ਰਹਿ ਜਾਵੇ ਤਾਂ ਸਰੀਰ ਛੱਡਣ ਤੋਂ ਬਾਦ ਪ੍ਰੇਤ ਦੀ ਸਭ ਤੋਂ ਪੀੜਤ ਤੇ ਨੀਵੀਂ ਜੂਨ ਮਿਲਿਆ ਕਰਦੀ ਹੈ। ਇਹ ਭਾਰੀ ਨਰਕਾਂ ਦੇ ਦੁੱਖ ਸਹਿਣ ਵਾਲੀ ਜੂਨ ਹੈ। ਪਰ ਜੇ ਕਿਸੇ ਪ੍ਰੇਮੀ ਦੀ ਬਿਰਤੀ ਨਾਮ ਵਲ ਲੱਗੀ ਹੋਵੇ ਉਸ ਲਈ ਕਦੇ ਦੁਖ ਨਹੀਂ ਹੋਇਆ ਕਰਦਾ ਅਤੇ ਸੱਚੀ ਦਰਗਾਹ ਵਿਚ ਪ੍ਰਵੇਸ਼ ਕਰ ਜਾਂਦਾ ਹੈ। ਚਾਰ ਪ੍ਰਕਾਰ ਦੀਆਂ ਮੁਕਤੀਆਂ ਹਨ ਉਹ ਉਸ ਨੂੰ ਪ੍ਰਾਪਤ ਹੋ ਜਾਂਦੀਆਂ ਹਨ। ਚਾਰ ਮੁਕਤੀਆਂ ਬਾਰੇ ਮਹਾਂਪੁਰਸ਼ ਫੁਰਮਾਨ ਕਰਦੇ ਹਨ 1. ਸਮੀਪ 2. ਸਾਲੋਕ 3. ਸਾਰੂਪ 4. ਸਾਜੁਜ਼। ਇਹ ਚਾਰ ਤਰ੍ਹਾਂ ਦੀਆਂ ਮੁਕਤੀਆਂ ਕਰਨੀ ਕਮਾਈ ਵਾਲੇ ਜੀਵਾਂ ਨੂੰ ਪ੍ਰਾਪਤ ਹੋਇਆ ਕਰਦੀਆਂ ਹਨ। ਜੇ ਬ੍ਰਹਮ ਗਿਆਨ ਹੋ ਜਾਵੇ ਤਾਂ ਪ੍ਰਮੇਸ਼ਰ ਵਿਚ ਹੀ ਲੀਨ ਹੋ ਕੇ ਪ੍ਰਮੇਸ਼ਰ ਦਾ ਰੂਪ ਹੀ ਬਣ ਜਾਇਆ ਕਰਦਾ ਹੈ ਜਿਸ ਦੇ ਬਾਰੇ ਫੁਰਮਾਨ ਹੈ –

*ਅੰਤਿ ਕਾਲ ਜੋ ਲਛਮੀ ਸਿਮਰੈ ਐਸੀ*
*ਚਿੰਤਾ ਮਹਿ ਜੇ ਮਰੈ॥*
*ਸਰਪ ਜੋਨਿ ਵਲਿ ਵਲਿ ਅਉਤਰੈ॥*
*ਅਰੀ ਬਾਈ ਗੋਬਿੰਦ ਨਾਮੁ ਮਤਿ ਬੀਸਰੈ॥*
*ਅੰਤਿ ਕਾਲਿ ਜੋ ਇਸਤ੍ਰੀ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ॥*
*ਬੇਸਵਾ ਜੋਨਿ ਵਲਿ ਵਲਿ ਅਉਤਰੈ॥*
*ਅੰਤਿ ਕਾਲਿ ਜੋ ਲੜਿਕੇ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ॥*
*ਸੂਕਰ ਜੋਨਿ ਵਲਿ ਵਲਿ ਅਉਤਰੈ॥*
*ਅੰਤਿ ਕਾਲਿ ਜੋ ਮੰਦਰ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ॥*
*ਪ੍ਰੇਤ ਜੋਨਿ ਵਲਿ ਵਲਿ ਅਉਤਰੈ॥*
*ਅੰਤਿ ਕਾਲਿ ਨਾਰਾਇਣੁ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ॥*
*ਬਦਤਿ ਤਿਲੋਚਨੁ ਤੇ ਨਰ ਮੁਕਤਾ*
*ਪੀਤੰਬਰੁ ਵਾ ਕੇ ਰਿਦੈ ਬਸੈ॥*

*ਅੰਗ - 526*

ਸੋ ਇਹ ਜੋ ਜ਼ਿਕਰ ਕੀਤਾ ਹੈ ਉਨ੍ਹਾਂ ਪੁਰਸ਼ਾਂ ਵਾਸਤੇ ਵਿਸ਼ੇਸ਼ ਹੁੰਦਾ ਹੈ ਜਿਨ੍ਹਾਂ ਦਾ ਇਹ ਮਤ ਹੁੰਦਾ ਹੈ ਕਿ Eat drink and be merry for we shall have to die. ਇਹ ਪਾਮਰ ਅਤੇ ਵਿਸ਼ਈ ਸ਼੍ਰੇਣੀ ਵਿਚ ਆਉਂਦੇ ਹਨ। ਇਨ੍ਹਾਂ ਨੂੰ ਸਤਿਸੰਗ ਦੀ ਕੋਈ ਸੋਝੀ ਨਹੀਂ ਹੋਇਆ ਕਰਦੀ, ਨਾ ਹੀ ਸਤਿਸੰਗ ਕਰਨ ਦਾ ਕੋਈ ਲੇਖ ਹੀ ਇਨ੍ਹਾਂ ਦੇ ਮੱਥੇ ਵਿਚ ਲਿਖਿਆ ਹੁੰਦਾ ਹੈ। ਪਸ਼ੂਆਂ ਵਾਂਗੂੰ ਖਾਣ ਪੀਣ ਸੌਣ ਤਕ ਹੀ ਇਹ ਜੀਵ ਹੋਇਆ ਕਰਦਾ ਹੈ। ਇਹ ਲੋਕ ਪਸ਼ੂਆਂ ਵਾਂਗੂੰ ਹੀ ਜੀਵਨ ਬਤੀਤ ਕਰਦੇ ਹਨ। ਇਸ ਕਰਕੇ ਇਹ ਸੰਸਾਰ ਵਿਚ ਜਿਹੋ ਜਿਹੇ ਆਏ ਉਹੋ ਜਿਹੇ ਨਾ ਆਏ ਦੇ ਬਰਾਬਰ ਹੀ ਹੋਇਆ ਕਰਦੇ ਹਨ ਇਨ੍ਹਾਂ ਬਾਰੇ ਹੀ ਫੁਰਮਾਨ ਆਉਂਦਾ ਹੈ -

*ਫਰੀਦਾ ਤਿਨਾ ਮੁਖ ਡਰਾਵਣੇ*
*ਜਿਨਾ ਵਿਸਾਰਿਓਨੁ ਨਾਉ॥*
*ਐਥੈ ਦੁਖ ਘਣੇਰਿਆ*
*ਅਗੈ ਠਉਰ ਨ ਠਾਉ॥ ਅੰਗ - 1383*

ਇਹ ਸੁੰਨੇ ਘਰ ਦੇ ਕਾਂ ਵਾਂਗੂੰ ਕਾਂ-ਕਾਂ ਕਰਦੇ ਸੰਸਾਰ ਤੋਂ ਤੁਰ ਜਾਇਆ ਕਰਦੇ ਹਨ। ਦੂਜੀ ਗੱਲ ਇਹ ਹੈ ਕਿ ਇਨ੍ਹਾਂ ਨੂੰ ਕਿੰਨਾ ਹੀ ਸਤਿਸੰਗ ਬਾਰੇ ਦੱਸੋ ਇਨ੍ਹਾਂ ਨੂੰ ਕੋਈ ਅਸਰ ਨਹੀਂ ਹੁੰਦਾ ਕਿਉਂਕਿ ਇਨ੍ਹਾਂ ਦੇ ਲੇਖ ਨਹੀਂ ਲਿਖੇ ਹੁੰਦੇ।

*ਹਰਿ ਕੀਰਤਿ ਸਾਧਸੰਗਤਿ ਹੈ*
*ਸਿਰਿ ਕਰਮਨ ਕੈ ਕਰਮਾ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ॥*

*ਅੰਗ - 642*

ਨਾ ਹੀ ਇਨ੍ਹਾਂ ਨੂੰ ਮਹਾਂਪੁਰਸ਼ਾਂ ਦਾ ਸਤਿਕਾਰ, ਪਿਆਰ ਆਉਂਦਾ ਹੈ। ਇਹ ਉਨ੍ਹਾਂ ਨੂੰ ਆਮ ਮਨੁੱਖ ਵਾਂਗ ਹੀ ਸਮਝਦੇ ਹਨ, ਕੋਲ ਰਹਿੰਦੇ ਹੋਏ ਵੀ ਸਤਿਸੰਗ ਵਿਚ ਪ੍ਰਵੇਸ਼ ਨਹੀਂ ਕਰ ਸਕਦੇ ਅਤੇ ਨਾ ਹੀ ਮਹਾਂਪੁਰਸ਼ਾਂ ਦਾ ਆਦਰ ਸਤਿਕਾਰ ਕਰਨਾ ਇਨ੍ਹਾਂ ਦੇ ਮਨ ਵਿਚ ਆਇਆ ਕਰਦਾ ਹੈ। ਲੇਖ ਵਾਹਿਗੁਰੂ ਜੀ ਨੇ ਨਹੀਂ ਬਣਾਏ ਇਹ ਇਨ੍ਹਾਂ ਦੇ ਪਹਿਲਾਂ ਹੀ ਕੀਤੇ ਹੋਏ ਮਾੜੇ ਕਰਮ ਹੁੰਦੇ ਹਨ। ਦੋਸ਼ ਇਨ੍ਹਾਂ ਦੇ ਕਰਮਾਂ ਦਾ ਹੀ ਹੈ।

*ਦਦੈ ਦੋਸੁ ਨ ਦੇਊ ਕਿਸੈ*
*ਦੋਸੁ ਕਰੰਮਾ ਆਪਣਿਆ॥*
*ਜੋ ਮੈ ਕੀਆ ਸੋ ਮੈ ਪਾਇਆ*
*ਦੋਸੁ ਨ ਦੀਜੈ ਅਵਰ ਜਨਾ॥*

*ਅੰਗ - 433*

ਸਾਧਸੰਗਤ ਜੀ! ਇਕ ਵਰਗ ਉਹ ਹੋਇਆ ਕਰਦਾ ਹੈ ਜਿਸ ਨੂੰ ਜਗਿਆਸੂ ਵਰਗ ਆਖਿਆ ਜਾਂਦਾ ਹੈ ਜੇ ਆਪਾਂ ਇਨ੍ਹਾਂ ਦੀ ਗਿਣਤੀ ਕਰੀਏ ਤਾਂ ਸਹਿਜੇ ਹੀ ਇਸ ਤਰ੍ਹਾਂ ਹੋ ਸਕਦਾ ਹੈ ਕਿ ਸੰਸਾਰ ਵਿਚ 92% ਪਾਮਰ ਅਤੇ ਵਿਸ਼ਈ ਲੋਕ ਹੋਇਆ ਕਰਦੇ ਹਨ ਅਤੇ 7.9% ਜਗਿਆਸੂ ਹੋਇਆ ਕਰਦੇ ਹਨ ਅਤੇ ਪੁਆਇੰਟ 0001 ਉਹ ਮੁਕਤ ਆਤਮਾਵਾਂ ਹੋਇਆ ਕਰਦੀਆਂ ਹਨ ਜਿਨ੍ਹਾਂ ਦਾ ਜਨਮ ਸੰਸਾਰ ਵਿਚ ਕਿਸੇ ਕਰਮ ਬੰਧਨ ਨਾਲ ਨਹੀਂ ਹੋਇਆ ਕਰਦਾ। ਉਨ੍ਹਾਂ ਨੂੰ ਪ੍ਰਭੂ ਵਲੋਂ ਕਾਰਜ ਸੌਂਪਿਆ ਜਾਂਦਾ ਹੈ ਕਿ ਤੁਸੀਂ ਸੰਸਾਰ ਦੇ ਅੰਧਕਾਰ ਨੂੰ ਦੂਰ ਕਰੋ, ਉਨ੍ਹਾਂ ਨੂੰ ਨਾਮ ਮਾਰਗ ਬਾਰੇ ਦੱਸੋ ਅਤੇ ਪ੍ਰਭੂ ਦੇ ਨਾਮ ਵਿਚ ਜੋ ਸੁਖ ਹਨ, ਬਰਕਤਾਂ ਹਨ ਉਨ੍ਹਾਂ ਨੂੰ ਇਹ ਲੋਕ ਨਹੀਂ ਜਾਣ ਸਕਦੇ, ਤੁਸੀਂ ਉਨ੍ਹਾਂ ਬਾਰੇ ਖੋਲ੍ਹ ਕੇ ਦੱਸੋ ਉਨ੍ਹਾਂ ਵਿਚ ਵਿਸ਼ਵਾਸ਼ ਪੈਦਾ ਕਰੋ।

*ਪ੍ਰਭ ਕੈ ਸਿਮਰਨਿ ਗਰਭਿ ਨ ਬਸੈ॥*
*ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ॥*
*ਪ੍ਰਭ ਕੈ ਸਿਮਰਨਿ ਕਾਲੁ ਪਰਹਰੈ॥*
*ਪ੍ਰਭ ਕੈ ਸਿਮਰਨਿ ਦੁਸਮਨੁ ਟਰੈ॥*
*ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ॥*
*ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ॥*
*ਪ੍ਰਭ ਕੈ ਸਿਮਰਨਿ ਭਉ ਨ ਬਿਆਪੈ॥*
*ਪ੍ਰਭ ਕੈ ਸਿਮਰਨਿ ਦੁਖੁ ਨ ਸੰਤਾਪੈ॥*

*ਅੰਗ - 262*

ਇਨ੍ਹਾਂ ਬਾਰੇ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ-

*ਜਨਮ ਮਰਣ ਦੁਹਹੂ ਮਹਿ ਨਾਹੀ*
*ਜਨ ਪਰਉਪਕਾਰੀ ਆਏ॥*

*ਜੀਅ ਦਾਨੁ ਦੇ ਭਗਤੀ ਲਾਇਨਿ*
*ਹਰਿ ਸਿਉ ਲੈਨਿ ਮਿਲਾਏ॥ ਅੰਗ - 749*

ਇਹ ਮੁਕਤ ਆਤਮਾਵਾਂ ਸੰਸਾਰ ਤੇ ਆ ਕੇ ਜਿਨ੍ਹਾਂ ਨੂੰ ਸੰਤ ਮਹਾਂਪੁਰਸ਼ ਆਖਿਆ ਜਾਂਦਾ ਹੈ ਉਹ ਨਾਮ ਦਾ ਪ੍ਰਕਾਸ਼ ਕਰਕੇ ਹਨ੍ਹੇਰੇ ਮਨਾਂ ਵਿਚ ਰੋਸ਼ਨਾਈ ਕਰਦੇ ਹਨ। ਕਾਫੀ ਸਮਾਂ ਲੰਘ ਜਾਣ ਤੋਂ ਪਿਛੋਂ ਬਹੁਤ ਵੱਡੇ ਮਹਾਂਪੁਰਸ਼ ਆਇਆ ਕਰਦੇ ਹਨ ਅਤੇ ਜੁਗ ਬੀਤਣ ਪਿਛੋਂ ਪ੍ਰਮੇਸ਼ਰ ਰੂਪ ਸਤਿਗੁਰੂ ਸੰਸਾਰ ਤੇ ਆਇਆ ਕਰਦਾ ਹੈ। ਐਉਂ ਸਮਝ ਲਓ ਕਿ ਪ੍ਰਭੂ ਆਪ ਹੀ ਗੁਰੂ ਰੂਪ ਬਣ ਕੇ ਆਪਣਾ ਪ੍ਰਕਾਸ਼ ਪਾਉਂਦਾ ਹੈ।

ਸੋ ਮੈਂ ਜਗਿਆਸੂ ਦੀ ਗੱਲ ਕਰਦਾ ਸੀ ਉਨ੍ਹਾਂ ਦੀ ਨਿਸ਼ਾਨੀ ਇਹ ਹੋਇਆ ਕਰਦੀ ਹੈ ਉਨ੍ਹਾਂ ਦੇ ਮਨ ਵਿਚ ਇਹ ਸਦਾ ਹੀ ਲਗਨ ਲੱਗੀ ਰਹਿੰਦੀ ਹੈ ਕਿ ਅਸੀਂ ਮਾਨਸ ਜਨਮ ਧਾਰਨ ਕੀਤਾ ਹੈ -

*ਭਈ ਪਰਾਪਤਿ ਮਾਨੁਖ ਦੇਹੁਰੀਆ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥*
*ਸਰੰਜਾਮਿ ਲਾਗੁ ਭਵਜਲ ਤਰਨ ਕੈ।।*
*ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ।।*
*ਰਹਾਉ॥ ਅੰਗ - 12*

ਇਸ ਦੇ ਅਸਰ ਅਧੀਨ ਉਹ ਸਤਿਸੰਗ ਕਰਦੇ ਹਨ ਆਪਣੇ ਜੀਵਨ ਨੂੰ ਸੁਧ ਅਤੇ ਸੁੱਚਾ ਰਖਦੇ ਹਨ, ਮਾੜੇ ਕੰਮ ਭੁੱਲ ਕੇ ਵੀ ਨਹੀਂ ਕਰਦੇ ਅਤੇ ਸ਼ਰਾਬ ਮਾਸ, ਅੰਡਿਆਂ ਵਲ ਧਿਆਨ ਹੀ ਨਹੀਂ ਦਿੰਦੇ। ਉਨ੍ਹਾਂ ਅੰਦਰ ਪ੍ਰਭੂ ਦਾ ਪਿਆਰ ਹੁੰਦਾ ਹੈ ਅਤੇ ਬੇਨਤੀਆਂ ਕਰਦੇ ਰਹਿੰਦੇ ਹਨ ਕਿ ਮੈਨੂੰ ਐਸਾ ਪਿਆਰਾ ਮਿਲਾ ਜੋ ਮੇਰੇ ਮਨ ਦੇ ਹਨ੍ਹੇਰ ਨੂੰ ਕੱਟ ਦੇਵੇ, ਸੋਝੀ ਵਾਲਾ ਪੁਰਸ਼ ਮੈਨੂੰ ਕੋਈ ਮਿਲਾ, ਤੇਰੇ ਤੋਂ ਸਮਰੱਥ ਕੋਈ ਨਹੀਂ ਜੋ ਮੇਰੀਆਂ ਬੇਨਤੀਆਂ ਨੂੰ ਸੁਣੇ। ਸੋ ਇਨ੍ਹਾਂ ਬੇਨਤੀਆਂ ਨੂੰ ਸੁਣ ਕੇ ਅਕਾਲ ਪੁਰਖ ਜੀ ਸਤਿਸੰਗ ਮੰਡਲ ਰਚਣ ਦੀ ਪ੍ਰੇਰਨਾ ਦਿੰਦੇ ਹਨ। ਤੁਸੀਂ ਆਪ ਹੀ ਵਿਚਾਰ ਕਰ ਲਵੋ। ਇਸ ਵੇਲੇ ਸਾਰਾ ਸੰਸਾਰ ਸੁੱਤਾ ਪਿਆ ਹੈ, ਦਿਨ ਚੜ੍ਹਨ ਵਾਲਾ ਹੈ, ਟਾਂਵੇਂ-ਟਾਂਵੇ ਆਦਮੀ ਸੜਕਾਂ ਤੇ ਸੈਰ ਕਰਨ ਵਾਸਤੇ ਨਿਕਲੇ ਹਨ। ਅਜੇ ਕਾਰੋਬਾਰ ਵਾਲੇ ਬੰਦਿਆਂ ਨੇ ਜਾਗਣਾ ਹੈ ਪਰ ਇਸ ਦੇ ਵਿਪਰੀਤ ਤੁਹਾਡੀਆਂ ਅਰਦਾਸਾਂ ਸੁਣ ਕੇ ਪ੍ਰਮੇਸ਼ਰ ਨੇ ਸਤਿਸੰਗ ਮੰਡਲ ਤਿਆਰ ਕਰ ਦਿਤਾ ਅਤੇ ਤੁਸੀਂ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਦੇ ਹੋਂ, ਹਨ੍ਹੇਰੇ ਵਿਚ ਪੁਲਿਸ ਦੇ ਨਾਕਿਆਂ ਵਿਚੀਂ ਹੁੰਦੇ ਹੋਏ ਘਰ ਭਾਲ ਲੈਂਦੇ ਹੋ। ਮੈਨੂੰ ਤਾਂ ਗੱਡੀ ਵਿਚ ਬੈਠੇ ਨੂੰ ਵੀ ਘਰ ਨਹੀਂ ਲੱਭਦਾ, ਅਵਾਜ਼ ਘੁੰਮ ਕੇ ਹੋਰ ਪਾਸਿਓਂ ਆਉਣ ਲਗਦੀ ਹੈ। ਕੋਈ ਸਤਿਸੰਗੀ ਮਿਲਦਾ ਹੈ ਤਾਂ ਪਹੁੰਚੀਦਾ ਹੈ। ਮੈਂ ਦੇਖ ਰਿਹਾ ਹਾਂ ਕਿ ਕਿਵੇਂ ਛੋਟੇ-ਛੋਟੇ ਬੱਚੇ ਕਿੰਨੀ ਸਾਵਧਾਨੀ ਨਾਲ ਸ਼ਬਦ ਵਿਚ ਬੋਲ ਰਹੇ ਹਨ। ਲਗਨ ਨਾਲ ਸੁਣ ਰਹੇ ਹਨ। ਇਨ੍ਹਾਂ ਦੇ ਪਿਛਲੇ ਜਨਮਾਂ ਦੇ ਉਚੇ ਸੰਸਕਾਰ ਹੋਣ ਕਰਕੇ ਇਨ੍ਹਾਂ ਨੂੰ ਬਚਪਨ ਵਿਚ ਸਤਿਸੰਗ ਪ੍ਰਾਪਤ ਹੋ ਗਿਆ। ਇਹ ਵਾਹਿਗੁਰੂ ਜੀ ਦੀ ਕ੍ਰਿਪਾ ਹੈ ਕਿ ਕਲਜੁਗ ਦੇ ਸਮੇਂ ਵਿਚ ਜਦੋਂ ਆਦਮੀ ਦੀ ਵਿਚਾਰਧਾਰਾ ਪੈਰ-ਪੈਰ ਉਪਰ ਬਦਲ ਰਹੀ ਹੈ। ਚੰਗੇ ਮੰਦੇ ਖਿਆਲ ਚਲ ਰਹੇ ਹਨ ਅਸੀਂ ਸ਼ੁਕਰ ਕਰਦੇ ਹਾਂ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਦੀ ਛੱਤਰ ਛਾਇਆ ਹੇਠ ਗੁਰਬਾਣੀ ਦੇ ਚਾਨਣ ਵਿਚ ਰੁਲਣ ਤੋਂ ਬਚ ਰਹੇ ਹਾਂ। ਤੁਸੀਂ ਮਹਾਂਵਾਕ ਸਰਵਣ ਕੀਤਾ ਹੈ ਜਿਸ ਵਿਚ ਜ਼ਿਕਰ ਆਉਂਦਾ ਹੈ -

*ਅਉਖੀ ਘੜੀ ਨਾ ਦੇਖਣ ਦੇਈ*
*ਅਪਨਾ ਬਿਰਦੁ ਸਮਾਲੇ॥*
*ਹਾਥ ਦੇਇ ਰਾਖੈ ਅਪਨੇ ਕਉ*
*ਸਾਸਿ ਸਾਸਿ ਪ੍ਰਤਿਪਾਲੇ॥ ਅੰਗ - 682*

ਇਸ ਵਿਚ ਜੋ ਵਿਚਾਰ ਕਰਨ ਵਾਲਾ ਵਿਸ਼ਾ ਹੈ ਉਹ ਹੈ ਕਿ ਔਖੀ ਘੜੀ ਕਦੋਂ ਆਉਂਦੀ ਹੈ, ਵਾਹਿਗੁਰੂ ਦਾ ਆਪਣਾ ਕੌਣ ਹੈ, ਵਾਹਿਗੁਰੂ ਜੀ ਦਾ ਬਿਰਦ ਕੀ ਹੈ, ਕਿਉਂ ਆਪਣਿਆਂ ਨੂੰ ਰਖਦਾ ਹੈ ਸਾਰਿਆਂ ਨੂੰ ਕਿਉਂ ਨਹੀਂ ਰਖਦਾ, ਇਹ ਚਾਰ ਵਿਸ਼ੇ ਹਨ ਜਿਨ੍ਹਾਂ ਨੂੰ ਅਸੀਂ ਚੰਗੀ ਤਰ੍ਹਾਂ ਵਿਚਾਰਨਾ ਹੈ।

# ਕੋਟਨ ਮੈ ਨਾਨਕ ਕੋਊ

ਸਾਧਸੰਗਤ ਜੀ!

*ਵਾਹਿਗੁਰੂ ਜੀ ਕਾ ਖਾਲਸਾ*
*ਵਾਹਿਗੁਰੂ ਜੀ ਕੀ ਫਤਹਿ।*

ਆਪ ਸਾਰਿਆਂ ਨੇ ਗੁਰੂ ਮਹਾਰਾਜ ਜੀ ਦਾ ਜੋ ਹੁਕਮਨਾਮਾ ਸਾਡੇ ਪ੍ਰਤੀ, ਸਾਨੂੰ ਰਾਹ ਦਸਦਾ ਪ੍ਰਕਾਸ਼ ਕੀਤਾ ਹੈ ਉਸ ਦੇ ਵਿਚ ਅੱਖਰ ਔਖੇ ਨਹੀਂ ਹਨ ਗੱਲ ਸਮਝ ਵਿਚ ਪੈ ਜਾਂਦੀ ਹੈ। ਆਪ ਸਭ ਨੇ ਸ੍ਰਵਣ ਕੀਤਾ ਹੈ। ਕਿੰਨੀ ਕੁ ਲਗਨ ਦੇ ਨਾਲ ਅਸੀਂ ਇਸ ਨੂੰ ਪ੍ਰਾਪਤ ਕਰਦੇ ਹਾਂ, ਸਾਡਾ ਪ੍ਰਾਪਤ ਕਰਤਾ ਕਿੰਨਾ ਕੁ ਮਜ਼ਬੂਤ ਹੈ ਕਿ ਇਸ ਸੰਦੇਸ਼ ਨੂੰ ਪ੍ਰਾਪਤ ਕਰਕੇ, ਸਮਝਣ ਦਾ ਯਤਨ ਕਰੇ ਤੇ ਹਿਰਦੇ ਵਿਚ ਵਸਾਵੇ। ਉਸ ਭਾਵ ਨੂੰ ਸਮਝਣ ਦਾ ਯਤਨ ਕਰਦਾ ਹੋਇਆ ਜਿਸ ਨੂੰ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਨੇ ਇਹ ਆਪਣੇ ਜੀਵਨ ਨੂੰ ਢਾਲੇ। ਇਹ ਇਕ ਬਹੁਤ ਹੀ ਔਖੀ ਗੱਲ ਹੈ ਕਿਉਂਕਿ ਸਾਨੂੰ ਜੋ ਸੁਣਨ ਦਾ ਸੁਭਾਅ ਪਿਆ ਹੋਇਆ ਹੈ ਉਹ ਸਿਰਫ ਉਹ ਗੱਲਾਂ ਨੇ ਜਿਹੜੀਆਂ ਸਾਡੇ ਹਿਤਾਂ ਦੇ ਅਨੁਕੂਲ ਹਨ ਉਹ ਚਾਹੇ ਔਖੀਆਂ ਹੋਣ, ਚਾਹੇ ਸੌਖੀਆਂ ਹੋਣ, ਅੱਖਰ-ਅੱਖਰ ਉਹ ਸਾਡੇ ਯਾਦ ਹੋ ਜਾਂਦਾ ਹੈ, ਮਨ ਵਿਚ ਵਸਾ ਲੈਂਦੇ ਹਾਂ ਉਸ ਦੇ ਮੁਤਾਬਿਕ ਹੀ ਸਾਡੀ ਕ੍ਰਿਆ ਹੋਇਆ ਕਰਦੀ ਹੈ।

ਸੋ ਇਸ ਸ਼ਬਦ ਦੇ ਅੰਦਰ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ ਜੇ ਨਾਮ ਨਹੀਂ ਹਿਰਦੇ ਵਿਚ ਵਸਿਆ ਤਾਂ ਉਸ ਦੀ ਮਾਤਾ ਜਿਹੜੀ ਹੈ ਜੇ ਉਹ ਬਾਂਝ ਹੋ ਜਾਂਦੀ ਤਾਂ ਚੰਗਾ ਸੀ। ਬੜੀ ਵੱਡੀ ਗੱਲ ਕਹਿ ਦਿਤੀ। ਜਦੋਂ ਅਸੀਂ ਇਹ ਪੜ੍ਹਦੇ ਹਾਂ, ਸੁਣਦੇ ਹਾਂ ਕਿ ਕੋਈ ਖਾਸ ਹੀ ਚੀਜ਼ ਹੈ ਜਿਸ ਵਲ ਗੁਰੂ ਮਹਾਰਾਜ ਜੀ ਇਸ਼ਾਰਾ ਕਰਦੇ ਨੇ ਜੋ ਸਾਡੇ ਰੋਜ਼ ਗੁਰਦਵਾਰੇ ਜਾਣ ਦੇ, ਬਾਣੀ ਪੜ੍ਹਨ ਦੇ ਬਾਵਜੂਦ ਅਜੇ ਤੱਕ ਸਮਝ ਨਹੀਂ ਆਈ। ਅਜੇ ਤੱਕ ਸਾਨੂੰ ਪਤਾ ਨਹੀਂ ਲੱਗ ਸਕਿਆ ਕਿ ਮਹਾਰਾਜ ਦਾ ਕੀ ਸਿਧਾਂਤ ਹੈ ਤੇ ਐਡੀ ਵੱਡੀ ਗੱਲ ਕਹਿ ਦਿਤੀ ਕਿ ਪੁੱਤਰ ਹੀ ਨਾ ਹੁੰਦਾ। ਇਸੇ ਤਰ੍ਹਾਂ ਬਾਣੀ ਦੇ ਅੰਦਰ ਹੋਰ ਥਾਵਾਂ ਤੇ ਵੀ ਫੁਰਮਾਨ ਆਉਂਦੇ ਨੇ -

*ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ॥*
*ਬਿਧਵਾ ਕਸ ਨ ਭਈ ਮਹਤਾਰੀ॥*
*ਜਿਹ ਨਰ ਰਾਮ ਭਗਤਿ ਨਹਿ ਸਾਧੀ॥*
*ਜਨਮਤ ਕਸ ਨ ਮੁਓ ਅਪਰਾਧੀ॥*

*ਅੰਗ - 328*

ਇਥੇ ਵੀ ਇਹੀ ਗੱਲ ਕਹਿ ਦਿਤੀ ਕਿ ਪੈਦਾ ਹੀ ਨਹੀਂ ਸੀ ਹੋਣਾ। ਮਾਤਾ ਵਿਧਵਾ ਹੋ ਜਾਂਦੀ ਤਾਂ ਐਸੇ ਪੁੱਤਰ ਨੂੰ ਜਨਮ ਹੀ ਨਾ ਦਿੰਦੀ। ਜਦੋਂ ਅਸੀਂ ਹੁਣ ਸੰਸਾਰ ਦੀ ਹਾਲਤ ਦੇਖਦੇ ਹਾਂ ਤਾਂ ਇਹ ਫੇਰ ਜੋ ਮਹਾਰਾਜ ਜੀ ਦੀ ਆਸ਼ਾ ਹੈ ਤਾਂ ਸੰਸਾਰ ਦੇ ਵਿਚ ਰੌਣਕ ਨਾ ਹੁੰਦੀ, ਕੋਈ ਵੀ ਨਾ ਹੁੰਦਾ ਜਾਂ ਬਹੁੱਤ ਘੱਟ ਹੁੰਦੇ -

*ਕੋਟਨ ਮੈ ਨਾਨਕ ਕੋਊ*
*ਨਾਰਾਇਨੁ ਜਿਹ ਚੀਤਿ॥ ਅੰਗ - 1427*

ਕਰੋੜਾਂ ਵਿਚ ਇਕ ਹੀ ਹੁੰਦਾ। ਸੋ ਨਾਮ ਕੋਈ ਐਸੀ ਚੀਜ਼ ਹੈ, ਹਿਰਦੇ 'ਚ ਵਸਾਉਣਾ ਕੋਈ ਐਸੀ ਚੀਜ਼ ਹੈ ਜਿਸ ਨੂੰ ਮਹਾਰਾਜ ਜੀ ਜ਼ਰੂਰੀ ਸਮਝਦੇ ਨੇ ਤੇ ਉਸ ਦੇ ਬਗੈਰ ਕਹਿੰਦੇ ਨੇ ਕਿ ਇਹ ਜਿਹੜੀ ਦੇਹ ਹੈ ਇਹ ਸੁੰਨੀ ਹੈ, ਰੌਣਕ ਨਹੀਂ ਹੈ ਇਸ ਦੇ ਵਿਚ, ਇਹ ਭੂਤ ਮਹਿਲ ਹੈ, ਦਰਵਾਜ਼ੇ ਖੁਲ੍ਹੇ ਨੇ ਏਸ ਦੇ ਸਾਰੇ ਕੋਈ ਕੀਮਤੀ ਚੀਜ਼ ਇਸ ਦੇ ਵਿਚ ਬਚੀ ਹੋਈ ਨਹੀਂ ਹੈ। ਦਿਨ-ਰਾਤ ਇਸਦੇ ਅੰਦਰੋਂ ਜੋ ਕੁਝ ਵੀ ਸੀ ਸਭ ਕੁਝ ਚੋਰੀ ਹੋ ਗਿਆ, ਲੈ ਗਏ ਚੋਰ। ਇਕ ਥਾਂ ਮਹਾਰਾਜ ਇਸ ਨੂੰ ਹੋਰ ਸਪਸ਼ਟ ਕਰਦੇ ਹੋਏ ਦਸਦੇ ਨੇ ਕਿ -

*ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ॥*
*ਸ੍ਰਵਣ ਸੋਏ ਸੁਣਿ ਨਿੰਦ ਵੀਚਾਰ॥*
*ਰਸਨਾ ਸੋਈ ਲੋਭਿ ਮੀਠੈ ਸਾਦਿ॥*
*ਮਨੁ ਸੋਇਆ ਮਾਇਆ ਬਿਸਮਾਦਿ॥*
*ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ॥*
*ਸਾਬਤੁ ਵਸਤੁ ਓਹੁ ਅਪਨੀ ਲਹੈ॥*
*ਸਗਲ ਸਹੇਲੀ ਅਪਨੈ ਰਸ ਮਾਤੀ॥*
*ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ॥*
*ਮੁਸਨਹਾਰ ਪੰਚ ਬਟਵਾਰੇ॥*
*ਸੂਨੇ ਨਗਰਿ ਪਰੇ ਠਗਹਾਰੇ॥*

*ਅੰਗ - 182*

ਪੰਜ ਚੋਰਾਂ ਨੇ ਲੁੱਟ ਲਿਆ ਏਸ ਨੂੰ, ਪੰਜ ਠੱਗਾਂ ਨੇ ਏਸ ਨੂੰ ਠੱਗ ਲਿਆ - ਰਾਜ, ਮਾਲ, ਰੂਪ, ਜਾਤ, ਜੋਬਨ ਪੰਜੇ ਠੱਗ, ਪੰਜਾਂ ਵਿਸ਼ਿਆਂ ਨੇ ਏਸ ਨੂੰ ਭੋਗ ਲਿਆ - ਸ਼ਬਦ, ਸਪਰਸ਼, ਰੂਪ, ਰਸ, ਗੰਧ। ਈਰਖਾ, ਨਿੰਦਿਆ, ਚੁਗਲੀ, ਆਸਾ, ਤ੍ਰਿਸ਼ਨਾ, ਅੰਦੇਸਾ ਇਹ ਬੜੀਆਂ ਭੈੜੀਆਂ ਚੀਜ਼ਾਂ ਨੇ ਇਹ ਸੁੰਨੇ ਘਰ ਦੇ ਵਿਚ ਫਿਰਦੀਆਂ ਨੇ ਕਿਉਂਕਿ ਕੋਈ ਰਾਖਾ ਨਹੀਂ ਹੈ ਤੇ ਇਸ ਦੀ ਰਾਖੀ ਕੋਈ ਸੰਸਾਰਕ ਜੀਵ ਨਹੀਂ ਕਰ ਸਕਦਾ - ਨਾ ਇਨ੍ਹਾਂ ਤੋਂ ਪੈਸੇ-ਟਕੇ ਦੀ ਰਿਸ਼ਵਤ ਦਿਤਿਆਂ ਰਾਖੀ ਹੋ ਸਕਦੀ ਹੈ। ਮਹਾਰਾਜ ਕਹਿੰਦੇ-

*ਉਨ ਤੇ ਰਾਖੈ ਬਾਪੁ ਨ ਮਾਈ॥*
*ਉਨ ਤੇ ਰਾਖੈ ਮੀਤੁ ਨ ਭਾਈ॥*
*ਦਰਬਿ ਸਿਆਣਪ ਨਾ ਓਇ ਰਹਤੇ॥*
*ਅੰਗ - 182*

ਇਸਦੀ ਰਾਖੀ ਫੇਰ ਕੌਣ ਕਰਦਾ ਹੈ? ਮਹਾਰਾਜ ਜੀ ਕਹਿੰਦੇ ਸਾਧੂ ਮਿਲ ਜਾਵੇ ਤੇ ਸਾਧੂ ਦੇ ਬਚਨ ਦੀ ਕਮਾਈ ਕੀਤੀ ਜਾਵੇ ਫੇਰ -

*ਸਾਧਸੰਗਿ ਓਇ ਦੂਸਟ ਵਸਿ ਹੋਤੇ॥*
*ਅੰਗ - 182*

ਜਿਨ੍ਹਾਂ ਨੇ ਇਸ ਜੀਵ ਨੂੰ ਲੁੱਟ ਲਿਆ ਉਨ੍ਹਾਂ ਦੁਸ਼ਟਾਂ ਤੋਂ ਰਾਖੀ ਕਰਨ ਨੂੰ ਜੇ ਕੋਈ ਸਮਰੱਥ ਹੈ ਤਾਂ ਕੇਵਲ ਸਾਧੂ ਸਮਰੱਥ ਹੁੰਦਾ ਹੈ, ਸਾਧੂ ਦੀ ਸੰਗਤ ਮਿਲ ਜਾਵੇ ਪਰ ਇਹ ਦੁਰਲੱਭ ਹੈ, ਬਹੁਤ ਮੁਸ਼ਕਲ ਹੈ ਜੇ ਅਸੀਂ ਚਾਹੁੰਦੇ ਵੀ ਹੋਈਏ ਤਾਂ ਵੀ ਅਸੀਂ ਨਹੀਂ ਕਰ ਸਕਦੇ। ਕਿਉਂ ਨਹੀਂ ਕਰ ਸਕਦੇ? ਕਿਉਂਕਿ ਭਾਗ ਨਹੀਂ ਬਣ ਸਕਿਆ। ਸਾਡੇ ਉਤਮ ਭਾਗ ਨਹੀਂ ਬਣ ਸਕੇ ਜਿਸਦੇ ਨਾਲ ਸਾਨੂੰ ਕਿਸੇ ਪੂਰਨ ਮਹਾਂਪੁਰਸ਼ ਦੀ ਸੰਗਤ ਮਿਲ ਸਕੇ, ਕਿਸੇ ਸਾਧੂ ਦੀ ਸੰਗਤ ਮਿਲ ਸਕੇ। ਸਾਧੂ ਗੁਰੂ ਦੇ ਨਾਲ ਜੋੜਦਾ ਹੈ। ਗੁਰੂ ਦੇ ਸਿਧਾਂਤ ਨੂੰ ਜੋ ਕੋਈ ਸਮਝ ਸਕਦਾ ਹੈ ਤਾਂ ਉਹ ਹੀ ਸਮਝਾ ਸਕਦਾ ਹੈ ਜਿਸ ਦੇ ਅੰਦਰ ਇਹ ਪ੍ਰਤੱਖ ਰੂਪ ਵਿਚ ਅਨੁਭਵ ਮੌਜੂਦ ਹੈ ਦੂਜੇ ਨੂੰ ਨਹੀਂ ਪਤਾ ਲਗਦਾ। ਦੱਸਿਆ ਵੀ ਨਹੀਂ ਜਾ ਸਕਦਾ ਕਿਉਂਕਿ ਉਸ ਦੀ ਕੋਈ ਪਰਿਭਾਸ਼ਿਕ ਸ਼ਬਦਾਵਲੀ ਨਹੀਂ ਹੈ ਤਾਂ ਕਿਵੇਂ ਸਮਝਾ ਦੇਵੇ ਜਿਹੜੀ ਚੀਜ਼ ਸਮਝੀ ਹੀ ਨਹੀਂ ਜਾ ਸਕਦੀ -

*ਕਹੁ ਕਬੀਰ ਗੂੰਗੈ ਗੁੜੁ ਖਾਇਆ*
*ਪੂਛੈ ਤੇ ਕਿਆ ਕਹੀਐ॥ ਅੰਗ - 334*

ਗੂੰਗਾ ਕੀ ਕਰੇਗਾ ਉਸ ਦੇ ਕੋਲ ਜ਼ੁਬਾਨ ਨਹੀਂ ਹੈ, ਇਸ਼ਾਰੇ ਤਾਂ ਹੋਣਗੇ ਉਸਦੇ ਕੋਲ ਪਰ ਬੋਲ ਕੇ ਨਹੀਂ ਸਮਝਾ ਸਕੇਗਾ। ਇਸੇ ਤਰ੍ਹਾਂ ਜੋ ਨਾਮ ਦੀ ਅਵਸਥਾ ਹੈ ਇਹ ਸਮਝਾਉਣ ਤੋਂ ਉਪਰਲੀ ਬਾਤ ਹੈ ਕੇਵਲ ਅਨੁਭਵ ਦਾ ਵਿਸ਼ਾ ਹੈ। ਮਹਾਰਾਜ ਜੀ ਕਹਿੰਦੇ ਜੇ ਨਾਮ ਹਿਰਦੇ ਵਿਚ ਨਹੀਂ ਵਸਿਆ, ਨਾਮ ਦੀ ਸੋਝੀ ਇਸ ਦੇ ਹਿਰਦੇ ਵਿਚ ਨਹੀਂ ਆਈ ਤਾਂ ਕਹਿੰਦੇ ਇਹ ਦੇਹ ਜਿਹੜੀ ਹੈ ਇਹ ਸੁੰਨੀ ਹੈ ਤੇ ਖਪ-ਖਪ ਕੇ ਇਹ ਜ਼ਿੰਦਗੀ ਗੁਜ਼ਾਰ ਰਿਹਾ ਹੈ ਇਹ ਸਾਰੀ। ਜਿੱਥੇ ਧਰਮਰਾਜ ਦੇ ਕਾਗਜ਼ ਪਾੜਨੇ ਨੇ, ਲੇਖਾ ਸਮਝਾਉਣਾ ਹੈ ਸਭ ਤੋਂ ਉਤੇ ਵੱਡਾ ਲੇਖਾ ਚਲਿਆ ਜਾਣਾ ਹੈ ਉਹ ਮਹਾਰਾਜ ਜੀ ਨਾਮ ਦੀ ਪ੍ਰਾਪਤੀ ਦੱਸਦੇ ਹਨ। ਨਾਮ ਨੂੰ ਸਮਝਣ ਵਾਸਤੇ ਹੀ ਅਸੀਂ ਯਤਨ ਕਰਦੇ ਹਾਂ ਕਿ ਅੰਮ੍ਰਿਤ ਵੇਲੇ ਜਾਗੀਏ, ਹਰੀ ਦਾ ਜਸ ਸਰਵਣ ਕਰੀਏ, ਆਪ ਕੀਰਤਨ ਕਰੀਏ ਤਾਂ ਕਿ ਓਸ ਨਾਮ ਦਾ ਝਲਕਾ ਸਾਨੂੰ ਵਜ ਜਾਵੇ ਸਾਡੇ ਹਿਰਦੇ ਦੇ ਅੰਦਰ ਕੁਝ ਮਹਿਸੂਸ ਹੋਵੇ, ਕੋਈ ਜ਼ਿੰਦਗੀ ਦੀ ਰੌ ਰੁਮਕ ਜਾਵੇ। ਮਹਾਰਾਜ ਜੀ ਕਹਿੰਦੇ ਨੇ ਬਾਕੀ ਤਾਂ ਭਾਈ ਜਿਹੜੇ ਸੁੰਨੀਆਂ ਦੇਹਾਂ ਵਾਲੇ ਫਿਰਦੇ ਨੇ ਜਿਉਂਦਿਆਂ ਵਿਚ ਨਾ ਇਨ੍ਹਾਂ ਨੂੰ ਗਿਣੋਂ, ਇਹ ਤਾਂ ਸਾਰੇ ਮਰੇ ਹੋਏ ਨੇ। ਜੀਉਂਦਾ ਸਿਰਫ ਉਹ ਹੈ ਜਿਸ ਦੇ ਅੰਦਰ ਸਿਰਫ ਨਾਮ ਦੀ ਧਾਰਾ ਚੱਲ ਰਹੀ ਹੈ, ਨਾਮ ਦੀ ਰੌ ਚੱਲ ਰਹੀ ਹੈ ਜਿਸ ਨੇ ਨਾਮ ਤੋਂ ਜੀਵਨ ਪ੍ਰਾਪਤ ਕਰਿਆ ਹੈ।

*ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥*
*ਨਾਨਕ ਅਵਰੁ ਨ ਜੀਵੈ ਕੋਇ॥*
*ਜੇ ਜੀਵੈ ਪਤਿ ਲਥੀ ਜਾਇ॥*
*ਸਭੁ ਹਰਾਮੁ ਜੇਤਾ ਕਿਛੁ ਖਾਇ॥*
*ਅੰਗ - 142*

ਮਹਾਰਾਜ ਜੀ ਨੇ ਦੱਸ ਦਿਤਾ ਕਿ ਸਿਰਫ ਜੀਉਂਦਾ ਉਹ ਹੈ ਜਿਸ ਦੇ ਅੰਦਰ ਨਾਮ ਦੀ ਰੌ ਰੁਮਕ ਰਹੀ ਹੈ ਬਾਕੀ ਜਿਹੜਾ ਸੰਸਾਰ ਹੈ ਇਹ ਜੀਉਂਦੇ ਨਹੀਂ ਇਹ ਤਾਂ ਮੁਰਦੇ ਨੇ। ਸੱਚੇ ਪਾਤਸ਼ਾਹ! ਇਸ ਸੰਸਾਰ ਵਿਚ ਤਾਂ ਹੱਦ ਤੋਂ ਜ਼ਿਆਦਾ ਸੋਹਣੇ ਨੇ, ਹੱਦ ਤੋਂ ਜ਼ਿਆਦਾ ਧਨੀ ਨੇ, ਹੱਦ ਤੋਂ ਜ਼ਿਆਦਾ ਵੱਡੀਆਂ ਕੁਲਾਂ ਵਾਲੇ, ਵੱਡੀਆਂ ਪੜ੍ਹਾਈਆਂ ਲਿਖਾਈਆਂ ਵਾਲੇ, ਵੱਡੀਆਂ ਮੱਤਾਂ ਵਾਲੇ ਨੇ ਇਨ੍ਹਾਂ ਵਿਚੋਂ ਕੋਈ ਵੀ ਨਹੀਂ ਜੀਉਂਦਾ। ਮਹਾਰਾਜ ਜੀ ਕਹਿੰਦੇ ਨਹੀਂ, ਜੇ ਰੌ ਨਹੀਂ ਰੁਮਕਦੀ ਇਸ ਦੇ ਅੰਦਰ ਤਾਂ ਇਹ ਮੁਰਦੇ ਨੇ -

*ਅਤਿ ਸੁੰਦਰ ਕੁਲੀਨ ਚਤੁਰ*
*ਮੁਖਿ ਙਿਆਨੀ ਧਨਵੰਤ॥*
*ਮਿਰਤਕ ਕਹੀਅਹਿ ਨਾਨਕਾ*
*ਜਿਹ ਪ੍ਰੀਤਿ ਨਹੀ ਭਗਵੰਤ॥*
*ਅੰਗ - 253*

ਜਿੰਨਾ ਚਿਰ ਉਹ ਪਿਆਰ ਦੀ ਰੌ ਨਹੀਂ ਆਉਂਦੀ ਉਨਾਂ ਚਿਰ ਇਹ dead ਬੈਟਰੀਆਂ ਨੇ ਸਾਰੀਆਂ। ਬੈਟਰੀ ਲੈਣ ਜਾਓ ਦੁਕਾਨ ਤੇ ਸਿਆਣਾ ਬੰਦਾ ਕਹਿੰਦਾ ਹੈ ਕਿ ਤੂੰ ਲੈ ਤਾਂ ਜਾਹ ਪਰ ਇਹ ਕਰਨੀ ਕੀ ਹੈ? ਕਹਿੰਦਾ ਮੈਂ ਕਾਰ ਵਿਚ ਲਾਉਣੀ ਹੈ ਕਿਉਂਕਿ ਉਹ ਚਲਦੀ ਨਹੀਂ ਹੈ, ਬੈਟਰੀ ਨਹੀਂ ਹੈ। ਕਹਿੰਦਾ ਏਸ ਤਰ੍ਹਾਂ ਨਹੀਂ ਹੋਣੀ ਫੇਰ ਤੂੰ ਕੱਲ੍ਹ ਨੂੰ ਆਈਂ, ਪੈਸੇ ਅੱਜ ਦੇ ਜਾਹ ਬੈਟਰੀ ਕੱਲ੍ਹ ਨੂੰ ਲੈ ਜਾਵੀਂ। ਕਹਿੰਦੇ ਬੈਟਰੀ ਤਾਂ ਠੀਕ-ਠਾਕ ਹੈ ਦਿੰਦੇ ਕਿਉਂ ਨਹੀਂ? ਕਹਿੰਦੇ ਕਿ ਇਸਦੇ ਵਿਚ ਕਰੰਟ ਨਹੀਂ ਹੈ। ਬਾਕੀ ਸਾਰੀਆਂ ਚੀਜ਼ਾਂ ਤਾਂ ਹਨ ਪਰ ਕਰੰਟ ਤੋਂ ਬਗੈਰ ਬੈਟਰੀ dead ਕਹਿੰਦੇ ਨੇ। ਇਸੇ ਤਰ੍ਹਾਂ ਬਾਕੀ ਅਕਲਾਂ ਤਾਂ ਸਾਡੇ ਵਿਚ ਸਾਰੀਆਂ ਹੀ ਹਨ, ਬੜਾ ਕੁਝ ਹੈ ਕੂੜ-ਕਬਾੜ ਵੀ ਪਿਆ ਹੈ, ਬੜੀਆਂ ਉਤਮ ਚੀਜ਼ਾਂ ਵੀ ਪਈਆਂ ਨੇ, ਬੜੀਆਂ ਵੱਡੀਆਂ ਗੱਲਾਂ ਨੇ -

*ਕਾਇਆ ਨਗਰੁ ਨਗਰ ਗੜ ਅੰਦਰਿ॥*
*ਸਾਚਾ ਵਾਸਾ ਪੁਰਿ ਗਗਨੰਦਰਿ॥*
*ਅਸਥਿਰੁ ਥਾਨੁ ਸਦਾ ਨਿਰਮਾਇਲੁ*
*ਆਪੇ ਆਪੁ ਉਪਾਇਦਾ॥*
*ਅੰਦਰਿ ਕੋਟ ਛਜੇ ਹਟਨਾਲੇ॥*

*ਆਪੇ ਲੇਵੈ ਵਸਤੁ ਸਮਾਲੇ॥*
*ਬਜਰ ਕਪਾਟ ਜੜੇ ਜੜਿ ਜਾਣੈ ਗੁਰ*
*ਸਬਦੀ ਖੋਲਾਇਦਾ॥*
*ਭੀਤਰਿ ਕੋਟ ਗੁਫਾ ਘਰ ਜਾਈ॥*
*ਨਉ ਘਰ ਥਾਪੇ ਹੁਕਮਿ ਰਜਾਈ॥*
*ਦਸਵੈ ਪੁਰਖੁ ਅਲੇਖੁ ਅਪਾਰੀ*
*ਆਪੇ ਅਲਖੁ ਲਖਾਇਦਾ॥ਅੰਗ - 1033*

ਬਹੁਤ ਮਿਹਨਤ ਤੋਂ ਬਾਅਦ ਇਹ ਚੀਜ਼ ਪ੍ਰਾਪਤ ਹੁੰਦੀ ਹੈ। ਉਹ ਵੀ ਤਾਂ ਹੁੰਦੀ ਹੈ ਜੇ ਲਗਨ ਪੂਰੀ ਹੋਵੇ। ਜੇ ਮਨ ਦੀ ਸੂਈ ਦੇ ਵਿਚ 90% ਤਾਂ ਪਰਾਪਤੀ ਦਾ ਹੋਵੇ ਤੇ 10% ਦੁਨੀਆਂ ਦਾ ਹੋਵੇ ਉਹ ਗੌਣ ਹੋਵੇ ਤੇ ਪਹਿਲੀ ਇੱਛਾ ਜਿਹੜੀ ਹੈ ਉਹ ਨਾਮ ਦੀ ਹੋਵੇ ਕਿਉਂਕਿ ਮਨੁੱਖਾ ਜਨਮ ਜੋ ਛਿਨ-ਛਿਨ ਕਰਕੇ ਲੰਘ ਰਿਹਾ ਹੈ ਉਹ ਦੁਬਾਰਾ ਸਾਡੇ ਹੱਥ ਵਿਚ ਨਹੀਂ ਆਉਂਦਾ, ਪਛਤਾਵਾ ਹੀ ਰਹਿ ਜਾਂਦਾ ਹੈ। ਜਿਸ ਵਕਤ ਸੰਸਾਰ ਤੋਂ ਜਾਂਦਾ ਹੈ ਉਸ ਵੇਲੇ ਸੋਝੀ ਵਾਲਿਆਂ ਦੇ ਮਨ ਵਿਚ ਬੜਾ ਹੀ ਪਛਤਾਵਾ ਹੁੰਦਾ ਹੈ ਕਿ ਇਸ ਰਸਤੇ ਪਏ ਵੀ, ਦੁਨੀਆਂ ਵਲੋਂ ਮਨ ਨੂੰ ਰੋਕ-ਰੋਕ ਵੀ ਰੱਖਿਆ ਵਿਸ਼ੇ ਤੇ ਵਾਸ਼ਨਾ ਤੋਂ ਆਪਣੇ-ਆਪ ਨੂੰ ਬਚਾਇਆ, ਸਮਾਂ ਮੁੱਕ ਗਿਆ ਤੇ ਹੁਣ ਕਰਿਆ ਕੀ ਜਾਵੇ, ਹੁਣ ਤਾਂ ਮੁੜ ਕੇ ਹੱਥ ਨਹੀਂ ਆਉਂਦਾ -

*ਕਰਣੋ ਹੁਤੋ ਸੁ ਨਾ ਕੀਓ*
*ਪਰਿਓ ਲੋਭ ਕੈ ਫੰਧ॥*
*ਨਾਨਕ ਸਮਿਓ ਰਮਿ ਗਇਓ*
*ਅਬ ਕਿਉ ਰੋਵਤ ਅੰਧ॥ ਅੰਗ - 1428*

ਵਕਤ ਤਾਂ ਨਿਕਲ ਗਿਆ ਤੇਰਾ ਹੁਣ ਪਛਤਾਵਾ ਕਰਨ ਨਾਲ ਕੀ ਬਣਦਾ ਹੈ -

*ਜੋ ਕਿਛੁ ਕਰਹਿ ਸੋਈ ਅਬ ਸਾਰੁ॥*
*ਫਿਰਿ ਪਛੁਤਾਹੁ ਨ ਪਾਵਹੁ ਪਾਰੁ॥*
*ਅੰਗ - 1159*

ਜਿਹੜਾ ਕੁਝ ਕਰਨਾ ਹੈ ਹੁਣੇ ਕਰ ਲੈ। ਮਹਾਰਾਜ ਜੀ ਨੇ ਬੜੀ ਕ੍ਰਿਪਾ ਸਾਡੇ ਤੇ ਕੀਤੀ ਹੈ ਕਿ ਏਸ ਰਸਤੇ ਤੇ, ਏਸ ਮਾਰਗ ਤੇ ਤੁਰਨ ਦੀ ਸਮਰੱਥਾ ਦੇ ਦਿਤੀ ਕਿਉਂਕਿ ਜੀਵ ਦੇ ਹੱਥ ਵਿਚ ਨਹੀਂ ਹੈ ਇਹ -

*ਆਪਿ ਜਪਾਏ ਜਪੈ ਸੋ ਨਾਉ॥*
*ਆਪਿ ਗਾਵਾਏ ਸੁ ਹਰਿ ਗੁਨ ਗਾਉ॥*
*ਅੰਗ - 270*

ਉਸ ਦੀ ਬੜੀ ਭਾਰੀ ਮਦਦ ਦੀ ਲੋੜ ਹੈ ਹਰੀ ਦਾ ਜਸ ਕਰਨ ਵਾਸਤੇ, ਅੰਮ੍ਰਿਤ ਵੇਲੇ ਉਠਣ ਵਾਸਤੇ ਕਿਉਂਕਿ ਇਹ ਮਨ ਜਿਹੜਾ ਹੈ ਇਹ ਵਿਪਰੀਤ ਹੈ ਵਾਹਿਗੁਰੂ ਤੋਂ, ਇਹ ਮੰਨਦਾ ਨਹੀਂ ਹੈ, ਇਹ ਥੋੜੀ ਦੇਰ ਵਾਸਤੇ ਟਿਕਦਾ ਹੈ ਫੇਰ ਉਤੇ ਹੀ ਚਲਿਆ ਜਾਂਦਾ ਹੈ ਕਿਉਂਕਿ ਇਸ ਦਾ ਵਾਹ ਦੇਖਣ ਵਾਲੀਆਂ ਚੀਜ਼ਾਂ ਨਾਲ ਹੈ, ਨੌਂ ਦਰਵਾਜ਼ਿਆਂ ਰਾਹੀਂ ਬਾਹਰ ਨੂੰ ਨਿਕਲਦਾ ਹੈ, ਅੰਦਰ ਨਹੀਂ ਇਹ ਟਿਕਦਾ। ਸੋ ਉਹ ਚੀਜ਼ ਸਾਨੂੰ ਪ੍ਰਾਪਤ ਨਹੀਂ ਹੋ ਰਹੀ ਜਿਸ ਚੀਜ਼ ਨੂੰ ਪ੍ਰਾਪਤ ਕਰਨ ਵਾਸਤੇ ਸਾਨੂੰ ਮਨੁੱਖਾ ਦੇਹੀ ਮਿਲੀ ਹੈ। ਨਾ ਤਾਂ ਇਹ ਛੱਡ ਕੇ ਹੀ ਮਿਲਦੀ ਹੈ ਕਿ ਘਰ-ਬਾਰ ਛੱਡ ਦਿਓ, ਕਿਸੇ ਡੇਰੇ ਵਿਚ ਜਾ ਕੇ ਅਸੀਂ ਰਹਿ ਪਈਏ ਤੇ ਉਥੇ ਸਾਨੂੰ ਪ੍ਰਾਪਤੀ ਹੋਏਗੀ, ਨਾ ਇਥੇ ਵੀ ਨਹੀਂ ਹੁੰਦੀ ਕਿਉਂਕਿ ਮਨ ਤਾਂ ਨਾਲ ਹੀ ਜਾਂਦਾ ਹੈ - ਨਾ ਕਿਸੇ ਗੁਫਾ 'ਚ ਵੜ ਕੇ ਮਿਲਦਾ ਹੈ, ਨਾ ਇਹ ਸਭ ਕੁਝ ਜੇ ਛੱਡ-ਛੁਡਾ ਕੇ ਜੰਗਲਾਂ ਵਿਚ, ਪਹਾੜਾਂ ਵਿਚ ਚਲੇ ਜਾਈਏ ਤਾਂ ਨਹੀਂ ਮਿਲਦਾ। ਇਸ ਦੇ ਮਿਲਣ ਦਾ ਇਕ ਸਾਧਨ ਤਾਂ ਗੁਰੂ ਮਹਾਰਾਜ ਜੀ ਨੇ ਸਾਨੂੰ ਬਖਸ਼ ਦਿਤਾ ਕਿ -

*ਹਰਿ ਕੀਰਤਿ ਸਾਧਸੰਗਤਿ ਹੈ*
*ਸਿਰਿ ਕਰਮਨ ਕੈ ਕਰਮਾ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ॥*
*ਅੰਗ - 642*

ਹਰੀ ਦਾ ਜਸ ਕਰਨਾ - ਇਹ ਹੁਲਾਰਾ ਦਿੰਦਾ ਹੈ, ਟੁਣਕਾਰ ਮਾਰਦਾ ਹੈ ਓਸ ਥਾਂ ਦੇ ਉਤੇ, ਉਸ ਮੰਡਲ ਦੇ ਵਿਚ ਸੁਰਤ ਨੂੰ ਲਿਜਾ ਕੇ ਦਿਖਾਉਂਦਾ ਹੈ ਜਿਥੇ ਰਸ ਹੀ ਰਸ ਹੈ, ਜਿੱਥੇ ਅੰਮ੍ਰਿਤ ਰਸ ਦੀ ਵਰਖਾ ਹੁੰਦੀ ਹੈ, ਜਿਸ ਦੇ ਬਾਰੇ ਐਸੇ ਬਚਨ ਆਉਂਦੇ ਹਨ -

*ਅੰਮ੍ਰਿਤ ਬਚਨ ਸਾਧ ਕੀ ਬਾਣੀ॥*
*ਜੋ ਜੋ ਜਪੈ ਤਿਸ ਕੀ ਗਤਿ ਹੋਵੈ*
*ਹਰਿ ਹਰਿ ਨਾਮੁ ਨਿਤ ਰਸਨ ਬਖਾਨੀ॥*
*ਅੰਗ - 744*

ਉਹ ਅੰਮ੍ਰਿਤ ਬਚਨ ਸਾਨੂੰ ਪ੍ਰਾਪਤ ਹੁੰਦੇ ਨੇ। ਬਾਣੀ ਦੇ ਅੰਮ੍ਰਿਤ ਬਚਨ ਹਿਰਦੇ ਦੇ ਅੰਦਰ ਟੁਣਕਾਰ ਮਾਰਦੇ ਨੇ ਲੇਕਿਨ ਸਾਡੀ ਪਹੁੰਚ ਨਹੀਂ ਹੈ ਉਥੇ ਕਿਉਂਕਿ ਉਤੇ ਜੋ ਦਰਵਾਜ਼ਾ ਹੈ ਉਹ ਖੁਲ੍ਹ ਨਹੀਂ ਰਿਹਾ, ਗੁਰੂ ਦੇ ਸਬਦਾਂ ਦੀ ਅਸੀਂ ਕਮਾਈ ਨਹੀਂ ਕਰ ਰਹੇ, ਨਾ ਕਰਨ ਕਰਕੇ ਉਹ ਖੁਲ੍ਹਦਾ ਨਹੀਂ ਹੈ। ਕਹਿੰਦੇ ਫੇਰ ਘਰ-ਬਾਰ ਛੱਡ ਜਾਈਏ।

ਮਹਾਤਮਾ ਦੇ ਕੋਲ ਇਕ ਬੰਦਾ ਜਾਂਦਾ ਹੈ ਜਾ ਕੇ ਉਹ ਕਹਿਣ ਲੱਗਿਆ ਕਿ ਮਹਾਰਾਜ! ਮੈਂ ਐਸੀ ਬਾਣੀ ਸੁਣੀ ਹੈ ਕਿ -

*ਜਿਨ ਹਰਿ ਹਿਰਦੈ ਨਾਮੁ ਨ ਬਸਿਓ*
*ਤਿਨ ਮਾਤ ਕੀਜੈ ਹਰਿ ਬਾਂਝਾ॥*
*ਅੰਗ - 697*

ਮੈਂ ਆਪਣੀ ਮਾਤਾ ਨੂੰ ਗਾਲ੍ਹਾਂ ਨਹੀਂ ਖੁਆਣੀਆਂ, ਰੂਹਾਨੀ ਗਾਲ੍ਹਾਂ ਤੇ ਮੈਂ ਹੁਣ ਹਿਰਦੇ ਵਿਚ ਨਾਮ ਵਸਾਉਣ ਵਾਸਤੇ ਹੀ ਆਇਆ ਹਾਂ। ਮੈਨੂੰ ਤੁਸੀਂ ਸੰਨਿਆਸ ਦੇ ਦਿਓ। ਉਹ ਕਹਿੰਦੇ ਕਿ ਪ੍ਰੇਮੀਆ! ਕੀ ਲੈਣਾ ਹੈ ਤੂੰ ਸੰਨਿਆਸੀ ਬਣ ਕੇ ਬਹੁਤ ਬਿਖੜਾ ਰਸਤਾ ਹੈ, ਸਾਰੀਆਂ ਆਸਾਂ, ਸਾਰੀਆਂ ਵਾਸ਼ਨਾਵਾਂ ਖਤਮ

ਕਰਨੀਆਂ ਪੈਂਦੀਆਂ ਹਨ, ਸੁੰਨ ਕਰਨੀਆਂ ਪੈਂਦੀਆਂ ਹਨ ਤੇ ਫੇਰ ਜਾ ਕੇ ਕਿਤੇ ਸੰਨਿਆਸੀ ਬਣਦਾ ਹੈ ਇਸ ਤਰ੍ਹਾਂ ਤਾਂ ਬਣਦਾ ਨਹੀਂ ਹੈ ਕਿ ਸੋਹਣੇ ਕੱਪੜੇ ਪਾ ਲਏ, ਚੰਗੇ ਡੇਰੇ ਵਿਚ ਬੈਠ ਗਿਆ, ਲੋਕ ਆਉਂਦੇ ਨੇ, ਮੱਥੇ ਟੇਕਦੇ ਨੇ – ਇਨ੍ਹਾਂ ਤੋਂ ਕੀ ਲੈਣਾ ਹੈ? ਇਹ ਤਾਂ ਪ੍ਰਵਿਰਤੀ ਬੜੀ ਮਾੜੀ ਹੈ, ਫਸਾ ਲੈਂਦੀ ਹੈ, ਸਮਾਂ ਬਰਬਾਦ ਕਰਨਗੇ ਕਿਉਂਕਿ ਸਾਰੇ ਤਾਂ ਸੁਲਝੇ ਹੋਏ ਹੁੰਦੇ ਨਹੀਂ, ਹਜ਼ਾਰਾਂ ਵਿਚੋਂ ਇਕ ਮਿਲ ਜਾਵੇ ਤਾਂ ਮਿਲ ਜਾਵੇ ਬਾਕੀ ਤਾਂ ਸਾਰੇ ਗਰਜਾਂ ਦੇ ਬੰਦੇ ਨੇ। ਤੇਰਾ ਪਹਿਲਾ ਕੀਤਾ ਹੋਇਆ ਵੀ ਖਤਮ ਕਰ ਦੇਣਗੇ। ਕਹਿੰਦਾ ਕਿ ਨਹੀਂ ਮਹਾਰਾਜ! ਮੈਂ ਤਾਂ ਸੰਨਿਆਸੀ ਬਣਨਾ ਹੈ। ਅੱਠ-ਦੱਸ ਵਾਰੀ ਮਹਾਂਪੁਰਸ਼ਾਂ ਨੇ ਕਿਹਾ, ਅੱਠ-ਦੱਸ ਵਾਰੀ ਉਸ ਨੇ ਕਿਹਾ। ਕਹਿਣ ਲੱਗੇ ਇਸ ਨੂੰ ਕਿਸੇ ਜੁਗਤ ਨਾਲ ਸਮਝਾਉਂਦੇ ਹਾਂ।

ਕਹਿੰਦੇ, ਆਏਂ ਕਰ ਆਹ ਸਾਡਾ ਬਰਤਨ ਲੈ ਜਾਹ ਤੇ ਔਹ ਖੂਹ ਚਲਦਾ ਹੈ ਤੇ ਉਥੋਂ ਪਾਣੀ ਲੈ ਆ।

ਜਦੋਂ ਉਸ ਨੇ ਪਾਣੀ ਭਾਲ ਲਿਆ ਉਦੋਂ ਇਕ ਘੋੜ ਸਵਾਰ ਆ ਗਿਆ। ਹੁਣ ਉਹ ਘੋੜਾ ਡਰਦਾ ਮੂੰਹ ਨੀਵਾਂ ਨਹੀਂ ਕਰਦਾ ਪਾਣੀ ਪੀਂਦਾ ਨਹੀਂ ਹੈ। ਉਸ ਨੇ ਖੂਹ ਵਾਲੇ ਨੂੰ ਕਿਹਾ।

ਕਹਿੰਦਾ, ਪ੍ਰੇਮੀਆ! ਤੂੰ ਜਰਾ ਕੁ ਠਹਿਰ ਜਾਹ ਮੇਰਾ ਘੋੜਾ ਡਰਦਾ ਹੈ। ਇਹ ਹਲਟ ਚਲਦਾ ਹੈ, ਕੁੱਤਾ ਟਕ-ਟਕ ਕਰਦਾ ਹੈ ਉਸ ਵੇਲੇ ਇਹ ਡਰ ਜਾਂਦਾ ਹੈ।

ਉਸ ਵੇਲੇ ਉਸ ਨੇ ਖੜ੍ਹਾ ਦਿਤਾ ਜਦੋਂ ਖੜ੍ਹਾਇਆ ਤਾਂ ਘੋੜਾ ਨੇੜੇ ਆ ਕੇ ਪਾਣੀ ਪੀਣ ਲੱਗਿਆ ਤਾਂ ਪਾਣੀ ਖਤਮ ਹੋ ਗਿਆ। ਉਸ ਨੇ ਫੇਰ ਕਿਹਾ ਜ਼ਰਾ ਕੁ ਚਲਾਈਂ ਉਸ ਨੇ ਚਲਾਇਆ ਤਾਂ ਘੋੜਾ ਫੇਰ ਡਰ ਕੇ ਦੋ ਗਜ਼ ਪਿੱਛੇ ਹੋ ਕੇ ਖੜ੍ਹ ਗਿਆ, 8-10 ਵਾਰੀ ਜਦੋਂ ਇਸ ਤਰ੍ਹਾਂ ਕਰਿਆ। ਉਹ ਜਿਹੜਾ ਪ੍ਰੇਮੀ ਪਾਣੀ ਭਰਨ ਆਇਆ ਸੀ ਘੋੜ ਸਵਾਰ ਨੂੰ ਕਹਿਣ ਲੱਗਿਆ ਕਿ ਐਉਂ ਨਹੀਂ ਪਾਣੀ ਪੀਣਾ ਤੂੰ ਐਵੇਂ ਜਿਵੇਂ ਹੀ ਪਿਲਾ ਦੇ ਵਿਚੋਂ ਹੀ ਰੌਲੇ-ਰੱਪੇ ਦੇ।

ਸੋ ਵਾਪਸ ਆ ਗਿਆ ਤਾਂ ਮਹਾਤਮਾ ਨੇ ਕਿਹਾ ਕਿ ਬੜੀ ਦੇਰ ਲਾ ਆਇਆ ਤੂੰ।

ਕਹਿਣ ਲੱਗਿਆ, ਮਹਾਰਾਜ! ਇਕ ਬੜੇ ਮੂਰਖ ਬੰਦੇ ਨੂੰ ਮੈਂ ਦੇਖਿਆ, ਘੋੜੇ ਨੂੰ ਪਾਣੀ ਪਿਲਾਉਣਾ ਚਾਹੁੰਦਾ ਹੈ ਤੇ ਹਲਟ ਰੋਕ ਦਿੰਦਾ ਹੈ, ਘੋੜਾ ਨੇੜੇ ਆ ਜਾਂਦਾ ਹੈ ਪਰ ਪਾਣੀ ਮੁੱਕ ਜਾਂਦਾ ਹੈ। ਜਦੋਂ ਹਲਟ ਚਲਾਉਂਦਾ ਹੈ ਤਾਂ ਪਾਣੀ ਮੁਕ ਜਾਂਦਾ ਹੈ।

ਮਹਾਤਮਾ ਕਹਿਣ ਲੱਗੇ, ਇਕ ਮੂਰਖ? ਸਾਰਾ ਸੰਸਾਰ ਮੂਰਖਾਂ ਦਾ ਭਰਿਆ ਪਿਆ ਹੈ ਅਕਲ ਵਾਲੇ ਤਾਂ ਇਥੇ ਥੋੜ੍ਹੇ ਹੀ ਨੇ ਬਾਕੀ ਤਾਂ ਸਾਰਾ ਸੰਸਾਰ ਮੂਰਖਾਂ ਦਾ ਹੈ।

ਗੁਰੂ ਮਹਾਰਾਜ ਜੀ ਵੀ ਏਵੇਂ ਹੀ ਕਹਿੰਦੇ ਨੇ। ਕਹਿੰਦੇ ਸੰਸਾਰ ਦੇ ਸ਼੍ਰੋਮਣੀ ਮੂਰਖ ਜਿਹੜੇ ਨੇ ਜੇ ਕਿਸੇ ਨੂੰ ਮੂਰਖਾਂ ਦਾ ਸਰਦਾਰ ਬਣਾਉਣਾ ਹੈ ਤਾਂ ਕਹਿੰਦੇ ਉਹ ਮੂਰਖ ਹੁੰਦਾ ਹੈ –

*ਮੂਰਖਾ ਸਿਰਿ ਮੂਰਖੁ ਹੈ*
*ਜਿ ਮੰਨੇ ਨਾਹੀ ਨਾਉ॥ ਅੰਗ – 1015*

ਜਿਸਨੂੰ ਨਾਮ ਦੀ ਮਹਿਮਾ ਦਾ ਨਹੀਂ ਪਤਾ ਲਗ ਸਕਿਆ, ਨਾਮ ਦੀ ਪਰੀਪੂਰਨਤਾ ਨੂੰ ਜਿਸ ਨੇ ਮੰਨਿਆ ਨਹੀਂ ਤਾਂ ਉਸ ਦੇ ਨਾਲੋਂ ਵੱਡਾ ਮੂਰਖ ਕਿਹੜਾ ਹੈ ਸੰਸਾਰ ਦੇ ਅੰਦਰ।

ਕਹਿਣ ਲੱਗੇ, ਪ੍ਰੇਮੀਆ! ਜਿਵੇਂ ਤੂੰ ਕਹਿੰਦਾ ਹੈਂ ਕਿ ਹਲਟ ਦੇ ਰੌਲੇ-ਗੌਲੇ ਵਿਚ ਹੀ ਪਾਣੀ ਪਿਲਾ ਲੈਂਦਾ ਤਾਂ ਇਵੇਂ-ਜਿਵੇਂ ਅਸੀਂ ਤੈਨੂੰ ਕਹਿੰਦੇ ਹਾਂ ਕਿ ਅੜਾਉਂਦੇ ਹੀ ਊਠ ਲੱਦ ਹੁੰਦੇ ਨੇ ਤੇ ਜਿਹੜਾ ਸੰਨਿਆਸ ਹੈ ਇਹ ਘਰ-ਬਾਰ ਛੱਡ ਕੇ ਤੂੰ ਕੀ ਲੈਣਾ ਹੈ? ਵਿਚੇ ਰਹਿ ਤੂੰ ਕਾਰੋਬਾਰ ਵੀ ਕਰ, ਕਿਰਤ ਕਰ ਧਰਮ ਦੀ ਤੇ ਹਰੀ ਦਾ ਜਸ ਕਰ। ਜੁਗਤ ਹੁੰਦੀ ਹੈ ਸੰਤਾਂ ਕੋਲ ਉਸ ਜੁਗਤ ਦੇ ਮੁਤਾਬਿਕ ਤੂੰ ਨਾਮ ਜਪ ਤਾਂ ਤੈਨੂੰ ਸੋਝੀ ਪਏਗੀ।

ਸੋ ਮਹਾਰਾਜ ਜੋ ਸਾਨੂੰ ਨਾਮ ਦੀ ਗੱਲ ਦਸਦੇ ਨੇ, ਸਾਰਾ ਗੁਰੂ ਗ੍ਰੰਥ ਸਾਹਿਬ ਨਾਮ ਹੀ ਨਾਮ ਹੈ। ਇਸ ਦੇ ਵਿਚੋਂ ਹੋਰ ਚੀਜ਼ਾਂ ਕੱਢਣ ਦਾ ਯਤਨ ਨਾ ਕਰੋ, ਨਾਮ ਵੱਲ ਨੂੰ ਵਧੋ। ਸੋ ਜੇ ਨਾਮ ਦੀ ਰੌ ਨਹੀਂ ਅੰਦਰ ਰੁਮਕੀ, ਨਾਮ ਦੇ ਮੰਡਲ ਵਿਚ ਸੁਰਤ ਨਹੀਂ ਗਈ, ਨਾਮ ਦੀ ਪ੍ਰਾਪਤੀ ਨਹੀਂ ਹੋਈ ਤਾਂ ਕਿੱਡੀ ਵੱਡੀ ਗੱਲ ਮਹਾਰਾਜ ਜੀ ਨੇ ਕਹਿ ਦਿਤੀ-

*ਜਿਨ ਹਰਿ ਹਿਰਦੈ ਨਾਮੁ ਨ ਬਸਿਓ*
*ਤਿਨ ਮਾਤ ਕੀਜੈ ਹਰਿ ਬਾਂਝਾ॥*
*ਅੰਗ – 697*

ਫੇਰ ਇਹ ਹੁੰਦਾ ਹੈ ਕਿ ਨਾਮ ਵਸੇ ਕਿਵੇਂ? ਅਸੀਂ ਵਾਹਿਗੁਰੂ-ਵਾਹਿਗੁਰੂ ਵੀ ਕਰਦੇ ਹਾਂ। ਮਹਾਰਾਜ ਜੀ ਕਹਿੰਦੇ-

*ਰਾਮ ਰਾਮ ਸਭੁ ਕੋ ਕਹੈ*
*ਕਹਿਐ ਰਾਮੁ ਨ ਹੋਇ॥*
*ਗੁਰ ਪਰਸਾਦੀ ਰਾਮੁ ਮਨਿ ਵਸੈ*
*ਤਾ ਫਲੁ ਪਾਵੈ ਕੋਇ॥ ਅੰਗ – 491*

ਇਥੇ ਫੇਰ ਮਨ ਵਿਚ ਵਸਣ ਦੀ ਬਾਤ ਕਰ ਦਿਤੀ।

ਸੋ ਇਹ ਬਾਤ ਸਮਝਣ ਵਾਸਤੇ ਬਹੁਤ ਦ੍ਰਿੜ੍ਹ ਲਗਨ ਦੀ ਲੋੜ ਹੈ। ਜਿੰਨੀ ਦੇਰ ਤੱਕ ਇਹ ਸ਼ਬਦ ਦੀ ਕਮਾਈ ਨਹੀਂ ਕਰਦਾ,...ਦੋ ਹੀ ਤਰੀਕੇ ਕਰਦੇ ਨੇ – ਇਕ ਤਾਂ ਹੈ ਬਾਣੀ। ਕੋਈ ਕਹਿੰਦਾ ਹੈ ਮੈਂ ਪੰਜ ਸੁਖਮਨੀ ਸਾਹਿਬ ਦੇ ਪਾਠਾਂ ਦਾ ਨੇਮ ਰੱਖਿਆ ਹੋਇਆ ਹੈ ਕੋਈ ਕਹਿੰਦਾ ਹੈ ਮੈਂ 15 ਦਾ ਰੱਖਿਆ ਹੋਇਆ ਹੈ।

ਸਾਧੂਆਂ ਦੀਆਂ ਗੱਲਾਂ ਨੇ ਇਹ ਗ੍ਰਿਹਸਤੀਆਂ ਤੋਂ ਨਹੀਂ ਹੁੰਦੀਆਂ, ਕੋਈ ਕਹਿੰਦਾ ਕਿ ਮੈਂ 25 ਜਪੁਜੀ ਸਾਹਿਬ ਦੇ ਪਾਠ ਪੜ੍ਹਦਾ ਹਾਂ। ਇਹ ਬਾਣੀ ਜਿਹੜਾ ਕੁਝ ਕਹਿੰਦੀ ਹੈ ਅਸੀਂ ਇਹ ਮਤ ਦਿੰਦੇ ਹਾਂ ਕਿ ਤੂੰ ਉਹ ਸਮਝ ਕੇ ਉਹ ਕੰਮ ਕਰਨ ਲੱਗ ਜਾ, ਪੜ੍ਹ ਨਾ। ਬੁੱਝੇਂਗਾ ਤਾਂ ਜੇ ਤੂੰ ਅੰਦਰ ਜਾਏਂਗਾ ਨਹੀਂ ਤਾਂ ਬੁੱਝਿਆ ਨਹੀਂ ਜਾਣਾ। ਜਿੰਨੀ ਦੇਰ ਤੱਕ ਤੂੰ ਦਾਖਲ ਨਹੀਂ ਹੁੰਦਾ, Back to source ਨਹੀਂ ਜਾਂਦਾ ਓਨੀਂ ਦੇਰ ਤਕ ਉਹ ਬੁੱਝੀ ਨਹੀਂ ਜਾਣੀ ਗੱਲ। ਉਸ ਨੂੰ ਬੁੱਝਣ ਵਾਸਤੇ ਤੈਨੂੰ ਗੁਰੂ ਦੇ ਸ਼ਬਦ ਦੀ ਕਮਾਈ ਕਰਨੀ ਪੈਣੀ ਹੈ। ਪੰਜ ਪਿਆਰਿਆਂ ਤੋਂ ਸ਼ਬਦ ਮਿਲਿਆ ਜਿਸਨੂੰ ਅਸੀਂ ਨਾਮ ਵੀ ਕਹਿੰਦੇ ਹਾਂ, ਗੁਰਮੰਤਰ ਵੀ ਕਹਿੰਦੇ ਹਾਂ, ਸ਼ਬਦ ਵੀ ਕਹਿ ਦਿੰਦੇ ਹਾਂ, ਭਜਨ ਵੀ ਕਹਿ ਦਿੰਦੇ ਹਾਂ - ਨਾਮ ਨੇ ਭੁਲੇਖੇ ਪਾਉਣ ਵਾਲੇ। ਕਹਿੰਦਾ ਤੈਨੂੰ ਭਜਨ ਤਾਂ ਮਿਲਿਆ ਨਹੀਂ ਅੰਮ੍ਰਿਤ ਤੂੰ ਛਕ ਲਿਆ। ਉਹ ਭਜਨ ਲੈਣ ਵਾਸਤੇ ਫੇਰ ਹੋਰ ਥਾਂ ਤੁਰ ਪੈਂਦਾ ਹੈ ਕਿਉਂਕਿ ਲਗਨ ਹੈ ਅੰਦਰ ਸੱਚੀ ਕਿ ਇਹ ਤਾਂ ਮੈਂ ਕਰ ਲਿਆ ਤੇ ਭਜਨ ਮੈਨੂੰ ਮਿਲਿਆ ਹੀ ਨਹੀਂ। ਫਲਾਣੇ ਥਾਂ ਤੋਂ ਤੈਨੂੰ ਭਜਨ ਮਿਲੇਗਾ ਉਹ ਚੱਲੇਗਾ, ਉਹ ਬੜਾ ਤਕੜਾ ਹੈ। ਇਹ ਭੁਲੇਖਾ ਜਿਹਾ ਪੈ ਜਾਂਦਾ ਹੈ। ਸਾਨੂੰ ਸ਼ਬਦ ਮਿਲਦਾ ਹੈ ਪੰਜ-ਪਿਆਰਿਆਂ ਤੋਂ ਜਾਂ ਇਹ ਕਹਿ ਲਓ ਕਿ ਗੁਰੂ ਦਾ ਮੰਤਰ ਮਿਲਦਾ ਹੈ। ਉਹ ਮੰਤਰ ਦੀ ਕਮਾਈ ਜਿੰਨੀ ਦੇਰ ਤਕ ਨਹੀਂ ਕਰਦਾ ਉਨੀ ਦੇਰ ਆਹ ਜਿਹੜੀ ਫੈਲੀ ਹੋਈ ਸੁਰਤ ਹੈ, ਇਹ ਇਕ ਬਿੰਦੂ ਦੇ ਉਤੇ ਕੇਂਦਰਿਤ ਨਹੀਂ ਹੁੰਦੀ, ਇਹ ਕੇਂਦਰਿਤ ਨਾ ਹੋਣ ਕਰਕੇ ਜਿਹੜਾ ਅਤਿ ਸੂਖਮ ਰਸਤਾ ਹੈ ਅੰਦਰ ਉਸ ਥਾਂ ਜਾ ਨਹੀਂ ਸਕਦੀ। ਸੂਈ ਦਾ ਛੇਕ ਛੋਟਾ ਜਿਹਾ ਹੁੰਦਾ ਹੈ ਜੇ ਸੂਈ ਹਿੱਲੀ ਜਾਵੇ ਜਾਂ ਹੱਥ ਹਿੱਲੀ ਜਾਵੇ ਧਾਗੇ ਨਾਲ ਤਾਂ ਸੂਈ ਦੇ ਨੱਕੇ ਵਿਚ ਧਾਗਾ ਨਹੀਂ ਪੈਂਦਾ ਕਿਉਂਕਿ ਦੋਵੇਂ ਹਿੱਲ ਰਹੇ ਨੇ। ਜਦੋਂ ਤਕ ਉਹ ਬਿਲਕੁਲ ਠਹਿਰਦੇ ਨਹੀਂ ਓਨੀ ਦੇਰ ਤੱਕ ਬਿਲਕੁਲ ਨਹੀਂ ਪੈਂਦਾ। ਠਹਿਰਾਉਣ ਵਾਸਤੇ ਸਾਨੂੰ ਸਾਹ ਰੋਕਣਾ ਪੈਂਦਾ ਹੈ। ਪੰਜ ਸੌ ਗਜ਼ ਤੇ ਅਸੀਂ ਫਾਇਰ ਕਰਨਾ ਚਾਹੁੰਦੇ ਹਾਂ, ਗੁਲਜ਼ਰੀ ਵਿਚ ਗੋਲੀ ਮਾਰਨੀ ਹੈ। ਜਦੋਂ ਤਕ ਸਾਡੀ ਸੁਰਤ ਨਹੀਂ ਟਿਕਦੀ, ਸਾਡਾ ਸਾਹ ਸੀਮਤ ਨਹੀਂ ਹੁੰਦਾ, ਬਿਲਕੁਲ ਬੰਦ ਨਹੀਂ ਹੁੰਦਾ, ਉਨਾਂ ਚਿਰ ਗੋਲੀ ਵਿਚ ਹਿਲਜੁਲ ਹੋਣ ਕਰਕੇ ਉਹ ਨਿਸ਼ਾਨੇ ਤੋਂ ਬਾਹਰ ਲਗਦੀ ਹੈ, ਗੁਲਜ਼ਰੀ ਵਿਚ ਨਹੀਂ ਲਗਦੀ। ਇਸੇ ਤਰ੍ਹਾਂ ਨਾਲ ਜਦੋਂ ਤਕ ਸਾਡੀ ਸੁਰਤ ਇਕਾਗਰ ਨਹੀਂ ਹੁੰਦੀ ਓਨੀਂ ਦੇਰ ਤੱਕ ਜਿਹੜੇ ਮੰਤਰ ਦਾ ਅਸੀਂ ਜਾਪ ਕਰਦੇ ਹਾਂ ਜਿਸ ਥਾਂ ਤੇ ਅਸੀਂ ਸੁਰਤ ਨੂੰ ਲੈ ਕੇ ਜਾਣਾ ਚਾਹੁੰਦੇ ਹਾਂ ਓਨੀਂ ਦੇਰ ਤਕ ਉਹ ਉਸ ਪਾਸੇ ਨੂੰ ਤੁਰਦੀ ਨਹੀਂ, ਆਲੇ-ਦੁਆਲੇ ਹੀ ਗੇੜੇ ਮਾਰਦੀ ਹੈ, ਕਦੇ ਕੰਨਾਂ ਵਿਚੋਂ ਦੀ ਨਿਕਲ ਜਾਂਦੀ ਹੈ, ਕਦੇ ਅੱਖਾਂ ਵਿਚੋਂ ਦੀ ਨਿਕਲ ਜਾਂਦੀ ਹੈ, ਕਦੇ ਮਨ ਵਿਚੋਂ ਦੀ ਨਿਕਲ ਜਾਂਦੀ ਹੈ, ਕਦੇ ਸਪਰਸ਼ ਨਾਲ ਨਿਕਲ ਜਾਂਦੀ ਹੈ, ਕਦੇ ਸੁਗੰਧੀ ਨਾਲ, ਰਸ ਨਾਲ ਇਹ ਟਿਕਦੀ ਨਹੀਂ ਹੈ ਜਦੋਂ ਤਕ ਇਨ੍ਹਾਂ ਚੀਜ਼ਾਂ ਤੇ ਕਾਬੂ ਨਾ ਪਾਇਆ ਜਾਵੇ -

***ਨਉ ਘਰ ਥਾਪੇ ਹੁਕਮਿ ਰਜਾਈ॥***
***ਦਸਵੈ ਪੁਰਖੁ ਅਲੇਖੁ ਅਪਾਰੀ***
***ਆਪੇ ਅਲਖੁ ਲਖਾਇਦਾ॥ਅੰਗ - 1033***

ਜਿੰਨਾ ਚਿਰ ਨੌਂ ਘਰ ਠਾਕੇ ਨਹੀਂ ਜਾਂਦੇ, ਥਾਪੇ ਨਹੀਂ ਜਾਂਦੇ। ਇਸ ਦੇ ਵਾਸਤੇ ਕੀਰਤਨ ਬਹੁਤ ਵੱਡੀ ਸਹਾਇਤਾ ਕਰਦਾ ਹੈ। ਕੀਰਤਨ ਦੇ ਵਿਚ ਆ ਕੇ ਬਿਰਤੀਆਂ ਟਿਕ ਜਾਂਦੀਆਂ ਨੇ, ਰਸ ਵਿਚ ਲੀਨ ਹੋ ਜਾਂਦੀਆਂ ਨੇ। ਸੋ ਨਾਮ ਜਪਣ ਦੀ ਇਕ ਬਹੁਤ ਵੱਡੀ ਸੁਵਿਧਾ ਪ੍ਰਾਪਤ ਹੁੰਦੀ ਹੈ, ਹਰੀ ਦਾ ਜਸ ਸੁਣਦਿਆਂ, ਜੇ ਬਾਹਰ ਮਨ ਦੌੜਦਾ ਹੈ ਤਾਂ ਬਾਣੀ ਸੁਣ ਰਹੀ ਹੈ ਜੇ ਮਨ ਅੰਦਰ ਜਾਂਦਾ ਹੈ ਤਾਂ ਨਾਮ ਦੀ ਧੁਨ ਸੁਣ ਰਹੀ ਹੈ। ਇਸ ਧੁਨ ਨੂੰ ਗੁਰੂ ਬਣਾ ਕੇ ਇਹ ਜਿਹੜੀ ਸੁਰਤੀ ਹੈ ਇਸ ਨੂੰ ਸ਼ਬਦ ਦਾ ਚੇਲਾ ਬਣਾਉਣਾ ਹੈ, ਜੋ ਸ਼ਬਦ ਸਾਡੇ ਅੰਦਰ ਹੋ ਰਿਹਾ ਹੈ।

ਇਕ ਪ੍ਰੇਮੀ ਮੈਨੂੰ ਮਿਲਿਆ ਕਹਿੰਦਾ ਜੀ, ਮੈਂ ਬੜੀ ਉਲਝਣ ਵਿਚ ਹਾਂ ਮੇਰੀ ਸਾਰੀ ਜ਼ਿੰਦਗੀ ਲੰਘ ਗਈ, ਲਗਨ ਮੈਨੂੰ ਮੁੱਢ ਤੋਂ ਹੀ ਹੈ, 1966 ਤੋਂ ਮੈਂ ਜੱਦੋ-ਜਹਿਦ ਕਰ ਰਿਹਾ ਹਾਂ ਤੇ ਮੈਨੂੰ ਰਾਹ ਕੋਈ ਨਹੀਂ ਲੱਭ ਰਿਹਾ ਤੇ ਮੇਰੇ ਸਾਮ੍ਹਣੇ ਇਕ ਵੱਡੀ ਭਾਰੀ ਮੁਸੀਬਤ ਆ ਗਈ ਇਕ ਸੰਤਾਂ ਨੇ ਮੈਨੂੰ, ਆਹ ਦੱਸਿਆ, ਦੂਜਿਆਂ ਨੇ ਆਹ, ਤੀਜਿਆਂ ਨੇ ਆਹ।"

ਵੱਡਾ ਅਫਸਰ ਸੀ ਕੋਈ ਤੇ ਸੁਣਦਾ ਰਿਹਾ ਮੈਂ।

ਫੇਰ ਕਹਿਣ ਲੱਗਿਆ ਕਿ ਮੈਂ ਧਿਆਨ ਧਰਿਆ ਕਰਦਾ ਸੀ ਗੁਰੂ ਦਾ। ਮੈਂ ਗੁਰੂ ਗ੍ਰੰਥ ਸਾਹਿਬ ਦਾ ਧਿਆਨ ਧਰਨ ਲੱਗ ਗਿਆ। ਸਾਡੇ ਜਿਹੜੇ ਰੁਮਾਲੇ ਸੀ ਉਹ ਨੀਲੇ ਸੀ ਇਥੇ ਜਿੱਥੇ ਮੈਂ ਆ ਕੇ ਬੈਠਦਾ ਹਾਂ ਇੱਥੇ ਲਾਲ ਨੇ।

ਮੈਂ ਕਿਹਾ, "ਤੂੰ ਕੱਪੜਿਆਂ ਦਾ ਹੀ ਧਿਆਨ ਧਰੀ ਜਾਂਦਾ ਹੈ।"

ਕਿਉਂਕਿ confused ਹੈ ਪਤਾ ਨਹੀਂ ਹੈ ਕਿ ਧਿਆਨ ਕਿਹੜੀ ਚੀਜ਼ ਹੁੰਦੀ ਹੈ, ਕਿਸ ਚੀਜ਼ ਦਾ ਰੱਖਿਆ ਜਾਂਦਾ ਹੈ।

ਕਹਿੰਦਾ, ਫੇਰ ਉਹ ਕਹਿੰਦੇ ਸ਼ਬਦ ਦਾ ਧਿਆਨ ਧਰ ਤੇ ਮੈਂ 'ਵਾਹਿਗੁਰੂ' ਚਾਰ ਅੱਖਰਾਂ ਦਾ ਧਿਆਨ ਧਰਦਾ ਹਾਂ।"

ਮੈਂ ਚੁੱਪ ਕਰ ਰਿਹਾ।

ਕਹਿਣ ਲੱਗਿਆ, ਜੀ! ਤੁਸੀਂ ਦੱਸੋ?

ਮੈਂ ਕਿਹਾ, ਤੂੰ ਤਾਂ ਏਸ ਗੱਲ ਦੇ ਫਿੱਟ ਹੀ

ਨਹੀਂ ਹੈ, ਅਧਿਕਾਰੀ ਨਹੀਂ ਹੈਂ, ਤੇਰਾ ਨੇਸ਼ਟਾ ਨਹੀਂ ਹੈ ਕਿਸੇ ਥਾਂ ਦੇ ਉਤੇ, ਤੈਨੂੰ ਟੀਚਰ (ਗੁਰੂ) ਨਹੀਂ ਕੋਈ ਮਿਲਿਆ। ਉਹ ਦੱਸੇ ਕਿਵੇਂ ਕੋਈ ਬੰਦਾ। ਮੈਂ ਦੱਸ ਦਿਆਂਗਾ ਤੂੰ ਅੱਗੇ ਜਾ ਕੇ ਹੋਰ ਕੁਝ ਕਰ ਲਏਂਗਾ, confuse ਰਹੇਂਗਾ।

ਕਿਉਂਕਿ ਸਬਦ ਦਾ ਧਿਆਨ ਨਹੀਂ ਸਾਨੂੰ ਪਤਾ ਲਗਦਾ, ਅੱਖਰਾਂ ਦਾ ਧਿਆਨ ਧਰ ਲੈਂਦੇ ਹਾਂ। ਸ਼ਬਦ ਕੀ ਹੈ? ਉਹ ਸਾਡੇ ਅੰਦਰ ਹੋ ਰਿਹਾ ਹੈ। ਉਹ ਸਾਡਾ ਗੁਰੂ ਹੈ। ਮਹਾਰਾਜ ਕਹਿਣ ਲੱਗੇ ਏਸ ਸ਼ਬਦ ਦੀ ਜੋ ਧੁਨ ਹੈ ਇਸ ਦੀ ਚੇਲੀ ਸਾਡੀ ਸੁਰਤ ਹੈ, ਇਸ ਦੇ ਨਾਲ ਅਸੀਂ ਚੜ੍ਹਾਈ ਕਰਨੀ ਹੈ। ਜਦੋਂ ਤਕ ਅਸੀਂ ਸਹੀ ਅਰਥਾਂ ਵਿਚ ਅੰਦਰ ਪ੍ਰਵੇਸ਼ ਨਹੀਂ ਕਰਦੇ, ਓਨੀਂ ਦੇਰ ਤਕ ਨਾਮ ਦਾ ਅਨੁਭਵ, ਨਾਮ ਦੀ ਤਾਜ਼ਗੀ, ਨਾਮ ਦਾ ਜੋ ਸਾਡੇ ਉਤੇ ਅਸਰ ਹੈ ਉਹ ਪ੍ਰਗਟ ਨਹੀਂ ਹੁੰਦਾ, ਨਾ ਪ੍ਰਗਟ ਹੋਣ ਕਰਕੇ ਹਿਰਦੇ ਵਿਚ ਨਹੀਂ ਵਸਦਾ। ਜਦੋਂ ਪ੍ਰਗਟ ਹੋ ਗਿਆ ਉਸ ਨੇ ਹਿਰਦੇ ਵਿਚ ਵਸ ਜਾਣਾ ਹੈ। ਸੋ ਏਸ ਅਵਸਥਾ ਦੀ ਗੱਲ ਮਹਾਰਾਜ ਏਸ ਥਾਂ ਦੇ ਉਤੇ ਕਰਦੇ ਨੇ ਕਿ –

*ਜਿਨ ਹਰਿ ਹਿਰਦੈ ਨਾਮੁ ਨ ਬਸਿਓ*
*ਤਿਨ ਮਾਤ ਕੀਜੈ ਹਰਿ ਬਾਂਝਾ॥*

*ਅੰਗ – 697*

ਦੂਜੇ ਪਾਸੇ ਕਹਿੰਦੇ ਨੇ –

*ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ*
*ਫਿਰਹਿ ਜੋ ਹਰਿ ਹਿਰਦੈ ਸਦਾ ਵਸਾਇ॥*

*ਅੰਗ – 649*

ਸਾਰੀਆਂ ਹੀ ਸ਼ਕਤੀਆਂ, ਸਾਰੀਆਂ ਹੀ ਬਰਕਤਾਂ ਉਸ ਦੇ ਪਿਛੇ ਲੱਗ ਤੁਰਦੀਆਂ ਨੇ ਜਿਸ ਦੇ ਹਿਰਦੇ ਵਿਚ ਨਾਮ ਵਸ ਗਿਆ। ਸੋ ਇਸ ਕਰਕੇ ਮਹਾਰਾਜ ਜੀ ਦਾ ਕਹਿਣ ਬਿਲਕੁਲ ਵਜ੍ਹਾ ਹੈ, ਦਰੁਸਤ ਹੈ ਕਿ ਐਡੀ ਵੱਡੀ ਚੀਜ਼ ਤੁਹਾਡੇ ਕੋਲ ਹੀ ਪਈ ਹੈ ਤੇ ਤੁਸੀਂ ਕਿੱਧਰ ਨੂੰ ਤੁਰੇ ਜਾਂਦੇ ਹੋ। ਹਿਰਦੇ ਵਿਚ ਜੇ ਉਹ ਵਸ ਜਾਵੇ ਤਾਂ ਸਾਰੇ ਹੀ ਕੰਮ ਵਾਹਿਗੁਰੂ ਕਰਨ ਲੱਗ ਜਾਂਦਾ ਹੈ। ਜਿਸਦਾ ਨਾਮ ਨਾਲ ਪਿਆਰ ਲੱਗ ਗਿਆ ਉਸ ਦੇ ਸਾਰੇ ਕੰਮ ਵਾਹਿਗੁਰੂ ਕਰਦਾ ਹੈ। ਸੋ ਸਾਧ-ਸੰਗਤ ਜੀ! ਇਹ ਇਕ ਯਤਨ ਹੈ ਸਾਡਾ ਅੰਮ੍ਰਿਤ ਵੇਲੇ ਜਾਗਣਾ ਤੇ ਜਾਗ ਕੇ ਕੀਰਤਨ ਕਰਨਾ। ਇਹ ਵਾਹਿਗੁਰੂ ਜੀ ਦੀ ਬੜੀ ਭਾਰੀ ਕ੍ਰਿਪਾ ਹੈ, ਕੋਈ ਪੁੰਨ-ਕਰਮ ਜਾਗੇ ਹੋਏ ਨੇ ਸੈਂਕੜੇ ਹੀ ਬੰਦਿਆਂ ਦੇ ਕਿਉਂਕਿ ਅੰਮ੍ਰਿਤ ਵੇਲਾ ਛੁਟ ਗਿਆ, ਕੋਈ ਜਾਗਣਾ ਨਹੀਂ ਚਾਹੁੰਦਾ, ਉਸ ਵੇਲੇ ਨੂੰ ਕੋਈ ਸੰਭਾਲਣਾ ਨਹੀਂ ਚਾਹੁੰਦਾ, ਸੌਂ ਕੇ ਅਸੀਂ ਗੁਆ ਲੈਂਦੇ ਹਾਂ, ਸਾਰੀ ਜ਼ਿੰਦਗੀ ਸੁੱਤਿਆਂ ਦੀ ਲੰਘ ਜਾਂਦੀ ਹੈ। ਸੋ ਸਾਨੂੰ ਪਤਾ ਹੀ ਨਹੀਂ ਲਗਦਾ ਜਿਹੋ-ਜਿਹੇ ਸੰਸਾਰ ਤੇ ਆਏ ਜਿਹੋ ਜਿਹੇ ਨਾ ਆਏ। ਮਹਾਰਾਜ ਜੀ ਕਹਿੰਦੇ ਜਿਵੇਂ ਸੁੰਨੇ ਘਰ ਦੇ ਅੰਦਰ ਕਾਂ ਆ ਗਿਆ ਉਸ ਨੇ ਉਥੇ ਖਾਣਾ ਕੀ ਹੈ? ਕੀ ਲੈਣਾ ਹੈ? ਗੇੜਾ ਮਾਰ ਕੇ ਮੁੜ ਜਾਏਗਾ। ਇਸੇ ਤਰ੍ਹਾਂ ਸਾਡੀ ਵੀ ਜਿਹੜੀ ਦੇਹ ਹੈ ਇਹ ਸੁੰਨੀ ਫਿਰਦੀ ਹੈ ਨਾਮ ਤੋਂ ਬਿਨਾਂ।

ਖਪ-ਖਪ ਕੇ ਕੋਈ ਪੈਸੇ ਜੋੜ-ਜੋੜ ਕੇ ਤੁਰਦਾ ਹੈ, ਕੋਈ ਮਕਾਨ ਬਣਾ-ਬਣਾ ਕੇ ਤੁਰਦਾ ਹੈ, ਕੋਈ ਵੱਡੇ ਅਹੁਦੇ ਪ੍ਰਾਪਤ ਕਰਕੇ ਤੁਰਦਾ ਹੈ। ਸਭ ਦਾ ਅਭਿਮਾਨ, ਰੌਲਾ-ਗੌਲਾ ਮਚਿਆ ਪਿਆ ਹੈ ਅੰਦਰ। ਸੋ ਵਾਹਿਗੁਰੂ ਕ੍ਰਿਪਾ ਕਰਕੇ ਤੇ ਸਾਨੂੰ ਇਸ ਗੱਲ ਦੀ ਸੋਝੀ ਦੇ ਕੇ ਉਸ ਮੰਡਲ ਵਿਚ ਪਹੁੰਚਾ ਦੇਵੇ। ਉਸ ਦੀਆਂ ਨਿਸ਼ਾਨੀਆਂ ਦੱਸੀਆਂ ਹੋਈਆਂ ਨੇ ਮਹਾਰਾਜ ਜੀ ਨੇ ਕਿ ਜਦੋਂ ਪਹੁੰਚੇਗਾ ਤਾਂ ਤੈਨੂੰ ਅਨੁਭਵ ਆਹ ਚੀਜ਼ਾਂ ਹੋਣਗੀਆਂ –

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ॥*
*ਸੁੰਨ ਸਮਾਧਿ ਅਨਹਤ ਤਹ ਨਾਦ॥*
*ਕਹਨੁ ਨ ਜਾਈ ਅਚਰਜ ਬਿਸਮਾਦ॥*

*ਅੰਗ – 293*

ਉਥੇ ਕੋਈ ਫੁਰਨਾ ਨਹੀਂ ਹੈ। ਉਸ ਥਾਂ ਦੇ ਉਤੇ ਆਤਮਿਕ ਸੰਗੀਤ ਚੱਲ ਰਿਹਾ ਹੈ, ਐਨੀ ਸੋਹਣੀ ਧੁਨ ਹੈ ਕਿ –

*ਅਨਹਤ ਬਾਣੀ ਥਾਨੁ ਨਿਰਾਲਾ॥*
*ਤਾ ਕੀ ਧੁਨਿ ਮੋਹੇ ਗੋਪਾਲਾ॥*

*ਅੰਗ – 186*

ਜਿਸ ਨੇ ਸ੍ਰਿਸ਼ਟੀ ਸਾਜੀ ਹੈ ਉਹ ਵੀ ਉਸ ਧੁਨ ਵਿਚ ਮੋਹਿਆ ਪਿਆ ਹੈ ਕਿਉਂਕਿ ਇਹ ਉਸ ਦੇ ਵਿਚੋਂ ਹੀ ਹੋਈ ਹੈ –

*ਪ੍ਰਥਮ ਓਅੰਕਾਰ ਤਿਨ ਕਹਾ*
*ਸੋ ਧੁਨ ਪੂਰ ਜਗਤ ਮੋ ਰਹਾ॥*

ਸੋ ਇਸ ਦੇ ਵਿਚ ਜਦੋਂ ਅਸੀਂ ਜਾਵਾਂਗੇ ਤਾਂ ਮਹਾਰਾਜ ਕਹਿੰਦੇ ਕਹਿਆ ਹੀ ਨਹੀਂ ਜਾਣਾ –

*ਕਹਨੁ ਨ ਜਾਈ ਅਚਰਜ ਬਿਸਮਾਦ॥*

*ਅੰਗ – 293*

ਐਨੀ ਵੱਡੀ ਚੀਜ਼ ਸਾਡੇ ਅੰਦਰ ਪ੍ਰਭੂ ਨੇ ਰੱਖੀ ਹੋਈ ਹੈ, ਵਾਂਝੇ ਅਸੀਂ ਰਹਿ ਰਹੇ ਹਾਂ ਉਸ ਤੋਂ ਤੇ ਮਹਾਰਾਜ ਜੀ ਕਿੱਡਾ ਵੱਡਾ ਪ੍ਰਤੱਖ ਬਚਨ ਕਹਿ ਰਹੇ ਨੇ। ਸੋ ਇਸ ਦੇ ਵੱਲ ਸਾਨੂੰ ਧਿਆਨ ਦੇਣਾ ਚਾਹੀਦਾ ਹੈ।

*ਵਾਹਿਗੁਰੂ ਜੀ ਕਾ ਖਾਲਸਾ*
*ਵਾਹਿਗੁਰੂ ਜੀ ਕੀ ਫਤਹਿ।*

# ਏਕ ਚਿਤ ਜਿਹ ਇਕ ਛਿਨ ਧਿਆਇਓ

ਸਾਧਸੰਗਤ ਜੀ!

*ਵਾਹਿਗੁਰੂ ਜੀ ਕਾ ਖਾਲਸਾ*

*ਵਾਹਿਗੁਰੂ ਜੀ ਕੀ ਫਤਹਿ।*

ਗੁਰੂ ਮਹਾਰਾਜ ਜੀ ਦੀ ਬਖਸ਼ਿਸ਼ ਹੈ ਜਿਸ ਕਰਕੇ ਅਸੀਂ ਇਸ ਸਰਦੀ ਦੇ ਅੰਦਰ ਇਕੱਤਰ ਹੋ ਕੇ ਹਰੀ ਦਾ ਜਸ ਸਰਵਣ ਕੀਤਾ ਜਿਸ ਦਾ ਬਹੁਤ ਵੱਡਾ ਫਲ ਪ੍ਰਾਪਤ ਹੋਇਆ ਕਰਦਾ ਹੈ। ਗੁਰੂ ਨਾਨਕ ਪਾਤਸ਼ਾਹ ਜੀ ਨੂੰ ਗੁਰੂ ਅੰਗਦ ਸਾਹਿਬ ਮਹਾਰਾਜ ਜੀ ਨੇ ਇਕ ਵਾਰੀ ਸਵਾਲ ਕੀਤਾ ਕਿ ਸੱਚੇ ਪਾਤਸ਼ਾਹ! ਆਪ ਅੰਮ੍ਰਿਤ ਵੇਲੇ ਦਾ ਜਾਗਣਾ ਉਸ ਵਿਚ ਹਰੀ ਜਸ ਕਰਨਾ, ਇਸ਼ਨਾਨ ਕਰਨਾ ਬਾਰ-ਬਾਰ ਫੁਰਮਾ ਰਹੇ ਹੋ। ਇਸ ਦਾ ਕਿੰਨਾ ਕੁ ਫਲ ਹੁੰਦਾ ਹੈ? ਮਹਾਰਾਜ ਜੀ ਕਹਿਣ ਲੱਗੇ ਕਿ ਪ੍ਰੇਮੀਆ! ਜਿਹੜਾ ਅੰਮ੍ਰਿਤ ਵੇਲੇ ਉਠ ਕੇ ਹਰੀ ਦਾ ਜਸ ਕਰਨਾ ਹੈ, ਨਾਮ ਦਾ ਬੀਜ ਬੀਜਣਾ ਹੈ। ਉਸ ਦੀ ਫਸਲ ਐਨੀ ਭਰਪੂਰ ਹੋ ਜਾਂਦੀ ਹੈ ਕਿ ਕਿੰਨਾ ਹੀ ਖਰਚੀ ਜਾਹ ਖਤਮ ਨਹੀਂ ਹੋਇਆ ਕਰਦੀ। ਬੇਅੰਤ ਪਾਪਾਂ ਦਾ ਨਾਸ਼ ਹੋ ਜਾਂਦਾ ਹੈ, ਮਨ ਵਿਚ ਸ਼ਾਂਤੀ ਆਉਣੀ ਸ਼ੁਰੂ ਹੋ ਜਾਂਦੀ ਹੈ। ਬਾਕੀ ਜੋ ਤੂੰ ਇਹ ਗੱਲ ਪੁੱਛੀ ਹੈ ਕਿ ਫਲ ਕਿੰਨਾ-ਕੁ ਹੁੰਦਾ ਹੈ। ਹਰੀ ਦੇ ਜਸ ਵਿਚ ਜੇ ਇਕ ਨਿਮਖ ਵਾਸਤੇ ਵੀ, ਇਕ ਸੈਕਿੰਡ ਵਾਸਤੇ ਵੀ ਮਨ ਇਕਾਗਰ ਹੋ ਜਾਵੇ ਤਾਂ ਦੁਨੀਆਂ ਦਾ ਰਾਜ ਉਸ ਦੇ ਅੱਗੇ ਕੋਈ ਚੀਜ਼ ਨਹੀਂ ਹੋਇਆ ਕਰਦਾ ਕਿਉਂਕਿ ਰਾਜ ਵਿਚ ਮਨ ਕਲਪਦਾ ਰਹਿੰਦਾ ਹੈ। ਸਵਰਗ ਵਿਚ ਮਨ ਸ਼ਾਂਤ ਨਹੀਂ ਹੁੰਦਾ। ਇੰਦਰ ਵਰਗੇ ਰਾਜੇ ਮਨ ਦੀ ਸ਼ਾਂਤੀ ਵਾਸਤੇ ਸੰਤਾਂ ਕੋਲ ਆਉਂਦੇ ਨੇ ਤੇ ਉਨ੍ਹਾਂ ਤੋਂ ਪੁੱਛਦੇ ਨੇ ਕਿ ਮਨ ਕਿਵੇਂ ਸ਼ਾਂਤ ਹੋਵੇ। ਮਹਾਤਮਾ ਕਹਿੰਦੇ ਨੇ ਕਿ ਇੰਦਰ ਤੇਰੇ ਸਵਰਗ ਲੋਕਾਂ ਵਿਚ ਭੋਗ ਤਾਂ ਬਹੁਤ ਜ਼ਿਆਦਾ ਨੇ, ਬੇਅੰਤ ਚੀਜ਼ਾਂ ਜਿਸ ਚੀਜ਼ ਦੀ ਇੱਛਾ ਕਰੋ ਉਸ ਵੇਲੇ ਪ੍ਰਾਪਤ ਹੋ ਜਾਂਦੀ ਹੈ ਪਰ ਸ਼ਾਂਤੀ ਕੋਈ ਹੋਰ ਚੀਜ਼ ਹੈ। ਜਦੋਂ ਤੱਕ ਨਾਮ ਨਹੀਂ ਪ੍ਰਾਪਤ ਹੁੰਦਾ ਸ਼ਾਂਤੀ ਨਹੀਂ ਆਇਆ ਕਰਦੀ।

*ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥*
*ਬਿਨੁ ਹਰਿ ਨਾਮ ਨ ਸਾਂਤਿ ਹੋਇ*
*ਕਿਤੁ ਬਿਧਿ ਮਨੁ ਧੀਰੇ ॥ ਅੰਗ - ੭੦੭*

ਜਿਸਨੂੰ ਵਾਹਿਗੁਰੂ ਦਾ ਨਾਮ ਚਿੱਤ ਨਹੀਂ ਆਉਂਦਾ, ਵਾਹਿਗੁਰੂ ਜਿਸ ਦੇ ਧਿਆਨ ਵਿਚ ਨਹੀਂ ਵਸਦਾ ਕਹਿੰਦੇ ਉਹ ਤਾਂ ਵਿਸ਼ਟਾ ਦੇ ਕੀੜੇ ਵਰਗਾ ਹੋਇਆ ਕਰਦਾ ਹੈ।

ਨਾਮ ਤੋਂ ਬਗੈਰ ਸ਼ਾਂਤੀ ਨਹੀਂ ਹੋਇਆ ਕਰਦੀ। ਸੋ ਸਵਰਗ ਲੋਕ ਦੇ ਜੋ ਰਾਜੇ ਨੇ ਉਹ ਵੀ ਲੋਚਦੇ ਨੇ ਕਿ ਕਦੋਂ ਸਾਡਾ ਸਵਰਗ ਖਤਮ ਹੋਵੇ ਤੇ ਕਦੋਂ ਮੁੜ ਕੇ ਜਾ ਕੇ ਫੇਰ ਮਨੁੱਖ ਬਣੀਏ। ਮਨੁੱਖ ਬਣ ਕੇ ਤਿੰਨ ਸਾਧਨ ਕਰੀਏ - ਕਰਮ, ਉਪਾਸਨਾ, ਗਿਆਨ।

ਸ਼ੁਭ ਕਰਮ ਕਹਿੰਦੇ ਨੇ, ਨਿਸ਼ਕਾਮ ਕਰਮ ਕਰਨੇ, ਬਾਣੀ ਪੜ੍ਹਨੀ, ਸੇਵਾ ਕਰਨੀ, ਹਰੀ ਜਸ ਕਰਨਾ, ਹਰੀ ਜਸ ਸੁਣਨਾ। ਇਹ ਸਾਰੀਆਂ ਚੀਜ਼ਾਂ ਸ਼ੁਭ ਕਰਮ ਨੇ। ਇਨ੍ਹਾਂ ਦੇ ਨਾਲ ਜਨਮਾਂ-ਜਨਮਾਂ ਦੀ ਲੱਗੀ ਹੋਈ ਮਨ ਦੀ ਮੈਲ ਦੂਰ ਹੁੰਦੀ ਹੈ, ਮਨ ਦੀ ਕਲਪਣਾ ਹਟਦੀ ਹੈ, ਮਨ ਦੀਆਂ ਵਾਸ਼ਨਾਵਾਂ ਹਟਦੀਆਂ ਨੇ, ਮਨ ਸ਼ਾਂਤੀ ਵਿਚ ਆਉਂਦਾ ਹੈ।

ਦੂਸਰਾ ਦਰਜਾ ਉਪਾਸਨਾ ਦਾ ਹੋਇਆ ਕਰਦਾ ਹੈ। ਮਹਾਂਪੁਰਸ਼ਾਂ ਨੂੰ ਪਤਾ ਹੁੰਦਾ ਹੈ ਕਿ ਉਪਾਸਨਾ ਕਿਵੇਂ ਕਰੀਦੀ ਹੈ ਜੋ ਜਗਿਆਸੂ ਹੁੰਦਾ ਹੈ ਉਸਨੂੰ ਉਹ ਦੱਸ ਦਿੰਦੇ ਨੇ ਕਿ ਇਸ ਤਰ੍ਹਾਂ ਭਾਈ ਉਪਾਸਨਾ ਕਰਿਆ ਕਰ। ਇਸ ਦੇ ਨਾਲ ਖਿੰਡਿਆ ਹੋਇਆ ਮਨ ਇਕ ਬਿੰਦੂ ਤੇ ਆ ਜਾਂਦਾ ਹੈ, ਟਿਕ ਜਾਂਦਾ ਹੈ ਇਕਾਗਰਤਾ ਵਿਚ ਆ ਕੇ ਨਿਰੁੱਧ ਵਿਚ ਚਲਿਆ ਜਾਂਦਾ ਹੈ। ਉਸ ਵੇਲੇ ਜੋ ਨਾਮ ਬੀਜਣਾ ਹੈ, ਇਕਾਗਰਤਾ ਦਾ ਉਸ ਦਾ ਫਲ ਕਿੰਨਾ ਹੈ -

*ਏਕ ਚਿਤ ਜਿਹ ਇਕ ਛਿਨ ਧਿਆਇਓ*
*ਕਾਲ ਫਾਸ ਕੇ ਬੀਚ ਨ ਆਇਓ॥*

ਇਕ ਛਿਨ ਜਿੰਨਾ ਚਿਰ ਵੀ ਜੇ ਪ੍ਰਮੇਸ਼ਰ ਦਾ ਧਿਆਨ ਆ ਜਾਵੇ ਤਾਂ ਵੀ ਕਾਲ ਦਾ ਚੱਕਰ ਗਲ ਤੋਂ ਲਹਿ ਜਾਂਦਾ ਹੈ। ਸੋ ਇਸ ਤਰ੍ਹਾਂ ਜਦੋਂ ਮਨ ਇਕਾਗਰ ਹੋ ਜਾਵੇ ਤਾਂ ਉਸ ਦੇ ਵਿਚ ਕੀਤਾ ਹੋਇਆ ਜੋ ਭਜਨ ਹੈ, ਅੰਮ੍ਰਿਤ ਵੇਲੇ ਦਾ, ਮਹਾਰਾਜ ਕਹਿੰਦੇ ਉਸ ਨੂੰ ਸੰਤ ਖਾ ਰਹੇ ਨੇ, ਖਰਚ ਰਹੇ ਨੇ, ਵਰਤ ਰਹੇ ਨੇ ਉਹ ਮੁਕਦਾ ਨਹੀਂ ਹੈ ਵਰਤਾਇਆ ਹੋਇਆ। ਬਾਕੀ ਚੀਜ਼ਾਂ ਦੁਨੀਆਂ ਦੀਆਂ ਸਾਰੀਆਂ ਇਕੱਠੀਆਂ ਕਰ ਲਓ ਤੇ ਉਨ੍ਹਾਂ ਨੂੰ ਵੰਡਣ ਲਗ ਜਾਓ, ਉਹ ਘਟ ਜਾਣਗੀਆਂ। ਅਰਬ ਰੁਪਿਆ ਇਕੱਠਾ ਕਰ ਲਓ ਵੰਡਣਾ ਸ਼ੁਰੂ ਕਰ ਦਿਓ ਉਹ ਵੀ ਖਤਮ ਹੋ ਜਾਏਗਾ। ਦਾਣੇ ਇਕੱਠੇ ਕਰ ਲਓ, ਵੰਡਣੇ ਸ਼ੁਰੂ ਕਰ ਲਓ ਉਹ ਵੀ ਖਤਮ ਹੋ ਜਾਣਗੇ, ਬਹੁਤ ਵੱਡੀ ਜਾਇਦਾਦ ਇਕੱਠੀ ਕਰ ਲਓ-ਬੇਅੰਤ

ਕੋਠੀਆਂ ਹਜ਼ਾਰਾਂ ਦੀ ਤਾਦਾਦ ਵਿਚ, ਬਜ਼ਾਰ ਆਦਿ ਵੰਡਣੇ ਸ਼ੁਰੂ ਕਰ ਦਿਓ ਉਹ ਵੀ ਖਤਮ ਹੋ ਜਾਣਗੇ ਪਰ ਕਹਿੰਦੇ, "ਜਿਹੜਾ ਚਿੱਤ ਦੀ ਇਕਾਗਰਤਾ ਨਾਲ ਨਾਮ ਧਨ ਇਕੱਠਾ ਕਰਿਆ ਹੁੰਦਾ ਹੈ ਉਹ ਮੁੱਕਿਆ ਨਹੀਂ ਕਰਦਾ।" ਖਤਮ ਨਹੀਂ ਹੁੰਦਾ, ਜਿੰਨਾ ਉਸ ਨੂੰ ਵੰਡੋ, ਜਿੰਨਾ ਉਸ ਨੂੰ ਖਰਚੋ ਓਨਾਂ ਉਹ ਵਧ ਜਾਂਦਾ ਹੈ ਉਸੇ ਹਿਸਾਬ ਨਾਲ ਉਸ ਤੋਂ ਵੀ ਜ਼ਿਆਦਾ ਵਧ ਜਾਂਦਾ ਹੈ –

*ਖਾਵਹਿ ਖਰਚਹਿ ਰਲਿ ਮਿਲਿ ਭਾਈ ॥*
*ਤੋਟਿ ਨ ਆਵੈ ਵਧਦੋ ਜਾਈ ॥ ਅੰਗ – ੧੮੬*

ਸੋ ਇਹ ਅੰਮ੍ਰਿਤ ਵੇਲੇ ਦਾ ਨਾਮ ਦਾ ਧਨ ਜੋ ਅਸੀਂ ਬੀਜਦੇ ਹਾਂ ਇਸ ਦੀ ਫਸਲ ਭਰਪੂਰ ਹੁੰਦੀ ਹੈ, ਗੁਰੂ ਮਹਾਰਾਜ ਜੀ ਦੇ ਦਰ ਤੇ ਹਾਜ਼ਰੀ ਪੈਂਦੀ ਹੈ, ਫੁਰਨਾ ਕੋਈ ਹੁੰਦਾ ਨਹੀਂ, ਮਨ ਟਿਕਿਆ ਹੁੰਦਾ ਹੈ, ਅੰਮ੍ਰਿਤ ਵੇਲਾ ਹੁੰਦਾ ਹੈ। ਸੋ ਬਹੁਤ ਵੱਡਾ ਫਲ ਪ੍ਰਾਪਤ ਹੋਇਆ ਕਰਦਾ ਹੈ। ਬਾਕੀ ਜੇ ਕੇਵਲ ਇਸ਼ਨਾਨ ਹੀ ਕਰ ਲਏ ਪਹਿਰ ਰਾਤ ਉਠ ਕੇ ਵਿਧੀ-ਪੂਰਵਕ ਤਾਂ ਵੀ ਉਸਦਾ ਸਵਾ-ਮਣ ਸੋਨਾ ਦਾਨ ਕਰਨ ਦਾ ਪੁੰਨ ਹੁੰਦਾ ਹੈ। ਦੋ ਘੜੀਆਂ ਬਾਅਦ ਜੇ ਇਸ਼ਨਾਨ ਕਰੇ ਤਾਂ ਸਵਾ ਮਣ ਚਾਂਦੀ ਉਸ ਤੋਂ ਬਾਅਦ ਘੜੀ ਜੇ ਕਰੇ ਤਾਂ ਸਵਾ ਮਣ ਤਾਂਬਾ ਤੇ ਫੇਰ ਕੋਈ ਡੇਢ ਘੰਟਾ ਸੂਰਜ ਚੜ੍ਹਨ ਤੋਂ ਪਹਿਲਾਂ ਜੇ ਇਸ਼ਨਾਨ ਕਰ ਲਵੇ ਤਾਂ ਸਵਾ-ਮਣ ਅਨਾਜ ਦਾਨ ਕਰਨ ਦਾ ਪੁੰਨ ਮਿਲਦਾ ਹੈ।

ਸੋ ਪੁਰਖਾ! ਜਦੋਂ ਕੇਵਲ ਇਸ਼ਨਾਨ ਦਾ ਹੀ ਐਨਾ ਫਲ ਹੈ ਤਾਂ ਜਿਹੜੇ ਉਠ ਕੇ ਫੇਰ ਨਾਮ ਜਪਦੇ ਨੇ, ਕੀਰਤਨ ਕਰਦੇ ਨੇ, ਹਰੀ ਦਾ ਜਸ ਸੁਣਦੇ ਨੇ ਉਨ੍ਹਾਂ ਨੂੰ ਤਾਂ ਬਹੁਤ ਵੱਡਾ ਫਲ ਪ੍ਰਾਪਤ ਹੁੰਦਾ ਹੈ। ਇਸ ਦੇ ਨਾਲ ਸਾਡੇ ਪਾਪਾਂ ਦਾ ਨਾਸ਼ ਹੁੰਦਾ ਹੈ ਜੋ ਅਰਬਾਂ-ਖਰਬਾਂ ਦੀ ਗਿਣਤੀ ਵਿਚ ਹਨ ਜਿਨ੍ਹਾਂ ਨੂੰ ਅਸੀਂ ਗਿਣ ਨਹੀਂ ਸਕਦੇ ਕਿ ਐਨਾ ਕੁਝ ਅਸੀਂ ਕਰ ਬੈਠੇ ਹਾਂ ਕਿਉਂਕਿ ਅਸੀਂ ਅੱਜ ਤੋਂ ਹੀ ਨਹੀਂ ਚੱਲੇ ਜਦੋਂ ਤੋਂ ਸਾਡਾ ਜਨਮ ਹੋਇਆ ਹੈ ਉਸ ਵੇਲੇ ਤੋਂ ਹੀ ਨਹੀਂ ਚੱਲੇ, ਅਸੀਂ ਤਾਂ ਉਸ ਤੋਂ ਪਹਿਲਾਂ ਬੇਅੰਤ ਸਮੇਂ ਤੋਂ ਚਲਦੇ ਆ ਰਹੇ ਹਾਂ, ਹਜ਼ਾਰਾਂ ਵਾਰੀ, ਲੱਖਾਂ ਵਾਰੀ ਮਨੁੱਖ ਬਣੇ ਹਾਂ, ਲੱਖਾਂ ਵਾਰੀ ਅਸੀਂ 84 ਦੇ ਚੱਕਰ ਵਿਚ ਪਏ ਹਾਂ। ਮਹਾਰਾਜ ਕਹਿੰਦੇ ਤੈਨੂੰ ਹੁਣ ਸੋਝੀ ਵਿਚ ਆ ਕੇ ਬੰਦਗੀ ਕਰਨੀ ਚਾਹੀਦੀ ਹੈ ਕਿਉਂਕਿ –

*ਫਿਰਤ ਫਿਰਤ ਬਹੁਤੇ ਜੁਗ ਹਾਰਿਓ*
*ਮਾਨਸ ਦੇਹ ਲਹੀ ॥*
*ਨਾਨਕ ਕਹਤ ਮਿਲਨ ਕੀ ਬਰੀਆ*
*ਸਿਮਰਤ ਕਹਾ ਨਹੀ॥ ਅੰਗ – ੬੩੧*

ਬੜੇ ਜੁਗਾਂ ਤੋਂ ਬਾਅਦ ਮਨੁੱਖ ਦਾ ਜਾਮਾ ਤੈਨੂੰ ਪ੍ਰਾਪਤ ਹੋਇਆ ਹੈ।

ਤੇਰੀ ਵਾਰੀ ਆ ਗਈ ਮਿਲਣ ਦੀ ਹੁਣ ਤੂੰ ਪ੍ਰਮੇਸ਼ਰ ਨੂੰ ਕਿਉਂ ਨਹੀਂ ਯਾਦ ਕਰਦਾ? ਫੇਰ ਫਸ ਗਿਆ ਉਨ੍ਹਾਂ ਗੱਲਾਂ ਵਿਚ ਇਸ ਦੇ ਵਿਚ ਤਾਂ ਤੂੰ ਬੜਾ ਧੋਖਾ ਖਾ ਚੁੱਕਿਆ ਹੈਂ ਕਿਉਂਕਿ ਮਾਇਆ ਹੈ ਹੀ ਧੋਖਾ। ਮਹਾਰਾਜ ਜੀ ਨੇ ਨਾਮ ਤੋਂ ਬਿਨਾਂ ਜੋ ਸਾਡਾ ਜੀਵਨ ਹੈ ਇਸ ਨੂੰ ਮਾਇਆ ਦਾ ਜੀਵਨ ਕਿਹਾ ਹੈ। ਪ੍ਰਮੇਸ਼ਰ ਦੇ ਪਿਆਰ ਤੋਂ ਬਿਨਾਂ ਸਾਡੇ ਜੋ ਬਾਕੀ ਪਿਆਰ ਨੇ ਉਹ ਸਾਰੇ ਮਾਇਆ ਦੇ ਪਿਆਰ ਨੇ। ਮਾਇਆ ਦਾ ਜੋ ਪਿਆਰ ਹੈ ਉਸ ਨੂੰ ਮੋਹ ਆਖਦੇ ਨੇ, ਵਾਹਿਗੁਰੂ ਦਾ ਜੋ ਪਿਆਰ ਹੈ ਉਸਨੂੰ ਸੱਚਾ ਪਿਆਰ ਆਖਦੇ ਨੇ। ਇਸੇ ਮੋਹ ਦੇ ਬੰਨ੍ਹੇ ਹੋਏ ਅਸੀਂ ਵਾਰ-ਵਾਰ ਜੰਮਦੇ ਹਾਂ, ਵਾਰ-ਵਾਰ ਮਰਦੇ ਹਾਂ, ਦੁੱਖ ਪਾਉਂਦੇ ਫਿਰਦੇ ਹਾਂ, ਕਰਮ ਐਸੇ ਕਰ ਦਿੰਦੇ ਹਾਂ ਕਿ ਉਨ੍ਹਾਂ ਨੂੰ ਭੋਗਣ ਵਾਸਤੇ ਸਾਨੂੰ ਨਿੱਕੀਆਂ ਜੂਨਾਂ ਵਿਚ ਜਾਣਾ ਪੈਂਦਾ ਹੈ। ਬੇਅੰਤ ਜੂਨਾਂ ਵਿਚ ਘੁੰਮਣ ਤੋਂ ਬਾਅਦ ਫੇਰ ਕਿਤੇ ਆ ਕੇ ਮਹਾਰਾਜ ਕਹਿੰਦੇ ਤੈਨੂੰ ਮਨੁੱਖ ਦਾ ਜਨਮ ਪ੍ਰਾਪਤ ਹੁੰਦਾ ਹੈ। ਇਹ ਵਾਹਿਗੁਰੂ ਜੀ ਦੀ ਮਿਹਰ ਹੈ ਕਿ ਸਾਨੂੰ ਯਾਦ ਨਹੀਂ ਹੈ ਜੇ ਯਾਦ ਹੋਵੇ ਕਿ ਮੈਂ ਇਸ ਬੰਦੇ ਦਾ ਬੈਲ ਸੀ ਪਿਛਲੇ ਜਨਮ ਵਿਚ, ਇਹ ਮੈਨੂੰ ਬਹੁਤ ਮਾਰਦਾ-ਕੁਟਦਾ ਹੁੰਦਾ ਸੀ ਤਾਂ ਸਾਡਾ ਹੁਣ ਵੀ ਉਸ ਦੇ ਨਾਲ ਪਿਆਰ ਨਾ ਹੁੰਦਾ, ਵੈਰ ਹੀ ਹੁੰਦਾ ਕਿ ਮੈਨੂੰ ਇੰਨਾ ਮਾਰਦਾ ਰਿਹਾ ਇਹ। ਅਸੀਂ ਵੀ ਦੁਖੀ ਹੁੰਦੇ ਸਾਡੀ ਐਸੀ ਯਾਦਾਸ਼ਤ ਤੋਂ ਮਹਾਰਾਜ ਜੀ ਨੇ ਸਾਨੂੰ ਬਚਾ ਦਿਤਾ ਸਿਰਫ ਐਨਾ ਕੁ ਯਾਦ ਹੈ ਜਦੋਂ ਤੋਂ ਪੈਦਾ ਹੋਏ ਹਾਂ, ਸੁਰਤ ਆਈ ਹੈ, ਇਸਦੇ ਵਿਚ ਤਾਂ ਕਿਸੇ ਦੇ ਪੂਰਾ ਯਾਦ ਹੈ, ਕੁਝ ਭੁੱਲ ਜਾਂਦੇ ਨੇ।

ਸੋ ਪਿਛਲੇ ਜੋ ਅਨੇਕਾਂ ਜਨਮ ਨੇ ਇਨ੍ਹਾਂ ਵਿਚ ਅਸੀਂ ਚੱਕਰ ਖਾਈ ਜਾਂਦੇ ਹਾਂ ਇਸੇ ਧਰਤੀ ਦੇ ਉਤੇ। ਜਦੋਂ ਧਰਤੀ ਛੱਡ ਦਿੰਦੇ ਹਾਂ ਤਾਂ ਐਸੇ ਮੰਡਲ ਨੇ ਜਿੱਥੇ ਮਹਾਨ ਅਨੰਦ ਹੈ। ਉਨ੍ਹਾਂ ਵਿਚੋਂ ਪਹਿਲਾਂ ਸਵਰਗ ਨੇ। ਉਥੇ ਜੋ ਛੋਟੇ ਤੋਂ ਛੋਟਾ ਸਵਰਗ ਹੈ, ਉਥੇ ਇਥੋਂ ਨਾਲੋਂ 100 ਗੁਣਾਂ ਜ਼ਿਆਦਾ ਸੁਖ ਹੈ, ਉਸ ਤੋਂ ਉਪਰਲਾ ਜਿਹੜਾ ਦੂਸਰਾ ਆਉਂਦਾ ਹੈ ਦੇਵ ਗੰਧਰਬ ਉਸ ਦੇ ਵਿਚ ਹੋਰ ਸੌ ਗੁਣਾਂ ਸੁੱਖ ਵੱਧ ਹੈ। ਪਿੱਤਰ ਲੋਕ ਦੇ ਵਿਚ ਇਥੇ ਨਾਲੋਂ 10 ਲੱਖ ਗੁਣਾਂ ਸੁਖ ਵਧ ਜਾਂਦਾ ਹੈ ਤੇ ਸਵਰਗ ਲੋਕ ਦੇ ਵਿਚ 10 ਕਰੋੜ ਗੁਣਾਂ ਵਧ ਜਾਂਦਾ ਹੈ, ਇੰਦਰ ਲੋਕ ਵਿਚ 10 ਖਰਬ ਗੁਣਾਂ ਸੁਖ ਵਧ ਜਾਂਦਾ ਹੈ। ਇਸੇ ਤਰ੍ਹਾਂ ਉਪਰ ਤੋਂ ਉਪਰ ਜਾਂਦੇ ਨੇ। ਜਿਹੜੇ ਪ੍ਰੇਮੀ ਨਾਮ ਜਪ ਕੇ ਹਉਮੈ ਦਾ ਨਾਸ਼ ਕਰਕੇ,

ਜਿਨ੍ਹਾਂ ਨੂੰ ਗਿਆਨ ਪ੍ਰਾਪਤ ਹੋ ਜਾਂਦਾ ਹੈ।

ਤੀਸਰੀ ਅਵਸਥਾ - ਕਰਮ, ਉਪਾਸਨਾ, ਗਿਆਨ। ਉਹ ਸੱਚਖੰਡ ਦੇ ਵਿਚ ਨਿਵਾਸ ਲੈਂਦੇ ਨੇ ਤੇ ਉਥੇ ਸੁੱਖ ਦਾ ਕੋਈ ਅੰਤ ਪਾਰਵਾਰ ਨਹੀਂ ਹੈ ਤੇ ਨਾ ਉਥੋਂ ਮੁੜ ਕੇ ਫੇਰ ਇਨ੍ਹਾਂ ਜੂਨਾਂ ਵਿਚ ਗਿਰਦਾ ਹੈ।

ਸੋ ਆਹ ਮੌਕਾ ਹੈ ਸਾਡੇ ਕੋਲ ਥੋੜ੍ਹਾ ਜਿਹਾ ਇਸ ਨੂੰ ਜੇ ਤਾਂ ਅਸੀਂ ਗੁਆ ਦਿਤਾ ਦੁਨੀਆਂ ਦੇ ਬੰਦਿਆਂ ਵਿਚ ਫੇਰ ਤਾਂ ਇਹ ਸਾਡੇ ਹੱਥੋਂ ਨਿਕਲ ਗਿਆ ਕਿਉਂਕਿ ਮਾਇਆ ਬਲ ਬਹੁਤ ਹੈ। ਕਿਉਂਕਿ ਮਹਾਰਾਜ ਜੀ ਕਹਿੰਦੇ ਨੇ -

*ਮਾਇਆ ਮਮਤਾ ਮੋਹਣੀ*
*ਜਿਨਿ ਵਿਣੁ ਦੰਤਾ ਜਗੁ ਖਾਇਆ ॥*

***ਅੰਗ - ੬੪੩***

ਦੰਦਾਂ ਨਾਲ ਤਾਂ ਚੀਜ਼ਾਂ ਖਾਧੀਆਂ ਜਾਂਦੀਆਂ ਹਨ, ਨਾ ਇਸ ਦਾ ਕਿਤੇ ਮੂੰਹ ਹੈ, ਨਾ ਕਿਤੇ ਸਿਰ ਹੈ, ਨਾ ਕੁਝ ਹੋਰ ਹੈ ਲੇਕਿਨ ਖਾ ਜਾਂਦੀ ਹੈ ਇਹ -

*ਮਨਮੁਖ ਖਾਧੇ ਗੁਰਮੁਖਿ ਉਬਰੇ*
*ਜਿਨੀ ਸਚਿ ਨਾਮਿ ਚਿਤੁ ਲਾਇਆ॥*
*ਬਿਨੁ ਨਾਵੈ ਜਗੁ ਕਮਲਾ ਫਿਰੈ*
*ਗੁਰਮੁਖਿ ਨਦਰੀ ਆਇਆ ॥* ***ਅੰਗ - ੬੪੩***

ਕਹਿੰਦੇ ਮਨਮੁੱਖਾਂ ਨੂੰ ਤਾਂ ਇਹ ਬਿਲਕੁਲ ਚੱਬ ਜਾਂਦੀ ਹੈ। ਜਿਹੜੇ ਗੁਰੂ ਦੇ ਪਿਆਰੇ ਨੇ, ਜਿਨ੍ਹਾਂ ਨੂੰ ਸੋਝੀ ਹੋ ਗਈ ਨਾਮ ਦੀ ਉਹ ਉਭਰ ਜਾਂਦੇ ਨੇ।

ਕਿਉਂਕਿ ਉਨ੍ਹਾਂ ਦਾ ਚਿੱਤ ਨਾਮ ਦੇ ਨਾਲ ਲੱਗਿਆ ਹੁੰਦਾ ਹੈ। ਸੋ ਇਸ ਕਰਕੇ ਜੋ ਆਪਣਾ ਉਦਮ ਹੈ ਜੇ ਅਸੀਂ subjective ਤੌਰ ਤੇ ਆਉਂਦੇ ਹਾਂ ਕਿ ਪਿਛਲੀ ਆਸਾ ਜੀ ਦੀ ਵਾਰ ਨਾਲੋਂ ਬਿਰਤੀ ਐਤਕੀਂ ਜ਼ਿਆਦਾ ਚੜ੍ਹੀ ਹੋਈ ਹੋਣੀ ਚਾਹੀਦੀ ਹੈ -

*ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ ॥*

***ਅੰਗ - ੧੦੯੬***

ਕਹਿੰਦੇ ਠਹਿਰਨ ਦੀ ਥਾਂ ਨਹੀਂ ਹੈ ਇੱਥੇ, ਨਾ ਸਮਾਂ ਹੈ ਠਹਿਰਨ ਜੋਗਾ, ਬਹੁਤ ਤੇਜ਼ੀ ਨਾਲ ਚੱਲ ਰਿਹਾ ਹੈ ਤੇ ਅੱਜ ਦੇ ਜਿਹੜੇ ਹਿਸਾਬਦਾਨ ਨੇ - ਅਸੀਂ ਸਕਿੰਟ ਨੂੰ ਵੱਡਾ ਗਿਣਦੇ ਹਾਂ, ਸੈਕਿੰਡ ਦਾ ਵੀ ਸੌਵਾਂ ਹਿੱਸਾ ਘੜੀਆਂ ਵਿਚ ਆ ਗਿਆ। ਇਕ ਦਮ ਪਤਾ ਲਗਦਾ ਹੈ ਕਿ ਸੌਵਾਂ ਹਿੱਸਾ ਲੰਘ ਗਿਆ ਸੈਕਿੰਡ ਦਾ। ਮਹਾਰਾਜ ਕਹਿੰਦੇ ਛਿਨ-ਛਿਨ ਕਰਕੇ ਤੇਰੀ ਉਮਰ ਲੰਘੀ ਜਾਂਦੀ ਹੈ। ਛਿਨ ਹੁੰਦਾ ਹੈ ਜੇ 15 ਛਿਨ ਹੋ ਜਾਣ ਤਾਂ ਇਕ ਸੈਕਿੰਡ ਬਣਦਾ ਹੈ। ਇਹ ਉਸ ਤੋਂ ਵੀ ਹੇਠਾਂ ਚਲੀ ਗਈ। ਜੇ ਉਸ ਤੋਂ ਵੀ ਹੇਠਾਂ ਸਮੇਂ ਨੂੰ ਕਰੋ ਤਾਂ ਉਸ ਤੋਂ ਵੀ ਹੇਠਾਂ ਹੈ। ਸਮਝ ਹੀ ਨਹੀਂ ਸਕਦੇ ਅਸੀਂ ਹਰ ਵਕਤ ਸਾਡਾ ਸਮਾਂ ਘਟਦਾ ਚਲਿਆ ਜਾ ਰਿਹਾ ਹੈ ਤੇ ਅਖੀਰ ਸਮਾਂ ਖਤਮ ਹੋ ਜਾਂਦਾ ਹੈ ਤੇ ਮੁੜ ਕੇ ਆਦਮੀ ਨੂੰ ਪਛਤਾਵਾ ਲੱਗ ਜਾਂਦਾ ਹੈ ਕਿ ਮੈਂ ਕੀ ਕਰ ਬੈਠਿਆ? ਮਸਾਂ ਮਨੁੱਖਾ ਜਨਮ ਪ੍ਰਾਪਤ ਹੋਇਆ ਸੀ ਤੇ ਇਸ ਵਿਚ ਮੈਂ ਵਿਸ਼ੇ ਵਿਕਾਰਾਂ ਵਿਚ ਪੈ ਗਿਆ, ਵੈਰ-ਵਿਰੋਧ ਵਿਚ ਪੈ ਗਿਆ -

*ਬੈਰ ਬਿਰੋਧ ਕਾਮ ਕ੍ਰੋਧ ਮੋਹ ॥*
*ਝੂਠ ਬਿਕਾਰ ਮਹਾ ਲੋਭ ਧ੍ਰੋਹ ॥*
*ਇਆਹੂ ਜੁਗਤਿ ਬਿਹਾਨੇ ਕਈ ਜਨਮ ॥*
*ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥*

***ਅੰਗ - ੨੬੮***

ਸੋ ਜਦੋਂ ਸੁਚੇਤ ਹੋ ਕੇ ਵਧਦੇ ਹਾਂ ਕਿ ਅਗਲਾ ਜਨਮ ਨਹੀਂ ਲੈਣਾ। ਹੱਥ ਵਿਚ ਤਾਂ ਹੈ ਨਹੀਂ ਕਿਉਂਕਿ ਸਾਨੂੰ ਮਾਇਆ ਖਿੱਚੀ ਜਾਂਦੀ ਹੈ, ਤਕੜੀ ਬਹੁਤ ਹੈ ਇਹ। ਇਸਨੂੰ ਕੋਈ ਝੱਲ ਨਹੀਂ ਸਕਦਾ। ਕਹਿੰਦੇ ਜੇ ਸੱਚੇ ਨਾਮ ਨਾਲ ਚਿੱਤ ਲਗ ਜਾਵੇ ਫੇਰ ਉਸ ਦੇ ਨੇੜੇ ਨਹੀਂ ਆਉਂਦੀ ਇਹ। ਸੋ ਇਸ ਕਰਕੇ ਜੋ ਆਪ ਉਦਮ ਕਰਦੇ ਹੋ ਅੰਮ੍ਰਿਤ ਵੇਲੇ ਜਾਗਦੇ ਹੋ ਮਹਾਰਾਜ ਜੀ ਇਸ ਦਾ ਫਲ ਦੇਣ ਤੇ ਚਰਨਾਂ ਦੀ ਪ੍ਰੀਤੀ ਬਖਸ਼ਣ ਤੇ ਸਾਡਾ ਭਲਾ ਹੋਵੇ।

# ਸਾਧਸੰਗਿ ਧਰਮ ਰਾਇ ਕਰੇ ਸੇਵਾ ॥

ਸਾਧਸੰਗਤ ਜੀ!

*ਵਾਹਿਗੁਰੂ ਜੀ ਕਾ ਖਾਲਸਾ*
*ਵਾਹਿਗੁਰੂ ਜੀ ਕੀ ਫਤਹਿ।*

ਅੰਮ੍ਰਿਤ ਵੇਲੇ ਤੋਂ ਆਪ ਗੁਰੂ ਮਹਾਰਾਜ ਜੀ ਦੀ ਹਜ਼ੂਰੀ ਵਿਚ ਬੈਠੇ ਹਰੀ ਦਾ ਜਸ ਸਰਵਣ ਕਰ ਰਹੇ ਹੋ। ਉਸ ਤੋਂ ਉਪਰੰਤ ਗੁਰੂ ਮਹਾਰਾਜ ਜੀ ਦਾ ਹੁਕਮ ਜਿਸ ਦੇ ਅੰਦਰ ਬਹੁਤ ਸਾਰੇ ਪੱਖਾਂ ਤੋਂ ਗੁਰੂ ਮਹਾਰਾਜ ਜੀ ਨੇ ਸਾਨੂੰ ਜਾਣੂ ਕਰਵਾਇਆ ਹੈ ਉਹ ਵੀ ਆਪ ਨੇ ਸਰਵਣ ਕਰਿਆ ਹੈ। ਮਹਾਰਾਜ ਜੀ ਨੇ ਫੁਰਮਾਨ ਕਰਿਆ ਹੈ ਕਿ ਜੋ ਸਤਿਗੁਰੂ ਦੀ ਸੇਵਾ ਕਰਦੇ ਨੇ ਉਨ੍ਹਾਂ ਦੇ ਨਾਲ ਜਿਨ੍ਹਾਂ ਦਾ ਸੰਗ ਹੁੰਦਾ ਹੈ, ਸਾਥ ਹੁੰਦਾ ਹੈ ਉਹ ਵੀ ਤਰ ਜਾਇਆ ਕਰਦੇ ਨੇ। ਦਰਗਾਹ ਦੇ ਅੰਦਰ ਉਨ੍ਹਾਂ ਨੂੰ ਕੋਈ ਰੋਕ ਨਹੀਂ ਪੈਂਦੀ –

*ਰੇ ਰੇ ਦਰਗਹ ਕਹੈ ਨ ਕੋਊ ॥*
*ਆਉ ਬੈਠੁ ਆਦਰੁ ਸੁਭ ਦੇਊ ॥*

*ਅੰਗ - ੨੫੨*

ਸਾਰੇ ਹੀ ਆਦਰ ਦਿੰਦੇ ਨੇ, ਸਤਿਕਾਰ ਕਰਦੇ ਨੇ ਕਿਉਂਕਿ ਇਸ ਸੰਸਾਰ ਤੋਂ ਅੱਗੇ ਜੋ ਸੰਸਾਰ ਹੈ, ਅਸਲੀ ਹੈ ਉਸ ਥਾਂ ਤੇ ਸਭ ਨੇ ਜਾਣਾ ਹੈ। ਆਹ ਜਿਹੜਾ ਥੋੜ੍ਹਾ ਸਮਾਂ ਸਾਨੂੰ ਮਿਲਿਆ ਹੈ ਇਹ ਕਮਾਈ ਕਰਨ ਵਾਸਤੇ ਮਿਲਿਆ ਹੈ, ਨਾਮ ਦਾ ਧਨ, ਸੇਵਾ ਦਾ ਧਨ, ਪਰਉਪਕਾਰ ਦਾ ਧਨ ਇਹ ਚੀਜ਼ਾਂ ਇਕੱਠੀਆਂ ਕਰਨ ਵਾਸਤੇ ਸਾਨੂੰ ਮਿਲਿਆ ਹੈ ਤਾਂ ਜਦੋਂ ਇਥੋਂ ਸੰਸਾਰ ਤੋਂ ਜਾਣਾ ਹੈ ਤਾਂ ਤਕਲੀਫਾਂ, ਦੁੱਖ ਤੇ ਬੇਇਜ਼ਤੀ ਨਾ ਹੋਵੇ ਸਾਡੀ। ਸੋ ਮਹਾਰਾਜ ਜੀ ਕਹਿੰਦੇ ਪਿਆਰਿਓ! ਜਿਨ੍ਹਾਂ ਨੇ ਸਤਿਗੁਰੂ ਦੀ ਸੇਵਾ ਕਰੀ ਹੈ ਉਨ੍ਹਾਂ ਨੇ ਆਪ ਤਾਂ ਤਰਨਾ ਹੀ ਹੈ ਜਿਹੜੇ ਉਨ੍ਹਾਂ ਦੇ ਨਾਲ ਲੱਗ ਜਾਂਦੇ ਨੇ ਉਹ ਵੀ ਤਰ ਜਾਂਦੇ ਨੇ। ਉਹ ਕੇਵਲ ਤਰਦੇ ਹੀ ਨਹੀਂ ਸਗੋਂ ਜਦੋਂ ਉਹ ਦਰਗਾਹ ਵਿਚ ਜਾਂਦੇ ਨੇ ਤਾਂ ਉਥੋਂ ਦਾ ਜਿਹੜਾ ਸਭ ਤੋਂ ਵੱਡਾ ਦੇਵਤਾ ਹੈ, ਜਿਸਨੂੰ ਧਰਮਰਾਜ ਕਹਿੰਦੇ ਨੇ, ਉਹ ਸੇਵਾ ਵਾਸਤੇ ਆਪ ਆਉਂਦਾ ਹੈ –

*ਸਾਧਸੰਗਿ ਧਰਮ ਰਾਇ ਕਰੇ ਸੇਵਾ ॥*
*ਸਾਧ ਕੈ ਸੰਗਿ ਸੋਭਾ ਸੁਰਦੇਵਾ ॥*

*ਅੰਗ - ੨੭੧*

ਸੰਤਾਂ ਨੂੰ ਤਾਂ ਉਹ ਕਹਿੰਦਾ ਹੈ ਕਿ ਧੰਨ ਭਾਗ, ਤੁਸੀਂ ਦਰਸ਼ਨ ਦਿਤੇ, ਮੇਰਾ ਘਰ ਪਵਿੱਤਰ ਕਰ ਦਿਤਾ ਪਰ ਜੇ ਕੋਈ ਨਾਲ ਸੰਗੀ ਵੀ ਹੋਵੇ ਉਸ ਦੀ ਵੀ ਸੇਵਾ ਹੁੰਦੀ ਹੈ। ਇਸੇ ਤਰ੍ਹਾਂ ਜਿਹੜਾ ਦੂਸਰੇ ਪਾਸੇ ਸੰਗੀ ਹੋਵੇ ਨਿੰਦਿਆ ਕਰਨ ਵਾਲੇ ਦਾ, ਚੁਗਲੀਆਂ ਕਰਨ ਵਾਲੇ ਦਾ, ਈਰਖਾ ਕਰਨ ਵਾਲੇ ਦਾ, ਵਿਸ਼ੇ-ਵਿਕਾਰਾਂ ਵਿਚ ਪੈਣ ਵਾਲੇ ਦਾ, ਮਾੜੀਆਂ ਗੱਲਾਂ ਸੋਚਣ ਵਾਲੇ ਦਾ ਮਹਾਰਾਜ ਕਹਿੰਦੇ ਉਸਨੂੰ ਵੀ ਉਹ ਨਰਕ ਵਿਚ ਲੈ ਜਾਂਦਾ ਹੈ। ਦੋਹਾਂ ਪਾਸਿਆਂ ਦਾ ਹੈ – ਇਕ ਤਾਰ ਦਿੰਦੇ ਨੇ, ਇਕ ਨਰਕ ਵਿਚ ਲੈ ਜਾਂਦੇ ਨੇ –

*ਅਰੜਾਵੈ ਬਿਲਲਾਵੈ ਨਿੰਦਕੁ ॥*
*ਪਾਰਬ੍ਰਹਮੁ ਪਰਮੇਸਰੁ ਬਿਸਰਿਆ*
*ਅਪਣਾ ਕੀਤਾ ਪਾਵੈ ਨਿੰਦਕੁ ॥*
*ਜੇ ਕੋਈ ਉਸ ਕਾ ਸੰਗੀ ਹੋਵੈ*
*ਨਾਲੇ ਲਏ ਸਿਧਾਵੈ ॥*
*ਅਣਹੋਦਾ ਅਜਗਰੁ ਭਾਰੁ ਉਠਾਏ ਨਿੰਦਕੁ*
*ਅਗਨੀ ਮਾਹਿ ਜਲਾਵੈ ॥ ਅੰਗ - ੩੭੩*

ਨਿੰਦਕ ਜਦੋਂ ਕੁੰਭੀ ਨਰਕ ਵਿਚ ਜਾਂਦਾ ਹੈ ਤਾਂ ਉਥੇ ਸਾਥੀ ਨੂੰ ਵੀ ਨਾਲ ਹੀ ਲੈ ਜਾਂਦਾ ਹੈ। ਸੇਵਾ ਕਰਨ ਵਾਲਾ ਜਿਸ ਵਕਤ ਦਰਗਾਹ ਵਿਚ ਪ੍ਰਵਾਨ ਹੁੰਦਾ ਹੈ ਜਦੋਂ ਉਸ ਦੇ ਸੰਗੀ-ਸਾਥੀ ਉਦੀ ਸੇਵਾ ਕਰਨ ਵਾਲੇ, ਉਸ ਦੇ ਬਚਨ ਸੁਣਨ ਵਾਲੇ ਦਰਗਾਹ ਵਿਚ ਜਾਂਦੇ ਨੇ ਤਾਂ ਉਨ੍ਹਾਂ ਸਾਰਿਆਂ ਨੂੰ ਉਹ ਤਾਰ ਦਿਆ ਕਰਦਾ ਹੈ।

ਸੋ ਇਹ ਮੌਕਾ ਹੈ ਥੋੜ੍ਹੀ ਦੇਰ ਦਾ ਆਪਣੇ ਕੋਲ ਹੱਥ ਆਇਆ ਹੋਇਆ। ਮਹਾਰਾਜ ਕਹਿੰਦੇ ਮਨ ਦਾ ਤਾਂ ਕਾਗਜ਼ ਬਣਾ ਲੈ, ਪਿਆਰ ਦੀ ਸਿਆਹੀ ਬਣਾ ਲੈ, ਕਲਮ ਬਣਾ ਲੈ ਤੂੰ ਜੀਭ ਦੀ। ਇਸ ਦੇ ਨਾਲ ਲਿਖਣਾ ਕੀ ਹੈ – ਹਰੀ ਦਾ ਜਸ। ਹੁਣ ਜੋ ਤੁਸੀਂ ਤਿੰਨ ਘੰਟੇ ਲਗਾਤਾਰ ਕਰਦੇ ਰਹੇ ਹੋ ਇਹ ਹਰੀ ਦਾ ਜਸ ਲਿਖ ਰਹੇ ਸੀ। ਦੇਖਣਾ ਇਹ ਹੁੰਦਾ ਹੈ ਕਿ ਕਲਮ ਚੱਲ ਵੀ ਰਹੀ ਹੈ, ਸਿਆਹੀ ਠੀਕ ਵੀ ਹੈ, ਕਾਗਜ਼ ਹੈ ਵੀ ਕਿ ਨਹੀਂ ਜਾਂ ਐਵੇਂ ਲਕੀਰਾਂ ਕੱਢੀ ਜਾਂਦੇ ਨੇ ਧਰਤੀ ਤੇ। ਸੋ ਇਹ ਜ਼ਰੂਰੀ ਹੁੰਦਾ ਹੈ ਕਿ ਕਾਗਜ਼ ਹੋਣਾ ਚਾਹੀਦਾ ਹੈ ਲਿਖਣ ਵਾਸਤੇ। ਜੇ ਕਾਗਜ਼ ਹੱਥ ਵਿਚ ਨਹੀਂ ਤਾਂ ਲਿਖਾਂਗੇ ਕਾਹਦੇ ਉਤੇ? ਜੇ ਕਲਮ ਨਹੀਂ ਚਲਦੀ ਫੇਰ ਉਹ ਅੱਖਰ ਕਿਵੇਂ ਪਾਏਗੀ? ਸਿਆਹੀ ਲੈਂਦੀ ਨਹੀਂ ਉਹ ਤਾਂ ਲਕੀਰਾਂ ਕੱਢੀ ਜਾਏਗੀ। ਫੇਰ ਜੇ ਲਿਖਾਰੀ ਨਹੀਂ ਹੈ ਸਹੀ ਤਾਂ ਕਹਿੰਦੇ ਲਿਖੇਗਾ ਕੀ?

ਸੋ ਇਸ ਕਰਕੇ ਮਨ ਦਾ ਕਾਗਜ਼ ਬਣਾ ਕੇ,

ਕਲਮ ਕਹਿੰਦੇ ਰਸਨਾ ਦੀ ਬਣਾ ਲੈ ਤੇ ਰਸਨਾ ਦੀ ਕਲਮ ਨਾਲ ਲਿਖ ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ' ਦੋ ਘੰਟੇ-ਢਾਈ ਘੰਟੇ ਅੰਮ੍ਰਿਤ ਵੇਲੇ ਜਾਗ ਕੇ ਲਿਖਦਾ ਹੀ ਰਿਹਾ ਕਰ। ਇਹ ਐਸਾ ਲੇਖਾ ਹੈ -

*ਬਾਬਾ ਏਹੁ ਲੇਖਾ ਲਿਖਿ ਜਾਣੁ ॥*
*ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ ॥*
*ਅੰਗ - ੧੬*

ਜਿਸ ਥਾਂ ਦੇ ਉਤੇ ਲੇਖੇ ਮੰਗੇ ਜਾਂਦੇ ਨੇ ਉਥੇ ਨਾਲ ਜਾਂਦਾ ਹੈ ਇਹ ਕਿ ਇਹ ਤਾਂ ਬਹੁਤ ਧਨੀ ਪੁਰਸ਼ ਆ ਗਿਆ ਕਿਉਂਕਿ ਇਸ ਨੇ ਇਹ ਲੇਖ ਲਿਖ ਲਏ ਜਿਹੜੇ ਦਰਗਾਹ ਦੇ ਵਿਚ ਜਾ ਕੇ ਸਹਾਇਤਾ ਕਰਦੇ ਨੇ। ਸੋ ਆਪ ਸਾਰਿਆਂ ਨੇ ਹਰੀ ਦਾ ਜਸ ਸਰਵਣ ਕੀਤਾ ਹੈ ਬ੍ਰਹਮ ਮਹੂਰਤ ਦਾ ਸਮਾਂ ਹੈ ਜਿਸ ਦੇ ਅੰਦਰ ਬੀਜਿਆਂ ਹੋਇਅ ਲੱਖਾਂ ਗੁਣਾਂ ਵਧਿਆ ਕਰਦਾ ਹੈ। ਵੱਤਰ ਦਾ ਬੀਜਿਆ ਹੋਇਆ ਵਧਿਆ ਕਰਦਾ ਹੈ, ਕੁਵੱਤਰ ਦਾ ਬੀਜਿਆ ਹੋਇਆ ਨਹੀਂ ਵਧਿਆ ਕਰਦਾ ਸਗੋਂ ਉਹ ਦਾਣਾ ਵੀ ਚਲਿਆ ਜਾਂਦਾ ਹੈ। ਸੋ ਮਹਾਰਾਜ ਕਹਿੰਦੇ ਜੋ ਅੰਮ੍ਰਿਤ ਵੇਲਾ ਹੈ ਇਹ ਨਾਮ ਬੀਜਣ ਦਾ ਵੇਲਾ ਹੈ। 9-10 ਵਜੇ ਤੋਂ ਦਫਤਰ ਵਿਚ ਕੰਮ ਕਰਨ ਦਾ ਵੇਲਾ ਹੁੰਦਾ ਹੈ। ਘਰ ਦੇ ਕਾਰੋਬਾਰ ਕਰਨੇ, ਬਿਜ਼ਨਸਾਂ ਕਰਨੀਆਂ, ਦੁਕਾਨਾਂ ਕਰਨੀਆਂ ਉਸ ਦਾ ਵੀ ਸਮਾਂ ਬੰਨ੍ਹਿਆ ਹੋਇਆ ਹੈ ਕਿ 9 ਵਜੇ ਦੁਕਾਨਾਂ ਖੁਲ੍ਹਣਗੀਆਂ, ਵਿਚਾਲੇ ਛੁੱਟੀ ਹੋਏਗੀ ਤੇ ਉਸ ਤੋਂ ਬਾਅਦ ਫੇਰ ਰਾਤ ਨੂੰ 8 ਵਜੇ ਬੰਦ ਹੋ ਜਾਣਗੀਆਂ, ਸਮਾਂ ਹੈ ਉਨ੍ਹਾਂ ਦਾ। ਪੜ੍ਹਨ ਵਾਲੇ ਬੱਚਿਆਂ ਦਾ ਸਮਾਂ ਹੁੰਦਾ ਹੈ। ਇਸੇ ਤਰ੍ਹਾਂ ਨਾਮ ਬੀਜਣ ਦਾ ਸਮਾਂ ਹੋਇਆ ਕਰਦਾ ਹੈ ਉਹ ਹੈ ਅੰਮ੍ਰਿਤ ਵੇਲਾ। ਮਹਾਰਾਜ ਕਹਿੰਦੇ ਨੇ ਕਿ ਉਦਮ ਕਰਕੇ ਉੱਠ -

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*
*ਅੰਗ - ੩੦੫*

ਉਹ ਨਾਮ ਦਾ ਧਿਆਨ ਕਰਦਾ ਹੈ ਫੇਰ ਇਹ ਨਾਮ ਲਿਖਿਆ ਹੋਇਆ ਮਹਾਰਾਜ ਕਹਿੰਦੇ ਦਰਗਾਹ ਵਿਚ ਆਪਣੇ-ਆਪ ਦਾ ਤਾਂ ਭਲਾ ਕਰਦਾ ਹੀ ਹੈ, ਜਿਹੜੇ ਨਾਲ ਹੁੰਦੇ ਨੇ ਉਨ੍ਹਾਂ ਦਾ ਵੀ ਭਲਾ ਕਰ ਦਿੰਦਾ ਹੈ।

*ਵਾਹਿਗੁਰੂ ਜੀ ਕਾ ਖਾਲਸਾ।*
*ਵਾਹਿਗੁਰੂ ਜੀ ਕੀ ਫਤਹਿ।*

# ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ

ਸਾਧਸੰਗਤ ਜੀ!

*ਵਾਹਿਗੁਰੂ ਜੀ ਕਾ ਖਾਲਸਾ*
*ਵਾਹਿਗੁਰੂ ਜੀ ਕੀ ਫਤਹਿ*

ਅੰਮ੍ਰਿਤ ਵੇਲੇ ਤੋਂ ਆਪ ਜਿਸ ਨੂੰ ਬ੍ਰਹਮ-ਮੂਰਤ ਕਹਿੰਦੇ ਹਨ, ਜਿਸ ਸਮੇਂ ਦਾ ਬੀਜਿਆ ਹੋਇਆ ਹਜ਼ਾਰਾਂ ਗੁਣਾਂ ਵਧਿਆ ਕਰਦਾ ਹੈ ਓਸ ਸਮੇਂ ਵਿਚ ਪ੍ਰਭੂ ਦੀ ਯਾਦ ਵਿਚ ਬੈਠੇ ਹਰੀ ਦਾ ਜਸ ਕਰ ਰਹੇ ਸੀ, ਸ੍ਰਵਣ ਕਰ ਰਹੇ ਸੀ। ਬਹੁਤ ਵੱਡਾ ਫਲ ਪ੍ਰਾਪਤ ਹੁੰਦਾ ਹੈ ਉਨ੍ਹਾਂ ਪ੍ਰੇਮੀਆਂ ਨੂੰ ਜਿਹੜੇ ਸ਼ਰਧਾ ਧਾਰ ਕੇ ਘਰ ਤੋਂ ਗੁਰੂ ਦੇ ਦਰ ਚੱਲ ਕੇ ਆਉਂਦੇ ਨੇ ਤੇ ਅੰਮ੍ਰਿਤ ਵੇਲੇ ਨੂੰ ਮਾਣਦੇ ਹਨ।

ਜੋ ਗੁਰੂ ਮਹਾਰਾਜ ਜੀ ਦਾ ਹੁਕਮਨਾਮਾ ਆਇਆ ਹੈ ਉਹ ਆਪ ਸਾਰਿਆਂ ਨੇ ਸੁਣਿਆ ਹੈ, ਸਮਝਣ ਦਾ ਯਤਨ ਕੀਤਾ ਹੈ। ਬਹੁਤ ਸਾਰੇ ਸਿਧਾਂਤ ਗੁਰੂ ਮਹਾਰਾਜ ਜੀ ਨੇ ਏਸ ਦੇ ਵਿਚ ਵਰਣਨ ਕੀਤੇ ਨੇ। ਦੂਸਰਾ ਪੱਖ ਵੀ ਆਪ ਨੇ ਫੁਰਮਾਨ ਕੀਤਾ ਹੈ ਕਿ ਇਕ ਤਾਂ ਉਹ ਨੇ ਜਿਨ੍ਹਾਂ ਨੂੰ ਭਗਤ ਕਹਿੰਦੇ ਨੇ, ਸੰਤ ਕਹਿੰਦੇ ਨੇ, ਗੁਰਮੁਖ ਕਹਿੰਦੇ ਨੇ, ਸਾਧੂ ਕਹਿੰਦੇ ਨੇ। ਇਕ ਪੱਖ ਉਹ ਹੈ ਜਿਹੜੇ ਮਨ ਦੇ ਵਿਚੋਂ ਬੜੇ ਕਠੋਰ ਨੇ, ਜਿਨ੍ਹਾਂ ਦੇ ਮਨ ਦੇ ਵਿਚ ਪ੍ਰਤੀਤ ਨਹੀਂ ਆਉਂਦੀ ਵਾਹਿਗੁਰੂ ਦੀ, ਭਰੋਸਾ ਨਹੀਂ ਆਉਂਦਾ, ਉਸ ਦੇ ਨਾਲ ਨਹੀਂ ਬਣ ਆਉਂਦੀ ਸਗੋਂ ਆਪਣੇ ਮਨ ਦੇ ਪਿੱਛੇ ਰਹਿੰਦੇ ਨੇ, ਨਾ ਗੁਰੂ ਦੇ ਵਾਕਾਂ ਨੂੰ ਮੰਨਦੇ ਨੇ ਤੇ ਅਵਿਨਿਵੇਸ਼ ਬਿਰਤੀ ਏਸ ਨੂੰ ਕਹਿੰਦੇ ਨੇ ਤੇ ਸਤਿ-ਵਾਕਾਂ ਦੇ ਉਤੇ ਭਰੋਸਾ ਨਾ ਲਿਆਉਣਾ ਆਪਣੇ ਮਨ ਦੀ ਮਤ ਨੂੰ ਸ੍ਰੇਸ਼ਟ ਸਮਝਣਾ ਤੇ ਮਨ ਟਿਕਣਾ ਨਾ। ਸੋ ਉਨ੍ਹਾਂ ਨੂੰ ਮਨਮੁਖ ਆਖਿਆ ਗਿਆ ਹੈ। ਦੂਸਰਿਆਂ ਨੂੰ ਗੁਰਮੁਖ ਤੇ ਭਗਤ ਆਖਿਆ ਗਿਆ ਹੈ ਫੇਰ ਦੋਹਾਂ ਦਾ ਸਬੰਧ ਦੱਸਿਆ ਗਿਆ ਹੈ।

ਇਕਨਾ ਦਾ ਤਾਂ ਵਾਹਿਗੁਰੂ ਪਰੀਪੂਰਨ ਹੋਣ ਦੇ ਬਾਵਜੂਦ ਕੋਈ ਸਬੰਧ ਵੀ ਉਸ ਨਾਲ ਨਹੀਂ ਪਿਆ ਕਰਦਾ ਕਿਉਂਕਿ ਮਨ ਦੇ ਕਠੋਰ ਨੇ, ਮਨ ਦੇ ਵਿਚ ਮਨ ਦੀ ਮਤ ਧਾਰਨ ਕਰਦੇ ਨੇ ਤੇ ਆਏਂ ਸਮਝ ਲਓ ਕਿ ਪ੍ਰਮੇਸ਼ਰ ਵੱਲ ਪਿੱਠ ਕਰਕੇ ਰੱਖਦੇ ਨੇ।

ਇਕ ਉਹ ਨੇ ਜਿਨ੍ਹਾਂ ਨੂੰ ਕਣ-ਕਣ ਦੇ ਵਿਚ ਹਰ ਚੀਜ਼ ਦੇ ਅੰਦਰ ਪ੍ਰਮੇਸ਼ਰ ਦਾ ਦ੍ਰਿਸ਼ ਨਜ਼ਰ ਆਉਂਦਾ ਹੈ, ਪ੍ਰਮੇਸ਼ਰ ਨਜ਼ਰ ਆਉਂਦਾ ਹੈ ਤੇ ਓਸ ਦੇ ਪਿਆਰ ਵਿਚ ਰਹਿੰਦੇ ਨੇ - ਭਗਤੀ, ਭੈ-ਗਤੀ ਨੂੰ ਕਹਿੰਦੇ ਨੇ। ਅਦਬ ਦੇ ਨਾਲ ਟਿਕਣ ਵਾਲੇ। ਇਕ ਭੈ ਉਹ ਹੁੰਦਾ ਹੈ ਜੋ ਚੋਰ-ਡਾਕੂਆਂ ਤੋਂ ਹੁੰਦਾ ਹੈ, ਹੋਰ ਦੁਸ਼ਮਣਾਂ ਤੋਂ ਭੈ ਹੋਇਆ ਕਰਦਾ ਹੈ, ਕੋਈ ਸੰਪਤੀ ਹੈ ਲੁਕੋ ਕੇ ਰੱਖੀ ਹੋਈ ਹੈ, ਸਰਕਾਰ ਨੂੰ ਨਾ ਪਤਾ ਲਗ ਜਾਵੇ, ਉਹ ਵੀ ਭੈ ਹੋਇਆ ਕਰਦਾ ਹੈ, ਇਕ ਭੈ ਉਹ ਹੋਇਆ ਕਰਦਾ ਹੈ ਕਿ ਪਰਿਵਾਰ ਸੁੱਖ ਨਾਲ ਵਸ ਰਿਹਾ ਹੈ ਤੇ ਮਨ ਵਿਚ ਅੰਦੇਸ਼ਾ ਰਹਿੰਦਾ ਹੈ ਕਿ ਕਿਤੇ ਕੋਈ ਗੜਬੜ ਨਾ ਹੋ ਜਾਵੇ, ਕੋਈ ਜੀਅ ਵਿਛੜ ਨਾ ਜਾਵੇ, ਕੋਈ ਬਿਮਾਰ ਨਾ ਹੋ ਜਾਵੇ। ਸੋ ਐਸੇ ਅਨੇਕਾਂ ਭੈ ਦੇ ਹਾਲਾਤ ਹਨ ਜੋ ਵੱਖਰੇ-ਵੱਖਰੇ ਹਾਲਾਤ ਦੇ ਮੁਤਾਬਿਕ ਮਨੁੱਖ ਦੇ ਨਾਲ ਸਬੰਧ ਰੱਖਦੇ ਨੇ ਪਰ ਜੋ ਇੱਥੇ ਭੈਗਤੀ ਦੱਸੀ ਗਈ ਹੈ ਇਸ ਨੂੰ ਅਦਬ ਕਹਿੰਦੇ ਨੇ - ਅਦਬ ਦੇ ਨਾਲ ਚੱਲਣਾ, ਗੁਸਤਾਖ ਹੋ ਕੇ ਨਹੀਂ ਵਾਹਿਗੁਰੂ ਨਾਲ ਵਰਤਣਾ, ਅਦਬ ਨਾਲ, ਸਤਿਕਾਰ ਦੇ ਨਾਲ। ਸੋ ਭੈ ਦੇ ਵਿਚ ਜੋ ਚਲਦੇ ਹਨ ਉਨ੍ਹਾਂ ਨੂੰ ਭਗਤ ਆਖਿਆ ਜਾਂਦਾ ਹੈ। ਦੋਂਹ ਤੋਂ ਸ਼ੁਰੂ ਹੁੰਦਾ ਹੈ ਇਹ - ਇਕ ਭਗਤ ਹੁੰਦਾ ਹੈ, ਇਕ ਪ੍ਰਮੇਸ਼ਰ ਹੁੰਦਾ ਹੈ ਲੇਕਿਨ ਜਿਉਂ-ਜਿਉਂ ਚੜ੍ਹਾਈ ਚੜ੍ਹਦਾ ਜਾਂਦਾ ਹੈ ਤਿਉਂ-ਤਿਉਂ ਲੀਨ ਹੁੰਦਾ ਤੁਰਿਆ ਜਾਂਦਾ ਹੈ ਤੇ ਆਪਣਾ-ਆਪਾ ਗੁਆ ਕੇ ਵਾਹਿਗੁਰੂ ਦਾ ਹੀ ਰੂਪ ਬਣ ਜਾਂਦਾ ਹੈ।

*ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥*

*ਅੰਗ - ੩੯੭*

ਸਾਈਂ ਵਰਗੇ ਹੀ ਹੋਇਆ ਕਰਦੇ ਨੇ। ਸੋ ਉਨ੍ਹਾਂ ਦੇ ਬਾਰੇ ਗੁਰੂ ਮਹਾਰਾਜ ਜੀ ਨੇ ਬਚਨ ਦੱਸੇ ਨੇ ਕਿ ਜਦੋਂ ਤੋਂ ਵਾਹਿਗੁਰੂ ਜੀ ਨੇ ਸੰਸਾਰ ਦੀ ਰਚਨਾ ਰਚੀ ਹੈ ਭਾਵੇਂ ਦੋਹਾਂ ਰੂਪਾਂ ਵਿਚ -

*ਦੁਹੂ ਪਾਖ ਕਾ ਆਪਹਿ ਧਨੀ ॥*
*ਉਨ ਕੀ ਸੋਭਾ ਉਨਹੂ ਬਨੀ ॥ ਅੰਗ - ੨੯੨*

ਦੋਹਾਂ ਰੂਪਾਂ ਵਿਚ ਆਪ ਵਰਤਦਾ ਹੈ। ਪ੍ਰਮੇਸ਼ਰ ਤੋਂ ਬਗੈਰ ਹੈ ਨਹੀਂ ਇਥੇ ਕੁਝ। ਉਸ ਦੀ ਆਪਣੀ ਖੇਡ ਹੈ।

*ਏਕ ਮੂਰਤਿ ਅਨੇਕ ਦਰਸਨ*
*ਕੀਨ ਰੂਪ ਅਨੇਕ।*
*ਖੇਲ ਖੇਲ ਅਖੇਲ ਖੇਲਨ*
*ਅੰਤ ਕਉ ਫਿਰ ਏਕ॥*

ਪਰ ਇਹ ਸੰਸਾਰ ਖਰਬਾਂ-ਖਰਬਾਂ ਸਾਲਾਂ ਦਾ, ਕੋਈ ਦੱਸ ਨਹੀਂ ਸਕਦਾ, ਦਰੁਸਤ ਨਹੀਂ ਦੱਸ ਸਕਦਾ ਕਿ ਕਿੰਨੇ ਸਿਫਰ ਲਾਈਏ ਏਕੇ ਦੇ ਅੱਗੇ ਕਿ ਪਤਾ ਲੱਗ

ਜਾਵੇ ਕਿ ਕਿੰਨੀ ਕੁ ਦੇਰ ਹੋ ਗਈ ਸੰਸਾਰ ਰਚੇ ਨੂੰ। ਕੰਪਿਊਟਰ ਵੀ ਨਹੀਂ ਦੱਸ ਸਕਦੇ। ਇਹ ਧਰਤੀ ਦੀ ਉਮਰ ਤਾਂ ਕੱਢ ਸਕਦੇ ਨੇ ਕਿ ਐਨਾ ਚਿਰ ਹੋ ਗਿਆ ਧਰਤੀ ਨੂੰ ਬਣੀ ਨੂੰ, ਇਹ ਵੀ ਦੱਸ ਸਕਦੇ ਨੇ ਕਿ ਸੂਰਜ ਬਣੇ ਨੂੰ ਐਨਾ ਚਿਰ ਹੋ ਗਿਆ ਕਿਉਂਕਿ ਮਸ਼ੀਨਾਂ ਹਿਸਾਬ-ਕਿਤਾਬ ਲਾ ਦਿੰਦੀਆਂ ਨੇ ਪਰ ਇਹ ਨਹੀਂ ਦੱਸ ਸਕਦੀਆਂ ਕਿ ਕਿੰਨੀ-ਕੁ ਵਾਰੀ ਸੂਰਜ ਬਣਿਆ ਹੈ ਕਿੰਨੀ ਕੁ ਵਾਰੀ ਖਤਮ ਹੋਇਆ ਹੈ, ਕਿੰਨੀ ਕੁ ਵਾਰੀ ਸਾਡੀ ਧਰਤੀ ਬਣੀ ਹੈ, ਕਿੰਨੀ ਵਾਰੀ ਐਸਾ ਹੋਇਆ ਜਦੋਂ ਇੱਥੇ ਕੁਝ ਨਹੀਂ ਹੁੰਦਾ। ਹਿਸਾਬ-ਕਿਤਾਬ ਕੱਢਣ ਦੇ ਯਤਨ ਕੀਤੇ ਗਏ ਨੇ। ਭਾਰਤੀ ਸੰਸਕ੍ਰਿਤੀ, ਰਿਸ਼ੀਆਂ ਮੁਨੀਆਂ ਦੇ ਮਤ ਦੇ ਮੁਤਾਬਿਕ ਧਰਤੀ ਦਾ ਜੋ ਦਿਨ ਹੈ, ਇਸ ਦੇ ਵਿਚ ਇਹ ਜੀਉਂਦੀ ਰਹਿੰਦੀ ਹੈ, ਜਿਸ ਦੇ ਵਿਚ ਸਭ ਚੀਜ਼ਾਂ ਉਗਦੀਆਂ ਨੇ, ਇਸ ਦੇ ਵਿਚ ਜੀਵ-ਜੰਤੂ ਰਹਿੰਦੇ ਨੇ ਇਸ ਦੀ ਉਮਰ 4 ਅਰਬ 32 ਕਰੋੜ ਸਾਲ ਦੀ ਹੋਇਆ ਕਰਦੀ ਹੈ - ਇਕ ਹਜ਼ਾਰ ਕਲਪ ਇਸਨੂੰ ਕਹਿੰਦੇ ਨੇ। ਇਸ ਤੋਂ ਬਾਅਦ 4 ਅਰਬ, 32 ਕਰੋੜ ਸਾਲ ਇੱਥੇ ਕੁਝ ਨਹੀਂ ਹੁੰਦਾ, ਉਜਾੜ ਹੁੰਦਾ ਹੈ ਜਿਵੇਂ ਹੋਰ ਗ੍ਰਹਿ ਘੁੰਮਦੇ ਫਿਰਦੇ ਨੇ ਇਹ ਵੀ ਸੂਰਜ ਦੇ ਦੁਆਲੇ ਘੁੰਮਦਾ ਰਹਿੰਦਾ ਹੈ। ਸੋ ਏਸ ਤਰ੍ਹਾਂ ਇਸ ਚੀਜ਼ ਨੂੰ ਸਮਝ ਨਹੀਂ ਸਕਦੇ ਇਹ ਪ੍ਰਮੇਸ਼ਰ ਨੇ ਆਪਣੀ ਖੇਲ੍ਹ ਆਪ ਬਣਾ ਕੇ ਆਪੇ ਹੀ ਅਨੇਕ ਰੂਪ ਧਾਰੇ ਹੋਏ ਨੇ ਤੇ ਉਨ੍ਹਾਂ ਦੇ ਵਿਚੋਂ ਮਨੁੱਖਾਂ ਨਾਲ ਜੋ ਸਬੰਧ ਰੱਖਣ ਵਾਲੀ ਹੈ ਉਹ ਦੋ ਸ਼੍ਰੇਣੀਆਂ ਨੇ। ਇਕ ਤਾਂ ਉਹ ਹੈ ਜਿਹੜੇ ਵਾਹਿਗੁਰੂ ਦੇ ਵਿਚ 100% ਵਿਸ਼ਵਾਸ਼ ਰਖਦੇ ਨੇ, ਇਹ ਵਿਸ਼ਵਾਸ਼ ਘਟਦਾ ਤੁਰਿਆ ਜਾਂਦਾ ਹੈ 90% ਵੀ ਹੁੰਦਾ ਹੈ 80% ਵੀ ਹੁੰਦਾ ਹੈ, 60% ਵੀ ਹੁੰਦਾ ਹੈ, 50% ਵੀ ਹੁੰਦਾ ਹੈ, 40% ਵੀ ਹੁੰਦਾ ਹੈ, 20% ਵੀ ਹੁੰਦਾ ਹੈ। 10% ਵੀ ਉਸਦਾ ਵਿਸ਼ਵਾਸ਼ ਹੁੰਦਾ ਹੈ ਜਿਸ ਨੂੰ ਕਥਾ ਕਰਨ ਵੇਲੇ, ਬਾਣੀ ਪੜ੍ਹਨ ਵੇਲੇ, ਸੁਰਤੀ ਲਾਉਣ ਵੇਲੇ ਐਨਾ ਕੁ ਵਿਸ਼ਵਾਸ਼ ਹੋ ਜਾਵੇ ਕਿ ਵਾਹਿਗੁਰੂ ਹੈ ਲੇਕਿਨ ਕਿਹੋ ਜਿਹਾ ਹੈ? ਕਿੱਥੇ ਹੈ? ਇਸ ਗੱਲ ਦਾ ਨਹੀਂ ਉਸ ਨੂੰ ਪਤਾ ਲਗਦਾ। ਉਸ ਦਾ ਸਾਡੇ ਨਾਲ ਕੀ ਸਬੰਧ ਹੈ? ਕਿਵੇਂ ਸਾਡੇ ਨਾਲ ਵਰਤਦਾ ਹੈ? ਅਸੀਂ ਬੜੇ ਭੁਲੇਖਿਆਂ ਵਿਚ ਪੈ ਜਾਂਦੇ ਹਾਂ ਕਿ ਵਾਹਿਗੁਰੂ ਤਾਂ ਬਹੁਤ-ਬਹੁਤ ਵੱਡਾ ਹੈ ਸਾਨੂੰ ਉਹ ਕੀ ਨਿਗ੍ਹਾ ਵਿਚ ਲਿਆਉਂਦਾ ਹੈ। ਸਾਡਾ ਤਾਂ ਜਿਹੜਾ ਸੂਰਜ-ਮੰਡਲ ਹੈ ਜਿਸ ਦੇ ਵਿਚ ਕਈ ਅਰਬ ਤਾਰੇ ਤੇ ਸਿਤਾਰੇ ਘੁੰਮਦੇ ਫਿਰਦੇ ਨੇ ਉਹ ਵੀ ਐਨਾ ਛੋਟਾ ਹੈ ਕਿ ਜੇ ਸਾਰੇ ਬ੍ਰਹਿਮੰਡ 'ਚੋਂ ਟੋਲ੍ਹਣਾ (ਲੱਭਣਾ) ਹੋਵੇ ਤਾਂ ਆਏਂ ਹੈ ਜਿਵੇਂ ਇਕ ਵੱਡੇ ਰੇਤੇ ਦੇ ਟਿੱਬੇ ਵਿਚੋਂ ਇਕ ਰੇਤੇ ਦਾ ਕਿਣਕਾ ਟੋਲ੍ਹੀਏ, ਉਸ ਦੇ ਵਿਚ ਅਸੀਂ ਵਸਦੇ ਹਾਂ, ਸਾਡੀ ਹਸਤੀ ਕੀ ਹੈ? ਫੇਰ ਵਾਹਿਗੁਰੂ ਦਾ ਸਾਡੇ ਨਾਲ ਐਨਾ ਸਬੰਧ ਕਿਵੇਂ ਪੈ ਸਕਦਾ ਹੈ ਉਹ ਤਾਂ ਬੇਅੰਤ ਵੱਡਾ ਹੈ, ਵੱਡੇ ਤੋਂ ਵੱਡਾ ਹੈ।

ਮਹਾਰਾਜ ਜੀ ਕਹਿੰਦੇ ਐਸੀ ਬਾਤ ਨਹੀਂ ਹੈ ਉਹ ਤੇਰੇ ਹਿਰਦੇ ਵਿਚ ਵਸਦਾ ਹੈ, ਪਰ ਅਸੀਂ ਮੰਨਦੇ ਨਹੀਂ। ਮਿਸਾਲਾਂ ਹਨ ਪ੍ਰਾਕ੍ਰਿਤੀ ਦੀਆਂ ਕਿ ਸੂਰਜ ਕਿੰਨਾ ਵੱਡਾ ਹੈ, ਸੂਰਜ ਦੇ ਮੁਕਾਬਲੇ ਤੇ, ਜੇ ਸੂਰਜ ਨੂੰ ਇਕ ਫੁਟਬਾਲ ਜਿੰਨਾ ਗਿਣ ਲਈਏ ਤੇ ਧਰਤੀ ਉਸ ਦੇ ਸਾਮ੍ਹਣੇ ਰਾਈ ਦੇ ਦਾਣੇ ਜਿੰਨੀ ਹੈ, ਸਰ੍ਹੋਂ ਦੇ ਦਾਣੇ ਜਿੰਨੀ ਤੇ ਧਰਤੀ ਦੇ ਮੁਕਾਬਲੇ ਅਸੀਂ 25000 ਮੀਲ ਦਾ ਘੇਰਾ ਹੈ ਧਰਤੀ ਦਾ, 8000 ਮੀਲ ਗਹਿਰੀ ਹੈ ਤੇ ਇਸ ਦੇ ਵਿਚ ਅਸੀਂ ਕਿੰਨੇ ਕੁ ਹਾਂ 25000 ਮੀਲ ਦੇ ਸਾਮ੍ਹਣੇ। ਛੋਟੇ ਜਿਹੇ ਅਸੀਂ ਜੀਵ ਹਾਂ ਤੇ ਸਾਡਾ ਹਿਰਦਾ ਕਿੰਨਾ ਕੁ ਹੈ ਉਹ ਬਿਲਕੁਲ ਹੀ ਨਿੱਕਾ ਜਿਹਾ ਹੈ, ਬਹੁਤ ਵੱਡਾ ਨਹੀਂ ਹੈ ਤੇ ਉਸ ਦੇ ਵਿਚ ਵਾਹਿਗੁਰੂ ਕਿਵੇਂ ਆ ਸਕਦਾ ਹੈ ਐਡਾ ਵੱਡਾ? ਇਹ ਚੀਜ਼ਾਂ ਨੇ ਜਿਹੜੀਆਂ ਸਾਨੂੰ ਵਿਸ਼ਵਾਸ਼ ਵਿਚੋਂ ਬਾਹਰ ਕੱਢ ਦਿੰਦੀਆਂ ਨੇ ਕਿ ਉਹ ਕਿਵੇਂ ਸਾਡੇ ਹਿਰਦੇ ਵਿਚ ਆ ਸਕਦਾ ਹੈ। ਇਸ ਦੀ ਮਿਸਾਲ ਹੈ ਕਿ ਸੂਰਜ ਐਡਾ ਵੱਡਾ ਹੋਣ ਦੇ ਬਾਵਜੂਦ ਤੁਸੀਂ ਇਕ ਸ਼ੀਸ਼ਾ ਲੈ ਕੇ ਤੋੜ ਦਿਓ, ਬਿਲਕੁਲ ਛੋਟੇ ਤੋਂ ਛੋਟਾ ਕਰ ਲਓ ਇਕ ਰੇਤੇ ਦਾ ਕਿਣਕਾ ਚੁੱਕ ਲੋ ਤੇ ਉਸ ਦੇ ਵਿਚ ਦੇਖੋ ਨਿਗ੍ਹਾ ਮਾਰ ਕੇ, ਸੂਰਜ ਨਜ਼ਰ ਆਏਗਾ, ਉਸ ਛੋਟੇ ਜਿਹੇ ਸ਼ੀਸ਼ੇ ਦੇ ਟੁਕੜੇ ਵਿਚ ਸੂਰਜ ਨਜ਼ਰ ਆਏਗਾ।

ਪਾਣੀ ਦਾ ਇਕ ਚੂੰਗੜਾ ਦਿਓ ਭਰ ਕੇ, ਨਿੱਕੇ ਤੋਂ ਨਿੱਕਾ ਤੇ ਉਸ ਦੇ ਵਿਚ ਝਾਕੋ ਸੂਰਜ ਦਾ ਪ੍ਰਤੀਬਿੰਬ ਪੈਂਦੇ ਹੀ ਸੂਰਜ ਪੂਰੇ ਦਾ ਪੂਰਾ ਨਜ਼ਰ ਆਏਗਾ। ਸੋ ਵਾਹਿਗੁਰੂ ਦਾ ਸਾਡੇ ਨਾਲ ਇਹ ਸਬੰਧ ਹੈ, ਚਾਹੇ ਅਸੀਂ ਛੋਟੇ ਹਾਂ ਚਾਹੇ ਅਸੀਂ ਵੱਡੇ ਹਾਂ, ਚਾਹੇ ਸਾਥੋਂ ਵੀ ਕਰੋੜਾਂ ਗੁਣਾਂ ਕੋਈ ਛੋਟੀ ਚੀਜ਼ ਹੈ ਉਸ ਦੇ ਵਿਚ ਵੀ ਵਾਹਿਗੁਰੂ ਉਸੇ ਤਰ੍ਹਾਂ ਦੇ ਨਾਲ ਪਰੀਪੂਰਣ ਹੈ।

ਸੋ ਏਸ ਤਰ੍ਹਾਂ ਦੇ ਨਾਲ ਸਾਡਾ ਸਬੰਧ ਉਸ ਦੇ ਨਾਲ ਜੁੜਦਾ ਹੈ ਤੇ ਜਦੋਂ ਸਾਨੂੰ 100% ਵਿਸ਼ਵਾਸ਼ ਹੋ ਜਾਵੇ ਕਿ ਵਾਹਿਗੁਰੂ ਜੀ ਪਿਆਰ ਕਰਦੇ ਨੇ ਉਹ ਨਿਰ੍ਹੇ ਹੀ ਪਿਆਰ ਦੀ ਮੂਰਤ ਨੇ ਗੁਰੂ ਦਸਵੇਂ ਪਾਤਸ਼ਾਹ ਜੀ ਫੁਰਮਾਨ ਕਰਦੇ ਨੇ ਕਿ ਵਾਹਿਗੁਰੂ ਦਾ ਜੋ ਰੂਪ ਸੰਸਾਰ ਨੂੰ ਦੱਸਣਾ ਹੋਵੇ ਤਾਂ ਕਹਿੰਦੇ ਇਹ ਦੱਸ ਸਕਦੇ ਹਾਂ ਕਿ ਉਹ ਪਿਆਰ ਦਾ ਸਰੂਪ ਹੈ -

*ਜਤ੍ਰ ਤਤ੍ਰ ਦਿਸਾ ਵਿਸਾ*
*ਹੁਇ ਫੈਲਿਓ ਅਨੁਰਾਗ।*

ਪਿਆਰ ਦਾ ਸਰੂਪ ਧਾਰ ਕੇ ਉਹ ਜਿੱਥੇ ਤੱਕ ਵੀ ਸ੍ਰਿਸ਼ਟੀ ਹੈ ਕਿਉਂਕਿ ਅਸੀਂ ਕਹਿ ਹੀ ਨਹੀਂ ਸਕਦੇ ਕਿਉਂ ਅੱਗੇ ਦਾ ਕੰਢਾ ਹੈ ਹੀ ਨਹੀਂ, ਇਹ ਤਾਂ endless ਚੀਜ਼ ਹੈ। ਜਿਸ ਨੂੰ ਬੇਅੰਤ ਕਿਹਾ ਹੈ ਮਹਾਰਾਜ ਜੀ ਨੇ। ਉਹ ਬੇਅੰਤ ਜਿਹੜਾ ਹੈ ਉਹ ਨਿਰਾ ਹੀ

ਪਿਆਰ ਦਾ ਸਰੂਪ ਹੈ, ਪਿਆਰ ਹੀ ਹੈ ਸੋ –

*ਸਾਚ ਕਹੌਂ ਸੁਨ ਲੇਹੁ ਸਭੈ*
*ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।*

ਭਗਤ ਕਹਿੰਦੇ ਹੀ ਉਸਨੂੰ ਨੇ ਜਿਹੜਾ ਵਾਹਿਗੁਰੂ ਨਾਲ ਪਿਆਰ ਕਰਦਾ ਹੈ 100% ਉਸਨੂੰ ਹਾਜ਼ਰਾ ਹਜ਼ੂਰ ਸਮਝਦਾ ਹੈ, ਨਾਲ ਸਮਝਦਾ ਹੈ। ਉਸ ਦੀ ਨਿਗ੍ਹਾ ਹਰ ਵਕਤ ਚਾਹੇ ਪੂਜਾ ਕਰੇ, ਚਾਹੇ ਪਾਠ ਕਰੇ, ਚਾਹੇ ਕੀਰਤਨ ਕਰੇ, ਚਾਹੇ ਕਥਾ ਕਰੇ, ਪ੍ਰਮੇਸ਼ਰ ਤੇ ਰਹਿੰਦੀ ਹੈ। ਸੋ ਉਨ੍ਹਾਂ ਦੇ ਬਾਰੇ ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ ਜਦੋਂ ਤੋਂ ਸੰਸਾਰ ਦੀ ਰਚਨਾ ਹੋਈ ਹੈ, ਜਦੋਂ ਤੋਂ ਵੀ ਆਬਾਦੀ ਆਈ ਹੈ ਭਾਵੇਂ ਕਿਵੇ ਵੀ ਸ਼ਕਲ ਵਿਚ ਆਈ ਹੈ ਉਹ ਭਗਤਾਂ ਦੀ ਰਾਖੀ ਕਰਦਾ ਹੀ ਤੁਰਿਆ ਆਇਆ ਹੈ ਤੇ ਉਨ੍ਹਾਂ ਨੂੰ ਕਦੇ ਵੀ ਛੋਟਾ ਨਹੀਂ ਓਸ ਨੇ ਬਣਨ ਦਿਤਾ। ਜਿੰਨੀਆਂ ਬਰਕਤਾਂ ਨੇ ਸਾਰੀਆਂ ਹੀ ਉਨ੍ਹਾਂ ਦੇ ਚਰਨਾਂ ਵਿਚ ਤੁਰੀਆਂ ਫਿਰਦੀਆਂ ਨੇ –

*ਰਿਧਿ ਸਿਧਿ ਸਭ ਭਗਤਾ ਚਰਣੀ ਲਾਗੀ*
*ਗੁਰ ਕੈ ਸਹਜਿ ਸੁਭਾਈ ॥ ਅੰਗ - ੬੩੭*

ਚਰਨੀਂ ਲੱਗ ਜਾਂਦੀ ਹੈ। ਸੰਸਾਰ ਜੋ ਹੈ ਉਹ ਇਨ੍ਹਾਂ ਚੀਜ਼ਾਂ ਦੀ ਪ੍ਰਾਪਤੀ ਵਾਸਤੇ ਦਿਨ ਰਾਤ ਦੌੜਿਆ ਫਿਰਦਾ ਹੈ, ਕਲਪਦਾ ਹੈ, ਧੋਖੇ ਕਰਦਾ ਹੈ, ਫਰੇਬ ਕਰਦਾ ਹੈ, ਠੱਗੀਆਂ ਕਰਦਾ ਹੈ, ਝੂਠ ਬੋਲਦਾ ਹੈ, ਕਪਟ ਕਰਦਾ ਹੈ ਲੇਕਿਨ ਉਸ ਦੇ ਹੱਥ ਵਿਚ ਜੋ ਚੀਜ਼ ਆਉਂਦੀ ਹੈ ਉਹ ਸ਼ਾਂਤੀ ਨਹੀਂ ਦਿੰਦੀ ਫੇਰ ਭੁੱਖੇ ਦਾ ਭੁੱਖਾ ਰਹਿ ਜਾਂਦਾ ਹੈ ਸਭ ਕੁਝ ਮਿਲ ਕੇ ਵੀ –

*ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ ॥*
*ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ ॥*
*ਪਰੈ ਪਰੈ ਹੀ ਕਉ ਲੁਝੀ ਹੇ ॥ ਅੰਗ - ੨੧੩*

ਕਹਿੰਦੇ ਕਰੋੜ ਜੋੜ ਲਿਆ ਕਹਿੰਦਾ ਥੋੜ੍ਹਾ ਹੈ ਇਹ ਤਾਂ ਇਸ ਤੋਂ ਵੱਧ ਚਾਹੀਦਾ ਹੈ, 100 ਖਰਬ ਰੁਪਈਆ ਚਾਹੀਦਾ ਹੈ ਕਹਿੰਦੇ ਫੇਰ, ਮਹਾਰਾਜ ਜੀ ਕਹਿੰਦੇ –

*ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ ॥*
*ਪਰੈ ਪਰੈ ਹੀ ਕਉ ਲੁਝੀ ਹੇ ॥ ਅੰਗ - ੨੧੩*

ਹੁਣ ਵੀ ਨਹੀਂ ਖੜ੍ਹਿਆ ਮਨ, ਇਸ ਤੋਂ ਵੀ ਵੱਡੀ ਜਰਬ ਦੇਣੀ ਚਾਹੁੰਦਾ ਹੈ –

ਹੋਰ ਅੱਗੇ ਹੀ ਅੱਗੇ ਤੁਰਿਆ ਜਾਂਦਾ ਹੈ ਤੇ ਉਨ੍ਹਾਂ ਨੂੰ ਮਿਲਦਾ ਨਹੀਂ ਹੈ ਲੇਕਿਨ ਜਿਹੜੇ ਪ੍ਰਮੇਸ਼ਰ ਦੇ ਪਿਆਰੇ ਨੇ ਉਨ੍ਹਾਂ ਦੇ ਸ਼ਕਤੀਆਂ ਪਿੱਛੇ ਲੱਗੀਆਂ ਫਿਰਦੀਆਂ ਨੇ ਉਹ ਝਾਕਦੇ ਵੀ ਨਹੀਂ ਨਿਗ੍ਹਾ ਕਰਕੇ ਕਹਿੰਦੇ ਅਸੀਂ ਕਰਨਾ ਕੀ ਹੈ ਇਨ੍ਹਾਂ ਨੂੰ, ਕਿਤੇ-ਕਿਤੇ ਪਰਉਪਕਾਰ ਵਸ ਅੰਗੀਕਾਰ ਕਰਕੇ ਸੰਸਾਰ ਦੇ ਭਲੇ ਵਾਸਤੇ ਲਾਉਣਾ ਸ਼ੁਰੂ ਕਰ ਦਿੰਦੇ ਨੇ –

*ਨਵ ਨਿਧੀ ਅਠਾਰਹ ਸਿਧੀ*
*ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ॥ ਅੰਗ - ੬੪੯*

ਤੇ ਨੌਂ ਨਿੱਧੀਆਂ, ਅਠਾਰ੍ਹਾਂ ਸਿੱਧੀਆਂ ਪਿੱਛੇ ਲੱਗੀਆਂ ਫਿਰਦੀਆਂ ਨੇ। ਉਨ੍ਹਾਂ ਨਾਲ ਜਿਹੜਾ ਸਬੰਧ ਪੈਦਾ ਕਰ ਲਏ ਕਹਿੰਦੇ ਉਸ ਦਾ ਵੀ ਘਰ ਭਰ ਜਾਂਦਾ ਹੈ ਉਸ ਨੂੰ ਬੜੀਆਂ ਚੀਜ਼ਾਂ ਪ੍ਰਾਪਤ ਹੋ ਜਾਂਦੀਆਂ ਨੇ–

*ਚਾਰਿ ਪਦਾਰਥ ਜੇ ਕੋ ਮਾਗੈ ॥*
*ਸਾਧ ਜਨਾ ਕੀ ਸੇਵਾ ਲਾਗੈ ॥ ਅੰਗ - ੨੬੬*

ਐਸੇ ਪੁਰਸ਼ ਜੋ ਪਰਵਾਨ ਹੋ ਚੁੱਕੇ ਨੇ ਦਰਗਾਹ ਵਿਚੋਂ, ਜਿਨ੍ਹਾਂ ਦਾ ਵਾਹਿਗੁਰੂ ਆਪਣਾ ਬਣ ਗਿਆ ਹੈ, ਸਦਾ ਤੋਂ ਜਿਨ੍ਹਾਂ ਦੀ ਰੱਖਦਾ ਤੁਰਿਆ ਆ ਰਿਹਾ ਹੈ, ਕਹਿੰਦੇ ਉਸ ਦੇ ਵੀ ਨੇੜੇ ਲੱਗ ਕੇ ਜੇ ਕੋਈ ਸੇਵਾ ਵੀ ਕਰਦਾ ਹੈ ਉਸ ਨੂੰ ਚਾਰ ਪਦਾਰਥ ਮਿਲਦੇ ਹਨ। ਜਿਹੜੇ ਕਿਸੇ ਵੀ ਕੀਮਤ ਤੇ ਕਿਸੇ ਵੀ ਤਰੀਕੇ ਨਾਲ ਨਹੀਂ ਮਿਲਦੇ।

ਇਕ ਨੂੰ ਤਾਂ ਧਰਮ ਕਹਿੰਦੇ ਨੇ। ਧਰਮ ਦੇ ਗੁਣ ਹੁੰਦੇ ਨੇ, 10 ਖੰਭੇ ਗਿਣੇ ਨੇ ਜਿਨ੍ਹਾਂ ਨੂੰ ਧਰਮ ਕਹਿੰਦੇ ਨੇ ਸਮੁੱਚਿਆਂ ਨੂੰ।

ਦੂਸਰਾ ਪੈਸਾ ਟਕਾ ਹੋਇਆ ਕਰਦਾ ਹੈ। ਤੀਸਰਾ ਬੇਅੰਤ ਕਾਮਨਾਵਾਂ, ਵਾਸ਼ਨਾਵਾਂ ਨੇ। ਚੌਥਾ ਹੋਇਆ ਕਰਦਾ ਹੈ ਕਿ ਸੰਸਾਰ ਵਿਚ ਰਹਿਣ ਤੋਂ ਬਾਅਦ ਫੇਰ ਇਸ ਸੰਸਾਰ ਦੇ ਚੱਕਰ ਵਿਚੋਂ ਨਿਕਲ ਕੇ ਪਰਮ-ਸੁਖ ਅਵਸਥਾ ਪ੍ਰਾਪਤ ਕਰਕੇ ਮੁਕਤੀ ਦੀ ਅਵਸਥਾ ਮਿਲ ਜਾਵੇ। ਮਹਾਰਾਜ ਜੀ ਕਹਿੰਦੇ ਇਹ ਚਾਰ ਚੀਜ਼ਾਂ ਜੇ ਤੂੰ ਲੈਣੀਆਂ ਨੇ ਤਾਂ ਇਹ ਵਾਹਿਗੁਰੂ ਦੇ ਪਿਆਰਿਆਂ ਕੋਲ ਹੁੰਦੀਆਂ ਹਨ –

*ਚਾਰਿ ਪਦਾਰਥ ਜੇ ਕੋ ਮਾਗੈ ॥*
*ਸਾਧ ਜਨਾ ਕੀ ਸੇਵਾ ਲਾਗੈ ॥ ਅੰਗ - ੨੬੬*

ਤੀਰਥ ਕਰਨ ਨਾਲ ਇਕ ਫਲ ਮਿਲਿਆ ਕਰਦਾ ਹੈ ਕਿਉਂਕਿ ਉਹ ਵੱਧ ਨਹੀਂ ਦੇ ਸਕਿਆ ਕਰਦੇ, ਉਹ ਵੀ ਪਹਿਲਿਆਂ ਜੁੱਗਾਂ ਵਿਚ ਦਿੰਦੇ ਸੀ। ਹੁਣ ਤਾਂ ਮਹਾਰਾਜ ਕਹਿੰਦੇ –

*ਆਠ ਪਹਰ ਸਿਮਰਹੁ ਪ੍ਰਭ ਨਾਮੁ ॥*
*ਅਨਿਕ ਤੀਰਥ ਮਜਨੁ ਇਸਨਾਨੁ ॥*
*ਪਾਰਬ੍ਰਹਮ ਕੀ ਸਰਣੀ ਪਾਹਿ ॥*
*ਕੋਟਿ ਕਲੰਕ ਖਿਨ ਮਹਿ ਮਿਟਿ ਜਾਹਿ ॥*
*ਅੰਗ - ੧੮੪*

ਉਹ ਤਾਂ ਵਿਚਾਰੇ ਮੈਲ ਨਾਲ ਭਰ ਗਏ ਉਨ੍ਹਾਂ ਦੀ ਸਕਤੀ ਨਸ਼ਟ ਹੋ ਗਈ। ਉਹ ਤਾਂ ਅਰਦਾਸਾਂ ਕਰਦੇ ਨੇ ਵਾਹਿਗੁਰੂ ਦੇ ਦਰ ਤੇ ਕਿ ਹੇ ਪ੍ਰਭੂ! ਤੂੰ ਆਪਣਾ ਕੋਈ ਪਿਆਰਾ ਭੇਜ ਜਿਹੜਾ ਇੱਥੇ ਇਸ਼ਨਾਨ ਕਰੇ ਤੇ ਇਸ਼ਨਾਨ ਕਰਨ ਦੇ ਨਾਲ, ਸਾਡੇ ਜੋ ਰੰਗ ਕਾਲੇ ਸਿਆਹ ਹੋਏ ਪਏ ਨੇ ਇਹ ਪਵਿੱਤਰ ਹੋ ਜਾਣ ਤੇ ਸਾਡੇ ਵਿਚ ਸੱਤਾ ਫੇਰ ਆ ਜਾਵੇ –

***ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ ਕਰਹਿ***
***ਉਦਮੁ ਧੂਰਿ ਸਾਧੂ ਕੀ ਤਾਈ ॥ ਅੰਗ – ੧੨੬੩***

ਕਿਉਂ ਕਰਦੇ ਨੇ ਇਹ ਉਦਮ ਕਿਉਂਕਿ –

***ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ ਹਮਰੀ***
***ਮੈਲੁ ਸਾਧੂ ਕੀ ਧੂਰਿ ਗਵਾਈ ॥ ਅੰਗ – ੧੨੬੩***

ਜਿਹੜੇ ਸਾਧੂ ਨੇ, ਭਗਤ ਨੇ ਉਨ੍ਹਾਂ ਦੀ ਧੂੜ ਨੂੰ ਤੀਰਥ ਲੋਚਦੇ ਫਿਰਦੇ ਨੇ। ਸੋ ਐਸੀ ਬਰਕਤ ਵਾਹਿਗੁਰੂ ਜੀ ਉਸ ਦੇ ਵਿਚ ਪਾ ਦਿੰਦੇ ਨੇ ਕਿ ਰਿੱਧੀਆਂ-ਸਿੱਧੀਆਂ ਸਾਰੀਆਂ ਚੀਜ਼ਾਂ, ਫੇਰ ਰਾਖਾ ਆਪ ਬਣ ਜਾਂਦਾ ਹੈ।

ਸਾਰਾ ਰਾਜ ਇਕ ਪਾਸੇ ਹੈ ਤੇ ਸਖਤ ਹੁਕਮ ਹੋ ਗਏ ਕਿ ਆਹ ਜੋ ਸੱਤ ਸਾਲ ਦਾ ਬੱਚਾ ਹੈ ਜਿਸ ਦਾ ਨਾਮ ਪ੍ਰਹਿਲਾਦ ਹੈ ਇਸਨੂੰ ਸਾਰੇ ਹੀ ਜਵਾਨ ਜਿਹੜੇ ਨਿਸ਼ਾਨੇ ਵਿਚ ਪੱਕੇ ਨੇ ਉਹ ਸਾਰੇ ਇਸਨੂੰ ਤੀਰਾਂ ਨਾਲ ਮਾਰ ਦਿਓ, ਅਸੀਂ ਆਵਾਜ਼ ਦੇਵਾਂਗੇ ਇਕੱਠੇ ਹੀ ਲੱਗਣ ਇਸ ਦੇ। ਜਦੋਂ ਆਵਾਜ਼ ਦਿਤੀ ਤਾਂ ਸੈਂਕੜੇ ਹੀ ਤੀਰ ਚਲਾਏ ਗਏ ਪਰ ਪ੍ਰਹਿਲਾਦ ਦੇ ਇਕ ਵੀ ਨਾ ਲੱਗਿਆ। ਹੈਰਾਨ ਹੋ ਗਏ ਕਿ ਸਾਡਾ ਤਾਂ ਨਿਸ਼ਾਨਾ ਹੀ ਨਹੀਂ ਸੀ ਕਦੇ ਚੁਕਿਆ।

ਹਰਨਾਖਸ਼ ਨੇ ਕਿਹਾ ਕਿ ਇਸ ਤੋਂ ਅੱਗੇ ਹੋਰ ਵਧੋ। ਸਾਰੇ ਤਲਵਾਰਾਂ ਲੈ ਲਓ ਜਿੰਨੇ ਬੰਦੇ ਘੇਰਾ ਲੈ ਕੇ ਇਕ ਦਮ ਮਾਰ ਸਕਦੇ ਨੇ ਸਾਰੇ ਇਸ ਦੇ ਸਿਰ ਵਿਚ ਮਾਰੋ ਇਕੱਠੀਆਂ ਤਲਵਾਰਾਂ। ਸਾਰੀਆਂ ਤਲਵਾਰਾਂ ਮਾਰੀਆਂ ਤੇ ਪ੍ਰਹਿਲਾਦ ਓਸੇ ਤਰ੍ਹਾਂ ਹੈ, ਪਤਾ ਹੀ ਨਹੀਂ ਲਗਦਾ ਤਲਵਾਰਾਂ ਗਈਆਂ ਕਿੱਧਰ ਨੂੰ ਕਿਉਂਕਿ ਰਾਖਾ ਹੋ ਗਿਆ ਉਸ ਦਾ। ਜਿਸ ਦਾ ਰਾਖਾ ਹੋ ਜਾਵੇ –

***ਜਿਸ ਦੈ ਹੋਵੈ ਵਲਿ ਸੁ ਕਦੇ ਨ ਹਾਰਦਾ ॥***
***ਸਦਾ ਅਭਗੁ ਦੀਬਾਣੁ ਹੈ***
***ਹਉ ਤਿਸੁ ਨਮਸਕਾਰਦਾ ॥ ਅੰਗ – ੫੧੯***

ਉਸ ਦੀ ਹਾਰ ਨਹੀਂ ਹੋਇਆ ਕਰਦੀ, ਉਸ ਦੀ ਹਮੇਸ਼ਾ ਜਿੱਤ ਹੀ ਹੋਇਆ ਕਰਦੀ ਹੈ, ਆਪ ਰੱਖਣ ਵਾਲਾ ਹੋ ਜਾਂਦਾ ਹੈ। ਮਹਾਰਾਜ ਜੀ ਕਹਿੰਦੇ ਜੁਗਾਂ-ਜੁਗਾਂਤਰਾਂ ਤੋਂ ਉਹ ਪ੍ਰਮੇਸ਼ਰ ਰੱਖਦਾ ਹੀ ਤੁਰਿਆ ਆਇਆ ਹੈ ਹਰ ਥਾਂ ਤੇ ਉਨ੍ਹਾਂ ਦੀ ਰੱਖਦਾ ਹੈ। ਦੂਜੇ ਪਾਸੇ ਜੋ ਮਨਮੁਖ ਨੇ ਉਹ ਰੀਸਾਂ ਕਰਦੇ ਨੇ। ਮਹਾਰਾਜ ਜੀ ਕਹਿੰਦੇ ਜੇ ਰੀਸਾਂ ਕਰਦਾ ਹੈਂ ਉਹ ਵਿਗੁਚ ਜਾਇਆ ਕਰਦਾ ਹੈ ਉਸਨੂੰ ਕੁਝ ਨਹੀਂ ਮਿਲਦਾ। ਐਵੇਂ ਪਾਖੰਡ ਕਰ-ਕਰਕੇ ਥੱਕ ਜਾਂਦਾ ਹੈ ਤੇ ਵਾਹਿਗੁਰੂ ਜੀ ਉਨ੍ਹਾਂ ਦੇ ਅਚਿੰਤ ਹੀ ਕੰਮ ਕਰਦਾ ਹੈ, ਫੁਰਨਾ ਪਿਛੋਂ ਆਏਗਾ ਤੇ ਕੰਮ ਪਹਿਲਾਂ ਕਰਿਆ ਪਿਆ ਹੁੰਦਾ ਹੈ ਜਿਨ੍ਹਾਂ ਨੂੰ ਨਾਮ ਪਿਆਰਾ ਹੁੰਦਾ ਹੈ। ਹੈਰਾਨ ਹੋ ਜਾਂਦੇ ਨੇ ਕਿ ਆਪਣੇ-ਆਪ ਹੀ ਪ੍ਰਮੇਸ਼ਰ ਕੰਮ ਕਰੀ ਜਾਂਦਾ ਹੈ। ਪ੍ਰਮੇਸ਼ਰ ਕਹਿੰਦਾ ਹੈ ਕਿ ਮੇਰੀ ਸੇਵਾ ਇਹ ਕਰਦੇ ਨੇ ਤੇ ਮੇਰਾ ਮਨ ਤਾਂ ਪ੍ਰਸੰਨ ਹੁੰਦਾ ਹੈ ਜੇ ਮੈਂ ਭਗਤਾਂ ਦੀ ਸੇਵਾ ਕਰਾਂ।

ਮਹਾਰਾਜ ਜੀ ਦਾ ਮੱਤ ਐਸਾ ਹੈ ਇਸ ਦੇ ਵਿਚ ਇਕ ਸਿਧਾਂਤ ਐਸਾ ਆਉਂਦਾ ਹੈ ਕਿ ਭਗਤਾਂ ਦੇ ਉਤੇ ਕੋਈ ਮੁਸ਼ਕਲ ਪਾ ਦਿੰਦਾ ਹੈ ਪ੍ਰਮੇਸ਼ਰ।

ਆਪੇ ਹੀ ਲਾਉਣ ਤੋਂ ਪਿਛੋਂ ਆਪੇ ਹੀ ਰਾਖੀ ਕਰਦਾ ਫਿਰਦਾ ਹੈ ਆਪੇ ਹੀ ਰਾਖਾ ਬਣ ਜਾਂਦਾ ਹੈ। ਉਸ ਦੇ ਨਾਲ ਕਰਦਾ ਕੀ ਹੈ ਉਸਨੂੰ ਪ੍ਰਗਟ ਕਰ ਦਿੰਦਾ ਹੈ-

***ਆਠ ਪਹਰ ਜਨੁ ਹਰਿ ਹਰਿ ਜਪੈ ॥***
***ਹਰਿ ਕਾ ਭਗਤੁ ਪ੍ਰਗਟ ਨਹੀ ਛਪੈ ॥***
***ਅੰਗ – ੨੬੫***

ਉਹ ਛਪਿਆ ਨਹੀਂ ਕਰਦਾ ਉਸਨੂੰ ਆਪ ਪ੍ਰਗਟ ਕਰਦਾ ਹੈ ਪ੍ਰਮੇਸ਼ਰ। ਸੋ ਐਸਾ ਜੋ ਵਾਹਿਗੁਰੂ ਹੈ ਇਸ ਦੇ ਉਤੇ ਵਿਸ਼ਵਾਸ਼ ਨਾ ਹੋਣ ਦੇ ਕਾਰਨ ਆਦਮੀ ਮਨਮੁਖ ਕਹਾਉਂਦਾ ਹੈ, ਕਹਿੰਦੇ ਵਿਗੁਚ ਜਾਂਦਾ ਹੈ। ਉਨ੍ਹਾਂ ਦੀ ਰੀਸ ਕਰਦਾ ਹੈ, ਕੰਮ ਬਣਦਾ ਨਹੀਂ ਹੈ ਪਾਖੰਡ-ਪਾਖੰਡ ਰਹਿ ਜਾਂਦਾ ਹੈ, ਕੋਈ ਬਾਤ ਨਹੀਂ ਬਣਿਆ ਕਰਦੀ।

ਦੂਸਰਾ ਉਹ ਦੁਖੀ ਹੁੰਦੇ ਨੇ ਜੰਮਣ ਮਰਨ ਦੇ ਚੱਕਰ ਵਿਚੋਂ ਨਹੀਂ ਛੁਟਦੇ, ਹਰ ਵਕਤ ਹਾਏ-ਹਾਏ ਉਨ੍ਹਾਂ ਦੇ ਮਨ ਵਿਚ ਰਹਿੰਦੀ ਹੈ। ਸੋ ਇਸ ਤਰ੍ਹਾਂ ਦੋਵੇਂ ਵਰਗ ਨੇ – ਇਕ ਤਾਂ ਮਨ ਦੇ ਪਿੱਛੇ ਲੱਗਣ ਵਾਲਾ ਵਰਗ ਹੈ, ੯੯੯ ਮਨਮੁਖ ਦਾ ਵਰਗ ਹੈ ਤੇ ਇਕ ਉਹ ਹੈ ਜਿਹੜਾ ਪ੍ਰਮੇਸ਼ਰ ਦੇ ਉਤੇ ਵਿਸ਼ਵਾਸ਼ ਰੱਖਦਾ ਹੈ। ਮਹਾਰਾਜ ਜੀ ਨੇ ਤਾਂ ਇਸ ਤੋਂ ਵੀ ਜ਼ਿਆਦਾ ਕਹਿ ਦਿਤਾ ਕਹਿੰਦੇ ਪੂਰਾ ਵਿਸ਼ਵਾਸ਼ ਰੱਖਣ ਵਾਲਾ ਕਰੋੜ ਵਿਚੋਂ ਸ਼ਾਇਦ ਇਕ ਹੋਵੇ –

***ਕੋਟਨ ਮੈ ਨਾਨਕ ਕੋਊ***
***ਨਾਰਾਇਨੁ ਜਿਹ ਚੀਤਿ ॥ ਅੰਗ – ੧੪੨੭***

ਜਿਸ ਦੇ ਚਿੱਤ ਦੇ ਵਿਚ ਵਾਹਿਗੁਰੂ ਵਸ ਗਿਆ ਉਹ ਕਰੋੜਾਂ ਵਿਚੋਂ ਇਕ ਹੈ। ਬਾਕੀ ਜਿਹੜਾ ਹੈ ਉਹ ਵਿਸ਼ਵਾਸ਼ ਦੀ ਘਾਟ ਵਾਧ ਹੈ। ਕਿਸੇ ਨੂੰ ਵਿਸ਼ਵਾਸ਼ ਅੰਮ੍ਰਿਤ ਵੇਲੇ ਬਾਣੀ ਪੜ੍ਹ ਕੇ ਆਉਂਦਾ ਹੈ, ਕਿਸੇ ਨੂੰ ਕੋਈ ਔਖਾ ਵੇਲਾ ਆ ਗਿਆ ਉਸ ਦੇ ਵਿਸ਼ਵਾਸ਼ ਵਿਚ

ਆ ਕੇ ਅਰਦਾਸ ਕਰ ਦਿਤੀ ਉਸ ਵੇਲੇ ਆ ਜਾਂਦਾ ਹੈ ਲੇਕਿਨ ਸਦਾ ਵਿਸ਼ਵਾਸ਼ ਨਹੀਂ ਰਹਿੰਦਾ ਜੇ ਸਦਾ ਵਿਸ਼ਵਾਸ਼ ਰਹੇ ਤਾਂ ਪ੍ਰਮੇਸ਼ਰ ਦੀ ਹਾਜ਼ਰੀ ਅੰਦਰ ਬਣੀ ਰਹਿੰਦੀ ਹੈ -

*ਜਹ ਜਹ ਪੇਖਉ ਤਹ ਹਜੂਰਿ*
*ਦੂਰਿ ਕਤਹੁ ਨ ਜਾਈ॥*
*ਰਵਿ ਰਹਿਆ ਸਰਬਤ੍ਰ ਮੈ*
*ਮਨ ਸਦਾ ਧਿਆਈ ॥*
*ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ ॥*
*ਬਿਨਸਿ ਜਾਇ ਜੋ ਨਿਮਖ ਮਹਿ*
*ਸੋ ਅਲਪ ਸੁਖੁ ਭਨੀਐ ॥ ਰਹਾਉ ॥*
*ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ ॥*
*ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ ॥*

*ਅੰਗ - ੬੭੭*

ਜਿਹੜਾ ਹਰ ਸ੍ਵਾਸ ਨੂੰ ਸੰਭਾਲਦਾ ਹੈ। ਬਾਹਰ ਸ੍ਵਾਸ ਜਾਂਦਾ ਹੈ ਤਾਂ ਪ੍ਰਮੇਸ਼ਰ ਮੋੜਦਾ ਹੈ ਉਸਨੂੰ ਅੰਦਰ ਨੂੰ ਕਿਉਂਕਿ ਸਮਾਂ ਨਹੀਂ ਅਜੇ ਹੋਇਆ ਸ੍ਵਾਸ ਬਾਹਰ ਜਾਣ ਦਾ, ਜਿਸ ਦਿਨ ਸਮਾਂ ਹੋ ਜਾਣਾ ਹੈ ਉਸ ਦਿਨ ਵਾਪਸ ਸ੍ਵਾਸ ਨੇ ਦੇਹ ਵਿਚ ਨਹੀਂ ਆਉਣਾ, ਭਾਵੇਂ ਡਾਕਟਰ ਯਤਨ ਕਰ ਲੈਣ, ਕੋਈ ਯਤਨ ਕਰ ਲਓ ਜਦੋਂ ਤੱਕ ਪ੍ਰਮੇਸ਼ਰ -

*ਜਿਸ ਕਾ ਸਾਸੁ ਨ ਕਾਢਤ ਆਪਿ ॥*
*ਤਾ ਕਉ ਰਾਖਤ ਦੇ ਕਰਿ ਹਾਥ ॥*

*ਅੰਗ - ੨੮੬*

ਸੋ ਐਡਾ ਸਾਡਾ ਨਿਕਟ ਦਾ ਸਬੰਧ ਹੈ ਵਾਹਿਗੁਰੂ ਜੀ ਨਾਲ, ਹਰ ਵਕਤ ਉਹ ਸਾਡੀ ਸੰਭਾਲ ਕਰਦਾ ਹੈ, ਹਰ ਵਕਤ ਸਾਡੇ ਉਤੇ ਨਿਗ੍ਹਾ ਰੱਖਦਾ ਹੈ ਪਰ ਸਾਡੀ ਨਿਗ੍ਹਾ ਜਿਹੜੀ ਹੈ ਉਹ ਉਸ ਦੇ ਵੱਲ ਨੂੰ ਨਹੀਂ ਜਾਂਦੀ, ਦੁਨੀਆਂ ਵਲ ਨੂੰ ਜਾਂਦੀ ਹੈ। ਇਹੀ ਸਾਡਾ ਫਰਕ ਹੈ ਜਿਸ ਦੇ ਕਾਰਨ ਅਸੀਂ ਵਾਹਿਗੁਰੂ ਨੂੰ ਭੁੱਲੇ ਰਹਿੰਦੇ ਹਾਂ। ਸੋ ਇਸ ਦੇ ਵਿਚ ਭਗਤੀ ਕਰਨ ਦੇ ਨਾਲ, ਨੌਂ ਤਰ੍ਹਾਂ ਦੀ ਭਗਤੀ ਹੁੰਦੀ ਹੈ ਜਿਹੋ ਜਿਹੀ ਕਿਸੇ ਨੂੰ ਮੁਆਫਕ ਹੈ ਉਹੋ ਜਿਹੀ ਕਰੀ ਜਾਂਦੀ ਹੈ ਵੈਸੇ ਨੌਂਵੇਂ ਤਰ੍ਹਾਂ ਦੀਆਂ ਭਗਤੀਆਂ ਕਰਨੀਆਂ ਜ਼ਰੂਰੀ ਨੇ। ਇਨ੍ਹਾਂ ਦਾ ਫਲ ਕੀ ਹੁੰਦਾ ਹੈ 'ਪ੍ਰੇਮਾ ਭਗਤੀ'। ਜਦੋਂ ਪ੍ਰੇਮਾ ਭਗਤੀ ਆ ਗਈ ਓਸ ਵੇਲੇ ਅਪਰਾ ਭਗਤੀ ਆ ਜਾਇਆ ਕਰਦੀ ਹੈ, ਆਪਣਾ ਆਪ ਮਿਟ ਜਾਂਦਾ ਹੈ-

*ਕਬੀਰ ਤੂੰ ਤੂੰ ਕਰਤਾ ਤੂ ਹੂਆ*
*ਮੁਝ ਮਹਿ ਰਹਾ ਨ ਹੂੰ ॥*
*ਜਬ ਆਪਾ ਪਰ ਕਾ ਮਿਟਿ ਗਇਆ*
*ਜਤ ਦੇਖਉ ਤਤ ਤੂ ॥*   *ਅੰਗ - ੧੩੭੫*

ਆਪਾ ਮਿਟਣ ਦੇ ਨਾਲ ਫੇਰ ਓਸ ਸਰੀਰ ਵਿਚ ਵਾਹਿਗੁਰੂ ਕੰਮ ਕਰਦਾ ਹੈ ਦਿਸਦਾ ਹੈ ਨਹੀਂ। ਕਰਦਾ ਤਾਂ ਹੁਣ ਵੀ ਹੈ ਸਾਰੇ ਸਰੀਰਾਂ ਵਿਚ ਪਰ ਅਸੀਂ ਮੈਂ ਕਹਿੰਦੇ ਹਾਂ ਕਿ ਮੈਂ ਕਰਦਾ ਹਾਂ ਉਹ ਮਿਟੇ ਹੋਏ ਹੁੰਦੇ ਨੇ ਸੋ ਉਥੇ ਪ੍ਰਤੱਖ ਰੂਪ ਵਿਚ ਕਰਿਆ ਕਰਦਾ ਹੈ।

ਸੋ ਏਸ ਤਰ੍ਹਾਂ ਮਹਾਰਾਜ ਜੀ ਕਹਿੰਦੇ ਹਨ ਕਿ ਐਸੇ ਜੋ ਭਗਤ ਹਨ ਉਨ੍ਹਾਂ ਦੀ ਰਾਖੀ ਵਾਹਿਗੁਰੂ ਰੱਖਦਾ ਹੈ ਵਿਸ਼ਵਾਸ਼ ਵਿਚ ਆਓ, ਉਨ੍ਹਾਂ ਦੇ ਕੰਮ ਉਹ ਆਪ ਕਰਦਾ ਹੈ, ਰਿੱਧੀਆਂ-ਸਿੱਧੀਆਂ, ਲੋੜਾਂ ਉਨ੍ਹਾਂ ਦੀਆਂ ਉਹ ਆਪ ਹੀ ਪੂਰੀਆਂ ਕਰਦਾ ਹੈ। ਸੋ ਉਨ੍ਹਾਂ ਦੀ ਮਹਿਮਾ ਏਸ ਸ਼ਬਦ ਦੇ ਅੰਦਰ ਮਹਾਰਾਜ ਜੀ ਨੇ ਵਰਣਨ ਕੀਤੀ ਹੈ ਜੋ ਸਾਨੂੰ ਸਮਝਣੀ ਚਾਹੀਦੀ ਹੈ।

*ਵਾਹਿਗੁਰੂ ਜੀ ਕਾ ਖਾਲਸਾ*
*ਵਾਹਿਗੁਰੂ ਜੀ ਕੀ ਫਤਹਿ।*

# ਕਬੀਰ ਸਭ ਤੇ ਹਮ ਬੁਰੇ

ਸਾਧਸੰਗਤ ਜੀ!

*ਵਾਹਿਗੁਰੂ ਜੀ ਕਾ ਖਾਲਸਾ*
*ਵਾਹਿਗੁਰੂ ਜੀ ਕੀ ਫਤਹਿ।*

ਅੰਮ੍ਰਿਤ ਵੇਲੇ ਤੋਂ ਆਪ ਗੁਰੂ ਮਹਾਰਾਜ ਜੀ ਦੀ ਹਜ਼ੂਰੀ ਦੇ ਅੰਦਰ ਸੁਸ਼ੋਭਤ ਹੋਏ ਹੋ। ਚਿੱਤ ਬਿਰਤੀਆਂ ਨੂੰ ਇਕਾਗਰ ਕਰਕੇ ਹਰੀ ਦਾ ਜਸ ਸਰਵਣ ਕਰ ਰਹੇ ਸੀ ਤੇ ਇਕ ਮਹਾਨ-ਮਹਾਨ ਪੁੰਨ ਜਿਸ ਦੀ ਕਦੇ ਤੋਟ ਨਹੀਂ ਆਉਂਦੀ ਵਧਦਾ ਹੀ ਜਾਂਦਾ ਹੈ, ਉਹ ਆਪ ਖੱਟ ਰਹੇ ਸੀ। ਵਾਹਿਗੁਰੂ ਜੀ ਦੀ ਅਪਾਰ ਕ੍ਰਿਪਾ ਹੋਵੇ ਤਾਂ ਅੰਮ੍ਰਿਤ ਵੇਲੇ ਦੀ ਜਾਗ ਬਖਸ਼ਦੇ ਨੇ। ਜਿਸ ਦੇ ਭਾਗ ਹੀਣੇ ਹੁੰਦੇ ਨੇ ਉਹ ਅੰਮ੍ਰਿਤ ਵੇਲੇ ਆਲਸ ਵਿਚ ਜਾਂਦੇ ਨੇ ਤੇ ਪ੍ਰਭੂ ਦੇ ਪਿਆਰ ਤੋਂ ਵਾਂਝੇ ਰਹਿ ਕੇ ਆਪਣਾ ਜੀਵਨ ਵਿਅਰਥ ਬਰਬਾਦ ਕਰ ਦਿੰਦੇ ਨੇ। ਸੋ ਮਹਾਰਾਜ ਜੀ ਨੇ ਛੋਟੇ-ਛੋਟੇ ਬੱਚਿਆਂ, ਸਾਰੀ ਸੰਗਤ ਨੂੰ ਉਤਸ਼ਾਹ ਬਖਸ਼ਿਆ ਹੈ ਕਿਉਂਕਿ ਜਦੋਂ ਤੱਕ ਪੁੰਨ ਕਰਮ ਨਹੀਂ ਜਾਗਦੇ ਓਨੀਂ ਦੇਰ ਤੱਕ ਭਗਤੀ ਨਹੀਂ ਹੋਇਆ ਕਰਦੀ, ਨਾਮ ਨਹੀਂ ਜਪਿਆ ਜਾ ਸਕਦਾ, ਗੁਰੂ ਦਾ ਮਿਲਾਪ ਨਹੀਂ ਹੁੰਦਾ। ਬਹੁਤ ਵੱਡੀ ਬਖਸ਼ਿਸ਼ ਹੋਵੇ ਜਿਸ ਦੇ ਉਤੇ ਮਹਾਰਾਜ ਜੀ ਕਹਿੰਦੇ ਸਿਰਫ ਓਹੀ ਹਰੀ ਦਾ ਜਸ ਗਾ ਸਕਦਾ ਹੈ, ਦੂਸਰਾ ਕੋਲ ਬੈਠਾ ਰਹਿ ਜਾਂਦਾ ਹੈ। ਜੀਵਨ ਸਾਰਾ ਵਿਅਰਥ ਗੁਆ ਕੇ ਸੰਸਾਰ ਤੋਂ ਤੁਰ ਜਾਂਦਾ ਹੈ ਤੇ ਉਸਨੂੰ ਕੋਈ ਕਿਨਾਰਾ ਨਹੀਂ ਲੱਭਦਾ।

ਗੁਰਮੁਖ ਜੋ ਹੈ ਉਹ ਸੰਸਾਰ ਤੇ ਆਉਂਦਾ ਹੈ, ਸੋਝੀ ਹੁੰਦੀ ਹੈ ਏਸਨੂੰ। ਸੋਝੀ ਹੋਣ ਦੇ ਨਾਲ ਪਤਾ ਹੁੰਦਾ ਹੈ ਕਿ ਮੈਂ ਕਿਉਂ ਆਇਆ ਹਾਂ? ਮੇਰੇ ਜੀਵਨ ਦਾ ਮਨੋਰਥ ਕੀ ਹੈ? ਓਸ ਮਨੋਰਥ ਨੂੰ ਪ੍ਰਾਪਤ ਕਰਨ ਵਾਸਤੇ ਉਸ ਦੇ ਅੰਦਰ ਗਿਆਨ ਹੁੰਦਾ ਹੈ, ਪ੍ਰਭੂ ਵਲੋਂ ਹੀ ਬਖਸ਼ਿਆ ਹੋਇਆ ਗਿਆਨ ਹੁੰਦਾ ਹੈ। ਸਿਰਫ ਓਹੋ ਜਿਹੇ ਹਾਲਾਤ, ਉਹੋ ਜਿਹਾ ਵਾਤਾਵਰਨ ਓਸ ਨੂੰ ਮਿਲ ਜਾਵੇ ਉਸੇ ਵੇਲੇ ਉਹ ਚੀਜ਼ ਫੇਰ ਜਾਗ ਪਿਆ ਕਰਦੀ ਹੈ। ਵੱਡੇ-ਵੱਡੇ ਮਹਾਂਪੁਰਸ਼ਾਂ ਦਾ ਹਾਲ ਪੜ੍ਹੋ, ਸਭ ਕੁਝ ਉਨ੍ਹਾਂ ਦੇ ਕੋਲ ਸੀ ਲੇਕਿਨ ਸਮੇਂ ਤੇ ਆ ਕੇ ਹੀ ਉਨ੍ਹਾਂ ਦੀ ਜਾਗ ਖੁੱਲ੍ਹੀ।

ਗੁਰੂ ਨਾਨਕ ਪਾਤਸ਼ਾਹ ਇਕ ਜੰਗਲ ਵਿਚ ਜਾ ਰਹੇ ਨੇ। ਮਰਦਾਨੇ ਨੂੰ ਕਹਿਣ ਲੱਗੇ, ਮਰਦਾਨਿਆਂ! ਉਹ ਕੌਣ ਜਾਂਦਾ ਹੈ? ਅੰਦਾਜ਼ਾ ਲਾਇਆ ਕਿਉਂਕਿ ਰੋਜ਼ ਦਾ ਕੰਮ ਸੀ ਉਨ੍ਹਾਂ ਦਾ। ਕਹਿੰਦਾ, ਸੱਚੇ ਪਾਤਸ਼ਾਹ! ਮੈਨੂੰ ਤਾਂ ਆਏਂ ਲਗਦਾ ਹੈ ਕਿ ਕੋਈ ਵਪਾਰੀ ਜਾ ਰਿਹਾ ਹੈ ਕਿਉਂਕਿ ਉਸ ਦੇ ਕੋਲ ਪਰਲੇ ਪਾਸੇ ਦੇਖੋ, ਝੋਲੇ ਵਿਚ ਆਏਂ ਲਗਦਾ ਹੈ ਕਿ ਜਿਵੇਂ ਤੱਕੜੀ ਹੁੰਦੀ ਹੈ ਤੇ ਗਲ ਦੇ ਨਾਲ ਲਟਕਾਇਆ ਹੋਇਆ ਹੈ ਪਲੜੇ ਝੋਲੇ ਵਿਚ ਪਾਏ ਹੋਏ ਨੇ ਤੇ ਡੰਡੀ ਬਾਹਰ ਤੇ ਇਹ ਕੋਈ ਫੇਰੀ ਵਾਲਾ ਹੈ।

ਮਹਾਰਾਜ ਜੀ ਕਹਿੰਦੇ, ਬੁਲਾਓ ਏਸ ਨੂੰ।

ਮਰਦਾਨਾ ਜੀ ਨੇ ਆਵਾਜ਼ ਦਿੱਤੀ ਕਹਿੰਦੇ, ਪ੍ਰੇਮੀਆ! ਤੈਨੂੰ ਗੁਰੂ ਯਾਦ ਫੁਰਮਾਉਂਦੇ ਨੇ। ਉਹ ਹਾਜ਼ਰ ਹੋਇਆ। ਚਿਹਰਾ ਦੇਖਿਆ, ਮਸਤਕ ਦੇਖਿਆ, ਖਿੱਚ ਪਈ, ਆਪਣੇ-ਆਪਣੇ ਲੱਗੇ, ਪੂਰੀ ਸ਼ਰਧਾ ਦੇ ਨਾਲ ਨਮਸਕਾਰ ਕੀਤੀ।

ਮਹਾਰਾਜ ਕਹਿੰਦੇ, ਪ੍ਰੇਮੀਆ! ਕੀ ਲਈ ਫਿਰਦਾ ਹੈਂ? ਕਾਹਦੀ ਰਾਸ ਹੈ ਤੇਰੇ ਕੋਲ?

ਕਹਿੰਦਾ, "ਸੱਚੇ ਪਾਤਸ਼ਾਹ! ਆਪ ਦਾ ਬਖਸ਼ਿਆ ਹੋਇਆ ਕੁਝ ਸਮਾਨ ਹੈ ਜੋ ਮੈਂ ਨਗਰਾਂ ਵਿਚ ਫਿਰ-ਫਿਰ ਕੇ, ਝੌਂਪੜੀਆਂ ਵਿਚ ਘੁੰਮਾ-ਘੁੰਮਾ ਕੇ ਵੇਚਦਾ ਹਾਂ ਤੇ ਉਸ ਦੇ ਨਾਲ ਮੈਂ ਆਪਣਾ ਤੇ ਆਪਣੇ ਪਰਿਵਾਰ ਦਾ ਗੁਜ਼ਾਰਾ ਚਲਾਉਂਦਾ ਹਾਂ।

ਮਹਾਰਾਜ ਜੀ ਕਹਿੰਦੇ, ਦਿਖਾ ਤਾਂ।

ਉਸ ਵੇਲੇ ਉਸ ਨੇ ਸਮਾਨ ਰੱਖ ਲਿਆ, ਸ਼ਰਧਾ ਦੇ ਵਿਚ ਹੈ। ਇਹ ਫੁਰਨਾ ਨਹੀਂ ਆਇਆ। ਉਸ ਦੇ ਮਨ ਦੇ ਅੰਦਰ ਕਿ ਮੇਰਾ ਸਮਾਂ ਬਰਬਾਦ ਕਰਦੇ ਨੇ, ਇਨ੍ਹਾਂ ਸੰਤਾਂ ਨੇ ਕੀ ਲੈਣਾ ਹੈ, ਇਨ੍ਹਾਂ ਕੋਲ ਤਾਂ ਕੋਈ ਚੀਜ਼ ਹੀ ਨਹੀਂ ਹੈ। ਪੋਟਲੀਆਂ ਕੱਢ-ਕੱਢ ਦਿਖਾਈ ਜਾਂਦਾ ਹੈ ਕਿ ਮਹਾਰਾਜ! ਇਹ ਚੌਲ ਨੇ ਮੇਰੇ ਕੋਲ, ਆਹ ਹਲਦੀ ਹੈ, ਆਹ ਨਮਕ ਹੈ ਡੱਬੀਆਂ ਨੇ, ਜੈਸੀ-ਜੈਸੀ ਚੀਜ਼ ਸੀ ਉਹ ਦਿਖਾਈ।

ਮਹਾਰਾਜ ਜੀ ਕਹਿੰਦੇ, ਆਹ, ਛੋਟੀ ਥੈਲੀ ਵਿਚ ਕੀ ਹੈ?

ਕਹਿੰਦਾ, ਜੀ! ਇਸ ਦੇ ਵਿਚ ਵੱਟੇ ਨੇ।

ਕਹਿੰਦੇ, ਇਹ ਵੀ ਕੱਢ।

ਉਦੋਂ ਕੱਚੇ ਵੱਟੇ ਹੁੰਦੇ ਸੀ, ਪੱਥਰਾਂ ਦੇ ਬਣਾਏ

ਹੋਏ ਤੋੜ ਭੰਨ ਕੇ ਕਹਿੰਦੇ, ਆਹ ਮਹਾਰਾਜ! ਦੁਸਹਿਰੀ ਹੈ, ਆਹ ਇਕ ਸੇਰ ਹੈ, ਆਹ ਅੱਧ ਸੇਰ ਹੈ।

ਕਹਿੰਦੇ, ਆਹ ਛੋਟਾ ਜਿਹਾ ਵੱਟਾ?

ਕਹਿੰਦਾ, "ਮਹਾਰਾਜ! ਇਹ ਹੈ ਪਾਈਆ।"

ਮਹਾਰਾਜ ਜੀ ਨੇ ਉਹ ਹੱਥ ਵਿਚ ਫੜ ਲਿਆ, ਦੋਹਾਂ ਹੱਥਾਂ ਵਿਚ ਲੈ ਲਿਆ ਕਹਿੰਦੇ ਧੰਨ ਪਾਓ! ਧੰਨ ਪਾਓ!! ਧੰਨ ਪਾਓ!!! ਧੰਨ ਹਟ ਗਿਆ ਫੇਰ ਪਾਓ, ਪਾਓ ਰਹਿ ਗਿਆ - ਪਾਓ, ਪਾਓ, ਪਾਓ। ਸਮਝ ਨਾ ਸਕਿਆ ਕਿ ਐਡੀ ਮਹਾਨਤਾ ਦੇ ਰਹੇ ਨੇ ਲੇਕਿਨ ਐਉਂ ਸਮਝ ਗਿਆ ਕਿ ਕਿਸੇ ਥਾਂ ਇਨ੍ਹਾਂ ਦੀ ਸੁਰਤ ਖੜ੍ਹੀ ਕਹਿ ਰਹੀ ਹੈ ਕਿ ਪਾਓ, ਪਾਓ, ਪਾਓ ਦਿਓ, ਪਾ ਦਿਓ।

ਉਸ ਤੋਂ ਬਾਅਦ ਕਹਿੰਦੇ, ਧੰਨ ਹੈ ਭਾਈ! ਤੂੰ ਸਾਰਿਆਂ ਨਾਲੋਂ ਛੋਟਾ ਕਹਾਇਆ, ਧੰਨ ਹੈ ਤੂੰ!

ਕਿਉਂਕਿ ਗੁਰੂ-ਘਰ ਦੇ ਅੰਦਰ ਵੱਡੇ ਦਾ ਥਾਂ ਨਹੀਂ ਹੈ, ਜੋ ਵੱਡਾ ਕਹਾਉਂਦਾ ਹੈ ਉਸ ਦਾ ਕੋਈ ਥਾਂ ਨਹੀਂ ਹੈ। ਗੁਰੂ-ਘਰ ਦੇ ਅੰਦਰ ਨਿਮਰਤਾ ਦਾ ਥਾਂ ਹੈ, ਗਰੀਬੀ ਦਾ ਥਾਂ ਹੈ, ਜੋ ਮਨ ਦੀ ਗਰੀਬੀ ਹੁੰਦੀ ਹੈ ਉਸ ਨੂੰ ਥਾਂ ਮਿਲਦਾ ਹੈ ਕਿਉਂਕਿ ਜਿੱਥੇ ਵਡੱਪਣ ਹੈ ਉਥੇ ਨਾਮ ਨਹੀਂ ਠਹਿਰਿਆ ਕਰਦਾ -

***ਫਰੀਦਾ ਗਰਬੁ ਜਿਨ੍ਾ ਵਡਿਆਈਆ***
***ਧਨਿ ਜੋਬਨਿ ਆਗਾਹ ॥ ਅੰਗ - ੧੩੮੩***

ਧਨ ਦਾ ਗਰਬ, ਜੋਬਨ ਦਾ, ਜਾਇਦਾਦਾਂ ਦਾ, ਵਿਦਿਆ, ਹੋਰ ਰਾਜ, ਮਾਲ, ਰੂਪ, ਜਾਤ, ਜੋਬਨ ਪੰਜੇ ਠੰਗਾਂ ਦਾ, ਕਹਿੰਦੇ ਇਹ -

***ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ ॥***
***ਅੰਗ - ੧੩੮੩***

ਐਸੇ ਜਿਹੜੇ ਹਿਰਦੇ ਹੋਣਗੇ ਇੱਥੇ ਨਾਮ ਦਾ ਨਿਵਾਸ ਨਹੀਂ ਹੋਣਾ ਇਹ ਵਾਹਿਗੁਰੂ ਤੋਂ ਖਾਲੀ ਰਹਿਣਗੇ। ਕਿਸ ਤਰ੍ਹਾਂ ਦੇ ਨਾਲ? ਜਿਵੇਂ ਆਹ ਸਾਮ੍ਹਣੇ ਕੱਚੇ ਪਹਾੜ ਨੇ ਚੰਡੀਗੜ੍ਹ ਤੋਂ ਪਰਲੇ ਪਾਸੇ। ਬਾਰਿਸ਼ ਉਥੇ ਪੈਂਦੀ ਹੈ ਪਰ ਉਨ੍ਹਾਂ ਕੱਚਿਆਂ ਪਹਾੜਾਂ ਨੂੰ ਕੁਝ ਨਹੀਂ ਮਿਲਦਾ ਸਗੋਂ ਉਨ੍ਹਾਂ ਨਾਲੋਂ ਕੁਝ ਹਿੱਸਾ ਖੁਰ ਕੇ ਥੱਲੇ ਨੂੰ ਚਲਿਆ ਜੰਦਾ ਹੈ, ਉਦੂੰ ਵੀ ਘਟ ਜਾਂਦੇ ਨੇ ਤੇ ਜਿਹੜਿਆਂ ਖੇਤਾਂ ਵਿਚ ਜਾ ਕੇ ਪਾਣੀ ਨੀਵਿਆਂ ਥਾਵਾਂ ਤੇ ਖੜ੍ਹਦਾ ਹੈ ਉਥੇ ਜਾ ਕੇ ਇਨ੍ਹਾਂ ਦੀ ਮਿੱਟੀ ਨੂੰ ਪਾਣੀ ਛੱਡ ਜਾਂਦਾ ਹੈ ਉਧਰ ਖੇਤ ਹਰੇ ਹੋ ਜਾਂਦੇ ਨੇ ਤੇ ਇਨ੍ਹਾਂ ਵਿਚ ਇਕ ਤਿਣਕਾ ਵੀ ਹਰਾ ਨਹੀਂ ਹੁੰਦਾ। ਕਹਿੰਦੇ, ਇਸੇ ਤਰ੍ਹਾਂ ਦੇ ਨਾਲ ਜਿਹੜੇ ਮਾਣ-ਮੱਤੇ ਹਿਰਦੇ ਨੇ ਉਨ੍ਹਾਂ ਦੇ ਅੰਦਰ ਪ੍ਰਭੂ ਦਾ ਨਾ ਪਿਆਰ ਟਿਕ ਸਕੇ, ਨਾ ਨਾਮ ਟਿਕ ਸਕੇ, ਟਿਕਦਾ ਕਿਨ੍ਹਾਂ ਦੇ ਵਿਚ ਹੈ? ਇਹ ਵੀ ਧਿਆਨ ਦੇ ਨਾਲ ਸਾਨੂੰ ਨੋਟ ਕਰ ਲੈਣਾ ਚਾਹੀਦਾ ਹੈ ਕਿਉਂਕਿ ਗੁਰਬਾਣੀ ਦੇ ਅੰਦਰ ਸਿਧਾਂਤ ਹੈ ਜਿਵੇਂ ਸੰਵਿਧਾਨ ਦੇ ਵਿਚ ਦਫਾਵਾਂ ਹੁੰਦੀਆਂ ਨੇ, ਧਾਰਾਵਾਂ ਹੁੰਦੀਆਂ ਨੇ। ਇਸੇ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਅਨੇਕਾਂ ਹੀ ਸਿਧਾਂਤ ਨੇ। ਜੇ ਕੋਈ ਖੋਜ ਕਰਨ ਵਾਲਾ ਬੰਦਾ ਸੱਚੇ ਦਿਲ ਨਾਲ ਲੱਗ ਜਾਵੇ ਫੇਰ ਇਨ੍ਹਾਂ ਦੇ ਅਰਥ ਆਪੇ ਹੀ ਖੁਲ੍ਹ ਜਾਇਆ ਕਰਦੇ ਨੇ, ਅੰਦਰ ਟਿਕ ਜਾਇਆ ਕਰਦੇ ਨੇ।

ਸੋ ਗੁਰੂ ਮਹਾਰਾਜ ਇਹ ਕਹਿੰਦੇ ਨੇ ਕਿ ਭਾਈ ਪ੍ਰੇਮੀਓ! ਸਾਨੂੰ ਦੁਨੀਆਂ ਨਮਸਕਾਰਾਂ ਕਰਦੀ ਹੈ, ਬੇਅੰਤ ਸੰਸਾਰ ਆਉਂਦਾ ਹੈ। ਉਨ੍ਹਾਂ ਦੇ ਮਨਾਂ ਵਿਚ ਇਹ ਬੜਾ ਪ੍ਰਭਾਵ ਹੈ, ਸ਼ਰਧਾ ਹੈ ਕਿ ਅਸੀਂ ਬਹੁਤ ਉਚੇ ਹਾਂ ਲੇਕਿਨ ਅਸੀਂ ਤੁਹਾਨੂੰ ਇਕ ਗੱਲ ਦੱਸ ਦਿੰਦੇ ਹਾਂ -

***ਹਮ ਨਹੀ ਚੰਗੇ ਬੁਰਾ ਨਹੀ ਕੋਇ ॥***
***ਪ੍ਰਣਵਤਿ ਨਾਨਕੁ ਤਾਰੇ ਸੋਇ ॥ ਅੰਗ - ੭੨੮***

ਮਹਾਰਾਜ ਜੀ ਨੇ ਖਤਮ ਹੀ ਕਰ ਦਿਤਾ ਕਿ ਇੱਥੇ ਚੰਗਾ ਵੀ ਨਹੀਂ ਹੈ ਤੇ ਬੁਰਾ ਵੀ ਕੋਈ ਨਹੀਂ ਹੈ। ਵਿਚਾਲੇ ਨਿਰਪੱਖ ਕਰ ਦਿਤਾ ਤੇ ਗੁਰਬਾਣੀ ਵਿਚ ਅੱਗੇ ਹੋਰ ਆਉਂਦਾ ਹੈ ਕਿ -

***ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥***
***ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥***
***ਅੰਗ - ੧੩੬੪***

ਅਸੀਂ ਬੁਰੇ ਹਾਂ ਮੈਨੂੰ ਛੱਡ ਦਿਓ ਤੁਸੀਂ ਬਾਕੀ ਸਾਰੇ ਹੀ ਭਲੇ ਨੇ ਸੰਸਾਰ ਵਿਚ ਤੇ ਅੱਗੇ ਇਕ ਸ਼ਰਤ ਰੱਖ ਦਿਤੀ ਕਿ ਜਿਸ ਦੇ ਮਨ ਵਿਚ ਐਸਾ ਆ ਜਾਵੇ, ਪੱਕੀ ਤਰ੍ਹਾਂ ਬੈਠ ਜਾਵੇ, ਇਕ ਤਾਂ ਅਸੀਂ ਮੂੰਹ ਨਾਲ ਕਹਿੰਦੇ ਹਾਂ। ਅਰਦਾਸ ਕਰਦਾ ਹੈ ਅਰਦਾਸੀਆ -

***ਹਉ ਅਪਰਾਧੀ ਗੁਨਹਗਾਰੁ ਹਉ ਬੇਮੁਖ ਮੰਦਾ।***
***ਚੋਰੁ ਯਾਰੁ ਜੂਆਰਿ ਹਉ ਪਰ ਘਰਿ ਜੋਹੰਦਾ।***
***ਨਿੰਦਕੁ ਦੁਸਟੁ ਹਰਾਮਖੋਰੁ ਠਗੁ ਦੇਸ ਠਗੰਦਾ।***
***ਕਾਮ ਕ੍ਰੋਧੁ ਮਦੁ ਲੋਭੁ ਮੋਹੁ ਅਹੰਕਾਰ ਕਰੰਦਾ।***
***ਬਿਸਾਸਘਾਤੀ ਅਕਿਰਤਘਨ ਮੈ ਕੋ ਨ ਰਖੰਦਾ।***
***ਸਿਮਰਿ ਮੁਰੀਦਾ ਢਾਢੀਆ ਸਤਿਗੁਰੁ***

*ਬਖਸੰਦਾ॥*

*ਭਾਈ ਗੁਰਦਾਸ ਜੀ, ਵਾਰ 36/21*

ਬੜੇ ਸੋਹਣੇ ਸ਼ਬਦ ਨੇ ਕਿਸੇ ਹਿਰਦੇ ਵਿਚ ਜਾ ਕੇ ਟੁਣਕਾਰ ਮਾਰਦੇ ਨੇ, ਆ ਜਾਂਦਾ ਹੈ ਆਪਣਾ ਔਗੁਣ ਸਾਮ੍ਹਣੇ ਕਿ ਮੇਰੇ ਵਿਚ ਵੀ ਇਹ ਔਗੁਣ ਨੇ ਸਾਰੇ ਲੇਕਿਨ ਅਰਦਾਸ ਕਰਨ ਵਾਲੇ ਨੇ ਇਹ ਚੀਜ਼ ਆਪਣੇ ਉਪਰ ਨਹੀਂ ਘਟਾਈ ਇਕ ਯਾਦ ਕੀਤੀ ਹੋਈ ਚੀਜ਼ ਸੰਗਤ ਦੇ ਵਿਚ ਪੜ੍ਹ ਦਿਤੀ ਤੇ ਗੁਰੂ ਮਹਾਰਾਜ ਦੇ ਵੀ ਸਾਮ੍ਹਣੇ ਪੜ੍ਹ ਦਿਤੀ। ਉਹ ਅੰਤਰਜਾਮੀ ਘਟ-ਘਟ ਦੇ ਜਾਨਣਹਾਰਾ ਜਾਣਦਾ ਹੈ ਕਿ –

*ਜਿਨਾ ਅੰਤਰਿ ਕਪਟੁ ਵਿਕਾਰੁ ਹੈ*
*ਤਿਨਾ ਰੋਇ ਕਿਆ ਕੀਜੈ ॥ ਅੰਗ - ੪੫੦*

ਅੱਖਾਂ ਵਿਚ ਵੀ ਪਾਣੀ ਵਗਦਾ ਦੇਖਿਆ ਹੈ ਪਰ ਉਸ ਨੂੰ ਜੇ ਇਹ ਕਹਿ ਦਿਓ ਥੋੜ੍ਹੀ ਦੇਰ ਤੋਂ ਬਾਅਦ ਕਿ ਤੂੰ ਤਾਂ ਠੱਗ ਬੰਦਾ ਹੈ, ਚੋਰ ਹੈ ਤੂੰ। ਉਹ ਕਦੇ ਵੀ ਨਹੀਂ ਮੰਨਦਾ ਕਿ ਮੈਂ ਚੋਰ ਹਾਂ, ਮੈਂ ਠੱਗ ਹਾਂ, ਲੜਨ ਨੂੰ ਪਏਗਾ, ਗੁੱਸਾ ਕਰ ਲਏਗਾ ਕਿਉਂਕਿ ਉਸ ਨੇ ਬੁੱਝਿਆ ਨਹੀਂ ਹੈ ਏਸ ਗੱਲ ਨੂੰ ਕੇਵਲ ਕਿਹਾ ਹੀ ਹੈ ਮੂੰਹ ਦੇ ਨਾਲ, ਗੱਲ ਬੁੱਝੀ ਨਹੀਂ ਹੈ। ਜਿਸ ਨੇ ਇਹ ਗੱਲ ਬੁੱਝ ਲਈ ਉਸ ਦੀ ਪਦਵੀ ਕਿੰਨੀ ਉਚੀ ਹੋ ਗਈ–

*ਜਿਨਿ ਐਸਾ ਕਰਿ ਬੁਝਿਆ*
*ਮੀਤੁ ਹਮਾਰਾ ਸੋਇ ॥ ਅੰਗ - ੧੩੬੪*

ਮਿਤਰਤਾ ਪ੍ਰਾਪਤ ਕਰਨੀ ਬਹੁਤ ਵੱਡੀ ਚੀਜ਼ ਹੈ। ਕਿਸੇ ਵੱਡੇ ਅਫਸਰ ਦੀ ਮਿਤਰਤਾ ਪ੍ਰਾਪਤ ਹੋ ਜਾਵੇ, ਕਿਸੇ ਪੁਲਿਸ ਦੇ ਵੱਡੇ ਅਧਿਕਾਰੀ ਦੀ ਮਿਤਰਤਾ ਪ੍ਰਾਪਤ ਹੋ ਜਾਵੇ, ਕਿਸੇ ਮੰਤਰੀ ਦੀ ਹੋ ਜਾਵੇ ਤਾਂ ਕੰਮ ਸੁਖਾਲੇ ਹੀ ਚੱਲਣੇ ਸ਼ੁਰੂ ਹੋ ਜਾਂਦੇ ਨੇ। ਪਤਾ ਰਹਿੰਦਾ ਹੈ ਕਿ ਮੇਰਾ ਮਿੱਤਰ ਹੈ ਕੋਈ ਔਖ-ਸੌਖ ਆਈ ਤਾਂ ਮੇਰੀ ਸਹਾਇਤਾ ਹੋ ਜਾਏਗੀ ਤੇ ਮਹਾਰਾਜ ਜੀ ਦੀ ਮਿਤਰਤਾ ਕਿੱਡੀ ਵੱਡੀ ਚੀਜ਼ ਹੈ ਕੇਵਲ ਇਹ ਜੇ ਸਮਝ ਆ ਜਾਵੇ ਜਿਸ ਤਰ੍ਹਾਂ ਇਕੋ ਹੀ ਤੁਕ ਵਿਚ ਮਹਾਰਾਜ ਜੀ ਨੇ ਬਿਆਨ ਕਰ ਦਿਤਾ ਹੈ।

ਸੋ ਅਭਿਮਾਨ ਜਿਹੜਾ ਹੈ ਇਹ ਨਹੀਂ ਭਾਉਂਦਾ ਗੁਰੂ ਘਰ ਵਿਚ। ਅਭਿਮਾਨ ਇਕ ਤਰ੍ਹਾਂ ਦਾ ਨਹੀਂ ਹੁੰਦਾ – ਕਿਸੇ ਨੂੰ ਇਹ ਅਭਿਮਾਨ ਹੁੰਦਾ ਹੈ ਕਿ ਮੈਂ ਅੰਮ੍ਰਿਤ ਵੇਲੇ ਜਾਗਦਾ ਹਾਂ, ਆਹ ਸਾਰੀ ਚੌਰਾਸੀ ਸੁੱਤੀ ਪਈ ਹੈ। ਮਾਣ ਆ ਗਿਆ ਜਾਗਣ ਦਾ, ਮਹਾਰਾਜ ਜੀ ਕਹਿੰਦੇ ਇਹ ਵੀ ਤੇਰੀ ਚੰਗੀ ਗੱਲ ਨਹੀਂ ਹੈ, ਕਿਸੇ ਨੂੰ ਬਾਣੀ ਪੜ੍ਹਨ ਦਾ ਮਾਣ ਹੈ ਕਿ ਮੈਂ 19 ਬਾਣੀਆਂ ਦਾ ਨਿਤਨੇਮ ਕਰਦਾ ਹਾਂ, ਕੋਈ ਕਹਿੰਦਾ ਹੈ ਮੈਂ ਢਾਈ ਘੰਟੇ ਨਾਮ ਜਪਦਾ ਹਾਂ, ਇਹ ਤਾਂ ਜਪਦੇ ਹੀ ਨਹੀਂ, ਇਨ੍ਹਾਂ ਦੀ ਮਾੜੀ ਗਤੀ ਹੋਏਗੀ, ਕੋਈ ਪੈਸੇ ਦਾ ਮਾਣ ਕਰਦਾ ਹੈ, ਕੋਈ ਆਪਣੀ ਵਿਦਿਆ ਦਾ ਮਾਣ ਕਰਦਾ ਹੈ, ਕੋਈ ਆਪਣੀ ਚਤੁਰਾਈ ਦਾ ਮਾਣ ਕਰਦਾ ਹੈ ਕਿਸੇ ਨੂੰ ਆਪਣੇ ਅਹੁਦਿਆ ਦਾ ਮਾਣ ਹੁੰਦਾ ਹੈ, ਕਿਸੇ ਨੂੰ ਰਾਜਸੀ ਸੱਤ੍ਹਾ ਦਾ ਮਾਣ ਹੁੰਦਾ ਹੈ। ਮਹਾਰਾਜ ਕਹਿੰਦੇ ਇਹ ਮਾਣ ਜਿਹੜੇ ਨੇ ਇਹ ਉਚੇ ਟਿੱਬੇ ਹੁੰਦੇ ਨੇ ਆਦਮੀ ਦੇ ਅੰਦਰ, ਜਿਵੇਂ ਨੀਵਿਆਂ ਖੇਤਾਂ ਵਿਚ ਪਾਣੀ ਖੜ੍ਹਦਾ ਹੈ, ਉਚਿਆਂ ਟਿੱਬਿਆਂ ਤੋਂ ਰੁੜ੍ਹ ਆਉਂਦਾ ਹੈ ਇਸੇ ਤਰ੍ਹਾਂ ਇਨ੍ਹਾਂ ਵਿਚੋਂ ਜੋ ਗੁਰੂ ਦਾ ਪਿਆਰ ਤੇ ਜੋ ਗੁਰੂ ਦਾ ਦੱਸਿਆ ਹੋਇਆ ਜੀਵਨ ਹੈ ਉਹ ਅਭਿਮਾਨੀ ਹਿਰਦਿਆਂ ਵਿਚੋਂ ਰੁੜ੍ਹ ਜਾਂਦਾ ਹੈ। ਅਭਿਮਾਨ ਹਰ ਕਿਸਮ ਦਾ ਹੈ ਤੇ ਓਹੀ ਅਭਿਮਾਨ ਜਿਹੜਾ ਹੈ ਉਹ ਦ੍ਵੈਤ ਪੈਦਾ ਕਰਦਾ ਹੈ। ਇਕ ਨੂੰ ਚੰਗਾ ਸਮਝਦਾ ਹੈ ਦੂਸਰੇ ਨੂੰ ਮਾੜਾ ਸਮਝਦਾ ਹੈ। ਆਪਣੇ-ਆਪ ਨੂੰ ਹਰ ਕੋਈ ਚੰਗਾ ਸਮਝਦਾ ਹੈ, ਦੂਸਰੇ ਦੀ ਨਿੰਦਿਆ ਕੋਈ ਤਾਂ ਕਰੇਗਾ ਜੇ ਉਹ ਆਪਣੇ-ਆਪ ਨੂੰ ਚੰਗਾ ਸਮਝੇਗਾ ਜਿਹੜਾ ਆਪਣੇ ਆਪ ਨੂੰ ਚੰਗਾ ਨਹੀਂ ਸਮਝਦਾ ਉਹ ਕਿਸੇ ਨੂੰ ਬੁਰਾ ਹੀ ਨਹੀਂ ਕਹਿੰਦਾ –

*ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥*
*ਤਿਸ ਕੈ ਭਾਣੈ ਕੋਇ ਨ ਭੂਲਾ*
*ਜਿਨਿ ਸਗਲੋ ਬ੍ਰਹਮੁ ਪਛਾਤਾ ॥ ਅੰਗ - ੬੧੦*

ਉਹ ਸਰੀਰਾਂ ਨੂੰ ਨਹੀਂ ਦੇਖਦੇ ਸਰੀਰ ਵਿਚ ਵਸਦੀ ਜੋਤ ਨੂੰ ਦੇਖਦੇ ਨੇ। ਉਹ ਜੋਤ ਕੀ ਹੈ? ਉਸ ਦਾ ਪਰਛਾਵਾਂ ਵੀ ਹੈ ਪਰ ਪਰਛਾਵੇਂ ਨਾਲ ਉਨ੍ਹਾਂ ਦਾ ਸਬੰਧ ਨਹੀਂ ਹੁੰਦਾ। ਪਰਛਾਵੇਂ ਦੇ ਵਿਚ ਹਉਮੈ ਹੋਇਆ ਕਰਦੀ ਹੈ, ਹਉਮੈ ਵਿਚ 'ਮੈਂ' ਹੋਇਆ ਕਰਦੀ ਹੈ, 'ਮੈਂ' ਦੇ ਸਬੰਧ ਵਿਚ ਜੀਵ ਨੱਠੇ ਫਿਰਦੇ ਨੇ। ਸੋ ਬਹੁਤ ਲੰਮਾ-ਚੌੜਾ ਚੱਕਰ ਹੈ ਇਹ। ਜਿਹੋ ਜਿਹੀ ਬੁੱਧੀ ਵਾਹਿਗੁਰੂ ਨੇ ਕਿਸੇ ਨੂੰ ਬਖਸ਼ ਦਿਤੀ –

*ਜੈਸੀ ਮਤਿ ਦੇਇ ਤੈਸਾ ਪਰਗਾਸ ॥*
*ਪਾਰਬ੍ਰਹਮੁ ਕਰਤਾ ਅਬਿਨਾਸ ॥ ਅੰਗ - ੨੭੫*

ਆਪਣਾ ਚਿੱਤ ਬਾਣੀ ਨੂੰ ਲਗਦਾ ਹੈ, ਦੂਸਰਿਆਂ ਦਾ ਨਹੀਂ ਲਗਦਾ ਉਨ੍ਹਾਂ ਨੂੰ ਮਾੜਾ ਨਾ ਕਹੇ ਜੇ ਕਹਿਣਾ ਵੀ ਹੈ ਤਾਂ ਇਹ ਹੈ ਕਿ ਇਸਨੂੰ ਇਹ ਮੱਤ ਦਿਤੀ ਹੋਈ ਹੈ ਮੈਨੂੰ ਇਹ ਮੱਤ ਦਿਤੀ ਹੋਈ ਹੈ ਫੇਰ ਕਿਸੇ ਨਾਲ ਵੀ ਰੌਲਾ ਨਹੀਂ ਪੈਂਦਾ। ਰੌਲਾ ਪਾ ਲੈਣਾ ਆਪਣੇ-ਆਪ ਨੂੰ ਉਚਾ ਸਮਝ ਲੈਣਾ, ਸ਼ੁਭ ਸਮਝਣਾ ਇਹੀ ਮਾੜੀ ਬਾਤ ਹੋਇਆ ਕਰਦੀ ਹੈ ਇਸ ਦੇ ਵਿਚ ਨਾਮ ਨਹੀਂ ਟਿਕਿਆ ਕਰਦਾ। ਸੋ ਇਹ ਸਾਰੀਆਂ ਚੀਜ਼ਾਂ ਜਿੰਨੀਆਂ ਵੀ ਅਸੀਂ ਕਰਦੇ ਹਾਂ ਇਹ ਮਹਾਰਾਜ ਜੀ ਦੀ ਕ੍ਰਿਪਾ ਹੋਵੇ ਕਿ ਸਾਨੂੰ 'ਸ਼ੁਭ ਮੱਤ' ਮਿਲ ਜਾਵੇ ਤੇ ਸ਼ੁਭ ਮੱਤ ਦੇ ਮੁਤਾਬਿਕ ਅਸੀਂ ਆਪਣਾ ਜੀਵਨ ਬਤੀਤ

ਕਰੀਏ।

ਸੋ ਜਿਹੜੇ ਪ੍ਰੇਮੀ ਅੰਮ੍ਰਿਤ ਵੇਲੇ ਜਾਗਦੇ ਨੇ ਕਿੰਨੀ ਕੁਰਬਾਨੀ ਹੈ ਅਸੀਂ ਤਾਂ ਬਲਿਹਾਰ ਜਾਂਦੇ ਹਾਂ ਇਨ੍ਹਾਂ ਦੇ ਕਿ ਧੰਨ ਹੈ ਸੱਚੇ ਪਾਤਸ਼ਾਹ! ਕਿ ਆਹ ਛੋਟੇ-ਛੋਟੇ ਬੱਚੇ ਰਜਾਈਆਂ ਵਿਚੋਂ ਨਹੀਂ ਨਿਕਲਦੇ ਤੇ 1 ਵਜੇ ਸੜਕਾਂ ਤੇ ਖੜ੍ਹੇ ਹੁੰਦੇ ਨੇ, ਧੁੰਦ ਪੈਂਦੀ ਹੈ ਇਸ ਦੇ ਵਿਚ ਸਾਈਕਲਾਂ ਤੇ ਤੁਰੇ ਆਉਂਦੇ ਨੇ, ਕਿੰਨੀ ਠੰਢ ਹੁੰਦੀ ਹੈ। ਕਿੰਨੀ ਲਗਨ ਬਖਸ਼ੀ ਹੈ ਪਾਤਸ਼ਾਹ ਤੂੰ ਇਨ੍ਹਾਂ ਨੂੰ। ਕ੍ਰਿਪਾ ਕਰੀ ਇਨ੍ਹਾਂ ਤੇ ਇਨ੍ਹਾਂ ਨੂੰ ਗੁਰਮਤਿ ਦੀ ਸੋਝੀ ਵੀ ਬਖਸ਼ੀ ਤੇ ਨਾਲ ਆਪਣਾ ਪਿਆਰ ਵੀ ਬਖਸ਼ੀ ਕਿਉਂਕਿ ਜਦੋਂ ਤੱਕ ਸਾਨੂੰ ਨਾਮ ਦੀ ਸੋਝੀ ਨਹੀਂ ਆਉਂਦੀ ਉਨੀਂ ਦੇਰ ਤੱਕ ਗੱਲ ਨਹੀਂ ਬਣਦੀ। ਉਤਸ਼ਾਹ ਹੈ ਅਸੀਂ ਸਕੂਲ ਵਿਚ ਤਾਂ ਆ ਜਾਂਦੇ ਹਾਂ ਕਿਉਂਕਿ ਇਹ ਸਤਿਸੰਗ ਚਾਟਸਾਲ ਹੁੰਦੀ ਹੈ। ਇੱਥੇ ਆ ਕੇ ਕਰਿਆ ਕੀ ਜਾਂਦਾ ਹੈ? ਮਨ ਦੇ ਵਿਚ ਬੇਅੰਤ ਵਿਕਾਰ ਪਏ ਨੇ, ਗਿਣਤੀ ਤੋਂ ਬਾਹਰ ਵਿਕਾਰ - ਇਨ੍ਹਾਂ ਵਿਕਾਰਾਂ ਨੂੰ ਇੱਥੇ ਆ ਕੇ ਮਾਂਜਿਆ ਜਾਂਦਾ ਹੈ - ਮਹਾਰਾਜ ਕਹਿੰਦੇ-

*ਮਿਲਿ ਸੰਤ ਸਭਾ ਮਨੁ ਮਾਂਜੀਐ ਭਾਈ*
*ਹਰਿ ਕੈ ਨਾਮਿ ਨਿਵਾਸੁ ॥*
*ਮਿਟੈ ਅੰਧੇਰਾ ਅਗਿਆਨਤਾ ਭਾਈ*
*ਕਮਲ ਹੋਵੈ ਪਰਗਾਸੁ ॥* *ਅੰਗ - ੬੩੯*

ਜਿੱਥੇ ਤੱਤ ਬਚਨ ਆਉਂਦੇ ਨੇ ਉਥੇ ਆ ਕੇ ਮਨ ਨੂੰ ਮਾਂਜੋ। ਉਸ ਦੇ ਨਾਲ ਕੀ ਹੋਏਗਾ, ਜਦੋਂ ਮਨ ਮਾਂਜਿਆ ਗਿਆ ਫੇਰ ਕੋਈ ਸ਼ੁਭ ਚੀਜ਼ ਉਸ ਦੇ ਵਿਚ ਆਏਗੀ, ਗੰਦੇ ਥਾਂ ਨਹੀਂ ਆਇਆ ਕਰਦੀ -

*ਇਹੁ ਤਨੁ ਮਾਇਆ ਪਾਹਿਆ ਪਿਆਰੇ*
*ਲੀਤੜਾ ਲਬਿ ਰੰਗਾਏ ॥*
*ਮੇਰੈ ਕੰਤ ਨ ਭਾਵੈ ਚੋਲੜਾ*
*ਪਿਆਰੇ ਕਿਉ ਧਨ ਸੇਜੈ ਜਾਏ ॥*
*ਅੰਗ - ੭੨੨*

ਚੋਲਾ ਪਰਵਾਣ ਨਹੀਂ ਹੁੰਦਾ, ਉਪਰਲਾ ਦਿਖਾਵਾ ਪ੍ਰਵਾਨ ਨਹੀਂ ਹੁੰਦਾ, ਅੰਦਰੋਂ ਮਨ ਮਾਂਜਿਆ ਹੋਵੇ। ਮਹਾਰਾਜ ਕਹਿੰਦੇ ਇਹ ਬੁਰਾ ਭਲਾ ਤਾਂ ਕਹੇਗਾ ਜਿੰਨਾ ਚਿਰ ਇਹ ਹਉਮੈ ਦੇ ਮੰਡਲ ਵਿਚ ਰਹਿੰਦਾ ਹੈ-

*ਬੁਰਾ ਭਲਾ ਤਿਚਰੁ ਆਖਦਾ*
*ਜਿਚਰੁ ਹੈ ਦੁਹੁ ਮਾਹਿ॥*
*ਗੁਰਮੁਖਿ ਏਕੋ ਬੁਝਿਆ ਏਕਸੁ ਮਾਹਿ ਸਮਾਇ ॥*
*ਅੰਗ - ੭੫੭*

ਜਿੰਨਾ ਚਿਰ ਬੁਰਾ ਤੇ ਭਲਾ ਦੇਖਦਾ ਹੈ ਕਿ ਆਹ ਬੁਰਾ ਪੁਰਸ਼ ਹੈ, ਆਹ ਮਾੜਾ ਪੁਰਸ਼ ਹੈ ਤੇ ਆਹ ਚੰਗਾ ਪੁਰਸ਼ ਹੈ, ਆਹ ਭਲਾ ਪੁਰਸ਼ ਹੈ ਜਿੰਨਾ ਚਿਰ ਇਹ ਮਿਟਦੀ ਨਹੀਂ ਹੈ ਦੁਬਿਧਾ। ਮਹਾਰਾਜ ਕਹਿੰਦੇ ਇਹ ਦ੍ਵੈਤ ਵਿਚ ਹੈ। ਹੁਣ ਇਹ ਬੜਾ ਸਵਾਲ ਹੈ ਕਿ ਇਹ ਤਾਂ ਬੜੀ ਮੁਸ਼ਕਲ ਗੱਲ ਹੈ। ਭਲਿਆਂ ਨੂੰ ਅਸੀਂ ਭਲੇ ਕਹਿੰਦੇ ਹਾਂ, ਮਾੜਿਆਂ ਨੂੰ ਅਸੀਂ ਮਾੜੇ ਕਹਿੰਦੇ। ਇਹ ਅਵਸਥਾ ਮਹਾਰਾਜ ਜੀ ਨੇ ਉਹ ਦੱਸੀ ਹੈ ਜਦੋਂ ਅਸੀਂ ਹਉਮੈ ਦੇ ਮੰਡਲ ਵਿਚੋਂ ਉਪਰ ਲੰਘ ਜਾਂਦੇ ਹਾਂ, ਉਥੇ ਇਕ ਜੋਤ ਹੀ ਨਜ਼ਰ ਆਉਂਦੀ ਹੈ ਦੂਸਰਾ ਨਜ਼ਰ ਹੀ ਨਹੀਂ ਆਉਂਦਾ, ਸਾਰਿਆਂ ਦੇ ਅੰਦਰ ਇਕੋ ਹੀ ਪ੍ਰਮਾਤਮਾ ਪਰੀਪੂਰਨ ਨਜ਼ਰ ਆਉਂਦਾ ਹੈ। ਉਸ ਦਾ ਪ੍ਰਭਾਵ ਪ੍ਰਕ੍ਰਿਤੀ ਤੇ ਪੈਂਦਾ ਹੈ। ਜਿਹੋ-ਜਿਹੀ ਪ੍ਰਕਿਰਤੀ, ਜਿਹੋ ਜਿਹੀ ਉਹ ਮਸ਼ੀਨ ਓਹੋ ਜਿਹੀ ਉਹ ਚਲਦੀ ਹੈ। ਜੇ ਬਿਜਲੀ ਹੀਟਰ ਨੂੰ ਲਾ ਦਿਤੀ ਤਾਂ ਉਹ ਗਰਮ ਹੋ ਜਾਂਦਾ ਹੈ ਜੇ ਫਰਿਜ਼ ਨੂੰ ਲਾ ਦਿਤੀ ਤਾਂ ਉਹ ਠੰਢਾ ਹੋ ਜਾਂਦਾ ਹੈ। ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੇ ਸਮਾਪਤ ਕਰਦਾ ਹਾਂ।

*ਵਾਹਿਗੁਰੂ ਜੀ ਕਾ ਖਾਲਸਾ*
*ਵਾਹਿਗੁਰੂ ਜੀ ਕੀ ਫਤਹਿ।*

# ਫਿਰਤ ਫਿਰਤ ਬਹੁਤੇ ਜੁਗ ਹਾਰਿਓ

ਬਹੁਤ ਜੁੱਗ ਲੰਘ ਗਏ, ਜੋ ਹਿੰਦੂ ਮਤ ਦੀ ਗਿਣਤੀ-ਮਿਣਤੀ ਹੈ ਉਸ ਦੇ ਵਿਚ ਬੜੀ ਇਨ੍ਹਾਂ ਨੇ ਖੋਜ ਕਰੀ ਹੈ ਵੇਦਾਂ ਦੇ ਵਿਚ ਆਰੀਅਨ ਨਸਲ ਹੈ। ਬਹੁਤ ਗਹਿਰੇ ਗਏ ਹੋਏ ਨੇ ਅਜੇ ਤੱਕ ਸਾਇੰਸ ਨਹੀਂ ਉਥੇ ਤੱਕ ਪਹੁੰਚੀ। ਜੋ ਬਾਤਾਂ ਉਨ੍ਹਾਂ ਨੇ ਲਿਖ ਦਿਤੀਆਂ ਜਾਂ ਅਨੁਭਵ ਵਿਚ ਯੋਗੀਆਂ ਨੇ ਲਿਆਂਦੀਆਂ ਸੋ ਉਸ ਦੇ ਵਿਚ 'ਕਲਪਾਂ' ਦਾ ਜ਼ਿਕਰ ਆਉਂਦਾ ਹੈ। ਹਜ਼ਾਰ ਵਾਰੀ ਜਦੋਂ ਚਾਰ ਯੁੱਗ ਲੰਘ ਜਾਣ - ਚਾਰ ਅਰਬ ਬੱਤੀ ਕਰੋੜ ਸਾਲ ਲੰਘ ਜਾਵੇ ਉਸ ਵੇਲੇ ਇਕ ਕਲਪ ਹੋ ਜਾਇਆ ਕਰਦਾ ਹੈ। ਫੇਰ ਇਨ੍ਹਾਂ ਦੇ ਵਿਚ ਮਨਮੰਤਰ ਹੁੰਦੇ ਨੇ, ਹਜ਼ਾਰਾਂ ਹੀ ਕਲਪ ਲੰਘ ਜਾਣ ਤਾਂ ਇਕ ਮਨਮੰਤਰ ਹੋਇਆ ਕਰਦਾ ਹੈ। ਇਸ ਤਰ੍ਹਾਂ ਇਹ ਗਿਣਤੀ ਬਹੁਤ ਵੱਡੀ ਹੈ, ਕੋਈ 50-60 ਸਿਫਰ ਜਾ ਪਹੁੰਚਦੀ ਹੈ। ਸੋ ਮਹਾਰਾਜ ਨੇ ਇਸ ਗੱਲ ਵਿਚ ਨਹੀਂ ਸਾਨੂੰ ਪਾਇਆ। ਮਹਾਰਾਜ ਜੀ ਨੇ ਫੁਰਮਾਨ ਕਰ ਦਿਤਾ ਕਿ-

*ਫਿਰਤ ਫਿਰਤ ਬਹੁਤੇ ਜੁਗ ਹਾਰਿਓ*
*ਮਾਨਸ ਦੇਹ ਲਹੀ ॥*
*ਨਾਨਕ ਕਹਤ ਮਿਲਨ ਕੀ ਬਰੀਆ*
*ਸਿਮਰਤ ਕਹਾ ਨਹੀ ॥* *ਅੰਗ - ੬੩੧*

ਪਿਆਰਿਆ! ਤੈਨੂੰ ਮਨੁੱਖ ਦਾ ਸਰੀਰ ਬਹੁਤ ਜੁੱਗਾਂ ਦੇ ਵਿਚ ਫਿਰਦੇ ਨੂੰ ਲੱਭਿਆ। ਇਥੇ ਹੁਣ ਇਹ ਵੀ ਹੋ ਜਾਂਦਾ ਹੈ ਕਿ ਇਹ ਕੁਝ ਹੋਰ ਵੀ ਬਣਿਆ। ਆਪ ਫੁਰਮਾਨ ਕਰਦੇ ਨੇ ਕਿ -

*ਕੇਤੇ ਰੁਖ ਬਿਰਖ ਹਮ ਚੀਨੇ*
*ਕੇਤੇ ਪਸੂ ਉਪਾਏ ॥*
*ਕੇਤੇ ਨਾਗ ਕੁਲੀ ਮਹਿ ਆਏ*
*ਕੇਤੇ ਪੰਖ ਉਡਾਏ ॥* *ਅੰਗ - ੧੫੬*

ਪਸ਼ੂ ਵੀ ਅਸੀਂ ਬਣਦੇ ਰਹੇ ਹਾਂ, ਦਰਖਤ ਵੀ ਬਣਦੇ ਰਹੇ ਹਾਂ, 24 ਲੱਖ ਕਿਸਮ ਦੇ ਜੜ੍ਹੀਆਂ-ਬੂਟੀਆਂ ਦਰਖਤਾਂ ਦੇ ਵਿਚੀਂ ਇਹ ਜੀਵ ਆਤਮਾ ਨੇ ਉਪਰ ਨੂੰ ਤਰੱਕੀ ਕਰੀ। ਸਾਢੇ ਸੱਤ ਲੱਖ ਕਿਸਮ ਦੇ ਉਡਣ ਵਾਲੇ ਪਰਿੰਦੇ ਨੇ। ਇਸ ਤਰ੍ਹਾਂ ਨਾਲ ਗਿਣਤੀ ਹੈ ਬੜੀ ਲੰਮੀ-ਚੌੜੀ ਜਿਸ ਨੂੰ 84 ਲੱਖ ਤੱਕ ਗਿਣਿਆ ਗਿਆ ਹੈ। ਮਹਾਰਾਜ ਨੇ ਵੀ ਉਸ ਨੂੰ 84 ਕਹਿ ਦਿਤਾ ਕਹਿੰਦੇ ਇਸ ਦੇ ਵਿਚੋਂ ਆਇਆ ਹੈਂ ਤੂੰ -

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥*
*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥*
*ਅੰਗ - ੧੭੬*

ਬੰਦੇ ਦੇ ਮਨ ਵਿਚ ਇਹ ਬਾਤ ਨਹੀਂ ਆਉਂਦੀ ਕਿ ਮੈਂ ਵਾਹਿਗੁਰੂ ਨੂੰ ਮਿਲਣਾ ਹੈ ਕਿਉਂਕਿ ਉਹ ਸੁਰਤ ਨਹੀਂ ਇਸਨੂੰ ਮਿਲੀ ਹੋਈ। ਕੋਈ-ਕੋਈ ਭਾਗਾਂ ਵਾਲਾ ਬੰਦਾ ਹੈ ਜਿਸ ਦੇ ਪੂਰਬਲੇ ਕਰਮ ਬਹੁਤ ਉਤਮ ਹੋਣ ਉਸਨੂੰ ਇਹ ਖਿਆਲ ਆਉਂਦਾ ਹੈ ਕਿ ਮੈਂ ਇਹ ਮਾਨਸ ਦੇਹੀ ਵਾਹਿਗੁਰੂ ਮਿਲਣ ਵਾਸਤੇ ਪਾਈ ਹੈ ਲੇਕਿਨ ਰਸਤਾ ਲੱਭਦਾ ਨਹੀਂ ਹੈ। ਰਸਤਾ ਲੱਭੇ ਕਿਵੇਂ? ਵਾਹਿਗੁਰੂ ਹੈ ਕਿੱਥੇ? ਜਿਸਨੂੰ ਅਸੀਂ ਮਿਲਣਾ ਹੈ? ਉਸ ਦਾ ਸੁਭਾਅ ਕਿਹੋ ਜਿਹਾ ਹੈ? ਉਸ ਦੇ ਬਾਰੇ ਜਦੋਂ ਤੋਂ ਸੰਸਾਰ ਰਚਿਆ ਹੈ ਉਸ ਵੇਲੇ ਤੋਂ ਹੀ ਮਨੁੱਖ ਕੋਸ਼ਿਸ਼ ਕਰਦਾ ਚਲਿਆ ਆ ਰਿਹਾ ਹੈ, ਬੇਅੰਤ ਰਸਤੇ ਕੱਢੇ ਨੇ, ਬੇਅੰਤ ਰਸਤਿਆਂ ਦੇ ਵਿਚੀਂ ਮਨੁੱਖ ਨੇ ਜਾਨਣ ਦਾ ਯਤਨ ਕੀਤਾ ਹੈ। ਮਹਾਰਾਜ ਜੀ ਕਹਿੰਦੇ ਨਹੀਂ ਫੇਰ ਵੀ ਵਿਚਾਲੇ ਰਹਿ ਗਏ ਪਹੁੰਚ ਨਹੀਂ ਸਕੇ, ਕੋਈਓ ਪਹੁੰਚਿਆ ਹੈ। ਨਾ ਦੇਵਤੇ ਪਹੁੰਚ ਸਕੇ ਨੇ, ਦੇਵਤਿਆਂ ਦੇ ਬਾਰੇ ਤਾਂ ਮਹਾਰਾਜ ਜੀ ਨੇ ਫੁਰਮਾਨ ਕਰ ਦਿਤਾ ਕਿ ਜਿਹੜੇ ਮੁਖੀ ਦੇਵਤੇ ਨੇ ਉਨ੍ਹਾਂ ਨੂੰ ਵੀ ਪਤਾ ਨਹੀਂ ਲੱਗਿਆ -

*ਏਕਾ ਮਾਈ ਜੁਗਤਿ ਵਿਆਈ*
*ਤਿਨਿ ਚੇਲੇ ਪਰਵਾਣੁ॥*
*ਇਕੁ ਸੰਸਾਰੀ ਇਕੁ ਭੰਡਾਰੀ*
*ਇਕੁ ਲਾਏ ਦੀਬਾਣੁ ॥* *ਅੰਗ - ੭*

ਇਨ੍ਹਾਂ ਨੂੰ ਦੂਜੀ ਬੋਲੀ ਦੇ ਅੰਦਰ ਤ੍ਰਿਮੂਰਤੀ (ਵਿਸ਼ਨੂੰ, ਬ੍ਰਹਮਾ ਤੇ ਸ਼ਿਵ) ਕਹਿੰਦੇ ਨੇ। ਬ੍ਰਹਮ, ਵਿਸ਼ਨੂੰ, ਮਹੇਸ਼ ਜੋ ਦੇਵਤਿਆਂ ਦੇ ਮੁਖੀ ਤੇ ਸਭ ਤੋਂ ਵੱਡੇ ਨੇ ਕਹਿੰਦੇ ਇਹ ਕੰਮ ਤਾਂ ਕਰ ਰਹੇ ਨੇ ਵੱਡੀ ਤਾਕਤ ਦੇ ਮਾਲਕ ਨੇ - ਇਕ ਸੰਸਾਰ ਨੂੰ ਪੈਦਾ ਕਰ ਰਿਹਾ ਹੈ, ਇਕ ਪਾਲ ਰਹੇ ਨੇ ਤੇ ਇਕ ਇਸਨੂੰ ਲੈਅ, ਖਤਮ ਕਰ ਰਹੇ ਨੇ, ਨਵਿਆਂ ਨੂੰ ਲਿਆ ਰਹੇ ਨੇ। ਇਹ ਤਿੰਨ ਸ਼ਕਤੀਆਂ ਕੰਮ ਕਰਦੀਆਂ ਨੇ। ਅਸੀਂ ਮਨੁੱਖਾਂ ਨੇ ਉਨ੍ਹਾਂ ਨੂੰ ਕੋਈ ਨਾ ਕੋਈ ਸ਼ਕਲ ਦੇ ਕੇ ਆਪਣੇ ਵਰਗੀ ਸਮਝਣ ਲਈ ਸੌਖ ਪੈਦਾ ਕਰ ਲਈ। ਸ਼ਕਤੀ ਤਾਂ ਬਿਜਲੀ ਵੀ ਹੈ, ਹੋਰ ਵੀ ਅਨੇਕਾਂ ਕਿਸਮ ਦੀਆਂ ਸ਼ਕਤੀਆਂ ਨੇ ਪਰ ਇਹ ਨਿਰਜਿੰਦ ਸ਼ਕਤੀਆਂ ਨੇ, ਜਿੰਦ ਨਹੀਂ ਹੈ ਇਨ੍ਹਾਂ ਵਿਚ, ਅਨੁਭਵ ਨਹੀਂ ਹੈ, ਸੁਰਤ ਨਹੀਂ

ਹੈ ਤੇ ਜਿਨ੍ਹਾਂ ਸ਼ਕਤੀਆਂ ਦਾ ਜ਼ਿਕਰ ਮਹਾਰਾਜ ਜੀ ਕਰਦੇ ਨੇ ਇਹ ਸੁਰਤ ਵਾਲੀਆਂ ਸ਼ਕਤੀਆਂ ਨੇ, ਜਿੰਦ ਵਾਲੀਆਂ ਸ਼ਕਤੀਆਂ ਨੇ। ਇਨਸਾਨ ਤੋਂ ਬੇਅੰਤ ਵੱਧ ਸ਼ਕਤੀਆਂ ਦੇ ਮਾਲਕ ਨੇ, ਤਾਕਤ ਦੇ ਮਾਲਕ ਨੇ ਪਰ ਇਹ ਵੀ –

*ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ*
*ਫੁਰਮਾਣੁ॥ ਓਹੁ ਵੇਖੈ ਓਨਾ ਨਦਰਿ ਨ ਆਵੈ*
*ਬਹੁਤਾ ਏਹੁ ਵਿਡਾਣੁ ॥*

*ਅੰਗ – ੭*

ਅਸਚਰਜ ਗੱਲ ਇਹ ਹੈ ਕਿ ਵਾਹਿਗੁਰੂ ਤਾਂ ਇਨ੍ਹਾਂ ਨੂੰ ਦੇਖਦਾ ਹੈ ਪਰ ਵਾਹਿਗੁਰੂ ਨੂੰ ਇਹ ਨਹੀਂ ਦੇਖ ਸਕਦੇ ਕਿਉਂਕਿ ਉਸ ਦਾ ਕੋਈ ਰੂਪ–ਰੰਗ ਨਹੀਂ ਹੈ –

*ਚੱਕ੍ਰ ਚਿਹਨ ਅਰੁ ਬਰਨ ਜਾਤਿ*
*ਅਰੁ ਪਾਤਿ ਨਹਿਨ ਜਿਹ॥*
*ਰੂਪ ਰੰਗ ਅਰੁ ਰੇਖ ਭੇਖ ਕੋਊ*
*ਕਹਿ ਨ ਸਕਤਿ ਕਿਹ॥ ਜਾਪੁ ਸਾਹਿਬ*

ਬੇਅੰਤ ਸੰਸਾਰ ਏਸ ਤਰ੍ਹਾਂ ਦਾ ਸਰੂਪ ਦੇਖ ਕੇ ਨਾਸਤਕ ਹੋ ਜਾਂਦਾ ਹੈ ਕਿ ਫੇਰ ਹੋਇਆ ਕੀ ਉਹ ਕਿਉਂਕਿ ਰੂਪ ਤੇ ਰੰਗ ਹਮੇਸ਼ਾ ਪ੍ਰਕ੍ਰਿਤੀ ਦਾ ਹੋਇਆ ਕਰਦਾ ਹੈ, ਮਾਇਆ ਦਾ ਹੋਇਆ ਕਰਦਾ ਹੈ। ਪ੍ਰਮੇਸ਼ਰ ਸ਼ਕਤੀ ਹੈ ਹੋਂਦ ਹੈ, 'ਸਤਿ' ਹੋਂਦ। ਉਸ ਦੇ ਗੁਣ ਨੇ ਬੇਅੰਤ – ਕ੍ਰਿਪਾਲੂ ਹੈ, ਦਇਆਲੂ ਹੈ। ਬਦਲੇ ਨਹੀਂ ਉਹ ਲੈਂਦਾ, ਨਾ ਉਹ ਕਿਸੇ ਦੇ ਖਿਲਾਫ ਹੈ, ਨਿਰਭਉ ਹੈ, ਨਿਰਵੈਰ ਹੈ, ਕਰਤਾ ਹੈ, ਪੁਰਖ ਹੈ ਜੋ ਸਾਰੇ ਸਮਾਇਆ ਹੋਇਆ ਹੈ, ਜੂਨਾਂ ਵਿਚ ਨਹੀਂ ਆਉਂਦਾ ਫੇਰ ਆਪਣੇ–ਆਪ ਪੂਰਨ ਗਿਆਨਵਾਨ ਹੈ, ਸਭ ਤੋਂ ਵੱਡਾ ਹੈ ਤੇ ਕ੍ਰਿਪਾ ਦਾ ਘਰ ਹੈ ਪਰ ਨਾਲ ਇਹ ਹੈ ਕਿ ਗੁਰੂ ਤੋਂ ਬਗੈਰ ਉਸਦਾ ਮਿਲਾਪ ਨਹੀਂ ਹੁੰਦਾ। ਅਸੀਂ ਕਿਤਾਬਾਂ ਵੀ ਪੜ੍ਹਦੇ ਹਾਂ, ਹੋਰ ਵੀ ਅਨੇਕਾਂ ਕਿਸਮ ਦੇ ਵਿਚਾਰ ਸੁਣਦੇ ਹਾਂ ਫੇਰ ਸਾਨੂੰ ਇਸ ਰਸਤੇ ਦਾ ਗਿਆਨ ਕਿਉਂ ਨਹੀਂ ਹੁੰਦਾ? ਕਿਉਂ ਨਹੀਂ ਅਸੀਂ ਪਹੁੰਚ ਸਕਦੇ? ਇਹ ਜਿਹੜਾ ਸ਼ਬਦ ਹੈ ਇਸ ਦੇ ਵਿਚ ਮਹਾਰਾਜ ਜੀ ਨੇ ਵੈਰਾਗ ਦੀ ਹੱਦ ਦੱਸੀ ਹੈ ਕਿ ਮੇਰੇ ਹਿਰਦੇ ਵਿਚ ਪਿਆਰ ਪੈਦਾ ਹੋ ਗਿਆ, ਖਿੱਚ ਪੈਦਾ ਹੋ ਗਈ ਕਿ ਮੈਂ ਕਿਸ ਤਰੀਕੇ ਦੇ ਨਾਲ ਮਿਲਾਂ। ਬੇਅੰਤ ਥਾਵਾਂ ਤੇ ਮੈਂ ਬੇਅੰਤ ਯਤਨ ਕੀਤੇ ਤੇ ਫਿਰਦੇ–ਫਿਰਦੇ ਮੈਨੂੰ ਇਹ ਪਤਾ ਲਗ ਗਿਆ ਕਿ ਇਹ ਪ੍ਰਭੂ ਤੇ ਜੀਵਨ ਬਿਲਕੁਲ ਐਉਂ ਨੇ ਜਿਵੇਂ ਇਕ ਬਿਸਤਰ ਤੇ ਪਤੀ ਅਤੇ ਪਤਨੀ ਹੁੰਦੇ ਨੇ, ਐਨਾ ਨੇੜੇ ਹੋਣ ਦੇ ਬਾਵਜੂਦ ਫੇਰ ਮਿਲਾਪ ਕਿਉਂ ਨਹੀਂ ਹੁੰਦਾ? ਮਹਾਰਾਜ ਜੀ ਕਹਿੰਦੇ ਇਕ ਨੂੰ ਨੀਂਦ ਆਈ ਹੋਈ ਹੈ ਗਾੜ੍ਹੀ ਜੇ ਵਾਹਿਗੁਰੂ ਜਗਾਵੇ ਤਾਂ ਉਹ ਜਾਗੇ ਤੇ ਨੀਂਦ ਦੇ ਵਿਚ ਹੀ ਉਸ ਦੇ ਕਰੋੜਾਂ ਸਾਲ ਲੰਘ ਗਏ –

*ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ*
*ਸੁਤਿਆ ਰੈਣਿ ਵਿਹਾਣੀ ॥ ਅੰਗ – ੯੨੦*

ਪ੍ਰਾਕ੍ਰਿਤੀ ਦੀ ਗਾੜ੍ਹੀ ਨੀਂਦ ਨੇ ਉਸ ਨੂੰ ਐਨਾ ਬੇਹੋਸ਼ ਕਰ ਦਿਤਾ ਕਿ ਉਸ ਨੂੰ ਜਾਗ ਹੀ ਨਹੀਂ ਆਉਂਦੀ ਸਮਾਂ ਲੰਘਦਾ ਜਾਂਦਾ ਹੈ। ਅਸੀਂ ਰਾਤ ਨੂੰ ਪੈਂਦੇ ਹਾਂ ਸਾਡੇ ਸਰੀਰ ਨੂੰ ਪੰਜ ਸੱਤ ਘੰਟੇ ਨੀਂਦ ਆਉਣ ਤੋਂ ਬਾਅਦ ਜਾਗ ਆ ਜਾਂਦੀ ਹੈ ਲੇਕਿਨ ਇਸ ਨੂੰ ਜਾਗ ਨਹੀਂ ਆਉਂਦੀ, ਇਹ ਸੁੱਤੀ ਪਈ ਸੁਪਨੇ ਲੈ ਰਹੀ ਹੈ, ਸੁਪਨੇ ਦੇ ਨਾਲ ਹੀ ਇਹ ਪਰਚੀ ਹੋਈ ਹੈ –

*ਸੁਪਨੇ ਸੇਤੀ ਚਿਤੁ ਮੂਰਖਿ ਲਾਇਆ ॥*
*ਬਿਸਰੇ ਰਾਜ ਰਸ ਭੋਗ ਜਾਗਤ ਭਖਲਾਇਆ ॥*

*ਅੰਗ – ੭੦੭*

ਸੁਪਨੇ ਵਿਚ ਹੀ ਚਿੱਤ ਲਾ ਕੇ, ਸੁਪਨੇ ਵਿਚ ਹੀ ਵਿਹਾ ਕੇ ਫੇਰ ਦੂਸਰੇ ਸੁਪਨੇ ਵਿਚ, ਫੇਰ ਤੀਸਰੇ ਵਿਚ, ਫੇਰ ਚੌਥੇ ਵਿਚ। ਮਹਾਰਾਜ ਕਹਿੰਦੇ ਇਹ ਸੁਰਤ ਦਾ ਨੀਵਾਂਪੁਣ ਹੈ, ਸੁਰਤ ਨੂੰ ਉਚਿਆਈ ਪ੍ਰਾਪਤ ਨਹੀਂ ਹੁੰਦੀ, ਨੀਵੇਂ ਦਰਜੇ ਤੇ ਸੁਰਤ ਰਹਿ ਕੇ ਇਹ ਸਮਾਂ ਬਤੀਤ ਕਰਦੀ ਜਾਂਦੀ ਹੈ। ਸੋ ਸੁਰਤਾਂ ਅਨੇਕ ਕਿਸਮ ਦੀਆਂ ਨੇ ਜਿਹੋ ਜਿਹੀ ਕਿਸੇ ਨੂੰ ਸੁਰਤ ਬਖਸ਼ੀ ਹੈ –

*ਜੈਸੀ ਮਤਿ ਦੇਇ ਤੈਸਾ ਪਰਗਾਸ ॥*
*ਪਾਰਬ੍ਰਹਮੁ ਕਰਤਾ ਅਬਿਨਾਸ ॥ ਅੰਗ – ੨੭੫*

ਉਸੇ ਸੁਰਤ ਦੇ ਵਿਚ ਚਲਿਆ ਜਾ ਰਿਹਾ ਹੈ ਕਿਨਾਰਾ ਕੋਈ ਲੱਭਦਾ ਨਹੀਂ ਹੈ, ਹੱਠ ਕਰੀ ਜਾਂਦਾ ਹੈ, ਨਮਾਜ਼ ਪੜ੍ਹਨ ਵਾਲਾ, ਨਮਾਜ਼ਾਂ ਪੜ੍ਹੀ ਜਾਂਦਾ ਹੈ, ਰੋਜ਼ੇ ਰੱਖੀ ਜਾਂਦਾ ਹੈ, ਜ਼ਕਾਤ ਦੇਈ ਜਾਂਦਾ ਹੈ, ਗਾਇਤ੍ਰੀ ਪੜ੍ਹਨ ਵਾਲਾ ਗਾਇਤ੍ਰੀ ਪੜ੍ਹੀ ਜਾਂਦਾ ਹੈ, ਗੀਤਾ ਪੜ੍ਹੀ ਜਾਂਦਾ ਹੈ, ਵੇਦਾਂ ਦਾ ਪਾਠ ਕਰੀ ਜਾਂਦਾ ਹੈ, ਆਹੀ ਹਾਲ ਸਾਡਾ ਹੈ। ਕੋਈ ਕੁਝ ਕਰਦਾ ਹੈ, ਕੋਈ ਕਿਸੇ ਤਰੀਕੇ ਨਾਲ ਚਲਦਾ ਹੈ, ਕਿਸੇ ਨੇ ਇਹ ਤਰੀਕਾ ਕੱਢ ਲਿਆ ਕਿ ਸਮ, ਦਮ, ਆਸਣ, ਪ੍ਰਾਣਾਯਾਮ, ਪ੍ਰਤਿਹਾਰ, ਧਾਰਨਾ, ਧਿਆਨ, ਸਮਾਧੀ। ਤਿੰਨਾਂ ਨਾੜੀਆਂ ਦੇ ਵਿਚਕਾਰਲੀ ਜੋ ਨਾੜੀ ਹੈ, ਸੁਖਮਨਾ ਨਾੜੀ ਜਿਸਨੂੰ ਕਹਿੰਦੇ ਨੇ ਇਸ ਦੇ ਵਿਚੀਂ ਪ੍ਰਾਣਾਂ ਨੂੰ ਦਾਖਲ ਕਰਕੇ 'ਕੁੰਡਲਨੀ' ਨੂੰ ਜਾਗ੍ਰਤ ਕਰਕੇ ਫੇਰ 'ਬ੍ਰਹਮ ਰੁੰਦਰ' ਤੱਕ ਗਗਨ ਮੰਡਲ ਵਿਚ ਪਹੁੰਚਿਆ ਜਾਵੇ। ਇਸ ਤਰ੍ਹਾਂ ਦੇ ਬੇਅੰਤ ਯਤਨ ਹੋਏ ਨੇ ਲੇਕਿਨ ਮਹਾਰਾਜ ਜੀ ਕਹਿੰਦੇ ਪਹੁੰਚਣਾ ਬਹੁਤ ਔਖਾ ਹੈ, ਯੋਗੀ ਵੀ ਨਹੀਂ ਪਹੁੰਚ ਸਕਦੇ ਥੱਲੇ ਰਹਿ ਜਾਂਦੇ ਨੇ।

ਸੋ ਇਸ ਤਰ੍ਹਾਂ ਸੁਰਤ ਨਹੀਂ ਆਉਂਦੀ ਉਲਟ ਸੁਰਤ ਵਿਚ ਪਏ ਹਾਂ। ਕਿਤੇ ਸੁਰਤ ਹੈ ਕਿ ਮਕਾਨ

ਬਣਾਈ ਜਾਈਏ, ਕੋਠੀਆਂ ਪਾਈ ਜਾਈਏ, ਦੁਕਾਨਾਂ ਬਣਾਈ ਜਾਈਏ, ਵਪਾਰ ਕਰੀਏ, ਦੇਸਾਂ-ਪਰਦੇਸ਼ਾਂ ਵਿਚ ਪੈਸਾ ਕਮਾਉਣ ਜਾਈਏ, ਵਿਆਹ-ਸ਼ਾਦੀਆਂ ਕਰਾਈਏ, ਬੱਚੇ ਪੈਦਾ ਹੋਣ ਫੇਰ ਉਨ੍ਹਾਂ ਨੂੰ ਪੜ੍ਹਾਈਏ ਤੇ ਉਨ੍ਹਾਂ ਨੂੰ ਸੈਟ ਕਰੀਏ ਇਹ ਇਕ ਲਗਾਤਾਰ ਧਾਰਾ ਚਲਦੀ ਹੈ ਜਿਵੇਂ ਪ੍ਰਵਾਹ ਵਹਿੰਦਾ ਹੁੰਦਾ ਹੈ। ਸਾਡੇ ਬਾਪ ਵੀ ਇਹੀ ਕੰਮ ਕਰਦੇ ਗਏ, ਦਾਦੇ ਵੀ ਇਹੀ, ਪੜਦਾਦੇ ਵੀ ਇਹੀ ਤੇ ਜਦੋਂ ਤੋਂ ਸੰਸਾਰ ਬਣਿਆ ਹੈ ਤੇ ਜਦੋਂ ਤੱਕ ਸੰਸਾਰ ਰਹਿਣਾ ਹੈ ਇਹ ਪ੍ਰਵਾਹ ਚਲਦਾ ਹੀ ਰਹਿਣਾ ਹੈ ਇਸੇ ਤਰ੍ਹਾਂ ਦੇ ਨਾਲ। ਇਹ ਸੁਰਤ ਇਸ ਦੇ ਵਿਚ ਹੀ ਉਲਝੀ ਰਹਿੰਦੀ ਹੈ ਤੇ ਸੁਰਤ ਦੇ ਨਾਲ ਹੀ ਸਾਡੇ ਰਿਸ਼ਤੇ ਬਣਦੇ ਨੇ ਜਿਸਨੂੰ ਸੁਰਤ ਨਾ ਹੋਵੇ ਕਹਿੰਦੇ ਇਹ ਬੇਸੁਰਤਾ ਹੈ, ਇਸਨੂੰ ਤਾਂ ਪਤਾ ਹੀ ਨਹੀਂ ਕਿ ਮਾਂ ਕੌਣ ਹੈ? ਪਿਓ ਕੌਣ ਹੈ? ਇਸ ਦੇ ਨਾਲ ਹੀ ਸਾਡੇ ਰਿਸ਼ਤੇ, ਇਸ ਦੇ ਨਾਲ ਹੀ ਸਾਡੀ ਹਉਮੈ ਕਾਇਮ ਹੁੰਦੀ ਹੈ, ਹਉਮੈ ਹੰਗਤਾ ਤੇ ਮਮਤਾ ਨੂੰ ਕਹਿੰਦੇ ਨੇ। ਇਸ ਦੇ ਨਾਲ ਹੀ ਦੇਹ ਦਾ ਪਤਾ ਲਗਦਾ ਹੈ। ਸੋ ਇਹ ਸੁਰਤ ਜਿਹੜੀ ਹੈ ਐਨੀ ਹੇਠਲੇ ਪੱਧਰ ਦੀ ਹੈ ਕਿ ਨੀਂਦ ਆਈ ਹੋਈ ਹੈ ਇਸਨੂੰ। ਇਸ ਨੀਂਦ ਵਿਚੋਂ ਇਸਨੂੰ ਜਾਗ ਨਹੀਂ ਆਉਂਦੀ ਮਹਾਤਮਾ ਜਗਾਉਂਦੇ ਨੇ -

*ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ*
*ਨਿਤ॥ ਜੋ ਸੈਤਾਨਿ ਵੰਞਾਇਆ*
*ਸੇ ਕਿਤ ਫੇਰਹਿ ਚਿਤ ॥ ਅੰਗ - ੧੩੭੮*

ਮੱਤਾਂ ਦਿੰਦੇ ਨੇ ਮਹਾਤਮਾ ਜੋ ਪੂਰਨ ਪੁਰਖ ਨੇ। ਚਾਰੇ ਵੇਦ, ਛੇਈ ਸ਼ਾਸਤਰ, 27 ਸਿਮ੍ਰਤੀਆਂ, ਉਪਨਿਸ਼ਦਾਂ, ਕੁਰਾਨ ਸ਼ਰੀਫ, ਅੰਜੀਲ, ਬਾਈਬਲ, ਗੁਰੂ ਗ੍ਰੰਥ ਸਾਹਿਬ ਮਹਾਰਾਜ ਸਾਰੇ ਜਗਾ ਰਹੇ ਨੇ ਹਾਕਾਂ ਮਾਰ-ਮਾਰ ਕੇ ਲੇਕਿਨ ਕਹਿੰਦੇ ਇਹ ਜਾਗਦਾ ਕਿਉਂ ਨਹੀਂ? ਇਸੇ ਸ਼ਬਦ ਵਿਚ ਆਇਆ ਹੈ ਕਿ ਇਸ ਨੇ ਐਸਾ ਨਸ਼ਾ ਪੀ ਲਿਆ ਕਿ ਨਹੀਂ ਇਸਨੂੰ ਜਾਗ ਆ ਰਹੀ, ਨਸ਼ਾ ਹੀ ਨਹੀਂ ਉਤਰਦਾ ਤਿੰਨਾਂ ਗੁਣਾਂ ਦਾ ਨਸ਼ਾ ਪੀ ਲਿਆ, ਬੇਅੰਤ ਉਸ ਦੇ ਵਿਚ ਹੋਰ ਨਸ਼ੇ ਮਿਲਾ ਲਏ - ਰਾਜ, ਮਾਲ, ਰੂਪ, ਜਾਤ, ਜੋਬਨ ਪੰਜੇ ਠੱਗ, ਕਾਮ ਕ੍ਰੋਧ, ਲੋਭ, ਮੋਹ, ਅਹੰਕਾਰ ਦੇ ਜਿਹੜੇ ਜਜ਼ਬੇ ਸੀ ਉਹ ਹੋਰ ਵਧਾ ਲਏ, ਨੀਂਦ ਹੋਰ ਗਾੜ੍ਹੀ ਤੋਂ ਗਾੜ੍ਹੀ ਹੁੰਦੀ ਤੁਰੀ ਜਾਂਦੀ ਹੈ ਜਿਉਂ-ਜਿਉਂ ਸਮਾਂ ਬੀਤਦਾ ਹੈ। ਸਤਿਜੁਗ ਵਿਚ ਨੀਂਦ ਘੱਟ ਸੀ, ਤ੍ਰੇਤੇ ਦੇ ਅੰਦਰ ਕੁਝ ਨੀਂਦ ਵਧ ਗਈ, ਦੁਆਪਰ ਵਿਚ ਹੋਰ ਵਧ ਗਈ, ਕਲਜੁਗ ਵਿਚ ਤਾਂ ਬਿਲਕੁਲ ਹੀ ਸੌਂ ਗਿਆ ਜੀਵਨ ਇਸਨੂੰ ਜਾਗ ਨਹੀਂ ਆ ਰਹੀ। ਕਹਿੰਦੇ ਮਦ ਪੀ ਕੇ ਸੌਂ ਗਿਆ, ਨਸ਼ਾ ਪੀ ਕੇ ਸੁੱਤੀ ਪਈ ਹੈ ਸੁਰਤ। ਮਹਾਰਾਜ ਕਹਿੰਦੇ ਪਿਆਰਿਆ! ਤੂੰ ਇਹ ਦੇਖ ਕਿ ਪਹਿਲਾਂ ਮੰਨ ਤਾਂ ਲੈ ਕਿ ਮੈਂ ਸੁੱਤਾ ਪਿਆ ਹਾਂ। ਕਹਿੰਦਾ ਜੀ! ਮੈਂ ਤਾਂ ਜਾਗਦਾ ਹਾਂ। ਜਾਗ ਹੀ ਤੇਰੀ ਨੀਂਦ ਹੈ। ਤੂੰ ਅਗਿਆਨ ਦੀ ਗਾੜ੍ਹੀ ਨੀਂਦ ਵਿਚ ਸੁੱਤਾ ਪਿਆ ਹੈਂ ਵਾਹਿਗੁਰੂ ਤੇਰੇ ਕੋਲ ਰਹਿੰਦਾ ਹੈ, ਅੰਦਰ ਰਹਿੰਦਾ ਹੈ, ਨਾਲ ਰਹਿੰਦਾ ਹੈ -

*ਧਨ ਪਿਰ ਕਾ ਇਕ ਹੀ ਸੰਗਿ ਵਾਸਾ*
*ਵਿਚਿ ਹਉਮੈ ਭੀਤਿ ਕਰਾਰੀ ॥*
*ਗੁਰਿ ਪੂਰੈ ਹਉਮੈ ਭੀਤਿ ਤੋਰੀ*
*ਜਨ ਨਾਨਕ ਮਿਲੇ ਬਨਵਾਰੀ ॥ ਅੰਗ - ੧੨੬੩*

ਇਥੇ ਮਹਾਰਾਜ ਜੀ ਨੇ ਹਉਮੈ ਦਾ ਦ੍ਰਿਸ਼ਟਾਂਤ ਦੇ ਦਿਤਾ, ਉਸ ਸ਼ਬਦ ਦੇ ਅੰਦਰ ਨੀਂਦ ਦਾ ਦਿਤਾ ਹੋਇਆ ਹੈ। ਕਹਿੰਦੇ -

*ਹਉ ਹਉ ਭੀਤਿ ਭਇਓ ਹੈ ਬੀਚੋ*
*ਸੁਨਤ ਦੇਸਿ ਨਿਕਟਾਇਓ ॥*
*ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥*
*ਅੰਗ - ੬੨੪*

ਹੈ ਨੇੜੇ ਹੀ ਲੇਕਿਨ ਕੰਧ ਬਣ ਗਈ। ਮਹਾਰਾਜ ਕਹਿੰਦੇ ਇਸ ਸੁਰਤ ਨੂੰ ਪਹਿਲਾਂ ਵਿਸਾਰ ਤੂੰ -

*ਭੋਲਿਆ ਹਉਮੈ ਸੁਰਤਿ ਵਿਸਾਰਿ ॥*
*ਅੰਗ - ੧੧੯੮*

ਜਿਹੜੀ ਤੈਨੂੰ ਇਹ ਹੈ ਕਿ ਮੈਂ ਹਿੰਦੂ ਹਾਂ, ਮੁਸਲਮਾਨ ਹਾਂ, ਮੈਂ ਸਿੱਖ ਹਾਂ, ਇਸਾਈ ਹਾਂ, ਮੈਂ ਫਲਾਣਾ ਹਾਂ, ਮੇਰਾ ਆਹ ਧਰਮ ਹੈ, ਮੈਂ ਕਾਲਾ ਹਾਂ, ਮੈਂ ਗੋਰਾ ਹਾਂ, ਮੈਂ ਦੁਖੀ ਹਾਂ, ਮੈਂ ਸੁਖੀ ਹਾਂ, ਮੈਂ ਅਮੀਰ ਹਾਂ, ਮੈਂ ਗਰੀਬ ਹਾਂ ਕਿਉਂਕਿ ਇਸ ਸੁਰਤ ਦੇ ਵਿਚ ਹੀ ਜ਼ਿੰਦਗੀ ਲੰਘ ਜਾਂਦੀ ਹੈ। ਉਹ ਸੁਰਤ ਹੋਰ ਹੈ ਜਿਸ ਵਲ ਮਹਾਰਾਜ ਇਸ਼ਾਰਾ ਕਰਦੇ ਨੇ ਤੇ ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ ਰੋਂਦਿਆਂ-ਕੁਰਲਾਂਦਿਆਂ ਤੇ ਤਰਸ ਆ ਗਿਆ ਪ੍ਰਮੇਸ਼ਰ ਨੂੰ। ਉਸ ਨੇ ਕ੍ਰਿਪਾ ਕਰਕੇ ਸਤਿਸੰਗ ਮਿਲਾ ਦਿਤਾ। ਸਤਿਸੰਗ ਦੇ ਵਿਚ ਮਹਾਂਪੁਰਸ਼ਾਂ ਨੇ ਕ੍ਰਿਪਾ ਕਰਕੇ anti ਨੀਂਦ ਦੀ ਦਵਾਈ ਦੇ ਦਿਤੀ ਕਿ ਇਸਨੂੰ ਬੇਹੋਸ਼ੀ ਵਿਚੋਂ ਕੱਢਿਆ ਜਾਵੇ, ਮੰਤਰ ਦੇ ਦਿਤਾ। ਸ਼ਬਦ ਦੀ ਦਵਾਈ ਦੇ ਦਿਤੀ, ਜਿਉਂ-ਜਿਉਂ ਇਹ ਸ਼ਬਦ ਦੀ ਦਵਾਈ ਦਾ ਪ੍ਰਯੋਗ ਕਰਦਾ ਹੈ, ਖੁਰਾਕਾਂ ਲੈਂਦਾ ਹੈ ਤਿਉਂ-ਤਿਉਂ ਇਸਨੂੰ ਜਾਗ ਆਉਣੀ ਸ਼ੁਰੂ ਹੋ ਜਾਂਦੀ ਹੈ। ਸੋ ਜਦੋਂ ਜਾਗ ਆਉਂਦੀ ਹੈ ਤਾਂ ਹੈਰਾਨ ਹੀ ਰਹਿ ਗਏ ਕਿ ਜਿਸਨੂੰ ਮਿਲਣ ਵਾਸਤੇ ਤਰਸਦੇ ਸੀ, ਵਿਲਕਦੇ ਸੀ ਉਹ ਤਾਂ ਘਰ ਵਿਚ ਹੀ, ਇਸ ਸਰੀਰ ਵਿਚ ਹੀ ਲੱਭ ਗਿਆ -

*ਕਾਇਆ ਨਗਰੁ ਨਗਰ ਗੜ ਅੰਦਰਿ ॥*
*ਸਾਚਾ ਵਾਸਾ ਪੁਰਿ ਗਗਨੰਦਰਿ ॥*
*ਅਸਥਿਰੁ ਥਾਨੁ ਸਦਾ ਨਿਰਮਾਇਲੁ*

*ਆਪੇ ਆਪੁ ਉਪਾਇਦਾ ॥ ੧ ॥*
*ਅੰਦਰਿ ਕੋਟ ਛਜੇ ਹਟਨਾਲੇ ॥*
*ਆਪੇ ਲੇਵੈ ਵਸਤੁ ਸਮਾਲੇ ॥*
*ਬਜਰ ਕਪਾਟ ਜੜੇ ਜੜਿ ਜਾਣੈ*
*ਗੁਰ ਸਬਦੀ ਖੋਲਾਇਦਾ ॥ ੨ ॥*

*ਅੰਗ - ੧੦੩੩*

ਉਹ ਜਿਹੜੀ ਸ਼ਬਦ ਦੀ ਦਵਾਈ ਦਿਤੀ, ਉਸ ਦੇ ਨਾਲ ਇਕ ਦਰਵਾਜ਼ਾ ਖੁਲ੍ਹ ਗਿਆ, ਜਿਸ ਨੇ ਨੀਂਦ ਪਾਈ ਹੋਈ ਸੀ, ਦੂਸਰੀ ਹਵਾ ਆ ਗਈ ਸੋਹਣਾ ਵਾਤਾਵਰਣ ਆ ਗਿਆ ਉਸ ਦੇ ਵਿਚ ਜਾਗ ਆਉਣੀ ਸ਼ੁਰੂ ਹੋ ਗਈ, ਬੇਹੋਸ਼ੀ ਦੂਰ ਹੋ ਗਈ। ਕਹਿੰਦੇ ਫੇਰ ਅੰਦਰ ਜਾ ਕੇ ਦੇਖਿਆ–

*ਭੀਤਰਿ ਕੋਟ ਗੁਫਾ ਘਰ ਜਾਈ ॥*
*ਨਉ ਘਰ ਥਾਪੇ ਹੁਕਮਿ ਰਜਾਈ ॥*
*ਦਸਵੈ ਪੁਰਖੁ ਅਲੇਖੁ ਅਪਾਰੀ*
*ਆਪੇ ਅਲਖੁ ਲਖਾਇਦਾ ॥ ਅੰਗ - ੧੦੩੩*

ਉਹ ਜਿਹੜੇ ਪ੍ਰਮੇਸ਼ਰ ਨੂੰ ਕਹਿੰਦੇ ਸੀ ਕਿ ਦੂਰ ਹੈ ਉਸ ਦਾ ਇਹ ਪਤਾ ਲੱਗਿਆ ਕਿ ਦੂਰ ਨਹੀਂ ਹੈ, ਮੇਰਾ ਤਾਂ ਕਣ-ਕਣ ਉਸ ਦੇ ਵਿਚ ਰਹਿੰਦਾ ਹੈ - ਉਹ ਮੇਰੇ ਕਣ-ਕਣ ਦੇ ਵਿਚ ਸਮਾਇਆ ਹੋਇਆ ਹੈ। ਸਿਰਫ ਨੀਂਦ ਆਉਣ ਕਰਕੇ ਈਗੋ ਦੀ, ਹਉਮੈ ਦੀ, ਬੇਸੁਰਤੀ ਹੋਣ ਕਰਕੇ ਕੋਲ ਰਹਿੰਦੇ ਵਾਹਿਗੁਰੂ ਦਾ ਸਾਨੂੰ ਪਤਾ ਨਾ ਲੱਗ ਸਕਿਆ। ਜੋ ਸਾਡੇ ਨਾਲ ਰਹਿੰਦਾ ਹੈ -

*ਹਉ ਹਉ ਭੀਤਿ ਭਇਓ ਹੈ ਬੀਚੋ*
*ਸੁਨਤ ਦੇਸਿ ਨਿਕਟਾਇਓ ॥*
*ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥*

*ਅੰਗ - ੬੨੪*

ਸੋ ਮਹਾਰਾਜ ਜੀ ਕਹਿੰਦੇ -

*ਭੋਲਿਆ ਹਉਮੈ ਸੁਰਤਿ ਵਿਸਾਰਿ ॥*

*ਅੰਗ - ੧੧੯੮*

ਜੇ ਤੂੰ ਰਸਤੇ ਪੈਣਾ ਹੈ ਤਾਂ ਪਹਿਲਾਂ ਜਿਹੜੀ ਹਉਮੈ ਨਾਲ ਤੂੰ ਸੁਰਤ ਬਣਾਈ ਹੋਈ ਹੈ, ਆਪਣੇ-ਆਪ ਹੀ ਆਪਣੇ ਰਿਸ਼ਤੇ ਕਾਇਮ ਕਰੇ ਹੋਏ ਨੇ, ਆਪਣੇ-ਆਪ ਹੀ ਆਪਣੇ ਸੰਸਕਾਰ ਕਾਇਮ ਕਰੇ ਹੋਏ ਨੇ ਇਨ੍ਹਾਂ ਨੂੰ ਵਿਸਾਰ ਪਹਿਲਾਂ ਵਿਸਾਰਨ ਦਾ ਯਤਨ ਕਰ। ਆਪਣੇ ਆਪ ਨਹੀਂ ਵਿਸਾਰ ਸਕਦਾ। ਸਤਿਸੰਗ ਮਿਲ ਜਾਵੇ, ਕਿਸੇ ਪੂਰੇ ਤੱਤ-ਬੇਤੇ ਮਹਾਂਪੁਰਸ਼ ਦਾ ਮਿਲਾਪ ਹੋ ਜਾਵੇ, ਉਸ ਦੇ ਬਚਨ ਉਤੇ ਭਰੋਸਾ ਆ ਜਾਵੇ, ਉਸ ਦੇ ਬਚਨ ਦੀ ਕਮਾਈ ਕਰੇ ਫੇਰ ਜਾ ਕੇ ਨਸ਼ਾ ਉਤਰਦਾ ਹੈ, ਨਸ਼ਾ ਉਤਰਨ ਦੇ ਨਾਲ ਜਦੋਂ ਜਾਗ ਆਉਂਦੀ ਹੈ ਫੇਰ ਤਾਂ ਹੈਰਾਨ ਹੋ ਜਾਂਦਾ ਹੈ -

*ਸੋ ਅੰਤਰਿ ਸੋ ਬਾਹਰਿ ਅਨੰਤ ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ ॥*
*ਧਰਨਿ ਮਾਹਿ ਆਕਾਸ ਪਇਆਲ ॥*
*ਸਰਬ ਲੋਕ ਪੂਰਨ ਪ੍ਰਤਿਪਾਲ ॥*
*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥*
*ਜੈਸੀ ਆਗਿਆ ਤੈਸਾ ਕਰਮੁ ॥*
*ਪਉਣ ਪਾਣੀ ਬੈਸੰਤਰ ਮਾਹਿ ॥ ਅੰਗ - ੨੯੩*

ਹਵਾ ਵਿਚ ਵੀ ਮਹਿਸੂਸ ਹੁੰਦਾ ਹੈ, ਨਹਾਉਣ ਵੇਲੇ ਪਾਣੀ ਵਿਚ ਵੀ ਮਹਿਸੂਸ ਹੁੰਦਾ ਹੈ, ਸੇਕਣ ਵੇਲੇ ਅੱਗ ਵਿਚ ਵੀ ਮਹਿਸੂਸ ਹੁੰਦਾ ਹੈ -

*ਚਾਰਿ ਕੁੰਟ ਦਹ ਦਿਸੇ ਸਮਾਹਿ ॥*

*ਅੰਗ - ੨੯੩*

ਜਿੰਨਾ ਆਲਾ-ਦੁਆਲਾ ਹੈ ਜਿੱਥੇ ਤੱਕ ਮੇਰੀ ਸੁਰਤ ਜਾਂਦੀ ਹੈ ਬੱਸ ਓਹੀ-ਓਹ ਹੈ, ਦੂਜਾ ਨਹੀਂ ਹੈ ਕੋਈ -

*ਤਿਸ ਤੇ ਭਿੰਨ ਨਹੀ ਕੋ ਠਾਉ ॥*
*ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥*

*ਅੰਗ - ੨੯੩*

ਉਸ ਤੋਂ ਭਿੰਨ ਕੋਈ ਜਗ੍ਹਾ ਹੀ ਨਹੀਂ ਹੈ ਹੁਣ ਇਹ ਹੁੰਦਾ ਹੈ ਕਿ ਜਿਹੜੀ ਸੁਰਤ ਹਉਮੈ ਦੀ ਹੈ ਇਸ ਦੇ ਵਿਚ ਤਾਂ ਦੱਸਿਆ ਹੋਇਆ ਵੀ ਯਾਦ ਨਹੀਂ ਰਹਿੰਦਾ, ਭੁੱਲ ਪੈ ਜਾਂਦੀ ਹੈ। ਜਦੋਂ ਤੱਕ ਇਹ ਜਾਗਣ ਦੀ ਦਵਾਈ ਦਾ ਪ੍ਰਯੋਗ ਨਹੀਂ ਕਰਦਾ ਜੋ ਸਤਿਸੰਗ ਵਿਚੋਂ ਏਸ ਨੂੰ ਪ੍ਰਾਪਤ ਹੁੰਦੀ ਹੈ -

*ਸਤਸੰਗਤਿ ਕੈਸੀ ਜਾਣੀਐ ॥*
*ਜਿਥੈ ਏਕੋ ਨਾਮੁ ਵਖਾਣੀਐ ॥ ਅੰਗ - ੭੨*

ਜਦੋਂ ਤੱਕ ਐਸੇ ਸਤਿਪੁਰਸ਼ਾਂ ਦਾ ਮਿਲਾਪ ਨਹੀਂ ਹੁੰਦਾ, ਸਤਿਪੁਰਸ਼ਾਂ ਦੇ ਬਚਨਾਂ ਦੀ ਕਮਾਈ ਨਹੀਂ ਕਰਦਾ ਓਨੀਂ ਦੇਰ ਤਕ ਇਸਨੂੰ ਜਾਗ ਨਹੀਂ ਆਉਂਦੀ ਕਦੇ ਵੀ, ਐਵੇਂ ਜਿਵੇਂ ਸੁੱਤੇ ਦਾ ਸੁੱਤਾ ਪੈਂਦਾ ਹੁੰਦਾ ਹੈ। ਮਹਾਰਾਜ ਜੀ ਕਹਿੰਦੇ ਤੈਨੂੰ ਜੁਗਾਂ-ਜੁਗਾਂਤਰ ਬੀਤ ਗਏ ਸੁੱਤੇ ਨੂੰ-

*ਜਾਗ ਲੇਹੁ ਰੇ ਮਨਾ ਜਾਗ ਲੇਹੁ*
*ਕਹਾ ਗਾਫਲ ਸੋਇਆ ॥*
*ਜੋ ਤਨੁ ਉਪਜਿਆ ਸੰਗ ਹੀ*
*ਸੋ ਭੀ ਸੰਗਿ ਨ ਹੋਇਆ ॥ ਅੰਗ - ੭੨੬*

ਕਿਉਂਕਿ ਮਾਇਆ ਨਾਲ ਸੌਂ ਗਿਆ -

*ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ॥*

*ਅੰਗ - ੧੮੨*

ਅੱਖਾਂ ਸੌਂ ਗਈਆਂ ਪਰਾਏ ਰੂਪ ਦੇਖਦੀਆਂ -

*ਸ੍ਰਵਣ ਸੋਏ ਸੁਣਿ ਨਿੰਦ ਵੀਚਾਰ ॥*

*ਅੰਗ - ੧੮੨*

ਇਹ ਜਿਹੜੇ ਦਿਬਯ ਕੰਨ ਸੀ ਇਨ੍ਹਾਂ ਨੂੰ ਹਰ ਥਾਂ ਤੇ ਨਾਮ ਦੀ ਧੁਨ ਸੁਣਨੀ ਸੀ, ਹਰ ਥਾਂ 'ਚੋਂ ਤੇ ਨੇਤਰਾਂ ਨੂੰ ਹਰ ਥਾਂ ਤੋਂ ਪ੍ਰਮੇਸ਼ਰ ਦੇ ਦਰਸ਼ਨ ਹੋਣੇ ਸੀ, ਹਰ ਵਸਤ ਦੇ ਵਿਚ ਚਾਹੇ ਤਾਰਿਆਂ ਨੂੰ ਦੇਖਦਾ ਹੈ, ਚਾਹੇ ਦਰਖਤਾਂ ਨੂੰ ਦੇਖਦਾ ਹੈ, ਚਾਹੇ ਪਸ਼ੂਆਂ ਨੂੰ ਦੇਖਦਾ ਹੈ, ਚਾਹੇ ਪੰਛੀਆਂ ਨੂੰ ਦੇਖਦਾ ਹੈ ਹਰ ਥਾਂ ਪ੍ਰਮੇਸ਼ਰ ਦਾ ਹੀ ਝਲਕਾਰਾ ਵੱਜਣਾ ਸੀ ਪਰ ਇਹ ਨੈਣ ਸੌਂ ਗਏ, ਕੰਨ ਵੀ ਸੌਂ ਗਏ, ਰਸਨਾ ਜਿਸ ਨੇ ਪੂਰਨ ਰਸ ਲੈਣਾ ਸੀ –

***ਰਸਨਾ ਸੋਈ ਲੋਭਿ ਮੀਠੈ ਸਾਦਿ॥ ਅੰਗ - ੧੮੨***

ਸੁਆਦਾਂ ਵਿਚ ਪੈ ਕੇ ਸੌਂ ਗਈ –

***ਮਨੁ ਸੋਇਆ ਮਾਇਆ ਬਿਸਮਾਦਿ ॥***

***ਅੰਗ - ੧੮੨***

ਮਨ ਸੌਂ ਗਿਆ ਮਾਇਆ ਦੇ ਨਸ਼ੇ ਵਿਚ ਇਸ ਕਰਕੇ ਸਮਾਂ ਸੁੱਤੇ ਦਾ ਹੀ ਤੁਰਿਆ ਜਾਂਦਾ ਹੈ, ਕੋਈ ਜਾਗਦਾ ਨਹੀਂ ਹੈ। ਸੋ ਮਹਾਰਾਜ ਇਹ ਕਹਿੰਦੇ ਨੇ ਕਿ ਜਦੋਂ ਸਤਿਸੰਗ ਪ੍ਰਾਪਤ ਹੋਇਆ ਫੇਰ ਸਾਨੂੰ ਜਾਗ ਆ ਗਈ, ਇਸ ਜੀਵ ਨੂੰ ਜਾਗ ਆ ਗਈ, ਜਦੋਂ ਜਾਗ ਆਈ ਤਾਂ ਹੈਰਾਨ ਹੋ ਗਿਆ ਕਿ –

***ਜਹ ਦੇਖਾ ਤਹ ਪਿਰੁ ਹੈ ਭਾਈ ॥***
***ਖੋਲ੍ਹਿਓ ਕਪਾਟੁ ਤਾ ਮਨੁ ਠਹਰਾਈ ॥***

***ਅੰਗ - ੭੩੮***

ਜਿਸਨੂੰ ਮੈਂ ਮਿਲਣ ਲਈ ਰੋਂਦਾ ਕਲਪਦਾ ਸੀ। ਮੱਛੀ ਸਮੁੰਦਰ ਵਿਚ ਰਹਿੰਦੀ ਰੋਂਦੀ ਕਲਪਦੀ ਹੈ ਕਿ ਮੈਨੂੰ ਸਮੁੰਦਰ ਮਿਲ ਜਾਵੇ ਕਿਸੇ ਮਹਾਂਪੁਰਸ਼ ਨੂੰ ਦਇਆ ਆਏ ਉਨ੍ਹਾਂ ਨੇ ਕਿਹਾ, ਕੀ ਗੱਲ ਤੂੰ ਰੋਂਦੀ ਹੈਂ?

ਕਹਿੰਦੀ, ਮੈਂ ਸਮੁੰਦਰ ਨੂੰ ਮਿਲਣਾ ਹੈ, ਮੈਂ ਪਾਣੀ ਨੂੰ ਮਿਲਣਾ ਹੈ।

ਕਹਿੰਦੇ, ਲਿਆ ਮੈਂ ਮਿਲਾ ਦਿੰਦਾ ਹਾਂ। ਇੱਥੇ ਆ ਕੰਢੇ ਤੇ।

ਜਦੋਂ ਕੰਢੇ ਤੇ ਆਈ ਤਾਂ ਉਨ੍ਹਾਂ ਨੇ ਚੁੱਕ ਕੇ ਬਰੇਤੀ ਤੇ ਰੱਖ ਦਿਤੀ।

ਕਹਿੰਦੀ, ਮੈਂ ਤਾਂ ਮਰੀ, ਮੈਂ ਤਾਂ ਮਰੀ।

ਉਨ੍ਹਾਂ ਨੇ ਚੁੱਕ ਕੇ ਫੇਰ ਪਾਣੀ ਵਿਚ ਪਾ ਦਿਤੀ।

ਕਹਿੰਦੇ, ਇਹੀ ਪਾਣੀ ਹੈ ਜਿਸ ਦੇ ਵਿਚ ਤੂੰ ਰਹਿੰਦੀ ਹੈ। ਸੋ ਪ੍ਰਮੇਸ਼ਰ ਇਹੀ ਹੈ ਜਿਸ ਦੇ ਆਧਾਰ ਤੇ ਸਾਡੀ ਜ਼ਿੰਦਗੀ ਕਾਇਮ ਹੈ। ਜੇ ਵਾਹਿਗੁਰੂ ਨਾ ਹੋਵੇ ਪਰੀਪੂਰਨ, ਘਟ-ਘਟ ਵਿਚ ਵਿਆਪਕ..., ਸਾਡੇ ਸਰੀਰ ਨੂੰ 2 ਖਰਬ 15 ਅਰਬ ਸੈਲ ਲੱਗੇ ਹੋਏ ਨੇ। ਇਸ ਛੋਟੇ ਤੋਂ ਛੋਟੇ ਸੈਲ ਦਾ ਜੇ ਕਰੋੜ ਟੁਕੜਾ ਵੀ ਕਰ ਦੇਈਏ ਕੋਈ ਹੋਵੇ ਤਰੀਕਾ ਤਾਂ ਵੀ ਸੈਲ ਦੇ ਹਰ ਟੁਕੜੇ ਵਿਚ ਪ੍ਰਮੇਸ਼ਰ ਹੈ ਯਾਨੀ ਪ੍ਰਮੇਸ਼ਰ ਨੂੰ ਕਿਸੇ ਥਾਂ ਤੇ ਵੱਖਰਾ ਨਹੀਂ ਕੀਤਾ ਜਾ ਸਕਦਾ ਕੇਵਲ ਸੁਰਤ ਵੱਖਰਾ ਕਰਦੀ ਹੈ ਉਸਨੂੰ, ਹੁੰਦੇ ਹੋਏ ਨੂੰ ਭੁੱਲਦੀ ਹੈ। ਸੋ ਭੁੱਲ ਹੀ ਵੱਡਾ ਪਰਦਾ ਹੈ। ਜਦੋਂ ਤੱਕ ਭੁੱਲ ਦੂਰ ਨਹੀਂ ਹੁੰਦੀ ਉਦੋਂ ਤੱਕ ਮਿਲਾਪ ਨਹੀਂ ਹੁੰਦਾ। ਜਦੋਂ ਤਕ ਸੰਗਤ ਵਿਚ ਨਹੀਂ ਆਉਂਦਾ ਓਨਾਂ ਚਿਰ ਭੁੱਲ ਦੂਰ ਨਹੀਂ ਹੁੰਦੀ।

ਵਾਹਿਗੁਰੂ ਜੀ ਕਾ ਖਾਲਸਾ

ਵਾਹਿਗੁਰੂ ਜੀ ਕੀ ਫਤਹਿ।

# ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ

ਸਾਧਸੰਗਤ ਜੀ!

*ਵਾਹਿਗੁਰੂ ਜੀ ਕਾ ਖਾਲਸਾ*
*ਵਾਹਿਗੁਰੂ ਜੀ ਕੀ ਫਤਹਿ।*

ਗੁਰੂ ਮਹਾਰਾਜ ਜੀ ਨੇ ਆਪ ਤੇ ਅਪਾਰ ਕ੍ਰਿਪਾ ਕੀਤੀ ਹੈ ਕਿ ਅੰਮ੍ਰਿਤ ਵੇਲੇ ਦੀ ਜਾਗ ਬਖਸ਼ੀ ਹੈ। ਕੰਨਾਂ ਦੇ ਰਾਹੀਂ ਬਾਣੀ ਸਰਵਣ ਕੀਤੀ ਹੈ, ਰਸਨਾ ਦੇ ਨਾਲ ਗਾਇਨ ਕੀਤਾ ਹੈ। ਗੁਰੂ ਮਹਾਰਾਜ ਜੀ ਦਾ ਜੋ ਸਾਨੂੰ ਹੁਕਮ ਮਿਲਿਆ ਹੈ ਉਹ ਬਹੁਤ ਵਿਸ਼ਾਲ ਹੈ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਦਾਤਾ ਹੈ ਵਾਹਿਗੁਰੂ, ਐਨਾ ਸਾਡੇ ਨੇੜੇ ਹੈ ਕਿ ਹਰ ਸੁਆਸ ਸਾਡੀ ਪ੍ਰਤਿਪਾਲਨਾ ਕਰਦਾ ਹੈ। ਜਦੋਂ ਅਸੀਂ ਇਹ ਬਚਨ ਗੁਰੂ ਮਹਾਰਾਜ ਜੀ ਦਾ ਸ੍ਰਵਣ ਕਰਦੇ ਹਾਂ ਕਿ ਉਹ ਦਾਤਾ ਹੈ ਤੇ ਉਹ ਨਿਮਖ-ਨਿਮਖ ਸਾਡੀ ਹਰ ਵਕਤ ਪ੍ਰਤਿਪਾਲਨਾ ਕਰਦਾ ਹੈ ਤਾਂ ਸਾਡੇ ਮਨ ਵਿਚ ਇਹ ਖਿਆਲ ਆਉਂਦਾ ਹੈ ਕਿ ਐਨਾ ਨੇੜੇ, ਐਨਾ ਪਿਆਰਾ ਹੈ ਉਹ, ਐਨਾ ਸੱਜਣ-ਸੁਹੇਲਾ ਹੈ ਉਹ ਫੇਰ ਮੇਰਾ ਵੀ ਕੋਈ ਨਾ ਕੋਈ ਫਰਜ਼ ਬਣਦਾ ਹੈ। ਕੀ ਇਹ ਫਰਜ਼ ਬਣਦਾ ਹੈ ਕਿ ਉਸਨੂੰ ਸਦਾ ਹੀ ਭੁਲਾ ਕੇ ਰੱਖੀਏ ਤੇ ਜਿਹੜੀਆਂ ਚੀਜ਼ਾਂ ਦਿੰਦਾ ਹੈ ਉਹ ਉਨ੍ਹਾਂ ਨਾਲ ਪਿਆਰ ਪਾ ਕੇ ਰੱਖੀਏ ਜਾਂ ਇਹ ਫਰਜ਼ ਬਣਦਾ ਹੈ ਕਿ ਜਿਹੜਾ ਦਾਤਾਂ ਦੇਣ ਵਾਲਾ ਦਾਤਾ ਹੈ, ਦਾਤਾਂ ਦੇ ਉਤੋਂ ਦੀ ਉਸ ਦਾ ਧਿਆਨ ਰੱਖੀਏ ਕਿਉਂਕਿ ਸਾਡਾ ਸੁਭਾਅ ਭੁੱਲਣਾ ਹੈ। ਉਹ ਸਾਡੇ ਕਰੋੜਾਂ ਅਪਰਾਧਾਂ ਨੂੰ ਬਖਸ਼ਣ ਵਾਲਾ ਹੈ। ਐਸਾ ਸਬੰਧ ਜੀਵ ਦਾ ਤੇ ਵਾਹਿਗੁਰੂ ਜੀ ਦਾ ਹੈ ਜੋ ਵਿਚਾਰਨਯੋਗ ਹੈ, ਜੀਵ ਸਦਾ ਹੀ ਭੁੱਲਿਆ ਰਹਿੰਦਾ ਹੈ -

*ਹਮਰੋ ਸਹਾਉ ਸਦਾ ਸਦ ਭੂਲਨ*
*ਤੁਮ੍ਰੋ ਬਿਰਦੁ ਪਤਿਤ ਉਧਰਨ ॥ ਅੰਗ - ੮੨੮*

ਸਦਾ ਹੀ ਹਰ ਵਕਤ ਭੁੱਲ ਕੇ ਰਹਿਣਾ ਉਸ ਤੋਂ ਤੇ ਉਸਦਾ ਸੁਭਾਅ ਹੈ ਕਿ ਸਾਨੂੰ ਯਾਦ ਰੱਖਣਾ ਤੇ ਸੁਆਸ-ਸੁਆਸ ਵਿਚ ਪ੍ਰਤਿਪਾਲਨਾ ਕਰਨੀ। ਸਾਹ ਬਾਹਰ ਨੂੰ ਆਉਂਦਾ ਹੈ, ਅੰਦਰ ਨੂੰ ਨਹੀਂ ਜਾ ਸਕਦਾ ਜਿਸ ਵਕਤ ਸਰੀਰ ਛੁੱਟ ਜਾਂਦਾ ਹੈ, ਪ੍ਰਤਿਪਾਲਨਾ ਛੱਡ ਦਿੰਦਾ ਹੈ ਫੇਰ ਡਾਕਟਰ ਚਾਹੇ ਪੰਪ ਮਾਰੀ ਜਾਣ, ਸੁਆਸ ਵੀ ਅੰਦਰ ਨਹੀਂ ਜਾਂਦਾ। ਕੈਸਾ ਬੰਦੋਬਸਤ ਹੈ ਕਿ ਸਾਸ ਵੀ ਅੱਖਾਂ ਤੋਂ ਓਹਲੇ ਨਹੀਂ ਹੋਣ ਦਿੰਦਾ, ਸਾਰੀ ਸ੍ਰਿਸ਼ਟੀ ਦਾ ਜਿੰਨੀ ਵੀ ਓਸ ਦੀ ਸ੍ਰਿਸ਼ਟੀ ਹੈ। ਸੋ ਐਸਾ ਜੋ ਵਾਹਿਗੁਰੂ ਹੈ ਜਦੋਂ ਅਸੀਂ ਡੂੰਘਾ ਚਲੇ ਜਾਂਦੇ ਹਾਂ ਉਸ ਦੇ ਵਲ ਨੂੰ, ਜਿਉਂ-ਜਿਉਂ ਗਹਿਰਾ ਜਾਂਦੇ ਹਾਂ ਤਿਉਂ-ਤਿਉਂ ਪਤਾ ਲਗਦਾ ਹੈ ਕਿ ਉਹ ਤਾਂ ਐਨਾ ਬੇਅੰਤ ਹੈ ਕਿ ਕੋਈ ਅੰਤ ਹੀ ਨਹੀਂ ਹੈ ਨਾ ਅਸੀਂ ਉਸ ਦੇ ਰਸਤੇ ਨੂੰ ਸੀਮਤ ਕਰ ਸਕਦੇ ਹਾਂ ਕਿ ਵਾਹਿਗੁਰੂ ਐਡਾ ਕੁ ਹੈ ਤੇ ਇਹ ਜਿਹਵਾ (ਜੀਭ) ਕੁਝ ਕਹਿ ਨਹੀਂ ਸਕਦੀ ਉਸਦੇ ਬਾਰੇ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਨੂੰ ਪੁਛਿਆ ਕਿ ਜਦੋਂ ਤੁਸੀਂ ਗੁਰਸਿੱਖਾਂ ਦੇ ਪਿਆਰ ਨੂੰ ਜਾਣੋਂ ਤਾਂ ਕੀ ਨਿਸ਼ਾਨੀ ਹੈ ਪਾਤਸ਼ਾਹ?

ਕਹਿਣ ਲੱਗੇ, ਗੁਰੂ ਦਇਆਲ ਹੋ ਜਾਂਦਾ ਹੈ, ਗੁਰੂ ਕੋਲ ਸਾਰੀਆਂ ਹੀ ਚੀਜ਼ਾਂ ਨੇ। ਕੋਈ ਐਸੀ ਚੀਜ਼ ਨਹੀਂ ਜੋ ਗੁਰੂ ਕੋਲ ਨਾ ਮਿਲੇ।

*ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ ॥*
*ਅੰਗ - ੯੧੭*

ਕੋਈ ਚੀਜ਼ ਐਸੀ ਨਹੀਂ ਹੈ ਜੋ ਗੁਰੂ ਕੋਲ ਨਹੀਂ ਹੈ। ਕਹਿੰਦੇ, ਉਹ ਜੋ ਮੰਗਦਾ ਹੈ ਉਹ ਚੀਜ਼ ਅਸੀਂ ਉਸਨੂੰ ਦੇ ਦਿੰਦੇ ਹਾਂ।

*ਜੋ ਮਾਗਹਿ ਠਾਕੁਰ ਅਪੁਨੇ ਤੇ*
*ਸੋਈ ਸੋਈ ਦੇਵੈ ॥ ਅੰਗ - ੬੮੧*

ਦੋ ਤਰ੍ਹਾਂ ਦੇ ਭਰੋਸੇ ਹੋਇਆ ਕਰਦੇ ਨੇ। ਇਕ ਤਾਂ ਉਹ ਨੇ ਜਿਨ੍ਹਾਂ ਨੂੰ ਦਾਤ ਮਿਲ ਜਾਂਦੀ ਹੈ ਉਸ ਤੋਂ ਬਾਅਦ ਦਾਤੇ ਨਾਲ ਪਿਆਰ ਪਾਉਂਦੇ ਨੇ, ਦੇਣ ਵਾਲੇ ਨਾਲ ਹਰ ਵਕਤ ਪਿਆਰ ਰੱਖਦੇ ਨੇ। ਉਸਨੂੰ ਭੁੱਲਦੇ ਨਹੀਂ ਹਨ।

ਦੂਸਰੇ ਜੋ ਹੁੰਦੇ ਨੇ ਕਿ ਦਾਤ ਤਾਂ ਮਿਲ ਜਾਂਦੀ ਹੈ ਬੱਸ ਦਿਤੀ ਹੋਈ ਚੀਜ਼ ਨਾਲ ਪਿਆਰ ਪਾ ਲਿਆ ਤੇ ਜਿਸ ਨੇ ਦਿਤੀ ਹੈ ਉਸ ਨੂੰ ਬਿਲਕੁਲ ਭੁੱਲ ਗਏ। ਐਨਾ ਕਹਿ ਕੇ ਗੁਰੂ ਮਹਾਰਾਜ ਚੁੱਪ ਕਰ ਗਏ।

ਫੇਰ ਕੁਝ ਸਿੰਘਾਂ ਨੇ ਪੁਛਿਆ ਕਿ ਸੱਚੇ ਪਾਤਸ਼ਾਹ! ਇਹ ਤਾਂ ਅਸੀਂ ਸਰਵਣ ਕਰ ਲਿਆ ਕਿ ਜੇ ਤੁਸੀਂ ਦਇਆਲ ਹੋਵੋਂ ਤਾਂ ਜੋ ਮੰਗਦਾ ਹੈ ਦੇ ਦਿੰਦੇ ਹੋ। ਅੱਗੇ ਆਪ ਨੇ ਗੁਰਸਿੱਖਾਂ ਦੀ ਗੱਲ ਕਰ ਦਿਤੀ ਕਿ ਇਕ ਵਰਗ ਉਹ ਹੈ ਜਿਹੜਾ ਦਿਤੀ ਹੋਈ ਦਾਤ ਨਾਲ ਪਿਆਰ ਪਾਉਂਦਾ ਹੈ ਤੇ ਦਾਤੇ ਨੂੰ ਭੁੱਲ ਜਾਂਦਾ ਹੈ। ਇਹ ਉਹ ਹਨ ਜਿਹੜੇ ਦਾਤ ਨਾਲ ਪਿਆਰ ਨਹੀਂ ਪਾਉਂਦੇ, ਦੇਣ ਵਾਲੇ ਨਾਲ ਪਿਆਰ ਪਾਉਂਦੇ ਹਨ। ਐਸੇ ਦੋ ਵਰਗ ਨੇ। ਸੱਚੇ ਪਾਤਸ਼ਾਹ! ਫੇਰ ਆਪ ਅੱਗੇ ਕੀ ਕਰਦੇ ਹੋ?

ਕਹਿਣ ਲੱਗੇ, ਗੁਰਸਿੱਖੋ! ਜੇ ਤਾਂ ਬਿਲਕੁਲ ਭੁੱਲ ਜਾਵੇ ਤਾਂ ਅਸੀਂ ਛੱਡ ਦਿੰਦੇ ਹਾਂ ਉਸ ਸਿੱਖ ਨੂੰ, ਉਹ ਫੇਰ ਮਨਮੁਖ ਹੋ ਕੇ, ਬੇਮੁਖ ਹੋ ਕੇ ਗੋਤੇ ਖਾਂਦਾ ਰਹਿੰਦਾ ਹੈ ਕਿਉਂਕਿ ਸਾਡੇ ਨਾਲੋਂ ਉਸ ਨੇ ਸਬੰਧ ਤੋੜ ਲਿਆ ਤੇ ਦਾਤ ਨਾਲ ਪਾ ਲਿਆ। ਪਹਿਲਾਂ ਬੱਚਾ ਨਹੀਂ ਹੁੰਦਾ ਗੁਰੂ ਕੋਲ ਜਾਂਦਾ ਹੈ, ਬਹੁਤ ਮਿੰਨਤਾਂ ਕਰਦਾ ਹੈ,

ਹਰ ਵਾਰੀ ਪਹੁੰਚਦਾ ਹੈ ਤੇ ਜਾ ਜਾ ਕੇ ਅਰਦਾਸਾਂ ਕਰਦਾ ਹੈ। ਔਖੇ ਤੋਂ ਔਖੇ ਥਾਂ ਸਤਿਸੰਗ ਕਰਦਾ ਹੈ, ਦਾਨ ਕਰਦਾ ਹੈ, ਬੇਅੰਤ ਕਿਸਮ ਦੇ ਵਾਅਦੇ ਕਰਦਾ ਹੈ ਕਿ ਮੈਨੂੰ ਇਕ ਵਾਰੀ ਮੂੰਹ ਦਿਖਾ ਦੇ ਬੱਚੇ ਦਾ, ਮੈਂ ਤੇਰਾ ਹੋ ਜਾਵਾਂਗਾ। ਜਿਸ ਵਕਤ ਬੱਚਾ ਮਿਲ ਜਾਂਦਾ ਹੈ ਉਸ ਤੋਂ ਬਾਅਦ ਬੱਚੇ ਦਾ ਧਿਆਨ ਉਸ ਦੇ ਹਰ ਵਕਤ ਹਿਰਦੇ ਵਿਚ ਸਮਾਅ ਜਾਂਦਾ ਹੈ, ਦੇਣ ਵਾਲੇ ਨਾਲ ਕੋਈ ਤੁਅੱਲਕ ਨਹੀਂ ਰਹਿੰਦਾ। ਇਹ ਤਾਂ ਜਿਹੜੇ ਦਾਤ ਲੈ ਕੇ ਮੁਕਰਨ ਵਾਲੇ ਨੇ ਉਨ੍ਹਾਂ ਨਾਲ ਸਬੰਧ ਟੁੱਟ ਜਾਂਦਾ ਹੈ ਕਿਉਂਕਿ ਉਨ੍ਹਾਂ ਨੇ ਆਪ ਸਬੰਧ ਤੋੜ ਲਿਆ।

ਦੂਸਰੇ ਐਸੇ ਹੁੰਦੇ ਨੇ ਜਿਹੜੇ ਦਾਤ ਵਿਚ ਤਾਂ ਫਸ ਜਾਂਦੇ ਨੇ, ਜਾਇਦਾਦ ਦੇ ਦਿਤੀ, ਲੱਖਾਂ-ਕਰੋੜਾਂ ਰੁਪਏ ਦੇ ਦਿਤੇ, ਕਾਰੋਬਾਰ ਫੈਲਾਅ ਦਿਤਾ, ਫੈਕਟਰੀਆਂ ਲੱਗ ਗਈਆਂ, ਜ਼ਮੀਨਾਂ-ਜਾਇਦਾਦਾਂ, ਹੋਰ ਵਪਾਰ ਉਹ ਫੈਲ ਗਏ, ਉਸ ਦਾ ਧਿਆਨ ਹਰ ਵਕਤ ਉਨ੍ਹਾਂ ਵਿਚ ਰਹਿੰਦਾ ਹੈ ਕਿਉਂਕਿ ਉਹ ਕੰਮ ਚਲਦਾ ਨਹੀਂ ਜੇ ਉਹ ਧਿਆਨ ਨਹੀਂ ਦਿੰਦਾ ਪਰ ਇਹ ਗੱਲ ਭੁੱਲ ਜਾਂਦਾ ਹੈ ਕਿ ਕੰਮ ਵੀ ਮੈਂ ਹੀ ਚਲਾਉਂਦਾ ਹਾਂ, ਉਸ ਦਾ ਨਹੀਂ ਬਲ ਹੈ -

***ਇਸ ਕਾ ਬਲੁ ਨਾਹੀ ਇਸੁ ਹਾਥ ॥***
***ਕਰਨ ਕਰਾਵਨ ਸਰਬ ਕੋ ਨਾਥ ॥***

***ਅੰਗ - ੨੭੭***

ਕਹਿੰਦੇ, ਕਦੇ-ਕਦੇ ਉਸ ਨੂੰ ਧਿਆਨ ਆਉਂਦਾ ਹੈ ਉਹ ਇਸ ਤਰ੍ਹਾਂ ਆਉਂਦਾ ਹੈ ਜਿਵੇਂ ਦਲ ਦਲ ਦੇ ਵਿਚ ਲੰਗੜਾ ਗਧਾ ਫਸ ਜਾਵੇ। ਉਹ ਲੰਗੜਾ ਗਧਾ ਜਿਸ ਵਕਤ ਦੋ ਲੱਤਾਂ ਨਾਲ ਜ਼ੋਰ ਲਾਉਂਦਾ ਹੈ ਤਾਂ ਤੀਸਰੀ ਲੱਤ ਵਜ਼ਨ ਚੁੱਕਦੀ ਨਹੀਂ ਤੇ ਉਹ ਹੋਰ ਥੱਲੇ ਨੂੰ ਚਲਿਆ ਜਾਂਦਾ ਹੈ ਇਸ ਕਰਕੇ ਇਹ ਲੰਗੜਾ ਗਧਾ ਕਿਸੇ ਦੀ ਮਦਦ ਤੋਂ ਬਗੈਰ ਨਿਕਲ ਨਹੀਂ ਸਕਿਆ ਕਰਦਾ। ਐਸੀ ਗੁਰਸਿੱਖ ਦੀ ਹਾਲਤ ਦੇਖ ਕੇ ਫੇਰ ਅਸੀਂ ਹੱਥਕੜੀ ਭੇਜਦੇ ਹਾਂ ਉਸਨੂੰ ਵਾਪਸ ਬੁਲਾਉਣ ਵਾਸਤੇ। ਉਹ ਇਹ ਹੈ ਕਿ ਅਸੀਂ ਫੇਰ ਦੁੱਖ ਭੇਜਦੇ ਹਾਂ ਉਸ ਦੇ ਉਤੇ। ਜਦੋਂ ਦੁੱਖ ਹੋਇਆ, ਸਿਹਤ ਖਰਾਬ ਹੋ ਗਈ, ਕਿਸੇ ਚੀਜ਼ ਦਾ ਵਿਜੋਗ ਹੋ ਗਿਆ, ਕੋਈ ਪਰੇਸ਼ਾਨੀ ਆ ਗਈ, ਕੋਈ ਵਿਘਨ ਪੈ ਗਿਆ। ਉਸ ਵੇਲੇ ਉਸ ਨੂੰ ਧਿਆਨ ਆਉਂਦਾ ਹੈ ਤੇ ਉਸ ਵੇਲੇ ਜਿਹੜਾ ਉਹ ਦੁੱਖ ਹੈ ਉਹ ਅਸੀਂ ਦਾਰੂ ਬਣਾ ਦਿੰਦੇ ਹਾਂ। ਉਹ ਹੱਥਕੜੀ ਹੁੰਦੀ ਹੈ ਪ੍ਰਭੂ ਦੀ ਕਿ ਦੁੱਖ ਦੇ ਵਿਚ ਪਾ ਕੇ ਆਪਣੇ ਵਲ ਨੂੰ ਖਿੱਚਦੇ ਹਾਂ।

***ਕੇਤਿਆ ਦੂਖ ਭੂਖ ਸਦ ਮਾਰ ॥***
***ਏਹਿ ਭਿ ਦਾਤਿ ਤੇਰੀ ਦਾਤਾਰ ॥ ਅੰਗ - ੫***

ਦੁਬਾਰਾ ਅਸੀਂ ਲੈ ਲੈਂਦੇ ਹਾਂ ਓਸ ਨੂੰ। ਫੇਰ ਮਹਾਰਾਜ ਚੁੱਪ ਕਰ ਗਏ ਤੇ ਉਸ ਤੋਂ ਬਾਅਦ ਗੁਰਸਿੱਖਾਂ ਨੇ ਪੁਛਿਆ, ਸੱਚੇ ਪਾਤਸ਼ਾਹ! ਜੇ ਗੁਰਸਿੱਖ ਦਾਤ ਪ੍ਰਾਪਤ ਕਰਕੇ ਦਾਤੇ ਨਾਲ ਹੀ ਲੱਗਿਆ ਰਹੇ ਤੇ ਦਾਤ ਵਲ ਧਿਆਨ ਵੀ ਨਾ ਦੇਵੇ।

ਕਹਿੰਦੇ, ਪਿਆਰਿਓ! ਉਸਨੂੰ ਅਸੀਂ ਫੇਰ ਉਸ ਤੋਂ ਵੀ ਕੀਮਤੀ ਚੀਜ਼ਾਂ ਦਿੰਦੇ ਹਾਂ, ਅਣ-ਮੰਗਿਆ ਦਿੰਦੇ ਹਾਂ ਉਸਨੂੰ ਚਿੱਤ-ਚੇਤੇ ਵੀ ਨਹੀਂ ਹੁੰਦਾ ਕਿ ਮੈਨੂੰ ਆਹ ਚੀਜ਼ ਚਾਹੀਦੀ ਹੈ। ਫੇਰ ਅਸੀਂ ਦਾਤਾਂ ਨਾਲ ਭੰਡਾਰੇ ਭਰ ਦਿੰਦੇ ਹਾਂ, ਘਰ ਭਰ ਜਾਂਦੇ ਨੇ, ਲਹਿਰੇ-ਬਹਿਰੇ ਹੋ ਜਾਂਦੇ ਨੇ, ਸਾਰੇ ਪਾਸੇ ਸੁਖ ਹੀ ਸੁਖ ਹੋ ਜਾਂਦਾ ਹੈ, ਬੱਚੇ ਪੜ੍ਹ ਜਾਂਦੇ ਨੇ, ਨੌਕਰੀਆਂ ਮਿਲ ਜਾਂਦੀਆਂ ਨੇ, ਸਿਹਤਾਂ ਹੋ ਜਾਂਦੀਆਂ ਨੇ, ਚੰਗੇ ਰਿਸ਼ਤੇਦਾਰ ਮਿਲ ਜਾਂਦੇ ਨੇ, ਪੈਸਾ ਹੋ ਜਾਂਦਾ ਹੈ ਤੇ ਜੇ ਫੇਰ ਵੀ ਲੱਗਿਆ ਰਹੇ ਫੇਰ ਅਸੀਂ ਆਪਣੀ ਚੀਜ਼ ਜਿਹੜੀ ਸਾਡੇ ਕੋਲ ਹੈ-

***ਸਤਿਗੁਰ ਸੇਵੈ ਲਗਿਆ***
***ਕਢਿ ਰਤਨੁ ਦੇਵੈ ਪਰਗਾਸਿ॥ ਅੰਗ - ੪੦***

ਫੇਰ ਅਸੀਂ ਉਸ ਦੇ ਹਿਰਦੇ ਵਿਚ ਨਾਮ ਦਾ ਪ੍ਰਕਾਸ਼ ਕਰਦੇ ਹਾਂ, ਨਾਮ ਦੀ ਦਾਤ ਦੇ ਕੇ ਆਪਣੇ ਨਾਲ ਮਿਲਾ ਲੈਂਦੇ ਹਾਂ, ਆਪਣੀ ਸੇਵਾ ਵਿਚ ਲਾ ਲੈਂਦੇ ਹਾਂ। ਸੋ ਐਸਾ ਜੋ ਗੁਰਸਿੱਖ ਹੈ ਉਹ ਤਰੱਕੀ ਕਰਦਾ-ਕਰਦਾ ਗੁਰੂ ਦਾ ਰੂਪ ਹੀ ਬਣ ਜਾਂਦਾ ਹੈ।

ਸੋ ਇਸ ਸ਼ਬਦ ਦੇ ਅਖੀਰ ਵਿਚ ਮਹਾਰਾਜ ਜੀ ਨੇ ਸਾਨੂੰ ਅਰਦਾਸ ਕਰਨ ਦੀ ਜਾਂਚ ਦੱਸੀ ਹੈ ਕਿ ਹੇ ਪ੍ਰਭੂ! ਆਪ ਕ੍ਰਿਪਾ ਕਰੋ ਸਾਨੂੰ ਨਾਨਕ ਦੇ ਘਰ ਦੇ ਗੋਲੇ ਰੱਖ ਲਓ, ਆਪਣੇ ਘਰ ਦੇ ਗੁਲਾਮ ਬਣਾ ਲਓ। ਅਸੀਂ ਵੀ ਪੜ੍ਹ ਲੈਂਦੇ ਹਾਂ ਕਿ ਸਾਨੂੰ ਗੁਲਾਮ ਬਣਾ ਲਓ ਲੇਕਿਨ ਇਹ ਪਤਾ ਨਹੀਂ ਹੈ ਕਿ ਗੁਲਾਮ ਜਿਹੜਾ ਹੁੰਦਾ ਹੈ ਉਸ ਦਾ ਕੋਈ ਵੀ ਹੱਕ ਨਹੀਂ ਹੋਇਆ ਕਰਦਾ ਕਿਸੇ ਵੀ ਚੀਜ਼ ਤੇ। ਇਕ ਤਾਂ ਉਹ ਹੁੰਦਾ ਹੈ ਜਿਸ ਨੇ ਆਪਣਾ-ਆਪਾ ਗੁਰੂ ਨੂੰ ਸੰਭਾਲ ਦਿਤਾ। ਉਸ ਦਾ ਕਿਸੇ ਚੀਜ਼ ਦੇ ਉਤੇ ਹੱਕ ਨਹੀਂ ਹੋਇਆ ਕਰਦਾ, ਕੋਈ ਚੀਜ਼ ਆਪਣੀ ਨਹੀਂ ਹੋਇਆ ਕਰਦੀ।

***ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥***
***ਈਘੈ ਨਿਰਗੁਨ ਊਘੈ ਸਰਗੁਨ***
***ਕੇਲ ਕਰਤ ਬਿਚਿ ਸੁਆਮੀ ਮੇਰਾ ॥***

***ਅੰਗ - ੮੨੭***

ਜੋ ਕੁਝ ਵੀ ਤੈਨੂੰ ਨਜ਼ਰ ਆਉਂਦਾ ਹੈ, ਆਹ ਮੇਰੇ ਆਲੇ ਦੁਆਲੇ ਤੂੰ ਦਿਤਾ ਹੋਇਆ ਹੈ ਇਸ ਦੇ ਵਿਚ ਮੇਰਾ ਕੁਝ ਵੀ ਨਹੀਂ ਹੈ -

***ਕਬੀਰ ਮੇਰਾ ਮੁਝ ਮਹਿ ਕਿਛੁ ਨਹੀ***
***ਜੋ ਕਿਛੁ ਹੈ ਸੋ ਤੇਰਾ ॥***
***ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥***

***ਅੰਗ - ੧੩੭੫***

ਜੋ ਗੁਲਾਮ ਹੋਇਆ ਕਰਦਾ ਹੈ ਉਸ ਦੀ ਕੋਈ ਮਰਜ਼ੀ ਨਹੀਂ ਹੋਇਆ ਕਰਦੀ ਕਿਸੇ ਗੱਲ ਦੇ ਉਤੇ ਵੀ। ਗੱਲ ਤਾਂ ਅਸੀਂ ਮੰਨ ਲੈਂਦੇ ਹਾਂ -

*ਤੁਮਰੀ ਸਰਣਿ ਤੁਮਾਰੀ ਆਸਾ*
*ਤੁਮ ਹੀ ਸਜਨ ਸੁਹੇਲੇ॥*
*ਰਾਖਹੁ ਰਾਖਨਹਾਰ ਦਇਆਲਾ*
*ਨਾਨਕ ਘਰ ਕੇ ਗੋਲੇ॥ ਅੰਗ - ੬੭੪*

ਬਗੈਰ ਸਮਝੇ ਤੋਂ ਹੀ ਅਸੀਂ ਗੱਲ ਕਹਿ ਦਿੰਦੇ ਹਾਂ ਕਿਉਂਕਿ ਅਸੀਂ ਆਪਣਾ ਆਪ ਛੱਡਣ ਨੂੰ ਤਿਆਰ ਨਹੀਂ ਹਾਂ। ਜੋ 'ਮੈਂ' ਤੇ 'ਮੇਰੀ' ਹੈ ਸਾਡੇ ਕੋਲ, ਜਿੰਨੀਆਂ ਚੀਜ਼ਾਂ ਨੇ ਸਾਡੇ ਕੋਲ ਉਹ ਜਾਂ 'ਮੈਂ' ਵਿਚ ਆਉਂਦੀਆਂ ਨੇ ਜਾਂ 'ਮੇਰੀ' ਵਿਚ। ਅਸੀਂ ਉਨ੍ਹਾਂ ਵਿਚੋਂ ਕੁਝ ਵੀ ਛੱਡਣ ਨੂੰ ਤਿਆਰ ਨਹੀਂ ਹਾਂ। ਸਰੀਰ ਵੀ ਆਪਣਾ ਰੱਖਣਾ ਚਾਹੁੰਦੇ ਹਾਂ, ਬਾਲ-ਬੱਚੇ ਵੀ ਰੱਖਣਾ ਚਾਹੁੰਦੇ ਹਾਂ, ਪੈਸਾ ਟਕਾ ਵੀ ਆਪਣਾ ਰੱਖਣਾ ਚਾਹੁੰਦੇ ਹਾਂ, ਇਹ ਨਹੀਂ ਛੱਡਣ ਨੂੰ ਤਿਆਰ, ਇਨ੍ਹਾਂ ਵਿਚ ਜ਼ਰਾ ਕੁ ਗੜਬੜ ਹੋ ਜਾਵੇ ਤਾਂ ਉਸੇ ਵੇਲੇ ਘਬਰਾਹਟ ਹੋ ਜਾਂਦੀ ਹੈ ਕਿਉਂਕਿ ਆਪਣਾ ਮੰਨਦੇ ਹਾਂ। ਸੋ ਇਹ ਜੋ ਗੁਲਾਮ ਹੈ ਇਸ ਦਾ ਕੁਝ ਵੀ ਨਹੀਂ ਹੋਇਆ ਕਰਦਾ।

ਇਕ ਵਾਰੀ ਇਕ ਰਾਜੇ ਨੇ ਗੁਲਾਮ ਖਰੀਦ ਲਿਆ। ਚੰਗਾ ਪ੍ਰੇਮੀ ਸੀ ਉਹ ਸੋਝੀ ਵਾਲਾ। ਜਿਸ ਵਕਤ ਉਹ ਗੁਲਾਮ ਉਸ ਦੇ ਸਾਮ੍ਹਣੇ ਆਉਂਦਾ ਹੈ ਜੋ ਕਿਸੇ ਵੱਡੇ ਖਾਨਦਾਨ ਦਾ ਸੀ, ਸੋਝੀ ਵਾਲਾ ਪੁਰਸ਼। ਉਹ ਗੁਲਾਮ ਰਾਜੇ ਨੂੰ ਚੰਗਾ ਲੱਗਿਆ, ਉਸ ਦੀ ਬੋਲਚਾਲ ਵੀ ਉਸਨੂੰ ਚੰਗੀ ਲੱਗੀ, ਤੁਰਦਾ-ਫਿਰਦਾ, ਉਸ ਦੇ ਨੇਤਰਾਂ ਵਿਚ ਪਿਆਰ ਸੀ ਨਫਰਤ ਨਹੀਂ ਸੀ, ਹੁਕਮ ਮੰਨਦਾ ਸੀ।

ਉਸ ਵੇਲੇ ਰਾਜੇ ਨੇ ਉਸਨੂੰ ਬੁਲਾ ਕੇ ਕਿਹਾ, ਹੇ ਗੁਲਾਮ! ਮੈਨੂੰ ਦੱਸ ਤੇਰਾ ਨਾਮ ਕੀ ਹੈ? ਦੂਜੀ ਗੱਲ ਇਹ ਦੱਸ ਕਿ ਤੂੰ ਕੱਪੜੇ ਕਿਹੋ ਜਿਹੇ ਪਹਿਨਣੇ ਚਾਹੁੰਦਾ ਹੈਂ? ਤੀਸਰੀ ਗੱਲ ਇਹ ਦੱਸ ਕਿ ਤੂੰ ਖਾਣਾ ਕਿਹੋ ਜਿਹਾ ਖਾਣਾ ਚਾਹੁੰਦਾ ਹੈਂ? ਚੌਥੀ ਗੱਲ ਇਹ ਦੱਸ ਕਿ ਤੂੰ ਕਦੋਂ ਸੌਣਾ ਚਾਹੁੰਦਾ ਹੈਂ ਕਦੋਂ ਜਾਗਣਾ ਚਾਹੁੰਦਾ ਹੈਂ? ਜਿਵੇਂ ਤੂੰ ਕਹੇਂਗਾ ਮੈਂ ਓਵੇਂ ਜਿਵੇਂ ਹੁਕਮ ਦੇ ਦੇਵਾਂਗਾ, ਤੈਨੂੰ ਉਸੇ ਤਰ੍ਹਾਂ ਦੀਆਂ ਚੀਜ਼ਾਂ ਪ੍ਰਾਪਤ ਹੋ ਜਾਣਗੀਆਂ ਕਿਉਂਕਿ ਤੂੰ ਮੇਰੇ ਮਨ ਨੂੰ ਬੜਾ ਭਾਇਆਂ ਹੈਂ।

ਕਹਿਣ ਲੱਗਿਆ, ਹਜ਼ੂਰ! ਜਦੋਂ ਮੈਂ ਅਜ਼ਾਦ ਸੀ ਮੇਰਾ ਨਾਮ ਵੀ ਸੀ, ਉਪਾਧੀਆਂ ਵੀ ਸਨ ਉਸ ਦੇ ਨਾਲ, ਬੜਾ ਕੁਝ ਲਗਦਾ ਸੀ ਤੇ ਕੱਪੜੇ ਆਪਣੀ ਮਰਜ਼ੀ ਦੇ ਪਾਉਂਦਾ ਸੀ ਇਕ ਦਿਨ ਦੇ ਵਿਚ ਕਈ ਕੱਪੜੇ ਬਦਲ ਦਿੰਦਾ ਸੀ। ਖਾਣ ਵਾਸਤੇ ਮੇਜ਼ ਭਰ ਜਾਂਦਾ ਸੀ ਉਸ ਵਿਚੋਂ ਚੁਣ ਕੇ ਖਾਂਦਾ ਸੀ। ਸੌਣ ਵੇਲੇ ਐਸਾ ਬੰਦੋਬਸਤ ਸੀ ਕਿ ਜਦੋਂ ਪੈ ਗਿਆ ਉਸ ਵੇਲੇ ਮੈਨੂੰ ਜਗਾਉਣ ਵਾਲਾ ਕੋਈ ਨਹੀਂ ਸੀ, ਆਵਾਜ਼ ਨਹੀਂ ਸੀ ਕੋਈ ਮਾਰਦਾ, ਮਰਜ਼ੀ ਨਾਲ ਪੈਂਦਾ ਸੀ ਮਰਜ਼ੀ ਨਾਲ ਉਠਦਾ ਸੀ ਤੇ ਹੁਣ ਮੈਂ ਗੁਲਾਮ ਹੋ ਗਿਆ ਹਾਂ। ਮੇਰੇ ਜਿਹੜੇ ਨਿੱਜੀ ਅਧਿਕਾਰ ਸੀ ਉਹ ਸਭ ਖਤਮ ਹੋ ਗਏ। ਤੁਹਾਡੇ ਮੈਂ ਵਸ ਪੈ ਗਿਆ। ਦੁਨੀਆਂ ਦਾ ਕੋਈ ਕਾਨੂੰਨ ਮੇਰੀ ਮਦਦ ਨਹੀਂ ਕਰ ਸਕਦਾ ਤੇ ਤੁਸੀਂ ਮੈਨੂੰ ਮੁੱਲ ਖਰੀਦ ਲਿਆ ਤੇ ਮੁੱਲ ਖਰੀਦੇ ਹੋਏ ਨੂੰ ਵੱਢ ਕੇ ਖਾ ਲਓ, ਬੱਕਰਾ ਖਰੀਦ ਲਿਆ ਉਸ ਨੂੰ ਵੱਢ ਕੇ ਖਾ ਲਓ ਜਾਂ ਮੁਰਗਾ ਵੱਢ ਕੇ ਖਾ ਲਓ, ਉਸ ਦਾ ਕੋਈ ਅਧਿਕਾਰ ਨਹੀਂ, ਕੋਈ ਸਰਕਾਰ ਨਹੀਂ ਜਿਹੜੀ ਉਸ ਦੀ ਮਦਦ ਕਰੇਗੀ।

ਸੋ ਕਾਨੂੰਨ ਹੀ ਨਹੀਂ ਹੈ ਮੇਰੀ ਮਦਦ ਕਰਨ ਵਾਲਾ ਇਸ ਕਰਕੇ ਮਹਾਰਾਜ! ਜਿਹੜਾ ਨਾਉਂ ਤੁਹਾਨੂੰ ਚੰਗਾ ਲਗਦਾ ਹੈ - ਚਾਹੇ ਕੁੱਤਾ ਕਹਿ ਲਓ, ਬਿੱਲਾ ਕਹਿ ਲਓ, ਗੋਰਾ ਚਾਹੇ ਕਾਲਾ ਕਹਿ ਲਓ ਚਾਹੇ ਕੁਛ ਕਹਿ ਲਓ ਤੇ ਓਹੀ ਮੈਨੂੰ ਦੱਸ ਦਿਓ ਮੈਂ ਉਸੇ ਤੇ ਬੋਲ ਪਿਆ ਕਰਾਂਗਾ।

ਕੱਪੜੇ ਜਿਹੋ ਜਿਹੇ ਤੁਹਾਡੀਆਂ ਅੱਖਾਂ ਨੂੰ ਚੰਗੇ ਲਗਦੇ ਨੇ ਉਹੋ ਜਿਹੇ ਪੁਆ ਲਓ ਚਾਹੇ ਬਿਲਕੁਲ ਪਾਟੇ ਹੋਏ ਹੋਣ, ਚਾਹੇ ਇਕੋ ਕੱਪੜਾ ਤੇੜ ਹੋਵੇ ਜੋ ਤੁਹਾਡੀ ਮਰਜ਼ੀ ਓਹੀ ਪੁਆ ਲਓ। ਕੋਈ ਵੀ ਮੈਂ ਪਹਿਨ ਲਵਾਂਗਾ ਕਿਉਂਕਿ ਮੈਂ ਆਪਣੀ ਮਰਜ਼ੀ ਛੱਡ ਦਿਤੀ ਹੈ, ਮੇਰੀ ਮਰਜ਼ੀ ਰਹੀ ਨਹੀਂ ਹੈ ਹੁਣ।

ਖਾਣ ਲਈ ਜਿਹੋ ਜਿਹਾ ਦੇ ਦਿਓਗੇ ਖਾ ਲਵਾਂਗਾ - ਜੂਠਾ ਦੇ ਦਿਓਗੇ, ਜੂਠਾ ਖਾ ਲਵਾਂਗਾ, ਕੁੱਤਿਆਂ ਦੇ ਨਾਲ ਪਾ ਦਿਓਗੇ ਮੈਂ ਉਥੇ ਖਾ ਲਵਾਂਗਾ, ਕਿਸੇ ਮੇਜ਼ ਤੇ ਬਿਠਾ ਕੇ ਖਲਾਓਗੇ ਉਥੇ ਖਾ ਲਵਾਂਗਾ।

ਸੌਣ ਨੂੰ ਜਦੋਂ ਕਹਿ ਦਿਓਗੇ ਕਿ ਜਾਹ ਸੌਂ ਜਾਹ ਮੈਂ ਪੈ ਜਾਵਾਂਗਾ, ਜਦੋਂ ਆਵਾਜ਼ ਮਾਰੋਗੇ ਮੈਂ ਉਠ ਜਾਵਾਂਗਾ।

ਸੋ ਇਹ ਗੁਲਾਮ ਦੀ ਬਾਤ ਹੋਇਆ ਕਰਦੀ ਹੈ ਆਪਣੀ ਸਾਰੀ ਮਰਜ਼ੀ, ਆਪਣਾ ਜੋ ਕੁਝ ਵੀ ਹੈ ਉਹ ਸਮਰਪਣ ਕਰ ਦੇਣਾ ਗੁਰੂ ਨੂੰ, ਉਸ ਦੇ ਵਿਚ ਅਧਿਕਾਰ ਨਹੀਂ ਕੋਈ ਵੀ ਰਹਿੰਦਾ ਫੇਰ ਗੁਰੂ ਜਿਹੜਾ ਕੁਝ ਕਹਿੰਦਾ ਹੈ ਉਹ ਕਰਨਾ ਪੈਂਦਾ ਹੈ। ਗੁਰੂ ਕਹਿੰਦਾ ਹੈ -

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ ॥ ਅੰਗ - ੩੦੫*

ਗੁਰੂ ਕਹਿੰਦਾ ਹੈ -

*ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥ ਅੰਗ - ੨੭੪*

*ਕਰਨ ਨ ਸੁਨੈ ਕਾਹੂ ਕੀ ਨਿੰਦਾ ॥*
*ਅੰਗ - ੨੭੪*

ਬੇਅੰਤ ਨਸੀਹਤਾਂ ਨੇ 1430 ਪੰਨੇ ਦੇ ਅੰਦਰ ਸਾਨੂੰ guide lines ਮਿਲਦੀਆਂ ਨੇ ਕਿ ਐਉਂ ਰਹਿਣਾ ਹੈ, ਐਉਂ ਗੱਲ ਕਰਨੀ ਹੈ। ਸਭ ਤੋਂ ਵੱਡੀ ਗੱਲ ਗੁਰੂ ਇਹ ਕਹਿੰਦਾ ਹੈ ਕਿ ਤੂੰ ਇਕ ਸੁਆਸ ਵੀ ਪ੍ਰਮੇਸ਼ਰ ਨੂੰ ਨਾ ਭੁੱਲੀਂ, ਹਰ ਵਕਤ ਉਸ ਨੂੰ ਯਾਦ ਰੱਖੀਂ। ਜੋ ਗੁਲਾਮ ਹੈ ਉਸਦੀ ਆਪਣੀ ਮਰਜ਼ੀ ਨਹੀਂ, ਆਪਣਾ ਫੁਰਨਾ ਨਹੀਂ ਉਸ ਨੇ ਤਾਂ ਹੁਕਮ ਮੰਨਣਾ ਹੈ। ਜੋ ਇਸ ਕਰਕੇ ਜੋ ਅਰਦਾਸ ਹੈ -

*ਰਾਖਹੁ ਰਾਖਨਹਾਰ ਦਇਆਲਾ*
*ਨਾਨਕ ਘਰ ਕੇ ਗੋਲੇ॥ ਅੰਗ - ੬੭੪*

ਇਹ ਦੋਵੇਂ ਤਰ੍ਹਾਂ ਨਾਲ ਹੈ ਇਕ ਤਾਂ ਗਾ ਕੇ ਪੜ੍ਹ ਲੈਣੀ, ਭਾਵ ਦਾ ਕੋਈ ਪਤਾ ਨਹੀਂ ਕਿ ਇਹ ਗੱਲ ਕਿੱਥੇ ਮੈਂ ਕਹਿ ਬੈਠਿਆ। ਇਕ ਉਹ ਨੇ ਜਿਹੜੇ ਇਹ ਗੱਲ ਕਹਿੰਦੇ ਕੰਬ ਜਾਂਦੇ ਨੇ ਕਿ ਹੈਂ ਗੋਲੇ! ਮੈਂ ਤਾਂ ਗੁਲਾਮ ਬਣਦਾ ਹੀ ਨਹੀਂ, ਮੇਰੀ ਤਾਂ ਆਪਣੀ ਮਰਜ਼ੀ ਹੈ ਚਾਹੇ ਪਾਠ ਕਰਾਂ ਨਾ ਕਰਾਂ, ਨਾਮ ਜਪਾਂ ਨਾ ਜਪਾਂ, ਗੱਲਾਂ-ਬਾਤਾਂ ਮੈਨੂੰ ਸੋਹਣੀਆਂ ਲਗਦੀਆਂ ਨੇ, ਉਧਰ ਨੂੰ ਮੇਰੇ ਮਨ ਦਾ ਉਲਾਰ ਬਹੁਤਾ ਹੈ, ਮੈਂ ਤਾਂ ਗੁਲਾਮ ਬਣ ਨਹੀਂ ਸਕਦਾ। ਸੋ ਜੇ ਗੁਰੂ ਨਾਲ ਇਹ ਸਬੰਧ ਪੈ ਜਾਵੇ -

*ਫਰੀਦਾ ਜੇ ਤੂੰ ਮੇਰਾ ਹੋਇ ਰਹਹਿ*
*ਸਭੁ ਜਗੁ ਤੇਰਾ ਹੋਇ ॥ ਅੰਗ - ੧੩੮੨*

ਜੇ ਆਪਣੇ ਆਪ ਨੂੰ ਮਾਰ ਲਵੇ, ਆਪਣਾ ਆਪ ਸਮਰਪਣ ਕਰ ਦੇਵੇ ਗੁਰੂ ਦੇ ਕੋਲ ਮਹਾਰਾਜ ਜੀ ਕਹਿੰਦੇ ਫੇਰ ਵਾਹਿਗੁਰੂ ਦੀ ਪ੍ਰਾਪਤੀ ਉਸੇ ਵੇਲੇ ਹੋ ਜਾਂਦੀ ਹੈ, ਦੇਰ ਨਹੀਂ ਲਗਦੀ, ਬੰਦਾ ਉਸੇ ਵੇਲੇ ਬਦਲ ਜਾਂਦਾ ਹੈ, ਬਹੁਤੀ ਦੇਰ ਨਹੀਂ ਲਗਦੀ। ਜੋ ਕੁਝ ਉਸ ਦੇ ਕੂੜ-ਕਬਾੜ, ਕਰੋੜਾਂ ਪਾਪ ਨੇ, ਬੇਅੰਤ ਕਰਮ ਨਾਲ ਲਈਂ ਫਿਰਦਾ ਹੈ ਜਿਹੜੇ ਕਰੋੜਾਂ ਜਨਮਾਂ ਵਿਚ ਭੋਗੇ ਨਹੀਂ ਜਾ ਸਕਦੇ, ਜੇ ਅੱਜ ਤੋਂ ਕਰਮ ਕਰਨੇ ਬੰਦ ਕਰ ਦੇਈਏ ਉਹ ਸਾਰੀ ਦੀ ਸਾਰੀ ਜਿਹੜੀ ਸਖਸ਼ੀਅਤ ਹੈ, ਇਸ ਸਰੀਰ ਦੇ ਅੰਦਰ ਭੂਤ ਵੜਿਆ ਹੋਇਆ ਹੈ, ਜਦੋਂ ਗੁਰੂ ਦੇ ਸਮਰਪਣ ਕਰ ਦੇਈਏ ਸਭ ਕੁਝ ਤਾਂ ਉਹ ਖਾਲੀ ਹੋ ਜਾਂਦਾ ਹੈ। ਖਾਲੀ ਹੋਇਆ ਫੇਰ ਉਹ ਬੰਦਾ ਬਦਲ ਜਾਂਦਾ ਹੈ ਉਹ ਬੰਦਾ ਉਸੇ ਵੇਲੇ ਰੂਹਾਨੀ ਬਣ ਜਾਂਦਾ ਹੈ। ਗੁਰੂ ਦਾ ਬਣ ਜਾਂਦਾ ਹੈ ਉਸ ਦਾ ਆਪਾ ਖਤਮ ਹੋ ਜਾਂਦਾ ਹੈ। ਉਹ ਬੰਦਾ ਫੇਰ ਉਹ ਨਹੀਂ ਰਹਿੰਦਾ। ਪਹਿਲਾਂ ਬੰਦਾ ਇਕ ਦਮ ਖਤਮ ਹੋ ਜਾਂਦਾ ਹੈ ਤੇ ਪ੍ਰਮੇਸ਼ਰ ਉਸ ਦੇ ਵਿਚ ਰਾਜ ਕਰਦਾ ਹੈ, ਪ੍ਰਮੇਸ਼ਰ ਹੀ ਉਸ ਦੇ ਵਿਚ ਸਾਰਾ ਕੰਮ ਕਰਦਾ ਹੈ। ਹੁਣ ਵੀ ਪ੍ਰਮੇਸ਼ਰ ਅੱਖਾਂ ਰਾਹੀਂ ਦੇਖ ਰਿਹਾ ਹੈ, ਕੰਨਾਂ ਰਾਹੀਂ ਸੁਣ ਰਿਹਾ ਹੈ, ਰਸਨਾ ਦੇ ਨਾਲ ਬੋਲ ਰਿਹਾ ਹੈ ਇਹ ਸਭ ਵਾਹਿਗੁਰੂ ਕਰ ਰਿਹਾ ਹੈ ਲੇਕਿਨ ਇਸ ਦੇ ਵਿਚ ਉਸ ਨੇ ਕਿਉਂਕਿ ਆਪਣਾ ਆਪ ਰੱਖਿਆ ਹੋਇਆ ਹੈ ਇਸ ਕਰਕੇ ਉਹ ਕਹਿੰਦਾ ਮੈਂ ਦੇਖ ਰਿਹਾ ਹਾਂ, ਮੈਂ ਤੈਨੂੰ ਦੇਖਿਆ ਸੀ, ਮੈਂ ਤੇਰੀ ਗੱਲ ਸੁਣੀ ਸੀ, ਵਿਚ ਮੈਂ ਲਿਆਉਂਦਾ ਹੈ, ਮੈਂ ਲਿਆਉਣ ਦੇ ਨਾਲ ਵਿਛੜਿਆ ਰਹਿੰਦਾ ਹੈ ਸਿਰਫ 'ਮੈਂ' ਤੇ ਤੂੰ ਦਾ ਝਗੜਾ ਹੈ। 'ਤੂੰ' ਤਾਂ ਹੈ ਸਤਿ 'ਮੈਂ' ਸਤਿ ਨਹੀਂ ਹੈ ਪਰਛਾਵਾਂ ਸਤਿ ਨਹੀਂ ਹੈ ਜੋ ਅਸਲੀ ਬਿੰਬ ਹੈ ਉਹ ਸਤਿ ਹੈ। ਉਸ ਸਤਿ ਨੂੰ ਤਾਂ ਭੁੱਲ ਗਏ ਪਰਛਾਵੇਂ ਨੂੰ ਆਪਣਾ ਆਪ ਮੰਨ ਬੈਠਾ ਤੇ ਕਰੋੜਾਂ ਜਨਮਾਂ ਵਿਚ ਘੁੰਮਦਾ ਫਿਰਦਾ ਹੈ। ਜਦੋਂ ਤੱਕ ਅਸੀਂ ਸਹੀ ਮਾਇਨਿਆਂ ਵਿਚ ਗੁਲਾਮੀ ਦਾ ਅਸਰ ਨਹੀਂ ਸਮਝਦੇ, ਸੱਚਮੁਚ ਨਹੀਂ ਕਹਿੰਦੇ ਕਿ -

*ਰਾਖਹੁ ਰਾਖਨਹਾਰ ਦਇਆਲਾ*
*ਨਾਨਕ ਘਰ ਕੇ ਗੋਲੇ॥ ਅੰਗ - ੬੭੪*

ਇਸ ਦਾ ਰਹੱਸ ਸਾਨੂੰ ਸਮਝ ਵਿਚ ਨਹੀਂ ਆ ਸਕਦਾ, ਨਾਮ ਵੀ ਅਸੀਂ ਜਪਦੇ ਹਾਂ। ਕੌਣ ਜਪਦਾ ਹੈ? ਸਾਡਾ ਹੰਕਾਰ ਜਪਦਾ, ਸਾਡੀ ਹਉਮੈ ਜਪਦੀ ਹੈ। ਕੀਰਤਨ ਕਰਦੇ ਹਾਂ, ਕੌਣ ਕਰਦਾ ਹੈ? ਸਾਡੀ ਹਉਮੈ ਕਰ ਰਹੀ ਹੈ। ਉਹ ਅਵਸਥਾ ਹੀ ਬਦਲ ਜਾਂਦੀ ਹੈ, ਕੁਝ ਹੋਰ ਹੀ ਹੋ ਜਾਂਦਾ ਹੈ, ਜਿਹੜਾ ਦੱਸਿਆ ਨਹੀਂ ਜਾ ਸਕਦਾ -

*ਕਹੁ ਕਬੀਰ ਗੂੰਗੈ ਗੁੜੁ ਖਾਇਆ*
*ਪੂਛੇ ਤੇ ਕਿਆ ਕਹੀਐ ॥ ਅੰਗ - ੩੩੪*

ਪੁੱਛੇ ਤੋਂ ਦੱਸਿਆ ਨਹੀਂ ਜਾ ਸਕਦਾ, ਉਹੀ ਜਾਣਦਾ ਹੈ ਜਿਸ ਦੇ ਨਾਲ ਇਹ ਵਰਤਦੀ ਹੈ ਕਿਉਂਕਿ ਉਹ ਰੱਬੀ ਪੁਰਸ਼ ਹੁੰਦਾ ਹੈ -

*ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥*
*ਅੰਗ - ੩੯੭*

ਉਸ ਦੇ ਵਿਚ ਦੋ ਨਹੀਂ ਹੁੰਦੇ -

*ਜਬ ਹਮ ਹੋਤੇ ਤਬ ਤੂ ਨਾਹੀ*
*ਅਬ ਤੂਹੀ ਮੈ ਨਾਹੀ॥*
*ਅਨਲ ਅਗਮ ਜੈਸੇ ਲਹਰਿ ਮਇ ਓਦਧਿ*
*ਜਲ ਕੇਵਲ ਜਲ ਮਾਂਹੀ ॥ ਅੰਗ - ੬੫੭*

ਇਕ ਬਣ ਜਾਂਦਾ ਹੈ। ਸੋ ਇਹ ਸਾਡੇ ਜੀਵਨ ਦਾ ਆਦਰਸ਼ ਹੈ।

*ਵਾਹਿਗੁਰੂ ਜੀ ਕਾ ਖਾਲਸਾ।*
*ਵਾਹਿਗੁਰੂ ਜੀ ਕੀ ਫਤਹਿ।*

# ਅਉਖੀ ਘੜੀ ਨ ਦੇਖਣ ਦੇਈ

ਸਾਧ ਸੰਗਤ ਜੀ!

*ਵਾਹਿਗੁਰੂ ਜੀ ਕਾ ਖਾਲਸਾ*
*ਵਾਹਿਗੁਰੂ ਜੀ ਕੀ ਫਤਹਿ।*

ਅੰਮ੍ਰਿਤ ਵੇਲੇ ਤੋਂ ਆਪ ਹਰੀ ਜਸ ਸਰਵਣ ਕਰ ਰਹੇ ਹੋ। ਉਪਰੰਤ ਗੁਰੂ ਮਹਾਰਾਜ ਜੀ ਦਾ ਅੱਜ ਜੋ ਸਾਨੂੰ ਹੁਕਮ ਆਇਆ ਹੈ ਉਹ ਆਪ ਸਭ ਨੇ ਸ੍ਵਣ ਕੀਤਾ ਹੈ ਜਿਸ ਵਿਚ ਮਹਾਰਾਜ ਜੀ ਫੁਰਮਾਨ ਕਰਦੇ ਨੇ –

*ਅਉਖੀ ਘੜੀ ਨ ਦੇਖਣ ਦੇਈ*
*ਅਪਨਾ ਬਿਰਦੁ ਸਮਾਲੇ॥ ਅੰਗ - ੬੮੨*

ਔਖੀ ਘੜੀ ਨਾ ਦੇਖਣ ਦੇਣਾ ਵਾਹਿਗੁਰੂ ਜੀ ਦਾ ਬਿਰਦ ਹੈ ਉਨ੍ਹਾਂ ਵਾਸਤੇ ਜਿਹੜੇ ਉਸ ਦੇ ਜਨ ਬਣ ਗਏ ਨੇ। ਇਸ ਦੇ ਉਤੇ ਜਦੋਂ ਅਸੀਂ ਵਿਚਾਰ ਕਰਦੇ ਹਾਂ ਤਾਂ ਬਹੁਤ ਸਾਰੇ ਸਵਾਲ ਸਾਮ੍ਹਣੇ ਆ ਜਾਂਦੇ ਨੇ। ਇਹ ਜੋ ਮਹਾਰਾਜ ਜੀ ਦਾ ਹੁਕਮਨਾਮਾ ਹੈ – 'ਅਉਖੀ ਘੜੀ ਨ ਦੇਖਣ' ਦੇਣ ਦਾ ਕਿਸ ਤਰ੍ਹਾਂ ਦੇ ਨਾਲ ਸਾਡੇ ਉਤੇ ਲਾਗੂ ਹੁੰਦਾ ਹੈ ਜੋ ਅੱਖਰ ਵਰਤਿਆ ਅਗਲੀ ਤੁਕ ਦੇ ਅੰਦਰ, ਆਪ ਨੇ ਫੁਰਮਾਇਆ ਹੈ ਕਿ ਜੋ ਉਸ ਦਾ ਜਨ ਹੈ ਉਸ ਨੂੰ ਉਹ ਹੱਥ ਦੇ ਕੇ ਰੱਖਦਾ ਹੈ ਤੇ ਹਰ ਸ੍ਵਾਸ ਉਸ ਦੀ ਪ੍ਰਤਿਪਾਲਣਾ ਕਰਦਾ ਹੈ। ਵਾਹਿਗੁਰੂ ਜੀ ਨਿਰਾ ਪਿਆਰ ਨੇ। ਪਿਆਰ ਦੇ ਨਾਲ ਸੰਸਾਰ ਦੇ ਵਿਚ ਬਸੇ ਹੋਏ ਨੇ –

*ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ*
*ਅਨੁਰਾਗ।*

*ਜਾਪੁ ਸਾਹਿਬ*

ਪਿਆਰ ਦਾ ਰੂਪ ਧਾਰ ਕੇ ਸਾਰੇ ਸੰਸਾਰ ਦੇ ਵਿਚ ਆਪ ਦਾ ਵਜੂਦ ਕਾਇਮ ਹੈ ਯਾਨਿ ਵਾਹਿਗੁਰੂ ਜੀ ਹੈ ਹੀ ਪਿਆਰ। ਉਨ੍ਹਾਂ ਨਾਲ ਜਿਹੜਾ ਪਿਆਰ ਕਰਦਾ ਹੈ, ਜਿਹੜਾ ਉਨ੍ਹਾਂ ਨੂੰ ਹਰ ਵਕਤ ਆਪਣੇ ਧਿਆਨ ਵਿਚ ਰੱਖਦਾ ਹੈ ਉਸ ਦੇ ਹੁਕਮ ਵਿਚ ਚਲਦਾ ਹੈ। ਉਸ ਨੂੰ ਆਪਣੇ ਅਨੁਭਵ ਵਿਚ ਲਿਆ ਕੇ ਹਰ ਥਾਂ ਦੇ ਉਤੇ ਦੇਖਦਾ ਹੈ ਤੇ ਮੈਂ ਜਿਸ ਦੇ ਅੰਦਰੋਂ ਖਤਮ ਹੋ ਜਾਂਦੀ ਹੈ ਉਹ ਵਾਹਿਗੁਰੂ ਦੇ ਦਰ ਤੇ ਪਰਵਾਨ ਹੋ ਜਾਂਦਾ ਹੈ ਤੇ ਉਹ ਉਸ ਦਾ ਜਨ ਹੋਇਆ ਕਰਦਾ ਹੈ, ਉਹ ਉਸ ਦਾ ਹੀ ਹੋ ਜਾਂਦਾ ਹੈ ਤੇ ਉਸ ਦਾ ਉਸਨੂੰ 'ਅਉਖੀ ਘੜੀ ਨ ਦੇਖਣ' ਦੇਣਾ ਬਿਰਦ ਹੈ। ਉਂਜ ਤਾਂ ਵਾਹਿਗੁਰੂ ਜੀ ਦਾ ਵੈਸੇ ਹੀ ਸੁਭਾਅ ਹੈ ਕਿ ਕੋਈ ਵੀ ਬੰਦਾ ਉਨ੍ਹਾਂ ਤੋਂ ਮਦਦ ਮੰਗੇ, ਉਨ੍ਹਾਂ ਦਾ ਆਸਰਾ ਤੱਕੇ, ਉਨ੍ਹਾਂ ਦੀ ਸ਼ਰਨ ਵਿਚ ਆ ਜਾਵੇ ਤਾਂ ਉਨ੍ਹਾਂ ਨੇ ਉਸ ਦੀ ਰਾਖੀ ਕਰਨੀ ਹੀ ਕਰਨੀ ਹੈ, ਔਖੀ ਘੜੀ ਦੂਰ ਕਰਨੀ ਹੈ ਪਰ ਇਹ ਬੜੀਆਂ ਔਖੀਆਂ ਗੱਲਾਂ ਨੇ ਸ਼ਰਨ ਵਿਚ ਕਿਸ ਤਰ੍ਹਾਂ ਆਉਂਦਾ ਹੈ। ਕਦੋਂ ਆਦਮੀ ਸ਼ਰਨ ਵਿਚ ਆਉਂਦਾ ਹੈ ਕਿਉਂਕਿ ਆਦਮੀ ਦੇ ਅੰਦਰ ਬੁੱਧੀ ਹੈ, ਬਲ ਹੈ, ਗਿਆਨ ਹੈ, ਇਸ ਤੋਂ ਬਿਨਾਂ ਇਸ ਦੇ ਕੋਲ ਬੜੀਆਂ ਦਲੀਲਾਂ ਨੇ, ਬੜੀਆਂ ਮੰਤਕਾਂ ਨੇ, ਬੜੀਆਂ ਚਲਾਕੀਆਂ ਨੇ, ਬੜੇ ਆਸਰੇ ਨੇ ਉਹ ਆਸਰੇ ਤਕਦਾ ਰਹਿੰਦਾ ਹੈ। ਜੋ ਵਾਹਿਗੁਰੂ ਜੀ ਦਾ ਜਨ ਹੈ ਉਹ ਉਨ੍ਹਾਂ ਦੇ ਉਤੇ ਹੀ ਹਰ ਵਕਤ ਅਧਾਰਿਤ ਰਹਿੰਦਾ ਹੈ। ਜੀਅ ਤੋਂ ਉਨ੍ਹਾਂ ਦੇ ਨਾਲ ਰਹਿੰਦਾ ਹੈ, ਆਪਣੇ ਆਪ ਨੂੰ ਕੁਝ ਕਰਕੇ ਨਹੀਂ ਜਣਾਉਂਦਾ, ਹੁਕਮ ਦੇ ਵਿਚ ਚਲਦਾ ਹੈ, ਹੁਕਮ ਦੇ ਵਿਚ ਰਹਿੰਦਾ ਹੋਇਆ ਕਦੇ ਵੀ ਸ਼ਿਕਵਾ ਨਹੀਂ ਕਰਦਾ ਜੇ ਸੁਖ ਆਉਂਦਾ ਹੈ ਤਾਂ ਵੀ ਉਸ ਦੀ ਮੌਜ –

*ਕੇਤਿਆ ਦੂਖ ਭੂਖ ਸਦ ਮਾਰ ॥*
*ਏਹਿ ਭਿ ਦਾਤਿ ਤੇਰੀ ਦਾਤਾਰ ॥ ਅੰਗ - ੫*

ਦੁੱਖ-ਭੁੱਖ ਨੂੰ ਵੀ ਉਸ ਦੀ ਦਾਤ ਹੀ ਸਮਝਦਾ ਹੈ ਉਸ ਦੇ ਉਤੇ ਕਿੰਤੂ ਨਹੀਂ ਕਦੇ ਵੀ ਕਰਦਾ ਕਿਉਂਕਿ ਪਿਆਰ ਵਾਲਾ ਕਰਿਆ ਨਹੀਂ ਕਰਦਾ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਜੀ ਚਮਕੌਰ ਸਾਹਿਬ ਦੇ ਅੰਦਰ ਦੋ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੇਣ ਤੋਂ ਬਾਅਦ ਆਪ ਜੀ ਨੂੰ ਇਹ ਮਤਾ ਪਾਸ ਕਰਕੇ ਬੇਨਤੀ ਕੀਤੀ ਗਈ ਕਿ ਪਾਤਸ਼ਾਹ! ਆਪ ਸਾਡੇ ਵਰਗੇ ਹਜ਼ਾਰਾਂ ਸਿੰਘ ਪੈਦਾ ਕਰ ਸਕਦੇ ਹੋ ਲੇਕਿਨ ਕਰੋੜਾਂ ਸਿੰਘ ਇਕੱਠੇ ਹੋ ਕੇ ਇਕ ਗੁਰੂ ਗੋਬਿੰਦ ਸਿੰਘ ਜੀ ਪੈਦਾ ਨਹੀਂ ਕਰ ਸਕਦੇ। ਇਸ ਕਰਕੇ ਭਾਵੇਂ ਆਪ ਨਾਟਕ ਕਰ ਰਹੇ ਹੋ, 'ਬਚਿੱਤ੍ਰ ਨਾਟਕ' ਹੈ ਆਪ ਦਾ ਲੇਕਿਨ ਇਸ ਵੇਲੇ ਸਾਡੀ ਜੋ ਬੇਨਤੀ ਹੈ ਉਹ ਇਹ ਹੈ ਕਿ ਆਪ ਚਾਹੇ ਸ਼ਕਤੀ ਵਰਤ ਕੇ ਜਾਓ, ਚਾਹੇ ਆਪਣੀ ਇਨਸਾਨੀ ਸ਼ਕਤੀ ਨਾਲ ਜਾਓ, ਚਾਹੇ ਕਿਸੇ ਤਰ੍ਹਾਂ ਜਾਓ ਜੰਗ ਵਿਚੋਂ ਨਿਕਲ ਕੇ ਫੇਰ ਪੰਥ ਦੀ ਸਾਜਨਾ ਕਰੋ ਕਿਉਂਕਿ ਸ਼ਕਤੀ ਦੇ ਨਾਲ ਤਾਂ ਕੋਈ ਮੁਕਾਬਲਾ ਹੀ ਨਹੀਂ ਸੀ ਗੁਰੂ ਸਾਹਿਬ ਦਾ ਕਿਸੇ ਨਾਲ ਵੀ। ਇਤਿਹਾਸ ਵਿਚ ਐਸਾ ਜ਼ਿਕਰ ਆਉਂਦਾ ਹੈ ਕਿ ਪਹਿਲਾਂ ਹੀ ਬਾਣ ਜਦੋਂ ਮਹਾਰਾਜ ਜੀ ਨੇ ਚਲਾਇਆ ਤਾਂ ਉਸ ਵੇਲੇ ਇਕੋ

ਹੀ ਬਾਣ ਨਾਲ 10,000 ਸਿਪਾਹੀ ਮਾਰਿਆ ਗਿਆ। ਉਸ ਤੋਂ ਬਾਅਦ ਮਹਾਰਾਜ ਜੀ ਨੇ ਜਿਵੇਂ ਆਮ ਯੁੱਧ ਹੁੰਦਾ ਹੈ ਉਸੇ ਤਰ੍ਹਾਂ ਕਰਨਾ ਸ਼ੁਰੂ ਕਰ ਦਿਤਾ, ਇਨਸਾਨੀ ਸ਼ਕਤੀ ਦੇ ਨਾਲ। ਸੋ ਇਸ ਕਰਕੇ ਮਹਾਰਾਜ ਜੀ ਨੂੰ ਬੇਨਤੀ ਕੀਤੀ ਗਈ ਕਿ ਮਹਾਰਾਜ! ਤੁਸੀਂ ਚਾਹੇ ਆਪ ਸ਼ਕਤੀ ਵਰਤ ਕੇ ਨਿਕਲੋ ਕਿਉਂਕਿ ਜਦੋਂ ਅਸੀਂ ਇਨ੍ਹਾਂ ਗੱਲਾਂ ਵਿਚ ਪੈਂਦੇ ਹਾਂ ਤਾਂ ਸਾਨੂੰ ਬੜੇ ਇਤਿਹਾਸਾਂ ਦਾ ਨਿਰਣਾ ਲੈਣਾ ਪੈਂਦਾ ਹੈ ਕਿ ਇਹ ਗੱਲਾਂ ਹੋ ਕਿਵੇਂ ਸਕਦੀਆਂ ਨੇ। ਸ਼ਕਤੀ ਵਰਤ ਕੇ ਕਿਵੇਂ ਨਿਕਲ ਸਕਦੇ ਸੀ। ਜਦੋਂ ਅਸੀਂ ਮਹਾਂਪੁਰਸ਼ਾਂ ਦੇ ਵੀ ਜੀਵਨ ਪੜ੍ਹਦੇ ਹਾਂ।

ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਵਾਲੇ ਰਾਮਗੜ੍ਹ ਵਿਚ ਰਹਿਣ ਵਾਲੇ ਇਕ ਉਨ੍ਹਾਂ ਦੇ ਪ੍ਰੇਮੀ ਭਾਈ ਕਰਤਾਰ ਸਿੰਘ। ਆਪ ਦੇ ਪਾਸ ਇਕ ਵਾਰੀ ਬਾਬਾ ਜੀ ਆਏ ਹੋਏ ਨੇ, ਬੜੇ ਪ੍ਰਸੰਨ ਹੋਏ।

ਕਹਿਣ ਲੱਗੇ, "ਭਾਈ ਕਰਤਾਰ ਸਿੰਘ ਜੀ! ਕੀ ਇੱਛਾ ਹੈ ਤੁਹਾਡੀ?"

ਕਹਿੰਦੇ, "ਮਹਾਰਾਜ! ਮੈਂ ਦੁਨੀਆਂ ਤਾਂ ਮੰਗਣੀ ਨਹੀਂ ਇਹ ਤਾਂ ਝੂਠੀ ਹੈ ਬਿਨਸ ਜਾਣੀ ਹੈ ਤੇ ਕ੍ਰਿਪਾ ਕਰਕੇ ਮੈਨੂੰ ਇਕ ਬਚਨ ਦੇਵੋ ਕਿ ਜਦੋਂ ਮੇਰਾ ਅੰਤ ਸਮਾਂ ਹੋਵੇ ਤਾਂ ਤੁਹਾਡੇ ਪੱਟ ਦੇ ਉਤੇ ਮੇਰਾ ਸਿਰ ਹੋਵੇ ਤੇ ਤੁਹਾਡੇ ਨੇਤਰਾਂ ਵੱਲ ਮੈਂ ਝਾਕਦਾ ਹੋਵਾਂ ਤਾਂ ਉਸ ਵੇਲੇ ਮੇਰਾ ਅੰਤ ਸਮਾਂ ਆਵੇ।"

ਬਾਬਾ ਜੀ ਕਹਿੰਦੇ, "ਕੋਈ ਗੱਲ ਨਹੀਂ ਐਸੀ ਬਾਤ ਹੋ ਜਾਏਗੀ।"

ਉਧਰੋਂ ਉਸ ਦਾ ਅੰਤ ਸਮਾਂ ਆਉਂਦਾ ਹੈ ਤੇ ਇਧਰ 40 ਮੀਲ ਦੇ ਉਤੇ ਪਿੰਡ ਕੋਠਾ ਹੈ, ਉਸ ਥਾਂ ਤੇ ਅਖੰਡਪਾਠ ਹੋ ਰਿਹਾ ਹੈ ਤੇ ਅਚਾਨਕ ਬਾਬਾ ਜੀ ਨੇ ਇਕ ਸਿੰਘ ਨੂੰ ਨਾਲ ਲਿਆ ਟਹਿਲ ਸਿੰਘ ਜਿਸ ਦਾ ਨਾਮ ਸੀ ਤੇ ਕਾਹਲੀ-ਕਾਹਲੀ ਤੁਰਦੇ ਨੇ। ਅੱਗੇ ਇਕ ਚਲ੍ਹਾ ਆ ਗਿਆ ਉਸ ਦੇ ਉਤੋਂ ਦੀ ਛਾਲ ਮਾਰ ਕੇ ਟੱਪਣਾ ਸੀ।

ਉਹ ਨਿਹੰਗ ਸਿੰਘ ਨੂੰ ਕਹਿਣ ਲੱਗੇ, "ਆਹ ਬਾਂਹ ਫੜਾ ਮੈਨੂੰ।"

ਬਾਂਹ ਫੜਾਈ ਤੇ ਜਿਸ ਵਕਤ ਛਾਲ ਮਾਰੀ ਤਾਂ ਉਹ ਹੈਰਾਨ ਹੋ ਗਿਆ ਕਿ ਅਸੀਂ ਕਿੱਥੇ ਆ ਗਏ, ਪਿੱਛੇ ਮੁੜ ਕੇ ਦੇਖਿਆ ਤਾਂ ਨਾ ਕੋਈ ਚਲ੍ਹਾ ਨਾ ਕੋਈ ਖੂਹ। ਉਥੇ ਸਿੰਘ ਵਸਤ੍ਰ ਧੋਂਦੇ ਸੀ, ਇਸ਼ਨਾਨ ਕਰਦੇ ਸੀ ਸਾਰਾ ਦ੍ਰਿਸ਼ ਹੀ ਗਾਇਬ ਹੋ ਗਿਆ। ਉਸ ਵੇਲੇ ਕਾਹਲੀ ਦੇ ਨਾਲ ਜਦੋਂ ਉਹ ਪਿੰਡ ਗਏ, ਪਹਿਲਾਂ ਵੀ ਉਹ ਜਾਣਦਾ ਸੀ ਕਹਿੰਦਾ ਇਹ ਤਾਂ ਰਾਮਗੜ੍ਹ ਆ ਗਿਆ। ਉਸ ਸਿੰਘ ਦੇ ਘਰ ਚਲੇ ਜਾਂਦੇ ਨੇ ਤੇ ਇਕ ਦਮ ਉਸ ਦੇ ਪਲੰਘ ਤੇ ਬੈਠ ਗਏ ਸੀਸ ਚੁੱਕਿਆ ਆਪਣੇ ਪੱਟ ਉਪਰ ਰੱਖ ਲਿਆ, 10 ਵਾਰੀ ਵਾਹਿਗੁਰੂ, ਆਪ ਅੱਗੇ ਬੋਲਦੇ ਨੇ ਤੇ ਉਹ ਪਿੱਛੇ ਬੋਲਦੇ ਨੇ।

ਕਿੱਡਾ ਸੁਭਾਗ ਪ੍ਰੇਮੀ ਸੀ ਜਿਸ ਨੇ ਆਪਣਾ ਸਰੀਰ ਮਹਾਂਪੁਰਸ਼ਾਂ ਦੇ ਸਾਮ੍ਹਣੇ ਨਾਮ ਦਾ ਉਚਾਰਨ ਕਰਦੇ ਹੋਏ ਛੱਡਿਆ। ਸੰਸਕਾਰ ਕੀਤਾ ਗਿਆ ਉਸ ਤੋਂ ਬਾਅਦ ਕੀਰਤਨ ਸੋਹਿਲਾ ਬਾਬਾ ਜੀ ਨੇ ਆਪ ਪੜ੍ਹਿਆ।

ਕਹਿਣ ਲੱਗੇ, ਚਲੋ ਭਾਈ! ਤੁਸੀਂ ਸਾਰੇ ਗੁਰਦਵਾਰੇ। ਉਥੇ ਜਾ ਕੇ ਪ੍ਰਸ਼ਾਦ ਬਣਾਓ। ਪੰਜ ਇਸ਼ਨਾਨੇ ਕਰਕੇ ਜਾਂ ਇਸ਼ਨਾਨ ਕਰਕੇ ਜਾਓ ਸਾਰੇ।

ਆਪ ਥੋੜ੍ਹੀ ਦੇਰ ਉਥੇ ਰੁਕੇ ਰਹੇ ਉਸ ਤੋਂ ਬਾਅਦ ਉਸ ਨੂੰ ਕਹਿਣ ਲੱਗੇ ਕਿ ਚੱਲ ਭਾਈ ਟਹਿਲ ਸਿੰਘਾ ਆਪਾਂ ਫੇਰ ਵਾਪਸ ਚੱਲੀਏ। ਉਸੇ ਤਰ੍ਹਾਂ ਓਲਾਂਘ ਭਰੀ ਮੁੜ ਕੇ ਫੇਰ ਉਸ ਕੋਠੇ ਪਿੰਡ ਵਿਚ ਆ ਜਾਂਦੇ ਨੇ, ਹੈਰਾਨ ਹੋਈ ਗਿਆ ਉਹ। ਨਾ ਉਹ ਬਾਬਾ ਜੀ ਨੂੰ ਪੁੱਛ ਸਕਿਆ ਕਿ ਇਹ ਗੱਲ ਕੀ ਹੋਈ ਤੇ ਦੂਸਰੇ ਦਿਨ ਕਥਾ ਕਰਦਾ ਸੀ, 'ਪਾਰਸਭਾਗ' ਦੀ ਉਸ ਦੇ ਵਿਚ ਆਇਆ ਕਿ ਕਈ ਵਾਰੀ ਮਹਾਂਪੁਰਸ਼ ਆਪਣੇ ਦਿੱਤੇ ਹੋਏ ਬਚਨ ਨੂੰ ਪੂਰਾ ਕਰਨ ਵਾਸਤੇ ਸ਼ਕਤੀ ਦਾ ਆਸਰਾ ਲੈ ਲਿਆ ਕਰਦੇ ਨੇ।

ਬਾਬਾ ਜੀ ਉਸ ਪੁਸਤਕ ਤੇ ਹੱਥ ਰੱਖ ਕੇ ਕਹਿਣ ਲੱਗੇ, ਕੱਲ੍ਹ ਦਾ ਤੇਰੇ ਮਨ ਵਿਚ ਇਹ ਫੁਰਨਾ ਚਲ ਰਿਹਾ ਹੈ ਕਿ ਕੀ ਹੋਇਆ।"

ਸੰਗਤ ਨੂੰ ਕੁਝ ਪਤਾ ਨਹੀਂ, ਹੁਕਮ ਸੀ ਉਸ ਨੂੰ ਕਿ ਗੁਪਤ ਰੱਖੀਂ।

ਕਹਿਣ ਲੱਗੇ, ਆਹੀ ਗੱਲ ਸੀ, ਅਸੀਂ ਬਚਨ ਦਿਤਾ ਹੋਇਆ ਸੀ। ਸੋ ਸਾਨੂੰ ਇਸ ਕਰਕੇ ਇਸ ਤਰ੍ਹਾਂ ਦੇ ਨਾਲ ਉਥੇ ਜਾਣਾ ਪਿਆ।

ਇਕ ਬਾਬਾ ਕਿਸ਼ਨ ਸਿੰਘ ਜੀ ਧੂਪੀਏ ਹੋਏ ਨੇ ਨਾਮਧਾਰੀ ਸਿੰਘ। ਉਨ੍ਹਾਂ ਦਾ ਸਾਧਨ ਬੜਾ ਜ਼ਬਰਦਸਤ ਸੀ। ਇਕੱਲੇ ਹੀ ਅਖੰਡਪਾਠ ਕਰਿਆ ਕਰਦੇ ਸੀ, 48 ਘੰਟੇ ਦੇ ਅੰਦਰ ਤੇ ਉਨ੍ਹੰ ਨੇ 1000 ਅਖੰਡ ਪਾਠ ਇਕੋ ਬੈਠਕ ਦੇ ਨਾਲ ਇਕ-ਇਕ ਪਾਠ ਕਰਕੇ ਕੀਤੇ। ਉਨ੍ਹਾਂ ਦਿਨਾਂ ਦੀ 25 ਰੁਪਏ ਭੇਟਾ ਲੈਂਦੇ ਸੀ। ਉਹੀ 25 ਰੁਪਏ ਜਾ ਕੇ ਭੈਣੀ ਸਾਹਿਬ ਜਮ੍ਹਾਂ ਕਰਾ ਦਿੰਦੇ ਸੀ ਤੇ ਉਨ੍ਹਾਂ ਦੀ ਵਹੀ ਵਿਚ ਹੁਣ ਤੱਕ ਲਿਖਿਆ ਹੋਇਆ ਹੈ ਕਿ ਉਨ੍ਹਾਂ ਦੇ ਖਾਤੇ ਵਿਚ ਕਿ ਉਨ੍ਹਾਂ ਨੇ 25000 ਰੁਪਿਆ ਅਖੰਡਪਾਠ ਕਰਕੇ ਜਮ੍ਹਾਂ ਕਰਾਇਆ। ਛੋਟੇ-ਛੋਟੇ ਹੁੰਦੇ ਸੀ ਉਦੋਂ ਅਸੀਂ। ਉਨ੍ਹਾਂ ਦਿਨਾਂ ਵਿਚ ਬੜੀ ਬੰਦਗੀ ਕਰਿਆ ਕਰਦੇ ਸੀ ਸਾਰੇ ਹੀ ਸਿੰਘ, ਹੁਣ ਨਹੀਂ ਕਰਦੇ। ਹੁਣ ਤਾਂ ਗੱਲਾਂ ਬਾਤਾਂ ਹੀ ਰਹਿ ਗਈਆਂ, ਨਾਮ ਜਪਣਾ ਤਾਂ ਇਕ ਪਾਸੇ ਰਹਿ ਗਿਆ, ਨਿਤਨੇਮ ਹੈ ਫਟਾਫਟ ਕਰ

ਲਿਆ ਉਸ ਤੋਂ ਅੱਗੇ ਨਾ ਕੋਈ ਤੁਰਨਾ ਚਾਹੁੰਦਾ ਹੈ ਨਾ ਕਿਸੇ ਨੂੰ ਸ਼ੌਕ ਹੈ ਕੋਈ ਵਿਰਲਾ ਪੁਰਸ਼ ਹੈ ਜਿਸ ਦੇ ਮਨ ਵਿਚ ਇਹ ਸ਼ੌਕ ਹੈ ਕਿ ਮੈਂ ਢਾਈ ਘੰਟੇ ਪ੍ਰਭੂ-ਪ੍ਰਮੇਸ਼ਰ ਦਾ ਨਾਮ ਜਪਾਂ। ਜਿਸ ਵਕਤ ਬਾਪੂ ਜੀ ਦਾ ਅੰਤ ਸਮਾਂ ਆਇਆ, ਬੀਬੀ ਜੀ ਦੇ ਪਿਤਾ ਜੀ ਦਾ। ਇਨ੍ਹਾਂ ਨੂੰ ਕਹਿਣ ਲੱਗੇ ਕਿ ਬਾਬਾ ਲੋਹਗੜ੍ਹੀਆ ਨਹੀਂ ਆਇਆ? ਲੋਹਗੜ੍ਹ ਪਿੰਡ ਦੇ ਸੀ ਉਹ ਨਾਰੰਗਵਾਲ ਦੇ ਕੋਲ ਦੇ। ਇਹ ਕਹਿਣ ਲੱਗੇ ਕਿ ਆਏ ਨਹੀਂ ਅਜੇ।

ਉਹ ਕਹਿੰਦੇ, ਚੰਗਾ! ਤੁਸੀਂ ਜਾਓ! ਸਾਡਾ ਹਿਸਾਬ-ਕਿਤਾਬ ਹੋ ਗਿਆ ਪੂਰਾ। ਸਵੇਰੇ ਆ ਜਾਇਓ। ਗੱਲ ਵਿਚੋਂ ਦੱਸੀ ਨਾ ਕਿ ਅਸੀਂ ਅੱਜ ਸਰੀਰ ਛੱਡ ਦੇਣਾ ਹੈ।

ਕਹਿੰਦੇ, ਜਾਓ ਸਾਰੇ। ਸਵੇਰੇ ਆ ਜਾਇਓ। ਅਸੀਂ ਬਾਬੇ ਲੋਹਗੜ੍ਹੀਏ ਨੂੰ ਉਡੀਕਦੇ ਹਾਂ।

ਜਦੋਂ ਹਸਪਤਾਲ ਤੋਂ ਬਾਹਰ ਨਿਕਲਣ ਲੱਗੇ ਕੀ ਦੇਖਦੇ ਹਾਂ ਬਾਬਾ ਜੀ ਦੇ ਹੱਥ ਵਿਚ ਗੜਵਾ ਹੈ ਤੇ ਗਲ ਵਿਚ ਚਿੱਟੀ ਮਾਲਾ ਪਾਈ ਹੋਈ ਹੈ, ਚਿੱਟੇ ਵਸਤ੍ਰ ਪਹਿਨੇ ਹੋਏ ਨੇ ਤੇ ਕਾਹਲੀ-ਕਾਹਲੀ ਓ ਕਮਰੇ ਵੱਲ ਨੂੰ ਜਾ ਰਹੇ ਨੇ, ਨਾਲ ਹੀ ਵਾਪਸ ਆ ਗਏ, ਆਪਸ ਵਿਚ ਮਿਲੇ।

ਕਹਿਣ ਲੱਗੇ, "ਬਾਬਾ ਜੀ! ਬੜੀ ਦੇਰ ਲਾ ਦਿਤੀ ਤੁਸੀਂ।"

ਉਹ ਕਹਿੰਦੇ, "ਮੈਂ ਤਾਂ ਦੇਰ ਨਹੀਂ ਲਾਈ ਤੁਸੀਂ ਹੀ ਲਾਈ ਹੈ।"

ਕਹਿੰਦੇ, "ਕਿੱਥੇ ਸੀ ਤੁਸੀਂ?"

ਕਹਿੰਦੇ, "ਅਸੀਂ ਤਾਂ ਲਾਲਾ ਮੂਸੇ ਰਾਵਲਪਿੰਡੀ (ਪਾਕਿਸਤਾਨ) ਦੇ ਕੋਲ ਸੀ ਹੁਣੇ ਤੁਹਾਡਾ ਸੁਨੇਹਾ ਪਹੁੰਚਿਆ ਸੀ ਸਾਡੇ ਕੋਲ।

ਕਿਉਂਕਿ ਓਧਰ ਸਰੀਰ ਛੱਡਣਾ ਸੀ ਉਨ੍ਹਾਂ ਨੇ ਤੇ ਉਨ੍ਹਾਂ ਦਾ ਇੰਤਜ਼ਾਰ ਕਰਦੇ ਸੀ ਤੇ ਸੁਨੇਹਾ ਦਿਤਾ ਤੇ ਬਗੈਰ ਤਾਰਦੇ, ਬਗੈਰ ਟੈਲੀਗ੍ਰਾਮ ਦੇ ਸੁਨੇਹਾ ਪਹੁੰਚਦਾ ਹੈ। ਸਮਾਂ ਬਹੁਤ ਥੋੜ੍ਹਾ ਹੈ ਤੇ ਉਸ ਦੇ ਨਾਲ ਆਪ ਉਧਰੋਂ ਗੱਲ ਕਰਦੇ ਨੇ ਤੇ ਉਧਰੋਂ ਹਸਪਤਾਲ ਦੇ ਦਰਵਾਜ਼ੇ ਮੂਹਰੇ ਪਹੁੰਚ ਜਾਂਦੇ ਨੇ।

ਇਸੇ ਤਰ੍ਹਾਂ ਦੇ ਨਾਲ ਇਕ ਹੋਰ ਮਹਾਤਮਾ ਸੀ ਬਾਬਾ ਮੋਹਣ ਜੀ, ਮਸਤਾਨਾ ਉਨ੍ਹਾਂ ਨੂੰ ਕਹਿੰਦੇ ਸੀ। ਉਹ ਵੀ ਨਾਮਧਾਰੀ ਸਿੰਘ ਸਨ। ਬਾਬਾ ਪ੍ਰਤਾਪ ਸਿੰਘ ਜੀ ਗੁਰਦਾਸਪੁਰ ਗਏ ਹੋਏ ਨੇ। ਜਦੋਂ ਵਾਪਸ ਭੈਣੀ ਸਾਹਿਬ ਨੂੰ ਆਉਣ ਲੱਗੇ ਤਾਂ ਇਹ ਵੀ ਕਹਿੰਦੇ ਕਿ ਮੈਨੂੰ ਵੀ ਨਾਲ ਲੈ ਚੱਲੋ।

ਉਹ ਕਹਿੰਦੇ, "ਮਸਤਾਨਿਆ! ਜਗ੍ਹਾ ਨਹੀਂ ਹੈ, ਕਾਰ ਭਰੀ ਹੋਈ ਹੈ। ਤੂੰ ਕਿਸੇ ਸਵਾਰੀ ਤੇ ਆ ਜਾਈਂ।"

ਕਹਿੰਦਾ, ਚੰਗਾ ਜੀ! ਜੇ ਸਵਾਰੀ ਦਾ ਹੁਕਮ ਹੈ ਤਾਂ ਸਵਾਰੀ ਤੇ ਹੀ ਆ ਜਾਵਾਂਗੇ।

ਜਿਸ ਵਕਤ ਇਹ ਭੈਣੀ ਸਾਹਿਬ ਪਹੁੰਚਦੇ ਹਨ ਤਾਂ ਕੀ ਦੇਖਦੇ ਨੇ ਕਿ ਦੀਵਾਨ ਲੱਗਿਆ ਹੋਇਆ ਹੈ ਤੇ ਮਸਤਾਨਾ ਕੀਰਤਨ ਕਰ ਰਿਹਾ ਹੈ। ਉਸ ਵੇਲੇ ਬਾਬਾ ਜੀ ਨੇ ਪੁਛਿਆ ਕਿ ਕਿੰਨੀ ਦੇਰ ਹੋ ਗਈ ਇਸਨੂੰ ਆਏ ਨੂੰ?

ਕਹਿੰਦੇ, ਜੀ! ਇਹ ਤਾਂ ਤਿੰਨ ਘੰਟੇ ਤੋਂ ਇੱਥੇ ਹੈ, ਤਿੰਨ ਘੰਟੇ ਤੋਂ ਦੀਵਾਨ ਲੱਗਿਆ ਹੋਇਆ ਹੈ ਤੇ ਤਿੰਨ ਘੰਟੇ ਤੋਂ ਕੀਰਤਨ ਹੀ ਕਰੀ ਜਾ ਰਹੇ ਨੇ।

ਕਹਿੰਦੇ, "ਕੀਰਤਨ ਤੋਂ ਬਾਅਦ ਸਾਡੇ ਕੋਲ ਲੈ ਕੇ ਆਇਓ।"

ਜਦੋਂ ਲੈ ਕੇ ਜਾਂਦੇ ਨੇ ਤਾਂ ਬਾਬਾ ਜੀ ਬੜੇ ਨਰਾਜ਼ ਸੀ। ਡੰਡਾ ਚੁਕਿਆ ਉਨ੍ਹਾਂ ਨੇ ਉਸ ਨੂੰ ਮਾਰਨਾ ਸ਼ੁਰੂ ਕਰ ਦਿਤਾ।

ਕਹਿਣ ਲੱਗੇ, "ਓ ਪ੍ਰੇਮੀਆ! ਤੂੰ ਸਾਨੂੰ ਹੀ ਸ਼ਕਤੀਆਂ ਦਿਖਾਉਣ ਲੱਗ ਗਿਆ ਤਾਂ ਫੇਰ ਅਸੀਂ ਵੀ ਕਾਰ ਨਾ ਲਿਜਾਇਆ ਕਰੀਏ, ਤੇਰੇ ਵਾਂਗ ਹੀ ਅਸੀਂ ਆ ਜਾਇਆ ਕਰੀਏ।"

ਸੋ ਇਹ ਬਹੁਤ ਸਾਰੀਆਂ ਮਿਸਾਲਾਂ ਨੇ। ਇਕ ਕਪੂਰਥਲੇ ਦੇ ਮਹਾਤਮਾ ਸੀ ਜਿਨ੍ਹਾਂ ਦਾ ਨਾਂ ਹਰਨਾਮ ਸਿੰਘ ਜੀ। ਉਨ੍ਹਾਂ ਦਾ ਸੇਵਕ ਸਕੱਤਰੇਤ ਵਿਚ ਸੀ ਭਾਈ ਸਾਧੂ ਸਿੰਘ ਜੀ ਹੁਣ ਤਾਂ ਚੜ੍ਹਾਈ ਕਰ ਗਏ ਉਹ। ਬੜੇ ਚੰਗੇ ਗੁਰਮੁਖ ਪਿਆਰੇ ਸੀ। ਉਹ ਦਸਦੇ ਸੀ ਕਿ ਮੈਂ ਸੰਤਾਂ ਦੀ ਸੇਵਾ ਕਰਿਆ ਕਰਦਾ ਸੀ। ਇਕ ਵਾਰੀ ਪਿੰਡ ਦੇ ਲੋਕਾਂ ਨੇ ਕਿਹਾ ਕਿ ਬਾਬਾ ਜੀ! ਗੰਗਾ ਦਾ ਇਸ਼ਨਾਨ ਆ ਗਿਆ ਤੇ ਤੁਸੀਂ ਵੀ ਚੱਲੋ।

ਕਹਿਣ ਲੱਗੇ, "ਚੰਗਾ! ਤੁਸੀਂ ਚੱਲੋ, ਉਥੇ ਅਸੀਂ ਆਵਾਂਗੇ।"

ਜਿਸ ਵਕਤ ਇਸ਼ਨਾਨ ਕਰਨ ਦਾ ਸਮਾਂ ਆਇਆ ਤਾਂ ਉਸ ਵੇਲੇ ਕੀ ਦੇਖਦੇ ਨੇ ਕਿ ਬਾਬਾ ਹਰਨਾਮ ਸਿੰਘ ਜੀ ਸੰਗਤਾਂ ਦੇ ਨਾਲ ਇਸ਼ਨਾਨ ਕਰਦੇ ਨੇ। ਉਹ ਪੁਛਦੇ ਨੇ ਕਿ ਬਾਬਾ ਜੀ! ਤੁਸੀਂ ਕਿਵੇਂ ਆ ਗਏ, ਕਿਸ ਸਵਾਰੀ ਤੇ ਆਏ? ਸਾਡੇ ਮਗਰੋਂ ਹੀ ਤੁਰ ਪਏ ਸੀ? ਉਹ ਜਵਾਬ ਨਹੀਂ ਕੋਈ ਦਿੰਦੇ ਤੇ ਇਧਰ ਇਸ਼ਨਾਨ ਕਰਨ ਤੋਂ ਬਾਅਦ ਆਪਣਾ ਗੜਵਾ ਭਰਿਆ ਤੇ ਵਾਪਸ ਕਪੂਰਥਲੇ ਆ ਜਾਂਦੇ ਨੇ।

ਇਥੇ ਆ ਕੇ ਸਾਧੂ ਸਿੰਘ ਨੂੰ ਕਹਿਣ ਲੱਗੇ, ਲੈ ਪ੍ਰੇਮੀਆ! ਮੈਂ ਥੋੜ੍ਹਾ ਜਿਹਾ ਪਾਣੀ ਲਿਆਇਆ ਹਾਂ ਤੇ ਤੂੰ ਵੀ ਹੋਰ ਪਾਣੀ ਵਿਚ ਪਾ ਕੇ ਇਸ਼ਨਾਨ ਕਰ ਲੈ। ਕਹਿੰਦਾ, "ਬਾਬਾ ਜੀ! ਕਿੱਥੇ ਗਏ ਸੀ?"

ਕਹਿੰਦੇ, "ਅਸੀਂ ਗੰਗਾ ਇਸ਼ਨਾਨ ਕਰਕੇ ਆਏ ਹਾਂ।"

ਸੋ ਇਸੇ ਤਰ੍ਹਾਂ ਦੇ ਨਾਲ ਸਾਰਿਆਂ ਨੇ ਕਿਹਾ, ਸੰਗਤ ਬੈਠੀ ਸੀ। ਸੰਗਤ ਦੇ ਮਨ ਵਿਚ ਇਹ ਹੋ ਗਿਆ ਕਿ ਜਦੋਂ ਗੰਗਾ ਤੋਂ ਸੰਗਤ ਆਏਗੀ ਤਾਂ ਪੁੱਛਾਂਗੇ। ਜਦੋਂ ਇਸ ਪਿੰਡ ਦੀ ਸੰਗਤ ਗੰਗਾ-ਇਸ਼ਨਾਨ ਕਰਕੇ ਵਾਪਸ ਆਈ ਤਾਂ ਉਹ ਕਹਿੰਦੇ ਕਿ ਬਾਬਾ ਜੀ! ਸਾਨੂੰ ਵਿਚਾਲੇ ਹੀ ਛੱਡ ਕੇ ਆ ਗਏ, ਪਤਾ ਹੀ ਨਾ ਲੱਗਿਆ ਕੱਪੜੇ ਵਗੈਰਾ ਪਾਉਂਦੇ ਸੀ, ਪਤਾ ਨਹੀਂ ਕਿੱਧਰ ਨੂੰ ਚਲੇ ਗਏ।

ਉਹ ਪੁੱਛਣ ਲੱਗ ਗਏ ਕਹਿੰਦੇ, ਬਾਬਾ ਜੀ! ਤੁਸੀਂ ਕਿੱਥੇ ਚਲੇ ਗਏ ਸੀ? ਬੜੀ ਛੇਤੀ ਤੁਸੀਂ ਸਾਥੋਂ ਵੀ ਪਹਿਲਾਂ ਹੀ ਪਹੁੰਚ ਗਏ।

ਸੋ ਇਸ ਤਰ੍ਹਾਂ ਦੀਆਂ ਮਿਸਾਲਾਂ ਨੇ। ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਜੀ ਨੇ ਜੇ ਕੌਤਕ ਕਰਿਆ ਹੈ ਤਾਂ ਉਹ ਕੋਈ ਸਬਕ ਸੀ ਸਾਡੇ ਵਾਸਤੇ ਕਿਉਂਕਿ ਹਰ ਬੰਦਾ ਸ਼ਕਤੀ ਵਾਲਾ ਨਹੀਂ ਹੁੰਦਾ। ਮਨੁੱਖੀ ਤੌਰ ਤੇ ਮਨੁੱਖਾਂ ਨੂੰ ਮਜ਼ਬੂਤ ਕਰਨ ਵਾਸਤੇ ਹੀ ਗੁਰੂ ਮਹਾਰਾਜ ਜੀ ਦਾ ਸਾਰਾ ਜੀਵਨ ਹੈ ਇਸੇ ਕਰਕੇ ਬਚਿਤ੍ਰ ਨਾਟਕ ਲਿਖਿਆ ਹੈ ਕਿਉਂਕਿ ਸਾਰੀਆਂ ਹੀ ਸ਼ਕਤੀਆਂ ਹੁੰਦੇ ਹੋਏ ਜਿਵੇਂ ਫਿਲਮ ਹੋਇਆ ਕਰਦੀ ਹੈ ਉਸ ਦਾ ਨਿਰਦੇਸ਼ਕ ਜਿਹੜਾ ਹੈ, ਚਾਲਕ ਜਿਹੜਾ ਹੈ ਉਹ ਕਈ ਵਾਰੀ ਖੁਦ ਰੋਲ ਲੈ ਲੈਂਦਾ ਹੈ ਕਿਸੇ ਚੋਰ ਦਾ ਲੈ ਲਿਆ, ਕਿਸੇ ਹੋਰ ਚੀਜ਼ ਦਾ ਲੈ ਲਿਆ, ਪੁਲਿਸ ਫੜੀ ਫਿਰਦੀ ਹੈ, ਕੁਟਦੀ ਹੈ ਉਸ ਨੂੰ, ਮਾਰਦੀ ਹੈ ਪਰ ਉਹ ਅਭਿਨੈ ਪੂਰਾ ਕਰਨ ਵਾਸਤੇ ਆਪਣਾ ਅਧਿਕਾਰ ਨਹੀਂ ਵਰਤਦਾ ਨਹੀਂ ਤਾਂ ਫਿਲਮ ਗਲਤ ਹੋ ਜਾਂਦੀ ਹੈ। ਇਸੇ ਤਰ੍ਹਾਂ ਦੇ ਨਾਲ ਜੋ ਸਤਿਪੁਰਸ਼, ਸਰਬ ਸ਼ਕਤੀ ਸੰਪੰਨ ਹੋਇਆ ਕਰਦੇ ਨੇ ਉਨ੍ਹਾਂ ਦੇ ਜਦੋਂ ਅਸੀਂ ਜੀਵਨ ਦੇਖਦੇ ਹਾਂ ਉਸ ਵੇਲੇ ਸਾਡੇ ਮਨ ਵਿਚ ਸ਼ੰਕਾ ਪੈਦਾ ਹੋ ਜਾਂਦਾ ਹੈ ਕਿ ਗੁਰੂ ਮਹਾਰਾਜ ਜੀ ਕਹਿੰਦੇ ਨੇ ਕਿ -

***ਅਉਖੀ ਘੜੀ ਨ ਦੇਖਣ ਦੇਈ***
***ਅਪਨਾ ਬਿਰਦੁ ਸਮਾਲੇ॥*** ***ਅੰਗ - ੬੮੨***

ਠੀਕ ਹੈ ਪ੍ਰਹਿਲਾਦ ਨੂੰ ਔਖੀ ਘੜੀ ਨਹੀਂ ਦੇਖਣ ਦਿਤੀ, ਥੰਮਾਂ ਦੇ ਨਾਲ ਲਾਉਂਦੇ ਨੇ, ਵਾਹਿਗੁਰੂ ਪ੍ਰਗਟ ਹੋ ਜਾਂਦਾ ਹੈ। ਨਾਮਦੇਵ ਜੀ ਨੂੰ ਔਖੀ ਘੜੀ ਨਹੀਂ ਦੇਖਣ ਦਿਤੀ ਜਿਸ ਵਕਤ ਗਊ ਜੀਉਂਦੀ ਕਰਨ ਵਾਸਤੇ ਕਿਹਾ ਤੇ ਤਿੰਨ ਪਹਿਰ ਦਾ ਜਿਸ ਵਕਤ ਸਮਾਂ ਦਿਤਾ ਕਿ ਤਿੰਨਾਂ ਪਹਿਰਾਂ ਵਿਚ ਜੀਉਂਦੀ ਕਰ ਦੇਹ ਨਹੀਂ ਤਾਂ ਤੈਨੂੰ ਇੱਥੇ ਹੀ ਮਾਰ ਦਿਆਂਗੇ, ਉਸ ਵੇਲੇ ਉਸ ਨੂੰ ਔਖੀ ਘੜੀ ਦੇਖਣ ਨਹੀਂ ਦਿਤੀ, ਪ੍ਰਮੇਸ਼ਰ ਨੇ ਆਪ ਪ੍ਰਗਟ ਹੋ ਕੇ ਗਊ ਜੀਉਂਦੀ ਕੀਤੀ ਤੇ ਉਸ ਦੇ ਨਾਲ ਜੋ ਬਾਦਸ਼ਾਹ ਸੀ ਉਸ ਦੇ ਐਡਾ ਦਰਦ ਹੋਇਆ ਕਿ ਆ ਕੇ ਨਾਮਦੇਵ ਜੀ ਦੀ ਸ਼ਰਨੀ ਇਹ ਕਹਿ ਕੇ ਪੈਣਾ ਪਿਆ, 'ਬਖਸ਼ੀ ਹਿੰਦੂ ਮੈ ਤੇਰੀ ਗਾਇ' ਸੇਵਕ ਬਣਿਆ ਉਨ੍ਹਾਂ ਨੂੰ ਭੇਟਾਂ ਦਿਤੀਆਂ - ਇਕ ਪਲੰਘ ਦਿੱਤਾ ਹੀਰਿਆਂ, ਜਵਾਹਰਾਤਾਂ ਨਾਲ ਜੜਿਆ ਹੋਇਆ।

ਸੋ ਇਸੇ ਤਰ੍ਹਾਂ ਕਬੀਰ ਸਾਹਿਬ ਦੇ ਨਾਲ ਵੀ, ਜਿਸ ਵਕਤ ਉਨ੍ਹਾਂ ਨੂੰ ਪਾਣੀ ਵਿਚ ਸੁਟਦੇ ਨੇ ਤਾਂ ਪਾਣੀ ਡੋਬਦਾ ਨਹੀਂ ਹੈ, ਅੱਗ ਵਿਚ ਬਿਠਾ ਦਿਤਾ ਅੱਗ ਨੇ ਜਾਲਿਆ ਨਾ, ਧਰਤੀ ਵਿਚ ਦੱਬ ਦਿਤਾ, ਧਰਤੀ ਨੇ ਥੱਲੇ ਨਾ ਰੱਖਿਆ ਫੇਰ ਕੀ ਵਜ੍ਹਾ (ਕਾਰਨ) ਹੈ ਕਿ ਸਾਹਿਬਜ਼ਾਦਿਆਂ ਨੂੰ ਜਦੋਂ ਨੀਹਾਂ ਵਿਚ ਚਿਣਿਆ ਜਾਂਦਾ ਸੀ ਉਸ ਵੇਲੇ ਇਹ ਸ਼ਬਦ ਕਿੱਥੇ ਚਲਿਆ ਗਿਆ ਤੇ ਉਨ੍ਹਾਂ ਨੂੰ ਔਖੀ ਘੜੀ ਕਿਉਂ ਦੇਖਣੀ ਪਈ? ਕਿਉਂ ਉਨ੍ਹਾਂ ਨੂੰ ਐਨੀ ਬੇਰਹਿਮੀ ਨਾਲ ਸ਼ਹੀਦ ਕੀਤਾ, ਐਨੇ ਤਸੀਹੇ ਦਿਤੇ। ਸੋ ਇਹ ਕੁਝ ਚੀਜ਼ਾਂ ਨੇ ਜਿਹੜੀਆਂ ਸਾਨੂੰ ਵਿਚਾਰਨੀਆਂ ਪੈਂਦੀਆਂ ਨੇ ਤੇ ਤਰਕਸ਼ੀਲ ਮਨ ਨੂੰ ਇਹ ਤਰਕ ਦੇ ਵਿਚ ਲੈ ਜਾਂਦੀਆਂ ਨੇ ਕਿ ਗੁਰੂ ਮਹਾਰਾਜ ਜੇ ਐਨੀਆਂ ਸ਼ਕਤੀਆਂ ਦੇ ਹੁੰਦੇ ਹੋਏ ਉਨ੍ਹਾਂ ਦੀ ਰਾਖੀ ਨਾ ਕਰ ਸਕੇ ਫੇਰ ਸਾਡੀ ਰਾਖੀ ਕਿਵੇਂ ਕਰਨਗੇ। ਤਰਕਸ਼ੀਲ ਜੋ ਮਨ ਹੈ ਜਿਸ ਨੂੰ ਇਸ ਗੱਲ ਦੀ ਨਾ ਸੋਝੀ ਆਵੇ ਸਾਧਸੰਗਤ ਜੀ! ਉਸ ਦੇ ਅੱਗੇ ਬੜੀ ਦੀਵਾਰ ਬਣ ਜਾਂਦੀ ਹੈ ਕਿ ਉਨ੍ਹਾਂ ਨੇ ਤਾਂ ਆਪ ਦੀ ਹੀ ਰਾਖੀ ਨਾ ਕਰੀ। ਗੁਰੂ ਪੰਜਵੇਂ ਪਾਤਸ਼ਾਹ ਨੇ ਆਪਣੀ ਰਾਖੀ ਨਾ ਕਰੀ - ਤਵੀਆਂ ਤੇ ਬੈਠ ਗਏ, ਦੇਗਿਆਂ ਵਿਚ ਉਬਾਲੇ ਗਏ। ਭਾਈ ਦਇਆਲਾ ਦੇਗਾਂ ਵਿਚ ਉਬਾਲਿਆ ਗਿਆ, ਸਾਮ੍ਹਣੇ ਗੁਰੂ ਨੌਵੇਂ ਪਾਤਸ਼ਾਹ ਦੇ, ਉਨ੍ਹਾਂ ਦੀ ਰਾਖੀ ਨਾ ਕਰੀ। ਭਾਈ ਮਤੀ ਦਾਸ ਆਰੇ ਨਾਲ ਚੀਰਿਆ ਗਿਆ ਤੇ ਉਨ੍ਹਾਂ ਦੀ ਰਾਖੀ ਨਾ ਕਰੀ, ਇਹ ਸਾਡੇ ਅੰਦਰ ਨਾਸਤਕ ਖਿਆਲਾਤ ਪੈਦਾ ਕਰ ਦਿੰਦੇ ਨੇ ਕਿਉਂਕਿ ਸਾਨੂੰ ਪਤਾ ਨਹੀਂ ਹੈ ਕਿ ਇਹ ਗੱਲ ਕੀ ਹੋਈ, ਇਹ ਗੱਲ ਸਾਨੂੰ ਵਿਚਾਰਨੀ ਪੈਂਦੀ ਹੈ, ਬਹੁਤ ਗਹਿਰਾਈ ਵਿਚ ਜਾ ਕੇ ਕਿ ਇਹ ਕਿਉਂ ਨਹੀਂ ਹੋਇਆ? ਕੀ ਉਨ੍ਹਾਂ ਨੇ ਫੁਰਨਾ ਹੀ ਨਾ ਕਰਿਆ ਜਾਂ ਇਸ ਤਰ੍ਹਾਂ ਦਾ ਨਾਟਕ ਉਨ੍ਹਾਂ ਨੂੰ ਮਿਲਿਆ ਹੋਇਆ ਸੀ ਤੇ ਉਹ ਜਾਣਦੇ ਸਨ। ਚਾਰ ਕਿਸਮ ਦੇ ਭਗਤ ਹੋਇਆ ਕਰਦੇ ਨੇ - ਇਕ ਆਰਤ ਭਗਤ ਹੋਇਆ ਕਰਦੇ ਨੇ, ਇਕ ਭਗਤ ਹੁੰਦੇ ਨੇ ਜਿਨ੍ਹਾਂ ਨੂੰ ਅਰਥਾ-ਅਰਥੀ ਕਹਿੰਦੇ ਨੇ, ਲੋੜ ਵੇਲੇ ਜਿਸ ਨੇ ਭਗਤ ਬਣਨਾ ਹੈ।

ਆਰਤ ਭਗਤ ਜਿਵੇਂ ਧਰੂ ਸੀ, ਬੇਅਦਬੀ ਹੋਈ, ਥੱਪੜ ਪਏ, ਮਾਂ ਮਤਰੇਈ ਨੇ ਖਿੱਚ ਕੇ ਕੱਢ ਦਿਤਾ। ਰਾਜ ਦਾ ਜੋ ਹੱਕ ਸੀ ਉਹ ਲੈ ਲਿਆ ਤੇ ਉਸ ਨੇ ਭਗਤੀ ਸ਼ੁਰੂ ਕੀਤੀ।

ਇਸੇ ਤਰ੍ਹਾਂ ਅਰਥਾ-ਅਰਥੀ ਹੋਇਆ ਕਰਦੇ ਨੇ,

ਪੈਸੇ ਟਕੇ ਦੀ ਲੋੜ ਤੇ ਕਿਸੇ ਕੰਮ ਦੇ ਵਾਸਤੇ ਭਗਤੀ ਕਰਦੇ-ਕਰਦੇ ਭਗਤੀ ਵਿਚ ਪਹੁੰਚ ਜਾਂਦੇ ਨੇ।

ਤੀਸਰੇ ਪ੍ਰੇਮੀ ਭਗਤ ਹੋਇਆ ਕਰਦੇ ਨੇ, ਅੰਨਿਨ ਭਗਤ ਉਨ੍ਹਾਂ ਨੂੰ ਕਹਿੰਦੇ ਨੇ। ਚੌਥੇ ਗਿਆਨੀ ਭਗਤ ਹੋਇਆ ਕਰਦੇ ਨੇ। ਗਿਆਨੀ ਭਗਤ ਜਿਹੜਾ ਹੈ ਉਸ ਦੇ ਵਾਸਤੇ ਦੇਹ ਕੁਝ ਵੀ ਮਾਇਨੇ ਨਹੀਂ ਰੱਖਦੀ ਕਿਉਂਕਿ ਉਸ ਨੂੰ ਸਦਾ ਦਾ ਜੀਵਨ ਪ੍ਰਾਪਤ ਹੋਇਆ ਹੁੰਦਾ ਹੈ। ਉਸ ਨੂੰ ਪਤਾ ਹੁੰਦਾ ਹੈ ਕਿ ਇਹ ਦੇਹ ਤਾਂ ਇਕ ਕੱਪੜਾ ਹੈ, ਕਪੜੇ ਨੇ ਪਾਟਣਾ ਹੀ ਪਾਟਣਾ ਹੈ। ਕੱਪੜੇ ਨੂੰ ਲਾਹੁੰਣਾ ਹੀ ਲਾਹੁੰਣਾ ਹੈ ਰੱਖਣਾ ਨਹੀਂ ਹੈ। ਗੁਰੂ ਘਰ ਦੇ ਅੰਦਰ ਜਿੰਨੇ ਵੀ ਗੁਰਸਿੱਖ ਹੋਏ ਨੇ ਚਾਹੇ ਭਾਈ ਮਨੀ ਸਿੰਘ ਜੀ ਨੇ, ਚਾਹੇ ਬਾਬਾ ਦੀਪ ਸਿੰਘ ਜੀ ਨੇ, ਚਾਹੇ ਭਾਈ ਮਤੀ ਦਾਸ ਜੀ ਨੇ, ਭਾਈ ਦਇਆਲਾ ਜੀ ਨੇ ਇਹ ਸਾਰੇ ਗਿਆਨੀ ਭਗਤ ਸੀ। ਇਹ ਪ੍ਰਮੇਸ਼ਰ ਦੇ ਨਾਲ ਇਕ-ਮਿੱਕ ਹੋਏ ਸੀ। ਵਾਹਿਗੁਰੂ ਇਨ੍ਹਾਂ ਵਾਸਤੇ ਕੋਈ ਹੋਰ ਵੱਖਰੇ ਥਾਂ ਰਹਿਣ ਵਾਲਾ ਨਹੀਂ ਸੀ, ਸ੍ਵਾਸ-ਸ੍ਵਾਸ ਦੇ ਵਿਚ ਰਹਿ ਕੇ ਇਹ ਆਪਣਾ ਆਪਾ ਭਾਵ ਮਿਟਾ ਕੇ ਇਹ ਪ੍ਰਮੇਸ਼ਰ ਹੀ ਸਨ -

*ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥*

*ਅੰਗ - ੩੯੭*

ਜਿਹੜੇ ਤਿੰਨ ਕਿਸਮ ਦੇ ਭਗਤ ਹੁੰਦੇ ਨੇ ਉਹ ਵਾਹਿਗੁਰੂ ਨੂੰ ਵੱਖਰਾ ਜਾਣ ਕੇ ਸਾਕਾਰ ਦੀ ਭਗਤੀ ਕਰਦੇ ਨੇ, ਗੁਰੂ ਨਾਨਕ ਪਾਤਸ਼ਾਹ ਨੂੰ ਵੱਖਰਾ ਜਾਣ ਕੇ ਉਸ ਦੀ ਭਗਤੀ ਕਰਦੇ ਨੇ। ਜਿਹੜੇ ਗਿਆਨੀ ਭਗਤ ਹੁੰਦੇ ਨੇ ਉਹ ਪ੍ਰਮੇਸ਼ਰ ਨੂੰ ਵੱਖਰਾ ਨਹੀਂ ਜਾਣਦੇ, ਉਹ ਆਪ ਖਤਮ ਹੋ ਜਾਂਦੇ ਨੇ ਕੇਵਲ ਉਨ੍ਹਾਂ ਦੇ ਸਰੀਰ ਵਿਚ ਪ੍ਰਭੂ ਹੀ ਰਹਿ ਜਾਇਆ ਕਰਦਾ ਹੈ, ਆਪਣਾ ਆਪਾ ਨਹੀਂ ਹੋਇਆ ਕਰਦਾ ਦੇਖਣ ਵਾਸਤੇ, ਗੱਲਾਂ ਕਰਨ ਵਾਸਤੇ ਲੱਗਦਾ ਹੈ ਕਿ ਇਹ ਭਾਈ ਮਨੀ ਸਿੰਘ ਜੀ ਨੇ, ਫਲਾਣੇ ਸੰਤ ਨੇ ਦਰਅਸਲ ਉਹ ਮਿਟ ਗਏ ਹੁੰਦੇ ਨੇ ਉਨ੍ਹਾਂ ਨੂੰ ਕੋਈ ਫੁਰਨਾ ਨਹੀਂ ਹੋਇਆ ਕਰਦਾ।

ਸੋ ਜਿਥੇ ਦ੍ਵੈਤ ਹੈ, ਦੂਜਾਇਗੀ ਹੈ ਉਸ ਥਾਂ ਦੇ ਉਤੇ ਉਸ ਦਾ ਫੁਰਨਾ ਹੁੰਦਾ ਹੈ ਕਿ ਮੇਰੀ ਰਾਖੀ ਹੋਵੇ, ਪ੍ਰਭੂ ਮੇਰੀ ਸਹਾਇਤਾ ਕਰੇ। ਜਦੋਂ ਇਹ ਦੂਜਾ ਕਹਿੰਦਾ ਹੈ ਉਸ ਵੇਲੇ ਪ੍ਰਭੂ ਆ ਕੇ ਰਾਖੀ ਕਰਦਾ ਹੈ ਕਿਉਂਕਿ ਉਹ ਉਸ ਦਾ ਜਨ ਹੁੰਦਾ ਹੈ। ਜਿਹੜਾ ਉਸ ਦਾ ਰੂਪ ਬਣ ਗਿਆ ਉਹ ਆਪੇ ਹੀ ਹੁੰਦਾ ਹੈ। ਉਥੇ ਨਾ ਕੁਝ ਮਰਦਾ ਹੈ, ਨਾ ਕੁਝ ਜੰਮਦਾ ਹੈ। ਉਹ ਤਾਂ ਇਕ ਚਰਿਤ੍ਰ ਹੁੰਦਾ ਹੈ, ਆਪਣਾ ਚਰਿਤ੍ਰ ਆਪ ਕਰਦਾ ਹੈ।

ਸੋ ਇਸ ਤਰ੍ਹਾਂ ਦੇ ਨਾਲ ਜੋ ਸਾਹਿਬਜ਼ਾਦਿਆਂ ਬਾਰੇ ਸੀ, ਸਾਹਿਬਜ਼ਾਦੇ ਪੂਰਨ ਬ੍ਰਹਮਗਿਆਨੀ ਸਨ - ਕੋਈ ਬੱਚੇ ਨਹੀਂ ਸੀ ਅਣਜਾਣ ਉਹ, ਸਾਰੀਆਂ ਸ਼ਕਤੀਆਂ ਸੰਪੰਨ ਸੀ। ਆਹ ਜਿਹੜੀਆਂ ਕਵੀਆਂ ਨੇ ਗੱਲਾਂ ਲਿਖੀਆਂ ਕਿ ਇਸ ਤਰ੍ਹਾਂ ਹੋਇਆ, ਏਸ ਤਰ੍ਹਾਂ ਹੋਇਆ ਆਹ ਗੱਲਾਂ ਨਹੀਂ ਇਹ ਤਾਂ ਗੱਲਾਂ ਬਾਅਦ ਵਿਚ ਬਣੀਆਂ ਨੇ। ਬਾਅਦ ਵਿਚ ਕਿਸੇ ਨੂੰ ਪਤਾ ਹੀ ਨਹੀਂ ਕਿ ਉਥੇ ਹੋਇਆ ਕੀ। ਮਾਹੀ ਨੇ ਆ ਕੇ ਇਹ ਗੱਲ ਬਾਤ ਦੱਸੀ ਹੈ ਕਿ ਇਸ ਤਰ੍ਹਾਂ ਸਰਹਿੰਦ ਸਾਕਾ ਹੋਇਆ ਸੀ, ਉਸ ਗੱਲ-ਬਾਤ ਵਿਚ ਨਹੀਂ ਆਉਂਦੀ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਤੇ ਫੇਰ ਇਹ ਆਪਣੇ ਮਨ ਦੀ ਕਮਜ਼ੋਰੀ ਦੇ ਨਾਲ ਇਹ ਲਿਖਾਰੀ ਲਿਖ ਦਿੰਦੇ ਨੇ ਕਿ ਮਾਤਾ ਜੀ ਨੇ ਬੁਰਜ ਤੋਂ ਛਾਲ ਮਾਰੀ, ਬਹੁਤ ਜਿਹੜੇ ਅੱਜ ਕਲ੍ਹ ਦੇ ਪ੍ਰੋਫੈਸਰ ਨੇ ਉਹ ਕਹਿੰਦੇ ਨੇ ਕਿ ਜੀ heart fail ਹੋ ਗਿਆ। ਇਨ੍ਹਾਂ ਨੂੰ ਇਹ ਨਹੀਂ ਪਤਾ ਕਿ ਜਦੋਂ ਗੁਰੂ ਤੇਗ ਬਹਾਦਰ ਮਹਾਰਾਜ ਜੀ 28 ਸਾਲ ਤਪਸਿਆ ਕਰਦੇ ਸੀ ਇਨ੍ਹਾਂ ਨੇ ਉਨ੍ਹਾਂ ਦੇ ਦਰਵਾਜ਼ੇ ਤੇ ਪਹਿਰਾ ਵੀ ਦਿੱਤਾ, ਪ੍ਰਸ਼ਾਦਾ-ਪਾਣੀ ਵੀ ਦਿਤਾ, ਬਸਤਰ ਵੀ ਧੋਤੇ, ਸੇਵਾ ਵੀ ਕੀਤੀ ਤੇ ਨਾਲ 28 ਸਾਲ ਓਡੀ ਹੀ ਤਪਸਿਆ ਕੀਤੀ ਆਪ ਨੇ, ਘੱਟ ਨਹੀਂ ਸੀ ਆਪ ਦੀ ਤਪਸਿਆ। ਸੋ ਉਹ ਮਾਤਾ ਜਿਸ ਦੇ ਪੇਟ ਵਿਚੋਂ ਗੁਰੂ ਦਸਮੇਸ਼ ਪਿਤਾ ਦਾ ਪ੍ਰਕਾਸ਼ ਹੋਵੇ, ਉਸ ਮਾਤਾ ਨੂੰ ਐਨਾ ਛੋਟਾ ਲੈ ਜਾਣਾ ਇਹ ਇਤਿਹਾਸ ਦੀ ਕਿੱਡੀ-ਵੱਡੀ ਭੁੱਲ ਹੈ। ਬੇਅੰਤ ਮਾਤਾਵਾਂ ਹੋਈਆਂ ਨੇ।

ਇਕ ਮਾਤਾ ਜਿਸ ਦਾ ਨਾਮ ਇੰਦ ਕੌਰ ਸੀ। ਉਸ ਦਾ ਬਿਸ਼ਨ ਸਿੰਘ ਨਾਂ ਦਾ ਪੁੱਤਰ 14 ਸਾਲ ਦਾ ਸੀ ਜੋ ਨਾਮਧਾਰੀਆਂ ਦੇ ਵਿਦਰੋਹ ਵਿਚ ਫੜਿਆ ਗਿਆ ਤੇ ਮਲੇਰਕੋਟਲੇ ਦੇ ਸਾਕੇ ਦੇ ਵਿਚ ਉਸਨੂੰ ਵੀ ਤੋਪ ਦੇ ਨਾਲ ਉਡਾਉਣ ਦਾ ਹੁਕਮ ਹੋ ਗਿਆ। ਮਿਸਟਰ ਕਾਬਨ ਦੀ ਜੋ ਮੇਮ ਸੀ ਉਸ ਨੇ ਜਦੋਂ ਛੋਟੇ ਜਿਹੇ ਬੱਚੇ ਵੱਲ ਦੇਖਿਆ, ਬੜਾ ਹੀ ਸੁੰਦਰ ਬੱਚਾ ਦੇਖ ਕੇ ਪਿਆਰ ਆ ਗਿਆ, ਉਸ ਦੇ ਹਿਰਦੇ ਵਿਚ। ਉਸ ਨੇ ਆਪਣੇ ਪਤੀ ਨੂੰ ਕਿਹਾ ਡੀ. ਸੀ. ਨੂੰ ਕਿ ਤੂੰ ਇਸ ਬੱਚੇ ਨੂੰ ਕਿਉਂ ਤੋਪ ਨਾਲ ਉਡਾਉਂਦਾ ਹੈਂ ਇਸ ਨੇ ਕੀ ਕਰਿਆ ਹੋਣਾ ਹੈ, ਨਿੱਕਾ ਜਿਹਾ ਬੱਚਾ ਹੈ। 14 ਸਾਲ ਦਾ ਦੇਖ ਤਾਂ ਸਹੀ ਕਿੰਨਾ ਸੋਹਣਾ ਹੈ। ਉਸ ਨੇ ਹੁਕਮ ਕਰ ਦਿਤਾ ਕਿ ਇਸ ਬੱਚੇ ਨੂੰ ਛੱਡ ਦਿਓ। ਮਾਂ ਦੇ ਕੋਲ ਚਲਿਆ ਗਿਆ, ਬੱਚਾ ਬਹੁਤ ਉਦਾਸ ਹੋਇਆ ਹੋਇਆ, ਖੁਸ਼ੀ ਨਹੀਂ ਹੋਈ ਬੱਚੇ ਨੂੰ ਉਦਾਸ ਹੋ ਗਿਆ।

ਮਾਂ ਕਹਿਣ ਲੱਗੀ, "ਬੇਟਾ! ਤੈਨੂੰ ਕਿਉਂ ਛੱਡ ਦਿਤਾ?"

ਕਹਿੰਦਾ, "ਮੈਨੂੰ ਪਤਾ ਨਹੀਂ ਕਿਉਂ ਛੱਡ ਦਿੱਤਾ।"

ਕਹਿੰਦੀ, "ਤੂੰ ਜਾਹ! ਜਾ ਕੇ ਸ਼ਹੀਦ ਹੋ। ਏਸ ਵੇਲੇ ਸ਼ਹੀਦਾਂ ਦਾ ਜੋ ਬੇੜਾ ਹੈ ਉਹ ਗੁਰੂ ਤੇਗ ਬਹਾਦਰ ਜੀ ਦੇ ਪਾਸ ਜਾਣ ਨੂੰ ਤਿਆਰ ਹੈ ਤੇ ਗੁਰੂ ਮਹਾਰਾਜ ਜੀ ਇੰਤਜ਼ਾਰ ਕਰ ਰਹੇ ਨੇ ਉਨ੍ਹਾਂ ਦੀਆਂ ਰੂਹਾਂ ਦਾ। ਕੰਨ ਦੇ ਵਿਚ ਗੱਲ ਕਹਿ ਦਿਤੀ।

ਬੱਚਾ ਅੰਗਰੇਜ਼ ਦੇ ਕੋਲ ਆ ਗਿਆ, ਮਿਸਟਰ

ਕਾਬਨ ਸਾਢੇ ਛੇ ਫੁੱਟ ਲੰਮਾ ਜਵਾਨ ਸੀ।

ਬੱਚਾ ਕਹਿਣ ਲੱਗਿਆ, "ਮੈਂ ਇਕ ਗੱਲ ਕਰਨੀ ਚਾਹੁੰਦਾ ਹਾਂ ਤੁਹਾਡੇ ਨਾਲ।"

ਉਸ ਨੇ ਹੇਠਾਂ ਨੂੰ ਹੋ ਕੇ ਜਦੋਂ ਕੰਨ ਕੀਤਾ ਬੱਚੇ ਵਲ ਤਾਂ ਬੱਚੇ ਨੇ ਦੋਵੇਂ ਹੱਥਾਂ ਦੇ ਨਾਲ ਉਸ ਦੀ ਦਾੜ੍ਹੀ ਫੜ ਲਈ, ਜ਼ੋਰ ਬੜਾ ਸੀ, ਬਥੇਰਾ ਛੁਡਾ ਰਹੇ ਤੇ ਉਸ ਨੇ ਛੱਡੀ ਨਾ। ਨਾਭੇ ਦਾ ਰਾਮ ਸਿੰਘ ਨਾਮ ਦਾ ਜਿਸਨੂੰ ਅੱਜਕਲ੍ਹ ਨਾਇਬ ਸੂਬੇਦਾਰ ਕਹਿੰਦੇ ਨੇ ਉਸ ਨੇ ਆਪਣੀ ਕਿਰਚ ਕੱਢੀ ਤੇ ਉਸਦੀਆਂ ਦੋਵੇਂ ਬਾਹਾਂ ਕੱਟ ਦਿਤੀਆਂ, ਉਸ ਤੋਂ ਬਾਅਦ ਉਸ ਦੀ ਗਰਦਨ ਕੱਟ ਦਿਤੀ ਤੇ ਜਿਸ ਵਕਤ ਮਾਂ ਨੇ ਦੇਖਿਆ ਕਿ ਮੇਰਾ ਬੱਚਾ ਸ਼ਹੀਦ ਹੋ ਗਿਆ ਉਹ ਉਥੇ ਹੀ ਜੈਕਾਰੇ ਬੁਲਾਉਣ ਲੱਗ ਗਈ, ਉੱਚੀ-ਉਚੀ ਛਾਲਾਂ ਮਾਰੇ ਕਿ ਮੇਰੀ ਕੁੱਖ ਅੱਜ ਸਫਲੀ ਹੋ ਗਈ ਕਿ ਮੇਰਾ ਬੱਚਾ ਗੁਰੂ ਘਰ ਵਿਚ ਚਲਿਆ ਗਿਆ, ਪਤਾ ਨਹੀਂ ਕਿਤੇ ਵੱਡਾ ਹੋ ਕੇ ਨਾਸਤਕ ਬਣ ਕੇ ਮੈਨੂੰ ਲਾਹਨਤਾਂ ਪੁਆਉਂਦਾ। ਇਕ ਗੁਰਸਿੱਖ ਬੀਬੀ ਦਾ ਜੇ ਐਡਾ ਵੱਡਾ ਜਿਗਰਾ ਹੈ ਤਾਂ ਫੇਰ ਮਾਤਾ ਜੀ ਨੂੰ ਕਹਿੰਦੇ ਨੇ ਕਿ ਉਨ੍ਹਾਂ ਦਾ ਜੀ ਦਿਲ ਫੇਲ ਹੋ ਗਿਆ, ਗੱਲ ਸੁਣ ਕੇ ਸਹਿ ਨਾ ਸਕੇ। 'ਸੂਰਜ ਪ੍ਰਕਾਸ਼' ਵਿਚ ਲਿਖਿਆ ਹੋਇਆ ਹੈ ਕਿ ਜਦੋਂ ਟੋਡਰ ਮੱਲ ਆਉਂਦਾ ਹੈ ਤਾਂ ਮਾਤਾ ਜੀ ਉਸਨੂੰ ਕਹਿੰਦੇ ਨੇ ਕਿ ਸਾਡੀ ਅੰਗੂਠੀ ਜਿਹੜੀ ਹੀਰੇ ਵਾਲੀ ਸੀ ਉਹ ਰਹਿ ਗਈ, ਤੂੰ ਮੈਨੂੰ ਹੀਰਾ ਦੇ ਦੇ ਛੇਤੀ ਤਾਂ ਕਿ ਮੈਂ ਚੱਟ ਲਵਾਂ ਤੇ ਮੈਂ ਚੜ੍ਹਾਈ ਕਰ ਜਾਵਾਂ। ਲਿਖਾਰੀਆਂ ਨੇ ਜਦੋਂ ਇਹੋ ਜਿਹੀਆਂ ਗੱਲਾਂ ਲਿਖੀਆਂ ਹਨ, ਕਈਆਂ ਨੇ ਕਿਹਾ ਜੀ ਉਪਰੋਂ ਸੁੱਟ ਦਿਤੀ ਮਾਤਾ ਹੇਠਾਂ, ਬੁਰਜ ਤੋਂ ਧੱਕਾ ਦੇ ਦਿਤਾ ਕਿਉਂਕਿ ਉਨ੍ਹਾਂ ਨੂੰ ਪਤਾ ਨਹੀਂ ਹੈ ਕਿ ਇਸ ਐਸੀ ਅਵਸਥਾ ਹੁੰਦੀ ਹੈ ਭਜਨ ਕਰਨ ਵਾਲਿਆਂ ਵਿਚ ਕਿ ਜਿਸ ਵਕਤ ਵੀ ਜੀਅ ਕਰੇ ਉਸੇ ਵਕਤ ਆਪਣੀ ਮਰਜ਼ੀ ਦੇ ਨਾਲ ਉਹ ਸੰਸਾਰ ਤੋਂ ਜਾ ਸਕਦੇ ਨੇ ਕਿਉਂਕਿ ਪੂਰਨ ਹੁੰਦੇ ਨੇ, ਪ੍ਰਾਲਬਧ ਦਾ ਉਨ੍ਹਾਂ ਦੇ ਉਤੇ ਵੱਸ ਨਹੀਂ ਹੋਇਆ ਕਰਦਾ, ਆਪਣੀ ਮਰਜ਼ੀ ਦੇ ਨਾਲ ਜਾ ਸਕਦੇ ਨੇ ਜਿਸ ਬਾਰੇ ਮਹਾਰਾਜ ਜੀ ਨੇ ਫੁਰਮਾਨ ਕਰਿਆ ਹੈ -

***ਗੁਰਮੁਖ ਆਵੈ ਜਾਵੈ ਨਿਸੰਗ॥***

ਹਜ਼ਾਰਾਂ ਮਿਸਾਲਾਂ ਸਾਧੂ-ਸੰਤਾਂ, ਮਹਾਂਪੁਰਸ਼ਾਂ ਦੀਆਂ ਨੇ ਕਿ ਜਦੋਂ ਜੀਅ ਕਰਿਆ ਉਨ੍ਹਾਂ ਦਾ ਉਹ ਚੁੱਪ ਕਰਕੇ ਤੁਰ ਗਏ। ਤੁਰਿਆ ਹੋਇਆਂ ਨੂੰ ਬੁਲਾ ਲਿਆ ਮੁੜ ਕੇ ਫੇਰ ਉਸੇ ਸਰੀਰ ਵਿਚ ਹਾਜ਼ਰ ਹੋ ਗਏ। ਭਾਈ ਦਇਆ ਸਿੰਘ ਜੀ ਮਹਾਰਾਜ ਜੀ ਦੇ ਕੋਲ ਬੈਠੇ ਨੇ। ਪ੍ਰਸ਼ਾਦਾ ਛਕ ਕੇ ਹਟੇ ਨੇ ਗੁਰੂ ਦਸਵੇਂ ਪਾਤਸ਼ਾਹ ਤੇ ਆਪ ਨੂੰ (ਭਾਈ ਦਇਆ ਸਿੰਘ ਜੀ ਨੂੰ) ਇਕ ਕੰਬਣੀ ਜਿਹੀ ਆਈ ਆਪ ਨਮਸਕਾਰ ਕਰਕੇ ਤੁਰ ਗਏ, ਗੁਪਤ ਰੱਖ ਲਈ ਗੱਲ ਤੇ ਜਾ ਕੇ ਸਰੀਰ ਛੱਡ ਦਿਤਾ। ਸ਼ਬਦ ਪੜ੍ਹਨੇ ਸ਼ੁਰੂ ਹੋ ਗਏ ਤੇ ਮਹਾਰਾਜ ਜੀ ਨੇ ਕਿਹਾ ਕਿ ਕੀ ਗੱਲ ਭਾਈ! ਐਸੇ ਸ਼ਬਦ ਪੜ੍ਹੇ ਜਾ ਰਹੇ ਨੇ। ਸਿੰਘ ਕਹਿੰਦੇ ਕਿ ਮਹਾਰਾਜ! ਭਾਈ ਦਇਆ ਸਿੰਘ ਜੀ ਪਿਆਨਾ ਕਰ ਗਏ।

ਕਹਿੰਦੇ, "ਅੱਛਾ! ਸਾਨੂੰ ਦੱਸਿਆ ਹੀ ਨਹੀਂ ਜਾਣ ਵੇਲੇ। ਜਾਓ ਬੁਲਾਓ ਉਨ੍ਹਾਂ ਨੂੰ।"

ਉਸ ਵੇਲੇ ਜਾ ਕੇ ਅਵਾਜ਼ ਦਿਤੀ ਤੇ ਜਿਸ ਵਕਤ ਆਵਾਜ਼ ਦਿੰਦੇ ਨੇ ਤਾਂ ਉਹ ਉਸੇ ਵੇਲੇ ਵਾਹਿਗੁਰੂ-ਵਾਹਿਗੁਰੂ ਕਹਿ ਕੇ ਉਠ ਖੜ੍ਹੇ ਤੇ ਮਹਾਰਾਜ ਜੀ ਦੇ ਚਰਨਾਂ ਤੇ ਆ ਕੇ ਨਮਸਕਾਰ ਕਰੀ।

ਮਹਾਰਾਜ ਜੀ ਕਹਿੰਦੇ, "ਭਾਈ ਦਇਆ ਸਿੰਘ ਜੀ! ਸਾਰੀ ਜ਼ਿੰਦਗੀ ਆਪਾਂ ਇਕੱਠੇ ਰਹੇ, ਹਰ ਗੁਪਤ ਗੱਲ ਦੀ ਮੈਂ ਤੁਹਾਡੇ ਨਾਲ ਸਲਾਹ ਕਰਦਾ ਰਿਹਾ ਹਾਂ। ਜਿਥੇ ਔਖਾ ਸਮਾਂ ਆਇਆ ਉਥੇ ਮੈਂ ਤੁਹਾਨੂੰ ਭੇਜਦਾ ਰਿਹਾ ਹਾਂ ਤੇ ਆਹ ਕੀ ਕਰਿਆ ਤੁਸੀਂ? ਜਾਣ ਵੇਲੇ ਦਸਿਆ ਹੀ ਨਹੀਂ।"

ਕਹਿੰਦੇ, "ਸੱਚੇ ਪਾਤਸ਼ਾਹ! ਇਧਰ ਵੀ ਆਪ ਦਾ ਹੀ ਹੁਕਮ ਚਲਦਾ ਹੈ ਤੇ ਓਧਰ ਵੀ ਆਪ ਦਾ ਹੁਕਮ ਚਲਦਾ ਹੈ। ਤੁਸੀਂ ਤਾਂ ਮੈਨੂੰ ਬੁਲਾਇਆ ਸੀ।"

ਹੁਣ ਸੰਗਤ ਵਿਚ ਇਕ ਗੱਲ ਪ੍ਰਗਟ ਕਰਕੇ ਦਿਖਾਉਣੀ ਸੀ।

ਫੇਰ ਮਹਾਰਾਜ ਜੀ ਕਹਿਣ ਲੱਗੇ, "ਚੰਗਾ! ਅਸੀਂ ਜੋ ਮਾਛੀਵਾੜੇ ਸ਼ਬਦ ਪੜ੍ਹਿਆ ਸੀ, ਸੁਨੇਹਾ ਦਿਤਾ ਸੀ 'ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਤੇ ਅੱਜ ਸਾਡਾ ਸੁਨੇਹਾ ਫੇਰ ਤੁਸੀਂ ਜਾ ਕੇ ਕਹਿ ਦਿਓ।" ਮਹਾਰਾਜ ਜੀ ਨੇ ਫੇਰ ਸ਼ਬਦ ਦਾ ਉਚਾਰਨ ਕਰਿਆ ਭਾਈ ਦਇਆ ਸਿੰਘ ਜੀ ਜਾਂਦੇ ਨੇ ਤੇ ਜਾ ਕੇ ਬੈਠ ਗਏ, ਉਸੇ ਵੇਲੇ ਆਪ ਨੇ ਸਰੀਰ ਛੱਡ ਦਿਤਾ।

ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਕੋਲ ਸੰਗਤਾਂ ਆ ਗਈਆਂ। ਆਪ ਨੇ ਤਿਆਰੀ ਕਰ ਲਈ ਕਿ ਸਰੀਰ ਛੱਡਣਾ ਹੈ। ਸੰਗਤ ਨੇ ਵੈਰਾਗ ਕਰਿਆ। ਬਾਬਾ ਲਾਲ ਸਿੰਘ ਜੀ ਜੋ ਸ੍ਰੀ ਮਾਨ (ਲਾਂਗਰੀ) ਸੀ ਲੰਗਰ ਦੇ ਆ ਗਏ ਤੇ ਬੇਨਤੀ ਕਰਦੇ ਨੇ। ਜਦੋਂ ਬਹੁਤ ਬੇਨਤੀਆਂ ਕਰੀਆਂ ਤਾਂ ਬਾਬਾ ਜੀ ਕਹਿੰਦੇ, "ਭਾਈ ਲਾਲ ਸਿੰਘਾ! ਆਪਾਂ ਅਕਾਲ ਪੁਰਖ ਦੀ ਨੇਤ ਨੂੰ ਤਾਂ ਤੋੜ ਨਹੀਂ ਸਕਦੇ। ਤੁਸੀਂ ਸਾਡੇ ਥਾਂ ਚਲੇ ਜਾਓ, 2 ਸਾਲ, 2 ਮਹੀਨੇ ਸਾਡਾ ਇੰਤਜ਼ਾਰ ਕਰਿਓ, ਅਸੀਂ ਵੀ ਤੁਹਾਡੇ ਥਾਂ ਆ ਜਾਵਾਂਗੇ।"

ਉਸ ਵੇਲੇ ਜਿਹੜਾ ਬਕਸਾ ਉਨ੍ਹਾਂ ਨੇ ਆਪਣੇ ਵਾਸਤੇ ਬਣਾਇਆ ਸੀ। ਕਹਿਣ ਲੱਗੇ, ਸਾਢੇ ਚਾਰ ਵਜੇ ਆਪ ਨੇ ਸਰੀਰ ਛੱਡਣ ਦੀ ਤਿਆਰੀ ਕਰ ਲੈਣੀ।

ਲੰਗਰ ਦੀ ਸੇਵਾ ਕਰਦਿਆਂ ਦੋ ਵੱਜ ਗਏ। ਉਸ ਵੇਲੇ ਬਾਬਾ ਜੀ ਨੇ ਸੁਨੇਹਾ ਭੇਜਿਆ, ਉਨ੍ਹਾਂ ਨੂੰ ਕਹੋ ਕਿ ਸਮਾਂ ਥੋੜ੍ਹਾ ਰਹਿ ਗਿਆ ਹੈ ਤੇ ਇਸ਼ਨਾਨ ਕਰ

ਲੈਣ। ਉਧਰ ਉਹ ਸੇਵਾ ਕਰਦੇ ਨੇ ਕਿ ਮੈਂ ਹੋਰ ਸੇਵਾ ਕਰ ਲਵਾਂ, ਹੋਰ ਸੇਵਾ ਕਰ ਲਵਾਂ, ਸਰੀਰ ਛੱਡ ਦੇਣਾ ਹੈ। ਉਸ ਵੇਲੇ ਇਸ਼ਨਾਨ ਕਰਕੇ ਆਪ ਬਾਬਾ ਜੀ ਦੇ ਕੋਲ ਜਾਂਦੇ ਨੇ। ਬੜੇ ਹੀ ਵੈਰਾਗ ਦੇ ਸ਼ਬਦ ਪੜ੍ਹੇ। ਜਦੋਂ ਚਾਰ ਵੱਜ ਗਏ ਉਸ ਵੇਲੇ ਆਪ ਨੇ ਬੇਨਤੀ ਕਰੀ ਕਿ ਸਾਧ ਸੰਗਤ ਜੀ! ਆਪਣੀਆਂ ਬਿਰਤੀਆਂ ਇਕਾਗਰ ਕਰੋ ਤੇ ਜਪੁਜੀ ਸਾਹਿਬ ਦਾ ਪਾਠ ਤੁਸੀਂ ਵੀ ਕਰੋ ਤੇ ਮੈਂ ਵੀ ਕਰਦਾ ਹਾਂ। ਉਸ ਵੇਲੇ ਉਨ੍ਹਾਂ ਨੇ ਪੂਰੇ 20 ਮਿੰਟ ਦੇ ਵਿਚ ਪਾਠ ਕਰਿਆ ਤੇ ਉਸ ਤੋਂ ਬਾਅਦ ਅਰਦਾਸਾਂ ਕਰੀਆਂ ਤੇ 4 ਵਜੇ ਕੇ 25 ਮਿੰਟ ਜਦੋਂ ਹੋਏ ਤਾਂ ਬਕਸੇ ਵਿਚ ਜਾ ਕੇ ਪੈ ਗਏ। ਪੰਜ ਮਿੰਟ ਤੋਂ ਬਾਅਦ ਬਾਬਾ ਜੀ ਕਹਿਣ ਲੱਗੇ, ਦੇਖੋ ਭਾਈ! ਭਾਈ ਲਾਲ ਸਿੰਘ ਜੀ ਦਾ ਕੀ ਹਾਲ ਹੈ।

ਉਨ੍ਹਾਂ ਦਿਨਾਂ ਵਿਚ ਅੰਗਰੇਜ਼ਾਂ ਦਾ ਰਾਜ ਸੀ ਤੇ ਅੰਗਰੇਜ਼ ਕਮਾਂਡਰ ਵਗੈਰਾ ਬੈਠੇ ਸਨ ਹੋਤੀ ਮਰਦਾਨ। ਸਾਰੇ ਇਹ ਦੇਖਣ ਨੂੰ ਆਏ ਕਿ ਬੰਦਾ ਕਿਵੇਂ ਚਲਿਆ ਜਾਂਦਾ ਹੈ? ਉਸ ਵੇਲੇ ਜਦੋਂ ਸੰਗਤ ਵਿਚੋਂ ਇਕ ਸਿੰਘ ਨੇ ਪੰਜ ਮਿੰਟ ਬਾਅਦ ਦੇਖਿਆ, ਸਹੀ ਸਮਾਂ ਹੋਇਆ। ਤਾਂ ਕਹਿੰਦੇ, "ਭਾਈ ਲਾਲ ਸਿੰਘ ਤਾਂ ਚਲੇ ਗਏ।"

ਸੋ ਜਦੋਂ ਇਹ ਉਨ੍ਹਾਂ ਦੇ ਗੁਰਸਿੱਖਾਂ ਵਿਚ ਸਾਰੀਆਂ ਸ਼ਕਤੀਆਂ ਹਨ ਤਾਂ ਫੇਰ ਮਾਤਾ ਜੀ ਨੂੰ ਕਹਿਣਾ ਕਿ ਜੀ! ਬੁਰਜ ਤੋਂ ਛਾਲ ਮਾਰੀ, ਕੋਈ ਕਹਿੰਦਾ ਹੈ ਕਿ ਮਾਤਾ ਜੀ ਹੀਰਾ ਮੰਗਦੇ ਸੀ ਕਿ ਸਾਥੋਂ ਇਹ ਸਦਮਾ ਸਹਿ ਨਹੀਂ ਹੁੰਦਾ, ਛੇਤੀ ਹੀਰਾ ਦਿਓ। ਓਹੀ ਮਾਤਾ ਜੀ ਭੇਜਦੇ ਸੀ ਕਿ ਬੇਟਾ! ਧਰਮ ਨਹੀਂ ਛੱਡਣਾ ਸਿਰ ਬੇਸ਼ੱਕ ਚਲਿਆ ਜਾਵੇ, ਇਹ ਨਾਲ ਜਾਣਾ ਹੈ ਸਿਰ ਨੇ ਨਾਲ ਨਹੀਂ ਜਾਣਾ। ਇਹ ਤਾਂ ਛੱਡਣਾ ਹੀ ਛੱਡਣਾ ਹੈ ਭਾਣਾ ਵਾਹਿਗੁਰੂ ਦਾ ਏਵੇਂ ਹੀ ਵਰਤਣਾ ਹੈ। ਸੋ ਇਸ ਤਰ੍ਹਾਂ ਦੇ ਨਾਲ ਜਦੋਂ ਅਸੀਂ ਇਹ ਬਚਨ ਦੇਖਦੇ ਹਾਂ ਕਿ ਇਹ ਤਾਂ ਇਕ ਖੇਡ ਬਣਾਈ ਹੋਈ ਸੀ ਉਨ੍ਹਾਂ ਨੇ ਜਿਵੇਂ ਡਰਾਮਾ ਬਣਾਇਆ ਹੁੰਦਾ ਹੈ। ਬਾਕੀ ਜਿਹੜੇ ਗਿਆਨੀ ਭਗਤ ਹੁੰਦੇ ਨੇ ਪ੍ਰਮੇਸ਼ਰ ਵਿਚ ਮਿਲੇ ਹੁੰਦੇ ਨੇ, ਉਹ ਆਪਣੀ ਰਜ਼ਾ ਵਿਚ ਆਪੇ ਹੀ ਖੇਡਦੇ ਹੁੰਦੇ ਨੇ ਉਥੇ ਇਹ ਸਵਾਲ ਪੈਦਾ ਨਹੀਂ ਹੁੰਦਾ ਕਿ –

*ਅਉਖੀ ਘੜੀ ਨ ਦੇਖਣ ਦੇਈ*
*ਅਪਨਾ ਬਿਰਦੁ ਸਮਾਲੇ॥ ਅੰਗ – ੬੮੨*

ਜਿੱਥੇ 3 ਕਿਸਮ ਦੇ ਦੂਜੇ ਭਗਤ ਨੇ ਉਥੇ ਮਹਾਰਾਜ ਜੀ ਦਾ ਜੋ ਹੁਕਮ ਹੈ ਕਿਉਂਕਿ ਅਰਦਾਸ ਨਿਕਲਦੀ ਹੈ ਸਾਡੇ ਮਨ 'ਚੋਂ ਜਦੋਂ ਅਰਦਾਸ ਨਿਕਲਦੀ ਹੈ। ਉਸ ਵੇਲੇ ਉਹ ਸਾਡੀ ਰਾਖੀ ਕਰਦੇ ਨੇ ਸੋ ਅਸੀਂ ਜੁੜੇ ਰਹਿੰਦੇ ਹਾਂ। ਜਦੋਂ ਤੱਕ ਪੂਰਨ ਗਿਆਨ ਹੋ ਕੇ 'ਮੈਂ' ਭਾਵ ਨਸ਼ਟ ਨਹੀਂ ਹੁੰਦਾ ਅਰਦਾਸ ਕਾਇਮ ਰਹਿੰਦੀ ਹੈ। ਜਿਸ ਵਕਤ ਵਾਹਿਗੁਰੂ ਆਪੇ ਹੀ ਆਪ ਹੋ ਗਿਆ ਫੇਰ ਅਰਦਾਸ ਕਿਸ ਦੇ ਕੋਲ, ਉਹ ਤਾਂ ਉਸਦਾ ਹੀ ਰੂਪ ਹੈ, ਵਾਹਿਗੁਰੂ ਦਾ ਹੀ ਬਣ ਜਾਂਦਾ ਹੈ –

*ਖ਼ਾਲਸਾ ਮੇਰੋ ਰੂਪ ਹੈ ਖ਼ਾਸ॥*
*ਖਾਲਸੇ ਮਹਿ ਹੌਂ ਕਰਹੁ ਨਿਵਾਸ॥*
*ਆਤਮ ਰਸ ਜਿਹ ਜਾਨਹੀ*
*ਸੋ ਹੈ ਖ਼ਾਲਸ ਦੇਵ॥*
*ਪ੍ਰਭ ਮਹਿ, ਮੋ ਮਹਿ, ਤਾਸ ਮਹਿ,*
*ਰੰਚਕ ਨਾਹਨ ਭੇਵ॥*

ਸੋ ਏਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਦੇ ਜੋ ਬਚਨ ਨੇ ਇਸ ਨੂੰ ਵੀ ਸਮਝਣ ਦਾ ਯਤਨ ਕਰੋ। ਜੋ ਸ਼ੰਕਾ ਸਾਡੇ ਮਨਾਂ ਵਿਚ ਪੈਦਾ ਹੁੰਦਾ ਹੈ ਉਸ ਨੂੰ ਵੀ ਨਵਿਰਤ ਕਰੋ। ਸੋ ਫੇਰ ਥੋੜ੍ਹਾ ਜਿਹਾ ਫਰਕ ਹੋਣ ਕਰਕੇ ਵੱਖੋ-ਵੱਖਰੇ ਹਾਲਾਤ ਦੇ ਮੁਤਾਬਿਕ ਇਸੇ ਤਰ੍ਹਾਂ ਦਾ ਹੋਇਆ ਕਰਦਾ ਹੈ।

**ਵਾਹਿਗੁਰੂ ਜੀ ਕਾ ਖਾਲਸਾ**
**ਵਾਹਿਗੁਰੂ ਜੀ ਕੀ ਫਤਹਿ।**

# ਕਈ ਕੋਟਿਕ ਜਗ ਫਲਾ

ਸਾਧ ਸੰਗਤ ਜੀ!

*ਵਾਹਿਗੁਰੂ ਜੀ ਕਾ ਖਾਲਸਾ*
*ਵਾਹਿਗੁਰੂ ਜੀ ਕੀ ਫਤਹਿ*

ਗੁਰੂ ਮਹਾਰਾਜ ਜੀ ਦੀ ਅਪਾਰ ਕ੍ਰਿਪਾ ਦੇ ਸਦਕੇ ਅੰਮ੍ਰਿਤ ਵੇਲੇ ਤੋਂ ਹਰੀ ਦਾ ਜਸ ਹੋਇਆ ਹੈ, ਆਪ ਸਭ ਨੇ ਸਰਵਣ ਕੀਤਾ ਹੈ। ਅੰਮ੍ਰਿਤ ਵੇਲੇ ਦੀ ਜਾਗ ਬਹੁਤ ਹੀ ਉਤਮ ਚੀਜ਼ ਹੈ। ਜਾਗਦੇ ਤਾਂ ਉਹ ਲੋਕ ਵੀ ਨੇ ਜਿਨ੍ਹਾਂ ਦੇ ਸਿਰ ਦੇ ਉਤੇ ਡਰ ਹੁੰਦਾ ਹੈ ਜਾਂ ਬਿਮਾਰ ਹੈ ਜਾਂ ਕੋਈ ਚਿੰਤਾ ਲੱਗੀ ਹੋਈ ਹੈ। ਮਹਾਰਾਜ ਜੀ ਕਹਿੰਦੇ ਇਹ ਜਾਗਣਾ ਪਰਵਾਣ ਨਹੀਂ ਹੋਇਆ ਕਰਦਾ। ਜਾਗਣਾ ਪਰਵਾਣ ਓਹੀ ਹੈ ਜੋ ਹਰੀ ਦੇ ਜਸ ਵਿਚ ਸਮਾਂ ਕੱਢਿਆ ਜਾਵੇ। ਸੋ ਇਸ ਜਾਗਣ ਦਾ ਜੋ ਮਹਾਤਮ ਹੈ ਗੁਰੂ ਨਾਨਕ ਪਾਤਸ਼ਾਹ ਤੋਂ ਗੁਰੂ ਅੰਗਦ ਸਾਹਿਬ ਮਹਾਰਾਜ ਜੀ ਨੇ ਪੁਛਿਆ ਕਿ ਸੱਚੇ ਪਾਤਸ਼ਾਹ! ਆਪ ਹਮੇਸ਼ਾਂ ਹੀ ਸੰਗਤਾਂ ਨੂੰ ਅੰਮ੍ਰਿਤ ਵੇਲੇ ਜਾਗ ਕੇ ਹਰੀ ਦਾ ਜਸ ਕਰਨ ਵਾਸਤੇ, ਇਸ਼ਨਾਨ ਕਰਨ ਵਾਸਤੇ ਪ੍ਰੇਰਨਾ ਕਰਦੇ ਰਹਿੰਦੇ ਹੋ, ਕੀ ਇਸ ਸਮੇਂ ਦਾ ਕੋਈ ਵਿਸ਼ੇਸ਼ ਲਾਭ ਹੋਇਆ ਕਰਦਾ ਹੈ?

ਮਹਾਰਾਜ ਜੀ ਕਹਿਣ ਲੱਗੇ, ਪੁਰਖਾ! ਤੂੰ ਬਹੁਤ ਚੰਗੀ ਗੱਲ ਪੁੱਛੀ। ਅਸੀਂ ਤੈਨੂੰ ਕੇਵਲ ਇਸ਼ਨਾਨ ਕਰਨ ਦਾ ਮਹਾਤਮ ਦਸਦੇ ਹਾਂ ਜੋ ਬ੍ਰਹਮ ਮਹੂਰਤ ਦੇ ਅੰਦਰ ਪਹਿਰ ਰਾਤ ਰਹਿੰਦੀ ਉਠ ਕੇ ਵਿਧੀ ਪੂਰਵਕ ਇਸ਼ਨਾਨ ਕਰਦਾ ਹੈ ਕਿਉਂਕਿ ਇਸ਼ਨਾਨ ਕਰਨ ਦਾ ਵੀ ਤਰੀਕਾ ਹੋਇਆ ਕਰਦਾ ਹੈ। ਉਸ ਤਰੀਕੇ ਦੇ ਨਾਲ ਜਦੋਂ ਇਸ਼ਨਾਨ ਕਰਦਾ ਹੈ ਤਾਂ ਉਸਨੂੰ ਐਨਾ ਪੁੰਨ ਮਿਲ ਜਾਂਦਾ ਹੈ ਜਿੰਨਾ ਸਵਾ ਮਣ ਸੋਨਾ ਦਾਨ ਕਰਨ ਦਾ ਪੁੰਨ ਹੁੰਦਾ ਹੈ। ਉਸ ਤੋਂ ਦੋ ਘੜੀ ਬਾਅਦ ਜਿਹੜਾ ਇਸ਼ਨਾਨ ਕਰਦਾ ਹੈ ਉਸਨੂੰ ਸਵਾ ਮਣ ਚਾਂਦੀ ਦਾਨ ਕਰਨ ਦਾ ਪੁੰਨ ਪ੍ਰਾਪਤ ਹੋ ਜਾਂਦਾ ਹੈ। ਉਸ ਤੋਂ ਜੋ ਦੋ ਘੜੀ ਬਾਅਦ ਇਸ਼ਨਾਨ ਕਰਦਾ ਹੈ ਉਸਨੂੰ ਸਵਾ ਮਣ ਤਾਂਬਾ ਦਾਨ ਕਰਨ ਦਾ ਫਲ ਤੇ ਦਿਨ ਚੜ੍ਹਨ ਤੋਂ ਜੋ ਤਿੰਨ ਚਾਰ ਘੜੀਆਂ ਪਹਿਲਾਂ ਇਸ਼ਨਾਨ ਕਰਦਾ ਹੈ ਉਸਨੂੰ ਸਵਾ ਮਣ ਦੁੱਧ ਦਾਨ ਕਰਨ ਦਾ ਪੁੰਨ ਜਾਂ ਅਨਾਜ ਦਾਨ ਕਰਨ ਦਾ ਪੁੰਨ ਮਿਲ ਜਾਂਦਾ ਹੈ। ਸੋ ਇਸ ਸਮੇਂ ਦੇ ਅੰਦਰ ਜੇ ਚਿੱਤ ਬਿਰਤੀਆਂ ਨੂੰ ਇਕਾਗਰ ਕਰੇ, ਹਰੀ ਦਾ ਜਸ ਸਰਵਣ ਕਰੇ ਤਾਂ ਜਿੰਨੇ ਕਦਮ ਚੱਲ ਕੇ ਜਾਂਦਾ ਹੈ ਓਨੇ ਹੀ ਜੱਗਾਂ ਦਾ ਫਲ, ਉਸਨੂੰ ਪ੍ਰਾਪਤ ਹੋਇਆ ਕਰਦਾ ਹੈ। ਜਦੋਂ ਜਾ ਕੇ ਹਰੀ ਦਾ ਜਸ ਸਰਵਣ ਕਰਦਾ ਹੈ। ਸਰਵਣ ਕਰਕੇ ਮਨ ਦੇ ਵਿਚ ਧਾਰਨ ਕਰਦਾ ਹੈ ਤੇ ਫੇਰ ਮੰਨਦਾ ਹੈ, ਮੰਨ ਕੇ ਆਪਣਾ ਜੀਵਨ ਬਤੀਤ ਕਰਦਾ ਹੈ ਤਾਂ ਉਸਦਾ ਬੇਅੰਤ ਫਲ ਹੋਇਆ ਕਰਦਾ ਹੈ -

*ਕਈ ਕੋਟਿਕ ਜਗ ਫਲਾ*
*ਸੁਣਿ ਗਾਵਨਹਾਰੇ ਰਾਮ ॥ ਅੰਗ - ੫੪੬*

ਇਨ੍ਹਾਂ ਫਲਾਂ ਦੇ ਨਾਲ ਕੀ ਹੁੰਦਾ ਹੈ ਕਿ ਕਰੋੜਾਂ ਜਨਮਾਂ ਦੇ ਜੋ ਪਾਪ ਕੀਤੇ ਹੋਏ ਨੇ, ਮਾੜੇ ਕਰਮ ਕਰੇ ਹੋਏ ਨੇ ਜ਼ਿੰਦਗੀ ਦੇ ਅੰਦਰ ਵਿਘਨ ਪਏ ਨੇ, ਅਗਿਆਨ ਦੇ ਵਿਚ ਸਮਾਂ ਨਿਕਲ ਰਿਹਾ ਹੈ, ਉਹ ਪਾਪ ਘਟਣੇ ਸ਼ੁਰੂ ਹੋ ਜਾਂਦੇ ਨੇ। ਜਦੋਂ ਪੁੰਨ ਵਧ ਜਾਣ ਤੇ ਪਾਪ ਘਟ ਜਾਣ ਉਸ ਵੇਲੇ ਫੇਰ ਚਿੱਤ ਵਿਚ ਬਾਣੀ ਪੜ੍ਹਨ ਦਾ ਸ਼ੌਕ ਜਾਗਦਾ ਹੈ, ਜਿਉਂ-ਜਿਉਂ ਪੜ੍ਹਦਾ ਹੈ, ਪੁੰਨ ਵਧਦੇ ਜਾਂਦੇ ਨੇ, ਫੇਰ ਨਾਮ ਦੇ ਵਿਚ ਵੀ ਰੁਚੀ ਹੋ ਜਾਂਦੀ ਹੈ। ਪੂਰੇ ਸਤਿਗੁਰੂ ਤੋਂ ਨਾਮ ਦੀ ਦਾਤ ਪ੍ਰਾਪਤ ਕਰਕੇ ਫੇਰ ਪ੍ਰਮੇਸ਼ਰ ਦਾ ਨਾਮ ਜਪਦਾ ਹੈ। ਨਾਮ ਜਪਦਾ-ਜਪਦਾ ਇਹ ਹੌਲੀ-ਹੌਲੀ ਆਪਣੇ ਸੋਮੇ ਵਲ ਨੂੰ ਵਧਦਾ ਹੈ ਜਿਥੋਂ ਵਿਛੜਿਆ ਹੈ ਉਸ ਥਾਂ ਨੂੰ ਇਹ ਜਾਂਦਾ ਹੈ ਤੇ ਇਸ ਦੇ ਜਾਣ ਵਿਚ ਬੜੀਆਂ ਭਾਰੀਆਂ ਰੁਕਾਵਟਾਂ ਜੋ ਪਹਿਲਾਂ ਇਸਨੂੰ ਪਤਾ ਨਹੀਂ ਸੀ ਉਹ ਆ ਕੇ ਖੜ੍ਹੀਆਂ ਹੁੰਦੀਆਂ ਨੇ, ਫੁਰਨੇ ਆਉਂਦੇ ਨੇ, ਸ਼ੰਕੇ ਆਉਂਦੇ ਨੇ, ਆਸਾਂ ਆਉਂਦੀਆਂ ਨੇ, ਅੰਦੇਸ਼ੇ ਆਉਂਦੇ ਨੇ ਉਨ੍ਹਾਂ ਨਾਲ ਇਸ ਦਾ ਵਾਹ ਪੈਂਦਾ ਹੈ। ਹਰੀ ਦਾ ਜਸ ਜੇ ਨਾਲ ਮਿਲ ਜਾਵੇ ਤਾਂ ਇਸਦੀ ਚਿੱਤ ਬਿਰਤੀ ਇਕਾਗਰ ਹੋ ਕੇ ਇਨ੍ਹਾਂ ਔਕੜਾਂ ਦੇ ਵਿਚੋਂ ਲੰਘ ਜਾਇਆ ਕਰਦੀ ਹੈ। ਹੌਲੀ-ਹੌਲੀ ਸੁਰਤ ਸੂਖਸ਼ਮ ਹੋ ਜਾਂਦੀ ਹੈ, ਅੰਦਰਲੀ ਗੱਲ ਨੂੰ ਫੜਨ ਦੇ ਕਾਬਲ ਹੋ ਜਾਂਦੀ ਹੈ ਉਸ ਵੇਲੇ ਜੋ ਪ੍ਰਮੇਸ਼ਰ ਇਸ ਦੇ ਅੰਦਰ ਵਸਦਾ ਹੈ ਉਸ ਦੇ ਝਲਕੇ ਇਸਨੂੰ ਵਜਣੇ ਸ਼ੁਰੂ ਹੋ ਜਾਂਦੇ ਨੇ, ਮਹਿਸੂਸ ਹੁੰਦਾ ਹੈ ਕਿ ਮੇਰੇ ਅੰਦਰ ਕੋਈ ਹੋਰ ਚੀਜ਼ ਵੀ ਹੈ, ਮੈਂ ਹੀ ਨਹੀਂ ਹਾਂ ਮੇਰੇ ਨਾਲ ਕੋਈ ਹੋਰ ਚੀਜ਼ ਹੈ। ਮੇਰੀ ਸ਼ਕਤੀ ਹੀ ਨਹੀਂ ਸਾਰੇ ਕੰਮ ਕਰਦੀ, ਕੋਈ ਹੋਰ ਸ਼ਕਤੀ ਮੈਥੋਂ ਕੰਮ ਕਰਾ ਰਹੀ ਹੈ ਜੋ ਐਨੀ ਗੁਪਤ ਹੋ ਕੇ ਵਰਤਦੀ ਹੈ ਕਿ ਉਸਦਾ ਪਤਾ ਨਹੀਂ ਲਗਦਾ। ਭੂਤ-ਪ੍ਰੇਤ ਕਿਸੇ ਦੇ ਅੰਦਰ ਵਸਦਾ ਹੋਵੇ ਤਾਂ ਉਸ ਦੇ ਉਤੇ ਭਾਰੀਪੁਣਾ ਲੱਗਿਆ ਰਹਿੰਦਾ ਹੈ, ਬੋਝ ਪਿਆ ਰਹਿੰਦਾ ਹੈ ਸੁਰਤ ਦੇ ਉਤੇ, ਦਿਮਾਗ ਦੇ ਉਤੇ ਹੋਰ ਹੀ ਤਰ੍ਹਾਂ ਦੀਆਂ ਗੱਲਾਂ ਕਰਦਾ ਹੈ ਪਤਾ ਲਗ ਜਾਂਦਾ ਹੈ

ਕਿ ਮੈਨੂੰ ਕੋਈ ਛਾਇਆ ਹੈ, ਮੇਰੇ ਵਿਚ ਕੋਈ ਹੋਰ ਚੀਜ਼ ਹੈ ਲੇਕਿਨ ਪ੍ਰਮੇਸ਼ਰ ਐਨਾ ਗੁਪਤ ਵਰਤਦਾ ਹੈ ਕਿ ਉਸਦਾ ਪਤਾ ਨਹੀਂ ਲਗਦਾ, ਉਹ ਆਪ ਹੱਦ ਤੋਂ ਜ਼ਿਆਦਾ ਸੂਖਮ ਹੈ। ਜਦੋਂ ਇਹ ਭਜਨ ਕਰਦਾ-ਕਰਦਾ ਹੌਲੀ-ਹੌਲੀ ਦਰਜਾ-ਬ-ਦਰਜਾ ਸੂਖਮ ਮੰਡਲਾਂ ਦੇ ਵਿਚ ਜਾਂਦਾ ਹੈ ਤਾਂ ਉਥੇ ਜਾ ਕੇ ਆਖਰੀ ਮੰਜ਼ਲ ਦੇ ਵਿਚ ਇਸ ਦਾ ਵਾਹ ਪ੍ਰਮੇਸ਼ਰ ਨਾਲ ਪੈਂਦਾ ਹੈ, ਇਸਨੂੰ ਮਹਿਸੂਸ ਹੁੰਦਾ ਹੈ ਕਿ ਵਾਹਿਗੁਰੂ ਤਾਂ ਮੇਰੇ ਨਾਲ ਹੈ, ਅੰਦਰ ਵੀ ਓਹੀ ਹੈ ਤੇ ਬਾਹਰ ਵੀ ਓਹੀ ਹੈ -

*ਸੋ ਅੰਤਰਿ ਸੋ ਬਾਹਰਿ ਅਨੰਤ ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ ॥*
*ਧਰਨਿ ਮਾਹਿ ਆਕਾਸ ਪਇਆਲ ॥*
*ਸਰਬ ਲੋਕ ਪੂਰਨ ਪ੍ਰਤਿਪਾਲ ॥*
*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥*
*ਜੈਸੀ ਆਗਿਆ ਤੈਸਾ ਕਰਮੁ ॥*
*ਪਉਣ ਪਾਣੀ ਬੈਸੰਤਰ ਮਾਹਿ ॥*
*ਚਾਰਿ ਕੁੰਟ ਦਹ ਦਿਸੇ ਸਮਾਹਿ ॥*
*ਤਿਸ ਤੇ ਭਿੰਨ ਨਹੀ ਕੋ ਠਾਉ ॥*
*ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥੨॥*

*ਅੰਗ - ੨੯੪*

ਧਰਤੀ ਦੇ ਵਿਚ ਵੀ ਓਹੀ ਹੈ ਤੇ ਆਕਾਸ਼ ਦੇ ਵਿਚ ਵੀ ਓਹੀ ਹੈ, ਆਕਾਸ਼ ਤੇ ਧਰਤੀ ਦੇ ਵਿਚਾਲੇ ਵੀ ਓਹੀ ਹੈ -

*ਧਰਨਿ ਮਾਹਿ ਆਕਾਸ ਪਇਆਲ ॥*
*ਸਰਬ ਲੋਕ ਪੂਰਨ ਪ੍ਰਤਿਪਾਲ ॥ ਅੰਗ - ੨੯੪*

ਜਿੱਥੇ ਤੱਕ ਵੀ ਮੇਰੀ ਨਿਗ੍ਹਾ ਜਾਂਦੀ ਹੈ ਜਿੱਥੇ ਤੱਕ ਵੀ ਮੈਂ ਸੋਚ ਸਕਦਾ ਹਾਂ ਹਰ ਥਾਂ ਤੇ ਉਹ ਪੂਰਨ ਪ੍ਰਤਿਪਾਲਣਾ ਕਰਦਾ ਹੈ। ਇਕੱਲੇ-ਇਕੱਲੇ ਜੀਵ ਨੂੰ ਸਾਂਭਦਾ ਹੈ, ਕਿੱਡੀ ਵੱਡੀ ਸ਼ਕਤੀ ਹੈ ਉਹ, ਬੇਅੰਤ ਪਸਾਰਾ ਹੈ ਜਿਸਦਾ ਪਤਾ ਹੀ ਨਹੀਂ ਹੈ ਕਿ ਕਿੱਥੇ ਮੁਕਦਾ ਹੈ ਜਿੱਥੇ ਜਾ ਕੇ ਖੜ੍ਹੇ ਹੋ ਜਾਓ ਉਥੋਂ ਅੱਗੇ ਹੋਰ ਹੈ, ਜਿੱਥੇ ਜਾ ਕੇ ਅੰਤ ਦਾ ਅੰਦਾਜ਼ਾ ਲਾ ਲਓ ਉਥੋਂ ਅੱਗੇ ਹੋਰ ਹੈ। ਸੋ ਇਹ ਜੋ ਬੇਅੰਤ ਹੈ ਜਿਸਦਾ ਅੰਤ ਹੀ ਨਹੀਂ ਹੈ ਉਹ ਸਾਰਿਆਂ ਨੂੰ ਸੰਭਾਲ ਰਿਹਾ ਹੈ।

*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥*
*ਜੈਸੀ ਆਗਿਆ ਤੈਸਾ ਕਰਮੁ ॥*

ਵਣਾਂ ਵਿਚ, ਘਾਹ ਦੇ ਵਿਚ ਹਰੇਕ ਥਾਂ ਦੇ ਵਿਚ ਪ੍ਰਮੇਸ਼ਰ ਪਰੀਪੂਰਨ ਹੈ ਪਰ ਨਾਲ ਇਹ ਹੈ ਕਿ ਕਿਸੇ ਦੀ ਮਰਜ਼ੀ ਨਹੀਂ ਚਲਦੀ ਜਿਹੋ ਜਿਹੀ ਉਸਦੀ ਆਗਿਆ ਹੁੰਦੀ ਹੈ ਉਸ ਦੇ ਵਿਚ ਬੰਨ੍ਹੇ ਹੋਏ ਚੱਲ ਰਹੇ ਨੇ ਜੀਅ। ਬੰਨਦੀ ਕਿਹੜੀ ਚੀਜ਼ ਹੈ? ਇਹ ਜੀਵ ਹਉਮੈਂ ਧਾਰਦਾ ਹੈ, ਪ੍ਰਮੇਸ਼ਰ ਵਲ ਪਿੱਠ ਕਰ ਲੈਂਦਾ ਹੈ। ਪਿੱਠ ਕਰਨ ਤੋਂ ਬਾਅਦ ਇਹ ਕਰਮ ਕਰਦਾ ਹੈ ਫੇਰ ਇਸ ਦੇ ਕਰਮ ਜਮ੍ਹਾਂ ਹੋ ਜਾਂਦੇ ਨੇ ਤੇ ਕਰਮ ਫੇਰ ਇਸਨੂੰ ਲਈ ਫਿਰਦੇ ਨੇ। ਜਿਹੋ ਜਿਹੇ ਕਰਮ ਕਰਦਾ ਹੈ ਉਹੋ ਜਿਹੇ ਭੋਗਣ ਵਾਸਤੇ ਇਸਨੂੰ ਓਹੋ ਜਿਹਾ ਰਾਹ ਲੱਭ ਜਾਂਦਾ ਹੈ ਉਨ੍ਹਾਂ ਰਾਹਾਂ ਤੇ ਚਲਦਾ ਹੈ ਇਹ ਬਦਲ ਨਹੀਂ ਸਕਦਾ ਕਿਉਂਕਿ ਕਰਮਾਂ ਨੇ ਬੰਨ੍ਹ ਲਿਆ, ਕਰਮ ਹੁਕਮ ਨੇ ਬੰਨ੍ਹ ਲਏ, ਹੁਕਮ ਪ੍ਰਮੇਸ਼ਰ ਵਿਚੋਂ ਆਉਂਦਾ ਹੈ। ਸੋ ਇਸ ਕਰਕੇ ਪ੍ਰਮੇਸ਼ਰ ਦਾ ਹੀ ਬੰਨ੍ਹਿਆ ਹੋਇਆ ਇਹ ਜੀਵ ਜੋ ਹੈ -

*ਇਸ ਕਾ ਬਲੁ ਨਾਹੀ ਇਸੁ ਹਾਥ ॥*
*ਕਰਨ ਕਰਾਵਨ ਸਰਬ ਕੋ ਨਾਥ ॥*

*ਅੰਗ - ੨੭੭*

ਪਹਿਲੇ ਕਰਮ ਇਸ ਨੇ ਅਗਿਆਨ ਵਿਚ ਆ ਕੇ ਕੀਤੇ। ਕਰਮ ਤਾਂ ਕਰਦਾ ਹੀ ਸੀ, ਪ੍ਰਮੇਸ਼ਰ ਕਰਾ ਰਿਹਾ ਸੀ ਆਪ ਨਹੀਂ ਸੀ ਕਰ ਰਿਹਾ ਪਰ ਇਸਨੇ 'ਮੈਂ' ਧਾਰਨ ਕਰ ਲਈ ਕਿ 'ਮੈਂ' ਕਰਦਾ ਹਾਂ, ਮੈਂ ਚੰਗੇ ਕਰਮ ਕਰਦਾ ਹਾਂ। ਮਾੜੇ ਤਾਂ ਇਹ ਮੰਨਦਾ ਹੀ ਨਹੀਂ, ਮਾੜੇ ਤਾਂ ਕਹਿੰਦਾ ਇਹ ਰੱਬ ਕਰਾਉਂਦਾ ਹੈ। ਸੋ ਇਸ ਦੇ ਕਰਮਾਂ ਨੇ ਉਸੇ ਵੇਲੇ ਫੜ ਲਿਆ, ਉਸੇ ਵੇਲੇ ਤੋਂ ਇਹ ਕਰਮਾਂ ਦਾ ਬੰਨ੍ਹਿਆ ਹੋਇਆ ਚੱਲ ਰਿਹਾ ਹੈ, ਅਨੇਕਾਂ ਹੀ ਜੂਨੀਆਂ ਇਸ ਨੇ ਭੁਗਤ ਲਈਆਂ ਨੇ -

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥੧॥*
*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥੧॥*

*ਅੰਗ - ੧੭੬*

ਕਿਤੇ ਮੁੜ ਕੇ ਫੇਰ ਵਾਰੀ ਆ ਜਾਂਦੀ ਹੈ। ਬਹੁਤ ਮੁਸ਼ਕਲ ਦੇ ਨਾਲ ਵਾਰੀ ਆ ਜਾਂਦੀ ਹੈ।

ਬੜੇ ਚਿਰ ਲੰਘਣ ਤੋਂ ਬਾਅਦ ਇਹ ਮਨੁੱਖ ਦਾ ਜਾਮਾ ਇਸ ਨੂੰ ਪ੍ਰਾਪਤ ਹੋ ਜਾਂਦਾ ਹੈ ਫੇਰ ਇਸਨੂੰ ਮੌਕਾ ਮਿਲਦਾ ਹੈ ਕਿ ਹੁਣ ਇਹ ਸਤਿਸੰਗ ਵਿਚ ਜਾਵੇ, ਸਤਿਸੰਗ ਵਿਚ ਜਾ ਕੇ ਤੱਤ-ਬੇਤੇ ਮਹਾਂਪੁਰਸ਼ਾਂ ਦੀ ਸੰਗਤ ਕਰੇ, ਉਨ੍ਹਾਂ ਦੇ ਬਚਨਾਂ ਦੀ ਕਮਾਈ ਕਰੇ। ਜੇ ਇਹ ਕਮਾਈ ਕਰ ਲਵੇ ਤਾਂ ਇਸ ਦਾ ਦੁਬਾਰਾ ਚੱਕਰ ਜਿਹੜਾ ਘੁੰਮਣ ਵਾਲਾ ਹੈ ਉਹ ਖਤਮ ਹੋ ਜਾਂਦਾ ਹੈ।

*ਕਬਹੂ ਸਾਧਸੰਗਤਿ ਇਹੁ ਪਾਵੈ ॥*
*ਉਸੁ ਅਸਥਾਨ ਤੇ ਬਹੁਰਿ ਨ ਆਵੈ ॥*
*ਅੰਤਰਿ ਹੋਇ ਗਿਆਨ ਪਰਗਾਸੁ ॥*
*ਉਸੁ ਅਸਥਾਨ ਕਾ ਨਹੀ ਬਿਨਾਸੁ ॥*
*ਮਨ ਤਨ ਨਾਮਿ ਰਤੇ ਇਕ ਰੰਗਿ ॥*
*ਸਦਾ ਬਸਹਿ ਪਾਰਬ੍ਰਹਮ ਕੈ ਸੰਗਿ ॥*

*ਜਿਉ ਜਲ ਮਹਿ ਜਲੁ ਆਇ ਖਟਾਨਾ ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ ॥*
*ਮਿਟਿ ਗਏ ਗਵਨ ਪਾਏ ਬਿਸ੍ਰਾਮ ॥*
*ਨਾਨਕ ਪ੍ਰਭ ਕੈ ਸਦ ਕੁਰਬਾਨ ॥*

*ਅੰਗ - ੨੭੮*

ਅੰਦਰ ਪ੍ਰਮੇਸ਼ਰ ਦਾ ਪ੍ਰਕਾਸ਼ ਹੋ ਜਾਂਦਾ ਹੈ ਜਿਸਨੂੰ ਮਹਾਰਾਜ ਜੀ ਨੇ ਕਿਹਾ ਹੈ -

*ਰਤਨੁ ਲੁਕਾਇਆ ਲੂਕੈ ਨਾਹੀ*
*ਜੇ ਕੋ ਰਖੈ ਲੁਕਾਈ॥ ਅੰਗ - ੬੦੮*

ਉਹ ਰਤਨ ਜੋ ਆਤਮ ਵਸਤੂ ਦਾ ਹੈ ਨਾਮ ਰਤਨ ਹੈ ਉਹ ਲੁਕਿਆ ਨਹੀਂ ਕਰਦਾ, ਪ੍ਰਗਟ ਹੋ ਜਾਂਦਾ ਹੈ ਕਹਿੰਦੇ -

*ਉਸੁ ਅਸਥਾਨ ਕਾ ਨਹੀ ਬਿਨਾਸੁ ॥*

ਉਹ ਜਿਹੜਾ ਅਸਥਾਨ ਹੈ ਉਹ ਅੰਤਰ-ਆਤਮੇ ਮਿਲ ਗਿਆ ਉਸ ਦਾ ਵਿਨਾਸ਼ ਨਹੀਂ ਹੁੰਦਾ ਬਾਕੀ ਅਸਥਾਨਾਂ ਦਾ ਨਾਸ਼ ਹੁੰਦਾ ਹੈ -

*ਕਬਹੁ ਜੀਅੜਾ ਊਭਿ ਚੜਤੁ ਹੈ*
*ਕਬਹੁ ਜਾਇ ਪਇਆਲੇ ॥*
*ਲੋਭੀ ਜੀਅੜਾ ਥਿਰੁ ਨ ਰਹਤੁ ਹੈ*
*ਚਾਰੇ ਕੁੰਡਾ ਭਾਲੇ ॥ ਅੰਗ - ੮੭੬*

ਉਂਜ ਜੋ ਹਾਲਤ ਹੈ ਕਦੇ ਉਹ ਬਹੁਤ ਵੱਡਾ ਬਣ ਜਾਂਦਾ ਹੈ, ਕਦੇ ਨਾਮ ਜਪਣ ਦੀ ਲਗਨ ਲਗਦੀ ਹੈ, ਕਦੇ ਪਾਪਾਂ ਦੇ ਵਿਚ ਪ੍ਰਵਿਰਤ ਹੋ ਜਾਂਦਾ ਹੈ। ਉਹ ਘੁੰਮਦਾ ਫਿਰਦਾ ਹੈ ਪਰ ਜਦੋਂ ਕਿਤੇ ਇਸਨੂੰ ਸਾਧ ਸੰਗਤ ਮਿਲ ਜਾਵੇ, ਸਾਧ ਸੰਗਤ ਵਿਚ ਆ ਕੇ ਨਾਮ ਦੀ ਕਮਾਈ ਕਰ ਲਵੇ ਤੇ ਅੰਦਰ ਗਿਆਨ ਦਾ ਪ੍ਰਕਾਸ਼ ਹੋ ਜਾਵੇ ਉਸ ਅਸਥਾਨ ਦਾ ਫੇਰ ਨਾਸ਼ ਨਹੀਂ ਹੋਇਆ ਕਰਦਾ। ਉਹ ਨਾਸ਼ ਰਹਿਤ ਹੋ ਜਾਂਦਾ ਹੈ, ਕਾਲ ਦੇ ਮੰਡਲ ਤੋਂ ਉਚਾ ਉਠ ਜਾਂਦਾ ਹੈ। ਸੋ ਮਹਾਰਾਜ ਜੀ ਕਹਿੰਦੇ -

*ਮਨ ਤਨ ਨਾਮਿ ਰਤੇ ਇਕ ਰੰਗਿ ॥*
*ਸਦਾ ਬਸਹਿ ਪਾਰਬ੍ਰਹਮ ਕੈ ਸੰਗਿ ॥*

ਮਨ ਤੇ ਤਨ ਦੇ ਵਿਚ ਨਾਮ ਦਾ ਪਿਆਰ ਆ ਜਾਂਦਾ ਹੈ ਫੇਰ ਉਹ ਪਾਰਬ੍ਰਹਮ ਦੇ ਨਾਲ ਵਸਦਾ ਹੈ ਹਰ ਵਕਤ, ਵਿਛੜਦਾ ਨਹੀਂ ਹੈ ਤੇ ਪ੍ਰਮੇਸ਼ਰ ਦੇ ਨਾਲ ਅਭੇਦ ਅਵਸਥਾ ਪ੍ਰਾਪਤ ਕਰ ਲੈਂਦਾ ਹੈ।

*ਜਿਉ ਜਲ ਮਹਿ ਜਲੁ ਆਇ ਖਟਾਨਾ ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ ॥*

ਜੋ ਇਸ ਦਾ ਅਸਲ ਸਰੂਪ ਸੀ ਉਹ ਪ੍ਰਗਟ ਹੋ ਗਿਆ। ਅਸਲ ਸਰੂਪ ਪ੍ਰਗਟ ਹੋਣ ਤੋਂ ਪਹਿਲਾਂ ਇਹ ਆਪਣੇ-ਆਪ ਨੂੰ ਦੇਹ ਸਮਝਦਾ ਸੀ ਕਿ ਮੈਂ ਆਹ ਸਾਢੇ ਤਿੰਨ ਹੱਥ ਦੀ ਦੇਹ ਹਾਂ ਤੇ ਮੇਰਾ ਨਾਂ ਫਲਾਣਾ ਹੈ, ਮੇਰੇ ਪੁੱਤਰ ਦਾ ਨਾਂ ਇਹ ਹੈ, ਮੇਰੀ ਲੜਕੀ ਦਾ ਨਾਂ ਇਹ ਹੈ, ਮੇਰਾ ਘਰ ਐਨੇ ਨੰਬਰ ਹੈ, ਮੇਰੀ ਫਲਾਣੀ ਜਾਤ ਹੈ, ਮੈਂ ਸਿੱਖ ਹਾਂ, ਮੈਂ ਮੁਸਲਮਾਨ ਹਾਂ, ਮੈਂ ਹਿੰਦੂ ਹਾਂ ਇਹ ਚੀਜ਼ਾਂ ਸਮਝਦਾ ਸੀ ਪਹਿਲਾਂ ਆਪਣੇ ਆਪ ਨੂੰ, ਜਿਸ ਵਕਤ ਇਸਨੂੰ ਥੋੜ੍ਹਾ ਅੰਦਰ ਗਿਆਨ ਹੋਇਆ ਤੇ ਬਾਣੀ ਸੁਣੀ ਤਾਂ ਪਤਾ ਲੱਗਿਆ ਕਿ ਮੈਂ ਤਾਂ ਜੀਵ ਹਾਂ ਤੇ ਪ੍ਰਾਣਾਂ ਨਾਲ ਚੱਲ ਰਿਹਾ ਹੈ ਇਹ ਸਰੀਰ। ਜਦੋਂ ਫੇਰ ਸੁਣਦਾ ਹੈ ਕਿ ਇਹ ਜੀਵ ਤੇ ਪ੍ਰਾਣ ਦੋਵੇਂ ਵਾਹਿਗੁਰੂ ਦੇ ਨੇ। ਇਹ ਵਸਤ ਮੇਰੀ ਨਹੀਂ ਹੈ, ਮੇਰੀ ਕੀ ਹੈ? ਇਸ ਦੇ ਵਿਚ ਇਕ ਹਉਮੈ ਹੈ, ਤੱਤ ਉਹ 'ਮੇਰੀ-ਮੇਰੀ' ਕਰੀ ਜਾਂਦਾ ਹੈ। ਉਸਨੂੰ ਅਗਿਆਨ ਰਹਿੰਦਾ ਹੈ ਕਿ ਆਹ ਵੀ ਮੇਰਾ ਹੈ, ਆਹ ਵੀ ਮੇਰਾ ਹੈ। ਮਹਾਰਾਜ ਜੀ ਕਹਿੰਦੇ ਤੇਰਾ ਕੁਝ ਵੀ ਨਹੀਂ ਹੈ ਤੈਥੋਂ ਜਦੋਂ ਜੀਅ ਕਰਦਾ ਹੈ ਉਹ ਲੈ ਜਾਂਦਾ ਹੈ, ਤੂੰ ਤਾਂ ਆਪਣੇ ਆਪ ਨੂੰ ਸਰੀਰ ਸਮਝਦਾ ਹੈਂ, ਹਉਮੈ ਸਰੀਰ ਸਮਝਦੀ ਹੈ। ਫੇਰ ਇਹ ਹੌਲੀ-ਹੌਲੀ ਜਿਉਂ-ਜਿਉਂ ਤਰੱਕੀ ਕਰਦਾ ਹੈ ਤਾਂ ਇਸਨੂੰ ਅੰਦਰ ਵਸਦੇ ਪ੍ਰਮੇਸ਼ਰ ਦਾ ਗਿਆਨ ਹੋ ਜਾਂਦਾ ਹੈ। ਜਦੋਂ ਉਸ ਦਾ ਪੂਰਨ ਪ੍ਰਕਾਸ਼ ਹੁੰਦਾ ਹੈ ਉਸ ਵੇਲੇ ਹਨ੍ਹੇਰਾ ਦੂਰ ਹੋ ਜਾਂਦਾ ਹੈ, ਸ਼ਬਦ ਦੀ ਪ੍ਰਾਪਤੀ ਹੋ ਜਾਂਦੀ ਹੈ। ਮਹਾਰਾਜ ਜੀ ਕਹਿੰਦੇ ਸ਼ਬਦ ਤੋਂ ਬਗੈਰ ਇਸ ਦੇ ਅੰਦਰ ਹਨ੍ਹੇਰਾ ਸੀ -

*ਬਿਨੁ ਸਬਦੈ ਅੰਤਰਿ ਆਨੇਰਾ ॥*
*ਨ ਵਸਤੁ ਲਹੈ ਨ ਚੂਕੈ ਫੇਰਾ ॥*
*ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ*
*ਗੁਰੁ ਪੂਰੈ ਭਾਗਿ ਮਿਲਾਵਣਿਆ ॥*

*ਅੰਗ - ੧੨੪*

ਨਾ ਇਸਨੂੰ ਆਤਮ ਵਸਤੂ ਦੀ ਪ੍ਰਾਪਤੀ ਹੋਈ, ਹਨ੍ਹੇਰੇ ਵਿਚ ਚੱਕਰ ਕੱਢਦਾ ਫਿਰਦਾ ਹੈ ਤੇ ਪੂਰਨ ਗੁਰੂ ਦਾ ਮਿਲਾਪ ਨਾ ਹੋਣ ਕਰਕੇ ਇਸਨੂੰ ਕੁੰਜੀ ਨਾ ਮਿਲੀ-

*ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ*
*ਗੁਰੁ ਪੂਰੈ ਭਾਗਿ ਮਿਲਾਵਣਿਆ ॥ ਅੰਗ - ੧੨੪*

ਹੋਰ ਕੋਈ ਇਸਨੂੰ ਖੋਲ੍ਹ ਨਹੀਂ ਸਕਦਾ ਤੇ ਉਥੇ ਪਹੁੰਚਾ ਨਹੀਂ ਸਕਦਾ।

ਪੂਰੇ ਭਾਗ ਹੋਣ ਤਾਂ ਅਧਿਆਤਮਕ ਗੁਰੂ ਦਾ ਮਿਲਾਪ ਹੋਇਆ ਕਰਦਾ ਹੈ।

# ਸਿਰਿ ਕਰਮਨ ਕੈ ਕਰਮਾ ॥

ਸਾਧਸੰਗਤ ਜੀ!

*ਵਾਹਿਗੁਰੂ ਜੀ ਕਾ ਖਾਲਸਾ*
*ਵਾਹਿਗੁਰੂ ਜੀ ਕੀ ਫਤਹਿ*

ਅੰਮ੍ਰਿਤ ਵੇਲੇ ਤੋਂ ਆਪ ਗੁਰੂ ਮਹਾਰਾਜ ਜੀ ਦਾ ਜਸ ਗਾ ਰਹੇ ਹੋ ਤੇ ਸ੍ਰਵਣ ਕਰ ਰਹੇ ਹੋ। ਭਾਗ ਹੋਣ ਤਾਂ ਦੋ ਚੀਜ਼ਾਂ ਦੀ ਪ੍ਰਾਪਤੀ ਹੋਇਆ ਕਰਦੀ ਹੈ – ਪਹਿਲੀ ਹੈ ਹਰੀ ਦਾ ਜਸ, ਦੂਸਰੀ ਹੈ ਸਾਧੂ ਦੀ ਸੰਗਤ।

*ਹਰਿ ਕੀਰਤਿ ਸਾਧਸੰਗਤਿ ਹੈ*
*ਸਿਰਿ ਕਰਮਨ ਕੈ ਕਰਮਾ ॥ ਅੰਗ – ੬੪੨*

ਸਾਰਿਆਂ ਕਰਮਾਂ ਵਿਚੋਂ ਸ਼੍ਰੋਮਣੀ ਕਰਮ ਹੈ ਨਾਲ ਮਹਾਹਾਜ ਜੀ ਜੀ ਨੇ ਇਹ ਵੀ ਲਿਖ ਦਿਤਾ ਕਿ ਇਹ ਸਭ ਬੰਦਿਆਂ ਨੂੰ ਪ੍ਰਾਪਤ ਨਹੀਂ ਹੁੰਦੀ। ਜਿਸ ਦੇ ਮਸਤਕ ਵਿਚ ਲੇਖ ਲਿਖਿਆ ਗਿਆ ਹੋਵੇ, ਪੁੰਨ ਕਰਮ ਬਹੁਤ ਜਾਗ ਪਏ ਹੋਣ ਉਸਨੂੰ ਇਹ ਦੋਵੇਂ ਚੀਜ਼ਾਂ ਪ੍ਰਾਪਤ ਹੋ ਜਾਂਦੀਆਂ ਨੇ।

*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥ ਅੰਗ – ੬੪੨*

ਮਹਾਰਾਜ ਜੀ ਨੇ ਜੋ ਆਪਾਂ ਨੂੰ ਹੁਕਮ ਦਿਤਾ ਹੈ ਇਹ ਬੜੇ ਧਿਆਨ ਦੇ ਨਾਲ ਵਿਚਾਰਨ ਵਾਲਾ ਹੈ। ਆਪ ਫੁਰਮਾਨ ਕਰਦੇ ਨੇ ਕਿ ਸੰਸਾਰ ਦੇ ਅੰਦਰ ਏਸ ਆਦਮੀ ਨੂੰ ਬੇਅੰਤ ਕਿਸਮ ਦੀਆਂ ਖਿੱਚਾਂ ਹਨ ਜਿਹੜੀਆਂ ਖਿੱਚਦੀਆਂ ਰਹਿੰਦੀਆਂ ਹਨ। ਬੇਅੰਤ ਕਿਸਮ ਦੇ ਰੰਗ ਨੇ ਜਿਨ੍ਹਾਂ ਵਿਚ ਇਹ ਰੰਗਿਆ ਰਹਿੰਦਾ ਹੈ – ਚੰਗੇ ਵੀ ਰੰਗ ਨੇ ਤੇ ਮਾੜੇ ਵੀ ਰੰਗ ਨੇ, ਬਦਬੂਦਾਰ ਰੰਗ ਨੇ, ਅੱਖਾਂ ਨੂੰ ਨਾ ਚੰਗੇ ਲੱਗਣ ਵਾਲੇ ਰੰਗ ਨੇ। ਮਹਾਰਾਜ ਜੀ ਕਹਿੰਦੇ ਜੇ ਚੰਗੇ ਰੰਗ ਨਾ ਹੋਣ ਤਾਂ ਉਹ ਖਿੱਚ ਨਹੀਂ ਪਾਉਂਦੇ। ਬਦਬੂਦਾਰ ਚੀਜ਼ਾਂ ਦੇ ਰੰਗ ਹੋਣ ਉਹ ਖਿੱਚ ਨਹੀਂ ਪਾਇਆ ਕਰਦੇ, ਕੋਈ ਨੇੜੇ ਨਹੀਂ ਲਗਦਾ। ਸੋ ਉਨ੍ਹਾਂ ਦੇ ਵਿਚੋਂ ਜਿੰਨਾ ਕੁਝ ਸਾਨੂੰ ਨਜ਼ਰ ਆਉਂਦਾ ਹੈ, ਜਿੰਨੇ ਨੂੰ ਅਸੀਂ ਜਾਣਦੇ ਹਾਂ ਉਹ ਸਾਰੀਆਂ ਸਾਡੇ ਅੰਦਰ ਖਿੱਚਾਂ ਨੇ – ਪੁੱਤਰਾਂ ਦੀ ਖਿੱਚ ਹੈ, ਕੋਠੀਆਂ ਦੀ ਖਿੱਚ ਹੈ, ਪੈਸੇ ਟਕੇ ਕਮਾਉਣ ਦੀ ਹਰ ਵਕਤ ਲਾਲਸਾ ਲੱਗੀ ਰਹਿੰਦੀ ਹੈ, ਕਿਸੇ ਦੇ ਅੰਦਰ ਕ੍ਰੋਧ ਹੈ, ਕਿਸੇ ਦੇ ਅੰਦਰ ਲੋਭ ਹੈ, ਕਿਸੇ ਦੇ ਮੋਹ ਹੈ, ਕਿਸੇ ਦੇ ਅਹੰਕਾਰ ਹੈ ਸੋ ਇਨ੍ਹਾਂ ਸਾਰਿਆਂ ਨੂੰ ਰੰਗ ਕਹਿੰਦੇ ਨੇ। ਮਹਾਰਾਜ ਜੀ ਕਹਿੰਦੇ ਜਿਸਨੂੰ ਪ੍ਰਮੇਸ਼ਰ ਦਾ ਪਿਆਰ ਵਧ ਗਿਆ, ਪ੍ਰਮੇਸ਼ਰ ਦੇ ਪਿਆਰ ਦੇ ਅੰਦਰ ਜਿਸ ਦਾ ਮਨ ਰੰਗਿਆ ਉਹ ਇਸ ਸੰਸਾਰ ਦੇ ਅੰਦਰ ਸੂਰਮਾ ਕਹਾਉਂਦਾ ਹੈ। ਤਲਵਾਰਾਂ ਚਲਾਉਣ ਵਾਲਾ, ਗੋਲੀਆਂ ਚਲਾਉਣ ਵਾਲਾ ਉਹ ਸੂਰਮਾ ਨਹੀਂ ਹੈ ਮੰਨਿਆ, ਸੂਰਮਾ ਉਹ ਹੈ ਜਿਸ ਨੇ ਆਪਣੇ ਮਨ ਨੂੰ ਜਿੱਤ ਲਿਆ। ਜਿਸ ਨੇ ਮਨ ਜਿੱਤ ਲਿਆ ਤਾਂ ਸਾਰਾ ਸੰਸਾਰ ਜਿੱਤਿਆ ਗਿਆ। ਉਹੀ ਪੂਰੀ ਤਰ੍ਹਾਂ ਜਿੱਤ ਸਕਦਾ ਹੈ ਜਿਸ ਦਾ ਸਤਿਗੁਰੂ ਪੂਰਾ ਹੋਵੇ।

ਸੋ ਸਾਰਿਆਂ ਤੋਂ ਮਨ ਨਹੀਂ ਜਿੱਤ ਹੁੰਦਾ, ਦੁਨੀਆਂ ਵਿਚ ਕੋਈ ਵਿਰਲਾ ਹੈ ਜਿਸ ਨੇ ਮਨ ਨੂੰ ਜਿੱਤ ਲਿਆ। ਅਧਿਆਤਮਵਾਦ ਦਾ ਸਬੰਧ ਕੇਵਲ ਮਨ ਦੇ ਨਾਲ ਹੈ। ਮਨ ਸਰੀਰ ਨੂੰ ਪ੍ਰੇਰਨਾ ਕਰਦਾ ਹੈ, ਸਰੀਰ ਸਤਿਸੰਗ ਵਿਚ ਜਾਂਦਾ ਹੈ, ਸਰੀਰ ਦੇ ਅੰਦਰ ਚੰਗੀਆਂ ਵਾਸ਼ਨਾਵਾਂ ਪੈਦਾ ਹੁੰਦੀਆਂ ਨੇ। ਜੇ ਮਨ ਮੈਲਾ ਹੋਵੇ ਤਾਂ ਤੀਰਥਾਂ ਤੇ ਬੇਸ਼ੱਕ ਇਸ਼ਨਾਨ ਕਰੀ ਜਾਵੇ, ਕੁਝ ਕਰੀ ਜਾਵੇ ਪਰ ਮਨ ਦੀ ਮੈਲ ਨਹੀਂ ਲਹਿਆ ਕਰਦੀ ਜੇ ਮਨ ਮੈਲਾ ਹੈ ਤਾਂ ਸਭ ਕੁਝ ਮੈਲਾ ਹੈ–

*ਮਨਿ ਮੈਲੈ ਸਭੁ ਕਿਛੁ ਮੈਲਾ*
*ਤਨਿ ਧੋਤੈ ਮਨੁ ਹਛਾ ਨ ਹੋਇ ॥*

*ਅੰਗ – ੫੫੮*

ਸੋ ਇਸ ਕਰਕੇ ਮਨ ਨੂੰ ਜਿੱਤਣਾ, ਪ੍ਰਮੇਸ਼ਰ ਦੇ ਪਿਆਰ ਵਿਚ ਲਾਉਣਾ ਕਹਿੰਦੇ ਉਸ ਦੇ ਸਭ ਕੁਝ ਵਸ ਹੋ ਜਾਇਆ ਕਰਦਾ ਹੈ ਪਰ ਇਹ ਕੰਮ ਉਹ ਕਰ ਸਕਦਾ ਹੈ ਜਿਸਨੂੰ ਪੂਰੇ ਸਤਿਗੁਰੂ ਦਾ ਮਿਲਾਪ ਹੋ ਗਿਆ ਹੋਵੇ। ਅਧੂਰੇ ਦਾ, ਕੱਚੇ ਦਾ, ਪਾਖੰਡੀ ਦਾ ਮਿਲਾਪ ਜਿਹੜਾ ਹੈ ਉਹ ਮਨ ਨੂੰ ਨਹੀਂ ਜਿੱਤ ਸਕਿਆ ਕਰਦਾ। ਸੋ ਇਸ ਤਰ੍ਹਾਂ ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ ਹੇ ਪ੍ਰਭੂ! ਤੂੰ ਕ੍ਰਿਪਾ ਕਰ ਜਿਹੜੇ ਇਸ ਰੰਗ ਦੇ ਵਿਚ ਰੰਗੇ ਹੋਏ ਨੇ ਜਿਨ੍ਹਾਂ ਨੂੰ ਮਹਾਰਾਜ ਜੀ ਨੇ 'ਜਨ' ਆਖਿਆ ਹੈ। ਉਨ੍ਹਾਂ ਦੀ ਮੈਨੂੰ ਤੂੰ ਧੂੜ ਦੇਹ ਕਿਉਂਕਿ ਮੈਂ ਹੀ ਉਨ੍ਹਾਂ ਦੀ ਧੂੜ ਨਹੀਂ ਲੋਚਦਾ ਸਗੋਂ ਸਾਰੇ ਦੇਵਤੇ ਧੂੜੀ ਲੋਚਦੇ ਨੇ। ਤੀਰਥਾਂ ਵਿਚ ਦੁਨੀਆਂ ਨਹਾਉਣ ਜਾਂਦੀ ਹੈ ਉਹ ਪਵਿੱਤਰ ਨੇ ਪਰ ਉਹ ਦੇਵਤੇ ਵੀ ਜਿਹੜੇ ਤੀਰਥਾਂ ਦੇ ਹਨ, ਅਰਦਾਸ ਕਰਦੇ ਨੇ ਅਕਾਲ–ਪੁਰਖ ਦੇ ਪਾਸ ਕਿ ਹੇ ਪ੍ਰਭੂ! ਆਪਣੇ 'ਜਨਾ' ਦੀ, ਜਿਨ੍ਹਾਂ ਨੇ ਮਨ ਜਿੱਤ ਲਿਆ ਉਨ੍ਹਾਂ ਦੀ ਧੂੜੀ ਦੇਹ ਤਾਂ ਕਿ ਸਾਡੇ ਪਾਪ ਦੂਰ ਹੋ ਜਾਣ। ਸੋ ਉਹ ਧੂੜ ਮਿਲਣੀ ਕਿਸਮਤ ਦੀ ਬਾਤ ਹੋਇਆ ਕਰਦੀ ਹੈ। ਵਾਹਿਗੁਰੂ ਅਰਦਾਸ ਸੁਣੇ ਤਾਂ ਸਾਡਾ ਮਨ ਬਣੇ ਸ਼ਰਧਾ ਆ ਆਵੇ ਫੇਰ ਜਾ ਕੇ ਇਨ੍ਹਾਂ ਚੀਜ਼ਾਂ ਦੀ ਪ੍ਰਾਪਤੀ ਹੁੰਦੀ ਹੈ।

*ਵਾਹਿਗੁਰੂ ਜੀ ਕਾ ਖਾਲਸਾ*
*ਵਾਹਿਗੁਰੂ ਜੀ ਕੀ ਫਤਹਿ*

# ਚਾਰਿ ਪਦਾਰਥ ਜੇ ਕੋ ਮਾਗੈ ॥

ਸਾਧਸੰਗਤ ਜੀ!

*ਵਾਹਿਗੁਰੂ ਜੀ ਕਾ ਖਾਲਸਾ*
*ਵਾਹਿਗੁਰੂ ਜੀ ਕੀ ਫਤਹਿ।*

ਆਪ ਸਾਰੇ ਗੁਰੂ ਮਹਾਰਾਜ ਜੀ ਦੀ ਅਪਾਰ ਕ੍ਰਿਪਾ ਦੇ ਸਦਕੇ ਸਤਿਸੰਗ ਵਿਚ ਮਿਲ ਬੈਠੇ ਹੋ ਜੋ ਕਲਜੁਗ ਦੇ ਅੰਦਰ ਦੁਰਲੱਭ ਵਸਤਾਂ ਵਿਚੋਂ ਗਿਣੀ ਗਈ ਹੈ। ਕੁਝ ਐਸੀਆਂ ਚੀਜ਼ਾਂ ਨੇ ਸੰਸਾਰ ਦੇ ਅੰਦਰ ਜੋ ਆਪਣੇ ਜ਼ੋਰ ਨਾਲ ਨਹੀਂ ਮਿਲਦੀਆਂ, ਆਪਣੀ ਅਕਲ ਨਾਲ ਨਹੀਂ ਮਿਲਦੀਆਂ, ਕੋਈ ਮਸਤਕ ਦੇ ਵਿਚ ਲੇਖ ਲਿਖੇ ਹੁੰਦੇ ਨੇ ਉਨ੍ਹਾਂ ਦੇ ਪ੍ਰਭਾਵ ਕਰਕੇ ਉਨ੍ਹਾਂ ਦਾ ਜਦੋਂ ਬਲ ਵਧ ਜਾਂਦਾ ਹੈ, ਫਲ ਦੇਣ ਨੂੰ ਜਦੋਂ ਪੁੰਨ ਤਿਆਰ ਹੋ ਜਾਂਦੇ ਹਨ ਉਸ ਵੇਲੇ ਮਿਲਦੀ ਹੈ। ਸੋ ਮਹਾਰਾਜ ਕਹਿੰਦੇ ਨੇ ਕਿ ਇਹ ਦੋ ਚੀਜ਼ਾਂ ਕਲਜੁਗ ਦੇ ਸਮੇਂ ਦੇ ਅੰਦਰ ਜਦੋਂ ਕਿ ਆਦਮੀ ਦੀ ਬੁੱਧੀ ਬਿਲਕੁਲ ਹੀ ਭੋਗਾਂ ਦੇ ਵਿਚ ਰਚ ਗਈ ਹੈ। ਐਨੀ ਤਰਕ ਮਨ ਦੇ ਵਿਚ ਆ ਗਈ ਹੈ ਕਿ ਬਾਵਜੂਦ ਇਸ ਗੱਲ ਦੇ ਕਿ ਪ੍ਰਮੇਸ਼ਰ ਸਾਰੇ ਪਰੀਪੂਰਨ ਹੈ। ਇਸ ਦੇ ਉਤੇ ਨਾ ਵਿਸ਼ਵਾਸ਼ ਆਉਂਦਾ ਹੈ ਨਾ ਵਾਹਿਗੁਰੂ ਨਾਲ ਪਿਆਰ ਲਗਦਾ ਹੈ। ਆਪਣੇ ਮਨ ਦੀ ਸੌਦੇਬਾਜ਼ੀ ਹੈ ਸਾਰੀ ਚੀਜ਼ ਦੀ, ਹਰ ਚੀਜ਼ ਦੇ ਵਿਚੋਂ ਅਸੀਂ ਹਿਤ ਭਾਲਦੇ ਹਾਂ, ਲਾਭ ਭਾਲਦੇ ਹਾਂ ਉਹ ਵੀ ਦੁਨੀਆਂ ਦਾ। ਸੋ ਇਹ ਚੀਜ਼ ਮਿਲਦੀ ਨਹੀਂ ਹੈ ਬਹੁਤ ਮੁਸ਼ਕਲ ਹੈ -

*ਹਰਿ ਕੀਰਤਿ ਸਾਧਸੰਗਤਿ ਹੈ*
*ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥ ਅੰਗ - ੬੪੨*

ਹਰੀ ਦਾ ਜਸ ਹੁੰਦਾ ਹੋਵੇ ਤੇ ਸਾਧੂ ਦੀ ਸੰਗਤ ਹੋਵੇ, ਮਹਾਰਾਜ ਜੀ ਕਹਿੰਦੇ ਇਹ ਦੋ ਚੀਜ਼ਾਂ ਸ਼੍ਰੋਮਣੀ ਕਰਮ ਨੇ, ਸਭ ਤੋਂ ਵੱਡੇ ਕਰਮ। ਪੁਰਾਣੇ ਜ਼ਮਾਨਿਆਂ ਦੇ ਅੰਦਰ ਤੀਰਥਾਂ ਤੇ ਜਾਂਦੇ ਸੀ, ਫਲ ਮਿਲਿਆ ਕਰਦੇ ਸੀ। ਜਿਸਨੂੰ ਬਹੁਤ ਲਗਨ ਹੋਣੀ, ਮਨ ਦੇ ਅੰਦਰ ਬਹੁਤ ਪਿਆਰ ਹੋਣਾ ਉਹ ਅਠਾਹਠ ਤੀਰਥਾਂ ਤੇ ਜਾ ਕੇ ਵਿਧੀਪੂਰਵਕ ਇਸ਼ਨਾਨ ਕਰਕੇ ਵਿਧੀ ਪੂਰਵਕ ਦਾਨ ਦਿਆ ਕਰਦੇ ਸੀ। ਉਨ੍ਹਾਂ ਨੂੰ ਫਲ ਮਿਲਿਆ ਕਰਦੇ ਸੀ। ਸਤਿਸੰਗ ਵਿਚ ਸਾਧੂਆਂ ਦੀ ਸੰਗਤ ਕਰਨ ਜਾਇਆ ਕਰਦੇ ਸੀ। ਮਹਾਰਾਜ ਕਹਿੰਦੇ ਕਲਜੁਗ ਦੇ ਅੰਦਰ ਜੋ ਤੀਰਥਾਂ ਦਾ ਪੁੰਨ ਸੀ ਉਹ ਖਤਮ ਹੋ ਗਿਆ, ਉਹ ਕਾਇਮ ਨਹੀਂ ਰਿਹਾ ਜੋ ਪੁਰਾਣੇ ਸ਼ਾਸਤਰਾਂ ਵਿਚ ਲਿਖਿਆ ਹੋਇਆ ਹੈ ਉਸ ਦੇ ਵਿਚ ਸੱਤਿਆ ਨਹੀਂ ਰਹੀ, ਸੱਤਿਆ ਨਿਕਲ ਗਈ। ਕਲਜੁਗ ਦੇ ਜੋ ਬੰਦੇ ਨੇ ਇਨ੍ਹਾਂ ਦੀ ਬਿਰਤੀ ਹਰ ਵਕਤ ਪ੍ਰਮੇਸ਼ਰ ਤੋਂ ਬੇਮੁਖ ਹੋ ਕੇ, ਨਾਮ ਤੋਂ ਦੂਰ ਜਾ ਕੇ ਪਾਪਾਂ ਵਲ ਪ੍ਰਵਿਰਤ ਰਹਿੰਦੀ ਹੈ, ਗਲਤ ਕੰਮਾਂ ਦੀ ਸੋਚ ਇਸ ਦੇ ਮਨ ਵਿਚ ਬਣੀ ਰਹਿੰਦੀ ਹੈ। ਹਰ ਵਕਤ ਪ੍ਰਮੇਸ਼ਰ ਨਾਲੋਂ ਟੁੱਟਿਆ ਰਹਿੰਦਾ ਹੈ ਕਦੇ ਇਸ ਦੇ ਅੰਦਰ ਕਰੰਟ ਨਹੀਂ ਚਲਦੀ ਨਾਮ ਦੀ, ਜੀਭ ਦੇ ਨਾਲ ਨਾਮ ਵੀ ਜਪ ਲਏਗਾ, ਬਾਣੀ ਪੜ੍ਹ ਲਏਗਾ ਪਰ ਖੁਸ਼ਕ ਦਾ ਖੁਸ਼ਕ ਰਹਿ ਜਾਏਗਾ, ਕੋਈ ਰਸ ਨਹੀਂ ਅੰਦਰ ਆਉਂਦਾ, ਕੋਈ ਝੁਣਝੁਣੀ ਨਹੀਂ ਆਉਂਦੀ ਉਹੋ ਜਿਹਾ ਹੀ ਰਹਿੰਦਾ ਹੈ ਇਥੋਂ ਤੱਕ ਕਿ ਪਾਠ ਕਰਦਾ ਹੋਏਗਾ ਇਕ ਸਕਿੰਟ ਵਾਸਤੇ ਵੀ ਮਨ ਨਾਲ ਨਹੀਂ ਰਹਿੰਦਾ। ਅੱਖਾਂ ਵੀ ਦੇਖਦੀਆਂ ਹੋਣਗੀਆਂ, ਜੀਭ ਵੀ ਆਪਣਾ ਕੰਮ ਕਰਦੀ ਹੋਏਗੀ ਪਰ ਜਿਸ ਨੇ ਪਾਠ ਕਰਨਾ ਸੀ ਉਹ ਉਥੇ ਰਹਿੰਦਾ ਨਹੀਂ, ਉਹ ਦੌੜ ਜਾਂਦਾ ਹੈ। ਐਨੇ ਜ਼ਿਆਦਾ ਫੁਰਨੇ ਨੇ ਕਿ ਇਕ ਸਕਿੰਟ ਵਾਸਤੇ ਵੀ ਤੁਸੀਂ ਮਨ ਇਕਾਗਰ ਨਹੀਂ ਕਰ ਸਕਦੇ। ਜਿੰਨੀ ਦੇਰ ਤੱਕ ਮਨ ਇਕਾਗਰ ਨਹੀਂ ਹੁੰਦਾ, ਮਨ ਸ਼ੁੱਧ ਨਹੀਂ ਹੁੰਦਾ, ਜਿੰਨਾ ਚਿਰ ਮਨ ਸ਼ੁੱਧ ਨਹੀਂ ਹੁੰਦਾ ਓਨੀਂ ਦੇਰ ਤੱਕ ਸ਼ੁੱਧੀ ਵਾਸਤੇ ਸਰੀਰ ਵਿਚ ਚਾਹੇ ਇਸ਼ਨਾਨ ਕਰੋ, ਚਾਹੇ ਕੋਈ ਕੰਮ ਕਰੋ, ਪਾਠ ਕਰੋ ਉਹ ਮਨ ਮੈਲੇ ਦਾ ਮੈਲਾ ਰਹਿੰਦਾ ਹੈ। ਮਹਾਰਾਜ ਜੀ ਕਹਿੰਦੇ -

*ਮਨਿ ਮੈਲੈ ਸਭੁ ਕਿਛੁ ਮੈਲਾ*
*ਤਨਿ ਧੋਤੈ ਮਨੁ ਹਛਾ ਨ ਹੋਇ ॥ਅੰਗ - ੫੫੮*

ਤਨ ਦੇ ਧੋਣ ਨਾਲ ਮਨ ਨਹੀਂ ਅੱਛਾ ਹੁੰਦਾ, ਮਨ ਦਾ ਸਬੰਧ ਹੈ -

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ*
*ਹੋਇ॥ ਮਨ ਹੀ ਮਨ ਸਿਉ ਕਹੈ ਕਬੀਰਾ*
*ਮਨ ਸਾ ਮਿਲਿਆ ਨ ਕੋਇ ॥ ਅੰਗ - ੩੪੨*

ਕਿਉਂਕਿ ਉਹ ਰਸਤਾ ਜਿਹੜਾ ਹੈ ਉਹ ਹੋਰ ਹੈ। ਸੋ ਮਨ ਮੈਲਾ ਹੋਣ ਦੇ ਨਾਲ ਪਾਪ ਨਾਲ ਰਹਿੰਦੇ ਨੇ। ਤੀਰਥਾਂ ਬਾਰੇ ਇਹ ਬਚਨ ਹੈ ਕਿ ਜਿਹੜਾ ਇਥੇ ਨਹਾਏਗਾ ਫਲਾਣੇ ਤੀਰਥ ਤੇ ਉਸ ਦਾ ਆਹ ਪਾਪ ਉਤਰ ਜਾਏਗਾ, ਫਲਾਣੇ ਤੇ ਆਹ ਉਤਰ ਜਾਏਗਾ। ਮਹਾਰਾਜ ਜੀ ਕਹਿੰਦੇ ਉਹ ਤੀਰਥਾਂ ਵਿਚ ਨਹਾਉਣ ਜਾਂਦਾ ਹੈ ਪਰ ਤੀਰਥ ਪਹਿਲਾਂ ਹੀ ਮੈਲੇ ਹੋਏ-ਹੋਏ ਨੇ, ਹੁਣ ਤਾਂ ਵੈਸੇ ਹੀ ਮੈਲੇ ਕਰ ਦਿਤੇ, ਸੀਵਰੇਜ਼ ਦੇ ਨਾਲੇ ਪਾ ਦਿਤੇ ਹਰ ਤੀਰਥ ਦੇ ਅੰਦਰ ਬੁੱਧੀ ਹੀ ਭਰਿਸ਼ਟ ਹੋ ਗਈ ਸਭ ਦੀ। ਹੁਣ ਤਾਂ ਨਿਰੀ ਹੀ ਮੈਲ ਹੋ ਗਈ ਉਸ ਥਾਂ ਤੇ। ਪਹਿਲਾਂ ਜਦੋਂ ਸ਼ੁਧਤਾਈ ਵੀ ਸੀ ਉਸ ਵੇਲੇ ਤੀਰਥ ਦੇ ਵਿਚ ਇਹ ਤਾਕਤ ਨਹੀਂ ਸੀ ਕਿ ਉਹ ਮਨ

ਨੂੰ ਸ਼ੁੱਧ ਕਰ ਦੇਵੇ। ਮਨ ਤੱਕ ਤੀਰਥ ਦੀ ਪਹੁੰਚ ਨਹੀਂ ਹੈ। ਪਾਪ ਇਕ ਦੂਰ ਕਰਦਾ ਸੀ ਇਕ ਤੀਰਥ, ਇਕ ਫਲ ਦਿੰਦਾ ਸੀ।

*ਤੀਰਥ ਕੀਏ ਏਕ ਫਲ*
*ਸੰਤ ਮਿਲੇ ਫਲ ਚਾਰ।*
*ਗੁਰੂ ਮਿਲੇ ਫਲ ਅਨੇਕ ਹੈਂ*
*ਕਹਤ ਕਬੀਰ ਵੀਚਾਰ।*

ਉਥੋਂ ਇਕ ਫਲ ਮਿਲਦਾ ਸੀ, ਸੰਤਾਂ ਦੇ ਮਿਲਣ ਦੇ ਨਾਲ, ਧਰਮ ਦਾ ਜੀਵਨ ਪ੍ਰਾਪਤ ਹੋ ਜਾਂਦਾ ਸੀ, ਦਸ ਥੰਮ ਹੁੰਦੇ ਨੇ ਧਰਮ ਦੇ ਉਹ ਸਾਰੇ ਪ੍ਰਾਪਤ ਹੋ ਜਾਂਦੇ ਸੀ। ਧੀਰਜ ਵੀ ਆ ਜਾਂਦੀ ਸੀ, ਸੰਤੋਖ, ਦਇਆ, ਖਿਮਾ, ਦਾਨ, ਮਿੱਠਾ ਬੋਲਣਾ, ਸਤਿ, ਸ਼ੀਲ ਇਹ ਸਾਰੀਆਂ ਚੀਜ਼ਾਂ ਆ ਜਾਂਦੀਆਂ ਸਨ – ਜਦੋਂ ਧਰਮ ਪ੍ਰਾਪਤ ਹੋ ਗਿਆ। ਦੂਸਰੀ ਚੀਜ਼ ਹੁੰਦੀ ਹੈ ਆਦਮੀ ਨੂੰ ਪੈਸੇ-ਟਕੇ ਦੀ ਲੋੜ, ਜ਼ਿੰਦਗੀ ਗੁਜ਼ਾਰਨ ਵਾਸਤੇ ਮਾਇਆ ਦੀ ਲੋੜ ਹੁੰਦੀ ਹੈ, ਆਪਣੀਆਂ ਲੋੜਾਂ ਨੂੰ ਸੀਮਤ ਰੱਖ ਕੇ ਸੋਹਣੀ ਜ਼ਿੰਦਗੀ ਚਿੰਤਾ ਤੋਂ ਬਗੈਰ ਗੁਜ਼ਾਰਨ ਲਈ ਮਾਇਆ ਦੀ ਲੋੜ ਹੈ। ਉਹ ਵੀ ਪ੍ਰਾਪਤ ਹੋ ਜਾਂਦਾ ਸੀ (ਅਰਥ)। ਤੀਸਰਾ ਹੁੰਦਾ ਹੈ ਸਾਡੇ ਅੰਦਰ ਕਾਮਨਾਵਾਂ, ਵਾਸ਼ਨਾਵਾਂ ਕਿ ਮੈਨੂੰ ਨੌਕਰੀ ਮਿਲ ਜਾਏ, ਪੁੱਤਰ ਹੋ ਜਾਵੇ, ਪੁੱਤਰ ਪੜ੍ਹ ਜਾਵੇ, ਮੇਰੀ ਸਿਹਤ ਠੀਕ ਹੋ ਜਾਵੇ, ਮੈਨੂੰ ਉਹ ਮਿਲ ਜਾਵੇ, ਆਹ ਮਿਲ ਜਾਵੇ ਉਹ ਵੀ ਸਾਧੂ ਦੀ ਸੰਗਤ ਕਰਨ ਨਾਲ ਮਹਾਰਾਜ ਜੀ ਕਹਿੰਦੇ ਪ੍ਰਾਪਤ ਹੋ ਜਾਏਗਾ। ਚੌਥੀ ਗੱਲ ਹੁੰਦੀ ਹੈ ਕਿ ਮੈਂ ਅਰਬਾਂ-ਖਰਬਾਂ ਸਾਲਾਂ ਤੋਂ ਮੂਰਖ ਬਣ ਕੇ ਜਨਮਾਂ-ਜਨਮਾਂਤਰਾਂ ਵਿਚ ਘੁੰਮਦਾ ਫਿਰਦਾ ਹਾਂ, ਹਲਟ ਦੀਆਂ ਟੀਂਡਾਂ ਵਾਂਗੂੰ ਕਦੇ ਉਪਰ ਆ ਜਾਂਦਾ ਹਾਂ ਕਦੇ ਫੇਰ ਹੇਠਾਂ ਨੂੰ ਚਲਿਆ ਜਾਂਦਾ ਹਾਂ। ਕਿਸੇ-ਕਿਸੇ ਦੇ ਮਨ ਵਿਚ ਇਹ ਸੋਝੀ ਪੈਦਾ ਹੋ ਕੇ ਬਹੁਤ ਡਰ ਪੈਦਾ ਹੁੰਦਾ ਹੈ ਕਿ ਹੁਣ ਕੀ ਹੋਏਗਾ? ਆਹ ਮਨੁੱਖ ਜਨਮ ਤਾਂ ਲੰਘਦਾ ਤੁਰਿਆ ਜਾ ਰਿਹਾ ਹੈ ਅਜੇ ਬਣਿਆ ਕੁਝ ਨਹੀਂ ਹੈ ਅੰਦਰ ਦੀ ਕੋਈ ਵੀ ਅਵਸਥਾ ਪ੍ਰਾਪਤ ਨਹੀਂ ਹੋਈ, ਪ੍ਰਮੇਸ਼ਰ ਤੱਕ ਪਹੁੰਚੇ ਨਹੀਂ ਹਾਂ ਤੇ ਫੇਰ ਮੇਰਾ ਹੋਏਗਾ ਕੀ? ਕਰਮ ਕਰਨ ਦੇ ਨਾਲ ਸਾਨੂੰ ਜਨਮ ਮਿਲਣਾ ਹੈ ਉਹ ਜਨਮ ਸਾਨੂੰ ਕਿਹੋ ਜਿਹਾ ਮਿਲੇਗਾ? ਜਿਹੋ ਜਿਹਾ ਕਰਮ ਕਰਾਂਗੇ –

*ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥ਅੰਗ - ੧੩੪*

ਇਹ ਜ਼ਰੂਰੀ ਨਹੀਂ ਕਿ ਅਸੀਂ ਮਨੁੱਖ ਹੀ ਬਣੀਏ, ਕਿਸੇ ਨੂੰ ਆਪਣੀ ਪਿੱਠ ਤੇ ਚੁੱਕਣ ਲਈ ਘੋੜੇ ਵੀ ਬਣ ਜਾਵਾਂਗੇ, ਗੱਡੇ ਖਿੱਚਣ ਲਈ ਅਸੀਂ ਬੈਲ ਵੀ ਬਣ ਜਾਵਾਂਗੇ ਹੋਰ ਵੀ ਅਨੇਕਾਂ ਜੂਨਾਂ ਜਿੰਨੀਆਂ ਜੀਵ ਜੰਤੂਆਂ ਦੀਆਂ ਨਜ਼ਰ ਆਉਂਦੀਆਂ ਨੇ ਉਹ ਮਿਲ ਜਾਂਦੀਆਂ ਨੇ। ਸਮਾਂ ਲੰਘਦਾ ਤੁਰਿਆ ਜਾਂਦਾ ਹੈ। ਸੋ ਮੈਲ ਦੂਰ ਨਹੀਂ ਹੁੰਦੀ, ਦੂਰ ਨਾ ਹੋਣ ਕਰਕੇ ਸਾਨੂੰ ਸਤਿ ਦੀ ਪ੍ਰਾਪਤੀ ਨਹੀਂ ਹੁੰਦੀ। ਸੋ ਮਹਾਰਾਜ ਜੀ ਕਹਿੰਦੇ ਜੋ ਚੌਥਾ ਫਲ ਹੈ ਜਿਸ ਦੇ ਨਾਲ ਜੰਮਣ-ਮਰਨਾ ਖਤਮ ਹੋ ਜਾਵੇ ਤੇ ਇਹ ਜੋ ਜੀਵ-ਆਤਮਾ ਹੈ ਇਹ ਆਪਣੇ ਅਸਲੇ ਵਿਚ ਜਾ ਕੇ ਰਲ ਜਾਵੇ ਉਸ ਨੂੰ 'ਮੁਕਤ' ਕਹਿੰਦੇ ਨੇ। ਇਹ ਚਾਰ ਚੀਜ਼ਾਂ ਸਾਧੂਆਂ ਦੀ ਸੰਗਤ ਵਿਚੋਂ ਪ੍ਰਾਪਤ ਹੁੰਦੀਆਂ ਹਨ।

*ਚਾਰਿ ਪਦਾਰਥ ਜੇ ਕੋ ਮਾਗੈ ॥*
*ਸਾਧ ਜਨਾ ਕੀ ਸੇਵਾ ਲਾਗੈ ॥ ਅੰਗ - ੨੬੬*

ਤੀਰਥ ਤੋਂ ਇਕ ਫਲ ਮਿਲਦਾ ਹੈ, ਸਾਧੂ ਤੋਂ ਚਾਰ ਮਿਲ ਗਏ –

*ਤੀਰਥ ਕੀਏ ਏਕ ਫਲ,*
*ਸੰਤ ਮਿਲੇ ਫਲ ਚਾਰ।*

ਜੇ ਗੁਰੂ ਮਿਲ ਜਾਵੇ ਬ੍ਰਹਮ ਬੇਤਾ, ਬ੍ਰਹਮ ਬਕਤਾ, ਬ੍ਰਹਮ ਸਰੋਤਰੀ, ਬ੍ਰਹਮ ਦ੍ਰਿਸ਼ਟਾ ਜੋ ਬ੍ਰਹਮ ਦੇ ਵਿਚ ਹਰ ਵਕਤ ਲੀਨ ਰਹਿੰਦਾ ਹੈ ਐਸੇ ਗੁਰਸਿੱਖ ਦਾ ਮਿਲਾਪ ਹੋ ਜਾਵੇ, ਐਸੇ ਮਹਾਂਪੁਰਸ਼ ਦਾ ਮਿਲਾਪ ਹੋ ਜਾਵੇ ਜੋ ਗੁਰੂ ਦੇ ਨਾਲ ਮਿਲਾ ਦੇਵੇ ਗੁਰੂ ਮਿਲਦਾ ਹੈ ਕਹਿੰਦੇ ਸਾਨੂੰ ਗੁਰੂ ਗ੍ਰੰਥ ਸਾਹਿਬ ਮਿਲ ਗਏ ਲੇਕਿਨ ਕਿਸੇ ਵਿਰਲੇ ਨੂੰ ਮਿਲੇ ਨੇ ਸਾਰਿਆਂ ਨੂੰ ਨਹੀਂ ਮਿਲੇ। ਜੇ ਕਿਤੇ ਗੁਰੂ ਨਾਲ ਮੇਲ ਹੋ ਜਾਵੇ ਤਾਂ ਮਹਾਰਾਜ ਜੀ ਕਹਿੰਦੇ–

*ਗੁਰੂ ਮਿਲੇ ਫਲ ਅਨੇਕ ਹੈਂ*
*ਕਹਤ ਕਬੀਰ ਵੀਚਾਰ।*

ਕਬੀਰ ਸਾਹਿਬ ਕਹਿੰਦੇ ਨੇ ਕਿ ਅਸੀਂ ਵਿਚਾਰ ਕੇ ਤੁਹਾਨੂੰ ਇਹ ਗੱਲ ਦੱਸੀ ਹੈ ਕਿ ਗੁਰੂ ਦੇ ਮਿਲਣ ਨਾਲ ਫਲਾਂ ਦੀ ਕੋਈ ਗਿਣਤੀ ਨਹੀਂ ਰਹਿੰਦੀ।

ਸੋ ਤੀਰਥ ਤੇ ਅਸੀਂ ਜਾਂਦੇ ਹਾਂ ਤੀਰਥ ਤੇ ਅਸੀਂ ਇਸ਼ਨਾਨ ਕਰਦੇ ਹਾਂ, ਤੀਰਥ ਸਾਡੇ ਮਨ ਨੂੰ ਨਿਰਮਲ ਨਹੀਂ ਕਰਦਾ, ਸਰੀਰ ਨੂੰ ਫਲ ਦਿੰਦਾ ਹੈ ਜੋ ਪਵਿੱਤਰ ਹੋਵੇ। ਮਹਾਰਾਜ ਜੀ ਕਹਿੰਦੇ –

*ਕੋਟਿ ਤੀਰਥ ਮਜਨ ਇਸਨਾਨਾ*
*ਇਸੁ ਕਲਿ ਮਹਿ ਮੈਲੁ ਭਰੀਜੈ ॥*
*ਸਾਧਸੰਗਿ ਜੋ ਹਰਿ ਗੁਣ ਗਾਵੈ*
*ਸੋ ਨਿਰਮਲੁ ਕਰਿ ਲੀਜੈ ॥ ਅੰਗ - ੭੪੭*

ਹੁਣ ਕਰੋੜਾਂ ਤੀਰਥਾਂ ਦਾ ਇਸ਼ਨਾਨ ਮੈਲ ਭਰ ਦਿੰਦਾ ਹੈ, ਲਾਹੁੰਦਾ ਨਹੀਂ ਹੈ ਕਿਉਂਕਿ ਉਹ ਆਪ ਮੈਲਾ ਹੋ ਚੁੱਕਿਆ ਹੈ–

*ਗੰਗਾ ਜਮੁਨਾ ਗੋਦਾਵਰੀ ਸਰਸੁਤੀ*
*ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥*
*ਅੰਗ - ੧੨੬੩*

ਜਿਹੜੇ ਇਨ੍ਹਾਂ ਦੇ ਅਭਿਮਾਨੀ ਦੇਵਤਾ ਨੇ ਉਹ ਭਟਕਦੇ ਫਿਰਦੇ ਨੇ ਉਦਮ ਕਰਦੇ ਨੇ ਕਿ ਕੋਈ ਸਾਧੂ ਮਿਲ ਜਾਵੇ, ਸਾਧੂ ਹੈ ਨਹੀਂ ਤੇ ਮਿਲਦਾ ਬਹੁਤ ਔਖਾ ਹੈ। ਕਰੋੜਾਂ ਵਿਚੋਂ ਇਕ-ਅੱਧ ਮਿਲ ਜਾਵੇ ਤਾਂ ਲੱਭ

ਜਾਏ ਲੇਕਿਨ ਹੈ ਨਹੀਂ ਮੁਸ਼ਕਲ ਹੈ ਇਹ ਚੀਜ਼, ਨਾਯਾਬ ਹੈ ਮਿਲਦੀ ਨਹੀਂ ਹੈ। ਉਹ ਉਦਮ ਕਰਦੇ ਨੇ ਕਿ ਸਾਨੂੰ ਸਾਧੂ ਮਿਲ ਜਾਵੇ ਤੇ ਉਨ੍ਹਾਂ ਦੇ ਚਰਨਾਂ ਦੀ ਧੂੜ ਅਸੀਂ ਲਾ ਲਈਏ ਆਪਣੇ ਮਸਤਕ ਤੇ ਅਤੇ ਆਪਣਾ ਇਸ਼ਨਾਨ ਕਰ ਲਈਏ ਧੂੜ ਦੇ ਨਾਲ ਉਸ ਦੇ ਨਾਲ ਕੀ ਹੋਏਗਾ? ਉਹ ਮਹਾਂ ਪਵਿੱਤਰ ਧੂੜ ਹੁੰਦੀ ਹੈ। ਸਾਡੇ ਵਿਚ ਜਿਹੜੇ ਕਰੋੜਾਂ ਪਾਪੀ ਆ ਕੇ ਪਾਪ ਛੱਡਦੇ ਨੇ, ਉਹ ਭਰੇ ਪਏ ਨੇ, ਕਾਲੇ ਹੋ ਗਏ ਅਸੀਂ –

*ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ*
*ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥*
*ਅੰਗ - ੧੨੬੩*

ਸੋ ਸਾਧੂ ਦੀ ਧੂੜੀ ਮਿਲ ਜਾਵੇ ਤਾਂ ਇਹ ਮੈਲ ਦੂਰ ਹੋ ਜਾਂਦੀ ਹੈ, ਹੋਰ ਕੋਈ ਤਰੀਕਾ ਨਹੀਂ ਹੈ।

ਉਹ ਨਾਮ ਆਦਮੀ ਦੇ ਅੰਦਰ ਪਿਆ ਹੈ। ਮਹਾਂ ਪਵਿੱਤਰ ਕਰਨ ਵਾਲੀ ਜੋ ਚੀਜ਼ ਹੈ –

*ਭਰੀਐ ਮਤਿ ਪਾਪਾ ਕੈ ਸੰਗਿ ॥*
*ਓਹੁ ਧੋਪੈ ਨਾਵੈ ਕੈ ਰੰਗਿ ॥ ਅੰਗ - ੪*

ਨਾਮ ਹਰ ਬੰਦੇ ਦੇ ਅੰਦਰ ਹੈ।

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥*
*ਅੰਗ - ੨੯੩*

ਮਹਾਨ ਸ਼ਕਤੀ ਜਿਸ ਨੇ ਸਾਰੇ ਸੰਸਾਰ ਨੂੰ ਪਹਿਲਾਂ ਰੂਪਮਾਨ ਕੀਤਾ ਹੈ ਤੇ ਫੇਰ ਧਾਰਨ ਕੀਤਾ ਹੋਇਆ ਹੈ, ਕਾਇਮ ਰੱਖਿਆ ਹੋਇਆ ਹੈ। ਸਭ ਪ੍ਰਮਾਣੂ ਜੁੜੇ ਹੋਏ ਨੇ ਨਾਮ ਦੀ ਸ਼ਕਤੀ ਨਾ ਹੋਵੇ ਇਹ ਮੁੜ ਕੇ ਪ੍ਰਮਾਣੂ ਬਣ ਜਾਂਦੇ ਨੇ, ਇਲਕੈਟ੍ਰਾਨ, ਪ੍ਰੋਟਾਨ, ਨਿਊਟ੍ਰਾਨ ਵਿਚ ਬਦਲ ਜਾਂਦੇ ਨੇ, ਉਹ ਅੱਗੇ ਸ਼ਕਤੀ ਵਿਚ ਬਦਲ ਜਾਂਦੇ ਨੇ ਤੇ ਉਹ ਅੱਗੇ ਪ੍ਰਕ੍ਰਿਤਕ ਸ਼ਬਦ ਵਿਚ ਬਦਲ ਜਾਂਦੀ ਹੈ। ਅਖੀਰ ਵਿਚ ਕੁਝ ਵੀ ਨਹੀਂ ਰਹਿੰਦਾ ਇਕ ਸ਼ਬਦ ਜਿਹਾ ਰਹਿ ਜਾਂਦਾ ਹੈ, ਰੌਲਾ ਜਿਹਾ। ਨਾਮ ਨੇ ਹੀ ਇਹ ਸਾਰੇ ਰੂਪ ਧਾਰੇ ਹੋਏ ਨੇ। ਨਾਮ ਨੇ ਹੀ ਸਾਰੀਆਂ ਚੀਜ਼ਾਂ ਨੂੰ ਤਰਤੀਬ ਦਿਤੀ ਹੋਈ ਹੈ –

*ਨਾਮ ਕੇ ਧਾਰੇ ਸਗਲੇ ਜੰਤ ॥*
*ਨਾਮ ਕੇ ਧਾਰੇ ਖੰਡ ਬ੍ਰਹਮੰਡ ॥*
*ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥*
*ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥*
*ਨਾਮ ਕੇ ਧਾਰੇ ਆਗਾਸ ਪਾਤਾਲ ॥*
*ਨਾਮ ਕੇ ਧਾਰੇ ਸਗਲ ਆਕਾਰ ॥*
*ਨਾਮ ਕੇ ਧਾਰੇ ਪੁਰੀਆ ਸਭ ਭਵਨ ॥*
*ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ॥*
*ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ॥*
*ਨਾਨਕ ਚਉਥੇ ਪਦ ਮਹਿ*
*ਸੋ ਜਨੁ ਗਤਿ ਪਾਏ ॥ ਅੰਗ - ੨੮੪*

ਸੋ ਨਾਮ ਦੇ ਧਾਰੇ ਹੋਏ ਹੀ ਵੇਦ ਨੇ, ਨਾਮ ਦੀਆਂ ਧਾਰੀਆਂ ਹੋਈਆਂ ਪੁਰੀਆਂ ਨੇ, ਨਾਮ ਦੇ ਧਾਰੇ ਅਕਾਸ਼ ਪਾਤਾਲ ਨੇ। ਸੋ ਉਹ ਨਾਮ ਸ਼ਕਤੀ ਅੰਦਰ ਹੈ ਸਾਡੇ ਲੇਕਿਨ ਅਸੀਂ ਉਸ ਤੱਕ ਜਾਂਦੇ ਨਹੀਂ ਕਿਉਂਕਿ ਸਾਡਾ ਰੁਖ ਬਾਹਰ ਨੂੰ ਹੈ। ਸੋ ਮਹਾਰਾਜ ਜੀ ਨੇ ਇਸ ਵਿਚ ਹੀ ਕਿਹਾ ਹੈ ਕਿ ਮਨ ਦੇ ਪਿੱਛੇ ਲਗਣ ਵਾਲੇ ਬੰਦੇ ਆਪਣਾ ਜੀਵਨ ਵਿਅਰਥ ਗਵਾ ਕੇ ਸੰਸਾਰ ਵਿਚੋਂ ਚਲੇ ਜਾਂਦੇ ਨੇ, ਨਾਮ ਨੂੰ ਭੁੱਲੇ ਰਹਿੰਦੇ ਨੇ, ਨਾਮ ਹੀ ਅੰਦਰ ਹੈ। ਨਾਮ ਹੀ ਨਾਮ ਹੈ ਗੁਰੂ ਮਹਾਰਾਜ ਜੀ ਦੇ ਘਰ–

*ਨਾਨਕ ਕੈ ਘਰਿ ਕੇਵਲ ਨਾਮੁ ॥ ਅੰਗ - ੧੧੩੬*

ਇਸ ਦੇ ਵਿਚ ਹੋਰ ਚੀਜ਼ਾਂ ਨਹੀਂ ਹਨ ਬਾਕੀ ਤਾਂ ਐਵੇਂ ਰੌਲੇ-ਰੱਪੇ ਨੇ, ਖਾਹ-ਮ-ਖਾਹ ਕੱਚੀਆਂ ਗੱਲਾਂ ਨੇ ਜੇ ਅਸਲੀ ਗੱਲ ਹੈ ਤਾਂ ਉਹ 'ਨਾਮ' ਹੈ। ਸੋ ਨਾਮ ਦੀ ਪ੍ਰਾਪਤੀ ਵਾਸਤੇ ਸੰਗਤ ਮਦਦ ਕਰਦੀ ਹੈ 'ਸਤਿਸੰਗ' –

*ਸਤਸੰਗਤਿ ਕੈਸੀ ਜਾਣੀਐ ॥*
*ਜਿਥੈ ਏਕੋ ਨਾਮੁ ਵਖਾਣੀਐ ॥ ਅੰਗ - ੭੨*

ਸਤਿਸੰਗ ਹੁੰਦੀ ਹੀ ਓਹੀ ਹੈ ਜਿਥੇ ਨਾਮ ਦੀ ਵਿਆਖਿਆ ਹੋਵੇ। ਸੋ ਏਸ ਕਰਕੇ ਸਾਧ-ਸੰਗਤ ਜੀ ਇਹ ਦੁਰਲੱਭ ਚੀਜ਼ਾਂ ਨੇ –

*ਹਰਿ ਕੀਰਤਿ ਸਾਧਸੰਗਤਿ ਹੈ*
*ਸਿਰਿ ਕਰਮਨ ਕੈ ਕਰਮਾ ॥ ਅੰਗ - ੬੪੨*

ਮਿਲਦੀ ਉਸਨੂੰ ਹੈ –

*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥ ਅੰਗ - ੬੪੨*

ਜਿਸ ਦੇ ਮੱਥੇ ਦੇ ਵਿਚ ਕਲਮ ਵਾਹ ਦਿਤੀ ਪ੍ਰਮੇਸ਼ਰ ਨੇ, ਪੁੰਨ ਕਰਮ ਜਾਗ ਪਏ ਤੇ ਪੁੰਨਾਂ ਦਾ ਫਲ ਐਨਾ ਜਬਰਦਸਤ ਹੋ ਗਿਆ ਕਿ ਉਹ ਆਲਸ ਨੂੰ ਤਿਆਗ ਕੇ ਅੰਮ੍ਰਿਤ ਵੇਲੇ ਹਰੀ ਦਾ ਜਸ ਸਰਵਣ ਕਰਨ ਵਾਸਤੇ ਆ ਜਾਵੇ। ਸੋ ਇਹ ਤਾਂ ਚੀਜ਼ ਸਾਨੂੰ ਮਹਾਰਾਜ ਜੀ ਨੇ ਦੇ ਦਿਤੀ। ਆ ਜਾਂਦੇ ਹਾਂ ਇਹ ਅਗਲੀ ਗੱਲ ਹੈ ਕਿ ਮਨ ਕਿੰਨਾ ਕੁ ਸਾਥ ਦੇ ਰਿਹਾ ਹੈ, ਮੰਨ ਰਿਹਾ ਹੈ ਜਾਂ ਨਹੀਂ ਮੰਨ ਰਿਹਾ ਕਿਉਂਕਿ ਮਨ ਨਿਵਾਜ਼ੀ ਬਣੇ ਤਾਂ ਗੱਲ ਬਣਦੀ ਹੈ, ਮਨ 'ਜਪੁਜੀ ਸਾਹਿਬ' ਦਾ ਰੂਪ ਬਣੇ, ਬਾਣੀ ਦਾ ਰੂਪ ਬਣੇ ਤਾਂ ਗੱਲ ਬਣਦੀ ਹੈ, ਮਨ ਕੀਰਤਨ ਦਾ ਰੂਪ ਬਣੇ। ਜੇ ਤਾਂ ਮਨ ਭਿੱਜਦਾ ਹੈ ਫੇਰ ਤਾਂ ਬਹੁਤ ਵਧੀਆ ਚੀਜ਼ ਹੈ। ਉਹ ਭਾਗਾਂ ਵਾਲੇ ਬੰਦੇ ਨੇ ਜਿਨ੍ਹਾਂ ਦਾ ਮਨ ਭਿੱਜ ਜਾਂਦਾ ਹੈ, ਭਿੱਜਣ ਦੇ ਨਾਲ ਰਸ ਆ ਜਾਂਦਾ ਹੈ। ਉਸ ਦੇ ਵਿਚੋਂ ਬੁਰਿਆਈਆਂ ਹਟ ਜਾਂਦੀਆਂ ਨੇ ਕਿਉਂਕਿ ਮਨ ਨਾਲ ਹੀ ਸਾਡਾ ਸਬੰਧ ਹੈ, ਮਨ ਨੇ ਹੀ ਸਾਨੂੰ ਪ੍ਰਮੇਸ਼ਰ ਨਾਲ ਜੋੜਨਾ ਹੈ। ਜਿੱਥੇ ਮਨ ਮੁੱਕ ਜਾਂਦਾ ਹੈ ਉਥੋਂ ਪ੍ਰਮੇਸ਼ਰ ਸ਼ੁਰੂ ਹੋ ਜਾਂਦਾ ਹੈ ਕੋਈ ਦੂਰ ਨਹੀਂ ਹੈ ਵਾਹਿਗੁਰੂ ਬਿਲਕੁਲ ਨੇੜੇ ਹੈ ਲੇਕਿਨ ਮਨ ਦਾ ਪਸਾਰਾ ਐਨਾ ਜ਼ਬਰਦਸਤ ਹੈ ਕਿ ਅਸੀਂ ਇਸ ਦਾ ਪਰਲਾ ਸਿਰਾ ਨਹੀਂ ਲੱਭ ਸਕਦੇ।

ਮਨ ਦੇ ਵਿਚ ਵਾਹਿਗੁਰੂ ਹੈ, ਵਾਹਿਗੁਰੂ ਦੇ ਵਿਚ ਮਨ ਹੈ। ਇਹ ਗੱਲਾਂ ਸਮਝਣ ਵਾਸਤੇ ਬੰਦਗੀ ਕਰਨ ਦੀ ਲੋੜ ਹੈ, ਨਾਮ ਜਪਣ ਦੀ ਲੋੜ ਹੈ। ਨਾਮ ਦੇ ਨਾਲ ਹੌਲੀ-ਹੌਲੀ ਇਹ ਜਿਹੜੀ ਦੁਨਿਆਵੀ ਬੁੱਧੀ ਹੈ ਇਹ ਖਤਮ ਹੋਣ ਲੱਗ ਜਾਂਦੀ ਹੈ ਜਿਹੜੀ ਆਤਮ ਵਿਸ਼ੈਣੀ ਬੁੱਧੀ ਹੈ ਉਹ ਪੈਦਾ ਹੋ ਜਾਂਦੀ ਹੈ -

*ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥*
*ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥*
*ਅੰਗ - ੮*

ਸੋ ਸਾਡਾ ਸਤਿਸੰਗ ਵਿਚ ਆਉਣਾ ਅੱਗੇ ਨੂੰ ਵਧਣਾ ਹੈ ਕਿ ਪਿੱਛੇ ਨਾਲੋਂ ਅੱਗੇ ਨੂੰ ਇਕ ਕਦਮ ਹੋਰ ਵਧੀਏ, ਫੇਰ ਵਧੀਏ, ਫੇਰ ਵਧੀਏ। ਵਧਦੇ-ਵਧਦੇ ਦੁਨੀਆਂ ਦੇ ਅਸਰਾਂ ਨੂੰ ਬਾਣੀ ਦੇ ਨਾਲ ਰੋਕੀਏ ਕਿਉਂਕਿ ਹਨ੍ਹੇਰੀ ਚੱਲ ਰਹੀ ਹੈ ਬਾਹਰ ਹਰ ਕਿਸਮ ਦੀ। ਪਹਿਲੇ ਜ਼ਮਾਨਿਆਂ ਵਿਚ ਨਹੀਂ, ਪਹਿਲੇ ਜ਼ਮਾਨਿਆਂ ਵਿਚ ਖਬਰ ਵੀ ਨਹੀਂ ਸੀ ਇਕ-ਦੂਜੇ ਦੀ ਪਹੁੰਚਦੀ, ਬੜੀ-ਬੜੀ ਦੇਰ ਲੱਗ ਜਾਂਦੀ ਸੀ। ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਜੀ ਸਰੀਰ ਛੱਡ ਗਏ ਪਤਾ ਹੀ ਨਹੀਂ ਲੱਗਿਆ ਪੰਜਾਬ ਦੇ ਅੰਦਰ। ਬੜੀ ਦੇਰ ਬਾਅਦ ਇੱਥੇ ਖਬਰਾਂ ਪਹੁੰਚਦੀਆਂ। ਕੋਈ ਆਇਆ ਫੇਰ ਉਸ ਨੇ ਆ ਕੇ ਦੱਸਿਆ ਫੇਰ ਅੱਗੇ ਗੱਲ ਚੱਲੀ, ਫੇਰ ਅੱਗੇ ਗੱਲ ਚੱਲੀ, ਫੇਰ ਹੋਰ ਅੱਗੇ। ਸਾਲ-ਸਾਲ, ਦੋ-ਦੋ ਸਾਲ ਬਾਅਦ ਗੱਲ ਪਹੁੰਚਦੀ ਸੀ ਉਨ੍ਹਾਂ ਦੇ ਪ੍ਰੇਮੀਆਂ ਕੋਲ ਲੇਕਿਨ ਹੁਣ ਕੀ ਹੁੰਦਾ ਹੈ, ਹੁਣੇ ਗੱਲ ਹੁੰਦੀ ਹੈ ਹੁਣੇ ਹੀ ਅੱਖਾਂ ਦੇ ਸਾਮ੍ਹਣੇ ਆਪਣਾ ਹੀ ਨਹੀਂ ਦੇਖਦੇ, ਸਾਰੀ ਦੁਨੀਆਂ ਦੀਆਂ ਗੱਲਾਂ ਪੜਦੇ ਤੇ ਆ ਜਾਂਦੀਆਂ ਹਨ ਟੈਲੀਵੀਜ਼ਨ ਦੇ, ਚੰਗੀਆਂ ਗੱਲਾਂ, ਮਾੜੀਆਂ ਗੱਲਾਂ ਹਰ ਚੀਜ਼ ਸਾਡੇ ਮਨ ਦੇ ਉਤੇ ਅਸਰ ਪਾਉਂਦੀ ਹੈ, ਉਸ ਤੇ ਕੋਈ ਪ੍ਰਮੇਸ਼ਰ ਦਾ ਭਜਨ ਤਾਂ ਆਉਂਦਾ ਨਹੀਂ, ਮਨ ਨੂੰ ਖਿੰਡਾਉਣ ਵਾਲੀਆਂ ਚੀਜ਼ਾਂ ਆਉਂਦੀਆਂ ਹਨ। ਸੋ ਅਸੀਂ ਖਿੰਡ ਰਹੇ ਹਾਂ, ਸਾਨੂੰ ਜੁੜਨਾ ਬੜਾ ਔਖਾ ਹੈ। ਸਤਿਸੰਗ ਸਾਥ ਦਿੰਦੀ ਹੈ ਜੇ ਉਥੇ ਆ ਕੇ ਮਨ ਸਾਥ ਦੇਵੇ, ਮਨ ਨਾਲ ਆ ਜਾਵੇ ਸਿਆਣਿਆਂ ਦਾ ਮੱਤ ਹੈ ਕਿ 10% ਮਨ ਨਾਲ ਆਉਂਦਾ ਹੈ 90% ਘਰ ਰਹਿ ਜਾਂਦਾ ਹੈ। ਜਿਹੜਾ 10% ਮਾੜਾ ਮੋਟਾ ਵਿਚ ਹੁੰਦਾ ਹੈ 90% ਉਸ ਨੂੰ ਫੇਰ ਦੱਬ ਲੈਂਦਾ ਹੈ। ਇਥੋਂ ਜੋੜੇ ਪਾਉਂਦੇ ਹੀ ਉਸਦੇ ਵਿਚ ਫੇਰ ਉਹ ਗੱਲਾਂ ਸ਼ੁਰੂ ਹੋ ਜਾਂਦੀਆਂ ਨੇ। ਸੋ ਮਨ ਨੂੰ ਅਸੀਂ ਮਨਾ ਲਈਏ, ਮਨ ਮੰਨ ਜਾਵੇ ਫੇਰ ਕਾਰਜ ਸਿੱਧ ਹੋ ਜਾਇਆ ਕਰਦਾ ਹੈ। ਸੋ ਇਹ ਚੀਜ਼ ਜੋ ਮਹਾਰਾਜ ਜੀ ਨੇ ਇਸ ਸ਼ਬਦ 'ਚ ਦੱਸੀ ਹੈ ਕਿ ਮਨ ਦੇ ਪਿੱਛੇ ਲੱਗਣ ਵਾਲੇ ਜਿਹੜੇ ਮਨਮੁਖ ਨੇ ਉਹ ਨਾਮ ਦੀ ਮਹਿਮਾ ਨੂੰ ਨਾ ਜਾਣ ਕੇ ਆਪਣਾ ਜਨਮ-ਬਰਬਾਦ ਕਰਕੇ ਤੁਰ ਜਾਂਦੇ ਨੇ। ਨਾਮ ਹਰ ਬੰਦੇ ਦੇ ਅੰਦਰ ਹੈ ਕਿਤੋਂ ਬਾਹਰੋਂ ਨਹੀਂ ਆਉਂਦਾ ਲੇਕਿਨ ਉਥੇ ਤੱਕ ਪਹੁੰਚਣਾ ਮੁਸ਼ਕਲ ਹੈ। ਜੁਗਤ ਤੋਂ ਬਗੈਰ ਉਥੇ ਪਹੁੰਚਿਆ ਨਹੀਂ ਜਾਂਦਾ - ਲਗਾਤਾਰ ਸੰਗਤ ਹੋਵੇ, ਮਹਾਂਪੁਰਸ਼ਾਂ ਦਾ ਪਿਆਰ ਹੋਵੇ ਫੇਰ ਉਨ੍ਹਾਂ ਦੇ ਬਚਨਾਂ ਨੂੰ ਮੰਨਦਾ ਹੋਵੇ ਤੇ ਆਹਿਸਤਾ-ਆਹਿਸਤਾ ਬਚਨਾਂ ਦੀ ਕਮਾਈ ਕਰਕੇ ਅੰਦਰ ਖੋਜਦਾ-ਖੋਜਦਾ ਨਾਮ ਦੇ ਮੰਡਲ ਤੱਕ ਪਹੁੰਚ ਜਾਂਦਾ ਹੈ। ਨਾਮ ਦੇ ਮੰਡਲ ਵਿਚ ਜਾਣ ਦੀ ਦੇਰ ਹੈ, ਉਸੇ ਵੇਲੇ ਕਣ-ਕਣ ਪਵਿੱਤਰ ਹੋ ਜਾਂਦਾ ਹੈ।

*ਏਕ ਵਸਤੁ ਬੂਝਹਿ ਤਾ ਹੋਵਹਿ ਪਾਕ ॥*
*ਬਿਨੁ ਬੂਝੇ ਤੂੰ ਸਦਾ ਨਾਪਾਕ ॥ ਅੰਗ - ੩੭੪*

ਸੋ ਮਹਾਰਾਜ ਜੀ ਕ੍ਰਿਪਾ ਕਰੇ ਸਾਡੇ ਤੇ...., ਇਕ ਕ੍ਰਿਪਾ ਤਾਂ ਉਸ ਨੇ ਸਾਡੇ ਤੇ ਕਰ ਦਿਤੀ ਕਿ ਅੰਮ੍ਰਿਤ ਵੇਲੇ ਦੀ ਜਾਗ ਤੇ ਸਾਨੂੰ ਹਰੀ ਦਾ ਜਸ ਇਕ ਵਾਰੀ ਦੋ ਵਾਰੀ, ਪੰਜ ਵਾਰੀ ਸੁਣਨ ਦਾ ਸੁਭਾਗ ਸਾਨੂੰ ਬਖਸ਼ ਦਿਤਾ। ਸੋ ਅੰਮ੍ਰਿਤ ਵੇਲੇ ਦਾ ਫਲ ਮਹਾਨ ਹੋਇਆ ਕਰਦਾ ਹੈ, ਬ੍ਰਹਮ ਮਹੂਰਤ ਦਾ, ਸੈਂਕੜੇ ਗੁਣਾਂ ਨਹੀਂ ਲੱਖਾਂ ਗੁਣਾਂ ਜ਼ਿਆਦੇ ਹੁੰਦਾ ਹੈ।

ਗੁਰੂ ਨਾਨਕ ਪਾਤਸ਼ਾਹ ਨੇ ਕੇਵਲ ਇਸ਼ਨਾਨ ਦਾ ਮਹਾਤਮਾ ਦੱਸਿਆ ਹੈ ਕਿ ਜੋ ਸਵਾ ਪਹਿਰ ਰਾਤ ਰਹਿੰਦੀ ਉਠ ਕੇ ਇਸ਼ਨਾਨ ਕਰਕੇ ਸਿਮਰਨ ਕਰਦਾ ਹੈ ਉਸਨੂੰ ਸਵਾ ਮਣ ਸੋਨਾ ਦਾਨ ਕਰਨ ਦਾ ਫਲ ਪ੍ਰਾਪਤ ਹੋ ਜਾਂਦਾ ਹੈ। ਉਸ ਤੋਂ ਦੋ ਘੜੀਆਂ ਬਾਅਦ ਕਰਦਾ ਹੈ ਤਾਂ ਸਵਾ ਮਣ ਚਾਂਦੀ ਦਾਨ ਕਰਨ ਦਾ ਫਲ ਪ੍ਰਾਪਤ ਹੋ ਜਾਂਦਾ ਹੈ। ਸੋ ਜਿਹੜਾ ਨਾਮ ਜਪਦਾ ਹੈ ਉਸਨੂੰ ਕਿੰਨਾ ਫਲ ਹੈ ਉਸਦਾ ਕਿਹਾ ਹੀ ਨਹੀਂ ਜਾ ਸਕਦਾ, ਪਰ ਨਾਮ ਅੰਦਰ ਆ ਜਾਵੇ, ਬਿਰਤੀਆਂ ਸਾਰੀਆਂ ਇਕਾਗਰ ਹੋ ਜਾਣ, ਮਨ ਦਾ ਨੱਠਣਾ ਹਟ ਜਾਵੇ, ਸ਼ਬਦ ਦੇ ਵਿਚ ਸੁਰਤ ਜੁੜ ਜਾਵੇ ਫੇਰ ਸ਼ਬਦ ਸੁਰਤ ਨੂੰ ਖਿੱਚ ਕੇ ਉਸ ਥਾਂ ਤੇ ਲੈ ਜਾਂਦਾ ਹੈ ਜਿਸ ਥਾਂ ਤੇ ਸ਼ਬਦ ਦਾ ਨਿਵਾਸ ਹੈ। ਸ਼ਬਦ ਏਕੰਕਾਰ ਵਿਚ ਸੀ before the creation of Universe there was Logos that was with in God. ਉਹ ਵਾਹਿਗੁਰੂ ਦੇ ਵਿਚ ਹੈ, ਵਾਹਿਗੁਰੂ ਦਾ ਤੇ ਸ਼ਬਦ ਦਾ ਕੋਈ ਫਰਕ ਨਹੀਂ ਹੈ, ਦੋਵੇਂ ਇਕ-ਮਿੱਕ ਨੇ -

*ਪ੍ਰਥਮ ਓਅੰਕਾਰ ਤਿਨ ਕਹਾ*
*ਸੋ ਧੁਨ ਪੂਰ ਜਗਤ ਮੋ ਰਹਾ।*

ਉਹ ਜਿਹੜਾ 'ਓਅੰਕਾਰ' ਸ਼ਬਦ ਕਿਹਾ ਉਹ ਧੁਨ ਸਾਰੇ ਸੰਸਾਰ ਵਿਚ ਹੈ। ਉਹ ਧੁਨ ਜਿਹੜੀ ਹੈ, ਉਸ ਤੋਂ ਹੀ ਬ੍ਰਹਮ ਆਦਿ ਦੀ ਉਤਪਤੀ ਹੋਈ -

*ਓਅੰਕਾਰਿ ਬ੍ਰਹਮਾ ਉਤਪਤਿ ॥*
*ਓਅੰਕਾਰੁ ਕੀਆ ਜਿਨਿ ਚਿਤਿ ॥ ਅੰਗ - ੯੨੯*

ਉਹ ਨਾਮ ਅੰਦਰ ਹੈ ਸਾਡੇ ਉਥੇ ਤੱਕ ਸਾਡਾ ਪਹੁੰਚਣਾ ਬਹੁਤ ਜ਼ਰੂਰੀ ਹੈ। ਜਦੋਂ ਨਾਮ ਤੱਕ ਪਹੁੰਚ ਗਏ ਬਿਬੇਕ ਬਿਰਤੀ ਵਿਚ ਗਿਆਨ ਦਾ ਸੂਰਜ ਉਦੈ ਹੋ ਜਾਂਦਾ ਹੈ। ਉਸ ਵੇਲੇ ਭਰਮ ਮਿਟ ਜਾਂਦੇ ਨੇ, ਆਪਣੇ ਸਰੂਪ ਦਾ ਗਿਆਨ ਹੋ ਕੇ ਜੰਮਣ ਮਰਨ ਦਾ ਚੱਕਰ ਹਟ ਜਾਂਦਾ ਹੈ।

ਵਾਹਿਗੁਰੂ ਜੀ ਕਾ ਖਾਲਸਾ,
ਵਾਹਿਗੁਰੂ ਜੀ ਕੀ ਫਤਹਿ।

# ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ

ਸਾਧ ਸੰਗਤ ਜੀ!

*ਵਾਹਿਗੁਰੂ ਜੀ ਕਾ ਖਾਲਸਾ*
*ਵਾਹਿਗੁਰੂ ਜੀ ਕੀ ਫਤਹਿ*

ਗੁਰੂ ਮਹਾਰਾਜ ਜੀ ਦੀ ਬਖਸ਼ਿਸ਼ ਹੈ ਉਨ੍ਹਾਂ ਪ੍ਰੇਮੀਆਂ ਦੇ ਉਤੇ ਜਿਹੜੇ ਆਲਸ ਦਾ ਤਿਆਗ ਕਰਕੇ ਅੰਮ੍ਰਿਤ ਵੇਲੇ ਨੂੰ ਸੰਭਾਲਦੇ ਨੇ ਤੇ ਏਸ ਅੰਮ੍ਰਿਤ ਵੇਲੇ ਦੇ ਵਿਚ ਨਾਮ ਰੂਪੀ ਖੇਤੀ ਬੀਜਦੇ ਹਨ। ਮਹਾਰਾਜ ਜੀ ਦਾ ਫੁਰਮਾਨ ਹੈ ਕਿ ਅੰਮ੍ਰਿਤ ਵੇਲੇ ਦੀ ਖੇਤੀ ਬੀਜੀ ਹੋਈ-

*ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ*
*ਭਗਤ ਖਾਇ ਖਰਚਿ ਰਹੇ ਨਿਖੁਟੈ ਨਾਹੀ ॥*
*ਅੰਗ - ੭੩੪*

ਐਨੀ ਵਧ ਜਾਂਦੀ ਹੈ ਕਿ ਉਹ ਖਤਮ ਹੀ ਨਹੀਂ ਹੁੰਦੀ, ਬਹੁਤ ਵੱਡਾ ਫਲ ਲਗਦਾ ਹੈ। 24 ਘੰਟਿਆਂ ਦੇ ਵਿਚੋਂ ਜੋ ਬ੍ਰਹਮ-ਮਹੂਰਤ ਹੈ ਜੋ ਦਿਨ ਚੜ੍ਹਨ ਤੋਂ ਸਵਾ ਤਿੰਨ ਘੰਟੇ ਪਹਿਲਾਂ ਦਾ ਸਮਾਂ ਹੈ ਉਸ ਦੇ ਵਿਚ ਨਾਮ ਬੀਜਿਆ ਹੋਇਆ, ਹਰੀ ਦਾ ਜਸ ਬੀਜਿਆ ਹੋਇਆ ਬਹੁਤ ਵੱਡਾ ਫਲ ਦਿੰਦਾ ਹੈ। ਸਮਾਂ ਤੁਰਿਆ ਜਾਂਦਾ ਹੈ, ਇਹ ਕਿਸੇ ਦਾ ਰੋਕਿਆ ਨਹੀਂ ਰੁਕਦਾ। ਕਿੰਨਾ ਚਿਰ ਹੋ ਗਿਆ ਇਸਨੂੰ ਕੋਈ ਨਹੀਂ ਜਾਣਦਾ ਕਿ time & space ਕਦੋਂ ਬਣੇ ਸੀ, ਉਹ ਕਿਹੜਾ ਸਮਾਂ ਹੈ ਜਿਸ ਤੋਂ ਪਹਿਲਾਂ ਛਿਨ ਪੈਦਾ ਹੋਇਆ ਜਾਂ ਐਉਂ ਸਮਝ ਲਓ ਕਿ ਸੰਸਾਰ ਰੂਪੀ ਘੜੀ ਦੇ ਵਿਚ ਜਦੋਂ ਪਹਿਲਾ ਸਕਿੰਟ ਹੋਇਆ, ਪਹਿਲੇ ਸਕਿੰਟ ਦੀ ਸੂਈ ਘੁੰਮੀ ਤਾਂ ਉਹ ਕਿਹੜਾ ਸਮਾਂ ਸੀ? ਮਹਾਰਾਜ ਜੀ ਕਹਿੰਦੇ ਕੋਈ ਨਹੀਂ ਜਾਣਦਾ -

*ਥਿਤਿ ਵਾਰੁ ਨਾ ਜੋਗੀ ਜਾਣੈ*
*ਰੁਤਿ ਮਾਹੁ ਨਾ ਕੋਈ॥*
*ਜਾ ਕਰਤਾ ਸਿਰਠੀ ਕਉ ਸਾਜੇ*
*ਆਪੇ ਜਾਣੈ ਸੋਈ ॥ ਅੰਗ - ੪*

ਸੋ ਸਮੇਂ ਨੂੰ ਕੋਈ ਰੋਕ ਨਹੀਂ ਸਕਦਾ, ਸਮਾਂ ਤੁਰਿਆ ਜਾਂਦਾ ਹੈ। ਬਚਪਨ ਤੋਂ ਜਵਾਨੀ ਆ ਜਾਂਦੀ ਹੈ, ਜਵਾਨੀ ਤੋਂ ਬੁਢੇਪਾ ਆ ਜਾਂਦਾ ਹੈ, ਬੁਢੇਪੇ ਤੋਂ ਅੱਗੇ ਖਤਮ ਹੋ ਜਾਂਦਾ ਹੈ। ਜੀਵ ਆਉਂਦੇ ਨੇ ਜਾਂਦੇ ਨੇ ਲੇਕਿਨ ਇਕ ਪ੍ਰਵਾਹ ਜਿਵੇਂ ਪਾਣੀ ਜਾਂਦਾ ਹੈ ਨਹਿਰ ਦਾ ਪੁਲ ਦੇ ਥੱਲੇ ਦੀ ਜਾਂ ਦਰਿਆ ਵਗ ਰਹੇ ਨੇ। ਜੋ ਲੰਘ ਗਿਆ ਸੋ ਲੰਘ ਗਿਆ ਮੁੜ ਕੇ ਨਹੀਂ ਆਉਂਦਾ। ਸਮੁੰਦਰ ਵਿਚੋਂ ਦੁਬਾਰਾ ਓਹੀ ਪਾਣੀ ਨਿਕਲ ਕੇ ਫੇਰ ਪਹਾੜ ਤੇ ਜਾਵੇ ਇਹ ਨਹੀਂ ਗੱਲ ਹੋਇਆ ਕਰਦੀ। ਸੋ ਪ੍ਰਵਾਹ ਚਲਿਆ ਜਾ ਰਿਹਾ ਹੈ ਸਮੇਂ ਦਾ, ਇਸ ਦੇ ਵਿਚ ਜੀਵ ਆਉਂਦੇ ਨੇ, ਸੋਝੀ ਵਾਲੇ ਵੀ ਆਉਂਦੇ ਨੇ, ਮਹਾਂਮੂਰਖ ਵੀ ਆਉਂਦੇ ਨੇ, ਪਾਪ ਕਰਨ ਵਾਲੇ ਵੀ ਆਉਂਦੇ ਨੇ, ਨਿੰਦਿਆ-ਚੁਗਲੀ, ਈਰਖਾ-ਬਖੀਲੀ ਕਰਕੇ ਆਪਣਾ ਜਨਮ ਬਰਬਾਦ ਕਰਨ ਵਾਲੇ ਵੀ ਆਉਂਦੇ ਨੇ, ਦੁਸ਼ਮਣੀਆਂ ਕਰਨ ਵਾਲੇ ਵੀ ਆਉਂਦੇ ਨੇ, ਕ੍ਰੋਧ ਕਰਨ ਵਾਲੇ ਵੀ ਆਉਂਦੇ ਨੇ। ਸਮੇਂ ਲੰਘ ਜਾਂਦੇ ਨੇ, ਉਹ ਵੀ ਲੰਘ ਜਾਂਦੇ ਨੇ। ਸਮਾਂ ਹੂੰਝ ਦਿੰਦਾ ਹੈ ਬੜੇ-ਬੜੇ ਬਾਦਸ਼ਾਹਾਂ ਦੀਆਂ ਬਾਦਸ਼ਾਹੀਆਂ ਤੇ ਕਿਸੇ ਦੀ ਲਿਹਾਜ਼ ਨਹੀਂ ਕਰਦਾ। ਇਸ ਸਮੇਂ ਦੇ ਵਿਚੋਂ ਕੁਝ ਸਮਾਂ ਐਸਾ ਹੈ ਜਿਸਨੂੰ ਉਤਮ ਸਮਾਂ ਆਖਿਆ ਜਾਂਦਾ ਹੈ ਅੰਮ੍ਰਿਤ-ਵੇਲਾ। ਉਸ ਦਾ ਮਹਾਤਮ ਹੱਦ ਤੋਂ ਜ਼ਿਆਦਾ ਗਿਣਿਆ ਹੈ ਕਿਉਂਕਿ ਜੇ ਦੁਨੀਆਂ ਦੇ ਤਜਰਬੇ ਵੀ ਕਰੀਏ-

*ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥*
*ਅੰਗ - ੬੯੫*

ਸਾਲ ਦਾ ਸਮਾਂ ਲੰਘਦਾ ਹੈ, ਮੌਸਮ ਬਦਲਦੇ ਨੇ। ਕਦੇ ਜੀਰੀ (ਚੌਲ) ਬੀਜਣ ਦਾ ਸਮਾਂ ਆ ਜਾਂਦਾ ਹੈ, ਕਦੇ ਕਣਕ ਬੀਜਣ ਦਾ ਸਮਾਂ ਆ ਜਾਂਦਾ ਹੈ। ਸਮੇਂ ਦੇ ਨਾਲ ਫਰਕ ਪੈਂਦਾ ਹੈ ਹਰ ਇਕ ਚੀਜ਼ ਦਾ। ਖੇਤੀ ਕਰਨ ਵਾਲੇ ਜਾਣਦੇ ਨੇ ਕਿ ਜੇ ਪਹਿਲੀ ਨਵੰਬਰ ਤੋਂ ਦੱਸ ਨਵੰਬਰ ਤੱਕ ਕਣਕ ਬੀਜ ਦਿਤੀ ਜਾਵੇ ਤਾਂ ਉਸਦਾ ਝਾੜ 20 ਕੁਇੰਟਲ ਦੇ ਕਰੀਬ ਚਲਿਆ ਜਾਂਦਾ ਹੈ। ਜੇ 10 ਨਵੰਬਰ ਤੋਂ 20 ਨਵੰਬਰ ਤੱਕ ਬੀਜੋ ਤਾਂ ਝਾੜ ਦੋ ਕੁਵਿੰਟਲ ਘਟ ਜਾਂਦਾ ਹੈ, ਜੇ 20 ਤੋਂ ਬਾਅਦ ਬੀਜੋ 30 ਤੱਕ ਤਾਂ ਚਾਰ ਕੁਵਿੰਟਲ ਘੱਟ ਜਾਂਦਾ ਹੈ। ਉਸ ਤੋਂ ਬਾਅਦ ਬੀਜੋ ਤਾਂ 7 ਤੋਂ 8 ਕੁਵਿੰਟਲ ਇਕੱਠਾ ਹੀ ਘਟ ਜਾਂਦਾ ਹੈ, 10-12 ਕੁਵਿੰਟਲ ਤੋਂ ਵੱਧ ਫਸਲ ਨਹੀਂ ਹੁੰਦੀ ਕਿਉਂਕਿ ਜੋ ਅਸਲੀ ਸਮਾਂ ਸੀ ਬੀਜਣ ਦਾ, ਵੱਤ ਦਾ ਉਹ ਲੰਘ ਗਿਆ। ਇਸੇ ਤਰ੍ਹਾਂ ਦੇ ਨਾਲ ਵੱਤਰ ਦਾ ਫਰਕ ਹੋਇਆ ਕਰਦਾ ਹੈ। ਉਹ ਕੁਝ ਟਾਈਮ ਹੁੰਦਾ ਹੈ ਘੰਟਾ ਦੋ ਘੰਟੇ ਜੇ ਉਸਨੂੰ ਕੋਈ ਸੰਭਾਲ ਕੇ ਫਸਲ ਬੀਜ ਦੇਵੇ ਤਾਂ ਬਹੁਤ ਜ਼ਬਰਦਸਤ ਹੁੰਦੀ ਹੈ। ਜੇ ਵਿਚ ਦੀ ਹਵਾ ਲੰਘ ਜਾਵੇ, ਕਹਿੰਦਾ ਜੀ! ਵੱਤਰ ਲੰਘ ਗਿਆ, ਮੈਂ ਲੇਟ ਹੋ ਗਿਆ, ਖਾਦ ਲੈਣ ਚਲਿਆ ਗਿਆ ਸੀ ਸ਼ਹਿਰ, ਦੋ ਘੰਟੇ ਹਵਾ ਚਲ ਗਈ ਤੇ ਉਸ ਨੇ ਵੱਤਰ ਖੁਸ਼ਕ ਕਰ ਦਿਤੀ ਦਾਣਾ ਘਟ ਜਾਂਦਾ ਹੈ।

ਸੋ ਇਹ ਹਰ ਥਾਂ ਦੇ ਉਤੇ ਹੀ ਹੈ। ਬਚਪਨ ਦੇ ਅੰਦਰ ਜਿਸਨੂੰ ਲਗਨ ਲੱਗ ਗਈ ਪੜ੍ਹਾਈ-ਲਿਖਾਈ ਦੀ, ਕੰਮ ਸਿੱਖਣ ਦੀ ਉਹ ਕਰ ਜਾਂਦਾ ਹੈ। ਬੁਢਾਪੇ ਵਿਚ ਆ ਕੇ ਨਹੀਂ ਸਿੱਖ ਸਕਦਾ, ਜਵਾਨੀ ਵਿਚ ਆ ਕੇ ਉਹ ਲਗਨ ਨਹੀਂ ਲਗਦੀ ਜਿਹੜੀ ਬਚਪਨ ਵਿਚ ਲਗਦੀ ਹੈ। ਇਸੇ ਤਰ੍ਹਾਂ ਦੇ ਨਾਲ ਜਿਸਨੇ ਇਸ ਭਵਜਲ ਦੇ ਵਿਚੋਂ ਨਿਕਲਣਾ ਹੈ ਕਿਉਂਕਿ ਇਸ ਦੇ ਵਿਚ ਗੇੜੇ ਖਾ ਰਹੇ ਹਾਂ ਅਸੀਂ ਬਹੁਤ ਦੇਰ ਦੇ, ਛੱਡ ਨਹੀਂ ਰਹੇ ਇਸ ਧਰਤੀ ਨੂੰ। ਇਥੇ ਆ ਕੇ ਬੇਅੰਤ ਕਿਸਮ ਦੇ ਰੂਪ ਧਾਰਦੇ ਹਾਂ -

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ ੧ ॥*
*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥*

*ਅੰਗ - ੧੭੬*

ਜਦੋਂ ਇੱਥੇ ਆਉਂਦੇ ਹਾਂ ਤਾਂ ਮਹਾਰਾਜ ਜੀ ਮਾਰਗ ਦਰਸ਼ਨ ਕਰਦੇ ਨੇ ਕਿ ਪਿਆਰਿਆ! ਤੈਨੂੰ ਬਹੁਤ ਵੱਡੇ ਚੱਕਰ ਪੈ ਚੁੱਕੇ ਨੇ। ਹਰਟ ਦੀਆਂ ਟਿੰਡਾਂ ਵਾਂਗ ਤੂੰ ਗੇੜੇ ਖਾਂਦਾ ਹੈ। ਇਕ ਸਮਾਂ ਆਉਂਦਾ ਹੈ ਜਿਸ ਵਕਤ ਟਿੰਡ ਸਭ ਤੋਂ ਉਪਰ ਹੁੰਦੀ ਹੈ ਤੇ ਜੇ ਕੋਈ ਡੱਡੂ ਵਗੈਰਾ ਉਸ ਟਿੰਡ ਦੇ ਵਿਚ ਬੈਠਾ ਹੋਵੇ, ਜਦੋਂ ਟਿੰਡ ਉਪਰ ਹੋ ਕੇ ਪਾਣੀ ਡੁਲ੍ਹਦਾ ਹੈ ਉਸ ਵੇਲੇ ਜੇ ਪਾਣੀ ਦੇ ਨਾਲ ਪੜਛੇ ਦੇ ਵਿਚ ਆ ਜਾਂਦਾ ਹੈ ਤਾਂ ਉਸ ਵੇਲੇ ਬਾਹਰ ਨਿਕਲਣ ਦਾ ਉਸਨੂੰ ਮੌਕਾ ਮਿਲ ਜਾਂਦਾ ਹੈ ਜੇ ਨਾਲ ਚਿੰਬੜਿਆ ਰਹੇ ਮੁੜ ਕੇ ਫੇਰ ਥੱਲੇ ਨੂੰ ਚਲਿਆ ਜਾਂਦਾ ਹੈ। ਇੱਥੇ ਨਾ ਪੜ੍ਹਿਆ-ਲਿਖਿਆ ਦਾ ਲਿਹਾਜ਼ ਹੈ, ਨਾ ਵੱਡਿਆਂ ਦਾ ਲਿਹਾਜ਼ ਹੈ, ਨਾ ਅਨਪੜ੍ਹਾਂ ਦਾ ਲਿਹਾਜ਼ ਹੈ, ਸਾਰਿਆਂ ਵਾਸਤੇ ਇਕੋ ਹੀ ਅਸੂਲ ਕੰਮ ਕਰਦਾ ਹੈ, 83 99 999 ਜੂਨਾਂ ਦੇ ਵਿਚੋਂ ਲੰਘ ਕੇ ਸਾਡਾ ਜੀਵ-ਆਤਮਾ ਏਸ ਵੇਲੇ ਮਨੁੱਖ ਦੇ ਜਾਮੇ ਵਿਚ ਹੈ। ਇਸ ਨੂੰ ਖਬਰਦਾਰ ਕਰਨ ਵਾਸਤੇ ਪ੍ਰਮੇਸ਼ਰ ਨੇ ਮਹਾਂਪੁਰਸ਼ਾਂ ਦੀਆਂ ਡਿਊਟੀਆਂ ਲਾਈਆਂ ਹੋਈਆਂ ਨੇ -

*ਜਨਮ ਮਰਣ ਦੁਹਹੂ ਮਹਿ ਨਾਹੀ*
*ਜਨ ਪਰਉਪਕਾਰੀ ਆਏ ॥ ਅੰਗ - ੭੪੯*

ਉਨ੍ਹਾਂ ਨੇ ਬੇਅੰਤ ਆਪਨੇ ਅਨੁਭਵ ਲਿਖ ਦਿਤੇ ਜੋ ਪਿਛੋਂ ਕੋਈ ਵੇਦ ਕਹਾਏ, ਕੋਈ ਸ਼ਾਸਤਰ ਕਹਾਏ, ਕੋਈ ਸਿਮ੍ਰਤੀਆਂ ਕਹਾਈਆਂ, ਕੋਈ ਕੁਰਾਨ ਸ਼ਰੀਫ ਕਹਾਏ, ਤੌਰੇਤ ਕਹਾਈ, ਅੰਜੀਲ ਬਣੀ, ਬਾਈਬਲ ਬਣੀ, ਗੁਰੂ ਗ੍ਰੰਥ ਸਾਹਿਬ ਮਹਾਰਾਜ, ਇਨ੍ਹਾਂ ਵਿਚ ਆਦਮੀ ਨੂੰ ਖਬਰਦਾਰ ਕੀਤਾ ਜਾਂਦਾ ਹੈ, ਤਰੀਕਾ ਦੱਸਿਆ ਜਾਂਦਾ ਹੈ ਕਿ ਤੂੰ ਕਿਵੇਂ ਲੰਘ ਸਕਦਾ ਹੈਂ। ਕੋਈ ਤਰੀਕਾ ਹੈ, ਸਾਨੂੰ ਤਾਂ ਪਤਾ ਨਹੀਂ ਹੈ ਜੇ ਨਾ ਪਤਾ ਹੋਵੇ ਫੇਰ ਆਦਮੀ ਲੰਘਦਾ ਨਹੀਂ ਹੈ। ਉਸ ਦੇ ਜਿੰਨੇ ਵੀ ਉਪਰਾਲੇ ਨੇ ਉਹ ਸਾਰੇ ਹੀ ਗਲਤ ਹੋ ਜਾਂਦੇ ਨੇ ਕਿਉਂਕਿ ਪਹੁੰਚ ਨਹੀਂ ਸਕਦੇ ਬਗੈਰ ਦੱਸੇ ਤੋਂ। ਸੋ ਇਸ ਦੇ ਬਾਰੇ ਮਹਾਂਪੁਰਸ਼ ਬਚਪਨ ਤੋਂ ਹੀ ਦੱਸਣਾ ਸ਼ੁਰੂ ਕਰ ਦਿੰਦੇ ਨੇ। ਉਚੀਆਂ ਆਵਾਜ਼ਾਂ ਦੇ ਕੇ ਸੰਸਾਰ ਨੂੰ ਦੱਸਦੇ ਨੇ ਕਿ -

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥*

*ਅੰਗ - ੧੨*

ਸੰਤਾਂ ਦੀ ਸੰਗਤ ਵਿਚ ਮਿਲ ਕੇ ਕੇਵਲ ਨਾਮ ਜਪ ਹੋਰ ਗੱਲ ਨਾ ਕਰ ਕਿਉਂਕਿ ਤੂੰ ਵਾਸ਼ਨਾ ਦਾ ਬੰਨ੍ਹਿਆ ਹੋਇਆ ਹੈਂ। ਜਿਹੋ ਜਿਹੀਆਂ ਵਾਸ਼ਨਾਵਾਂ ਤੇਰੀਆਂ ਬਣ ਜਾਣਗੀਆਂ ਓਹੋ ਜਿਹਾ ਤੈਨੂੰ ਫਲ ਮਿਲ ਜਾਏਗਾ। ਜੇ ਤੇਰੀ ਵਾਸ਼ਨਾ ਸਾਰੀ ਜ਼ਿੰਦਗੀ ਜ਼ਮੀਨਾਂ-ਜਾਇਦਾਦਾਂ, ਫੈਕਟਰੀਆਂ ਆਦਿ ਵਿਚ ਰਹੀ ਤਾਂ ਤੂੰ ਸਰੀਰ ਤਾਂ ਛੱਡ ਜਾਏਂਗਾ ਪਰ ਤੇਰਾ ਜਿਹੜਾ ਜੀਵ ਆਤਮਾ ਹੈ ਉਸ ਨੇ ਕਿਤੇ ਨਹੀਂ ਜਾਣਾ ਇਹ ਇੱਥੇ ਹੀ ਅਵਿਅਕਤ ਰੂਪ ਦੇ ਵਿਚ ਦੁੱਖ ਪਾਏਗਾ। ਸਰੀਰ ਇਸ ਨੂੰ ਮਿਲਣਾ ਕੋਈ ਨਹੀਂ ਹੈ ਤੇ ਉਸਨੂੰ ਲੋਕ ਭੂਤ-ਪ੍ਰੇਤ, ਜਿੰਨ ਖਵੀਸ ਆਦਿ ਕਹਿੰਦੇ ਨੇ। ਆਪ ਵੀ ਦੁਖੀ ਹੁੰਦਾ ਹੈ ਨਾਲ ਦੂਜਿਆਂ ਨੂੰ ਵੀ ਦੁਖੀ ਕਰਦਾ ਹੈ, ਉਸਨੂੰ ਕੋਈ ਸੋਝੀ ਨਹੀਂ ਹੁੰਦੀ। ਉਹ ਅਤਿ ਦੇ ਦੁੱਖ ਵਿਚ ਪਿਆ ਹੁੰਦਾ ਹੈ -

*ਪ੍ਰੇਤ ਪਿੰਜਰ ਮਹਿ ਦੂਖ ਘਨੇਰੇ ॥*

*ਅੰਗ - ੧੦੨੯*

ਵਾਸ਼ਨਾਵਾਂ ਤੰਗ ਕਰਦੀਆਂ ਨੇ, ਪਰਿਵਾਰ ਦਾ ਮੋਹ ਤੰਗ ਕਰਦਾ ਹੈ, ਪਰਿਵਾਰ ਤਾਂ ਨੇੜੇ ਨਹੀਂ ਆਉਣ ਦਿੰਦਾ। ਇਕ ਬਜ਼ੁਰਗ ਆ ਜਾਵੇ, ਬੋਲ ਪਵੇ ਕਿਸੇ ਦੇ ਵਿਚ ਉਦੋਂ ਹੀ ਦੌੜਦੇ ਨੇ ਸਾਧੂ-ਮਹਾਂਪੁਰਸ਼ਾਂ ਕੋਲ ਕਿ ਮਹਾਰਾਜ ਦੁਖੀ ਹੋ ਗਏ ਸਾਡਾ ਤਾਂ ਬਜ਼ੁਰਗ ਤੁਰਿਆ ਫਿਰਦਾ ਹੈ। ਜਦੋਂ ਉਸ ਦਾ ਕੋਈ ਉਧਾਰ ਨਾ ਕਰੇ ਤਾਂ ਫੇਰ ਉਹ ਪਸ਼ੂ ਮਾਰਨੇ ਸ਼ੁਰੂ ਕਰ ਦਿੰਦਾ ਹੈ ਫੇਰ ਉਸ ਤੋਂ ਬਾਅਦ ਘਾਟੇ ਪਾਉਣੇ ਸ਼ੁਰੂ ਕਰ ਦਿੰਦਾ ਹੈ, ਬਾਲ-ਬੱਚਿਆਂ ਨੂੰ ਤੰਗ ਕਰਦਾ ਹੈ, ਘਰ ਵਿਚ ਕਲੇਸ਼ ਪਾ ਦਏਗਾ ਕਿਉਂਕਿ ਦਿਮਾਗ ਤੇ ਅਸਰ ਪਾਉਂਦਾ ਹੈ ਉਹ। ਕਾਰਨ ਕੀ ਹੋਇਆ ਕਸੂਰ ਕਿਸੇ ਦਾ ਨਹੀਂ ਪਰ ਉਹ ਜੋ ਚਾਹੁੰਦਾ ਹੈ ਕਿ ਮੇਰੀ ਕਲਿਆਣ ਕਰਾਓ, ਮੇਰੀ ਗਤੀ ਕਰਾਓ। ਜਦੋਂ ਸੰਤ ਹਾਕਾਂ ਮਾਰ-ਮਾਰ ਕੇ ਕਹਿੰਦੇ ਸਨ ਕਿ ਤੇਰੀ ਗਤੀ ਨਹੀਂ ਹੋਣੀ, ਤੂੰ ਬਹੁਤ ਦੁਖੀ ਹੋ

ਜਾਏਂਗਾ -

*ਅੰਤਿ ਕਾਲਿ ਜੋ ਮੰਦਰ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ ॥*
*ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥*

*ਅੰਗ - ੫੨੬*

ਸਾਰੀ ਜ਼ਿੰਦਗੀ ਪੈਸਾ-ਪੈਸਾ ਕਰਦੇ ਦੀ ਲੰਘ ਗਈ ਅੰਤ ਦੇ ਵੇਲੇ ਵੀ ਜੇ ਖਿਆਲ ਪੈਸੇ ਵਿਚ ਰਹਿ ਗਿਆ ਤਾਂ ਕਹਿੰਦੇ ਸੱਪ ਬਣ ਜਾਏਗਾ। ਸੋ ਇਸ ਤਰ੍ਹਾਂ ਨਖਿੱਧ ਜੂਨੀਆਂ ਵਿਚ ਆਪਣੇ-ਆਪ ਨੂੰ ਲੈ ਜਾਂਦਾ ਹੈ-

*ਸੰਤ ਕੈ ਦੂਖਨਿ ਤ੍ਰਿਗਦ ਜੋਨਿ ਕਿਰਮਾਇ ॥*

*ਅੰਗ - ੨੭੯*

ਸੰਤਾਂ ਦੇ ਨਾਲ ਈਰਖਾ ਕਰਦਾ ਹੈ, ਨਿੰਦਿਆ ਕਰਦਾ ਹੈ। ਸੰਤ ਕਿਸੇ ਤੋਂ ਨਾ ਕੁਝ ਲੈਣ, ਨਾ ਕਿਸੇ ਤੋਂ ਕੁਝ ਮੰਗਣ ਪਰ ਉਨ੍ਹਾਂ ਨੂੰ ਅਕਾਰਨ ਦੁਖੀ ਕਰਦਾ ਹੈ ਤਾਂ ਕਹਿੰਦੇ ਕੀ ਹੁੰਦਾ ਹੈ? ਕਹਿੰਦੇ ਜਿਹੜੇ ਤ੍ਰਿਗਦ ਜੂਨ ਨੇ ਨਾਹ - ਕੁੱਤੇ, ਗਿੱਦੜ ਵਗੈਰਾ ਇਨ੍ਹਾਂ ਦੇ ਸਿਰਾਂ ਵਿਚ ਕੀੜੇ ਪੈਂਦੇ ਨੇ, ਗਲ ਕੇ ਕਹਿੰਦੇ ਉਹ ਕੀੜਾ ਬਣਦਾ ਹੈ ਸੰਤਾਂ ਨੂੰ ਦੁਖੀ ਕਰਕੇ, ਸੰਤਾਂ ਦੀ ਨਿੰਦਿਆ ਕਰਕੇ। ਸੱਪ ਦੀ ਜੂਨੀ ਮਿਲਦੀ ਹੈ। ਆਪਣੇ-ਆਪ ਹੀ ਆਪਣੇ ਆਪ ਨੂੰ ਬਣਾ ਲੈਂਦਾ ਹੈ ਓਹੋ-ਜਿਹਾ। ਸੋ ਇਹ ਬੀਜਣ ਦਾ ਸਮਾਂ ਹੈ, ਸੰਭਲਣ ਦਾ ਸਮਾਂ ਹੈ ਮਹਾਰਾਜ ਜੀ ਕਹਿੰਦੇ ਹੁਣ ਤੂੰ ਵੇਲਾ ਸੰਭਾਲ ਲੈ ਜੇ ਹੁਣ ਨਾ ਵੇਲਾ ਸੰਭਾਲਿਆ ਤਾਂ ਤੇਰੇ ਹੱਥ ਨਹੀਂ ਆਉਣਾ, ਪਛਤਾਵੇਂਗਾ। ਤੈਨੂੰ ਸਰੀਰ ਮਿਲਿਆ ਹੈ ਗੁਰੂ ਦੀ ਸੇਵਾ ਕਰਨ ਵਾਸਤੇ ਤੇ ਭਗਤੀ ਕਰਨ ਵਾਸਤੇ -

*ਗੁਰ ਸੇਵਾ ਤੇ ਭਗਤਿ ਕਮਾਈ ॥*
*ਤਬ ਇਹ ਮਾਨਸ ਦੇਹੀ ਪਾਈ ॥*

*ਅੰਗ - ੧੧੫੯*

ਇਹ ਮਾਨਸ ਦੇਹੀ, ਜਿਹੜੇ ਤੂੰ ਕਹਿੰਦਾ ਹੈਂ ਕਿ ਮੈਂ ਪੈਸੇ ਕਮਾਉਂਦਾ ਹਾਂ, ਇਹ ਤਾਂ ਤੇਰੀ ਪ੍ਰਾਲਬਧ ਵਿਚ ਲਿਖੇ-ਲਿਖਾਏ ਨੇ, ਦਰਗਾਹ ਤੋਂ ਤੂੰ ਉਸ ਤੋਂ ਵੱਧ ਨਹੀਂ ਕਰ ਸਕਦਾ। ਤੇਰੇ ਕਰਮ ਲਿਖੇ ਹੋਏ ਨੇ ਜਦੋਂ ਤੂੰ ਦਰਗਾਹ 'ਚੋਂ ਚੱਲਿਆ ਹੈਂ ਸੰਸਾਰ ਵਾਸਤੇ, ਪਹਿਲੇ ਦਿਨ ਭੇਜਿਆ ਹੈਂ ਉਸ ਵੇਲੇ ਤੇਰੇ ਮਸਤਕ ਵਿਚ ਲੇਖ ਲਿਖੇ ਗਏ ਨੇ। ਜਿਹੜੇ ਤੂੰ ਕਰਮ ਕਰਕੇ ਆਇਆ ਹੈਂ ਉਨ੍ਹਾਂ ਦਾ ਫਲ ਭੋਗਣਾ ਹੈ ਤੂੰ। ਕੌਣ ਇਸਨੂੰ ਮਿਲੇਗਾ, ਕੌਣ ਇਸ ਦਾ ਪਤੀ ਹੋਏਗਾ, ਕੌਣ ਪਤਨੀ ਹੋਏਗੀ, ਕਿਹੜੇ ਪੁੱਤਰ ਹੋਣਗੇ, ਕਿਹੜੇ-ਕਿਹੜੇ ਨੇ ਲੇਖਾ ਲੈਣਾ ਹੈ, ਕਿਹੜੇ-ਕਿਹੜੇ ਨੇ ਦੇਣਾ ਹੈ ਉਹ ਸਾਰਾ ਕੁਝ ਲਿਖਿਆ ਜਾਂਦਾ ਹੈ। ਇਨ੍ਹਾਂ ਨੂੰ ਪ੍ਰਾਲਬਧ ਕਰਮ ਕਹਿੰਦੇ ਨੇ। ਜਿਵੇਂ ਕੋਈ ਅਰਬ ਮੀਲ ਤੋਂ ਜੇ ਬਾਣ ਚਲਾ ਦੇਵੇ, ਤੀਰ ਚਲਾ ਦੇਵੇ, ਕਿਸੇ ਤੀਰ ਦੀ ਤਾਂ ਗਤੀ ਲੱਖ ਮੀਲ ਦੀ, ਕਿਸੇ ਦੀ ਹੋਵੇ ਦਸ ਹਜ਼ਾਰ ਮੀਲ ਦੀ ਉਹ ਆਪਣੇ ਸਮੇਂ ਸਿਰ ਆਈ ਜਾਂਦੇ ਨੇ। ਜਿਸ ਵਲ ਨੂੰ ਸੇਧ ਕੇ ਛੱਡੇ ਨੇ ਉਨ੍ਹਾਂ ਦੇ ਉਤੇ ਸਮੇਂ-ਸਮੇਂ ਸਿਰ ਲੱਗੀ ਜਾਂਦੇ ਨੇ। ਕੋਈ ਸਾਡੇ 10 ਸਾਲ ਦੇ ਦੇ ਲਗਦਾ ਹੈ, ਕੋਈ 20 ਸਾਲ ਦੇ, ਕੋਈ 15 ਦੇ ਉਹ ਸਮੇਂ ਦੇ ਨਾਲ ਕਰਮ ਆ ਕੇ ਫੜਦੇ ਨੇ। ਉਨ੍ਹਾਂ ਨਾਲ ਸਾਨੂੰ ਦੁੱਖ ਤੇ ਸੁੱਖ ਮਿਲਦਾ ਹੈ। ਕਰਮ ਅਸੀਂ ਫੇਰ ਕਰਦੇ ਹਾਂ ਪਿਛਲੇ ਮੁਕਦੇ ਨਹੀਂ ਹਨ ਫੇਰ ਬੰਨ੍ਹੇ ਜਾਂਦੇ ਹਾਂ। ਸੋ ਇਸ ਤਰ੍ਹਾਂ ਦੇ ਨਾਲ ਇਕ ਚੱਕਰ ਚੱਲ ਪੈਂਦਾ ਹੈ ਜਿਹੜਾ ਖਤਮ ਨਹੀਂ ਹੁੰਦਾ। ਨਾ ਕਰਮ ਖਤਮ ਹੁੰਦੇ ਨੇ, ਉਹ ਭੋਗੇ ਨਹੀਂ ਜਾਂਦੇ ਨਵੇਂ ਅਸੀਂ ਬੀਜਣ ਤੋਂ ਨਹੀਂ ਹਟਦੇ, ਇਕ ਜਨਮ 'ਚ ਨਹੀਂ ਬੀਜਾਂਗੇ ਪਹਿਲਾਂ ਦੇ ਹੀ ਬਹੁਤ ਬੀਜੇ ਹੋਏ ਨੇ ਜੋ ਸੰਚਤ ਕਰਮ ਨੇ। ਸੋ ਇਸ ਦਾ ਕੋਈ ਇਲਾਜ ਹੋਣਾ ਚਾਹੀਦਾ ਹੈ। ਇਹ ਤਾਂ ਮੁਕਦਾ ਹੀ ਨਹੀਂ ਹੈ ਸਫਰ। ਮਹਾਰਾਜ ਜੀ ਕਹਿੰਦੇ ਇਕ ਇਲਾਜ ਹੈ। ਜੇ ਤੇਰੇ ਅੰਦਰ ਨਾਮ ਪ੍ਰਗਟ ਹੋ ਜਾਵੇ ਉਹ ਕਰੋੜਾਂ ਹੀ ਕਰਮਾਂ ਦਾ ਨਾਸ਼ ਕਰ ਦਿੰਦਾ ਹੈ, ਜਿੰਨੇ ਸੰਚਤ ਕਰਮ ਨੇ ਉਨ੍ਹਾਂ ਸਾਰਿਆਂ ਨੂੰ ਦਗਧ ਕਰ ਦਿੰਦਾ ਹੈ, ਉਹ ਫਲ ਦੇਣ ਤੋਂ ਹਟ ਜਾਂਦੇ ਨੇ। ਜਿਹੜੇ ਪ੍ਰਾਲਬਧ ਕਰਮ ਨੇ ਇਹ ਤੂੰ ਭੋਗ ਲੈ। ਹੁਣ ਤੇਰੇ ਹੱਥ ਵਿਚ ਹੈ, ਮਾੜੇ ਕਰਮ ਨਾ ਕਰੀਂ-

*ਐਸਾ ਕੰਮੁ ਮੂਲੇ ਨ ਕੀਚੈ*
*ਜਿਤੁ ਅੰਤਿ ਪਛੋਤਾਈਐ॥* *ਅੰਗ - ੯੧੮*

ਉਹ ਤੇਰੇ ਹੱਥ ਵਿਚ ਹੈ ਹੁਣ ਇਹੋ ਜਿਹਾ ਕਰਮ ਨਾ ਕਰ, ਜਿਸਨੂੰ ਕਰਨ ਦੇ ਨਾਲ ਤੈਨੂੰ ਫੇਰ ਪਛਤਾਉਣਾ ਪੈ ਜਾਵੇ, ਫੇਰ ਲੇਖਾ ਦੇਣਾ ਪੈ ਜਾਵੇ। ਲੇਖੇ ਤੋਂ ਬਗੈਰ ਛੁਟਕਾਰਾ ਨਹੀਂ ਹੁੰਦਾ।

*ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ ॥*
*ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥*
*ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ ॥*
*ਅਜਰਾਈਲੁ ਫਰੇਸਤਾ ਹੋਸੀ ਆਇ ਤਈ ॥*
*ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ ॥*
*ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥*

*ਅੰਗ - ੯੫੩*

ਉਹ ਤਾਂ ਕੀਤੇ ਹੋਏ ਕਰਮਾਂ ਦਾ ਜਵਾਬ ਸਾਨੂੰ ਦੇਣਾ ਹੀ ਪੈਣਾ ਹੈ ਫੇਰ ਅਸੀਂ ਬਹੁਤ ਔਖੇ ਹੁੰਦੇ ਹਾਂ। ਮਹਾਰਾਜ ਜੀ ਕਹਿੰਦੇ ਇਹੋ ਜਿਹਾ ਕਰਮ ਨਾ ਕਰ -

*ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ*
*ਤੇ ਕੰਮੜੇ ਵਿਸਾਰਿ॥*
*ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ ॥*

*ਅੰਗ - ੧੩੮੧*

ਇਹੋ ਜਿਹੇ ਮਾੜੇ ਕਰਮ ਕਰ ਲਏ ਉਹ ਜਦੋਂ ਤੈਨੂੰ ਪੁੱਛੇ ਜਾਣਗੇ, ਉਦੋਂ ਉਹ ਤੈਨੂੰ ਦਿਖਾਏ ਜਾਣਗੇ ਜਿਵੇਂ ਵੀਡੀਓ ਫਿਲਮ ਦਿਖਾਈ ਜਾਂਦੀ ਹੈ ਉਸ ਵੇਲੇ ਤੂੰ ਸ਼ਰਮਿੰਦਾ ਹੋਏਂਗਾ ਕਿ ਮੈਂ ਇਹ ਕਰਮ ਕਾਹਦੇ ਵਾਸਤੇ ਕਰੇ ਸੰਸਾਰ ਤੋਂ ਤਾਂ ਮੈਂ ਆ ਗਿਆ ਤੇ ਮੈਨੂੰ ਹੁਣ ਇਹ ਲੇਖਾ ਦੇਣਾ ਪੈ ਰਿਹਾ ਹੈ।

ਸੋ ਇਸ ਕਰਕੇ ਸਾਧ-ਸੰਗਤ ਜੀ! ਇਹ ਸਾਰਾ ਕੁਝ ਜੋ ਹੈ ਇਹ ਸਾਡੇ ਗਲੋਂ ਲਹੇ ਕਿਵੇਂ? ਕੋਈ ਤਰੀਕਾ ਹੈ? ਮਹਾਰਾਜ ਜੀ ਕਹਿੰਦੇ ਜਿਹੜੇ ਸਤਿਗੁਰੂ ਦੀ ਸ਼ਰਨ ਵਿਚ ਨਹੀਂ ਆਉਂਦੇ ਉਨ੍ਹਾਂ ਨੂੰ ਬਹੁਤਾ ਦੁੱਖ ਲਗਦਾ ਹੈ ਕਿਉਂਕਿ ਉਹ ਆਪ-ਹੁਦਰੇ ਨੇ, ਮਨਮੁਖ ਕਹਾਉਂਦੇ ਨੇ ਉਹ। ਮਨਮੁਖ ਜਿਹੜੇ ਨੇ ਉਹ ਦੁੱਖ ਬੀਜਦੇ ਨੇ, ਦੁੱਖ ਖਾਂਦੇ ਨੇ।

*ਮਨਮੁਖੁ ਦੁਖ ਕਾ ਖੇਤੁ ਹੈ*
*ਦੁਖੁ ਬੀਜੇ ਦੁਖੁ ਖਾਇ ॥*
*ਦੁਖ ਵਿਚਿ ਜੰਮੈ ਦੁਖਿ ਮਰੈ*
*ਹਉਮੈ ਕਰਤ ਵਿਹਾਇ॥ ਅੰਗ - ੯੪੭*

ਨਿੰਦਿਆ ਕਰਦਾ ਹੈ, ਨਿੰਦਿਆ ਕਰਨ ਨੂੰ ਚਾਰ ਉਂਗਲ ਦੀ ਜ਼ੁਬਾਨ ਹੈ। ਨਿੰਦਿਆ ਕਰ ਤਾਂ ਦਿਤੀ ਮਨਮੁਖ ਨੇ..., ਗੁਰਮੁਖ ਨਹੀਂ ਕਿਸੇ ਦੀ ਨਿੰਦਿਆ ਕਰਦੇ। ਗੁਰਮੁਖ ਹਮੇਸ਼ਾ ਇਹ ਕਹਿੰਦਾ ਹੈ -

*ਹਮ ਨਹੀ ਚੰਗੇ ਬੁਰਾ ਨਹੀ ਕੋਇ ॥*
*ਪ੍ਰਣਵਤਿ ਨਾਨਕੁ ਤਾਰੇ ਸੋਇ ॥ ਅੰਗ - ੭੨੮*

*ਕਬੀਰ ਸਭ ਤੇ ਹਮ ਬੁਰੇ*
*ਹਮ ਤਜਿ ਭਲੋ ਸਭੁ ਕੋਇ ॥*
*ਜਿਨਿ ਐਸਾ ਕਰਿ ਬੂਝਿਆ*
*ਮੀਤੁ ਹਮਾਰਾ ਸੋਇ ॥ ਅੰਗ - ੧੩੬੪*

ਉਹ ਨਿੰਦਿਆ ਤਾਂ ਕਰੇ ਜੇ ਉਹ ਆਪਣੇ-ਆਪ ਨੂੰ ਚੰਗਾ ਸਮਝਦਾ ਹੋਵੇ। ਉਹ ਕਹਿੰਦਾ ਮੈਂ ਤਾਂ ਸਾਰਿਆਂ ਨਾਲੋਂ ਮਾੜਾ ਹਾਂ। ਸੋ ਇਸ ਕਰਕੇ ਗੁਰਮੁਖ ਤੋਂ ਨਿੰਦਿਆ ਨਹੀਂ ਹੁੰਦੀ, ਮਨਮੁੱਖ ਨਿੰਦਿਆ ਕਰਦਾ ਹੈ ਗੁਰੂ ਦੇ ਹੁਕਮ ਨੂੰ ਪਿੱਠ ਦੇ ਕੇ ਨਿੰਦਿਆ ਕਰਦਾ ਹੈ ਉਸ ਦੇ ਨਾਲ ਹੋਏਗਾ ਕੀ ਕਹਿੰਦੇ -

*ਨਿੰਦਾ ਭਲੀ ਕਿਸੈ ਕੀ ਨਾਹੀ*
*ਮਨਮੁਖ ਮੁਗਧ ਕਰੰਨਿ ॥*
*ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥*
*ਅੰਗ - ੭੫੫*

ਘੋਰ ਨਰਕ ਦੇ ਵਿਚ ਲੈ ਜਾਏਗੀ, ਚਾਰ ਉਂਗਲ ਦੀ ਜ਼ੁਬਾਨ ਕਿਉਂਕਿ ਨਿੰਦਿਆ ਕਰ ਲਈ ਇਹ ਮਨੁੱਖ ਦੇ ਕਰਮ ਨੇ। ਈਰਖਾ ਕਰਨੀ - ਈਰਖਾ ਕਰਨ ਨਾਲ ਸਭ ਕੁਝ ਜਾਇਆ ਹੋ ਜਾਂਦਾ ਹੈ -

*ਜਿਸੁ ਅੰਦਰਿ ਤਾਤਿ ਪਰਾਈ ਹੋਵੈ*
*ਤਿਸ ਕਾ ਕਦੇ ਨ ਹੋਵੀ ਭਲਾ ॥ ਅੰਗ - ੩੦੮*

ਉਸ ਦਾ ਕਦੇ ਵੀ ਭਲਾ ਨਹੀਂ ਹੁੰਦਾ ਈਰਖਾ ਕਰਨ ਵਾਲੇ ਦਾ। ਸੋ ਇਹ ਚੀਜ਼ਾਂ ਬੀਜਦਾ ਹੈ ਤੇ ਬੀਜ ਕੇ ਮਨਮੁਖ ਦੁਖ ਬੀਜ ਲੈਂਦਾ ਹੈ ਤੇ ਦੁੱਖ ਦੀ ਹੀ ਫਸਲ ਲਗਦੀ ਹੈ ਉਹ ਦੁੱਖ ਦੀ ਫਸਲ ਜਦੋਂ ਵੱਢਣੀ ਪੈਂਦੀ ਹੈ ਫੇਰ ਰੋਂਦਾ ਹੈ।

*ਮਨਮੁਖੁ ਦੁਖ ਕਾ ਖੇਤੁ ਹੈ*
*ਦੁਖੁ ਬੀਜੇ ਦੁਖੁ ਖਾਇ ॥*
*ਦੁਖ ਵਿਚਿ ਜੰਮੈ ਦੁਖਿ ਮਰੈ*
*ਹਉਮੈ ਕਰਤ ਵਿਹਾਇ॥ ਅੰਗ - ੯੪੭*

ਦੁਖ ਵਿਚ ਹੀ ਪੈਦਾ ਹੁੰਦਾ ਹੈ ਦੁੱਖ ਭੋਗਣ ਵਾਸਤੇ, ਦੁੱਖ ਦੇ ਵਿਚ ਫੇਰ ਮਰ ਜਾਂਦਾ ਹੈ ਅੱਗੇ ਫੇਰ ਦੁਖ ਭੋਗਦਾ ਹੈ, ਜੰਮਦਾ-ਮਰਦਾ ਰਹਿੰਦਾ ਹੈ -

*ਮਨਮੁਖਾ ਨੋ ਫਿਰਿ ਜਨਮੁ ਹੈ*
*ਨਾਨਕ ਹਰਿ ਭਾਏ॥ ਅੰਗ - ੪੫੦*

*ਮਨਮੁਖਿ ਆਵੈ ਮਨਮੁਖਿ ਜਾਵੈ ॥*
*ਮਨਮੁਖਿ ਫਿਰਿ ਫਿਰਿ ਚੋਟਾ ਖਾਵੈ ॥*
*ਜਿਤਨੇ ਨਰਕ ਸੇ ਮਨਮੁਖਿ ਭੋਗੈ*
*ਗੁਰਮੁਖਿ ਲੇਪੁ ਨ ਮਾਸਾ ਹੇ ॥ ਅੰਗ - ੧੦੭੩*

ਇਹ ਉਹ ਬੰਦੇ ਨੇ ਜਿਹੜੇ ਮਨ ਦੇ ਪਿਛੇ ਲਗ ਕੇ ਗੁਰੂ ਪੀਰ ਦੇ, ਮਹਾਂਪੁਰਸ਼ ਦੇ, ਕਿਸੇ ਦੇ ਨਹੀਂ ਬਣਦੇ ਆਪ ਹੁਦਰਾ ਜੀਵਨ ਬਤੀਤ ਕਰਦੇ ਨੇ। ਇੱਕ ਉਹ ਨੇ ਜਿਨ੍ਹਾਂ ਨੂੰ ਇਹ ਸੋਝੀ ਆ ਜਾਂਦੀ ਹੈ ਕਿ ਮੈਂ ਸਤਿਗੁਰੂ ਦਾ ਬਣ ਜਾਵਾਂ ਤੇ ਉਹ ਗੁਰੂ ਦਾ ਬਣ ਜਾਂਦਾ ਹੈ। ਗੁਰੂ ਦਾ ਬਣ ਕੇ ਉਸ ਦੇ ਹੁਕਮ ਦੇ ਅੰਦਰ ਸਵੈ-ਅਨੁਸਾਸ਼ਨ ਵਿਚ ਆਉਂਦਾ ਹੈ। ਜੋ ਹੁਕਮ ਦਿਤੇ ਹੋਏ ਨੇ ਗੁਰੂ ਮਹਾਰਾਜ ਨੇ ਵੈਰ ਨਹੀਂ ਕਿਸੇ ਨਾਲ ਵੀ ਕਰਨਾ, ਉਹ ਸੱਚੇ ਦਿਲ ਨਾਲ ਕਹਿੰਦਾ ਹੈ ਜਦੋਂ ਵੀ ਅਰਦਾਸ ਕਰਦਾ ਹੈ ਕਿ -

*ਨਾਨਕ ਨਾਮ ਚੜ੍ਹਦੀ ਕਲਾ*
*ਤੇਰੇ ਭਾਣੇ ਸਰਬੱਤ ਕਾ ਭਲਾ।*

ਕਦੇ ਵੈਰ ਦੀ ਗੱਲ ਮਨ ਵਿਚ ਨਹੀਂ ਰੱਖਦਾ -

*ਫਰੀਦਾ ਬੁਰੇ ਦਾ ਭਲਾ ਕਰਿ*
*ਗੁਸਾ ਮਨਿ ਨ ਹਢਾਇ ॥*
*ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥*
*ਅੰਗ - ੧੩੮੨*

ਬੁਰੇ ਦਾ ਵੀ ਬੁਰਾ ਨਹੀਂ ਕਰਦਾ, ਬੁਰੇ ਨਾਲ ਬੁਰਿਆਈ ਨਹੀਂ ਕਰਦਾ -

*ਬੁਰੇ ਨਾਲ ਬੁਰਿਆਈ ਕਰਦੇ,*

*ਮਾਫ ਕਰਨ ਕਈ ਸਿਆਣੇ।*
*ਬੁਰੇ ਨਾਲ ਭਲਿਆਈ ਕਰਨੀ*
*ਇਹ ਗੁਰੂ ਨਾਨਕ ਜਾਣੇ।*

ਇਹ ਗੁਰੂ ਨਾਨਕ ਮਹਾਰਾਜ ਜੀ ਦੇ ਘਰ ਵਿਚ ਹੈ ਕਿ ਬੁਰਿਆਂ ਦੇ ਨਾਲ ਵੀ ਭਲਿਆਈ ਕਰਨੀ। ਕਹਿੰਦੇ –

*..............ਗੁਸਾ ਮਨਿ ਨ ਹਢਾਇ ॥*
*ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥*
*ਅੰਗ - ੧੩੮੨*

ਬੁਰੇ ਦਾ ਵੀ ਭਲਾ ਕਰਦਾ ਹੈ ਉਹ ਬੁਰਿਆਈ ਕਰਦਾ ਹੀ ਨਹੀਂ ਕਿਸੇ ਨਾਲ ਤੇ ਹੁੰਦਾ ਕੀ ਹੈ ਕਿ ਦੇਹੀ ਰੋਗੀ ਨਹੀਂ ਹੁੰਦੀ ਤੇ ਸਾਰੀਆਂ ਬਰਕਤਾਂ ਉਸ ਦੀ ਝੋਲੀ ਵਿਚ ਪੈ ਜਾਂਦੀਆਂ ਨੇ। ਸੋ ਜਦੋਂ ਗੁਰੂ ਧਾਰਨ ਕਰਦਾ ਹੈ..., ਮਹਾਰਾਜ ਜੀ ਕਹਿੰਦੇ ਦੋਵੇਂ ਜੀਵਨ ਨੇ ਇਕ ਤਾਂ ਉਹ ਜੀਵਨ ਹੈ –

*ਬਿਨੁ ਸਤਿਗੁਰ ਸੇਵੇ ਬਹੁਤਾ ਦੁਖੁ ਲਾਗਾ*
*ਜੁਗ ਚਾਰੇ ਭਰਮਾਈ ॥ ਅੰਗ - ੬੦੩*

ਗਿਣਤੀ-ਮਿਣਤੀ ਤੋਂ ਬਾਹਰ ਦੁਖ ਹੋ ਗਿਆ ਸਤਿਗੁਰੂ ਦੇ ਨਾਲ ਨਾ ਮਿਲਣ ਤੇ, ਸਤਿਗੁਰੂ ਧਾਰਨ ਨਹੀਂ ਕਰਿਆ ਤੇ ਉਸ ਦੇ ਹੁਕਮ ਨਹੀਂ ਮੰਨੇ, ਨਾ ਮੰਨਣ ਦੇ ਨਾਲ ਬਹੁਤਾ ਦੁੱਖ ਹੋਇਆ, ਨਿਗੁਰਾ ਪੁਰਸ਼ ਹੈ। ਨਿਗੁਰੇ ਪੁਰਸ਼ ਦਾ ਆਉਣਾ ਜਾਣਾ ਨਹੀਂ ਖਤਮ ਹੋਇਆ ਕਰਦਾ ਸੰਸਾਰ ਤੋਂ ਸਦਾ ਹੀ ਜੰਮਦਾ ਤੇ ਮਰਦਾ ਰਹੇਗਾ–

*ਸੋ ਨਿਗੁਰਾ ਜੋ ਮਰਿ ਮਰਿ ਜੰਮੈ*
*ਨਿਗੁਰੇ ਆਵਣ ਜਾਵਣਿਆ ॥ ਅੰਗ - ੧੧੭*

ਉਹ ਜੰਮ ਪੈਂਦਾ ਹੈ ਮਰ ਜਾਂਦਾ ਹੈ, ਜੰਮ ਪੈਂਦਾ ਹੈ ਮਰ ਜਾਂਦਾ ਹੈ। ਅੰਨ੍ਹੀ ਲੋਕਾਈ ਹੈ ਨਿਗੁਰਿਆਂ ਦੀ। ਸੋ ਗੁਰੂ ਵਾਲਾ ਹੋ ਕੇ ਫੇਰ ਗੁਰੂ ਦੀ ਸੇਵਾ ਕਰਦਾ ਹੈ। ਗੁਰੂ ਇਹ ਨਹੀਂ ਕਹਿੰਦਾ ਕਿ ਤੂੰ ਮੇਰੀਆਂ ਮੁੱਠੀਆਂ-ਚਾਪੀਆਂ ਕਰ ਜਾਂ ਮੈਨੂੰ ਪੱਖਾ ਝੱਲ। ਗੁਰੂ ਕਹਿੰਦਾ ਹੈ ਕਿ ਤੂੰ ਮੇਰੇ ਬਚਨ ਨੂੰ ਮੰਨ। ਸੇਵਾ ਇਹੀ ਹੈ–

*ਆਗਿਆ ਸਮ ਨਹੀ ਸਾਹਿਬ ਸੇਵਾ।*

ਆਗਿਆ ਦੇ ਵਿਚ ਰਹਿੰਦਾ ਹੈ ਤੇ ਸੇਵਾ ਕਰਦਾ ਹੈ ਉਸ ਦੇ ਮੁਤਾਬਿਕ ਜੀਵਨ ਬਤੀਤ ਕਰਦਾ ਹੈ ਫੇਰ ਉਸਨੂੰ ਤਾਂ ਸੁਖ ਦੀ ਪ੍ਰਾਪਤੀ ਹੋਣੀ ਸ਼ੁਰੂ ਹੋ ਜਾਂਦੀ ਹੈ। ਜਿਹੜਾ ਦੂਸਰਾ ਹੁੰਦਾ ਹੈ –

*ਬਿਨੁ ਸਤਿਗੁਰ ਸੇਵੇ ਬਹੁਤਾ ਦੁਖੁ ਲਾਗਾ*
*ਜੁਗ ਚਾਰੇ ਭਰਮਾਈ ॥ ਅੰਗ - ੬੦੩*

ਚਾਰੇ ਜੁੱਗਾਂ ਦੇ ਵਿਚ ਭਰਮਦਾ ਫਿਰਦਾ ਹੈ, ਕਿਸੇ ਜੁਗ ਵਿਚ ਪੈਦਾ ਹੋ ਗਿਆ, ਕੁੱਤਾ-ਬਿੱਲਾ ਬਣ ਗਿਆ ਕਿਤੇ ਸੂਰ ਬਣ ਗਿਆ, ਸੱਪ ਬਣ ਗਿਆ, ਕਿਤੇ ਕੁਝ ਬਣ ਗਿਆ ਕਿਤੇ ਕੁਝ ਬਣ ਗਿਆ, ਫਿਰਦੇ-ਫਿਰਦੇ ਨੂੰ ਫੇਰ ਮਨੁੱਖ ਦੀ ਦੇਹੀ ਕਦੇ ਪ੍ਰਾਪਤ ਹੋ ਜਾਂਦੀ ਹੈ, ਕਿਤੇ-ਕਿਤੇ ਪ੍ਰਾਪਤ ਹੋ ਜਾਂਦੀ ਹੈ ਕਰੋੜਾਂ ਸਾਲਾਂ ਬਾਅਦ। ਕਹਿੰਦੇ ਹੁਣ ਤੇਰੀ ਵਾਰੀ ਆ ਗਈ।

*ਗੁਰ ਸੇਵਾ ਤੇ ਭਗਤਿ ਕਮਾਈ ॥*
*ਤਬ ਇਹ ਮਾਨਸ ਦੇਹੀ ਪਾਈ ॥*
*ਇਸ ਦੇਹੀ ਕਉ ਸਿਮਰਹਿ ਦੇਵ ॥*
*ਸੋ ਦੇਹੀ ਭਜੁ ਹਰਿ ਕੀ ਸੇਵ ॥ ੧ ॥*
*ਭਜਹੁ ਗੋੁਬਿੰਦ ਭੂਲਿ ਮਤ ਜਾਹੁ ॥*
*ਮਾਨਸ ਜਨਮ ਕਾ ਏਹੀ ਲਾਹੁ ॥ ਅੰਗ - ੧੧੫੯*

ਇਸ ਨੂੰ ਦੇਵਤਾ ਲੋਕ ਵੀ ਸਵਰਗ ਵਿਚ ਬੈਠੇ ਲੋਚਦੇ ਨੇ, ਉਹ ਤੈਨੂੰ ਮਿਲੀ ਹੋਈ ਹੈ ਉਹ ਤੂੰ ਬਰਬਾਦ ਕਰਦਾ ਹੈਂ। ਸੁੱਤਾ ਪਿਆ ਰਹਿੰਦਾ ਹੈਂ, ਬਾਣੀ ਤੂੰ ਨਹੀਂ ਪੜ੍ਹਦਾ, ਗੁਰੂ ਵਾਲਾ ਤੂੰ ਨਹੀਂ ਬਣਦਾ, ਭੂਤਾਂ-ਪ੍ਰੇਤਾਂ ਵਰਗੀ ਜ਼ਿੰਦਗੀ ਬਤੀਤ ਕਰਦਾ ਹੈਂ ਤੇਰੇ ਨਾਲ ਭੂਤ-ਪ੍ਰੇਤ ਜੁੜੇ ਰਹਿੰਦੇ ਨੇ। ਤੇਰੇ ਉਤੇ ਮਿਹਰਾਂ ਨਹੀਂ ਹੁੰਦੀਆਂ, ਬਖਸ਼ਿਸ਼ਾਂ ਨਹੀਂ ਹੁੰਦੀਆਂ, ਨਸ਼ਿਆਂ ਦੇ ਵਿਚ ਜੀਵਨ ਬਤੀਤ ਕਰਦਾ ਹੈ। ਸੋ ਜਦੋਂ ਇਹ ਦੇਹੀ ਤੈਨੂੰ ਮਿਲ ਗਈ ਤਾਂ ਮਹਾਰਾਜ ਜੀ ਕਹਿੰਦੇ ਹੁਣ ਤੂੰ ਅਸਲੀ ਕੰਮ ਕਰ ਤੇ ਪਹਿਲਾਂ ਤਾਂ ਤੂੰ ਇਸ ਦੀ ਮਹੱਤਤਾ ਜਾਣ ਕਿ ਇਹ ਕਿੰਨੀ ਕੀਮਤੀ ਹੈ –

*ਕਬੀਰ ਮਾਨਸ ਜਨਮੁ ਦੁਲੰਭੁ ਹੈ*
*ਹੋਇ ਨ ਬਾਰੈ ਬਾਰ ॥ ਅੰਗ - ੧੩੬੬*

ਇਹ ਵਾਰੀ-ਵਾਰੀ ਆਉਂਦਾ ਨਹੀਂ ਹੱਥ ਵਿਚ ਤੇ ਦੁਰਲੱਭ ਚੀਜ਼ ਹੈ ਜੋ ਕਿਸੇ ਪੈਸੇ ਨਾਲ ਨਹੀਂ ਮਿਲਦੀ, ਕਿਸੇ ਕਰਮ ਨਾਲ ਨਹੀਂ ਮਿਲਦੀ, ਅਚਾਨਕ ਵਾਹਿਗੁਰੂ ਦੇ ਦਿੰਦਾ ਹੈ –

*ਜਿਉ ਬਨ ਫਲ ਪਾਕੇ ਭੁਇ ਗਿਰਹਿ*
*ਬਹੁਰਿ ਨ ਲਾਗਹਿ ਡਾਰ ॥ ਅੰਗ - ੧੩੬੬*

ਜੇ ਗਿਰ ਗਿਆ ਫਲ ਦਰਖਤ ਤੋਂ ਫੇਰ ਜ਼ੋਰ ਲਾ ਲਓ ਟਹਿਣੀ ਨਾਲ ਵੀ ਨਹੀਂ ਜੁੜਦਾ, ਗਲ ਜਾਏਗਾ। ਇਸੇ ਤਰ੍ਹਾਂ ਜਦੋਂ ਮਾਨਸ ਜਨਮ ਸਾਡਾ ਲੰਘ ਗਿਆ ਤਾਂ ਕੀ ਖੱਟਿਆ ਅਸੀਂ? ਸੰਸਾਰ ਬਣਾਇਆ, ਵੱਡੇ-ਵੱਡੇ ਕੰਮ ਕੀਤੇ, ਵੱਡੀਆਂ-ਵੱਡੀਆਂ ਜਾਇਦਾਦਾਂ ਬਣਾਈਆਂ, ਬਣਾ ਲਈਆਂ ਤਾਂ ਠੀਕ ਹੈ ਪਰ ਤੂੰ ਅਸਲੀ ਕੰਮ ਵੀ ਕਰ ਜਿਸ ਕੰਮ ਨੂੰ ਤੂੰ ਕਰਨ ਵਾਸਤੇ ਆਇਆ ਹੈਂ। ਸੋ ਉਹ ਮਹਾਰਾਜ ਜੀ ਕਹਿੰਦੇ –

*ਭਜਹੁ ਗੋੁਬਿੰਦ ਭੂਲਿ ਮਤ ਜਾਹੁ ॥*
*ਮਾਨਸ ਜਨਮ ਕਾ ਏਹੀ ਲਾਹੁ ॥ ਅੰਗ - ੧੧੫੯*

ਤੂੰ ਗੋਬਿੰਦ ਨੂੰ ਭਜ, ਤੂੰ ਉਸ ਦੇ ਵਲ ਨੂੰ ਤੁਰ, ਚੱਲ ਓਸ ਪਾਸੇ ਨੂੰ ਰਸਤੇ ਦੇ ਵਿਚ ਤੇ –

*ਜਬ ਲਗੁ ਜਰਾ ਰੋਗੁ ਨਹੀ ਆਇਆ ॥*
*ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ ॥*
*ਜਬ ਲਗੁ ਬਿਕਲ ਭਈ ਨਹੀ ਬਾਨੀ ॥*
*ਭਜਿ ਲੇਹਿ ਰੇ ਮਨ ਸਾਰਿਗਪਾਨੀ ॥*

**ਅੰਗ - ੧੧੫੯**

ਜਿੰਨਾ ਚਿਰ ਬੁਢਾਪੇ ਦਾ ਰੋਗ ਨਹੀਂ ਲੱਗਿਆ। ਬੁਢਾਪੇ ਵਿਚ ਨਹੀਂ ਨਾਮ ਜਪ ਹੁੰਦਾ, ਬੜਾ ਮੁਸ਼ਕਲ ਹੈ ਕਿਉਂਕਿ ਐਨੀਆਂ –

*ਦੂਜੈ ਬਹੁਤੇ ਰਾਹ ਮਨ ਕੀਆ ਮਤੀ ਖਿੰਡੀਆ ॥*
*ਬਹੁਤੁ ਪਏ ਅਸਗਾਹ ਗੋਤੇ ਖਾਹਿ ਨ ਨਿਕਲਹਿ॥*

**ਅੰਗ - ੧੪੬**

ਮਨ ਦੀਆਂ ਵਾਸ਼ਨਾਵਾਂ ਐਨੀਆਂ ਖਿੰਡ ਗਈਆਂ, ਹਜ਼ਾਰਾਂ ਦੀ ਤਾਦਾਦ ਵਿਚ ਫੈਲ ਗਈਆਂ ਹੁਣ ਮਨ ਜਦੋਂ ਭਜਨ ਕਰਨ ਲਗਦਾ ਹੈ ਤਾਂ ਗੋਤਾ ਖਾਂਦਾ ਹੈ ਫੇਰ ਉਸ ਦੇ ਵਿਚ ਹੀ ਚਲਿਆ ਜਾਂਦਾ ਹੈ, ਰੋਕਿਆ ਹੋਇਆ ਰੁਕਦਾ ਨਹੀਂ ਹੈ। ਬੈਠਦਾ ਹੈ, ਪਾਠ ਕਰਦਾ ਹੈ ਪਰ ਮਨ ਨਹੀਂ ਟਿਕਦਾ, ਕਿਉਂ ਨਹੀਂ ਟਿਕਦਾ? ਕਿਉਂਕਿ ਵਾਹਿਗੁਰੂ ਨਾਲ ਅਜੇ ਕੋਈ ਸੇਧ ਨਹੀਂ ਪਾਈ ਐਵੇਂ ਸੌਦੇਬਾਜ਼ੀ ਕਰ ਰਿਹਾ ਹੈ, ਆਪਣੇ ਹਿਤ ਵਾਸਤੇ ਕਰ ਰਿਹਾ ਹੈ ਕਿ ਮੈਨੂੰ ਆਰਾਮ ਆ ਜਾਵੇ, ਮੈਂ ਸੁਖੀ ਹੋ ਜਾਵਾਂ, ਐਉਂ ਨਹੀਂ ਕਹਿੰਦਾ ਕਿ ਮੈਂ ਵਾਹਿਗੁਰੂ ਨਾਲ ਪਿਆਰ ਕਰਾਂ। ਜਿੰਨਾ ਚਿਰ ਪਿਆਰ ਨਹੀਂ ਕਰਦਾ ਓਨਾਂ ਚਿਰ ਕਦੇ ਵੀ ਮਨ ਨਹੀਂ ਟਿਕੇਗਾ। ਸੋ ਮਨ ਨਾ ਟਿਕਣ ਕਰਕੇ ਇਸ ਦੇ ਜੋ ਉਪਰਾਲੇ ਨੇ ਉਨ੍ਹਾਂ ਨੂੰ ਫਲ ਨਹੀਂ ਲਗਦਾ, ਓਨਾਂ ਜਿੰਨਾ ਲਗਣਾ ਚਾਹੀਦਾ ਹੈ। ਸੋ ਮਹਾਰਾਜ ਜੀ ਕਹਿੰਦੇ ਕਿ ਫੇਰ ਬੁਢਾਪੇ ਵੇਲੇ ਤੇਰੇ ਖਿਆਲ ਐਨੇ ਫੈਲ ਜਾਣੇ ਨੇ....,ਹੁਣ ਤਾਂ ਤੂੰ ਇਕੱਲਾ ਹੀ ਹੈਂ, ਤੈਨੂੰ ਮਾਂ-ਬਾਪ ਦੀ ਜ਼ਿੰਮੇਵਾਰੀ ਨਹੀਂ, ਅਜੇ ਉਹ ਆਪਣੇ ਕੰਮ ਕਰ ਰਹੇ ਨੇ ਫੇਰ ਜ਼ਿੰਮੇਵਾਰੀਆਂ ਤੇਰੇ ਸਿਰ ਤੇ ਆ ਜਾਣੀਆਂ ਨੇ, ਫੇਰ ਮਨ ਦੀਆਂ ਮਤਾਂ ਖਿੰਡ ਜਾਣੀਆਂ ਨੇ, ਫੇਰ ਬੇਅੰਤ ਗਹਿਰੇ ਰਸਤੇ ਬਣ ਜਾਣੇ ਨੇ, ਉਨ੍ਹਾਂ ਵਿਚੋਂ ਮਨ ਨੇ,ਬਾਹਰ ਨਹੀਂ ਆਉਣਾ–

*ਬਹੁਤੁ ਪਏ ਅਸਗਾਹ*
*ਗੋਤੇ ਖਾਹਿ ਨ ਨਿਕਲਹਿ ॥* **ਅੰਗ - ੧੪੬**

ਕਹਿੰਦੇ ਗੋਤੇ ਖਾਂਦਾ ਹੈ ਫੇਰ ਨਿਕਲਦਾ ਨਹੀਂ ਹੈ। ਸੋ ਇਸ ਤਰ੍ਹਾਂ ਦੇ ਨਾਲ ਕਹਿੰਦੇ –

*ਜਬ ਲਗੁ ਜਰਾ ਰੋਗੁ ਨਹੀ ਆਇਆ ॥*
*ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ ॥*
*ਜਬ ਲਗੁ ਬਿਕਲ ਭਈ ਨਹੀ ਬਾਨੀ ॥*
*ਭਜਿ ਲੇਹਿ ਰੇ ਮਨ ਸਾਰਿਗਪਾਨੀ ॥*

**ਅੰਗ -੧੧੫੯**

ਜਿਵੇਂ ਬਬੀਹਾ ਬਰਸਾਤ ਦੇ ਮਹੀਨੇ 'ਚ ਪਿਰਹੁੰ-ਪਿਰਹੁੰ ਕਰਦਾ ਹੈ ਇਸੇ ਤਰ੍ਹਾਂ ਕਹਿੰਦੇ ਤੂੰ ਵੀ ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਕਰੀ ਜਾਹ, ਇਸ ਤਰ੍ਹਾਂ ਭਾਈ –

*ਅਬ ਨ ਭਜਸਿ ਭਜਸਿ ਕਬ ਭਾਈ ॥*
*ਆਵੈ ਅੰਤੁ ਨ ਭਜਿਆ ਜਾਈ ॥*
*ਜੋ ਕਿਛੁ ਕਰਹਿ ਸੋਈ ਅਬ ਸਾਰੁ ॥*
*ਫਿਰਿ ਪਛੁਤਾਹੁ ਨ ਪਾਵਹੁ ਪਾਰੁ ॥*

**ਅੰਗ - ੧੧੫੯**

ਸੋ ਇਸ ਸ਼ਬਦ ਦੇ ਅੰਦਰ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ ਕਿ –

*ਬਿਨੁ ਸਤਿਗੁਰ ਸੇਵੇ ਬਹੁਤਾ ਦੁਖੁ ਲਾਗਾ*
*ਜੁਗ ਚਾਰੇ ਭਰਮਾਈ ॥*
*ਹਮ ਦੀਨ ਤੁਮ ਜੁਗੁ ਜੁਗੁ ਦਾਤੇ*
*ਸਬਦੇ ਦੇਹਿ ਬੁਝਾਈ ॥* **ਅੰਗ - ੬੦੩**

ਉਹ ਸ਼ਬਦ ਕਿਹੜਾ ਹੈ ਇਸ ਦੀ ਸੋਝੀ ਜਿੰਨੀ ਦੇਰ ਤੱਕ ਅਭਿਆਸ ਵਿਚ ਨਹੀਂ ਪੈਂਦਾ ਆਦਮੀ ਓਨਾ ਚਿਰ ਨਹੀਂ ਪਤਾ ਲਗਦਾ। ਸਾਡਾ ਸਮਾਂ ਦੁਨੀਆਂ ਵਿਚ ਲੰਘਦਾ ਜਾਂਦਾ ਹੈ, ਕਾਰੋਬਾਰਾਂ ਵਿਚ ਲੰਘਦਾ ਜਾਂਦਾ ਹੈ ਤੇ ਕਹਿੰਦਾ ਹੈ ਕਿ 'ਮੈਂ' ਕਰਦਾ ਹਾਂ, ਮੈਂ ਨਹੀਂ ਕਰਦਾ ਇਹ ਤਾਂ ਤੇਰੇ ਮੱਥੇ ਵਿਚ ਲਿਖੇ ਪਏ ਨੇ, ਤੂੰ ਕਰਨੇ ਹੀ ਕਰਨੇ ਨੇ, ਤੇਰੇ ਸਰੀਰ ਨੇ ਹਰਕਤ ਕਰਨੀ ਹੀ ਹੈ, ਬੈਠ ਨਹੀਂ ਸਕਦਾ ਬੈਠ ਕੇ ਦੇਖ ਲੈ ਕਿ ਮੈਂ ਨਹੀਂ ਕੁਝ ਕਰਦਾ ਜੀ, ਜੇ ਕਦੇ ਬੈਠ ਸਕੇ ਕਿਉਂਕਿ ਉਹ ਅਵਸਥਾ ਨਹੀਂ ਆਈ। ਜਦੋਂ ਉਹ ਅਵਸਥਾ ਆ ਗਈ, ਨਾਮ ਆ ਗਿਆ ਫੇਰ ਕੁਝ ਵੀ ਨਾ ਕਰ –

*ਨਵ ਨਿਧੀ ਅਠਾਰਹ ਸਿਧੀ*
*ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ॥* **ਅੰਗ - ੬੪੯**

ਪ੍ਰਾਲਬਧ ਆਪਣੇ-ਆਪ ਹੀ ਆਉਣੀ ਸ਼ੁਰੂ ਹੋ ਜਾਂਦੀ ਹੈ। ਅਸੀਂ ਅਜੇ ਪ੍ਰਾਲਬਧ ਦੇ ਅਧੀਨ ਹੋ ਕੇ ਇਸ ਦੇ ਵਾਸਤੇ ਹੀ ਸਾਰਾ ਯਤਨ ਕਰਦੇ ਹਾਂ ਜਿਹੜੀ ਪ੍ਰਮੇਸ਼ਰ ਨੇ ਪਹਿਲਾਂ ਹੀ ਮੱਥੇ ਵਿਚ ਲਿਖੀ ਪਈ ਹੈ। ਜਿਹੜੀ ਚੀਜ਼ ਅਸੀਂ ਕਰਨੀ ਸੀ ਆ ਕੇ –

*ਕਰਣੋ ਹੁਤੋ ਸੁ ਨਾ ਕੀਓ*
*ਪਰਿਓ ਲੋਭ ਕੈ ਫੰਧ ॥*
*ਨਾਨਕ ਸਮਿਓ ਰਮਿ ਗਇਓ*
*ਅਬ ਕਿਉ ਰੋਵਤ ਅੰਧ॥* **ਅੰਗ - ੧੪੨੮**

ਸਰੀਰ ਨੇ ਬਿਨਸ ਜਾਣਾ ਹੈ ਸਦਾ ਨਹੀਂ

ਰਹਿਣਾ, ਚਲੇ ਜਾਣਾ ਹੈ ਲੇਕਿਨ ਜੇ ਅਖੀਰ ਤੇ ਜਾ ਕੇ ਸਮਝ ਆਈ ਕਿ ਕੀ ਕਹਿੰਦੇ ਰਹੇ ਗੁਰੂ ਮਹਾਰਾਜ! ਫੇਰ ਤਾਂ ਸਮਾਂ ਲੰਘ ਗਿਆ ਫੇਰ ਤਾਂ ਨਾ ਕੋਈ ਸਾਧਨ ਹੋਵੇ ਨਾ ਸਾਨੂੰ ਓਸ ਦੀ ਪ੍ਰਾਪਤੀ ਹੋਵੇ। ਸੋ ਅਸੀਂ ਗੰਭੀਰ ਨਹੀਂ ਹਾਂ ਇਸ ਮਾਮਲੇ ਵਿਚ ਕਿ ਅਸੀਂ ਸ਼ਬਦ ਤੱਕ ਕਿਵੇਂ ਪਹੁੰਚੀਏ। ਨਾ ਗੰਭੀਰ ਹੋਣ ਕਰਕੇ ਅੱਧ ਪਚੱਦਾ (ਅਧੂਰਾ) ਹੈ, ਫੇਰ ਵੀ ਕਿਸਮਤ ਸਾਡੀ ਚੰਗੀ ਹੈ ਕਿ ਸਾਨੂੰ ਸਤਿਸੰਗ ਮਿਲੀ ਜਾਂਦਾ ਹੈ, ਸੇਵਾ ਕਰਦੇ ਹਾਂ, ਕਾਫੀ ਤੁਰੇ ਹੋਏ ਹਾਂ ਪਰ ਜੋ ਮੰਜ਼ਲ ਹੈ ਉਹ ਧਿਆਨ ਵਿਚ ਰੱਖਣੀ ਚਾਹੀਦੀ ਹੈ ਕਿ ਮੈਂ ਪਹੁੰਚਣਾ ਕਿੱਥੇ ਹੈ। ਜਦੋਂ ਤੱਕ ਉਸ ਮੰਜ਼ਲ ਤੇ ਧਿਆਨ ਨਹੀਂ ਟਿਕਦਾ, ਮਹਾਰਾਜ ਉਸਨੂੰ ਸ਼ੇਰ ਬਿਰਤੀ ਕਹਿੰਦੇ ਨੇ ਕਿ ਸ਼ੇਰ ਬਿਰਤੀ ਧਾਰਨ ਕਰੋ। ਪਹਿਲਾਂ ਨਿਸ਼ਾਨਾ ਸਾਮ੍ਹਣੇ ਰੱਖੋ।

ਅਰਜਨ ਜਿਸ ਵਕਤ ਉਬਲਦੇ ਕੜਾਹੇ ਦੇ ਕੋਲ ਖੜ੍ਹਾ ਹੈ ਉਹ ਕੜਾਹੇ ਦੇ ਤੇਲ ਦੇ ਵਿਚ ਦੇਖ ਰਿਹਾ ਹੈ ਉਸਨੂੰ ਕੁਝ ਨਹੀਂ ਨਜ਼ਰ ਆਉਂਦਾ ਉਹ ਨਿਸ਼ਾਨੇ ਨੂੰ ਤੱਕ ਰਿਹਾ ਹੈ। ਨਿਸ਼ਾਨਾ ਹੈ ਮੱਛੀ ਦੀ ਅੱਖ, ਉਸ ਦੇ ਅੱਗੇ ਇਕ ਚੱਕਰ ਘੁੰਮ ਰਿਹਾ ਹੈ ਉਸ ਦੇ ਵਿਚ ਥੋੜ੍ਹੀ-ਥੋੜ੍ਹੀ ਦੇਰ ਬਾਅਦ ਮੱਛੀ ਦੀ ਅੱਖ ਦਿਸਦੀ ਹੈ। ਉਸ ਨੂੰ ਸਭ ਕੁਝ ਭੁੱਲ ਗਿਆ ਨਾ ਆਪਣਾ-ਆਪ ਯਾਦ ਹੈ ਨਾ ਕੜਾਹਾ ਯਾਦ ਹੈ, ਕੋਈ ਚੀਜ਼ ਨਹੀਂ ਯਾਦ। ਨਾ ਉਹ ਚੱਕਰ ਯਾਦ ਹੈ, ਕੇਵਲ ਮੱਛੀ ਦੀ ਅੱਖ ਰਹਿ ਗਈ ਸਾਮ੍ਹਣੇ, ਉਸਦੇ ਵਿਚ ਨਿਸ਼ਾਨਾ ਮਾਰਿਆ। ਮਸ਼ਹੂਰ ਹੈ ਇਹ ਸਾਨੂੰ ਸਮਝਣ ਵਾਸਤੇ ਕਿ ਜਦੋਂ ਤੱਕ ਨਿਸ਼ਾਨਾ ਸਾਡੇ ਸਮਝ 'ਚ ਨਹੀਂ ਆਉਂਦਾ ਬਾਕੀ ਸਾਰੀਆਂ ਚੀਜ਼ਾਂ ਭੁੱਲ ਨਹੀਂ ਜਾਂਦੀਆਂ, ਨਿਸ਼ਾਨਾ ਨਹੀਂ ਆਉਂਦਾ, ਓਨੀਂ ਦੇਰ ਤੱਕ ਪ੍ਰਾਪਤੀ ਬੜੀ ਔਖੀ ਹੋ ਜਾਂਦੀ ਹੈ। ਸਾਧ-ਸੰਗਤ ਜੀ! ਫੇਰ ਵੀ ਬਹੁਤ ਵਧੀਆ ਹੈ ਕਿ ਸਤਿਸੰਗ ਵਿਚ ਆ ਜਾਂਦੇ ਹੋ, ਅੰਮ੍ਰਿਤ ਵੇਲੇ ਦੇ ਫਲ ਪ੍ਰਾਪਤ ਕਰਦੇ ਹੋ ਪਰ ਰਸਤਾ ਬੜਾ ਲੰਮਾ ਹੈ। ਨੇੜੇ ਤੋਂ ਨੇੜੇ ਹੈ ਦੂਰ ਤੋਂ ਦੂਰ ਹੈ। ਗਫਲਤ ਕਰੇ ਨਾ ਸੋਝੀ 'ਚ ਆਵੇ ਤਾਂ ਦੂਰ ਬੜਾ ਹੈ ਜੇ ਸੋਝੀ ਆ ਜਾਵੇ ਤਾਂ ਨੇੜੇ ਤੋਂ ਨੇੜੇ ਹੈ ਬਹੁਤ ਛੇਤੀ ਪ੍ਰਾਪਤ ਹੋ ਜਾਂਦਾ ਹੈ।

*ਵਾਹਿਗੁਰੂ ਜੀ ਕਾ ਖਾਲਸਾ*
*ਵਾਹਿਗੁਰੂ ਜੀ ਕੀ ਫਤਹਿ।*

# ਕੋਈ ਜਨੁ ਹਰਿ ਸਿਉ ਦੇਵੈ ਜੋਰਿ

ਸਾਧ ਸੰਗਤ ਜੀ!

*ਵਾਹਿਗੁਰੂ ਜੀ ਕਾ ਖਾਲਸਾ*
*ਵਾਹਿਗੁਰੂ ਜੀ ਕੀ ਫਤਹਿ*

ਆਪ ਨੇ ਆਸਾ ਜੀ ਦੀ ਵਾਰ ਦੇ ਕੀਰਤਨ ਤੋਂ ਉਪਰੰਤ_ਗੁਰੂ ਮਹਾਰਾਜ ਜੀ ਦਾ ਜੋ ਹੁਕਮਨਾਮਾ ਹੈ ਉਸਨੂੰ ਸਰਵਣ ਕੀਤਾ ਹੈ। ਅੱਖਰਾਂ ਦੇ ਹਿਸਾਬ ਨਾਲ ਔਖੀ ਬਾਤ ਨਹੀਂ ਹੈ ਇਸਨੂੰ ਸਮਝਣਾ ਲੇਕਿਨ ਜੋ ਗੁਰੂ ਸਾਹਿਬ ਕਹਿ ਰਹੇ ਨੇ ਉਹ ਔਖੀ ਬਾਤ ਹੈ। ਕੋਈ ਵਿਰਲਾ ਹੈ ਜਿਸ ਦੀ ਸਮਝ ਵਿਚ ਇਹ ਬਚਨ ਆ ਜਾਵੇ ਕਿ ਗੁਰੂ ਮਹਾਰਾਜ ਕਿੱਥੇ ਸਾਨੂੰ ਲੈ ਜਾਣਾ ਚਾਹੁੰਦੇ ਨੇ, ਕਿੱਡਾ ਉਤਮ ਬਚਨ ਕਰ ਰਹੇ ਨੇ। ਸੋ ਗੁਰੂ ਮਹਾਰਾਜ ਜੀ ਨੇ ਦੋ ਚੀਜ਼ਾਂ ਦੱਸੀਆਂ ਨੇ ਇਸ ਦੇ ਵਿਚ। ਇਕ ਤਾਂ ਇਹ ਹੈ ਕਿ ਜਦੋਂ ਤੱਕ ਗੁਰੂ ਨਾ ਮਿਲੇ, ਸਾਫ ਹੀ ਫੈਸਲਾ ਕਰ ਦਿਤਾ ਕਿ ਮੁਕਤੀ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਦੂਸਰਾ ਹੈ ਕਿ ਗੁਰੂ ਨਾਲ ਕਿਸ ਤਰ੍ਹਾਂ ਦਾ ਵਰਤ-ਵਿਹਾਰ ਚਾਹੀਦਾ ਹੈ, ਕਿਸ ਤਰ੍ਹਾਂ ਦੇ ਨਾਲ ਗੁਰੂ ਨਾਲ ਪਿਆਰ ਚਾਹੀਦਾ ਹੈ। ਸੋ ਉਸ ਦੇ ਬਾਰੇ ਬਹੁਤ ਖੋਲ੍ਹ ਕੇ ਮਹਾਰਾਜ ਜੀ ਨੇ ਦੱਸਿਆ ਹੈ ਉਹ ਵੀ ਆਪ ਨੇ ਸਮਝਿਆ ਹੈ, ਸੁਣਿਆ ਹੈ।

ਪਹਿਲੀ ਜੋ ਚੀਜ਼ ਹੋਇਆ ਕਰਦੀ ਹੈ ਆਦਮੀ ਦੇ ਅੰਦਰ ਲਗਨ ਹੋਣੀ ਚਾਹੀਦੀ ਹੈ। ਜਦੋਂ ਤੱਕ ਦ੍ਰਿੜ੍ਹ ਲਗਨ ਪੈਦਾ ਨਹੀਂ ਹੁੰਦੀ ਓਨੀਂ ਦੇਰ ਤੱਕ ਧੁੰਦਲੀ ਹੈ ਉਸ ਦੀ ਮੰਜ਼ਲ, ਪਤਾ ਨਹੀਂ ਹੈ ਉਸਨੂੰ ਮੈਂ ਕੱਲ੍ਹ ਵੀ ਬੇਨਤੀ ਕਰੀ ਸੀ ਕਿ ਜੇ ਨਿਸ਼ਾਨਾ ਸਾਮ੍ਹਣੇ ਨਾ ਹੋਵੇ ਕਿ ਮੈਂ ਕਿੱਥੇ ਜਾਣਾ ਹੈ? ਮੇਰੀ ਮੰਜ਼ਲ ਕਿਹੜੀ ਹੈ? ਉਹ ਕਿਸ ਤਰ੍ਹਾਂ ਮੈਨੂੰ ਮਿਲੇਗੀ? ਫੇਰ ਇਹ ਹੁੰਦਾ ਹੈ ਕਿ ਅੰਦਰ ਦੇਖੇ ਕਿ ਸੱਚਮੁੱਚ ਹੀ ਉਥੇ ਜਾਣ ਦੀ ਲਗਨ ਹੈ ਜਾਂ ਮੈਂ ਐਵੇਂ ਹੀ ਸੁਣੀਆਂ-ਸੁਣਾਈਆਂ ਗੱਲਾਂ ਕਰੀ ਜਾਂਦਾ ਹਾਂ। ਸੰਗਤ ਵਿਚ ਆ ਜਾਂਦਾ ਹਾਂ, ਕੋਈ ਪੁਸਤਕ ਪੜ੍ਹ ਲਈ ਉਸ ਵੇਲੇ ਖਿਆਲ ਮਾੜਾ-ਮੋਟਾ ਆ ਗਿਆ ਜਾਂ ਇਸ ਤੋਂ ਵੱਧ ਮੈਨੂੰ ਦੁਨੀਆਂ ਦਾ ਖਿਆਲ ਹੈ ਕਿ ਦੁਨੀਆਂ ਬਣਾਵਾਂ, ਦੁਨੀਆਂ ਵਿਚ ਨਾਮ ਖੱਟਾਂ, ਦੁਨੀਆਂ ਵਿਚ ਧਨ ਖੱਟਾਂ, ਪਰਿਵਾਰ ਨੂੰ ਹੋਰ ਵੱਡਾ ਬਣਾਵਾਂ, ਬੜੀਆਂ-ਬੜੀਆਂ ਨੌਕਰੀਆਂ ਮਿਲਣ, ਵੱਡੀਆਂ-ਵੱਡੀਆਂ ਬਿਜਨਸਾਂ (ਵਪਾਰ) ਕਰਨ, ਸਾਡਾ ਵੱਡਾ ਨਾਉਂ ਹੋਵੇ, ਰਿਸ਼ਤੇਦਾਰ ਬਹੁਤ ਚੰਗੇ ਮਿਲਣ, ਸਵਾਰੀਆਂ ਮੇਰੇ ਕੋਲ ਚੰਗੀਆਂ ਹੋਣ, ਜਾਇਦਾਦ ਬੇਅੰਤ ਹੋਵੇ, ਫਾਰਮ ਵੀ ਚਲਦੇ ਹੋਣ। ਇੰਡਸਟਰੀਆਂ ਵੀ ਚਲਦੀਆਂ ਹੋਣ, ਵਿਦੇਸ਼ਾਂ ਵਿਚ ਵੀ ਵਪਾਰ ਹੋਵੇ ਇਹ ਆਦਮੀ ਦੇ ਧੇਅ ਨੇ ਜਿਨ੍ਹਾਂ ਨੂੰ ਟੀਚਾ ਆਖਦੇ ਨੇ। ਪਹਿਲਾਂ ਸਾਫ ਹੋਵੇ ਕਿ ਮੇਰਾ ਨਿਸ਼ਾਨਾ ਕੀ ਹੈ, ਮੈਂ ਪਹੁੰਚਣਾ ਕਿੱਥੇ ਹੈ? ਜਦੋਂ ਤੱਕ ਇਹ ਸਾਫ ਨਹੀਂ ਹੁੰਦਾ ਓਨੀਂ ਦੇਰ ਤੱਕ ਗੱਲ ਨਹੀਂ ਬਣਦੀ। ਦੂਸਰੀ ਗੱਲ ਇਹ ਹੈ ਕਿ ਜਿਸ ਵਕਤ ਆਦਮੀ ਦੇ ਅੰਦਰ ਇਹ ਨਿਸ਼ਚਾ ਹੋ ਜਾਂਦਾ ਹੈ ਕਿ ਮੈਂ ਤਾਂ ਇਸੇ ਜਨਮ ਦੇ ਅੰਦਰ ਵਾਹਿਗੁਰੂ ਨੂੰ ਮਿਲਣਾ ਹੈ। ਕੋਈ ਮਿਲਾ ਦੇਵੇ ਮੈਨੂੰ ਨਹੀਂ ਕੋਈ ਇਤਰਾਜ਼ ਚਾਹੇ ਕੋਈ ਅੰਗਰੇਜ਼ ਹੈ, ਚਾਹੇ ਕੋਈ ਅਰਬੀ ਹੈ ਚਾਹੇ ਕੋਈ ਪਾਰਸੀ ਹੈ, ਚਾਹੇ ਕੋਈ ਹੋਰ ਹੈ ਮੈਨੂੰ ਮਿਲਾ ਦਿਓ –

*ਕੋਈ ਜਨੁ ਹਰਿ ਸਿਉ ਦੇਵੈ ਜੋਰਿ ॥*
*ਚਰਨ ਗਹਉ ਬਕਉ ਸੁਭ ਰਸਨਾ*
*ਦੀਜਹਿ ਪ੍ਰਾਨ ਅਕੋਰਿ ॥* *ਅੰਗ - ੨੦੧*

ਕੋਈ ਵੀ ਕਿਉਂਕਿ ਮੇਰਾ ਮਤਲਬ ਇਹ ਹੈ ਕਿ ਮੈਂ ਵਾਹਿਗੁਰੂ ਨੂੰ ਮਿਲਣਾ ਹੈ। ਜਿਸ ਦੇ ਅੰਦਰ ਲਗਨ ਹੁੰਦੀ ਹੈ ਉਹ ਇਹ ਨਹੀਂ ਦੇਖਦਾ ਕਿ ਮੈਨੂੰ ਫਲਾਣਾ ਮਿਲਾਵੇ ਜਾਂ ਫਲਾਣਾ ਮਿਲਾਵੇ ਉਹ ਕਹਿੰਦਾ ਮਿਲਾਉਣ ਵਾਲਾ ਆਵੇ ਸਹੀ ਕੋਈ –

*ਮਨੁ ਅਰਪਉ ਧਨੁ ਰਾਖਉ ਆਗੈ*
*ਮਨ ਕੀ ਮਤਿ ਮੋਹਿ ਸਗਲ ਤਿਆਗੀ ॥*
*ਅੰਗ - ੨੦੪*

ਮੈਂ ਧਨ ਵੀ ਦੇਵਾਂ ਤੇ ਤਨ ਵੀ ਦੇ ਦੇਵਾਂ। ਪਹਿਲਾਂ ਹੀ ਕੀਮਤ ਦੇਣ ਨੂੰ ਤਿਆਰ ਹੋਇਆ ਹੁੰਦਾ ਹੈ। ਵਾਹਿਗੁਰੂ ਕੋਲ ਬੇਨਤੀਆਂ ਕਰਦਾ ਹੈ ਕਿ ਹੇ ਪ੍ਰਭੂ! ਮੈਨੂੰ ਕੋਈ ਪੂਰਾ ਮਿਲਾ ਦੇਵੇ, ਮੈਂ ਮਿਲਣਾ ਚਾਹੁੰਦਾ ਹਾਂ। ਬਬੀਹੇ ਵਾਂਗੂੰ ਰੋਂਦਾ ਹੈ ਵਿਲਕਦਾ ਹੈ। ਉਸ ਤੋਂ ਬਾਅਦ ਵਾਹਿਗੁਰੂ ਕ੍ਰਿਪਾ ਕਰਦਾ ਹੈ ਆ ਜਾਂਦਾ ਹੈ ਕੋਈ ਐਸਾ ਜਿਸਨੂੰ ਵਾਹਿਗੁਰੂ ਨੇ ਇਸ਼ਾਰਾ ਕਰ ਦਿਤਾ ਕਿ ਇਹ ਰੂਹ ਵਿਲਕ ਰਹੀ ਹੈ ਤੇ ਮੇਰੇ ਪਾਸ ਆਉਣਾ ਚਾਹੁੰਦੀ ਹੈ। ਸੋ ਇਸ ਤਰ੍ਹਾਂ ਦੇ ਨਾਲ ਇਹ ਪ੍ਰਬੰਧ ਵਾਹਿਗੁਰੂ ਦਾ ਹੈ। ਮਹਾਰਾਜ ਜੀ ਇਸ ਤੋਂ ਵੀ ਅੱਗੇ ਕਹਿੰਦੇ ਨੇ ਕਿ ਇਹ ਇਕ ਜਨਮ ਦੀ ਖੇਡ ਨਹੀਂ ਹੈ – ਵਾਰ-ਵਾਰ ਜਨਮ ਲੈਂਦਾ ਹੈ ਬੰਦਾ ਤੇ ਗੁਰੂ ਦੀ ਤਲਾਸ਼ ਵਿਚ ਰਹਿੰਦਾ ਹੈ। ਅਖੀਰ ਐਸੇ ਕੋਈ ਕਰਮ ਕਰ ਬੈਠਦਾ ਹੈ ਸ਼ੁੱਭ ਕਿ ਉਸ ਦੇ ਮੱਥੇ ਦੇ ਉਤੇ ਕਲਮ ਵਹਿ ਜਾਂਦੀ ਹੈ, ਲੇਖ ਲਿਖਿਆ ਜਾਂਦਾ ਹੈ। ਬਾਕੀ ਸਾਰੇ ਜਿਹੜੇ ਕਰਮਾਂ ਦੇ ਲੇਖ ਨੇ ਉਨ੍ਹਾਂ ਵਿਚੋਂ ਪ੍ਰਾਲਬਧ ਦਾ ਇਕ ਲੇਖ ਲਿਖਿਆ ਜੰਦਾ ਹੈ ਕਿ ਜਾਹ! ਬਈ

ਪਿਆਰਿਆ ਤੈਨੂੰ ਇਸ ਜਨਮ ਵਿਚ ਸਮਰੱਥ ਗੁਰੂ ਮਿਲੇਗਾ।

*ਜਿਨ ਮਸਤਕਿ ਧੁਰਿ ਹਰਿ ਲਿਖਿਆ*
*ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ ॥*
*ਅੰਗ - ੪੫੦*

ਉਸ ਨੇ ਆ ਕੇ ਤੇਰੇ ਅਗਿਆਨ ਦਾ ਹਨ੍ਹੇਰਾ ਕੱਟਣਾ ਹੈ ਤੇ ਗਿਆਨ ਦਾ ਦੀਪਕ ਤੇਰੇ ਅੰਦਰ ਲਟ-ਲਟ ਜਲ ਜਾਏਗਾ। ਤੇਰਾ ਕੰਮ ਬਣ ਜਾਏਗਾ ਤੈਨੂੰ ਉਹ ਪਹੁੰਚਾ ਸਕੇਗਾ ਹੋਰ ਨਹੀਂ ਕੋਈ ਪਹੁੰਚਾ ਸਕਦਾ ਕਿਉਂਕਿ ਮੇਰਾ ਹੀ ਇਹ ਹੁਕਮ ਹੈ -

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ*
*ਕੁੰਜੀ ਗੁਰ ਸਉਪਾਈ ॥ ਅੰਗ - ੨੦੫*

ਤਾਲਾ ਮਾਰ ਦਿਤਾ ਉਸ ਨੇ ਕੂੰਜੀ ਗੁਰੂ ਦੇ ਹਵਾਲੇ ਕਰ ਦਿਤੀ -

*ਅਨਿਕ ਉਪਾਵ ਕਰੇ ਨਹੀ ਪਾਵੈ*
*ਬਿਨੁ ਸਤਿਗੁਰ ਸਰਣਾਈ ॥ ਅੰਗ - ੨੦੫*

ਜਿੰਨਾਂ ਜੀਅ ਕਰਦਾ ਉਪਾਅ ਕਰੀ ਜਾਹ ਨਹੀਂ ਮਿਲਦਾ ਕਿਉਂਕਿ ਸਤਿਗੁਰੂ ਦੀ ਸ਼ਰਨ ਵਿਚ ਜਾ ਕੇ ਹੀ ਇਹ ਚਾਬੀ ਮਿਲਦੀ ਹੈ। ਸ਼ਰਨ ਕਿਸ ਤਰ੍ਹਾਂ ਜਾਣਾ ਚਾਹੀਦਾ ਹੈ? ਕਿੰਨੀ ਕੁ ਕੁਰਬਾਨੀ ਕਰਨੀ ਚਾਹੀਦੀ ਹੈ, ਇਹ ਬਹੁਤ ਲੰਮੀਆਂ ਗੱਲਾਂ ਸਾਲਾਂ ਦੀ ਵਿਚਾਰ ਦੇ ਮੁਹਥਾਜ ਨੇ। ਛੋਟੀਆਂ ਜਿਹੀਆਂ ਗੱਲਾਂ ਨਹੀਂ ਹੁੰਦੀਆਂ ਰੂਹਾਨੀ ਉਮਰਾਂ ਲੰਘ ਜਾਂਦੀਆਂ ਨੇ। ਉਹ ਵੀ ਜੇ ਕਿਸੇ ਨੂੰ ਸੂਝ ਮਿਲ ਜਾਵੇ ਸਹੀ ਰੂਹਾਨੀਅਤ ਦਾ ਮੰਡਲ ਮਿਲ ਜਾਵੇ ਉਹ ਲੰਘ ਜਾਂਦਾ ਹੈ, ਜੇ ਕਲਪਣਾ ਪੈਦਾ ਕਰਨ ਵਾਲਾ ਮਿਲ ਜਾਵੇ, ਰਾਗ ਤੇ ਦ੍ਵੈਸ਼ ਪੈਦਾ ਕਰਨ ਵਾਲਾ ਮਿਲ ਜਾਵੇ, ਅੰਦਰਲੇ ਪਾਸੇ ਈਰਖਾ ਪੈਦਾ ਕਰਨ ਵਾਲਾ ਮਿਲ ਜਾਵੇ, ਨਫਰਤ ਪੈਦਾ ਕਰਨ ਵਾਲਾ ਮਿਲ ਜਾਵੇ ਫੇਰ ਉਸ ਦਾ ਉਪਰਾਲਾ ਨਿਸਫਲ ਹੋ ਜਾਂਦਾ ਹੈ। ਅਦ੍ਵੈਤ ਮੰਡਲ ਮਿਲ ਜਾਵੇ ਉਸਨੂੰ ਉਥੇ ਜਾ ਕੇ ਉਹ ਫੇਰ ਘਾਲਣਾ ਕਰੇ, ਗੁਰੂ ਪੂਰਾ ਮਿਲ ਜਾਵੇ। ਮਹਾਰਾਜ ਜੀ ਕਹਿੰਦੇ ਜਿੰਨਾ ਚਿਰ ਤੇਰੇ ਅੰਦਰ ਸ਼ਬਦ ਪ੍ਰਗਟ ਨਹੀਂ ਹੁੰਦਾ ਓਨਾਂ ਚਿਰ ਤੂੰ ਬਿਲਕੁਲ ਹਨ੍ਹੇਰ-ਗੁਬਾਰ ਵਿਚ ਫਿਰਦਾ ਹੈਂ ਤੂੰ, ਕੋਈ ਪ੍ਰਕਾਸ਼ ਨਹੀਂ ਕਿੰਨੀਆਂ ਹੀ ਬਿਜਲੀਆਂ ਲਾ ਲੈ ਤੂੰ, ਕਿੰਨੀ ਹੀ ਤੂੰ ਰੋਸ਼ਨੀ ਕਰ ਲੈ ਤੇਰੇ ਅੰਦਰ ਹਨ੍ਹੇਰਾ ਪਿਆ ਹੈ। ਇਹ ਹਨ੍ਹੇਰੇ ਨੂੰ ਨਾ ਸੂਰਜ, ਨਾ ਚੰਦਰਮਾ ਕੋਈ ਨਹੀਂ ਹਟਾ ਸਕਦਾ -

*ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥*
*ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥*
*ਅੰਗ - ੪੬੩*

ਗੁਰੂ ਤੋਂ ਬਗੈਰ ਘੋਰ ਅੰਧੇਰਾ ਹੈ ਕਿਉਂਕਿ ਐਨਾ ਹਨ੍ਹੇਰਾ ਪੈ ਚੁੱਕਿਆ ਹੈ, ਕਰੋੜਾਂ, ਅਰਬਾਂ, ਖਰਬਾਂ ਸਾਲ ਹੋ ਗਏ ਸਾਨੂੰ ਸ਼ਬਦ ਤੋਂ ਵਿਛੜਿਆਂ ਨੂੰ, ਉਹ ਸ਼ਬਦ ਦਾ ਦੀਪਕ ਅੰਦਰ ਜਲਦਾ ਨਹੀਂ ਹੈ। ਮਹਾਰਾਜ ਜੀ ਕਹਿੰਦੇ ਜਦੋਂ ਤੱਕ ਸ਼ਬਦ ਨਹੀਂ ਆਉਂਦਾ ਉਦੋਂ ਤੱਕ ਤੇਰੇ ਅੰਦਰ ਪ੍ਰਕਾਸ਼ ਨਹੀਂ ਹੁੰਦਾ ਤੇ ਪ੍ਰਕਾਸ਼ ਤੋਂ ਬਿਨਾਂ ਤੈਨੂੰ ਕੋਲ ਪਈ ਚੀਜ਼ ਦਾ ਪਤਾ ਨਹੀਂ ਲਗਦਾ -

*ਬਿਨੁ ਸਬਦੈ ਅੰਤਰਿ ਆਨੇਰਾ ॥*
*ਨ ਵਸਤੁ ਲਹੈ ਨ ਚੂਕੈ ਫੇਰਾ ॥*
*ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ*
*ਗੁਰੁ ਪੂਰੈ ਭਾਗਿ ਮਿਲਾਵਣਿਆ ॥*
*ਅੰਗ - ੧੨੪*

ਨਾ ਤੇਰਾ ਜੰਮਣ ਮਰਣ ਖਤਮ ਹੋਣਾ ਹੈ ਕਿਉਂਕਿ ਤੈਨੂੰ ਆਤਮ ਵਸਤੂ ਦੀ ਪ੍ਰਾਪਤੀ ਨਹੀਂ ਹੋਈ। ਉਸ ਵਸਤੂ ਤੋਂ ਵਾਂਝਾ ਪਿਆ ਹੈ ਕੋਲ ਹੀ ਹੈ ਤੇਰੇ -

*ਮਨ ਮਹਿ ਆਪਿ ਮਨ ਅਪੁਨੇ ਮਾਹਿ ॥*
*ਨਾਨਕ ਕੀਮਤਿ ਕਹਨੁ ਨ ਜਾਇ ॥*
*ਅੰਗ - ੨੭੯*

ਐਨਾ ਨੇੜੇ ਹੁੰਦਾ ਹੋਇਆ ਫੇਰ ਤੂੰ ਵਾਂਝਾ ਹੈ ਇਸ ਚੀਜ਼ ਤੋਂ ਕਿਉਂਕਿ ਹਨ੍ਹੇਰੇ ਕਰਕੇ ਤੈਨੂੰ ਕੁਝ ਨਹੀਂ ਪਤਾ ਲਗਦਾ, ਓਈ ਟੋਹਾਂ ਲਾਈ ਜਾਂਦਾ ਹੈ, ਹਨ੍ਹੇਰੇ ਵਿਚ ਤੁਰਿਆ ਫਿਰਦਾ ਹੈ। ਫੇਰ ਇਸ ਦੇ ਵਿਚ ਮਹਾਰਾਜ ਜੀ ਸਾਨੂੰ ਸਾਵਧਾਨ ਕਰਦੇ ਨੇ ਕਿ ਪਿਆਰਿਆ! ਕੂੰਜੀ ਗੁਰੂ ਕੋਲ ਹੈ -

*ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ*
*ਗੁਰੁ ਪੂਰੈ ਭਾਗਿ ਮਿਲਾਵਣਿਆ ॥ ਅੰਗ - ੧੨੪*

ਸੋ ਇਸ ਸ਼ਬਦ ਦੇ ਅੰਦਰ ਮਹਾਰਾਜ ਜੀ ਨੇ ਗੁਰੂ ਤੇ ਪਾਰਬ੍ਰਹਮ ਨੂੰ ਇਕ ਕਿਹਾ ਹੈ, ਦੋ ਨਹੀਂ ਹਨ ਇਕ ਹੈ ਕਿਉਂਕਿ ਜੇ ਦੋ ਹੋ ਜਾਣ ਇਹ ਤਾਂ ਅੰਦਰੋਂ ਦ੍ਵੈਤ ਨਹੀਂ ਖਤਮ ਹੁੰਦੀ। ਗੁਰੂ ਇਹ ਕਹਿੰਦਾ ਹੈ ਕਿ-

*ਜੋ ਹਮ ਕੋ ਪਰਮੇਸਰ ਉਚਰਿ ਹੈਂ।*
*ਤੇ ਸਭ ਨਰਕ ਕੁੰਡ ਮਹਿ ਪਰਿ ਹੈਂ।*

ਉਹ ਸਾਡੀ ਦ੍ਰਿਸ਼ਟੀ ਨੂੰ ਕਹਿੰਦੇ ਨੇ ਕਿ ਤੁਸੀਂ ਸਰੀਰ ਨੂੰ ਗੁਰੂ ਮੰਨਣ ਲੱਗ ਜਾਂਦੇ ਹੋ ਵਜੂਦ ਨੂੰ ਗੁਰੂ ਮੰਨਣ ਲਗ ਜਾਂਦੇ ਹੋ। ਗੁਰੂ ਵਜੂਦ ਨਹੀਂ ਹੋਇਆ ਕਰਦਾ। ਗੁਰੂ ਪਰਮਜੋਤ ਹੈ ਪ੍ਰਮੇਸ਼ਰ ਹੈ ਆਪ।

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ॥ ਅੰਗ - ੪੪੨*

ਉਸ ਥਾਂ ਤੇ ਸਾਡੀ ਬੁੱਧੀ ਪਹੁੰਚਦੀ ਨਹੀਂ ਕਿਉਂਕਿ ਇਹ ਮਾਦਾ ਦੀ ਬਾਣੀ ਹੋਣ ਕਰਕੇ ਹੇਠਾਂ ਰਹਿ ਜਾਂਦੀ ਹੈ ਇਸਨੂੰ ਪਤਾ ਨਹੀਂ ਹੈ ਇਨ੍ਹਾਂ ਗੱਲਾਂ ਦਾ, ਨਾ

ਅਨੁਭਵ ਆਵੇ ਨਾ ਇਨ੍ਹਾਂ ਨੂੰ ਪਤਾ ਲੱਗੇ। ਸੋ ਵਾਹਿਗੁਰੂ ਕ੍ਰਿਪਾ ਕਰਕੇ ਗੁਰੂ ਦੇ ਰੂਪ ਵਿਚ ਪ੍ਰਗਟ ਹੋ ਜਾਂਦਾ ਹੈ, ਸਰੀਰ ਵਿਚੋਂ ਪ੍ਰਗਟ ਹੋ ਜਾਂਦਾ ਹੈ ਤੇ ਉਸ ਦੇ ਨਾਲ ਉਸਨੂੰ ਪਛਾਨਣਾ ਬਹੁਤ ਸੌਖਾ ਹੋ ਜਾਂਦਾ ਹੈ।

ਸੋ ਮਹਾਰਾਜ ਜੀ ਕਹਿੰਦੇ ਤੁਸੀਂ ਸਰੀਰਾਂ ਨੂੰ ਗੁਰੂ ਕਹਿਣ ਲੱਗ ਜਾਂਦੇ ਹੋ। ਜਿਹੜਾ ਗੁਰੂ ਹੈ, ਜੋਤ ਹੈ ਅੰਦਰ ਉਸ ਦਾ ਤੁਹਾਨੂੰ ਧਿਆਨ ਨਹੀਂ ਹੈ। ਉਹ ਜੋਤ ਕੀ ਹੈ? ਨਾ ਤਾਂ ਉਹ ਦੀਵੇ ਵਰਗੀ ਹੈ ਨਾ ਕੋਈ ਬਿਜਲੀ ਵਰਗਾ ਚਾਨਣਾ ਹੈ, ਨਾ ਉਹ ਸੂਰਜ ਵਰਗਾ ਚਾਨਣਾ ਹੈ। ਉਹ ਅਨੁਭਵ ਦਾ ਪ੍ਰਕਾਸ਼ ਹੋਰ ਤਰ੍ਹਾਂ ਦਾ ਹੈ, ਉਸ ਨੂੰ ਚਾਨਣਾ ਕਹਿਣਾ ਬਣਦਾ ਹੈ ਕਿਉਂਕਿ ਹਨ੍ਹੇਰੇ ਨੂੰ ਦੂਰ ਕਰਦਾ ਹੈ - ਅਗਿਆਨ ਦਾ ਹਨ੍ਹੇਰਾ ਦੂਰ ਕਰਦਾ ਹੈ। ਅਗਿਆਨ ਦਾ ਹਨ੍ਹੇਰਾ ਦੂਰ ਕਰਨ ਵਾਸਤੇ ਦੁਨੀਆਂ ਦਾ ਕੋਈ ਪ੍ਰਕਾਸ਼ ਸਮਰੱਥ ਨਹੀਂ ਹੈ। ਜਿਨ੍ਹਾਂ ਨੂੰ ਅਸੀਂ ਪ੍ਰਕਾਸ਼ ਕਹਿੰਦੇ ਹਾਂ ਇਹ ਵੀ ਹਨ੍ਹੇਰੇ ਹੀ ਨੇ ਪ੍ਰਕਾਸ਼ ਨਹੀਂ ਹਨ। ਸੋ ਉਹ ਜਿਹੜੀ ਚੀਜ਼ ਹੈ ਉਹ ਗੁਰੂ ਹੋਇਆ ਕਰਦੀ ਹੈ। ਜਦੋਂ ਸਾਨੂੰ ਅਜੇ ਤੱਕ ਆਪਣੇ ਆਪ ਦਾ ਹੀ ਨਹੀਂ ਪਤਾ ਕਿ ਮੈਂ ਕੌਣ ਹਾਂ? ਸਾਢੇ ਤਿੰਨ ਹੱਥ ਦੀ ਦੇਹ ਅਸੀਂ ਕਹਿ ਲੈਂਦੇ ਹਾਂ ਕਿ ਮੈਂ ਦੇਹ ਹਾਂ ਤੇਰੇ ਕੋਲ ਹਾਂ, ਮੈਂ ਸਿੱਖ ਹਾਂ, ਮੈਂ ਫਲਾਣਾ ਸਿੰਘ ਹਾਂ, ਫਲਾਣੇ ਥਾਂ ਰਹਿੰਦਾ ਹਾਂ। ਮਹਾਰਾਜ ਜੀ ਕਹਿੰਦੇ ਇਹ ਤਾਂ ਕੋਈ ਗੱਲ ਨਾ ਬਣੀ ਪਿਆਰਿਆ! ਤੂੰ ਤਾਂ ਕਰੋੜਾਂ ਸਾਲਾਂ ਦਾ ਘੁੰਮਦਾ ਫਿਰਦਾ ਹੈ। ਇਹ ਦੇਹ ਤਾਂ ਤੈਨੂੰ ਮਾਤਾ ਤੋਂ ਪ੍ਰਾਪਤ ਹੋਈ ਹੈ। ਤੂੰ ਤਾਂ ਬਹੁਤ ਸਾਲਾਂ ਦਾ ਫਿਰਦਾ ਹੈਂ-

***ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ ॥***
***ਏਤੀ ਨ ਜਾਨਉ ਕੇਤੀਕ ਮੁਦਤਿ***
***ਚਲਤੇ ਖਬਰਿ ਨ ਪਾਇਓ॥ ਅੰਗ - ੯੯੯***

ਤੈਨੂੰ ਪਤਾ ਹੀ ਨਹੀਂ ਕਿ ਤੂੰ ਕਿਥੋਂ ਆਇਆ ਹੈਂ, ਕਿੰਨਾ ਕੁ ਚਿਰ ਹੋ ਗਿਆ ਚਲਦੇ ਨੂੰ, ਤੇਰਾ ਨਾਉਂ ਦ੍ਰਿੜ੍ਹ ਹੋ ਗਿਆ, ਉਸ ਨਾਉਂ ਨੂੰ ਕੋਈ ਬੁਰਾ ਭਲਾ ਕਹਿ ਦੇਵੇ ਤਾਂ ਤੈਨੂੰ ਦੁਖ ਲਗਦਾ ਹੈ ਕਿਉਂਕਿ ਅਪਨਾਅ ਲਿਆ ਕਿ ਮੇਰਾ ਫਲਾਣਾ ਨਾਉਂ ਹੈ, ਮੇਰਾ ਫਲਾਣਾ ਸਰੀਰ ਹੈ ਇਸ ਦੇ ਗਲਤ ਅਸਰ ਵਿਚ ਫਸ ਕੇ ਆਪਣੇ-ਆਪ ਨੂੰ ਸਾਢੇ ਤਿੰਨ ਹੱਥ ਦੀ ਦੇਹ ਮੰਨ ਕੇ ਉਹ ਚੀਜ਼ ਮੰਨਦਾ ਹੈ। ਇਹ ਜਿਹੜੀ ਦੇਹ ਹੈ ਇਹ ਤਾਂ ਕਾਰਜ ਵਾਸਤੇ ਸਵਾਰੀ ਹੈ ਕਿਉਂਕਿ ਬਹੁਤ ਹੀ ਨਫੀਸ ਹੈ ਇਹ ਐਡੀ ਵੱਡੀ ਚੀਜ਼ ਹੈ ਕਿ ਦੁਨੀਆਂ ਦੇ ਅੰਦਰ ਕੋਈ ਬਣਾ ਹੀ ਨਹੀਂ ਸਕਦਾ, ਦੋ ਖਰਬ, 15 ਅਰਬ ਸੈਲ ਸਰੀਰ ਵਿਚ ਲੱਗੇ ਹੋਏ ਨੇ। 72 ਕਰੋੜ, 72 ਲੱਖ, 72 ਹਜ਼ਾਰ, 200 ਖੂਨ ਦੀਆਂ ਨਾੜੀਆਂ ਲੱਗੀਆਂ ਹੋਈਆਂ ਹਨ। ਗਿਣਨੀ ਹੀ ਔਖੀ ਹੈ, ਲਾਉਣੀ ਤਾਂ ਹੋਰ ਵੀ ਔਖੀ ਹੈ। ਪੰਜ ਮੋਟਰਾਂ ਲਾਈਆਂ ਹੋਈਆਂ ਨੇ ਪ੍ਰਮੇਸ਼ਰ ਨੇ ਜਿਸਨੂੰ ਜੀਵਨ ਲਈ ਅਤਿ ਜ਼ਰੂਰੀ ਸ਼ਕਤੀ ਕਹਿੰਦੇ ਨੇ, ਪ੍ਰਾਣ ਕਹਿੰਦੇ ਨੇ। ਫੇਰ ਇਸ ਦੇ ਅੰਦਰ ਫੁਰਨੇ ਕਰਨ ਵਾਲਾ ਇਕ ਯੰਤਰ ਹੈ ਜਿਸਨੂੰ ਮਨ ਕਹਿੰਦੇ ਨੇ, ਫੇਰ ਨਿਖੇੜਨ ਸ਼ਕਤੀ ਲਾ ਦਿਤੀ ਇਸ ਦੇ ਵਿਚ, ਕਿਸੇ ਕੰਪਿਊਟਰ ਵਿਚ distinction power ਨਹੀਂ ਹੈ ਪਰ ਇਸ ਸਰੀਰ ਵਿਚ ਹੈ ਫੇਰ ਇਸ ਦੇ ਵਿਚ ਅਨੁਭਵ ਪੈਦਾ ਕਰ ਦਿਤੀ, ਚਿੱਤ ਲਾ ਦਿਤਾ ਤੇ ਇਕ ਮੈਂ ਭਾਵ ਪੈਦਾ ਕਰ ਦਿਤਾ 'ਅਹੰਭਾਵ' ਉਸ ਦੇ ਨਾਲ ਹੀ ਇਹ 'ਮੈਂ' ਬਣ ਗਿਆ। 'ਮੈਂ' ਬਣ ਕੇ ਘੇਰਾ ਆ ਗਿਆ ਤੇ ਛੋਟਾ ਬਣ ਗਿਆ ਜਿਸਨੂੰ ਹਉਮੈ ਕਹਿੰਦੇ ਨੇ, ਇਸ ਨੇ ਸੰਸਾਰ ਬਣਾ ਦਿਤਾ।

ਸੋ ਇਸ ਤਰ੍ਹਾਂ ਦੇ ਨਾਲ ਜਿਸਨੂੰ ਆਪਣਾ ਹੀ ਨਹੀਂ ਪਤਾ ਕਿ ਮੈਂ ਕੌਣ ਹਾਂ, ਉਹ ਗੁਰੂ ਨੂੰ ਕੀ ਜਾਣ ਸਕਦਾ ਹੈ ਕਿ ਗੁਰੂ ਕੀ ਹੈ, ਰੌਲਾ ਪਾਈ ਜਾਂਦਾ ਹੈ, ਝਗੜਾ ਪਾਈ ਜਾਂਦਾ ਹੈ। ਇਕ ਤਾਂ ਕਹਿੰਦਾ ਹੈ ਕਿ -

***ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥***
***ਅੰਗ - ੮੬੪***

ਉਹ ਕਹਿੰਦਾ ਜੀ! ਮੂਰਤੀ ਦਾ ਧਿਆਨ ਧਰਨ ਲੱਗ ਗਏ। ਉਹ ਮੂਰਤੀਆਂ ਦੇ ਵਿਚ ਫਸਿਆ ਹੋਇਆ ਹੈ। ਇਕ ਮੂਰਤੀ ਜਿਹੜੀ ਸਾਰਿਆਂ ਨਾਲੋਂ ਸ੍ਰੇਸ਼ਟ ਹੈ ਉਸ ਤੇ ਧਿਆਨ ਲਗਵਾ ਕੇ ਉਸਨੂੰ ਅੱਗੇ ਕੱਢਣਾ ਹੈ ਕਿਉਂਕਿ ਸਿਆਣੇ ਇਹ ਕਹਿੰਦੇ ਨੇ ਕਿ ਜੇ ਕੰਡਾ ਲੱਗ ਜਾਵੇ ਤਾਂ ਤਿੱਖੀ ਚੀਜ਼ ਨਾਲ ਹੀ ਨਿਕਲਦਾ ਹੈ ਫੇਰ। ਇਸੇ ਤਰ੍ਹਾਂ ਸਰੀਰ ਵਿਚੋਂ ਸਰੀਰ ਨਾਲੋਂ ਬਾਹਰ ਕੱਢਣਾ ਹੈ। ਸ਼ਬਦ ਦੀ ਤਾਂ ਇਸਨੂੰ ਸੋਝੀ ਹੀ ਨਹੀਂ ਕਿ 'ਸ਼ਬਦ' ਹੁੰਦਾ ਕੀ ਹੈ। ਕੋਈ ਵਿਰਲਾ ਪੁਰਸ਼ ਹੈ ਜਿਸਨੂੰ ਇਹ ਪਤਾ ਹੋਵੇ ਕਿ ਸ਼ਬਦ ਕੀ ਹੁੰਦਾ ਹੈ। ਸਾਰਿਆਂ ਨੂੰ ਨਹੀਂ ਪਤਾ ਕਿ ਸ਼ਬਦ ਕਿਸਨੂੰ ਕਹਿੰਦੇ ਨੇ ਕਿਉਂਕਿ ਸ਼ਬਦ ਦਾ ਹੀ ਜ਼ਿਕਰ ਵਾਰ-ਵਾਰ ਗੁਰੂ ਗ੍ਰੰਥ ਸਾਹਿਬ ਵਿਚ ਆਉਂਦਾ ਹੈ। ਸ਼ਬਦ ਆਪ ਹੀ ਹੈ ਪ੍ਰਮੇਸ਼ਰ। ਉਹ ਕਿਹੋ ਜਿਹਾ ਹੈ ਦਿੱਬਯ ਸ਼ਬਦ ਨਾ ਸਾਨੂੰ ਸੋਝੀ ਨਾ ਸਾਨੂੰ ਪਤਾ। ਮਹਾਰਾਜ ਜੀ ਕਹਿੰਦੇ ਜੋ ਵਾਹਿਗੁਰੂ ਹੈ ਉਹ ਆਪ ਹੀ ਸ਼ਬਦ ਰੂਪ ਹੋ ਕੇ ਫੈਲਿਆ ਹੋਇਆ ਹੈ, ਉਸਨੂੰ ਸ਼ਬਦ ਬ੍ਰਹਮ ਕਹਿੰਦੇ ਨੇ। ਨਾਉਂ ਰੱਖ ਲਿਆ ਹੈ ਉਹ ਸ਼ਬਦ -

***ਪ੍ਰਥਮ ਓਅੰਕਾਰ ਤਿਨ ਕਹਾ***
***ਸੋ ਧੁਨ ਪੂਰ ਜਗਤ ਮੋ ਰਹਾ।***

ਉਹ ਧੁਨ ਜੋ ਓਅੰਕਾਰ ਦੀ ਹੈ ਇਹ ਅੱਖਰ ਵੀ ਅਸੀਂ ਬਣਾਇਆ ਹੈ ਕਹਿਣ ਵਾਸਤੇ ਲੇਕਿਨ ਉਹ ਅੱਖਰ ਨਹੀਂ ਹੈ ਕੋਈ। ਜਿਸਨੂੰ ਅਸੀਂ ਨਾਮ ਕਹਿੰਦੇ ਹਾਂ ਨਾਮ ਅੱਖਰ ਨਹੀਂ ਹੋਇਆ ਕਰਦਾ, ਨਾਮ ਤਾਂ ਇਕ

ਉਹ ਸ਼ਕਤੀ ਹੈ ਜਿਸ ਨੇ ਸਾਰੇ ਸੰਸਾਰ ਨੂੰ ਧਾਰਨ ਕੀਤਾ ਹੋਇਆ ਹੈ, ਜੋ ਹਰ ਥਾਂ ਦੇ ਉਤੇ ਵਿਆਪਕ ਹੈ, ਜਿਸ ਤਰ੍ਹਾਂ ਪ੍ਰਮੇਸ਼ਰ ਵਿਆਪਕ ਹੈ ਇਸੇ ਤਰ੍ਹਾਂ ਦੇ ਨਾਲ ਨਾਮ ਵਿਆਪਕ ਹੈ। ਨਾਮ ਤੇ ਪ੍ਰਮੇਸ਼ਰ ਵਿਚ ਕਿਸੇ ਥਾਂ ਤੇ ਅਸੀਂ pin point ਨਹੀਂ ਕਰ ਸਕਦੇ ਕਿ ਇਥੋਂ ਪ੍ਰਮੇਸ਼ਰ ਖਤਮ ਹੋ ਗਿਆ ਇਹ ਤਾਂ ਇਕ ਧਾਰ ਚੱਲ ਰਹੀ ਹੈ ਜਿਵੇਂ ਆਦਮੀ ਦੇ ਵਿਚ ਆਦਮੀ ਦੀ ਸ਼ਕਤੀ ਹੁੰਦੀ ਹੈ ਤੇ ਆਦਮੀ ਵੱਖਰਾ ਨਜ਼ਰ ਆਉਂਦਾ ਹੈ, ਸ਼ਕਤੀ ਨੂੰ ਕਹਿ ਦਿੰਦੇ ਨੇ ਕਿ ਇਹ ਇਸ ਦੀ ਸ਼ਕਤੀ ਹੈ। ਇਥੋਂ ਬੈਠਾ ਹੀ ਕੋਈ ਗੱਲ ਕਰ ਦੇਵੇ ਆਪਣੀ ਸ਼ਕਤੀ ਦੇ ਨਾਲ, ਉਹ ਸ਼ਕਤੀ ਤਾਂ ਕੋਈ ਦੇਖ ਨਹੀਂ ਸਕਦਾ ਉਸ ਤੋਂ ਵੱਖਰੀ ਨਹੀਂ ਹੈ। ਇਸੇ ਤਰ੍ਹਾਂ ਨਾਮ ਤੇ ਨਾਮੀ ਦੋ ਚੀਜ਼ਾਂ ਨਹੀਂ ਇਕੋ ਹੀ ਹੈ। ਸੋ ਮਹਾਰਾਜ ਜੀ ਨੇ ਬਹੁਤ ਹੀ ਸਾਫ ਸਾਨੂੰ ਸਮਝਾਇਆ ਹੈ। ਪਹਿਲਾ ਅੱਖਰ ਨਾਮ ਦਾ ਹੀ ਹੈ ਗੁਰੂ ਗ੍ਰੰਥ ਸਾਹਿਬ ਦੇ ਅੰਦਰ–

*ਨਿਰੰਕਾਰੁ ਆਕਾਰੁ ਹੋਇ*
*ਏਕੰਕਾਰੁ ਅਪਾਰੁ ਸਦਾਇਆ॥*
*ਭਾਈ ਗੁਰਦਾਸ ਜੀ, ਵਾਰ 26/2*

ਨਿਰੰਕਾਰ ਨੇ ਜਦੋਂ ਫੁਰਨਾ ਕੀਤਾ ਏਕੰਕਾਰ ਦਾ ਸਰੂਪ ਧਾਰਨ ਕਰਕੇ ਸੋ ਅਸੀਂ 'ਏਕੰਕਾਰ' ਇਸਨੂੰ ਕਹਿਣ ਲੱਗ ਪਏ। ਏਕੰਕਾਰ ਹਸਤੀ ਹੈ ਕੇਵਲ ਇਕ।

*ਏਕੰਕਾਰਹੁ ਸਬਦ ਧੁਨਿ*
*ਓਅੰਕਾਰ ਅਕਾਰੁ ਬਣਾਇਆ।*
*(ਭਾਈ ਗੁਰਦਾਸ ਜੀ,ਵਾਰ 26/2)*

ਜਿਹੜਾ action ਹੋਇਆ ਜਿਸ ਤੋਂ ਸਾਡੀ ਸ੍ਰਿਸ਼ਟੀ ਦੀ ਰਚਨਾ ਹੋਈ ਉਹ ਸੀ ਸ਼ਬਦ ਧੁਨ ਉਸ ਦਾ ਨਾਂ ਓਅੰਕਾਰ ਰੱਖ ਦਿਤਾ –

*ਓਅੰਕਾਰਿ ਬ੍ਰਹਮਾ ਉਤਪਤਿ ॥*
*ਓਅੰਕਾਰੁ ਕੀਆ ਜਿਨਿ ਚਿਤਿ ॥*
*ਓਅੰਕਾਰਿ ਸੈਲ ਜੁਗ ਭਏ ॥*
*ਓਅੰਕਾਰਿ ਬੇਦ ਨਿਰਮਏ ॥ ਅੰਗ - ੯੩੦*

ਓਅੰਕਾਰ ਤੋਂ ਸਾਰੀ ਸ੍ਰਿਸ਼ਟੀ ਵਜੂਦ ਵਿਚ ਆ ਗਈ ਉਹ ਜਿਹੜਾ ਆਦਿ ਸ਼ਬਦ ਹੈ ਉਹ ਸਾਰੇ ਕਿਤੇ ਫੈਲਿਆ ਹੋਇਆ ਹੈ। ਉਹ ਸ਼ਬਦ ਹੈ ਜਿਹੜਾ ਸਾਡੀ ਸਮਝ 'ਚ ਨਹੀਂ ਆਉਂਦਾ – ਅੱਖਰ ਨਹੀਂ ਹੈ ਕੋਈ ਅੱਖਰ ਹੋਰ ਚੀਜ਼ ਹੁੰਦਾ ਹੈ, ਸ਼ਬਦ ਹੋਰ ਚੀਜ਼ ਹੈ ਜਿਸ ਦੇ ਬਾਰੇ ਵਾਰ–ਵਾਰ ਗੁਰੂ ਗ੍ਰੰਥ ਸਾਹਿਬ ਵਿਚ ਜ਼ਿਕਰ ਆਉਂਦਾ ਹੈ। ਹੁਣ ਆਪ ਹੀ ਦੇਖ ਲਓ ਸ਼ਬਦ ਕੀ ਹੁੰਦਾ ਹੈ। ਕੋਈ ਚੀਜ਼ ਜਾਂ ਬਰਤਨ ਗਿਰ ਜਾਵੇ, ਗਿਰੇ ਤੋਂ ਜੋ ਹੁੰਦਾ ਹੈ ਉਸਨੂੰ ਕਹਿੰਦੇ ਨੇ ਕਿ ਇਹ ਸ਼ਬਦ ਹੈ, ਹੁਣ ਇਸ ਨੂੰ ਅੱਖਰਾਂ 'ਚ ਕਿਵੇਂ ਲਿਆਵਾਂਗੇ ਸ਼ਬਦ ਨੂੰ। ਜਦੋਂ ਹੇਠਾਂ ਅਸੀਂ ਆ ਜਾਵਾਂਗੇ ਵਿਆਕਰਣਿਕ ਤੌਰ ਤੇ ਦੇਖਾਂਗੇ, ਬੋਲੀ ਆ ਜਾਏਗੀ ਫੇਰ ਉਸ ਦੇ ਅੱਖਰ ਨੂੰ ਅਸੀਂ ਕਹਿਣ ਲੱਗ ਜਾਵਾਂਗੇ ਸ਼ਬਦ। ਇਕ ਨੂੰ ਅੱਖਰ ਦੋ ਤਿੰਨ ਰਲ ਗਏ ਉਸਨੂੰ ਸ਼ਬਦ ਕਹਿਣ ਲੱਗ ਪਏ ਲੇਕਿਨ ਜੋ ਆਦਿ ਸ਼ਬਦ ਹੈ ਉਸ ਦਾ ਜ਼ਿਕਰ ਗੁਰੂ ਗ੍ਰੰਥ ਸਾਹਿਬ ਵਿਚ ਬਾਰ–ਬਾਰ ਆਉਂਦਾ ਹੈ। ਸੋ ਮਹਾਰਾਜ ਜੀ ਦਾ ਜੋ ਹੁਕਮਨਾਮਾ ਹੈ –

*ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥*
*ਅੰਗ - ੮੬੪*

ਇਸ ਦਾ ਪਤਾ ਉਸਨੂੰ ਲਗਦਾ ਹੈ ਜਿਹੜਾ ਇਸ ਰਸਤੇ ਤੇ ਚਲਦਾ ਹੈ ਦੂਸਰਾ ਜਿਹੜਾ ਹੈ ਉਸਨੂੰ ਪਤਾ ਨਹੀਂ ਲਗਦਾ ਹੈ, ਬੇਅੰਤ ਕਿਤਾਬਾਂ ਬਣ ਗਈਆਂ ਕਿ ਐਉਂ ਨਾ ਕਰੋ, ਐਉਂ ਨਾ ਕਰੋ। ਰੂਹਾਨੀ ਰਸਤੇ ਤੇ ਜੇ ਗੁਰੂ ਤੋਂ ਬਗੈਰ ਹੋਰ ਕਿਸੇ ਦੀ ਗੱਲ ਸੁਣਨ ਲੱਗ ਜਾਓ, ਨਹੀਂ ਪਹੁੰਚ ਸਕਿਆ ਕਰਦਾ ਕਿਉਂਕਿ ਸ਼ੰਕਾ ਪੈਦਾ ਹੋ ਜਾਂਦਾ ਹੈ ਅੰਦਰ। ਡਾਕਟਰ ਨੂੰ ਪਤਾ ਹੁੰਦਾ ਹੈ ਕਿ ਮੈਂ ਇਸ ਮਰੀਜ਼ ਨੂੰ ਕਿਸ ਤਰ੍ਹਾਂ ਰਾਜ਼ੀ ਕਰਨਾ ਹੈ। ਅਨੁਭਵੀ ਮਹਾਂਪੁਰਸ਼ ਨੂੰ ਪਤਾ ਹੁੰਦਾ ਹੈ ਕਿ ਇਸ ਬੰਦੇ ਨੂੰ ਕਿਥੋਂ ਲਾਉਣਾ ਹੈ, ਕਿੱਥੇ ਇਸ ਦੀ ਬਿਰਤੀ ਫਸੀ ਹੋਈ ਹੈ। ਸਾਰੀਆਂ ਸੁਰਤੀਆਂ ਤੇ ਸਾਰੀਆਂ ਸੁਰਤਾਂ ਵਿਚੋਂ ਕੱਢ ਕੇ, ਸਾਰੇ ਫੁਰਨਿਆਂ ਵਿਚੋਂ ਕੱਢ ਕੇ ਇਕ ਸੁਰਤ ਤੇ ਇਸਨੂੰ ਇਕਾਗਰ ਕਰਾਉਣਾ ਹੈ ਕਿਉਂਕਿ ਇਹ ਅੱਗੇ ਦੀ ਗੱਲ ਅਜੇ ਸਮਝ ਨਹੀਂ ਸਕਦਾ ਕਿ ਸ਼ਬਦ ਕੀ ਹੁੰਦਾ ਹੈ।

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਜੀ ਨੇ ਉਪਾਸਨਾ ਦਾ ਜ਼ਿਕਰ ਇਸ ਸ਼ਬਦ ਦੀ ਪਹਿਲੀ ਪੰਗਤੀ ਵਿਚ ਕੀਤਾ ਹੈ ਕਿਉਂਕਿ ਪਹਿਲਾਂ ਕਰਮ ਹੁੰਦਾ ਹੈ ਤੇ ਕਰਮ ਅਸੀਂ ਕਰ ਰਹੇ ਹਾਂ – ਆਸਾ ਦੀ ਵਾਰ ਵਿਚ ਆਉਂਦੇ ਹਾਂ ਅਸੀਂ, ਬਾਣੀ ਪੜ੍ਹਦੇ ਹਾਂ, ਸੇਵਾ ਕਰਦੇ ਹਾਂ ਹੋਰ ਵੀ ਬੇਅੰਤ ਡਿਊਟੀਆਂ ਦਿੰਦੇ ਹਾਂ, ਇਸ ਸਾਰੇ ਨੂੰ ਕਰਮ ਕਹਿੰਦੇ ਨੇ। ਕਰਮ ਕਰਨ ਤੋਂ ਬਾਅਦ ਦੂਸਰਾ ਉਪਾਸਨਾ ਆਉਂਦਾ ਹੈ। ਕਰਮ ਮੈਲ ਨੂੰ ਦੂਰ ਕਰਦਾ ਹੈ। ਉਪਾਸਨਾ ਅੰਤਸ਼ਕਰਨ ਵਿਚ ਜਿਹੜੀ ਮੈਲ ਪਈ ਹੈ, ਬਿਖਸ਼ੇਪਤਾ ਪਈ ਹੈ ਉਸਨੂੰ ਦੂਰ ਕਰਦੀ ਹੈ। ਜਦੋਂ ਤੱਕ ਉਪਾਸਨਾ ਦੇ ਵਿਚ ਦੀ ਨਹੀਂ ਲੰਘਦਾ ਉਹ ਦੂਰ ਨਹੀਂ ਹੁੰਦੀ। ਗਿਆਨ ਉਸ ਵਕਤ ਆਏਗਾ ਜਦੋਂ ਇਹ ਦੋ ਦੋਸ਼ ਮਲ ਤੇ ਵਿਖਸ਼ੇਪ ਹਟ ਜਾਣਗੇ। ਤੀਸਰਾ ਫੇਰ ਰਹਿ ਜਾਂਦਾ ਹੈ ਪੜਦਾ ਤੇ ਇਹ ਪੜਦਾ ਮਹਾਂਪੁਰਸ਼ਾਂ ਦੀ ਸੰਗਤ ਤੋਂ ਬਗੈਰ ਦੂਰ ਨਹੀਂ ਹੁੰਦਾ ਕਦੇ ਵੀ ਜਿੰਨਾ ਜੀਅ ਕਰਦਾ ਕਰ ਲਓ ਨਹੀਂ ਹੁੰਦਾ ਕਿਉਂਕਿ ਉਹ ਸਮਝ 'ਚ ਨਹੀਂ ਆਉਂਦੀ ਗੱਲ। ਸੋ ਫੇਰ ਜਿਹੜੀ ਗਿਆਨ ਦੀ ਪ੍ਰਾਪਤੀ ਹੁੰਦੀ ਹੈ, ਆਵਰਨ ਦੂਰ ਹੁੰਦਾ ਹੈ। ਸੋ ਗੁਰੂ ਦਾ ਸ਼ਬਦ ਮੰਜ਼ਲ–ਦਰ–ਮੰਜ਼ਲ ਜੋ ਮੰਤਰ ਸਾਨੂੰ ਮਿਲਦਾ ਹੈ ਪੰਜ ਪਿਆਰਿਆਂ ਤੋਂ ਇਸ ਮੰਤਰ ਦੇ

ਰਾਹੀਂ ਅਸੀਂ ਚੜ੍ਹਾਈ ਕਰਦੇ ਹਾਂ। ਸੋ ਜਿਸਨੂੰ ਅਸੀਂ ਸ਼ਬਦ ਗੁਰੂ ਕਹਿੰਦੇ ਹਾਂ ਇਹ ਸ਼ਬਦ manifest ਹੋਇਆ ਹੈ, ਸਾਰਾ ਹੀ ਅਸੀਂ ਜੋ ਕੁਝ ਵੀ ਦੇਖਦੇ ਹਾਂ ਜੋ ਕੁਝ ਵੀ ਸੁਣਦੇ ਹਾਂ ਜਿਸਨੂੰ ਮਾਇਆ ਕਹਿੰਦੇ ਨੇ, ਪ੍ਰਕ੍ਰਿਤੀ ਕਹਿੰਦੇ ਨੇ, ਇਹ ਸਾਰਾ ਹੀ ਸ਼ਬਦ manifest ਹੋਇਆ ਹੋਇਆ ਹੈ। ਸਾਇੰਸਦਾਨਾਂ ਨੇ ਵੀ ਇਸਨੂੰ ਖੋਜਣਾ ਸ਼ੁਰੂ ਕਰਿਆ, ਪਹਿਲਾਂ ਚਿੰਤਕਾਂ ਨੇ ਖੋਜਿਆ। ਮਿਮਾਸਾ ਸ਼ਾਸਤਰ ਤੇ ਨਿਆਏ ਸ਼ਾਸਤਰ ਨੇ ਕਿਹਾ ਕਿ ਪ੍ਰਮਾਣੂ ਸੀ ਅਕਾਸ਼ ਵਿਚ, ਉਹ ਪ੍ਰਮਾਣੂ ਜਿਹੜੇ ਨੇ ਉਹ ਇਕੱਠੇ ਹੋਏ ਨੇ, ਅਣੂਆਂ ਤੋਂ ਪ੍ਰਮਾਣੂ, ਪ੍ਰਮਾਣੂਆਂ ਤੋਂ ਸੰਸਾਰ। ਸਾਇੰਸ ਨੇ ਤਰੱਕੀ ਕਰ ਲਈ ਉਸੇ ਖਿਆਲ ਨੂੰ ਲੈ ਕੇ ਉਹ ਕਹਿਣ ਲੱਗੇ ਨਹੀਂ, ਇਨ੍ਹਾਂ ਦੇ ਉਤੇ ਜੋ ਅਣੂ ਨੇ - ਅਣੂਆਂ ਦੇ ਵਿਚ ਤਿੰਨ ਚੀਜ਼ਾਂ ਹੋਰ ਨੇ ਇਲੈਕਟ੍ਰਾਨ, ਪ੍ਰੋਟਾਨ, ਨਿਊਟਰਾਨ ਨੇ। This is all manifestation of electricity. ਬੜੀ ਦੇਰ ਇਹ ਖਿਆਲ ਰਿਹਾ। ਉਸ ਤੋਂ ਬਾਅਦ ਫੇਰ ਇਹ ਆਇਆ ਕਿ ਇਸ ਦੇ ਵਿਚ ਤਾਂ energy ਹੈ ਅਤੇ ਐਨਰਜੀ ਦੀ ਹੀ manifestation ਹੈ ਇਹ ਸਾਰਾ ਸੰਸਾਰ। ਉਸ ਤੋਂ ਬਾਅਦ ਇਨ੍ਹਾਂ ਨੂੰ ਸਮਝ ਕੁਝ ਨਾ ਆਇਆ, ਅਖੀਰ ਇਥੇ ਆ ਗਏ ਕਿ ਐਨਰਜੀ ਜਿਹੜੀ ਹੈ ਇਸਨੂੰ ਕੋਈ ਵੱਡਾ ਧਮਾਕਾ ਹੋਇਆ ਹੈ ਜਿਸ ਨਾਲ ਐਨਰਜੀ ਨੂੰ ਫੋਰਸ ਮਿਲੀ ਹੈ ਤੇ ਫੇਰ ਇਹ action (ਹਰਕਤ) ਵਿਚ ਆ ਗਈ ਤੇ ਉਸ ਤੋਂ ਇਹ ਸੰਸਾਰ ਬਣ ਗਿਆ। ਖੋਜ ਇਨ੍ਹਾਂ ਦੀ ਅਜੇ ਵੀ ਜਾਰੀ ਹੈ ਪਤਾ ਲਗਦਾ ਨਹੀਂ ਹੈ। ਬੜੀ ਵਾਰੀ ਆਇਆ ਹੈ ਰੂਹਾਨੀ ਜਗਤ ਦੇ ਅੰਦਰ ਕਿ ਹੁਣ ਇਹ ਰੱਬ ਦੇ ਨੇੜੇ ਪਹੁੰਚ ਗਏ, ਪਹੁੰਚ ਤਾਂ ਗਏ ਕਿਉਂਕਿ ਪ੍ਰਾਕ੍ਰਿਤੀ ਦੀ ਆਖਰੀ ਹੱਦ ਤੇ ਪਹੁੰਚਣ ਵਾਲੇ ਨੇ ਅਜੇ ਇਨ੍ਹਾਂ ਨੂੰ ਇਹ ਨਹੀਂ ਪਤਾ ਕਿ ਪਾਣੀ ਕਿਥੋਂ ਬਣ ਗਿਆ, ਆਕਾਸ਼ ਕਿੱਥੋਂ ਬਣ ਗਿਆ ਤੇ ਹਵਾ ਕਿੱਥੋਂ ਬਣ ਗਈ। ਇਹ ਜਿਹੜੇ ਭਗਤੀ ਕਰਨ ਵਾਲੇ ਨੇ ਉਹ ਉਥੋਂ ਸ਼ੁਰੂ ਕਰਦੇ ਨੇ ਜਿੱਥੇ ਸਾਇੰਸ ਖਤਮ ਹੋ ਜਾਂਦੀ ਹੈ, ਉਸ ਤੋਂ ਅੱਗੇ ਉਨ੍ਹਾਂ ਦਾ ਸਫਰ ਹੈ। ਸੋ ਉਨ੍ਹਾਂ ਨੂੰ ਪਤਾ ਹੈ ਕਿ ਇਹ ਜਿਹੜੀਆਂ ਚੀਜ਼ਾਂ ਨੇ ਇਹ ਹਉਮੈ ਤੱਤ ਤੋਂ ਬਣੀਆਂ ਨੇ ਪੰਜ ਚੀਜ਼ਾਂ ਸ਼ਬਦ, ਸਪਰਸ, ਰੂਪ, ਰਸ, ਗੰਧ; ਇਨ੍ਹਾਂ ਨੂੰ ਸੂਖਮ ਭੂਤ ਕਹਿੰਦੇ ਨੇ। ਇਨ੍ਹਾਂ ਤੋਂ ਫੇਰ ਸਥੂਲ ਭੂਤ ਜਿਹੜੇ ਮਿੱਟੀ ਆਦਿ ਬਣੀ ਹੈ ਇਹ ਉਸ ਤੋਂ ਹੀ ਬਣੀ ਹੈ।

ਹਉਮੈ ਨੂੰ ਹੰਕਾਰ ਕਹਿੰਦੇ ਨੇ, ਅਭਿਮਾਨ ਕਹਿੰਦੇ ਨੇ। ਇਹ ਪ੍ਰਮੇਸ਼ਰ ਨੇ ਪੈਦਾ ਕਰ ਦਿਤਾ -

*ਦੁਯੀ ਕੁਦਰਤਿ ਸਾਜੀਐ*
*ਕਰਿ ਆਸਣੁ ਡਿਠੋ ਚਾਉ ॥ ਅੰਗ - ੪੬੩*

ਸੋ ਇਸ ਤੋਂ ਪਹਿਲਾਂ ਜਿਹੜਾ ਹੈ ਪਸਾਰਾ ਇਹ ਸਾਰਾ ਪਸਾਰਾ ਸ਼ਬਦ ਤੋਂ ਹੋਇਆ ਹੈ। ਸ਼ਬਦ ਪ੍ਰਮੇਸ਼ਰ ਦੇ ਨਾਲ ਹੈ। ਦੂਜੇ ਧਰਮ ਇਹ ਕਹਿੰਦੇ ਨੇ ਕਿ before the creation of universe there was logas that was with in God. ਉਹ ਰੱਬ ਦੇ ਅੰਦਰ ਹੀ ਸੀ। ਇਥੇ ਦ੍ਵੈਤ ਪੈਦਾ ਹੁੰਦੀ ਹੈ ਕਿ ਇਕ ਸ਼ਬਦ ਹੈ, ਇਕ ਰੱਬ ਹੈ। ਮਹਾਰਾਜ ਜੀ ਕਹਿੰਦੇ, ਕੋਈ ਨਹੀਂ ਸੀ ਉਹ ਆਪ ਹੀ ਸ਼ਬਦ ਰੂਪ ਹੈ, ਆਪ ਹੀ ਏਕੰਕਾਰ ਹੈ, ਆਪ ਹੀ ਨਿਰੰਕਾਰ ਹੈ -

*ਸਰਗੁਨ ਨਿਰਗੁਨ ਨਿਰੰਕਾਰ*
*ਸੁੰਨ ਸਮਾਧੀ ਆਪਿ ॥*
*ਆਪਨ ਕੀਆ ਨਾਨਕਾ*
*ਆਪੇ ਹੀ ਫਿਰਿ ਜਾਪਿ ॥ ਅੰਗ - ੨੯੦*

ਆਪ ਨੇ ਹੀ ਆਪਣੇ ਆਪ ਤੋਂ ਬਣਾ ਦਿੱਤਾ, ਆਪੇ ਹੀ ਦੇਖਦਾ ਹੈ। ਇਥੇ ਫਰਕ ਪੈ ਜਾਂਦਾ ਹੈ, ਸਿਆਣਾ ਬੰਦਾ ਕਹਿੰਦਾ ਹੈ ਕਿ ਕਈ ਚੀਜ਼ਾਂ ਨੇ ਜਿਹੜੀਆਂ ਆਪਣੇ ਆਪ ਤੋਂ ਆਪ ਰਚ ਲੈਂਦੀਆਂ ਨੇ, ਜਿਵੇਂ ਮੱਕੜੀ ਹੈ, ਜਾਲਾ ਆਪਣੇ ਵਿਚੋਂ ਤਣਦੀ ਹੈ, ਕਿਤੋਂ ਬਾਹਰੋਂ ਨਹੀਂ ਲਿਆਉਂਦੀ। ਜਾਲਾ ਤਣਨ ਤੋਂ ਬਾਅਦ ਇਕ ਪਾਸੇ ਬੈਠ ਕੇ, ਇਕ ਲਾਈਨ ਤੇ ਬੈਠ ਕੇ ਦੇਖਣ ਲਗ ਜਾਂਦੀ ਹੈ, ਉਹ ਆਪ ਜਾਲੇ ਵਿਚ ਨਹੀਂ ਫਸਦੀ ਜੇ ਕੋਈ ਹੋਰ ਚੀਜ਼ ਆ ਕੇ ਲੱਗੇਗੀ ਉਹ ਫਸ ਜਾਏਗੀ। ਇਸ ਤਰ੍ਹਾਂ ਦਾ ਖਿਆਲ ਪੈਦਾ ਹੋ ਜਾਂਦਾ ਹੈ ਜਦੋਂ ਅਸੀਂ ਕਹਿੰਦੇ ਹਾਂ ਕਿ ਵਾਹਿਗੁਰੂ ਵੱਖਰਾ ਹੋ ਕੇ ਦੇਖ ਰਿਹਾ ਹੈ-

*ਕਰਿ ਆਸਣੁ ਡਿਠੋ ਚਾਉ ॥ ਅੰਗ - ੪੬੩*

ਜਿਵੇਂ ਮੱਕੜੀ ਬਾਹਰ ਬੈਠ ਕੇ ਦੇਖਦੀ ਹੈ ਐਉਂ ਆਪਣੀ ਦੁਨੀਆਂ ਨੂੰ ਦੇਖ ਰਿਹਾ ਹੈ। ਮਹਾਰਾਜ ਜੀ ਕਹਿੰਦੇ ਐਉਂ ਨਹੀਂ ਹੈ - ਉਹ ਪੁਰਖ ਹੈ। ਪੁਰਖ ਕਹਿੰਦੇ ਨੇ ਜਿਹੜਾ ਘਟ-ਘਟ ਦੇ ਵਿਚ ਸਮਾਇਆ ਹੋਇਆ ਹੋਵੇ, ਬਣਾਉਣ ਤੋਂ ਬਾਅਦ ਉਹ ਲਾਂਭੇ ਨਹੀਂ ਹੋਇਆ ਸਗੋਂ ਸਾਡੇ ਸਰੀਰ ਦੇ ਕਣ-ਕਣ ਦੇ ਵਿਚ ਸਮਾਇਆ ਪਿਆ ਹੈ -

*ਕਾਇਆ ਨਗਰੁ ਨਗਰ ਗੜ ਅੰਦਰਿ ॥*
*ਸਾਚਾ ਵਾਸਾ ਪੁਰਿ ਗਗਨੰਦਰਿ ॥*
*ਅਸਥਿਰੁ ਥਾਨੁ ਸਦਾ ਨਿਰਮਾਇਲੁ*
*ਆਪੇ ਆਪੁ ਉਪਾਇਦਾ ॥ ਅੰਗ - ੧੦੩੩*

ਸੋ ਇਹ ਜਿਹੜਾ ਸ਼ਬਦ ਹੈ ਉਹ ਪ੍ਰਮੇਸ਼ਰ ਆਪ ਹੀ ਸ਼ਬਦ ਰੂਪ ਹੈ। ਪਹਿਲਾਂ ਮਹਾਰਾਜ ਜੀ ਨੇ 'ਏਕਾ' (੧) ਏਕੰਕਾਰ (ੴ) ਦਾ ਉਚਾਰਣ ਕਰਿਆ। ਦੂਜਾ ਫੇਰ 'ਓਅੰਕਾਰ' ਦੋਹਾਂ ਨੂੰ ਇਕੱਠਾ ਕਰ ਦਿਤਾ ਕਿ ਰੌਲਾ ਨਾ ਪੈ ਜਾਵੇ। ਜੇ 'ਏਕੰਕਾਰ' 'ਓਅੰਕਾਰ' ਕਹਿੰਦੇ ਨੇ ਫੇਰ ਦੋ ਬਣ ਜਾਂਦੇ ਨੇ। ਮਹਾਰਾਜ ਜੀ ਕਹਿੰਦੇ ਨਹੀਂ ੴ ਆਪੇ ਹੀ ਹੈ ਉਹ। ਉਸੇ ਦੀ ਕ੍ਰਿਤ ਹੈ ਉਹ। ਉਸ

ਸ਼ਬਦ ਤੋਂ ਜਦੋਂ ਧੁਨ ਚੱਲੀ ਤਾਂ ਉਸ ਧੁਨ ਤੋਂ ਸਾਰਾ ਸੰਸਾਰ ਬਣਿਆ ਨਾਲ ਹੀ ਉਹ ਅਸਲੀ ਰੂਪ ਵੀ ਉਸ ਨੇ ਆਪਣਾ ਬਰਕਰਾਰ ਰੱਖਿਆ। ਮਹਾਂਪੁਰਸ਼ਾਂ ਦੇ ਅਨੁਭਵ ਵਿਚ pure ਹੋ ਕੇ ਉਤਰਦਾ ਰਿਹਾ - ਬੋਲੀ ਦੇ ਰੂਪ ਵਿਚ, ਖਿਆਲਾਂ ਦੇ ਰੂਪ ਵਿਚ, ਫਿਲੋਸਫੀ ਦੇ ਰੂਪ ਵਿਚ। ਉਸ ਸ਼ਬਦ ਤੋਂ ਹੀ ਵੇਦ ਬਣੇ, ਉਸ ਸ਼ਬਦ ਤੋਂ ਹੀ ਸਾਰੇ ਮਹਾਂਪੁਰਸ਼ਾਂ ਦੇ, ਜਿੰਨੇ ਤੱਤ ਬੇਤੇ ਮਹਾਂਪੁਰਸ਼ ਨੇ, ਸਾਰਿਆਂ ਤੋਂ ਸ਼ਬਦ ਬਾਹਰ ਦੀ ਬੋਲੀਆਂ ਦੇ ਰੂਪ ਵਿਚ ਪ੍ਰਗਟ ਹੋਇਆ ਹੈ। ਸੋ ਗੁਰੂ ਗ੍ਰੰਥ ਸਾਹਿਬ ਜੀ ਸ਼ੁੱਧ ਸ਼ਬਦ ਨੇ। ਜੋ ਸ਼ਬਦ ਦਾ ਸਭ ਤੋਂ ਸ਼ੁੱਧ ਰੂਪ ਹੋ ਸਕਦਾ ਹੈ ਉਹ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਹੈ ਕਿਉਂਕਿ ਮਹਾਰਾਜ ਜੀ ਨੇ ਕਿਹਾ ਕਿ ਮੈਂ ਨਹੀਂ ਇਸਦੇ ਵਿਚ ਕੁਝ ਰਲਾ ਰਿਹਾ ਮਤਾ ਖਿਆਲ ਕਰਿਓ। ਅਸੀਂ ਗਲਤੀ ਨਾਲ ਕਹਿ ਦਿੰਦੇ ਹਾਂ ਕਿ ਗੁਰੂ ਪੰਜਵੇਂ ਪਾਤਸ਼ਾਹ ਨੇ ਐਉਂ ਕਿਹਾ ਹੈ। ਮਹਾਰਾਜ ਜੀ ਕਹਿੰਦੇ ਮੈਂ ਕਿਹਾ ਹੀ ਨਹੀਂ -

*ਹਉ ਆਪਹੁ ਬੋਲਿ ਨ ਜਾਣਦਾ*
*ਮੈ ਕਹਿਆ ਸਭੁ ਹੁਕਮਾਉ ਜੀਉ ॥*

*ਅੰਗ - ੭੬੩*

ਮੈਂ ਤਾਂ ਬੋਲਦਾ ਹੀ ਨਹੀਂ -

*ਜੈਸੀ ਮੈ ਆਵੈ ਖਸਮ ਕੀ ਬਾਣੀ*
*ਤੈਸੜਾ ਕਰੀ ਗਿਆਨੁ ਵੇ ਲਾਲੋ ॥*

*ਅੰਗ - ੭੨੨*

ਇਹ ਸ਼ਬਦ ਮਹਾਂਪੁਰਸ਼ਾਂ ਦੇ ਅਨੁਭਵ ਵਿਚੋਂ ਹੋ ਕੇ ਆਇਆ ਹੋਇਆ ਹੈ। ਉਸ ਤੋਂ ਬਾਅਦ ਸਾਡੇ ਕੋਲ ਇਹ ਕਲਾ ਸੀ ਕਿ ਅਸੀਂ ਅੱਖਰਾਂ ਦੇ ਵਿਚ ਉਸ ਦਾ ਰੂਪ ਬਣਾ ਲਿਆ ਪਰ ਉਹ ਅੱਖਰ ਹੋਰ ਨੇ ਜਿਹੜਾ ਇਸ ਦੇ ਅੰਦਰ ਜੀਉਂਦਾ-ਜਾਗਦਾ ਅਨੁਭਵ ਹੈ ਉਹ ਹੋਰ ਹੈ। ਸੋ ਉਹ ਜਿਹੜੀ ਗੁਰੂ ਦੀ ਮੂਰਤ ਹੈ ਇਸਨੂੰ ਸਮਝਣਾ ਬਹੁਤ ਔਖਾ ਹੈ। ਮਹਾਰਾਜ ਕਹਿੰਦੇ ਪਹਿਲਾਂ ਤਾਂ ਤੁਹਾਡੀ ਬਾਹਰ ਬਿਰਤੀ ਹੋਣ ਕਰਕੇ ਤੁਹਾਨੂੰ ਠੋਸ ਚੀਜ਼ ਨਾਲ ਲੱਗ ਕੇ ਸੂਖਸ਼ਮ ਵੱਲ ਨੂੰ ਵਧਣਾ ਪੈਣਾ ਹੈ। ਜੇ ਪਹਿਲਾਂ ਹੀ ਕਹਿ ਦਿਓ ਕਿ ਗੁਰ ਸ਼ਬਦ ਦਾ ਧਿਆਨ ਧਰ, ਧਿਆਨ ਆਉਂਦਾ ਹੀ ਨਹੀਂ। ਬਹੁਤ ਆਦਮੀ ਮੈਂ ਦੇਖੇ ਨੇ, 'ਵਾਹਿਗੁਰੂ' ਅੱਖਰਾਂ ਦਾ ਧਿਆਨ ਕਰਦੇ ਨੇ। ਜੀਉਂਦੇ ਦਾ ਜੋ ਧਿਆਨ ਹੈ ਦੁਸ਼ਮਣ ਦਾ ਧਿਆਨ ਆ ਜਾਵੇ ਤਾਂ ਹਿਲਜੁਲ ਪੈਦਾ ਕਰ ਦੇਏਗਾ ਅੰਦਰ ਖਿਆਲ ਆਉਣ ਲੱਗ ਜਾਣਗੇ ਫੁਰਨੇ ਆਉਣਗੇ, ਕਿਸੇ ਮਹਾਂਪੁਰਸ਼ ਦਾ ਧਿਆਨ ਆ ਜਾਵੇ ਤਾਂ ਸ਼ਾਂਤੀ ਆ ਜਾਂਦੀ ਹੈ। ਸੋ ਮਹਾਰਾਜ ਜੀ ਕਹਿੰਦੇ -

*ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥*

*ਅੰਗ - ੮੬੪*

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਨੇ ਇਕ ਸਿਧਾਂਤ ਦਿਤਾ ਹੈ, ਵਿਚਾਰ ਕੇ ਪੜ੍ਹਿਆ ਕਰੋ ਇਸ ਸ਼ਬਦ ਨੂੰ ਬਹੁਤ ਗਹਿਰਾ ਸਿਧਾਂਤ ਹੈ ਜਿਥੇ ਅਸੀਂ ਪਹੁੰਚਣਾ ਹੈ, ਜਿਸ ਸ਼ਬਦ ਤੱਕ ਅਸੀਂ ਪਹੁੰਚਣਾ ਹੈ ਉਸ ਸ਼ਬਦ ਨੂੰ ਜਾਨਣ ਦਾ ਯਤਨ ਕਰੋ, ਹਰੇਕ ਦੇ ਅੰਦਰ ਹੈ ਉਹ ਸ਼ਬਦ, ਜੋ ਲਗਾਤਾਰ ਹੋਵੇ ਉਸੇ ਨੂੰ ਮਹਾਰਾਜ ਨਾਮ ਕਹਿੰਦੇ ਨੇ-

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ॥*

*ਅੰਗ - ੨੯੩*

ਹੌਲੀ-ਹੌਲੀ ਸੰਗਤ ਕਰਦੇ ਰਹੋ, ਧੇਅ ਸਾਫ ਕਰੋ ਕਿ ਇਸੇ ਜਨਮ ਵਿਚ ਮਿਲਣਾ ਹੈ ਪ੍ਰਮੇਸ਼ਰ ਨੂੰ। ਪਤਾ ਨਹੀਂ ਅਗਲਾ ਜਨਮ ਕਿਹੋ ਜਿਹਾ ਮਿਲੇ, ਕਿੱਥੇ ਜਾਈਏ, ਕਿਹੋ ਜਿਹੀ ਦੁਨੀਆਂ ਹੋਵੇ, ਕਿੰਨੀ ਉਡੀਕ ਕਰਨੀ ਪਵੇ, ਕਿੰਨੇ ਜੁਗ ਰੁਕਣਾ ਪਵੇ। ਸੋ ਮਹਾਰਾਜ ਜੀ ਕਹਿੰਦੇ ਚੰਗਾ ਇਹ ਹੈ ਕਿ ਜਿਹੜਾ ਕੁਝ ਕਰਨਾ ਹੈ ਉਹ ਹੁਣੇ ਕਰ ਲੈ ਪਿਆਰਿਆ! ਫੇਰ ਸਮੇਂ ਦਾ ਨਹੀਂ ਪਤਾ ਹੁੰਦਾ।

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹਿ।

# ਇਛਾ ਪੂਰਕੁ ਸਰਬ ਸੁਖਦਾਤਾ

ਸਾਧਸੰਗਤ ਜੀ!

ਵਾਹਿਗੁਰੂ ਜੀ ਕਾ ਖਾਲਸਾ

ਵਾਹਿਗੁਰੂ ਜੀ ਕੀ ਫਤਹਿ।

ਅੰਮ੍ਰਿਤ ਵੇਲੇ ਤੋਂ ਆਪ ਏਸ ਕਲਜੁਗ ਦੇ ਸਮੇਂ ਦੇ ਅੰਦਰ ਗੁਰੂ ਮਹਾਰਾਜ ਜੀ ਦੀ ਅਪਾਰ ਕ੍ਰਿਪਾ ਤੇ ਬਖਸ਼ਿਸ਼ ਦੇ ਸਦਕੇ ਹਰੀ ਜਸ ਸਰਵਣ ਕਰ ਰਹੇ ਹੋ, ਬਾਣੀ ਦੀ ਵਿਚਾਰ ਕਰ ਰਹੇ ਹੋ। ਜੇ ਗੁਰੂ ਮਹਾਰਾਜ ਜੀ ਦੀ ਕ੍ਰਿਪਾ ਹੋਵੇ ਤਾਂ ਸਤਿਸੰਗ ਦੀ ਪ੍ਰਾਪਤੀ ਹੋਇਆ ਕਰਦੀ ਹੈ। ਗੁਰੂ ਮਹਾਰਾਜ ਜੀ ਨੇ ਜੋ ਬਚਨ ਦਿਤਾ ਹੈ, ਹੁਕਮਨਾਮਾ ਬਖਸ਼ਿਆ ਹੈ ਇਸ ਵਿਚ ਆਪ ਜੀ ਫੁਰਮਾਨ ਕਰਦੇ ਨੇ ਕਿ ਸੰਸਾਰ ਦੇ ਅੰਦਰ ਜੋ ਵੀ ਪ੍ਰਾਣੀ ਹੈ ਉਸਨੂੰ ਕੋਈ ਨਾ ਕੋਈ ਇੱਛਾ ਬਣੀ ਰਹਿੰਦੀ ਹੈ, ਸੰਸਾਰ ਵਾਸਤੇ, ਸੰਸਾਰ ਦੀਆਂ ਪ੍ਰਾਪਤੀਆਂ ਕਰਨ ਵਾਸਤੇ, ਕੋਈ ਬਿਮਾਰ ਹੈ ਤਾਂ ਬਿਮਾਰੀਆਂ ਦੂਰ ਕਰਨ ਵਾਸਤੇ, ਕਿਸੇ ਕੋਲ ਧਨ ਨਹੀਂ ਹੈ ਤਾਂ ਧਨ ਦੀ ਪ੍ਰਾਪਤੀ ਵਾਸਤੇ ਅਨੇਕਾਂ ਇਛਾਵਾਂ ਕਰਦਾ ਹੈ, ਕੋਈ ਦੇਹ ਦੀ ਤੰਦਰੁਸਤੀ ਵਾਸਤੇ ਇਛਿਆ ਕਰਦਾ ਹੈ, ਕੋਈ ਬੱਚਿਆਂ ਲਈ ਇੱਛਾ ਕਰਦਾ ਹੈ, ਕੋਈ ਕਾਰਜ ਦੀ ਸਿੱਧਤਾ ਵਾਸਤੇ ਇਛਿਆ ਕਰਦਾ ਹੈ, ਕਿਸੇ ਨੂੰ ਕੋਈ ਵਾਸ਼ਨਾ ਹੈ ਕਿਸੇ ਨੂੰ ਕੋਈ ਵਾਸ਼ਨਾ ਹੈ, ਵਾਸ਼ਨਾਵਾਂ ਦਾ ਕੋਈ ਅੰਤ ਨਹੀਂ ਹੋਇਆ ਕਰਦਾ ਤੇ ਉਸ ਦੀ ਪੂਰਤੀ ਵਾਸਤੇ ਬੇਅੰਤ ਯਤਨ ਕਰਦਾ ਹੈ, ਦੇਸਾਂ-ਪ੍ਰਦੇਸਾਂ ਵਿਚ ਜਾਂਦਾ ਹੈ, ਗਲਤ ਕੰਮ ਕਰਦਾ ਹੈ, ਸਿਰ ਦੇ ਉਤੇ ਪਾਪਾਂ ਦੀਆਂ ਪੰਡਾਂ ਬੰਨ੍ਹਦਾ ਹੈ ਕਿ ਮੇਰਾ ਇਹ ਕਾਰਜ ਸਿੱਧ ਹੋ ਜਾਵੇ, ਆਹ ਚੀਜ਼ ਮੇਰੇ ਹੱਥ ਆ ਜਾਵੇ ਤੇ ਉਸ ਦੇ ਵਾਸਤੇ ਦਿਨ-ਰਾਤ ਖਪਦਾ ਫਿਰਦਾ ਹੈ। ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ ਪਿਆਰਿਆ! ਤੈਨੂੰ ਅਸੀਂ ਸਾਰੀਆਂ ਚੀਜ਼ਾਂ ਦਾ ਇਕੋ ਮੰਤਰ ਦਸਦੇ ਹਾਂ ਕਿ ਤੂੰ-

*ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ ॥*

*ਅੰਗ - ੬੭੦*

ਤੂੰ ਪ੍ਰਮੇਸ਼ਰ ਦਾ ਭਜਨ ਕਰ ਕਿਉਂਕਿ ਜਦੋਂ ਤੂੰ ਪ੍ਰਮੇਸ਼ਰ ਦਾ ਭਜਨ ਕਰੇਂਗਾ ਤੇ ਤੇਰੇ ਅੰਦਰ ਕੋਈ ਵਾਸ਼ਨਾ ਉਠੇਗੀ ਤਾਂ ਉਸ ਨੇ ਪੂਰੀ ਕਰ ਦੇਣੀ ਹੈ ਕਿਉਂਕਿ ਉਸ ਦੇ ਘਰ ਵਿਚ ਸਭ ਕੁਝ ਹੈ -

*ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ ॥*

*ਅੰਗ - ੯੧੭*

ਸੋ ਇਛਾਵਾਂ ਪੂਰੀਆਂ ਕਰਨ ਵਾਲਾ ਤੇ ਸਾਰੇ ਹੀ ਸੁੱਖਾਂ ਦਾ ਦਾਤਾ ਵਾਹਿਗੁਰੂ -

*ਇਛਾ ਪੂਰਕੁ ਸਰਬ ਸੁਖਦਾਤਾ*
*ਹਰਿ ਜਾ ਕੈ ਵਸਿ ਹੈ ਕਾਮਧੇਨਾ ॥*

ਕਾਮਧੇਨ ਇਕ ਗਊ ਹੈ, ਪਾਰਜਾਤ ਇਕ ਦਰਖਤ ਹੈ, ਚਿੰਤਾਮਣ ਇਕ ਵੱਟੀ ਹੈ ਇਨ੍ਹਾਂ ਤਿੰਨਾਂ ਦੇ ਬਾਰੇ ਇਹ ਖਿਆਲ ਹੈ ਕਿ ਇੰਦਰਲੋਕ ਦੇ ਵਿਚ ਨੇ ਇਹ, ਉਥੇ ਕੋਈ ਵੀ ਇੱਛਾ ਹੋਵੇ ਉਸੇ ਵੇਲੇ ਪੂਰੀ ਹੋ ਜਾਂਦੀ ਹੈ। ਕਿਸੇ ਦੇ ਮਨ ਵਿਚ ਜੇ ਇਹ ਆਵੇ ਕਿ ਮੈਂ ਇਹ ਚੀਜ਼ਾਂ ਖਾਣੀਆਂ ਨੇ ਤਾਂ ਇੱਛਾ ਕਰਦੀ ਸਾਰ ਸਾਮ੍ਹਣੇ ਇਹ ਚੀਜ਼ਾਂ ਆ ਜਾਂਦੀਆਂ ਹਨ। ਉਹ ਮੰਡਲ ਹੈ ਪਾਰਜਾਤ ਬ੍ਰਿਖ ਦਾ ਤੇ ਕਾਮਧੇਨ ਗਊ ਦਾ ਅਤੇ ਚਿੰਤਾਮਨ ਵੱਟੀ ਦਾ, ਇਹ ਹੀਰਾ ਹੈ ਕੋਈ। ਉਥੇ ਸਾਰੀਆਂ ਚੀਜ਼ਾਂ ਮਿਲ ਜਾਂਦੀਆਂ ਨੇ, ਕੋਈ ਵੀ ਚੀਜ਼ ਚਿਤਵੋ ਉਸੇ ਵੇਲੇ ਹਾਜ਼ਰ ਹੋ ਜਾਂਦੀ ਹੈ। ਬਹੁਤ ਖੋਜ ਇਸ ਉਤੇ ਹੋਈ ਹੈ what after death? (ਮੌਤ ਤੋਂ ਪਿਛੋਂ ਕੀ?) ਇੰਗਲੈਂਡ ਦੇ ਅੰਦਰ ਇਕ ਕਿਤਾਬ ਮਿਲਦੀ ਹੈ। ਉਸ ਦੇ ਵਿਚ ਇਕ ਰੂਹ ਨਾਲ ਉਹ ਮੁਲਾਕਾਤ ਕਰ ਰਹੇ ਨੇ। ਉਨ੍ਹਾਂ ਨੇ ਉਸ ਨੂੰ ਪੁੱਛਿਆ ਕਿ ਕਿਸ ਤਰ੍ਹਾਂ ਨਾਲ ਹੋਇਆ।

ਉਹ ਕਹਿੰਦੀ, (ਰੂਹ) ਇਥੇ ਤਾਂ ਵਤੀਰਾ ਹੀ ਹੋਰ ਹੈ, ਨਾ ਖਾਣ ਦੀ ਲੋੜ ਹੈ, ਨਾ ਆਰਾਮ ਕਰਨ ਦੀ ਲੋੜ ਹੈ, ਨੀਂਦ ਇੱਥੇ ਹੁੰਦੀ ਹੀ ਨਹੀਂ, ਥਕਦਾ ਨਹੀਂ ਇਥੇ ਕੋਈ, ਇੱਥੇ ਰਾਤ ਨਹੀਂ ਆਉਂਦੀ, ਸਦਾ ਹੀ ਦਿਨ ਰਹਿੰਦਾ ਹੈ।

ਉਨ੍ਹਾਂ ਨੇ ਪੁੱਛਿਆ, "ਫੇਰ ਤੁਹਾਡਾ ਗੁਜ਼ਾਰਾ ਕਿਵੇਂ ਚਲਦਾ ਹੈ? ਖਾਣ ਪੀਣ ਦਾ ਕੀ ਪ੍ਰਬੰਧ ਹੈ? ਹੋਰ ਜ਼ਿੰਦਗੀ ਇੱਥੇ ਕਿਵੇਂ ਜੀਉਂਦੇ ਨੇ?

ਉਹ (ਰੂਹ) ਕਹਿਣ ਲੱਗੀ, "ਪਹਿਲਾਂ-ਪਹਿਲਾਂ ਤਾਂ ਅਸੀਂ ਇਸ ਤਰ੍ਹਾਂ ਕਰਦੇ ਸੀ ਸਾਨੂੰ ਭੁੱਖ ਵੀ ਲਗਦੀ ਸੀ, ਕੁਝ ਖਾਣ-ਪੀਣ ਨੂੰ ਵੀ ਜੀਅ ਕਰਦਾ ਸੀ, ਸੋਹਣੇ ਪਲੰਘਾਂ ਤੇ ਪੈਣ ਨੂੰ ਵੀ ਦਿਲ ਕਰਦਾ ਸੀ ਪਰ ਸਾਨੂੰ ਸਿਖਲਾਈ ਦਿਤੀ ਗਈ ਕਿ ਇਥੇ ਕੋਈ ਵੀ ਚੀਜ਼ ਨਹੀਂ ਹੈ, ਤੁਹਾਡਾ ਕੇਵਲ ਖਿਆਲ ਕੰਮ ਕਰਦਾ ਹੈ। ਉਸ ਖਿਆਲ ਦੇ ਹਿਸਾਬ ਨਾਲ ਹੀ ਤੁਹਾਨੂੰ ਭੁੱਖ ਲਗਦੀ ਹੈ ਅਸਲ ਵਿਚ ਭੁੱਖ ਕੋਈ ਚੀਜ਼ ਨਹੀਂ ਹੈ ਇਥੇ। ਤੁਸੀਂ ਜੋ ਕੁਝ ਖਾਂਦੇ ਨਜ਼ਰ ਆਉਂਦੇ ਹੋ ਇਹ ਕੁਝ ਵੀ ਨਹੀਂ ਕੇਵਲ ਇਕ ਖਿਆਲ ਹੈ। ਇਥੇ ਖਿਆਲ ਕਰਦੇ ਸਾਰ

ਹੀ ਚੀਜ਼ ਆ ਜਾਂਦੀ ਹੈ ਕਿਉਂਕਿ ਅਸੀਂ ਐਸੇ ਮੰਡਲ ਵਿਚ ਪ੍ਰਵੇਸ਼ ਕਰ ਗਏ ਇਥੇ ਜਿਸ ਚੀਜ਼ ਦੀ ਵੀ ਤੈਨੂੰ ਇੱਛਾ ਹੁੰਦੀ ਹੈ ਜਿਹੋ ਜਿਹੇ ਮਹੱਲ ਵਿਚ ਰਹਿਣਾ ਚਾਹੁੰਦਾ ਹੈ, ਮਕਾਨ 'ਚ ਰਹਿਣਾ ਚਾਹੁੰਦਾ ਹੈ ਉਸੇ ਵੇਲੇ ਤੇਰੇ ਖਿਆਲ ਕਰਦੇ ਸਾਰ ਹੀ ਪੂਰਾ ਹੋ ਜਾਂਦਾ ਹੈ। ਇਸ ਮੰਡਲ ਵਿਚ ਖਿਆਲ ਨਾਲ ਚੀਜ਼ ਆਉਂਦੀ ਹੈ। ਇਥੇ ਇਸ ਤੋਂ ਅੱਗੇ ਸਾਨੂੰ ਵਿਦਿਆ ਦਿਤੀ ਹੈ ਕਿ ਇਹ ਖਿਆਲ ਵੀ ਨਾ ਕਰੋ ਕਿਉਂਕਿ ਲੋੜ ਨਹੀਂ ਹੈ ਕਿਸੇ ਚੀਜ਼ ਦੀ। ਇਨ੍ਹਾਂ ਵਾਸ਼ਨਾਵਾਂ ਨੂੰ ਦਬਾਓ।

ਸੋ ਉਸ ਥਾਂ ਤੇ ਕਾਮਧੇਨ ਦਾ ਮੰਡਲ, ਪਾਰਜਾਤ ਦਾ ਮੰਡਲ, ਚਿੰਤਾਮਨ ਵੱਟੀ ਜੋ ਹੀਰਾ ਹੈ ਉਸ ਦਾ ਮੰਡਲ ਇੰਦਰ ਲੋਕ ਹੋਣ ਕਰਕੇ ਉਥੇ ਕੇਵਲ ਚਿਤਵਨ ਦੀ ਲੋੜ ਪੈਂਦੀ ਹੈ ਉਸੇ ਵੇਲੇ ਚੀਜ਼ਾਂ ਆ ਜਾਂਦੀਆਂ ਨੇ। ਮਹਾਰਾਜ ਜੀ ਕਹਿੰਦੇ ਇਸੇ ਤਰ੍ਹਾਂ ਜਿਹੜਾ ਵਾਹਿਗੁਰੂ ਦਾ ਨਾਮ ਹੈ, ਫੁਰਨੇ ਦੀ ਲੋੜ ਹੈ ਆਪੇ ਹੀ ਚੀਜ਼ ਆ ਜਾਂਦੀ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਜਦੋਂ ਨਾਮ ਜਪਦੇ ਹਾਂ, ਹੌਲੀ-ਹੌਲੀ ਨਾਮ ਵੱਲ ਨੂੰ ਅਸੀਂ ਪ੍ਰਵੇਸ਼ ਕਰਦੇ ਹਾਂ, ਨਾਮ ਜਪਣਾ ਸਭ ਤੋਂ ਔਖਾ ਹੈ ਦੁਨੀਆਂ ਦੇ ਅੰਦਰ, ਹੋਰ ਸਭ ਕੰਮ ਸੁਖਾਲੇ ਨੇ -

*ਆਖਣਿ ਅਉਖਾ ਸਾਚਾ ਨਾਉ॥ ਅੰਗ - ੯*

ਹੋਰ ਸਾਰੀਆਂ ਚੀਜ਼ਾਂ ਦੁਨੀਆਂ ਦੀਆਂ ਬਹੁਤ ਸੁਖਾਲੀਆਂ ਨੇ ਨਾਮ ਨਹੀਂ ਜਪਿਆ ਜਾਂਦਾ। ਕੋਈ ਵਜ਼ਨ ਨਹੀਂ ਚੁੱਕਣਾ, ਕੋਈ ਬਹੁਤੀ ਮਿਹਨਤ ਨਹੀਂ ਕਰਨੀ ਪੈਂਦੀ ਪਰ ਜਪ ਨਹੀਂ ਹੁੰਦਾ ਕਿਉਂਕਿ ਅੰਦਰੋਂ ਓਸ ਥਾਂ ਤੇ ਸੁਰਤੀ ਨਹੀਂ ਜੁੜਦੀ ਜਿਸ ਥਾਂ ਤੇ ਨਾਮ ਦਾ ਰਸ ਹੈ, ਜਿਸ ਥਾਂ ਦੇ ਉਤੇ ਨਾਮ ਦੀ ਖਿੱਚ ਹੈ। ਇਸ ਕਰਕੇ ਜੋ ਬਾਹਰਲਾ ਨਾਮ ਜਪਦਾ ਹੈ ਤਾਂ ਆਦਮੀ ਨੂੰ ਉਬਾਸੀਆਂ ਆਉਣਗੀਆਂ, ਨੀਂਦ ਆਏਗੀ, ਫੁਰਨੇ ਚੱਲ ਪੈਣਗੇ, ਬੈਠਾ ਰਹੇਗਾ ਚੌਂਕੜੀ ਮਾਰ ਕੇ ਅਖੀਰ ਖੁਸ਼ਕ ਦਾ ਖੁਸ਼ਕ ਉਠ ਜਾਏਗਾ, ਕੋਈ ਰਸ ਨਹੀਂ ਆਉਂਦਾ। ਜਿਸ ਦੇ ਅੰਦਰ ਨਾਮ ਦੀ ਰੌਂ ਚੱਲ ਜਾਵੇ, ਨਾਮ ਦੀ ਕਸ਼ਿਸ਼ ਆ ਜਾਵੇ ਉਹ ਭੁੱਲ ਜਾਇਆ ਕਰਦਾ ਹੈ, ਉਸਨੂੰ ਪਤਾ ਨਹੀਂ ਲਗਦਾ ਕਿ ਕਿੰਨਾ ਸਮਾਂ ਹੋ ਗਿਆ - ਥੋੜ੍ਹਾ ਹੋ ਗਿਆ ਜਾਂ ਬਹੁਤਾ ਹੋ ਗਿਆ, ਉਹ ਤਾਂ ਇਕ ਮਹਾਨ ਰਸ ਦੇ ਵਿਚ ਗੋਤੇ ਲਾ ਰਿਹਾ ਹੁੰਦਾ ਹੈ। ਉਸ ਦੀ ਸੁਰਤ ਲੀਨ ਹੋਈ ਪਈ ਹੁੰਦੀ ਹੈ, ਭਿੱਜੀ ਹੋਈ ਪਈ ਹੁੰਦੀ ਹੈ, ਖੁਸ਼ਕ ਨਹੀਂ ਹੋਇਆ ਕਰਦੀ। ਸੋ ਇੱਥੇ ਪਹੁੰਚਣ ਵਾਸਤੇ ਬੜਾ ਸਮਾਂ ਲਗਦਾ ਹੈ, ਬੜੀ ਮਿਹਨਤ ਕਰਨੀ ਪੈਂਦੀ ਹੈ ਬਹੁਤ ਲਗਨ ਦੀ ਲੋੜ ਹੈ। ਜੇ ਆਦਮੀ ਦੇ ਅੰਦਰ ਇੱਛਾ ਨਾ ਆਵੇ, ਅੰਦਰ ਫੁਰਨਾ ਨਾ ਆਵੇ ਨਾਮ ਜਪਣ ਦਾ, ਇਰਾਦਾ ਦ੍ਰਿੜ੍ਹ ਨਾ ਹੋਵੇ ਫੇਰ ਨਹੀਂ ਨਾਮ ਜਪਿਆ ਜਾਂਦਾ। ਅਸੀਂ ਪੰਜ ਬਾਣੀਆਂ ਦਾ ਪਾਠ ਕਰਦੇ ਹਾਂ ਕਿਉਂਕਿ ਸਾਨੂੰ ਹੁਕਮ ਦੇ ਦਿਤਾ ਕਿ ਇਹ ਬਾਣੀਆਂ ਪੜ੍ਹੋ ਉਹ routine ਬਣ ਜਾਂਦੀ ਹੈ। ਜਿਵੇਂ ਅਖੀਰ ਵਿਚ ਆ ਜਾਂਦਾ ਹੈ ਖੁਸ਼ਕ ਦਾ ਖੁਸ਼ਕ ਫੇਰ ਨਿਕਲ ਆਉਂਦਾ ਹੈ, ਬਾਣੀ ਦੇ ਵਿਚ ਭਿੱਜਦਾ ਨਹੀਂ ਹੈ। ਬਾਣੀ ਦੇ ਅੰਮ੍ਰਿਤ ਦੀ ਸੋਝੀ ਨਾ ਹੋਣ ਕਰਕੇ ਇਸ ਦਾ ਸੰਪਰਕ ਨਹੀਂ ਉਸਦੇ ਨਾਲ ਹੁੰਦਾ। ਸੋ ਉਸੇ ਤਰ੍ਹਾਂ ਖੁਸ਼ਕੀ ਅੰਦਰ ਪਈ ਰਹਿੰਦੀ ਹੈ, ਚਿੱਤ ਨਹੀਂ ਲਗਦਾ, ਨਾ ਬਾਣੀ ਵਿਚ ਟਿਕ ਕੇ ਭਜਨ ਕਰਦਾ ਹੈ ਬੜੀ ਮੁਸ਼ਕਲ ਬਾਤ ਹੈ।

ਪੰਜ ਬਾਣੀਆਂ ਪੜ੍ਹ ਲਈਆਂ, ਸੁਖਮਨੀ ਸਾਹਿਬ ਪੜ੍ਹ ਲਿਆ ਥੋੜ੍ਹੀ ਦੇਰ ਬਾਅਦ ਪੁੱਛੋ ਕਿ ਅੱਜ ਤੁਸੀਂ ਕਿਸ ਨੁਕਤੇ ਤੇ ਠਹਿਰੇ, ਕਿਸ ਨੁਕਤੇ ਦੀ ਵਿਚਾਰ ਤੁਹਾਡੇ ਅੰਦਰ ਚੱਲ ਰਹੀ ਹੈ। ਉਸ ਦਾ ਕੋਈ ਪਤਾ ਨਹੀਂ ਕਿ ਕੀ ਆਇਆ ਉਸ ਥਾਂ ਦੇ ਉਤੇ। ਜੇ ਬਾਣੀ ਦੇ ਅੰਦਰ ਸੁਰਤੁ ਫਸ ਜਾਵੇ, ਬਹੁਤ ਵਾਰੀ ਐਸਾ ਹੁੰਦਾ ਹੈ ਕਿ '੧ਓ' ਤੋਂ ਅੱਗੇ ਹੀ ਨਹੀਂ ਲੰਘ ਸਕਦਾ, 'ਸਤਿਨਾਮੁ' ਕਹਿ ਹੀ ਨਹੀਂ ਹੁੰਦਾ, 'ਕਰਤਾ ਪੁਰਖੁ' ਤੱਕ ਜਾ ਹੀ ਨਹੀਂ ਸਕਦਾ। '੧ਓ' ਦਾ ਹੀ ਪਸਾਰਾ ਹੋ ਜਾਂਦਾ ਹੈ, ਉਸ ਦੇ ਵਿੱਚ ਹੀ ਲੀਨ ਹੋ ਜਾਂਦਾ ਹੈ। 'ਸੁਖਮਨੀ ਸਾਹਿਬ' ਪੜ੍ਹਦਾ ਹੈ ਜਦੋਂ ਇਹੋ ਜਿਹੇ ਬਚਨ ਆਉਂਦੇ ਨੇ -

*ਪਾਰਬ੍ਰਹਮ ਕੇ ਸਗਲੇ ਠਾਉ ॥*
*ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ ॥*
*ਆਪੇ ਕਰਨ ਕਰਾਵਨ ਜੋਗੁ ॥*
*ਪ੍ਰਭ ਭਾਵੈ ਸੋਈ ਫੁਨਿ ਹੋਗੁ ॥*
*ਪਸਰਿਓ ਆਪਿ ਹੋਇ ਅਨਤ ਤਰੰਗ ॥*
*ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ ॥*
*ਜੈਸੀ ਮਤਿ ਦੇਇ ਤੈਸਾ ਪਰਗਾਸ ॥*
*ਪਾਰਬ੍ਰਹਮੁ ਕਰਤਾ ਅਬਿਨਾਸ ॥*
*ਸਦਾ ਸਦਾ ਸਦਾ ਦਇਆਲ ॥*
*ਸਿਮਰਿ ਸਿਮਰਿ ਨਾਨਕ ਭਏ ਨਿਹਾਲ ॥*

*ਅੰਗ - ੨੭੫*

ਇਸ ਸ਼ਬਦ ਵਿਚੋਂ ਨਿਕਲਿਆ ਹੀ ਨਹੀਂ ਜਾਂਦਾ ਕਿਉਂਕਿ ਪਸਾਰਾ ਹੀ ਐਨਾ ਜ਼ਬਰਦਸਤ ਹੋ ਗਿਆ, ਸ਼ੰਕੇ ਸਾਰੇ ਨਵਿਰਤ ਹੋ ਗਏ, ਇੱਕ-ਇੱਕ ਗੱਲ ਦੀ ਵਿਚਾਰ ਚੱਲ ਪਈ, ਉਸ ਦੇ ਅੱਗੇ ਸਵਾਲ ਹੋਣੇ ਸ਼ੁਰੂ ਹੋ ਗਏ, ਅੰਦਰੋਂ ਹੀ ਜਵਾਬ ਆਉਣੇ ਸ਼ੁਰੂ ਹੋ ਗਏ। ਸੋ ਇਹ ਬਾਣੀ ਪੜ੍ਹਨ ਦਾ ਸਹੀ ਤਰੀਕਾ ਹੋਇਆ ਕਰਦਾ ਹੈ ਕਿ ਅੰਦਰ ਵਿਚਾਰ ਚਲਦੀ ਹੈ, ਭਾਵ ਦੇ ਵਿਚ ਲੀਨ ਹੋ ਜਾਂਦਾ ਹੈ। ਸੋ ਬਾਕੀ ਜੋ ਹੈ ਉਹ ਖੁਸ਼ਕੀ ਦੇ ਨਾਲ ਹੁੰਦਾ ਹੈ। ਸੋ ਇਹ ਬੜੀ ਔਖੀ ਗੱਲ ਹੈ ਕਿਉਂਕਿ ਪਹਿਲਾਂ ਅਲੂਣੀ ਸਿੱਲ ਚੱਟਣੀ ਪੈਂਦੀ ਹੈ।

ਇਸੇ ਤਰ੍ਹਾਂ ਕੀਰਤਨ ਹੈ। ਕੀਰਤਨ ਦੇ ਵਿਚ

ਜੇ ਕੀਰਤਨ ਕਰਦੇ-ਕਰਦੇ ਪ੍ਰਮੇਸ਼ਰ ਦਾ ਅਨੁਭਵ ਅੰਦਰ ਆ ਜਾਵੇ, ਅੰਦਰ ਰੌਸ਼ਨੀ ਆ ਜਾਵੇ, ਵਾਹਿਗੁਰੂ ਦੀ ਹਜ਼ੂਰੀ ਵਿਚ ਮਨ ਪਹੁੰਚ ਜਾਵੇ ਉਸ ਕੀਰਤਨ ਦਾ ਅਸਰ ਸੰਗਤ ਦੇ ਉਤੇ ਐਨਾ ਜਬਰਦਸਤ ਪਏਗਾ ਕਿ ਸੁਣਨ ਵਾਲਿਆਂ ਦੇ ਅੰਦਰ ਇਕ ਰਸ ਤਾਰੀ ਹੋ ਜਾਏਗਾ, ਸਭ ਦੀ ਸੁਰਤ ਉਠ ਕੇ ਉਸ ਥਾਂ ਚਲੀ ਜਾਏਗੀ ਜਿਸ ਥਾਂ ਤੇ ਕੀਰਤਨ ਕਰਨ ਵਾਲਾ ਕੀਰਤਨ ਕਰ ਰਿਹਾ ਹੈ। ਸੁੱਕੀਆਂ ਸੁਰਾਂ ਤੇ ਸਾਜ਼ਾਂ ਦੀ ਕਲਾ ਹੇਠਲੀ ਪੱਧਰ ਤੇ ਤਾਂ ਰਸ ਦੇ ਦਿੰਦੀ ਹੈ ਉਤੇ ਨਹੀਂ ਪਹੁੰਚਾਉਂਦਾ ਕਿਉਂਕਿ ਉਤੇ ਪਹੁੰਚਾਉਣਾ ਬੜੀ ਮੁਸ਼ਕਲ ਬਾਤ ਹੋਇਆ ਕਰਦੀ ਹੈ। ਉਹ ਗੁਣ ਜਿਹੜੇ ਬਕਤਾ ਤੇ ਸਰੋਤਾ ਦੇ ਹੁੰਦੇ ਨੇ, ਦੋਵੇਂ ਮਿਲਣ ਤਾਂ ਫੇਰ ਜਾ ਕੇ ਗੱਲ ਬਣਿਆ ਕਰਦੀ ਹੈ।

ਸੋ ਇਸ ਤਰ੍ਹਾਂ ਦੇ ਨਾਲ ਜਦੋਂ ਅਸੀਂ ਪ੍ਰਮੇਸ਼ਰ ਦਾ ਨਾਮ ਜਪਦੇ ਹਾਂ, ਰਸਨਾ ਦੇ ਨਾਲ ਜਪੀ ਜਾਵੇ ਫੇਰ ਹਟੇ ਨਾ - ਰਸ ਆਉਂਦਾ ਹੈ ਆਵੇ ਨਹੀਂ ਆਉਂਦਾ, ਨਾ ਆਵੇ। ਜਿਸ ਤਰ੍ਹਾਂ ਅਸੀਂ ਹੋਰ ਕੰਮ ਕਰਦੇ ਹਾਂ ਇਸੇ ਤਰ੍ਹਾਂ ਦੇ ਨਾਲ ਜੋ ਵੀ ਮੰਤਰ ਮਿਲਿਆ ਹੈ ਉਸ ਮੰਤਰ ਦਾ ਜਾਪ ਕਰਦਾ ਹੀ ਰਹੇ, ਥੱਕ ਜਾਵੇ ਬੇਸ਼ੱਕ ਪਰ ਹਟੇ ਨਾ। ਨਤੀਜਾ ਕੀ ਹੁੰਦਾ ਹੈ ਕਿ ਇਹ ਰਸਨਾ ਜਿਹੜੀ ਜੂਠੀ ਹੋਈ ਪਈ ਹੈ, ਜਨਮਾਂ-ਜਨਮਾਂਤਰਾਂ ਦੀ ਮੈਲੀ ਹੋਈ ਪਈ ਹੈ - ਜਦੋਂ ਇਹ ਸੁੱਚੀ ਹੋ ਜਾਏਗੀ ਤਾਂ ਉਸ ਵੇਲੇ ਇਸ ਦਾ ਸੰਪਰਕ ਵਾਹਿਗੁਰੂ ਨਾਲ ਜੁੜ ਜਾਏਗਾ - ਅੰਦਰ ਹੀ ਹੈ ਵਾਹਿਗੁਰੂ। ਇਸ ਦੇ ਵਿਚ ਸਭ ਤੋਂ ਪਹਿਲਾਂ ਰਸ ਆ ਜਾਏਗਾ, ਕੋਈ ਚੀਜ਼ ਖਾਣ ਨੂੰ ਜੀਅ ਨਹੀਂ ਕਰੇਗਾ, ਬੋਲਣ ਨੂੰ ਜੀਅ ਨਹੀਂ ਕਰੇਗਾ, ਅੰਦਰ ਰਸ ਹੋਏਗਾ ਫਿੱਕਾ ਉਹ ਬੋਲ ਹੀ ਨਹੀਂ ਸਕਦਾ। ਰਸਨਾ ਦੇ ਮੰਡਲ ਵਿਚੋਂ ਜਦੋਂ ਪਾਰ ਹੁੰਦਾ ਹੈ ਤੇ ਸ੍ਵਾਸ ਦੇ ਮੰਡਲ ਵਿਚ ਆਉਂਦਾ ਹੈ ਤਾਂ ਉਸ ਵੇਲੇ ਸਾਰੇ ਸਰੀਰ ਦੇ ਅੰਦਰ ਝਰਨਾਹਟ ਸ਼ੁਰੂ ਹੋ ਜਾਂਦੀ ਹੈ, ਸ੍ਵਾਸ ਨਾਲ ਜਪਦਾ ਚਲੇ ਜਾਂਦਾ ਹੈ। ਇਸ ਦੇ ਵਿਚ ਵੀ ਥੱਕੇ ਨਾ ਲਗਾਤਾਰ ਜਪਦਾ ਚਲਿਆ ਜਾਵੇ, ਹੌਲੀ-ਹੌਲੀ ਸ੍ਵਾਸ ਪਾਸੇ ਹੋ ਜਾਂਦਾ ਹੈ ਤੇ ਅੰਦਰ ਦਿਮਾਗੀ ਨਾਮ ਆ ਜਾਂਦਾ ਹੈ। ਉਸ mental ਨਾਮ ਦੇ ਅੰਦਰ ਸੁਣਨ ਲੱਗ ਜਾਂਦੇ ਨੇ, ਪ੍ਰਕਾਸ਼ ਆ ਜਾਂਦਾ ਹੈ ਤੇ ਇਸ ਤਰ੍ਹਾਂ ਨਾਮ ਜਪਦੇ-ਜਪਦੇ ਉਸ ਮੰਡਲ ਤੇ ਪਹੁੰਚ ਜਾਂਦਾ ਹੈ ਜਿੱਥੇ ਇਸਨੂੰ ਵਾਹਿਗੁਰੂ ਦੀ ਹਾਜ਼ਰੀ ਮਹਿਸੂਸ ਹੁੰਦੀ ਹੈ ਕਿ ਮੇਰੇ ਨਾਲ ਹੈ ਵਾਹਿਗੁਰੂ। ਇਥੇ ਜਦੋਂ ਇਸ ਨਾਮ ਨੂੰ ਅਸੀਂ ਜਪਦੇ ਹਾਂ - ਮਹਾਰਾਜ ਕਹਿੰਦੇ, ਪਿਆਰਿਆ! ਇਹ ਥਾਂ ਐਸਾ ਹੈ ਜਿਸ ਥਾਂ ਤੇ ਪਾਰਜਾਤ ਦਰਖਤ ਵੀ ਹੈ, ਕਾਮਧੇਨ ਗਊ ਵੀ ਹੈ, ਸਿਰਫ ਇੱਛਾ ਕਰਨ ਦੀ ਲੋੜ ਹੈ। ਜੋ ਵੀ ਤੇਰੀ ਸ਼ੁੱਭ ਇੱਛਾ ਹੋਏਗੀ ਉਸੇ ਵੇਲੇ ਪੂਰੀ ਹੋ ਜਾਏਗੀ।

ਸੋ ਇਥੇ ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ ਤੁਸੀਂ 'ਸਤਿਨਾਮ' ਦਾ ਜਾਪ ਕਰੋ -

*ਇਛਾ ਪੂਰਕੁ ਸਰਬ ਸੁਖਦਾਤਾ ਹਰਿ*
*ਜਾ ਕੈ ਵਸਿ ਹੈ ਕਾਮਧੇਨਾ ॥*

ਜੇ ਇਹੋ ਜਿਹਾ ਵਾਹਿਗੁਰੂ ਤੂੰ ਧਿਆਵੇਂ, ਹੋਰ ਮਿਹਨਤਾਂ ਤਾਂ ਤੂੰ ਕਰਦਾ ਹੈਂ, ਵੱਡੀਆਂ-ਵੱਡੀਆਂ ਪੜ੍ਹਾਈਆਂ ਪੜ੍ਹ ਲੈਂਦਾ ਹੈਂ, ਵੱਡੇ-ਵੱਡੇ ਕੰਮ ਕਰ ਲੈਂਦਾ ਹੈ ਜੇ ਕਿਤੇ ਇਹੋ-ਜਿਹੇ ਨਾਮ ਦੇ ਮੰਡਲ ਵਿਚ ਤੂੰ ਪਹੁੰਚ ਜਾਵੇ ਤਾਂ -

*.ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ*
*ਤਾ ਸਰਬ ਸੁਖ ਪਾਵਹਿ ਮੇਰੇ ਮਨਾ ॥ ੧ ॥*

ਇਕ ਸੁਖ ਨਹੀਂ ਜਿੰਨੇ ਸੰਸਾਰ ਦੇ ਅੰਦਰ ਕਲਪਤ ਸੁੱਖ ਨੇ, ਉਹ ਸਾਰੇ ਹੀ ਤੈਨੂੰ ਪ੍ਰਾਪਤ ਹੋ ਜਾਣਗੇ। ਇਥੋਂ ਤੱਕ ਹੋ ਜਾਂਦਾ ਹੈ ਕਿ ਉਨ੍ਹਾਂ ਸੁੱਖਾਂ ਦੀ ਕੋਈ ਵਾਸ਼ਨਾ ਹੀ ਨਹੀਂ ਰਹਿੰਦੀ, ਉਹ ਆਪੇ ਹੀ ਪਿੱਛੇ ਲੱਗੇ ਫਿਰਦੇ ਨੇ -

*ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ*
*ਫਿਰਹਿ ਜੋ ਹਰਿ ਹਿਰਦੈ ਸਦਾ ਵਸਾਇ ॥*

*ਅੰਗ - ੬੪੯*

ਸਿੱਧੀਆਂ ਦੀ ਪ੍ਰਾਪਤੀ ਵਾਸਤੇ ਮੰਤਰਾਂ ਦੀ ਲੋੜ ਨਹੀਂ, ਸਾਧਨਾ ਦੀ ਲੋੜ ਨਹੀਂ, ਗਲ-ਗਲ ਪਾਣੀ ਵਿਚ ਖੜ੍ਹ ਕੇ ਮਹੀਨਾ-ਮਹੀਨਾ, ਦੋ-ਦੋ ਮਹੀਨੇ ਤਪ ਕਰਨ ਦੀ ਲੋੜ ਨਹੀਂ ਹੈ, ਧੂਣੀਆਂ ਤਾਪ ਕੇ ਮੰਤਰ ਸਿੱਧ ਕਰਨ ਦੀ ਲੋੜ ਨਹੀਂ। ਕਹਿੰਦੇ ਇਹ ਤਾਂ ਸਹਿਜ ਸੁਭਾਅ ਜਦੋਂ ਮਨ ਵਿਚ ਵਸ ਗਿਆ ਉਸ ਵੇਲੇ ਆਪਣੇ-ਆਪ ਹੀ ਇਹ ਸਾਰੀਆਂ ਚੀਜ਼ਾਂ ਮਿੰਨਤਾਂ ਕਰਦੀਆਂ ਫਿਰਦੀਆਂ ਨੇ ਕਿ ਮੇਰਾ ਪ੍ਰਯੋਗ ਕਰੋ ਪਰ ਉਸ ਦੀ ਇੱਛਾ ਖਤਮ ਹੋ ਜਾਂਦੀ ਹੈ -

*ਮਨੋ ਨਾਸ਼, ਵਾਸ਼ਨਾ ਖ੍ਯੈ, ਤੱਤ ਗਿਆਨ।*

ਉਸ ਵੇਲੇ ਲੋੜ ਨਹੀਂ ਰਹਿੰਦੀ ਪਰ ਉਸ ਵੇਲੇ ਜੇ ਕਿਤੇ ਕੋਈ ਬਾਤ ਮਨ ਦੇ ਅੰਦਰ ਆ ਜਾਵੇ ਤਾਂ ਮਹਾਰਾਜ ਜੀ ਕਹਿੰਦੇ ਉਸੇ ਵੇਲੇ ਪੂਰੀ ਹੋ ਜਾਂਦੀ ਹੈ। ਸੋ ਐਸਾ ਜੋ ਨਾਮ ਹੈ ਸਾਰੀਆਂ ਇਛਾਵਾਂ ਤੇ ਸਰਬ ਸੁੱਖ ਦੇਣ ਨਾਲਾ, ਕੋਈ ਵੀ ਸੁਖ ਇਹੋ ਜਿਹਾ ਨਹੀਂ ਜੋ ਨਾਮ ਵਿਚੋਂ ਨਾ ਮਿਲਦਾ ਹੋਵੇ, ਕਹਿੰਦੇ ਫੇਰ ਉਸਨੂੰ ਕਿਉਂ ਭੁੱਲਿਆ ਪਿਆ ਹੈਂ? ਫੇਰ ਤਾਂ ਤੇਰਾ ਆਉਣਾ ਜੱਗ ਤੇ ਕੋਈ ਮਤਲਬ ਨਹੀਂ ਰੱਖਦਾ -

*ਜਿਨੀ ਐਸਾ ਹਰਿ ਨਾਮੁ ਨ ਚੇਤਿਓ*
*ਸੇ ਕਾਹੇ ਜਗਿ ਆਏ ਰਾਮ ਰਾਜੇ ॥*

*ਅੰਗ - ੪੫੦*

ਐਨੇ ਫਲ ਦੇਣ ਵਾਲਾ, ਐਨੀਆਂ ਸਹੂਲਤਾਂ

ਤੇ ਸੁੱਖ ਦੇਣ ਵਾਲਾ ਜੋ ਨਾਮ ਹੈ ਜੇ ਉਹ ਤੇਰੇ ਹਿਰਦੇ ਵਿਚ ਨਹੀਂ ਵਸਿਆ, ਤੇਰੀ ਯਾਦ ਵਿਚ ਨਹੀਂ ਵਸਿਆ ਤਾਂ ਦੱਸ ਸੰਸਾਰ ਤੇ ਆਉਣ ਦਾ ਤੇਰਾ ਫਾਇਦਾ ਕੀ ਹੋਇਆ? ਇਹ ਜਿਹੜਾ ਤੇਰਾ ਜਨਮ ਹੈ ਮਨੁੱਖ ਦਾ ਜੇ ਤੇਰੇ ਅੰਦਰ ਨਾਮ ਨਹੀਂ ਚੱਲਿਆ, ਨਾਮ ਦੀ ਪ੍ਰਾਪਤੀ ਨਹੀਂ ਹੋਈ –

*ਇਹੁ ਮਾਣਸ ਜਨਮੁ ਦੁਲੰਭੁ ਹੈ*
*ਨਾਮ ਬਿਨਾ ਬਿਰਥਾ ਸਭੁ ਜਾਏ ॥*
*ਅੰਗ - ੪੫੦*

ਜਨਮ ਤੇਰਾ ਸਾਰਾ ਬਿਰਥਾ ਚਲਿਆ ਗਿਆ ਕਿਸੇ ਕੰਮ ਨਾ ਆਇਆ। ਮਿਲ ਤਾਂ ਗਿਆ ਸੀ ਮਾਨਸ ਜਨਮ ਚੌਰਾਸੀ ਲੱਖ ਜੂਨ ਵਿਚ ਘੁੰਮਦੇ-ਘੁੰਮਦੇ ਨੂੰ –

*ਫਿਰਤ ਫਿਰਤ ਬਹੁਤੇ ਜੁਗ ਹਾਰਿਓ*
*ਮਾਨਸ ਦੇਹ ਲਹੀ ॥*
*ਨਾਨਕ ਕਹਤ ਮਿਲਨ ਕੀ ਬਰੀਆ*
*ਸਿਮਰਤ ਕਹਾ ਨਹੀ ॥ ਅੰਗ - ੬੩੧*

ਵਾਰੀ ਤਾਂ ਤੇਰੀ ਆ ਗਈ ਸੀ ਸਤਿਸੰਗ ਵੀ ਤੈਨੂੰ ਪ੍ਰਾਪਤ ਹੋ ਗਿਆ, ਵਾਹਿਗੁਰੂ ਨੇ ਸਹੂਲਤਾਂ ਵੀ ਸਾਰੀਆਂ ਦੇ ਦਿਤੀਆਂ, ਸਭ ਚੀਜ਼ਾਂ ਤੇਰੇ ਕੋਲ ਆਉਣ ਲੱਗ ਗਈਆਂ ਪਰ ਪਿਆਰਿਆ! ਤੇਰੇ ਹਿਰਦੇ ਵਿਚ ਨਾਮ ਤਾਂ ਵਸਿਆ ਨਹੀਂ ਹੈ, ਨਾਮ ਤੋਂ ਤਾਂ ਤੂੰ ਲਾਂਭੇ ਹੋ ਗਿਆ –

*ਬੁਰੇ ਕਾਮ ਕਉ ਊਠਿ ਖਲੋਇਆ ॥*
*ਨਾਮ ਕੀ ਬੇਲਾ ਪੈ ਪੈ ਸੋਇਆ ॥*
*ਅੰਗ - ੭੩੮*

ਉਲਟਾ ਤੂੰ ਕੰਮ ਕਰਦਾ ਹੈਂ ਤੇ ਨਾਮ ਦੇ ਵੇਲੇ ਤੂੰ ਪੈ ਕੇ ਸੌਂ ਗਿਆ ਕਿਉਂਕਿ ਤੇਰੇ ਅੰਦਰ ਭਰੋਸਾ ਨਹੀਂ ਆਇਆ-ਗੁਰੂ ਦੇ ਵਾਕ ਦਾ, ਤੂੰ ਗੁਰੂ ਨੂੰ ਮੰਨ ਤਾਂ ਲਿਆ, ਪਰ ਤੂੰ ਨਾਸਤਕ ਹੋ ਗਿਆ, ਬੇਮੁਖ ਹੋ ਗਿਆ, ਮਨਮੁਖ ਹੋ ਗਿਆ, ਗੁਰੂ ਦੇ ਹੁਕਮ ਤੋਂ ਕਿਉਂਕਿ ਹੁਕਮ ਨਹੀਂ ਮੰਨ ਰਿਹਾ ਐਵੇਂ ਹੀ ਮੱਥੇ ਟੇਕ ਰਿਹਾ ਹੈਂ ਅੰਦਰ ਤੇਰੇ ਸ਼ਰਧਾ ਨਹੀਂ ਰਹੀ, ਅੰਦਰ ਤੇਰੇ ਪਿਆਰ ਨਹੀਂ ਰਿਹਾ, ਖੁਸ਼ਕ ਹੋ ਗਿਆ। ਕਹਿੰਦੇ ਦੱਸ ਫੇਰ ਤੇਰਾ ਫਾਇਦਾ ਕੀ ਹੋਇਆ ਮਨੁੱਖ ਬਣਨ ਦਾ, ਇਹ ਸਮਾਂ ਤਾਂ ਲੰਘ ਜਾਣਾ ਹੈ –

*ਦਿਨ ਤੇ ਪਹਰ ਪਹਰ ਤੇ ਘਰੀਆਂ*
*ਆਵ ਘਟੈ ਤਨੁ ਛੀਜੈ ॥ ਅੰਗ - ੬੯੨*

ਹੌਲੀ-ਹੌਲੀ ਬਾਲ ਜਵਾਨੀ ਤੇ ਬਿਰਧ ਤਿੰਨੇ ਅਵਸਥਾ ਆ ਜਾਣੀਆਂ ਨੇ ਤੇ ਲੰਘ ਜਾਣੀਆਂ ਨੇ ਨਾਮ ਤੈਨੂੰ ਪ੍ਰਾਪਤ ਨਹੀਂ ਹੋਇਆ ਫੇਰ ਤੇਰਾ ਫਾਇਦਾ ਕੀ ਹੋਇਆ। ਕਹਿੰਦੇ ਏਸ ਜਨਮ ਦਾ –

*ਹੁਣਿ ਵਤੈ ਹਰਿ ਨਾਮੁ ਨ ਬੀਜਿਓ*
*ਅਗੈ ਭੁਖਾ ਕਿਆ ਖਾਏ ॥ ਅੰਗ - ੪੫੦*

ਹੁਣ ਵੱਤ ਲੱਗੀ ਸੀ ਮਾਨਸ ਜਨਮ ਦੀ, ਇਸ ਦੇ ਵਿਚ ਤੂੰ ਕਰਨਾ ਕੀ ਸੀ। ਤੈਨੂੰ ਰਸਨਾ ਦਿਤੀ ਸੀ ਇਸ ਦੇ ਨਾਲ ਤੂੰ ਨਾਮ ਜਪਣਾ ਸੀ, ਨਾਮ ਨੇ ਉਸੇ ਵੇਲੇ ਤੈਨੂੰ ਆਪਣਾ ਅਸਰ ਦਿਖਾ ਦੇਣਾ ਸੀ, ਉਸ ਲਈ ਕੋਈ ਬਹੁਤਾ ਲੰਮਾ ਸਮਾਂ ਨਹੀਂ ਲਗਦਾ ਸਿਰਫ ਪਾਪਾਂ ਨੂੰ ਕੱਟਦਾ ਹੈ ਪਹਿਲਾਂ। ਅਸੀਂ ਕਰੋੜਾਂ ਪਾਪ ਕਰੇ ਹੋਏ ਨੇ –

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ ॥ ਅੰਗ - ੬੫੧*

ਇਸ ਜਨਮ ਦੇ ਵੀ ਪਾਪ, ਪਿਛਲੇ ਜਨਮਾਂ ਦੇ ਬੇਅੰਤ ਪਾਪ, ਉਨ੍ਹਾਂ ਦੀ ਕਾਲਸ ਨੂੰ ਮਾਂਜਦਾ ਹੈ ਨਾਮ, ਜਿਵੇਂ ਭਾਂਡਾ ਕਾਲਾ ਹੋ ਜਾਵੇ ਤਾਂ ਬੜੀ ਦੇਰ ਲਗਦੀ ਹੈ ਮਾਂਜਣ ਵਾਸਤੇ ਇਸੇ ਤਰ੍ਹਾਂ ਨਾਲ ਤੇਰੇ ਮਨ ਨੂੰ ਮਾਂਜਿਆ ਜਾਂਦਾ ਹੈ, ਸਤਿਸੰਗ ਦੇ ਵਿਚ ਆ ਕੇ ਤੈਨੂੰ ਹੋਰ ਸਹੂਲਤ ਹੁੰਦੀ ਹੈ –

*ਮਿਲਿ ਸੰਤ ਸਭਾ ਮਨੁ ਮਾਂਜੀਐ ਭਾਈ*
*ਹਰਿ ਕੈ ਨਾਮਿ ਨਿਵਾਸੁ ॥ ਅੰਗ - ੬੩੯*

ਸੰਤਾਂ ਦੀ ਸਭਾ ਵਿਚ ਆ ਕੇ ਤੂੰ ਮਨ ਨੂੰ ਮਾਂਜ, ਉਨ੍ਹਾਂ ਦੇ ਬਚਨਾਂ ਨੂੰ ਸੁਣ, ਉਨ੍ਹਾਂ ਦੇ ਬਚਨਾਂ ਦੀ ਕਮਾਈ ਕਰ, ਹੋਵੇਗਾ ਕੀ?

*........ਹਰਿ ਕੈ ਨਾਮਿ ਨਿਵਾਸੁ ॥ ਅੰਗ - ੬੩੯*

ਤੇਰੇ ਅੰਦਰ ਨਾਮ ਦਾ ਨਿਵਾਸ ਹੋ ਜਾਏਗਾ –

*ਹੁਣਿ ਵਤੈ ਹਰਿ ਨਾਮੁ ਨ ਬੀਜਿਓ*
*ਅਗੈ ਭੁਖਾ ਕਿਆ ਖਾਏ ॥ ਅੰਗ - ੪੫੦*

ਅੱਗੇ ਜਾ ਕੇ ਫੇਰ ਤੇਰਾ ਹਾਲ, ਜਾਂ ਤਾਂ ਇਹ ਹੈ ਕਿ ਸਰੀਰ ਛੁਟ ਗਿਆ ਤੇ ਤੂੰ ਵੀ ਨਾਲ ਹੀ ਖਤਮ ਹੋ ਗਿਆ, ਤੂੰ ਖਤਮ ਨਹੀਂ ਹੋਣਾ ਤੂੰ ਤਾਂ ਰਹਿਣਾ ਹੈ ਤੂੰ ਅੱਗੇ ਜਾਣਾ ਹੈ-

*ਮਰਣਹਾਰੁ ਇਹੁ ਜੀਅਰਾ ਨਾਹੀ ॥*
*ਅੰਗ - ੧੮੮*

ਜਦੋਂ ਇਹ ਮਰਦਾ ਹੀ ਨਹੀਂ ਤਾਂ-

*ਆਗੇ ਕਉ ਕਿਛੁ ਤੁਲਹਾ ਬਾਂਧਹੁ*
*ਕਿਆ ਭਰਵਾਸਾ ਧਨ ਕਾ ॥*
*ਕਹਾ ਬਿਸਾਸਾ ਇਸ ਭਾਂਡੇ ਕਾ*
*ਇਤਨਕੁ ਲਾਗੈ ਠਨਕਾ ॥ ਅੰਗ - ੧੨੫੩*

ਕੀ ਪਤਾ ਹੈ ਕਿਹੜੇ ਵੇਲੇ ਸਰੀਰ ਚਲਿਆ ਜਾਵੇ, ਅੱਗੇ ਨੂੰ ਤਾਂ ਕੁਝ ਬੰਨ੍ਹ ਲੈ ਜਿਹੜਾ ਤੇਰੇ ਕੰਮ ਆਵੇ ਉਥੇ ਇਹ ਕੰਮ ਆਉਂਦਾ ਹੈ –

*ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥*
*ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥*
*ਅੰਗ - ੨੬੪*

ਜਿਥੇ ਕੋਈ ਵੀ ਨਹੀਂ ਹੈ ਉਥੇ ਨਾਮ ਨੇ ਸਹਾਇਤਾ ਕਰਨੀ ਹੈ -

*ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥*
*ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥*
*ਜਿਹ ਪੈਡੈ ਮਹਾ ਅੰਧ ਗੁਬਾਰਾ ॥*
*ਹਰਿ ਕਾ ਨਾਮੁ ਸੰਗਿ ਉਜੀਆਰਾ ॥ ਅੰਗ - ੨੬੪*

ਅੰਧ ਗੁਬਾਰ ਨਾਲ ਵਾਸਤਾ ਪੈਣਾ ਹੀ ਪੈਣਾ ਹੈ ਜੇ ਨਾਮ ਨਾ ਜਪਿਆ, ਦੁਖੀ ਹੋਏਂਗਾ, ਰੋਏਂਗਾ ਫੇਰ ਪਛਤਾਵੇਂਗਾ ਕਿ ਸੰਤ ਤਾਂ ਮੈਨੂੰ ਹਾਕਾਂ ਮਾਰ-ਮਾਰ ਕਹਿੰਦੇ ਸੀ ਮੈਂ ਹੀ ਨਹੀਂ ਸੁਣੀ -

*ਫਰੀਦਾ ਕੂਕੇਦਿਆ ਚਾਂਗੇਦਿਆ*
*ਮਤੀ ਦੇਦਿਆ ਨਿਤ॥*
*ਜੋ ਸੈਤਾਨਿ ਵੰਞਾਇਆ*
*ਸੇ ਕਿਤ ਫੇਰਹਿ ਚਿਤ ॥ ਅੰਗ - ੧੩੭੮*

ਜਿਸ ਦੇ ਅੰਦਰ ਸ਼ੈਤਾਨ ਆ ਕੇ ਬੈਠ ਗਿਆ ਕਹਿੰਦੇ ਉਹ ਚਿੱਤ ਨਹੀਂ ਫੇਰਦਾ, ਕੋਈ ਉਪਦੇਸ਼ ਉਸ ਤੇ ਅਸਰ ਨਹੀਂ ਕਰਦਾ ਕਿਉਂਕਿ ਅੰਦਰ ਜਿਵੇਂ ਭੂਤ ਵੜ ਜਾਂਦਾ ਹੈ ਏਸ ਤਰ੍ਹਾਂ ਉਸ ਸ਼ੈਤਾਨ ਨੇ ਇਸ ਦੇ ਰੋਮ-ਰੋਮ ਨੂੰ ਕਾਬੂ ਕਰ ਲਿਆ, ਗੁਰੂ ਦੇ ਉਤੇ ਇਸ ਦਾ ਭਰੋਸਾ ਨਾ ਰਿਹਾ ਇਨ੍ਹਾਂ ਬਚਨਾਂ ਨੂੰ ਕਮਾਉਣ ਵਾਸਤੇ ਇਸ ਦੇ ਅੰਦਰ ਕੋਈ ਲਗਨ ਨਾ ਰਹੀ। ਇਸ ਦੀ ਥਾਂ ਤੇ ਜਿਹੜੀ ਦੁਨੀਆਂ ਨੂੰ ਛੱਡ ਜਾਣਾ ਹੈ ਉਸ ਦੇ ਵਾਸਤੇ ਦਿਨ-ਰਾਤ ਦੌੜਿਆ ਫਿਰਦਾ ਹੈ। ਮਹਾਰਾਜ ਜੀ ਕਹਿੰਦੇ ਫੇਰ ਕੀ ਕਰੇਂਗਾ? ਜਦੋਂ ਇਹੋ ਜਿਹਾ ਵਕਤ ਆ ਗਿਆ ਉਥੇ ਨਾਮ ਨੇ ਤੇਰੀ ਸਹਾਇਤਾ ਕਰਨੀ ਹੈ। ਜਿਥੇ ਅੰਧ ਗੁਬਾਰ ਹੈ -

*ਜਹਾ ਪੰਥਿ ਤੇਰਾ ਕੋ ਨ ਸਿਞਾਨੂ ॥*
*ਹਰਿ ਕਾ ਨਾਮੁ ਤਹ ਨਾਲਿ ਪਛਾਨੂ ॥*
*ਅੰਗ - ੨੬੪*

ਜਿੱਥੇ ਕੋਈ ਵੀ ਤੇਰੀ ਪੁੱਛ ਪ੍ਰਤੀਤ ਵਾਲਾ ਨਹੀਂ ਉਥੇ ਨਾਮ ਨੇ ਤੇਰੀ ਕਦਰ ਕਰਾਉਣੀ ਹੈ ਕਿਉਂਕਿ ਤੇਰਾ ਮਸਤਕ ਦਘਦਾ ਹੋਏਗਾ, ਤੂੰ ਅਮੀਰ ਹੋਏਂਗਾ। ਸੋ ਇਸ ਤਰ੍ਹਾਂ ਦੇ ਨਾਲ ਜਿਹੜਾ ਨਾਮ ਸਹਾਇਤਾ ਕਰਦਾ ਹੈ ਹਰ ਵਕਤ, ਮਹਾਰਾਜ ਕਹਿੰਦੇ ਉਸਨੂੰ ਤੂੰ ਹਰ ਵਕਤ ਭੁੱਲਿਆ ਰਹਿੰਦਾ ਹੈਂ। ਅਸਲੀ ਚੀਜ਼ ਨੂੰ ਭੁੱਲ ਕੇ ਨਕਲੀ ਚੀਜ਼ ਦੇ ਵਿਚ ਪਰਚਿਆ ਹੋਇਆ ਹੈਂ। ਸੋ ਇਥੇ ਮਹਾਰਾਜ ਫੁਰਮਾਨ ਕਰਦੇ ਨੇ ਕਿ ਤੇਰੀਆਂ ਇੱਛਾਵਾਂ ਵਾਸ਼ਨਾਵਾਂ ਸਾਰੀਆਂ ਦੀਆਂ ਸਾਰੀਆਂ ਪੂਰੀਆਂ ਹੁੰਦੀਆਂ ਨੇ ਜੇ ਤੂੰ ਉਸਨੂੰ ਧਿਆ ਲਏਂ, ਉਸਦਾ ਧਿਆਨ ਰੱਖੇ ਤੇ ਉਸ ਦੇ ਨਾਲ ਸਾਰੇ ਸੁੱਖ ਮਿਲਦੇ ਨੇ। ਸੋ ਇਸ ਤਰ੍ਹਾਂ ਦੇ ਨਾਲ -

*ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ ॥*
*ਹਲਤਿ ਪਲਤਿ ਮੁਖ ਊਜਲ ਹੋਈ ਹੈ*
*ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ ॥*
*ਅੰਗ - ੬੭੦*

ਇੱਥੇ ਵੀ ਤੇ ਦਰਗਾਹ ਵਿਚ ਵੀ ਮੁੱਖ ਉਜਲਾ ਹੁੰਦਾ ਹੈ ਤੇ ਸਾਰੇ ਸੁੱਖਾਂ ਦੀ ਪ੍ਰਾਪਤੀ ਹੋ ਜਾਂਦੀ ਹੈ। ਸੋ ਇਸ ਤਰ੍ਹਾਂ ਇਸ ਦੀ ਪ੍ਰਾਪਤੀ ਦੇ ਵਾਸਤੇ ਸਤਿਸੰਗ ਜ਼ਰੂਰੀ ਹੈ। ਸਤਿਸੰਗ ਤੋਂ ਬਗੈਰ ਨਾਮ ਨਹੀਂ ਜਪਿਆ ਜਾਂਦਾ। ਇਹ ਸਤਿਸੰਗ ਇਕ ਐਸੀ ਚੀਜ਼ ਪ੍ਰਮੇਸ਼ਰ ਨੇ ਬਣਾ ਦਿਤੀ ਪਰ ਇਹ ਭਾਗਾਂ ਵਾਲਿਆਂ ਨੂੰ ਪ੍ਰਾਪਤ ਹੁੰਦੀ ਹੈ ਤੇ ਭਾਗਹੀਣ ਕੋਲ ਹੀ ਸੁੱਤੇ ਪਏ ਰਹਿ ਜਾਂਦੇ ਨੇ ਉਨ੍ਹਾਂ ਦਾ ਸਮਾਂ ਲੰਘ ਜਾਂਦਾ ਹੈ।

*ਹਰਿ ਕੀਰਤਿ ਸਾਧਸੰਗਤਿ ਹੈ*
*ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥ ਅੰਗ - ੬੪੨*

ਸੋ ਇਸ ਤਰ੍ਹਾਂ ਜੋ ਮਹਾਰਾਜ ਜੀ ਦਾ ਫੁਰਮਾਨ ਆਇਆ ਹੈ ਸਾਨੂੰ ਵਿਚਾਰ ਕੇ ਹਿਰਦੇ ਵਿਚ ਧਾਰਨਾ ਚਾਹੀਦਾ ਹੈ, ਆਪਣੇ ਵਿਚੋਂ ਕਮਜ਼ੋਰੀਆਂ ਕੱਢ ਦੇਣੀਆਂ ਚਾਹੀਦੀਆਂ ਹਨ। ਸਾਡਾ ਹਿਰਦਾ ਐਨਾ ਜ਼ਬਰਦਸਤ ਹੋਣਾ ਚਾਹੀਦਾ ਹੈ ਕਿ ਕਿਸੇ ਕਲਰਕ ਨੂੰ ਕੋਈ ਐਸਾ ਮੌਕਾ ਬਣ ਜਾਵੇ ਕਿ ਉਸਦੇ ਭਾਗਾਂ ਵਿਚ ਮੁੱਖ ਸਕੱਤਰ ਜਾਂ ਰਾਜਪਾਲ ਬਣਨ ਦਾ ਮੌਕਾ ਬਣ ਜਾਵੇ ਤੇ ਉਸਨੂੰ ਪਤਾ ਲੱਗ ਜਾਵੇ ਕਿ ਜੇ ਤੂੰ ਆਹ ਸ਼ਰਤ ਪੂਰੀ ਕਰ ਦੇਵੇਂ ਤਾਂ ਤੂੰ ਰਾਜਪਾਲ ਬਣ ਜਾਵੇਂਗਾ ਦਿਨ ਰਾਤ ਇੱਕ ਕਰ ਦਏਗਾ, ਸਿਹਤ ਦੀ ਵੀ ਪ੍ਰਵਾਹ ਨਹੀਂ ਕਰੇਗਾ, ਉਹ ਕੰਮ (ਸ਼ਰਤ) ਪੂਰੀ ਕਰੇਗਾ ਕਿ ਮੈਂ ਰਾਜਪਾਲ ਬਣਨਾ ਹੈ, ਮੇਰੀ ਤਰੱਕੀ ਹੋ ਜਾਣੀ ਹੈ। ਇੱਧਰ ਗੁਰੂ ਸਾਹਿਬ ਜਿਹੜੇ ਐਡੇ-ਐਡੇ ਬਚਨ ਕਹਿੰਦੇ ਨੇ ਉਸ ਦੇ ਉਤੇ ਨਾ ਭਰੋਸਾ ਆਉਂਦਾ ਹੈ ਨਾ ਅੰਦਰ ਪ੍ਰੇਰਨਾ ਜਾਗਦੀ ਹੈ ਉਸੇ ਤਰ੍ਹਾਂ ਸੁਣ ਕੇ ਬਾਹਰ ਨਿਕਲ ਜਾਂਦੀ ਹੈ ਗੱਲ, ਅੰਦਰ ਨਹੀਂ ਜਾਂਦੀ।

ਸੋ ਇਸ ਨੂੰ ਹਿਰਦੇ 'ਚ ਵਸਾ ਕੇ ਭਜਨ ਕਰੋ, ਨਾਮ ਜਪੋ ਤੇ ਇਨ੍ਹਾਂ ਬਚਨਾਂ ਦੇ ਉਤੇ 100% ਵਿਸ਼ਵਾਸ਼ ਲਿਆਓ। ਜਦੋਂ ਨਾਮ ਜਪਾਂਗੇ ਤਾਂ ਸਭ ਇਛਾਵਾਂ ਵਾਸ਼ਨਾਵਾਂ ਵਾਹਿਗੁਰੂ ਪੂਰੀਆਂ ਕਰੇਗਾ।

ਵਾਹਿਗੁਰੂ ਜੀ ਕਾ ਖਾਲਸਾ

ਵਾਹਿਗੁਰੂ ਜੀ ਕੀ ਫਤਹਿ।

# ਅਕਾਲ ਮੂਰਤਿ ਹੈ ਸਾਧ ਸੰਤਨ ਕੀ

ਸਾਧਸੰਗਤ ਜੀ!

*ਵਾਹਿਗੁਰੂ ਜੀ ਕਾ ਖਾਲਸਾ*
*ਵਾਹਿਗੁਰੂ ਜੀ ਕੀ ਫਤਹਿ।*

ਅੰਮ੍ਰਿਤ ਵੇਲੇ ਤੋਂ ਆਪ ਨੇ ਹਰੀ ਦਾ ਜਸ ਸਰਵਣ ਕੀਤਾ ਹੈ। ਗੁਰੂ ਮਹਾਰਾਜ ਜੀ ਨੇ ਜੋ ਹੁਕਮਨਾਮਾ ਦਿੱਤਾ ਹੈ ਬੜੇ ਸਿੱਧੇ ਸਾਦੇ ਅੱਖਰਾਂ ਵਿਚ ਸਭ ਦੀ ਸਮਝ ਆਉਣ ਵਾਲਾ ਹੈ। ਜਿਸ ਦੇ ਅੰਦਰ ਫੁਰਮਾਨ ਕੀਤਾ ਹੈ ਕਿ ਵਾਹਿਗੁਰੂ ਦੇ ਚਰਨ ਜੇ ਹਿਰਦੇ ਵਿਚ ਧਾਰ ਲਵੇ ਤਾਂ ਸਾਰੇ ਹੀ ਕੰਮ ਸਫਲ ਹੋ ਜਾਂਦੇ ਨੇ, ਵਿਘਨ ਨਹੀਂ ਰਹਿੰਦਾ ਕਿਸੇ ਕੰਮ ਵਿਚ ਵੀ। ਵਾਹਿਗੁਰੂ ਦੇ ਚਰਨ, ਕਿਉਂਕਿ ਉਸ ਦਾ ਰੂਪ-ਰੰਗ, ਰੇਖ-ਭੇਖ ਤਾਂ ਕੋਈ ਹੈ ਨਹੀਂ, ਦੋਵੇਂ ਤਰੀਕੇ ਨੇ ਇੱਕ ਹੈ ਸਾਕਾਰ ਦੀ ਭਗਤੀ, ਦੂਜੀ ਹੈ ਨਿਰਾਕਾਰ ਦੀ ਭਗਤੀ। ਸਾਕਾਰ ਅਸੀਂ ਗੁਰੂ ਦੇ ਰੂਪ ਵਿਚ ਭਗਤੀ ਕਰਦੇ ਹਾਂ ਕਿਉਂਕਿ ਵਾਹਿਗੁਰੂ ਜੀ ਦਾ ਕੋਈ ਕਲਪਿਤ ਰੂਪ ਨਹੀਂ ਹੈ -

*ਚੱਕ੍ਰ ਚਿਹਨ ਅਰੁ ਬਰਨ ਜਾਤਿ*
*ਅਰੁ ਪਾਤਿ ਨਹਿਨ ਜਿਹ॥*
*ਰੂਪ ਰੰਗ ਅਰੁ ਰੇਖ ਭੇਖ*
*ਕੋਊ ਕਹਿ ਨ ਸਕਤਿ ਕਿਹ॥*

*ਜਾਪੁ ਸਾਹਿਬ*

ਜਦੋਂ ਉਸ ਦਾ ਰੂਪ ਕੋਈ ਨਹੀਂ ਹੈ ਫੇਰ ਉਸ ਦੇ ਬਚਨ ਵੀ ਕੋਈ ਨਹੀਂ ਹਨ। ਦੂਸਰਾ ਸਰੂਪ ਹੈ ਗੁਰੂ ਦਾ, ਵਾਹਿਗੁਰੂ ਜੀ ਦਾ ਜੋ ਸਰਗੁਣ ਸਰੂਪ ਹੈ ਉਹ ਗੁਰੂ ਰੂਪ ਹੋਇਆ ਕਰਦਾ ਹੈ ਕਿਉਂਕਿ ਤਿੰਨ ਕਿਸਮ ਦਾ ਧਿਆਨ ਹੁੰਦਾ ਹੈ - ਸੰਪਤ ਧਿਆਨ ਹੁੰਦਾ ਹੈ, ਪ੍ਰਤੀਕ ਧਿਆਨ ਤੇ ਅਹੰਗ੍ਰਹਿ ਧਿਆਨ ਹੁੰਦਾ ਹੈ। ਦੋ ਧਿਆਨਾਂ ਨੂੰ ਅਸੀਂ ਸਮਝ ਸਕਦੇ ਹਾਂ ਤੀਸਰਾ ਸਾਡੀ ਸਮਝ ਤੋਂ ਪਰ੍ਹੇ ਹੈ ਕਿਉਂਕਿ ਐਨੀ ਸਾਧਨਾ ਨਹੀਂ ਹੈ ਕਿ ਉਸ ਥਾਂ ਤੇ ਸਾਡੀ ਬਿਰਤੀ ਉਸਨੂੰ ਸਹੀ ਸਮਝ ਸਕੇ।

ਪਹਿਲਾ ਧਿਆਨ ਜੋ ਸੰਪਤ ਧਿਆਨ ਹੈ ਉਹ ਕੋਈ ਮੂਰਤੀ ਹੈ, ਕੋਈ ਚਿੰਨ੍ਹ ਹੈ, ਕੋਈ ਵੀ ਆਕਾਰ ਵਾਲੀ ਚੀਜ਼ ਹੈ ਜਿਸ ਦੇ ਵਿਚ ਜਾਨ ਨਾ ਹੋਵੇ, ਉਹ ਆਪ ਥਾਪੀ ਗਈ ਹੋਵੇ ਕਿਉਂਕਿ ਵਾਹਿਗੁਰੂ ਹਰੇਕ ਦੇ ਵਿਚ ਹੈ, ਕੋਈ ਥਾਂ ਐਸਾ ਨਹੀਂ ਜਿਸ ਦੇ ਵਿਚ ਪ੍ਰਮੇਸ਼ਰ ਨਾ ਹੋਵੇ। ਉਸ ਮੂਰਤੀ ਦੇ ਉਤੇ ਪ੍ਰਮੇਸ਼ਰ ਭਾਵਨਾ ਕਰਕੇ ਧਿਆਨ ਧਰਨਾ ਹਿਰਦੇ ਵਿਚ ਵਸਾਉਣੀ ਉਸਨੂੰ ਜੀਉਂਦੀ-ਜਾਗਦੀ ਸਮਝਣਾ, ਕੋਈ ਤਸਵੀਰ ਹੋਵੇ ਚਾਹੇ, ਚਾਹੇ ਪੱਥਰ ਦੀ ਮੂਰਤੀ ਹੋਵੇ, ਚਾਹੇ ਚਿੱਤਰਕਾਰ ਦਾ ਬਣਾਇਆ ਚਿੱਤਰ ਹੋਵੇ, ਉਸ ਦੇ ਵਿਚ ਪ੍ਰਮੇਸ਼ਰ ਭਾਵਨਾ ਧਾਰਨ ਕਰਕੇ ਹਿਰਦੇ ਵਿਚ ਧਾਰਨ ਕਰਨੀ ਇਸਨੂੰ 'ਸੰਪਤ ਧਿਆਨ' ਕਹਿੰਦੇ ਨੇ। ਇਹ ਕੇਵਲ ਉਸ ਦਾ ਧਿਆਨ ਨਹੀਂ ਹੋਇਆ ਕਰਦਾ ਕਿ ਉਹ ਕੋਈ ਮੂਰਤ ਹੈ ਕਾਗਜ਼ ਦੇ ਉਤੇ , ਉਸਨੂੰ ਜੀਉਂਦਾ ਜਾਗਦਾ ਦੇਖ ਕੇ ਧਿਆਨ ਧਰਦੇ ਨੇ ਕਿਉਂਕਿ ਜਦੋਂ ਐਨੀ ਭਾਵਨਾ ਵਧ ਜਾਂਦੀ ਹੈ। ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਜੀ ਨੂੰ ਬਹਾਦਰਸ਼ਾਹ ਨੇ ਪੁੱਛਿਆ ਕਿ ਤੁਹਾਡੇ ਧਰਮ ਵਿਚ, ਮਜ਼੍ਹਬ ਵਿਚ ਤਾਂ ਬੁੱਤਾਂ ਨੂੰ ਪੂਜਦੇ ਨਹੀਂ, ਮੂਰਤੀ ਦੀ ਪੂਜਾ ਨਹੀਂ ਹੈ ਪਰ ਇਹ ਜੋ ਹਿੰਦੂ ਨੇ ਇਹ ਮੂਰਤੀ ਦੀ ਪੂਜਾ ਕਰਕੇ ਆਪੇ ਹੀ ਭੇਟਾ ਕਰ ਦਿੰਦੇ ਨੇ, ਆਪੇ ਹੀ ਖਾ ਲੈਂਦੇ ਨੇ ਵੰਡ ਕੇ ਫੇਰ ਇਹ ਤਾਂ ਕੁਛ ਮਨ ਨੂੰ ਗੱਲ ਨਹੀਂ ਲਗਦੀ।

ਮਹਾਰਾਜ ਜੀ ਕਹਿਣ ਲੱਗੇ, "ਬਾਦਸ਼ਾਹ! ਆਪਣਾ-ਆਪਣਾ ਧਰਮ ਹਰ ਇਕ ਨੂੰ ਪਿਆਰਾ ਹੋਇਆ ਕਰਦਾ ਹੈ, ਜਿਹੋ ਜਿਹੀ ਕਿਸੇ ਦੀ ਭਾਵਨਾ ਹੈ ਉਹੋ ਜਿਹਾ ਫਲ ਹੁੰਦਾ ਹੈ। ਭਾਵਨਾ ਤੋਂ ਬਗੈਰ ਚਾਹੇ ਕੋਈ ਧਰਮ ਹੈ ਫਲ ਨਹੀਂ ਦਿਆ ਕਰਦਾ। ਸੋ ਉਨ੍ਹਾਂ ਦੀ ਜੋ ਭਾਵਨਾ ਹੈ ਉਹ ਮੂਰਤੀ ਦੇ ਆਕਾਰ ਤੇ ਚਿੰਨ੍ਹ ਦੇ ਪਿਛੇ ਪ੍ਰਮੇਸ਼ਰ ਰੂਪ ਦੇਖਦੇ ਨੇ, ਜੀਉਂਦੀ-ਜਾਗਦੀ ਮੰਨਦੇ ਨੇ ਮੂਰਤੀ ਨੂੰ ਉਨ੍ਹਾਂ ਨੂੰ ਉਹ ਤਾਰ ਦਿਆ ਕਰਦੀ ਹੈ। ਉਨ੍ਹਾਂ ਦੀ ਉਨ੍ਹਾਂ ਨੂੰ ਮੁਬਾਰਕ ਸਾਡੀ ਸਾਨੂੰ ਮੁਬਾਰਕ, ਤੇਰੀ ਤੈਨੂੰ ਮੁਬਾਰਕ, ਕਿਸੇ ਨੂੰ ਆਪਾਂ ਮਾੜਾ ਨਹੀਂ ਕਹਿ ਸਕਦੇ।

ਸੋ ਇਹ ਸੰਪਤ ਧਿਆਨ ਹੋਇਆ ਕਰਦਾ ਹੈ। ਉਸ ਦੇ ਜੋ ਚਰਨ ਵੀ ਨੇ, ਉਸਦੀ ਸ਼ਕਲ ਵੀ ਹੈ, ਉਸਨੂੰ ਹਿਰਦੇ ਵਿਚ ਵਸਾਉਣਾ -

*ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥*

*ਅੰਗ - ੮੬੪*

ਦੂਸਰਾ ਧਿਆਨ ਹੋਇਆ ਕਰਦਾ ਹੈ ਗੁਰੂ ਨੂੰ ਸਾਕਾਰ ਰੂਪ ਵਿਚ, ਗੁਰੂ ਨੂੰ ਮਨੁੱਖ ਦੀ ਸ਼ਕਲ ਦੇ ਅੰਦਰ ਪ੍ਰਮੇਸ਼ਰ ਤੋਂ ਘੱਟ ਨਾ ਜਾਨਣਾ, ਪ੍ਰਮੇਸ਼ਰ ਮੰਨਣਾ ਕਿ ਇਹੀ ਪ੍ਰਮੇਸ਼ਰ ਹੈ, ਉਸ ਦੇ ਨਾਲ ਹੀ ਪਿਆਰ ਕਰਨਾ, ਉਸ ਦੇ ਉਤੇ ਹੀ ਵੱਡੀ ਤੋਂ ਵੱਡੀ ਕੁਰਬਾਨੀ ਕਰਨੀ, ਉਸ ਨੂੰ ਹੀ ਹਿਰਦੇ 'ਚ ਵਸਾਉਣਾ-

*ਅਕਾਲ ਮੂਰਤਿ ਹੈ ਸਾਧ ਸੰਤਨ ਕੀ*
*ਠਾਹਰ ਨੀਕੀ ਧਿਆਨ ਕਉ ॥ ਅੰਗ - ੧੨੦੮*

ਤੀਸਰਾ ਧਿਆਨ ਇਹ ਹੋਇਆ ਕਰਦਾ ਹੈ 'ਅਕਾਲ ਮੂਰਤਿ' ਦਾ ਕਿ ਪ੍ਰਮੇਸ਼ਰ ਨੂੰ ਸਾਰੇ ਪਰੀਪੂਰਨ ਜਾਣਨਾ ਉਸਨੂੰ ਸੁੰਨ ਨਾ ਜਾਨਣਾ ਕਿ ਇਹ ਕੋਈ ਸੁੰਨ ਹੈ ਸਗੋਂ ਉਸਨੂੰ ਇਕ ਹਸਤੀ ਜਾਨਣਾ। ਇਹ ਉਚਾ ਧਿਆਨ ਹੈ ਹਰ ਬੰਦੇ ਦੇ ਧਿਆਨ ਵਿਚ ਨਹੀਂ ਆਇਆ ਕਰਦਾ। ਕੋਈ ਵਿਰਲਾ ਹੈ ਜਿਸਨੂੰ ਅੰਦਰਲਾ ਗਿਆਨ ਹੈ, ਉਹ ਇਸ ਧਿਆਨ ਦੇ ਵਿਚ ਆਇਆ ਕਰਦਾ ਹੈ।

ਸੋ ਮਹਾਰਾਜ ਜੀ ਕਹਿੰਦੇ ਪਿਆਰਿਓ! ਜੇ ਹਰੀ ਦੇ ਚਰਨ ਹਿਰਦੇ ਵਿਚ ਵਸਾ ਲਈਏ....., ਪਹਿਲੇ ਦੋ ਦੇ ਤਾਂ ਚਰਨ ਹੋ ਸਕਦੇ ਨੇ ਤੀਸਰੇ ਦਾ ਚਰਨ ਨਹੀਂ ਹੈ ਜਿਸਨੂੰ ਵਾਹਿਗੁਰੂ ਕਹਿੰਦੇ ਨੇ, ਉਸ ਦੇ ਚਰਨ ਮੰਤਰ ਹੋਇਆ ਕਰਦੇ ਨੇ। ਜਿਹੜੇ ਮੰਤਰ ਦਾ ਜਾਪ ਕਰਦੇ ਨੇ ਓਹੀ ਉਸ ਦੇ ਚਰਨ ਹੁੰਦੇ ਨੇ। ਜਦੋਂ ਵਾਹਿਗੁਰੂ ਮੰਤਰ ਹਿਰਦੇ ਵਿਚ ਵਸ ਜਾਂਦਾ ਹੈ ਉਸ ਵੇਲੇ ਅਸੀਂ ਨਾਮ ਦੇ ਬਹੁਤ ਨਜ਼ਦੀਕ ਪਹੁੰਚ ਜਾਂਦੇ ਹਾਂ। ਨਾਮ ਦੇ ਮੰਡਲ ਦੇ ਅੰਦਰ ਪ੍ਰਵੇਸ਼ ਕਰ ਜਾਂਦੇ ਹਾਂ। ਜਿੰਨਾ ਅਸੀਂ ਵਾਹਿਗੁਰੂ ਦੇ ਮੰਤਰ ਦਾ ਜਾਪ ਕਰਾਂਗੇ, ਪਹਿਲਾਂ ਰਸਨਾ ਨਾਲ ਹੁੰਦਾ ਹੈ। ਬਹੁਤ ਮਿਹਨਤ ਕਰਨੀ ਪੈਂਦੀ ਹੈ, ਰਸਨਾ ਨੂੰ ਸੁੱਚਾ ਕਰਨਾ ਪੈਂਦਾ ਹੈ ਕਿਉਂਕਿ ਰਸਨਾ ਜੂਠੀ ਹੁੰਦੀ ਹੈ - ਝੂਠ ਬੋਲ ਕੇ, ਗਲਤ ਚੀਜ਼ਾਂ ਖਾ ਕੇ ਜੂਠੀ ਹੋਈ-ਹੋਈ ਰਸਨਾ ਨੂੰ ਸੁੱਚਾ ਕਰਨ ਵਾਸਤੇ ਬੰਦਗੀ ਕਰਨੀ ਪੈਂਦੀ ਹੈ ਰਸਨਾ ਦੇ ਨਾਲ, ਬਾਣੀ ਪੜ੍ਹਨੀ ਪੈਂਦੀ ਹੈ, ਹਰੀ ਦਾ ਜਸ ਗਾਉਣਾ ਪੈਂਦਾ ਹੈ ਫੇਰ ਜਾ ਕੇ ਇਹ ਸੁੱਚੀ ਹੁੰਦੀ ਹੈ। ਜੂਠੀ ਰਸਨਾ ਦੇ ਵਿਚੋਂ ਨਿਕਲਿਆ ਹੋਇਆ ਬਚਨ ਪੂਰਾ ਨਹੀਂ ਹੋਇਆ ਕਰਦਾ, ਉਸ ਦੇ ਵਿਚ ਸ਼ਕਤੀ ਨਹੀਂ ਹੋਇਆ ਕਰਦੀ। ਸੁੱਚੀ ਰਸਨਾ ਦੇ ਵਿਚੋਂ ਜੇ ਕੋਈ ਬਚਨ ਨਿਕਲ ਜਾਵੇ ਉਸੇ ਵੇਲੇ ਪੂਰਾ ਹੋ ਜਾਇਆ ਕਰਦਾ ਹੈ। ਜਿੰਨੀ ਉਸ ਦੇ ਵਿਚ ਸਚਾਈ ਹੈ, ਜਿੰਨੀ ਉਸ ਦੇ ਵਿਚ ਸੋਧ ਹੈ ਓਨਾ ਹੀ ਉਸ ਦਾ ਬਚਨ ਪੂਰਾ ਹੋ ਜਾਇਆ ਕਰਦਾ ਹੈ। ਸੋ ਰਸਨਾ ਸੁੱਚੀ ਹੁੰਦੀ ਹੈ ਪ੍ਰਭੂ ਦਾ ਨਾਮ ਜਪ ਕੇ, ਹਰੀ ਦਾ ਗੁਣ ਗਾ ਕੇ। ਸੋ ਹੌਲੀ-ਹੌਲੀ ਮੰਤਰ ਸ਼ਕਤੀ ਨੂੰ ਲਿਜਾ ਕੇ ਉਸ ਮੰਡਲ ਵਿਚ ਪ੍ਰਵੇਸ਼ ਕਰਾ ਦਿੰਦਾ ਹੈ, ਜਿੱਥੇ ਪਾਰਜਾਤ ਰੁੱਖ ਹੁੰਦਾ ਹੈ, ਜਿਥੇ ਕਾਮਧੇਨ ਗਊ ਹੁੰਦੀ ਹੈ, ਜਿੱਥੇ ਚਿੰਤਾਮਨ ਵੱਟੀ ਹੋਇਆ ਕਰਦੀ ਹੈ। ਮਹਾਰਾਜ ਜੀ ਕਹਿੰਦੇ ਉਸ ਥਾਂ ਤੇ ਸਾਰੀਆਂ ਸ਼ਕਤੀਆਂ ਨੇ -

*ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ*
*ਫਿਰਹਿ ਜੋ ਹਰਿ ਹਿਰਦੈ ਸਦਾ ਵਸਾਇ ॥*
*ਅੰਗ - ੬੪੯*

ਕਿਉਂਕਿ ਉਹ ਨਾਮ ਦਾ ਮੰਡਲ ਆ ਗਿਆ ਜਿਸ ਥਾਂ ਤੇ ਪਾਰਜਾਤ ਰੁੱਖ ਹੈ, ਜਿਸ ਦੇ ਮਾਹੌਲ ਵਿਚ ਆ ਕੇ ਜੋ ਬਚਨ ਕਰ ਦਿਤਾ ਜਾਵੇ ਉਹ ਉਸੇ ਵੇਲੇ ਪੂਰਾ ਹੋ ਜਾਇਆ ਕਰਦਾ ਹੈ। ਸੋ ਮਹਾਰਾਜ ਜੀ ਕਹਿੰਦੇ ਜਦੋਂ ਚਰਨ ਹਿਰਦੇ ਵਿਚ ਵਸਾ ਲਏ, ਧਿਆਨ ਕਰ ਲਿਆ ਚਰਨਾਂ ਦਾ ਉਸ ਵੇਲੇ ਸਾਰੇ ਹੀ ਜੋ ਸਾਡੇ ਕਾਰਜ ਨੇ ਉਹ ਸਫਲ ਹੋ ਗਏ ਫੇਰ ਕੋਈ ਵਿਘਨ ਨਹੀਂ ਰਹਿੰਦਾ -

*ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ ॥*
*ਅੰਗ - ੨੬੨*

ਵਿਘਨ ਉਨਾਂ ਚਿਰ ਹੀ ਨੇ ਜਿੰਨਾ ਚਿਰ ਅਸੀਂ ਪ੍ਰਮੇਸ਼ਰ ਤੋਂ ਦੂਰ ਹਾਂ -

*ਕੋਟਿ ਬਿਘਨ ਤਿਸੁ ਲਾਗਤੇ*
*ਜਿਸ ਨੋ ਵਿਸਰੈ ਨਾਉ ॥ ਅੰਗ - ੫੨੨*

ਕ੍ਰੋੜਾਂ ਵਿਘਨ ਲਗਦੇ ਨੇ ਜਿਸਨੂੰ ਨਾਉਂ ਭੁੱਲ ਜਾਵੇ। ਸੋ ਇਸ ਕਰਕੇ ਵਿਘਨਾਂ ਦਾ ਖਾਤਮਾ ਪ੍ਰਮੇਸ਼ਰ ਦੇ ਨਾਮ ਜਪਣ ਦੇ ਨਾਲ ਹੁੰਦਾ ਹੈ, ਇਥੋਂ ਤੱਕ ਕਿ ਕੋਈ ਵੀ ਬਿਮਾਰੀ ਨਹੀਂ ਰਹਿੰਦੀ, ਕੋਈ ਘਾਟਾ ਨਹੀਂ ਰਹਿੰਦਾ, ਕੋਈ ਪਰੇਸ਼ਾਨੀ ਨਹੀਂ ਰਹਿੰਦੀ। ਸਭ ਦਾ ਇਲਾਜ ਪ੍ਰਮੇਸ਼ਰ ਦਾ ਨਾਮ ਹੈ।

*ਸਰਬ ਰੋਗ ਕਾ ਅਉਖਧੁ ਨਾਮੁ।*

ਸੋ ਇਸ ਤਰ੍ਹਾਂ ਦੇ ਨਾਲ ਜਦੋਂ ਚਰਨ ਹਿਰਦੇ ਵਿਚ ਵਸਦੇ ਨੇ ਉਸ ਵੇਲੇ ਸਾਰੇ ਕਾਰਜ ਸਫਲ ਹੋ ਜਾਂਦੇ ਨੇ ਤੇ ਵਿਘਨਾਂ ਦਾ ਨਾਸ਼ ਹੋ ਕੇ, ਜ਼ਿੰਦਗੀ ਬਹੁਤ ਰਸਦਾਇਕ ਹੋ ਜਾਂਦੀ ਹੈ ਫੇਰ ਕਿਸੇ ਤੋਟੇ ਵਿਚ ਨਹੀਂ ਆਉਂਦੀ, ਔਖ ਵਿਚ ਨਹੀਂ ਆਉਂਦੀ ਬੜੇ ਆਰਾਮ ਦੇ ਨਾਲ ਚਲਦੀ ਹੈ ਕਿਉਂਕਿ ਉਸ ਦੇ ਵਿਚ ਸੱਤ੍ਹਾ ਹੈ ਕੁਦਰਤੀ ਤੌਰ ਤੇ। ਸੋ ਮਹਾਰਾਜ ਜੀ ਕਹਿੰਦੇ ਅੱਜ ਕਲਜੁਗ ਦੇ ਅੰਦਰ ਆਦਮੀ ਕੋਈ ਪੁੰਨ ਕਰਦਾ ਹੈ, ਕੋਈ ਦਾਨ ਕਰਦਾ ਹੈ, ਕੋਈ ਤਪ ਕਰਦਾ ਹੈ, ਕੋਈ ਜਪ ਕਰਦਾ ਹੈ ਇਹ ਹੋਇਆ ਨਹੀਂ ਕਰਦੇ ਕਿਉਂਕਿ ਕਲਜੁਗ ਦਾ ਐਸਾ ਪ੍ਰਭਾਵ ਪੈ ਰਿਹਾ ਹੈ ਦਿਨੋ-ਦਿਨ ਕਿ ਬੰਦਾ ਰੁਲਦਾ ਜਾ ਰਿਹਾ ਹੈ ਜਿਹੜੇ ਬਾਣੀ ਪੜ੍ਹਨ ਵਾਲੇ ਨੇ ਉਹ ਵੀ ਰੁਲ ਰਹੇ ਨੇ, ਦੂਜੇ ਪਾਸੇ ਐਨੀ ਖਿੱਚ ਆ ਗਈ ਹੈ ਕਿ ਬੰਦਾ ਪੈਰ-ਪੈਰ ਤੇ ਭੁੱਲ ਰਿਹਾ ਹੈ, ਵਾਹਿਗੁਰੂ ਵਲੋਂ ਟੁੱਟਦਾ ਹੀ ਜਾਂਦਾ ਹੈ, ਪਿੱਛੇ ਨੂੰ ਹੀ ਹਟਦਾ ਜਾਂਦਾ ਹੈ, ਉਸ ਦਾ ਪ੍ਰਭਾਵ ਬਹੁਤਾ ਪੈਂਦਾ ਜਾਂਦਾ ਹੈ। ਸੋ ਇਸ ਦੇ ਵਿਚ ਕੀਤੇ ਹੋਏ ਜੋ ਪੁੰਨ ਨੇ ਉਹ ਫਲ ਨਹੀਂ ਦਿੰਦੇ ਪੂਰੇ। ਉਹ ਕਿਉਂ ਨਹੀਂ ਦਿੰਦੇ ਕਿਉਂਕਿ ਬੰਦੇ ਦੇ ਮਨ ਵਿਚ ਇਹ ਖਿਆਲ ਆ ਜਾਂਦਾ ਹੈ ਕਿ ਮੈਂ ਪੁੰਨ ਕਰਿਆ ਹੈ ਮੈਂ ਦਾਨ ਕਰਿਆ ਹੈ, ਮੈਂ ਐਨਾ ਜਪ ਕਰਿਆ ਹੈ, ਮਹਾਰਾਜ ਜੀ ਕਹਿੰਦੇ -

*ਜੇ ਕੋ ਸਤੁ ਕਰੇ ਸੋ ਛੀਜੈ*
*ਤਪ ਘਰਿ ਤਪੁ ਨ ਹੋਈ॥*

*ਜੇ ਕੋ ਨਾਉ ਲਏ ਬਦਨਾਵੀ*
*ਕਲਿ ਕੇ ਲਖਣ ਏਈ ॥ ਅੰਗ - ੯੦੨*

ਕਲਜੁਗ ਦੇ ਅੰਦਰ ਜੇ ਕੋਈ ਤਪ ਕਰਦਾ ਹੈ ਤਾਂ ਉਹ ਤਪ ਨਹੀਂ ਕਰ ਸਕਦਾ, ਜੇ ਕੋਈ ਜਪ ਕਰਦਾ ਹੈ ਤਾਂ ਜਪ ਨਹੀਂ ਕਰ ਸਕਦਾ ਕਿਉਂਕਿ ਇਸ ਜੁਗ ਦੇ ਅੰਦਰ ਖਿਆਲਾਤ ਜਿਹੜੇ ਨੇ ਉਹ ਬਹੁਤ ਦੂਸ਼ਿਤ ਹੋ ਗਏ ਉਨ੍ਹਾਂ ਦੇ ਵਿਚ ਮਰਿਆਦਾ ਨਹੀਂ ਕੋਈ ਰਹੀ, ਮਰਿਆਦਾ ਤੋਂ ਬਾਹਰ ਹੋ ਕੇ ਖਿਆਲ ਗੰਦੇ ਹੋ ਗਏ, ਗੰਦੇ ਖਿਆਲ ਹੋਣ ਦੇ ਨਾਲ ਨਾਮ ਨਾਲ ਚਿੱਤ ਨਹੀਂ ਲਗਦਾ ਨਿਸ਼ਾਨੀ ਇਹੀ ਹੁੰਦੀ ਹੈ, ਜੇ ਨਾਮ ਨਾਲ ਚਿੱਤ ਨਾ ਲੱਗੇ, ਨਾਮ ਦੀ ਰੁਚੀ ਅੰਦਰ ਨਾ ਜਾਗੇ, ਉਬਾਸੀਆਂ ਆਉਣੀਆਂ ਸ਼ੁਰੂ ਹੋ ਜਾਣ, ਆਦਮੀ ਬੈਠ ਨਾ ਸਕੇ ਤੇ ਰਸ ਨਾ ਕੋਈ ਆਵੇ ਤਾਂ ਸਮਝ ਲਓ ਕਿ ਮੈਲ ਨਾਲ ਭਰਿਆ ਪਿਆ ਹੈ ਅੰਦਰ ਜਿੰਨਾ ਚਿਰ ਮੈਲ ਹੈ ਉਨਾਂ ਚਿਰ ਚਿੱਤ ਨਹੀਂ ਲੱਗਣ ਦਿੰਦੀ, ਮੈਲ ਨੂੰ ਕੱਟਦਾ ਨਾਮ ਹੈ -

*ਭਰੀਐ ਮਤਿ ਪਾਪਾ ਕੈ ਸੰਗਿ ॥*
*ਓਹੁ ਧੋਪੈ ਨਾਵੈ ਕੈ ਰੰਗਿ ॥ ਅੰਗ - ੪*

ਉਹ ਵੀ ਨਾਮ ਨੇ ਕੱਟਣੀ ਹੈ। ਸੋ ਕਲਜੁਗ ਦੇ ਅੰਦਰ ਜਪਾਂ-ਤਪਾਂ ਦਾ ਫਲ ਨਹੀਂ ਮਿਲਦਾ, ਨਾ ਤੀਰਥਾਂ ਦਾ ਮਿਲਦਾ ਹੈ, ਨਾ ਦਾਨ ਦਾ ਫਲ ਮਿਲਦਾ ਹੈ ਇਸ ਦਾ ਕਾਰਨ ਇਹ ਹੈ ਕਿ ਇਸ ਕਲਜੁਗੀ ਬੰਦੇ ਦਾ ਮਨ ਇਹੋ ਜਿਹਾ ਬਣ ਗਿਆ ਇਹ ਸ਼ੁਕਰ ਨਹੀਂ ਕਰਦਾ ਵਾਹਿਗੁਰੂ ਜੀ ਦਾ ਕਿ ਸੱਚੇ ਪਾਤਸ਼ਾਹ! ਤੂੰ ਮੈਨੂੰ ਸੈਂਕੜੇ ਚੀਜ਼ਾਂ ਦਿੰਦਾ ਹੈਂ ਮੈਂ ਤੇਰੇ ਨਮਿੱਤ ਇਕ ਦਿੰਦਾ ਹਾਂ, ਨੜਿੱਨਵੇਂ ਤਾਂ ਮੈਂ ਆਪਣੇ ਕੋਲ ਹੀ ਰੱਖ ਲੈਂਦਾ ਹਾਂ -

*ਦਸ ਬਸਤੂ ਲੇ ਪਾਛੈ ਪਾਵੈ ॥*
*ਏਕ ਬਸਤੁ ਕਾਰਨਿ ਬਿਖੋਟਿ ਗਵਾਵੈ ॥*
*ਅੰਗ - ੨੬੮*

ਇਕ ਚੀਜ਼ ਹੈ ਉਸਨੂੰ ਵੀ ਕਹਿੰਦਾ ਇਹ ਮੇਰੀ ਹੈ। ਜਦੋਂ ਗੁਰੂ ਦੇ ਭੇਟਾ ਕਰੇਗਾ ਤਾਂ ਕਹਿੰਦਾ ਹੈ ਮੈਂ ਦਿੱਤੀ ਹੈ। ਉਹ ਕਹਿੰਦੇ ਤੂੰ ਕੌਣ ਹੈ ਤੈਨੂੰ ਤਾਂ ਉਹ ਦਿੰਦਾ ਹੈ। ਉਸ ਦੀ ਦਿਤੀ ਹੋਈ ਦਾਤ ਨੂੰ ਉਸ ਦੇ ਚਰਨਾਂ ਵਿਚ ਨਹੀਂ ਭੇਟ ਕਰਦਾ। ਚਾਹੀਦਾ ਤਾਂ ਸੀ ਤੂੰ ਸਾਡੀ ਦਾਤ ਹੀ ਚਰਨਾਂ ਵਿਚ ਧਰਦਾ ਕਿਉਂਕਿ ਉਸੇ ਦੀ ਹੀ ਚੀਜ਼ ਹੈ ਲੇਕਿਨ ਤੂੰ ਨੌਂ ਚੀਜ਼ਾਂ ਤੇ ਕਬਜ਼ਾ ਕਰ ਲਿਆ, 99 ਤੇ ਕਬਜ਼ਾ ਕਰ ਲਿਆ, 100ਵਾਂ ਹਿੱਸਾ ਜਿਹੜਾ ਹੈ ਉਹ ਤੂੰ ਪ੍ਰਮੇਸ਼ਰ ਨੂੰ ਅਰਪਣ ਕਰਦਾ ਹੈ। ਮਹਾਰਾਜ ਕਹਿੰਦੇ ਜੇ ਭਲਾ ਉਹ ਨਾ ਦੇਵੇ -

ਫੇਰ ਕੀ ਕਰੇਗਾ ਜੇ ਇਕ ਵੀ ਨਾ ਦੇਵੇ। ਸੋ ਦਾਨ ਦੇ ਕੇ ਇਹ ਕਹਿੰਦਾ ਹੈ ਮੈਂ ਕਰ ਰਿਹਾ ਹਾਂ, ਮੈਂ ਦੇ ਰਿਹਾ ਹਾਂ ਦਾਨ, ਮੈਂ ਮਦਦ ਕਰ ਰਿਹਾ ਹਾਂ। ਸ਼ੁਕਰਾਨੇ ਵਿਚ ਨਹੀਂ ਆਉਂਦਾ ਕਿ ਹੇ ਪ੍ਰਭੂ! ਤੇਰੀਆਂ ਦਿਤੀਆਂ ਹੋਈਆਂ ਦਾਤਾਂ ਦੇ ਵਿਚੋਂ ਮੈਂ ਤੈਨੂੰ ਇਕ ਚੀਜ਼ ਦੇ ਰਿਹਾ ਹਾਂ ਤੂੰ ਪ੍ਰਵਾਨ ਕਰ, ਮੇਰੇ ਕੋਲ ਤਾਕਤ ਨਹੀਂ ਕਿ ਮੈਂ ਸਾਰੀਆਂ ਦੇ ਦੇਵਾਂ, ਮੈਨੂੰ ਵੀ ਲੋੜ ਹੈ, ਤੇਰੀਆਂ ਦਿਤੀਆਂ ਹੋਈਆਂ ਹੀ ਤੈਨੂੰ ਦਿੰਦਾ ਹਾਂ। ਸੋ ਉਨ੍ਹਾਂ ਵਿਚ ਮਾਣ ਕਰਦਾ ਹੈਂ - ਤੀਰਥ ਯਾਤਰਾ ਕਰਦਾ ਹੈ, ਮਾਣ ਕਰਦਾ ਹੈਂ, ਜਪ ਕਰਦਾ ਹੈਂ ਮਹਾਰਾਜ ਜੀ ਕਹਿੰਦੇ ਇਹ ਜੇ ਮਾਣ ਕਰ ਲਏ ਤਾਂ -

*ਤੀਰਥ ਬਰਤ ਅਰੁ ਦਾਨ ਕਰਿ*
*ਮਨ ਮੈ ਧਰੈ ਗੁਮਾਨੁ ॥*
*ਨਾਨਕ ਨਿਹਫਲ ਜਾਤ ਤਿਹ*
*ਜਿਉ ਕੁੰਚਰ ਇਸਨਾਨੁ ॥ ਅੰਗ - ੧੪੨੮*

ਇਹ ਨਿਹਫਲ ਚਲਿਆ ਜਾਇਆ ਕਰਦਾ ਹੈ। ਸੋ ਕਲਜੁਗ ਦੇ ਅੰਦਰ ਫੇਰ ਪੁੰਨ ਕੀ ਕਰਿਆ ਜਾਵੇ? ਮਹਾਰਾਜ ਜੀ ਕਹਿੰਦੇ ਇਕ ਪੁੰਨ ਐਡਾ ਵੱਡਾ ਹੈ ਜਿਸ ਦਾ ਕੋਈ ਮੁਕਾਬਲਾ ਨਹੀਂ ਕਰ ਸਕਿਆ ਕਰਦਾ -

*ਕਲਿ ਮਹਿ ਏਹੋ ਪੁੰਨੁ ਗੁਣ ਗੋਵਿੰਦ ਗਾਹਿ ॥*
*ਅੰਗ - ੯੬੨*

ਜਦੋਂ ਗੋਬਿੰਦ ਦੇ ਗੁਣ ਗਾਉਂਦੇ ਹਾਂ ਤਾਂ ਇਸ ਦਾ ਵੱਡਾ ਪੁੰਨ ਹੈ ਪਰ ਗੁਣ ਗਾਉਣ ਵਾਸਤੇ ਲੀਨ ਹੋਣਾ ਪੈਂਦਾ ਹੈ, ਸ਼ਬਦ ਦੇ ਅੰਦਰ ਬਾਕੀ ਸਾਰੇ ਖਿਆਲਾਂ ਨੂੰ ਭੁੱਲਣਾ ਪੈਂਦਾ ਹੈ ਤੇ ਜੋ ਬਚਨ ਆਉਂਦੇ ਨੇ ਉਨ੍ਹਾਂ ਨੂੰ ਮੰਨਣਾ ਪੈਂਦਾ ਹੈ ਤਾਂ ਹੀ ਗੁਣ ਗਾਏ ਥਾਂ ਪੈਂਦੇ ਨੇ-

*ਸੇਵਕ ਸਿਖ ਪੂਜਣ ਸਭਿ ਆਵਹਿ*
*ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥*
*ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ*
*ਜਿਨ ਸਤਿਗੁਰ ਕੀ ਆਗਿਆ*
*ਸਤਿ ਸਤਿ ਕਰਿ ਮਾਨੀ ॥ ਅੰਗ - ੬੬੯*

ਸੋ ਇਸ ਕਰਕੇ ਜੋ ਹਰੀ ਦਾ ਜਸ ਹੈ ਉਸ ਦੇ ਬਾਰੇ ਮਹਾਰਾਜ ਜੀ ਨੇ ਹੁਣੇ ਦੱਸਿਆ ਹੈ ਕਿ ਪੂਜਾ, ਦਾਨ ਹੋਰ ਜਿੰਨੇ ਵੀ ਸਾਧਨ ਨੇ ਇਨ੍ਹਾਂ ਸਾਰਿਆਂ ਤੋਂ ਸ੍ਰੇਸ਼ਟ ਹਰੀ ਦਾ ਜਸ ਹੈ ਪਰ ਇਸਨੂੰ ਗਾਉਂਦਾ ਕੌਣ ਹੈ ਜਿਸ ਦੇ ਉਤੇ ਕ੍ਰਿਪਾ ਹੋ ਜਾਵੇ, ਦੂਜਾ ਨਹੀਂ ਗਾ ਸਕਦਾ, ਦੂਜਾ ਪੈਸੇ ਵਾਸਤੇ ਤਾਂ ਕਰੇਗਾ ਕਲਾ ਦਾ ਪ੍ਰਦਰਸ਼ਨ ਪਰ ਨਿਸ਼ਕਾਮ ਗੁਣ ਨਹੀਂ ਗਾ ਸਕਦਾ। ਜਿਹੜਾ ਨਿਸ਼ਕਾਮ ਕੀਰਤਨ ਹੈ ਕਰਮ ਧਰਮ ਦੇ ਮੁਕਾਬਲੇ ਤੇ ਕਰਮ ਧਰਮ ਲੁੱਟੇ ਜਾਂਦੇ ਨੇ -

*ਕਰਮ ਧਰਮ ਪਾਖੰਡ ਜੋ ਦੀਸਹਿ*
*ਤਿਨ ਜਮੁ ਜਾਗਾਤੀ ਲੂਟੈ ॥ ਅੰਗ - ੭੪੭*

ਕਹਿੰਦੇ ਜੇ ਇਕ ਅੱਖ ਦੇ ਝਮਕੇ ਜਿੰਨਾ ਚਿਰ ਵੀ ਉਸ ਦੀ ਸੁਰਤੀ ਪ੍ਰਮੇਸ਼ਰ ਦੇ ਨਾਲ ਜਾ ਕੇ ਲੱਗ ਗਈ, ਜੁੜ ਗਈ ਤੇ ਉਹ ਲੀਨ ਹੋ ਗਿਆ ਕੀਰਤਨ

ਦੇ ਅੰਦਰ ਤਾਂ ਇਕ ਨਿਮਖ ਦਾ ਹੀ ਐਨਾ ਫਲ ਹੈ ਕਿ ਉਹ ਜਮ੍ਹਾਂ ਤੋਂ ਛੁੱਟ ਜਾਏਗਾ, ਜਮਦੂਤ ਉਸਨੂੰ ਲਿਜਾ ਨਹੀਂ ਸਕਿਆ ਕਰਦੇ। ਸੋ ਇਹ ਸਭ ਤੋਂ ਵੱਡਾ ਗੁਣ ਹੈ ਤੇ ਗਾਉਂਦਾ ਉਹ ਹੈ ਜਿਸ ਤੇ ਕ੍ਰਿਪਾ ਹੋ ਜਾਵੇ। ਜਿਸਨੂੰ ਚਰਨਾਂ ਦੇ ਵਿਚ ਲਾ ਲਵੇ। ਜਾਗ ਉਸਨੂੰ ਆਵੇਗੀ, ਅੰਮ੍ਰਿਤ ਵੇਲੇ ਜਾਗੇਗਾ -

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ*
*ਓ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ*
*ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ*
*ਹੈ ਟੋਰ ਅਨੰਤ ਉਨ੍ਹਾਂ ਦੀ*
*ਵਸਲੋਂ ਉਰੇ ਮੁਕਾਮ ਨ ਕੋਈ*
*ਸੋ ਚਾਲ ਪਏ ਨਿਤ ਰਹਿੰਦੇ।*

***ਡਾ. ਭਾਈ ਵੀਰ ਸਿੰਘ ਜੀ***

ਉਹ ਹੀ ਸਤਿਸੰਗ ਦੇ ਵਿਚ ਆ ਸਕਦਾ ਹੈ ਉਸ ਦੇ ਹੀ ਭਾਗ ਬਣਦੇ ਨੇ -

*ਹਰਿ ਕੀਰਤਿ ਸਾਧਸੰਗਤਿ ਹੈ*
*ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥ ਅੰਗ - ੬੪੨*

ਸੋ ਮਹਾਰਾਜ ਜੀ ਦੀ ਕ੍ਰਿਪਾ ਹੈ ਸੰਗਤ ਆ ਜਾਂਦੀ ਹੈ ਅੰਮ੍ਰਿਤ ਵੇਲੇ ਉਠ ਕੇ ਹਰੀ ਦਾ ਜਸ ਹੋ ਜਾਂਦਾ ਹੈ, ਇਹ ਵਾਹਿਗੁਰੂ ਜੀ ਦੀ ਕ੍ਰਿਪਾ ਦੀ ਨਿਸ਼ਾਨੀ ਹੈ। ਜੇ ਪੂਰੀ ਵਿਧੀ ਦੇ ਨਾਲ ਕੀਰਤਨ ਸੁਣਿਆ ਜਾਵੇ, ਕੀਰਤਨ ਕਰਿਆ ਜਾਵੇ ਤਾਂ ਬਹੁਤ ਵੱਡੀ ਭਗਤੀ ਹੈ, ਬਹੁਤ ਵੱਡਾ ਫਲ ਹੁੰਦਾ ਹੈ ਕਿਉਂਕਿ ਇਸ ਭਗਤੀ ਨੂੰ ਪ੍ਰਧਾਨਗੀ ਦਿਤੀ ਹੋਈ ਹੈ -

*ਕਲਜੁਗ ਮਹਿ ਕੀਰਤਨੁ ਪਰਧਾਨਾ ॥*
*ਗੁਰਮੁਖਿ ਜਪੀਐ ਲਾਇ ਧਿਆਨਾ ॥*
*ਆਪਿ ਤਰੈ ਸਗਲੇ ਕੁਲ ਤਾਰੇ*
*ਹਰਿ ਦਰਗਹ ਪਤਿ ਸਿਉ ਜਾਇਦਾ ॥*

*ਅੰਗ - ੧੦੭੬*

ਸੋ ਇਹ ਗੁਰੂ ਮਹਾਰਾਜ ਜੀ ਦੀ ਕ੍ਰਿਪਾ ਹੈ ਜੇ ਉਹ ਗਵਾਉਂਦਾ ਹੈ ਤਾਂ ਗਾਉਂਦੇ ਹਾਂ ਜੇ ਨਾ ਗੁਆਵੇ ਫੇਰ ਨਹੀਂ ਗਾਇਆ ਕਰਦਾ, ਨਾ ਉਸਨੂੰ ਗਾਉਣ ਦਾ ਪਤਾ ਲੱਗੇ।

ਵਾਹਿਗੁਰੂ ਜੀ ਕਾ ਖਾਲਸਾ

ਵਾਹਿਗੁਰੂ ਜੀ ਕੀ ਫਤਹਿ।

# ਮਤੁ ਦੇਖਿ ਭੂਲਾ ਵੀਸਰੈ

ਸਾਧਸੰਗਤ ਜੀ!

*ਵਾਹਿਗੁਰੂ ਜੀ ਕਾ ਖਾਲਸਾ*
*ਵਾਹਿਗੁਰੂ ਜੀ ਕੀ ਫਤਹਿ।*

ਅੰਮ੍ਰਿਤ ਵੇਲੇ ਤੋਂ ਆਪ ਵਾਹਿਗੁਰੂ ਜੀ ਦਾ ਜਸ ਸਰਵਣ ਕਰ ਰਹੇ ਹੋ। ਜੋ ਹੁਣ ਸਮਾਂ ਬੀਤ ਰਿਹਾ ਹੈ ਜਿਸ ਦੇ ਵਿਚੋਂ ਆਦਮੀ ਲੰਘ ਰਿਹਾ ਹੈ, ਜੋ ਗੁਰੂ ਮਹਾਰਾਜ ਜੀ ਨੇ ਹੁਕਮਨਾਮਾ ਬਖਸ਼ਿਆ ਹੈ ਬਿਲਕੁਲ ਇਸੇ ਤਰ੍ਹਾਂ ਇਸ ਦੇ ਨਾਲ ਬੀਤ ਰਹੀ ਹੈ। ਮਨੁੱਖ ਦੀ ਸੋਚ ਨਾਹ-ਪੱਖੀ ਹੋ ਗਈ ਹੈ। ਬਹੁਤ ਸਾਰੇ ਬਚਨ ਗੁਰੂ ਮਹਾਰਾਜ ਜੀ ਨੇ ਫੁਰਮਾਨ ਕਰੇ ਨੇ। ਜੋ ਕੁਝ ਅਸੀਂ ਕਰ ਰਹੇ ਹਾਂ ਉਸ ਦੇ ਮੁਤਾਬਿਕ ਹੀ ਤੇ ਜੋ ਕੁਝ ਅਸੀਂ ਦੇਖ ਰਹੇ ਹਾਂ, ਉਸ ਦੇ ਮੁਤਾਬਿਕ ਹੀ ਗੁਰੂ ਮਹਾਰਾਜ ਜੀ ਨੇ ਸਾਨੂੰ ਸੇਧ ਦਿਤੀ ਹੈ ਕਿ ਜਿਸ ਰਸਤੇ ਨੂੰ ਪਿਆ ਹੋਇਆ ਹੈਂ ਜਿਹੜੀਆਂ ਗੱਲਾਂ ਦੇ ਵਿਚ ਤੂੰ ਖੱਚਤ ਹੋਇਆ-ਹੋਇਆ ਹੈਂ ਇਨ੍ਹਾਂ ਵਿਚ ਤੇਰਾ ਸਮਾਂ ਲੰਘਦਾ ਜਾਂਦਾ ਹੈ। ਕੋਈ ਫਾਇਦਾ ਨਹੀਂ ਨਿਕਲਦਾ ਉਸ ਦੇ ਵਿਚੋਂ ਕਿਉਂਕਿ ਸੁੱਖ ਤੇ ਦੁੱਖ ਮਨ ਨਾਲ ਸਬੰਧ ਰੱਖਿਆ ਕਰਦੇ ਨੇ। ਮਾਇਕ ਪ੍ਰਾਪਤੀਆਂ ਦਾ ਸੁੱਖਾਂ ਤੇ ਦੁਖਾਂ ਦਾ ਕੋਈ ਬਹੁਤਾ ਸਬੰਧ ਨਹੀਂ ਹੋਇਆ ਕਰਦਾ। ਮਨ ਦਾ ਹਿਸਾਬ ਹੋਇਆ ਕਰਦਾ ਹੈ, ਕਰੋੜਾਂਪਤੀ ਆਦਮੀ ਹੋਵੇ ਉਹ ਵੀ ਹਉਕੇ ਲੈਂਦਾ ਹੈ, ਦੁਖੀ ਹੁੰਦਾ ਫਿਰਦਾ ਹੈ, ਕਿਉਂਕਿ ਉਸ ਦੇ ਕੋਲ ਉਹ ਚੀਜ਼ ਨਹੀਂ ਹੈ ਜਿਸ ਥਾਂ ਤੋਂ ਸੁੱਖ ਦੀ ਪ੍ਰਾਪਤੀ ਹੋ ਜਾਵੇ।

ਜਦੋਂ ਤੋਂ ਸੰਸਾਰ ਰਚਿਆ ਹੈ, ਜਿੰਨੇ ਵੀ ਚੌਰਾਸੀ ਲੱਖ ਜੀਵ ਰਚੇ ਨੇ ਹਰੇਕ ਦੇ ਅੰਦਰ ਇਕ ਖਾਹਿਸ਼ ਇਕ ਵਾਸ਼ਨਾ ਲੁਕੀ ਪਈ ਹੈ ਕਿ ਮੈਂ ਸੁਖੀ ਹੋ ਜਾਵਾਂ। ਸੁਖੀ ਹੋਣ ਵਾਸਤੇ ਬਹੁਤ ਯਤਨ ਕਰਦਾ ਹੈ। ਬੇਅੰਤ ਕਿਸਮ ਦੀਆਂ ਵਾਸ਼ਨਾਵਾਂ ਇਸ ਦੇ ਮਨ ਵਿਚ ਹਰ ਵਕਤ ਰਹਿੰਦੀਆਂ ਨੇ ਤੇ ਇਸ ਦੀ ਸੁਰਤ ਨੂੰ ਘੇਰ ਕੇ ਰਖਦੀਆਂ ਨੇ ਕਿ ਜੇ ਮੈਂ ਇਹ ਕਰ ਲਵਾਂ ਤਾਂ ਮੈਂ ਸੁਖੀ ਹੋ ਸਕਦਾ ਹਾਂ, ਮੇਰੇ ਕੋਲ ਬਹੁਤ ਵਧੀਆ ਸਵਾਰੀ ਹੋਵੇ ਫੇਰ ਮੈਂ ਸੁਖੀ ਹੋ ਜਾਵਾਂ, ਮੇਰਾ ਘਰ ਬਹੁਤ ਵਧੀਆ ਹੋਵੇ ਫੇਰ ਮੈਂ ਸੁਖੀ ਹੋ ਜਾਵਾਂ, ਕੱਪੜੇ ਮੇਰੇ ਸਾਰਿਆਂ ਨਾਲੋਂ ਵਧੀਆ ਹੋਣ, ਪੈਸਾ ਮੇਰੇ ਕੋਲ ਸਭ ਤੋਂ ਜ਼ਿਆਦਾ ਹੋਵੇ ਫੇਰ ਮੈਨੂੰ ਸੁਖ ਦੀ ਪ੍ਰਾਪਤੀ ਹੋ ਜਾਵੇ। ਉਸ ਦੇ ਅੰਦਰ ਇਕ ਲੋਚਾ ਲੱਗੀ ਹੋਈ ਹੈ ਸੁਖ ਦੀ ਚਾਹੇ ਕੋਈ ਪਸ਼ੂ ਹੈ, ਚਾਹੇ ਪੰਛੀ ਹੈ ਉਨ੍ਹਾਂ ਦੇ ਆਪਣੇ ਹਿਸਾਬ ਨੇ, ਮਨੁੱਖ ਦਾ ਆਪਣਾ ਹਿਸਾਬ ਹੈ। ਮਹਾਰਾਜ ਜੀ ਕਹਿੰਦੇ ਇਹ ਇਕੱਤਰ ਕਰਦਾ ਹੈ ਮਾਇਆ, ਬਿਰਤੀ ਧਾਰੀ ਸੂਮ ਵਾਲੀ, ਜਮ੍ਹਾਂ ਕਰੀ ਜਾਂਦਾ ਹੈ-ਕਰੀ ਜਾਂਦਾ ਹੈ ਮੇਰਾ ਕਰੋੜ ਹੋ ਗਿਆ, ਮੇਰਾ ਦੱਸ ਕਰੋੜ ਜਮ੍ਹਾਂ ਹੋ ਗਿਆ, ਮੇਰੇ ਕੋਲ ਜਾਇਦਾਦ ਦੱਸ ਅਰਬ ਦੀ ਹੋ ਗਈ। ਕਹਿੰਦੇ ਫੇਰ ਕੀ ਹੁੰਦਾ ਹੈ? ਛੱਡ ਕੇ ਤੁਰ ਜਾਂਦਾ ਹੈ, ਨਾਲ ਤਾਂ ਗਿਆ ਨਾ, ਕਿਸੇ ਜਾਇਦਾਦ ਨੇ ਨਾਲ ਨਹੀਂ ਜਾਣਾ -

*ਕਬੀਰ ਇਹੁ ਤਨੁ ਜਾਇਗਾ*
*ਸਕਹੁ ਤ ਲੇਹੁ ਬਹੋਰਿ॥*
*ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ ॥*
*ਅੰਗ - ੧੩੬੫*

100 ਖਰਬ, ਲੱਖ ਕਰੋੜ ਨੂੰ ਕਹਿੰਦੇ ਨੇ ਕਿ ਐਨਾ ਧਨ ਹਾਸਲ ਕਰਕੇ ਫੇਰ ਵੀ ਆਦਮੀ ਜਾਣ ਵੇਲੇ ਖਾਲੀ ਹੱਥ ਨੰਗੇ ਪੈਰ ਜਾਂਦਾ ਹੈ। ਇਸ ਸਚਾਈ ਨੂੰ ਆਦਮੀ ਸਮਝ ਨਹੀਂ ਰਿਹਾ। ਇਸ ਤਰ੍ਹਾਂ ਹੈ ਜਿਸ ਤਰ੍ਹਾਂ ਕਿਤੇ ਬੇਹੋਸ਼ ਹੋਇਆ-ਹੋਇਆ ਕਿਸੇ ਨਸ਼ੇ ਦੇ ਅਧੀਨ ਇਹ ਸੁਰਤ ਗਵਾਈ ਬੈਠਾ ਹੈ। ਬਹੁਤ ਮੁਸ਼ਕਲ ਹੈ ਇਹ ਗੱਲ ਸਮਝ 'ਚ ਆਉਣੀ, ਕਿਉਂਕਿ ਜ਼ਿੰਦਗੀ ਦਾ ਵਹਾਓ ਹੈ, ਰੋੜ੍ਹ ਹੈ, ਰੁੜ੍ਹਦੀ ਹੀ ਜਾਂਦੀ ਹੈ, ਇਕ ਖਿਆਲ ਇਸਨੂੰ ਲਈਂ ਜਾਂਦਾ ਹੈ। ਮਹਾਰਾਜ ਜੀ ਕਹਿੰਦੇ ਨੇ ਕਿ ਹੇ ਮਨੁੱਖ! ਜੋੜਿਆ ਹੋਇਆ ਧਨ ਤੇਰੇ ਕਿਸੇ ਕੰਮ ਨਹੀਂ ਆਉਣਾ, ਕੋਈ ਦਾਨ ਨਹੀਂ, ਕੋਈ ਪੁੰਨ ਨਹੀਂ, ਕੋਈ ਸੰਤਾਂ ਦੀ ਸੇਵਾ ਨਹੀਂ ਤੂੰ ਕਰੀ, ਤੇਰੇ ਨਾਲ ਕੁਝ ਵੀ ਨਹੀਂ ਜਾਣਾ -

*ਦਮੜਾ ਤਿਸੀਕਾ ਜੋ ਖਰਚੈ ਅਰ ਖਾਇ॥*
*ਦੇਵੈ ਦਿਲਾਵੈ ਰਜਾਵੈ ਖੁਦਾਇ॥*
*ਹੋਤਾ ਨ ਰਾਖੈ ਅਕੇਲਾ ਨ ਖਾਇ॥*
*ਤਹਕੀਕ ਦਿਲਦਾਨੀ ਵਹੀ ਭਿਸ਼ਤ ਜਾਇ॥*
*ਨਸੀਹਤਨਾਮਾ*

ਕਹਿੰਦੇ ਤੂੰ ਕਿਸੇ ਹੋਰ ਗੱਲ ਵਿਚ ਪੈ ਗਿਆ, ਤੂੰ ਤਾਂ ਕੁਝ ਹੋਰ ਕੰਮ ਕਰਨਾ ਸੀ, ਜੇ ਤੈਨੂੰ ਪ੍ਰਮੇਸ਼ਰ ਨੇ ਬਹੁਤਾ ਦਿਤਾ ਹੈ ਤਾਂ ਤੂੰ ਵੰਡ ਕੇ ਖਾਹ, ਵਾਧੂ ਹੈ ਤਾਂ ਦੇ ਦੇਹ, ਕਿਸੇ ਕੰਮ ਨਹੀਂ ਹੈ, ਰੋਕ ਕੇ ਰੱਖ ਲਏਂਗਾ ਕੇਵਲ ਤੇਰੇ ਮਨ ਵਿਚ ਇਹ ਬਾਤ ਰਹੇਗੀ ਕਿ ਮੇਰੇ ਕੋਲ ਬਹੁਤ ਹੈ। ਤੂੰ ਭੁੱਲ ਗਿਆ ਕਿ ਸੁੱਖ ਦੀ ਪ੍ਰਾਪਤੀ ਕਿੱਥੋਂ ਹੁੰਦੀ ਹੈ।

ਮਿਸਾਲ ਦੇ ਨਾਲ ਗੱਲ ਸਮਝ 'ਚ ਆ ਜਾਂਦੀ

ਹੈ। ਇਕ ਰਾਜੇ ਦੀ ਲੜਕੀ ਕੋਲ ਨੌਂ-ਲੱਖਾ ਹਾਰ ਸੀ। ਉਹ ਦਰਿਆ ਤੇ ਇਸ਼ਨਾਨ ਕਰਨ ਜਾਂਦੀ ਹੈ ਨਾਲ ਬਹੁਤ ਸਾਰੀਆਂ ਸਹੇਲੀਆਂ ਨੇ, ਗੋਲੀਆਂ-ਬਾਂਦੀਆਂ ਨੇ। ਬਸਤਰ ਸੰਭਾਲ ਕੇ ਰੱਖ ਦਿਤੇ। ਜਦੋਂ ਇਸ਼ਨਾਨ ਪਿੱਛੋਂ ਬਸਤਰ ਪਹਿਨਣ ਲੱਗੀਆਂ ਤਾਂ ਉਸ ਵੇਲੇ ਹਾਰ ਉਥੇ ਨਹੀਂ ਸੀ, ਕਿਤੇ ਗੁੰਮ ਹੋ ਗਿਆ, ਬੜੀ ਤਲਾਸ਼ ਕਰੀ। ਅਖੀਰ ਰਾਜੇ ਨੇ ਇਹ ਐਲਾਨ ਕਰ ਦਿਤਾ ਕਿ ਜੇ ਕੋਈ ਉਸ ਹਾਰ ਦਾ ਪਤਾ ਵੀ ਦੇ ਦੇਏਗਾ ਉਸਨੂੰ ਅੱਧੀ ਕੀਮਤ, ਸਾਢੇ ਚਾਰ ਲੱਖ ਰੁਪਿਆ ਕੇਵਲ ਦੱਸਣ ਕਰਕੇ ਹੀ ਮਿਲ ਜਾਏਗਾ। ਸਾਰੀ ਦੁਨੀਆਂ ਨੇ ਲੱਭਣਾ ਸ਼ੁਰੂ ਕਰ ਦਿਤਾ ਪਰ ਹਾਰ ਕਿਸੇ ਨੂੰ ਨਾ ਲੱਭਿਆ।

ਇਕ ਦਿਨ ਇਕ ਲੱਕੜਹਾਰਾ, ਗਰਮੀ ਦਾ ਮਹੀਨਾ ਹੈ, ਪਿਆਸ ਬੁਝਾਉਣ ਲਈ ਪਾਣੀ ਦੇ ਕੰਢੇ ਕਿਸੇ ਸਰੋਵਰ ਤੇ ਆ ਗਿਆ ਜੋ ਇਕ ਜੰਗਲ ਦੇ ਵਿਚ ਸੀ। ਉਥੇ ਬੈਠ ਕੇ ਉਹ ਦਰਖਤ ਦੀ ਥਾਂ ਥੱਲੇ ਗਰਮੀ ਸੁਕਾਉਣ ਲੱਗਿਆ ਤਾਂ ਉਸ ਦੀ ਅਚਨਾਕ ਨਿਗ੍ਹਾ ਪਾਣੀ ਵਿਚ ਪਈ ਤਾਂ ਉਹ ਹੈਰਾਨ ਹੋ ਗਿਆ ਕਿ ਉਹ ਨੌਂ-ਲੱਖਾ ਹਾਰ ਤਾਂ ਆਹ ਪਿਆ ਹੈ। ਪਿਆਸ ਤਾਂ ਭੁੱਲ ਗਈ ਓਸ ਨੂੰ। ਖਿਆਲ ਆਇਆ ਕਿ ਕਿਤੇ ਹੋਰ ਬੰਦਾ ਨਾ ਆ ਕੇ ਦੇਖ ਲਵੇ। ਪਾਣੀ ਵਿਚ ਚੁੱਭੀ ਮਾਰਦਾ ਹੈ ਤਾਂ ਹੱਥ ਵਿਚ ਗਾਰਾ ਆਇਆ, ਦੁਬਾਰਾ ਫੇਰ ਹੇਠਾਂ ਚੰਗੀ ਤਰ੍ਹਾਂ ਹੱਥ ਮਾਰਦਾ ਹੈ ਫੇਰ ਗਾਰਾ ਹੱਥ ਵਿਚ ਆਇਆ। ਅਖੀਰ ਨਿਰਾਸ਼ ਹੋ ਕੇ ਰਾਜੇ ਕੋਲ ਗਿਆ ਤੇ ਕਹਿਣ ਲੱਗਿਆ ਕਿ ਰਾਜਨ! ਮੈਂ ਹਾਰ ਦਾ ਪਤਾ ਦਿੰਦਾ ਹਾਂ। ਛੇਤੀ ਚੱਲੋ, ਕੋਈ ਹੋਰ ਨਾ ਕੱਢ ਲਏ, ਗੋਤਾਖੋਰ ਨਾਲ ਲੈ ਚੱਲੋ। ਉਹ ਕੰਢੇ ਤੇ ਪਹੁੰਚਦੇ ਨੇ, ਗੋਤਾਖੋਰਾਂ ਨੂੰ ਦਿਖਾ ਦਿਤਾ ਕਿ ਆਹ ਹਾਰ ਪਿਆ ਹੈ ਉਹ ਵੀ ਗੋਤੇ ਮਾਰਦੇ ਨੇ। ਹੱਥ ਨਹੀਂ ਆਉਂਦਾ ਸਾਰੇ ਹੈਰਾਨ ਨੇ ਕਿ ਦਿਸਦਾ ਹੈ ਕੋਈ ਤਿਲੀਸਮ, ਕੋਈ ਜਾਦੂ ਹੋ ਗਿਆ ਇਹ ਆਖਿਰ ਹੋਇਆ ਕੀ ਇਹ? ਕਿਸੇ ਦੀ ਸਮਝ 'ਚ ਨਹੀਂ ਆ ਰਹੀ ਗੱਲ। ਕੋਈ ਸੋਝੀਵਾਨ ਬੰਦਾ ਆ ਗਿਆ, ਕੋਈ ਮਹਾਤਮਾ ਆ ਗਏ। ਉਨ੍ਹਾਂ ਨੇ ਪੁੱਛਿਆ ਕਿ ਐਨਾ ਰੌਲਾ-ਗੌਲਾ ਕਿਉਂ ਹੈ। ਉਨ੍ਹਾਂ ਨੇ ਸਾਰੀ ਗੱਲ ਦੱਸ ਦਿਤੀ। ਜਦੋਂ ਉਨ੍ਹਾਂ ਨੇ ਪਾਣੀ ਵਿਚ ਦੇਖਿਆ ਤਾਂ ਗੱਲ ਇਕ ਦਮ ਸਮਝ 'ਚ ਆ ਗਈ।

ਉਹ ਕਹਿਣ ਲੱਗੇ, ਰਾਜਨ! ਇਕ ਚੁਸਤ ਜਿਹਾ ਬੰਦਾ ਦੇਵੋ, ਜੋ ਦਰਖਤ ਤੇ ਚੜ੍ਹ ਸਕੇ। ਸਭ ਹੈਰਾਨ ਹੋਏ ਕਿ ਮਹਾਤਮਾ ਦਰਖਤ ਤੇ ਚਾੜ੍ਹਦੇ ਨੇ। ਉਸ ਬੰਦੇ ਨੂੰ ਇਸ਼ਾਰਾ ਕਰਕੇ ਕਹਿਣ ਲੱਗੇ, ਦੇਖ! ਉਹ ਜਿਹੜਾ ਸਭ ਤੋਂ ਉਚਾ ਟਾਹਣਾ ਹੈ ਉਥੇ ਇੱਲ ਦਾ ਆਲ੍ਹਣਾ ਹੈ ਤੇ ਉਹ ਪਰਲੇ ਪਾਸੇ ਹਾਰ ਲਟਕ ਰਿਹਾ ਹੈ ਉਸ ਦਾ ਪ੍ਰਤਿਬਿੰਬ ਜੋ ਪਰਛਾਵਾਂ ਹੈ ਉਹ ਪਾਣੀ ਵਿਚ ਪੈਣ ਕਰਕੇ ਇਸ ਦੇ ਵਿਚ ਉਸੇ ਤਰ੍ਹਾਂ ਨਜ਼ਰ ਆ ਰਿਹਾ ਹੈ ਜਿਸ ਤਰ੍ਹਾਂ ਹਾਰ ਹੋਇਆ ਕਰਦਾ ਹੈ। ਸੋ ਉਤੇ ਚੜ੍ਹ ਕੇ ਹਾਰ ਲਾਹ ਲਿਆ। ਇਹ ਇਕ ਸਾਖੀ ਹੈ ਬੰਦੇ ਨੂੰ ਸਮਝਾਉਣ ਵਾਸਤੇ ਤਾਂ ਕਿ ਉਹ ਚੰਗੀ ਤਰ੍ਹਾਂ ਸਮਝ ਆ ਜਾਵੇ ਜਾਂ ਤਾਂ ਫਿਲੋਸਫੀ ਨਾਲ ਬੰਦਾ ਸਮਝਦਾ ਹੈ, ਜਾਂ ਦਲੀਲਾਂ ਨਾਲ ਸਮਝਦਾ ਹੈ ਜਾਂ ਕਿਸੇ ਪ੍ਰਮਾਣ ਨਾਲ ਸਮਝ 'ਚ ਆ ਜਾਂਦੀ ਹੈ ਗੱਲ। ਸਾਰੇ ਜਾਣਦੇ ਨੇ ਕਿ ਇਹ ਤਾਂ ਬੜੀ ਭਾਰੀ ਭੁੱਲ ਸੀ ਉਸ ਦੀ ਕਿ ਪਾਣੀ ਵਿਚ ਗੋਤੇ ਲਗਵਾਈ ਗਿਆ ਰਾਜਾ ਵੀ ਤੇ ਲੱਕੜਹਾਰਾ ਵੀ ਪਰ ਜਾਣਾ ਉਸ ਥਾਂ ਤੇ ਚਾਹੀਦਾ ਸੀ ਜਿਥੇ ਹਾਰ ਪਿਆ ਸੀ।

ਮਹਾਰਾਜ ਜੀ ਕਹਿੰਦੇ ਪਿਆਰਿਆ! ਆਹੀ ਹਾਲ ਤੇਰੇ ਨਾਲ ਹੋ ਰਿਹਾ ਹੈ, ਬਿਲਕੁਲ ਤੂੰ ਇਸੇ ਤਰ੍ਹਾਂ ਖਪ ਰਿਹਾ ਹੈਂ। ਜਿਸ ਥਾਂ ਤੇ ਸੁੱਖ ਹੈ ਉਸ ਥਾਂ ਦਾ ਤੈਨੂੰ ਪਤਾ ਨਹੀਂ ਲਗਦਾ। ਜਿੱਥੇ ਉਸ ਦਾ ਪ੍ਰਤੀਬਿੰਬ ਪੈ ਰਿਹਾ ਹੈ ਉਥੇ ਤੂੰ ਗੋਤੇ ਮਾਰਦਾ ਜਾਂਦਾ ਹੈ ਤੇ ਵੱਡੀਆਂ ਤੋਂ ਵੱਡੀਆਂ ਪ੍ਰਾਪਤੀਆਂ ਜੇ ਮਨੁੱਖ ਕੋਲ ਆ ਜਾਣ। ਚਾਰ ਵੱਡੀਆਂ ਪ੍ਰਾਪਤੀਆਂ ਦੇ ਬਾਰੇ ਜ਼ਿਕਰ ਕਰਿਆ ਹੈ ਗੁਰਬਾਣੀ ਦੇ ਅੰਦਰ ਕਿ ਉਹ ਐਨਾ ਧਨੀ ਹੋਵੇ ਕਿ ਉਹ ਆਪਣਾ ਮਕਾਨ ਇੱਟਾਂ ਨਾਲ ਨਾ ਬਣਾਵੇ ਸਗੋਂ ਮੋਤੀਆਂ ਦੇ ਮੰਦਰ ਬਣਾਵੇ, ਰਤਨਾਂ ਦੇ ਨਾਲ ਉਨ੍ਹਾਂ ਵਿਚ ਜੜ੍ਹਾਈ ਕਰੇ, ਝਿਲਮਿਲ-ਝਿਲਮਿਲ ਕਰੇ ਉਹ ਤੇ ਅੱਖ ਨਾ ਉਸ ਦੇ ਉਤੇ ਟਿਕੇ ਫੇਰ ਉਸ ਦਾ ਜੋ ਲੇਪਨ ਕਰਨਾ ਹੈ ਉਹ ਕੋਈ ਸੀਮਿੰਟ ਨਾਲ ਨਾ ਕਰਿਆ ਜਾਵੇ, ਉਹ ਲੇਪਨ ਚੰਦਨ ਆਦਿ ਸੁਗੰਧੀ ਵਾਲੇ ਪਦਾਰਥਾਂ ਦਾ ਕਰਿਆ ਜਾਵੇ ਤਾਂ ਜੋ ਦੂਰ-ਦੂਰ ਤੱਕ ਸੁਗੰਧੀਆਂ ਆਉਂਦੀਆਂ ਰਹਿਣ।

ਦੂਸਰੀ ਮਿਸਾਲ ਮਹਾਰਾਜ ਜੀ ਨੇ ਦਿਤੀ ਹੈ ਕਿ ਭੋਗਾਂ ਦੀ ਦੁਨੀਆਂ ਦੇ ਅੰਦਰ ਕੋਈ ਨਸ਼ੇ ਪੀਂਦਾ ਹੈ, ਕੋਈ drug ਖਾਂਦਾ ਹੈ, ਕੋਈ ਵਿਸ਼ੇ-ਵਿਕਾਰਾਂ ਵਿਚ ਪੈਂਦਾ ਹੈ, ਕੋਈ ਬਹੁਤ ਸਜਾਵਟਾਂ ਕਰਦਾ ਹੈ। ਮਹਾਰਾਜ ਜੀ ਕਹਿੰਦੇ -

***ਧਰਤੀ ਤ ਹੀਰੇ ਲਾਲ ਜੜਤੀ***
***ਪਲਘਿ ਲਾਲ ਜੜਾਉ ॥*** ਅੰਗ - ੧੪

ਧਰਤੀ ਹੀਰੇ ਲਾਲਾਂ ਨਾਲ ਜੜ੍ਹੀ ਹੋਵੇ ਉਸ ਦਾ ਜੋ ਪਲੰਘ ਹੈ ਤੇ ਪਲੰਘ ਵੀ ਹੀਰੇ-ਮਣੀਆਂ, ਰਤਨਾਂ ਦੇ ਨਾਲ ਜੜੇ ਹੋਏ ਹੋਣ -

***ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥***
***ਮਤੁ ਦੇਖਿ ਭੂਲਾ ਵੀਸਰੈ***
***ਤੇਰਾ ਚਿਤਿ ਨ ਆਵੈ ਨਾਉ॥*** ਅੰਗ - ੧੪

ਖ਼ੂਬਸੂਰਤ ਇਸਤ੍ਰੀਆਂ ਹੋਣ, ਭੋਗਾਂ ਦੇ ਵਿਚ ਪ੍ਰਵਿਰਤ ਹੋਇਆ-ਹੋਇਆ ਬੰਦਾ ਹੋਵੇ, ਕੋਈ ਫਿਕਰ ਨਾ

ਹੋਵੇ ਦੁਨੀਆਂ ਦਾ।

ਤੀਸਰੀ ਮਿਸਾਲ ਮਹਾਰਾਜ ਜੀ ਕਹਿੰਦੇ ਨੇ ਕਿ ਉਸ ਕੋਲ ਐਨੀ (ਮਾਨਸਿਕ) ਸ਼ਕਤੀ ਹੋਵੇ ਕਿ ਹੁਣ ਭਾਰਤ ਵਿਚ ਬੈਠਾ ਹੈ ਇਕ ਸੈਕਿੰਡ ਤੋਂ ਬਾਅਦ ਟੈਲੀਫੋਨ ਆ ਜਾਵੇ ਕਿ ਮੈਂ ਅਮਰੀਕਾ ਪਹੁੰਚ ਗਿਆ ਤੇ ਉਥੋਂ ਫੇਰ ਆ ਜਾਵੇ ਕਿ ਹਿਮਾਲੀਆ ਦੀ ਚੋਟੀ ਤੇ ਬੈਠਾ ਹਾਂ ਇਸ ਵੇਲੇ, ਬੈਠਾ ਹੀ ਗੁਪਤ ਹੋ ਜਾਵੇ, ਕਿਤੇ ਜਾ ਕੇ ਪ੍ਰਗਟ ਹੋ ਜਾਵੇ। ਸਾਰੀ ਦੁਨੀਆਂ ਦੇ ਵਿਚ ਮਸ਼ਹੂਰ ਹੋ ਜਾਵੇ, ਸਾਰੀ ਦੁਨੀਆਂ ਉਸ ਦਾ ਆਦਰ ਕਰੇ।

ਚੌਥੀ ਬਾਤ ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ ਉਸ ਦੇ ਕੋਲ ਐਨੀ ਰਾਜਸੀ ਸ਼ਕਤੀ ਹੋਵੇ ਕਿ ਕਿਸੇ ਸੰਵਿਧਾਨ ਦੀ ਲੋੜ ਨਾ ਹੋਵੇ, ਕਿਸੇ ਬੰਧਨ ਵਿਚ ਨਾ ਹੋਵੇ ਜੋ ਉਸ ਦੇ ਮਨ ਵਿਚ ਆ ਜਾਵੇ ਓਹੀ ਕਾਨੂੰਨ ਹੋਵੇ, ਉਸ ਦੇ ਉਤੇ ਕੋਈ ਕਾਨੂੰਨ ਲਾਗੂ ਨਾ ਹੋਵੇ, ਕਿਤੇ ਵੀ ਉਹ ਜਵਾਬ ਦੇਹ ਨਾ ਹੋਵੇ।

ਇਹ ਚਾਰੇ ਪ੍ਰਾਪਤੀਆਂ ਦੁਨੀਆਂ ਦੇ ਵਿਚ ਹੋ ਜਾਣੀਆਂ ਬਹੁਤ ਮੁਸ਼ਕਲ ਨੇ ਪਰ ਇਸ ਦੇ ਵਿਚ ਮਹਾਰਾਜ ਜੀ ਦਸਦੇ ਨੇ ਕਿ ਸੁੱਖ ਨਹੀਂ ਆਉਂਦਾ ਪਿਆਰਿਆ! ਸੁੱਖ ਹੋਰ ਚੀਜ਼ ਵਿੱਚ ਹੈ ਉਹ ਇਹ ਹੈ ਕਿ ਜਿਸਨੂੰ ਪ੍ਰਮੇਸ਼ਰ ਦਾ ਨਾਮ ਕਹਿ ਕੇ ਮਹਾਰਾਜ ਜੀ ਦਸਦੇ ਨੇ ਕਿ ਜੇ ਉਹ ਨਾਮ ਪ੍ਰਗਟ ਨਹੀਂ ਹੋਇਆ ਤੇਰੇ ਅੰਦਰ, ਹਿਰਦੇ ਵਿਚ ਉਸ ਦਾ ਵਾਸਾ ਨਹੀਂ ਹੋਇਆ ਤਾਂ ਜਿਹੜੀ feeling ਮਹਿਸੂਸ ਕਰਨ ਵਾਲਾ ਯੰਤਰ ਹੈ ਇਸਦੇ ਅੰਦਰ ਜਿਸਨੂੰ ਚਿੱਤ ਕਹਿੰਦੇ ਨੇ ਜਲਿਆ ਹੋਇਆ ਹੈ, ਜਦੋਂ ਉਹ ਜਲ ਗਿਆ ਤਾਂ ਉਸ ਦੇ ਵਿਚ ਮਹਿਸੂਸ ਕਰਨ ਦੀ ਸ਼ਕਤੀ ਨਹੀਂ ਰਹੀ ਤੇ ਜਲਿਆ ਹੋਇਆ ਹੋਣ ਕਰਕੇ ਇਸਨੂੰ ਕੋਈ ਚੀਜ਼ ਵੀ ਸੁੱਖ ਨਹੀਂ ਦਿੰਦੀ। ਸੋ ਸਭ ਤੋਂ ਪਹਿਲਾਂ ਜੋ ਇਸ ਚੀਜ਼ ਨੂੰ ਮਹਿਸੂਸ ਕਰਦਾ ਹੈ ਉਹ ਸਹੀ ਹੋਣਾ ਚਾਹੀਦਾ ਹੈ। ਉਸ ਨੂੰ ਮਹਾਰਾਜ ਜੀ ਨੇ ਕਮਲ ਕਿਹਾ ਹੈ, ਹਿਰਦੇ ਕੋਲ। ਇਹ ਜਦੋਂ ਮੂਧਾ ਹੋ ਜਾਂਦਾ ਹੈ ਉਸ ਵੇਲੇ ਭਾਵੇਂ ਕੋਈ ਵੀ ਚੀਜ਼ ਇਸਨੂੰ ਮਿਲ ਜਾਵੇ ਜਿਵੇਂ ਜੇ ਕੋਈ ਬਿਮਾਰ ਹੈ ਤਾਂ ਉਸ ਨੂੰ ਭਾਵੇਂ ਕਿੰਨੀਆਂ ਵੀ ਸੁਆਦੂ ਚੀਜ਼ਾਂ ਦੇ ਦਿਓ ਨਹੀਂ ਉਸ ਨੂੰ ਸੁਆਦ ਆਏਗਾ, ਕੌੜਾ ਹੀ ਆਏਗਾ ਕਿਉਂਕਿ ਜਿਹੜੀ ਸੁਆਦ ਵਾਲੀ ਇੰਦਰੀ ਸੀ ਉਹ ਦੂਸ਼ਿਤ ਹੋ ਚੁੱਕੀ ਹੈ। ਕਿਸੇ ਚੀਜ਼ ਦੇ ਬਾਰੇ ਵੀ ਉਸ ਵਿਚ ਰੁਚੀ ਨਹੀਂ ਆਏਗੀ, ਕੋਈ ਚੀਜ਼ ਖਾਣ ਨੂੰ ਉਸ ਦਾ ਦਿਲ ਨਹੀਂ ਕਰੇਗਾ ਕਿਉਂਕਿ ਉਸ ਦੇ ਅੰਦਰ ਗਲਤੀ ਪੈ ਗਈ ਜਿਹੜੀ ਚੀਜ਼ ਨੇ ਸੁਆਦ ਲੈਣਾ ਸੀ ਉਹੀ ਗਲਤ ਹੋ ਗਈ। ਸੋ ਇਥੇ ਮਹਾਰਾਜ ਜੀ ਕਹਿੰਦੇ ਨੇ ਕਿ –

*ਮੋਤੀ ਤ ਮੰਦਰ ਊਸਰਹਿ*
*ਰਤਨੀ ਤ ਹੋਹਿ ਜੜਾਉ॥*
*ਕਸਤੂਰਿ ਕੁੰਗੂ ਅਗਰਿ ਚੰਦਨਿ*
*ਲੀਪਿ ਆਵੈ ਚਾਉ ॥* *ਅੰਗ – ੧੪*

ਐਸਾ ਨਾ ਹੋਵੇ ਕਿ ਇਨ੍ਹਾਂ ਚੀਜ਼ਾਂ ਵਿਚ ਮਨ ਪੈ ਜਾਵੇ ਤੇ ਮੈਂ ਨਾਮ ਨੂੰ ਭੁੱਲ ਜਾਵਾਂ।

*ਮਤੁ ਦੇਖਿ ਭੂਲਾ ਵੀਸਰੈ*
*ਤੇਰਾ ਚਿਤਿ ਨ ਆਵੈ ਨਾਉ॥* *ਅੰਗ – ੧੪*

ਵਾਹਿਗੁਰੂ ਨਾਲ ਜਦੋਂ ਸਾਡਾ ਸਬੰਧ ਟੁੱਟ ਜਾਂਦਾ ਹੈ ਉਸ ਵੇਲੇ ਜਿਹੜਾ ਸਾਡੇ ਅੰਦਰ ਜੀਵ ਹੈ ਉਹ ਜਲ ਜਾਂਦਾ ਹੈ, ਉਸ ਨੂੰ ਕੋਈ ਸੁਆਦ ਨਹੀਂ ਆਉਂਦਾ ਕਿਸੇ ਚੀਜ਼ ਦਾ –

*ਮੈ ਆਪਣਾ ਗੁਰੁ ਪੂਛਿ ਦੇਖਿਆ*
*ਅਵਰੁ ਨਾਹੀ ਥਾਉ ॥ ੧ ॥ ਰਹਾਉ ॥*
*ਧਰਤੀ ਤ ਹੀਰੇ ਲਾਲ ਜੜਤੀ*
*ਪਲਘਿ ਲਾਲ ਜੜਾਉ ॥*
*ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥*
*ਮਤੁ ਦੇਖਿ ਭੂਲਾ ਵੀਸਰੈ*
*ਤੇਰਾ ਚਿਤਿ ਨ ਆਵੈ ਨਾਉ ॥ ੨ ॥*
*ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥*
*ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥*
*ਮਤੁ ਦੇਖਿ ਭੂਲਾ ਵੀਸਰੈ*
*ਤੇਰਾ ਚਿਤਿ ਨ ਆਵੈ ਨਾਉ ॥* *ਅੰਗ – ੧੪*

ਕਾਰਨ ਕੀ ਹੈ ਕਿ ਸੁੱਖ ਤਾਂ ਨਾਮ ਵਿਚ ਹੈ –

*ਐਸਾ ਜਗੁ ਦੇਖਿਆ ਜੂਆਰੀ ॥*
*ਸਭਿ ਸੁਖ ਮਾਗੈ ਨਾਮੁ ਬਿਸਾਰੀ ॥*
*ਅੰਗ – ੨੨੨*

ਕਹਿੰਦਾ ਸੁੱਖ ਤਾਂ ਮੈਨੂੰ ਮਿਲ ਜਾਣ, ਸਰੀਰ ਵੀ ਮੇਰਾ ਤੰਦਰੁਸਤ ਰਹੇ, ਕਾਰਜ ਵੀ ਮੇਰੇ ਸਿੱਧ ਹੁੰਦੇ ਜਾਣ, ਵਿਘਨ ਕੋਈ ਵੀ ਨਾ ਲੱਗੇ ਤੇ ਅੱਗੇ ਜਾ ਕੇ ਜਿਹੜੇ ਸੰਸਾਰ ਵਿਚ ਜਵਾਬ ਦੇਣਾ ਹੈ ਉਥੇ ਵੀ ਮੈਨੂੰ ਕੋਈ ਤਕਲੀਫ ਨਾ ਹੋਵੇ ਪਰ ਮਹਾਰਾਜ ਜੀ ਕਹਿੰਦੇ ਹੈਰਾਨੀ ਏਸ ਗੱਲ ਦੀ ਹੈ ਕਿ ਇਹ ਚੀਜ਼ਾਂ ਤਾਂ ਮੰਗਦਾ ਹੈ ਪਰ ਭੁੱਲਿਆ ਹੋਇਆ ਹੈ ਨਾਮ ਤੋਂ, ਇਹ ਤਾਂ ਜੁਆਰੀ ਹੈ, ਜੂਏ ਦੇ ਵਿਚ ਬਾਜ਼ੀ ਹਾਰੀ ਹੋਈ ਹੈ ਇਸ ਨੇ। ਨਾਮ ਤੋਂ ਬਗੈਰ ਸੁੱਖ ਨਹੀਂ ਹੋਇਆ ਕਰਦਾ।

ਸੋ ਮਹਾਰਾਜ ਜੀ ਕਹਿੰਦੇ ਮਨੁੱਖ ਨੇ ਇਹ ਗੱਲ ਬੁੱਝੀ ਨਹੀਂ ਹੈ, ਪੜ੍ਹ ਗਿਆ, ਲਿਖ ਗਿਆ, ਪੀ.ਐਚ,ਡੀ ਹੋ ਗਿਆ, ਸਿਆਣਾ ਬੜਾ ਹੋ ਗਿਆ, ਪ੍ਰਾਪਤੀਆਂ ਦੁਨੀਆਂ ਦੀਆਂ ਬੜੀਆਂ ਕਰ ਲਈਆਂ ਉਨ੍ਹਾਂ ਦੇ ਵਿਚ ਮਸਤ ਹੋਇਆ ਪਿਆ ਹੈ –

*ਮਾਨੁਖੁ ਬਿਨੁ ਬੂਝੇ ਬਿਰਥਾ ਆਇਆ ॥*

ਉਹ ਬਗੈਰ ਬੁਝੇ ਤੋਂ ਬਿਰਥਾ ਹੈ। ਇਕ ਜਾਨਣਾ ਹੁੰਦਾ ਹੈ ਇਕ ਬੁੱਝਣਾ ਹੁੰਦਾ ਹੈ। ਜਾਨਣਾ ਉਪਰ ਦਾ ਗਿਆਨ ਹੈ, ਕਿਤਾਬਾਂ ਦਾ ਗਿਆਨ ਹੈ, ਉਸ ਨੇ ਚੀਜ਼ ਬੁੱਝੀ ਨਹੀਂ ਹੈ, ਉਸ ਨੂੰ ਪਤਾ ਨਹੀਂ ਲੱਗ ਸਕਿਆ, ਉਤੋਂ ਕਹਿ ਲਿਆ ਕਿ ਨਾਮ ਤੋਂ ਬਿਨਾਂ ਦੁੱਖ ਹੈ। ਉਤੋਂ ਜਾਣ ਗਿਆ ਕਿ ਸੰਸਾਰ ਦੇ ਅੰਦਰ ਮੈਂ ਪ੍ਰਭੂ ਦੀ ਪ੍ਰਾਪਤੀ ਵਾਸਤੇ ਆਇਆ ਹਾਂ।

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅੰਗ - ੧੨*

ਇਹ ਗੱਲ ਜਾਣ ਤਾਂ ਗਿਆ ਲੇਕਿਨ ਜੀਵਨ 'ਚ ਘਰ ਨਾ ਕਰ ਸਕੀ, ਵਿਸ਼ਵਾਸ਼ ਦੇ ਖਾਨੇ ਵਿਚ ਨਾ ਆ ਸਕੀ। ਇਸ ਦੀ ਮਹੱਤਤਾ ਨਾ ਹੋਈ ਇਸ ਦੀ ਸ਼੍ਰੇਣੀ ਸਭ ਤੋਂ ਪਿਛੋਂ ਰੱਖ ਲਈ, ਪਹਿਲ ਨਹੀਂ ਰੱਖੀ ਏਸ ਦੀ ਕਿ ਅਸਲੀ ਕੰਮ ਤਾਂ ਮੇਰਾ ਇਹ ਹੈ ਬਾਕੀ ਤਾਂ ਫਜ਼ੂਲ ਨੇ ਸਭ ਚੀਜ਼ਾਂ, ਜਿਹੜੀਆਂ ਚੀਜ਼ਾਂ ਮੈਨੂੰ ਨਾਮ ਜਪਣ ਵਿਚ ਰੁਕਾਵਟਾਂ ਪਾਉਂਦੀਆਂ ਨੇ, ਕਹਿੰਦੇ-

*ਜਲਿ ਜਾਉ ਏਹੁ ਬਡਪਨਾ ਮਾਇਆ ਲਪਟਾਇ ॥*
*ਅੰਗ - ੭੪੫*

ਇਹ ਜਿਹੜਾ ਵੱਡਾ ਬਨਿਆ ਹੈ ਤੂੰ ਇਸਨੂੰ ਅੱਗ ਵਿਚ ਜਾਲ ਦੇਹ -

*ਰਾਜ ਮਿਲਖ ਸਿਕਦਾਰੀਆ*
*ਅਗਨੀ ਮਹਿ ਜਾਲੁ ॥ ਅੰਗ - ੮੧੧*

ਰਾਜਸੀ ਸ਼ਕਤੀ ਤੇ ਸਰਦਾਰੀਆਂ ਨੂੰ ਤੂੰ ਅੱਗ ਦੇ ਵਿਚ ਪਾ ਕੇ ਜਾਲ ਦੇਹ ਕਿਉਂਕਿ ਤੈਨੂੰ ਇਸ ਨੇ ਭੁਲਾ ਦਿਤਾ ਅਸਲੀ ਕੰਮ ਜਿਹੜਾ ਤੂੰ ਕਰਨ ਆਇਆ ਸੀ ਉਹ ਤੇਰੇ ਦਿਮਾਗ ਵਿਚੋਂ ਹੀ ਨਿਕਲ ਗਿਆ ਤੇ ਤੂੰ ਭਟਕਦਾ ਫਿਰਦਾ ਹੈਂ, ਦੁਖੀ ਹੁੰਦਾ ਫਿਰਦਾ ਹੈਂ। ਵਿਘਨ ਸਾਰੇ ਇਸ ਕਰਕੇ ਲਗਦੇ ਨੇ -

*ਕੋਟਿ ਬਿਘਨ ਤਿਸੁ ਲਾਗਤੇ*
*ਜਿਸ ਨੋ ਵਿਸਰੈ ਨਾਉ॥ ਅੰਗ - ੫੨੨*

ਇਕ ਕੀ ਕਰੋੜਾਂ ਲਗਦੇ ਨੇ ਜਿਹੜਾ ਨਾਮ ਨਾਲੋਂ ਟੁੱਟ ਗਿਆ ਕਿਉਂਕਿ ਉਹ ਸੋਝੀ ਪੈਦਾ ਨਹੀਂ ਹੁੰਦੀ, ਜਦੋਂ ਤੱਕ ਸੋਝੀ ਪੈਦਾ ਨਹੀਂ ਹੁੰਦੀ ਉਦੋਂ ਤੱਕ ਗੱਲ ਨਹੀਂ ਬਣਦੀ। ਅੰਬਾਂ ਦਾ ਮੌਸਮ ਹੈ, ਬਹੁਤ ਸੋਹਣਾ ਅੰਬ ਪੱਕਿਆ ਹੋਇਆ ਹੈ ਇਕ ਆਦਮੀ ਆਇਆ ਤੇ ਉਥੇ ਬੈਠ ਕੇ ਅੰਬ ਵੱਲ ਦੇਖਣ ਲਗ ਗਿਆ, ਬਿਲਕੁਲ ਹੱਥ ਦੇ ਕੋਲ ਹੈ ਅੰਬ, ਹੱਥ ਲਾਇਆ ਹੋਇਆ ਹੈ ਉਸ ਨੇ ਤੇ ਉਹ ਗਿਣਨ ਲੱਗ ਗਿਆ ਕਿ ਇਸ ਦੇ ਵਿਚ ਐਨੇ ਐਸਿਡ ਨੇ, ਐਨੀ ਇਸ ਦੇ ਵਿਚ ਖੰਡ ਹੈ, ਐਨੀ ਕੈਲਰੀ ਇਸ ਦੇ ਅੰਦਰ ਤਾਪ ਦੀਆਂ ਨੇ, ਇਸ ਦਾ ਸੁਆਦ ਇਹ ਹੈ, ਲੰਗੜੇ ਦਾ ਸੁਆਦ ਆਹ ਹੈ, ਦੁਸਹਿਰੀ ਦਾ ਸੁਆਦ ਆਹ ਹੈ, ਉਹ ਸੁਆਦਾਂ ਦੇ ਵਿਚ ਪਿਆ ਹੋਇਆ ਹੈ। ਇਕ ਬੰਦਾ ਹੋਰ ਆਉਂਦਾ ਹੈ, ਉਸ ਨੇ ਆਉਂਦੇ ਨੇ ਹੀ ਕੋਈ ਗੱਲ ਨਹੀਂ ਗਿਣੀ ਅੰਬ ਤੋੜਿਆ ਚੂਪਣਾ ਸ਼ੁਰੂ ਕਰ ਦਿਤਾ। ਹੁਣ ਫਰਕ ਐਨਾ ਹੋ ਗਿਆ ਕਿ ਇਕ ਤਾਂ ਜਾਨਣ ਦਾ ਯਤਨ ਕਰਦਾ ਹੈ, ਇਕ ਬੁੱਝਣ ਦਾ ਯਤਨ ਕਰਦਾ ਹੈ। ਇਕ ਨੇ ਬੁਝ ਲਿਆ ਕਿ ਇਹ ਕੀ ਹੈ ਉਹ ਜਿਸ ਵਕਤ ਅੰਬ ਨੂੰ ਚੂਪਦਾ ਹੈ ਤਾਂ ਉਸਨੂੰ ਸੁਆਦ ਵੀ ਆਇਆ, ਸਭ ਕੁਝ ਮਿਲ ਗਿਆ ਉਸ ਨੂੰ ਲੋੜ ਹੀ ਨਹੀਂ ਪਈ ਕਿ ਮੈਂ ਜਾਣਾ ਉਸ ਅਨੰਦ ਦੇ ਵਿਚ ਕੀ ਹੈ।

ਸੋ ਮਹਾਰਾਜ ਜੀ ਕਹਿੰਦੇ ਇਸੇ ਤਰ੍ਹਾਂ ਦੋ ਵਰਗਾਂ ਦੇ ਮਨੁੱਖ ਨੇ ਇਕ ਤਾਂ ਅਰਥ ਕਰਨ ਵਾਲੇ ਵਾਲੇ ਨੇ, ਇਕ ਜਾਨਣ ਵਾਲੇ ਨੇ। ਉਹ ਉਪਰਲੀ ਬੁੱਧੀ ਦੇ ਨਾਲ ਜਾਣਦੇ ਨੇ ਕਿ ਸੰਸਾਰ ਤੇ ਅਸੀਂ ਆਏ ਹਾਂ ਪ੍ਰਮੇਸ਼ਰ ਨੂੰ ਮਿਲਣ ਦਾ ਸਾਡਾ ਸਮਾਂ ਹੈ, ਮਹਾਰਾਜ ਇਹ ਕਹਿੰਦੇ ਨੇ ਲੇਕਿਨ ਬੁੱਝੀ ਨਹੀਂ ਹੈ ਇਹ ਗੱਲ, ਨਾਮ ਦਾ ਰਸ ਨਹੀਂ ਮਹਿਸੂਸ ਕਰਿਆ। ਜਾਣਦੇ ਹਨ ਕਿ ਨਾਮ ਦੇ ਨਾਲ ਆਹ ਹੋ ਜਾਂਦਾ ਹੈ -

*ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ ॥*
*ਅੰਗ - ੨੬੨*

ਵਿਘਨਾਂ ਦਾ ਖਾਤਮਾ ਹੋ ਜਾਂਦਾ ਹੈ -

*ਦੁਖੁ ਤਦੇ ਜਾ ਵਿਸਰਿ ਜਾਵੈ ॥ ਅੰਗ - ੯੮*

ਦੁੱਖ ਵੀ ਤਾਂ ਹੀ ਨੇ ਜੇ ਪ੍ਰਮੇਸ਼ਰ ਭੁੱਲ ਜਾਂਦਾ ਹੈ ਲੇਕਿਨ ਆਪ ਫੇਰ ਦੁਖੀ ਹੈ ਇਹ ਜਾਣਦਾ ਹੋਇਆ ਕਿਉਂਕਿ ਇਹ ਬੁੱਝਿਆ ਨਹੀਂ ਹੈ। ਸੋ ਮਹਾਰਾਜ ਜੀ ਕਹਿੰਦੇ ਜੇ ਮਨੁੱਖ ਨੇ ਬੁਝਿਆ ਨਹੀਂ ਪਿਆਰਿਓ! ਤਾਂ ਇਸ ਦਾ ਸੰਸਾਰ ਤੇ ਆਉਣਾ ਕੋਈ ਮਤਲਬ ਨਹੀਂ ਰੱਖਦਾ, ਸੋ ਬੁੱਝਣਾ ਕੀ ਹੈ? ਉਹ ਆਦਮੀ ਦੇ ਅੰਦਰ ਸਥਿਤੀ ਹੁੰਦੀ ਹੈ ਜਿੱਥੇ ਜਾ ਕੇ 100% ਇਸ ਵਿਸ਼ਵਾਸ਼ ਵਿਚ ਆ ਜਾਂਦਾ ਹੈ ਕਿ ਮੈਂ ਤਾਂ ਕੁਝ ਕਰਿਆ ਹੀ ਨਹੀਂ ਹੈ ਅਜੇ ਤੱਕ ਸਮਾਂ ਲੰਘਦਾ ਜਾਂਦਾ ਹੈ ਆਇਆ ਸੀ ਮੈਂ ਪ੍ਰਮੇਸ਼ਰ ਨੂੰ ਮਿਲਣ ਵਾਸਤੇ, ਬੜਾ ਲੰਮਾ ਚੱਕਰ ਕੱਟਿਆ ਹੈ -

*ਫਿਰਤ ਫਿਰਤ ਬਹੁਤੇ ਜੁਗ ਹਾਰਿਓ*
*ਮਾਨਸ ਦੇਹ ਲਹੀ ॥*
*ਨਾਨਕ ਕਹਤ ਮਿਲਨ ਕੀ ਬਰੀਆ*
*ਸਿਮਰਤ ਕਹਾ ਨਹੀ ॥ ਅੰਗ - ੬੩੧*

ਲੇਕਿਨ ਮੈਂ ਤਾਂ ਆਪਣਾ ਜਨਮ ਬਰਬਾਦ ਕਰ ਦਿਤਾ। ਸੋ ਇਹ ਗੱਲ ਦਿਮਾਗ ਵਿਚ ਨਹੀਂ ਆਦਮੀ ਦੇ ਬੈਠੀ, 100% ਨਹੀਂ ਬੈਠਦੀ, ਉਪਰਲੇ-ਉਪਰਲੇ ਪਾਸੇ ਜਿੱਥੇ ਭੁੱਲ ਹੈ ਭੁੱਲ ਦੇ ਮੰਡਲ 'ਚ ਇਹ ਰਹਿੰਦਾ

ਹੈ ਹਰ ਵਕਤ। ਸੋ ਮਹਾਰਾਜ ਫੁਰਮਾਉਂਦੇ ਨੇ ਕਿ ਸਾਰੇ ਹੀ ਵਿਚਾਰ ਕਰ ਲਿਓ ਉਹ ਕਹਿੰਦੇ ਤੂੰ ਕਰਿਆ ਕੁਝ ਨਹੀਂ, ਮਾਇਆ ਤੇਰੇ ਆ ਗਈ ਪਰ ਦਾਨ ਨਹੀਂ ਤੂੰ ਕਰਿਆ, ਕੋਈ ਨੇਕੀ ਦਾ ਕੰਮ ਨਹੀਂ ਕਰਿਆ, ਸਾਧੂਆਂ ਦੀ ਤੂੰ ਸੰਗਤ ਵਿਚ ਨਹੀਂ ਗਿਆ ਕਿਉਂਕਿ ਜਿਹੜੀਆਂ ਪੁੱਗੀਆਂ ਹੋਈਆਂ ਰੂਹਾਂ ਹੁੰਦੀਆਂ ਹਨ, ਭੇਖ ਦਾ ਨਹੀਂ ਹੁੰਦਾ ਹਿਸਾਬ, ਸਾਧੂ ਹੁੰਦਾ ਹੈ ਸਾਧਨਾ ਸੰਪੰਨ, ਜਿਸ ਨੇ ਆਪਣੇ ਮਨ ਦੇ ਅੰਦਰ, ਆਪਣੇ-ਆਪ ਦੇ ਅੰਦਰ ਉਸਨੂੰ ਪ੍ਰਗਟ ਕਰ ਲਿਆ ਜਿਸ ਤੋਂ ਇਹ ਵਿਛੜਿਆ ਹੋਇਆ ਸੀ। ਉਸ ਨਾਮ ਦੇ ਮੰਡਲ ਵਿਚ ਪ੍ਰਵੇਸ਼ ਕਰ ਲਿਆ ਏਸ ਨੇ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ॥*
*ਅੰਗ - ੨੯੩*

ਉਹ ਸੰਤਾਂ ਦੀ ਸੰਗਤ ਵਿਚ ਗਿਆ ਨਹੀਂ। ਸੰਤਾਂ ਦੀ ਸੰਗਤ ਵਿਚ ਨਾ ਜਾਣ ਦਾ ਘਾਟਾ ਇਸਨੂੰ ਇਹ ਹੋਇਆ ਕਿ ਜਿਹੜੀ ਸਭ ਤੋਂ ਕੀਮਤੀ ਚੀਜ਼ ਇਸਨੂੰ ਮਿਲਣੀ ਸੀ ਉਹ ਮਿਲ ਨਾ ਸਕੀ ਉਸ ਤੋਂ ਵਾਂਝਾ ਰਹਿ ਗਿਆ, ਤਰਕ ਰਹੀ ਇਸ ਦੇ ਮਨ ਦੇ ਅੰਦਰ, ਮਤਲਬ ਦੇ ਨਾਲ ਵਾਸ਼ਨਾ ਰੱਖ ਕੇ ਜਾਂਦਾ ਰਿਹਾ, ਉਹ ਗੱਲ ਨਾ ਬਣੀ। ਮਹਾਰਾਜ ਜੀ ਕਹਿੰਦੇ ਨਾ ਸੰਤਾਂ ਦੀ ਸੇਵਾ ਕਰੀ ਹੈ ਇਸ ਨੇ ਨਾ ਅਨੁਭਵੀ ਮਹਾਂਪੁਰਸ਼ਾਂ ਦੀ ਸੰਗਤ ਕੀਤੀ ਹੈ ਕਿਉਂਕਿ ਦੋਵੇਂ ਚੀਜ਼ਾਂ ਉਤਮ ਨੇ -

*ਹਰਿ ਕੀਰਤਿ ਸਾਧਸੰਗਤਿ ਹੈ*
*ਸਿਰਿ ਕਰਮਨ ਕੈ ਕਰਮਾ ॥ ਅੰਗ - ੬੪੨*

ਸਾਰਿਆਂ ਤੋਂ ਵੱਡਾ ਜੋ ਕਰਮ ਹੈ ਉਹ ਸਾਧੂ ਦੀ ਸੰਗਤ ਤੇ ਹਰੀ ਦਾ ਜਸ ਕਰਨਾ ਦੋ ਚੀਜ਼ਾਂ ਨੇ। ਇਨ੍ਹਾਂ ਬਾਰੇ ਮਹਾਰਾਜ ਜੀ ਕਹਿੰਦੇ ਇਹ ਮਿਲਦੇ ਨਹੀਂ ਹਨ -

*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥ ਅੰਗ - ੬੪੨*

ਜਿੰਨਾਂ ਚਿਰ ਮੱਥੇ ਵਿਚ ਲੇਖ ਨਹੀਂ ਲਿਖਿਆ ਜਾਂਦਾ ਓਨੀਂ ਦੇਰ ਤੱਕ ਸੰਪਰਕ ਨਹੀਂ ਹੁੰਦਾ, ਫਿਰਦਾ ਰਹਿੰਦਾ ਹੈ ਆਲੇ-ਦੁਆਲੇ ਲੇਕਿਨ ਸੰਪਰਕ ਨਹੀਂ ਹੋ ਸਕਿਆ, ਗੱਲ ਸਮਝ ਵਿਚ ਨਹੀਂ ਆਈ। ਸੋ ਇਸ ਤਰ੍ਹਾਂ ਜਨਮ ਬਿਰਥਾ ਇਸ ਦਾ ਜਾ ਰਿਹਾ ਹੈ। ਮਹਾਰਾਜ ਜੀ ਕਹਿੰਦੇ ਬੁਝਣਾ ਚਾਹੀਦਾ ਹੈ ਜਿੰਨਾ ਚਿਰ ਬੁੱਝਿਆ ਨਹੀਂ ਹੈ-

*ਮਾਨੁਖੁ ਬਿਨੁ ਬੂਝੇ ਬਿਰਥਾ ਆਇਆ ॥*

ਬਿਰਥਾ ਆਇਆ ਹੈ, ਇਸ ਦੇ ਆਉਣ ਦਾ ਕੋਈ ਫਾਇਦਾ ਨਹੀਂ, ਜਿਹੋ ਜਿਹਾ ਆਇਆ ਹੈ ਉਹੋ ਜਿਹਾ ਚਲਿਆ ਗਿਆ ਕਿਉਂਕਿ ਅੰਦਰ ਹੀ ਹੈ ਸਭ ਕੁਝ -

*ਕਾਇਆ ਨਗਰੁ ਨਗਰ ਗੜ ਅੰਦਰਿ ॥*
*ਸਾਚਾ ਵਾਸਾ ਪੁਰਿ ਗਗਨੰਦਰਿ ॥*
*ਅਸਥਿਰੁ ਥਾਨੁ ਸਦਾ ਨਿਰਮਾਇਲੁ*
*ਆਪੇ ਆਪੁ ਉਪਾਇਦਾ ॥ ੧ ॥*
*ਅੰਦਰਿ ਕੋਟ ਛਜੇ ਹਟਨਾਲੇ ॥*
*ਆਪੇ ਲੇਵੈ ਵਸਤੁ ਸਮਾਲੇ ॥*
*ਬਜਰ ਕਪਾਟ ਜੜੇ ਜੜਿ ਜਾਣੈ*
*ਗੁਰ ਸਬਦੀ ਖੋਲਾਇਦਾ ॥ ਅੰਗ - ੧੦੩੩*

ਇਸ ਸਰੀਰ ਦੇ ਅੰਦਰ ਵਾਹਿਗੁਰੂ ਨੇ ਆਪਣਾ ਘਰ ਬਣਾ ਲਿਆ ਆਪੇ ਹੀ ਉਹ ਸਾਡੇ ਨਾਲ ਰਹਿੰਦਾ ਹੈ ਪਰ ਫੇਰ ਵੀ ਪਤਾ ਨਹੀਂ ਲਗਦਾ -

*ਧਨ ਪਿਰ ਕਾ ਇਕ ਹੀ ਸੰਗਿ ਵਾਸਾ*
*ਵਿਚਿ ਹਉਮੈ ਭੀਤਿ ਕਰਾਰੀ ॥*
*ਗੁਰਿ ਪੂਰੈ ਹਉਮੈ ਭੀਤਿ ਤੋਰੀ*
*ਜਨ ਨਾਨਕ ਮਿਲੇ ਬਨਵਾਰੀ ॥ ਅੰਗ - ੧੨੬੩*

ਉਹ ਰਹਿੰਦੇ ਇਕੱਠੇ ਹੀ ਨੇ, ਕੋਲ-ਕੋਲ ਰਹਿੰਦੇ ਨੇ, ਪਰ ਕਹਿੰਦੇ ਜਿਹੜਾ ਵਿਚਾਲੇ ਸਬੰਧ ਟੁੱਟਿਆ ਹੋਇਆ ਹੈ ਦੋਹਾਂ ਦਾ, ਉਹ ਐਨਾ ਜ਼ਬਰਦਸਤ ਹੈ ਕਿ ਉਸਨੂੰ ਜੋੜਿਆ ਨਹੀਂ ਜਾ ਸਕਦਾ, ਬੰਦੇ ਦੀ ਤਾਕਤ ਤੋਂ ਬਾਹਰ ਦੀ ਗੱਲ ਹੈ -

*ਹਉ ਹਉ ਭੀਤਿ ਭਇਓ ਹੈ ਬੀਚੋ*
*ਸੁਨਤ ਦੇਸਿ ਨਿਕਟਾਇਓ ॥ ਅੰਗ - ੬੨੪*

ਸੰਤਾਂ ਤੋਂ ਸੁਣ ਲਿਆ ਕਿ ਵਾਹਿਗੁਰੂ ਕੋਲ ਰਹਿੰਦਾ ਹੈ ਲੇਕਿਨ ਹਉਮੈ ਦੀ ਕੰਧ ਐਨੀ ਜ਼ਬਰਦਸਤ ਹੈ ਕਿ ਉਹ ਤੋੜੀ ਨਹੀਂ ਟੁੱਟਦੀ ਕਿਸੇ ਤਰੀਕੇ ਦੇ ਨਾਲ-

*ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥*
*ਅੰਗ - ੬੨੪*

ਉਹ ਐਨੀ ਹੈ ਕਿ ਜਿੰਨੀ ਛੋਟੀ ਤੋਂ ਛੋਟੀ ਚੀਜ਼ ਦੁਨੀਆਂ ਵਿਚ ਹੋ ਸਕਦੀ ਹੈ ਕਿ ਐਨਾ ਕੁ ਫਰਕ ਹੈ ਆਪਸ ਵਿਚ -

*.............ਬਿਨੁ ਪੇਖੇ ਦੂਰਾਇਓ ॥*
*ਅੰਗ - ੬੨੪*

ਦੇਖੇ ਤੋਂ ਬਗੈਰ ਵਾਹਿਗੁਰੂ ਸੱਤਵੇਂ ਅਸਮਾਨ ਤੇ, ਲੱਖਵੇਂ ਅਸਮਾਨ ਤੇ ਕਿ ਉਹ ਤਾਂ ਕਿਤੇ ਦੂਰ ਹੈ, ਉਨ੍ਹਾਂ ਨਾਲ ਤਾਂ ਮੇਰਾ ਵਾਹ ਨਹੀਂ ਹੈ। ਰੋਂਦਾ ਹੈ, ਟੋਲ੍ਹਦਾ ਫਿਰਦਾ ਹੈ, ਥਾਂ-ਥਾਂ ਤੇ ਭਟਕਦਾ ਫਿਰਦਾ ਹੈ। ਮਹਾਰਾਜ ਜੀ ਕਹਿੰਦੇ ਕਿਉਂ ਭਟਕਦਾ ਹੈਂ? ਉਹ ਤੇਰੇ ਅੰਦਰ ਹੈ ਲੇਕਿਨ ਤੂੰ ਸੰਗਤ ਨਹੀਂ ਕਰੀ, ਜਾਗਿਆ

ਹੋਇਆਂ ਦੀ ਇਸ ਕਰਕੇ ਤੈਨੂੰ ਜੁਗਤ ਨਹੀਂ ਆਈ। ਉਹ ਤੇਰੇ ਅੰਦਰ ਹੀ ਹੈ –

*ਅੰਦਰਿ ਕੋਟ ਛਜੇ ਹਟਨਾਲੇ ॥*
*ਆਪੇ ਲੇਵੈ ਵਸਤੁ ਸਮਾਲੇ ॥ ਅੰਗ - ੧੦੩੩*

ਉਨ੍ਹਾਂ ਦਾ ਫਰਕ ਐਨਾ ਹੋ ਗਿਆ ਕਿ ਐਨੇ ਸਖਤ ਦਰਵਾਜੇ ਬੰਦ ਹੋ ਗਏ ਰੱਬ ਦੇ ਅਤੇ ਤੇਰੇ ਉਹ ਖੁਲ੍ਹਦੇ ਨਹੀਂ 'ਗੁਰ ਸਬਦੀ ਖੁਲਾਇੰਦਾ' ਜੇ ਗੁਰੂ ਦੇ ਸ਼ਬਦ ਦੀ ਤੈਨੂੰ ਪ੍ਰਾਪਤੀ ਹੋਵੇ ਤਾਂ ਉਹ ਖੁਲ੍ਹ ਸਕਦੇ ਨੇ –

*ਭੀਤਰਿ ਕੋਟ ਗੁਫਾ ਘਰ ਜਾਈ ॥*
*ਅੰਗ - ੧੦੩੩*

ਜਿਨ੍ਹਾਂ ਨੂੰ ਜੁਗਤ ਆ ਗਈ ਅੰਦਰ ਜਾਣ ਦੀ–

*ਨਉ ਘਰ ਥਾਪੇ ਹੁਕਮਿ ਰਜਾਈ ॥*
*ਅੰਗ - ੧੦੩੩*

ਫੇਰ ਉਨ੍ਹਾਂ ਨੂੰ ਵਾਸ਼ਨਾ ਦੇ ਵਿਚ ਅੱਖਾਂ, ਕੰਨ, ਰਸਨਾ ਇਹ ਚੀਜ਼ਾਂ ਘੁੰਮਾਉਂਦੀਆਂ ਨਹੀਂ, ਠਾਕੀਆਂ ਜਾਂਦੀਆਂ ਹਨ, ਥਾਪ ਦਿਤੀਆਂ ਜਾਂਦੀਆਂ ਹਨ –

*ਦਸਵੈ ਪੁਰਖੁ ਅਲੇਖੁ ਅਪਾਰੀ*
*ਆਪੇ ਅਲਖੁ ਲਖਾਇਦਾ ॥ ਅੰਗ - ੧੦੩੩*

ਉਹ ਦਰਵਾਜ਼ਾ ਜਿਸ ਦਾ ਤੈਨੂੰ ਪਤਾ ਨਹੀਂ ਹੈ –

*ਨਉ ਦਰਵਾਜੇ ਕਾਇਆ ਕੋਟੁ ਹੈ*
*ਦਸਵੈ ਗੁਪਤੁ ਰਖੀਜੈ ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*
*ਅੰਗ - ੯੫੪*

ਤੇਰੀ ਉਹ ਸੋਝੀ ਵਿਚ ਨਹੀਂ ਆਉਂਦਾ ਗੁਰੂ ਦੱਸੀ ਜਾਂਦੇ ਨੇ ਵਾਰ-ਵਾਰ ਕਿ ਤੇਰੇ ਅੰਦਰ ਹੀ ਹੈ, ਉਥੇ ਨਿਸ਼ਾਨੀਆਂ ਨੇ–

*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥*
*ਅੰਗ - ੯੫੪*

ਉਥੇ ਪ੍ਰਕਾਸ਼ ਹੋਰ ਤਰ੍ਹਾਂ ਦਾ ਹੈ ਜਿਸਨੂੰ ਗਿਆਨ ਦਾ ਪ੍ਰਕਾਸ਼ ਕਹਿੰਦੇ ਨੇ, ਹੋਰ ਪ੍ਰਕਾਸ਼ਾਂ ਦੀ ਉਥੇ ਪਹੁੰਚ ਨਹੀਂ ਹੈ –

*ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥*
*ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥*
*ਅੰਗ - ੪੬੩*

ਗੁਰੂ ਦੀ ਰੋਸ਼ਨੀ ਇਸ ਦੇ ਅੰਦਰ ਨਹੀਂ ਹੈ। ਇਸ ਕਰਕੇ ਹਨ੍ਹੇਰਾ ਪਿਆ ਹੈ। ਮਹਾਰਾਜ ਜੀ ਕਹਿੰਦੇ ਅੰਦਰ ਹੈ ਜਿਸ ਵਕਤ ਤੂੰ ਅੰਦਰ ਚਲੇ ਜਾਏਂਗਾ, ਅੰਦਰ ਜਾਣ ਦੀ ਜੁਗਤ ਆ ਜਾਏਗੀ, back to source (ਆਪਣੇ ਮੂਲ ਵੱਲ ਵਾਪਸ) ਪੁੱਠੀ ਤਾਰੀ ਮੱਛੀ ਵਾਂਗੂੰ ਤਰ ਕੇ ਆਪਣੇ ਮੂਲ ਵਲ ਪਹੁੰਚ ਜਾਏਂਗਾ, ਜਿਥੋਂ ਤੂੰ ਆਇਆ ਹੈਂ ਉਸ ਵੇਲੇ ਜਦੋਂ ਤੂੰ ਪ੍ਰਕਾਸ਼ ਵਿਚ ਦੇਖੇਂਗਾ ਤਾਂ ਤੈਨੂੰ ਨਜ਼ਰ ਆਏਗਾ –

*ਸਭ ਮਹਿ ਏਕੁ ਵਰਤਦਾ*
*ਜਿਨਿ ਆਪੇ ਰਚਨ ਰਚਾਈ॥ ਅੰਗ - ੯੫੪*

ਸਾਰਿਆਂ ਦੇ ਅੰਦਰ ਇਕੋ ਵਾਹਿਗੁਰੂ ਹੀ ਵਰਤ ਰਿਹਾ ਹੈ –

*ਵਾਹੁ ਵਾਹੁ ਸਚੇ ਪਾਤਸ਼ਾਹ*
*ਤੂੰ ਸਚੀ ਨਾਈ।*

*ਦਸਵੈ ਪੁਰਖੁ ਅਲੇਖੁ ਅਪਾਰੀ*
*ਆਪੇ ਅਲਖੁ ਲਖਾਇਦਾ ॥ ਅੰਗ - ੧੦੩੩*

ਲੇਕਿਨ ਜਿਹੜਾ ਦਰਵਾਜਾ ਖੋਲ੍ਹਣਾ ਹੈ ਉਹ ਵਾਹਿਗੁਰੂ ਖੋਲ੍ਹਦਾ ਹੈ, ਦਰਵਾਜ਼ੇ ਤੱਕ ਸੰਤ ਪਹੁੰਚਾ ਦਿੰਦੇ ਨੇ। ਦਰਵਾਜ਼ਾ ਖੜਕਾ, ਖੜਕਾਈ ਜਾਹ! ਖੜਕਾਈ ਜਾਹ! ਉਸ ਨੇ ਖੋਲ੍ਹ ਦੇਣਾ ਹੈ ਭਾਵਨਾ ਦੇਖ ਕੇ। ਸੋ ਆਦਮੀ ਦੇ ਅੰਦਰ ਹੀ ਸਭ ਕੁਝ ਹੋਣ ਕਰਕੇ, ਮਹਾਰਾਜ ਜੀ ਕਹਿੰਦੇ ਮਨੁੱਖ ਨੇ ਬੁੱਝਿਆ ਕੁਝ ਨਹੀਂ ਹੈ। ਇਸ ਕਰਕੇ ਜਿਹੋ ਜਿਹਾ ਆਇਆ ਹੈ ਜਿਵੇਂ ਸੁੰਨੇ ਘਰ ਦਾ ਪ੍ਰਾਹੁਣਾ ਹੁੰਦਾ ਹੈ, ਨਾ ਉਥੇ ਪਾਣੀ ਮਿਲੇ, ਨਾ ਉਥੇ ਬੈਠਣ ਨੂੰ ਥਾਂ ਮਿਲੇ, ਕਹਿੰਦੇ ਜਿਵੇਂ ਕਾਂ ਆ ਵੜੇ ਸੁੰਨੇ ਘਰ ਦੇ ਅੰਦਰ ਉਸ ਨੂੰ ਕੀ ਮਿਲ ਜਾਏਗਾ ਉਸ ਦੇ ਵਿਚ, ਆਹੀ ਹਾਲ ਹੂ-ਬ-ਹੂ ਮਨੁੱਖ ਦਾ ਹੁੰਦਾ ਹੈ। ਪ੍ਰਮੇਸ਼ਰ ਨੂੰ ਭੁੱਲ ਕੇ ਹੋਰ ਹੀ ਚੀਜ਼ਾਂ ਦੇ ਵਿਚ ਪਰਚ ਕੇ ਆਪਣਾ ਜੀਵਨ ਬਰਬਾਦ ਕਰ ਜਾਂਦਾ ਹੈ।

ਸੋ ਇਹ ਜੋ ਬਚਨ ਨੇ ਗੁਰੂ ਮਹਾਰਾਜ ਦੇ ਹਿਰਦੇ ਵਿਚ ਵਸਾਉਣ ਦੀ ਲੋੜ ਹੈ, ਚੱਲਣ ਦੀ ਲੋੜ ਹੈ। ਸੋ ਜਦੋਂ ਅਸੀਂ ਵਿਧੀ-ਪੂਰਬਕ ਸੰਗਤ ਕਰਦੇ ਹਾਂ ਫੇਰ ਸਾਨੂੰ ਲਾਹਾ ਪ੍ਰਾਪਤ ਹੁੰਦਾ ਹੈ –

*ਕਈ ਕੋਟਿਕ ਜਗ ਫਲਾ*
*ਸੁਣਿ ਗਾਵਨਹਾਰੇ ਰਾਮ ॥ ਅੰਗ - ੫੪੬*

**ਵਾਹਿਗੁਰੂ ਜੀ ਕਾ ਖਾਲਸਾ**
**ਵਾਹਿਗੁਰੂ ਜੀ ਕੀ ਫਤਹਿ।**

# ਲਾਗੀ ਹੋਇ ਸੁ ਜਾਨੈ ਪੀਰ ॥

ਸਾਧਸੰਗਤ ਜੀ!

*ਵਾਹਿਗੁਰੂ ਜੀ ਕਾ ਖਾਲਸਾ*
*ਵਾਹਿਗੁਰੂ ਜੀ ਕੀ ਫਤਹਿ।*

ਗੁਰੂ ਮਹਾਰਾਜ ਜੀ ਦੀ ਕ੍ਰਿਪਾ ਦੇ ਸਦਕੇ ਅੰਮ੍ਰਿਤ ਵੇਲੇ ਤੋਂ ਆਪ ਹਰੀ ਦੇ ਗੁਣ ਗਾ ਰਹੇ ਸੀ, ਸੁਣ ਰਹੇ ਸੀ ਉਪਰੰਤ ਮਹਾਰਾਜ ਜੀ ਨੇ ਸਾਨੂੰ ਜੋ ਫੁਰਮਾਨ ਕੀਤਾ ਹੈ, ਉਹ ਇਕ ਬਹੁਤ ਵੱਡਾ ਸਿਧਾਂਤ ਹੈ ਜਿਸਨੂੰ ਸਮਝਣ ਦਾ ਯਤਨ ਕਰਨਾ ਚਾਹੀਦਾ ਹੈ। ਪ੍ਰਮੇਸ਼ਰ ਦੀ ਖੋਜ ਸਾਰਿਆਂ ਦੇ ਮਨ ਵਿਚ ਹੈ ਜਿਨ੍ਹਾਂ ਨੂੰ ਲਗਨ ਲੱਗੀ ਹੋਈ ਹੈ ਕਿ ਕੋਈ ਐਸੀ ਜੁਗਤ ਮਿਲੇ, ਕੋਈ ਐਸਾ ਤਰੀਕਾ ਹੋਵੇ ਜਿਸ ਨਾਲ ਜਿਸ ਕੰਮ ਨੂੰ ਕਰਨ ਵਾਸਤੇ ਸੰਸਾਰ ਤੇ ਆਏ ਹਾਂ ਉਹ ਮਨੋਰਥ-

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ੧ ॥*
*ਅੰਗ - ੧੨*

ਕਿਸੇ ਵੀ ਤਰੀਕੇ ਨਾਲ ਪੂਰਾ ਹੋ ਜਾਵੇ। ਇਕ ਉਹ ਨੇ ਜਿਨ੍ਹਾਂ ਦੀ ਲਗਨ ਬਹੁਤ ਸਿਰੇ ਤੇ ਪਹੁੰਚ ਚੁੱਕੀ ਹੈ। ਉਨ੍ਹਾਂ ਦੇ ਨੇਤਰਾਂ ਵਿਚੋਂ ਜਲ ਚਲਦਾ ਹੈ, ਹਉਕੇ ਲੈਂਦੇ ਨੇ, ਗਹਿਰੇ ਸਾਹ ਬਾਰ-ਬਾਰ ਆਉਂਦੇ ਨੇ, ਅੰਦਰ ਇਕ ਸੋਚ ਲੱਗੀ ਰਹਿੰਦੀ ਹੈ ਕਿ ਜਨਮ ਬੀਤ ਗਿਆ ਜੋ ਥੋੜ੍ਹਾ-ਬਹੁਤਾ ਰਹਿੰਦਾ ਹੈ ਉਹ ਬੀਤ ਜਾਣਾ ਹੈ ਪਰ ਬਣਿਆ ਕੁਝ ਨਹੀਂ ਅਜੇ ਤੱਕ, ਮਨੁੱਖਾ ਜਨਮ ਗੁਆ ਲਿਆ। ਇਕ ਐਸੇ ਵੀ ਨੇ ਜੋ ਬਿਲਕੁਲ ਬੇਪ੍ਰਵਾਹ ਨੇ। ਉਨ੍ਹਾਂ ਨੂੰ ਨਾ ਇਸ ਗੱਲ ਦੀ ਸੋਝੀ ਹੈ ਨਾ ਲੋੜ ਹੈ, ਨਾ ਉਨ੍ਹਾਂ ਦੇ ਭਾਗ ਜਾਗੇ ਨੇ। ਮਾਇਆ ਦੇ ਹਨ੍ਹੇਰੇ ਦੇ ਅੰਦਰ ਪਰੇਸ਼ਾਨ ਹੋਏ ਘੁੰਮਦੇ ਰਹਿੰਦੇ ਨੇ। ਜਿਨ੍ਹਾਂ ਦੇ ਮਨ ਵਿਚ ਲਗਨ ਹੈ ਉਹ ਵਧਦੀ ਤੁਰੀ ਜਾਂਦੀ ਹੈ ਲੇਕਿਨ ਕੋਈ ਚੀਜ਼ ਹੱਥ ਨਹੀਂ ਆਉਂਦੀ ਕਿਉਂਕਿ ਪਤਾ ਨਹੀਂ ਲਗਦਾ। ਜਦੋਂ ਪਹਿਲੇ ਮਹਾਂਪੁਰਸ਼ਾਂ ਦਾ ਜੀਵਨ ਪੜ੍ਹੀਦਾ ਹੈ ਕਿ ਐਨੀਆਂ ਸਾਧਨਾਵਾਂ ਐਨੀ ਜ਼ਬਰਦਸਤ ਲਗਨ, ਨਾ ਖਾਣਾ, ਨਾ ਪੀਣਾ, ਨਾ ਸੌਣਾ, ਨਾ ਕਿਸੇ ਕੱਪੜੇ ਦੀ ਪ੍ਰਵਾਹ, ਨਾ ਕਿਸੇ ਆਸ਼ਰਮ ਦੀ - ਇਕੋ ਲਗਨ ਦੇ ਅੰਦਰ ਬੇਅੰਤ ਸਮਾਂ ਬਤੀਤ ਕਰ ਦਿਤਾ, ਉਸ ਦੀ ਤੁਲਨਾ ਤੇ ਜਦੋਂ ਅਸੀਂ ਆਪਣੇ-ਆਪ ਨੂੰ ਤਕਦੇ ਹਾਂ ਤਾਂ ਪਤਾ ਲਗਦਾ ਹੈ ਕਿ ਅਸੀਂ ਤਾਂ ਅਜੇ ਸਕੂਲ ਵਿਚ ਵੀ ਦਾਖਲਾ ਨਹੀਂ ਲਿਆ। ਫੇਰ ਤਾਂ ਗੱਲ ਬਹੁਤ ਔਖੀ ਹੈ ਜਿੱਥੇ ਗੁਰੂ ਮਹਾਰਾਜ ਪਹੁੰਚਣ ਵਾਸਤੇ ਕਹਿੰਦੇ ਨੇ ਉਹ ਤਾਂ ਬਹੁਤ ਦੂਰ ਹੈ। ਜਨਮ ਲੰਘ ਰਿਹਾ ਹੈ ਇਸ ਦੇ ਵਿਚ ਤਾਂ ਪੂਰਾ ਨਹੀਂ ਹੋਣਾ, ਕੋਈ ਹੈ ਤਰੀਕਾ? ਆਦਮੀ ਘਬਰਾਉਂਦਾ ਹੈ ਜਿਸ ਦੇ ਅੰਦਰ ਵੈਰਾਗ ਪੈਦਾ ਹੋ ਗਿਆ ਉਨ੍ਹਾਂ ਨੂੰ ਇਸ ਗੱਲ ਦਾ ਪਤਾ ਹੁੰਦਾ ਹੈ -

*ਲਾਗੀ ਹੋਇ ਸੁ ਜਾਨੈ ਪੀਰ ॥*
*ਰਾਮ ਭਗਤਿ ਅਨੀਆਲੇ ਤੀਰ ॥ ਅੰਗ - ੩੨੭*

ਜਿਸਨੂੰ ਲੱਗ ਗਈ ਉਸਨੂੰ ਪਤਾ ਹੈ, ਦੂਸਰਿਆਂ ਨੂੰ ਕੋਈ ਪਤਾ ਨਹੀਂ। ਦੂਸਰਿਆਂ ਨੂੰ ਤਾਂ ਹਾਕਾਂ ਮਾਰ-ਮਾਰ ਕੇ ਐਨਾ ਹੀ ਕਹਿਣਾ ਪੈਂਦਾ ਹੈ ਕਿ ਸਤਿਸੰਗ ਵਿਚ ਆਓ, ਇੱਥੇ ਆ ਕੇ ਵਾਹਿਗੁਰੂ ਦੇ ਮਿਲਾਪ ਦਾ ਕੋਈ ਥਹੁ-ਪਤਾ ਲੱਗੇਗਾ। ਕੋਈ ਪਤਾ ਨਾ ਹੋਣ ਕਰਕੇ ਆਦਮੀ ਘਬਰਾ ਜਾਂਦਾ ਹੈ। ਜਦੋਂ ਸੁਹਾਗਣਾਂ ਦਾ ਹਾਲ ਪੜ੍ਹੀਦਾ ਹੈ ਤਾਂ ਇਹ ਦੇਖੀਦਾ ਹੈ ਕਿ ਅਸੀਂ ਤਾਂ ਕੁਝ ਹੈ ਹੀ ਨਹੀਂ ਉਨ੍ਹਾਂ ਦੇ ਮੁਕਾਬਲੇ ਤੇ, ਕਿੱਡੀਆਂ-ਕਿੱਡੀਆਂ ਕੁਰਬਾਨੀਆਂ, ਕਿੱਡੇ-ਕਿੱਡੇ ਤਪ ਆਪ ਨੇ ਕੀਤੇ। ਸੰਤ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ) ਨੌਂ ਸਾਲ ਇਕੋ ਲਗਨ 'ਚ ਲੱਗੇ ਰਹੇ, ਦ੍ਰਿੜ੍ਹ ਇਰਾਦਾ ਸੀ ਅੰਦਰ, ਕਿਸੇ ਨੂੰ ਆਪ ਦੀ ਕਿਰਿਆ ਦਾ ਪਤਾ ਨਹੀਂ ਸੀ, ਛੋਟੇ-ਜਿਹੇ ਭੋਰੇ ਵਿਚ ਆਪ ਰਿਹਾ ਕਰਦੇ ਸੀ। ਇਕ ਵਾਰੀ ਸਹਿਜ-ਸੁਭਾਅ ਗੱਲ ਚੱਲ ਪਈ ਤੇ ਉਨ੍ਹਾਂ ਗੱਲਾਂ 'ਚੋਂ ਪਤਾ ਲੱਗਿਆ, ਆਪ ਨੇ ਫੁਰਮਾਇਆ ਕਿ ਅਸੀਂ ਨੌਂ ਸਾਲ ਪਿੱਠ ਨਹੀਂ ਲਾਈ ਧਰਤੀ ਨਾਲ। ਦੋ-ਚਾਰ-ਦਸ ਦਿਨ ਤਾਂ ਆਦਮੀ ਕਰ ਲੈਂਦਾ ਹੈ ਲੇਕਿਨ ਨੌਂ ਸਾਲ ਬਹੁਤ ਵੱਡੀ ਬਾਤ ਹੈ ਕਿ ਪਲੰਘ ਕੋਲ ਪਿਆ ਹੋਵੇ ਵਧੀਆ, ਕੋਈ ਦੇਖਣ ਵਾਲਾ ਨਾ ਹੋਵੇ, ਕੋਈ ਟੋਕਣ ਵਾਲਾ ਨਾ ਹੋਵੇ। ਜੋ ਸੇਵਾਦਾਰ ਹੈ ਉਸਨੂੰ ਵੀ ਇਸ ਗੱਲ ਦਾ ਗਿਆਨ ਨਹੀਂ ਹੈ ਕਿ ਆਪ ਰਾਤ ਨੂੰ ਪਲੰਘ ਤੇ ਸੌਂਦੇ ਨੇ ਜਾਂ ਨਹੀਂ ਸੌਂਦੇ। ਆਪ ਨੇ ਫੁਰਮਾਨ ਕਰਿਆ ਕਿ ਅਸੀਂ ਸਫ ਦੇ ਉਤੇ ਬੈਠ ਜਾਂਦੇ ਸੀ ਤੇ ਸਾਰੀ ਰਾਤ ਉਸੇ ਤੇ ਬੈਠੇ ਰਹਿੰਦੇ ਸੀ, ਪਲੰਘ ਤੇ ਨਹੀਂ ਸੀ ਜਾਂਦੇ ਤੇ ਨਾ ਪਿੱਠ ਲਾ ਕੇ ਸੌਂਦੇ ਸੀ। ਇੱਥੋਂ ਤੱਕ ਵੀ ਸੀ ਕਿ 4 ਫੁੱਟ ਮੁਰੱਬੇ ਦਾ ਟੋਆ ਹੁੰਦਾ। ਆਦਮੀ ਤਕਰੀਬਨ ਤਿੰਨ ਫੁੱਟ ਜਗ੍ਹਾ ਲੈਂਦਾ ਹੈ ਚੌਂਕੜੀ ਮਾਰ ਕੇ ਬੈਠਣ ਨੂੰ, ਛੇ ਇੰਚ ਓਧਰ, ਛੇ ਇੰਚ ਏਧਰ ਜਗ੍ਹਾ, ਹੱਥ ਪੈਰ ਹਿਲਾਉਣ ਜੋਗੀ ਹੁੰਦੀ ਤੇ ਉਸ ਦੇ ਵਿਚ ਰਾਤ ਨੂੰ ਬੈਠੇ ਰਹਿਣਾ, ਦਿਨੇ ਕਿਸੇ ਦਰਖਤ ਥੱਲੇ ਬਹਿ ਜਾਣਾ, ਕਿਸੇ ਹੋਰ ਥਾਂ ਜਾ ਬੈਠਣਾ। ਸੋ ਇਹ ਲਗਨ ਹੈ -

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ*
*ਓ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ*
*ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ*
*ਹੈ ਟੋਰ ਅਨੰਤ ਉਨ੍ਹਾਂ ਦੀ*
*ਵਸਲੋਂ ਉਰੇ ਮੁਕਾਮ ਨ ਕੋਈ*
*ਸੋ ਚਾਲ ਪਏ ਨਿਤ ਰਹਿੰਦੇ।*

ਜਿਨ੍ਹਾਂ ਨੇ ਅੰਤਾਂ ਦੀਆਂ ਹੱਦਾਂ ਪਾਰ ਕਰਨੀਆਂ ਨੇ, ਉਨ੍ਹਾਂ ਦਾ ਸੋਚਣਾ, ਉਨ੍ਹਾਂ ਦੀ ਕਰਨੀ ਬਹੁਤ ਵੱਡੀ ਹੋਇਆ ਕਰਦੀ ਹੈ। ਦੁਨੀਆਂ ਨਹੀਂ ਜਾਣਦੀ ਕਿ ਇਹ ਕੀ ਗੱਲ ਹੈ। ਸਿਰਫ ਓਹੀ ਬੰਦੇ ਜਾਣਦੇ ਨੇ ਜਿਨ੍ਹਾਂ ਨੂੰ ਪ੍ਰਮੇਸ਼ਰ ਨੇ ਲਗਨ ਲਾਈ ਹੈ। ਵੱਡੇ-ਵੱਡੇ ਮਹਾਂਪੁਰਖ ਹੋਏ ਨੇ, ਪਹੁੰਚੀਆਂ ਹੋਈਆਂ ਰੂਹਾਂ ਦਾ ਜਦੋਂ ਹਾਲ ਪੜ੍ਹੀਦਾ ਹੈ, ਉਨ੍ਹਾਂ ਦੀ ਖੁਰਾਕ ਪੜ੍ਹੀਦੀ ਹੈ, ਉਨ੍ਹਾਂ ਦੀ ਪੁਸ਼ਾਕ ਬਾਰੇ ਪੜ੍ਹੀਦਾ ਹੈ ਤਾਂ ਹੈਰਾਨ ਹੋ ਜਾਈਦਾ ਹੈ ਕਿ ਐਨੀਆਂ ਸ਼ਕਤੀਆਂ ਦੇ ਮਾਲਕ ਕਿਸ ਤਰ੍ਹਾਂ ਦੇ ਨਾਲ ਆਪਣਾ ਜੀਵਨ ਬਤੀਤ ਕਰਦੇ ਸੀ ਨਿਮਰਤਾ ਦੇ ਨਾਲ।

ਸੋ ਇਸ ਤਰ੍ਹਾਂ ਉਹ ਲਗਨ ਜਿਹੜੀ ਹੈ ਜਦੋਂ ਤੱਕ ਪੂਰੀ ਨਹੀਂ ਹੁੰਦੀ ਉਸ ਵੇਲੇ ਤੱਕ ਉਹ ਆਰਾਮ ਨਾਲ ਨਹੀਂ ਬੈਠਦੇ। ਉਸ ਦੇ ਮੁਕਾਬਲੇ ਤੇ ਜਦੋਂ ਅਸੀਂ ਕੱਲ੍ਹ ਦੇ ਤੁਰੇ ਹੋਏ ਬੰਦੇ ਗੱਲਾਂ ਕਰਦੇ ਹਾਂ -

*ਗਲੀ ਹਉ ਸੋਹਾਗਣਿ ਭੈਣੇ*
*ਕੰਤੁ ਨ ਕਬਹੂੰ ਮੈ ਮਿਲਿਆ ॥ ਅੰਗ - ੪੩੩*

ਉਸ ਦਾ ਤਾਂ ਪਤਾ ਹੀ ਨਹੀਂ, ਨਾ ਉਸ ਦੀ ਨਿਗ੍ਹਾ 'ਚ ਹੈ, ਗੱਲਾਂ ਨਾਲ ਸੁਹਾਗਣਾਂ ਬਣੇ ਫਿਰਦੇ ਹਾਂ। ਸੋ ਇੱਥੇ ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ ਪਿਆਰਿਓ! ਜਦੋਂ ਤੱਕ ਸਮਰੱਥ ਗੁਰੂ ਦੀ ਸ਼ਰਨ ਵਿਚ ਨਹੀਂ ਤੁਸੀਂ ਆਉਂਦੇ, ਗੁਰਮੁਖ ਦਾ ਮਿਲਾਪ ਨਹੀਂ ਤੁਹਾਨੂੰ ਹੁੰਦਾ, ਉਨ੍ਹਾਂ ਚਿਰ ਜੋ ਜਨਮ ਹੈ ਬਿਰਥਾ ਚਲਿਆ ਜਾਂਦਾ ਹੈ, ਨਾਮ ਨਹੀਂ ਜਪਿਆ ਜਾਂਦਾ ਜਿੰਨਾਂ ਚਿਰ ਕਿਸੇ ਨਾਮੀ ਪੁਰਸ਼ ਦੇ ਨਾਲ ਪਿਆਰ ਨਾ ਪਵੇ। ਜਿਸ ਦੇ ਨਾਲ ਪਿਆਰ ਪੈਂਦਾ ਹੈ ਉਸ ਦੀਆਂ ਆਦਤਾਂ, ਉਸ ਦੇ ਕਿਰਦਾਰ ਕੁਦਰਤੀ ਅੰਦਰ ਆਉਣੇ ਸ਼ੁਰੂ ਹੋ ਜਾਂਦੇ ਨੇ -

*ਆਵੈ ਸਾਹਿਬੁ ਚਿਤਿ*
*ਤੇਰਿਆ ਭਗਤਾ ਡਿਠਿਆ ॥ ਅੰਗ - ੫੨੦*

ਸ਼ਰਾਬੀਆਂ ਨੂੰ ਦੇਖ ਕੇ ਸ਼ਰਾਬ ਦੇ ਸੰਸਕਾਰ ਬਣਨਗੇ, ਕਾਮੀਆਂ ਨੂੰ ਦੇਖ ਕੇ ਕਾਮ ਦੇ ਸੰਸਕਾਰ ਬਣਨਗੇ, ਚੋਰਾਂ ਨੂੰ, ਸਮਗਲਰਾਂ ਨੂੰ, ਰਿਸ਼ਵਤਖੋਰਾਂ ਨੂੰ, ਬੇਈਮਾਨਾਂ ਨੂੰ ਦੇਖ ਕੇ ਉਹੋ ਜਿਹੇ ਸੰਸਕਾਰ ਬਣਨਗੇ, ਪੈਸੇ ਦੇ ਪਿੱਛੇ ਅੰਨ੍ਹੇ ਹੋਏ ਬੰਦਿਆਂ ਨੂੰ ਦੇਖ ਕੇ ਉਹੋ ਜਿਹੇ ਸੰਸਕਾਰ ਬਣਨਗੇ ਪਰ ਪ੍ਰਭੂ ਦੇ ਪਿਆਰਿਆਂ ਨਾਲ ਜਦੋਂ ਸੰਪਰਕ ਹੋਏਗਾ ਉਨ੍ਹਾਂ ਦਾ ਆਲਾ-ਦੁਆਲਾ ਵਾਤਾਵਰਣ ਐਨਾ ਸ਼ੁੱਧ ਹੋਏਗਾ ਉਨ੍ਹਾਂ ਦੇ ਬਚਨਾਂ ਵਿਚੋਂ ਪਿਆਰ ਪੈਦਾ ਹੋ ਜਾਏਗਾ।

ਸੋ ਮਹਾਰਾਜ ਜੀ ਕਹਿੰਦੇ ਏਸ ਰਸਤੇ ਤੇ ਜੇ ਤੂੰ ਤੁਰਨਾ ਹੈ ਤਾਂ ਗੁਰਮੁਖ ਦੀ ਭਾਲ ਕਰ, ਕਿਸੇ ਐਸੇ ਸੱਜਣ ਦੀ ਭਾਲ ਕਰ ਜਿਹੜਾ ਇਸ ਰਸਤੇ ਪਹੁੰਚ ਕੇ ਤੈਨੂੰ ਰਸਤਾ ਦੱਸ ਦੇਵੇ। ਨਾ ਪੜ੍ਹਿਆਂ ਨਾਲ, ਨਾ ਸੁਣਿਆ ਨਾਲ ਕੁਝ ਬਣਨਾ ਹੈ। ਸਾਧੂ ਦੀ ਸੰਗਤ ਤੋਂ ਬਗੈਰ ਨਹੀਂ ਪਹੁੰਚਦਾ।

ਸੋ ਮਹਾਰਾਜ ਜੀ ਇਸ ਦੇ ਵਿਚ ਫੁਰਮਾਨ ਕਰਦੇ ਨੇ ਕਿ ਬਗੈਰ ਗੁਰੂ ਤੋਂ ਇਹ ਰਸਤਾ ਕਿਸੇ ਤਰੀਕੇ ਨਾਲ ਹੱਥ ਨਹੀਂ ਆਉਂਦਾ ਕਿਉਂਕਿ ਨਾਮ ਅੰਦਰ ਹੈ, ਬਾਹਰ ਨਹੀਂ ਹੈ। ਉਹ ਹਿਰਦੇ 'ਚ ਵਸਦਾ ਨਹੀਂ, ਪ੍ਰਗਟ ਨਹੀਂ ਹੁੰਦਾ, ਸਭ ਚੀਜ਼ਾਂ ਅੰਦਰ ਪਈਆਂ ਨੇ ਆਦਮੀ ਦੇ ਲੇਕਿਨ ਮਿਲਦੀਆਂ ਨਹੀਂ, ਮਹਾਰਾਜ ਜੀ ਕਹਿੰਦੇ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥*
*ਅੰਗ - ੨੯੩*

ਅੰਦਰ ਹੁੰਦਾ ਹੋਇਆ ਵੀ ਉਸ ਦਾ ਪਤਾ ਨਹੀਂ, ਉਸ ਥਾਂ ਪਹੁੰਚ ਨਹੀਂ ਸਕਦਾ। ਸਿੱਧ-ਸਾਧਕ ਸਾਰੇ ਨਾਮ ਨੂੰ ਖੋਜਦੇ ਨੇ ਤੇ ਥੱਕ ਗਏ, ਬੜੇ-ਬੜੇ ਜਫਰ ਜਾਲ ਕੇ, ਵੱਡੀਆਂ-ਵੱਡੀਆਂ ਤਕਲੀਫਾਂ ਕੱਟ ਕੇ, ਪੁੱਠੇ ਲਟਕ ਕੇ, ਭੁੱਖੇ ਰਹਿ ਕੇ, ਕੱਪੜੇ ਲੀੜੇ ਦਾ ਤਿਆਗ ਕਰਕੇ, ਰੋਟੀ ਦਾ, ਸਾਰੇ ਰਸਾਂ ਦਾ ਤਿਆਗ ਕਰਕੇ, ਇੱਥੋਂ ਤੱਕ ਮਹਾਂਪੁਰਸ਼ਾਂ ਦੇ ਹਾਲ ਪੜ੍ਹੇ ਨੇ ਕਿ ਸਾਰੀ ਜ਼ਿੰਦਗੀ ਕੇਵਲ ਸੁੱਕਾ ਅੰਨ੍ਹ ਖਾ ਕੇ ਜੀਵਨ ਬਤੀਤ ਕਰਿਆ ਹੈ, ਨਾ ਨਮਕ, ਨਾ ਕੋਈ ਮਿਰਚ, ਨਾ ਕੋਈ ਮਸਾਲੇ ਕੁਝ ਨਹੀਂ। ਅਜਿਹੇ ਮਹਾਤਮਾਵਾਂ ਦੇ ਹਾਲ ਵੀ ਪੜ੍ਹੇ ਨੇ ਉੱਚ-ਕੋਟੀ ਦੇ ਮਹਾਂਪੁਰਸ਼ਾਂ ਦੇ ਕਿ ਛੇ-ਛੇ ਦਿਨ ਰੋਟੀ ਪਾਣੀ ਵਿਚ ਭਿਉਂ ਲੈਣੀ ਉਸ ਤੋਂ ਬਾਅਦ ਜਦੋਂ ਛੇਵਾਂ ਦਿਨ ਹੋ ਜਾਣਾ ਉਸ ਦਿਨ ਕੱਢ ਕੇ ਖਾ ਲੈਣੀ।

ਬਾਬਾ ਫਰੀਦ ਜੀ ਨੇ ਵੀ ਬਹੁਤ ਜਫਰ ਜਾਲੇ, ਬਹੁਤ ਸਾਧਨਾ ਕਰੀ ਤੇ ਮਹਾਰਾਜ ਜੀ ਕਹਿੰਦੇ ਕਿ ਇਹ ਥੱਕ ਗਏ ਪਰ ਨਾਮ ਨਾ ਅੰਦਰੋਂ ਪ੍ਰਗਟ ਹੋਇਆ। ਜਦੋਂ ਬਾਬਾ ਫਰੀਦ ਜੀ ਸਾਰੇ ਮਹਾਂਪੁਰਸ਼ਾਂ ਨੂੰ ਮਿਲੇ, ਕੋਈ ਮਹਾਂਪੁਰਸ਼ ਐਸਾ ਨਹੀਂ ਓਸ ਵੇਲੇ ਦਾ ਜਿਸ ਨਾਲ ਇਨ੍ਹਾਂ ਦਾ ਸੰਪਰਕ ਨਾ ਹੋਇਆ ਹੋਵੇ। ਦਿੱਲੀ ਤੋਂ ਲੈ

ਕੇ ਬਲਖ-ਬੁਖਾਰੇ ਤੱਕ, ਈਰਾਨ ਤੱਕ, ਤੁਰਕੀ ਤੱਕ। ਇੱਕ ਵਾਰ ਆਪ 11 ਸਾਲ ਲਗਾਤਾਰ ਚੱਲ ਕੇ ਸਾਧੂਆਂ ਦੇ ਦਰਸ਼ਨ ਵੀ ਕਰਦੇ ਰਹੇ ਤੇ ਬਹੁਤ ਘੋਰ ਤਪ ਵੀ ਆਪ ਨੇ ਕੀਤਾ। ਮਾਂ ਦੇ ਪਾਸ ਆਉਂਦੇ ਨੇ। ਮਾਂ ਨੇ ਸਾਰੇ ਹਾਲ ਸੁਣੇ, ਮਾਂ ਗਿਆਨਵਾਨ ਸੀ।

ਮਾਂ ਕਹਿਣ ਲੱਗੀ, "ਬੇਟਾ! ਅਜੇ ਤਾਂ ਕੁਝ ਵੀ ਨਹੀਂ ਬਣਿਆ, ਫੇਰ ਜਾਹ ਤੂੰ।"

ਫੇਰ ਜਾਂਦੇ ਨੇ, ਫੇਰ ਬਹੁਤ ਵੱਡੀ ਵਿਦਿਆ ਹਾਸਲ ਕਰੀ, ਬਹੁਤ ਉੱਚ ਕੋਟੀ ਦੇ ਸਾਧੂਆਂ ਨੂੰ ਮਿਲੇ। ਐਸਾ ਵੀ ਆਉਂਦਾ ਹੈ ਕਿ ਇਕ ਪੂਰੇ ਮਹਾਤਮਾ ਸੀ। ਉਨ੍ਹਾਂ ਨੇ ਜਦੋਂ ਪੁੱਛਿਆ ਫਰੀਦਾ! ਕਿੱਥੇ ਕੁ ਤੱਕ ਪਹੁੰਚ ਗਿਆ? ਉਹ ਕੁਰਸੀ ਤੇ ਬੈਠੇ ਸੀ। ਆਪ ਨੇ ਕੁਰਸੀ ਨੂੰ ਹੱਥ ਲਾ ਦਿਤਾ ਕੁਰਸੀ ਉਪਰ ਉੱਠਣੀ ਸ਼ੁਰੂ ਹੋ ਗਈ। ਮਹਾਤਮਾ ਨੇ ਹੱਥ ਮਾਰਿਆ ਕੁਰਸੀ ਧਰਤੀ ਨਾਲ ਲੱਗ ਗਈ। ਬੁਖਤਿਆਰ ਕਾਕੀ ਕੋਲ ਜਾਂਦੇ ਨੇ। ਦਰਖਤ ਦੇ ਥੱਲੇ ਬੈਠੇ ਨੇ, ਦਰਖਤ ਸੁੱਕਿਆ ਪਿਆ ਹੈ। ਦਰਖਤ ਵਲ ਦੇਖਿਆ ਦੇਖਦੀਸਾਰ ਟਾਹਣੇ ਕੱਢ ਦਿਤੇ ਕਿ ਦਰਵੇਸ਼ ਥੱਲੇ ਬੈਠਾ ਹੈ, ਧੁੱਪ ਲੱਗ ਰਹੀ ਹੈ, ਜੇਠ ਦਾ ਮਹੀਨਾ ਹੈ ਕਿਉਂ ਨਾ ਇਨ੍ਹਾਂ ਨੂੰ ਛਾਂ ਮਿਲੇ ਉਸੇ ਵੇਲੇ ਟਾਹਣੇ ਹੋ ਗਏ। ਫਕੀਰ ਨੇ ਉਤੇ ਨੂੰ ਦੇਖਿਆ ਸਾਰੇ ਟਾਹਣੇ ਗਾਇਬ ਕਰ ਦਿਤੇ। ਮਾਂ ਦੇ ਕੋਲ ਜਾਂਦੇ ਨੇ, ਮਾਂ ਕਹਿੰਦੀ ਨਹੀਂ ਅਜੇ ਵੀ ਕੁਝ ਨਹੀਂ ਬਣਿਆ।

ਅਖੀਰ ਪੂਰੇ ਮੁਰਸ਼ਦ-ਏ-ਕਾਮਲ ਦੀ ਸ਼ਰਨ ਵਿਚ ਜਾ ਕੇ 14 ਸਾਲ ਆਪਣਾ ਆਪਾ ਗੁਆ ਕੇ -

*ਜੋ ਕਿਛੁ ਕਰੈ ਭਲਾ ਕਰਿ ਮਾਨਉ*
*ਸਹਜ ਜੋਗ ਨਿਧਿ ਪਾਵਉ ॥ ਅੰਗ - ੩੬੦*

ਏਸ ਅਸੂਲ ਦੇ ਪਾਬੰਦ ਰਹਿ ਕੇ ਆਪਣਾ-ਆਪਾ ਗੁਆ ਦਿਤਾ। ਚੌਦਾਂ ਸਾਲ ਲੰਘ ਗਏ, ਮੁਰਸ਼ਦ ਪ੍ਰਸੰਨ ਕਰ ਲਿਆ ਸੇਵਾ ਤੋਂ, ਓਸ ਦਿਨ ਉਨ੍ਹਾਂ ਨੇ ਘੁੰਡੀ ਖੋਲ੍ਹੀ। ਉਹ ਚੀਜ਼ ਜਿਹੜੀ ਕਿਸੇ ਨੂੰ ਕਿਸੇ ਤਰ੍ਹਾਂ ਵੀ ਨਹੀਂ ਮਿਲਦੀ, ਉਸ ਦਿਨ ਉਸਨੂੰ ਪ੍ਰਾਪਤ ਹੋਈ। ਐਸਾ ਦਸਦੇ ਨੇ ਕਿ 36 ਸਾਲ ਆਪ ਨੂੰ ਸਖਤ ਮਿਹਨਤ ਕਰਨ ਤੋਂ ਬਾਅਦ ਮੁਰਸ਼ਦ ਨੂੰ ਪ੍ਰਸੰਨ ਕਰਕੇ ਉਹ ਚੀਜ਼ ਪ੍ਰਾਪਤ ਹੋਈ ਜਿਸ ਦੇ ਵਾਸਤੇ ਐਨਾ ਜੱਫਰ ਜਾਲਿਆ।

ਸੋ ਏਸ ਤਰ੍ਹਾਂ ਦੇ ਨਾਲ ਸ਼ਕਤੀਆਂ ਹਨ। ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ ਸ਼ਕਤੀਆਂ ਤਾਂ ਆ ਜਾਂਦੀਆਂ ਹਨ ਲੇਕਿਨ ਇਹ ਧਿਰਕਾਰਯੋਗ ਨੇ ਸ਼ਕਤੀਆਂ, ਕਰਾਮਾਤਾਂ ਵੀ ਧਿਰਕਾਰਯੋਗ ਨੇ ਕਿਉਂਕਿ ਪ੍ਰਮੇਸ਼ਰ ਨਹੀਂ ਮਿਲ ਸਕਿਆ, ਨਾਮ ਨਹੀਂ ਪ੍ਰਗਟ ਹੋਇਆ ਅਜੇ ਤੇ ਇਸੇ ਵਿਚ ਆਦਮੀ ਬੰਨ੍ਹਿਆ ਗਿਆ-

*ਰਿਧਿ ਸਿਧਿ ਸਭੁ ਮੋਹੁ ਹੈ*
*ਨਾਮੁ ਨ ਵਸੈ ਮਨਿ ਆਇ ॥ ਅੰਗ - ੫੯੩*

ਲੇਕਿਨ ਪ੍ਰਾਪਤੀ ਬੜੀ ਜ਼ਬਰਦਸਤ ਸੀ, ਸਾਡੇ ਕੋਲ ਤਾਂ ਕੋਈ ਕਰਾਮਾਤ ਵੀ ਨਹੀਂ, ਕੋਈ ਤਾਕਤ ਵੀ ਨਹੀਂ ਤੇ ਸਾਡੇ ਵਿਚ ਮਾਣ ਕਿੰਨਾ ਜ਼ਬਰਦਸਤ ਹੈ, ਸਤਿਪੁਰਸ਼ਾਂ ਦੀ ਨਿੰਦਿਆ ਕਰਦੇ ਹਾਂ, ਕੁਝ ਵੀ ਨਹੀਂ ਗਿਣਦੇ, ਆਪ ਨੂੰ ਅਸੀਂ ਪਹਾੜ ਕਰਕੇ ਮੰਨਦੇ ਹਾਂ ਤੇ ਦੂਸਰਿਆਂ ਨੂੰ ਰਾਈ ਕਰਕੇ ਮੰਨਦੇ ਹਾਂ। ਜਦੋਂ ਇਹੋ ਜਿਹੀ ਹਾਲਤ ਹੋਵੇ ਐਨਾ ਹਨ੍ਹੇਰ ਮਨ ਵਿਚ ਸਮਾਇਆ ਹੋਇਆ ਹੋਵੇ, ਉਸ ਦਾ ਕਿੱਥੋਂ ਇਲਾਜ ਕੀਤਾ ਜਾ ਸਕਦਾ ਹੈ ਕਿਉਂਕਿ ਬਿਲਕੁਲ ਭਗਤੀ ਤੋਂ ਸੁੰਨ ਹੰਕਾਰ ਵਿਚ ਗਰਕ ਹੋਇਆ ਬੰਦਾ ਆਪਣੇ ਮਨ ਦੀਆਂ ਕਮਲੀਆਂ ਗੱਲਾਂ ਸੰਸਾਰ ਦੇ ਅੰਦਰ ਫੈਲਾਉਂਦਾ ਹੈ। ਜਿਹੜੇ ਪਹੁੰਚੇ ਹੋਏ ਨੇ ਰੋਜ਼ ਅਰਦਾਸ ਕਰਦੇ ਨੇ ਪਾਤਸ਼ਾਹ! ਐਸਿਆਂ ਦਾ ਮੇਲ ਕਰਾ ਦੇਹ ਜਿਹੜੇ ਤੈਨੂੰ ਮਿਲੇ ਹੋਏ ਨੇ, ਗੁਰਮੁਖਾਂ ਦਾ ਦੀਦਾਰ ਕਰਾ ਦੇਹ। ਜਿਨ੍ਹਾਂ ਦੇ ਦੇਖਿਆਂ ਤੇ ਨਾਮ ਚੱਲ ਪਏ, ਨਾਮ ਚਿੱਤ ਆ ਜਾਵੇ ਐਸਿਆਂ ਦਾ ਦੀਦਾਰ ਕਰਾਈਂ। ਮਹਾਰਾਜ ਜੀ ਕਹਿੰਦੇ ਕਰਾਮਾਤਾਂ ਤੋਂ ਅੱਗੇ ਸਭ ਤੋਂ ਵੱਡੀ ਕਰਾਮਾਤ ਦੁਨੀਆਂ ਦੇ ਅੰਦਰ ਉਹ ਹੈ ਜਦੋਂ ਅੰਦਰ ਨਾਮ ਪ੍ਰਗਟ ਹੋ ਜਾਂਦਾ ਹੈ। ਜਦੋਂ ਨਾਮ ਪ੍ਰਗਟ ਹੋ ਗਿਆ, ਨਾਮ ਦੇ ਮੰਡਲ ਵਿਚ ਪਹੁੰਚ ਗਿਆ ਫੇਰ -

*ਨਵ ਨਿਧੀ ਅਠਾਰਹ ਸਿਧੀ*
*ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ॥ ਅੰਗ - ੬੪੯*

ਫੇਰ ਇਹ ਫਾਲਤੂ ਹੋ ਜਾਂਦੀ ਹੈ ਇਨ੍ਹਾਂ ਦੀ ਕੋਈ ਲੋੜ ਨਹੀਂ ਰਹਿੰਦੀ। ਸਾਰੀ ਦੁਨੀਆਂ ਉਸਤਤ ਕਰਦੀ ਹੈ। ਸਤਿਪੁਰਸ਼ ਨੂੰ ਪੁੱਛੋ ਉਹ ਕਹਿੰਦੇ ਮੈਨੂੰ ਲੋੜ ਨਹੀਂ ਵਾਧੂ ਦੀ ਚੀਜ਼ ਕਹਿ ਰਹੇ ਨੇ। ਸਾਰੀ ਦੁਨੀਆਂ ਨਿੰਦਿਆ ਕਰਦੀ ਹੈ।

ਕਹਿੰਦੇ, "ਮਹਾਰਾਜ! ਤੁਹਾਡੀ ਨਿੰਦਿਆ ਹੁੰਦੀ ਹੈ।"

ਕਹਿੰਦੇ, "ਸਾਨੂੰ ਕੋਈ ਫਰਕ ਨਹੀਂ ਪੈਂਦਾ ਕਿਉਂਕਿ ਜਿਸ ਥਾਂ ਤੇ ਅਸੀਂ ਪਹੁੰਚ ਰਹੇ ਹਾਂ ਉਥੇ ਨਿੰਦਕ ਪਹੁੰਚ ਨਹੀਂ ਸਕਦਾ, ਉਸ ਦੀ ਗੱਲ ਨਹੀਂ ਉਥੇ ਪਹੁੰਚਦੀ, ਉਹ ਰੁਕਾਵਟ ਨਹੀਂ ਬਣ ਸਕਦੀ ਕਿਉਂਕਿ ਰਾਗ ਤੇ ਦ੍ਵੈਸ਼ ਵਾਲਾ ਮੰਡਲ ਪਾਰ ਕਰ ਲਿਆ, ਉਸਤਤਿ ਨਿੰਦਿਆ ਦੇ ਮੰਡਲ ਤੋਂ ਉਪਰ ਲੰਘ ਚੁੱਕੇ।

ਸੋ ਇਸ ਤਰ੍ਹਾਂ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ ਪਿਆਰਿਓ, ਨਾਮ ਦੀ ਪ੍ਰਾਪਤੀ ਤੋਂ ਬਗੈਰ ਚਾਹੇ ਕਿੰਨੀਆਂ ਹੀ ਸ਼ਕਤੀਆਂ ਪ੍ਰਾਪਤ ਹੋ ਗਈਆਂ ਤੇ ਜੇ ਅਜੇ ਨਾਮ ਨਹੀਂ ਪ੍ਰਗਟ ਹੋਇਆ ਤਾਂ ਇਨ੍ਹਾਂ ਦੀ

ਕਿਹੜੀ ਕੀਮਤ ਹੈ ਉਹ ਸੰਸਾਰ ਦੇ ਅੰਦਰ ਤਾਂ ਬਹੁਤ ਮਾਣਨਿਕ ਹੈ, ਬਹੁਤ ਉੱਚੀ ਬਾਤ ਹੈ ਇਨ੍ਹਾਂ ਨੂੰ ਹਾਸਲ ਕਰਨਾ ਕੋਈ ਛੋਟੀ ਬਾਤ ਨਹੀਂ ਹੈ ਲੇਕਿਨ ਮਹਾਰਾਜ ਜੀ ਕਹਿੰਦੇ ਨਹੀਂ ਅਜੇ ਇਹ ਧਿਰਕਾਰ ਦੇ ਮੰਡਲ ਤੋਂ ਉਪਰ ਨਹੀਂ ਲੰਘੀਆਂ ਕਿਉਂਕਿ ਸਭ ਤੋਂ ਉੱਚਾ ਮੰਡਲ ਨਾਮ ਦਾ ਮੰਡਲ ਹੈ। ਜਦੋਂ ਨਾਮ ਦੇ ਵਿਚ ਪ੍ਰਵੇਸ਼ ਕਰ ਗਿਆ। ਉਸ ਵੇਲੇ ਜੋ ਪੂਰਨ ਮਹਾਤਮਾ ਗੁਰਮੁਖ ਹੈ ਉਹ ਏਸ ਭਰਮ ਨੂੰ ਤੋੜ ਦਿਆ ਕਰਦਾ ਹੈ, ਇਸ ਤੋਂ ਅੱਗੇ ਲੰਘਾ ਦਿੰਦਾ ਹੈ, ਵਾਹਿਗੁਰੂ ਦੇ ਵਿਚ ਇਕਮਿਕ ਕਰ ਦਿੰਦਾ ਹੈ। ਇਸ ਦਾ ਆਪਾ ਖਤਮ ਹੋ ਜਾਂਦਾ ਹੈ–

*ਕਬੀਰ ਤੂੰ ਤੂੰ ਕਰਤਾ ਤੂ ਹੂਆ*
*ਮੁਝ ਮਹਿ ਰਹਾ ਨ ਹੂੰ ॥*
*ਜਬ ਆਪਾ ਪਰ ਕਾ ਮਿਟਿ ਗਇਆ*
*ਜਤ ਦੇਖਉ ਤਤ ਤੂ ॥ ਅੰਗ - ੧੩੭੫*

ਸੋ ਸਾਧ-ਸੰਗਤ ਜੀ! ਰਸਤਾ ਆਪਣਾ ਲੰਮਾ ਹੈ ਫਿਕਰ ਕਰੋ ਏਸ ਚੀਜ਼ ਦਾ। ਲਗਾਤਾਰ ਬਹੁਤ ਲਗਨ ਲੱਗੀ ਰਹੇ ਤਾਂ ਕਿਤੇ ਪਹੁੰਚ ਸਕਦੇ ਹਾਂ। ਇਹ ਵੀ ਮਹਾਰਾਜ ਜੀ ਦੀ ਦਇਆ ਹੈ ਕਿ ਸਾਨੂੰ ਅੰਮ੍ਰਿਤ ਵੇਲੇ ਬੈਠ ਕੇ ਹਰੀ ਦਾ ਜਸ ਕਰਨ ਦਾ ਸੁਭਾਗ ਪ੍ਰਾਪਤ ਹੋ ਗਿਆ। ਇਸੇ ਤਰ੍ਹਾਂ ਜੇ ਇਸ ਜਨਮ ਵਿਚ ਨਹੀਂ ਤਾਂ ਅਗਲੇ ਵਿਚ, ਜੇ ਅਗਲੇ ਵਿਚ ਨਹੀਂ ਤਾਂ ਉਸ ਤੋਂ ਅਗਲੇ ਵਿਚ, ਵਾਹਿਗੁਰੂ ਘਾਲਿਆ ਹੋਇਆ ਨਹੀਂ ਗੁਆਉਂਦਾ, ਜਿੰਨੀ ਕੁ ਮਿਹਨਤ ਏਸ ਜਨਮ ਵਿਚ ਕਰ ਜਾਵਾਂਗੇ ਉਸ ਤੋਂ ਅਗਲੇ ਜਨਮ ਵਿਚ ਉਥੋਂ ਹੀ ਸਬਕ ਸ਼ੁਰੂ ਹੋ ਜਾਏਗਾ। ਇਸ ਗੱਲ ਦਾ ਕੋਈ ਪਤਾ ਨਹੀਂ ਪੂਰਨ ਦਾ ਮਿਲਾਪ ਹੋ ਜਾਵੇ, ਕਿਸੇ ਤੱਤ ਬੇਤੇ ਦੀ ਮਹਾਂਪੁਰਸ਼ ਦੀ ਸੰਗਤ ਮਿਲ ਜਾਵੇ ਤਾਂ ਇਕੋ ਜਨਮ ਵਿਚ ਹੀ ਦੋ ਘੜੀਆਂ ਵੀ ਨਹੀਂ ਲਗਦੀਆਂ, ਸਕਿੰਟ ਵੀ ਨਹੀਂ ਲਗਦਾ। ਨਾ ਮਿਲੇ ਤਾਂ ਚਾਹੇ ਸੈਂਕੜੇ ਜਨਮ ਕਰਦਾ ਰਹੇ ਤਾਂ ਵੀ ਕੁਝ ਪ੍ਰਾਪਤ ਨਹੀਂ ਹੁੰਦਾ।

ਵਾਹਿਗੁਰੂ ਜੀ ਕਾ ਖਾਲਸਾ

ਵਾਹਿਗੁਰੂ ਜੀ ਕੀ ਫਤਹਿ।

# ਇਸ ਕਾ ਬਲੁ ਨਾਹੀ ਇਸੁ ਹਾਥ ॥

ਸਾਧਸੰਗਤ ਜੀ,

*ਵਾਹਿਗੁਰੂ ਜੀ ਕਾ ਖਾਲਸਾ*
*ਵਾਹਿਗੁਰੂ ਜੀ ਕੀ ਫਤਹਿ।*

ਮਹਾਰਾਜ ਜੀ ਦੀ ਅਪਾਰ ਬਖਸ਼ਿਸ਼ ਦਾ ਸਦਕਾ ਅੰਮ੍ਰਿਤ ਵੇਲੇ ਤੋਂ, ਦੂਰ-ਦਰਾਜ਼ ਤੋਂ ਆ ਕੇ ਪਿਆਰ ਦੇ ਨਾਲ ਸੰਗਤਾਂ ਹਰੀ ਦਾ ਜਸ ਸਰਵਣ ਕਰ ਰਹੀਆਂ ਸਨ। ਉਪਰੰਤ ਆਪ ਜੀ ਨੇ ਗੁਰੂ ਮਹਾਰਾਜ ਜੀ ਦਾ ਹੁਕਮਨਾਮਾ ਸਰਵਣ ਕੀਤਾ ਹੈ, ਅਰਦਾਸ ਹੋਈ ਹੈ। ਗੁਰੂ ਮਹਾਰਾਜ ਜੀ ਨੇ ਇਸ ਦੇ ਅੰਦਰ ਕਈ ਸਿਧਾਂਤਾਂ ਦਾ ਵਰਣਨ ਕੀਤਾ ਹੈ, ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ ਕਿ ਸੇਵਾ ਤਾਂ ਸਾਰੇ ਹੀ ਕਰਦੇ ਨੇ ਜਿੰਨੇ ਵੀ ਆਉਂਦੇ ਨੇ ਸਭ ਸੇਵਾ ਕਰਦੇ ਨੇ ਪਰ ਜਿਸਨੂੰ ਸ਼ਬਦ ਦਾ ਸੁਆਦ ਆ ਗਿਆ, ਰਸ ਪਾ ਲਿਆ ਜਿਸਨੇ, ਉਸਨੂੰ ਬਹੁਤ ਵੱਡਾ ਫਲ ਪ੍ਰਾਪਤ ਹੁੰਦਾ ਹੈ ਉਹ ਦਿਨ ਰਾਤ ਹਰੀ ਦਾ ਜਸ ਗਾਉਂਦਾ ਹੈ ਤੇ ਉਸ ਦੀ ਸੇਵਾ ਪ੍ਰਵਾਨ ਪੈ ਜਾਂਦੀ ਹੈ, ਸੁੱਖ ਹੋ ਜਾਂਦੇ ਨੇ ਉਸਨੂੰ, ਵਿਘਨਾਂ ਦਾ ਨਾਸ਼ ਹੋ ਜਾਂਦਾ ਹੈ, ਜੀਵਨ ਸੁਖਾਲਾ ਚਲਣਾ ਸ਼ੁਰੂ ਹੋ ਜਾਂਦਾ ਹੈ।

ਦੂਜੇ ਪਾਸੇ ਉਹ ਨੇ ਜਿਹੜੇ ਮਨ ਦੇ ਪਿੱਛੇ ਲਗ ਕੇ ਭੁੱਲ ਜਾਂਦੇ ਨੇ। ਮਹਾਰਾਜ ਜੀ ਕਹਿੰਦੇ ਉਨ੍ਹਾਂ ਨੂੰ ਦੁਖ ਪ੍ਰਾਪਤ ਹੋਇਆ ਕਰਦੇ ਨੇ। ਸੋ ਸੁੱਖ ਦੀ ਪ੍ਰਾਪਤੀ ਤੇ ਦੁੱਖ ਦੀ ਪ੍ਰਾਪਤੀ ਦਾ ਭੇਦ ਗੁਰੂ ਮਹਾਰਾਜ ਜੀ ਨੇ ਇਸ ਸ਼ਬਦ ਦੇ ਅੰਦਰ ਸਾਨੂੰ ਪ੍ਰਗਟ ਕੀਤਾ ਹੈ।

ਮਹਾਰਾਜ ਜੀ ਕਹਿੰਦੇ, "ਜੇ ਪ੍ਰਮੇਸ਼ਰ, ਵਾਹਿਗੁਰੂ ਨੂੰ ਭੁੱਲ ਜਾਵੇ ਤਾਂ ਭਾਵੇਂ ਕਿੰਨਾ ਹੀ ਸਿਆਣਾ ਬੰਦਾ ਕਿਉਂ ਨਾ ਹੋਵੇ, ਕਿੰਨਾ ਹੀ ਉਸ ਦਾ ਰਸੂਖ ਕਿਉਂ ਨਾ ਹੋਵੇ ਜਿਹੜੇ ਉਸ ਦੇ ਮਨ ਚਿੱਤ ਵਿਚ ਵੀ ਨਹੀਂ ਹੁੰਦੇ ਉਹ ਦੁਖ ਉਸਨੂੰ ਲੱਗ ਜਾਇਆ ਕਰਦੇ ਨੇ -

*ਕੋਟਿ ਬਿਘਨ ਤਿਸੁ ਲਾਗਤੇ*
*ਜਿਸ ਨੋ ਵਿਸਰੈ ਨਾਉ॥ ਅੰਗ - ੫੨੨*

ਦੂਸਰੇ ਪਾਸੇ ਜੋ ਪ੍ਰਮੇਸ਼ਰ ਨੂੰ ਯਾਦ ਕਰਦਾ ਹੈ, ਪ੍ਰਮੇਸ਼ਰ ਦਾ ਓਟ-ਆਸਰਾ ਤਕਦਾ ਹੈ, ਗੁਰੂ ਦਾ ਆਸਰਾ ਤਕਦਾ ਹੈ, ਉਸ ਦੀ ਯਾਦ ਉਸ ਦੇ ਹਿਰਦੇ ਵਿਚ ਬੈਠਦੀ ਹੈ। ਮਹਾਰਾਜ ਜੀ ਕਹਿੰਦੇ -

*ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ ॥*
*ਅੰਗ - ੨੬੨*

ਉਸਨੂੰ ਕੋਈ ਵਿਘਨ ਨਹੀਂ ਲਗਦਾ ਉਸਦੇ ਔਖੇ ਕੰਮ ਸਾਰੇ ਹੀ ਸੁਖਾਲੇ ਹੋ ਜਾਂਦੇ ਨੇ, ਰਸਤਾ ਲੱਭਣਾ ਸ਼ੁਰੂ ਹੋ ਜਾਂਦਾ ਹੈ।

ਗੁਰੂ ਦਸ਼ਮੇਸ਼ ਪਿਤਾ ਮਹਾਰਾਜ ਜੀ ਨੂੰ ਪੁੱਛਿਆ ਕਿ ਸੱਚੇ ਪਾਤਸ਼ਾਹ! ਸ਼ਬਦ ਸੁਣਦੇ ਹਾਂ 'ਲਖ ਖੁਸ਼ੀਆਂ ਪਾਤਿਸ਼ਾਹੀਆਂ ਜੇ ਸਤਿਗੁਰ ਨਦਰਿ ਕਰੇ॥' ਇਹ ਕਿਸ ਤਰ੍ਹਾਂ ਹੋਇਆ ਕਰਦਾ ਹੈ? ਜਦੋਂ ਆਪ ਜੀ ਦੀ ਨਦਰਿ ਹੋ ਜਾਵੇ ਕਿਸੇ ਗੁਰਸਿੱਖ 'ਤੇ ਤਾਂ ਕਿਵੇਂ ਪਤਾ ਲੱਗੇ ਸਾਨੂੰ ਕਿ ਆਪ ਜੀ ਦੀ ਨਦਰਿ ਹੈ?

ਮਹਾਰਾਜ ਜੀ ਕਹਿੰਦੇ, "ਗੁਰਸਿੱਖੋ! ਗੁਰੂ ਦੀ ਨਿਗ੍ਹਾ ਜਦੋਂ ਹੋ ਜਾਂਦੀ ਹੈ ਤਾਂ ਅਸੀਂ ਉਸ ਗੁਰਸਿੱਖ ਨੂੰ ਆਪਣੇ ਪਿਆਰ ਦੇ ਨਾਲ ਆਪਣੇ ਨੇੜੇ ਖਿੱਚ ਲੈਂਦੇ ਹਾਂ। ਉਹ ਸੰਗਤ ਵਿਚ ਆਉਣਾ ਸ਼ੁਰੂ ਕਰ ਦਿੰਦਾ ਹੈ, ਸੰਗਤਾਂ ਦੀ ਸੇਵਾ ਕਰਨੀ ਸ਼ੁਰੂ ਕਰ ਦਿੰਦਾ ਹੈ, ਸੰਗਤਾਂ ਦੇ ਨਾਲ ਉਸ ਦਾ ਪਿਆਰ ਪੈ ਜਾਂਦਾ ਹੈ, ਬਾਣੀ ਨਾਲ ਉਸ ਦਾ ਪਿਆਰ ਪੈ ਜਾਂਦਾ ਹੈ ਤੇ ਉਸਦੇ ਵਿਘਨਾਂ ਦਾ ਨਾਸ਼ ਹੋਣਾ ਸ਼ੁਰੂ ਹੋ ਜਾਂਦਾ ਹੈ ਤੇ ਅਸੀਂ ਆਪਣੇ ਵਲੋਂ ਸਾਰੀਆਂ ਖੁਸ਼ੀਆਂ ਉਸਨੂੰ ਬਖਸ਼ ਦਿੰਦੇ ਹਾਂ। ਐਨਾ ਕਹਿ ਕੇ ਆਪ ਚੁੱਪ ਹੋ ਗਏ। ਸੰਗਤ ਹੋਰ ਸੁਣਨਾ ਚਾਹੁੰਦੀ ਸੀ ਇਸ ਤੋਂ ਵੀ ਅੱਗੇ।

ਸੰਗਤ ਨੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਜੇ ਆਪ ਜੀ ਦੀ ਹੋਰ ਵੀ ਨਿਗ੍ਹਾ ਹੋ ਜਾਵੇ?

ਮਹਾਰਾਜ ਜੀ ਕਹਿੰਦੇ, ਗੁਰਸਿੱਖੋ! ਇਥੇ ਦੋ ਰਸਤੇ ਨੇ ਤੇ ਅੱਡ-ਅੱਡ ਹੋ ਜਾਇਆ ਕਰਦੇ ਨੇ। ਇਕ ਤਾਂ ਉਹ ਨੇ ਜਿਨ੍ਹਾਂ 'ਤੇ ਸਾਡੀ ਨਦਰਿ ਫੇਰ ਵੀ ਰਹੇ। ਭੁੱਲ ਜਾਵੇ ਤੇ ਫੇਰ ਵੀ ਨਦਰਿ ਰਹੇ। ਇਕ ਉਹ ਨੇ ਜਿਹੜੇ ਮਨ ਦੇ ਪਿਛੇ ਲਗ ਕੇ ਗੁਰੂ ਨੂੰ ਭੁੱਲ ਜਾਂਦੇ ਨੇ, ਗੁਰੂ ਤੋਂ ਲੈ ਕੇ ਮੁੱਕਰ ਜਾਂਦੇ ਨੇ, ਕੋਈ ਗੁਰੂ ਦਾ ਸ਼ੁਕਰਾਨਾ ਨਹੀਂ ਕਰਦੇ, ਕੋਈ ਯਾਦ ਨਹੀਂ ਰੱਖਦੇ। ਆਪਣੀ ਅਕਲ ਤੇ ਹੀ ਮਾਣ ਕਰਦੇ ਨੇ ਕਿ ਮੇਰੇ ਵਿਚ ਹੀ ਸ਼ਕਤੀ ਸੀ ਕਿ ਮੈਂ ਇਹ ਕੰਮ ਕਰ ਲਿਆ, ਇਸ ਗੱਲ ਨੂੰ ਭੁੱਲ ਜਾਂਦੇ ਨੇ ਕਿ -

*ਇਸ ਕਾ ਬਲੁ ਨਾਹੀ ਇਸੁ ਹਾਥ ॥*
*ਕਰਨ ਕਰਾਵਨ ਸਰਬ ਕੋ ਨਾਥ ॥*
*ਅੰਗ - ੨੭੭*

ਹਉਮੈ ਦੇ ਵਿਚ ਆ ਜਾਂਦੇ ਨੇ, ਉਨ੍ਹਾਂ ਦਾ

ਸਾਡੇ ਨਾਲੋਂ ਸਬੰਧ ਟੁੱਟ ਜਾਂਦਾ ਹੈ। ਕਹਿੰਦੇ, "ਉਹ ਤਾਂ ਸਾਥੋਂ ਦੂਰ ਚਲੇ ਜਾਂਦੇ ਨੇ, ਵਿਘਨ ਉਨ੍ਹਾਂ ਨੂੰ ਫੇਰ ਲੱਗਣੇ ਸ਼ੁਰੂ ਹੋ ਜਾਂਦੇ ਨੇ ਤੇ ਫੇਰ ਬੜੇ ਪਛਤਾਉਂਦੇ ਨੇ, ਫੇਰ ਕੁਝ ਬਣਦਾ ਨਹੀਂ ਹੈ।

ਇਕ ਉਹ ਨੇ ਜਿਨ੍ਹਾਂ ਦੇ ਉਤੇ ਸਾਡੀ ਕ੍ਰਿਪਾ ਹੁੰਦੀ ਹੈ। ਗੁਰੂ ਨੂੰ ਤਾਂ ਯਾਦ ਰੱਖਦੇ ਨੇ ਲੇਕਿਨ ਪੂਰੀ ਤਰ੍ਹਾਂ ਨਹੀਂ ਹੁੰਦਾ, ਭੁੱਲ ਜਾਂਦੇ ਨੇ। ਜੋ ਅਸੀਂ ਚੀਜ਼ਾਂ ਦਿਤੀਆਂ ਨੇ ਉਨ੍ਹਾਂ ਦੇ ਵਿਚ ਪਰਚ ਕੇ ਗੁਰੂ ਨੂੰ ਯਾਦ ਨਹੀਂ ਰਖਦੇ।

ਪਹਿਲੀ ਸ਼੍ਰੇਣੀ ਤਾਂ ਉਹ ਹੈ ਕਿ 'ਦਾਤਿ ਪਿਆਰੀ ਵਿਸਰਿਆ ਦਾਤਾਰਾ॥' ਦਿਤੀ ਹੋਈ ਚੀਜ਼ ਨੂੰ ਪਿਆਰ ਕਰਦੇ ਨੇ। ਪੁੱਤਰ ਦੇ ਦਿੱਤਾ ਪੁੱਤਰ ਨੂੰ ਪਿਆਰ ਕਰਨਗੇ, ਨਾ ਮੁੜ ਕੇ ਗੁਰੂ ਘਰ ਵਿਚ ਆਉਣ, ਨਾ ਕਿਸੇ ਦਾ ਆਖਿਆ ਮੰਨਣ, ਨਾ ਬਾਣੀ ਪੜ੍ਹਨ, ਉਸ ਪੁੱਤਰ ਦੇ ਵਿਚ ਹੀ ਰੁਝ ਜਾਣਗੇ, ਜ਼ਮੀਨ-ਜਾਇਦਾਦ ਦੇ ਦਿਤੀ ਤਾਂ ਉਸ ਦੇ ਵਿਚ ਹੀ ਰੁਝ ਜਾਣਗੇ।

ਇਕ ਉਹ ਨੇ ਜਿਹੜੇ ਗੁਰੂ ਨੂੰ ਤਾਂ ਯਾਦ ਰੱਖਦੇ ਨੇ ਪਰ ਉਸ ਤਰ੍ਹਾਂ ਨਹੀਂ ਚਲਦੇ, ਜਿਸ ਤਰ੍ਹਾਂ ਪਹਿਲਾਂ ਚਲਦੇ ਸੀ। ਲੋੜਾਂ ਪੂਰੀਆਂ ਹੋਣ ਤੋਂ ਬਾਅਦ ਭੁੱਲ ਜਾਂਦੇ ਨੇ। ਉਸ ਵੇਲੇ ਅਸੀਂ ਉਸ ਗੁਰਸਿੱਖ ਨੂੰ ਦੂਰ ਨਹੀਂ ਜਾਣ ਦਿੰਦੇ, ਆਪਣੇ ਨਾਲ ਜੋੜ ਕੇ ਰੱਖਦੇ ਹਾਂ। ਅਸੀਂ ਇਕ ਹਥਕੜੀ ਉਸਨੂੰ ਭੇਜਦੇ ਹਾਂ ਜਿਹੜੀ ਉਸ ਨੂੰ ਫੜ ਕੇ ਉਸ ਦੇ ਵਿਚ ਲਿਆਉਂਦੀ ਹੈ, ਮਨੁੱਖਤਾ ਵਿਚੋਂ ਤੇ ਗਿਰਾਵਟ ਵਿਚੋਂ। ਉਹ ਹਥਕੜੀ ਹੈ ਸਾਡੀ ਦੁੱਖਾਂ ਦੀ ਤੇ ਦੁੱਖ ਦੀ ਦਾਰੂ ਦੇ ਕੇ ਉਸ ਦਾ ਰੋਗ ਕੱਟ ਦਿੰਦੇ ਹਾਂ।

ਪ੍ਰਮੇਸ਼ਰ ਕਹਿੰਦਾ ਹੈ ਕਿ ਜਦੋਂ ਮੈਂ ਕਿਸੇ ਨੂੰ ਨੇੜੇ ਲਿਆਉਣਾ ਹੋਵੇ ਤਾਂ ਮੈਂ ਦੁੱਖ ਦੀ ਦਾਰੂ ਦੇ ਦਿੰਦਾ ਹਾਂ, ਦੁੱਖ ਦੀ ਹਥਕੜੀ ਭੇਜ ਦਿੰਦਾ ਹਾਂ।

***ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ॥ ਰਹਿਰਾਸ ਸਾਹਿਬ***

ਸੋ ਸਾਡੀ ਫੇਰ ਨਿਗ੍ਹਾ ਹੋ ਜਾਂਦੀ ਹੈ ਤੇ ਉਸ ਦੇ ਕਾਰੋਬਾਰ ਚੱਲ ਜਾਂਦੇ ਨੇ ਤੇ ਫੇਰ ਯਾਦ ਰੱਖਦਾ ਹੈ ਪ੍ਰਭੂ ਨੂੰ। ਜਿਸ ਕੰਮ ਨੂੰ ਕਰਨ ਵਾਸਤੇ ਆਇਆ ਹੈ ਸੰਸਾਰ ਦੇ ਅੰਦਰ ਉਸ ਦੇ ਵਿਚ ਉਸਦੀ ਬਿਰਤੀ ਲੱਗੀ ਰਹਿੰਦੀ ਹੈ। ਸਤਿਸੰਗ ਵਿਚ ਆਉਂਦਾ ਹੈ ਭੁੱਲਦਾ ਨਹੀਂ ਹੈ।

ਕਹਿੰਦੇ ਇਕ ਐਸੇ ਨੇ ਇਨ੍ਹਾਂ ਵਿਚ ਦੂਜੀ ਸ਼੍ਰੇਣੀ ਦੇ ਲੋਕ ਕਿ ਜਦੋਂ ਅਸੀਂ ਦਾਤ ਦੇ ਦਿੰਦੇ ਹਾਂ ਫੇਰ ਇਹ ਗੁਰੂ ਦਾ ਵੀ ਧਿਆਨ ਰੱਖਦੇ ਨੇ, ਗੁਰੂ ਦੀਆਂ ਸੰਗਤਾਂ ਦਾ, ਗੁਰੂ ਦੇ ਨਮਿਤ ਆਪਣਾ ਧਨ ਕੱਢਦੇ ਨੇ, ਉਸ ਦੀ ਹਾਜ਼ਰੀ ਮਹਿਸੂਸ ਕਰਦੇ ਨੇ ਤੇ ਅਸੀਂ ਉਸ ਤੇ ਖੁਸ਼ ਹੋ ਕੇ ਰਾਜ ਭਾਗ ਦੇ ਦਿੰਦੇ ਹਾਂ, ਵੱਡੀਆਂ ਚੀਜ਼ਾਂ ਦੇ ਦਿੰਦੇ ਹਾਂ, ਦੁਨੀਆਂ ਦੇ ਅੰਦਰ ਵੱਡੀ ਤੋਂ ਵੱਡੀ ਦਾਤ ਉਸਨੂੰ ਦੇ ਦਿੰਦੇ ਹਾਂ। ਕਿਸੇ ਦਾਤ ਤੋਂ ਉਹ ਥੁੜ੍ਹ ਕੇ ਨਹੀਂ ਬਹਿੰਦਾ ਸਾਡਾ ਹੱਥ ਉਸ ਦੇ ਉਤੇ ਰਹਿੰਦਾ ਹੈ, ਸਾਡਾ ਉਹ ਪਿਆਰਾ ਗੁਰਸਿੱਖ ਨਾਮ ਵੀ ਜਪਦਾ ਹੈ ਤੇ ਗ੍ਰਿਹਸਤ ਦੇ ਵਿਚ ਰਹਿ ਕੇ ਉਚੀ ਤੋਂ ਉਚੀ ਪਦਵੀ ਵੀ ਪ੍ਰਾਪਤ ਕਰਦਾ ਹੈ। ਮਾਇਆ ਉਸ ਹਾਲਤ ਵਿਚ ਬੁਰੀ ਹੋਇਆ ਕਰਦੀ ਹੈ ਜਦੋਂ ਮਾਇਆ ਵਿਚ ਪੈ ਕੇ ਪ੍ਰਮੇਸ਼ਰ ਨੂੰ ਭੁੱਲ ਜਾਵੇ। ਜਦੋਂ ਮਾਇਆ ਵਿਚ ਰਹਿ ਕੇ ਪ੍ਰਮੇਸ਼ਰ ਯਾਦ ਰਹੇ ਫੇਰ ਇਹ ਮਾਇਆ ਰੂਹਾਨੀਅਤ ਦੇ ਵਿਚ ਮਦਦਗਾਰ ਬਣ ਜਾਇਆ ਕਰਦੀ ਹੈ, ਪ੍ਰਮੇਸ਼ਰ ਦੀ ਸੇਵਾ ਵਿਚ ਮਦਦਗਾਰ ਬਣ ਜਾਇਆ ਕਰਦੀ ਹੈ, ਇਹ ਮਾਇਆ ਲੇਖੇ ਵਿਚ ਲਗਦੀ ਹੈ ਉਸਦਾ ਭਲਾ ਹੁੰਦਾ ਹੈ, ਸੰਗਤਾਂ ਜੁੜਦੀਆਂ ਨੇ, ਬੇਅੰਤ ਕਾਰਜ ਹੁੰਦੇ ਨੇ ਹਸਪਤਾਲ ਬਣਦੇ ਨੇ, ਕੋਈ ਜਨ-ਭਲਾਈ ਦੀਆਂ ਚੀਜ਼ਾਂ ਬਣਦੀਆਂ ਨੇ, ਉਸ ਦੀ ਮਾਇਆ ਫੇਰ ਸਫਲੀ ਹੁੰਦੀ ਚਲਦੀ ਜਾਂਦੀ ਹੈ, ਉਹ ਮਾਇਆ ਵਿਘਨ ਨਹੀਂ ਪਾਉਂਦੀ ਉਸਨੂੰ, ਵਿਘਨ ਤਾਂ ਪਾਉਂਦੀ ਹੈ ਜੇ ਪ੍ਰਮੇਸ਼ਰ ਨੂੰ ਭੁੱਲ ਜਾਵੇ, ਪ੍ਰਮੇਸ਼ਰ ਜਿੱਥੇ ਭੁੱਲਦਾ ਹੈ ਉਸ ਥਾਂ ਤੇ ਮਹਾਰਾਜ ਜੀ ਕਹਿੰਦੇ ਭਾਵੇਂ ਕਿੰਨੀ ਹੀ ਕਿਉਂ ਨਾ ਆਈ ਗਈ -

***ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ***
***ਜੜਾਉ॥ ਕਸਤੂਰਿ ਕੁੰਗੂ ਅਗਰਿ ਚੰਦਨਿ***
***ਲੀਪਿ ਆਵੈ ਚਾਉ ॥ ਅੰਗ - ੧੪***

ਐਨੀਆਂ ਵੱਡੀਆਂ ਪ੍ਰਾਪਤੀਆਂ, ਮੋਤੀਆਂ ਦੇ ਘਰ ਬਣਾ ਲਏ, ਚੰਦਨ ਦੀਆਂ ਮਹਿਕਾਂ ਆਉਂਦੀਆਂ ਨੇ ਜੇ ਵਾਹਿਗੁਰੂ ਨੂੰ ਭੁੱਲ ਜਾਵੇ ਤਾਂ ਕਹਿੰਦੇ ਇਹ ਗੱਲ ਗਲਤ ਹੋ ਜਾਂਦੀ ਹੈ-

***ਮਤੁ ਦੇਖਿ ਭੂਲਾ ਵੀਸਰੈ***
***ਤੇਰਾ ਚਿਤਿ ਨ ਆਵੈ ਨਾਉ॥ ਅੰਗ - ੧੪***

ਇਥੇ ਮਹਾਰਾਜ ਜੀ ਚਿਤਾਵਨੀ ਦਿੰਦੇ ਨੇ ਕਿ ਦੇਖੀਂ ਕਿਤੇ ਐਨੀ ਪ੍ਰਾਪਤੀ ਕਰਨ ਤੋਂ ਬਾਅਦ ਤੂੰ ਪ੍ਰਮੇਸ਼ਰ ਨੂੰ ਨਾ ਭੁੱਲ ਜਾਈਂ। ਮਤਾਂ ਉਸ ਚੀਜ਼ ਦੇ ਬਾਰੇ ਹੀ ਬਾਰ-ਬਾਰ ਸੋਚੀ ਜਾਵੇ ਤੇ ਨਾਮ ਨੂੰ ਭੁੱਲ ਜਾਵੇਂ, ਤੇਰੀ ਸਾਰੀ ਸ਼ਕਤੀ ਉਸਦੇ ਵਿਚ ਹੀ ਲੱਗੀ ਜਾਵੇ ਤੇ ਪ੍ਰਮੇਸ਼ਰ ਵਾਸਤੇ ਤੈਨੂੰ ਸਮਾਂ ਨਾ ਮਿਲੇ, ਪਿਆਰ ਕਰਨ ਨੂੰ, ਨਾਮ ਜਪਣ ਨੂੰ। ਕਹਿੰਦੇ ਨੇ ਐਸੀ ਗੱਲ ਜੇ ਹੁੰਦੀ ਹੈ ਤਾਂ -

***ਹਰਿ ਬਿਨੁ ਜੀਉ ਜਲਿ ਬਲਿ ਜਾਉ ॥***
***ਮੈ ਆਪਣਾ ਗੁਰੁ ਪੂਛਿ ਦੇਖਿਆ***

*ਅਵਰੁ ਨਾਹੀ ਥਾਉ ॥ ਅੰਗ - ੧੪*

ਐਸੀ ਹਾਲਤ ਵਿਚ ਜੇ ਜੀਵ ਪ੍ਰਮੇਸ਼ਰ ਨੂੰ ਭੁੱਲ ਜਾਂਦਾ ਹੈ ਤਾਂ ਕਹਿੰਦੇ ਫੇਰ ਜਿਹੜਾ ਅੰਦਰਲਾ ਕੌਲ ਫੁੱਲ ਹੈ ਉਹ ਜਲ ਜਾਂਦਾ ਹੈ, ਕਮਲ ਫੁੱਲ ਜਿਸਨੂੰ ਆਖਦੇ ਨੇ। ਉਹ ਜਲਣ ਦੇ ਨਾਲ ਫੇਰ ਖੁਸ਼ੀ ਨਹੀਂ ਉਸ ਦੇ ਵਿਚ ਰਹਿੰਦੀ, ਉਹ ਖੁਸ਼ੀ ਖਤਮ ਹੋ ਜਾਂਦੀ ਹੈ, ਢਹਿੰਦੀ ਕਲਾ ਮਨ ਵਿਚ ਆ ਜਾਂਦੀ ਹੈ, ਝੁੰਜਲਾਹਟ ਆ ਜਾਂਦੀ ਹੈ ਫੇਰ ਮਾਇਆ ਦੇ ਹੁੰਦੇ-ਸੁੰਦੇ ਵੀ ਉਸਨੂੰ ਸੁਖ ਦੀ ਪ੍ਰਾਪਤੀ ਨਹੀਂ ਹੁੰਦੀ -

*ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥*
*ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ ॥*
*ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ ॥*
*ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥*
*ਅੰਗ - ੭੦੭*

ਜੇ ਵਾਹਿਗੁਰੂ ਨੂੰ ਭੁੱਲ ਗਿਆ ਤਾਂ ਕਹਿੰਦੇ ਵਿਸ਼ਟਾ ਦਾ ਕੀੜਾ ਬਣ ਜਾਂਦਾ ਹੈ -

*ਬਿਨੁ ਹਰਿ ਨਾਮ ਨ ਸਾਂਤਿ ਹੋਇ*
*ਕਿਤੁ ਬਿਧਿ ਮਨੁ ਧੀਰੇ ॥ ਅੰਗ - ੭੦੭*

ਕਿਉਂਕਿ ਨਾਮ ਅਸਲੀ ਚੀਜ਼ ਹੈ ਨਾਮ ਦੇ ਵਿਚ ਬਰਕਤਾਂ ਨੇ। ਨਾਮ ਹਿਰਦੇ ਵਿਚ ਵਸ ਜਾਵੇ ਤਾਂ ਵਿਘਨਾਂ ਦਾ ਨਾਸ਼ ਹੋ ਜਾਂਦਾ ਹੈ, ਮਾੜੀਆਂ ਸ਼ਕਤੀਆਂ ਨੇੜੇ ਨਹੀਂ ਆ ਸਕਦੀਆਂ। ਮਹਾਰਾਜ ਜੀ ਕਹਿੰਦੇ ਐਨੀ ਬਰਕਤ ਪੈਂਦੀ ਹੈ ਕਿ -

*ਨਵ ਨਿਧੀ ਅਠਾਰਹ ਸਿਧੀ*
*ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ॥ ਅੰਗ - ੬੪੯*

ਜੋ ਹਿਰਦੇ ਦੇ ਵਿਚ ਵਸਾਉਂਦੇ ਨੇ ਸਾਰੀਆਂ ਸ਼ਕਤੀਆਂ ਉਸ ਦੇ ਵਿਚ ਆ ਜਾਂਦੀਆਂ ਨੇ। ਭਾਵੇਂ ਗ੍ਰਿਹਸਥੀ ਕਿਹੋ ਜਿਹਾ ਹੀ ਜੀਵਨ ਹੈ। ਸ਼ਾਹਬਾਜ਼ ਸਿੰਘ ਤੇ ਸੁਬੇਗ ਸਿੰਘ ਦੋ ਮਸ਼ਹੂਰ ਸ਼ਹੀਦ ਹੋਏ ਨੇ। ਜਿਹੜਾ ਸੁਬੇਗ ਸਿੰਘ ਸੀ ਉਹ ਉਸ ਜ਼ਮਾਨੇ ਵਿਚ ਜਦੋਂ ਇਸਲਾਮ ਦਾ ਰਾਜ ਸੀ, ਐਡਾ ਸਿਆਣਾ ਗਿਣਿਆ ਗਿਆ ਸੀ ਕਿ ਲਾਹੌਰ ਦੀ ਉਸਨੂੰ ਕੋਤਵਾਲੀ ਦੇ ਦਿਤੀ ਗਈ, ਕੋਤਵਾਲ ਬਣਾ ਦਿਤਾ ਸਾਰੇ ਲਾਹੌਰ ਦਾ। ਜਦੋਂ ਧਾਰਮਿਕ ਨੀਤੀ ਦੇ ਹਿਸਾਬ ਨਾਲ ਇਹ ਹੁਕਮ ਕਰ ਦਿਤਾ ਕਿ ਕੋਈ ਸਿੱਖ ਜੀਉਂਦਾ ਨਾ ਰਹੇ ਸਾਰਿਆਂ ਨੂੰ ਮਾਰ ਦਿਤਾ ਜਾਵੇ ਤਾਂ ਇਹ ਪਿਉ-ਪੁੱਤਰ ਵੀ ਦੋਵੇਂ ਫੜੇ ਗਏ। ਫੜਨ ਤੋਂ ਬਾਅਦ ਜਦੋਂ ਇਨ੍ਹਾਂ ਨੂੰ ਇਹ ਕਿਹਾ ਗਿਆ ਕਿ ਤੁਸੀਂ ਇਸਲਾਮ ਕਬੂਲ ਕਰੋ ਤਾਂ ਇਨ੍ਹਾਂ ਨੇ ਜਵਾਬ ਦੇ ਦਿਤਾ। ਉਸ ਵੇਲੇ ਪੁੱਤਰ ਦੇ ਉਤੇ ਬਹੁਤ ਸਖਤੀ ਕੀਤੀ ਗਈ, ਸ਼ਾਹਬਾਜ਼ ਸਿੰਘ ਤੇ। ਉਸ ਦੇ ਮਨ ਵਿਚ ਆ ਗਿਆ ਕਿ ਮੈਂ ਇਸਲਾਮ ਧਾਰਨ ਕਰ ਲਵਾਂ ਮੈਥੋਂ ਸਖਤੀ ਨਹੀਂ ਸਹੀ ਜਾਂਦੀ। ਪਿਤਾ ਨੂੰ ਕਿਹਾ ਕਿ ਉਹ ਤਾਂ ਮੰਨ ਗਿਆ ਤੂੰ ਵੀ ਮੰਨ ਜਾਹ।

ਪਿਤਾ (ਸੁਬੇਗ ਸਿੰਘ) ਨੇ ਕਿਹਾ, "ਮੈਨੂੰ ਮਿਲਾ ਦਿਓ ਉਸਨੂੰ।" ਨੇੜੇ ਆ ਗਿਆ, ਆਪਣਾ ਅਗੂੰਠਾ ਮੱਥੇ ਦੇ ਉਤੇ ਮਲ ਦਿਤਾ, ਕਹਿੰਦਾ, "ਜਾਹ! ਤੇਰਾ ਲੇਖ ਕੱਟਿਆ ਗਿਆ।" ਉਸੇ ਵੇਲੇ ਉਸ ਦੇ ਅੰਦਰ ਐਨੀ ਸ਼ਕਤੀ ਪ੍ਰਵੇਸ਼ ਕਰ ਗਈ ਤੇ ਕਹਿਣ ਲੱਗਿਆ, ਜੋ ਹੋਣਾ ਹੈ ਹੋ ਜਾਵੇ ਮੈਂ ਆਪਣਾ ਧਰਮ ਨਹੀਂ ਤਿਆਗਦਾ।

ਸੂਬੇ ਨੇ ਇਕ ਸਵਾਲ ਪੁੱਛਿਆ, ਕਹਿੰਦਾ, ਸੁਬੇਗ ਸਿੰਘ! ਕੀ ਤੇਰੇ ਵਿਚ ਇਹ ਸ਼ਕਤੀ ਹੈ ਕਿ ਤੂੰ ਲੇਖ ਮਿਟਾ ਸਕਦਾ ਹੈਂ? ਕੋਤਵਾਲ ਦੀ ਤੂੰ ਡਿਊਟੀ ਦਿੰਦਾ ਹੈਂ, ਦਿਨ ਰਾਤ ਤੇਰੇ ਕੋਲ ਸ਼ਿਕਾਇਤਾਂ ਆਉਂਦੀਆਂ ਨੇ, ਕਿਸੇ ਨੂੰ ਤੂੰ ਸਜ਼ਾ ਦਿੰਦਾ ਹੈਂ, ਕਿਸੇ ਨੂੰ ਤੂੰ ਕੁਝ ਕਰਦਾ ਹੈਂ, ਚੋਰਾਂ ਨੂੰ ਫੜਦਾ ਹੈਂ, ਡਾਕੂਆਂ ਨੂੰ ਫੜਦਾ ਹੈਂ, ਐਨੇ ਰੁਝੇਵੇਂ ਵਿਚ ਵੀ ਤੇਰੇ ਅੰਦਰ ਇਹ ਸ਼ਕਤੀ ਹੈ ਕਿ ਤੂੰ ਲੇਖ ਮੇਟ ਦੇਵੇਂ?

ਕਹਿੰਦਾ, ਮੇਰੇ ਵਿਚ ਤਾਂ ਨਹੀਂ ਹੈ, ਮੇਰੇ ਗੁਰੂ ਦੀ ਸ਼ਕਤੀ ਮੇਰੇ ਵਿਚ ਹੈ ਕਿਉਂਕਿ ਗੁਰਸਿੱਖ ਨੀਵਾਂ ਰਹਿੰਦਾ ਹੈ, ਆਪਣੇ ਆਪ ਤੇ ਨਹੀਂ ਆਉਂਦਾ।

ਕਹਿਣ ਲੱਗਿਆ, "ਮੈਨੂੰ ਦੱਸ ਸਕਦਾ ਹੈਂ ਕਿ ਮੇਰੀ ਲੜਕੀ ਦੇ ਕੀ ਔਲਾਦ ਹੋਵੇਗੀ?"

ਕਹਿੰਦਾ, "ਲੜਕੀ ਹੋਏਗੀ।"

ਉਸ ਦੇ ਲੜਕੀ ਹੋ ਗਈ ਸੱਚਮੁੱਚ।

ਕਹਿਣ ਲੱਗਿਆ, "ਮੈਨੂੰ ਇਹ ਵੀ ਦੱਸ ਮੇਰੀ ਮੌਤ ਕਿਵੇਂ ਹੋਏਗੀ?"

ਕਹਿੰਦਾ, "ਤੇਰੀ ਮੌਤ ਇਕ ਸਾਲ ਦੇ ਅੰਦਰ-ਅੰਦਰ ਆਹ ਕਾਰਨ ਦੇ ਨਾਲ ਹੋ ਜਾਏਗੀ, ਬਚਣਾ ਨਹੀਂ ਤੂੰ। ਇਹ ਜਿਹੜਾ ਭਾਣਾ ਸਾਡੇ ਉਤੇ ਵਰਤ ਰਿਹਾ ਹੈ ਇਹ ਗੁਰੂ ਮਹਾਰਾਜ ਵਲੋਂ ਸਾਡੇ ਤੇ ਵਰਤਣਾ ਹੀ ਹੈ।"

ਕਹਿੰਦਾ, "ਫੇਰ ਤੂੰ ਸ਼ਕਤੀ ਵਰਤਦਾ ਕਿਉਂ ਨਹੀਂ ਹੈਂ? ਆਹ ਜਿਹੜੀਆਂ ਚਰਖੜੀਆਂ ਨੇ ਇਨ੍ਹਾਂ ਦੇ ਦੰਦਿਆਂ ਨੂੰ ਖੁੰਢੇ ਕਰ ਦੇ।"

ਕਹਿੰਦੇ, "ਇਹ ਸਾਡੇ ਗੁਰੂ ਨੇ ਨਹੀਂ ਦੱਸਿਆ,

ਸ਼ਕਤੀਆਂ ਵਰਤਣ ਨੂੰ, ਅਸੀਂ ਭਾਣੇ ਦੇ ਵਿਚ ਰਾਜ਼ੀ ਰਹਿੰਦੇ ਹਾਂ। ਜੋ ਉਸ ਦਾ ਭਾਣਾ ਹੈ ਉਸਨੂੰ ਸਿਰ ਮੱਥੇ ਤੇ ਕਰਕੇ ਮੰਨਣਾ ਹੈ।

ਸੋ ਗੁਰਸਿੱਖ ਮਾਇਆ ਦੇ ਵਿਚ ਰਹਿੰਦਾ ਹੋਇਆ, ਕਾਰੋਬਾਰ ਕਰਦਾ ਹੋਇਆ ਜਦੋਂ ਨਾਮ ਦੀ ਓਟ ਲੈਂਦਾ ਹੈ, ਉਸ ਵੇਲੇ ਗੁਰੂ ਮਹਾਰਾਜ ਦਾ ਇਹ ਬਚਨ ਕਿ –

*ਨਵ ਨਿਧੀ ਅਠਾਰਹ ਸਿਧੀ*
*ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ॥ ਅੰਗ - ੬੪੯*

ਨੌਂਵੇਂ ਨਿੱਧੀਆਂ, ਅਠਾਰ੍ਹਾਂ ਸਿੱਧੀਆਂ ਉਸ ਦੇ ਘਰ ਵਿਚ ਆ ਜਾਂਦੀਆਂ ਨੇ। ਮਾਇਆ ਦਾਸੀ ਬਣ ਕੇ ਸੇਵਾ ਕਰਦੀ ਫਿਰਦੀ ਹੈ। ਸੋ ਸਿਰਫ ਐਨਾ ਹੈ ਕਿ ਵਾਹਿਗੁਰੂ ਜੀ ਦੀ ਮਿਹਰ ਹੈ ਬੇਅੰਤ ਮਾਇਆ ਦੇ ਦੇਵੇ, ਬੇਅੰਤ ਕਾਰੋਬਾਰ ਵਧਾ ਦੇਵੇ, ਕਰੋੜਾਂ ਤੋਂ ਅਰਬਾਂ ਦੇ ਕਰ ਦੇਵੇ ਪਰ ਉਸਨੂੰ ਨਾ ਭੁੱਲੇ, ਉਸਨੂੰ ਪਹਿਲਾਂ ਨਾਲੋਂ ਵੀ ਜ਼ਿਆਦਾ ਯਾਦ ਰੱਖੇ। ਜਿਉਂ-ਜਿਉਂ ਤੱਕੜੀ ਭਾਰੀ ਹੁੰਦੀ ਜਾਂਦੀ ਹੈ, ਤਿਉਂ-ਤਿਉਂ ਉਸਦਾ ਪਲੜਾ ਨੀਵਾਂ ਹੁੰਦਾ ਚਲਿਆ ਜਾਂਦਾ ਹੈ। ਜਿਉਂ-ਜਿਉਂ ਤੱਕੜੀ ਹੌਲੀ ਹੁੰਦੀ ਜਾਂਦੀ ਹੈ ਉਸ ਦੇ ਅੰਦਰ ਅਭਿਮਾਨ ਆਉਂਦਾ ਤੁਰਿਆ ਜਾਂਦਾ ਹੈ, ਅਭਿਮਾਨ ਨਾਲ ਪਲੜਾ ਹੌਲਾ ਹੋ ਜਾਂਦਾ ਹੈ। ਉਸ ਦੇ ਵਿਚ ਕੁਝ ਨਹੀਂ ਹੁੰਦਾ ਕੇਵਲ ਅਭਿਮਾਨ ਰਹਿ ਜਾਂਦਾ ਹੈ। ਗੁਰਸਿੱਖ ਨਿਮਰਤਾ ਦੇ ਨਾਲ ਝੁਕਾ ਲੈਂਦਾ ਹੈ ਪਲੜੇ ਨੂੰ ਕਿਉਂਕਿ ਉਸਦੇ ਕੋਲ ਨਾਮ ਹੁੰਦਾ ਹੈ, ਸ਼ੁਕਰਾਨਾ ਹੁੰਦਾ ਹੈ ਕਿ ਮੈਨੂੰ ਧਨ ਪ੍ਰਮੇਸ਼ਰ ਨੇ ਦਿਤਾ ਹੈ ਉਸਦੀ ਹੀ ਕ੍ਰਿਪਾ ਹੈ ਮੇਰੇ ਵਿਚ ਕੋਈ ਬਲ ਨਹੀਂ ਹੈ। ਸੋ ਐਨਾ ਹੀ ਭੇਤ ਹੈ ਇਸ ਦੇ ਵਿਚ ਜਦੋਂ ਗੁਰੂ ਦੇ ਹੋ ਕੇ ਚਲਦੇ ਹਾਂ ਤਾਂ ਮਹਾਰਾਜ ਜੀ ਕਹਿੰਦੇ –

*ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥*
*ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ*
*ਵਿਚੇ ਹੋਵੈ ਮੁਕਤਿ ॥ ਅੰਗ - ੫੨੨*

ਖਾਂਦੇ-ਪੀਂਦੇ, ਖੇਲ੍ਹਦੇ-ਪਹਿਨਦੇ ਵਿਚੇ ਹੀ ਮੁਕਤੀ ਹੋ ਜਾਂਦੀ ਹੈ ਕਿਉਂਕਿ ਐਸਾ ਮਹਾਰਾਜ ਜੀ ਨੇ ਨਾਮ ਦਾ ਬਲ ਲਿਆਂਦਾ ਹੈ ਤੇ ਨਾਮ ਨੂੰ ਨਾ ਭੁੱਲੋ। ਜਦੋਂ ਨਾਮ ਨੂੰ ਨਹੀਂ ਭੁੱਲਾਂਗੇ ਫੇਰ ਸਾਡਾ ਜਿਹੜਾ ਜੀਵਨ ਹੈ ਉਸ ਦੀ ਸੇਧ ਸਹੀ ਰਹੇਗੀ, ਗਲਤੀ ਨਹੀਂ ਉਸ ਦੇ ਵਿਚ ਆਏਗੀ। ਕਾਰੋਬਾਰ ਸ਼ੁੱਧ ਹੋਣਗੇ।

ਦੂਸਰੀ ਚੀਜ਼ ਹੈ ਅਰਦਾਸ। ਜਦੋਂ ਚਾਰੇ ਪਾਸਿਆਂ ਤੋਂ ਘਿਰ ਜਾਵੇ, ਕੁਝ ਨਾ ਬਣ ਸਕਦਾ ਹੋਵੇ। ਉਸ ਵੇਲੇ ਨਿਮਰਤਾ ਦੇ ਨਾਲ ਖੜ੍ਹਾ ਹੋ ਕੇ ਗੁਰੂ ਮਹਾਰਾਜ ਜੀ ਦੇ ਚਰਨਾਂ ਦਾ ਧਿਆਨ ਕਰੇ, ਗੁਰੂ ਨਾਨਕ ਪਾਤਸ਼ਾਹ ਦਾ, ਗੁਰੂ ਨਾਨਕ ਪਾਤਸ਼ਾਹ ਜ਼ਿੰਦਾ ਪੀਰ ਨੇ। ਉਹ ਜਾਂਦੇ ਨਹੀਂ ਕਿਤੇ ਕਿਉਂਕਿ ਉਹ ਗੁਰ-ਪ੍ਰਮੇਸ਼ਰ ਨੇ। ਗੁਰੂ-ਪ੍ਰਮੇਸ਼ਰ ਦਾ ਧਿਆਨ ਕਰਕੇ ਜਦੋਂ ਗੁਰਸਿੱਖ ਅਰਦਾਸ ਕਰਦਾ ਹੈ ਤਾਂ ਭਾਵੇਂ ਕਿੱਡਾ ਵੀ ਉਸ ਦੇ ਉਤੇ ਸੰਕਟ ਕਿਉਂ ਨਾ ਹੋਵੇ, ਉਸ ਸੰਕਟ ਨੂੰ ਨਿਵਾਰਨ ਵਾਸਤੇ ਗੁਰੂ ਉਸ ਵੇਲੇ ਆ ਜਾਂਦਾ ਹੈ ਲੇਕਿਨ ਉਸ ਦੇ ਵਿਚ ਫਰਕ ਹੁੰਦਾ ਹੈ।

ਇਕ ਐਸਾ ਹੁੰਦਾ ਹੈ ਕਿ ਬੱਚਾ ਮਾਂ ਕੋਲ ਬੇਨਤੀ ਕਰੇ ਕਿ ਮੈਨੂੰ ਜਲਦੀ ਹੋਈ ਮੋਮਬੱਤੀ ਦੇ ਦੇ। ਮਾਂ ਜਾਣਦੀ ਹੈ ਕਿ ਇਹ ਆਪਣੇ ਕੇਸਾਂ ਨੂੰ ਅੱਗ ਲਾ ਲਏਗਾ, ਕੱਪੜਿਆਂ ਨੂੰ ਲਾ ਲਏਗਾ, ਇਸ ਕਰਕੇ ਉਹ ਨਹੀਂ ਦਿੰਦੀ। ਜੇ ਹੋਰ ਚੀਜ਼ ਮੰਗਦਾ ਹੈ, ਖਾਣ ਪੀਣ ਦੀਆਂ ਤਾਂ ਮਾਂ ਦੇ ਦਿੰਦੀ ਹੈ। ਇਸੇ ਤਰ੍ਹਾਂ ਗੁਰੂ ਇਹ ਦੇਖ ਲੈਂਦਾ ਹੈ ਕਿ ਇਹ ਜਿਹੜੀ ਅਰਦਾਸ ਕਰਦਾ ਹੈਂ ਇਹ ਇਸ ਦੇ ਹਿਤ ਵਿਚ ਹੈ ਜਾਂ ਅਹਿਤ ਵਿਚ? ਜੇ ਅਹਿਤ ਵਿਚ ਹੈ ਤਾਂ ਗੁਰੂ ਰਾਖੀ ਕਰਦਾ ਹੈ, ਫੇਰ ਅਰਦਾਸ ਨਹੀਂ ਮੰਨਦਾ, ਆਪਣੀ ਮਰਜ਼ੀ ਨਾਲ ਉਸਨੂੰ ਸਹੀ ਰਸਤੇ ਤੇ ਪਾਉਂਦਾ ਹੈ ਤੇ ਜੇ ਹਿੱਤ ਵਿਚ ਹੈ ਤਾਂ ਗੁਰੂ ਉਸੇ ਵੇਲੇ ਉਸਦੀ ਅਰਦਾਸ ਸੁਣ ਕੇ ਉਸੇ ਵੇਲੇ ਸੰਕਟ ਦੂਰ ਕਰ ਦਿੰਦਾ ਹੈ।

ਸੋ ਇਹ ਜੋ ਸ਼ਬਦ ਮਾਇਆ ਹੈ ਮਹਾਰਾਜ ਜੀ ਦਾ, ਇਸ ਦੇ ਵਿਚ ਗੁਰਮੁਖ ਤੇ ਮਨਮੁਖ ਦਾ ਜ਼ਿਕਰ ਕੀਤਾ ਹੈ। ਜਿਹੜਾ ਮਨਮੁਖ ਹੈ ਉਹ ਆਪਣੀ ਮਨ ਦੀ ਮੱਤ ਦੇ ਨਾਲ ਆਪਣੀ ਸੇਧ ਕੱਢਦਾ ਹੈ। ਜਿਹੜਾ ਗੁਰਮੁਖ ਹੈ ਉਹ ਸ਼ਬਦ ਦੀ ਪਛਾਣ ਕਰਦਾ ਹੈ ਜਿਸਨੂੰ ਸ਼ਬਦ ਦਾ ਸੁਆਦ ਆ ਗਿਆ ਉਹ ਹਰੀ ਦੇ ਗੁਣ ਗਾਉਂਦਾ ਹੈ ਉਸ ਦੇ ਨਾਲ ਉਸਦੇ ਦੁੱਖਾਂ ਦਾ ਖਾਤਮਾ ਹੋ ਜਾਂਦਾ ਹੈ।

ਵਾਹਿਗੁਰੂ ਜੀ ਕਾ ਖਾਲਸਾ

ਵਾਹਿਗੁਰੂ ਜੀ ਕੀ ਫਤਹਿ।

# ਅਬ ਕਲੂ ਆਇਓ ਰੇ ॥

ਸਾਧਸੰਗਤ ਜੀ!

*ਵਾਹਿਗੁਰੂ ਜੀ ਕਾ ਖਾਲਸਾ*
*ਵਾਹਿਗੁਰੂ ਜੀ ਕੀ ਫਤਹਿ।*

ਵਾਹਿਗੁਰੂ ਜੀ ਦੀ ਕ੍ਰਿਪਾ ਦੇ ਸਦਕੇ ਅੰਮ੍ਰਿਤ ਵੇਲੇ ਦੀ ਜਾਗ ਤੇ ਅੰਮ੍ਰਿਤ ਵੇਲੇ ਨੂੰ ਸੰਭਾਲਣ ਦਾ ਬਲ ਪ੍ਰਾਪਤ ਕਰਕੇ ਆਪ ਸਾਰੇ ਪ੍ਰੇਮੀ ਮਹਾਰਾਜ ਜੀ ਦੀ ਹਜ਼ੂਰੀ ਵਿਚ ਪਹੁੰਚ ਕੇ ਹਰੀ ਦਾ ਜਸ ਕਰ ਰਹੇ ਸੀ। ਦੋ ਚੀਜ਼ਾਂ ਦੁਰਲੱਭ ਮਹਾਰਾਜ ਜੀ ਨੇ ਲਿਖੀਆਂ ਨੇ ਤੇ ਜਿਨ੍ਹਾਂ ਨੂੰ ਸ਼੍ਰੋਮਣੀ ਕਰਮ ਆਖਿਆ ਹੈ। ਆਦਮੀ ਐਨਾ ਜਬਰਦਸਤ ਰੁਝਿਆ ਹੋਇਆ ਹੈ ਸੰਸਾਰਕ ਕੰਮਾਂ ਵਿਚ ਕਿ ਕਲਜੁਗ ਦੇ ਅੰਦਰ ਵਾਰੀ ਤਾਂ ਆ ਗਈ ਮਨੁੱਖ ਬਣਨ ਦੀ ਪਰ ਆਲਾ-ਦੁਆਲਾ ਉਸ ਦਾ ਐਨਾ ਜ਼ਿਆਦਾ ਰੌਲੇ-ਘਚੌਲੇ ਵਾਲਾ ਹੈ ਕਿ ਐਉਂ ਸਮਝ ਲਓ ਜਿਵੇਂ ਹੜ੍ਹ ਆਇਆ ਹੁੰਦਾ ਹੈ ਜਾਂ ਭੁਚਾਲ ਆਇਆ ਹੁੰਦਾ ਹੈ। ਉਸ ਦੇ ਵਿਚੋਂ ਲੰਘਣਾ ਬਹੁਤ ਔਖਾ ਹੈ। ਪਹਿਲੇ ਜੁਗਾਂ ਦੇ ਅੰਦਰ ਸ਼ਾਂਤੀ ਹੁੰਦੀ ਸੀ, ਰੌਲਾ-ਰੱਪਾ ਹੁੰਦਾ ਨਹੀਂ ਸੀ, ਰਾਜਾ ਤੇ ਪ੍ਰਜਾ ਸੁਖੀ ਵਸਦੇ ਸੀ, ਤ੍ਰਿਸ਼ਨਾ ਵਾਸ਼ਨਾਵਾਂ ਦੀਆਂ ਵਸਤਾਂ ਬਹੁਤ ਘੱਟ ਹੁੰਦੀਆਂ, ਲੋਕ ਆਪਣੇ ਅਸੂਲਾਂ ਤੇ ਰਹਿੰਦੇ ਸੀ ਤੇ ਕੋਈ ਵੀ ਗਲਤ ਗੱਲ ਨਹੀਂ ਸੀ ਹੋਇਆ ਕਰਦੀ। ਉਸ ਵੇਲੇ ਆਦਮੀ ਦਾ ਮਨ ਸ਼ਾਂਤ ਹੁੰਦਾ ਸੀ, ਬੜੇ-ਬੜੇ ਲੰਮੇ ਸਾਧਨ ਕਰਕੇ ਆਪਣੇ ਮਾਨਸ ਜਨਮ ਨੂੰ ਸਫਲ ਕਰ ਲੈਂਦਾ ਸੀ ਪਰ ਇਹ ਜੋ ਕਲਿਜੁਗ ਹੈ ਅਜੇ ਇਸ ਦੀ ਬਹੁਤ ਥੋੜ੍ਹੀ ਉਮਰ ਹੈ, 5000 ਸਾਲ ਤੋਂ ਕੁਝ ਸਾਲ ਉਪਰ ਲੰਘਿਆ ਹੈ, 4,32,000 ਸਾਲ ਉਮਰ ਹੈ ਇਸ ਦੀ, ਉਸ ਵੇਲੇ ਤੱਕ ਮਨੁੱਖ ਦਾ ਕੀ ਹਾਲ ਹੋ ਜਾਏਗਾ? ਕਿੰਨੀ ਅਬਾਦੀ ਹੋਏਗੀ? ਵਾਹਿਗੁਰੂ ਜੀ ਹੀ ਇਨ੍ਹਾਂ ਗੱਲਾਂ ਨੂੰ ਜਾਣਦੇ ਨੇ। ਐਸੇ ਸਮੇਂ ਦੇ ਵਿਚ ਸਾਡਾ ਕਿਸ ਤਰ੍ਹਾਂ ਉਧਾਰ ਹੋ ਸਕਦਾ ਹੈ।

ਜਿਸ ਵਕਤ ਕਲਜੁਗ ਨੂੰ ਗੁਰੂ ਨਾਨਕ ਪਾਤਸ਼ਾਹ ਨੇ ਪੁੱਛਿਆ ਕਿ ਤੂੰ ਸਾਰੀਆਂ ਬੁਰਿਆਈਆਂ ਲੈ ਕੇ ਆਇਆ ਹੈਂ, ਤੈਨੂੰ ਲੇਖਾ ਦੇਣਾ ਪਏਗਾ ਦਰਗਾਹ ਵਿਚ ਤੇ ਲੇਖਾ ਵੀ ਅਸੀਂ ਲਵਾਂਗੇ ਤੈਥੋਂ, ਸਜ਼ਾ ਅਸੀਂ ਦੇਵਾਂਗੇ -

*ਜਾ ਸਿਕਦਾਰੈ ਪਵੈ ਜੰਜੀਰੀ*
*ਤਾ ਚਾਕਰ ਹਥਹੁ ਮਰਣਾ ॥ ਅੰਗ - ੯੦੩*

ਅਸੀਂ ਨਿਰੰਕਾਰ ਦੇ ਚਾਕਰ ਹਾਂ ਤੇ ਜੇ ਤੂੰ ਜੋਰ-ਜਬਰ ਕਰੇਂਗਾ ਤਾਂ ਜਦੋਂ ਵੱਡਿਆਂ-ਵੱਡਿਆਂ ਨੂੰ ਹਥਕੜੀਆਂ ਲਗਦੀਆਂ ਨੇ ਉਸ ਵੇਲੇ ਉਹ ਚਾਕਰ ਦੇ ਹੱਥੋਂ ਹੀ ਮਾਰੇ ਜਾਂਦੇ ਨੇ।

ਉਸ ਵੇਲੇ ਉਸ ਨੇ ਕਿਹਾ, "ਮਹਾਰਾਜ! ਮੇਰੇ ਵਿਚ ਗੁਣ ਵੀ ਹੈ ਇਕ ਬਹੁਤ ਜਬਰਦਸਤ ਕਿ ਕਿਸੇ ਬੰਦੇ ਦੀ ਸਾਰੀ ਉਮਰ ਪਾਪਾਂ ਦੇ ਨਾਲ ਲੰਘ ਜਾਵੇ ਪਰ ਜੇ ਉਸਨੂੰ ਆਖਰੀ ਸਮੇਂ ਦੇ ਵਿਚ ਪ੍ਰਮੇਸ਼ਰ ਦੀ ਯਾਦ ਆ ਜਾਵੇ ਤੇ ਉਧਰੋਂ ਸੁਆਸ ਨਿਕਲਦੇ ਹੋਣ, ਉਧਰੋਂ ਯਾਦ ਆ ਜਾਵੇ ਤਾਂ ਇਕ ਵਾਰੀ ਕਹਿਣ ਦੇ ਨਾਲ ਹੀ ਉਸਦਾ ਉਧਾਰ ਹੋ ਸਕਦਾ ਹੈ।

*ਏਕ ਚਿਤ ਜਿਹ ਇਕ ਛਿਨ ਧਿਆਇਓ*
*ਕਾਲ ਫਾਸ ਕੇ ਬੀਚ ਨ ਆਇਓ।*

ਸੋ ਐਸੇ ਸਮੇਂ ਦੇ ਅੰਦਰ ਦੋ ਪ੍ਰਮੁੱਖ ਸਾਧਨ ਹਨ।

ਗੁਰੂ ਮਹਾਰਾਜ ਕਹਿਣ ਲੱਗੇ, "ਹੁਣ ਜਪ, ਤਪ ਦੀ ਪੇਸ਼ ਨਹੀਂ ਜਾਂਦੀ, ਪ੍ਰਾਣਾਯਾਮ ਦੀ ਪੇਸ਼ ਨਹੀਂ ਜਾਂਦੀ, ਲੰਮੇ-ਲੰਮੇ ਸਾਧਨ ਤਪ ਕਰਨੇ ਉਨ੍ਹਾਂ ਦੀ ਹੁਣ ਕੁਝ ਕੀਮਤ ਨਹੀਂ ਹੈ ਕਿਉਂਕਿ ਸਮਾਂ ਐਸਾ ਆ ਗਿਆ ਕਿ ਜਿਸ ਤਰ੍ਹਾਂ ਫਸਲ ਬੀਜਣ ਦਾ ਸਮਾਂ ਹੁੰਦਾ ਹੈ ਤਾਂ ਓਹੀ ਫਸਲ ਬੀਜੀ ਜਾਂਦੀ ਹੈ ਜਿਹੜੀ ਰੁੱਤ ਆਈ ਹੋਵੇ ਇਸੇ ਤਰ੍ਹਾਂ ਹੁਣ ਰੁੱਤ ਆ ਗਈ ਪ੍ਰਮੇਸ਼ਰ ਦਾ ਨਾਮ ਬੀਜਣ ਦੀ।

*ਅਬ ਕਲੂ ਆਇਓ ਰੇ ॥*
*ਇਕੁ ਨਾਮੁ ਬੋਵਹੁ ਬੋਵਹੁ ॥*
*ਅਨ ਰੂਤਿ ਨਾਹੀ ਨਾਹੀ ॥*
*ਮਤੁ ਭਰਮਿ ਭੂਲਹੁ ਭੂਲਹੁ ॥ ਅੰਗ - ੧੧੮੫*

ਸੋ ਏਸ ਰੁੱਤ ਦੇ ਵਿਚ ਨਾਮ ਕੀਰਤਨ ਦੇ ਰਾਹੀਂ ਬੀਜਣਾ, ਹਰੀ ਦਾ ਜਸ ਕਰਨਾ, ਜਾਪ ਕਰਨਾ ਤੇ ਧਿਆਨ ਕਰਨਾ, ਸਿਮਰਨ ਕਰਨਾ ਇਹ ਸਾਰੀਆਂ ਚੀਜ਼ਾਂ ਨਾਮ ਬੀਜਣ ਦੇ ਨਾਲ ਸਬੰਧ ਰੱਖਦੀਆਂ ਨੇ। ਸੋ ਅੰਮ੍ਰਿਤ ਵੇਲੇ ਉਠਦੇ ਨੇ ਮਹਾਰਾਜ ਜੀ ਕਹਿੰਦੇ ਜਿਨ੍ਹਾਂ ਦੇ ਪੁੰਨ-ਕਰਮ ਜਾਗਦੇ ਨੇ - ਕਲਜੁਗ ਦੇ ਅੰਦਰ, ਵੱਡੇ ਭਾਗ ਬਣ ਜਾਂਦੇ ਨੇ। ਮਹਾਰਾਜ ਜੀ ਕਹਿੰਦੇ -

*ਹਰਿ ਕੀਰਤਿ ਸਾਧਸੰਗਤਿ ਹੈ*
*ਸਿਰਿ ਕਰਮਨ ਕੈ ਕਰਮਾ ॥ ਅੰਗ - ੬੪੨*

ਦੋ ਚੀਜ਼ਾਂ ਪ੍ਰਾਪਤ ਹੋ ਜਾਂਦੀਆਂ ਨੇ ਹਰੀ ਦਾ ਜਸ ਤੇ ਸਾਧੂ ਦੀ ਸੰਗਤ।

*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥ ਅੰਗ - ੬੪੨*

ਪਰ ਮਿਲਦਾ ਉਸਨੂੰ ਹੈ ਜਿਸ ਦੇ ਮੱਥੇ ਤੇ ਲੇਖ ਲਿਖਿਆ ਹੋਵੇ। ਪੁੰਨ ਕਰਮ ਬਣ ਜਾਣ, ਚੰਗੇ ਦਿਨ ਆ

ਜਾਣ ਫੇਰ ਸਤਿਸੰਗ ਪ੍ਰਾਪਤ ਹੋਇਆ ਕਰਦਾ ਹੈ।

ਸੋ ਇਸ ਤਰ੍ਹਾਂ ਦੇ ਨਾਲ ਆਪ ਸਾਰੇ ਪ੍ਰੇਮੀਆਂ ਨੇ ਬੜੀ ਹਿੰਮਤ ਕੀਤੀ ਹੈ, ਮਹੀਨੇ ਬਾਅਦ ਸਤਿਸੰਗ ਕਰਦੇ ਹੋ, ਕਰਾਉਂਦੇ ਹੋ, ਫਲ ਕਿੰਨਾ ਹੁੰਦਾ ਹੈ? ਜੇ ਚਿੱਤ ਲਾ ਕੇ ਹਰੀ ਦਾ ਜਸ ਸੁਣ ਲਿਆ ਜਾਵੇ ਤੇ ਜੋ ਬਾਣੀ ਕਹਿੰਦੀ ਹੈ ਉਸਨੂੰ ਹਿਰਦੇ ਵਿਚ ਵਸਾ ਕੇ ਉਸ ਦੇ ਮੁਤਾਬਿਕ ਜੀਵਨ ਬਤੀਤ ਕੀਤਾ ਜਾਵੇ ਤਾਂ ਮਹਾਰਾਜ ਜੀ ਫੁਰਮਾਨ ਕਰਦੇ ਨੇ –

*ਕਈ ਕੋਟਿਕ ਜਗ ਫਲਾ*
*ਸੁਣਿ ਗਾਵਨਹਾਰੇ ਰਾਮ ॥ ਅੰਗ - ੫੪੬*

ਕਈ ਕਰੋੜ ਜਗਾਂ ਦਾ ਫਲ ਪ੍ਰਾਪਤ ਹੁੰਦਾ ਹੈ। ਸੋ ਇਸ ਤਰ੍ਹਾਂ ਮਹਾਰਾਜ ਜੀ ਨੇ ਹੁਣ ਫੁਰਮਾਨ ਕੀਤਾ ਹੈ ਕਿ ਸਾਰੀਆਂ ਇਛਾਵਾਂ ਨੂੰ ਪੂਰਨ ਕਰਨ ਵਾਲਾ ਪ੍ਰਮੇਸ਼ਰ ਦਾ ਨਾਮ –

*ਇਛਾ ਪੂਰਕੁ ਸਰਬ ਸੁਖਦਾਤਾ*
*ਹਰਿ ਜਾ ਕੈ ਵਸਿ ਹੈ ਕਾਮਧੇਨਾ ॥ ਅੰਗ - ੬੬੯*

ਸਾਰੇ ਸੁੱਖਾਂ ਨੂੰ ਦੇਣ ਵਾਲਾ ਜਿਹੜਾ ਪ੍ਰਮੇਸ਼ਰ ਹੈ, ਜਿਸ ਦੇ ਵਸ ਵਿਚ ਕਾਮਧੇਨ ਹੈ। ਜੋ ਵੀ ਚੀਜ਼ ਦੀ ਇੱਛਾ ਕਰੋ ਉਸੇ ਵੇਲੇ ਮਿਲ ਜਾਇਆ ਕਰਦੀ ਹੈ। ਤਿੰਨ ਚੀਜ਼ਾਂ ਕਹਿੰਦੇ ਨੇ – ਇਕ ਕਾਮਧੇਨ ਗਊ ਹੈ ਸਵਰਗ ਦੇ ਅੰਦਰ, ਇਕ ਚਿੰਤਾਮਨ ਵੱਟੀ ਹੈ ਤੇ ਇਕ ਕਲਪ ਬ੍ਰਿਛ ਰੁੱਖ ਹੈ, ਇਸ ਦਾ ਮੰਡਲ ਹੋਇਆ ਕਰਦਾ ਹੈ। ਹਜ਼ਾਰਾਂ ਮੀਲ ਦਾ ਹੁੰਦਾ ਹੈ ਉਹ। ਉਸ ਮੰਡਲ ਵਿਚ ਆ ਕੇ ਆਦਮੀ ਜੋ ਚੀਜ਼ ਮੰਗੇਗਾ ਉਹ ਚੀਜ਼ ਮਿਲ ਜਾਂਦੀ ਹੈ।

ਮਹਾਰਾਜ ਜੀ ਕਹਿੰਦੇ ਸਾਰੇ ਸੁੱਖਾਂ ਦਾ ਦਾਤਾ ਪ੍ਰਮੇਸ਼ਰ ਸਾਰੀਆਂ ਇੱਛਾਂ ਪੂਰੀਆਂ ਕਰਨ ਵਾਲਾ ਜਿਸ ਦੇ ਵਸ ਵਿਚ ਕਾਮਧੇਨ ਹੈ ਐਸੇ ਪ੍ਰਮੇਸ਼ਰ ਨੂੰ –

*ਸੋ ਐਸਾ ਹਰਿ ਨਾਮੁ ਧਿਆਇਐ ਮਨ*
*ਮੇਰੇ ਜੋ ਸਭਨਾ ਉਪਰਿ ਹੁਕਮੁ ਚਲਾਏ ॥*
*ਅੰਗ - ੮੯*

ਜੇ ਉਸ ਦਾ ਧਿਆਨ ਹਿਰਦੇ ਵਿਚ ਆ ਜਾਵੇ ਤਾਂ ਕੋਈ ਸੁੱਖ ਐਸਾ ਨਹੀਂ ਜਿਹੜਾ ਨਾ ਮਿਲ ਸਕਦਾ ਹੋਵੇ। ਸਿਰਫ ਐਨਾ ਹੀ ਹੈ ਕਿ ਉਹ ਧਿਆਨ ਵਿਚ ਆ ਜਾਵੇ। ਉਸਨੂੰ ਧਿਆਨ ਵਿਚ ਲਿਆਉਣ ਵਾਸਤੇ ਨਾਮ ਦਾ ਸਿਮਰਨ ਕਰਨਾ ਪੈਂਦਾ ਹੈ, ਹਰੀ ਦਾ ਜਸ, ਬਾਣੀ ਦਾ ਪਾਠ ਕਰਨਾ ਪੈਂਦਾ ਹੈ, ਕੀਰਤਨ ਵਿਚ ਆਉਣਾ ਪੈਂਦਾ ਹੈ ਤਾਂਕਿ ਧਿਆਨ ਵਿਚ ਆ ਜਾਵੇ। ਜੇ ਕੋਈ ਸਾਡਾ ਦੁਸ਼ਮਣ ਹੋਵੇ ਡਰ ਹੋਵੇ ਕਿ ਮਾਰ ਦਏਗਾ ਉਹ ਹਰ ਵਕਤ ਧਿਆਨ ਵਿਚ ਰਹਿੰਦਾ ਹੈ, ਹਰ ਵਕਤ ਏਧਰ-ਓਧਰ ਦੇਖਦੇ ਰਹਿੰਦੇ ਹਾਂ, ਕੋਈ ਆਦਮੀ ਵੈਸੇ ਵੀ ਆਉਂਦਾ ਹੋਵੇ ਤਾਂ ਵੀ ਸ਼ੱਕ ਪੈ ਜਾਂਦਾ ਹੈ ਕਿ ਕਿਤੇ ਓਹੀ ਨਾ ਆਉਂਦਾ ਹੋਵੇ, ਇਸਨੂੰ ਧਿਆਨ ਕਹਿੰਦੇ ਨੇ, ਧਿਆਨ ਵਿਚ ਆ ਜਾਣਾ। ਮਹਾਰਾਜ ਜੀ ਕਹਿੰਦੇ ਜੇ ਇਸੇ ਤਰ੍ਹਾਂ ਵਾਹਿਗੁਰੂ ਧਿਆਨ ਵਿਚ ਆ ਜਾਵੇ, ਜਿਹੜਾ ਕਿ ਸਾਰੇ ਪਰੀਪੂਰਨ ਹੈ, ਸਾਰੇ ਹੀ ਰੂਪ ਉਸ ਦੇ ਨੇ ਤਾਂ ਕਹਿੰਦੇ ਸਾਰੇ ਸੁੱਖ ਮਿਲ ਜਾਇਆ ਕਰਦੇ ਨੇ।

ਸਤਿਨਾਮ ਵਾਹਿਗੁਰੂ ਜੋ ਹੈ ਰਾਮ ਹੈ, ਗੋਬਿੰਦ ਹੈ, ਅੱਲਾਹ ਹੈ, ਇਸ ਦਾ ਨਾਮ ਜਪ। ਇਹ ਜਪ ਕੇ ਹੋਏਗਾ ਕੀ? ਤੇਰੇ ਅੰਦਰ ਧਿਆਨ ਵਿਚ ਉਹ ਵਸ ਜਾਏਗਾ ਤਾਂ ਓਸ ਵੇਲੇ ਤੈਨੂੰ ਸਾਰੇ ਸੁੱਖਾਂ ਦੀ ਪ੍ਰਾਪਤੀ ਹੋ ਜਾਏਗੀ ਤੇ ਸਿਮਰਨ ਕਰਨ ਦੇ ਨਾਲ ਉਪਾਧ ਗਤੀ ਹੋ ਜਾਂਦੀ ਹੈ। ਜਿਹੜੀਆਂ ਉਪਾਧੀਆਂ ਨੇ – ਆਧੀ, ਬਿਆਧੀ, ਉਪਾਧੀ ਇਨ੍ਹਾਂ ਦਾ ਖਾਤਮਾ ਹੋ ਜਾਂਦਾ ਹੈ।

ਇਸ ਕਰਕੇ ਸਾਧ ਸੰਗਤ ਜੀ! ਗੁਰੂ ਮਹਾਰਾਜ ਜੀ ਦੇ ਜੋ ਬਚਨ ਹਨ ਇਨ੍ਹਾਂ ਨੂੰ ਕਮਾਉਣ ਦਾ ਯਤਨ ਕਰੋ, ਧਿਆਨ ਰੱਖੋ। ਵਾਹਿਗੁਰੂ ਸਾਰੇ ਪਰੀਪੂਰਨ ਹੈ, ਕੋਈ ਥਾਂ ਐਸਾ ਨਹੀਂ ਜਿੱਥੇ ਉਹ ਨਹੀਂ ਹੈ। ਕੇਵਲ ਧਿਆਨ ਦੇਣ ਦੀ ਲੋੜ ਹੈ ਧਿਆਨ ਤਾਂ ਪੱਕਾ ਹੁੰਦਾ ਹੈ, ਜੇ ਅਸੀਂ ਉਸ ਦਾ ਨਾਮ ਜਪੀਏ। ਉਸ ਦਾ ਨਾਮ ਜਪਦੇ-ਜਪਦੇ ਸਾਡੇ ਧਿਆਨ ਵਿਚੋਂ ਹੋਰ ਚੀਜ਼ਾਂ ਭੁਲਦੀਆਂ ਜਾਣਗੀਆਂ, ਉਹ ਆਉਂਦਾ ਜਾਏਗਾ।

ਜਿਸ ਤਰ੍ਹਾਂ ਇਕ ਚੁਬੱਚਾ ਹੋਵੇ ਤੇ ਗੰਦੇ ਪਾਣੀ ਨਾਲ ਭਰਿਆ ਹੋਵੇ ਤੇ ਉਸ ਦੇ ਉਤੇ ਇਕ ਟੂਟੀ ਲੱਗੀ ਹੋਵੇ। ਉਪਰੋਂ ਟੂਟੀ ਖੋਲ੍ਹ ਦਿਓ ਪਾਣੀ ਲਗਾਤਾਰ ਉਸ ਦੇ ਵਿਚ ਪੈਂਦਾ ਜਾਏਗਾ। ਉਸ ਦਾ ਨਤੀਜਾ ਕੀ ਹੋਏਗਾ? ਹੌਲੀ-ਹੌਲੀ ਮੈਲਾ ਪਾਣੀ ਬਾਹਰ ਹੋ ਜਾਏਗਾ ਤੇ ਅਖੀਰ ਬਿਲਕੁਲ ਸਵੱਛ ਪਾਣੀ ਉਸਦੇ ਵਿਚ ਰਹਿ ਜਾਏਗਾ। ਇਸੇ ਤਰ੍ਹਾਂ ਸਾਡੇ ਅੰਤਸ਼ਕਰਣ ਦੇ ਅੰਦਰ –

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ ॥*
*ਖੰਨਲੀ ਧੋਤੀ ਉਜਲੀ ਨ ਹੋਵਈ*
*ਜੇ ਸਉ ਧੋਵਣਿ ਪਾਹੁ ॥ ਅੰਗ - ੬੫੧*

ਬੇਅੰਤ ਮੈਲਾਂ ਲੱਗੀਆਂ ਹੋਈਆਂ ਨੇ ਜਿਨ੍ਹਾਂ ਨੂੰ ਅਸੀਂ ਗਿਣ ਵੀ ਨਹੀਂ ਸਕਦੇ, ਕਾਲਾ ਸਿਆਹੁ ਹੋਇਆ ਹੋਇਆ ਹੈ ਸਾਡਾ ਅੰਤਸ਼ਕਰਣ। ਜਦੋਂ ਇਸ ਦੇ ਵਿਚ ਨਾਮ ਦੇ ਜਾਪ ਦੀ ਟੂਟੀ ਖੋਲ੍ਹ ਦਿਆਂਗੇ ਉਹ ਧਾਰ ਅੰਮ੍ਰਿਤ ਦੀ ਇਸ ਦੇ ਵਿਚ ਲਗਾਤਾਰ ਆਉਣੀ ਸ਼ੁਰੂ ਹੋ ਜਾਏਗੀ। ਓਸ ਵੇਲੇ ਸਾਰੇ ਪਾਪਾਂ ਦਾ ਖਾਤਮਾ ਹੋ ਕੇ ਅੰਦਰ ਮਨ ਨਿਰਮਲ ਹੋ ਜਾਏਗਾ। ਜਦੋਂ ਮਨ ਨਿਰਮਲ ਹੋ ਗਿਆ –

*ਕਬੀਰ ਮਨੁ ਨਿਰਮਲੁ ਭਇਆ*
*ਜੈਸਾ ਗੰਗਾ ਨੀਰੁ ॥*
*ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥*
*ਅੰਗ - ੧੩੬੭*

# ਮਨਮੁਖੁ ਦੁਖ ਕਾ ਖੇਤੁ ਹੈ

ਸਾਧਸੰਗਤ ਜੀ!

*ਵਾਹਿਗੁਰੂ ਜੀ ਕਾ ਖਾਲਸਾ*
*ਵਾਹਿਗੁਰੂ ਜੀ ਕੀ ਫਤਹਿ।*

ਗੁਰੂ ਮਹਾਰਾਜ ਜੀ ਨੇ ਰਸਨਾ ਦੇ ਨਾਲ ਹਰੀ ਦਾ ਜਸ ਗਾਇਨ ਕਰਨ ਦਾ ਜੋ ਫਲ ਦੱਸਿਆ ਹੈ ਉਹ ਆਪ ਸਾਰਿਆਂ ਨੇ ਸਰਵਣ ਕਰ ਲਿਆ ਹੈ ਕਿਉਂਕਿ ਰਸਨਾ ਦਾ ਉਪਯੋਗ ਸਰੀਰ ਨੂੰ ਨਰਕਾਂ ਨੂੰ ਵੀ ਲੈ ਜਾਂਦਾ ਹੈ ਤੇ ਪ੍ਰਮੇਸ਼ਰ ਵੀ ਬਣਾ ਦਿੰਦਾ ਹੈ। ਚਾਰ-ਕੁ ਉਂਗਲ ਚੌੜਾ ਮਾਸ ਦਾ ਟੁਕੜਾ ਸਰੀਰ ਦੇ ਵਿਚ ਪ੍ਰਮੇਸ਼ਰ ਨੇ ਰੱਖਿਆ ਹੈ। ਇਸ ਦੇ ਵਿਚ ਬੇਇੰਤਹਾ ਸ਼ਕਤੀ ਹੈ ਜੇ ਗਲਤ ਪ੍ਰਯੋਗ ਹੋ ਗਈ ਤਾਂ ਵੀ, ਜੇ ਸਹੀ ਵਰਤੋਂ ਹੋ ਗਈ ਤਾਂ ਵੀ ਦੋਵੇਂ ਤਰ੍ਹਾਂ ਦੇ ਫਲ ਏਸ ਨੂੰ ਮਿਲਦੇ ਨੇ। ਇਕ ਪਾਸਾ ਇਸ ਦਾ ਬਹੁਤ ਭਿਆਨਕ ਹੈ, ਝੂਠਾ ਹੈ, ਤ੍ਰਿਸਕਾਰਯੋਗ ਹੈ ਉਸ ਥਾਂ ਤੇ ਮਹਾਰਾਜ ਜੀ ਕਹਿੰਦੇ ਨੇ ਇਹ ਰਸਨਾ ਜੇ ਗਲਤ ਪ੍ਰਯੋਗ ਹੋ ਰਹੀ ਹੈ ਤਾਂ ਹਿੰਮਤ ਦੇ ਨਾਲ ਰਸਨਾ ਨੂੰ ਬੰਦ ਕਰ ਦੇਣਾ ਚਾਹੀਦਾ ਹੈ।

*ਰਸਨਾ ਜਪੈ ਨ ਨਾਮੁ*
*ਤਿਲੁ ਤਿਲੁ ਕਰਿ ਕਟੀਐ ॥ ਅੰਗ - ੧੩੬੨*

ਤਿਲ-ਤਿਲ ਕਰਕੇ ਕੱਟੀ ਜਾਵੇ ਉਹ ਵੀ ਭਲੀ ਹੈ -

*ਰੇ ਜਿਹਬਾ ਕਰਉ ਸਤ ਖੰਡ ॥ ਅੰਗ - ੧੧੬੩*

ਹੇ ਜਿਹਬਾ! ਜੇ ਤੇਰਾ ਅਸੀਂ ਸੌ ਟੁਕੜਾ ਕਰ ਦੇਈਏ -

*ਜਾਮਿ ਨ ਉਚਰਸਿ ਸ੍ਰੀ ਗੋਬਿੰਦ॥ ਅੰਗ - ੧੧੬੩*

ਜਿਸ ਰਸਨਾ ਤੋਂ ਵਾਹਿਗੁਰੂ ਦਾ ਨਾਮ ਉਚਾਰਨ ਨਹੀਂ ਹੁੰਦਾ ਉਹ ਕਿਸੇ ਵੀ ਕੰਮ ਨਹੀਂ ਹੈ, ਹਾਲਾਂਕਿ ਚੀਜ਼ ਓਹੀ ਹੈ। ਮੁੱਖ ਡਰਾਉਣਾ ਹੋ ਜਾਂਦਾ ਹੈ -

*ਫਰੀਦਾ ਤਿਨਾ ਮੁਖ ਡਰਾਵਣੇ*
*ਜਿਨਾ ਵਿਸਾਰਿਓਨੁ ਨਾਉ ॥ ਅੰਗ - ੧੩੮੩*

ਨਤੀਜਾ ਕੀ ਹੁੰਦਾ ਹੈ?

*ਐਥੈ ਦੁਖ ਘਣੇਰਿਆ ਅਗੈ ਠਉਰ ਨ ਠਾਉ ॥*
*ਅੰਗ - ੧੩੮੩*

ਇਥੇ ਦੁਖਾਂ ਦੀ ਕੋਈ ਗਿਣਤੀ ਨਹੀਂ ਹੈ, ਦੁੱਖਾਂ ਦੀ ਕੋਈ ਸੀਮਾ ਨਹੀਂ ਹੈ ਤੇ ਅੱਗੇ ਜਾ ਕੇ ਕੋਈ ਥਾਉਂ ਨਹੀਂ ਮਿਲਦਾ ਕਿਉਂਕਿ ਇਹੀ ਰਸਨਾ ਜੇ ਨਿੰਦਿਆ ਕਰਦੀ ਹੈ ਤਾਂ ਜਿੰਨੇ ਵੀ ਪੁੰਨ-ਦਾਨ, ਕਿਰਿਆ-ਕਰਮ, ਪੜ੍ਹਾਈਆਂ-ਲਿਖਾਈਆਂ ਕੀਤੀਆਂ ਹੋਈਆਂ, ਯਾਤਰਾਵਾਂ ਕੀਤੀਆਂ ਹੋਈਆਂ ਨੇ, ਕੋਈ ਹੇਮਕੁੰਟ ਸਾਹਿਬ ਜਾ ਰਿਹਾ ਹੈ, ਕੋਈ ਹਜ਼ੂਰ ਸਾਹਿਬ ਜਾ ਰਿਹਾ ਹੈ, ਕੋਈ ਹੋਰ ਥਾਵਾਂ ਤੇ ਜਾ ਰਿਹਾ ਹੈ, ਕੋਈ ਅਠਾਹਠ ਤੀਰਥਾਂ ਦਾ ਇਸ਼ਨਾਨ ਕਰ ਰਿਹਾ ਹੈ, ਕੋਈ ਅਮਰਨਾਥ ਦੀ ਗੁਫਾ ਵਿਚ ਜਾ ਰਿਹਾ ਹੈ, ਸਾਰੀ ਧਰਤੀ ਦਾ ਭ੍ਰਮਣ ਕਰ ਰਿਹਾ ਹੈ, ਬੜੀ ਖੇਚਲ ਹੈ, ਬੜਾ ਪੈਸਾ ਖਰਚ ਹੋ ਰਿਹਾ ਹੈ ਪਰ ਮਹਾਰਾਜ ਜੀ ਕਹਿੰਦੇ ਐਨੀ ਖੇਚਲ ਕਰਕੇ ਜੇ ਇਕ ਵਾਰੀ ਇਸ ਰਸਨਾ ਦੇ ਨਾਲ ਸੋਨਾ ਦਾਨ ਕਰ ਰਿਹਾ ਹੈ, ਧਰਤੀ ਦਾਨ ਕਰ ਰਿਹਾ ਹੈ, ਇਸਤ੍ਰੀ ਵੀ ਸ਼ਿੰਗਾਰ ਲਾ ਕੇ ਸਾਰੇ ਗਹਿਣਿਆਂ ਸਮੇਤ ਦਾਨ ਕਰ ਦਿਤੀ ਕਿਉਂਕਿ ਪਹਿਲੇ ਸਮਿਆਂ ਵਿਚ ਐਸਾ ਰਿਵਾਜ ਹੋਇਆ ਕਰਦਾ ਸੀ। ਉਸ ਤੋਂ ਇਲਾਵਾ ਬੜਾ ਜਪ ਕਰਿਆ, ਤਪ ਕਰਿਆ, ਪੁੱਠਾ ਲਟਕਦਾ ਰਿਹਾ, ਭੁੱਖਾ ਰਿਹਾ, ਸਰੀਰ ਸੁਕਾ ਲਿਆ, ਇਨ੍ਹਾਂ ਸਾਰਿਆਂ ਤੋਂ ਬਾਅਦ ਜੇ ਇਕ ਵਾਰੀ ਵੀ ਨਿੰਦਿਆ ਕਰ ਲਵੇ ਤਾਂ ਸਾਰੇ ਦਾ ਸਾਰਾ ਬਿਰਥਾ ਹੀ ਨਹੀਂ ਜਾਂਦਾ ਸਗੋਂ ਪਾਪ ਦਾ ਭਾਗੀ ਬਣ ਜਾਂਦਾ ਹੈ-

*ਨਿੰਦਾ ਭਲੀ ਕਿਸੈ ਕੀ ਨਾਹੀ*
*ਮਨਮੁਖ ਮੁਗਧ ਕਰੰਨਿ ॥*
*ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥*
*ਅੰਗ - ੭੫੫*

ਮਾਨਸਿਕ ਸ਼ਾਂਤੀ ਨਿੰਦਕ ਕੋਲੋਂ ਚਲੀ ਜਾਂਦੀ ਹੈ -

*ਅਰੜਾਵੈ ਬਿਲਲਾਵੈ ਨਿੰਦਕੁ ॥*
*ਪਾਰਬ੍ਰਹਮੁ ਪਰਮੇਸਰੁ ਬਿਸਰਿਆ*
*ਅਪਣਾ ਕੀਤਾ ਪਾਵੈ ਨਿੰਦਕੁ ॥ ਅੰਗ - ੩੭੩*

ਆਪਣਾ ਕੀਤਾ ਉਸਨੂੰ ਭੋਗਣਾ ਪੈਂਦਾ ਹੈ ਹਰ ਹਾਲਤ ਵਿਚ। ਇਹੀ ਜਿਹਬਾ ਜੇ ਝੂਠ ਬੋਲਦੀ ਹੈ, ਕਪਟ ਕਰਦੀ ਹੈ, ਛਲ ਦੀਆਂ ਗੱਲਾਂ ਕਰਦੀ ਹੈ, ਧੋਖੇ ਦੀਆਂ ਗੱਲਾਂ ਕਰਦੀ ਹੈ, ਵਲ-ਛਲ ਦੀਆਂ ਗੱਲਾਂ ਕਰਦੀ ਹੈ ਤਾਂ ਇਹ ਨਰਕਾਂ ਨੂੰ ਲੈ ਜਾਇਆ ਕਰਦੀ ਹੈ। ਅਸ਼ਾਂਤੀ ਸਰੀਰ ਵਿਚ ਰਹੇਗੀ, ਦੁੱਖ ਰਹੇਗਾ, ਹਉਕੇ ਆਉਣਗੇ, ਝੁੰਜਲਾਹਟ ਹੋ ਜਾਏਗੀ, ਮੱਥੇ ਤੇ ਝੁਰੜੀਆਂ ਪੈ ਜਾਣਗੀਆਂ, ਖਾਣਾ ਹਜ਼ਮ ਹੋਣ ਤੋਂ ਹਟ ਜਾਏ, ਬਲੱਡ ਪਰੈਸ਼ਰ, ਅਨੇਕਾਂ ਬਿਮਾਰੀਆਂ ਸਰੀਰ ਦੇ ਅੰਦਰ ਲੱਗ ਜਾਣਗੀਆਂ ਕਿਉਂਕਿ ਉਸ ਅਸਲੇ ਨਾਲੋਂ ਟੁੱਟੀ ਹੋਈ ਇਕ ਰਸਨਾ ਨੇ ਸਾਰੇ ਸਰੀਰ ਨੂੰ ਖਰਾਬ ਕਰ ਦਿਤਾ। ਕੌੜਾ ਬੋਲਦਾ ਹੈ ਕੁੜੱਤਣ ਅੰਦਰ ਆਉਂਦੀ ਹੈ, ਤਨ ਵੀ, ਮਨ ਵੀ, ਬੁੱਧੀ ਵੀ ਕੁੜੱਤਣ ਨਾਲ ਭਰ ਜਾਂਦੀ ਹੈ, ਅੰਦਰ ਕੌੜਾ ਅਸਰ ਰਹਿ ਜਾਂਦਾ ਹੈ, ਨਾਮ ਦੀ ਮਿਠਾਸ ਖਤਮ ਹੋ ਜਾਂਦੀ ਹੈ, ਨਾਮ ਦਾ ਰਸ ਉਸ

ਰਸਨਾ ਤੇ ਅਨੁਭਵ ਨਹੀਂ ਹੁੰਦਾ ਕਿਉਂਕਿ ਉਹ ਕੌੜੀ ਹੋਈ-ਹੋਈ ਰਸਨਾ ਹੈ, ਫਿੱਕੀ ਬੋਲ ਰਹੀ ਹੈ। ਫਿੱਕੇ ਨੂੰ ਦਰਗਾਹ ਵਿਚ ਥਾਂ ਨਹੀਂ ਮਿਲਦਾ, ਸੁੱਟ ਦਿਤਾ ਜਾਂਦਾ ਹੈ ਉਸ ਦੇ ਕਰਮ-ਧਰਮ ਜਿੰਨੇ ਵੀ ਨੇ, ਦਾਨ-ਪੁੰਨ ਕੀਤੇ ਹੋਏ -

*ਫਿਕਾ ਦਰਗਹ ਸਟੀਐ*
*ਮੁਹਿ ਥੁਕਾ ਫਿਕੇ ਪਾਇ ॥*
*ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ ॥*
*ਅੰਗ - ੪੭੩*

ਐਨੀ ਮਿਹਨਤ ਕਰਕੇ ਦਾਨ-ਪੁੰਨ ਕਰਕੇ ਫੇਰ ਫਿੱਕਾ ਬੋਲਿਆ ਕਹਿੰਦੇ ਉਹ ਤਾਂ ਮੂਰਖ ਹੈ ਕਿਉਂਕਿ ਉਸ ਨੇ ਸਭ ਕੁਝ ਗੁਆ ਲਿਆ, ਜੁੱਤੀਆਂ ਖਾਣ ਨੂੰ ਥਾਂ ਕਰ ਲਿਆ, ਇੱਥੇ ਵੀ ਤੇ ਦਰਗਾਹ ਵਿਚ ਵੀ, ਇਹ ਸਾਰੇ ਰਸਨਾ ਦੇ ਕੰਮ ਨੇ। ਗਲਤ ਗੱਲਾਂ ਕਰਦੀ ਹੈ ਸੋ ਇਸ ਦੇ ਨਾਲ ਦੁੱਖਾਂ ਦਾ ਪ੍ਰਵਾਹ ਚੱਲ ਪੈਂਦਾ ਹੈ, ਸਰੀਰ ਦੇ ਅੰਦਰ ਬਿਮਾਰੀਆਂ ਹੀ ਬਿਮਾਰੀਆਂ, ਪ੍ਰਮੇਸ਼ਰ ਨੂੰ ਭੁੱਲ ਜਾਂਦੀ ਹੈ ਇਹ ਰਸਨਾ। ਤੇ ਇਹੀ ਰਸਨਾ ਪ੍ਰਮੇਸ਼ਰ ਨੂੰ ਯਾਦ ਕਰਾਉਂਦੀ ਹੈ। ਖਿਆਲ ਜੀਭ ਦੇ ਨਾਲ ਜਦੋਂ ਰਲ ਕੇ ਚਲਦਾ ਹੈ ਉਸ ਵੇਲੇ ਇਸ ਦੇ ਵਿਚ ਰਸ ਆਉਣਾ ਸ਼ੁਰੂ ਹੋ ਜਾਂਦਾ ਹੈ, ਉਸ ਵੇਲੇ ਇਸ ਦੇ ਅੰਦਰ ਝਰਨਾਹਟ ਹੁੰਦੀ ਹੈ, ਅਨੰਦ ਆਉਂਦਾ ਹੈ, ਖੇੜਾ ਆਉਂਦਾ ਹੈ। ਜਦੋਂ ਇਹ ਰਸਨਾ ਹਰੀ ਦਾ ਜਸ ਕਰਦੀ ਹੈ, ਮਨ ਤੇ ਬੁੱਧੀ ਇਸ ਦਾ ਸਾਥ ਦਿੰਦੇ ਨੇ ਉਸ ਵੇਲੇ ਇਸ ਦੇ ਅੰਦਰ ਸ਼ਾਂਤੀ ਦੀ ਲਹਿਰ ਸ਼ੁਰੂ ਹੋ ਜਾਂਦੀ ਹੈ। ਪੈਰ ਦੇ ਅੰਗੂਠੇ ਤੋਂ ਲੈ ਕੇ ਸਿਰ ਦੀ ਚੋਟੀ ਤੱਕ ਰੋਮ-ਰੋਮ ਦੇ ਵਿਚੋਂ ਸ਼ਾਂਤੀ ਦੀ ਪੁਕਾਰ ਨਿਕਲਦੀ ਹੈ, ਖੇੜਾ ਇਸ ਦੇ ਅੰਦਰ ਆ ਜਾਂਦਾ ਹੈ ਤੇ ਇਸੇ ਰਸਨਾ ਦੇ ਨਾਲ ਜਦੋਂ ਅਸੀਂ ਨਾਮ ਜਪਦੇ ਹਾਂ, ਉਸ ਵੇਲੇ ਇਹ ਐਨੀ ਸ਼ਕਤੀਸ਼ਾਲੀ ਹੋ ਜਾਂਦੀ ਹੈ, ਸਰੀਰ ਦੇ ਇਕੱਲੇ-ਇਕੱਲੇ ਅੰਗ ਦੇ ਵਿਚ ਸ਼ਕਤੀ ਆ ਜਾਂਦੀ ਹੈ। ਜੇ ਬੰਦਗੀ ਕਰਨ ਵਾਲਾ ਨੇਤਰਾਂ ਦੇ ਨਾਲ ਕਿਸੇ ਵੱਲ ਦੇਖਦਾ ਹੈ ਤਾਂ ਅੰਮ੍ਰਿਤ ਦੀ ਵਰਖਾ ਹੁੰਦੀ ਹੈ, ਰਸਨਾ ਤੋਂ ਪੈਦਾ ਹੋਈ ਹੈ, ਸਾਰੇ ਸਰੀਰ ਵਿਚ ਸਮਾ ਗਈ, ਸਾਰੇ ਸਰੀਰ ਦੇ ਵਿਚ ਝਰਨਾਹਟ ਹੋ ਜਾਂਦੀ ਹੈ, ਇਕ ਝਰਨਾਹਟ ਚਲਦੀ ਹੈ - ਅਨੰਦ ਹੀ ਅਨੰਦ ਹੋ ਜਾਂਦਾ ਹੈ। ਸਾਰੇ ਹੀ ਜਿੰਨੇ ਵੀ ਸੈਲ ਨੇ ਚੌਦਾਂ ਖਰਬ, ਪੰਦਰਾਂ ਅਰਬ ਸਰੀਰ ਦਾ ਇਕ-ਇਕ ਸੈਲ ਚਾਰਜ ਹੋ ਜਾਂਦਾ ਹੈ। ਕਈ ਵਾਰੀ ਐਸਾ ਹੁੰਦਾ ਹੈ ਕਿ over charge ਹੋਇਆ-ਹੋਇਆ ਕੋਈ ਉਸਨੂੰ ਛੂਹ ਲਵੇ ਉਸ ਦੇ ਅੰਦਰ ਉਸੇ ਵੇਲੇ ਪ੍ਰਵੇਸ਼ ਕਰ ਜਾਂਦਾ ਹੈ, ਉਹ ਸਾਰਾ ਅਨੰਦ।

ਮਹਾਰਾਜਾ ਰਣਜੀਤ ਸਿੰਘ ਨੇ ਇਕ ਵਾਰੀ ਢੰਡੋਰਾ ਪਟਵਾਇਆ ਕਿ ਕੋਈ ਮੇਰੇ ਰਾਜ ਦੇ ਅੰਦਰ ਐਸਾ ਹੈ ਜਿਸ ਨੇ ਗੁਰੂ ਦਸਵੇਂ ਪਾਤਸ਼ਾਹ ਦੇ ਦਰਸ਼ਨ ਕੀਤੇ ਹੋਣ? ਕਾਬਲ ਦੇ ਅੰਦਰ ਇਕ ਬੰਦਾ ਨਿਕਲਿਆ ਜਿਸ ਨੇ ਕਿਹਾ ਕਿ ਮੈਂ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਹੀ ਨਹੀਂ ਕੀਤੇ ਸਗੋਂ ਕਾਫੀ ਨੇੜੇ ਵੀ ਰਿਹਾ ਹਾਂ। 120 ਸਾਲ ਤੋਂ ਵੱਧ ਉਸ ਦੀ ਉਮਰ ਸੀ। ਉਸਨੂੰ ਲਿਆਉਣ ਵਾਸਤੇ ਖਾਸ ਪ੍ਰਬੰਧ ਕੀਤੇ ਗਏ ਤੇ ਜਦੋਂ ਉਹ ਲਾਹੌਰ ਆਇਆ ਤਾਂ ਉਥੋਂ ਪਾਲਕੀ ਦੇ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਆਪਣਾ ਮੋਢਾ ਲਾ ਕੇ, ਆਪਣੇ ਖਾਸ ਮਹੱਲ ਦੇ ਵਿਚ ਲਿਜਾ ਕੇ, ਉਚੇ ਥਾਂ ਬਿਠਾ ਕੇ ਉਸਦੀ ਸੇਵਾ ਕੀਤੀ ਤੇ ਫੇਰ ਉਨ੍ਹਾਂ ਨੂੰ ਪੁੱਛਿਆ ਕਿ ਗੁਰੂ ਦਸਵੇਂ ਪਾਤਸ਼ਾਹ ਬਾਰੇ ਤੁਸੀਂ ਕੀ ਦੱਸ ਸਕਦੇ ਓਂ?

ਕਹਿਣ ਲੱਗਿਆ, "ਉਨ੍ਹਾਂ ਦਾ ਸਰੀਰ ਬਹੁਤ ਪਤਲਾ ਤੇ ਫੁਰਤੀਲਾ ਸੀ, ਫੁਰਤੀ ਬਹੁਤ ਸੀ। ਦੂਸਰਾ ਸੀ ਕਿ ਉਨ੍ਹਾਂ ਦੇ ਨੇਤਰਾਂ ਵੱਲ ਕੋਈ ਵੀ ਦੇਖ ਨਹੀਂ ਸੀ ਸਕਦਾ, ਐਨੇ ਜ਼ਿਆਦਾ ਰਸ ਦੇ ਭਰੇ ਹੋਏ ਸੀ।

ਨੇਤਰਾਂ ਵਿਚ ਐਨੀ ਸ਼ਕਤੀ ਸੀ ਕਿ ਕੇਵਲ ਦੇਖਣ ਨਾਲ ਹੀ ਆਦਮੀ ਦੇ ਪਾਪ ਅੰਦਰੋਂ ਦੌੜਨੇ ਸ਼ੁਰੂ ਹੋ ਜਾਂਦੇ ਸੀ ਜੇ ਕਿਤੇ ਉਨ੍ਹਾਂ ਦੇ ਚਰਨਾਂ ਦੇ ਨਾਲ ਮਸਤਕ ਛੋਹ ਜਾਵੇ ਤਾਂ ਇਕ ਐਸੀ ਧਾਰਾ ਅੰਦਰ ਚਲਦੀ ਸੀ ਜਿਹੜੀ ਸਹਾਰੀ ਨਹੀਂ ਸੀ ਜਾਂਦੀ, ਜੇ ਕ੍ਰਿਪਾ ਦੇ ਘਰ ਵਿਚ ਆ ਕੇ ਕਿਸੇ ਮੌਕੇ ਹੱਥ ਸਿਰ ਤੇ ਰੱਖ ਦੇਣ ਤਾਂ ਜਿੰਨੇ ਵੀ ਕਰੋੜਾਂ ਜਨਮਾਂ ਦੇ ਪਾਪ ਤੇ ਬੁਰਿਆਈਆਂ ਕੀਤੀਆਂ ਹੁੰਦੀਆਂ ਉਹ ਸਾਰੇ ਨੱਠ ਜਾਂਦੇ ਸੀ ਤੇ ਰੋਮ-ਰੋਮ ਦੇ ਵਿਚੋਂ ਨਾਮ ਦੀ ਧੁਨ ਆਪਣੇ ਆਪ ਹੀ ਚੱਲ ਪੈਂਦੀ ਸੀ, ਬਜਰ ਕਪਾਟ ਖੁਲ੍ਹ ਜਾਂਦੇ ਸਨ, ਗਿਆਨ ਦੇ ਮੰਡਲ ਦੇ ਵਿਚ ਰੂਹ ਪ੍ਰਵੇਸ਼ ਕਰਕੇ ਮੁੜ ਨਹੀਂ ਸੀ ਗਿਰਿਆ ਕਰਦੀ।

ਕਹਿੰਦਾ, ਸੋ ਇਹ ਉਨ੍ਹਾਂ ਦੇ ਸਰੀਰ ਦੇ ਦਰਸ਼ਨਾਂ ਦੇ ਜ਼ਬਰਦਸਤ ਅਸਰ ਸਨ। ਜਿੱਥੋਂ ਦੀ ਉਹ ਲੰਘ ਜਾਂਦੇ ਸਨ ਉਹ ਧੂੜ ਜੇ ਮਸਤਕ ਨੂੰ ਲੱਗ ਜਾਵੇ ਉਸ ਦੇ ਵਿਚ ਐਨੀ ਸ਼ਕਤੀ ਸੀ ਕਿ ਸਹਿ ਨਹੀਂ ਸੀ ਹੁੰਦੀ।

ਸੋ ਰਸਨਾ ਨੇ ਕੰਮ ਕੀਤਾ ਆਮ ਸਾਧਾਰਨ ਮਹਾਂਪੁਰਸ਼ ਕਈ ਅਜਿਹੇ ਹੋਏ ਨੇ ਜਿਨ੍ਹਾਂ ਦੇ ਅੰਦਰ ਇਸੇ ਤਰ੍ਹਾਂ ਦੀਆਂ ਚੀਜ਼ਾਂ ਹੋਇਆ ਕਰਦੀਆਂ ਸੀ, ਹੱਥ ਲੱਗ ਜਾਵੇ ਸਹਿ ਨਹੀਂ ਸੀ ਹੁੰਦਾ।

ਸੋ ਇਹ ਸਾਰਾ ਕੰਮ ਰਸਨਾ ਦਾ ਹੈ, ਰਸਨਾ ਦਾ ਪ੍ਰਯੋਗ ਆਦਮੀ ਕਿਸ ਵਾਸਤੇ ਕਰਦਾ ਹੈ ਇਸ ਵਾਸਤੇ ਮਹਾਰਾਜ ਜੀ ਨੇ ਬੁੱਧੀ ਦਿਤੀ ਹੈ ਉਸਨੂੰ ਕਿ ਨਿੰਦਿਆ ਕਰਨੀ ਹੈ, ਚੁਗਲੀ ਕਰਨੀ ਹੈ, ਝੂਠ ਬੋਲਣਾ ਹੈ, ਫਿੱਕੇ

ਰਹਿਣਾ ਹੈ, ਦੁੱਖਾਂ ਵਿਚ ਜਾਣਾ ਹੈ –

*ਮਨਮੁਖੁ ਦੁਖ ਕਾ ਖੇਤੁ ਹੈ*
*ਦੁਖੁ ਬੀਜੇ ਦੁਖੁ ਖਾਇ ॥*
*ਦੁਖ ਵਿਚਿ ਜੰਮੈ ਦੁਖਿ ਮਰੈ*
*ਹਉਮੈ ਕਰਤ ਵਿਹਾਇ॥ ਅੰਗ – ੯੪੭*

ਸਾਰੀ ਜ਼ਿੰਦਗੀ ਇਹੀ ਦੁੱਖਾਂ ਦੀ ਹੀ ਨਹੀਂ, ਜਿਥੇ ਸਰੀਰ ਛੱਡਣ ਤੋਂ ਬਾਅਦ ਜਾਵੇਗਾ ਉਥੇ ਵੀ ਦੁੱਖ, ਜਿੱਥੇ ਫੇਰ ਤੂੰ ਸਰੀਰ ਧਾਰਨ ਕਰੇਂਗਾ ਉਥੇ ਵੀ ਦੁੱਖ। ਦੁੱਖਾਂ ਦਾ ਚੱਕਰ ਗਲੋਂ ਨਹੀਂ ਲਹਿਣਾ ਜੇ ਰਸਨਾ ਦਾ ਪ੍ਰਯੋਗ ਗਲਤ ਇਸ ਮਾਨਸ ਜਨਮ ਵਿਚ ਕਰ ਲਿਆ। ਬਾਕੀਆਂ ਨੂੰ ਪ੍ਰਮੇਸ਼ਰ ਨੇ ਰਸਨਾ ਦਿਤੀ ਨਹੀਂ ਹੈ ਬੋਲਣ ਵਾਸਤੇ, ਥੋੜ੍ਹੇ ਅੱਖਰ ਉਹ ਬੋਲਦੇ ਨੇ। ਉਨ੍ਹਾਂ ਦੇ ਅੰਦਰ ਦੂਰ-ਸੰਵੇਦਨ ਦੇ ਭਾਵ ਹੋਇਆ ਕਰਦੇ ਨੇ, ਬਿਨਾਂ ਬੋਲੇ ਹੀ ਬੋਲੀ ਬੋਲੀ ਜਾਇਆ ਕਰਦੇ ਨੇ। ਕੇਵਲ ਮਨੁੱਖ ਹੈ ਜਿਸਨੂੰ ਐਸੀ ਰਸਨਾ ਦਿਤੀ ਹੈ ਕਿ ਬੇਅੰਤ ਕਿਸਮ ਦੇ ਰਾਗ ਗਾ ਸਕਦਾ ਹੈ, ਬੇਅੰਤ ਕਿਸਮ ਦੀਆਂ ਬਾਤਾਂ ਕਰ ਸਕਦਾ ਹੈ, ਬੇਅੰਤ ਕਿਸਮ ਦੇ ਬਚਨ ਕਰਕੇ ਦੂਸਰਿਆਂ ਨੂੰ ਪ੍ਰਭਾਵਿਤ ਵੀ ਕਰ ਸਕਦਾ ਹੈ ਤੇ ਨਿਰਾਸ਼ ਵੀ ਕਰ ਸਕਦਾ ਹੈ। ਸੋ ਮਹਾਰਾਜ ਜੀ ਨੇ ਇਨ੍ਹਾਂ ਦੋ ਤੁਕਾਂ ਦੇ ਅੰਦਰ –

*ਰਸਨਾ ਗੁਣ ਗੋਪਾਲ ਨਿਧਿ ਗਾਇਣ ॥*
*ਸਾਂਤਿ ਸਹਜੁ ਰਹਸੁ ਮਨਿ ਉਪਜਿਓ*
*ਸਗਲੇ ਦੂਖ ਪਲਾਇਣ ॥ ਅੰਗ – ੭੧੩*

ਸਹਿਜ ਦਾ ਜੀਵਨ, ਅਤਿ ਦਾ ਜੀਵਨ ਨਹੀਂ, ਸਹਿਜ ਦਾ ਜੀਵਨ ਪ੍ਰਾਪਤ ਹੋ ਜਾਂਦਾ ਹੈ, ਫੇਰ ਸ਼ਾਂਤੀ ਤੇ ਰਹਿਸ, ਖੇੜਾ ਹੀ ਖੇੜਾ ਸਰੀਰ ਦੇ ਅੰਦਰ ਭਰ ਜਾਂਦਾ ਹੈ। ਫੇਰ ਇਥੇ ਹੀ ਬੱਸ ਨਹੀਂ ਹੈ ਕਿ ਉਸ ਦੇ ਅੰਦਰ ਐਸੀ ਸੱਤਾ ਆ ਜਾਂਦੀ ਹੈ, ਐਸਾ ਸਬੰਧ ਵਾਹਿਗੁਰੂ ਨਾਲ ਜੁੜ ਜਾਂਦਾ ਹੈ ਕਿ ਜੋ ਉਹ ਮੰਗਦਾ ਹੈ –

*ਜੋ ਮਾਗਹਿ ਠਾਕੁਰ ਅਪੁਨੇ ਤੇ*
*ਸੋਈ ਸੋਈ ਦੇਵੈ ॥*
*ਨਾਨਕ ਦਾਸੁ ਮੁਖ ਤੇ ਜੋ ਬੋਲੈ*
*ਈਹਾ ਊਹਾ ਸਚੁ ਹੋਵੈ ॥ ਅੰਗ – ੬੮੧*

ਇੱਥੇ ਹੀ ਨਹੀਂ ਇਸ ਤੋਂ ਅੱਗੇ ਵੀ ਮਹਾਰਾਜ ਜੀ ਕਹਿੰਦੇ –

*ਜਨਮ ਮਰਣ ਦੁਹਹੂ ਤੇ ਛੂਟਹਿ*
*ਭਵਜਲੁ ਜਗਤੁ ਤਰਾਇਣ ॥ ਅੰਗ – ੭੧੪*

ਸਾਰੇ ਦੁਨੀਆਂ ਭਰ ਦੇ ਜਿੰਨੇ ਵੀ ਹਨ ਉਨ੍ਹਾਂ ਦੀਆਂ ਜੜ੍ਹਾਂ ਕੱਟ ਹੋ ਜਾਂਦੀਆਂ ਨੇ ਅਤੇ ਜੰਮਣ ਤੇ ਮਰਨ ਤੋਂ ਛੁਟ ਜਾਂਦੇ ਹਨ ਕਿਉਂਕਿ ਹਉਮੈ ਖਤਮ ਹੋ ਕੇ ਆਪ ਹੀ ਵਾਹਿਗੁਰੂ ਜੀ ਪ੍ਰਤੱਖ ਰੂਪ ਦੇ ਵਿਚ ਪ੍ਰਗਟ ਹੋ ਜਾਂਦੇ ਹਨ। ਰਸਨਾ ਨੇ ਸਰੀਰ ਦੇ ਅੰਦਰੋਂ ਕਬਾੜ ਕੱਢ ਕੇ ਵਾਹਿਗੁਰੂ ਪ੍ਰਗਟ ਕਰ ਦਿਤਾ।

*ਖੋਜਤ ਖੋਜਤ ਤਤੁ ਬੀਚਾਰਿਓ*
*ਦਾਸ ਗੋਵਿੰਦ ਪਰਾਇਣ ॥ ਅੰਗ – ੭੧੪*

ਜੋ ਗੋਬਿੰਦ ਦੇ ਪਰਾਇਣ ਹੋ ਜਾਵੇ, ਦਾਸ ਬਣ ਜਾਵੇ ਤੇ ਉਸ ਦੇ ਉਤੇ ਅਧਾਰਿਤ ਹੋ ਜਾਵੇ –

*ਅਬਿਨਾਸੀ ਖੇਮ ਚਾਹਹਿ ਜੇ ਨਾਨਕ*
*ਸਦਾ ਸਿਮਰਿ ਨਾਰਾਇਣ ॥ ਅੰਗ – ੭੧੪*

ਜੇ ਤੂੰ ਇਹ ਚਾਹੁੰਦਾ ਹੈਂ ਕਿ ਕਦੇ ਵੀ ਦੁੱਖ ਨਾ ਆਵੇ, ਸਦਾ ਵਾਸਤੇ ਸੁੱਖ ਹੀ ਸੁੱਖ ਆ ਜਾਣ, ਖੇੜਾ ਹੀ ਖੇੜਾ ਆ ਜਾਵੇ, ਚੜ੍ਹਦੀ ਕਲਾ ਆ ਜਾਵੇ। ਤਾਂ ਕਹਿੰਦੇ ਵਾਹਿਗੁਰੂ ਨੂੰ ਯਾਦ ਰੱਖ। ਰਸਨਾ ਦੇ ਨਾਲ ਵਾਹਿਗੁਰੂ ਜੀ ਦੇ ਗੁਣ ਗਾ।

*ਵਾਹਿਗੁਰੂ ਜੀ ਕਾ ਖਾਲਸਾ*
*ਵਾਹਿਗੁਰੂ ਜੀ ਕੀ ਫਤਹਿ।*

# ਸਤਸੰਗਤਿ ਕੈਸੀ ਜਾਣੀਐ ॥

ਸਾਧ-ਸੰਗਤ ਜੀ!

*ਵਾਹਿਗੁਰੂ ਜੀ ਕਾ ਖਾਲਸਾ*
*ਵਾਹਿਗੁਰੂ ਜੀ ਕੀ ਫਤਹਿ*

ਕਾਫੀ ਸਮੇਂ ਤੋਂ ਆਪ ਵਿਚਾਰਾਂ ਸਰਵਣ ਕਰ ਰਹੇ ਸੀ। ਕੀਰਤਨ ਦੀ ਵਿਆਖਿਆ ਸਰਵਣ ਕਰਨ ਤੋਂ ਉਪਰੰਤ ਗੁਰੂ ਮਹਾਰਾਜ ਜੀ ਦਾ ਜੋ ਹੁਕਮਨਾਮਾ ਆਇਆ ਹੈ ਉਹ ਵੀ ਆਪ ਨੇ ਸਰਵਣ ਕੀਤਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਜੋ ਪ੍ਰਸਾਰ ਹੋਇਆ ਹੈ ਉਹ ਇਕ ਬਹੁਤ ਹੀ ਪਵਿੱਤਰ ਕਾਰਜ ਹੋਇਆ ਕਰਦਾ ਹੈ ਜਿਸ ਦਾ ਕੇਵਲ ਜਿਸ ਘਰ ਦੇ ਅੰਦਰ ਅਖੰਡ ਪਾਠ ਚੱਲ ਰਿਹਾ ਹੋਵੇ ਉਥੇ ਹੀ ਅਸਰ ਨਹੀਂ ਹੁੰਦਾ ਸਗੋਂ ਇਹ ਸਰਵਵਿਆਪਕ ਹੋਇਆ ਕਰਦਾ ਹੈ। ਅਕਾਲ-ਪੁਰਖ ਵਲੋਂ ਜੋ ਆਏ ਹੋਏ ਗੁਰਬਾਣੀ ਦੇ ਸਿਧਾਂਤ ਹਨ ਜਿਨ੍ਹਾਂ ਦੇ ਕੇਵਲ ਪੜ੍ਹਨ ਮਾਤਰ ਦਾ ਹੀ ਐਨਾ ਫਲ ਹੈ - ਪੜ੍ਹਨਾ-ਸੁਣਨਾ ਤੇ ਮੰਨ ਲੈਣ ਦਾ ਕਿਉਂਕਿ ਗੁਰੂ ਮਹਾਰਾਜ ਜੀ ਦੇ ਅੰਦਰ ਫੁਰਮਾਨ ਹੈ ਕਿ-

*ਸੇਵਕ ਸਿਖ ਪੂਜਣ ਸਭਿ ਆਵਹਿ*
*ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥*
*ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ*
*ਜਿਨ ਸਤਿਗੁਰ ਕੀ ਆਗਿਆ*
*ਸਤਿ ਸਤਿ ਕਰਿ ਮਾਨੀ ॥ ਅੰਗ - ੬੬੯*

ਅਸੀਂ ਸਾਰੇ ਹੀ ਆਏ ਹਾਂ। ਆਪਣੀ-ਆਪਣੀ ਭਾਵਨਾ ਦੇ ਅਨੁਸਾਰ ਸਮਾਂ ਕੱਢ ਕੇ, ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਆ ਕੇ ਬਚਨ ਸਰਵਣ ਕੀਤੇ ਹਨ। ਮਹਾਰਾਜ ਜੀ ਕਹਿੰਦੇ ਆਉਂਦੇ ਸਾਰੇ ਹੀ ਨੇ -

*ਸੇਵਕ ਸਿਖ ਪੂਜਣ ਸਭਿ ਆਵਹਿ*
*ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥*
*ਅੰਗ - ੬੬੯*

ਐਸਾ ਵੀ ਹੋਇਆ ਕਰਦਾ ਹੈ ਕਿ ਇਕੱਲੇ ਰਾਗੀ ਹੀ ਨਹੀਂ ਗਾਉਂਦੇ ਜਿਹੜੇ ਸੁਣਨ ਵਾਲੇ ਨੇ, ਸੁਣਨ ਦੇ ਨਾਲ ਬਾਣੀ ਦਾ ਗਾਇਨ ਵੀ ਕਰਦੇ ਨੇ, ਵਿਚਾਰਾਂ ਵੀ ਸਰਵਣ ਕਰਦੇ ਨੇ, ਹੁਣ ਇਸ ਦੇ ਵਿਚ ਮਹਾਰਾਜ ਜੀ ਨੇ ਇਕ ਸ਼ਰਤ ਲਾ ਦਿਤੀ। ਇਕ ਸ਼ਰਤ ਤਾਂ ਇਹ ਹੈ ਕਿ ਗੁਰੂ ਦੇ ਦਰਸ਼ਨ ਕਰਨ ਨਾਲ, ਕੇਵਲ ਦਰਸ਼ਨ ਮਾਤਰ ਨਾਲ ਨੇਤਰ ਪਵਿੱਤਰ ਹੁੰਦੇ ਨੇ, ਮਸਤਕ ਨਿਵਾਉਣ ਦੇ ਨਾਲ ਜੋ ਇਕ ਦਮ ਵਿਘਨ ਸਾਮ੍ਹਣੇ ਵਾਲੇ ਸਨ, ਉਹ ਗੁਰੂ ਜੋ ਵਿਘਨ ਬਿਨਾਸਨ ਹੈ, ਵਿਘਨਾਂ ਦਾ ਨਾਸ਼ ਕਰਨ ਵਾਲਾ, ਉਸ ਦੇ ਚਰਨਾਂ ਦੇ ਨਾਲ ਜਿਸ ਵਕਤ ਸਪਰਸ਼ ਕੀਤਾ ਮਸਤਕ ਨੇ ਉਸੇ ਵੇਲੇ ਉਹ ਵਿਘਨ ਜਿਹੜੇ ਬਹੁਤ ਜ਼ੋਰ ਨਾਲ ਆ ਰਹੇ ਸੀ ਉਨ੍ਹਾਂ ਦੀ ਚਾਲ ਮੱਠੀ ਪੈ ਗਈ। ਸਮਾਂ ਹੁੰਦਾ ਹੈ ਜਿਸ ਤਰ੍ਹਾਂ ਦੇ ਨਾਲ ਆਦਮੀ ਦੇ ਕਰਮ ਕੰਮ ਕਰਦੇ ਨੇ। ਆਦਮੀ ਦੁੱਖ ਤੇ ਸੁੱਖ ਨਾਲ ਲੈ ਕੇ ਆਇਆ ਕਰਦਾ ਹੈ ਦਰਗਾਹ ਦੇ ਵਿਚੋਂ। ਜਿਹੜੇ ਪ੍ਰਾਲਬਧ ਕਰਮ ਨੇ ਉਹ ਇਕੋ ਗਤੀ ਵੇਗ ਨਾਲ ਛੱਡ ਦਿਤੇ ਜਾਂਦੇ ਨੇ ਰੋਜ਼ ਨਹੀਂ ਛਡਦੇ, ਜਿਸ ਵਕਤ ਇਹ ਜੀਵ ਚਲਦਾ ਹੈ ਜਿਵੇਂ ਬਹੁਤ ਸਾਰੇ ਬਾਣ ਛੱਡ ਦੇਵੇ, ਕੋਈ ਭੱਥੇ ਦੇ ਵਿਚੋਂ ਆਪਣੀ ਤਾਕਤ ਮੁਤਾਬਿਕ ਕੋਈ ਹੌਲੀ ਕੋਈ ਤੇਜ਼। ਜਿੰਨਾ ਚਿਰ ਆਦਮੀ ਦਾ ਜੀਵਨ ਹੈ, ਆਖਰੀ ਸਾਹ ਤੱਕ ਆਪਣੀ ਵਾਰੀ ਦੇ ਹਿਸਾਬ ਨਾਲ ਆਉਂਦੇ ਹੀ ਰਹਿਣਾ ਹੈ। ਉਹ ਦੋ ਤਰ੍ਹਾਂ ਦੇ ਨੇ। ਇਕ ਉਹ ਨੇ ਜਿਹੜੇ ਸੁੱਖ ਦੇਣ ਵਾਲੇ ਨੇ ਇਕ ਉਹ ਨੇ ਜਿਹੜੇ ਦੁੱਖ ਦੇਣ ਵਾਲੇ ਨੇ। ਉਹ ਗੈਬ ਵਿਚੋਂ ਚੱਲੇ ਹੋਏ ਕਰਮਾਂ ਦੇ ਬਾਣ ਆਦਮੀ ਦੇ ਉਤੇ ਅਸਰ ਕਰਦੇ ਰਹਿੰਦੇ ਨੇ। ਜੋਤਸ਼ੀ ਲੋਕ ਕਈ ਉਨ੍ਹਾਂ ਨੂੰ ਗ੍ਰਹਿ ਕਹਿੰਦੇ ਨੇ, ਕਈ ਕੁਝ ਹੋਰ ਕਹਿੰਦੇ ਨੇ, ਹੁੰਦੇ ਆਪਣੇ ਹੀ ਕਰਮ ਨੇ ਸਾਰੇ ਉਨ੍ਹਾਂ ਦੇ ਵਿਚੋਂ ਕੁਝ ਮਾੜੇ ਹੁੰਦੇ ਨੇ, ਕੁਝ ਚੰਗੇ ਹੁੰਦੇ ਨੇ। ਜਿਨ੍ਹਾਂ ਨੇ ਇਕ ਦਮ ਫਲ ਦੇਣਾ ਹੈ, ਮਾੜਿਆਂ ਨੇ ਦੁੱਖ ਦੇਣਾ ਹੈ, ਜੋ ਵਿਘਨਾਂ ਦੇ ਰੂਪ ਵਿਚ ਆਦਮੀ ਦੇ ਕਾਰੋਬਾਰਾਂ ਵਿਚ ਦਖਲ ਦਿੰਦੇ ਨੇ, ਬੋਲਣ-ਚਲਣ, ਸਿਹਤ ਵਿਚ ਦਖਲ ਦਿੰਦੇ ਨੇ, ਪਰਿਵਾਰ ਵਿਚ ਦਖਲ ਦਿੰਦੇ ਨੇ, ਬੱਚਿਆਂ ਵਿਚ ਦਖਲ ਦਿੰਦੇ ਨੇ, ਰਿਸ਼ਤੇਦਾਰੀਆਂ ਵਿਚ ਪਰਿਵਾਰਾਂ ਵਿਚ ਹਰ ਥਾਂ ਉਹ ਛਾਏ ਹੋਏ ਹੁੰਦੇ ਨੇ ਜਿਵੇਂ ਹਵਾ ਦਾ ਗੰਧਲਾਪਣ ਹੈ, ਉਹ ਜਿਹੜੇ ਇਕ ਦਮ ਅਸਰ ਕਰਨ ਵਾਲੇ ਹੁੰਦੇ ਨੇ, ਜਦੋਂ ਅਸੀਂ ਚਰਨਾਂ ਤੇ ਨਮਸ਼ਕਾਰ ਕਰ ਦਿੰਦੇ ਹਾਂ ਤਾਂ ਮਸਤਕ ਲਗਦੀਸਾਰ ਉਨ੍ਹਾਂ ਸਾਰਿਆਂ ਦੀ ਚਾਲ ਖੁੰਢੀ ਪੈ ਜਾਂਦੀ ਹੈ, ਜ਼ੋਰ ਬਿਲਕੁਲ ਖਤਮ ਹੋ ਜਾਂਦਾ ਹੈ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਦੀਵਾਨ 'ਚ ਬੈਠੇ ਨੇ, ਆਪ ਤਖਤ ਦੇ ਉਤੇ ਸੁਭਾਇਮਾਨ ਨੇ, ਕੋਲ ਇਕ ਸੁਲਝਿਆ ਹੋਇਆ ਇਸਲਾਮ ਦਾ ਪੀਰ ਸਲਾਰਦੀਨ ਬੈਠਾ ਹੈ। ਉਹ ਦੇਖ ਰਿਹਾ ਹੈ ਗੁਰੂ ਮਹਾਰਾਜ ਜੀ ਦੇ ਚਰਨਾਂ ਤੇ ਸੀਸ ਨਿਵਾਦਿਆਂ ਨੂੰ, ਭਾਵੇਂ ਚਰਨਾਂ ਦੇ ਨਾਲ ਤਾਂ ਕਿਸੇ ਦਾ ਮਸਤਕ ਲੱਗ ਨਹੀਂ ਰਿਹਾ ਪਰ ਸਾਮ੍ਹਣੇ ਜੋ ਜਗ੍ਹਾ ਹੈ ਉਸ ਥਾਂ ਤੇ ਮਸਤਕ ਲੱਗ ਰਿਹਾ ਹੈ ਕਿਉਂਕਿ ਗੁਰੂ ਦਸ਼ਮੇਸ਼ ਪਿਤਾ ਦੇ ਚਰਨਾਂ 'ਚ ਇਹ ਤਾਸੀਰ ਸੀ ਕਿ ਜੇ ਕਿਸੇ ਦਾ ਮਸਤਕ ਛੋਹ ਜਾਵੇ ਉਨ੍ਹਾਂ ਦੇ ਚਰਨਾਂ ਦੇ ਨਾਲ ਤਾਂ ਉਹ ਸਹਿ ਨਹੀਂ ਸੀ ਸਕਦਾ, ਐਨੀ ਸ਼ਕਤੀ ਉਸ ਦੇ ਵਿਚ ਪ੍ਰਵੇਸ਼ ਕਰ ਜਾਂਦੀ ਸੀ ਕੇਵਲ ਛੋਹਣ ਮਾਤਰ ਨਾਲ, ਅੱਗੇ ਕਿਸੇ ਉਪਦੇਸ਼ ਦੀ ਲੋੜ ਨਹੀਂ ਸੀ ਰਹਿੰਦੀ, ਬਗੈਰ ਬੋਲਿਆਂ, ਬਗੈਰ ਗੱਲ ਦੱਸਿਆਂ ਆਪਣੇ-ਆਪ ਹੀ ਬਜਰ-ਕਪਾਟ ਖੁਲ੍ਹ ਜਾਂਦੇ ਸਨ ਤੇ ਅੰਦਰ ਨਾਮ ਦਾ ਪ੍ਰਕਾਸ਼ ਐਨੇ ਜ਼ੋਰ ਨਾਲ ਹੁੰਦਾ ਸੀ ਕਿ ਉਹ ਦੁਨੀਆਂ ਦਾ ਸਭ ਕੁਝ ਭੁੱਲ ਕੇ ਪ੍ਰਮੇਸ਼ਰ ਦੇ ਖੁਲ੍ਹੀਆਂ ਅੱਖਾਂ ਦੇ

ਨਾਲ ਦਰਸ਼ਨ ਕਰ ਲੈਂਦਾ ਸੀ, ਬੜਾ ਭਾਰਾ ਅਸਰ ਸੀ ਏਸ ਦਾ। ਆਪ ਦੇ ਸਾਮ੍ਹਣੇ ਖੜ੍ਹਾ ਨਾਲ ਦਰਸ਼ਨ ਕਰ ਲੈਂਦਾ ਸੀ, ਬੜਾ ਭਾਰਾ ਅਸਰ ਸੀ ਏਸ ਦਾ। ਆਪ ਦੇ ਸਾਮ੍ਹਣੇ ਥੋੜ੍ਹਾ ਫਾਸਲਾ ਹੋਇਆ ਕਰਦਾ ਸੀ ਲੋਕ ਉਥੇ ਮੱਥਾ ਟੇਕਦੇ ਸਨ ਤੇ ਅਸੀਸਾਂ ਪ੍ਰਾਪਤ ਕਰਦੇ ਸਨ। ਜਦੋਂ ਭੀੜ ਘਟੀ ਤਾਂ ਸਲਾਰਦੀਨ ਕਹਿਣ ਲੱਗਿਆ, "ਹੇ ਗੁਰੂ ਮਹਾਰਾਜ! ਖੁਦਾ ਦੋ ਨੇ ਜਾਂ ਇਕ ਹੈ?

ਮਹਾਰਾਜ ਜੀ ਕਹਿੰਦੇ, ਤੈਨੂੰ ਵੀ ਸ਼ੱਕ ਪੈ ਗਿਆ?

ਕਹਿਣ ਲੱਗਿਆ, ਜੀਵ ਆਪਣੇ ਕਰਮ ਨਾਲ ਲੈ ਕੇ ਆਉਂਦੇ ਨੇ ਤੇ ਤੁਸੀਂ ਇਥੇ ਅਸੀਸ ਦਿੰਦੇ ਹੋ ਕਿ ਸੁਖੀ ਰਹਿ, ਵਾਹਿਗੁਰੂ ਜੀ ਤੇਰੀ ਕਿਰਤ ਵਿਚ ਬਰਕਤ ਬਖਸ਼ੇ, ਵਾਹਿਗੁਰੂ ਤੇਰੇ ਵਿਘਨ ਦੂਰ ਕਰੇ। ਮੇਵੜਾ ਬੋਲੀ ਜਾਂਦਾ ਹੈ ਕਿ ਗੁਰੂ ਦੀ ਦ੍ਰਿਸ਼ਟੀ ਤੇਰੇ ਉਤੇ ਹੋਵੇ, ਤੈਨੂੰ ਚਰਨਾਂ ਕਮਲਾਂ ਦੀ ਪ੍ਰੀਤੀ ਬਖਸ਼ੇ।

ਸੱਚੇ ਪਾਤਸ਼ਾਹ! ਇਹ ਬੋਲਣ ਵਾਸਤੇ ਹੀ ਗੱਲਾਂ ਨੇ ਕਿ ਇਨ੍ਹਾਂ ਦਾ ਕੋਈ ਅਸਰ ਵੀ ਹੁੰਦਾ ਹੈ?

ਮਹਾਰਾਜ ਜੀ ਕਹਿੰਦੇ, ਸਲਾਰਦੀਨ! ਇਹ ਜੋ ਜੀਵ ਹੈ ਇਹ ਕਰਮਾਂ ਦਾ ਬੰਨ੍ਹਿਆ ਹੋਇਆ ਆਇਆ ਹੈ-

***ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥***

***ਅੰਗ - ੨***

ਕਰਮਾਂ ਦਾ ਬੰਨ੍ਹਿਆ ਹੋਇਆ ਸਰੀਰ ਰੂਪੀ ਕੱਪੜਾ ਧਾਰ ਕੇ ਸੰਸਾਰ ਤੇ ਆਉਂਦਾ ਹੈ। ਇਸ ਦੇ ਬੁਰੇ ਕਰਮ ਵੀ ਹੁੰਦੇ ਨੇ, ਚੰਗੇ ਵੀ ਹੁੰਦੇ ਨੇ। ਸਤਿ-ਪੁਰਸ਼ਾਂ ਦੇ ਦਰਸ਼ਨ ਮਾਤਰ ਨਾਲ, ਉਨ੍ਹਾਂ ਦੇ ਬਚਨ ਸੁਣਨ ਨਾਲ, ਉਨ੍ਹਾਂ ਦੇ ਚਰਨਾਂ ਦੇ ਉਤੇ ਮਸਤਕ ਨਿਵਾਉਣ ਦੇ ਨਾਲ ਜਿਹੜੇ ਪੁੱਠੇ ਲੇਖ ਹੁੰਦੇ ਨੇ, ਦੁੱਖ ਦੇਣ ਵਾਲੇ ਜਿਹੜੇ ਕਰਮ ਨਾਲ ਲੈ ਕੇ ਆਉਂਦਾ ਹੈ, ਉਨ੍ਹਾਂ ਦੀ ਜਿਹੜੀ ਸ਼ਕਤੀ, ਉਹ ਐਨੀ ਐਨਰਜੀ ਪ੍ਰਵੇਸ਼ ਕਰ ਜਾਂਦੀ ਹੈ ਕਿ ਉਹ ਬਿਲਕੁਲ ਹੀ ਖਤਮ ਹੋ ਜਾਂਦੇ ਨੇ, ਮਾੜਾ-ਮੋਟਾ ਰਹਿ ਜਾਂਦਾ ਹੈ ਉਹ ਸੁਪਨੇ 'ਚ ਭੋਗ ਲਿਆ। ਕਿਸੇ ਦਾ ਬਹੁਤ ਵੱਡਾ ਐਕਸੀਡੈਂਟ ਹੋਣਾ ਸੀ, ਮਾੜ੍ਹਾ ਜਿਹਾ ਧੱਕਾ ਲਗ ਕੇ ਬਚ ਗਿਆ।

ਸੋ ਕਹਿਣ ਲੱਗੇ, ਲੇਖ ਬਦਲ ਜਾਇਆ ਕਰਦੇ ਨੇ, ਪੁੱਠੇ ਲੇਖ ਸਿੱਧੇ ਹੋ ਜਾਇਆ ਕਰਦੇ ਨੇ ਕਿਉਂਕਿ ਸਹੀ ਥਾਂ ਤੇ ਆ ਕੇ ਮਸਤਕ ਲਗ ਗਿਆ। ਤੈਨੂੰ ਸਮਝਾਉਣ ਵਾਸਤੇ ਅਸੀਂ ਇਕ ਗੱਲ ਦਸਦੇ ਹਾਂ। ਕਾਗਜ਼ ਦੇਹ ਸਾਨੂੰ ਇਥੋਂ।

ਮਹਾਰਾਜ ਜੀ ਨੇ ਖਜ਼ਾਨਚੀ ਦੇ ਨਾਉਂ ਤੇ ਲਿਖ ਦਿਤਾ ਕਿ 500 ਮੋਹਰ ਦੀ ਥੈਲੀ ਭੇਜ ਦਿਓ, ਦਸਤਖਤ ਵੀ ਕਰ ਦਿਤੇ ਕਾਗਜ਼ 'ਤੇ। ਜਿਹੜਾ ਸਿੱਖ ਪਰਚੀ ਲੈ ਕੇ ਗਿਆ ਸੀ ਉਹ ਵਾਪਸ ਆ ਗਿਆ।

ਕਹਿਣ ਲੱਗਿਆ, ਮਹਾਰਾਜ! ਖਜ਼ਾਨਚੀ ਨੇ ਪ੍ਰਵਾਨ ਨਹੀਂ ਕਰਿਆ।

ਕਹਿੰਦੇ, ਕਿਉਂ?

ਕਹਿੰਦਾ, ਕਿਉਂਕਿ ਆਪਦੀ ਮੋਹਰ ਏਸ ਤੇ ਨਹੀਂ ਲੱਗੀ ਹੋਈ।

ਸਲਾਰਦੀਨ ਨੂੰ ਮੋਹਰ ਫੜਾਈ ਕਹਿਣ ਲੱਗੇ, ਪੜ੍ਹ ਤਾਂ ਕੀ ਲਿਖਿਆ ਹੋਇਆ ਹੈ? ਪੜ੍ਹ ਨਹੀਂ ਹੋਇਆ ਕਿਉਂਕਿ ਪੁੱਠੇ ਅੱਖਰ ਹਨ। ਜਦੋਂ ਉਹ ਪੈਡ ਤੇ ਲਾ ਕੇ ਕਾਗਜ਼ ਤੇ ਲਾਈ ਤਾਂ ਮੋਹਰ ਦੇ ਅੱਖਰ ਸਿੱਧੇ ਹੋ ਗਏ ਤੇ ਉਸੇ ਵੇਲੇ 500 ਮੋਹਰ ਦੀ ਥੈਲੀ ਜੋ ਮੰਗਾਈ ਸੀ ਉਹ ਆ ਗਈ।

ਮਹਾਰਾਜ ਜੀ ਕਹਿਣ ਲੱਗੇ, ਦੇਖੋ! ਪਹਿਲਾਂ ਭਾਵੇਂ ਦਸਤਖਤ ਵੀ ਸਨ ਪਰ ਮੋਹਰ ਨਹੀਂ ਸੀ ਲੱਗੀ। ਮੋਹਰ ਲਗਦੀਸਾਰ ਮੋਹਰ ਦੇ ਅੱਖਰ ਸਿੱਧੇ ਹੋ ਕੇ ਜਿਸ ਵਕਤ ਪਰਚੀ ਤੇ ਆਏ ਤਾਂ ਉਸ ਮੋਹਰ ਨੇ ਕੰਮ ਕੀਤਾ ਤੇ ਉਹ ਮੰਨਿਆ ਗਿਆ।

ਇਸੇ ਤਰ੍ਹਾਂ ਦੇ ਨਾਲ ਪ੍ਰਮੇਸ਼ਰ ਵਲੋਂ ਲੇਖ ਤਾਂ ਲਿਖੇ ਹੁੰਦੇ ਨੇ ਪਰ ਜਦੋਂ ਤੱਕ ਮਸਤਕ ਗੁਰੂ ਦੇ ਚਰਨਾਂ ਦੇ ਨਾਲ ਨਹੀਂ ਛੋਹਦਾ, ਗੁਰੂ ਦੇ ਚਰਨਾਂ ਦੀ ਮੋਹਰ ਉਸ ਦੇ ਮਸਤਕ ਤੇ ਨਹੀਂ ਲਗਦੀ ਉਹ ਜੋ ਵਿਘਨ ਨੇ ਉਹ ਕੱਟ ਨਹੀਂ ਹੁੰਦੇ ਤੇ ਜਿਹੜੇ ਚੰਗੇ ਕਰਮ ਨੇ ਉਹ ਵਿਘਨਾਂ ਦੇ ਥੱਲੇ ਪਏ ਹੋਏ ਫਲ ਨਹੀਂ ਦਿੰਦੇ ਜਿਸ ਤਰ੍ਹਾਂ ਦੇ ਨਾਲ ਅਸੀਂ ਕਣਕ ਬੀਜ ਦੇਈਏ, ਉਤੋਂ ਹਲਕੀ ਜਿਹੀ ਬਾਰਿਸ਼ ਪੈ ਜਾਵੇ ਉਸਨੂੰ ਕਹਿੰਦੇ ਨੇ ਕਿ ਕਰੰਡ ਹੋ ਗਈ। ਦਾਣਾ ਹੇਠੋਂ ਤਾਂ ਚੱਲ ਪਿਆ ਪਰ ਉਤੇ ਮਿੱਟੀ ਦੀ ਪਤਲੀ ਜਿਹੀ ਪੇਪੜੀ ਬਣ ਜਾਣ ਕਰਕੇ ਉਸ ਦਾਣੇ ਵਿਚ ਸ਼ਕਤੀ ਨਹੀਂ ਹੋਇਆ ਕਰਦੀ ਕਿ ਉਹ ਆਪਣੇ ਆਪ ਬਾਹਰ ਆ ਜਾਵੇ। ਜਿਹੜਾ ਸੋਝੀਵਾਨ ਕਿਸਾਨ ਹੈ ਕੀਲੀਆਂ ਵਾਲਾ ਸੁਹਾਗਾ ਜਾਂ ਤੰਗਲੀਆਂ ਲੈ ਕੇ ਜਾਂ ਉਤੋਂ ਹੋਰ ਪਾਣੀ ਦੇ ਕੇ ਉਸ ਦਾਣੇ ਦੀ ਮਦਦ ਕਰਦਾ ਹੈ ਕਿ ਉਹ ਬਾਹਰ ਆ ਜਾਵੇ।

ਇਸੇ ਤਰ੍ਹਾਂ ਦੇ ਨਾਲ ਗੁਰੂ ਦੇ ਚਰਨਾਂ ਦੀ ਜੋ ਛੋਹ ਹੈ, ਉਹ ਜਿਹੜੀ ਵਿਘਨਾਂ ਰੂਪੀ ਪੇਪੜੀ ਬਣ ਗਈ ਇਸ ਦੇ ਉਤੇ ਉਸਨੂੰ ਦੂਰ ਕਰ ਦਿੰਦੀ ਹੈ ਤੇ ਹੇਠਾਂ ਜਿਹੜੇ ਸ਼ੁੱਭ ਕਰਮ ਬਾਹਰ ਨਿਕਲਣ ਦਾ ਯਤਨ ਕਰਦੇ ਨੇ ਉਹ ਬਾਹਰ ਆ ਜਾਂਦੇ ਨੇ।

ਕਹਿੰਦੇ, ਪੀਰ ਜੀ! ਏਸ ਕਰਕੇ ਕੇਵਲ ਮਸਤਕ ਨਿਵਾਉਣ ਮਾਤਰ ਦਾ ਐਨਾ ਫਲ ਹੋਇਆ ਕਰਦਾ ਹੈ। ਉਸ ਤੋਂ ਬਾਅਦ ਜਦੋਂ ਸਤਿਸੰਗ ਵਿਚ ਬੈਠ ਜਾਂਦਾ ਹੈ ਫੇਰ ਉਹ ਗਾਉਂਦਾ ਵੀ ਹੈ ਤੇ ਸੁਣਦਾ ਵੀ ਹੈ।

ਕਹਿੰਦਾ, ਗਾਇਆ ਤੇ ਸੁਣਿਆ, ਹੋਇਆ ਕੀ ਸਾਰਿਆਂ ਦਾ ਥਾਂ ਪੈ ਜਾਂਦਾ ਹੈ?

ਕਹਿੰਦੇ, ਜਿੱਥੇ ਤੱਕ ਤੁਹਾਨੂੰ ਗੱਲ ਦੱਸੀ ਹੈ

ਇਥੇ ਤੱਕ ਤਾਂ ਸਾਰਿਆਂ ਦਾ ਥਾਂ ਪੈ ਗਿਆ। ਉਸ ਤੋਂ ਬਾਅਦ ਇਹ ਹੈ ਕਿ ਹਰ ਬੰਦਾ ਸਿਰਫ 2% ਸੁਣਿਆ ਕਰਦਾ ਹੈ 98% ਭੁੱਲ ਜਾਂਦਾ ਹੈ। ਇਕ ਬੁਲਾਰਾ 3 ਘੰਟੇ ਬੋਲਦਾ ਰਹੇ, ਸੁਣਨ ਵਾਲਿਆਂ ਨੂੰ ਕਹੋ ਕਿ ਤੁਸੀਂ ਸਿਰਫ ਪੰਜ ਮਿੰਟ ਵਿਆਖਿਆ ਕਰੋ ਕਿ ਉਸ ਨੇ ਕੀ ਕਿਹਾ ਹੈ। ਉਹ ਕਿਸੇ ਸਾਖੀ ਦੀ ਵਿਆਖਿਆ ਤਾਂ ਕਰ ਦਏਗਾ ਪਰ ਜੋ ਬਚਨ ਨੇ ਉਨ੍ਹਾਂ ਬਾਰੇ ਨਹੀਂ ਉਹ ਕਹਿ ਸਕਦਾ ਕਿਉਂਕਿ ਉਹ ਸਾਵਧਾਨ ਨਹੀਂ ਸੀ ਉਸ ਨੇ ਸੁਣਿਆ ਨਹੀਂ ਸੀ। ਉਸ ਦੇ link ਨਹੀਂ ਜੁੜਦੇ ਕਿਉਂਕਿ ਸੁਣਨਾ ਵੀ ਬੜੀ ਭਾਰੀ ਬਾਤ ਹੈ। ਤਿੰਨ ਘੰਟੇ ਸਾਵਧਾਨ ਹੋਣਾ ਹੀ ਬਹੁਤ ਵੱਡੀ ਬਾਤ ਹੈ। ਉਹ ਕਿਤੇ ਸੁਣਦਾ ਹੈ, ਕੋਈ ਖਾਸ ਧਿਆਨ ਦੀ ਗੱਲ ਆ ਗਈ ਉਹ ਸੁਣ ਲਈ ਬਾਕੀ ਅਣਸੁਣੀਆਂ ਲੰਘ ਜਾਂਦੀਆਂ ਹਨ ਸੰਸਾਰ ਸਾਰਾ ਬੋਲਿਆਂ ਦਾ ਹੈ।

ਬੜੀ ਹੈਰਾਨੀ ਹੁੰਦੀ ਹੈ ਕਿ ਇਹ ਕੀ ਗੱਲ ਕਹਿ ਦਿਤੀ? ਸੰਸਾਰ ਤਾਂ ਕੰਨਾਂ ਵਾਲਿਆਂ ਦਾ ਹੈ, ਬੋਲਿਆਂ ਦਾ ਤਾਂ ਹੈ ਨਹੀਂ। ਮਹਾਰਾਜ ਜੀ ਕਹਿੰਦੇ ਇਸ ਦੇ ਅੰਦਰ ਸ਼ਬਦ ਚੱਲ ਰਿਹਾ ਹੈ, ਹਰ ਵਕਤ ਧੁਨ ਚੱਲ ਰਹੀ ਹੈ ਸ਼ਬਦ ਦੀ ਪਰ ਸੁਣਾਈ ਨਹੀਂ ਦਿੰਦੀ ਇਸ ਦੇ ਅੰਦਰ ਹੀ ਬੋਲਦੀ ਹੈ, ਬਾਹਰੋਂ ਨਹੀਂ ਬੋਲਦੀ, ਲਾਊਡ ਸਪੀਕਰ ਨਾਲ ਨਹੀਂ ਆਉਣੀ, ਅੰਦਰਲੀਆਂ ਹੋਰ ਬਹੁਤ ਸਾਰੀਆਂ ਗੱਲਾਂ ਸੁਣ ਲੈਂਦਾ ਹੈ ਜੋ ਇਸ ਦੇ ਮਤਲਬ ਦੀਆਂ ਹੁੰਦੀਆਂ ਨੇ। ਪਰਮੇਸ਼ਰ ਦੀ ਆਵਾਜ਼ ਜੋ ਦਿਨ ਰਾਤ ਇਸ ਦੇ ਅੰਦਰ ਚੱਲ ਰਹੀ ਹੈ, ਸ਼ਬਦ ਬਣ ਕੇ ਉਸਨੂੰ ਨਹੀਂ ਸੁਣਦਾ। ਕਹਿੰਦੇ ਇਸ ਦਾ ਕਾਰਨ ਕੀ ਹੈ? ਕਾਰਨ ਇਹ ਹੈ ਕਿ ਇਹ ਅਤਿ ਦਰਜੇ ਦਾ ਅੰਨ੍ਹਾ ਹੈ, ਅਤਿ ਦਰਜੇ ਦਾ ਬੋਲਾ ਹੈ। ਜੇ ਐਨਾ ਅੰਨ੍ਹਾ ਤੇ ਬੋਲਾ ਹੋਵੇ ਤਾਂ ਮਸ਼ੀਨਾਂ ਨਾਲ ਵੀ ਸੁਣਿਆ ਤੇ ਦੇਖਿਆ ਜਾ ਸਕਦਾ ਹੈ। ਇਸੇ ਤਰ੍ਹਾਂ ਕਹਿੰਦੇ ਇਹ ਅੰਨ੍ਹਾ ਹੋ ਗਿਆ ਮਾਇਆ ਦਾ, ਅਵਰਨ ਦੇ ਨਾਲ, ਭੁੱਲ ਦੇ ਨਾਲ, ਅਵਿਦਿਆ ਦੇ ਨਾਲ, ਕਹਿੰਦੇ ਗਹਿਰਾ ਅੰਨ੍ਹਾ ਤੇ ਬੋਲਾ ਬਣ ਗਿਆ ਕਿ –

***ਮਾਇਆਧਾਰੀ ਅਤਿ ਅੰਨਾ ਬੋਲਾ ॥***
***ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥***
***ਅੰਗ - ੩੧੩***

ਐਨਾ ਰੌਲਾ-ਘਚੌਲਾ ਮਨ ਵਿਚ ਮਚਿਆ ਹੋਇਆ ਹੈ ਕਿ ਸ਼ਬਦ ਨੂੰ ਸੁਣ ਕੇ ਓਸ ਤਹਿ ਤੱਕ ਨਹੀਂ ਲੈ ਜਾਂਦਾ ਜਿੱਥੇ ਜਾ ਕੇ ਇਸ ਨੇ ਕੋਈ ਅਸਰ ਕਰਨਾ ਹੈ। ਇਸ ਕਰਕੇ ਦੇਖਦਾ ਹੋਇਆ ਅੰਨ੍ਹਾ ਰਹਿੰਦਾ ਹੈ, ਸੁਣਦਾ ਹੋਇਆ ਬੋਲਾ ਰਹਿੰਦਾ ਹੈ। ਦਿਨ-ਰਾਤ ਪ੍ਰਚਾਰ ਹੋ ਰਹੇ ਨੇ, ਸਤਿ-ਸ਼ਬਦ ਦੀ ਵਿਆਖਿਆ ਹੋ ਰਹੀ ਹੈ ਕਿੰਨੇ-ਕੁ ਨੇ ਜਿਹੜੇ ਸੁਣਦੇ ਨੇ?

ਸੋ ਮਹਾਰਾਜ ਜੀ ਕਹਿੰਦੇ ਆਉਂਦੇ ਤਾਂ ਸਾਰੇ ਹੀ ਨੇ –

***ਸੇਵਕ ਸਿਖ ਪੂਜਣ ਸਭਿ ਆਵਹਿ***
***ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥***
***ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ***
***ਜਿਨ ਸਤਿਗੁਰ ਕੀ ਆਗਿਆ***
***ਸਤਿ ਸਤਿ ਕਰਿ ਮਾਨੀ ॥ ਅੰਗ - ੬੬੯***

ਹੁਣ ਥਾਂ ਪੈ ਗਿਆ ਕਿ ਨਹੀਂ ਪੈ ਗਿਆ। ਹੁਣ ਇਹ ਥਾਂ ਪੈਣਾ ਕੀ ਹੁੰਦਾ ਹੈ? ਮਹਾਰਾਜ ਜੀ ਕਹਿੰਦੇ ਇਕ ਬਹੁਤ ਵੱਡਾ ਫਲ ਹੈ ਜੋ ਇਸ ਨੂੰ ਕੇਵਲ ਸਤਿਸੰਗ ਵਿਚ ਆਉਣ ਮਾਤਰ ਨਾਲ ਹੀ ਮਿਲਦਾ ਹੈ। ਸਤਿਸੰਗ ਕੀ ਹੁੰਦਾ ਹੈ? ਕਹਿੰਦੇ –

***ਸਤਸੰਗਤਿ ਕੈਸੀ ਜਾਣੀਐ ॥***
***ਜਿਥੈ ਏਕੋ ਨਾਮੁ ਵਖਾਣੀਐ ॥ ਅੰਗ - ੭੨***

ਜਿੱਥੇ ਕੇਵਲ ਨਾਮ ਦੀ ਬਾਤ ਚਲਦੀ ਹੋਵੇ ਉਹ ਸਤਿਸੰਗ ਹੈ ਬਾਕੀ ਨਹੀਂ ਸਤਿਸੰਗ ਹੁੰਦਾ, ਬਾਕੀ ਤਾਂ ਮਨੁੱਖ ਇਕੱਠੇ ਹੋ ਕੇ ਬੈਠੇ ਨੇ। ਐਸੀ ਸਤਿਸੰਗ ਵਲ ਨੂੰ ਜੇ ਕੋਈ ਇਕ ਕਦਮ ਚੱਲ ਕੇ ਆਉਂਦਾ ਹੈ ਤਾਂ ਹਰ ਕਦਮ ਤੇ ਉਸਨੂੰ ਇਕ-ਇਕ ਜੱਗ ਦਾ ਫਲ ਪ੍ਰਾਪਤ ਹੋ ਜਾਂਦਾ ਹੈ। ਜੇ ਉਸ ਦੇ ਮਨ ਵਿਚ ਸ਼ਰਧਾ ਹੈ, ਭਾਵਨਾ ਹੈ ਕਿ ਮੈਂ ਗੁਰੂ ਦੇ ਦਰ ਤੇ ਜਾ ਰਿਹਾ ਹਾਂ, ਅੰਦਰ ਕੋਈ ਖਿੱਚ ਹੈ ਤਾਂ ਉਸਨੂੰ ਇਕ ਕਦਮ ਦਾ ਫਲ ਇਕ ਜੱਗ ਦੇ ਬਰਾਬਰ ਹੋ ਜਾਏਗਾ। ਇਥੇ ਜਿਸ ਵਕਤ ਆ ਕੇ ਸੁਣੇਗਾ ਤੇ ਗਾਏਗਾ ਕਹਿੰਦੇ ਫੇਰ ਉਹ ਫਲਾਂ ਦੀ ਗਿਣਤੀ ਟੱਪ ਜਾਂਦਾ ਹੈ, ਗਿਣਤੀ-ਮਿਣਤੀ ਤੋਂ ਬਾਹਰ ਫਲ ਹੋ ਜਾਂਦੇ ਨੇ। ਇਕ ਜੱਗ ਕਰੋ ਤਾਂ ਇਕ ਜੱਗ ਦਾ ਸਭ ਨੂੰ ਪਤਾ ਹੈ ਕਿ ਮੈਂ ਜੱਗ ਕਰਿਆ ਹੈ ਉਸ ਦਾ ਫਲ ਹੈ। 500 ਰੁਪਈਆ ਦਾਨ ਕਰੋ ਉਸਨੂੰ ਪਤਾ ਹੈ ਕਿ ਮੈਂ 500 ਰੁਪਏ ਦਾਨ ਕਰਿਆ ਹੈ ਮੈਨੂੰ ਇਸ ਦਾ ਫਲ ਮਿਲਣਾ ਹੀ ਮਿਲਣਾ ਹੈ ਲੇਕਿਨ ਐਸਾ ਫਲ ਵੀ ਕੋਈ ਹੈ, ਕੋਈ ਐਸਾ ਪੁੰਨ ਵੀ ਹੈ ਜਿਸ ਦਾ ਇਹ ਅੰਦਾਜ਼ਾ ਨਹੀਂ ਲਗਦਾ ਕਿ ਇਸਦੀ ਵਾਪਸੀ ਐਨੀ ਹੈ। ਬਾਕੀ ਅਸੀਂ ਲਾ ਲੈਂਦੇ ਹਾਂ ਕਿ ਐਨੇ ਪ੍ਰਤੀਸ਼ਤ ਲਾਭ ਹੋਏਗਾ, ਭਾਅ ਵਧ ਗਏ ਤਾਂ ਅਸੀਂ ਗਿਣਤੀ ਮਿਣਤੀ ਕਰ ਲੈਂਦੇ ਹਾਂ, ਕੋਈ ਵਪਾਰ ਕਰਦੇ ਹਾਂ ਤਾਂ ਸਾਨੂੰ ਪਤਾ ਲੱਗ ਜਾਂਦਾ ਹੈ, ਖੇਤੀਬਾੜੀ ਕਰਦੇ ਹਾਂ ਤਾਂ ਸਾਨੂੰ ਪਤਾ ਲੱਗ ਜਾਂਦਾ ਹੈ ਕਿ ਐਨੀ-ਕੁ ਮੇਰੀ ਫਸਲ ਹੋਏਗੀ ਪਰ ਇਕ ਐਸਾ ਕਰਮ ਹੈ ਜਿਸ ਦਾ ਅੰਦਾਜ਼ਾ ਨਹੀਂ ਲਗਦਾ ਕਿ ਮੈਨੂੰ ਕਿੰਨਾ-ਕੁ ਫਲ ਹੋਏਗਾ।

ਮਹਾਰਾਜ ਜੀ ਕਹਿੰਦੇ ਜਦੋਂ ਇਸ ਤਰ੍ਹਾਂ ਦੇ ਨਾਲ ਸਤਿਸੰਗ ਵਿਚ ਆਉਂਦਾ ਹੈ ਫੇਰ ਉਸ ਦੀ ਜਿਹੜੀ ਸ਼ਰਤ ਹੈ ਕਿ ਗਾਇਆ ਸੁਣਿਆ ਥਾਂ ਪੈ ਗਿਆ ਜਾਂ ਨਹੀਂ ਪਿਆ ਤਾਂ ਮਹਾਰਾਜ ਜੀ ਕਹਿੰਦੇ –

***ਗਾਵਿਆ ਸੁਣਿਆ ਤਿਨ ਕਾ***
***ਹਰਿ ਥਾਇ ਪਾਵੈ***
***ਜਿਨ ਸਤਿਗੁਰ ਕੀ ਆਗਿਆ***
***ਸਤਿ ਸਤਿ ਕਰਿ ਮਾਨੀ ॥ ਅੰਗ - ੬੬੯***

ਹੁਣ ਇਥੇ ਆਗਿਆ ਦਾ ਸਵਾਲ ਆ ਗਿਆ।

ਅਸੀਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸੁਣਦੇ ਹਾਂ, ਬਾਣੀ ਦੀ ਵਿਚਾਰ ਸਰਵਣ ਕਰਦੇ ਹਾਂ। ਕੀ ਜੋ ਕੁਝ ਗੁਰੂ ਮਹਾਰਾਜ ਸਾਨੂੰ ਦੱਸ ਰਹੇ ਨੇ ਇਸਨੂੰ ਅਸੀਂ ਮੰਨ ਰਹੇ ਹਾਂ? ਕਿਉਂਕਿ ਨਾ ਮੰਨਣਾ ਵੀ ਆਦਮੀ ਦੀ ਮਜਬੂਰੀ ਹੈ ਬੜੀ ਜ਼ਬਰਦਸਤ। ਆਦਮੀ ਮੰਨ ਹੀ ਨਹੀਂ ਸਕਿਆ ਕਰਦਾ। ਮੰਨਦਾ ਸਿਰਫ ਉਹ ਗੱਲ ਹੈ ਜਿਸ ਦੇ ਵਿਚ ਇਸ ਦੀ ਰੁਚੀ ਹੋਵੇ, ਉਸ ਗੱਲ ਨੂੰ ਤਾਂ ਇਹ ਮੰਨ ਲਏਗਾ। ਜੇ ਕੋਈ ਪੱਕੇ ਵਿਸ਼ਵਾਸ਼ ਵਾਲਾ ਬੰਦਾ ਕਹਿ ਦੇਵੇ, ਕੋਈ ਮਹਾਤਮਾ ਜਾਂ ਸਾਧੂ ਇਹ ਕਹਿ ਦੇਣ ਕਿ ਅੱਜ ਰਾਤ ਨੂੰ 2 ਵਜੇ ਫਲਾਣੇ ਥਾਂ ਦੇ ਉਤੇ ਮੋਹਰਾਂ ਦੀ ਬਾਰਿਸ਼ ਹੋਣੀ ਹੈ, ਅਸਮਾਨ ਵਿਚੋਂ ਮੋਹਰਾਂ ਗਿਰਨੀਆਂ ਨੇ ਤੇ ਸਭ ਨੂੰ ਪਤਾ ਹੋਵੇ ਕਿ ਇਸ ਦਾ ਬਚਨ ਝੂਠਾ ਨਹੀਂ ਹੁੰਦਾ ਜੋ ਇਹ ਮੂੰਹੋਂ ਕਹਿ ਦਿੰਦਾ ਹੈ ਉਹ ਸੱਚ ਹੁੰਦਾ ਹੈ। ਇਹ ਧੋਖਾ ਨਹੀਂ ਕਰਦਾ ਕਿਉਂਕਿ ਸਾਡੀ ਰੁਚੀ ਇਸ ਪਾਸੇ ਹੈ ਕਿ ਅਸੀਂ ਜਿੰਨੀਆਂ ਵੱਧ ਤੋਂ ਵੱਧ ਮੋਹਰਾਂ ਚੁਗ ਲਈਏ, ਝੋਲੀਆਂ ਭਰ ਲਈਏ ਓਨਾਂ ਹੀ ਸਾਡਾ ਫਾਇਦਾ ਹੈ। ਉਸ ਨੇ ਨਾਲ ਇਹ ਕਹਿ ਦਿਤਾ ਕਿ ਦੋ ਵਜੇ ਤੋਂ ਲੈ ਕੇ ਦੋ ਵਜ ਕੇ ਪੰਜ ਮਿੰਟ ਤੱਕ ਜਿਵੇਂ ਗੜੇ ਪੈਂਦੇ ਨੇ ਐਉਂ ਸੋਨੇ ਦੀਆਂ ਮੋਹਰਾਂ ਦੀ ਵਰਖਾ ਹੋਏਗੀ। ਅਸੀਂ ਮੰਨ ਲਿਆ ਮੰਨਣ ਨਾਲ ਕੀ ਹੋਏਗਾ? ਪਹਿਲਾਂ ਤਾਂ ਇਹ ਹੋਏਗਾ ਕਿ ਅਸੀਂ ਸੌਣਾ ਨਹੀਂ ਕਿ ਐਸਾ ਨਾ ਹੋਵੇ ਕਿਤੇ ਅੱਖ ਲਗ ਜਾਵੇ। ਅਸੀਂ ਪਹਿਲਾਂ ਹੀ ਚਲੇ ਜਾਵਾਂਗੇ, ਜਿਹੜੀ ਥਾਂ ਦੱਸੀ ਹੈ ਉਥੇ ਖੜ੍ਹ ਜਾਵਾਂਗੇ। ਨਾਲ ਝੋਲੀਆਂ ਪੂਰਾ ਬੰਦੋਬਸਤ ਨਾਲ ਕਿ ਉਸੇ ਵੇਲੇ ਚੁਗਣੀਆਂ ਸ਼ੁਰੂ ਕਰ ਦੇਵਾਂਗੇ ਕਿਉਂਕਿ ਪੰਜ ਮਿੰਟ ਸਿਰਫ ਸਮਾਂ ਹੈ ਕਿਉਂਕਿ ਅਸੀਂ ਇਸ ਗੱਲ ਨੂੰ ਮੰਨ ਲਿਆ ਕਿ ਇਹ ਸਤਿ ਬੋਲਦਾ ਹੈ, ਗਲਤ ਨਹੀਂ ਕਹਿੰਦਾ। ਹੁਣ ਇਸ ਦੇ ਮੁਕਾਬਲੇ ਤੇ ਗੁਰੂ ਸਾਹਿਬ ਐਸੀ ਰੌਚਕ ਬਾਤ ਨਹੀਂ ਕਰਦੇ ਜੇ ਰੌਚਕ ਕਹਿੰਦੇ ਨੇ ਤਾਂ ਵੀ ਉਹ ਸਤਿ ਹੈ, ਜੋ ਭਿਆਨਕ ਹੈ ਤਾਂ ਵੀ ਉਹ ਸੱਚ ਹੈ, ਜੇ ਯਥਾਰਥ ਕਹਿੰਦੇ ਨੇ ਉਹ ਵੀ ਸਤਿ ਹੈ ਪਰ ਮਹਾਰਾਜ ਜੀ ਜੋ ਗੱਲ ਕਹਿੰਦੇ ਨੇ ਹੁਣ ਅਸੀਂ ਇਸਨੂੰ ਮੰਨਦੇ ਹਾਂ ਕਿ ਨਹੀਂ ਮੰਨਦੇ? ਅਸੀਂ ਨਹੀਂ ਮੰਨਦੇ ਕਿਉਂਕਿ ਸਾਡੀ ਰੁਚੀ ਏਧਰ ਹੈ ਹੀ ਨਹੀਂ, ਹੋਰ ਪਾਸੇ ਹੈ। ਸਾਨੂੰ ਇਸ ਗੱਲ ਵਿਚ ਕੋਈ ਸ਼ੌਂਕ ਨਹੀਂ ਹੈ ਗੁਰੂ ਸਾਹਿਬ ਦੇ ਬਚਨ ਮੰਨਣ ਨੂੰ। ਗੁਰੂ ਸਾਹਿਬ ਸਾਨੂੰ ਜੇ ਇਹ ਕਹਿੰਦੇ ਨੇ –

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਅੰਗ - ੩੦੫*

ਇਹ ਘੱਟ ਤੋਂ ਘੱਟ ਚੀਜ਼ ਹੈ ਜਿਹੜੀ ਅਸੀਂ ਮੰਨ ਸਕਦੇ ਹਾਂ, ਨਾ ਮੰਨਣ ਵਾਲੀਆਂ ਤਾਂ ਗੱਲਾਂ ਬਹੁਤ ਵੱਡੀਆਂ ਨੇ ਗੁਰੂ ਗ੍ਰੰਥ ਸਾਹਿਬ ਵਿਚ। ਜਿਹੜੀਆਂ ਗੱਲਾਂ ਅਸੀਂ ਬਿਲਕੁਲ ਸੋਚ ਨਹੀਂ ਸਕਦੇ, ਕੰਬਦੇ ਹਾਂ ਕਿ ਇਹ ਗੱਲ ਜੇ ਅਸੀਂ ਮੰਨ ਲਈ ਤਾਂ ਸਾਡਾ ਹਾਲ ਕੀ ਹੋਏਗਾ? ਉਥੇ ਗੁਰੂ ਤੇ ਸਾਨੂੰ ਸ਼ੱਕ ਪੈ ਜਾਂਦਾ ਹੈ। ਗੁਰੂ ਮਹਾਰਾਜ ਕਹਿੰਦੇ ਨੇ–

*ਕਾਹੇ ਰੇ ਮਨ ਚਿਤਵਹਿ*
*ਉਦਮੁ ਜਾ ਆਹਰਿ ਹਰਿ ਜੀਉ ਪਰਿਆ ॥*
*ਸੈਲ ਪਥਰ ਮਹਿ ਜੰਤ ਉਪਾਏ*
*ਤਾ ਕਾ ਰਿਜਕੁ ਆਗੈ ਕਰਿ ਧਰਿਆ ॥*
*ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ ॥*
*ਗੁਰ ਪਰਸਾਦਿ ਪਰਮ ਪਦੁ ਪਾਇਆ*
*ਸੂਕੇ ਕਾਸਟ ਹਰਿਆ ॥ ਰਹਾਉ॥ ਅੰਗ - ੧੦*

ਕਿਉਂ ਨੱਠਿਆ–ਭੱਜਿਆ ਫਿਰਦਾ ਹੈ ਰੋਟੀ ਤਾਂ ਤੈਨੂੰ ਵਾਹਿਗੁਰੂ ਨੇ ਦੇਣੀ ਹੀ ਹੈ। ਕੋਈ ਵੀ ਨਹੀਂ ਮੰਨਦਾ ਇਸ ਗੱਲ ਨੂੰ ਕਿ ਜੇ ਮੈਂ ਨਾ ਕਰਿਆ ਕਿਵੇਂ ਰੋਟੀ ਮਿਲ ਜਾਏਗੀ। ਜੇ ਮੈਂ ਟਰੱਕ ਨਾ ਭੇਜੇ ਉਹ ਖੜ੍ਹੇ ਰਹਿ ਜਾਣੇ ਨੇ, ਮੇਰਾ ਖਰਚਾ ਕਿਵੇਂ ਪੂਰਾ ਹੋ ਜਾਏਗਾ? ਅਸੀਂ ਗੁਰੂ ਸਾਹਿਬ ਦੀ ਗੱਲ ਮੰਨ ਲਈ ਫੇਰ ਤਾਂ ਗਿਆ–ਆਇਆ ਸਾਰਾ ਕੰਮ। ਸੋ ਅਸੀਂ ਵੀ ਓਹੀ ਗੱਲ ਮੰਨਦੇ ਹਾਂ ਜਿਹੜੀ ਸਾਨੂੰ ਭਾਉਂਦੀ ਹੈ ਬਾਕੀ ਨਹੀਂ ਅਸੀਂ ਮੰਨਦੇ।

ਸੋ ਮਹਾਰਾਜ ਜੀ ਕਹਿੰਦੇ ਜਿਹੜੇ ਆਉਂਦੇ ਨੇ ਸਤਿਸੰਗ ਵਿਚ ਗਾਉਣ ਤੇ ਸੁਣਨ ਵਾਸਤੇ ਉਹ ਆਉਂਦੇ ਨੇ, ਸੁਣਦੇ ਨੇ, ਗਾਉਂਦੇ ਨੇ, ਦਰਸ਼ਨ ਕਰਦੇ ਨੇ, ਕੰਨਾਂ ਨਾਲ ਸੁਣਦੇ ਨੇ ਪਰ ਥਾਂ ਕਿੰਨ੍ਹਿਆਂ ਦਾ ਪੈਂਦਾ ਹੈ –

*ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ*
*ਜਿਨ ਸਤਿਗੁਰ ਕੀ ਆਗਿਆ*
*ਸਤਿ ਸਤਿ ਕਰਿ ਮਾਨੀ ॥ ਅੰਗ - ੬੬੯*

ਫੇਰ ਫਲ ਕੀ ਹੈ ਕਹਿੰਦੇ ਜਿਸ ਨੇ ਸਤਿਗੁਰੂ ਦੀ ਆਗਿਆ ਸਤਿ ਕਰਕੇ ਮੰਨ ਲਈ ਉਸਨੂੰ ਫਲ ਮਿਲਦਾ ਹੈ–

*ਕਈ ਕੋਟਿਕ ਜਗ ਫਲਾ*
*ਸੁਣਿ ਗਾਵਨਹਾਰੇ ਰਾਮ ॥ ਅੰਗ - ੫੪੬*

ਕਈ ਕਰੋੜ ਜਗਾਂ ਦਾ ਫਲ ਪ੍ਰਾਪਤ ਹੁੰਦਾ ਹੈ ਇਕ–ਦੋ–ਦਸ ਨਹੀਂ ਹੁੰਦਾ, ਨਾ ਕਰੋੜ ਪਤਾ ਨਹੀਂ, ਕਈ ਕਰੋੜ ਦਾ ਮਤਲਬ ਦੱਸ ਕਰੋੜ ਦਾ ਹੈ ਜਾਂ 50 ਕਰੋੜ ਦਾ ਹੈ ਜਾਂ ਸੌ ਕਰੋੜ ਦਾ ਹੈ ਜਾਂ ਹਜ਼ਾਰ ਕਰੋੜ ਦਾ ਹੈ। ਸੋ ਸਤਿਸੰਗ 'ਚ ਆਉਣ ਦਾ ਹੀ ਮਹਾਤਮ ਐਨਾ ਜ਼ਬਰਦਸਤ ਹੋਇਆ ਕਰਦਾ ਹੈ ਕਿ ਐਡੇ ਵੱਡੇ–ਵੱਡੇ ਫਲ ਪ੍ਰਾਪਤ ਹੋ ਜਾਂਦੇ ਨੇ ਪਰ ਅਸੀਂ ਇਸ ਗੱਲ ਨੂੰ ਮੰਨਣ ਵਾਸਤੇ ਤਿਆਰ ਨਹੀਂ ਹਾਂ ਜੇ ਅਸੀਂ ਮੰਨਦੇ ਹੋਈਏ ਫੇਰ ਤਾਂ ਸਾਡਾ ਜੀਵਨ ਹੀ ਬਦਲ ਜਾਵੇ। ਜੋ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਹੈ। ਮਹਾਰਾਜ ਜੀ ਕਹਿੰਦੇ ਤੁਸੀਂ ਕਿਸੇ ਬੰਦੇ ਨੂੰ ਗੁਰੂ ਕਰਕੇ ਨਾ ਮੰਨੋ, ਸਤਿਕਾਰ ਕਰੋ ਉਸ ਦਾ ਜਿੰਨਾ ਜੀਅ ਕਰਦਾ ਹੈ ਕਿਉਂਕਿ ਗੁਰੂ ਦੋ ਕਿਸਮ ਦੇ ਹੁੰਦੇ ਨੇ।

ਇਕ ਤਾਂ ਹੋਇਆ ਕਰਦਾ ਹੈ ਅਧਿਆਤਮਕ ਪੜ੍ਹਾਈ ਕਰਵਾਉਣ ਵਾਲਾ ਜਿਵੇਂ ਯੂ.ਪੀ. ਦੇ ਅੰਦਰ ਜਿੰਨੇ ਬੱਚੇ ਪੜ੍ਹਦੇ ਉਥੇ ਜਿਹੜਾ ਹਿਸਾਬ ਦਾ ਅਧਿਆਪਕ ਹੈ ਉਸਨੂੰ ਵੀ ਗੁਰੂ ਕਹਿੰਦੇ ਨੇ, ਅੰਗ੍ਰੇਜ਼ੀ ਦੇ ਅਧਿਆਪਕ

ਨੂੰ ਵੀ ਗੁਰੂ ਕਹਿੰਦੇ ਨੇ। ਸਾਡੇ ਇਹ ਕਹਿੰਦੇ ਨੇ ਕਿ ਤੂੰ ਕੋਈ ਗੁਰੂ ਧਾਰਿਆ ਹੈ ਟਰੱਕ ਸਿੱਖਣ ਵਾਸਤੇ? ਕਹਿੰਦੇ ਜਿਸ ਨੇ ਗੁਰੂ ਨਹੀਂ ਧਾਰਿਆ ਉਸ ਦਾ ਕੰਮ ਪੂਰਾ ਨਹੀਂ ਹੋਇਆ ਕਰਦਾ, ਅਧੂਰਾ ਰਹਿ ਜਾਂਦਾ ਹੈ ਉਸਨੂੰ ਪਤਾ ਨਹੀਂ ਲਗਦਾ।

ਸੋ ਜ਼ਿੰਦਗੀ ਦੇ ਅੰਦਰ ਗੁਰੂ ਦੀ ਬੜੀ ਲੋੜ ਹੈ ਕਿਉਂਕਿ ਸਾਡੇ ਕੋਲ ਅੱਖਰ ਹੈ ਨਹੀਂ ਕੋਈ ਸਿਵਾਏ ਗੁਰੂ ਤੋਂ, ਜੇ ਅਸੀਂ ਮਾਸਟਰ ਕਹਿੰਦੇ ਹਾਂ ਉਹ ਅੰਗ੍ਰੇਜ਼ੀ ਦਾ ਅੱਖਰ ਹੈ, ਜੇ ਉਸਤਾਦ ਕਹਿੰਦੇ ਹਾਂ ਤਾਂ ਇਹ ਉਰਦੂ ਦਾ ਅੱਖਰ ਹੈ। ਜੇ ਅਸੀਂ ਮੁਰਸ਼ਦ ਕਹਿੰਦੇ ਹਾਂ ਤਾਂ ਇਸ ਦਾ ਹੋਰ ਭਾਵ ਆ ਜਾਂਦਾ ਹੈ। ਅਧਿਆਪਕ ਨੂੰ ਕਹਿੰਦੇ ਹਾਂ ਕਿ ਸਾਡਾ ਹਿਸਾਬ ਦਾ ਗੁਰੂ ਹੈ ਉਹ ਪੜ੍ਹਾਉਣ ਵਾਲਾ ਹੈ। ਇਸੇ ਤਰ੍ਹਾਂ ਦੇ ਨਾਲ ਅਧਿਆਤਮਕ ਗੁਰੂ ਹੁੰਦੇ ਨੇ ਜਿੱਥੇ ਰੌਲਾ ਪੈਂਦਾ ਹੈ, ਗੱਲ ਸਮਝਣ ਵਾਲੀ ਹੈ ਇਹ। ਗੁਰੂ ਨਾਨਕ ਪਾਤਸ਼ਾਹ ਜੀ ਨੂੰ ਪਾਰਬ੍ਰਹਮ ਪ੍ਰਮੇਸ਼ਰ ਨੇ ਕਿਹਾ, ਹੇ ਨਾਨਕ! ਮੈਂ ਪਾਰਬ੍ਰਹਮ ਪ੍ਰਮੇਸ਼ਰ ਤੇ ਤੂੰ ਗੁਰੂ ਪ੍ਰਮੇਸ਼ਰ। ਤੇਰੇ ਤੇ ਮੇਰੇ ਵਿਚ ਕੋਈ ਫਰਕ ਨਹੀਂ। ਮੈਂ ਪਾਰਬ੍ਰਹਮ ਹਾਂ ਜਿਸ ਦਾ ਕੋਈ ਪਾਰਾਵਾਰ ਨਹੀਂ ਪਾ ਸਕਦਾ, ਮੈਂ ਬੇਅੰਤ ਹਾਂ ਕਿਤੇ ਵੀ ਖਤਮ ਨਹੀਂ ਹੁੰਦਾ ਕਿਤੋਂ ਸ਼ੁਰੂ ਨਹੀਂ ਹੁੰਦਾ, ਜਿੰਨਾ ਜੀਅ ਕਰਦਾ ਹੈ ਸੋਚ ਲਓ –

***ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥***
***ਅੰਗ – ੧***

ਮੇਰਾ ਨਹੀਂ ਕੁਝ ਪਤਾ ਲਗਦਾ ਪਰ ਜੋ ਮੈਂ ਆਪਣਾ ਸਾਕਾਰ ਸਰੂਪ ਬਣਾਇਆ ਹੈ ਜਿਸਨੂੰ ਸਰਗੁਣ ਵੀ ਕਹਿੰਦੇ ਉਨ੍ਹਾਂ ਸਾਰੇ ਸਰਗੁਣਾਂ ਦੇ ਵਿਚੋਂ ਜੋ ਸ਼੍ਰੋਮਣੀ ਨੇ ਉਹ ਮੇਰਾ ਗੁਰੂ ਸਰੂਪ ਹੈ। ਕਿਉਂਕਿ ਸਰਗੁਣ ਤਾਂ ਜਿੰਨਾ ਤੁਹਾਨੂੰ ਦਿਸਦਾ ਹੈ –

***ਸਰਗੁਨ ਨਿਰਗੁਨ ਨਿਰੰਕਾਰ***
***ਸੁੰਨ ਸਮਾਧੀ ਆਪਿ ॥***
***ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥***
***ਅੰਗ – ੨੯੦***

ਇਹ ਜੋ ਦਿਸਦਾ ਹੈ ਸਾਰਾ ਸਰਗੁਣ ਹੈ। ਆਹ ਜਿੰਨਾ ਸੰਸਾਰ ਦਿਸਦਾ ਹੈ ਮਹਾਰਾਜ ਜੀ ਕਹਿੰਦੇ ਇਹ ਵਾਹਿਗੁਰੂ ਹੈ ਸਾਰਾ ਹੀ ਲੇਕਿਨ ਜਦੋਂ ਅੱਡ-ਅੱਡ ਕਰਕੇ ਅਸੀਂ ਦੇਖਦੇ ਹਾਂ ਤਾਂ ਇਸ ਦੇ ਵਿਚ –

***ਅਸੰਖ ਮੂਰਖ ਅੰਧ ਘੋਰ ॥***
***ਅਸੰਖ ਚੋਰ ਹਰਾਮਖੋਰ ॥ ਅੰਗ – ੪***

ਸਾਨੂੰ ਇਹ ਨਜ਼ਰ ਆਉਣ ਲੱਗ ਜਾਂਦੇ ਨੇ, ਸਾਧੂ-ਸੰਤ ਵੀ ਨਜ਼ਰ ਆਉਂਦੇ ਨੇ, ਬੁਰੇ ਵੀ ਨਜ਼ਰ ਆਉਂਦੇ ਨੇ ਭਾਵੇਂ ਸਮੁੱਚਾ ਜੋ ਹੈ ਉਹ ਪ੍ਰਮੇਸ਼ਰ ਹੈ ਉਥੇ ਵੰਡ ਨਹੀਂ ਹੁੰਦੀ।

ਸੋ ਕਹਿੰਦੇ, ਸਾਰਿਆਂ ਤੋਂ ਸਰਵ-ਉਚ ਜਿਹੜਾ ਮੇਰਾ ਸਰੂਪ ਹੈ ਉਹ ਗੁਰੂ ਪ੍ਰਮੇਸ਼ਰ ਹੈ।

ਗੁਰੂ ਦਾ ਕੰਮ ਹੁੰਦਾ ਹੈ ਮਨ ਦਾ ਹਨ੍ਹੇਰਾ ਦੂਰ ਕਰਨਾ। ਗੁਰੂ ਨਾਨਕ ਪਾਤਸ਼ਾਹ ਦਾ ਸੰਸਾਰ ਤੇ ਆਉਣਾ ਹੀ ਸੰਤ ਪੈਦਾ ਕਰਨਾ ਸੀ ਕਿਉਂਕਿ ਧਰਤੀ ਡਾਵਾਂਡੋਲ ਹੋ ਗਈ ਸੀ। ਭਾਈ ਗੁਰਦਾਸ ਜੀ ਲਿਖਦੇ ਨੇ ਕਿ –

***ਕੋਇ ਨ ਥੰਮੈ ਸਾਧ ਬਿਨ***
***ਸਾਧ ਨ ਦਿਸੈ ਜਗੁ ਵਿਚ ਕੋਆ।***

ਇਕ ਦੋ ਵੀ ਸਾਧੂ ਨਹੀਂ ਸੀ ਰਹਿ ਗਏ, ਪਖੰਡ ਵਰਤ ਗਿਆ ਸੀ ਸਾਰੇ। ਗੁਰੂ ਨਾਨਕ ਸਾਹਿਬ ਨੇ ਥਾਂ-ਥਾਂ ਫਿਰ ਕੇ ਰੂਹਾਨੀ ਕੀਮਤਾਂ ਕਾਇਮ ਕਰੀਆਂ। ਉਨ੍ਹਾਂ ਨੂੰ ਕਿਹਾ ਕਿ ਹੁਣ ਤੁਸੀਂ ਇਸ ਸੰਸਾਰ ਨੂੰ ਉਪਦੇਸ਼ ਦੇਵੋ ਇਸ ਰੋਸ਼ਨੀ ਦੇ ਅੰਦਰ ਜਿਹੜੀ ਤੁਹਾਨੂੰ ਅਸੀਂ ਦਿਤੀ ਹੈ। ਸਾਧੂ ਪੈਦਾ ਕਰੇ ਨੇ। ਇਸ ਦੇ ਵਿਚ ਗੁਰੂ ਪ੍ਰਮੇਸ਼ਰ ਤੇ ਸਾਧੂ ਦੋ ਚੀਜ਼ਾਂ ਚਲਦੀਆਂ ਨੇ, ਬਰਾਬਰ-ਬਰਾਬਰ, ਗੁਰੂ ਸਾਧੂ ਪੈਦਾ ਕਰਦਾ ਹੈ, ਸੰਤ ਪੈਦਾ ਕਰਦਾ ਹੈ ਤੇ ਸੰਤਾਂ ਦਾ ਕੰਮ ਹੁੰਦਾ ਹੈ –

***ਕਬੀਰ ਸੇਵਾ ਕਉ ਦੁਇ ਭਲੇ***
***ਏਕੁ ਸੰਤੁ ਇਕੁ ਰਾਮੁ ॥***
***ਰਾਮੁ ਜੁ ਦਾਤਾ ਮੁਕਤਿ ਕੋ***
***ਸੰਤੁ ਜਪਾਵੈ ਨਾਮੁ ॥ ਅੰਗ – ੧੩੭੩***

ਜਦੋਂ ਅਸੀਂ ਸੰਤ ਤੇ ਗੁਰੂ ਨੂੰ ਇਕੱਠਾ ਕਰ ਦਿੰਦੇ ਹਾਂ ਤਾਂ ਅਸੀਂ ਗੁਰੂ ਨੂੰ ਬਹੁਤ ਥੱਲੇ ਲੈ ਆਉਂਦੇ ਹਾਂ। ਇਸ ਦੇ ਵਿਚ ਜਿਹੜੇ ਦੇਹਧਾਰੀ ਗੁਰੂ ਨੇ ਕਿਉਂਕਿ ਸ਼ਬਦ ਗੁਰੂ ਜੋ ਗੁਰੂ ਨਾਨਕ ਪਾਤਸ਼ਾਹ ਨੇ ਉਹ ਦੱਸ ਸਰੀਰਾਂ ਦੇ ਵਿਚ ਪ੍ਰਗਟ ਹੋਏ। ਅਸਲੀ ਸਰੂਪ ਸਭ ਦਾ ਸ਼ਬਦ ਹੈ, ਤੁਹਾਡਾ ਵੀ ਮੇਰਾ ਵੀ। ਸ਼ਬਦ ਵਿਚੋਂ ਅਸੀਂ ਪੈਦਾ ਹੋਏ ਹਾਂ ਤੇ ਸ਼ਬਦ ਵਿਚ ਹੀ ਲੀਨ ਹੋਣਾ ਹੈ।

***ਨਿਰੰਕਾਰੁ ਆਕਾਰੁ ਹੋਇ***
***ਏਕੰਕਾਰੁ ਅਪਾਰੁ ਸਦਾਇਆ।***
***ਏਕੰਕਾਰਹੁ ਸਬਦ ਧੁਨਿ***
***ਓਅੰਕਾਰ ਅਕਾਰੁ ਬਣਾਇਆ।***
***ਭਾਈ ਗੁਰਦਾਸ ਜੀ, ਵਾਰ 26 ਪਉੜੀ 2***

ਸ਼ਬਦ-ਧੁਨ ਦਾ ਨਾਂ 'ਓਅੰਕਾਰ' ਰੱਖਿਆ ਗਿਆ ਉਸ ਸ਼ਬਦ-ਧੁਨ ਨੇ ਸਾਰੇ ਆਕਾਰ ਪੈਦਾ ਕੀਤੇ-

***ਨਾਮ ਕੇ ਧਾਰੇ ਸਗਲੇ ਜੰਤ ॥***
***ਨਾਮ ਕੇ ਧਾਰੇ ਖੰਡ ਬ੍ਰਹਮੰਡ ॥***
***ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥***
***ਅੰਗ – ੨੮੪***

ਸਾਰੀਆਂ ਚੀਜ਼ਾਂ 'ਨਾਮ' ਨੇ ਧਾਰਨ ਕਰੀਆਂ ਹੋਈਆਂ ਨੇ। ਨਾਮ ਸ਼ਕਤੀ ਵਿਚੋਂ ਅਸੀਂ ਬਾਹਰ ਆਉਂਦੇ ਹਾਂ, ਇਸ ਨੂੰ 'ਆਤਮਾ' ਵੀ ਕਹਿੰਦੇ ਨੇ ਇਸ ਦੇ ਵਿਚ ਹੀ ਅਸੀਂ ਸਮਾਅ ਜਾਂਦੇ ਹਾਂ। ਸੋ ਜੋ ਸ਼ੁੱਧ, ਪਵਿੱਤਰ ਸ਼ਬਦ ਜੋ ਅਕਾਲ-ਪੁਰਖ ਦਾ ਹੈ ਜੋ ਗੁਰੂਆਂ ਦੇ ਸਰੀਰਾਂ ਰਾਹੀਂ ਪ੍ਰਗਟ ਹੋ ਕੇ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਵਿਚ ਵਿਦਮਾਨ ਨੇ, ਇਹ ਗੁਰੂ ਪ੍ਰਮੇਸ਼ਰ ਨੇ। ਅਸੀਂ ਇਨ੍ਹਾਂ ਨੂੰ ਛੋਟਾ ਨਹੀਂ

ਕਰ ਸਕਦੇ ਤੇ ਕੋਈ ਵੀ ਇਨ੍ਹਾਂ ਦਾ ਮੁਕਾਬਲਾ ਨਹੀਂ ਕਰ ਸਕਦਾ, ਇਹ ਗੁਰੂ ਪ੍ਰਮੇਸ਼ਰ ਨੇ-

*ਬਾਣੀ ਗੁਰੂ ਗੁਰੂ ਹੈ ਬਾਣੀ*
*ਵਿਚਿ ਬਾਣੀ ਅੰਮ੍ਰਿਤੁ ਸਾਰੇ ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ*
*ਪਰਤਖਿ ਗੁਰੂ ਨਿਸਤਾਰੇ ॥ ਅੰਗ - ੯੮੨*

*ਸਤਿਗੁਰ ਬਚਨ ਬਚਨ ਹੈ ਸਤਿਗੁਰ*
*ਪਾਧਰੁ ਮੁਕਤਿ ਜਨਾਵੈਗੋ ॥*

*ਅੰਗ - ੧੩੦੯*

ਸਤਿਗੁਰੂ ਹਮੇਸ਼ਾ ਬਚਨ ਹੋਇਆ ਕਰਦਾ ਹੈ ਤੇ ਹੁਣ ਇਥੇ ਆ ਕੇ ਰੌਲਾ ਪੈ ਜਾਂਦਾ ਹੈ। ਜੇ ਕੋਈ ਅਧਿਆਤਮਕ ਆਗੂ (ਰਹਿਬਰ) ਮਿਲ ਜਾਵੇ, ਉਸਨੂੰ ਗੁਰੂ ਕਹਿਣ ਲੱਗ ਜਾਂਦੇ ਨੇ। ਅਧਿਆਤਮਕ ਆਗੂ ਜਿਹੜਾ ਹੈ ਉਹ ਭਰੋਸੇ ਦੀ ਫੀਸ ਲੈਂਦਾ ਹੈ ਪਰ ਉਹ ਗੁਰੂ ਦੀ ਬਰਾਬਰੀ ਨਹੀਂ ਕਰਦਾ ਕਿਉਂਕਿ ਉਹ ਦੇਹਧਾਰੀ ਹੈ। ਦੇਹ-ਧਾਰਨ ਕਰਕੇ ਦੇਹ ਦੇ ਵਿਚ ਚਾਹੇ ਕੁਝ ਵੀ ਹੈ ਉਸਨੂੰ ਅਸੀਂ ਦੇਖ ਨਹੀਂ ਸਕਦੇ ਤੇ ਇਥੇ ਸਵਾਲ ਪੈਦਾ ਹੋ ਜਾਂਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬਰਾਬਰੀ, ਸ਼ਬਦ ਗੁਰੂ ਦੀ ਬਰਾਬਰੀ ਦੇਹ ਵਾਲੇ ਤੋਂ ਅਸੀਂ ਕਰਾਉਂਦੇ ਹਾਂ। ਇਥੇ ਰੌਲਾ ਪਿਆ ਹੋਇਆ ਹੈ ਜੀ! ਇਹ ਦੇਹਧਾਰੀ ਗੁਰੂ ਨੂੰ ਮੰਨਦਾ ਹੈ। ਜਿਹੜੇ ਸ਼ਬਦ ਗੁਰੂ ਨੂੰ ਮੰਨਦੇ ਨੇ ਉਨ੍ਹਾਂ ਨੂੰ ਸ਼ਬਦ ਦੀ ਸੋਝੀ ਨਹੀਂ ਹੈ ਕੋਈ।

ਇਸ ਤਰ੍ਹਾਂ ਦੇ ਨਾਲ ਗੁਰੂ ਗ੍ਰੰਥ ਸਾਹਿਬ ਦੀ ਜੋ ਬਾਣੀ ਹੈ ਇਸ ਦੇ ਉਤੇ ਜਦੋਂ ਅਸੀਂ ਵਿਸ਼ਵਾਸ਼ ਲੈ ਆਉਂਦੇ ਹਾਂ, ਇਸ ਬਾਣੀ ਦੀ ਖੋਜ ਹਿਰਦੇ ਵਿਚ ਧਾਰਨ ਕਰਦੇ ਹਾਂ।

ਇਸ ਬਾਣੀ ਦੇ ਪਿਛੇ ਕੌਣ ਹੈ? ਬਾਣੀ ਕਿੱਥੋਂ ਆ ਰਹੀ ਹੈ? ਕਹਿੰਦੇ -

*ਜੈਸੀ ਮੈ ਆਵੈ ਖਸਮ ਕੀ ਬਾਣੀ*
*ਤੈਸੜਾ ਕਰੀ ਗਿਆਨੁ ਵੇ ਲਾਲੋ ॥*

*ਅੰਗ - ੭੨੨*

ਨਿਰੰਕਾਰ ਦੇ ਮੰਡਲ ਵਿਚੋਂ ਬਾਣੀ ਆ ਰਹੀ ਹੈ, ਬਾਣੀ ਉਸੇ ਥਾਂ ਲੈ ਜਾਂਦੀ ਹੈ। ਗੁਰੂ ਦਸ਼ਮੇਸ਼ ਪਿਤਾ ਮਹਾਰਾਜ ਦੀਵਾਨ ਦੇ ਵਿਚ ਬੈਠੇ ਨੇ। ਇਕ ਅਜੀਬੋ-ਗਰੀਬ ਬੰਦਾ ਕੋਈ ਆਇਆ ਉਸ ਨੇ ਪੰਜ ਫੰਗ ਭੇਟਾ ਕਰੇ, ਕੁਝ ਬਚਨ ਕਰੇ ਤੇ ਚਲਿਆ ਗਿਆ। ਸਾਰੇ ਸਿੰਘਾਂ ਨੇ ਕਿਹਾ ਕਿ ਇਹ ਅਜੀਬੋ-ਗਰੀਬ ਬੰਦਾ ਆਇਆ ਹੈ ਪਤਾ ਨਹੀਂ ਸੀ ਲਗਦਾ ਕਿ ਇਹ ਬੰਦਾ ਹੈ ਜਾਂ ਪਰਛਾਵਾਂ ਹੈ। ਦੇਖਿਆ ਸਾਰਿਆਂ ਨੇ ਦੇਖਦੇ-ਦੇਖਦੇ ਅਲੋਪ ਹੋ ਗਿਆ।

ਕਹਿਣ ਲੱਗੇ, ਸੱਚੇ ਪਾਤਸ਼ਾਹ! ਇਹ ਕੀ ਕੌਤਕ ਸੀ? ਕੋਈ ਬੰਦਾ ਸੀ ਜਾਂ ਕੋਈ ਉੱਚ ਰੂਹ ਸੀ? ਪਤਾ ਨਹੀਂ ਸੀ ਲਗਦਾ ਉਸ ਦਾ ਸਾਨੂੰ ਤਾਂ ਨਾ ਉਹ ਸਾਨੂੰ ਜਾਂਦਾ ਦਿਸਿਆ ਨਾ ਉਹ ਆਉਂਦਾ ਦਿਸਿਆ। ਸਾਡਾ ਇਹ ਸੰਸਾ ਨਵਿਰਤ ਕਰੋ, ਫੰਗ ਮੱਥਾ ਟੇਕੇ ਨੇ।

ਕਹਿੰਦੇ, ਗੁਰਸਿੱਖੋ! ਨਾਰਦਮੁਨੀ ਆਇਆ ਸੀ ਇਹ। ਅਨਲ ਪੰਛੀ ਜੋ ਖਲਾਅ ਵਿਚ ਰਹਿੰਦਾ ਹੈ ਉਸ ਦੇ ਫੰਗ ਲੈ ਕੇ ਆਇਆ ਸੀ। ਇਸ ਦੇ ਖੰਭਾਂ ਵਿਚ ਇਹ ਤਾਸੀਰ ਹੈ ਕਿ ਜਿਸ ਦੇਸ਼ ਵਿਚ ਇਹ ਰਹਿੰਦੇ ਨੇ, ਕੋਈ ਵੀ ਚੀਜ਼ ਇਸ ਦੇ ਨਾਲ ਬੰਨ੍ਹ ਦਿਓ ਤੇ ਇਨ੍ਹਾਂ ਨੂੰ ਜ਼ਰਾ ਕੁ ਉਪਰ ਨੂੰ ਸੁੱਟੋ ਤਾਂ ਇਹ ਉਸ ਚੀਜ਼ ਸਮੇਤ ਉਤੇ ਹੀ ਚਲੇ ਜਾਂਦੇ ਨੇ।

ਚਲੋ! ਤੁਹਾਨੂੰ ਤਜਰਬਾ ਕਰਕੇ ਦਿਖਾਈਏ। ਸਿਗਲੀਗਰਾਂ ਨੂੰ ਕਹੋ ਕਿ ਬਹੁਤ ਸੋਹਣੇ ਤੀਰ ਬਣਾਉਣ ਉਨ੍ਹਾਂ ਨਾਲ ਇਹ ਫੰਗ ਜੜ ਦੇਣ।

ਹੁਕਮ ਦੀ ਤਾਮੀਲ ਹੋਈ।

ਹਰ ਚੀਜ਼ ਵਿਚ ਖਾਸੀਅਤ ਹੁੰਦੀ ਹੈ ਕਿ ਜਦੋਂ ਉਸ ਦੇ ਵਿਚੋਂ ਜ਼ੋਰ ਘਟ ਜਾਵੇ, ਸ਼ਕਤੀ ਘਟ ਜਾਵੇ, ਤਾਕਤ ਘਟ ਜਾਵੇ ਫੇਰ ਉਹ ਗੁਰੂਤਾ ਸ਼ਕਤੀ ਦੀ ਖਿੱਚੀ ਹੋਈ ਹੇਠਾਂ ਨੂੰ ਆਉਂਦੀ ਹੈ ਕਿਉਂਕਿ ਇਨ੍ਹਾਂ ਨਾਲ ਤੀਰ ਨੇ ਇਸ ਕਰਕੇ ਤੀਰਾਂ ਦਾ ਜੋ ਵਜ਼ਨ ਹੈ, ਜਿੱਥੇ ਜਾ ਕੇ ਸਾਡਾ ਜ਼ੋਰ ਖਤਮ ਹੋ ਜਾਏਗਾ ਤਾਂ ਉਥੋਂ ਥੱਲੇ ਨੂੰ ਇਹ ਤੀਰ ਆਉਣਗੇ। ਤੁਸੀਂ ਚੁੱਕ ਕੇ ਲਿਆਓ ਸਾਡੇ ਕੋਲ। ਦੂਰ-ਦੂਰ ਤੱਕ ਖੜ੍ਹ ਗਏ। ਸਾਰਿਆਂ ਨੇ ਦੇਖਿਆ ਕਿ ਬਾਣ ਮਾਰਿਆ ਲੇਕਿਨ ਹੇਠਾਂ ਆਉਂਦਾ ਨਾ ਦਿਸਿਆ। ਦੂਸਰਾ ਚਲਾਇਆ, ਤੀਸਰਾ ਚਲਾਇਆ, ਪੰਜੇ ਚਲੇ ਗਏ। ਸਾਰੇ ਹੈਰਾਨ ਹੋ ਗਏ ਦੂਰ-ਦੂਰ ਤੱਕ ਟੋਲ੍ਹਦੇ ਫਿਰਦੇ ਨੇ ਪਰ ਕਿਤੇ ਨਹੀਂ ਪਤਾ ਲੱਗਿਆ।

ਕਹਿੰਦੇ, ਸੱਚੇ ਪਾਤਸ਼ਾਹ! ਬਾਣ ਤਾਂ ਮਿਲਦੇ ਨਹੀਂ, ਬੜੀ ਦੂਰ ਤੱਕ ਅਸੀਂ ਤਲਾਸ਼ ਕਰ ਲਏ ਨੇ। ਕ੍ਰਿਪਾ ਕਰਕੇ ਸਾਡਾ ਭਰਮ ਨਵਿਰਤ ਕਰੋ ਕਿ ਉਹ ਧਰਤੀ ਤੇ ਕਿਉਂ ਨਾ ਗਿਰੇ?

ਕਿਉਂਕਿ ਅਸੂਲ ਇਹ ਹੈ ਕਿ ਹਰ ਚੀਜ਼ ਆਪਣੇ ਵਜ਼ਨ ਦੇ ਮੁਤਾਬਿਕ ਉਸੇ ਸਪੀਡ ਨਾਲ ਥੱਲੇ ਗਿਰਦੀ ਹੈ। ਰੂੰ ਨੂੰ ਉਪਰੋਂ ਸੁੱਟ ਦਿਓ ਹੌਲੀ-ਹੌਲੀ ਆਏਗੀ, ਪੱਥਰ ਸੁੱਟ ਦਿਓ ਤਾਂ ਇਕ ਦਮ ਆਏਗਾ। ਇਸ ਲਈ ਇਹ ਥੱਲੇ ਤਾਂ ਆਉਣੇ ਚਾਹੀਦੇ ਸਨ।

ਮਹਾਰਾਜ ਜੀ ਕਹਿੰਦੇ, ਪਿਆਰਿਓ! ਇਨ੍ਹਾਂ ਦੇ ਨਾਲ ਅਲਨ ਜੋ ਪੰਛੀ ਹੈ, ਅਕਾਸ਼ ਦੇ ਵਿਚ ਉਸ ਦੇ ਫੰਗ ਬੰਨ੍ਹੇ ਹੋਏ ਸਨ ਉਹ ਇਨ੍ਹਾਂ ਨੂੰ out of space ਲੈ ਗਏ, ਜਿੱਥੇ ਉਹ ਪੰਛੀ ਰਹਿੰਦਾ ਹੈ, ਉਸੇ ਮੰਡਲ 'ਚ ਲੈ ਗਏ।

ਕਹਿੰਦੇ, ਇਹ ਤਾਂ ਤੁਹਾਨੂੰ ਇਕ ਕੌਤਕ ਦਿਖਾਇਆ ਹੈ ਲੇਕਿਨ ਗੱਲ ਬਹੁਤ ਵੱਡੀ ਤੁਹਾਨੂੰ ਵੀ ਸਮਝਾਉਣੀ ਹੈ, ਜਿਹੜਿਆਂ ਨੇ ਹਜ਼ਾਰਾਂ-ਸੈਂਕੜੇ ਸਾਲਾਂ ਬਾਅਦ ਵਿਚ ਆਉਣਾ ਹੈ ਉਨ੍ਹਾਂ ਨੂੰ ਵੀ ਸਮਝਾਉਣੀ ਹੈ।

ਉਹ ਇਹ ਕਿ ਇਹ ਜੋ ਬਾਣੀ ਹੈ ਇਹ -

*ਧੁਰ ਕੀ ਬਾਣੀ ਆਈ ॥*
*ਤਿਨਿ ਸਗਲੀ ਚਿੰਤ ਮਿਟਾਈ ॥ ਅੰਗ- ੬੨੮*

ਜਿਸ ਦਾ ਮਨ ਏਸ ਬਾਣੀ ਨਾਲ ਲੱਗ ਜਾਏਗਾ, ਬਾਣੀ ਦਾ ਰੂਪ ਬਣ ਜਾਏਗਾ ਤਾਂ ਇਹ ਬਾਣੀ ਇਨ੍ਹਾਂ ਫੰਗਾਂ ਦੇ ਸਮਾਨ ਉਸ ਸੁਰਤ ਨੂੰ ਬੰਨ੍ਹ ਕੇ ਨਿਰੰਕਾਰ ਦੇ ਦੇਸ਼ ਵਿਚ ਲੈ ਜਾਏਗੀ। ਉਸ ਦੇ ਲੇਖੇ-ਪੱਤੇ ਸਭ ਖਤਮ, ਆਉਣਾ-ਜਾਣਾ ਸਭ ਖਤਮ, ਉਸ ਦੇ ਸਾਰੇ ਕਰਮ ਕੱਟੇ ਜਾਂਦੇ ਨੇ।

ਸੋ ਇਹ ਬਾਣੀ ਗੁਰੂ ਹੈ, ਪ੍ਰਕਾਸ਼ ਕਰਨ ਵਾਲੀ। ਆਦਮੀ ਦੇ ਅੰਦਰ ਹਨ੍ਹੇਰਾ ਦੂਰ ਨਹੀਂ ਹੁੰਦਾ ਜਦੋਂ ਤੱਕ ਬਾਣੀ ਤੇ ਵਿਸ਼ਵਾਸ਼ ਨਹੀਂ ਲਿਆਉਂਦਾ। ਸੋ ਇਸ ਬਾਣੀ ਨੂੰ ਮਹਾਰਾਜ ਜੀ ਕਹਿੰਦੇ ਜਿਹੜਾ ਮੰਨਦਾ ਹੈ, ਸੁਣਦਾ ਹੈ ਉਸਨੂੰ ਫਲ ਮਿਲਦਾ ਹੈ ਕਰੋੜਾਂ ਜੱਗਾਂ ਦਾ। ਉਹ ਫਲ ਕੀ ਕਰਦਾ ਹੈ? ਜਿਥੋਂ ਇਹ ਵਿਛੜਿਆ ਹੈ ਉਸੇ ਥਾਂ ਤੇ ਉਹ ਪਹੁੰਚਾਉਣ ਦਾ ਯਤਨ ਕਰਦਾ ਹੈ।

ਸੋ ਇਸ ਬਾਣੀ ਦਾ ਪ੍ਰਸਾਰ ਹੋਇਆ ਹੈ, ਇਥੇ ਤਰੰਗਾਂ ਫੈਲੀਆਂ ਹਨ ਸਾਰੇ ਬ੍ਰਹਿਮੰਡਾਂ ਵਿਚ, ਦਰਗਾਹਾਂ ਤੱਕ ਪਹੁੰਚੀਆਂ ਨੇ। ਜੇ ਕੋਈ ਪ੍ਰੇਮੀ ਕਹੇ ਕਿ ਇਸ ਦਾ ਕੋਈ ਸਬੂਤ ਵੀ ਹੈ? ਦੁਨੀਆਂ ਐਸੀ ਹੈ ਜਿਹੜੀ ਸਾਡੀਆਂ ਅੱਖਾਂ ਨਾਲ ਦਿਸਦੀ ਹੈ ਉਹ ਤਾਂ ਰੋਸ਼ਨੀ ਦੀ ਦੁਨੀਆਂ ਹੈ ਜਿਸ ਦੇ ਉਤੇ ਪ੍ਰਕਾਸ਼ ਪੈਂਦਾ ਹੈ ਉਹ ਚੀਜ਼ ਦਿਸਦੀ ਹੈ ਜਿਸ ਦੇ ਉਤੇ ਚਾਨਣਾ ਨਹੀਂ ਪੈਂਦਾ ਉਹ ਦਿਸਦੀ ਨਹੀਂ। ਇਥੇ cosmic rays (ਬ੍ਰਹਿਮੰਡੀ ਕਿਰਨਾਂ) ਇਕ ਸਕਿੰਟ ਦੇ ਅੰਦਰ ਤਿੰਨ ਲੱਖ ਮੀਲ ਸਾਡੇ ਸਰੀਰ ਵਿਚੋਂ, ਧਰਤੀ ਵਿਚੋਂ ਲੰਘ ਕੇ ਪਾਰ ਲੰਘ ਜਾਂਦੀਆਂ ਹਨ। ਸਾਨੂੰ ਦਿਸਦੀਆਂ ਨੇ ਉਹ? ਐਕਸ-ਰੇ ਸਾਨੂੰ ਦਿਸਦੀਆਂ ਨੇ? gama rays ਕੋਈ ਦਿਸਦੀ ਹੈ? ਯੰਤਰਾਂ ਦੀ ਮਦਦ ਨਾਲ ਦੇਖਦੇ ਹਾਂ। ਇਹ ਚੀਜ਼ਾਂ ਸਾਰੇ ਤੁਰੀਆਂ ਫਿਰਦੀਆਂ ਨੇ, ਅਦਿੱਖ ਚੀਜ਼ਾਂ ਤੁਰੀਆਂ ਫਿਰਦੀਆਂ ਨੇ। ਬੇਅੰਤ ਰੂਹਾਂ ਨੇ ਜਿਹੜੀਆਂ ਭਟਕਦੀਆਂ ਨੇ। ਮਹਾਰਾਜ ਜੀ ਨੇ ਸੁਖਮਨੀ ਸਾਹਿਬ ਵਿਚ ਲਿਖਿਆ ਹੈ, ਕਰੋੜਾਂ ਹੀ ਭੂਤ-ਪ੍ਰੇਤ ਨੇ ਜਿਹੜੇ ਭਟਕਦੇ ਫਿਰਦੇ ਨੇ। ਉਨ੍ਹਾਂ ਦੇ ਉਤੇ ਅਨੇਕ ਦੁਨੀਆਂ ਗਿਆਨ-ਖੰਡ ਦੀ ਪਉੜੀ ਦੇ ਅੰਦਰ ਮਹਾਰਾਜ ਜੀ ਨੇ ਬੜੀ ਦੁਨੀਆਂ ਦਾ ਜ਼ਿਕਰ ਕੀਤਾ ਹੈ। ਉਹ ਸਾਰੀਆਂ ਦਿਸਦੀਆਂ ਨਹੀਂ ਹਨ। ਜੀਵ ਜਦੋਂ ਸਰੀਰ ਛੱਡਦਾ ਹੈ ਉਸ ਤੋਂ ਬਾਅਦ ਆਪਣੇ ਕਰਮਾਂ ਦੇ ਅਨੁਸਾਰ ਇਹੋ ਜਿਹੇ ਥਾਂ ਪਹੁੰਚ ਜਾਂਦਾ ਹੈ। ਜਿੰਨਾ ਬਾਲਣ ਪਾਇਆ ਹੈ ਓਨਾਂ ਉਚਾ ਚਲਿਆ ਜਾਂਦਾ ਹੈ। ਜਿਸ ਨੇ ਬਹੁਤ ਜ਼ਿਆਦਾ ਪਾਇਆ ਹੈ, ਪਿਆਰ ਦੀ ਜ਼ਿੰਦਗੀ ਬਤੀਤ ਕਰੀ ਹੈ ਤੇ ਹਰ ਵਕਤ ਧਿਆਨ ਪ੍ਰਮੇਸ਼ਰ ਵਿਚ ਰੱਖਿਆ ਹੈ ਕਹਿੰਦੇ ਉਹ ਮਰਨ ਤੋਂ ਬਾਅਦ -

*ਅੰਤਰਿ ਗੁਰੁ ਆਰਾਧਣਾ*
*ਜਿਹਵਾ ਜਪਿ ਗੁਰ ਨਾਉ ॥*
*ਨੇਤ੍ਰੀ ਸਤਿਗੁਰੁ ਪੇਖਣਾ*
*ਸ੍ਰਵਣੀ ਸੁਨਣਾ ਗੁਰ ਨਾਉ ॥*
*ਸਤਿਗੁਰ ਸੇਤੀ ਰਤਿਆ*
*ਦਰਗਹ ਪਾਈਐ ਠਾਉ ॥ ਅੰਗ - ੫੧੭*

ਉਸਨੂੰ ਦਰਗਾਹ 'ਚ ਥਾਂ ਮਿਲ ਜਾਂਦਾ ਹੈ, ਜਿਹੜੇ ਦੂਸਰੇ ਨੇ ਉਨ੍ਹਾਂ ਨੂੰ ਵੀ ਥਾਂ ਮਿਲਦਾ ਹੈ -

*ਅੰਤਿ ਕਾਲਿ ਜੋ ਮੰਦਰ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ ॥*
*ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥*
*ਅੰਗ - ੫੨੬*

ਪ੍ਰੇਤ ਬਣ ਕੇ ਇਥੇ ਹੀ ਘੁੰਮੀ ਜਾਂਦਾ ਹੈ। ਜੇ ਪੈਸੇ 'ਚ ਧਿਆਨ ਹੈ ਤਾਂ ਸੱਪ ਬਣ ਕੇ ਘੁੰਮੀ ਜਾਂਦਾ ਹੈ।

*ਜਿਸ ਕੈ ਅੰਤਰਿ ਰਾਜ ਅਭਿਮਾਨੁ ॥*
*ਸੋ ਨਰਕਪਾਤੀ ਹੋਵਤ ਸੁਆਨੁ ॥*
*ਅੰਗ - ੨੭੮*

ਜਿਸ ਦੇ ਅੰਦਰ ਇਹ ਹੈ ਕਿ ਮੇਰੇ ਕੋਲ ਰਾਜਸੀ ਸ਼ਕਤੀ ਹੈ ਤੇ ਉਸਦਾ ਅਭਿਮਾਨ ਕਰਦਾ ਹੈ।

ਸੋ ਅਦਿੱਖ ਦੁਨੀਆਂ ਨੂੰ ਅਸੀਂ ਨਹੀਂ ਜਾਣਦੇ। ਕਈ ਵਾਰੀ ਐਸਾ ਹੁੰਦਾ ਹੈ ਕਿ ਇਹ ਪਾਠ ਅਸੀਂ ਉਨ੍ਹਾਂ ਦੇ ਨਮਿੱਤ ਕਰਦੇ ਹਾਂ ਜਿਨ੍ਹਾਂ ਨੂੰ ਜਾਣਦੇ ਨਹੀਂ, ਪਾਠ ਪਹੁੰਚਦਾ ਹੈ ਜਾਂ ਨਹੀਂ ਪਹੁੰਚਦਾ, ਫਲ ਪਹੁੰਚਦਾ ਹੈ ਜਾਂ ਨਹੀਂ ਪਹੁੰਚਦਾ? ਸਵਾਲ ਸਾਡੇ ਅੱਗੇ ਇਹ ਹੈ ਕਿ ਅਸਲੀ ਚੀਜ਼ਾਂ ਦਾ ਮੈਂ ਜ਼ਿਕਰ ਕਰਦਾ ਹਾਂ।

ਸਾਡੇ ਕੋਲ ਇਕ ਪ੍ਰੇਮੀ ਆਇਆ ਉਹ ਪ੍ਰੇਤ ਜੂਨੀ ਵਿਚ ਸੀ ਤੇ ਉਸ ਨੇ ਇਕ ਬੀਬੀ ਨੂੰ ਫੜਿਆ ਹੋਇਆ ਸੀ। ਅਸੀਂ ਕਿਹਾ ਕਿ ਤੂੰ ਇਸ ਨੂੰ ਤੰਗ ਨਾ ਕਰ। ਕਹਿਣ ਲੱਗੀ ਕਿ ਮੇਰੀ ਗਤੀ ਨਹੀਂ ਹੋਈ। ਮੈਂ ਕਿਹਾ, ਭਾਈ! ਜਦੋਂ ਸਾਧੂ ਸੰਤ ਉਚੀ-ਉਚੀ ਬੋਲ-ਬੋਲ ਕਹਿੰਦੇ ਸਨ ਕਿ ਤੁਹਾਡਾ ਵਾਹ ਪੈਣਾ ਹੈ ਦਰਗਾਹ 'ਚ ਜਾ ਕੇ, ਭੂਤ-ਪ੍ਰੇਤ ਬਣੋਗੇ ਉਦੋਂ ਨਹੀਂ ਤੁਸੀਂ ਸੁਣਦੇ? ਉਦੋਂ ਤਾਂ ਭੁੱਲੇ ਰਹਿੰਦੇ ਹੋ। ਇਸਨੂੰ ਨਾ ਕੁਝ ਕਹਿ, ਤੂੰ ਇਸਨੂੰ ਛੱਡ ਦੇਹ।

ਕਹਿੰਦੀ, ਮੇਰੀ ਗਤੀ ਕਰਾ ਦਿਓ।

ਮੈਂ ਕਿਹਾ, ਉਹ ਅਸੀਂ ਕਰਾ ਦਿੰਦੇ ਹਾਂ। ਅਸੀਂ ਉਨ੍ਹਾਂ ਨੂੰ ਕਿਹਾ ਕਿ ਅਖੰਡ ਪਾਠ ਕਰਾਉਣਾ ਹੈ ਭਾਈ! ਉਸ ਦੇ ਨਾਲ ਇਕ ਬਚਨ ਹੋ ਗਿਆ ਕਿ ਹੁਣ ਤੋਂ ਬਾਅਦ ਨਾ ਤੂੰ ਇਸਨੂੰ ਛੇੜੀਂ।

ਕਹਿੰਦੇ, ਫੇਰ ਮੈਂ ਰਹਾਂ ਕਿੱਥੇ?

ਅਸੀਂ ਕਿਹਾ, ਰਤਵਾੜਾ ਸਾਹਿਬ ਦੇ ਬਾਹਰਲੇ ਪਾਸੇ ਰਹਿ ਤੂੰ। ਉਥੇ ਸ਼ਰਾਬੀ ਰਹਿੰਦੇ ਨੇ ਝੌਂਪੜੀ ਪਾਈ ਹੋਈ ਹੈ, ਉਸ ਦੇ ਵਿਚ ਰਹੀ ਜਾਹ ਤੂੰ ਮੌਜ ਨਾਲ, ਗੁਰਦੁਆਰੇ ਵਿਚ ਤਾਂ ਤੂੰ ਵੜ ਨਹੀਂ ਸਕਣਾ ਪਰ ਐਉਂ ਕਰੀਂ ਜਿਸ ਵਕਤ ਅਸੀਂ ਪਾਠ ਸ਼ੁਰੂ ਕਰਾਂਗੇ ਤੈਨੂੰ ਆਵਾਜ਼ ਮਾਰਾਂਗੇ, ਉਸ ਵੇਲੇ ਜਿਵੇਂ ਤੂੰ ਹੁਣ ਫੜੀ ਹੈ, ਐਉਂ ਫੜ ਲਈਂ, ਫੇਰ ਤੇਰੇ ਨਾਲ ਦੋ ਗੱਲਾਂ ਕਰਨੀਆਂ ਨੇ, ਉਹ ਤੂੰ ਧਿਆਨ 'ਚ ਰੱਖੀਂ।

ਉਹ ਲੜਕੀ ਛੱਡ ਦਿਤੀ ਇਥੇ ਦਫਤਰ ਵਿਚ ਸੀ ਸਟੈਨੋ ਲੱਗੀ ਹੋਈ। ਉਸ ਤੋਂ ਬਾਅਦ 'ਨੈਂ ਲੰਘੀ ਖੁਆਜਾ ਵਿਸਰਿਆ' ਰਾਜੀ ਹੋ ਗਈ, ਕਿਧਰੇ ਬਾਬਾ ਜੀ ਗਿਆ, ਕਿਧਰੇ ਗੱਲਾਂ ਗਈਆਂ। ਚਾਰ-ਪੰਜ ਮਹੀਨੇ ਲੰਘੇ ਤਾਂ ਮੈਨੂੰ ਫੁਰਨਾ ਆਉਣ ਲੱਗ ਗਿਆ। ਮੈਂ ਕਿਹਾ ਉਹ ਪਾਠ ਨਹੀਂ ਕਰਾਇਆ ਉਸ ਦੇ ਨਾਲ ਬਚਨ ਸੀ। ਉਸਨੂੰ ਟੋਲ੍ਹਿਆ (ਲੱਭਿਆ) ਅਸੀਂ ਕਿ ਕਿੱਥੇ ਰਹਿੰਦੀ ਹੈ।

ਅਸੀਂ ਕਿਹਾ, "ਭਾਈ! ਤੁਸੀਂ ਮੁਕਰ ਗਏ ਰਾਜ਼ੀ ਹੋ ਕੇ, ਪਾਠ ਨਹੀਂ ਕਰਾਉਣਾ?

ਉਹ ਕਹਿੰਦੇ, ਸਾਨੂੰ ਤਾਂ ਭੁੱਲ ਗਿਆ।

ਪਾਠ ਕਰਾਇਆ ਤੇ ਜਿਸ ਵਕਤ ਉਹ ਲੜਕੀ ਆ ਗਈ ਤਾਂ ਮੈਂ ਕਿਹਾ ਕਿ ਮਾਈ ਨੂੰ ਆਵਾਜ਼ ਮਾਰੋ ਇਥੋਂ ਕਿ ਮਾਈ ਆ ਜਾ ਤੇਰੇ ਨਾਲ ਸਾਡਾ ਵਾਇਦਾ ਹੈ, ਉਦੋਂ ਹੀ ਆ ਕੇ ਫੜ ਲਈ ਉਸ ਨੇ। ਮੇਰੇ ਕੋਲ ਲੰਗਰ ਵਿਚ ਲੈ ਆਏ।

ਕਹਿੰਦੇ, ਉਸ ਬੀਬੀ ਨੂੰ ਕੁਝ ਹੋ ਗਿਆ।"

ਮੈਂ ਕਿਹਾ, ਮਾਈ ਆ ਗਈ।

ਮੈਂ ਉਸਨੂੰ ਕਿਹਾ, ਮਾਈ! ਆ ਗਈ ਤੂੰ?

ਕਹਿੰਦੀ, ਹਾਂ।

ਮੈਂ ਕਿਹਾ, ਰਹੀ ਕਿੱਥੇ?

ਕਹਿੰਦੀ, ਆਹ! ਬਾਹਰਲੇ ਪਾਸੇ।

ਅਸੀਂ ਕਿਹਾ, ਤੂੰ ਐਉਂ ਕਰੀਂ ਕਿ ਜੇ ਤੇਰੀ ਗਤੀ ਨਾ ਹੋਈ ਤੇ ਫਲ ਨਾ ਮਿਲਿਆ ਤਾਂ ਇਸਨੂੰ ਦੁਬਾਰਾ ਫੜ ਲਈਂ, ਨਹੀਂ ਤਾਂ ਤੂੰ ਆਰਾਮ ਨਾਲ ਛੱਡ ਜਾਈਂ।

ਪਾਠ ਹੋਇਆ, ਪਾਠ ਹੋਣ ਤੋਂ ਬਾਅਦ ਮੁੜ ਕੇ ਉਸ ਦਾ ਪਤਾ ਹੀ ਨਹੀਂ। ਹੁਣ ਬੱਚਿਆਂ ਵਾਲੀ ਹੈ, ਕੋਈ ਮੁਸੀਬਤ ਨਹੀਂ ਹੈ। ਉਸ ਪਾਠ ਦਾ ਫਲ ਪਹੁੰਚ ਗਿਆ।

ਇਸੇ ਤਰ੍ਹਾਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ 'ਅਣਡਿੱਠੀ ਦੁਨੀਆਂ' ਵਿਚ ਇਕ ਪ੍ਰੇਤ ਦੀ ਮਿਸਾਲ ਦੇ ਕੇ ਦੱਸਿਆ ਹੈ ਕਿ ਪਹਿਲੇ ਆਖੰਡ ਪਾਠ ਦੇ ਵਿਚ ਉਸਦੀ ਗਤੀ ਨਾ ਹੋਈ। ਜਦੋਂ ਪੜਤਾਲ ਕੀਤੀ ਗਈ ਤਾਂ ਪਤਾ ਲੱਗਿਆ ਕਿ 12 ਵਜੇ ਤੋਂ 2 ਵਜੇ ਵਾਲੀ ਰੌਲ ਦਾ ਜਿਹੜਾ ਪਾਠੀ ਸੀ ਉਹ ਅਸ਼ੁੱਧ ਸੀ, ਪਵਿੱਤਰ ਨਹੀਂ ਸੀ। ਮਰਿਆਦਾ ਭੰਗ ਕਰੀ ਉਸ ਨੇ ਪਾਠ ਦੀ ਤੇ ਜਿਸ ਵਕਤ ਦੁਬਾਰਾ ਪਾਠ ਕਰਿਆ। ਸ਼ਰਤ ਉਸ ਦੇ ਨਾਲ ਇਹ ਸੀ ਕਿ ਆਲੇ ਵਿਚ ਪ੍ਰਸ਼ਾਦ ਰੱਖਾਂਗੇ। ਜੇ ਤੂੰ ਪ੍ਰਸ਼ਾਦ ਲੈ ਗਿਆ ਤਾਂ ਅਸੀਂ ਸਮਝਾਂਗੇ ਤੇਰੀ ਗਤੀ ਹੋ ਗਈ ਜੇ ਨਾ ਚੁੱਕਿਆ ਫੇਰ ਨਹੀਂ।

ਭਾਈ ਸਾਹਿਬ ਲਿਖਦੇ ਨੇ ਕਿ ਦੂਸਰੇ ਅਖੰਡ ਪਾਠ ਤੇ ਜਦੋਂ ਪ੍ਰਸ਼ਾਦ ਰੱਖਿਆ ਉਸ ਤੋਂ ਥੋੜ੍ਹੀ ਦੇਰ ਬਾਅਦ ਦੇਖਿਆ ਤਾਂ ਕਹਿੰਦੇ ਪ੍ਰਸ਼ਾਦ ਤਾਂ ਚਲਿਆ ਗਿਆ, ਗਤੀ ਹੋ ਗਈ।

ਇਹ ਕੋਈ ਮਨ ਘੜਤ ਬਾਤਾਂ ਨਹੀਂ ਹਨ। ਲਿਖੀਆਂ-ਪੜ੍ਹੀਆਂ, ਬਹੁਤ ਛੇਤੀ ਸਮਝ 'ਚ ਆਉਣ ਵਾਲੀਆਂ ਨੇ। ਸੋ ਇਸ ਕਰਕੇ ਇਸ ਬਾਣੀ ਨਾਲ ਚਿੱਤ ਲਾਓ, ਇਸ ਦੀ ਕਮਾਈ ਕਰੋ, ਇਸਨੂੰ ਹਿਰਦੇ 'ਚ ਵਸਾਓ। ਜੋ ਕੰਮ ਅਸੀਂ ਕਰਨ ਵਾਸਤੇ ਆਏ ਹਾਂ, ਹੁਣੇ ਤੁਸੀਂ ਸੁਣਿਆ ਸੀ -

***ਗੁਰ ਸੇਵਾ ਤੇ ਭਗਤਿ ਕਮਾਈ ॥***
***ਤਬ ਇਹ ਮਾਨਸ ਦੇਹੀ ਪਾਈ ॥***

***ਅੰਗ - ੧੧੫੯***

ਭਗਤੀ ਕਰਨ ਵਾਸਤੇ ਤੇ ਨਾਮ ਦੀ ਕਮਾਈ ਕਰਨ ਵਾਸਤੇ ਇਹ ਜਨਮ ਹੈ। ਸੇਵਾ ਤੇ ਭਗਤੀ ਨੂੰ ਕਿਉਂ ਇਕੱਠਾ ਕਰ ਦਿਤਾ ਉਸ ਦਾ ਕਾਰਨ ਇਹ ਹੈ ਕਿ ਸਮਾਂ ਨਹੀਂ ਹੈ ਸਾਡੇ ਕੋਲ, ਕਲਜੁਗ ਦੇ ਅੰਦਰ ਬਹੁਤ ਛੋਟੀ ਉਮਰ ਹੈ ਪਤਾ ਹੀ ਨਹੀਂ ਲਗਦਾ ਬੰਦਾ ਜਾ ਰਿਹਾ ਹੈ, ਉਥੇ ਐਕਸੀਡੈਂਟ ਹੋ ਗਿਆ, ਮੁੱਕ ਗਿਆ ਕੋਈ ਗਾਰੰਟੀ ਹੈ?

***ਨਹ ਬਾਰਿਕ ਨਹ ਜੋਬਨੈ***
***ਨਹ ਬਿਰਧੀ ਕਛੁ ਬੰਧੁ ॥***
***ਓਹ ਬੇਰਾ ਨਹ ਬੂਝੀਐ***
***ਜਉ ਆਇ ਪਰੈ ਜਮ ਫੰਧੁ॥ ਅੰਗ - ੨੫੪***

ਹੁਣ ਸਮਾਂ ਤਾਂ ਸਾਡੇ ਕੋਲ ਥੋੜ੍ਹਾ ਹੈ, ਕੰਮ ਕਿਵੇਂ ਹੋਵੇ? ਮਹਾਰਾਜ ਜੀ ਕਹਿੰਦੇ ਦੋ ਕੰਮ ਕਰੋ - ਨਾਮ ਵੀ ਜਪੋ ਤੇ ਸੇਵਾ ਵੀ ਕਰੋ। ਨਾਮ ਜਪਣ ਦੇ ਨਾਲ ਤੁਹਾਡੇ ਵਿਘਨ, ਤੁਹਾਡੇ ਦੁੱਖ ਦੂਰ ਹੋਣਗੇ ਕਿਉਂਕਿ ਦੁਖੀ ਬੰਦਾ ਨਾਮ ਨਹੀਂ ਜਪ ਸਕਦਾ। ਵਿਘਨਾਂ ਵਿਚ ਫਸੇ ਹੋਏ ਬੰਦੇ ਨੂੰ ਵਿਘਨਾਂ ਦਾ ਧਿਆਨ ਰਹਿੰਦਾ ਹੈ ਪਹਿਲਾਂ ਵਿਘਨ ਦੂਰ ਹੋਣਗੇ ਨਹੀਂ ਤਾਂ ਉਹ ਨਾਮ ਨਹੀਂ ਜਪ ਸਕਦਾ। ਸੋ ਨਾਮ ਦਾ ਕੰਮ ਹੈ ਵਿਘਨ ਦੂਰ ਕਰਨੇ -

***ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ ॥***

***ਅੰਗ - ੨੬੨***

ਕੋਈ ਵਿਘਨ ਨਹੀਂ ਲਗਦਾ, ਫੇਰ -

***ਸਰਬ ਰੋਗ ਕਾ ਅਉਖਦੁ ਨਾਮੁ ॥***

***ਅੰਗ - ੨੭੪***

ਸਰੀਰ ਤੰਦਰੁਸਤ ਰਹਿੰਦਾ ਹੈ, ਚਿੰਤਾ ਆਉਂਦੀ ਨਹੀਂ ਹੈ, ਝੁੰਜਲਾਹਟ ਤੋਂ ਬਚਿਆ ਰਹਿੰਦਾ ਹੈ। ਦੂਜਾ ਕੰਮ ਇਹ ਹੈ ਕਿ ਦੁਨੀਆਂ ਨੂੰ ਪ੍ਰਮੇਸ਼ਰ ਰੂਪ ਸਮਝ ਕੇ ਜਿੰਨਾ ਤੈਨੂੰ ਵਿਤ ਦਿਤਾ ਹੈ, ਬਲ ਦਿਤਾ ਹੈ ਪ੍ਰਮੇਸ਼ਰ ਨੇ ਓਸ ਬਲ ਦੇ ਹਿਸਾਬ ਨਾਲ ਸੰਸਾਰ ਦਾ ਭਲਾ ਕਰ, ਸੇਵਾ ਕਰ। ਕਹਿੰਦੀ ਜਿਹੜੀ ਸੇਵਾ ਹੈ -

***ਵਿਚਿ ਦੁਨੀਆ ਸੇਵ ਕਮਾਈਐ ॥***
***ਤਾ ਦਰਗਹ ਬੈਸਣੁ ਪਾਈਐ ॥***
***ਕਹੁ ਨਾਨਕ ਬਾਹ ਲੁਡਾਈਐ ॥ ਅੰਗ - ੨੬***

ਦਰਗਾਹ 'ਚ ਦਾਖਲਾ ਮਿਲੇਗਾ ਤੈਨੂੰ ਸੇਵਾ ਕਰਕੇ ਕਿਉਂਕਿ ਤੇਰੇ ਯਾਦ ਹੈ ਕਿ ਜਿਸ ਨੇ ਮੈਨੂੰ ਦਿਤਾ ਹੈ ਮੈਂ ਉਸ ਦੇ ਵੀ ਕੁਝ ਅਰਪਣ ਕਰਾਂ। ਦਿੱਤਾ ਤਾਂ ਵਾਹਿਗੁਰੂ ਦਾ ਸਭ ਕੁਝ ਹੈ - ਟਰੱਕ ਦਿਤੇ ਨੇ ਤਾਂ, ਕੋਠੀਆਂ ਦਿਤੀਆਂ ਨੇ ਇਹ ਤਾਂ ਸਭ ਪ੍ਰਮੇਸ਼ਰ ਨੇ ਦਿਤਾ ਹੋਇਆ ਹੈ -

***ਦਸ ਬਸਤੂ ਲੇ ਪਾਛੈ ਪਾਵੈ ॥***

*ਏਕ ਬਸਤੁ ਕਾਰਨਿ ਬਿਖੋਟਿ ਗਵਾਵੈ ॥*
*ਏਕ ਭੀ ਨ ਦੇਇ ਦਸ ਭੀ ਹਿਰਿ ਲੇਇ ॥*
*ਤਉ ਮੂੜਾ ਕਹੁ ਕਹਾ ਕਰੇਇ ॥*
*ਜਿਸੁ ਠਾਕੁਰ ਸਿਉ ਨਾਹੀ ਚਾਰਾ ॥*
*ਤਾ ਕਉ ਕੀਜੈ ਸਦ ਨਮਸਕਾਰਾ ॥*

*ਅੰਗ - ੨੬੮*

ਇਹ ਤਾਂ ਉਸ ਦੇ ਨਮਿੱਤ ਸਾਨੂੰ ਦੇਣਾ ਹੀ ਪੈਂਦਾ ਹੈ, ਸੇਵਾ ਕਰਨੀ ਹੀ ਪੈਂਦੀ ਹੈ ਪਰ ਜੇ ਭੁੱਲ ਜਾਵੇ। ਮਹਾਰਾਜ ਜੀ ਗੁਰੂ ਦਸਵੇਂ ਪਾਤਸ਼ਾਹ ਕਹਿੰਦੇ ਨੇ ਕਿ ਦਾਤਾਂ ਲੈ ਕੇ ਭੁੱਲ ਜਾਂਦੇ ਨੇ। ਭੁੱਲਦਾ ਕੌਣ ਹੈ?

*ਦਾਤਿ ਪਿਆਰੀ ਵਿਸਰਿਆ ਦਾਤਾਰਾ ॥*

*ਅੰਗ - ੬੭੬*

ਉਹ ਮਨਮੁਖ ਬੰਦੇ ਹੁੰਦੇ ਨੇ ਕਿ ਦਾਤਾਂ ਲੈ ਕੇ ਫੇਰ ਦਾਤੇ ਨੂੰ ਭੁੱਲ ਜਾਂਦੇ ਨੇ, ਦਾਤੇ ਦੇ ਨਮਿਤ ਨਹੀਂ ਕੁਝ ਦਿੰਦੇ। ਸੋ ਇਹ ਸੇਵਾ ਹੈ ਜਿਵੇਂ ਬਿਮਾਰਾਂ ਦੀ ਸੇਵਾ ਹੈ, ਭੁੱਖਿਆਂ ਦੀ ਸੇਵਾ ਹੈ ਲੰਗਰ ਦਿਨ ਰਾਤ ਚਲਦੇ ਨੇ, ਰਹਿਣ ਵਾਲਿਆਂ ਦੀ ਸੇਵਾ ਹੈ। ਸਕੂਲ ਬਣਦੇ ਨੇ, ਹਸਪਤਾਲ ਬਣਦੇ ਨੇ, ਸੜਕਾਂ ਬਣਦੀਆਂ ਨੇ ਸਭ ਸੇਵਾ ਹੈ। ਇਸ ਸੇਵਾ ਦਾ ਫਲ ਕੀ ਹੁੰਦਾ ਹੈ? ਦਰਗਾਹ ਦੇ ਵਿਚ ਦਰਵਾਜ਼ਾ ਖੁਲ੍ਹ ਜਾਂਦਾ ਹੈ, ਨਾਮ ਦੇ ਨਾਲ ਗਿਆਨ ਆ ਜਾਂਦਾ ਹੈ। ਜੇ ਇਕੱਲੀ ਸੇਵਾ ਕਰੋ ਤਾਂ ਸਵਰਗਾਂ ਵਿਚ ਤਾਂ ਫਲ ਮਿਲ ਜਾਂਦਾ ਹੈ। ਜੇ ਨਾਮ ਤੇ ਸੇਵਾ ਇਕੱਠੀ ਕਰੋ ਤਾਂ ਨਾਮ ਦੇ ਨਾਲ ਗਿਆਨ ਦਾ ਪ੍ਰਕਾਸ਼ ਹੋ ਕੇ –

*ਕਬਹੂ ਸਾਧਸੰਗਤਿ ਇਹੁ ਪਾਵੈ ॥*
*ਉਸੁ ਅਸਥਾਨ ਤੇ ਬਹੁਰਿ ਨ ਆਵੈ ॥*
*ਅੰਤਰਿ ਹੋਇ ਗਿਆਨ ਪਰਗਾਸੁ ॥*
*ਉਸੁ ਅਸਥਾਨ ਕਾ ਨਹੀ ਬਿਨਾਸੁ ॥*
*ਮਨ ਤਨ ਨਾਮਿ ਰਤੇ ਇਕ ਰੰਗਿ ॥*
*ਸਦਾ ਬਸਹਿ ਪਾਰਬ੍ਰਹਮ ਕੈ ਸੰਗਿ ॥*
*ਜਿਉ ਜਲ ਮਹਿ ਜਲੁ ਆਇ ਖਟਾਨਾ ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ ॥*
*ਮਿਟਿ ਗਏ ਗਵਨ ਪਾਏ ਬਿਸ੍ਰਾਮ ॥*
*ਨਾਨਕ ਪ੍ਰਭ ਕੈ ਸਦ ਕੁਰਬਾਨ ॥*

*ਅੰਗ - ੨੭੮*

ਸੋ ਗੁਰੂ ਮਹਾਰਾਜ ਜੀ ਕਹਿੰਦੇ ਪਿਆਰਿਆ! ਯਾਦ ਰੱਖ–

*ਗੁਰ ਸੇਵਾ ਤੇ ਭਗਤਿ ਕਮਾਈ ॥*
*ਤਬ ਇਹ ਮਾਨਸ ਦੇਹੀ ਪਾਈ ॥*
*ਇਸ ਦੇਹੀ ਕਉ ਸਿਮਰਹਿ ਦੇਵ ॥*
*ਸੋ ਦੇਹੀ ਭਜੁ ਹਰਿ ਕੀ ਸੇਵ ॥*
*ਭਜਹੁ ਗੋੁਬਿੰਦ ਭੂਲਿ ਮਤ ਜਾਹੁ ॥*
*ਮਾਨਸ ਜਨਮ ਕਾ ਏਹੀ ਲਾਹੁ ॥*

*ਅੰਗ - ੧੧੫੯*

ਲਾਹਾ ਖੱਟ ਕੇ ਸੰਸਾਰ 'ਚੋਂ ਜਾਹ, ਘਾਟਾ ਪਾ ਕੇ ਨਾ ਜਾਹ। ਜੇ ਲਾਹਾ ਕਰੇਂਗਾ ਤਾਂ –

*ਧੰਨਿ ਧੰਨਿ ਕਹੈ ਸਭੁ ਕੋਇ ॥*
*ਮੁਖ ਊਜਲ ਹਰਿ ਦਰਗਹ ਸੋਇ ॥*
*ਇਹੁ ਵਾਪਾਰੁ ਵਿਰਲਾ ਵਾਪਾਰੈ ॥*
*ਨਾਨਕ ਤਾ ਕੈ ਸਦ ਬਲਿਹਾਰੈ ॥ ਅੰਗ-੨੮੩*

ਸੋ ਇਸ ਕਰਕੇ ਸਾਡਾ ਗਾਉਣਾ, ਸੁਣਨਾ, ਹਾਜ਼ਰੀ ਭਰਨੀ ਤਾਂ ਥਾਂ ਪੈਂਦੀ ਹੈ ਜੇ ਅਸੀਂ ਗੁਰੂ ਦੀ ਆਗਿਆ ਨੂੰ ਸਤਿ ਕਰਕੇ ਮੰਨੀਏ। ਸਮਾਂ ਤਾਂ ਓਨਾ ਹੀ ਲੱਗ ਗਿਆ ਤੁਹਾਡਾ ਬੈਠਿਆਂ ਦਾ ਇਕਨਾ ਨੇ ਫਲ ਨਾਲ ਝੋਲੀਆਂ ਭਰ ਲਈਆਂ, ਇਕਨਾਂ ਨੂੰ ਕੁਝ ਵੀ ਨਹੀਂ ਮਿਲਿਆ ਕਿਉਂਕਿ ਆਦਮੀ ਦੇ ਮਨ ਦੀ ਹਾਜ਼ਰੀ ਹੈ, ਵਿਵਸਥਾ ਹੈ ਇਸ ਦੇ ਵਿਚ। ਸੋ ਸਾਨੂੰ ਸਾਵਧਾਨ ਹੋ ਕੇ ਸੰਗਤ ਕਰਨੀ ਚਾਹੀਦੀ ਹੈ –

*ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥*
*ਸਾਵਧਾਨ ਏਕਾਗਰ ਚੀਤ ॥ ਅੰਗ - ੨੯੫*

ਜਦੋਂ ਇਸ ਤਰ੍ਹਾਂ ਕਰਾਂਗੇ ਤਾਂ ਸਾਡਾ ਵੀ ਭਲਾ ਹੋਏਗਾ। ਜਿਨ੍ਹਾਂ ਦੇ ਸ਼ੁਭ ਕਰਮ ਉਦੈ ਹੋ ਜਾਂਦੇ ਨੇ, ਆਪਣਾ ਫਲ ਦੇਣਾ ਚਾਹੁੰਦੇ ਨੇ ਉਸ ਵੇਲੇ ਸਤਿਸੰਗ ਉਨ੍ਹਾਂ ਨੂੰ ਪ੍ਰਾਪਤ ਹੁੰਦੀ ਹੈ, ਸਭ ਤੋਂ ਵੱਡੀ ਚੀਜ਼ –

*ਹਰਿ ਕੀਰਤਿ ਸਾਧਸੰਗਤਿ ਹੈ*
*ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥*

*ਅੰਗ - ੬੪੨*

ਸੋ ਵਾਹਿਗੁਰੂ ਜੀ ਕ੍ਰਿਪਾ ਕਰਨ, ਸਾਡੀ ਸਿਮ੍ਰਿਤੀ ਵਿਚ, ਸੁਣਨ ਸ਼ਕਤੀ ਦੇ ਵਿਚ ਬਲ ਆਵੇ, ਇਹ ਕੰਨਾਂ ਦੀ ਪਹਿਲੀ ਤਹਿ ਨੂੰ ਪਾੜ ਕੇ, ਵਿਚੋਂ ਦੀ ਨਿਕਲ ਕੇ ਅੰਦਰ ਹਿਰਦੇ ਤੱਕ ਪਹੁੰਚ ਜਾਣ ਫੇਰ ਅਸੀਂ ਮੰਨੀਏ ਤੇ ਮੰਨਣ ਤੋਂ ਬਾਅਦ ਫੇਰ ਕਮਾਈ ਕੀਤੀ ਜਾਂਦੀ ਹੈ ਫੇਰ ਇਥੇ ਆਦਮੀ ਜਿਸ ਕੰਮ ਨੂੰ ਆਇਆ ਹੈ –

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*

*ਅੰਗ - ੧੨*

ਫੇਰ ਖੋਜ ਕਰਦਾ ਹੈ ਕਿ ਜਿਸਨੂੰ ਮਿਲਣ ਆਏ ਹਾਂ ਉਹ ਰਹਿੰਦਾ ਕਿੱਥੇ ਹੈ? ਕਿੱਥੋਂ ਮਿਲੇਗਾ? ਸੋ ਫੇਰ ਆਪਣੇ ਆਪ ਹੀ ਗੁਰੂ ਸਾਹਿਬ ਰਾਹ ਦਸਦੇ ਨੇ।

*ਵਾਹਿਗੁਰੂ ਜੀ ਕਾ ਖਾਲਸਾ*
*ਵਾਹਿਗੁਰੂ ਜੀ ਕੀ ਫਤਹਿ।*

# ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ ਜੋ ਕਿ ਰਤਵਾੜਾ ਸਾਹਿਬ ਉਪਲੱਬਧ ਹਨ।

| | ਪੁਸਤਕ ਦਾ ਨਾਮ | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 120/– | 70/– |
| 2. | ਕਿਵ ਕੂੜੈ ਤੁਟੈ ਪਾਲਿ | | 35/– |
| 3. | ਬਾਤ ਅਗੰਮ ਕੀ (ਸੱਤ ਭਾਗਾਂ ਦਾ ਸੰਗ੍ਰਹਿ) | 400/– | 400/– |
| 4. | ਕਿਵ ਸਚਿਆਰਾ ਹੋਈਐ – (ਤਿੰਨ ਭਾਗਾਂ ਦਾ ਸੰਗ੍ਰਹਿ) | 400/– | |
| 5. | ਹੋਵੈ ਅਨੰਦੁ ਘਣਾ | | 30/– |
| 6. | ਚਉਥੈ ਪਹਰਿ ਸਬਾਹ ਕੈ | 55/– | 60/– |
| 7. | ਸੁਰਤਿਆਂ ਉਪਜੈ ਚਾਉ | 40/– | 60/– |
| 8. | ਬਾਬਾਣੀਆਂ ਕਹਾਣੀਆਂ | 50/– | 50/– |
| 9. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/– | 10/– |
| 10. | ਅੰਮ੍ਰਿਤ ਫੁਹਾਰ | 10/– | 10/– |
| 11. | ਅਗੰਮ ਅਗੋਚਰ ਦਾ ਮਾਰਗ | 60/– | 70/– |
| 12. | ਪੁਰਾਤਨ ਟੀਕਾ – ਜਪੁਜੀ ਸਾਹਿਬ | 30/– | |
| 13. | ਅਮਰ ਜੋਤਾਂ | 20/– | 15/– |
| 14. | ਹਿਮਾਲਿਆ ਦੇ ਸੰਤਾਂ ਦੇ ਸੰਗ ਨਿਵਾਸ | 100/– | |
| 15. | ਅਮਰ ਗਾਥਾ | 200/– | 100/– |
| 16. | ਧਰਮ ਯੁਧ ਕੇ ਚਾਇ | 50/– | |
| 17. | ਪਵਿੱਤਰ ਪੈਂਡਾ | 25/– | |
| 18. | ਭਗਤ ਪ੍ਰਹਿਲਾਦ | 10/– | 10/– |
| 19. | ਵੈਸਾਖੀ | 10/– | 10/– |
| 20. | ਰਾਜ ਯੋਗ | | |
| 21. | ਸਾਜਨ ਚਲੇ ਪਿਆਰਿਆ | 10/– | 10/– |
| 22. | ਅਬਿਨਾਸੀ ਜੋਤ ਭਾਗ – 1 | 90/– | 90/– |
| 23. | ਅਬਿਨਾਸੀ ਜੋਤ ਭਾਗ – 2 | 90/– | |
| 24. | ਪੰਚ ਪਰਵਾਣ (ਦੋ ਭਾਗਾਂ ਦਾ ਸੰਗ੍ਰਹਿ) (ਰੂਹਾਨੀ ਗੁਲਦਸਤਾ ਭਾਗ 1 ਅਤੇ 2) | 200/ | |
| 26. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/– | |
| 27. | ਅੰਮ੍ਰਿਤ ਬਚਨ ਸਾਧ ਕੀ ਬਾਣੀ | | |
| 28. | ਗੁਰੂ ਅਮਰਦਾਸ ਪਰਸੀਐ | 100/– | |
| 29. | ਭਗਵਤ ਗੀਤਾ............। | 100/– | |
| 30. | ਅਨੰਦਮਈ ਜੀਵਨ ਜਾਚ | 50/– | |
| 31. | ਪੱਤਰਕਾਰ ਦੇ ਪ੍ਰਸ਼ਨ ਮਹਾਂਪੁਰਸ਼ਾਂ ਵਲੋਂ ਉੱਤਰ | 60/– | |
| 32. | ਅਨੁਭਵੀ ਪ੍ਰਵਚਨ | | |
| 33. | ਰਿਸ਼ੀਆ ਮੁਨੀਆਂ ਦਾ ਬ੍ਰਹਮਗਿਆਨ | | |
| 34. | ਅੰਦਰਲੀ ਖੋਜ | 300/– | |
| 35. | ਸਿਮਰਤ ਕਹਾਂ ਨਹੀਂ | 135/– | |
| 36. | ਰੂਹਾਨੀ ਪ੍ਰਵਚਨ | 35/– | |
| 37. | 'ਸੇਵਾ ਸਿਮਰਨ ਜੁਗਤੀਆਂ | 250/– | |

| | ਪੁਸਤਕ ਦਾ ਨਾਮ | ਪੰਜਾਬੀ |
|---|---|---|
| 38. | 'ਮਾਨੁਖ ਤਨ ਦਾ ਪ੍ਰਯੋਜਨ' | |
| 39. | 'ਯੋਗਾ ਉਪਰ ਲੈਕਚਰ' | |
| 40. | 'ਕਰਮ ਬੰਧਨ ਤੋਂ ਮੁਕਤੀ' | |
| 41. | ਜੀਵਨ ਜੁਗਤਿ | |
| 42. | ਮਾਰਗ ਚੋਣ | 60/– |
| 43. | ਮਨੋਭਾਵਾਂ ਦੀ ਰਚਨਾਤਮਕ ਵਰਤੋਂ | 50/– |
| 44. | ਆਤਮ ਗਿਆਨ | 120/– |
| 45. | ਜਨਮ ਪਦਾਰਥੁ ਸਫਲੁ ਹੋਇ | 120/– |
| 46. | ਜਨ ਪਰਉਪਕਾਰੀ ਆਏ (ਭਾਗ –1) | 65/– |
| 47. | ਜਨ ਪਰਉਪਕਾਰੀ ਆਏ (ਭਾਗ –2) | 65/– |
| 48. | ਗੁਰ ਅੰਗਦ ਅਮਰ ਨਿਧਾਨ | 10/– |
| 49. | ਕਲਜੁਗਿ ਜਹਾਜ ਅਰਜੁਨ ਗੁਰ | 100/– |
| 50. | ਧਰਮ ਹੇਤਿ ਸਾਕਾ | 20/– |
| 51. | ਮੰਝ ਗੁਰੂ ਕਾ ਬੋਹਿਥਾ | 30/– |
| 52. | ਜਾ ਕੈ ਮਨਿ ਗੁਰ ਕੀ ਪਰਤੀਤ | 30/– |
| 53. | ਗੁਰੂ ਗ੍ਰੰਥ ਜੀ ਮਾਨਿਉ | 10/– |
| 54. | ਬਾਬਾ ਬੰਦਾ ਸਿੰਘ ਬਹਾਦਰ | 10/– |
| 55. | ਤ੍ਰੈ ਸ਼ਤਾਬਦੀ | 20/– |

| | English Version | Price |
|---|---|---|
| 1. | Baisakhi (ਵੈਸਾਖੀ) | . 5/- |
| 2. | How Rend The Veil of Untruth (ਕਿਵ ਕੂੜੈ ਤੁਟੈ ਪਾਲਿ) | . 70/- |
| 3. | Discourses on the Beyond-1 (ਬਾਤ ਅਗੰਮ ਕੀ ਭਾਗ ੧) | 50/- |
| 4. | Discourses on the Beyond -2 (ਬਾਤ ਅਗੰਮ ਕੀ ਭਾਗ ੨) | 50/- |
| 5. | Discourses on the Beyond -3 (ਬਾਤ ਅਗੰਮ ਕੀ ਭਾਗ ੩) | 50/- |
| 6. | Discourses on the Beyond -4 (ਬਾਤ ਅਗੰਮ ਕੀ ਭਾਗ ੪) | 60/- |
| 7. | Discourses on the Beyond -5 (ਬਾਤ ਅਗੰਮ ਕੀ ਭਾਗ ੫) | 60/- |
| 8. | The way to the imperceptible (ਅਗੰਮ ਅਗੋਚਰ ਦਾ ਮਾਰਗ) | 80/- |
| 9. | The Lights Immortal (ਅਮਰ ਜੋਤਾਂ) | 20/- |
| 10. | Transcendental Bliss (ਚਉਥੈ ਪਹਿਰ ਸਬਾਹ ਕੈ) | 70/- |
| 11. | How to Know Thy Real Self-(Vol-1) (ਕਿਵ ਸਚਿਆਰਾ ਹੋਈਐ) | 80/- |
| 12. | How to Know Thy Real Self-(Vol-2) (ਕਿਵ ਸਚਿਆਰਾ ਹੋਈਐ) | 80/- |
| 13. | How to Know Thy Real Self-(Vol-3) (ਕਿਵ ਸਚਿਆਰਾ ਹੋਈਐ) | 110/- |
| 14. | The Dawn of Khalsa Ideals | . 10/- |
| 15. | A Glimpse of His Holiness - Baba ji | . 5/- |
| 16. | Divine Word Contemplation Path',(ਸੁਰਤਿ ਸਬਦਿ ਮਾਰਗ) | 150/– |
| 17. | The Story of Immortality (ਅਮਰ ਗਾਥਾ) | 260/– |
| 18. | Why not thy contemplate the Lord?(ਸਿਮਰਤ ਕਹਾ ਨਹੀਂ ?) | 200/– |

ਉਪਰੋਕਤ ਪੁਸਤਕਾਂ ਆਪ ਜੀ ਮਨੀਆਰਡਰ,ਚੈਕ ਜਾਂ ਬੈਂਕ ਡਰਾਫਟ ਰਾਹੀਂ ਰਤਵਾੜਾ ਸਾਹਿਬ ਤੋਂ ਮੰਗਵਾ ਸਕਦੇ ਹੋ ਜਾਂ ਆਤਮ ਮਾਰਗ ਦੇ ਅਕਾਊਂਟ ਵਿੱਚ ਸਿੱਧੀ ਮਾਇਆ ਜਮਾਂ ਕਰਵਾ ਕੇ ਮੋਬਾਇਲ ਨੰਬਰ 9417214391, 9417214379, 8437812900 ਤੇ ਸੂਚਿਤ ਕਰ ਸਕਦੇ ਹੋ।

**A/c Name : VGRMCT / Atam Marg Magazine**

Punjab & Sind Bank – **S/B A/C No. 12861000000003**

**RTGS/IFSC Code - PSIB0021286\ Branch Code - C1286**

**Our Address: Gurdwara Ishar Parkash, Ratwara Sahib, (Near New Chandigarh)**
**P.o. Mullanpur Garibdas, Teh. Kharar, Distt. S.A.S Nagar (Mohali) 140901, Pb. India**

## ਸੰਸਥਾ ਦੇ ਉਦੇਸ਼

1. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਦੇ ਪ੍ਰਚਾਰ ਤੇ ਪ੍ਰਸਾਰ ਰਾਹੀਂ ਪ੍ਰੇਰਣਾ ਦੇ ਕੇ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਸ਼ਬਦ ਗੁਰੂ ਦੇ ਲੜ ਲਾਉਣਾ।
2. ਗੁਰਮਤਿ ਦੇ ਗੂੜ੍ਹ ਸਿਧਾਂਤਾਂ ਨੂੰ ਨਿਰੂਪਣ ਕਰਨ ਲਈ, ਧਾਰਮਿਕ ਵਿਦਿਆ ਅਤੇ ਗੁਰਮਤਿ ਸੰਗੀਤ (ਕੀਰਤਨ) ਲਈ ਵਿਦਿਆਲੇ ਖੋਲ੍ਹਣਾ।
3. ਸਿੱਖ ਇਤਿਹਾਸ ਅਤੇ ਸਮੂਹ ਮਹਾਂਪੁਰਸ਼ਾਂ ਦੇ ਜੀਵਨ ਤੇ ਹੋਰ ਧਰਮਾਂ ਦੇ ਅਧਿਐਨ ਸਬੰਧੀ ਵਿਦਿਅਕ ਅਦਾਰਾ ਸਥਾਪਿਤ ਕਰਨਾ।
4. ਵਿਦਿਆ ਅਤੇ ਖੇਡਾਂ ਦੇ ਖੇਤਰ ਵਿਚ ਹੋਣਹਾਰ ਵਿਦਿਆਰਥੀਆਂ ਨੂੰ ਵਜ਼ੀਫੇ ਦੇਣੇ। ਉੱਚ ਦਰਜੇ ਦੀ ਵਿਦਿਆ ਲਈ ਸਕੂਲ ਅਤੇ ਕਾਲਜ ਖੋਲ੍ਹਣੇ।
5. ਵਾਤਾਵਰਣ ਨੂੰ ਪ੍ਰਦੂਸ਼ਣ ਰਹਿਤ ਕਰਨ ਲਈ ਹਰਿਆਲੀ ਭਰਪੂਰ ਕਰਨਾ।
6. ਗਰੀਬ, ਅਪਾਹਜ, ਬੇਸਹਾਰਾ ਅਤੇ ਆਰਥਿਕ ਤੌਰ 'ਤੇ ਪਛੜੇ ਹੋਏ ਵਰਗਾਂ ਲਈ ਲੋੜੀਂਦੀ ਸਹਾਇਤਾ ਦੇਣਾ।
7. ਸਮਾਜ ਦੇ ਸਾਰੇ ਵਰਗਾਂ ਦੇ ਲੋੜਵੰਦਾਂ ਲਈ ਫਰੀ ਦਵਾਈਆਂ ਅਤੇ ਡਾਕਟਰੀ ਸਹਾਇਤਾ ਦਾ ਪ੍ਰਬੰਧ ਕਰਨਾ।
8. ਲੋੜਵੰਦ ਪਰਿਵਾਰਾਂ ਦੇ ਬੱਚੇ-ਬੱਚੀਆਂ ਦੀਆਂ ਸ਼ਾਦੀਆਂ ਲਈ ਆਰਥਿਕ ਸਹਾਇਤਾ ਤੇ ਲੋੜੀਂਦੀਆਂ ਵਸਤਾਂ ਦਾ ਪ੍ਰਬੰਧ ਕਰਨਾ।
9. ਮਰੀਜ਼ਾਂ ਦੇ ਸੁਚੱਜੇ ਇਲਾਜ ਲਈ ਆਧੁਨਿਕ ਤਕਨੀਕ ਨਾਲ ਲੈਸ ਹਸਪਤਾਲ ਸਥਾਪਿਤ ਕਰਨਾ।
10. ਕੁਦਰਤੀ ਆਫਤਾਂ ਸਮੇਂ ਲੋੜਵੰਦਾਂ ਦੀ ਹਰ ਤਰ੍ਹਾਂ ਨਾਲ ਸਹਾਇਤਾ ਕਰਨੀ।
11. ਭਰੂਣ ਹੱਤਿਆ ਦੇ ਘੋਰ ਪਾਪ ਤੋਂ ਬਚਣ ਲਈ ਸਮਾਜ ਨੂੰ ਗੁਰਮਤਿ ਸਿਧਾਂਤਾਂ ਰਾਹੀਂ ਜਾਗਰੂਕ ਕਰਕੇ ਇਸਨੂੰ ਠੱਲ੍ਹ ਪਾਉਣੀ।
12. ਨੌਜਵਾਨਾਂ ਵਿਚ ਵਧ ਰਹੇ ਨਸ਼ਿਆਂ ਦੇ ਰੁਝਾਨ ਤੋਂ ਛੁਟਕਾਰਾ ਦਿਵਾ ਕੇ ਉਹਨਾਂ ਨੂੰ ਸਿੱਖੀ ਦੇ ਅਮੀਰ ਵਿਰਸੇ ਨਾਲ ਜੋੜਨਾ।
13. ਦੇਸ਼ ਤੇ ਵਿਦੇਸ਼ ਵਿਚ ਗੁਰਮਤਿ ਕੈਂਪਾਂ ਰਾਹੀਂ ਬੱਚਿਆਂ ਨੂੰ ਸਿੱਖੀ ਵਿਰਸੇ ਨਾਲ ਜੋੜਨਾ।
14. ਰੁਜਗਾਰ ਪੱਖੋਂ ਆਤਮ ਨਿਰਭਰ ਬਣਨ ਲਈ ਵੱਖ-ਵੱਖ ਕਿੱਤਾਮਈ ਕੋਰਸਾਂ ਦੀ ਫਰੀ ਸਿਖਲਾਈ ਦੇਣੀ।

# ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਪੱਕੇ ਦੀਵਾਨ ਅਤੇ ਸਾਲਾਨਾ ਗੁਰਮਤਿ ਸਮਾਗਮ

ਗੁਰੂ ਸਾਹਿਬਾਨ ਦੇ ਪ੍ਰਕਾਸ਼ ਪੁਰਬ, ਗੁਰਗੱਦੀ ਪੁਰਬ,

ਜੋਤੀ ਜੋਤ ਅਤੇ ਸ਼ਹੀਦੀ ਦਿਵਸ

**1. ਮਹੀਨੇ ਦਾ ਪਹਿਲਾ ਐਤਵਾਰ ਬਲੌਂਗੀ (ਮੋਹਾਲੀ) ਤੇ ਬਾਕੀ ਤਿੰਨ ਐਤਵਾਰ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ। (ਸਮਾਂ - 12.00 ਵਜੇ ਤੋਂ 4.00 ਵਜੇ ਤੱਕ ।)**

**2. ਸੰਗਰਾਂਦ - ਰਤਵਾੜਾ ਸਾਹਿਬ (ਸਮਾਂ ਸਵੇਰੇ 5.30 ਵਜੇ ਤੋਂ 8.30 ਵਜੇ ਤੱਕ)**

**3. ਪੂਰਨਮਾਸ਼ੀ - ਰਤਵਾੜਾ ਸਾਹਿਬ (ਸਮਾਂ - ਦੁਪਹਿਰ 12.00 ਤੋਂ 4.00 ਵਜੇ ਤੱਕ)**

**4. ਅੰਮ੍ਰਿਤ ਸੰਚਾਰ - ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।**

**ਸਾਲਾਨਾ ਗੁਰਮਤਿ ਸਮਾਗਮ**

**6. ਸੱਚਖੰਡ ਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦਾ ਪਵਿੱਤਰ ਜਨਮ ਦਿਹਾੜਾ - 17 ਜੂਨ**

**7. ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ ਦਾ ਪਵਿੱਤਰ ਜਨਮ ਦਿਹਾੜਾ - 8 ਅਗਸਤ**

**8. ਸੱਚਖੰਡ ਵਾਸੀ ਸ਼੍ਰੀ ਮਾਨ ਸੰਤ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਅਤੇ ਉਨ੍ਹਾਂ ਦੇ ਜੀਵਨ ਸਾਥੀ ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ ਦੀ ਮਿੱਠੀ ਯਾਦ ਵਿਚ 'ਮਹਾਨ ਗੁਰਮਤਿ ਰੂਹਾਨੀ ਸਮਾਗਮ' - 30, 31 ਅਕਤੂਬਰ ਅਤੇ 1 - 2 ਨਵੰਬਰ**

## ਸੰਸਥਾ ਵਲੋਂ ਸੰਚਾਲਿਤ ਵੱਖ-ਵੱਖ ਅਦਾਰੇ ਅਤੇ ਉਨ੍ਹਾਂ ਰਾਹੀਂ ਚੱਲ ਰਹੀਆਂ ਸੇਵਾਵਾਂ

**ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ** - ਰੋਜ਼ਾਨਾ ਹੁੰਦੇ ਨਿਤਨੇਮ, ਨਾਮ-ਅਭਿਆਸ, ਗੁਰਬਾਣੀ ਦੇ ਪਾਠ, ਵਿਆਖਿਆ, ਕੀਰਤਨ ਆਸਾ ਦੀ ਵਾਰ, ਦੇਸ਼-ਪ੍ਰਦੇਸ਼ ਵਿਚੋਂ ਸੰਗਤਾਂ ਵੱਲੋਂ ਕਰਵਾਏ ਜਾਂਦੇ ਸਹਿਜ ਤੇ ਅਖੰਡ ਪਾਠ ਸਾਹਿਬ, ਅੰਮ੍ਰਿਤ ਸੰਚਾਰ, ਗੁਰਪੁਰਬ, ਗੁਰਮਤਿ ਕੈਂਪ, ਦੇਸ਼ਾਂ-ਵਿਦੇਸ਼ਾਂ ਵਿਚ ਧਾਰਮਿਕ ਦੀਵਾਨ ਸਜਾਉਣੇ ਅਤੇ ਗੁਰੂ ਕੇ ਲੰਗਰ ਅਤੁੱਟ ਵਰਤਦੇ ਹਨ।

ਆਤਮ ਮਾਰਗ - ਗੁਰਮਤਿ ਸਿਧਾਂਤਾਂ ਦੇ ਪ੍ਰਸਾਰ ਲਈ ਰੂਹਾਨੀ ਮਹੀਨਾ ਵਾਰ ਮੈਗਜ਼ੀਨ, ਅਪ੍ਰੈਲ **1995** ਤੋਂ ਸੰਚਾਲਿਤ (ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿਚ), ਪੁਸਤਕਾਂ, ਆਡੀਉ, ਵੀਡੀਉ ਸੀਡੀਜ਼।

## ਵਿਦਿਅਕ ਅਦਾਰੇ

1. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸੀਨੀਅਰ ਸੈਕੰਡਰੀ ਸਕੂਲ (CBSE)
2. ਮਾਤਾ ਸਾਹਿਬ ਕੌਰ ਫਰੀ ਸਿਲਾਈ ਸੈਂਟਰ - ਇਸ ਵਿਚ ਇਲਾਕੇ ਦੀਆਂ ਬੀਬੀਆਂ ਨੂੰ ਬਿਨਾਂ ਫੀਸ ਤੋਂ ਸਿਲਾਈ, ਕਢਾਈ ਅਤੇ ਬੁਣਤੀ ਇਤਿਆਦਿ ਵਿਚ ਨਿਪੁੰਨਤਾ ਅਤੇ ਆਤਮ ਨਿਰਭਰ ਹੋਣ ਦੀ ਯੋਗਤਾ ਦਿਤੀ ਜਾਂਦੀ ਹੈ। ਇਸ ਸਮੇਂ 100 ਤੋਂ ਵੱਧ ਬੀਬੀਆਂ ਦੇ ਕਈ ਗਰੁੱਪ ਸਿੱਖਿਆ ਲੈ ਚੁੱਕੇ ਹਨ ਜਿਨ੍ਹਾਂ ਦਾ ਟਰਾਂਸਪੋਰਟ ਪ੍ਰਬੰਧ ਵੀ ਸੰਸਥਾ ਵਲੋਂ ਫਰੀ ਕੀਤਾ ਜਾ ਰਿਹਾ ਹੈ।
3. ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸੀਨੀਅਰ ਸੈਕੰਡਰੀ ਸਕੂਲ (PSEB)
4. ਮਾਤਾ ਰਣਜੀਤ ਕੌਰ ਕਾਲਜ ਆਫ ਨਰਸਿੰਗ
5. ਇੰਟਰਨੈਸ਼ਨਲ ਡੀਵਾਇਨ ਕਾਲਜ ਆਫ ਐਜੂਕੇਸ਼ਨ (ਬੀ.ਐਡ ਕਾਲੇਜ)
   ਇਨ੍ਹਾਂ ਅਦਾਰਿਆਂ ਵਿਚ ਬੱਚਿਆਂ ਨੂੰ ਉਚੇਰੀ ਵਿਦਿਆ ਦੇ ਨਾਲ-ਨਾਲ ਧਾਰਮਿਕ ਵਿਦਿਆ ਤੇ ਸੁਚੱਜਾ ਸਫਲ ਜੀਵਨ ਜਿਉਣ ਦੀ ਕਲਾ ਵੀ ਸਿਖਾਈ ਜਾਂਦੀ ਹੈ।
6. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ - ਇਸ ਹਸਪਤਾਲ ਵਿਚ ਮਾਹਿਰ ਡਾਕਟਰ ਆਪਣੀਆਂ ਸੇਵਾਵਾਂ ਦੇ ਰਹੇ ਹਨ। ਇਥੇ ਸਾਰੇ ਲੈਬੋਰੇਟਰੀ ਟੈਸਟ ਅੱਧੀ ਕੀਮਤ 'ਤੇ ਕੀਤੇ ਜਾਂਦੇ ਹਨ ਅਤੇ ਮਰੀਜ਼ਾਂ ਨੂੰ ਦਵਾਈਆਂ ਬਿਨਾਂ ਮੋਖ (ਫਰੀ) ਦਿਤੀਆਂ ਜਾਂਦੀਆਂ ਹਨ।
7. ਸੰਤ ਵਰਿਆਮ ਸਿੰਘ ਅਕਾਲ ਬਿਰਧ ਆਸ਼ਰਮ - ਬੇਸਹਾਰਾ ਅਤੇ ਲੋੜਵੰਦ ਬਜ਼ੁਰਗਾਂ ਲਈ ਯੋਗ ਰਿਹਾਇਸ਼, ਲੋੜੀਂਦੇ ਵਸਤਰ ਅਤੇ ਲੰਗਰ ਦਾ ਪ੍ਰਬੰਧ ਹੈ।

ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜੀ।

**ਕਿਰਪਾ ਕਰਕੇ ਚੈਕ ਜਾਂ ਬੈਂਕ ਡਰਾਫਟ "VGRMCT/ATAM MARG MAGAZINE" ਦੇ ਨਾਂ ਤੇ ਭੇਜਿਆ ਜਾਵੇ ਜੀ।**

☐ ਨਵੀਂ ਮੈਂਬਰਸ਼ਿੱਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

| within India | | |
|---|---|---|
| Subscription Period | By Ordinary Post/Cheque | By Registered Post/Cheque |
| 1 Year | Rs. 300/320 | |
| 3 year | Rs. 750/770 | |
| 5 Year | Rs. 1200/1220 | |
| life | Rs. 3000/3020 | |

Foreign Membership

| | Annual | Life |
|---|---|---|
| U.S.A. | 60 US$ | 600 US$ |
| U.K. | 40 £ | 400 £ |
| Europe | 50 Euro | 500 Euro |

ਪੁਰਾਣੇ ਅੰਕ ਮੰਗਵਾਉਣ ਲਈ ਟਿਕ ਕਰੋ ਜੀ

ਜਨਵਰੀ ☐ ਫਰਵਰੀ ☐ ਮਾਰਚ ☐ ਅਪ੍ਰੈਲ ☐ ਮਈ ☐ ਜੂਨ ☐ ਜੁਲਾਈ ☐ ਅਗਸਤ ☐ ਸਤੰਬਰ ☐ ਅਕਤੂਬਰ ☐ ਨਵੰਬਰ ☐ ਦਸੰਬਰ ☐

ਨਾਮ ਅਤੇ ਪਤਾ.......................................................................................................................

.......................................................................................................................................

..........................................Pin Code....................Phone/Mobile No.........................................E-mail :.................................

ਮੈਂ.......................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ ..........................ਮਿਤੀ...........................ਰਾਹੀਂ ਭੇਜ ਰਿਹਾ ਹਾਂ।

ਦਸਖਤ...............................

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ, ਰਤਵਾੜਾ ਸਾਹਿਬ ਦੇ ਫਾਊਂਡਰ ਚੇਅਰਮੈਨ ਸਚਖੰਡਵਾਸੀ ਸ੍ਰੀ ਮਾਨ ਸੰਤ ਵਰਿਆਮ ਸਿੰਘ ਜੀ ਬਹੁਪੱਖੀ ਸ਼ਖਸ਼ੀਅਤ ਦੇ ਮਾਲਕ ਸਨ। ਜਿਥੇ ਉਨ੍ਹਾਂ ਨੇ ਗੁਰਮਤਿ ਪ੍ਰਚਾਰ ਦੇ ਰੂਹਾਨੀ ਖੇਤਰ ਵਿਚ ਦੇਸ਼ ਵਿਦੇਸ ਦੀਆਂ ਸੰਗਤਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ ਉਥੇ ਇਲੈਕਟਰੌਨਿਕ ਮੀਡੀਏ ਅਤੇ ਲਿਟਰੇਚਰ ਦੇ ਖੇਤਰ ਵਿਚ ਭਰਪੂਰ ਯੋਗਦਾਨ ਪਾ ਕੇ ਪੰਥ ਦੀ ਸੇਵਾ ਕੀਤੀ। ਗੁਰਮਤਿ ਦੀ ਸੇਧ ਤੇ ਸੋਝੀ ਦੇਣ ਵਾਲੇ ਉਨ੍ਹਾਂ ਦੇ ਕੀਰਤਨ ਅਤੇ ਪ੍ਰਬਚਨ ਇੰਟਰਨੈਟ ਦੇ ਮੀਡੀਏ ਰਾਹੀਂ ਜਗਿਆਸੂਆਂ ਦੀ ਆਤਮਿਕ ਮੰਗ ਨੂੰ ਪੂਰਾ ਕਰ ਰਹੇ ਹਨ। ਲਿਟਰੇਚਰ ਦੇ ਖੇਤਰ ਵਿਚ ਜਿਥੇ ਅਨੇਕਾਂ ਪੁਸਤਕਾਂ ਉਪਲਬਧ ਹਨ ਉਥੇ ਆਤਮ ਮਾਰਗ ਮੈਗਜ਼ੀਨ ਹਰ ਮਹੀਨੇ ਸੰਗਤਾਂ ਦੇ ਘਰੋਂ-ਘਰੀਂ ਪਹੁੰਚ ਕੇ ਗੁਰਮਤਿ ਦਾ ਸੰਦੇਸ਼ ਦੇ ਰਿਹਾ ਹੈ ਤੇ ਆਉਣ ਵਾਲੇ ਸਮੇਂ ਵਿਚ ਵੀ ਦਿੰਦਾ ਰਹੇਗਾ। ਪ੍ਰਚਾਰ ਹਿਤ ਨੂੰ ਮੁੱਖ ਰੱਖ ਕੇ ਗੁਰਮਤਿ ਲਿਟਰੇਚਰ ਲਗਾਤਾਰ ਸੰਗਤਾਂ ਤੇ ਜਗਿਆਸੂਆਂ ਨੂੰ ਕੇਵਲ ਲਾਗਤ ਕੀਮਤ ਤੋਂ ਵੀ ਘੱਟ ਮੋਖ ਵਿਚ ਮੁਹੱਈਆ ਕਰਵਾਇਆ ਜਾ ਰਿਹਾ ਹੈ ਤਾਂਕਿ ਮਹਾਂਪੁਰਸ਼ਾਂ ਦੇ ਬਚਨਾਂ ਨੂੰ ਪੜ੍ਹ ਕੇ ਜਗਿਆਸੂ ਜੀਵਨ ਜੁਗਤੀ ਨੂੰ ਸਮਝ ਕੇ ਸਤਿਗੁਰੂ ਜੀ ਦਾ ਸੱਚਾ-ਸੁੱਚਾ ਸਿੰਘ ਬਣ ਕੇ ਦੇਸ਼ ਕੌਮ ਤੇ ਸਮਾਜ ਦੀ ਸੇਵਾ ਕਰਕੇ ਜੀਵਨ ਸਫਲ ਕਰ ਸਕੇ।



ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ
ਰਤਵਾੜਾ ਸਾਹਿਬ

ਜੀਵਨ ਦੇ ਅਸਲੀ ਮੰਤਵ ਨੂੰ ਸਮਝਣਾ ਹੀ ਜੀਵਨ ਜੁਗਤਿ ਨੂੰ ਸਮਝਣਾ ਹੈ। ਜੀਵਨ ਦਾ ਅਸਲੀ ਮੰਤਵ ਹੈ -

ਭਈ ਪਰਾਪਤਿ ਮਾਨੁਖ ਦੇਹੁਰੀਆ ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ ਅੰਗ - ੧੨
ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥ ਅੰਗ - ੪੪੧

ਇਸ ਦੀ ਪ੍ਰਾਪਤੀ ਲਈ ਕਿਸੇ ਖਾਸ ਜੀਵਨ ਦੇ ਗਾਡੀ ਰਾਹ ਦੀ ਲੋੜ ਹੈ। ਸਮਰੱਥ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਵਲੋਂ ਇਸ ਪ੍ਰਤੀ ਅਨੇਕਾਂ ਫੁਰਮਾਨ ਪ੍ਰਾਪਤ ਹਨ। ਇਹ ਜੁਗਤਿ ਹੈ ਸਾਰੀਆਂ ਜ਼ਿੰਮੇਵਾਰੀਆਂ ਸੰਭਾਲਦੇ ਹੋਏ ਨਿਰਲੇਪ ਅਵਸਥਾ ਵਿਚ ਰਹਿਣਾ ਹੈ।

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥ ਅੰਗ - ੯੩੮

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥

ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥ ਅੰਗ - ੫੨੨



ਸਤਿਕਾਰਯੋਗ ਬੀਬੀ ਰਣਜੀਤ ਕੌਰ ਜੀ

**'ਗੁਰਮੁਖ ਮਾਇਆ ਵਿਚ ਉਦਾਸੀ'** ਦੀ ਅਵਸਥਾ ਵਾਲੀ ਜੁਗਤਿ ਹੈ। ਅਨੇਕਤਾ ਵਿਚ ਏਕਤਾ ਹੈ। ਇਹਨਾਂ ਸਿਧਾਂਤਾਂ ਦੀ ਪੁਸ਼ਟੀ ਹਿੱਤ ਮਹਾਂਪੁਰਸ਼ਾਂ ਦੇ ਪ੍ਰਬਚਨ ਹਥਲੀ ਪੁਸਤਕ ਵਿਚ ਸੁਭਾਇਮਾਨ ਹਨ।

ਇਸੇ ਲੜੀ ਵਿਚ ਪੁਸਤਕ '**ਜੀਵਨ ਜੁਗਤਿ**' ਰੀਪਰਿੰਟ ਕਰਵਾ ਕੇ ਸੰਗਤਾਂ ਦੇ ਹੱਥਾਂ ਵਿਚ ਪਹੁੰਚਣ ਦਾ ਯਤਨ ਕੀਤਾ ਜਾ ਰਿਹਾ ਹੈ। ਪਿਆਰੀਆਂ ਗੁਰ ਸੰਗਤਾਂ ਦੇ ਪੁਰਜ਼ੋਰ ਹੁੰਗਾਰੇ ਕਾਰਨ ਪਹਿਲੀਆਂ 500 ਪੁਸਤਕਾਂ ਗੁਰਮਤਿ ਦੇ ਪ੍ਰੇਮੀ ਪੜ੍ਹਨ ਲਈ ਲੈ ਚੁੱਕੇ ਹਨ ਤੇ ਜੀਵਨ ਨੂੰ ਸੇਧ ਦੇ ਕੇ, ਅਪਣਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰ ਰਹੇ ਹਨ ਅਤੇ ਉਮੀਦ ਹੈ ਪਿਆਰੀਆਂ ਸੰਗਤਾਂ ਮਹਾਂਪੁਰਸ਼ਾਂ ਦੇ ਅਮੋਲਕ ਬਚਨ ਪੜ੍ਹ ਕੇ ਗੁਰਮਤਿ ਗਾਡੀ ਰਾਹ ਤੇ ਚੱਲ ਕੇ ਆਪਣਾ ਜੀਵਨ ਸਫਲਾ ਕਰਨਗੀਆਂ।

ਸੰਗਤਾਂ ਦਾ ਦਾਸ
ਲਖਬੀਰ ਸਿੰਘ
ਚੇਅਰਮੈਨ, ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ



ਬਾਬਾ ਲਖਬੀਰ ਸਿੰਘ ਜੀ
ਚੇਅਰਮੈਨ ਟਰੱਸਟ, ਰਤਵਾੜਾ ਸਾਹਿਬ